☆ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ☆

# ਨਿਹਕਲੰਕ ਹਰਿਸ਼ਬਦ ਭੰਡਾਰ



## ਦਸਵਾਂ ਭਾਗ









# ਤਤਕਰਾ


| ਮਿਤੀ-ਸੰਮਤ | ਨਾਮ | ਸਥਾਨ | | ਪੰਨਾ ਨੰ: |
|---|---|---|---|---|
| ੧੬ ਮੱਘਰ ੨੦੧੭ ਬਿਕ੍ਰਮੀ | ਗੁਰਮੇਜ ਸਿੰਘ ਦੇ ਗ੍ਰਿਹਿ | ਰੁੜਕਾ ਕਲਾਂ | ਜਲੰਧਰ | ੦੧ |
| ੨੭ ਮੱਘਰ ੨੦੧੭ ਬਿਕ੍ਰਮੀ | | ਹੇਮਰਾਜ ਪੁਰ | ਗੁਰਦਾਸਪੁਰ | ੦੨ |
| ੨੮ ਮੱਘਰ ੨੦੧੭ ਬਿਕ੍ਰਮੀ | ਪਾਲ ਸਿੰਘ ਦੇ ਗ੍ਰਿਹਿ | ਭਲਾਈ ਪੁਰ ਡੋਗਰਾ | ਅੰਮ੍ਰਿਤਸਰ | ੦੬ |
| ੦੧ ਪੋਹ ੨੦੧੭ ਬਿਕ੍ਰਮੀ | ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੧੦ |
| ੦੮ ਪੋਹ ੨੦੧੭ ਬਿਕ੍ਰਮੀ | ਬਿਸ਼ਨ ਦਾਸ ਜਲੰਧਰ ਵਾਲੇ ਦੇ ਨਵਿਤ | | | ੨੧ |
| ੨੫ ਪੋਹ ੨੦੧੭ ਬਿਕ੍ਰਮੀ | ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੨੧ |
| ੨੬ ਪੋਹ ੨੦੧੭ ਬਿਕ੍ਰਮੀ | ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੨੪ |
| ੨੬ ਪੋਹ ੨੦੧੭ ਬਿਕ੍ਰਮੀ | ਸੱਚੇ ਸਾਹਿਬਜ਼ਾਦੇ ਦਾ ਭੇਵ ਦੱਸਣਾ | ਜੇਠੂਵਾਲ | ਅੰਮ੍ਰਿਤਸਰ | ੪੪ |
| ੨੭ ਪੋਹ ੨੦੧੭ ਬਿਕ੍ਰਮੀ | ਰਾਸ਼ਟਰਪਤੀ ਨੂੰ ਮਿਲਣ ਵਾਸਤੇ | ਜੇਠੂਵਾਲ | ਅੰਮ੍ਰਿਤਸਰ | ੫੫ |
| ੧ ਮਾਘ ੨੦੧੭ ਬਿਕ੍ਰਮੀ | ਮਹਿੰਗਾ ਸਿੰਘ ਦੇ ਗ੍ਰਿਹਿ | ਹਰੀਪੁਰ | ਅੰਮ੍ਰਿਤਸਰ | ੬੧ |
| ੨ ਮਾਘ ੨੦੧੭ ਬਿਕ੍ਰਮੀ | ਪਿਆਰਾ ਸਿੰਘ ਦੇ ਗ੍ਰਿਹਿ | ਡਰੋਹੀ | ਅੰਮ੍ਰਿਤਸਰ | ੭੦ |
| ੨ ਮਾਘ ੨੦੧੭ ਬਿਕ੍ਰਮੀ | ਪਰਗਟ ਸਿੰਘ ਦੇ ਗ੍ਰਿਹਿ | ਲੱਲੀਆਂ ਕਲਾਂ | ਅੰਮ੍ਰਿਤਸਰ | ੭੫ |
| ੩ ਮਾਘ ੨੦੧੭ ਬਿਕ੍ਰਮੀ | ਨਸੀਬ ਸਿੰਘ ਦੇ ਗ੍ਰਿਹਿ | ਬੋਪਾ ਰਾਏ | ਅੰਮ੍ਰਿਤਸਰ | ੭੮ |
| ੩ ਮਾਘ ੨੦੧੭ ਬਿਕ੍ਰਮੀ | ਲਾਲ ਸਿੰਘ ਦੇ ਗ੍ਰਿਹਿ | ਹੇਰ | ਜਲੰਧਰ | ੮੨ |
| ੪ ਮਾਘ ੨੦੧੭ ਬਿਕ੍ਰਮੀ | ਪ੍ਰੀਤਮ ਸਿੰਘ ਦੇ ਗ੍ਰਿਹਿ | ਝੰਡੇਰ | ਜਲੰਧਰ | ੮੯ |
| ੫ ਮਾਘ ੨੦੧੭ ਬਿਕ੍ਰਮੀ | ਗੁਰਦੇਵ ਸਿੰਘ ਦੇ ਗ੍ਰਿਹਿ | ਦੋਸਾਂਝ ਖੁਰਦ | ਜਲੰਧਰ | ੯੪ |
| ੬ ਮਾਘ ੨੦੧੭ ਬਿਕ੍ਰਮੀ | ਗੁਰਦੇਵ ਸਿੰਘ ਦੇ ਗ੍ਰਿਹਿ | ਨਵਾਂ ਪਿੰਡ | ਜਲੰਧਰ | ੯੯ |
| ੭ ਮਾਘ ੨੦੧੭ ਬਿਕ੍ਰਮੀ | ਹਜ਼ੂਰਾ ਸਿੰਘ ਦੇ ਗ੍ਰਿਹਿ | ਗੁਰਾਇਆ | ਜਲੰਧਰ | ੧੦੯ |
| ੮ ਮਾਘ ੨੦੧੭ ਬਿਕ੍ਰਮੀ | ਗੁਰਮੇਜ ਸਿੰਘ ਦੇ ਗ੍ਰਿਹਿ | ਰੁੜਕਾ ਕਲਾਂ | ਜਲੰਧਰ | ੧੧੬ |
| ੯ ਮਾਘ ੨੦੧੭ ਬਿਕ੍ਰਮੀ | ਗੁਰਦਿਆਲ ਸਿੰਘ ਦੇ ਗ੍ਰਿਹਿ | ਚੀਮਾ ਕਲਾਂ | ਜਲੰਧਰ | ੧੨੪ |



1
੧੦






| | | | |
|---|---|---|---|
| ੧੦ ਮਾਘ ੨੦੧੭ ਬਿਕ੍ਰਮੀ ਗੁਰਦਿਆਲ ਸਿੰਘ ਦੇ ਗ੍ਰਿਹ | ਚੀਮਾ ਕਲਾਂ | ਜਲੰਧਰ | ੧੩੫ |
| ੧੦ ਮਾਘ ੨੦੧੭ ਬਿਕਰਮੀ ਕੇਸਰ ਸਿੰਘ ਦੇ ਗ੍ਰਿਹ | ਡਲੇਵਾਲ | ਜਲੰਧਰ | ੧੩੭ |
| ੧੦ ਮਾਘ ੨੦੧੭ ਬਿਕ੍ਰਮੀ ਮੱਸਾ ਸਿੰਘ ਦੇ ਗ੍ਰਿਹ | ਕੋਟਲੀ ਥਾਨ | ਜਲੰਧਰ | ੧੪੫ |
| ੧੧ ਮਾਘ ੨੦੧੭ ਬਿਕ੍ਰਮੀ ਜਮਾਂਦਾਰ ਭਾਗ ਸਿੰਘ ਦੇ ਗ੍ਰਿਹ | ਟਾਂਡਾ ਅੱਡਾ | ਜਲੰਧਰ | ੧੪੮ |
| ੧੨ ਮਾਘ ੨੦੧੭ ਬਿਕ੍ਰਮੀ ਓਮ ਪ੍ਰਕਾਸ਼ ਦੇ ਗ੍ਰਿਹ | | ਜਲੰਧਰ | ੧੬੫ |
| ੧੨ ਮਾਘ ੨੦੧੭ ਬਿਕ੍ਰਮੀ ਗੁਰਬਚਨ ਸਿੰਘ ਦੇ ਗ੍ਰਿਹ | ਅਹਿਮਦ ਪੁਰ | ਜਲੰਧਰ | ੧੭੧ |
| ੧੩ ਮਾਘ ੨੦੧੭ ਬਿਕ੍ਰਮੀ ਗੁਰਬਚਨ ਸਿੰਘ ਦੇ ਗ੍ਰਿਹ | ਅਹਿਮਦ ਪੁਰ | ਜਲੰਧਰ | ੧੮੦ |
| ੨੧ ਮਾਘ ੨੦੧੭ ਬਿਕ੍ਰਮੀ | ਜੇਠੂਵਾਲ | ਅੰਮ੍ਰਿਤਸਰ | ੧੮੨ |
| ੨੩ ਮਾਘ ੨੦੧੭ ਬਿਕ੍ਰਮੀ | ਜੇਠੂਵਾਲ | ਅੰਮ੍ਰਿਤਸਰ | ੧੮੬ |
| ੨੪ ਮਾਘ ੨੦੧੭ ਬਿਕ੍ਰਮੀ ਵਿਸ਼ਵ ਨਾਥ ਵਰਮਾ ਐਡੀਸ਼ਨਲ ਸੈਕਟਰੀ ਦੇ ਘਰ ਰਾਸ਼ਟਰਪਤੀ ਰਾਜਿੰਦਰ ਪ੍ਰਸਾਦਿ ਵਾਸਤੇ ਸ਼ਬਦ | | | ੨੦੪ |
| ੨੬ ਮਾਘ ੨੦੧੭ ਬਿਕ੍ਰਮੀ ਲਾਲ ਸਿੰਘ ਪੰਡਤ ਨਾਲ ਗੋਬਿੰਦ ਘਾਟ ਪੁਸ਼ਕਰ ਅਜਮੇਰ | | | ੨੦੪ |
| ੨੭ ਮਾਘ ੨੦੧੭ ਬਿਕ੍ਰਮੀ ਬਿਸ਼ਨ ਸਿੰਘ ਦੇ ਗ੍ਰਿਹ | ਗੁੜਗਾਉਂ | ਗੁੜਗਾਉਂ | ੨੦੬ |
| ੨ ਮਾਘ ੨੦੧੭ ਬਿਕ੍ਰਮੀ ਸ਼ਬਦ ਸਿੰਘਾਸਣ | ਪਹਾੜਗੰਜ | ਦਿੱਲੀ | ੨੧੪ |
| ੩੦ ਮਾਘ ੨੦੧੭ ਬਿਕ੍ਰਮੀ ਰੇਸ਼ਮ ਸਿੰਘ ਦੇ ਗ੍ਰਿਹ | ਮੇਰਠ ਛਾਵਨੀ | ਮੇਰਠ | ੨੨੨ |
| ੧ ਫੱਗਣ ੨੦੧੭ ਬਿਕ੍ਰਮੀ ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੨੪੩ |
| ੧੧ ਫੱਗਣ ੨੦੧੭ ਬਿਕ੍ਰਮੀ ਦਰਬਾਰ ਵਿਚ ਸਰਜੀਤ ਸਿੰਘ ਦੇ ਜਨਮ ਦਿਨ ਤੇਰਵੇ ਸਾਲ ਮਨੌਣ ਦੇ ਸਮੇਂ | ਜੇਠੂਵਾਲ | ਅੰਮ੍ਰਿਤਸਰ | ੨੪੩ |
| ੧੬ ਫੱਗਣ ੨੦੧੭ ਬਿਕ੍ਰਮੀ ਲਖਾ ਸਿੰਘ, ਚਤਰ ਸਿੰਘ | ਓਗਰਾ | ਗੁਰਦਾਸਪੁਰ | ੨੪੬ |
| ੧੭ ਫੱਗਣ ੨੦੧੭ ਬਿਕ੍ਰਮੀ ਮਨਸਾ ਸਿੰਘ ਦੇ ਗ੍ਰਿਹ | ਨੌਸ਼ੈਹਿਰਾ | ਗੁਰਦਾਸਪੁਰ | ੨੫੨ |
| ੧੭ ਫੱਗਣ ੨੦੧੭ ਬਿਕ੍ਰਮੀ ਬੂੜ ਸਿੰਘ ਦੇ ਗ੍ਰਿਹ | ਜੀਰ ਪੁਰ | ਗੁਰਦਾਸਪੁਰ | ੨੫੭ |
| ੧੭ ਫੱਗਣ ੨੦੧੭ ਬਿਕ੍ਰਮੀ ਬਚਨ ਸਿੰਘ ਦੇ ਗ੍ਰਿਹ | ਕਾਣਾ ਕੌਟਾਂ | ਗੁਰਦਾਸਪੁਰ | ੨੫੯ |


2
੧੦

2
੧੦








੧੮ ਫੱਗਣ ੨੦੧੭ ਬਿਕ੍ਰਮੀ ਧਿਰਤਾ ਸਿੰਘ ਦੇ ਗ੍ਰਹਿ ਕਾਣਾ ਕੌਟਾਂ ਗੁਰਦਾਸਪੁਰ ੨੬੫
੧੮ ਫੱਗਣ ੨੦੧੭ ਬਿਕ੍ਰਮੀ ਦੀਦਾਰ ਸਿੰਘ ਦੇ ਗ੍ਰਹਿ ਬਾਬੂਪੁਰਾ ਗੁਰਦਾਸਪੁਰ ੨੬੯
੧੯ ਫੱਗਣ ੨੦੧੭ ਬਿਕ੍ਰਮੀ ਸੰਤਾ ਸਿੰਘ ਦੇ ਗ੍ਰਹਿ ਬਾਬੂਪੁਰਾ ਗੁਰਦਾਸਪੁਰ ੨੭੭
੧੯ ਫੱਗਣ ੨੦੧੭ ਬਿਕ੍ਰਮੀ ਕਰਤਾਰ ਕੌਰ ਦੇ ਗ੍ਰਹਿ ਬਾਬੂਪੁਰਾ ਗੁਰਦਾਸਪੁਰ ੨੮੩
੧੯ ਫੱਗਣ ੨੦੧੭ ਬਿਕ੍ਰਮੀ ਮਨੁਸ਼ਾ ਸਿੰਘ ਮੇਲਾ ਸਿੰਘ ਦੇ ਗ੍ਰਹਿ ਬਾਬੂਪੁਰਾ ਗੁਰਦਾਸਪੁਰ ੨੮੮
੨੦ ਫੱਗਣ ੨੦੧੭ ਬਿਕ੍ਰਮੀ ਭਾਗ ਸਿੰਘ ਦੇ ਗ੍ਰਹਿ ਬਾਬੂਪੁਰਾ ਗੁਰਦਾਸਪੁਰ ੨੯੬
੨੦ ਫੱਗਣ ੨੦੧੭ ਬਿਕ੍ਰਮੀ ਹਜ਼ਾਰਾ ਸਿੰਘ ਦੇ ਗ੍ਰਹਿ ਬਾਬੂਪੁਰਾ ਗੁਰਦਾਸਪੁਰ ੩੦੧
੨੦ ਫੱਗਣ ੨੦੧੭ ਬਿਕ੍ਰਮੀ ਵਰਖਾ ਸਿੰਘ ਦੇ ਗ੍ਰਹਿ ਬਾਬੂਪੁਰਾ ਗੁਰਦਾਸਪੁਰ ੩੦੪
੨੦ ਫੱਗਣ ੨੦੧੭ ਬਿਕ੍ਰਮੀ ਵਿਰਸਾ ਸਿੰਘ ਦੇ ਗ੍ਰਹਿ ਬਾਬੂਪੁਰਾ ਗੁਰਦਾਸਪੁਰ ੩੦੫
੨੦ ਫੱਗਣ ੨੦੧੭ ਬਿਕ੍ਰਮੀ ਗੰਡਾ ਸਿੰਘ ਦੇ ਗ੍ਰਹਿ ਬਾਬੂਪੁਰਾ ਗੁਰਦਾਸਪੁਰ ੩੦੭
੨੦ ਫੱਗਣ ੨੦੧੭ ਬਿਕ੍ਰਮੀ ਆਸਾ ਸਿੰਘ, ਪਿਆਰਾ ਸਿੰਘ ਦੇ ਗ੍ਰਹਿ ਬਾਬੂਪੁਰਾ ਗੁਰਦਾਸਪੁਰ ੩੧੪
੨੦ ਫੱਗਣ ੨੦੧੭ ਬਿਕ੍ਰਮੀ ਗਿਰਧਾਰਾ ਸਿੰਘ ਨਵਾਂ ਜਨਮ ਦਿਤਾ ੩੧੮
੨੧ ਫੱਗਣ ੨੦੧੭ ਬਿਕ੍ਰਮੀ ਹਜ਼ਾਰਾ ਸਿੰਘ ਬਲਾਕਾ ਸਿੰਘ ਦੇ ਗ੍ਰਹਿ ਬਾਬੂਪੁਰਾ ਗੁਰਦਾਸਪੁਰ ੩੧੯
੨੧ ਫੱਗਣ ੨੦੧੭ ਬਿਕ੍ਰਮੀ ਬੀਬੀ ਪੂਰੋ ਦੇ ਗ੍ਰਹਿ ਬਾਬੂਪੁਰਾ ਗੁਰਦਾਸਪੁਰ ੩੨੨
੨੧ ਫੱਗਣ ੨੦੧੭ ਬਿਕ੍ਰਮੀ ਮੁਨਸ਼ਾ ਸਿੰਘ ਦੇ ਗ੍ਰਹਿ ਬਾਬੂਪੁਰਾ ਗੁਰਦਾਸਪੁਰ ੩੨੩
੨੧ ਫੱਗਣ ੨੦੧੭ ਬਿਕ੍ਰਮੀ ਸਵਰਨ ਸਿੰਘ ਦੇ ਗ੍ਰਹਿ ਬਾਬੂਪੁਰਾ ਗੁਰਦਾਸਪੁਰ ੩੨੪
੨੧ ਫੱਗਣ ੨੦੧੭ ਬਿਕ੍ਰਮੀ ਜਮਾਂਦਾਰ ਕਿਸ਼ਨ ਸਿੰਘ ਦੇ ਗ੍ਰਹਿ ਅੱਲੜ ਪਿੰਡੀ ਗੁਰਦਾਸਪੁਰ ੩੨੫
੨੨ ਫੱਗਣ ੨੦੧੭ ਬਿਕ੍ਰਮੀ ਜਮਾਂਦਾਰ ਕਿਸ਼ਨ ਸਿੰਘ ਦੇ ਗ੍ਰਹਿ ਅੱਲੜ ਪਿੰਡੀ ਗੁਰਦਾਸਪੁਰ ੩੩੫
੨੨ ਫੱਗਣ ੨੦੧੭ ਬਿਕ੍ਰਮੀ ਬੀਬੀ ਦੀਪੋ ਦੇ ਗ੍ਰਹਿ ਦੋਸਤ ਪੁਰ ਗੁਰਦਾਸਪੁਰ ੩੪੪
੨੨ ਫੱਗਣ ੨੦੧੭ ਬਿਕ੍ਰਮੀ ਗੁਰਮੁਖ ਸਿੰਘ ਦੇ ਗ੍ਰਹਿ ਸ਼ੋਨ ਗੁਰਦਾਸਪੁਰ ੩੪੬
੨੩ ਫੱਗਣ ੨੦੧੭ ਬਿਕ੍ਰਮੀ ਸ਼ੋਨ ਗੁਰਦਾਸਪੁਰ ੩੫੫
੨੩ ਫੱਗਣ ੨੦੧੭ ਬਿਕ੍ਰਮੀ ਸੁੰਦਰ ਸਿੰਘ ਦੇ ਗ੍ਰਹਿ ਰੋਸੇ ਗੁਰਦਾਸਪੁਰ ੩੬੦




| | | | |
|---|---|---|---|
| ੨੩ ਫੱਗਣ ੨੦੧੭ ਬਿਕ੍ਰਮੀ ਅਜੀਤ ਸਿੰਘ ਦੇ ਗ੍ਰਿਹਿ | ਬਟਾਲਾ | ਗੁਰਦਾਸਪੁਰ | ੩੬੫ |
| ੨੩ ਫੱਗਣ ੨੦੧੭ ਬਿਕ੍ਰਮੀ ਮੱਸਾ ਸਿੰਘ ਦੇ ਗ੍ਰਿਹਿ | ਬਲ ਪੁਰੀਆ | ਗੁਰਦਾਸਪੁਰ | ੩੭੦ |
| ੨੪ ਫੱਗਣ ੨੦੧੭ ਬਿਕ੍ਰਮੀ ਬੂਆ ਸਿੰਘ ਦੇ ਗ੍ਰਿਹਿ | ਪੁਰੀਆਂ | ਗੁਰਦਾਸਪੁਰ | ੩੭੭ |
| ੨੯ ਫੱਗਣ ੨੦੧੭ ਬਿਕ੍ਰਮੀ ਰਤਨ ਸਿੰਘ ਦੇ ਗ੍ਰਿਹਿ | ਕਰੋਲ ਬਾਗ | ਨਵੀਂ ਦਿੱਲੀ | ੩੮੨ |
| ੩੦ ਫੱਗਣ ੨੦੧੭ ਬਿਕ੍ਰਮੀ ਸ਼ਬਦ ਸਿੰਘਾਸਣ | | ਦਿੱਲੀ | ੩੮੫ |
| ੧ ਚੇਤ ੨੦੧੮ ਬਿਕ੍ਰਮੀ ਸ਼ਬਦ ਸਿੰਘਾਸਣ | | ਦਿੱਲੀ | ੩੮੯ |
| ੧ ਚੇਤ ੨੦੧੮ ਬਿਕ੍ਰਮੀ ਤਲਵਾਰ ਰਾਸ਼ਟਰਪਤੀ ਨੂੰ ਦਿਤੀ | | ਦਿੰਲੀ | ੩੯੩ |
| ੧ ਚੇਤ ੨੦੧੮ ਬਿਕ੍ਰਮੀ ਪ੍ਰੀਤਮ ਸਿੰਘ ਦੇ ਗ੍ਰਿਹਿ ਕਰੋਲ ਬਾਗ | | ਦਿੱਲੀ | ੩੯੬ |
| ੨ ਚੇਤ ੨੦੧੮ ਬਿਕ੍ਰਮੀ ਕਰਤਾਰ ਸਿੰਘ ਦੇ ਗ੍ਰਿਹਿ | ਸ਼ਕੂਰ ਬਸਤੀ | ਦਿੱਲੀ | ੪੦੫ |
| ੨ ਚੇਤ ੨੦੧੮ ਬਿਕ੍ਰਮੀ ਲਾਲ ਸਿੰਘ ਦੇ ਗ੍ਰਿਹਿ | ਪਰਤਾਪ ਨਗਰ | ਦਿੱਲੀ | ੪੦੭ |
| ੩ ਚੇਤ ੨੦੧੮ ਬਿਕ੍ਰਮੀ ਚੰਦਾ ਸਿੰਘ ਦੇ ਗ੍ਰਿਹਿ | ਪਰਤਾਪ ਨਗਰ | ਦਿੱਲੀ | ੪੧੬ |
| ੩ ਚੇਤ ੨੦੧੮ ਬਿਕ੍ਰਮੀ ਹਰਿਚਰਨ ਸਿੰਘ ਦਰਸ਼ਨ ਸਿੰਘ | ਧੀਰਪੁਰ | ਦਿੱਲੀ | ੪੧੮ |
| ੩ ਚੇਤ ੨੦੧੮ ਬਿਕ੍ਰਮੀ ਰੇਸ਼ਮ ਸਿੰਘ ਦੇ ਗ੍ਰਿਹਿ | ਮੇਰਠ ਛੌਣੀ | ਮੇਰਠ | ੪੨੩ |
| ੪ ਚੇਤ ੨੦੧੮ ਬਿਕ੍ਰਮੀ ਠਾਕਰ ਸਿੰਘ ਦੇ ਗ੍ਰਿਹਿ | ਨਾਨਕਪੁਰ | ਕਰਨਾਲ | ੪੨੮ |
| ੫ ਚੇਤ ੨੦੧੮ ਬਿਕ੍ਰਮੀ ਹਰਬੰਸ ਸਿੰਘ ਦੇ ਗ੍ਰਿਹਿ | ਠੀਕਰੀ ਛੰਨਾ | ਕਰਨਾਲ | ੪੩੩ |
| ੫ ਚੇਤ ੨੦੧੮ ਬਿਕ੍ਰਮੀ ਕਰਤਾਰ ਸਿੰਘ ਦੇ ਗ੍ਰਿਹਿ | ਕੌਮੀ ਫਾਰਮ | ਕਰਨਾਲ | ੪੩੭ |
| ੫ ਚੇਤ ੨੦੧੮ ਬਿਕ੍ਰਮੀ ਕਰਤਾਰ ਸਿੰਘ ਦੇ ਗ੍ਰਿਹਿ | ਕੌਮੀ ਫਾਰਮ | ਕਰਨਾਲ | ੪੪੧ |
| ੬ ਚੇਤ ੨੦੧੮ ਬਿਕ੍ਰਮੀ ਨਿਰੰਜਣ ਸਿੰਘ ਦੇ ਗ੍ਰਿਹਿ | ਲੁਧਿਆਣਾ | ਲੁਧਿਆਣਾ | ੪੫੦ |
| ੬ ਚੇਤ ੨੦੧੮ ਬਿਕ੍ਰਮੀ ਨਿਰੰਜਣ ਸਿੰਘ ਦੇ ਗ੍ਰਿਹਿ | ਲੁਧਿਆਣਾ | ਲੁਧਿਆਣਾ | ੪੫੨ |
| ੧ ਵਿਸਾਖ ੨੦੧੮ ਬਿਕ੍ਰਮੀ ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੪੫੭ |
| ੨੬ ਵਿਸਾਖ ੨੦੧੮ ਬਿਕ੍ਰਮੀ ਦਰਬਾਰ ਵਿਚ ਅਨੰਦ ਕਾਰਜ ਅਤੇ ਸਗਨ ਜੇਠੂਵਾਲ | | | ੪੬੮ |
| ੨੬ ਵਿਸਾਖ ੨੦੧੮ ਬਿਕ੍ਰਮੀ ਹਜੂਰ ਸਾਹਿਬ ਨੂੰ ਸ਼ਬਦ ਭੇਜਿਆ ਜੇਠੂਵਾਲ | | ਅੰਮ੍ਰਿਤਸਰ | ੪੭੯ |



4
੧੦

5
੧੦




| | | | |
|---|---|---|---|
| ੧ ਜੇਠ ੨੦੧੮ ਬਿਕ੍ਰਮੀ ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੪੮੩ |
| ੭ ਜੇਠ ੨੦੧੮ ਬਿਕ੍ਰਮੀ ਚੇਲਾ ਸਿੰਘ ਦੇ ਗ੍ਰਿਹਿ | | ਜੰਮੂ | ੪੯੦ |
| ੮ ਜੇਠ ੨੦੧੮ ਬਿਕ੍ਰਮੀ ਬੀਬੀ ਅਮਰੋ ਦੇਵੀ ਦੇ ਗ੍ਰਿਹਿ | | ਜੰਮੂ | ੫੦੧ |
| ੭ ਜੇਠ ੨੦੧੮ ਬਿਕ੍ਰਮੀ ਤੇਜਭਾਨ ਦੇ ਗ੍ਰਿਹਿ | ਸ਼ੇਖ਼ਸਰ | ਜੰਮੂ | ੫੦੪ |
| ੯ ਜੇਠ ੨੦੧੮ ਬਿਕ੍ਰਮੀ ਸ਼ਿਵ ਸਿੰਘ ਦੇ ਗ੍ਰਿਹਿ | ਸ਼ੇਖ਼ਸਰ | ਜੰਮੂ | ੫੧੦ |
| ੧੦ ਜੇਠ ੨੦੧੮ ਬਿਕ੍ਰਮੀ ਫਰੰਗੀ ਰਾਮ ਦੇ ਗ੍ਰਿਹਿ | ਤੂਤਾਂ ਵਾਲੀ | ਜੰਮੂ | ੫੧੭ |
| ੧੦ ਜੇਠ ੨੦੧੮ ਬਿਕ੍ਰਮੀ ਸਰਦਾਰ ਸਿੰਘ ਮੇਹਰ ਸਿੰਘ ਕਿਰਪਾ ਰਾਮ ਦੇ ਗ੍ਰਿਹਿ | ਸ਼ੇਖ਼ਸਰ | ਜੰਮੂ | ੫੧੯ |
| ੧੦ ਜੇਠ ੨੦੧੮ ਬਿਕ੍ਰਮੀ ਸ਼ਾਹਨੀ ਦੇ ਗ੍ਰਿਹਿ | ਸ਼ੇਖ਼ਸਰ | ਜੰਮੂ | ੫੨੩ |
| ੧੦ ਜੇਠ ੨੦੧੮ ਬਿਕ੍ਰਮੀ ਗੂਹੜਾ ਰਾਮ ਦੇ ਗ੍ਰਿਹਿ | ਸ਼ੇਖ਼ਸਰ | ਜੰਮੂ | ੫੨੪ |
| ੧੧ ਜੇਠ ੨੦੧੮ ਬਿਕ੍ਰਮੀ ਰਾਮ ਚੰਦ ਦੇ ਗ੍ਰਿਹਿ | ਦੇਵਾ | ਜੰਮੂ | ੫੨੯ |
| ੧੧ ਜੇਠ ੨੦੧੮ ਬਿਕ੍ਰਮੀ ਮਲੂਕਾ ਰਾਮ ਦੇ ਗ੍ਰਿਹਿ | ਦੇਵਾ | ਜੰਮੂ | ੫੩੪ |
| ੧੧ ਜੇਠ ੨੦੧੮ ਬਿਕ੍ਰਮੀ ਸਰਦਾਰ ਸਿੰਘ ਦੇ ਗ੍ਰਿਹਿ | ਸਰਦਾਰੀ | ਜੰਮੂ | ੫੩੫ |
| ੧੨ ਜੇਠ ੨੦੧੮ ਬਿਕ੍ਰਮੀ ਪ੍ਰੇਮ ਚੰਦ ਦੇ ਗ੍ਰਿਹਿ | ਸਰਦਾਰੀ | ਜੰਮੂ | ੫੪੨ |
| ੧੨ ਜੇਠ ੨੦੧੮ ਬਿਕ੍ਰਮੀ ਰਾਮ ਲਾਲ ਦੇ ਗ੍ਰਿਹਿ | ਸਰਦਾਰੀ | ਜੰਮੂ | ੫੪੪ |
| ੧੨ ਜੇਠ ੨੦੧੮ ਬਿਕ੍ਰਮੀ ਕਥਾ ਸਿੰਘ ਜੀਵਨ ਸਿੰਘ ਦੇ ਗ੍ਰਿਹਿ | ਮੋਇਲ | ਜੰਮੂ | ੫੫੫ |
| ੧੨ ਜੇਠ ੨੦੧੮ ਬਿਕ੍ਰਮੀ ਦੇਵਾ ਸਿੰਘ ਦੇ ਗ੍ਰਿਹਿ | ਧੰਗਾਲੀ | ਜੰਮੂ | ੫੬੦ |
| ੧੩ ਜੇਠ ੨੦੧੮ ਬਿਕ੍ਰਮੀ ਫੱਗਾ ਸਿੰਘ ਦੇ ਗ੍ਰਿਹਿ | ਧੰਗਾਲੀ | ਜੰਮੂ | ੫੬੬ |
| ੧੩ ਜੇਠ ੨੦੧੮ ਬਿਕ੍ਰਮੀ ਇੰਦਰ ਸਿੰਘ ਦੇ ਗ੍ਰਿਹਿ | ਧੰਗਾਲੀ | ਜੰਮੂ | ੫੭੨ |
| ੧੪ ਜੇਠ ੨੦੧੮ ਬਿਕ੍ਰਮੀ ਸੰਤ ਰਾਮ ਦੇ ਗ੍ਰਿਹਿ | ਬਾਣੀਆਂ | ਜੰਮੂ | ੫੭੭ |
| ੧੪ ਜੇਠ ੨੦੧੮ ਬਿਕ੍ਰਮੀ ਅਨੰਤ ਰਾਮ ਦੇ ਗ੍ਰਿਹਿ | ਬਾਣੀਆਂ | ਜੰਮੂ | ੫੮੧ |
| ੧੪ ਜੇਠ ੨੦੧੮ ਬਿਕ੍ਰਮੀ ਕਰਤਾਰ ਸਿੰਘ ਦੇ ਗ੍ਰਿਹਿ | ਧੰਗਾਲੀ | ਜੰਮੂ | ੫੮੭ |




5
੧੦

6

੧੦




| | | | |
|---|---|---|---|
| ੧੪ ਜੇਠ ੨੦੧੮ ਬਿਕ੍ਰਮੀ ਕਰਮ ਸਿੰਘ ਦੇ ਗ੍ਰਿਹਿ | ਧੰਗਾਲੀ | ਜੰਮੂ | ੫੯੦ |
| ੧੪ ਜੇਠ ੨੦੧੮ ਬਿਕ੍ਰਮੀ ਮੇਲਾ ਰਾਮ ਦੇ ਗ੍ਰਿਹਿ | ਧੰਗਾਲੀ | ਜੰਮੂ | ੫੯੨ |
| ੧੪ ਜੇਠ ੨੦੧੮ ਬਿਕ੍ਰਮੀ ਲਛਮਣ ਸਿੰਘ ਦੇ ਗ੍ਰਿਹਿ | ਧੰਗਾਲੀ | ਜੰਮੂ | ੫੯੪ |
| ੧੫ ਜੇਠ ੨੦੧੮ ਬਿਕ੍ਰਮੀ ਬੀਬੀ ਗੁਰਦਈ ਦੇ ਗ੍ਰਿਹਿ | ਧੰਗਾਲੀ | ਜੰਮੂ | ੫੯੮ |
| ੧੫ ਜੇਠ ੨੦੧੮ ਬਿਕ੍ਰਮੀ ਜਗਤ ਸਿੰਘ ਬੇਲਾ ਸਿੰਘ ਦੇ ਗ੍ਰਿਹਿ | ਧੰਗਾਲੀ | ਜੰਮੂ | ੬੦੨ |
| ੧੫ ਜੇਠ ੨੦੧੮ ਬਿਕ੍ਰਮੀ ਗਿਆਨ ਚੰਦ ਦੇ ਗ੍ਰਿਹਿ | ਖੈਰਵਾਲਾ | ਜੰਮੂ | ੬੦੯ |
| ੧੬ ਜੇਠ ੨੦੧੮ ਬਿਕ੍ਰਮੀ ਪ੍ਰੇਮੋ ਦੇਵੀ ਦੇ ਗ੍ਰਿਹਿ | ਖੈਰਵਾਲਾ | ਜੰਮੂ | ੬੧੭ |
| ੧੫ ਜੇਠ ੨੦੧੮ ਬਿਕ੍ਰਮੀ ਦੋਲਤ ਸਿੰਘ ਦੇ ਗ੍ਰਿਹਿ | ਨਵਾ ਚਕ | ਜੰਮੂ | ੬੧੯ |
| ੧੫ ਜੇਠ ੨੦੧੮ ਬਿਕ੍ਰਮੀ ਸੰਕਰ ਦਾਸ ਪ੍ਰੀਮੀ ਦੇਵੀ ਦੇ ਗ੍ਰਿਹਿ | ਮਲਕ ਕੈਂਪ | ਜੰਮੂ | ੬੨੨ |
| ੧੫ ਜੇਠ ੨੦੧੮ ਬਿਕ੍ਰਮੀ ਭਾਗ ਸਿੰਘ ਦੇ ਗ੍ਰਿਹਿ | ਮਲਕ ਕੈਂਪ | ਜੰਮੂ | ੬੨੭ |
| ੧੭ ਜੇਠ ੨੦੧੮ ਬਿਕ੍ਰਮੀ ਸਾਹਿਬ ਸਿੰਘ ਰਸਾਲ ਸਿੰਘ ਦੇ ਗ੍ਰਿਹਿ | ਮਨਾਵਰ | ਜੰਮੂ | ੬੩੩ |
| ੧੭ ਜੇਠ ੨੦੧੮ ਬਿਕ੍ਰਮੀ ਫਰੰਗੀ ਰਾਮ ਦੇ ਗ੍ਰਿਹਿ | ਝੰਡੇ | ਜੰਮੂ | ੬੩੯ |
| ੧੭ ਜੇਠ ੨੦੧੮ ਬਿਕ੍ਰਮੀ ਸਾਂਈ ਦਾਸ ਦੇ ਗ੍ਰਿਹਿ | ਝੰਡੇ | ਜੰਮੂ | ੬੪੪ |
| ੧੭ ਜੇਠ ੨੦੧੮ ਬਿਕ੍ਰਮੀ ਧਰਮ ਚੰਦ ਦੇ ਗ੍ਰਿਹਿ | ਬਾਲੇ ਵਾਲ | ਜੰਮੂ | ੬੪੬ |
| 'ਗੁਰੂ ਗ੍ਰੰਥ ਜੀ ਮਾਨਿਉਂ, ਪਰਗਟ ਗੁਰਾਂ ਦੀ ਦੇਹ " | | | ੬੫੧ |
| "ਜਾਂ ਕਾ ਹਿਰਦਾ ਸ਼ੁੱਧ ਹੈ, ਖੋਜ ਸ਼ਬਦ ਮੇਂ ਲੇ " | | | ੬੫੧ |
| ੧੮ ਜੇਠ ੨੦੧੮ ਬਿਕ੍ਰਮੀ ਗੁਰਦਿਤ ਸਿੰਘ ਦੇ ਗ੍ਰਿਹਿ | | ਜੰਮੂ | ੬੫੩ |
| ੧੮ ਜੇਠ ੨੦੧੮ ਬਿਕ੍ਰਮੀ ਸਰਦਾਰ ਸਿੰਘ ਦੇ ਗ੍ਰਿਹਿ | ਛੰਬ | ਜੰਮੂ | ੬੫੪ |
| ੧੮ ਜੇਠ ੨੦੧੮ ਬਿਕ੍ਰਮੀ ਗੁਰਦਿਤ ਸਿੰਘ ਸੰਸਾਰ ਸਿੰਘ | ਛੰਬ | ਜੰਮੂ | ੬੫੬ |
| ੧੮ ਜੇਠ ੨੦੧੮ ਬਿਕ੍ਰਮੀ ਸਰਦਾਰ ਚੰਦ ਦੇ ਗ੍ਰਿਹਿ | ਛੰਬ | ਜੰਮੂ | ੬੬੧ |
| ੧੯ ਜੇਠ ੨੦੧੮ ਬਿਕ੍ਰਮੀ ਧੰਨੋ ਦੇਵੀ ਦੇ ਗ੍ਰਿਹਿ | ਛੰਬ | ਜੰਮੂ | ੬੭੦ |
| ੧੯ ਜੇਠ ੨੦੧੮ ਬਿਕ੍ਰਮੀ ਈਸ਼ਰ ਸਿੰਘ ਦੇ ਗ੍ਰਿਹਿ | ਦੜ | ਜੰਮੂ | ੬੭੨ |




6

੧੦





| | | | |
|---|---|---|---|
| ੧੯ ਜੇਠ ੨੦੧੮ ਬਿਕ੍ਰਮੀ ਲੱਭੂ ਰਾਮ ਦੇ ਗ੍ਰਿਹਿ | ਜੌੜੀਆਂ | ਜੰਮੂ | ੬੭੫ |
| ੧੯ ਜੇਠ ੨੦੧੮ ਬਿਕ੍ਰਮੀ ਮੰਗਤ ਰਾਮ ਦੇ ਗ੍ਰਿਹਿ | | ਜੰਮੂ | ੬੭੮ |
| ੧੯ ਜੇਠ ੨੦੧੮ ਬਿਕ੍ਰਮੀ ਹਰਨਾਮ ਸਿੰਘ ਦੇ ਗ੍ਰਿਹਿ | ਚੜਦਾ ਗਰਾਮ | ਜੰਮੂ | ੬੭੯ |
| ੨੦ ਜੇਠ ੨੦੧੮ ਬਿਕ੍ਰਮੀ ਪਾਰੋ ਦੇਵੀ ਦੇ ਗ੍ਰਿਹਿ | ਚੜਦਾ ਗਰਾਮ | ਜੰਮੂ | ੬੮੬ |
| ੨੦ ਜੇਠ ੨੦੧੮ ਬਿਕ੍ਰਮੀ ਕਥਾ ਸਿੰਘ ਦੇ ਗ੍ਰਿਹਿ | ਚੜਦਾ ਗਰਾਮ | ਜੰਮੂ | ੬੮੬ |
| ੨੦ ਜੇਠ ੨੦੧੮ ਬਿਕ੍ਰਮੀ ਮੰਗਾ ਰਾਮ ਦੇ ਗ੍ਰਿਹਿ | | ਜੰਮੂ | ੬੮੭ |
| ੨੦ ਜੇਠ ੨੦੧੮ ਬਿਕ੍ਰਮੀ ਦੇਵਾਂ ਦੇਵੀ ਦੇ ਗ੍ਰਿਹਿ | | ਜੰਮੂ | ੬੮੭ |
| ੨੦ ਜੇਠ ੨੦੧੮ ਬਿਕ੍ਰਮੀ ਕੇਸਰ ਸਿੰਘ ਦੇ ਗ੍ਰਿਹਿ | ਝਮਾਂ | ਜੰਮੂ | ੬੮੮ |
| ੨੦ ਜੇਠ ੨੦੧੮ ਬਿਕ੍ਰਮੀ ਬੀਬੀ ਬੰਤੀ ਦੇ ਗ੍ਰਿਹਿ | ਝਮਾਂ | ਜੰਮੂ | ੬੯੪ |
| ੨੦ ਜੇਠ ੨੦੧੮ ਬਿਕ੍ਰਮੀ ਸ਼ਿਵ ਰਾਮ ਦੇ ਗ੍ਰਿਹਿ | ਅੰਬਾ ਰਾਏ | ਜੰਮੂ | ੬੯੭ |
| ੨੦ ਜੇਠ ੨੦੧੮ ਬਿਕ੍ਰਮੀ ਓਮ ਪਰਕਾਸ਼ ਦੇ ਗ੍ਰਿਹਿ | | ਜੰਮੂ | ੬੯੮ |
| ੨੧ ਜੇਠ ੨੦੧੮ ਬਿਕ੍ਰਮੀ ਅੰਗਰੇਜ ਸਿੰਘ ਦੇ ਗ੍ਰਿਹਿ | ਨਵੀ ਬਸਤੀ | ਜੰਮੂ | ੭੦੪ |
| ੨੧ ਜੇਠ ੨੦੧੮ ਬਿਕ੍ਰਮੀ ਬੀਬੀ ਕੇਸਰੀ ਦੇ ਗ੍ਰਿਹਿ | ਰਾਣੀ ਬਾਗ | ਜੰਮੂ | ੭੧੦ |
| ੨੧ ਜੇਠ ੨੦੧੮ ਬਿਕ੍ਰਮੀ ਸਰਦਾਰਾ ਸਿੰਘ ਦੇ ਗ੍ਰਿਹਿ | ਸੀੜ | ਜੰਮੂ | ੭੧੨ |
| ੨੨ ਜੇਠ ੨੦੧੮ ਬਿਕ੍ਰਮੀ ਮਾਈ ਲੱਛਮੀ ਦੇ ਗ੍ਰਿਹਿ | ਸੀੜ | ਜੰਮੂ | ੭੨੦ |
| ੨੨ ਜੇਠ ੨੦੧੮ ਬਿਕ੍ਰਮੀ ਪੁਨੂੰ ਰਾਮ ਦੇ ਗ੍ਰਿਹਿ | ਚਕਰੋਈ | ਜੰਮੂ | ੭੨੪ |
| ੨੨ ਜੇਠ ੨੦੧੮ ਬਿਕ੍ਰਮੀ ਮਾਇਆ ਦੇਵੀ ਦੇ ਗ੍ਰਿਹਿ | ਸੀੜ | ਜੰਮੂ | ੭੨੫ |
| ੨੨ ਜੇਠ ੨੦੧੮ ਬਿਕ੍ਰਮੀ ਦੇਵੀ ਸਿੰਘ ਦੇ ਗ੍ਰਿਹਿ | ਮੱਘੋਵਾਲੀ | ਜੰਮੂ | ੭੨੬ |
| ੨੨ ਜੇਠ ੨੦੧੮ ਬਿਕ੍ਰਮੀ ਦੌਲਤ ਰਾਮ ਦੇ ਗ੍ਰਿਹਿ | ਕੋਟਲੀ ਰਾਈਆ | ਜੰਮੂ | ੭੩੨ |
| ੨੨ ਜੇਠ ੨੦੧੮ ਬਿਕ੍ਰਮੀ ਪ੍ਰਕਾਸ਼ ਚੰਦ ਦੇ ਗ੍ਰਿਹਿ | ਮਘੋਵਾਲੀ | ਜੰਮੂ | ੭੩੬ |
| ੨੩ ਜੇਠ ੨੦੧੮ ਬਿਕ੍ਰਮੀ ਪਿਆਰ ਸਿੰਘ ਸੇਵਾ ਸਿੰਘ ਦੇ ਗ੍ਰਿਹਿ | ਕਲੋਏ | ਜੰਮੂ | ੭੪੩ |
| ੨੩ ਜੇਠ ੨੦੧੮ ਬਿਕ੍ਰਮੀ ਮੰਗਲ ਸਿੰਘ ਦੇ ਗ੍ਰਿਹਿ | ਨਵੀ ਬਸਤੀ | ਜੰਮੂ | ੭੪੬ |

7
੧੦

7
੧੦








| | | | |
|---|---|---|---|
| ੨੩ ਜੇਠ ੨੦੧੮ ਬਿਕ੍ਰਮੀ ਚੇਲਾ ਸਿੰਘ ਦੇ ਗ੍ਰਿਹਿ | | ਜੰਮੂ | ੭੪੯ |
| ੨੪ ਜੇਠ ੨੦੧੮ ਬਿਕ੍ਰਮੀ ਰਸੀਆ ਰਾਮ ਦੇ ਗ੍ਰਿਹਿ | ਬਦੀਪੁਰ | ਜੰਮੂ | ੭੫੫ |
| ੧ ਹਾੜ ੨੦੧੮ ਬਿਕ੍ਰਮੀ ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੭੫੮ |
| ੧੬ ਹਾੜ ੨੦੧੮ ਬਿਕ੍ਰਮੀ ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੭੭੬ |
| ੧੭ ਹਾੜ ੨੦੧੮ ਬਿਕ੍ਰਮੀ ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੭੮੩ |
| ੧੯ ਹਾੜ ੨੦੧੮ ਬਿਕ੍ਰਮੀ ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੮੩੮ |
| ੧ ਸਾਵਣ ੨੦੧੮ ਬਿਕ੍ਰਮੀ ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੮੪੬ |
| ੨ ਸਾਵਣ ੨੦੧੮ ਬਿਕ੍ਰਮੀ ਅਮਰੀਕ ਸਿੰਘ ਦੇ ਗ੍ਰਿਹਿ | ਰੂਪੋ ਵਾਲੀ | ਅੰਮ੍ਰਿਤਸਰ | ੮੬੫ |
| ੩ ਸਾਵਣ ੨੦੧੮ ਬਿਕ੍ਰਮੀ ਗੁਰਦਿਤ ਸਿੰਘ ਦੇ ਗ੍ਰਿਹਿ | ਰਾਮ ਦਿਵਾਲੀ | ਅੰਮ੍ਰਿਤਸਰ | ੮੮੦ |
| ੩ ਸਾਵਣ ੨੦੧੮ ਬਿਕ੍ਰਮੀ ਟੈਹਲ ਸਿੰਘ ਦੇ ਗ੍ਰਿਹਿ | ਰੂਪੋ ਵਾਲੀ | ਅੰਮ੍ਰਿਤਸਰ | ੮੮੬ |
| ੫ ਸਾਵਣ ੨੦੧੮ ਬਿਕ੍ਰਮੀ ਗੱਜਣ ਸਿੰਘ ਦੇ ਗ੍ਰਿਹਿ | ਰੁੜਕਾ ਕਲਾਂ | ਜਲੰਧਰ | ੮੯੩ |
| ੬ ਸਾਵਣ ੨੦੧੮ ਬਿਕ੍ਰਮੀ ਪ੍ਰੀਤਮ ਸਿੰਘ ਸਾਧੂ ਸਿੰਘ | ਫਗਵਾੜਾ | ਜਲੰਧਰ | ੯੦੫ |
| ੭ ਸਾਵਣ ੨੦੧੮ ਬਿਕ੍ਰਮੀ ਗੁਰਮੀਤ ਸਿੰਘ ਦੇ ਗ੍ਰਿਹਿ | ਹਰਦੋ ਫਰਾਲਾ | ਜਲੰਧਰ | ੯੧੪ |
| ੨੨ ਸਾਵਣ ੨੦੧੮ ਬਿਕ੍ਰਮੀ ਭਗਵਾਨ ਸਿੰਘ ਦੇ ਗ੍ਰਿਹਿ | ਸੈਦਪੁਰ | | ੯੨੩ |
| ੨੩ ਸਾਵਣ ੨੦੧੮ ਬਿਕ੍ਰਮੀ ਗਿਰਧਾਰਾ ਸਿੰਘ ਦੇ ਗ੍ਰਿਹਿ | ਬਲੋਵਾਲੀ | | ੯੪੭ |
| ੨੪ ਸਾਵਣ ੨੦੧੮ ਬਿਕ੍ਰਮੀ ਬੰਤਾ ਸਿੰਘ ਦੇ ਗ੍ਰਿਹਿ | ਪੰਜ ਗਰਾਈ | | ੯੫੫ |
| ੨੫ ਸਾਵਣ ੨੦੧੮ ਬਿਕ੍ਰਮੀ ਕਰਤਾਰ ਕੌਰ ਦੇ ਗ੍ਰਿਹਿ | ਪੰਜ ਗਰਾਈ | | ੯੬੫ |
| ੨੫ ਸਾਵਣ ੨੦੧੮ ਬਿਕ੍ਰਮੀ ਮਹਿੰਦਰ ਸਿੰਘ ਦੇ ਗ੍ਰਿਹਿ | ਦੱਯਾ | | ੯੬੭ |
| ੨੫ ਸਾਵਣ ੨੦੧੮ ਬਿਕ੍ਰਮੀ ਅਜੀਤ ਸਿੰਘ ਦੇ ਗ੍ਰਿਹਿ | ਟਾਲਾ | | ੯੭੪ |
| ੨੬ ਸਾਵਣ ੨੦੧੮ ਬਿਕ੍ਰਮੀ ਕਾਸ਼ੀ ਰਾਮ ਦੇ ਗ੍ਰਿਹਿ | ਸਨੱਯਾ | | ੯੮੭ |
| ੨੫ ਸਾਵਣ ੨੦੧੮ ਬਿਕ੍ਰਮੀ ਮੱਸਾ ਸਿੰਘ ਦੇ ਗ੍ਰਿਹਿ | ਬਲ | | ੯੯੪ |
| ੨੭ ਸਾਵਣ ੨੦੧੮ ਬਿਕ੍ਰਮੀ ਬੂੜ ਸਿੰਘ ਦੇ ਗ੍ਰਿਹਿ | ਕਾਦਰਾਬਾਦ | | ੧੦੧੨ |




8
੧੦




| | | | |
|---|---|---|---|
| ੨੫ ਸਾਵਣ ੨੦੧੮ ਬਿਕ੍ਰਮੀ ਬਖ਼ਸ਼ੀਸ਼ ਸਿੰਘ ਦੇ ਗ੍ਰਿਹਿ | ਕਾਦਰਾਬਾਦ | | ੧੦੧੫ |
| ੨੮ ਸਾਵਣ ੨੦੧੮ ਬਿਕ੍ਰਮੀ ਸਵਰਨ ਸਿੰਘ ਦੇ ਗ੍ਰਿਹਿ | ਸਰੀਪੁਰ | ਹੁਸ਼ਿਆਰਪੁਰ | ੧੦੨੩ |
| ੨੯ ਸਾਵਣ ੨੦੧੮ ਬਿਕ੍ਰਮੀ ਸੰਕਰ ਸਿੰਘ ਦੇ ਗ੍ਰਿਹਿ | ਸਰੀਪੁਰ | ਹੁਸ਼ਿਆਰਪੁਰ | ੧੦੩੭ |
| ੨੯ ਸਾਵਣ ੨੦੧੮ ਬਿਕ੍ਰਮੀ ਵਤਨ ਸਿੰਘ ਦੇ ਗ੍ਰਿਹਿ | ਸਰੀਪੁਰ | ਹੁਸ਼ਿਆਰਪੁਰ | ੧੦੫੧ |
| ੩੦ ਸਾਵਣ ੨੦੧੮ ਬਿਕ੍ਰਮੀ ਧੰਨਾ ਸਿੰਘ ਦੇ ਗ੍ਰਿਹਿ | ਕੁਲੀਆਂ | ਹੁਸ਼ਿਆਰਪੁਰ | ੧੦੫੫ |
| ੩੦ ਸਾਵਣ ੨੦੧੮ ਬਿਕ੍ਰਮੀ ਖਿਆਲ ਸਿੰਘ ਦੇ ਗ੍ਰਿਹਿ | ਰੂਪੋਵਾਲ | ਹੁਸ਼ਿਆਰਪੁਰ | ੧੦੬੧ |
| ੧ ਭਾਦਰੋਂ ੨੦੧੮ ਬਿਕ੍ਰਮੀ ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੧੦੬੮ |
| ੯ ਭਾਦਰੋਂ ੨੦੧੮ ਬਿਕ੍ਰਮੀ ਗੁਰਦਿਆਲ ਸਿੰਘ ਦੇ ਗ੍ਰਿਹਿ | ਨਾਥੇਵਾਲ | ਫਿਰੋਜ਼ਪੁਰ | ੧੦੭੭ |
| ੧੩ ਭਾਦਰੋਂ ੨੦੧੮ ਬਿਕ੍ਰਮੀ ਮੱਸਾ ਸਿੰਘ ਦੇ ਗ੍ਰਿਹਿ | ਕੋਟਲੀ ਥਾਨ ਸਿੰਘ | ਜਲੰਧਰ | ੧੦੯੧ |
| ੧੪ ਭਾਦਰੋਂ ੨੦੧੮ ਬਿਕ੍ਰਮੀ ਲਾਲ ਸਿੰਘ ਦੇ ਗ੍ਰਿਹਿ | ਡਲੇਵਾਲ | ਜਲੰਧਰ | ੧੦੯੬ |
| ੧੪ ਭਾਦਰੋਂ ੨੦੧੮ ਬਿਕ੍ਰਮੀ ਨਿਰੰਜਣ ਸਿੰਘ ਦੇ ਗ੍ਰਿਹਿ | ਲੁਧਿਆਣਾ | ਲੁਧਿਆਣਾ | ੧੧੦੧ |
| ੧੫ ਭਾਦਰੋਂ ੨੦੧੮ ਬਿਕ੍ਰਮੀ ਲਾਲ ਸਿੰਘ ਦੇ ਗ੍ਰਿਹਿ | | | ੧੧੧੨ |
| ੧੫ ਭਾਦਰੋਂ ੨੦੧੮ ਬਿਕ੍ਰਮੀ ਬਾਬੂ ਸਿੰਘ ਦੇ ਗ੍ਰਿਹਿ | ਡੇਲੋਂ | ਲੁਧਿਆਣਾ | ੧੧੧੮ |
| ੧੬ ਭਾਦਰੋਂ ੨੦੧੮ ਬਿਕ੍ਰਮੀ ਨਛੱਤਰ ਸਿੰਘ ਦੇ ਗ੍ਰਿਹਿ | ਦੋਰਾਹਾ | ਲੁਧਿਆਣਾ | ੧੧੨੭ |
| ੧੬ ਭਾਦਰੋਂ ੨੦੧੮ ਬਿਕ੍ਰਮੀ ਹਰੀ ਸਿੰਘ ਦੇ ਗ੍ਰਿਹਿ | ਮਹਿਮਾ ਸਿੰਘ ਵਾਲਾ | ਲੁਧਿਆਣਾ | ੧੧੩੦ |
| ੧੬ ਭਾਦਰੋਂ ੨੦੧੮ ਬਿਕ੍ਰਮੀ ਧੰਨਾ ਸਿੰਘ ਦੇ ਗ੍ਰਿਹਿ | ਢੈ ਪਈ | ਲੁਧਿਆਣਾ | ੧੧੩੪ |
| ੧੭ ਭਾਦਰੋਂ ੨੦੧੮ ਬਿਕ੍ਰਮੀ ਨਾਜ਼ਰ ਸਿੰਘ ਦੇ ਗ੍ਰਿਹਿ | ਪੱਖੋਵਾਲ | ਲੁਧਿਆਣਾ | ੧੧੪੪ |
| ੧੮ ਭਾਦਰੋਂ ੨੦੧੮ ਬਿਕ੍ਰਮੀ ਪੋਲੋ ਸਿੰਘ ਦੇ ਗ੍ਰਿਹਿ | ਪੱਖੋਵਾਲ | ਲੁਧਿਆਣਾ | ੧੧੫੫ |
| ੧੮ ਭਾਦਰੋਂ ੨੦੧੮ ਬਿਕ੍ਰਮੀ ਸਰਦਾਰਾ ਸਿੰਘ ਦੇ ਗ੍ਰਿਹਿ | ਪੱਖੋਵਾਲ | ਲੁਧਿਆਣਾ | ੧੧੬੦ |
| ੧੮ ਭਾਦਰੋਂ ੨੦੧੮ ਬਿਕ੍ਰਮੀ | | | ੧੧੬੪ |
| ੧੮ ਭਾਦਰੋਂ ੨੦੧੮ ਬਿਕ੍ਰਮੀ ਹਰਜੀਤ ਸਿੰਘ ਦੇ ਗ੍ਰਿਹਿ | ਲੀਲ | ਲੁਧਿਆਣਾ | ੧੧੬੬ |
| ੧੯ ਭਾਦਰੋਂ ੨੦੧੮ ਬਿਕ੍ਰਮੀ ਦਿਆਲ ਕੌਰ ਦੇ ਗ੍ਰਿਹਿ | ਲੀਲ | ਲੁਧਿਆਣਾ | ੧੧੭੩ |




9
੧੦




| | | | |
|---|---|---|---|
| ੧੮ ਭਾਦਰੋਂ ੨੦੧੮ ਬਿਕ੍ਰਮੀ ਨਛੱਤਰ ਸਿੰਘ ਦੇ ਗ੍ਰਹਿ | ਬੁਰਜ(ਹਰੀ ਸਿੰਘ ਵਾਲਾ) | | ੧੧੭੯ |
| ੨੦ ਭਾਦਰੋਂ ੨੦੧੮ ਬਿਕ੍ਰਮੀ ਗੁਰਮੇਲ ਸਿੰਘ ਦੇ ਗ੍ਰਹਿ | ਬੁਰਜ(ਹਰੀ ਸਿੰਘ ਵਾਲਾ) | | ੧੧੮੯ |
| ੨੦ ਭਾਦਰੋਂ ੨੦੧੮ ਬਿਕ੍ਰਮੀ ਬਾਬੂ ਸਿੰਘ ਦੇ ਗ੍ਰਹਿ | ਦੱਦਾ ਹੂਰ | | ੧੧੯੨ |
| ੨੦ ਭਾਦਰੋਂ ੨੦੧੮ ਬਿਕ੍ਰਮੀ ਦਰਬਾਰਾ ਸਿੰਘ ਦੇ ਗ੍ਰਹਿ | ਕਿਰਪਾਲ ਸਿੰਘ ਵਾਲਾ | | ੧੧੯੫ |
| ੨੧ ਭਾਦਰੋਂ ੨੦੧੮ ਬਿਕ੍ਰਮੀ ਕਰਮ ਸਿੰਘ ਦੇ ਗ੍ਰਹਿ | ਗੁੜੇ | ਲੁਧਿਆਣਾ | ੧੨੦੭ |
| ੨੨ ਭਾਦਰੋਂ ੨੦੧੮ ਬਿਕ੍ਰਮੀ ਬਖ਼ਤੌਰ ਸਿੰਘ ਦੇ ਗ੍ਰਹਿ | ਸਿੱਧਵਾਂ | ਲੁਧਿਆਣਾ | ੧੨੧੭ |
| ੨੨ ਭਾਦਰੋਂ ੨੦੧੮ ਬਿਕ੍ਰਮੀ ਦਿਆਲ ਸਿੰਘ, ਮਾਧਾ ਸਿੰਘ | ਨਵਾਂ ਰਾਮੂਵਾਲਾ | ਫਿਰੋਜ਼ਪੁਰ | ੧੨੨੦ |
| ੨੨ ਭਾਦਰੋਂ ੨੦੧੮ ਬਿਕ੍ਰਮੀ ਗੁਰਦਿਆਲ ਸਿੰਘ ਦੇ ਗ੍ਰਹਿ | ਨਵਾਂ ਰਾਮੂਵਾਲਾ | ਫਿਰੋਜ਼ਪੁਰ | ੧੨੨੩ |
| ੨੩ ਭਾਦਰੋਂ ੨੦੧੮ ਬਿਕ੍ਰਮੀ ਉਜਾਗਰ ਸਿੰਘ ਦੇ ਗ੍ਰਹਿ | ਨਵਾਂ ਰਾਮੂਵਾਲਾ | ਫਿਰੋਜ਼ਪੁਰ | ੧੨੩੦ |
| ੨੩ ਭਾਦਰੋਂ ੨੦੧੮ ਬਿਕ੍ਰਮੀ ਕੇਹਰ ਸਿੰਘ ਦੇ ਗ੍ਰਹਿ | ਰਜੀਵਾਲਾ | ਅੰਮ੍ਰਿਤਸਰ | ੧੨੩੬ |
| ੨੩ ਭਾਦਰੋਂ ੨੦੧੮ ਬਿਕ੍ਰਮੀ ਸੋਹਣ ਸਿੰਘ ਦੇ ਗ੍ਰਹਿ | ਮੁੰਡੀ ਜਮਾਲ | ਅੰਮ੍ਰਿਤਸਰ | ੧੨੩੮ |
| ੨੪ ਭਾਦਰੋਂ ੨੦੧੮ ਬਿਕ੍ਰਮੀ ਬਾਗੀਚਾ ਸਿੰਘ ਦੇ ਗ੍ਰਹਿ | ਮੁੰਡੀ ਜਮਾਲ | ਅੰਮ੍ਰਿਤਸਰ | ੧੨੪੫ |
| ੨੯ ਭਾਦਰੋਂ ੨੦੧੮ ਬਿਕ੍ਰਮੀ ਦਰਸ਼ਨ ਸਿੰਘ ਦੇ ਗ੍ਰਹਿ | ਸ਼ਬਦ ਸਿੰਘਾਸਣ | ਦਿੱਲੀ | ੧੨੫੦ |
| ੧ ਅੱਸੂ ੨੦੧੮ ਬਿਕ੍ਰਮ ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੧੨੫੭ |
| ੩ ਅੱਸੂ ੨੦੧੮ ਬਿਕ੍ਰਮੀ ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੧੨੬੮ |
| ੩ ਅੱਸੂ ੨੦੧੮ ਬਿਕ੍ਰਮੀ ਰਾਸ਼ਟਰਪਤੀ ਅਤੇ ਪੰਡਤ ਨਹਿਰੂ ਨੂੰ ਸ਼ਬਦ ਭੇਜਿਆ | | | ੧੨੭੪ |
| ੭ ਅੱਸੂ ੨੦੧੮ ਬਿਕ੍ਰਮੀ ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੧੨੭੫ |
| ੧੩ ਅੱਸੂ ੨੦੧੮ ਬਿਕ੍ਰਮੀ ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੧੨੭੮ |
| ੧੭ ਅੱਸੂ ੨੦੧੮ ਬਿਕ੍ਰਮੀ ਠੇਕੇਦਾਰ ਠਾਕਰ ਸਿੰਘ ਦੇ ਗ੍ਰਹਿ | ਜੇਠੂਵਾਲ | ਅੰਮ੍ਰਿਤਸਰ | ੧੨੮੦ |
| ੨੧ ਅੱਸੂ ੨੦੧੮ ਬਿਕ੍ਰਮ ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੧੨੮੨ |
| ੨੨ ਅੱਸੂ ੨੦੧੮ ਬਿਕ੍ਰਮੀ ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੧੨੮੬ |
| ੨੩ ਅੱਸੂ ੨੦੧੮ ਬਿਕ੍ਰਮੀ ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੧੨੯੫ |







| | | | |
|---|---|---|---|
| ੨੭ ਅੱਸੂ ੨੦੧੮ ਬਿਕ੍ਰਮੀ ਹਜਾਰਾ ਸਿੰਘ ਦੇ ਗ੍ਰਹਿ | ਫੀਨੇ ਜਸਤਰ ਵਾਲ | ਅੰਮ੍ਰਿਤਸਰ | ੧੩੦੧ |
| ੨੮ ਅੱਸੂ ੨੦੧੮ ਬਿਕ੍ਰਮੀ ਗੁਰਦਿਤ ਸਿੰਘ ਦੇ ਗ੍ਰਹਿ | ਮਾਨਾਂ ਵਾਲਾ | ਅੰਮ੍ਰਿਤਸਰ | ੧੩੧੪ |
| ੨੮ ਅੱਸੂ ੨੦੧੮ ਬਿਕ੍ਰਮੀ ਚਰਨ ਸਿੰਘ ਦੇ ਗ੍ਰਹਿ | | | ੧੩੧੭ |
| ੨੮ ਅੱਸੂ ੨੦੧੮ ਬਿਕ੍ਰਮੀ ਸਰਿੰਦਰ ਸਿੰਘ ਦੇ ਗ੍ਰਹਿ | ਭੁੱਲਰ | ਅੰਮ੍ਰਿਤਸਰ | ੧੩੦੯ |
| ੨੯ ਅੱਸੂ ੨੦੧੮ ਬਿਕ੍ਰਮੀ ਪੂਰਨ ਸਿੰਘ ਦੇ ਗ੍ਰਹਿ | ਲੇਲਿਆਂ | ਅੰਮ੍ਰਿਤਸਰ | ੧੩੨੮ |
| ੨੯ ਅੱਸੂ ੨੦੧੮ ਬਿਕ੍ਰਮੀ ਮੰਗਲ ਸਿੰਘ ਦੇ ਗ੍ਰਹਿ | ਸਾਰੰਗੜਾ | ਅੰਮ੍ਰਿਤਸਰ | ੧੩੩੨ |
| ੩੦ ਅੱਸੂ ੨੦੧੮ ਬਿਕ੍ਰਮੀ ਅਵਤਾਰ ਸਿੰਘ ਦੇ ਗ੍ਰਹਿ | ਕਾਉਕੇ | ਅੰਮ੍ਰਿਤਸਰ | ੧੩੩੫ |
| ੩੦ ਅੱਸੂ ੨੦੧੮ ਬਿਕ੍ਰਮੀ ਨਰਾਇਣ ਸਿੰਘ ਦੇ ਗ੍ਰਹਿ | ਗੁਮਾਨ ਪੁਰ | ਅੰਮ੍ਰਿਤਸਰ | ੧੩੪੦ |
| ੩੧ ਅੱਸੂ ੨੦੧੮ ਬਿਕ੍ਰਮੀ ਹਰਬੰਸ ਸਿੰਘ ਬਲਵੰਤ ਸਿੰਘ | ਮਾਹਲ | ਅੰਮ੍ਰਿਤਸਰ | ੧੩੫੧ |
| ੧ ਕੱਤਕ ੨੦੧੮ ਬਿਕ੍ਰਮੀ ਜੇਠੂਵਾਲ ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੧੩੫੪ |
| ੩ ਕੱਤਕ ੨੦੧੮ ਬਿਕ੍ਰਮੀ ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੧੩੮੩ |
| ੧੧ ਕੱਤਕ ੨੦੧੮ ਬਿਕ੍ਰਮੀ ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੧੩੯੭ |
| ੧੮ ਕੱਤਕ ੨੦੧੮ ਬਿਕ੍ਰਮੀ ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੧੪੦੨ |
| ੧੮ ਕੱਤਕ ੨੦੧੮ ਬਿਕ੍ਰਮੀ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਸੱਟਾ ਕਿਸ ਤਰਾਂ ਲੱਗੀਆਂ | | | ੧੪੦੭ |
| ੧੯ ਕੱਤਕ ੨੦੧੮ ਬਿਕ੍ਰਮੀ ਜੇਠੂਵਾਲ ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੧੪੦੮ |
| ੧੯ ਕੱਤਕ ੨੦੧੮ ਬਿਕ੍ਰਮੀ ਭਗਤ ਦਵਾਰ ਦੀ ਨੀਂਹ ਰੱਖਣ ਸਮੇਂ ਜੇਠੂਵਾਲ | | ਅੰਮ੍ਰਿਤਸਰ | ੧੪੧੯ |
| ੨੦ ਕੱਤਕ ੨੦੧੮ ਬਿਕ੍ਰਮੀ ਜੇਠੂਵਾਲ ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੧੪੨੯ |
| ੨੨ ਕੱਤਕ ੨੦੧੮ ਬਿਕ੍ਰਮੀ ਜੇਠੂਵਾਲ ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੧੪੪੩ |
| ੨੩ ਕੱਤਕ ੨੦੧੮ ਬਿਕ੍ਰਮੀ ਜੇਠੂਵਾਲ ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੧੪੫੬ |
| ੨੭ ਕੱਤਕ ੨੦੧੮ ਬਿਕ੍ਰਮੀ ਜੇਠੂਵਾਲ ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੧੪੬੫ |


11
੧੦






ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ



★ ੧੬ ਮੱਘਰ ੨੦੧੭ ਬਿਕਰਮੀ ਗੁਰਮੇਜ ਸਿੰਘ ਦੇ ਘਰ ਪਿੰਡ ਰੁੜਕਾ ਕਲਾਂ ਜ਼ਿਲਾ ਜਲੰਧਰ ★

ਹਰਿ ਕਿਰਪਾ ਗੁਰ ਪਾਇਆ, ਗੁਰ ਕਿਰਪਾ ਭਗਤਨ ਮੀਤ । ਹਰਿ ਕਿਰਪਾ ਗੁਰ ਪਾਇਆ, ਗੁਰ ਕਿਰਪਾ ਸਤਿ ਅਨੀਤ । ਹਰਿ ਕਿਰਪਾ ਗੁਰ ਪਾਇਆ, ਗੁਰ ਕਿਰਪਾ ਗੁਰਮੁਖਾਂ ਵਸੇ ਚੀਤ । ਹਰਿ ਕਿਰਪਾ ਗੁਰ ਪਾਇਆ, ਗੁਰ ਕਿਰਪਾ ਗੁਰਸਿਖ ਰਹੇ ਅਤੀਤ । ਹਰਿ ਕਿਰਪਾ ਗੁਰ ਪਾਇਆ, ਗੁਰ ਕਿਰਪਾ ਹੋਏ ਪਤਤ ਪੁਨੀਤ । ਹਰਿ ਕਿਰਪਾ ਗੁਰ ਪਾਇਆ, ਗੁਰ ਕਿਰਪਾ ਵੇਖੇ ਸਾਚੀ ਰੀਤ । ਹਰਿ ਕਿਰਪਾ ਗੁਰ ਪਾਇਆ, ਗੁਰ ਕਿਰਪਾ ਸੁਣੇ ਸੁਹਾਗੀ ਗੀਤ । ਹਰਿ ਕਿਰਪਾ ਗੁਰ ਪਾਇਆ, ਗੁਰ ਕਿਰਪਾ ਵੇਖੇ ਧਾਮ ਅਨਡੀਠ । ਹਰਿ ਕਿਰਪਾ ਗੁਰ ਪਾਇਆ, ਗੁਰ ਕਿਰਪਾ ਨਾਤਾ ਤੁੱਟੇ ਮੰਦਰ ਮਸੀਤ । ਹਰਿ ਕਿਰਪਾ ਗੁਰ ਪਾਇਆ, ਗੁਰ ਕਿਰਪਾ ਲੇਖਾ ਚੁੱਕੇ ਹਸਤ ਕੀਟ, ਹਰਿ ਕਿਰਪਾ ਗੁਰ ਪਾਇਆ, ਗੁਰ ਕਿਰਪਾ ਮਾਣਸ ਜਨਮ ਜਾਏ ਜੀਤ । ਹਰਿ ਕਿਰਪਾ ਗੁਰ ਪਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਪਰਖਣਹਾਰਾ ਨੀਤ । ਹਰਿ ਕਿਰਪਾ ਗੁਰ ਪਾਇਆ, ਗੁਰ ਕਿਰਪਾ ਭਗਤਨ ਰੰਗ । ਹਰਿ ਕਿਰਪਾ ਗੁਰ ਪਾਇਆ, ਗੁਰ ਕਿਰਪਾ ਸੰਤਨ ਸੰਗ । ਹਰਿ ਕਿਰਪਾ ਗੁਰ ਪਾਇਆ, ਗੁਰ ਕਿਰਪਾ ਗੁਰਮੁਖਾਂ ਵੱਜੇ ਨਾਮ ਮਰਦੰਗ । ਹਰਿ ਕਿਰਪਾ ਗੁਰ ਪਾਇਆ, ਗੁਰ ਕਿਰਪਾ ਗੁਰਸਿਖ ਦਰਸ਼ਨ ਪਾਏ ਆਤਮ ਅੰਦਰ ਲੰਘ । ਹਰਿ ਕਿਰਪਾ ਗੁਰ ਪਾਇਆ, ਗੁਰ ਕਿਰਪਾ ਮਿਲੇ ਸੇਜ ਸੁਹਾਵੀ ਪਲੰਘ । ਹਰਿ ਕਿਰਪਾ ਗੁਰ ਪਾਇਆ, ਗੁਰ ਕਿਰਪਾ ਹਉਮੇ ਹੰਗਤਾ ਢਹੇ ਝੂਠੀ ਕੰਧ । ਹਰਿ ਕਿਰਪਾ ਗੁਰ ਪਾਇਆ, ਗੁਰ ਕਿਰਪਾ ਆਏ ਪਰਮਾਨੰਦ । ਹਰਿ ਕਿਰਪਾ ਗੁਰ ਪਾਇਆ, ਗੁਰ ਕਿਰਪਾ ਘਰ ਚੜ੍ਹੇ ਜੋਤ ਨਿਰੰਜਣ ਚੰਦ । ਹਰਿ ਕਿਰਪਾ ਗੁਰ ਪਾਇਆ, ਗੁਰ ਕਿਰਪਾ ਖ਼ੁਸ਼ੀ ਹੋਏ ਬੰਦ ਬੰਦ । ਹਰਿ ਕਿਰਪਾ ਗੁਰ ਪਾਇਆ, ਗੁਰ ਕਿਰਪਾ ਗੁਰ ਨਾਉਂ ਗਾਇਆ ਬੱਤੀ ਦੰਦ । ਹਰਿ ਕਿਰਪਾ ਗੁਰ ਪਾਇਆ, ਗੁਰ ਕਿਰਪਾ ਪੰਚ ਵਿਕਾਰਾ ਕਰੇ ਖੰਡ ਖੰਡ । ਹਰਿ ਕਿਰਪਾ ਗੁਰ ਪਾਇਆ, ਗੁਰ ਕਿਰਪਾ ਜਗਤ ਤ੍ਰਿਸ਼ਨਾ ਮਾਇਆ ਮਮਤਾ ਚੁਕਿਆ ਮੋਹ ਗੰਦ । ਹਰਿ ਕਿਰਪਾ ਗੁਰ ਪਾਇਆ, ਗੁਰ ਕਿਰਪਾ ਗੁਰ ਸਤਿਗੁਰ ਹੋਏ ਬਖ਼ਸ਼ੰਦ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਗੁਰਸਿਖਾਂ ਚੁਕਾਏ ਦੋ ਜਹਾਨਾਂ ਪੰਧ । ਹਰਿ ਕਿਰਪਾ ਗੁਰ ਪੇਖਿਆ, ਗੁਰ ਕਿਰਪਾ ਭਗਤਨ ਪਿਆਰ । ਹਰਿ ਕਿਰਪਾ ਗੁਰ ਲਿਖੇ ਲੇਖਿਆ, ਗੁਰ ਕਿਰਪਾ ਹੋਏ ਆਧਾਰ । ਹਰਿ ਕਿਰਪਾ ਗੁਰ ਦਰ ਦਰਵੇਸਿਆ, ਗੁਰ

ਕਿਰਪਾ ਗੁਰਮੁਖ ਵੇਖੇ ਦਰ ਦਰਬਾਰ । ਹਰਿ ਕਿਰਪਾ ਗੁਰ ਲੇਖਾ ਲਿਖਾਏ ਬ੍ਰਹਮਾ ਵਿਸ਼ਨ ਮਹੇਸ਼ਿਆ, ਗੁਰ ਕਿਰਪਾ ਗੁਰਸਿਖ ਪਾਏ ਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਬੈਠ ਠਾਂਡੇ ਦਰਬਾਰ । ਠਾਂਡਾ ਦਰਬਾਰ ਹਰਿ ਨਿਰੰਕਾਰਾ, ਗ੍ਰਿਹ ਮੰਦਰ ਇਕ ਵਸਾਈਆ । ਨਰ ਹਰਿ ਨਰਾਇਣ ਹਰੀ ਹਰਿ ਹੋ ਉਜਿਆਰਾ, ਅਨਭਵ ਅਨਦ੍ਰਿਸ਼ਟ ਆਪਣਾ ਰੂਪ ਪ੍ਰਗਟਾਈਆ । ਬੋਧ ਅਗਾਧ ਸ਼ਬਦ ਧੁਨ ਨਾਦ ਬੋਲ ਜੈਕਾਰਾ, ਬ੍ਰਹਮ ਬ੍ਰਹਿਮਾਦ ਆਦਿ ਜੁਗਾਦਿ ਸੁਣਾਈਆ । ਲੋਕਮਾਤ ਖੇਲ ਨਿਆਰਾ, ਕਰੇ ਕਰਾਏ ਪਰਵਰਦਿਗਾਰ ਸਾਂਝਾ ਯਾਰਾ, ਤੌਫ਼ੀਕ ਇਕ ਖ਼ੁਦਾਈਆ । ਖ਼ਾਲਕ ਖ਼ਲਕ ਰੂਪ ਅਗੰਮ ਅਪਾਰਾ, ਕਾਗਦ ਕ਼ਲਮ ਨਾ ਲਿਖਣਹਾਰਾ, ਰਸਨਾ ਜਿਹਵਾ ਨਾ ਕੋਈ ਸਿਫ਼ਤ ਸਾਲਾਹੀਆ । ਪਵਣ ਪਾਣੀ ਨਾ ਕੋਈ ਆਧਾਰਾ, ਜਗਤ ਬਸੰਤਰ ਨਾ ਕੋਈ ਹੁਲਾਰਾ, ਪ੍ਰਿਥਮੀ ਆਕਾਸ਼ ਨਾ ਕੋਈ ਵਡਿਆਈਆ । ਗਗਨ ਮੰਡਲ ਨਾ ਕੋਈ ਸਤਾਰਾ, ਰਵ ਸਸ ਨਾ ਕੋਈ ਤਾਰਾ, ਪੁਰੀ ਲੋਅ ਆਕਾਸ਼ ਪਰਕਾਸ਼ ਨਾ ਕੋਈ ਜਣਾਈਆ । ਅਲਖ ਅਗੋਚਰ ਅਗੰਮ ਅਪਾਰਾ, ਕਰੇ ਖੇਲ ਹਰਿ ਕਰਤਾਰਾ, ਕਰਤਾ ਪੁਰਖ ਬੇਪਰਵਾਹੀਆ । ਹਰਿ ਕਿਰਪਾ ਗੁਰ ਪਾਏ ਇਕ ਦੁਆਰਾ, ਗੁਰ ਕਿਰਪਾ ਮਿਲੇ ਨਾਮ ਆਧਾਰਾ, ਹਰਿ ਨਾਮੇ ਹਰਿ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਏਕਾ ਹਰਿ, ਹਰੀ ਹਰਿ ਆਪਣਾ ਰੂਪ ਧਰਾਈਆ । ਹਰੀ ਹਰਿ ਰੂਪ ਅਨੂਪਾ, ਰੇਖ ਰੰਗ ਨਾ ਕੋਈ ਜਣਾਇੰਦਾ । ਸਤਿ ਸਤਿਵਾਦੀ ਸਤਿ ਸਰੂਪਾ, ਸਤਿ ਸਤਿ ਸਤਿ ਆਪਣੀ ਖੇਲ ਖਿਲਾਇੰਦਾ । ਨੌਂ ਸਤਿ ਵਸਣਹਾਰਾ ਚਾਰੇ ਕੂਟਾ, ਏਕਾ ਦੂਆ ਆਪਣਾ ਰੰਗ ਰੰਗਾਇੰਦਾ । ਲੋਇਣ ਤੀਜਾ ਆਪੇ ਪੇਖਾ, ਚੌਥਾ ਪਦ ਡੇਰਾ ਲਾਇੰਦਾ । ਪੰਚਮ ਜਾਣੇ ਸਾਚੇ ਲੇਖਾ, ਛੇਵੇਂ ਛੱਪਰ ਨਾ ਕੋਈ ਛੁਹਾਇੰਦਾ । ਦੋਹਾਂ ਸਤਿ ਸਤਿ ਕਰੇ ਆਦੇਸਾ, ਅੱਠਵੇਂ ਅੱਠਾਂ ਤੱਤਾਂ ਵੇਖ ਵਖਾਇੰਦਾ । ਨੌਂਵੇਂ ਨੌਂ ਦਰ ਭਰਮ ਭੁਲੇਖਾ, ਭਗਵਨ ਭੇਵ ਕੋਈ ਨਾ ਪਾਇੰਦਾ । ਦਸਵੇਂ ਦਹਿ ਦਿਸ਼ਾ ਹੋਏ ਦਰਵੇਸ਼ਾ, ਗੁਰਸਿਖਾਂ ਸੇਵ ਕਮਾਇੰਦਾ । ਨਾ ਕੋਈ ਮੁੱਛ ਦਾੜੀ ਦਿਸੇ ਕੇਸਾ, ਮੁੰਡ ਮੁੰਡਾਏ ਨਾ ਰੂਪ ਵਟਾਇੰਦਾ । ਆਦਿ ਜੁਗਾਦਿ ਰਹੇ ਹਮੇਸ਼ਾ, ਬ੍ਰਹਮਾ ਵਿਸ਼ਨ ਸ਼ਿਵ ਸੇਵਾ ਲਾਇੰਦਾ । ਆਪੇ ਜਾਣੇ ਆਪਣਾ ਪੇਸ਼ਾ, ਪੇਸ਼ਵਾ ਆਪਣੀ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਏਕਾ ਹਰਿ, ਅਵਰ ਸੰਗ ਨਾ ਕੋਈ ਰਖਾਇੰਦਾ । ਹਰਿ ਕਿਰਪਾ ਗੁਰ ਸਗਲਾ ਸੰਗ, ਗੁਰ ਕਿਰਪਾ ਮਿਲੇ ਵਡਿਆਈਆ । ਗੁਰ ਕਿਰਪਾ ਪਾਰ ਜਾਏ ਲੰਘ, ਸ਼ੌਹ ਦਰਿਯਾ ਨਾ ਕੋਈ ਰੁੜ੍ਹਾਈਆ । ਹਰਿ ਕਿਰਪਾ ਗੁਰ ਲਾਏ ਅੰਗ, ਗੋਦ ਸੁਹੰਜਣੀ ਆਪ ਸੁਹਾਈਆ । ਗੁਰ ਕਿਰਪਾ ਉਪਜੇ ਪਰਮਾਨੰਦ, ਨਿਜਾਨੰਦ ਸਹਿਜ ਸੁਖਦਾਈਆ । ਗੁਰਮੁਖਾਂ ਬਣੇ ਸਦਾ ਬਖ਼ਸ਼ਿੰਦ, ਬਖ਼ਸ਼ਿਸ਼ ਆਪਣੇ ਹੱਥ ਰਖਾਈਆ । ਕਲਜੁਗ ਜੀਵ ਭਾਗਾਂ ਮੰਦ, ਨੇਤਰ ਦਰਸ ਕੋਇ ਨਾ ਪਾਈਆ । ਅੰਤਮ ਟੁੱਟੀ ਨਾ ਸਕੇ ਗੰਢ, ਮਾਨਸ ਮਨੁੱਖ ਮਾਨਵ ਜਨਮ ਗਵਾਈਆ । ਸਾਹਿਬ ਸੁਲਤਾਨ ਸੁੱਤਾ ਦੇ ਕਰ ਕੰਡ, ਕਲ ਕਰਵਟ ਨਾ ਲਏ ਬਦਲਾਈਆ । ਭਰਮੇ ਭੁੱਲਾ ਜੇਰਜ ਅੰਡ, ਉਤਭੁਜ ਸੇਤਜ ਸੁਰਤ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਲਗਾਏ ਆਪਣੇ ਲੜ, ਲੱਖ ਚੁਰਾਸੀ ਵਿਚੋਂ ਫੜ, ਆਪਣੇ ਪੱਲੂ ਗੰਢ ਬੰਧਾਈਆ । ਹਰਿ ਕਿਰਪਾ ਗੁਰ ਗੁਰਮੁਖ ਮੇਲਾ, ਗੁਰਮੁਖ ਵੱਜੇ ਵਧਾਈਆ । ਏਕਾ ਰੰਗ ਰਵੇ ਗੁਰੂ ਗੁਰੂ ਗੁਰ ਚੇਲਾ, ਸ਼ਬਦ ਮੇਲਾ ਸਹਿਜ ਸੁਭਾਈਆ । ਪਾਰਬ੍ਰਹਮ ਪ੍ਰਭ ਪਾਇਆ ਸੱਜਣ ਸੁਹੇਲਾ, ਵਿਛੜ ਕਦੇ ਨਾ ਜਾਈਆ । ਧੰਨ ਸੋ ਵਕਤ ਧੰਨ ਸੁ ਵੇਲਾ,

ਜਿਤ ਵੇਲੇ ਘਰ ਮਿਲਿਆ ਸਾਚਾ ਮਾਹੀਆ । ਅਚਰਜ ਖੇਲ ਪਾਰਬ੍ਰਹਮ ਪ੍ਰਭ ਖੇਲਾ, ਕਲਜੁਗ ਨਿਰਗੁਣ ਨਿਰਵੈਰ ਨਿਹਕਲੰਕ ਜਾਮਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਬਖ਼ਸ਼ੇ ਚਰਨ ਕਵਲ ਕਵਲ ਚਰਨ ਧਿਆਨ, ਜੀਆ ਦਾਨ ਏਕਾ ਝੋਲੀ ਪਾਈਆ ।



★ ੨੭ ਮੱਘਰ ੨੦੧੭ ਬਿਕਰਮੀ ਪਿੰਡ ਹੇਮਰਾਜ ਪੁਰ ਜ਼ਿਲਾ ਗੁਰਦਾਸਪੁਰ ★

ਤ੍ਰੇਤਾ ਤੋੜਿਆ ਦੁਆਪਰ ਰੋੜ੍ਹਿਆ, ਭੇਵ ਅਭੇਦ ਰਖਾਇੰਦਾ । ਕਲਜੁਗ ਜੋੜਿਆ ਸਤਿਗੁਰ ਬੌਹੜਿਆ, ਲੇਖ ਅਲੇਖ ਗਵਾਇੰਦਾ । ਮਿੱਠਾ ਕਰੇ ਰੀਠਾ ਕੌੜਿਆ, ਅੰਮ੍ਰਿਤ ਮੇਘ ਮੁਖ ਚੁਆਇੰਦਾ । ਘਰ ਪਾਇਆ ਜਿਹਾ ਲੋੜਿਆ, ਨਰ ਸਾਚਾ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਪੂਰਬ ਵੇਖ ਵਖਾਇੰਦਾ । ਪੂਰਬ ਲੇਖਾ ਤ੍ਰੇਤਾ ਧਾਰ, ਤ੍ਰੈਗੁਣ ਤੱਤ ਜਣਾਇੰਦਾ । ਪੰਜ ਤੱਤ ਪ੍ਰਭ ਖੇਲ ਅਪਾਰ, ਰਤੀ ਰਤ ਵੇਖ ਵਖਾਇੰਦਾ । ਜਗਤ ਵਿਦਿਆ ਨਾ ਪਾਵੇ ਸਾਰ, ਚਾਰ ਵੇਦ ਮੁਖ ਸ਼ਰਮਾਇੰਦਾ । ਪੁਰਾਨ ਅਠਾਰਾਂ ਕਰਨ ਨਿਮਸਕਾਰ, ਨਿਉਂ ਨਿਉਂ ਸੀਸ ਸਰਬ ਝੁਕਾਇੰਦਾ । ਗੀਤਾ ਗਿਆਨ ਨਾ ਕੋਈ ਆਧਾਰ, ਰਾਮ ਰਾਮਾਇਣ ਨਾ ਲੇਖ ਲਿਖਾਇੰਦਾ । ਭਗਤ ਭਗਵੰਤ ਖੇਲ ਅਪਾਰ, ਅਨਭਵ ਆਪਣੀ ਧਾਰ ਚਲਾਇੰਦਾ । ਜੁਗਾ ਜੁਗੰਤਰ ਏਕਾ ਕਾਰ, ਅਕਲ ਕਲ ਧਾਰੀ ਆਪ ਕਰਾਇੰਦਾ । ਬਜਵਾੜਾ ਕਰਤਾਰਾ ਕਰ ਪਿਆਰ, ਵਾਟੇ ਮਾਨਸ ਵੇਖ ਵਖਾਇੰਦਾ । ਬਾਲਮੀਕ ਲਾਸ਼ਰੀਕ ਹਰਿ ਤੌਫ਼ੀਕ, ਰਹਿਮਤ ਰਹਿਮਾਨ ਇਕ ਦਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗੰਮ ਅਗੰਮੜਾ ਵੇਸ ਵਟਾਇੰਦਾ । ਵਾਟੇ ਮਾਨਸ ਮਾਰਨਹਾਰਾ, ਬਾਲਮੀਕ ਜਣਾਈਆ । ਪੁਰਖ ਅਬਿਨਾਸ਼ੀ ਖੇਲ ਨਿਆਰਾ, ਤ੍ਰੈਭਵਨ ਰਿਹਾ ਸਮਾਈਆ । ਅਵਣ ਗਵਣ ਖੇਲ ਨਿਆਰਾ, ਲੋਕ ਪਰਲੋਕ ਆਪਣੇ ਹੱਥ ਰਖਾਈਆ । ਜੁਗਾ ਜੁਗੰਤਰ ਹੋ ਉਜਿਆਰਾ, ਸਰਗੁਣ ਨਿਰਗੁਣ ਰੂਪ ਵਟਾਈਆ । ਗ਼ਰੀਬ ਨਿਮਾਣਿਆਂ ਪਾਵੇ ਸਾਰਾ, ਊਚਾਂ ਨੀਚਾਂ ਵੇਖ ਵਖਾਈਆ । ਧਰਮੀ ਧਰਮ ਵਰਤੇ ਵਿਚ ਸੰਸਾਰਾ, ਅਧਰਮੀ ਭੇਵ ਨਾ ਰਾਈਆ । ਨਿਹਕਰਮੀ ਕਰਮ ਕਰੇ ਅਪਾਰਾ, ਕਰਮਗਤ ਨਾ ਕੋਈ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਪੂਰਬ ਲੇਖਾ ਦਏ ਸਮਝਾਈਆ । ਬਾਲਮੀਕ ਬਲਮ ਬਹੁ ਬਿਧ ਭਾਂਤਾ, ਭੇਵ ਅਭੇਦ ਖੁਲ੍ਹਾਇੰਦਾ । ਵਾਟੇ ਮਾਣਸ ਮਾਰਦਾ ਨਾ ਕੋਈ ਦਿਵਸ ਨਾ ਕੋਈ ਰਾਤਾ, ਸੂਰਜ ਚੰਨ ਨਾ ਕੋਈ ਰੁਸ਼ਨਾਈਆ । ਨਿਰਗੁਣ ਰੂਪ ਮਿਲਿਆ ਇਕ ਇਕਾਂਤਾ, ਨਿਰਵੈਰ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਚੁਕਾਈਆ । ਹਰਿ ਹਰਿ ਭੇਵ ਚੁਕਾਇੰਦਾ, ਅਲਖ ਅਗੋਚਰ ਅਗੰਮ ਅਪਾਰ । ਹੁਕਮੀ ਹੁਕਮ ਆਪ ਵਰਤਾਇੰਦਾ, ਦੇਵੇ ਸ਼ਬਦ ਭੰਡਾਰ । ਆਪਣਾ ਰਾਗ ਆਪ ਸੁਣਾਇੰਦਾ, ਨਾਦ ਅਨਾਦ ਸੱਚੀ ਗੁਫ਼ਤਾਰ । ਗਹਿਰ ਗੰਭੀਰ ਪਰਦਾ ਲਾਹਿੰਦਾ, ਦੂਈ ਦਵੈਤੀ ਦਏ ਉਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਆਪਣੇ ਹੱਥ ਰੱਖੇ ਕਰਤਾਰ । ਹੱਥ ਕਰਤਾਰ ਖੇਲ ਅਪਾਰਾ, ਭੇਵ ਕੋਇ ਨਾ ਪਾਇੰਦਾ । ਪੰਚਮ ਪੰਚ ਕਰੇ ਪਿਆਰਾ, ਪੰਚਮ ਵੇਖ ਵਖਾਇੰਦਾ । ਏਕਾ ਨਾਰੀ ਕੰਤ ਭਤਾਰਾ, ਦੋਏ

ਧਾਰਾ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਇੰਦਾ । ਬਾਲਮੀਕ ਬਲ ਜਵਾਨ, ਮਨ ਮਾਇਆ ਮਮਤਾ ਤਨ ਹਲਕਾਈਆ । ਸ਼ਸਤਰ ਬਸਤਰ ਤੀਰ ਕਮਾਨ, ਚਿਲਾ ਖੰਡਾ ਹੱਥ ਚਮਕਾਈਆ । ਫਿਰਨਹਾਰਾ ਜੰਗਲ ਜੂਹ ਉਜਾੜ ਬੀਆਬਾਨ, ਦਹਿ ਦਿਸ਼ਾ ਫੇਰੀ ਪਾਈਆ । ਖੇਲੇ ਖੇਲ ਸ੍ਰੀ ਭਗਵਾਨ, ਆਪਣੀ ਖੇਲ ਆਪ ਰਚਾਈਆ । ਆਪੇ ਰਿਖੀ ਮੁਨੀ ਹੋਏ ਨੌਜਵਾਨ, ਬਿਰਧ ਬਾਲ ਆਪਣਾ ਰੂਪ ਧਰਾਈਆ । ਆਪੇ ਭਾਰਦਵਾਜ ਕਰ ਪਰਵਾਨ, ਭਈਆ ਭਈਆ ਸੰਗ ਰਖਾਈਆ । ਭਈਆ ਸਪੁਤਰੀ ਨਾਰ ਰਕਾਨ, ਜਗਤ ਮੁਟਿਆਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਏਕਾ ਹਰਿ, ਦੂਸਰ ਭੇਵ ਕੋਇ ਨਾ ਪਾਈਆ । ਜਗਤ ਦੁਲਾਰੀ ਕਰ ਪਿਆਰੀ, ਲੋਕਮਾਤ ਨਾਤਾ ਵੇਖ ਵਖਾਇੰਦਾ । ਸ਼ਾਹੋ ਭੂਪ ਬਣ ਸਿਕਦਾਰੀ, ਸਾਚਾ ਮੇਲਾ ਮੇਲ ਮਿਲਾਇੰਦਾ । ਰਾਜ ਜੋਗ ਖੇਲ ਨਿਆਰੀ, ਜੁਗਤ ਜਗਤ ਨਾ ਕੋਈ ਜਣਾਇੰਦਾ । ਏਕਾ ਭੂਪ ਸਤਿ ਸਰੂਪ ਕਰੇ ਖੇਲ ਨਿਆਰੀ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਕਾ ਭੇਵ ਕੋਈ ਨਾ ਪਾਇੰਦਾ । ਭਾਰਦਵਾਜ ਬਣ ਵਿਚੋਲਾ, ਲੋਕਮਾਤ ਖੇਲ ਖਿਲਾਇੰਦਾ । ਭਈਆ ਸਪੁਤਰੀ ਤੋਲ ਏਕਾ ਤੋਲਾ, ਮਈਆ ਮਈਆ ਮੇਲ ਮਿਲਾਇੰਦਾ । ਮਾਣਕ ਮੋਤੀ ਆਪ ਵਿਰੋਲਾ, ਜਗਦੀ ਜੋਤੀ ਜੋਤ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਕਾ ਰੂਪ ਅਨੂਪ ਦਿਸ ਕਿਸੇ ਨਾ ਆਇੰਦਾ । ਜਗਤ ਜੋੜੀ ਜੁੜਿਆ ਜੋੜਾ, ਲੋਕਮਾਤ ਖੇਲ ਖਿਲਾਇਆ । ਭਾਰਦਵਾਜ ਏਕਾ ਬੌਹੜਾ, ਸਪਤ ਰਿਖ ਨਾਮ ਵਡਿਆਇਆ । ਪੁਰਖ ਅਬਿਨਾਸ਼ੀ ਗ੍ਰਿਹ ਮੰਦਰ ਆਪੇ ਆਇਆ ਦੌੜਾ, ਆਪਣਾ ਲੇਖਾ ਦਏ ਸਮਝਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਮਤ ਦਏ ਸਮਝਾਇਆ । ਸਾਚੀ ਮਤ ਹਰਿ ਨਿਰੰਕਾਰ, ਨਿਰਗੁਣ ਨਿਰਗੁਣ ਆਪ ਜਣਾਈਆ । ਘਰ ਸਖ਼ੀਆਂ ਮੰਗਲਚਾਰ, ਵਾਹ ਵਾਹ ਗੀਤ ਸੁਹਾਗੀ ਗਾਈਆ । ਮਾਤਾ ਪਿਤਾ ਕਰ ਪਿਆਰ, ਧੀ ਸਪੁਤਰੀ ਇਕ ਵਿਹਾਈਆ । ਲਾੜੀ ਲਾੜਾ ਹੋ ਤਿਆਰ, ਉਠ ਚਲੇ ਵਾਹੋ ਦਾਹੀਆ । ਰਾਹ ਖਹਿੜਾ ਵੇਖ ਸੰਸਾਰ, ਭੁੱਲੇ ਪਾਂਧੀ ਰਾਹੀਆ । ਅੱਗੇ ਮਿਲਿਆ ਬਾਲਮੀਕ ਬਜਵਾੜ, ਫੜ ਲਏ ਸ਼ਹਿਨਸ਼ਾਹੀਆ । ਪਤ ਪਤਨੀ ਦੋਵੇਂ ਕਰੇ ਖਵਾਰ, ਨੇਤਰ ਰੋ ਰੋ ਨੀਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਖੇਲੇ ਖੇਲ ਹਰਿ, ਹਰਿ ਕਾ ਖੇਲ ਦਿਸ ਨਾ ਆਈਆ । ਪਤਨੀ ਰੋਵੇ ਧਾਹਾਂ ਮਾਰ, ਭਈਆ ਭਈਆ ਰਹੀ ਪੁਕਾਰ, । ਭਾਰਦਵਾਜ ਨੇੜ ਨਾ ਦਿਸੇ ਕੋਇ ਸਹਾਰ, ਊਚੀ ਕੂਕੇ ਰੋਵੇ ਜ਼ਾਰੋ ਜ਼ਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣਾ ਰੂਪ ਆਪ ਪ੍ਰਗਟਾਇੰਦਾ । ਹਰਿ ਹਰਿ ਰੂਪ ਪ੍ਰਗਟਾਇਆ, ਨਿਰਗੁਣ ਪੁਰਖ ਅਗੰਮ । ਬਾਲਮੀਕ ਹਰਿ ਨਜ਼ਰੀ ਆਇਆ, ਜਗਤ ਮਿਟਾਈ ਤ੍ਰਿਸ਼ਨਾ ਤਮ । ਏਕਾ ਸ਼ਬਦੀ ਹੁਕਮ ਸੁਣਾਇਆ, ਆਤਮ ਅੰਤਰ ਦਿਤਾ ਬੰਨ੍ਹ । ਏਕਾ ਰਾਗੀ ਨਾਦ ਅਲਾਇਆ, ਇਕ ਜਣਾਇਆ ਸਾਚਾ ਕੰਮ । ਤੇਰੀ ਸੇਵਾ ਸਚ ਸਮਝਾਇਆ, ਤੇਰਾ ਲੇਖੇ ਲੱਗੇ ਦਮ ਦਮ । ਹਰਿ ਆਪਣਾ ਭੇਵ ਖੁਲ੍ਹਾਇਆ, ਤ੍ਰੇਤਾ ਪ੍ਰਗਟ ਹੋਵੇ ਰਾਮਾ ਰਮ । ਪਤ ਪਤਨੀ ਬੰਦ ਕਟਾਇਆ, ਏਕਾ ਨਾਮ ਸੁਣਾਇਆ ਕੰਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਦੇਵਣਹਾਰਾ ਡੰਨ । ਬਾਲਮੀਕ ਹਰਿ ਦਰਸ ਕਰ, ਦਾਸੀ ਦਾਸ ਦਾਸ ਅਖਵਾਇਆ । ਚਰਨ ਕਵਲ ਪਰਸ

ਹਰਿ, ਨਿਉਂ ਨਿਉਂ ਸੀਸ ਝੁਕਾਇਆ । ਪੁਰਖ ਅਬਿਨਾਸ਼ੀ ਤਰਸ ਕਰ, ਹਉਂ ਸੇਵਕ ਨੀਚ ਉਤਮ ਜ਼ਾਤ ਨਾ ਕੋਇ ਰਖਾਇਆ । ਮੁੜ ਮੁੜ ਆਇਆ ਜਨਮ ਮਰ, ਮਰਨ ਜਨਮ ਗੇੜਾ ਵੇਖ ਵਖਾਇਆ । ਜੁਗ ਜੁਗ ਤੇਰਾ ਰਿਹਾ ਡਰ, ਭੌ ਕਿਸੇ ਨਾ ਸੀਸ ਝੁਕਾਇਆ । ਇਕ ਨਹੌਣਾ ਸਾਚੇ ਸਰ, ਦੂਜਾ ਸਰ ਨਾ ਕੋਇ ਦਰਸਾਇਆ । ਆਪਣੀ ਕਿਰਪਾ ਆਪੇ ਕਰਨੀ ਹਰਿ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਤੱਤ ਦਏ ਸਮਝਾਇੰਦਾ । ਬਾਲਮੀਕ ਉਠ ਕਰ ਧਿਆਨ, ਨਿਰਗੁਣ ਹਰਿ ਹਰਿ ਆਪ ਸਮਝਾਇੰਦਾ । ਮੇਰਾ ਨਾਮ ਤੇਰਾ ਗਿਆਨ, ਤੇਰਾ ਗਿਆਨ ਜਗਤ ਅਲਾਇੰਦਾ । ਮੇਰਾ ਚਰਨ ਤੇਰਾ ਧਿਆਨ, ਤੇਰਾ ਧਿਆਨ ਸਰਬ ਸਮਾਇੰਦਾ । ਮੇਰਾ ਸ਼ਬਦ ਤੇਰਾ ਧੁਨਕਾਨ, ਤੇਰੀ ਧੁੰਨ ਜੀਵ ਜੰਤ ਸਰਬ ਗਾਇੰਦਾ । ਤੇਰਾ ਰੂਪ ਵੇਖੇ ਆਣ, ਸ੍ਰੀ ਭਗਵਾਨ ਰੂਪ ਵਟਾਏ ਰਮੱਯਾ ਰਾਮ, ਰਾਮ ਰੂਪ ਆਪ ਹੋ ਜਾਇੰਦਾ । ਤੇਰਾ ਲੇਖਾ ਕਰੇ ਪਰਵਾਨ, ਲਿਖਿਆ ਲੇਖਾ ਨਾ ਕੋਇ ਮਿਟਾਇੰਦਾ । ਪਤ ਪਤਨੀ ਬਾਲ ਨਾਦਾਨ, ਦੋਹਾਂ ਵਿਚੋਲਾ ਇਕ ਬਣਾਇੰਦਾ । ਅੰਤਮ ਚੁੱਕੇ ਜਮ ਕੀ ਕਾਣ, ਦੋ ਜਹਾਨ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਏਕਾ ਹਰਿ, ਅਨਭਵ ਆਪਣੀ ਖੇਲ ਖਿਲਾਇੰਦਾ । ਬਾਲਮੀਕ ਉਠ ਕਰ ਨਿਮਸਕਾਰ, ਨਿਰਗੁਣ ਅੱਗੇ ਸੀਸ ਝੁਕਾਇੰਦਾ । ਪਤ ਪਤਣੀ ਕਵਣ ਦੁਆਰ ਪਾਵੇ ਤੇਰੀ ਸਾਰ, ਕਵਣ ਰੂਪ ਦਰਸ ਵਖਾਇੰਦਾ । ਤੂੰ ਵਿਚੋਲਾ ਬਣਿਆ ਅੰਤਮ ਵਾਰ, ਹਰਿ ਕਰਤਾਰ ਤੇਰਾ ਸੰਗ ਕਵਣ ਰੂਪ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੋਏ ਜੋੜ ਸੀਸ ਝੁਕਾਇੰਦਾ । ਦੋਏ ਜੋੜ ਝੁਕਾਏ ਸੀਸ, ਨਿਉਂ ਨਿਉਂ ਕਰੇ ਨਿਮਸਕਾਰਾ । ਕਿਰਪਾ ਕਰ ਹਰਿ ਜਗਦੀਸ਼, ਹਉਂ ਮੰਗੇ ਮੰਗ ਭਿਖਾਰਾ । ਗਾ ਗਾ ਥੱਕੇ ਦੰਦ ਬਤੀਸ, ਤੇਰਾ ਭੇਵ ਅਗੰਮ ਅਪਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਵਰ ਸੱਚੀ ਸਰਕਾਰਾ । ਬਾਲਮੀਕ ਹਰਿ ਸ਼ਬਦ ਜਣਾਇਆ, ਭੇਵ ਅਭੇਦ ਖੁਲ੍ਹਾਇੰਦਾ । ਤੇਰਾ ਲੇਖਾ ਕਵਣ ਝੋਲੀ ਪਾਇਆ, ਤ੍ਰੇਤਾ ਵੇਲਾ ਵਕਤ ਸੁਹਾਇੰਦਾ । ਦੁਆਪਰ ਆਪਣੀ ਗੋਦ ਬਹਾਇਆ, ਲੋਕਮਾਤ ਨਾ ਮੁਖ ਵਖਾਇੰਦਾ । ਕਲਜੁਗ ਅੰਤਮ ਵੇਸ ਵਟਾਇਆ, ਪੰਜ ਤੱਤ ਕਾਇਆ ਚੋਲਾ ਤੇਰਾ ਰੰਗ ਰੰਗਾਇੰਦਾ । ਆਪਣਾ ਨੂਰ ਕਰਾਂ ਰੁਸ਼ਨਾਇਆ, ਜੋਤੀ ਜਾਮਾ ਭੇਖ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਏਕਾ ਹਰਿ, ਹਰਿ ਬਿਨ ਅਵਰ ਨਾ ਕੋਇ ਦਰਸਾਇੰਦਾ । ਬਾਲਮੀਕ ਕਲਜੁਗ ਅੰਤਮ ਔਣਾ ਹਰਿ, ਸਾਚਾ ਸਚ ਜਣਾਇੰਦਾ । ਤੇਰਾ ਰੂਪ ਆਪ ਪਰਗਟੌਣਾ, ਤ੍ਰੈਗੁਣ ਮੇਲਾ ਵੇਖ ਵਖਾਇੰਦਾ । ਨਿਰਗੁਣ ਜੋਤੀ ਜਾਮਾ ਪੌਣਾ, ਰੂਪ ਰੰਗ ਨਾ ਕੋਇ ਜਣਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਵੇਸ ਵਟੌਣਾ, ਜੇਰਜ ਅੰਡਾਂ ਖੇਲ ਖਿਲਾਇੰਦਾ । ਵਰਭੰਡੀ ਹਰਿ ਰੂਪ ਧਰੌਣਾ, ਸ਼ਬਦੀ ਆਪਣਾ ਨਾਉਂ ਪਰਗਟਾਇੰਦਾ । ਏਕਾ ਦਰ ਮੇਲ ਮਿਲੌਣਾ, ਦਰ ਸੁਹੰਜਣਾ ਇਕ ਸੁਹਾਇੰਦਾ । ਨਿਰਗੁਣ ਨਿਰਗੁਣ ਰੰਗ ਰੰਗੌਣਾ, ਸਰਗੁਣ ਸਾਚਾ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਏਕਾ ਹਰਿ, ਹਰਿ ਹਰਿ ਮੰਦਰ ਡੇਰਾ ਲਾਇੰਦਾ । ਬਾਲਮੀਕ ਸੁਣ ਹਰਿ ਸੰਦੇਸ਼ਾ, ਇਕ ਧਿਆਨ ਲਗਾਇਆ । ਕਵਣ ਰੂਪ ਵਟਾਏਂ ਵੇਸਾ, ਕਵਣ ਮੰਦਰ ਕਰ ਰੁਸ਼ਨਾਇਆ । ਕਵਣ ਨਾਉਂ ਹੋਏ ਆਦੇਸਾ, ਕਵਣ ਢੋਲਾ ਇਕ ਸੁਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਏਕਾ ਤੱਤ ਦਏ ਸਮਝਾਇਆ । ਏਕਾ ਤੱਤ ਨਿਰਗੁਣ ਧਾਰ, ਨਿਰਵੈਰ ਪੁਰਖ ਪ੍ਰਗਟਾਈਆ । ਤੇਰਾ ਮੇਲਾ ਕਰੇ ਵਿਚ ਸੰਸਾਰ, ਲੋਕਮਾਤ ਵੇਖ ਵਖਾਈਆ ।

ਜਗਤ ਜੁਗਤ ਚਲੇ ਅਵੱਲੜੀ ਚਾਲ, ਚਾਲ ਨਿਰਾਲੀ ਇਕ ਸਮਝਾਈਆ । ਦੀਪਕ ਜੋਤੀ ਏਕਾ ਬਾਲ, ਗ੍ਰਿਹ ਮੰਦਰ ਕਰੇ ਰੁਸ਼ਨਾਈਆ । ਤੇਰੀ ਦਿਵਸ ਰੈਣ ਕਰੇ ਪ੍ਰਿਤਪਾਲ, ਪ੍ਰਿਤਪਾਲਕ ਵਡ ਸ਼ਹਿਨਸ਼ਾਹੀਆ । ਦੋਹਾਂ ਵਿਚੋਲਾ ਬਣ ਦਲਾਲ, ਸ਼ਬਦ ਸ਼ਬਦੀ ਲਏ ਮਿਲਾਈਆ । ਪਤ ਪਤਣੀ ਦੱਸੇ ਰਾਹ ਸੁਖਾਲ, ਤੀਜੇ ਜੁਗ ਕਰੇ ਕੁੜਮਾਈਆ । ਤ੍ਰੈਗੁਣ ਮਾਇਆ ਪਤ ਨਾ ਲੱਗੇ ਕੋਇ ਡਾਲ, ਜਗਤ ਫੁਲਵਾੜੀ ਨਾ ਕੋਇ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਵਿਚੋਲਾ ਨਿਰਗੁਣ ਢੋਲਾ ਨਿਰਗੁਣ ਸੋਹਲਾ ਇਕ ਸੁਣਾਈਆ । ਨਿਰਗੁਣ ਮੇਲਾ ਹਰਿ ਕਰਾਵਣਾ, ਕਲਜੁਗ ਅੰਤਮ ਵਾਰ । ਸ਼ਬਦ ਵਿਚੋਲਾ ਇਕ ਰਖਾਵਣਾ, ਮਰੇ ਨਾ ਜੰਮੇ ਵਿਚ ਸੰਸਾਰ । ਕਾਲ ਰੂਪ ਆਪ ਵਟਾਵਣਾ, ਮਹਾਕਾਲ ਸੱਚੀ ਸਰਕਾਰ । ਗੁਰਮੁਖ ਬਾਲ ਅਞਾਣੇ ਗੋਦ ਉਠਾਵਣਾ, ਦੋ ਜਹਾਨਾਂ ਕਰੇ ਪਾਰ । ਜਗਤ ਕਾਜ ਆਪ ਰਚਾਵਣਾ, ਲੋਕ ਲੱਜਿਆ ਮਾਰੇ ਮਾਰ । ਜਗਤ ਆਯੂ ਆਪਣੇ ਹੱਥ ਰਖਾਵਣਾ, ਬੱਤੀ ਸਾਲ ਨਾ ਚੜ੍ਹੇ ਕੋਈ ਬੁਖ਼ਾਰ । ਦੁੱਖ ਦਰਦ ਨਾ ਕੋਈ ਉਪਜਾਵਣਾ, ਸੁੱਖ ਉਪਜੇ ਪੁਰਖ ਨਾਰ । ਏਕਾ ਢੋਲਾ ਸੋਹੰ ਗਾਵਣਾ, ਨੌਂ ਖੰਡ ਸੱਤ ਦੀਪ ਬ੍ਰਹਿਮੰਡ ਹੋਏ ਜੈ ਜੈਕਾਰ । ਬ੍ਰਹਮਾ ਵਿਸ਼ਨ ਸ਼ਿਵ ਸੀਸ ਝੁਕਾਵਣਾ, ਰਾਹ ਤੱਕਣ ਦਸ ਗੁਰ ਤੇਈ ਅਵਤਾਰ । ਅਠਾਰਾਂ ਭਗਤਾਂ ਸੀਸ ਝੁਕਾਵਣਾ, ਜਿਸ ਤਖ਼ਤ ਬੈਠਾ ਆਪ ਨਿਰੰਕਾਰ । ਸਾਚਾ ਹੁਕਮ ਆਪ ਵਰਤਾਵਣਾ, ਕਰੇ ਖੇਲ ਅਗੰਮ ਅਪਾਰ । ਜੋੜੀ ਜੋੜਾ ਜੋੜ ਜੁੜਾਵਣਾ, ਏਥੇ ਓਥੇ ਪਾਵੇ ਸਾਰ । ਜਗਤ ਵਿਛੋੜਾ ਪੰਧ ਮੁਕਾਵਣਾ, ਤ੍ਰੈ ਭਵਣ ਕਰ ਖ਼ਵਾਰ । ਅੰਮ੍ਰਿਤ ਜਾਮ ਇਕ ਪਿਆਵਣਾ, ਕਾਇਆ ਕਰੇ ਠੰਡੀ ਠਾਰ । ਸਿਰ ਆਪਣਾ ਹੱਥ ਰਖਾਵਣਾ, ਪਿਛਲਾ ਕਰਜ਼ਾ ਦਏ ਉਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜਨ ਗਾਵਣਾ, ਜੈ ਜੈ ਜੈਕਾਰ ਹੋਏ ਸੱਚਖੰਡ ਸੱਚੇ ਦਰਬਾਰ ।



★ ੨੮ ਮੱਘਰ ੨੦੧੭ ਬਿਕਰਮੀ ਪਾਲ ਸਿੰਘ ਦੇ ਘਰ ਭਲਾਈ ਪੁਰ ਡੋਗਰਾ ਜ਼ਿਲਾ ਅੰਮ੍ਰਿਤਸਰ ★

ਸੋ ਪੁਰਖ ਨਿਰੰਜਣ ਸਚ ਪ੍ਰੀਤ, ਸਤਿ ਸਤਿਵਾਦੀ ਇਕ ਜਣਾਇੰਦਾ । ਹਰਿ ਪੁਰਖ ਨਿਰੰਜਣ ਸਚ ਪ੍ਰੀਤ, ਨਿਰਗੁਣ ਨਿਰਗੁਣ ਮੇਲ ਮਿਲਾਇੰਦਾ । ਆਦਿ ਨਿਰੰਜਣ ਸਚ ਪ੍ਰੀਤ, ਸਚ ਸਿੰਘਾਸਣ ਮੇਲ ਮਿਲਾਇੰਦਾ । ਏਕੰਕਾਰਾ ਸਚ ਪ੍ਰੀਤ, ਜੋਤੀ ਜੋਤ ਜੋਤ ਜਗਾਇੰਦਾ । ਅਬਿਨਾਸ਼ੀ ਕਰਤਾ ਸਚ ਪ੍ਰੀਤ, ਸਚ ਸਿੰਘਾਸਣ ਮੇਲ ਮਿਲਾਇੰਦਾ । ਸ੍ਰੀ ਭਗਵਾਨ ਸਚ ਪ੍ਰੀਤ, ਠਾਂਡਾ ਸੀਤ ਦਰ ਸੁਹਾਇੰਦਾ । ਪਾਰਬ੍ਰਹਮ ਸਚ ਪ੍ਰੀਤ, ਸਚਖੰਡ ਦੁਆਰਾ ਇਕ ਸਮਝਾਇੰਦਾ । ਬੈਠਾ ਰਹੇ ਇਕ ਅਤੀਤ, ਰੂਪ ਰੰਗ ਰੇਖ ਨਾ ਕੋਈ ਜਣਾਇੰਦਾ । ਦੋ ਜਹਾਨਾਂ ਸਾਚਾ ਮੀਤ, ਸਗਲਾ ਸੰਗ ਆਪ ਰਖਾਇੰਦਾ । ਲੇਖਾ ਜਾਣੇ ਹਸਤ ਕੀਟ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਦੇਵੇ ਨਾਮ ਸ਼ਬਦ ਅਨਡੀਠ, ਨਾਦ ਅਨਾਦੀ ਨਾਦ ਵਜਾਇੰਦਾ । ਕਰੇ ਕਰਾਏ ਪਤਤ ਪੁਨੀਤ, ਪਤਤ ਪਾਪੀ ਆਪ ਤਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਸਾਚੀ ਰੀਤ ਆਪ ਵਖਾਇੰਦਾ । ਸਾਚੀ ਪ੍ਰੀਤ ਚਰਨ ਗੁਰਦੇਵ, ਪਾਰਬ੍ਰਹਮ ਸੱਚੀ ਸਰਨਾਈਆ । ਲੇਖਾ ਜਾਣੇ ਪੁਰਖ ਅਭੇਵ, ਅਲਖ ਅਗੋਚਰ ਸ਼ਹਿਨਸ਼ਾਹ ਸੱਚਾ ਸ਼ਹਿਨਸ਼ਾਹੀਆ । ਦੇਵੇ ਵਡਿਆਈ ਵਡ ਦੇਵੀ ਦੇਵ, ਦੇਵਣਹਾਰਾ ਇਕ ਰਘੁਰਾਈਆ । ਅੰਮ੍ਰਿਤ ਆਤਮ ਬਖ਼ਸ਼ੇ ਨਾਮ ਨਿਧਾਨਾ ਸਾਚਾ ਮੇਵ,

ਅਮਿਉਂ ਰਸ ਆਪਣਾ ਰਸ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਘਰ ਸਾਚੇ ਸੋਭਾ ਪਾਈਆ । ਸਚ ਪ੍ਰੀਤ ਸਤਿਗੁਰ ਧਾਰ, ਸਤਿ ਪੁਰਖ ਨਿਰੰਜਣ ਆਪ ਜਣਾਇੰਦਾ । ਨਿਰਗੁਣ ਸਰਗੁਣ ਲੈ ਅਵਤਾਰ, ਜੁਗ ਜੁਗ ਖੇਲ ਖਿਲਾਇੰਦਾ । ਭਗਤ ਭਗਵੰਤ ਲਏ ਉਧਾਰ, ਲੱਖ ਚੁਰਾਸੀ ਫੋਲ ਫੁਲਾਇੰਦਾ । ਏਕਾ ਨਾਮ ਸਤਿ ਦਏ ਅਪਾਰ, ਵਣਜ ਵਣਜਾਰਾ ਇਕ ਅਖਵਾਇੰਦਾ । ਗਤਮਿਤ ਜਾਣੇ ਜਾਨਣਹਾਰ, ਜੀਵਣ ਜੁਗਤ ਆਪਣੇ ਹੱਥ ਰਖਾਇੰਦਾ । ਪੰਜ ਤੱਤ ਕਰੇ ਪਿਆਰ, ਹੱਡ ਮਾਸ ਨਾੜੀ ਰਤ ਵੇਖ ਵਖਾਇੰਦਾ । ਸਰਬ ਕਲ ਆਪੇ ਸਮਰਥ ਹਰਿ ਨਿਰੰਕਾਰ, ਦੂਸਰ ਓਟ ਨਾ ਕੋਇ ਤਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਏਕਾ ਹਰਿ, ਹਰਿ ਹਰਿ ਮੰਦਰ ਸੋਭਾ ਪਾਇੰਦਾ । ਸਚ ਪ੍ਰੀਤ ਗਹਿਰ ਗੰਭੀਰ, ਗੁਣਵੰਤ ਵਡੀ ਵਡਿਆਈਆ । ਜਨ ਭਗਤਾਂ ਬਖ਼ਸ਼ੇ ਅੰਮ੍ਰਿਤ ਸੀਰ, ਨਿਝਰ ਨੀਰ ਆਪ ਵਹਾਈਆ । ਹਉਮੇ ਹੰਗਤਾ ਦੂਈ ਦਵੈਤੀ ਕੱਢੇ ਪੀੜ, ਸਾਂਤਕ ਸਤਿ ਸੰਤੋਖ ਇਕ ਦਰਸਾਈਆ । ਤਨ ਪਹਿਨਾਏ ਸ਼ਬਦ ਸਾਚਾ ਚੀਰ, ਸ਼ਬਦ ਦੋਸ਼ਾਲਾ ਹੱਥ ਉਠਾਈਆ । ਏਥੇ ਓਥੇ ਦੋ ਜਹਾਨਾਂ ਬੰਨ੍ਹੇ ਬੀੜ, ਸਤਿਗੁਰ ਪੂਰਾ ਵਡ ਵਡਿਆਈਆ । ਏਕਾ ਚੋਟੀ ਚਾੜ੍ਹੇ ਫੜ ਅਖ਼ੀਰ, ਜੋਲਾਹਾ ਕਬੀਰ ਗਿਆ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਏਕਾ ਹਰਿ, ਹਰਿ ਬਿਨ ਅਵਰ ਨਾ ਕੋਇ ਵਡਿਆਈਆ । ਸਚ ਪ੍ਰੀਤ ਸਾਚੇ ਘਰ, ਹਰਿ ਸਤਿਗੁਰ ਆਪ ਸਮਝਾਇੰਦਾ । ਗੁਰਮੁਖਾਂ ਦੇਵੇ ਸਾਚਾ ਵਰ, ਵਰ ਦਾਤਾ ਭੇਵ ਕੋਇ ਨਾ ਪਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਨਾ ਜਾਏ ਮਰ, ਜਨਮ ਮਰਨ ਖੇਲ ਖਿਲਾਇੰਦਾ । ਭਗਤ ਸੰਤ ਆਪੇ ਫੜ, ਭਗਵਨ ਆਪਣੇ ਦਰ ਬਹਾਇੰਦਾ । ਆਪਣੀ ਵਿਦਿਆ ਆਪੇ ਪੜ੍ਹ, ਗੁਰਮੁਖਾਂ ਨਿਸ਼ਅੱਖਰ ਆਪ ਪੜ੍ਹਾਇੰਦਾ । ਕਾਇਆ ਕਿਲਾ ਕੋਟ ਵੇਖ ਗੜ੍ਹ, ਉਪਰ ਚੜ੍ਹ ਡੇਰਾ ਲਾਇੰਦਾ । ਨਾ ਕੋਈ ਸੀਸ ਨਾ ਕੋਈ ਧੜ, ਚੋਟੀ ਜੜ੍ਹ ਨਾ ਕੋਈ ਵਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਏਕਾ ਹਰਿ, ਹਰਿ ਹਰਿ ਜੂ ਆਪਣਾ ਰੂਪ ਧਰਾਇੰਦਾ । ਸਚ ਪ੍ਰੀਤ ਸਤਿਗੁਰ ਦਰਸ, ਨੇਤਰ ਨੈਣ ਨੈਣ ਬਿਗਸਾਈਆ । ਗੁਰ ਪੂਰਾ ਅੰਮ੍ਰਿਤ ਆਤਮ ਮੇਘ ਦੇਵੇ ਬਰਸ, ਤ੍ਰੈਗੁਣ ਤੱਤ ਰਹੇ ਨਾ ਰਾਈਆ । ਜਗਤ ਤ੍ਰਿਸ਼ਨਾ ਮਿਟੇ ਹਰਸ, ਨਰ ਹਰਿ ਆਪਣਾ ਦਰਸ ਦਖਾਈਆ । ਜੀਵ ਜੰਤ ਸਾਧ ਸੰਤ ਲੱਖ ਚੁਰਾਸੀ ਲਏ ਪਰਖ, ਨਾਮ ਕਸਵਟੀ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਏਕਾ ਹਰਿ, ਜੁਗ ਜੁਗ ਆਪਣੀ ਚਾਲ ਚਲਾਈਆ । ਜੁਗ ਜੁਗ ਚਾਲ ਚਲਾਇੰਦਾ, ਹਰਿ ਕਰ ਕਿਰਪਾ ਗੁਣ ਨਿਧਾਨ । ਸੋ ਪੁਰਖ ਨਿਰੰਜਣ ਵੇਸ ਵਟਾਇੰਦਾ, ਹਰਿ ਪੁਰਖ ਨਿਰੰਜਣ ਹੋ ਮਿਹਰਵਾਨ । ਏਕੰਕਾਰਾ ਆਪਣੀ ਕਲ ਆਪ ਧਰਾਇੰਦਾ, ਆਦਿ ਨਿਰੰਜਣ ਜੋਤ ਮਹਾਨ । ਸ੍ਰੀ ਭਗਵਾਨ ਸਚਖੰਡ ਦੁਆਰੇ ਸੋਭਾ ਪਾਇੰਦਾ, ਅਬਿਨਾਸ਼ੀ ਕਰਤਾ ਥਿਰ ਘਰ ਵਸੇ ਜਗਤ ਮਕਾਨ । ਪਾਰਬ੍ਰਹਮ ਆਪਣੇ ਰੰਗ ਆਪ ਸਮਾਇੰਦਾ, ਦੂਸਰ ਹੋਰ ਨਾ ਕੋਇ ਨਿਸ਼ਾਨ । ਸ਼ਬਦ ਅਗੰਮੀ ਨਾਦ ਵਜਾਇੰਦਾ, ਸਾਚੇ ਤਖ਼ਤ ਬੈਠ ਸੱਚਾ ਸੁਲਤਾਨ । ਧੁਰ ਫ਼ਰਮਾਨਾ ਆਪ ਸੁਣਾਇੰਦਾ, ਆਪੇ ਗਾਏ ਆਪਣਾ ਗਾਨ । ਆਪਣੀ ਰਚਨ ਆਪ ਰਚਾਇੰਦਾ, ਆਪੇ ਵੇਖਣਹਾਰਾ ਦੋ ਜਹਾਨ । ਆਪੇ ਸ਼ਬਦੀ ਹੁਕਮ ਵਰਤਾਇੰਦਾ, ਆਪੇ ਨਾਮ ਨਿਧਾਨਾ ਕਰ ਪਰਧਾਨ । ਨਾਉਂ ਨਿਰੰਕਾਰਾ ਆਪ ਉਪਾਇੰਦਾ, ਆਪੇ ਲੇਖਾ ਲਿਖੇ ਮਹਾਨ, ਆਪੇ ਬ੍ਰਹਿਮੰਡਾਂ ਖੰਡਾਂ ਰਚਨ ਰਚਾਇੰਦਾ, ਆਪੇ ਲੋਆਂ ਪੁਰੀਆਂ ਵੇਖੇ ਮਾਰ ਧਿਆਨ । ਆਪੇ ਰਵ ਸਸ ਚਮਕਾਇੰਦਾ, ਆਪੇ

੭ ੧੦

ਜੋਤੀ ਜੋਤ ਜਗਾਏ ਆਪ ਮਿਹਰਵਾਨ । ਆਪੇ ਵਿਸ਼ਨੂੰ ਰੂਪ ਧਰਾਇੰਦਾ, ਆਪੇ ਕਵਲ ਨਾਭੀ ਕਰੇ ਪਰਵਾਨ । ਆਪੇ ਬ੍ਰਹਮਾ ਬ੍ਰਹਮ ਰੂਪ ਪ੍ਰਗਟਾਇੰਦਾ, ਆਪੇ ਚਾਰੇ ਮੁਖ ਕਰੇ ਗਿਆਨ । ਆਪੇ ਸ਼ੰਕਰ ਧੁਆਂਧਾਰ ਸਮਾਇੰਦਾ, ਆਪੇ ਸੁੰਨ ਅਗੰਮੀ ਹੋਏ ਪਰਧਾਨ । ਆਪੇ ਤਿੰਨਾਂ ਏਕਾ ਗੁਰ ਵਖਾਇੰਦਾ, ਸਚ ਵਖਾਏ ਇਕ ਮਕਾਨ । ਆਪੇ ਏਕਾ ਗੋਦ ਬਹਾਇੰਦਾ, ਏਕਾ ਮਾਈ ਦੇਵੇ ਦਾਨ । ਆਪੇ ਏਕਾ ਅੱਖਰ ਆਪ ਪੜ੍ਹਾਇੰਦਾ, ਸੋ ਪੁਰਖ ਨਿਰੰਜਣ ਵਖਾਏ ਸਚ ਨਿਸ਼ਾਨ । ਆਪੇ ਚਾਰੇ ਵੇਦ ਲਿਖਾਇੰਦਾ, ਆਪੇ ਰੱਖੇ ਆਪਣੀ ਆਣ, ਆਪੇ ਤ੍ਰੈਗੁਣ ਰੰਗ ਰੰਗਾਇੰਦਾ, ਆਪੇ ਪੰਚਮ ਬਖ਼ਸ਼ੇ ਇਕ ਗਿਆਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਪ੍ਰੀਤੀ ਦੇਵੇ ਦਾਨ । ਸਚ ਪ੍ਰੀਤੀ ਚਰਨ ਦੁਆਰ, ਵਿਸ਼ਨੂੰ ਵਿਸ਼ਵ ਸਮਝਾਇੰਦਾ । ਬ੍ਰਹਮਾ ਦੋਏ ਦੋਏ ਜੋੜ ਕਰੇ ਨਿਮਸਕਾਰ, ਪੁਰਖ ਅਬਿਨਾਸ਼ੀ ਏਕਾ ਘਰ ਵਖਾਇੰਦਾ । ਸ਼ੰਕਰ ਨਿਉਂ ਨਿਉਂ ਚਰਨ ਕਵਲ ਕਵਲ ਚਰਨ ਮੰਗੇ ਇਕ ਆਧਾਰ, ਜਟਾ ਜੂਟ ਸੇਵ ਕਮਾਇੰਦਾ । ਤਿੰਨਾਂ ਵਿਚੋਲਾ ਸ਼ਬਦ ਕਰਤਾਰ, ਤਿੰਨਾਂ ਸੰਦੇਸ਼ਾ ਇਕ ਸੁਣਾਇੰਦਾ । ਸੋ ਪੁਰਖ ਨਿਰੰਜਣ ਸਭ ਤੋਂ ਵਸਿਆ ਬਾਹਰ, ਹੱਥ ਕਿਸੇ ਨਾ ਆਇੰਦਾ । ਹੁਕਮੀ ਹੁਕਮ ਵਰਤੇ ਵਰਤਾਰ, ਸਚ ਭਾਣਾ ਇਕ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਏਕਾ ਹਰਿ, ਸਚ ਪ੍ਰੀਤੀ ਇਕ ਸਮਝਾਇੰਦਾ । ਸਚ ਪ੍ਰੀਤੀ ਤ੍ਰੈਗੁਣ ਧਾਰ, ਤ੍ਰੈ ਤ੍ਰੈ ਇਹ ਸਮਝਾਇਆ । ਵਿਸ਼ਨ ਤੇਰਾ ਸਚ ਭੰਡਾਰ, ਪੁਰਖ ਅਬਿਨਾਸ਼ੀ ਆਪ ਵਰਤਾਇਆ । ਬ੍ਰਹਮੇ ਤੇਰਾ ਇਕ ਪਸਾਰ, ਪਾਰਬ੍ਰਹਮ ਹਰਿ ਵੇਖ ਵਖਾਇਆ । ਸ਼ੰਕਰ ਤੇਰਾ ਅੰਤ ਸੰਘਾਰ, ਜੋ ਘੜਿਆ ਭੰਨ ਵਖਾਇਆ । ਕਰੇ ਖੇਲ ਸੱਚੀ ਸਰਕਾਰ, ਸਾਚੇ ਤਖ਼ਤ ਸੋਭਾ ਪਾਇਆ । ਚਰਨ ਪ੍ਰੀਤੀ ਦੱਸੇ ਇਕ ਆਧਾਰ, ਆਦਿ ਜੁਗਾਦਿ ਵਿਛੜ ਨਾ ਜਾਇਆ । ਜਾਗਰਤ ਜੋਤ ਜਗੇ ਅਪਾਰ, ਜੁਗ ਕਰਤਾ ਖੇਲ ਖਿਲਾਇਆ । ਲੱਖ ਚੁਰਾਸੀ ਬਣ ਵਰਤਾਰ, ਗ੍ਰਿਹ ਮੰਦਰ ਸੇਵ ਕਮਾਇਆ । ਜੁਗ ਜੁਗ ਕਰੇ ਸਚ ਵਿਹਾਰ, ਲੇਖ ਅਲੇਖ ਆਪ ਬਣ ਜਾਇਆ । ਭੇਖ ਧਰੇ ਆਪ ਨਿਰੰਕਾਰ, ਲੋਕਮਾਤ ਵੇਖ ਵਖਾਇਆ । ਨਿਰਗੁਣ ਸਰਗੁਣ ਲਏ ਉਭਾਰ, ਨਿਰਗੁਣ ਸਰਗੁਣ ਵਿਚ ਟਿਕਾਇਆ । ਜੁਗ ਜੁਗ ਵੰਡੇ ਵੰਡ ਅਪਰ ਅਪਾਰ, ਜੁਗ ਚੌਕੜੀ ਬੰਧਨ ਪਾਇਆ । ਸਤਿਜੁਗ ਤ੍ਰੇਤਾ ਦੁਆਪਰ ਬਣਿਆ ਰਹੇ ਸਹਾਰ, ਕਲਜੁਗ ਅੰਤਮ ਵੇਖ ਵਖਾਇਆ । ਨੌਂ ਖੰਡ ਦਏ ਆਧਾਰ, ਨੌਂ ਦੁਆਰ ਖੋਜ ਖੁਜਾਇਆ । ਚਾਰ ਵਰਨ ਪਾਵੇ ਸਾਰ, ਚਾਰ ਜੁਗ ਮੇਲ ਮਿਲਾਇਆ । ਚਾਰੇ ਬਾਣੀ ਲਏ ਉਭਾਰ, ਚਾਰੇ ਖਾਣੀ ਵਿਚ ਸਮਾਇਆ । ਪਰਾ ਪਸੰਤੀ ਮਧਮ ਬੈਖਰੀ ਏਕਾ ਧਾਰ, ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਰੂਪ ਪ੍ਰਗਟਾਇਆ । ਕਰੇ ਖੇਲ ਸੱਚਾ ਸ਼ਾਹਕਾਰ, ਸ਼ਹਿਨਸ਼ਾਹ ਆਪਣੀ ਧਾਰ ਆਪ ਵਰਤਾਇਆ । ਜੁਗ ਜੁਗ ਵਰਤੇ ਇਕ ਵਰਤਾਰ, ਵੇਦ ਕਤੇਬ ਭੇਵ ਨਾ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਏਕਾ ਹਰਿ, ਸਚ ਪ੍ਰੀਤੀ ਦਏ ਸਮਝਾਇਆ । ਸਚ ਪ੍ਰੀਤੀ ਵਿਸ਼ਨੂੰ ਨਾਤਾ, ਹਰਿ ਵਿਸ਼ਨੂੰ ਜੋੜ ਜੁੜਾਇੰਦਾ । ਬ੍ਰਹਮੇ ਤੇਰੀ ਉਤਮ ਜ਼ਾਤਾ, ਪਾਰਬ੍ਰਹਮ ਰੂਪ ਦਰਸਾਇੰਦਾ । ਸ਼ੰਕਰ ਤੇਰੀ ਸਾਚੀ ਗਾਥਾ, ਤ੍ਰਿਲੋਕੀ ਨਾਥਾ ਆਪ ਸੁਣਾਇੰਦਾ । ਤਿੰਨਾਂ ਪੂਰਾ ਕਰਨਹਾਰਾ ਘਾਟਾ, ਸਚ ਸਲੋਕ ਇਕ ਅਲਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੁਗ ਚੌਕੜੀ ਵੇਖੇ ਵਾਟਾ, ਹਰਿ ਜੂ ਆਪੇ ਪੰਧ ਮੁਕਾਇੰਦਾ । ਨਵ ਨੌਂ ਚਾਰ ਖੇਲ ਬਾਜ਼ੀਗਰ ਨਾਟਾ, ਸਵਾਂਗੀ ਆਪਣਾ ਸਾਂਗ ਰਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਪ੍ਰੀਤੀ ਇਕ ਦ੍ਰਿੜਾਇੰਦਾ ।

ਸਚ ਪ੍ਰੀਤ ਵਿਸ਼ਨੂੰ ਰੰਗ, ਹਰਿ ਹਰਿ ਆਪਣਾ ਆਪ ਰੰਗਾਈਆ । ਬ੍ਰਹਮਾ ਤੇਰੀ ਪੂਰੀ ਕਰੇ ਮੰਗ, ਪਾਰਬ੍ਰਹਮ ਵਡੀ ਵਡਿਆਈਆ । ਸ਼ੰਕਰ ਤੇਰੀ ਕਟੇ ਭੁੱਖ ਨੰਗ, ਤ੍ਰਿਸ਼ਨਾ ਤ੍ਰਿਪਤ ਆਪ ਕਰਾਈਆ । ਤਿੰਨਾਂ ਵਜਾਏ ਇਕ ਮਰਦੰਗ, ਸੋ ਪੁਰਖ ਨਿਰੰਜਣ ਹੱਥ ਉਠਾਈਆ । ਹਰਿ ਪੁਰਖ ਨਿਰੰਜਣ ਲਾਏ ਅੰਗ, ਏਕੰਕਾਰ ਹੋਏ ਸਹਾਈਆ । ਸੋ ਪੁਰਖ ਨਿਰੰਜਣ ਸੂਰਾ ਸਰਬੰਗ, ਅਬਿਨਾਸ਼ੀ ਕਰਤਾ ਮੇਲ ਮਿਲਾਈਆ । ਸ੍ਰੀ ਭਗਵਾਨ ਸਾਚੇ ਅਸਵ ਕਸੇ ਤੰਗ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਵੇਖ ਵਖਾਈਆ । ਪਾਰਬ੍ਰਹਮ ਬ੍ਰਹਮ ਦੇਵੇ ਪਰਮਾਨੰਦ, ਆਤਮ ਅਨੰਦ ਆਪ ਸਮਝਾਈਆ । ਇਕ ਸੁਣਾਏ ਸਾਚਾ ਛੰਦ, ਸੋ ਆਪਣਾ ਰੂਪ ਧਰਾਈਆ । ਹੰ ਬ੍ਰਹਮ ਮੁਕਾਏ ਪੰਧ, ਦੋ ਜਹਾਨਾਂ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਪ੍ਰੀਤ ਇਕ ਅਤੀਤ, ਆਪਣੀ ਆਪ ਸਮਝਾਈਆ । ਸਚ ਪ੍ਰੀਤੀ ਹਰਿ ਸਮਝਾਇੰਦਾ, ਆਦਿ ਜੁਗਾਦੀ ਖੇਲ ਅਪਾਰ । ਵਿਸ਼ਨੂੰ ਵਿਸ਼ਵ ਰੂਪ ਧਰਾਇੰਦਾ, ਨਿਰਗੁਣ ਸਰਗੁਣ ਭੇਵ ਨਿਆਰ । ਬ੍ਰਹਮਾ ਬ੍ਰਹਮ ਰੂਪ ਪ੍ਰਗਟਾਇੰਦਾ, ਲੱਖ ਚੁਰਾਸੀ ਦਏ ਆਧਾਰ । ਸ਼ੰਕਰ ਅੰਤਮ ਸੇਵ ਕਮਾਇੰਦਾ, ਵੇਖ ਵਖਾਏ ਸਰਬ ਸੰਸਾਰ । ਹਰਿ ਜੂ ਆਪਣੀ ਖੇਲ ਖਿਲਾਇੰਦਾ, ਲੇਖਾ ਜਾਣੇ ਘੜਨ ਭੰਨਣਹਾਰ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੁਗ ਚੌਕੜੀ ਆਪ ਭਵਾਇੰਦਾ, ਨੌਂ ਸੌ ਚੁਰਾਨਵੇਂ ਚੌਕੜੀ ਜੁਗ ਗੇੜਾ ਗੇੜਨਹਾਰ । ਅਵਤਾਰ ਗੁਰ ਰੂਪ ਪ੍ਰਗਟਾਇੰਦਾ, ਸੰਤ ਭਗਤ ਭਗਵੰਤ ਲਏ ਉਭਾਰ । ਗੁਰਸਿਖ ਸਾਚੇ ਆਪੇ ਉਠਾਇੰਦਾ, ਗੁਰਮਤ ਦੇਵੇ ਨਾਮ ਆਧਾਰ । ਮਨਮੁਖ ਏਕਾ ਰੰਗ ਰੰਗਾਇੰਦਾ, ਦਾਤਾ ਦਾਨੀ ਦੋ ਜਹਾਨ ਬਣੇ ਸ੍ਰੀ ਭਗਵਾਨ । ਦੋਏ ਦੋਏ ਆਪਣੀ ਧਾਰ ਚਲਾਇੰਦਾ, ਨਿਰਗੁਣ ਸਰਗੁਣ ਖੇਲ ਨਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਏਕਾ ਹਰਿ, ਹਰਿ ਮੰਦਰ ਬੈਠ ਸੱਚੇ ਦਰਬਾਰ । ਹਰਿ ਮੰਦਰ ਹਰਿ ਸੁਹਾਇੰਦਾ, ਸਚਖੰਡ ਸਚ ਦਵਾਰਾ । ਨਿਰਗੁਣ ਆਪਣਾ ਆਸਣ ਲਾਇੰਦਾ, ਰੂਪ ਅਨੂਪ ਅਗੰਮ ਅਪਾਰਾ । ਨੂਰੋ ਨੂਰ ਨੂਰ ਉਜਿਆਰਾ । ਸਾਚੇ ਤਖ਼ਤ ਸੋਭਾ ਪਾਇੰਦਾ, ਤਖ਼ਤ ਨਿਵਾਸੀ ਹਰਿ ਕਰਤਾਰਾ । ਹੁਕਮੀ ਹੁਕਮ ਆਪ ਸੁਣਾਇੰਦਾ, ਧੁਰਦਰਗਾਹੀ ਪਰਵਰਦਿਗਾਰਾ । ਆਪਣੀ ਕਰਨੀ ਆਪ ਕਮਾਇੰਦਾ, ਕਰਤਾ ਪੁਰਖ ਹੋ ਤਿਆਰਾ । ਲੋਕਮਾਤ ਵੇਸ ਵਟਾਇੰਦਾ, ਨਿਰਗੁਣ ਨਿਰਗੁਣ ਲੈ ਅਵਤਾਰਾ । ਨਵ ਨੌਂ ਚਾਰ ਬੇੜਾ ਪਾਰ ਕਰਾਇੰਦਾ, ਲੇਖਾ ਜਾਣੇ ਸਮੁੰਦ ਸਾਗਰ ਮੰਝਧਾਰਾ । ਧਰਤ ਧਵਲ ਫੋਲ ਫੁਲਾਇੰਦਾ, ਜ਼ਿਮੀਂ ਅਸਮਾਨਾਂ ਵੇਖੇ ਪਾੜਾ । ਗਗਨ ਮੰਡਲ ਫੇਰਾ ਪਾਇੰਦਾ, ਆਕਾਸ਼ ਪਰਕਾਸ਼ ਵੇਖੇ ਸਚ ਅਖਾੜਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਚਰਨਾਂ ਹੇਠ ਦਬਾਇੰਦਾ, ਵਿਸ਼ਨ ਬ੍ਰਹਮਾ ਸ਼ਿਵ ਦਏ ਅਧਾਰਾ । ਕਰੋੜ ਤਤੀਸਾ ਸੀਸ ਝੁਕਾਇੰਦਾ, ਸੁਰਪਤ ਰਾਜਾ ਇੰਦ ਕਰੇ ਨਿਮਸਕਾਰਾ । ਗੁਰਸਿਖ ਤੇਰਾ ਮਾਣ ਰਖਾਇੰਦਾ, ਗੁਰ ਪੂਰਾ ਲੈ ਅਵਤਾਰਾ । ਕੋਟ ਜਨਮ ਦੇ ਪਾਪ ਗਵਾਇੰਦਾ, ਦੇਵੇ ਵਸਤ ਨਾਮ ਹਰਿ ਬਾਰਾ । ਚਰਨ ਪ੍ਰੀਤੀ ਇਕ ਰਖਾਇੰਦਾ, ਸਚ ਵਖਾਏ ਚਰਨ ਦੁਆਰਾ । ਡੁਬਦੇ ਪਾਥਰ ਆਪ ਤਰਾਇੰਦਾ, ਤਰਨੀ ਤਰ ਬਣ ਸੰਸਾਰਾ । ਕਾਗਦ ਕ਼ਲਮ ਭੇਵ ਨਾ ਆਇੰਦਾ, ਲਿਖ ਲਿਖ ਥੱਕੇ ਵੇਦ ਚਾਰਾ । ਪੁਰਾਨ ਅਠਾਰਾਂ ਸਰਬ ਕੁਰਲਾਇੰਦਾ, ਸ਼ਾਸਤਰ ਸਿਮਰਤ ਨਾ ਕੋਇ ਵਿਚਾਰਾ । ਖਾਣੀ ਬਾਣੀ ਭੇਵ ਨਾ ਆਇੰਦਾ, ਨਾ ਕੋਈ ਕਾਤਬ ਬਣੇ ਲਿਖਾਰਾ । ਗੁਰ ਕਾ ਰੂਪ ਘਟ ਘਟ ਅੰਦਰ ਡੇਰਾ ਲਾਇੰਦਾ, ਜਿਸ ਜਨ ਬਖ਼ਸ਼ੇ ਚਰਨ ਸਰਨ ਸਰਨ ਚਰਨ ਇਕ ਪਿਆਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਏਕਾ ਹਰਿ, ਏਕਾ ਬਖ਼ਸ਼ੇ ਨਾਮ ਅਧਾਰਾ ।

ਨਾਮ ਆਧਾਰ ਵਸਤ ਅਨਮੁਲ, ਗੁਰ ਸਤਿਗੁਰ ਹੱਟ ਵਿਕਾਈਆ । ਚੌਦਾਂ ਭਾਰ ਨਾ ਸਕੇ ਤੁਲ, ਨਾ ਕੋਈ ਤੋਲੇ ਤੋਲ ਤੁਲਾਈਆ । ਗੁਰਸਿਖ ਉਪਜੇ ਸਾਚੀ ਕੁਲ, ਧੰਨ ਧੰਨ ਜਣੇਂਦੀ ਮਾਈਆ । ਅੰਮ੍ਰਿਤ ਆਤਮ ਨਾ ਜਾਏ ਡੁੱਲ੍ਹ, ਸਰ ਸਰੋਵਰ ਹਰਿ ਭਰਾਈਆ । ਫੁੱਲ ਫੁਲਵਾੜੀ ਜਾਏ ਫੁੱਲ, ਰੁੱਤ ਬਸੰਤੀ ਇਕ ਸੁਹਾਈਆ । ਚਰਨ ਪ੍ਰੀਤੀ ਜੋ ਜਨ ਜਾਏ ਘੁੱਲ, ਘੋਲੀ ਘੋਲ ਘੋਲ ਘੁਮਾਈਆ । ਲੋਕਮਾਤ ਨਾ ਜਾਏ ਰੁਲ, ਜਿਸ ਸਿਰ ਸਤਿਗੁਰ ਪੂਰਾ ਹੱਥ ਟਿਕਾਈਆ । ਸਿੰਮਲ ਰੁੱਖ ਨਾ ਜਾਏ ਹੁਲ, ਪਤ ਡਾਲੀ ਆਪ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤ ਇਕ ਸਮਝਾਈਆ । ਸਚ ਪ੍ਰੀਤ ਚਰਨ ਜਨ ਜੋੜ, ਗੁਰ ਸਤਿਗੁਰ ਸਚ ਸਮਝਾਇੰਦਾ । ਪਾਰਬ੍ਰਹਮ ਅਬਿਨਾਸ਼ੀ ਕਰਤਾ ਨਿਰਗੁਣ ਸਰਗੁਣ ਜਾਏ ਬੌਹੜ, ਗੁਰ ਸ਼ਬਦ ਵਿਚੋਲਾ ਰੂਪ ਪਰਗਟਾਇੰਦਾ । ਮਿੱਠਾ ਕਰੇ ਰੀਠਾ ਕੌੜ, ਅੰਮ੍ਰਿਤ ਆਤਮ ਰਸ ਭਰਾਇੰਦਾ । ਚੌਥੇ ਘਰ ਲਗਾਏ ਏਕਾ ਪੌੜ, ਚੌਥੇ ਪਦ ਆਪ ਸਮਾਇੰਦਾ । ਪੰਚ ਵਿਕਾਰਾ ਦੇਵੇ ਹੋੜ, ਪੰਚਮ ਸ਼ਬਦ ਧੁਨ ਸੁਣਾਇੰਦਾ । ਨਾਤਾ ਤੁਟੇ ਮੜ੍ਹੀ ਗੋਰ, ਖ਼ਾਕੀ ਖ਼ਾਕ ਨਾ ਕੋਇ ਸਮਾਇੰਦਾ । ਦਰਗਹਿ ਸਾਚੀ ਸਚਖੰਡ ਨਿਵਾਸ ਦੇਵੇ ਤੋਰ, ਤੁਰੀਆ ਰਾਗ ਨਾਦ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਸਾਚਾ ਵਰ, ਸਚ ਪ੍ਰੀਤ ਆਪ ਨਿਭਾਇੰਦਾ । ਸਚ ਪ੍ਰੀਤ ਜਾਏ ਜੁੜ, ਜਿਸ ਜਨ ਆਪਣੀ ਦਇਆ ਕਮਾਈਆ । ਗੁਰਮੁਖ ਗੁਰਸਿਖ ਚੜ੍ਹੇ ਸਾਚੇ ਘੋੜ, ਗੁਰ ਸਤਿਗੁਰ ਆਪ ਚੜ੍ਹਾਈਆ । ਜਨਮ ਜਨਮ ਦੀ ਬੁਝਾਏ ਲੱਗੀ ਔੜ, ਅੰਮ੍ਰਿਤ ਮੇਘ ਇਕ ਬਰਸਾਈਆ । ਦਰਸ ਦਖਾਏ ਕਾਇਆ ਮੰਦਰ ਅੰਦਰ ਡੂੰਘੀ ਅੰਧ ਘੋਰ, ਨਿਰਗੁਣ ਜੋਤ ਕਰ ਰੁਸ਼ਨਾਈਆ । ਪੰਚਮ ਪੰਚ ਨਾ ਪਾਏ ਸ਼ੋਰ, ਹਰਿ ਸਖ਼ੀਆਂ ਮੰਗਲ ਏਕਾ ਗਾਈਆ । ਸੁਰਤ ਸੁਆਣੀ ਬੰਨ੍ਹੇ ਸ਼ਬਦੀ ਡੋਰ, ਨਾਮ ਪਤੰਗ ਇਕ ਉਡਾਈਆ । ਚਰਨ ਕਵਲ ਕਵਲ ਚਰਨ ਜਿਸ ਜਨ ਰਖਾਈ ਏਕਾ ਓਟ, ਦੂਸਰ ਦਰ ਨਾ ਮੰਗਣ ਜਾਈਆ । ਨੌਂ ਖੰਡ ਪ੍ਰਿਥਮੀ ਲੱਖ ਚੁਰਾਸੀ ਲਭਦੇ ਫਿਰਦੇ ਕੋਟੀ ਕੋਟ, ਹਰਿ ਕਾ ਰੂਪ ਦਿਸ ਨਾ ਆਈਆ । ਮਾਇਆ ਮਮਤਾ ਜਗਤ ਤ੍ਰਿਸ਼ਨਾ ਜੀਵਾਂ ਜੰਤਾਂ ਭਰੀ ਨਾ ਪੋਟ, ਸਾਂਤਕ ਸਤਿ ਨਾ ਕੋਇ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਆਪਣਾ ਵਰ, ਸਚ ਪ੍ਰੀਤ ਇਕ ਸਿਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰਾ ਇਕ ਗਿਆਨ, ਧਿਆਨ ਧਿਆਨ ਵਿਚ ਰਖਾਈਆ ।

## ★ ਪਹਿਲੀ ਪੋਹ ੨੦੧੭ ਬਿਕਰਮੀ ਜੇਠੂਵਾਲ ਦਰਬਾਰ ਵਿਚ ★

ਆਦਿ ਜੁਗਾਦੀ ਦੀਨ ਦਿਆਲ, ਹਰਿ ਠਾਕਰ ਬੇਪਰਵਾਹੀਆ । ਨਿਰਗੁਣ ਨਰਾਇਣ ਖੇਲ ਨਿਰਾਲ, ਅਨਭਵ ਭੇਵ ਨਾ ਰਾਈਆ । ਅਗੰਮ ਅਗੰਮੜਾ ਅਗੰਮੜੀ ਚਾਲ, ਬੇਪਰਵਾਹ ਆਪ ਚਲਾਈਆ । ਇਕ ਇਕੱਲਾ ਹੋ ਤਿਆਰ, ਸਚਖੰਡ ਦੁਆਰ ਆਪ ਸੁਹਾਈਆ । ਥਿਰ ਘਰ ਬੈਠ ਸੱਚੀ ਧਰਮਸਾਲ, ਦਰ ਦਰਵਾਜ਼ਾ ਇਕ ਖੁਲ੍ਹਾਈਆ । ਸਾਚੇ ਤਖ਼ਤ ਬੈਠ ਸੁਲਤਾਨ, ਧੁਰ ਫ਼ਰਮਾਨਾ ਆਪ ਜਣਾਈਆ । ਆਦਿ ਜੁਗਾਦੀ ਧੁਰ ਦੀ ਬਾਣ, ਧੁਰ ਦਾ ਲੇਖਾ ਆਪਣੇ ਹੱਥ ਰਖਾਈਆ । ਕੋਟਨ ਕੋਟ ਬੀਤੇ ਕਾਲ, ਹਰਿ ਕਾ ਭੇਵ ਕੋਈ ਨਾ ਪਾਈਆ । ਪੁਰਖ ਅਕਾਲ ਬਣ ਦਲਾਲ,

ਆਪਣੀ ਖੇਲ ਆਪ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅੰਤ ਵੇਖ ਵਖਾਈਆ । ਆਦਿ ਅੰਤ ਹਰਿ ਵੇਖਣਹਾਰਾ, ਏਕਾ ਰੰਗ ਸਮਾਇਆ । ਨਿਰਗੁਣ ਰੂਪ ਅਗੰਮ ਅਪਾਰਾ, ਜੋਤੀ ਨੂਰ ਡਗਮਗਾਇਆ । ਨਿਰਵੈਰ ਵਸੇ ਸਭ ਤੋਂ ਬਾਹਿਰਾ, ਪੁਰਖ ਅਕਾਲ ਭੇਵ ਨਾ ਰਾਇਆ । ਅਜੂਨੀ ਰਹਿਤ ਗੁਪਤ ਜ਼ਾਹਿਰਾ, ਨਾਦ ਤੂਰਤ ਆਪ ਸੁਣਾਇਆ । ਸੋ ਪੁਰਖ ਨਿਰੰਜਣ ਆਪੇ ਜਾਣੇ ਆਪਣੀ ਕਾਰਾ, ਹਰਿ ਪੁਰਖ ਨਿਰੰਜਣ ਕਾਰ ਕਮਾਇਆ । ਏਕੰਕਾਰਾ ਠਾਂਡਾ ਦਰਬਾਰ, ਜੋਤ ਨਿਰੰਜਣ ਆਦਿ ਨਿਰੰਜਣ ਡਗਮਗਾਇਆ । ਅਬਿਨਾਸ਼ੀ ਕਰਤਾ ਉਚ ਮਹੱਲ ਅਟਲ ਮੁਨਾਰਾ, ਸਚ ਦੁਆਰਾ ਆਪ ਵਸਾਇਆ । ਪਾਰਬ੍ਰਹਮ ਕਰ ਪਿਆਰਾ, ਆਪਣੀ ਬੰਨ੍ਹੇ ਆਪੇ ਧਾਰਾ, ਆਪ ਆਪਣਾ ਰੂਪ ਪ੍ਰਗਟਾਇਆ । ਦਰ ਘਰ ਸਾਚੇ ਖ਼ਬਰਦਾਰਾ, ਆਪੇ ਸੁਣੇ ਆਪਣੀ ਆਪ ਪੁਕਾਰਾ, ਸੁਣਾਵਣਹਾਰਾ ਆਪ ਹੋ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅੰਤ ਆਪਣਾ ਲੇਖਾ ਆਪਣੇ ਹੱਥ ਰਖਾਇਆ । ਆਦਿ ਅੰਤ ਖੇਲ ਮਹਾਨਾ, ਹਰਿ ਕਾ ਭੇਵ ਕੋਈ ਨਾ ਪਾਇੰਦਾ । ਇਕ ਇਕੱਲਾ ਨੌਜਵਾਨਾ, ਨਰ ਨਿਰੰਕਾਰਾ ਆਪਣਾ ਨਾਉਂ ਰਖਾਇੰਦਾ । ਸਾਚੇ ਤਖ਼ਤ ਬੈਠ ਸ੍ਰੀ ਭਗਵਾਨਾ, ਤਖ਼ਤ ਨਿਵਾਸੀ ਸੋਭਾ ਪਾਇੰਦਾ । ਏਕਾ ਏਕ ਇਕ ਦਰਬਾਨਾ, ਦਰ ਦਰਵੇਸ਼ ਆਪ ਅਖਵਾਇੰਦਾ । ਏਕਾ ਹੁਕਮ ਇਕ ਫ਼ਰਮਾਨਾ, ਏਕਾ ਧਾਰੀ ਧਾਰ ਰਖਾਇੰਦਾ । ਏਕਾ ਜੋਧਾ ਸੂਰਬੀਰ ਬਲਵਾਨਾ, ਏਕਾ ਆਪਣਾ ਬਲ ਉਪਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅੰਤ ਆਪਣੇ ਹੱਥ ਰਖਾਇੰਦਾ । ਆਦਿ ਅੰਤ ਹਰਿ ਹਰਿ ਖੇਲ, ਆਪਣੀ ਆਪ ਕਰਾਇੰਦਾ । ਆਪੇ ਨਿਰਗੁਣ ਜੋਤੀ ਮੇਲ, ਆਪੇ ਜੋਤੀ ਸਰਗੁਣ ਰੂਪ ਵਟਾਇੰਦਾ । ਆਪੇ ਕਮਲਾਪਾਤੀ ਸੱਜਣ ਸੁਹੇਲ, ਸੱਜਣ ਸੁਹੇਲ ਕਮਲਾਪਾਤੀ ਆਪ ਅਖਵਾਇੰਦਾ । ਆਪੇ ਵਸੇ ਰੰਗ ਨਵੇਲ, ਨਵੇਲ ਰੰਗ ਆਪਣਾ ਆਪ ਧਰਾਇੰਦਾ । ਆਪੇ ਗੁਰੂ ਆਪੇ ਚੇਲ, ਚੇਲਾ ਗੁਰ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਅੰਤ ਆਪਣੀ ਬਣਤ ਆਪ ਬਣਾਇੰਦਾ । ਆਦਿ ਅੰਤ ਹਰਿ ਭਗਵਾਨਾ, ਆਪਣੀ ਖੇਲ ਆਪ ਖਿਲਾਇੰਦਾ । ਕਰੇ ਖੇਲ ਦੋ ਜਹਾਨਾ, ਰੂਪ ਅਨੂਪ ਆਪ ਵਟਾਇੰਦਾ । ਆਪੇ ਜੋਤੀ ਆਪੇ ਸ਼ਬਦ ਤਰਾਨਾ, ਆਪੇ ਨਾਦੀ ਨਾਦ ਵਜਾਇੰਦਾ । ਆਪੇ ਵਸੇ ਮੰਦਰ ਸਚ ਮਕਾਨਾ, ਸਚਖੰਡ ਦਵਾਰਾ ਆਪ ਉਪਾਇੰਦਾ । ਆਪੇ ਥਿਰ ਘਰ ਸੋਹੇ ਰਾਜ ਰਾਜਾਨਾ, ਸ਼ਾਹੋ ਭੂਪ ਆਪਣਾ ਨਾਉਂ ਧਰਾਇੰਦਾ । ਆਪੇ ਹੋਏ ਜਾਣੀ ਜਾਣਾ, ਜਾਨਣਹਾਰ ਆਪ ਅਖਵਾਇੰਦਾ । ਆਪੇ ਵਰਤੇ ਆਪਣਾ ਭਾਣਾ, ਆਪਣੇ ਭਾਣੇ ਆਪ ਸਮਾਇੰਦਾ । ਆਪੇ ਹੋਏ ਦਾਨੀ ਦਾਨਾ, ਭਿਖਕ ਭਿਛਿਆ ਝੋਲੀ ਪਾਇੰਦਾ । ਆਪੇ ਹੋਏ ਮਾਣ ਨਿਮਾਣਾ, ਆਪੇ ਨਿਉਂ ਨਿਉਂ ਸੀਸ ਝੁਕਾਇੰਦਾ । ਆਪੇ ਜਾਣੇ ਆਪਣਾ ਆਵਣ ਜਾਣਾ, ਦੂਸਰ ਭੇਵ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਅੰਤ ਸ੍ਰੀ ਭਗਵੰਤ, ਆਪਣੀ ਕਲ ਆਪ ਧਰਾਇੰਦਾ । ਆਦਿ ਅੰਤ ਹਰਿ ਕਰਤਾਰਾ, ਆਪਣੀ ਖੇਲ ਆਪ ਖਿਲਾਈਆ । ਆਪੇ ਪੁਰਖ ਆਪੇ ਨਾਰਾ, ਨਰ ਨਰਾਇਣ ਆਪ ਹੋ ਜਾਈਆ । ਆਪੇ ਮਾਤ ਪਿਤ ਸੁਤ ਦੁਲਾਰਾ, ਸਾਚੀ ਗੋਦ ਆਪ ਸੁਹਾਈਆ । ਆਪੇ ਨਾਉਂ ਨਿਰੰਕਾਰ ਬੋਲ ਜੈਕਾਰਾ, ਉਚੀ ਕੂਕ ਆਪੇ ਗਾਈਆ । ਆਪੇ ਨਿਰਗੁਣ ਜੋਤੀ ਕਰ ਉਜਿਆਰਾ, ਦੀਪਕ ਦੀਆ ਇਕ ਜਗਾਈਆ । ਆਪੇ ਅੰਮ੍ਰਿਤ ਹੋਏ ਠੰਡਾ ਠਾਰਾ, ਸਰ ਸਰੋਵਰ ਇਕ ਵਖਾਈਆ । ਆਪੇ ਆਪਣਾ ਦਏ ਸਹਾਰਾ, ਸਿਰ ਆਪਣਾ ਹੱਥ ਟਿਕਾਈਆ । ਆਪੇ ਵਣਜ ਆਪ ਵਪਾਰਾ,


੧੧ ੧੦

ਆਪੇ ਆਪਣਾ ਹੱਟ ਚਲਾਈਆ । ਆਪੇ ਰੂਪ ਅਗੰਮ ਨਿਰਾਕਾਰਾ, ਨਾ ਮਰੇ ਨਾ ਜਾਈਆ । ਆਪੇ ਖੋਲ੍ਹੇ ਸਚ ਕਿਵਾੜਾ, ਥਿਰ ਦਰਬਾਰਾ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਅੰਤ ਏਕਾ ਕੰਤ, ਨਾਰੀ ਆਪਣੀ ਆਪ ਪਰਨਾਈਆ । ਆਪੇ ਨਾਰੀ ਕੰਤ ਕੰਤੂਹਲ, ਆਪੇ ਸਾਚਾ ਧਾਮ ਸੁਹਾਇੰਦਾ । ਆਪੇ ਸ਼ਬਦ ਪੰਘੂੜਾ ਰਿਹਾ ਝੂਲ, ਸਚ ਸਿੰਘਾਸਣ ਸੋਭਾ ਪਾਇੰਦਾ । ਆਪ ਚੁਕਾਏ ਆਪਣਾ ਮੂਲ, ਲਹਿਣੇਦਾਰ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਅੰਤ ਆਪਣੀ ਧਾਰ ਆਪ ਬੰਧਾਇੰਦਾ । ਆਦਿ ਅੰਤ ਪੁਰਖ ਅਬਿਨਾਸ਼ਾ, ਆਪਣਾ ਖੇਲ ਖਿਲਾਈਆ । ਨਿਰਗੁਣ ਨਿਰਗੁਣ ਨਿਰਗੁਣ ਕਰ ਤਮਾਸ਼ਾ, ਨਿਰਗੁਣ ਮੰਡਲ ਰਾਸ ਰਚਾਈਆ । ਨਿਰਗੁਣ ਅੰਦਰ ਨਿਰਗੁਣ ਕਰ ਕਰ ਵਾਸਾ, ਨਿਰਗੁਣ ਨਿਰਗੁਣ ਮੇਲ ਮਿਲਾਈਆ । ਨਿਰਗੁਣ ਪੂਰੀ ਕਰੇ ਆਸਾ, ਨਿਰਗੁਣ ਆਸ ਤਕਾਈਆ । ਨਿਰਗੁਣ ਸੇਵਕ ਦਾਸੀ ਦਾਸਾ, ਨਿਰਗੁਣ ਸ਼ਾਹ ਸੁਲਤਾਨ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਅੰਤ ਆਪਣਾ ਭੇਵ ਆਪ ਖੁਲ੍ਹਾਈਆ । ਆਦਿ ਪੁਰਖ ਹਰਿ ਭੇਵ ਨਿਆਰਾ, ਮਹਿਮਾ ਅਕਥ ਕਥੀ ਨਾ ਜਾਈਆ । ਸਚਖੰਡ ਦੁਆਰਾ ਖੋਲ੍ਹ ਕਿਵਾੜਾ, ਥਿਰ ਦਰਬਾਰਾ ਦਏ ਵਡਿਆਈਆ । ਸਾਚੇ ਤਖ਼ਤ ਸ਼ਾਹ ਸਿਕਦਾਰਾ, ਵਰਤੇ ਵਰਤਾਵੇ ਹੁਕਮ ਅਪਾਰਾ, ਧੁਰ ਫ਼ਰਮਾਨਾ ਆਪ ਜਣਾਈਆ । ਆਪਣੀ ਕਰੇ ਆਪੇ ਕਾਰਾ, ਨਾ ਕੋਈ ਦੂਸਰ ਮੀਤ ਮੁਰਾਰਾ, ਸਗਲਾ ਸੰਗ ਨਾ ਕੋਈ ਰਖਾਈਆ । ਇਕ ਇਕੱਲਾ ਏਕੰਕਾਰਾ, ਅਨਾਦਿ ਅਨਾਦੀ ਹੋ ਤਿਆਰਾ, ਆਪਣਾ ਰੂਪ ਅਨੂਪ ਧਰਾਈਆ । ਸਚ ਸੁਹਾਏ ਬੰਕ ਦੁਆਰਾ, ਕਰੇ ਖੇਲ ਅਪਰ ਅਪਾਰਾ, ਜੋਤੀ ਜੋਤ ਜੋਤ ਰੁਸ਼ਨਾਈਆ । ਮੇਲ ਮਿਲਾਵਾ ਕੰਤ ਭਤਾਰਾ ਨਾਰੀ ਨਰ ਇਕ ਦਰਬਾਰਾ, ਦਰ ਘਰ ਸਾਚੇ ਸੋਭਾ ਪਾਈਆ । ਹਰਿ ਹਰਿ ਬਣਿਆ ਮੀਤ ਮੁਰਾਰਾ, ਨਰ ਹਰਿ ਮੇਲਾ ਏਕਾ ਵਾਰਾ, ਨਾਰੀ ਪੂਤ ਸਪੂਤਾ ਜਾਈਆ । ਅੰਦਰ ਬਾਹਰ ਗੁਪਤ ਜ਼ਾਹਿਰਾ, ਨਿਰਗੁਣ ਦੀਆ ਇਕ ਉਜਿਆਰਾ, ਰੂਪ ਰੇਖ ਨਾ ਕੋਈ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਬਣਤ ਆਪ ਬਣਾਈਆ । ਆਦਿ ਪੁਰਖ ਬਣਤ ਬਣਾ, ਆਪਣਾ ਰੂਪ ਧਰਾਇਆ । ਆਪੇ ਜਨਨੀ ਜਨ ਅਖਵਾ, ਆਪਣੀ ਗੋਦ ਸੁਹਾਇਆ । ਆਪਣਾ ਰੰਗ ਆਪ ਰੰਗਾ, ਰੰਗ ਰੰਗੀਲਾ ਵੇਖ ਵਖਾਇਆ । ਆਪਣਾ ਸੰਗ ਆਪ ਨਿਭਾ, ਸਗਲਾ ਸੰਗ ਆਪ ਹੋ ਜਾਇਆ । ਆਪਣਾ ਮੰਦਰ ਆਪ ਵਡਿਆ, ਆਪੇ ਵੇਖ ਵਖਾਇਆ । ਆਪਣਾ ਨੂਰ ਆਪ ਟਿਕਾ, ਆਪੇ ਡਗਮਗਾਇਆ । ਆਪਣਾ ਨਾਉਂ ਆਪ ਧਰਾ, ਆਪੇ ਰਿਹਾ ਬੁਲਾਇਆ । ਆਪਣੀ ਕਰਨੀ ਆਪ ਕਰਾ, ਆਪੇ ਵੇਖ ਵਖਾਇਆ । ਆਪਣੀ ਸਰਨੀ ਆਪੇ ਪਾ, ਆਪੇ ਹੋਏ ਸਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਆਪਣਾ ਨਾਉਂ ਧਰਾਇਆ । ਆਦਿ ਪੁਰਖ ਨਾਉਂ ਰੱਖ, ਕਰੇ ਖੇਲ ਅਪਰ ਅਪਾਰਾ । ਨਿਰਗੁਣ ਰੂਪ ਹੋ ਪ੍ਰਤੱਖ, ਨਿਰਗੁਣ ਨੂਰ ਕਰੇ ਉਜਿਆਰਾ । ਆਪੇ ਜਾਣੇ ਆਪਣਾ ਪੱਖ, ਨਾ ਕੋਈ ਦੂਸਰ ਧਾਰਾ । ਇਕ ਜੈਕਾਰਾ ਅਲਖਣਾ ਅਲਖ, ਬੋਲੇ ਹਰਿ ਨਿਰੰਕਾਰਾ । ਆਪਣਾ ਪਰਦਾ ਆਪੇ ਢਕ, ਆਪੇ ਲੇਖਾ ਲਿਖਣਹਾਰਾ । ਆਪ ਆਪਣਾ ਕੀਤਾ ਵੱਖ, ਨਾ ਕੋਈ ਵੇਖੇ ਹੋਰ ਦੁਆਰਾ । ਆਪਣਾ ਮਾਰਗ ਆਪੇ ਦੱਸ, ਆਪੇ ਕਰੇ ਨਿਮਸਕਾਰਾ । ਆਪਣੇ ਮੰਦਰ ਆਪੇ ਵਸ, ਆਪੇ ਸੋਏ ਪੈਰ ਪਸਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਪਾਰਾ । ਆਦਿ ਪੁਰਖ ਖੇਲ ਅਪਾਰਾ, ਆਪਣਾ ਆਪ ਕਰਾਇੰਦਾ । ਨਿਰਗੁਣ

ਦੀਆ ਕਰ ਨਿਆਰਾ, ਆਪਣਾ ਬੰਕ ਸੁਹਾਇੰਦਾ । ਆਪਣੇ ਨੂਰ ਹੋ ਉਜਿਆਰਾ, ਨੂਰ ਨੁਰਾਨਾ ਡਗਮਗਾਇੰਦਾ । ਆਪਣੇ ਰੰਗ ਰਵੇ ਕਰਤਾਰਾ, ਰੂਪ ਅਨੂਪ ਆਪ ਦਰਸਾਇੰਦਾ । ਆਪਣਾ ਸੰਗ ਆਪੇ ਵੇਖੇ ਵੇਖਣਹਾਰਾ, ਵੇਖ ਵੇਖ ਆਪ ਬਿਗਸਾਇੰਦਾ । ਆਪਣੀ ਇਛਿਆ ਭਰੇ ਭੰਡਾਰਾ, ਆਪਣੀ ਇਛਿਆ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਬੰਧਨ ਆਪੇ ਪਾਇੰਦਾ । ਆਪਣਾ ਬੰਧਨ ਆਪੇ ਪਾ, ਆਪਣਾ ਹੁਕਮ ਵਰਤਾਇਆ । ਆਪਣੀ ਨਾਰੀ ਆਪ ਪ੍ਰਨਾ, ਨਾਰੀ ਕੰਤ ਆਪ ਅਖਵਾਇਆ । ਆਪਣੀ ਸੇਜ ਆਪ ਹੰਢਾ, ਆਪਣਾ ਸੰਗ ਨਿਭਾਇਆ । ਆਪਣੀ ਖੇਲ ਆਪ ਖਿਲਾ, ਵੇਖਣਹਾਰ ਆਪ ਹੋ ਜਾਇਆ । ਆਪਣੀ ਰੁਤੜੀ ਆਪ ਸੁਹਾ, ਰੁਤ ਰੁਤੜੀ ਦਏ ਵਡਿਆਇਆ । ਆਪਣੀ ਕੁਖੜੀ ਭਾਗ ਲਗਾ, ਪੂਤ ਸਪੂਤਾ ਏਕਾ ਜਾਇਆ । ਨਿਰਗੁਣ ਨਿਰਗੁਣ ਲਏ ਪ੍ਰਗਟਾ, ਨਿਰਗੁਣ ਨਿਰਗੁਣ ਧਾਰ ਚਲਾਇਆ । ਆਪਣੇ ਅੰਕ ਆਪ ਸਮਾ, ਆਪੇ ਅੰਕ ਲਗਾਇਆ । ਆਪਣੇ ਬੰਕ ਦਏ ਬਹਾ, ਬੰਕ ਦਵਾਰੀ ਵੇਖ ਵਖਾਇਆ । ਆਪਣਾ ਰੂਪ ਆਪ ਪ੍ਰਗਟਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਆਪਣਾ ਖੇਲ ਖਿਲਾਇਆ । ਆਪਣਾ ਰੂਪ ਪ੍ਰਗਟਾਏ ਆਪ, ਆਪਣੇ ਹੱਥ ਰੱਖੀ ਵਡਿਆਈਆ । ਆਪੇ ਜਾਣੇ ਵਡ ਪਰਤਾਪ, ਮਹਿਮਾ ਅਕਥ ਕਥੀ ਨਾ ਜਾਈਆ । ਨਾ ਕੋਈ ਮਾਈ ਨਾ ਕੋਈ ਬਾਪ, ਭੈਣ ਭਾਈ ਨਾ ਕੋਈ ਦਿਸਾਈਆ । ਨਾ ਕੋਈ ਸੱਜਣ ਨਾ ਕੋਈ ਸਾਕ, ਸਗਲਾ ਸੰਗ ਨਾ ਕੋਈ ਵਖਾਈਆ । ਆਪਣੇ ਅੰਦਰੋਂ ਆਪੇ ਪ੍ਰਗਟਿਆ ਆਪਾ ਆਪ, ਆਪੇ ਨੂਰ ਨੂਰ ਦਰਸਾਈਆ । ਆਪੇ ਵਸਿਆ ਇਕ ਇਕਾਂਤ, ਇਕ ਇਕੱਲਾ ਸੱਚਾ ਸ਼ਹਿਨਸ਼ਾਹੀਆ । ਆਪੇ ਜਾਣੇ ਆਪਣੀ ਜ਼ਾਤ, ਅਜ਼ਾਤੀ ਨੂਰ ਨੂਰ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਆਪਣੇ ਹੱਥ ਰਖਾਈਆ । ਆਦਿ ਪੁਰਖ ਪ੍ਰਭ ਹੋ ਤਿਆਰ, ਆਪਣਾ ਰੂਪ ਦਰਸਾਇਆ । ਅਲਖ ਅਗੋਚਰ ਅਗੰਮ ਅਪਾਰ, ਅਲਖ ਅਲਖਣਾ ਨਾਉਂ ਧਰਾਇਆ । ਮੂਰਤ ਅਕਾਲ ਹੋ ਉਜਿਆਰ, ਅਜੂਨੀ ਰਹਿਤ ਡਗਮਗਾਇਆ । ਸਾਚਾ ਮੰਦਰ ਕਰ ਤਿਆਰ, ਸਚਖੰਡ ਦਵਾਰਾ ਇਕ ਸੁਹਾਇਆ । ਤਖ਼ਤ ਨਿਵਾਸੀ ਖ਼ਬਰਦਾਰ, ਸਚ ਸਿੰਘਸਣ ਸੋਭਾ ਪਾਇਆ । ਪੁਰਖ ਅਬਿਨਾਸ਼ਣ ਮੀਤ ਮੁਰਾਰ, ਨਾ ਮਰੇ ਨਾ ਜਾਇਆ । ਉਚ ਮਹੱਲੇ ਹੋ ਤਿਆਰ, ਅਟਲ ਧਾਮ ਵਡਿਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਆਪਣਾ ਰੂਪ ਵਟਾਇਆ । ਆਦਿ ਰੂਪ ਸ੍ਰੀ ਭਗਵਾਨ, ਏਕਾ ਏਕ ਧਰਾਇੰਦਾ । ਸਚਖੰਡ ਦਵਾਰੇ ਬੈਠ ਮਕਾਨ, ਥਿਰ ਘਰ ਚਰਨਾਂ ਹੇਠ ਦਬਾਇੰਦਾ । ਥਿਰ ਘਰ ਸਾਚੇ ਹੋ ਪਰਧਾਨ, ਆਪ ਆਪਾ ਵੇਖ ਵਖਾਇੰਦਾ । ਨਿਰਗੁਣ ਨਿਰਗੁਣ ਕਰ ਪਛਾਣ, ਆਪ ਆਪਣਾ ਬਲ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਹੁਕਮ ਆਪ ਵਰਤਾਇੰਦਾ । ਥਿਰ ਘਰ ਬੈਠ ਹਰਿ ਨਿਰੰਕਾਰਾ, ਸਚਖੰਡ ਆਪਣਾ ਰੰਗ ਰੰਗਾਈਆ । ਆਦਿ ਆਦਿ ਬੰਨ੍ਹੇ ਆਪਣੀ ਧਾਰਾ, ਲੇਖਾ ਲੇਖ ਨਾ ਕੋਈ ਜਣਾਈਆ । ਕਵਣ ਰੂਪ ਵਰਤੇ ਵਰਤਾਰਾ, ਕਵਣ ਖੇਲ ਖਿਲਾਈਆ । ਕਵਣ ਨਾਉਂ ਧਰਾਊ ਦੂਜੀ ਵਾਰਾ, ਏਕੰਕਾਰਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਆਪਣਾ ਮਤਾ ਪਕਾਈਆ । ਸਚਖੰਡ ਦੁਆਰੇ ਖੇਲ ਕਰਤਾਰਾ, ਏਕਾ ਧਾਰ ਰਖਾਇੰਦਾ । ਥਿਰ ਘਰ ਖੋਲ੍ਹੇ ਆਪ ਕਿਵਾੜਾ, ਚਰਨਾਂ ਹੇਠ ਦਬਾਇੰਦਾ । ਪਹਿਲਾ ਰੂਪ ਨਿਰਾਕਾਰਾ , ਰੰਗ ਰੇਖ ਨਾ ਕੋਈ ਵਖਾਇੰਦਾ । ਦੂਜੀ ਆਪਣੀ ਪਾਏ ਸਾਰਾ, ਆਪਣਾ ਮਤਾ ਪਕਾਇੰਦਾ । ਕਵਣ ਧਾਰ ਹੋਏ ਉਜਿਆਰਾ, ਕਵਣ ਨਾਰ

ਪੁਰਖ ਪ੍ਰਨਾਇੰਦਾ । ਕਵਣ ਸੇਜ ਸੋਹੇ ਭਤਾਰਾ, ਕਵਣ ਅੰਗ ਲਗਾਇੰਦਾ । ਕਵਣ ਭੋਗੇ ਭੋਗ ਹਰਿ ਕਰਤਾਰਾ, ਕਵਣ ਭਸਮੜ ਰੂਪ ਵਟਾਇੰਦਾ । ਕਵਣ ਦਾਈ ਦਾਇਆ ਬਣੇ ਵਿਚ ਸਚ ਦਰਬਾਰਾ, ਕਵਣ ਸੇਵ ਕਮਾਇੰਦਾ । ਕਵਣ ਉਪਜੇ ਸੁਤ ਦੁਲਾਰਾ, ਕਵਣ ਗੋਦ ਬਹਾਇੰਦਾ । ਕਵਣ ਬੋਲੇ ਮੇਰੇ ਨਾਉਂ ਜੈਕਾਰਾ, ਕਵਣ ਚਰਨ ਸੀਸ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਆਪਣੀ ਦਇਆ ਕਮਾਇੰਦਾ । ਸਚਖੰਡ ਦੁਆਰਾ ਹਰਿ ਕਰਤਾਰਾ, ਏਕਾ ਰੰਗ ਸਮਾਇਆ । ਥਿਰ ਘਰ ਸਾਚੇ ਪਾਏ ਸਾਰਾ, ਚਰਨ ਕਵਲ ਟਿਕਾਇਆ । ਏਕਾ ਰੂਪ ਅਗੰਮ ਅਪਾਰਾ, ਸ਼ਾਹੋ ਭੂਪ ਦਰਸਾਇਆ । ਆਪਣੀ ਇਛਿਆ ਕਰੇ ਵਿਚਾਰਾ, ਲੇਖਾ ਲੇਖ ਨਾ ਕੋਇ ਗਵਾਇਆ । ਆਪੇ ਪ੍ਰਗਟ ਹੋਏ ਆਪੇ ਵੇਖੇ ਵੇਖਣਹਾਰਾ, ਦੂਜਾ ਨੈਣ ਨਾ ਕੋਇ ਬਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਰਚਨਾ ਲਏ ਰਚਾਇਆ । ਰਚਨ ਰਚਾਵਣਹਾਰ ਹਰਿ, ਆਪਣੀ ਦਇਆ ਕਮਾਇੰਦਾ । ਆਪਣੇ ਮੰਦਰ ਬੈਠ ਘਰ, ਆਪਣਾ ਮਤਾ ਪਕਾਇੰਦਾ । ਕਵਣ ਘਾੜਨ ਲਏ ਘੜ, ਘਾੜਤ ਘੜਤ ਕਵਣ ਘੜਾਇੰਦਾ । ਕਵਣ ਅੱਖਰ ਲਏ ਪੜ੍ਹ, ਕਵਣ ਨਾਮ ਦ੍ਰਿੜਾਇੰਦਾ । ਕਵਣ ਘਰ ਬਹੇ ਚੜ੍ਹ, ਕਵਣ ਸੰਗ ਰਖਾਇੰਦਾ । ਕਵਣ ਪੱਲੂ ਲਏ ਫੜ, ਕਵਣ ਬੰਧਨ ਪਾਇੰਦਾ । ਕਵਣ ਪੁਰਖ ਲਏ ਵਰ, ਕਵਣ ਨਾਰੀ ਕੰਤ ਹੰਢਾਇੰਦਾ । ਕਵਣ ਜੋਤੀ ਦਏ ਧਰ, ਕਵਣ ਜੋਤ ਜਗਾਇੰਦਾ । ਕਵਣ ਦੇਵੇ ਸਾਚਾ ਵਰ, ਕਵਣ ਪੂਰ ਕਰਾਇੰਦਾ । ਆਪਣੀ ਕਿਰਪਾ ਆਪੇ ਕਰ, ਆਪਣੀ ਇਛਿਆ ਸਾਚੀ ਭਿਛਿਆ ਆਪੇ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪਣੇ ਹੱਥ ਰਖਾਇੰਦਾ । ਪਹਿਲਾਂ ਆਪਣੀ ਕਰੇ ਸਲਾਹ, ਸਤਿ ਪੁਰਖ ਨਿਰੰਜਣ ਬੇਪਰਵਾਹਿਆ । ਫੇਰ ਬਣਾਂ ਆਪਣਾ ਆਪ ਮਲਾਹ, ਆਪਣਾ ਬੇੜਾ ਲਵਾਂ ਚਲਾਇਆ । ਕਵਣ ਰੂਪ ਵਸਾਂ ਸਚਖੰਡ ਦੁਆਰੇ ਸਾਚੇ ਥਾਂ, ਥਿਰ ਘਰ ਸਾਚਾ ਕਵਣ ਵੇਸ ਵਟਾਇਆ । ਕਵਣ ਰੂਪ ਬਣਾਂ ਸਾਚੀ ਮਾਂ, ਕਵਣ ਪਿਤਾ ਰੂਪ ਧਰਾਇਆ । ਕਵਣ ਬਾਲਕ ਗੋਦ ਲਵਾਂ ਬਹਾ, ਕਵਣ ਰੂਪ ਸਿਰ ਹੱਥ ਟਿਕਾਇਆ । ਕਵਣ ਘਰ ਦੇਵਾਂ ਠੰਡੀ ਛਾਂ, ਸਮਰਥ ਆਪਣਾ ਨਾਉਂ ਵਡਿਆਇਆ । ਕਵਣ ਰੂਪ ਪਕੜਾਂ ਬਾਂਹ, ਆਦਿ ਅੰਤ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਹਿਲਾ ਆਪਣਾ ਨਾਉਂ ਧਰਾਇਆ । ਆਦਿ ਪੁਰਖ ਆਪਣਾ ਨਾਂ ਧਰਾ, ਆਪਣੀ ਸੇਵਾ ਆਪ ਲਗਾਇੰਦਾ । ਆਪਣਾ ਹੁਕਮ ਆਪ ਵਰਤਾ, ਆਪੇ ਬੰਧਨ ਪਾਇੰਦਾ । ਵਿਸ਼ਨ ਰੂਪ ਲਵਾਂ ਵਟਾ, ਵਿਸ਼ਵ ਖੇਲ ਖਿਲਾਇੰਦਾ । ਆਪਣਾ ਰੰਗ ਲਵਾਂ ਰੰਗਾ, ਰੰਗ ਰੰਗੀਲਾ ਇਕ ਚੜ੍ਹਾਇੰਦਾ । ਛੈਲ ਛਬੀਲਾ ਰੂਪ ਧਰਾ, ਸਚ ਕ਼ਬੀਲਾ ਆਪ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰ ਆਪਣੇ ਹੱਥ ਰਖਾਇੰਦਾ । ਆਦਿ ਪੁਰਖ ਆਦਿ ਵਿਸ਼ਨ, ਆਦਿ ਆਦਿ ਸਮਾਇਆ । ਨੇਤਰ ਨੈਣ ਕਿਸੇ ਨਾ ਦਿਸਣ, ਵੇਖਣਹਾਰਾ ਦਿਸ ਨਾ ਆਇਆ । ਆਪਣੇ ਮੰਦਰ ਸਾਚੇ ਵਸਣ, ਥਿਰ ਘਰ ਸਾਚਾ ਇਕ ਬਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਆਦਿ ਆਪਣੇ ਹੱਥ ਰਖਾਇਆ । ਆਦਿ ਪੁਰਖ ਹਰਿ ਖੇਲ ਖਿਲਾਇਆ, ਵਿਸ਼ਨ ਆਪਣਾ ਰੂਪ ਧਰਾਇੰਦਾ । ਅੰਤ ਲੇਖਾ ਦਏ ਸਮਝਾਇਆ, ਆਪਣਾ ਪੰਧ ਆਪ ਮੁਕਾਇੰਦਾ । ਦੋਹਾਂ ਮੇਲਾ ਮੇਲ ਮਿਲਾਇਆ, ਮੇਲ ਮਿਲਾਵਾ ਇਕ ਜਣਾਇੰਦਾ । ਸਚਖੰਡ ਦੁਆਰਾ ਦਏ ਵਡਿਆਇਆ, ਥਿਰ ਘਰ ਸਾਚੇ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਆਦਿ ਅੰਤ ਏਕਾ ਕੰਤ, ਨਰ ਨਰਾਇਣ ਆਪ ਅਖਵਾਇੰਦਾ । ਆਦਿ ਪੁਰਖ ਵਿਸ਼ਵ ਧਾਰ, ਵਾਸਤਕ ਰੂਪ ਦਰਸਾਇੰਦਾ । ਰੂਪ ਅਨੂਪ ਕਰ ਤਿਆਰ, ਆਪ ਆਪਣਾ ਵੇਖ ਵਖਾਇੰਦਾ । ਆਪਣੇ ਮੰਦਰ ਪਾਏ ਸਾਰ, ਆਪ ਆਪਣਾ ਤੇਲ ਚੜ੍ਹਾਇੰਦਾ । ਕਰੇ ਖੇਲ ਅਗੰਮ ਅਪਾਰ, ਗੁਪਤ ਗੁਪਤੀ ਵੇਖ ਵਖਾਇੰਦਾ । ਅੰਮ੍ਰਿਤ ਰਸ ਅਮਰ ਭੰਡਾਰ, ਅਮਰਾਪਦ ਦਰਸਾਇੰਦਾ । ਦੇਵਣਹਾਰ ਇਕ ਦਾਤਾਰ, ਨਿਰਾਕਾਰ ਨਿਰੰਕਾਰ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਮੇਲ ਮਿਲਾਇੰਦਾ । ਵਿਸ਼ਨੂੰ ਭਗਵਾਨ ਹਰਿ ਹਰਿ ਮੇਲਾ, ਏਕਾ ਘਰ ਕਰਾਇਆ । ਸਚਖੰਡ ਵਸੇ ਹਰਿ ਗੁਰੂ ਥਿਰ ਘਰ ਚੇਲਾ, ਵਿਸ਼ਨ ਬਹਾਇਆ । ਆਪੇ ਹੋਏ ਸੱਜਣ ਸੁਹੇਲਾ, ਵਿਛੜ ਕਦੇ ਨਾ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਤੱਤ ਦਏ ਸਮਝਾਇਆ । ਵਿਸ਼ਨ ਅੰਦਰ ਹਰਿ ਹਰਿ ਧਾਰ, ਆਪਣੀ ਆਪ ਰਖਾਈਆ । ਅੰਮ੍ਰਿਤ ਭਰਿਆ ਠੰਡਾ ਠਾਰ, ਨਾਭੀ ਕਵਲ ਖੁਲ੍ਹਾਈਆ । ਖੁਲ੍ਹਿਆ ਕਵਲ ਹੋਇਆ ਉਜਿਆਰ, ਰੁਤੜੀ ਰੁੱਤ ਸੁਹਾਈਆ । ਪੁਰਖ ਅਬਿਨਾਸ਼ੀ ਖੇਲ ਅਪਾਰ, ਖੇਲੇ ਖੇਲ ਸੱਚਾ ਸ਼ਹਿਨਸ਼ਾਹੀਆ । ਬ੍ਰਹਮ ਪਾਰਬ੍ਰਹਮ ਭੇਵ ਨਿਆਰ, ਆਪਣੀ ਵੰਡ ਆਪ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਏਕਾ ਬ੍ਰਹਮ ਦਏ ਦਰਸਾਈਆ । ਬ੍ਰਹਮਾ ਵੇਤਾ ਨੇਤਨ ਨੇਤ, ਨਰ ਹਰਿ ਨਰਾਇਣ ਉਪਾਇਆ । ਆਪੇ ਜਾਣੇ ਚੇਤਨ ਚੇਤ, ਆਪ ਆਪਣਾ ਖੇਲ ਖਿਲਾਈਆ । ਆਪੇ ਕਰੇ ਸਾਚਾ ਹੇਤ, ਹਿਤਕਾਰੀ ਦਇਆ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਪਾਰਬ੍ਰਹਮ ਬ੍ਰਹਮ ਆਪਣਾ ਨਾਉਂ ਧਰਾਇਆ । ਆਪੇ ਬ੍ਰਹਮ ਕਰ ਪਸਾਰਾ, ਪਾਰਬ੍ਰਹਮ ਵਡਿਆਈਆ । ਆਪੇ ਵਿਸ਼ਨੂੰ ਦਏ ਆਧਾਰਾ, ਸਿਰ ਆਪਣਾ ਹੱਥ ਟਿਕਾਈਆ । ਆਪੇ ਕਰੇ ਖੇਲ ਕਰਤਾਰਾ, ਕਰਨਹਾਰ ਭੇਵ ਨਾ ਰਾਈਆ । ਆਪੇ ਵਰਤੇ ਆਪਣਾ ਵਰਤਾਰਾ, ਲੇਖਾ ਜਾਣੇ ਸਹਿਜ ਸੁਭਾਈਆ । ਆਪੇ ਜਾਣੇ ਠਾਂਡਾ ਦਰਬਾਰਾ, ਸੀਤਲ ਧਾਰਾ ਆਪ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣਾ ਹੁਕਮ ਆਪ ਵਰਤਾਈਆ । ਵਿਸ਼ਨ ਬ੍ਰਹਮਾ ਸ਼ਬਦੀ ਧਾਰ, ਹਰਿ ਹਰਿ ਰੂਪ ਵਟਾਇਆ । ਆਪਣੇ ਅੰਦਰੋਂ ਆਏ ਬਾਹਰ, ਆਪਣਾ ਮੁਖ ਦਿਖਲਾਇਆ । ਨਿਰਗੁਣ ਸਰਗੁਣ ਹੋ ਉਜਿਆਰ, ਆਪਣਾ ਮਾਰਗ ਆਪ ਲਗਾਇਆ । ਥਿਰ ਘਰ ਆਇਆ ਆਪੇ ਬਾਹਰ, ਧੂਆਂਧਾਰ ਆਪ ਸਮਾਇਆ । ਸੁਨ ਅਗੰਮੀ ਪਾਵੇ ਸਾਰ, ਸੁੰਨ ਅਗੰਮ ਆਪਣਾ ਨਾਉਂ ਧਰਾਇਆ । ਆਪੇ ਬ੍ਰਹਮਾ ਲਏ ਉਭਾਰ, ਆਪੇ ਮਸਤਕ ਲੇਖ ਲਿਖਾਇਆ । ਆਪੇ ਅੰਡਜ ਜੇਰਜ ਉਤਭੁਜ ਸੇਤਜ ਕਰੇ ਤਿਆਰ, ਆਪੇ ਸ਼ੰਕਰ ਖੇਲ ਖਿਲਾਇਆ । ਤਿੰਨਾਂ ਵਿਚੋਲਾ ਬਣੇ ਨਿਰੰਕਾਰ, ਏਕਾ ਮਾਈ ਗੋਦ ਬਹਾਇਆ । ਦਾਈ ਦਾਇਆ ਬਣ ਕਰਤਾਰ, ਸਾਚੀ ਸੇਵ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਏਕਾ ਹੁਕਮ ਵਰਤਾਇਆ । ਆਦਿ ਪੁਰਖ ਹੁਕਮ ਵਰਤਾਇਆ, ਭੁਲ ਰਹੇ ਨਾ ਰਾਈਆ । ਆਪਣੀ ਅੰਸ ਆਪ ਉਪਜਾਇਆ, ਸਰਬੰਸ ਵੇਖ ਵਖਾਈਆ । ਏਕਾ ਨਾਰੀ ਕੰਤ ਹੰਢਾਇਆ, ਏਕਾ ਘਰ ਵੱਜੀ ਵਧਾਈਆ । ਏਕਾ ਮਾਈ ਗੋਦ ਬਹਾਇਆ, ਏਕਾ ਵੇਖੇ ਚਾਈਂ ਚਾਈਂਆ । ਏਕਾ ਰੰਗਣ ਆਪ ਰੰਗਾਇਆ, ਰੰਗ ਰੰਗੇ ਬੇਪਰਵਾਹੀਆ । ਇਕ ਮਰਦੰਗ ਦਏ ਸੁਣਾਇਆ, ਨਾਉਂ ਨਿਰੰਕਾਰਾ ਆਪ ਅਲਾਈਆ । ਇਕ ਪਲੰਘ ਦਏ ਵਿਛਾਇਆ, ਸੇਜ ਸੁਹੰਜਣੀ ਆਪ ਸੁਹਾਈਆ । ਏਕਾ ਪੰਧ ਦਏ ਮੁਕਾਇਆ, ਆਦਿ ਅੰਤ

ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਵਿਸ਼ਨ ਬ੍ਰਹਮਾ ਸ਼ਿਵ ਦੇਵੇ ਵਰ, ਇਕ ਗਿਆਨ ਦ੍ਰਿੜਾਈਆ । ਆਦਿ ਪੁਰਖ ਹਰਿ ਗਿਆਨ ਦ੍ਰਿੜਾਇਆ, ਵਿਸ਼ਨ ਆਪ ਸਮਝਾਇੰਦਾ । ਤੇਰਾ ਰੂਪ ਅਨੂਪ ਧਰਾਇਆ, ਹਰਿ ਸਾਚਾ ਖੇਲ ਖਿਲਾਇੰਦਾ । ਬ੍ਰਹਮਾ ਤੇਰੀ ਰਤ ਵਖਾਇਆ, ਫੁੱਲ ਫੁਲਵਾੜੀ ਆਪ ਮਹਿਕਾਇੰਦਾ । ਸ਼ੰਕਰ ਤੇਰੀ ਸੇਵਾ ਲਾਇਆ, ਪਤ ਡਾਲੀ ਤੋੜ ਤੁੜਾਇੰਦਾ । ਤਿੰਨਾਂ ਵਿਚੋਲਾ ਹਰਿ ਰਘੁਰਾਇਆ, ਭੇਵ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਪੁਰਖ ਸਮਝਾਇੰਦਾ । ਆਦਿ ਪੁਰਖ ਸੁਣਾਏ ਹਰਿ, ਹਰਿ ਆਪਣਾ ਭੇਵ ਆਪ ਖੁਲ੍ਹਾਈਆ । ਵਿਸ਼ਨੂੰ ਮੰਗੇ ਸਦਾ ਦਰ ਦਰ, ਪੁਰਖ ਅਬਿਨਾਸ਼ੀ ਭਿਛਿਆ ਪਾਈਆ । ਬ੍ਰਹਮਾ ਨਹੌਣਾ ਚਰਨ ਕਵਲ ਸਰ ਸਰ, ਚਰਨ ਚਰਨੋਦਕ ਮੁਖ ਚੁਆਈਆ । ਸ਼ੰਕਰ ਮੰਗੇ ਡਰ ਡਰ, ਦੋਏ ਜੋੜ ਸੀਸ ਝੁਕਾਈਆ । ਤਿੰਨਾਂ ਵਿਚੋਲਾ ਏਕਾ ਬਣ, ਏਕਾ ਰਿਹਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਸੱਚਾ ਸ਼ਹਿਨਸ਼ਾਹੀਆ । ਆਦਿ ਪੁਰਖ ਸ਼ਾਹ ਪਾਤਸ਼ਾਹ, ਸ਼ਹਿਨਸ਼ਾਹ ਅਖਵਾਇੰਦਾ । ਆਦਿ ਆਦੀ ਬਣ ਮਲਾਹ, ਆਪਣਾ ਬੇੜਾ ਆਪ ਚਲਾਇੰਦਾ । ਵਿਸ਼ਨ ਦੇਵੇ ਸਚ ਸਲਾਹ, ਏਕਾ ਹੁਕਮ ਅਲਾਇੰਦਾ । ਬ੍ਰਹਮੇ ਦੇਵੇ ਏਕਾ ਨਾਂ, ਸਾਚੀ ਵਸਤ ਝੋਲੀ ਪਾਇੰਦਾ । ਸ਼ੰਕਰ ਵਖਾਏ ਏਕਾ ਥਾਂ, ਚਰਨ ਦੁਆਰ ਸੁਹਾਇੰਦਾ । ਤਿੰਨਾਂ ਬਣੇ ਪਿਤਾ ਮਾਂ, ਬਾਲਕ ਗੋਦ ਖਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪਣੇ ਵਿਚ ਛੁਪਾਇੰਦਾ । ਆਪਣਾ ਭੇਵ ਆਪ ਛੁਪਾਇਆ, ਵਿਸ਼ਨ ਹਰਿ ਸਮਝਾਈਆ । ਤੇਰੀ ਸੇਵਾ ਸਚ ਲਗਾਇਆ, ਵਸਤ ਅਮੋਲਕ ਦਏ ਵਡਿਆਈਆ । ਸਾਚੀ ਗੋਲਕ ਹੱਥ ਫੜਾਇਆ, ਇਕ ਭੰਡਾਰ ਦਏ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਵਸਤ ਆਪ ਵਰਤਾਈਆ । ਬ੍ਰਹਮੇ ਹਰਿ ਦਏ ਸਹਾਰਾ, ਆਪਣੀ ਬੂਝ ਬੁਝਾਇੰਦਾ । ਤੇਰਾ ਰੂਪ ਅਪਰ ਅਪਾਰਾ, ਹਰਿ ਸਾਚਾ ਆਪ ਪ੍ਰਗਟਾਇੰਦਾ । ਨਿਰਗੁਣ ਜੋਤੀ ਕਰ ਉਜਿਆਰਾ, ਦੀਆ ਬਾਤੀ ਆਪ ਟਿਕਾਇੰਦਾ । ਸਾਚੇ ਮੰਦਰ ਖੇਲ ਨਿਆਰਾ, ਅੰਦਰੇ ਅੰਦਰ ਵੇਖ ਵਖਾਇੰਦਾ । ਵਰਤੇ ਵਰਤਾਵੇ ਹਰਿ ਵਰਤਾਰਾ, ਆਪਣੀ ਧਾਰ ਆਪ ਚਲਾਇੰਦਾ । ਤੇਰਾ ਭਰੇ ਇਕ ਭੰਡਾਰਾ, ਅਤੋਟ ਅਤੁਟ ਰਖਾਇੰਦਾ । ਲੱਖ ਚੁਰਾਸੀ ਹੋਏ ਉਜਿਆਰਾ, ਘੜ ਭਾਂਡੇ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਭਾਣੇ ਸਦ ਰਖਾਇੰਦਾ । ਸ਼ੰਕਰ ਹਰਿ ਸਚ ਸਮਝਾਇਆ, ਭੁਲ ਰਹੇ ਨਾ ਰਾਈਆ । ਕੰਠ ਮਾਲਾ ਗਲ ਪਹਿਨਾਇਆ, ਬਾਸ਼ਕ ਤਸ਼ਕਾ ਦਏ ਲਟਕਾਈਆ । ਤਨ ਭਿਬੂਤ ਇਕ ਲਗਾਇਆ, ਜਟਾ ਜੂਟ ਜੂਟ ਵਡਿਆਈਆ । ਇਕ ਤ੍ਰਿਸੂਲ ਹੱਥ ਫੜਾਇਆ, ਤਿੰਨਾਂ ਮਾਣ ਵਖਾਈਆ । ਜੋ ਘੜਿਆ ਸੋ ਭੰਨ ਵਖਾਇਆ, ਥਿਰ ਕੋਇ ਰਹਿਣ ਨਾ ਪਾਈਆ । ਅੰਤਮ ਢੋਲਾ ਇਕ ਸੁਣਾਇਆ, ਆਪਣਾ ਪਰਦਾ ਦਏ ਚੁਕਾਈਆ । ਸੋ ਪੁਰਖ ਨਿਰੰਜਣ ਆਪਣਾ ਨਾਉਂ ਸੁਣਾਇਆ, ਹੰ ਰੂਪ ਵਿਸ਼ਨ ਬ੍ਰਹਮਾ ਸ਼ਿਵ ਲਏ ਉਪਜਾਈਆ । ਸੋਹੰ ਰੂਪ ਨਿਰਗੁਣ ਸਰਗੁਣ ਖੇਲ ਖਿਲਾਇਆ, ਪੰਜ ਤੱਤ ਤ੍ਰੈਗੁਣ ਮਾਟੀ ਹਾਟੀ ਨਾ ਕੋਇ ਵਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਿੰਨਾਂ ਏਕਾ ਘਰ ਵਖਾਈਆ । ਵਿਸ਼ਨ ਬ੍ਰਹਮੇ ਸ਼ਿਵ ਸੁਣਿਆ ਹਰਿ ਕਾ ਰਾਗ, ਦੋਏ ਚਰਨ ਸੀਸ ਝੁਕਾਇਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਘਰ ਤੇਰੇ ਆਈ ਜਾਗ, ਨੇਤਰ ਨੈਣ ਇਕ ਖੁਲ੍ਹਾਇਆ । ਤੇਰੇ ਦਰਸ ਰਹੇ ਵੈਰਾਗ, ਦੂਜਾ ਦਰ ਨਾ ਕੋਇ ਵਖਾਇਆ । ਤੇਰੀ

੧੬
੧੦

ਸਰਨ ਗਏ ਲਾਗ, ਹਉਂ ਬਾਲਕ ਸੇਵ ਕਮਾਇਆ । ਤੇਰੀ ਜੋਤੀ ਜਗੇ ਚਿਰਾਗ਼, ਦੀਪਕ ਦੀਆ ਇਕ ਟਿਕਾਇਆ । ਆਪਣੇ ਵਿਚੋਂ ਆਪਣਾ
ਨੂਰ ਆਪੇ ਕਾਢ, ਵਿਸ਼ਨ ਬ੍ਰਹਮਾ ਸ਼ਿਵ ਸਾਡਾ ਨਾਉਂ ਧਰਾਇਆ । ਬਿਨ ਤੇਰੇ ਕਵਣ ਲਡਾਏ ਲਾਡ, ਕਵਣ ਗੋਦੀ ਲਏ ਬਹਾਇਆ । ਕਵਣ
ਦੇਵੇ ਸਾਚੀ ਦਾਦ, ਕਵਣ ਨਾਮ ਝੋਲੀ ਪਾਇਆ । ਕਵਣ ਰੱਖੇ ਸਾਨੂੰ ਯਾਦ, ਭੁਲ ਕਦੇ ਨਾ ਜਾਇਆ । ਅਸੀਂ ਆਦਿ ਜੁਗਾਦਿ ਕਰਦੇ ਰਹੀਏ
ਫ਼ਰਯਾਦ, ਤੇਰੇ ਅੱਗੇ ਸੀਸ ਝੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਧੁਰ ਮਸਤਕ ਲੇਖ
ਲਿਖਾਇਆ । ਧੁਰ ਲੇਖਾ ਲਿਖਣਹਾਰ ਨਿਰੰਕਾਰਾ, ਵਿਸ਼ਨੂੰ ਲੇਖਾ ਇਕ ਸਮਝਾਇੰਦਾ । ਹਰਿ ਜੂ ਬਣਿਆ ਮੀਤ ਮੁਰਾਰਾ, ਵਿਛੜ ਕਦੇ ਨਾ ਜਾਇੰਦਾ ।
ਪੂਤ ਸਪੂਤਾ ਕਰ ਉਜਿਆਰਾ, ਪਾਰਬ੍ਰਹਮ ਬ੍ਰਹਮ ਉਪਜਾਇੰਦਾ । ਸ਼ੰਕਰ ਰੱਖੇ ਏਕਾ ਧਾਰਾ, ਏਕਾ ਤੰਦ ਬੰਧਾਇੰਦਾ । ਕਰੇ ਖੇਲ ਅਪਰ ਅਪਾਰਾ,
ਪਾਰਬ੍ਰਹਮ ਭੇਵ ਨਾ ਆਇੰਦਾ । ਹੁਕਮੀ ਹੁਕਮ ਵਰਤੇ ਵਰਤਾਰਾ, ਹੁਕਮੀ ਹੁਕਮ ਖੇਲ ਖਿਲਾਇੰਦਾ । ਆਪੇ ਵਰਤੇ ਸਭ ਤੋਂ ਬਾਹਰਾ, ਰੂਪ ਰੇਖ
ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਆਪਣੀ ਕਰਨੀ ਆਪਣੇ ਹੱਥ ਰਖਾਇੰਦਾ ।
ਆਪਣੀ ਕਰਨੀ ਕਰੇ ਕਰਤਾਰ, ਖੇਲੇ ਖੇਲ ਸਹਿਜ ਸੁਖਦਾਈਆ । ਵਿਸ਼ਨੂੰ ਤੇਰਾ ਸਚ ਪਿਆਰ, ਭੁਲ ਕਦੇ ਨਾ ਜਾਈਆ । ਬ੍ਰਹਮ ਪਾਰਬ੍ਰਹਮ
ਦਏ ਆਧਾਰ, ਆਪ ਆਪਣੇ ਅੰਗ ਲਗਾਈਆ । ਸ਼ੰਕਰ ਬਖ਼ਸ਼ੇ ਚਰਨ ਸਹਾਰ, ਧੂੜੀ ਮਸਤਕ ਟਿੱਕਾ ਲਾਈਆ । ਤਿੰਨਾਂ ਵਿਚੋਲਾ ਰਹੇ ਨਿਰੰਕਾਰ,
ਆਦਿ ਜੁਗਾਦਿ ਵੇਖ ਵਖਾਈਆ । ਪਰਦਾ ਖੋਲ੍ਹਾ ਇਕ ਦਰਬਾਰ, ਥਿਰ ਘਰ ਸਾਚੇ ਵੱਜੇ ਵਧਾਈਆ । ਸਚਖੰਡ ਵਸੇ ਆਪ ਨਿਰੰਕਾਰ, ਇਕ
ਇਕੱਲਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਏਕਾ ਹਰਿ, ਏਕਾ ਏਕ ਏਕ ਟੇਕ ਸਮਝਾਈਆ । ਏਕਾ
ਟੇਕ ਸ੍ਰੀ ਭਗਵਾਨਾ, ਹਰਿ ਸਾਚੀ ਸਚ ਜਣਾਇੰਦਾ । ਆਪਣਾ ਲਿਖ ਧੁਰ ਫ਼ਰਮਾਨਾ, ਹਰਿ ਆਪੇ ਆਪ ਵਖਾਇੰਦਾ । ਆਪੇ ਦੇਵਣਹਾਰਾ ਦਾਨਾ,
ਵਸਤ ਅਮੋਲਕ ਝੋਲੀ ਪਾਇੰਦਾ । ਆਪਣੇ ਦਰ ਕਰ ਪਰਵਾਨਾ, ਸਿਰ ਆਪਣਾ ਹੱਥ ਟਿਕਾਇੰਦਾ । ਆਪ ਬੰਨ੍ਹੇ ਸਾਚਾ ਗਾਨਾ, ਹਰਿ ਸਾਚਾ ਸਗਨ
ਮਨਾਇੰਦਾ । ਆਪੇ ਬਣੇ ਸਾਚਾ ਕਾਹਨਾ, ਆਪੇ ਸਖ਼ੀਆਂ ਵੇਖ ਵਖਾਇੰਦਾ । ਆਪੇ ਵਰਤੇ ਆਪਣਾ ਭਾਣਾ, ਸਦ ਭਾਣੇ ਆਪ ਸਮਾਇੰਦਾ । ਆਪੇ
ਬਣੇ ਸਾਚਾ ਰਾਣਾ, ਵਿਸ਼ਨ ਬ੍ਰਹਮਾ ਸ਼ਿਵ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਏਕਾ ਹਰਿ,
ਏਕਾ ਦਰ ਵਖਾਇੰਦਾ । ਏਕਾ ਦਰ ਧੁਰ ਦਰਬਾਰਾ, ਹਰਿ ਸਾਚਾ ਸਚ ਸਮਝਾਇਆ । ਪੁਰਖ ਅਬਿਨਾਸ਼ੀ ਖੇਲ ਨਿਆਰਾ, ਆਦਿ ਪੁਰਖ ਆਪ
ਕਰਾਇਆ । ਆਪੇ ਵਸੇ ਧਾਮ ਨਿਆਰਾ, ਸਚਖੰਡ ਦੁਆਰਾ ਇਕ ਵਡਿਆਇਆ । ਥਿਰ ਘਰ ਸਾਚੇ ਹੋ ਉਜਿਆਰਾ, ਠਾਂਡਾ ਦਰਬਾਰਾ ਆਪ
ਸੁਹਾਇਆ । ਵਿਸ਼ਨ ਬ੍ਰਹਮਾ ਸ਼ਿਵ ਕਰ ਪਿਆਰਾ, ਆਪਣੀ ਸਿਖਿਆ ਇਕ ਸਿਖਾਇਆ । ਸੋਹੰ ਸਚ ਸਚ ਜੈਕਾਰਾ, ਤੇਰਾ ਮੇਰਾ ਮੇਰਾ ਤੇਰਾ ਰੂਪ
ਧਰਾਇਆ । ਨਿਰਗੁਣ ਨਿਰਗੁਣ ਕਰੇ ਪਿਆਰਾ, ਨਿਰਗੁਣ ਨਿਰਗੁਣ ਮੇਲ ਮਿਲਾਇਆ । ਖੇਲੇ ਖੇਲ ਵਿਚ ਸੰਸਾਰਾ, ਤ੍ਰੈ ਤ੍ਰੈ ਲੇਖਾ ਇਕ ਬਣਾਇਆ ।
ਪੰਜ ਤੱਤ ਵਰਤੇ ਵਰਤਾਰਾ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਜੋੜ ਜੁੜਾਇਆ । ਲੱਖ ਚੁਰਾਸੀ ਭਰੇ ਭੰਡਾਰਾ, ਵਡ ਭੰਡਾਰੀ ਦਇਆ ਕਮਾਇਆ ।
ਏਕਾ ਨਾਮ ਬੋਲ ਜੈਕਾਰਾ, ਸ਼ਬਦ ਸ਼ਬਦੀ ਨਾਦ ਦਏ ਸੁਣਾਇਆ । ਨਿਸ਼ਅੱਖਰ ਕਰ ਵਿਚਾਰਾ, ਸਾਚਾ ਅੱਖਰ ਦਏ ਬਣਾਇਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਏਕਾ ਦਰ ਦਏ ਸਮਝਾਇਆ । ਦਰ ਦੁਆਰ ਹਰਿ ਸਮਝਾਇੰਦਾ, ਕਰ ਕਿਰਪਾ ਗੁਣ ਨਿਧਾਨ । ਵਿਸ਼ਨ ਤੇਰੀ ਸੇਵਾ ਲਾਇੰਦਾ, ਬ੍ਰਹਿਮੰਡ ਖੰਡ ਲੋਅ ਪੁਰੀ ਕਰ ਪਰਧਾਨ । ਬ੍ਰਹਮੇ ਤੇਰੀ ਵੰਡ ਵੰਡਾਇੰਦਾ, ਲੱਖ ਚੁਰਾਸੀ ਇਕ ਨਿਸ਼ਾਨ । ਪੰਜ ਤੱਤ ਭਾਂਡਾ ਆਪ ਘੜਾਇੰਦਾ, ਤ੍ਰੈਗੁਣ ਮਾਇਆ ਬੰਨ੍ਹੇ ਗਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਸ੍ਰੀ ਭਗਵਾਨ । ਸ੍ਰੀ ਭਗਵਾਨ ਖੇਲ ਖਿਲਾਇੰਦਾ, ਧੁਰਦਰਗਾਹੀ ਏਕੰਕਾਰ । ਲੱਖ ਚੁਰਾਸੀ ਰਚਨ ਰਚਾਇੰਦਾ, ਬ੍ਰਹਮਾ ਵੇਤਾ ਕਰ ਪਿਆਰ । ਆਪਣਾ ਹੁਕਮ ਆਪ ਜਣਾਇੰਦਾ, ਚਾਰੇ ਮੁਖ ਵੇਦ ਚਾਰ । ਚਾਰ ਜੁਗ ਵੰਡ ਵੰਡਾਇੰਦਾ, ਚਾਰੇ ਖਾਣੀ ਦਏ ਆਧਾਰ । ਚਾਰੇ ਬਾਣੀ ਭੇਵ ਖੁਲ੍ਹਾਇੰਦਾ, ਚਾਰ ਵਰਨਾਂ ਪਾਵੇ ਸਾਰ । ਚਾਰੋਂ ਕੁੰਟ ਵੇਖ ਵਖਾਇੰਦਾ, ਚਾਰ ਯਾਰੀ ਦਏ ਆਧਾਰ । ਅੰਤਮ ਸਿਖਿਆ ਇਕ ਸਮਝਾਇੰਦਾ, ਨੌਂ ਦੁਆਰੇ ਜਗਤ ਕਿਵਾੜ । ਨੌਂ ਖੰਡ ਪ੍ਰਿਥਮੀ ਵੰਡ ਵੰਡਾਇੰਦਾ, ਚਾਰ ਜੁਗ ਕਰੇ ਖੇਲ ਕਰਤਾਰ । ਨਵ ਨੌਂ ਗੇੜਾ ਆਪ ਦਵਾਇੰਦਾ, ਚਾਰ ਚਾਰ ਕਰੇ ਖ਼ਵਾਰ । ਰੂਪ ਅਨੂਪ ਆਪ ਦਰਸਾਇੰਦਾ, ਵਿਸ਼ਨ ਬ੍ਰਹਮਾ ਸ਼ਿਵ ਕਰ ਪਿਆਰ । ਨਿਰਗੁਣ ਸਰਗੁਣ ਧਾਰ ਵਖਾਇੰਦਾ, ਭਗਤ ਭਗਵੰਤ ਕਰ ਉਜਿਆਰ । ਸਾਧ ਸੰਤ ਮੇਲ ਮਿਲਾਇੰਦਾ, ਏਕਾ ਬਖ਼ਸ਼ੇ ਚਰਨ ਪਿਆਰ । ਗੁਰਮੁਖ ਗੁਰ ਗੁਰ ਰੰਗ ਰੰਗਾਇੰਦਾ, ਗੁਰਸਿਖ ਮੇਲੇ ਸਾਚੇ ਦਰਬਾਰ । ਗੁਰ ਪੀਰ ਰੂਪ ਵਟਾਇੰਦਾ, ਰੂਪ ਅਨੂਪ ਸੱਚੀ ਸਰਕਾਰ । ਜਗਤ ਗੇੜਾ ਆਪ ਚਲਾਇੰਦਾ, ਆਪੇ ਗੇੜੇ ਗੇੜਨਹਾਰ । ਜਗਤ ਖੇੜਾ ਆਪ ਵਸਾਇੰਦਾ, ਚੌਦਾਂ ਲੋਕ ਵੇਖ ਵਿਚਾਰ । ਚਾਰ ਜੁਗ ਵੰਡ ਵੰਡਾਇੰਦਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਦਏ ਆਧਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਦੇਵੇ ਵਰ, ਵਿਸ਼ਨ ਬ੍ਰਹਮਾ ਸ਼ਿਵ ਰਹਿਣਾ ਖ਼ਬਰਦਾਰ । ਵਿਸ਼ਨ ਬ੍ਰਹਮੇ ਸ਼ਿਵ ਜਣਾਇਆ, ਧੁਰ ਫ਼ਰਮਾਨਾ ਹਰਿ ਰਘੁਰਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਸੇਵਾ ਲਾਇਆ, ਸੇਵਾਦਾਰ ਭੁਲ ਨਾ ਜਾਈਆ । ਗੁਰ ਪੀਰ ਅਵਤਾਰ ਸਾਧ ਸੰਤ ਭਗਤ ਭਗਵੰਤ ਜੁਗਾ ਜੁਗੰਤਰ ਵੇਸ ਵਟਾਇਆ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਰੰਗ ਰੰਗਾਈਆ । ਲੋਕਮਾਤ ਬਹੁ ਬਿਧ ਭਾਂਤ ਪੁਰਖ ਅਕਾਲ ਦੀਨ ਦਿਆਲ ਆਪਣਾ ਨਾਉਂ ਲਏ ਜਪਾਇਆ, ਸਾਚਾ ਭੇਵ ਨਾ ਕਿਸੇ ਖੁਲ੍ਹਾਈਆ । ਬੇਅੰਤ ਬੇਅੰਤ ਬੇਅੰਤ ਰਸਨਾ ਕਹਿ ਕਹਿ ਜਸ ਗਾਇਆ, ਆਤਮ ਅੰਤਰ ਧਿਆਨ ਲਗਾਈਆ । ਲੱਖ ਚੁਰਾਸੀ ਜੂਨ ਵਿਸ਼ਨੂੰ ਤੇਰਾ ਰੂਪ ਧਰਾਇਆ, ਘਟ ਘਟ ਤੇਰੀ ਵੰਡ ਵੰਡਾਈਆ । ਬ੍ਰਹਮੇ ਤੇਰਾ ਬ੍ਰਹਮ ਦਰਸਾਇਆ, ਆਤਮ ਜੋਤੀ ਨੂਰ ਰੁਸ਼ਨਾਈਆ । ਪੰਜ ਤੱਤ ਸ਼ੰਕਰ ਬੰਦ ਕਰਾਇਆ, ਜੇਰਜ ਅੰਡਜ ਉਤਭੁਜ ਸੇਤਜ ਆਪ ਸਮਾਈਆ । ਆਪਣੀ ਵੰਡ ਆਪਣੇ ਹੱਥ ਰਖਾਇਆ, ਆਦਿ ਪੁਰਖ ਅਬਿਨਾਸ਼ਾ ਵਿਸ਼ਨ ਬ੍ਰਹਮਾ ਸ਼ਿਵ ਕਰੇ ਤਮਾਸ਼ਾ, ਤ੍ਰੈਗੁਣ ਮੰਡਲ ਰਾਸ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਦਏ ਖੁਲ੍ਹਾਈਆ । ਹਰਿ ਸਾਚਾ ਭੇਵ ਖੁਲ੍ਹਾਇੰਦਾ, ਸ਼ਬਦ ਅਨਾਦੀ ਬੋਲ । ਵਿਸ਼ਨੂੰ ਸੀਸ ਝੁਕਾਇੰਦਾ, ਪੁਰਖ ਅਬਿਨਾਸ਼ੀ ਕਵਣ ਕੰਡੇ ਤੋਲੇ ਤੋਲ । ਬ੍ਰਹਮਾ ਏਕਾ ਮੰਗ ਮੰਗਾਇੰਦਾ, ਕਵਣ ਰੂਪ ਬਖ਼ਸ਼ੇਂ ਨਾਭ ਕਵਲ । ਸ਼ੰਕਰ ਰੋ ਰੋ ਨੀਰ ਵਹਾਇੰਦਾ, ਕਵਣ ਰੂਪ ਵਡਿਆਈ ਦੇਵੇਂ ਉਪਰ ਧਵਲ । ਪੁਰਖ ਅਬਿਨਾਸ਼ੀ ਆਪ ਸੁਣਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਏਕਾ ਹਰਿ, ਜੋਤ ਸਰੂਪੀ ਆਪੇ ਮਵਲ । ਨਵ ਨੌਂ ਬੇੜਾ ਪਾਰ ਕਰੌਣਾ, ਚਾਰ ਜੁਗ ਰਹਿਣ ਨਾ ਪਾਈਆ । ਗੁਰ ਪੀਰ ਅਵਤਾਰ ਸਾਧ ਸੰਤ

ਸਭ ਰਾਹ ਤਕੌਣਾ, ਪੁਰਖ ਅਕਾਲ ਧਿਆਨ ਲਗਾਈਆ । ਕਲਜੁਗ ਵੇਲਾ ਅੰਤ ਸੁਹੌਣਾ, ਨਿਰਗੁਣ ਨਿਰਗੁਣ ਜੋਤ ਕਰੇ ਰੁਸ਼ਨਾਈਆ । ਨਿਹਕਲੰਕ ਨਾਉਂ ਰਖੌਣਾ, ਵਿਸ਼ਨੂੰ ਭੁਲ ਕਦੇ ਨਾ ਜਾਈਆ । ਤੇਰਾ ਮੇਲਾ ਮੇਲ ਮਿਲੌਣਾ, ਤੇਰੀ ਰਚਨਾ ਆਪ ਵਖਾਈਆ । ਬ੍ਰਹਮੇ ਪਾਰਬ੍ਰਹਮ ਦਰਸ ਕਰੌਣਾ, ਬ੍ਰਹਮ ਮੇਲਾ ਸਹਿਜ ਸੁਭਾਈਆ । ਸ਼ੰਕਰ ਤੇਰਾ ਭਾਰ ਉਠੌਣਾ, ਜਗਤ ਜਗਦੀਸ਼ ਵਡੀ ਵਡਿਆਈਆ । ਤਿੰਨਾਂ ਵਿਚੋਲਾ ਆਪ ਅਖਵੌਣਾ, ਅੰਤ ਖੇਲ ਕਰੇ ਬੇਪਰਵਾਹੀਆ । ਆਪਣਾ ਨਾਉਂ ਫੇਰ ਪਰਗਟੌਣਾ, ਸਤਿ ਜੈਕਾਰਾ ਏਕਾ ਲਾਈਆ । ਸੋਹੰ ਢੋਲਾ ਹਰਿ ਜੂ ਹਰਿ ਹਰਿ ਆਪੇ ਗੌਣਾ, ਦੂਸਰ ਕੋਇ ਨਾ ਦਏ ਵਡਿਆਈਆ । ਸ਼ੰਕਰ ਤੇਰਾ ਪੰਧ ਮੁਕੌਣਾ, ਅੰਤ ਅੰਤ ਜੋਤ ਮਿਲਾਈਆ । ਬ੍ਰਹਮੇ ਬ੍ਰਹਮ ਲੋਕ ਤਜੌਣਾ, ਪਾਰਬ੍ਰਹਮ ਮੇਲਾ ਸਹਿਜ ਸੁਭਾਈਆ । ਵਿਸ਼ਨੂੰ ਉਂਗਲੀ ਲਾ ਲਾ ਨਾਲ ਫਿਰੌਣਾ, ਦਿਸ ਕਿਸੇ ਨਾ ਆਈਆ । ਭਗਵਾਨ ਭਗਵਨ ਆਪਣੀ ਜੋਤ ਜਗੌਣਾ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਏਕਾ ਡੰਕਾ ਸ਼ਬਦ ਵਜੌਣਾ, ਬ੍ਰਹਿਮੰਡ ਖੰਡ ਗਗਨ ਪਾਤਾਲ ਪ੍ਰਿਥਮੀ ਆਕਾਸ਼ ਸੁਣੇ ਸਰਬ ਲੋਕਾਈਆ । ਤਿੰਨਾਂ ਉਠ ਉਠ ਰਾਹ ਤਕੌਣਾ, ਪ੍ਰਭ ਸਾਚਾ ਜਾਗ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਉਂ ਦਏ ਸਮਝਾਈਆ । ਆਪਣਾ ਨਾਉਂ ਹਰਿ ਸਮਝਾਏ, ਵੇਲਾ ਅੰਤਮ ਆਪ ਦਰਸਾਇੰਦਾ । ਸੋਹੰ ਸ਼ਬਦ ਹਰਿ ਸਾਚਾ ਉਪਜਾਏ, ਨਾ ਕੋਈ ਮੇਟ ਮਿਟਾਇੰਦਾ । ਸੋਹੰ ਰੂਪ ਨਿਰਗੁਣ ਸਰਗੁਣ ਖੇਲ ਖਿਲਾਏ, ਆਦਿ ਜੁਗਾਦਿ ਆਪਣੀ ਰਚਨਾ ਆਪ ਰਚਾਇੰਦਾ । ਮਹਾਰਾਜ ਨਿਰਗੁਣ ਆਪਣਾ ਖ਼ਤਾਬ ਵਡਿਆਏ, ਸ਼ੇਰ ਸਿੰਘ ਸਰਗੁਣ ਵੇਸ ਵਟਾਇੰਦਾ । ਅੰਤਮ ਖ਼ਾਕੀ ਖ਼ਾਕ ਸਮਾਏ, ਵਿਸ਼ਨੂੰ ਤੇਰਾ ਮੇਲਾ ਮੇਲ ਮਿਲਾਏ, ਆਪਣੀ ਧਾਰਾ ਆਪ ਚਲਾਇੰਦਾ । ਵਿਸ਼ਨੂੰ ਰੂਪ ਸਾਕਾਰ ਹਰਿ ਰਘੁਰਾਏ, ਭਗਵਨ ਭਗਵਾਨ ਜੋਤੀ ਜੋਤ ਰੁਸ਼ਨਾਏ, ਰੂਪ ਰੇਖ ਨਾ ਕੋਇ ਵਖਾਇੰਦਾ । ਤਿੰਨਾਂ ਲੋਕਾਂ ਤਿੰਨਾਂ ਧਾਰਾ ਤਿੰਨਾਂ ਸਿਕਦਾਰਾ ਇਕ ਵਖਾਏ, ਵਿਸ਼ਨ ਬ੍ਰਹਮਾ ਸ਼ਿਵ ਸੀਸ ਹੱਥ ਟਿਕਾਇੰਦਾ । ਆਪਣਾ ਨਾਅਰਾ ਆਪ ਸੁਣਾਏ, ਵੇਦ ਕਤੇਬ ਭੇਵ ਨਾ ਪਾਇੰਦਾ । ਕੋਟਨ ਕੋਟ ਅਵਤਾਰ ਦਰ ਦੁਆਰ ਬੈਠੇ ਸੀਸ ਝੁਕਾਏ, ਨਿਉਂ ਨਿਉਂ ਚਰਨ ਧਿਆਨ ਸਰਬ ਲਗਾਇੰਦਾ । ਕੋਟਨ ਕੋਟ ਗੁਰੂ ਗੁਰ ਮੰਗਣ ਭਿਛਿਆ ਜਾਏ, ਪੁਰਖ ਅਬਿਨਾਸ਼ੀ ਵਡ ਭੰਡਾਰੀ ਆਪ ਵਰਤਾਇੰਦਾ । ਕੋਟਨ ਕੋਟ ਸਾਧ ਸੰਤ ਰਹੇ ਬਿਲਲਾਏ, ਨੇਤਰ ਨੀਰ ਸਰਬ ਵਹਾਇੰਦਾ । ਕੋਟਨ ਕੋਟ ਭਗਤ ਭਗਵੰਤ ਰਾਹ ਤੱਕਣ ਜਾਏ, ਅੱਧਵਿਚਕਾਰ ਸਰਬ ਡੁਬਾਇੰਦਾ । ਕੋਟਨ ਕੋਟ ਈਸਾ ਮੂਸਾ ਸੰਗ ਮੁਹੰਮਦ ਖ਼ਾਕੀ ਖ਼ਾਕ ਰਮਾਏ, ਖ਼ਾਲਕ ਨਜ਼ਰ ਕਿਸੇ ਨਾ ਆਇੰਦਾ । ਕੋਟਨ ਕੋਟ ਜੁਗ ਬੀਤੇ ਕਾਲ, ਕੋਟਨ ਕੋਟ ਬ੍ਰਹਮਾ ਸ਼ਿਵ ਵਿਸ਼ਨ ਬਣੇ ਕੰਗਾਲ, ਕੋਟਨ ਕੋਟ ਭਰਮ ਭੁਲਾਇੰਦਾ । ਕਲਜੁਗ ਅੰਤਮ ਪ੍ਰਗਟ ਆਪ ਹੋਏ ਦੀਨ ਦਿਆਲ, ਮੰਗਣ ਦਰ ਕਿਸੇ ਨਾ ਜਾਇੰਦਾ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਬ੍ਰਹਮਾ ਵਿਸ਼ਨ ਸ਼ਿਵ ਅਵਤਾਰ ਗੁਰ ਪੀਰ ਪੈਗ਼ੰਬਰ ਸਾਧ ਸੰਤ ਔਲੀਏ ਪੀਰ ਸ਼ੇਖ਼ ਕਰਦਾ ਆਇਆ ਪ੍ਰਿਤਪਾਲ, ਪ੍ਰਿਤਪਾਲਕ ਆਪਣਾ ਨਾਉਂ ਰਖਾਇੰਦਾ । ਕਲਜੁਗ ਅੰਤਮ ਅੰਤ ਸ੍ਰੀ ਭਗਵੰਤ ਨਰ ਨਰਾਇਣ ਸਾਚਾ ਕੰਤ ਬਣ ਕੇ ਆਇਆ ਏਕਾ ਮੰਗਤ, ਲੱਖ ਚੁਰਸੀ ਵਿਚੋਂ ਲੱਭੀ ਮੁਠੀ ਸੰਗਤ, ਦੂਸਰ ਦਿਸ ਕਿਸੇ ਨਾ ਆਇੰਦਾ । ਵਿਸ਼ਨੂੰ ਤੇਰਾ ਭੰਡਾਰਾ ਗੁਰਸਿਖ ਦੁਆਰਾ ਨੌਂ ਦੁਆਰ ਚੜ੍ਹੀ ਰੰਗਤ, ਤ੍ਰਿਸ਼ਨਾ ਭੁੱਖ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਰ ਨਰਾਇਣ ਆਪਣੀ ਖੇਲ ਖਿਲਾਇੰਦਾ । ਅੰਤਮ ਖੇਲ ਖਿਲਾਵਣਹਾਰਾ, ਖ਼ਾਲਕ ਖ਼ਲਕ ਰੂਪ

ਵਟਾਈਆ । ਵਿਸ਼ਨ ਭੰਡਾਰਾ ਦੇਵਣਹਾਰਾ, ਵਿਸ਼ਵ ਰੂਪ ਧਰਾਈਆ । ਬ੍ਰਹਮੇ ਬ੍ਰਹਮ ਉਪਜਾਵਣਹਾਰਾ, ਬ੍ਰਹਮ ਆਪਣੇ ਲੇਖੇ ਪਾਈਆ । ਸ਼ੰਕਰ ਜਗਤ ਸੰਘਾਰਨਹਾਰਾ, ਸ਼ੰਕਰ ਸੰਸਾ ਦਏ ਚੁਕਾਈਆ । ਤਿੰਨਾਂ ਵਿਚੋਲਾ ਬਣ ਨਿਰੰਕਾਰਾ, ਪਿਛਲਾ ਲੇਖਾ ਦਏ ਮੁਕਾਈਆ । ਅੱਗੇ ਕਰੇ ਆਪਣੀ ਕਾਰਾ, ਪ੍ਰਭ ਪੂਰੇ ਹੱਥ ਵਡਿਆਈਆ । ਥਿਰ ਨਾ ਰਹੇ ਕੋਈ ਦਰਬਾਰਾ, ਜੋ ਉਪਜੇ ਸੋ ਬਿਨਸਾਈਆ । ਕਲਜੁਗ ਮੇਟੇ ਧੁਆਂਧਾਰਾ, ਰੈਣ ਅੰਧੇਰੀ ਰਹੇ ਨਾ ਛਾਹੀਆ । ਸਤਿਜੁਗ ਵਰਤੇ ਸਚ ਵਰਤਾਰਾ, ਸਤਿਗੁਰ ਪੂਰਾ ਦਏ ਵਰਤਾਈਆ । ਕਾਗਦ ਕ਼ਲਮ ਨਾ ਲਿਖਣਹਾਰਾ, ਗੁਰ ਸ਼ਬਦ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮਾ ਸ਼ਿਵ ਤੇਰਾ ਲਹਿਣਾ ਲਹਿਣੇ ਪਾਈਆ । ਤਿੰਨਾਂ ਲਹਿਣਾ ਲਹਿਣੇ ਪੈਣਾ, ਲਹਿਣੇਦਾਰ ਆਪ ਹੋ ਜਾਇੰਦਾ । ਆਪਣੇ ਘਰ ਆਪੇ ਬਹਿਣਾ, ਸਚਖੰਡ ਦੁਆਰਾ ਆਪ ਸੁਹਾਇੰਦਾ । ਤਿੰਨਾਂ ਲੋਚਣ ਏਕਾ ਨੈਣਾ, ਨੈਨਣ ਨੈਣ ਆਪ ਖੁਲ੍ਹਾਇੰਦਾ । ਤਿੰਨਾਂ ਮੇਲਾ ਸਾਚੇ ਸੈਣਾ, ਸਾਕ ਸੱਜਣ ਦਇਆ ਕਮਾਇੰਦਾ । ਤਿੰਨਾਂ ਮੰਨਿਆ ਏਕਾ ਕਹਿਣਾ, ਏਕਾ ਹੁਕਮ ਸੁਣਾਇੰਦਾ । ਸੋਹੰ ਸ਼ਬਦ ਹਰਿ ਕਾ ਰੂਪ ਆਦਿ ਜੁਗਾਦਿ ਬ੍ਰਹਮ ਬ੍ਰਹਿਮਾਦ ਲੋਕ ਪਰਲੋਕ ਬ੍ਰਹਮਾ ਵਿਸ਼ਨ ਸ਼ਿਵ ਕਰੋੜ ਤਤੀਸ ਸੁਰਪਤ ਰਾਜਾ ਇੰਦ ਗਣ ਗੰਧਰਬ ਲੱਖ ਚੁਰਾਸੀ ਭੂਤ ਪ੍ਰੇਤ ਸਭ ਨੇ ਕਹਿਣਾ, ਹਰਿ ਸਾਚਾ ਦਏ ਜਣਾਈਆ । ਰਾਏ ਧਰਮ ਉਠ ਉਠ ਰਸਨਾ ਕੂਕ ਰਾਹ ਤੱਕੇ ਹਰਿ ਸਾਚੇ ਸੱਜਣ ਸੈਣਾ, ਚਾਰ ਕੁੰਟ ਧਿਆਨ ਲਗਾਈਆ । ਲਾੜੀ ਮੌਤ ਉਠੇ ਡੈਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮਾ ਵਿਸ਼ਨ ਸ਼ਿਵ ਤੇਰਾ ਪੂਰਾ ਕਰੇ ਵਰ, ਕੀਤਾ ਕੌਲ ਭੁਲ ਨਾ ਜਾਈਆ । ਕੀਤਾ ਕੌਲ ਨਿਭਾਵਣ ਆਇਆ, ਆਦਿ ਪੁਰਖ ਵਡ ਵਡਿਆਈਆ । ਕਲਜੁਗ ਅੰਤਮ ਵੇਸ ਵਟਾਇਆ, ਨਿਹਕਲੰਕ ਸਾਚਾ ਮਾਹੀਆ । ਰੂਪ ਰੰਗ ਨਾ ਰੇਖ ਬਣਾਇਆ, ਪੰਜ ਤੱਤ ਨਾ ਕੋਇ ਦਸਾਈਆ । ਔਂਦਾ ਜਾਂਦਾ ਦਿਸ ਨਾ ਆਇਆ, ਫਿਰ ਫਿਰ ਥੱਕੇ ਪਾਂਧੀ ਰਾਹੀਆ । ਸ਼ਰਅ ਮਜ਼੍ਹਬ ਨਾ ਕਿਸੇ ਬੰਦ ਕਰਾਇਆ, ਚਾਰ ਵਰਨ ਅਠਾਰਾਂ ਬਰਨ ਨਾਤਾ ਜੋੜ ਨਾ ਕੋਇ ਵਖਾਈਆ । ਆਪਣੀ ਕਰਨੀ ਕਰਤਾ ਆਪੇ ਕਰਨ ਆਇਆ, ਕਲਜੁਗ ਕਾਲ ਸੰਗ ਰਲਾਈਆ । ਦੀਨ ਦਿਆਲ ਸਾਚੀ ਤਰਨੀ ਆਪੇ ਤਰਨ ਆਇਆ, ਗੁਰਮੁਖ ਸਾਚੇ ਲਏ ਤਰਾਈਆ । ਆਦਿ ਵਿਛੜੇ ਕਲਜੁਗ ਅੰਤ ਵਿਸ਼ਨ ਬ੍ਰਹਮਾ ਸ਼ਿਵ ਫੜਨ ਆਇਆ, ਜੋ ਸੇਵਕ ਸੇਵ ਲਗਾਈਆ । ਨਿਰਗੁਣ ਰੂਪ ਸਰਗੁਣ ਨਾਲ ਲੜਨ ਆਇਆ, ਨਿਰਵੈਰ ਭੇਵ ਨਾ ਰਾਈਆ । ਵਿਸ਼ਨ ਸ਼ਿਵ ਬ੍ਰਹਮਾ ਤੇਰੇ ਮੰਦਰ ਆਪੇ ਚੜ੍ਹਨ ਆਇਆ, ਆਪਣਾ ਪੌੜਾ ਆਪੇ ਲਾਈਆ । ਗੁਰਸਿਖਾਂ ਦੁਆਰੇ ਖੜ੍ਹਨ ਆਇਆ, ਖ਼ਾਲਕ ਆਪਣਾ ਰੂਪ ਵਟਾਈਆ । ਗੁਰਸਿਖਾਂ ਦਾ ਨਾਉਂ ਆਪ ਪੜ੍ਹਨ ਆਇਆ, ਆਪਣਾ ਨਾਉਂ ਗੁਰਸਿਖਾਂ ਅੰਦਰ ਆਪ ਟਿਕਾਈਆ । ਗੁਰਸਿਖਾਂ ਮਸਤਕ ਮੇਖ ਜੜਨ ਆਇਆ, ਬਿਧਨਾ ਰੇਖ ਦਏ ਮਿਟਾਈਆ । ਗੁਰਸਿਖਾਂ ਦੀ ਤਰਨੀ ਆਪ ਤਰਨ ਆਇਆ, ਰਾਤੀਂ ਸੁਤਿਆਂ ਸੇਵ ਕਮਾਈਆ । ਗੁਰਸਿਖਾਂ ਦੀ ਚਰਨੀ ਆਪ ਪੜ੍ਹਨ ਆਇਆ, ਆਪਣੇ ਚਰਨ ਅਗਨੀ ਵਿਚ ਜਲਾਈਆ । ਕਰਤਾ ਪੁਰਖ ਆਪਣੀ ਕਰਨੀ ਕਰਨ ਆਇਆ, ਕਰ ਕਰ ਕੇ ਸੱਚੀ ਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਨਾ ਮਰੇ ਨਾ ਜਾਈਆ ।

## ★ ਬਿਸ਼ਨ ਦਾਸ ਜਲੰਧਰ ਵਾਲੇ ਦੇ ਨਵਿਤ ★

ਬਿਸ਼ਨ ਦਾਸ ਸੰਗ ਵਿਸ਼ਨ ਸਮਾਇਆ । ਸ੍ਰੀ ਭਗਵਾਨ ਸਿਰ ਹੱਥ ਰਖਾਇਆ । ਆਵਣ ਜਾਵਣ ਗੇੜ ਕਟਾਇਆ । ਰਾਏ ਧਰਮ ਨਾ ਦਈ ਸਜ਼ਾਇਆ । ਚਿਤਰ ਗੁਪਤ ਨਾ ਲੇਖ ਵਖਾਇਆ । ਲਾੜੀ ਮੌਤ ਨਾ ਅੰਤ ਪਰਨਾਇਆ । ਅੰਮ੍ਰਿਤ ਵੇਲਾ ਗੁਰ ਅਮਰ ਕਰਾਇਆ । ਮਨ ਕਾ ਮਣਕਾ ਪ੍ਰਭ ਆਪ ਫਿਰਾਇਆ । ਰਸਨਾ ਜਿਹਵਾ ਹਰਿ ਹਰਿ ਗਾਇਆ । ਨਰ ਨਰਾਇਣ ਹੋਏ ਸਹਾਈਆ । ਆਪ ਤਰਿਆ ਕੁਟੰਬ ਤਰਾਇਆ । ਮਾਤ ਪਿਤ ਕੁਖ ਸਫਲ ਕਰਾਇਆ । ਜਗਤ ਮਿਟਿਆ ਦੁੱਖ, ਘਰ ਸਾਚਾ ਪਾਇਆ । ਲੇਖੇ ਲੱਗਾ ਉਲਟਾ ਰੁੱਖ, ਮਾਣਸ ਦੇਵ ਦੇਵ ਨਿਹਕੇਵ ਆਪਣੇ ਵਿਚ ਮਿਲਾਇਆ । ਨਾ ਸੋਗ ਨਾ ਹਰਖ ਨਿਰਗੁਣ ਨਿਰਾਕਾਰ ਨਿਰਵੈਰ ਦਿਤਾ ਦਰਸ ਕਰ ਤਰਸ, ਪੂਰਬ ਲਹਿਣਾ ਝੋਲੀ ਪਾਇਆ । ਅੰਮ੍ਰਿਤ ਮੇਘ ਏਕਾ ਬਰਸ ਮਿਟਾਈ ਹਰਸ, ਸੰਸਾ ਰੋਗ ਚੁਕਾਇਆ । ਲੇਖਾ ਚੁਕਿਆ ਅਰਸ਼ ਫ਼ਰਸ਼, ਮੁਕਤੀ ਚਰਨਾਂ ਹੇਠ ਦਬਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਜੋਤ ਨਾ ਕੋਈ ਵਰਨ ਨਾ ਕੋਈ ਗੋਤ, ਜਨ ਭਗਤਾਂ ਕੱਢ ਕਾਇਆ ਖੋਟ, ਹਿਰਦੇ ਹਰਿ ਸੋਹੰ ਆਪਣਾ ਨਾਮ ਜਪਾਇਆ । ਬਿਸ਼ਨ ਦਾਸ ਸਚਖੰਡ ਨਵਾਸ, ਜੋਤੀ ਜੋਤ ਪਰਕਾਸ਼, ਪੂਰੀ ਹੋਈ ਆਸ, ਜਗਤ ਸਾਸ ਗਰਾਸ, ਖਾਣਾ ਪੀਣਾ ਔਣਾ ਜਾਣਾ ਰਹਿਣਾ ਬਹਿਣਾ ਸਿਰ ਭਾਣਾ ਸਹਿਣਾ, ਸਾਚਾ ਹੁਕਮ ਮਨਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤ੍ਰੈਗੁਣ ਪੇਟਾ ਪੰਜ ਤੱਤ ਤਾਣਾ, ਆਪਣੀ ਹੱਥੀਂ ਆਪਣਾ ਅੰਤਮ ਕਾਇਆ ਮਾਟੀ ਕੀਤਾ ਵਾਣ ਪੁਰਾਨਾ । ਸਾਥੀਆਂ ਛੱਡੇ ਸਾਥ, ਕੋਈ ਨਾ ਲੱਭਿਆ ਸਾਚਾ ਹਾਣਾ । ਪੁਰਖ ਅਬਿਨਾਸ਼ੀ ਆਪ ਸੁਣਾਈ ਆਪਣੀ ਗਾਥ, ਸੋਹੰ ਸ਼ਬਦ ਸਾਚਾ ਗਾਣਾ । ਅੰਤ ਮੁਕਾਈ ਜਗਤ ਵਾਟ, ਜਨਮ ਜਨਮ ਦਾ ਪੂਰਾ ਕਰਿਆ ਘਾਟ, ਪਲੰਘ ਰੰਗੀਲਾ ਛੈਲ ਛਬੀਲਾ ਲੈ ਕੇ ਆਇਆ ਤ੍ਰਿਲੋਕੀ ਨਾਥ, ਨਾਥ ਅਨਾਥਾਂ ਲਏ ਚੜ੍ਹਾਇਆ । ਅੰਤਮ ਕੀਤਾ ਆਪਣਾ ਹੀਲਾ, ਹਰਿ ਭਗਤ ਮਿਲਾਇਆ । ਗੁਰਸਿਖ ਕ਼ਬੀਲਾ, ਘਰ ਮੰਦਰ ਵੱਜੇ ਵਧਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਤ ਕੁਟੰਬ ਦੇਵੇ ਦਾਨ, ਪੁਤਰ ਧੀ ਭਾਈ ਭੈਣ ਸਾਕ ਸੱਜਣ ਨੇਤਰ ਨੀਰ ਨਾ ਕੋਇ ਵਹਾਇਆ ।

## ★ ੨੫ ਪੋਹ ੨੦੧੭ ਬਿਕਰਮੀ ਜੇਠੂਵਾਲ ਦਰਬਾਰ ਵਿਚ ★

ਇਕ ਸੱਤ ਜਾਏ ਬੀਤ, ਕੋਟਨ ਕੋਟ ਕਾਲ ਰਹਿਣ ਨਾ ਪਾਈਆ । ਪੁਰਖ ਅਕਾਲ ਚਲੇ ਆਪਣੀ ਰੀਤ, ਇਕ ਅਤੀਤ ਸੱਚਾ ਸ਼ਹਿਨਸ਼ਾਹੀਆ । ਸ਼ਬਦ ਅਗੰਮੀ ਬੋਲ ਗੀਤ, ਗੁਣ ਗੋਬਿੰਦ ਆਪ ਸੁਣਾਈਆ । ਨਿਰਗੁਣ ਨਿਰਵੈਰ ਹੋਏ ਠਾਂਡਾ ਸੀਤ, ਸੀਤਲ ਧਾਰ ਵਿਚ ਸਮਾਈਆ । ਆਦਿ ਜੁਗਾਦੀ ਪਤਤ ਪੁਨੀਤ, ਪਤਤ ਪਾਵਣ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੁਰਖ ਅਕਾਲ ਦੀਨ ਦਿਆਲ, ਆਪਣੀ ਕਾਰ ਆਪ ਕਰਾਈਆ । ਆਪਣੀ ਕਾਰ ਕਰਾਵਣ ਆਇਆ, ਇਕ ਸਤ ਪਾਰ ਕਰਾਇੰਦਾ । ਸਤਿ ਸਤਿਵਾਦੀ ਭੇਵ ਨਾ ਰਾਇਆ, ਰੂਪ ਅਨੂਪ ਨਾ ਕੋਇ ਦਰਸਾਇੰਦਾ । ਨਿਰਗੁਣ ਨਿਰਗੁਣ ਨਾਉਂ ਧਰਾਇਆ, ਨਿਰਵੈਰ ਆਪਣਾ ਬਲ ਰਖਾਇੰਦਾ । ਕੋਟਨ ਕੋਟ ਕਾਲ ਆਪਣੇ ਵਿਚ ਸਮਾਇਆ,

ਨੇਤਰ ਨੈਣ ਨਾ ਕੋਇ ਦਰਸਾਇੰਦਾ । ਅਲਖ ਅਗੋਚਰ ਅਗੰਮ ਅਗੰਮੜੀ ਖੇਲ ਖਿਲਾਇਆ, ਲੇਖਾ ਲੇਖ ਨਾ ਕੋਇ ਲਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੁਰਖ ਅਕਾਲ ਏਕਾ ਹਰਿ, ਹਰਿ ਆਪਣਾ ਵੇਸ ਵਟਾਇਆ । ਵੇਸ ਵਟਾਇਆ ਹਰਿ ਭਗਵਾਨ, ਮਹਿਮਾ ਅਕਥ ਕਥੀ ਨਾ ਜਾਈਆ । ਆਦਿ ਜੁਗਾਦੀ ਖੇਲ ਮਹਾਨ, ਜੁਗ ਕਰਤਾ ਆਪ ਕਰਾਈਆ । ਸਚ ਸਿੰਘਾਸਣ ਬੈਠ ਸ੍ਰੀ ਭਗਵਾਨ, ਅਗੰਮ ਅਥਾਹ ਕਰੇ ਖੇਲ ਬੇਪਰਵਾਹੀਆ । ਸ਼ਾਹੋ ਭੂਪ ਬਣ ਸੁਲਤਾਨ, ਸਚ ਸੁਲਤਾਨਾ ਸੱਚਾ ਸ਼ਹਿਨਸ਼ਾਹੀਆ । ਦੇਵਣਹਾਰਾ ਧੁਰ ਫ਼ਰਮਾਨ, ਜੁਗਾ ਜੁਗੰਤਰ ਹੁਕਮ ਚਲਾਈਆ । ਗੁਰ ਅਵਤਾਰ ਬਖ਼ਸ਼ੇ ਇਕ ਧਿਆਨ, ਦਰ ਦਰਬਾਨ ਇਕ ਦਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੁਰਖ ਅਕਾਲ ਏਕਾ ਹਰਿ, ਆਪਣੀ ਧਾਰ ਆਪ ਬੰਧਾਈਆ । ਸਾਚੀ ਧਾਰ ਬੰਧਾਇੰਦਾ, ਆਦਿ ਜੁਗਾਦੀ ਕਾਰ । ਨਵ ਨੌਂ ਚਾਰ ਗੇੜਾ ਆਪ ਦਵਾਇੰਦਾ, ਚਾਰ ਨੌਂ ਉਤਰੇ ਪਾਰ । ਰੂਪ ਅਨੂਪ ਆਪ ਧਰਾਇੰਦਾ, ਸਤਿ ਸਰੂਪ ਪਰਵਰਦਿਗਾਰ । ਚਾਰੇ ਕੂਟ ਵੇਖ ਵਖਾਇੰਦਾ, ਦਹਿ ਦਿਸ਼ਾ ਖੋਲ੍ਹ ਕਿਵਾੜ । ਏਕਾ ਚੋਟ ਨਗਾਰੇ ਲਾਇੰਦਾ, ਉਚੀ ਕੂਕ ਕਰ ਪੁਕਾਰ । ਨਿਰਗੁਣ ਜੋਤ ਆਪ ਜਗਾਇੰਦਾ, ਤਤਵ ਤੱਤ ਨਾ ਕੋਇ ਪਿਆਰ । ਆਪਣਾ ਘਾੜਨ ਆਪੇ ਵੇਖ ਵਖਾਇੰਦਾ, ਆਪੇ ਹੋਏ ਭੰਨਣਹਾਰ । ਆਪਣੇ ਰੰਗ ਆਪ ਸਮਾਇੰਦਾ, ਰੰਗ ਰੰਗੀਲਾ ਏਕੰਕਾਰ । ਏਕਾ ਸਤਿ ਆਪ ਉਪਾਇੰਦਾ, ਆਪੇ ਰੱਖੇ ਧੁਰ ਦਰਬਾਰ । ਆਪਣਾ ਹੁਕਮ ਆਪ ਜਣਾਇੰਦਾ । ਕਰੇ ਖੇਲ ਆਪ ਕਰਤਾਰ । ਕਲਜੁਗ ਆਪਣੀ ਵੰਡ ਵੰਡਾਇੰਦਾ, ਵੰਡਣਹਾਰ ਵਿਚ ਸੰਸਾਰ । ਲਹਿਣਾ ਦੇਣਾ ਝੋਲੀ ਪਾਇੰਦਾ, ਸਤਿਜੁਗ ਤ੍ਰੇਤਾ ਦੁਆਪਰ ਗਏ ਹਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਪੁਰਖ ਅਕਾਲ ਆਪਣਾ ਨਾਉਂ ਧਰਾਇੰਦਾ । ਪੁਰਖ ਅਕਾਲ ਨਾਉਂ ਕਰਤਾਰਾ, ਨਿਰਗੁਣ ਆਪਣੀ ਧਾਰ ਚਲਾਈਆ । ਕਰੇ ਖੇਲ ਅਪਰ ਅਪਾਰਾ, ਅਪਰੰਪਰ ਬੇਪਰਵਾਹੀਆ । ਜੀਵ ਜੰਤ ਨਾ ਪਾਵੇ ਸਾਰਾ, ਸਾਧ ਸੰਤ ਭੇਵ ਨਾ ਰਾਈਆ । ਗੁਰ ਅਵਤਾਰ ਬੇਅੰਤ ਬੇਅੰਤ ਬੇਅੰਤ ਕਹਿ ਗਏ ਵਿਚ ਸੰਸਾਰਾ, ਲੇਖਾ ਲੇਖ ਨਾ ਕੋਇ ਲਿਖਾਈਆ । ਆਪੇ ਜਾਣੇ ਆਪਣੀ ਕਾਰਾ, ਜੁਗ ਕਰਤਾ ਆਪ ਕਰਾਈਆ । ਕਲਜੁਗ ਅੰਤਮ ਲੈ ਅਵਤਾਰਾ, ਨਿਹਕਲੰਕਾ ਨਾਉਂ ਰਖਾਈਆ । ਜੋਤੀ ਨੂਰ ਨੂਰ ਉਜਿਆਰਾ, ਨੂਰ ਨੁਰਾਨਾ ਸੱਚਾ ਸ਼ਹਿਨਸ਼ਾਹੀਆ । ਸੁਤ ਰਲਾਇਆ ਸ਼ਬਦ ਦੁਲਾਰਾ, ਗੋਬਿੰਦ ਆਪਣੇ ਅੰਗ ਸਮਾਈਆ । ਅੰਮ੍ਰਿਤ ਪਿਆਇਆ ਠੰਡਾ ਠਾਰਾ, ਏਕਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੁਰਖ ਅਕਾਲ ਏਕਾ ਹਰਿ, ਦੂਸਰ ਅਵਰ ਨਾ ਕੋਇ ਜਣਾਈਆ । ਇਕ ਇਕੱਲਾ ਪੁਰਖ ਅਕਾਲਾ, ਆਪਣੀ ਖੇਲ ਖਿਲਾਇੰਦਾ । ਕਲਜੁਗ ਅੰਤਮ ਖੇਲ ਨਿਰਾਲਾ, ਵੇਦ ਕਤੇਬ ਭੇਵ ਨਾ ਆਇੰਦਾ । ਫਲ ਲਗਾਏ ਆਪਣਾ ਡਾਲਾ, ਫੁੱਲ ਫੁਲਵਾੜੀ ਵੇਖ ਵਖਾਇੰਦਾ । ਸਚਖੰਡ ਬੈਠ ਸੱਚੀ ਧਰਮਸਾਲਾ, ਦਰ ਘਰ ਸਾਚੇ ਸੋਭਾ ਪਾਇੰਦਾ । ਦਰ ਦੁਰਕਾਏ ਕਾਲ ਮਹਾਕਾਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੁਰਖ ਅਕਾਲ ਏਕਾ ਨਰ, ਨਰ ਨਰਾਇਣ ਆਪਣਾ ਨਾਉਂ ਧਰਾਇੰਦਾ । ਨਰ ਨਰਾਇਣ ਹਰਿ ਕਰਤਾਰਾ, ਕੁਦਰਤ ਕ਼ਾਦਰ ਵੇਖ ਵਖਾਈਆ । ਨੂਰੋ ਨੂਰ ਨੂਰ ਕਰ ਉਜਿਆਰਾ, ਨੂਰ ਨੁਰਾਨਾ ਡਗਮਗਾਈਆ । ਆਪੇ ਜਾਣੇ ਆਪਣੀ ਕਾਰਾ, ਕਰਤਾ ਪੁਰਖ ਆਪ ਕਮਾਈਆ । ਕਲਜੁਗ ਅੰਤਮ ਖੇਲ ਕਰੇ ਵਿਚ ਸੰਸਾਰਾ, ਦਿਸ ਕਿਸੇ ਨਾ ਆਈਆ । ਇਕ ਸੱਤ ਉਤਰੇ ਪਾਰ ਕਿਨਾਰਾ, ਮੰਝਧਾਰ ਨਾ ਕੋਇ ਵਖਾਈਆ । ਸੰਮਤ ਸੰਮਤੀ ਪਾਵੇ

ਸਾਰਾ, ਭੇਵ ਅਭੇਦਾ ਭੇਵ ਖੁਲ੍ਹਾਈਆ । ਲੇਖਾ ਜਾਣੇ ਥਿਤ ਵਾਰਾ, ਬਰਸ ਮਾਸ ਆਪਣੇ ਵਿਚ ਟਿਕਾਈਆ । ਵਦੀ ਸੁਦੀ ਨਾ ਕੋਇ ਧਾਰਾ, ਸੂਰਜ ਚੰਨ ਨੈਣ ਸ਼ਰਮਾਈਆ । ਕਲਜੁਗ ਅੰਤਮ ਖੇਲ ਨਿਆਰਾ, ਪੁਰਖ ਅਕਾਲ ਆਪ ਕਰਾਈਆ । ਗੋਬਿੰਦ ਮੇਲਾ ਸੁਤ ਦੁਲਾਰਾ, ਜਗਤ ਵਿਛੋੜਾ ਨਾ ਕੋਇ ਵਖਾਈਆ । ਇਕ ਸੱਤ ਕਰੇ ਪਿਆਰਾ, ਸੰਮਤ ਸਤਾਰਾਂ ਦਏ ਗਵਾਹੀਆ । ਸਾਲ ਸਤਾਰਾਂ ਪਾਰ ਕਿਨਾਰਾ, ਸਤਿ ਸਤਿਵਾਦੀ ਆਪ ਵਖਾਈਆ । ਛੱਬੀ ਪੋਹ ਦਿਵਸ ਦਿਹਾੜਾ, ਲੋਕਮਾਤ ਵੇਖ ਵਖਾਈਆ । ਏਕੰਕਾਰਾ ਆਵੇ ਸਾਚਾ ਲਾੜਾ, ਛੈਲ ਛਬੀਲਾ ਸਾਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਈਆ । ਹਰਿ ਹਰਿ ਭੇਵ ਜਣਾਇੰਦਾ, ਸ਼ਬਦ ਨਿਸ਼ਅੱਖਰ ਬੋਲ । ਚਾਰ ਜੁਗ ਚਾਰ ਵਰਨ ਚਾਰ ਵੇਦ ਚਾਰ ਬਾਣੀ ਚਾਰ ਖਾਣੀ ਆਪਣੇ ਵਿਚ ਛੁਪਾਇੰਦਾ, ਦੂਸਰ ਤੋਲੇ ਨਾ ਕੋਇ ਤੋਲ । ਅਗੰਮ ਅਗੰਮੜਾ ਸ਼ਬਦ ਨਗਾਰਾ ਏਕਾ ਢੋਲ ਵਜਾਇੰਦਾ, ਆਦਿ ਜੁਗਾਦੀ ਰੱਖੇ ਆਪਣੇ ਕੋਲ । ਚਾਰ ਯਾਰੀ ਚਾਰ ਕਹਾਰ ਚਾਰ ਚਾਰ ਮੂਲ ਮੁਕਾਇੰਦਾ, ਲੱਖ ਚੁਰਾਸੀ ਜੰਤ ਵਰੋਲ । ਪੰਚਮ ਪੰਚ ਮੁਖ ਸਾਲਾਹਿੰਦਾ, ਨਾਮ ਦੇਵੇ ਨਾਮ ਅਨਮੋਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੁਰਖ ਅਕਾਲ ਦੇਵੇ ਵਰ ਆਪਣੀ ਜੋਤ ਆਪੇ ਮੌਲ । ਦੇਵਣਹਾਰਾ ਵਰ ਕਰਤਾਰ, ਪੰਚ ਪਿਆਰੇ ਪੰਚ ਜਣਾਈਆ । ਛੱਬੀ ਪੋਹ ਚੁੱਕੇ ਡਰ, ਪੂਰਬ ਲਹਿਣਾ ਲੇਖੇ ਲਾਈਆ । ਆਪਣੀ ਕਿਰਪਾ ਦੇਵੇ ਕਰ, ਗੁਰਮੁਖ ਰੱਤੀ ਰੰਗ ਰੰਗਾਈਆ । ਆਪਣੇ ਸਿੰਘਾਸਣ ਪੁਰਖ ਅਬਿਨਾਸ਼ਣ ਆਪੇ ਚੜ੍ਹ, ਦੋ ਜਹਾਨਾਂ ਵੇਖ ਵਖਾਈਆ । ਗੁਰਸਿਖਾਂ ਲੜ ਲਏ ਫੜ, ਸ੍ਰਿਸ਼ਟ ਸਬਾਈ ਦਏ ਭੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਵਿਹਾਰਾ ਇਕ ਸਮਝਾਈਆ । ਛੱਬੀ ਪੋਹ ਵਿਹਾਰ ਕਰੌਣਾ, ਭੁਲ ਰਹੇ ਨਾ ਰਾਈਆ । ਪੰਜਾਂ ਪਿਆਰਿਆਂ ਹੁਕਮ ਸੁਣੌਣਾ, ਪੀਲੇ ਬਸਤਰ ਤਨ ਛੁਹਾਈਆ । ਕਮਰਕਸਾ ਇਕ ਕਰੌਣਾ, ਨੌਂ ਖੰਡ ਪ੍ਰਿਥਮੀ ਗੰਢ ਪਵਾਈਆ । ਗੁਰਸਿਖਾਂ ਰਤ ਬ੍ਰਹਮ ਮਤ ਏਕਾ ਤੱਤ ਆਪਣੇ ਮਸਤਕ ਲੌਣਾ, ਸੀਸ ਜਗਦੀਸ਼ ਵਡੀ ਵਡਿਆਈਆ । ਕਲਜੁਗ ਕੂੜ ਕੁਪੱਤ ਮਨਮੁਖਾਂ ਝੋਲੀ ਪੌਣਾ, ਚਾਰੋਂ ਕੁੰਟ ਕੁੰਟ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਸਗਨ ਆਪ ਮਨਾਈਆ । ਹਰਿ ਸਾਚੇ ਸਗਨ ਮਨਾਵਣਾ, ਥਿਤ ਵਾਰ ਨਾ ਕੋਇ ਵਿਚਾਰ । ਪੰਜਾਂ ਪਿਆਰਿਆਂ ਇਕ ਇਕ ਕਤਰਾ ਆਪਣਾ ਖ਼ੂਨ ਇਕ ਪਿਆਲੇ ਪਾਵਣਾ, ਦੂਜਾ ਦਰ ਨਾ ਕੋਇ ਸਹਾਰ । ਨੌਂ ਦਸ ਵਕ਼ਤ ਸੁਹਾਵਣਾ, ਪੁਰਖ ਅਬਿਨਾਸ਼ੀ ਲਏ ਵਿਚਾਰ । ਹੱਸ ਹੱਸ ਆਪਣੇ ਮਸਤਕ ਲਾਵਣਾ, ਲਾਲ ਗੁਲਾਲਾ ਰੰਗ ਚੜ੍ਹੇ ਅਪਾਰ । ਕਲਜੁਗ ਜੀਵ ਖ਼ਾਕੀ ਖ਼ਾਕ ਮਿਲਾਵਣਾ, ਅਸਵ ਹੋ ਆਪ ਅਸਵਾਰ । ਗੁਰਸਿਖ ਤੇਰੀ ਰਤ ਏਕਾ ਤੱਤ ਸਾਚਾ ਖੰਡਾ ਹੱਥ ਚਮਕਾਵਣਾ, ਜਗਤ ਜੁਗ ਝੱਲੇ ਨਾ ਕੋਇ ਵਾਰ । ਤੇਰੀ ਪਤ ਆਪਣੇ ਸੀਸ ਰਖਾਵਣਾ, ਆਪੇ ਨਿਉਂ ਨਿਉਂ ਕਰੇ ਨਿਮਸਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਪੂਰਬ ਲੇਖਾ ਰਿਹਾ ਵਿਚਾਰ । ਪੂਰਬ ਲੇਖਾ ਚੁਕਣਾ, ਪੁਰਖ ਅਕਾਲ ਚੁਕਾਏ । ਗੋਬਿੰਦ ਸੂਰਾ ਉਠਣਾ, ਆਪਣਾ ਲੇਖਾ ਆਪਣੇ ਲੇਖੇ ਲਏ ਲਗਾਏ । ਹਰਿ ਕਾ ਭਾਣਾ ਕਦੇ ਨਾ ਰੁਕਣਾ, ਨਾ ਕੋਈ ਮੇਟੇ ਮੇਟ ਮਿਟਾਏ । ਸਿੰਘ ਸ਼ੇਰ ਨੌਂ ਸੌ ਚਰਾਨਵੇਂ ਚੌਕੜੀ ਜੁਗ ਦਾ ਭੁੱਖਾ ਏਕਾ ਵਾਰ ਬੁੱਕਣਾ, ਕੋਟਨ ਕੋਟ ਬ੍ਰਹਿਮੰਡ ਆਪਣੇ ਮੁਖ ਵਿਚ ਪਾਏ । ਨੌਂ ਖੰਡ ਪ੍ਰਿਥਮੀ ਸੱਤ ਦੀਪ ਸ਼ਾਹ ਸੁਲਤਾਨਾਂ ਘਰ ਰਾਤੀਂ ਸੁਤਿਆਂ ਜਾ ਜਾ ਢੁਕਣਾ, ਗੁਰਮੁਖ ਜਾਂਞੀ ਨਾਲ ਰਲਾਏ । ਨੌਂ ਸੌ ਨੜਿਨਵੇ ਧਰਤ ਮਾਤ ਆਪਣੀ

ਗੋਦ ਸੁਹਾਏ ਕੁੱਖਨਾ, ਸੁਰਤ ਸੁਵਾਣੀ ਲਏ ਪਰਨਾਏ । ਗੁਰਸਿਖਾਂ ਭਾਰ ਆਪ ਚੁੱਕਣਾ, ਗੁਰਸਿਖ ਹੌਲੇ ਭਾਰ ਰਖਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਤਿਲਕ ਏਕਾ ਮਸਤਕ ਲਾਏ ।

## ★ ੨੯ ਪੋਹ ੨੦੧੭ ਬਿਕਰਮੀ ਜੇਠੂਵਾਲ ਦਰਬਾਰ ਵਿਚ ★

ਆਦਿ ਪੁਰਖ ਅਗੰਮ ਅਥਾਹ, ਬੇਅੰਤ ਸੱਚਾ ਸ਼ਹਿਨਸ਼ਾਹੀਆ । ਨਿਰਗੁਣ ਨਿਰਵੈਰ ਪੁਰਖ ਅਕਾਲ ਨਾਉਂ ਧਰਾ, ਅਜੂਨੀ ਰਹਿਤ ਖੇਲ ਖਿਲਾਈਆ । ਸੋ ਪੁਰਖ ਨਿਰੰਜਣ ਬੇਪਰਵਾਹ, ਹਰਿ ਪੁਰਖ ਨਿਰੰਜਣ ਰੂਪ ਵਟਾਈਆ । ਏਕੰਕਾਰਾ ਵੇਸ ਵਟਾ, ਆਦਿ ਨਿਰੰਜਣ ਨੂਰ ਰੁਸ਼ਨਾਈਆ । ਸ੍ਰੀ ਭਗਵਾਨ ਭੇਵ ਨਾ ਰਾ, ਅਬਿਨਾਸ਼ੀ ਕਰਤਾ ਧਾਰ ਚਲਾਈਆ । ਪਾਰਬ੍ਰਹਮ ਆਪ ਆਪਣਾ ਆਪ ਪ੍ਰਗਟਾ, ਅਲਖ ਅਲਖਣਾ ਖੇਲ ਖਿਲਾਈਆ । ਆਪਣੀ ਇਛਿਆ ਆਪ ਫੁਰਾ, ਆਪਣੀ ਬਣਤ ਆਪ ਬਣਾਈਆ । ਆਪਣਾ ਮੰਦਰ ਆਪ ਉਪਾ, ਸਚਖੰਡ ਦੁਆਰਾ ਨਾਉਂ ਧਰਾਈਆ । ਆਪਣੀ ਜੋਤ ਆਪ ਜਗਾ, ਨਿਰਗੁਣ ਨਿਰਾਕਾਰ ਕਰੇ ਰੁਸ਼ਨਾਈਆ । ਆਪਣਾ ਖੇਲ ਆਪ ਖਿਲਾ, ਵੇਖਣਹਾਰ ਆਪ ਹੋ ਜਾਈਆ । ਆਪਣਾ ਹੁਕਮ ਆਪ ਵਰਤਾ, ਆਪੇ ਉਚੀ ਕੂਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਆਪਣਾ ਨਾਉਂ ਰਖਾਈਆ । ਆਦਿ ਪੁਰਖ ਹਰਿ ਖੇਲ ਅਪਾਰਾ, ਇਕ ਇਕੱਲਾ ਆਪ ਕਰਾਇੰਦਾ । ਸੋ ਪੁਰਖ ਨਿਰੰਜਣ ਹੋ ਉਜਿਆਰਾ, ਹਰਿ ਪੁਰਖ ਨਿਰੰਜਣ ਮੇਲ ਮਿਲਾਇੰਦਾ । ਏਕੰਕਾਰਾ ਬਣ ਭਤਾਰਾ, ਆਦਿ ਨਿਰੰਜਣ ਜੋਤ ਪਰਨਾਇੰਦਾ । ਅਬਿਨਾਸ਼ੀ ਕਰਤਾ ਸਚ ਦੁਆਰਾ, ਸ੍ਰੀ ਭਗਵਾਨ ਆਪ ਸੁਹਾਇੰਦਾ । ਪਾਰਬ੍ਰਹਮ ਪ੍ਰਭ ਹੋ ਤਿਆਰਾ, ਸਚਖੰਡ ਦੁਆਰੇ ਆਸਣ ਲਾਇੰਦਾ । ਸਚ ਸਿੰਘਾਸਣ ਖੇਲ ਅਪਾਰਾ, ਨਿਰਾਕਾਰਾ ਆਪ ਕਰਾਇੰਦਾ । ਸ਼ਾਹੋ ਭੂਪ ਬਣ ਸਿਕਦਾਰਾ, ਸ਼ਾਹ ਸੁਲਤਾਨ ਨਾਉਂ ਧਰਾਇੰਦਾ । ਆਪਣੀ ਕਰਨੀ ਕਰੇ ਕਾਰਾ, ਕਰਤਾ ਪੁਰਖ ਖੇਲ ਖਿਲਾਇੰਦਾ । ਘਾੜਨ ਘੜੇ ਅਗੰਮ ਅਪਾਰਾ, ਦੂਸਰ ਸੰਗ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਧਾਰ ਆਪ ਬੰਧਾਇੰਦਾ । ਸਾਚੀ ਧਾਰ ਹਰਿ ਨਿਰੰਕਾਰ, ਆਦਿ ਪੁਰਖ ਆਪ ਬੰਧਾਈਆ । ਆਪਣੀ ਇਛਿਆ ਕਰ ਵਰਤਾਰ, ਆਪੇ ਵੇਖੇ ਸੱਚਾ ਸ਼ਹਿਨਸ਼ਾਹੀਆ । ਆਪਣੇ ਮੰਦਰ ਹੋ ਉਜਿਆਰ, ਨੂਰ ਨੁਰਾਨਾ ਡਗਮਗਾਈਆ । ਆਪਣੇ ਤਖ਼ਤ ਬੈਠ ਸੱਚੀ ਸਰਕਾਰ, ਰਾਜ ਰਾਜਾਨ ਆਪ ਅਖਵਾਈਆ । ਆਪਣਾ ਹੁਕਮ ਵਰਤੇ ਵਡ ਮਿਹਰਵਾਨ, ਇਕ ਇਕੱਲਾ ਏਕਾ ਮਾਰਗ ਆਪ ਲਗਾਈਆ । ਸਚ ਮਹੱਲਾ ਖੋਲ੍ਹ ਕਿਵਾੜ, ਸਚਖੰਡ ਦੁਆਰੇ ਦਏ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਰਚਨਾ ਆਪ ਰਚਾਈਆ । ਆਦਿ ਪੁਰਖ ਹਰਿ ਰਚਨਾ ਰਚ, ਆਪਣੀ ਖੇਲ ਆਪ ਖਿਲਾਇੰਦਾ । ਆਪਣਾ ਰੂਪ ਧਰਿਆ ਸੱਚ, ਦੂਸਰ ਰੂਪ ਨਾ ਕੋਇ ਵਖਾਇੰਦਾ । ਆਪਣੇ ਮੰਦਰ ਆਪੇ ਵਸ, ਆਪਣਾ ਸੰਗ ਆਪ ਨਿਭਾਇੰਦਾ । ਆਪਣਾ ਮਾਰਗ ਆਪੇ ਦੱਸ, ਆਪੇ ਰਾਹ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਪੁਰਖ ਅਬਿਨਾਸ਼ਾ ਆਪਣਾ ਵੇਖੇ ਆਪ ਤਮਾਸ਼ਾ, ਵੇਖਣਹਾਰ ਦਿਸ ਨਾ ਆਇੰਦਾ । ਆਦਿ ਪੁਰਖ ਹਰਿ ਬੇਅੰਤ, ਮਹਿਮਾ ਅਕਥ ਕਥੀ ਨਾ ਜਾਈਆ । ਸੋ ਪੁਰਖ ਨਿਰੰਜਣ ਖੇਲੇ ਖੇਲ ਨਾਰੀ ਕੰਤ,

ਹਰਿ ਪੁਰਖ ਨਿਰੰਜਣ ਸੇਜ ਸੁਹਾਈਆ । ਏਕੰਕਾਰਾ ਮੰਗੇ ਮੰਗਤ, ਆਦਿ ਨਿਰੰਜਣ ਝੋਲੀ ਡਾਹੀਆ । ਅਬਿਨਾਸ਼ੀ ਕਰਤਾ ਆਪ ਲਗਾਏ ਆਪਣੇ ਅੰਗਤ, ਸ੍ਰੀ ਭਗਵਾਨ ਮੇਲਾ ਸਹਿਜ ਸੁਭਾਈਆ । ਪਾਰਬ੍ਰਹਮ ਆਪੇ ਜਾਣੇ ਆਪਣੀ ਮੰਨਤ, ਦੂਸਰ ਇਸ਼ਟ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਪੁਰਖ ਅਵਤਾਰਾ, ਕਰੇ ਖੇਲ ਅਗੰਮ ਅਪਾਰਾ, ਜੋਤੀ ਨੂਰ ਨੂਰ ਉਜਿਆਰਾ, ਨੂਰ ਨੁਰਾਨਾ ਡਗਮਗਾਈਆ । ਆਦਿ ਪੁਰਖ ਪ੍ਰਭ ਹੋ ਤਿਆਰ, ਆਪਣੀ ਕਲ ਆਪ ਵਰਤਾਇੰਦਾ । ਸਚਖੰਡ ਦੁਆਰਾ ਖੋਲ੍ਹ ਕਿਵਾੜ, ਆਪਣੀ ਇਛਿਆ ਇਛਿਆ ਵਿਚ ਸਮਾਇੰਦਾ । ਸਾਚੇ ਤਖ਼ਤ ਬੈਠ ਹਰਿ ਨਿਰੰਕਾਰ, ਨਿਰਗੁਣ ਆਪਣਾ ਰੂਪ ਆਪ ਵਖਾਇੰਦਾ । ਆਪੇ ਹੋਏ ਵੇਖਣਹਾਰ, ਨੇਤਰ ਲੋਚਣ ਨੈਣ ਨਾ ਕੋਇ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਦਰ ਘਰ ਸਾਚੇ ਸੋਭਾ ਪਾਇੰਦਾ । ਦਰ ਘਰ ਸਚ ਸੁਹਾਇਆ, ਕਰ ਕਿਰਪਾ ਗੁਣ ਨਿਧਾਨ । ਨਿਰਗੁਣ ਆਪਣਾ ਆਸਣ ਲਾਇਆ, ਰੂਪ ਰੰਗ ਰੇਖ ਨਾ ਕੋਇ ਨਿਸ਼ਾਨ । ਜੋਤੀ ਜੋਤ ਜੋਤ ਡਗਮਗਾਇਆ, ਆਪੇ ਜਾਣੇ ਆਪਣੀ ਜਾਣ ਪਛਾਣ । ਸਾਚੇ ਤਖ਼ਤ ਆਪ ਸੁਹਾਇਆ, ਦੇਵਣਹਾਰਾ ਧੁਰ ਫ਼ਰਮਾਨ । ਆਪਣਾ ਰਾਗ ਆਪ ਅਲਾਇਆ, ਆਪੇ ਬੋਲ ਸਚ ਧੁਨਕਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪੇ ਰਿਹਾ ਸੁਣਾਇਆ । ਸਾਚਾ ਹੁਕਮ ਧੁਰ ਫ਼ਰਮਾਨਾ, ਤਖ਼ਤ ਨਿਵਾਸੀ ਆਪ ਸੁਣਾਇੰਦਾ । ਆਪੇ ਜਾਣੇ ਆਪਣਾ ਭਾਣਾ, ਆਪਣੇ ਭਾਣੇ ਸਦ ਸਮਾਇੰਦਾ । ਆਪਣਾ ਖੇਲ ਕਰੇ ਮਹਾਨਾ, ਖੇਲਣਹਾਰਾ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣਾ ਵੇਸ ਆਪ ਵਟਾਇੰਦਾ । ਵੇਸ ਅਵੱਲੜਾ ਏਕੰਕਾਰਾ, ਆਪਣਾ ਆਪ ਧਰਾਈਆ । ਆਪਣੀ ਬੰਨ੍ਹੇ ਆਪੇ ਧਾਰਾ, ਸਚਖੰਡ ਵੱਜੇ ਵਧਾਈਆ । ਕਰੇ ਖੇਲ ਅਪਰ ਅਪਾਰਾ, ਖੇਲਣਹਾਰਾ ਬੇਪਰਵਾਹੀਆ । ਰੂਪ ਅਨੂਪ ਸੱਚੀ ਸਰਕਾਰਾ, ਆਪਣਾ ਆਪ ਆਪ ਪ੍ਰਗਟਾਈਆ । ਆਪਣਾ ਚਰਨ ਵਖਾਏ ਥਿਰ ਘਰ ਦੁਆਰਾ, ਘਰ ਘਰ ਵਿਚ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਅੰਦਰ ਆਪੇ ਵੜ, ਆਪਣਾ ਰੂਪ ਆਪ ਪ੍ਰਗਟਾਈਆ । ਥਿਰ ਘਰ ਅੰਦਰ ਹਰਿ ਹਰਿ ਵੜਿਆ, ਲੇਖਾ ਲੇਖ ਨਾ ਕੋਇ ਜਣਾਇੰਦਾ । ਆਪਣੀ ਸੇਜਾ ਆਪੇ ਚੜ੍ਹਿਆ, ਨਾਰੀ ਕੰਤ ਰੂਪ ਵਟਾਇੰਦਾ । ਆਪਣਾ ਘਾੜਨ ਆਪੇ ਘੜਿਆ, ਘਾੜਨਹਾਰ ਨਾ ਕੋਇ ਅਖਵਾਇੰਦਾ । ਆਪਣੀ ਕਰਨੀ ਆਪੇ ਕਰਿਆ, ਕਰਨੀ ਕਿਰਤ ਆਪ ਕਮਾਇੰਦਾ । ਆਪਣੇ ਅੰਦਰ ਆਪਾ ਧਰਿਆ, ਆਪ ਆਪਣਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਸਾਚੇ ਆਪੇ ਵੜ, ਆਪਣਾ ਰੂਪ ਆਪ ਪ੍ਰਗਟਾਇੰਦਾ । ਥਿਰ ਘਰ ਹਰਿ ਹਰਿ ਆਦਿਨ ਅੰਤਾ, ਨਿਰਗੁਣ ਆਪਣੀ ਧਾਰ ਆਪ ਚਲਾਇੰਦਾ । ਖੇਲੇ ਖੇਲ ਅਬਿਨਾਸ਼ੀ ਕਰਤਾ, ਅਬਿਨਾਸ਼ੀ ਕਰਤਾ ਵੇਖ ਵਖਾਇੰਦਾ । ਆਪਣੀ ਕਰੇ ਪੂਰੀ ਆਸਾ, ਵਸਤ ਅਮੋਲਕ ਝੋਲੀ ਪਾਇੰਦਾ । ਆਪੇ ਹੋਏ ਦਾਸੀ ਦਾਸਾ, ਦਾਈ ਦਾਇਆ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਸਾਚੇ ਮੇਲ ਮਿਲਾਇੰਦਾ । ਥਿਰ ਘਰ ਸਾਚਾ ਹਰਿ ਸੁਹਾਇਆ, ਸੁਹਾਵਣਹਾਰ ਇਕ ਅਖਵਾਇੰਦਾ । ਸਰਗੁਣ ਅੰਦਰ ਨਿਰਗੁਣ ਆਪ ਟਿਕਾਇਆ, ਨਿਰਗੁਣ ਮਾਤ ਪਿਤ ਬਣ ਜਾਇੰਦਾ । ਨਿਰਗੁਣ ਦਾਈ ਦਾਇਆ ਨਾਉਂ ਧਰਾਇਆ, ਨਿਰਗੁਣ ਵੇਲਾ ਵਕਤ ਨਾ ਕੋਇ ਜਣਾਇੰਦਾ । ਨਿਰਗੁਣ ਅੰਦਰ ਨਿਰਗੁਣ

ਬਾਹਰ, ਨਿਰਗੁਣ ਗੁਪਤ ਨਿਰਗੁਣ ਜ਼ਾਹਰ, ਨਿਰਗੁਣ ਨਿਰਗੁਣ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚਖੰਡ ਦੁਆਰੇ ਆਪੇ ਖੜ, ਆਪਣਾ ਚਰਨ ਆਪ ਟਿਕਾਇੰਦਾ । ਸਾਚਾ ਚਰਨ ਸਚਖੰਡ, ਹਰਿ ਸਾਚਾ ਆਪ ਉਠਾਇੰਦਾ । ਥਿਰ ਘਰ ਵੰਡੇ ਤੇਰੀ ਵੰਡ, ਵੰਡਣਹਾਰਾ ਆਪ ਅਖਵਾਇੰਦਾ । ਆਪੇ ਜਾਣੇ ਆਪਣਾ ਪਰਮਾਨੰਦ, ਅਨੰਦ ਅਨੰਦ ਆਪਣਾ ਮੰਗਲ ਆਪੇ ਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਸਾਚੇ ਬਹਿ ਆਪਣਾ ਖੇਲ ਆਪ ਖਿਲਾਇੰਦਾ । ਹਰਿ ਸਾਚਾ ਖੇਲ ਖਿਲਾਇਆ, ਥਿਰ ਘਰ ਖੋਲ੍ਹ ਕਿਵਾੜ । ਨਾਰੀ ਕੰਤ ਆਪ ਅਖਵਾਇਆ, ਪੁਰਖ ਅਬਿਨਾਸ਼ੀ ਬੇਐਬ ਪਰਵਰਦਿਗਾਰ । ਸਾਚੀ ਸੇਜ ਆਪ ਸੁਹਾਇਆ, ਮੇਲ ਮਿਲਾਵਾ ਅਪਰ ਅਪਾਰ । ਜਨਣੀ ਜਨ ਆਪ ਬਣ ਜਾਇਆ, ਦਾਈ ਦਾਇਆ ਬਣ ਆਪ ਨਿਰੰਕਾਰ । ਸ਼ਬਦ ਦੁਲਾਰਾ ਏਕਾ ਜਾਇਆ, ਨਾਉਂ ਰਖਾਇਆ ਨਾਉਂ ਨਿਰੰਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਆਪਣੀ ਧਾਰ । ਮਾਤ ਪਿਤਾ ਆਪੇ ਬਣ, ਆਪਣੀ ਦਇਆ ਕਮਾਇੰਦਾ । ਆਪੇ ਹੋਏ ਜਨਨੀ ਜਨ, ਜਨ ਜਨਨੀ ਵੇਖ ਵਖਾਇੰਦਾ । ਆਪਣਾ ਬੇੜਾ ਆਪੇ ਬੰਨ੍ਹ, ਆਪਣੇ ਕੰਧ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਸਾਚੇ ਘਾੜਣ ਘੜ, ਘੜਣਹਾਰ ਆਪ ਹੋ ਜਾਇੰਦਾ । ਸਾਚਾ ਘਾੜਨ ਥਿਰ ਦੁਆਰੇ, ਹਰਿ ਸਾਚਾ ਸਚ ਘੜਾਇੰਦਾ । ਏਕਾ ਜਣਿਆ ਸੁਤ ਦੁਲਾਰੇ, ਪੂਤ ਸਪੂਤਾ ਨਾਉਂ ਰਖਾਇੰਦਾ । ਰੂਪ ਰੰਗ ਰੇਖ ਨਾ ਕੋਇ ਵਿਚਾਰੇ, ਜ਼ਾਤ ਪਾਤ ਨਾ ਕੋਇ ਬਣਾਇੰਦਾ । ਸ਼ਬਦ ਅਗੰਮੀ ਏਕਾ ਨਾਉਂ ਵਿਚਾਰੇ, ਦੂਸਰ ਧਾਰ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਏਕਾ ਹਰਿ, ਸੁਤ ਦੁਲਾਰਾ ਆਪੇ ਫੜ, ਆਪ ਆਪਣਾ ਮੇਲ ਮਿਲਾਇੰਦਾ । ਸੁਤ ਦੁਲਾਰ ਸ਼ਬਦ ਅਪਾਰ, ਥਿਰ ਘਰ ਦੁਆਰ ਸੁਹਾਈਆ । ਕਰੇ ਖੇਲ ਆਪ ਨਿਰੰਕਾਰ, ਨਿਰਵੈਰ ਨਾਉਂ ਧਰਾਈਆ । ਸੋ ਪੁਰਖ ਨਿਰੰਜਣ ਹੋ ਉਜਿਆਰ, ਹਰਿ ਪੁਰਖ ਨਿਰੰਜਣ ਦਏ ਸਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਨਿਰਗੁਣ ਦਏ ਸਮਝਾਈਆ । ਨਿਰਗੁਣ ਮਾਤ ਪਿਤ ਸੁਤ ਜਾਇਆ, ਸ਼ਬਦ ਸ਼ਬਦੀ ਕਰ ਪਿਆਰ । ਨਿਰਗੁਣ ਜਨਨੀ ਗੋਦ ਬਹਾਇਆ, ਨਿਰਗੁਣ ਵੇਖੇ ਵਿਗਸੇ ਕਰੇ ਵੀਚਾਰ । ਨਿਰਗੁਣ ਆਪਣਾ ਧੀਰ ਧਰਵਾਸ ਧਰਾਇਆ, ਨਿਰਗੁਣ ਨਿਰਗੁਣ ਕਰੇ ਸਚ ਵਿਹਾਰ । ਨਿਰਗੁਣ ਆਪ ਬਣਾਇਆ, ਆਪ ਆਪਾ ਉਤੋਂ ਵਾਰ । ਨਿਰਗੁਣ ਜਗਤ ਜਗਦੀਸ਼ ਅਖਵਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਆਪਣੀ ਕਾਰ । ਸੁਤ ਦੁਲਾਰ ਬਾਲਕ ਅਣਮੁਲਾ, ਪੁਰਖ ਅਬਿਨਾਸ਼ੀ ਆਪ ਉਠਾਇੰਦਾ । ਭਾਗ ਲਗਾਏ ਆਪਣੀ ਕੁਲਾ, ਕੁਲ ਕੁਲਵੰਤਾ ਨਾਉਂ ਧਰਾਇੰਦਾ । ਸਾਚੇ ਤੋਲ ਏਕਾ ਤੁਲਾ, ਤੋਲਣਹਾਰ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਤ ਕਰ ਪਿਆਰ, ਥਿਰ ਘਰ ਸਾਚੇ ਦਏ ਵਾੜ, ਸਚਖੰਡ ਆਪਣਾ ਆਸਣ ਲਾਇੰਦਾ । ਸਚਖੰਡ ਆਸਣ ਹਰਿ ਨਿਰੰਕਾਰ, ਅਚਰਜ ਖੇਲ ਖਿਲਾਈਆ । ਥਿਰ ਘਰ ਸਾਚਾ ਖੋਲ੍ਹ ਕਿਵਾੜ, ਹਰਿ ਸ਼ਬਦ ਦਏ ਵਡਿਆਈਆ । ਸੇਵਾ ਲਾਏ ਸੁਤ ਦੁਲਾਰ, ਹੁਕਮੀ ਹੁਕਮ ਜਣਾਈਆ । ਅਲਖ ਅਗੋਚਰ ਅਗੰਮ ਅਥਾਹ ਆਪੇ ਜਾਣੇ ਆਪਣੀ ਕਾਰ, ਕਰਨੀ ਕਰਤਾ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਤ ਮੰਗੇ ਵਰ, ਦੋਏ ਜੋੜ ਸੀਸ ਝੁਕਾਈਆ । ਸ਼ਬਦ ਸੁਤ ਹੋ ਤਿਆਰ, ਏਕਾ ਏਕ

ਲਏ ਅੰਗੜਾਈਆ । ਮਾਤ ਪਿਤਾ ਵੇਖੇ ਹਰਿ ਨਿਰੰਕਾਰ, ਦੂਸਰ ਅਵਰ ਨਾ ਕੋਇ ਦਿਸਾਈਆ । ਦੋਏ ਜੋੜ ਕਰੇ ਨਿਮਸਕਾਰ, ਨਿਉਂ ਨਿਉਂ ਜਗਦੀਸ਼ ਸੀਸ ਝੁਕਾਈਆ । ਹਉਂ ਬਾਲਕ ਸੇਵਾ ਸੇਵਾਦਾਰ, ਸਾਚੀ ਸੇਵ ਕਮਾਈਆ । ਤੂੰ ਬਖ਼ਸ਼ਣਹਾਰਾ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸੱਚਾ ਸਿਕਦਾਰ, ਰਾਜ ਰਾਜਾਨ ਆਪ ਅਖਵਾਈਆ । ਹਉਂ ਦਰ ਦਰਵੇਸ਼ ਬਣ ਮੰਗਾਂ ਦਰ ਦੁਆਰ, ਭਿਖਕ ਭਿਛਿਆ ਝੋਲੀ ਅੱਗੇ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੂੰ ਮਾਤ ਤੂੰ ਪਿਤਾ ਤੂੰ ਹੀ ਸੱਚੀ ਮਾਈਆ । ਪੁਰਖ ਅਕਾਲ ਦਇਆ ਕਮਾਇੰਦਾ, ਸੁਤ ਦੁਲਾਰਾ ਗੋਦ ਬਹਾ । ਸੋ ਪੁਰਖ ਨਿਰੰਜਣ ਵੇਖ ਵਖਾਇੰਦਾ, ਆਪ ਆਪਣਾ ਪਰਦਾ ਲਾਹ । ਹਰਿ ਪੁਰਖ ਨਿਰੰਜਣ ਮੇਲ ਮਿਲਾਇੰਦਾ, ਮੇਲ ਮਿਲਾਵਾ ਸਹਿਜ ਸੁਭਾ । ਏਕੰਕਾਰਾ ਅੰਗ ਸਮਾਇੰਦਾ, ਅੰਗੀਕਾਰ ਆਪ ਅਖਵਾ । ਆਦਿ ਨਿਰੰਜਣ ਨੂਰ ਧਰਾਇੰਦਾ, ਜੋਤੀ ਰੂਪ ਕਰ ਰੁਸ਼ਨਾ । ਸ੍ਰੀ ਭਗਵਾਨ ਸੰਗ ਨਿਭਾਇੰਦਾ, ਸਗਲਾ ਸੰਗ ਆਪ ਰਖਾ । ਅਬਿਨਾਸ਼ੀ ਕਰਤਾ ਸਿਰ ਹੱਥ ਟਿਕਾਇੰਦਾ, ਸ਼ਹਿਨਸ਼ਾਹ ਸੱਚਾ ਪਾਤਸ਼ਾਹ । ਪਾਰਬ੍ਰਹਮ ਆਪਣੇ ਮਾਰਗ ਆਪੇ ਲਾਇੰਦਾ, ਆਪੇ ਦੇਵੇ ਸਤਿ ਸਲਾਹ । ਤੇਰਾ ਨਾਉਂ ਆਪਣੇ ਵਿਚ ਟਿਕਾਇੰਦਾ, ਆਪ ਆਪਾ ਵਿਚ ਸਮਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਆਦਿ ਜੁਗਾਦਿ ਹੋਏ ਸਹਾ । ਸਾਚਾ ਵਰ ਹਰਿ ਕਰਤਾਰ, ਸ਼ਬਦ ਸੁਤ ਦਏ ਜਣਾਈਆ । ਆਦਿ ਜੁਗਾਦਿ ਤੇਰਾ ਰਹੇ ਪਿਆਰ, ਤੁਟ ਨਾ ਜਾਏ ਰਾਈਆ । ਸਿਰ ਹੱਥ ਰੱਖੇ ਸਮਰਥ ਕਰਤਾਰ, ਮਹਿਮਾ ਅਕਥ ਕਥੀ ਨਾ ਜਾਈਆ । ਮੇਰੀ ਵਥ ਤੇਰੀ ਧਾਰ, ਤੇਰੀ ਧਾਰ ਸਰਬ ਸਮਾਈਆ । ਸਗਲ ਵਸੂਰੇ ਜਾਇਣ ਲਥ, ਪਿਤਾ ਪੂਤ ਮੇਲ ਮਿਲਾਏ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਅਭੁੱਲ ਭੁਲ ਕਦੇ ਨਾ ਜਾਈਆ । ਸ਼ਬਦ ਸੁਤ ਉਪਾਇਆ, ਘਰ ਘਰ ਵਿਚ ਖ਼ੁਸ਼ੀ ਮਨਾਇੰਦਾ । ਥਿਰ ਘਰ ਸਾਚੇ ਕਰ ਰੁਸ਼ਨਾਇਆ, ਆਪਣਾ ਨੂਰ ਨੂਰ ਚਮਕਾਇੰਦਾ । ਸਚਖੰਡ ਦੁਆਰਾ ਰਾਹ ਤਕਾਇਆ, ਨੇਤਰ ਨੈਣ ਉਠਾਇੰਦਾ । ਦੋਏ ਜੋੜ ਸੀਸ ਝੁਕਾਇਆ, ਸਚ ਸਿੰਘਾਸਣ ਵੇਖ ਵਖਾਇੰਦਾ । ਪੁਰਖ ਅਬਿਨਾਸ਼ੀ ਆਸਣ ਲਾਇਆ, ਸੀਸ ਤਾਜ ਇਕ ਟਿਕਾਇੰਦਾ । ਪੰਚਮ ਪੰਚਮ ਮੁਖ ਵਖਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਖਿਲਾਇੰਦਾ । ਆਪ ਆਪਣਾ ਖੇਲ ਖਿਲਾਵਣਹਾਰਾ, ਸੀਸ ਤਾਜ ਇਕ ਦਰਸਾਈਆ । ਪੰਚਮ ਮੁਖ ਹੋ ਉਜਿਆਰਾ, ਨਿਰਗੁਣ ਨਿਰਗੁਣ ਨਿਰਗੁਣ ਰੂਪ ਵਟਾਈਆ । ਨਿਰਗੁਣ ਸੁਤ ਸ਼ਬਦ ਦੁਲਾਰਾ, ਨਿਰਗੁਣ ਪਿਤਾ ਨਿਰਗੁਣ ਮਾਈਆ । ਨਿਰਗੁਣ ਮੰਦਰ ਘਰ ਦਰਬਾਰਾ, ਨਿਰਗੁਣ ਬੈਠਾ ਆਸਣ ਲਾਈਆ । ਨਿਰਗੁਣ ਆਪੇ ਖੋਲ੍ਹ ਕਿਵਾੜਾ, ਨਿਰਗੁਣ ਬੈਠਾ ਮੁਖ ਛੁਪਾਈਆ । ਨਿਰਗੁਣ ਸਾਚਾ ਤਾਜ ਰੱਖ ਸੀਸ, ਨਿਰੰਕਾਰ ਨਿਰਵੈਰ ਆਪਣੀ ਖੇਲ ਖਿਲਾਈਆ । ਪੰਚਮ ਮੁਖ ਦਏ ਸਹਾਰ, ਸ਼ਾਹ ਪਾਤਸ਼ਾਹ ਆਪਣਾ ਨਾਉਂ ਧਰਾਈਆ । ਪਹਿਲਾ ਮੁਖ ਦਏ ਸਹਾਰ, ਸੋ ਪੁਰਖ ਨਿਰੰਜਣ ਵਡ ਵਡਿਆਈਆ । ਹੰ ਰੂਪ ਕਰ ਕਰਤਾਰ, ਸ਼ਬਦ ਸੁਤ ਲਏ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਦਏ ਸਮਝਾਈਆ । ਲੇਖਾ ਹਰਿ ਸਮਝਾਇੰਦਾ, ਸੁਤ ਦੁਲਾਰੇ ਪਕੜ ਉਠਾ । ਪੰਚਮ ਮੁਖ ਆਪ ਖੁਲ੍ਹਾਇੰਦਾ, ਅਗੰਮ ਅਗੰਮੜਾ ਬੇਪਰਵਾਹ । ਆਪਣਾ ਰੂਪ ਆਪ ਦਰਸਾਇੰਦਾ, ਜੋਤੀ ਜੋਤ ਜੋਤ ਰੁਸ਼ਨਾ । ਆਪਣਾ ਹੁਕਮ ਆਪ ਸੁਣਾਇੰਦਾ, ਨਾਦ ਅਨਾਦੀ ਨਾਦ ਵਜਾ । ਦੂਜਾ ਮੁਖ ਤੇਰੀ ਕੁੱਖ ਪਾਇੰਦਾ, ਸੁਤ ਦੁਲਾਰੇ ਸੱਚਾ

ਸ਼ਹਿਨਸ਼ਾਹ । ਆਦਿ ਜੁਗਾਦੀ ਵੇਖ ਵਖਾਇੰਦਾ, ਮੁਖ ਉਜਲ ਆਪ ਕਰਾ । ਲੁਕ ਲੁਕ ਆਪਣਾ ਵਕ਼ਤ ਲੰਘਾਇੰਦਾ, ਤੇਰਾ ਨਾਉਂ ਕਰੇ ਰੁਸ਼ਨਾ । ਤੇਰਾ ਪਲੰਘ ਰੰਗੀਲਾ ਇਕ ਵਿਛਾਇੰਦਾ, ਹਰਿ ਥਿਰ ਘਰ ਸਾਚੇ ਦਏ ਡਾਹ । ਪਾਵਾ ਚੂਲ ਨਾ ਕੋਇ ਬਣਾਇੰਦਾ, ਬਾਢੀ ਬਣਿਆ ਬੇਪਰਵਾਹ । ਸਚ ਪ੍ਰੇਮ ਨਾਲ ਉਣਾਇੰਦਾ, ਸੇਵਾ ਕਰੇ ਸੱਚਾ ਸ਼ਾਹ । ਆਦਿ ਜੁਗਾਦਿ ਵਿਛੜ ਨਾ ਜਾਇੰਦਾ, ਮੇਲ ਵਿਛੋੜਾ ਕੋਈ ਜਾਣੇ ਨਾ । ਏਕਾ ਆਪਣੇ ਰੰਗ ਰੰਗਾਇੰਦਾ, ਆਪਣੇ ਅੰਗਣ ਲਏ ਬਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਏਕਾ ਸ਼ਬਦ ਦਏ ਸਮਝਾ । ਸ਼ਬਦ ਸੁਤ ਹਰਿ ਸਮਝਾਇਆ, ਕਰ ਕਿਰਪਾ ਗੁਣ ਨਿਧਾਨ । ਸੁਤ ਦੁਲਾਰੇ ਤੇਰੀ ਸਾਚੀ ਸੇਵਾ ਲਾਇਆ, ਪੰਚਮ ਮੁਖ ਇਕ ਨਿਸ਼ਾਨ । ਚੌਥਾ ਤੇਰਾ ਘਰ ਵਸਾਇਆ, ਬੈਠਾ ਰਹੇ ਦਰ ਦਰਬਾਨ । ਤੇਰਾ ਮੰਦਰ ਦਏ ਸੁਹਾਇਆ, ਹਰਿ ਹੋਏ ਨਿਗਹਬਾਨ । ਆਪੇ ਵੇਖੇ ਆਪੇ ਜਾਣੇ ਆਪਣਾ ਨਾਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਵਸਤ ਦਏ ਝੋਲੀ ਪਾ । ਸਾਚੀ ਵਸਤ ਹਰਿ ਝੋਲੀ ਪਾਇੰਦਾ, ਆਪਣੀ ਇਛਿਆ ਭਰ ਭੰਡਾਰ । ਪਹਿਲਾ ਆਪਣਾ ਮੁਖ ਸਾਲਾਹਿੰਦਾ, ਦੂਜਾ ਸ਼ਬਦ ਕਰ ਤਿਆਰ । ਤੀਜੇ ਆਪਣਾ ਰੰਗ ਰੰਗਾਇੰਦਾ, ਆਪਣੀ ਕਿਰਪਾ ਕਰੇ ਕਰਤਾਰ । ਰੂਪ ਅਨੂਪ ਆਪ ਧਰਾਇੰਦਾ, ਸ਼ਬਦੀ ਸ਼ਬਦ ਕਰ ਪਸਾਰ, ਸਚਖੰਡ ਦੁਆਰਾ ਆਪਣਾ ਆਪ ਸੁਹਾਇੰਦਾ, ਸਾਚੇ ਤਖ਼ਤ ਬੈਠ ਸੱਚੀ ਸਰਕਾਰ । ਥਿਰ ਘਰ ਆਪੇ ਡਗਮਗਾਇੰਦਾ, ਨੂਰ ਨੁਰਾਨਾ ਏਕਾ ਧਾਰ । ਧਾਰ ਧਾਰ ਵਿਚ ਚਲਾਇੰਦਾ, ਧਰਨੀ ਧਰ ਕਰੇ ਪਿਆਰ । ਰਕਤ ਬੂੰਦ ਨਾ ਕੋਇ ਵਖਾਇੰਦਾ, ਨਾਰੀ ਕੰਤ ਨਾ ਕੋਇ ਸ਼ਿੰਗਾਰ । ਆਪਣੀ ਸੇਜ ਆਪ ਵਿਛਾਇੰਦਾ, ਪੀਆ ਪ੍ਰੀਤਮ ਮੀਤ ਮੁਰਾਰ । ਆਪਣਾ ਆਪ ਆਪੇ ਬਾਹਰ ਕਢਾਇੰਦਾ, ਆਪੇ ਵੇਖੇ ਵੇਖਣਹਾਰ । ਨੂਰ ਨੂਰ ਵਿਚੋਂ ਪ੍ਰਗਟਾਇੰਦਾ, ਨੂਰ ਨੁਰਾਨਾ ਖੇਲ ਅਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਤੀਜਾ ਮੁਖ ਆਪ ਪ੍ਰਗਟਾਈਆ । ਤੀਜਾ ਮੁਖ ਖੇਲ ਕਰਤਾਰ, ਹਰਿ ਸਾਚਾ ਆਪ ਕਰਾਈਆ । ਆਪੇ ਜਾਣੇ ਆਪਣੀ ਕਾਰ, ਸ਼ਬਦੀ ਸ਼ਬਦ ਸਾਰ ਰੂਪ ਵਟਾਈਆ । ਸਾਰ ਸ਼ਬਦ ਖੇਲ ਅਪਾਰ, ਬਿਨ ਹਰਿ ਅਵਰ ਨਾ ਕੋਇ ਜਣਾਈਆ । ਸਾਰ ਸ਼ਬਦ ਕਰੇ ਪਿਆਰ, ਪਿਆਰ ਸ਼ਬਦ ਵਿਚ ਟਿਕਾਈਆ । ਬਣੇ ਵਿਚੋਲਾ ਗਿਰਵਰ ਗਿਰਧਾਰ, ਗਹਿਰ ਗੰਭੀਰ ਵਡੀ ਵਡਿਆਈਆ । ਸਾਰ ਸ਼ਬਦ ਵਿਚੋਂ ਵਿਸ਼ਨੂੰ ਕਢੇ ਬਾਹਰ, ਦਾਈ ਦਾਇਆ ਇਕ ਅਖਵਾਈਆ । ਤੀਜਾ ਮੁਖ ਖੋਲ੍ਹ ਕਿਵਾੜ, ਮੁਖ ਮੁਖ ਮੁਖ ਸਾਲਾਹੀਆ । ਆਪਣੀ ਕਰਨੀ ਕਰ ਅਪਰ ਅਪਾਰ, ਹਰਿ ਹਰਿ ਕਰੇ ਖੇਲ, ਭੇਵ ਅਭੇਦਾ ਭੇਵ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਅਕਲ ਕਲਾ ਨਾਉਂ ਧਰਾਈਆ । ਅਕਲ ਕਲਾ ਹਰਿ ਨਾਉਂ ਰੱਖ, ਆਪਣੀ ਧਾਰ ਹਰਿ ਸਾਚਾ ਆਪ ਚਲਾਇੰਦਾ । ਸ਼ਬਦ ਸੁਤ ਕਰ ਕਰ ਵੱਖ, ਜੋਤ ਸ਼ਬਦ ਵਿਚ ਸਮਾਇੰਦਾ । ਵਿਸ਼ਵ ਰੂਪ ਆਪੇ ਦੱਸ, ਨਿਰਗੁਣ ਆਪਣਾ ਨਾਉਂ ਆਪ ਪ੍ਰਗਟਾਇੰਦਾ । ਵਿਸ਼ਨੂੰ ਅੰਦਰ ਆਪੇ ਵਸ, ਆਪ ਆਪਣੀ ਖੇਲ ਖਿਲਾਇੰਦਾ । ਆਪੇ ਦੇਵੇ ਆਪਣਾ ਰਸ, ਰਸ ਰਸੀਆ ਆਪਣਾ ਨਾਉਂ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਦਿ ਪੁਰਖ ਵਸੇ ਏਕਾ ਘਰ, ਦਰ ਘਰ ਸਾਚਾ ਆਪ ਸੁਹਾਇੰਦਾ । ਏਕਾ ਘਰ ਇਕ ਦਰਬਾਰ, ਦਰ ਦੁਆਰ ਇਕ ਸੁਹਾਈਆ । ਏਕਾ ਨੂਰ ਇਕ ਉਜਿਆਰ, ਨੂਰ ਨੁਰਾਨਾ ਏਕਾ ਡਗਮਗਾਈਆ । ਸ਼ਬਦ ਸੁਤ ਇਕ ਦੁਲਾਰ, ਏਕਾ ਪਿਤਾ ਏਕਾ ਮਾਈਆ । ਏਕਾ

੨੮ ੧੦

ਵਸਤ ਇਕ ਭੰਡਾਰ, ਏਕਾ ਰਿਹਾ ਵਰਤਾਈਆ । ਏਕਾ ਵਿਸ਼ਨੂੰ ਇਕ ਆਕਾਰ, ਨਿਰਾਕਾਰ ਆਪ ਕਰਾਈਆ । ਏਕਾ ਰਸ ਅੰਮ੍ਰਿਤ ਧਾਰ, ਅਮਰ ਅਮਰ ਆਪ ਬਰਸਾਈਆ । ਏਕਾ ਕਵਲ ਇਕ ਗੁਲਜ਼ਾਰ, ਏਕਾ ਏਕ ਰਿਹਾ ਮਹਿਕਾਈਆ । ਏਕਾ ਨਾਭੀ ਭਰੇ ਭੰਡਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਆਪਣੀ ਰਚਨਾ ਆਪ ਰਚਾਈਆ । ਏਕਾ ਕਵਲ ਏਕਾ ਫੁੱਲ, ਏਕਾ ਆਪੇ ਵੇਖ ਵਖਾਇੰਦਾ । ਏਕ ਕਰਤਾ ਏਕਾ ਪਾਏ ਮੁਲ, ਏਕਾ ਕ਼ੀਮਤ ਹਰਿ ਚੁਕਾਇੰਦਾ । ਏਕਾ ਧਾਰਨ ਏਕਾ ਬੋਲ, ਏਕਾ ਬੋਲ ਸੁਣਾਇੰਦਾ । ਏਕਾ ਬੈਠਾ ਰਹੇ ਅਡੋਲ, ਆਦਿ ਜੁਗਾਦਿ ਆਪਣਾ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਦਿ ਪੁਰਖ ਆਪਣਾ ਬੰਕ ਆਪ ਵਡਿਆਇੰਦਾ । ਬੰਕ ਦੁਆਰੀ ਆਪੇ ਹਰਿ ਹਰਿ, ਹਰਿ ਬਿਨ ਅਵਰ ਨਾ ਕੋਇ ਰਹਾਇੰਦਾ । ਆਪੇ ਆਪਣੇ ਘਾੜਨ ਘੜ ਘੜ, ਘੜਣਹਾਰ ਆਪ ਹੋ ਜਾਇੰਦਾ । ਆਪੇ ਆਪਣੀ ਸੇਜਾ ਚੜ੍ਹ ਚੜ੍ਹ, ਸਾਚੀ ਸੇਜ ਆਪ ਸੁਹਾਇੰਦਾ । ਆਪੇ ਆਪਣੇ ਅੰਦਰ ਵੜ ਵੜ, ਰੂਪ ਅਨੂਪ ਆਪ ਪ੍ਰਗਟਾਇੰਦਾ । ਆਪੇ ਦਰਸ ਦਖਾਏ ਅੱਗੇ ਖੜ, ਸਵਛ ਸਰੂਪੀ ਨਾਉਂ ਧਰਾਇੰਦਾ । ਆਪੇ ਵਿਸ਼ਨੂੰ ਲਗਾਏ ਆਪਣੇ ਲੜ ਲੜ, ਏਕਾ ਪੱਲੂ ਹੱਥ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਹਰਿ ਕਰਤਾਰ । ਹਰਿ ਕਾ ਭੇਵ ਸਮਝ ਤੋਂ ਨਿਆਰ, ਲੇਖਾ ਲੇਖ ਨਾ ਕੋਇ ਜਣਾਈਆ । ਵਿਸ਼ਨ ਅੰਦਰ ਬ੍ਰਹਮ ਧਾਰ, ਸ਼ਬਦੀ ਸ਼ਬਦ ਟਿਕਾਈਆ । ਸ਼ਬਦ ਕਵਲ ਸ਼ਬਦ ਗੁਲਜ਼ਾਰ, ਸ਼ਬਦ ਫੂਲ ਫੂਲ ਸਮਾਈਆ । ਸ਼ਬਦ ਪੰਖੜੀ ਆਏ ਬਾਹਰ, ਸ਼ਬਦ ਵੇਖੇ ਸਾਚਾ ਸ਼ਹਿਨਸ਼ਾਹੀਆ । ਸ਼ਬਦ ਰੂਪ ਅਪਰ ਅਪਾਰ, ਰੇਖ ਰੰਗ ਨਾ ਕੋਇ ਜਣਾਈਆ । ਸ਼ਬਦ ਪਿਤਾ ਸ਼ਬਦ ਮਾਤਾ ਸ਼ਬਦ ਬਣੇ ਸੁਤ ਦੁਲਾਰ, ਸ਼ਬਦ ਵਿਸ਼ਨੂੰ ਘਾੜਤ ਲਏ ਘੜਾਈਆ । ਸ਼ਬਦ ਅੰਮ੍ਰਿਤ ਸ਼ਬਦ ਰਸ ਸ਼ਬਦ ਅੰਦਰ ਜਾਏ ਵਸ, ਸ਼ਬਦ ਸ਼ਬਦ ਕਰੇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਕਰੇ ਖੇਲ ਸਾਚਾ ਹਰਿ, ਸਚਖੰਡ ਦੁਆਰੇ ਬੈਠਾ ਚੜ੍ਹ, ਤਖ਼ਤ ਨਿਵਾਸੀ ਏਕਾ ਸੱਚਾ ਸ਼ਹਿਨਸ਼ਾਹੀਆ । ਸ਼ਬਦ ਖੇਲ ਹਰਿ ਕਰਾਇੰਦਾ, ਜਨਨੀ ਜਨ ਨਾ ਕੋਇ । ਵਿਸ਼ਨ ਤੇਰੀ ਗੋਦ ਸੁਹਾਇੰਦਾ, ਕਵਲ ਨਾਭੀ ਫੁੱਲ ਪਰੋਏ । ਆਪਣੀ ਵਸਤ ਵਿਚ ਟਿਕਾਇੰਦਾ, ਆਦਿ ਨਿਰੰਜਣ ਕਰੇ ਲੋਏ । ਆਪਣਾ ਨਾਉਂ ਆਪ ਪ੍ਰਗਟਾਇੰਦਾ, ਪਾਰਬ੍ਰਹਮ ਆਪੇ ਜਾਣੇ ਆਪਣੀ ਸੋਏ । ਆਪਣਾ ਅੰਗ ਆਪ ਕਟਾਇੰਦਾ, ਆਪੇ ਲੈ ਕੇ ਆਇਆ ਢੋਏ । ਬ੍ਰਹਮ ਆਪਣਾ ਨਾਉਂ ਧਰਾਇੰਦਾ, ਆਪੇ ਅੰਮ੍ਰਿਤ ਮੁਖ ਮੁਖ ਚੋਏ । ਚੌਥਾ ਮੁਖ ਆਪ ਸਾਲਾਹਿੰਦਾ, ਸੀਸ ਤਾਜ ਏਕਾ ਸੋਹੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਥਿਰ ਘਰ ਸਾਚੇ ਆਪੇ ਟੋਹੇ । ਚੌਥਾ ਮੁਖ ਖੇਲ ਅਵੱਲਾ, ਹਰਿ ਸਾਚੇ ਸਚ ਕਰਾਇਆ । ਬ੍ਰਹਮੇ ਫੜਾਇਆ ਆਪਣਾ ਪੱਲਾ, ਪਾਰਬ੍ਰਹਮ ਸੰਗ ਨਿਭਾਇਆ । ਕਰਿਆ ਖੇਲ ਵਲ ਛਲਾ, ਅਛਲ ਛਲ ਧਾਰੀ ਨਾਉਂ ਧਰਾਇਆ । ਆਪੇ ਵਸਿਆ ਨਿਹਚਲ ਧਾਮ ਅਟੱਲਾ, ਮਹੱਲ ਅਟਲ ਇਕ ਵਸਾਇਆ । ਆਦਿ ਜੁਗਾਦੀ ਇਕ ਇਕੱਲਾ, ਅਕਲ ਕਲ ਆਪਣੀ ਲਏ ਵਰਤਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਇਆ । ਹਰਿ ਸਾਚਾ ਭੇਵ ਜਣਾਇੰਦਾ, ਆਪ ਆਪਣੀ ਕਿਰਪਾ ਧਾਰ । ਸ਼ਬਦੀ ਸ਼ਬਦ ਸ਼ਬਦ ਸਮਝਾਇੰਦਾ, ਨਾਦ ਅਨਾਦੀ ਬੋਲ ਜੈਕਾਰ । ਵਿਸ਼ਨੂੰ ਆਪਣਾ ਬੰਸ ਸੁਹਾਇੰਦਾ, ਕਰੇ ਕਰਾਏ ਸਚ ਪਿਆਰ । ਬ੍ਰਹਮ ਸੁਤ ਆਪ ਪ੍ਰਗਟਾਇੰਦਾ, ਪਾਰਬ੍ਰਹਮ ਦਏ ਆਧਾਰ ।


੨੯
੧੦

ਪਹਿਲਾ ਮੁਖ ਆਪਣਾ ਆਪ ਖੁਲ੍ਹਾਇੰਦਾ, ਦੂਜੇ ਸ਼ਬਦ ਕਰੇ ਪਿਆਰ । ਤੀਜੇ ਵਿਸ਼ਨੂੰ ਗੋਦ ਬਹਾਇੰਦਾ, ਚੌਥੇ ਬ੍ਰਹਮਾ ਕਰੇ ਉਜਿਆਰ । ਪੰਜਵੇਂ ਆਪਣਾ ਰੰਗ ਰੰਗਾਇੰਦਾ, ਥਿਰ ਘਰ ਵਿਚੋਂ ਆਏ ਬਾਹਰ । ਸੁਨ ਅਗੰਮ ਸਰਬ ਵਖਾਇੰਦਾ, ਏਕਾ ਦਿਸੇ ਧੁਆਂਧਾਰ । ਸੂਰਜ ਚੰਦ ਨਾ ਕੋਈ ਚੜ੍ਹਾਇੰਦਾ, ਰਵ ਸਸ ਨਾ ਕੋਇ ਉਜਿਆਰ । ਮੰਡਲ ਮੰਡਪ ਨਾ ਕੋਈ ਵਖਾਇੰਦਾ, ਧਰਤ ਧਵਲ ਨਾ ਕੋਈ ਸਹਾਰ । ਜਲ ਬਿੰਬ ਨਾ ਰੂਪ ਪ੍ਰਗਟਾਇੰਦਾ, ਕਰੇ ਖੇਲ ਅਪਰ ਅਪਾਰ । ਸੁਤ ਦੁਲਾਰਾ ਆਪ ਹਿਲਾਇੰਦਾ, ਇਕ ਹਲੂਣਾ ਦੇਵੇ ਮਾਰ । ਆਪਣਾ ਖੇਲ ਆਪ ਕਰਾਇੰਦਾ, ਆਪਣੀ ਜੋਤੀ ਆਪਣੇ ਅੰਦਰ ਵਾੜ । ਲੋਕਮਾਤ ਨਾ ਕੋਈ ਵਖਾਇੰਦਾ, ਜੰਗਲ ਜੂਹ ਉਜਾੜ ਪਹਾੜ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਸਚਖੰਡ ਦੁਆਰਾ ਇਕ ਸੁਹਾਇੰਦਾ । ਸਚਖੰਡ ਦੁਆਰਾ ਖੋਲ੍ਹਿਆ, ਨਿਰਗੁਣ ਦਾਤਾ ਬੇਪਰਵਾਹ । ਥਿਰ ਘਰ ਸ਼ਬਦ ਅਨਾਦੀ ਆਪਣਾ ਬੋਲਿਆ, ਆਪੇ ਜਾਣੇ ਆਪਣਾ ਸਾਚਾ ਰਾਹ । ਵਿਸ਼ਨੂੰ ਅੰਦਰ ਵਿਸ਼ਵ ਧਾਰ ਆਪੇ ਮੌਲਿਆ, ਆਪੇ ਕਵਲ ਕਵਲਾ ਲਏ ਖਿੜਾ । ਆਪੇ ਬ੍ਰਹਮਾ ਰੱਖੇ ਅਡੋਲਿਆ, ਪਾਰਬ੍ਰਹਮ ਸਿਰ ਹੱਥ ਟਿਕਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਆਦਿ ਆਪਣੀ ਰਚਨਾ ਆਪੇ ਜਾਣੇ, ਦੂਸਰ ਸਕੇ ਨਾ ਕੋਇ ਲਿਖਾ । ਦੂਸਰ ਲੇਖਾ ਕੋਇ ਨਾ ਲਿਖਦਾ, ਹਰਿ ਵੱਡਾ ਵਡ ਵਡਿਆਈਆ । ਆਪਣਾ ਮਾਰਗ ਆਪੇ ਦੱਸਦਾ, ਆਪਣਾ ਸ਼ਬਦ ਆਪ ਉਪਜਾਈਆ । ਵਿਸ਼ਨੂੰ ਅੰਦਰ ਆਪੇ ਵਸਦਾ, ਆਪਣੀ ਕਰੇ ਆਪ ਕੁੜਮਾਈਆ । ਬ੍ਰਹਮੇ ਅੱਗੇ ਆਪੇ ਬਹਿ ਬਹਿ ਹੱਸਦਾ, ਆਪੇ ਕਰੇ ਸਚ ਪੜ੍ਹਾਈਆ । ਆਪਣਾ ਮੁਖ ਆਪੇ ਕਜਦਾ, ਆਪੇ ਪਰਦਾ ਰਿਹਾ ਵਖਾਈਆ । ਆਪੇ ਸ਼ਬਦ ਹੋ ਹੋ ਗੱਜਦਾ, ਦੂਜਾ ਦਰ ਆਪ ਖੁਲ੍ਹਾਈਆ । ਆਪੇ ਵਿਸ਼ਨੂੰ ਨਾਲ ਨਾਲ ਰਹਿ ਰਹਿ ਸਜਦਾ, ਘਰ ਸਾਚਾ ਸਹਿਜ ਸੁਖਦਾਈਆ । ਆਪੇ ਬ੍ਰਹਮੇ ਘਾੜਨ ਘੜ ਸਾਚਾ ਮਾਰਗ ਦੱਸਦਾ, ਸਾਚੀ ਕਰੇ ਪੜ੍ਹਾਈਆ । ਆਪੇ ਥਿਰ ਘਰ ਵਿਚੋਂ ਬਾਹਿਰ ਨੱਸਦਾ, ਸੁੰਨ ਅਗੰਮ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਇਛਿਆ ਬ੍ਰਹਮਾ ਧਰ, ਬ੍ਰਹਮਾ ਇਛਿਆ ਆਪਣੇ ਅੰਦਰ ਕਰ, ਬ੍ਰਹਮ ਪਾਰਬ੍ਰਹਮ ਵੇਖ ਵਖਾਈਆ । ਬ੍ਰਹਮੇ ਇਛਿਆ ਪਾਰਬਬ੍ਰਹਮ ਧਾਰ, ਹਰਿ ਸਾਚਾ ਖੇਲ ਖਿਲਾਇੰਦਾ । ਸੁੰਨ ਅਗੰਮ ਕਰ ਵਿਚਾਰ, ਧੁਆਂਧਾਰ ਫੋਲ ਫੁਲਾਇੰਦਾ । ਆਪਣੀ ਕਰਨੀ ਕਰ ਵਿਚਾਰ, ਕਰਤਾ ਪੁਰਖ ਵੇਸ ਵਟਾਇੰਦਾ । ਨਿਰਗੁਣ ਨਿਰਵੈਰ ਨਿਰਾਕਾਰ ਹੋ ਤਿਆਰ, ਰੂਪ ਅਨੂਪ ਆਪ ਵਖਾਇੰਦਾ । ਬ੍ਰਹਮਾ ਪਾਵੇ ਨਾ ਕੋਈ ਸਾਰ, ਕਵਣ ਨਾਰੀ ਕੰਤ ਪਿਆਰ, ਕਵਣ ਜਨਨੀ ਜਨ ਗੋਦ ਬਹਾਇੰਦਾ । ਆਪਣੀ ਕੁੱਖੋਂ ਆਪੇ ਕੱਢੇ ਬਾਹਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਆਂਧਾਰ ਆਪੇ ਵੜ, ਸੁੰਨ ਅਗੰਮ ਵੇਖੇ ਖੜ, ਸ਼ੰਕਰ ਆਪਣਾ ਖੇਲ ਖਿਲਾਇੰਦਾ । ਸ਼ੰਕਰ ਖੇਲ ਕਰ ਕਰਤਾਰ, ਪੰਚਮ ਮੁਖ ਦਏ ਸੁਹਾਈਆ । ਨਿਰਗੁਣ ਨਿਰਗੁਣ ਕਰ ਪਿਆਰ, ਸਰਗੁਣ ਸਰਗੁਣ ਵਿਚ ਟਿਕਾਈਆ । ਸਰਗੁਣ ਸਰਗੁਣ ਦਏ ਆਧਾਰ, ਨਿਰਗੁਣ ਦਾਤਾ ਸੱਚਾ ਸ਼ਹਿਨਸ਼ਾਹੀਆ । ਕਰੇ ਖੇਲ ਅਪਰ ਅਪਾਰ, ਲੇਖਾ ਲਿਖ ਨਾ ਸਕੇ ਕੋਈ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਪੁਰਖ ਕਰਤਾਰ, ਕਰੇ ਕਰਾਏ ਆਪਣੀ ਕਾਰ, ਕਰਨਹਾਰ ਆਪ ਹੋ ਜਾਈਆ । ਸ਼ੰਕਰ ਬ੍ਰਹਮਾ ਵਿਸ਼ਨ ਧਾਰ, ਹਰਿ ਹਰਿ ਆਪ ਚਲਾਇੰਦਾ । ਸ਼ਬਦ ਅਗੰਮੀ ਕਰ ਪਿਆਰ, ਜੋਤੀ ਜੋਤ ਮਿਲਾਇੰਦਾ । ਜੋਤੀ ਜੋਤ ਕਰ ਉਜਿਆਰ, ਨੂਰੋ ਨੂਰ ਦਰਸਾਇੰਦਾ । ਸ਼ਬਦੀ ਸ਼ਬਦ ਸ਼ਬਦ ਜੈਕਾਰ, ਹੁਕਮੀ ਹੁਕਮ ਅਲਾਇੰਦਾ ।



੩੦ ੧੦

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਏਕਾ ਹਰਿ, ਆਦਿ ਪੁਰਖ ਆਪਣਾ ਖੇਲ ਖਿਲਾਇੰਦਾ । ਆਦਿ ਪੁਰਖ ਖੇਲ ਖਿਲਾਵਣਹਾਰਾ, ਏਕਾ ਰੰਗ ਸਮਾਇਆ । ਥਿਰ ਘਰ ਖੇਲੇ ਖੇਲ ਅਪਾਰਾ, ਸ਼ਬਦ ਸ਼ਬਦੀ ਮੇਲ ਮਿਲਾਇਆ । ਸਚਖੰਡ ਦੁਆਰਾ ਖੋਲ੍ਹ ਕਿਵਾੜਾ, ਸਚ ਸਿੰਘਾਸਣ ਆਸਣ ਲਾਇਆ । ਪੰਚਮ ਮੁਖ ਸੀਸ ਦਸਤਾਰਾ, ਰਾਜ ਰਾਜਾਨਾ ਆਪ ਸੁਹਾਇਆ । ਸ਼ਾਹੋ ਭੂਪ ਬਣ ਸਿਕਦਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਿਸ਼ਾਨ ਹਰਿ ਮਿਹਰਬਾਨ, ਦੋ ਜਹਾਨ ਰਿਹਾ ਵੰਡਾਇਆ । ਬ੍ਰਹਮਾ ਵਿਸ਼ਨ ਸ਼ਿਵ ਕਰ ਤਿਆਰ, ਸ਼ਬਦੀ ਮੇਲ ਮਿਲਾਇਆ । ਏਕਾ ਹੁਕਮ ਹਰਿ ਨਿਰੰਕਾਰ, ਧੁਰ ਫ਼ਰਮਾਨ ਜਣਾਇਆ । ਮੇਰਾ ਨਾਦ ਸੱਚੀ ਧੁਨਕਾਰ, ਆਦਿ ਜੁਗਾਦਿ ਵਜਾਇਆ । ਮੇਰੀ ਇਛਿਆ ਸਚ ਭੰਡਾਰ, ਸਤਿ ਭੰਡਾਰ ਦਏ ਵਖਾਇਆ । ਸ਼ਬਦ ਤੇਰੀ ਸੇਵਾ ਅਪਰ ਅਪਾਰ, ਹਰਿ ਨਿਰੰਕਾਰਾ ਦਏ ਲਗਾਇਆ । ਲੋਆਂ ਪੁਰੀਆਂ ਮਹੱਲ ਉਸਾਰ, ਬ੍ਰਹਿਮੰਡ ਖੰਡ ਤੇਰੀ ਰਚਨ ਰਚਾਇਆ । ਵਿਸ਼ਨੂੰ ਦੇਵੇ ਇਕ ਆਧਾਰ, ਘਰ ਘਰ ਰਿਜ਼ਕ ਸਬਾਇਆ । ਬ੍ਰਹਮਾ ਲੇਖਾ ਲਿਖੇ ਅਪਾਰ, ਭੇਵ ਅਭੇਦਾ ਭੇਵ ਖੁਲ੍ਹਾਇਆ । ਚਾਰੋਂ ਕੁੰਟ ਕਰ ਵਿਚਾਰ, ਚਾਰੇ ਮੁਖ ਮੁਖ ਸਾਲਾਹਿਆ । ਚਾਰੇ ਵੇਦ ਦਏ ਆਧਾਰ, ਅੱਖਰ ਅੱਖਰ ਨਿਸ਼ਅੱਖਰ ਦਏ ਪ੍ਰਗਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਤੱਤ ਦਏ ਸਮਝਾਇਆ । ਹਰਿ ਸਾਚਾ ਤੱਤ ਸਮਝਾਇੰਦਾ, ਨਿਰਗੁਣ ਨਿਰਗੁਣ ਨਿਰਗੁਣ ਧਾਰ । ਵਿਸ਼ਨੂੰ ਬ੍ਰਹਮਾ ਸੇਵਾ ਇਕ ਵਖਾਇੰਦਾ, ਆਦਿ ਜੁਗਾਦਿ ਕਰਨਾ ਇਕ ਪਿਆਰ । ਬ੍ਰਹਮਾ ਤੇਰੀ ਵੰਡ ਵੰਡਾਇੰਦਾ, ਲੱਖ ਚੁਰਾਸੀ ਕਰ ਪਸਾਰ । ਸ਼ੰਕਰ ਤੇਰਾ ਹਿੱਸਾ ਇਕ ਰਖਾਇੰਦਾ, ਤੇਰੀ ਤ੍ਰਿਸ਼ਨਾ ਮਿਟੇ ਨਾ ਵਿਚ ਸੰਸਾਰ । ਜੋ ਘੜਿਆ ਭੰਨ ਵਖਾਇੰਦਾ, ਥਿਰ ਰਹੇ ਨਾ ਅੰਤਮ ਵਾਰ । ਤਿੰਨਾਂ ਵਿਚੋਲਾ ਆਪ ਹੋ ਜਾਇੰਦਾ, ਕਰੇ ਕਰਾਏ ਸਾਚੀ ਕਾਰ । ਨਵ ਨੌਂ ਚਾਰ ਵੰਡ ਵੰਡਾਇੰਦਾ, ਚੌਕੜ ਜੁਗ ਖੇਲ ਅਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਕਰੇ ਆਪ ਵਰਤਾਰ । ਬ੍ਰਹਮਾ ਵਿਸ਼ਨ ਸ਼ਿਵ ਸੁਣ ਫ਼ਰਮਾਨਾ, ਨੇਤਰ ਨੈਣਾਂ ਨੀਰ ਵਹਾਈਆ । ਹਉਂ ਬਾਲਕ ਸੁਤ ਬਾਲ ਨਾਦਾਨਾ, ਤੂੰ ਪਿਤਾ ਸਾਹਿਬ ਸੱਚੀ ਮਾਈਆ । ਤੂੰ ਬੀਨਾ ਤੂੰ ਦਾਨਾ, ਹਉਂ ਭੁਲ ਤੂੰ ਅਭੁਲ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਿਰ ਹੱਥ ਸਮਰਥ ਟਿਕਾਈਆ । ਵਿਸ਼ਨ ਬ੍ਰਹਮਾ ਸ਼ਿਵ ਮੰਗਣ ਮੰਗ, ਨੇਤਰ ਨੈਣ ਨੈਣ ਵਿਗਸਾਇਆ । ਕਵਣ ਸੋ ਵੇਲਾ ਚਾੜ੍ਹੇਂ ਰੰਗ, ਕਵਣ ਰੂਪ ਹੋਏ ਸਹਾਇਆ । ਕਵਣ ਸ਼ਬਦ ਵਜਾਏ ਮਰਦੰਗ, ਕਵਣ ਨਾਦ ਸੁਣਾਇਆ । ਕਵਣ ਘਰ ਸੁਹਾਏ ਪਲੰਘ, ਕਵਣ ਸਿੰਘਾਸਣ ਆਸਣ ਲਾਇਆ । ਕਵਣ ਸੁਤ ਦੁਲਾਰਾ ਉਪਜੇ ਚੰਦ, ਕਵਣ ਗੋਦੀ ਗੋਦ ਦਏ ਸੁਹਾਇਆ । ਕਵਣ ਧਾਰ ਨੌਂ ਸੌ ਚੁਰਾਨਵੇਂ ਚੌਕੜੀ ਜੁਗ ਮੁਕੇ ਪੰਧ, ਜੁਗ ਗੇੜਾ ਕਵਣ ਰਖਾਇਆ । ਕਵਣ ਰੂਪ ਸੁਣਾਏ ਸੁਹਾਗੀ ਛੰਦ, ਬੱਤੀ ਦੰਦ ਲੱਖ ਚੁਰਾਸੀ ਮਾਤ ਸਮਝਾਇਆ । ਕਵਣ ਰੂਪ ਸੋਏ ਦੇ ਕਰ ਕੰਡ, ਆਪਣੀ ਕਰਵਟ ਨਾ ਲਏ ਬਦਲਾਇਆ । ਕਵਣ ਰੂਪ ਬਖ਼ਸ਼ੇ ਆਪਣਾ ਪਰਮਾਨੰਦ, ਅਨੰਦ ਅਨੰਦ ਵਿਚ ਟਿਕਾਇਆ । ਕਵਣ ਰੂਪ ਨਿਰਗੁਣ ਤੇਰੇ ਨਾਲੋਂ ਤੁਟੀ ਸਰਗੁਣ ਰੂਪ ਵਿਚ ਲਏਂ ਗੰਢ, ਤੰਦੀ ਤੰਦ ਕਵਣ ਬੰਧਾਇਆ । ਕਵਣ ਜਵਾਨੀ ਕਵਣ ਬੁਢੇਪਾ ਕਵਣ ਬਾਲ ਅਵਸਥਾ ਜਾਣੇ ਪੰਧ, ਕਵਣ ਜੋਤੀ ਲਏਂ ਬੰਧਾਇਆ । ਕਵਣ ਸੁਹਾਗਣ ਕਵਣ ਨਾਰ ਦਿਸੇ ਰੰਡ, ਕਵਣ ਕੰਤ ਅੰਗ ਲਗਾਇਆ । ਕਵਣ ਰੂਪ ਲੇਖੇ ਲਾਏਂ ਭਾਗਣ ਮੰਦ, ਨੌਂ ਸੌ ਚੁਰਾਨਵੇਂ ਚੌਕੜੀ ਜੁਗ ਧੱਕੇ ਖਾਇਆ ।

੩੨
੧੦

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਤੇਰਾ ਵਿਸ਼ਨ ਬ੍ਰਹਮਾ ਸ਼ਿਵ ਬਾਲ ਨਾਦਾਨਾ ਮੰਗਣ ਆਇਆ । ਬਾਲ ਨਿਦਾਨਾ ਬਾਲੀ ਬੁੱਧ, ਚਰਨ ਕਵਲ ਸੀਸ ਝੁਕਾਇੰਦਾ । ਆਦਿ ਜੁਗਾਦਿ ਨਾ ਆਵੇ ਸੁੱਧ, ਤੇਰਾ ਭੇਵ ਨਾ ਕੋਇ ਪਾਇੰਦਾ । ਕਵਣ ਰੂਪ ਅਸਵ ਚੜ੍ਹੇਂ ਕੁੱਦ, ਲੋਆਂ ਪੁਰੀਆਂ ਚਰਨਾਂ ਹੇਠ ਦਬਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਚੀ ਵਸਤ ਏਕਾ ਮੰਗਣ ਮੰਗ ਮੰਗਾਇੰਦਾ । ਮੰਗਣ ਆਏ ਚਲ ਭਿਖਾਰੀ, ਬ੍ਰਹਮਾ ਵਿਸ਼ਨ ਸ਼ਿਵ ਚਰਨ ਧਿਆਨ ਲਗਾਇਆ । ਨਿਰਗੁਣ ਰੂਪ ਸਾਡੀ ਜੋਤ ਬਿਨ ਹਰਿ ਹਰਿ ਰਹੇ ਕੁਆਰੀ, ਸਿਰ ਹੱਥ ਨਾ ਕੋਇ ਟਿਕਾਇਆ । ਕਵਣ ਘਰ ਮਿਲੇ ਅਟਾਰੀ, ਕਵਣ ਮਹੱਲ ਦਏਂ ਵਸਾਇਆ । ਕਵਣ ਰੂਪ ਪੁਰਖ ਮਿਲੇ ਸਾਚੀ ਨਾਰੀ, ਕਰਤਾ ਪੁਰਖ ਆਪਣਾ ਨਾਉਂ ਧਰਾਇਆ । ਕਵਣ ਰੂਪ ਨੌਂ ਸੌ ਚੁਰਾਨਵੇ ਚੌਕੜੀ ਜੁਗ ਉਤਰੇ ਪਾਰ ਵਾਰੋ ਵਾਰੀ, ਆਪਣਾ ਗੇੜਾ ਆਪ ਦਵਾਇਆ । ਕਵਣ ਰੂਪ ਲੋਕਮਾਤ ਨਿਰਗੁਣ ਲਏਂ ਅਵਤਾਰੀ, ਗੁਰ ਅਵਤਾਰ ਆਪ ਅਖਵਾਇਆ । ਕਵਣ ਰੂਪ ਲੱਖ ਚੁਰਾਸੀ ਦਏਂ ਆਧਾਰੀ, ਆਪ ਆਪਣਾ ਭੇਵ ਖੁਲ੍ਹਾਇਆ । ਕਵਣ ਰੂਪ ਸਤਿਜੁਗ ਲਾਏਂ ਸਾਚੀ ਫੁਲਵਾੜੀ, ਹਰਿ ਕਵਣ ਰੂਪ ਸਿਚ ਅੰਮ੍ਰਿਤ ਹਰਾ ਕਰਾਇਆ । ਕਵਣ ਰੂਪ ਤ੍ਰੇਤਾ ਬੰਨ੍ਹੇ ਧਾਰੀ, ਤ੍ਰੈਗੁਣ ਆਪਣਾ ਖੇਲ ਖਿਲਾਇਆ । ਕਵਣ ਰੂਪ ਦੁਆਪਰ ਕਰੇਂ ਫੇਰੀ, ਆਪ ਆਪਣੀ ਸੇਵ ਕਮਾਇਆ । ਕਵਣ ਰੂਪ ਕਲਜੁਗ ਵੱਢੇਂ ਆਪਣੀ ਹਾੜੀ, ਕਵਣ ਕਿਰਸਾਣ ਵੇਸ ਧਰਾਇਆ । ਕਵਣ ਰੂਪ ਲੇਖਾ ਜਾਣੇ ਬਹੱਤਰ ਨਾੜੀ, ਕਵਣ ਰੂਪ ਹੱਡ ਮਾਸ ਚੋਲੀ ਸੁਹਾਇਆ । ਕਵਣ ਰੂਪ ਲੋਆਂ ਪੁਰੀਆਂ ਮਾਰੇਂ ਉਡਾਰੀ, ਕਵਣ ਰੂਪ ਬ੍ਰਹਿਮੰਡ ਖੰਡ ਆਪਣਿਆਂ ਚਰਨਾਂ ਹੇਠ ਰਖਾਇਆ । ਕਵਣ ਰੂਪ ਲੱਖ ਚੁਰਾਸੀ ਪਰਖੇਂ ਨਰ ਨਾਰੀ, ਚਾਰੇ ਖਾਣੀ ਫੋਲ ਫੁਲਾਇਆ । ਕਵਣ ਰੂਪ ਬੋਲੇਂ ਸਚ ਜੈਕਾਰੀ, ਪਰਾ ਪਸੰਤੀ ਮਧਮ ਬੈਖਰੀ, ਬਾਣੀ ਆਪੇ ਗਾਇਆ । ਕਵਣ ਰੂਪ ਆਪੇ ਲੱਭੇਂ ਆਪਣੇ ਹਾਣੀ, ਘਰ ਘਰ ਫੇਰੀ ਪਾਇਆ । ਕਵਣ ਰੂਪ ਦੇਵੇਂ ਠੰਡਾ ਪਾਣੀ, ਅੰਮ੍ਰਿਤ ਤਾਲ ਇਕ ਭਰਾਇਆ । ਕਵਣ ਰੂਪ ਆਪਣੇ ਭਗਤ ਸੰਤ ਗੁਰਮੁਖ ਗੁਰਸਿਖ ਬਣਾਏਂ ਸਾਚੀ ਸਵਾਣੀ, ਸਿਰ ਆਪਣਾ ਹੱਥ ਟਿਕਾਇਆ । ਆਪਣੀ ਦੱਸੇ ਸਚ ਨਿਸ਼ਾਨੀ, ਤੇਰਾ ਨਿਸ਼ਾਨਾ ਹੱਥ ਕਿਸੇ ਨਾ ਆਇਆ । ਬ੍ਰਹਮਾ ਵਿਸ਼ਨ ਸ਼ਿਵ ਤੇਰੇ ਦਰ ਆਏ ਭੁੱਲੇ ਪ੍ਰਾਣੀ, ਪ੍ਰਾਣਪਤ ਤੂੰ ਇਕ ਰਘੁਰਾਇਆ । ਮੰਗਣ ਆਏ ਤੂੰ ਦਿਸਿਆ ਸੱਚਾ ਦਾਨੀ, ਭਿਖਕ ਭਿਛਿਆ ਝੋਲੀ ਕਵਣ ਦਏ ਭਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਬ੍ਰਹਮਾ ਵਿਸ਼ਨ ਸ਼ਿਵ ਮਿਲੇ ਆਇਆ । ਵਿਸ਼ਨੂੰ ਨਾ ਰੋ, ਹਰਿ ਸਾਚਾ ਸਚ ਸਮਝਾਇੰਦਾ । ਬ੍ਰਹਮੇ ਉਠ ਮੁਖੜਾ ਧੋ, ਹਰਿ ਸਾਚਾ ਦਇਆ ਕਮਾਇੰਦਾ । ਸ਼ੰਕਰ ਹਰਿ ਚਰਨ ਛੋਹ, ਤੇਰੀ ਧੂੜ ਦਰਦ ਮਿਟਾਇੰਦਾ । ਤੇਰੇ ਅੰਦਰ ਵਾੜੇ ਏਕਾ ਨਿਰਗੁਣ ਸੋ, ਸੋ ਪੁਰਖ ਨਿਰੰਜਣ ਆਪਣਾ ਖੇਲ ਖਿਲਾਇੰਦਾ । ਹਰਿ ਪੁਰਖ ਨਿਰੰਜਣ ਕਰਨ ਆਏ ਮੋਹ, ਮੋਹ ਵਿਕਾਰਾ ਸਰਬ ਮਿਟਾਇੰਦਾ । ਏਕਾ ਅੰਮ੍ਰਿਤ ਮੁਖ ਚੋ, ਸ਼ਬਦ ਪਿਆਲਾ ਹੱਥ ਰਖਾਇੰਦਾ । ਆਦਿ ਨਿਰੰਜਣ ਜੋਤੀ ਜੋਤ ਕਰੇ ਲੋਅ, ਦੀਵਾ ਬਾਤੀ ਨਾ ਕੋਇ ਜਗਾਇੰਦਾ । ਪੁਰਖ ਅਬਿਨਾਸ਼ੀ ਦਰਸ ਦਖਾਏ ਅੱਗੇ ਹੋ, ਆਪਣਾ ਰੂਪ ਆਪੇ ਪ੍ਰਗਟਾਇੰਦਾ । ਸ੍ਰੀ ਭਗਵਾਨ ਦੇਵੇ ਸਾਚਾ ਢੋ, ਢੋਆ ਆਪਣੇ ਹੱਥ ਰਖਾਇੰਦਾ । ਪਾਰਬ੍ਰਹਮ ਆਪਣਾ ਬੀਜ ਦੇਵੇ ਬੋ, ਸ਼ਬਦ ਬੂਟਾ ਏਕਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮੇ ਸ਼ਿਵ ਦੇਵੇ ਵਰ, ਦਰ ਆਇਆਂ ਆਸ ਪੁਜਾਇੰਦਾ । ਆਸਾ ਮਨਸਾ ਪੂਰ ਕਰੰਦੜਾ,

ਹਰਿ ਸੱਚਾ ਸ਼ਹਿਨਸ਼ਾਹ । ਵਿਸ਼ਨੂੰ ਆਪਣੀ ਗੋਦ ਬਹੰਦੜਾ, ਸਿਰ ਸਮਰਥ ਹੱਥ ਰਖਾ । ਬ੍ਰਹਮੇ ਏਕਾ ਮਾਣ ਵਖੰਦੜਾ, ਚਰਨ ਕਵਲ ਧਿਆਨ ਲਗਾ । ਸ਼ੰਕਰ ਸੇਵਾ ਸਚ ਕਮੰਦੜਾ, ਕੇਸੀ ਚਰਨ ਚਵਰ ਝੁਲਾ । ਨੌਂ ਸੌ ਚੁਰਾਨਵੇਂ ਚੌਕੜੀ ਗੇੜਾ ਆਪਣੇ ਹੱਥ ਰਖੰਦੜਾ, ਨਿਰਗੁਣ ਦਾਤਾ ਦਏ ਸਮਝਾ । ਚਾਰ ਜੁਗ ਵੰਡ ਵਡੰਦੜਾ, ਜੁਗ ਚੌਕੜੀ ਗੇੜਾ ਦਏ ਗਿੜਾ । ਨਿਰਗੁਣ ਸਰਗੁਣ ਵੇਖ ਵਖੰਦੜਾ, ਪੰਜ ਤੱਤ ਚੋਲਾ ਲਏ ਹੰਢਾ । ਰਜੋ ਤਮੋ ਸਤੋ ਸੰਗ ਸਾਚਾ ਸੰਗ ਵਖੰਦੜਾ, ਆਪ ਆਪਣਾ ਵਿਚ ਛੁਪਾ । ਆਪ ਆਪਣੀ ਧਾਰ ਰਖੰਦੜਾ, ਜੋਤੀ ਜੋਤ ਡਗਮਗਾ । ਥਿਰ ਘਰ ਆਪਣਾ ਚਰਨ ਉਠੰਦੜਾ, ਏਕਾ ਧੱਕਾ ਦੇਵੇ ਲਾ । ਸ਼ਬਦ ਸ਼ਬਦੀ ਖੇਲ ਖਿਲੰਦੜਾ, ਆਪਣੀ ਧਾਰ ਸੁੰਨ ਅਗੰਮੀ ਵਿਚੋਂ ਦਏ ਵਹਾ । ਆਪ ਆਪਣਾ ਰਾਹ ਤਕੰਦੜਾ, ਲੋਕਮਾਤ ਬੇਪਰਵਾਹ । ਮਾਣਸ ਮਾਨੁਖ ਆਪ ਉਠੰਦੜਾ, ਲੱਖ ਚੁਰਾਸੀ ਵਿਚੋਂ ਮਾਣ ਦੁਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਹਰਿ, ਏਕਾ ਅੱਖਰ ਦਏ ਸਮਝਾ । ਨਿਸ਼ਅੱਖਰ ਹਰਿ ਸਮਝਾਇੰਦਾ, ਸ਼ਬਦੀ ਰੂਪ ਅਗੰਮ । ਲਿਖਣ ਪੜ੍ਹਣ ਵਿਚ ਨਾ ਆਇੰਦਾ, ਆਦਿ ਜੁਗਾਦਿ ਕਰੇ ਕਰਾਏ ਆਪਣਾ ਕੰਮ । ਵਿਸ਼ਨ ਬ੍ਰਹਮਾ ਸ਼ਿਵ ਤੇਰੇ ਸੰਗ ਸਮਾਇੰਦਾ, ਨਾ ਕੋਈ ਤ੍ਰਿਸ਼ਨਾ ਨਾ ਕੋਈ ਤਮ । ਨਵ ਨੌਂ ਚਾਰ ਖੇਲ ਖਿਲਾਇੰਦਾ, ਆਪੇ ਬੇੜਾ ਦੇਵੇ ਬੰਨ੍ਹ । ਲੱਖ ਚੁਰਾਸੀ ਘਾੜਨ ਆਪ ਘੜਾਇੰਦਾ, ਆਪੇ ਹੋਏ ਜਨਨੀ ਜਨ । ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮੇਲ ਮਿਲਾਇੰਦਾ, ਆਪੇ ਦੇਵੇ ਆਪਣਾ ਸੱਚਾ ਨਾਮ ਧਨ । ਸਚ ਖ਼ਜ਼ੀਨਾ ਇਕ ਭਰਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣਾ ਲੇਖਾ ਆਪ ਲਿਖਾਇੰਦਾ । ਹਰਿ ਲੇਖਾ ਲਿਖਿਆ ਨਿਰਗੁਣ ਧਾਰ, ਕਲਮ ਸ਼ਾਹੀ ਨਾ ਕੋਇ ਰਖਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਆਪੇ ਪੜ੍ਹੇ ਆਪ ਨਿਰੰਕਾਰ, ਦੂਸਰ ਪੜ੍ਹਣ ਕੋਇ ਨਾ ਜਾਈਆ । ਜੁਗ ਜੁਗ ਖੇਲ ਕਰੇ ਅਗੰਮ ਅਪਾਰ, ਅਲਖ ਅਗੋਚਰ ਸੱਚਾ ਸ਼ਹਿਨਸ਼ਾਹੀਆ । ਅਵਤਾਰ ਗੁਰ ਭੇਜੇ ਵਿਚ ਸੰਸਾਰ, ਆਪਣਾ ਅੱਖਰ ਹੱਥ ਨਾ ਕਿਸੇ ਫੜਾਈਆ । ਮਾਤ ਗਰਭੋਂ ਕੱਢੇ ਬਾਹਰ, ਫਿਰ ਧੁਨ ਨਾਦ ਵਜਾਈਆ । ਸੁਰਤੀ ਖਿੱਚੇ ਸ਼ਬਦ ਸਤਾਰ, ਸਤਾਰ ਨਿਰਾਕਾਰ ਵਿਚ ਟਿਕਾਈਆ । ਨਿਰਾਕਾਰ ਜਾਣੇ ਆਪਣੀ ਕਾਰ, ਸਾਕਾਰ ਭੇਵ ਨਾ ਰਾਈਆ । ਆਪਣਾ ਹੁਕਮ ਦੇਵੇ ਧੁਰ ਫ਼ਰਮਾਨ, ਧੁਰ ਦੀ ਬਾਣੀ ਬਾਣ ਲਗਾਈਆ । ਲੋਕਮਾਤ ਭਗਤ ਭਗਵੰਤ ਮੰਗਦੇ ਰਹਿਣ ਬਣ ਭਿਖਾਰ, ਅੱਗੇ ਆਪਣੀ ਝੋਲੀ ਡਾਹੀਆ । ਦੇਵਣਹਾਰ ਸੱਚੀ ਸਰਕਾਰ, ਸੀਸ ਆਪਣੇ ਪੰਚਮ ਮੁਖੀ ਤਾਜ ਟਿਕਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਬਣਿਆ ਰਹੇ ਵਰਤਾਰ, ਤੋਟ ਕਦੇ ਨਾ ਆਈਆ । ਕੋਟਨ ਕੋਟ ਜੁਗ ਬੀਤੇ ਵਾਰੋ ਵਾਰ, ਕੋਟਨ ਕੋਟ ਗੁਰ ਪੀਰ ਅਵਤਾਰ ਮੁਖ ਮੁਖ ਗਏ ਸਾਲਾਹੀਆ । ਕੋਟਨ ਕੋਟ ਮੰਗਦੇ ਰਹੇ ਭਿਖਾਰ, ਪ੍ਰਭ ਅੱਗੇ ਝੋਲੀ ਡਾਹੀਆ । ਜਿਸ ਉਪਰ ਹੋਇਆ ਆਪ ਕਿਰਪਾਲ, ਆਪਣੀ ਕਿਰਨ ਇਕ ਇਕ ਇਕ ਹਿੱਸਾ ਲੋਕਮਾਤ ਝੋਲੀ ਪਾਈਆ । ਜਿਸ ਮਿਲਿਆ ਬਣ ਸੱਚਾ ਦੁਲਾਰ, ਤਿਸ ਪਾਇਆ ਸਾਚਾ ਮਾਹੀਆ । ਬ੍ਰਹਮਾ ਵਿਸ਼ਨ ਸ਼ਿਵ ਜੁਗੋ ਜੁਗ ਰੋਵਣ ਜ਼ਾਰੋ ਜ਼ਾਰ, ਰਾਹ ਤੱਕਣ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਿੰਘਾਸਣ ਬੈਠਾ ਚੜ੍ਹ ਨਾ ਕੋਈ ਸੀਸ ਨਾ ਕੋਈ ਧੜ, ਬ੍ਰਹਮਾ ਵਿਸ਼ਨ ਸ਼ਿਵ ਬਠਾਏ ਆਪਣੇ ਚਰਨ ਦੁਆਰ, ਚਰਨ ਕਵਲ ਨਾਲ ਨਾ ਕਿਸੇ ਛੁਹਾਈਆ । ਬ੍ਰਹਮਾ ਵਿਸ਼ਨ ਸ਼ਿਵ ਹਰਿ ਚਰਨ ਛੋਹ ਨਾ ਸਕਿਆ, ਪ੍ਰਭ ਬੈਠਾ ਮੁਖ ਛੁਪਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਪੈਂਡਾ ਅਜੇ

ਨਾ ਮੁਕਿਆ, ਭੁੱਲੇ ਪਾਂਧੀ ਰਾਹੀਆ । ਕੋਟਨ ਕੋਟ ਰੂਪ ਕਰ ਕਰ ਕਦੇ ਨਾ ਅੱਕਿਆ, ਅੰਮ੍ਰਿਤ ਦੇਵੇ ਸੱਚਾ ਮਾਹੀਆ । ਜਿਸ ਸੁਫ਼ਨੇ ਅੰਦਰ ਮੇਰਾ ਨਾਮ ਰਸ ਚਖਿਆ, ਸੋ ਭਗਤ ਮਿਲੇ ਸੱਚੇ ਸ਼ਹਿਨਸ਼ਾਹੀਆ । ਤੇਰਾ ਭਾਣਾ ਕਿਸੇ ਨਾ ਡੱਕਿਆ, ਦੋਏ ਜੋੜ ਜੋੜ ਗਏ ਸੀਸ ਝੁਕਾਈਆ । ਆਦਿ ਜੁਗਾਦਿ ਤੂੰ ਸਾਹਿਬ ਸੁਲਤਾਨ ਕਦੇ ਨਾ ਅੱਕਿਆ, ਆਪੇ ਘੜੇ ਆਪੇ ਭੰਨੇ ਆਪੇ ਵੇਖੇ ਜਗਤ ਲੋਕਾਈਆ । ਤੇਰਾ ਖੇਲ ਜੁਗਾ ਜੁਗੰਤਰ ਆਪੇ ਤੱਕਿਆ, ਵਿਸ਼ਨ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮੇ ਵਿਸ਼ਨ ਸ਼ਿਵ ਦੇਵੇ ਏਕਾ ਵਰ, ਅਭੁਲ ਅਭੁਲ ਅਭੁਲ ਆਪ ਅਖਵਾਈਆ । ਬਿਸ਼ਨ ਬ੍ਰਹਮਾ ਸ਼ਿਵ ਕਰਨ ਫ਼ਰਯਾਦ, ਪ੍ਰਭ ਤੇਰੀ ਵਡ ਵਡਿਆਈਆ । ਤੇਰਾ ਨਾਮ ਸਾਡੀ ਦਾਦ, ਆਦਿ ਜੁਗਾਦਿ ਏਕਾ ਵਸਤ ਝੋਲੀ ਪਾਈਆ । ਜੁਗ ਜੁਗ ਰੱਖੀਏ ਤੈਨੂੰ ਯਾਦ, ਭੁਲ ਕਦੇ ਨਾ ਜਾਈਆ । ਕਵਣ ਸੁ ਵੇਲਾ ਆਪਣੇ ਗੇੜੇ ਵਿਚੋਂ ਲਏ ਕਾਢ, ਖੇਵਟ ਖੇਟਾ ਬਣ ਸੱਚਾ ਮਲਾਹੀਆ । ਕਵਣ ਸਿੰਘਾਸਣ ਲਡਾਏ ਲਾਡ, ਬਾਲ ਅੰਞਾਣੇ ਗੋਦ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਦੇ ਸਾਚਾ ਵਰ, ਲਿਖਣ ਪੜ੍ਹਣ ਵਿਚ ਨਾ ਆਈਆ । ਸਾਚਾ ਵਰ ਹਰਿ ਸੁਣਾਇਆ, ਲੇਖਾ ਲੇਖ ਨਾ ਕਿਸੇ ਰਖਾਇਆ । ਵਿਸ਼ਨੂੰ ਅੰਦਰ ਆਪ ਟਿਕਾਇਆ, ਬ੍ਰਹਮੇ ਝੋਲੀ ਆਪੇ ਪਾਇਆ । ਸ਼ੰਕਰ ਸੀਸ ਆਪ ਟਿਕਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪਣਾ ਭੇਵ ਆਪ ਖੁਲ੍ਹਾਇਆ । ਭੇਵ ਖੁਲ੍ਹਾਵਣਹਾਰ ਹਰਿ ਨਿਰੰਕਾਰਾ, ਨਿਹਕਰਮੀ ਕਰਮ ਕਮਾਇੰਦਾ । ਆਦਿ ਪੁਰਖ ਹੋ ਉਜਿਆਰਾ, ਸਚਖੰਡ ਖੋਲ੍ਹ ਇਕ ਕਿਵਾੜਾ, ਥਿਰ ਘਰ ਸਾਚੇ ਸੋਭਾ ਪਾਇੰਦਾ । ਸ਼ਬਦ ਉਠਾਏ ਇਕ ਦੁਲਾਰਾ, ਬ੍ਰਹਮਾ ਵਿਸ਼ਨ ਸ਼ਿਵ ਦਏ ਆਧਾਰਾ, ਆਪ ਆਪਣਾ ਮੇਲ ਮਿਲਾਇੰਦਾ । ਜੁਗਾ ਜੁਗੰਤਰ ਵਰਤੇ ਵਰਤਾਰਾ, ਤ੍ਰੈਗੁਣ ਮਾਇਆ ਬਣੇ ਸਹਾਰਾ, ਪੰਚਮ ਤੱਤ ਮੇਲਾ ਮੇਲ ਮਿਲਾਇੰਦਾ । ਲੱਖ ਚੁਰਾਸੀ ਬਣੇ ਇਕ ਅਖਾੜਾ, ਨੌਂ ਖੰਡ ਪ੍ਰਿਥਮੀ ਬਣੇ ਧਾਰਾ, ਲੋਆਂ ਪੁਰੀਆਂ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਜੁਗ ਵੇਸ ਵਟਾਇੰਦਾ । ਜਗਤ ਵੇਸ ਵਟਾਵਣਾ, ਨਿਰਗੁਣ ਸਰਗੁਣ ਧਾਰ । ਸਤਿਜੁਗ ਸਾਚਾ ਸੰਗ ਨਿਭਾਵਣਾ, ਭਗਤ ਭਗਵੰਤ ਲਏ ਆਧਾਰ । ਸਾਚੇ ਸੰਤ ਮੇਲ ਮਿਲਾਵਣਾ, ਸਾਚੀ ਦੇਵੇ ਇਕ ਗੁਫ਼ਤਾਰ । ਅਨਹਦ ਸਾਚੀ ਧੁਨ ਸੁਨਾਵਣਾ, ਬ੍ਰਹਮ ਬ੍ਰਹਿਮਾਦੀ ਖੋਲ੍ਹ ਕਿਵਾੜ । ਗੁਰ ਅਵਤਾਰ ਆਪਣੇ ਰੰਗ ਰੰਗਾਵਣਾ, ਰੰਗ ਰੰਗਾਏ ਬਹੱਤਰ ਨਾੜ । ਗੁਰਮੁਖ ਸਾਚੀ ਸੇਜ ਸੁਹਾਵਣਾ, ਸਾਚੇ ਪੌੜੇ ਦੇਵੇ ਚਾੜ੍ਹ । ਏਕਾ ਘਰ ਆਪ ਵਖਾਵਣਾ, ਨਾਤਾ ਤੋੜ ਨੌਂ ਦੁਆਰ । ਦਸਮ ਦੁਆਰੀ ਕੁੰਡਾ ਲਾਹਵਣਾ, ਨਿਰਗੁਣ ਜੋਤ ਕਰ ਉਜਿਆਰ । ਸੁਰਤੀ ਸ਼ਬਦੀ ਮੇਲ ਮਿਲਾਵਣਾ, ਨਾਰੀ ਕੰਤ ਕਰੇ ਪਿਆਰ । ਰੁੱਤ ਬਸੰਤੀ ਇਕ ਸੁਹਾਵਣਾ, ਅੱਠੇ ਪਹਿਰ ਰਹੇ ਗੁਲਜ਼ਾਰ । ਅੰਮ੍ਰਿਤ ਮੇਘ ਇਕ ਬਰਸਾਵਣਾ, ਬਰਖਣਹਾਰ ਠੰਡਾ ਠਾਰ । ਬੂੰਦ ਸਵਾਂਤੀ ਇਕ ਪਿਆਵਣਾ, ਸਾਂਤਕ ਸਤਿ ਕਰੇ ਵਰਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮਾ ਵਿਸ਼ਨ ਸ਼ਿਵ ਦੇਵੇ ਵਰ, ਆਪ ਆਪਣੀ ਕਿਰਪਾ ਧਾਰ । ਕਿਰਪਾ ਧਾਰੇ ਹਰਿ ਨਿਰੰਕਾਰੇ, ਹਰਿ ਸਾਚਾ ਸਚ ਸੁਲਤਾਨਿਆ । ਜੁਗ ਜੁਗ ਕਰੇ ਖੇਲ ਅਪਾਰੇ ਸਿਰਜਣਹਾਰੇ, ਲੋਕਮਾਤ ਹੋਏ ਪ੍ਰਧਾਨਿਆ । ਨਿਰਗੁਣ ਸਰਗੁਣ ਲੈ ਅਵਤਾਰੇ, ਬੋਲੇ ਸ਼ਬਦ ਜੈਕਾਰੇ, ਏਕਾ ਨਾਮ ਕਰੇ ਪ੍ਰਵਾਨਿਆ । ਦੁਸ਼ਟ ਸੰਘਾਰੇ ਹਉਮੇ ਮਾਰੇ, ਮਾਇਆ ਮਮਤਾ ਮੋਹ ਚੁਕਾਨਿਆ । ਗ਼ਰੀਬ ਨਿਮਾਣੇ ਦਏ ਸਹਾਰੇ, ਬਖ਼ਸ਼ੇ ਚਰਨ ਕਵਲ ਪਿਆਰੇ,

੩੫
੧੦

ਧਰਤ ਧਵਲ ਆਪ ਵਡਿਆਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮਾ ਸ਼ਿਵ ਦੇਵੇ ਵਰ, ਸ਼ਹਿਨਸ਼ਾਹ ਸੱਚਾ ਸੁਲਤਾਨਿਆ । ਸ਼ਹਿਨਸ਼ਾਹ ਹਰਿ ਸੁਲਤਾਨਾ, ਤਖ਼ਤ ਨਿਵਾਸੀ ਇਕ ਅਖਵਾਇੰਦਾ । ਸਤਿ ਸਰੂਪੀ ਨੌਂਜਵਾਨਾ, ਬਿਰਧ ਬਾਲ ਨਾ ਰੂਪ ਵਟਾਇੰਦਾ । ਜੁਗਾ ਜੁਗੰਤਰ ਖੇਲ ਮਹਾਨਾ, ਜਗਤ ਕਰਤਾ ਆਪ ਕਰਾਇੰਦਾ । ਸਤਿਜੁਗ ਸਾਚੇ ਸਚ ਨਿਸ਼ਾਨਾ, ਸਤਿ ਸਤਿਵਾਦੀ ਆਪ ਝੁਲਾਇੰਦਾ । ਤ੍ਰੇਤਾ ਤੇਰੀ ਧਾਰ ਮਹਾਨਾ, ਤ੍ਰੈ ਤ੍ਰੈ ਮੀਤਾ ਆਪ ਕਰਾਇੰਦਾ । ਦੁਸ਼ਟ ਹੰਕਾਰੀ ਮਾਰੇ ਰਾਵਣ ਰਾਮਾ, ਪੁਰਖ ਅਬਿਨਾਸ਼ੀ ਖੇਲ ਖਿਲਾਇੰਦਾ । ਦੋ ਦੋ ਲਹਿਣਾ ਆਪ ਚੁਕਾਣਾ, ਜਗਤ ਲੋਚਣ ਵੇਖ ਵਖਾਇੰਦਾ । ਨੈਣ ਮੁੰਧਾਰੀ ਕਵਲ ਮੁੰਧਾਨਾ, ਕਵਲ ਨੈਣ ਆਪ ਮਟਕਾਇੰਦਾ । ਕਰੇ ਖੇਲ ਸ੍ਰੀ ਭਗਵਾਨਾ, ਭਗਵਨ ਆਪਣੀ ਕਲ ਵਰਤਾਇੰਦਾ । ਲੇਖਾ ਜਾਣੇ ਧੁਰ ਫ਼ਰਮਾਨਾ, ਧੁਰ ਦੀ ਬਾਣੀ ਬਾਣ ਆਪ ਲਗਾਇੰਦਾ । ਆਪਣੀ ਕਰੇ ਆਪ ਕਲਿਆਨਾ, ਵੇਖਣਹਾਰ ਆਪ ਹੋ ਜਾਇੰਦਾ । ਆਪਣਾ ਰੂਪ ਆਪ ਪ੍ਰਗਟਾਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਸਾਚਾ ਹਰਿ, ਬ੍ਰਹਮਾ ਵਿਸ਼ਨ ਸ਼ਿਵ ਆਪ ਸਮਝਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਉਠ ਕਰ ਧਿਆਨ, ਹਰਿ ਸਾਚਾ ਸਚ ਸਮਝਾਈਆ । ਕੋਟਨ ਕੋਟ ਬੀਤਨ ਕਾਲ, ਕਾਲ ਗਰਾਸ ਇਕ ਕਰਾਈਆ । ਮਹਾਕਾਲ ਖੇਲ ਨਿਰਾਲ, ਦੀਨ ਦਿਆਲ ਆਪ ਵਖਾਈਆ । ਸਤਿਜੁਗ ਤ੍ਰੇਤਾ ਦੁਆਪਰ ਚਲੇ ਅਵੱਲੜੀ ਚਾਲ, ਚਾਲ ਨਿਰਾਲੀ ਇਕ ਰਖਾਈਆ । ਕਾਹਨਾ ਕ੍ਰਿਸ਼ਨਾ ਬਣ ਦਲਾਲ, ਬ੍ਰਹਮਾ ਵਿਸ਼ਨ ਸ਼ਿਵ ਵੇਖ ਵਖਾਈਆ । ਫਲ ਵੇਖੇ ਲੱਖ ਚੁਰਾਸੀ ਲੱਗਾ ਡਾਲ, ਪੱਤ ਡਾਹਲੀ ਫੋਲ ਫੁਲਾਈਆ । ਨਾਲ ਰਖਾਏ ਏਕਾ ਕਾਲ, ਸ੍ਰਿਸ਼ਟ ਸਬਾਈ ਦਾੜ੍ਹਾਂ ਹੇਠ ਚਬਾਈਆ । ਗੁਰਮੁਖਾਂ ਦੇਵੇ ਨਾਮ ਸੱਚਾ ਧਨ ਮਾਲ, ਭਗਤ ਭਗਵੰਤ ਲਏ ਮਿਲਾਈਆ । ਤ੍ਰਿਲੋਕੀ ਦਾ ਬਣਿਆ ਰਹੇ ਦਲਾਲ, ਸਚਖੰਡ ਸੱਚਾ ਪਾਤਸ਼ਾਹ ਨਜ਼ਰ ਨਾ ਆਈਆ । ਅੰਤਮ ਹੋਵੇ ਹੱਲ ਨਾ ਇਕ ਸੁਆਲ, ਗੀਤਾ ਗਿਆਨ ਅਠਾਰਾਂ ਧਿਆਏ ਅਰਜਨ ਗਿਆ ਸੁਣਾਈਆ । ਤ੍ਰਿਲੋਕੀ ਕਰਦਾ ਰਿਹਾ ਭਾਲ, ਗਊਆਂ ਚਾਰੇ ਬਛੜੇ ਬੰਨ੍ਹੇ ਬਣ ਬਣ ਮਾਹੀਆ । ਅੰਤਮ ਕੂਕ ਕੂਕ ਧੁਰਦਰਗਾਹੀ ਕਰ ਕਰ ਪੁਕਾਰ, ਇਕ ਆਵਾਜ਼ ਗਿਆ ਮਾਰ, ਪੁਰਖ ਅਕਾਲ ਮਿਲੇ ਸੱਚਾ ਸ਼ਹਿਨਸ਼ਾਹੀਆ । ਸਤਿਜੁਗ ਤ੍ਰੇਤਾ ਦੁਆਪਰ ਨਵ ਨੌਂ ਚਾਰ ਬੀਤੇ ਵਿਚ ਜਹਾਨ, ਕੋਟਨ ਕੋਟ ਰਾਮ ਕ੍ਰਿਸ਼ਨ ਗਏ ਫੇਰਾ ਪਾਈਆ । ਤੇਰਾ ਮੰਦਰ ਉਚ ਮਕਾਨ ਸੱਚੀ ਧਰਮਸਾਲ, ਧੁਰ ਦਰਬਾਰੇ ਬੈਠਾ ਆਸਣ ਲਾਈਆ । ਜਗਤ ਜੁਗਤ ਜਗ ਸਖ਼ੀਆਂ ਪਾਵੇ ਰਾਸ, ਮੰਡਲ ਗਿਆ ਵਖਾਈਆ । ਸਾਚਾ ਕਾਹਨਾ ਆਦਿ ਜੁਗਾਦਿ ਜੁਗਾ ਜੁਗੰਤਰ ਵਸੇ ਪਾਸ, ਵਿਛੜ ਕਦੇ ਨਾ ਜਾਈਆ । ਹਰਿ ਕਾ ਧੁਨ ਨਾਦ ਸ਼ਬਦ ਸਾਚੀ ਬੰਸਰੀ ਹੋਵੇ ਕਦੇ ਨਾ ਨਾਸ, ਮਟੀ ਵੰਞ ਨਾ ਕੋਇ ਰਚਨ ਰਚਾਈਆ । ਏਕਾ ਜੋਤ ਪੁਰਖ ਅਬਿਨਾਸ਼, ਜੁਗ ਜੁਗ ਗੁਰ ਪੀਰ ਅਵਤਾਰ ਸਾਧ ਸੰਤ ਰਿਹਾ ਜੋਤ ਟਿਕਾਈਆ । ਕਰਦਾ ਆਇਆ ਪੂਰੀ ਆਸ, ਜਿਸ ਸਿਰ ਆਪਣਾ ਹੱਥ ਟਿਕਾਈਆ । ਬ੍ਰਹਿਮੰਡ ਖੰਡ ਕੋਟਨ ਕੋਟ ਤ੍ਰਿਲੋਕੀ ਰਹੇ ਸਾਜ ਇਕ ਨਾ ਲੱਗੇ ਪਾਸ, ਚਰਨ ਧੂੜੀ ਰਤੀ ਖ਼ਾਕ ਕੋਟਨ ਕੋਟ ਗੁਰ ਪੀਰ ਅਵਤਾਰ ਤ੍ਰਿਪਤ ਕਰਾਈਆ । ਬ੍ਰਹਮਾ ਵਿਸ਼ਨ ਸ਼ਿਵ ਆਦਿ ਜੁਗਾਦਿ ਧਿਆਵਣਹਾਰ, ਹਰਿ ਕਾ ਭੇਵ ਕੋਈ ਨਾ ਪਾਈਆ । ਆਪਣੀ ਕੀਮਤ ਜਾਣੇ ਆਪ ਕਰਤਾਰ, ਦੂਸਰ ਕੀਮਤ ਨਾ ਕੋਈ ਵਖਾਈਆ । ਸਚਖੰਡ ਬੈਠ ਸੱਚੀ ਸਰਕਾਰ, ਆਪਣੀ ਰਚਨਾ ਆਪ ਰਚਾਈਆ । ਮਰੇ ਨਾ ਜਨਮੇ ਵਿਚ ਸੰਸਾਰ, ਜੁਗ ਜੁਗ ਗੇੜਾ ਆਪ ਭੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਿੰਨਾਂ

ਦੇਵੇ ਏਕਾ ਵਰ, ਤ੍ਰੈਗੁਣ ਨਾਤਾ ਦਏ ਸਮਝਾਈਆ । ਵਿਸ਼ਨ ਬ੍ਰਹਮੇ ਸ਼ਿਵ ਤੇਰਾ ਪਿਆਰ, ਰਜੋ ਤਮੋ ਸਤੋ ਤੇਰੇ ਅੰਗ ਲਗਾਇੰਦਾ । ਆਪਣੀ ਚਰਨ
ਧੂੜੀ ਪਾਏ ਖ਼ਾਕ ਛਾਰ, ਨੌਂ ਸੌ ਚੁਰਾਨਵੇਂ ਚੌਕੜੀ ਜੁਗ ਜੁਗ ਜੁਗ ਖੇਲ ਆਪ ਖਿਲਾਇੰਦਾ । ਨਿਰਗੁਣ ਸਰਗੁਣ ਹੋ ਉਜਿਆਰ, ਕਲਜੁਗ ਅੰਤਮ
ਵੇਖ ਵਖਾਇੰਦਾ । ਲੋਕਮਾਤ ਪਾਵੇ ਸਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣਾ ਅੱਖਰ ਨੌਂ
ਸੌ ਚੁਰਾਨਵੇ ਚੌਕੜੀ ਜੁਗ, ਕਿਸੇ ਕ਼ਲਮ ਨਾ ਕੋਈ ਲਿਖਾਇੰਦਾ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਕ਼ਲਮ ਸ਼ਾਹੀ ਲੇਖ ਨਾ ਲਿਖਿਆ, ਹਰਿ ਕਾ
ਭੇਵ ਨਾ ਦਏ ਜਣਾਈਆ । ਜੋ ਆਇਆ ਸੋ ਹੋਇਆ ਮਿਥਿਆ, ਥਿਰ ਕੋਇ ਰਹਿਣ ਨਾ ਪਾਈਆ । ਪੰਜ ਤੱਤ ਚੋਲਾ ਗੁਰ ਅਵਤਾਰ ਕਿਸੇ ਨਾ
ਰੱਖਿਆ, ਘੜਨ ਭੰਨਣਹਾਰ ਇਕ ਸ਼ਹਿਨਸ਼ਾਹੀਆ । ਆਪੇ ਜਾਣੇ ਆਪਣੀ ਕੀਤਿਆ, ਕਰਤਾ ਕਰਨ ਆਪ ਅਖਵਾਈਆ । ਕਲਜੁਗ ਅੰਤਮ ਚੌਥਾ
ਜੁਗ ਜਾਏ ਬੀਤਿਆ, ਕਰੇ ਖੇਲ ਹਰਿ ਰਘੁਰਾਈਆ । ਆਦਿ ਜੁਗਾਦਿ ਇਕ ਅਜੀਤਿਆ, ਊਚਾਂ ਨੀਚਾਂ ਵੇਖ ਵਖਾਈਆ । ਜੋਤੀ ਜੋਤ ਸਰੂਪ
ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਦੇਵੇ ਏਕਾ ਵਰ, ਬ੍ਰਹਮੇ ਫੜੌਣਾ ਆਪਣਾ ਲੜ, ਸ਼ੰਕਰ ਭੁਲ ਰਹੇ ਨਾ ਰਾਈਆ । ਕਲਜੁਗ ਉਪਜੇ
ਕਾਲੀ ਧਾਰ, ਹਰਿ ਸਾਚਾ ਸਚ ਸੁਣਾਇੰਦਾ । ਮੰਗਣ ਆਏ ਮੇਰੇ ਦੁਆਰ, ਦਰ ਸੁਆਲੀ ਇਕ ਵਖਾਇੰਦਾ । ਸਾਚੀ ਵਸਤ ਦੇਵੇ ਝੋਲੀ ਡਾਰ,
ਆਪਣਾ ਹੁਕਮ ਪੱਲੇ ਗੰਢ ਬੰਧਾਇੰਦਾ । ਚੌਥੇ ਵੇਦ ਕਰੇ ਸ਼ਿੰਗਾਰ, ਐੜਾ ਅੱਖ ਇਕ ਖੁਲ੍ਹਾਇੰਦਾ । ਅਥਰਬਣ ਊਚੀ ਕੂਕੇ ਕਰੇ ਪੁਕਾਰ, ਬ੍ਰਹਮਾ
ਚਾਰੇ ਮੁਖ ਖੁਲ੍ਹਾਇੰਦਾ । ਪੁਰਖ ਅਬਿਨਾਸ਼ੀ ਹੋ ਤਿਆਰ, ਸੁੰਨ ਅਗੰਮ ਫੋਲ ਫੁਲਾਇੰਦਾ । ਸੁੰਨ ਅਗੰਮ ਸਾਚੀ ਕਾਰ, ਕਰਨੀ ਕਰਨ ਆਪ ਕਰਾਇੰਦਾ ।
ਧੁਆਂਧਾਰ ਵਿਚੋਂ ਈਸਾ ਮੂਸਾ ਕੱਢੇ ਬਾਹਰ, ਲੋਕਮਾਤ ਜਨਮ ਦਵਾਇੰਦਾ । ਕਿਰਨ ਕਿਰਨ ਕਿਰਨ ਇਕ ਇਕ ਇਕ ਪੰਜ ਤਿੰਨ ਅੱਠ ਅੰਦਰ ਦੇਵੇ
ਵਾੜ, ਤ੍ਰੈ ਸੌ ਸੱਠ ਵੇਖ ਵਖਾਈਆ । ਆਪੇ ਗੇੜੇ ਆਪਣੀ ਲੱਠ ਕਰਤਾਰ, ਗੇੜਾ ਆਪੇ ਰਿਹਾ ਦਵਾਈਆ । ਜੋਤੀ ਜੋਤ ਸਰੂਪ ਹਰਿ, ਆਪ
ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਕਲਜੁਗ ਤੇਰੀ ਸਾਚੀ ਕਾਰ ਕਰੇ ਕਰਤਾਰ, ਕਾਲਾ ਰੰਗ ਰੰਗੇ ਸੂਰਾ ਸਰਬੰਗ, ਕਾਲਾ ਸੂਸਾ
ਤਨ ਛੁਹਾਈਆ । ਕਾਲਾ ਸੂਸਾ ਖੇਲ ਅਪਾਰ, ਖ਼ਾਲਕ ਖ਼ਲਕ ਵੇਖ ਵਖਾਇੰਦਾ । ਨਿਰਗੁਣ ਸਰਗੁਣ ਕਰੇ ਪਿਆਰ, ਆਪ ਆਪਣਾ ਬਲ ਧਰਾਇੰਦਾ ।
ਕਲਮੀ ਕਲਮਾ ਕਰ ਪਿਆਰ, ਏਕਾ ਹੁਕਮ ਸੁਣਾਇੰਦਾ । ਲੇਖਾ ਜਾਣੇ ਧੁਰ ਦਰਬਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,
ਦੇਵਣਹਾਰਾ ਸਾਚਾ ਵਰ, ਏਕਾ ਹੁਕਮ ਸੁਣਾਇੰਦਾ । ਕਾਲਾ ਸੂਸਾ ਤਨ ਸ਼ਿੰਗਾਰ, ਕਾਲੀ ਧਾਰ ਕਲਕਾਤੀ ਆਪ ਚਲਾਈਆ । ਲੇਖਾ ਜਾਣੇ ਮੁਹੰਮਦ
ਸੰਗ ਚਾਰ ਯਾਰ, ਅੱਲਾ ਰਾਣੀ ਆਪ ਪ੍ਰਨਾਈਆ । ਤੀਸ ਬਤੀਸਾ ਕੂਕ ਕੂਕ ਕਰੇ ਪੁਕਾਰ, ਆਇਤ ਸ਼ਰਾਇਤ ਕਰੇ ਪੜ੍ਹਾਈਆ । ਸ਼ਰਅ ਸ਼ਰੀਅਤ
ਵੇਖ ਵਿਚਾਰ, ਧਰਤ ਧਵਲ ਦਏ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਬ੍ਰਹਮਾ ਵਿਸ਼ਨ
ਸ਼ਿਵ ਮੇਰਾ ਲੇਖ ਲਿਖ ਨਾ ਸਕੇ ਕੋਈ ਰਾਈਆ । ਕਲਜੁਗ ਅੰਤਮ ਵੇਸ ਵਟਾਵਣਾ, ਜੋਤੀ ਜੋਤ ਹੋ ਉਜਿਆਰ । ਨਿਰਗੁਣ ਸਰਗੁਣ ਮੇਲ ਮਿਲਾਵਣਾ,
ਪੰਜ ਤੱਤ ਦਏ ਆਧਾਰ । ਨਾਨਕ ਨਾਨਕ ਨਾਨਕ ਨਾਉਂ ਰਖਾਵਣਾ, ਵੇਖੇ ਕਾਇਆ ਗੜ੍ਹ ਬੰਕ ਘਰ ਬਾਰ । ਏਕਾ ਨਾਮ ਵਿਚ ਟਿਕਾਵਣਾ, ਨਾਮ
ਸਤਿ ਸਤਿ ਜੈਕਾਰ । ਪੁਰਖ ਅਕਾਲ ਵੇਖ ਵਖਾਵਣਾ, ਨਾ ਕੋਈ ਦੂਸਰ ਮੀਤ ਮੁਰਾਰ । ਚਾਰ ਵਰਨਾ ਸੰਗ ਨਿਭਾਵਣਾ, ਊਚਾਂ ਨੀਚਾਂ ਪਾਰ ਕਿਨਾਰ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮੇ ਸ਼ਿਵ ਦੇਵੇ ਏਕਾ ਵਰ, ਕਰੇ ਖੇਲ ਵਿਚ ਸੰਸਾਰ । ਏਕਾ ਜੋਤੀ ਦਸ ਦਸ ਧਾਰ, ਹਰਿ ਸਾਚਾ ਖੇਲ ਖਿਲਾਇੰਦਾ । ਪੁਰਖ ਅਕਾਲ ਦੀਨ ਦਿਆਲ ਆਪਣੀ ਕਿਰਪਾ ਆਪੇ ਧਾਰ, ਨਾਨਕ ਜੋਤੀ ਜੋਤ ਜਗਾਇੰਦਾ । ਜਾਮਾ ਬਦਲੇ ਵਿਚ ਸੰਸਾਰ, ਭੇਵ ਕੋਈ ਨਾ ਪਾਇੰਦਾ । ਕੋਈ ਕਹੇ ਅੰਗਦ ਕੋਈ ਕਹੇ ਅਮਰਦਾਸ, ਕੋਈ ਰਾਮਦਾਸ ਕਹਿ ਕਹਿ ਗਾਇੰਦਾ । ਕੋਈ ਕਹੇ ਅਰਜਨ ਕੋਈ ਕਹੇ ਹਰਿਗੋਬਿੰਦ, ਕੋਈ ਹਰਿਰਾਏ ਸੀਸ ਝੁਕਾਇੰਦਾ । ਕੋਈ ਕਹੇ ਹਰਿਕਿਸ਼ਨ ਕੋਈ ਕਹੇ ਤੇਗ਼ ਬਹਾਦਰ, ਬਹਾਦਰ ਤੇਰਾ ਦਰ ਦਿਸ ਕਿਸੇ ਨਾ ਆਇੰਦਾ । ਆਦਿ ਸੱਚਖੰਡ ਤਾਣੀ ਬੈਠਾ ਚਿੱਟੀ ਚਾਦਰ, ਸੰਤਾਂ ਭਗਤਾਂ ਉਪਰ ਪਰਦਾ ਆਪੇ ਪਾਇੰਦਾ । ਗੁਰ ਅਵਤਾਰਾਂ ਦੇਵੇ ਆਦਰ, ਸਗਲਾ ਸੰਗ ਆਪ ਨਿਭਾਇੰਦਾ । ਕਰੇ ਖੇਲ ਹਰਿ ਕਰਤਾ ਕ਼ਾਦਰ, ਕਰੀਮ ਰਹੀਮ ਰਹਿਮਤ ਰਹਿਮਾਨ ਆਪਣੀ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰੂਪ ਅਨੂਪ ਆਪ ਪ੍ਰਗਟਾਇੰਦਾ । ਨੌ ਗੁਰ ਨੌ ਦੁਆਰ, ਪੰਧ ਗਏ ਚੁਕਾਈਆ । ਜੋਤੀ ਮਿਲੇ ਜੋਤੀ ਧਾਰ, ਜੋਤੀ ਜੋਤ ਵਿਚ ਸਮਾਈਆ । ਪੁਰਖ ਅਕਾਲ ਭੇਵ ਨਿਆਰ, ਚਾਰੇ ਬਾਣੀ ਭੇਵ ਨਾ ਪਾਈਆ । ਸ਼ਾਹ ਪਾਤਸ਼ਾਹ ਹੋ ਤਿਆਰ, ਸ਼ਹਿਨਸ਼ਾਹ ਸਾਚੀ ਖੇਲ ਆਪ ਕਰਾਈਆ । ਸਾਚੇ ਤਖ਼ਤ ਬੈਠ ਆਪ ਨਿਰੰਕਾਰ, ਪੰਚਮ ਤਾਜ ਸੀਸ ਟਿਕਾਈਆ । ਥਿਰ ਘਰ ਵਿਚੋਂ ਸ਼ਬਦ ਦੁਲਾਰਾ ਸੁਤ ਲਿਆ ਉਠਾਲ, ਏਕਾ ਧੁਰ ਫ਼ਰਮਾਨਾ ਦਏ ਜਣਾਈਆ । ਗੁਜਰੀ ਘਰ ਨਾ ਜਨਮੇ ਬਣ ਕੇ ਲਾਲ, ਪੁਰਖ ਅਕਾਲ ਤੇਰਾ ਪਿਤਾ ਮਾਈਆ । ਤੇਰੀ ਜੋਤੀ ਬੇਮਿਸਾਲ, ਪਾਇਆ ਏਕਾ ਏਕ ਸੱਚਾ ਸ਼ਹਿਨਸ਼ਾਹੀਆ । ਤੇਰੇ ਫਲ ਲੱਗੇ ਡਾਲ, ਪੁਰਖ ਅਕਾਲ ਆਪ ਲਗਾਈਆ । ਚਾਰੇ ਜੁਗ ਤੇਰੇ ਚਰਨਾਂ ਹੇਠ ਵਗਾਏ ਧਾਰ, ਧਰਨੀ ਧਰਤ ਧਵਲ ਤੇਰਾ ਰਾਹ ਤਕਾਈਆ । ਤੇਰਾ ਕਰੇ ਸਚ ਪਿਆਰ, ਜੁਗਾ ਜੁਗੰਤਰ ਭੁਲ ਨਾ ਜਾਈਆ । ਸਤਿਜੁਗ ਆਇਆ ਰੂਪ ਧਾਰ, ਸਿੰਘ ਅਜੀਤ ਨਾਉਂ ਰਖਾਈਆ । ਤ੍ਰੇਤਾ ਆਇਆ ਆਪਣੀ ਵਾਰ, ਝੁਜਾਰ ਝੂਜ ਝੂਜ ਧਰਤ ਮਾਤ ਪਿਆਸ ਬੁਝਾਈਆ । ਜੋਰਾਵਰ ਜਾਏ ਦਰ ਬਲਿਹਾਰ, ਦੁਆਪਰ ਤੇਰਾ ਕਰੇ ਹੌਲਾ ਪਿਛਲਾ ਭਾਰ, ਕਵਲ ਨੈਣ ਗਿਆ ਰਾਹ ਤਕਾਈਆ । ਕਲਜੁਗ ਕੂੜਾ ਕਰੇ ਖੁਆਰ, ਫ਼ਤਹਿ ਡੰਕਾ ਵੱਜੇ ਵਿਚ ਸੰਸਾਰ, ਸਿੰਘ ਫ਼ਤਹਿ ਇਕ ਗਜਾਈਆ । ਮੇਰਾ ਨਾਮ ਤੇਰੀ ਧਾਰ, ਤੇਰੀ ਧਾਰ ਮੇਰਾ ਪਿਆਰ, ਤੇਰੇ ਵਿਚ ਸਮਾਈਆ । ਮੇਰਾ ਰੂਪ ਅਗੰਮ ਅਪਾਰ, ਸੋ ਪੁਰਖ ਨਿਰੰਜਣ ਰਿਹਾ ਸਮਝਾਈਆ । ਹੰ ਰੂਪ ਸਰਬ ਸੰਸਾਰ, ਗੋਬਿੰਦ ਵੇਖੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮਾ ਸ਼ਿਵ ਦੇਵੇ ਏਕਾ ਵਰ, ਆਪਣੀ ਕਰਨੀ ਆਪ ਸਮਝਾਈਆ । ਵਿਸ਼ਨ ਬ੍ਰਹਮਾ ਸ਼ਿਵ ਨੌਂ ਸੌ ਚੁਰਾਨਵੇ ਚੌਕੜੀ ਤੇਰਾ ਪੰਧ ਮੁਕਾਵਣਾ, ਜੁਗ ਜੁਗ ਆਪਣਾ ਖੇਲ ਖਿਲਾਈਆ । ਕਲਜੁਗ ਅੰਤਮ ਵੇਖ ਵਖਾਵਣਾ, ਰੂਪ ਅਨੂਪ ਆਪ ਦਰਸਾਈਆ । ਆਪਣਾ ਸੁਤ ਇਕ ਉਪਜਾਵਣਾ, ਆਦਿ ਪੁਰਖ ਆਦਿ ਆਦਿ ਜੋ ਲਿਆ ਉਪਜਾਈਆ । ਗੋਬਿੰਦ ਨਾਉਂ ਮਾਤ ਰਖਾਵਣਾ, ਦੇਵੇ ਵਡ ਵਡੀ ਵਡਿਆਈਆ । ਕਲਗੀ ਤੋੜਾ ਸੀਸ ਟਿਕਾਵਣਾ, ਜੋਤੀ ਜੋੜਾ ਮੇਲ ਮਿਲਾਈਆ । ਸਾਚੇ ਘੋੜੇ ਆਪ ਚੜ੍ਹਾਵਣਾ, ਵਾਗ ਫੜੇ ਆਦਿ ਸ਼ਕਤ ਸਹਾਈ ਹੋਵੇ ਸੱਚਾ ਸ਼ਹਿਨਸ਼ਾਹੀਆ । ਆਪਣਾ ਖੇਲ ਆਪ ਕਰਾਵਣਾ, ਚੌਥੇ ਜੁਗ ਦਏ ਗਵਾਹੀਆ । ਚਾਰ ਖਾਣੀ ਪੰਧ ਮੁਕਾਵਣਾ, ਚਾਰੋਂ ਕੁੰਟ ਵੇਖ ਵਖਾਈਆ । ਚਾਰੇ ਬਾਣੀ ਭੇਵ ਖੁਲ੍ਹਾਵਣਾ, ਚਾਰੇ ਵੇਦ ਦੇਣ ਗਵਾਹੀਆ । ਚਾਰੇ ਵਰਨਾਂ ਏਕਾ ਰੰਗ ਰੰਗਾਵਣਾ, ਏਕਾ ਲਾਏ ਮਸਤਕ ਟਿੱਕਾ ਬੇਪਰਵਾਹੀਆ । ਪੰਜ ਪਿਆਰੇ

ਮਾਣ ਦਵਾਵਣਾ, ਪੰਚਮ ਵੇਖੇ ਆਪ ਆਪਣਾ ਰਾਹੀਆ । ਪੰਚਮ ਮੁਖ ਤਾਜ ਸੁਹਾਵਣਾ, ਹਰਿ ਹਰਿ ਜੂ ਲਏ ਸੁਹਾਈਆ । ਗੋਬਿੰਦ ਗੁਰ ਗੁਰ ਨਾਮ ਵਡਿਆਵਣਾ, ਸਿੰਘ ਸਿੰਘ ਆਪਣਾ ਰੂਪ ਧਰਾਈਆ । ਸਾਚਾ ਖੰਡਾ ਹੱਥ ਫੜਾਵਣਾ, ਲੁਹਾਰ ਤ੍ਰਖਾਣ ਨਾ ਕੋਈ ਘੜਾਈਆ । ਉਚੇ ਟਿੱਲੇ ਚੜ੍ਹ ਕੇ ਹਵਨ ਕਰਾਵਣਾ, ਪ੍ਰੇਮ ਅਹੂਤੀ ਏਕਾ ਪਾਈਆ । ਏਕਾ ਗੜ੍ਹ ਕੇਸ ਵਖਾਵਣਾ, ਕੇਸ ਦਸਮੇਸ਼ ਸੀਸ ਸੁਹਾਈਆ । ਜਗਤ ਜਗਦੀਸ਼ ਵੇਖ ਵਖਾਵਣਾ, ਨਰ ਨਰੇਸ਼ ਵਡੀ ਵਡਿਆਈਆ । ਆਪਣਾ ਰੂਪ ਆਪ ਧਰਾਵਣਾ, ਗ਼ਰੀਬ ਨਿਮਾਣੇ ਗਲੇ ਲਗਾਈਆ । ਪੰਚਮ ਅੰਗ ਪੰਚ ਲਗਾਵਣਾ, ਪੰਚਮ ਵੇਖੇ ਥਾਉਂ ਥਾਈਆ । ਪੰਚਮ ਪ੍ਰਧਾਨ ਆਪ ਬਣਾਵਣਾ, ਪੰਚਮ ਨਿਉਂ ਨਿਉਂ ਸੀਸ ਝੁਕਾਈਆ । ਪੰਚਮ ਸਾਚੀ ਜੋਤ ਜਗਾਵਣਾ, ਪੰਚਮ ਅੰਮ੍ਰਿਤ ਰਸ ਆਪ ਪਿਆਈਆ । ਪੰਚਮ ਸੀਸ ਧੜ ਆਪਣੇ ਲੇਖੇ ਲਾਵਣਾ, ਰਤੀ ਰਤ ਪ੍ਰੇਮ ਨਾਲ ਆਪਣਾ ਤਨ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭੇਵ ਅਭੇਦਾ ਦਏ ਜਣਾਈਆ । ਪੰਚਮ ਪਿਆਰੇ ਆਪ ਪ੍ਰਗਟਾ, ਗੁਰ ਚੇਲਾ ਰੂਪ ਧਰਾਇੰਦਾ । ਪੰਚਮ ਬੈਠਾ ਸੀਸ ਝੁਕਾ, ਪੰਚਮ ਰਾਜ ਜੋਗ ਸਮਝਾਇੰਦਾ । ਪੰਚਮ ਮਾਰਗ ਰਿਹਾ ਵਖਾ, ਚਾਰ ਵਰਨਾਂ ਮੇਲ ਮਿਲਾਇੰਦਾ । ਪੰਚਮ ਸੋਗ ਰਿਹਾ ਗਵਾ, ਹਰਖ ਸੋਗ ਨਾ ਕੋਈ ਰਖਾਇੰਦਾ । ਪੰਚਮ ਅੰਗ ਰਿਹਾ ਲਗਾ, ਮਾਇਆ ਮਮਤਾ ਹਉਮੇ ਹੰਗਤਾ ਰੋਗ ਨੇੜ ਕੋਈ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣਾ ਸੰਦੇਸ਼ ਨਰ ਨਰੇਸ਼ ਨਿਰਵੈਰ ਆਪ ਸੁਣਾਇੰਦਾ । ਗੋਬਿੰਦ ਵੇਲਾ ਅੰਤ ਚੁਕਾਵਣਾ, ਹਰਿ ਸਾਚਾ ਖੇਲ ਖਿਲਾਈਆ । ਸੂਲਾਂ ਸੱਥਰ ਇਕ ਵਛਾਵਣਾ, ਸੱਥਰ ਯਾਰੜਾ ਆਪ ਹੰਢਾਈਆ । ਆਪਣਾ ਸੁਨੇਹੜਾ ਆਪ ਸੁਣਾਵਣਾ, ਸੁਨਣਹਾਰ ਆਪ ਹੋ ਜਾਈਆ । ਆਪਣਾ ਮੇਲਾ ਆਪ ਮਿਲਾਵਣਾ, ਮਿਲਿਆ ਮੇਲ ਵਿਛੜ ਨਾ ਜਾਈਆ । ਪੁਰਖ ਅਕਾਲ ਇਕ ਮਨਾਵਣਾ, ਦੂਜਾ ਇਸ਼ਟ ਨਾ ਕੋਈ ਵਖਾਈਆ । ਅੰਤਮ ਪਿਤਾ ਗੋਦ ਬਹਾਵਣਾ, ਬਿਨਾ ਪੂਤ ਨਾ ਸੋਹੇ ਮਾਈਆ । ਚਾਰੇ ਕੂਟਾਂ ਵੇਖ ਵਖਾਵਣਾ, ਗੁਰਸਿਖ ਸਾਚੇ ਲਏ ਜਗਾਈਆ । ਹੁਕਮੀ ਹੁਕਮ ਇਕ ਦਰਸਾਵਣਾ, ਭੁਲ ਕੋਈ ਨਾ ਜਾਈਆ । ਕਲਜੁਗ ਵੇਲਾ ਅੰਤਮ ਆਵਣਾ, ਵਾਕ ਭਵਿਖਤ ਆਪਣੇ ਵਿਚ ਟਿਕਾਈਆ । ਆਪਣਾ ਲਿਖਿਆ ਸਰਸਾ ਭੇਟ ਕਰਾਵਣਾ, ਸ਼ਬਦ ਸ਼ਬਦ ਕਰੇ ਕੁੜਮਾਈਆ । ਨਿਹਕਲੰਕ ਹਰਿ ਜਾਮਾ ਪਾਵਣਾ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਗੋਬਿੰਦ ਸੰਗ ਸਦਾ ਨਿਭਾਵਣਾ, ਸ਼ਬਦ ਗੁਰ ਦਏ ਵਡਿਆਈਆ । ਸੰਬਲ ਨਗਰੀ ਧਾਮ ਸੁਹਾਵਣਾ, ਸਾਢੇ ਤਿੰਨ ਹੱਥ ਬਣਤ ਬਣਾਈਆ । ਬ੍ਰਹਮੇ ਵਿਸ਼ਨ ਸ਼ਿਵ ਤੇਰਾ ਪੈਂਡਾ ਫਿਰ ਮੁਕਾਵਣਾ, ਵੇਖਣਹਾਰਾ ਆਪ ਹੋ ਜਾਈਆ । ਨਿਰਗੁਣ ਲੇਖਾ ਆਦਿ ਆਦਿ ਅੰਤ ਲੋਕਮਾਤ ਲਿਖਾਵਣਾ, ਨਿਰਗੁਣ ਜੋਤ ਕਰ ਰੁਸ਼ਨਾਈਆ । ਪੰਚਮ ਮੁਖ ਤਾਜ ਸੀਸ ਲਗਾਵਣਾ, ਬਣ ਆਏ ਸੱਚਾ ਸ਼ਹਿਨਸ਼ਾਹੀਆ । ਲੱਖ ਚੁਰਾਸੀ ਆਪਣੇ ਗਲ ਪਰੋਵਣਾ, ਕਲੀ ਕਲੀ ਨਾਲ ਬੰਧਾਈਆ । ਸਾਢੇ ਤਿੰਨ ਹੱਥ ਤੇਰਾ ਪੰਧ ਮੁਕਾਵਣਾ, ਰਵਿਦਾਸ ਚਮਿਆਰਾ ਦਏ ਗਵਾਹੀਆ । ਵੇਦ ਵਿਆਸਾ ਲਿਖਿਆ ਪੂਰ ਕਰਾਵਣਾ, ਉਚੇ ਟਿੱਲੇ ਪ੍ਰਬਤ ਪੂਤ ਸਪੂਤਾ ਬ੍ਰਹਿਮਣ ਗੌੜਾ ਘਰ ਮੰਦਰ ਡੇਰਾ ਲਾਈਆ । ਨਾਨਕ ਤੇਰਾ ਨਿਰਗੁਣ ਰੂਪ ਸਚ ਦਰਸਾਵਣਾ, ਪੰਜ ਤੱਤ ਨਾ ਕੋਇ ਵਡਿਆਈਆ । ਅਰਜਨ ਗੁਰ ਗੁਰ ਸ਼ਬਦ ਧਾਰ ਵੇਖ ਵਖਾਵਣਾ, ਬੋਧ ਅਗਾਧ ਅਗਾਧ ਬੋਧ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮਾ ਵਿਸ਼ਨ ਸ਼ਿਵ ਵਖਾਏ ਏਕਾ ਘਰ, ਦਰ ਦਰਵਾਜ਼ਾ ਇਕ ਖੁਲ੍ਹਾਈਆ । ਬ੍ਰਹਮਾ ਵਿਸ਼ਨ ਸ਼ਿਵ

ਤੇਰਾ ਲੇਖ ਚੁਕਾਵਣਾ, ਚੌਥੇ ਜੁਗ ਜਹਾਨ । ਨਿਰਗੁਣ ਨਿਰਵੈਰ ਪੁਰਖ ਅਕਾਲ ਅਜੂਨੀ ਰਹਿਤ ਆਪਣਾ ਜਾਮਾ ਪਾਵਣਾ, ਆਪਣਾ ਪਦ ਰਖਾਏ ਇਕ ਨਿਰਬਾਣ । ਸ਼ਬਦ ਬਿਬਾਨਾ ਇਕ ਉਡਾਵਣਾ, ਲੇਖਾ ਜਾਣੇ ਦੋ ਜਹਾਨ । ਲੋਆਂ ਪੁਰੀਆਂ ਬ੍ਰਹਿਮੰਡ ਖੰਡ ਫੇਰਾ ਪਾਵਣਾ, ਕਰੇ ਖੇਲ ਸ੍ਰੀ ਭਗਵਾਨ । ਲੋਕਮਾਤ ਵੇਖ ਵਖਾਵਣਾ, ਵੀਹ ਸੌ ਬਿਕ੍ਰਮੀ ਹੋ ਪ੍ਰਧਾਨ । ਛੱਬੀ ਪੋਹ ਮਾਣ ਦਿਵਾਵਣਾ, ਜੋਤੀ ਨੂਰ ਨੂਰ ਮਹਾਨ । ਸ਼ਬਦ ਰੂਪ ਗੋਬਿੰਦ ਦੁਲਾਰਾ ਨਾਲ ਰਲਾਵਣਾ, ਲੱਖ ਚੁਰਾਸੀ ਕਰੇ ਕਲਿਆਣ । ਸੰਬਲ ਨਗਰੀ ਭਾਗ ਲਗਾਵਣਾ, ਆਪਣਾ ਵੇਖੇ ਸਚ ਨਿਸ਼ਾਨ । ਇਕ ਦੋ ਤਿੰਨ ਚਾਰ ਪੰਧ ਮੁਕਾਵਣਾ, ਪੰਚਮ ਲੇਖਾ ਜਾਣੇ ਗੁਣ ਨਿਧਾਨ । ਛੇਵੇਂ ਛੱਪਰ ਛੰਨ ਨਾ ਕੋਇ ਸੀਸ ਧਰਾਵਣਾ, ਸੱਤਵੇਂ ਸਤਿ ਪੁਰਖ ਨਿਰੰਜਣ ਹੋ ਮਿਹਰਵਾਨ, ਅੱਠਾਂ ਤੱਤਾਂ ਪੰਧ ਮੁਕਾਵਣਾ, ਸੁੰਨ ਅਗੰਮ ਨਾ ਕਰੇ ਕੋਈ ਪਛਾਣ । ਥਿਰ ਘਰ ਆਪਣਾ ਰੂਪ ਦਰਸਾਵਣਾ, ਆਪੇ ਵੇਖੇ ਆਪਣਾ ਹਾਣੀ ਹਾਣ । ਸਚਖੰਡ ਸੱਚੇ ਆਸਣ ਲਾਵਣਾ, ਪ੍ਰਗਟ ਹੋਏ ਆਪ ਗੁਣ ਨਿਧਾਨ । ਲੋਕਮਾਤ ਫੇਰਾ ਪਾਵਣਾ, ਨਿਹਕਲੰਕ ਬਣ ਬਲੀ ਬਲਵਾਨ । ਮਾਤਾ ਕੁੱਖ ਨਾ ਕੋਈ ਟਿਕਾਵਣਾ, ਭੈਣ ਭਾਈ ਨਾ ਸਕੇ ਕੋਈ ਪਛਾਣ । ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਕੁਲ ਨਾ ਕੋਈ ਬਣਾਵਣਾ, ਮੰਦਰ ਮਸਜਿਦ ਮਠ ਸ਼ਿਵਦੁਆਲਾ ਨਾ ਕਰੇ ਕੋਈ ਕਲਿਆਣ । ਪੰਡਤ ਪਾਂਧੇ ਦਾਨ ਨਾ ਕੋਈ ਦਵਾਵਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮੇ ਸ਼ਿਵ ਦੇਵੇ ਵਰ, ਤੇਰੀ ਅੰਤ ਕਰੇ ਕਲਿਆਣ । ਤੇਰੀ ਅੰਤ ਕਰਨ ਕਲਿਆਣ, ਹਰਿ ਸਾਚਾ ਖੇਲ ਖਿਲਾਈਆ । ਕਲਜੁਗ ਅੰਤਮ ਹੋਏ ਪ੍ਰਧਾਨ, ਨਿਹਕਲੰਕਾ ਨਾਉਂ ਰਖਾਈਆ । ਨਿਰਗੁਣ ਸਰਗੁਣ ਖੇਲ ਮਹਾਨ, ਸਰਗੁਣ ਨਿਰਗੁਣ ਭੇਵ ਚੁਕਾਈਆ । ਨਿਰਗੁਣ ਸਰਗੁਣ ਹੋ ਪ੍ਰਧਾਨ,
੩੯ ੧੦ ਨਿਰਗੁਣ ਸਰਗੁਣ ਲਏ ਉਠਾਈਆ । ਦੀਵਾ ਬਾਤੀ ਇਕ ਮਹਾਨ, ਕਮਲਾਪਾਤੀ ਲਏ ਜਗਾਈਆ । ਸਾਚੀ ਖਾਟੀ ਸ੍ਰੀ ਭਗਵਾਨ, ਅਬਿਨਾਸ਼ੀ ਕਰਤਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਏਕਾ ਸਿਖਿਆ ਰਿਹਾ ਸਮਝਾਈਆ । ਕਲਜੁਗ ਵੇਲਾ ਅੰਤ ਸੁਹਾਵਣਾ, ਹਰਿ ਸਾਚਾ ਖੇਲ ਖਿਲਾਈਆ । ਇਕ ਦਸ ਮੇਲ ਮਿਲਾਵਣਾ, ਸਾਢੇ ਤਿੰਨ ਹੱਥ ਕਰ ਰੁਸ਼ਨਾਈਆ । ਦੋ ਦਸ ਦਰ ਵਖਾਵਣਾ, ਹਰਿਸੰਗਤ ਲਏ ਜਗਾਈਆ । ਤ੍ਰੈ ਦਸ ਤਾਰ ਹਿਲਾਵਣਾ, ਰਾਜ ਰਾਜਾਨਾ ਸ਼ਾਹ ਸੁਲਤਾਨਾ ਸਾਧਾਂ ਸੰਤਾਂ ਦਏ ਹੁਲਾਈਆ । ਚਾਰ ਦਸ ਚੌਦਾਂ ਲੋਕ ਵੇਖ ਵਖਾਵਣਾ, ਚੌਦਾਂ ਤਬਕਾਂ ਪੰਧ ਮੁਕਾਵਣਾ, ਆਪ ਆਪਣਾ ਫੇਰਾ ਪਾਈਆ । ਪੰਦਰਾਂ ਅੰਦਰਾਂ ਰੰਗ ਰੰਗਾਵਣਾ, ਤੀਰਥ ਤੱਟਾਂ ਆਪਣੇ ਚਰਨ ਬਹਾਵਣਾ, ਗੰਗਾ ਸੁਰਸਤੀ ਜਮਨਾ ਗੋਦਾਵਰੀ ਅਠਸਠ ਅੰਮ੍ਰਿਤ ਸੀਰ ਰਹਿਣ ਨਾ ਪਾਈਆ । ਦਸ ਛੇ ਸੋਲਾਂ ਸੋਲਾਂ ਸ਼ਿੰਗਾਰ ਜਗਤ ਮਿਟਾਵਣਾ, ਭਗਤਾਂ ਸੋਲਾਂ ਇਛਿਆ ਪੂਰ ਕਰਾਵਣਾ, ਸਾਚੀ ਭਿਛਿਆ ਝੋਲੀ ਪਾਵਣਾ, ਵਿਸ਼ਨੂੰ ਤੇਰਾ ਮਾਣ ਚੁਕਾਵਣਾ, ਤੇਰਾ ਆਪ ਵਿਚ ਸਮਾਈਆ । ਦਸ ਸਤ ਸਤਾਰਾਂ ਖੇਲ ਖਿਲਾਵਣਾ, ਆਪਣਾ ਬਲ ਆਪ ਧਰਾਵਣਾ, ਸੀਸ ਤਾਜ ਇਕ ਰਖਾਵਣਾ, ਸ਼ਹਿਨਸ਼ਾਹ ਬਣੇ ਸੱਚਾ ਸ਼ਹਿਨਸ਼ਾਹੀਆ । ਛੱਬੀ ਪੋਹ ਦਿਨ ਵਡਿਆਵਣਾ, ਆਪਣਾ ਹੁਕਮ ਆਪ ਵਰਤਾਵਣਾ, ਨੌਂ ਖੰਡ ਪ੍ਰਿਥਮੀ ਸ਼ਬਦ ਘੋੜਾ ਇਕ ਦੌੜਾਵਣਾ, ਨੌਂ ਦਸ ਵਕਤ ਭੁਲ ਨਾ ਜਾਈਆ । ਨੌਂ ਸੌ ਨਿੜਨਵੇ ਸ਼ਾਹ ਪਾਤਸ਼ਾਹ ਰਾਜ ਰਾਜਾਨ ਪਕੜ ਉਠਾਵਣਾ, ਰਾਤੀਂ ਸੁਤਿਆਂ ਲਏ ਦਬਾਈਆ । ਕੀਤਾ ਕੌਲ ਪੂਰ ਨਿਭਾਵਣਾ, ਕੀਤਾ ਕੌਲ ਭੁਲ ਨਾ ਜਾਈਆ । ਪੰਚ ਪਿਆਰੇ ਆਪਣੇ ਅੰਗ ਲਗਾਵਣਾ, ਅੰਗੀਕਾਰ ਆਪ ਅਖਵਾਈਆ । ਪਿਛਲਾ ਲਹਿਣਾ ਮੂਲ ਚੁਕਾਵਣਾ, ਪੂਰਬ ਲੇਖਾ

ਰਹੇ ਨਾ ਰਾਈਆ । ਇਕ ਸੱਤ ਪੰਜ ਛੇ ਸਾਢੇ ਦਸ ਆਪਣਾ ਖੇਲ ਖਿਲਾਵਣਾ, ਖੇਲਣਹਾਰ ਆਪ ਹੋ ਜਾਈਆ । ਆਪਣਾ ਖੰਡਾ ਆਰ ਪਾਰ ਗੁਰਸਿਖ ਪਿਆਰ ਆਪ ਕਰਾਵਣਾ, ਰਤ ਬ੍ਰਹਮ ਰਤ ਨਾਲ ਰੰਗਾਈਆ । ਕਲਜੁਗ ਬੀਜ ਸਾਚਾ ਗਿਆ ਘੱਤ, ਬਣ ਕੇ ਮਾਲੀ ਬੂਟਾ ਗਿਆ ਲਾਈਆ । ਅੰਤ ਸੰਭਾਲਣ ਆਇਆ ਆਪਣਾ ਵਤ, ਵਡ ਕਿਰਸਾਨਾ ਭੁਲ ਨਾ ਜਾਈਆ । ਬਨਿਆ ਆਪ ਗਵਾਰ ਜੱਟ, ਪੰਡਤ ਪਾਂਧੇ ਮੁਲਾਂ ਸ਼ੇਖ਼ ਮੁਸਾਇਕ ਪੀਰ ਗ੍ਰੰਥੀ ਪੰਥੀ ਦਏ ਭੁਲਾਈਆ । ਕਰੇ ਨਿਬੇੜਾ ਹੱਕ ਹੱਕ, ਹਕ਼ੀਕ਼ਤ ਵੇਖੇ ਖ਼ਲਕ ਖ਼ੁਦਾਈਆ । ਬ੍ਰਹਮਾ ਵਿਸ਼ਨ ਸ਼ਿਵ ਰਾਹ ਰਹੇ ਤੱਕ, ਕਵਣ ਵੇਲਾ ਮਿਲੇ ਸੱਚਾ ਮਾਹੀਆ । ਪਲੰਘ ਰੰਗੀਲਾ ਵਛਾਏ ਸੁਹਾਈ ਖਾਟ, ਜੋ ਆਪਣੀ ਆਪ ਵਛਾਈਆ । ਤ੍ਰੈਗੁਣ ਨਾਤਾ ਤੁਟੇ ਮੋਹ ਚੁੱਕੇ ਚੌਦਾਂ ਹਾਟ, ਚੌਦਾਂ ਲੋਕ ਨਾ ਕੋਇ ਫਿਰਾਈਆ । ਅੰਤਮ ਪੂਰੀ ਕਰਨ ਆਇਆ ਘਾਟ, ਘਾਟਾ ਕੋਇ ਰਹਿਣ ਨਾ ਪਾਈਆ । ਪਹਿਲੋਂ ਗੁਰਸਿਖ ਲੱਖ ਚੁਰਾਸੀ ਵਿਚੋਂ ਕਢ ਜਮ ਕੀ ਫਾਸੀ ਦਿਤੀ ਕਾਟ, ਲੱਖ ਚੁਰਾਸੀ ਗੁਰਸਿਖ ਤੇਰੀ ਆਪਣੀ ਝੋਲੀ ਪਾਈਆ । ਗੁਰਸਿਖ ਵਿਕੇ ਨਾ ਕਿਸੇ ਹਾਟ, ਮੰਗਣ ਦਰ ਨਾ ਕੋਈ ਜਾਈਆ । ਕਾਇਆ ਚੋਲਾ ਸਭ ਦਾ ਜਾਏ ਪਾਟ, ਸ਼ਾਹ ਪਾਤਸ਼ਾਹ ਰਹਿਣ ਨਾ ਪਾਈਆ । ਘਰ ਘਰ ਆਪ ਜਗਾਏ ਜੋਤ ਲਿਲਾਟ, ਜੋਤੀ ਆਪਣੀ ਆਪ ਜਗਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਤੇਰੀ ਮੁਕਾਵਣ ਆਇਆ ਵਾਟ, ਗੁਰ ਗੋਬਿੰਦ ਦਏ ਸਾਲਾਹੀਆ । ਰਚਿਆ ਸਵਾਂਗ ਬਨਿਆ ਨਟੂਆ ਨਾਟ, ਬਾਜ਼ੀਗਰ ਆਪਣਾ ਖੇਲ ਆਪ ਖਿਲਾਈਆ । ਨਾ ਕੋਈ ਪੂਜਾ ਕਰੇ ਕਿਸੇ ਦਾ ਪਾਠ, ਨਾ ਕੋਈ ਤੀਰਥ ਨਹਾਵਣ ਜਾਈਆ । ਨਾ ਕੋਈ ਲੇਖਾ ਜਾਣੇ ਜ਼ਾਤ ਪਾਤ, ਦੀਨ ਮਜ਼੍ਹਬ ਨਾ ਕੋਇ ਵਖਾਈਆ । ਨਾ ਕੋਈ ਸੱਜਣ ਨਾ ਕੋਈ ਸਾਕ, ਮਾਤ ਪਿਤ ਭੈਣ ਭਾਈ ਨਾ ਕੋਇ ਅਖਵਾਈਆ । ਨਾ ਕੋਈ ਘੋੜਾ ਨਾ ਕੋਈ ਸ਼ਾਹ ਸਵਾਰ ਨਾ ਕੋਈ ਚੜ੍ਹੇ ਮਾਰ ਪਲਾਕ, ਨਾ ਕੋਈ ਵਾਗਾਂ ਹੱਥ ਉਠਾਈਆ । ਆਪਣਾ ਕਰਨ ਆਇਆ ਪੂਰਾ ਭਵਿਖਤ ਵਾਕ, ਜੋ ਲੇਖਾ ਗਿਆ ਲਿਖਾਈਆ । ਬਣ ਕੇ ਆਇਆ ਪਾਕੀ ਪਾਕ, ਕੋਟਨ ਕੋਟ ਨਬੀ ਰਸੂਲ ਬੈਠੇ ਰਾਹ ਤਕਾਈਆ । ਚੌਥੇ ਜੁਗ ਖੋਲ੍ਹਣ ਆਇਆ ਤਾਕ, ਆਪਣੀ ਹੱਥੀਂ ਕੁੰਜੀ ਲਾਈਆ । ਹਰਿ ਸੰਗਤ ਬਨ੍ਹਾਵਣ ਆਇਆ ਨਾਤ, ਚਰਨ ਕਵਲ ਦਏ ਵਡਿਆਈਆ । ਪੰਜ ਪਿਆਰੇ ਮੇਟਣ ਕਲਜੁਗ ਤੇਰੀ ਅੰਧੇਰੀ ਰਾਤ, ਸਤਿਗੁਰ ਪੂਰਾ ਨਾਲ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਵਿਸ਼ਨ ਬ੍ਰਹਮਾ ਸ਼ਿਵ ਆਪਣੇ ਨਾਲ ਰਲਾਈਆ । ਛੱਬੀ ਪੋਹ ਦਿਵਸ ਸੁਹਾਇਆ, ਵਿਸ਼ਨੂੰ ਦਰ ਬੁਲਾਇੰਦਾ । ਪੂਰਬ ਲਹਿਣਾ ਝੋਲੀ ਪਾਇਆ, ਖ਼ਾਲੀ ਝੋਲੀ ਆਪ ਭਰਾਇੰਦਾ । ਸਾਚੀ ਡੋਲੀ ਆਪ ਬਹਾਇਆ, ਆਪਣੇ ਕੰਧ ਉਠਾਇੰਦਾ । ਹੌਲੀ ਹੌਲੀ ਰਿਹਾ ਤੁਰਾਇਆ, ਔਂਦਾ ਜਾਂਦਾ ਦਿਸ ਨਾ ਆਇੰਦਾ । ਸਾਚਾ ਬਚਨ ਰਿਹਾ ਸਮਝਾਇਆ, ਪੁਰਖ ਅਕਾਲ ਸੁਣਾਇੰਦਾ । ਬਿਨ ਗੁਰਸਿਖਾਂ ਤੇਰਾ ਪੰਧ ਨਾ ਸਕੇ ਕੋਇ ਮੁਕਾਇਆ, ਗੇੜਾ ਗੇੜੇ ਵਿਚ ਰਖਾਇੰਦਾ । ਨੌਂ ਸੌ ਚੁਰਾਨਵੇ ਚੌਕੜੀ ਜੁਗ ਜੋ ਰਿਹਾ ਲੁਕਾ, ਨਿਰਗੁਣ ਆਪਣਾ ਨਾਉਂ ਧਰਾਇੰਦਾ । ਕਲਜੁਗ ਅੰਤਮ ਸਿੰਘ ਸ਼ੇਰ ਸ਼ੇਰ ਰੂਪ ਹੋ ਕੇ ਬੁੱਕਾ, ਆਪਣੀ ਭਬਕ ਸਰਬ ਵਖਾਇੰਦਾ । ਤੀਰ ਨਿਰਾਲਾ ਪੁਰਖ ਅਕਾਲਾ ਆਪ ਚਲਾਏ ਗੋਬਿੰਦ ਨਿਸ਼ਾਨਾ ਕਦੇ ਨਾ ਉਕਾ, ਦੋ ਜਹਾਨਾਂ ਆਪ ਲਗਾਇੰਦਾ । ਕਲਜੁਗ ਤੇਰਾ ਅੰਤਮ ਵੇਲਾ ਢੁਕਾ, ਪਾਰਬ੍ਰਹਮ ਅਬਿਨਾਸ਼ੀ ਕਰਤਾ ਗੁਰਮੁਖ ਸਾਚੇ ਸਾਚੇ ਹਾਜੀ ਆਪਣੇ ਨਾਲ ਲਿਆਇੰਦਾ । ਮੂਧਾ ਕਰੇ ਸੰਗ ਮੁਹੰਮਦ ਚਾਰ ਯਾਰ ਹੁੱਕਾ, ਅਗਨੀ ਕੋਲਾ ਉਪਰ ਇਕ ਲਗਾਇੰਦਾ । ਪਾਣੀ ਅੰਮ੍ਰਿਤ ਦੋ ਦੋ ਆਬ

ਸਭ ਦਾ ਮੁੱਕਾ, ਹਯਾਤੇ ਆਬ ਹੱਥ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਦੇਵੇ ਏਕਾ ਵਰ, ਏਕਾ ਸ਼ਬਦ ਸੁਣਾਇੰਦਾ । ਬ੍ਰਹਮਾ ਆਏ ਦਰ ਭਿਖਾਰ, ਹਰਿ ਸਾਚੇ ਆਪ ਬੁਲਾਇਆ, ਰਾਹ ਤੱਕੇ ਦੂਰ ਦੁਰਾਡਾ ਨਿਉਂ ਨਿਉਂ ਉੱਤਰ ਪੂਰਬ ਪੱਛਮ ਦੱਖਣ ਕਰੇ ਨਿਮਸਕਾਰ, ਨਿਉਂ ਨਿਉਂ ਸੀਸ ਝੁਕਾਇਆ । ਚਾਰੋਂ ਕੁੰਟ ਗੁਰ ਸੰਗਤ ਲਾਇਆ ਅਖਾੜ, ਰਾਹ ਖਹਿੜਾ ਨਜ਼ਰ ਨਾ ਆਇਆ । ਪੁਰਖ ਅਬਿਨਾਸ਼ੀ ਦਏ ਹੁਲਾਰ, ਛੋਟੇ ਬਾਲ ਆਪਣੀ ਉਂਗਲੀ ਲਾਏ ਖਿਚੇ ਚਰਨ ਦੁਆਰ, ਦੇਵੇ ਮਾਣ ਸੱਚੀ ਸਰਕਾਰ, ਸ਼ਾਹ ਸੁਲਤਾਨ ਵਡੀ ਵਡਿਆਈਆ । ਬ੍ਰਹਮੇ ਮੰਗ ਮੰਗ ਹਰਿ ਸੰਗਤ ਬਣ ਜਗਤ ਵਣਜਾਰ, ਵਸਤ ਅਮੋਲਕ ਗੁਰਸਿਖਾਂ ਕੋਲੋਂ ਤੇਰੀ ਝੋਲੀ ਭਰਾਇੰਦਾ । ਤੇਰਾ ਗੇੜਾ ਦਏ ਹਰਿ ਆਪ ਨਿਵਾਰ, ਨੌਂ ਸੌ ਚੁਰਨਵੇਂ ਚੌਕੜੀ ਜੁਗ ਜੋ ਦੇਂਦਾ ਆਇਆ ਲਾਰਾ, ਅੰਤਮ ਆਪਣੀ ਜੋਤ ਮਿਲਾਇੰਦਾ । ਕੋਟਨ ਕੋਟ ਜਨਮ ਰਿਹਾ ਕਵਾਰਾ, ਹਰਿ ਕੰਤ ਨਾ ਕੋਇ ਹੰਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਦਿ ਜੁਗਾਦੀ ਏਕਾ ਨਰ, ਨਰ ਨਰਾਇਣ ਆਪ ਅਖਵਾਇੰਦਾ । ਵਿਸ਼ਨੂੰ ਉਠ ਖੇਲ ਵੇਖ, ਹਰਿ ਕਰਤਾਰ ਆਪ ਕਰਾਈਆ । ਬ੍ਰਹਮੇ ਉਠ ਪਾਰਬ੍ਰਹਮ ਧਰਿਆ ਭੇਖ, ਰੂਪ ਰੇਖ ਨਾ ਕੋਇ ਜਣਾਈਆ । ਸ਼ੰਕਰ ਆਇਆ ਖੁਲੜੇ ਕੇਸ, ਤਨ ਬਭੂਤੀ ਖ਼ਾਕ ਰਮਾਈਆ । ਹੱਥ ਤ੍ਰਿਸੂਲ ਕਰੇ ਆਦੇਸ, ਨੌਂ ਨੌਂ ਜੋਜਨ ਨੇੜ ਨਾ ਆਈਆ । ਪਾਰਬ੍ਰਹਮ ਤੇਰਾ ਰਾਹ ਨੈਣ ਮੂੰਦ ਮੈਂ ਰਿਹਾ ਵੇਖ, ਰਾਹ ਖਹਿੜਾ ਦਿਸ ਨਾ ਆਈਆ । ਆਪਣਾ ਦੱਸ ਸਚ ਵੇਸ, ਕਵਣ ਦੁਆਰਾ ਬੈਠਾ ਆਸਣ ਲਾਈਆ । ਪੁਰਖ ਅਬਿਨਾਸ਼ੀ ਪੰਜਾਂ ਪਿਆਰਿਆਂ ਹੱਥ ਘੱਲਿਆ ਇਕ ਸੰਦੇਸ਼, ਸ਼ਬਦ ਸੁਨੇਹੜਾ ਇਕ ਸੁਣਾਈਆ । ਕਰਿਆ ਵੇਸ ਮਾਝੇ ਦੇਸ, ਪਰਗਟ ਹੋਇਆ ਨਰ ਨਰੇਸ਼, ਨਾ ਕੋਈ ਮੁੱਛ ਦਾੜ੍ਹੀ ਨਾ ਦਿਸੇ ਕੇਸ, ਨਾ ਕੋਈ ਮੂੰਡ ਮੁੰਡਾਈਆ । ਵਿਸ਼ਨ ਬ੍ਰਹਮੇ ਸ਼ਿਵ ਤੇਰੀ ਕੋਈ ਨਾ ਚਲੇ ਅੱਗੇ ਪੇਸ਼, ਹੁਕਮੀ ਹੁਕਮ ਸਰਬ ਰਿਹਾ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਦਿ ਪੁਰਖ ਆਦਿ ਆਦਿ ਆਦਿ ਆਪਣਾ ਆਪ ਲਏ ਪ੍ਰਗਟਾਈਆ । ਸ਼ੰਕਰ ਸੁਨੇਹੜਾ ਹਰਿ ਸੁਣਾਇਆ, ਅੰਤਰ ਅੰਤਰ ਧਿਆਨ । ਮੰਤਰ ਸ਼ਬਦ ਇਕ ਜਣਾਇਆ, ਨੌਂ ਨੌਂ ਹੋਏ ਪਰਧਾਨ । ਨੌਂ ਨੌਂ ਪੰਧ ਆਪ ਮੁਕਾਇਆ, ਸੂਰਬੀਰ ਬਲੀ ਬਲਵਾਨ । ਆਪਣਾ ਦਰ ਆਪ ਸੁਹਾਇਆ, ਚਰਨ ਕਵਲ ਵਖਾਏ ਇਕ ਧਿਆਨ । ਧੂੜੀ ਮਸਤਕ ਰਿਹਾ ਲਗਾਇਆ, ਬਣਿਆ ਬਾਲ ਅਜਾਣ । ਹਰਿ ਸੰਗਤ ਤੇਰੀ ਸੇਵਾ ਕਰਨ ਆਇਆ, ਕਲਜੁਗ ਅੰਤਮ ਰੁੱਤ ਪਛਾਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਬਿਨ ਅਵਰ ਨਾ ਕੋਇ ਸਹਾਇਆ । ਪੰਚ ਪਿਆਰੇ ਪੰਚਮ ਮਾਣਾ, ਪੰਚਮ ਹਰਿ ਸਮਾਇਆ । ਪੰਚਮ ਸ਼ਾਹ ਪੰਚਮ ਸੁਲਤਾਨਾ, ਪੰਚਮ ਰਾਜ ਜੋਗ ਕਮਾਇਆ । ਪੰਚਮ ਧਰਮ ਪੰਚਮ ਧਿਆਨਾ, ਪੰਚਮ ਧੁਰ ਦੀ ਧਾਰ ਜਣਾਇਆ । ਪੰਚਮ ਸ਼ਬਦ ਨਾਦ ਧੁਨ ਪੰਚਮ ਰੂਪ ਬ੍ਰਹਮ ਪਛਾਣਾ, ਪੰਚਮ ਪਾਰਬ੍ਰਹਮ ਸਰਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਪੂਰਬ ਲੇਖਾ ਰਿਹਾ ਮੁਕਾਇਆ । ਪੂਰਬ ਲੇਖਾ ਮੁਕਾਵਣ ਆਇਆ, ਪਾਰਬ੍ਰਹਮ ਹਰਿ ਕਰਤਾਰ । ਗੋਬਿੰਦ ਮੇਲਾ ਮੇਲ ਮਿਲਾਵਣ ਆਇਆ, ਪੰਚਮ ਪੰਚਮ ਕਰ ਉਧਾਰ । ਸਾਚੀ ਸਿਖਿਆ ਇਕ ਸਮਝਾਵਣ ਆਇਆ, ਸਾਖਯਾਤ ਰੂਪ ਕਰਤਾਰ । ਚਾਰੇ ਵਰਨਾਂ ਏਕਾ ਰੰਗ ਰੰਗਾਵਣ ਆਇਆ, ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਕਰੇ ਇਕ ਪਿਆਰ । ਪੰਚ ਪਿਆਰਿਆਂ


੪੧
੧੦

ਪੰਚਮ ਮੋਹ ਚੁਕਾਵਣ ਆਇਆ, ਨਾਤਾ ਤੋੜੇ ਕਾਮ ਕਰੋਧ ਲੋਭ ਮੋਹ ਹੰਕਾਰ । ਗੁਰਸਿਖਾਂ ਸਾਚੀ ਸੇਜ ਹੰਢਾਵਣ ਆਇਆ, ਨਾਰੀ ਕੰਤ ਕਰੇ ਪਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਹਰਿ ਅਪਾਰ । ਖੇਲ ਅਪਾਰ ਕਰਾਵਣਾ, ਕਲਜੁਗ ਤੇਰੀ ਅੰਤਮ ਵਾਰ । ਵੀਹ ਸਦ ਸਤਾਰਾਂ ਬਿਕ੍ਰਮੀ ਛੱਬੀ ਪੋਹ ਦਿਵਸ ਮਨਾਵਣਾ, ਨਿਰਗੁਣ ਨਿਰਗੁਣ ਹੋ ਉਜਿਆਰ । ਗੋਬਿੰਦ ਲਹਿਣਾ ਲਹਿਣੇ ਪਾਵਣਾ, ਲੇਖਾ ਚੁੱਕੇ ਪੂਰਬ ਉਧਾਰ । ਪੰਜਾਂ ਪਿਆਰਿਆਂ ਆਪ ਉਠਾਵਣਾ, ਰਤੀ ਰਤ ਮੰਗੇ ਸਚ ਦਰਬਾਰ । ਇਕ ਇਕ ਬੂੰਦ ਆਪਣੇ ਲੇਖੇ ਲਾਵਣਾ, ਲੱਖ ਚੁਰਾਸੀ ਉਤਰੇ ਪਾਰ । ਸਿਖ ਸਿਖਿਆ ਵਿਚ ਸਮਾਵਣਾ, ਸਾਚੀ ਸਿਖਿਆ ਇਕ ਕਰਤਾਰ । ਧੁਰ ਦਾ ਲਿਖਿਆ ਆਪੇ ਪੜ੍ਹ ਵਖਾਵਣਾ, ਬ੍ਰਹਮਾ ਵੇਦ ਨਾ ਪਾਵੇ ਸਾਰ । ਗੁਰਸਿਖ ਤੇਰੀ ਰਤ ਰਤੀ ਮਸਤਕ ਟਿੱਕਾ ਲਾਵਣਾ, ਸ੍ਰਿਸ਼ਟ ਸਬਾਈ ਹੋਏ ਖਵਾਰ । ਸ਼ਾਹ ਸੁਲਤਾਨਾਂ ਖ਼ਾਕ ਮਿਟਾਵਣਾ, ਰਾਜ ਰਾਜਾਨਾਂ ਮਾਰੇ ਮਾਰ । ਪਹਿਲੀ ਚੇਤਰ ਦਿਵਸ ਸੁਹਾਵਣਾ, ਪੁਰਖ ਅਬਿਨਾਸ਼ੀ ਹੋ ਤਿਆਰ । ਪੰਜ ਪਿਆਰੇ ਨਾਲ ਰਲਾਵਣਾ, ਬਸਤਰ ਪੀਲੇ ਤਨ ਸ਼ਿੰਗਾਰ । ਸੀਸ ਤਾਜ ਆਪ ਟਿਕਾਵਣਾ, ਚੁਰਾਸੀ ਕਲੀਆਂ ਗਲ ਵਿਚ ਹਾਰ । ਵਾਲੀ ਹਿੰਦ ਆਪ ਉਠਾਵਣਾ, ਸ਼ਬਦ ਹਲੂਣਾ ਦੇਵੇ ਮਾਰ । ਸਾਚਾ ਲੇਖ ਆਪ ਲਿਖਾਵਣਾ, ਸ੍ਰਿਸ਼ਟ ਸਬਾਈ ਕਰੇ ਖ਼ਬਰਦਾਰ । ਭੁਲਿਆ ਕੋਇ ਰਹਿਣ ਨਾ ਪਾਵਣਾ, ਪੁਰਖ ਅਬਿਨਾਸ਼ੀ ਏਕਾ ਦੱਸੇ ਜਗਤ ਵਿਚਾਰ । ਅੰਤਮ ਸਭ ਨੇ ਏਕਾ ਰਾਹ ਤਕਾਵਣਾ, ਨਿਹਕਲੰਕ ਚਰਨ ਦੁਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਕਰੇ ਖੇਲ ਸਾਚਾ ਹਰਿ, ਬ੍ਰਹਮਾ ਵਿਸ਼ਨ ਸ਼ਿਵ ਤੇਰਾ ਪੰਧ ਦਏ ਨਿਵਾਰ । ਮੁਕਾਏ ਪੰਧ, ਪਾਂਧੀ ਬਣੇ ਸੱਚਾ ਮਾਹੀਆ । ਲੇਖਾ ਮੁੱਕੇ ਸੂਰਜ ਚੰਨ, ਮੰਡਲ ਮੰਡਪ ਨਾ ਕੋਇ ਰੁਸ਼ਨਾਈਆ । ਧਰੂ ਪ੍ਰਹਿਲਾਦ ਮਿਲਾਏ ਆਪਣੇ ਅਨੰਦ, ਅਨੰਦ ਅਨੰਦ ਆਪਣੇ ਵਿਚ ਮਿਲਾਈਆ । ਆਦਿ ਜੁਗਾਦਿ ਕਰੇ ਖੇਲ ਸ੍ਰੀ ਭਗਵੰਤ, ਗੁਰ ਪੀਰ ਅਵਤਾਰ ਭਗਤ ਭਗਵੰਤ ਦੇਂਦੇ ਆਏ ਗਵਾਹੀਆ । ਆਪੇ ਜਾਣੇ ਆਦਿ ਆਪੇ ਜਾਣੇ ਅੰਤ, ਬੇਅੰਤ ਆਪ ਅਖਵਾਈਆ । ਆਪੇ ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਉਤਰ ਕਦੇ ਨਾ ਜਾਈਆ । ਆਪੇ ਤੋੜੇ ਗੜ੍ਹ ਹਉਮੇ ਹੰਗਤ, ਸਾਚੀ ਸੰਗਤ ਲਏ ਮਿਲਾਈਆ । ਗੁਰਸਿਖ ਦੂਜੇ ਦਰ ਨਾ ਜਾਏ ਮੰਗਤ, ਸਤਿਗੁਰ ਪੂਰਾ ਨੌਂ ਖੰਡ ਪ੍ਰਿਥਮੀ ਗੁਰਸਿਖ ਤੇਰੇ ਚਰਨਾਂ ਹੇਠ ਦਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਆਪਣਾ ਡੰਕ ਆਪ ਵਜਾਈਆ । ਗੋਬਿੰਦ ਅੰਕ ਸੁਹਾਵਣਾ, ਛੱਬੀ ਪੋਹ ਹੋ ਤਿਆਰ । ਗੁਰਸਿਖਾਂ ਰਤ ਆਪਣਾ ਤਿਲਕ ਲਗਾਵਣਾ, ਉਠ ਦਇਆ ਸਿੰਘ ਕਰ ਪਿਆਰ । ਸਾਚਾ ਸੁਤ ਆਪ ਜਗਾਵਣਾ, ਆਪੇ ਹੋਏ ਪਹਿਰੇਦਾਰ । ਰੁੱਤ ਮਾਸ ਬਰਖ਼ ਨਾ ਕੋਇ ਵਖਾਵਣਾ, ਘੜੀ ਪਲ ਨਾ ਕੋਇ ਵਿਚਾਰ । ਅਬਿਨਾਸ਼ੀ ਅਚੁਤ ਆਪਣਾ ਹੁਕਮ ਆਪ ਜਣਾਵਣਾ, ਹੁਕਮੇ ਅੰਦਰ ਸਰਬ ਸੰਸਾਰ । ਭੁਲੇ ਭਟਕੇ ਆਪ ਉਠਾਵਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਪਰਗਟ ਹੋਏ ਹਰਿ ਕਰਤਾਰ । ਹਰਿ ਕਰਤਾਰ ਪਰਗਟ ਹੋਇਆ, ਭੁਲ ਰਹੇ ਨਾ ਰਾਈਆ । ਪੰਥ ਖ਼ਾਲਸਾ ਕਿਉਂ ਰਿਹਾ ਰੋਇਆ, ਸੋਇਆਂ ਸੋਇਆਂ ਰੈਣ ਵਿਹਾਈਆ । ਪੁਰਖ ਅਬਿਨਾਸ਼ੀ ਨਵਾਂ ਨਰੋਇਆ, ਨਾ ਮਰੇ ਨਾ ਜਾਈਆ । ਗੋਬਿੰਦ ਸੂਰਾ ਜਿਸ ਤੇਰੇ ਅੰਦਰ ਅੰਮ੍ਰਿਤ ਚੋਇਆ, ਭਰ ਪਿਆਲਾ ਰਾਹ ਤੱਕੇ ਸੱਚਾ ਮਾਹੀਆ । ਦੂਜੇ ਦਰੋਂ ਮਿਲੇ ਨਾ ਕਦੀ ਕੋਈ ਢੋਆ, ਕੋਟਨ ਕੋਟ ਸਵਾਲੀ ਭਿਖਕ ਭੁਖਿਆਂ ਨੰਗਿਆਂ

੪੨ ੧੦

ਕੋਲੋਂ ਮੰਗਦੇ ਮਾਰਨ ਧਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਦਿਲੀ ਦੁਆਰੇ ਜਾਏ ਬੇਪਰਵਾਹੀਆ । ਦਿਲੀ ਦੁਆਰੇ ਜਾਵਣਾ, ਹਰਿ ਸਾਚੀ ਖੇਲ ਖਿਲਾਈਆ । ਪੰਚਮ ਤਾਜ ਸੀਸ ਛੁਹਾਵਣਾ, ਸ਼ਾਹੋ ਭੂਪ ਵਡੀ ਵਡਿਆਈਆ । ਖਿੱਚ ਕਟਾਰ ਹੱਥ ਰਖਾਵਣਾ, ਨਿਰਭੌ ਭੈ ਨਾ ਕੋਈ ਰਖਾਈਆ । ਸ਼ਾਹ ਪਾਤਸ਼ਾਹ ਰਾਜ ਰਾਜਾਨਾ ਆਪਣਾ ਹੁਕਮ ਸੁਣਾਵਣਾ, ਦੂਸਰ ਹੁਕਮ ਮੰਨਣ ਕਦੇ ਨਾ ਜਾਈਆ । ਕਲਜੁਗ ਵਰਤੇ ਆਪਣਾ ਭਾਣਾ, ਮੇਟੇ ਜੂਠੀ ਝੂਠੀ ਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਤੇਰੀ ਅੰਤਮ ਵਰ, ਅੰਤ ਕੰਤ ਭਗਵੰਤ ਸਾਚੇ ਸੰਤ ਲਏ ਮਿਲਾਈਆ । ਸਾਚੇ ਸੰਤ ਸੰਗ ਰਲਾਏ, ਆਦਿ ਜੁਗਾਦੀ ਕਾਰ । ਗੁਰਮੁਖਾਂ ਅੰਦਰ ਮਰਦੰਗ ਵਜਾਏ, ਆਪ ਹਿਲਾਏ ਆਪਣੀ ਨਾਮ ਸਿਤਾਰ । ਆਪ ਬਣ ਮਲੰਗ ਵਿਚ ਨੱਚਣ ਜਾਏ, ਸ੍ਰਿਸ਼ਟ ਵੇਖੇ ਅਪਰ ਅਪਾਰ । ਨਾ ਹਿੰਦੂ ਨਾ ਸਿਖ ਮੁਸਲਮਾਨ ਕਿਸੇ ਨਜ਼ਰ ਨਾ ਆਏ, ਦਰਸ਼ਨ ਸਿੰਘ ਬੰਨਿਆ ਕਾਲਾ ਸੂਸਾ ਤਨ ਸ਼ਿੰਗਾਰ । ਈਸਾ ਮੂਸਾ ਇਹਦੇ ਤਨ ਰਖਾਏ, ਮੱਕਾ ਕਾਅਬਾ ਚਰਨਾਂ ਹੇਠ ਲਤਾੜ । ਪੁਰਖ ਅਬਿਨਾਸ਼ੀ ਵੇਖੇ ਜਗਤ ਤਮਾਸ਼ਾ, ਆਪੇ ਰੋਵੇ ਆਪੇ ਕਰੇ ਹਾਸਾ, ਆਪੇ ਭਰੇ ਖ਼ਾਲੀ ਕਾਸਾ, ਜਗਤ ਭੰਡਾਰਾ ਵੇਖ ਵਖਾਇਆ । ਆਪੇ ਪੰਚਾਂ ਬਣੇ ਦਾਸੀ ਦਾਸਾ, ਦਾਸਨ ਦਾਸ ਲਏ ਸੇਵ ਕਮਾਇਆ । ਸਤਿਜੁਗ ਤੇਰਾ ਸਤਿ ਭਰਵਾਸਾ, ਸਤਿਗੁਰ ਪੂਰਾ ਦਏ ਬੰਧਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਰ ਹਰਿ ਆਪਣਾ ਬਲ ਆਪ ਧਰਾਇਆ । ਏਕਾ ਸੂਰਬੀਰ ਬਲਕਾਰਾ, ਹਰਿ ਸੱਚਾ ਸ਼ਹਿਨਸ਼ਾਹੀਆ । ਲੋਕਮਾਤ ਦੇਵੇ ਸ਼ਬਦ ਲਲਕਾਰਾ, ਨਿਰਗੁਣ ਆਪ ਸੁਣਾਈਆ । ਜਿਸ ਉਪਜਿਆ ਸੋ ਪਾਵੇ ਸਾਰਾ, ਭੁਲ ਭੁਲ ਪੰਥ ਖ਼ਾਲਸਾ ਕਿਉਂ ਗਿਆ ਵਕਤ ਗਵਾਈਆ । ਅੰਤਮ ਸਭ ਨੂੰ ਔਣਾ ਪਏ ਚਰਨ ਦੁਆਰਾ, ਵੀਹ ਸੌ ਵੀਹ ਬਿਕ੍ਰਮੀ ਵੇਖ ਵਖਾਈਆ । ਸਿਆਸਤ ਵਿਰਾਸਤ ਰੋਵੇ ਜ਼ਾਰੋ ਜ਼ਾਰਾ, ਘਰ ਕੂਕੇ ਦਏ ਦੁਹਾਈਆ । ਬਿਨ ਕੰਤ ਦੁਹਾਗਣ ਦਿਸੇ ਨਾਰਾ, ਕਲਜੁਗ ਕੂੜੇ ਯਾਰ ਰਹੀ ਹੰਢਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਅੰਤਮ ਲਾਇਆ ਇਕ ਅਖਾੜਾ, ਹਰਿ ਸੰਗਤ ਸੰਗ ਰਲਾਈਆ । ਮੇਟਣ ਆਇਆ ਝੂਠੀ ਧਾੜਾ, ਫੜ ਖੰਡਾ ਸ਼ਬਦ ਤੇਜ ਸੱਚਾ ਸ਼ਹਿਨਸ਼ਾਹੀਆ । ਚਾਰ ਕੁੰਟ ਕਰੇ ਏਕਾ ਵਾਰਾ, ਨਾਮ ਨਾਮਾ ਚਾਰ ਕੁੰਟ ਆਪ ਫਿਰਾਈਆ । ਗੁਰ ਸੰਗਤ ਹਰਿ ਸੰਗਤ ਪਹਿਲੀ ਦੂਜੀ ਵਾਰ ਕੀਤਾ ਇਕ ਪਿਆਰਾ, ਏਕਾ ਢਈਆ ਵਿਚ ਰਖਾਈਆ । ਅੰਤਮ ਬਖ਼ਸ਼ੇ ਮਾਣ ਵਿਚ ਸੰਸਾਰਾ, ਮਾਨਸ ਜਨਮ ਨਾ ਜਾਏ ਹਾਰਾ, ਹਰਿ ਕੀ ਪੌੜੀ ਦਏ ਚੜ੍ਹਾਈਆ । ਠਾਂਡਾ ਵਖਾਏ ਇਕ ਦਰਬਾਰਾ, ਦਰ ਦਰਵੇਸ਼ ਬਣੇ ਨਿਰੰਕਾਰਾ, ਗੁਰਸਿਖ ਬਾਹੋਂ ਫੜ ਫੜ ਲਏ ਲੰਘਾਈਆ । ਬ੍ਰਹਮਾ ਵਿਸ਼ਨ ਸ਼ਿਵ ਰਾਹ ਤੱਕਣ ਅੱਧਵਿਚਕਾਰਾ, ਨਿਉਂ ਨਿਉਂ ਸੀਸ ਝੁਕਾਈਆ । ਸੰਗ ਮੁਹੰਮਦ ਚਾਰ ਯਾਰ ਕਰਨ ਪੁਕਾਰਾ, ਊਚੀ ਕੂਕ ਕੂਕ ਦੇਣ ਦੁਹਾਈਆ । ਦੇ ਦਰਸ ਜਿਸ ਮਿਲਿਆ ਨਿਹਕਲੰਕ ਨਰਾਇਣ ਨਰ ਅਵਤਾਰਾ, ਸਾਡਾ ਫਾਂਦੀ ਫੰਦ ਦਏ ਕਟਾਈਆ । ਸਾਡਾ ਵਾਸ ਹੋਇਆ ਚੌਦਾਂ ਲੋਕ ਬਣਿਆ ਇਕ ਅਖਾੜਾ, ਚੌਦਾਂ ਲੋਕ ਹਰਿ ਕੀ ਸਾਰ ਨਾ ਰਾਈਆ । ਗੁਰਸਿਖ ਸੱਜਣ ਦਰ ਆਏ ਪੁਕਾਰਾ, ਦੋਏ ਜੋੜ ਕਰੇ ਬੇਨੰਤੀ ਇਕ ਇਕ ਇਕ ਅੱਖਰ ਰਿਹਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਬ੍ਰਹਮ ਬ੍ਰਹਿਮਾਦ, ਆਪਣੀ ਰਚਨਾ ਆਪ ਰਚਾਈਆ ।

## ★ ਤਾਰਾ ਸਿੰਘ ਚੰਬਲ ਨੂੰ : ਸਾਹਿਬਜ਼ਾਦੇ ਦੀ ਪੁਛ : ਸੱਚੇ ਸਾਹਿਬਜ਼ਾਦੇ ਦਾ ਭੇਵ ਦੱਸਣਾ ★

ਸਾਹਿਬਜ਼ਾਦਾ ਏਕਾ ਸੁੱਤ, ਲੱਖ ਚੁਰਾਸੀ ਜਗਤ ਲੋਕਾਈਆ । ਆਪ ਉਪਾਏ ਅਬਿਨਾਸ਼ੀ ਅਚੁਤ, ਰਕਤ ਬੂੰਦ ਨਾ ਮੇਲ ਮਿਲਾਈਆ । ਸਦਾ ਸੁਹਾਏ ਆਪਣੀ ਰੁੱਤ, ਖ਼ਿਜ਼ਾਂ ਬਸੰਤ ਨਾ ਕੋਈ ਵਡਿਆਈਆ । ਆਪਣੀ ਗੋਦੀ ਰਿਹਾ ਚੁੱਕ, ਦੂਜੀ ਸੇਜ ਨਾ ਕੋਈ ਵਖਾਈਆ । ਭੰਡਾਰਾ ਦੇਵੇ ਇਕ ਅਤੁਟ, ਆਪਣੀ ਇਛਿਆ ਝੋਲੀ ਪਾਈਆ । ਆਦਿ ਜੁਗਾਦਿ ਨਾ ਜਾਏ ਨਿਖੁਟ, ਅਤੁਟ ਅਤੋਟ ਰਖਾਈਆ । ਆਪੇ ਚੜ੍ਹ ਚੜ੍ਹ ਵੇਖੇ ਸਾਚੀ ਚੋਟ, ਘਰ ਮੰਦਰ ਕਰ ਰੁਸ਼ਨਾਈਆ । ਨਾ ਕੋਈ ਵਰਨ ਨਾ ਕੋਈ ਗੋਤ, ਪੰਜ ਤੱਤ ਨਾ ਕੋਈ ਹੰਢਾਈਆ । ਆਪੇ ਜਾਣੇ ਆਪਣਾ ਓਤ ਪੋਤ, ਪਿਤਾ ਪੂਤ ਵੇਖ ਵਖਾਈਆ । ਆਪੇ ਧਾਗਾ ਆਪੇ ਸੂਤ, ਤਾਣਾ ਪੇਟਾ ਆਪੇ ਪਾਈਆ । ਆਪੇ ਕਾਇਆ ਵੇਖੇ ਕਲਬੂਤ, ਆਪੇ ਆਤਮ ਬ੍ਰਹਮ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਹਿਬਜ਼ਾਦਾ ਇਕ ਪ੍ਰਗਟਾਈਆ । ਸਾਹਿਬਜ਼ਾਦਾ ਇਕ ਦੁਲਾਰ, ਆਦਿ ਜੁਗਾਦਿ ਸਮਾਇਆ । ਨਾ ਕੋਈ ਦੂਸਰ ਕਰੇ ਪਿਆਰ, ਨਾ ਕੋਈ ਮੇਲ ਮਿਲਾਇਆ । ਆਪਣਾ ਵਣਜ ਕਰੇ ਵਣਜਾਰ, ਵਣਜ ਵਣਜਾਰਾ ਆਪ ਹੋ ਜਾਇਆ । ਆਪੇ ਮਾਰਗ ਦੱਸੇ ਸੰਸਾਰ, ਆਪੇ ਵੇਖ ਵਖਾਇਆ । ਆਪੇ ਹੋਏ ਦਾਤਾ ਦਾਨੀ ਦੇਵਣਹਾਰ, ਸਤਿ ਭੰਡਾਰਾ ਆਪ ਭਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਏਕਾ ਸੁਤ ਲਏ ਪ੍ਰਗਟਾਇਆ । ਸੁਤ ਪ੍ਰਗਟਾਏ ਸ਼ਾਹ ਸੁਲਤਾਨ, ਸਿਰ ਆਪਣਾ ਹੱਥ ਰਖਾਈਆ । ਜੁਗਾ ਜੁਗੰਤਰ ਹੋਏ ਨਿਗਹਬਾਨ, ਭੁਲ ਕਦੇ ਨਾ ਜਾਈਆ । ਚਰਨ ਕਵਲ ਬਖ਼ਸ਼ੇ ਮਾਣ, ਧਰਤ ਧਵਲ ਦਏ ਵਡਿਆਈਆ । ਆਪੇ ਕਰੇ ਆਪਣੀ ਕਲਿਆਣ, ਕਾਲ ਮਹਾਕਾਲ ਨੇੜ ਨਾ ਆਈਆ । ਆਪ ਬਿਠਾਏ ਆਪਣੇ ਸਚ ਬਿਬਾਣ, ਦੂਸਰ ਓਟ ਨਾ ਕੋਈ ਤਕਾਈਆ । ਭੁਲ ਜਾਏ ਨਾ ਗੁਣ ਨਿਧਾਨ, ਗੁਣਵੰਤਾ ਸੱਚਾ ਸ਼ਹਿਨਸ਼ਾਹੀਆ । ਸਾਚੇ ਸੁਤ ਫੜਾਏ ਸਚ ਨਿਸ਼ਾਨ, ਲੋਆਂ ਪੁਰੀਆਂ ਆਪ ਝੁਲਾਈਆ । ਸਾਹਿਬਜ਼ਾਦਾ ਹੋਏ ਪਰਵਾਨ, ਜਿਸ ਮਿਲਿਆ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸੁਤ ਦਏ ਸਮਝਾਈਆ । ਸਾਹਿਬਜ਼ਾਦਾ ਇਕ ਸਪੁੱਤਰ, ਪੁਤਰ ਨਾ ਕੋਈ ਪਿਆਰਾ । ਕਰੇ ਖੇਲ ਆਪ ਬਚਿਤ੍ਰ, ਚਿਤ੍ਰ ਨਜ਼ਰ ਨਾ ਆਵੇ ਕੋਈ ਸੰਸਾਰਾ । ਆਦਿ ਜੁਗਾਦੀ ਬਣੇ ਹਿਤੜ, ਕਰੇ ਹਿੱਤ ਅਪਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੇ ਸੁੱਤ ਦਏ ਹੁਲਾਰਾ । ਸਾਹਿਬਜ਼ਾਦਾ ਆਪ ਉਠਾਇਆ, ਕਲਜੁਗ ਅੰਤ ਵਾਰੀ । ਸ਼ਬਦੀ ਪੁਤ ਮੇਲ ਮਿਲਾਇਆ, ਨਾਤਾ ਤੋੜ ਸਰਬ ਸੰਸਾਰੀ । ਪੰਜ ਤੱਤ ਬੁਤ ਨਾ ਕੋਈ ਵਖਾਇਆ, ਤ੍ਰੈਗੁਣ ਬੰਨ੍ਹੇ ਨਾ ਕੋਈ ਧਾਰੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਸਾਹਿਬਜ਼ਾਦੇ ਪਾਵੇ ਆਪੇ ਸਾਰੀ । ਸਾਹਿਬਜ਼ਾਦਾ ਆਪ ਉਠਾਇਆ, ਕਰ ਕਿਰਪਾ ਹਰਿ ਕਰਤਾਰ । ਚੌਥੇ ਜੁਗ ਭੁਲ ਨਾ ਜਾਇਆ, ਨਰ ਹਰਿ ਨਰਾਇਣ ਸੱਚੀ ਸਰਕਾਰ । ਸ਼ਬਦ ਸੂਰਬੀਰ ਨਾਲ ਰਲਾਇਆ, ਆਪਣੀ ਹੱਥੀਂ ਖਿਚ ਸਤਾਰ । ਜਗਤ ਧਾਰ ਨਾ ਕੋਈ ਰਖਾਇਆ, ਅਗੰਮ ਅਗੰਮੜੀ ਕਰੇ ਕਾਰ । ਹੱਡ ਮਾਸ ਨਾੜੀ ਚਮੜਾ ਨਾ ਵੇਖ ਵਖਾਇਆ, ਮਨਮਤ ਬੁਧ ਨਾ ਕੋਈ ਵਿਚਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਬੱਚਾ ਲਏ ਉਠਾਲ । ਏਕਾ ਬੱਚਾ ਬਾਲੀ ਬੁਧ, ਸ਼ਬਦੀ ਸ਼ਬਦ ਉਠਾਇਆ । ਪੁਰਖ ਅਕਾਲ ਕਰੇ ਕਾਰਜ ਸੁੱਧ, ਕਾਰਜ ਕਰਨੇ ਆਪੇ ਆਇਆ । ਆਪ ਬਣਾਈ ਆਪਣੀ

ਬਿਧ, ਵਿਦਿਆ ਪੜ੍ਹਨ ਕਿਸੇ ਘਰ ਨਾ ਜਾਇਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਸਾਹਿਬਜ਼ਾਦਾ ਆਪਣੇ ਅੰਦਰ ਆਪ ਬਹਾਇਆ। ਸਾਬਿਹਜ਼ਾਦਾ ਬਹਾਇਆ ਅੰਦਰ, ਹਰਿ ਸਾਚਾ ਤਖ਼ਤ ਸੁਹਾਇਆ। ਆਪਣੀ ਹੱਥੀਂ ਲਾਇਆ ਜੰਦਰ, ਨਾ ਕੋਈ ਤੋੜ ਤੁੜਾਇਆ। ਵੇਖਣਹਾਰਾ ਡੂੰਘੀ ਕੰਦਰ, ਲੱਖ ਚੁਰਾਸੀ ਫੋਲ ਫੁਲਾਇਆ। ਜੀਵ ਜੰਤ ਨਾ ਜਾਣੇ ਭਾਗਾਂ ਮੰਦੜ, ਕਵਣ ਰੂਪ ਹਰਿ ਖੇਲ ਖਿਲਾਇਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮੇਲਾ ਆਪਣੇ ਦਰ, ਸੁਤ ਦੁਲਾਰੇ ਲਏ ਕਰਾਇਆ। ਸੁਤ ਦੁਲਾਰੇ ਮਿਲਿਆ ਮੇਲਾ, ਭਗਤ ਵਿਛੋੜਾ ਆਪ ਕਟਾਇੰਦਾ। ਆਪੇ ਗੁਰੂ ਆਪੇ ਚੇਲਾ, ਆਪੇ ਖੇਲ ਖਿਲਾਇੰਦਾ। ਆਪੇ ਜਾਣੇ ਆਪਣਾ ਵੇਲਾ, ਥਿਤ ਵਾਰ ਨਾ ਕੋਈ ਜਣਾਇੰਦਾ। ਆਪੇ ਵਸੇ ਇਕ ਇਕੇਲਾ, ਆਪੇ ਸਗਲਾ ਸੰਗ ਨਿਭਾਇੰਦਾ। ਆਪੇ ਸਗਨ ਮਨਾਏ ਚਾੜ੍ਹੇ ਤੇਲਾ, ਆਪੇ ਸਖੀਆਂ ਮੰਗਲ ਗਾਇੰਦਾ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੰਤ ਬਹਾਏ ਆਪਣੇ ਘਰ, ਆਪਣਾ ਦਰ ਆਪ ਵਸਾਇੰਦਾ। ਪਿਤਾ ਪੂਤ ਦਰ ਹੋਏ ਵਾਰਸ, ਪੁਰਖ ਅਕਾਲ ਸਮਝਾਈਆ। ਬਿਨ ਹਰਿ ਸ਼ਬਦ ਨਾ ਦਿਸੇ ਕੋਈ ਹੋਰ ਖ਼ਾਲਸ, ਤਤਵ ਤਤ ਵਿਕਾਰ ਭਰੀ ਲੋਕਾਈਆ। ਜਗਤ ਮਾਤ ਪਿਤ ਭੈਣ ਭਾਈ, ਸਾਕ ਸੱਜਣ ਸੈਣ ਸੌਂ ਜਾਣ ਕਰ ਕੇ ਆਲਸ, ਸਤਿਗੁਰ ਪੂਰਾ ਵਿਸਰ ਜਾਈਆ। ਸੱਚਾ ਸਾਹਿਬਜ਼ਾਦਾ ਸਦਾ ਚਰਨ ਕਵਲ ਚਰਨ ਬਣਿਆ ਰਹੇ ਬਾਲਕ, ਜਵਾਨ ਰੂਪ ਨਾ ਕੋਇ ਵਟਾਈਆ। ਵੇਖਣਹਾਰਾ ਖ਼ਲਕ ਖ਼ਾਲਕ, ਮਖ਼ਲੂਕ ਲਾਸ਼ਰੀਕ ਇਕ ਖ਼ੁਦਾਈਆ। ਆਪੇ ਬਣੇ ਆਪਣਾ ਸਾਲਸ, ਦੂਸਰ ਮੰਗੇ ਨਾ ਕਿਸੇ ਦੀ ਸਫ਼ਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਸੁਤ ਇਕ ਸਮਝਾਈਆ। ਏਕਾ ਸੁਤ ਸ਼ਬਦ ਧਾਰ, ਗੋਬਿੰਦ ਨਾਉਂ ਪ੍ਰਗਟਾਇਆ। ਪੁਰਖ ਅਬਿਨਾਸ਼ੀ ਆਪਣਾ ਆਪ ਆਪੇ ਲਏ ਵਿਚਾਰ, ਦੂਜਾ ਮਤ ਦੇ ਨਾ ਕੋਈ ਸਮਝਾਇਆ। ਆਪਣੀ ਪਾਵੇ ਨਾ ਕੋਈ ਸਾਰ, ਦੂਜੇ ਦਾ ਵਰ ਮੰਗਣ ਬਣ ਨਿਧਾਨ ਬਣ ਕੇ ਆਇਆ। ਅਜੇ ਲਹਿਣਾ ਨਹੀਂ ਮੁੱਕਿਆ ਚੁੱਕਿਆ ਨੌਂ ਨੌਂ ਜਾਮੇ, ਪ੍ਰਭ ਡੰਨ ਦੇਂਦਾ ਆਇਆ। ਪਹਿਲੋਂ ਮੰਗੀ ਆਪਣੀ ਰੰਗਣ, ਸਤਿਗੁਰ ਪੂਰਾ ਦਏ ਚੜ੍ਹਾਇਆ। ਜੋ ਦਰ ਤੇ ਮੰਗਦੇ ਸੰਗਣ, ਪ੍ਰਭ ਧੱਕਾ ਦੇਵੇ ਲਾਇਆ। ਆਪੇ ਸੁਤ ਬਿਠਾਏ ਅੰਗਣ, ਗੁਰਸਿਖ ਸਾਚੇ ਨਾਉਂ ਰਖਾਇਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਏਕ ਬਣਾਏ ਸਾਹਿਬਜ਼ਾਦਾ, ਦੇਵੇ ਆਪਣੀ ਦਾਦ, ਵਸਤ ਅਮੋਲਕ ਝੋਲੀ ਪਾਈਆ। ਸਾਚੀ ਵਸਤ ਹੱਥ ਫੜਾਈ, ਲੇਖਾ ਰਹੇ ਨਾ ਰਾਈਆ। ਪਿਤਾ ਪੂਤ ਵੱਜੀ ਵਧਾਈ, ਸੁਣੇ ਸਰਬ ਲੋਕਾਈਆ। ਜੀਵ ਜੰਤ ਭੁੱਲੇ ਰਾਹੀ, ਸਾਚਾ ਪੰਧ ਨਾ ਕੋਈ ਮੁਕਾਈਆ। ਬਣ ਕੇ ਚਾਤਰ ਰਹੇ ਸਮਝਾਈ, ਭਗਵਨ ਭਰਮ ਭੁਲੇਖੇ ਆਪਣੇ ਆਪ ਗਿਆ ਭੁਲਾਈਆ। ਜਨਮ ਜਨਮ ਦੀ ਲੱਥੀ ਨਾ ਮਸਤਕ ਸ਼ਾਹੀ, ਕਾਲਖ ਟਿੱਕਾ ਨਾ ਕੋਈ ਧੁਆਈਆ। ਜੋ ਜਨ ਸਾਹਿਬ ਸਤਿਗੁਰ ਪੂਰੇ ਦਾ ਹੁਕਮ ਮੰਨੇ ਨਾਹੀ, ਦਰ ਘਰ ਸਾਚੇ ਨਾ ਮਿਲੇ ਵਡਿਆਈਆ। ਪਿਤਾ ਪੂਤ ਪੂਤ ਪਿਤਾ ਕੋਲੋਂ ਮੰਗੇ ਚਾਈਂ ਚਾਈਂ, ਦੇਵਣਹਾਰ ਥਾਉਂ ਥਾਈਆ, ਆਦਿ ਜੁਗਾਦਿ ਕਰੇ ਨਿਆਈਂ, ਨਿਵਣ ਸੋ ਅੱਖਰ ਇਕ ਪੜ੍ਹਾਈਆ। ਪਕੜ ਉਠਾਏ ਆਪ ਲਗਾਏ ਗਲ ਆਪਣੀ ਬਾਹੀਂ, ਆਪਣੀਆਂ ਭੁਜਾਂ ਆਪ ਵਖਾਈਆ। ਸਦਾ ਸੁਹੇਲਾ ਦੇਵੇ ਠੰਡੀਆਂ ਛਾਈਂ, ਸਿਰ ਸਮਰਥ ਹੱਥ ਟਿਕਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦੂਸਰ ਅਵਰ ਨਾ ਕੋਇ ਜਣਾਈਆ। ਕਿਆ ਕੋਈ ਸਿਖਿਆ ਦੇਵੇ ਮਤ, ਮਤਹੀਣ ਜਗਤ ਸੰਸਾਰਾ। ਜਿਸ ਆਦਿ ਜੁਗਾਦਿ

ਆਪਣਾ ਕੀਆ ਉਤਪਤ, ਉਤਪਤ ਹੋਏ ਵੇਖਣਹਾਰਾ । ਦੋ ਜਹਾਨਾਂ ਚਲਾਏ ਰਥ, ਰਥ ਰਥਵਾਹੀ ਖੇਲ ਨਿਰੰਕਾਰਾ । ਆਪਣੀ ਮਹਿਮਾ ਜਾਣੇ ਅਕਥ, ਬ੍ਰਹਮਾ ਚਾਰ ਮੁਖੀ ਨਾ ਪਾਵੇ ਸਾਰਾ । ਆਪਣਾ ਸੁਤ ਉਪਜਾਇਆ ਬਿਨ ਬੂੰਦ ਰਤ, ਨਿਰਗੁਣ ਨਾਰੀ ਨਿਰਗੁਣ ਕੰਤ ਭਤਾਰਾ । ਸਿੰਘ ਤਾਰਾ ਕਿਉਂ ਬੈਠਾ ਸੱਥਰ ਘੱਤ, ਹਰਿ ਕਾ ਸ਼ਬਦ ਨਾ ਮਨ ਵਿਚਾਰਾ । ਕਿਆ ਕੋਈ ਸਮਝਾਵੇ ਕਰ ਕਰ ਅਰਥ, ਭਗਵਨ ਕਦੇ ਨਾ ਭੁਲਣਹਾਰਾ । ਬਿਨ ਭਗਵਨ ਕੋਇ ਨਾ ਸਕੇ ਪਰਖ, ਪੂਰਬ ਜਨਮਾਂ ਕਰੇ ਨਾ ਕੋਈ ਵਿਚਾਰਾ । ਨਾ ਕੋਈ ਸੋਗ ਨਾ ਕੋਈ ਹਰਖ, ਨਿਹਕਲੰਕ ਰੂਪ ਅਨੂਪ ਬਣਿਆ ਆਪ ਨਿਰੰਕਾਰਾ । ਗੁਰਸਿਖਾਂ ਉਤੇ ਅੰਮ੍ਰਿਤ ਮੇਘ ਦੇਵੇ ਬਰਸ, ਕਾਇਆ ਕਰੇ ਠੰਡੀ ਠਾਰਾ । ਜੋ ਜਨ ਨੇਤਰ ਲੋਚਣ ਨੈਣ ਕਰੇ ਦਰਸ, ਤ੍ਰੈ ਕਾਲ ਦਰਸੀ ਕਰੇ ਪਾਰ ਕਿਨਾਰਾ । ਆਵਣ ਜਾਵਣ ਪਤਤ ਪਾਵਣ ਤ੍ਰੈਭਵਣ ਧਨੀ ਮੇਟੇ ਹਰਸ, ਨਾਤਾ ਤੋੜ ਸਰਬ ਸੰਸਾਰਾ । ਲੇਖਾ ਜਾਣੇ ਅਰਸ਼ ਫ਼ਰਸ਼, ਕੁਰਸ਼ ਕੁਰਾ ਚਰਨ ਦੁਆਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਆਪਣਾ ਸੁਤ ਦੁਲਾਰਾ । ਸੁਤ ਦੁਲਾਰਾ ਸਾਧ ਸੰਗਤ, ਦੂਸਰ ਅਵਰ ਨਾ ਕੋਇ ਜਣਾਈਆ । ਅੱਠੇ ਪਹਿਰ ਰਹੇ ਮੰਗਤ, ਦੇਵਣਹਾਰ ਆਪ ਹੋ ਜਾਈਆ । ਦਰ ਆਇਆਂ ਚਾੜ੍ਹੇ ਸਾਚੀ ਰੰਗਤ, ਰੰਗਤ ਉਤਰ ਕਦੇ ਨਾ ਜਾਈਆ । ਗੜ੍ਹ ਤੋੜ੍ਹੇ ਹਉਂਮੇ ਹੰਗਤ, ਆਸਾ ਤ੍ਰਿਸ਼ਨਾ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੁਤ ਦਏ ਵਡਿਆਈਆ । ਸਾਚਾ ਸੁਤ ਜੇਠਾ ਪੁਤ, ਗੁਰਮੁਖ ਵਡ ਸਾਲਾਹੀਆ । ਜਿਸ ਉਪਰ ਸਾਹਿਬ ਜਾਏ ਤੁਠ, ਗੁਰਮੁਖ ਸਾਚਾ ਜਾਣੀਏ, ਜਿਸ ਅੰਤਰ ਬ੍ਰਹਮ ਪਿਆਰ । ਗੁਰਸਿਖ ਸੱਚਾ ਜਾਣੀਏ, ਜਿਸ ਹਿਰਦੇ ਵਸੇ ਮੁਰਾਰ । ਗੁਰਸਿਖ ਸੱਚਾ ਜਾਣੀਏ, ਹਰਖ ਸੋਗ ਤੋਂ ਵਸੇ ਬਾਹਰ । ਗੁਰਸਿਖ ਸੱਚਾ ਜਾਣੀਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਜਣਾਏ ਸਾਚੀ ਸਾਰ । ਗੁਰਸਿਖ ਸੱਚਾ ਜਾਣੀਏ, ਜਗਤ ਨਾਤਾ ਤੋੜੇ ਮੋਹ । ਗੁਰਸਿਖ ਸੱਚਾ ਜਾਣੀਏ, ਗੁਰ ਚਰਨ ਜਾਏ ਛੋਹ । ਗੁਰਸਿਖ ਸੱਚਾ ਜਾਣੀਏ, ਦੁਰਮਤ ਮੈਲ ਲੇਵੇ ਧੋ । ਗੁਰਸਿਖ ਸੱਚਾ ਜਾਣੀਏ, ਗੁਰ ਗੋਦੀ ਜਾਏ ਸੌਂ । ਗੁਰਸਿਖ ਸੱਚਾ ਜਾਣੀਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਵੇਖੇ ਥਾਉਂ ਥਾਂ । ਗੁਰਸਿਖ ਸੱਚਾ ਜਾਣੀਏ, ਜੋ ਭਾਣਾ ਮੰਨੇ ਕਰਤਾਰ । ਗੁਰਸਿਖ ਸੱਚਾ ਜਾਣੀਏ, ਜੋ ਨਾਤਾ ਤੋੜੇ ਜਗਤ ਸੰਸਾਰ । ਗੁਰਸਿਖ ਸੱਚਾ ਜਾਣੀਏ, ਗੁਰ ਚਰਨ ਧੂੜੀ ਕਰੇ ਸ਼ਿੰਗਾਰ । ਗੁਰਸਿਖ ਸੱਚਾ ਜਾਣੀਏ, ਗੁਰ ਨਾਉਂ ਕਰੇ ਅਧਾਰ । ਗੁਰਸਿਖ ਸੱਚਾ ਜਾਣੀਏ, ਗੁਰ ਅੰਮ੍ਰਿਤ ਮੰਗੇ ਅਮਰ ਭੰਡਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਦੇਵਣਹਾਰ । ਗੁਰਸਿਖ ਸੱਚਾ ਜਾਣੀਏ, ਜਿਸ ਗੁਰ ਕੇ ਨਾਉਂ ਰੰਗ । ਗੁਰਸਿਖ ਸੱਚਾ ਜਾਣੀਏ, ਆਤਮ ਸੋਏ ਸੇਜ ਪਲੰਘ । ਗੁਰਸਿਖ ਸੱਚਾ ਜਾਣੀਏ, ਘਰ ਅੱਠੇ ਪਹਿਰ ਅਨਹਦ ਸ਼ਬਦ ਵੱਜੇ ਮਰਦੰਗ । ਸਤਿਗੁਰ ਸੱਚਾ ਆਖੀਏ, ਆਪਣੇ ਅੰਦਰ ਆਪਣੇ ਮੰਦਰ ਆਪੇ ਜਾਏ ਲੰਘ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਆਪਣੀ ਵੰਡ । ਗੁਰਸਿਖ ਓਹ ਨਾ ਆਖੀਏ, ਜੋ ਮਾਇਆ ਰਹੇ ਲਪਟਾਏ । ਗੁਰਸਿਖ ਓਹ ਨਾ ਆਖੀਏ, ਜੋ ਤ੍ਰਿਸ਼ਨਾ ਭੁੱਖ ਵਧਾਏ । ਗੁਰਸਿਖ ਓਹ ਨਾ ਆਖੀਏ, ਜੋ ਜਨ ਸ਼ਿੰਗਾਰ ਵੇਸਵਾ ਰੂਪ ਵਟਾਏ । ਗੁਰਸਿਖ ਓਹ ਨਾ ਆਖੀਏ, ਗੁਰ ਸੰਗਤ ਵਿਚ ਉਚਾ ਬਹਿ ਬਹਿ ਆਪਣਾ ਰੂਪ ਪ੍ਰਗਟਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਤੱਤ ਰਿਹਾ ਸਮਝਾਏ । ਗੁਰਸਿਖ ਓਹ ਨਾ ਆਖੀਏ, ਜਿਸ ਆਤਮ

੪੬ ੧੦

ਅੰਤਰ ਨਾ ਇਕ ਧਿਆਨ । ਗੁਰਸਿਖ ਓਹ ਨਾ ਆਖੀਏ, ਜਿਸ ਮਨ ਭਰਿਆ ਮਾਣ ਅਭਿਮਾਣ । ਗੁਰਸਿਖ ਓਹ ਨਾ ਆਖੀਏ, ਜੋ ਮੰਗੇ ਪੀਣ ਖਾਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਦਿ ਜੁਗਾਦੀ ਆਪੇ ਜਾਣੇ ਆਪਣੀ ਸਚ ਪਛਾਣ । ਗੁਰਸਿਖ ਸੱਚਾ ਆਖੀਏ, ਜੋ ਭਾਣਾ ਮੰਨੇ ਨਿਰੰਕਾਰ । ਗੁਰਸਿਖ ਓਹ ਨਾ ਆਖੀਏ, ਜਗਤ ਤ੍ਰਿਸ਼ਨਾ ਹੋਏ ਖਵਾਰ । ਗੁਰਸਿਖ ਸੱਚਾ ਆਖੀਏ, ਦਰ ਮੰਗੇ ਠੰਡਾ ਦਰਬਾਰ । ਗੁਰਸਿਖ ਓਹ ਨਾ ਆਖੀਏ, ਤਨ ਭਰਿਆ ਰਹੇ ਕਾਮ ਕਰੋਧ ਲੋਭ ਮੋਹ ਹੰਕਾਰ । ਗੁਰਸਿਖ ਸੱਚਾ ਆਖੀਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਵੇਖੇ ਵਿਗਸੇ ਕਰੇ ਵਿਚਾਰ ।

ਹਰਿ ਪੁਰਖ ਨਿਰੰਜਣ ਵਡਿਆਈ ਧੰਨ, ਆਪਣੀ ਮਹਿਮਾ ਆਪ ਗਣਾਇੰਦਾ । ਸੋ ਪੁਰਖ ਨਿਰੰਜਣ ਵਡਿਆਈ ਧੰਨ, ਆਪਣੀ ਖੇਲ ਆਪ ਖਿਲਾਇੰਦਾ । ਹਰਿ ਪੁਰਖ ਨਿਰੰਜਣ ਵਡਿਆਈ ਧੰਨ, ਆਪਣੀ ਵੇਲ ਆਪ ਵਧਾਇੰਦਾ । ਏਕੰਕਾਰਾ ਵਡਿਆਈ ਧੰਨ, ਆਪਣਾ ਮੇਲ ਆਪ ਮਿਲਾਇੰਦਾ । ਆਦਿ ਨਿਰੰਜਣ ਵਡਿਆਈ ਧੰਨ, ਬਿਨ ਤੇਲ ਬਾਤੀ ਨਿਰਗੁਣ ਜੋਤ ਆਪ ਜਗਾਇੰਦਾ । ਸ੍ਰੀ ਭਗਵਾਨ ਵਡਿਆਈ ਧੰਨ, ਸਗਲਾ ਸਾਥੀ ਸੰਗ ਨਿਭਾਇੰਦਾ । ਅਬਿਨਾਸ਼ੀ ਕਰਤਾ ਵਡਿਆਈ ਧੰਨ, ਆਪਣੀ ਘਾਟੀ ਆਪੇ ਪਾਰ ਕਰਾਇੰਦਾ । ਪਾਰਬ੍ਰਹਮ ਵਡਿਆਈ ਧੰਨ, ਆਪਣੀ ਬਾਕੀ ਆਪ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਹਰਿ ਖੇਲ ਖਿਲਾਇੰਦਾ । ਕਰ ਕਿਰਪਾ ਗੁਣ ਨਿਧਾਨ, ਸਤਿਗੁਰ ਆਪਣਾ ਰੂਪ ਪ੍ਰਗਟਾਇੰਦਾ । ਦੋ ਜਹਾਨਾਂ ਹੋ ਪਰਧਾਨਾ, ਭਗਤ ਭਗਵੰਤ ਵੇਖ ਵਖਾਇੰਦਾ । ਲੋਕਮਾਤ ਚੁਕਾਏ ਕਾਨ, ਸਾਚੇ ਸੰਤ ਕੰਤ ਹੰਢਾਇੰਦਾ । ਆਦਿ ਜੁਗਾਦੀ ਹੋ ਮਿਹਰਵਾਨ, ਗੁਰਮੁਖ ਆਪਣੀ ਗੋਦ ਬਹਾਇੰਦਾ । ਵੇਖਣਹਾਰਾ ਬਾਲ ਨਾਦਾਨ, ਗੁਰਸਿਖ ਸਾਚੇ ਰੰਗ ਰੰਗਾਇੰਦਾ । ਰੰਗ ਮਜੀਠੀ ਇਕ ਮਹਾਨ, ਚੌਹਾਂ ਮੇਲਾ ਆਪ ਮਿਲਾਇੰਦਾ । ਚੌਥੇ ਜੁਗ ਹੋ ਪਰਧਾਨ, ਮਾਨਸ ਜਨਮ ਫੇਰ ਦਵਾਇੰਦਾ । ਮਾਨਸ ਮਾਨਸ ਕਰ ਨਿਸ਼ਾਨ, ਜਗਤ ਵਿਛੋੜਾ ਪੰਧ ਮੁਕਾਇੰਦਾ । ਮੇਲ ਮਿਲਾਏ ਹਰਿ ਹਰਿ ਆਣ, ਬ੍ਰਹਮ ਪਾਰਬ੍ਰਹਮ ਵੇਖ ਵਖਾਇੰਦਾ । ਕਾਇਆ ਕਪੜ ਕਰੇ ਕਲਿਆਣ, ਝੂਠੀ ਮਾਟੀ ਆਪ ਧੁਆਇੰਦਾ । ਧੋਬੀ ਬਣ ਸ੍ਰੀ ਭਗਵਾਨ, ਸਾਚੀ ਭੱਠੀ ਆਪੇ ਤਾਇੰਦਾ । ਆਪਣਾ ਲੰਬੂ ਆਪੇ ਲਾਇਆ ਆਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਸਾਚਾ ਵੇਖ ਵਖਾਇੰਦਾ । ਚੌਥੇ ਜੁਗ ਸਾਚੇ ਸੰਤ ਉਭਾਰ, ਭਗਵੰਤ ਮੇਲ ਮਿਲਾਈਆ । ਗੁਰਮੁਖ ਗੁਰਸਿਖ ਸੋਹੇ ਇਕ ਦੁਆਰ, ਦਰ ਦੁਆਰਾ ਆਪ ਖੁਲ੍ਹਾਈਆ । ਨੌਂ ਖੰਡ ਪ੍ਰਿਥਮੀ ਪਾਵੇ ਸਾਰ, ਸੱਤਾਂ ਦੀਪਾਂ ਫੋਲ ਫੁਲਾਈਆ । ਅੱਠਾਂ ਤੱਤਾਂ ਕਰੇ ਵਿਚਾਰ, ਨੌਂ ਦੁਆਰੇ ਖੋਜ ਖੁਜਾਈਆ । ਸੁਖ਼ਮਨ ਟੇਢੀ ਜਾਣੇ ਨਾੜ, ਬੰਕ ਦੁਆਰ ਸੱਚਾ ਸ਼ਹਿਨਸ਼ਾਹੀਆ । ਅਨਹਦ ਸ਼ਬਦ ਜਾਣੇ ਧੁਨਕਾਰ, ਨਾਦ ਅਨਾਦੀ ਆਪ ਵਜਾਈਆ । ਨਿਝਰ ਝਿਰਨਾ ਵੇਖੇ ਅਪਰ ਅਪਾਰ । ਕਵਲ ਨਾਭ ਆਪ ਝਿਰਾਈਆ । ਆਪੇ ਖੋਲ੍ਹੇ ਬੰਦ ਕਿਵਾੜ, ਆਪਣਾ ਪਰਦਾ ਦਏ ਉਠਾਈਆ । ਆਪੇ ਸੇਜਾ ਕਰੇ ਪਿਆਰ, ਦਸਮ ਦੁਆਰੀ ਆਪ ਸੁਹਾਈਆ । ਆਪੇ ਆਸਣ ਲਾਏ ਸੱਚੀ ਸਰਕਾਰ, ਨਿਰਗੁਣ ਬਣ ਕੇ ਸਾਚਾ ਮਾਹੀਆ । ਆਪੇ ਸੁਰਤ ਸੁਵਾਣੀ ਆਪਣੇ ਦੁਆਰ, ਖਿਚ ਬਹਾਏ ਵਾਹੋ ਦਾਹੀਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਜੋਗ ਅਭਿਆਸ ਹੱਠ ਤਪ ਕਰਦਾ


੪੭
੧੦

ਰਿਹਾ ਵਿਚਾਰ, ਲੇਖਾ ਲੇਖੇ ਵਿਚ ਲਗਾਈਆ । ਕਲਜੁਗ ਅੰਤਮ ਨਿਹਕਲੰਕ ਲਏ ਅਵਤਾਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਚਾਰ ਜੁਗ ਦੇ ਮੇਲ ਵਿਛੜੇ ਯਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਅੰਤਮ ਭੁਲ ਨਾ ਜਾਈਆ । ਕੋਈ ਰਵੇ ਰਾਮ ਰਾਮ ਕਰੇ ਪੁਕਾਰ, ਕੋਈ ਕ੍ਰਿਸ਼ਨ ਰਹੇ ਧਿਆਈਆ । ਕੋਈ ਆਦਿ ਸ਼ਕਤ ਕਰੇ ਨਿਮਸਕਾਰ, ਨਮੋ ਨਮੋ ਕੋਇ ਅਖਵਾਈਆ । ਕੋਈ ਊਚੀ ਕੂਕ ਕਰੇ ਪੁਕਾਰ, ਐਹਨਲਹੱਕ ਸਦਾ ਲਗਾਈਆ । ਕੋਈ ਮੁਕਾਮੇ ਹੱਕ ਲੱਭੇ ਯਾਰ, ਹੱਕ ਹਕ਼ੀਕ਼ਤ ਦਏ ਗਵਾਹੀਆ । ਕੋਈ ਨਾਮ ਨਾਮ ਸਤਿ ਰਹੇ ਉਚਾਰ, ਕੋਈ ਵਾਹਿਗੁਰੂ ਫ਼ਤਹਿ ਗਜਾਈਆ । ਸਭ ਦਾ ਸਾਂਝਾ ਇਕੋ ਯਾਰ, ਪੁਰਖ ਅਕਾਲ ਨਾਉਂ ਧਰਾਈਆ । ਕਰਨ ਆਇਆ ਜਗਤ ਪਿਆਰ, ਸ੍ਰਿਸ਼ਟ ਸਬਾਈ ਵੇਖੇ ਥਾਉਂ ਥਾਈਂਆਂ । ਲੱਖ ਚੁਰਾਸੀ ਵਿਚੋਂ ਲਏ ਉਭਾਰ, ਗੁਰਮੁਖ ਸਾਚੇ ਲਏ ਮਿਲਾਈਆ । ਆਪਣਾ ਗੁੰਦਨ ਆਇਆ ਸਾਚਾ ਹਾਰ, ਜੋਤ ਅਕਾਲਣ ਬਣ ਕੇ ਮਾਲਣ, ਤਿੰਨਾਂ ਲੋਕਾਂ ਚੌਦਾਂ ਹੱਟਾਂ ਪੰਧ ਮੁਕਾਈਆ । ਗੁਰਸਿਖਾਂ ਅੱਗੇ ਬਣਿਆ ਆਪ ਸਵਾਲਣ, ਆਪਣੀ ਝੋਲੀ ਅੱਗੇ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਹਰਿ ਆਪਣੀ ਦਇਆ ਕਮਾਈਆ । ਚਾਰ ਜੁਗ ਦਾ ਜਗਤ ਵਿਛੋੜਾ, ਹਰਿ ਹਰਿ ਪੰਧ ਮੁਕਾਇੰਦਾ । ਪੁਰਖ ਅਬਿਨਾਸ਼ੀ ਚੜ੍ਹਿਆ ਸਾਚੇ ਘੋੜਾ, ਹਰਿ ਕਾ ਘੋੜਾ ਦਿਸ ਨਾ ਆਇੰਦਾ । ਦੋ ਜਹਾਨਾਂ ਫਿਰੇ ਦੌੜਾ, ਲੋਆਂ ਪੁਰੀਆਂ ਪੰਧ ਮੁਕਾਇੰਦਾ । ਏਥੇ ਓਥੇ ਲਾਇਆ ਇਕੋ ਪੌੜਾ, ਏਕਾ ਡੰਡਾ ਉਪਰ ਵਖਾਇੰਦਾ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਵੇਖੇ ਮਿੱਠਾ ਕੌੜਾ, ਘਟ ਘਟ ਅੰਦਰ ਫੋਲ ਫੁਲਾਇੰਦਾ । ਹਰਿ ਸੰਗਤ ਹਰਿ ਜੂ ਆਪੇ ਬੌਹੜਾ, ਹਰਿ ਮੰਦਰ ਇਕ ਸੁਹਾਇੰਦਾ । ਜਨਮ ਜਨਮ ਦੀ ਬੁਝਾਏ ਪਿਆਸ ਲੱਗੀ ਔੜਾ, ਸਾਂਤਕ ਸਤਿ ਸਤਿ ਕਰਾਇੰਦਾ । ਸੱਸੇ ਉਪਰ ਲਾਇਆ ਏਕਾ ਹੋੜਾ, ਨਿਰਗੁਣ ਸਰਗੁਣ ਮੇਲ ਮਿਲਾਇੰਦਾ । ਗੁਰਸਿਖ ਤੇਰੇ ਰਾਹ ਵਿਚ ਨਾ ਅਟਕਾਏ ਕੋਈ ਰੋੜਾ, ਕੋਟਨ ਕੋਟ ਬ੍ਰਹਿਮੰਡ ਆਪਣੇ ਚਰਨਾਂ ਹੇਠ ਦਬਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਜੁਗ ਸਾਚੇ ਸੁਖ ਗੁਰਸਿਖ ਲੇਖੇ ਆਪੇ ਰੱਖ, ਸੰਤਨ ਪਾਵੇ ਸਾਚੀ ਭਿੱਖ, ਭਗਤਨ ਨੇਤਰ ਆਪੇ ਪੇਖ, ਪੇਖਣਹਾਰ ਦਇਆ ਕਮਾਈਆ । ਭਗਤ ਸੰਤ ਗੁਰਮੁਖ ਗੁਰਸਿਖ, ਜਗਤ ਅੰਤਮ ਮੇਲ ਮਿਲਾਇਆ । ਧੁਰ ਦਾ ਲੇਖ ਅਪੇ ਲਿਖ, ਪਿਛਲਾ ਲੇਖ ਚੁਕਾਇਆ । ਸਾਚੀ ਸਿਖਿਆ ਸਚ ਸਮਝਾਏ ਸਿਕ, ਸਬਰ ਸਬੂਰੀ ਸੰਗ ਰਖਾਇਆ । ਪੁਰਖ ਅਬਿਨਾਸ਼ੀ ਸਾਚਾ ਪਿਤ, ਪਿਤਾ ਪੂਤ ਦਏ ਵਡਿਆਇਆ । ਕਲਜੁਗ ਅੰਤਮ ਕਰਨ ਆਇਆ ਹਿੱਤ, ਨਿਤ ਨਵਿਤ ਜੋ ਖੇਲ ਖਿਲਾਇਆ । ਲੇਖਾ ਜਾਣੇ ਦਹਿ ਦਿਸ਼, ਚਾਰ ਕੁੰਟ ਫੋਲ ਫੁਲਾਇਆ । ਦਰ ਆਏ ਲਾਹੇ ਝੂਠੀ ਵਿਖ, ਅੰਮ੍ਰਿਤ ਏਕਾ ਜਾਮ ਪਿਆਇਆ । ਪੁਤਰਾਂ ਦੇਵੇ ਸਾਚੀ ਭਿੱਖ, ਭਿਛਿਆ ਸਾਚੀ ਝੋਲੀ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਦਏ ਵਡਿਆਇਆ । ਹਰਿ ਸੰਗਤ ਹਰਿ ਵਡਿਆਇੰਦਾ, ਆਏ ਚਰਨ ਦੁਆਰ । ਭੁੱਖਿਆਂ ਭੁੱਖ ਗਵਾਇੰਦਾ, ਦੇਵੇ ਨਾਮ ਆਧਾਰ । ਆਪਣੇ ਆਪ ਮਨਾਇੰਦਾ, ਜੁਗ ਜੁਗ ਵਿਛੜੇ ਯਾਰ । ਝੂਠਿਆਂ ਸਚ ਕਰਾਇੰਦਾ, ਦੇਵੇ ਦਰਸ ਦੀਦਾਰ । ਲੁਟਿਆਂ ਘਰ ਵਸਾਇੰਦਾ, ਉਜੜੇ ਫੇਰ ਨਾ ਵਿਚ ਸੰਸਾਰ । ਮਾਵਾਂ ਪੁੱਤਰਾਂ ਗੋਦ ਸੁਹਾਇੰਦਾ, ਪੂਤ ਸਪੂਤਾ ਦਏ ਆਧਾਰ । ਖ਼ਾਲੀ ਗੋਦ ਨਾ ਕੋਈ ਰਖਾਇੰਦਾ, ਜੋ ਨਾਰੀ ਮੰਗੇ ਸੁਤ ਦੁਲਾਰ । ਪੁਰਖ ਅਬਿਨਾਸ਼ੀ ਦਇਆ ਕਮਾਇੰਦਾ, ਨਿਰਗੁਣ ਸਰਗੁਣ ਕਰ ਪਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਏਕਾ ਬਖ਼ਸ਼ੇ ਚਰਨ ਪਿਆਰ । ਚਰਨ ਪਿਆਰ ਰੱਖੇ ਆਸ, ਚਰਨ ਕਵਲ ਚਿਤ ਲਾਇਆ । ਕਰੇ ਖੇਲ ਹਰਿ ਸ਼ਾਹੋ ਸ਼ਾਬਾਸ਼, ਸ਼ਾਸਤਰ ਸਿਮਰਤ ਭੇਵ ਨਾ ਰਾਇਆ । ਗੁਰਸਿਖਾਂ ਅੰਦਰ ਕਰੇ ਵਾਸ, ਵਾਸ ਨਿਵਾਸਾ ਆਪ ਧਰਾਇਆ । ਹੋਏ ਸਹਾਈ ਜੰਗਲ ਜੂਹ ਉਜਾੜ ਪਹਾੜ ਪ੍ਰਭਾਸ਼, ਡੂੰਘੀ ਕੰਦਰ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਦਏ ਵਡਿਆਇਆ । ਹਰਿ ਸੰਗਤ ਵਡਿਆਈ ਵਡ, ਵਡ ਵੱਡਾ ਵਡ ਆਪ ਵਡਿਆਇੰਦਾ । ਛੱਬੀ ਪੋਹ ਲਡਾਏ ਲਡ, ਆਪਣੀ ਖੇਲ ਆਪ ਕਰਾਇੰਦਾ । ਸਤਾਰਾਂ ਸਾਲ ਜੋ ਆਪਣਾ ਫ਼ਰਮਾਨ ਆਪਣੇ ਵਿਚੋਂ ਰਿਹਾ ਕੱਢ, ਆਪੇ ਬੰਦ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਖਿਲਾਇੰਦਾ । ਆਪਣੀ ਧਾਰ ਸ਼ਬਦ ਗੁਣ, ਗੁਣਵੰਤਾ ਗੁਣ ਜਣਾਈਆ । ਸੰਤ ਮਨੀ ਸਿੰਘ ਤੇਰੀ ਪੁਕਾਰ ਲਏ ਸੁਣ, ਸੁਨਣਹਾਰ ਇਕ ਅਖਵਾਈਆ । ਤੇਰਾ ਲੇਖਾ ਦੇਵੇ ਚੁਣ ਚੁਣ, ਲੱਖ ਚੁਰਾਸੀ ਫੋਲ ਫੁਲਾਈਆ । ਮੇਰਾ ਨਾਦ ਤੇਰੀ ਧੁਨ, ਤੇਰੀ ਧੁਨ ਜਗਤ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਲਏ ਉਠਾਈਆ । ਆਪਣਾ ਪਰਦਾ ਹਰਿ ਉਠਵਾਣਾ, ਸੰਤ ਮਨੀ ਸਿੰਘ ਕੀਤਾ ਕੌਲ ਇਕ਼ਰਾਰ । ਸੰਮਤ ਸਤਾਰਾਂ ਵੇਸ ਵਟਾਵਣਾ, ਪ੍ਰਗਟ ਹੋ ਹਰਿ ਨਿਰੰਕਾਰ । ਆਪਣਾ ਸ਼ਬਦ ਆਪਣੇ ਨਾਲ ਰਖਾਵਣਾ, ਜਾਏ ਦਿਲੀ ਦਰਬਾਰ । ਨੌਂ ਨੌਂ ਮੀਤ ਇਕ ਬੰਧਾਵਨਾ, ਨੌਂ ਨੌਂ ਲੇਖਾ ਜਾਣੇ ਸੱਚੀ ਸਰਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਅੱਗੇ ਕਰੇ ਆਪ ਪੁਕਾਰ । ਹਰਿ ਸੰਗਤ ਕੋਲੋਂ ਮੰਗੇ ਦਾਨ, ਹਰਿ ਦਾਤਾ ਬੇਪਰਵਾਹੀਆ । ਲਿਖਿਆ ਲੇਖ ਜੋ ਲਿਖਤ ਮਹਾਨ, ਗੁਰਸਿਖਾਂ ਸਿਖ ਸਮਝਾਈਆ । ਪਹਿਲੀ ਚੇਤਰ ਲੈ ਕੇ ਜਾਏ ਨਾਲ ਨਿਸ਼ਾਨ, ਨਿਸ਼ਾਨ ਨਿਸ਼ਾਨਾ ਦਏ ਲਗਾਈਆ । ਆਪਣਾ ਦੱਸੇ ਸਚ ਵਿਧਾਨ, ਜਗਤ ਵਿਧਾਨ ਦਏ ਮਿਟਾਈਆ । ਪੰਚ ਪਿਆਰੇ ਹੋਵਣ ਪ੍ਰਧਾਨ, ਪੰਜ ਸ਼ਬਦ ਦੇਣ ਗਵਾਹੀਆ । ਨੌਂ ਦਰ ਝੂਠ ਮਕਾਨ, ਨੌਂ ਖੰਡ ਜਗਤ ਰਹਿਣ ਨਾ ਪਾਈਆ । ਨੌਂ ਬੰਦ ਬੰਦ ਕਰੇ ਨੌਜਵਾਨ, ਬੰਦੀਖ਼ਾਨਾ ਇਕ ਸੁਹਾਈਆ । ਇਕ ਇਕ ਲੇਖਾ ਜਗਤ ਮਹਾਨ, ਲਿਖਿਆ ਲੇਖ ਨਾ ਕੋਈ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕੱਲਾ ਆਪਣੇ ਹੱਥ ਰੱਖੇ ਵਡਿਆਈਆ । ਇਕ ਇਕੱਲਾ ਪੀਲਾ ਰੰਗ, ਆਪਣੀ ਖੇਲ ਖਿਲਾਇੰਦਾ । ਦੂਜਾ ਰੂਪ ਸੂਰਾ ਸਰਬੰਗ, ਸਤਿ ਪੁਰਖ ਨਿਰੰਜਣ ਆਪ ਉਠਾਇੰਦਾ । ਤੀਜੇ ਵਜਾਏ ਨਾਮ ਮਰਦੰਗ, ਚੌਥੇ ਪਦ ਆਪ ਸੁਣਾਇੰਦਾ । ਪੰਚਮ ਹੋਵੇ ਸਾਚਾ ਸੰਗ, ਸਗਲਾ ਸੰਗ ਸੰਗ ਨਿਭਾਇੰਦਾ । ਛੇਵੇਂ ਛੱਪਰ ਛੰਨ ਨਾ ਮੰਗੇ ਕੋਇ ਮੰਗ, ਜਗਤ ਸਵਾਲੀ ਨਾ ਸਵਾਲ ਰਖਾਇੰਦਾ । ਸਤਵੇਂ ਸਤਿ ਪੁਰਖ ਨਿਰੰਜਣ ਕਸੇ ਤੰਗ, ਅਸਵ ਘੋੜਾ ਆਪ ਦੌੜਾਇੰਦਾ । ਅਠਵੇਂ ਅੱਠਾਂ ਤੱਤਾਂ ਕਰੇ ਨੰਗ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਮਨਮਤ ਬੁਧ ਮੂਲ ਚੁਕਾਇੰਦਾ । ਨੌਵੇਂ ਨੌਂ ਦਰ ਸੁੱਤਾ ਰਹੇ ਦੇ ਕਰ ਕੰਡ, ਆਪਣਾ ਮੁਖ ਨਾ ਕੋਈ ਵਖਾਇੰਦਾ । ਸ਼ਾਹ ਸੁਲਤਾਨਾਂ ਰਾਜ ਰਾਜਾਨਾਂ ਇਕ ਸੁਣਾਏ ਸੁਹਾਗੀ ਛੰਦ, ਨੌਂ ਨੌਂ ਅਨੰਦ ਅਨੰਦ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਜੋਤ ਸ਼ਬਦ ਸ਼ਬਦ ਜੋਤ ਜੋਤ ਸ਼ਬਦ ਏਕਾ ਸੰਗ ਰਖਾਇੰਦਾ । ਸ਼ਬਦ ਜੋਤ ਨਾ ਤੁੱਟੇ ਨਾਤਾ, ਆਦਿ ਜੁਗਾਦਿ ਰਖਾਇਆ । ਹਰਿ ਕਾ ਸ਼ਬਦ ਗੁਰ ਕੀ ਗਾਥਾ, ਗੁਰ ਕਾ ਸ਼ਬਦ ਜਗਤ ਕਮਾਇਆ । ਹਰਿ ਕਾ ਸ਼ਬਦ ਸਾਚੀ ਦਾਤਾ, ਗੁਰ ਕਾ ਸ਼ਬਦ ਪੂਜਾ ਪਾਠ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਐੜਾ ਏਕਾ ਰੰਗ ਸੂਰਾ ਸਰਬੰਗ, ਨਿਸ਼ਅੱਖਰ ਦਏ ਸਮਝਾਇਆ । ਨਿਸ਼ਅੱਖਰ ਹਰਿ ਹਰਿ ਬੋਲਣਾ, ਆਪਣੀ ਵਿਦਿਆ ਕਰ ਪਰਧਾਨ । ਚੌਦਾਂ ਵਿਦਿਆ ਮਾਤ ਰੋਲਣਾ, ਨਾ ਦਿਸੇ ਕੋਈ ਨਿਸ਼ਾਨ । ਸਚ ਦੁਆਰਾ ਏਕਾ ਖੋਲ੍ਹਣਾ, ਕਰੇ ਖੇਲ ਸ੍ਰੀ ਭਗਵਾਨ । ਜੀਵ ਜੰਤ ਏਕਾ ਕੰਡੇ ਤੋਲਣਾ, ਤੋਲਣਹਾਰਾ ਗੁਣ ਨਿਧਾਨ । ਸਾਚਾ ਢੋਲਾ ਏਕਾ ਬੋਲਣਾ, ਸੋਹੰ ਸੋ ਜ਼ਿਮੀਂ ਅਸਮਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੋ ਜਹਾਨਾਂ ਪਾਵੇ ਆਣ । ਦੋ ਜਹਾਨਾਂ ਰੱਖੇ ਆਣ, ਪੁਰੀਆਂ ਲੋਆਂ ਆਪ ਸਮਝਾਈਆ । ਬ੍ਰਹਮੇ ਤੇਰਾ ਬ੍ਰਹਮ ਮਕਾਨ, ਪਾਰਬ੍ਰਹਮ ਵੇਖ ਵਖਾਈਆ । ਗੁਰਸਿਖ ਸਾਚਾ ਸੂਰਬੀਰ ਨੌਜਵਾਨ, ਛਤਰਧਾਰੀ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪਣੇ ਹੱਥ ਰਖਾਈਆ । ਸ਼ੰਕਰ ਤੇਰਾ ਅੰਤ ਮੁਕਾਵਣਾ, ਭੁਲ ਰਹੇ ਨਾ ਰਾਈਆ । ਪੁਰਖ ਅਬਿਨਾਸ਼ੀ ਵੇਖ ਵਖਾਵਣਾ, ਵੇਖਣਹਾਰਾ ਦਿਸ ਨਾ ਆਈਆ । ਗੁਰਸਿਖ ਸਾਚੇ ਸਾਚੇ ਤਖ਼ਤ ਬਹਾਵਣਾ, ਸਿਰ ਆਪਣਾ ਹੱਥ ਟਿਕਾਇਆ । ਤੇਰਾ ਅੰਤਮ ਅੰਤ ਕਰਾਵਣਾ, ਗਤਮਿਤ ਮਿਤਗਤ ਆਪਣੇ ਹੱਥ ਰਖਾਈਆ । ਜਿਸ ਘੜਿਆ ਤਿਸ ਭੰਨ ਵਖਾਵਣਾ, ਘੜਨ ਭੰਨਣਹਾਰ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਬੇਪਰਵਾਹੀਆ । ਇੰਦਰ ਤੇਰਾ ਇੰਦ ਇੰਦਰਾਸਨ, ਅੰਤ ਰਹਿਣ ਨਾ ਪਾਇਆ । ਕਰੇ ਖੇਲ ਪੁਰਖ ਅਬਿਨਾਸ਼ਣ, ਕਲਜੁਗ ਅੰਤਮ ਵੇਸ ਵਟਾਇਆ । ਕਰੇ ਖੇਲ ਸ਼ਾਹੋ ਸ਼ਾਬਾਸ਼ਣ, ਸ਼ਾਹ ਸੁਲਤਾਨ ਵਡੀ ਵਡਿਆਇਆ । ਗੁਰਮੁਖ ਵਖਾਏ ਦਾਸੀ ਦਾਸਣ, ਬਾਲ ਨਾਦਾਨਾ ਸੇਵ ਕਮਾਇਆ । ਲੇਖਾ ਜਾਣੇ ਪ੍ਰਿਥਮੀ ਅਕਾਸ਼ਣ, ਗਗਨ ਗਗਨੰਤਰ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਇੰਦ ਬਿੰਦ ਨਾ ਕੋਇ ਪ੍ਰਗਟਾਇਆ, ਇੰਦ ਬਿੰਦ ਨਾ ਕੋਈ ਨਾਤਾ, ਪੁਰਖ ਅਬਿਨਾਸ਼ੀ ਆਪ ਮਿਟਾਇੰਦਾ । ਬ੍ਰਹਮਾ ਸ਼ਿਵ ਸੁਣਾਏ ਆਪਣੀ ਗਾਥਾ, ਸੋ ਪੁਰਖ ਨਿਰੰਜਣ ਆਪ ਪੜ੍ਹਾਇੰਦਾ । ਹੰ ਬ੍ਰਹਮ ਏਕਾ ਸਾਥਾ, ਸੋਹੰ ਆਪਣੀ ਧਾਰ ਵਖਾਇੰਦਾ । ਸਰਬ ਕਲਾ ਆਪੇ ਸਮਰਾਥਾ, ਸਮਰਥ ਪੁਰਖ ਆਪਣਾ ਨਾਉਂ ਧਰਾਇੰਦਾ । ਜੁਗ ਜੁਗ ਚਲਾਏ ਆਪਣਾ ਰਾਥਾ, ਰਥ ਰਥਵਾਹੀ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰਾ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਸੰਗਤ ਦੇਵੇ ਸਾਚਾ ਵਰ, ਦਇਆਨਿਧ ਗਹਿਰ ਗੁਣ ਠਾਕਰ ਦੇਵੇ ਨਾਮ ਰੱਤੀ ਰਤਨਾਗਰ, ਗੁਰਸਿਖਾਂ ਰਤੀ ਰਤ ਤਿਲਕ ਲਗਾਇੰਦਾ ।

ਰਤੀ ਰਤ ਚੜ੍ਹੀ ਭੇਟਾ, ਗੁਰਸਿਖ ਲੜਨ ਕੋਈ ਨਾ ਜਾਈਆ । ਹੋਏ ਸਹਾਈ ਜਿਉਂ ਪਿਤਾ ਪੂਤ ਬੇਟਾ, ਸਿਰ ਰੱਖੇ ਹੱਥ ਠੰਡੀ ਛਾਈਆ । ਆਪੇ ਸ਼ਬਦ ਨਾਮ ਲਪੇਟਾ, ਸਚ ਦੁਸ਼ਾਲਾ ਦਏ ਵਖਾਈਆ । ਕਲਜੁਗ ਜੀਵ ਰਹੇ ਵੇਖੀ ਵੇਖਾ, ਹਰਿ ਕਾ ਰੂਪ ਨਜ਼ਰ ਨਾ ਆਈਆ । ਨਿਰਗੁਣ ਨਿਰਵੈਰ ਪੁਰਖ ਅਕਾਲ ਦੀਨ ਦਿਆਲ ਧਰਿਆ ਭੇਸਾ, ਵਾਕ ਭਵਿਖਤ ਦਏ ਗਵਾਹੀਆ । ਮੇਲ ਮਿਲਾਵਾ ਦਸ ਦਸਮੇਸ਼ਾ, ਦਰ ਘਰ ਸਾਚੇ ਵੱਜੇ ਵਧਾਈਆ । ਹਰਿ ਸੰਗਤ ਬ੍ਰਹਮਾ ਵਿਸ਼ਨ ਸ਼ਿਵ ਤੈਨੂੰ ਕਰੇ ਆਦੇਸਾ, ਜਿਸ ਮਿਲਿਆ ਹਰਿ ਰਘੁਰਾਈਆ । ਨਿਰਗੁਣ ਗੁਰਮੁਖਾਂ ਪਿਛੇ ਫਿਰੇ ਦੇਸ

ਪ੍ਰਦੇਸਾ, ਪਾਂਧੀ ਆਪਣਾ ਪੰਧ ਮੁਕਾਈਆ । ਲੇਖਾ ਜਾਣੇ ਨਾਨਕ ਸਰਗੁਣ ਹੱਥ ਖੂੰਡੀ ਮੋਢੇ ਭੂਰੀ ਖੇਸਾ, ਸੇਲ੍ਹੀ ਟੋਪੀ ਸੀਸ ਗੁੰਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਬਾਣ ਆਪ ਲਗਾਏ ਸ੍ਰੀ ਭਗਵਾਨ, ਕਲਜੁਗ ਮਿਟੇ ਕੂੜ ਨਿਸ਼ਾਨ, ਕੂੜੀ ਕਿਰਿਆ ਰਹਿਣ ਨਾ ਪਾਈਆ । ਕੂੜੀ ਕਿਰਿਆ ਮਿਟਣਾ ਅੰਧ, ਜਗਤ ਅੰਧੇਰਾ ਰਹੇ ਨਾ ਰਾਇਆ । ਕਲਜੁਗ ਮੁਕਣਾ ਝੂਠਾ ਪੰਧ, ਸਤਿਜੁਗ ਮਾਰਗ ਦਏ ਲਗਾਇਆ । ਸ੍ਰਿਸ਼ਟ ਸਬਾਈ ਗੌਣਾ ਏਕਾ ਛੰਦ, ਇਸ਼ਟ ਦੇਵ ਇਕ ਜਣਾਇਆ । ਹਰਿ ਸੰਗਤ ਤੇਰਾ ਪਿਆਰ ਤੇਰਾ ਤੇਰੇ ਕੋਲੋਂ ਮੰਗੇ ਮੰਗ, ਦਰ ਤੇਰੇ ਮੰਗਣ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਗੁਰਮੁਖ ਦਰ ਆਏ ਲਏ ਤਰਾਇਆ ।

ਗੁਰਸਿਖਾਂ ਦੱਸੇ ਰਾਹ ਸੁਖਾਲਾ, ਚਰਨ ਕਵਲ ਸੱਚੀ ਸ਼ਰਨਾਈਆ । ਦੇਵੇ ਡੰਨ ਨਾ ਮੰਗੇ ਹਾਲਾ, ਅਗਨੀ ਤੱਤ ਨਾ ਕੋਈ ਤਪਾਈਆ । ਮੰਗੇ ਦਾਨ ਨਾ ਸ਼ਾਹ ਕੰਗਾਲਾ, ਸ਼ਾਹ ਪਾਤਸ਼ਾਹ ਆਪ ਅਖਵਾਈਆ । ਹੱਥ ਨਾ ਫੜਾਏ ਕੋਈ ਮਾਲਾ, ਮਣਕਾ ਮਨ ਕਾ ਦਏ ਭਵਾਈਆ । ਤੀਰਥ ਤੱਟ ਨਾ ਘਾਲੇ ਕੋਈ ਘਾਲਾ, ਚਰਨ ਧੂੜ ਅਸ਼ਨਾਨ ਕਰਾਈਆ । ਪੂਜਾ ਕਰੇ ਨਾ ਹਵਨ ਜਵਾਲਾ, ਘਰ ਨਿਰਗੁਣ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖਾਂ ਫੰਦਨ ਦਏ ਕਟਾਈਆ । ਗੁਰਸਿਖਾਂ ਮਾਰਗ ਦੇਵੇ ਦੱਸ, ਦਇਆਨਿਧ ਦਇਆ ਕਮਾਈਆ । ਹਿਰਦੇ ਅੰਦਰ ਜਾਏ ਵਸ, ਜੋ ਜਨ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਰਸਨਾ ਗਾਈਆ । ਮਿਟੇ ਰੈਣ ਅੰਧੇਰੀ ਮਸ, ਵਦੀ ਸੁਦੀ ਨਾ ਕੋਈ ਵਖਾਈਆ । ਸਦਾ ਸੁਹੇਲਾ ਵਸੇ ਪਾਸ, ਵਿਛੜ ਕਦੇ ਨਾ ਜਾਈਆ । ਨਾਤਾ ਤੋੜੇ ਦਸ ਦਸ ਮਾਸ, ਮਾਤ ਗਰਭ ਫੰਦ ਕਟਾਈਆ । ਗੁਰਸਿਖ ਹੋਏ ਨਾ ਕਦੇ ਨਿਰਾਸ, ਜੋ ਜਨ ਇਕ ਵਾਰੀ ਦਰਸ਼ਨ ਪਾਈਆ । ਲੇਖੇ ਲੱਗੇ ਸਵਾਸ ਸਵਾਸ, ਲੇਖਾ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕ ਦਰਸਾਈਆ । ਸਾਚਾ ਮਾਰਗ ਰਾਹ ਸੁਖਾਲਾ, ਨਿਰਗੁਣ ਆਪ ਜਣਾਇਆ । ਦੋ ਜਹਾਨਾਂ ਫਿਰੇ ਇਕ ਇਕੱਲਾ, ਨੌਂ ਖੰਡ ਫੇਰਾ ਪਾਇਆ । ਗੁਰਸਿਖਾਂ ਫੜਾਇਆ ਆਪ ਆਪਣਾ ਪੱਲਾ, ਗੁਰਸਿਖ ਲੱਭਣ ਕਿਤੇ ਨਾ ਜਾਇਆ । ਗੁਰਸਿਖਾਂ ਪਿਛੇ ਫਿਰੇ ਹੋ ਹੋ ਝੱਲਾ, ਆਪਣੀ ਮਤ ਨਾ ਕੋਈ ਵਖਾਇਆ । ਗੁਰਮੁਖ ਜੋਤੀ ਆਪੇ ਰਲਾ, ਆਪਣੀ ਜੋਤ ਗਿਆ ਬੁਝਾਇਆ । ਵਸਣਹਾਰਾ ਨਿਹਚਲ ਧਾਮ ਅਟਲਾ, ਗੁਰਮੁਖ ਤੇਰਾ ਧਾਮ ਵਡਿਆਇਆ । ਦੂਈ ਦਵੈਤੀ ਮੇਟੇ ਸੱਲਾ, ਸਿਰ ਆਪਣਾ ਹੱਥ ਰਖਾਇਆ । ਸ੍ਰਿਸ਼ਟ ਸਬਾਈ ਭੁਲਾਏ ਕਰ ਕਰ ਵਲ ਛਲਾ, ਸਿਖ ਸਾਚੇ ਲਏ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮਾਰਗ ਦਏ ਵਖਾਇਆ । ਸਾਚਾ ਮਾਰਗ ਹਰਿ ਕਰਤਾਰ, ਸਤਿਜੁਗ ਸਾਚੇ ਆਪ ਜਣਾਈਆ । ਬਿਨ ਸਤਿਗੁਰ ਪੂਰੇ ਦੂਜੇ ਦਰ ਨਾ ਕੋਈ ਨਿਮਸਕਾਰ, ਬਿਨ ਜਗਦੀਸ਼ ਸੀਸ ਭੇਟ ਨਾ ਕਿਸੇ ਚੜ੍ਹਾਈਆ । ਰਾਗ ਛਤੀਸ ਗੁਰਸਿਖ ਤੇਰੀ ਗੌਂਦੇ ਵਾਰ, ਉਚੀ ਕੂਕ ਕੂਕ ਸੁਣਾਈਆ । ਸਤਿਗੁਰ ਤੇਰਾ ਰਹੇ ਸਦਾ ਖ਼ਬਰਦਾਰ, ਗ਼ਫ਼ਲਤ ਵਿਚ ਕਦੇ ਨਾ ਆਈਆ । ਦੇਵੇ ਸਦਾ ਦਰਸ ਦੀਦਾਰ, ਦੀਨ ਦਿਆਲ ਵਡੀ ਵਡਿਆਈਆ । ਕਰੇ ਤਰਸ ਵਿਚ ਸੰਸਾਰ, ਕਲਜੁਗ

ਅੰਤਮ ਵੇਸ ਵਟਾਈਆ । ਲਏ ਪਰਖ ਪਰਖਣਹਾਰ, ਜਗਤ ਜੌਹਰੀ ਵੇਸ ਧਰਾਈਆ । ਕੰਗਣ ਠਗ ਚੋਰ ਉਤਰਿਆ ਪਾਰ, ਲਹਿਣਾ ਦੇਣਾ ਰਿਹਾ ਮੁਕਾਈਆ । ਗੁਰਸਿਖਾਂ ਕਰਿਆ ਹੌਲਾ ਭਾਰ, ਸਿਰ ਆਪਣਾ ਭਾਰ ਉਠਾਈਆ । ਛੋਟੇ ਬਾਲੇ ਕਰ ਤਿਆਰ, ਸਾਚਾ ਮਾਰਗ ਲਏ ਵਖਾਈਆ । ਪਿਛੇ ਔਣਾ ਵਾਰੋ ਵਾਰ, ਭੁਲ ਕੋਇ ਨਾ ਜਾਈਆ । ਪਾਏ ਮੁੱਲ ਆਪ ਕਰਤਾਰ, ਕਰਤਾ ਕੀਮਤ ਆਪ ਚੁਕਾਈਆ । ਸੋਹੰ ਗਾਉਣਾ ਜੈ ਜੈ ਜੈਕਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੋਏ ਆਪ ਸਹਾਈਆ । ਹੋਏ ਸਹਾਈ ਸਰਬ ਸੁੱਖ ਦਾਤਾ, ਦੀਨ ਬੰਧਪ ਦੀਨ ਦਿਆਲਾ । ਏਥੇ ਓਥੇ ਪੁਛੇ ਵਾਤਾ, ਕਰੇ ਖੇਲ ਨਿਰਾਲਾ । ਰਲ ਮਿਲ ਸੰਗਤ ਹਰਿ ਜੂ ਨਾਲ ਕਰੇ ਬਾਤਾ, ਜਿਸ ਮਿਲਿਆ ਧੁਰ ਦਲਾਲਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖਾਂ ਦੇਵੇ ਏਕਾ ਵਰ, ਫਲ ਲਗਾਏ ਆਪਣੇ ਡਾਲਾ । ਗੁਰਸਿਖ ਡਾਲੀ ਪਤ ਫੁੱਲ ਫਲਵਾੜਿਆ, ਹਰਿ ਸਾਚਾ ਸਚ ਮਹਿਕਾਇੰਦਾ । ਬੂਟਾ ਲਾਇਆ ਪਹਿਲੀ ਹਾੜਿਆ, ਹਰਾ ਸਿਚ ਆਪ ਕਰਾਇੰਦਾ । ਆਪੇ ਹੋਏ ਪਿਛੇ ਅਗਾੜਿਆ, ਦੋ ਜਹਾਨਾਂ ਸੇਵ ਕਮਾਇੰਦਾ । ਨੇੜ ਨਾ ਆਏ ਮੌਤ ਲਾੜਿਆ, ਰਾਏ ਧਰਮ ਨਾ ਡੰਨ ਲਗਾਇੰਦਾ । ਗੁਰਸਿਖ ਸੁਰਤੀ ਰਹੇ ਨਾ ਕੁਆਰਿਆ, ਜਿਸ ਜਨ ਆਪਣੇ ਲੇਖੇ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਏਕਾ ਦੱਸ, ਦਰਗਹਿ ਸਾਚੀ ਮੇਲ ਮਿਲਾਇੰਦਾ । ਸਾਚਾ ਮਾਰਗ ਸਤਿਗੁਰ ਚਰਨ, ਅਵਰ ਨਾ ਕੋਈ ਸੁਣਾਈਆ । ਲੇਖਾ ਚੁੱਕੇ ਮਰਨ ਡਰਨ, ਮਰਨ ਡਰਨ ਰਹਿਣ ਨਾ ਪਾਈਆ । ਨੇਤਰ ਲੋਚਣ ਦਰਸ਼ਨ ਹਰਨ ਫਰਨ, ਹਰਨ ਫਰਨ ਆਪ ਖੁਲ੍ਹਾਈਆ । ਕਿਰਪਾ ਕਰੇ ਕਰਨੀ ਕਰਨ, ਕਰਨਹਾਰ ਇਕ ਅਖਵਾਈਆ । ਜੋ ਜਨ ਦੋਏ ਜੋੜ ਏਕਾ ਵਾਰ ਸਰਨ ਪੜ੍ਹਨ, ਮਾਤ ਗਰਭ ਫੇਰ ਨਾ ਆਈਆ । ਨਾਤਾ ਤੋੜੇ ਜ਼ਾਤ ਪਾਤ ਵਰਨ ਬਰਨ, ਚਾਰ ਵਰਨ ਅਠਾਰਾਂ ਬਰਨ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਲਾਏ ਆਪਣੇ ਲੜ, ਆਪਣੇ ਪੱਲੂ ਆਪ ਬੰਧਾਈਆ । ਸਾਚਾ ਮਾਰਗ ਕਰੋ ਧਿਆਨ, ਹਰਿ ਸਤਿਗੁਰ ਆਪ ਲਗਾਇਆ । ਨਾ ਕੋਈ ਕਰਾਏ ਤਨ ਅਸ਼ਨਾਨ, ਝੂਠੀ ਮਾਟੀ ਨਾ ਪੋਚ ਪੁਚਾਇਆ । ਅੰਦਰੇ ਅੰਦਰ ਬਖ਼ਸ਼ੇ ਇਕ ਗਿਆਨ, ਨਾਮ ਨਿਧਾਨਾ ਝੋਲੀ ਪਾਇਆ । ਸੁਰਤੀ ਸ਼ਬਦ ਦੇਵੇ ਮਾਣ, ਅਭਿਮਾਨਾ ਮੋਹ ਚੁਕਾਇਆ । ਅੰਮ੍ਰਿਤ ਬਖ਼ਸ਼ੇ ਪੀਣ ਖਾਣ, ਤ੍ਰਿਸ਼ਨਾ ਭੁੱਖ ਮਿਟਾਇਆ । ਨਾਰੀ ਕੰਤ ਮਿਲੇ ਹਾਣੀ ਹਾਣ, ਗੁਰ ਚੇਲਾ ਵੇਖ ਵਖਾਇਆ । ਜੁਗ ਵਿਛੜੇ ਆਪੇ ਮੇਲੇ ਆਣ, ਆਪ ਆਪਣਾ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਾਹ ਸੁਖਾਲਾ ਇਕ ਰਖਾਇਆ । ਰਾਹ ਸੁਖਾਲਾ ਸਤਿਗੁਰ ਦੀਨਾ, ਦੀਨਨ ਉਤੇ ਦਇਆ ਕਮਾਈਆ । ਪੰਜ ਵਾਰ ਰਸਨਾ ਮੁਖ ਜਿਸ ਜਨ ਚੀਨਾ, ਪੰਚ ਵਿਕਾਰਾ ਰਹੇ ਨਾ ਰਾਈਆ । ਕਾਇਆ ਚੋਲੀ ਰੰਗ ਚਾੜ੍ਹੇ ਭੀਨਾ, ਭਿੰਨੜੀ ਰੈਣ ਦਏ ਵਡਿਆਈਆ । ਗੁਰਸਿਖਾਂ ਕਰੇ ਠਾਂਡਾ ਸੀਨਾ, ਅੰਮ੍ਰਿਤ ਮੇਘ ਬੂੰਦ ਸਵਾਂਤੀ ਮੁਖ ਚੁਆਈਆ । ਲੇਖਾ ਚੁਕਾਏ ਜਿਉਂ ਜਲ ਮੀਨਾ, ਪੁਰਖ ਅਬਿਨਾਸ਼ੀ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮਾਰਗ ਆਪੇ ਰਿਹਾ ਚਲਾਈਆ । ਆਪਣੇ ਮਾਰਗ ਆਪ ਚਲਾਏ, ਕਰੇ ਮਿਹਰ ਮਿਹਰਵਾਨਾ । ਗੁਰਸਿਖ ਸੱਜਣ ਕਦੇ ਭੁਲ ਨਾ ਜਾਏ, ਜਿਸ ਬਖ਼ਸ਼ੇ ਚਰਨ ਧਿਆਨਾ । ਤ੍ਰੈਗੁਣ ਮਾਇਆ ਰੁਲ ਨਾ ਜਾਏ, ਮੇਲ ਮਿਲਾਏ ਸ੍ਰੀ ਭਗਵਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਏਕਾ ਦੇਵੇ ਜੀਆ ਦਾਨਾ । ਜੀਆ ਦਾਨ ਜੀਵਣ ਦਾਤ, ਜੁਗਤ ਜਗਤ

ਹਰਿ ਸਮਝਾਈਆ । ਨਿਰਗੁਣ ਅੱਖਰ ਨਿਰਗੁਣ ਪੂਜਾ ਨਿਰਗੁਣ ਪਾਠ, ਨਿਰਗੁਣ ਕਰੇ ਪੜ੍ਹਾਈਆ । ਗੁਰਸਿਖ ਤੇਰਾ ਲੇਖਾ ਲਿਖੇ ਨਾ ਕੋਈ ਹਾਥ, ਸਮਰਥ ਹੱਥ ਵਡਿਆਈਆ । ਕਾਗਦ ਕਲਮ ਗਾਏ ਤੇਰੀ ਗਾਥ, ਸ਼ਾਹੀ ਲਿਖ ਲਿਖ ਰਹੀ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਦਰਸ ਸਾਚਾ ਹਰਿ, ਗੁਰਸਿਖ ਸਾਚੇ ਆਪ ਜਗਾਈਆ । ਗੁਰਸਿਖ ਕਦੇ ਨਾ ਡਰ, ਕੇਹਰ ਰੂਪ ਕਿਹਰ ਸਿੰਘ ਆਪ ਵਖਾਇੰਦਾ । ਜਿਸ ਨੇ ਘਾੜਨ ਲਿਆ ਘੜ, ਕਰ ਕਿਰਪਾ ਪਾਰ ਲੰਘਾਇੰਦਾ । ਜਿਸ ਫੜਾਇਆ ਆਪਣਾ ਲੜ, ਕਾਮ ਕਰੋਧ ਲੋਭ ਮੋਹ ਹੰਕਾਰ ਵਿਚ ਨਾ ਕਦੇ ਡੁਬਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਤਰਿਆ ਗੁਰਸਿਖ ਆਪਣੇ ਨਾਲ ਤਰਾਇੰਦਾ । ਤਾਰਨਹਾਰਾ ਆ ਗਿਆ, ਨਿਰਗੁਣ ਜੋਤ ਕਰ ਉਜਿਆਰ । ਨਾਉਂ ਨਿਰੰਕਾਰਾ ਆਪਣਾ ਨਾਉਂ ਰਖਾ ਲਿਆ, ਨਿਰਗੁਣ ਰੂਪ ਅਪਰ ਅਪਾਰ । ਸਤਿਜੁਗ ਸਾਚਾ ਮਾਰਗ ਲਾ ਲਿਆ, ਚਾਰ ਵਰਨਾਂ ਇਕ ਆਧਾਰ । ਹੰ ਬ੍ਰਹਮ ਮੇਲ ਮਿਲਾ ਲਿਆ, ਪਾਰਬ੍ਰਹਮ ਕਰੇ ਪਿਆਰ । ਪੰਜ ਤੱਤ ਕਾਇਆ ਨਾਉਂ ਨਾ ਕੋਇ ਵਡਿਆ ਲਿਆ, ਨਿਰਗੁਣ ਨਾਉਂ ਹੋਏ ਜੈਕਾਰ । ਸਰਗੁਣ ਤੇਰਾ ਪੰਧ ਮੁਕਾ ਲਿਆ, ਲੇਖਾ ਚੁੱਕਿਆ ਗੁਰ ਅਵਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖਾਂ ਦੇਵੇ ਸਾਚਾ ਵਰ, ਤਰਨੀ ਤਰਨ ਆਪ ਕਰਤਾਰ । ਤਰਨੀ ਤਰਨ ਪੁਰਖ ਸਮਰਥ, ਸਮਰਥ ਪੁਰਖ ਵਡੀ ਵਡਿਆਈਆ । ਸਗਲ ਵਸੂਰੇ ਜਾਇਣ ਲੱਥ, ਜੋ ਜਨ ਦਰਸ਼ਨ ਪਾਈਆ । ਲਹਿਣਾ ਦੇਣਾ ਚੁੱਕੇ ਸੀਆਂ ਸਾਢੇ ਤਿੰਨ ਹੱਥ, ਤ੍ਰੈਗੁਣ ਜਾਲ ਨਾ ਕੋਇ ਵਿਛਾਈਆ । ਗੁਰਸਿਖ ਵਿਕੇ ਸਤਿਗੁਰ ਹੱਟ, ਗੁਰ ਕਾ ਹੱਟ ਚਰਨ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰਾ ਜੀਆ ਦਾਨ, ਜੀਵਣ ਮੁਕਤ ਆਪ ਕਰਾਈਆ ।



ਤ੍ਰੈਗੁਣ ਤੇਰੀ ਸਾਚੀ ਰਤ, ਹਰਿ ਕਰਤੇ ਆਪ ਉਪਾਈਆ । ਨਿਰਗੁਣ ਪਰਗਟਾਏ ਪੰਚ ਤੱਤ, ਸਰਗੁਣ ਦਏ ਵਡਿਆਈਆ । ਮਨਮਤ ਬੁੱਧ ਅੰਦਰ ਘੱਤ, ਸਚ ਸ਼ਿੰਗਾਰ ਵਖਾਈਆ । ਬ੍ਰਹਮ ਰੂਪ ਹੋ ਕਮਲਾਪਤ, ਹਰਿ ਮੰਦਰ ਲਏ ਸੁਹਾਈਆ । ਤਨ ਬਣਾਏ ਜਗਤ ਰਥ, ਹਰਿ ਰਥਵਾਹੀ ਲਏ ਚਲਾਈਆ । ਪੰਚ ਵਿਕਾਰਾ ਪਾਏ ਨੱਥ, ਕਾਮ ਕਰੋਧ ਲੋਭ ਮੋਹ ਹੰਕਾਰ ਨਾਲ ਰਲਾਈਆ । ਆਸਾ ਤ੍ਰਿਸ਼ਨਾ ਦੇਵੇ ਰਸ, ਰਸਕ ਰਸਕ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਨ ਮੰਦਰ ਲਏ ਬਣਾਈਆ । ਤਨ ਮੰਦਰ ਆਪ ਉਸਾਰਿਆ, ਬਾਢੀ ਬਣ ਆਪ ਨਿਰੰਕਾਰ । ਆਪੇ ਲਾਏ ਇੱਟਾਂ ਗਾਰਿਆ, ਕਰੇ ਕਰਾਏ ਸਾਚੀ ਕਾਰ । ਆਪੇ ਖੋਲ੍ਹੇ ਨੌਂ ਦੁਆਰਿਆ, ਆਪੇ ਕਰੇ ਬੰਦ ਕਿਵਾੜ । ਆਪੇ ਪਾਵਣਹਾਰਾ ਸਾਰਿਆ, ਨਿਰਗੁਣ ਰੂਪ ਅਪਰ ਅਪਾਰ । ਆਪੇ ਵੇਖੇ ਬੰਕ ਦੁਆਰਿਆ, ਬੰਕ ਦੁਆਰੀ ਹੋ ਉਜਿਆਰ । ਆਪੇ ਵਸੇ ਅੰਧ ਅੰਧਿਆਰਿਆ, ਡੂੰਘੀ ਕੰਦਰ ਨਿਰਾਕਾਰ । ਆਪੇ ਚੰਦ ਸੂਰਜ ਉਜਿਆਰਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਆਪ ਕਰਤਾਰ । ਪੰਜ ਤੱਤ ਮੇਲ ਮਿਲਾਇਆ, ਤਾਣਾ ਪੇਟਾ ਆਪੇ ਪਾਈਆ । ਸਾਚਾ ਤਾਣਾ ਆਪ ਤਣਾਇਆ, ਤ੍ਰੈਗੁਣ ਸਾਚਾ ਰੰਗ ਰੰਗਾਈਆ । ਤਣਨੇਹਾਰਾ ਤਣਨੇ ਆਇਆ, ਲੋਕਮਾਤ ਵੇਸ ਵਟਾਈਆ । ਸਾਚਾ ਕਪੜ ਤਨ ਵਖਾਇਆ, ਖ਼ਾਕੀ ਚਮੜਾ ਰੂਪ ਧਰਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਵਖਾਈਆ । ਖੇਲ ਖਿਲਾਵਣਹਾਰ ਕਰਤਾ, ਭੇਵ ਅਭੇਵ ਜਣਾਇੰਦਾ । ਰੋਗ ਸੋਗ ਦੁੱਖ ਆਪੇ ਭਰਦਾ, ਹਰਖ ਸੋਗ ਆਪ ਮਨਾਇੰਦਾ । ਦਰ ਦਰ ਘਰ ਘਰ ਆਪੇ ਡਰਦਾ, ਆਪਣਾ ਸੀਸ ਆਪ ਝੁਕਾਇੰਦਾ । ਆਪਣੇ ਮੰਦਰ ਆਪੇ ਵੜਦਾ, ਆਪੇ ਮੁਖ ਛੁਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਦਇਆ ਆਪ ਕਮਾਇੰਦਾ । ਦਇਆਨਿਧ ਦਇਆ ਧਾਰੇ, ਦੀਨ ਦਿਆਲ ਵੱਜੀ ਵਧਾਈਆ । ਮਾਤ ਗਰਭ ਪੈਜ ਸਵਾਰੇ, ਦਸ ਦਸ ਮਾਸ ਵੇਖ ਵਖਾਈਆ । ਅੰਮ੍ਰਿਤ ਬਖ਼ਸ਼ੇ ਠੰਡੀ ਠਾਰੇ, ਤ੍ਰਿਸ਼ਨਾ ਤ੍ਰਿਪਤ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਆਪਣੇ ਨਾਮ ਦਏ ਵਡਿਆਈਆ । ਨਾਮ ਵਡਿਆਈ ਡੂੰਘੀ ਕੰਦਰ, ਹਰਿ ਹਰਿ ਲਿਵ ਲਾਇੰਦਾ । ਲੇਖਾ ਜਾਣੇ ਅੰਦਰੇ ਅੰਦਰ, ਭੇਵ ਕੋਇ ਨਾ ਪਾਇੰਦਾ । ਆਪੇ ਤੋੜਨਹਾਰਾ ਜੰਦਰ, ਆਪੇ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਚੁਕਾਇੰਦਾ । ਪੰਜ ਤੱਤ ਕਾਇਆ ਜਗਤ ਹਾਟ, ਸਾਚਾ ਹੱਟ ਵਖਾਇਆ । ਲੇਖਾ ਚੁਕਿਆ ਆਣਬਾਟ, ਧਰਤ ਧਵਲ ਸੁਹਾਇਆ । ਜਗਤ ਵਿਛੌਣਾ ਵੇਖੀ ਖਾਟ, ਏਕਾ ਬਸਤਰ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਖੇੜਾ ਦਏ ਸਮਝਾਇਆ । ਝੂਠਾ ਖੇੜਾ ਝੂਠੀ ਧਾੜ, ਕੂੜੀ ਕਿਰਿਆ ਨਾਲ ਬੰਧਾਈਆ । ਬਿਨ ਹਰਿ ਸ਼ਬਦ ਨਾ ਕੋਈ ਆਧਾਰ, ਸਗਲਾ ਸੰਗ ਨਾ ਕੋਈ ਰਖਾਈਆ । ਮਰ ਮਰ ਜੰਮੇ ਸਰਬ ਸੰਸਾਰ, ਮਰੇ ਜੰਮੇ ਆਵੇ ਜਾਵੇ ਵਾਰੋ ਵਾਰੀਆ । ਰਾਜ ਰਾਜਾਨਾ ਸ਼ਾਹ ਸੁਲਤਾਨਾ ਬਣ ਸਿਕਦਾਰ, ਹੁਕਮੀ ਹੁਕਮ ਚਲਾਈਆ । ਦਰ ਦਰਵੇਸ਼ ਬਣ ਭਿਖਾਰ, ਦਰ ਦਰ ਅਲਖ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਹੁਕਮ ਆਪ ਫਿਰਾਈਆ । ਹੁਕਮ ਅੰਦਰ ਕਾਰ ਕਮਾਇੰਦਾ, ਪੰਜ ਤੱਤ ਕਾਇਆ ਕਰ ਆਕਾਰ । ਮਾਤਾ ਮੁੰਮੇ ਆਪੇ ਪਾਇੰਦਾ, ਸੀਰ ਦੇਵੇ ਸੀਰਖ਼੍ਵਾਰ । ਅੰਨ ਜਲ ਨਾ ਕੋਈ ਵਖਾਇੰਦਾ, ਤ੍ਰਿਸ਼ਨਾ ਤ੍ਰਿਪਤ ਕਰੇ ਵਿਚਾਰ । ਬਾਲ ਅਵਸਥਾ ਰੂਪ ਵਟਾਇੰਦਾ, ਜੋਬਨ ਜਗਤ ਦਏ ਹੁਲਾਰ । ਜਗਤ ਤ੍ਰਿਸ਼ਨਾ ਆਪ ਰਖਾਇੰਦਾ, ਆਸਾ ਤ੍ਰਿਸ਼ਨਾ ਕਰੇ ਪਿਆਰ । ਆਪਣਾ ਨਾਮ ਆਪ ਭੁਲਾਇੰਦਾ, ਏਕਾ ਧੱਕਾ ਦੇਵੇ ਮਾਰ । ਜਗਤ ਮਾਇਆ ਵਿਚ ਫਸਾਇੰਦਾ, ਬੰਧਨ ਪਾਏ ਅਪਰ ਅਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਆਪਣੀ ਕਾਰ । ਬ੍ਰਹਮ ਰੂਪ ਬ੍ਰਹਮ ਛੁਪਾਇਆ, ਭੇਵ ਰਹੇ ਨਾ ਰਾਈਆ । ਜਗਤ ਸਿਕਦਾਰ ਮਨ ਬਣਾਇਆ, ਮਨ ਮਨੂਆ ਸ਼ਹਿਨਸ਼ਾਹੀਆ । ਖਾਣਾ ਪੀਣਾ ਪਹਿਨਣਾ ਤਿਸ ਸਦਾ ਭਾਇਆ, ਮੰਗਦਾ ਰਹੇ ਚਾਈਂ ਚਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਸੰਗ ਰਲਾਇਆ, ਥਾਨ ਥਨੰਤਰ ਦਏ ਵਡਿਆਈਆ । ਆਸਾ ਤ੍ਰਿਸ਼ਨਾ ਨਾਰ ਪ੍ਰਨਾਇਆ, ਭੁਲ ਰਹੇ ਨਾ ਰਾਈਆ । ਜਗਤ ਸੇਜ ਰਿਹਾ ਹੰਢਾਇਆ, ਕਲਜੁਗ ਵਿਕਾਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਹੱਥ ਰੱਖੇ ਵਡਿਆਈਆ । ਜਗਤ ਜੀਵ ਜਗਤ ਗਿਆਨ, ਜੁਗ ਜੁਗ ਵਿਚ ਰਖਾਇੰਦਾ । ਜਿਸ ਜਨ ਰੱਖਿਆ ਰਸਨਾ ਰਸ ਇਕ ਧਿਆਨ, ਤਿਸ ਜਗਤ ਰਸ ਮੁਖ ਲਗਾਇੰਦਾ । ਗੁਰਮੁਖ ਵਿਰਲੇ ਦੇਵੇ ਇਕ ਗਿਆਨ, ਆਪ ਆਪਣੀ ਬੂਝ ਬੁਝਾਇੰਦਾ । ਅੰਮ੍ਰਿਤ ਰਸ ਪੀਣ ਖਾਣ, ਸਾਚਾ ਸੀਰ ਆਪ ਪਿਆਇੰਦਾ । ਮੱਝ ਗਾਂ ਬਾਰਾਂ ਸੀਰ ਕੋਈ ਨਾ ਦੇਵੇ ਵਕ਼ਤ ਆਏ ਜਾਏ ਨੱਸ, ਸਗਲਾ ਸੰਗ ਨਾ ਕੋਈ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੇ

੫੪ ੧੦

ਸੰਗ ਰਖਾਇੰਦਾ । ਜਿਸ ਜਨ ਰੱਖੇ ਹਰਿ ਸੰਗ, ਸਗਲੀ ਚਿੰਤ ਮਿਟਾਈਆ । ਭਗਤਾਂ ਚਾੜ੍ਹੇ ਭਗਤੀ ਰੰਗ, ਭਗਵਨ ਆਪਣੀ ਦਇਆ ਕਮਾਈਆ । ਨਾਮ ਅਮੋਲਕ ਵਸਤ ਲੈਣ ਮੰਗ, ਕਾਇਆ ਗੋਲਕ ਵਿਚ ਰਖਾਈਆ । ਲੋਕਮਾਤ ਨਾ ਹੋਏ ਨੰਗ, ਜਗਤ ਨਗੇਜ਼ ਨਾ ਕੋਈ ਵਖਾਈਆ । ਜੋ ਜਨ ਮੰਗੇ ਮਾਝਾ ਦੁੱਧ ਮਿੱਠਾ ਸ਼ਹਿਦ ਮਾਖਿਉਂ ਖੰਡ, ਹਰਿ ਨਾਮ ਤੁਲ ਨਾ ਰਾਈਆ । ਨਾ ਓਹ ਸੁਹਾਗਣ ਨਾ ਓਹ ਰੰਡ, ਜੋ ਬਸਤਰ ਜਗਤ ਰਹੀ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਏਕਾ ਵਰ, ਨੌਂ ਅਠਾਰਾਂ ਸੇਵ ਕਮਾਈਆ । ਜਗਤ ਬਸਤਰ ਮੰਗੇ ਰੋਟੀ, ਦਾਲ ਪਿਆਲਾ ਨਾਲ । ਅੱਠੇ ਪਹਿਰ ਵਾਸਨਾ ਰਹੇ ਖੋਟੀ, ਨਾ ਸ਼ਾਹ ਨਾ ਕੰਗਾਲ । ਬਿਨ ਗੁਰਸਿਖ ਚੜ੍ਹੇ ਨਾ ਕੋਈ ਚੋਟੀ, ਕੋਟਨ ਕੋਟੀ ਰਹੇ ਭਾਲ । ਦਰ ਦਰ ਮੰਗਦੇ ਬੋਟੀ ਬੋਟੀ, ਮੇਲ ਮਿਲੇ ਨਾ ਦੀਨ ਦਿਆਲ । ਤੇੜ ਬੰਨ੍ਹਣ ਝੂਠੀ ਧੋਤੀ, ਆਤਮ ਉਠਾਏ ਨਾ ਕੋਈ ਸੋਤੀ, ਪਰਦਾ ਦੇਵੇ ਨਾ ਕੋਈ ਉਪਰ ਡਾਲ । ਜਗਤ ਤ੍ਰਿਸ਼ਨਾ ਝੂਠੇ ਮੋਤੀ, ਮਾਇਆ ਮਮਤਾ ਸੁਰਤ ਨਾ ਸਕੇ ਕੋਈ ਸੰਭਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਖੇਲੇ ਖੇਲ ਨਿਰਾਲ । ਪੈਰੀਂ ਮੰਗੇ ਜੀਵ ਜੁੱਤੀ, ਜੀਵਣ ਜੁਗਤ ਨਾ ਕੋਈ ਵਖਾਈਆ । ਆਸਾ ਤ੍ਰਿਸ਼ਨਾ ਲੜ ਫੜਿਆ ਵਾਸਨਾ ਕੁੱਤੀ, ਕੂਕਰ ਸੂਕਰ ਬੈਠੇ ਜੂਨ ਵਟਾਈਆ । ਹਉਮੇ ਹੰਗਤਾ ਵਿਚੋਂ ਨਾ ਪੁੱਟੀ, ਸਾਚਾ ਰੰਗ ਨਾ ਕੋਈ ਚੜ੍ਹਾਈਆ । ਪੰਜ ਤੱਤ ਕਾਇਆ ਚੋਲੀ ਵੇਲੇ ਅੰਤਮ ਜਾਏ ਲੁੱਟੀ, ਨਾ ਸਕੇ ਕੋਈ ਬਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਨ ਸ਼ਿੰਗਾਰ ਏਕਾ ਜਗਤ ਦਏ ਵਖਾਈਆ । ਤਨ ਤਾਗਾ ਸੂਤ ਦੇਵੇ ਵੱਟ, ਤਾਣਾ ਪੇਟਾ ਆਪੇ ਪਾਇੰਦਾ । ਖੇਲੇ ਖੇਲ ਨਟੂਆ ਨੱਟ, ਸਵਾਂਗੀ ਆਪਣਾ ਸਾਂਗ ਵਰਤਾਇੰਦਾ । ਮਨਮੁਖ ਫਿਰਦੇ ਹੱਟੋ ਹੱਟ, ਸਾਚੀ ਵਸਤ ਹੱਥ ਨਾ ਕੋਇ ਫੜਾਇੰਦਾ । ਜੋ ਸੌਂਦੇ ਉਪਰ ਦੁਸ਼ਾਲਿਆਂ ਪੱਟ, ਅੰਤਮ ਰਾਏ ਧਰਮ ਭਠ ਤਪਾਇੰਦਾ । ਸੀਸ ਹਥੌੜੇ ਵੱਜਣ ਸੱਟ, ਹੱਥਕੜੀ ਨਾ ਕੋਈ ਤੁੜਾਇੰਦਾ । ਜੋ ਜਨ ਸਤਿਗੁਰ ਪੂਰੇ ਉਪਰ ਓਟ ਬੈਠੇ ਰੱਖ, ਭੁੱਖਿਆਂ ਨੰਗਿਆਂ ਗਲੇ ਲਗਾਇੰਦਾ । ਜਗਤ ਜੰਜਾਲਾ ਦੇਵੇ ਕੱਟ, ਮਾਨਸ ਜਨਮ ਲੇਖੇ ਲਾਇੰਦਾ । ਪਾਟੇ ਚੀਥੜ ਵੇਖੇ ਸਮਰਥ, ਰਵਦਾਸ ਚਮਿਆਰਾ ਗਵਾਹ ਰਖਾਇੰਦਾ । ਕੰਗਣ ਵੇਖਣਹਾਰਾ ਫਿਰੇ ਤੀਰਥ ਤੱਟ, ਪੰਡਤ ਬ੍ਰਹਿਮਣ ਭੇਵ ਨਾ ਆਇੰਦਾ । ਅੰਤਮ ਵੱਜੀ ਏਕਾ ਸੱਟ, ਪਿਛਲਾ ਕੀਤਾ ਭੁਲ ਬਖ਼ਸ਼ਾਇੰਦਾ । ਅੱਗੇ ਲਾਵੇ ਨਾ ਮੂਲ ਹੱਥ, ਚੰਗੀ ਵਸਤ ਨਾ ਅੱਗੇ ਕੋਈ ਟਿਕਾਇੰਦਾ । ਏਕਾ ਮੰਗੇ ਸਾਚਾ ਦਰਸ, ਦਿਵਸ ਰੈਣ ਬਿਲਲਾਇੰਦਾ । ਸਤਿਗੁਰ ਪੂਰਾ ਕਰੇ ਤਰਸ, ਸਿਰ ਆਪਣਾ ਹੱਥ ਰਖਾਇੰਦਾ । ਏਕਾ ਅੰਮ੍ਰਿਤ ਸਾਚਾ ਸੀਰ ਦੇਵੇ ਬਰਖ਼, ਮੱਝ ਗਾਂ ਨਾ ਕੋਈ ਵਖਾਇੰਦਾ । ਗੁਰਸਿਖ ਗੁਰ ਚਰਨ ਪਿਆਰ ਮੰਗੋ ਬੇਧੜਕ, ਸਤਿਗੁਰ ਪੂਰਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਸ਼ਬਦ ਦੁਸ਼ਾਲਾ ਦੋ ਜਹਾਨਾਂ ਕਰੇ ਮਾਲੋ ਮਾਲਾ, ਠਗ ਚੋਰ ਯਾਰ ਲੁੱਟ ਕੋਇ ਨਾ ਜਾਇੰਦਾ ।

★ ੨੭ ਪੋਹ ੨੦੧੭ ਬਿਕਰਮੀ ਜੇਠੂਵਾਲ ਰਾਸ਼ਟਰਪਤੀ ਨੂੰ ਪਹਿਲੀ ਚੇਤ ਨੂੰ ਮਿਲਣ ਵਾਸਤੇ ★

ਕਰੇ ਖੇਲ ਕੋਟਨ ਕੋਟ ਵਾਰ ਅਸੰਖ, ਅਸੰਖ ਅਸੰਖਾਂ ਗਣਤ ਨਾ ਰਾਈਆ । ਕਰੇ ਵੇਸ ਕੋਟਨ ਕੋਟ ਰੂਪ ਬਣਾਏ ਬਣਤ, ਰੂਪ ਰੰਗ ਰੇਖ

ਨਾ ਕੋਇ ਜਣਾਈਆ । ਕੋਟਨ ਕੋਟ ਵਾਰ ਕਰੇ ਆਦਿ ਅੰਤ, ਆਦਿ ਅੰਤ ਆਪਣੀ ਖੇਲ ਖਿਲਾਈਆ । ਕੋਟਨ ਕੋਟ ਵਾਰ ਆਪਣੀ ਮਹਿਮਾ ਗਾਏ ਬੇਅੰਤ, ਬੇਅੰਤ ਬੇਅੰਤ ਬੇਪਰਵਾਹੀਆ । ਕੋਟਨ ਕੋਟ ਵਾਰ ਆਪ ਆਪਣੀ ਕਰੇ ਮੰਨਤ, ਕੋਟਨ ਕੋਟ ਸੀਸ ਝੁਕਾਈਆ । ਕੋਟਨ ਕੋਟ ਰੂਪ ਅਨੂਪ ਆਪ ਅਨੰਤ, ਅਨਨ ਆਪਣਾ ਨਾਉਂ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਬਲ ਆਪਣੇ ਵਿਚ ਰਖਾਈਆ । ਕੋਟਨ ਕੋਟ ਰੂਪ, ਸੋ ਪੁਰਖ ਨਿਰੰਜਣ ਆਪ ਆਪਣੇ ਵਿਚ ਰਖਾਇੰਦਾ । ਕੋਟਨ ਕੋਟ ਭੂਪ, ਹਰਿ ਪੁਰਖ ਨਿਰੰਜਣ ਆਪਣੀ ਗੋਦ ਬਹਾਇੰਦਾ । ਕੋਟਨ ਕੋਟ ਦਿਸ਼ਾ ਕੂਟ, ਆਪਣਾ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਭੇਵ ਜਣਾਇੰਦਾ । ਕੋਟਨ ਕੋਟ ਰੂਪ ਹਰਿ ਨਿਰੰਕਾਰ, ਨਿਰਾਕਾਰ ਆਪ ਧਰਾਈਆ । ਕੋਟਨ ਕੋਟ ਰੂਪ ਆਦਿ ਨਿਰੰਜਣ ਹੋ ਉਜਿਆਰ, ਜੋਤ ਨਿਰੰਜਣ ਲਏ ਜਗਾਈਆ । ਕੋਟਨ ਕੋਟ ਰੂਪ ਖੇਲ ਕਰੇ ਆਪ ਕਰਤਾਰ, ਕੋਟਨ ਕੋਟ ਕਿਰਨ ਕਰਤੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਵੇਸ ਰਖਾਈਆ । ਕੋਟਨ ਕੋਟ ਰੂਪ ਸ੍ਰੀ ਭਗਵਾਨ, ਭਗਵਨ ਭਗਵਨ ਸੰਗ ਰਖਾਇੰਦਾ । ਕੋਟਨ ਕੋਟ ਰੂਪ ਅਬਿਨਾਸ਼ੀ ਕਰਤਾ ਨਾ ਆਏ ਵਿਚ ਧਿਆਨ, ਧਿਆਨ ਧਿਆਨ ਨਾ ਕੋਇ ਵਖਾਇੰਦਾ । ਕੋਟਨ ਕੋਟ ਰੂਪ ਵਖਾਏ ਆਪਣੇ ਸਤਿ ਨਿਸ਼ਾਨ, ਸਤਿ ਸਤਿਵਾਦੀ ਆਪ ਝੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਖਿਲਾਇੰਦਾ । ਕੋਟਨ ਕੋਟ ਰੂਪ ਪਾਰਬ੍ਰਹਮ, ਪਾਰਬ੍ਰਹਮ ਆਪ ਉਪਜਾਈਆ । ਕੋਟਨ ਕੋਟ ਰੂਪ ਨਾ ਮਰੇ ਨਾ ਪਏ ਜੰਮ, ਕੋਟਨ ਕੋਟ ਵਿਚ ਸਮਾਈਆ । ਕੋਟਨ ਕੋਟ ਰੂਪ ਖੇਲ ਕਰੇ ਅਗੰਮ, ਅਲਖ ਅਗੋਚਰ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੇ ਵਿਚ ਰਖਾਈਆ । ਕੋਟਨ ਕੋਟ ਰੂਪ ਸਚਖੰਡ, ਸਚ ਸਾਚੀ ਧਾਰ ਰਖਾਇੰਦਾ । ਕੋਟਨ ਕੋਟ ਰੂਪ ਵੰਡੇ ਵੰਡ, ਵੰਡਣਹਾਰ ਦਿਸ ਨਾ ਆਇੰਦਾ । ਕੋਟਨ ਕੋਟ ਰੂਪ ਆਪੇ ਜਾਣੇ ਆਪਣਾ ਅੰਤ, ਅੰਤ ਆਪਣੇ ਵਿਚ ਰਖਾਇੰਦਾ । ਕੋਟਨ ਕੋਟ ਰੂਪ ਬਣੇ ਨਾਰੀ ਕੰਤ, ਕੰਤ ਨਾਰ ਆਪ ਹੰਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਬਲ ਰਖਾਇੰਦਾ । ਕੋਟਨ ਕੋਟ ਰੂਪ ਥਿਰ ਘਰ ਦਰਬਾਰ, ਕੋਟਨ ਕੋਟ ਗੜ੍ਹ ਸੁਹਾਈਆ । ਕੋਟਨ ਕੋਟ ਘਾੜਤ ਘੜੇ ਬਣ ਸੁਨਿਆਰ, ਕੋਟਨ ਕੋਟ ਕੁਠਾਲੀ ਰਿਹਾ ਗਾਲ, ਕੋਟਨ ਕੋਟ ਦਾਈ ਦਾਇਆ ਬਣੇ ਆਪ ਕਰਤਾਰ, ਕੋਟਨ ਕੋਟ ਕਰਨੀ ਕਿਰਤ ਰਹੇ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੰਗ ਰੰਗਾਈਆ । ਕੋਟਨ ਕੋਟ ਰੂਪ ਆਦਿ, ਆਦਿ ਵੇਸ ਧਰਾਇੰਦਾ । ਕੋਟਨ ਕੋਟ ਰੂਪ ਨਾਦ, ਅਨਾਦ ਅਨਾਦੀ ਨਾਦ ਵਜਾਇੰਦਾ । ਕੋਟਨ ਕੋਟ ਰੂਪ ਬੋਧ ਅਗਾਧ, ਅਗਾਧ ਬੋਧ ਆਪਣਾ ਭੇਵ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮਾਰਗ ਆਪੇ ਲਾਇੰਦਾ । ਕੋਟਨ ਕੋਟ ਰੂਪ ਮਾਰਗ ਲਾ, ਨਿਰਗੁਣ ਖੇਲ ਖਿਲਾਇਆ । ਕੋਟਨ ਕੋਟ ਰੂਪ ਸਚ ਦੁਆਰ ਵਸਾ, ਬੰਕ ਦੁਆਰ ਦਏ ਸੁਹਾਇਆ । ਕੋਟਨ ਕੋਟ ਰੂਪ ਥਿਰ ਘਰ ਵਡਿਆ, ਥਿਰ ਦੁਆਰ ਦਏ ਵਡਿਆਇਆ । ਕੋਟਨ ਕੋਟ ਰੂਪ ਆਪਣਾ ਮੇਲਾ ਆਪ ਮਿਲਾ, ਆਪਣੀ ਸੇਜ ਆਪ ਸੁਹਾਇਆ । ਕੋਟਨ ਕੋਟ ਰੂਪ ਜਨਨੀ ਬਣੇ ਆਪ ਮਿਹਰਬਾਂ, ਜਨ ਜਣੇਂਦੀ ਮਾਇਆ । ਕੋਟਨ ਕੋਟ ਰੂਪ ਪੁਰਖ ਅਕਾਲ ਪਿਤਾ ਮਾਂ ਪੂਤ ਲਏ ਉਪਾ, ਸੁਤ ਦੁਲਾਰਾ ਏਕਾ ਜਾਇਆ । ਕੋਟਨ ਕੋਟ ਰੂਪ ਆਪਣਾ ਨਾਉਂ ਪਰਗਟਾ, ਨਾਉਂ ਨਿਰੰਕਾਰਾ

ਦਏ ਵਡਿਆਇਆ । ਕੋਟਨ ਕੋਟ ਰੂਪ ਸੁਤ ਦੁਲਾਰਾ ਲਏ ਜਗਾ, ਸ਼ਬਦੀ ਨਾਅਰਾ ਲਾਇਆ । ਕੋਟਨ ਕੋਟ ਰੂਪ ਹੁਕਮ ਦਏ ਸੁਣਾ, ਹਾਕਮ ਬਣੇ ਸੱਚਾ ਸ਼ਹਿਨਸ਼ਾਹਿਆ । ਕੋਟਨ ਕੋਟ ਰੂਪ ਸਚ ਸਿੰਘਾਸਣ ਦਏ ਵਛਾ, ਆਸਣ ਸਿੰਘਾਸਣ ਇਕ ਦਰਸਾਇਆ । ਕੋਟਨ ਕੋਟ ਰੂਪ ਆਪਣਾ ਰੂਪ ਆਪ ਸੁਹਾ, ਆਪੇ ਵੇਖ ਵਖਾਇਆ । ਕੋਟਨ ਕੋਟ ਰੂਪ ਬਣੇ ਸ਼ਾਹ ਪਾਤਸ਼ਾਹ, ਸ਼ਹਿਨਸ਼ਾਹ ਸੱਚਾ ਸ਼ਹਿਨਸ਼ਾਹਿਆ । ਕੋਟਨ ਕੋਟ ਰੂਪ ਸੀਸ ਤਾਜ ਲਏ ਟਿਕਾ, ਜਗਤ ਜਗਦੀਸ਼ ਵਡ ਵਡਿਆਇਆ । ਕੋਟਨ ਕੋਟ ਰੂਪ ਅਪਣੀ ਹਦੀਸ ਆਪ ਰਖਾ, ਆਪੇ ਕਰੇ ਪੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਆਪਣਾ ਵੇਸ ਵਟਾਇਆ । ਕੋਟਨ ਕੋਟ ਰੂਪ ਕਰਤਾਰਾ, ਕਿਰਤਮ ਭੇਵ ਨਾ ਕੋਇ ਜਣਾਈਆ । ਕੋਟਨ ਕੋਟ ਖੇਲ ਅਗੰਮ ਅਪਾਰਾ, ਅਗੰਮ ਅਗੰਮੜਾ ਆਪ ਕਰਾਈਆ । ਕੋਟਨ ਕੋਟ ਰੂਪ ਨਿਰਗੁਣ ਜੋਤ ਨਿਰਵੈਰ ਨਿਰਾਕਾਰਾ, ਪੁਰਖ ਅਕਾਲ ਆਪ ਕਰਾਈਆ । ਕੋਟਨ ਕੋਟ ਰੂਪ ਸਮਰਥ ਪੁਰਖ ਕਰੇ ਖੇਲ ਅਪਾਰਾ, ਮਹਿਮਾ ਅਕਥ ਕਥੀ ਨਾ ਜਾਈਆ । ਕੋਟਨ ਕੋਟ ਰੂਪ ਵੇਖੇ ਵਿਗਸੇ ਕਰੇ ਵਿਚਾਰਾ, ਵੇਖਣਹਾਰਾ ਆਪ ਹੋ ਜਾਈਆ । ਕੋਟਨ ਕੋਟ ਰੂਪ ਨਾਰੀ ਕੰਤ ਭਤਾਰਾ, ਬੈਠੇ ਸੇਜ ਸੁਹਾਈਆ । ਕੋਟਨ ਕੋਟ ਰੂਪ ਉਚੀ ਕੂਕਣ ਕਰਨ ਪੁਕਾਰਾ, ਆਪਣਾ ਨਾਉਂ ਆਪ ਸੁਣਾਈਆ । ਕੋਟਨ ਕੋਟ ਰੂਪ ਬਣੇ ਸ਼ਾਹ ਦਾਰਾ, ਕੋਟਨ ਕੋਟ ਬੈਠੇ ਸੀਸ ਝੁਕਾਈਆ । ਕੋਟਨ ਕੋਟ ਰੂਪ ਬਣੇ ਭਿਖਾਰਾ, ਕੋਟਨ ਕੋਟ ਬੈਠੇ ਅਲਖ ਜਗਾਈਆ । ਕੋਟਨ ਕੋਟ ਰੂਪ ਆਪੇ ਜਾਣੇ ਆਪਣੀ ਸਾਰਾ, ਦੂਸਰ ਭੇਵ ਨਾ ਕੋਇ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਆਪਣਾ ਭੇਵ ਜਣਾਈਆ । ਕੋਟਨ ਰੂਪ ਅਸੰਖ ਅਸੰਖਾ, ਨਿਰਗੁਣ ਨਿਰਗੁਣ ਧਾਰ ਪ੍ਰਗਟਾਇਆ । ਜੁਗ ਚੌਕੜੀ ਕਾਲ ਕਿਸੇ ਨਾ ਪਰਖਾ, ਦੀਨ ਦਿਆਲ ਬੇਪਰਵਾਹਿਆ । ਵਿਸ਼ਨ ਬ੍ਰਹਮਾ ਸ਼ਿਵ ਮੰਗਦੇ ਰਹੇ ਦਰਸਾ, ਦਾਸੀ ਦਾਸ ਰਹੇ ਧਿਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਵਖਾਇਆ । ਅਸੰਖ ਗੁਣ ਅਸੰਖ ਅਜਾਤਾ, ਪੁਰਖ ਅਕਾਲ ਵਡੀ ਵਡਿਆਈਆ । ਨਾ ਕੋਈ ਪਿਤਾ ਨਾ ਕੋਈ ਮਾਤਾ, ਦਾਈ ਦਾਇਆ ਨਾ ਕੋਇ ਵਖਾਈਆ । ਨਾ ਕੋਈ ਬੰਧਪ ਨਾ ਕੋਈ ਨਾਤਾ, ਨਾ ਕੋਈ ਸਾਕ ਸੈਣ ਨਾ ਭਾਈਆ । ਨਾ ਕੋਈ ਪੂਜਾ ਨਾ ਕੋਈ ਪਾਠਾ, ਨਾ ਕੋਇ ਕਰੇ ਪੜ੍ਹਾਈਆ । ਆਪੇ ਜਾਣੇ ਆਪਣੀ ਵਾਟਾ, ਆਪੇ ਬਣੇ ਪਾਂਧੀ ਰਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪਣੇ ਹੱਥ ਰਖਾਈਆ । ਸਾਚੀ ਖੇਲ ਹਰਿ ਨਿਰੰਕਾਰ, ਆਪਣੇ ਹੱਥ ਰਖਾਇੰਦਾ । ਕਰੇ ਖੇਲ ਅਪਰ ਅਪਾਰ, ਪਾਰਬ੍ਰਹਮ ਭੇਵ ਨਾ ਆਇੰਦਾ । ਜਗਤ ਜੁਗ ਚੌਕੜੀ ਵਸੇ ਬਾਹਰ, ਦਿਸ ਕਿਸੇ ਨਾ ਆਇੰਦਾ । ਜੁਗ ਜੁਗ ਵੇਸ ਕਰੇ ਵਿਚ ਸੰਸਾਰ, ਵੇਸ ਅਨੇਕਾ ਆਪ ਵਟਾਇੰਦਾ । ਨਿਰਗੁਣ ਸਰਗੁਣ ਕਰ ਉਜਿਆਰ, ਸਰਗੁਣ ਨਿਰਗੁਣ ਸੰਗ ਮਿਲਾਇੰਦਾ । ਦੇਵੇ ਵਸਤ ਅਨਮੁਲ ਅਪਾਰ, ਮੁੱਲ ਕੋਇ ਨਾ ਲਾਇੰਦਾ । ਜੋਤੀ ਜਾਤਾ ਬਣ ਕਰਤਾਰ, ਅੰਧੇਰੀ ਰਾਤਾ ਮੇਟ ਮਿਟਾਇੰਦਾ । ਸ਼ਬਦ ਗਾਥਾ ਧੁਰ ਧੁਨਕਾਰ, ਨਾਥ ਅਨਾਥਾਂ ਆਪ ਸੁਣਾਇੰਦਾ । ਸਰ ਸਰੋਵਰ ਅੰਮ੍ਰਿਤ ਮਾਰੇ ਏਕਾ ਠਾਠ, ਬੂੰਦ ਸਵਾਂਤੀ ਮੁਖ ਚੁਆਇੰਦਾ । ਜੁਗਾ ਜੁਗੰਤਰ ਫਿਰੇ ਨਾਠਾ, ਸਾਚੀ ਸੇਵਾ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਆਪਣੀ ਧਾਰਾ ਆਪ ਰਖਾਇੰਦਾ । ਆਪਣੀ ਧਾਰ ਖੇਲ ਕਰਤਾਰ, ਭੇਵ ਅਭੇਦ ਰਖਾਈਆ । ਜਗਤ ਜੁਗ ਕਰ ਵਿਚਾਰ, ਜੋਗ ਜੁਗਤ ਦਏ ਵਡਿਆਈਆ । ਜੁਗਾ ਜੁਗੰਤਰ ਸਾਚੀ ਕਾਰ, ਸਚ

ਸਾਚਾ ਆਪ ਕਰਾਈਆ । ਸਤਿਜੁਗ ਤ੍ਰੇਤਾ ਕਰੇ ਪਾਰ, ਦੁਆਪਰ ਵੇਸ ਵਟਾਈਆ । ਕਲਜੁਗ ਨੂਰ ਹੋ ਉਜਿਆਰ, ਨੂਰ ਨੁਰਾਨਾ ਡਗਮਗਾਈਆ । ਆਪਣੀ ਕੁਦਰਤ ਕਰੇ ਪਿਆਰ, ਕ਼ਾਦਰ ਬੇਪਰਵਾਹੀਆ । ਆਪਣਾ ਬ੍ਰਹਮ ਲਏ ਵਿਚਾਰ, ਪਾਰਬ੍ਰਹਮ ਸੱਚਾ ਸ਼ਹਿਨਸ਼ਾਹੀਆ । ਆਪਣਾ ਕਰਮ ਕਰੇ ਕਰਨੇਹਾਰ, ਦੂਸਰ ਕਰਮ ਨਾ ਕੋਇ ਵਡਿਆਈਆ । ਆਪਣਾ ਧਰਮ ਜਾਣੇ ਨਿਰਾਕਾਰ, ਵਰਨ ਬਰਨ ਨਾ ਕੋਇ ਵਖਾਈਆ । ਸਾਚੀ ਸਰਨ ਸਿਰਜਣਹਾਰ, ਸ੍ਰਿਸ਼ਟ ਸਬਾਈ ਦਏ ਸਮਝਾਈਆ । ਮਰਨ ਡਰਨ ਚੁੱਕੇ ਵਿਚ ਸੰਸਾਰ, ਭੈ ਭੌ ਨਾ ਕੋਇ ਵਖਾਈਆ । ਤਰਨੀ ਤਰਨ ਹਰਿ ਕਰਤਾਰ, ਤਾਰਨਹਾਰਾ ਇਕ ਅਖਵਾਈਆ । ਲੇਖਾ ਜਾਣੇ ਪੁਰਖ ਨਾਰ, ਨਰ ਨਰਾਇਣ ਵਡ ਵਡਿਆਈਆ । ਜਾਗਰਤ ਜੋਤ ਕਰ ਉਜਿਆਰ, ਜੋਤੀ ਨੂਰ ਡਗਮਗਾਈਆ । ਸਾਚੀ ਸਖ਼ੀਆਂ ਮੰਗਲਾਚਾਰ, ਗੀਤ ਸੁਹਾਗੀ ਗਾਈਆ । ਬਣਿਆ ਰਹੇ ਕੰਤ ਭਤਾਰ, ਲੱਖ ਚੁਰਾਸੀ ਨਾਰੀ ਆਪ ਹੰਢਾਈਆ । ਸੰਤ ਸੁਹੇਲਾ ਸਾਚਾ ਯਾਰ, ਭਗਤਨ ਮੀਤਾ ਇਕ ਅਖਵਾਈਆ । ਦਰ ਵਸਾਏ ਠਾਂਡਾ ਦਰਬਾਰ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਗ਼ਰੀਬ ਨਿਵਾਜ਼ਾ ਗ਼ਰੀਬ ਨਿਮਾਣਿਆਂ ਪਾਵੇ ਸਾਰ, ਨਿਮਾਣ ਨਿਮਾਣਿਆਂ ਆਸਣ ਲਾਈਆ । ਅਸਵ ਘੋੜਾ ਤਾਜਾ ਆਪੇ ਬਣੇ ਸ਼ਾਹ ਸਵਾਰ, ਸ਼ਬਦ ਅਗੰਮੀ ਆਪ ਦੌੜਾਈਆ । ਰਚਿਆ ਕਾਜਾ ਖੇਲ ਨਿਆਰ, ਜਗਤ ਜਹਾਜ਼ ਆਪ ਚਲਾਈਆ । ਮਾਰੇ ਵਾਜਾਂ ਭਿਖਕ ਬਣੇ ਆਪ ਨਿਰੰਕਾਰ, ਹੋਕਾ ਦੇਵੇ ਵਾਹੋ ਦਾਹੀਆ । ਕਲਜੁਗ ਰੈਣ ਅੰਧੇਰੀ ਅੰਧਿਆਰ, ਸੂਰਜ ਚੰਦ ਬੈਠੇ ਮੁਖ ਸ਼ਰਮਾਈਆ । ਗੁਰ ਕਾ ਸ਼ਬਦ ਨਾ ਸਕੇ ਕੋਇ ਵਿਚਾਰ, ਮੂਲ ਮੰਤਰ ਨਾ ਕੋਇ ਪੜ੍ਹਾਈਆ । ਦੁਰਮਤ ਮੈਲ ਨਾ ਸਕੇ ਕੋਇ ਉਤਾਰ, ਅਠਸਠ ਨਾਰੀ ਪੁਰਸ਼ ਨੰਗੇ ਤਾਰੀਆਂ ਰਹੇ ਲਾਈਆ । ਆਪਣਾ ਘਰ ਮਹੱਲ ਨਾ ਸਕੇ ਕੋਇ ਉਸਾਰ, ਆਪਣਾ ਮੰਦਰ ਨਾ ਕੋਇ ਵਖਾਈਆ । ਆਪਣੀ ਨਾਰੀ ਨਾ ਕਰੇ ਕੰਤ ਪਿਆਰ, ਨਾਰ ਦੁਹਾਗਣ ਸਰਬ ਹੰਢਾਈਆ । ਸੁਘੜ ਸੁਵਾਣੀ ਨਾ ਦਿਸੇ ਵਿਚ ਸੰਸਾਰ, ਅੰਮ੍ਰਿਤ ਭਰ ਪਾਣੀ ਸਾਚਾ ਆਪਣੇ ਹੱਥ ਉਠਾਈਆ । ਸੁਣੇ ਨਾ ਬਾਣੀ ਹਰਿ ਕਰਤਾਰ, ਹਰਿ ਕਰਤਾ ਨਜ਼ਰ ਨਾ ਆਈਆ । ਚਾਰੇ ਖਾਣੀ ਹੋਈ ਗਵਾਰ, ਗਵਾਰਨ ਫਿਰੇ ਵਾਹੋ ਦਾਹੀਆ । ਨੌਂ ਖੰਡ ਸੱਤ ਦੀਪ ਬਣੇ ਭਿਖਾਰ, ਵਸਤ ਹੱਥ ਕਿਸੇ ਨਾ ਆਈਆ । ਡੂਮਣੀ ਕੁਲੱਖਣੀ ਲੱਭਦੀ ਫਿਰੇ ਕੂੜੇ ਯਾਰ, ਸਾਚਾ ਮਿੱਤਰ ਬੈਠਾ ਮੁਖ ਛੁਪਾਈਆ । ਕਲਜੁਗ ਤੇਰੀ ਅੰਤਮ ਵਾਰ, ਦਿਸ ਕਿਸੇ ਨਾ ਆਈਆ । ਆਪੇ ਜਾਣੇ ਆਪਣੀ ਕਾਰ, ਕਰਤਾ ਪੁਰਖ ਆਪ ਕਮਾਈਆ । ਆਪਣੇ ਮੰਦਰੋਂ ਆਪੇ ਆਏ ਬਾਹਰ, ਆਪਣਾ ਕੁੰਡਾ ਦਏ ਖੁਲ੍ਹਾਈਆ । ਗੁਰਸਿਖ ਸਾਚੇ ਲਏ ਭਾਲ, ਲੱਖ ਚੁਰਾਸੀ ਫੋਲ ਫੁਲਾਈਆ । ਘਰ ਘਰ ਵਜਾਏ ਆਪਣਾ ਤਾਲ, ਤਾਲ ਤਲਵਾੜਾ ਆਪ ਉਠਾਈਆ । ਗੁਰਸਿਖਾਂ ਘਾਲ ਆਪੇ ਰਿਹਾ ਘਾਲ, ਗੁਰਸਿਖ ਲੱਭਣ ਕੋਇ ਨਾ ਜਾਈਆ । ਗੁਰਸਿਖ ਮਸਤਕ ਦੀਪਕ ਬਾਲ, ਰਵ ਸਸ ਵਿਚ ਟਿਕਾਈਆ । ਕੋਟਨ ਕੋਟ ਬ੍ਰਹਿਮੰਡ ਗੁਰਸਿਖ ਤੇਰੇ ਗੀਤ ਗਾਣ, ਜਿਸ ਮਿਲਿਆ ਹਰਿ ਰਘੁਰਾਈਆ । ਕਲਜੁਗ ਅੰਤਮ ਕਰੀ ਪਛਾਣ, ਅਭੁਲ ਭੁਲ ਕਦੇ ਨਾ ਜਾਈਆ । ਦੇਵਣ ਆਇਆ ਆਪਣਾ ਮਾਣ, ਆਪੇ ਆਇਆਂ ਨਾਲ ਮਿਲਾਈਆ । ਬਿਰਹੋਂ ਮਾਰੇ ਨਿਰਾਲਾ ਬਾਣ, ਅਣਯਾਲਾ ਤੀਰ ਇਕ ਲਗਾਈਆ । ਗੁਰਸਿਖ ਹੋਇਆ ਜਗਤ ਬੇਹਾਲ, ਭੁੱਲੀ ਸਰਬ ਲੋਕਾਈਆ । ਆਂਢੀ ਗਵਾਂਢੀ ਕੱਢਣ ਗਾਲ, ਨਾਤਾ ਤੋੜਨ ਸਾਕ ਸੱਜਣ ਸੈਣ ਸੰਗ ਨਾ ਕੋਇ ਰਖਾਈਆ । ਸਤਿਗੁਰ ਪੂਰਾ ਹੋਇਆ ਆਪ ਕਿਰਪਾਲ, ਲੱਖ ਚੁਰਾਸੀ ਵਿਚੋਂ ਵੰਡ ਵੰਡਾਈਆ । ਆਪਣੀ ਹੱਥੀਂ ਸਤਿ ਸਰੂਪੀ ਫੜ ਰੁਮਾਲ, ਗੁਰਸਿਖਾਂ ਮੁਖੜੇ

ਨੈਣਾਂ ਨੀਰ ਆਪ ਪੁੰਝਾਈਆ । ਬਨਿਆ ਵਿਚੋਲਾ ਮਹਾਂ ਸਿੰਘ ਦਲਾਲ, ਲੋਕਮਾਤ ਜਾਮਾ ਫੇਰ ਦਵਾਈਆ । ਖ਼ਾਕ ਰੁਲੇ ਲਏ ਉਠਾਲ, ਗੋਬਿੰਦ ਗੋਦ ਬਹਾਈਆ । ਸੇਵਾ ਸਿੰਘ ਸਿੰਘ ਬਿਸ਼ਨ ਲਾਲ, ਮਸਤਕ ਨੂਰ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਗੁਰਮੁਖ ਸਾਚੇ ਲਏ ਉਠਾਈਆ । ਅਸੰਖ ਅਸੰਖਾ ਅਨੰਤ ਗੁਣ, ਕਥਨੀ ਕਥ ਨਾ ਸਕੇ ਕੋਇ । ਗੁਰਸਿਖ ਤੇਰੀ ਪੁਕਾਰ ਆਦਿ ਜੁਗਾਦਿ ਰਿਹਾ ਸੁਣ, ਸੁਨਣਹਾਰਾ ਆਪੇ ਹੋਏ । ਲੱਖ ਚੁਰਾਸੀ ਵਿਚੋਂ ਲਾਲ ਅਨਮੁਲੜੇ ਚੁਣ, ਆਪਣੇ ਹਾਰ ਆਪ ਪਰੋਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਲੈ ਕੇ ਆਇਆ ਸਾਚੇ ਢੋਏ । ਸਾਚਾ ਢੋਆ ਲੈ ਕੇ ਆਇਆ, ਧੁਰਦਰਗਾਹੀ ਦਾਤਾ । ਗੁਰਸਿਖ ਸੋਇਆ ਲਏ ਜਗਾਇਆ, ਮੇਟੇ ਅੰਧੇਰੀ ਰਾਤਾ । ਆਪਣਾ ਦਰਸ ਆਪ ਕਰਾਇਆ, ਰੂਪ ਪਰਗਟਾਏ ਇਕ ਇਕਾਂਤਾ । ਤ੍ਰੈਗੁਣ ਮਾਇਆ ਪਰਦਾ ਲਾਹਿਆ, ਅੰਤਮ ਪੁਛੇ ਬਾਤਾਂ । ਏਕਾ ਦੂਜਾ ਭੌ ਚੁਕਾਇਆ, ਚਰਨ ਕਵਲ ਬੰਧਾਇਆ ਨਾਤਾ । ਤੀਜਾ ਲੋਚਣ ਆਪ ਖੁਲ੍ਹਾਇਆ, ਅੰਮ੍ਰਿਤ ਬਖ਼ਸ਼ੇ ਬੂੰਦ ਸਵਾਂਤਾ । ਚੌਥੇ ਪਦ ਆਪ ਬਹਾਇਆ, ਪਿਛਲਾ ਪੂਰਾ ਕੀਆ ਘਾਟਾ । ਪੰਚਮ ਹੱਥ ਵਾਗ ਫੜਾਇਆ, ਕਲਜੁਗ ਮੇਟੇ ਅੰਤਮ ਵਾਟਾ । ਛੇਵੇਂ ਛਤਰ ਸੀਸ ਝੁਲਾਇਆ, ਜਗਤ ਜਲਾਏ ਅਗਨ ਲਲਾਟਾ । ਸੱਤਵੇਂ ਸਤਿ ਪੁਰਖ ਨਿਰੰਜਣ ਕਾਜ ਰਚਾਇਆ, ਪੰਜ ਤੱਤ ਵੇਖੇ ਕਾਇਆ ਮਾਟਾ । ਅੱਠਵੇਂ ਅੱਠਾਂ ਤੱਤਾਂ ਨਾਚ ਨਚਾਇਆ, ਨੌਂ ਦੁਆਰੇ ਫਿਰੇ ਨਾਠਾ । ਦਸਮ ਦੁਆਰੀ ਪਰਦਾ ਲਾਹਿਆ, ਗੁਰਮੁਖ ਗੁਰਸਿਖ ਮਿਲਿਆ ਪੁਰਖ ਸਮਰਾਥਾ । ਨਾਰੀ ਕੰਤ ਆਪ ਪਰਨਾਇਆ, ਆਪ ਚੜ੍ਹਾਏ ਸਾਚੇ ਰਾਥਾ । ਰਥ ਰਥਵਾਹੀ ਬਣ ਕੇ ਆਇਆ, ਚਰਨਾਂ ਹੇਠ ਰਖਾਇਆ ਤ੍ਰਿਲੋਕੀ ਨਾਥਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਆਪ ਨਿਭਾਏ ਆਪਣਾ ਸਾਥਾ । ਆਪਣਾ ਸਾਥ ਨਿਭਾਵਣ ਆਇਆ, ਨਿਰਗੁਣ ਨਿਰਵੈਰ ਪੁਰਖ ਅਕਾਲ । ਕਲਜੁਗ ਅੰਤਮ ਖੇਲ ਖਿਲਾਇਆ, ਪ੍ਰਗਟ ਹੋ ਹਰਿ ਦੀਨ ਦਿਆਲ । ਲੱਖ ਚੁਰਾਸੀ ਦਏ ਸੁਣਾਇਆ, ਬ੍ਰਹਮਾ ਵਿਸ਼ਨ ਸ਼ਿਵ ਰਲਾਏ ਨਾਲ । ਕਰੋੜ ਤੇਤੀਸਾ ਭੁਲ ਨਾ ਜਾਇਆ, ਸੁਰਪਤ ਇੰਦ ਦਏ ਉਠਾਲ । ਏਕਾ ਹੁਕਮ ਦਏ ਸੁਣਾਇਆ, ਲੇਖਾ ਜਾਣੇ ਸ਼ਾਹ ਕੰਗਾਲ । ਨਿਹਕਲੰਕਾ ਜਾਮਾ ਪਾਇਆ, ਨਾ ਕੋਈ ਸਕੇ ਭਾਲ । ਨੌਂ ਖੰਡ ਪ੍ਰਿਥਮੀ ਦਿਸ ਨਾ ਆਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਬਣੇ ਆਪ ਰਖਵਾਲ । ਨੌਂ ਖੰਡ ਪ੍ਰਿਥਮੀ ਨਜ਼ਰ ਨਾ ਆਏ, ਨਿਰਗੁਣ ਆਪਣੀ ਕਲ ਵਰਤਾਈਆ । ਚਾਰ ਵਰਨ ਰਹੇ ਕੁਰਲਾਏ, ਘਰ ਘਰ ਪਈ ਲੜਾਈਆ । ਅਠਾਰਾਂ ਬਰਨ ਕਰਨ ਹਾਏ ਹਾਏ, ਕਲਜੁਗ ਅਗਨੀ ਤੱਤ ਜਲਾਈਆ । ਕੋਈ ਗੁਰੂ ਕੋਈ ਪੀਰ ਮਨਾਏ, ਪੀਰ ਪੀਰਾਂ ਸਿਰ ਨਜ਼ਰ ਨਾ ਆਈਆ । ਕੋਈ ਹਵਨੀ ਕੋਈ ਹਵਨ ਕਰਾਏ, ਨਿਰਗੁਣ ਜੋਤ ਨਾ ਦਰਸ਼ਨ ਪਾਈਆ । ਕੋਈ ਅਠਸਠ ਤੀਰਥ ਨੁਹਾਏ, ਹਰਿ ਚਰਨ ਧੂੜ ਮਸਤਕ ਕੋਇ ਨਾ ਲਾਈਆ । ਕੋਟਨ ਕੋਟੀ ਬੈਠੇ ਧੂਣੀਆਂ ਤਾਏ, ਅਗਨੀ ਤੱਤ ਨਾ ਕੋਇ ਬੁਝਾਈਆ । ਕੋਟਨ ਕੋਟ ਬੈਠੇ ਸਵਾਸ ਚੜ੍ਹਾਏ, ਸਵਾਸਾਂ ਵਾਲਾ ਅੰਗ ਨਾ ਕੋਇ ਰਖਾਈਆ । ਕੋਟਨ ਕੋਟ ਬੈਠੇ ਰਾਸ ਰਚਾਏ, ਸਾਚਾ ਕਾਹਨ ਗੋਪੀ ਅੰਗ ਨਾ ਕੋਇ ਲਗਾਈਆ । ਕੋਟਨ ਕੋਟੀ ਜੰਗਲ ਜੂਹ ਪਰਭਾਸ ਬੈਠੇ ਤਾੜੀ ਲਾਏ, ਨਿਜ ਤਾਕੀ ਨਾ ਕੋਇ ਖੁਲ੍ਹਾਈਆ । ਕੋਟਨ ਕੋਟ ਸਾਕੀ ਬਣ ਬਣ ਰਹੇ ਜਾਮ ਪਿਆਏ, ਸਚ ਪਿਆਲਾ ਹੱਥ ਕਿਸੇ ਨਾ ਆਈਆ । ਕੋਟਨ ਕੋਟੀ ਰਾਮ ਰਹੇ ਧਿਆਏ, ਰਾਮ ਰਮੱਯਾ ਦਿਸ ਕਿਸੇ ਨਾ ਆਈਆ । ਕੋਟਨ

ਕੋਟੀ ਕਾਹਨਾ ਕ੍ਰਿਸ਼ਨਾ ਬੰਸਰੀ ਰਹੇ ਵਜਾਏ, ਨਾਦ ਧੁਨ ਨਾ ਕੋਇ ਸੁਣਾਈਆ । ਕੋਟਨ ਕੋਟ ਜੋਗ ਅਭਿਆਸ ਰਹੇ ਕਮਾਏ, ਜੋਗੀ ਜਤੀ ਸਤੀ ਕੋਟਨ ਕੋਟ ਆਪਣਾ ਮਾਣ ਰਹੇ ਵਧਾਈਆ । ਕਲਜੁਗ ਅੰਤਮ ਸਭ ਬੇਆਸ ਤੜਫਾਏ, ਪੂਰੀ ਆਸ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਗੁਰਸਿਖ ਸਾਚੇ ਆਪ ਤਰਾਏ, ਆਪਣੇ ਬੇੜੇ ਲਏ ਚੜ੍ਹਾਈਆ । ਸਾਚੇ ਬੇੜੇ ਹਰਿ ਚੜ੍ਹਾਇੰਦਾ, ਨਿਰਗੁਣ ਚਪੂ ਏਕਾ ਲਾ । ਦੋ ਜਹਾਨਾਂ ਪਾਰ ਕਰਾਇੰਦਾ, ਸਤਿਗੁਰ ਸੱਚਾ ਬਣ ਮਲਾਹ । ਸਚ ਕਿਨਾਰਾ ਇਕ ਵਖਾਇੰਦਾ, ਤ੍ਰੈਗੁਣ ਅਗਨੀ ਨਾ ਲੱਗੇ ਭਾਹ, ਸਚ ਚੁਬਾਰਾ ਵੰਡ ਵੰਡਾਇੰਦਾ, ਸਚਖੰਡ ਦੁਆਰਾ ਕੁੰਡਾ ਦੇਵੇ ਲਾਹ । ਗੁਰਮੁਖ ਸਾਚੇ ਆਪ ਉਠਾਇੰਦਾ, ਸਚ ਸਰੂਪ ਸਿੰਘਾਸਣ ਵਛਾ । ਫੜ ਬਾਹੋਂ ਉਪਰ ਉਠਾਇੰਦਾ, ਜਨਨੀ ਜਨ ਬਣੇ ਪਿਤਾ ਮਾਂ, ਚਰਨ ਚਰਨੋਦਕ ਸੀਰ ਪਿਆਇੰਦਾ, ਰਸ ਮਿਲੇ ਏਕਾ ਥਾਂ । ਹੱਸ ਹੱਸ ਗਲੇ ਲਗਾਇੰਦਾ, ਦੇਵੇ ਸਿਰ ਠੰਡੀ ਛਾਂ । ਨੱਸ ਨੱਸ ਵੇਖ ਵਖਾਇੰਦਾ, ਪਾਂਧੀ ਆਪਣਾ ਪੰਧ ਮੁਕਾ । ਰਸ ਰਸ ਮੁਖ ਚੁਆਇੰਦਾ, ਸੋਹੰ ਮੰਮਾ ਮੁਖ ਲਗਾ । ਹਿਰਦੇ ਵਸ ਵਸ ਵੇਖ ਵਖਾਇੰਦਾ, ਆਪਣੀ ਕੁਦਰਤ ਆਪੇ ਮੇਲ ਮਿਲਾ । ਗੁਰਸਿਖ ਲੱਖ ਚੁਰਾਸੀ ਵਿਚੋਂ ਖਸ ਖਸ ਆਪਣੇ ਖਾਤੇ ਪਾਇੰਦਾ, ਆਪਣਾ ਖਾਤਾ ਦੂਸਰ ਕਿਸੇ ਨਾ ਦਏ ਵਖਾ । ਗੁਰਸਿਖਾਂ ਰਤ ਆਪਣੇ ਮਸਤਕ ਲਾਇੰਦਾ, ਰਤੀ ਰਤ ਗੁਰਸਿਖਾਂ ਚਰਨਾਂ ਥੱਲੇ ਦਏ ਵਹਾ । ਗੋਬਿੰਦ ਸਾਚੀ ਖੇਲ ਖਿਲਾਇੰਦਾ, ਚਾਰੇ ਬਾਣੀ ਸਮਝੇ ਨਾ । ਜਗਤ ਪੂਤ ਆਪੇ ਲੇਖੇ ਲਾਇੰਦਾ, ਧਾਰ ਧਾਰ ਨਾਲ ਸੀਸ ਕਟਾ । ਆਪੇ ਮਿਆਨ ਵਿਚ ਟਿਕਾਇੰਦਾ, ਕਰੇ ਖੇਲ ਬੇਪਰਵਾਹ । ਆਪੇ ਓਟ ਅਕਾਲ ਰਖਾਇੰਦਾ, ਪੁਰਖ ਅਕਾਲ ਸੰਗ ਬਣਾ, ਆਪੇ ਸੱਥਰ ਯਾਰ ਹੰਢਾਇੰਦਾ, ਆਪੇ ਸੁੱਤਾ ਦੇ ਸਰਾਹਣੇ ਬਾਂਹ । ਆਪੇ ਕੀਤਾ ਕੌਲ ਨਿਭਾਇੰਦਾ, ਰੂਪ ਅਨੂਪ ਲਏ ਪਰਗਟਾ । ਆਪਣੀ ਧਾਰਾ ਆਪ ਵਖਾਇੰਦਾ, ਆਪੇ ਦੇਵਣਹਾਰ ਸਲਾਹ । ਆਪੇ ਸੰਗਤ ਸੰਗ ਨਿਭਾਇੰਦਾ, ਜੁਗ ਵਿਛੜੇ ਲਏ ਮਿਲਾ । ਆਪੇ ਕਲਜੁਗ ਜੜ੍ਹ ਉਖੜਾਇੰਦਾ, ਛੋਟਾ ਬਾਲਾ ਨੀਹਾਂ ਹੇਠ ਦਬਾ । ਆਪੇ ਸਾਢੇ ਤਿੰਨ ਹੱਥ ਪੰਧ ਮੁਕਾਇੰਦਾ, ਜੋ ਘੜਿਆ ਸੋ ਭੰਨ ਕੇ ਦਏ ਵਖਾ । ਆਪੇ ਨੌਂ ਦੁਆਰ ਪੰਧ ਮੁਕਾਇੰਦਾ, ਨੌਂ ਖੰਡ ਵੇਖੇ ਚੜ੍ਹੇ ਚਾਅ । ਆਪੇ ਖੰਡ ਖੰਡ ਕਰਾਇੰਦਾ, ਸ਼ਬਦ ਕਟਾਰਾ ਇਕ ਚਮਕਾ । ਆਪੇ ਬਾਲ ਬਾਲਾ ਲੇਖੇ ਪਾਇੰਦਾ, ਹੁਕਮੀ ਭਾਣਾ ਆਪ ਵਰਤਾ । ਆਪੇ ਸ਼ਾਹ ਸੁਲਤਾਨਾਂ ਖ਼ਾਕ ਉਡਾਇੰਦਾ, ਚਾਰੋਂ ਕੁੰਟ ਫੇਰਾ ਪਾ । ਆਪੇ ਜਗਤ ਨਿਸ਼ਾਨੇ ਸਾਰੇ ਢਾਹਿੰਦਾ, ਸਚ ਨਿਸ਼ਾਨਾ ਦਏ ਚੜ੍ਹਾ । ਆਪੇ ਕਸੁੰਭੜੇ ਰੰਗ ਸਰਬ ਵਖਾਇੰਦਾ, ਸੱਤ ਰੰਗ ਨਿਸ਼ਾਨਾ ਲਏ ਰੰਗਾ । ਆਪੇ ਸੀਸ ਤਾਜ ਟਿਕਾਇੰਦਾ, ਆਪੇ ਗੋਬਿੰਦ ਮੇਲਾ ਲਏ ਮਿਲਾ । ਆਪੇ ਸਿੰਘ ਸੰਗਤ ਨਾਲ ਆਪਣਾ ਸੀਸ ਜਗਦੀਸ਼ ਵਟਾਇੰਦਾ, ਵਟਾਂਦਰਾ ਕਰੇ ਦੋ ਜਹਾਂ । ਆਪੇ ਤੇਜ਼ ਚੰਡ ਪਰਚੰਡ ਚਮਕਾਇੰਦਾ, ਨਾਮ ਖੰਡਾ ਹੱਥ ਉਠਾ । ਆਪੇ ਆਪਣੀ ਵੰਡ ਵੰਡਾਇੰਦਾ, ਕਰੇ ਕਰਾਏ ਸਚ ਨਿਆਂ । ਆਪੇ ਸੰਮਤ ਸੋਲਾਂ ਖੇਲ ਖਿਲਾਇੰਦਾ, ਸੰਮਤ ਸਤਾਰਾਂ ਪਕੜੇ ਬਾਂਹ । ਛੱਬੀ ਪੋਹ ਹੁਕਮ ਸੁਣਾਇੰਦਾ, ਵਰਤੇ ਵਰਤਾਵੇ ਇਕ ਮਿਹਰਵਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪੇ ਲਏ ਸਮਝਾ । ਹਰਿ ਲੇਖਾ ਸਚ ਸਮਝਾਇੰਦਾ, ਨਵ ਨੌਂ ਹਰਿ ਧਾਰ । ਨੌਂ ਨਵ ਲੇਖ ਲਖਾਇੰਦਾ, ਨਵ ਨੌਂ ਹੋਏ ਪਾਰ । ਨੌਂ ਨਵ ਰੰਗ ਰੰਗਾਇੰਦਾ, ਨਵ ਨੌਂ ਦਏ ਆਧਾਰ । ਨੌਂ ਨਵ ਲੇਖ ਲਖਾਇੰਦਾ, ਨੌਂ ਨਵ ਮਾਰੇ ਮਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

੯੦ ੧੦

ਕਰ, ਕਰੇ ਖੇਲ ਸਾਚਾ ਹਰਿ, ਨੌਂ ਖੰਡ ਪ੍ਰਿਥਮੀ ਤੇਰਾ ਇਕ ਬਣਾਏ ਸਾਚਾ ਦਰਬਾਰ । ਨੌਂ ਖੰਡ ਤੇਰਾ ਦਰਬਾਰ ਬਣਾਵਣਾ, ਹਰਿ ਸਾਚੇ ਦਇਆ ਕਮਾਈਆ । ਦਿਲੀ ਦੁਆਰਾ ਇਕ ਸੁਹਾਵਣਾ, ਸੰਤ ਮਨੀ ਸਿੰਘ ਗਿਆ ਨਿਸ਼ਾਨ ਲਗਾਈਆ । ਪੁਰਖ ਅਬਿਨਾਸ਼ੀ ਚਰਨ ਛੁਹਾਵਣਾ, ਕਲਜੁਗ ਮੇਟੇ ਝੂਠੀ ਸ਼ਾਹੀਆ । ਸ੍ਰਿਸ਼ਟ ਸਬਾਈ ਡੋਰ ਆਪਣੇ ਹੱਥ ਰਖਾਵਣਾ, ਦੂਸਰ ਸੰਗ ਨਾ ਕੋਇ ਵਖਾਈਆ । ਸ਼ਬਦ ਘੋੜਾ ਚਾਰ ਕੁੰਟ ਫਰਾਵਣਾ, ਪਵਣ ਪਵਣਾਂ ਭੇਵ ਨਾ ਰਾਈਆ । ਆਪਣਾ ਫ਼ਰਮਾਨ ਰਾਜ ਰਾਜਾਨ ਆਪ ਜਣਾਵਣਾ, ਹੁਕਮੀ ਹੁਕਮ ਇਕ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਵ ਖੰਡ ਪ੍ਰਿਥਮੀ ਬੰਨ੍ਹੇ ਧਾਰ, ਇਕ ਬਣਾਏ ਸਚ ਦਰਬਾਰ, ਦਰ ਦਰਬਾਰਾ ਆਪ ਸੁਹਾਈਆ । ਦਰ ਦਰਬਾਰ ਜਾਏ, ਹਰਿ ਸਾਚੇ ਵਡ ਵਡਿਆਈਆ । ਨੌਂ ਸੰਗ ਆਪ ਰਖਾਏ, ਇਕ ਅੱਠ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੌਵਾਂ ਗਿਣਤੀ ਦਏ ਸਮਝਾਈਆ । ਪਹਿਲਾ ਹੋਵੇ ਜੋਤੀ ਧਾਰ ਹਰਿ ਨਿਰੰਕਾਰ, ਵਿਸ਼ਨੂੰ ਭਗਵਾਨ ਜਗਤ ਵਡਿਆਈਆ । ਦੂਜਾ ਸ਼ਬਦ ਗੋਬਿੰਦ ਕਰ ਪਿਆਰ, ਏਕਾ ਸੰਬਲ ਰਥ ਚਲੇ ਸੰਸਾਰ, ਰਥ ਰਥਵਾਹੀ ਆਪ ਚਲਾਈਆ । ਨਾਲ ਰਲਾਏ ਪੰਜ ਪਿਆਰ, ਪੰਜ ਦੋ ਸੱਤ ਦਏ ਵਡਿਆਈਆ । ਅਠਵਾਂ ਰੱਖੇ ਨਾਲ ਲਿਖਾਰ, ਸਿੰਘ ਦਰਸ਼ਨ ਵਡ ਵਡਿਆਈਆ । ਨੌਵਾਂ ਹੁਕਮ ਧੁਰ ਫ਼ਰਮਾਨ, ਨੌਂ ਗ੍ਰੰਥਾਂ ਵਿਚ ਬੰਦ ਕਰਾਈਆ । ਲੈ ਕੇ ਜਾਏ ਰਾਜ ਰਾਜਾਨ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਵਾਲੀ ਹਿੰਦ ਉਠਾਏ ਉਠ ਨਾਦਾਨ, ਬਾਲੀ ਬੁਧ ਦਏ ਸਮਝਾਈਆ । ਘਰ ਆਇਆ ਚਲ ਭਗਵਾਨ, ਭੁਲ ਵਿਚ ਨਾ ਵਕਤ ਗਵਾਈਆ । ਜਿਸ ਦਿਤਾ ਰਾਜ ਜੋਗ ਮਾਣ, ਤਿਸ ਅੱਗੇ ਸੀਸ ਝੁਕਾਈਆ । ਜਿਸ ਪੰਜ ਤੱਤ ਬਣਾਇਆ ਤੇਰਾ ਨਿਸ਼ਾਨ, ਰਕਤ ਬੂੰਦ ਮੇਲ ਮਿਲਾਈਆ । ਅੰਤਮ ਕਰੇ ਸਰਬ ਕਲਿਆਣ, ਕਰਨਹਾਰ ਇਕ ਹੋ ਜਾਈਆ । ਬਣ ਭਿਖਾਰੀ ਮੰਗ ਲੈ ਭੂਮੀ ਸਾਢੇ ਤਿੰਨ ਹੱਥ ਦੇਵੇ ਦਾਨ, ਕਲਜੁਗ ਸੀਆਂ ਵੰਡ ਵੰਡਾਈਆ । ਸਭ ਦਾ ਦਾਤਾ ਬਣੇ ਆਪ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਉਪਾਏ ਦਇਆ ਕਮਾਏ ਆਪੇ ਘਰ ਘਰ ਰਿਜ਼ਕ ਪੁਚਾਈਆ । ਅਗਲਾ ਲੇਖਾ ਨਾ ਦੱਸੇ ਗੁਣ ਨਿਧਾਨ, ਆਪਣਾ ਲੇਖਾ ਆਪਣੇ ਵਿਚ ਛੁਪਾਈਆ ।



### ★ ਪਹਿਲੀ ਮਾਘ ੨੦੧੭ ਬਿਕਰਮੀ ਪਿੰਡ ਹਰੀ ਪੁਰ ਮਹਿੰਗਾ ਸਿੰਘ ਦੇ ਘਰ ★

ਆਦਿ ਪੁਰਖ ਹਰਿ ਨਿਰੰਕਾਰਾ, ਨਿਰਵੈਰ ਵਡੀ ਵਡਿਆਈਆ । ਸੋ ਪੁਰਖ ਨਿਰੰਜਣ ਅਗੰਮ ਅਪਾਰਾ, ਅਲਖ ਅਗੋਚਰ ਬੇਪਰਵਾਹੀਆ । ਹਰਿ ਪੁਰਖ ਨਿਰੰਜਣ ਅਕਲ ਕਲ ਧਾਰਾ, ਇਕ ਇਕੱਲਾ ਸੱਚਾ ਸ਼ਹਿਨਸ਼ਾਹੀਆ । ਏਕੰਕਾਰਾ ਰੂਪ ਰੰਗ ਤੇ ਵਸਿਆ ਬਾਹਰਾ, ਰੇਖ ਭੇਖ ਨਾ ਕੋਇ ਜਣਾਈਆ । ਆਦਿ ਨਿਰੰਜਣ ਨੂਰ ਉਜਿਆਰਾ, ਜੋਤੀ ਦੀਪਕ ਡਗਮਗਾਈਆ । ਅਬਨਾਸ਼ੀ ਕਰਤਾ ਸ਼ਾਹ ਸਿਕਦਾਰਾ, ਪੁਰਖ ਅਕਾਲ ਇਕ ਅਖਵਾਈਆ । ਸ੍ਰੀ ਭਗਵਾਨ ਬੇਐਬ ਪਰਵਰਦਿਗਾਰਾ, ਨੂਰ ਜ਼ਹੂਰ ਇਕ ਦਰਸਾਈਆ । ਪਾਰਬ੍ਰਹਮ ਪ੍ਰਭ ਖੇਲ ਨਿਆਰਾ, ਨਿਰਗੁਣ ਆਪਣਾ ਆਪ ਕਰਾਈਆ । ਸਚਖੰਡ ਖੋਲ੍ਹ ਸਚ ਦੁਆਰਾ, ਦਰ ਘਰ ਸਾਚਾ ਇਕ ਸੁਹਾਈਆ । ਸਚ ਸਿੰਘਾਸਣ ਕਰ ਤਿਆਰਾ, ਅਨਭਵ ਆਪਣਾ ਰੂਪ ਪਰਗਟਾਈਆ । ਰਾਜ ਰਾਜਾਨਾ ਬਣ ਸਿਕਦਾਰਾ, ਹੁਕਮੀ ਹੁਕਮ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਏਕਾ ਹਰਿ,

ਦੂਸਰ ਅਵਰ ਨਾ ਕੋਇ ਜਣਾਈਆ । ਆਦਿ ਜੁਗਾਦੀ ਖੇਲ ਅਪਾਰ, ਮਹਿਮਾ ਅਕਥ ਕਥੀ ਨਾ ਜਾਈਆ । ਸਚਖੰਡ ਨਿਵਾਸੀ ਸਚਖੰਡ ਸੁਹਾਏ ਇਕ ਦੁਆਰ, ਸਚ ਸਿੰਘਾਸਣ ਆਸਣ ਲਾਈਆ । ਪਾਰਬ੍ਰਹਮ ਅਗੰਮ ਆਪਣੀ ਕਰੇ ਆਪੇ ਕਾਰ, ਕਰਨੀ ਕਰਤਾ ਆਪ ਅਖਵਾਈਆ । ਥਿਰ ਘਰ ਸਾਚੇ ਪਾਵੇ ਸਾਰ, ਗ੍ਰਿਹਿ ਮੰਦਰ ਵਡ ਵਡਿਆਈਆ । ਨਾਰੀ ਕੰਤ ਬਣ ਭਤਾਰ, ਨਰ ਨਰਾਇਣ ਸੇਜ ਸੁਹਾਈਆ । ਜਨਨੀ ਜਨ ਬਣ ਅਪਰ ਅਪਾਰ, ਪੂਤ ਸਪੂਤਾ ਏਕਾ ਜਾਈਆ । ਦਾਈ ਦਾਇਆ ਭੇਵ ਨਿਆਰ, ਇਕ ਇਕੱਲਾ ਹਰਿ ਰਘੁਰਾਈਆ । ਅਬਿਨਾਸ਼ੀ ਅਚੁਤ ਮੀਤ ਮੁਰਾਰ, ਸਾਚਾ ਸੁਤ ਲਏ ਵਡਿਆਈਆ । ਸ਼ਬਦੀ ਨਾਉਂ ਰੱਖ ਧੁਰ ਦਰਬਾਰ, ਦਰਗਹਿ ਸਾਚੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਇਕ ਇਕੱਲਾ ਖੇਲ ਖਿਲਾਈਆ । ਇਕ ਇਕੱਲਾ ਖੇਲ ਅਵੱਲਾ, ਏਕੰਕਾਰ ਆਪ ਕਰਾਇੰਦਾ । ਆਪੇ ਵਸੇ ਸਚ ਮਹੱਲਾ, ਸਚਖੰਡ ਦੁਆਰ ਸੁਹਾਇੰਦਾ । ਥਿਰ ਘਰ ਡੇਰਾ ਆਪੇ ਮੱਲਾ, ਦੂਸਰ ਸੰਗ ਨਾ ਕੋਇ ਰਲਾਇੰਦਾ । ਆਪੇ ਹੋਏ ਅਛਲ ਅਛੱਲਾ, ਅਛਲ ਛਲਧਾਰੀ ਆਪ ਆਪਣਾ ਨਾਉਂ ਧਰਾਇੰਦਾ । ਆਪ ਫੜਾਏ ਆਪਣਾ ਪੱਲਾ, ਸਗਲਾ ਸੰਗ ਆਪ ਨਿਭਾਇੰਦਾ । ਆਪਣੀ ਜੋਤੀ ਆਪੇ ਰੱਲਾ, ਨਿਰਗੁਣ ਨਿਰਗੁਣ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕੱਲਾ ਸਾਚਾ ਹਰਿ, ਸਚਖੰਡ ਦੁਆਰਾ ਆਪ ਵਡਿਆਇੰਦਾ । ਸਚਖੰਡ ਦੁਆਰਾ ਸੋਭਾਵੰਤ, ਹਰਿ ਪੁਰਖ ਨਿਰੰਜਣ ਆਪ ਵਡਿਆਈਆ । ਏਕੰਕਾਰਾ ਆਪੇ ਬਣਿਆ ਨਾਰੀ ਕੰਤ, ਸਾਚੀ ਸੇਜ ਆਪ ਸੁਹਾਈਆ । ਆਪੇ ਚਾੜ੍ਹੇ ਰੰਗ ਬਸੰਤ, ਆਦਿ ਜੁਗਾਦਿ ਉਤਰ ਨਾ ਜਾਈਆ । ਆਪੇ ਜਾਣੇ ਮਹਿਮਾ ਅਗਣਤ, ਅਗਣਤ ਲੇਖਾ ਲੇਖ ਨਾ ਕੋਇ ਜਣਾਈਆ । ਆਪ ਬਣਾਏ ਸਾਚੀ ਬਣਤ, ਘੜਨ ਭੰਨਣਹਾਰ ਸਮਰਥ ਪੁਰਖ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਆਪੇ ਖੋਲ੍ਹ, ਆਦਿ ਪੁਰਖ ਆਪਣਾ ਆਪ ਸੁਹਾਈਆ । ਆਦਿ ਪੁਰਖ ਪੁਰਖ ਅਬਿਨਾਸ਼ਾ, ਏਕਾ ਰੰਗ ਸਮਾਇਆ । ਆਦਿ ਜੁਗਾਦੀ ਖੇਲੇ ਖੇਲ ਤਮਾਸ਼ਾ, ਖੇਲਣਹਾਰਾ ਦਿਸ ਨਾ ਆਇਆ । ਥਿਰ ਘਰ ਸਾਚੇ ਪਾਵੇ ਰਾਸਾ, ਮੰਡਲ ਮੰਡਪ ਆਪ ਸੁਹਾਇਆ । ਆਪੇ ਪੂਰੀ ਕਰੇ ਆਪਣੀ ਆਸਾ, ਇਛਿਆ ਭਿਛਿਆ ਆਪ ਭਰਾਇਆ । ਆਪਣੇ ਅੰਦਰ ਕਰ ਕਰ ਵਾਸਾ, ਆਪ ਆਪਣਾ ਮੇਲ ਮਿਲਾਇਆ । ਆਪੇ ਸ਼ਾਹੋ ਆਪ ਸ਼ਾਬਾਸ਼ਾ, ਸਤਿ ਸੁਲਤਾਨਾ ਆਪਣਾ ਨਾਉਂ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਅਲਖ ਅਗੋਚਰ ਭੇਵ ਨਾ ਰਾਇਆ । ਅਲਖ ਅਗੋਚਰ ਅਗੰਮ ਅਥਾਹ, ਇਕ ਇਕੱਲਾ ਖੇਲ ਖਿਲਾਇੰਦਾ । ਸਚਖੰਡ ਦੁਆਰ ਸੁਹਾਏ ਸਾਚਾ ਥਾਂ, ਥਾਨ ਥਨੰਤਰ ਆਪ ਸੁਹਾਇੰਦਾ । ਏਕੰਕਾਰਾ ਬਣ ਮਲਾਹ, ਖੇਵਟ ਖੇਟਾ ਆਪਣਾ ਬੇੜਾ ਆਪ ਚਲਾਇੰਦਾ । ਆਪ ਆਪਣਾ ਨਾਉਂ ਧਰਾ, ਨਰ ਨਿਰੰਕਾਰਾ ਆਪਣਾ ਨਾਉਂ ਰਖਾਇੰਦਾ । ਅਜੂਨੀ ਰਹਿਤ ਵੇਸ ਵਟਾ, ਅਨਭਵ ਆਪਣੀ ਧਾਰ ਚਲਾਇੰਦਾ । ਸਾਚਾ ਤਖ਼ਤ ਆਪ ਸੁਹਾ, ਤਖ਼ਤ ਨਿਵਾਸੀ ਡੇਰਾ ਲਾਇੰਦਾ । ਹੁਕਮੀ ਹੁਕਮ ਹੁਕਮ ਆਪ ਫ਼ਰਮਾ, ਧੁਰ ਫ਼ਰਮਾਨਾ ਆਪ ਸੁਣਾਇੰਦਾ । ਸਾਚਾ ਸੁਤ ਆਪ ਜਗਾ, ਬਾਲ ਨਿਧਾਨਾ ਸੇਵਾ ਲਾਇੰਦਾ । ਲੋਆਂ ਪੁਰੀਆਂ ਖੰਡਾਂ ਬ੍ਰਹਿਮੰਡਾਂ ਰਚਨ ਰਚਾ, ਸੁੰਨ ਅਗੰਮ ਵੇਖ ਵਖਾਇੰਦਾ । ਨਿਰਗੁਣ ਮੇਲਾ ਆਪ ਮਿਲਾ, ਸਰਗੁਣ ਸਾਚਾ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਏਕਾ ਹਰਿ, ਦਰ ਘਰ ਸਾਚਾ ਆਪ ਸੁਹਾਇੰਦਾ । ਨਿਰਗੁਣ

ਰੂਪ ਪੁਰਖ ਅਗੰਮ, ਸ਼ਬਦ ਅਨਾਦੀ ਨਾਦ ਵਜਾਇੰਦਾ । ਨਿਸ਼ਅੱਖਰ ਬੋਲ ਆਪੇ ਜਾਣੇ ਆਪਣਾ ਕੰਮ, ਆਦਿ ਜੁਗਾਦੀ ਆਪਣੀ ਖੇਲ ਰਚਾਇੰਦਾ । ਨਾ ਕੋਈ ਤ੍ਰਿਸ਼ਨਾ ਨਾ ਕੋਈ ਤਮ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣੀ ਇਛਿਆ ਆਪੇ ਪੂਰ ਕਰਾਇੰਦਾ । ਆਪਣੀ ਇਛਿਆ ਹਰਿ ਕਰਤਾਰ, ਆਪੇ ਪੂਰ ਕਰਾਈਆ । ਆਪੇ ਪੁਰਖ ਆਪੇ ਨਾਰ, ਸੁਤ ਦੁਲਾਰਾ ਆਪੇ ਜਾਈਆ । ਆਪੇ ਵਿਸ਼ਵ ਵਿਸ਼ਨੂੰ ਕਰ ਤਿਆਰ, ਵਾਸਤਕ ਆਪਣੀ ਜੋਤ ਧਰਾਈਆ । ਆਪੇ ਖੋਲ੍ਹ ਕਿਵਾੜ ਭਰ ਭੰਡਾਰ, ਨਿਝਰ ਝਿਰਨਾ ਆਪ ਝਿਰਾਈਆ । ਆਪੇ ਅੰਦਰ ਆਪੇ ਬਾਹਰ, ਆਪੇ ਗੁਪਤ ਆਪੇ ਜ਼ਾਹਰ, ਆਪਣੀ ਕਲ ਆਪ ਵਰਤਾਈਆ । ਆਪੇ ਵੰਡਣ ਵੰਡੇ ਨਿਰਾਕਾਰ, ਸਾਕਾਰ ਆਪਣੀ ਖੇਲ ਖਿਲਾਈਆ । ਆਪੇ ਬ੍ਰਹਮ ਕਰ ਪਸਾਰ, ਆਪਣੇ ਹੱਥ ਰੱਖੇ ਵਡਿਆਈਆ । ਆਪੇ ਬ੍ਰਹਮਾ ਵੇਤਾ ਦਏ ਆਧਾਰ, ਆਪ ਆਪਣੀ ਬੂਝ ਬੁਝਾਈਆ । ਆਪੇ ਨਾਦ ਸ਼ਬਦ ਧੁਨਕਾਰ, ਨਾਦ ਅਨਾਦੀ ਆਪ ਸੁਣਾਈਆ । ਆਪੇ ਵਸੇ ਸਭ ਤੋਂ ਬਾਹਰ, ਭੇਵ ਅਭੇਦਾ ਭੇਵ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਵਿਸ਼ਨ ਬ੍ਰਹਮਾ ਲਏ ਉਪਾਈਆ । ਵਿਸ਼ਨ ਬ੍ਰਹਮਾ ਆਪ ਉਪਾਇਆ, ਆਪਣੀ ਅੰਸ ਸੁਹਾਇੰਦਾ । ਆਪਣੀ ਗੋਦੀ ਆਪ ਸੁਹਾਇਆ, ਦਾਈ ਦਾਇਆ ਆਪ ਅਖਵਾਇੰਦਾ । ਨਿਰਗੁਣ ਹੁਕਮ ਨਿਰਗੁਣ ਫ਼ਰਮਾਨ ਨਿਰਗੁਣ ਆਪ ਸੁਣਾਇਆ, ਨਿਰਗੁਣ ਨਿਉਂ ਨਿਉਂ ਸੀਸ ਝੁਕਾਇੰਦਾ । ਨਿਰਗੁਣ ਸੱਚਖੰਡ ਦੁਆਰ ਆਸਣ ਸਿੰਘਾਸਣ ਇਕ ਵਿਛਾਇਆ, ਨਿਰਗੁਣ ਥਿਰ ਘਰ ਸੋਭਾ ਪਾਇੰਦਾ । ਨਿਰਗੁਣ ਵਿਸ਼ਨ ਬ੍ਰਹਮਾ ਆਪੇ ਲਏ ਉਪਾਇਆ, ਨਿਰਗੁਣ ਧੂਆਂਧਾਰ ਆਪਣਾ ਰੂਪ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕੱਲਾ ਸਾਚਾ ਹਰਿ, ਆਪਣੀ ਖੇਲ ਆਪ ਖਿਲਾਇੰਦਾ । ਖੇਲ ਖਿਲਾਵਣਹਾਰਾ ਹਰਿ ਹਰਿ, ਬੇਐਬ ਪਰਵਰਦਿਗਾਰਿਆ । ਆਪਣੀ ਕਿਰਪਾ ਆਪੇ ਕਰ ਕਰ, ਵੇਖੇ ਵਿਗਸੇ ਕਰੇ ਵਿਚਾਰਿਆ । ਆਪਣੀ ਜੋਤੀ ਆਪੇ ਧਰ ਧਰ, ਧੂਆਂਧਾਰ ਕਰੇ ਉਜਿਆਰਿਆ । ਆਪੇ ਬ੍ਰਹਮਾ ਵਿਸ਼ਨ ਘਾੜਨ ਘੜ ਘੜ, ਆਪੇ ਸ਼ੰਕਰ ਨਾਲ ਰਲਾ ਲਿਆ । ਤਿੰਨਾਂ ਮਾਈ ਏਕਾ ਬਣ ਬਣ, ਏਕਾ ਰੂਪ ਦਰਸਾ ਰਿਹਾ । ਆਪੇ ਜਨਨੀ ਹੋਏ ਜਨ ਜਨ, ਜਨ ਜਣੇਂਦੀ ਮਾਉਂ ਆਪਣਾ ਨਾਉਂ ਧਰਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਏਕਾ ਹਰਿ, ਆਪਣੀ ਰਚਨਾ ਆਪ ਰਚਾ ਲਿਆ । ਵਿਸ਼ਨ ਬ੍ਰਹਮਾ ਸ਼ਿਵ ਹਰਿ ਕਰ ਤਿਆਰ, ਏਕਾ ਤੱਤ ਸਮਝਾਇਆ । ਏਕਾ ਅੱਖਰ ਦਏ ਆਧਾਰ, ਨਿਸ਼ਅੱਖਰ ਲਏ ਪੜ੍ਹਾਇਆ । ਏਕਾ ਚਰਨ ਇਕ ਦੁਆਰ, ਏਕਾ ਕਵਲ ਨਾਭ ਭਰਾਇਆ । ਏਕਾ ਮੁਖ ਇਕ ਵਿਚਾਰ, ਏਕਾ ਧੁਨ ਨਾਦ ਅਗੰਮ ਅਪਾਰ, ਏਕਾ ਰਾਗ ਦਏ ਸੁਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਦਿ ਆਦਿ ਆਪਣਾ ਰੰਗ ਆਪ ਰੰਗਾਇਆ । ਆਦਿ ਪੁਰਖ ਹਰਿ ਰੰਗ ਰੰਗਾਇਆ, ਏਕਾ ਗੁਣ ਸਮਝਾਈਆ । ਬ੍ਰਹਮਾ ਵੇਤਾ ਆਪ ਉਠਾਇਆ, ਦੂਸਰ ਦਿਸ ਕਿਸੇ ਨਾ ਆਈਆ । ਸ਼ੰਕਰ ਆਪਣਾ ਹੁਕਮ ਸੁਣਾਇਆ, ਭੁਲ ਕਦੇ ਨਾ ਜਾਈਆ । ਤਿੰਨਾਂ ਵਿਚੋਲਾ ਹਰਿ ਰਘੁਰਾਇਆ, ਸਾਚੇ ਤਖ਼ਤ ਬੈਠਾ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਧਾਰ ਬੰਧਾਈਆ । ਵਿਸ਼ਨ ਧਾਰ ਹਰਿ ਚਲਾਇੰਦਾ, ਹੁਕਮੀ ਹੁਕਮ ਧੁਰ ਫ਼ਰਮਾਨ । ਬ੍ਰਹਮਾ ਪਾਰਬ੍ਰਹਮ ਉਠਾਇੰਦਾ, ਆਪੇ ਹੋਇਆ ਜਾਣੀ ਜਾਣ । ਸ਼ੰਕਰ ਸਾਚਾ ਰਾਹ ਵਖਾਇੰਦਾ, ਦੇਵੇ ਨਾਮ ਨਿਧਾਨ । ਤਿੰਨਾਂ ਏਕਾ

ਮਾਰਗ ਲਾਇੰਦਾ, ਪੁਰਖ ਅਬਿਨਾਸ਼ੀ ਵਾਲੀ ਦੋ ਜਹਾਨ । ਆਪਣਾ ਭੰਡਾਰਾ ਆਪ ਵਰਤਾਇੰਦਾ, ਦੇਵਣਹਾਰ ਆਪ ਭਗਵਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਿੰਨਾਂ ਵਿਚੋਲਾ ਏਕਾ ਬਣ, ਏਕਾ ਧਾਮ ਸੁਹਾਇੰਦਾ । ਸਾਚਾ ਧਾਮ ਸੁਹੰਦੜਾ, ਪਾਰਬ੍ਰਹਮ ਬੇਪਰਵਾਹ । ਵਿਸ਼ਨੂੰ ਨਿਉਂ ਨਿਉਂ ਸੀਸ ਝੁਕੰਦੜਾ, ਬ੍ਰਹਮਾ ਨੇਤਰ ਨੀਰ ਰਿਹਾ ਵਹਾ । ਸ਼ੰਕਰ ਗਲ ਵਿਚ ਪੱਲੂ ਪਾਂਦੜਾ, ਨਾ ਦੂਸਰ ਦਿਸੇ ਕੋਇ ਸਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸੀਸ ਜਗਦੀਸ਼ ਰੱਖੇ ਹੱਥ ਟਿੱਕਾ । ਵਿਸ਼ਨ ਵਿਸ਼ਨ ਵਿਸ਼ਨ ਧਾਰ, ਵਿਸ਼ਵ ਹਰਿ ਹਰਿ ਆਪ ਸਮਝਾਇੰਦਾ । ਲੱਖ ਚੁਰਾਸੀ ਦਾਤਾ ਬਣੇ ਵਰਤਾਰ, ਦੇਵਣਹਾਰਾ ਆਪ ਹੋ ਜਾਇੰਦਾ । ਬ੍ਰਹਮੇ ਤੇਰਾ ਬ੍ਰਹਮ ਪਿਆਰ, ਪਾਰਬ੍ਰਹਮ ਹਰਿ ਸਮਝਾਇੰਦਾ । ਮੇਰੀ ਰਚਨਾ ਤੇਰੀ ਧਾਰ, ਤੇਰਾ ਤੇਰੇ ਵਿਚ ਸਮਾਇੰਦਾ । ਸਾਚੀ ਸਿਖਿਆ ਅਪਰ ਅਪਾਰ, ਅਪਰੰਪਰ ਆਪ ਦਰਸਾਇੰਦਾ । ਸ਼ੰਕਰ ਉਠ ਬਾਲ ਨਾਦਾਨ, ਗੁਣ ਨਿਧਾਨਾ ਆਪ ਉਠਾਇੰਦਾ । ਜਗਤ ਮਿਟਣਾ ਅੰਤ ਨਿਸ਼ਾਨ, ਜੋ ਘੜਿਆ ਭੰਨ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਤਿੰਨਾਂ ਏਕਾ ਹੁਕਮ ਸੁਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਉਠ ਕਰ ਨਿਮਸਕਾਰ, ਪ੍ਰਭ ਅੱਗੇ ਸੀਸ ਝੁਕਾਈਆ । ਕਵਣ ਰੂਪ ਤੇਰਾ ਹਰਿ ਨਿਰੰਕਾਰ, ਨਿਰਗੁਣ ਸਰਗੁਣ ਵੇਖ ਵਖਾਈਆ । ਲੱਖ ਚੁਰਾਸੀ ਕਵਣ ਭੰਡਾਰ, ਕਵਣ ਦਾਤਾ ਬਣੇ ਬੇਪਰਵਾਹੀਆ । ਕਵਣ ਤੱਤ ਲਏ ਵਿਚਾਰ, ਤ੍ਰੈ ਤ੍ਰੈ ਕਵਣ ਵੰਡ ਵੰਡਾਈਆ । ਪੁਰਖ ਅਬਨਾਸ਼ੀ ਹੋ ਮਿਹਰਬਾਨ, ਧੁਰ ਫ਼ਰਮਾਨਾ ਇਕ ਜਣਾਈਆ । ਤ੍ਰੈਗੁਣ ਮਾਇਆ ਕਰ ਤਿਆਰ, ਰਜੋ ਤਮੋ ਸਤੋ ਸਾਚੀ ਝੋਲੀ ਦਏ ਭਰਾਈਆ । ਪੰਜ ਤੱਤ ਦਏ ਆਧਾਰ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਏਕਾ ਗੰਢ ਪਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਲੱਖ ਚੁਰਾਸੀ ਘਾੜਨ ਲਏ ਘੜਾਈਆ । ਲੱਖ ਚੁਰਾਸੀ ਘਾੜਣ ਘੜਿਆ, ਨਿਰਗੁਣ ਅੰਦਰ ਨਿਰਗੁਣ ਵੜਿਆ, ਸਰਗੁਣ ਨਿਰਗੁਣ ਏਕਾ ਧਾਰ ਵਖਾਇੰਦਾ । ਆਪਣੇ ਪੌੜੇ ਆਪੇ ਚੜ੍ਹਿਆ, ਆਪਣਾ ਮੰਦਰ ਆਪ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਫ਼ਰਮਾਨਾ ਆਪ ਸੁਣਾਇੰਦਾ । ਧੁਰ ਫ਼ਰਮਾਨਾ ਏਕਾ ਹਰਿ, ਹਰਿ ਜੂ ਹਰਿ ਹਰਿ ਆਪ ਸੁਣਾਇੰਦਾ । ਵਿਸ਼ਨ ਸਰਨੀ ਗਿਆ ਪੜ, ਨਿਉਂ ਨਿਉਂ ਸੀਸ ਝੁਕਾਇੰਦਾ । ਬ੍ਰਹਮਾ ਫੜਾਏ ਏਕਾ ਲੜ, ਛੁੱਟ ਕਦੇ ਨਾ ਜਾਇੰਦਾ । ਸ਼ੰਕਰ ਜਟਾ ਜੂਟ ਧਾਰ ਏਕਾ ਵੇਖੇ ਸਾਚਾ ਗੜ੍ਹ, ਦੂਸਰ ਦਰ ਨਾ ਕੋਇ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਹਰਿ, ਆਦਿ ਜੁਗਾਦਿ ਆਪਣਾ ਖੇਲ ਆਪ ਬੁਝਾਇੰਦਾ । ਆਦਿ ਜੁਗਾਦੀ ਖੇਲ ਅਪਾਰਾ, ਹਰਿ ਕਰਤਾ ਆਪ ਕਰਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਵਿਸ਼ਨ ਬ੍ਰਹਮਾ ਸ਼ਿਵ ਤੇਰਾ ਰਹੇ ਵਰਤਾਰਾ, ਲੋਕਮਾਤ ਵੱਜੇ ਵਧਾਈਆ । ਜੁਗ ਚੌਕੜੀ ਗੁਰ ਅਵਤਾਰ ਲਏ ਅਵਤਾਰਾ, ਭਗਤ ਭਗਵੰਤ ਲਏ ਪਰਗਟਾਈਆ । ਸਾਧ ਸੰਗਤ ਦਏ ਹੁਲਾਰਾ, ਆਪ ਆਪਣੀ ਸੇਵ ਕਮਾਈਆ । ਗੁਰਮੁਖਾਂ ਦੇਵੇ ਚਰਨ ਕਵਲ ਸਹਾਰਾ, ਸਰਗੁਣ ਸਰਗੁਣ ਵੇਖ ਵਖਾਈਆ । ਗੁਰਮੁਖ ਸਾਚੇ ਲਾਏ ਪਾਰਾ, ਜਿਸ ਜਨ ਆਪਣੀ ਬੂਝ ਬੁਝਾਈਆ । ਲੱਖ ਚੁਰਾਸੀ ਕਰੇ ਖ਼ਵਾਰ, ਸੱਚਾ ਬੈਠਾ ਮੁਖ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਦਏ ਸਮਝਾਈਆ । ਚਾਰ ਜੁਗ ਚੌਕੜ ਧਾਰ, ਚਾਰ ਕੁੰਟ ਵਹਾਇੰਦਾ । ਲੋਆਂ ਪੁਰੀਆਂ ਹੋ ਉਜਿਆਰ, ਬ੍ਰਹਿਮੰਡ ਖੰਡ ਸ਼ਬਦ ਨਾਦ ਵਜਾਇੰਦਾ । ਰਵ ਸਸ ਕਰ ਤਿਆਰ,

੬੪ ੧੦

ਮੰਡਲ ਮੰਡਪ ਆਪ ਸੁਹਾਇੰਦਾ । ਧਰਨੀ ਧਰਤ ਧਵਲ ਦਏ ਸਹਾਰ, ਜਲ ਬਿੰਬ ਆਪ ਟਿਕਾਇੰਦਾ । ਲੱਖ ਚੁਰਾਸੀ ਕਰੇ ਵਿਚਾਰ, ਘਟ ਘਟ ਆਪਣਾ ਆਸਣ ਲਾਇੰਦਾ । ਨਿਰਗੁਣ ਦੀਆ ਨਿਰਗੁਣ ਬਾਤੀ ਨਿਰਗੁਣ ਕਮਲਾਪਾਤੀ ਨਿਰਗੁਣ ਸਾਚਾ ਸਾਕੀ, ਅੰਮ੍ਰਿਤ ਜਾਮ ਆਪ ਪਿਆਇੰਦਾ । ਨਿਰਗੁਣ ਸਰਗੁਣ ਵੇਖੇ ਹਾਟੀ, ਖੇਲੇ ਖੇਲ ਬਾਜ਼ੀਗਰ ਨਾਟੀ, ਨਟੂਆ ਨਾਟ ਆਪਣਾ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮਾ ਸ਼ਿਵ ਦੇਵੇ ਏਕਾ ਵਰ, ਏਕਾ ਹੁਕਮ ਆਪ ਸੁਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਤੇਰੀ ਸੇਵ ਲਗੌਣੀ, ਹਰਿ ਸਾਚਾ ਆਪ ਸਮਝਾਇੰਦਾ । ਲੋਕਮਾਤ ਲੱਖ ਚੁਰਾਸੀ ਬਣਤ ਬਣੌਣੀ, ਨੌਂ ਖੰਡ ਪ੍ਰਿਥਮੀ ਵੰਡ ਵੰਡਾਇੰਦਾ । ਅੰਡਜ ਜੇਰਜ ਉਤਭੁਜ ਸੇਤਜ ਵੇਖ ਵਖੌਣੀ, ਭੁਲ ਕਦੇ ਨਾ ਜਾਇੰਦਾ । ਪਰਾ ਪਸੰਤੀ ਮਧਮ ਬੈਖ਼ਰੀ ਬਾਣੀ ਆਪ ਜਣੌਣੀ, ਆਪ ਆਪਣਾ ਪਰਦਾ ਲਾਹਿੰਦਾ । ਚਾਰੇ ਵੇਦਾਂ ਏਕਾ ਧਾਰ ਬੰਧੌਣੀ, ਬੰਨ੍ਹਣਹਾਰ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਵੰਡ ਵੰਡਾਇੰਦਾ । ਸਾਚੀ ਵੰਡਣ ਹਰਿ ਕਰਤਾਰ, ਆਪਣੀ ਆਪ ਵੰਡਾਈਆ । ਸਤਿਜੁਗ ਤ੍ਰੇਤਾ ਦੁਆਪਰ ਕਰ ਤਿਆਰ, ਕਲਜੁਗ ਚੌਥਾ ਜੁਗ ਸੰਗ ਰਲਾਈਆ । ਤ੍ਰੈ ਤ੍ਰੈ ਲੇਖਾ ਕਰੇ ਪਾਰ, ਥਿਰ ਕੋਇ ਰਹਿਣ ਨਾ ਪਾਈਆ । ਜੋ ਉਪਜੇ ਸੋ ਬਿਨਸੇ ਵਿਚ ਸੰਸਾਰ, ਗੁਰ ਅਵਤਾਰ ਦੇਣ ਗਵਾਹੀਆ । ਸਤਿਜੁਗ ਸਤਿ ਸਤਿਵਾਦੀ ਪ੍ਰਗਟ ਹੋ ਵਾਰ ਅਠਾਰ, ਸਰਗੁਣ ਨਿਰਗੁਣ ਨਿਰਗੁਣ ਸਰਗੁਣ ਗਿਆ ਜੋਤ ਪ੍ਰਗਟਾਈਆ । ਤ੍ਰੇਤਾ ਤਿਰੀਆ ਕਰ ਵਿਚਾਰ, ਰਾਮ ਰਾਮਾ ਰੂਪ ਦਰਸਾਈਆ । ਦੁਆਪਰ ਖੇਲ ਕਰੇ ਕਰਤਾਰ, ਖੇਲਣਹਾਰਾ ਦਿਸ ਨਾ ਆਈਆ । ਕਾਹਨਾ ਕ੍ਰਿਸ਼ਨਾ ਮੀਤ ਮੁਰਾਰ, ਨਾਮ ਬੰਸਰੀ ਇਕ ਵਜਾਈਆ । ਸਾਚੀ ਸਖੀਆਂ ਮੰਗਲਚਾਰ, ਮੁਕੰਦ ਮਨੋਹਰ ਲਖਮੀ ਨਰਾਇਣ ਆਪਣੀ ਰਾਸ ਆਪ ਰਚਾਈਆ । ਗ਼ਰੀਬ ਨਿਮਾਣਿਆਂ ਦਏ ਆਧਾਰ, ਸ਼ਾਹ ਸੁਲਤਾਨਾਂ ਖ਼ਾਕ ਮਿਲਾਈਆ । ਕਲਜੁਗ ਅੰਤਮ ਖੇਲ ਨਿਆਰ, ਈਸਾ ਮੂਸਾ ਸੰਗ ਮੁਹੰਮਦ ਚਾਰ ਯਾਰ ਅੱਲਾ ਰਾਣੀ ਉਚੀ ਕੂਕੇ ਦਏ ਦੁਹਾਈਆ । ਐਨਲਹੱਕ ਕਰੇ ਪੁਕਾਰ, ਹੱਕ ਹਕ਼ੀਕ਼ਤ ਵੇਖੇ ਸਾਚਾ ਮਾਹੀਆ । ਮਿਹਬਾਨ ਬੀਦੋ ਬੀ ਖ਼ੈਰ ਯਾ ਅੱਲਾ ਤੌਫ਼ੀਕ ਇਕ ਖ਼ੁਦਾਏ, ਰਹਿਮਤ ਰਹਿਮਾਨ ਇਕ ਦਰਸਾਈਆ । ਨਿਰਗੁਣ ਸਰਗੁਣ ਕਰ ਤਿਆਰ, ਪੰਜ ਤੱਤ ਦਏ ਆਧਾਰ, ਨਾਨਕ ਜੋਤੀ ਜੋਤ ਉਜਿਆਰ, ਨਾਮ ਸਤਿ ਕਰੇ ਪੜ੍ਹਾਈਆ । ਨਿਸ਼ਅੱਖਰ ਜਗਤ ਵੱਖਰ ਹਰਿ ਗਿਰਧਾਰ, ਵਰਨ ਬਰਨ ਚਾਰ ਕੁੰਟ ਦਹਿ ਦਿਸ਼ਾ ਆਪ ਸੁਣਾਈਆ । ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਕਰੇ ਇਕ ਪਿਆਰ, ਰਾਓ ਰੰਕ ਨਾ ਕੋਇ ਜਣਾਈਆ । ਅੰਤਮ ਉਚੀ ਕੂਕ ਗਿਆ ਪੁਕਾਰ, ਭੁਲ ਨਾ ਜਾਏ ਕੋਇ ਜੀਵ ਗਵਾਰ, ਧੁਰ ਦੀ ਬਾਣੀ ਬਾਣ ਲਗਾਈਆ । ਸ਼ਬਦ ਅਨਾਦ ਸੱਚੀ ਧੁਨਕਾਰ, ਧੁਰਦਰਗਾਹੀ ਆਪ ਸੁਣਾਈਆ । ਨਾਨਕ ਲੇਖਾ ਅਪਰ ਅਪਾਰ, ਨਾ ਕੋਈ ਮੇਟੇ ਮੇਟ ਮਿਟਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਜੁਗ ਕਰਤਾ ਲੈ ਲੈ ਆਏ ਅਵਤਾਰ, ਲੋਕਮਾਤ ਕਰੇ ਰੁਸ਼ਨਾਈਆ । ਕਲਜੁਗ ਅੰਤਮ ਖੇਲ ਕਰੇ ਅਪਾਰ, ਮਹਾਬਲੀ ਆਪਣਾ ਨਾਉਂ ਧਰਾਈਆ । ਨਿਹਕਲੰਕ ਆਏ ਆਪ ਆਪਣੀ ਵਾਰ, ਮਾਤਾ ਪਿਤਾ ਗੋਦ ਨਾ ਕੋਇ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਬੈਠਾ ਆਸਣ ਲਾਈਆ । ਸਚਖੰਡ ਦੁਆਰ ਸੁਹਾਇੰਦਾ, ਨਿਰਗੁਣ ਦਾਤਾ ਹਰਿ ਕਰਤਾਰ । ਆਪਣਾ ਆਸਣ ਆਪੇ ਲਾਇੰਦਾ, ਸ਼ਾਹੋ ਭੂਪ ਬਣ ਸਿਕਦਾਰ । ਸਾਚਾ ਤਾਜ ਸੀਸ ਟਿਕਾਇੰਦਾ, ਤਖ਼ਤ ਨਿਵਾਸੀ ਬੇਐਬ ਪਰਵਰਦਿਗਾਰ । ਕਲਜੁਗ ਅੰਤਮ ਵੇਖ ਵਖਾਇੰਦਾ, ਵੇਖਣਹਾਰ ਏਕੰਕਾਰ ।

ਨਾਨਕ ਨਿਰਗੁਣ ਜੋਤੀ ਡਗਮਗਾਇੰਦਾ, ਨੂਰ ਨੁਰਾਨਾ ਸ਼ਾਹ ਸੁਲਤਾਨ ਸੱਚੀ ਸਰਕਾਰ । ਦਸ ਦਸ ਰੂਪ ਆਪ ਵਟਾਇੰਦਾ, ਰੂਪ ਅਨੂਪ ਭੇਵ ਨਿਆਰ । ਨਾਮ ਖੰਡਾ ਹੱਥ ਚਮਕਾਇੰਦਾ, ਬ੍ਰਹਿਮੰਡਾਂ ਪਾਵੇ ਸਾਰ । ਜੇਰਜ ਅੰਡਾਂ ਵੇਖ ਵਖਾਇੰਦਾ, ਖ਼ਾਲਕ ਖ਼ਲਕ ਦਏ ਆਧਾਰ । ਸਾਲਸ ਆਪਣਾ ਨਾਉਂ ਰਖਾਇੰਦਾ, ਗੋਬਿੰਦ ਜੋਧਾ ਸੂਰਬੀਰ ਬਲਕਾਰ । ਪੁਰਖ ਅਕਾਲ ਇਕ ਮਨਾਇੰਦਾ, ਸੁਤ ਦੁਲਾਰ ਦਏ ਆਧਾਰ । ਸੂਲਾਂ ਸੱਥਰ ਸੇਜ ਆਪ ਹੰਢਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਦਰ ਘਰ ਸਾਚਾ ਆਪ ਸੁਹਾਇੰਦਾ । ਦਰ ਘਰ ਸੁਹੰਜਣਾ, ਸਤਿ ਪੁਰਖ ਨਿਰੰਜਣ ਆਪ ਸੁਹਾਈਆ । ਜੋਤ ਜਗਾਏ ਆਦਿ ਨਿਰੰਜਣਾ, ਅੰਧ ਅੰਧੇਰ ਦਏ ਗਵਾਈਆ । ਪਾਰਬ੍ਰਹਮ ਅਬਿਨਾਸ਼ੀ ਕਰਤਾ ਦਰਦ ਦੁੱਖ ਭੈ ਭੰਜਨਾ, ਭਵ ਸਾਗਰ ਲਏ ਤਰਾਈਆ । ਚਰਨ ਧੂੜ ਕਰਾਏ ਸਾਚਾ ਮਜਨਾ, ਅਠਸਠ ਨਹਾਵਣ ਕੋਇ ਨਾ ਜਾਈਆ । ਜਨ ਭਗਤਾਂ ਪਰਦਾ ਆਪੇ ਕੱਜਣਾ, ਸਿਰ ਸਮਰਥ ਹੱਥ ਟਿਕਾਈਆ । ਕਲਜੁਗ ਅੰਤਮ ਨਿਹਕਲੰਕ ਸੂਰਾ ਸਰਬੰਗ ਏਕਾ ਗੱਜਣਾ, ਸੰਬਲ ਨਗਰੀ ਆਸਣ ਲਾਈਆ । ਜੋ ਘੜਿਆ ਸੋ ਭੱਜਣਾ, ਭੰਨਣਹਾਰ ਆਪ ਭੰਨਾਈਆ । ਕਾਲ ਨਗਾਰਾ ਸਭ ਦੇ ਸਿਰ ਤੇ ਵੱਜਣਾ, ਨਾ ਸਕੇ ਕੋਇ ਬਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗਾ ਜੁਗੰਤਰ ਸਾਚੀ ਕਾਰ, ਹਰਿ ਕਰਤਾ ਆਪ ਕਮਾਈਆ । ਹਰਿ ਸਾਚੀ ਕਾਰ ਕਮਾਇੰਦਾ, ਆਦਿ ਜੁਗਾਦੀ ਵਡ ਮਿਹਰਵਾਨ । ਸਤਿਜੁਗ ਤ੍ਰੇਤਾ ਦੁਆਪਰ ਪਾਰ ਕਰਾਇੰਦਾ, ਕਲਜੁਗ ਮੇਟੇ ਅੰਤ ਨਿਸ਼ਾਨ । ਨੌਂ ਖੰਡ ਪ੍ਰਿਥਮੀ ਫੋਲ ਫੁਲਾਇੰਦਾ, ਸੱਤਾਂ ਦੀਪਾਂ ਮਾਰ ਧਿਆਨ । ਚਾਰ ਵਰਨ ਖੋਜ ਖੁਜਾਇੰਦਾ, ਦਿਵਸ ਰੈਣ ਨਿਗਹਬਾਨ । ਕੂੜੀ ਕਿਰਿਆ ਮੇਟ ਮਿਟਾਇੰਦਾ, ਨਾਤਾ ਤੋੜੇ ਪੰਜ ਸ਼ੈਤਾਨ । ਕਲਜੁਗ ਖ਼ਾਲੀ ਠੂਠਾ ਹੱਥ ਵਖਾਇੰਦਾ, ਅੰਤਮ ਲੁੱਟੀ ਜਾਏ ਦੁਕਾਨ । ਸਚ ਧਰਮ ਹੱਥ ਕਿਸੇ ਨਾ ਆਇੰਦਾ, ਜੀਵ ਜੰਤ ਸਰਬ ਕੁਰਲਾਣ । ਸਚ ਨਿਸ਼ਾਨ ਨਾ ਕੋਇ ਵਖਾਇੰਦਾ, ਧੁਆਂਧਾਰ ਜ਼ਿਮੀਂ ਅਸਮਾਨ । ਰਾਜ ਰਾਜਾਨ ਸਾਚਾ ਹੁਕਮ ਨਾ ਕੋਇ ਚਲਾਇੰਦਾ, ਨੌਂ ਖੰਡ ਪ੍ਰਿਥਮੀ ਹੋਈ ਬੇਈਮਾਨ । ਗੁਰ ਕਾ ਸ਼ਬਦ ਨਾ ਕੋਇ ਕਮਾਇੰਦਾ, ਰਸਨਾ ਜਿਹਵਾ ਸਰਬ ਹਲਾਣ । ਇਸ਼ਟ ਦੇਵ ਨਾ ਕੋਇ ਮਨਾਇੰਦਾ, ਨੇਤਰ ਲੋਇਣ ਲੋਚਣ ਦਰਸ ਨਾ ਕੋਇ ਪਾਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਕਰੇ ਖੇਲ ਸ੍ਰੀ ਭਗਵਾਨ । ਕਲਜੁਗ ਅੰਤਮ ਖੇਲ ਖਿਲਾਵਣਾ, ਹਰਿ ਸਾਚਾ ਕਾਰ ਕਰਾਇੰਦਾ । ਜੂਠ ਝੂਠ ਮੇਟ ਮਿਟਾਵਣਾ, ਮਾਇਆ ਮਮਤਾ ਮੋਹ ਚੁਕਾਇੰਦਾ । ਨੌਂ ਖੰਡ ਪ੍ਰਿਥਮੀ ਸ਼ਬਦ ਖੰਡਾ ਇਕ ਚਮਕਾਵਣਾ, ਸ੍ਰਿਸ਼ਟ ਸਬਾਈ ਡੇਰਾ ਢਾਹਿੰਦਾ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਤਖ਼ਤੋਂ ਲਾਹਵਣਾ, ਸੀਸ ਤਾਜ ਨਾ ਕੋਇ ਟਿਕਾਇੰਦਾ । ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਏਕਾ ਧਾਮ ਬਹਾਵਣਾ, ਊਚ ਨੀਚ ਨਾ ਕੋਇ ਬਣਾਇੰਦਾ । ਏਕਾ ਨਾਮ ਏਕਾ ਜਾਪ ਸਰਬ ਜਪਾਵਣਾ, ਆਤਮ ਪਰਮਾਤਮ ਮੇਲ ਮਿਲਾਇੰਦਾ । ਏਕਾ ਨਗਰ ਗਰਾਮ ਖੇੜਾ ਸਚ ਦਰਸਾਵਣਾ, ਸੱਚਖੰਡ ਦੁਆਰਾ ਕੁੰਡਾ ਲਾਹਿੰਦਾ । ਨਿਰਗੁਣ ਨਿਰਵੈਰ ਪੁਰਖ ਅਕਾਲ ਜਨ ਭਗਤਾਂ ਗ੍ਰਿਹਿ ਅੰਦਰ ਮੰਦਰ ਦਰਸ ਦਖਾਵਣਾ, ਬਜਰ ਕਪਾਟੀ ਤੋੜ ਤੁੜਾਇੰਦਾ । ਚੌਦਾਂ ਤਬਕਾਂ ਮਾਣ ਮੁਕਾਵਣਾ, ਚੌਦਾਂ ਲੋਕ ਚਰਨਾਂ ਹੇਠ ਦਬਾਇੰਦਾ । ਕਰੋੜ ਤਤੀਸਾ ਰਹਿਣ ਨਾ ਪਾਵਣਾ, ਸੁਰਪਤ ਰਾਜਾ ਇੰਦ ਵਕਤ ਚੁਕਾਇੰਦਾ । ਸ਼ੰਕਰ ਅੰਤਮ ਜੋਤੀ ਮੇਲ ਮਿਲਾਵਣਾ, ਹੱਥ ਤ੍ਰਿਸੂਲ ਨਾ ਕੋਇ ਉਠਾਇੰਦਾ । ਬ੍ਰਹਮੇ ਪਾਰਬ੍ਰਹਮ ਸਮਾਵਣਾ, ਚਾਰੇ ਮੁਖ ਚਾਰੇ ਵੇਦ ਨਾ ਕੋਇ ਅਲਾਇੰਦਾ । ਵਿਸ਼ਨੂੰ ਤੇਰਾ ਰਿਜ਼ਕ ਆਪਣੀ ਝੋਲੀ ਪਾਵਣਾ, ਘਰ ਘਰ ਰਿਜ਼ਕ

੬੭
੧੦

ਨਾ ਕੋਇ ਪੁਚਾਇੰਦਾ । ਏਕਾ ਡੰਕਾ ਨਾਮ ਵਜਾਵਣਾ, ਪੁਰਖ ਅਕਾਲ ਖੇਲ ਖਿਲਾਇੰਦਾ । ਕਲਜੁਗ ਕੂੜਾ ਰਹਿਣ ਨਾ ਪਾਵਣਾ, ਜਗਤ ਅੰਧੇਰਾ ਆਪ ਗਵਾਇੰਦਾ । ਸਤਿਜੁਗ ਸਾਚਾ ਮਾਰਗ ਲਾਵਣਾ, ਸਾਚੀ ਸਿਖਿਆ ਸਿਖ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਬੰਧਨ ਆਪੇ ਪਾਇੰਦਾ । ਕਲਜੁਗ ਬੰਧਨ ਪਾਵਣਾ, ਪੁਰਖ ਅਬਿਨਾਸ਼ੀ ਬੇਪਰਵਾਹ । ਨੌਂ ਖੰਡ ਪ੍ਰਿਥਮੀ ਲੱਖ ਚੁਰਾਸੀ ਵੇਖ ਵਖਾਵਣਾ, ਘਟ ਘਟ ਵੇਖੇ ਥਾਉਂ ਥਾਂ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਰੂਪ ਆਪ ਧਰਾਵਣਾ, ਰੂਪ ਰੰਗ ਰੇਖ ਨਾ ਸਕੇ ਕੋਇ ਜਣਾ । ਸ਼ਬਦ ਖੰਡਾ ਹੱਥ ਚਮਕਾਵਣਾ, ਬ੍ਰਹਿਮੰਡਾਂ ਖੰਡਾਂ ਦਏ ਦਰਸਾ । ਮਨਮੁਖਾਂ ਕੰਡਾਂ ਆਪ ਵਢਾਵਣਾ, ਅੰਤਮ ਸੱਥਰ ਦਏ ਵਛਾ । ਗੁਰਮੁਖ ਵਿਰਲਾ ਆਪ ਤਰਾਵਣਾ, ਹਰਿ ਸਾਚੇ ਸੱਚੇ ਸ਼ਹਿਨਸ਼ਾਹ । ਜਿਸ ਜਨ ਆਪਣੀ ਬੂਝ ਬੁਝਾਵਣਾ, ਦੂਈ ਦਵੈਤੀ ਪਰਦਾ ਦਏ ਚੁਕਾ । ਕਾਮ ਕਰੋਧ ਲੋਭ ਮੋਹ ਹੰਕਾਰ ਨੇੜ ਨਾ ਆਵਣਾ, ਆਸਾ ਤ੍ਰਿਸ਼ਨਾ ਦਏ ਮਿਟਾ । ਸੁਰਤੀ ਸ਼ਬਦੀ ਮੇਲ ਮਿਲਾਵਣਾ, ਸੁਰਤ ਸ਼ਬਦ ਲਏ ਪਰਨਾ । ਡੂੰਘੀ ਭਵਰੀ ਪਾਰ ਕਰਾਵਣਾ, ਸੁਖਮਨ ਟੇਡੀ ਬੰਕ ਪਕੜੇ ਬਾਂਹ । ਤ੍ਰੈਬੈਣੀ ਆਪਣੇ ਨੈਣੀ ਪਾਰ ਕਰਾਵਣਾ, ਆਪੇ ਹੋਏ ਸਦ ਸਹਾ । ਅੰਮ੍ਰਿਤ ਜਾਮ ਇਕ ਪਿਆਵਣਾ, ਨਿਝਰ ਝਿਰਨਾ ਦਏ ਝਿਰਾ । ਹੰਸ ਕਾਗ ਆਪ ਬਣਾਵਣਾ, ਦੁਰਮਤ ਮੈਲ ਧਵਾ । ਸੋਹੰ ਹੰਸਾ ਮੋਤੀ ਚੋਗ ਚੁਗਾਵਣਾ, ਆਤਮ ਪਰਮਾਤਮ ਦਏ ਮਿਲਾ । ਆਤਮ ਸੇਜਾ ਇਕ ਸੁਹਾਵਣਾ, ਦਸਮ ਦੁਆਰੀ ਸੇਜ ਵਛਾ । ਨਾਰੀ ਕੰਤ ਇਕ ਹੰਢਾਵਣਾ, ਪਲੰਗ ਰੰਗੀਲਾ ਆਪ ਹੰਢਾ । ਮਿਲ ਸਖੀਆਂ ਮੰਗਲ ਗਾਵਣਾ, ਗੀਤ ਗੋਬਿੰਦ ਅਲਾ । ਸਤਿ ਸਤਿਵਾਦੀ ਏਕਾ ਨਜ਼ਰੀ ਆਵਣਾ, ਵਾਹਿਗੁਰੂ ਰਾਮ ਇਲਾਹੀ ਨੂਰ ਖ਼ੁਦਾ । ਜਲਵਾ ਆਪਣਾ ਆਪ ਵਖਾਵਣਾ, ਆਪੇ ਹੋਏ ਕੁਰਬਾਨ ਆਪੇ ਹੋਏ ਫ਼ਿਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਹਰਿਜਨ ਸਾਚੇ ਲਏ ਮਿਲਾ । ਨਿਹਕਲੰਕ ਸ੍ਰੀ ਭਗਵਾਨ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਸਤਿ ਸਤਿਵਾਦੀ ਇਕ ਵਖਾਏ ਇਕ ਨਿਸ਼ਾਨ, ਦੋ ਜਹਾਨਾਂ ਆਪ ਝੁਲਾਈਆ । ਚਾਰ ਵਰਨਾਂ ਦੇਵੇ ਇਕ ਗਿਆਨ, ਅਠਾਰਾਂ ਬਰਨ ਰਿਹਾ ਸਮਝਾਈਆ । ਏਕਾ ਰੂਪ ਸਤਿ ਸਰੂਪ ਵਡ ਭੂਪ ਹਰਿ ਮਿਹਰਬਾਨ, ਦੂਸਰ ਅਵਰ ਨਾ ਕੋਇ ਵਡਿਆਈਆ । ਚਾਰ ਵੇਦ ਸ਼ਾਸਤਰ ਸਿਮਰਤ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਦੇਂਦੀ ਆਈ ਗਿਆਨ, ਗਿਆਨ ਗਿਆਨ ਵਿਚ ਦ੍ਰਿੜਾਈਆ । ਬਿਨ ਸਤਿਗੁਰ ਪੂਰੇ ਏਥੇ ਓਥੇ ਦੇਵੇ ਨਾ ਕੋਇ ਮਾਣ, ਦਰਗਹਿ ਸਾਚੀ ਨਾ ਕੋਇ ਸਹਾਈਆ । ਭਰਮੇ ਭੁੱਲੇ ਜੀਵ ਨਾਦਾਨ, ਜੀਵਣ ਜੁਗਤ ਹੱਥ ਕਿਸੇ ਨਾ ਆਈਆ । ਪੜ੍ਹ ਪੜ੍ਹ ਥੱਕੇ ਹੋਏ ਬੇਈਮਾਨ, ਹਰਿ ਹਰਿ ਹਿਰਦੇ ਨਾ ਕੋਇ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਰ ਹਰਿ ਲੱਖ ਚੁਰਾਸੀ ਵੇਖੇ ਥਾਉਂ ਥਾਈਆ । ਲੱਖ ਚੁਰਾਸੀ ਵੇਖਣਹਾਰਾ, ਘਟ ਘਟ ਆਪ ਜਗਾਇੰਦਾ । ਕਲਜੁਗ ਕਰੇ ਪਾਰ ਕਿਨਾਰਾ, ਕੂੜੀ ਕਿਰਿਆ ਮੇਟ ਮਿਟਾਇੰਦਾ । ਰੈਣ ਅੰਧੇਰੀ ਮੇਟੇ ਅੰਧ ਅੰਧਿਆਰਾ, ਕੂੜ ਕੁੜਿਆਰਾ ਡੇਰਾ ਢਾਇੰਦਾ । ਸਚ ਸੁਚ ਸਾਚਾ ਚੰਦ ਕਰੇ ਉਜਿਆਰਾ, ਸਾਚੀ ਸਿਖਿਆ ਇਕ ਸਮਝਾਇੰਦਾ । ਵਰਨਾਂ ਬਰਨਾਂ ਵਸੇ ਬਾਹਰਾ, ਦੀਨ ਮਜ਼੍ਹਬ ਈਮਾਨ ਨਾ ਕੋਇ ਰਖਾਇੰਦਾ । ਨਿਰਗੁਣ ਜੋਤ ਨਿਰਾਕਾਰਾ, ਸ਼ਬਦ ਸ਼ਬਦੀ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਇਸ਼ਟ ਇਸ਼ਟ ਗੁਰਦੇਵ ਏਕਾ ਪਾਰਬ੍ਰਹਮ ਅਲਖ

ਅਭੇਵ, ਏਕਾ ਸੇਵਾ ਸਰਬ ਕਮਾਇੰਦਾ । ਏਕਾ ਸੇਵਕ ਸੇਵਾਦਾਰ, ਆਦਿ ਜੁਗਾਦਿ ਸੇਵ ਕਮਾਈਆ । ਏਕਾ ਏਕੰਕਾਰਾ ਖ਼ਬਰਦਾਰ, ਆਲਸ ਨਿੰਦਰਾ ਵਿਚ ਨਾ ਆਈਆ । ਕਲਜੁਗ ਅੰਤਮ ਹੋ ਤਿਆਰ, ਨਿਰਗੁਣ ਜੋਤ ਲੋਕਮਾਤ ਕਰੇ ਰੁਸ਼ਨਾਈਆ । ਭਗਤ ਭਗਵੰਤ ਲਏ ਉਠਾਲ, ਪੂਰਬ ਲਹਿਣਾ ਝੋਲੀ ਪਾਈਆ । ਸੰਤ ਕੰਤ ਮੇਲਾ ਦੋ ਜਹਾਨ, ਵਿਛੜ ਕਦੇ ਨਾ ਜਾਈਆ । ਗੁਰਮੁਖਾਂ ਬਖ਼ਸ਼ੇ ਇਕ ਗਿਆਨ, ਆਤਮ ਅੰਤਰ ਕਰੇ ਪੜ੍ਹਾਈਆ । ਗੁਰਸਿਖਾਂ ਦੇਵੇ ਜੀਆ ਦਾਨ, ਜੀਵਣ ਮੁਕਤ ਕਰਾਈਆ । ਮਨਮੁਖ ਜੀਵ ਹੋਏ ਨਾਦਾਨ, ਹਰਿ ਕਾ ਰੂਪ ਦਿਸ ਨਾ ਆਈਆ । ਨਾਤਾ ਜੁੜਿਆ ਪੰਜ ਸ਼ੈਤਾਨ, ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਕੂੜੀ ਕਿਰਿਆ ਦਏ ਮਿਟਾਈਆ । ਕੂੜੀ ਕਿਰਿਆ ਪੰਧ ਮੁਕਾਵਣਾ, ਚੌਥਾ ਜੁਗ ਆਪ ਚੁਕਾਇੰਦਾ । ਵੇਦ ਅਥਰਬਣ ਰਹਿਣ ਨਾ ਪਾਵਣਾ, ਐੜਾ ਅੱਖ ਇਕ ਖੁਲ੍ਹਾਇੰਦਾ । ਏਕਾ ਇਸ਼ਟ ਦ੍ਰਿਸ਼ਟ ਸਰਬ ਦਰਸਾਵਣਾ, ਏਕਾ ਭੂਪ ਨਜ਼ਰੀ ਆਇੰਦਾ । ਚਾਰ ਕੁੰਟ ਦਹਿ ਦਿਸ਼ਾ ਨਾਮ ਡੰਕ ਇਕ ਵਜਾਵਣਾ, ਰਾਓ ਰੰਕ ਰਾਜ ਰਾਜਾਨ ਸਰਬ ਉਠਾਇੰਦਾ । ਇਕ ਨਿਸ਼ਾਨ ਸੱਤ ਦੀਪ ਆਪ ਝੁਲਾਵਣਾ, ਨੌਂ ਖੰਡ ਏਕਾ ਹੁਕਮ ਵਰਤਾਇੰਦਾ । ਏਕਾ ਤਾਜ ਸੀਸ ਟਿਕਾਵਣਾ, ਪੰਚਮ ਪੰਚਮ ਪੰਚਮ ਜੋਗ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਰ ਹਰਿ ਆਪਣਾ ਹੁਕਮ ਆਪ ਵਰਤਾਇੰਦਾ । ਸਾਚਾ ਹੁਕਮ ਧੁਰ ਫ਼ਰਮਾਨ, ਕਲਜੁਗ ਅੰਤਮ ਆਪ ਜਣਾਈਆ । ਖੇਲੇ ਖੇਲ ਦੋ ਜਹਾਨ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਚੌਦਾਂ ਲੋਕ ਤ੍ਰੈਭਵਨ ਅਵਣ ਗਵਣ ਆਪਣਾ ਰੂਪ ਧਰਾਈਆ । ਆਪ ਵਖਾਏ ਸਤਿ ਨਿਸ਼ਾਨ, ਪੁਰਖ ਅਬਿਨਾਸ਼ੀ ਹੋ ਮਿਹਰਬਾਨ, ਜਗਦੀਸ਼ ਸਾਚੀ ਸੇਵਾ ਆਪ ਕਮਾਈਆ । ਜਨ ਭਗਤਾਂ ਦੇਵੇ ਧੁਰ ਫ਼ਰਮਾਨ, ਸ਼ਬਦ ਅਨਾਦੀ ਧੁਰ ਦੀ ਬਾਣੀ ਬ੍ਰਹਮ ਬ੍ਰਹਿਮਾਦੀ ਆਪ ਸੁਣਾਈਆ । ਆਦਿ ਜੁਗਾਦੀ ਖੇਲ ਮਹਾਨ, ਕਲਜੁਗ ਅੰਤਮ ਵੇਖੇ ਆਣ, ਸ੍ਰਿਸ਼ਟ ਸਬਾਈ ਜਗਤ ਲੋਕਾਈਆ । ਗੁਰਮੁਖ ਸੱਜਣ ਲਏ ਪਛਾਣ, ਚਰਨ ਕਵਲ ਦੇਵੇ ਸੱਚਾ ਮਾਣ, ਮਨ ਮਣਕਾ ਆਪ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਏਕਾ ਹਰਿ, ਨਿਰਗੁਣ ਨਿਰਗੁਣ ਨਿਰਗੁਣ ਧਾਰ ਆਪ ਚਲਾਈਆ । ਨਿਰਗੁਣ ਧਾਰ ਹਰਿ ਨਿਰੰਕਾਰ, ਨਿਰਵੈਰ ਪੁਰਖ ਚਲਾਇੰਦਾ । ਕਲਜੁਗ ਅੰਤ ਖੇਲ ਅਪਾਰ, ਖ਼ਾਲਕ ਖ਼ਲਕ ਵੇਖ ਵਖਾਇੰਦਾ । ਸੰਬਲ ਨਗਰੀ ਧਾਮ ਨਿਆਰ, ਗੋਬਿੰਦ ਸੂਰਾ ਆਸਣ ਲਾਇੰਦਾ । ਏਕਾ ਬੋਲ ਸ਼ਬਦ ਜੈਕਾਰ, ਸਾਚਾ ਨਾਅਰਾ ਆਪ ਸੁਣਾਇੰਦਾ । ਸ੍ਰਿਸ਼ਟ ਸਬਾਈ ਮਾਰੇ ਮਾਰ, ਬਚਿਆ ਕੋਇ ਰਹਿਣ ਨਾ ਪਾਇੰਦਾ । ਸੰਮਤ ਸਤਾਰਾਂ ਰਿਹਾ ਵਿਚਾਰ, ਧਰਤ ਧਵਲ ਸਰਬ ਹਿਲਾਇੰਦਾ । ਅੱਠ ਦਸ ਕਰੇ ਖ਼ਵਾਰ, ਨਵ ਨੌਂ ਗੇੜਾ ਆਪ ਦਵਾਇੰਦਾ । ਬੀਸ ਬੀਸਾ ਹੋ ਤਿਆਰ, ਜਗਤ ਜਗਦੀਸ਼ਾ ਵੇਸ ਵਟਾਇੰਦਾ । ਸੋਹੇ ਸੀਸ ਸੱਚੀ ਦਸਤਾਰ, ਇਕ ਇਕੀਸ ਕਲ ਵਰਤਾਇੰਦਾ । ਸ੍ਰਿਸ਼ਟ ਸਬਾਈ ਪੀਸਣ ਜਾਏ ਪੀਸ, ਕਲਜੁਗ ਚੱਕੀ ਆਪ ਚਲਾਇੰਦਾ । ਲੇਖਾ ਚੁੱਕੇ ਅੰਜੀਲ ਕੁਰਾਨ ਹਦੀਸ, ਤੀਸ ਬਤੀਸ ਨਾ ਕੋਇ ਸਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਖ ਵਖਾਇੰਦਾ । ਅੰਜੀਲ ਕੁਰਾਨ ਪੰਧ ਮੁਕੌਣਾ, ਲੋਕਮਾਤ ਰਹਿਣ ਨਾ ਪਾਈਆ । ਚਾਰੇ ਵੇਦ ਮੁਖ ਭਵੌਣਾ, ਚੌਥੇ ਜੁਗ ਦੇਵੇ ਪੰਧ ਮੁਕਾਈਆ । ਸ਼ਾਸਤਰ ਸਿਮਰਤ ਆਪਣੇ ਵਿਚ ਟਿਕੌਣਾ, ਗੀਤਾ ਗਿਆਨ ਨਾ ਕੋਇ ਵਡਿਆਈਆ । ਖਾਣੀ ਬਾਣੀ ਵੇਖ ਵਖੌਣਾ, ਏਕਾ

੬੯
੧੦

ਨਾਮ ਦਏ ਵਡਿਆਈਆ । ਰਾਮ ਕ੍ਰਿਸ਼ਨ ਕ੍ਰਿਸ਼ਨ ਰਾਮ ਕੋਟਨ ਕੋਟ ਰੂਪ ਆਪ ਦਰਸੌਣਾ, ਸੀਤਾ ਸੁਰਤੀ ਆਪ ਪਰਨਾਈਆ । ਕਲਜੁਗ ਰਾਵਣ
ਮਾਰ ਮੁਕੌਣਾ, ਕੰਸ ਹੰਕਾਰੀ ਮੇਟ ਮਿਟਾਈਆ । ਕਾਲਾ ਸੂਸਾ ਤਨ ਛੁਹੌਣਾ, ਈਸਾ ਮੂਸਾ ਲਏ ਉਠਾਈਆ । ਸੰਗ ਮੁਹੰਮਦ ਚਾਰ ਯਾਰ ਚੌਦਾਂ
ਤਬਕਾਂ ਫੇਰਾ ਪੌਣਾ, ਚਾਰੋਂ ਕੁੰਟ ਕਰੇ ਰੁਸ਼ਨਾਈਆ । ਸਚਖੰਡ ਨਿਵਾਸੀ ਆਪਣਾ ਖੇਲ ਆਪ ਖਿਲੌਣਾ, ਨਿਰਗੁਣ ਨਿਰਗੁਣ ਨਿਰਗੁਣ ਲਏ ਮੇਲ
ਮਿਲਾਈਆ । ਨਾਨਕ ਬੰਕ ਇਕ ਸੁਹੌਣਾ, ਗੋਬਿੰਦ ਵੱਜੇ ਵਧਾਈਆ । ਨੌਂ ਖੰਡ ਬ੍ਰਹਿਮੰਡ ਜੇਰਜ ਅੰਡ ਏਕਾ ਨਾਮ ਪੱਲੇ ਗੰਢ ਬੰਧੌਣਾ, ਠਗ ਚੋਰ
ਯਾਰ ਲੁੱਟ ਕੋਇ ਨਾ ਜਾਈਆ । ਅਠਸਠ ਤੀਰਥ ਪੰਧ ਮੁਕੌਣਾ, ਜਮਨਾ ਸੁਰਸਤੀ ਗੰਗਾ ਗੋਦਾਵਰੀ ਨਹਾਵਣ ਕੋਇ ਨਾ ਜਾਈਆ । ਘਰ ਘਰ
ਦੀਪਕ ਆਪ ਜਗੌਣਾ, ਜੋਤ ਨਿਰੰਜਣ ਕਰ ਰੁਸ਼ਨਾਈਆ । ਅਨਹਦ ਸ਼ਬਦ ਸੱਚੀ ਧੁਨਕਾਰ ਆਪ ਉਪਜੌਣਾ, ਅੱਠੇ ਪਹਿਰ ਵੱਜਦੀ ਰਹੇ ਵਧਾਈਆ ।
ਕਾਇਆ ਮੰਦਰ ਡੂੰਘੀ ਕੰਦਰ ਆਪ ਸੁਹੌਣਾ, ਹਰਿ ਮੰਦਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ
ਤੇਰੀ ਅੰਤਮ ਵਰ, ਹਰਿਜਨ ਸਾਚੇ ਲਏ ਫੜ, ਲੱਖ ਚੁਰਾਸੀ ਫੋਲ ਫੁਲਾਈਆ । ਗੁਰਮੁਖ ਸਾਚਾ ਸਤਿਗੁਰ ਫੜਿਆ, ਆਦਿ ਜੁਗਾਦੀ ਸੇਵ ਕਮਾਈਆ ।
ਆਪਣੇ ਪੌੜੇ ਆਪੇ ਚੜ੍ਹਿਆ, ਕਾਇਆ ਬੰਕ ਦਏ ਵਡਿਆਈਆ । ਚੌਥੇ ਘਰ ਆਪੇ ਵੜਿਆ, ਤੀਜਾ ਲੋਇਣ ਦਏ ਖੁਲ੍ਹਾਈਆ । ਦੋਏ ਦੋਏ ਲੇਖਾ
ਆਪੇ ਕਰਿਆ, ਇਕ ਇਕੱਲਾ ਸੱਚਾ ਸ਼ਹਿਨਸ਼ਾਹੀਆ । ਏਕੰਕਾਰਾ ਬੋਲ ਜੈਕਾਰਾ ਨਿਰਭੌ ਭੈ ਚੁਕਾਵੇ ਡਰਿਆ, ਰਾਏ ਧਰਮ ਨੇੜ ਨਾ ਆਈਆ ।
ਗੁਰਮੁਖ ਗੁਰਸਿਖ ਹਰਿਭਗਤ ਹਰਿਸੰਤ ਪੁਰਖ ਅਬਿਨਾਸ਼ੀ ਏਕਾ ਵਰਿਆ, ਕੰਤ ਕੰਤੂਹਲ ਵਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ
ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਦਿ ਜੁਗਾਦਿ ਨਾ ਜੰਮੇ ਨਾ ਕਦੇ ਮਰਿਆ, ਮਾਤ ਗਰਭ ਨਾ ਫੇਰਾ ਪਾਈਆ । ਜਨਮ ਮਰਨ
ਵਿਚ ਕਦੇ ਨਾ ਆਇਆ, ਪੁਰਖ ਅਕਾਲ ਵਡੀ ਵਡਿਆਈਆ । ਆਵਣ ਜਾਵਣ ਖੇਲ ਰਚਾਇਆ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਅੰਤਮ ਲਏ
ਹੰਢਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਤੇਰਾ ਪੰਧ ਦਏ ਮੁਕਾਇਆ, ਬ੍ਰਹਮਾ ਵਿਸ਼ਨ ਸ਼ਿਵ ਆਪਣੀ ਸਰਨੀ ਪਾਈਆ । ਕੋਟਨ ਕੋਟ ਬ੍ਰਹਮਾ
ਬੈਠੇ ਦਰ ਸੀਸ ਝੁਕਾਇਆ, ਕੋਟਨ ਕੋਟ ਵਿਸ਼ਨੂੰ ਬੈਠੇ ਝੋਲੀ ਡਾਹੀਆ । ਕੋਟਨ ਕੋਟ ਸ਼ੰਕਰ ਗਲ ਬਾਸ਼ਕ ਤਸ਼ਕਾ ਰਹੇ ਲਟਕਾਇਆ, ਹੱਥ ਤ੍ਰਿਸੂਲ
ਇਕ ਉਠਾਈਆ । ਕਲਜੁਗ ਅੰਤਮ ਪੰਧ ਦਏ ਮੁਕਾਇਆ, ਆਪ ਆਪਣਾ ਪੰਧ ਮੁਕਾਈਆ । ਗੁਰਮੁਖ ਸਾਚੇ ਲਏ ਜਗਾਇਆ, ਸੋਇਆ ਕੋਇ
ਰਹਿਣ ਨਾ ਪਾਈਆ । ਪੂਰਬ ਲਹਿਣਾ ਇਕ ਵਖਾਇਆ, ਨੇਤਰ ਨੈਣਾਂ ਦਰਸ ਦਿਖਾਈਆ । ਭਾਣਾ ਸਹਿਣਾ ਹੁਕਮ ਜਣਾਇਆ, ਹਰਿ ਭਾਣੇ ਵਡ
ਵਡਿਆਈਆ । ਤਨ ਬਸਤਰ ਗਹਿਣਾ ਇਕ ਸਜਾਇਆ, ਨਾਮ ਭੂਸ਼ਨ ਆਪ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,
ਕਲਜੁਗ ਤੇਰੀ ਅੰਤਮ ਵਰ, ਕਰੇ ਖੇਲ ਏਕਾ ਹਰਿ, ਹਰਿ ਮੰਦਰ ਜੋਤ ਜਗਾਈਆ । ਹਰਿ ਮੰਦਰ ਅੰਦਰ ਨਿਰਗੁਣ ਜੋਤ, ਨਿਰਗੁਣ ਨਿਧਾਨ
ਆਪ ਜਗਾਇੰਦਾ । ਨਾ ਕੋਈ ਕਿਲਾ ਨਾ ਕੋਈ ਕੋਟ, ਚਾਰ ਦੀਵਾਰ ਨਾ ਕੋਇ ਰਖਾਇੰਦਾ । ਪੁਰਖ ਅਗੰਮੜਾ ਅਗੰਮੜੀ ਕਾਰ ਨਾ ਕੋਈ ਵਰਨ
ਨਾ ਕੋਈ ਗੋਤ, ਜ਼ਾਤ ਪਾਤ ਨਾ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ
ਤੇਰੀ ਅੰਤਮ ਵਰ, ਗੁਰਸਿਖ ਗੁਰਮੁਖ ਗੁਰ ਗੁਰ ਆਪਣੇ ਲੇਖੇ ਪਾਇੰਦਾ । ਗੁਰਸਿਖ ਗੁਰ ਗੁਰ ਜਾਣਿਆ, ਆਦਿ ਜੁਗਾਦੀ ਕਾਰ । ਗੁਰਮੁਖ

ਗੁਰ ਗੁਰ ਰੰਗ ਮਾਨਿਆ, ਮਿਲਿਆ ਮੇਲ ਪੀਆ ਪ੍ਰੀਤਮ ਸਾਚੇ ਯਾਰ । ਮਨਮੁਖ ਸੁੱਤੇ ਜੀਵ ਨਾਦਾਨਿਆ, ਕਲਜੁਗ ਰੈਣ ਅੰਧੇਰੀ ਅੰਧ ਅੰਧਿਆਰ । ਦਿਸ ਨਾ ਆਏ ਸ੍ਰੀ ਭਗਵਾਨਿਆ, ਮਸਤਕ ਟਿੱਕਾ ਕਾਲੀ ਛਾਰ । ਜਿਸ ਜਨ ਉਪਰ ਹੋਏ ਆਪ ਮਿਹਰਬਾਨਿਆ, ਦਰਸ਼ਨ ਦੇਵੇ ਦੀਨ ਦਿਆਲ । ਚਰਨ ਕਵਲ ਕਵਲ ਚਰਨ ਸਰਨ ਬਖ਼ਸ਼ੇ ਸ੍ਰੀ ਭਗਵਾਨਿਆ, ਗੁਰਮੁਖ ਬਣਾਏ ਸਾਚੇ ਲਾਲ । ਦਰਗਹਿ ਸਾਚੀ ਕਰੇ ਪਰਵਾਨਿਆ, ਨਾਤਾ ਤੋੜੇ ਸ਼ਾਹ ਕੰਗਾਲ । ਜਿਸ ਜਨ ਗਾਇਆ ਬ੍ਰਹਮ ਪਾਰਬ੍ਰਹਮ ਸਾਚਾ ਗਾਨਿਆ, ਤਿਸ ਮਿਲਿਆ ਹਰਿ ਜੂ ਹਰਿ ਹਰਿ ਆਣ । ਤੀਰ ਨਿਰਾਲਾ ਮਾਰੇ ਬਿਰਹੋ ਬਾਨਿਆ, ਜੋ ਜਨ ਘਾਲਣ ਰਹੇ ਘਾਲ । ਹੋਏ ਮਿਹਰਵਾਨ ਸੁਘੜ ਸਿਆਨਿਆ, ਲੇਖੇ ਲਾਏ ਮੂਰਖ ਮੁਗਧ ਅਞਾਣ । ਕਲਜੁਗ ਜੀਵਾਂ ਵੇਲਾ ਅੰਤ ਪਛਤਾਨਿਆ, ਅੰਤਮ ਸੁੰਞਾ ਦਿਸੇ ਸਰਬ ਜਹਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਏਕਾ ਸ਼ਬਦ ਏਕਾ ਧਾਰ, ਏਕਾ ਰੰਗ ਰੰਗੇ ਸਰਬ ਸੰਸਾਰ, ਦੂਸਰ ਅਵਰ ਨਾ ਕੋਇ ਦੁਆਰ ।

★ ੨ ਮਾਘ ੨੦੧੭ ਬਿਕਰਮੀ ਪਿਆਰਾ ਸਿੰਘ ਦੇ ਗ੍ਰਿਹ ਪਿੰਡ ਡਰੋਲੀ ★

ਏਕਾ ਓਟ ਪੁਰਖ ਅਕਾਲ, ਆਦਿ ਜੁਗਾਦਿ ਵਡੀ ਵਡਿਆਈਆ । ਜੁਗਾ ਜੁਗੰਤਰ ਦੀਨ ਦਿਆਲ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਸਚਖੰਡ ਵਸੇ ਸੱਚੀ ਧਰਮਸਾਲ, ਨਿਰਗੁਣ ਦਾਤਾ ਬੇਪਰਵਾਹੀਆ । ਰੂਪ ਅਨੂਪਾ ਸ਼ਾਹ ਕੰਗਾਲ, ਸਤਿ ਸਰੂਪ ਆਪ ਸਮਾਈਆ । ਇਕ ਇਕੱਲੜਾ ਚਲੇ ਅਵੱਲੜੀ ਚਾਲ, ਚਾਲ ਨਿਰਾਲੀ ਭੇਵ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਅਨਭਵ ਆਪਣਾ ਰੂਪ ਧਰਾਈਆ । ਅਨਭਵ ਰੂਪ ਸ੍ਰੀ ਭਗਵਾਨ, ਮਹਿਮਾ ਅਕਥ ਕਥੀ ਨਾ ਜਾਈਆ । ਏਕਾ ਵਸੇ ਮੰਦਰ ਮਕਾਨਾ, ਸਚਖੰਡ ਦੁਆਰ ਸੋਭਾ ਪਾਈਆ । ਸਚ ਸਿੰਘਾਸਣ ਇਕ ਸੁਹਾਣਾ, ਦਰ ਘਰ ਸਾਚੇ ਦਏ ਵਡਿਆਈਆ । ਸ਼ਾਹੋ ਭੂਪ ਬਣ ਰਾਜ ਰਾਜਾਨਾ, ਹੁਕਮੀ ਹੁਕਮ ਇਕ ਵਰਤਾਈਆ । ਏਕਾ ਨਾਦ ਧੁਰ ਫ਼ਰਮਾਨਾ, ਅਗੰਮ ਅਗੰਮੜਾ ਆਪ ਸੁਣਾਈਆ । ਆਪੇ ਹੋਏ ਜਾਣੀ ਜਾਣਾ, ਜਾਨਣਹਾਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦੂਸਰ ਅਵਰ ਨਾ ਕੋਇ ਜਣਾਈਆ । ਸਾਚਾ ਖੇਲ ਹਰਿ ਨਿਰੰਕਾਰਾ, ਏਕਾ ਏਕ ਕਰਾਇੰਦਾ । ਸਾਚੇ ਤਖ਼ਤ ਬੈਠੇ ਸੱਚੀ ਸਰਕਾਰਾ, ਧੁਰ ਦਰਬਾਰਾ ਆਪ ਸੁਹਾਇੰਦਾ । ਥਿਰ ਘਰ ਸਾਚੇ ਖੋਲ੍ਹ ਕਿਵਾੜਾ, ਚਰਨ ਕਵਲ ਆਪ ਟਿਕਾਇੰਦਾ । ਰੂਪ ਰੰਗ ਤੇ ਵਸਿਆ ਬਾਹਰ, ਅਲਖ ਅਲਖਣਾ ਅਲਖ ਅਗੋਚਰ ਅਗੰਮ ਅਥਾਹ ਬੇਪਰਵਾਹ ਆਪਣੀ ਧਾਰ ਆਪ ਬੰਧਾਇੰਦਾ । ਅਜੂਨੀ ਰਹਿਤ ਹੋ ਤਿਆਰ, ਨਿਰਵੈਰ ਪੁਰਖ ਆਪਣੀ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਬੰਕ ਦੁਆਰ ਇਕ ਵਡਿਆਇੰਦਾ । ਬੰਕ ਦੁਆਰ ਹਰਿ ਭਗਵੰਤ, ਆਪਣਾ ਆਪ ਸੁਹਾਈਆ । ਆਪੇ ਨਾਰੀ ਆਪੇ ਕੰਤ, ਆਪੇ ਸੇਜ ਸੁਹਾਈਆ । ਆਪ ਬਣਾਏ ਆਪਣੀ ਬਣਤ, ਸੁਤ ਦੁਲਾਰਾ ਆਪੇ ਜਾਈਆ । ਆਪਣਾ ਲੇਖਾ ਜਾਣੇ ਆਦਿ ਅੰਤ, ਮਧ ਆਪਣੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਏਕਾ ਹਰਿ, ਹਰਿ ਜੂ ਹਰਿ ਮੰਦਰ ਆਸਣ ਸਿੰਘਾਸਣ ਇਕ ਸੁਹਾਈਆ ।

ਸਿੰਘਾਸਣ ਸੁਹਾਇਆ ਹਰਿ ਭਗਵਾਨ, ਨਿਰਗੁਣ ਆਪਣੀ ਜੋਤ ਜਗਾਇਆ । ਪੁਰਖ ਨਿਰੰਜਣ ਹੋ ਮਿਹਰਵਾਨ, ਏਕੰਕਾਰਾ ਸੰਗ ਰਲਾਇਆ । ਆਦਿ ਨਿਰੰਜਣ ਦੇਵੇ ਦਾਨ, ਸ੍ਰੀ ਭਗਵਾਨ ਵੇਖ ਵਖਾਇਆ । ਅਬਿਨਾਸ਼ੀ ਕਰਤਾ ਵਾਲੀ ਦੋ ਜਹਾਨ, ਪਾਰਬ੍ਰਹਮ ਆਪਣਾ ਨਾਉਂ ਧਰਾਇਆ । ਨਾਉਂ ਨਿਰੰਕਾਰਾ ਕਰ ਪਛਾਣ, ਸਾਚੇ ਤਖ਼ਤ ਸੋਭਾ ਪਾਇਆ । ਤਖ਼ਤ ਨਿਵਾਸੀ ਦੋ ਜਹਾਨ, ਸ਼ਬਦ ਅਨਾਦੀ ਨਾਦ ਸੁਣਾਇਆ । ਧੁਰ ਦੀ ਬਾਣੀ ਸਾਚਾ ਬਾਣ, ਬੋਧ ਅਗਾਧ ਅਗਾਧ ਬੋਧ ਆਪਣੇ ਵਿਚ ਛੁਪਾਇਆ । ਲੇਖਾ ਲਿਖੇ ਨਾ ਕੋਇ ਨਿਧਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰ ਆਪ ਉਪਾਇਆ । ਆਪਣੀ ਧਾਰ ਆਪੇ ਪਰਗਟਾ, ਆਪੇ ਵੇਖ ਵਖਾਇਆ । ਆਪੇ ਸਾਚੇ ਮੰਦਰ ਡੇਰਾ ਲਾ, ਸਚ ਸਿੰਘਾਸਣ ਸੋਭਾ ਪਾਇਆ । ਆਪੇ ਨਿਰਗੁਣ ਨਿਰਵੈਰ ਪੁਰਖ ਅਕਾਲ ਦੀਨ ਦਿਆਲ ਆਪਣਾ ਨਾਉਂ ਧਰਾ, ਆਪ ਆਪਣਾ ਡੰਕ ਵਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦੂਸਰ ਸੰਗ ਨਾ ਕੋਇ ਰਖਾਇਆ । ਨਾ ਕੋਈ ਸੰਗ ਨਾ ਕੋਈ ਸਾਥ, ਹਰਿ ਸਾਚੀ ਖੇਲ ਕਰਾਇੰਦਾ । ਆਪਣਾ ਰੂਪ ਧਰ ਪੁਰਖ ਸਮਰਾਥ, ਸਮਰਥ ਕਲ ਆਪ ਵਰਤਾਇੰਦਾ । ਆਪੇ ਜਾਣੇ ਆਪਣੀ ਗਾਥ, ਆਪਣੀ ਮਹਿਮਾ ਆਪ ਗਣਾਇੰਦਾ । ਆਪੇ ਉਤਰੇ ਆਪਣੇ ਘਾਟ, ਆਪਣਾ ਬੇੜਾ ਆਪ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਦੁਆਰਾ ਏਕੰਕਾਰਾ ਨਿਰਾਕਾਰਾ ਆਪਣਾ ਰੂਪ ਧਰਾਇੰਦਾ । ਸਚਖੰਡ ਦੁਆਰਾ ਸੋਹਿਆ, ਹਰਿ ਸਾਚਾ ਆਪ ਸੁਹਾਇੰਦਾ । ਆਪਣੇ ਮੰਦਰ ਆਪੇ ਪਰਗਟ ਹੋਇਆ, ਮਾਤ ਪਿਤ ਨਾ ਕੋਇ ਬਣਾਇੰਦਾ । ਲੋਕਮਾਤ ਕਰੇ ਲੋਆ, ਦੀਵਾ ਬਾਤੀ ਨਾ ਕੋਇ ਰਖਾਇੰਦਾ । ਆਪ ਆਪਣਾ ਲੈ ਕੇ ਆਇਆ ਢੋਆ, ਸ਼ਬਦ ਦਾਤਾ ਸ਼ਬਦ ਝੋਲੀ ਪਾਇੰਦਾ । ਬੈਠਾ ਆਪੇ ਇਕ ਇਕਾਂਤਾ, ਆਪ ਆਪਣੇ ਵਿਚ ਸਮਾਇੰਦਾ । ਨਾ ਕੋਈ ਵਰਨ ਬਰਨ ਨਾ ਦਿਸੇ ਜ਼ਾਤਾ, ਨਾ ਕੋਈ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਸਚਖੰਡ ਦੁਆਰਾ ਸੋਭਾ ਪਾਇੰਦਾ । ਸਚਖੰਡ ਦੁਆਰ ਵਸਾਇਆ, ਕਰ ਕਿਰਪਾ ਗੁਣ ਨਿਧਾਨ । ਦੀਵਾ ਬਾਤੀ ਇਕ ਜਗਾਇਆ, ਨੂਰ ਨੁਰਾਨਾ ਨੂਰ ਮਹਾਨ । ਘਰ ਘਰ ਵਿਚ ਲਏ ਉਪਜਾਇਆ, ਥਿਰ ਘਰ ਸਾਚਾ ਖੋਲ੍ਹ ਮਕਾਨ । ਆਪ ਆਪਣਾ ਰੂਪ ਪ੍ਰਗਟਾਇਆ, ਪ੍ਰਗਟ ਹੋਵੇ ਗੁਣ ਨਿਧਾਨ । ਆਪਣਾ ਮਾਰਗ ਆਪੇ ਵੇਖ ਵਖਾਇਆ, ਆਪਣਾ ਸੁਤ ਵੇਖ ਨਿਸ਼ਾਨ । ਲੋਆਂ ਪੁਰੀਆਂ ਬ੍ਰਹਿਮੰਡ ਖੰਡ ਰਚਨ ਰਚਾਇਆ, ਬ੍ਰਹਮਾ ਵਿਸ਼ਨ ਸ਼ਿਵ ਦੇਵੇ ਦਾਨ । ਸਾਚੀ ਸਿਖ ਮਤ ਆਪ ਸਮਝਾਇਆ, ਕਰੇ ਮਿਹਰ ਵਡ ਮਿਹਰਵਾਨ । ਆਪਣੀ ਗਾਥਾ ਆਪ ਸੁਣਾਇਆ, ਧੁਰ ਦੀ ਬਾਣੀ ਏਕਾ ਬਾਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪ ਆਪਣਾ ਨਾਉਂ ਧਰਾਇਆ । ਆਪਣਾ ਨਾਉਂ ਆਪ ਜਣਾਏ, ਪਾਰਬ੍ਰਹਮ ਵਡ ਵਡਿਆਈਆ । ਵਿਸ਼ਨ ਬ੍ਰਹਮਾ ਸ਼ਿਵ ਅੱਖਰ ਇਕ ਪੜ੍ਹਾਏ, ਨਿਸ਼ਅੱਖਰ ਆਪ ਜਣਾਈਆ । ਆਪ ਆਪਣਾ ਨਾਉਂ ਧਰਾਏ, ਆਪਣਾ ਨਾਦ ਆਪ ਸੁਣਾਈਆ । ਆਪਣੀ ਕਰਨੀ ਕਰਤਾ ਪੁਰਖ ਆਪ ਕਮਾਏ, ਕਰਨਹਾਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਹੁਕਮ ਧੁਰ ਫ਼ਰਮਾਨਾ, ਆਪ ਸੁਣਾਏ ਸਾਚਾ ਰਾਣਾ, ਸਾਚੇ ਤਖ਼ਤ ਬੈਠ ਸ੍ਰੀ ਭਗਵਾਨਾ, ਤਖ਼ਤ ਨਿਵਾਸੀ ਏਕਾ ਸੱਚਾ ਸ਼ਹਿਨਸ਼ਾਹੀਆ । ਤਖ਼ਤ ਨਿਵਾਸੀ ਹਰਿ ਨਿਰੰਕਾਰ, ਆਦਿ ਜੁਗਾਦਿ ਸਮਾਇਆ । ਹੁਕਮੀ ਹੁਕਮ ਵਰਤੇ ਵਰਤਾਰ, ਆਪ

ਆਪਣਾ ਖੇਲ ਰਚਾਇਆ । ਬ੍ਰਹਮਾ ਵਿਸ਼ਨ ਸ਼ਿਵ ਦਏ ਹੁਲਾਰ, ਸ਼ਬਦ ਹੁਲਾਰਾ ਇਕ ਲਗਾਇਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਵੇਖੇ ਮਹੱਲ ਅਟਾਰ, ਉਚ ਅਟਲ ਆਪਣਾ ਆਸਣ ਲਾਇਆ । ਆਪੇ ਜਾਣੇ ਆਪਣੀ ਧਾਰ, ਧਾਰ ਧਾਰ ਵਿਚੋਂ ਪ੍ਰਗਟਾਇਆ । ਸਾਰ ਸ਼ਬਦ ਕਰ ਤਿਆਰ, ਸਗਲਾ ਸੰਗ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪੇ ਰਿਹਾ ਮਨਾਇਆ । ਸਾਚਾ ਹੁਕਮ ਧੁਰ ਦਰਗਾਹ, ਹਰਿ ਸਾਚਾ ਸਚ ਜਣਾਈਆ । ਸ਼ਬਦ ਸਰੂਪੀ ਬਣ ਮਲਾਹ, ਆਪਣਾ ਬੇੜਾ ਆਪ ਤਰਾਈਆ । ਲੇਖਾ ਜਾਣੇ ਦੋ ਜਹਾਂ, ਦੋ ਜਹਾਨਾਂ ਵਾਲੀ ਸੱਚਾ ਸ਼ਹਿਨਸ਼ਾਹੀਆ । ਦੂਸਰ ਸਕੇ ਨਾ ਕੋਈ ਭੇਵ ਪਾ, ਭੇਵ ਅਭੇਦਾ ਬੈਠਾ ਭੇਵ ਛੁਪਾਈਆ । ਅਲਖ ਅਲਖਣਾ ਅਗੰਮ ਅਥਾਹ, ਅਲਖ ਅਗੋਚਰ ਮਹਿਮਾ ਅਕਥ ਕਥੀ ਨਾ ਜਾਈਆ । ਆਪਣਾ ਸੰਦੇਸ਼ ਹਰਿ ਸੱਚਾ ਨਰੇਸ਼ ਨਰ ਨਰਾਇਣ ਦਏ ਸੁਣਾ, ਨਰ ਹਰਿ ਆਪਣਾ ਹੁਕਮ ਆਪ ਵਰਤਾਈਆ । ਬ੍ਰਹਮਾ ਵਿਸ਼ਨ ਸ਼ਿਵ ਲਏ ਜਗਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਆਪਣੇ ਮਾਰਗ ਸਾਚੇ ਧੰਦੇ ਦਏ ਲਗਾ, ਅਭੁਲ ਅਭੁਲ ਅਭੁਲ ਬੇਪਰਵਾਹੀਆ । ਸਾਚੇ ਕੰਡੇ ਤੋਲਾ ਤੋਲ ਲਏ ਤੁਲਾ, ਤੋਲਣਹਾਰਾ ਇਕ ਅਖਵਾਈਆ । ਵਸਤ ਅਨਮੋਲ ਝੋਲੀ ਦਏ ਪਾ, ਨਾਮ ਭੰਡਾਰਾ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਗੇੜਾ ਆਪੇ ਦਏ ਸਮਝਾਈਆ । ਹਰਿ ਗੇੜਾ ਸਚ ਸਮਝਾਇੰਦਾ, ਵਿਸ਼ਨ ਬ੍ਰਹਮਾ ਸ਼ਿਵ ਉਠਾਲ । ਤ੍ਰੈਗੁਣ ਮਾਇਆ ਝੋਲੀ ਪਾਇੰਦਾ, ਪੰਜ ਤੱਤ ਦੇਵੇ ਸੱਚਾ ਧਨ ਮਾਲ । ਲੱਖ ਚੁਰਾਸੀ ਘਾੜਨ ਆਪ ਘੜਾਇੰਦਾ, ਨਿਰਗੁਣ ਸਰਗੁਣ ਕਰੇ ਪ੍ਰਿਤਪਾਲ । ਘਟ ਘਟ ਜੋਤੀ ਆਪ ਜਗਾਇੰਦਾ, ਦੀਵਾ ਬਾਤੀ ਦੀਨ ਦਿਆਲ । ਸਾਚਾ ਜਾਮ ਆਪ ਪਿਆਇੰਦਾ, ਆਤਮ ਤਾਕੀ ਖੋਲ੍ਹ ਮਕਾਨ । ਸਾਚੇ ਰਾਕੀ ਆਪ ਚੜ੍ਹਾਇੰਦਾ, ਕਿਰਪਾ ਕਰ ਸ੍ਰੀ ਭਗਵਾਨ । ਚੌਦਾਂ ਹੱਟ ਵੰਡ ਵੰਡਾਇੰਦਾ, ਕਾਇਆ ਮੰਦਰ ਵੇਖ ਮਕਾਨ । ਬਜਰ ਕਪਾਟੀ ਕੁੰਡਾ ਲਾਹਿੰਦਾ, ਨਾ ਕੋਈ ਜਾਣੇ ਜੀਵ ਨਾਦਾਨ । ਆਤਮ ਸੇਜਾ ਆਪ ਸੁਹਾਇੰਦਾ, ਆਤਮ ਬ੍ਰਹਮ ਹੋ ਪ੍ਰਧਾਨ । ਧੁਰ ਫ਼ਰਮਾਨਾ ਆਪ ਸੁਣਾਇੰਦਾ, ਅਨਹਦ ਸ਼ਬਦ ਸੱਚੀ ਧੁਨਕਾਨ । ਗ੍ਰਿਹ ਮੰਦਰ ਵੇਖ ਵਖਾਇੰਦਾ, ਵੇਖਣਹਾਰਾ ਨੌਜਵਾਨ । ਆਪ ਆਪਣਾ ਮੁਖ ਛੁਪਾਇੰਦਾ, ਵਿਸ਼ਨ ਬ੍ਰਹਮਾ ਸ਼ਿਵ ਕਰ ਕਲਿਆਣ । ਜੁਗ ਜੁਗ ਗੇੜਾ ਆਪਣੇ ਹੱਥ ਰਖਾਇੰਦਾ, ਦਾਤਾ ਜੋਧਾ ਸੂਰਬੀਰ ਬਲੀ ਬਲਵਾਨ । ਨੌਂ ਸੌ ਚੁਰਾਨਵੇ ਚੌਕੜੀ ਜੁਗ ਏਕਾ ਹੁਕਮ ਸੁਣਾਇੰਦਾ, ਧੁਰ ਦਾ ਸ਼ਬਦ ਨਾ ਕੋਈ ਮੇਟੇ ਮੇਟ ਨਿਸ਼ਾਨ । ਗੁਰ ਪੀਰ ਅਵਤਾਰ ਦੇਵੇ ਵਰ, ਭਗਤ ਭਗਵੰਤ ਕੰਤ ਆਪਣੇ ਗਲੇ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਵਿਸ਼ਨ ਬ੍ਰਹਮਾ ਸ਼ਿਵ ਆਪ ਸਮਝਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਹਰਿ ਸਮਝਾਇਆ, ਨੌਂ ਸੌ ਚੁਰਾਨਵੇਂ ਚੌਕੜੀ ਜੁਗ ਏਕਾ ਤੱਤ ਦ੍ਰਿੜਾਈਆ । ਜਗਤ ਗੇੜਾ ਆਪਣੇ ਹੱਥ ਰਖਾਇਆ, ਚਾਰ ਜੁਗ ਚੌਕੜੀ ਵੰਡ ਵੰਡਾਈਆ । ਚਾਰੇ ਵੇਦ ਝੋਲੀ ਪਾਇਆ, ਚਾਰੇ ਬਾਣੀ ਕਰੇ ਪੜ੍ਹਾਈਆ । ਚਾਰੇ ਖਾਣੀ ਲਏ ਪ੍ਰਗਟਾਇਆ, ਜੋਤੀ ਜੋਤ ਕਰ ਰੁਸ਼ਨਾਈਆ । ਚਾਰੇ ਵਰਨਾਂ ਦਏ ਸਮਝਾਇਆ, ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਆਪ ਕਰੇ ਜਣਾਈਆ । ਸਤਿਜੁਗ ਤ੍ਰੇਤਾ ਦੁਆਪਰ ਦਏ ਮੁਕਾਇਆ, ਨਵ ਨੌਂ ਚਾਰ ਗੇੜਾ ਰਹਿਣ ਨਾ ਪਾਈਆ । ਨੌਂ ਦੁਆਰੇ ਖੋਜ ਖੁਜਾਇਆ, ਨੌਂ ਖੰਡ ਪ੍ਰਿਥਮੀ ਵੇਖ ਵਖਾਈਆ । ਅਨੰਦ ਬਿਨੋਦ ਬਿਮਲ ਰੂਪ ਆਪ ਸਮਾਇਆ, ਪਾਰਬ੍ਰਹਮ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਤ੍ਰੈ ਤ੍ਰੈ ਏਕਾ

ਗੁਣ ਵਖਾਈਆ । ਤ੍ਰੈ ਤ੍ਰੈ ਗੁਣ ਜਣਾਇਆ, ਗੁਣਵੰਤਾ ਗੁਣ ਨਿਧਾਨ । ਸਾਚਾ ਮਾਰਗ ਆਪੇ ਲਾਇਆ, ਕਰੇ ਖੇਲ ਸ੍ਰੀ ਭਗਵਾਨ । ਲੋਕਮਾਤ ਆਪੇ ਵੇਖ ਵਖਾਇਆ, ਆਦਿ ਜੁਗਾਦੀ ਖੇਲ ਮਹਾਨ । ਸਤਿਜੁਗ ਤ੍ਰੇਤਾ ਦੁਆਪਰ ਆਪ ਹੰਢਾਇਆ, ਆਪਣੀ ਕਰੇ ਆਪ ਕਲਿਆਣ । ਕਾਲ ਮਹਾਕਾਲ ਆਪਣਾ ਰੂਪ ਵਟਾਇਆ, ਆਪੇ ਹੋਏ ਜਾਣੀ ਜਾਣ । ਆਪੇ ਸ਼ਬਦ ਖੰਡਾ ਤੀਰ ਚਲਾਇਆ, ਆਪੇ ਮਾਰਨਹਾਰਾ ਬਾਣ । ਆਪੇ ਪੰਜ ਤੱਤ ਚੋਲਾ ਜਗਤ ਹੰਢਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਦੇਵਣਹਾਰਾ ਜੀਆ ਦਾਨ । ਜੀਆ ਦਾਤਾ ਹਰਿ ਦਾਤਾਰ, ਆਦਿ ਜੁਗਾਦੀ ਖੇਲ ਖਿਲਾਇੰਦਾ । ਆਪੇ ਬ੍ਰਹਿਮੰਡ ਖੰਡ ਕਰ ਪਸਾਰ, ਜੇਰਜ ਅੰਡਜ ਉਤਭੁਜ ਸੇਤਜ ਵੇਖ ਵਖਾਇੰਦਾ । ਆਪੇ ਜਾਣੇ ਪਰਮਾਨੰਦ, ਨਿਜ਼ਾਨੰਦ ਆਪਣਾ ਰੰਗ ਰੰਗਾਇੰਦਾ । ਆਪੇ ਗਾਏ ਸੁਹਾਗੀ ਛੰਦ, ਆਪਣਾ ਨਾਉਂ ਆਪ ਪਰਗਾਇੰਦਾ । ਆਪੇ ਚਾੜ੍ਹੇ ਸਾਚਾ ਚੰਦ, ਰੈਣ ਅੰਧੇਰ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮਾ ਸ਼ਿਵ ਦੇਵੇ ਏਕਾ ਵਰ, ਧੁਰ ਫ਼ਰਮਾਨਾ ਆਪ ਸੁਣਾਇੰਦਾ । ਧੁਰ ਫ਼ਰਮਾਨਾ ਸ਼ਬਦ ਜਣਾਇਆ, ਭੁਲ ਰਹੇ ਨਾ ਰਾਈਆ । ਨਵ ਨੌਂ ਚਾਰ ਲੇਖਾ ਇਕ ਵਖਾਇਆ, ਲੋਕਮਾਤ ਵੱਜੇ ਵਧਾਈਆ । ਕਲਜੁਗ ਵੇਲਾ ਇਕ ਦਰਸਾਇਆ, ਚਾਰੋਂ ਕੁੰਟ ਅੰਧੇਰਾ ਛਾਈਆ । ਕੂੜ ਕੁੜਿਆਰਾ ਡੰਕ ਵਜਾਇਆ, ਉਚੀ ਕੂਕ ਕੂਕ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪਣਾ ਭੇਵ ਆਪ ਖੁਲ੍ਹਾਈਆ । ਭੇਵ ਖੁਲ੍ਹਾਏ ਹਰਿ ਨਿਰੰਕਾਰਾ, ਆਦਿ ਜੁਗਾਦਿ ਸਮਾਇਆ । ਵਿਸ਼ਨ ਬ੍ਰਹਮਾ ਸ਼ਿਵ ਬਣੇ ਵਰਤਾਰਾ, ਪੁਰਖ ਅਬਿਨਾਸ਼ੀ ਦਏ ਕਰਾਇਆ । ਜੁਗ ਚੌਕੜੀ ਉਤਰੇ ਪਾਰਾ, ਤੇਰਾ ਪੰਧ ਮੂਲ ਦਏ ਚੁਕਾਇਆ । ਨਿਰਗੁਣ ਨਿਰਵੈਰ ਪੁਰਖ ਅਕਾਲ ਲਏ ਅਵਤਾਰਾ, ਜੋਤੀ ਜਾਮਾ ਭੇਖ ਵਟਾਇਆ । ਸ਼ਬਦ ਡੰਕਾ ਕੁੰਟ ਚਾਰਾ, ਦਹਿ ਦਿਸ਼ਾ ਦਏ ਵਜਾਇਆ । ਰਾਓ ਰੰਕ ਸ਼ਾਹ ਸੁਲਤਾਨਾਂ ਕਰੇ ਖ਼ਬਰਦਾਰਾ, ਸੋਇਆ ਕੋਇ ਰਹਿਣ ਨਾ ਪਾਇਆ । ਭਗਤਾਂ ਦੇਵੇ ਨਾਮ ਆਧਾਰਾ, ਸਾਚੇ ਸੰਤਾਂ ਵੇਖ ਵਖਾਈਆ । ਗੁਰਮੁਖਾਂ ਖੋਲ੍ਹੇ ਬੰਦ ਕਿਵਾੜਾ, ਪੰਚਮ ਧਾੜਾ ਦਏ ਗਵਾਇਆ । ਗੁਰਮੁਖਾਂ ਕਰੇ ਸਚ ਪਿਆਰਾ, ਪੀਆ ਪ੍ਰੀਤਮ ਵੇਖ ਵਖਾਇਆ । ਸ੍ਰਿਸ਼ਟ ਸਬਾਈ ਨਾਰ ਦੁਹਾਗਣ ਹੋਏ ਨਾਰ ਵਿਭਚਾਰਾ, ਹਰਿ ਕੰਤ ਨਾ ਕੋਇ ਹੰਢਾਇਆ । ਜੂਠ ਝੂਠ ਧੂਆਂਧਾਰਾ, ਜਗਤ ਅੰਧੇਰਾ ਏਕਾ ਛਾਇਆ । ਗੁਰ ਕਾ ਸ਼ਬਦ ਨਾ ਕਿਸੇ ਵਿਚਾਰਾ, ਰਸਨਾ ਬਹਿ ਬਹਿ ਸਰਬ ਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਦਿ ਅੰਤ ਇਕ ਭਗਵੰਤ ਖੇਲੇ ਖੇਲ ਜੁਗਾ ਜੁਗੰਤ, ਜਾਗਰਤ ਜੋਤ ਕਰ ਰੁਸ਼ਨਾਇਆ । ਜੁਗ ਜੁਗ ਕਾਰ ਕਮਾਇੰਦਾ, ਹਰਿ ਸਾਚਾ ਕਰਨੇਹਾਰ । ਜੁਗ ਜੁਗ ਵੇਸ ਵਟਾਇੰਦਾ, ਨਿਰਗੁਣ ਸਰਗੁਣ ਲੈ ਅਵਤਾਰ । ਜੁਗ ਜੁਗ ਵੇਖ ਵਖਾਇੰਦਾ, ਅਗੰਮ ਅਗੰਮੜਾ ਅਗੰਮੜੀ ਕਾਰ । ਜੁਗ ਜੁਗ ਰੇਖ ਮਿਟਾਇੰਦਾ, ਥਿਰ ਰਹੇ ਨਾ ਕੋਇ ਵਿਚ ਸੰਸਾਰ । ਜੁਗ ਜੁਗ ਭੇਖ ਵਟਾਇੰਦਾ, ਭੇਖਾਧਾਰੀ ਭੇਖ ਕਰੇ ਅਪਰ ਅਪਾਰ । ਨਿਰਗੁਣ ਰੂਪ ਸਤਿ ਧਰਾ ਮੁੱਛ ਦਾੜ੍ਹੀ ਕੇਸ ਨਾ ਕੋਇ ਰਖਾਇੰਦਾ, ਮੂੰਡ ਮੁੰਡਾਏ ਨਾ ਹਰਿ ਨਿਰੰਕਾਰ । ਘਟ ਘਟ ਅੰਦਰ ਆਪਣੀ ਜੋਤ ਜਗਾਇੰਦਾ, ਲੱਖ ਚੁਰਾਸੀ ਕਰੇ ਪਿਆਰ । ਗੁਰਮੁਖ ਵਿਰਲੇ ਬੂਝ ਬੁਝਾਇੰਦਾ, ਜਿਸ ਜਨ ਦੇਵੇ ਨਾਮ ਆਧਾਰ । ਮਨਮੁਖ ਗੂੜ੍ਹੀ ਨੀਂਦ ਸਵਾਇੰਦਾ, ਨਾ ਕੋਇ ਸਕੇ ਸੁਰਤ ਸੰਭਾਲ । ਕਲਜੁਗ ਵੇਲਾ ਅੰਤਮ ਆਇੰਦਾ, ਕੂੜ ਕੁੜਿਆਰਾ ਵੱਜੇ ਤਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,



੭੩ ੧੦

ਕਲਜੁਗ ਤੇਰੀ ਅੰਤਮ ਵਰ, ਆਪਣਾ ਖੇਲ ਆਪ ਖਿਲਾਇੰਦਾ । ਕਲਜੁਗ ਅੰਤਮ ਖੇਲ ਖਿਲਾਇਆ, ਪਾਰਬ੍ਰਹਮ ਪ੍ਰਭ ਗਹਿਰ ਗੰਭੀਰ । ਜੋਤੀ ਜਾਮਾ ਵੇਸ ਵਟਾਇਆ, ਨਾਤਾ ਤੁਟਾ ਪੰਜ ਤੱਤ ਸਰੀਰ । ਸਾਚੀ ਚੋਟੀ ਚੜ੍ਹ ਕੇ ਆਸਣ ਲਾਇਆ, ਘਰ ਵਸਾਇਆ ਠਾਂਡਾ ਦਰਬਾਰਾ ਅੰਮ੍ਰਿਤ ਪਿਆਏ ਸਾਚਾ ਸੀਰ । ਕੋਟਨ ਕੋਟੀ ਬੈਠੇ ਰਾਹ ਤਕਾਇਆ, ਕਿਸੇ ਹੱਥ ਨਾ ਆਏ ਸ਼ਾਹ ਹਕੀਰ । ਪੀਰ ਦਸਤਗੀਰ ਰਹੇ ਕੁਰਲਾਇਆ, ਮੁੱਲਾ ਸ਼ੇਖ਼ ਮੁਸਾਇਕ ਗਲ ਪਾਈ ਤਸਬੀ ਜਗਤ ਜ਼ੰਜੀਰ । ਪੰਡਤ ਪਾਂਧੇ ਦੇਣ ਦੁਹਾਇਆ, ਮਸਤਕ ਖਿਚੇ ਤ੍ਰਿਸੂਲ ਲਕੀਰ । ਗੁੰਬੀ ਪੰਥੀ ਕਿਸੇ ਨਜ਼ਰ ਨਾ ਆਇਆ, ਸ਼ਾਹ ਪਾਤਸ਼ਾਹ ਹਰਿ ਨਿਰੰਕਾਰਾ ਵਡ ਪੀਰਨ ਪੀਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਤੇਰਾ ਅੰਤ ਅਖ਼ੀਰ । ਕਲਜੁਗ ਅੰਤ ਅਖ਼ੀਰ, ਸ੍ਰਿਸ਼ਟ ਸਬਾਈ ਰਹੀ ਕੁਰਲਾਈਆ । ਸ਼ਾਹ ਸੁਲਤਾਨਾਂ ਲੱਥੇ ਚੀਰ, ਬਸਤਰ ਤਨ ਨਾ ਕੋਇ ਵਖਾਈਆ । ਅੰਮ੍ਰਿਤ ਹੱਥ ਨਾ ਆਵੇ ਸੀਰ, ਅਠਸਠ ਖ਼ਾਲੀ ਦੇਣ ਦੁਹਾਈਆ । ਵੇਲੇ ਅੰਤ ਨਾ ਕੱਟੇ ਕੋਇ ਭੀੜ, ਸੀਸ ਜਗਦੀਸ਼ ਨਾ ਹੱਥ ਟਿਕਾਈਆ । ਹਉਮੇ ਹੰਗਤਾ ਲੱਗੀ ਪੀੜ, ਮਾਇਆ ਮਮਤਾ ਹੋਈ ਹਲਕਾਈਆ । ਤ੍ਰੈਗੁਣ ਮਾਇਆ ਵੱਝਾ ਜ਼ੰਜੀਰ, ਪੰਜ ਤੱਤ ਨਾ ਕੋਇ ਛੁਡਾਈਆ । ਨਾਤਾ ਤੁੱਟਾ ਹਸਤ ਕੀਟ, ਊਚ ਨੀਚ ਰਹੇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਮੇਟੇ ਝੂਠੀ ਸ਼ਾਹੀਆ । ਕਲਜੁਗ ਅੰਤਮ ਕੂੜ ਪਸਾਰਾ, ਚਾਰ ਕੁੰਟ ਕੁਰਲਾਇਆ । ਸਾਚਾ ਨਾ ਦਿਸੇ ਕੋਇ ਦੁਆਰਾ, ਹਰਿ ਮੰਦਰ ਕਾਇਆ ਬੰਕ ਨਾ ਕਿਸੇ ਵਸਾਇਆ । ਸਾਧ ਸੰਤ ਰੋਵਣ ਜ਼ਾਰੋ ਜ਼ਾਰਾ, ਨੇਤਰ ਨੈਣਾਂ ਨੀਰ ਵਹਾਇਆ । ਕਾਮ ਕਰੋਧ ਲੋਭ ਮੋਹ ਹੰਕਾਰ ਲੱਗਾ ਇਕ ਅਖਾੜਾ, ਆਸਾ ਤ੍ਰਿਸ਼ਨਾ ਨਾਚ ਨਚਾਇਆ । ਮਾਇਆ ਮਮਤਾ ਪੀਤਾ ਹਾੜਾ, ਸਿਦਕ ਸਬੂਰੀ ਨਾ ਕੋਇ ਧਰਾਇਆ । ਲੱਗੀ ਅੱਗ ਬਹੱਤਰ ਨਾੜਾ, ਬਿਨ ਸਤਿਗੁਰ ਪੂਰੇ ਨਾ ਕੋਇ ਬੁਝਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਅਗਨੀ ਤੱਤ ਆਪੇ ਵੇਖ ਵਖਾਇਆ । ਕਲਜੁਗ ਤੇਰਾ ਤੱਤ ਅੱਗ, ਹਰਿ ਸਾਚਾ ਵੇਖ ਵਖਾਇੰਦਾ । ਸ੍ਰਿਸ਼ਟ ਸਬਾਈ ਰਹੀ ਦਗ, ਅੰਮ੍ਰਿਤ ਸਿੰਚ ਸਾਂਤ ਨਾ ਕੋਇ ਕਰਾਇੰਦਾ । ਕਲਜੁਗ ਜੀਵ ਹੋਏ ਕੱਗ, ਹੰਸ ਰੂਪ ਨਾ ਕੋਇ ਵਟਾਇੰਦਾ । ਸਤਿਗੁਰ ਸਰਨਾਈ ਨਾ ਗਏ ਲੱਗ, ਮਨ ਕਾ ਮਣਕਾ ਨਾ ਕੋਇ ਭਵਾਇੰਦਾ । ਦਰਸ ਨਾ ਪਾਏ ਕੋਈ ਉਪਰ ਸ਼ਾਹ ਰਗ, ਨੌਂ ਦੁਆਰ ਸਰਬ ਕੁਰਲਾਇੰਦਾ । ਗਹਿਰ ਗੰਭੀਰ ਹਰਿ ਨਿਰੰਕਾਰ ਸੂਰਾ ਸਰਬੱਗ, ਜੁਗ ਜੁਗ ਵੇਸ ਵਟਾਇੰਦਾ । ਗੁਰਮੁਖ ਗੁਰਸਿਖ ਸੱਜਣ ਲਏ ਕੱਢ, ਜਿਸ ਸਿਰ ਆਪਣਾ ਹੱਥ ਟਿਕਾਇੰਦਾ । ਪੰਚ ਵਿਕਾਰਾ ਦੇਵੇ ਵੱਢ, ਨਾਮ ਖੰਡਾ ਇਕ ਚਲਾਇੰਦਾ । ਸਤਿ ਨਿਸ਼ਾਨਾ ਕਾਇਆ ਮੰਦਰ ਦਸਮ ਦੁਆਰੀ ਦੇਵੇ ਗੱਡ, ਦਿਵਸ ਰੈਣ ਆਪ ਵਖਾਇੰਦਾ । ਇਕ ਖ਼ੁਮਾਰ ਦੇਵੇ ਅੱਠੇ ਪਹਿਰ ਨਾਮ ਮਦਿ, ਦੂਸਰ ਨੇੜ ਨਾ ਕੋਇ ਆਇੰਦਾ । ਭਾਗ ਲਗਾਏ ਗੁਰਮੁਖ ਯਦ, ਸਾਚਾ ਬੰਸ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਗੁਰ ਗੁਰ ਆਪਣਾ ਰੂਪ ਵਟਾਇੰਦਾ । ਗੁਰ ਗੁਰ ਰੂਪ ਹਰਿ ਕਰਤਾਰ, ਸ਼ਬਦੀ ਸ਼ਬਦ ਜਣਾਈਆ । ਗੁਰ ਕਾ ਸ਼ਬਦ ਸੱਚਾ ਸ਼ਾਹਕਾਰ, ਸ਼ਹਿਨਸ਼ਾਹ ਦਏ ਮਿਲਾਈਆ । ਸ਼ਾਹ ਪਾਤਸ਼ਾਹ ਸੱਚੀ ਸਰਕਾਰ, ਦੋ ਜਹਾਨਾਂ ਹੁਕਮ ਚਲਾਈਆ । ਕਲਜੁਗ ਅੰਤਮ ਹੋ ਤਿਆਰ, ਲੋਕਮਾਤ ਵੇਖ ਵਖਾਈਆ । ਲੱਖ ਚੁਰਾਸੀ ਪਾਵੇ ਸਾਰ, ਨਵ ਸਤ ਫੇਰਾ ਪਾਈਆ । ਚੌਦਾਂ ਲੋਕ ਚਰਨਾਂ ਹੇਠ ਦਏ ਲਤਾੜ, ਚੌਦਾਂ ਤਬਕਾਂ ਕੁੰਡਾ ਲਾਹੀਆ ।

ਵਿਸ਼ਨ ਬ੍ਰਹਮਾ ਸ਼ਿਵ ਲੇਖਾ ਕਰੇ ਪਾਰ, ਸੁਰਪਤ ਰਾਜਾ ਇੰਦ ਕਰੋੜ ਤਤੀਸਾ ਰਹਿਣ ਨਾ ਪਾਈਆ । ਗਣ ਗੰਧਰਬ ਕਰੇ ਖ਼ਵਾਰ, ਕਿਨਰ ਜਛਪ ਆਪਣਾ ਰਾਗ ਨਾ ਕੋਇ ਸੁਣਾਈਆ । ਲੇਖਾ ਜਾਣੇ ਧੁਰ ਦਰਬਾਰ, ਧੁਰ ਦਾਤਾ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਤੇਰੀ ਮੇਟੇ ਕੂੜੀ ਸ਼ਾਹੀਆ । ਕੂੜੀ ਸ਼ਾਹੀ ਵਕਤ ਚੁਕੌਣਾ, ਥਿਰ ਕੋਇ ਰਹਿਣ ਨਾ ਪਾਇਆ । ਏਕਾ ਹੁਕਮ ਆਪ ਵਰਤੌਣਾ, ਹਰਿ ਸਾਚੇ ਸ਼ਬਦ ਜਣਾਇਆ । ਪੁਰਖ ਅਕਾਲ ਇਕ ਦਰਸੌਣਾ, ਦੂਸਰ ਇਸ਼ਟ ਨਾ ਕੋਇ ਵਖਾਇਆ । ਨੌਂ ਖੰਡ ਪ੍ਰਿਥਮੀ ਏਕਾ ਨਾਅਰਾ ਲੌਣਾ, ਰਸਨਾ ਜਿਹਵਾ ਆਪ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਹਰਿਜਨ ਹਰਿਭਗਤ ਗੁਰਮੁਖ ਗੁਰਸਿਖ ਸਾਚੇ ਸੰਤ ਲਏ ਮਿਲਾਇਆ ।

## ★ ੨ ਮਾਘ ੨੦੧੭ ਬਿਕਰਮੀ ਪਰਗਟ ਸਿੰਘ ਦੇ ਗ੍ਰਿਹਿ ਪਿੰਡ ਲੱਲੀਆਂ ਕਲਾਂ ★

ਹਰਿ ਸਤਿਗੁਰ ਪੂਰਾ ਦੀਨ ਦਿਆਲ, ਦਇਆਨਿਧ ਵਡੀ ਵਡਿਆਈਆ । ਸਚਖੰਡ ਵਸੇ ਸੱਚੀ ਧਰਮਸਾਲ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਆਦਿ ਜੁਗਾਦੀ ਖੇਲ ਨਿਰਾਲ, ਨਿਰਗੁਣ ਨਿਰਵੈਰ ਪੁਰਖ ਅਕਾਲ ਆਪ ਕਰਾਈਆ । ਲੇਖਾ ਜਾਣੇ ਦੋ ਜਹਾਨ, ਰੂਪ ਅਨੂਪ ਸਤਿ ਸਰੂਪ ਰਿਹਾ ਪ੍ਰਗਟਾਈਆ । ਲੋਕਮਾਤ ਹੋਏ ਪਰਧਾਨ, ਅਨਭਵ ਆਪਣਾ ਭੇਵ ਖੁਲ੍ਹਾਈਆ । ਗੁਰਮੁਖ ਸਾਚੇ ਵੇਖੇ ਲਾਲ, ਲੱਖ ਚੁਰਾਸੀ ਫੋਲ ਫੁਲਾਈਆ । ਸਤਿ ਵਖਾਏ ਸੇਜ ਮਿਰਗਸ਼ਾਲ, ਹਰਿਜਨ ਸਾਚੇ ਆਪ ਬਹਾਈਆ । ਜੁਗਾ ਜੁਗੰਤਰ ਫਲ ਲਗਾਏ ਸਾਚੇ ਪੱਤ ਡਾਲ, ਪਤ ਡਾਲੀ ਆਪ ਮਹਿਕਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਜੀਵਣ ਜੁਗਤ ਇਕ ਵਖਾਈਆ । ਚਰਨ ਪ੍ਰੀਤੀ ਨਿਭੇ ਨਾਲ, ਸਗਲਾ ਸੰਗ ਆਪ ਨਿਭਾਈਆ । ਦੇਵੇ ਨਾਮ ਸੱਚਾ ਧਨ ਮਾਲ, ਵਸਤ ਅਮੋਲਕ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਈਆ । ਆਦਿ ਪੁਰਖ ਹਰਿ ਪੁਰਖ ਅਬਿਨਾਸ਼ਾ, ਅਲਖ ਅਗੋਚਰ ਆਪਣਾ ਨਾਉਂ ਧਰਾਇੰਦਾ । ਸਚਖੰਡ ਵਾਸੀ ਖੇਲ ਤਮਾਸ਼ਾ, ਥਿਰ ਘਰ ਸਾਚੇ ਵੇਖ ਵਖਾਇੰਦਾ । ਮੰਡਲ ਮੰਡਪ ਪਾਵੇ ਰਾਸਾ, ਲੋਆਂ ਪੁਰੀਆਂ ਨਾਚ ਨਚਾਇੰਦਾ । ਲੱਖ ਚੁਰਾਸੀ ਕਰ ਕਰ ਵਾਸਾ, ਘਟ ਘਟ ਦੀਪ ਜੋਤ ਜਗਾਇੰਦਾ । ਦੀਵਾ ਬਾਤੀ ਕਰ ਪਰਕਾਸ਼ਾ, ਜੋਤੀ ਨੂਰ ਡਗਮਗਾਇੰਦਾ । ਭਗਤ ਭਗਵੰਤ ਪੂਰਨ ਕਰੇ ਆਸਾ, ਆਸ ਨਿਰਾਸ ਨਾ ਕੋਈ ਵਖਾਇੰਦਾ । ਆਪੇ ਹੋਵੇ ਦਾਸੀ ਦਾਸਾ, ਨਿਤ ਨਵਿਤ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਵੇਖ ਵਖਾਇੰਦਾ । ਆਦਿ ਪੁਰਖ ਹਰਿ ਮਿਹਰਬਾਨ, ਇਕ ਇਕੱਲਾ ਏਕੰਕਾਰਿਆ । ਸਚਖੰਡ ਨਿਵਾਸੀ ਸ੍ਰੀ ਭਗਵਾਨ, ਕਰੇ ਖੇਲ ਅਗੰਮ ਅਪਾਰਿਆ । ਥਿਰ ਘਰ ਵੇਖੇ ਮਾਰ ਧਿਆਨ, ਨਿਰਗੁਣ ਰੂਪ ਆਪ ਨਿਰੰਕਾਰਿਆ । ਸ਼ਬਦ ਅਗੰਮੀ ਧੁਰ ਫ਼ਰਮਾਨ, ਨਾਦ ਅਨਾਦੀ ਬੋਲੇ ਸਤਿ ਜੈਕਾਰਿਆ । ਕਰੇ ਖੇਲ ਦੋ ਜਹਾਨ, ਆਪਣੀ ਖੇਲ ਆਪ ਕਰਾ ਰਿਹਾ । ਤ੍ਰੈ ਤ੍ਰੈ ਚੇਲਾ ਕਰ ਪਰਧਾਨ, ਸਾਚਾ ਮੇਲਾ ਮੇਲ ਮਿਲਾ ਰਿਹਾ । ਲੱਖ ਚੁਰਾਸੀ ਦੇਵੇ ਦਾਨ, ਸਾਚੀ ਵਸਤ ਇਕ ਵਰਤਾ ਰਿਹਾ । ਲੋਕਮਾਤ ਖੋਲ੍ਹ ਦੁਕਾਨ, ਨੌਂ ਖੰਡ ਵੰਡ ਵੰਡਾ ਰਿਹਾ । ਕਰੇ ਖੇਲ ਗੁਣ ਨਿਧਾਨ, ਲੇਖਾ ਲੇਖ ਨਾ ਕੋਈ ਜਣਾ ਰਿਹਾ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਾਚੇ ਵੇਖ ਵਖਾ ਲਿਆ । ਆਦਿ ਪੁਰਖ ਏਕੰਕਾਰ, ਅਕਲ ਕਲ ਆਪਣੀ ਖੇਲ ਖਿਲਾਇੰਦਾ । ਸਚਖੰਡ ਦੁਆਰੇ ਹੋ ਉਜਿਆਰ, ਜੋਤੀ ਨੂਰ ਡਗਮਗਾਇੰਦਾ । ਥਿਰ ਘਰ ਸਾਚੇ ਪਾਵੇ ਸਾਰ, ਸਚ ਸਿੰਘਾਸਣ ਪੁਰਖ ਅਬਿਨਾਸ਼ਣ ਸੋਭਾ ਪਾਇੰਦਾ । ਸ਼ਾਹੋ ਭੂਪ ਬਣ ਸਿਕਦਾਰ, ਰਾਜ ਰਾਜਾਨਾ ਹੁਕਮ ਚਲਾਇੰਦਾ । ਬ੍ਰਹਿਮੰਡ ਖੰਡ ਪਾਵਣਹਾਰਾ ਸਾਰ, ਜੇਰਜ ਅੰਡ ਫੋਲ ਫੁਲਾਇੰਦਾ । ਉਤਭੁਜ ਸੇਤਜ ਦਏ ਹੁਲਾਰ, ਸਚ ਹੁਲਾਰਾ ਇਕ ਰਖਾਇੰਦਾ । ਕਰੇ ਖੇਲ ਵਿਚ ਸੰਸਾਰ, ਨਿਰਗੁਣ ਸਰਗੁਣ ਰੂਪ ਵਟਾਇੰਦਾ । ਸ਼ਬਦ ਅਨਾਦਿ ਸੱਚੀ ਧੁਨਕਾਰ, ਗ੍ਰਿਹਿ ਮੰਦਰ ਆਪ ਵਜਾਇੰਦਾ । ਹਰਿਜਨ ਸਾਚੇ ਲਏ ਉਭਾਰ, ਆਪ ਆਪਣੀ ਬੂਝ ਬੁਝਾਇੰਦਾ । ਇਕ ਵਖਾਏ ਚਰਨ ਦੁਆਰ, ਸਚ ਘਰ ਬਾਰਾ ਇਕ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਆਪ ਸਮਝਾਇੰਦਾ । ਗੁਰਮੁਖ ਸਾਚਾ ਆਪ ਸਮਝਾਇਆ, ਆਪਣਾ ਪਰਦਾ ਦਏ ਉਠਾਈਆ । ਆਪਣੇ ਮਾਰਗ ਆਪੇ ਲਾਇਆ, ਰੂਪ ਅਨੂਪ ਆਪ ਦਰਸਾਈਆ । ਤ੍ਰੈਗੁਣ ਮਾਇਆ ਬੰਧਨ ਤੋੜ ਤੁੜਾਇਆ, ਜਗਤ ਜੰਜਾਲਾ ਮੂਲ ਚੁਕਾਈਆ । ਸ਼ਬਦ ਅਨਾਦੀ ਛੰਦਨ ਇਕ ਸੁਣਾਇਆ, ਗੀਤ ਸੁਹਾਗੀ ਆਪੇ ਗਾਈਆ । ਪਰਮਾਨੰਦਨ ਆਪ ਸਮਾਇਆ, ਨਿਜਾਨੰਦ ਵੱਜੇ ਵਧਾਈਆ । ਸਾਚਾ ਚੰਦਨ ਮਸਤਕ ਟਿੱਕਾ ਆਪ ਲਗਾਇਆ, ਜੋਤ ਲਿਲਾਟ ਕਰ ਰੁਸ਼ਨਾਈਆ । ਗੁਰਸਿਖ ਬਖ਼ਸ਼ੰਦਨ ਨਾਉਂ ਧਰਾਇਆ, ਪਾਰਬ੍ਰਹਮ ਬੇਪਰਵਾਹੀਆ । ਮਨਮੁਖਾਂ ਕੰਡਾਂ ਵੱਢਣ ਲੋਕਮਾਤ ਜਗ ਫੇਰਾ ਪਾਇਆ, ਸਤਿਜੁਗ ਤ੍ਰੇਤਾ ਦੁਆਪਰ ਆਪਣਾ ਬਲ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਗੁਰਮੁਖ ਸਾਚਾ ਸੁਤ ਦੁਲਾਰਾ, ਹਰਿ ਸਾਚਾ ਸਚ ਉਠਾਇੰਦਾ । ਆਦਿ ਜੁਗਾਦੀ ਹੋ ਉਜਿਆਰਾ, ਨਿਰਗੁਣ ਸਰਗੁਣ ਰੂਪ ਮੇਲ ਮਿਲਾਇੰਦਾ । ਦੀਨਾਂ ਨਾਥ ਸੰਤਨ ਦਏ ਸਹਾਰਾ, ਦਰਦ ਦੁੱਖ ਭੈ ਭੰਜਣ ਆਪਣਾ ਨਾਉਂ ਧਰਾਇੰਦਾ । ਮਾਇਆ ਮਮਤਾ ਮੋਹ ਚੁੱਕੇ ਜਗਤ ਵਿਕਾਰਾ, ਹਉਮੇ ਹੰਗਤਾ ਗੜ੍ਹ ਤੁੜਾਇੰਦਾ । ਮਹੱਲ ਅਟਲ ਵਖਾਏ ਉਚ ਮੁਨਾਰਾ, ਸਚ ਘਰ ਬਾਰਾ ਇਕ ਸੁਹਾਇੰਦਾ । ਨਿਰਗੁਣ ਦੀਵਾ ਬਾਤੀ ਕਰ ਉਜਿਆਰਾ, ਕਮਲਾਪਾਤੀ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਗੁਰ ਗੁਰਮੁਖ ਵੇਖ ਵਖਾਇੰਦਾ । ਗੁਰ ਗੁਰ ਗੁਰਮੁਖ ਗੁਰ ਗੁਰ ਦਾਸ, ਦਾਸਨ ਦਾਸੀ ਸੇਵ ਕਮਾਈਆ । ਪੂਰਬ ਜਨਮ ਪੂਰੀ ਹੋਈ ਆਸ, ਆਸਾ ਤ੍ਰਿਸ਼ਨਾ ਪੂਰ ਨਾ ਕੋਈ ਕਰਾਈਆ । ਏਕਾ ਵਰ ਮੰਗੇ , ਚਰਨ ਧਿਆਨ ਲਗਾਈਆ । ਅਠਾਰਾਂ ਭਾਰ ਮੇਰੀ ਕਰੇ ਨਾ ਬੰਦ ਖ਼ਲਾਸ, ਸਤ ਸਮੁੰਦਰ ਲਿਖ ਲਿਖ ਥੱਕੇ ਸ਼ਾਹੀਆ । ਬਿਨ ਤੁਧ ਹਰਿ ਜੂ ਕੋਈ ਨਾ ਬੁਝਾਏ ਮੇਰੀ ਪਿਆਸ, ਤੇਰਾ ਦਰਸ ਮੇਰੀ ਤ੍ਰਿਪਤ ਪੂਰਨ ਦਏ ਕਰਾਈਆ । ਕੋਟਨ ਕੋਟ ਜਨਮ ਰਸਨਾ ਗਾਏ ਸਵਾਸ, ਲੇਖਾ ਇਕ ਨਾ ਲੱਗੇ ਰਾਈਆ । ਕੋਟਨ ਕੋਟ ਜੁਗ ਬੀਤੇ ਖਾਏ ਰਿਹਾ ਕਾਲ ਗਰਾਸ, ਜਮਕਾਲ ਵੇਖ ਵਖਾਈਆ । ਮਹਾਕਾਲ ਹੋਏ ਉਦਾਸ, ਆਤਮ ਰੋ ਰੋ ਨੀਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਗੁਰਮੁਖ ਚਾਤ੍ਰਿਕ ਰਿਹਾ ਬਿਲਲਾਈਆ । ਗੁਰਦਾਸ ਗੁਰਮੁਖ ਗੁਰਮੁਖ ਲੇਖ ਜਾਣਿਆ, ਪੁਰਖ ਅਬਿਨਾਸ਼ੀ ਹੋ ਤਿਆਰਾ । ਮਾਨਸ ਦੇਹੀ ਹਰਿ ਰੰਗ ਮਾਣਿਆ, ਅਲਖ ਅਗੋਚਰ ਅਗੰਮ ਅਪਾਰਾ । ਵੇਖਣਹਾਰਾ ਬਾਲ ਅਞਾਣਿਆ, ਦੇਵਣਹਾਰਾ ਨਾਮ ਸਹਾਰਾ । ਮੂਰਖ ਮੂੜ੍ਹ ਚਤੁਰ ਸੁਘੜ ਬਣਾਏ ਸਿਆਣਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪੇ ਜਾਣੇ ਆਪਣੇ ਭਾਣਿਆਂ । ਗੁਰਦਾਸ ਗੁਰ ਸਰਨ ਸਰਨਾਈਆ । ਗੁਰ ਗੁਰਮੁਖ ਹਰਿ ਹਰਿ ਪਾਇਆ, ਆਤਮ ਅੰਤਰ ਵੱਜੇ ਵਧਾਈਆ । ਗ੍ਰਿਹਿ ਮੰਦਰ ਹੋਏ ਰੁਸ਼ਨਾਇਆ, ਮਿਲਿਆ ਮੇਲ ਸਾਚੇ ਮਾਹੀਆ । ਵਿਛੜ ਕਦੇ ਨਾ ਜਾਇਆ, ਦੋਏ ਜੋੜ ਪਏ ਸਰਨਾਈਆ । ਸੀਸ ਜਗਦੀਸ਼ ਇਕ ਝੁਕਾਇਆ, ਹਉਂ ਮੰਗਾਂ ਠੰਡੀ ਛਾਈਂਆ । ਸਿਰ ਆਪਣਾ ਹੱਥ ਰਖਾਇਆ, ਤੇਰਾ ਸੰਗ ਵੇਖਾਂ ਚਾਈਂ ਚਾਈਂਆ । ਚੇਤਨ ਰੂਪ ਆਪ ਧਰਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਗੁਰਮੁਖ ਤੇਰੀ ਚਲੇ ਸਚ ਰਜ਼ਾਈਆ । ਗੁਰਦਾਸ ਗੁਰ ਲੇਖਾ ਅਨੰਦ, ਅਨੰਦ ਮੰਗਲ ਹਰਿ ਗਾਇਆ । ਨਿਰਗੁਣ ਸਤਿ ਸਰੂਪ ਸੁਣਾਇਆ ਸੁਹਾਗੀ ਛੰਦ, ਰਸਨਾ ਜਿਹਵਾ ਨਾ ਕੋਈ ਹਿਲਾਇਆ । ਤੇਰਾ ਰੂਪ ਮੇਰਾ ਸ਼ਬਦ ਸੀਤਲ ਧਾਰ ਗੰਗ, ਸਤਿਜੁਗ ਦਏ ਵਹਾਇਆ । ਤੇਰੀ ਮੇਰੀ ਏਕਾ ਗੰਢ, ਨਾ ਕੋਈ ਖੋਲ੍ਹੇ ਖੋਲ੍ਹ ਖੁਲ੍ਹਾਇਆ । ਤੇਰਾ ਮੇਰਾ ਸਗਲਾ ਸਾਥ ਵਿਚ ਬ੍ਰਹਿਮੰਡ, ਲੋਆਂ ਪੁਰੀਆਂ ਤੇਰੀ ਗੋਦ ਬਹਾਇਆ । ਬਿਨ ਤੇਰੀ ਕ਼ਲਮ ਨੌਂ ਸੌ ਚੁਰਾਨਵੇਂ ਚੌਕੜੀ ਜੁਗ ਹੋਇਆ ਰੰਡ, ਹਰਿ ਕੰਤ ਸੁਹਾਗ ਨਾ ਕੋਈ ਮਿਲਾਇਆ । ਬਿਨ ਤੇਰੀ ਕ਼ਲਮ ਨੌਂ ਖੰਡ ਪ੍ਰਿਥਮੀ ਕੋਇ ਨਾ ਮੇਟੇ ਭੇਖ ਪਖੰਡ, ਕੂੜੀ ਕਿਰਿਆ ਨਾ ਦਏ ਗਵਾਇਆ । ਬਿਨ ਤੇਰੀ ਕ਼ਲਮ ਕੋਈ ਨਾ ਗਾਏ ਹਰਿ ਕਾ ਛੰਦ, ਗੀਤ ਸੁਹਾਗੀ ਇਕ ਗਾਇਆ । ਬਿਨ ਤੇਰੀ ਕ਼ਲਮ ਲੋਕਮਾਤ ਨਾ ਕਰੇ ਖੰਡ ਖੰਡ, ਸ਼ਾਹ ਸੁਲਤਾਨਾਂ ਖ਼ਾਕ ਮਿਲਾਇਆ । ਬਿਨ ਤੇਰੀ ਕ਼ਲਮ ਕਲਜੁਗ ਕਰੇ ਨਾ ਕੋਈ ਬੰਦ, ਸਤਿਜੁਗ ਸਾਚਾ ਮਾਤ ਧਰਾਇਆ । ਬਿਨ ਤੇਰੀ ਕ਼ਲਮ ਗੁਰਮੁਖਾਂ ਦੇਵੇ ਨਾ ਪਰਮਾਨੰਦ, ਚਾਰ ਵੇਦ ਛੇ ਸ਼ਾਸਤਰ ਪੁਰਾਨ ਅਠਾਰਾਂ ਰਹੇ ਕੁਰਲਾਇਆ । ਬਿਨ ਤੇਰੀ ਕਲਮ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਸ਼ਅੱਖਰ ਗਿਆ ਪੜ੍ਹਾਇਆ । ਨਿਸ਼ਅੱਖਰ ਹਰਿ ਪੜ੍ਹਾਇਆ, ਲੇਖਾ ਲਿਖਣ ਵਿਚ ਨਾ ਆਈਆ । ਕਲਮੀ ਕਲਮਾ ਬੰਦ ਕਰਾਇਆ, ਕਾਗ਼ਜ਼ ਕ਼ਲਮ ਨਾ ਲਿਖੇ ਸ਼ਾਹੀਆ । ਧੁਰ ਫ਼ਰਮਾਨਾ ਇਕ ਜਣਾਇਆ, ਧੁਰ ਦੀ ਬਾਣੀ ਬਾਣ ਲਗਾਈਆ । ਗੁਰਦਾਸ ਆਸ ਇਕ ਲਗਾਇਆ, ਮਿਲੇ ਮੇਲ ਸੱਚੇ ਸ਼ਹਿਨਸ਼ਾਹੀਆ । ਦੋ ਜਹਾਨਾਂ ਪੰਧ ਮੁਕਾਇਆ, ਮੰਡਲ ਰਾਸ ਵੇਖ ਵਖਾਈਆ । ਦੋਹਾਂ ਵਿਚੋਲਾ ਮੇਲ ਮਿਲਾਇਆ, ਸਤਿਜੁਗ ਕਲਜੁਗ ਵੇਖੇ ਥਾਉਂ ਥਾਈਂਆ । ਪੂਰਬ ਲਹਿਣਾ ਦਏ ਮੁਕਾਇਆ, ਅਗਲਾ ਲੇਖਾ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਕਾ ਦਰਸ ਗੁਰੂ ਗੁਰ ਪਿਆਰ, ਗੁਰ ਅੰਮ੍ਰਿਤ ਬਖ਼ਸ਼ੇ ਠੰਡੀ ਠਾਰ, ਨਿਝਰ ਧਾਰ ਆਪ ਚਲਾਈਆ । ਨਿਝਰ ਧਾਰ ਅੰਮ੍ਰਿਤ ਰਸ, ਸੋ ਪੁਰਖ ਨਿਰੰਜਣ ਆਪ ਪਿਆਇੰਦਾ । ਹਰਿ ਪੁਰਖ ਨਿਰੰਜਣ ਹਿਰਦੇ ਵਸ, ਏਕੰਕਾਰਾ ਮੇਲ ਮਿਲਾਇੰਦਾ । ਆਦਿ ਨਿਰੰਜਣ ਜੋਤੀ ਨੂਰ ਕਰੇ ਕੋਟਨ ਰਵ ਸਸ, ਨੂਰ ਨੁਰਾਨਾ ਡਗਮਗਾਇੰਦਾ । ਸ੍ਰੀ ਭਗਵਾਨ ਮਾਰਗ ਸਾਚਾ ਦੱਸ, ਸਾਚਾ ਘਰ ਇਕ ਵਸਾਇੰਦਾ । ਅਬਿਨਾਸ਼ੀ ਕਰਤਾ ਨੱਸ ਨੱਸ, ਜੁਗ ਜੁਗ ਆਪਣਾ ਮੇਲ ਮਿਲਾਇੰਦਾ । ਪਾਰਬ੍ਰਹਮ ਪ੍ਰਭ ਹੋਇਆ ਵਸ, ਵਿਛੜ ਕਦੇ ਨਾ ਜਾਇੰਦਾ । ਕਰੇ ਕਰਾਏ ਪੂਰੀ ਆਸ, ਚਰਨ ਭਰਵਾਸਾ ਇਕ ਰਖਾਇੰਦਾ । ਲੇਖਾ ਚੁੱਕੇ ਦਸ ਦਸ ਮਾਸ, ਮਾਤ ਗਰਭ ਫੰਦ ਕਟਾਇੰਦਾ । ਸਚਖੰਡ ਦੁਆਰੇ ਕਰ ਨਿਵਾਸ, ਆਪ ਆਪਣਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਾਚੇ ਵੇਖ ਵਖਾਇੰਦਾ । ਹਰਿਜਨ ਹਰਿ ਹਰਿ ਵੇਖਿਆ, ਨਿਰਗੁਣ ਸਰਗੁਣ ਧਾਰ । ਪੂਰਬ ਦੇਣਾ ਵੇਖੇ ਲੇਖਿਆ,

ਮਾਨਸ ਮਾਨਸ ਕਰ ਵਿਚਾਰ । ਜੋਤੀ ਜਾਮਾ ਧਾਰੇ ਭੇਖਿਆ, ਕਲ ਕਲਕੀ ਲਏ ਅਵਤਾਰ । ਆਪਣਾ ਲੇਖ ਆਪੇ ਵੇਖਿਆ, ਨਾ ਕੋਈ ਮੇਟਣਹਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਹਰਿ ਦਰਸ਼ਨ ਨੈਣ ਦੀਦਾਰ । ਹਰਿ ਦਰਸ਼ਨ ਨੈਣ ਦੀਦਾਰਿਆ, ਦਿਵਸ ਰੈਣ ਪ੍ਰਭਾਤ । ਗੁਰਦਾਸ ਗੁਰ ਪੈਜ ਸਵਾਰਿਆ, ਪੂਰੀ ਕਰੇ ਆਸ । ਜਗਤ ਬਣਾਇਆ ਸਚ ਲਿਖਾਰਿਆ, ਕਲਜੁਗ ਕਰੇ ਨਾਸ । ਗੁਰਮੁਖ ਉਠਾਏ ਸਚ ਦੁਲਾਰਿਆ, ਹੋਏ ਸਹਾਈ ਜੰਗਲ ਜੂਹ ਉਜਾੜ ਪਹਾੜ ਵਿਚ ਪ੍ਰਭਾਸ । ਆਪਣਾ ਖੇਲ ਆਪ ਕਰਾ ਰਿਹਾ, ਕਰੇ ਖੇਲ ਪੁਰਖ ਅਬਿਨਾਸ਼ । ਰੂਪ ਰੰਗ ਰੇਖ ਨਾ ਕੋਈ ਜਣਾ ਰਿਹਾ, ਜੋਤੀ ਜੋਤ ਨੂਰ ਪ੍ਰਕਾਸ਼ । ਪ੍ਰਿਥਮੀ ਆਕਾਸ਼ ਵੇਖ ਵਖਾ ਰਿਹਾ, ਗਗਨ ਮੰਡਲ ਪਾਵੇ ਰਾਸ । ਰੂਪ ਰੰਗ ਰੇਖ ਨਾ ਕੋਈ ਜਣਾ ਰਿਹਾ, ਜੋਤੀ ਜੋਤ ਨੂਰ ਪ੍ਰਕਾਸ਼ । ਗੋਪੀ ਕਾਹਨ ਆਪ ਨਚਾ ਰਿਹਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਰੱਖੇ ਸਦਾ ਪਾਸ । ਗੁਰਦਾਸ ਹਰਿ ਭਾਇਆ, ਪਾਇਆ ਗਹਿਰ ਗੰਭੀਰ । ਪ੍ਰਭ ਸਾਂਤਕ ਸਤਿ ਵਰਤਾਇਆ, ਠਾਂਡਾ ਜਗਤ ਸਰੀਰ । ਆਤਮ ਰਸ ਚਖਾਇਆ, ਅੰਮ੍ਰਿਤ ਜਿਉਂ ਅਨਮੁਲਾ ਸੀਰ । ਹੱਸ ਹੱਸ ਗੋਦ ਬਹਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਸਾਚੀ ਧੀਰ । ਸਾਚੀ ਧੀਰ ਧਰਾਇੰਦਾ, ਕਰ ਕਿਰਪਾ ਗੁਣ ਨਿਧਾਨ । ਗੁਰਦਾਸ ਤੇਰੀ ਪੂਰੀ ਆਸ ਕਰਾਇੰਦਾ, ਦੋ ਜਹਾਨ ਵਖਾਏ ਇਕ ਨਿਸ਼ਾਨ । ਰਾਤੀ ਸੁਤਿਆਂ ਬ੍ਰਹਿਮੰਡਾਂ ਵਿਚ ਨਾਲ ਫਿਰਾਇੰਦਾ, ਕਿਰਪਾ ਕਰੇ ਜਾਣੀ ਜਾਣ । ਬ੍ਰਹਮਾ ਵਿਸ਼ਨ ਸ਼ਿਵ ਤੇਰੀ ਉਂਗਲੀ ਲਾਇੰਦਾ, ਖੇਲੇ ਖੇਲ ਸ੍ਰੀ ਭਗਵਾਨ । ਸਾਚੇ ਸਤਿਜੁਗ ਸੋਭਾ ਪਾਇੰਦਾ, ਆਦਿ ਜੁਗਾਦੀ ਨੌਜਵਾਨ । ਸੱਚਾ ਸੀਸ ਤਾਜ ਟਿਕਾਇੰਦਾ, ਪੰਚਮ ਮੁਖੀ ਨਿਗਹਬਾਨ । ਜਗਤ ਜਗਦੀਸ਼ ਸੇਵ ਕਮਾਇੰਦਾ, ਭਗਤ ਭਗਵੰਤ ਲਏ ਪਛਾਣ । ਹਰਿ ਸਾਚੇ ਸੰਤ ਆਪਣੇ ਲੇਖੇ ਪਾਇੰਦਾ, ਧੁਰਦਰਗਾਹੀ ਧੁਰ ਦੀ ਏਕਾ ਬਾਣ । ਗੁਰਮੁਖ ਸਾਚੇ ਆਪ ਉਠਾਇੰਦਾ, ਸ਼ਬਦ ਜਣਾਏ ਸਚ ਫ਼ਰਮਾਨ । ਗੁਰਸਿਖ ਆਪਣੀ ਗੋਦ ਟਿਕਾਇੰਦਾ, ਵੇਖਣਹਾਰਾ ਬਾਲ ਨਿਧਾਨ । ਸ਼ਬਦ ਨਗਾਰੇ ਚੋਟ ਲਗਾਇੰਦਾ, ਕਾਇਆ ਮੰਦਰ ਚੜ੍ਹ ਸਚ ਮਕਾਨ । ਦਸਮ ਦੁਆਰੀ ਡੇਰਾ ਲਾਇੰਦਾ, ਕਰ ਕਿਰਪਾ ਆਪ ਮਿਹਰਵਾਨ । ਸ਼ਬਦ ਅਨਾਦੀ ਨਾਦ ਵਜਾਇੰਦਾ, ਆਪ ਸੁਣਾਏ ਸੱਚੀ ਧੁਨਕਾਨ । ਅੰਮ੍ਰਿਤ ਸਾਚਾ ਜਾਮ ਪਿਆਇੰਦਾ, ਨਿਝਰ ਝਿਰਨਾ ਝਿਰੇ ਮਹਾਨ । ਸੁਰਤੀ ਸ਼ਬਦੀ ਮੇਲ ਮਿਲਾਇੰਦਾ । ਇਕ ਰਖਾਏ ਸਾਚੀ ਆਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਦੇਵੇ ਮਾਣ । ਮਾਣ ਨਿਮਾਣਿਆਂ ਦੇਵਣਹਾਰਾ, ਏਕਾ ਏਕੰਕਾਰ । ਆਦਿ ਜੁਗਾਦੀ ਪਾਵੇ ਸਾਰਾ, ਲੋਕਮਾਤ ਲਏ ਅਵਤਾਰ । ਕਲਜੁਗ ਅੰਤਮ ਖੇਲ ਨਿਆਰਾ, ਨਾ ਕੋਈ ਜਾਣੇ ਜੀਵ ਗਵਾਰ । ਪਰਗਟ ਹੋਇਆ ਹਰਿ ਕਰਤਾਰਾ, ਰੂਪ ਅਨੂਪ ਸੱਚੀ ਸਰਕਾਰ । ਹੁਕਮੀ ਹੁਕਮ ਕਰੇ ਵਰਤਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ।

★ ੩ ਮਾਘ ੨੦੧੭ ਬਿਕਰਮੀ ਨਸੀਬ ਸਿੰਘ ਦੇ ਗ੍ਰਿਹ ਪਿੰਡ ਬੋਪਾ ਰਾਏ ★

ਹਰਿ ਜੁਗ ਜੁਗ ਵੇਸ ਵਟਾਇਆ, ਆਦਿ ਜੁਗਾਦੀ ਏਕੰਕਾਰ । ਹਰਿ ਜੁਗ ਜੁਗ ਵੇਸ ਵਟਾਇਆ, ਜੁਗਾ ਜੁਗੰਤਰ ਖੇਲ ਅਪਾਰ । ਹਰਿ

ਜੁਗ ਜੁਗ ਵੇਸ ਵਟਾਇਆ, ਨਿਰਗੁਣ ਸਰਗੁਣ ਲੈ ਅਵਤਾਰ । ਹਰਿ ਜੁਗ ਜੁਗ ਵੇਸ ਵਟਾਇਆ, ਪੰਚ ਤੱਤ ਕਰੇ ਪਿਆਰ । ਹਰਿ ਜੁਗ ਜੁਗ ਵੇਸ ਵਟਾਇਆ, ਕਰੇ ਖੇਲ ਅਗੰਮ ਅਪਾਰ । ਹਰਿ ਜੁਗ ਜੁਗ ਵੇਸ ਵਟਾਇਆ, ਨਾਉਂ ਧਰਾਏ ਵਿਚ ਸੰਸਾਰ । ਹਰਿ ਜੁਗ ਜੁਗ ਵੇਸ ਵਟਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਕਰਾਏ ਸਚ ਵਿਹਾਰ । ਹਰਿ ਜੁਗ ਜੁਗ ਵੇਸ ਵਟਾਇੰਦਾ, ਅਲਖ ਅਗੋਚਰ ਅਗੰਮ ਅਥਾਹ । ਹਰਿ ਜੁਗ ਜੁਗ ਵੇਸ ਵਟਾਇੰਦਾ, ਨਿਰਗੁਣ ਦਾਤਾ ਬੇਪਰਵਾਹ । ਹਰਿ ਜੁਗ ਵੇਸ ਵਟਾਇੰਦਾ, ਅਲਖ ਅਲਖਣਾ ਸੱਚਾ ਸ਼ਹਿਨਸ਼ਾਹ । ਹਰਿ ਜੁਗ ਜੁਗ ਵੇਸ ਵਟਾਇੰਦਾ, ਨਿਰਗੁਣ ਨਿਰਵੈਰ ਪੁਰਖ ਅਕਾਲ ਨਾਉਂ ਨਿਰੰਕਾਰ ਆਪ ਪਰਗਟਾ । ਹਰਿ ਜੁਗ ਜੁਗ ਵੇਸ ਵਟਾਇੰਦਾ, ਸ਼ਬਦ ਅਨਾਦੀ ਨਾਦ ਦੋ ਜਹਾਨਾਂ ਦਏ ਵਜਾ । ਹਰਿ ਜੁਗ ਜੁਗ ਵੇਸ ਵਟਾਇੰਦਾ, ਜੋਤੀ ਨੂਰ ਕਰ ਰੁਸ਼ਨਾ । ਹਰਿ ਜੁਗ ਜੁਗ ਵੇਸ ਵਟਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਬਣੇ ਸਚ ਮਲਾਹ । ਹਰਿ ਜੁਗ ਜੁਗ ਵੇਸ ਅਵੱਲੜਾ, ਮਹਿਮਾ ਅਕਥ ਕਥੀ ਨਾ ਜਾਈਆ । ਹਰਿ ਜੁਗ ਜੁਗ ਵੇਸ ਅਵੱਲੜਾ, ਸੋ ਪੁਰਖ ਨਿਰੰਜਣ ਭੇਵ ਨਾ ਰਾਈਆ । ਹਰਿ ਜੁਗ ਜੁਗ ਵੇਸ ਅਵੱਲੜਾ, ਹਰਿ ਪੁਰਖ ਨਿਰੰਜਣ ਰੂਪ ਅਨੂਪ ਆਪ ਧਰਾਈਆ । ਹਰਿ ਜੁਗ ਜੁਗ ਵੇਸ ਅਵੱਲੜਾ, ਏਕੰਕਾਰਾ ਅਨਭਵ ਪਰਕਾਸ਼ ਆਪਣਾ ਆਪ ਧਰਾਈਆ । ਹਰਿ ਜੁਗ ਜੁਗ ਵੇਸ ਅਵੱਲੜਾ, ਆਦਿ ਨਿਰੰਜਣ ਨੂਰੋ ਨੂਰ ਨੂਰ ਨੁਰਾਨਾ ਡਗਮਗਾਈਆ । ਹਰਿ ਜੁਗ ਜੁਗ ਵੇਸ ਅਵੱਲੜਾ, ਸ੍ਰੀ ਭਗਵਾਨ ਸਚਖੰਡ ਦੁਆਰਾ ਆਪਣਾ ਆਪ ਸੁਹਾਈਆ । ਹਰਿ ਜੁਗ ਜੁਗ ਵੇਸ ਅਵੱਲੜਾ, ਥਿਰ ਘਰ ਸਚ ਸਿੰਘਾਸਣ ਏਕਾ ਆਸਣ ਲਾਈਆ । ਹਰਿ ਜੁਗ ਜੁਗ ਵੇਸ ਅਵੱਲੜਾ, ਪਾਰਬ੍ਰਹਮ ਪ੍ਰਭ ਆਪਣਾ ਵੇਖੇ ਖੇਲ ਤਮਾਸਨ, ਹੁਕਮੀ ਹੁਕਮ ਆਪ ਵਰਤਾਈਆ । ਹਰਿ ਜੁਗ ਜੁਗ ਵੇਸ ਅਵੱਲੜਾ, ਸਾਚੇ ਤਖ਼ਤ ਬੈਠ ਸ਼ਾਹੋ ਸ਼ਾਬਾਸ਼ਣ, ਰਾਜ ਰਾਜਾਨ ਭੂਪਣ ਭੂਪ ਆਪਣੀ ਦਇਆ ਆਪ ਕਮਾਈਆ । ਹਰਿ ਜੁਗ ਜੁਗ ਵੇਸ ਅਵੱਲੜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਆਪਣੀ ਖੇਲ ਆਪ ਖਿਲਾਈਆ । ਹਰਿ ਜੁਗ ਜੁਗ ਵੇਸ ਅਪਾਰਾ, ਹਰਿ ਕਰਤਾ ਆਪ ਕਰਾਇੰਦਾ । ਹਰਿ ਜੁਗ ਜੁਗ ਹੋ ਉਜਿਆਰਾ, ਸ਼ਬਦ ਧਾਰ ਆਪ ਚਲਾਇੰਦਾ । ਹਰਿ ਜੁਗ ਜੁਗ ਬ੍ਰਹਮਾ ਵਿਸ਼ਨ ਸ਼ਿਵ ਲਾਏ ਸੇਵਾਦਾਰਾ, ਸਾਚੀ ਸੇਵਾ ਇਕ ਸਮਝਾਇੰਦਾ । ਹਰਿ ਜੁਗ ਜੁਗ ਤ੍ਰੈਗੁਣ ਮਾਇਆ ਭਰੇ ਭੰਡਾਰਾ, ਵਸਤ ਅਮੋਲਕ ਆਪ ਵਰਤਾਇੰਦਾ । ਹਰਿ ਜੁਗ ਜੁਗ ਪੰਜ ਤੱਤ ਕਰੇ ਪਸਾਰਾ, ਲੱਖ ਚੁਰਾਸੀ ਕੰਚਨ ਗੜ੍ਹ ਵਸਾਇੰਦਾ । ਹਰਿ ਜੁਗ ਜੁਗ ਖੇਲ ਅਪਾਰਾ, ਨਿਰਗੁਣ ਸਰਗੁਣ ਮੇਲਾ ਕੰਤ ਭਤਾਰਾ, ਸਾਚੀ ਸੇਜਾ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਏਕਾ ਨਰ, ਨਰ ਨਰਾਇਣ ਆਪਣਾ ਨਾਉਂ ਉਪਜਾਇੰਦਾ । ਹਰਿ ਜੁਗ ਜੁਗ ਜੋਤ ਜਗਾਇੰਦਾ, ਜੋਤੀ ਜਾਤਾ ਹਰਿ ਨਿਰੰਕਾਰ । ਹਰਿ ਜੁਗ ਜੁਗ ਘਾੜਨ ਘੜਤ ਆਪ ਘੜਾਇੰਦਾ, ਘੜਣ ਭੰਨਣਹਾਰ ਸਮਰਥ ਪੁਰਖ ਕਰਤਾਰ । ਹਰਿ ਜੁਗ ਜੁਗ ਰਥ ਚਲਾਇੰਦਾ, ਰਥ ਰਥਵਾਹੀ ਬਣੇ ਸੱਚੀ ਸਰਕਾਰ । ਹਰਿ ਜੁਗ ਜੁਗ ਮਹਿਮਾ ਕਥ ਆਪ ਸੁਣਾਇੰਦਾ, ਆਪੇ ਗਾਏ ਆਪਣੀ ਵਾਰ । ਹਰਿ ਜੁਗ ਜੁਗ ਸਾਚੀ ਵਥ ਲੋਕਮਾਤ ਵਰਤਾਇੰਦਾ, ਨਾਮ ਅਨਮੁਲਾ ਇਕ ਭੰਡਾਰ । ਹਰਿ ਜੁਗ ਜੁਗ ਆਪਣਾ ਹੱਟ ਆਪ ਖੁਲ੍ਹਾਇੰਦਾ, ਗੁਰ ਪੀਰ ਬਣ ਅਵਤਾਰ । ਹਰਿ ਜੁਗ ਜੁਗ ਧੀਰਜ ਸਤਿ ਆਪ ਧਰਾਇੰਦਾ, ਸਤਿ ਸੰਤੋਖ ਦਏ ਆਧਾਰ । ਹਰਿ ਜੁਗ ਜੁਗ ਬ੍ਰਹਮ ਮਤ ਇਕ ਸਮਝਾਇੰਦਾ,

ਆਤਮ ਅੰਤਰ ਕਰ ਵਿਚਾਰ । ਹਰਿ ਜੁਗ ਜੁਗ ਰਤੀ ਰਤ ਨਾਮ ਰੰਗਾਇੰਦਾ, ਰੰਗ ਰੰਗੀਲਾ ਮੀਤ ਮੁਰਾਰ । ਹਰਿ ਜੁਗ ਜੁਗ ਸਾਚਾ ਬੀਜ ਏਕਾ ਘੱਤ ਅੰਮ੍ਰਿਤ ਫਲ ਇਕ ਉਪਜਾਇੰਦਾ, ਫੁੱਲ ਫੁਲਵਾੜੀ ਵੇਖੇ ਸਰਬ ਸੰਸਾਰ । ਹਰਿ ਜੁਗ ਜੁਗ ਚਰਨ ਕਵਲ ਨਾਤਾ ਆਪ ਬੰਧਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਆਪਣੀ ਕਾਰ । ਹਰਿ ਜੁਗ ਜੁਗ ਕਾਰ ਕਮਾਈਆ, ਕਮਾਵਣਹਾਰਾ ਏਕੰਕਾਰ । ਲੱਖ ਚੁਰਾਸੀ ਖੇਲ ਰਚਾਈਆ, ਲੇਖਾ ਜਾਣੇ ਅਗੰਮ ਅਪਾਰ । ਘਰ ਘਰ ਬੈਠਾ ਸੇਜ ਹੰਢਾਈਆ, ਲੱਖ ਚੁਰਾਸੀ ਕੰਤ ਭਤਾਰ । ਸਾਚਾ ਮੰਗਲ ਏਕਾ ਗਾਈਆ, ਜੁਗਾ ਜੁਗੰਤਰ ਸ਼ਬਦ ਅਨਾਦ ਸੱਚੀ ਧੁੰਨਕਾਰ । ਸਾਚੀ ਸਖ਼ੀਆਂ ਆਪ ਸੁਣਾਈਆ, ਸਖ਼ਾ ਸੁਹੇਲਾ ਬਣ ਮੀਤ ਮੁਰਾਰ । ਇਕ ਇਕੇਲਾ ਵੇਖੇ ਚਾਈਂ ਚਾਈਂਆ, ਜੁਗਾ ਜੁਗੰਤਰ ਹੋ ਤਿਆਰ । ਭਗਤ ਭਗਵੰਤ ਵੇਖੇ ਥਾਉਂ ਥਾਈਂਆ, ਨੌਂ ਖੰਡ ਪ੍ਰਿਥਮੀ ਏਕਾ ਨੈਣ ਉਘਾੜ । ਸੰਤ ਸੁਹੇਲੇ ਪਕੜੇ ਬਾਹੀਂਆ, ਮੇਟ ਮਿਟਾਏ ਪੰਚਮ ਧਾੜ । ਗੁਰਮੁਖਾਂ ਦੇਵੇ ਠੰਡੀ ਛਾਈਂਆ, ਸਿਰ ਹੱਥ ਰੱਖ ਕਰਤਾਰ । ਗੁਰਸਿਖ ਸਾਚੇ ਲਏ ਸਮਝਾਈਆ, ਜਗਤ ਵਿਦਿਆ ਕਰੇ ਪਾਰ ਕਿਨਾਰ । ਏਕਾ ਅੱਖਰ ਦਏ ਪੜ੍ਹਾਈਆ, ਆਪ ਆਪਣੀ ਕਿਰਪਾ ਧਾਰ । ਜੁਗ ਜੁਗ ਆਪਣਾ ਰੂਪ ਧਰਾਈਆ, ਸਤਿਜੁਗ ਸਾਚਾ ਕਰ ਵਰਤਾਰ । ਤ੍ਰੇਤਾ ਲੇਖਾ ਆਪ ਮੁਕਾਈਆ, ਤ੍ਰੈਗੁਣ ਭਾਂਡਾ ਭੰਨ ਭੰਡਾਰ । ਦੁਆਪਰ ਆਪਣਾ ਖੇਲ ਖਿਲਾਈਆ, ਖੇਲਣਹਾਰਾ ਸੱਚਾ ਸ਼ਾਹਕਾਰ । ਕਲਜੁਗ ਕੂੜ ਕੁੜਿਆਰਾ ਡੰਕ ਵਜਾਈਆ, ਚਾਰੋਂ ਕੁੰਟ ਹਾਹਾਕਾਰ । ਵੇਲਾ ਅੰਤਮ ਦਏ ਦੁਹਾਈਆ, ਨਾ ਕੋਈ ਪਾਵੇ ਸਾਰ । ਹਰਿ ਕਰਤੇ ਖੇਲ ਰਚਾਈਆ, ਖੇਲੇ ਖੇਲ ਬੇਐਬ ਪਰਵਰਦਿਗਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਨੂਰ ਕਰੇ ਉਜਿਆਰ । ਹਰਿ ਜੁਗ ਜੁਗ ਖੇਲ ਖਿਲੰਦੜਾ, ਖੇਲਣਹਾਰ ਸਦਾ ਬੇਅੰਤ । ਨਿਰਗੁਣ ਆਪਣਾ ਵੇਸ ਵਟੰਦੜਾ, ਜੋਤੀ ਨੂਰ ਸ੍ਰੀ ਭਗਵੰਤ । ਸਾਚਾ ਮੰਦਰ ਆਪ ਸੁਹੰਦੜਾ, ਮਹਿਮਾ ਗਣਤ ਅਗਣਤ । ਨੇਤਰ ਲੋਚਣ ਨੈਣ ਨਾ ਕੋਇ ਵੇਖ ਵਖੰਦੜਾ, ਭਰਮੇ ਭੁੱਲੇ ਕਲਜੁਗ ਸੰਤ । ਗੁਰਮੁਖ ਸਾਚੇ ਆਪ ਉਠੰਦੜਾ, ਲੱਖ ਚੁਰਾਸੀ ਵਿਚੋਂ ਵੇਖੇ ਆਪਣਾ ਜੰਤ । ਏਕਾ ਦਰਸ ਦਰਸੀ ਸਚ ਵਖੰਦੜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਵਰ, ਗੜ੍ਹ ਤੋੜੇ ਹਉਮੇ ਹੰਗਤ । ਹਰਿ ਜੁਗ ਜੁਗ ਗੇੜ ਗੜਾਇਆ, ਸਤਿਜੁਗ ਤ੍ਰੇਤਾ ਦੁਆਪਰ ਕਰਿਆ ਪਾਰ । ਕਲਜੁਗ ਅੰਤਮ ਵੇਖਣ ਆਇਆ, ਨਿਰਗੁਣ ਨੂਰ ਕਰ ਉਜਿਆਰ । ਜੋਤੀ ਜਾਮਾ ਵੇਸ ਵਟਾਇਆ, ਦਿਸ ਨਾ ਆਏ ਵਿਚ ਸੰਸਾਰ । ਸ਼ਬਦ ਖੰਡਾ ਹੱਥ ਚਮਕਾਇਆ, ਦੋ ਜਹਾਨਾਂ ਰਿਹਾ ਹੁਲਾਰ । ਲੋਆਂ ਪੁਰੀਆਂ ਦਏ ਉਠਾਇਆ, ਬ੍ਰਹਿਮੰਡ ਖੰਡ ਪਾਵੇ ਸਾਰ । ਲੱਖ ਚੁਰਾਸੀ ਫੋਲ ਫੋਲਾਇਆ, ਨਵ ਖੰਡ ਪ੍ਰਿਥਮੀ ਕਰੇ ਬੇਹਾਲ । ਗੁਰਮੁਖ ਸਾਚੇ ਸੰਗ ਰਲਾਇਆ, ਲੱਗੀ ਪ੍ਰੀਤੀ ਨਿਭੇ ਨਾਲ । ਗ੍ਰਿਹ ਮੰਦਰ ਨਾਮ ਮਰਦੰਗ ਇਕ ਵਜਾਇਆ, ਛੱਤੀ ਰਾਗ ਸੁਰਤ ਨਾ ਸਕਣ ਸੰਭਾਲ । ਰਾਗੀ ਨਾਦੀ ਬਾਹਰਾ ਏਕਾ ਰੂਪ ਧਰ ਕੇ ਆਇਆ, ਨਾ ਸ਼ਾਹ ਨਾ ਦਿਸੇ ਕੰਗਾਲ । ਸਾਚਾ ਸੰਗ ਆਪ ਰਖਾਇਆ, ਸੁਹਾਏ ਸਚਖੰਡ ਸੱਚੀ ਧਰਮਸਾਲ । ਗੁਰਸਿਖ ਗੁਰਮੁਖ ਅਨੰਦ ਮੰਗਲ ਏਕਾ ਗਾਇਆ, ਘਰ ਪਾਇਆ ਪੁਰਖ ਅਕਾਲ । ਆਵਣ ਜਾਵਣ ਲੱਖ ਚੁਰਾਸੀ ਬੰਧਨ ਇਕ ਤੁੜਾਇਆ, ਨਾਤਾ ਤੁਟਾ ਜਗਤ ਜੰਜਾਲ । ਪਰਮਾਨੰਦਨ ਵਿਚ ਸਮਾਇਆ, ਸਤਿਗੁਰ ਪੂਰਾ ਦੀਨ ਦਿਆਲ ਦਿਵਸ ਰੈਣ ਕਰੇ ਪ੍ਰਿਤਪਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਖੇਲ ਕਰੇ ਦੀਨ ਦਿਆਲ । ਹਰਿ ਜੁਗ ਜੁਗ ਖੇਲ ਖਿਲਾਇੰਦਾ, ਖ਼ਾਲਕ ਖ਼ਲਕ

ਰੂਪ ਭਗਵਾਨ । ਸਤਿ ਸਤਿਵਾਦੀ ਸਚ ਨਿਸ਼ਾਨ ਇਕ ਰਖਾਇੰਦਾ, ਆਪ ਝੁਲਾਏ ਦੋ ਜਹਾਨ । ਚੌਦਾਂ ਲੋਕ ਏਕਾ ਹੁਕਮ ਵਰਤਾਇੰਦਾ, ਚੌਦਾਂ ਤਬਕਾਂ ਪਾਏ ਆਣ । ਬ੍ਰਹਮਾ ਵਿਸ਼ਨ ਸ਼ਿਵ ਸੀਸ ਝੁਕਾਇੰਦਾ, ਪੁਰਖ ਅਬਿਨਾਸ਼ੀ ਦੇਵੇ ਧੁਰ ਫ਼ਰਮਾਨ । ਸਚ ਸੰਦੇਸ਼ਾ ਇਕ ਸੁਣਾਇੰਦਾ, ਕਲਜੁਗ ਅੰਤਮ ਪਰਗਟ ਹੋਵੇ ਨਿਹਕਲੰਕ ਬਲੀ ਬਲਵਾਨ । ਚੌਥੇ ਜੁਗ ਪੰਧ ਮੁਕਾਇੰਦਾ, ਕੂੜੀ ਕਿਰਿਆ ਮੇਟੇ ਜਗਤ ਨਿਸ਼ਾਨ । ਗੁਰਮੁਖ ਸਾਚੇ ਵੇਖ ਵਖਾਇੰਦਾ, ਆਦਿ ਜੁਗਾਦੀ ਨਿਗਹਬਾਨ । ਨਿਰਵੈਰ ਪੁਰਖ ਵੈਰ ਨਾ ਕੋਇ ਕਮਾਇੰਦਾ, ਕਰੇ ਖੇਲ ਵਡ ਮਿਹਰਵਾਨ । ਜੀਵ ਜੰਤ ਕਰਮ ਝੋਲੀ ਪਾਇੰਦਾ, ਆਪੇ ਬਣਿਆ ਰਹੇ ਬੇਪਛਾਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਏਕਾ ਹਰਿ, ਇਕ ਇਕੱਲਾ ਨੌਜਵਾਨ । ਜੁਗ ਜੁਗ ਵੇਸ ਮਾਤ ਧਰ, ਧਰਨੀ ਧਰਤ ਧਵਲ ਦਏ ਵਡਿਆਈਆ । ਆਪਣੀ ਕਰਨੀ ਆਪੇ ਕਰ, ਕਰਤਾ ਪੁਰਖ ਵੇਖ ਵਖਾਈਆ । ਨਿਰਭੌ ਚੁਕਾਏ ਭੈ ਜਗਤ ਡਰ, ਭਿਆਨਕ ਆਪਣਾ ਨਾਉਂ ਰਖਾਈਆ । ਸੰਤ ਸੁਹੇਲੇ ਸਾਚੇ ਫੜ, ਸੱਜਣ ਮੇਲੇ ਥਾਉਂ ਥਾਈਆ । ਕਿਲਾ ਕੋਟ ਤੋੜ ਹੰਕਾਰੀ ਗੜ੍ਹ, ਗ੍ਰਹਿ ਮੰਦਰ ਵੇਖ ਵਖਾਈਆ । ਸ਼ਬਦ ਫੜਾਏ ਸਾਚਾ ਲੜ, ਗੁਰ ਸ਼ਬਦੀ ਵਡ ਵਡਿਆਈਆ । ਆਦਿ ਅੰਤ ਨਾ ਜਾਏ ਮਰ, ਜੁਗ ਜੁਗ ਸਗਲਾ ਸੰਗ ਰਖਾਈਆ । ਨਾ ਕੋਈ ਸੀਸ ਨਾ ਕੋਈ ਧੜ, ਸਤਿਗੁਰ ਪੂਰਾ ਇਕ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਉਂ ਆਪ ਪ੍ਰਗਟਾਈਆ । ਜੁਗ ਜੁਗ ਨਾਉਂ ਪ੍ਰਗਟਾਇੰਦਾ, ਪਾਰਬ੍ਰਹਮ ਹਰਿ ਕਰਤਾਰ । ਰਾਮਾ ਰੂਪ ਆਪ ਵਟਾਇੰਦਾ, ਆਪੇ ਲੇਖਾ ਜਾਣੇ ਕ੍ਰਿਸ਼ਨ ਮੁਰਾਰ । ਈਸਾ ਮੂਸਾ ਆਪਣੀ ਖੇਲ ਖਿਲਾਇੰਦਾ, ਲੇਖਾ ਜਾਣੇ ਸੰਗ ਮੁਹੰਮਦ ਚਾਰ ਯਾਰ । ਨਾਨਕ ਨਿਰਗੁਣ ਨਾਉਂ ਧਰਾਇੰਦਾ, ਗੋਬਿੰਦ ਜੋਤੀ ਏਕਾ ਧਾਰ । ਸੁਤ ਦੁਲਾਰਾ ਆਪ ਅਖਵਾਇੰਦਾ, ਪਿਤਾ ਪੂਤ ਕਰੇ ਪਿਆਰ । ਸਾਚਾ ਹੁਕਮ ਆਪ ਵਰਤਾਇੰਦਾ, ਹੁਕਮੀ ਹੁਕਮ ਸੱਚੀ ਸਰਕਾਰ । ਆਪਣਾ ਭਾਣਾ ਆਪਣੇ ਵਿਚ ਰਖਾਇੰਦਾ, ਆਪਣੇ ਭਾਣੇ ਕਰੇ ਸਦਾ ਨਿਮਸਕਾਰ । ਆਪਣਾ ਭਾਣਾ ਆਪਣਾ ਬੰਧਨ ਪਾਇੰਦਾ, ਜੁਗ ਜੁਗ ਲੋਕਮਾਤ ਲੈ ਅਵਤਾਰ । ਚੌਥੇ ਜੁਗ ਵੇਸ ਵਟਾਇੰਦਾ, ਚਾਰੇ ਖਾਣੀ ਚਾਰੇ ਬਾਣੀ ਵਸਿਆ ਬਾਹਰ । ਚਾਰੇ ਵੇਦ ਭੇਵ ਨਾ ਆਇੰਦਾ, ਚਾਰੇ ਮੁਖ ਬ੍ਰਹਮ ਨਾ ਕਰੇ ਵਿਚਾਰ । ਪੁਰਖ ਅਬਿਨਾਸ਼ੀ ਆਪਣਾ ਖੇਲ ਖਿਲਾਇੰਦਾ, ਕਲ ਕਲਕੀ ਲੈ ਅਵਤਾਰ । ਕਾਗਦ ਕ਼ਲਮ ਨਾ ਲੇਖ ਲਿਖਾਇੰਦਾ, ਸੱਤ ਸਮੁੰਦਰ ਮਸ ਰੋਵੇ ਜ਼ਾਰੋ ਜ਼ਾਰ । ਬਨਾਸਪਤ ਵੰਡ ਨਾ ਕੋਇ ਵੰਡਾਇੰਦਾ, ਤੋਲ ਤੁਲੇ ਨਾ ਅਠਾਰਾਂ ਭਾਰ । ਅਮੁਲ ਅਮੁਲ ਅਮੁਲ ਆਪ ਹੋ ਜਾਇੰਦਾ, ਨਿਰਗੁਣ ਦਾਤਾ ਹਰਿ ਨਿਰੰਕਾਰ । ਗੁਰਮੁਖ ਵਿਰਲੇ ਬੂਝ ਬੁਝਾਇੰਦਾ, ਜਿਸ ਜਨ ਬਖ਼ਸ਼ੇ ਚਰਨ ਪਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਏਕਾ ਹਰਿ, ਆਦਿ ਜੁਗਾਦੀ ਗੁਰ ਅਵਤਾਰ । ਹਰਿ ਜੁਗ ਜੁਗ ਗੁਰ ਅਵਤਾਰਿਆ, ਰੂਪ ਅਨੂਪ ਅਪਾਰ । ਕਰੇ ਖੇਲ ਵਿਚ ਸੰਸਾਰਿਆ, ਸਤਿ ਸਰੂਪ ਪਰਵਰਦਿਗਾਰ । ਆਪੇ ਰਾਮ ਨਾਮ ਆਧਾਰਿਆ, ਆਪੇ ਕ੍ਰਿਸ਼ਨਾ ਬੋਲ ਜੈਕਾਰ । ਆਪੇ ਹੂ ਹੂ ਨਾਅਰਾ ਲਾ ਲਿਆ, ਆਪੇ ਐਨਲਹੱਕ ਰਿਹਾ ਵਿਚਾਰ । ਆਪੇ ਨਿਉਂ ਨਿਉਂ ਸੀਸ ਝੁਕਾ ਲਿਆ, ਆਪੇ ਸੱਯਦਾ ਕਰੇ ਪਰਵਰਦਿਗਾਰ । ਆਪੇ ਮੰਤਰ ਨਾਮ ਸਤਿ ਦ੍ਰਿੜਾ ਲਿਆ, ਸਤਿ ਨਾਮ ਕਰੇ ਪਰਧਾਨ । ਆਪੇ ਵਾਹਿਗੁਰੂ ਫ਼ਤਿਹ ਗਜਾ ਲਿਆ, ਵਾਹ ਵਾ ਗੁਰੂ ਬਲੀ ਬਲਵਾਨ । ਆਪੇ ਆਪਣੀ ਓਟ ਤਕਾ ਲਿਆ, ਆਪੇ ਵੇਖੇ ਸਚ ਨਿਸ਼ਾਨ । ਆਪੇ ਆਪਣਾ ਰੂਪ ਧਰਾ ਲਿਆ, ਨਿਰਗੁਣ ਨਿਰਗੁਣ ਹੋ ਮਿਹਰਵਾਨ । ਆਪੇ ਸ਼ਬਦ ਡੰਕਾ

ਇਕ ਵਜਾ ਲਿਆ, ਆਪੇ ਸੁਣੇ ਸੁਣਾਏ ਆਪਣੇ ਕਾਨ । ਆਪੇ ਜੁਗ ਜੁਗ ਵੇਸ ਵਟਾ ਲਿਆ, ਕਲਜੁਗ ਅੰਤਮ ਵੇਖੇ ਮਾਰ ਧਿਆਨ । ਆਪੇ ਨਿਹਕਲੰਕ ਨਰ ਨਰਾਇਣ ਨਾਉਂ ਧਰਾ ਲਿਆ, ਮਾਤ ਪਿਤ ਨਾ ਸਕੇ ਕੋਇ ਪਛਾਣ । ਆਪੇ ਗੁਰਮੁਖ ਅੰਗ ਲਗਾ ਲਿਆ, ਗੁਰਸਿਖ ਸਾਚਾ ਚਤੁਰ ਸੁਜਾਨ । ਆਪੇ ਬ੍ਰਹਿਮੰਡ ਖੋਜ ਖੁਜਾ ਲਿਆ, ਜੇਰਜ ਅੰਡ ਕਰੇ ਕਲਿਆਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਹਰਿਜਨ ਸਾਚੇ ਦੇਵੇ ਮਾਣ । ਜੁਗ ਜੁਗ ਭਗਤ ਤਰਾਇਆ, ਭਗਤਨ ਮੀਤਾ ਆਪ ਭਗਵਾਨ । ਜੁਗ ਜੁਗ ਸੰਤ ਮਿਲਾਇਆ, ਸੰਤ ਸਤਿਗੁਰ ਸਤਿ ਪਛਾਣ । ਜੁਗ ਜੁਗ ਗੁਰਮੁਖ ਵੇਖ ਵਖਾਇਆ, ਆਤਮ ਅੰਤਰ ਦੇਵੇ ਬ੍ਰਹਮ ਗਿਆਨ । ਜੁਗ ਜੁਗ ਗੁਰਸਿਖ ਸੰਗ ਨਿਭਾਇਆ, ਸਵਛ ਸਰੂਪੀ ਦਰਸੀ ਦਰਸ ਦੇਵੇ ਦਰ ਘਰ ਆਣ । ਕਲਜੁਗ ਅੰਤਮ ਵੇਸ ਵਟਾਇਆ, ਵੇਸ ਅਵੱਲੜਾ ਜੀਵ ਜਹਾਨ । ਖ਼ਾਲਕ ਖ਼ਲਕ ਦਿਸ ਨਾ ਆਇਆ, ਆਪੇ ਹੋਇਆ ਬੇਪਹਿਚਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ।

### ★ ੩ ਮਾਘ ੨੦੧੭ ਬਿਕਰਮੀ ਲਾਲ ਸਿੰਘ ਦੇ ਘਰ ਪਿੰਡ ਹੇਰ ਤਹਿਸੀਲ ਨਕੋਦਰ ਜ਼ਿਲਾ ਜਲੰਧਰ ★

ਵਡ ਭਾਗ ਗੁਰਸਿਖ ਪਾਇਆ, ਹਰਿ ਸਤਿਗੁਰ ਸੱਚੇ ਭਾਲ । ਵਡ ਭਾਗ ਜੁਗ ਵਿਛੋੜਾ ਪੰਧ ਮੁਕਾਇਆ, ਜਿਸ ਮਿਲਿਆ ਸਾਚਾ ਲਾਲ । ਵਡ ਭਾਗ ਲੋੜੀਂਦਾ ਵਰ ਪਾਇਆ, ਪੁਰਖ ਅਬਿਨਾਸ਼ੀ ਦੀਨ ਦਿਆਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਵੇਖ ਸਚ ਸੱਚੀ ਧਰਮਸਾਲ । ਸੱਚੀ ਧਰਮਸਾਲ ਕੁੱਲੀ ਕੱਖ, ਸੋ ਪੁਰਖ ਨਿਰੰਜਣ ਵੇਖ ਵਖਾਇੰਦਾ । ਨਿਰਗੁਣ ਨਿਰਗੁਣ ਹੋ ਪ੍ਰਤੱਖ, ਸਰਗੁਣ ਸਰਗੁਣ ਮੇਲ ਮਿਲਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਜਨ ਭਗਤਾਂ ਕਰਦਾ ਆਇਆ ਪੱਖ, ਸੇਵਕ ਸੱਚੀ ਸੇਵ ਕਮਾਇੰਦਾ । ਸ਼ਬਦ ਅਗੰਮੀ ਮਾਰਗ ਸੱਚ, ਸੰਦੇਸ਼ ਇਕ ਸੁਣਾਇੰਦਾ । ਹਿਰਦੇ ਅੰਦਰ ਹਰਿ ਜੁ ਵਸ, ਹਰਿ ਮੰਦਰ ਸੋਭਾ ਪਾਇੰਦਾ । ਕਰੇ ਪਰਕਾਸ਼ ਕੋਟਨ ਰਵ ਸਸ, ਸੂਰਜ ਚੰਨ ਮੁਖ ਸ਼ਰਮਾਇੰਦਾ । ਦਿਵਸ ਰੈਣ ਨੱਸ ਨੱਸ, ਦੋ ਜਹਾਨਾਂ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਖਿਲਾਇੰਦਾ । ਵਡਭਾਗ ਗੁਰਸਿਖ ਜਾਣਿਆ, ਹਰਿ ਸਤਿਗੁਰ ਫੇਰੀ ਪਾ । ਲੇਖੇ ਲਾਏ ਬਾਲ ਅਞਾਣਿਆਂ, ਸੁਘੜ ਸਿਆਣਾ ਬੇਪਰਵਾਹ । ਦੇਵੇ ਨਿਸ਼ਅੱਖਰ ਨਾਮ ਨਿਧਾਨਿਆ, ਚੌਦਾਂ ਵਿਦਿਆ ਮਤ ਗਵਾ । ਇਕ ਵਖਾਏ ਸਚ ਨਿਸ਼ਾਨਿਆ, ਸਚਖੰਡ ਦੁਆਰਾ ਚਰਨ ਕਵਲ ਸਰਨਾ । ਏਕਾ ਦੇਵੇ ਨਾਮ ਬਿਬਾਣਿਆ, ਗੁਰਮੁਖ ਸੱਜਣ ਲਏ ਚੜ੍ਹਾ । ਏਕਾ ਬਖ਼ਸ਼ੇ ਅੰਮ੍ਰਿਤ ਠੰਡਾ ਪਾਣੀਆ, ਅੰਤਰ ਆਤਮ ਜਾਮ ਪਿਆ । ਇਕ ਸੁਣਾਏ ਅਨਹਦ ਅਨਾਦੀ ਬਾਣੀਆ, ਧੁਨ ਆਤਮਕ ਆਪ ਪ੍ਰਗਟਾ । ਏਕਾ ਲੇਖਾ ਚੁਕਾਏ ਚਾਰੇ ਖਾਣੀਆ, ਅੰਡਜ ਜੇਰਜ ਉਤਭੁਜ ਸੇਤਜ ਪੰਧ ਮੁਕਾ । ਏਕਾ ਮੇਲ ਮਿਲਾਏ ਸਾਚੇ ਹਾਣੀਆ, ਗੁਰ ਸਤਿਗੁਰ ਪਕੜੇ ਬਾਂਹ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹ । ਕੁੱਲੀ ਕੱਖ ਸ਼ਾਹ ਸੁਲਤਾਨਾ, ਸਚ ਸਿੰਘਾਸਣ ਸੋਭਾ ਪਾਈਆ । ਆਪੇ ਮਰਦ ਆਪ ਮਰਦਾਨਾ, ਨਾਮ ਮਰਦੰਗ ਆਪ ਵਜਾਈਆ । ਆਪੇ ਗੋਪੀ ਆਪੇ ਕਾਹਨਾ, ਆਪੇ ਗੁਰਮੁਖ

ਸਖ਼ੀਆਂ ਮੰਡਲ ਰਾਸ ਰਚਾਈਆ । ਆਪੇ ਦੇਵੇ ਧੁਰ ਫ਼ਰਮਾਨਾ, ਧੁਰ ਦੀ ਬਾਣੀ ਬਾਣ ਲਗਾਈਆ । ਆਪੇ ਹੋਇਆ ਜਾਣੀ ਜਾਣਾ, ਭੇਦ ਅਭੇਦਾ ਭੇਵ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖੇ ਬੇਪਰਵਾਹੀਆ । ਵਡ ਭਾਗ ਗੁਰਸਿਖ ਪੇਖਿਆ, ਹਰਿ ਜੂ ਨੇਤਰ ਨੈਣ ਉਘਾੜ । ਆਪੇ ਜਾਣੇ ਧੁਰ ਦਾ ਲੇਖਿਆ, ਜਗਤ ਲੇਖਾ ਦੇਵੇ ਪਾੜ । ਭੇਵ ਖੁਲ੍ਹਾਏ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼ਿਆ, ਕਰੇ ਖੇਲ ਅਪਾਰ । ਦੋ ਜਹਾਨਾਂ ਕਰ ਕਰ ਵੇਸਿਆ, ਤਿੰਨਾਂ ਲਏ ਉਭਾਰ । ਆਪੇ ਹੋਏ ਦਸ ਦਸਮੇਸਿਆ, ਆਪੇ ਜੋਤੀ ਜਲਵਾ ਨੂਰ ਉਜਿਆਰ । ਆਪੇ ਹੱਥ ਖੂੰਡੀ ਮੋਢੇ ਧਰੇ ਖੇਸਿਆ, ਆਪੇ ਨਾਨਕ ਨਿਰਗੁਣ ਦਏ ਆਧਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਕਰੇ ਖੇਲ ਅਗੰਮ ਅਪਾਰ । ਕੁੱਲੀ ਕੱਖ ਹਰਿ ਹਰਿ ਮੰਦਰ, ਹਰਿ ਸਾਚਾ ਆਪ ਸੁਹਾਇੰਦਾ । ਜਗੇ ਜੋਤ ਅੰਦਰੇ ਅੰਦਰ, ਦੀਵਾ ਬਾਤੀ ਨਾ ਕੋਈ ਵਖਾਇੰਦਾ । ਭਾਗ ਲਗਾਏ ਡੂੰਘੀ ਕੰਦਰ, ਗੁਰ ਦਰ ਮੰਦਰ ਖੋਜ ਖੁਜਾਇੰਦਾ । ਮਨ ਮੰਦਰ ਭਵੇ ਨਾ ਬੰਦਰ, ਦਹਿ ਦਿਸ਼ਾ ਵੇਖ ਵਖਾਇੰਦਾ । ਬਜਰ ਕਪਾਟੀ ਤੋੜੇ ਜੰਦਰ, ਨਾਮ ਕਟਾਰਾ ਇਕ ਲਗਾਇੰਦਾ । ਕਲਜੁਗ ਲੇਖਾ ਚੁੱਕੇ ਖੰਡਰ, ਸਚ ਮੁਨਾਰੇ ਆਪ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਵੇਖ ਵਖਾਇੰਦਾ । ਵਡ ਵਡਿਆਈ ਗੁਰਸਿਖ ਭਾਗ, ਹਰਿ ਸਤਿਗੁਰ ਸੇਵ ਕਮਾਇੰਦਾ । ਦੀਪਕ ਜਗੇ ਜੋਤ ਚਿਰਾਗ਼, ਘਰ ਨੂਰ ਨੁਰਾਨਾ ਡਗਮਗਾਇੰਦਾ । ਤ੍ਰੈਗੁਣ ਮਾਇਆ ਬੁੱਝੇ ਆਗ, ਪੰਜ ਤੱਤ ਆਪ ਬੁਝਾਇੰਦਾ । ਹਰਿ ਹਰਿ ਪਤਤ ਪੁਨੀਤਾ ਬਣਿਆ ਸੱਜਣ ਸਾਕ, ਜਗਤ ਨਾਤਾ ਤੋੜ ਤੁੜਾਇੰਦਾ । ਪਤਤ ਪੁਨੀਤ ਕਰੇ ਪਾਕੀ ਪਾਕ, ਸਾਚਾ ਸਾਕੀ ਜਾਮ ਪਿਆਇੰਦਾ । ਬੰਦ ਕਿਵਾੜਾ ਖੋਲ੍ਹੇ ਤਾਕ, ਨਿਜ ਨੇਤਰ ਆਪ ਖੁਲ੍ਹਾਇੰਦਾ । ਸ਼ਬਦ ਘੋੜੇ ਚੜ੍ਹਾਏ ਰਾਕ, ਹਰਿ ਸ਼ਬਦ ਲੋਆਂ ਪੁਰੀਆਂ ਆਪ ਫਿਰਾਇੰਦਾ । ਨਾਤਾ ਤੋੜੇ ਅੱਠ ਤਾਤ, ਮਨ ਮਤ ਬੁਧ ਨਾ ਕੋਈ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਇੰਦਾ । ਬਿਨ ਰੰਗ ਰੂਪ ਹੋ ਉਜਿਆਰਾ, ਨਿਰਵੈਰ ਪੁਰਖ ਖੇਲ ਖਿਲਾਇੰਦਾ । ਅਜੂਨੀ ਰਹਿਤ ਕਰੇ ਖੇਲ ਅਗੰਮ ਅਪਾਰਾ, ਅਲਖ ਅਗੋਚਰ ਭੇਵ ਨਾ ਆਇੰਦਾ । ਭਗਤਾਂ ਹਿੱਤ ਨਿਤ ਨਵਿਤ ਲਏ ਅਵਤਾਰਾ, ਲੋਕਮਾਤ ਵੇਖ ਵਖਾਇੰਦਾ । ਗੁਰਮੁਖ ਵੇਖੇ ਸਾਚਾ ਲਾੜਾ, ਧੁਰਦਰਗਾਹੀ ਦਰ ਘਰ ਸਾਚੇ ਮੇਲ ਮਿਲਾਇੰਦਾ । ਗੁਰਮੁਖਾਂ ਬਖ਼ਸ਼ੇ ਚਰਨ ਪਿਆਰਾ, ਚਰਨ ਕਵਲ ਧਰਤ ਧਵਲ ਆਪ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਏਕਾ ਨਰ, ਨਰ ਨਰਾਇਣ ਆਪ ਅਖਵਾਇੰਦਾ । ਵਡਭਾਗ ਗੁਰਸਿਖ ਮੇਲਿਆ, ਮੇਲ ਮਿਲਾਵਾ ਧੁਰ ਦਰਬਾਰ । ਏਕਾ ਰੰਗ ਗੁਰੂ ਗੁਰ ਚੇਲਿਆ, ਦੂਜਾ ਰੰਗ ਨਾ ਕੋਇ ਸੰਸਾਰ । ਸੋ ਪੁਰਖ ਨਿਰੰਜਣ ਚਾੜ੍ਹੇ ਤੇਲਿਆ, ਹਰਿ ਪੁਰਖ ਨਿਰੰਜਣ ਸਗਨ ਮਨਾਏ ਪਹਿਲੀ ਵਾਰ । ਆਪੇ ਏਕੰਕਾਰਾ ਜਾਣੇ ਆਪਣਾ ਵਕਤ ਵੇਲਿਆ, ਆਦਿ ਨਿਰੰਜਣ ਹੋਏ ਮੀਤ ਮੁਰਾਰ । ਅਬਿਨਾਸ਼ੀ ਕਰਤਾ ਸੱਜਣ ਸਹੇਲਿਆ, ਸ੍ਰੀ ਭਗਵਾਨ ਵਿਛੜ ਕਦੇ ਨਾ ਜਾਏ ਸਾਂਝਾ ਯਾਰ । ਪਾਰਬ੍ਰਹਮ ਆਪਣਾ ਖੇਲ ਆਪੇ ਖੇਲਿਆ, ਖੇਲਣਹਾਰ ਆਪ ਕਰਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਵਰ, ਆਪ ਆਪਣੀ ਕਿਰਪਾ ਧਾਰ । ਸਾਚਾ ਗੜ੍ਹ, ਸੋ ਪੁਰਖ ਨਿਰੰਜਣ ਆਪ ਸੁਹਾਇੰਦਾ । ਸਤਿ ਸਰੂਪ ਬੰਨ ਧਾਰ ਅੰਦਰ ਬੈਠਾ ਵੜ, ਦਿਸ ਕਿਸੇ ਨਾ ਆਇੰਦਾ । ਬੋਧ ਅਗਾਧਾ ਸ਼ਬਦ ਅਨਾਦਾ ਆਪੇ ਪੜ੍ਹ, ਬ੍ਰਹਮ ਬ੍ਰਹਿਮਾਦ ਆਪ ਸੁਣਾਇੰਦਾ । ਗੁਰਮੁਖ ਸੱਜਣ

੮੪
੧੦

ਆਪੇ ਲੱਧ, ਪਿਤਾ ਪੂਤ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖਾਏ ਘਰ, ਠਾਂਡਾ ਦਰਬਾਰ ਆਪ ਸੁਹਾਇੰਦਾ । ਵਡ ਵਡਿਆਈ ਗੁਰਸਿਖ ਘਰ, ਘਰ ਵਿਚ ਘਰ ਗ੍ਰਿਹਿ ਮੰਦਰ ਖੋਜ ਖੁਜਾਇੰਦਾ । ਆਦਿ ਜੁਗਾਦਿ ਵਸੇ ਦਰ, ਜਨ ਭਗਤਾਂ ਦਰ ਸੁਹਾਇੰਦਾ । ਜੁਗਾ ਜੁਗੰਤਰ ਦੇਂਦਾ ਆਇਆ ਵਰ, ਵਰ ਦਾਤਾ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਵੇਖ ਵਖਾਇੰਦਾ । ਕੁੱਲੀ ਕੱਖ ਸਚਖੰਡ, ਹਰਿ ਸਾਚਾ ਸਚ ਸੁਹਾਇੰਦਾ । ਕਲਜੁਗ ਅੰਤਮ ਵੰਡੀ ਵੰਡ, ਵੰਡਣਹਾਰਾ ਆਪ ਹੋ ਜਾਇੰਦਾ । ਕਰੇ ਖੇਲ ਵਿਚ ਬ੍ਰਹਿਮੰਡ, ਵਰਭੰਡੀ ਰੂਪ ਧਰਾਇੰਦਾ । ਆਪਣਾ ਕਰੇ ਆਪ ਪਖੰਡ, ਹਰਿ ਪਖੰਡੀ ਦਿਸ ਨਾ ਆਇੰਦਾ । ਮਨਮੁਖਾਂ ਵੱਢਣਹਾਰਾ ਕੰਡ, ਨਾਮ ਖੰਡਾ ਹੱਥ ਚਮਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਵਰ, ਆਪ ਆਪਣਾ ਮੇਲ ਮਿਲਾਇੰਦਾ । ਵਡਭਾਗੀ ਸ਼ਾਹੋ ਸ਼ਾਹਬਾਸ਼ਿਆ, ਹਰਿ ਪਾਇਆ ਸੱਜਣ ਸ਼ਾਹ । ਸਾਚੇ ਮੰਡਲ ਸਾਚੀ ਰਾਸਿਆ, ਪੁਰਖ ਅਬਿਨਾਸ਼ੀ ਵੇਖੇ ਬੇਪਰਵਾਹ । ਆਦਿ ਜੁਗਾਦਿ ਨਾ ਕਦੇ ਵਿਨਾਸਿਆ, ਜੁਗਾ ਜੁਗੰਤਰ ਰਿਹਾ ਵੇਸ ਵਟਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਤਰਾ । ਹਰਿਜਨ ਸਾਚੇ ਤਾਰਿਆ, ਕਰ ਕਿਰਪਾ ਦੀਨ ਦਿਆਲ । ਜਨਮ ਜਨਮ ਦਾ ਰੋਗ ਨਿਵਾਰਿਆ, ਦਿਵਸ ਰੈਣ ਕਰੇ ਪ੍ਰਿਤਪਾਲ । ਮਾਣਸ ਜਨਮ ਪੈਜ ਸਵਾਰਿਆ, ਪੂਰਬ ਜਨਮਾਂ ਘਾਲੀ ਘਾਲ । ਕਾਲ ਆਏ ਨਾ ਚਲ ਦੁਆਰਿਆ, ਮਹਾਕਾਲ ਹੋਏ ਆਪ ਰਖਵਾਲ । ਦੇਵੇ ਨਾਮ ਸ਼ਬਦ ਆਧਾਰਿਆ, ਨਾਤਾ ਤੋੜ ਜਗਤ ਜੰਜਾਲ । ਵੇਖਣਹਾਰਾ ਸ਼ਾਹ ਅਸਵਾਰਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖੇ ਸਾਚੇ ਲਾਲ । ਹਰਿਜਨ ਲਾਲ ਅਨਮੁਲੜਾ ਮਾਣਕ ਮੋਤੀ, ਗੁਰ ਸਤਿਗੁਰ ਆਪ ਪਰਗਟਾਈਆ । ਨਿਰਗੁਣ ਸਰਗੁਣ ਜਗਾਏ ਜੋਤੀ, ਜੋਤੀ ਜੋਤ ਜੋਤ ਰੁਸ਼ਨਾਈਆ । ਸੁਰਤ ਸੁਵਾਣੀ ਉਠਾਏ ਸੋਤੀ, ਗੁਰ ਸ਼ਬਦ ਵਡੀ ਵਡਿਆਈਆ । ਲੱਖ ਚੁਰਾਸੀ ਲੱਭਦੇ ਫਿਰਦੇ ਕੋਟਨ ਕੋਟੀ, ਸਤਿਗੁਰ ਪੂਰਾ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੁੱਲੀ ਕੱਖ ਦਏ ਵਡਿਆਈਆ । ਕੁੱਲੀ ਕੱਖ ਵਡ ਵਡ ਭਾਗਾ, ਭਗਵਨ ਹਰਿ ਹਰਿ ਪਾਇਆ । ਜਨਮ ਜਨਮ ਦਾ ਧੋਇਆ ਦਾਗ਼ਾ, ਨਿਰਮਲ ਨੀਰ ਮੁਖ ਚੁਆਇਆ । ਫੜ ਫੜ ਹੰਸ ਬਣਾਇਆ ਕਾਗਾ, ਕਾਗੋਂ ਹੰਸ ਉਡਾਇਆ । ਸਤਿਗੁਰ ਪੂਰਾ ਏਕਾ ਜਾਗਾ, ਗੁਰਸਿਖ ਸਾਚੇ ਲਏ ਜਗਾਇਆ । ਚਰਨ ਧੂੜ ਕਰਾਏ ਮਜਨ ਮਾਘਾ, ਦੁਰਮਤ ਮੈਲ ਰਹੇ ਨਾ ਰਾਇਆ । ਕਲਜੁਗ ਅੰਤਮ ਆਇਆ ਭਾਜਾ, ਨਿਰਗੁਣ ਆਪਣਾ ਵੇਸ ਵਟਾਇਆ । ਸ਼ਬਦ ਅਗੰਮੀ ਰੱਖਿਆ ਤਾਜਾ, ਸਤਿ ਸਿੰਘਾਸਣ ਆਸਣ ਆਸਣ ਲਾਇਆ । ਸੋ ਪੁਰਖ ਨਿਰੰਜਣ ਮਾਰੇ ਵਾਜਾਂ, ਹੰ ਬ੍ਰਹਮ ਆਪ ਉਠਾਇਆ । ਕਰੇ ਖੇਲ ਦੇਸ ਮਾਝਾ, ਔਂਦਾ ਜਾਂਦਾ ਦਿਸ ਨਾ ਆਇਆ । ਸ਼ਾਹੋ ਭੂਪ ਵਡ ਰਾਜਨ ਰਾਜਾ, ਸੀਸ ਸਾਚਾ ਤਾਜ ਟਿਕਾਇਆ । ਆਪਣਾ ਕਰੇ ਆਪੇ ਕਾਜਾ, ਦੂਸਰ ਸੰਗ ਨਾ ਕੋਇ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਮਿਲਾਇਆ । ਕੁੱਲੀ ਕੱਖ ਘਰ ਸੁਹੰਜਣਾ, ਸੋ ਪੁਰਖ ਨਿਰੰਜਣ ਆਪ ਸੁਹਾਇੰਦਾ । ਦੇਵੇ ਵਡਿਆਈ ਆਦਿ ਨਿਰੰਜਣਾ, ਦੂਸਰ ਸੰਗ ਨਾ ਕੋਇ ਵਖਾਇੰਦਾ । ਦਰ ਘਰ ਆਇਆ ਦਰਦ ਦੁੱਖ ਭੈ ਭੰਜਣਾ, ਭਵ ਸਾਗਰ ਪਾਰ ਕਰਾਇੰਦਾ । ਧੂੜ ਕਰਾਏ ਏਕਾ ਮਜਨਾ, ਮਸਤਕ ਟਿੱਕਾ ਨਾਮ ਲਗਾਇੰਦਾ । ਆਦਿ ਅੰਤ ਪਰਦਾ ਕੱਜਣਾ, ਸਿਰ ਸਮਰਥ ਹੱਥ ਰਖਾਇੰਦਾ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਇੰਦਾ । ਕੁੱਲੀ ਕੱਖ ਗਹਿਰ ਗੰਭੀਰਾ, ਸਚ ਸਿੰਘਾਸਣ ਸੋਭਾ ਪਾਈਆ । ਕੱਟਣਹਾਰਾ ਜਗਤ ਜ਼ੰਜੀਰਾ, ਲੱਖ ਚੁਰਾਸੀ ਫੰਦ ਕਟਾਈਆ । ਅੰਮ੍ਰਿਤ ਬਖ਼ਸ਼ੇ ਠਾਂਡਾ ਸੀਰਾ, ਸਾਂਤਕ ਸਤਿ ਸਤਿ ਵਰਤਾਈਆ । ਚੋਟੀ ਚਾੜ੍ਹੇ ਫੜ ਅਖ਼ੀਰਾ, ਜੋਗ ਅਭਿਆਸ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸੱਜਣ ਲਏ ਤਰਾਈਆ । ਕੁੱਲੀ ਕੱਖ ਹੀਰੇ ਜੜ੍ਹਤ ਜੜਾਇਆ, ਮਾਣਕ ਮੋਤੀ ਪੰਨੇ ਲਾਲ । ਪੁਰਖ ਅਬਿਨਾਸ਼ੀ ਵੇਖਣ ਆਇਆ, ਗੁਰਸਿਖ ਸੱਜਣ ਸਾਚੇ ਲਾਲ । ਚਾਰ ਜੁਗ ਦੇ ਵਿਛੜੇ ਨਾਲ ਮਿਲਾਇਆ, ਨਾਲ ਲਿਆਇਆ ਰਵਿਦਾਸ ਕੰਗਾਲ । ਆਪਣਾ ਕੰਗਣ ਆਪੇ ਪੇਖਣ ਆਇਆ, ਆਪੇ ਬਣਿਆ ਹਰਿ ਦਲਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਹਰਿ ਗੋਪਾਲ । ਗੋਪਾਲ ਦੀਨ ਦਿਆਲਣ, ਦਇਆਨਿਧ ਵਡੀ ਵਡਿਆਈਆ । ਕਰੇ ਖੇਲ ਜੋਤ ਅਕਾਲਣ, ਕੁੱਲੀ ਕੱਖ ਕੱਖ ਰੁਸ਼ਨਾਈਆ । ਆਪ ਆਪਣੇ ਚੜ੍ਹਿਆ ਭਾਲਣ, ਦਿਵਸ ਰੈਣ ਸੇਵ ਕਮਾਈਆ । ਗੁਰਸਿਖਾਂ ਅੱਗੇ ਬਣੇ ਸਵਾਲਣ, ਆਪ ਆਪਣੀ ਝੋਲੀ ਡਾਹੀਆ । ਮੰਗੇ ਮੰਗ ਮੈਂ ਬਣਿਆ ਰਹਾਂ ਸਦਾ ਪ੍ਰਿਤਪਾਲਣ, ਗੁਰਸਿਖ ਤੇਰੀ ਸੇਵ ਕਮਾਈਆ । ਤੇਰੇ ਅੰਦਰ ਵਜੌਂਦਾ ਰਹਿਵਾਂ ਤਾਲਣ, ਅਨਹਦ ਆਪਣੀ ਤਾਰ ਹਲਾਈਆ । ਤੇਰੇ ਦੁਆਰੇ ਬਣਿਆ ਰਹਾਂ ਮਾਲਣ, ਤੇਰਾ ਪ੍ਰੇਮ ਸੀਸ ਖਾਰੀ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕੁੱਲੀ ਕੱਖ ਦਏ ਵਡਿਆਈਆ । ਕੁੱਲੀ ਕੱਖ ਪੂਰੀ ਆਸ, ਆਸ ਨਿਰਾਸ ਨਾ ਕੋਇ ਜਣਾਇੰਦਾ । ਸਾਹਿਬ ਸਤਿਗੁਰ ਵਸੇ ਸਦਾ ਪਾਸ, ਵਿਛੜ ਕਦੇ ਨਾ ਜਾਇੰਦਾ । ਹੋਏ ਸਹਾਈ ਜੰਗਲ ਜੂਹ ਉਜਾੜ ਪਰਭਾਸ, ਜਲ ਥਲ ਮਹੀਅਲ ਵੇਖ ਵਖਾਇੰਦਾ । ਲੇਖੇ ਲਾਏ ਰਸਨ ਸਵਾਸ, ਪਵਣ ਪਵਣਾਂ ਆਪ ਸਮਾਇੰਦਾ । ਚਰਨ ਕਵਲ ਦਏ ਧਰਵਾਸ, ਧੁਰ ਦਾ ਬੰਧਨ ਆਪੇ ਪਾਇੰਦਾ । ਨਾਤਾ ਤੋੜੇ ਦਸ ਦਸ ਮਾਸ, ਮਾਤ ਗਰਭ ਫੰਦ ਕਟਾਇੰਦਾ । ਲੇਖਾ ਚੁੱਕੇ ਧਰਤ ਆਕਾਸ਼, ਆਕਾਸ਼ ਆਕਾਸ਼ਾਂ ਪਾਰ ਕਰਾਇੰਦਾ । ਸਚਖੰਡ ਦੁਆਰੇ ਬਖ਼ਸ਼ੇ ਇਕ ਨਿਵਾਸ, ਅੰਤਮ ਜੋਤੀ ਜੋਤ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਪਾਰ ਕਰਾਇੰਦਾ । ਹਰਿਜਨ ਕਰੇ ਪਾਰ ਕਿਨਾਰਾ, ਸਤਿਗੁਰ ਪੂਰਾ ਆਪ ਕਰਾਈਆ । ਕੁੱਲੀ ਕੱਖ ਸੋਹੇ ਦੁਆਰਾ, ਲੋਕਮਾਤ ਵੱਜੇ ਵਧਾਈਆ । ਵਿਸ਼ਨੂੰ ਆਏ ਤੱਕ ਭੰਡਾਰਾ, ਬ੍ਰਹਮਾ ਆਪਣੀ ਝੋਲੀ ਰਿਹਾ ਡਾਹੀਆ । ਸ਼ੰਕਰ ਰੋਵੇ ਜ਼ਾਰੋ ਜ਼ਾਰਾ, ਹੱਥ ਤ੍ਰਿਸੂਲ ਸੁਟਾਈਆ । ਸੁਰਪਤ ਰਾਜਾ ਇੰਦ ਮਾਰੇ ਏਕਾ ਨਾਅਰਾ, ਉਚੀ ਕੂਕ ਕੂਕ ਸੁਣਾਈਆ । ਕਰੋੜ ਤਤੀਸਾ ਬਣੇ ਭਿਖਾਰਾ, ਖ਼ਾਲੀ ਝੋਲੀ ਰਹੇ ਵਖਾਈਆ । ਹਰਿ ਪੁਰਖ ਨਿਰੰਜਣ ਕਲਜੁਗ ਅੰਤਮ ਕਰੇ ਖੇਲ ਨਿਆਰਾ, ਨਿਰਗੁਣ ਭੇਵ ਕੋਇ ਨਾ ਆਈਆ । ਨਿਹਕਲੰਕਾ ਲੈ ਅਵਤਾਰਾ, ਲੋਕਮਾਤ ਕਰੇ ਰੁਸ਼ਨਾਈਆ । ਦੇਵੇ ਸਤਿ ਭੰਡਾਰਾ, ਸਤਿ ਸਤਿਵਾਦੀ ਸੱਚਾ ਸ਼ਹਿਨਸ਼ਾਹੀਆ । ਲੋਆਂ ਪੁਰੀਆਂ ਕਰੇ ਖਵਾਰਾ, ਧੀਰਜ ਧੀਰ ਨਾ ਕੋਇ ਧਰਾਈਆ । ਵਡਭਾਗੀ ਵਡਭਾਗ ਪਾਇਆ ਗੁਰਮੁਖ ਦੁਲਾਰਾ, ਗੁਰ ਗੁਰ ਵੇਖੇ ਚਾਈਂ ਚਾਈਂਆ । ਕੁੱਲੀ ਕੱਖ ਬਣ ਵਰਤਾਰਾ, ਆਤਮ ਝੋਲੀ ਦਏ ਭਰਾਈਆ । ਹੋਏ ਪ੍ਰਤੱਖ ਵਿਚ ਸੰਸਾਰਾ, ਆਪਣਾ ਪਰਦਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸੱਜਣ ਵੇਖੇ ਥਾਉਂ ਥਾਈਂਆ । ਥਾਨ ਥਨੰਤਰ ਵੇਖਣਹਾਰਾ, ਏਕਾ ਰੰਗ ਸਮਾਇੰਦਾ । ਆਦਿ ਜੁਗਾਦੀ ਗੁਰ ਅਵਤਾਰਾ, ਪਾਰਬ੍ਰਹਮ ਹਰਿ ਆਪਣਾ ਨਾਉਂ ਧਰਾਇੰਦਾ ।

ਕਰਤਾ ਪੁਰਖ ਕਰੇ ਕੰਮ ਅਗੰਮ ਅਪਾਰਾ, ਅਲਖ ਅਗੋਚਰ ਖੇਲ ਖਿਲਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਜਨ ਭਗਤਾਂ ਦੇਂਦਾ ਰਿਹਾ ਆਧਾਰਾ, ਕਲਜੁਗ ਅੰਤਮ ਵੇਖ ਵਖਾਇੰਦਾ । ਚਾਰੋਂ ਕੁੰਟ ਧੁਆਂਧਾਰਾ, ਸਾਚਾ ਚੰਦ ਨਾ ਕੋਇ ਚਮਕਾਇੰਦਾ । ਸ੍ਰਿਸ਼ਟ ਸਬਾਈ ਹੋਈ ਨਾਰ ਵਿਭਚਾਰਾ, ਹਰਿ ਕੰਤ ਨਾ ਕੋਇ ਹੰਢਾਇੰਦਾ । ਮੰਦਰ ਮਸਜਿਦ ਮਠ ਹਾਹਾਕਾਰਾ, ਹਰਿ ਕਾ ਰੂਪ ਦਿਸ ਨਾ ਆਇੰਦਾ । ਚਾਰ ਵਰਨ ਹੋਏ ਖ਼ਵਾਰਾ, ਚਾਰ ਯਾਰੀ ਸੰਗ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਬਲ ਆਪ ਧਰਾਇੰਦਾ । ਆਪਣਾ ਬਲ ਆਪੇ ਧਾਰ, ਹਰਿ ਆਪਣੀ ਖੇਲ ਖਿਲਾਈਆ । ਨਿਰਗੁਣ ਨੂਰ ਕਰ ਉਜਿਆਰ, ਜੋਤੀ ਜਾਤਾ ਵੇਸ ਵਟਾਈਆ । ਹੁਕਮੀ ਹੁਕਮ ਵਰਤੇ ਵਰਤਾਰ, ਹੁਕਮ ਹਾਕਮ ਆਪ ਹੋ ਜਾਈਆ । ਮੰਗਣ ਨਾ ਜਾਏ ਕਿਸੇ ਦੁਆਰ, ਦਰ ਸੀਸ ਨਾ ਕਿਸੇ ਝੁਕਾਈਆ । ਲੇਖਾ ਜਾਣੇ ਰਾਜ ਰਾਜਾਨ, ਸ਼ਾਹ ਸੁਲਤਾਨ ਸ਼ਹਿਨਸ਼ਾਹ ਬੇਪਰਵਾਹੀਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਵੇਖੇ ਮਾਰ ਧਿਆਨ, ਕਲਜੁਗ ਅੰਤਮ ਵੇਸ ਵਟਾਈਆ । ਜੋਧਾ ਸੂਰਬੀਰ ਬਲੀ ਬਲਵਾਨ, ਆਪ ਆਪਣਾ ਨਾਉਂ ਪਰਗਟਾਈਆ । ਨਾਮ ਖੰਡਾ ਤੀਰ ਕਮਾਨ, ਦੋ ਜਹਾਨਾਂ ਆਪ ਵਖਾਈਆ । ਮੇਟ ਮਿਟਾਏ ਕੂੜ ਨਿਸ਼ਾਨ, ਕੂੜੀ ਕਿਰਿਆ ਰਹਿਣ ਨਾ ਪਾਈਆ । ਨਾਤਾ ਤੋੜੇ ਬੇਈਮਾਨ, ਅੰਤਕਾਲ ਵੇਖੇ ਕੂੜੀ ਸ਼ਾਹੀਆ । ਗੁਰਮੁਖ ਸਾਚੇ ਲਏ ਉਠਾਲ, ਅਨਭਵ ਆਪਣਾ ਦਰਸ ਵਖਾਈਆ । ਨਾਤਾ ਤੋੜੇ ਸ਼ਾਹ ਕੰਗਾਲ, ਸ਼ਾਹ ਕੰਗਾਲਾਂ ਏਕਾ ਰੰਗ ਰੰਗਾਈਆ । ਗ਼ਰੀਬ ਨਿਮਾਣਿਆਂ ਦੇਵੇ ਮਾਣ, ਨਿਮਾਣਿਆਂ ਆਪਣੀ ਗੋਦ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਦੇਵੇ ਸਾਚਾ ਦਾਨ, ਸਾਚਾ ਦਾਨ ਸਰਬ ਗੁਣਵੰਤ, ਵਸਤ ਅਮੋਲਕ ਝੋਲੀ ਪਾਇੰਦਾ । ਆਪ ਉਠਾਏ ਸਾਚੇ ਸੰਤ, ਸੰਤ ਸਤਿਗੁਰ ਵੇਖ ਵਖਾਇੰਦਾ । ਪ੍ਰੀਆ ਪ੍ਰੀਤਮ ਬਣ ਬਣ ਕੰਤ, ਨਰ ਨਰਾਇਣ ਸੇਜ ਸੁਹਾਇੰਦਾ । ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਉਤਰ ਕਦੇ ਨਾ ਜਾਇੰਦਾ । ਸ਼ਬਦ ਜਣਾਏ ਮਣੀਆ ਮੰਤ, ਮਨ ਕਾ ਮਣਕਾ ਆਪ ਭਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਆਪਣੇ ਰੰਗ ਰੰਗਾਇੰਦਾ । ਗੁਰਮੁਖ ਰੰਗ ਚੜ੍ਹਾਏ ਚਲੂਲ, ਹਰਿ ਸਤਿਗੁਰ ਵਡ ਵਡਿਆਈਆ । ਜੁਗਾ ਜੁਗੰਤਰ ਨਾ ਜਾਏ ਭੂਲ, ਅਭੁਲ ਆਪ ਅਖਵਾਈਆ । ਪੂਰਬ ਜਨਮ ਚੁਕਾਏ ਮੂਲ, ਪਿਛਲਾ ਲੇਖਾ ਰਹੇ ਨਾ ਰਾਈਆ । ਅੱਗੇ ਬਰਸ਼ੇ ਆਪਣੇ ਫੂਲ, ਪੁਰਖ ਅਬਿਨਾਸ਼ੀ ਸੇਵ ਕਮਾਈਆ । ਸਚ ਸਿੰਘਾਸਣ ਇਕ ਵਖਾਏ ਨਾ ਕੋਈ ਪਾਵਾ ਨਾ ਕੋਈ ਚੂਲ, ਨਿਰਗੁਣ ਆਪਣੀ ਸੇਜ ਸੁਹਾਈਆ । ਨਾਰੀ ਮਿਲੇ ਕੰਤ ਕੰਤੂਹਲ, ਗੁਰਮੁਖ ਆਤਮ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਜਗਾਈਆ । ਗੁਰਸਿਖ ਉਠ ਉਠ ਜਾਗ, ਹਰਿ ਸਤਿਗੁਰ ਆਪ ਜਗਾਇੰਦਾ । ਕੁੱਲੀ ਕੱਖ ਲੱਗਾ ਭਾਗ, ਵਡ ਭਾਗੀ ਦਰਸ ਦਿਖਾਇੰਦਾ । ਏਥੇ ਓਥੇ ਪਕੜੇ ਤੇਰੀ ਵਾਗ, ਸਮਰਥ ਪੁਰਖ ਸੇਵ ਕਮਾਇੰਦਾ । ਚਾਰ ਜੁਗ ਆਪਣੇ ਵਿਚ ਰੱਖੇ ਤੇਰੀ ਯਾਦ, ਆਪਣੀ ਫ਼ਰਿਯਾਦ ਗੁਰਸਿਖਾਂ ਅੱਗੇ ਆਪ ਸੁਣਾਇੰਦਾ । ਸੇਵਕ ਬਣ ਬਣ ਦੇਵੇ ਦਾਦ, ਦੇਵਣਹਾਰਾ ਦਿਸ ਨਾ ਆਇੰਦਾ । ਗੁਰਸਿਖ ਤੇਰੀ ਮਹਿਮਾ ਬੋਧ ਅਗਾਧ, ਅਦਿ ਜੁਗਾਦਿ ਜੁਗਾ ਜੁਗੰਤਰ ਹਰਿ ਲਿਖਾਇੰਦਾ । ਗੁਰਸਿਖ ਸੱਚਾ ਸੰਤ ਸਾਧ, ਗੁਰਸਿਖ ਭਗਤ ਭਗਵੰਤ ਰੂਪ ਵਟਾਇੰਦਾ । ਗੁਰਸਿਖ ਵਜਾਏ ਨਾਮ ਨਾਦ, ਗੁਰ ਸਤਿਗੁਰ ਤੁਰੀਆ ਰਾਗ ਆਪ ਸੁਣਾਇੰਦਾ । ਗੁਰਸਿਖ ਲੰਘੇ ਜਗਤ ਪਾਰ ਹੱਦ, ਜਗਤ ਕਿਨਾਰਾ ਡੇਰਾ ਢਾਇੰਦਾ । ਗੁਰਸਿਖ ਲਡਾਏ ਸਾਚਾ ਲਾਡ,

ਗੁਰ ਸਤਿਗੁਰ ਗੋਦ ਸੁਹਾਇੰਦਾ । ਗੁਰਸਿਖ ਸੁਹਾਏ ਸਾਚੀ ਯਦ, ਬੰਸ ਸਰਬੰਸ ਨਾਉਂ ਧਰਾਇੰਦਾ । ਗੁਰਸਿਖ ਆਪਣਾ ਭਾਰ ਗੁਰ ਪੂਰੇ ਉਤੇ ਦੇਵੇ ਲੱਦ, ਹੌਲੇ ਭਾਰ ਆਪ ਉਠ ਧਾਇੰਦਾ । ਸਤਿਗੁਰ ਪੂਰਾ ਡੂੰਘੀ ਕਵਰੀ ਭਵਰੀ ਲੇਵੇ ਕੱਢ, ਆਪ ਆਪਣੀ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਏਕਾ ਧਾਮ ਸੁਹਾਇੰਦਾ । ਗੁਰਸਿਖ ਧਾਮ ਸੁਹਾਇਆ, ਸੋਭਾਵੰਤ ਰਮਨੀਕ । ਪੁਰਖ ਅਬਿਨਾਸ਼ੀ ਚਰਨ ਛੁਹਾਇਆ, ਏਕਾ ਮਿਲਿਆ ਲਾਸ਼ਰੀਕ । ਵਾਹਦ ਆਪਣਾ ਰੂਪ ਦਰਸਾਇਆ, ਜਗਤ ਮੇਟੀ ਅੰਧੇਰ ਤਾਰੀਕ । ਏਕਾ ਅਲਿਫ਼ ਰੂਪ ਵਟਾਇਆ, ਪੁਰਖ ਅਬਿਨਾਸ਼ੀ ਸਚ ਤੌਫ਼ੀਕ । ਰਹਿਮਤ ਰਹਿਮਾਨ ਆਪ ਕਮਾਇਆ, ਸਦ ਵਸਦਾ ਰਹੇ ਨਜ਼ਦੀਕ । ਕਾਇਆ ਕੁਰਾ ਫੋਲ ਫੋਲਾਇਆ, ਲੇਖਾ ਚੁਕਿਆ ਹਸਤ ਕੀਟ । ਸਾਚੀ ਸ਼ਰਅ ਇਕ ਸਮਝਾਇਆ, ਬਿਸਮਿਲ ਵਸੇ ਸਦਾ ਚੀਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਆਰਫ਼ ਆਪਣਾ ਤੁਆਰਫ਼ ਦਏ ਕਰਾਇਆ, ਇਕ ਵਖਾਏ ਸਚ ਪ੍ਰੀਤ । ਸਚ ਪ੍ਰੀਤੀ ਸਚ ਦਰਬਾਰ, ਹਰਿ ਸਾਚਾ ਸਚ ਜਣਾਇੰਦਾ । ਜੁਗ ਜੁਗ ਵਿਛੜੇ ਮੇਲਣਹਾਰ, ਮੇਲ ਮਿਲਾਵਾ ਆਪਣੇ ਹੱਥ ਰਖਾਇੰਦਾ । ਜੀਵ ਜਗਤ ਜੁਗਤ ਨਾ ਪਾਏ ਸਾਰ, ਭਗਤ ਭਗਵੰਤ ਖੇਲ ਖਿਲਾਇੰਦਾ । ਸੰਤ ਕੰਤ ਰਾਹ ਤੱਕਣ ਸਾਚਾ ਯਾਰ, ਨੇਤਰ ਨੈਣ ਨੈਣ ਉਠਾਇੰਦਾ । ਗੁਰਮੁਖ ਮੰਗੇ ਮੰਗ ਭਿਖਾਰ, ਭਿਖਕ ਭਿਛਿਆ ਝੋਲੀ ਪਾਇੰਦਾ । ਗੁਰਸਿਖਾਂ ਜਾਏ ਪੈਜ ਸੁਆਰ, ਆਪ ਆਪਣਾ ਰੂਪ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਕੌਲ ਆਪੇ ਪੂਰ ਕਰਾਇੰਦਾ । ਨਿਰਗੁਣ ਕੌਲ ਸਰਗੁਣ ਧਾਰ, ਨਿਰਵੈਰ ਖੇਲ ਖਿਲਾਇਆ । ਜਗਤ ਜੁਗ ਬੀਤੇ ਚਾਰ, ਚਾਰੇ ਦਿਸ਼ਾ ਵੇਖ ਵਖਾਇਆ । ਚਾਰੇ ਵੇਦ ਕਰਨ ਪੁਕਾਰ, ਚਾਰੇ ਵਰਨ ਰਹੇ ਕੁਰਲਾਇਆ । ਚਾਰ ਯਾਰੀ ਆਈ ਹਾਰ, ਚਾਰੇ ਖਾਣੀ ਵੇਸ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਗੁਰਮੁਖ ਸਾਚੇ ਵੇਖ ਵਖਾਇਆ । ਗੁਰਸਿਖ ਵਡਿਆਈ ਵਡ, ਹਰਿ ਸਤਿਗੁਰ ਆਪ ਵਡਿਆਇੰਦਾ । ਲੱਖ ਚੁਰਾਸੀ ਵਿਚੋਂ ਕੱਢ, ਆਪ ਆਪਣਾ ਮੇਲ ਮਿਲਾਇੰਦਾ । ਗੀਤ ਸੁਣਾਏ ਸੁਹਾਗੀ ਛੰਦ, ਛੰਤ ਆਪਣਾ ਆਪ ਅਲਾਇੰਦਾ । ਖ਼ੁਸ਼ੀ ਕਰਾਏ ਬੰਦ ਬੰਦ, ਬੰਦੀ ਛੋੜ ਬੰਦ ਕਟਾਇੰਦਾ । ਆਤਮ ਉਪਜਾਏ ਪਰਮਾਨੰਦ, ਨਿਜਾਨੰਦ ਰਸ ਚਖਾਇੰਦਾ । ਜੋਤ ਨਿਰੰਜਣ ਚਾੜ੍ਹੇ ਚੰਦ, ਆਤਮ ਅੰਧ ਅੰਧੇਰ ਗਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੇ ਵਿਚ ਸਮਾਇੰਦਾ । ਆਪਣੇ ਵਿਚ ਹਰਿ ਸਮਾਇਆ, ਸਿਰਜਣਹਾਰ ਸਰਬ ਸੁਖਦਾਏ । ਗੁਰ ਗੁਰ ਗੁਰਸਿਖ ਵੇਖ ਵਖਾਇਆ, ਜਗਤ ਜੁਗਤ ਆਪ ਬਣਾਏ । ਗ੍ਰਿਹ ਮੰਦਰ ਖੋਜ ਖੁਜਾਇਆ, ਘਟ ਘਟ ਆਪਣਾ ਫੇਰਾ ਪਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਰੂਪ ਆਪ ਧਰਾਏ । ਨਿਰਗੁਣ ਸਰਗੁਣ ਹਰਿ ਹਰਿ ਰੰਗ, ਹਰਿ ਕਾ ਭੇਵ ਕੋਇ ਨਾ ਪਾਇੰਦਾ । ਨਿਰਗੁਣ ਸਰਗੁਣ ਹਰਿ ਹਰਿ ਮਰਦੰਗ, ਮਰਦ ਮਰਦਾਨਾ ਆਪ ਵਜਾਇੰਦਾ । ਨਿਰਗੁਣ ਸਰਗੁਣ ਹਰਿ ਹਰਿ ਪਲੰਘ, ਆਤਮ ਸੇਜਾ ਆਪ ਹੰਢਾਇੰਦਾ । ਨਿਰਗੁਣ ਸਰਗੁਣ ਹਰਿ ਹਰਿ ਮੰਗ, ਭਗਤ ਦੁਆਰਾ ਮੰਗਣ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕੱਲਾ ਸਾਚਾ ਹਰਿ, ਹਰਿ ਮੰਦਰ ਸੋਭਾ ਪਾਇੰਦਾ । ਹਰਿ ਮੰਦਰ ਸਚ ਸੁਹਾਵਣਾ, ਕੁੱਲੀ ਕੱਖ ਦਏ ਵਡਿਆਈਆ । ਮਿਲ ਸਖ਼ੀਆਂ ਮੰਗਲ ਗਾਵਣਾ,

ਵਾਹਵਾ ਵਜਦੀ ਰਹੇ ਵਧਾਈਆ । ਮਿਲਿਆ ਮੇਲ ਜਿਉਂ ਬਲ ਬਾਵਣਾ, ਬਲ ਬਾਵਣ ਰੂਪ ਆਪ ਵਟਾਈਆ । ਧੁਰਦਰਗਾਹੀ ਸਾਚਾ ਜ਼ਾਮਨਾ, ਏਥੇ ਓਥੇ ਹੋਏ ਸਹਾਈਆ । ਆਪ ਫੜਾਏ ਆਪਣਾ ਦਾਮਨਾ, ਦਾਮਨਗੀਰ ਸੱਚਾ ਸ਼ਹਿਨਸ਼ਾਹੀਆ । ਰੂਪ ਵਖਾਏ ਰਾਮਾ ਰਾਮਨਾ, ਰਾਮ ਰਾਮਾ ਹੋਏ ਸਹਾਈਆ । ਖੇਲ ਕਰਾਏ ਕ੍ਰਿਸ਼ਨਾ ਕਾਹਨਨਾ, ਏਕਾ ਬੰਸਰੀ ਨਾਮ ਵਜਾਈਆ । ਨਾਮ ਸਤਿ ਕਰ ਪਰਧਾਨਨਾ, ਨਾਨਕ ਤਾਰ ਸਤਾਰ ਹਲਾਈਆ । ਫ਼ਤਿਹ ਡੰਕਾ ਇਕ ਵਜਾਵਣਾ, ਵਾਹਵਾ ਗੋਬਿੰਦ ਹਰਿ ਸਰਨਾਈਆ । ਚਾਰੋਂ ਕੁੰਟ ਵੇਖ ਵਖਾਵਣਾ, ਦਹਿ ਦਿਸ਼ਾ ਫੇਰਾ ਪਾਈਆ । ਬ੍ਰਹਮ ਰੂਪ ਸਰਬ ਦਰਸਾਵਣਾ, ਪਾਰਬ੍ਰਹਮ ਵਡੀ ਵਡਿਆਈਆ । ਜ਼ਾਤ ਪਾਤ ਨਾ ਕੋਇ ਰਖਾਵਣਾ, ਦੀਨ ਮਜ਼੍ਹਬ ਨਾ ਕੋਇ ਵਡਿਆਈਆ । ਪੰਜ ਤੱਤ ਚੋਲਾ ਬ੍ਰਹਮ ਹੰਢਾਵਣਾ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਸੋਭਾ ਪਾਈਆ । ਤ੍ਰੈਗੁਣ ਮਾਇਆ ਤੱਤ ਸੁਹਾਵਣਾ, ਰਜੋ ਤਮੋ ਸਤੋ ਹੋਏ ਕੁੜਮਾਈਆ । ਮਨ ਮਤ ਬੁਧ ਨਾਚ ਨਚਾਵਣਾ, ਕਰੇ ਖੇਲ ਬੇਪਰਵਾਹੀਆ । ਘਰ ਘਰ ਵਿਚ ਆਪ ਸੁਹਾਵਣਾ, ਆਪ ਆਪਣਾ ਬੰਕ ਉਪਾਈਆ । ਸੁਖਮਨ ਨਾੜੀ ਟੇਢੀ ਬੰਕ ਰਾਹ ਵਖਾਵਣਾ, ਈੜਾ ਪਿੰਗਲ ਨਾਲ ਰਲਾਈਆ । ਕਵਲ ਨਾਭੀ ਅੰਮ੍ਰਿਤ ਰਸ ਭਰਾਵਣਾ, ਨਿਝਰ ਝਿਰਨਾ ਆਪ ਝਿਰਾਈਆ । ਘਰ ਮੰਦਰ ਨਾਦ ਵਜਾਵਣਾ, ਅਨਹਦ ਸ਼ਬਦ ਸੱਚੀ ਸ਼ਨਵਾਈਆ । ਆਪਣਾ ਪਰਦਾ ਆਪ ਉਠਾਵਣਾ, ਬਜਰ ਕਪਾਟੀ ਦਏ ਤੁੜਾਈਆ । ਸੁਰਤੀ ਸ਼ਬਦ ਮੇਲ ਮਿਲਾਵਣਾ, ਦਸਮ ਦੁਆਰੀ ਸੋਭਾ ਪਾਈਆ । ਆਤਮ ਸੇਜਾ ਇਕ ਸੁਹਾਵਣਾ, ਸ਼ਬਦ ਰੰਗੀਲਾ ਪਲੰਘ ਵਛਾਈਆ । ਨਾਰੀ ਕੰਤ ਮੇਲ ਮਿਲਾਵਣਾ, ਵਿਛੜ ਕਦੇ ਨਾ ਜਾਈਆ । ਗੁਰਸਿਖ ਆਪਣੀ ਗੋਦ ਬਹਾਵਣਾ, ਆਪੇ ਬਣੇ ਪਿਤਾ ਮਾਈਆ । ਸਿੰਘ ਲਾਲ ਸੰਗ ਨਿਭਾਵਣਾ, ਲਾਲ ਲਾਲ ਲਾਲਣ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਤਮ ਸੇਜਾ ਆਪੇ ਚੜ੍ਹ, ਗੁਰਸਿਖ ਸੁਰਤੀ ਲਏ ਫੜ, ਨਾਮ ਡੋਰੀ ਏਕਾ ਪਾਈਆ । ਨਾਮ ਡੋਰੀ ਹੱਥ ਕਰਤਾਰ, ਗੁਰਸਿਖਾਂ ਬੰਧਨ ਪਾਇੰਦਾ । ਦਸਮ ਦੁਆਰੀ ਬੈਠਾ ਸ਼ਾਹ ਅਸਵਾਰ, ਆਪਣਾ ਘੋੜਾ ਆਪ ਦੌੜਾਇੰਦਾ । ਸੋਲਾਂ ਕਲੀਆਂ ਕਰ ਸ਼ਿੰਗਾਰ, ਸੋਲਾਂ ਇਛਿਆ ਵੇਖ ਵਖਾਇੰਦਾ । ਨੌਂ ਖੰਡ ਸੱਤ ਦੀਪ ਕਰੇ ਪਾਰ ਕਿਨਾਰ, ਮਹਾਂ ਦੀਪ ਆਪਣਾ ਚਰਨ ਛੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਲਗਾਏ ਆਪਣੇ ਲੜ, ਏਕਾ ਪੱਲੂ ਨਾਮ ਫੜਾਇੰਦਾ । ਪੱਲੂ ਨਾਮ ਫੜਾਏ ਡੋਰ, ਸਤਿਗੁਰ ਪੂਰੇ ਹੱਥ ਵਡਿਆਈਆ । ਆਪੇ ਫੜ ਫੜ ਮਾਰੇ ਪੰਜੇ ਚੋਰ, ਕਾਮ ਕਰੋਧ ਲੋਭ ਮੋਹ ਹੰਕਾਰ ਨੇੜ ਨਾ ਆਈਆ । ਸੇਵਾ ਕਰੇ ਜਿਉਂ ਰਵਦਾਸ ਚਮਾਰੇ ਢੋਏ ਢੋਰ, ਪਾਨਹਾਂ ਗੰਢੇ ਅੱਧ ਵਿਚ ਆਸਣ ਲਾਈਆ । ਹਰਿ ਕਾ ਭੇਵ ਨਾ ਜਾਣੇ ਕੋਈ ਔਰ, ਗੁਰਸਿਖਾਂ ਦਏ ਬੁਝਾਈਆ । ਲੱਖ ਚੁਰਾਸੀ ਕਲਜੁਗ ਪਾਵੇ ਸ਼ੋਰ, ਜਗਤ ਸ਼ੋਹਰਤ ਲੁੱਟੀ ਸਰਬ ਲੋਕਾਈਆ । ਗੁਰਮੁਖਾਂ ਸਤਿਗੁਰ ਪੂਰਾ ਜਾਏ ਬੌਹੜ, ਮਖ਼ਲੂਕ ਖ਼ਲਕ ਖ਼ੁਦਾ ਬੌਹੜੀ ਬੌਹੜੀ ਕਰ ਰਹੀ ਕੁਰਲਾਈਆ । ਦੋ ਜਹਾਨਾਂ ਲਾਇਆ ਏਕਾ ਪੌੜ, ਪੁਰਖ ਅਬਿਨਾਸ਼ੀ ਦਇਆ ਕਮਾਈਆ । ਸਤਿਗੁਰ ਪੂਰੇ ਨੂੰ ਗੁਰਸਿਖਾਂ ਦੀ ਸਦਾ ਲੋੜ, ਗੁਰਸਿਖਾਂ ਘਰ ਆਵੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨਮ ਜਨਮ ਦੀ ਬੁਝਾਏ ਔੜ, ਅੰਮ੍ਰਿਤ ਮੇਘ ਇਕ ਬਰਸਾਈਆ । ਅੰਮ੍ਰਿਤ ਮੇਘ ਬਰਸਾਵਣਾ, ਗੁਰਸਿਖ ਨਿਝਰ ਧਾਰ । ਸਾਂਤਕ ਸਤਿ ਸਤਿ ਕਰਾਵਣਾ, ਅਗਨੀ ਤੱਤ ਨਵਾਰ । ਰਤੀ ਰਤ ਰੰਗ ਰੰਗਾਵਣਾ, ਰੰਗ ਰੰਗੇ ਆਪ ਕਰਤਾਰ । ਸਾਚੀ ਸਖ਼ੀ ਕੰਤ ਮਨਾਵਣਾ, ਘਰ

੮੮
੧੦

ਮਿਲੇ ਹਰਿ ਭਤਾਰ । ਗੁਰਮਤੀ ਬਹਿ ਸਮਝਾਵਣਾ, ਹਰਿ ਸ਼ਬਦ ਨਾਮ ਭੰਡਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਸੰਭਾਲ । ਜੁਗ ਜੁਗ ਸੁਰਤ ਸੰਭਾਲਦਾ, ਜਾਗਰਤ ਜੋਤ ਜਗਾ । ਬਾਲ ਅਵਾਣੇ ਆਪ ਉਠਾਲਦਾ, ਦੀਨਾਂ ਨਾਥਾਂ ਹੋਏ ਸਹਾ । ਆਪਣਾ ਰੂਪ ਆਪ ਵਖਾਣਦਾ, ਦੂਈ ਦਵੈਤੀ ਪਰਦਾ ਲਾਹ । ਆਪਣੇ ਭਗਤਾਂ ਆਪੇ ਜਾਣਦਾ, ਹਰਿ ਜੂ ਬਣਿਆ ਰਹੇ ਮਲਾਹ । ਖੇਵਟ ਖੇਟਾ ਦੋ ਜਹਾਨ ਦਾ, ਸੇਵਕ ਸੇਵਾ ਰਿਹਾ ਕਮਾ । ਗੁਰਸਿਖ ਬੇਟਾ ਸ੍ਰੀ ਭਗਵਾਨ ਦਾ, ਨਾ ਕੋਈ ਦੂਸਰ ਪਿਤਾ ਮਾਂ । ਨਾਤਾ ਤੁਟੇ ਜਗਤ ਜਹਾਨ ਦਾ, ਮਿਲਿਆ ਹਰਿ ਸੱਚਾ ਸ਼ਹਿਨਸ਼ਾਹ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੁੱਲੀ ਕੱਖ ਸਾਚਾ ਮੰਦਰ ਦਏ ਰੂਪ ਵਟਾ । ਕੁੱਲੀ ਕੱਖ ਰੂਪ ਵਟੌਣਾ, ਕੰਚਨ ਗੜ੍ਹ ਸੁਹਾਈਆ । ਹਰਿ ਮੰਦਰ ਹਰਿ ਜੂ ਚਰਨ ਛੁਹੌਣਾ, ਹਰੀ ਹਰਿ ਵਡੀ ਵਡਿਆਈਆ । ਸੀਸ ਜਗਦੀਸ਼ ਤਾਜ ਸੁਹੌਣਾ, ਤਖ਼ਤ ਤਾਜ ਜਗਤ ਰਹਿਣ ਨਾ ਪਾਈਆ । ਸੋ ਪੁਰਖ ਨਿਰੰਜਣ ਸਦਾ ਸਦ ਗੌਣਾ, ਹੰ ਬ੍ਰਹਮ ਵਜਦੀ ਰਹੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਹਰਿਜਨ ਸਾਚਾ ਘਾੜਨ ਘੜ, ਘੜਨਹਾਰ ਆਪ ਹੋ ਜਾਈਆ ।



## ★ ੪ ਮਾਘ ੨੦੧੭ ਬਿਕਰਮੀ ਪ੍ਰੀਤਮ ਸਿੰਘ ਦੇ ਗ੍ਰਿਹਿ ਪਿੰਡ ਝੰਡੇਰ ★

ਸੋ ਪੁਰਖ ਨਿਰੰਜਣ ਦੀਨ ਦਿਆਲਾ, ਦਾਤਾ ਦਾਨੀ ਵਡ ਵਡਿਆਈਆ । ਆਦਿ ਜੁਗਾਦੀ ਖੇਲ ਨਿਰਾਲਾ, ਜੁਗਾ ਜੁਗੰਤਰ ਆਪ ਕਰਾਈਆ । ਵਸਣਹਾਰਾ ਸਚਖੰਡ ਸੱਚੀ ਧਰਮਸਾਲਾ, ਥਿਰ ਘਰ ਸਾਚੇ ਸੋਭਾ ਪਾਈਆ । ਸ਼ਬਦ ਅਨਾਦ ਵਜਾਏ ਏਕਾ ਤਾਲਾ, ਨਾਦ ਆਨਾਦੀ ਧੁਨ ਉਪਜਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰੇ ਪ੍ਰਿਤਪਾਲਾ, ਤ੍ਰੈ ਤ੍ਰੈ ਮੀਤਾ ਇਕ ਸ਼ਹਿਨਸ਼ਾਹੀਆ । ਤ੍ਰੈਗੁਣ ਦੇਵੇ ਧੰਨ ਸੱਚਾ ਧੰਨਮਾਲਾ, ਵਸਤ ਅਮੋਲਕ ਝੋਲੀ ਪਾਈਆ । ਪੰਜ ਤੱਤ ਚਲੇ ਅਵੱਲੜੀ ਚਾਲਾ, ਲੱਖ ਚੁਰਾਸੀ ਘਾੜਨ ਲਏ ਘੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਅਬਿਨਾਸ਼ੀ ਕਰਤਾ ਆਪਣਾ ਖੇਲ ਆਪ ਖਿਲਾਈਆ । ਲੱਖ ਚੁਰਾਸੀ ਘਾੜਨ ਘੜ, ਹਰਿ ਸਤਿਗੁਰ ਖੇਲ ਖਿਲਾਇੰਦਾ । ਨਿਰਗੁਣ ਸਰਗੁਣ ਅੰਦਰ ਵੜ, ਨਿਰਵੈਰ ਪੁਰਖ ਆਪਣਾ ਰੂਪ ਆਪ ਪਰਗਟਾਇੰਦਾ । ਪਾਰਬ੍ਰਹਮ ਬ੍ਰਹਮ ਫੜਾਏ ਲੜ, ਆਤਮ ਸੇਜਾ ਆਪ ਸੁਹਾਇੰਦਾ । ਨਿਸ਼ਅੱਖਰ ਵਿਦਿਆ ਆਪੇ ਪੜ੍ਹ, ਸਾਚੀ ਸਿਖਿਆ ਆਪ ਸਿਖਾਇੰਦਾ । ਵਸਣਹਾਰਾ ਸਾਚੇ ਘਰ, ਗ੍ਰਿਹ ਮੰਦਰ ਖੋਜ ਖੁਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਪੁਰਖ ਅਬਿਨਾਸ਼ਾ, ਆਪੇ ਪਾਏ ਆਪਣੀ ਮੰਡਲ ਰਾਸਾ, ਜਗਤ ਤਮਾਸਾ ਵੇਖ ਵਖਾਇੰਦਾ । ਲੱਖ ਚੁਰਾਸੀ ਖੇਲ ਅਪਾਰਾ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਹਰਿ ਪੁਰਖ ਨਿਰੰਜਣ ਹੋ ਉਜਿਆਰਾ, ਏਕੰਕਾਰਾ ਵੇਖ ਵਖਾਇੰਦਾ । ਆਦਿ ਨਿਰੰਜਣ ਵਸੇ ਠਾਂਡੇ ਦਰ ਸੱਚੇ ਦਰਬਾਰਾ, ਸ੍ਰੀ ਭਗਵਾਨ ਸੋਭਾ ਪਾਇੰਦਾ । ਅਬਿਨਾਸ਼ੀ ਕਰਤਾ ਕਰੇ ਖੇਲ ਅਕਲ ਕਲ ਧਾਰਾ, ਪਾਰਬ੍ਰਹਮ ਆਪਣੀ ਧਾਰ ਆਪ ਬੰਧਾਇੰਦਾ । ਸ਼ਬਦੀ ਸ਼ਬਦ ਕਰ ਪਸਾਰਾ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਰਚਨ ਰਚਾਇੰਦਾ । ਨਿਰਗੁਣ ਜੋਤ ਰਵ ਸਸ ਸਤਾਰਾ, ਸੂਰਜ ਚੰਨ ਮੰਡਲ ਮੰਡਪ ਆਪ ਟਿਕਾਇੰਦਾ । ਗਗਨ ਮੰਡਲ ਦਏ ਸਹਾਰਾ, ਆਕਾਸ਼ ਪਰਕਾਸ਼ ਡੇਰਾ ਲਾਇੰਦਾ । ਨਿਰਗੁਣ ਸਰਗੁਣ ਖੇਲ ਕਰਤਾਰਾ, ਕਰਤਾ ਪੁਰਖ ਆਪ

੮੯
੧੦

ਖਿਲਾਇੰਦਾ । ਵਿਸ਼ਵ ਰੂਪ ਬਣ ਵਰਤਾਰਾ, ਵਾਸਤਕ ਆਪਣੀ ਵਸਤ ਲੱਖ ਚੁਰਾਸੀ ਆਪ ਉਪਜਾਇੰਦਾ । ਬ੍ਰਹਮਾ ਦੇਵੇ ਨਾਮ ਆਧਾਰਾ, ਪਾਰਬ੍ਰਹਮ ਬ੍ਰਹਮ ਵਿਦਿਆ ਆਪ ਪੜ੍ਹਾਇੰਦਾ । ਚਾਰੇ ਵੇਦਾਂ ਬਣ ਲਿਖਾਰਾ, ਚਾਰੇ ਜੁਗਾਂ ਵੰਡ ਵੰਡਾਇੰਦਾ । ਲੱਖ ਚੁਰਾਸੀ ਕਰ ਉਜਿਆਰਾ, ਘਰ ਘਰ ਜੋਤੀ ਦੀਪ ਜਗਾਇੰਦਾ । ਲੇਖਾ ਜਾਣੇ ਧੁਰ ਦਰਬਾਰਾ, ਧੁਰ ਦੀ ਖੇਲ ਆਪ ਖਿਲਾਇੰਦਾ । ਵਰਤੇ ਵਰਤਾਵੇ ਵਿਚ ਸੰਸਾਰਾ, ਮਹਾਸਾਰਥੀ ਰੂਪ ਵਟਾਇੰਦਾ । ਸ਼ੰਕਰ ਦੇਵੇ ਇਕ ਹੁਲਾਰਾ, ਹੁਕਮੀ ਹੁਕਮ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਜਗਤ ਮਹੱਲਾ ਆਪ ਵਸਾਇੰਦਾ । ਲੱਖ ਚੁਰਾਸੀ ਜਗਤ ਮਹੱਲਾ, ਨਵ ਖੰਡ ਪ੍ਰਿਥਮੀ ਆਪ ਬਣਾਈਆ । ਕਰੇ ਖੇਲ ਇਕ ਇਕੱਲਾ, ਅਲਖ ਅਗੋਚਰ ਅਗੰਮ ਅਥਾਹ ਬੇਪਰਵਾਹ ਸੱਚਾ ਸ਼ਹਿਨਸ਼ਾਹੀਆ । ਨਿਰਗੁਣ ਸਰਗੁਣ ਬਣਿਆ ਰਹੇ ਮਲਾਹ, ਜੁਗ ਜੁਗ ਆਪਣਾ ਵੇਸ ਵਟਾਈਆ । ਸਤਿ ਸਤਿਵਾਦੀ ਲਾਏ ਰਾਹ, ਸਾਚਾ ਮਾਰਗ ਇਕ ਜਣਾਈਆ । ਲੱਖ ਚੁਰਾਸੀ ਗੇੜਾ ਆਪਣੇ ਹੱਥ ਰਖਾ, ਜੁਗ ਚੌਕੜੀ ਆਪ ਭਵਾਈਆ । ਬ੍ਰਹਿਮੰਡ ਖੰਡ ਆਪਣਾ ਖੇੜਾ ਲਏ ਵਸਾ, ਜੇਰਜ ਅੰਡ ਉਤਭੁਜ ਸੇਤਜ ਕਰ ਰੁਸ਼ਨਾਈਆ । ਆਪਣੀ ਵੰਡ ਲਏ ਵੰਡਾ, ਵੰਡਣਹਾਰਾ ਦਿਸ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਏਕਾ ਹਰਿ, ਨਰ ਨਰਾਇਣ ਸਹਿਜ ਸੁਖਦਾਈਆ । ਨਰ ਨਰਾਇਣ ਹਰਿ ਨਿਰੰਕਾਰਾ, ਨਿਰਗੁਣ ਆਪਣਾ ਖੇਲ ਖਿਲਾਇੰਦਾ । ਲੱਖ ਚੁਰਾਸੀ ਕਰ ਪਸਾਰਾ, ਘਟ ਘਟ ਆਪਣੀ ਜੋਤ ਟਿਕਾਇੰਦਾ । ਸ਼ਬਦ ਅਨਾਦਿ ਸੱਚੀ ਧੁਨਕਾਰਾ, ਅਨਹਦ ਸਾਚਾ ਤਾਲ ਵਜਾਇੰਦਾ । ਸੁਰਤੀ ਸੁਰਤ ਕਰੇ ਵਿਚਾਰਾ, ਅਕਾਲ ਮੂਰਤ ਖੇਲ ਖਿਲਾਇੰਦਾ । ਅਜੂਨੀ ਰਹਿਤ ਵਸੇ ਸਭ ਤੋਂ ਬਾਹਰਾ, ਦਿਸ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਏਕਾ ਹਰਿ, ਜੁਗ ਜੁਗ ਆਪਣਾ ਖੇਲ ਖਿਲਾਇੰਦਾ । ਜੁਗ ਜੁਗ ਖੇਲ ਖਿਲਾਇੰਦਾ, ਕਰਤਾ ਪੁਰਖ ਹਰਿ ਕਰਤਾਰ । ਜੁਗ ਜੁਗ ਵੇਸ ਵਟਾਇੰਦਾ, ਨਿਰਗੁਣ ਸਰਗੁਣ ਲੈ ਅਵਤਾਰ । ਜੁਗ ਜੁਗ ਮਾਰਗ ਲਾਇੰਦਾ, ਲੱਖ ਚੁਰਾਸੀ ਪਾਵੇ ਸਾਰ । ਜੁਗ ਜੁਗ ਸ਼ਬਦ ਨਾਦ ਵਜਾਇੰਦਾ, ਧੁਨ ਨਾਦ ਅਪਰ ਅਪਾਰ । ਜੁਗ ਜੁਗ ਬੋਧ ਅਗਾਧ ਸੁਣਾਇੰਦਾ, ਲੇਖਾ ਜਾਣੇ ਆਪਣਾ ਆਪ ਦੂਜਾ ਸਕੇ ਨਾ ਕੋਇ ਵਿਚਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਏਕਾ ਹਰਿ, ਏਕਾ ਖੇਲ ਖਿਲਾਇੰਦਾ । ਜੁਗ ਜੁਗ ਖੇਲ ਖਿਲਾਇਆ, ਸਤਿਜੁਗ ਤ੍ਰੇਤਾ ਦੁਆਪਰ ਆਣ । ਬ੍ਰਹਮਾ ਵਿਸ਼ਨ ਸ਼ਿਵ ਸੇਵ ਲਗਾਇਆ, ਏਕਾ ਦੇਵੇ ਧੁਰ ਫ਼ੁਰਮਾਨ । ਕਲਜੁਗ ਅੰਤਮ ਵੇਖ ਵਖਾਇਆ, ਚੌਥੇ ਜੁਗ ਹੋ ਪਰਧਾਨ । ਚਾਰੋਂ ਕੁੰਟ ਜੀਵ ਜੰਤ ਕੁਰਲਾਇਆ, ਦਹਿ ਦਿਸ਼ਾ ਹੋਏ ਹੈਰਾਨ । ਸਾਂਤਕ ਸਤਿ ਨਾ ਕੋਇ ਵਰਤਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸ੍ਰੀ ਭਗਵਾਨ । ਸ੍ਰੀ ਭਗਵਾਨ ਸਾਚਾ ਮੀਤਾ, ਆਦਿ ਜੁਗਾਦਿ ਸਮਾਇਆ । ਵਸਣਹਾਰਾ ਘਰ ਠਾਂਡੇ ਸੀਤਾ, ਸਚਖੰਡ ਦੁਆਰੇ ਸੋਭਾ ਪਾਇਆ । ਇਕ ਇਕੱਲਾ ਪਤਤ ਪੁਨੀਤਾ, ਪਤਤ ਪਾਪੀ ਲਏ ਤਰਾਇਆ । ਕਲਜੁਗ ਆਪ ਚਲਾਏ ਆਪਣੀ ਰੀਤਾ, ਸਤਿਜੁਗ ਸਾਚਾ ਮਾਰਗ ਲਾਇਆ । ਜਨ ਭਗਤਾਂ ਦੇਵੇ ਨਾਮ ਇਕ ਅਨਡੀਠਾ, ਲਿਖਣ ਪੜ੍ਹਨ ਵਿਚ ਨਾ ਆਇਆ । ਮਿੱਠਾ ਕਰੇ ਕੌੜਾ ਰੀਠਾ, ਦੂਈ ਦਵੈਤੀ ਮੇਟ ਮਿਟਾਇਆ । ਤ੍ਰੈਗੁਣ ਮਾਇਆ ਤੱਤ ਨਾ ਤਪੇ ਅੰਗੀਠਾ, ਕਾਇਆ ਅਗਨ ਨਾ ਰਹੇ ਰਾਇਆ । ਆਪੇ ਹਰਿ ਜੂ ਵਸੇ ਚੀਤਾ, ਗ੍ਰਿਹ ਮੰਦਰ ਹੋਏ ਸਹਾਇਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਕੂੜੀ ਕਿਰਿਆ ਦਏ ਮਿਟਾਇਆ । ਜੁਗ ਜੁਗ ਵੇਸ ਵਟਾਇੰਦਾ, ਪੁਰਖ ਅਬਿਨਾਸ਼ੀ ਬੇਪਰਵਾਹ । ਸਤਿਜੁਗ ਤ੍ਰੇਤਾ ਦੁਆਪਰ ਪਾਰ ਕਰਾਇੰਦਾ, ਕਲਜੁਗ ਅੰਤਮ ਬਣੇ ਮਲਾਹ । ਸ੍ਰਿਸ਼ਟ ਸਬਾਈ ਵੇਖ ਵਖਾਇੰਦਾ, ਨੌਂ ਖੰਡ ਪ੍ਰਿਥਮੀ ਫੇਰਾ ਪਾ । ਸੱਤਾਂ ਦੀਪਾਂ ਆਪ ਉਠਾਇੰਦਾ, ਸ਼ਬਦ ਹਲੂਣਾ ਏਕਾ ਲਾ । ਚਾਰ ਵਰਨਾਂ ਖੋਜ ਖੁਜਾਇੰਦਾ, ਅਠਾਰਾਂ ਬਰਨਾਂ ਪਕੜੇ ਬਾਂਹ । ਸ਼ੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਆਪ ਸਮਝਾਇੰਦਾ, ਏਕਾ ਬ੍ਰਹਮ ਵਿਦਿਆ ਦਏ ਪੜ੍ਹਾ । ਊਚਾਂ ਨੀਚਾਂ ਰਾਓ ਰੰਕਾਂ ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਏਕਾ ਘਰ ਵਖਾਇੰਦਾ, ਦੂਸਰ ਅਵਰ ਨਾ ਕੋਇ ਥਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਨਾਉਂ ਲਏ ਪਰਗਟਾ । ਏਕਾ ਨਾਉਂ ਹਰਿ ਨਿਰੰਕਾਰਾ, ਆਪਣਾ ਆਪ ਪਰਗਟਾਈਆ । ਕਲਜੁਗ ਅੰਤਮ ਹੋ ਉਜਿਆਰਾ, ਬੰਕ ਦੁਆਰ ਸੁਹਾਈਆ । ਸਾਕਤ ਨਿੰਦਕ ਕਰੇ ਖੁਆਰਾ, ਗੁਰਮੁਖ ਸਾਚੇ ਲਏ ਜਗਾਈਆ । ਮੇਟ ਮਿਟਾਏ ਧੁਆਂਧਾਰਾ, ਕਲਜੁਗ ਰੈਣ ਅੰਧੇਰੀ ਰਹਿਣ ਨਾ ਪਾਈਆ । ਸਾਚਾ ਚੰਦ ਕਰੇ ਉਜਿਆਰਾ, ਸਤਿਜੁਗ ਸਾਚਾ ਮਾਰਗ ਲਾਈਆ । ਧਰਤ ਧਵਲ ਦਏ ਸਹਾਰਾ, ਧਰਨੀ ਧਵਲ ਆਪ ਵਡਿਆਈਆ । ਚਾਰੋਂ ਕੁੰਟ ਇਕ ਜੈਕਾਰਾ, ਸ੍ਰਿਸ਼ਟ ਸਬਾਈ ਦਏ ਸਮਝਾਈਆ । ਏਕਾ ਗੁਰ ਇਕ ਅਵਤਾਰਾ, ਇਸ਼ਟ ਦੇਵ ਇਕ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਵੇਖਣਹਾਰਾ ਕੂੜੀ ਸ਼ਾਹੀਆ । ਕਲਜੁਗ ਅੰਤਮ ਵੇਖਣਹਾਰਾ, ਨਿਰਗੁਣ ਆਪਣਾ ਖੇਲ ਖਿਲਾਇੰਦਾ । ਨਿਹਕਲੰਕਾ ਲੈ ਅਵਤਾਰਾ, ਲੋਕਮਾਤ ਵੇਸ ਵਟਾਇੰਦਾ । ਸ਼ਬਦ ਡੰਕਾ ਸਚ ਨਗਾਰਾ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਪ ਵਜਾਇੰਦਾ । ਦੋ ਜਹਾਨਾਂ ਵੇਖੇ ਲੱਗਾ ਅਖਾੜਾ, ਕੋਟਨ ਕੋਟ ਗੋਪੀ ਕਾਹਨ ਆਪ ਨਚਾਇੰਦਾ । ਕਰੇ ਖੇਲ ਅਗੰਮ ਅਪਾਰਾ, ਅਲਖ ਅਗੋਚਰ ਭੇਵ ਨਾ ਆਇੰਦਾ । ਚਾਰ ਵੇਦ ਕਰਨ ਪੁਕਾਰਾ, ਪੁਰਾਨ ਅਠਾਰਾਂ ਸਰਬ ਕੁਰਲਾਇੰਦਾ । ਸ਼ਾਸਤਰ ਸਿਮਰਤ ਰੋਵਨ ਜ਼ਾਰੋ ਜ਼ਾਰਾ, ਹਰਿ ਕਾ ਭੇਵ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਕਲਜੁਗ ਅੰਤਮ ਵੇਸ ਵਟਾਇਆ, ਨਿਹਕਲੰਕ ਬਲੀ ਬਲਵਾਨ । ਨਿਰਗੁਣ ਨਿਰਗੁਣ ਜੋਤ ਜਗਾਇਆ, ਜੋਤੀ ਜਾਤਾ ਹਰਿ ਭਗਵਾਨ । ਸਾਚੇ ਮੰਦਰ ਡੇਰਾ ਲਾਇਆ, ਸਾਢੇ ਤਿੰਨ ਹੱਥ ਇਕ ਮਕਾਨ । ਉਚਾ ਟਿੱਲਾ ਪਰਬਤ ਦਏ ਸੁਹਾਇਆ, ਲੇਖਾ ਚੁੱਕੇ ਜ਼ਿਮੀਂ ਅਸਮਾਨ । ਚੌਦਾਂ ਲੋਕਾਂ ਚਰਨਾਂ ਹੇਠ ਦਬਾਇਆ, ਚੌਦਾਂ ਤਬਕਾਂ ਪਾਏ ਆਣ । ਕਲਜੁਗ ਅੰਤਮ ਵੇਖ ਵਖਾਇਆ, ਸ਼ਰਅ ਸ਼ਰੀਅਤ ਵੇਖੇ ਦੋ ਜਹਾਨ । ਸਚ ਅਮਾਮ ਬਣ ਕੇ ਆਇਆ, ਲੇਖਾ ਜਾਣੇ ਅੰਜੀਲ ਕੁਰਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਮੇਟੇ ਅੰਤ ਨਿਸ਼ਾਨ । ਕਲਜੁਗ ਅੰਤ ਨਿਸ਼ਾਨ ਮਿਟੌਣਾ, ਲੋਕਮਾਤ ਰਹਿਣ ਨਾ ਪਾਈਆ । ਚੌਥੇ ਜੁਗ ਪੰਧ ਮੁਕੌਣਾ, ਵੇਲਾ ਅੰਤ ਦਏ ਦੁਹਾਈਆ । ਸਤਿਜੁਗ ਸਾਚਾ ਮਾਤ ਧਰੌਣਾ, ਧਰਤ ਧਵਲ ਦਏ ਵਡਿਆਈਆ । ਗੁਰਮੁਖ ਸਾਚੇ ਸੰਗ ਰਲੌਣਾ, ਸਗਲਾ ਸੰਗ ਆਪ ਸਮਝਾਈਆ । ਨਾਮ ਨਿਧਾਨਾ ਝੋਲੀ ਪੌਣਾ, ਵਸਤ ਅਮੋਲਕ ਇਕ ਵਖਾਈਆ । ਧੁਰ ਦੀ ਬਾਣੀ ਬਾਣ ਲਗੌਣਾ, ਅਣਯਾਲਾ ਤੀਰ ਚਲਾਈਆ । ਅੰਮ੍ਰਿਤ ਠੰਡਾ ਪਾਣੀ ਜਲ ਪਿਔਣਾ, ਨਿਝਰ ਝਿਰਨਾ ਆਪ ਝਿਰਾਈਆ । ਸੁਰਤ ਸੁਵਾਣੀ ਸ਼ਬਦ ਹਾਣੀ ਆਪ ਮਿਲੌਣਾ, ਮੇਲ ਮਿਲਾਵਾ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਕਰੇ ਖੇਲ ਬੇਪਰਵਾਹੀਆ ।

ਕਲਜੁਗ ਅੰਤਮ ਖੇਲ ਅਪਾਰਾ, ਹਰਿ ਸਾਚਾ ਸਚ ਕਰਾਇੰਦਾ । ਨਿਰਗੁਣ ਸਰਗੁਣ ਲੈ ਅਵਤਾਰਾ, ਨਿਰਗੁਣ ਆਪਣੀ ਕਾਰ ਕਮਾਇੰਦਾ । ਨਾਤਾ ਤੋੜੇ ਕੂੜ ਕੁੜਿਆਰਾ, ਕੂੜੀ ਕਿਰਿਆ ਮੇਟ ਮਿਟਾਇੰਦਾ । ਊਚਾਂ ਨੀਚਾਂ ਕਰੇ ਪਾਰ ਕਿਨਾਰਾ, ਏਕਾ ਰੰਗ ਸਰਬ ਰੰਗਾਇੰਦਾ । ਏਕਾ ਮੰਦਰ ਗੁਰੂਦੁਆਰਾ, ਮਸਜਿਦ ਮਠ ਸ਼ਿਵਦੁਆਲਾ ਇਕ ਵਖਾਇੰਦਾ । ਏਕਾ ਸ਼ਬਦ ਨਾਦ ਧੁਨ ਜੈਕਾਰਾ, ਏਕੰਕਾਰਾ ਏਕਾ ਲਾਇੰਦਾ । ਏਕਾ ਅੰਮ੍ਰਿਤ ਠੰਡਾ ਠਾਰਾ, ਭਰ ਪਿਆਲਾ ਆਪ ਪਿਆਇੰਦਾ । ਏਕਾ ਪੁਰਖ ਏਕਾ ਨਾਰਾ, ਲੱਖ ਚੁਰਾਸੀ ਰੂਪ ਵਟਾਇੰਦਾ । ਏਕਾ ਭਗਤ ਏਕਾ ਭਗਵੰਤ ਏਕਾ ਘਰ ਬਾਰਾ, ਏਕਾ ਮੰਦਰ ਹਰਿ ਵਸਾਇੰਦਾ । ਏਕਾ ਸੰਤ ਸੁਤ ਦੁਲਾਰਾ, ਹਰਿ ਸੱਜਣ ਵੇਖ ਵਖਾਇੰਦਾ । ਏਕਾ ਗੁਰਮੁਖ ਦਏ ਹੁਲਾਰਾ, ਗੁਰ ਗੁਰ ਆਪਣੀ ਗੋਦ ਸੁਹਾਇੰਦਾ । ਏਕਾ ਗੁਰਸਿਖ ਕਰੇ ਪਿਆਰਾ, ਸਚ ਪ੍ਰੀਤੀ ਆਪ ਨਿਭਾਇੰਦਾ । ਏਕਾ ਮੁਰੀਦ ਏਕਾ ਮੁਰਸ਼ਦ ਏਕਾ ਦਰ ਸੱਚਾ ਦਰਬਾਰਾ, ਦਰਗਹਿ ਸਾਚੀ ਆਪ ਸੁਹਾਇੰਦਾ । ਏਕਾ ਖ਼ਾਲਕ ਖ਼ਲਕ ਰੂਪ ਵੇਖੇ ਸਰਬ ਸੰਸਾਰਾ, ਮਖ਼ਲੂਕ ਆਪਣੇ ਰੰਗ ਰੰਗਾਇੰਦਾ । ਏਕਾ ਮੁਕਾਮੇ ਹੱਕ ਬੋਲੇ ਸਾਚਾ ਨਾਅਰਾ, ਪਰਵਰਦਿਗਾਰ ਆਪ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿ ਸਾਚਾ ਖੇਲ ਖਿਲਾਇੰਦਾ । ਕਲਜੁਗ ਅੰਤਮ ਖੇਲ ਖਿਲਾਵਣਾ, ਚਾਰ ਕੁੰਟ ਵਿਚਾਰ । ਨੌਂ ਖੰਡ ਪ੍ਰਿਥਮੀ ਆਪ ਹਿਲਾਵਣਾ, ਦਹਿ ਦਿਸ਼ਾ ਕਰ ਖਵਾਰ । ਸ਼ਾਹ ਸੁਲਤਾਨਾਂ ਖ਼ਾਕ ਮਿਲਾਵਣਾ, ਮਾਨਸ ਜਨਮ ਆਏ ਹਾਰ । ਗੁਰਮੁਖ ਵਿਰਲਾ ਆਪ ਉਠਾਵਣਾ, ਜਿਸ ਜਨ ਬਖ਼ਸ਼ੇ ਚਰਨ ਪਿਆਰ । ਦੂਈ ਦਵੈਤੀ ਪਰਦਾ ਲਾਹਵਣਾ, ਬਜਰ ਕਪਾਟੀ ਖੋਲ੍ਹ ਕਿਵਾੜ । ਸਵਛ ਸਰੂਪੀ ਰੂਪ ਧਰਾਵਣਾ, ਰੂਪ ਅਨੂਪ ਸੱਚੀ ਸਰਕਾਰ । ਸ਼ਾਹੋ ਭੂਪ ਆਪ ਅਖਵਾਵਣਾ, ਸਾਚੇ ਤਖ਼ਤ ਬੈਠ ਆਪ ਨਿਰੰਕਾਰ । ਸੀਸ ਜਗਦੀਸ਼ ਤਾਜ ਸੁਹਾਵਣਾ, ਪੰਚਮ ਮੁਖੀ ਮੁਖ ਵਿਚਾਰ । ਰਾਜ ਜੋਗ ਏਕਾ ਰੰਗ ਰੰਗਾਵਣਾ, ਗ਼ਰੀਬ ਨਿਮਾਣਿਆਂ ਪਾਵੇ ਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਤੇਰੀ ਕਿਰਿਆ ਦਏ ਨਿਵਾਰ । ਕਲਜੁਗ ਕਰਿਆ ਪਾਰ ਕਿਨਾਰਾ, ਅੰਤਮ ਪੰਧ ਮੁਕਾਇਆ । ਸਤਿਜੁਗ ਉਪਜਾਏ ਸੁਤ ਦੁਲਾਰਾ, ਪੁਰਖ ਅਬਿਨਾਸ਼ੀ ਲਏ ਪਰਗਟਾਇਆ । ਸਤਿ ਸਤਿ ਵਰਤੇ ਵਿਚ ਸੰਸਾਰਾ, ਸਤਿ ਸਾਂਤਕ ਨਾਲ ਰਲਾਇਆ । ਸਤਿਜੁਗ ਬਣਾਏ ਆਪ ਨਿਰੰਕਾਰਾ, ਨਰ ਹਰਿ ਆਪਣਾ ਖੇਲ ਖਿਲਾਇਆ । ਚਾਰੇ ਵਰਨ ਬਹਾਏ ਇਕ ਦੁਆਰਾ, ਸ਼ੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਆਪਣਾ ਵੇਸ ਵਟਾਇਆ । ਕਰੇ ਵੇਸ ਅਵੱਲੜਾ, ਕਰੇ ਕਰਾਏ ਪੁਰਖ ਅਗੰਮ । ਸਚਖੰਡ ਦੁਆਰਾ ਏਕਾ ਮਲੜਾ, ਆਦਿ ਜੁਗਾਦੀ ਜਾਣੇ ਆਪਣਾ ਕੰਮ । ਆਪਣੀ ਜੋਤੀ ਆਪੇ ਰਲੜਾ, ਆਪਣਾ ਬੇੜਾ ਰਿਹਾ ਬੰਨ੍ਹ । ਗੁਰਮੁਖਾਂ ਫੜਾਏ ਪਲੜਾ, ਦੇਵੇ ਨਾਮ ਸੱਚਾ ਮਾਲ ਧਨ । ਸਚ ਸੰਦੇਸ਼ ਏਕਾ ਘਲੜਾ, ਲੱਖ ਚੁਰਾਸੀ ਦੇਵੇ ਡੰਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖ ਸਾਚੇ ਲਏ ਫੜ । ਗੁਰਮੁਖ ਸਾਚਾ ਹਰਿ ਸਤਿਗੁਰ ਫੜਿਆ, ਦਿਸ ਕਿਸੇ ਨਾ ਆਇੰਦਾ । ਡੂੰਘੀ ਕਵਰੀ ਕਾਇਆ ਭਵਰੀ ਆਪੇ ਵੜਿਆ, ਆਪਣਾ ਮੁਖ ਆਪ ਛੁਪਾਇੰਦਾ । ਪਾਰਬ੍ਰਹਮ ਪ੍ਰਭ ਆਪੇ ਵਰਿਆ, ਨਾਰੀ ਕੰਤ ਰੂਪ ਧਰਾਇੰਦਾ । ਅੰਮ੍ਰਿਤ ਆਤਮ ਨੁਹਾਏ ਸਾਚੇ ਸਰਿਆ, ਸਰ ਸਰੋਵਰ ਇਕ ਵਖਾਇੰਦਾ । ਚੁਰਾਸੀ ਲੱਖ ਚੁੱਕੇ ਡਰਿਆ, ਜਮ ਕਾ ਭੌ ਨਾ ਕੋਈ ਜਣਾਇੰਦਾ । ਆਪਣੀ

੯੨
੧੦

ਵਿਦਿਆ ਆਪੇ ਪੜ੍ਹਿਆ, ਗੁਰਮੁਖਾਂ ਆਪ ਪੜ੍ਹਾਇੰਦਾ । ਆਦਿ ਜੁਗਾਦਿ ਨਾ ਜਨਮੇ ਨਾ ਕਦੇ ਮਰਿਆ, ਜੀਵਣ ਮੁਕਤ ਆਪ ਅਖਵਾਇੰਦਾ । ਜਨ ਭਗਤਾਂ ਕਾਰਜ ਆਪੇ ਕਰਿਆ, ਭਗਤ ਵਛਲ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਹਰਿਜਨ ਸਾਚੇ ਮੇਲ ਮਿਲਾਇੰਦਾ । ਹਰਿਜਨ ਮੇਲਾ ਸਾਚੇ ਘਰ, ਗੁਰਮਤ ਗੁਰ ਆਪ ਕਰਾਈਆ । ਲੱਖ ਚੁਰਾਸੀ ਵਿਚੋਂ ਲਏ ਫੜ, ਆਪ ਆਪਣਾ ਬੰਧਨ ਪਾਈਆ । ਨਾ ਕੋਈ ਸੀਸ ਨਾ ਕੋਈ ਧੜ, ਪਾਰਬ੍ਰਹਮ ਵਡੀ ਵਡਿਆਈਆ । ਆਪਣੀ ਕਰਨੀ ਕਰਤਾ ਆਪੇ ਕਰ, ਕਰਨਹਾਰ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਲਏ ਜਗਾਈਆ । ਗੁਰਮੁਖ ਸੱਚਾ ਆਪ ਜਗਾਇਆ, ਪੂਰਬ ਕਰਮ ਵਿਚਾਰ । ਪੂਰਬ ਲਹਿਣਾ ਝੋਲੀ ਪਾਇਆ, ਦੇਵੇ ਦਰਸ ਅਗੰਮ ਅਪਾਰ । ਨੇਤਰ ਨੈਣਾਂ ਹਰਸ ਮਿਟਾਇਆ, ਕਰ ਤਰਸ ਸੱਚੀ ਸਰਕਾਰ । ਅੰਮ੍ਰਿਤ ਮੇਘ ਬਰਸ ਵਖਾਇਆ, ਕਾਇਆ ਹੋਏ ਠੰਡੀ ਠਾਰ । ਅਰਸ਼ ਫ਼ਰਸ਼ ਏਕਾ ਰੰਗ ਰੰਗਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਕਰੇ ਸਦਾ ਪ੍ਰਿਤਪਾਲ । ਗੁਰਮੁਖਾਂ ਸਦਾ ਪ੍ਰਿਤਪਾਲਦਾ, ਪ੍ਰਿਤਪਾਲਕ ਆਪ ਨਿਰੰਕਾਰਾ । ਜੁਗ ਜੁਗ ਕਰੇ ਖੇਲ ਸ਼ਾਹ ਕੰਗਾਲ ਦਾ, ਨਿਰਗੁਣ ਸਰਗੁਣ ਲਏ ਅਵਤਾਰਾ । ਭਗਤ ਭਗਵੰਤ ਆਪੇ ਭਾਲਦਾ, ਮੰਗਦਾ ਫਿਰੇ ਭਗਤ ਦੁਆਰਾ । ਸੰਤ ਕੰਤ ਆਪ ਸੰਭਾਲਦਾ, ਨਰ ਨਰਾਇਣ ਸੱਚੀ ਸਰਕਾਰਾ । ਗੁਰਮੁਖ ਸਾਚੇ ਗੋਦ ਉਠਾਲਦਾ, ਦੇਵੇ ਸ਼ਬਦੀ ਸਚ ਹੁਲਾਰਾ । ਗੁਰਮੁਖਾਂ ਅੰਮ੍ਰਿਤ ਜਾਮ ਪਿਆਲਦਾ, ਪਿਆਏ ਰਸ ਨਿਝਰ ਧਾਰਾ । ਰਾਹ ਦੱਸੇ ਇਕ ਸੁਖਾਲਦਾ, ਮਿਲੇ ਮੇਲ ਗੁਰ ਅਵਤਾਰਾ । ਲੇਖਾ ਚੁੱਕੇ ਆਵਣ ਜਾਣ ਦਾ, ਨਾਤਾ ਤੁੱਟੇ ਸਰਬ ਸੰਸਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖ ਦੇਵੇ ਇਕ ਆਧਾਰਾ । ਗੁਰਮੁਖ ਇਕ ਉਧਾਰੀਅਨ, ਕਰ ਕਿਰਪਾ ਹਰਿ ਭਗਵੰਤ । ਲੋਕਮਾਤ ਪੈਜ ਸਵਾਰੀਅਨ, ਲੇਖਾ ਚੁੱਕੇ ਜੀਵ ਜੰਤ । ਏਕਾ ਬਖ਼ਸ਼ੇ ਸਚ ਅਟਾਰੀਅਨ, ਆਦਿ ਜੁਗਾਦੀ ਮਹਿਮਾ ਅਗਣਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਸਾਚਾ ਵਰ, ਕਾਇਆ ਚੋਲੀ ਚਾੜ੍ਹੇ ਰੰਗਤ । ਕਾਇਆ ਚੋਲੀ ਰੰਗ ਅਪਾਰਾ , ਗੁਰ ਸਤਿਗੁਰ ਆਪ ਚੜ੍ਹਾਈਆ । ਗੁਰਮੁਖ ਗੁਰਸਿਖ ਗੁਰ ਬੂਝੇ, ਅਵਰ ਕੋਇ ਭੇਵ ਨਾ ਜਾਣੇ ਰਾਈਆ । ਏਕਾ ਦੂਜਾ ਭੌ ਚੂਕੇ, ਤੀਜੇ ਨੈਣ ਕਰੇ ਰੁਸ਼ਨਾਈਆ । ਚੌਥੇ ਪਦ ਆਪਾ ਸੂਝੇ, ਪੰਚਮ ਮੇਲਾ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਵੇਖੇ ਠਾਂਡੇ ਘਰ, ਘਰ ਠਾਂਡਾ ਇਕ ਸੁਹਾਈਆ । ਠਾਂਡਾ ਘਰ ਗੁਰ ਚਰਨ ਦੁਆਰਾ, ਹਰਿ ਵੱਡਾ ਵਡ ਵਡਿਆਈਆ । ਠਾਕਰ ਸੁਆਮੀ ਬਣੇ ਪ੍ਰੀਤਮ ਪਿਆਰਾ, ਵਿਛੜ ਕਦੇ ਨਾ ਜਾਈਆ । ਕਲਜੁਗ ਅੰਤਮ ਪਾਵੇ ਸਾਰਾ, ਸਗਲਾ ਸੰਗ ਆਪ ਨਿਭਾਈਆ । ਭਵ ਸਾਗਰ ਕਰੇ ਪਾਰ ਕਿਨਾਰਾ, ਮੰਝਧਾਰ ਨਾ ਕੋਈ ਰੁੜ੍ਹਾਈਆ । ਰਸਨਾ ਦੇਵੇ ਨਾਮ ਆਧਾਰਾ, ਸੋ ਪੁਰਖ ਨਿਰੰਜਣ ਇਕ ਜਣਾਈਆ । ਹੰ ਬ੍ਰਹਮ ਖੋਲ੍ਹੇ ਬੰਦ ਕਿਵਾੜਾ, ਪਾਰਬ੍ਰਹਮ ਸੱਚੀ ਸਰਨਾਈਆ । ਸੋਹੰ ਸ਼ਬਦ ਪੰਚਮ ਮੇਟੇ ਝੂਠੀ ਧਾੜਾ, ਕਾਮ ਕਰੋਧ ਲੋਭ ਮੋਹ ਹੰਕਾਰ ਰਹਿਣ ਨਾ ਪਾਈਆ । ਆਸਾ ਤ੍ਰਿਸ਼ਨਾ ਕਰੇ ਖਵਾਰਾ, ਮਾਇਆ ਮਮਤਾ ਮੋਹ ਚੁਕਾਈਆ । ਗ੍ਰਿਹਿ ਮੰਦਰ ਹੋਏ ਦੀਪ ਉਜਿਆਰਾ, ਘਟ ਘਟ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸੱਜਣ ਏਕਾ ਦਏ ਬੁਝਾਈਆ । ਗੁਰਸਿਖ ਸੱਜਣ ਏਕਾ ਬੁਝਿਆ, ਹਰਿ ਸੱਜਣ ਸੱਚਾ

੯੩
੧੦

ਮੀਤ । ਗੁਰ ਗੁਰ ਭੇਵ ਚੁਕਾਏ ਗੁਝਿਆ, ਦਰਸ ਦਿਖਾਏ ਇਕ ਅਤੀਤ । ਗੁਰਮੁਖ ਵਿਰਲਾ ਹਰਿ ਚਰਨ ਸਰਨਾਈ ਝੁਜਿਆ, ਹੋਇਆ ਪਤਤ ਪੁਨੀਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਸੁਣਾਏ ਸੁਹਾਗੀ ਗੀਤ । ਗੀਤ ਸੁਹਾਗੀ ਹਰਿ ਕਰਤਾਰ, ਸ਼ਬਦੀ ਸ਼ਬਦ ਸੁਣਾਈਆ । ਗੁਰਮੁਖ ਸੱਚੇ ਲਏ ਉਭਾਰ, ਆਪ ਆਪਣੀ ਗੋਦ ਬਹਾਈਆ । ਕਲਜੁਗ ਬੇੜਾ ਕਰੇ ਪਾਰ, ਖੇਵਟ ਖੇਟਾ ਬੇਪਰਵਾਹੀਆ । ਏਥੇ ਓਥੇ ਪਾਵੇ ਸਾਰ, ਦੋ ਜਹਾਨਾਂ ਹੋਏ ਸਹਾਈਆ । ਜਿਸ ਜਨ ਬਖ਼ਸ਼ੇ ਚਰਨ ਪਿਆਰ, ਚਾਤਰਕ ਰੂਪ ਆਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਹਰਿਜਨ ਸਾਚੇ ਆਪ ਸਮਝਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੇਵਣਹਾਰਾ ਜੀਵਣ ਦਾਨ, ਜੀਵਣ ਜੁਗਤ ਆਪਣੇ ਹੱਥ ਰਖਾਈਆ ।



### ★ ੫ ਮਾਘ ੨੦੧੭ ਬਿਕਰਮੀ ਗੁਰਦੇਵ ਸਿੰਘ ਦੇ ਘਰ ਪਿੰਡ ਦੋਸਾਂਝ ਖੁਰਦ ਜ਼ਿਲਾ ਜਲੰਧਰ ★

ਹਰਿ ਪੁਰਖ ਅਗੰਮੜੀ ਧਾਰ, ਆਦਿ ਜੁਗਾਦਿ ਚਲਾਇੰਦਾ । ਗੁਰ ਗੁਰ ਰੂਪ ਅਗੰਮ ਅਪਾਰ, ਅਲਖ ਨਿਰੰਜਣ ਵੇਸ ਵਟਾਇੰਦਾ । ਭਗਤ ਭਗਵੰਤ ਲਏ ਉਭਾਰ, ਆਪ ਆਪਣਾ ਮੇਲ ਮਿਲਾਇੰਦਾ । ਸੰਤ ਸਾਜਣ ਵੇਖੇ ਮੀਤ ਮੁਰਾਰ, ਲੱਖ ਚੁਰਾਸੀ ਫੋਲ ਫੁਲਾਇੰਦਾ । ਗੁਰਮੁਖ ਸੱਜਣ ਪਾਏ ਸਾਰ, ਦੂਈ ਦਵੈਤੀ ਪਰਦਾ ਲਾਹਿੰਦਾ । ਗੁਰਮੁਖ ਸਾਚੇ ਕਰੇ ਪਿਆਰ, ਕਰਵਟ ਆਪਣੀ ਆਪ ਬਦਲਾਇੰਦਾ । ਏਕਾ ਬਖ਼ਸ਼ੇ ਚਰਨ ਪਿਆਰ, ਚਰਨ ਪ੍ਰੀਤੀ ਸਚ ਵਖਾਇੰਦਾ । ਏਕਾ ਦੇਵੇ ਨਾਮ ਆਧਾਰ, ਨਾਮ ਭੰਡਾਰਾ ਆਪ ਵਰਤਾਇੰਦਾ । ਏਕਾ ਨੂਰ ਕਰੇ ਉਜਿਆਰ, ਜੋਤੀ ਨੂਰ ਡਗਮਗਾਇੰਦਾ । ਏਕਾ ਸ਼ਬਦ ਨਾਦ ਧੁਨਕਾਰ, ਧੁਨ ਆਤਮਕ ਰਾਗ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਆਪਣੀ ਖੇਲ ਆਪ ਖਿਲਾਇੰਦਾ । ਹਰਿ ਹਰਿ ਪੁਰਖ ਖੇਲ ਅਵੱਲੜਾ, ਆਦਿ ਜੁਗਾਦਿ ਕਰਾਇੰਦਾ । ਗੁਰ ਗੁਰ ਮਾਰਗ ਇਕ ਸੁਖੱਲੜਾ, ਲੋਕਮਾਤ ਆਪ ਲਗਾਇੰਦਾ । ਜਨ ਭਗਤ ਫੜਾਏ ਏਕਾ ਪਲੜਾ, ਨਾਮ ਪੱਲੂ ਹੱਥ ਵਖਾਇੰਦਾ । ਸੰਤਾਂ ਸਤਿ ਸਿੰਘਾਸਣ ਏਕਾ ਮਲੜਾ, ਸਤਿ ਸਿੰਘਾਸਣ ਹਰਿ ਵਡਿਆਇੰਦਾ । ਗੁਰਮੁਖ ਜੋਤੀ ਸ਼ਬਦੀ ਰਲੜਾ, ਜੋਤੀ ਜੋਤ ਮੇਲ ਮਿਲਾਇੰਦਾ । ਗੁਰਸਿਖ ਵਖਾਏ ਧਾਮ ਅਵੱਲੜਾ, ਨੇਹਚਲ ਧਾਮ ਆਪ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਆਪਣਾ ਰੂਪ ਆਪ ਧਰਾਇੰਦਾ । ਨਿਹਚਲ ਧਾਮ ਅਗੰਮ ਅਪਾਰਾ, ਸੋ ਪੁਰਖ ਨਿਰੰਜਣ ਆਪ ਉਪਾਇੰਦਾ । ਹਰਿ ਪੁਰਖ ਨਿਰੰਜਣ ਖੇਲ ਨਿਆਰਾ, ਨਿਰਗੁਣ ਨਿਰਗੁਣ ਨਿਰਗੁਣ ਆਪਣਾ ਆਪ ਕਰਾਇੰਦਾ । ਏਕੰਕਾਰਾ ਕਰ ਪਸਾਰਾ, ਪੁਰਖ ਅਕਾਲ ਵੇਖ ਵਖਾਇੰਦਾ । ਆਦਿ ਨਿਰੰਜਣ ਹੋ ਉਜਿਆਰਾ, ਜੂਨੀ ਰਹਿਤ ਡਗਮਗਾਇੰਦਾ । ਅਬਿਨਾਸ਼ੀ ਕਰਤਾ ਵਸਣਹਾਰਾ ਸਚ ਦੁਆਰਾ, ਸਚ ਸਿੰਘਾਸਣ ਸੋਭਾ ਪਾਇੰਦਾ । ਸ੍ਰੀ ਭਗਵਾਨ ਸਾਚਾ ਮੀਤ ਮੁਰਾਰਾ, ਦਰ ਘਰ ਸਾਚੇ ਸੰਗ ਨਿਭਾਇੰਦਾ । ਪਾਰਬ੍ਰਹਮ ਪ੍ਰਭ ਹੋ ਤਿਆਰਾ, ਰੂਪ ਅਨੂਪ ਆਪ ਧਰਾਇੰਦਾ । ਸਚਖੰਡ ਖੋਲ੍ਹ ਕਿਵਾੜਾ, ਸਾਚੇ ਮੰਦਰ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਆਪਣਾ ਰੰਗ ਰੰਗਾਇੰਦਾ । ਸਚਖੰਡ ਦੁਆਰਾ ਹਰਿ ਕਰਤਾਰ, ਆਪਣਾ ਆਪ ਖੁਲ੍ਹਾਈਆ । ਥਿਰ ਘਰ ਸਾਚੇ

੯੫
੧੦

ਹੋ ਤਿਆਰ, ਰੂਪ ਅਨੂਪ ਆਪ ਵਟਾਈਆ । ਸਚ ਸਿੰਘਾਸਣ ਪਰਵਰਦਿਗਾਰ, ਸ਼ਾਹ ਪਾਤਸ਼ਾਹ ਆਪ ਸੁਹਾਈਆ । ਹੁਕਮੀ ਹੁਕਮ ਵਰਤੇ ਵਰਤਾਰ, ਸਾਚਾ ਹੁਕਮ ਇਕ ਜਣਾਈਆ । ਸ਼ਬਦੀ ਸੁਤ ਵਡ ਬਲਕਾਰ, ਪਾਰਬ੍ਰਹਮ ਆਪ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣਾ ਖੇਲ ਖਿਲਾਈਆ । ਸ਼ਬਦ ਸੁਤ ਹਰਿ ਦੁਲਾਰਾ, ਨਿਰਗੁਣ ਆਪਣਾ ਆਪ ਉਪਾਇਆ । ਆਪੇ ਵਣਜ ਆਪ ਵਣਜਾਰਾ, ਆਪੇ ਸਾਚਾ ਹੱਟ ਖੁਲ੍ਹਾਇਆ । ਆਪੇ ਵਸੇ ਧਾਮ ਨਿਆਰਾ, ਉਚ ਮਹੱਲ ਅਟਲ ਡੇਰਾ ਲਾਇਆ । ਆਪੇ ਵਿਸ਼ਨ ਬ੍ਰਹਮਾ ਸ਼ਿਵ ਕਰ ਪਸਾਰਾ, ਤ੍ਰੈਗੁਣ ਆਪੇ ਵੰਡ ਵੰਡਾਇਆ । ਆਪੇ ਲੱਖ ਚੁਰਾਸੀ ਦਏ ਆਧਾਰਾ, ਘਟ ਘਟ ਆਪਣੀ ਜੋਤ ਜਗਾਇਆ । ਆਪੇ ਗੁਰ ਗੁਰ ਬਣ ਅਵਤਾਰਾ, ਸ਼ਬਦੀ ਏਕਾ ਡੰਕ ਵਜਾਇਆ । ਆਪੇ ਭਗਤਾਂ ਭਗਤੀ ਦਏ ਹੁਲਾਰਾ, ਭਗਵਨ ਆਪਣਾ ਖੇਲ ਖਿਲਾਇਆ । ਆਪੇ ਸੰਤਨ ਦੇਵੇ ਸਤਿ ਜੈਕਾਰਾ, ਆਪਣਾ ਨਾਅਰਾ ਆਪ ਸੁਣਾਇਆ । ਆਪੇ ਗੁਰਮੁਖਾਂ ਖੋਲ੍ਹੇ ਬੰਦ ਕਿਵਾੜਾ, ਬਜਰ ਕਪਾਟੀ ਦਏ ਤੁੜਾਇਆ । ਆਪੇ ਗੁਰਸਿਖਾਂ ਮੇਟੇ ਪੰਚਮ ਧਾੜਾ, ਪੰਚ ਪੰਚਾਇਣ ਨੇੜ ਨਾ ਆਇਆ । ਆਪੇ ਸਤਿਜੁਗ ਤਰੇਤਾ ਦੁਆਪਰ ਪਾਵੇ ਸਾਰਾ, ਜੁਗ ਜੁਗ ਆਪਣਾ ਵੇਸ ਵਟਾਇਆ । ਆਪੇ ਚਾਰੇ ਵੇਦਾਂ ਬਣ ਲਿਖਾਰਾ, ਆਪਣੀ ਧਾਰਾ ਆਪ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਨਰ, ਨਰ ਨਰਾਇਣ ਬੇਪਰਵਾਹਿਆ । ਚਾਰੇ ਵੇਦਾਂ ਸ਼ਬਦ ਜਣਾ, ਏਕਾ ਬ੍ਰਹਮ ਕਰੇ ਪੜ੍ਹਾਈਆ । ਭੇਵ ਅਭੇਦਾ ਆਪ ਖੁਲ੍ਹਾ, ਬੋਧ ਅਗਾਧਾ ਇਕ ਸਮਝਾਈਆ । ਅਛਲ ਅਛਲ ਆਪ ਕਰਾ, ਵਲ ਛਲਧਾਰੀ ਭੇਵ ਕੋਇ ਨਾ ਪਾਈਆ । ਜਲ ਥਲ ਮਹੀਅਲ ਆਪ ਸਮਾ, ਆਪੇ ਬੈਠਾ ਮੁਖ ਛੁਪਾਈਆ । ਰਵ ਸਸ ਸੂਰਜ ਚੰਨ ਚਮਕਾ, ਮੰਡਲ ਮੰਡਪ ਕਰੇ ਰੁਸ਼ਨਾਈਆ । ਧਰਨੀ ਧਰਤ ਧਵਲ ਜਲ ਬਿੰਬ ਟਿਕਾ, ਸ਼ਬਦ ਡੋਰੀ ਬੰਧਨ ਪਾਈਆ । ਮੰਡਲ ਮੰਡਪ ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਵੇਖੇ ਥਾਉਂ ਥਾਂ, ਨਿਰਗੁਣ ਦਾਤਾ ਬੇਪਰਵਾਹੀਆ । ਆਪੇ ਬਣੇ ਜਣ ਜਣੇਂਦੀ ਮਾਂ, ਜਨ ਜਨਨੀ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਅਕਲ ਕਲ ਆਪਣੀ ਆਪ ਧਰਾਈਆ । ਅਕਲ ਕਲ ਧਾਰ ਹਰਿ ਨਿਰੰਕਾਰ, ਏਕਾ ਰੰਗ ਸਮਾਇਆ । ਨਿਰਗੁਣ ਸਰਗੁਣ ਹੋ ਤਿਆਰ, ਲੋਕਮਾਤ ਵੇਸ ਵਟਾਇਆ । ਲੱਖ ਚੁਰਾਸੀ ਖੋਲ੍ਹ ਕਿਵਾੜ, ਗ੍ਰਹਿ ਮੰਦਰ ਡੇਰਾ ਲਾਇਆ । ਦੀਆ ਬਾਤੀ ਕਰ ਉਜਿਆਰ, ਕਮਲਾਪਾਤੀ ਸੋਭਾ ਪਾਇਆ । ਸ਼ਬਦ ਅਨਾਦ ਸੱਚੀ ਧੁਨਕਾਰ, ਅਨਹਦ ਆਪਣਾ ਰਾਗ ਅਲਾਇਆ । ਭਗਤਨ ਮੀਤਾ ਹੋ ਤਿਆਰ, ਤ੍ਰੈਗੁਣ ਬੰਧਨ ਦਏ ਤੁੜਾਇਆ । ਠਾਂਡਾ ਸੀਤਾ ਧੁਰ ਦਰਬਾਰ, ਸਾਚੇ ਸੰਤਾਂ ਵੇਖ ਵਖਾਇਆ । ਗੁਰਮੁਖਾਂ ਬਣਾਏ ਬਣਤਾ ਅਪਰ ਅਪਾਰ, ਘੜਨ ਭੰਨਣਹਾਰ ਆਪ ਹੋ ਜਾਇਆ । ਗੁਰਸਿਖ ਉਠਾਏ ਸਚ ਦੁਲਾਰ, ਪਿਤਾ ਪੂਤ ਮੇਲ ਮਿਲਾਇਆ । ਕਲਜੁਗ ਅੰਤਮ ਵੇਖ ਵਿਚਾਰ, ਲੋਕਮਾਤ ਫੇਰਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਚੁਕਾਇਆ । ਹਰਿ ਆਪਣਾ ਭੇਵ ਚੁਕਾਇੰਦਾ, ਸ਼ਬਦ ਅਨਾਦੀ ਨਿਸ਼ਅੱਖਰ ਬੋਲ । ਨਵ ਨੌਂ ਚਾਰ ਪੰਧ ਮੁਕਾਇੰਦਾ, ਆਦਿ ਜੁਗਾਦੀ ਇਕ ਅਡੋਲ । ਬ੍ਰਹਮ ਬ੍ਰਹਿਮਾਦੀ ਖੋਜ ਖੁਜਾਇੰਦਾ, ਤੋਲਣਹਾਰਾ ਤੋਲੇ ਸਾਚਾ ਤੋਲ । ਚਾਰ ਜੁਗ ਪਾਂਧੀ ਪੰਧ ਮੁਕਾਇੰਦਾ, ਆਪੇ ਕਰੇ ਪੂਰਾ ਕੀਤਾ ਕੌਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਜਣ ਲਏ ਟੋਲ । ਹਰਿ ਸੱਜਣ ਸਾਚਾ ਟੋਲਿਆ, ਲੱਖ ਚੁਰਾਸੀ ਕਰ ਵਿਚਾਰ । ਨਿਰਗੁਣ ਸਰਗੁਣ

ਅੰਦਰ ਬੋਲਿਆ, ਆਪ ਆਪਣੀ ਕਿਰਪਾ ਧਾਰ । ਜੀਵਾਂ ਜੰਤਾਂ ਕਰ ਕੇ ਬੈਠਾ ਓਹਲਿਆ, ਨਾ ਸਕੇ ਕੋਇ ਵਿਚਾਰ । ਆਪਣਾ ਬਦਲੇ ਆਪੇ ਚੋਲਿਆ, ਕੂੜਾ ਕੱਪੜ ਦੇਵੇ ਪਾੜ, ਆਪਣੀ ਸ਼ਕਤੀ ਆਪੇ ਮੌਲਿਆ, ਆਪੇ ਵੇਖੇ ਖਿੜੀ ਸੱਚੀ ਗੁਲਜ਼ਾਰ । ਭਾਗ ਲਗਾਏ ਉਪਰ ਧਰਤ ਧੌਲਿਆ, ਨਿਰਗੁਣ ਰੂਪ ਹਰਿ ਨਿਰੰਕਾਰ । ਗੁਰਮੁਖਾਂ ਅੰਮ੍ਰਿਤ ਭਰੇ ਨਾਭ ਕਵਲਿਆ, ਜਗਤ ਤ੍ਰਿਸ਼ਨਾ ਰੋਗ ਨਿਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਵਿਚ ਸੰਸਾਰ । ਸੋ ਪੁਰਖ ਨਿਰੰਜਣ ਖੇਲ ਖਿਲਾਇੰਦਾ, ਕਲਜੁਗ ਤੇਰੀ ਅੰਤਮ ਵਾਰ । ਹਰਿ ਪੁਰਖ ਨਿਰੰਜਣ ਰੂਪ ਵਟਾਇੰਦਾ, ਚਾਰ ਵੇਦ ਨਾ ਪਾਇਣ ਸਾਰ । ਏਕੰਕਾਰਾ ਨਾਉਂ ਧਰਾਇੰਦਾ, ਨਾਉਂ ਨਿੰਰਕਾਰਾ ਹਰਿ ਕਰਤਾਰ । ਆਦਿ ਨਿਰੰਜਣ ਜੋਤ ਜਗਾਇੰਦਾ, ਰਵ ਸਸ ਹੋਏ ਸ਼ਰਮਸ਼ਾਰ । ਅਬਿਨਾਸ਼ੀ ਕਰਤਾ ਭੇਖ ਵਟਾਇੰਦਾ, ਇਕ ਇਕੱਲਾ ਪਰਵਰਦਿਗਾਰ । ਸ੍ਰੀ ਭਗਵਾਨ ਡੰਕ ਵਜਾਇੰਦਾ, ਸ਼ਬਦ ਅਨਾਦ ਸੱਚੀ ਧੁਨਕਾਰ । ਪਾਰਬ੍ਰਹਮ ਪ੍ਰਭ ਵੇਖ ਵਖਾਇੰਦਾ, ਜੋਤੀ ਜਾਮਾ ਲੈ ਅਵਤਾਰ । ਬ੍ਰਹਮ ਬ੍ਰਹਮ ਬ੍ਰਹਮ ਆਪਣੀ ਗੋਦ ਬਹਾਇੰਦਾ, ਆਤਮ ਬ੍ਰਹਮ ਦਏ ਆਧਾਰ । ਈਸ਼ ਜੀਵ ਵੇਖ ਵਖਾਇੰਦਾ, ਜਗਤ ਜਗਦੀਸ਼ ਹੋ ਤਿਆਰ । ਸਾਚਾ ਛਤਰ ਸੀਸ ਝੁਲਾਇੰਦਾ, ਤਖ਼ਤ ਨਿਵਾਸੀ ਏਕੰਕਾਰ । ਰਾਗ ਛਤੀਸ ਦਿਸ ਨਾ ਆਇੰਦਾ, ਰਾਗਾਂ ਨਾਦਾਂ ਵਸੇ ਬਾਹਰ । ਗੁਰਮੁਖ ਵਿਰਲਾ ਬੂਝ ਬੁਝਾਇੰਦਾ, ਜਿਸ ਜਨ ਬਖ਼ਸ਼ੇ ਚਰਨ ਪਿਆਰ । ਏਕਾ ਦੂਜਾ ਭੌ ਚੁਕਾਇੰਦਾ, ਤੀਜਾ ਖੋਲ੍ਹੇ ਨੈਣ ਕਿਵਾੜ । ਚੌਥੇ ਪਦ ਆਪ ਬਹਾਇੰਦਾ, ਪੰਚਮ ਮੇਲਾ ਨਾਰੀ ਕੰਤ ਭਤਾਰ । ਛੇਵੇਂ ਛੱਪਰ ਛੰਨ ਨਾ ਕੋਇ ਸੁਹਾਇੰਦਾ, ਸੱਤਵੇਂ ਸਤਿ ਪੁਰਖ ਨਿਰੰਜਣ ਸਾਚੀ ਕਾਰ । ਅੱਠਾਂ ਤੱਤਾਂ ਮੂਲ ਮਕਾਇੰਦਾ, ਨੌਂ ਦੁਆਰੇ ਕਰੇ ਖ਼ਵਾਰ । ਦਸਮ ਦੁਆਰੇ ਗੁਰਸਿਖ ਰੰਗ ਰੰਗਾਇੰਦਾ, ਰੰਗ ਚਾੜ੍ਹੇ ਅਪਰ ਅਪਾਰ । ਆਤਮ ਸੇਜਾ ਆਪ ਸੁਹਾਇੰਦਾ, ਕਿਰਪਾ ਕਰੇ ਆਪ ਕਰਤਾਰ । ਸੁਰਤੀ ਸ਼ਬਦੀ ਮੇਲ ਮਿਲਾਇੰਦਾ, ਮੇਲ ਮਿਲਾਵਾ ਮੀਤ ਮੁਰਾਰ । ਗੀਤ ਸੁਹਾਗੀ ਏਕਾ ਗਾਇੰਦਾ, ਹੰ ਬ੍ਰਹਮ ਦਏ ਆਧਾਰ । ਸੋ ਪੁਰਖ ਨਿਰੰਜਣ ਖੇਲ ਖਿਲਾਇੰਦਾ, ਖ਼ਾਲਕ ਖ਼ਲਕ ਪਾਵਣਹਾਰਾ ਸਾਰ । ਵਰਨ ਬਰਨ ਨਾ ਕੋਇ ਜਣਾਇੰਦਾ, ਵਰਨਾਂ ਬਰਨਾਂ ਵਸਿਆ ਬਾਹਰ । ਊਚਾਂ ਨੀਚਾਂ ਏਕਾ ਗੋਦ ਸੁਹਾਇੰਦਾ । ਰਾਓ ਰੰਕ ਰਾਜਾਨਾਂ ਕਰੇ ਸਚ ਪਿਆਰ । ਸਚ ਸਲੋਕ ਇਕ ਸੁਣਾਇੰਦਾ, ਕਲਜੁਗ ਤੇਰੀ ਅੰਤਮ ਵਾਰ । ਜੀਵਣ ਮੁਕਤ ਆਪ ਕਰਾਇੰਦਾ, ਜਿਸ ਜਨ ਦੇਵੇ ਨਾਮ ਆਧਾਰ । ਬੂੰਦ ਰਕਤ ਲੇਖੇ ਲਾਇੰਦਾ, ਲੱਖ ਚੁਰਾਸੀ ਦਏ ਨਿਵਾਰ । ਜਮ ਕੀ ਫਾਸੀ ਆਪ ਕਟਾਇੰਦਾ, ਰਾਏ ਧਰਮ ਨਾ ਕਰੇ ਖ਼ਵਾਰ । ਪੂਰਨ ਆਸੀ ਆਪ ਕਰਾਇੰਦਾ, ਗੁਰਮੁਖ ਸਾਚੇ ਲਏ ਉਭਾਰ । ਦਾਸੀ ਦਾਸ ਸੇਵ ਕਮਾਇੰਦਾ, ਦਾਤਾ ਦਾਨੀ ਸਿਰਜਣਹਾਰ । ਪ੍ਰਿਥਮੀ ਆਕਾਸ਼ ਫੋਲ ਫੁਲਾਇੰਦਾ, ਦੋ ਜਹਾਨਾਂ ਕਰੇ ਵਿਚਾਰ । ਆਲਸ ਨਿੰਦਰਾ ਵਿਚ ਨਾ ਆਇੰਦਾ, ਆਦਿ ਜੁਗਾਦੀ ਖ਼ਬਰਦਾਰ । ਭਗਤ ਭਗਵੰਤ ਵੇਖ ਵਖਾਇੰਦਾ, ਕਲਜੁਗ ਡੂੰਘੇ ਸਾਗਰ ਪਾਵੇ ਸਾਰ । ਸੰਤ ਕੰਤ ਮੇਲ ਮਿਲਾਇੰਦਾ, ਬਣਾਏ ਬਣਤ ਅਗੰਮ ਅਪਾਰ । ਗੁਰਮੁਖ ਆਪਣੇ ਅੰਗ ਲਗਾਇੰਦਾ, ਅੰਗੀਕਾਰ ਕਰੇ ਕਰਤਾਰ । ਗੁਰਸਿਖਾਂ ਸਾਚਾ ਸੰਗ ਨਿਭਾਇੰਦਾ, ਵਿਛੜ ਨਾ ਜਾਏ ਸਾਂਝਾ ਯਾਰ । ਗ੍ਰਿਹਿ ਮੰਦਰ ਨਾਮ ਮਰਦੰਗ ਵਜਾਇੰਦਾ, ਧੁਰ ਦੀ ਬਾਣੀ ਖਿਚੇ ਸਚ ਸਤਾਰ । ਸੂਰਾ ਸਰਬੰਗ ਦਇਆ ਕਮਾਇੰਦਾ, ਮਰਦਨ ਮਰਦ ਰੂਪ ਆਪ ਕਰਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਆਪੇ ਜਾਣੇ ਆਪਣੀ ਕਾਰ । ਹਰਿ ਸਾਚੀ ਕਾਰ ਕਮਾਇੰਦਾ, ਇਕ ਇਕੱਲਾ ਕਰਨੇਹਾਰ । ਸੋ ਪੁਰਖ ਨਿਰੰਜਣ

੯੬
੧੦

ਰੂਪ ਧਰਾਇੰਦਾ, ਹਰਿ ਪੁਰਖ ਨਿਰੰਜਣ ਕਰੇ ਸਤਿ ਪਿਆਰ । ਏਕੰਕਾਰਾ ਵੇਖ ਵਖਾਇੰਦਾ, ਆਦਿ ਨਿਰੰਜਣ ਹੋ ਉਜਿਆਰ । ਸ੍ਰੀ ਭਗਵਾਨ ਸੰਗ ਨਿਭਾਇੰਦਾ, ਅਬਿਨਾਸ਼ੀ ਕਰਤਾ ਵੇਖੇ ਦਰ ਠਾਂਡਾ ਦਰਬਾਰ । ਪਾਰਬ੍ਰਹਮ ਪ੍ਰਭ ਭਰਮ ਭੌ ਚੁਕਾਇੰਦਾ, ਬ੍ਰਹਮ ਬ੍ਰਹਮ ਬ੍ਰਹਮ ਪਾਵਣਹਾਰਾ ਸਾਰ । ਆਤਮ ਅੰਤਰ ਖੋਜ ਖੁਜਾਇੰਦਾ, ਡੂੰਘੀ ਭਵਰੀ ਹੋਏ ਉਜਿਆਰ । ਆਪਣਾ ਪਰਦਾ ਆਪੇ ਲਾਹਿੰਦਾ, ਆਪੇ ਮੁਖੜਾ ਦਏ ਵਖਾਲ । ਆਪਣੇ ਰੰਗ ਆਪ ਸਮਾਇੰਦਾ, ਆਪੇ ਸ਼ਾਹ ਆਪੇ ਕੰਗਾਲ । ਕਲਜੁਗ ਅੰਤਮ ਵੇਸ ਵਟਾਇੰਦਾ, ਜੋਤ ਜਗਾਏ ਸਚ ਸਚ ਸੱਚੀ ਧਰਮਸਾਲ । ਸਾਢੇ ਤਿੰਨ ਹੱਥ ਮਹੱਲ ਆਪ ਸੁਹਾਇੰਦਾ, ਲੱਖ ਚੁਰਾਸੀ ਵਿਚੋਂ ਭਾਲ । ਦੀਵਾ ਬਾਤੀ ਆਪ ਟਿਕਾਇੰਦਾ, ਕਮਲਾਪਾਤੀ ਹੋ ਕਿਰਪਾਲ । ਦਿਵਸ ਰਾਤੀ ਨਾ ਕੋਇ ਵਖਾਇੰਦਾ, ਅੱਠੇ ਪਹਿਰ ਏਕਾ ਤਾਲ । ਆਪਣੀ ਗਾਥੀ ਆਪੇ ਗਾਇੰਦਾ, ਗੀਤ ਸੁਣਾਏ ਗੋਬਿੰਦ ਲਾਲ । ਸਾਚਾ ਸਾਥੀ ਸੰਗ ਨਿਭਾਇੰਦਾ, ਧੁਰਦਰਗਾਹੀ ਬਣਿਆ ਇਕ ਦਲਾਲ । ਔਖੀ ਘਾਟੀ ਆਪ ਚੜ੍ਹਾਇੰਦਾ, ਸ਼ਬਦ ਅਗੰਮੀ ਮਾਰ ਉਛਾਲ । ਰਾਤੀ ਰੁਤੀ ਥਿਤ ਵਾਰ ਆਪ ਸੁਹਾਇੰਦਾ, ਬਰਸ ਮਾਸ ਚਲੇ ਅਵੱਲੜੀ ਚਾਲ । ਕੋਟਨ ਕੋਟ ਰੂਪ ਧਰਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਹੋਏ ਜਾਣੀ ਜਾਣ । ਹਰਿ ਹਰਿ ਹਰ ਘਟ ਜਾਨਣਹਾਰਾ, ਘਟ ਘਟ ਏਕਾ ਜੋਤ ਜਗਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਖੇਲ ਅਪਾਰਾ, ਖ਼ਾਲਕ ਖ਼ਲਕ ਰੂਪ ਵਟਾਈਆ । ਨੂਰ ਨੁਰਾਨਾ ਪਰਵਰਦਿਗਾਰਾ, ਜ਼ਾਹਰ ਜ਼ਹੂਰ ਨੂਰ ਇਕ ਦਰਸਾਈਆ । ਕਲਮੀ ਕਲਮਾ ਬੋਲ ਨਾਅਰਾ, ਉਚੀ ਕੂਕ ਕੂਕ ਸੁਣਾਈਆ । ਮੁਕਾਮੇ ਹੱਕ ਏਕਾ ਯਾਰਾ, ਨਬੀ ਰਸੂਲ ਦੇਣ ਗਵਾਹੀਆ । ਮੁਲਾਂ ਸ਼ੇਖ਼ ਮੁਸਾਇਕ ਪੀਰ ਸਯਦਾ ਕਰਨ ਨਿਉਂ ਨਿਉਂ ਨਿਮਸਕਾਰਾ, ਸੀਸ ਜਗਦੀਸ਼ ਇਕ ਝੁਕਾਈਆ । ਚੌਦਾਂ ਤਬਕਾਂ ਇਕ ਘਰ ਬਾਰਾ, ਚੌਦਾਂ ਲੋਕ ਖੋਜ ਖੁਜਾਈਆ । ਚੌਦਾਂ ਹੱਟ ਜਗਤ ਪਸਾਰਾ, ਪੁਰਖ ਅਬਿਨਾਸ਼ੀ ਆਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਲੇਖਾ ਜਾਣੇ ਥਾਉਂ ਥਾਈਂਆ । ਲੇਖਾ ਹਰਿ ਹਰਿ ਜਾਣਦਾ, ਆਦਿ ਜੁਗਾਦਿ ਸਮਾਇਆ । ਜਗ ਕਰਤਾ ਜਗ ਪਛਾਣਦਾ, ਜੁਗ ਜੁਗ ਆਪਣਾ ਵੇਸ ਵਟਾਇਆ, ਸਤਿਜੁਗ ਤ੍ਰੇਤਾ ਦੁਆਪਰ ਆਪਣਾ ਰੰਗ ਮਾਣਦਾ, ਕਲਜੁਗ ਅੰਤਮ ਵੇਖਣ ਆਇਆ । ਲੱਖ ਚੁਰਾਸੀ ਪੁਣ ਛਾਣਦਾ, ਨੌਂ ਖੰਡ ਪ੍ਰਿਥਮੀ ਫੇਰਾ ਪਾਇਆ । ਲੇਖਾ ਜਾਣੇ ਪੰਜ ਸ਼ੈਤਾਨ ਦਾ, ਘਰ ਘਰ ਬੈਠਾ ਡੌਰੂ ਵਾਹਿਆ । ਨਾਤਾ ਤੁੱਟੇ ਜੀਵ ਜਗਤ ਜਹਾਨ ਦਾ, ਪੁਰਖ ਅਬਿਨਾਸ਼ੀ ਇਕ ਭੁਲਾਇਆ । ਝੂਠਾ ਰਸ ਪੀਣ ਖਾਣ ਦਾ, ਜਿਹਵਾ ਗੁਣ ਨਾ ਕੋਇ ਗਾਇਆ । ਅੰਤਮ ਵੇਲਾ ਆਇਆ ਹਾਣ ਦਾ, ਨਾ ਸਕੇ ਕੋਇ ਬਚਾਇਆ । ਗੁਰਮੁਖ ਗੁਰਸਿਖ ਵਿਰਲਾ ਹਰਿ ਸਤਿਗੁਰ ਆਪ ਪਛਾਣਦਾ, ਸਿਰ ਆਪਣਾ ਹੱਥ ਟਿਕਾਇਆ । ਕਲਜੁਗ ਭੁੱਲਾ ਜੀਵ ਨਾਦਾਨ ਰੂਪ ਧਰਾਏ ਬਾਲ ਅਵਾਣ ਦਾ, ਸੁੱਧ ਬੁੱਧ ਨਾ ਕੋਇ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਗੇੜਾ ਆਪ ਦਵਾਇਆ । ਕਲਜੁਗ ਕੂੜ ਨਿਸ਼ਾਨਾ, ਲੋਕਮਾਤ ਵੇਖ ਵਖਾਈਆ । ਨਵ ਨੌਂ ਹੋਏ ਬੇਈਮਾਨਾ, ਬੇਐਬ ਨਾ ਕੋਇ ਦਸਾਈਆ । ਮਾਇਆ ਮਮਤਾ ਹਉਮੇ ਹੰਗਤਾ ਜੂਠਾ ਝੂਠਾ ਬੱਧਾ ਤਨ ਗਾਨਾ, ਸਾਚਾ ਸਗਨ ਨਾ ਕੋਇ ਮਨਾਈਆ । ਕਾਇਆ ਮੰਦਰ ਅੰਦਰ ਸਰ ਸਰੋਵਰ ਅੰਮ੍ਰਿਤ ਆਤਮ ਮਿਲਿਆ ਨਾ ਪੀਣਾ ਖਾਣਾ, ਰਸਨਾ ਕਾਗ ਵਾਂਗ ਹਲਕਾਈਆ । ਧੁਨ ਆਤਮਕ ਅਨਹਦ ਸ਼ਬਦ ਨਾ ਸੱਚਾ ਗਾਣਾ, ਪੜ੍ਹ ਪੜ੍ਹ ਥੱਕੀ ਸਰਬ ਲੋਕਾਈਆ । ਪਾਇਆ ਪਦ ਨਾ ਇਕ ਨਿਰਬਾਣਾ,

੯੭
੧੦

ਮਹੱਲ ਅਟਲ ਬੈਠੇ ਡੇਰਾ ਲਾਈਆ । ਗੁਰ ਕਾ ਸ਼ਬਦ ਨਾ ਕਿਸੇ ਵਖਾਣਾ, ਰੂਪ ਅਨੂਪ ਨਾ ਦਰਸ਼ਨ ਪਾਈਆ । ਕਲਜੁਗ ਵਰਤੇ ਆਪਣਾ ਭਾਣਾ, ਚਾਰੋਂ ਕੁੰਟ ਅੰਧੇਰਾ ਛਾਈਆ । ਤਖ਼ਤੋਂ ਲਾਹੇ ਰਾਜਾ ਰਾਣਾ, ਸੀਸ ਤਾਜ ਨਾ ਕੋਇ ਟਿਕਾਈਆ । ਚਾਰ ਕੁੰਟ ਦਹਿ ਦਿਸ਼ਾ ਦਿਸੇ ਬੀਆ ਬਾਨਾ, ਨਗਰ ਖੇੜਾ ਨਾ ਕੋਇ ਦਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖ ਸਾਚੇ ਲਏ ਜਗਾਈਆ । ਗੁਰਸਿਖ ਆਪ ਜਗਾਇਆ, ਕਰ ਕਿਰਪਾ ਗੁਣ ਨਿਧਾਨ । ਅੰਮ੍ਰਿਤ ਆਤਮ ਜਾਮ ਪਿਆਇਆ, ਚਰਨ ਧੂੜ ਸੱਚਾ ਅਸ਼ਨਾਨ । ਜਨਮ ਜਨਮ ਦੀ ਮੈਲ ਗਵਾਇਆ, ਏਕਾ ਦੇਵੇ ਬ੍ਰਹਮ ਗਿਆਨ । ਰੰਗ ਰੰਗੀਲਾ ਇਕ ਚੜ੍ਹਾਇਆ, ਉਤਰ ਨਾ ਜਾਏ ਵਿਚ ਜਹਾਨ । ਛੈਲ ਛਬੀਲਾ ਗੁਰਸਿਖ ਆਪ ਬਣਾਇਆ, ਸੇਵਾ ਕਰੇ ਗੁਣ ਨਿਧਾਨ । ਜਗਤ ਕ਼ਬੀਲਾ ਵੰਡ ਵੰਡਾਇਆ, ਆਪੇ ਹੋਏ ਨਿਗਾਹਬਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਬਣਾਏ ਚਤੁਰ ਸੁਜਾਣ । ਚਤੁਰ ਸੁਜਾਨ ਬਣਾਇਆ, ਮੂਰਖ ਮੁਗਧ ਅੰਵਾਣ । ਆਪਣੇ ਮਾਰਗ ਆਪੇ ਲਾਇਆ, ਦੇਵਣਹਾਰਾ ਦੇਵੇ ਜੀਆ ਦਾਨ । ਸਵਛ ਸਰੂਪੀ ਦਰਸ ਦਿਖਾਇਆ, ਆਤਮ ਦਰਸੀ ਹੋ ਮਿਹਰਵਾਨ । ਜਗਤ ਤ੍ਰਿਸ਼ਨਾ ਹਰਸ ਮਿਟਾਇਆ, ਕ੍ਰਿਪਾ ਕਰ ਸ੍ਰੀ ਭਗਵਾਨ । ਅੰਮ੍ਰਿਤ ਮੇਘ ਬਰਸ ਸਾਂਤ ਕਰਾਇਆ, ਨਿਝਰ ਝਿਰੇ ਝਿਰਨਾ ਮਹਾਨ । ਅਰਸ਼ ਕੁਰਸ਼ ਏਕਾ ਰੰਗ ਵਖਾਇਆ, ਲੇਖਾ ਚੁੱਕੇ ਦੋ ਜਹਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਲਏ ਪਛਾਣ । ਗੁਰਮੁਖ ਸੱਜਣ ਮੀਤੜਾ, ਗੁਰ ਸਤਿਗੁਰ ਆਪ ਪਛਾਣਿਆ । ਕਾਇਆ ਚੋਲੀ ਰੰਗੇ ਚੀਥੜਾ, ਦੇਵੇ ਨਾਮ ਨਿਧਾਨਿਆ । ਦੇਵੇ ਨਾਮ ਸ਼ਬਦ ਅਨਡੀਠੜਾ, ਗੁਣਵੰਤਾ ਗੁਣ ਵਖਾਣਿਆ । ਮਿੱਠਾ ਕਰੇ ਕਾਇਆ ਰੀਠੜਾ, ਫਲ ਅੰਮ੍ਰਿਤ ਆਪ ਚਖਾਨਿਆਂ । ਮਾਨਸ ਜਨਮ ਲੋਕਮਾਤ ਜਗ ਜੀਤੜਾ, ਨਾਤਾ ਤੁੱਟਾ ਪੰਜ ਤੱਤ ਸ਼ੈਤਾਨਿਆਂ । ਗੁਰਸਿਖ ਆਪਣੇ ਜੇਹਾ ਆਪੇ ਕੀਤੜਾ, ਜੋਤੀ ਦੇਵੇ ਨੂਰ ਮਹਾਨਿਆ । ਕਰੇ ਪਾਕ ਪਤਤ ਪਵਿਤ ਆਪ ਪੁਨੀਤੜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਉਠਾਏ ਬਾਲ ਨਾਦਾਨਿਆ । ਗੁਰਸਿਖ ਬਾਲ ਨਾਦਾਨਾ, ਬਾਲੀ ਬੁਧ ਹਰਿ ਸਮਝਾਈਆ । ਏਕਾ ਬਖ਼ਸ਼ੇ ਚਰਨ ਧਿਆਨਾ, ਚਰਨ ਕਵਲ ਸੱਚੀ ਸਰਨਾਈਆ । ਸ਼ਬਦ ਅਗੰਮੀ ਦੇਵੇ ਸਚ ਬਿਬਾਨਾ, ਗੁਰਮੁਖ ਸਾਚੇ ਲਏ ਚੜ੍ਹਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਪਾਰ ਕਰਾਨਾ, ਏਕਾ ਘਰ ਦਏ ਵਖਾਈਆ । ਸੋ ਪੁਰਖ ਨਿਰੰਜਣ ਆਪ ਸੁਣਾਏ ਆਪਣਾ ਗਾਨਾ, ਹੰ ਬ੍ਰਹਮ ਕਰੇ ਪੜ੍ਹਾਈਆ । ਸੋਹੰ ਸ਼ਬਦ ਜਿਸ ਪਛਾਣਾ, ਜਨਮ ਮਰਨ ਵਿਚ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਏਕਾ ਅੱਖਰ ਦਏ ਬੁਝਾਈਆ । ਗੁਰਸਿਖ ਏਕਾ ਅੱਖਰ ਬੁਝਿਆ, ਚੌਦਾਂ ਵਿਦਿਆ ਹੋਏ ਹੈਰਾਨ । ਗੁਰ ਗੁਰ ਭੇਵ ਖੁਲ੍ਹਾਏ ਗੁਝਿਆ, ਆਤਮ ਅੰਤਰ ਇਕ ਦ੍ਰਿੜਾਏ ਬ੍ਰਹਮ ਗਿਆਨ । ਭੇਵ ਚੁਕਾਏ ਏਕਾ ਦੂਜਿਆ, ਨਜ਼ਰੀ ਆਏ ਇਕ ਭਗਵਾਨ । ਗੁਰਮੁਖ ਗੁਰ ਸਰਨਾਈ ਗੁਰਚਰਨ ਆਦਿ ਜੁਗਾਦਿ ਝੁਜਿਆ, ਗੁਰ ਪੂਰਾ ਕਰੇ ਪਰਵਾਨ । ਸਚ ਦੁਆਰਾ ਏਕਾ ਬੂਝਿਆ, ਸਦ ਝੁਲਦਾ ਰਹੇ ਨਿਸ਼ਾਨ । ਦੇਵੇ ਦਰਸ ਜੋ ਬੈਠਾ ਲੁਕਿਆ, ਕਲਜੁਗ ਅੰਤਮ ਹੋਏ ਮਿਹਰਵਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਦੇਵੇ ਮਾਣ । ਮਾਣ ਨਿਮਾਣਿਆਂ ਜੀਆਂ ਦਾਨ, ਏਕਾ ਵਸਤ ਅਮੋਲਕ ਝੋਲੀ ਪਾਈਆ । ਹੋਏ ਸਹਾਈ ਏਥੇ ਓਥੇ ਦੋ ਜਹਾਨ, ਜਗਤ ਵਿਚੋਲਾ ਸਾਚਾ ਮਾਹੀਆ । ਸ਼ਬਦ ਸਰੂਪੀ ਬਿਠਾਏ ਇਕ ਬਿਬਾਣ, ਸੇਵਾ ਕਰੇ ਹਰਿ ਸੱਚਾ ਸ਼ਹਿਨਸ਼ਾਹੀਆ ।


੯੮ ੧੦

ਥਿਰ ਘਰ ਵਖਾਏ ਇਕ ਮਕਾਨ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਸਚਖੰਡ ਦੁਆਰੇ ਸਾਚੇ ਤਖ਼ਤ ਬੈਠ ਸ੍ਰੀ ਭਗਵਾਨ, ਸਚ ਸਿੰਘਾਸਣ ਦਏ ਸੁਹਾਈਆ । ਗੁਰਮੁਖਾਂ ਕਰਾਏ ਚਰਨ ਕਵਲ ਧਿਆਨ, ਚਰਨ ਚਰਨੋਦਕ ਮੁਖ ਛੁਹਾਈਆ । ਲੇਖਾ ਚੁੱਕੇ ਆਵਣ ਜਾਣ, ਗੇੜਾ ਗੇੜ ਨਾ ਕੋਈ ਭਵਾਈਆ । ਅੰਤਮ ਜੋਤੀ ਮੇਲਾ ਗੁਣ ਨਿਧਾਨ, ਸ਼ਬਦੀ ਸ਼ਬਦ ਜਾਏ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖ ਸਾਚੇ ਲਏ ਉਠਾਈਆ । ਗੁਰਮੁਖ ਵਿਰਲਾ ਉਠਿਆ, ਜਿਸ ਜਗਾਏ ਆਪ ਨਿਰੰਕਾਰ । ਨਿਰਗੁਣ ਰੂਪ ਹੋ ਤੁਠਿਆ, ਲੋਕਮਾਤ ਖੇਲ ਅਪਾਰ । ਜਾਮ ਪਿਆਏ ਸਾਚਾ ਘੁੱਟਿਆ, ਅੰਮ੍ਰਿਤ ਆਤਮ ਠੰਡਾ ਠਾਰ । ਮਾਲ ਧਨ ਦੇਵੇ ਨਾਮ ਨਿਖੁਟਿਆ, ਲੁੱਟ ਸਕੇ ਨਾ ਕੋਈ ਚੋਰ ਯਾਰ । ਗੁਰਸਿਖ ਲੱਭੇ ਵਿਚੋਂ ਕੋਟਨ ਕੋਟਿਆ, ਲੱਖ ਚੁਰਾਸੀ ਜੀਵ ਜੰਤ ਰੋਂਦੇ ਜ਼ਾਰੋ ਜ਼ਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਕਲ ਕਲੇਸ਼ ਦਏ ਨਿਵਾਰ । ਕਲ ਕਲੇਸ਼ ਨਿਵਾਰਿਆ, ਹਰਿਜਨ ਫੜਿਆ ਸੱਜਣ ਮੀਤ । ਦਰ ਦਰਵੇਸ਼ ਹਰਿ ਨਿਰੰਕਾਰਿਆ, ਸੇਵਾ ਕਰੇ ਭਗਤ ਅਨਡੀਠ । ਆਵੇ ਜਾਵੇ ਵਾਰੋ ਵਾਰਿਆ, ਨਿਤ ਨਵਿਤ ਸਾਚੀ ਰੀਤ । ਜੋਤੀ ਜਾਮਾ ਆਪੇ ਧਾਰਿਆ, ਲੇਖਾ ਜਾਣੇ ਹਸਤ ਕੀਟ । ਸ਼ਾਹ ਸੁਲਤਾਨਾ ਤੋੜੇ ਹੰਕਾਰਿਆ, ਗੁਰਮੁਖ ਕਰੇ ਪਤਤ ਪੁਨੀਤ । ਚੌਥਾ ਜੁਗ ਆਪ ਵਿਚਾਰਿਆ, ਨਵ ਨੌਂ ਚਾਰ ਚੌਕੜੀ ਰਹੀ ਬੀਤ । ਚੌਦਾਂ ਤਬਕਾਂ ਵੇਖੇ ਅਖਾੜਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਇਕ ਅਨਡੀਠ । ਅਨਡੀਠ ਖੇਲ ਖਿਲਾਇੰਦਾ, ਨੇਤਰ ਲੋਚਣ ਨੈਣ ਦਿਸ ਨਾ ਆਈਆ । ਲੱਖ ਚੁਰਾਸੀ ਫੋਲ ਫੁਲਾਇੰਦਾ, ਨੌਂ ਸੱਤ ਆਪਣੀ ਜੋਤ ਕਰ ਰੁਸ਼ਨਾਈਆ । ਵਿਸ਼ਨ ਬ੍ਰਹਮਾ ਸ਼ਿਵ ਉਠਾਇੰਦਾ, ਸੁਰਪਤ ਰਾਜਾ ਇੰਦ ਕਰੋੜ ਤਤੀਸਾ ਸੰਗ ਰਖਾਈਆ । ਧੁਰ ਸੰਦੇਸ਼ ਸ਼ਬਦ ਸੁਣਾਇੰਦਾ, ਹੁਕਮੀ ਹੁਕਮ ਇਕ ਵਰਤਾਈਆ । ਜੋ ਘੜਿਆ ਭੰਨ ਵਖਾਇੰਦਾ, ਥਿਰ ਕੋਇ ਰਹਿਣ ਨਾ ਪਾਈਆ । ਕਲਜੁਗ ਅੰਤਮ ਮੂਲ ਚੁਕਾਇੰਦਾ, ਚੌਥਾ ਜੁਗ ਮੇਟੇ ਕੂੜੀ ਸ਼ਾਹੀਆ । ਕੂੜ ਕੁੜਿਆਰਾ ਸ਼ੌਹ ਦਰਿਯਾਏ ਆਪ ਰੁੜ੍ਹਾਇੰਦਾ, ਮਾਇਆ ਮਮਤਾ ਨਾਲ ਰਲਾਈਆ । ਹਉਮੇ ਹੰਗਤਾ ਆਪ ਡੁਬਾਇੰਦਾ, ਆਸਾ ਤ੍ਰਿਸ਼ਨਾ ਦਏ ਖਪਾਈਆ । ਮਨਮੁਖ ਅੰਤਮ ਰਾਏ ਧਰਮ ਦਰ ਬਹਾਇੰਦਾ, ਚਿਤਰ ਗੁਪਤ ਦਏ ਸਲਾਹੀਆ । ਗੁਰਮੁਖ ਸਾਚੇ ਵੇਖ ਵਖਾਇੰਦਾ, ਲੋਕਮਾਤ ਚਾਈਂ ਚਾਈਆ । ਤ੍ਰੈਗੁਣ ਮਾਇਆ ਪਰਦਾ ਲਾਹਿੰਦਾ, ਪੰਜ ਤੱਤ ਕਰੇ ਰੁਸ਼ਨਾਈਆ । ਕਾਗਦ ਕਲਮ ਭੇਵ ਨਾ ਪਾਇੰਦਾ, ਲੇਖਾ ਲਿਖੇ ਨਾ ਕੋਈ ਸ਼ਾਹੀਆ । ਐੜਾ ਅਥਰਬਣ ਵੇਦ ਅੰਤ ਕੁਰਲਾਇੰਦਾ, ਉਚੀ ਕੂਕੇ ਮਾਰੇ ਧਾਹੀਆ । ਅੱਲਾ ਰਾਣੀ ਮੁਖ ਸ਼ਰਮਾਇੰਦਾ, ਨੇਤਰ ਨੈਣ ਨਾ ਸਕੇ ਉਠਾਈਆ । ਚਾਰ ਯਾਰ ਸੰਗ ਮੁਹੰਮਦ ਰਾਹ ਤਕਾਇੰਦਾ, ਪੁਰਖ ਅਬਿਨਾਸ਼ੀ ਭੇਵ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਜਨਹਰਿ ਵੇਖੇ ਥਾਉਂ ਥਾਈਆ ।

★ ੬ ਮਾਘ ੨੦੧੭ ਬਿਕਰਮੀ ਗੁਰਦੇਵ ਸਿੰਘ ਦੇ ਘਰ ਨਵਾਂ ਪਿੰਡ ਜ਼ਿਲਾ ਜਲੰਧਰ ★

ਸੋ ਪੁਰਖ ਨਿਰੰਜਣ ਖੇਲ ਅਪਾਰਾ, ਆਦਿ ਅੰਤ ਆਪ ਕਰਾਇੰਦਾ । ਹਰਿ ਪੁਰਖ ਨਿਰੰਜਣ ਭੇਵ ਨਿਆਰਾ, ਅਲਖ ਅਗੋਚਰ ਭੇਵ ਕੋਈ

ਨਾ ਪਾਇੰਦਾ । ਏਕੰਕਾਰਾ ਨਿਰਾਕਾਰਾ, ਨਿਰਵੈਰ ਆਪਣਾ ਨਾਉਂ ਧਰਾਇੰਦਾ । ਆਦਿ ਨਿਰੰਜਣ ਨੂਰ ਉਜਿਆਰਾ, ਜੋਤੀ ਜੋਤ ਡਗਮਗਾਇੰਦਾ । ਅਬਿਨਾਸ਼ੀ ਕਰਤਾ ਬੇਐਬ ਪਰਵਰਦਿਗਾਰਾ, ਇਕ ਇਕੱਲਾ ਖੇਲ ਖਿਲਾਇੰਦਾ । ਅਬਿਨਾਸ਼ੀ ਕਰਤਾ ਆਪੇ ਜਾਣੇ ਆਪਣੀ ਧਾਰਾ, ਦੂਸਰ ਸੰਗ ਨਾ ਕੋਈ ਰਖਾਇੰਦਾ । ਪਾਰਬ੍ਰਹਮ ਪ੍ਰਭ ਆਪੇ ਜਾਣੇ ਆਪਣੀ ਕਾਰਾ, ਕਰਤਾ ਪੁਰਖ ਆਪ ਕਰਾਇੰਦਾ । ਸਚਖੰਡ ਸੁਹਾਏ ਸਚ ਦੁਆਰਾ, ਦਰ ਘਰ ਸਾਚੇ ਸੋਭਾ ਪਾਇੰਦਾ । ਸਤਿ ਸਰੂਪੀ ਖੇਲ ਨਿਆਰਾ, ਥਿਰ ਦਰਬਾਰਾ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਆਦਿ ਆਪਣੀ ਰਚਨਾ ਆਪ ਰਚਾਇੰਦਾ । ਸਚਖੰਡ ਦੁਆਰਾ ਸਾਚਾ ਘਰ, ਸੋ ਪੁਰਖ ਨਿਰੰਜਣ ਆਪ ਸੁਹਾਇੰਦਾ । ਹਰਿ ਪੁਰਖ ਨਿਰੰਜਣ ਕਿਰਪਾ ਕਰ, ਆਪਣਾ ਬਲ ਆਪ ਧਰਾਇੰਦਾ । ਏਕੰਕਾਰਾ ਘਾੜਨ ਘੜ, ਘੜਨ ਭੰਨਣਹਾਰ ਆਪ ਹੋ ਜਾਇੰਦਾ । ਆਦਿ ਨਿਰੰਜਣ ਜੋਤ ਉਜਿਆਰ ਕਰ, ਨੂਰ ਜ਼ਹੂਰ ਇਕ ਦਰਸਾਇੰਦਾ । ਅਬਿਨਾਸ਼ੀ ਕਰਤਾ ਨਿਰਭੌ ਭੈ ਨਾ ਰੱਖੇ ਕੋਇ ਡਰ, ਆਪ ਆਪਣਾ ਰੰਗ ਰੰਗਾਇੰਦਾ । ਸ੍ਰੀ ਭਗਵਾਨ ਸਚ ਦੁਆਰੇ ਆਪੇ ਖੜ, ਸਵਛ ਸਰੂਪੀ ਰੂਪ ਵਟਾਇੰਦਾ । ਪਾਰਬ੍ਰਹਮ ਆਪਣੀ ਸਰਨ ਸਰਨਾਈ ਆਪੇ ਪੜ੍ਹ, ਸੀਸ ਜਗਦੀਸ਼ ਆਪ ਝੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚੇ ਘਰ, ਸਚਖੰਡ ਦੁਆਰਾ ਇਕ ਵਡਿਆਇੰਦਾ । ਸਚਖੰਡ ਦੁਆਰਾ ਸੋਭਾਵੰਤ, ਪੁਰਖ ਅਕਾਲ ਆਪ ਉਪਜਾਈਆ । ਅਜੂਨੀ ਰਹਿਤ ਮਹਿਮਾ ਅਗਣਤ, ਲੇਖਾ ਲੇਖ ਨਾ ਕੋਈ ਲਿਖਾਈਆ । ਕਰੇ ਖੇਲ ਸ੍ਰੀ ਭਗਵੰਤ, ਭਗਵਾਨ ਆਪਣੀ ਧਾਰ ਚਲਾਈਆ । ਆਪੇ ਨਾਰੀ ਆਪੇ ਕੰਤ, ਆਪੇ ਸਾਚੀ ਸੇਜ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਦੁਆਰਾ ਆਪ ਸੁਹਾਈਆ । ਸਚਖੰਡ ਦੁਆਰ ਸੁਹਾਇੰਦਾ, ਇਕ ਇਕੱਲਾ ਏਕੰਕਾਰ । ਆਪੇ ਆਪਣਾ ਆਸਣ ਲਾਇੰਦਾ, ਸਚ ਸਿੰਘਾਸਣ ਕਰ ਤਿਆਰ । ਜੋਤੀ ਜਾਤਾ ਡਗਮਗਾਇੰਦਾ, ਅਲਖ ਅਗੋਚਰ ਅਗੰਮ ਅਪਾਰ । ਸਾਚਾ ਤਾਜ ਸੀਸ ਟਿਕਾਇੰਦਾ, ਤਖ਼ਤ ਨਿਵਾਸੀ ਸੱਚਾ ਸ਼ਾਹਕਾਰ । ਸ਼ਹਿਨਸ਼ਾਹ ਆਪਣਾ ਨਾਉਂ ਧਰਾਇੰਦਾ, ਰੂਪ ਰੰਗ ਰੇਖ ਤੋਂ ਵਸਿਆ ਬਾਹਰ । ਆਪਣਾ ਹੁਕਮ ਆਪ ਵਰਤਾਇੰਦਾ, ਦੇਵੇ ਹੁਕਮ ਸੱਚੀ ਸਰਕਾਰ । ਆਪਣੀ ਇਛਿਆ ਸਾਚੀ ਭਿਛਿਆ ਆਪੇ ਝੋਲੀ ਪਾਇੰਦਾ, ਦੇਵਣਹਾਰਾ ਸਚ ਭੰਡਾਰ । ਥਿਰ ਘਰ ਸਾਚਾ ਦਰ ਖੁਲ੍ਹਾਇੰਦਾ, ਸਚਖੰਡ ਨਿਵਾਸੀ ਖੇਲ ਅਪਾਰ । ਨਿਰਗੁਣ ਨਿਰਗੁਣ ਵਿਚ ਸਮਾਇੰਦਾ, ਨਿਰਗੁਣ ਅੰਦਰ ਨਿਰਗੁਣ ਬਾਹਰ ਨਿਰਗੁਣ ਗੁਪਤ ਨਿਰਗੁਣ ਜ਼ਾਹਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਅਬਿਨਾਸ਼ੀ ਕਰਤਾ, ਆਪਣੀ ਕਲ ਆਪ ਵਰਤਾਇੰਦਾ । ਸਚਖੰਡ ਦੁਆਰੇ ਸਾਚੀ ਕਲ, ਹਰਿ ਸਾਚਾ ਸਚ ਵਰਤਾਈਆ । ਸਚ ਸਿੰਘਾਸਣ ਬੈਠਾ ਮੱਲ, ਪੁਰਖ ਅਬਿਨਾਸ਼ੀ ਬੇਪਰਵਾਹੀਆ । ਆਪਣੀ ਜੋਤੀ ਆਪੇ ਰਲ, ਜੋਤੀ ਜੋਤ ਜੋਤ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਸਾਚੇ ਦਏ ਵਡਿਆਈਆ । ਥਿਰ ਘਰ ਸਾਚਾ ਹਰਿ ਸੁਹੰਜਣਾ, ਇਕ ਇਕੱਲਾ ਆਪ ਸੁਹਾਇੰਦਾ । ਕਰੇ ਖੇਲ ਆਦਿ ਨਿਰੰਜਣਾ, ਸ਼ਾਹ ਸੁਲਤਾਨਾ ਨਾਉਂ ਧਰਾਇੰਦਾ । ਆਦਿ ਜੁਗਾਦੀ ਦਰਦ ਦੁੱਖ ਭੈ ਭੰਜਣਾ, ਆਪ ਆਪਣਾ ਨਾਉਂ ਪਰਗਟਾਇੰਦਾ । ਆਪੇ ਬਣੇ ਸਾਚਾ ਸੱਜਣਾ, ਸਗਲਾ ਸੰਗ ਆਪ ਨਿਭਾਇੰਦਾ । ਆਪੇ ਘੜੇ ਆਪੇ ਭੰਨਣਾ, ਘੜਨ ਭੰਨਣਹਾਰ ਆਪਣੀ ਖੇਲ ਆਪ ਖਿਲਾਇੰਦਾ । ਆਪੇ ਚਰਨ ਧੂੜ ਕਰਾਏ ਸਾਚਾ ਮਜਨਾ, ਆਪੇ ਨਿਉਂ ਨਿਉਂ ਸੀਸ ਝੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਥਿਰ ਘਰ ਵਸੇ ਸਾਚਾ ਹਰਿ, ਹਰਿ ਬਿਨ ਅਵਰ ਨਾ ਕੋਈ ਵਖਾਇੰਦਾ । ਥਿਰ ਘਰ ਸਾਚਾ ਖੋਲ੍ਹ ਕਿਵਾੜਾ, ਹਰਿ ਸਾਚਾ ਵੇਖ ਵਖਾਇੰਦਾ । ਕਰੇ ਖੇਲ ਅਗੰਮ ਅਪਾਰਾ, ਅਗੰਮ ਅਗੰਮੜੀ ਚਾਲ ਚਲਾਇੰਦਾ । ਆਪ ਉਪਜਾਏ ਸੁਤ ਦੁਲਾਰਾ, ਸ਼ਬਦੀ ਸ਼ਬਦ ਪਰਗਟਾਇੰਦਾ । ਦੇਵੇ ਹੁਕਮ ਸੱਚੀ ਸਰਕਾਰਾ, ਧੁਰ ਫ਼ਰਮਾਨਾ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਏਕਾ ਹਰਿ, ਦਰ ਘਰ ਸਾਚੇ ਸੋਭਾ ਪਾਇੰਦਾ । ਦਰ ਘਰ ਸੁਹਾਇਆ, ਕਰ ਕਿਰਪਾ ਗੁਣ ਨਿਧਾਨ । ਪੂਤ ਸਪੂਤਾ ਏਕਾ ਜਾਇਆ, ਸ਼ਬਦ ਸੁਤ ਨੌਜਵਾਨ । ਸਿਰ ਆਪਣਾ ਹੱਥ ਟਿਕਾਇਆ, ਏਕੰਕਾਰਾ ਹੋਇਆ ਮਿਹਰਵਾਨ । ਆਪਣੇ ਰੰਗ ਆਪ ਰੰਗਾਇਆ, ਰੰਗ ਰੰਗਾਏ ਸ੍ਰੀ ਭਗਵਾਨ । ਸਾਚਾ ਮਰਦੰਗ ਇਕ ਵਜਾਇਆ, ਆਪ ਸੁਣਾਏ ਦੋ ਜਹਾਨ । ਆਪਣੇ ਪਲੰਘ ਆਪ ਬਹਾਇਆ, ਸਾਚੀ ਸੇਜਾ ਕਰ ਪਰਵਾਨ । ਗੁਣ ਨਿਧਾਨ ਵੇਖ ਵਖਾਇਆ, ਸਚਖੰਡ ਦੁਆਰਾ ਖੋਲ੍ਹ ਮਕਾਨ । ਆਪਣਾ ਮਾਰਗ ਆਪੇ ਲਾਇਆ, ਆਪੇ ਹੋਏ ਜਾਣੀ ਜਾਣ । ਵਸਤ ਅਮੋਲਕ ਆਪ ਵਰਤਾਇਆ, ਸਤਿ ਭੰਡਾਰਾ ਇਕ ਨਿਸ਼ਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਥਿਰ ਘਰ ਬੈਠ ਸੱਚੇ ਮਕਾਨ । ਥਿਰ ਘਰ ਸਾਚਾ ਵਸਿਆ, ਪੁਰਖ ਅਬਿਨਾਸ਼ੀ ਆਪ ਵਸਾਏ । ਸੁਤ ਦੁਲਾਰੇ ਸਾਚਾ ਮਾਰਗ ਏਕਾ ਦੱਸਿਆ, ਹੁਕਮੀ ਹੁਕਮ ਆਪ ਸੁਣਾਏ । ਅੰਤਰ ਅੰਤਰ ਆਪੇ ਵਸਿਆ, ਵਸਣਹਾਰਾ ਦਿਸ ਨਾ ਆਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦੂਸਰ ਅਵਰ ਨਾ ਕੋਇ ਜਣਾਏ । ਸ਼ਬਦ ਦੁਲਾਰ ਉਠਾਇਆ, ਕਰ ਕਿਰਪਾ ਗੁਣ ਨਿਧਾਨ । ਏਕਾ ਹੁਕਮ ਸੁਣਾਇਆ, ਆਦਿ ਪੁਰਖ ਸ੍ਰੀ ਭਗਵਾਨ । ਤੇਰੀ ਮਹਿਮਾ ਆਪ ਜਣਾਇਆ, ਲੇਖਾ ਜਾਣੇ ਗੁਣ ਨਿਧਾਨ । ਤੇਰਾ ਰੂਪ ਲਏ ਪਰਗਟਾਇਆ, ਰੂਪ ਅਨੂਪਾ ਹੋ ਮਿਹਰਵਾਨ । ਤੇਰੀ ਕੁੱਖ ਦਏ ਸੁਹਾਇਆ, ਉਜਲ ਮੁਖ ਇਕ ਮਹਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਵਡ ਮਿਹਰਵਾਨ । ਸਫ਼ਲ ਕੁੱਖ ਸ਼ਬਦ ਦੁਲਾਰ, ਹਰਿ ਸਾਚਾ ਸਚ ਕਰਾਇੰਦਾ । ਰੂਪ ਅਨੂਪ ਕਰ ਤਿਆਰ, ਨਿਰਗੁਣ ਜੋਤੀ ਜੋਤ ਜਗਾਇੰਦਾ । ਆਪਣੇ ਅੰਦਰੋਂ ਆਪਾ ਕੱਢ ਬਾਹਰ, ਆਪੇ ਵਿਸ਼ਨੂੰ ਰੂਪ ਧਰਾਇੰਦਾ । ਆਪੇ ਅੰਮ੍ਰਿਤ ਕਵਲ ਭਰੇ ਭੰਡਾਰ, ਸਤਿ ਵਰਤਾਰਾ ਆਪ ਵਰਤਾਇੰਦਾ । ਆਪੇ ਪੰਖੜੀਆਂ ਬਣ ਖਿੜੇ ਗੁਲਜ਼ਾਰ, ਪੱਤ ਡਾਲੀ ਆਪ ਮਹਿਕਾਇੰਦਾ । ਆਪੇ ਬ੍ਰਹਮਾ ਕਰੇ ਪਸਾਰ, ਪਾਰਬ੍ਰਹਮ ਆਪਣੀ ਵੰਡ ਵੰਡਾਇੰਦਾ । ਆਪੇ ਸ਼ੰਕਰ ਵੇਖੇ ਧੂਆਂਧਾਰ, ਸੁੰਨ ਅਗੰਮ ਫੋਲ ਫੋਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸ਼ਬਦ ਖੇਲ ਖਿਲਾਇੰਦਾ । ਹਰਿ ਸ਼ਬਦੀ ਖੇਲ ਖਿਲਾਇਆ, ਵਿਸ਼ਨ ਬ੍ਰਹਮਾ ਸ਼ਿਵ ਧਾਰ । ਧੁਰ ਦੀ ਧਾਰ ਆਪਣੇ ਹੱਥ ਰਖਾਇਆ, ਨਾ ਕੋਈ ਸਕੇ ਵਿਚਾਰ । ਹੁਕਮੀ ਹੁਕਮ ਇਕ ਵਰਤਾਇਆ, ਆਦਿ ਪੁਰਖ ਏਕੰਕਾਰ । ਸਚ ਸੁਨੇਹੜਾ ਇਕ ਸੁਣਾਇਆ, ਵਿਸ਼ਨੂੰ ਵਿਸ਼ਵ ਲਏ ਉਠਾਲ । ਸਤਿ ਭੰਡਾਰ ਝੋਲੀ ਪਾਇਆ, ਲੇਖਾ ਜਾਣੇ ਸ਼ਾਹ ਕੰਗਾਲ । ਬ੍ਰਹਮੇ ਬ੍ਰਹਮ ਜੋਤ ਜਗਾਇਆ, ਪਾਰਬ੍ਰਹਮ ਪ੍ਰਭ ਦੀਨ ਦਿਆਲ । ਸ਼ਬਦ ਚੋਟ ਇਕ ਲਗਾਇਆ, ਆਪ ਸੁਣਾਏ ਸੱਚੀ ਧੁਨਕਾਨ । ਸਚ ਸੰਦੇਸ਼ਾ ਇਕ ਸੁਣਾਇਆ, ਪੁਰਖ ਅਗੰਮੜਾ ਗੁਣ ਨਿਧਾਨ । ਲੱਖ ਚੁਰਾਸੀ ਘਾੜਨ ਲਏ ਘੜਾਇਆ, ਘਾੜਤ ਘੜੇ ਆਪ ਮਿਹਰਵਾਨ । ਸ਼ੰਕਰ ਤੇਰਾ ਵੇਸ ਵਟਾਇਆ, ਭੋਲੇ ਨਾਥ ਬਾਲ ਨਿਦਾਨ । ਤੇਰੀ ਸੇਵਾ ਇਕ ਜਣਾਇਆ, ਅੰਤਮ ਮੇਟੇ ਸਰਬ ਨਿਸ਼ਾਨ । ਤਿੰਨਾ ਵਿਚੋਲਾ ਇਕ ਰਘੁਰਾਇਆ, ਸ਼ਬਦ ਸਰੂਪੀ ਪਾਏ ਆਣ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਦੋ ਜਹਾਨ । ਵਿਸ਼ਨ ਬ੍ਰਹਮਾ ਸ਼ਿਵ ਦਇਆ ਕਮਾ, ਏਕਾ ਤੱਤ ਸਮਝਾਇੰਦਾ । ਲੱਖ ਚੁਰਾਸੀ ਰਚਨ ਰਚਾ, ਸ਼ਬਦੀ ਡੋਰ ਬੰਧਾਇੰਦਾ । ਤ੍ਰੈਗੁਣ ਮਾਇਆ ਵੰਡ ਵੰਡਾ, ਪੰਜ ਤੱਤ ਖੇਲ ਖਿਲਾਇੰਦਾ । ਆਪਣਾ ਨੂਰ ਆਪ ਧਰਾ, ਜੋਤੀ ਜੋਤ ਜੋਤ ਜਗਾਇੰਦਾ । ਕੰਚਨ ਕਾਇਆ ਗੜ੍ਹ ਸੁਹਾ, ਘੜ ਭਾਂਡੇ ਵੇਖ ਵਖਾਇੰਦਾ । ਨੌਂ ਦੁਆਰੇ ਜਗਤ ਖੁਲ੍ਹਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਜਣਾਇੰਦਾ । ਸਾਚੀ ਸਿਖਿਆ ਤ੍ਰੈ ਤ੍ਰੈ ਸਿਖ, ਦੋਏ ਦੋਏ ਜੋੜ ਸੀਸ ਝੁਕਾਇਆ । ਪ੍ਰਭ ਅਬਿਨਾਸ਼ੀ ਪਾਈ ਭਿਖ, ਸਤਿ ਭੰਡਾਰ ਇਕ ਵਰਤਾਇਆ । ਸਾਚਾ ਲੇਖਾ ਦੇਣਾ ਲਿਖ, ਕਵਣ ਜੁਗ ਸੇਵ ਕਮਾਇਆ । ਜੋ ਉਪਜੇ ਸੋ ਦੀਸੇ ਮਿਥ, ਥਿਰ ਕੋਇ ਰਹਿਣ ਨਾ ਪਾਇਆ । ਤੇਰਾ ਨਾਮ ਅੱਖਰ ਨਿਸ਼, ਲਿਖਣ ਪੜ੍ਹਣ ਵਿਚ ਨਾ ਆਇਆ । ਤੂੰ ਵਸੇਂ ਧਾਮ ਅਨਡਿਠ, ਸਚਖੰਡ ਦੁਆਰਾ ਇਕ ਸੁਹਾਇਆ । ਹਉਂ ਬਾਲਕ ਮੰਗਣ ਭਿਖ, ਭਿਖਕ ਭਿਖਾਰੀ ਦਰ ਤੇ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰਾ ਨਾਉਂ ਭੁਲ ਕਦੇ ਨਾ ਜਾਇਆ । ਤੇਰਾ ਨਾਉਂ ਕਦੇ ਨਾ ਭੁੱਲੇ, ਵਿਸ਼ਨੂੰ ਰੋ ਰੋ ਸੀਸ ਝੁਕਾਈਆ । ਬ੍ਰਹਮੇ ਤੇਰੇ ਤੋਲ ਤੁਲੇ, ਪਾਰਬ੍ਰਹਮ ਸਾਚੇ ਕੰਡੇ ਲੈਣਾ ਤੁਲਾਈਆ । ਲੱਖ ਚੁਰਾਸੀ ਫੁਲ ਫਲਵਾੜੀ ਤੇਰੀ ਮੌਲੇ, ਧਰਤ ਧਵਲ ਮਿਲੇ ਵਡਿਆਈਆ । ਕਵਨ ਕੂਟ ਕਵਣ ਘਰ ਕਵਣ ਵਸੇ ਪਰਦੇ ਓਹਲੇ, ਕਵਣ ਰੂਪ ਅਨੂਪ ਛੁਪਾਈਆ । ਕਵਣ ਨਾਉਂ ਧਰਾਏ ਪੰਜ ਤੱਤ ਕਾਇਆ ਚੋਲੇ, ਲੋਕਮਾਤ ਵੱਜੇ ਵਧਾਈਆ । ਕਵਣ ਰੂਪ ਗਾਇਣ ਭਗਤ ਸੁਹਾਗੀ ਸੋਹਲੇ, ਅਨੰਦ ਮੰਗਲ ਦੇਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਬ੍ਰਹਮਾ ਵਿਸ਼ਨ ਸ਼ਿਵ ਬੈਠੇ ਸੀਸ ਝੁਕਾਈਆ । ਪੁਰਖ ਅਬਿਨਾਸ਼ੀ ਸ਼ਬਦ ਜਣਾਇਆ, ਤਿੰਨਾਂ ਆਪ ਉਠਾਇੰਦਾ । ਨੌਂ ਸੌ ਚੁਰਾਨਵੇ ਚੌਕੜੀ ਜੁਗ ਸੇਵਾ ਲਾਇਆ, ਜੁਗ ਜੁਗ ਗੇੜਾ ਆਪ ਦਵਾਇੰਦਾ । ਤ੍ਰੈਗੁਣ ਤੱਤ ਝੋਲੀ ਪਾਇਆ, ਰਜੋ ਤਮੋ ਸਤੋ ਮੇਲ ਮਿਲਾਇੰਦਾ । ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਲਏ ਉਪਾਇਆ, ਸਗਲਾ ਸੰਗ ਨਿਭਾਇੰਦਾ । ਮਨ ਮਤ ਬੁਧ ਵੰਡ ਵੰਡਾਇਆ, ਕਾਇਆ ਗੜ੍ਹ ਸੁਹਾਇੰਦਾ । ਬਹੱਤਰ ਨਾੜੀ ਜੋੜ ਜੁੜਾਇਆ, ਤਿੰਨ ਸੌ ਸੱਠ ਹਾਡੀ ਵੇਖ ਵਖਾਇੰਦਾ । ਡੂੰਘੀ ਕੰਦਰ ਫੋਲ ਫੁਲਾਇਆ, ਘਰ ਘਰ ਵਿਚ ਡੇਰਾ ਲਾਇੰਦਾ । ਨੌਂ ਦੁਆਰੇ ਰਾਹ ਚਲਾਇਆ, ਜਗਤ ਵਾਸਨਾ ਵਿਚ ਟਿਕਾਇੰਦਾ । ਪੰਚ ਵਿਕਾਰਾ ਗੋਦ ਬਹਾਇਆ, ਕਾਮ ਕਰੋਧ ਲੋਭ ਮੋਹ ਹੰਕਾਰ ਵੇਖ ਵਖਾਇੰਦਾ । ਆਸਾ ਤ੍ਰਿਸ਼ਨਾ ਨਾਲ ਬੰਧਾਇਆ, ਹਉਮੇ ਹੰਗਤਾ ਜੋੜ ਜੁੜਾਇੰਦਾ । ਸੁਖਮਨ ਟੇਡੀ ਬੰਕ ਸੁਹਾਇਆ, ਈੜਾ ਪਿੰਗਲ ਖੇਲ ਖਿਲਾਇੰਦਾ । ਅਨਹਦ ਸ਼ਬਦ ਵਿਚ ਛੁਪਾਇਆ, ਧੁਨ ਨਾਦ ਨਾ ਕੋਈ ਸੁਣਾਇੰਦਾ । ਅੰਮ੍ਰਿਤ ਆਤਮ ਕਵਲ ਧਰਾਇਆ, ਉਲਟਾ ਕਵਲ ਆਪ ਧਰਾਇੰਦਾ । ਬਜਰ ਕਪਾਟੀ ਪਰਦਾ ਲਾਇਆ, ਨਾ ਕੋਈ ਤੋੜ ਤੁੜਾਇੰਦਾ । ਦਸਮ ਦੁਆਰੀ ਵੇਸ ਵਟਾਇਆ, ਜੋਤ ਨਿਰੰਜਣ ਡਗਮਗਾਇੰਦਾ । ਅੰਧ ਅੰਧੇਰ ਰਹੇ ਨਾ ਰਾਇਆ, ਨੂਰ ਨੁਰਾਨਾ ਇਕ ਦਰਸਾਇੰਦਾ । ਨਿਰਗੁਣ ਬੈਠਾ ਆਸਣ ਲਾਇਆ, ਆਪ ਆਪਣਾ ਥਾਨ ਸੁਹਾਇੰਦਾ । ਈਸ਼ ਜੀਵ ਵੇਖ ਵਖਾਇਆ, ਜਗਦੀਸ਼ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮਾ ਵਿਸ਼ਨ ਸ਼ਿਵ ਦੇਵੇ ਵਰ, ਆਪਣਾ ਭੇਵ ਆਪ ਖੁਲ੍ਹਾਇੰਦਾ । ਹਰਿ ਹਰਿ ਭੇਵ ਖੁਲ੍ਹਾਇੰਦਾ, ਸ਼ਬਦ ਅਗੰਮੀ ਧਾੜ । ਨੌਂ ਸੌ ਚੁਰਾਨਵੇ ਜੁਗ ਸੇਵਾ ਲਾਇੰਦਾ, ਜੁਗ ਜੁਗ ਖੇਲ ਕਰੇ ਅਪਾਰ । ਲੱਖ ਚੁਰਾਸੀ

ਘਾੜਨ ਆਪ ਘੜਾਇੰਦਾ, ਆਪੇ ਖੇਲੇ ਖੇਲ ਖੇਲਣਹਾਰ । ਆਪਣਾ ਨਾਮ ਆਪਣਾ ਕਾਮ ਆਪੇ ਮਾਰਗ ਲਾਇੰਦਾ, ਆਪੇ ਹੁਕਮੀ ਹੁਕਮ ਵਰਤੇ ਵਿਚ ਸੰਸਾਰ । ਆਪੇ ਬ੍ਰਹਮਾ ਬ੍ਰਹਮ ਬ੍ਰਹਿਮਾਦ ਜੋਤ ਜਗਾਇੰਦਾ, ਆਪੇ ਦੇਵੇ ਸਰਬ ਆਧਾਰ । ਆਪੇ ਚਾਰੇ ਕੁੰਟ ਵੇਖ ਵਖਾਇੰਦਾ, ਚਾਰੇ ਮੁਖ ਲਏ ਉਘਾੜ । ਆਪੇ ਚਾਰੇ ਵੇਦਾਂ ਗਾਇੰਦਾ, ਆਪ ਹਿਲਾਏ ਤਾਰ ਸਤਾਰ । ਆਪੇ ਚਾਰੇ ਖਾਣੀ ਵੰਡ ਵੰਡਾਇੰਦਾ, ਅੰਡਜ ਜੇਰਜ ਉਤਭੁਜ ਸੇਤਜ ਕਰ ਤਿਆਰ । ਆਪੇ ਚਾਰੇ ਬਾਣੀ ਬੋਲ ਸੁਣਾਇੰਦਾ, ਪਰਾ ਪਸੰਤੀ ਮਧਮ ਬੈਖ਼ਰੀ ਧਾਰ । ਆਪੇ ਚਾਰੇ ਜੁਗਾਂ ਵੰਡ ਵੰਡਾਇੰਦਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਕਰ ਵਿਚਾਰ । ਆਪੇ ਆਪਣਾ ਭੇਵ ਖੁਲ੍ਹਾਇੰਦਾ, ਲੋਕਮਾਤ ਲੈ ਅਵਤਾਰ । ਆਪੇ ਗੁਰ ਗੁਰ ਨਾਉਂ ਪਰਗਟਾਇੰਦਾ, ਸ਼ਬਦ ਅਨਾਦਿ ਬੋਲ ਜੈਕਾਰ । ਆਪੇ ਭਗਤ ਭਗਵੰਤ ਵੇਖ ਵਖਾਇੰਦਾ, ਧੁਰਦਰਗਾਹੀ ਸਾਚੀ ਕਾਰ । ਆਪੇ ਸੰਤ ਕੰਤ ਮਿਲਾਇੰਦਾ, ਨਾਤਾ ਤੁੱਟੇ ਦੁਹਾਗਣ ਨਾਰ । ਆਪੇ ਗੁਰਮੁਖ ਗੋਦ ਬਹਾਇੰਦਾ, ਆਤਮ ਅੰਤਰ ਦਏ ਆਧਾਰ । ਆਪੇ ਗੁਰਸਿਖ ਸੰਗ ਨਿਭਾਇੰਦਾ, ਜੁਗਾ ਜੁਗੰਤਰ ਸਾਚੀ ਕਾਰ । ਆਪੇ ਜੁਗ ਜੁਗ ਗੇੜਾ ਜਗਤ ਦਵਾਇੰਦਾ, ਲੇਖਾ ਜਾਣੇ ਆਪ ਨਿਰੰਕਾਰ । ਵਿਸ਼ਨ ਬ੍ਰਹਮਾ ਸ਼ਿਵ ਆਪ ਸਮਝਾਇੰਦਾ, ਪੁਰਖ ਅਬਿਨਾਸ਼ੀ ਕਰੇ ਖ਼ਬਰਦਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਕਰੇ ਕਰਾਏ ਸਾਚੀ ਕਾਰ । ਹਰਿ ਸਾਚੀ ਕਾਰ ਕਰਾਇੰਦਾ, ਕਰਤਾ ਪੁਰਖ ਦੀਨ ਦਿਆਲ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਗੇੜਾ ਆਪਣੇ ਹੱਥ ਰਖਾਇੰਦਾ, ਸ਼ਬਦ ਸ਼ਬਦੀ ਬਣਿਆ ਰਹੇ ਦਲਾਲ । ਲੱਖ ਚੁਰਾਸੀ ਕੋਟਨ ਕੋਟ ਰੂਪ ਆਪ ਵਟਾਇੰਦਾ । ਆਪੇ ਸ਼ਾਹ ਆਪੇ ਕੰਗਾਲ । ਆਪੇ ਜੂਨੀ ਜੂਨ ਭਵਾਇੰਦਾ, ਆਪੇ ਸਚਖੰਡ ਵਸੇ ਸੱਚੀ ਧਰਮਸਾਲ । ਆਪੇ ਰਾਗੀ ਨਾਦੀ ਆਪਣਾ ਨਾਉਂ ਗਾਇੰਦਾ, ਆਪੇ ਸੁੰਨ ਅਗੰਮ ਕਰੇ ਖੇਲ ਨਿਰਾਲ । ਆਪੇ ਸਤਿਜੁਗ ਸਾਚਾ ਖੇਲ ਖਿਲਾਇੰਦਾ, ਲੋਕਮਾਤ ਹੋ ਪਰਧਾਨ । ਸਤਿ ਸਤਿਵਾਦੀ ਆਪਣਾ ਨਾਉਂ ਧਰਾਇੰਦਾ, ਏਕਾ ਦੇਵੇ ਸਚ ਗਿਆਨ । ਸਾਚੇ ਭਗਤਾਂ ਮੇਲ ਮਿਲਾਇੰਦਾ, ਵਡ ਦਾਤਾ ਗੁਣ ਨਿਧਾਨ । ਗਹਿਰ ਗੰਭੀਰ ਆਪਣਾ ਨਾਉਂ ਰਖਾਇੰਦਾ, ਧਰਮ ਵਖਾਏ ਇਕ ਨਿਸ਼ਾਨ । ਸਾਚੇ ਮਾਰਗ ਆਪੇ ਪਾਇੰਦਾ, ਏਕਾ ਵਿਦਿਆ ਕਰ ਬਲਵਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਵਿਸ਼ਨ ਬ੍ਰਹਮਾ ਸ਼ਿਵ ਦੇਵੇ ਦਾਨ । ਦਾਤਾ ਦਾਨੀ ਹਰਿ ਕਰਤਾਰਾ, ਸਾਚੀ ਵਸਤ ਆਪ ਵਰਤਾਈਆ । ਨਾਮ ਅਤੋਟ ਅਤੁੱਟ ਭੰਡਾਰਾ, ਜੁਗਾ ਜੁਗੰਤਰ ਹੱਥ ਰਖਾਈਆ । ਗੁਰ ਗੁਰ ਰੂਪ ਲੈ ਅਵਤਾਰਾ, ਆਪਣੀ ਧਾਰ ਆਪ ਬੰਧਾਈਆ । ਆਪੇ ਤੋੜੇ ਗੜ੍ਹ ਹੰਕਾਰਾ, ਆਪੇ ਗ਼ਰੀਬ ਨਿਮਾਣੇ ਗਲੇ ਲਗਾਈਆ । ਆਪੇ ਖੜਗ ਖੰਡਾ ਤੇਜ਼ ਕਟਾਰਾ, ਹੱਥ ਤ੍ਰਿਸੂਲ ਆਪ ਉਠਾਈਆ । ਆਪੇ ਚਿੱਲੇ ਤੀਰ ਕਮਾਨ ਖਿਚੇ ਆਪਣੀ ਵਾਰਾ, ਜੋਧਾ ਸੂਰਬੀਰ ਬਲੀ ਬਲਵਾਨ ਆਪਣਾ ਨਾਉਂ ਰਖਾਈਆ । ਆਪੇ ਸਤਿਜੁਗ ਤ੍ਰੇਤਾ ਕਰਿਆ ਪਾਰ ਕਿਨਾਰਾ, ਆਪੇ ਦੁਆਪਰ ਫੇਰਾ ਪਾਈਆ । ਆਪੇ ਸਖ਼ੀਆਂ ਮੰਗਲਾਚਾਰਾ, ਆਪੇ ਮੰਡਲ ਰਾਸ ਰਚਾਈਆ । ਆਪੇ ਬੰਸਰੀ ਨਾਦ ਧੁਨ ਸੱਚੀ ਧੁਨਕਾਰਾ, ਧੁਨ ਆਤਮਕ ਆਪ ਸੁਣਾਈਆ । ਆਪੇ ਭਗਤ ਭਗਵੰਤ ਦਏ ਸਹਾਰਾ, ਭਗਵਨ ਆਪਣੀ ਕਲ ਵਰਤਾਈਆ । ਕਲਜੁਗ ਵੇਖੇ ਹੋ ਉਜਿਆਰਾ, ਨਿਰਗੁਣ ਸਰਗੁਣ ਮੇਲ ਮਿਲਾਈਆ । ਆਪੇ ਲੇਖਾ ਜਾਣੇ ਈਸਾ ਮੂਸਾ ਸੰਗ ਮੁਹੰਮਦ ਚਾਰ ਯਾਰਾ, ਆਪੇ ਅੱਲਾ ਰਾਣੀ ਪਰਦਾ ਦਏ ਉਠਾਈਆ । ਆਪੇ ਹੋਏ ਬੇਐਬ ਪਰਵਰਦਿਗਾਰਾ, ਜਲਵਾ ਨੂਰ ਨੂਰ ਇਲਾਹੀਆ । ਆਪੇ ਵਸੇ ਮੁਕਾਮੇ ਹੱਕ ਠਾਂਡੇ ਦਰਬਾਰਾ, ਐਨਲਹੱਕ

ਆਪਣਾ ਨਾਉਂ ਧਰਾਈਆ । ਆਪੇ ਤੀਸ ਬਤੀਸਾ ਬੋਲ ਜੈਕਾਰਾ, ਆਪਣਾ ਕਲਮਾ ਦਏ ਸੁਣਾਈਆ । ਆਪੇ ਨਿਰਗੁਣ ਨਿਰਗੁਣ ਕਰ ਪਿਆਰਾ, ਸਰਗੁਣ ਮੇਲਾ ਸਹਿਜ ਸੁਭਾਈਆ । ਪੁਰਖ ਅਬਿਨਾਸ਼ੀ ਖੇਲ ਨਿਆਰਾ, ਕਲਜੁਗ ਕਲ ਵੇਖ ਵਖਾਈਆ । ਨਾਨਕ ਨਾਮ ਕਰ ਉਜਿਆਰਾ, ਸਤਿਨਾਮ ਕਰੇ ਪੜ੍ਹਾਈਆ । ਏਕਾ ਅੱਖਰ ਏਕਾ ਧਾਰਾ, ਏਕਾ ਵਸਤ ਦਏ ਵਰਤਾਈਆ । ਚਾਰ ਵਰਨ ਕਰੇ ਪਿਆਰਾ, ਊਚਾਂ ਨੀਚਾਂ ਰਾਓ ਰੰਕਾਂ ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਏਕਾ ਰੰਗ ਰੰਗਾਈਆ । ਏਕਾ ਜੋਤੀ ਦਸ ਅਵਤਾਰਾ, ਪੁਰਖ ਅਕਾਲ ਵੇਖ ਵਖਾਈਆ । ਏਕਾ ਸ਼ਬਦ ਸੁਤ ਦੁਲਾਰਾ, ਗੋਬਿੰਦ ਨਾਉਂ ਧਰਾਈਆ । ਏਕਾ ਨਾਦ ਧੁਨ ਜੈਕਾਰਾ, ਪੰਚਮ ਸ਼ਬਦ ਦਏ ਵਡਿਆਈਆ । ਪੰਚਮ ਚੁੱਕੇ ਮੋਹ ਵਿਕਾਰਾ, ਪੰਚਮ ਤੱਤ ਰਹਿਣ ਨਾ ਪਾਈਆ । ਪੰਚਮ ਮੇਲਾ ਵਿਚ ਸੰਸਾਰਾ, ਪੰਚ ਪਿਆਰੇ ਲਏ ਜਗਾਈਆ । ਪੰਚਮ ਦੇਵੇ ਅੰਮ੍ਰਿਤ ਠੰਡੀ ਠਾਰਾ, ਸਾਚਾ ਰਸ ਆਪ ਪਿਆਈਆ । ਪੰਚਮ ਬਣੇ ਦਰ ਭਿਖਾਰਾ, ਅੱਗੇ ਨਿਉਂ ਨਿਉਂ ਸੀਸ ਝੁਕਾਈਆ । ਪੰਚਮ ਛੋੜ ਸਰਬ ਸੰਸਾਰਾ, ਸੀਸ ਤਾਜ ਗਿਆ ਗਵਾਈਆ । ਮਿਲੇ ਮੇਲ ਇਕ ਨਿਰੰਕਾਰਾ, ਸੱਥਰ ਯਾਰ ਇਕ ਹੰਢਾਈਆ । ਉਚੀ ਕੂਕੇ ਕਰੇ ਪੁਕਾਰਾ, ਲੱਖ ਚੁਰਾਸੀ ਭੇਵ ਅਭੇਵ ਸਮਝਾਈਆ । ਵਿਸ਼ਨ ਬ੍ਰਹਮਾ ਸ਼ਿਵ ਤੇਰੀ ਪਾਏ ਸਾਰਾ, ਕੋਟਨ ਕੋਟ ਜੁਗ ਬੀਤੇ ਕਾਲ, ਪੁਰਖ ਅਬਿਨਾਸ਼ੀ ਵੇਖੇ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੀਸ ਜਗਦੀਸ਼ ਆਪਣਾ ਹੱਥ ਟਿਕਾਈਆ । ਵਿਸ਼ਨ ਬ੍ਰਹਮਾ ਸ਼ਿਵ ਹਰਿ ਜਣਾਇਆ, ਭੇਵ ਅਭੇਦ ਖੁਲ੍ਹਾਇੰਦਾ । ਨਵ ਨੌਂ ਚਾਰ ਤੇਰਾ ਪੰਧ ਦਏ ਮੁਕਾਇਆ, ਚਾਰ ਵੇਦ ਵੇਖ ਵਖਾਇੰਦਾ । ਚਾਰ ਜੁਗ ਚੌਕੜੀ ਇਕ ਬਣਾਇਆ, ਜੁਗ ਗੇੜਾ ਆਪ ਗੜਾਇੰਦਾ । ਸ਼ਾਸਤਰ ਸਿਮਰਤ ਵਿਚ ਟਿਕਾਇਆ, ਪੁਰਾਨ ਅਠਾਰਾਂ ਰੰਗ ਰੰਗਾਇੰਦਾ । ਗੀਤਾ ਗਿਆਨ ਦਏ ਸਮਝਾਇਆ, ਅੰਜੀਲ ਕੁਰਾਨਾ ਆਪ ਸੁਣਾਇੰਦਾ । ਖਾਣੀ ਬਾਣੀ ਭੇਵ ਖੁਲ੍ਹਾਇਆ, ਧੁਰ ਦੀ ਬਾਣੀ ਬਾਣ ਲਗਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਅੰਤਮ ਦਏ ਮਿਟਾਇਆ, ਥਿਰ ਕੋਇ ਰਹਿਣ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਆਪ ਉਠਾਇੰਦਾ । ਹਰਿ ਪਰਦਾ ਆਪ ਉਠਾਵਣਾ, ਕਲਜੁਗ ਤੇਰੀ ਅੰਤਮ ਵਾਰ । ਵਿਸ਼ਨੂੰ ਵੰਸੀ ਆਪ ਜਗਾਵਣਾ, ਦੇਵੇ ਸ਼ਬਦ ਹੁਲਾਰ । ਬ੍ਰਹਮਾ ਸੋਇਆ ਰਹਿਣ ਨਾ ਪਾਵਣਾ, ਆਲਸ ਨਿੰਦਰਾ ਕਰੇ ਬਾਹਰ । ਭੋਲਾ ਨਾਥ ਆਪ ਹਿਲਾਵਣਾ, ਤਨ ਬਭੂਤੀ ਵੇਖੇ ਸ਼ਿੰਗਾਰ । ਕਰੋੜ ਤਤੀਸਾ ਪਕੜ ਜਗਾਵਣਾ, ਸੁਰਪਤ ਰਾਜਾ ਇੰਦ ਕਰੇ ਖ਼ਵਾਰ । ਗਣ ਗੰਧਰਬ ਵਕਤ ਚੁਕਾਵਣਾ, ਕਿਨਰ ਜੱਛਪ ਨਾ ਦਿਸੇ ਕੋਇ ਨਚਾਰ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਤੇਰਾ ਪੰਧ ਮੁਕਾਵਣਾ, ਪੁਰਖ ਅਬਿਨਾਸ਼ੀ ਹੋ ਤਿਆਰ । ਕੋਟਨ ਕੋਟ ਰਾਮ ਕ੍ਰਿਸ਼ਨ ਆਪਣੇ ਦਰ ਵਖਾਵਣਾ, ਜੁਗ ਜੁਗ ਲੈਣ ਮਾਤ ਅਵਤਾਰ । ਕੋਟਨ ਕੋਟ ਈਸਾ ਮੂਸਾ ਮੁਹੰਮਦ ਅੱਧ ਵਿਚਕਾਰ ਰਖਾਵਣਾ, ਰਾਹ ਤੱਕਣ ਮੀਤ ਮੁਰਾਰ । ਨਿਉਂ ਨਿਉਂ ਸਯਦਾ ਸਰਬ ਕਰਾਵਣਾ, ਨਾਨਕ ਮਿਲਿਆ ਹਰਿ ਕਰਤਾਰ । ਸੱਚਖੰਡ ਦੁਆਰਾ ਇਕ ਸੁਹਾਵਣਾ, ਕਬੀਰਾ ਕੂਕੇ ਕਰੇ ਪੁਕਾਰ । ਸ੍ਰਿਸ਼ਟ ਸਬਾਈ ਏਕਾ ਤੱਤ ਜਣਾਵਣਾ, ਪੁਰਖ ਅਬਿਨਾਸ਼ੀ ਸਾਂਝਾ ਯਾਰ । ਆਦਿ ਜੁਗਾਦਿ ਜੁਗਾ ਜੁਗੰਤਰ ਸਾਚਾ ਕੰਤ ਹੰਢਾਵਣਾ, ਮਰੇ ਨਾ ਜੰਮੇ ਵਿਚ ਸੰਸਾਰ । ਆਵੇ ਜਾਵੇ ਧਾਰੇ ਭੇਖ ਜਿਉਂ ਬਲ ਬਾਵਣਾ, ਆਪੇ ਜਾਣੇ ਆਪਣੀ ਕਾਰ । ਆਪੇ ਦੁਸ਼ਟ ਸਿੰਘਾਰੇ ਮਾਰੇ ਰਾਮਾ ਰਾਵਣਾ, ਆਪਣਾ ਰੂਪ ਕਰੇ ਕਰਤਾਰ । ਕਾਹਨਾ ਕ੍ਰਿਸ਼ਨਾ ਦੁਆਪਰ ਤੇਰੀ ਅੰਤਮ ਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਵਿਸ਼ਨ ਬ੍ਰਹਮਾ ਸ਼ਿਵ ਤੇਰੀ ਪਾਏ ਸਾਰ । ਹਰਿ ਜੁਗ ਜੁਗ ਸਾਰ ਸਮਾਲਦਾ, ਨਿਰਗੁਣ ਦਾਤਾ ਬੇਪਰਵਾਹ । ਸਤਿਜੁਗ ਤ੍ਰੇਤਾ ਦੁਆਪਰ ਮਾਤ ਉਠਾਲਦਾ, ਕਲਜੁਗ ਦੇਵੇ ਜਗਤ ਵਸਾ । ਅੰਤਮ ਖੇਲ ਕਰੇ ਕਾਲ ਮਹਾਕਾਲ ਦਾ, ਦੀਨ ਦਿਆਲ ਭੇਵ ਨਾ ਰਾ । ਨਾਤਾ ਤੋੜੇ ਤ੍ਰੈਗੁਣ ਮਾਇਆ ਜਗਤ ਜੰਜਾਲ ਦਾ, ਪੰਜ ਤੱਤ ਵੇਖੇ ਥਾਉਂ ਥਾਂ । ਗੁਰਮੁਖ ਗੁਰਸਿਖ ਸੱਜਣ ਆਪੇ ਭਾਲਦਾ, ਨਿਰਗੁਣ ਸਰਗੁਣ ਲਏ ਮਿਲਾ । ਨਾਤਾ ਤੋੜੇ ਸ਼ਾਹ ਕੰਗਾਲ ਦਾ, ਸ਼ਹਿਨਸ਼ਾਹ ਸੱਚਾ ਪਾਤਸ਼ਾਹ । ਫਲ ਵੇਖੇ ਪੱਤ ਡਾਲ ਦਾ, ਨੌਂ ਖੰਡ ਪ੍ਰਿਥਮੀ ਫੇਰਾ ਪਾ । ਸੱਤਾਂ ਦੀਪਾਂ ਵੇਖ ਵਖਾਣ ਦਾ, ਲੋਆਂ ਪੁਰੀਆਂ ਚਰਨ ਟਿਕਾ । ਬ੍ਰਹਿਮੰਡ ਖੰਡ ਆਪੇ ਜਾਣਦਾ, ਜੇਰਜ ਅੰਡਾਂ ਰਿਹਾ ਸਮਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮਾ ਸ਼ਿਵ ਦਿਤਾ ਵਰ, ਕਲਜੁਗ ਅੰਤਮ ਮੇਲਾ ਲਏ ਮਿਲਾ । ਕਲਜੁਗ ਅੰਤਮ ਮੇਲ ਮਿਲਾਵਣਾ, ਕੂੜੀ ਕਿਰਿਆ ਦਏ ਨਿਵਾਰ । ਚੌਥੇ ਜੁਗ ਮੁਖ ਛੁਪਾਵਣਾ, ਵੇਦ ਅਥਰਬਣ ਆਏ ਹਾਰ । ਚਾਰ ਯਾਰੀ ਰਹਿਣ ਨਾ ਪਾਵਣਾ, ਚਾਰੋਂ ਕੁੰਟ ਧੁਆਂਧਾਰ । ਸ਼ਾਹ ਸੁਲਤਾਨਾਂ ਖ਼ਾਕ ਮਿਲਾਵਣਾ, ਰਾਜ ਰਾਜਾਨਾਂ ਕਰੇ ਖ਼ਵਾਰ । ਜੀਵਾਂ ਜੰਤਾਂ ਭਰਮ ਮਿਟਾਵਣਾ, ਤੋੜੇ ਗੜ੍ਹ ਜਗਤ ਹੰਕਾਰ । ਏਕਾ ਡੰਕਾ ਨਾਮ ਵਜਾਵਣਾ, ਸ੍ਰਿਸ਼ਟ ਸਬਾਈ ਕਰੇ ਖ਼ਬਰਦਾਰ । ਰਾਓ ਰੰਕਾਂ ਆਪ ਸਮਝਾਵਣਾ, ਨਿਰਗੁਣ ਸਰਗੁਣ ਕਰ ਪਿਆਰ । ਸਾਚਾ ਮਾਰਗ ਇਕ ਵਖਾਵਣਾ, ਆਤਮ ਬ੍ਰਹਮ ਦਏ ਆਧਾਰ । ਸੋ ਪੁਰਖ ਨਿਰੰਜਣ ਘਟ ਘਟ ਨਜ਼ਰੀ ਆਵਣਾ, ਜ਼ਾਤ ਪਾਤ ਦੀਨ ਮਜ਼੍ਹਬ ਨਾ ਕੋਇ ਧਾਰ । ਵਿਸ਼ਨੂੰ ਤੇਰੀ ਸਾਚੀ ਸੇਵ ਵਖਾਵਣਾ, ਵਿਸ਼ਵ ਰੂਪ ਵਰਤੇ ਵਿਚ ਸੰਸਾਰ । ਬ੍ਰਹਮੇ ਤੇਰਾ ਬ੍ਰਹਮ ਨਾਦ ਵਜਾਵਣਾ, ਹੰ ਕਰੇ ਖ਼ਬਰਦਾਰ । ਸ਼ੰਕਰ ਤੇਰਾ ਸੰਗ ਰਖਾਵਣਾ, ਤਿੰਨਾ ਲੋਕਾਂ ਕਰੇ ਖ਼ਬਰਦਾਰ । ਤ੍ਰਿਲੋਕੀ ਆਪਣੇ ਚਰਨਾਂ ਹੇਠ ਦਬਾਵਣਾ, ਚੌਦਾਂ ਲੋਕਾਂ ਨੇਤਰ ਦਏ ਉਘਾੜ । ਚੌਦਾਂ ਤਬਕਾਂ ਪੰਧ ਮੁਕਾਵਣਾ, ਪਰਗਟ ਹੋ ਆਪ ਨਿਰੰਕਾਰ । ਕਲਜੁਗ ਅੰਤਮ ਵੇਸ ਵਟਾਵਣਾ, ਜੋਤੀ ਜਾਮਾ ਅਪਰ ਅਪਾਰ । ਵੇਦ ਵਿਆਸਾ ਲਿਖਿਆ ਪੂਰ ਕਰਾਵਣਾ, ਪੂਤ ਸਪੂਤਾ ਬ੍ਰਹਿਮਣ ਗੌੜਾ ਉਚੇ ਟਿੱਲੇ ਪਰਬਤ ਜੋਤੀ ਨੂਰ ਕਰੇ ਉਜਿਆਰ । ਨਾਨਕ ਲੇਖਾ ਇਕ ਸਮਝਾਵਣਾ, ਮਹਾਬਲੀ ਉਤਰੇ ਅਗੰਮ ਅਪਾਰ । ਗੋਬਿੰਦ ਖੇਲ ਆਪ ਖਿਲਾਵਣਾ, ਕਲਜੁਗ ਤੇਰੀ ਅੰਤਮ ਵਾਰ । ਨਿਹਕਲੰਕ ਨਾਉਂ ਰਖਾਵਣਾ, ਜੋਤੀ ਜਾਤਾ ਆਪ ਕਰਤਾਰ । ਮਾਤ ਪਿਤ ਨਾ ਕੋਇ ਬਣਾਵਣਾ, ਭਾਈ ਭੈਣ ਸਾਕ ਸੱਜਣ ਨਾ ਵਿਚ ਸੰਸਾਰ । ਸਾਚਾ ਹੁਕਮ ਆਪ ਸੁਣਾਵਣਾ, ਦੋ ਜਹਾਨਾਂ ਦਏ ਆਧਾਰ । ਕਲਜੁਗ ਅੰਤਮ ਮੇਟ ਮਿਟਾਵਣਾ, ਕੂੜੀ ਕਿਰਿਆ ਦਏ ਨਿਵਾਰ । ਸਤਿਜੁਗ ਸਾਚਾ ਮਾਰਗ ਲਾਵਣਾ, ਸਤਿ ਸਤਿਵਾਦੀ ਚਲੇ ਕਾਰ । ਸ੍ਰਿਸ਼ਟ ਸਬਾਈ ਏਕਾ ਰੰਗ ਰੰਗਾਵਣਾ, ਏਕਾ ਮੰਦਰ ਏਕਾ ਗੁਰੂਦੁਆਰ । ਏਕਾ ਮਸਜਿਦ ਮਠ ਸ਼ਿਵਦੁਆਲਾ ਵਖਾਵਣਾ, ਏਕਾ ਇਸ਼ਟ ਹੋਏ ਸੰਸਾਰ । ਏਕਾ ਭੂਪ ਹਰਿ ਉਪਜਾਵਣਾ, ਰਾਜ ਰਾਜਾਨਾ ਨਿਰਾਕਾਰ । ਚਾਰੇ ਕੂਟ ਵੇਖ ਵਖਾਵਣਾ, ਦਹਿ ਦਿਸ਼ਾ ਪਾਏ ਸਾਰ । ਸ਼ੰਕਰ ਤੇਰਾ ਵਕਤ ਚੁਕਾਵਣਾ, ਅੰਤਮ ਦੇਵੇ ਇਕ ਹੁਲਾਰ । ਸੁਰਪਤ ਰਾਜਾ ਇੰਦ ਤਖ਼ਤੋਂ ਲਾਹਵਣਾ, ਸ਼ਬਦ ਅਗੰਮੀ ਮਾਰੇ ਮਾਰ । ਬ੍ਰਹਮਾ ਪਾਰਬ੍ਰਹਮ ਜੋਤ ਮਿਲਾਵਣਾ, ਜੋਤ ਮਿਲਾਏ ਆਪ ਕਰਤਾਰ । ਵਿਸ਼ਨੂੰ ਵਿਸ਼ਵ ਰੰਗ ਵਖਾਵਣਾ, ਆਦਿ ਜੁਗਾਦੀ ਸਾਚੀ ਕਾਰ । ਸੋ ਪੁਰਖ ਨਿਰੰਜਣ ਆਪਣਾ ਧਾਮ ਸੁਹਾਵਣਾ, ਧੁਰ ਧਾਮ ਸੱਚੀ ਸਰਕਾਰ । ਹਰਿ ਪੁਰਖ ਨਿਰੰਜਣ ਵੇਸ ਵਟਾਵਣਾ, ਵੇਸ ਅਵੱਲਾ ਕਰੇ ਆਪ ਕਰਤਾਰ । ਏਕੰਕਾਰਾ ਸੰਗ ਰਖਾਵਣਾ, ਸਗਲਾ ਸਾਥੀ ਮੀਤ ਮੁਰਾਰ । ਆਦਿ ਜੁਗਾਦੀ ਆਦਿ ਨਿਰੰਜਣ ਡਗਮਗਾਵਣਾ, ਨੂਰੋ ਨੂਰ

ਹੋਏ ਉਜਿਆਰ । ਅਬਿਨਾਸ਼ੀ ਕਰਤਾ ਸਾਚਾ ਤਖ਼ਤ ਸੁਹਾਵਣਾ, ਤਖ਼ਤ ਨਿਵਾਸੀ ਹੋ ਤਿਆਰ । ਸ੍ਰੀ ਭਗਵਾਨ ਸਾਚਾ ਤਾਜ ਸੀਸ ਟਿਕਾਵਣਾ, ਪੰਚਮ ਮੁਖ ਦਏ ਆਧਾਰ । ਪਾਰਬ੍ਰਹਮ ਪ੍ਰਭ ਆਪਣਾ ਗੀਤ ਆਪੇ ਗਾਵਣਾ, ਆਪੇ ਹੋਏ ਗਾਵਣਹਾਰ । ਥਿਰ ਘਰ ਸਾਚਾ ਆਪ ਸੁਹਾਵਣਾ, ਨਿਰਗੁਣ ਦੀਆ ਬਾਤੀ ਕਰ ਉਜਿਆਰ । ਕਮਲਾਪਾਤੀ ਸੋਭਾ ਪਾਵਣਾ, ਸੋਭਾਵੰਤ ਏਕੰਕਾਰ । ਕਲਕਾਤੀ ਮੇਟ ਮਿਟਾਵਣਾ, ਖੰਡਾ ਫੜ ਸ਼ਬਦ ਦੋ ਧਾਰ । ਲਹਿਣਾ ਦੇਣਾ ਬਾਕੀ ਸਰਬ ਚੁਕਾਵਣਾ, ਲੇਖਾ ਰਹੇ ਨਾ ਵਿਚ ਸੰਸਾਰ । ਗੁਰਮੁਖ ਵਿਰਲਾ ਔਖੀ ਘਾਟੀ ਆਪ ਚੜ੍ਹਾਵਣਾ, ਡੂੰਘੇ ਸਾਗਰ ਵਿਚੋਂ ਕੱਢੇ ਬਾਹਰ । ਆਤਮ ਤਾਕੀ ਆਪ ਖੁਲ੍ਹਾਵਣਾ, ਦੂਈ ਦਵੈਤੀ ਪਰਦਾ ਦਏ ਉਤਾਰ । ਸਾਚਾ ਸਾਕੀ ਬਣ ਬਣ ਜਾਮ ਪਿਆਵਣਾ, ਅੰਮ੍ਰਿਤ ਆਤਮ ਠੰਡਾ ਠਾਰ । ਸਾਚੇ ਰਾਕੀ ਆਪ ਚੜ੍ਹਾਵਣਾ, ਸ਼ਬਦ ਅਗੰਮਾ ਕਰ ਤਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਜੁਗ ਚੌਕੜੀ ਕਰੇ ਖ਼ਵਾਰ । ਜੁਗ ਜੁਗ ਪਾਰ ਉਤਾਰਿਆ, ਸਤਿਜੁਗ ਤ੍ਰੇਤਾ ਦੁਆਪਰ ਧਾਰ । ਕਲਜੁਗ ਅੰਤਮ ਵੇਸ ਵਟਾ ਲਿਆ, ਨਿਹਕਲੰਕ ਲੈ ਅਵਤਾਰ । ਸੰਬਲ ਨਗਰੀ ਧਾਮ ਸੁਹਾ ਲਿਆ, ਸਾਢੇ ਤਿੰਨ ਹੱਥ ਬੰਕ ਦੁਆਰ । ਸ਼ਬਦ ਸੂਰਾ ਆਸਣ ਲਾ ਰਿਹਾ, ਜੋਧਾ ਸੂਰਬੀਰ ਬਲਕਾਰ । ਚਾਰੇ ਕੁੰਟਾਂ ਵੇਖ ਵਖਾ ਰਿਹਾ, ਦਹਿ ਦਿਸ਼ਾ ਦਏ ਹੁਲਾਰ । ਬ੍ਰਹਮਾ ਵਿਸ਼ਨ ਸ਼ਿਵ ਉਠ ਉਠ ਰਾਹ ਤਕਾ ਰਿਹਾ, ਨੇਤਰ ਲੋਚਣ ਨੈਣ ਉਘਾੜ । ਕਵਣ ਕੂਟੇ ਹਰਿ ਹਰਿ ਡਗਮਗਾ ਰਿਹਾ, ਸ਼ਬਦ ਬੋਲੇ ਸਚ ਜੈਕਾਰ । ਸੋ ਪੁਰਖ ਨਿਰੰਜਣ ਆਪਣਾ ਨਾਉਂ ਪਰਗਟਾ ਲਿਆ, ਹੰ ਬ੍ਰਹਮ ਕਰੇ ਖ਼ਬਰਦਾਰ । ਏਕਾ ਦੂਜਾ ਭੌ ਚੁਕਾ ਲਿਆ, ਤੀਜਾ ਨੈਣ ਦਏ ਉਘਾੜ । ਚੌਥੇ ਪਦ ਆਪਣਾ ਆਸਣ ਲਾ ਲਿਆ, ਪੰਚਮ ਮੇਲਾ ਸਾਚੇ ਯਾਰ । ਛੇਵੇਂ ਛੱਪਰ ਛੰਨ ਨਾ ਕੋਇ ਛੁਹਾ ਲਿਆ, ਸੱਤਵੇਂ ਸਤਿ ਸਤਿਵਾਦੀ ਸਾਚੀ ਕਾਰ । ਅੱਠਵੇਂ ਅੱਠਾਂ ਤੱਤਾਂ ਪੰਧ ਮੁਕਾ ਲਿਆ, ਨਾਤਾ ਤੋੜੇ ਨੌਂ ਦੁਆਰ । ਗੁਰਮੁਖ ਦਸਮ ਦੁਆਰੀ ਮੇਲ ਮਿਲਾ ਲਿਆ, ਸੁਰਤੀ ਸ਼ਬਦ ਕਰ ਪਿਆਰ । ਸਾਚੀ ਸੇਜਾ ਆਪ ਸੁਹਾ ਲਿਆ, ਬ੍ਰਹਮ ਪਾਰਬ੍ਰਹਮ ਪਾਏ ਸਾਰ । ਘਰ ਗੀਤ ਗੋਬਿੰਦ ਅਲਾ ਲਿਆ, ਅਨਹਦ ਧੁਨ ਸੱਚੀ ਧੁਨਕਾਰ । ਕਲਜੁਗ ਜੀਵਾਂ ਨਜ਼ਰ ਕਿਸੇ ਨਾ ਆ ਰਿਹਾ, ਗ੍ਰਿਹਿ ਬੈਠਾ ਮੀਤ ਮੁਰਾਰ । ਮਾਇਆ ਮਮਤਾ ਹਉਮੇ ਹੰਗਤਾ ਜੂਠ ਝੂਠ ਪਰਦਾ ਪਾ ਲਿਆ, ਕਾਮ ਕਰੋਧ ਹੰਕਾਰ ਤਨ ਸ਼ੰਗਾਰ । ਗੁਰ ਕਾ ਸ਼ਬਦ ਹਿਰਦੇ ਨਾ ਕਿਸੇ ਵਸਾ ਲਿਆ, ਪੜ੍ਹ ਪੜ੍ਹ ਥੱਕੇ ਮੁਗਧ ਗਵਾਰ । ਕਾਗ ਹੰਸ ਨਾ ਰੂਪ ਵਟਾ ਲਿਆ, ਅੰਤਮ ਰਲਿਆ ਕਾਗਾਂ ਡਾਰ । ਜਨਮ ਜਨਮ ਦਾ ਦਾਗ਼ ਨਾ ਮਾਤ ਧਵਾ ਲਿਆ, ਅੰਮ੍ਰਿਤ ਮਿਲਿਆ ਨਾ ਠੰਡਾ ਠਾਰ । ਹਰਿ ਕੰਤ ਨਾ ਕਿਸੇ ਹੰਢਾ ਲਿਆ, ਲੱਖ ਚੁਰਾਸੀ ਦੁਹਾਗਣ ਨਾਰ । ਕਲਜੁਗ ਆਪਣਾ ਵੇਸ ਵਟਾ ਲਿਆ, ਕਾਲਾ ਸੂਸਾ ਤਨ ਸ਼ੰਗਾਰ । ਘਰ ਘਰ ਆਪਣਾ ਨਾਚ ਨਚਾ ਲਿਆ, ਨਟੂਆ ਨਟ ਖੇਲ ਕਰੇ ਅਪਾਰ । ਸਤਿਗੁਰ ਪੂਰੇ ਗੁਰਮੁਖ ਵਿਰਲਾ ਆਪ ਬਚਾ ਲਿਆ, ਜਿਸ ਸਿਰ ਹੱਥ ਧਰੇ ਕਰਤਾਰ । ਕੱਖੋਂ ਲੱਖ ਆਪ ਬਣਾ ਲਿਆ, ਕਰਤਾ ਕੀਮਤ ਪਾਏ ਆਪ ਨਿਰੰਕਾਰ । ਕਲਜੁਗ ਜੀਵ ਕੌਡੀ ਕੌਡੀ ਹੱਟ ਵਿਕਾ ਲਿਆ, ਮਾਣਸ ਜਨਮ ਜੂਏ ਗਏ ਹਾਰ । ਨੇਤਰ ਲੋਚਣ ਨੈਣ ਦਰਸ ਕਿਸੇ ਨਾ ਪਾ ਲਿਆ, ਕੋਟਨ ਕੋਟ ਕੋਟੀ ਰੋਵਣ ਜ਼ਾਰੋ ਜ਼ਾਰ । ਸੁਰਤ ਸੁਵਾਣੀ ਸੋਤੀ ਨਾ ਕੋਈ ਉਠਾ ਰਿਹਾ, ਸ਼ਬਦ ਪ੍ਰੀਤਮ ਕਰੇ ਪਿਆਰ । ਵਰਨ ਗੋਤੀ ਭਰਮ ਭੁਲਾ ਲਿਆ, ਆਤਮ ਬ੍ਰਹਮ ਨਾ ਪਾਵੇ ਕੋਇ ਸਾਰ । ਵਾਸ਼ਨਾ ਖੋਟੀ ਸਰਬ ਕਰਾ ਰਿਹਾ, ਕਲਜੁਗ ਹੋਇਆ ਪਹਿਰੇਦਾਰ ।

ਗੁਰਮੁਖ ਵਿਰਲੇ ਚੋਟੀ ਆਪ ਚੜ੍ਹਾ ਰਿਹਾ, ਕਿਰਪਾ ਕਰ ਸੱਚੀ ਸਰਕਾਰ । ਨਿਰਗੁਣ ਜੋਤੀ ਜੋਤ ਜਗਾ ਲਿਆ, ਜਾਗਰਤ ਜੋਤ ਕਰ ਉਜਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਕਰੇ ਖੇਲ ਸਾਚਾ ਹਰਿ, ਵਿਸ਼ਨ ਬ੍ਰਹਮਾ ਸ਼ਿਵ ਫੜਾਏ ਆਪਣਾ ਲੜ, ਆਪਣਾ ਪੱਲੂ ਆਪ ਵਖਾ ਰਿਹਾ । ਵਿਸ਼ਨ ਬ੍ਰਹਮਾ ਸ਼ਿਵ ਲੜ ਫੜੌਣਾ, ਕਲਜੁਗ ਵੇਲਾ ਅੰਤਮ ਆਇਆ । ਜੁਗ ਚੌਕੜੀ ਲੇਖਾ ਆਪ ਮੁਕੌਣਾ, ਪਾਂਧੀ ਪੰਧ ਮੁਕਾਵਣ ਆਪਣਾ ਫੇਰਾ ਪਾਇਆ । ਗੁਰਮੁਖ ਵਿਰਲਾ ਸੰਗ ਮਿਲੌਣਾ, ਜੁਗ ਜੁਗ ਵਿਛੜੇ ਲਏ ਮਿਲਾਇਆ । ਸਤਿਜੁਗ ਤ੍ਰੇਤਾ ਦੁਆਪਰ ਟੁੱਟੀ ਗੰਢ ਅੰਤਮ ਗੰਢ ਵਖੌਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਬ੍ਰਹਮਾ ਵਿਸ਼ਨ ਸ਼ਿਵ ਕਿਰਪਾ ਦੇਵੇ ਕਰ, ਸਿਰ ਆਪਣਾ ਹੱਥ ਟਿਕੌਣਾ । ਵਿਸ਼ਨ ਬ੍ਰਹਮਾ ਸ਼ਿਵ ਬਾਲਾ, ਪੁਰਖ ਅਬਿਨਾਸ਼ੀ ਆਪ ਉਠਾਈਆ । ਏਕਾ ਦੇਵੇ ਧੁਰ ਫ਼ਰਮਾਨਾ, ਧੁਰ ਦੀ ਬਾਣੀ ਬਾਣ ਸ਼ਬਦ ਜਣਾਈਆ । ਵਿਸ਼ਨੂੰ ਤੇਰਾ ਚੁਕਿਆ ਪੀਣਾ ਖਾਣਾ, ਆਪਣਾ ਭੰਡਾਰਾ ਆਪਣੇ ਵਿਚ ਟਿਕਾਈਆ । ਬ੍ਰਹਮੇ ਬ੍ਰਹਮ ਲੱਖ ਚੁਰਾਸੀ ਬੰਨ੍ਹਿਆ ਗਾਨਾ, ਲੋਕਮਾਤ ਵੇਖ ਵਖਾਈਆ । ਸ਼ੰਕਰ ਜੋ ਘੜਿਆ ਸੋ ਭੰਨ ਵਖਾਣਾ, ਭੁਲ ਕਦੇ ਨਾ ਜਾਈਆ । ਤਖ਼ਤ ਬੈਠਾ ਏਕਾ ਤਖ਼ਤ ਨਿਵਾਸੀ ਰਾਣਾ, ਦੋ ਜਹਾਨਾਂ ਰਈਯਤ ਵੇਖ ਵਖਾਈਆ । ਆਪੇ ਵਰਤੇ ਆਪਣਾ ਭਾਣਾ, ਆਪਣੇ ਭਾਣੇ ਸਦ ਸਮਾਈਆ । ਗੁਰਸਿਖਾਂ ਦੇਵੇ ਨਾਮ ਨਿਧਾਨਾ, ਅੰਮ੍ਰਿਤ ਅਮਿਉਂ ਰਸ ਜਾਮ ਪਿਆਈਆ । ਆਵਣ ਜਾਵਣ ਚੁੱਕੇ ਕਾਨਾ, ਰਾਏ ਧਰਮ ਨਾ ਦਏ ਸਜ਼ਾਈਆ । ਲੱਖ ਚੁਰਾਸੀ ਫੰਦ ਕਟਾਣਾ, ਮਾਤ ਗਰਭ ਨਾ ਫੇਰਾ ਪਾਈਆ । ਅੰਤਮ ਜੋਤੀ ਜੋਤ ਮਿਲਾਣਾ, ਮਿਲਿਆ ਮੇਲ ਵਿਛੜ ਨਾ ਜਾਈਆ । ਗੁਰਸਿਖ ਰੰਗ ਰੰਗਾਏ ਸ੍ਰੀ ਭਗਵਾਨਾ, ਰੰਗ ਮਜੀਠੀ ਇਕ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਆਦਿ ਜੁਗਾਦੀ ਏਕਾ ਹਰਿ, ਜੁਗਾ ਜੁਗੰਤਰ ਖੇਲ ਰਿਹਾ ਕਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਅੰਤਮ ਆਪਣੀ ਕਾਰ ਆਪ ਕਮਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੀਵਣ ਦਾਤਾ ਦੇਵੇ ਜੀਆ ਦਾਨ, ਜਗਤ ਜੁਗਤ ਜੋਗ ਆਪਣੇ ਹੱਥ ਰਖਾਈਆ ।



੧੦੭

ਹਰਿ ਸੰਗਤ ਸੁਣਨਾ ਕੰਨ ਲਾ, ਏਕਾ ਏਕ ਏਕ ਜਣਾਈਆ । ਗੁਰ ਸ਼ਬਦ ਬਣੌਣਾ ਜਗਤ ਮਲਾਹ, ਦੂਜਾ ਦਰ ਨਾ ਮੰਗਣ ਜਾਈਆ । ਹਰਿ ਕਾ ਨਾਉਂ ਸਚ ਸਲਾਹ, ਸਿਫ਼ਤ ਸਾਲਾਹੀ ਇਕ ਅਖਵਾਈਆ । ਰਸਨਾ ਗਾਓ ਥਾਂ ਥਾਂ, ਭੁਲ ਕਦੇ ਨਾ ਜਾਈਆ । ਪੁਰਖ ਅਕਾਲ ਲੈਣਾ ਮਨਾ, ਦੂਜਾ ਇਸ਼ਟ ਨਾ ਕੋਈ ਮਨਾਈਆ । ਆਦਿ ਜੁਗਾਦੀ ਬਣੇ ਪਿਤਾ ਮਾਂ, ਗੁਰਸਿਖ ਬਾਲ ਅਵਾਣੇ ਗੋਦ ਉਠਾਈਆ । ਚਾਰ ਵਰਨ ਬਣਨਾ ਭੈਣ ਭਰਾ, ਨੇਤਰ ਨੈਣ ਨਾ ਕੋਈ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਦਏ ਸਮਝਾਈਆ । ਹਰਿ ਸੰਗਤ ਸਤਿ ਕਰੋ ਧਿਆਨ, ਏਕਾ ਸ਼ਬਦ ਜਣਾਇੰਦਾ । ਆਤਮ ਅੰਤਰ ਇਕ ਗਿਆਨ, ਏਕਾ ਏਕ ਰੂਪ ਨਜ਼ਰੀ ਆਇੰਦਾ । ਹਰ ਘਟ ਵਸੇ ਹਰਿ ਭਗਵਾਨ, ਘਟ ਘਟ ਆਪਣੀ ਜੋਤ ਜਗਾਇੰਦਾ । ਊਚਾਂ ਨੀਚਾਂ ਰਾਓ ਰੰਕਾਂ ਦੇਵੇ ਮਾਣ, ਜੋ ਜਨ ਰਸਨਾ ਗਾਇੰਦਾ । ਏਥੇ ਓਥੇ ਹੋਏ ਸਹਾਈ ਆਣ, ਭੁਲ ਕਦੇ ਨਾ ਜਾਇੰਦਾ । ਗੁਰ ਸ਼ਬਦ ਸਦਾ ਬਲਵਾਨ, ਜੁਗ ਜੁਗ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਸਤਿ ਵਡਿਆਇੰਦਾ । ਹਰਿ ਸੰਗਤ ਸਤਿ ਵਿਚਾਰ, ਸਤਿ ਸੰਤੋਖ ਦਏ ਜਣਾਈਆ । ਕਾਮ ਕਰੋਧ ਹੰਕਾਰ ਲੋਭ ਮੋਹ

ਦਏ ਨਿਵਾਰ, ਜੂਠ ਝੂਠ ਰਹਿਣ ਨਾ ਪਾਈਆ । ਸਾਚੇ ਸ਼ਬਦ ਕਰਨਾ ਇਕ ਪਿਆਰ, ਘਰ ਵੱਜਦੀ ਰਹੇ ਵਧਾਈਆ । ਅੱਠੇ ਪਹਿਰ ਰਹੇ ਧੁਨਕਾਰ, ਆਤਮ ਧੁਨ ਸੱਚੀ ਸ਼ਨਵਾਈਆ । ਕਾਇਆ ਮੰਦਰ ਅੰਦਰ ਬੈਠਾ ਮੀਤ ਮੁਰਾਰ, ਅੱਠੇ ਪਹਿਰ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਸਿਖ ਸਮਝਾਈਆ । ਸਾਚੀ ਸਿਖਿਆ ਗੁਰ ਵਿਚਾਰ, ਗੁਰਮੁਖਾਂ ਬੂਝ ਬੁਝਾਇੰਦਾ । ਸ੍ਰਿਸ਼ਟ ਸਬਾਈ ਵੇਖੇ ਸੰਸਾਰ, ਥਿਰ ਕੋਇ ਰਹਿਣ ਨਾ ਪਾਇੰਦਾ । ਏਕਾ ਮਿਲਣਾ ਏਕੰਕਾਰ, ਏਕਾ ਘਰ ਹਰਿ ਸੁਹਾਇੰਦਾ । ਨਾਤਾ ਤੋੜ ਜਗਤ ਵਿਕਾਰ, ਆਤਮ ਧਾਰ ਇਕ ਦਰਸਾਇੰਦਾ । ਰਸਨਾ ਗੌਣਾ ਵਾਰੋ ਵਾਰ, ਰਸਨਾ ਜਿਹਵਾ ਗੁਣ ਇਕ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੰਗਤ ਸਾਚਾ ਤੱਤ ਇਕ ਵਖਾਇੰਦਾ । ਸਾਚਾ ਤੱਤ ਸ਼ਬਦ ਗੁਰ ਗਿਆਨ, ਗਹਿਰ ਗੰਭੀਰ ਵਡੀ ਵਡਿਆਈਆ । ਮੂਰਖ ਮੂੜ ਬਣਾਏ ਚਤੁਰ ਸੁਜਾਨ, ਜੋ ਜਨ ਬੈਠੇ ਧਿਆਨ ਲਗਾਈਆ । ਘਰ ਘਰ ਦਰਸ਼ਨ ਦੇਵੇ ਆਣ, ਦਾਸੀ ਦਾਸ ਸੇਵ ਕਮਾਈਆ । ਭਗਵੰਤ ਭਗਤ ਲਏ ਪਛਾਣ, ਜੁਗਾ ਜੁਗੰਤਰ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰ ਸੰਗਤ ਏਕਾ ਗੁਣ ਜਣਾਈਆ । ਹਰਿ ਸੰਗਤ ਤੇਰੀ ਵਡਿਆਈ ਵਡ, ਹਰਿ ਸਤਿਗੁਰ ਆਪ ਕਰਾਇੰਦਾ । ਕੂੜ ਕੁੜਿਆਰਾ ਵਿਚੋਂ ਦੇਣਾ ਕੱਢ, ਸਚ ਸੁੱਚ ਵਿਚ ਸਮਾਇੰਦਾ । ਆਪਣਾ ਭਾਰ ਆਪੇ ਲੈਣਾ ਲੱਦ, ਦੂਸਰ ਵੰਡ ਨਾ ਕੋਇ ਵੰਡਾਇੰਦਾ । ਆਪ ਸੁਹਾਵਣੀ ਆਪਣੀ ਯਦ, ਸਾਚਾ ਬੰਸ ਆਪ ਵਡਿਆਇੰਦਾ । ਅੰਮ੍ਰਿਤ ਪੀਣਾ ਸਾਚੀ ਮਦਿ, ਸਚ ਖ਼ੁਮਾਰ ਇਕ ਸਮਝਾਇੰਦਾ । ਧਰਮ ਨਿਸ਼ਾਨਾ ਆਤਮ ਅੰਤਰ ਲੈਣਾ ਗੱਡ, ਸਤਿ ਧਰਮ ਇਕ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸੰਗਤ ਏਕਾ ਰੰਗ ਰੰਗਾਇੰਦਾ । ਸੰਗਤ ਤੇਰਾ ਸਾਚਾ ਰੰਗ, ਗੁਰ ਸਤਿਗੁਰ ਆਪ ਰੰਗਾਇਆ । ਤੇਰੇ ਅੰਦਰ ਸਚ ਪਲੰਘ, ਸਾਚੀ ਸੇਜਾ ਆਪ ਸੁਹਾਇਆ । ਹਰਿ ਬੈਠਾ ਸੂਰਾ ਸਰਬੰਗ, ਦਿਵਸ ਰੈਣ ਤੇਰਾ ਰਾਹ ਤਕਾਇਆ । ਨੌਂ ਦੁਆਰੇ ਜਾਣਾ ਲੰਘ, ਗੁਰ ਸ਼ਬਦੀ ਸ਼ਬਦ ਕਮਾਇਆ । ਮਾਨਸ ਜਨਮ ਨਾ ਹੋਏ ਭੰਗ, ਲੱਖ ਚੁਰਾਸੀ ਵਿਚੋਂ ਮਾਣਕ ਮੋਤੀ ਹੱਥ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਦਏ ਸਾਲਾਹਿਆ । ਹਰਿ ਸੰਗਤ ਤੇਰੀ ਵਡੀ ਵਡਿਆਈ, ਜੁਗ ਜੁਗ ਆਪ ਕਰਾਇੰਦਾ । ਉਚਾ ਤੇਰਾ ਦਰ ਸਭ ਥਾਈਂ, ਹਰਿਜੂ ਆਪ ਵਖਾਇੰਦਾ । ਵੇਖਣਹਾਰਾ ਭੇਵ ਨਾ ਰਾਈ, ਸਤਿ ਸੰਗ ਏਕਾ ਨਾਮ ਵਖਾਇੰਦਾ । ਇਕ ਇਕੱਲਾ ਬੇਪਰਵਾਹੀ, ਜੋ ਜਨ ਸਤਿ ਸੰਗਤ ਵਿਚ ਸਮਾਇੰਦਾ । ਨਿਵਣ ਸੁ ਅੱਖਰ ਆਪਣੀ ਝੋਲੀ ਪਾਈ, ਹੰਕਾਰ ਵਿਚ ਕਦੇ ਨਾ ਆਇੰਦਾ । ਸਾਧ ਸੰਗਤ ਵਡੀ ਵਡਿਆਈ, ਨਿਉਂ ਨਿਉਂ ਸਰਬ ਨਿਮਸਕਾਰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਉਪਦੇਸ਼ ਏਕਾ ਏਕ ਵਖਾਇੰਦਾ । ਸਤਿ ਉਪਦੇਸ਼ ਸਤਿਗੁਰ ਚਰਨ ਧੂੜ, ਧੂੜੀ ਟਿੱਕਾ ਮਸਤਕ ਲਾਈਆ । ਚਤੁਰ ਸੁਘੜ ਬਣੇ ਮੂੜ, ਜੋ ਗੁਰ ਸਤਿਗੁਰ ਦਰਸ਼ਨ ਪਾਈਆ । ਗੁਰ ਸੰਗਤ ਨਾਤਾ ਤੁੱਟੇ ਕੂੜੇ ਕੂੜ, ਕੂੜੀ ਕਿਰਿਆ ਮੇਟੇ ਝੂਠੀ ਸ਼ਾਹੀਆ । ਇਕ ਦੂਜੇ ਦੀ ਆਸ ਕਰਨ ਪੂਰ, ਮਿਲ ਭਈਆ ਭਈਆ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਸੰਗਤ ਏਕਾ ਘਰ ਵਸਾਈਆ । ਗੁਰ ਸੰਗਤ ਘਰ ਏਕਾ ਵਸੇ, ਸਚ ਦੁਆਰ ਇਕ ਬਣਾਇੰਦਾ । ਏਕਾ ਅੰਮ੍ਰਿਤ ਏਕਾ ਰਸੇ, ਰਸ ਰਸੀਆ ਆਪ ਚਖਾਇੰਦਾ । ਮਿਟੇ ਰੈਣ ਅੰਧੇਰੀ ਮੱਸੇ, ਸਾਚਾ ਚੰਦ ਆਪ ਚਮਕਾਇੰਦਾ । ਗੁਰਸਿਖ

ਗੁਰਮੁਖ ਬਹਿ ਬਹਿ ਹੱਸੇ, ਘਰ ਸਾਚਾ ਸਗਨ ਮਨਾਇੰਦਾ । ਮਨਮੁਖ ਗੁਰ ਸੰਗਤ ਤੇਰੇ ਕੋਲੋਂ ਨੱਸੇ, ਤੇਰਾ ਸੰਗ ਨਾ ਕੋਇ ਰਖਾਇੰਦਾ । ਜਿਸ ਜਨ ਹਿਰਦੇ ਹਰਿ ਜੂ ਵਸੇ, ਸੋ ਸੰਗਤ ਸਾਚਾ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਸਦ ਸੁਹਾਇੰਦਾ । ਹਰਿ ਸੰਗਤ ਤੇਰਾ ਉਚ ਮਕਾਨਾ, ਸਤਿ ਪੁਰਖ ਨਿਰੰਜਣ ਆਪ ਬਣਾਇਆ । ਗੁਰਸਿਖ ਤੇਰਾ ਸ਼ਬਦ ਬਿਬਾਨਾ, ਗੁਰ ਸਤਿਗੁਰ ਲਏ ਉਠਾਇਆ । ਬਣੇ ਵਿਚੋਲਾ ਸ੍ਰੀ ਭਗਵਾਨਾ, ਲੋਕਮਾਤ ਵੇਸ ਵਟਾਇਆ । ਦੇਵੇ ਨਾਮ ਸਤਿ ਨਿਸ਼ਾਨਾ, ਦਰਗਹਿ ਸਾਚੇ ਆਪ ਝੁਲਾਇਆ । ਹਰਿ ਹਰਿ ਨਾਉਂ ਮਿਲ ਮਿਲ ਗਾਣਾ, ਗੁਰ ਗੁਰ ਸੇਵ ਕਮਾਇਆ । ਏਥੇ ਓਥੇ ਮਿਲੇ ਥਾਉਂ ਟਿਕਾਣਾ, ਦਰਗਹਿ ਸਾਚੀ ਮਾਣ ਦਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸੰਗਤ ਮਾਰਗ ਇਕ ਵਖਾਇਆ । ਸੋਹੰ ਸ਼ਬਦ ਗੋਬਿੰਦ ਧਾਰ, ਪਿਤਾ ਪੂਤ ਵਡਿਆਈਆ । ਦਸਮ ਗ੍ਰੰਥ ਕਰੇ ਵਿਚਾਰ, ਅੰਤਮ ਅੰਕ ਲੇਖਾ ਗਿਆ ਲਿਖਾਈਆ । ਚਿੱਲਾ ਤੀਰ ਕਮਾਨ ਭੱਥਾ ਹੋਏ ਮੇਰੀ ਕਟਾਰ, ਸੋਹੰ ਸ਼ਬਦ ਵਡੀ ਵਡਿਆਈਆ । ਸ੍ਰਿਸ਼ਟ ਸਬਾਈ ਮਾਰੇ ਮਾਰ, ਕਲਜੁਗ ਅੰਤਮ ਵੇਸ ਧਰਾਈਆ । ਹੰ ਬ੍ਰਹਮ ਪਾਵੇ ਸਾਰ, ਪਾਰਬ੍ਰਹਮ ਸੱਚਾ ਸ਼ਹਿਨਸ਼ਾਹੀਆ । ਮੇਲ ਮਿਲਾਏ ਪੁਰਖ ਅਕਾਲ, ਦੀਨ ਦਿਆਲ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹੰ ਰੂਪ ਰੂਪ ਦਰਸਾਈਆ । ਸੋਹੰ ਰੂਪ ਸਚ ਸਮਾਇਆ, ਹਰਿ ਸਾਚਾ ਖੇਲ ਖਿਲਾਈਆ । ਆਦਿ ਅੰਤ ਆਪਣੇ ਵਿਚ ਸਮਾਇਆ, ਆਪਣਾ ਵੇਸ ਵਟਾਈਆ । ਨਿਰਗੁਣ ਸਰਗੁਣ ਹੋ ਹੋ ਨਾਨਕ ਗਾਇਆ, ਸੋਹੰ ਸ਼ਬਦ ਏਕਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕੰਕਾਰਾ ਕਰ ਪਸਾਰਾ, ਸੋਹੰ ਧਾਰਾ ਆਪ ਚਲਾਈਆ । ਸੋਹੰ ਧਾਰ ਖੇਲ ਸੰਸਾਰਾ, ਪੁਰਖ ਅਕਾਲ ਆਪ ਚਲਾਇੰਦਾ । ਆਪੇ ਹੋਏ ਵੇਖਣਹਾਰਾ, ਅਜੂਨੀ ਰਹਿਤ ਵੇਸ ਵਟਾਇੰਦਾ । ਵਸਣਹਾਰਾ ਸਚ ਦੁਆਰਾ, ਦਰ ਘਰ ਸਾਚੇ ਸੋਭਾ ਪਾਇੰਦਾ । ਕਲਜੁਗ ਕਰੇ ਪਾਰ ਕਿਨਾਰਾ, ਚਾਰ ਜੁਗ ਮੂਲ ਚੁਕਾਇੰਦਾ । ਸਤਿਜੁਗ ਸਾਚਾ ਕਰੇ ਵਰਤਾਰਾ, ਸ੍ਰਿਸ਼ਟ ਸਬਾਈ ਆਪ ਸਮਝਾਇੰਦਾ । ਸੋਹੰ ਸ਼ਬਦ ਵਰਤੇ ਵਰਤਾਰਾ, ਲੱਖ ਚੁਰਾਸੀ ਝੋਲੀ ਪਾਇੰਦਾ । ਲੱਖ ਚੁਰਾਸੀ ਬੋਲੇ ਇਕ ਜੈਕਾਰਾ, ਨਿਸ਼ਅੱਖਰ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੋਹੰ ਲੋਕਮਾਤ ਆਪ ਪਰਗਟਾਇੰਦਾ । ਸੋਹੰ ਸ਼ਬਦ ਮਾਤ ਪਰਗਟਾਇਆ, ਸਤਿਜੁਗ ਸਾਚੇ ਦਏ ਵਡਿਆਈਆ । ਚਾਰੇ ਵਰਨਾਂ ਦਏ ਸਮਝਾਇਆ, ਏਕਾ ਮੰਤਰ ਦਏ ਵਡਿਆਈਆ । ਪੁਰਖ ਅਕਾਲ ਅਤੁਟ ਇਕ ਰਖਾਇਆ, ਹੰ ਰੂਪ ਸਰਬ ਲੋਕਾਈਆ । ਸਰਗੁਣ ਨਿਰਗੁਣ ਨਿਰਗੁਣ ਸਰਗੁਣ ਇਕ ਮਰਦੰਗ ਵਜਾਇਆ, ਵਜਾਵਣਹਾਰ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੋਹੰ ਸ਼ਬਦ ਸਚਖੰਡ ਹਰਿ ਪਾਈ ਵੰਡ, ਸਤਿਜੁਗ ਸਾਚੇ ਝੋਲੀ ਰਿਹਾ ਭਰਾਈਆ ।

### ★ ੭ ਮਾਘ ੨੦੧੭ ਬਿਕਰਮੀ ਹਜ਼ੂਰਾ ਸਿੰਘ ਦੇ ਘਰ ਗੁਰਾਇਆ ਜ਼ਿਲਾ ਜਲੰਧਰ ★

ਆਦਿ ਪੁਰਖ ਸਰਬ ਘਟ ਵਾਸਾ, ਆਦਿ ਪੁਰਖ ਵਡੀ ਵਡਿਆਈਆ । ਸੋ ਪੁਰਖ ਨਿਰੰਜਣ ਵੇਖੇ ਖੇਲ ਤਮਾਸ਼ਾ, ਅਗੰਮ ਅਗੰਮੜਾ ਅਗੰਮੜੀ ਕਾਰ ਕਮਾਈਆ । ਹਰਿ ਪੁਰਖ ਨਿਰੰਜਣ ਇਕ ਇਕੱਲਾ ਸਰਬ ਜੀ ਦਾਤਾ, ਜੁਗਾ ਜੁਗੰਤਰ ਖੇਲ ਖਿਲਾਈਆ । ਏਕੰਕਾਰਾ ਪਿਤਾ ਮਾਤਾ, ਪੂਤ

ਸਪੂਤਾ ਵੇਖੇ ਥਾਉਂ ਥਾਈਆ । ਸ੍ਰੀ ਭਗਵਾਨ ਸਰਬ ਕਲ ਸਮਰਾਥਾ, ਸਮਰਥ ਪੁਰਖ ਬੇਪਰਵਾਹੀਆ । ਅਬਿਨਾਸ਼ੀ ਕਰਤਾ ਆਪ ਚਲਾਏ ਆਪਣਾ ਰਾਥਾ, ਰਥ ਰਥਵਾਹੀ ਇਕ ਅਖਵਾਈਆ । ਪਾਰਬ੍ਰਹਮ ਆਪ ਨਿਭਾਏ ਆਪਣਾ ਸਾਥਾ, ਸਗਲਾ ਸੰਗ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਖਿਲਾਈਆ । ਸਰਬ ਕਲਾ ਹਰਿ ਸਮਰਥ, ਮਹਿਮਾ ਅਕਥ ਕਥੀ ਨਾ ਜਾਈਆ । ਆਦਿ ਜੁਗਾਦਿ ਚਲਾਏ ਰਥ, ਜੁਗ ਜੁਗ ਵਡੀ ਵਡਿਆਈਆ । ਆਪਣਾ ਨਾਉਂ ਪਰਗਟਾਏ ਅਕਥ, ਲੇਖਾ ਕਥ ਨਾ ਸਕੇ ਕੋਇ ਰਾਈਆ । ਨਿਰਗੁਣ ਸਰਗੁਣ ਮਾਰਗ ਦੱਸ, ਸਚ ਸੰਦੇਸ਼ ਦਏ ਸੁਣਾਈਆ । ਇਕ ਇਕੱਲਾ ਸਚ ਮਹੱਲਾ ਸਚਖੰਡ ਨਿਵਾਸੀ ਪੂਰੀ ਕਰੇ ਆਸ, ਆਸ ਨਿਰਾਸ ਨਾ ਕੋਇ ਵਖਾਈਆ । ਲੇਖਾ ਜਾਣੇ ਪ੍ਰਿਥਮੀ ਆਕਾਸ਼, ਧਰਤ ਧਵਲ ਦਏ ਵਡਿਆਈਆ । ਬ੍ਰਹਿਮੰਡ ਖੰਡ ਕਰੇ ਨਿਵਾਸ, ਗਗਨ ਮੰਡਲ ਫੇਰਾ ਪਾਈਆ । ਰਵ ਸਸ ਕਰੇ ਪਰਕਾਸ਼, ਨਿਰਗੁਣ ਜੋਤ ਨੂਰ ਰੁਸ਼ਨਾਈਆ । ਗ੍ਰਿਹ ਮੰਦਰ ਪਾਵੇ ਰਾਸ, ਵੇਸ ਆਪਣਾ ਆਪ ਧਰਾਈਆ । ਦਾਤਾ ਦਾਨੀ ਸ਼ਾਹੋ ਸ਼ਾਬਾਸ਼, ਸ਼ਹਿਨਸ਼ਾਹ ਸ਼ਾਹ ਪਾਤਸ਼ਾਹ ਇਕ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਆਪਣਾ ਰੂਪ ਆਪ ਧਰਾਈਆ । ਸੋ ਪੁਰਖ ਨਿਰੰਜਣ ਰੂਪ ਧਰਾਇੰਦਾ, ਨਿਰਗੁਣ ਦਾਤਾ ਬੇਪਰਵਾਹ । ਹਰਿ ਪੁਰਖ ਨਿਰੰਜਣ ਵੇਸ ਵਟਾਇੰਦਾ, ਅਲਖ ਅਗੋਚਰ ਅਗੰਮ ਅਥਾਹ । ਏਕੰਕਾਰਾ ਆਪਣੀ ਕਲ ਆਪ ਵਰਤਾਇੰਦਾ, ਅਕਲ ਕਲ ਧਾਰੀ ਆਪਣਾ ਨਾਉਂ ਧਰਾ । ਆਦਿ ਨਿਰੰਜਣ ਜੋਤੀ ਜੋਤ ਨੂਰ ਡਗਮਗਾਇੰਦਾ, ਨੂਰ ਨੁਰਾਨਾ ਹੋ ਰੁਸ਼ਨਾ । ਅਬਿਨਾਸ਼ੀ ਕਰਤਾ ਆਪਣਾ ਖੇਲ ਆਪ ਖਿਲਾਇੰਦਾ, ਆਪੇ ਵਸੇ ਹਰ ਘਟ ਥਾਂ । ਸ੍ਰੀ ਭਗਵਾਨ ਆਪਣਾ ਰੰਗ ਰੰਗਾਇੰਦਾ, ਰੰਗ ਰੰਗੀਲਾ ਏਕਾ ਸ਼ਹਿਨਸ਼ਾਹ । ਪਾਰਬ੍ਰਹਮ ਆਪਣਾ ਬੰਧਨ ਪਾਇੰਦਾ, ਆਪਣੀ ਧਾਰਾ ਆਪ ਸਮਾ । ਸਚਖੰਡ ਦੁਆਰਾ ਆਪ ਉਪਾਇੰਦਾ, ਨਿਰਗੁਣ ਨਿਰਗੁਣ ਸੇਵ ਕਮਾ । ਛੱਪਰ ਛੰਨ ਨਾ ਕੋਇ ਛੁਹਾਇੰਦਾ, ਚਾਰ ਦੀਵਾਰ ਨਾ ਲਏ ਬਣਾ । ਦੀਵਾ ਬਾਤੀ ਇਕ ਟਿਕਾਇੰਦਾ, ਕਮਲਾਪਾਤੀ ਸਹਿਜ ਸੁਭਾ । ਸਚ ਸਿੰਘਾਸਣ ਇਕ ਵਿਛਾਇੰਦਾ, ਪਾਵਾ ਚੂਲ ਨਾ ਲਿਆ ਰਖਾ । ਉਪਰ ਆਪਣਾ ਆਸਣ ਲਾਇੰਦਾ, ਏਕੰਕਾਰਾ ਸਾਚੇ ਤਖ਼ਤ ਬੈਠ ਕਰੇ ਸਚ ਨਿਆਂ । ਰਾਜ ਰਾਜਾਨਾਂ ਆਪਣਾ ਨਾਉਂ ਧਰਾਇੰਦਾ, ਭੂਪਨ ਭੂਪ ਏਕਾ ਏਕ ਰਿਹਾ ਅਖਵਾ । ਸਤਿ ਸਰੂਪ ਸਦਾ ਸਮਾਇੰਦਾ, ਰੂਪ ਰੰਗ ਰੇਖ ਕੋਇ ਜਾਣੇ ਨਾ । ਆਪਣਾ ਸੀਸ ਜਗਦੀਸ਼ ਆਪੇ ਵੇਖ ਵਖਾਇੰਦਾ, ਆਪੇ ਛਤਰ ਰਿਹਾ ਝੁਲਾ । ਆਪੇ ਤਾਜ ਸੀਸ ਟਿਕਾਇੰਦਾ, ਆਪੇ ਬਣੇ ਸੱਚਾ ਪਾਤਸ਼ਾਹ । ਆਪਣਾ ਹੁਕਮ ਆਪ ਸੁਣਾਇੰਦਾ, ਧੁਰ ਫ਼ਰਮਾਨਾ ਆਪ ਸੁਣਾ । ਦਰ ਦਰਬਾਨਾ ਆਪ ਅਖਵਾਇੰਦਾ, ਆਪੇ ਬੈਠਾ ਸੀਸ ਝੁਕਾ । ਆਪੇ ਗਲ ਵਿਚ ਪੱਲੂ ਪਾਇੰਦਾ, ਆਪੇ ਚਰਨ ਕਵਲ ਧਿਆਨ ਰਿਹਾ ਲਗਾ । ਸਚਖੰਡ ਦੁਆਰਾ ਆਪ ਸੁਹਾਇੰਦਾ, ਦੂਸਰ ਕੋਇ ਵੇਖੇ ਨਾ । ਆਦਿ ਪੁਰਖ ਆਦਿ ਨਿਰੰਜਣ ਆਪੇ ਡਗਮਗਾਇੰਦਾ, ਆਪਣੀ ਕਲ ਆਪ ਧਰਾ । ਆਪਣੀ ਕਾਰ ਆਪ ਕਰਾਇੰਦਾ, ਕਰਤਾ ਪੁਰਖ ਖੇਲ ਖਿਲਾ । ਆਪਣੀ ਇਛਿਆ ਆਪ ਪਰਗਟਾਇੰਦਾ, ਆਪੇ ਭਿਛਿਆ ਦੇਵੇ ਝੋਲੀ ਪਾ । ਨਿਰਗੁਣ ਆਪਣੀ ਧਾਰ ਆਪ ਧਰਾਇੰਦਾ, ਸੁਤੇ ਪਰਕਾਸ਼ ਆਪ ਕਰਾ । ਆਪਣਾ ਰੰਗ ਆਪ ਚੜ੍ਹਾਇੰਦਾ, ਲਾਲ ਗੁਲਾਲਾ ਪੁਰਖ ਅਕਾਲਾ ਦੀਨ ਦਿਆਲਾ ਆਪ ਸੁਹਾਏ ਸਾਚਾ ਥਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਆਪਣਾ ਨਾਂ । ਸਚਖੰਡ ਦੁਆਰ ਸੁਹਾਇਆ, ਕਰ ਕਿਰਪਾ ਗੁਣ ਨਿਧਾਨ । ਸਚ

ਸਿੰਘਾਸਣ ਆਸਣ ਲਾਇਆ, ਤਖ਼ਤ ਨਿਵਾਸੀ ਹੋ ਮਿਹਰਵਾਨ । ਸਾਚਾ ਹੁਕਮ ਆਪ ਫ਼ਰਮਾਇਆ, ਧੁਰ ਫ਼ਰਮਾਨ ਸ੍ਰੀ ਭਗਵਾਨ । ਆਪਣਾ ਨਾਉਂ ਆਪ ਪਰਗਟਾਇਆ, ਆਪੇ ਹੋਏ ਜਾਣੀ ਜਾਣ । ਨਰ ਨਿਰੰਕਾਰਾ ਆਪ ਅਖਵਾਇਆ, ਆਦਿ ਜੁਗਾਦੀ ਨੌਜਵਾਨ । ਬਿਰਧ ਬਾਲ ਨਾ ਰੂਪ ਵਟਾਇਆ, ਜੁਗਾ ਜੁਗੰਤਰ ਖੇਲ ਮਹਾਨ । ਸਾਚੇ ਮੰਦਰ ਸੋਭਾ ਪਾਇਆ, ਸਚਖੰਡ ਦੁਆਰਾ ਇਕ ਮਕਾਨ । ਆਪਣੇ ਰੰਗ ਆਪ ਸਮਾਇਆ, ਦੂਸਰ ਰੰਗ ਨਾ ਕਰੇ ਵਖਾਣ । ਆਪਣਾ ਕੰਚਨ ਗੜ੍ਹ ਆਪ ਬਣਾਇਆ, ਬਾਢੀ ਬਣ ਗੁਣ ਨਿਧਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਸਚਖੰਡ ਦੁਆਰੇ ਆਪਣੀ ਕਰੇ ਆਪ ਪਛਾਣ । ਸਚਖੰਡ ਦੁਆਰ ਸੁਹਾਇਆ, ਹਰਿ ਸਾਚਾ ਸੋਭਾਵੰਤ । ਏਕੰਕਾਰਾ ਆਸਣ ਲਾਇਆ, ਆਦਿ ਜੁਗਾਦੀ ਜੁਗਾ ਜੁਗੰਤ । ਆਪਣਾ ਰੂਪ ਆਪ ਧਰਾਇਆ, ਕਰੇ ਖੇਲ ਬੇਅੰਤ ਬੇਅੰਤ ਬੇਅੰਤ । ਨਾਰੀ ਕੰਤ ਨਾਉਂ ਰਖਾਇਆ, ਸੇਜ ਸੁਹਾਏ ਸ੍ਰੀ ਭਗਵੰਤ । ਨਿਰਗੁਣ ਮੇਲਾ ਮੇਲ ਮਿਲਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਬਣਾਏ ਆਪਣੀ ਬਣਤ । ਬਣਤ ਬਣਾਏ ਹਰਿ ਨਿਰੰਕਾਰਾ, ਦੂਸਰ ਭੇਵ ਨਾ ਕੋਇ ਜਣਾਈਆ । ਨਾਰੀ ਬਣ ਕੰਤ ਭਤਾਰਾ, ਘਰ ਸਾਚੀ ਸੇਜ ਹੰਢਾਈਆ । ਅੰਦਰ ਬਾਹਰ ਗੁਪਤ ਜ਼ਾਹਰਾ, ਰੂਪ ਅਨੂਪ ਆਪ ਛੁਪਾਈਆ । ਕਰੇ ਖੇਲ ਅਗੰਮ ਅਪਾਰਾ, ਅਲਖ ਅਗੋਚਰ ਇਕ ਅਖਵਾਈਆ । ਆਪਣਾ ਬਣੇ ਆਪ ਵਣਜਾਰਾ, ਸਾਚਾ ਵਣਜ ਇਕ ਕਰਾਈਆ । ਲੇਖਾ ਜਾਣੇ ਧੁਰ ਦਰਬਾਰਾ, ਦਰਗਹਿ ਸਾਚੀ ਧਾਮ ਵਡਿਆਈਆ । ਸਚਖੰਡ ਸਾਚੇ ਕਰ ਪਸਾਰਾ, ਆਪਣੀ ਕਲ ਆਪ ਵਰਤਾਈਆ । ਮਾਤ ਪਿਤ ਬਣ ਜਣੇ ਸੁਤ ਦੁਲਾਰਾ, ਦਾਈ ਦਾਇਆ ਆਪ ਹੋ ਜਾਈਆ । ਉਚੀ ਕੂਕ ਕੂਕ ਬੋਲੇ ਇਕ ਜੈਕਾਰਾ, ਨਾਉਂ ਨਿਰੰਕਾਰਾ ਲਏ ਧਰਾਈਆ । ਲਿਖਣ ਪੜ੍ਹਣ ਤੇ ਹੋਏ ਬਾਹਰਾ, ਭੇਵ ਅਭੇਦਾ ਭੇਵ ਛੁਪਾਈਆ । ਸ਼ਾਹੋ ਭੂਪ ਹਰਿ ਬਣ ਸਿਕਦਾਰਾ, ਤਖ਼ਤ ਤਾਜ ਸੀਸ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਆਪੇ ਵੜ, ਨਿਰਗੁਣ ਨਿਰਗੁਣ ਘਾੜਨ ਘੜ, ਨਿਰਗੁਣ ਮਾਤਾ ਨਿਰਗੁਣ ਪੂਤ ਨਿਰਗੁਣ ਪਿਤਾ ਸੁਤ ਦੁਲਾਰਾ ਇਕ ਉਠਾਈਆ । ਸੁਤ ਦੁਲਾਰ ਉਠਾਇਆ, ਕਰ ਕਿਰਪਾ ਸ੍ਰੀ ਭਗਵਾਨ । ਆਪਣੀ ਇਛਿਆ ਪੂਰ ਕਰਾਇਆ, ਆਪੇ ਦੇਵੇ ਦਾਨੀ ਦਾਨ । ਆਪਣਾ ਦਰ ਆਪ ਵਖਾਇਆ, ਆਪ ਵਖਾਏ ਸਚ ਨਿਸ਼ਾਨ । ਘਰ ਘਰ ਵਿਚ ਲਏ ਪਰਗਟਾਇਆ, ਆਪੇ ਹੋਇਆ ਮਿਹਰਵਾਨ । ਥਿਰ ਘਰ ਸਾਚਾ ਆਪ ਧਰਾਇਆ, ਪਾਰਬ੍ਰਹਮ ਬਲੀ ਬਲਵਾਨ । ਆਪਣੀ ਵੰਡਣ ਆਪ ਵੰਡਾਇਆ, ਵੰਡੇ ਵੰਡ ਗੁਣ ਨਿਧਾਨ । ਸਚਖੰਡ ਆਪਣਾ ਆਸਣ ਲਾਇਆ, ਥਿਰ ਘਰ ਖੇਲ ਕਰੇ ਮਹਾਨ । ਸੁਤ ਦੁਲਾਰਾ ਇਕ ਬਹਾਇਆ, ਚਰਨ ਕਵਲ ਬਖ਼ਸ਼ੇ ਸਚ ਧਿਆਨ । ਸੀਸ ਜਗਦੀਸ਼ ਹੱਥ ਟਿਕਾਇਆ, ਦਿਸ ਨਾ ਆਏ ਵਾਲੀ ਦੋ ਜਹਾਨ । ਸੀਸ ਆਪਣਾ ਛਤਰ ਝੁਲਾਇਆ, ਸੇਵਾ ਕਰ ਹਰਿ ਭਗਵਾਨ । ਆਪਣਾ ਭਾਣਾ ਆਪ ਸਮਝਾਇਆ, ਆਦਿ ਜੁਗਾਦੀ ਖੇਲ ਮਹਾਨ । ਤੇਰਾ ਰੂਪ ਅਨੂਪ ਆਪ ਵਟਾਇਆ, ਰੂਪ ਅਨੂਪ ਇਕ ਨਿਸ਼ਾਨ । ਤੇਰੀ ਸੇਵਾ ਦਏ ਸਮਝਾਇਆ, ਭੁਲ ਨਾ ਜਾਣਾ ਬਣ ਨਾਦਾਨ । ਬ੍ਰਹਿਮੰਡ ਖੰਡ ਤੇਰੀ ਰਚਨ ਵਖਾਇਆ, ਵਿਸ਼ਨ ਬ੍ਰਹਮਾ ਸ਼ਿਵ ਤੇਰੀ ਸੰਤਾਨ । ਤ੍ਰੈਗੁਣ ਤੇਰੀ ਖ਼ਾਕ ਰਖਾਇਆ, ਪੰਜ ਤੱਤ ਤੇਰਾ ਵਿਧਾਨ । ਲੱਖ ਚੁਰਾਸੀ ਘਾੜਨ ਲਏ ਘੜਾਇਆ, ਲੇਖਾ ਜਾਣੇ ਜੀਵ ਜਹਾਨ । ਆਪਣੀ ਭਿਛਿਆ ਦਏ ਵਰਤਾਇਆ, ਵਿਸ਼ਨੂੰ ਦੇਵੇ ਇਕ ਗਿਆਨ । ਬ੍ਰਹਮਾ ਬ੍ਰਹਮ ਰੂਪ ਦਰਸਾਇਆ, ਪਾਰਬ੍ਰਹਮ ਕਰੇ ਪਹਿਚਾਨ । ਸ਼ੰਕਰ ਏਕਾ ਰਾਹ

ਵਖਾਇਆ, ਅੰਤਮ ਲੇਖਾ ਜਾਣੇ ਸ੍ਰੀ ਭਗਵਾਨ । ਤਿੰਨਾਂ ਵਿਚੋਲਾ ਸ਼ਬਦ ਬਣਾਇਆ, ਪੂਤ ਸਪੂਤਾ ਨੌਜਵਾਨ । ਚਾਰੇ ਕੂਟਾਂ ਵੇਖ ਵਖਾਇਆ, ਦਹਿ ਦਿਸ਼ਾ ਹੋਏ ਪਰਧਾਨ । ਸਾਚਾ ਰਿਜ਼ਕ ਆਪ ਪੁਚਾਇਆ, ਵਿਸ਼ਨੂੰ ਦੇਵੇ ਵਿਸ਼ਵ ਦਾਨ । ਬ੍ਰਹਮਾ ਏਕਾ ਨਾਮ ਸਮਝਾਇਆ, ਚਾਰੇ ਮੁਖ ਚਾਰੇ ਵੇਦਾਂ ਕਰੇ ਗਿਆਨ । ਸ਼ੰਕਰ ਇਕ ਤ੍ਰਿਸੂਲ ਫੜਾਇਆ, ਘੜਿਆ ਭੰਨੇ ਵਿਚ ਜਹਾਨ । ਪੁਰਖ ਅਬਿਨਾਸ਼ੀ ਖੇਲ ਰਚਾਇਆ, ਆਪੇ ਹੋਇਆ ਨਿਗਹਬਾਨ । ਆਦਿ ਜੁਗਾਦੀ ਵੇਸ ਵਟਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਤ ਦਿਤਾ ਵਰ, ਏਕਾ ਬਖ਼ਸ਼ੇ ਚਰਨ ਧਿਆਨ । ਸਾਚਾ ਸੁਤ ਹਰਿ ਸਮਝਾਇਆ, ਵਿਸ਼ਨ ਬ੍ਰਹਮਾ ਸ਼ਿਵ ਕਰ ਕੁੜਮਾਈਆ । ਆਪਣਾ ਹੁਕਮ ਤੇਰਾ ਨਾਉਂ ਧਰਾਇਆ, ਤੇਰਾ ਨਾਉਂ ਵਰਤੇ ਵਰਤਾਏ ਸੱਚਾ ਸ਼ਹਿਨਸ਼ਾਹੀਆ । ਆਪਣਾ ਨੂਰ ਤੇਰੇ ਵਿਚ ਟਿਕਾਇਆ, ਤੇਰੀ ਜੋਤ ਕਰੇ ਰੁਸ਼ਨਾਈਆ । ਤੇਰੀ ਜੋਤ ਰਵ ਸਸ ਲਏ ਚਮਕਾਇਆ, ਮੰਡਲ ਮੰਡਪ ਵੇਖ ਵਖਾਈਆ । ਤੇਰਾ ਨੂਰ ਵਿਸ਼ਨ ਬ੍ਰਹਮਾ ਸ਼ਿਵ ਵਿਚ ਟਿਕਾਇਆ, ਆਠ ਪਹਿਰ ਰਹੇ ਰੁਸ਼ਨਾਈਆ । ਤੇਰੀ ਅੰਸ ਲਏ ਪਰਗਟਾਇਆ, ਪਾਰਬ੍ਰਹਮ ਵਡੀ ਵਡਿਆਈਆ । ਤੇਰਾ ਸਰਬੰਸ ਦਏ ਸੁਹਾਇਆ, ਲੱਖ ਚੁਰਾਸੀ ਘਾੜਨ ਲਏ ਘੜਾਈਆ । ਤੇਰਾ ਰੂਪ ਕੋਟਨ ਕੋਟ ਸਹੰਸ ਲਏ ਪਰਗਟਾਇਆ, ਤ੍ਰੈਗੁਣ ਮਾਇਆ ਜੋੜ ਜੁੜਾਈਆ । ਤੇਰਾ ਰਾਜ ਜੋਗ ਪੰਜ ਤੱਤ ਲਏ ਕਮਾਇਆ, ਧੁਰ ਸੰਜੋਗ ਲਏ ਮਿਲਾਈਆ । ਤੇਰਾ ਖੇਲ ਲੋਕ ਪਰਲੋਕ ਦਏ ਵਖਾਇਆ, ਜ਼ਿਮੀਂ ਅਸਮਾਨਾਂ ਹੋਏ ਸਹਾਈਆ । ਤੇਰਾ ਨਾਉਂ ਸਾਚਾ ਢੋਲਾ ਚੌਦਾਂ ਲੋਕ ਦਏ ਸੁਣਾਇਆ, ਤ੍ਰੈ ਭਵਨ ਧਨੀ ਸੱਚਾ ਸ਼ਹਿਨਸ਼ਾਹੀਆ । ਤੇਰਾ ਚੋਲਾ ਲੋਕਮਾਤ ਲਏ ਬਦਲਾਇਆ, ਗੁਰ ਪੀਰ ਅਵਤਾਰ ਨਾਉਂ ਧਰਾਈਆ । ਤੇਰਾ ਸੋਹਲਾ ਘਰ ਘਰ ਦਰ ਦਰ ਦਏ ਸੁਣਾਇਆ, ਘਟ ਘਟ ਅੰਦਰ ਅਨਹਦ ਸ਼ਬਦ ਨਾਦ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦਿਤਾ ਸਾਚਾ ਵਰ, ਹਰਿ ਸੁਤ ਭੁਲ ਨਾ ਜਾਈਆ । ਸ਼ਬਦ ਸੁਤ ਸੁਣਿਆਂ ਗਿਆਨ, ਹਰਿ ਸ਼ਬਦੀ ਸ਼ਬਦ ਸੁਣਾਇਆ । ਦੋਏ ਜੋੜ ਕਰੇ ਪਰਨਾਮ, ਨਿਉਂ ਨਿਉਂ ਸੀਸ ਝੁਕਾਇਆ । ਹਉਂ ਬਾਲਕ ਮੁਗਧ ਅਞਾਣ, ਤੂੰ ਪਿਤਾ ਮੇਰਾ ਮਾਇਆ । ਜੁਗ ਜੁਗ ਦੇਣਾ ਸਾਚਾ ਦਾਨ, ਵਿਸਰ ਕਦੇ ਨਾ ਜਾਇਆ । ਲੋਕਮਾਤ ਕਰਾਂ ਖੇਲ ਮਹਾਨ, ਲੱਖ ਚੁਰਾਸੀ ਬਣਤ ਬਣਾਇਆ । ਦੀਵਾ ਜੋਤੀ ਜਗੇ ਮਹਾਨ, ਘਟ ਘਟ ਨੂਰ ਹੋਏ ਰੁਸ਼ਨਾਇਆ । ਤੇਰਾ ਭੰਡਾਰਾ ਅੰਮ੍ਰਿਤ ਪੀਣ ਖਾਣ, ਨਾਭੀ ਕਵਲ ਤਾਲ ਭਰਾਇਆ । ਤੇਰਾ ਰੂਪ ਬ੍ਰਹਮ ਪਛਾਣ, ਪਾਰਬ੍ਰਹਮ ਵੇਸ ਵਟਾਇਆ । ਤੇਰੀ ਭੂਮਕਾ ਸਚ ਅਸਥਾਨ, ਚਰਨ ਕਵਲ ਇਕ ਦਰਸਾਇਆ । ਤੇਰਾ ਵੇਖੇ ਸਚ ਨਿਸ਼ਾਨ, ਦੋ ਜਹਾਨਾਂ ਰਿਹਾ ਝੁਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਰੂਪ ਤੇਰਾ ਤੇਰੇ ਵਿਚ ਜਾਏ ਸਮਾਇਆ । ਸੁਤ ਦੁਲਾਰਾ ਮੰਗ ਮੰਗਾਏ, ਪ੍ਰਭ ਅੱਗੇ ਸੀਸ ਝੁਕਾਈਆ । ਕਵਣ ਰੂਪ ਤੇਰਾ ਮੇਲ ਮਿਲੇ ਸੱਚੇ ਸ਼ਹਿਨਸ਼ਾਹੇ, ਜਗਤ ਵਿਛੋੜਾ ਦਏ ਕਟਾਈਆ । ਕਵਣ ਕੂਟ ਤੇਰਾ ਦਰ ਵੇਖ ਵਖਾਏ, ਕਵਣ ਘਰ ਵੱਜੇ ਵਧਾਈਆ । ਕਵਣ ਕੋਟ ਕਿਲਾ ਦਏ ਵਸਾਏ, ਕਵਣ ਬੰਕ ਹੋਏ ਰੁਸ਼ਨਾਈਆ । ਕਵਣ ਰੂਪ ਨਿਰਗੁਣ ਜੋਤ ਡਗਮਗਾਏ, ਜੋਤੀ ਜਾਤਾ ਨਾਉਂ ਧਰਾਈਆ । ਕਵਣ ਰੂਪ ਲੱਖ ਚੁਰਾਸੀ ਵਰਨ ਗੋਤ ਮੇਟ ਮਿਟਾਏ, ਬ੍ਰਹਮ ਬ੍ਰਹਮ ਬ੍ਰਹਮ ਰੂਪ ਸਰਬ ਜਣਾਈਆ । ਕਵਣ ਰੂਪ ਨਿਹਕਰਮੀ ਹੋਏ ਕਰਮ ਕਮਾਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਿਰ ਰੱਖੇ ਠੰਡੀ ਛਾਈਆ । ਪੁਰਖ ਅਬਿਨਾਸ਼ੀ ਦਇਆ ਕਮਾਇੰਦਾ,

ਦੇਵੇ ਵਰ ਵਰਦਾਨ । ਸ਼ਬਦ ਦੁਲਾਰੇ ਤੇਰੀ ਸੇਵ ਲਗਾਇੰਦਾ, ਤੇਰਾ ਰੂਪ ਦੋ ਜਹਾਨ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਤੇਰਾ ਰੰਗ ਰੰਗਾਇੰਦਾ, ਅੰਡਜ ਜੇਰਜ ਉਤਭੁਜ ਸੇਤਜ ਤੇਰਾ ਮਾਤ ਨਿਸ਼ਾਨ । ਗੁਰ ਅਵਤਾਰ ਤੇਰੀ ਧਾਰ ਰਖਾਇੰਦਾ, ਪੰਜ ਤੱਤ ਹੋਏ ਪਰਧਾਨ । ਭਗਤਨ ਤੇਰੀ ਗੋਦ ਬਹਾਇੰਦਾ, ਸੰਤਨ ਦੇਵੇ ਤੇਰਾ ਮਾਣ । ਗੁਰਮੁਖ ਤੇਰੇ ਅੰਗ ਲਗਾਇੰਦਾ, ਗੁਰਸਿਖ ਗੀਤ ਤੇਰੇ ਗਾਣ । ਤੇਰਾ ਨਾਉਂ ਪਰਚੰਡ ਵਖਾਇੰਦਾ, ਜੁਗ ਜੁਗ ਕਰੇ ਜਗਤ ਕਲਿਆਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਆਪ ਜਣਾਏ ਧੁਰ ਫ਼ਰਮਾਨ । ਧੁਰ ਫ਼ਰਮਾਨਾ ਸੁਣਿਆ ਸ਼ਬਦ ਸੁੱਤ, ਏਕਾ ਅੰਤਰ ਧਿਆਨ ਲਗਾਈਆ । ਕਰੇ ਖੇਲ ਪ੍ਰਭ ਅਬਿਨਾਸ਼ੀ ਅਚੁਤ, ਸਮਰਥ ਪੁਰਖ ਵਡੀ ਵਡਿਆਈਆ । ਜੁਗ ਜੁਗ ਸੁਹਾਏ ਤੇਰੀ ਰੁੱਤ, ਫੁੱਲ ਫੁਲਵਾੜੀ ਮਾਤ ਮਹਿਕਾਈਆ । ਆਪੇ ਜਾਣੇ ਵਾਰ ਥਿਤ, ਦੂਸਰ ਭੇਵ ਕੋਇ ਨਾ ਪਾਈਆ । ਨਿਤ ਨਵਿਤ ਕਰੇ ਹਿੱਤ, ਪੀਆ ਪਿਆਰ ਇਕ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਚਰਨ ਕਵਲ ਸੱਚੀ ਸਰਨਾਈਆ । ਸਾਚਾ ਵਰ ਹਰਿ ਝੋਲੀ ਪਾ, ਸੁਤ ਸ਼ਬਦ ਉਠਾਇਆ । ਤੇਰਾ ਨਾਤਾ ਜੁੜਿਆ ਬੇਪਰਵਾਹ, ਟੁੱਟ ਕਦੇ ਨਾ ਜਾਇਆ । ਦੋ ਜਹਾਨਾਂ ਵਖਾਏ ਤੇਰਾ ਥਾਂ, ਤੁਧ ਬਿਨ ਅਵਰ ਨਾ ਕੋਇ ਰਹਾਇਆ । ਨਵ ਨੌਂ ਚਾਰ ਗੇੜਾ ਤੇਰਾ ਤੇਰੇ ਹੱਥ ਦਏ ਫੜਾ, ਵਿਸ਼ਨ ਬ੍ਰਹਮਾ ਸ਼ਿਵ ਤੇਰੀ ਸੇਵ ਕਮਾਇਆ । ਲੋਕਮਾਤ ਖੇੜਾ ਦੇਣਾ ਵਸਾ, ਤ੍ਰੈਗੁਣ ਪੰਜ ਤੱਤ ਮੇਲ ਮਿਲਾਇਆ । ਆਪਣਾ ਗੇੜਾ ਦਏ ਗੜਾ, ਜੁਗ ਜੁਗ ਪੰਧ ਮੁਕਾਇਆ । ਅੰਤਮ ਉਖੇੜਾ ਦੇਵੇ ਲਾ, ਤੇਰਾ ਹਲੂਣਾ ਇਕ ਰਖਾਇਆ । ਜੋ ਘੜਿਆ ਸੋ ਭੰਨ ਦਏ ਵਖਾ, ਥਿਰ ਕੋਇ ਰਹਿਣ ਨਾ ਪਾਇਆ । ਪੀਰ ਪੈਗ਼ੰਬਰ ਗੁਰ ਅਵਤਾਰ ਜੁਗ ਜੁਗ ਦੇਣ ਸਲਾਹ, ਬਿਨ ਹਰਿ ਅਵਰ ਨਾ ਕੋਇ ਸਹਾਇਆ । ਏਕਾ ਸ਼ਬਦ ਜਪਣਾ ਨਾਂ, ਕੋਟਨ ਕੋਟ ਆਪਣੇ ਨਾਉਂ ਲਏ ਪਰਗਟਾਇਆ । ਨਿਸ਼ਅੱਖਰ ਵਸੇ ਅਨਡਿਠੜੇ ਥਾਂ, ਨੇਤਰ ਲੋਚਣ ਨੈਣ ਵੇਖੇ ਨਾ ਕੋਇ ਜੀਵ ਲੋਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਇਆ । ਸੁਣਿਆ ਧੁਰ ਫ਼ਰਮਾਨ, ਹਰਿ ਸ਼ਬਦ ਲਏ ਅੰਗੜਾਈਆ । ਤੂੰ ਦਾਤਾ ਮਿਹਰਵਾਨ, ਤੇਰੀ ਮਹਿਮਾ ਅਕਥ ਕਥੀ ਨਾ ਜਾਈਆ । ਤੂੰ ਆਦਿ ਜੁਗਾਦੀ ਸ਼ਾਹ ਸੁਲਤਾਨ, ਸ਼ਹਿਨਸ਼ਾਹ ਤੇਰੀ ਵਡਿਆਈਆ । ਤੂੰ ਵਸੇਂ ਸਚਖੰਡ ਸੱਚੇ ਮਕਾਨ, ਸਚ ਸਿੰਘਾਸਣ ਆਸਣ ਲਾਈਆ । ਤੇਰਾ ਰੂਪ ਰੰਗ ਰੇਖ ਨਾ ਕੋਇ ਨਿਸ਼ਾਨ, ਤੇਰੀ ਮਹਿਮਾ ਤੇਰੇ ਵਿਚ ਸਮਾਈਆ । ਹਉਂ ਬਾਲ ਅਵਾਣਾ ਸੁਤ ਨਾਦਾਨ, ਢਹਿ ਪਿਆ ਤੇਰੀ ਸਰਨਾਈਆ । ਮੰਗ ਮੰਗੇ ਯਾਚਕ ਦਾਨ, ਅੱਗੇ ਆਪਣੀ ਝੋਲੀ ਡਾਹੀਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਝੁਲਾਵਾਂ ਤੇਰਾ ਇਕ ਨਿਸ਼ਾਨ, ਸਚ ਨਿਸ਼ਾਨਾ ਹੱਥ ਉਠਾਈਆ । ਵਿਸ਼ਨ ਬ੍ਰਹਮਾ ਸ਼ਿਵ ਪਾਵਾਂ ਏਕਾ ਆਣ, ਹੁਕਮੇ ਹੁਕਮ ਸਰਬ ਫਿਰਾਈਆ । ਲੱਖ ਚੁਰਾਸੀ ਖੇਲਾਂ ਖੇਲ ਮਹਾਨ, ਚਾਰੇ ਖਾਣੀ ਵੇਖ ਵਖਾਈਆ । ਤੇਰਾ ਫ਼ਰਮਾਨ ਦੇਵਾਂ ਇਕ ਗਿਆਨ, ਚਾਰੇ ਵੇਦ ਕਰਾਂ ਪੜ੍ਹਾਈਆ । ਚਾਰੇ ਬਾਣੀ ਕਰ ਪਰਧਾਨ, ਪਰਾ ਪਸੰਤੀ ਮਧਮ ਬੈਖ਼ਰੀ ਤੇਰੀ ਧਾਰ ਵਖਾਈਆ । ਜੁਗ ਜੁਗ ਲੋਕਮਾਤ ਕਰਾਂ ਕਲਿਆਣ, ਗੁਰ ਅਵਤਾਰ ਰੂਪ ਵਟਾਈਆ । ਭਗਤਾਂ ਕਰਾਂ ਸਚ ਪਿਆਰ, ਸਾਚੇ ਸੰਤਾਂ ਗੋਦ ਬਹਾਈਆ । ਗੁਰਮੁਖਾਂ ਦੇਵਾਂ ਇਕ ਆਧਾਰ, ਗੁਰਸਿਖ ਸਾਚੇ ਸੰਗ ਰਖਾਈਆ । ਮਨਮੁਖਾਂ ਕਰਾਂ ਖ਼ਵਾਰ, ਥਾਉਂ ਨਾ ਕੋਇ ਪਾਈਆ । ਦੁਸ਼ਟ ਹੰਕਾਰੀ ਦਵਾਂ ਨਿਵਾਰ, ਹੰਕਾਰੀ ਗੜ੍ਹ ਰਹੇ ਨਾ ਰਾਈਆ । ਮਾਇਆ ਮਮਤਾ ਮਾਰਾਂ ਮਾਰ, ਆਸਾ ਤ੍ਰਿਸ਼ਨਾ ਰੋਗ ਚੁਕਾਈਆ ।

ਸੁਰਤੀ ਸੁਰਤ ਕਰਾਂ ਪਿਆਰ । ਅਕਾਲ ਮੂਰਤ ਤੇਰੀ ਸੇਵ ਕਮਾਈਆ । ਅਜੂਨੀ ਰਹਿਤ ਵਰਤਾਂ ਵਰਤਾਵਾਂ ਵਿਚ ਸੰਸਾਰ, ਅਨਭਵ ਪਰਕਾਸ਼ ਕਰਾਈਆ । ਨਿਰਭੈ ਹੋਏ ਫਿਰਾਂ ਚਾਰੋਂ ਕੁੰਟ ਬੋਲ ਜੈਕਾਰ, ਤੇਰਾ ਭੌ ਇਕ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸ਼ਬਦ ਸੁਤ ਬੈਠਾ ਸੀਸ ਝੁਕਾਈਆ । ਸੋ ਪੁਰਖ ਨਿਰੰਜਣ ਹੋ ਮਿਹਰਵਾਨ, ਏਕਾ ਦਇਆ ਕਮਾਇੰਦਾ । ਹਰਿ ਪੁਰਖ ਨਿਰੰਜਣ ਵਖਾਏ ਸਚ ਨਿਸ਼ਾਨ, ਸਤਿ ਸਤਿਵਾਦੀ ਆਪ ਉਠਾਇੰਦਾ । ਏਕੰਕਾਰਾ ਬਖ਼ਸ਼ੇ ਇਕ ਧਿਆਨ, ਏਕਾ ਘਰ ਮੇਲ ਮਿਲਾਇੰਦਾ । ਆਦਿ ਨਿਰੰਜਣ ਹੋ ਪਰਧਾਨ, ਜੋਤੀ ਨੂਰ ਡਗਮਗਾਇੰਦਾ । ਸ੍ਰੀ ਭਗਵਾਨ ਬਣਿਆ ਸਾਚਾ ਕਾਹਨ, ਅਬਿਨਾਸ਼ੀ ਕਰਤਾ ਖੇਲ ਖਿਲਾਇੰਦਾ । ਪਾਰਬ੍ਰਹਮ ਪ੍ਰਭ ਗੁਣ ਨਿਧਾਨ, ਗੁਣ ਅਵਗੁਣ ਨਾ ਕੋਇ ਰਖਾਇੰਦਾ । ਸੁਤ ਦੁਲਾਰਾ ਕਰ ਪਰਵਾਨ, ਏਕਾ ਹੁਕਮ ਜਣਾਇੰਦਾ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਖੇਲੇ ਖੇਲ ਦੋ ਜਹਾਨ, ਸਤਿਜੁਗ ਤ੍ਰੇਤਾ ਦੁਆਪਰ ਚੌਕੜੀ ਜੁਗ ਵੰਡ ਵੰਡਾਇੰਦਾ । ਅੰਤਮ ਕਲਜੁਗ ਹੋਏ ਪਰਧਾਨ, ਜੋਤੀ ਜਾਮਾ ਭੇਖ ਵਟਾਇੰਦਾ । ਕਰੇ ਖੇਲ ਬਲੀ ਬਲਵਾਨ, ਬਲਧਾਰੀ ਆਪ ਹੋ ਜਾਇੰਦਾ । ਆਪੇ ਵੇਖੇ ਆਪਣਾ ਸਤਿ ਨਿਸ਼ਾਨ, ਸਤਿ ਸਤਿਵਾਦੀ ਪਰਦਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਭੇਵ ਅਭੇਦ ਖੁਲ੍ਹਾਵਣਹਾਰਾ, ਏਕਾ ਰੰਗ ਸਮਾਈਆ । ਆਦਿ ਜੁਗਾਦੀ ਖੇਲ ਨਿਆਰਾ, ਜੁਗਾ ਜੁਗੰਤਰ ਵੇਖ ਵਖਾਈਆ । ਕਾਗਦ ਕਲਮ ਨਾ ਲਿਖਣਹਾਰਾ, ਚਾਰੇ ਵੇਦ ਭੇਵ ਨਾ ਰਾਈਆ । ਸ਼ਾਸਤਰ ਸਿਮਰਤ ਕਰੇ ਪੁਕਾਰਾ, ਪੁਰਾਨ ਅਠਾਰਾਂ ਦੇਣ ਦੁਹਾਈਆ । ਗੀਤਾ ਗਿਆਨ ਦਏ ਆਧਾਰਾ, ਅਠਾਰਾਂ ਧਿਆਏ ਏਕਾ ਗੁਣ ਜਣਾਈਆ । ਅੰਜੀਲ ਕੁਰਾਨਾ ਰਖਾਏ ਏਕਾ ਨਾਅਰਾ, ਤੀਸ ਬਤੀਸ ਕੂਕ ਕੂਕ ਸੁਣਾਈਆ । ਬਾਣੀ ਬਾਣ ਮਾਰੇ ਨਿਆਰਾ, ਮਿਹਰਬਾਨ ਸੱਚਾ ਸ਼ਹਿਨਸ਼ਾਹੀਆ । ਗੁਰ ਗੁਰ ਰੂਪ ਵਿਚ ਸੰਸਾਰਾ, ਸ਼ਬਦੀ ਸ਼ਬਦ ਦਏ ਵਡਿਆਈਆ । ਆਪੇ ਵਸੇ ਸਭ ਤੋਂ ਬਾਹਰਾ, ਆਪੇ ਹਰ ਘਟ ਆਸਣ ਲਾਈਆ । ਆਪੇ ਸ੍ਰਿਸ਼ਟ ਸਬਾਈ ਬਣੇ ਕੰਤ ਭਤਾਰਾ, ਲੱਖ ਚੁਰਾਸੀ ਨਾਰ ਲਏ ਪਰਨਾਈਆ । ਆਪੇ ਵਿਸ਼ਨ ਦਏ ਹੁਲਾਰਾ, ਆਪੇ ਬ੍ਰਹਮਾ ਗੋਦ ਬਹਾਈਆ । ਆਪੇ ਸ਼ੰਕਰ ਪਾਵੇ ਸਾਰਾ, ਸੰਸਾ ਰੋਗ ਦਏ ਮਿਟਾਈਆ । ਆਪੇ ਤ੍ਰੈਗੁਣ ਵੇਖੇ ਅਖਾੜਾ, ਆਪੇ ਪੰਜ ਤੱਤ ਕਰੇ ਲੜਾਈਆ । ਆਪੇ ਕਾਮ ਕਰੋਧ ਲੋਭ ਮੋਹ ਹੰਕਾਰਾ, ਆਪੇ ਆਸਾ ਤ੍ਰਿਸ਼ਨਾ ਰੂਪ ਵਟਾਈਆ । ਆਪੇ ਪੰਚਮ ਸ਼ਬਦ ਨਾਦ ਧੁਨਕਾਰਾ, ਗ੍ਰਹਿ ਮੰਦਰ ਅਨਹਦ ਤਾਰ ਸਤਾਰ ਹਿਲਾਈਆ । ਆਪੇ ਸੁਖਮਨ ਟੇਢੀ ਬੰਕ ਡੂੰਘੀ ਗਾਰਾ, ਆਪੇ ਈੜਾ ਪਿੰਗਲ ਮੇਲ ਮਿਲਾਈਆ । ਆਪੇ ਜੋਤ ਨਿਰੰਜਣ ਹੋ ਉਜਿਆਰਾ, ਘਰ ਘਰ ਕਰੇ ਰੁਸ਼ਨਾਈਆ । ਆਪੇ ਵਸੇ ਧੂਆਂਧਾਰਾ, ਸੁੰਨ ਸਮਾਧ ਆਪ ਸਮਾਈਆ । ਆਪੇ ਲਾਏ ਬਜਰ ਕਪਾਟੀ ਤਾਲਾ, ਆਪੇ ਤ੍ਰੈ ਤ੍ਰੈ ਤੋੜ ਤੁੜਾਈਆ । ਆਪੇ ਦਸਮ ਦੁਆਰ ਬਣਾਏ ਸੱਚੀ ਧਰਮਸਾਲਾ, ਆਪੇ ਬੈਠਾ ਆਸਣ ਲਾਈਆ । ਆਪੇ ਕਰੇ ਖੇਲ ਨਿਰਾਲਾ, ਨਿਰਗੁਣ ਨਿਰਵੈਰ ਪੁਰਖ ਅਕਾਲ ਵਡੀ ਵਡਿਆਈਆ । ਆਪੇ ਸਤਿਜੁਗ ਤ੍ਰੇਤਾ ਦੁਆਪਰ ਚਲੇ ਅਵੱਲੜੀ ਚਾਲਾ, ਜੁਗ ਜੁਗ ਆਪਣਾ ਵੇਸ ਵਟਾਈਆ । ਆਪੇ ਲੱਖ ਚੁਰਾਸੀ ਫਲ ਵੇਖੇ ਲੱਗਾ ਡਾਲਾ, ਘਰ ਘਰ ਆਪਣਾ ਫੇਰਾ ਪਾਈਆ । ਆਪੇ ਚਰਨ ਕਵਲ ਰਖਾਏ ਕਾਲ ਮਹਾਕਾਲਾ, ਕਾਲ ਗਰਾਸ ਆਪ ਹੋ ਜਾਈਆ । ਆਪੇ ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਫਿਰੇ ਬੇਹਾਲਾ, ਆਪੇ ਦਰ ਦਰ ਘਰ ਘਰ ਆਪਣੀ ਅਲਖ ਜਗਾਈਆ । ਆਪੇ ਸ਼ਾਹੋ ਭੂਪ ਬਣੇ ਕੰਗਾਲਾ, ਦਰ ਦਰਵੇਸ਼ ਆਪਣਾ

ਨਾਉਂ ਧਰਾਈਆ । ਆਪੇ ਸਤਿਜੁਗ ਸਾਚੀ ਕਰੇ ਪ੍ਰਿਤਪਾਲਾ, ਭਗਵਨ ਆਪਣਾ ਰੂਪ ਆਪ ਪਰਗਟਾਈਆ । ਆਪੇ ਤਰੇਤਾ ਫੜੇ ਤੀਰ ਕਮਾਨਾ, ਦੁਸ਼ਟ ਹੰਕਾਰੀ ਰਾਵਣ ਦਏ ਖਪਾਈਆ । ਆਪੇ ਹੋਏ ਕ੍ਰਿਸ਼ਨਾ ਕਾਹਨਾ, ਮੁਕੰਦ ਮਨੋਹਰ ਲਖਮੀ ਨਰਾਇਣ ਬੰਸਰੀ ਨਾਮ ਆਪ ਵਜਾਈਆ । ਆਪੇ ਰਥ ਰਥਵਾਹੀ ਬਣੇ ਗੁਣ ਨਿਧਾਨਾ, ਆਪੇ ਅਠਾਰਾਂ ਧਿਆਏ ਗੀਤਾ ਅਰਜਨ ਦਏ ਸਮਝਾਈਆ । ਆਪੇ ਈਸਾ ਮੂਸਾ ਕਾਲਾ ਸੂਸਾ ਤਨ ਕਰੇ ਨਿਸ਼ਾਨਾ, ਆਪੇ ਅਲਫ਼ੀ ਗਲ ਹੰਢਾਈਆ । ਆਪੇ ਜਾਣੇ ਹਦੀਸ ਅੰਜੀਲ ਕ਼ੁਰਾਨਾ, ਸ਼ਰਅ ਸ਼ਰੀਅਤ ਆਪ ਵਖਾਈਆ । ਆਪੇ ਵਸੇ ਮੁਕਾਮੇ ਹੱਕ ਧੁਰਦਰਗਾਹੀ ਬੇਐਬ ਪਰਵਰਦਿਗਾਰਾ ਸਚ ਟਿਕਾਣਾ, ਸਾਚਾ ਧਾਮ ਇਕ ਸੁਹਾਈਆ । ਆਪੇ ਜਾਣੇ ਆਪਣਾ ਰਾਗ ਤਰਾਨਾ, ਤਾਰ ਸਤਾਰ ਆਪ ਹਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਸ਼ਬਦ ਸ਼ਬਦੀ ਖੇਲ ਖਿਲਾਈਆ । ਸ਼ਬਦ ਵਣਜਾਰਾ ਸਾਚਾ ਹਾਜੀ, ਹੱਜ ਕਾਇਆ ਕਾਅਬਾ ਆਪ ਕਰਾਇੰਦਾ । ਹਰਿ ਸ਼ਬਦ ਹਯਾਤ ਆਬ ਦੋ ਦੋ ਆਬੀ, ਆਪਣਾ ਆਪ ਆਪ ਪਿਆਇੰਦਾ । ਹਰਿ ਸ਼ਬਦ ਬਣ ਸਵਾਬੀ, ਭੇਵ ਕੋਇ ਨਾ ਪਾਇੰਦਾ । ਹਰਿ ਸ਼ਬਦ ਸ਼ਾਹ ਸੁਲਤਾਨ ਬਣੇ ਨਵਾਬੀ, ਰਯਤ ਆਪਣਾ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਸ਼ਬਦ ਸੁਤ ਤੇਰਾ ਵੇਸ ਵਟਾਇੰਦਾ । ਸਾਚਾ ਵਰ ਹਰਿ ਘਰ ਪਾਇਆ, ਘਰ ਸਾਚੇ ਵੱਜੀ ਵਧਾਈਆ । ਨਿਰਗੁਣ ਨਿਰਗੁਣ ਵੇਖ ਵਖਾਇਆ, ਨਿਰਗੁਣ ਮੇਲਾ ਸਹਿਜ ਸੁਭਾਈਆ । ਨਿਰਗੁਣ ਚੇਲਾ ਨਿਰਗੁਣ ਗੁਰ ਰੂਪ ਵਟਾਇਆ, ਨਿਰਗੁਣ ਸਤਿਗੁਰ ਹੋਏ ਸਹਾਈਆ । ਨਿਰਗੁਣ ਪੰਜ ਤੱਤ ਆਸਣ ਲਾਇਆ, ਲੋਕਮਾਤ ਵੱਜੇ ਵਧਾਈਆ । ਨਾਨਕ ਨਿਰਗੁਣ ਨਾਉਂ ਧਰਾਇਆ, ਨਾਮ ਸਤਿ ਸਤਿ ਪੜ੍ਹਾਈਆ । ਪਾਰਬ੍ਰਹਮ ਬ੍ਰਹਮ ਵਿਚ ਸਮਾਇਆ, ਦੋਏ ਦੋਏ ਏਕਾ ਧਾਰ ਵਖਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਨਾਉਂ ਧਰਾਇਆ, ਭੇਵ ਕੋਇ ਨਾ ਪਾਈਆ । ਏਕਾ ਡੰਕਾ ਸ਼ਬਦ ਵਜਾਇਆ, ਚਾਰ ਵਰਨਾਂ ਦਏ ਸਮਝਾਈਆ । ਊਚਾਂ ਨੀਚਾਂ ਰਾਉ ਰੰਕਾਂ ਏਕਾ ਸੰਗ ਰਖਾਇਆ, ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਏਕਾ ਮਾਰਗ ਰਿਹਾ ਵਖਾਈਆ । ਮੁਲਾਂ ਸ਼ੇਖ਼ ਮੁਸਾਇਕ ਪੀਰ ਏਕਾ ਕਲਮਾ ਹੱਕ ਜਣਾਇਆ, ਹੱਕ ਹਕ਼ੀਕ਼ਤ ਦਏ ਗਵਾਹੀਆ । ਲਾਸ਼ਰੀਕ ਇਕ ਖ਼ੁਦਾਇਆ, ਬੇਐਬ ਨਾਉਂ ਵਡਿਆਈਆ । ਜਗਤ ਤਾਰੀਕ ਦਏ ਮਿਟਾਇਆ, ਜਲਵਾ ਨੂਰ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਜੋਤੀ ਦਸ ਦਸ ਧਾਰ, ਨਾਤਾ ਤੁੱਟੇ ਨੌਂ ਦੁਆਰ, ਨੌਂ ਖੰਡ ਪ੍ਰਿਥਮੀ ਪਾਵੇ ਸਾਰ, ਆਪ ਆਪਣਾ ਬਲ ਧਰਾਇੰਦਾ । ਸ਼ਬਦ ਗੁਰ ਸੂਰ ਬਲਕਾਰਾ, ਪੁਰਖ ਅਕਾਲ ਉਪਾਇਆ । ਨਾਉਂ ਰਖਾਇਆ ਸੁਤ ਦੁਲਾਰਾ, ਪੰਜ ਤੱਤ ਗੋਬਿੰਦ ਮੇਲ ਮਿਲਾਇਆ । ਨਾਮ ਫੜਾਇਆ ਸਚ ਕਟਾਰਾ, ਬ੍ਰਹਿਮੰਡ ਖੰਡ ਆਪ ਚਮਕਾਇਆ । ਤਿੱਖੀ ਰੱਖੇ ਦੋਵੇਂ ਧਾਰਾ, ਦੋ ਜਹਾਨਾਂ ਵੇਖ ਵਖਾਇਆ । ਅੰਮ੍ਰਿਤ ਬਖ਼ਸ਼ੇ ਠੰਡਾ ਠਾਰਾ, ਭਰ ਪਿਆਲਾ ਜਾਮ ਪਿਆਇਆ । ਸਾਚੀ ਰੀਤੀ ਵਿਚ ਸੰਸਾਰਾ, ਲੋਕਮਾਤ ਰਿਹਾ ਦਰਸਾਇਆ । ਊਚਾਂ ਨੀਚਾਂ ਬਹਾਏ ਇਕ ਦੁਆਰਾ, ਦੂਜੀ ਵੰਡ ਨਾ ਕੋਇ ਵੰਡਾਇਆ । ਪੰਜਾਂ ਮੁਖ ਕਰ ਉਜਿਆਰਾ, ਪੰਚਮ ਸੀਸ ਦਸਤਾਰ ਟਿਕਾਇਆ । ਪੰਚਮ ਅੱਗੇ ਕਰ ਨਿਮਸਕਾਰਾ, ਆਪਣਾ ਸੀਸ ਨਿਵਾਇਆ । ਪੰਚਮ ਰਾਜ ਜੋਗ ਸਿਕਦਾਰਾ, ਪੰਚਮ ਸ਼ਾਹ ਪਾਤਸ਼ਾਹ ਦਏ ਵਡਿਆਇਆ । ਪੰਚਮ ਹੁਕਮ ਵਰਤੇ ਵਿਚ ਸੰਸਾਰਾ, ਹਰਿ ਸ਼ਬਦ ਦਏ ਵਰਤਾਇਆ । ਅੰਤਮ ਕਰਿਆ ਪਾਰ ਕਿਨਾਰਾ, ਪੰਜ ਤੱਤ ਨਾਤਾ ਆਪ ਤੁੜਾਇਆ । ਊਚੀ ਕੂਕ ਕਰੇ ਪੁਕਾਰਾ, ਇਕ ਆਵਾਜ਼ ਲਗਾਇਆ ।

ਕਲਜੁਗ ਅੰਤਮ ਪਾਵੇ ਸਾਰਾ, ਨੌਂ ਸੌ ਚੁਰਾਨਵੇਂ ਚੌਕੜੀ ਜੁਗ ਪੰਧ ਮੁਕਾਇਆ । ਪਰਗਟ ਹੋਵੇ ਨਿਹਕਲੰਕ ਨਰਾਇਣ ਨਰ ਅਵਤਾਰਾ, ਜੋਤੀ ਜੋਤ ਜੋਤ ਰੁਸ਼ਨਾਇਆ । ਸ਼ਬਦ ਸੁਤ ਤੇਰੀ ਪਾਵੇ ਸਾਰਾ, ਗੋਬਿੰਦ ਮੇਲਾ ਸਹਿਜ ਸੁਭਾਇਆ । ਵਿਸ਼ਨ ਬ੍ਰਹਮਾ ਸ਼ਿਵ ਤੇਰਾ ਪਾਰ ਕਿਨਾਰਾ । ਤ੍ਰੈਗੁਣ ਨਾਤਾ ਦਏ ਤੁੜਾਇਆ । ਪੰਜ ਤੱਤ ਤੋੜੇ ਗੜ੍ਹ ਹੰਕਾਰਾ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਆਪਣਾ ਮੇਲ ਮਿਲਾਇਆ । ਪਰਗਟ ਹੋਵੇ ਸ਼ਾਹ ਸੁਲਤਾਨ ਸੱਚਾ ਸਿਕਦਾਰਾ, ਨਿਰਗੁਣ ਨਿਰਗੁਣ ਨਿਰਗੁਣ ਆਪਣਾ ਨਾਉਂ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦਿਤਾ ਸਾਚਾ ਵਰ, ਅਭੁਲ ਅਭੁਲ ਅਭੁਲ ਆਪ ਸੁਣਾਇਆ । ਕਲਜੁਗ ਅੰਤਮ ਆਵਣਾ, ਜੁਗ ਚੌਕੜੀ ਰਹਿਣ ਨਾ ਪਾਈਆ । ਪੁਰਖ ਅਬਿਨਾਸ਼ੀ ਵੇਸ ਵਟਾਵਣਾ, ਨਿਰਗੁਣ ਜੋਤ ਕਰ ਰੁਸ਼ਨਾਈਆ । ਨਿਹਕਲੰਕ ਨਾਉਂ ਧਰਾਵਣਾ, ਚਾਰ ਜੁਗ ਦੇਣ ਗਵਾਹੀਆ । ਗੁਰਮੁਖ ਸਾਚੇ ਵੇਖ ਵਖਾਵਣਾ, ਨੌਂ ਖੰਡ ਪ੍ਰਿਥਮੀ ਫੇਰਾ ਪਾਈਆ । ਸੱਤਾਂ ਦੀਪਾਂ ਫੋਲ ਫੁਲਾਵਣਾ, ਆਪ ਆਪਣਾ ਬਲ ਧਰਾਈਆ । ਸ਼ਬਦ ਤੇਰਾ ਡੰਕਾ ਇਕ ਵਜਾਵਣਾ, ਤੇਰਾ ਨਾਉਂ ਦਏ ਵਡਿਆਈਆ । ਸੋ ਪੁਰਖ ਨਿਰੰਜਣ ਆਪਣਾ ਖੇਲ ਖਿਲਾਵਣਾ, ਹੰ ਬ੍ਰਹਮ ਲਏ ਮਿਲਾਈਆ । ਸੋਹੰ ਰੂਪ ਪਿਤਾ ਪੂਤ ਏਕਾ ਤਾਗਾ ਏਕਾ ਸੂਤ ਏਕਾ ਗੰਢ ਪਵਾਵਣਾ, ਨਾ ਕੋਈ ਤੋੜੇ ਤੋੜ ਤੁੜਾਈਆ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਖ਼ਾਕ ਮਿਲਾਵਣਾ, ਸੀਸ ਤਾਜ ਨਾ ਕੋਇ ਟਿਕਾਈਆ । ਪੂਰਬ ਲੇਖਾ ਪੂਰ ਕਰਾਵਣਾ, ਅਗਲਾ ਆਪਣੇ ਹੱਥ ਰਖਾਈਆ । ਜੀਵ ਜੰਤ ਭੇਵ ਕਿਸੇ ਨਾ ਪਾਵਣਾ, ਚੌਦਾਂ ਵਿਦਿਆ ਰੋਵੇ ਮਾਰੇ ਧਾਹੀਂਆ । ਨਿਰਗੁਣ ਰੂਪ ਨਜ਼ਰ ਕਿਸੇ ਨਾ ਆਵਣਾ, ਕੋਟਨ ਕੋਟ ਬੈਠਣ ਧਿਆਨ ਲਗਾਈਆ । ਕਲਜੁਗ ਆਪਣਾ ਪਰਦਾ ਉਪਰ ਪਾਵਣਾ, ਨਾ ਸਕੇ ਕੋਇ ਚੁਕਾਈਆ । ਨਾਰ ਵਿਭਚਾਰ ਸ੍ਰਿਸ਼ਟ ਸਬਾਈ ਕਰਾਵਣਾ, ਹਰਿ ਕੰਤ ਨਾ ਕੋਇ ਹੰਢਾਈਆ । ਗੁਰਮੁਖ ਵਿਰਲੇ ਸ਼ਬਦ ਆਪਣਾ ਰੂਪ ਆਪ ਦਰਸਾਵਣਾ, ਧੁਨ ਅਨਾਦੀ ਨਾਦ ਵਜਾਈਆ । ਸਾਢੇ ਤਿੰਨ ਹੱਥ ਮੰਦਰ ਅੰਦਰ ਬਹਿ ਬਹਿ ਗਾਵਣਾ, ਜਗਤ ਸ਼ਿਵਦੁਆਲਾ ਮਠ ਮੰਦਰ ਮਸਜਿਦ ਖੋਜਣ ਕੋਇ ਨਾ ਜਾਈਆ । ਕਰੇ ਖੇਲ ਪ੍ਰਭ ਸਮਰਥ ਗੁਰਸਿਖਾਂ ਕਰੇ ਪੂਰੀ ਭਾਵਨਾ, ਭਾਵੀ ਭੈ ਨਾ ਕੋਇ ਸਿਰ ਰਖਾਈਆ । ਦੋ ਜਹਾਨਾਂ ਬਣੇ ਜ਼ਾਮਨਾ, ਏਥੇ ਓਥੇ ਹੋਏ ਸਹਾਈਆ । ਸ਼ਬਦੀ ਸ਼ਬਦ ਫੜਾਏ ਸਾਚਾ ਦਾਮਨਾ, ਦਾਮਨਗੀਰ ਆਪ ਅਖਵਾਈਆ । ਕਾਇਆ ਖੇੜਾ ਵਸਾਏ ਸਾਚਾ ਨਗਰ ਗਰਾਮਨਾ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਕਰੇ ਪਰਕਾਸ਼ ਕੋਟਨ ਭਾਨਨਾ, ਰਵ ਸਸ ਮੁਖ ਸ਼ਰਮਾਈਆ । ਸੋਹੰ ਸ਼ਬਦ ਦੇਵੇ ਬ੍ਰਹਮ ਗਿਆਨਨਾ, ਬ੍ਰਹਮ ਪਾਰਬ੍ਰਹਮ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਅੰਤ ਏਕਾ ਹਰਿ, ਕਰੇ ਖੇਲ ਸਾਚੇ ਘਰ, ਸਚਖੰਡ ਦੁਆਰਾ ਇਕ ਸੁਹਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਕਰੇ ਆਪ ਕਲਿਆਣ, ਡੋਰ ਹੱਥ ਨਾ ਕਿਸੇ ਫੜਾਈਆ ।



★ ੮ ਮਾਘ ੨੦੧੭ ਬਿਕਰਮੀ ਗੁਰਮੇਜ ਸਿੰਘ ਦੇ ਗ੍ਰਿਹ ਪਿੰਡ ਰੁੜਕਾ ਕਲਾਂ ★

ਹਰਿ ਸਤਿਗੁਰ ਵਡਿਆਈ ਧੰਨ, ਆਦਿ ਅੰਤ ਖੇਲ ਖਿਲਾਇੰਦਾ । ਗੁਰ ਗੁਰ ਵਡਿਆਈ ਧੰਨ, ਹਰਿ ਸ਼ਬਦੀ ਨਾਦ ਵਜਾਇੰਦਾ । ਭਗਤ ਵਡਿਆਈ ਧੰਨ, ਭਗਵਨ ਰਾਹ ਤਕਾਇੰਦਾ । ਸੰਤ ਵਡਿਆਈ ਧੰਨ, ਹਰਿ ਕੰਤ ਵੇਖ ਵਖਾਇੰਦਾ । ਗੁਰਮੁਖ ਵਡਿਆਈ ਧੰਨ, ਆਤਮ ਅੰਤਰ

ਖੋਜ ਖੁਜਾਇੰਦਾ । ਗੁਰਸਿਖ ਵਡਿਆਈ ਧੰਨ, ਏਕਾ ਨਾਉਂ ਰਸਨਾ ਜਿਹਵਾ ਧਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮੇਲਾ ਆਪ ਮਿਲਾਇੰਦਾ । ਸਤਿਗੁਰ ਵਡਿਆਈ ਧੰਨ, ਆਦਿ ਜੁਗਾਦਿ ਸਮਾਇਆ । ਗੁਰ ਗੁਰ ਵਡਿਆਈ ਧੰਨ, ਨਿਰਗੁਣ ਸਰਗੁਣ ਰੂਪ ਧਰਾਇਆ । ਭਗਤ ਵਡਿਆਈ ਧੰਨ, ਘਰ ਮੰਦਰ ਕਰੇ ਰੁਸ਼ਨਾਇਆ । ਸੰਤ ਵਡਿਆਈ ਧੰਨ, ਨਿਜ ਆਤਮ ਵੇਖ ਵਖਾਇਆ । ਗੁਰਮੁਖ ਵਡਿਆਈ ਧੰਨ, ਚਰਨ ਕਵਲ ਧਿਆਨ ਲਗਾਇਆ । ਗੁਰਸਿਖ ਵਡਿਆਈ ਧੰਨ, ਨੇਤਰ ਨੈਣ ਇਕ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਖੇਲ ਖਿਲਾਇਆ । ਸਤਿਗੁਰ ਵਡਿਆਈ ਧੰਨ, ਏਕਾ ਰੰਗ ਸਮਾਇੰਦਾ । ਗੁਰ ਵਡਿਆਈ ਧੰਨ, ਜੁਗ ਜੁਗ ਆਪਣਾ ਨਾਉਂ ਪਰਗਟਾਇੰਦਾ । ਭਗਤ ਵਡਿਆਈ ਧੰਨ, ਲੋਕਮਾਤ ਖੇਲ ਖਿਲਾਇੰਦਾ । ਸੰਤ ਵਡਿਆਈ ਧੰਨ, ਜੀਵਾਂ ਜੰਤਾਂ ਆਪ ਸੁਹਾਇੰਦਾ । ਗੁਰਮੁਖ ਵਡਿਆਈ ਧੰਨ, ਰੰਗ ਬਸੰਤ ਇਕ ਰੰਗਾਇੰਦਾ । ਗੁਰਸਿਖ ਵਡਿਆਈ ਧੰਨ, ਮਨ ਕਾ ਮਣਕਾ ਆਪ ਭਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਦਿ ਪੁਰਖ ਆਪਣਾ ਰੂਪ ਆਪ ਧਰਾਇੰਦਾ । ਸਤਿਗੁਰ ਵਡਿਆਈ ਧੰਨ, ਨਿਰਗੁਣ ਜੋਤ ਜੋਤ ਰੁਸ਼ਨਾਈਆ । ਗੁਰ ਗੁਰ ਵਡਿਆਈ ਧੰਨ, ਲੱਖ ਚੁਰਾਸੀ ਵੇਖੇ ਥਾਉਂ ਥਾਈਆ । ਭਗਤ ਵਡਿਆਈ ਧੰਨ, ਭਾਵੀ ਸੀਸ ਨਾ ਕੋਇ ਜਣਾਈਆ । ਸੰਤ ਵਡਿਆਈ ਧੰਨ, ਸੰਸਾ ਰੋਗ ਰਹੇ ਨਾ ਰਾਈਆ । ਗੁਰਮੁਖ ਵਡਿਆਈ ਧੰਨ, ਕਾਮ ਕਰੋਧ ਲੋਭ ਮੋਹ ਹੰਕਾਰ ਗੜ੍ਹ ਤੁੜਾਈਆ । ਗੁਰਸਿਖ ਵਡਿਆਈ ਧੰਨ, ਸਗਲੀ ਚਿੰਤ ਗਵਾਈਆ । ਪੁਰਖ ਅਬਿਨਾਸ਼ੀ ਏਕਾ ਜਣੇ ਸਾਚਾ ਜਨ, ਜਨ ਜਣੇਂਦੀ ਸਾਚੀ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਹਰਿ ਸੁਲਤਾਨਾ, ਸਾਚਾ ਖੇਲ ਖਿਲਾਇੰਦਾ । ਸਤਿ ਪੁਰਖ ਨਿਰੰਜਣ ਹੋ ਪਰਧਾਨਾ, ਜੁਗਾ ਜੁਗੰਤਰ ਵੇਸ ਵਟਾਇੰਦਾ । ਦੇਵਣਹਾਰਾ ਧੁਰ ਫ਼ਰਮਾਨਾ, ਧੁਰ ਦੀ ਬਾਣੀ ਬਾਣ ਅਲਾਇੰਦਾ । ਸਤਿ ਸਰੂਪੀ ਸਤਿ ਨਿਸ਼ਾਨਾ, ਦੋ ਜਹਾਨਾਂ ਆਪ ਝੁਲਾਇੰਦਾ । ਨਿਰਵੈਰ ਪੁਰਖ ਹੋ ਪਰਧਾਨਾ, ਲੋਕਮਾਤ ਖੇਲ ਖਿਲਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦੇਵੇ ਇਕ ਗਿਆਨਾ, ਆਤਮ ਅੰਤਰ ਬੂਝ ਬੁਝਾਇੰਦਾ । ਲੱਖ ਚੁਰਾਸੀ ਨਾਦ ਤਰਾਨਾ, ਧੁਨ ਆਤਮਕ ਆਪ ਸੁਣਾਇੰਦਾ । ਕਰੇ ਖੇਲ ਦੋ ਜਹਾਨਾਂ, ਭੇਵ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਆਪਣਾ ਬੰਧਨ ਆਪੇ ਪਾਇੰਦਾ । ਸਾਚਾ ਬੰਧਨ ਹਰਿ ਕਰਤਾਰ, ਸ਼ਬਦੀ ਸ਼ਬਦ ਇਕ ਰਖਾਇੰਦਾ । ਨਿਰਗੁਣ ਸਰਗੁਣ ਲੈ ਅਵਤਾਰ, ਲੋਕਮਾਤ ਵੇਖ ਵਖਾਇੰਦਾ । ਸਤਿਗੁਰ ਰੂਪ ਸੱਚੀ ਸਰਕਾਰ, ਸ਼ਹਿਨਸ਼ਾਹ ਆਪਣਾ ਨਾਉਂ ਧਰਾਇੰਦਾ । ਗੁਰ ਗੁਰ ਵਰਤੇ ਇਕ ਵਰਤਾਰ, ਵਾਸਤਕ ਆਪਣਾ ਰੂਪ ਦਰਸਾਇੰਦਾ । ਭਗਤਨ ਦੇਵੇ ਨਾਮ ਆਧਾਰ, ਭਗਵਨ ਆਪਣੀ ਸੇਵਾ ਲਾਇੰਦਾ । ਸੰਤਨ ਬਖ਼ਸ਼ੇ ਠਾਂਡਾ ਦਰਬਾਰ, ਦਰ ਦਰਵਾਜ਼ਾ ਆਪ ਖੁਲ੍ਹਾਇੰਦਾ । ਗੁਰਮੁਖਾਂ ਨਿਰਗੁਣ ਜੋਤ ਕਰੇ ਉਜਿਆਰ, ਅੰਧ ਅੰਧੇਰ ਗਵਾਇੰਦਾ । ਗੁਰਸਿਖਾਂ ਬਖ਼ਸ਼ੇ ਅੰਮ੍ਰਿਤ ਠੰਡਾ ਠਾਰ, ਚਰਨ ਚਰਨੋਦਕ ਮੁਖ ਚੁਆਇੰਦਾ । ਜੁਗਾ ਜੁਗੰਤਰ ਸਾਚੀ ਕਾਰ, ਕਰਤਾ ਪੁਰਖ ਆਪ ਕਰਾਇੰਦਾ । ਜੂਨੀ ਰਹਿਤ ਵਸਿਆ ਸਭ ਤੋਂ ਬਾਹਰ, ਦਿਸ ਕਿਸੇ ਨਾ ਆਇੰਦਾ । ਵੇਦ ਪੁਰਾਨ ਸ਼ਾਸਤਰ ਸਿਮਰਤ ਉਚੀ ਕੂਕਣ ਕਰਨ ਪੁਕਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਆਪਣਾ ਬਲ ਆਪ ਰਖਾਇੰਦਾ । ਆਪਣਾ ਬਲ

ਆਪੇ ਧਾਰ, ਬਲ ਬਾਵਣ ਰੂਪ ਧਰਾਈਆ । ਸਾਚੇ ਤਖ਼ਤ ਬੈਠ ਸੱਚੀ ਸਰਕਾਰ, ਹੁਕਮੀ ਹੁਕਮ ਇਕ ਵਰਤਾਈਆ । ਕਾਗਦ ਕ਼ਲਮ ਨਾ ਲਿਖਣਹਾਰ, ਨਵ ਸਤ ਰੋ ਰੋ ਨੇਤਰ ਨੈਣਾਂ ਨੀਰ ਵਹਾਈਆ । ਅਲਖ ਅਗੋਚਰ ਅਗੰਮ ਅਪਾਰ, ਬੋਧ ਅਗਾਧ ਏਕਾ ਸ਼ਬਦ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਵੇਸ ਵਟਾਈਆ । ਜੁਗ ਜੁਗ ਵੇਸ ਵਟਾਇੰਦਾ, ਪਾਰਬ੍ਰਹਮ ਗੁਰ ਕਰਤਾਰ । ਆਪਣਾ ਖੇਲ ਆਪ ਖਿਲਾਇੰਦਾ, ਨਿਰਗੁਣ ਦਾਤਾ ਬੇਐਬ ਪਰਵਰਦਿਗਾਰ । ਲੱਖ ਚੁਰਾਸੀ ਵੇਖ ਵਖਾਇੰਦਾ, ਲੇਖਾ ਜਾਣੇ ਪੁਰਖ ਨਾਰ । ਧਰਤ ਧਵਲ ਡੇਰਾ ਲਾਇੰਦਾ, ਸਮੁੰਦ ਸਾਗਰ ਲਏ ਵਿਚਾਰ । ਬ੍ਰਹਿਮੰਡ ਖੰਡ ਫੇਰਾ ਪਾਇੰਦਾ, ਜੇਰਜ ਅੰਡ ਦਏ ਆਧਾਰ । ਉਤਭੁਜ ਸੇਤਜ ਮੇਲ ਮਿਲਾਇੰਦਾ, ਆਪ ਆਪਣੀ ਕਿਰਪਾ ਧਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਧੁਰ ਦਰਬਾਰ । ਧੁਰ ਦਰਬਾਰ ਸੁਹਾਇੰਦਾ, ਹਰਿ ਸਤਿਗੁਰ ਸੱਜਣ ਮੀਤ । ਗੁਰ ਗੁਰ ਆਪਣੀ ਖੇਲ ਖਿਲਾਇੰਦਾ, ਆਦਿ ਜੁਗਾਦੀ ਰੀਤ । ਭਗਤਨ ਸਾਚਾ ਮੇਲ ਮਿਲਾਇੰਦਾ, ਸੰਤਨ ਬਖ਼ਸ਼ੇ ਚਰਨ ਪ੍ਰੀਤ । ਗੁਰਮੁਖ ਸਾਚੇ ਗੋਦ ਬਹਾਇੰਦਾ, ਗੁਰਸਿਖ ਕਾਇਆ ਕਰੇ ਠੰਡੀ ਸੀਤ । ਸਾਚੀ ਰੀਤ ਇਕ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੈਠਾ ਰਹੇ ਇਕ ਅਤੀਤ । ਇਕ ਅਤੀਤ ਹਰਿ ਨਿਰੰਕਾਰਾ, ਆਦਿ ਜੁਗਾਦਿ ਸਮਾਇਆ । ਜੁਗ ਜੁਗ ਖੇਲੇ ਖੇਲ ਨਿਆਰਾ, ਖੇਲਣਹਾਰਾ ਦਿਸ ਨਾ ਆਇਆ । ਸਚਖੰਡ ਵਸੇ ਸਚ ਦਰਬਾਰਾ, ਦਰ ਦਰਵਾਜ਼ਾ ਆਪ ਖੁਲ੍ਹਾਇਆ । ਥਿਰ ਘਰ ਸਾਚੇ ਪਾਵੇ ਸਾਰਾ, ਨਿਰਾਕਾਰਾ ਰੂਪ ਵਟਾਇਆ । ਲੋਕਮਾਤ ਹੋਏ ਉਜਿਆਰਾ, ਜੁਗ ਜੁਗ ਆਪਣਾ ਨਾਉਂ ਧਰਾਇਆ । ਸਤਿਜੁਗ ਤ੍ਰੇਤਾ ਕਰਿਆ ਪਾਰ ਕਿਨਾਰਾ, ਦੁਆਪਰ ਆਪਣਾ ਪੰਧ ਮੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਆਪਣਾ ਖੇਲ ਖਿਲਾਇਆ । ਸਤਿਜੁਗ ਤ੍ਰੇਤਾ ਦੁਆਪਰ ਉਤਰਿਆ ਪਾਰ, ਲੋਕਮਾਤ ਰਹਿਣ ਨਾ ਪਾਈਆ । ਗੁਰ ਗੁਰ ਹਰਿ ਹਰਿ ਲੈ ਅਵਤਾਰ, ਭਗਤ ਭਗਵੰਤ ਵੇਖ ਵਖਾਈਆ । ਸੰਤ ਕੰਤ ਦਏ ਆਧਾਰ, ਨਰ ਨਰਾਇਣ ਵਡੀ ਵਡਿਆਈਆ । ਗੁਰਮੁਖ ਗੁਰਸਿਖ ਲਏ ਉਭਾਰ, ਲੱਖ ਚੁਰਾਸੀ ਫੋਲ ਫੁਲਾਈਆ । ਡੁੱਬਦੇ ਪੱਥਰ ਜਾਏ ਤਾਰ, ਚਰਨ ਕਵਲ ਬਖ਼ਸ਼ੇ ਸਚ ਸਰਨਾਈਆ । ਕਲਜੁਗ ਅੰਤਮ ਹੋਏ ਉਜਿਆਰ, ਨਿਰਗੁਣ ਨੂਰ ਕਰ ਰੁਸ਼ਨਾਈਆ । ਜੋਤੀ ਜਾਮਾ ਲੈ ਅਵਤਾਰ, ਪਾਰਬ੍ਰਹਮ ਵਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਖਿਲਾਇੰਦਾ, ਕਲਜੁਗ ਅੰਤਮ ਵਾਰ । ਸਚਖੰਡ ਦੁਆਰਾ ਆਪਣਾ ਆਪ ਰਖਾਇੰਦਾ, ਆਪੇ ਹੋਏ ਵੇਖਣਹਾਰ । ਸ਼ਬਦ ਦੁਲਾਰਾ ਨਾਲ ਰਲਾਇੰਦਾ, ਥਿਰ ਘਰ ਵਾਸੀ ਪਾਵੇ ਸਾਰ । ਸੁੰਨ ਅਗੰਮ ਆਪ ਤਜਾਇੰਦਾ, ਕਰੇ ਕਰਾਏ ਸਚ ਵਿਹਾਰ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਵੇਖ ਵਖਾਇੰਦਾ, ਵੇਖਣਹਾਰ ਆਪ ਕਰਤਾਰ । ਰਵ ਸਸ ਜੋਤ ਜਗਾਇੰਦਾ, ਨੂਰ ਨੁਰਾਨਾ ਕਰ ਪਿਆਰ । ਆਪਣਾ ਭੇਵ ਆਪ ਰਖਾਇੰਦਾ, ਨਾ ਕੋਈ ਖੋਲ੍ਹੇ ਵਿਚ ਸੰਸਾਰ । ਗੁਰ ਪੀਰ ਅਵਤਾਰ ਸਰਬ ਗਾਇੰਦਾ, ਰਸਨਾ ਜਿਹਵਾ ਜੈ ਜੈਕਾਰ । ਚਾਰ ਵੇਦ ਜਗਤ ਕੁਰਲਾਇੰਦਾ, ਪੁਰਾਨ ਅਠਾਰਾਂ ਹਾਹਾਕਾਰ । ਗੀਤਾ ਗਿਆਨ ਸਰਬ ਦ੍ਰਿੜਾਇੰਦਾ, ਅੰਜੀਲ ਕ਼ੁਰਾਨ ਕਰਨ ਵਿਚਾਰ । ਖਾਣੀ ਬਾਣੀ ਭੇਵ ਨਾ ਆਇੰਦਾ, ਬੇਅੰਤ ਹਰਿ ਕਰਤਾਰ । ਵਿਸ਼ਨ ਬ੍ਰਹਮਾ ਸ਼ਿਵ ਨਿਉਂ ਨਿਉਂ ਸੀਸ ਝੁਕਾਇੰਦਾ, ਦੋਏ ਦੋਏ ਜੋੜ ਕਰਨ ਨਿਮਸਕਾਰ । ਕਰੋੜ ਤਤੀਸਾ ਧੂੜੀ ਮਸਤਕ ਖ਼ਾਕ ਰਮਾਇੰਦਾ, ਸੁਰਪਤ ਰਾਜਾ ਇੰਦ ਕਰੇ ਪੁਕਾਰ । ਕਲਜੁਗ ਵੇਲਾ ਅੰਤਮ

ਆਇੰਦਾ, ਲੱਖ ਚੁਰਾਸੀ ਹੋਏ ਖ਼ਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਆਪ ਕਰਤਾਰ । ਹਰਿ ਕਰਤਾ ਖੇਲ ਖਿਲਾਇੰਦਾ, ਕਲਜੁਗ ਅੰਤਮ ਵਾਰ । ਸੋ ਪੁਰਖ ਨਿਰੰਜਣ ਰੂਪ ਧਰਾਇੰਦਾ, ਨਿਰਗੁਣ ਜੋਤ ਕਰ ਉਜਿਆਰ । ਹਰਿ ਪੁਰਖ ਨਿਰੰਜਣ ਰੰਗ ਰੰਗਾਇੰਦਾ, ਰੰਗ ਰੰਗੀਲਾ ਮੀਤ ਮੁਰਾਰ । ਏਕੰਕਾਰਾ ਵੇਖ ਵਖਾਇੰਦਾ, ਆਦਿ ਨਿਰੰਜਣ ਹੋ ਉਜਿਆਰ । ਸ੍ਰੀ ਭਗਵਾਨ ਸੰਗ ਨਿਭਾਇੰਦਾ, ਅਬਿਨਾਸ਼ੀ ਕਰਤਾ ਵਸੇ ਠਾਂਡੇ ਦਰਬਾਰ । ਪਾਰਬ੍ਰਹਮ ਪ੍ਰਭ ਆਪਣਾ ਪਰਦਾ ਲਾਹਿੰਦਾ, ਬ੍ਰਹਮ ਕਰੇ ਖ਼ਬਰਦਾਰ । ਲੋਕਮਾਤ ਜੋਤ ਜਗਾਇੰਦਾ, ਨਿਰਗੁਣ ਨਿਰਗੁਣ ਲੈ ਅਵਤਾਰ । ਨਿਹਕਲੰਕਾ ਨਾਉਂ ਰਖਾਇੰਦਾ, ਲੱਖ ਚੁਰਾਸੀ ਸਾਂਝਾ ਯਾਰ । ਘਟ ਘਟ ਅੰਦਰ ਆਪਣੀ ਜੋਤ ਜਗਾਇੰਦਾ, ਜੋਤੀ ਜਾਤਾ ਪਰਵਰਦਿਗਾਰ । ਖ਼ਾਲਕ ਖ਼ਲਕ ਵੇਖ ਵਖਾਇੰਦਾ, ਲੇਖਾ ਜਾਣੇ ਅੰਦਰ ਬਾਹਰ । ਸਚ ਜੈਕਾਰਾ ਏਕਾ ਨਾਅਰਾ ਲਾਇੰਦਾ, ਉਚੀ ਕੂਕ ਕੂਕ ਪੁਕਾਰ । ਨੌਂ ਖੰਡ ਪ੍ਰਿਥਮੀ ਆਪ ਹਿਲਾਇੰਦਾ, ਸੱਤਾਂ ਦੀਪਾਂ ਦਏ ਹੁਲਾਰ । ਸ਼ਾਹ ਸੁਲਤਾਨਾਂ ਆਪ ਉਠਾਇੰਦਾ, ਰਾਜ ਰਾਜਾਨਾਂ ਮਾਰੇ ਮਾਰ । ਕੂੜ ਕੁੜਿਆਰਾ ਫੋਲ ਫੁਲਾਇੰਦਾ, ਜੂਠ ਝੂਠ ਕਰੇ ਵਿਚਾਰ । ਮਨ ਮਤ ਦਰ ਦੁਰਕਾਇੰਦਾ, ਗੁਰਮਤ ਪਾਵੇ ਸਾਰ । ਗੁਰਮੁਖ ਸਾਚੇ ਵੇਖ ਵਖਾਇੰਦਾ, ਆਪ ਆਪਣੀ ਕਿਰਪਾ ਧਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਾਰ । ਗੁਰਸਿਖ ਆਪ ਜਗਾਇਆ, ਕਰ ਕਿਰਪਾ ਗੁਣ ਨਿਧਾਨ । ਏਕਾ ਮੰਤਰ ਨਾਮ ਦ੍ਰਿੜਾਇਆ, ਆਤਮ ਅੰਤਰ ਬ੍ਰਹਮ ਗਿਆਨ । ਜਗਤ ਨਾਤਾ ਆਪ ਛੁਡਾਇਆ, ਆਪੇ ਹੋਇਆ ਸਦਾ ਮਿਹਰਵਾਨ । ਸਾਚੀ ਗਾਥਾ ਇਕ ਸੁਣਾਇਆ, ਸੋਹੰ ਸ਼ਬਦ ਬਲੀ ਬਲਵਾਨ । ਸਰਬ ਕਲਾ ਸਮਰਾਥਾ ਵੇਖ ਵਖਾਇਆ, ਦਿਵਸ ਰੈਣ ਨਿਗਹਬਾਨ । ਪੂਜਾ ਪਾਠਾ ਨਾ ਕੋਇ ਕਰਾਇਆ, ਜੀਵਤ ਦੇਵੇ ਜੀਆ ਦਾਨ । ਸਾਚੇ ਰਾਥਾ ਆਪ ਚੜ੍ਹਾਇਆ, ਰਥ ਰਥਵਾਹੀ ਬਣੇ ਗੁਣ ਨਿਧਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਕਰ ਪਰਵਾਨ । ਗੁਰਮੁਖ ਆਪ ਮਿਲਾਇਆ, ਕਰ ਕਿਰਪਾ ਗੁਣ ਨਿਧਾਨ । ਲੱਖ ਚੁਰਾਸੀ ਭਰਮ ਭੁਲਾਇਆ, ਮਾਇਆ ਭੁੱਲੇ ਜੀਵ ਨਾਦਾਨ । ਕੂੜੀ ਕਿਰਿਆ ਵਿਚ ਰੁਲਾਇਆ, ਦਿਸ ਨਾ ਆਏ ਸ੍ਰੀ ਭਗਵਾਨ । ਕਾਇਆ ਕੁੱਲੇ ਅੱਗ ਲਗਾਇਆ, ਨਾਤਾ ਜੁੜਿਆ ਪੰਜ ਸ਼ੈਤਾਨ । ਫਲੇ ਫੁੱਲੇ ਸਿੰਮਲ ਰੁੱਖ ਫਲ ਨਾ ਕੋਇ ਲਗਾਇਆ, ਸੁੰਞਾ ਦਿਸੇ ਜਗਤ ਜਹਾਨ । ਅੰਤਮ ਕਰਤਾ ਕ਼ੀਮਤ ਕੋਇ ਨਾ ਪਾਇਆ, ਝੂਠੀ ਵਿਕੇ ਮਾਤ ਦੁਕਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਵੇਖੇ ਬਾਲ ਅਞਾਣ । ਗੁਰਮੁਖ ਅਞਾਣਾ ਬਾਲੜਾ, ਹਰਿ ਸਤਿਗੁਰ ਵੇਖ ਵਖਾਇੰਦਾ । ਗੁਰ ਗੁਰ ਰੰਗੇ ਆਪਣੇ ਲਾਲੜਾ, ਲਾਲ ਰੰਗੀਲਾ ਰੰਗ ਚੜ੍ਹਾਇੰਦਾ । ਭਗਤਨ ਬਣਾਏ ਸਚ ਕ਼ਬੀਲੜਾ, ਸੰਤਨ ਖੇਲ ਖਿਲਾਇੰਦਾ । ਗੁਰਮੁਖਾਂ ਦੇਵੇ ਸਚ ਦਲੀਲੜਾ, ਗੁਰਸਿਖ ਆਪਣੇ ਅੰਗ ਲਗਾਇੰਦਾ । ਆਦਿ ਜੁਗਾਦੀ ਨਿਤ ਨਵਿਤ ਕਰ ਕਰ ਹਿੱਤ ਆਪੇ ਕਰੇ ਆਪਣਾ ਹੀਲੜਾ, ਹਰਿ ਜੂ ਆਪਣੀ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖ ਆਪਣੀ ਗੋਦ ਬਹਾਇੰਦਾ । ਗੁਰਮੁਖ ਵਿਰਲਾ ਸੱਜਣ ਲਾਧਾ, ਹਰਿ ਸਤਿਗੁਰ ਦਇਆ ਕਮਾਈਆ । ਲੱਖ ਚੁਰਾਸੀ ਵਿਚੋਂ ਕਾਢਾ, ਗੁਰ ਗੁਰ ਸ਼ਬਦ ਵੱਜੇ ਵਧਾਈਆ । ਭਗਤਨ ਕਰੇ ਸਾਚਾ ਲਾਡਾ, ਜਿਉਂ ਬਾਲਕ ਮਾਤਾ ਗੋਦ ਸੁਹਾਈਆ । ਸੰਤਨ ਸ਼ਬਦ ਜਣਾਏ ਬੋਧ ਅਗਾਧਾ, ਘਰ ਵੱਜਦੀ ਰਹੇ ਵਧਾਈਆ । ਗੁਰਮੁਖਾਂ ਨਾਦ ਧੁਨ ਸੁਣਾਏ ਅਨਹਦ ਨਾਦਾ, ਅਨਹਦ ਬਾਣੀ ਆਪ ਅਲਾਈਆ । ਗੁਰਸਿਖ

ਮੇਲਾ ਮੋਹਣ ਮਾਧਵ ਮਾਧਾ, ਘਰ ਮਿਲਿਆ ਸਾਚਾ ਮਾਹੀਆ । ਲੱਖ ਚੁਰਾਸੀ ਵਿਚੋਂ ਕਾਢਾ, ਰਾਏ ਧਰਮ ਨਾ ਦਏ ਸਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲਹਿਣਾ ਵੇਖ ਵਖਾਈਆ । ਪੂਰਬ ਲਹਿਣਾ ਪੇਖਿਆ, ਗੁਣ ਅੰਤਰ ਗੁਣ ਨਿਧਾਨ । ਗੁਰਮੁਖ ਲੱਗੇ ਸਾਚੇ ਲੇਖਿਆ, ਭਰਮੇ ਭੁੱਲੇ ਜੀਵ ਨਾਦਾਨ । ਮੇਲ ਮਿਲਾਵਾ ਦਸ ਦਸਮੇਸਿਆ, ਘਰ ਸੱਜਣ ਮਿਲੇ ਆਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਕਰੇ ਪਰਵਾਨ । ਗੁਰਮੁਖ ਸਦਾ ਸਾਲਾਹਿਆ, ਗੁਰਸਿਖ ਦੀਨ ਦਿਆਲ । ਗੁਰ ਸਤਿਗੁਰ ਵੇਖ ਵਖਾਇਆ, ਹਰਿਜਨ ਏਕਾ ਲਾਲ । ਲੱਖ ਚੁਰਾਸੀ ਮੁਖ ਭਵਾਇਆ, ਤ੍ਰੈਗੁਣ ਮਾਇਆ ਜਗਤ ਜੰਜਾਲ । ਨਿਰਗੁਣ ਰੂਪ ਨਜ਼ਰ ਨਾ ਆਇਆ, ਫਲ ਦਿਸੇ ਨਾ ਕਿਸੇ ਡਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਚਲੀ ਅਵੱਲੜੀ ਚਾਲ । ਚਾਲ ਨਿਰਾਲੀ ਆਪੇ ਰੱਖ, ਕਰਤਾ ਪੁਰਖ ਖੇਲ ਖਿਲਾਇੰਦਾ । ਗੁਰਮੁਖ ਸੱਜਣ ਲਏ ਰੱਖ, ਮਨਮੁਖ ਸ਼ੌਹ ਦਰਯਾਏ ਆਪ ਰੁੜ੍ਹਾਇੰਦਾ । ਬੀਸ ਬੀਸਾ ਕਰ ਇਕੱਠ, ਜਗਤ ਜਗਦੀਸ਼ਾ ਰਾਹ ਤਕਾਇੰਦਾ । ਜੁਗ ਵਿਛੜੇ ਮੇਲੇ ਹੱਸ, ਘਰ ਸ਼ਬਦੀ ਮੇਲ ਮਿਲਾਇੰਦਾ । ਸਾਚਾ ਮਾਰਗ ਏਕਾ ਦੱਸ, ਆਪ ਆਪਣਾ ਬੰਧਨ ਪਾਇੰਦਾ । ਤੀਰ ਨਿਰਾਲਾ ਮਾਰੇ ਕੱਸ, ਆਤਮ ਅੰਤਰ ਪਾਰ ਕਰਾਇੰਦਾ । ਹਿਰਦੇ ਅੰਦਰ ਜਾਏ ਵਸ, ਹਰਿਜਨ ਆਪਣੇ ਰੰਗ ਰੰਗਾਇੰਦਾ । ਜਗਤ ਅੰਧੇਰਾ ਜਾਏ ਨੱਸ, ਅਗਿਆਨ ਅੰਧੇਰ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਸਾਚੇ ਆਪ ਉਠਾਇੰਦਾ । ਗੁਰਸਿਖ ਆਪ ਜਗਾਇਆ, ਕਲਜੁਗ ਤੇਰੀ ਅੰਤਮ ਵਾਰ । ਪੂਰਬ ਲਹਿਣਾ ਝੋਲੀ ਪਾਇਆ, ਆਦਿ ਜੁਗਾਦੀ ਦੇਵਣਹਾਰ । ਨੇਤਰ ਨੈਣਾਂ ਦਰਸ ਦਿਖਾਇਆ, ਲੋਚਣ ਮਾਤ ਉਘਾੜ । ਬਸਤਰ ਗਹਿਣਾ ਤਨ ਛੁਹਾਇਆ, ਸ਼ਬਦ ਅਗੰਮੀ ਕਰ ਪਿਆਰ । ਸਾਚਾ ਸ਼ਸਤਰ ਹੱਥ ਫੜਾਇਆ, ਨਾਮ ਖੰਡਾ ਤੇਜ਼ ਕਟਾਰ । ਏਥੇ ਓਥੇ ਹੋਏ ਸਹਾਇਆ, ਰਾਏ ਧਰਮ ਨਾ ਕਰੇ ਖ਼ਵਾਰ । ਜਿਸ ਰਸਨਾ ਜਿਹਵਾ ਗਾਇਆ, ਵੇਲੇ ਅੰਤਮ ਪਾਵੇ ਸਾਰ । ਕਲਜੁਗ ਅੰਤਮ ਵੇਖਣ ਆਇਆ, ਜੁਗ ਜੁਗ ਵਿਛੜੇ ਯਾਰ । ਨਿਹਕਲੰਕਾ ਨਾਉਂ ਧਰਾਇਆ, ਜੋਧਾ ਸੂਰਬੀਰ ਬਲੀ ਬਲਕਾਰ । ਕੂੜੀ ਕਿਰਿਆ ਦਏ ਮਿਟਾਇਆ, ਕੂੜ ਕੁੜਿਆਰ ਕਰ ਖ਼ਵਾਰ । ਸਾਚਾ ਚੰਦ ਦਏ ਚੜ੍ਹਾਇਆ, ਨਵ ਖੰਡ ਹੋ ਉਜਿਆਰ । ਬ੍ਰਹਿਮੰਡ ਡੰਕ ਦਏ ਵਜਾਇਆ, ਸੋਹੰ ਸ਼ਬਦ ਜੈ ਜੈਕਾਰ । ਜੇਰਜ ਅੰਡ ਦਏ ਸਮਝਾਇਆ, ਆਪ ਆਪਣੀ ਕਿਰਪਾ ਧਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਲਏ ਉਠਾਲ । ਗੁਰਸਿਖ ਵਿਰਲਾ ਉਠਿਆ, ਜਿਸ ਸਤਿਗੁਰ ਆਪ ਉਠਾਏ । ਗੁਰ ਗੁਰ ਰੂਪ ਹੋ ਹੋ ਤੁਠਿਆ, ਗੁਰ ਸ਼ਬਦੀ ਮੇਲ ਮਿਲਾਏ । ਲੋਕਮਾਤ ਨਾ ਜਾਏ ਲੁੱਟਿਆ, ਜਿਸ ਸਿਰ ਆਪਣਾ ਹੱਥ ਟਿਕਾਏ । ਪੰਚ ਵਿਕਾਰਾ ਫੜ ਫੜ ਕੁੱਟਿਆ, ਕਾਮ ਕਰੋਧ ਲੋਭ ਮੋਹ ਹੰਕਾਰ ਜਲਾਏ । ਤੀਰ ਨਿਰਾਲਾ ਏਕਾ ਛੁੱਟਿਆ, ਨਾ ਕੋਈ ਮੋੜੇ ਮੋੜ ਮੁੜਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਖੇਲ ਖਿਲਾਏ । ਕਲਜੁਗ ਅੰਤਮ ਖੇਲ ਖਿਲਾਵਣਾ, ਪੁਰਖ ਅਬਿਨਾਸ਼ੀ ਹੋ ਤਿਆਰ । ਕਲਜੁਗ ਕੂੜ ਕੁੜਿਆਰਾ ਪੰਧ ਮੁਕਾਵਣਾ, ਪੰਧ ਮੁੱਕੇ ਵਿਚ ਸੰਸਾਰ । ਸਤਿਜੁਗ ਸਾਚਾ ਸਤਿ ਵਰਤਾਵਣਾ, ਸਤਿ ਸਤਿਵਾਦੀ ਹਰਿ ਨਿਰੰਕਾਰ । ਸ਼ਬਦ ਅਨਾਦੀ ਨਾਦ ਵਜਾਵਣਾ, ਲੋਆਂ ਪੁਰੀਆਂ ਕਰੇ ਖ਼ਬਰਦਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਰੰਗ ਰਵੇ ਨਿਰੰਕਾਰ । ਪੁਰਖ ਅਬਿਨਾਸ਼ੀ ਖੇਲ ਨਿਆਰਾ, ਹਰਿ ਕਾ ਭੇਵ ਕੋਇ ਨਾ

੧੨੧
੧੦

ਪਾਇੰਦਾ । ਸਤਿਜੁਗ ਪਾਵੇ ਸਾਚੀ ਸਾਰਾ, ਜਲਧਾਰਾ ਵੇਖ ਵਖਾਇੰਦਾ । ਤੰਦੂਆ ਤੰਦ ਚਾਰ ਦੀਵਾਰਾ, ਚਾਰੋਂ ਕੁੰਟ ਵੇਸ ਵਟਾਇੰਦਾ । ਰੋਵੇ ਗਜ ਜ਼ਾਰੋ ਜ਼ਾਰਾ, ਫੰਦਨ ਫੰਦ ਨਾ ਕੋਇ ਕਟਾਇੰਦਾ । ਅੰਤਮ ਸਿਰ ਤੇ ਵੱਜੇ ਕਾਲ ਨਗਾਰਾ, ਕਾਲ ਫਾਸ ਨਾ ਕੋਇ ਕਟਾਇੰਦਾ । ਉਚੀ ਕੂਕ ਕਰੇ ਪੁਕਾਰਾ, ਅੰਤਰ ਧਿਆਨ ਇਕ ਲਗਾਇੰਦਾ । ਤੂੰ ਮਾਤ ਪਿਤ ਸਰਬ ਰਖਵਾਰਾ, ਹਉਂ ਬਾਲ ਨਿਧਾਨਾ ਸੀਸ ਝੁਕਾਇੰਦਾ । ਤੂੰ ਆਦਿ ਜੁਗਾਦਿ ਬਖ਼ਸ਼ਣਹਾਰਾ, ਵਸਤ ਅਮੋਲਕ ਝੋਲੀ ਪਾਇੰਦਾ । ਰਖਸ਼ਸ਼ ਬਣੇ ਵਿਚ ਸੰਸਾਰਾ, ਬਿਨ ਤੁਧ ਅਵਰ ਨਾ ਕੋਇ ਦਸਾਇੰਦਾ । ਹਉਂ ਡੁੱਬਾ ਵਿਚ ਜਲਧਾਰਾ, ਮੰਜਧਾਰ ਪਾਰ ਨਾ ਕੋਇ ਕਰਾਇੰਦਾ । ਤੇਰਾ ਰੂਪ ਅਪਰ ਅਪਾਰਾ, ਹਰ ਘਟ ਆਸਣ ਲਾਇੰਦਾ । ਜਲ ਥਲ ਮਹੀਅਲ ਤੇਰਾ ਸਹਾਰਾ, ਜੰਗਲ ਜੂਹ ਉਜਾੜ ਪਹਾੜਾ, ਤੇਰੀ ਓਟ ਰਖਾਇੰਦਾ । ਤੇਰਾ ਨਾਮ ਖੜਗ ਖੰਡਾ ਤੇਜ਼ ਕਟਾਰਾ, ਤੇਰਾ ਚੱਕਰ ਸੁਦਰਸ਼ਨ ਸਰਬ ਘਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗਜ ਏਕਾ ਮੰਗ ਮੰਗਾਇੰਦਾ । ਮੰਗੇ ਮੰਗ ਗਜ ਅਧੀਨ, ਨੇਤਰ ਨੈਣਾਂ ਨੀਰ ਵਹਾਈਆ । ਬਿਨ ਤੁਧ ਲੇਖਾ ਚੁੱਕੇ ਜਿਉਂ ਜਲ ਮੀਨ, ਸਾਸ ਗਰਾਸ ਨਾ ਕੋਇ ਵਖਾਈਆ । ਤੇਰੀ ਓਟ ਲੋਕਾਂ ਤੀਨ, ਤ੍ਰੈਗੁਣ ਤੇਰਾ ਰੂਪ ਧਰਾਈਆ । ਤੂੰ ਸਾਹਿਬ ਸੱਚਾ ਪਰਬੀਨ, ਪਾਰਬ੍ਰਹਮ ਤੇਰੀ ਸਰਨਾਈਆ । ਹਉਂ ਨਿਮਖ ਨਿਮਖ ਰਿਹਾ ਚੀਨ, ਚਿਤਵਤ ਇਕ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਫੰਦ ਦਏ ਕਟਾਈਆ । ਫਾਂਦਕੀ ਫੰਦ ਫਾਂਦਿਆ, ਨਾ ਸਕੇ ਕੋਇ ਤੁੜਾਏ । ਹਉਂ ਗਾਵਾਂ ਬੱਤੀ ਦੰਦਿਆ, ਤੇਰਾ ਨਾਮ ਰਘਰਾਏ । ਤੂੰ ਆਦਿ ਜੁਗਾਦਿ ਸਦਾ ਬਖ਼ਸ਼ੰਦਿਆ, ਹਉਂ ਸਰਨ ਪੜਾਂ ਸਰਨਾਏ । ਜੀਵਣ ਆਇਆ ਅੰਤਮ ਕੰਢਿਆ, ਨਾ ਲੇਖਾ ਕੋਇ ਮੁਕਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਮ ਅੰਤ ਹੋ ਸਹਾਏ । ਅੰਤਮ ਅੰਤ ਦਿਸੇ ਕਾਲ, ਨਾ ਸਕੇ ਕੋਇ ਬਚਾਈਆ । ਚਰਨ ਕਵਲ ਰਾਹ ਤੱਕੇ ਦੀਨ ਦਿਆਲ, ਸੀਸ ਜਗਦੀਸ਼ ਇਕ ਝੁਕਾਈਆ । ਮੇਰੀ ਕਰ ਹਰਿ ਪ੍ਰਿਤਪਾਲ, ਹਉਂ ਬਾਲਾ ਬਾਲ ਨਿਧਾਨ ਤੇਰੀ ਓਟ ਰਖਾਈਆ । ਚਰਨ ਪ੍ਰੀਤੀ ਨਿਭੇ ਤੇਰੇ ਨਾਲ, ਤੇਰਾ ਸੰਗ ਸਦਾ ਸਖਾਈਆ । ਹਉਂ ਹੋਇਆ ਹਾਲ ਬੇਹਾਲ, ਸੁਰਤ ਸੁੱਧ ਨਾ ਕੋਇ ਵਖਾਈਆ । ਮੇਰਾ ਤੋੜ ਤੰਦੂਆ ਜਾਲ, ਤੰਦ ਤੰਦ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਦਇਆ ਆਪ ਕਮਾਈਆ । ਗਜ ਕੂਕ ਪੁਕਾਰਿਆ, ਨਿਰਧਨ ਹੋ ਹੋ ਮੀਤ । ਪੁਰਖ ਅਬਿਨਾਸ਼ੀ ਲੈ ਅਵਤਾਰਿਆ, ਆਪ ਚਲਾਏ ਅਚਰਜ ਰੀਤ । ਹਰੀ ਹਰਿ ਰੂਪ ਆਪੇ ਧਾਰਿਆ, ਵਿਸ਼ਨੂੰ ਭਗਵਾਨ ਇਕ ਅਨਡੀਠ । ਸਾਚਾ ਖੰਡਾ ਫੜ ਕਟਾਰਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਚਲਾਈ ਸਾਚੀ ਰੀਤ । ਹਰੀ ਹਰਿ ਰੂਪ ਅਵੱਲੜਾ, ਨਿਰਗੁਣ ਆਪ ਧਰਾਇੰਦਾ । ਗਜ ਦੁਆਰੇ ਆਪੇ ਖਲੜਾ, ਗ੍ਰਿਹਿ ਮੰਦਰ ਵੇਖ ਵਖਾਇੰਦਾ । ਏਕਾ ਵਾਰ ਕੀਤਾ ਹਲੜਾ, ਏਕਾ ਹੁਕਮ ਸੁਣਾਇੰਦਾ । ਇਕ ਫੜਾਇਆ ਪੱਲੜਾ, ਵਿਛੜ ਕਦੇ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਦਇਆ ਆਪ ਕਮਾਇੰਦਾ । ਦਇਆਨਿਧ ਦਇਆ ਹਰਿ ਧਾਰ, ਆਪਣਾ ਭੇਵ ਖੁਲ੍ਹਾਇੰਦਾ । ਉਠ ਗਜ ਕਰ ਵਿਚਾਰ, ਹਰਿ ਸਾਚਾ ਸਚ ਸੁਣਾਇੰਦਾ । ਸਤਿਜੁਗ ਤੇਰਾ ਕਰਿਆ ਆਧਾਰ, ਤੇਰੀ ਸੇਵ ਕਮਾਇੰਦਾ । ਤ੍ਰੇਤਾ ਤੇਰਾ ਕਰੇ ਪਿਆਰ, ਤੇਰਾ ਸੰਗ ਰਖਾਇੰਦਾ । ਦੁਆਪਰ ਵੇਖੇ ਆਪ ਨਿਰੰਕਾਰ, ਤੇਰਾ ਰੂਪ ਧਰਾਇੰਦਾ । ਕਲਜੁਗ ਅੰਤਮ ਦਏ ਆਧਾਰ, ਭੇਵ ਅਭੇਦ ਖੁਲ੍ਹਾਇੰਦਾ । ਮਾਣਸ

ਰੂਪ ਕਰਾਏ ਵਿਚ ਸੰਸਾਰ, ਆਪਣੀ ਵੰਡ ਵੰਡਾਇੰਦਾ । ਲੇਖਾ ਜਾਣੇ ਧੁਰ ਦਰਬਾਰ, ਵੇਦ ਕਤੇਬ ਭੇਵ ਨਾ ਆਇੰਦਾ । ਨਿਰਗੁਣ ਰੂਪ ਨਿਰਗੁਣ ਗੁਫ਼ਤਾਰ, ਨਿਰਗੁਣ ਸ਼ਬਦ ਸਤਾਰ ਹਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪਣੇ ਹੱਥ ਰਖਾਇੰਦਾ । ਗਜ ਸੁਣਿਆ ਧੁਰ ਫ਼ਰਮਾਨਾ, ਨਿਉਂ ਨਿਉਂ ਸੀਸ ਝੁਕਾਇਆ । ਤੂੰ ਸਾਹਿਬ ਸਤਿਗੁਰ ਬਣਿਆ ਦਾਨਾ, ਹਉਂ ਸੇਵਕ ਸੇਵ ਕਮਾਇਆ । ਜੁਗ ਜੁਗ ਹਉਂ ਵੱਖ ਕੀਨਾ, ਤੇਰਾ ਵਿਛੋੜਾ ਮੋਹੇ ਨਾ ਭਾਇਆ । ਲੋਕਮਾਤ ਮਰਨਾ ਤੇਰੇ ਘਰ ਜੀਣਾ, ਜੀਵਣ ਮੁਕਤ ਸਦਾ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਵੇਲੇ ਅੰਤ ਹੋਏ ਸਹਾਇਆ । ਪੁਰਖ ਅਬਿਨਾਸ਼ੀ ਦਇਆ ਕਮਾਇੰਦਾ, ਇਕ ਇਕੱਲਾ ਏਕੰਕਾਰ । ਗਜ ਤੇਰਾ ਬੇੜਾ ਆਪ ਚਲਾਇੰਦਾ, ਜੁਗ ਜੁਗ ਪਾਵੇ ਸਾਰ । ਤ੍ਰੇਤਾ ਤੇਰਾ ਬਲ ਰਖਾਇੰਦਾ, ਸ਼ਾਹ ਭਬੀਖਨ ਦਏ ਆਧਾਰ । ਦੁਆਪਰ ਆਪਣੇ ਅੰਗ ਲਗਾਇੰਦਾ, ਕਰੇ ਖੇਲ ਅਪਰ ਅਪਾਰ । ਸੁਤ ਦਰੋਪਦ ਘਰ ਉਪਜਾਇੰਦਾ, ਦਰੋਪਦ ਲੱਜਿਆ ਰੱਖੇ ਆਪ ਨਿਰੰਕਾਰ । ਕਲਜੁਗ ਆਪਣੀ ਜੋਤ ਜਗਾਇੰਦਾ, ਪੰਜ ਤੱਤ ਦਏ ਆਧਾਰ । ਨਾਰੀ ਪੁਰਖ ਰੂਪ ਵਟਾਇੰਦਾ, ਪੁਰਖ ਪੁਰਖੋਤਮ ਪਾਵੇ ਸਾਰ । ਸਾਚੀ ਸਿਖਿਆ ਇਕ ਸਮਝਾਇੰਦਾ, ਭੁਲ ਨਾ ਜਾਏ ਵਿਚ ਸੰਸਾਰ । ਬ੍ਰਹਮ ਬ੍ਰਹਿਮਾਦੀ ਖੋਜ ਖੁਜਾਇੰਦਾ, ਵੇਖਣਹਾਰ ਅਗੰਮ ਅਪਾਰ । ਅਲਖ ਅਗੋਚਰ ਭੇਵ ਨਾ ਆਇੰਦਾ, ਪਾਰਬ੍ਰਹਮ ਸੱਚੀ ਸਰਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਚ ਆਧਾਰ । ਸਚ ਆਧਾਰ ਸਮਝਾਇਆ, ਕਰ ਕਿਰਪਾ ਹਰਿ ਕਰਤਾਰ । ਗਜ ਤੇਰਾ ਸੰਗ ਰਖਾਇਆ, ਸਤਿਜੁਗ ਤ੍ਰੇਤਾ ਦੁਆਪਰ ਕਰੇ ਵਿਚਾਰ । ਕਲਜੁਗ ਅੰਤਮ ਵੇਖ ਵਖਾਇਆ, ਲੇਖਾ ਜਾਣੇ ਸੱਚੀ ਸਰਕਾਰ । ਮਾਣਸ ਰੂਪ ਅਨੂਪ ਧਰਾਇਆ, ਤ੍ਰੈਗੁਣ ਮਾਇਆ ਤੱਤ ਭੰਡਾਰ । ਪੰਚਮ ਚੋਲਾ ਆਪ ਹੰਢਾਇਆ, ਮਨ ਮਤ ਬੁਧ ਕਰ ਉਜਿਆਰ । ਘਰ ਵਿਚ ਘਰ ਖੇਲ ਖਿਲਾਇਆ, ਸੁਰਤੀ ਸ਼ਬਦ ਸ਼ਬਦ ਪਿਆਰ । ਜੀਵ ਜੰਤ ਭੇਵ ਨਾ ਰਾਇਆ, ਮਾਤ ਪਿਤਾ ਨਾ ਪਾਵੇ ਸਾਰ । ਭੈਣ ਭਾਈ ਨਾ ਭੇਵ ਖੁਲ੍ਹਾਇਆ, ਸਾਕ ਸੱਜਣ ਸੈਣ ਸਕੇ ਨਾ ਕੋਇ ਵਿਚਾਰ । ਪੁਰਖ ਅਬਿਨਾਸ਼ੀ ਲਏ ਮਿਲਾਇਆ, ਆਪ ਆਪਣੀ ਕਿਰਪਾ ਧਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਧੁਰ ਦਰਬਾਰ । ਹਰੀ ਰੂਪ ਨਿਰਾਕਾਰ, ਨਿਰਗੁਣ ਆਪ ਕਰਾਇਆ । ਬਿਨ ਗਜ ਨਾ ਵੇਖੇ ਕੋਇ ਵਿਚ ਸੰਸਾਰ, ਦਿਸ ਕਿਸੇ ਨਾ ਆਇਆ । ਸ਼ਬਦੀ ਸ਼ਬਦ ਦਏ ਆਧਾਰ, ਸ਼ਬਦ ਸੁਨੇਹੜਾ ਇਕ ਸੁਣਾਇਆ । ਕਲਜੁਗ ਆਏ ਅੰਤਮ ਵਾਰ, ਤੇਰਾ ਲੇਖਾ ਲੇਖੇ ਲਏ ਲਗਾਇਆ । ਕਲਜੁਗ ਆਏ ਆਪਣੀ ਧਾਰ, ਚਾਰੋਂ ਕੁੰਟ ਅੰਧੇਰਾ ਛਾਇਆ । ਮਾਤਾ ਪੁੱਤਰ ਕਰੇ ਪਿਆਰ, ਭੈਣ ਭੱਯਾ ਰਾਹ ਤਕਾਇਆ, ਪੁਰਖ ਅਬਿਨਾਸ਼ੀ ਆਪਣਾ ਖੇਲ ਕਰੇ ਅਪਰ ਅਪਾਰ, ਅਪਰੰਪਰ ਬੇਪਰਵਾਹਿਆ । ਨਿਰਗੁਣ ਰੂਪ ਹੋਏ ਉਜਿਆਰ, ਜੋਤੀ ਜਾਮਾ ਵੇਸ ਵਟਾਇਆ । ਸਾਚਾ ਖੰਡਾ ਖੜਗ ਤੇਜ਼ ਕਟਾਰ, ਨਾਮ ਨਿਧਾਨਾ ਲਏ ਚਮਕਾਇਆ । ਪਰਗਟ ਹੋਏ ਆਪ ਕਰਤਾਰ, ਕਲਕਾਤੀ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਇਆ । ਕਲਜੁਗ ਅੰਤਮ ਆਵਣਾ, ਹਰਿ ਸਾਚਾ ਸਚ ਦ੍ਰਿੜਾਇੰਦਾ । ਤੇਰਾ ਰੂਪ ਮਾਤ ਧਰਾਵਣਾ, ਲੋਕਮਾਤ ਖੇਲ ਖਿਲਾਇੰਦਾ । ਆਪਣਾ ਨਾਉਂ ਆਪ ਪਰਗਟਾਵਣਾ, ਨਿਹਕਲੰਕ ਆਪਣਾ ਡੰਕ ਵਜਾਇੰਦਾ । ਦੋਹਾਂ ਵਿਚੋਲਾ ਸ਼ਬਦ ਰਖਾਵਣਾ, ਔਂਦਾ ਜਾਂਦਾ ਦਿਸ ਨਾ ਆਇੰਦਾ । ਸੋ ਪੁਰਖ ਨਿਰੰਜਣ ਰੂਪ ਧਰਾਵਣਾ,

ਹੰ ਬ੍ਰਹਮ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਜੁਗ ਜੁਗ ਲੇਖਾ ਆਪ ਮੁਕਾਇੰਦਾ । ਜੁਗ ਜੁਗ ਲੇਖ ਮੁਕਾਵਣਾ, ਲੋਕਮਾਤ ਹੋ ਉਜਿਆਰ । ਤੇਰਾ ਲਹਿਣਾ ਆਪ ਚੁਕਾਵਣਾ, ਕਲਜੁਗ ਅੰਤਮ ਪਾਵੇ ਸਾਰ । ਆਪਣਾ ਭੇਵ ਆਪ ਖੁਲ੍ਹਾਵਣਾ, ਦੂਈ ਦਵੈਤੀ ਪਰਦਾ ਦਏ ਉਤਾਰ । ਜਗਤ ਜੁਗਤ ਜਗ ਆਪ ਸਿਖਾਵਣਾ, ਜਾਗਰਤ ਜੋਤ ਕਰ ਉਜਿਆਰ, ਰਕਤ ਬੂੰਦ ਲੇਖੇ ਲਾਵਣਾ, ਤਤਵ ਤਤ ਤਨ ਸ਼ਿੰਗਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਲੇ ਅੰਤਮ ਲਏ ਸੰਭਾਲ । ਕਲਜੁਗ ਅੰਤ ਸੰਭਾਲਣਾ, ਪੁਰਖ ਅਬਿਨਾਸ਼ੀ ਬੇਪਰਵਾਹ । ਕੀਤਾ ਕੌਲ ਆਪੇ ਪਾਲਣਾ, ਭੁਲ ਨਾ ਜਾਏ ਸ਼ਹਿਨਸ਼ਾਹ । ਨਿਰਗੁਣ ਸਰਗੁਣ ਕਰੇ ਖੇਲ ਸ੍ਰੀ ਭਗਵਾਨਨਾ, ਪਾਰਬ੍ਰਹਮ ਬ੍ਰਹਮ ਰੂਪ ਵਟਾ । ਜੋਤ ਜਗਾਏ ਇਕ ਅਕਾਲਣਾ, ਪੁਰਖ ਅਕਾਲ ਅਗੰਮ ਅਥਾਹ । ਸ਼ਬਦ ਬਣਾਏ ਜਗਤ ਦਲਾਲਣਾ, ਸਚ ਦਲਾਲੀ ਇਕ ਰਖਾ । ਫਲ ਵੇਖੇ ਲੱਗਾ ਡਾਲਣਾ, ਪੱਤ ਡਾਲੀ ਫੋਲ ਫੁਲਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਮ ਲੇਖਾ ਦਏ ਮੁਕਾ । ਅੰਤਮ ਲੇਖਾ ਮੁਕੌਣਾ ਪੰਧ, ਹਰਿ ਸਤਿਗੁਰ ਹੱਥ ਵਡਿਆਈਆ । ਗੁਰ ਗੁਰ ਹੋਏ ਸਦਾ ਬਖ਼ਸ਼ੰਦ, ਜੁਗ ਜੁਗ ਆਪਣਾ ਰੂਪ ਧਰਾਈਆ । ਭਗਤਨ ਦੇਵੇ ਪਰਮਾਨੰਦ, ਸੰਤ ਨਿਜਾਨੰਦ ਸਮਾਈਆ । ਗੁਰਮੁਖ ਗਾਏ ਸੁਹਾਗੀ ਛੰਦ, ਗੀਤ ਗੋਬਿੰਦ ਇਕ ਅਲਾਈਆ । ਗੁਰਸਿਖ ਗਾਏ ਬੱਤੀ ਦੰਦ, ਰਸਨਾ ਜਿਹਵਾ ਆਪ ਹਿਲਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਜੁਗ ਜੁਗ ਟੁੱਟੀ ਲਏ ਗੰਢ, ਗੰਢਣਹਾਰ ਆਪ ਹੋ ਜਾਈਆ । ਪਹਿਲੋਂ ਤੋੜਿਆ ਤੰਦੂਆ ਤੰਦ, ਦੂਜੇ ਸ਼ਾਹ ਸੀਸ ਤਾਜ ਵਖਾਈਆ । ਤੀਜੇ ਚੀਰ ਲੁਹਾਏ ਹੋਇਆ ਆਪ ਬਖ਼ਸ਼ੰਦ, ਕਰੇ ਖੇਲ ਬੇਪਰਵਾਹੀਆ । ਕਲਜੁਗ ਅੰਤਮ ਨੰਗੀ ਹੋਣ ਨਾ ਦੇਵੇ ਕੰਡ, ਸਿਰ ਆਪਣਾ ਹੱਥ ਟਿਕਾਈਆ । ਲੇਖਾ ਚੁੱਕੇ ਵਿਚ ਬ੍ਰਹਿਮੰਡ, ਪਾਰਬ੍ਰਹਮ ਸਚ ਸੱਚੀ ਸ਼ਰਨਾਈਆ । ਨਾਤਾ ਤੋੜੇ ਜੇਰਜ ਅੰਡ, ਮਾਤ ਗਰਭ ਫੇਰ ਨਾ ਆਈਆ । ਲੱਖ ਚੁਰਾਸੀ ਟੁੱਟੇ ਫੰਦ, ਗੇੜਾ ਗੇੜ ਨਾ ਕੋਇ ਭਵਾਈਆ । ਦਰ ਘਰ ਸਾਚੇ ਚੜ੍ਹੇ ਚੰਦ, ਸਤਿ ਸਤਿ ਸਤਿ ਹੋਏ ਰੁਸ਼ਨਾਈਆ । ਸਿੰਘ ਗੁਰਮੇਜ ਗੁਰੂ ਸਦਾ ਬਖ਼ਸ਼ੰਦ, ਗੁਰਮੁਖ ਭੁਲ ਕਦੇ ਨਾ ਜਾਈਆ । ਜੁਗ ਜੁਗ ਦਾ ਮੁਕਿਆ ਪੰਧ, ਪਾਂਧੀ ਆਪਣਾ ਜਾਏ ਪੰਧ ਮੁਕਾਈਆ । ਅੰਤਮ ਗਾਇਆ ਏਕਾ ਛੰਦ, ਸੋਹੰ ਸ਼ਬਦ ਵਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲਹਿਣਾ ਝੋਲੀ ਪਾਈਆ । ਪੂਰਬ ਲਹਿਣਾ ਝੋਲੀ ਪਾ, ਲੇਖਾ ਆਪਣੇ ਹੱਥ ਰਖਾਇੰਦਾ । ਨਾਮ ਗਹਿਣਾ ਤਨ ਸਜਾ, ਗੁਰਮੁਖ ਵੇਖ ਵਖਾਇੰਦਾ । ਚਰਨ ਪ੍ਰੀਤੀ ਇਕ ਸਮਝਾ, ਨਾਤਾ ਬਿਧਾਤਾ ਜੋੜ ਜੁੜਾਇੰਦਾ । ਸਾਚੀ ਰੀਤੀ ਇਕ ਚਲਾ, ਸਾਚੇ ਪੌੜੇ ਆਪ ਚੜ੍ਹਾਇੰਦਾ । ਖੇਲ ਅਨਡੀਠੀ ਆਪ ਕਰਾ, ਆਪਣਾ ਕੀਤਾ ਕੌਲ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਤ ਨਵਿਤ ਗੁਰਸਿਖ ਹਿੱਤ ਆਪਣਾ ਰੂਪ ਧਰਾਇੰਦਾ । ਗੁਰਸਿਖ ਹਿੱਤ ਹਰਿ ਕਰਤਾਰ, ਜੁਗ ਜੁਗ ਖੇਲ ਖਿਲਾਈਆ । ਦੂਸਰ ਕਰੇ ਨਾ ਕਿਸੇ ਪਿਆਰ, ਲੱਖ ਚੁਰਾਸੀ ਰਹੀ ਕੁਰਲਾਈਆ । ਨਜ਼ਰ ਨਾ ਆਵੇ ਵਿਚ ਸੰਸਾਰ, ਕੋਟਨ ਕੋਟ ਬੈਠੇ ਰਾਹ ਤਕਾਈਆ । ਕੋਟਨ ਕੋਟੀ ਪੜ੍ਹ ਪੜ੍ਹ ਕਰਨ ਵਿਚਾਰ, ਚੌਦਾਂ ਵਿਦਿਆ ਹੋਈ ਹਲਕਾਈਆ । ਕੋਟਨ ਕੋਟੀ ਤੀਰਥ ਤੱਟਾਂ ਹੋਣ ਖ਼ਵਾਰ, ਅਠਸਠ ਬੈਠੇ ਧੂਣੀਆਂ ਤਾਈਆ । ਕੋਟਨ ਕੋਟ ਸਿਰ ਪਾਈ ਬੈਠੇ ਛਾਰ, ਕੋਟਨ ਕੋਟ ਜਲ ਧਾਰਾ ਰਹੇ ਵਹਾਈਆ । ਕੋਟਨ ਕੋਟ ਜੋਗ ਅਭਿਆਸ ਕਰਨ ਵਿਚ ਸੰਸਾਰ, ਕੋਟਨ ਕੋਟ ਜੰਗਲ ਜੂਹ ਉਜਾੜ ਪਹਾੜ ਬੈਠੇ ਤਾੜੀਆਂ


੧੨੩ ੧੦

ਲਾਈਆ । ਬਿਨ ਸਤਿਗੁਰ ਪੂਰੇ ਕੋਇ ਨਾ ਪਾਵੇ ਸਾਰ, ਦੇਵੇ ਦਰਸ ਨਾ ਹਰਿ ਰਘੁਰਾਈਆ । ਕਲਜੁਗ ਅੰਤਮ ਹੋ ਉਜਿਆਰ, ਹਰਿਜਨ ਸਾਚੇ ਲਏ ਮਿਲਾਈਆ । ਜਨਮ ਜਨਮ ਦਾ ਲਾਹਿਆ ਭਾਰ, ਪੂਰਬ ਲੇਖਾ ਰਹੇ ਨਾ ਰਾਈਆ । ਅੰਤਮ ਸ਼ਬਦ ਤੰਦ ਬੰਨ੍ਹੇ ਆਪ ਨਿਰੰਕਾਰ, ਤੰਦੂਆ ਤਾਰ ਨਾ ਕੋਇ ਵਖਾਈਆ । ਦੋ ਜਹਾਨ ਨਾ ਕੱਟੇ ਕੋਇ ਕਟਾਰ, ਤੀਰ ਤਲਵਾਰ ਨਾ ਕੋਇ ਅੰਗ ਲਗਾਈਆ । ਫੜ ਫੜ ਬਾਹੋਂ ਜਾਏ ਤਾਰ, ਤਾਰਨਹਾਰਾ ਇਕ ਅਖਵਾਈਆ । ਨਾਲ ਰਲਾਏ ਸਰਬ ਪਰਵਾਰ, ਬਿਰਧ ਬਾਲ ਜਵਾਨ ਦਏ ਵਡਿਆਈਆ । ਮਨਮੁਖ ਰੋਵਣ ਜ਼ਾਰੋ ਜ਼ਾਰ, ਹਰਿ ਕਰਤਾ ਕਵਣ ਖੇਲ ਖਿਲਾਈਆ । ਦਿਵਸ ਮਾਸ ਬਰਖ਼ ਘੜੀ ਪਲ ਆਪੇ ਰਿਹਾ ਵਿਚਾਰ, ਥਿਤ ਵਾਰ ਭੇਵ ਨਾ ਰਾਈਆ । ਗੁਰਸਿਖ ਅਟਲ ਰਹੇ ਤੇਰਾ ਮੁਨਾਰ, ਜਗਤ ਮੁਨਾਰਾ ਢਹਿ ਢਹਿ ਖ਼ਾਕ ਮਿਲਾਈਆ । ਗੁਰਸਿਖ ਤੇਰਾ ਗੁਰ ਗੁਰ ਮੰਗੇ ਦਰਸ ਦੀਦਾਰ, ਗੁਰਸਿਖ ਗੁਰ ਗੁਰ ਏਕਾ ਧਾਮ ਸੁਹਾਈਆ । ਅੰਤਮ ਮੇਲਾ ਅੰਤਮ ਧਾਰ, ਜੋਤੀ ਜੋਤ ਜੋਤ ਮਿਲਾਈਆ । ਜਿਸ ਜਨ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਗਾਇਆ ਏਕਾ ਵਾਰ, ਏਕੰਕਾਰਾ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਚਾਰ ਜੁਗ ਦਾ ਪਿਛਲਾ ਲੇਖਾ ਲਿਖਣਹਾਰ ਦੀਨ ਦਿਆਲਾ, ਕਰੇ ਖੇਲ ਜਗਤ ਨਿਰਾਲਾ, ਲਹਿਣਾ ਚੁੱਕੇ ਕਾਲ ਮਹਾਕਾਲਾ, ਸਚਖੰਡ ਵਖਾਏ ਸੱਚੀ ਧਰਮਸਾਲਾ, ਧੁਰਦਰਗਾਹੀ ਹੋਏ ਆਪ ਸਹਾਈਆ ।



★ ੯ ਮਾਘ ੨੦੧੭ ਬਿਕਰਮੀ ਗੁਰਦਿਆਲ ਸਿੰਘ ਦੇ ਗ੍ਰਿਹਿ ਪਿੰਡ ਚੀਮਾ ਕਲਾਂ ★

ਆਦਿ ਪੁਰਖ ਹਰਿ ਜੋਤ ਜਗਾਇੰਦਾ, ਆਦਿ ਜੁਗਾਦੀ ਸਾਚੀ ਕਾਰ । ਸਚਖੰਡ ਦੁਆਰੇ ਸੋਭਾ ਪਾਇੰਦਾ, ਤਖ਼ਤ ਨਿਵਾਸੀ ਖੇਲ ਅਪਾਰ । ਥਿਰ ਘਰ ਸਾਚਾ ਆਪ ਸੁਹਾਇੰਦਾ, ਅਲਖ ਅਗੋਚਰ ਅਗੰਮ ਅਪਾਰ । ਨੂਰ ਨੁਰਾਨਾ ਡਗਮਗਾਇੰਦਾ, ਜੋਤੀ ਨੂਰ ਕਰ ਉਜਿਆਰ । ਆਪਣੀ ਕਲ ਆਪ ਧਰਾਇੰਦਾ, ਅਕਲ ਕਲ ਕਰ ਪਸਾਰ । ਰੂਪ ਅਨੂਪ ਆਪ ਵਟਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਹਰਿ ਨਿਰੰਕਾਰ । ਆਦਿ ਜੁਗਾਦੀ ਖੇਲ ਖਿਲਾਇੰਦਾ, ਇਕ ਇਕੱਲਾ ਬੇਪਰਵਾਹ । ਸੋ ਪੁਰਖ ਨਿਰੰਜਣ ਨਾਉਂ ਧਰਾਇੰਦਾ, ਹਰਿ ਪੁਰਖ ਨਿਰੰਜਣ ਬਣ ਮਲਾਹ । ਏਕੰਕਾਰਾ ਸਚ ਦੁਆਰਾ ਆਪ ਸੁਹਾਇੰਦਾ, ਆਦਿ ਨਿਰੰਜਣ ਜੋਤੀ ਨੂਰ ਕਰ ਰੁਸ਼ਨਾ । ਸ੍ਰੀ ਭਗਵਾਨ ਵੇਖ ਵਖਾਇੰਦਾ, ਅਬਿਨਾਸ਼ੀ ਕਰਤਾ ਆਪਣਾ ਮੰਦਰ ਦਏ ਆਪ ਸੁਹਾ । ਪਾਰਬ੍ਰਹਮ ਪ੍ਰਭ ਰੂਪ ਧਰਾਇੰਦਾ, ਰੇਖ ਰੰਗ ਕੋਇ ਜਾਣੇ ਨਾ । ਸਚਖੰਡ ਦੁਆਰਾ ਆਪਣਾ ਆਪ ਉਪਾਇੰਦਾ, ਆਪਣੀ ਸੇਵਾ ਆਪ ਕਮਾ । ਸਚ ਸਿੰਘਾਸਣ ਇਕ ਸੁਹਾਇੰਦਾ, ਪਾਵਾ ਚੂਲ ਨਾ ਕੋਇ ਰਖਾ । ਹਰਿ ਨਿਰੰਕਾਰਾ ਨਿਰਾਕਾਰਾ ਆਪਣਾ ਆਸਣ ਲਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਬਣੇ ਸੱਚਾ ਸ਼ਹਿਨਸ਼ਾਹ । ਸ਼ਹਿਨਸ਼ਾਹ ਹਰਿ ਨਿਰੰਕਾਰਾ, ਦੂਸਰ ਅਵਰ ਨਾ ਕੋਇ ਜਣਾਈਆ । ਸਾਚੇ ਤਖ਼ਤ ਬੈਠ ਸੱਚੀ ਸਰਕਾਰਾ, ਸ਼ਾਹ ਭੂਪ ਆਪ ਅਖਵਾਈਆ । ਹੁਕਮੀ ਹੁਕਮ ਵਰਤੇ ਵਰਤਾਰਾ, ਆਦਿ ਜੁਗਾਦੀ ਧੁਰ ਫ਼ਰਮਾਨਾ ਆਪ ਸੁਣਾਈਆ । ਆਪੇ ਬੰਨ੍ਹੇ ਆਪਣੀ ਧਾਰਾ, ਕਰਨੀ ਕਰਤਾ ਆਪਣੀ ਕਿਰਤ ਆਪ ਕਮਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਸਚਖੰਡ ਦੁਆਰ ਦਏ ਵਡਿਆਈਆ । ਸਚਖੰਡ ਦੁਆਰ ਸ੍ਰੀ ਭਗਵੰਤ, ਇਕ ਇਕੱਲਾ ਆਸਣ ਲਾਇੰਦਾ । ਆਦਿ ਜੁਗਾਦੀ ਮਹਿਮਾ ਅਗਣਤ, ਭੇਵ ਕੋਇ ਨਾ ਪਾਇੰਦਾ । ਆਪ ਬਣਾਏ ਆਪਣੀ ਬਣਤ, ਆਪਣਾ ਲੇਖਾ ਆਪਣੇ ਹੱਥ ਰਖਾਇੰਦਾ । ਆਪੇ ਨਾਰੀ ਆਪੇ ਕੰਤ, ਆਪੇ ਸਾਚੀ ਸੇਜ ਹੰਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਇਕੱਲਾ ਖੇਲ ਅਪਾਰਾ, ਕਰੇ ਕਰਾਏ ਕਰਨੇਹਾਰਾ, ਪੁਰਖ ਅਕਾਲ ਆਪਣਾ ਰੂਪ ਆਪ ਧਰਾਇੰਦਾ । ਪੁਰਖ ਅਕਾਲਾ ਖੇਲ ਨਿਰਾਲਾ, ਦਰ ਘਰ ਸਾਚੇ ਆਪ ਕਰਾਇੰਦਾ । ਆਪੇ ਚਲੇ ਅਵੱਲੜੀ ਚਾਲਾ, ਚਾਲ ਨਿਰਾਲੀ ਇਕ ਰਖਾਇੰਦਾ । ਆਦਿ ਜੁਗਾਦਿ ਆਪਣੀ ਕਰੇ ਆਪ ਪ੍ਰਿਤਪਾਲਾ, ਆਪਣੀ ਸੇਵਾ ਆਪ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਸਾਚੇ ਵੜ, ਆਪਣਾ ਆਸਣ ਆਪ ਸੁਹਾਇੰਦਾ । ਸਚਖੰਡ ਦੁਆਰਾ ਹਰਿ ਸੁਹਾਇੰਦਾ, ਕਰ ਕਿਰਪਾ ਗੁਣ ਨਿਧਾਨ । ਨਿਰਗੁਣ ਨਿਰਗੁਣ ਆਸਣ ਲਾਇੰਦਾ, ਰਾਜ ਰਾਜਾਨਾ ਸ਼ਾਹ ਸੁਲਤਾਨ । ਸੀਸ ਤਾਜ ਇਕ ਟਿਕਾਇੰਦਾ, ਤਖ਼ਤ ਨਿਵਾਸੀ ਹੋ ਮਿਹਰਵਾਨ । ਸਾਚਾ ਹੁਕਮ ਆਪ ਵਰਤਾਇੰਦਾ, ਆਪੇ ਪਾਏ ਆਪਣੀ ਆਣ । ਆਪਣਾ ਬੰਧਨ ਆਪ ਰਖਾਇੰਦਾ, ਆਪੇ ਲੇਖਾ ਜਾਣੇ ਦੋ ਜਹਾਨ । ਸਗਲਾ ਸੰਗ ਆਪ ਨਿਭਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣਾ ਭੇਵ ਆਪ ਖੁਲ੍ਹਾਇੰਦਾ । ਹਰਿ ਆਪਣਾ ਭੇਵ ਖੁਲ੍ਹਾਵਣਹਾਰਾ, ਆਪਣੀ ਮਹਿਮਾ ਆਪ ਪਰਗਟਾਈਆ । ਲੇਖਾ ਜਾਣੇ ਧੁਰ ਦਰਬਾਰਾ, ਦਰਗਹਿ ਸਾਚੀ ਵੱਜੀ ਵਧਾਈਆ । ਇਕ ਇਕੱਲਾ ਏਕੰਕਾਰਾ, ਪਰਵਰਦਿਗਾਰਾ ਜਲਵਾ ਨੂਰ ਨੂਰ ਦਰਸਾਈਆ । ਖੇਲੇ ਖੇਲ ਅਗੰਮ ਅਪਾਰਾ, ਅਗੰਮੜੀ ਕਾਰ ਕਰਾਈਆ । ਆਪਣੇ ਮੰਦਰ ਹੋ ਉਜਿਆਰਾ, ਦੀਵਾ ਬਾਤੀ ਕਮਲਾਪਾਤੀ ਇਕ ਟਿਕਾਈਆ । ਆਪੇ ਪਾਵੇ ਆਪਣੀ ਸਾਰਾ, ਪਾਰਬ੍ਰਹਮ ਆਪਣਾ ਪਰਦਾ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣਾ ਵੇਸ ਆਪ ਵਟਾਈਆ । ਵੇਸ ਵਟਾਏ ਹਰਿ ਨਿਰੰਕਾਰਾ, ਨਿਰਗੁਣ ਨਿਰਗੁਣ ਖੇਲ ਖਿਲਾਇੰਦਾ । ਅੰਦਰ ਬਾਹਰ ਗੁਪਤ ਜ਼ਾਹਰਾ, ਜ਼ਾਹਰ ਜ਼ਹੂਰ ਆਪਣੀ ਧਾਰ ਚਲਾਇੰਦਾ । ਮੇਲ ਮਿਲਾਵਾ ਨਾਰੀ ਕੰਤ ਭਤਾਰਾ, ਕੰਤ ਕੰਤੂਹਲ ਆਪ ਅਖਵਾਇੰਦਾ । ਸ਼ਬਦ ਅਨਾਦੀ ਬਣਾਏ ਸੁਤ ਦੁਲਾਰਾ, ਸ਼ਬਦ ਸ਼ਬਦੀ ਆਪ ਉਠਾਇੰਦਾ । ਇਕ ਕਰਾਏ ਵਣਜ ਵਪਾਰਾ, ਏਕਾ ਵਸਤ ਏਕਾ ਹੱਟ ਵਿਕਾਇੰਦਾ । ਏਕਾ ਚਰਨ ਕਵਲ ਬਖ਼ਸ਼ੇ ਸਚ ਸਹਾਰਾ, ਸਚ ਅਸ਼ਨਾਨ ਇਕ ਸਮਝਾਇੰਦਾ । ਏਕਾ ਦੇਵੇ ਧੁਰ ਫ਼ਰਮਾਨਾ, ਧੁਨ ਨਾਦ ਨਾਦ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਦਿ ਪੁਰਖ ਅਬਿਨਾਸ਼ੀ ਕਰਤਾ ਆਪਣੀ ਗਤਮਿਤ ਆਪਣੇ ਹੱਥ ਰਖਾਇੰਦਾ । ਸੁਤ ਦੁਲਾਰਾ ਜਾਇਆ, ਕਰ ਕਿਰਪਾ ਗੁਣ ਨਿਧਾਨ । ਸ਼ਬਦੀ ਸ਼ਬਦ ਨਾਉਂ ਰਖਾਇਆ, ਨਾ ਕੋਈ ਦੀਸੇ ਤੱਤ ਨਿਸ਼ਾਨ । ਦਾਈ ਦਾਇਆ ਆਪ ਅਖਵਾਇਆ, ਸੇਵਾ ਕਰੇ ਸ੍ਰੀ ਭਗਵਾਨ । ਆਪਣਾ ਰੂਪ ਆਪ ਜਣਾਇਆ, ਆਪੇ ਹੋਇਆ ਨਿਗਹਬਾਨ । ਜੋਤੀ ਜਾਤਾ ਭੇਵ ਨਾ ਰਾਇਆ, ਜਾਗਰਤ ਜੋਤ ਜਗਾਏ ਇਕ ਮਹਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਫ਼ਰਮਾਨਾ ਆਪ ਸੁਣਾਇਆ । ਸ਼ਬਦ ਦੁਲਾਰੇ ਉਠ ਜਾਗ, ਹਰਿ ਸਾਚਾ ਆਪ ਜਗਾਇੰਦਾ । ਨਿਰਗੁਣ ਨਿਰਗੁਣ ਕੁੱਖ ਲਾਇਆ ਭਾਗ, ਰੋਗ ਸੋਗ ਦੁੱਖ ਨਾ ਕੋਇ ਵਖਾਇੰਦਾ । ਮੇਰਾ ਰੂਪ ਤੇਰਾ ਮੁਖ, ਤੇਰਾ

ਮੁਖ ਮੇਰੇ ਵਿਚ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਤ ਦੇਵੇ ਵਰ, ਏਕਾ ਰਾਹ ਜਣਾਇੰਦਾ । ਸ਼ਬਦ ਸੁਤ ਉਠ ਬਲਕਾਰ, ਹਰਿ ਸਾਚਾ ਦਏ ਵਡਿਆਈਆ । ਤੇਰੇ ਸਿਰ ਹੱਥ ਰੱਖੇ ਕਰਤਾਰ, ਆਦਿ ਜੁਗਾਦਿ ਹੋਏ ਸਹਾਈਆ । ਤੇਰੇ ਰੰਗ ਰਵੇ ਆਪ ਨਿਰੰਕਾਰ, ਆਪਣਾ ਰੰਗ ਤੇਰੇ ਵਿਚ ਸਮਾਈਆ । ਤੇਰਾ ਮਰਦੰਗ ਵੱਜੇ ਅਪਰ ਅਪਾਰ, ਅਲਖ ਅਲਖਣਾ ਆਪ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸ਼ਬਦ ਦੇਵੇ ਵਰ, ਵਸਤ ਅਮੋਲਕ ਇਕ ਵਰਤਾਈਆ । ਵਸਤ ਅਮੋਲਕ ਹਰਿ ਨਿਰੰਕਾਰਾ, ਆਪਣੀ ਆਪ ਵਰਤਾਇੰਦਾ । ਸਤਿ ਸਰੂਪੀ ਭਰ ਭੰਡਾਰਾ, ਅਤੋਟ ਅਤੁਟ ਵਖਾਇੰਦਾ । ਤੇਰਾ ਖੇਲ ਕਰੇ ਨਿਆਰਾ, ਨਿਰਗੁਣ ਨਿਰਵੈਰ ਪੁਰਖ ਅਕਾਲ ਆਪ ਕਰਾਇੰਦਾ । ਅਜੂਨੀ ਰਹਿਤ ਹੋਏ ਉਜਿਆਰਾ, ਅਨਭਵ ਪਰਕਾਸ਼ ਕਰਾਇੰਦਾ । ਤੇਰਾ ਮੰਦਰ ਸਚ ਦੁਆਰਾ, ਥਿਰ ਘਰ ਇਕ ਬਣਾਇੰਦਾ । ਨਾ ਕੋਈ ਦਿਸੇ ਚਾਰ ਦੀਵਾਰਾ, ਛੱਪਰ ਛੰਨ ਨਾ ਕੋਇ ਛੁਹਾਇੰਦਾ । ਰਵ ਸਸ ਨਾ ਕੋਇ ਉਜਿਆਰਾ, ਮੰਡਲ ਮੰਡਪ ਨਾ ਕੋਇ ਵਖਾਇੰਦਾ । ਏਕਾ ਨੂਰ ਜੋਤ ਉਜਿਆਰਾ, ਸ਼ਾਹ ਪਾਤਸ਼ਾਹ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਤ ਦੇਵੇ ਵਰ, ਅਭੁਲ ਅਭੁਲ ਅਭੁਲ ਇਕ ਸਮਝਾਇੰਦਾ । ਸਾਚੀ ਸਿਖਿਆ ਹਰਿ ਕਰਤਾਰ, ਏਕਾ ਏਕ ਜਣਾਇੰਦਾ । ਆਪਣੀ ਇਛਿਆ ਤੇਰਾ ਵਰਤਾਰ, ਤੇਰੀ ਇਛਿਆ ਸਾਚੀ ਖੇਲ ਖਿਲਾਇੰਦਾ । ਤੇਰਾ ਨਾਉਂ ਪਰਗਟ ਕਰੇ ਆਪ ਨਿਰਾਕਾਰ, ਨਿਰਗੁਣ ਨਾਉਂ ਨਿਰੰਕਾਰਾ ਆਪ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਏਕਾ ਰੰਗ ਆਪ ਰੰਗਾਇੰਦਾ । ਸਾਚੀ ਵਸਤ ਹਰਿ ਝੋਲੀ ਪਾ, ਏਕਾ ਗੁਣ ਸਮਝਾਇਆ । ਸੁੰਨ ਅਗੰਮ ਖੇਲ ਖਿਲਾ, ਧੂਆਂਧਾਰ ਆਕਾਸ਼ ਪਰਕਾਸ਼ ਆਪਣਾ ਰੂਪ ਪਰਗਟਾਇਆ । ਏਕਾ ਇਛਿਆ ਦਏ ਵਖਾ, ਨਿਰਗੁਣ ਸਰਗੁਣ ਖੇਲ ਖਿਲਾਇਆ । ਵਾਸਤਕ ਰੂਪ ਆਪ ਧਰਾ, ਵਿਸ਼ਨ ਡੰਕ ਵਜਾਇਆ । ਸ਼ਬਦੀ ਸ਼ਬਦ ਲਏ ਪਰਗਟਾ, ਮਾਤ ਪਿਤ ਨਾ ਕੋਇ ਬਣਾਇਆ । ਨਾ ਕੋਈ ਗੋਦੀ ਲਈ ਸੁਹਾ, ਸੀਰਖ਼੍ਵਾਰ ਸੀਰ ਨਾ ਕੋਇ ਪਿਆਇਆ । ਆਪਣੇ ਅਨੰਦ ਆਪ ਸਮਾ, ਅਨੰਦ ਮੰਗਲ ਆਪੇ ਗਾਇਆ । ਆਪਣਾ ਫ਼ਰਜ਼ੰਦ ਆਪ ਬਣਾ, ਆਪੇ ਵੇਖ ਵਖਾਇਆ । ਆਪਣਾ ਬੰਧਨ ਆਪੇ ਪਾ, ਆਪੇ ਹੋਏ ਸਹਾਇਆ । ਆਪਣਾ ਛੰਦਨ ਆਪ ਸੁਣਾ, ਗੀਤ ਸੁਹਾਗੀ ਇਕ ਸੁਣਾਇਆ । ਆਪਣਾ ਅੰਮ੍ਰਿਤ ਆਪ ਵਹਾ, ਨਿਝਰ ਧਾਰਾ ਆਪ ਟਿਕਾਇਆ । ਆਪਣਾ ਕਵਲ ਆਪ ਖਿਲਾ, ਆਪੇ ਰਿਹਾ ਮਹਿਕਾਇਆ । ਆਪਣਾ ਅੰਗ ਆਪ ਕਟਾ, ਪਾਰਬ੍ਰਹਮ ਆਪਣੀ ਵੰਡ ਆਪ ਵੰਡਾਇਆ । ਆਪੇ ਬ੍ਰਹਮ ਰੂਪ ਲਏ ਧਰਾ, ਭੇਵ ਕਿਸੇ ਨਾ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਵਰ ਸਾਚੇ ਸੁੱਤ, ਸ਼ਬਦ ਸ਼ਬਦੀ ਲਏ ਉਪਜਾਇਆ । ਸ਼ਬਦ ਉਪਜਾਇਆ ਵਿਸ਼ਨ ਧਾਰ, ਵਿਸ਼ਵ ਆਪਣੀ ਖੇਲ ਖਿਲਾਇੰਦਾ । ਵਿਸ਼ਨ ਕਰੇ ਸਤਿ ਪਿਆਰ, ਅੰਮ੍ਰਿਤ ਬਰਖੇ ਘਰ ਗੁਲਜ਼ਾਰ, ਫੁਲ ਫੁਲਵੜੀ ਵੇਖ ਵਖਾਇੰਦਾ । ਪਾਰਬ੍ਰਹਮ ਬ੍ਰਹਮ ਕਰ ਪਸਾਰ, ਬ੍ਰਹਮ ਆਪਣਾ ਨਾਉਂ ਧਰਾਇੰਦਾ । ਵਸਣਹਾਰਾ ਧੂਆਂਧਾਰ, ਸੁੰਨ ਅਗੰਮ ਫੋਲ ਫੁਲਾਇੰਦਾ । ਜੋਤੀ ਜਾਤਾ ਹੋ ਉਜਿਆਰ, ਕਮਲਾਪਾਤਾ ਆਪਣਾ ਭੇਵ ਆਪ ਚੁਕਾਇੰਦਾ । ਸ਼ੰਕਰ ਚਲਾਏ ਏਕਾ ਰਾਥਾ, ਤਤਵ ਤਤ ਸੁਹਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਬਣਾਏ ਸਾਥਾ, ਸ਼ਬਦ ਡੋਰੀ ਆਪਣਾ ਬੰਧਨ ਪਾਇੰਦਾ । ਕਰੇ ਖੇਲ ਪੁਰਖ ਅਬਿਨਾਸ਼ਾ, ਆਪਣੀ ਕਲ ਆਪ ਵਰਤਾਇੰਦਾ । ਅੰਦਰ ਬਾਹਰ ਆਪੇ ਜਾਣੇ

ਆਪਣਾ ਸਚ ਤਮਾਸ਼ਾ, ਵੇਖਣਹਾਰ ਆਪ ਹੋ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਸਚ ਦੁਆਰਾ ਇਕ ਜਣਾਇੰਦਾ । ਸਚ ਦੁਆਰਾ ਤ੍ਰੈਗੁਣ ਧਾਰ, ਏਕਾ ਏਕ ਸਮਝਾਇੰਦਾ । ਏਕਾ ਜੋਤ ਹਰਿ ਨਿਰੰਕਾਰ, ਜੋਤੀ ਜੋਤ ਡਗਮਗਾਇੰਦਾ । ਏਕਾ ਮਾਤਾ ਕਰੇ ਪਿਆਰ, ਸਾਚੀ ਗੋਦ ਆਪ ਸੁਹਾਇੰਦਾ । ਏਕਾ ਸ਼ਬਦ ਹੋਏ ਸਿਕਦਾਰ, ਆਪਣਾ ਨਾਉਂ ਸਰਬ ਸੁਣਾਇੰਦਾ । ਏਕਾ ਕਰੇ ਸਚ ਵਰਤਾਰ, ਸਾਚੀ ਸਿਖਿਆ ਸਿਖ ਰਖਾਇੰਦਾ । ਏਕਾ ਵਸਤ ਬਣੇ ਵਰਤਾਰ, ਪੁਰਖ ਅਬਿਨਾਸ਼ੀ ਆਪ ਵਰਤਾਇੰਦਾ । ਏਕਾ ਤੋਲਾ ਤੋਲਣਹਾਰ, ਆਦਿ ਜੁਗਾਦੀ ਤੋਲ ਤੁਲਾਇੰਦਾ । ਏਕਾ ਬੋਲਾ ਬੋਲਣਹਾਰ, ਹਰਿ ਹਰਿ ਆਪਣਾ ਨਾਉਂ ਪਰਗਾਇੰਦਾ । ਆਪ ਆਪਣਾ ਪਰਦਾ ਆਪੇ ਖੋਲ੍ਹਾ, ਵਿਸ਼ਨ ਬ੍ਰਹਮਾ ਸ਼ਿਵ ਦਰਸ਼ਨ ਪਾਇੰਦਾ । ਆਪ ਆਪਣਾ ਜਾਣੇ ਚੋਲਾ, ਰੂਪ ਅਨੂਪ ਆਪ ਧਰਾਇੰਦਾ । ਆਪੇ ਰੱਖੇ ਪਰਦਾ ਓਹਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦੂਸਰ ਅਵਰ ਨਾ ਕੋਇ ਜਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਉਪਜਾਇਆ, ਸ਼ਬਦੀ ਸ਼ਬਦ ਵਡੀ ਵਡਿਆਈਆ । ਪੁਰਖ ਅਬਿਨਾਸ਼ੀ ਹੁਕਮ ਸੁਣਾਇਆ, ਭੁਲ ਕੋਇ ਨਾ ਜਾਈਆ । ਆਪਣਾ ਖੇਲ ਆਪੇ ਰਿਹਾ ਖਲਾਇਆ, ਖ਼ਾਲਕ ਖ਼ਲਕ ਰੂਪ ਵਟਾਈਆ । ਆਪੇ ਬਣੇ ਦਾਈ ਦਾਇਆ, ਆਦਿ ਜੁਗਾਦੀ ਸੇਵ ਕਮਾਈਆ । ਆਪਣਾ ਦਰ ਆਪ ਖੁਲ੍ਹਾਇਆ, ਕਿਰਪਾ ਕਰ ਸੱਚੇ ਸ਼ਹਿਨਸ਼ਾਹੀਆ । ਸਾਚੇ ਤਖ਼ਤ ਬੈਠ ਹੁਕਮ ਸੁਣਾਇਆ, ਸੱਚਖੰਡ ਵੱਜੀ ਵਧਾਈਆ । ਵਿਸ਼ਨੂੰ ਉਠ ਉਠ ਸੀਸ ਝੁਕਾਇਆ, ਚਰਨ ਕਵਲ ਧਿਆਨ ਲਗਾਈਆ । ਖ਼ਾਲੀ ਹੱਥ ਰਿਹਾ ਵਖਾਇਆ, ਨੇਤਰ ਨੈਣਾਂ ਨੀਰ ਵਹਾਈਆ । ਪੁਰਖ ਅਬਿਨਾਸ਼ੀ ਦਇਆ ਕਮਾਇਆ, ਦੇ ਮਤ ਰਿਹਾ ਸਮਝਾਈਆ । ਚਰਨ ਕਵਲ ਮਸਤਕ ਇਕ ਲਗਾਇਆ, ਆਪ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਸਾਚਾ ਭਾਣਾ ਆਪਣੇ ਹੱਥ ਰਖਾਈਆ । ਵਿਸ਼ਨੂੰ ਸੁਣਨਾ ਕਰ ਧਿਆਨ, ਹਰਿ ਸਾਚਾ ਸਚ ਜਣਾਇੰਦਾ । ਹਉਂ ਦਾਤਾ ਦੇਵਣਹਾਰਾ ਦਾਨ, ਆਦਿ ਜੁਗਾਦੀ ਆਪ ਵਰਤਾਇੰਦਾ । ਸਦਾ ਸਦਾ ਰੱਖੇ ਸੰਗ ਗੁਣ ਨਿਧਾਨ, ਵਿਛੜ ਕਦੇ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਸਾਚੀ ਸਿਖਿਆ ਇਕ ਰਖਾਇੰਦਾ । ਸਾਚੀ ਸਿਖਿਆ ਹਰਿ ਭਗਵਾਨ, ਏਕਾ ਏਕ ਜਣਾਈਆ । ਵਿਸ਼ਨੂੰ ਕਰਨਾ ਚਰਨ ਧਿਆਨ, ਚਰਨ ਚਰਨੋਧਕ ਮਸਤਕ ਟਿੱਕਾ ਦਏ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਘਰ ਘਰ ਰਿਜ਼ਕ ਸਬਾਈਆ । ਸਾਚੀ ਵਸਤ ਅਮੋਲਕ ਝੋਲੀ ਪਾ, ਹਰਿ ਸਾਚੇ ਸਚ ਸੁਣਾਇਆ । ਤੇਰਾ ਭੰਡਾਰਾ ਇਕ ਰਖਾ, ਤੇਰਾ ਤੇਰੀ ਸੇਵ ਕਮਾਇਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਤੇਰੀ ਸੇਵਾ ਦਏ ਲਗਾ, ਭੁਲ ਕਦੇ ਨਾ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਬ੍ਰਹਮਾ ਸੁਤ ਲਏ ਪਰਗਟਾਇਆ । ਉਠ ਸੁਤ ਬਾਲ ਨਾਦਾਨ, ਬ੍ਰਹਮੇ ਹਰਿ ਸਮਝਾਇੰਦਾ । ਪਾਰਬ੍ਰਹਮ ਹੋ ਪਰਧਾਨ, ਆਪਣੀ ਧਾਰ ਆਪ ਵਖਾਇੰਦਾ । ਮੇਰਾ ਨਾਉਂ ਤੇਰਾ ਗਿਆਨ, ਤੇਰਾ ਗਿਆਨ ਆਪ ਵਡਿਆਇੰਦਾ । ਮੇਰਾ ਰੂਪ ਤੇਰਾ ਨਿਸ਼ਾਨ, ਤੇਰਾ ਨਿਸ਼ਾਨ ਆਪ ਝੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਆਦਿ ਪੁਰਖ ਆਦਿ ਆਦਿ ਆਪਣੀ ਖੇਲ ਆਪ ਖਿਲਾਇੰਦਾ । ਆਦਿ ਪੁਰਖ ਭੇਵ ਨਿਆਰ, ਹਰਿ ਸਾਚਾ ਸਚ ਜਣਾਈਆ । ਲੱਖ ਚੁਰਾਸੀ ਕਰ ਤਿਆਰ, ਤੇਰੀ ਵੰਡਣ ਆਪ

ਵੰਡਾਈਆ । ਸਿਰ ਹੱਥ ਰੱਖੇ ਸਮਰਥ ਕਰਤਾਰ, ਸਗਲਾ ਸੰਗ ਨਿਭਾਈਆ । ਦੇਵੇ ਵਥ ਅਪਰ ਅਪਾਰ, ਆਪ ਆਪਣੀ ਗੰਢ ਪਵਾਈਆ । ਚਲਾਏ ਰਥ ਵਿਚ ਸੰਸਾਰ, ਮਹਾਂਸਾਰਥੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਏਕਾ ਤੱਤ ਰਿਹਾ ਸਮਝਾਈਆ । ਏਕਾ ਤੱਤ ਹਰਿ ਕਾ ਨਾਉਂ, ਦੂਸਰ ਅਵਰ ਨਾ ਕੋਇ ਜਣਾਈਆ । ਪੁਰਖ ਅਬਿਨਾਸ਼ੀ ਬੇਪਰਵਾਹੋ, ਆਪ ਆਪਣੀ ਕਲ ਆਪ ਧਰਾਈਆ । ਆਦਿ ਜੁਗਾਦਿ ਕਰੇ ਸਚ ਨਿਆਉਂ, ਜੁਗ ਜੁਗ ਆਪਣੀ ਖੇਲ ਖਿਲਾਈਆ । ਆਪੇ ਪਿਤਾ ਆਪੇ ਮਾਉਂ, ਆਪੇ ਬਾਲ ਅਵਾਣੇ ਆਪਣੀ ਗੋਦ ਸੁਹਾਈਆ । ਸਦਾ ਸੁਹੇਲਾ ਰੱਖੇ ਠੰਡੀ ਛਾਉਂ, ਸਮਰਥ ਹੱਥ ਵਡੀ ਵਡਿਆਈਆ । ਆਦਿ ਅੰਤ ਕਰੇ ਸਚ ਨਿਆਉਂ, ਦੂਸਰ ਸੰਗ ਨਾ ਕੋਇ ਵਖਾਈਆ । ਵਸਣਹਾਰਾ ਸਚਖੰਡ ਸਚ ਗਰਾਉਂ, ਨਗਰ ਖੇੜਾ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਹੁਕਮੀ ਹੁਕਮ ਆਪ ਸੁਣਾਈਆ । ਸ਼ੰਕਰ ਉਠਾਇਆ ਭੋਲਾ ਨਾਥ, ਪੁਰਖ ਅਬਿਨਾਸ਼ੀ ਦਇਆ ਕਮਾਇੰਦਾ । ਆਪ ਸੁਣਾਏ ਆਪਣੀ ਗਾਥ, ਆਪਣਾ ਭੇਵ ਆਪ ਜਣਾਇੰਦਾ । ਤੇਰਾ ਵਖਾਏ ਏਕਾ ਘਾਟ, ਸਚ ਕਿਨਾਰਾ ਆਪ ਜਣਾਇੰਦਾ । ਮੇਰੀ ਜੋਤ ਤੇਰੀ ਲਲਾਟ, ਸਾਚੇ ਹੱਟ ਆਪ ਵਿਕਾਇੰਦਾ । ਤੇਰਾ ਬਸਤਰ ਮੇਰੀ ਖਾਟ, ਮੇਰੀ ਖਾਟ ਤੇਰਾ ਆਸਣ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਸਾਚੀ ਬੂਝ ਆਪ ਬੁਝਾਇੰਦਾ । ਸਾਚੀ ਬੂਝ ਹਰਿ ਬੁਝਾਏ, ਮਹਿਮਾ ਅਕਥ ਕਥੀ ਨਾ ਜਾਈਆ । ਸ਼ੰਕਰ ਏਕਾ ਹੁਕਮ ਸੁਣਾਏ, ਹੁਕਮ ਹਾਕਮ ਸੱਚਾ ਸ਼ਹਿਨਸ਼ਾਹੀਆ । ਜੋ ਘੜਿਆ ਸੋ ਭੰਨ ਵਖਾਏ, ਹੱਥ ਤ੍ਰਿਸੂਲ ਇਕ ਵਖਾਈਆ । ਜੁਗਾ ਜੁਗੰਤਰ ਤੇਰੀ ਸੇਵ ਲਗਾਏ, ਆਪੇ ਵੇਖੇ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਬੰਧਨ ਆਪੇ ਪਾਈਆ । ਵਿਸ਼ਨ ਬ੍ਰਹਮਾ ਸ਼ਿਵ ਹਰਿ ਬੰਧਨ ਪਾਇਆ, ਸ਼ਬਦ ਡੋਰੀ ਹੱਥ ਰਖਾਈਆ । ਨਿਰਗੁਣ ਨਿਰਵੈਰ ਪੁਰਖ ਅਕਾਲ ਦੀਨ ਦਿਆਲ ਆਪਣਾ ਛੰਦਨ ਆਪ ਸੁਣਾਇਆ, ਨਿਸ਼ਅੱਖਰ ਕਰੇ ਪੜ੍ਹਾਈਆ । ਆਪਣਾ ਚੰਦਨ ਚਰਨ ਧੂੜ ਮਸਤਕ ਟਿੱਕਾ ਇਕ ਲਗਾਇਆ, ਜੋਤੀ ਨੂਰ ਕਰੇ ਰੁਸ਼ਨਾਈਆ । ਅੰਮ੍ਰਿਤ ਆਤਮ ਪਰਮਾਨੰਦਨ ਇਕ ਵਖਾਇਆ, ਕਵਲ ਕਵਲਾ ਆਪ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਿੰਨਾਂ ਏਕਾ ਰਾਹ ਵਖਾਈਆ । ਵਿਸ਼ਨ ਬ੍ਰਹਮਾ ਸ਼ਿਵ ਏਕਾ ਰਾਹ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਹਰਿ ਪੁਰਖ ਨਿਰੰਜਣ ਬਣ ਮਲਾਹ, ਸਾਚੇ ਮਾਰਗ ਆਪੇ ਲਾਇੰਦਾ । ਏਕੰਕਾਰਾ ਦਏ ਸਲਾਹ, ਸਿਫ਼ਤੀ ਸਿਫ਼ਤ ਆਪ ਵਡਿਆਇੰਦਾ । ਆਦਿ ਨਿਰੰਜਣ ਜੋਤ ਜਗਾ, ਜੋਤ ਉਜਾਲਾ ਇਕ ਵਖਾਇੰਦਾ । ਅਬਿਨਾਸ਼ੀ ਕਰਤਾ ਪਕੜੇ ਬਾਂਹ, ਸਗਲਾ ਸੰਗ ਨਿਭਾਇੰਦਾ । ਸ੍ਰੀ ਭਗਵਾਨ ਜਪਾਏ ਆਪਣਾ ਨਾਂ, ਨਾਉਂ ਨਿਰੰਕਾਰਾ ਆਪ ਅਖਵਾਇੰਦਾ । ਪਾਰਬ੍ਰਹਮ ਸਿਰ ਹੱਥ ਟਿਕਾ, ਸਾਚੀ ਸਿਖਿਆ ਇਕ ਵਖਾਇੰਦਾ । ਲੱਖ ਚੁਰਾਸੀ ਘਾੜਨ ਲੈਣਾ ਘੜਾ, ਘੜਨ ਭੰਨਣਹਾਰ ਏਕਾ ਹੁਕਮ ਜਣਾਇੰਦਾ । ਵਿਸ਼ਨੂੰ ਬੈਠਾ ਸੀਸ ਝੁਕਾ, ਨੇਤਰ ਨੈਣ ਨਾ ਕੋਇ ਉਠਾਇੰਦਾ । ਬ੍ਰਹਮਾ ਅੱਗੇ ਝੋਲੀ ਰਿਹਾ ਡਾਹ, ਖ਼ਾਲੀ ਹੱਥ ਵਖਾਇੰਦਾ । ਸ਼ੰਕਰ ਹੋਏ ਨਿਮਾਣਾ ਚਰਨ ਕਵਲ ਰਿਹਾ ਰਾਹ ਤਕਾ, ਜਗਦੀਸ਼ ਕਵਣ ਖੇਲ ਖਿਲਾਇੰਦਾ । ਕਵਣ ਰੂਪ ਬਣਤ ਲਵਾਂ ਬਣਾ, ਕਵਣ ਵਸਤ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਏਕਾ ਆਪਣੀ ਕਲ ਆਪ ਧਰਾਇੰਦਾ । ਆਪਣੀ ਦਇਆ ਆਪੇ ਧਾਰ, ਅਕਾਲ

ਪੁਰਖ ਦਇਆ ਕਮਾਈਆ । ਆਪਣੀ ਇਛਿਆ ਕਰ ਵਿਚਾਰ, ਸਾਚੀ ਸਈਆ ਲਏ ਮਨਾਈਆ । ਸਤੋ ਗੁਣ ਸਤਿ ਪਿਆਰ, ਵਿਸ਼ਨੂੰ ਝੋਲੀ ਪਾਈਆ । ਰਜੋ ਗੁਣ ਏਕਾ ਹਾਰ, ਬ੍ਰਹਮੇ ਵੰਡ ਵੰਡਾਈਆ । ਤਪੋ ਤੇਰਾ ਅੰਤ ਸਾਰ, ਸ਼ੰਕਰ ਹੱਥ ਰਖਾਈਆ । ਤਿੰਨਾ ਵਿਚੋਲਾ ਬਣ ਨਿਰੰਕਾਰ, ਤਿੰਨਾਂ ਏਕਾ ਬੰਧਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣੀ ਵਾਸਨਾ ਆਪਣੇ ਵਿਚ ਟਿਕਾਈਆ । ਆਪਣੀ ਵਾਸਨਾ ਵਿਸ਼ਨ ਧਰ, ਵਾਸਤਕ ਰੂਪ ਧਰਾਇਆ । ਬ੍ਰਹਮੇ ਅੰਦਰ ਆਪੇ ਵੜ, ਆਪਣਾ ਪਰਦਾ ਲਾਹਿਆ । ਸ਼ੰਕਰ ਅੱਗੇ ਆਪੇ ਖੜ, ਸਵਛ ਸਰੂਪੀ ਦਰਸ ਦਖਾਇਆ । ਤਿੰਨਾਂ ਫੜਾਏ ਏਕਾ ਲੜ, ਛੁਟ ਕਦੇ ਨਾ ਜਾਇਆ । ਲੱਖ ਚੁਰਾਸੀ ਘਾੜਨ ਲੈਣਾ ਘੜ, ਨਿਰਗੁਣ ਸਰਗੁਣ ਰੂਪ ਵਟਾਇਆ । ਪੰਜ ਤੱਤ ਬ੍ਰਹਮ ਇਛਿਆ ਪ੍ਰਭ ਅੱਗੇ ਕਰ, ਆਪ ਆਪਣਾ ਭੇਵ ਦਏ ਖੁਲ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪ ਆਪਣਾ ਰੰਗ ਰੰਗਾਇਆ । ਤ੍ਰੈਗੁਣ ਨਾਤਾ ਪੰਜ ਤੱਤ, ਬ੍ਰਹਮਾ ਵਿਸ਼ਨ ਸ਼ਿਵ ਕਰੀ ਕੁੜਮਾਈਆ । ਇਕ ਬੁਝਾਏ ਨਿਰਗੁਣ ਨਿਰਵੈਰ ਕਮਲਾਪਤ, ਆਪਣਾ ਬੰਧਨ ਆਪ ਪਾਈਆ । ਏਕਾ ਵਸਤ ਅੰਦਰ ਘੱਤ, ਆਪਣੀ ਵੰਡਣ ਵੰਡ ਵੰਡਾਈਆ । ਨਿਰਗੁਣ ਸਰਗੁਣ ਅੰਦਰ ਰੱਖ, ਸਰਗੁਣ ਨਿਰਗੁਣ ਦਏ ਜਣਾਈਆ । ਆਪੇ ਹੱਡ ਮਾਸ ਬਣੇ ਨਾੜੀ ਰਤ, ਬੂੰਦ ਰਕਤ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਘਾੜਨ ਘੜ, ਆਪੇ ਵੇਖ ਵਖਾਈਆ । ਲੱਖ ਚੁਰਾਸੀ ਘਾੜਨ ਘੜਿਆ, ਤ੍ਰੈ ਤ੍ਰੈ ਧਾਰ ਚਲਾਇੰਦਾ । ਆਪੇ ਜਾਣੇ ਨੌਂ ਨੌਂ ਦਰਿਆ, ਨੌਂ ਨੌਂ ਖੇਲ ਖਿਲਾਇੰਦਾ । ਆਪੇ ਘਰ ਵਿਚ ਘਰ ਸਾਚਾ ਸਰਿਆ, ਘਰ ਘਰ ਵਿਚ ਆਪ ਉਪਾਇੰਦਾ । ਆਪੇ ਨਿਰਗੁਣ ਸਰਗੁਣ ਅੰਦਰ ਵੜਿਆ, ਡੂੰਘੀ ਕੰਦਰ ਆਪੇ ਆਸਣ ਲਾਇੰਦਾ । ਆਪੇ ਜੋਤੀ ਨੂਰ ਕਰੇ ਉਜਰਿਆ, ਪਰਕਾਸ਼ ਪਰਕਾਸ਼ ਆਪ ਵਖਾਇੰਦਾ । ਆਪੇ ਅੰਮ੍ਰਿਤ ਨੁਹਾਵੇ ਸਾਚੇ ਸਰਿਆ, ਸਰ ਸਰੋਵਰ ਇਕ ਭਰਾਇੰਦਾ । ਆਪਣਾ ਪਰਦਾ ਲਾਹ ਕੇ ਆਇਆ ਡਰਿਆ, ਭੈ ਭਿਆਨਕ ਆਪਣਾ ਨਾਉਂ ਵਖਾਇੰਦਾ । ਆਪੇ ਫੜਿਆ ਆਪਣਾ ਲੜਿਆ, ਆਪੇ ਨਾਦ ਧੁਨ ਵਜਾਇੰਦਾ । ਆਪੇ ਸ਼ਬਦ ਅਨਹਦ ਖੇਲ ਸਾਚਾ ਕਰਿਆ, ਆਪੇ ਪੰਚਮ ਬਹਿ ਬਹਿ ਗਾਇੰਦਾ । ਆਪੇ ਆਤਮ ਸੇਜਾ ਸਾਚੀ ਚੜ੍ਹਿਆ, ਆਪੇ ਕੰਤ ਰੂਪ ਪਰਗਟਾਇੰਦਾ । ਆਪੇ ਸੁਰਤ ਸੁਵਾਣੀ ਲਾਏ ਲੜਿਆ, ਆਪ ਆਪਣੀ ਗੋਦ ਸੁਹਾਇੰਦਾ । ਆਪੇ ਪੰਜ ਤੱਤ ਖੇਲ ਆਪਣਾ ਕਰਿਆ, ਜੋਤੀ ਜੋਤ ਮੇਲ ਮਿਲਾਇੰਦਾ । ਆਪੇ ਲੇਖਾ ਜਾਣੇ ਸੀਸ ਧੜਿਆ, ਗੁਪਤ ਜ਼ਾਹਰ, ਆਪਣਾ ਨਾਉਂ ਵਟਾਇੰਦਾ । ਆਦਿ ਜੁਗਾਦਿ ਕਦੇ ਨਾ ਮਰਿਆ, ਆਪਣਾ ਵੇਸ ਆਪ ਵਟਾਇੰਦਾ । ਵਿਸ਼ਨੂੰ ਭੰਡਾਰਾ ਏਕਾ ਭਰਿਆ, ਲੱਖ ਚੁਰਾਸੀ ਆਪ ਵਰਤਾਇੰਦਾ । ਬ੍ਰਹਮੇ ਨਾਉਂ ਏਕਾ ਪੜ੍ਹਿਆ, ਚਾਰੇ ਵੇਦ ਗਾਇੰਦਾ । ਸ਼ੰਕਰ ਬਾਸ਼ਕ ਤਸ਼ਕਾ ਗਲ ਵਿਚ ਧਰਿਆ, ਕੰਠ ਮਾਲਾ ਆਪ ਸੁਹਾਇੰਦਾ । ਤਿੰਨਾਂ ਵਿਚੋਲਾ ਆਪੇ ਬਣਿਆ, ਆਦਿ ਆਦਿ ਆਪਣੀ ਬਣਤ ਬਣਾਇੰਦਾ । ਆਪੇ ਹੋਏ ਨਰ ਨਰਾਇਣ ਨਰਿਆ, ਨਿਰਵੈਰ ਪੁਰਖ ਅਕਾਲ ਆਪਣੀ ਖੇਲ ਖਿਲਾਇੰਦਾ । ਅਗਨੀ ਹਵਨ ਕਦੇ ਨਾ ਸੜਿਆ, ਜੋਤੀ ਜੋਤ ਡਗਮਗਾਇੰਦਾ । ਆਪਣੀ ਵਿਦਿਆ ਆਪੇ ਪੜ੍ਹਿਆ, ਆਦਿ ਜੁਗਾਦਿ ਆਪ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮਾ ਸ਼ਿਵ ਦਿਤਾ ਏਕਾ ਵਰ, ਵਰ ਦਾਤਾ ਆਪ ਹੋ ਜਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਸਚ ਵਸਤ ਹਰਿ ਦਰ ਪਾ, ਉਠ ਉਠ ਲਏ ਅੰਗੜਾਈਆ । ਤ੍ਰੈ ਤ੍ਰੈ ਬੈਠੇ ਸੀਸ ਝੁਕਾ, ਚਰਨ ਕਵਲ

ਧਿਆਨ ਲਗਾਈਆ । ਤੇਰੀ ਇਛਿਆ ਰਚਨਾ ਲਈ ਰਚਾ, ਲੱਖ ਚੁਰਾਸੀ ਵੰਡ ਵੰਡਾਈਆ । ਕਵਣ ਧਾਰ ਦਏਂ ਟਿਕਾ, ਕਵਣ ਥਾਨ ਦਏਂ ਸੁਹਾਈਆ । ਕਵਣ ਸੇਵਾ ਲਏ ਕਮਾ, ਕਵਣ ਹੋਏ ਸਹਾਈਆ । ਕਵਣ ਲੇਖਾ ਲਿਖੇ ਥਾਉਂ ਥਾਂ, ਭੁਲ ਕਦੇ ਨਾ ਜਾਈਆ । ਕਵਣ ਜਪਾਏ ਤੇਰਾ ਨਾਂ, ਨਾਉਂ ਨਿਰੰਕਾਰਾ ਦਏ ਸੁਣਾਈਆ । ਕਵਣ ਬਣੇ ਪਿਤਾ ਮਾਂ, ਆਪਣੀ ਗੋਦ ਲਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਬ੍ਰਹਮਾ ਵਿਸ਼ਨ ਸ਼ਿਵ ਬੈਠਾ ਸੀਸ ਝੁਕਾਈਆ । ਵਿਸ਼ਨ ਬ੍ਰਹਮਾ ਸ਼ਿਵ ਮੰਗੇ ਮੰਗ, ਹਰਿ ਅੱਗੇ ਝੋਲੀ ਡਾਹ । ਕਵਣ ਚਾੜ੍ਹੇ ਸਾਚਾ ਰੰਗ, ਲੱਖ ਚੁਰਾਸੀ ਬਣੇ ਮਲਾਹ । ਕਵਣ ਡੋਰੀ ਉਡੇ ਪਤੰਗ, ਕਵਣ ਲੇਖਾ ਜਾਣੇ ਦੋ ਜਹਾਨ । ਕਵਣ ਰੱਖੇ ਸਾਚਾ ਸੰਗ, ਲੋਕਮਾਤ ਬਣੇ ਮਲਾਹ । ਕਵਣ ਕਟੇ ਭੁੱਖ ਨੰਗ, ਲੱਖ ਚੁਰਾਸੀ ਪਰਦਾ ਦੇਵੇ ਪਾ । ਕਵਣ ਵਜਾਏ ਨਾਮ ਮਰਦੰਗ, ਘਰ ਘਰ ਢੋਲ ਦਏ ਸੁਣਾ । ਕਵਣ ਸੁਹਾਏ ਸੇਜ ਪਲੰਘ, ਆਤਮ ਅੰਤਰ ਬੈਠੇ ਆਸਣ ਲਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤਿੰਨੇ ਢਹਿ ਪਏ ਸਰਨਾ । ਤਿੰਨੇ ਢਹਿ ਪਏ ਸਰਨਾਈ ਬਾਲਕ, ਬਾਲੀ ਬੁਧ ਇਕ ਜਣਾਈਆ । ਤੂੰ ਸਾਹਿਬ ਸੁਲਤਾਨ ਸੱਚਾ ਖ਼ਾਲਕ, ਖ਼ਲਕਤ ਤੇਰੀ ਧਾਰ ਚਲਾਈਆ । ਬੇਐਬ ਪਰਵਰਦਿਗਾਰ ਕਵਣ ਰੂਪ ਤੇਰਾ ਬਣੇ ਸਾਲਸ, ਦੋ ਜਹਾਨਾਂ ਵੇਖ ਵਖਾਈਆ । ਕਵਣ ਰੂਪ ਮਿਟਾਏ ਨਿੰਦਰਾ ਆਲਸ, ਜਾਗਰਤ ਜੋਤ ਕਰ ਰੁਸ਼ਨਾਈਆ । ਕਵਣ ਰੂਪ ਧਰਾਏਂ ਆਪਣਾ ਖ਼ਾਲਸ, ਤਤਵ ਤਤ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ
੧੩੦ ਆਪਣੀ ਕਿਰਪਾ ਕਰ, ਆਪਣਾ ਪਰਦਾ ਦਏ ਉਠਾਈਆ । ਵਿਸ਼ਨ ਬ੍ਰਹਮਾ ਸ਼ਿਵ ਸਰਨ ਸਰਨਾ, ਏਕਾ ਓਟ ਤਕਾਈਆ । ਏਕਾ ਬਖ਼ਸ਼ਿਸ਼ ਹਰਿ ੧੩੦
੧੦ ਮਿਹਰਬਾਂ, ਦਰ ਤੇਰੇ ਮੰਗਣ ਆਈਆ । ਕਵਣ ਵੇਲਾ ਕਵਣ ਵਕਤ ਦਏਂ ਸੁਹਾ, ਵਾਰ ਥਿਤ ਕਵਣ ਵਡਿਆਈਆ । ਕਵਣ ਰੂਪ ਨਿਥਾਵਿਆਂ ੧੦
ਦੇਵੇਂ ਥਾਂ, ਥਾਨ ਥਨੰਤਰ ਇਕ ਸੁਹਾਈਆ । ਕਵਣ ਅੰਗ ਪਕੜੇ ਬਾਂਹ, ਬਾਲ ਅਞਾਣੇ ਲਏਂ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਆਪਣਾ ਨਾਉਂ, ਨਾਮ ਨਾਮਾ ਝੋਲੀ ਪਾਈਆ । ਪੁਰਖ ਅਬਿਨਾਸ਼ੀ ਦਇਆ ਕਮਾਇੰਦਾ, ਨਿਰਗੁਣ ਦਾਤਾ ਹਰਿ ਨਿਰੰਕਾਰ । ਵਿਸ਼ਨ ਬ੍ਰਹਮਾ ਸ਼ਿਵ ਸੁਹਾਇੰਦਾ, ਆਪ ਆਪਣਾ ਕਰ ਪਿਆਰ । ਲੋਕਮਾਤ ਖੇਲ ਖਿਲਾਇੰਦਾ, ਨਿਰਗੁਣ ਸਰਗੁਣ ਹੋ ਉਜਿਆਰ । ਆਪਣਾ ਨਾਮ ਮਰਦੰਗ ਵਜਾਇੰਦਾ, ਬ੍ਰਹਮਾ ਦਏ ਆਧਾਰ । ਚਾਰੇ ਵੇਦ ਆਪੇ ਗਾਇੰਦਾ, ਆਪੇ ਹੋਏ ਸੁਣਨੇਹਾਰ । ਸਾਚੀ ਵੰਡ ਆਪ ਵੰਡਾਇੰਦਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਕਰ ਵਿਚਾਰ । ਚਾਰੇ ਖਾਣੀ ਆਪ ਬਣਾਇੰਦਾ । ਅੰਡਜ ਜੇਰਜ ਉਤਭੁਜ ਸੇਤਜ ਲਏ ਉਭਾਰ । ਚਾਰੇ ਬਾਣੀ ਆਪ ਪਰਗਟਾਇੰਦਾ, ਪਰਾ ਪਸੰਤੀ ਮਧਮ ਬੈਖਰੀ ਪਾਏ ਸਾਰ । ਚਾਰੇ ਵਰਨ ਆਪ ਬਣਾਇੰਦਾ, ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਕਰ ਉਜਿਆਰ । ਲੱਖ ਚੁਰਾਸੀ ਗੇੜਾ ਆਪ ਦਵਾਇੰਦਾ, ਆਪੇ ਹੋਏ ਗੇੜਨਹਾਰ । ਸ਼ੰਕਰ ਤੇਰਾ ਸੰਗ ਰਖਾਇੰਦਾ, ਕਿਰਪਾ ਕਰੇ ਦੀਨ ਦਿਆਲ । ਮਹਾਕਾਲ ਆਪਣੀ ਕਲ ਵਰਤਾਇੰਦਾ, ਵਸੇ ਸਚ ਸੱਚੀ ਧਰਮਸਾਲ । ਕਾਲ ਆਪਣਾ ਰੂਪ ਧਰਾਇੰਦਾ, ਤੇਰਾ ਬਣਿਆ ਰਹੇ ਦਲਾਲ । ਰਾਏ ਧਰਮ ਨਾਲ ਰਲਾਇੰਦਾ, ਮਾਰਗ ਦੱਸੇ ਇਕ ਸੁਖਾਲ । ਚਿਤਰ ਗੁਪਤ ਹਿਸਾਬ ਲਿਖਾਇੰਦਾ, ਵੇਖਣਹਾਰਾ ਪੱਤ ਡਾਲ । ਧਰਮ ਰਾਏ ਘਰ ਸਪੁੱਤਰੀ ਏਕਾ ਜਾਇੰਦਾ, ਕਿਰਪਾ ਕਰੇ ਗੁਣ ਨਿਧਾਨ । ਲਾੜੀ ਮੌਤ ਨਾਉਂ ਧਰਾਇੰਦਾ, ਜਗਤ ਦਿਸੇ ਨਾ ਕੋਇ ਨਿਸ਼ਾਨ । ਸੀਸ ਜਗਦੀਸ਼ ਆਪ ਗੁੰਦਾਇੰਦਾ, ਆਪੇ ਹੋਏ ਨਿਗਹਬਾਨ । ਜੋ ਘੜਿਆ

ਭੰਨ ਵਖਾਇੰਦਾ, ਥਿਰ ਦਿਸੇ ਨਾ ਕੋਇ ਨਿਸ਼ਾਨ । ਆਪਣੀ ਕਰਤਾ ਕੀਮਤ ਆਪੇ ਪਾਇੰਦਾ, ਲੱਖ ਚੁਰਾਸੀ ਹੋ ਪਰਧਾਨ । ਆਪਣਾ ਨਾਮ ਮਰਦੰਗ ਵਜਾਇੰਦਾ, ਸਤਿ ਸਤਿਵਾਦੀ ਹੱਥ ਉਠਾਏ ਇਕ ਨਿਸ਼ਾਨ । ਭਗਤ ਭਗਵੰਤ ਵੇਖ ਵਖਾਇੰਦਾ, ਆਪੇ ਹੋਏ ਜਾਣੀ ਜਾਣ । ਸਾਚੇ ਸੰਤਾਂ ਮੇਲ ਮਿਲਾਇੰਦਾ, ਧੁਰ ਦੀ ਬਾਣੀ ਮਾਰੇ ਬਾਣ । ਗੁਰਮੁਖ ਆਪਣੀ ਗੋਦ ਬਹਾਇੰਦਾ, ਲੱਖ ਚੁਰਾਸੀ ਵਿਚੋਂ ਪਛਾਣ । ਗੁਰਸਿਖ ਸਾਚੇ ਅੰਗ ਲਗਾਇੰਦਾ, ਆਪੇ ਵੇਖੇ ਬਾਲ ਅਞਾਣ । ਅਵਤਾਰ ਗੁਰ ਆਪਣਾ ਨਾਉਂ ਪਰਗਟਾਇੰਦਾ, ਨਿਰਗੁਣ ਸਰਗੁਣ ਹੋ ਪਰਧਾਨ । ਜੁਗ ਜੁਗ ਆਪਣੀ ਖੇਲ ਖਿਲਾਇੰਦਾ, ਜੋਧਾ ਸੂਰਬੀਰ ਬਣੇ ਬਲਵਾਨ । ਗੜ੍ਹ ਹੰਕਾਰੀ ਆਪ ਤੁੜਾਇੰਦਾ, ਆਪੇ ਮੇਟੇ ਪੰਜ ਤੱਤ ਨਿਸ਼ਾਨ । ਆਪੇ ਹੁਕਮੀ ਹੁਕਮ ਸੁਣਾਇੰਦਾ, ਆਪੇ ਦੇਵਣਹਾਰਾ ਧੁਰ ਫ਼ਰਮਾਨ । ਵਿਸ਼ਨ ਬ੍ਰਹਮੇ ਸ਼ਿਵ ਤੇਰੀ ਸੇਵਾ ਸਚ ਲਗਾਇੰਦਾ, ਭੁਲ ਨਾ ਜਾਣਾ ਬਣ ਅਞਾਣ । ਨਵ ਨੌਂ ਵੰਡ ਆਪ ਵੰਡਾਇੰਦਾ, ਨਵ ਨੌਂ ਵੇਖੇ ਗੁਣ ਨਿਧਾਨ । ਚਾਰੋਂ ਕੁੰਟ ਫੇਰਾ ਪਾਇੰਦਾ, ਦਹਿ ਦਿਸ਼ਾ ਖੇਲੇ ਖੇਲ ਸ੍ਰੀ ਭਗਵਾਨ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਜਗਤ ਹਿੱਸਾ ਆਪ ਵੰਡਾਇੰਦਾ, ਧਰਤ ਧਵਲ ਦੇਵੇ ਮਾਣ । ਜ਼ਿਮੀ ਅਸਮਾਨਾਂ ਵੇਖ ਵਖਾਇੰਦਾ, ਮੰਡਲ ਮੰਡਪ ਆਪੇ ਪਾਏ ਆਣ । ਗਗਨ ਗਗਨੰਤਰ ਫੇਲ ਫੁਲਾਇੰਦਾ, ਰਵ ਸਸ ਕਰੇ ਪਹਿਚਾਨ । ਚੌਦਾਂ ਲੋਕ ਆਪਣੀ ਜੋਤ ਜਗਾਇੰਦਾ, ਚੌਦਾਂ ਹੱਟ ਖੋਲ੍ਹ ਦੁਕਾਨ । ਚੌਦਾਂ ਤਬਕਾਂ ਚਰਨਾਂ ਹੇਠ ਰਖਾਇੰਦਾ, ਦਾਤਾ ਦਾਨੀ ਸ੍ਰੀ ਭਗਵਾਨ । ਆਪਣੀ ਵਿਦਿਆ ਆਪ ਪੜ੍ਹਾਇੰਦਾ, ਚੌਦਾਂ ਵਿਦਿਆ ਕਰ ਪਰਧਾਨ । ਜੁਗ ਜੁਗ ਨਾਤਾ ਆਪ ਜੁੜਾਇੰਦਾ, ਸ਼ਾਸਤਰ ਸਿਮਰਤ ਵੇਦ ਪੁਰਾਨ । ਜਗਤ ਮਹਿਮਾ ਆਪ ਜਣਾਇੰਦਾ, ਆਪੇ ਹੋਏ ਗੁਣ ਨਿਧਾਨ । ਅੰਜੀਲ ਕ਼ੁਰਾਨਾ ਆਪੇ ਗਾਇੰਦਾ, ਈਸਾ ਮੂਸਾ ਕਾਲਾ ਸੂਸਾ ਆਪ ਵਖਾਏ ਤਨ ਨਿਸ਼ਾਨ । ਸਚ ਹਦੀਸਾ ਇਕ ਪੜ੍ਹਾਇੰਦਾ, ਤੀਸ ਬਤੀਸਾ ਆਪੇ ਗਾਏ ਅੰਜੀਲ ਕ਼ੁਰਾਨ । ਪੀਰ ਫ਼ਕੀਰ ਆਪ ਅਖਵਾਇੰਦਾ, ਮੁੱਲਾ ਸ਼ੇਖ਼ ਮੁਸਾਇਕ ਪੀਰ ਦਸਤਗੀਰ ਹੋਏ ਹੈਰਾਨ । ਅਜ਼ਮਤੋ ਕਸਮਤੋ ਆਪਣੇ ਹੱਥ ਰਖਾਇੰਦਾ, ਲੇਖਾ ਜਾਣੇ ਸੰਗ ਮੁਹੰਮਦ ਚਾਰ ਯਾਰ ਅੱਲਾ ਰਾਣੀ ਹੋਏ ਨਿਗਹਬਾਨ । ਕਲਮਾ ਕਲਮੀ ਆਪ ਪੜ੍ਹਾਇੰਦਾ, ਆਬੇਹਯਾਤ ਦੋ ਦੋ ਆਬਾ ਦੇਵੇ ਦਾਨ । ਆਪੇ ਨਿਰਗੁਣ ਸਰਗੁਣ ਖੇਲ ਖਿਲਾਇੰਦਾ, ਆਪੇ ਨਾਨਕ ਨਾਮ ਜਾਣੇ ਦੋ ਜਹਾਨ । ਸਤਿ ਨਾਮ ਮੰਤਰ ਆਪ ਦ੍ਰਿੜਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਿਸ਼ਨ ਬ੍ਰਹਮੇ ਸ਼ਿਵ ਦੇਵੇ ਵਰ, ਭੁਲ ਨਾ ਜਾਣਾ ਬਣ ਨਾਦਾਨ । ਵਿਸ਼ਨ ਬ੍ਰਹਮਾ ਸ਼ਿਵ ਨਾ ਭੁੱਲਣਾ, ਹਰਿ ਸਾਚਾ ਸਚ ਸੁਣਾਇੰਦਾ । ਏਕਾ ਕੰਡੇ ਸਾਚੇ ਤੁਲਣਾ, ਪੁਰਖ ਅਬਿਨਾਸ਼ੀ ਆਪ ਤੁਲਾਇੰਦਾ । ਲੱਖ ਚੁਰਾਸੀ ਬੂਟਾ ਹੁਲਣਾ, ਫੁੱਲ ਫੁਲਵਾੜੀ ਮਾਤ ਲਗਾਇੰਦਾ । ਅੰਮ੍ਰਿਤ ਆਤਮ ਘਰ ਘਰ ਡੁੱਲ੍ਹਣਾ, ਨਿਝਰ ਝਿਰਨਾ ਆਪ ਝਿਰਾਇੰਦਾ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਲੋਕਮਾਤ ਭੰਡਾਰਾ ਖੁਲ੍ਹਣਾ, ਗੁਰ ਅਵਤਾਰ ਆਪ ਵਰਤਾਇੰਦਾ । ਅੰਤਮ ਕਲਜੁਗ ਕਿਸੇ ਨਾ ਪਏ ਕੋਈ ਮੁਲ ਨਾ, ਕੀਮਤ ਕਰਤਾ ਕੋਈ ਨਾ ਪਾਇੰਦਾ । ਜੀਵਾਂ ਜੰਤਾਂ ਖ਼ਾਕੀ ਖ਼ਾਕ ਰੁਲਣਾ, ਖ਼ਾਕੀ ਖ਼ਾਕ ਸਰਬ ਉਡਾਇੰਦਾ । ਹਰਿ ਕਾ ਨਾਉਂ ਏਕਾ ਭੁਲਣਾ, ਇਸ਼ਟ ਦੇਵ ਨਾ ਕੋਈ ਮਨਾਇੰਦਾ । ਸ਼ਬਦ ਅੰਧੇਰ ਏਕਾ ਝੁਲਣਾ, ਲੱਖ ਚੁਰਾਸੀ ਜੜ੍ਹ ਉਖੜਾਇੰਦਾ । ਸਿਮਲ ਬੂਟਾ ਅੰਤਮ ਹੁਲਣਾ, ਪੱਤ ਡਾਲੀ ਫੁੱਲ ਨਾ ਕੋਈ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਿਸ਼ਨ ਬ੍ਰਹਮਾ ਸ਼ਿਵ ਦੇਵੇ ਵਰ, ਆਪਣਾ ਭੇਵ ਆਪ ਖੁਲ੍ਹਾਇੰਦਾ । ਸਾਚੇ ਹਰਿ ਭੇਵ ਖੁਲ੍ਹਾਇਆ, ਪੁਰਖ ਅਬਿਨਾਸ਼ੀ ਹਰਿ ਅਗੰਮ । ਨਵ ਨੌਂ ਚਾਰ ਗੇੜਾ ਆਪਣੇ ਹੱਥ ਰਖਾਇਆ, ਨਾ

ਮਰੇ ਨਾ ਪਏ ਜੰਮ । ਜੁਗ ਚੌਕੜੀ ਪਾਰ ਕਰਾਇਆ, ਗੁਰ ਗੁਰ ਬੇੜਾ ਬੰਨ੍ਹ । ਭਗਤ ਭਗਵੰਤ ਵੇਖ ਵਖਾਇਆ, ਸਤਿਜੁਗ ਸਤਿ ਚੜ੍ਹਾਏ ਚੰਨ । ਗੁਰਮੁਖ ਸਾਚੇ ਰੰਗ ਰੰਗਾਇਆ, ਦੁਆਪਰ ਜਾਏ ਮੰਨ । ਗੁਰਸਿਖ ਸਾਚੇ ਰਾਹ ਲਗਾਇਆ, ਕਲਜੁਗ ਵੇਖ ਅੰਧੇਰਾ ਅੰਧ । ਸ੍ਰਿਸ਼ਟ ਸਬਾਈ ਭਰਮ ਭੁਲਾਇਆ, ਨਾ ਕੋਈ ਮੁਕਾਏ ਆਪਣਾ ਪੰਧ । ਹਰਿ ਕਾ ਰੂਪ ਨਜ਼ਰ ਨਾ ਆਇਆ, ਰਸਨਾ ਗਾ ਗਾ ਥੱਕੀ ਛੰਦ । ਨਿਜਾਨੰਦ ਕਿਸੇ ਨਾ ਪਾਇਆ, ਆਤਮ ਆਇਆ ਨਾ ਪਰਮਾਨੰਦ । ਘਰ ਕੰਤ ਨਾ ਕਿਸੇ ਹੰਢਾਇਆ, ਨਾਰ ਹੋਈ ਦੁਹਾਗਣ ਰੰਡ । ਘਰ ਮੰਦਰ ਨਾ ਕੋਈ ਵਖਾਇਆ, ਜੁਗ ਜੁਗ ਟੁੱਟੀ ਨਾ ਦੇਵੇ ਗੰਢ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮਾ ਸ਼ਿਵ ਆਪ ਸਮਝਾਏ ਦਇਆ ਕਮਾਏ ਕਲਜੁਗ ਖੇਲ ਕਰੇ ਹਰਿ ਹਰਿ ਗੋਬਿੰਦ । ਨਵ ਨੌਂ ਚਾਰ ਚੌਕੜੀ ਕਲਜੁਗ ਉਤਰੇ ਪਾਰ, ਹਰਿ ਸਾਚਾ ਸਚ ਜਣਾਇੰਦਾ । ਕੋਟਨ ਕੋਟ ਰਾਮ ਲਏ ਅਵਤਾਰ, ਕੋਟਨ ਕੋਟ ਕ੍ਰਿਸ਼ਨ ਨਾਚ ਨਚਾਇੰਦਾ । ਕੋਟਨ ਕੋਟ ਸਖ਼ੀਆਂ ਮੰਗਲਾਚਾਰ, ਕੋਟਨ ਕੋਟ ਮੰਡਲ ਰਾਸ ਰਚਾਇੰਦਾ । ਕੋਟਨ ਕੋਟ ਈਸਾ ਮੂਸਾ ਕਰਨ ਪੁਕਾਰ, ਕੋਟਨ ਕੋਟ ਮੁਹੰਮਦ ਅੱਧ ਵਿਚਕਾਰੇ ਰਾਹ ਤਕਾਇੰਦਾ । ਕੋਟਨ ਕੋਟ ਭਗਤ ਭਗਵੰਤ ਸੰਤ ਰਾਹ ਤੱਕਣ ਮੀਤ ਮੁਰਾਰ, ਕੋਟਨ ਕੋਟ ਗੁਰਸਿਖ ਏਕਾ ਗਿਆਨ ਦ੍ਰਿੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਿਸ਼ਨ ਬ੍ਰਹਮਾ ਸ਼ਿਵ ਦੇਵੇ ਏਕਾ ਵਰ, ਆਪਣਾ ਪਰਦਾ ਆਪ ਲਾਹਿੰਦਾ । ਨਵ ਨੌਂ ਚਾਰ ਉਤਰੇ ਪਾਰ, ਹਰਿ ਸਾਚਾ ਸਚ ਜਣਾਇੰਦਾ । ਕਰੇ ਖੇਲ ਹਰਿ ਅਗੰਮ ਅਪਾਰ, ਲੋਕਮਾਤ ਵੇਖ ਵਖਾਇੰਦਾ । ਨਿਰਗੁਣ ਜੋਤੀ ਕਰ ਉਜਿਆਰ, ਨਾਨਕ ਸਰਗੁਣ ਨਾਉਂ ਧਰਾਇੰਦਾ । ਏਕਾ ਸ਼ਬਦ ਨਾਦ ਧੁਨਕਾਰ, ਨਾਦ ਅਨਾਦੀ ਆਪ ਵਜਾਇੰਦਾ । ਮੇਲ ਮਿਲਾਏ ਸਚਖੰਡ ਸੱਚੇ ਦਰਬਾਰ, ਸਚਖੰਡ ਨਿਵਾਸੀ ਵੇਖ ਵਖਾਇੰਦਾ । ਨਿਰਗੁਣ ਜੋਤ ਜੋਤ ਉਜਿਆਰ, ਨੂਰ ਨੁਰਾਨਾ ਡਗਮਗਾਇੰਦਾ । ਆਪੇ ਬਣੇ ਨਾਰੀ ਕੰਤ ਭਤਾਰ, ਆਪੇ ਸਾਚੇ ਮੰਦਰ ਸੋਭਾ ਪਾਇੰਦਾ । ਆਪੇ ਦਾਤਾ ਦਾਨੀ ਬਣ ਵਰਤਾਰ, ਪੁਰਖ ਅਕਾਲ ਦਇਆ ਕਮਾਇੰਦਾ । ਨਾਨਕ ਨਿਰਗੁਣ ਹਰਿ ਹਰਿ ਵਿਚ ਸਮਾਇੰਦਾ । ਆਪੇ ਪੰਜ ਤੱਤ ਰੂਪ ਧਰੇ ਬਾਲਕ, ਲੋਕਮਾਤ ਖੇਲ ਖਿਲਾਇੰਦਾ । ਏਕਾ ਨਾਮ ਆਪੇ ਦੇਵੇ ਸਾਲਸ, ਸਤਿ ਨਾਮ ਮੰਤਰ ਆਪ ਦ੍ਰਿੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਨਾਨਕ ਆਪੇ ਗੋਬਿੰਦ ਧਾਰ, ਆਪੇ ਸੁਤ ਦੁਲਾਰ ਲਏ ਉਭਾਰ, ਆਪੇ ਬਣੇ ਮੀਤ ਮੁਰਾਰ, ਸਗਲਾ ਸੰਗ ਆਪ ਬਣਾਇੰਦਾ । ਆਪੇ ਸਗਲਾ ਸੰਗ ਰੱਖ, ਆਪਣੀ ਧਾਰ ਚਲਾਇੰਦਾ । ਆਪ ਨਿਰਗੁਣ ਹੋ ਪ੍ਰਤੱਖ, ਸਰਗੁਣ ਰੂਪ ਪ੍ਰਗਟਾਇੰਦਾ । ਆਪੇ ਆਪਣਿਆਂ ਕਰਦਾ ਆਇਆ ਪੱਖ, ਜੁਗ ਜੁਗ ਸੇਵ ਕਮਾਇੰਦਾ । ਆਪੇ ਊਚਾਂ ਨੀਚਾਂ ਰਾਓ ਰੰਕਾਂ ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਏਕਾ ਮਾਰਗ ਸਾਚਾ ਦੱਸ, ਸਾਚੇ ਮਾਰਗ ਆਪੇ ਪਾਇੰਦਾ । ਆਪੇ ਹਰ ਘਟ ਹਿਰਦੇ ਅੰਦਰ ਵਸ, ਹਰਿ ਜੂ ਆਪਣਾ ਦਰਸ ਦਿਖਾਇੰਦਾ । ਆਪੇ ਨੌਂ ਸੌ ਚੁਰਾਨਵੇਂ ਚੌਕੜੀ ਜੁਗ ਪੰਧ ਮੁਕਾਇਆ ਨੱਸ ਨੱਸ, ਕਲਜੁਗ ਵੇਲਾ ਅੰਤਮ ਆਇੰਦਾ । ਨੌਂ ਖੰਡ ਸੱਤ ਦੀਪ ਰੈਣ ਅੰਧੇਰੀ ਹੋਈ ਮਸ, ਸਾਚਾ ਚੰਦ ਨਾ ਕੋਈ ਚੜ੍ਹਾਇੰਦਾ । ਤ੍ਰੈਗੁਣ ਮਾਇਆ ਡਸਨੀ ਡੱਸੇ ਡਸ, ਸਾਂਤਕ ਸਤਿ ਨਾ ਕੋਈ ਕਰਾਇੰਦਾ । ਪੰਚ ਵਿਕਾਰਾ ਹੋਇਆ ਵਸ, ਹਰਿ ਕਾ ਸ਼ਬਦ ਨਾ ਕੋਈ ਧਿਆਇੰਦਾ । ਜੂਠ ਝੂਠ ਕਾਮ ਕਰੋਧ ਲੋਭ ਮੋਹ ਕਲਜੁਗ ਜੀਵਾਂ ਅੰਦਰ ਰਿਹਾ ਵਸ, ਕੂੜਾ ਬੰਕ ਇਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮਾ ਵਿਸ਼ਨ ਸ਼ਿਵ ਅੰਤਮ ਲੇਖਾ ਆਪ ਸਮਝਾਇੰਦਾ ।

ਲੇਖਾ ਅੰਤ ਸਮਝਾਇਆ, ਹਰਿ ਕਰਤਾਰ ਹੋ ਮਿਹਰਵਾਨ । ਨਵ ਨੌਂ ਚਾਰ ਰਹਿਣ ਨਾ ਪਾਇਆ, ਜੁਗ ਚੌਕੜੀ ਮਿਟੇ ਨਿਸ਼ਾਨ । ਕਲਜੁਗ ਅੰਤਮ ਵੇਖ ਵਖਾਇਆ, ਪਾਰਬ੍ਰਹਮ ਸ੍ਰੀ ਭਗਵਾਨ । ਗੋਬਿੰਦ ਸੂਰਾ ਨਾਲ ਰਲਾਇਆ, ਜੋਧਾ ਸੂਰਬੀਰ ਬਲੀ ਬਲਵਾਨ । ਸ਼ਬਦ ਖੰਡਾ ਇਕ ਚਮਕਾਇਆ, ਰੱਖੇ ਵਿਚ ਨਾ ਕਿਸੇ ਮਿਆਨ । ਬ੍ਰਹਿਮੰਡਾਂ ਖੋਜ ਖੁਜਾਇਆ, ਲੇਖਾ ਜਾਣੇ ਦੋ ਜਹਾਨ । ਲੋਆਂ ਪੁਰੀਆਂ ਫੋਲ ਫੁਲਾਇਆ, ਵਿਸ਼ਨ ਬ੍ਰਹਮਾ ਸ਼ਿਵ ਲਏ ਉਠਾਲ । ਕਰੋੜ ਤਤੀਸਾ ਦਏ ਹਿਲਾਇਆ, ਸੁਰਪਤ ਉਠਾਏ ਬਾਲ ਨਾਦਾਨ । ਅੰਤ ਲੇਖਾ ਦਏ ਮੁਕਾਇਆ, ਲੁਕਿਆ ਰਹੇ ਨਾ ਵਿਚ ਜਹਾਨ । ਆਪਣਾ ਨਾਉਂ ਲਏ ਪਰਗਟਾਇਆ, ਪੁਰਖ ਅਬਿਨਾਸ਼ੀ ਵਡ ਮਿਹਰਵਾਨ । ਭੇਵ ਅਭੇਦਾ ਦਏ ਖੁਲ੍ਹਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਹੋਏ ਜਾਣੀ ਜਾਣ, ਆਪਣਾ ਭੇਵ ਖੁਲ੍ਹਾਵਣਾ, ਕਲਜੁਗ ਅੰਤਮ ਵਾਰ । ਜੋਤੀ ਜਾਮਾ ਵੇਸ ਵਟਾਵਣਾ, ਨਿਰਗੁਣ ਨਿਰਗੁਣ ਨਿਰਗੁਣ ਲੈ ਅਵਤਾਰ । ਨਿਹਕਲੰਕ ਨਾਉਂ ਰਖਾਵਣਾ, ਦਿਸ ਨਾ ਆਏ ਵਿਚ ਸੰਸਾਰ । ਸ਼ਾਹ ਸੁਲਤਾਨਾਂ ਖ਼ਾਕ ਮਿਲਾਵਣਾ, ਰਾਜ ਰਾਜਾਨਾਂ ਮਾਰੇ ਮਾਰ । ਕੂੜੀ ਕਿਰਿਆ ਮੇਟ ਮਿਟਾਵਣਾ, ਕਲਜੁਗ ਰਹੇ ਨਾ ਧੂਆਂਧਾਰ । ਸਤਿਜੁਗ ਸਾਚਾ ਚੰਦ ਚੜ੍ਹਾਵਣਾ, ਚਾਰ ਵਰਨ ਕਰ ਪਿਆਰ । ਗੀਤ ਸੁਹਾਗੀ ਏਕਾ ਗਾਵਣਾ, ਲੱਖ ਚੁਰਾਸੀ ਬੋਲ ਜੈਕਾਰ । ਆਤਮ ਪਰਮਾਤਮ ਏਕਾ ਰੰਗ ਰੰਗਾਵਣਾ, ਚਾਰੇ ਜੁਗ ਦਏ ਆਧਾਰ । ਸਗਲਾ ਸੰਗ ਆਪ ਰਖਾਵਣਾ, ਗ਼ਰੀਬ ਨਿਮਾਣਿਆਂ ਪਾਵੇ ਸਾਰ । ਸ੍ਰਿਸ਼ਟ ਸਬਾਈ ਸ਼ਾਹ ਪਾਤਸ਼ਾਹ ਇਕ ਬਣਾਵਣਾ, ਦੂਸਰ ਅਵਰ ਨਾ ਕੋਇ ਸਰਕਾਰ । ਧੁਰ ਫ਼ਰਮਾਨਾ ਹੁਕਮ ਜਣਾਵਣਾ, ਧੁਰ ਦੀ ਬਾਣੀ ਇਕ ਆਧਾਰ । ਪੁਰਖ ਅਕਾਲ ਇਕ ਮਨਾਵਣਾ, ਏਕਾ ਬੋਲ ਨਾਮ ਜੈਕਾਰ । ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਏਕਾ ਨਾਉਂ ਰਸਨਾ ਗਾਵਣਾ, ਏਕਾ ਮੰਦਰ ਏਕਾ ਗੁਰਦੁਆਰ । ਮਸਜਿਦ ਮਠ ਸ਼ਿਵਦੁਆਲਾ ਇਕ ਵਖਾਵਣਾ, ਏਕਾ ਘਰ ਸੱਚਾ ਘਰ ਬਾਰ । ਨਾਦ ਅਨਾਦੀ ਇਕ ਵਜਾਵਣਾ, ਅਨਹਦ ਧੁਨ ਸੱਚੀ ਧੁਨਕਾਰ । ਗ੍ਰਿਹ ਗ੍ਰਿਹ ਆਪਣਾ ਭੇਵ ਚੁਕਾਵਣਾ, ਘਰ ਘਰ ਵਿਚ ਮੇਲਾ ਮੀਤ ਮੁਰਾਰ । ਗੁਰ ਚੇਲਾ ਰੂਪ ਧਰਾਵਣਾ, ਸੱਜਣ ਸੁਹੇਲਾ ਪਰਵਰਦਿਗਾਰ । ਇਕ ਇਕੇਲਾ ਖੇਲ ਖਿਲਾਵਣਾ, ਕਲਜੁਗ ਤੇਰੀ ਅੰਤਮ ਵਾਰ । ਬ੍ਰਹਮਾ ਵਿਸ਼ਨ ਸ਼ਿਵ ਤੇਰਾ ਪੰਧ ਮੁਕਾਵਣਾ, ਪਾਵਣਹਾਰਾ ਸਾਚੀ ਸਾਰ । ਆਪਣਾ ਬੇੜਾ ਆਪ ਚਲਾਵਣਾ, ਖੇਵਟ ਖੇਟਾ ਬਣੇ ਹਰਿ ਨਿਰੰਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਆਪੇ ਜਾਣੇ ਆਪਣੀ ਕਾਰ । ਨਿਹਕਲੰਕ ਇਕ ਨਿਰੰਕਾਰਾ, ਦੂਸਰ ਅਵਰ ਨਾ ਕੋਇ ਜਣਾਈਆ । ਦੂਜੇ ਜਾਣੇ ਆਪਣੀ ਧਾਰਾ, ਕੁਦਰਤ ਕ਼ਾਦਰ ਵੇਖ ਵਖਾਈਆ । ਤੀਜੇ ਤਿੰਨਾਂ ਲੋਕਾਂ ਵਸੇ ਬਾਹਰਾ, ਤ੍ਰੈਗੁਣ ਮਾਇਆ ਵਿਚ ਕਦੇ ਨਾ ਆਈਆ । ਚੌਥੇ ਚੌਥੇ ਘਰ ਵਸੇ ਕਰਤਾਰਾ, ਚੌਥੇ ਪਦ ਮੇਲ ਮਿਲਾਈਆ । ਪੰਚਮ ਨਾਦ ਸ਼ਬਦ ਧੁਨਕਾਰਾ, ਪੰਚਮ ਗਾਇਣ ਸਹਿਜ ਸੁਭਾਈਆ । ਛੇਵੇਂ ਛੱਪਰ ਛੰਨ ਨਾ ਕੋਇ ਸਹਾਰਾ, ਪੁਰਖ ਅਕਾਲ ਆਪਣਾ ਮੰਦਰ ਆਪ ਸੁਹਾਈਆ । ਸੱਤਵੇਂ ਸਤਿ ਸਤਿਵਾਦੀ ਸਾਚੀ ਧਾਰਾ, ਸਤਿ ਪੁਰਖ ਆਪਣੀ ਆਪ ਚਲਾਈਆ । ਅੱਠਵੇਂ ਅੱਠਾਂ ਤੱਤਾਂ ਵਸੇ ਬਾਹਰਾ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਨਾ ਕੋਇ ਵਡਿਆਈਆ । ਨੌਂ ਦੁਆਰੇ ਕਰੇ ਪਾਰ ਕਿਨਾਰਾ, ਜਗਤ ਵਾਸ਼ਨਾ ਰਹੇ ਨਾ ਰਾਈਆ । ਦਸਵੇਂ ਦਹਿ ਦਿਸ਼ਾ ਪਾਵੇ ਸਾਰਾ, ਗੁਰਮੁਖ ਸਾਚੇ ਲਏ ਜਗਾਈਆ । ਦੇਵੇ ਦਰਸ ਅਗੰਮ ਅਪਾਰਾ, ਘਰ ਘਰ ਵਿਚ ਨਿਰਗੁਣ ਜੋਤ ਕਰ ਰੁਸ਼ਨਾਈਆ । ਧੁਨ ਅਨਾਦੀ ਨਾਦ ਵਜਾਏ ਸੱਚਾ ਜੈਕਾਰਾ,

ਆਤਮ ਸੁੰਨ ਆਪ ਖੁਲ੍ਹਾਈਆ । ਲੱਖ ਚੁਰਾਸੀ ਵਿਚੋਂ ਚੁਣ, ਗੁਰਮੁਖ ਸੱਜਣ ਲਏ ਮਿਲਾਈਆ । ਕਵਣ ਜਾਣੇ ਪ੍ਰਭ ਤੇਰੇ ਗੁਣ, ਕਥਨੀ ਕਥ ਨਾ ਸਕੇ ਕੋਇ ਰਾਈਆ । ਸਰਬ ਪੁਕਾਰ ਰਿਹਾ ਸੁਣ, ਸੁਣਨਹਾਰਾ ਦਿਸ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਲੱਖ ਚੁਰਾਸੀ ਵੇਖੇ ਥਾਉਂ ਥਾਈਂਆ । ਲੱਖ ਚੁਰਾਸੀ ਫੋਲਣਹਾਰਾ, ਘਟ ਘਟ ਆਪ ਸਮਾਇੰਦਾ । ਨਿਰਗੁਣ ਸਰਗੁਣ ਖੇਲ ਨਿਆਰਾ, ਸਰਗੁਣ ਨਿਰਗੁਣ ਵੇਖ ਵਖਾਇੰਦਾ । ਸ਼ਬਦ ਸ਼ਬਦੀ ਕਰ ਪਿਆਰਾ, ਹਰਿਜਨ ਸਾਚੇ ਮੇਲ ਮਿਲਾਇੰਦਾ । ਬਜਰ ਕਪਾਟੀ ਖੋਲ ਕਿਵਾੜਾ, ਗੁਰਮੁਖਾਂ ਮੁਖ ਵਖਾਇੰਦਾ । ਵਾ ਨਾ ਲੱਗੇ ਤੱਤੀ ਹਾੜਾ, ਤ੍ਰੈਗੁਣ ਤਤ ਆਪ ਬੁਝਾਇੰਦਾ । ਸ਼ਬਦ ਵਖਾਏ ਸਾਚਾ ਲਾੜਾ, ਸੁਰਤੀ ਨਾਰੀ ਕੰਤ ਪਰਨਾਇੰਦਾ । ਇਕ ਵਖਾਏ ਸਚ ਅਖਾੜਾ, ਘਰ ਮੰਦਰ ਆਪ ਸੁਹਾਇੰਦਾ । ਕਰੇ ਪਰਕਾਸ਼ ਬਹੱਤਰ ਨਾੜਾ, ਜੋਤੀ ਨੂਰ ਨੂਰ ਡਗਮਗਾਇੰਦਾ । ਮਨਮੁਖ ਜੀਵ ਕਲਜੁਗ ਸੁੱਤੇ ਪੈਰ ਪਸਾਰਾ, ਦੂਈ ਦਵੈਤੀ ਪਰਦਾ ਨਾ ਕੋਇ ਲਾਹਿੰਦਾ । ਕਲਜੁਗ ਲੁੱਟੀ ਜਾਏ ਬਣਿਆ ਠਗ ਚੋਰ ਯਾਰਾ, ਠਗ ਠਗੌਰੀ ਏਕਾ ਪਾਇੰਦਾ । ਕੋਈ ਬਚਿਆ ਰਹੇ ਨਾ ਨਾਰੀ ਨਾਰਾ, ਘਰ ਘਰ ਆਪਣੀ ਅਲਖ ਜਗਾਇੰਦਾ । ਗੁਰਮੁਖ ਵਿਰਲੇ ਸਤਿਗੁਰ ਮਿਲਿਆ ਏਕੰਕਾਰਾ, ਸਿਰ ਆਪਣਾ ਹੱਥ ਟਿਕਾਇੰਦਾ । ਨਾਤਾ ਤੋੜੇ ਸਰਬ ਸੰਸਾਰਾ, ਚਰਨ ਕਵਲ ਪ੍ਰੀਤ ਬੰਧਾਇੰਦਾ । ਲੱਖ ਚੁਰਾਸੀ ਕਰੇ ਪਾਰ ਕਿਨਾਰਾ, ਜੂਨੀ ਜੂਨ ਨਾ ਕੋਇ ਭਵਾਇੰਦਾ । ਮਾਤ ਗਰਭ ਨਾ ਆਏ ਦੂਜੀ ਵਾਰਾ, ਜੋ ਜਨ ਨੇਤਰ ਲੋਚਣ ਦਰਸ਼ਨ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਗੁਰਮੁਖ ਵਿਰਲੇ ਮਾਤ ਤਰਾਇੰਦਾ । ੧੩੪

੧੩੪ ਗੁਰਮੁਖ ਵਿਰਲਾ ਤਾਰਿਆ ਆਦਿ ਜੁਗਾਦੀ ਕਾਰ । ਸੰਸਾ ਰੋਗ ਨਿਵਾਰਿਆ, ਹਉਮੇ ਹੰਗਤਾ ਕਰ ਖ਼ਵਾਰ । ਏਕਾ ਬਖ਼ਸ਼ੇ ਨਾਮ ਆਧਾਰਿਆ, ਆਪਣਾ ਨਾਮ ਸਤਿ ਵਰਤੇ ਵਰਤਾਰ । ਬ੍ਰਹਮ ਤੱਤ ਆਪ ਵਿਚਾਰਿਆ, ਪਾਰਬ੍ਰਹਮ ਸੱਚੀ ਸਰਕਾਰ । ਚਰਨ ਕਵਲ ਨਤ ਬੰਧਾ ਰਿਹਾ, ਨਾ ਕੋਈ ਤੋੜੇ ਵਿਚ ਸੰਸਾਰ । ਆਪਣੀ ਗਾਥਾ ਆਪ ਸੁਣਾ ਰਿਹਾ, ਸਤਿਜੁਗ ਸਾਚੀ ਕਰ ਵਿਚਾਰ । ਸੋਹੰ ਸ਼ਬਦ ਆਪ ਪਰਗਟਾ ਲਿਆ, ਬ੍ਰਹਮ ਪਾਰਬ੍ਰਹਮ ਕਰੇ ਪਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਰਗੁਣ ਨਿਰਵੈਰ ਆਪ ਆਪਣੀ ਕਿਰਪਾ ਧਾਰ । ਨਿਰਗੁਣ ਨਿਰਵੈਰ ਪੁਰਖ ਅਕਾਲਾ, ਮੂਰਤ ਅਕਾਲ ਵਡੀ ਵਡਿਆਈਆ । ਆਦਿ ਜੁਗਾਦੀ ਦੀਨ ਦਿਆਲਾ, ਦਇਆਨਿਧ ਸੱਚਾ ਸ਼ਹਿਨਸ਼ਾਹੀਆ । ਲੇਖਾ ਜਾਣੇ ਕਾਲ ਮਹਾਕਾਲਾ, ਕਾਲ ਦਿਆਲ ਆਪ ਹੋ ਆਈਆ । ਕਲਜੁਗ ਅੰਤਮ ਤੋੜੇ ਜਗਤ ਜੰਜਾਲਾ, ਤ੍ਰੈਗੁਣ ਫੰਦਨ ਦਏ ਕਟਾਈਆ । ਗੁਰਮੁਖ ਵੇਖੇ ਸਾਚੇ ਲਾਲਾ, ਲਾਲ ਅਨਮੁਲੜੇ ਆਪ ਉਠਾਈਆ । ਗਲ ਪਾਏ ਏਕਾ ਮਾਲਾ, ਮਨ ਕਾ ਮਣਕਾ ਦਏ ਭਵਾਈਆ । ਦਿਵਸ ਰੈਣ ਵੱਜੇ ਏਕਾ ਤਾਲਾ, ਘਰ ਮੰਦਰ ਹੋਏ ਸ਼ਨਵਾਈਆ । ਏਕਾ ਦੱਸੇ ਰਾਹ ਸੁਖਾਲਾ, ਬ੍ਰਹਮ ਪਾਰਬ੍ਰਹਮ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਲਏ ਉਠਾਈਆ । ਹਰਿਜਨ ਆਪ ਉਠਾਇਆ, ਲੱਖ ਚੁਰਾਸੀ ਭਾਂਡਾ ਫੋਲ । ਆਪਣਾ ਤਰਸ ਆਪ ਕਮਾਇਆ, ਦੇਵੇ ਵਸਤ ਨਾਮ ਅਨਮੋਲ । ਕੀਟ ਹਸਤ ਏਕਾ ਰੰਗ ਰੰਗਾਇਆ, ਏਕਾ ਵਸਣਹਾਰਾ ਕੋਲ । ਸਾਚੀ ਰੀਤ ਮਾਤ ਚਲਾਇਆ, ਅੰਮ੍ਰਿਤ ਆਤਮ ਬਖ਼ਸ਼ੇ ਪੌਹਲ । ਗੀਤ ਸੁਹਾਗੀ ਏਕਾ ਗਾਇਆ, ਅਨਹਦ ਵੱਜੇ ਅਗੰਮੀ ਢੋਲ । ਕਾਇਆ ਮੰਦਰ ਦਏ ਸੁਹਾਇਆ,

ਸਤਿਗੁਰ ਪੂਰਾ ਅੰਦਰੇ ਅੰਦਰ ਬੋਲ । ਅੰਮ੍ਰਿਤ ਕਵਲ ਦਏ ਭਰਾਈਆ, ਉਲਟੀ ਕਰੇ ਨਾਭੀ ਕੌਲ । ਧਰਤ ਧਵਲ ਦਏ ਵਡਿਆਇਆ, ਲੇਖਾ ਜਾਣੇ ਧਰਤ ਧੌਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੁਰਖ ਅਬਿਨਾਸ਼ੀ ਏਕਾ ਹਰਿ ਆਦਿ ਜੁਗਦਿ ਜੁਗਾ ਜੁਗੰਤਰ ਜਨ ਭਗਤਾਂ ਬੁਝਾਏ ਲੱਗੀ ਬਸੰਤਰ, ਆਤਮ ਅੰਤਰ ਜਾਏ ਮਵਲ ।

★ ੧੦ ਮਾਘ ੨੦੧੭ ਬਿਕਰਮੀ ਗੁਰਦਿਆਲ ਸਿੰਘ ਦੇ ਘਰ ਚੀਮਾਂ ਕਲਾਂ ★

ਗ੍ਰਿਹ ਮੰਦਰ ਹਰਿ ਸੁਹੰਜਣਾ, ਘਟ ਭੀਤਰ ਖੇਲ ਖਿਲਾਇੰਦਾ । ਦੀਪ ਜਗਾਏ ਜੋਤ ਨਿਰੰਜਣਾ, ਨਿਰਵੈਰ ਪੁਰਖ ਵੇਖ ਵਖਾਇੰਦਾ । ਆਦਿ ਜੁਗਾਦੀ ਦਰਦ ਦੁੱਖ ਭੈ ਭੰਜਣਾ, ਦੀਨਾਂ ਅਨਾਥਾਂ ਵੇਖ ਵਖਾਇੰਦਾ । ਗੁਰਮੁਖ ਵਿਰਲੇ ਨੇਤਰ ਪਾਏ ਨਾਮ ਅੰਞਣਾ, ਅਗਿਆਨ ਅੰਧੇਰ ਗਵਾਇੰਦਾ । ਚਰਨ ਧੂੜ ਕਰਾਏ ਸਾਚਾ ਮਜਨਾ, ਦੁਰਮਤ ਮੈਲ ਧਵਾਇੰਦਾ । ਦੋ ਜਹਾਨਾਂ ਬਣੇ ਸਾਚਾ ਸੱਜਣਾ, ਸਾਕ ਸੱਜਣ ਸੈਣ ਆਪਣਾ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗ੍ਰਿਹ ਮੰਦਰ ਸੋਭਾ ਪਾਇੰਦਾ । ਗ੍ਰਿਹ ਮੰਦਰ ਸੋਭਾਵੰਤ, ਹਰਿ ਸਤਿਗੁਰ ਪੁਰਖ ਸੁਹਾਇਆ । ਪੁਰਖ ਅਬਿਨਾਸ਼ੀ ਮਹਿਮਾ ਅਗਣਤ, ਵੇਦ ਕਤੇਬ ਭੇਵ ਨਾ ਰਾਇਆ । ਗੁਰਮੁਖ ਵਿਰਲਾ ਜਾਣੇ ਸੰਤ, ਜਿਸ ਜਨ ਆਪਣੀ ਬੂਝ ਬੁਝਾਇਆ । ਮੇਲ ਮਿਲਾਵਾ ਨਾਰੀ ਕੰਤ, ਘਰ ਸੁਹੰਜਣੀ ਸੇਜ ਹੰਢਾਇਆ । ਚੋਲੀ ਚਾੜ੍ਹੇ ਰੰਗ ਬਸੰਤ, ਰੰਗ ਮਜੀਠੀ ਉਤਰ ਕਦੇ ਨਾ ਜਾਇਆ । ਗੜ੍ਹ ਤੋੜੇ ਹਉਮੇ ਹੰਗਤ, ਮਾਇਆ ਮਮਤਾ ਮੋਹ ਮਿਟਾਇਆ । ਆਸਾ ਮਨਸਾ ਪੂਰੀ ਕਰੇ ਜੋ ਜਨ ਆਇਆ ਮੰਗਤ, ਤ੍ਰਿਸ਼ਨਾ ਤ੍ਰਿਖਾ ਰਹੇ ਨਾ ਰਾਇਆ । ਮੇਲ ਮਿਲਾਵਾ ਸਾਚੀ ਸੰਗਤ, ਸਗਲਾ ਸੰਗ ਆਪ ਹੋ ਜਾਇਆ । ਨਾਤਾ ਤੋੜੇ ਭੁੱਖੇ ਨੰਗਤ, ਗੁਰੂ ਗ੍ਰੰਥ ਵਿਚ ਗਵਾਹ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਸਾਚਾ ਘਰ, ਗ੍ਰਿਹ ਮੰਦਰ ਵੇਖ ਵਖਾਇਆ । ਗ੍ਰਿਹ ਮੰਦਰ ਹਰਿ ਪਰਕਾਸ਼, ਜੋਤੀ ਜੋਤ ਨੂਰ ਉਜਿਆਰਾ । ਜਨ ਭਗਤਾਂ ਦੇਵੇ ਸਾਚੀ ਰਾਸ, ਨਾਮ ਧੰਨ ਅਪਰ ਅਪਾਰਾ । ਸਦਾ ਸੁਹੇਲਾ ਵਸੇ ਪਾਸ, ਵਿਛੜ ਕਦੇ ਨਾ ਜਾਏ ਵਿਚ ਸੰਸਾਰਾ । ਪੂਰਨ ਪੂਰੀ ਕਰੇ ਆਸ, ਪੁਰਖ ਅਬਿਨਾਸ਼ਾ ਅਕਲ ਕਲ ਧਾਰਾ । ਲੇਖਾ ਜਾਣੇ ਪ੍ਰਿਥਮੀ ਆਕਾਸ਼, ਗਗਨ ਮੰਡਲ ਦਏ ਸਹਾਰਾ । ਨਿਜ ਘਰ ਆਤਮ ਨਿਜ ਗ੍ਰਿਹ ਮੰਦਰ ਕਰ ਕਰ ਵਾਸ, ਨਾਤਾ ਤੋੜੇ ਜਗਤ ਵਿਕਾਰਾ । ਅੰਤਮ ਅੰਤ ਕਰੇ ਬੰਦ ਖ਼ੁਲਾਸ, ਲੱਖ ਚੁਰਾਸੀ ਉਤਰੇ ਪਾਰਾ । ਲੇਖਾ ਲੱਗੇ ਦਸ ਦਸ ਮਾਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਜਗਤ ਦੁਆਰਾ । ਜਗਤ ਦੁਆਰਾ ਜਗਤ ਮੰਦਰ, ਜੁਗ ਜੁਗ ਵੇਸ ਵਟਾਇਆ । ਗੁਰ ਸਤਿਗੁਰ ਵੇਖੇ ਗੁਰਮੁਖ ਕਾਇਆ ਡੂੰਘੀ ਕੰਦਰ, ਸਚ ਮੁਨਾਰਾ ਇਕ ਵਡਿਆਇਆ । ਆਪੇ ਤੋੜੇ ਲੱਗਾ ਜੰਦਰ, ਆਪਣਾ ਪਰਦਾ ਆਪ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਮੰਦਰ ਦਏ ਸੁਹਾਇਆ । ਘਰ ਮੰਦਰ ਇਕ ਜਣਾਇਆ, ਹਰਿ ਸਤਿਗੁਰ ਸੱਜਣ ਮੀਤ । ਕਾਇਆ ਕੋਠੜੀ ਇਕ ਬਣਾਇਆ, ਘਰ ਘਰ ਵਿਚ ਰੱਖੇ ਆਪ ਅਨਡੀਠ । ਨੌਂ ਦੁਆਰੇ ਆਪ ਖੁਲ੍ਹਾਇਆ, ਆਪੇ ਵੇਖੇ ਬੈਠ ਅਤੀਤ । ਆਪਣਾ ਮਾਰਗ ਆਪ ਚਲਾਇਆ, ਸੁਖਮਨ ਟੇਡੀ ਰੱਖੀ ਰੀਤ । ਈੜਾ ਪਿੰਗਲ ਦਰ ਦਰਬਾਨ ਰਖਾਇਆ, ਅੱਠੇ

ਪਹਿਰ ਚੇਤਨ ਚੀਤ । ਗੁਰਮੁਖ ਵਿਰਲਾ ਆਪਣੇ ਸੰਗ ਰਖਾਇਆ, ਆਪੇ ਕਰੇ ਪਤਤ ਪੁਨੀਤ । ਸਾਚੀ ਡੋਰੀ ਸ਼ਬਦ ਬੰਨ੍ਹਾਇਆ, ਆਪ ਸੁਣਾਏ ਸੁਹਾਗੀ ਗੀਤ । ਸਾਚੀ ਪੌੜੀ ਆਪ ਚੜ੍ਹਾਇਆ, ਸਤਿਗੁਰ ਸੱਜਣ ਬਣ ਬਣ ਮੀਤ । ਸਰ ਸਰੋਵਰ ਆਪ ਨੁਹਾਇਆ, ਲੇਖਾ ਚੁਕਾਏ ਹਸਤ ਕੀਟ । ਅਨਹਦ ਸ਼ਬਦ ਆਪ ਸੁਣਾਇਆ, ਧੁਨ ਅਨਾਦੀ ਏਕਾ ਗੀਤ । ਘਰ ਮੰਦਰ ਦਏ ਵਡਿਆਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਵੇਖਣਹਾਰਾ ਗੁਰ ਦਰ ਮੰਦਰ ਦੇਹੁਰਾ ਮਠ ਮਸੀਤ । ਘਰ ਮੰਦਰ ਸ਼ਬਦ ਧੁਨਕਾਰ, ਅਨਹਦ ਵੱਜੇ ਵਧਾਈਆ । ਘਰ ਸਖ਼ੀਆਂ ਮੰਗਲਚਾਰ, ਘਰ ਹੋਏ ਸਦਾ ਰੁਸ਼ਨਾਈਆ । ਘਰ ਵਸੇ ਬੰਕ ਦੁਆਰ, ਆਤਮ ਸੇਜਾ ਸਚ ਸੁਹਾਈਆ । ਘਰ ਮੇਲਾ ਕੰਤ ਭਤਾਰ, ਨਰ ਨਰਾਇਣ ਵਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਸਾਚਾ ਘਰ, ਕਾਇਆ ਕੰਚਨ ਫੇਲ ਫੁਲਾਈਆ । ਕਾਇਆ ਕੰਚਨ ਸਾਚਾ ਗੜ੍ਹ, ਸਤਿ ਪੁਰਖ ਨਿਰੰਜਣ ਆਪ ਬਣਾਇਆ । ਗੁਰਮੁਖਾਂ ਅੰਦਰ ਵੇਖੇ ਚੜ੍ਹ, ਦੂਸਰ ਦਿਸ ਕਿਸੇ ਨਾ ਆਇਆ । ਨਾ ਕੋਈ ਸੀਸ ਨਾ ਕੋਈ ਧੜ, ਰੂਪ ਰੰਗ ਰੇਖ ਨਾ ਕੋਇ ਬਣਾਇਆ । ਆਪ ਫੜਾਏ ਆਪਣਾ ਲੜ, ਸ਼ਬਦ ਸ਼ਬਦੀ ਮੇਲ ਮਿਲਾਇਆ । ਆਪਣੀ ਵਿਦਿਆ ਆਪੇ ਪੜ੍ਹ, ਗੁਰਮੁਖ ਨਾਦ ਲਏ ਪੜ੍ਹਾਇਆ । ਦਰਸ ਦਿਖਾਏ ਅੱਗੇ ਖੜ, ਘਰ ਮੰਦਰ ਹੋਏ ਸਹਾਇਆ । ਗੁਰਸਿਖਾਂ ਆਪ ਲਗਾਏ ਲੋਕਮਾਤ ਜੜ੍ਹ, ਪਤ ਡਾਲੀ ਆਪ ਮਹਿਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਸਾਚਾ ਵਰ, ਏਕਾ ਮੰਦਰ ਏਕਾ ਘਰ, ਏਕਾ ਗ੍ਰਿਹ ਵਖਾਇਆ । ਸਾਚਾ ਮੰਦਰ ਹਰਿ ਚਰਨ ਦੁਆਰ, ਗੁਰ ਸ਼ਬਦੀ ਸ਼ਬਦ ਜਣਾਇੰਦਾ । ਹਰਿ ਬਿਨ ਅਵਰ ਨਾ ਕੋਇ ਉਤਰੇ ਪਾਰ, ਆਦਿ ਜੁਗਾਦਿ ਖੇਲ ਖਿਲਾਇੰਦਾ । ਜੁਗਾ ਜੁਗੰਤਰ ਪਾਵੇ ਸਾਰ, ਭਗਤ ਭਗਵੰਤ ਮੇਲ ਮਿਲਾਇੰਦਾ । ਸੰਤ ਵੇਖੇ ਸੁਤ ਦੁਲਾਰ, ਪਿਤਾ ਪੂਤ ਖੇਲ ਖਿਲਾਇੰਦਾ । ਗੁਰਮੁਖ ਗੁਰ ਗੁਰ ਲਏ ਉਭਾਰ, ਗੁਰ ਗਿਆਨ ਇਕ ਦ੍ਰਿੜ੍ਹਾਇੰਦਾ । ਗੁਰਸਿਖ ਬਣਾਏ ਸਾਚੇ ਲਾਲ, ਲਾਲ ਅਨਮੁਲੜੇ ਆਪਣੇ ਹੱਟ ਵਿਕਾਇੰਦਾ । ਲੋਕਮਾਤ ਬਣ ਦਲਾਲ, ਜਗਤ ਜੁਗਤ ਆਪ ਵਖਾਇੰਦਾ । ਨਾਤਾ ਤੋੜੇ ਸ਼ਾਹ ਕੰਗਾਲ, ਸ਼ਹਿਨਸ਼ਾਹ ਆਪਣਾ ਰੂਪ ਆਪ ਦਰਸਾਇੰਦਾ । ਨੇੜ ਨਾ ਆਏ ਕਾਲ ਮਹਾਕਾਲ, ਜਿਸ ਸਿਰ ਆਪਣਾ ਹੱਥ ਟਿਕਾਇੰਦਾ । ਆਪ ਬਹਾਏ ਸਚਖੰਡ ਸੱਚੀ ਧਰਮਸਾਲ, ਦੂਜਾ ਘਰ ਨਾ ਕੋਇ ਵਖਾਇੰਦਾ । ਸਦਾ ਸੁਹੇਲਾ ਚਲੇ ਨਾਲ ਨਾਲ, ਸਿਰ ਸਮਰਥ ਹੱਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਗ੍ਰਿਹ ਮੰਦਰ ਸੋਭਾ ਪਾਇੰਦਾ । ਗ੍ਰਿਹ ਮੰਦਰ ਹਰਿ ਜੂ ਵਸਿਆ, ਕਿਰਪਾਨਿਧ ਗੁਣ ਨਿਧਾਨ । ਕਰੇ ਪਰਕਾਸ਼ ਕੋਟਨ ਰਵ ਸਸਿਆ, ਜੋਤੀ ਨੂਰ ਨੂਰ ਮਹਾਨ । ਗੁਰਮੁਖਾਂ ਹਿਰਦੇ ਅੰਦਰ ਆਪੇ ਵਸਿਆ, ਆਪੇ ਦੇਵੇ ਧੁਰ ਫ਼ਰਮਾਨ । ਮੇਟੇ ਰੈਣ ਅੰਧੇਰੀ ਮੱਸਿਆ, ਨਾਤਾ ਤੁੱਟੇ ਪੰਜ ਸ਼ੈਤਾਨ । ਤੀਰ ਨਿਰਾਲਾ ਏਕਾ ਕੱਸਿਆ, ਸ਼ਬਦ ਅਗੰਮੀ ਮਾਰੇ ਬਾਣ । ਮਨ ਹੰਕਾਰੀ ਅੰਤਮ ਢੱਠਿਆ, ਨਾ ਕੋਈ ਦਿਸੇ ਹੋਰ ਨਿਸ਼ਾਨ । ਨਾਤਾ ਤੁੱਟੇ ਤੀਰਥ ਅਠਸਠਿਆ, ਜੋ ਜਨ ਗੁਰ ਚਰਨ ਧੂੜੀ ਕਰੇ ਅਸ਼ਨਾਨ । ਭਾਗ ਲੱਗੇ ਕਾਇਆ ਮਟਿਆ, ਮਿਲੇ ਮੇਲ ਸ੍ਰੀ ਭਗਵਾਨ । ਸਤਿਗੁਰ ਪੂਰਾ ਜਨਮ ਜਨਮ ਦਾ ਪੂਰਾ ਕਰੇ ਘਾਟਿਆ, ਦੇਵਣਹਾਰਾ ਜੀਆ ਦਾਨ । ਗੁਰਮੁਖ ਗੁਰਸਿਖ ਗੁਰ ਗੁਰ ਸੋਵੇ ਆਤਮ ਸੇਜਾ ਸਾਚੀ ਖਾਟਿਆ, ਘਰ ਵਸਦਾ ਰਹੇ ਮਕਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਸੁਹੇਲਾ ਇਕ ਇਕੇਲਾ ਹੋਇਆ ਰਹੇ ਨਿਗਹਬਾਨ ।

★ ੧੦ ਮਾਘ ੨੦੧੭ ਬਿਕਰਮੀ ਕੇਸਰ ਸਿੰਘ ਦੇ ਗ੍ਰਿਹਿ ਪਿੰਡ ਡਲੇਵਾਲ ★

ਸੋ ਪੁਰਖ ਨਿਰੰਜਣ ਜੁਗ ਜੁਗ ਖੇਲ ਖਿਲਾਇੰਦਾ, ਅਗੰਮ ਅਗੰਮੜਾ ਅਗੰਮੜੀ ਕਾਰ । ਹਰਿ ਪੁਰਖ ਨਿਰੰਜਣ ਜੁਗ ਜੁਗ ਵੇਸ ਵਟਾਇੰਦਾ, ਆਦਿ ਜੁਗਾਦੀ ਬੇਐਬ ਪਰਵਰਦਿਗਾਰ । ਏਕੰਕਾਰ ਜੁਗ ਜੁਗ ਰੂਪ ਧਰਾਇੰਦਾ, ਇਕ ਇਕੱਲਾ ਕਰ ਪਸਾਰ । ਆਦਿ ਨਿਰੰਜਣ ਜੁਗ ਜੁਗ ਨਾਉਂ ਪਰਗਟਾਇੰਦਾ, ਅਲਖ ਅਲਖਣਾ ਭੇਵ ਨਿਆਰ । ਅਬਿਨਾਸ਼ੀ ਕਰਤਾ ਜੁਗ ਜੁਗ ਖੇਲ ਖਿਲਾਇੰਦਾ, ਖੇਲਣਹਾਰ ਆਪ ਕਰਤਾਰ । ਸ੍ਰੀ ਭਗਵਾਨ ਜੁਗ ਜੁਗ ਆਪਣੀ ਧਾਰ ਚਲਾਇੰਦਾ, ਲੇਖਾ ਲਿਖ ਨਾ ਸਕੇ ਕੋਇ ਕਰ ਵਿਚਾਰ । ਪਾਰਬ੍ਰਹਮ ਜੁਗ ਜੁਗ ਆਪਣਾ ਬੰਧਨ ਪਾਇੰਦਾ, ਆਪੇ ਜਾਣੇ ਆਪਣੀ ਸਾਰ । ਜੁਗ ਜੁਗ ਸਚਖੰਡ ਦੁਆਰਾ ਹਰਿ ਨਿਰੰਕਾਰਾ ਆਪ ਸੁਹਾਇੰਦਾ, ਥਿਰ ਘਰ ਖੋਲ੍ਹੇ ਸਚ ਕਿਵਾੜ । ਸਚ ਸਿੰਘਾਸਣ ਆਸਣ ਲਾਇੰਦਾ, ਮਹੱਲ ਅਟਲ ਉਚ ਮੁਨਾਰ । ਸ਼ਾਹ ਸੁਲਤਾਨ ਆਪ ਅਖਵਾਇੰਦਾ, ਰਾਜ ਰਾਜਾਨਾ ਬਣ ਸਿਕਦਾਰ । ਸੀਸ ਤਾਜ ਇਕ ਰਖਾਇੰਦਾ, ਤਖ਼ਤ ਨਿਵਾਸੀ ਹੋ ਤਿਆਰ । ਅਨਭਵ ਆਪਣਾ ਰੂਪ ਪਰਗਟਾਇੰਦਾ, ਜੂਨੀ ਰਹਿਤ ਪੁਰਖ ਅਕਾਲ । ਧੁਰ ਫ਼ਰਮਾਨਾ ਆਪ ਸੁਣਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਖੇਲ ਨਿਆਰ । ਜੁਗ ਜੁਗ ਖੇਲ ਖਿਲਾਇੰਦਾ । ਹਰਿ ਕਰਤਾ ਬੇਪਰਵਾਹ, ਇਕ ਇਕੱਲਾ ਰੂਪ ਵਟਾਇੰਦਾ । ਆਪੇ ਬਣੇ ਸਚ ਮਲਾਹ, ਸਾਚਾ ਬੇੜਾ ਆਪ ਚਲਾਇੰਦਾ । ਨਿਰਗੁਣ ਨਿਰਗੁਣ ਦਏ ਸਲਾਹ, ਨਿਰਗੁਣ ਨਿਰਗੁਣ ਵੇਖ ਵਖਾਇੰਦਾ । ਆਪੇ ਆਪਣਾ ਨੂਰ ਧਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਅਬਿਨਾਸ਼ਾ, ਆਪੇ ਜਾਣੇ ਆਪਣਾ ਸਚ ਤਮਾਸ਼ਾ, ਦੂਸਰ ਸੰਗ ਨਾ ਕੋਇ ਰਖਾਇੰਦਾ । ਸੋ ਪੁਰਖ ਨਿਰੰਜਣ ਆਦਿਨ ਅੰਤ, ਆਪਣੀ ਖੇਲ ਆਪ ਖਿਲਾਈਆ । ਹਰਿ ਪੁਰਖ ਨਿਰੰਜਣ ਮਹਿਮਾ ਅਗਣਤ, ਲੇਖਾ ਲਿਖ ਨਾ ਸਕੇ ਕੋਇ ਰਾਈਆ । ਏਕੰਕਾਰਾ ਆਪੇ ਨਾਰੀ ਆਪੇ ਕੰਤ, ਕੰਤ ਕੰਤੂਹਲ ਆਪਣੇ ਹੱਥ ਰੱਖੇ ਵਡਿਆਈਆ । ਆਦਿ ਨਿਰੰਜਣ ਆਪੇ ਹੋਏ ਸੋਭਾਵੰਤ, ਨੂਰ ਨੁਰਾਨਾ ਏਕਾ ਨੂਰ ਡਗਮਗਾਈਆ । ਅਬਿਨਾਸ਼ੀ ਕਰਤਾ ਆਪ ਬਣਾਏ ਆਪਣੀ ਬਣਤ, ਘੜਨ ਭੰਨਣਹਾਰ ਆਪ ਅਖਵਾਈਆ । ਸ੍ਰੀ ਭਗਵਾਨ ਆਪੇ ਜਾਣੇ ਆਪਣਾ ਆਦਿ ਅੰਤ, ਮਧ ਆਪਣੀ ਖੇਲ ਖਿਲਾਈਆ । ਅਬਿਨਾਸ਼ੀ ਕਰਤਾ ਪਾਰਬ੍ਰਹਮ ਆਪਣੇ ਦਰ ਦਰ ਦਰਵੇਸ਼ ਬਣੇ ਮੰਗਤ, ਆਪਣੀ ਭਿਛਿਆ ਆਪੇ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਆਪਣਾ ਰੂਪ ਆਪ ਧਰਾਈਆ । ਜੁਗ ਜੁਗ ਰੂਪ ਵਟਾਇੰਦਾ, ਅਲਖ ਅਲਖਣਾ ਬੇਪਰਵਾਹ । ਆਪਣਾ ਨਾਉਂ ਆਪ ਰਖਾਇੰਦਾ, ਨਾਉਂ ਨਿਰੰਕਾਰਾ ਸੱਚਾ ਸ਼ਹਿਨਸ਼ਾਹ । ਆਪਣੀ ਇਛਿਆ ਸਾਚੀ ਭਿਛਿਆ ਆਪੇ ਝੋਲੀ ਪਾਇੰਦਾ, ਸਤਿ ਭੰਡਾਰਾ ਦਏ ਵਰਤਾ । ਆਪਣਾ ਤਖ਼ਤ ਆਪ ਸੁਹਾਇੰਦਾ, ਤਖ਼ਤ ਨਿਵਾਸੀ ਸੱਚਾ ਸ਼ਹਿਨਸ਼ਾਹ । ਧੁਰ ਫ਼ਰਮਾਨਾ ਆਪ ਜਣਾਇੰਦਾ, ਹੁਕਮੀ ਹੁਕਮ ਦਏ ਸੁਣਾ । ਆਪਣੀ ਰਚਨਾ ਆਪ ਰਚਾਇੰਦਾ, ਆਪੇ ਬਣੇ ਪਿਤਾ ਮਾਂ । ਸੁਤ ਦੁਲਾਰਾ ਆਪੇ ਜਾਇੰਦਾ, ਆਪੇ ਗੋਦੀ ਲਏ ਟਿਕਾ । ਸ਼ਬਦੀ ਸ਼ਬਦ ਨਾਉਂ ਰਖਾਇੰਦਾ, ਰੂਪ ਰੰਗ ਕੋਇ ਜਾਣੇ ਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣਾ ਵੇਸ ਆਪ ਧਰਾ । ਵੇਸ ਅਵੱਲਾ ਇਕ ਇਕੱਲਾ, ਆਦਿ ਜੁਗਾਦਿ ਧਰਾਈਆ । ਵਸਣਹਾਰਾ ਸਚਖੰਡ ਮਹੱਲਾ, ਥਿਰ ਘਰ ਸਾਚੇ ਸੋਭਾ ਪਾਈਆ । ਆਪਣੀ ਜੋਤ ਆਪੇ ਰਲਾ, ਨੂਰ ਨੁਰਾਨਾ ਡਗਮਗਾਈਆ । ਆਪਣਾ ਆਸਣ

ਆਪੇ ਮੱਲਾ, ਦੂਸਰ ਸੰਗ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਆਪਣੀ ਰਚਨਾ ਆਪ ਰਚਾਈਆ । ਆਪਣੀ ਰਚਨਾ ਆਪ ਰਚਾਇੰਦਾ, ਕਿਰਪਾ ਕਰ ਗੁਣ ਨਿਧਾਨ । ਆਪਣਾ ਘਰ ਆਪ ਸੁਹਾਇੰਦਾ, ਆਪੇ ਨਿਰਗੁਣ ਹੋ ਪਰਧਾਨ । ਆਪਣਾ ਨੂਰ ਆਪੇ ਡਗਮਗਾਇੰਦਾ, ਆਪੇ ਵੇਖੇ ਸਤਿ ਨਿਸ਼ਾਨ । ਆਪਣਾ ਸੰਗ ਆਪ ਨਿਭਾਇੰਦਾ, ਆਪੇ ਹੋਏ ਨਿਗਹਬਾਨ । ਆਪਣੀ ਭਿਛਿਆ ਆਪੇ ਝੋਲੀ ਪਾਇੰਦਾ, ਆਪੇ ਦੇਵਣਹਾਰਾ ਦਾਨ । ਆਪਣਾ ਹੁਕਮ ਆਪ ਵਰਤਾਇੰਦਾ, ਆਪ ਸੁਣਾਏ ਧੁਰ ਫ਼ਰਮਾਨ । ਆਪਣਾ ਸੁਤ ਆਪ ਉਠਾਇੰਦਾ, ਸ਼ਬਦੀ ਸ਼ਬਦ ਵਡ ਬਲਵਾਨ । ਆਪਣਾ ਖੇਲ ਆਪ ਖਿਲਾਇੰਦਾ, ਖੇਲਣਹਾਰਾ ਨੌਜਵਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਸਾਚੇ ਘਰ, ਵਸਣਹਾਰਾ ਸਚਖੰਡ ਸੱਚੇ ਮਕਾਨ । ਸਚਖੰਡ ਦੁਆਰਾ ਹਰਿ ਸੁਹਾਇੰਦਾ, ਇਕ ਇਕੱਲਾ ਏਕੰਕਾਰ । ਸਾਚੇ ਤਖ਼ਤ ਸੋਭਾ ਪਾਇੰਦਾ, ਤਖ਼ਤ ਨਿਵਾਸੀ ਹਰਿ ਕਰਤਾਰ । ਸ਼ਬਦ ਦੁਲਾਰਾ ਇਕ ਉਠਾਇੰਦਾ, ਦਰ ਘਰ ਸਾਚੇ ਕਰੇ ਪਿਆਰ । ਸਾਚੀ ਸੇਵਾ ਆਪ ਜਣਾਇੰਦਾ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਕਰ ਤਿਆਰ । ਵਿਸ਼ਨ ਬ੍ਰਹਮਾ ਸ਼ਿਵ ਤੇਰੀ ਗੋਦ ਬਹਾਇੰਦਾ, ਤੇਰਾ ਰੂਪ ਅਗੰਮ ਅਪਾਰ । ਆਪਣਾ ਨਾਮ ਤੇਰਾ ਘਰ ਵਸਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਆਪੇ ਜਾਣੇ ਆਪਣੀ ਕਾਰ । ਹਰਿ ਕਰਤਾ ਪੁਰਖ ਕਾਰ ਕਰਾਇੰਦਾ, ਆਦਿਨ ਅੰਤਾ ਹੋ ਤਿਆਰ । ਨਿਰਗੁਣ ਦੀਵਾ ਬਾਤੀ ਆਪ ਜਗਾਇੰਦਾ, ਕਮਲਾਪਾਤੀ ਮੀਤ ਮੁਰਾਰ । ਸਾਚੀ ਤਾਕੀ ਆਪ ਖੁਲ੍ਹਾਇੰਦਾ, ਥਿਰ ਘਰ ਖੋਲ੍ਹੇ ਆਪ ਕਿਵਾੜ । ਸ਼ਬਦ ਦੁਲਾਰਾ ਵਿਚ ਵਸਾਇੰਦਾ, ਆਪ ਆਪਣੀ ਕਿਰਪਾ ਧਾਰ । ਵਿਸ਼ਨ ਬ੍ਰਹਮਾ ਸ਼ਿਵ ਝੋਲੀ ਪਾਇੰਦਾ, ਸਿਰ ਰੱਖ ਹੱਥ ਸਮਰਥ ਦੇਵੇ ਇਕ ਆਧਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਲੇਖਾ ਜਾਣੇ ਧੁਰ ਦਰਬਾਰ । ਧੁਰ ਦਰਬਾਰ ਸੁਹੰਜਣਾ, ਸੋ ਪੁਰਖ ਨਿਰੰਜਣ ਆਪ ਸੁਹਾਇਆ । ਹਰਿ ਪੁਰਖ ਨਿਰੰਜਣਾ ਦੁੱਖ ਭੈ ਭੰਜਣਾ, ਆਪਣਾ ਦਰਦ ਆਪ ਵੰਡਾਇਆ । ਏਕੰਕਾਰਾ ਆਪੇ ਬਣੇ ਆਪਣਾ ਸੱਜਣਾ, ਆਪ ਆਪਣਾ ਸੰਗ ਰਖਾਇਆ । ਆਦਿ ਨਿਰੰਜਣ ਆਪੇ ਕਰੇ ਆਪਣਾ ਮਜਨਾ, ਆਪ ਆਪਣਾ ਮੇਲ ਮਿਲਾਇਆ । ਸ੍ਰੀ ਭਗਵਾਨ ਨਾ ਘੜਿਆ ਨਾ ਭੱਜਣਾ, ਘੜਨ ਭੰਨਣਹਾਰ ਭੇਵ ਨਾ ਰਾਇਆ । ਅਬਿਨਾਸ਼ੀ ਕਰਤਾ ਆਪਣੇ ਮੰਦਰ ਆਪੇ ਬਹਿ ਬਹਿ ਸਜਣਾ, ਸਚ ਸਿੰਘਾਸਣ ਆਪ ਸੁਹਾਇਆ । ਪਾਰਬ੍ਰਹਮ ਆਪਣਾ ਪਰਦਾ ਆਪੇ ਕੱਜਣਾ, ਆਪੇ ਸਾਚੀ ਸੇਵ ਕਮਾਇਆ । ਸ਼ਬਦ ਦੁਲਾਰਾ ਏਕਾ ਗੱਜਣਾ, ਪੁਰਖ ਅਕਾਲ ਆਪ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਰਿਹਾ ਖਲਾਇਆ । ਸ਼ਬਦ ਦੁਲਾਰਾ ਉਠਿਆ, ਹਰਿ ਸਾਚਾ ਆਪ ਉਠਾਇੰਦਾ । ਪਾਰਬ੍ਰਹਮ ਅਬਿਨਾਸ਼ੀ ਕਰਤਾ ਆਪੇ ਤੁਠਿਆ, ਆਪ ਆਪਣਾ ਬਲ ਰਖਾਇੰਦਾ । ਏਕਾ ਜਾਮ ਪਿਆਏ ਸਾਚਾ ਅੰਮ੍ਰਿਤ ਘੁਟਿਆ, ਆਪ ਆਪਣਾ ਜਲ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਆਦਿ ਆਦਿ ਆਪਣਾ ਨਾਉਂ ਪਰਗਟਾਇੰਦਾ । ਆਦਿ ਸ਼ਬਦ ਹਰਿ ਹਰਿ ਧਾਰ, ਸਾਰ ਸ਼ਬਦ ਦਏ ਵਡਿਆਈਆ । ਸਾਰ ਸ਼ਬਦ ਹਰਿ ਕਰ ਤਿਆਰ, ਨਿਰਗੁਣ ਨਿਰਗੁਣ ਮੇਲ ਮਿਲਾਈਆ । ਨਿਰਗੁਣ ਜੋਤੀ ਜਾਤਾ ਏਕੰਕਾਰ ਕਲ ਕਲ ਵਿਚ ਟਿਕਾਈਆ । ਆਪੇ ਬਖ਼ਸ਼ੇ ਆਪਣਾ ਸਚ ਪਿਆਰ, ਚਰਨ ਦੇਵੇ ਕਵਲ ਸਚ ਸਰਨਾਈਆ । ਆਪ ਵਖਾਏ ਆਪਣਾ ਖੋਲ੍ਹ ਕਿਵਾੜ, ਰੂਪ ਅਨੂਪ ਇਕ ਦਰਸਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਸ਼ਬਦ ਦੁਲਾਰਾ ਆਪ ਸਮਝਾਈਆ । ਸ਼ਬਦ ਦੁਲਾਰਾ ਹਰਿ ਸਮਝਾਇਆ, ਆਪ ਆਪਣੀ ਕਿਰਪਾ ਧਾਰ । ਬ੍ਰਹਿਮੰਡ ਖੰਡ ਤੇਰੀ ਸੇਵਾ ਲਾਇਆ, ਸੇਵਾ ਕਰ ਹੋ ਤਿਆਰ । ਵਿਸ਼ਨ ਵਿਸ਼ਵ ਵਾਸਤਕ ਆਪਣਾ ਰੂਪ ਧਰਾਇਆ, ਵਿਸ਼ਵ ਕਰੇ ਖੇਲ ਨਿਆਰ । ਆਪਣੀ ਬੂੰਦ ਅੰਮ੍ਰਿਤ ਜਾਮ ਵਿਚ ਰਖਾਇਆ, ਝਿਰਨਾ ਝਿਰੇ ਅਪਰ ਅਪਾਰ । ਕਵਲਾ ਕਵਲ ਆਪ ਖਿਲਾਇਆ, ਆਪੇ ਅੰਦਰ ਆਪੇ ਬਾਹਰ । ਆਪੇ ਪਾਰਬ੍ਰਹਮ ਬ੍ਰਹਮ ਆਪਣੀ ਵੰਡ ਵੰਡਾਇਆ, ਆਪੇ ਜਾਣੇ ਆਪਣੀ ਧਾਰ । ਆਪੇ ਸੁੰਨ ਅਗੰਮ ਧੂਆਂਧਾਰ ਫੋਲ ਫੁਲਾਇਆ, ਨੂਰ ਜ਼ਹੂਰ ਕਰ ਉਜਿਆਰ । ਆਪੇ ਸ਼ੰਕਰ ਸੰਗ ਨਿਭਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸ਼ਬਦ ਘਾੜਨ ਰਿਹਾ ਘੜ, ਦੂਸਰ ਹੋਰ ਨਾ ਕੋਇ ਜਣਾਇਆ । ਘਾੜਤ ਘੜੇ ਬਣ ਠਠਿਆਰ, ਹਰਿ ਸ਼ਬਦ ਵਡੀ ਵਡਿਆਈਆ । ਵਿਸ਼ਨ ਬ੍ਰਹਮਾ ਸ਼ਿਵ ਕਰ ਤਿਆਰ, ਏਕਾ ਗੁਣ ਦਏ ਸਮਝਾਈਆ । ਏਕਾ ਵਸਤ ਅਪਰ ਅਪਾਰ, ਨਿਰਗੁਣ ਦਾਤਾ ਝੋਲੀ ਪਾਈਆ । ਆਦਿ ਜੁਗਾਦਿ ਦੱਸੇ ਸਾਚੀ ਕਾਰ, ਭੁਲ ਕੋਇ ਨਾ ਜਾਈਆ । ਵਿਸ਼ਨੂੰ ਬਣਾ ਦਰ ਵਰਤਾਰ, ਸੇਵਕ ਸੇਵਾ ਇਕ ਸਮਝਾਈਆ । ਬ੍ਰਹਮੇ ਤੇਰਾ ਬ੍ਰਹਮ ਪਸਾਰ, ਲੱਖ ਚੁਰਾਸੀ ਦਏ ਵਡਿਆਈਆ । ਆਪਣਾ ਨਾਉਂ ਇਕ ਜੈਕਾਰ, ਤੇਰੇ ਮੰਦਰ ਦਏ ਵਸਾਈਆ । ਤੇਰਾ ਮੰਦਰ ਹੋਏ ਉਜਿਆਰ, ਏਕਾ ਨੂਰ ਜੋਤ ਰੁਸ਼ਨਾਈਆ । ਧੁਰ ਫ਼ਰਮਾਨਾ ਦੇਵੇ ਆਪਣੀ ਵਾਰ, ਬੋਧ ਅਗਾਧ ਕਰੇ ਪੜ੍ਹਾਈਆ । ਏਕਾ ਨਾਦ ਇਕ ਧੁਨਕਾਰ, ਏਕਾ ਰਾਗ ਆਪ ਸੁਣਾਈਆ । ਏਕਾ ਹੁਕਮ ਹਰਿ ਕਰਤਾਰ, ਅਭੁਲ ਅਭੁਲ ਅਭੁਲ ਆਪ ਜਣਾਈਆ । ਚਾਰੇ ਵੇਦਾਂ ਪਾਵੇ ਸਾਰ, ਚਾਰ ਚਾਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣੀ ਰਚਨਾ ਆਪੇ ਵੇਖ ਵਖਾਈਆ । ਸਾਚੀ ਰਚਨ ਰਚਾਇੰਦਾ, ਕਰ ਕਿਰਪਾ ਗੁਣ ਨਿਧਾਨ । ਵਿਸ਼ਨ ਬ੍ਰਹਮਾ ਸ਼ਿਵ ਆਪ ਉਪਾਇੰਦਾ, ਆਪੇ ਹੋਇਆ ਮਿਹਰਵਾਨ । ਸ਼ਬਦੀ ਧੁਰ ਫ਼ਰਮਾਨਾ ਆਪ ਸੁਣਾਇੰਦਾ, ਆਪੇ ਜਾਣੇ ਜਾਣੀ ਜਾਣ । ਆਪਣਾ ਭੇਵ ਆਪ ਖੁਲ੍ਹਾਇੰਦਾ, ਨਿਰਗੁਣ ਨਿਰਗੁਣ ਹੋ ਪਰਧਾਨ । ਵਿਸ਼ਨ ਬ੍ਰਹਮਾ ਸ਼ਿਵ ਨਿਉਂ ਨਿਉਂ ਸੀਸ ਝੁਕਾਇੰਦਾ, ਪੁਰਖ ਅਬਿਨਾਸ਼ੀ ਦੇਣਾ ਏਕਾ ਦਾਨ । ਸਾਚੀ ਵਸਤ ਮੰਗ ਮੰਗਾਇੰਦਾ, ਕਵਣ ਰੂਪ ਧਰੇ ਤੇਰਾ ਇਕ ਧਿਆਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹੋਣਾ ਮਿਹਰਵਾਨ । ਸੋ ਪੁਰਖ ਨਿਰੰਜਣ ਦਇਆ ਕਮਾਇੰਦਾ, ਵਿਸ਼ਨ ਬ੍ਰਹਮਾ ਸ਼ਿਵ ਦਏ ਜਣਾਈਆ । ਆਪਣਾ ਰੂਪ ਆਪ ਧਰਾਇੰਦਾ, ਨਿਰਗੁਣ ਸਰਗੁਣ ਖੇਲ ਕਰਾਈਆ । ਹੰ ਤੇਰੀ ਵੰਡ ਵੰਡਾਇੰਦਾ, ਸੋਹੰ ਆਪਣਾ ਬੰਧਨ ਪਾਈਆ । ਕਰਤਾ ਕੰਮ ਆਪ ਕਰਾਇੰਦਾ, ਆਪੇ ਚਲੇ ਆਪਣੀ ਸਚ ਰਜ਼ਾਈਆ । ਲੱਖ ਚੁਰਾਸੀ ਤੇਰੀ ਝੋਲੀ ਪਾਇੰਦਾ, ਆਪਣੀ ਵੰਡਣ ਆਪ ਵੰਡਾਈਆ । ਚਾਰੇ ਵੇਦਾਂ ਆਪ ਸੁਣਾਇੰਦਾ, ਮਹਿਮਾ ਅਗਣਤ ਗਣੀ ਨਾ ਜਾਈਆ । ਚਾਰੇ ਕੁੰਟਾਂ ਵੇਖ ਵਖਾਇੰਦਾ, ਨਿਰਗੁਣ ਜੋਤ ਕਰ ਰੁਸ਼ਨਾਈਆ । ਚਾਰੇ ਜੁਗ ਵੰਡ ਵੰਡਾਇੰਦਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਖੇਲ ਖਿਲਾਈਆ । ਚਾਰੇ ਬਾਣੀ ਆਪ ਪਰਗਟਾਇੰਦਾ, ਪਰਾ ਪਸੰਤੀ ਮਧਮ ਬੈਖਰੀ ਆਪ ਸੁਣਾਈਆ । ਚਾਰੇ ਵਰਨ ਆਪ ਉਪਜਾਇੰਦਾ, ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਤੇਰਾ ਅੰਗ ਲਗਾਈਆ । ਘਟ ਘਟ ਆਪਣੀ ਜੋਤ ਜਗਾਇੰਦਾ, ਨਿਰਗੁਣ ਦਾਤਾ ਬੇਪਰਵਾਹੀਆ । ਸ਼ਬਦ ਅਨਾਦ ਧੁਨ ਵਿਚ ਸਮਾਇੰਦਾ, ਘਰ ਘਰ ਵਿਚ ਆਸਣ ਲਾਈਆ । ਰਾਜ ਜੋਗ ਆਪ ਕਮਾਇੰਦਾ, ਦੋ ਜਹਾਨਾਂ ਵੇਖੇ ਥਾਉਂ ਥਾਈਆ ।

੧੩੯
੧੦

ਪੁਰੀਆਂ ਲੋਆਂ ਬੰਧਨ ਪਾਇੰਦਾ, ਮੰਡਲ ਮੰਡਪ ਆਪੇ ਵੇਖੇ ਚਾਈਂ ਚਾਈਆ । ਗਗਨ ਗਗਨੰਤਰ ਫੋਲ ਫੁਲਾਇੰਦਾ, ਰਵ ਸਸ ਆਪਣੀ ਜੋਤ ਦਏ ਰੁਸ਼ਨਾਈਆ । ਆਦਿ ਜੁਗਾਦੀ ਗੇੜਾ ਆਪਣੇ ਹੱਥ ਰਖਾਇੰਦਾ, ਗੇੜਨਹਾਰ ਆਪ ਹੋ ਜਾਈਆ । ਵਿਸ਼ਨ ਬ੍ਰਹਮਾ ਸ਼ਿਵ ਤੇਰੀ ਸੇਵਾ ਸਚ ਵਖਾਇੰਦਾ, ਚੁਰਾਸੀ ਲੱਖ ਰੰਗ ਰੰਗਾਈਆ । ਨਵ ਨੌਂ ਤੇਰੀ ਗੋਦ ਬਹਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪਣਾ ਭੇਵ ਆਪ ਖੁਲ੍ਹਾਇੰਦਾ । ਨਵ ਨੌਂ ਗੇੜਾ ਹਰਿ ਕਰਤਾਰਾ, ਆਦਿ ਆਦਿ ਆਪ ਜਣਾਇੰਦਾ । ਚਾਰ ਚਾਰ ਚਾਰ ਬੰਨ੍ਹੇ ਧਾਰਾ, ਚਾਰ ਚਾਰ ਵੇਸ ਵਟਾਇੰਦਾ । ਚਾਰ ਜੁਗ ਦਏ ਆਧਾਰਾ, ਏਕਾ ਰੂਪ ਵਟਾਇੰਦਾ । ਜੁਗ ਜੁਗ ਲਏ ਮਾਤ ਅਵਤਾਰਾ, ਨਿਰਗੁਣ ਸਰਗੁਣ ਖੇਲ ਖਿਲਾਇੰਦਾ । ਸਤਿਜੁਗ ਬੋਲੇ ਸਤਿ ਜੈਕਾਰਾ, ਸਤਿ ਸਤਿਵਾਦੀ ਆਪ ਅਲਾਇੰਦਾ । ਸਾਚੇ ਮੰਦਰ ਹੋ ਉਜਿਆਰਾ, ਨਿਰਗੁਣ ਨਿਰਵੈਰ ਡਗਮਗਾਇੰਦਾ । ਹਰਿ ਕਾ ਭੇਵ ਕਾਗਦ ਕ਼ਲਮ ਨਾ ਲਿਖਣਹਾਰਾ, ਲੇਖਾ ਲਿਖ ਨਾ ਕੋਇ ਵਖਾਇੰਦਾ । ਆਦਿ ਅੰਤ ਸ੍ਰੀ ਭਗਵੰਤ ਆਪੇ ਵਸੇ ਸਭ ਤੋਂ ਬਾਹਰਾ, ਹਰ ਘਟ ਆਪਣਾ ਆਸਣ ਲਾਇੰਦਾ । ਜੁਗਾ ਜੁਗੰਤਰ ਗੁਪਤ ਜ਼ਾਹਰਾ, ਆਪਣਾ ਰੂਪ ਆਪ ਧਰਾਇੰਦਾ । ਆਪੇ ਪੁਰਖ ਆਪੇ ਨਾਰਾ, ਨਰ ਨਰਾਇਣ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਪੁਰਖ ਅਬਿਨਾਸ਼ਾ ਆਪੇ ਵੇਖੇ ਜਗਤ ਤਮਾਸ਼ਾ, ਸਾਚੇ ਮੰਡਲ ਪਾਵੇ ਰਾਸਾ, ਬ੍ਰਹਮਾ ਵਿਸ਼ਨ ਸ਼ਿਵ ਆਪ ਉਠਾਈਆ । ਵਿਸ਼ਨ ਬ੍ਰਹਮਾ ਸ਼ਿਵ ਤੇਰੀ ਧਾਰ, ਚਾਰ ਜੁਗ ਵੱਜੇ ਵਧਾਈਆ । ਨਵ ਨੌਂ ਚਾਰ ਖੇਲ ਕਰੇ ਕਰਤਾਰ, ਲੇਖਾ ਜਾਣ ਸ੍ਰਿਸ਼ਟ ਸਬਾਈਆ । ਧਰਨੀ ਧਰਤ ਧਵਲ ਦਏ ਆਧਾਰ, ਜਲ ਬਿੰਬ ਆਪ ਟਿਕਾਈਆ । ਰਵ ਸਸ ਕਰ ਪਿਆਰ, ਸਾਚਾ ਮਾਰਗ ਇਕ ਵਖਾਈਆ । ਕਰੇ ਖੇਲ ਪੁਰਖ ਸਮਰਥ ਅਗੰਮ ਆਪਾਰ, ਜੁਗ ਜੁਗ ਰਥ ਆਪ ਚਲਾਈਆ । ਮਹਿਮਾ ਅਕਥ ਨਾ ਕੋਈ ਲਿਖੇ ਲੇਖ ਲਖਾਰ, ਲੇਖਾ ਲਿਖਤ ਵਿਚ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਆਦਿ ਆਪਣਾ ਵੇਸ ਆਪ ਵਟਾਈਆ । ਹਰਿ ਸਾਚਾ ਵੇਸ ਵਟਾਇੰਦਾ, ਜੁਗਾ ਜੁਗੰਤਰ ਕਾਰ । ਆਪਣੀ ਰਚਨਾ ਆਪੇ ਵੇਖ ਵਖਾਇੰਦਾ, ਨਿਰਗੁਣ ਸਰਗੁਣ ਲੈ ਅਵਤਾਰ । ਭਗਤ ਭਗਵੰਤ ਆਪ ਉਠਾਇੰਦਾ, ਨਿਰਗੁਣ ਜੋਤ ਕਰ ਉਜਿਆਰ । ਸੰਤ ਸਾਜਣ ਮੇਲ ਮਿਲਾਇੰਦਾ, ਬਜਰ ਕਪਾਟੀ ਖੋਲ੍ਹ ਕਿਵਾੜ । ਗੁਰਮੁਖ ਆਪਣੀ ਗੋਦ ਸੁਹਾਇੰਦਾ, ਕਰੇ ਕਰਾਏ ਸਚ ਪਿਆਰ । ਗੁਰਸਿਖ ਸਾਚੇ ਸੰਗ ਰਖਾਇੰਦਾ । ਚਰਨ ਕਵਲ ਦਏ ਆਧਾਰ । ਜੁਗ ਜੁਗ ਆਪਣਾ ਨਾਉਂ ਧਰਾਇੰਦਾ, ਆਪੇ ਬੋਲੇ ਉਚੀ ਕੂਕ ਕਰੇ ਪੁਕਾਰ । ਸਤਿਜੁਗ ਸਤਿ ਸਤਿਵਾਦੀ ਆਪ ਹੰਢਾਇੰਦਾ, ਵਾਰ ਅਠਾਰਾਂ ਹੋ ਤਿਆਰ । ਤ੍ਰੇਤਾ ਤੇਰੇ ਰੰਗ ਸਮਾਇੰਦਾ, ਤ੍ਰੈਗੁਣ ਵਸਣਹਾਰਾ ਬਾਹਰ । ਆਪਣੀ ਕਲ ਆਪ ਵਰਤਾਇੰਦਾ, ਪੰਜ ਤੱਤ ਕਰੇ ਪਿਆਰ । ਜਗਤ ਚੋਲਾ ਆਪ ਹੰਢਾਇੰਦਾ, ਸਰਗੁਣ ਰੂਪ ਅਪਰ ਅਪਾਰ । ਸਾਚਾ ਤੋਲਾ ਇਕ ਅਖਵਾਇੰਦਾ, ਲੱਖ ਚੁਰਾਸੀ ਤੋਲਣਹਾਰ । ਆਪਣਾ ਬੋਲਾ ਆਪ ਅਲਾਇੰਦਾ, ਰਾਮ ਰੂਪ ਆਪ ਕਰਤਾਰ । ਜਗਤ ਹੋਲਾ ਆਪ ਖਿਲਾਇੰਦਾ, ਤੋੜਣਹਾਰਾ ਗੜ੍ਹ ਹੰਕਾਰ । ਦੁਸ਼ਟ ਹੰਕਾਰੀ ਆਪ ਮਿਟਾਇੰਦਾ, ਆਪੇ ਮਾਰਨਹਾਰਾ ਬਾਣ । ਗ਼ਰੀਬ ਨਿਮਾਣੇ ਗਲੇ ਲਗਾਇੰਦਾ, ਆਪੇ ਦੇਵਣਹਾਰਾ ਦਾਨ । ਜੁਗ ਜੁਗ ਆਪਣਾ ਵੇਸ ਵਟਾਇੰਦਾ, ਜੁਗ ਜੁਗ ਕਰੇ ਮਾਤ ਕਲਿਆਣ । ਆਪੇ ਆਪਣਾ ਰੰਗ ਰੰਗਾਇੰਦਾ, ਵੇਖਣਹਾਰਾ ਨੌਜਵਾਨ । ਆਪੇ ਸਖ਼ੀਆਂ ਮੰਗਲ ਗਾਇੰਦਾ, ਆਪੇ ਲੇਖਾ ਜਾਣੇ ਗੋਪੀ ਕਾਹਨ । ਆਪੇ ਮੰਡਲ

ਰਾਸ ਰਚਾਇੰਦਾ, ਆਪੇ ਮੁਕੰਦ ਮਨੋਹਰ ਲਖਮੀ ਨਰਾਇਣ ਗਾਏ ਆਪਣਾ ਗਾਨ । ਆਪੇ ਭਗਤਾਂ ਸੰਗ ਨਿਭਾਇੰਦਾ, ਗ਼ਰੀਬ ਨਿਮਾਣਿਆਂ ਦੇਵੇ ਮਾਣ । ਆਪੇ ਸ਼ਾਹ ਸੁਲਤਾਨਾਂ ਖ਼ਾਕ ਮਿਲਾਇੰਦਾ, ਜੋਧਾ ਸੂਰਬੀਰ ਬਣ ਬਲਵਾਨ । ਆਪਣੀ ਮਹਿਮਾ ਆਪ ਸੁਣਾਇੰਦਾ, ਆਪੇ ਦਸ ਅੱਠ ਕਰੇ ਪਰਵਾਨ । ਆਪੇ ਜੁਗ ਗੇੜਾ ਆਪਣੇ ਲੇਖੇ ਪਾਇੰਦਾ, ਕਰੇ ਖੇਲ ਸ੍ਰੀ ਭਗਵਾਨ । ਆਪੇ ਜੁਗ ਜੁਗ ਜੁਗ ਮਾਤ ਉਪਾਇੰਦਾ, ਸਤਿਜੁਗ ਤ੍ਰੇਤਾ ਦੁਆਪਰ ਬੀਤੇ ਕਲਜੁਗ ਹੋਏ ਮਾਤ ਪਰਧਾਨ । ਸਾਚੀ ਸਿਖਿਆ ਇਕ ਸਮਝਾਇੰਦਾ, ਗੁਣਵੰਤਾ ਗੁਣ ਨਿਧਾਨ । ਕਾਲਾ ਸੂਸਾ ਤਨ ਛੁਹਾਇੰਦਾ, ਪੁਰਖ ਅਬਿਨਾਸ਼ੀ ਹੋ ਮਿਹਰਵਾਨ । ਅੰਤ ਹਦੀਸਾ ਇਕ ਪੜ੍ਹਾਇੰਦਾ, ਦੇਵਣਹਾਰਾ ਧੁਰ ਫ਼ਰਮਾਨ । ਤੇਰੇ ਸੀਸ ਤਾਜ ਟਿਕਾਇੰਦਾ, ਉਠ ਬਾਲੇ ਹੋ ਜਵਾਨ । ਤੇਰਾ ਵੇਲਾ ਵਕਤ ਸੁਹਾਇੰਦਾ, ਲੋਕਮਾਤ ਕਰ ਧਿਆਨ । ਧਰਤ ਮਾਤ ਦੀ ਗੋਦ ਬਹਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਕਰੇ ਖੇਲ ਮਹਾਨ । ਧਰਤ ਮਾਤ ਦੀ ਗੋਦ ਬਹਾਇਆ, ਕਲਜੁਗ ਹਰਿ ਕਰਤਾਰ । ਸਾਚਾ ਹੁਕਮ ਆਪ ਸੁਣਾਇਆ, ਸੁਣਾਈ ਧੁਰ ਸੱਚੀ ਗੁਫ਼ਤਾਰ । ਤੇਰਾ ਨੂਰ ਜ਼ਹੂਰ ਪਰਗਟਾਇਆ, ਲੇਖਾ ਜਾਣੇ ਪਰਵਰਦਿਗਾਰ । ਆਪਣਾ ਕਲਮਾ ਆਪ ਸੁਣਾਇਆ, ਕਾਗਦ ਕ਼ਲਮ ਨਾ ਕਰੇ ਕੋਇ ਵਿਚਾਰ । ਤੇਰਾ ਰੂਪ ਸਿਕਦਾਰਾ ਲੋਕਮਾਤ ਵਖਾਇਆ, ਚਾਰੋਂ ਕੁੰਟ ਹੋਏ ਉਜਿਆਰ । ਜੂਠ ਝੂਠ ਤੇਰੀ ਪੱਲੇ ਗੰਢ ਬੰਧਾਇਆ, ਤੇਰਾ ਭਰਿਆ ਰਹੇ ਭੰਡਾਰ । ਆਸਾ ਤ੍ਰਿਸ਼ਨਾ ਨਾਲ ਮਿਲਾਇਆ, ਨਾਤਾ ਜੁੜਿਆ ਕਾਮ ਕਰੋਧ ਲੋਭ ਮੋਹ ਹੰਕਾਰ । ਹਉਮੇ ਹੰਗਤਾ ਨਾਲ ਪਰਨਾਇਆ, ਮਾਇਆ ਮਮਤਾ ਕਰ ਵਿਚਾਰ । ਭੁੱਖਾ ਨੰਗਤਾ ਤੇਰਾ ਦਰ ਇਕ ਵਸਾਇਆ, ਚਾਰੋਂ ਕੁੰਟ ਤੇਰਾ ਜੈਕਾਰ । ਸ਼ਾਹ ਸੁਲਤਾਨਾ ਰਾਜ ਰਾਜਾਨ ਤੇਰੀ ਰਯਤ ਦਏ ਵਖਾਇਆ, ਆਪਣਾ ਧੁਰ ਫ਼ਰਮਾਨ । ਤੇਰੀ ਨੌਬਤ ਦਏ ਵਜਾਇਆ, ਪੁਰਖ ਅਬਿਨਾਸ਼ੀ ਹੋ ਮਿਹਰਵਾਨ । ਕਲਜੁਗ ਜੀਵਾਂ ਤੇਰਾ ਰੰਗ ਰੰਗਾਇਆ, ਸਚ ਸੁੱਚ ਨਾ ਮਿਲੇ ਕੋਇ ਨਿਸ਼ਾਨ । ਤੇਰਾ ਮਰਦੰਗ ਦਏ ਵਜਾਇਆ, ਉਠ ਜੋਧੇ ਸੂਰਬੀਰ ਬਲਵਾਨ । ਕਲਜੁਗ ਨਿਉਂ ਨਿਉਂ ਸੀਸ ਝੁਕਾਇਆ, ਦੋਏ ਜੋੜ ਕਰੇ ਪਰਨਾਮ । ਪੁਰਖ ਅਬਿਨਾਸ਼ੀ ਤੇਰਾ ਭਾਣਾ ਮੋਹੇ ਭਾਇਆ, ਸਦ ਕਰਦਾ ਰਹਾਂ ਸਲਾਮ । ਪਹਿਲਾਂ ਏਕਾ ਮੰਗ ਮੰਗਾਇਆ, ਮੇਰੇ ਨਾਲ ਦੇਣਾ ਮੇਰਾ ਗ਼ੁਲਾਮ । ਮੇਰਾ ਹੁਕਮ ਘਰ ਘਰ ਦਏ ਸੁਣਾਇਆ, ਭੁੱਲਾ ਰਹੇ ਨਾ ਜੀਵ ਜਹਾਨ । ਪੁਰਖ ਅਬਿਨਾਸ਼ੀ ਇਹ ਸਮਝਾਇਆ, ਕਿਰਪਾ ਕਰ ਗੁਣ ਨਿਧਾਨ । ਤੇਰਾ ਗੰਗ ਦਏ ਵਖਾਇਆ, ਕਿਰਪਾ ਕਰ ਸ੍ਰੀ ਭਗਵਾਨ । ਪੰਜ ਤੱਤ ਚੋਲਾ ਦਏ ਹੰਢਾਇਆ, ਕਾਇਆ ਚੋਲਾ ਵੇਖੇ ਇਕ ਨਿਸ਼ਾਨ । ਤੇਰੀ ਆਸਾ ਵਿਚ ਦਏ ਟਿਕਾਇਆ, ਈਸਾ ਮੂਸਾ ਕਰ ਪਰਧਾਨ । ਚਾਰੋਂ ਕੁੰਟ ਵੇਖ ਵਖਾਇਆ, ਇਕ ਮੁਹੰਮਦ ਦੇਵੇ ਜੀਆ ਦਾਨ । ਚਾਰ ਯਾਰੀ ਗੰਢ ਪਵਾਇਆ, ਚੌਥੇ ਜੁਗ ਕਰੇ ਖੇਲ ਮਹਾਨ । ਅੱਲਾ ਰਾਣੀ ਨਾਲ ਪਰਨਾਇਆ, ਕਲਮੀ ਕਲਮਾ ਸੁਣਾਏ ਕਾਨ । ਮੁਕਾਮੇ ਹੱਕ ਇਕ ਖ਼ੁਦਾਇਆ, ਰਹਿਮਤ ਕਰੇ ਆਪ ਰਹਿਮਾਨ । ਬੇਈਮਾਨ ਤੇਰੇ ਸੰਗ ਰਲਾਇਆ, ਖੇਲੇ ਖੇਲ ਪੰਜ ਸ਼ੈਤਾਨ । ਆਪਣਾ ਕਾਸਦ ਆਪ ਉਡਾਇਆ, ਜਬਰਾਈਲ ਮੇਕਾਈਲ ਅਜਰਾਈਲ ਅਸਰਾਫ਼ੀਲ ਕਰੇ ਸੇਵ ਮਹਾਨ । ਉਚੀ ਕੂਕ ਆਪ ਸੁਣਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪੇ ਹੋਏ ਜਾਣੀ ਜਾਣ । ਜੁਗ ਜੁਗ ਭੇਵ ਜਣਾਇੰਦਾ, ਹਰਿ ਕਰਤਾ ਪੁਰਖ ਅਗੰਮ । ਕਲਜੁਗ ਆਪਣੀ ਕਾਰੇ ਲਾਇੰਦਾ, ਨਿਰਗੁਣ ਕਰੇ ਸਾਚਾ ਕੰਮ । ਚਾਰ ਕੁੰਟ ਵੇਖ ਵਖਾਇੰਦਾ, ਨੌਂ ਖੰਡ ਪ੍ਰਿਥਮੀ ਪਵਣ ਸਵਾਸੀ ਦਮ । ਹੁਕਮੀ ਹੁਕਮ ਆਪ ਵਰਤਾਇੰਦਾ,

੧੪੧
੧੦

੧੪੨

ਆਪੇ ਬੇੜਾ ਰਿਹਾ ਬੰਨ੍ਹ । ਈਸਾ ਮੂਸਾ ਆਪ ਪਰਗਟਾਇੰਦਾ, ਲੇਖਾ ਜਾਣੇ ਜਨਨੀ ਜਨ । ਧੁਰ ਫ਼ਰਮਾਨਾ ਆਪ ਸੁਣਾਇੰਦਾ, ਆਪ ਵਖਾਏ ਤ੍ਰਿਸ਼ਨਾ ਤਮ । ਆਪਣਾ ਕਲਮਾ ਆਪ ਪੜ੍ਹਾਇੰਦਾ, ਨਾ ਖ਼ੁਸ਼ੀ ਨਾ ਕੋਇ ਗ਼ਮ । ਗ਼ਫ਼ਲਤ ਵਿਚ ਕਦੇ ਨਾ ਆਇੰਦਾ, ਆਦਿ ਜੁਗਾਦੀ ਆਪੇ ਰਿਹਾ ਮੰਨ । ਆਪਣਾ ਨਾਦ ਆਪ ਸੁਣਾਇੰਦਾ, ਆਪ ਜਣਾਏ ਸਾਚੀ ਧੁਨ । ਅੰਜੀਲ ਕੁਰਾਨਾ ਆਪੇ ਗਾਇੰਦਾ, ਆਪੇ ਲੇਖਾ ਜਾਣੇ ਛਾਣ ਪੁਣ । ਤੀਸ ਬਤੀਸਾ ਆਪ ਬੁਲਾਇੰਦਾ, ਆਪੇ ਜਾਣੇ ਗੁਣ ਅਵਗੁਣ । ਪੀਰ ਦਸਤਗੀਰ ਆਪੇ ਸੇਵ ਲਗਾਇੰਦਾ, ਮੁਲਾ ਸ਼ੇਖ਼ ਮੁਸਾਇਕ ਲਏ ਚੁਣ । ਆਲਮ ਉਲਮਾ ਆਪ ਪੜ੍ਹਾਇੰਦਾ, ਆਪੇ ਪੁਕਾਰ ਸਭ ਦੀ ਰਿਹਾ ਸੁਣ । ਕਲਜੁਗ ਸਾਚਾ ਸੰਗ ਨਿਭਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਕਰੇ ਖੇਲ ਏਕਾ ਹਰਿ, ਆਪੇ ਬੇੜਾ ਦੇਵੇ ਬੰਨ੍ਹ । ਸਾਚਾ ਬੇੜਾ ਆਪ ਬੰਨ੍ਹਾਇੰਦਾ, ਚਾਰ ਯਾਰੀ ਸੰਗ ਪਿਆਰ । ਸੰਗ ਮੁਹੰਮਦ ਖੇਲ ਖਿਲਾਇੰਦਾ, ਉਲਫ਼ਤ ਆਪਣੇ ਹੱਥ ਰੱਖੇ ਕਰਤਾਰ । ਅਲਿਫ਼ ਏਕਾ ਅੱਖ ਖੁਲ੍ਹਾਇੰਦਾ, ਖ਼ਾਲਕ ਖ਼ਲਕ ਰੂਪ ਵਰਤੇ ਵਿਚ ਸੰਸਾਰ । ਮੁਕਾਮੇ ਹੱਕ ਡੇਰਾ ਲਾਇੰਦਾ, ਐਨਲਹੱਕ ਇਕ ਜੈਕਾਰ । ਕਲਜੁਗ ਤੇਰਾ ਪੰਧ ਮੁਕਾਇੰਦਾ, ਮਿਲਿਆ ਮੇਲ ਮੀਤ ਮੁਰਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਬੰਧਨ ਆਪੇ ਪਾਇੰਦਾ । ਜੁਗ ਜੁਗ ਬੰਧਨ ਪਾਏ ਹਰਿ ਹਰਿ, ਮਹਿਮਾ ਅਕਥ ਕਥੀ ਨਾ ਜਾਈਆ । ਆਪਣੀ ਕਿਰਪਾ ਆਪੇ ਕਰ ਕਰ, ਵੇਸ ਅਨੇਕਾ ਆਪ ਵਟਾਈਆ । ਨਿਰਗੁਣ ਸਰਗੁਣ ਰੂਪ ਧਰ ਧਰ, ਧਰਨੀ ਧਰਤ ਧਵਲ ਦਏ ਵਡਿਆਈਆ । ਆਪਣਾ ਭਾਣਾ ਆਪੇ ਜਰ ਜਰ, ਸਦ ਭਾਣੇ ਆਪ ਸਮਾਈਆ । ਆਪਣੀ ਕਰਨੀ ਆਪੇ ਕਰ ਕਰ, ਕਰਤਾ ਪੁਰਖ ਖੇਲ ਖਿਲਾਈਆ । ਆਪਣੀ ਸਰਨੀ ਆਪੇ ਪੜ ਪੜ, ਆਪੇ ਬੈਠਾ ਸੀਸ ਝੁਕਾਈਆ । ਆਪਣੀ ਵਿਦਿਆ ਆਪੇ ਪੜ੍ਹ ਪੜ੍ਹ, ਲੋਕਮਾਤ ਕਰੇ ਪੜ੍ਹਾਈਆ । ਆਪਣੇ ਪੌੜੇ ਆਪੇ ਚੜ੍ਹ ਚੜ੍ਹ, ਆਪੇ ਵਸੇ ਸੱਚੇ ਧਾਮ ਸੱਚਾ ਸ਼ਹਿਨਸ਼ਾਹੀਆ । ਆਪਣੇ ਮੰਦਰ ਆਪੇ ਖੜ ਖੜ, ਸਵਛ ਸਰੂਪ ਆਪ ਪਰਗਟਾਈਆ । ਆਪਣਾ ਘਾੜਨ ਆਪੇ ਘੜ ਘੜ, ਘੜਨ ਭੰਨਣਹਾਰ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਰੂਪ ਆਪ ਧਰਾਈਆ । ਨਿਰਗੁਣ ਖੇਲ ਕਰੇ ਕਰਤਾਰਾ, ਸਰਗੁਣ ਵੇਖ ਵਖਾਇੰਦਾ । ਪੰਜ ਤੱਤ ਤੱਤ ਦਏ ਆਧਾਰਾ, ਤਤਵ ਤਤ ਇਕ ਵਖਾਇੰਦਾ । ਨਾਨਕ ਨਾਮ ਨਾਮ ਕਰ ਉਜਿਆਰਾ, ਪਾਰਬ੍ਰਹਮ ਪ੍ਰਭ ਮੇਲ ਮਿਲਾਇੰਦਾ । ਮਿਲਿਆ ਮੇਲ ਸਚਖੰਡ ਦੁਆਰਾ, ਵਿਛੜ ਕਦੇ ਨਾ ਜਾਇੰਦਾ । ਪੁਰਖ ਅਬਿਨਾਸ਼ੀ ਬਣ ਵਰਤਾਰਾ, ਵਸਤ ਅਮੋਲਕ ਝੋਲੀ ਪਾਇੰਦਾ । ਸਤਿਨਾਮ ਸਤਿ ਭੰਡਾਰਾ, ਏਕਾ ਗੁਣ ਵਖਾਇੰਦਾ । ਚਾਰ ਜੁਗ ਦਏ ਸਹਾਰਾ, ਚੌਥੇ ਜੁਗ ਪੰਧ ਮੁਕਾਇੰਦਾ । ਊਚਾਂ ਨੀਚਾਂ ਰਾਓ ਰੰਕਾਂ ਰਾਜ ਰਾਜਾਨਾਂ ਕਰੇ ਇਕ ਪਿਆਰਾ, ਗ਼ਰੀਬ ਨਿਮਾਣੇ ਗਲੇ ਲਗਾਇੰਦਾ । ਉਤਰ ਪੂਰਬ ਪੱਛਮ ਦੱਖਣ ਨੌਂ ਖੰਡ ਪ੍ਰਿਥਮੀ ਬੋਲ ਜੈਕਾਰਾ, ਨਾਨਕ ਨਿਰਗੁਣ ਸਰਗੁਣ ਆਪ ਸਮਝਾਇੰਦਾ । ਕਲਜੁਗ ਰੋਵੇ ਜ਼ਾਰੋ ਜ਼ਾਰਾ, ਉਚੀ ਕੂਕ ਕੂਕ ਨੇਤਰ ਨੈਣਾਂ ਨੀਰ ਵਹਾਇੰਦਾ । ਲੁਟੀ ਜਾਏ ਨਾਨਕ ਦਿਨ ਦਿਹਾੜਾ, ਠਗ ਚੋਰ ਯਾਰ ਦਿਸ ਕੋਇ ਨਾ ਆਇੰਦਾ । ਕਿਰਪਾ ਕਰ ਆਪ ਨਿਰੰਕਾਰਾ, ਬਿਨ ਤੁਧ ਅਵਰ ਨਾ ਸੀਸ ਹੱਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਇਕ ਗਿਆਨ ਆਪ ਸਮਝਾਇੰਦਾ । ਕਲਜੁਗ ਦੇਵੇ ਹਰਿ ਗਿਆਨ, ਆਪਣਾ ਭੇਵ ਖੁਲ੍ਹਾਇਆ । ਨਾਨਕ ਨਿਰਗੁਣ ਮਾਰੇ ਬਾਣ, ਸ਼ਬਦ

ਨਿਰਾਲਾ ਤੀਰ ਚਲਾਇਆ । ਸ੍ਰਿਸ਼ਟ ਸਬਾਈ ਭੁੱਲੇ ਬਣ ਅਵਾਣ, ਸਾਰ ਕੋਈ ਨਾ ਪਾਇਆ । ਨਜ਼ਰ ਨਾ ਆਏ ਸ੍ਰੀ ਭਗਵਾਨ, ਮਾਇਆ ਪਰਦਾ ਨਾ ਕੋਈ ਉਠਾਇਆ । ਚਾਰੇ ਵਰਨ ਹੋਏ ਹੈਰਾਨ, ਹਰਿ ਕੀ ਪੌੜੀ ਨਾ ਕੋਈ ਚੜ੍ਹਾਇਆ । ਚਾਰੇ ਵੇਦ ਅੰਤ ਪਛਤਾਨ, ਅਥਰਬਣ ਕੂਕੇ ਦਏ ਦੁਹਾਈਆ । ਅੱਲਾ ਰਾਣੀ ਬਣੇ ਬਾਲ ਨਿਧਾਨ, ਮੁਖ ਘੁੰਘਟ ਏਕਾ ਪਾਇਆ । ਪੁਰਖ ਅਬਿਨਾਸ਼ੀ ਕਰੇ ਖੇਲ ਮਹਾਨ, ਏਕਾ ਜੋਤੀ ਦਸ ਦਸ ਰੂਪ ਧਰਾਇਆ । ਨਾਨਕ ਮੰਗੇ ਏਕਾ ਦਾਨ, ਪੁਰਖ ਅਬਿਨਾਸ਼ੀ ਸਿਫ਼ਤ ਸਲਾਹਿਆ । ਨਿਹਕਲੰਕ ਉਤਰੇ ਬਲੀ ਬਲਵਾਨ, ਮਾਤ ਪਿਤ ਨਾ ਕੋਈ ਜਾਇਆ । ਤੇਰੀ ਅੰਤ ਕਰੇ ਕਲਿਆਣ, ਧਰਤ ਧਵਲ ਵੇਖ ਵਖਾਇਆ । ਕਰੇ ਖੇਲ ਸ੍ਰੀ ਭਗਵਾਨ, ਏਕਾ ਜੋਤ ਨੂਰ ਰੁਸ਼ਨਾਇਆ । ਗੋਬਿੰਦ ਸੂਰਾ ਨੌਜਵਾਨ, ਸੁਤ ਦੁਲਾਰਾ ਪੁਰਖ ਅਕਾਲ ਆਪ ਪ੍ਰਗਟਾਇਆ । ਨਾਮ ਖੰਡਾ ਤੀਰ ਕਮਾਨ, ਚੰਡ ਪ੍ਰਚੰਡ ਹੱਥ ਫੜਾਇਆ । ਬ੍ਰਹਿਮੰਡਾਂ ਵੇਖੇ ਮਾਰ ਧਿਆਨ, ਉਤਭੁਜ ਸੇਤਜ ਜੇਰਜ ਅੰਡਾਂ ਫੋਲ ਫੁਲਾਇਆ । ਕਲਜੁਗ ਅੰਤਮ ਆਪੇ ਜਾਣੇ ਪਾਰ ਕੰਢਾ, ਪਾਰ ਕਿਨਾਰਾ ਵੇਖ ਵਖਾਇਆ । ਗੁਰਮੁਖਾਂ ਅੰਮ੍ਰਿਤ ਆਤਮ ਜਲ ਦੇਵੇ ਠੰਡਾ, ਅੰਮ੍ਰਿਤ ਰਸ ਮੁਖ ਚੁਆਇਆ । ਮੇਟ ਮਿਟਾਏ ਭੇਖ ਪਖੰਡਾ, ਕੂੜੀ ਕਿਰਿਆ ਰਹੇ ਨਾ ਰਾਇਆ । ਦੋ ਜਹਾਨਾਂ ਲੈਣਾ ਏਕਾ ਡੰਡਾ, ਹਰਿਜਨ ਸਾਚੇ ਲਏ ਚੜ੍ਹਾਇਆ । ਕਲਜੁਗ ਕੂੜ ਕੁੜਿਆਰਾ ਮਿਟੇ ਗੰਦਾ, ਥਿਰ ਕੋਇ ਰਹਿਣ ਨਾ ਪਾਇਆ । ਸਤਿਜੁਗ ਚੜ੍ਹਾਏ ਸਾਚਾ ਚੰਦਾ, ਪਰਕਾਸ਼ ਪਰਕਾਸ਼ ਵਿਚ ਟਿਕਾਇਆ । ਜਨ ਭਗਤਾਂ ਦੇਵੇ ਪਰਮਾਨੰਦਾ, ਨਿਜ ਆਤਮ ਸਹਿਜ ਸੁਖਦਾਇਆ । ਇਕ ਸੁਣਾਏ ਸੁਹਾਗੀ ਛੰਦਾ, ਵਾਹਿਗੁਰੂ ਫ਼ਤਹਿ ਇਕ ਗਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਖੇਲ ਕਰੇ ਹਰਿ, ਆਪ ਆਪਣਾ ਵੇਸ ਵਟਾਇਆ । ਕਲਜੁਗ ਖੇਲ ਅਵੱਲੜਾ, ਹਰਿ ਸਾਚਾ ਸਚ ਕਰਾਈਆ । ਗੁਰੂ ਗੋਬਿੰਦ ਫੜਾਇਆ ਪਲੜਾ, ਪੁਰਖ ਅਕਾਲ ਵੱਜੇ ਵਧਾਈਆ । ਨਿਰਗੁਣ ਸਰਗੁਣ ਸਚ ਸਿੰਘਾਸਣ ਏਕਾ ਮਲੜਾ, ਤਖ਼ਤ ਨਿਵਾਸੀ ਸੋਭਾ ਪਾਈਆ । ਸਚ ਸੰਦੇਸ਼ ਨਰ ਨਰੇਸ਼ ਏਕਾ ਘਲੜਾ, ਸੱਬਰ ਯਾਰ ਦਏ ਵਡਿਆਈਆ । ਕਲਜੁਗ ਅੰਤਮ ਆਪ ਫੜਾਏ ਆਪਣਾ ਪਲੜਾ, ਵਿਛੜ ਕਦੇ ਨਾ ਜਾਈਆ । ਵਸਣਹਾਰਾ ਨਿਹਚਲ ਧਾਮ ਅਟੱਲੜਾ, ਸਚਖੰਡ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਰੂਪ ਆਪ ਪ੍ਰਗਟਾਈਆ । ਜੁਗ ਜੁਗ ਵੇਸ ਸ੍ਰੀ ਭਗਵਾਨ, ਆਪਣਾ ਆਪ ਵਟਾਇੰਦਾ । ਸਤਿਜੁਗ ਖੇਲ ਕਰੇ ਮਹਾਨ, ਸਤਿ ਸਤਿਵਾਦੀ ਧਾਰ ਚਲਾਇੰਦਾ । ਤ੍ਰੇਤਾ ਹੋਇਆ ਜਾਣੀ ਜਾਣ, ਸੀਤਾ ਸੁਰਤੀ ਸ਼ਬਦੀ ਰਾਮ ਮਿਲਾਇੰਦਾ । ਦੁਆਪਰ ਬਣਿਆ ਸਾਚਾ ਕਾਹਨ, ਨਾਮ ਬੰਸਰੀ ਹੱਥ ਉਠਾਇੰਦਾ । ਕਲਜੁਗ ਵੇਖੇ ਹੋ ਪਰਧਾਨ, ਈਸਾ ਮੂਸਾ ਖੇਲ ਖਿਲਾਇੰਦਾ । ਨਾਨਕ ਦੱਸੇ ਏਕਾ ਪਦ ਨਿਰਬਾਣ, ਪਾਰਬ੍ਰਹਮ ਪ੍ਰਭ ਸੇਵ ਕਮਾਇੰਦਾ । ਗੋਬਿੰਦ ਮਾਰੇ ਇਕ ਨਿਸ਼ਾਨ, ਤੀਰ ਨਿਰਾਲਾ ਇਕ ਚਲਾਇੰਦਾ । ਲੇਖਾ ਜਾਣੇ ਦੋ ਜਹਾਨ, ਬ੍ਰਹਿਮੰਡ ਖੰਡ ਆਪਣੀ ਖੇਲ ਖਿਲਾਇੰਦਾ । ਕਲਜੁਗ ਕੂੜੀ ਕਿਰਿਆ ਪਹਿਚਾਨ, ਲੱਖ ਚੁਰਾਸੀ ਵੇਖ ਵਖਾਇੰਦਾ । ਘਰ ਘਰ ਨੱਚੇ ਪੰਜ ਸ਼ੈਤਾਨ, ਆਸਾ ਤ੍ਰਿਸ਼ਨਾ ਨਾ ਕੋਈ ਮਿਟਾਇੰਦਾ । ਸਚ ਸੁੱਚ ਨਾ ਦਿਸੇ ਕੋਈ ਨਿਸ਼ਾਨ, ਜੂਠ ਝੂਠ ਸਰਬ ਵਡਿਆਇੰਦਾ । ਗੁਰ ਕਾ ਸ਼ਬਦ ਨਾ ਕੋਈ ਗਿਆਨ, ਰਸਨਾ ਜਿਹਵਾ ਸਰਬ ਕੁਰਲਾਇੰਦਾ । ਚਾਰੇ ਵਰਨ ਹੋਏ ਨਾਦਾਨ, ਅਠਾਰਾਂ ਬਰਨ ਮੁਖ ਸ਼ਰਮਾਇੰਦਾ । ਅਨਹਦ ਸ਼ਬਦ ਨਾ ਉਪਜੇ ਕੋਈ ਧੁਨਕਾਨ, ਰਾਗੀ ਨਾਦ ਨਾ ਕੋਈ ਅਲਾਇੰਦਾ । ਅੰਮ੍ਰਿਤ ਆਤਮ ਮਿਲੇ ਨਾ ਪੀਣ ਖਾਣ, ਸਾਂਤਕ ਸਤਿ ਨਾ ਕੋਈ ਵਰਤਾਇੰਦਾ ।



੧੪੩ ੧੦

ਆਤਮ ਬ੍ਰਹਮ ਨਾ ਸਕੇ ਕੋਈ ਪਛਾਣ, ਸਚ ਸਿੰਘਾਸਣ ਸੋਭਾ ਕੋਈ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਵੇਸ ਧਰਾਇੰਦਾ । ਜੁਗ ਜੁਗ ਖੇਲ ਖਿਲਾਵਣਹਾਰਾ, ਆਪਣਾ ਬਲ ਧਰਾਈਆ । ਆਪੇ ਗੋਬਿੰਦ ਬਣ ਲਿਖਾਰਾ, ਲੇਖਾ ਲੇਖ ਗਿਆ ਜਣਾਈਆ । ਕਲਜੁਗ ਆਏ ਅੰਤਮ ਵਾਰਾ, ਚਾਰੋਂ ਕੁੰਟ ਅੰਧੇਰਾ ਛਾਈਆ । ਮਾਤ ਪਿਤ ਕਰੇ ਪਿਆਰਾ, ਭੈਣਾਂ ਭਈਆ ਸੇਜ ਹੰਢਾਈਆ । ਸ੍ਰਿਸ਼ਟ ਸਬਾਈ ਹੋਏ ਨਾਰ ਵਿਭਚਾਰਾ, ਸਾਚਾ ਕੰਤ ਨਜ਼ਰ ਨਾ ਆਈਆ । ਤ੍ਰੈਗੁਣ ਬਣੇ ਤੱਤ ਅੰਗਿਯਾਰਾ, ਘਰ ਘਰ ਅਗਨੀ ਇਕ ਜਲਾਈਆ । ਹਰਿ ਕਾ ਰੂਪ ਨਜ਼ਰ ਨਾ ਆਏ ਵਿਚ ਸੰਸਾਰਾ, ਸਾਖਯਾਤ ਨਾ ਕੋਈ ਦਸਾਈਆ । ਪੁਰਖ ਅਬਿਨਾਸ਼ੀ ਕਰੇ ਵਿਚਾਰਾ, ਸਚਖੰਡ ਬੈਠਾ ਆਸਣ ਲਾਈਆ । ਧਰਤ ਧਵਲ ਕਰੇ ਪੁਕਾਰਾ, ਖੁਲ੍ਹੜੇ ਕੇਸ ਦਏ ਦੁਹਾਈਆ । ਗੁਰਸਿਖ ਆਤਮ ਰੋਵੇ ਜ਼ਾਰੋ ਜ਼ਾਰਾ, ਧੀਰਜ ਧੀਰ ਨਾ ਕੋਈ ਧਰਾਈਆ । ਨਾ ਕੋਈ ਦਿਸੇ ਸ਼ਾਹ ਸਿਕਦਾਰਾ, ਸਾਚਾ ਤਖ਼ਤ ਨਾ ਕੋਈ ਹੰਢਾਈਆ । ਗ਼ਰੀਬ ਨਿਮਾਣਿਆਂ ਨਾ ਪਾਵੇ ਕੋਈ ਸਾਰਾ, ਪੱਲੂ ਹੱਥ ਨਾ ਕੋਈ ਫੜਾਈਆ । ਰਵ ਸਸ ਕਰਨ ਪੁਕਾਰਾ, ਬੈਠੇ ਮੁਖ ਸ਼ਰਮਾਈਆ । ਵਿਸ਼ਨ ਬ੍ਰਹਮਾ ਸ਼ਿਵ ਮੰਗਣ ਜਾਇਣ ਹਰਿ ਦੁਆਰਾ, ਗਲ ਗਲ ਪੱਲੂ ਏਕਾ ਪਾਈਆ । ਤੁਧ ਬਿਨ ਦਿਸੇ ਨਾ ਕੋਈ ਸਹਾਰਾ, ਕਲਜੁਗ ਆਪਣਾ ਬਲ ਰਿਹਾ ਧਰਾਈਆ । ਪੁਰਖ ਅਬਿਨਾਸ਼ੀ ਲਏ ਤੇਰੀ ਚਰਨ ਸਰਨ ਵਡੀ ਵਡਿਆਈਆ । ਤੇਰਾ ਨਾਮ ਸੱਚੀ ਕਟਾਰਾ, ਖੜਗ ਖੰਡਾ ਇਕ ਚਮਕਾਈਆ । ਆਦਿ ਜੁਗਾਦਿ ਤਿਖੀਆਂ ਧਾਰਾ, ਦੋ ਜਹਾਨਾਂ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਚਾਰੋਂ ਕੁੰਟ ਅੰਧੇਰਾ ਛਾਈਆ । ਸਤਿਗੁਰ ਪੂਰਾ ਹੋ ਦਿਆਲ, ਪੁਰਖ ਅਕਾਲ ਦਇਆ ਕਮਾਇੰਦਾ । ਆਪ ਉਠਾਇਆ ਬਾਲ ਨਿਧਾਨ, ਸ਼ਬਦ ਦਲਾਲ ਇਕ ਬਣਾਇੰਦਾ । ਜੋਤੀ ਦੇਵੇ ਜਲਵਾ ਜਲਾਲ, ਨੂਰ ਨੁਰਾਨਾ ਡਗਮਗਾਇੰਦਾ । ਨਾਲ ਰਖਾਏ ਕਾਲ ਮਹਾਕਾਲ, ਸਾਚਾ ਹੁਕਮ ਆਪ ਸੁਣਾਇੰਦਾ । ਸਚਖੰਡ ਵਾਸੀ ਵਸਣਹਾਰਾ ਸਚ ਸੱਚੀ ਧਰਮਸਾਲ, ਆਪ ਆਪਣਾ ਪਰਦਾ ਲਾਹਿੰਦਾ । ਵਿਸ਼ਨ ਬ੍ਰਹਮਾ ਸ਼ਿਵ ਲਏ ਉਠਾਲ, ਧੁਰ ਫ਼ਰਮਾਨਾ ਆਪ ਸੁਣਾਇੰਦਾ । ਲੱਖ ਚੁਰਾਸੀ ਤੋੜੇ ਤ੍ਰੈਗੁਣ ਮਾਇਆ ਜਗਤ ਜੰਜਾਲ, ਕਲਜੁਗ ਅੰਤਮ ਵੇਖ ਵਖਾਇੰਦਾ । ਗੁਰਮੁਖਾਂ ਕਰੇ ਪੂਰੀ ਘਾਲ, ਜੋ ਜਨ ਰਸਨਾ ਜਿਹਵਾ ਗਾਇੰਦਾ । ਗਗਨ ਮੰਡਲ ਵੇਖੇ ਆਪਣਾ ਦੀਪਕ ਥਾਲ, ਰਵ ਸਸ ਆਪ ਚਮਕਾਇੰਦਾ । ਲੇਖਾ ਜਾਣੇ ਸ਼ਾਹ ਕੰਗਾਲ, ਲੋਕਮਾਤ ਵੇਸ ਵਟਾਇੰਦਾ । ਪ੍ਰਗਟ ਹੋਵੇ ਦੀਨ ਦਿਆਲ, ਸਾਚਾ ਧਾਮ ਆਪ ਸੁਹਾਇੰਦਾ । ਸੰਬਲ ਨਗਰੀ ਇਕ ਗਰਾਮ, ਸਾਚੀ ਨਗਰੀ ਭਾਗ ਲਗਾਇੰਦਾ । ਕਰੇ ਪਰਕਾਸ਼ ਕੋਟਨ ਭਾਨ, ਰਵ ਸਸ ਨਾ ਕੋਈ ਚਮਕਾਇੰਦਾ । ਸ਼ਬਦ ਅਨਾਦੀ ਗਾਏ ਗਾਨ, ਤਾਰ ਸਤਾਰ ਆਪ ਹਿਲਾਇੰਦਾ । ਜੋਧਾ ਸੂਰਬੀਰ ਬਲੀ ਬਲਵਾਨ, ਬਲ ਆਪਣਾ ਆਪ ਪ੍ਰਗਟਾਇੰਦਾ । ਸਤਿ ਉਠਾਏ ਆਪ ਨਿਸ਼ਾਨ, ਸਤਿ ਸਤਿਵਾਦੀ ਇਕ ਝੁਲਾਇੰਦਾ । ਪ੍ਰਗਟ ਹੋਏ ਵਾਲੀ ਦੋ ਜਹਾਨ, ਦੋ ਜਹਾਨਾਂ ਵੇਖ ਵਖਾਇੰਦਾ । ਕਲਜੁਗ ਕਰੇ ਅੰਤ ਕਲਿਆਣ, ਸ਼ਾਹ ਸੁਲਤਾਨਾ ਖ਼ਾਕ ਮਿਲਾਇੰਦਾ । ਨਾ ਕੋਈ ਚਿਲਾ ਨਾ ਤੀਰ ਕਮਾਨ, ਸ਼ਸਤਰ ਬਸਤਰ ਨਾ ਕੋਈ ਸਜਾਇੰਦਾ । ਹੁਕਮੀ ਹੁਕਮ ਪਾਏ ਆਣ, ਹੁਕਮ ਅੰਦਰ ਸਰਬ ਵਖਾਇੰਦਾ । ਕਲਜੁਗ ਮੇਟੇ ਕੂੜ ਨਿਸ਼ਾਨ, ਵੇਲਾ ਅੰਤਮ ਆਇੰਦਾ । ਦਸ ਸਤਿ ਦੇਵੇ ਇਕ ਗਿਆਨ, ਅੱਠ ਦਸ ਆਪ ਪੜ੍ਹਾਇੰਦਾ । ਨੌਂ ਦਸ ਕਰੇ ਪਹਿਚਾਨ, ਪਹਿਚਾਨ ਵਿਚ ਕਿਸੇ ਨਾ ਆਇੰਦਾ । ਦਸ ਦਸ ਬੀਸ ਕਰੇ ਖੇਲ ਹਰਿ ਜਗਦੀਸ਼, ਸਚ ਨਿਸ਼ਾਨ ਆਪ ਝੁਲਾਇੰਦਾ । ਇਕ ਇਕੀਸ ਕਲਜੁਗ ਪੀਸਣ ਜਾਏ

੧੪੪ ੧੦

ਪੀਸ, ਪੁਰਖ ਅਬਿਨਾਸ਼ੀ ਘਟ ਘਟ ਵਾਸੀ ਲੱਖ ਚੁਰਾਸੀ ਚੱਕੀ ਆਪ ਚਲਾਇੰਦਾ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਆਦਿ ਜੁਗਾਦੀ ਆਪੇ ਪਾਏ ਆਣ ਸਚ ਹਦੀਸ, ਚਾਰ ਵਰਨ ਇਕ ਗਿਆਨ ਦ੍ਰਿੜਾਇੰਦਾ । ਸਤਿਜੁਗ ਸਤਿ ਸਤਿਵਾਦੀ ਸਤਿ ਸਤਿ ਏਕਾ ਛਤਰ ਝੁਲੇ ਸੀਸ, ਦੂਸਰ ਅਵਰ ਨਾ ਕੋਈ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਕਰੇ ਖੇਲ ਏਕਾ ਹਰਿ, ਗੁਰਮੁਖ ਗੁਰਸਿਖ ਹਰਿਜਨ ਹਰਿ ਭਗਤ ਹੱਥ ਰੱਖੇ ਦੇ ਕਰ ਸੀਸ ।

### ★ ਮੱਸਾ ਸਿੰਘ ਦੇ ਘਰ ਪਿੰਡ ਕੋਟਲੀ ਥਾਨ ਸਿੰਘ ਜ਼ਿਲਾ ਜਲੰਧਰ ★

ਕਲਜੁਗ ਅੰਤਮ ਹਰਿ ਨਿਰੰਕਾਰਾ, ਨਿਰਵੈਰ ਪੁਰਖ ਖੇਲ ਖਿਲਾਇੰਦਾ । ਨਿਰਗੁਣ ਸਰਗੁਣ ਸਾਚੀ ਧਾਰਾ, ਲੋਕਮਾਤ ਚਲਾਇੰਦਾ । ਕਰੇ ਖੇਲ ਅਗੰਮ ਅਪਾਰਾ, ਅਲਖ ਅਗੋਚਰ ਭੇਵ ਨਾ ਆਇੰਦਾ । ਲੱਖ ਚੁਰਾਸੀ ਪਾਵਣਹਾਰਾ ਸਾਰਾ, ਘਟ ਘਟ ਅੰਦਰ ਫੋਲ ਫੁਲਾਇੰਦਾ । ਗੁਰਮੁਖ ਸਾਚੇ ਕਰ ਪਿਆਰਾ, ਆਪ ਆਪਣਾ ਮੇਲ ਮਿਲਾਇੰਦਾ । ਦੀਵਾ ਬਾਤੀ ਕਰ ਉਜਿਆਰਾ, ਕਮਲਾਪਾਤੀ ਡਗਮਗਾਇੰਦਾ । ਸ਼ਬਦ ਅਨਾਦਿ ਸੱਚੀ ਧੁਨਕਾਰਾ, ਧੁਨ ਆਤਮਕ ਆਪ ਸੁਣਾਇੰਦਾ । ਅੰਮ੍ਰਿਤ ਬਖ਼ਸ਼ੇ ਠੰਡੀ ਠਾਰਾ, ਸਤਿ ਪਿਆਲਾ ਆਪ ਪਿਆਇੰਦਾ । ਮੇਟ ਮਿਟਾਏ ਅੰਧ ਅੰਧਿਆਰਾ, ਕੂੜ ਕੁੜਿਆਰਾ ਮੋਹ ਚੁਕਾਇੰਦਾ । ਚਰਨ ਕਵਲ ਕਵਲ ਚਰਨ ਗੁਰ ਸਤਿਗੁਰ ਬਖ਼ਸ਼ੇ ਇਕ ਸਹਾਰਾ, ਸਚ ਸਰਨਾਈ ਇਕ ਦ੍ਰਿੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਮੇਲ ਮਿਲਾਇੰਦਾ । ਕਲਜੁਗ ਅੰਤਮ ਖੇਲ ਅਪਾਰਾ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਹਰਿ ਪੁਰਖ ਨਿਰੰਜਣ ਭੇਵ ਨਿਆਰਾ, ਰੂਪ ਰੰਗ ਰੇਖ ਨਾ ਕੋਇ ਜਣਾਇੰਦਾ । ਏਕੰਕਾਰਾ ਕਰ ਪਸਾਰਾ, ਅਜੂਨੀ ਰਹਿਤ ਵੇਖ ਵਖਾਇੰਦਾ । ਆਦਿ ਨਿਰੰਜਣ ਵਸਣਹਾਰਾ ਠਾਂਡੇ ਦਰਬਾਰਾ, ਜੋਤੀ ਨੂਰ ਡਗਮਗਾਇੰਦਾ । ਸ੍ਰੀ ਭਗਵਾਨ ਆਦਿ ਜੁਗਾਦਿ ਜੁਗਾ ਜੁਗੰਤਰ ਆਪੇ ਜਾਣੇ ਆਪਣੀ ਕਾਰਾ, ਕਰਤਾ ਪੁਰਖ ਕਾਰ ਕਮਾਇੰਦਾ । ਅਬਿਨਾਸ਼ੀ ਕਰਤਾ ਦੇਵਣਹਾਰਾ ਨਾਮ ਸਹਾਰਾ, ਨਾਮ ਨਾਮਾ ਆਪ ਪਰਗਟਾਇੰਦਾ । ਪਾਰਬ੍ਰਹਮ ਬ੍ਰਹਮ ਕਰੇ ਪਿਆਰਾ, ਆਤਮ ਬ੍ਰਹਮ ਮੇਲ ਮਿਲਾਇੰਦਾ । ਗੁਰਮੁਖ ਵੇਖੇ ਸਚ ਦੁਲਾਰਾ, ਨਵ ਨਵ ਸਤ ਸਤ ਆਪੇ ਫੇਰਾ ਪਾਇੰਦਾ । ਪਾਵੇ ਸਾਰ ਡੂੰਘੀ ਕੰਦਰ ਕਾਇਆ ਮੰਦਰ ਸਚ ਮੁਨਾਰਾ, ਘਟ ਘਟ ਆਪੇ ਫੋਲ ਫੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਭੇਵ ਆਪਣੇ ਹੱਥ ਰਖਾਇੰਦਾ । ਕਲਜੁਗ ਅੰਤਮ ਹਰਿ ਨਿਰੰਕਾਰ, ਆਪਣੀ ਖੇਲ ਆਪ ਖਿਲਾਈਆ । ਨਿਹਕਲੰਕਾ ਲੈ ਅਵਤਾਰ, ਦੋ ਜਹਾਨਾਂ ਨਿਰਗੁਣ ਜੋਤ ਕਰੇ ਰੁਸ਼ਨਾਈਆ । ਬ੍ਰਹਿਮੰਡ ਖੰਡ ਹੋਏ ਉਜਿਆਰ, ਦੀਪ ਲੋਅ ਪਾਤਾਲ ਆਕਾਸ਼ ਗਗਨ ਗਗਨੰਤਰ, ਆਪਣਾ ਨੂਰ ਨੂਰ ਰੁਸ਼ਨਾਈਆ । ਆਪ ਜਣਾਏ ਆਪਣਾ ਸਾਚਾ ਮੰਤਰ, ਸ਼ਬਦ ਨਾਦ ਧੁਨ ਸੁਣਾਈਆ । ਲੇਖਾ ਜਾਣੇ ਜੁਗਾ ਜੁਗੰਤਰ, ਜੁਗ ਕਰਤਾ ਆਪ ਹੋ ਜਾਈਆ । ਆਪ ਬੁਝਾਏ ਤ੍ਰੈਗੁਣ ਮਾਇਆ ਲੱਗੀ ਬਸੰਤਰ, ਪੰਜ ਤੱਤ ਜਲ ਧਾਰ ਆਪ ਵਹਾਈਆ । ਆਪੇ ਸਰਬ ਜੀਆਂ ਬਿਧ ਜਾਣੇ ਅੰਤਰ, ਘਟ ਘਟ ਬੈਠਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖੇ ਥਾਉਂ ਥਾਈਆ । ਥਾਨ ਥਨੰਤਰ ਵੇਖਣਹਾਰਾ, ਅਲਖ

੧੪੬
੧੦

ਅਗੋਚਰ ਪੁਰਖ ਅਗੰਮ । ਲੱਖ ਚੁਰਾਸੀ ਪਰਖਣਹਾਰਾ, ਆਦਿ ਜੁਗਾਦਿ ਨਾ ਮਰੇ ਨਾ ਪਏ ਜੰਮ । ਆਪਣਾ ਨਾਉਂ ਆਪ ਧਰਾਵਣਹਾਰਾ, ਕਰਤਾ ਪੁਰਖ ਆਪੇ ਕਰੇ ਆਪਣਾ ਕੰਮ । ਆਪਣਾ ਬੇੜਾ ਆਪ ਚਲਾਵਣਹਾਰਾ, ਆਪੇ ਬੇੜਾ ਦੇਵੇ ਬੰਨ੍ਹ । ਜੁਗ ਜੁਗ ਗੇੜਾ ਆਪ ਚਲਾਵਣਹਾਰਾ, ਆਪੇ ਰਥ ਰਥਵਾਹੀ ਬਣੇ ਸ੍ਰੀ ਭਗਵੰਨ । ਸਤਿਜੁਗ ਤ੍ਰੇਤਾ ਦੁਆਪਰ ਪਾਰ ਕਰਾਵਣਹਾਰਾ, ਕਲਜੁਗ ਅੰਤਮ ਆਪ ਚੜ੍ਹਾਏ ਨਿਰਗੁਣ ਸਾਚਾ ਚੰਨ । ਅੰਧ ਅੰਧੇਰ ਮੇਟ ਮਿਟਾਵਣਹਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਉਂ ਆਪ ਸੁਣਾਏ ਗੁਰਮੁਖ ਵਿਰਲੇ ਕੰਨ । ਗੁਰਮੁਖ ਵਿਰਲੇ ਨਾਮ ਜਣਾਇਆ, ਲੱਖ ਚੁਰਾਸੀ ਭਰਮ ਭੁਲਾਈਆ । ਆਪਣਾ ਮੰਤਰ ਆਪ ਦ੍ਰਿੜਾਇਆ, ਬੋਧ ਅਗਾਧ ਵਡੀ ਵਡਿਆਈਆ । ਸੋ ਪੁਰਖ ਨਿਰੰਜਣ ਦਇਆ ਕਮਾਇਆ, ਹੰ ਬ੍ਰਹਮ ਕਰੇ ਕੁੜਮਾਈਆ । ਸ਼ਬਦ ਵਿਚੋਲਾ ਇਕ ਰਖਾਇਆ, ਨਾ ਮਰੇ ਨਾ ਜਾਈਆ । ਕਲਜੁਗ ਅੰਤਮ ਵੇਸ ਵਟਾਇਆ, ਨਿਰਗੁਣ ਜੋਤੀ ਜਾਤਾ ਹਰਿ ਰਘੁਰਾਈਆ । ਕਾਗਦ ਕ਼ਲਮ ਭੇਵ ਨਾ ਰਾਇਆ, ਲੱਖ ਚੁਰਾਸੀ ਥੱਕੀ ਮਸ ਸ਼ਾਹੀਆ । ਨਿਰਗੁਣ ਨਿਰਗੁਣ ਨਿਰਗੁਣ ਆਪਣਾ ਨਾਉਂ ਧਰਾਇਆ, ਨਰ ਹਰਿ ਸੱਚੀ ਵਡਿਆਈਆ । ਹਰਿਜਨ ਸਾਚੇ ਵੇਖਣ ਆਇਆ, ਗੁਰ ਸਤਿਗੁਰ ਆਪਣਾ ਰੂਪ ਧਰਾਈਆ । ਆਪ ਆਪਣਾ ਮੇਲ ਮਿਲਾਇਆ, ਮੇਲ ਮਿਲਾਵਾ ਸਹਿਜ ਸੁਭਾਈਆ । ਸੁਰਤੀ ਸ਼ਬਦੀ ਬੰਧਨ ਪਾਇਆ, ਸ਼ਬਦ ਸੁਰਤ ਵਿਚ ਸਮਾਈਆ । ਆਪਣਾ ਘਰ ਆਪ ਵਖਾਇਆ, ਕਾਇਆ ਮੰਦਰ ਸੋਭਾ ਪਾਈਆ । ਡੂੰਘੀ ਭਵਰੀ ਪਾਰ ਕਰਾਇਆ, ਸਾਚੇ ਮਾਰਗ ਆਪੇ ਲਾਈਆ । ਸ਼ਬਦ ਅਨਾਦ ਮਰਦੰਗ ਵਜਾਇਆ, ਘਰ ਘਰ ਵਿਚ ਹੋਏ ਸ਼ਨਵਾਈਆ । ਆਪਣਾ ਰੂਪ ਆਪ ਧਰਾਇਆ, ਪੁਰਖ ਅਕਾਲ ਵਡੀ ਵਡਿਆਈਆ । ਗੁਰਮੁਖ ਲਾਲ ਅਨਮੁਲੜਾ ਆਪ ਉਠਾਇਆ, ਲੱਖ ਚੁਰਾਸੀ ਵਿਚੋਂ ਕੀਮਤ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਪੁਰਖ ਸਮਰਥ, ਆਦਿ ਜੁਗਾਦਿ ਸਮਾਇਆ । ਜੁਗ ਜੁਗ ਮਹਿਮਾ ਅਕਥਨਾ ਅਕਥ, ਚਾਰ ਵੇਦ ਰਹੇ ਜਸ ਗਾਇਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਜੇਰਜ ਅੰਡਾਂ ਉਤਭੁਜ ਸੇਤਜ ਲੱਖ ਚੁਰਾਸੀ ਸ਼ਬਦ ਡੋਰੀ ਪਾਏ ਨਥ, ਆਪਣਾ ਗੇੜਾ ਆਪ ਗੜਾਇਆ । ਜਨ ਭਗਤਾਂ ਦੇਵੇ ਸਾਚੀ ਵਥ, ਨਾਮ ਭੰਡਾਰਾ ਇਕ ਵਰਤਾਇਆ । ਲੱਖ ਚੁਰਾਸੀ ਵਿਚੋਂ ਕਰੇ ਵੱਖ, ਮਾਰਗ ਪੰਥ ਇਕ ਦਰਸਾਇਆ । ਲਹਿਣਾ ਚੁਕਾਏ ਸੀਆਂ ਸਾਢੇ ਤਿੰਨ ਤਿੰਨ ਹੱਥ, ਤ੍ਰੈਗੁਣ ਮਾਇਆ ਨੇੜ ਨਾ ਆਇਆ । ਲੇਖਾ ਚੁੱਕੇ ਤੀਰਥ ਅਠ ਸਠ, ਜਿਸ ਜਨ ਹਰਿ ਹਰਿ ਦਰਸ ਦਿਖਾਇਆ । ਨਿਰਗੁਣ ਜੋਤ ਜਗਾਏ ਲਲਾਟ, ਮਸਤਕ ਨੂਰ ਨੂਰ ਰੁਸ਼ਨਾਇਆ । ਬਜਰ ਕਪਾਟੀ ਜਾਏ ਪਾਟ, ਸਾਚੀ ਹਾਟੀ ਦਏ ਖੁਲ੍ਹਾਇਆ । ਚੌਦਾਂ ਲੋਕ ਖੋਲ੍ਹ ਤਾਕ, ਗੁਰਮੁਖ ਗੁਰਸਿਖ ਸ਼ਬਦ ਰਾਕ ਸਾਚੇ ਘੋੜੇ ਦਏ ਚੜ੍ਹਾਇਆ । ਸਰਬ ਕਲ ਹੋਏ ਆਪੇ ਸਮਰਥ, ਮਹਿਮਾ ਕਥ ਆਪ ਸੁਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਵੇਖ ਵਖਾਇਆ । ਹਰਿਜਨ ਹਰਿ ਹਰਿ ਵੇਖਿਆ, ਕਰ ਕਿਰਪਾ ਗੁਣ ਨਿਧਾਨ । ਦੇਵਣਹਾਰਾ ਪੂਰਬ ਜਨਮ ਲੇਖਿਆ, ਲੇਖਾ ਲਿਖਣਹਾਰ ਆਪ ਮਿਹਰਵਾਨ । ਤਖ਼ਤ ਨਿਵਾਸੀ ਸ਼ਾਹੋ ਸ਼ਾਬਾਸ ਨਰ ਨਰੇਸ਼ਿਆ, ਨਰ ਨਰਾਇਣ ਸ੍ਰੀ ਭਗਵਾਨ । ਆਦਿ ਜੁਗਾਦਿ ਜੁਗਾ ਜੁਗੰਤਰ ਜੁਗ ਜੁਗ ਇਕ ਆਦੇਸਿਆ, ਏਕਾ ਦੇਵਣਹਾਰਾ ਧੁਰ ਫ਼ਰਮਾਨ । ਕਿਸੇ ਦਿਸ ਨਾ ਆਏ ਰੂਪ ਰੰਗ ਰੇਖਿਆ, ਰੇਖਾ ਜਾਣੇ ਦੋ ਜਹਾਨ । ਹਰਿ ਕਾ ਰੂਪ ਮੁੱਛ ਦਾੜ੍ਹੀ ਨਾ ਦਿਸੇ ਕੋਇ

ਕੇਸਿਆ, ਨਾ ਕੋਈ ਸੀਸ ਮੁੰਡ ਮੁੰਡਾਨ । ਨਿਰਗੁਣ ਜੋਤ ਜੋਤ ਪਰਵੇਸ਼ਿਆ, ਸ਼ਬਦੀ ਸ਼ਬਦ ਨਾਦ ਧੁਨਕਾਨ । ਕੋਟਨ ਕੋਟ ਮੰਗਦੇ ਵਿਸ਼ਨ ਬ੍ਰਹਮਾ ਸ਼ਿਵ ਮਹੇਸ਼ਿਆ, ਪੁਰਖ ਅਬਿਨਾਸ਼ੀ ਏਕੰਕਾਰਾ ਏਕਾ ਦੇਵਣਹਾਰਾ ਦਾਨ । ਗੁਰਮੁਖ ਵਿਰਲਾ ਜੁਗ ਜੁਗ ਗੁਰ ਸਤਿਗੁਰ ਲਾਏ ਆਪਣੇ ਲੇਖਿਆ, ਜਗਤ ਨਾਤਾ ਤੋੜੇ ਮਾਣ ਅਭਿਮਾਨ । ਦਰਸ ਦਿਖਾਏ ਦਸ ਦਸਮੇਸਿਆ, ਜੋਧਾ ਸੂਰਬੀਰ ਬਲਵਾਨ । ਜੋਤੀ ਜਾਮਾ ਧਾਰੇ ਭੇਖਿਆ, ਦਿਸ ਨਾ ਆਏ ਗੁਣ ਨਿਧਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਦੇਵਣਹਾਰਾ ਧੁਰ ਫ਼ਰਮਾਨ । ਧੁਰ ਫ਼ਰਮਾਨਾ ਸ਼ਬਦ ਜਣਾਈ, ਗੁਰਮੁਖ ਵਿਰਲੇ ਬੂਝ ਬੁਝਾਇੰਦਾ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਵੇਖੇ ਚਾਈਂ ਚਾਈਂ, ਚਾਤਰਕ ਤ੍ਰਿਖਾ ਆਪ ਬੁਝਾਇੰਦਾ । ਸੰਤ ਸੁਹੇਲੇ ਗੁਰੂ ਗੁਰ ਚੇਲੇ ਆਪ ਉਠਾਏ ਫੜ ਫੜ ਬਾਹੀਂ, ਜਗਤ ਵਿਛੋੜਾ ਪੰਧ ਮੁਕਾਇੰਦਾ । ਸਿਰ ਰੱਖੇ ਸਦਾ ਠੰਡੀਆਂ ਛਾਈਂ, ਅਗਨੀ ਤੱਤ ਨਾ ਕੋਇ ਜਲਾਇੰਦਾ । ਆਪੇ ਪਿਤਾ ਆਪੇ ਮਾਈ, ਗੁਰਸਿਖ ਬਾਲ ਅਵਾਣੇ ਗੋਦ ਸੁਹਾਇੰਦਾ । ਕਲਜੁਗ ਅੰਤਮ ਵੇਖਣਹਾਰਾ ਥਾਉਂ ਥਾਈਂ, ਸ੍ਰਿਸ਼ਟ ਸਬਾਈ ਫੋਲ ਫੋਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਹਰਿਜਨ ਆਪਣੇ ਰੰਗ ਰੰਗਾਇੰਦਾ । ਹਰਿਜਨ ਰੰਗ ਰੰਗਾਇਆ, ਪੁਰਖ ਅਬਿਨਾਸ਼ੀ ਬੇਪਰਵਾਹ । ਨਾਮ ਮਜੀਠੀ ਇਕ ਵਖਾਇਆ, ਵੇਖਣਹਾਰ ਸੱਚਾ ਸ਼ਹਿਨਸ਼ਾਹ । ਸਾਚੇ ਮਾਰਗ ਆਪੇ ਲਾਇਆ, ਤ੍ਰੈਗੁਣ ਮਾਇਆ ਜਗਤ ਜੰਜਾਲਾ ਕੱਟ ਫਾਹ । ਲੱਖ ਚੁਰਾਸੀ ਫੰਦ ਕਟਾਇਆ, ਰਾਏ ਧਰਮ ਨਾ ਦਏ ਸਜ਼ਾ । ਜਿਸ ਸਿਰ ਆਪਣਾ ਹੱਥ ਰਖਾਇਆ, ਆਵਣ ਜਾਵਣ ਪਤਿਤ ਪਾਵਨ ਗੇੜਾ ਦਏ ਮੁਕਾ । ਜਿਸ ਜਨ ਚਰਨ ਕਵਲ ਧਿਆਨ ਰਖਾਇਆ, ਏਥੇ ਓਥੇ ਦੋ ਜਹਾਨਾਂ ਹੋਏ ਸਹਾ । ਗੁਰਮੁਖ ਸਾਚੇ ਲਏ ਤਰਾਇਆ, ਤਾਰਨਹਾਰ ਇਕ ਮਲਾਹ । ਖੇਵਟ ਖੇਟਾ ਬੇੜਾ ਰਿਹਾ ਚਲਾਇਆ, ਸਮਰਥ ਪੁਰਖ ਆਪਣੀ ਨੱਯਾ ਨਾਮ ਉਠਾ । ਭਗਤ ਭਗਵੰਤ ਲਏ ਚੜ੍ਹਾਇਆ, ਸਾਚਾ ਸੱਯਾ ਕਰੇ ਸਚ ਨਿਆਂ । ਸਾਚੇ ਸੰਤਾਂ ਵੇਖ ਵਖਾਇਆ, ਦਰਸ ਦਿਖਾਏ ਦਇਆ ਕਮਾਏ ਆਪ ਉਠਾਏ ਫੜ ਫੜ ਬਾਂਹ । ਕਾਗੋਂ ਹੰਸ ਆਪ ਬਣਾਇਆ, ਸੋਹੰ ਹੰਸਾ ਮੋਤੀ ਚੋਗ ਦਏ ਚੁਗਾ । ਵਿਸ਼ਨੂੰ ਬੰਸਾ ਆਪ ਸੁਹਾਇਆ, ਬ੍ਰਹਮ ਪਾਰਬ੍ਰਹਮ ਗੀਤ ਸੁਹਾਗੀ ਦਏ ਗਾ । ਸ਼ੰਕਰ ਨਿਉਂ ਨਿਉਂ ਸੀਸ ਝੁਕਾਇਆ, ਦੋਏ ਜੋੜ ਪਰੇ ਸਰਨਾ । ਗੁਰਮੁਖ ਗੁਰਸਿਖ ਗੁਰ ਸਤਿਗੁਰ ਪੂਰਾ ਆਦਿ ਜੁਗਾਦਿ ਲਏ ਤਰਾਇਆ, ਧਰਨੀ ਧਰਤ ਧਵਲ ਹੌਲਾ ਭਾਰ ਕਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਕਰੇ ਕਰਾਏ ਸਚ ਨਿਆਂ । ਸਚ ਨਿਆਓ ਹੱਥ ਕਰਤਾਰ, ਰਾਜ ਜੋਗ ਆਪ ਕਮਾਈਆ । ਜੁਗ ਜੁਗ ਮਾਤ ਅਵਤਾਰ, ਗੁਰ ਗੁਰ ਆਪਣਾ ਰੂਪ ਵਟਾਈਆ । ਸ਼ਬਦ ਅਨਾਦੀ ਨਾਦ ਜੈਕਾਰ, ਧੁਰ ਦੀ ਬਾਣੀ ਬਾਣ ਅਲਾਈਆ । ਜਿਸ ਜਨ ਉਪਰ ਹੋਏ ਆਪ ਕ੍ਰਿਪਾਲ, ਆਪਣਾ ਭੇਵ ਆਪ ਖੁਲ੍ਹਾਈਆ । ਦੀਨਾਂ ਬੰਧਪ ਦੀਨ ਦਿਆਲ, ਦੀਨਾਂ ਅਨਾਥਾਂ ਹੋਏ ਸਹਾਈਆ । ਗ਼ਰੀਬ ਨਿਮਾਣਿਆ ਸਦਾ ਸਦਾ ਕਰੇ ਪ੍ਰਿਤਪਾਲ, ਜੋ ਹਿਰਦੇ ਹਰਿ ਹਰਿ ਰਿਹਾ ਵਸਾਈਆ । ਗੁਰਮੁਖ ਵਿਰਲਾ ਘਾਲਣ ਜਾਏ ਘਾਲ, ਲੱਖ ਚੁਰਾਸੀ ਗੂੜ੍ਹੀ ਨੀਂਦ ਨਾ ਕੋਈ ਖੁਲ੍ਹਾਈਆ । ਸਭ ਦੇ ਸਿਰ ਤੇ ਕੂਕੇ ਕਾਲ, ਚਾਰੋਂ ਕੁੰਟ ਕਾਲ ਦੁਹਾਈਆ । ਬਿਨ ਸਤਿਗੁਰ ਪੂਰੇ ਦਿਸੇ ਨਾ ਕੋਈ ਰਖਵਾਲ, ਵੇਲੇ ਅੰਤ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖ ਮੇਲੇ ਸਹਿਜ ਸੁਭਾਈਆ । ਗੁਰਮੁਖ ਗੁਰ ਗੁਰ ਮੇਲ ਮਿਲਾਇਆ,

ਘਟ ਅੰਤਰ ਭੀਤਰ ਜਾਣ । ਆਪ ਆਪਣਾ ਪਰਦਾ ਦਏ ਉਠਾਇਆ, ਧਰਮ ਵਖਾਏ ਇਕ ਨਿਸ਼ਾਨ । ਸਾਖਿਆਤ ਆਪਣਾ ਨਾਉਂ ਜਣਾਇਆ, ਪਾਰਜਾਤ ਬਣਾਏ ਗੁਰਮੁਖ ਬਾਲ ਅਵਾਣ । ਸਾਚੀ ਦਾਤ ਆਪ ਵਰਤਾਇਆ, ਨਾਮ ਨਿਧਾਨਾ ਗੁਣ ਨਿਧਾਨ । ਕਾਇਆ ਤਾਕ ਆਪ ਖੁਲ੍ਹਾਇਆ, ਵੇਖਣਹਾਰ ਪੰਜ ਸ਼ੈਤਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਕਰੇ ਖੇਲ ਸ੍ਰੀ ਭਗਵਾਨ । ਕਲਜੁਗ ਖੇਲ ਅਵੱਲੜਾ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਗੁਰਮੁਖਾਂ ਫੜਾਏ ਆਪਣਾ ਪਲੜਾ, ਦੂਸਰ ਦਿਸ ਕਿਸੇ ਨਾ ਆਇੰਦਾ । ਜੋਤੀ ਸ਼ਬਦੀ ਆਪੇ ਰਲੜਾ, ਪਵਣ ਪਵਣਾਂ ਵਿਚ ਸਮਾਇੰਦਾ । ਸਚ ਸੰਦੇਸ ਏਕਾ ਘਲੜਾ, ਸੋਹੰ ਸੋ ਆਪਣਾ ਰੂਪ ਵਟਾਇੰਦਾ । ਜਨ ਭਗਤ ਦਵਾਰੇ ਆਪੇ ਖਲੜਾ, ਜੁਗ ਜੁਗ ਅਲਖ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੁਰ ਆਪਣਾ ਨਾਉਂ ਧਰਾਇੰਦਾ । ਗੁਰ ਗੁਰ ਨਾਉਂ ਸ਼ਬਦ ਹਰਿ ਧਾਰ, ਸ਼ਬਦੀ ਗੁਰ ਵਡ ਵਡਿਆਈਆ । ਸ਼ਬਦੀ ਸ਼ਬਦ ਸਰਬ ਪਸਾਰ, ਗੁਰ ਸ਼ਬਦੀ ਵੇਖ ਵਖਾਈਆ । ਗੁਰ ਸ਼ਬਦ ਦਾਤਾ ਵਡ ਭੰਡਾਰ, ਹਰਿ ਭੰਡਾਰਾ ਆਪ ਵਰਤਾਈਆ । ਕਲਜੁਗ ਅੰਤਮ ਖੇਲ ਨਿਆਰ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਪਾਵਣਹਾਰਾ ਸਾਰ, ਊਚ ਨੀਚ ਰਾਓ ਰੰਕ ਰਾਜ ਰਾਜਾਨ ਸ਼ਾਹ ਸੁਲਤਾਨ ਏਕਾ ਰੰਗ ਵਖਾਈਆ । ਸਰਬ ਜੀਆਂ ਏਕਾ ਭਗਵਾਨ, ਦੇਵਣਹਾਰਾ ਸਾਚਾ ਮਾਣ, ਆਪਣਾ ਇਸ਼ਟ ਆਪ ਹੋ ਜਾਈਆ । ਗੁਰਮੁਖ ਵਿਰਲਾ ਚਤੁਰ ਸੁਜਾਨ, ਜਿਸ ਜਨ ਆਪਣਾ ਭੇਵ ਖੁਲ੍ਹਾਈਆ । ਘਰ ਸੁਰਤ ਸੁਵਾਣੀ ਮਿਲੇ ਸਾਚਾ ਕਾਹਨ, ਸ਼ਬਦੀ ਸ਼ਬਦ ਇਕ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖ ਸਾਚੇ ਲਏ ਫੜ, ਨਿਰਗੁਣ ਰੂਪ ਆਪ ਧਰ, ਸਰਗੁਣ ਲੇਖਾ ਆਪਣੇ ਹੱਥ ਰਖਾਈਆ ।



★ ੧੧ ਮਾਘ ੨੦੧੭ ਬਿਕ੍ਰਮੀ ਜਮਾਦਾਰ ਭਾਗ ਸਿੰਘ ਦੇ ਘਰ ਜਲੰਧਰ ਸ਼ਹਿਰ ਟਾਂਡਾ ਅੱਡਾ ★

ਸੋ ਪੁਰਖ ਨਿਰੰਜਣ ਖੇਲ ਅਪਾਰਾ, ਅਨਭਵ ਆਪਣੀ ਧਾਰ ਚਲਾਇੰਦਾ । ਹਰਿ ਪੁਰਖ ਨਿਰੰਜਣ ਅਗੰਮ ਅਪਾਰਾ, ਅਲਖ ਅਗੋਚਰ ਭੇਵ ਨਾ ਆਇੰਦਾ । ਸੋ ਪੁਰਖ ਨਿਰੰਜਣ ਕਰੇ ਖੇਲ ਅਪਰ ਅਪਾਰਾ, ਆਪ ਆਪਣੀ ਧਾਰ ਬੰਧਾਇੰਦਾ । ਹਰਿ ਪੁਰਖ ਨਿਰੰਜਣ ਆਪੇ ਜਾਣੇ ਆਪਣੀ ਕਾਰਾ, ਕਰਨੀ ਕਰਤਾ ਆਪ ਕਮਾਇੰਦਾ । ਏਕੰਕਾਰਾ ਵਸਣਹਾਰਾ ਧਾਮ ਨਿਆਰਾ, ਰੂਪ ਰੰਗ ਰੇਖ ਨਾ ਕੋਇ ਜਣਾਇੰਦਾ । ਆਦਿ ਨਿਰੰਜਣ ਨੂਰ ਉਜਿਆਰਾ, ਨੂਰ ਨੁਰਾਨਾ ਡਗਮਗਾਇੰਦਾ । ਅਬਿਨਾਸ਼ੀ ਕਰਤਾ ਆਦਿ ਜੁਗਾਦੀ ਖੇਲ ਅਪਾਰਾ, ਇਕ ਇਕੱਲਾ ਆਪ ਕਰਾਇੰਦਾ । ਅਬਿਨਾਸ਼ੀ ਕਰਤਾ ਵਸਣਹਾਰਾ, ਦਰ ਠਾਂਡੇ ਦਰਬਾਰਾ, ਦਰ ਘਰ ਸਾਚਾ ਆਪ ਸੁਹਾਇੰਦਾ । ਪਾਰਬ੍ਰਹਮ ਪ੍ਰਭ ਭੇਵ ਨਿਆਰਾ, ਅਗੰਮ ਅਗੰਮੜਾ ਅਗਮੜੀ ਖੇਲ ਖਿਲਾਇੰਦਾ । ਵਸਣਹਾਰਾ ਸਚਖੰਡ ਦਵਾਰਾ, ਦਰ ਘਰ ਸਾਚੇ ਸੋਭਾ ਪਾਇੰਦਾ । ਤਖ਼ਤ ਨਿਵਾਸੀ ਬੇਐਬ ਪਰਵਰਦਿਗਾਰਾ, ਨੂਰ ਨੁਰਾਨਾ ਨੂਰ ਉਪਜਾਇੰਦਾ । ਸ਼ਾਹੋ ਭੂਪ ਬਣ ਸਿਕਦਾਰਾ, ਸ਼ਹਿਨਸ਼ਾਹ ਆਪਣੀ ਖੇਲ ਖਿਲਾਇੰਦਾ । ਹੁਕਮੀ ਹੁਕਮ ਵਰਤੇ ਵਰਤਾਰਾ, ਸਾਚਾ ਹੁਕਮ ਆਪ ਸੁਣਾਇੰਦਾ । ਨਿਰਗੁਣ ਨਿਰਗੁਣ ਬਣ ਸੱਚੀ ਸਰਕਾਰਾ, ਸਾਚਾ ਮਾਰਗ ਆਪੇ ਲਾਇੰਦਾ । ਨਿਰਗੁਣ ਵੇਖੇ ਨਿਰਗੁਣ ਪੇਖੇ ਨਿਰਗੁਣ ਹੋਏ ਆਪ

ਦਵਾਰਾ, ਨਿਰਗੁਣ ਨਿਉਂ ਨਿਉਂ ਸੀਸ ਝੁਕਾਇੰਦਾ । ਨਿਰਗੁਣ ਮੰਗੇ ਬਣ ਭਿਖਾਰਾ, ਆਪਣੀ ਇਛਿਆ ਆਪਣੀ ਭਿਛਿਆ ਆਪੇ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਏਕਾ ਹਰਿ, ਆਪਣਾ ਰੂਪ ਆਪ ਧਰਾਇੰਦਾ । ਆਦਿ ਪੁਰਖ ਖੇਲ ਅਵੱਲਾ, ਇਕ ਇਕੱਲਾ ਆਪ ਕਰਾਇੰਦਾ । ਵਸਣਹਾਰਾ ਸਚ ਮਹੱਲਾ, ਮਹੱਲ ਅਟਲ ਉਚ ਮੁਨਾਰ ਸੋਭਾ ਪਾਇੰਦਾ । ਆਪਣੀ ਜੋਤੀ ਆਪੇ ਰਲਾ, ਜੋਤੀ ਜੋਤ ਨੂਰ ਉਪਜਾਇੰਦਾ । ਸਚ ਸਿੰਘਾਸਣ ਆਪੇ ਮੱਲਾ, ਸੋਭਾਵੰਤ ਸੋਭਾ ਪਾਇੰਦਾ । ਆਪ ਫੜਾਏ ਆਪਣਾ ਪੱਲਾ, ਸਗਲਾ ਸੰਗ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣਾ ਰੂਪ ਆਪ ਪ੍ਰਗਟਾਇੰਦਾ । ਆਪਣਾ ਰੂਪ ਆਪੇ ਧਰ, ਆਪਣੀ ਖੇਲ ਆਪ ਖਿਲਾਈਆ । ਆਪੇ ਨਿਰਗੁਣ ਹੋ ਨਿਰਾਕਾਰ, ਨਿਰਵੈਰ ਆਪਣਾ ਨਾਉਂ ਧਰਾਈਆ । ਅਜੂਨੀ ਰਹਿਤ ਆਪੇ ਜਾਣੇ ਆਪਣੀ ਕਾਰ, ਦੂਸਰ ਸੰਗ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਅਬਿਨਾਸ਼ੀ ਕਰਤਾ ਆਪਣੀ ਕਲ ਆਪ ਧਰਾਈਆ । ਆਪਣੀ ਕਲ ਆਪੇ ਧਾਰ, ਹਰਿ ਸਾਚਾ ਖੇਲ ਖਿਲਾਇੰਦਾ । ਆਪਣੀ ਕਰਨੀ ਆਪ ਵਿਚਾਰ, ਆਪੇ ਵੇਖ ਵਖਾਇੰਦਾ । ਆਪੇ ਮੰਦਰ ਹੋ ਉਂਜਿਆਰ, ਦੀਵਾ ਬਾਤੀ ਕਮਲਾਪਾਤੀ ਆਪ ਟਿਕਾਇੰਦਾ । ਆਪੇ ਸਾਚੇ ਤਖ਼ਤ ਬੈਠ ਸੱਚੀ ਸਰਕਾਰ, ਰਾਜ ਰਾਜਾਨ ਆਪਣੀ ਧਾਰ ਆਪ ਬੰਧਾਇੰਦਾ । ਆਪੇ ਵਸਣਹਾਰਾ ਸਚਖੰਡ ਸਚ ਦੁਆਰ, ਛੱਪਰ ਛੰਨ ਨਾ ਕੋਇ ਛੁਹਾਇੰਦਾ । ਆਪੇ ਘਰ ਵਿਚ ਘਰ ਕਰੇ ਤਿਆਰ, ਗ੍ਰਿਹਿ ਮੰਦਰ ਖੋਜ ਖੁਜਾਇੰਦਾ । ਕਰੇ ਖੇਲ ਅਗੰਮ ਅਪਾਰ, ਥਿਰ ਘਰ ਸਾਚਾ ਆਪ ਪਰਗਟਾਇੰਦਾ । ਥਿਰ ਘਰ ਵਸੇ ਵਸਣਹਾਰ ਆਪ ਆਪਣਾ ਬਲ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਆਪਣੀ ਕਾਰ ਆਪ ਕਰਾਇੰਦਾ । ਸੋ ਪੁਰਖ ਨਿਰੰਜਣ ਏਕਾ ਹਰਿ, ਅਕਲ ਕਲਾ ਵਡਿਆਈਆ । ਹਰਿ ਪੁਰਖ ਨਿਰੰਜਣ ਜੋਤ ਧਰ, ਆਪ ਆਪਣਾ ਲਏ ਪਰਗਟਾਈਆ । ਏਕੰਕਾਰਾ ਆਪੇ ਵੇਖੇ ਆਪਣਾ ਦਰ, ਦਰ ਦੁਆਰ ਆਪ ਖੁਲ੍ਹਾਈਆ । ਆਦਿ ਨਿਰੰਜਣ ਆਪਣੀ ਕਿਰਪਾ ਆਪੇ ਕਰ, ਆਪੇ ਹੋਏ ਸਹਾਈਆ । ਅਬਿਨਾਸ਼ੀ ਕਰਤਾ ਬਣੇ ਨਰ, ਨਰ ਨਰਾਇਣ ਵਡੀ ਵਡਿਆਈਆ । ਸ੍ਰੀ ਭਗਵਾਨ ਮੰਗੇ ਮੰਗ, ਦਰ ਆਪਣੀ ਅਲਖ ਜਗਾਈਆ । ਪਾਰਬ੍ਰਹਮ ਪ੍ਰਭ ਫੜਾਏ ਲੜ, ਸਗਲਾ ਸੰਗ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਰਚਨਾ ਆਪ ਰਚਾਈਆ । ਸਚਖੰਡ ਦੁਆਰਾ ਖੇਲ ਅਪਾਰਾ, ਹਰਿ ਨਿਰੰਕਾਰਾ ਆਪ ਕਰਾਇੰਦਾ । ਆਪੇ ਨਾਰੀ ਕੰਤ ਭਤਾਰਾ, ਹਰਿ ਹਰਿ ਆਪੇ ਸੇਜ ਸੁਹਾਇੰਦਾ । ਆਪੇ ਵਸੇ ਥਿਰ ਘਰ ਠਾਂਡੇ ਦਰ ਦਰਬਾਰਾ, ਦਰ ਦਰਵਾਜ਼ਾ ਆਪ ਖੁਲ੍ਹਾਇੰਦਾ । ਆਪੇ ਅੰਦਰ ਆਪੇ ਬਾਹਰਾ, ਗੁਪਤ ਜ਼ਾਹਰਾ ਆਪਣੀ ਕਾਰ ਕਮਾਇੰਦਾ । ਆਪੇ ਜਨਨੀ ਜਨ ਜਣੇ ਸੁਤ ਦੁਲਾਰਾ, ਮਾਤ ਪਿਤ ਆਪ ਹੋ ਜਾਇੰਦਾ । ਆਪਣੀ ਇਛਿਆ ਆਪਣੇ ਅੰਦਰੋਂ ਆਪੇ ਕਢੇ ਬਾਹਰਾ, ਸਿਰ ਆਪਣਾ ਹੱਥ ਟਿਕਾਇੰਦਾ । ਨਾਉਂ ਰਖਾਏ ਸੁਤ ਦੁਲਾਰਾ, ਸ਼ਬਦੀ ਸ਼ਬਦ ਆਪ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਬੈਠਾ ਚੜ੍ਹ, ਸਚ ਸਿੰਘਾਸਣ ਆਪ ਸੁਹਾਇੰਦਾ । ਸਚ ਸਿੰਘਾਸਣ ਸੋਭਾਵੰਤ, ਹਰਿ ਸਾਚਾ ਆਪ ਸੁਹਾਇੰਦਾ । ਕਰਿਆ ਖੇਲ ਨਾਰੀ ਕੰਤ, ਨਿਰਗੁਣ ਆਪਣਾ ਰੰਗ ਰੰਗਾਇੰਦਾ । ਆਪ ਬਣਾਈ ਸਾਚੀ ਬਣਤ, ਜਨ ਜਨਨੀ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਸੁਤ ਦੁਲਾਰਾ ਇਕ ਉਪਾਇੰਦਾ । ਸੁਤ ਦੁਲਾਰਾ ਆਪ ਉਠਾਇਆ, ਕਰ ਕਿਰਪਾ ਗੁਣ ਨਿਧਾਨ । ਦਾਈ ਦਾਇਆ ਬਣ ਬਣ ਸੇਵ ਕਮਾਇਆ, ਕਰੇ ਸੇਵ ਸ੍ਰੀ ਭਗਵਾਨ । ਮਾਤ ਪਿਤ ਬਣ ਬਣ ਗੋਦ ਉਠਾਇਆ, ਲੇਖਾ ਜਾਣੇ ਆਪਣੇ ਦਰ ਵੇਖਣਹਾਰਾ ਆਪ ਨਿਗਾਹਬਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦੇਵਣਹਾਰਾ ਸਾਚਾ ਦਾਨ । ਸ਼ਬਦ ਉਠਾਇਆ ਬਾਲ ਨਿਧਾਨਾ, ਸੋ ਪੁਰਖ ਨਿਰੰਜਣ ਦਇਆ ਕਮਾਈਆ । ਹਰਿ ਪੁਰਖ ਨਿਰੰਜਣ ਹੋ ਮਿਹਰਵਾਨਾ, ਏਕਾ ਰੂਪ ਦਏ ਦਰਸਾਈਆ । ਏਕੰਕਾਰਾ ਬਖ਼ਸ਼ਣਹਾਰਾ ਸਾਚਾ ਦਾਨਾ, ਵਸਤ ਅਮੋਲਕ ਝੋਲੀ ਪਾਈਆ । ਸ੍ਰੀ ਭਗਵਾਨ ਆਪਣੀ ਹੱਥੀਂ ਬੰਨ੍ਹੇ ਗਾਨਾ, ਸਾਚਾ ਸਗਨ ਮਨਾਈਆ । ਅਬਿਨਾਸ਼ੀ ਕਰਤਾ ਨੌਜਵਾਨਾ, ਨਾ ਮਰੇ ਨਾ ਜਾਈਆ । ਪਾਰਬ੍ਰਹਮ ਆਪ ਵਸਾਏ ਸਚ ਮਕਾਨਾ, ਥਿਰ ਘਰ ਸਾਚੇ ਵਡੀ ਵਡਿਆਈਆ । ਸਾਚੇ ਸੰਤਾਂ ਹੋ ਮਿਹਰਵਾਨਾ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਏਕਾ ਹਰਿ, ਆਦਿ ਆਦਿ ਆਪਣੀ ਖੇਲ ਆਪ ਖਿਲਾਈਆ । ਆਪ ਉਠਾਏ ਸੁਤ ਦੁਲਾਰਾ, ਸਿਰ ਆਪਣਾ ਹੱਥ ਰਖਾਇੰਦਾ । ਕਿਰਪਾ ਕਰੇ ਆਪ ਕਰਤਾਰਾ, ਆਪਣੀ ਦਇਆ ਕਮਾਇੰਦਾ । ਏਕਾ ਵਸਤ ਦੇਵੇ ਹਰਿ ਥਾਰਾ, ਅਤੋਟ ਅਤੁਟ ਰਖਾਇੰਦਾ । ਹੁਕਮੀ ਹੁਕਮ ਵਰਤੇ ਵਰਤਾਰਾ, ਧੁਰ ਫ਼ਰਮਾਨਾ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਸ਼ਬਦੀ ਸ਼ਬਦ ਨਾਉਂ ਧਰਾਇੰਦਾ । ਸ਼ਬਦ ਉਠਾਇਆ ਹਰਿ ਕਰਤਾਰ, ਆਪਣਾ ਰੂਪ ਆਪ ਪਰਗਟਾਈਆ । ਦੇਵੇ ਵਰ ਸੱਚੀ ਸਰਕਾਰ, ਸ਼ਹਿਨਸ਼ਾਹ ਸੱਚਾ ਪਾਤਸ਼ਾਹੀਆ । ਥਿਰ ਘਰ ਖੇਲ ਅਗੰਮ ਅਪਾਰ, ਪਾਰਬ੍ਰਹਮ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਆਦਿ ਰੂਪ ਅਨਾਦਿ ਆਪਣਾ ਆਪ ਧਰਾਈਆ । ਆਪਣਾ ਰੂਪ ਆਪ ਧਰਾਇਆ, ਜੋਤੀ ਜੋਤ ਜੋਤ ਜਗਾਈਆ । ਆਪਣੀ ਸ਼ਕਤੀ ਆਪ ਉਪਾਇਆ, ਸ਼ਕਤ ਸ਼ਕਤ ਵਿਚ ਸਮਾਈਆ । ਆਪਣਾ ਜਲਵਾ ਆਪ ਰਖਾਇਆ, ਵੇਖਣਹਾਰ ਆਪ ਹੋ ਜਾਈਆ । ਆਪਣਾ ਮੰਦਰ ਆਪ ਬਣਾਇਆ, ਨਾ ਕੋਈ ਬਾਢੀ ਬਣਤ ਬਣਾਈਆ । ਆਪਣਾ ਦੀਪ ਆਪ ਜਗਾਇਆ, ਤੇਲ ਬਾਤੀ ਨਾ ਕੋਇ ਰਖਾਈਆ । ਆਪੇ ਸਾਕੀ ਬਣ ਬਣ ਆਪੇ ਜਾਮ ਪਿਆਇਆ, ਆਪਣਾ ਰਸ ਆਪਣੇ ਹੱਥ ਰਖਾਈਆ । ਆਪਣੀ ਤਾਕੀ ਖੋਲ੍ਹ ਆਪਣਾ ਰੂਪ ਆਪ ਪਰਗਟਾਇਆ, ਸਚਖੰਡ ਦੁਆਰ ਵੱਜੇ ਵਧਾਈਆ । ਆਪਣਾ ਪਰਦਾ ਆਪ ਉਠਾਇਆ, ਥਿਰ ਘਰ ਵੇਖੇ ਬੇਪਰਵਾਹੀਆ । ਆਦਿ ਆਦਿ ਹਰਿ ਪੁਰਖ ਆਪਣਾ ਵੇਸ ਆਪ ਵਟਾਇਆ, ਨਾ ਕੋਇ ਬਣਿਆ ਪਿਤਾ ਮਾਈਆ । ਸੁਤ ਦੁਲਾਰਾ ਏਕਾ ਜਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮਾਰਗ ਆਪੇ ਲਾਈਆ । ਸੁਤ ਦੁਲਾਰਾ ਉਠਿਆ, ਸੋ ਪੁਰਖ ਨਿਰੰਜਣ ਆਪ ਉਠਾਇੰਦਾ । ਹਰਿ ਪੁਰਖ ਨਿਰੰਜਣ ਆਪੇ ਤੁਠਿਆ, ਆਪਣੀ ਕੁੱਖੀ ਭਾਗ ਲਗਾਇੰਦਾ । ਏਕੰਕਾਰਾ ਆਪ ਪਿਆਏ ਸਾਚਾ ਅੰਮ੍ਰਿਤ ਘੁੱਟਿਆ, ਆਦਿ ਨਿਰੰਜਣ ਸੇਵ ਕਮਾਇੰਦਾ । ਅਬਿਨਾਸ਼ੀ ਕਰਤਾ ਆਦਿ ਜੁਗਾਦਿ ਨਾ ਜਾਏ ਕਦੇ ਲੁਟਿਆ, ਸਚ ਭੰਡਾਰ ਹੱਥ ਰਖਾਇੰਦਾ । ਸ੍ਰੀ ਭਗਵਾਨ ਉਪਾਏ ਸਾਚਾ ਕੋਟਿਆ, ਸਚਖੰਡ ਦੁਆਰਾ ਆਪ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਜਗਾਏ ਨਿਰਮਲ ਜੋਤਿਆ, ਜੋਤੀ ਜਾਤਾ ਆਪਣਾ ਭੇਵ ਆਪਣੇ ਵਿਚ ਰਖਾਇੰਦਾ । ਆਪਣਾ ਭੇਵ ਆਪ ਛੁਪਾ, ਆਪਣੀ ਖੇਲ ਆਪ ਖਿਲਾਇੰਦਾ । ਪੁਰਖ ਅਬਿਨਾਸ਼ੀ ਬੇਪਰਵਾਹ, ਆਪਣਾ ਮਾਰਗ ਆਪੇ ਲਾਇੰਦਾ ।

ਆਪੇ ਬਣੇ ਹਰਿ ਮਲਾਹ, ਖੇਵਟ ਖੇਟਾ ਆਪਣਾ ਨਾਉਂ ਧਰਾਇੰਦਾ । ਆਪੇ ਦੇਵਣਹਾਰਾ ਸਚ ਸਲਾਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਸੁਤ ਦੁਲਾਰਾ ਆਪ ਉਪਾਇੰਦਾ । ਸੁਤ ਦੁਲਾਰਾ ਹੋ ਤਿਆਰ, ਪ੍ਰਭ ਅੱਗੇ ਸੀਸ ਝੁਕਾਈਆ । ਹਉਂ ਸੇਵਕ ਤੂੰ ਬਣ ਰਖਵਾਰ, ਹਉਂ ਭਿਖਕ ਏਕਾ ਭਿਛਿਆ ਮੰਗ ਮੰਗਾਈਆ । ਤੂੰ ਸਮਰਥ ਪੁਰਖ ਨਿਰਾਕਾਰ, ਤੇਰੀ ਮਹਿਮਾ ਅਕਥ ਕਥੀ ਨਾ ਜਾਈਆ । ਦੇ ਵਸਤ ਅਪਰ ਅਪਾਰ, ਆਦਿ ਜੁਗਾਦਿ ਤੋਟ ਨਾ ਆਈਆ । ਮੇਰਾ ਰੂਪ ਨਾ ਕੋਈ ਘੜੇ ਨਾ ਕੋਈ ਭੰਨੇ ਤੇਰਾ ਬਣਿਆ ਰਹੇ ਪਿਆਰ, ਜੋਤੀ ਜੋਤ ਜੋਤ ਰਲਾਈਆ । ਤੇਰੀ ਇਛਿਆ ਮੇਰੀ ਧੁਨਕਾਰ, ਮੇਰੀ ਧੁਨ ਤੇਰਾ ਪਿਆਰ, ਪਿਆਰ ਪਿਆਰ ਵਿਚ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸੁਤ ਦੁਲਾਰਾ ਢਹਿ ਪਿਆ ਸਰਨਾਈਆ । ਸੁਤ ਦੁਲਾਰਾ ਮੰਗੇ ਦਾਨ, ਪੁਰਖ ਅਬਿਨਾਸ਼ੀ ਅੱਗੇ ਸੀਸ ਝੁਕਾਇੰਦਾ । ਹਉਂ ਸੇਵਕ ਬਾਲ ਨਿਧਾਨ, ਤੇਰੀ ਓਟ ਇਕ ਤਕਾਇੰਦਾ । ਦਰ ਦੁਆਰੇ ਦੇਣਾ ਮਾਣ, ਜੁਗ ਜੁਗ ਤੇਰੀ ਸੇਵ ਕਰਾਇੰਦਾ । ਸਚਖੰਡ ਦੁਆਰੇ ਕਰ ਪਰਵਾਨ, ਥਿਰ ਘਰ ਤੇਰਾ ਇਕ ਸੁਹਾਇੰਦਾ । ਤਖ਼ਤ ਨਿਵਾਸੀ ਹੋ ਮਿਹਰਵਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਉਂ ਏਕਾ ਮੰਗ ਮੰਗਾਇੰਦਾ । ਮੰਗਣਹਾਰਾ ਮੰਗੇ ਮੰਗ, ਪ੍ਰਭ ਅੱਗੇ ਸੀਸ ਝੁਕਾਈਆ । ਤੇਰਾ ਨਾਉਂ ਵੱਜੇ ਮਰਦੰਗ, ਵਜਾਵਣਹਾਰ ਇਕ ਹੋ ਜਾਈਆ । ਤੇਰਾ ਦੁਆਰਾ ਵੇਖਾਂ ਲੰਘ, ਬਖ਼ਸ਼ੀ ਸਚ ਸਰਨਾਈਆ । ਨੰਗੀ ਹੋਏ ਨਾ ਮੇਰੀ ਕੰਡ, ਸਿਰ ਆਪਣਾ ਹੱਥ ਰਖਾਈਆ । ਦੋ ਜਹਾਨਾਂ ਰੱਖੀਂ ਠੰਡ, ਤੂੰ ਦਾਤਾ ਬੇਪਰਵਾਹ ਸੱਚਾ ਸ਼ਹਿਨਸ਼ਾਹੀਆ । ਆਦਿ ਜੁਗਾਦਿ ਰਹੇ ਤੇਰਾ ਅਨੰਦ, ਅਨੰਦ ਅਨੰਦ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸ਼ਬਦੀ ਸ਼ਬਦ ਸੰਗ ਨਿਭਾਈਆ । ਪੁਰਖ ਅਬਿਨਾਸ਼ੀ ਹੋ ਮਿਹਰਵਾਨ, ਆਪਣੀ ਦਇਆ ਕਮਾਇੰਦਾ । ਸੁਤ ਦੁਲਾਰਾ ਕਰ ਪਰਵਾਨ, ਸਿਰ ਆਪਣਾ ਹੱਥ ਰਖਾਇੰਦਾ । ਏਕਾ ਦੇਵੇ ਦਾਨੀ ਦਾਨ, ਆਪਣੀ ਇਛਿਆ ਝੋਲੀ ਆਪ ਭਰਾਇੰਦਾ । ਆਪੇ ਬਣਿਆ ਸਾਚਾ ਕਾਹਨ, ਸਾਚੇ ਮੰਡਲ ਰਾਸ ਰਚਾਇੰਦਾ । ਆਦਿ ਜੁਗਾਦਿ ਹੋਏ ਸਦਾ ਨਿਗਹਬਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਵਰ ਦਾਤਾ ਸ੍ਰੀ ਭਗਵਾਨ । ਹਰਿ ਭੰਡਾਰ ਵਰਤਾਇਆ, ਕਰ ਕਿਰਪਾ ਸ੍ਰੀ ਭਗਵਾਨ । ਆਪਣਾ ਭੇਵ ਆਪ ਖੁਲ੍ਹਾਇਆ, ਭੇਵ ਅਭੇਦਾ ਭੇਵ ਮਹਾਨ । ਸਾਚੇ ਸੁਤ ਤੇਰੀ ਸੇਵਾ ਇਕ ਰਖਾਇਆ, ਸੇਵਕ ਸੇਵਾ ਦੋ ਜਹਾਨ । ਆਪਣਾ ਰੂਪ ਤੇਰਾ ਨਾਉਂ ਪਰਗਟਾਇਆ, ਤੇਰਾ ਨਾਉਂ ਨਾ ਕੋਇ ਨਿਸ਼ਾਨ । ਤੇਰੀ ਇਛਿਆ ਇਕ ਵਖਾਇਆ, ਗੁਣ ਦਾਤਾ ਗੁਣ ਨਿਧਾਨ । ਤੇਰੇ ਮੰਦਰ ਡੇਰਾ ਲਾਇਆ, ਥਿਰ ਘਰ ਵੇਖੇ ਸਚ ਮਕਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਦੇਵੇ ਸਚ ਪਛਾਣ । ਸਚ ਪਛਾਣ ਜਣਾਇੰਦਾ, ਹਰਿ ਕਰਤਾ ਮਿਹਰਵਾਨ । ਜਨਨੀ ਜਨ ਵੇਖ ਵਖਾਇੰਦਾ, ਵੇਖਣਹਾਰਾ ਦੋ ਜਹਾਨ । ਆਪਣੀ ਗੋਦ ਆਪ ਸੁਹਾਇੰਦਾ, ਸੁਤ ਦੁਲਾਰਾ ਦੇਵੇ ਦਾਨ । ਸ਼ਬਦੀ ਸ਼ਬਦ ਆਪ ਵਡਿਆਇੰਦਾ, ਜੋਧਾ ਸੂਰਬੀਰ ਬਲੀ ਬਲਵਾਨ । ਆਪਣਾ ਰੂਪ ਆਪ ਧਰਾਇੰਦਾ, ਨਿਰਗੁਣ ਨਿਰਗੁਣ ਹੋ ਪਰਧਾਨ । ਵਿਸ਼ਵ ਆਪਣੀ ਕਾਰ ਕਮਾਇੰਦਾ, ਆਪੇ ਵਿਸ਼ਨੂੰ ਦੇਵੇ ਦਾਨ । ਆਪੇ ਅੰਮ੍ਰਿਤ ਆਪਣਾ ਆਪ ਧਰਾਇੰਦਾ, ਆਪੇ ਵੇਖਣਹਾਰ ਗੁਣ ਨਿਧਾਨ । ਆਪੇ ਕਵਲਾ ਕਵਲ ਖਲਾਇੰਦਾ, ਆਪ ਬਣਾਏ ਸਚ ਸੰਤਾਨ । ਆਪੇ ਆਪਣੀ ਵੰਡ ਵੰਡਾਇੰਦਾ,

ਪਾਰਬ੍ਰਹਮ ਕਰੇ ਖੇਲ ਮਹਾਨ । ਪੱਤ ਡਾਲੀ ਆਪ ਮਹਿਕਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪੇ ਹੋਇਆ ਜਾਣੀ ਜਾਣ । ਵਿਸ਼ਨੂੰ ਉਪਾਇਆ ਵਿਸ਼ਵ ਧਾਰ, ਵਾਸਤਕ ਆਪਣੀ ਖੇਲ ਖਿਲਾਈਆ । ਆਪੇ ਹੋਏ ਵੇਖਣਹਾਰ, ਆਪਣੀ ਕਲ ਪ੍ਰਗਟਾਈਆ । ਸਾਰ ਸ਼ਬਦ ਖੇਲ ਨਿਆਰ, ਧਾਰ ਧਾਰ ਲਏ ਬੰਧਾਈਆ । ਜੋਤੀ ਨੂਰ ਨੂਰ ਉਜਿਆਰ, ਨੂਰ ਨੁਰਾਨਾ ਨੂਰ ਨੂਰ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਖਿਲਾਈਆ । ਵਿਸ਼ਨ ਖੇਲ ਹਰਿ ਖਿਲਾਇਆ, ਖੇਲਣਹਾਰ ਪੁਰਖ ਅਗੰਮ । ਆਪਣਾ ਰੂਪ ਆਪ ਧਰਾਇਆ, ਨਾ ਮਰੇ ਨਾ ਪਏ ਜੰਮ । ਆਪਣਾ ਰੰਗ ਆਪ ਰੰਗਾਇਆ, ਆਪੇ ਜਾਣੇ ਕੰਮ । ਆਪਣਾ ਆਸਣ ਆਪ ਸੁਹਾਇਆ, ਆਪੇ ਬੇੜਾ ਰਿਹਾ ਬੰਨ੍ਹ । ਆਪਣਾ ਹੁਕਮ ਆਪ ਸੁਹਾਇਆ, ਆਪੇ ਰਿਹਾ ਮੰਨ । ਆਪਣਾ ਬੰਧਨ ਆਪੇ ਪਾਇਆ, ਆਪੇ ਬਣੇ ਜਨਨੀ ਜਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸ੍ਰੀ ਭਗਵਨ । ਸ੍ਰੀ ਭਗਵਾਨ ਖੇਲ ਖਿਲਾਇਆ, ਆਪ ਆਪਣੀ ਕਿਰਪਾ ਧਾਰ । ਆਪਣਾ ਮੰਦਰ ਆਪ ਸੁਹਾਇਆ, ਆਪੇ ਹੋਏ ਉਜਿਆਰ । ਆਪਣੀ ਇਛਿਆ ਆਪ ਪ੍ਰਗਟਾਇਆ, ਆਪੇ ਭਰੇ ਭੰਡਾਰ । ਆਪਣਾ ਰਸ ਆਪ ਚੁਆਇਆ, ਸਾਚਾ ਅੰਮ੍ਰਿਤ ਕਰ ਤਿਆਰ । ਆਪਣੇ ਅੰਦਰ ਆਪ ਟਿਕਾਇਆ, ਆਪੇ ਬਖ਼ਸ਼ੇ ਧਾਰ । ਆਪਣੀ ਨਾਭ ਆਪ ਵਹਾਇਆ, ਆਪੇ ਕਰੇ ਵਿਚਾਰ । ਆਪਣਾ ਕਵਲ ਆਪ ਉਪਾਇਆ, ਆਪੇ ਅੰਦਰ ਆਪੇ ਬਾਹਿਰ । ਸਾਚੀ ਪੰਖੜੀਆਂ ਆਪ ਸੁਹਾਇਆ, ਆਪੇ ਕਰੇ ਉਜਿਆਰ । ਆਪਣੀ ਵੰਡ ਆਪ ਵੰਡਾਇਆ, ਪਾਰਬ੍ਰਹਮ ਬ੍ਰਹਮ ਹੋ ਨਿਆਰ, ਬ੍ਰਹਮ ਆਪਣਾ ਨਾਉਂ ਰਖਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਆਪਣੀ ਕਾਰ । ਬ੍ਰਹਮ ਆਪ ਪਰਗਟਾ, ਆਪਣਾ ਖੇਲ ਖਿਲਾਇੰਦਾ । ਆਪਣੇ ਅੱਗੇ ਸੀਸ ਝੁਕਾ, ਆਪੇ ਮੰਗ ਮੰਗਾਇੰਦਾ । ਬ੍ਰਹਮ ਬਾਲ ਅਵਾਣਾ ਪਕੜੀਂ ਬਾਂਹ, ਇਕ ਤੇਰੀ ਓਟ ਰਖਾਇੰਦਾ । ਚਰਨ ਕਵਲ ਦੇਣਾ ਸਾਚਾ ਥਾਂ, ਸਾਚਾ ਘਰ ਸਮਰਥ ਮੋਹੇ ਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਮੰਗ ਮੰਗਾਇੰਦਾ । ਪੁਰਖ ਅਬਿਨਾਸ਼ੀ ਦਇਆ ਕਮਾ, ਏਕਾ ਤੱਤ ਸਮਝਾਇੰਦਾ । ਏਕਾ ਸਰਨ ਇਕ ਸਰਨਾ, ਇਕ ਦੁਆਰਾ ਜਣਾਇੰਦਾ । ਸਦਾ ਰੱਖਾਂ ਸਿਰ ਠੰਡੀ ਛਾਂ, ਸਿਰ ਆਪਣਾ ਹੱਥ ਟਿਕਾਇੰਦਾ । ਏਕਾ ਰੂਪ ਦਿਆਂ ਦਰਸਾ, ਮਹਿਮਾ ਅਨੂਪ ਨਾ ਕੋਈ ਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਹੁਕਮ ਜਣਾਇੰਦਾ । ਬ੍ਰਹਮਾ ਦੋਏ ਜੋੜ ਕਰੇ ਨਿਮਸਕਾਰ, ਨਿਉਂ ਨਿਉਂ ਸੀਸ ਝੁਕਾਈਆ । ਤੂੰ ਬੇਐਬ ਖ਼ੁਦਾਈ ਪਰਵਰਦਿਗਾਰ, ਪਾਰਬ੍ਰਹਮ ਵਡੀ ਵਡਿਆਈਆ । ਤੁਧ ਬਿਨ ਅਵਰ ਨਾ ਕੋਈ ਸਹਾਰ, ਸ਼ਾਹ ਪਾਤਸ਼ਾਹ ਸੱਚੇ ਸ਼ਹਿਨਸ਼ਾਹੀਆ । ਤੇਰਾ ਦਰ ਸੱਚਾ ਦਰਬਾਰ, ਦਰ ਘਰ ਸਾਚਾ ਇਕ ਸੁਹਾਈਆ । ਆਦਿ ਅੰਤ ਤੇਰਾ ਪਿਆਰ, ਭੁਲ ਕਦੇ ਨਾ ਜਾਈਆ । ਤੇਰੇ ਅੰਦਰੋਂ ਆਇਆ ਬਾਹਿਰ, ਤੇਰਾ ਪੁੱਤ ਅਖਵਾਈਆ । ਤੂੰ ਸ਼ਾਹ ਪਾਤਸ਼ਾਹ ਸੱਚੀ ਸਰਕਾਰ, ਤਖ਼ਤ ਨਿਵਾਸੀ ਬੇਪਰਵਾਹੀਆ । ਸਚ ਸਰਨਾਈ ਤੇਰੀ ਨਿਰੰਕਾਰ, ਦੂਸਰ ਓਟ ਨਾ ਕੋਇ ਤਕਾਈਆ । ਤੇਰਾ ਹੁਕਮ ਸਤਿ ਵਰਤਾਰ, ਸਤਿ ਸਤਿਵਾਦੀ ਸਚ ਚਲਾਈਆ । ਆਦਿ ਆਦੀ ਤੇਰੀ ਕਾਰ, ਆਦਿ ਪੁਰਖ ਵਡੀ ਵਡਿਆਈਆ । ਤੇਰਾ ਨਾਦ ਸੱਚੀ ਧੁਨਕਾਰ, ਧੁਨ ਧੁਨ ਵਿਚ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਿਰ ਆਪਣਾ ਹੱਥ ਟਿਕਾਈਆ । ਸਿਰ ਹੱਥ ਸਮਰਥ ਰਖਾਇੰਦਾ,

੧੫੨
੧੦

ਕਰ ਕਿਰਪਾ ਹਰਿ ਮਿਹਰਵਾਨ । ਆਪਣੀ ਗਾਥਾ ਆਪ ਅਲਾਇੰਦਾ, ਆਪੇ ਦੇਵੇ ਧੁਰ ਫ਼ਰਮਾਨ । ਚਾਰੇ ਵੇਦਾਂ ਆਪ ਜਣਾਇੰਦਾ, ਆਪੇ ਹੋਏ ਜਾਣੀ ਜਾਣ । ਸਾਚਾ ਮਾਰਗ ਆਪੇ ਲਾਇੰਦਾ, ਖੇਲੇ ਖੇਲ ਸ੍ਰੀ ਭਗਵਾਨ । ਆਪਣੀ ਵੰਡ ਆਪ ਵੰਡਾਇੰਦਾ, ਆਪੇ ਵੇਖੇ ਆਣ । ਚਾਰੇ ਜੁਗ ਵੇਸ ਵਟਾਇੰਦਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਕਰ ਪਰਧਾਨ । ਚਾਰੇ ਖਾਣੀ ਆਪ ਉਪਾਇੰਦਾ, ਅੰਡਜ ਜੇਰਜ ਉਤਭੁਜ ਸੇਤਜ ਦੇਵੇ ਦਾਨ । ਚਾਰੇ ਬਾਣੀ ਆਪ ਸੁਣਾਇੰਦਾ, ਪਰਾ ਪਸੰਤੀ ਮਧਮ ਬੈਖ਼ਰੀ ਗਾਏ ਗਾਨ । ਚਾਰੇ ਕੁੰਟ ਆਪਣਾ ਰੂਪ ਧਰਾਇੰਦਾ, ਪਾਰਬ੍ਰਹਮ ਬ੍ਰਹਮ ਪਹਿਚਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਵਿਸ਼ਨ ਬ੍ਰਹਮਾ ਸ਼ਿਵ ਇਕ ਵਖਾਏ ਸਚ ਨਿਸ਼ਾਨ । ਹਰਿ ਸਚ ਨਿਸ਼ਾਨ ਵਖਾਇੰਦਾ, ਸਚਖੰਡ ਦੁਆਰਾ ਏਕੰਕਾਰ । ਇਕ ਇਕੱਲਾ ਆਸਣ ਲਾਇੰਦਾ, ਤਖ਼ਤ ਨਿਵਾਸੀ ਸੱਚੀ ਸਰਕਾਰ । ਆਪਣਾ ਹੁਕਮ ਆਪ ਉਪਾਇੰਦਾ, ਆਪੇ ਹੋਏ ਮੰਨਣਹਾਰ । ਆਪੇ ਸ਼ਬਦੀ ਰੂਪ ਵਟਾਇੰਦਾ, ਆਪੇ ਵਿਸ਼ਨ ਬ੍ਰਹਮਾ ਸ਼ਿਵ ਆਪਣੀ ਬੰਨ੍ਹੇ ਧਾਰ । ਆਪੇ ਤ੍ਰੈਗੁਣ ਤੱਤ ਪਰਗਟਾਇੰਦਾ, ਆਪ ਪੰਚਮ ਕਰੇ ਪਿਆਰ । ਆਪੇ ਬ੍ਰਹਿਮੰਡ ਖੰਡ ਰਚਨ ਰਚਾਇੰਦਾ, ਆਪੇ ਲੋਆਂ ਪੁਰੀਆਂ ਦਏ ਆਧਾਰ । ਆਪੇ ਰਵ ਸਸ ਜੋਤ ਚਮਕਾਇੰਦਾ, ਆਪੇ ਮੰਡਲ ਮੰਡਪ ਦਏ ਸਹਾਰ । ਆਪਣੀ ਕਲ ਆਪ ਵਰਤਾਇੰਦਾ, ਅਕਲ ਕਲ ਹੋ ਤਿਆਰ । ਆਪੇ ਲੱਖ ਚੁਰਾਸੀ ਖੇਲ ਖਿਲਾਇੰਦਾ, ਘਰ ਘਰ ਵਿਚ ਪਾਵੇ ਸਾਰ । ਆਪੇ ਘਾੜਨ ਸਚ ਘੜਾਇੰਦਾ, ਆਪੇ ਬਣਿਆ ਆਪ ਠਠਿਆਰ । ਆਪੇ ਰਕਤ ਬੂੰਦ ਮੇਲ ਮਿਲਾਇੰਦਾ, ਪੰਜ ਤੱਤ ਦਏ ਆਧਾਰ । ਆਪੇ ਨੌਂ ਦੁਆਰੇ ਖੇਲ ਖਿਲਾਇੰਦਾ, ਆਪੇ ਡੂੰਘੀ ਕੰਦਰ ਪਾਵੇ ਸਾਰ । ਆਪੇ ਆਸਾ ਤ੍ਰਿਸ਼ਨਾ ਆਪਣਾ ਨਾਉਂ ਧਰਾਇੰਦਾ, ਆਪੇ ਬਣਿਆ ਕਾਮ ਕਰੋਧ ਲੋਭ ਮੋਹ ਹੰਕਾਰ । ਆਪੇ ਹਉਮੇ ਹੰਗਤਾ ਗੜ੍ਹ ਬਣਾਇੰਦਾ, ਆਪੇ ਉਚੀ ਕੂਕ ਕਰੇ ਪੁਕਾਰ । ਆਪੇ ਆਪਣੀ ਵੰਡ ਵੰਡਾਇੰਦਾ, ਨਿਰਗੁਣ ਨਿਰਗੁਣ ਹੋ ਤਿਆਰ । ਆਪੇ ਮਨ ਮਤ ਬੁਧ ਨਾਉਂ ਧਰਾਇੰਦਾ, ਜੋਤੀ ਅੰਸ ਕਰ ਆਕਾਰ । ਆਪੇ ਸੁਖਮਨ ਰਾਹ ਵਖਾਇੰਦਾ, ਆਪੇ ਟੇਢੀ ਬੰਕ ਹੋਇਆ ਧੂਆਂਧਾਰ । ਆਪੇ ਈੜਾ ਪਿੰਗਲ ਬੰਧਨ ਪਾਇੰਦਾ, ਆਪੇ ਖੜਾ ਰਹੇ ਦੁਆਰ । ਆਪੇ ਅੰਮ੍ਰਿਤ ਸਰੋਵਰ ਤਾਲ ਭਰਾਇੰਦਾ, ਆਪੇ ਨਿਝਰ ਝਿਰਨਾ ਝਿਰੇ ਅਪਾਰ । ਆਪੇ ਧੂਆਂਧਾਰ ਵਖਾਇੰਦਾ, ਘਟ ਭੀਤਰ ਨਾ ਕੋਇ ਵਿਚਾਰ । ਆਪੇ ਬਜਰ ਕਪਾਟੀ ਕੁੰਡਾ ਲਾਇੰਦਾ, ਆਪੇ ਹੋਏ ਤੋੜਨਹਾਰ । ਆਪੇ ਸ਼ਬਦੀ ਡੰਕ ਵਜਾਇੰਦਾ, ਆਪੇ ਅਨਹਦ ਧੁਨ ਸੱਚੀ ਧੁਨਕਾਰ । ਆਪੇ ਸ਼ਬਦ ਰੂਪ ਵਟਾਇੰਦਾ, ਆਪੇ ਕਰੇ ਖੇਲ ਅਪਰ ਅਪਾਰ । ਆਪੇ ਆਤਮ ਸੇਜ ਸੁਹਾਇੰਦਾ, ਆਪੇ ਨਾਰੀ ਕੰਤ ਭਤਾਰ । ਆਪੇ ਸੁਰਤੀ ਸ਼ਬਦ ਮਿਲਾਇੰਦਾ, ਸ਼ਬਦ ਮਿਲਾਵਾ ਏਕੰਕਾਰ । ਆਪੇ ਦਸਮ ਦੁਆਰੀ ਆਸਣ ਲਾਇੰਦਾ, ਨਿਰਗੁਣ ਜੋਤ ਕਰ ਉਜਿਆਰ । ਆਪੇ ਆਪਣਾ ਬਲ ਰਖਾਇੰਦਾ, ਦਸਮ ਦੁਆਰੀ ਹੋਵੇ ਬਾਹਰ । ਆਪੇ ਧੂਆਂਧਾਰ ਸਮਾਇੰਦਾ, ਆਪੇ ਸੁੰਨ ਅਗੰਮੀ ਕਰੇ ਪਾਰ ਕਿਨਾਰ । ਆਪੇ ਕੋਟਨ ਰਵ ਸਸ ਨੂਰ ਆਪਣੀ ਜੋਤੀ ਚਮਕਾਇੰਦਾ, ਆਪੇ ਹੋਏ ਵੇਖਣਹਾਰ । ਆਪੇ ਬ੍ਰਹਮਾ ਵਿਸ਼ਨ ਸ਼ਿਵ ਚਰਨਾਂ ਨਾਲ ਰਖਾਇੰਦਾ, ਆਪੇ ਦੇਵਣਹਾਰ ਆਧਾਰ । ਆਪੇ ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਖੋਜ ਖੁਜਾਇੰਦਾ, ਆਪੇ ਨਿਰਗੁਣ ਸਰਗੁਣ ਕਰੇ ਪਿਆਰ । ਆਪੇ ਨਿਰਗੁਣ ਨੂਰ ਆਪ ਧਰਾਇੰਦਾ, ਸ਼ਬਦੀ ਖੇਲ ਅਪਰ ਅਪਾਰ । ਆਪੇ ਥਿਰ ਘਰ ਆਸਣ ਲਾਇੰਦਾ, ਆਪ ਸੁਹਾਏ ਬੰਕ ਦੁਆਰ । ਆਪੇ ਉਚੇ ਪੌੜੇ ਚੜ੍ਹ ਅਪਣਾ ਪੰਧ ਮੁਕਾਇੰਦਾ, ਆਪੇ ਵਸੇ ਸਚਖੰਡ ਸੱਚਾ ਨਿਰੰਕਾਰ । ਆਪੇ ਆਦਿ ਪੁਰਖ ਆਪਣਾ

ਨਾਉਂ ਧਰਾਇੰਦਾ, ਆਪੇ ਸੋ ਪੁਰਖ ਨਿਰੰਜਣ ਮੀਤ ਮੁਰਾਰ । ਆਪੇ ਹਰਿ ਪੁਰਖ ਨਿਰੰਜਣ ਆਪਣੇ ਗੀਤ ਗਾਇੰਦਾ, ਆਪੇ ਏਕੰਕਾਰਾ ਬੋਲੇ ਸਤਿ ਜੈਕਾਰ । ਆਪੇ ਆਦਿ ਨਿਰੰਜਣ ਆਪਣੀ ਜੋਤ ਡਗਮਗਾਇੰਦਾ, ਆਪੇ ਅਬਿਨਾਸ਼ੀ ਕਰਤਾ ਬਣੇ ਸਾਚਾ ਯਾਰ । ਆਪੇ ਸ੍ਰੀ ਭਗਵਾਨ ਆਪਣਾ ਮੰਦਰ ਆਪੇ ਵੇਖ ਵਖਾਇੰਦਾ, ਆਪੇ ਪਾਰਬ੍ਰਹਮ ਕਰੇ ਸਤਿ ਸ਼ਿੰਗਾਰ । ਆਪੇ ਬ੍ਰਹਮ ਮੇਲ ਮਿਲਾਇੰਦਾ, ਆਤਮ ਬ੍ਰਹਮ ਦਏ ਆਧਾਰ । ਆਪੇ ਵਿਸ਼ਨ ਬ੍ਰਹਮਾ ਸ਼ਿਵ ਸੇਵ ਲਗਾਇੰਦਾ, ਆਦਿ ਜੁਗਾਦੀ ਦੱਸੇ ਸਾਚੀ ਕਾਰ । ਲੱਖ ਚੁਰਾਸੀ ਆਪੇ ਵੇਖ ਵਖਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮਾ ਸ਼ਿਵ ਦੇਵੇ ਵਰ, ਏਕਾ ਆਪਣਾ ਨਾਉਂ ਸਮਝਾਇੰਦਾ, ਸਾਚਾ ਨਾਉਂ ਹਰਿ ਸਮਝਾਇਆ, ਤ੍ਰੈ ਤ੍ਰੈ ਵੰਡ ਵੰਡਾਈਆ । ਆਦਿ ਜੁਗਾਦੀ ਖੇਲ ਰਚਾਇਆ, ਜੁਗਾ ਜੁਗੰਤਰ ਵੇਸ ਵਟਾਈਆ । ਨਿਰਗੁਣ ਸਰਗੁਣ ਲਏ ਮਿਲਾਇਆ, ਸਰਗੁਣ ਦਾਤਾ ਨਿਰਗੁਣ ਅਖਵਾਈਆ । ਜੋਤੀ ਜੋਤ ਲਏ ਮਿਲਾਇਆ, ਜਾਗਰਤ ਜੋਤ ਕਰ ਰੁਸ਼ਨਾਈਆ । ਚਾਰੇ ਖਾਣੀ ਚਾਰੇ ਜੁਗ ਚਾਰੇ ਬਾਣੀ ਵੰਡ ਵੰਡਾਇਆ, ਇਕ ਇਕੱਲਾ ਵੇਖ ਵਖਾਈਆ । ਦੂਜਾ ਦਰ ਆਪ ਸੁਹਾਇਆ, ਗੁਰ ਪੀਰ ਅਵਤਾਰ ਆਪਣਾ ਰੂਪ ਵਟਾਈਆ । ਤੀਜਾ ਨੈਣ ਲਏ ਖੁਲ੍ਹਾਇਆ, ਨਿਜ ਨੇਤਰ ਕਰ ਰੁਸ਼ਨਾਈਆ । ਚੌਥਾ ਪਦ ਆਪ ਬਣਾਇਆ, ਘਰ ਬੈਠਾ ਸਾਚਾ ਮਾਹੀਆ । ਪੰਚਮ ਮੇਲਾ ਆਪ ਸਹਿਜ ਸੁਭਾਇਆ, ਪੰਚਮ ਸਖ਼ੀਆਂ ਮੰਗਲ ਗਾਈਆ । ਛੇਵੇਂ ਛੱਪਰ ਛੰਨ ਨਾ ਕੋਇ ਛੁਹਾਇਆ, ਨਿਰਗੁਣ ਜੋਤ ਇਕ ਰੁਸ਼ਨਾਈਆ । ਸਤਵੇਂ ਸਤਿ ਸਤਿਵਾਦੀ ਆਪਣਾ ਖੇਲ ਵਖਾਇਆ, ਨਾ ਮਰੇ ਨਾ ਜਾਈਆ । ਅੱਠਾਂ ਤੱਤਾਂ ਵਿਚ ਕਦੇ ਨਾ ਆਇਆ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਬੰਧਨ ਕੋਇ ਨਾ ਪਾਈਆ । ਨੌਂ ਦੁਆਰ ਨਾ ਡੇਰਾ ਲਾਇਆ, ਦਸਵੇਂ ਆਪਣੀ ਖੋਜ ਖੁਜਾਈਆ । ਨਿਰਗੁਣ ਨਿਰਵੈਰ ਦਇਆ ਕਮਾਇਆ, ਵਿਸ਼ਨੂੰ ਤੇਰਾ ਸੰਗ ਰਖਾਈਆ । ਏਕਾ ਹੁਕਮ ਹਰਿ ਸੁਣਾਇਆ, ਭੁਲ ਕੋਇ ਨਾ ਜਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਵੰਡ ਵੰਡਾਇਆ, ਚਾਰ ਜੁਗ ਏਕਾ ਚੌਕੜ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸੇਵਾ ਦਏ ਸਮਝਾਈਆ । ਨਵ ਨੌਂ ਚਾਰ ਸੇਵ ਅਪਾਰ, ਹਰਿ ਸਾਚਾ ਸਚ ਜਣਾਇੰਦਾ । ਵਿਸ਼ਨੂੰ ਮੰਗੇ ਦਰ ਦਰਬਾਰ, ਪ੍ਰਭ ਅੱਗੇ ਸੀਸ ਝੁਕਾਇੰਦਾ । ਕਵਣ ਵੇਲਾ ਨਵ ਨੌਂ ਚਾਰ ਉਤਰੇ ਪਾਰ, ਕਵਣ ਪੰਧ ਮੁਕਾਇੰਦਾ । ਕਵਣ ਖੇਲ ਕਰੇ ਵਿਚ ਸੰਸਾਰ, ਲੋਕਮਾਤ ਜੋਤ ਜਗਾਇੰਦਾ । ਕਵਣ ਡੰਕਾ ਵਜਾਏ ਅਗੰਮ ਅਪਾਰ, ਕਵਣ ਆਪਣਾ ਨਾਉਂ ਪਰਗਟਾਇੰਦਾ । ਕਵਣ ਜੁਗ ਜੁਗ ਗੇੜਾ ਦਏ ਨਿਵਾਰ, ਗੇੜਾ ਆਪਣੇ ਹੱਥ ਰਖਾਇੰਦਾ । ਕਵਣ ਮਾਤਲੋਕ ਖੇੜਾ ਦਏ ਉਜਾੜ, ਉਜੜਿਆ ਖੇੜਾ ਕਵਣ ਵਸਾਇੰਦਾ । ਕਵਣ ਮਾਰਨਹਾਰਾ ਮਾਰ, ਕਵਣ ਕਟਾਰ ਹੱਥ ਚਮਕਾਇੰਦਾ । ਕਵਣ ਦੇਵਣਹਾਰ ਆਧਾਰ, ਕਵਣ ਸੰਗ ਨਿਭਾਇੰਦਾ । ਕਵਣ ਰੁੱਤੀ ਹੋਏ ਉਜਿਆਰ, ਰੁੱਤ ਬਸੰਤ ਕਵਣ ਵਖਾਇੰਦਾ । ਅਬਿਨਾਸ਼ੀ ਅਚੁਤ ਕਵਣ ਵੇਲੇ ਪਾਵੇ ਸਾਰ, ਕਵਣ ਮਾਰਗ ਰਾਹ ਤਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕ ਦੇਣਾ ਸਾਚਾ ਵਰ, ਹਉਂ ਬਾਲੀ ਬੁਧ ਮੰਗ ਮੰਗਾਇੰਦਾ । ਬ੍ਰਹਮਾ ਉਠ ਉਠ ਕਰੇ ਧਿਆਨ, ਚਰਨ ਕਵਲ ਧਿਆਨ ਲਗਾਇਆ । ਪੁਰਖ ਅਬਿਨਾਸ਼ੀ ਹੋ ਮਿਹਰਵਾਨ, ਤੇਰਾ ਹੁਕਮ ਮੋਹੇ ਭਾਇਆ । ਨਵ ਨੌਂ ਚਾਰ ਸੇਵਾ ਕਰਾਂ ਵਿਚ ਜਹਾਨ, ਜੁਗ ਚੌਕੜੀ ਪੰਧ ਮੁਕਾਇਆ । ਲੋਕਮਾਤ ਵੇਖ ਨਿਸ਼ਾਨ, ਨਵ ਨਵ ਆਪਣਾ ਰੰਗ ਰੰਗਾਇਆ । ਚੌਦਾਂ ਲੋਕ ਖੋਲ੍ਹ ਦੁਕਾਨ, ਚੌਦਾਂ ਹੱਟ ਦਏ ਵਿਕਾਇਆ । ਚੌਦਾਂ

ਵਿਦਿਆ ਕਰ ਪਰਧਾਨ, ਚੌਦਸ ਚੌਦਾਂ ਭੇਵ ਖੁਲ੍ਹਾਇਆ । ਤੇਰਾ ਇਕ ਸਲੋਕ ਸ੍ਰੀ ਭਗਵਾਨ, ਭੁਲ ਕਦੇ ਨਾ ਜਾਇਆ । ਸੋ ਪੁਰਖ ਨਿਰੰਜਣ ਸਦ ਬਣਿਆ ਰਹਿਣਾ ਨਿਗਹਬਾਨ, ਬ੍ਰਹਮਾ ਹੰ ਰੂਪ ਤੇਰਾ ਇਕ ਅੰਸ ਅੰਸੀ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਵਕਤ ਲਏਂ ਮਿਲਾਇਆ । ਕਵਣ ਮੇਲਾ ਪਾਰਬ੍ਰਹਮ, ਬ੍ਰਹਮ ਸਾਚੀ ਮੰਗ ਮੰਗਾਈਆ । ਕਵਣ ਵੇਲਾ ਸੁਆਰੇਂ ਆਪਣਾ ਕੰਮ, ਨਿਹਕਰਮੀ ਕਰਮ ਕਮਾਈਆ । ਕਵਣ ਵੇਲਾ ਘੜੇਂ ਕਵਣ ਵੇਲਾ ਦਏਂ ਭੰਨ, ਥਿਤ ਵਾਰ ਕਵਣ ਰਖਾਈਆ । ਕਵਣ ਵੇਲਾ ਜਨਨੀ ਜਣੇਂ ਜਨ, ਕਵਣ ਵਕ਼ਤ ਗੋਦ ਸੁਹਾਈਆ । ਕਵਣ ਵੇਲਾ ਬੇੜਾ ਦੇਵੇਂ ਬੰਨ੍ਹ, ਲੋਕਮਾਤ ਹੋ ਸਹਾਈਆ । ਕਵਣ ਵੇਲਾ ਲੇਖਾ ਚੁਕੇ ਸੂਰਜ ਚੰਨ, ਨੂਰ ਨੂਰ ਵਿਚ ਟਿਕਾਈਆ । ਕਵਣ ਵੇਲਾ ਲੱਖ ਚੁਰਾਸੀ ਦੇਵੇਂ ਡੰਨ, ਬਚਿਆ ਕੋਇ ਰਹਿਣ ਨਾ ਪਾਈਆ । ਕਵਣ ਵੇਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਉਂ ਭਿਖਕ ਏਕਾ ਮੰਗ ਮੰਗਾਈਆ । ਸ਼ੰਕਰ ਉਠ ਲਲਕਾਰਿਆ, ਨੇਤਰ ਨੈਣ ਉਘਾੜ । ਪੁਰਖ ਅਬਿਨਾਸ਼ੀ ਤੇਰਾ ਨਾਮ ਤੇਜ਼ ਕਟਾਰਿਆ, ਹੱਥ ਤ੍ਰਿਸੂਲ ਰਿਹਾ ਵਖਾਲ । ਬਾਸ਼ਕ ਤਸ਼ਕਾ ਗਲ ਸ਼ੰਗਾਰਿਆ, ਕੰਠ ਮਾਲਾ ਇਕ ਨਿਸ਼ਾਨ । ਜੋ ਉਪਜੇ ਸੋ ਅੰਤ ਸੰਘਾਰਿਆ, ਭੰਨਣਹਾਰਾ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਵੇਲਾ ਤੇਰੇ ਚਰਨ ਅੰਤ ਮਿਲੇ ਬਿਸਰਾਮ । ਕਵਣ ਵੇਲਾ ਅੰਤਮ ਔਣਾ, ਸ਼ੰਕਰ ਮੰਗ ਮੰਗਾਈਆ । ਪੁਰਖ ਅਬਿਨਾਸ਼ੀ ਭੇਵ ਖੁਲੌਣਾ, ਤੇਰਾ ਤੇਰੇ ਵਿਚ ਸਮਾਈਆ । ਜੋਤੀ ਜੋਤ ਜੋਤ ਰਲੌਣਾ, ਸਰਗੁਣ ਨਿਰਗੁਣ ਵਿਚ ਟਿਕਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਕਵਣ ਰੂਪ ਹੋ ਪੰਧ ਮੁਕੌਣਾ, ਪਾਂਧੀ ਚਲ ਕੇ ਆਏ ਸਾਚਾ ਰਾਹੀਆ । ਕਵਣ ਰੂਪ ਬਖ਼ਸ਼ੰਦ ਅਖਵੌਣਾ, ਬਖ਼ਸ਼ਣਹਾਰ ਸੱਚਾ ਸ਼ਹਿਨਸ਼ਾਹੀਆ । ਕਵਣ ਰੂਪ ਆਪਣੀ ਗੰਢ ਆਪ ਪਵੌਣਾ, ਦੂਸਰ ਕੋਇ ਖੋਲ੍ਹ ਨਾ ਸਕੇ ਰਾਈਆ । ਕਵਣ ਰੂਪ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਮਾਨੰਦ ਵਿਚ ਸਮੌਣਾ, ਅਨੰਦ ਅਨੰਦ ਅਨੰਦ ਇਕ ਵਖਾਈਆ । ਪੁਰਖ ਅਬਿਨਾਸ਼ੀ ਸੁਣ ਪੁਕਾਰ, ਇਕ ਗਿਆਨ ਦ੍ਰਿੜਾਇੰਦਾ । ਸ਼ਬਦੀ ਚੋਲਾ ਅਪਰ ਅਪਾਰ, ਆਪਣਾ ਬੋਲਾ ਆਪ ਅਲਾਇੰਦਾ । ਬਣਿਆ ਤੋਲਾ ਆਪ ਕਰਤਾਰ, ਨਾਮ ਕੰਡਾ ਹੱਥ ਉਠਾਇੰਦਾ । ਜੁਗ ਜੁਗ ਖੇਲ ਕਰੇ ਅਪਾਰ, ਵਿਸ਼ਨ ਬ੍ਰਹਮਾ ਸ਼ਿਵ ਨਾਲ ਰਲਾਇੰਦਾ । ਲੱਖ ਚੁਰਾਸੀ ਪਾਵੇ ਸਾਰ, ਘਟ ਘਟ ਫੋਲ ਫੁਲਾਇੰਦਾ । ਭਗਤਨ ਦੇਵੇ ਨਾਮ ਆਧਾਰ, ਏਕਾ ਤੱਤ ਵਖਾਇੰਦਾ । ਸੰਤਨ ਬਖ਼ਸ਼ੇ ਸਚ ਪਿਆਰ, ਸਾਂਤਕ ਸਤਿ ਕਰਾਇੰਦਾ । ਗੁਰਮੁਖ ਸਾਚੇ ਲਏ ਉਭਾਰ, ਆਪ ਆਪਣਾ ਮੇਲ ਮਿਲਾਇੰਦਾ । ਗੁਰਸਿਖ ਨਾਤਾ ਤੋੜ ਜਗਤ ਸੰਸਾਰ, ਸਗਲਾ ਸਾਥਾ ਆਪ ਨਿਭਾਇੰਦਾ । ਸਤਿਜੁਗ ਕਰੇ ਸਾਚੀ ਕਾਰ, ਸਤਿ ਸਤਿਵਾਦੀ ਖੇਲ ਖਿਲਾਇੰਦਾ । ਨਿਰਗੁਣ ਸਰਗੁਣ ਲੈ ਅਵਤਾਰ, ਵਾਰ ਅਠਾਰਾਂ ਰੂਪ ਪਰਗਟਾਇੰਦਾ । ਅੰਤਮ ਪੰਧ ਲਏ ਵਿਚਾਰ, ਆਪ ਆਪਣਾ ਬਲ ਰਖਾਇੰਦਾ । ਥਿਰ ਰਹੇ ਨਾ ਵਿਚ ਸੰਸਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮਾ ਸ਼ਿਵ ਆਪ ਸਮਝਾਇੰਦਾ । ਸਤਿਜੁਗ ਕਰੇ ਪਾਰ ਕਿਨਾਰਾ । ਹਰਿ ਸਾਚੇ ਸਚ ਵਡਿਆਈਆ । ਭਗਤ ਭਗਵੰਤ ਦਏ ਸਹਾਰਾ, ਨਿਰਗੁਣ ਸਰਗੁਣ ਹੋਏ ਸਹਾਈਆ । ਤੋੜਣਹਾਰਾ ਗੜ੍ਹ ਹੰਕਾਰਾ, ਹੰਕਾਰੀ ਦੁਸ਼ਟ ਦਏ ਖਪਾਈਆ । ਆਪਣੀ ਗੋਦੀ ਆਪੇ ਦਏ ਹੁਲਾਰਾ, ਸਤਿਜੁਗ ਆਪਣੀ ਗੋਦ ਸੁਹਾਈਆ । ਆਪ ਉਠਾਏ ਬਾਲ ਅਵਾਣਾ, ਤਰੇਤਾ ਅੱਖ ਖੁਲ੍ਹਾਈਆ ।

੧੫੫
੧੦

ਆਪੇ ਹੋਇਆ ਸੁਘੜ ਸਿਆਣਾ, ਦੇ ਮਤ ਹਰਿ ਸਮਝਾਈਆ । ਧਰਤ ਮਾਤ ਦਾ ਸੰਗ ਨਿਭਾਣਾ, ਵਿਛੜ ਕਦੇ ਨਾ ਜਾਈਆ । ਏਕਾ ਪੌਣਾ ਪਦ ਨਿਰਬਾਣਾ, ਨਿਰਵੈਰ ਪੁਰਖ ਇਕ ਅਖਵਾਈਆ । ਕਰੇ ਖੇਲ ਸ੍ਰੀ ਭਗਵਾਨਾ, ਆਪਣਾ ਖੇਲ ਆਪ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਾਵੇ ਸਾਰ ਦੋ ਜਹਾਨਾਂ, ਦੋਏ ਦੋਏ ਜੋੜ ਆਪ ਜੁੜਾਈਆ । ਦੋਏ ਦੋਏ ਜੋੜ ਹਰਿ ਕਰਤਾਰਾ, ਭਗਵਨ ਆਪਣੀ ਖੇਲ ਖਿਲਾਇੰਦਾ । ਆਪੇ ਸਰਗੁਣ ਨਿਰਗੁਣ ਸ਼ਬਦ ਕਰਾਏ ਆਧਾਰਾ, ਸ਼ਬਦੀ ਸੁਰਤ ਆਪ ਮਿਲਾਇੰਦਾ । ਆਪੇ ਦੋ ਦੋ ਅੱਖਰ ਕਰ ਉਜਿਆਰਾ, ਨਿਰਾਕਾਰਾ ਸਾਕਾਰਾ ਰੂਪ ਵਟਾਇੰਦਾ । ਆਪੇ ਰਾਮ ਰੂਪ ਹੋ ਉਜਿਆਰਾ, ਆਪ ਆਪਣਾ ਨਾਉਂ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਵਿਸ਼ਨ ਬ੍ਰਹਮਾ ਸ਼ਿਵ ਇਕ ਸਮਝਾਇੰਦਾ । ਆਪੇ ਤਰੇਤਾ ਤਿਰੀਆ ਧਾਰ, ਜਨਕ ਸਪੁਤਰੀ ਆਪ ਪਰਨਾਈਆ । ਆਪੇ ਤੋੜੇ ਗੜ੍ਹ ਹੰਕਾਰ, ਆਪੇ ਲੰਕਾ ਗੜ੍ਹ ਤੁੜਾਈਆ । ਆਪੇ ਭਗਤ ਭਗਵੰਤ ਕਰੇ ਪਿਆਰ, ਗ਼ਰੀਬ ਨਿਮਾਣੇ ਗਲੇ ਲਗਾਈਆ । ਆਪੇ ਤਰੇਤਾ ਉਤਾਰੇ ਆਪਣੀ ਧਾਰ, ਆਪਣੇ ਮਾਰਗ ਲਗਾਈਆ । ਆਪੇ ਦੁਆਪਰ ਕਰੇ ਸਚ ਪਿਆਰ, ਸਾਚਾ ਲੇਖਾ ਆਪ ਸਮਝਾਈਆ । ਆਪਣੀ ਵਿਦਿਆ ਆਪੇ ਲਏ ਵਿਚਾਰ, ਵੇਦ ਵਿਆਸ ਕਰੇ ਪੜ੍ਹਾਈਆ । ਦਰ ਮੇਲਾ ਇਕ ਦੁਆਰ, ਸਚ ਦੁਆਰਾ ਦਏ ਸਮਝਾਈਆ । ਬਾਰਾਂ ਅੱਖਸ਼ਰ ਕਰ ਪਿਆਰ, ਨਿਸ਼ਅੱਖਰ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਆਦਿ ਜੁਗਾਦਿ ਵਡੀ ਵਡਿਆਈਆ । ਜੁਗਾ ਜੁਗੰਤਰ ਲੈ ਅਵਤਾਰਾ, ਨਿਰਗੁਣ ਸਰਗੁਣ ਰੂਪ ਵਟਾਇੰਦਾ । ਮੁਕੰਦ ਮਨੋਹਰ ਲਖ਼ਮੀ ਨਰਾਇਣ ਹੋ ਉਜਿਆਰਾ, ਸਾਵਲ ਸੁੰਦਰ ਆਪੇ ਮੰਡਲ ਰਾਸ ਰਚਾਇੰਦਾ । ਆਪੇ ਬੰਸਰੀ ਦੇਵੇ ਨਾਮ ਹੁਲਾਰਾ, ਆਪਣਾ ਸ਼ਬਦ ਆਪ ਅਲਾਇੰਦਾ । ਆਪੇ ਲਜਿਆ ਰੱਖੇ ਵਿਚ ਸੰਸਾਰਾ, ਆਪੇ ਗ਼ਰੀਬ ਨਿਮਾਣੇ ਗੋਦ ਬਹਾਇੰਦਾ । ਆਪੇ ਰਥ ਰਥਵਾਹੀ ਬਣੇ ਵਿਚ ਸੰਸਾਰਾ, ਆਪੇ ਅਰਜਨ ਸ਼ਬਦ ਜਣਾਇੰਦਾ । ਆਪੇ ਆਪਣਾ ਆਪ ਸਭ ਤੋਂ ਕਰੇ ਵੱਖ, ਆਪੇ ਆਪਣਾ ਮੇਲ ਮਿਲਾਇੰਦਾ । ਆਪੇ ਦੱਸੇ ਆਰ ਪਾਰ ਕਿਨਾਰਾ, ਦੁਸ਼ਟ ਹੰਕਾਰੀ ਆਪ ਖਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਖਿਲਾਇੰਦਾ । ਆਦਿ ਜੁਗਾਦਿ ਮਹਿਮਾ ਅਕਥਨਾ ਅਕਥ । ਸਤਿਜੁਗ ਤ੍ਰੇਤਾ ਦੁਆਪਰ ਪਾਰ ਕਰਾਇੰਦਾ, ਕਲਜੁਗ ਆਪ ਚਲਾਏ ਰਥ । ਘਟ ਘਟ ਆਪਣਾ ਵੇਸ ਧਰਾਇੰਦਾ, ਜੋਤ ਜਗਾਏ ਘਟ ਘਟ । ਆਪੇ ਉਪਰ ਪਰਦਾ ਪਾਇੰਦਾ, ਅੰਦਰ ਮੰਦਰ ਬੈਠਾ ਛੁਪ । ਆਪ ਆਪਣਾ ਬਲ ਰਖਾਇੰਦਾ, ਆਪ ਉਪਜਾਏ ਜੋਤੀ ਸਤਿ । ਚਾਰੋਂ ਕੁੰਟ ਏਕਾ ਰੂਪ ਧਰਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਬਿਨਾਸ਼ੀ ਅਚੁਤ । ਅਬਿਨਾਸ਼ੀ ਅਚੁਤ ਖੇਲ ਖਿਲਾਇਆ, ਲੇਖਾ ਲਿਖਤ ਵਿਚ ਨਾ ਆਈਆ । ਆਪਣਾ ਖੇਲ ਆਪ ਖਿਲਾਇਆ, ਵੇਖਣਹਾਰ ਆਪ ਹੋ ਜਾਈਆ । ਲੋਕਮਾਤ ਫੇਰਾ ਪਾਇਆ, ਨੌਂ ਖੰਡ ਪ੍ਰਿਥਮੀ ਵੱਜੇ ਵਧਾਈਆ । ਨੂਰ ਇਲਾਹੀ ਏਕਾ ਕਲਮਾ ਦਏ ਸਿਖਾਇਆ, ਆਪ ਆਪਣੀ ਦਇਆ ਕਮਾਈਆ । ਕਾਇਆ ਤਾਕ ਖੋਲ੍ਹ ਹਰਿ ਮੰਦਰ ਦਏ ਜਣਾਇਆ, ਨਿਜ ਆਤਮ ਕਰ ਰੁਸ਼ਨਾਈਆ । ਸ੍ਰਿਸ਼ਟ ਸਬਾਈ ਗਿਆ ਸਮਝਾਇਆ, ਭੁਲ ਰਹੇ ਨਾ ਰਾਈਆ । ਬਿਨ ਹਰਿ ਦੂਸਰ ਕੋਇ ਨਾ ਪਾਰ ਲੰਘਾਇਆ, ਕਲਜੁਗ ਬੇੜਾ ਡੋਬੇ ਸ਼ੌਹ ਦਰਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣਾ ਖੇਲ ਆਪ ਖਿਲਾਈਆ । ਸਾਚਾ ਹੁਕਮ ਹਰਿ ਸੁਣਾਇਆ,

੧੫੬
੧੦

ਰਾਉ ਰੰਕਾਂ ਕਰਿਆ ਖ਼ਬਰਦਾਰ । ਸਾਚਾ ਸੁਤ ਆਪ ਉਠਾਇਆ, ਪੁਰਖ ਅਕਾਲ ਮਨਾਇਆ ਇਸ਼ਟ ਸੱਚੀ ਸਰਕਾਰ । ਸਾਚਾ ਖੇਲ ਆਪ ਕਰਾਇਆ, ਆਪ ਆਪਣੀ ਕਿਰਪਾ ਧਾਰ । ਝੂਠਾ ਨਾਤਾ ਤੋੜ ਤੁੜਾਇਆ, ਦਏ ਸੁਨੇਹੜਾ ਸਾਚੇ ਯਾਰ । ਸਾਚਾ ਸੱਥਰ ਇਕ ਹੰਢਾਇਆ, ਤੇਰਾ ਮੇਲ ਧੁਰ ਦਰਬਾਰ । ਵਿਛੜ ਕਦੇ ਨਾ ਜਾਇਆ, ਪੁਰਖ ਅਬਿਨਾਸ਼ੀ ਹੋ ਤਿਆਰ । ਆਪ ਆਪਣਾ ਪਰਦਾ ਲਾਹਿਆ, ਜੁਗ ਚੌਕੜੀ ਖੇਲ ਕਰੇ ਨਿਰੰਕਾਰ । ਗੁਰ ਅਵਤਾਰ ਰੂਪ ਵਟਾਇਆ, ਨੌਂ ਸੌ ਚੁਰਾਨਵੇਂ ਚੌਕੜੀ ਜੁਗ ਕਰਦਾ ਆਇਆ ਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮਾ ਸ਼ਿਵ ਦੇਵੇ ਇਕ ਆਧਾਰ । ਵਿਸ਼ਨ ਬ੍ਰਹਮਾ ਸ਼ਿਵ ਤੇਰਾ ਪੰਧ ਮੁਕੌਣਾ, ਹਰਿ ਸਾਚਾ ਸਚ ਜਣਾਇੰਦਾ । ਵੇਦ ਕਤੇਬ ਸ਼ਾਸਤਰ ਸਿਮਰਤ ਪੁਰਾਨ ਭੇਵ ਕਿਸੇ ਨਾ ਪੌਣਾ, ਆਪਣਾ ਭਾਣਾ ਆਪਣੇ ਹੱਥ ਰਖਾਇੰਦਾ । ਨੌਂ ਖੰਡ ਪ੍ਰਿਥਮੀ ਸੱਤਾਂ ਦੀਪਾਂ ਲੱਖ ਚੁਰਾਸੀ ਨਾਚ ਨਚੌਣਾ, ਨਟੂਆ ਨਾਟ ਆਪ ਹੋ ਜਾਇੰਦਾ । ਕਾਗਦ ਸ਼ਾਹੀ ਲਿਖ ਲਿਖ ਲੇਖਾ ਭਗਤ ਭਗਵੰਤ ਸੰਤ ਗੁਰਮੁਖ ਗੁਰਸਿਖ ਆਪ ਸਮਝੌਣਾ, ਸ਼ਬਦ ਸ਼ਬਦੀ ਸ਼ਬਦ ਪਰਗਟਾਇੰਦਾ । ਜੁਗ ਜੁਗ ਰਾਮ ਕ੍ਰਿਸ਼ਨ ਬਲ ਬਾਵਣ ਵੇਸ ਵਟੌਣਾ, ਜੁਗ ਜੁਗ ਨਾਨਕ ਗੋਬਿੰਦ ਧਾਰ ਚਲਾਇੰਦਾ । ਜੁਗ ਜੁਗ ਵੇਦ ਵਿਆਸਾ ਲੇਖ ਲਿਖੌਣਾ, ਪੂਤ ਸਪੂਤਾ ਬ੍ਰਹਿਮਣ ਗੌੜਾ ਉਚੇ ਟਿੱਲੇ ਪਰਬਤ ਆਸਣ ਲਾਇੰਦਾ । ਜੁਗ ਜੁਗ ਨਾਨਕ ਭਵਿਖਤ ਵਾਕ ਇਕ ਜਣੌਣਾ, ਜੋਧਾ ਬਲੀ ਇਕ ਪਰਗਟਾਇੰਦਾ । ਜੁਗ ਜੁਗ ਗੋਬਿੰਦ ਸੁਤ ਇਕ ਸਮਝੌਣਾ, ਪੁਰਖ ਅਕਾਲ ਦਇਆ ਕਮਾਇੰਦਾ । ਜੁਗ ਜੁਗ ਪੰਧ ਹਰਿ ਆਪ ਮੁਕੌਣਾ, ਬ੍ਰਹਮੇ ਤੇਰਾ ਮਨਵੰਤਰ ਆਪਣੇ ਵਿਚ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵੇਲਾ ਅੰਤ ਆਪ ਸਮਝਾਇੰਦਾ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਉਤਰੇ ਪਾਰ, ਹਰਿ ਸਾਚਾ ਸਚ ਜਣਾਈਆ । ਨਿਰਗੁਣ ਨਿਰਗੁਣ ਲੈ ਅਵਤਾਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਨਿਰਗੁਣ ਸੱਜਣ ਨਿਰਗੁਣ ਮੀਤ ਮੁਰਾਰ, ਨਿਰਗੁਣ ਮੇਲਾ ਸਹਿਜ ਸੁਭਾਈਆ । ਨਿਰਗੁਣ ਨਾਰੀ ਨਿਰਗੁਣ ਕੰਤ ਭਤਾਰ, ਨਿਰਗੁਣ ਸੇਜ ਲਏ ਹੰਢਾਈਆ । ਨਿਰਗੁਣ ਮੰਦਰ ਨਿਰਗੁਣ ਦੁਆਰ, ਨਿਰਗੁਣ ਬੈਠੇ ਆਸਣ ਲਾਈਆ । ਨਿਰਗੁਣ ਹੁਕਮ ਨਿਰਗੁਣ ਵਰਤਾਰ, ਨਿਰਗੁਣ ਨਿਉਂ ਨਿਉਂ ਸੀਸ ਝੁਕਾਈਆ । ਨਿਰਗੁਣ ਸ਼ਾਹ ਭੂਪ ਸਿਕਦਾਰ, ਨਿਰਗੁਣ ਰੱਯਤ ਨਾਉਂ ਵਖਾਈਆ । ਨਿਰਗੁਣ ਸ਼ਬਦ ਨਾਦ ਧੁਨਕਾਰ, ਸੁਣਨਹਾਰ ਨਿਰਗੁਣ ਆਪ ਹੋ ਜਾਈਆ । ਨਿਰਗੁਣ ਰਾਜ ਰਾਜਾਨ ਸ਼ਾਹ ਸੁਲਤਾਨ ਵਡ ਸਿਕਦਾਰ, ਨਿਰਗੁਣ ਘਰ ਘਰ ਭਿਖਿਆ ਮੰਗਣ ਜਾਈਆ । ਨਿਰਗੁਣ ਦਰ ਦਰਵੇਸ਼ ਬਣੇ ਦੋ ਜਹਾਨ, ਨਿਰਗੁਣ ਲੋਆਂ ਪੁਰੀਆਂ ਫੇਰਾ ਪਾਈਆ । ਨਿਰਗੁਣ ਬ੍ਰਹਮਾ ਵਿਸ਼ਨ ਸ਼ਿਵ ਦੇਵੇ ਦਾਨ, ਨਿਰਗੁਣ ਭੰਡਾਰਾ ਸਚ ਸਚ ਵਰਤਾਈਆ । ਨਿਰਗੁਣ ਉਪਜਾਏ ਸਰਗੁਣ ਨਿਸ਼ਾਨ, ਸਰਗੁਣ ਮੇਟੇ ਅੰਤ ਨਿਰਗੁਣ ਨਿਰਗੁਣ ਆਪਣੀ ਕਲ ਵਰਤਾਈਆ । ਨਿਰਗੁਣ ਦਾਤਾ ਦੋ ਜਹਾਨ, ਦੋ ਜਹਾਨਾਂ ਖੇਲ ਖਿਲਾਈਆ । ਪੁਰਖ ਅਬਿਨਾਸ਼ੀ ਹੋ ਮਿਹਰਵਾਨ, ਆਪਣਾ ਭੇਵ ਰਿਹਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮਾ ਸ਼ਿਵ ਵੇਲਾ ਅੰਤ ਦਏ ਵਖਾਈਆ । ਨਵ ਨੌਂ ਚਾਰ ਪਾਰ ਕਰੌਣਾ, ਜੁਗ ਜੁਗ ਗੇੜ ਦਵਾਇੰਦਾ । ਅੰਤਮ ਗੇੜਾ ਵੇਖ ਵਖੌਣਾ, ਆਪ ਆਪਣਾ ਬਲ ਜਣਾਇੰਦਾ । ਲੋਕਮਾਤ ਜਾਮਾ ਪੌਣਾ, ਮਾਤ ਪਿਤ ਨਾ ਕੋਇ ਬਣਾਇੰਦਾ । ਪੁਰਖ ਅਕਾਲ ਵੇਸ ਵਟੌਣਾ, ਅਜੂਨੀ ਰਹਿਤ ਡਗਮਗਾਇੰਦਾ । ਆਦਿ ਸ਼ਕਤ ਆਪਣੇ ਅੰਗ ਲਗੌਣਾ, ਚਤੁਰਭੁਜ ਰੂਪ ਵਟਾਇੰਦਾ । ਬਲ ਬਾਵਨ ਵੇਖ ਵਖੌਣਾ, ਆਪ ਆਪਣਾ ਭੇਵ ਜਣਾਇੰਦਾ । ਰਾਮ ਰਾਮਾ

ਨਾਉਂ ਰਖੌਣਾ, ਸੀਤਾ ਸੁਰਤੀ ਆਪ ਪਰਨਾਇੰਦਾ । ਕਾਹਨਾ ਕ੍ਰਿਸ਼ਨਾ ਵੇਖ ਵਖੌਣਾ, ਨਾਮ ਬੰਸਰੀ ਨਾਦ ਸੁਣਾਇੰਦਾ । ਈਸਾ ਮੂਸਾ ਨਾਉਂ ਧਰੌਣਾ, ਏਕਾ ਅਲਫੀ ਗਲ ਹੰਢਾਇੰਦਾ । ਆਲਮ ਉਲਮਾ ਆਪ ਸਮਝੌਣਾ, ਏਕਾ ਨੁਕਤਾ ਮੇਟ ਮਿਟਾਇੰਦਾ । ਨਾਨਕ ਨਿਰਗੁਣ ਰੰਗ ਰੰਗੌਣਾ, ਰੰਗ ਰੰਗੀਲਾ ਇਕ ਵਖਾਇੰਦਾ । ਗੋਬਿੰਦ ਡੰਕਾ ਨਾਮ ਵਜੌਣਾ, ਚਾਰ ਕੁੰਟ ਆਪ ਸੁਣਾਇੰਦਾ । ਅੰਤਮ ਆਪਣਾ ਖੇਲ ਖਿਲੌਣਾ, ਭੇਵ ਕੋਇ ਨਾ ਪਾਇੰਦਾ । ਨਿਹਕਲੰਕਾ ਨਾਉਂ ਰਖੌਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਸਮਝਾਇੰਦਾ । ਨਿਹਕਲੰਕਾ ਕਲ ਜਾਮਾ ਪਾ, ਆਪਣੀ ਖੇਲ ਆਪ ਕਰਾਈਆ । ਵਿਸ਼ਨ ਬ੍ਰਹਮਾ ਸ਼ਿਵ ਹਰਿ ਰਿਹਾ ਸਮਝਾ, ਆਦਿ ਪੁਰਖ ਵਡੀ ਵਡਿਆਈਆ । ਗੁਰ ਪੀਰ ਅਵਤਾਰ ਜੋ ਰਿਹਾ ਘਲਾ, ਏਕਾ ਏਕਾ ਸ਼ਬਦ ਜਣਾਈਆ । ਤ੍ਰਿਲੋਕੀ ਨਾਥ ਸਗਲਾ ਸਾਥ ਰੂਪ ਰਿਹਾ ਵਟਾ, ਆਪ ਆਪਣਾ ਬਲ ਵਖਾਈਆ । ਸਚ ਹਦੀਸ ਜੋ ਰਿਹਾ ਪੜ੍ਹਾ, ਚੌਦਾਂ ਤਬਕਾਂ ਕੁੰਡਾ ਲਾਹੀਆ । ਸਚਖੰਡ ਮਕਾਨ ਜੋ ਡੇਰਾ ਰਿਹਾ ਲਾ, ਥਿਰ ਘਰ ਸਾਚੇ ਕਰੇ ਰੁਸ਼ਨਾਈਆ । ਹਰੀ ਹਰਿ ਨਰ ਨਰਾਇਣ ਆਪਣਾ ਰੂਪ ਆਏ ਧਰਾ, ਭੇਵ ਕੋਇ ਨਾ ਪਾਈਆ । ਕਲਜੁਗ ਰੈਣ ਅੰਧੇਰੀ ਦਏ ਮਿਟਾ, ਧੂਆਂਧਾਰ ਰਹੇ ਨਾ ਰਾਈਆ । ਜੂਠਾ ਝੂਠਾ ਭਾਂਡਾ ਦਏ ਭਨਾ, ਘੜਨ ਭੰਨਣਹਾਰ ਆਪ ਹੋ ਜਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਦਏ ਗਵਾ, ਆਸਾ ਤ੍ਰਿਸ਼ਨਾ ਨਾਲ ਰਲਾਈਆ । ਮਨਮੁਖ ਜੀਵਾਂ ਦਏ ਮਿਟਾ, ਮਨਮਤ ਦਏ ਦਰ ਦੁਰਕਾਈਆ । ਵਰਨ ਗੋਤ ਕੋਈ ਰਹੇ ਨਾ, ਜ਼ਾਤ ਪਾਤ ਨਾ ਕੋਇ ਬਣਾਈਆ । ਏਕਾ ਬ੍ਰਹਮ ਦਏ ਸਮਝਾ, ਪਾਰਬ੍ਰਹਮ ਵਡੀ ਵਡਿਆਈਆ । ਜਿਸ ਜਨ ਦਇਆ ਦਏ ਕਮਾ, ਆਪ ਆਪਣਾ ਪਰਦਾ ਲਾਹੀਆ । ਜੋਗ ਹਠ ਅਭਿਆਸ ਨਾ ਦਏ ਕੋਇ ਵਖਾ, ਸਮਰਥ ਪੁਰਖ ਵਡੀ ਵਡਿਆਈਆ । ਅਠਸਠ ਤੀਰਥ ਆਪਣਾ ਚਰਨ ਕਵਲ ਦੁਆਰਾ ਦਏ ਵਖਾ, ਗੰਗਾ ਜਮਨਾ ਸੁਰਸਤੀ ਗੋਦਾਵਰੀ ਏਕਾ ਧਾਰ ਵਹਾਈਆ । ਹਰਿ ਮੰਦਰ ਜੋਤ ਲਏ ਜਗਾ, ਘਰ ਘਰ ਵਿਚ ਕਰ ਰੁਸ਼ਨਾਈਆ । ਸ਼ਬਦ ਅਨਾਦੀ ਨਾਦ ਦਏ ਸੁਣਾ, ਗੁਰਮੁਖ ਪੜ੍ਹਨ ਕਿਤੇ ਨਾ ਜਾਈਆ । ਆਪਣਾ ਮੇਲਾ ਮੇਲੇ ਸਹਿਜ ਸੁਭਾ, ਪੁਰਖ ਅਬਿਨਾਸ਼ੀ ਬੇਪਰਵਾਹੀਆ । ਕਲਜੁਗ ਤੇਰਾ ਮੇਟੇ ਅੰਤ ਨਿਸ਼ਾਂ, ਨੌਂ ਖੰਡ ਪ੍ਰਿਥਮੀ ਫੇਰਾ ਪਾਈਆ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਦੇਵੇ ਖ਼ਾਕ ਮਿਲਾ, ਸੀਸ ਤਾਜ ਨਾ ਕੋਇ ਟਿਕਾਈਆ । ਹਿੰਦੂ ਮੁਸਲਿਮ ਸਿਖ ਈਸਾਈ ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਏਕਾ ਰੰਗ ਦਏ ਰੰਗਾ, ਊਚ ਨੀਚ ਨਾ ਕੋਇ ਵਡਿਆਈਆ । ਸਤਿ ਸਤਿਵਾਦੀ ਤਾਗਾ ਦੇਵੇ ਏਕਾ ਪਾ, ਜਤ ਸਤਿ ਧੀਰਜ ਆਪ ਵਖਾਈਆ । ਸਾਚੀ ਗਾਥਾ ਦਏ ਸੁਣਾ, ਸੋਹੰ ਸ਼ਬਦ ਆਪ ਜਣਾਈਆ । ਹੰ ਬ੍ਰਹਮ ਪਾਰਬ੍ਰਹਮ ਜਾਏ ਸਮਾ, ਵਿਸ਼ਵ ਧਾਰ ਇਕ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਵੇਸ ਵਟਾਈਆ । ਜੁਗ ਜੁਗ ਵੇਸ ਵਟਾਇੰਦਾ, ਨਿਰਗੁਣ ਸਰਗੁਣ ਲੈ ਅਵਤਾਰ । ਕ਼ੁਦਰਤ ਕ਼ਾਦਰ ਵੇਖ ਵਖਾਇੰਦਾ, ਕਰਨੀ ਕਰਤਾ ਕਰੇ ਆਪ ਨਿਰੰਕਾਰ । ਧਰਨੀ ਧਰਤ ਧਵਲ ਹੌਲਾ ਭਾਰ ਆਪ ਕਰਾਇੰਦਾ, ਆਪੇ ਪਾਵਣਹਾਰਾ ਸਾਰ । ਭਗਤ ਭਗਵੰਤ ਆਪ ਉਠਾਇੰਦਾ, ਲੱਖ ਚੁਰਾਸੀ ਵਿਚੋਂ ਲਏ ਉਭਾਰ । ਕਲਜੁਗ ਅੰਤਮ ਆਪਣਾ ਭੇਵ ਆਪ ਖੁਲ੍ਹਾਇੰਦਾ, ਲੇਖਾ ਜਾਣੇ ਗੁਪਤ ਜ਼ਾਹਰ । ਆਪਣੀ ਹੱਥੀਂ ਕੁੰਜੀ ਲਾਇੰਦਾ, ਬਣੇ ਵਿਚੋਲਾ ਹਰਿ ਨਿਰੰਕਾਰ । ਸਾਚੀ ਪੂੰਜੀ ਗੁਰਸਿਖਾਂ ਹੱਥ ਫੜਾਇੰਦਾ, ਨਾਮ ਵਸਤ ਭੰਡਾਰ । ਗੁਰਮੁਖ ਦੂਜੇ ਦਰ ਨਾ ਮੰਗਣ ਜਾਇੰਦਾ, ਜਿਸ ਸਤਿਗੁਰ ਪੂਰਾ ਮਿਲਿਆ ਆਣ । ਅੱਠੇ ਪਹਿਰ ਨੇਤਰ ਲੋਚਣ ਨੈਣ ਦਰਸ਼ਨ

ਪਾਇੰਦਾ, ਦਿਵਸ ਰਾਤ ਨਾ ਕੋਇ ਵਖਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਮੇਟੇ ਤੇਰਾ ਨਿਸ਼ਾਨ । ਕਲਜੁਗ ਨਿਸ਼ਾਨ ਮਿਟਾਵਣਾ, ਜਗਤ ਜਗਦੀਸ਼ ਹੱਥ ਵਡਿਆਈਆ । ਸਤਿਜੁਗ ਸਾਚਾ ਮਾਰਗ ਲਾਵਣਾ, ਸਤਿ ਸਤਿਵਾਦੀ ਧਾਰ ਬੰਧਾਈਆ । ਸ੍ਰਿਸ਼ਟ ਸਬਾਈ ਏਕਾ ਬ੍ਰਹਮ ਦਰਸਾਵਣਾ, ਦੂਸਰ ਹੋਰ ਨਾ ਕੋਇ ਜਣਾਈਆ । ਭੈਣਾਂ ਭੱਯਾ ਸਰਬ ਬਣਾਵਣਾ, ਚਾਰ ਵਰਨ ਕਰ ਕੁੜਮਾਈਆ । ਏਕਾ ਨੱਯਾ ਆਪ ਚਲਾਵਣਾ, ਗ਼ਰੀਬ ਨਿਮਾਣਿਆਂ ਲਏ ਬਹਾਈਆ । ਆਪਣੀ ਸੇਵਾ ਆਪ ਕਮਾਵਣਾ, ਸਾਗਰ ਸਿੰਧ ਲਏ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਬਲ ਆਪ ਰਖਾਈਆ । ਕਲਜੁਗ ਪੈਂਡਾ ਜਾਏ ਮੁਕ, ਸੋ ਪੁਰਖ ਨਿਰੰਜਣ ਆਪ ਮੁਕਾਇੰਦਾ । ਹਰਿ ਕਾ ਭਾਣਾ ਨਾ ਜਾਏ ਰੁਕ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਮਨਮੁਖਾਂ ਮੁਖ ਪੈਣਾ ਥੁੱਕ, ਹਰਿ ਹਰਿ ਨਾਉਂ ਜੋ ਨਾ ਰਸਨਾ ਗਾਇੰਦਾ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਹਰਿ ਜੂ ਹਰਿ ਮੰਦਰ ਗੋਦੀ ਲਏ ਚੁਕ, ਆਪ ਆਪਣੀ ਗੋਦ ਸੁਹਾਇੰਦਾ । ਦਰਸ ਦਖਾਏ ਜੋ ਬੈਠਾ ਲੁਕ, ਘਰ ਘਰ ਵਿਚ ਆਪਣਾ ਰੂਪ ਜਣਾਇੰਦਾ । ਉਜਲ ਕਰੇ ਮਾਤ ਮੁਖ, ਜੋ ਜਨ ਰਸਨਾ ਜਿਹਵਾ ਗਾਇੰਦਾ । ਮਾਤ ਗਰਭ ਨਾ ਹੋਏ ਉਲਟਾ ਰੁਖ, ਲੱਖ ਚੁਰਾਸੀ ਫੰਦ ਕਟਾਇੰਦਾ । ਸਫਲ ਕਰਾਏ ਮਾਤ ਕੁੱਖ, ਜਿਸ ਜਨ ਆਪਣੀ ਬੂਝ ਬੁਝਾਇੰਦਾ । ਅੰਮ੍ਰਿਤ ਜਾਮ ਪਿਆਏ ਘੁੱਟ, ਨਿਝਰ ਝਿਰਨਾ ਆਪ ਝਿਰਾਇੰਦਾ । ਆਵਣ ਜਾਵਣ ਜਾਏ ਛੁੱਟ, ਰਾਏ ਧਰਮ ਨਾ ਡੰਨ ਲਗਾਇੰਦਾ । ਕਰੇ ਖੇਲ ਅਬਿਨਾਸ਼ੀ ਅਚੁਤ, ਗੁਰਮੁਖ ਸਾਚੇ ਮੇਲ ਮਿਲਾਇੰਦਾ । ਕਲਜੁਗ ਅੰਤ ਸੁਹਾਵੀ ਰੁਤ, ਭਿੰਨੜੀ ਰੈਣ ਮੇਲ ਮਿਲਾਇੰਦਾ । ਮੇਲ ਮਿਲਾਵਾ ਜਿਉਂ ਮਾਵਾਂ ਪੁੱਤ, ਗੁਰ ਸਤਿਗੁਰ ਗੁਰਸਿਖ ਸੰਗ ਰਖਾਇੰਦਾ । ਮਨਮੁਖਾਂ ਭਾਗ ਗਏ ਨਿਖੁੱਟ, ਹਰਿ ਕਾ ਰੂਪ ਦਿਸ ਨਾ ਆਇੰਦਾ । ਆਸਾ ਤ੍ਰਿਸ਼ਨਾ ਮਾਇਆ ਮਮਤਾ ਅਜੇ ਨਾ ਭਰੀ ਪੇਟ, ਸ਼ਾਹ ਕਰੋੜੀ ਸਰਬ ਹਲਕਾਇੰਦਾ । ਗੁਰਮੁਖ ਵਿਰਲਾ ਰੱਖੇ ਏਕਾ ਓਟ, ਜਿਸ ਜਨ ਆਪਣੀ ਦਇਆ ਕਮਾਇੰਦਾ । ਆਪ ਉਠਾਏ ਆਹਲਣਿਉਂ ਡਿਗਾ ਬੋਟ, ਸਚ ਦੁਆਰੇ ਆਪ ਬਹਾਇੰਦਾ । ਲੱਭਦੇ ਫਿਰਦੇ ਕੋਟੀ ਕੋਟ, ਨਿਰਗੁਣ ਰੂਪ ਦਿਸ ਕਿਸੇ ਨਾ ਆਇੰਦਾ । ਚਾਰੋਂ ਕੁੰਟ ਫਿਰਦੇ ਬੰਨ੍ਹ ਲੰਗੋਟ, ਉਚੇ ਟਿੱਲੇ ਪਰਬਤ ਕੋਟਨ ਕੋਟ ਆਸਣ ਲਾਇੰਦਾ । ਕੋਇ ਨਾ ਕੱਢੇ ਵਾਸਨਾ ਖੋਟ, ਨਿਰਮਲ ਨੀਰ ਨਾ ਕੋਇ ਪਿਆਇੰਦਾ । ਕਿਸੇ ਨਜ਼ਰ ਨਾ ਆਏ ਘਰ ਮੰਦਰ ਜੋਤ, ਜਗਤ ਦੀਵਾਲੀ ਸਰਬ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਦਾਤਾ ਪੁਰਖ ਬਿਧਾਤਾ ਆਪਣੀ ਖੇਲ ਆਪ ਖਿਲਾਇੰਦਾ । ਕਲਜੁਗ ਅੰਤਮ ਖੇਲ ਖਿਲਾਵਣ ਆਇਆ, ਪਾਰਬ੍ਰਹਮ ਹਰਿ ਕਰਤਾਰ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵਿਛੜੇ ਮੇਲ ਮਿਲਾਵਣ ਆਇਆ, ਨਿਰਗੁਣ ਨਿਰਗੁਣ ਲੈ ਅਵਤਾਰ । ਜਨਮ ਜਨਮ ਦਾ ਪੂਰਬ ਲਹਿਣਾ ਝੋਲੀ ਪਾਇਆ, ਲੇਖਾ ਰਹੇ ਨਾ ਵਿਚ ਸੰਸਾਰ । ਫੜ ਫੜ ਬਾਹੋਂ ਲਏ ਤਰਾਇਆ, ਡੁੱਬਦੇ ਪਾਥਰ ਜਾਏ ਤਾਰ । ਸਤਿਜੁਗ ਸਾਚਾ ਰਾਹ ਚਲਾਇਆ, ਲੇਖਾ ਜਾਣੇ ਆਪ ਕਰਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖ ਗੁਰਸਿਖ ਆਤਮ ਅੰਤਰ ਏਕਾ ਨਾਮ ਦਏ ਆਧਾਰ । ਗੁਰਮੁਖ ਨਾਮ ਜਣਾਇਆ, ਬੰਦ ਕਿਵਾੜਾ ਖੋਲ੍ਹ । ਸ਼ਬਦ ਨਾਦ ਵਜਾਇਆ, ਅਗੰਮ ਅਗੰਮੜਾ ਬੋਲ । ਏਕਾ ਘਰ ਵਸਾਇਆ, ਸਦ ਵਸੇ ਹਰਿ ਜੂ ਕੋਲ । ਦੂਰ ਦੁਰਾਡਾ ਪੰਧ ਮੁਕਾਇਆ, ਆਪ ਆਪਣੇ ਕੰਡੇ ਤੋਲ । ਕਾਇਆ ਕਿਲਾ ਕੋਟ

ਸੁਹਾਇਆ, ਸੁਰਤੀ ਸ਼ਬਦੀ ਆਪੇ ਮੌਲ । ਸਾਚੀ ਚੋਟ ਤਨ ਲਗਾਇਆ, ਕਰੇ ਖੇਲ ਬੈਠ ਅਡੋਲ । ਸਾਚਾ ਤਖ਼ਤ ਆਪ ਸੁਹਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਉਲਟਾ ਕਰੇ ਨਾਭ ਕਵਲ । ਉਲਟਾ ਕਵਲ ਆਪ ਉਲਟਾਇਆ, ਨੈਣ ਮੁੰਦ ਮੁੰਧਾਰਾ । ਅੰਮ੍ਰਿਤ ਬੂੰਦ ਮੁਖ ਚੁਆਇਆ, ਸਾਂਤਕ ਸਤਿ ਕਰੇ ਵਰਤਾਰਾ । ਕਲਜੁਗ ਅਗਨੀ ਅੱਗ ਬੁਝਾਇਆ, ਤ੍ਰੈਗੁਣ ਮਾਰੇ ਮਾਰਾ । ਪੰਚ ਵਿਕਾਰਾ ਰਹੇ ਨਾ ਰਾਇਆ, ਜਿਸ ਜਨ ਬਖ਼ਸ਼ੇ ਚਰਨ ਦੁਆਰਾ । ਆਤਮ ਜੋਤੀ ਜੋਤ ਜਗਾਇਆ, ਨੂਰ ਨੁਰਾਨਾ ਕਰ ਉਜਿਆਰਾ । ਘਰ ਵਿਚ ਘਰ ਦਏ ਸੁਹਾਇਆ, ਗੁਰਮੁਖਾਂ ਕਰ ਪਿਆਰਾ । ਵਣਜ ਵਣਜਾਰਾ ਇਕ ਕਰਾਇਆ, ਦੇਵੇ ਵਸਤ ਨਾਮ ਹਰਿ ਥਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਲਏ ਉਧਾਰਾ । ਹਰਿਜਨ ਸਚ ਉਧਾਰੀਅਨ, ਕਰ ਕਿਰਪਾ ਗੁਣ ਨਿਧਾਨ । ਕਲਜੁਗ ਅੰਤਮ ਪੈਜ ਸੁਆਰੀਅਨ, ਇਕ ਵਖਾਏ ਸਚ ਨਿਸ਼ਾਨ । ਝੂਠਾ ਨਾਤਾ ਤੋੜ ਤੁੜਾਈਅਨ, ਸਚ ਸੁੱਚ ਵਰਤੇ ਸਚ ਵਰਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮਾ ਸ਼ਿਵ ਤੇਰੀ ਅੰਤ ਸੁਣੇ ਪੁਕਾਰ । ਅੰਤ ਸੁਣੇ ਪੁਕਾਰ ਹਰਿ ਹਰਿ, ਹਰਿ ਵੱਡਾ ਵਡ ਵਡਿਆਈਆ । ਵਿਸ਼ਨ ਤੇਰੇ ਆਵੇ ਦਰ ਦਰ, ਆਪ ਆਪਣਾ ਰੂਪ ਧਰਾਈਆ । ਬ੍ਰਹਮਾ ਵੇਖੇ ਆਪੇ ਖੜ ਖੜ, ਬ੍ਰਹਮ ਮੇਲਾ ਸਹਿਜ ਸੁਭਾਈਆ । ਆਪਣੀ ਵਿਦਿਆ ਆਪੇ ਪੜ੍ਹ ਪੜ੍ਹ, ਬ੍ਰਹਮ ਲੇਖਾ ਦਏ ਵਖਾਈਆ । ਆਪਣੀ ਕਰਨੀ ਆਪੇ ਕਰ ਕਰ, ਸ਼ੰਕਰ ਏਕਾ ਤੱਤ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਲਹਿਣਾ ਦੇਣਾ ਦੇਵੇ ਥਾਉਂ ਥਾਈਂਆ । ਲਹਿਣਾ ਦੇਣਾ ਹਰਿ ਕਰਤਾਰਾ, ਆਦਿ ਜੁਗਾਦਿ ਮੁਕਾਇੰਦਾ । ਵਿਸ਼ਨੂੰ ਮੇਲਾ ਧੁਰ ਦਰਬਾਰਾ, ਹਰਿ ਸਾਚਾ ਆਪ ਕਰਾਇੰਦਾ । ਬ੍ਰਹਮਾ ਜੋਤੀ ਦਏ ਹੁਲਾਰਾ, ਜੋਤੀ ਜੋਤ ਸਮਾਇੰਦਾ । ਕਿਰਪਾ ਕਰੇ ਆਪ ਨਿਰੰਕਾਰਾ, ਚਰਨ ਚਰਨੋਦਕ ਮੁਖ ਚੁਆਇੰਦਾ । ਤਿੰਨਾਂ ਵਖਾਏ ਇਕ ਦੁਆਰਾ, ਦਰ ਘਰ ਸਾਚੇ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਏਕਾ ਹਰਿ, ਜੁਗ ਜੁਗ ਪੰਧ ਮੁਕਾਇੰਦਾ । ਜੁਗ ਜੁਗ ਪੰਧ ਮੁਕਾਇੰਦਾ, ਹਰਿ ਪਾਂਧੀ ਬੇਪਰਵਾਹ । ਸਤਿਜੁਗ ਤ੍ਰੇਤਾ ਦੁਆਪਰ ਆਪਣੀ ਧਾਰ ਬੰਧਾਇੰਦਾ, ਨਿਰਗੁਣ ਸਰਗੁਣ ਬਣ ਮਲਾਹ । ਕਲਜੁਗ ਅੰਤਮ ਖੇਲ ਖਿਲਾਇੰਦਾ, ਅਗੰਮੜੀ ਕਾਰ ਆਪ ਕਰਾ । ਹੱਡ ਮਾਸ ਨਾੜੀ ਚਮੜਾ ਨਾ ਕੋਇ ਰਖਾਇੰਦਾ, ਪਵਣੀ ਪਵਣ ਨਾ ਲਏ ਸਾਹ । ਖੜਗ ਖੰਡਾ ਨਾ ਕੋਇ ਚਮਕਾਇੰਦਾ, ਤੀਰ ਕਮਾਨ ਨਾ ਲਿਆ ਹੱਥ ਉਠਾ । ਸ਼ਸਤਰ ਬਸਤਰ ਨਾ ਕੋਇ ਸਜਾਇੰਦਾ, ਚਰਨ ਰਕਾਬ ਨਾ ਰਿਹਾ ਰਖਾ । ਸ਼ਾਹੀ ਫ਼ੌਜ ਲਸ਼ਕਰ ਨਾ ਕੋਇ ਉਠਾਇੰਦਾ, ਦੂਸਰ ਸੰਗ ਨਾ ਲਿਆ ਕੋਇ ਰਲਾ । ਇਕ ਇਕੱਲਾ ਜੋਤ ਜਗਾਇੰਦਾ, ਸ਼ਬਦੀ ਹੁਕਮ ਦਏ ਵਰਤਾ । ਨੌਂ ਖੰਡ ਪ੍ਰਿਥਮੀ ਭੇੜ ਭੜਾਇੰਦਾ, ਸੱਤਾਂ ਦੀਪਾਂ ਲਏ ਜਗਾ । ਆਪਣੀ ਜੋਤੀ ਅਗਨੀ ਲਾਇੰਦਾ, ਮਨ ਮਤ ਬੁਧ ਜਗਤ ਵਡਿਆ । ਪੰਡਤ ਕਾਂਸ਼ੀ ਭੇਵ ਨਾ ਪਾਇੰਦਾ, ਮੁਲਾਂ ਸ਼ੇਖ਼ ਮੁਸਾਇਕ ਪੀਰ ਦਸਤਗੀਰ ਕੋਈ ਸਕੇ ਭੇਵ ਨਾ ਪਾ । ਗ੍ਰੰਥੀ ਪੰਥੀ ਸਰਬ ਕੁਰਲਾਇੰਦਾ, ਹਰਿ ਮਿਲੇ ਨਾ ਬੇਪਰਵਾਹ । ਗੁਰਸਿਖ ਵਿਰਲੇ ਆਪ ਜਗਾਇੰਦਾ, ਆਪ ਆਪਣੀ ਦਇਆ ਕਮਾ । ਜ਼ਾਤ ਪਾਤ ਨਾ ਕੋਇ ਰਖਾਇੰਦਾ, ਵਰਨ ਬਰਨ ਨਾ ਵੰਡ ਵੰਡਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਏਕਾ ਚੰਡ ਪਰਚੰਡ ਦਏ ਵਖਾ । ਚੰਡ ਪਰਚੰਡ ਦੁਰਗਾ ਧਾਰ, ਅਸ਼ਟਭੁਜ ਦਏ

ਵਡਿਆਈਆ । ਚਤੁਰਭੁਜ ਬਣ ਨਿਰੰਕਾਰ, ਆਪ ਆਪਣਾ ਰਿਹਾ ਛੁਪਾਈਆ । ਏਕਾ ਦੂਜਾ ਕਰੇ ਪਾਰ ਕਿਨਾਰ, ਤੀਜਾ ਨੈਣ ਆਪ ਖੁਲ੍ਹਾਈਆ । ਚੌਥੇ ਘਰ ਹੋ ਤਿਆਰ, ਪੰਚਮ ਲੇਖਾ ਦਏ ਮੁਕਾਈਆ । ਛੇ ਸ਼ਾਸਤਰ ਕਰ ਵਿਚਾਰ, ਛੇਵੇਂ ਘਰ ਖੋਜ ਖੁਜਾਈਆ । ਸਤਿ ਸਰੂਪੀ ਸਚ ਸਤਾਰ, ਹਰਿ ਨਿਰੰਕਾਰ ਘਰ ਘਰ ਵਿਚ ਦਏ ਵਜਾਈਆ । ਚੌਦਾਂ ਵਿਦਿਆ ਨਾ ਪਾਏ ਸਾਰ, ਵੇਦ ਕਤੇਬ ਰਹੇ ਜਸ ਗਾਈਆ । ਗੁਰਮੁਖਾਂ ਕਰੇ ਇਕ ਗੁਫ਼ਤਾਰ, ਰਸਨਾ ਜਿਹਵਾ ਨਾ ਕੋਇ ਹਿਲਾਈਆ । ਬੱਤੀ ਦੰਦ ਨਾ ਕੋਇ ਪੁਕਾਰ, ਆਪਣੀ ਕਲ ਆਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰਾ ਅੰਤ ਕਰੌਣਾ ਵਿਸ਼ਨ ਬ੍ਰਹਮਾ ਸ਼ਿਵ ਮਿਲੌਣਾ, ਕੀਤਾ ਕੌਲ ਪੂਰ ਕਰਾਈਆ । ਕੀਤਾ ਕੌਲ ਕਦੇ ਨਾ ਭੁੱਲਦਾ, ਹਰੀ ਹਰਿ ਵਡੀ ਵਡਿਆਈਆ । ਕਰੇ ਖੇਲ ਆਪ ਅਤੁਲ ਦਾ, ਨਾ ਕੋਈ ਤੋਲੇ ਤੋਲ ਤੁਲਾਈਆ । ਤ੍ਰੈਗੁਣ ਮਾਇਆ ਵਿਚ ਕਦੇ ਨਾ ਰੁਲਦਾ, ਤ੍ਰੈਭਵਣ ਧਨੀ ਵਡੀ ਵਡਿਆਈਆ । ਝੂਠੇ ਨਿਸ਼ਾਨ ਕਦੇ ਨਾ ਝੁਲਦਾ, ਸਚ ਨਿਸ਼ਾਨਾ ਲਏ ਉਠਾਈਆ । ਲੇਖਾ ਜਾਣੇ ਆਪਣੀ ਕੁਲ ਦਾ, ਭਗਤ ਸੰਤ ਗੁਰਮੁਖ ਗੁਰਸਿਖ ਆਪਣਾ ਬੰਸ ਬਣਾਈਆ । ਗੁਰਮੁਖ ਬੂਟਾ ਕਦੇ ਨਾ ਹੁਲਦਾ, ਸ੍ਰਿਸ਼ਟ ਸਬਾਈ ਲੱਖ ਚੁਰਾਸੀ ਪੱਤ ਡਾਲੀ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖ ਵਿਰਲੇ ਲਏ ਜਗਾਈਆ । ਗੁਰਸਿਖ ਵਿਰਲਾ ਜਾਗਿਆ, ਜਿਸ ਜਗਾਇਆ ਆਪ ਨਿਰੰਕਾਰ । ਸਤਿਗੁਰ ਸਰਨਾਈ ਲਾਗਿਆ, ਨਾਤਾ ਤੋੜ ਸਰਬ ਸੰਸਾਰ । ਬਿਸ਼ਨ ਦਾਸ ਵਡ ਵਡ ਭਾਗਿਆ, ਪਾਇਆ ਪੁਰਖ ਅਗੰਮ ਅਪਾਰ । ਸਿੰਘ ਭਾਗ ਜਗਿਆ ਨਾਲ ਚਰਾਗ਼ਿਆ, ਜੋਤੀ ਜੋਤ ਹੋਈ ਉਜਿਆਰ । ਦੁਰਮਤ ਮੈਲ ਧੋਇਆ ਦਾਗ਼ਿਆ, ਕਾਗ ਰਲਿਆ ਹੰਸਾਂ ਡਾਰ । ਆਤਮ ਉਪਜਿਆ ਇਕ ਵੈਰਾਗਿਆ, ਅੱਠੇ ਪਹਿਰ ਰਾਹ ਤੱਕੇ ਮੀਤ ਮੁਰਾਰ । ਹਰਿ ਮੇਲਾ ਕੰਤ ਸੁਹਾਗਿਆ, ਗੁਰਸਿਖ ਹੋਏ ਸੁਹਾਗਣ ਨਾਰ । ਸਤਿਗੁਰ ਪੂਰੇ ਲੱਖ ਚੁਰਾਸੀ ਵਿਚੋਂ ਕਾਢਿਆ, ਜਨਮ ਮਰਨ ਗੇੜ ਨਿਵਾਰ । ਲੇਖੇ ਲੱਗਾ ਮਾਸ ਰਤ ਨਾੜੀ ਹਾਡਿਆ, ਰਤੀ ਰਤ ਦਏ ਆਧਾਰ । ਹਰਿਜਨ ਹਰਿ ਭਗਤ ਲਡਾਏ ਲਾਡਿਆ, ਜਿਉਂ ਧਰੂ ਪ੍ਰਹਿਲਾਦ ਪਾਵੇ ਸਾਰ । ਏਥੇ ਓਥੇ ਆਪ ਬੰਧਾਇਆ ਸਾਚਾ ਨਾਤਿਆ, ਨਾ ਕੋਈ ਤੋੜੇ ਤੋੜਣਹਾਰ । ਸੋਹੰ ਸ਼ਬਦ ਗਾਈ ਗਾਥਿਆ, ਅੰਤਮ ਮਿਲਿਆ ਓਮ ਰੂਪ ਨਿਰਾਕਾਰ । ਲੱਗਾ ਤਿਲਕ ਲਲਾਟ ਮਸਤਕ ਸਾਚੇ ਮਾਥਿਆ, ਨਿਰਗੁਣ ਨੂਰ ਹੋਇਆ ਉਜਿਆਰ । ਦੱਸਦਾ ਗਿਆ ਸੱਜਣ ਸਾਥੀਆਂ, ਬਿਨ ਹਰਿ ਨਾਮ ਨਾ ਉਤਰੇ ਕੋਈ ਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਵਿਰਲੇ ਲਏ ਵਰ, ਆਪ ਆਪਣੀ ਕਿਰਪਾ ਧਾਰ । ਕਿਰਪਾ ਧਾਰੇ ਹਰਿ ਨਿਰੰਕਾਰੇ, ਅਕਲ ਕਲਾ ਵਡਿਆਈਆ । ਭਗਤ ਉਧਾਰੇ ਕਰੇ ਸ਼ੰਗਾਰੇ, ਤਨ ਕਪੜ ਇਕ ਵਖਾਈਆ । ਜੋਤ ਉਜਿਆਰੇ ਸ਼ਬਦ ਅਨਹਦ ਧੁਨਕਾਰੇ, ਨਾਦ ਅਨਾਦੀ ਗੀਤ ਸੁਣਾਈਆ । ਪੁੱਤਰ ਧੀਆਂ ਨਾ ਕੋਇ ਪਿਆਰੇ, ਨਾਰੀ ਕੰਤ ਨਾ ਰੋਵੇ ਜ਼ਾਰੋ ਜ਼ਾਰੇ, ਜਿਸ ਮਿਲਿਆ ਬੇਪਰਵਾਹੀਆ । ਉਤਰੇ ਪਾਰ ਸਰਬ ਪਰਵਾਰੇ ਡੁਬਦੇ ਪਾਥਰ ਆਪੇ ਤਾਰੇ, ਚਰਨ ਪਾਹਨ ਨਾਲ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗੰਤਰ ਆਪ ਚਲਾਏ ਆਪਣਾ ਮੰਤਰ, ਗੁਰਮੁਖਾਂ ਬੁਝਾਏ ਲੱਗੀ ਬਸੰਤਰ, ਅਗਨੀ ਤੱਤ ਨਾ ਕੋਇ ਵਖਾਈਆ । ਅਗਨੀ ਤੱਤ ਦੇਵੇ ਕੱਢ, ਗੁਰ ਸਤਿਗੁਰ ਹੱਥ ਵਡਿਆਈਆ । ਨਾਮ ਜਣਾਏ ਨਾਦ ਅਨਹਦ, ਧੁਨ ਆਤਮਕ ਆਪ ਸੁਣਾਈਆ । ਜਾਮ ਪਿਆਏ ਸਾਚੀ ਮਦਿ,


੧੬੧
੧੦

ਅੰਮ੍ਰਿਤ ਰਸ ਇਕ ਚਖਾਈਆ । ਆਵਣ ਜਾਵਣ ਮੇਟੇ ਪੰਧ, ਸਗਲਾ ਸੰਗ ਆਪ ਹੋ ਜਾਈਆ । ਜਗਤ ਵਿਕਾਰ ਤਜਾਏ ਗੰਦ, ਹਰਿ ਕਾ ਨਾਉਂ ਰਸਨਾ ਜਿਹਵਾ ਗਾਈਆ । ਨਿਜ ਆਤਮ ਮਿਲੇ ਪਰਮਾਨੰਦ, ਨਿਜ ਮੰਦਰ ਵੱਜੇ ਵਧਾਈਆ । ਹਰਿ ਕੰਤ ਸੁਣਾਏ ਸੁਹਾਗੀ ਛੰਦ, ਮਿਲ ਸਖ਼ੀਆਂ ਮੰਗਲ ਗਾਈਆ । ਖ਼ੁਸ਼ੀ ਕਰਾਏ ਬੰਦ ਬੰਦ, ਬੰਦੀਖ਼ਾਨਾ ਆਪ ਤੁੜਾਈਆ । ਨਾਤਾ ਤੁੱਟਾ ਜੇਰਜ ਅੰਡ, ਦਸ ਦਸ ਮਾਸ ਨਾ ਅਗਨ ਤਪਾਈਆ । ਸੀਤਲ ਧਾਰਾ ਸੀਤਲ ਚੜ੍ਹਿਆ ਚੰਦ, ਘਰ ਸਾਚੇ ਹੋਈ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਸੁਹੇਲੇ ਲਏ ਵਰ, ਗੁਰ ਚੇਲੇ ਮੇਲ ਮਿਲਾਈਆ । ਗੁਰ ਚੇਲਾ ਮੇਲ ਮਿਲਾਇੰਦਾ, ਨਿਰਗੁਣ ਸਰਗੁਣ ਕਰ ਪਿਆਰ । ਇਕ ਇਕੇਲਾ ਵੇਖ ਵਖਾਇੰਦਾ, ਦੋ ਜਹਾਨਾਂ ਹੋ ਤਿਆਰ । ਸ਼ਬਦ ਸੁਹੇਲਾ ਨਾਲ ਰਲਾਇੰਦਾ, ਦਿਵਸ ਰੈਣ ਪਾਵੇ ਸਾਰ । ਆਪਣਾ ਵੇਲਾ ਆਪ ਸੁਹਾਇੰਦਾ, ਥਿਤ ਵਾਰ ਨਾ ਸਕੇ ਕੋਇ ਵਿਚਾਰ । ਧਰਮ ਰਾਏ ਦੀ ਜੇਲਾ ਆਪ ਕਟਾਇੰਦਾ, ਚਿਤਰ ਗੁਪਤ ਲੇਖਾ ਦੇਵੇ ਪਾੜ । ਲਾੜੀ ਮੌਤ ਗੁਰਸਿਖ ਨਾ ਕੋਇ ਪਰਨਾਇੰਦਾ, ਜਿਸ ਜਨ ਸਤਿਗੁਰ ਪੂਰਾ ਮਿਲਿਆ ਆਣ । ਵਿਸ਼ਨ ਬ੍ਰਹਮਾ ਸ਼ਿਵ ਰਾਹ ਤਕਾਇੰਦਾ, ਆਦਿ ਜੁਗਾਦੀ ਖੇਲ ਮਹਾਨ । ਭਗਵਨ ਆਪਣੀ ਗੋਦ ਬਹਾਇੰਦਾ, ਭਗਤੀ ਦੇਵੇ ਸਾਚਾ ਦਾਨ । ਜੀਵਣ ਮੁਕਤ ਆਪ ਕਰਾਇੰਦਾ, ਮੁਕਤੀ ਦੱਸੇ ਬਾਲ ਅਵਾਣ । ਗੁਰਸਿਖ ਮੁਕਤੀ ਕਦੇ ਨਾ ਮੰਗ ਮੰਗਾਇੰਦਾ, ਏਕਾ ਮੰਗੇ ਚਰਨ ਕਵਲ ਧਿਆਨ । ਕਲਜੁਗ ਅੰਤਮ ਸਾਚੀ ਜੁਗਤੀ ਆਪ ਜਣਾਇੰਦਾ, ਪੁਰਖ ਅਬਿਨਾਸ਼ੀ ਹੋ ਮਿਹਰਵਾਨ । ਸ਼ਕਤੀ ਭਗਤੀ ਗੁਰਮੁਖਾਂ ਸੇਵ ਕਮਾਇੰਦਾ, ਸੇਵਾ ਕਰੇ ਆਪ ਪਰਵਾਨ । ਬੂੰਦ ਰਕਤੀ ਲੇਖੇ ਲਾਇੰਦਾ, ਹੋਇਆ ਹਰਿ ਹਰੀ ਮਿਹਰਵਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਮੁਖ ਵੇਖੇ ਚਤੁਰ ਸੁਜਾਨ । ਗੁਰਮੁਖ ਚਤੁਰ ਸੁਜਾਨ, ਮੂਰਖ ਮੂੜ੍ਹੇ ਆਪ ਬਣਾਈਆ । ਜਿਸ ਜਨ ਦੇਵੇ ਜੀਆ ਦਾਨ, ਚਰਨ ਧੂੜ ਮਸਤਕ ਟਿੱਕਾ ਲਾਈਆ । ਏਕਾ ਰਾਗ ਸੁਣਾਏ ਕਾਨ, ਨਾਦ ਅਨਾਦੀ ਧੁੰਨ ਉਪਜਾਈਆ । ਬ੍ਰਹਮ ਪਾਰਬ੍ਰਹਮ ਕਰੇ ਪਹਿਚਾਨ, ਬ੍ਰਹਮ ਵਿਦਿਆ ਇਕ ਸਿਖਾਈਆ । ਘਰ ਵਿਚ ਮੇਲਾ ਘਰ ਵਿਚ ਗੁਰੂ ਘਰ ਵਿਚ ਚੇਲਾ ਘਰ ਵਿਚ ਆਸਣ ਘਰ ਵਿਚ ਸਿੰਘਾਸਣ ਦਏ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਵਖਾਏ ਸਾਚਾ ਘਰ, ਘਰ ਘਰ ਵਿਚ ਦਏ ਪ੍ਰਗਟਾਈਆ । ਘਰ ਨਾਰੀ ਕੰਤ ਭਤਾਰ, ਘਰ ਸਾਚੀ ਸੇਜ ਸੁਹਾਇੰਦਾ । ਘਰ ਪੀਆ ਪ੍ਰੀਤਮ ਯਾਰ, ਘਰ ਪ੍ਰੇਮ ਪਿਆਰ ਵਖਾਇੰਦਾ । ਘਰ ਸ਼ਬਦ ਨਾਦ ਧੁੰਨਕਾਰ, ਘਰ ਸਖ਼ੀਆਂ ਮੰਗਲ ਗਾਇੰਦਾ । ਘਰ ਅੰਮ੍ਰਿਤ ਠੰਡਾ ਠਾਰ, ਘਰ ਭਰ ਪਿਆਲਾ ਜਾਮ ਪਿਆਇੰਦਾ । ਘਰ ਜੋਤ ਨਿਰੰਜਣ ਕਰੇ ਉਜਿਆਰ, ਘਰ ਨੂਰ ਨੁਰਾਨਾ ਡਗਮਗਾਇੰਦਾ । ਘਰ ਦੀਵਾ ਬਾਤੀ ਕਮਲਾਪਾਤੀ ਕਰ ਤਿਆਰ, ਆਪਣਾ ਮੰਦਰ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਅੰਦਰ ਆਪੇ ਵੜ, ਆਪਣਾ ਪਰਦਾ ਆਪ ਉਠਾਇੰਦਾ । ਗੁਰਮੁਖਾਂ ਅੰਦਰ ਆਪੇ ਵੜਿਆ, ਔਂਦਾ ਜਾਂਦਾ ਦਿਸ ਨਾ ਆਈਆ । ਆਪਣੇ ਪੌੜੇ ਆਪੇ ਚੜ੍ਹਿਆ, ਆਪ ਆਪਣਾ ਬਲ ਧਰਾਈਆ । ਆਪਣੇ ਦੁਆਰੇ ਆਪੇ ਖੜਿਆ, ਗੁਰਮੁਖਾਂ ਰਾਹ ਵਖਾਈਆ । ਆਪਣੀ ਵਿਦਿਆ ਆਪੇ ਪੜ੍ਹਿਆ, ਹਰਿਜਨ ਸਾਚੇ ਲਏ ਪੜ੍ਹਾਈਆ । ਨਾ ਕੋਈ ਸੀਸ ਨਾ ਕੋਈ ਧੜਿਆ, ਪੰਜ ਤੱਤ ਨਾ ਕੋਈ ਵਖਾਈਆ । ਅਗਨੀ ਹਵਨ ਕਦੇ ਨਾ ਸੜਿਆ, ਮੜ੍ਹੀ ਗੌਰ ਨਾ ਕੋਇ ਦਬਾਈਆ । ਗੁਰਮੁਖ ਵਿਰਲਾ ਗੁਰ ਗੁਰ ਆਪੇ ਵਰਿਆ, ਗੁਰ ਸ਼ਬਦ ਹੋਈ ਕੁੜਮਾਈਆ ।

੧੬੨
੧੦

ਨਿਰਭੌ ਚੁਕਾਏ ਜਗਤ ਡਰਿਆ, ਭੈ ਭਿਆਨਕ ਹੋਏ ਸਹਾਈਆ । ਆਸਾ ਮਨਸਾ ਪੂਰੀ ਕਰਿਆ, ਜੋ ਜਨ ਰਹੇ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਏਕਾ ਰੰਗ ਰੰਗਾਈਆ । ਗੁਰਮੁਖ ਰੰਗੇ ਰੰਗ ਅਨਡੀਠੜਾ, ਗੁਰ ਸਤਿਗੁਰ ਆਪ ਰੰਗਾਇਆ । ਕਾਇਆ ਚੋਲੀ ਰੰਗੇ ਚੀਥੜਾ, ਪੰਜ ਤੱਤ ਦਏ ਵਡਿਆਇਆ । ਅੰਮ੍ਰਿਤ ਰਸ ਪਿਆਏ ਏਕਾ ਮੀਠੜਾ, ਰੀਠਾ ਕੌੜਾ ਆਪਣਾ ਰਸ ਚਖਾਇਆ । ਧਾਮ ਵਖਾਏ ਇਕ ਅਨਡੀਠੜਾ, ਜਗਤ ਨੇਤਰ ਦਿਸ ਨਾ ਆਇਆ । ਸਰਬ ਜੀਆਂ ਦਾ ਸਾਂਝਾ ਮੀਤੜਾ, ਪਾਰਬ੍ਰਹਮ ਸੱਚੀ ਸਰਨਾਇਆ । ਬ੍ਰਹਮ ਗਾਏ ਸੁਹਾਗੀ ਗੀਤੜਾ, ਛੱਤੀ ਰਾਗ ਭੇਵ ਨਾ ਰਾਇਆ । ਬੈਠਾ ਰਹੇ ਇਕ ਅਤੀਤੜਾ, ਸਾਚੇ ਮੰਦਰ ਸੋਭਾ ਪਾਇਆ, ਕਲਜੁਗ ਅੰਤਮ ਆਪ ਚਲਾਏ ਆਪਣੀ ਰੀਤੜਾ, ਗੁਰਸਿਖ ਕਾਇਆ ਮੰਦਰ ਗੁਰੂਦੁਆਰ ਮੰਦਰ ਮਠ ਸ਼ਿਵਦੁਆਲਾ ਵਖਾਏ ਮਸੀਤੜਾ, ਘਰ ਇਸ਼ਟ ਦੇਵ ਇਕ ਪ੍ਰਗਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰਾਹ ਵਖਾਇਆ । ਨਮੋ ਦੇਵ ਨਿਮਸਕਾਰ ਵਾਸਤਕ ਰੂਪ, ਪਾਰਬ੍ਰਹਮ ਬੋਧ ਅਗਾਧ ਪ੍ਰਵਾਨਿਆ । ਨਿਰਵੈਰ ਪੁਰਖ ਅਕਾਲ ਠਾਕਰ ਸੁਆਮੀ ਸਤਿ ਸਰੂਪ, ਆਦਿ ਜੁਗਾਦਿ ਜੁਗਾ ਜੁਗੰਤਰ ਸੁਣਾਏ ਧੁਰ ਫ਼ਰਮਾਨਿਆ । ਬ੍ਰਹਿਮੰਡ ਖੰਡ ਜੇਰਜ ਅੰਡ ਉਤਭੁਜ ਸੇਤਜ ਪਾਵੇ ਸਾਰ ਦਹਿ ਦਿਸ਼ਾ ਚਾਰ ਕੂਟ, ਨਿਰਗੁਣ ਨਿਰਾਕਾਰ ਇਕ ਇਕੱਲਾ ਸ੍ਰੀ ਭਗਵਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਸ਼ਕਤ ਆਦਿ ਭਵਾਨੀ ਸਾਰ ਸ਼ਬਦ ਸਚ ਨਿਸ਼ਾਨਿਆ । ਪਾਰਬ੍ਰਹਮ ਬ੍ਰਹਮ ਖੇਲ ਮਹਾਨ, ਖ਼ਾਲਕ ਖ਼ਲਕ ਰੂਪ ਵੇਖੇ ਦੋ ਜਹਾਨ, ਮਖ਼ਲੂਕ ਆਪਣੀ ਧਾਰ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਇਕੱਲਾ ਸਾਚਾ ਹਰਿ, ਗੁਰਮੁਖ ਸਾਚੇ ਆਪ ਮਿਲਾਇੰਦਾ । ਗੁਰਮੁਖ ਮਿਲਿਆ ਸਤਿਗੁਰ ਪਾਇਆ ਨਾਤਾ ਤੁਟਾ ਜਗਤ, ਮਾਣਸ ਜਨਮ ਜੂਏ ਨਾ ਹਾਰਿਆ । ਪੁਰਖ ਅਬਿਨਾਸ਼ਾ ਘਟ ਘਟ ਵਾਸਾ ਦਾਸੀ ਦਾਸਾ ਦੀਨ ਦਿਆਲ, ਖੇਲੇ ਖੇਲ ਅਗੰਮ ਅਪਾਰਿਆ । ਕਲਜੁਗ ਅੰਤਮ ਅਵਲੜੀ ਚਾਲ, ਚਰਨ ਭਿਖਾਰ ਰਖਾਏ ਕਾਲ ਮਹਾਕਾਲ, ਵਸਣਹਾਰਾ ਸਚਖੰਡ ਸੱਚੀ ਧਰਮਸਾਲ, ਲੋਕਮਾਤ ਹੋਏ ਉਜਿਆਰਿਆ । ਭਗਤ ਭਗਵੰਤ ਲਏ ਭਾਲ, ਸਾਚੇ ਸੰਤ ਰਾਹ ਦੱਸੇ ਇਕ ਸੁਖਾਲ, ਗੁਰਮੁਖਾਂ ਤੋੜ ਜਗਤ ਜੰਜਾਲ, ਗੁਰਸਿਖਾਂ ਬਣੇ ਆਪ ਦਲਾਲ, ਬੇੜਾ ਕਰੇ ਪਾਰ ਕਿਨਾਰਿਆ । ਜੋ ਜਨ ਆਏ ਸਰਨਾ ਏਕਾ ਮੰਗ ਲਏ ਮੰਗਾ, ਪੁਰਖ ਅਬਿਨਾਸ਼ੀ ਦਇਆ ਦਏ ਕਮਾ, ਲੋਚਣ ਤੀਜਾ ਦਏ ਖੁਲ੍ਹਾ, ਅਨਹਦ ਸ਼ਬਦ ਦਏ ਵਜਾ, ਅੰਮ੍ਰਿਤ ਜਾਮ ਦਏ ਪਿਆ, ਨਿਰਗੁਣ ਜੋਤ ਕਰ ਰੁਸ਼ਨਾ, ਔਖੀ ਘਾਟੀ ਦਏ ਚੜ੍ਹਾ, ਆਪਣਾ ਪੱਲਾ ਆਪ ਫੜਾਈਆ । ਆਪਣਾ ਪੱਲਾ ਆਪ ਫੜਾਇਆ, ਗੁਰਸਿਖ ਭੇਵ ਕੋਇ ਨਾ ਪਾਇੰਦਾ । ਨਿਰਗੁਣ ਸਰਗੁਣ ਦੁਆਰੇ ਮੰਗਣ ਆਇਆ, ਜੁਗ ਜੁਗ ਆਪਣਾ ਬਿਰਦ ਧਰਾਇਆ, ਹਰਿਜਨ ਆਪਣੇ ਅੰਗਣ ਆਪ ਉਠਾਵਣ ਆਇਆ, ਆਪ ਆਪਣੀ ਗੋਦ ਸੁਹਾਇਆ । ਹਰਿ ਕਾ ਨਾਉਂ ਮੰਗਣ ਜੋ ਸੰਗਣ, ਦਰਗਹਿ ਸਾਚੀ ਮਿਲੇ ਨਾ ਥਾਇਆ । ਸਤਿਗੁਰ ਪੂਰਾ ਹਾਜ਼ਰ ਹਜ਼ੂਰਾ ਤਨ ਪਹਿਨਾਏ ਨਾਮ ਸਾਚਾ ਕੰਗਣ, ਜਿਉਂ ਕਸੀਰਾ ਰਵਦਾਸ ਚਮਾਰਾ ਗੰਗਾ ਆਪ ਵਟਾਇਆ । ਹਰਿ ਭਗਤ ਬਣੇ ਸਾਚਾ ਹੀਰਾ ਮਾਣਕ ਮੋਤੀ, ਜਗੇ ਜੋਤੀ ਸੁਰਤੀ ਉਠੇ ਸੋਤੀ, ਗੁਰ ਸਤਿਗੁਰ ਲਏ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਹੁਲਾਰਾ ਇਕ ਲਗਾਇਆ । ਸ਼ਬਦ ਹੁਲਾਰਾ ਆਪ ਲਗਾਇੰਦਾ, ਕਰ ਕਿਰਪਾ ਗੁਣ ਨਿਧਾਨ । ਗੁਰਮੁਖ ਆਤਮ ਆਪ ਜਗਾਇੰਦਾ, ਪਰਮਾਤਮ ਹੋਇਆ ਨਿਗਹਬਾਨ । ਸਨਾਤਨ ਧਰਮ ਇਕ ਵਖਾਇੰਦਾ,

੧੬੩ ੧੦

ਸਾਂਤਕ ਰੂਪ ਸ੍ਰੀ ਭਗਵਾਨ । ਵਿਸ਼ਨੂੰ ਖੇਲ ਆਪ ਖਿਲਾਇੰਦਾ, ਘਰ ਘਰ ਦੇਵੇ ਜੀਆ ਦਾਨ । ਬ੍ਰਹਮ ਜੋਤ ਸਰਬ ਜਗਾਇੰਦਾ, ਪਾਰਬ੍ਰਹਮ ਹੋ ਪਰਧਾਨ । ਸ਼ੰਕਰ ਸੰਸਾ ਸਰਬ ਮਿਟਾਇੰਦਾ, ਜੋ ਭੁੱਲੇ ਜੀਵ ਸ਼ੈਤਾਨ । ਗੁਰ ਕਾ ਸ਼ਬਦ ਅੰਤ ਪਰਨਾਇੰਦਾ, ਜੋਧਾ ਸੂਰਬੀਰ ਬਲੀ ਬਲਵਾਨ । ਜੁਗ ਜੁਗ ਆਪਣਾ ਬਲ ਰਖਾਇੰਦਾ, ਨੌਂ ਖੰਡ ਪ੍ਰਿਥਮੀ ਪਾਵੇ ਆਣ । ਗੁਰ ਅਵਤਾਰ ਆਪਣੀ ਰਸਨਾ ਜਿਹਵਾ ਗਾਇੰਦਾ, ਦੇਵਣਹਾਰਾ ਹਰਿ ਫ਼ਰਮਾਨ । ਕਲਜੁਗ ਵੇਲਾ ਅੰਤਮ ਆਇੰਦਾ, ਪੁਰਖ ਅਬਿਨਾਸ਼ੀ ਹੋਇਆ ਮਿਹਰਵਾਨ । ਸ਼ਬਦ ਬਬਾਣਾ ਆਪ ਉਠਾਇੰਦਾ, ਲੋਕਮਾਤ ਰੱਖੇ ਆਣ । ਨਿਰਗੁਣ ਨਿਰਵੈਰ ਨਿਹਕਲੰਕ ਸੇਵ ਕਮਾਇੰਦਾ, ਗੁਰਸਿਖ ਉਠਾਏ ਬਾਲ ਅਵਾਣ । ਆਪਣੀ ਹੱਥੀਂ ਆਪ ਚੜ੍ਹਾਇੰਦਾ, ਆਪਣੇ ਕੰਧ ਚੁੱਕੇ ਸ੍ਰੀ ਭਗਵਾਨ । ਜਗਤ ਕਹਾਰ ਨਾ ਕੋਇ ਬਣਾਇੰਦਾ, ਨਾ ਕੋਈ ਕਾਹਨੀ ਕਰੇ ਪਛਾਣ । ਉਲਟਾ ਗੇੜਾ ਆਪ ਦਵਾਇੰਦਾ, ਮੁਖ ਫਿਰੇ ਦੋ ਜਹਾਨ । ਜਗਤ ਭੰਡਾਰਨ ਆਪ ਭਰਾਇੰਦਾ, ਕਰੇ ਖੇਲ ਹੋ ਮਿਹਰਵਾਨ । ਗੁਰਸਿਖ ਅਰਥੀ ਆਪਣੇ ਧਾਮ ਪੁਚਾਇੰਦਾ, ਨਾ ਕੋਈ ਪਰਖੇ ਜੀਵ ਜਹਾਨ । ਪੰਜ ਤੱਤ ਕਾਇਆ ਅਗਨੀ ਵਿਚ ਜਲਾਇੰਦਾ, ਤ੍ਰੈਗੁਣ ਮੇਟੇ ਅੰਤ ਨਿਸ਼ਾਨ । ਬ੍ਰਹਮ ਪਾਰਬ੍ਰਹਮ ਵਿਚ ਸਮਾਇੰਦਾ, ਜੋਤੀ ਮੇਲਾ ਜੋਤ ਮਹਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਸੰਗਤ ਦੇਵੇ ਮਾਣ । ਹਰਿ ਸੰਗਤ ਵਡਿਆਈ ਧੰਨ, ਹਰਿ ਸਤਿਗੁਰ ਪੁਰਖ ਮਨਾਇਆ । ਹਰਿ ਸੰਗਤ ਵਡਿਆਈ ਧੰਨ, ਹਰਿ ਮੰਦਰ ਹਰਿ ਜਸ ਗਾਇਆ । ਹਰਿ ਸੰਗਤ ਵਡਿਆਈ ਧੰਨ, ਜਗਤ ਤ੍ਰਿਸ਼ਨਾ ਭੁੱਖ ਗਵਾਇਆ । ਹਰਿ ਸੰਗਤ ਵਡਿਆਈ ਧੰਨ, ਸੰਸਾ ਰੋਗ ਰਹੇ ਨਾ ਰਾਇਆ । ਹਰਿ ਸੰਗਤ ਵਡਿਆਈ ਧੰਨ, ਪੁਰਖ ਅਬਿਨਾਸ਼ੀ ਸੇਵ ਕਮਾਇਆ । ਹਰਿ ਸੰਗਤ ਵਡਿਆਈ ਧੰਨ, ਅਰਸ਼ ਫ਼ਰਸ਼ ਕੁਰਸ਼ ਕੁਰਾ ਏਕਾ ਕਾਇਆ ਕਾਅਬਾ ਦਏ ਵਡਿਆਇਆ । ਹਰਿ ਸੰਗਤ ਵਡਿਆਈ ਧੰਨ, ਦੋ ਦੋ ਆਬਾ ਆਬੇਹਯਾਤ ਦਏ ਬਰਸ, ਆਪਣੀ ਧਾਰ ਆਪ ਵਹਾਇਆ । ਹਰਿ ਸੰਗਤ ਵਡਿਆਈ ਧੰਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਆਏ ਲੇਖੇ ਲਏ ਲਗਾਇਆ । ਲੇਖੇ ਲੱਗੇ ਆਇਆ ਦਰ, ਭੁਲ ਰਹੇ ਨਾ ਰਾਈਆ । ਦਰਸ ਦਿਖਾਏ ਘਰ ਘਰ, ਰਾਤੀਂ ਸੁਤਿਆਂ ਲਏ ਜਗਾਈਆ । ਵਿਸ਼ਨੂੰ ਰੂਪ ਆਪੇ ਕਰ, ਆਪਣਾ ਰੂਪ ਆਪ ਪ੍ਰਗਟਾਈਆ । ਸੀਸ ਤਾਜ ਆਪੇ ਧਰ, ਮੋਰ ਮੁਕਟ ਸੀਸ ਟਿਕਾਈਆ । ਧਨੁਖ ਬਾਣ ਆਪੇ ਫੜ, ਜੰਗਲ ਜੂਹ ਉਜਾੜ ਪਰਭਾਸ ਦਏ ਵਖਾਈਆ । ਸੇਲੀ ਟੋਪੀ ਸਿਰ ਰੱਖ, ਨਾਮ ਸਤਿ ਕਰੇ ਪੜ੍ਹਾਈਆ । ਚਰਨ ਰਕਾਬੇ ਆਪੇ ਰੱਖ, ਗੋਬਿੰਦ ਰੂਪ ਦਏ ਦਰਸਾਈਆ । ਕਿਰਪਾ ਕਰੇ ਪੁਰਖ ਸਮਰਥ, ਗੁਰਮੁਖ ਸ਼ਬਦੀ ਬੰਧਨ ਪਾਈਆ । ਮਨ ਮਨੂਆ ਦਹਿ ਦਿਸ਼ਾ ਨਾ ਜਾਏ ਨੱਸ, ਪੰਛੀ ਉਡ ਨਾ ਡਾਰੀ ਲਾਈਆ । ਬੁੱਧ ਬਬੇਕੀ ਦਏ ਰਸ, ਏਕਾ ਤੱਤ ਵਖਾਈਆ । ਮਤ ਮਤਵਾਲੀ ਤੀਰ ਮਾਰੇ ਕਸ, ਬਾਣ ਨਿਰਾਲਾ ਇਕ ਚਲਾਈਆ । ਪੰਚ ਵਿਕਾਰਾ ਕਰੇ ਭਠ, ਪੰਚਮ ਸ਼ਬਦ ਧੁੰਨ ਉਪਜਾਈਆ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਦੇਵੇ ਦਰਸ, ਲਹਿਣਾ ਦੇਣਾ ਚੁਕਾਏ ਸੀਆਂ ਸਾਢੇ ਤਿੰਨ ਹੱਥ, ਰਵਦਾਸ ਚਮਾਰ ਦਏ ਗਵਾਹੀਆ । ਸਗਲ ਵਸੂਰੇ ਜਾਇਣ ਲਥ, ਜੋ ਜਨ ਆਤਮ ਅੰਤਰ ਦਰਸ਼ਨ ਪਾਈਆ । ਕੋਈ ਕਹੇ ਝੂਠ ਕੋਈ ਕਹੇ ਸਚ, ਗੁਰਮੁਖ ਵਿਰਲੇ ਹਿਰਦੇ ਅੰਦਰ ਗਿਆ ਰਚ, ਨਾ ਕੋਈ ਸਕੇ ਬਾਹਰ ਕਢਾਈਆ । ਹਰਿ ਕਾ ਨਾਉਂ ਹਰਿਜਨ ਵਿਰਲੇ ਗਿਆ ਪਚ, ਦੂਸਰ ਅੰਦਰ ਟਿਕੇ ਨਾ ਰਾਈਆ । ਕਲਜੁਗ ਜੀਵ ਜਗਤ ਦੁਆਰੇ ਰਹੇ ਨੱਚ, ਗੁਰੂਦੁਆਰ ਦਿਸ ਕਿਸੇ ਨਾ ਆਈਆ । ਮਾਣ ਅਭਿਮਾਨ

੧੬੫ ੧੦

ਪੰਜ ਤੱਤ ਕਾਇਆ ਮਾਟੀ ਕੱਚ, ਸਚ ਨਿਸ਼ਾਨ ਨਾ ਕੋਇ ਵਖਾਈਆ । ਗੁਣ ਜਾਣਿਆ ਜਗਤ ਭੋਗ ਬਲਾਸ ਰਸ, ਹਰਿ ਗੁਣ ਕਹਿਣ ਸੁਣਨ ਕੋਇ ਨਾ ਜਾਈਆ । ਸੂਰਬੀਰ ਬਲਵਾਨ ਰਾਜ ਰਾਜਾਨ ਮਨ ਵਾਸਨਾ ਹੋਏ ਵਸ, ਸੁਰਤ ਸ਼ਬਦ ਨਾ ਕੋਇ ਮਿਲਾਈਆ । ਜਗਤ ਮਾਇਆ ਮਮਤਾ ਰੱਖੀ ਆਸ, ਹਰਿ ਮਿਲਣ ਦੀ ਆਸ ਨਾ ਕੋਇ ਰਖਾਈਆ । ਪੀ ਪੀ ਮਦਿ ਨਾ ਮਿਟੀ ਪਿਆਸ, ਨਾਮ ਖ਼ੁਮਾਰੀ ਨਾ ਕੋਇ ਚੜ੍ਹਾਈਆ । ਜਗਤ ਬਬਾਣ ਉਡਾਏ ਆਕਾਸ਼, ਆਪਣਾ ਘਰ ਵੇਖਣ ਕੋਇ ਨਾ ਜਾਈਆ । ਜੀਵ ਜਹਾਨਾ ਜੰਤਾਂ ਖਾਦਾ ਮਾਸ, ਆਪਣਾ ਮਾਸ ਗੁਰ ਕੇ ਹੱਟ ਨਾ ਕੋਇ ਵਿਕਾਈਆ । ਘਰ ਘਰ ਰੱਖੇ ਦਾਸੀ ਦਾਸ, ਦਾਸੀ ਦਾਸ ਬਣ ਸਤਿਗੁਰ ਸੇਵ ਨਾ ਕੋਈ ਕਮਾਈਆ । ਪੁੱਤਰ ਧੀਆਂ ਜਨਮੇ ਦਸ ਦਸ ਮਾਸ, ਦਸ ਦਸ ਮਾਸ ਫੰਦ ਨਾ ਕੋਇ ਕਟਾਈਆ । ਰਸਨਾ ਖਾਧਾ ਜਗਤ ਗਰਾਸ, ਹਰਿ ਸਵਾਸ ਸਵਾਸ ਨਾ ਕੋਇ ਧਿਆਈਆ । ਬਿਨ ਸਤਿਗੁਰ ਪੂਰੇ ਵੇਲੇ ਅੰਤ ਨਾ ਕਰੇ ਕੋਇ ਬੰਦ ਖ਼ਲਾਸ, ਮਾਤ ਪਿਤ ਭਾਈ ਭੈਣ ਸਾਕ ਸੱਜਣ ਸੈਣ ਨਾ ਸਕੇ ਕੋਇ ਬਚਾਈਆ । ਜੋ ਦੀਸੇ ਸੋ ਹੋਏ ਵਿਨਾਸ, ਥਿਰ ਨਾ ਰਹੇ ਪ੍ਰਿਥਮੀ ਆਕਾਸ਼, ਪੁਰਖ ਅਕਾਲਾ ਦੀਨ ਦਿਆਲਾ ਆਦਿ ਜੁਗਾਦਿ ਏਕਾ ਏਕ ਏਕ ਰਘੁਰਾਈਆ । ਕਲਜੁਗ ਅੰਤ ਸ੍ਰੀ ਭਗਵੰਤ ਗੁਰਮੁਖਾਂ ਕਰੇ ਬੰਦ ਖ਼ਲਾਸ, ਜੋ ਜਨ ਰਹੇ ਧਿਆਨ ਲਗਾਈਆ । ਗੋਪੀ ਕਾਹਨ ਬਣ ਬਣ ਪਾਵੇ ਰਾਸ, ਗ੍ਰਿਹਿ ਮੰਦਰ ਅੰਦਰ ਆਪਣਾ ਨਾਚ ਨਚਾਈਆ । ਸੀਤਾ ਰਾਮ ਵਸੇ ਪਾਸ, ਰਾਮ ਸੀਤਾ ਸੁਰਤੀ ਸ਼ਬਦੀ ਵਿਛੜ ਕਦੇ ਨਾ ਜਾਈਆ । ਨਾਨਕ ਗੋਬਿੰਦ ਕਰੇ ਬੰਦ ਖ਼ਲਾਸ, ਗੋਬਿੰਦ ਗੁਰ ਗੁਰ ਜੋ ਜਨ ਦਰਸ਼ਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਹਰੀ ਹਰਿ ਆਪਣੀ ਖੇਲ ਖਿਲਾਈਆ ।

## ★ ੧੨ ਮਾਘ ੨੦੧੭ ਬਿਕਰਮੀ ਓਮ ਪ੍ਰਕਾਸ਼ ਦੇ ਗ੍ਰਿਹ ਜਲੰਧਰ ★

ਇਕ ਇਕੱਲਾ ਰੱਖਣਹਾਰਾ, ਆਦਿ ਜੁਗਾਦਿ ਸਮਾਇੰਦਾ । ਸਚਖੰਡ ਵਸੇ ਧਾਮ ਨਿਆਰਾ, ਸਚ ਦੁਆਰੇ ਸੋਭਾ ਪਾਇੰਦਾ । ਥਿਰ ਘਰ ਸਾਚੇ ਹੋ ਉਜਿਆਰਾ, ਨੂਰ ਨੁਰਾਨਾ ਡਗਮਗਾਇੰਦਾ । ਸ਼ਾਹੋ ਭੂਪ ਬਣ ਸਿਕਦਾਰਾ, ਤਖ਼ਤ ਨਿਵਾਸੀ ਸਾਚਾ ਤਖ਼ਤ ਹੰਢਾਇੰਦਾ । ਹੁਕਮੀ ਹੁਕਮ ਕਰੇ ਵਰਤਾਰਾ, ਹੁਕਮੀ ਹੁਕਮ ਖੇਲ ਖਿਲਾਇੰਦਾ । ਦਰ ਦਰਵੇਸ਼ ਬਣ ਭਿਖਾਰਾ, ਆਪਣੀ ਮੰਗ ਆਪ ਮੰਗਾਇੰਦਾ । ਆਪ ਕਰਾਏ ਸਾਚਾ ਵਣਜ ਵਣਜਾਰਾ, ਆਪਣਾ ਵਣਜ ਆਪੇ ਵੇਖ ਵਖਾਇੰਦਾ । ਨਿਰਗੁਣ ਰੂਪ ਅਗੰਮ ਅਪਾਰਾ, ਅਲਖ ਅਗੋਚਰ ਅਗੰਮ ਅਥਾਹ, ਬੇਪਰਵਾਹ ਆਪਣੀ ਕਲ ਆਪ ਧਰਾਇੰਦਾ । ਅਜੂਨੀ ਰਹਿਤ ਆਦਿ ਜੁਗਾਦਿ ਕਰੇ ਸਚ ਨਿਆਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਖਿਲਾਇੰਦਾ । ਇਕ ਇਕੱਲਾ ਖੇਲ ਅਪਾਰਾ, ਆਦਿ ਜੁਗਾਦਿ ਕਰਾਇੰਦਾ । ਸਚਖੰਡ ਵਸਾਏ ਇਕ ਦੁਆਰਾ, ਦਰ ਘਰ ਸਾਚੇ ਸੋਭਾ ਪਾਇੰਦਾ । ਸ਼ਬਦ ਸੁਤ ਸੁਤ ਦੁਲਾਰਾ, ਹਰਿ ਨਿਰੰਕਾਰਾ ਆਪ ਉਠਾਇੰਦਾ । ਦੇਵੇ ਵਰ ਏਕਾ ਹਰਿ, ਵਸਤ ਅਮੋਲਕ ਝੋਲੀ ਪਾਇੰਦਾ । ਤ੍ਰੈ ਤ੍ਰੈ ਨੂਰ ਕਰ ਉਜਿਆਰਾ, ਤ੍ਰੈ ਤ੍ਰੈ ਮੇਲ ਆਪ ਧਰਾਇੰਦਾ । ਲੱਖ ਚੁਰਾਸੀ ਕਰ ਪਸਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਬਲ ਰਖਾਇੰਦਾ । ਆਪਣਾ ਬਲ ਆਪੇ ਧਾਰ, ਆਪਣੀ ਦਇਆ ਆਪ ਕਮਾਈਆ । ਲੱਖ ਚੁਰਾਸੀ ਕਰ ਪਸਾਰ, ਤ੍ਰੈਗੁਣ ਬੰਧਨ ਏਕਾ ਪਾਈਆ । ਪੰਜ ਤੱਤ ਘਾੜਨ ਘੜੇ ਅਪਾਰ,

ਘੜਨਹਾਰਾ ਆਪ ਹੋ ਜਾਈਆ । ਰਕਤ ਬੂੰਦ ਅਪਰ ਅਪਾਰ, ਹੱਡ ਮਾਸ ਨਾੜੀ ਜੋੜ ਜੁੜਾਈਆ । ਕਾਇਆ ਗੜ੍ਹ ਕਰ ਤਿਆਰ, ਵੇਖਣਹਾਰ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਇਕੱਲਾ ਆਪਣੀ ਖੇਲ ਆਪ ਖਿਲਾਈਆ । ਇਕ ਇਕੱਲਾ ਹਰਿ ਬੇਅੰਤ, ਮਹਿਮਾ ਅਕਥ ਕਥੀ ਨਾ ਜਾਈਆ । ਕਰੇ ਖੇਲ ਸ੍ਰੀ ਭਗਵੰਤ, ਸ਼ਾਹ ਪਾਤਸ਼ਾਹ ਵਡੀ ਵਡਿਆਈਆ । ਆਦਿ ਜੁਗਾਦੀ ਨਾਰੀ ਕੰਤ, ਏਕਾ ਆਪਣੀ ਸੇਜ ਹੰਢਾਈਆ । ਆਪੇ ਜਾਣੇ ਆਪਣੀ ਬਣਤ, ਆਪਣਾ ਰੂਪ ਆਪ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਇਕ ਇਕੱਲਾ ਆਪਣੇ ਹੱਥ ਰੱਖੇ ਵਡਿਆਈਆ । ਇਕ ਇਕੱਲਾ ਖੇਲ ਅਪਾਰ, ਰੱਖਣਹਾਰ ਲੱਖ ਚੁਰਾਸੀ ਕਰ ਪਸਾਰ, ਵਿਸ਼ਨ ਬ੍ਰਹਮਾ ਸ਼ਿਵ ਸੇਵਾ ਲਾਇੰਦਾ । ਨਿਰਗੁਣ ਤੱਤ ਤੱਤ ਕਰ ਪਿਆਰ, ਬ੍ਰਹਮ ਮਤ ਇਕ ਟਿਕਾਇੰਦਾ । ਵਸਣਹਾਰਾ ਧਾਮ ਨਿਆਰ, ਜਾਗਰਤ ਜੋਤ ਕਰ ਉਜਿਆਰ, ਜੋਤੀ ਜਾਤਾ ਆਪਣਾ ਨਾਉਂ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਗਲਾ ਸੰਗ ਆਪ ਨਿਭਾਇੰਦਾ । ਲੱਖ ਚੁਰਾਸੀ ਹਰਿ ਹਰਿ ਧਾਰ, ਨਿਰਗੁਣ ਸਰਗੁਣ ਆਪ ਚਲਾਈਆ । ਦੇਵੇ ਹੁਕਮ ਸੱਚੀ ਸਰਕਾਰ, ਸ਼ਾਹ ਪਾਤਸ਼ਾਹ ਵਡੀ ਵਡਿਆਈਆ । ਜੁਗ ਜੁਗ ਗੇੜਾ ਅਪਰ ਅਪਾਰ, ਜਗਤ ਵੰਡਣ ਵੰਡ ਵੰਡਾਈਆ । ਲੇਖਾ ਜਾਣੇ ਧੁਰ ਦਰਬਾਰ, ਧੁਰ ਦੀ ਬਾਣੀ ਬਾਣ ਸ਼ਬਦ ਅਲਾਈਆ । ਸ਼ਬਦ ਨਾਦ ਸੱਚੀ ਧੁੰਨਕਾਰ, ਆਪਣਾ ਰਾਗ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵੇਸ ਆਪ ਵਟਾਈਆ । ਹਰਿ ਹਰਿ ਵੇਸ ਵਟਾਇੰਦਾ, ਇਕ ਇਕੱਲਾ ਬੇਪਰਵਾਹ । ਚਾਰੇ ਖਾਣੀ ਆਪ ਸੁਣਾਇੰਦਾ, ਆਪਣਾ ਆਸਣ ਬੈਠਾ ਲਾ । ਘਟ ਘਟ ਦੀਪਕ ਜੋਤ ਜਗਾਇੰਦਾ, ਆਪਣੀ ਧੁਨ ਆਪ ਉਪਜਾ । ਘਰ ਘਰ ਸ਼ਬਦ ਨਾਦ ਵਜਾਇੰਦਾ, ਆਪਣੀ ਧੁੰਨ ਆਪ ਜਣਾ । ਆਪਣਾ ਭੇਵ ਆਪ ਖੁਲ੍ਹਾਇੰਦਾ, ਆਪੇ ਬਣਤ ਲਏ ਬਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਏਕਾ ਘਰ, ਘਰ ਸੁਹੰਜਣਾ ਆਪ ਸੁਹਾ । ਘਰ ਘਰ ਹਰਿ ਸੁਹੰਜਣਾ, ਹਰਿ ਸਾਚੇ ਸਚ ਵਡਿਆਈਆ । ਦੀਪਕ ਜਗੇ ਆਦਿ ਨਿਰੰਜਣਾ, ਤੇਲ ਬਾਤੀ ਨਾ ਕੋਇ ਪਾਈਆ । ਕਰੇ ਖੇਲ ਦਰਦ ਦੁੱਖ ਭੈ ਭੰਜਣਾ, ਦਰਦੀ ਦਰਦ ਨਾ ਕੋਇ ਜਣਾਈਆ । ਆਦਿ ਜੁਗਾਦੀ ਸਾਚਾ ਸੱਜਣਾ, ਸਗਲਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕੱਲਾ ਸਾਚਾ ਹਰਿ, ਏਕਾ ਧਾਮ ਸੁਹਾਈਆ । ਏਕਾ ਧਾਮ ਸੁਹੰਦੜਾ, ਹਰਿ ਸਾਚਾ ਵਡ ਮਿਹਰਵਾਨ । ਸੱਚਖੰਡ ਦੁਆਰੇ ਆਸਣ ਲੰਦੜਾ, ਜੋਤੀ ਨੂਰ ਜਗੇ ਮਹਾਨ । ਸਾਚੇ ਤਖ਼ਤ ਸੋਭਾ ਪੰਦੜਾ, ਉਪਰ ਬੈਠ ਸ੍ਰੀ ਭਗਵਾਨ । ਆਪਣਾ ਹੁਕਮ ਆਪ ਸੁਣੰਦੜਾ, ਆਪਣਾ ਭਾਣਾ ਧੁਰ ਫ਼ਰਮਾਨ । ਆਪਣਾ ਭਾਣਾ ਆਪ ਰਖੰਦੜਾ, ਆਪੇ ਕਰੇ ਪਰਵਾਨ । ਆਪੇ ਲੱਖ ਚੁਰਾਸੀ ਵੇਖ ਵਖੰਦੜਾ, ਆਪੇ ਨਿਰਗੁਣ ਸਰਗੁਣ ਹੋਏ ਮਿਹਰਵਾਨ । ਆਪੇ ਸ਼ਬਦ ਸੰਦੇਸ਼ ਸੁਣੰਦੜਾ, ਲੱਖ ਚੁਰਾਸੀ ਵੇਖ ਨਿਸ਼ਾਨ । ਆਪੇ ਆਪਣਾ ਪਰਦਾ ਉਠੰਦੜਾ, ਪੰਜ ਤੱਤ ਹੋਏ ਆਪ ਮਿਹਰਵਾਨ । ਆਪੇ ਭਗਤ ਭਗਵੰਤ ਵੇਖ ਵਖੰਦੜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਮਹਾਨ । ਇਕ ਇਕੱਲਾ ਏਕੰਕਾਰਾ, ਜੁਗ ਜੁਗ ਖੇਲ ਖਿਲਾਇੰਦਾ । ਵਸਣਹਾਰਾ ਧਾਮ ਨਿਆਰਾ, ਮਹੱਲ ਅਟਲ ਉਚ ਮੁਨਾਰ ਦਰ ਘਰ ਸਾਚੇ ਸੋਭਾ ਪਾਇੰਦਾ । ਨਿਰਗੁਣ ਜੋਤੀ ਕਰ ਉਜਿਆਰਾ, ਨੂਰ ਨੁਰਾਨਾ ਡਗਮਗਾਇੰਦਾ । ਸ਼ਬਦ ਅਨਾਦਿ ਸੱਚੀ ਧੁੰਨਕਾਰਾ,

ਨਾਦ ਅਨਾਦੀ ਆਪ ਵਜਾਇੰਦਾ । ਲੋਕਮਾਤ ਕਰੇ ਖੇਲ ਨਿਆਰਾ, ਆਪਣਾ ਰੂਪ ਆਪ ਧਰਾਇੰਦਾ । ਭਗਤ ਭਗਵੰਤ ਖੋਲ੍ਹੇ ਬੰਦ ਕਿਵਾੜਾ, ਆਪਣਾ ਪਰਦਾ ਆਪ ਉਠਾਇੰਦਾ । ਮੇਟ ਮਿਟਾਏ ਪੰਚਮ ਧਾੜਾ, ਮਾਇਆ ਮਮਤਾ ਮੋਹ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਏਕਾ ਖੇਲ ਖਿਲਾਇੰਦਾ । ਇਕ ਇਕੱਲਾ ਬੇਪਰਵਾਹ, ਆਦਿ ਜੁਗਾਦਿ ਸਮਾਇਆ । ਜੁਗ ਜੁਗ ਬਣੇ ਮਾਤ ਮਲਾਹ, ਹਰਿ ਸੰਤਨ ਦਏ ਮਿਲਾਇਆ । ਇਕ ਜਣਾਏ ਆਪਣਾ ਨਾਉਂ, ਨਿਸ਼ਅੱਖਰ ਆਪ ਪੜ੍ਹਾਇਆ । ਸਦਾ ਸੁਹੇਲਾ ਬਣੇ ਪਿਤਾ ਮਾਉਂ, ਸੀਸ ਆਪਣਾ ਹੱਥ ਟਿਕਾਇਆ । ਵੇਖਣਹਾਰਾ ਨਗਰ ਖੇੜਾ ਗਰਾਉਂ, ਪੰਜ ਤੱਤ ਕਾਇਆ ਚੋਲਾ ਫੋਲ ਫੁਲਾਇਆ । ਗੁਰਮੁਖ ਵਿਰਲੇ ਆਪ ਉਠਾਏ ਫੜ ਫੜ ਬਾਹੋਂ, ਜਿਸ ਜਨ ਆਪਣੀ ਦਇਆ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕੱਲਾ ਏਕੰਕਾਰ ਕਰੇ ਖੇਲ ਅਗੰਮ ਅਪਾਰ, ਦੂਸਰ ਸੰਗ ਨਾ ਕੋਇ ਰਲਾਇਆ । ਸੋ ਪੁਰਖ ਨਿਰੰਜਣ ਇਕ ਇਕੱਲਾ, ਦਰ ਘਰ ਸਾਚੇ ਸੋਭਾ ਪਾਈਆ । ਹਰਿ ਪੁਰਖ ਨਿਰੰਜਣ ਵਸਣਹਾਰਾ ਸਚ ਮਹੱਲਾ, ਦਰ ਦਰਬਾਰਾ ਇਕ ਵਡਿਆਈਆ । ਏਕੰਕਾਰਾ ਆਪ ਫੜਾਏ ਆਪਣਾ ਪੱਲਾ, ਆਪਣਾ ਸੰਗ ਆਪ ਨਿਭਾਈਆ । ਆਦਿ ਨਿਰੰਜਣ ਆਪਣੇ ਦੀਪਕ ਆਪੇ ਬਲਾ, ਨਿਰਗੁਣ ਨਿਰਗੁਣ ਨਿਰਗੁਣ ਕਰੇ ਰੁਸ਼ਨਾਈਆ । ਅਬਿਨਾਸ਼ੀ ਕਰਤਾ ਵਸਣਹਾਰਾ ਜਲਾ ਥਲਾ, ਜਲ ਥਲ ਮਹੀਅਲ ਆਪ ਸਮਾਈਆ । ਸ੍ਰੀ ਭਗਵਾਨ ਸਚ ਸੰਦੇਸ਼ ਨਰ ਨਰੇਸ਼ ਏਕਾ ਘੱਲਾ, ਘਟ ਘਟ ਧੁਨ ਨਾਦ ਵਜਾਈਆ । ਪਾਰਬ੍ਰਹਮ ਬ੍ਰਹਮ ਆਪੇ ਰਲਾ, ਅਭੇਦ ਅਭੇਦ ਆਪ ਹੋ ਜਾਈਆ । ਹਰਿ ਭਗਤ ਫੜਾਏ ਆਪੇ ਪੱਲਾ, ਛੁੱਟ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਇਕ ਇਕੱਲਾ ਸ੍ਰਿਸ਼ਟ ਸਬਾਈ ਪਿਤਾ ਮਾਈਆ । ਸ੍ਰਿਸ਼ਟ ਸਬਾਈ ਏਕਾ ਦਾਤਾ, ਏਕਾ ਰੰਗ ਸਮਾਇੰਦਾ । ਜਨ ਭਗਤਾਂ ਸੁਣਾਏ ਸਾਚੀ ਗਾਥਾ, ਜਗਤ ਵਿਦਿਆ ਨਾ ਕੋਇ ਪੜ੍ਹਾਇੰਦਾ । ਆਤਮ ਅੰਤਰ ਵਖਾਏ ਤੀਰਥ ਤਾਟਾ, ਸਰ ਸਰੋਵਰ ਆਪ ਨੁਹਾਇੰਦਾ । ਆਪੇ ਪੂਰਾ ਕਰੇ ਘਾਟਾ, ਦੂਸਰ ਦਰ ਮੰਗਣ ਗੁਰਸਿਖ ਕਦੇ ਨਾ ਜਾਇੰਦਾ । ਨਿਰਗੁਣ ਜੋਤ ਜਗਾਏ ਲਲਾਟਾ, ਅੰਧ ਅੰਧੇਰ ਮਿਟਾਇੰਦਾ । ਅਨਹਦ ਸ਼ਬਦ ਮਾਰੇ ਸਾਟਾ, ਤਨ ਨਗਾਰਾ ਆਪ ਵਜਾਇੰਦਾ । ਆਤਮ ਸੇਜਾ ਵੇਖੇ ਖਾਟਾ, ਸਚ ਸਿੰਘਾਸਣ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਚਾੜ੍ਹੇ ਤਨ ਰੰਗਤ, ਰੰਗ ਰੰਗੀਲਾ ਆਪਣਾ ਰੰਗ ਆਪ ਰੰਗਾਇੰਦਾ । ਜੁਗ ਜੁਗ ਭਗਤ ਤਰਾਇੰਦਾ, ਹਰਿ ਸਾਚਾ ਸਾਚੀ ਕਾਰ । ਏਕਾ ਹੁਕਮ ਆਪ ਸੁਣਾਇੰਦਾ, ਹੁਕਮੀ ਹੁਕਮ ਸੱਚੀ ਸਰਕਾਰ । ਆਪਣੇ ਭਾਣੇ ਸਦ ਰਹਾਇੰਦਾ, ਸਿਰ ਹੱਥ ਰੱਖ ਸਮਰਥ ਕਰਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕੱਲਾ ਕਰੇ ਖੇਲ ਅਗੰਮ ਅਪਾਰ । ਅਗੰਮ ਅਪਾਰ ਖੇਲ ਖਿਲਾਇੰਦਾ, ਨਿਰਗੁਣ ਸਰਗੁਣ ਹਰਿ ਹਰਿ ਮੀਤ । ਸੰਤ ਕੰਤ ਭਗਵੰਤ ਆਪਣੇ ਥਾਨ ਬਹਾਇੰਦਾ, ਧਾਮ ਵਖਾਏ ਇਕ ਅਨਡੀਠ । ਅੱਠੇ ਪਹਿਰ ਵੇਖ ਵਖਾਇੰਦਾ, ਦਿਵਸ ਰੈਣ ਵਸੇ ਚੀਤ । ਆਪਣਾ ਰਾਗ ਆਪ ਅਲਾਇੰਦਾ, ਤੁਰੀਆ ਨਾਦ ਵਜਾਏ ਇਕ ਅਤੀਤ । ਸੁਫ਼ਨ ਸਖੋਪਤ ਖੇਲ ਖਿਲਾਇੰਦਾ, ਜਾਗਰਤ ਵੇਖੇ ਠਾਂਡਾ ਸੀਤ । ਤ੍ਰੈਗੁਣ ਵਿਚ ਕਦੇ ਨਾ ਆਇੰਦਾ, ਹਰਿਜਨ ਕਰੇ ਪਤਿਤ ਪੁਨੀਤ । ਹਸਤ ਕੀਟ ਖੇਲ ਖਿਲਾਇੰਦਾ, ਇਕ ਇਕੱਲਾ ਗਾਏ ਸੁਹਾਗੀ ਗੀਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਏਕਾ ਹਰਿ, ਲੱਖ ਚੁਰਾਸੀ ਪਰਖੇ ਨੀਤ । ਲੱਖ

ਚੁਰਾਸੀ ਪਰਖਣਹਾਰਾ, ਏਕਾ ਰੰਗ ਸਮਾਇੰਦਾ । ਕਰੇ ਖੇਲ ਵਿਚ ਸੰਸਾਰਾ, ਭਗਤ ਭਗਵੰਤ ਆਪ ਉਠਾਇੰਦਾ । ਸੰਤਨ ਦੇਵੇ ਸਤਿ ਸਹਾਰਾ, ਸਾਚੀ ਸਿਖਿਆ ਇਕ ਵਖਾਇੰਦਾ । ਗੁਰਮੁਖਾਂ ਅੰਤਰ ਖੋਲ੍ਹ ਕਿਵਾੜਾ, ਦੂਈ ਦਵੈਤੀ ਪਰਦਾ ਲਾਹਿੰਦਾ । ਗੁਰਸਿਖਾਂ ਮੇਟੇ ਪੰਚਮ ਧਾੜਾ, ਕਾਮ ਕਰੋਧ ਲੋਭ ਮੋਹ ਹੰਕਾਰ ਨੇੜ ਨਾ ਆਇੰਦਾ । ਜੁਗ ਜੁਗ ਕਰੇ ਸਾਚੀ ਕਾਰਾ, ਕਰਨੀ ਕਰਤਾ ਆਪ ਕਰਾਇੰਦਾ । ਸਤਿਜੁਗ ਤਰੇਤਾ ਦੁਆਪਰ ਪਾਰ ਉਤਾਰਾ, ਆਪਣੇ ਲੇਖੇ ਪਾਇੰਦਾ । ਲੇਖਾ ਜਾਣੇ ਗੁਰ ਅਵਤਾਰਾ, ਸ਼ਬਦ ਗੁਰ ਗੁਰ ਸਤਿਗੁਰ ਆਪ ਵਡਿਆਇੰਦਾ । ਪੰਜ ਤੱਤ ਦਏ ਸਹਾਰਾ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮੇਲ ਮਿਲਾਇੰਦਾ । ਮਨ ਮਤ ਬੁਧ ਪਾਵੇ ਸਾਰਾ, ਆਪ ਆਪਣੀ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਬੰਧਨ ਆਪੇ ਪਾਇੰਦਾ । ਇਕ ਇਕੱਲਾ ਬੰਧਨ ਪਾਏ, ਬੰਦੀ ਛੋੜ ਆਪ ਹੋ ਜਾਈਆ । ਲੱਖ ਚੁਰਾਸੀ ਘਟ ਘਟ ਅੰਦਰ ਮਰਦੰਗਣ ਆਪ ਵਜਾਏ, ਨਾਮ ਮਰਦੰਗਾ ਇਕ ਵਖਾਈਆ । ਜਨ ਭਗਤਾਂ ਕੰਗਣ ਤਨ ਇਕ ਪਹਿਨਾਏ, ਸਤਿ ਸੰਤੋਖ ਵਡੀ ਵਡਿਆਈਆ । ਆਤਮ ਅੰਤਰ ਪਰਮਾਨੰਦਨ ਇਕ ਉਪਜਾਏ, ਜਗਤ ਤ੍ਰਿਸ਼ਨਾ ਹਰਸ ਰਹੇ ਨਾ ਰਾਈਆ । ਗੀਤ ਸੁਹਾਗੀ ਛੰਦਨ ਇਕ ਸੁਣਾਏ, ਨਾ ਕੋਈ ਲੇਖਾ ਲਿਖੇ ਕ਼ਲਮ ਜਗਤ ਸ਼ਾਹੀਆ । ਮਸਤਕ ਤਿਲਕ ਚੰਦਨ ਆਪ ਲਗਾਏ, ਨਿਰਗੁਣ ਜੋਤ ਨੂਰ ਲਲਾਟ ਕਰ ਰੁਸ਼ਨਾਈਆ । ਦੂਈ ਦਵੈਤੀ ਭਰਮਾਂ ਕੰਧਨ ਆਪੇ ਢਾਏ, ਨਿਰਭੌ ਭੈ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕੱਲਾ ਆਪਣੀ ਧਾਰਾ ਆਪ ਚਲਾਈਆ । ਇਕ ਇਕੱਲਾ ਧਾਰ ਚਲਾਇੰਦਾ, ਸਤਿਜੁਗ ਤਰੇਤਾ ਦੁਆਪਰ ਕਰਿਆ ਪਾਰ । ਕਲਜੁਗ ਅੰਤਮ ਵੇਖ ਵਖਾਇੰਦਾ, ਲੇਖਾ ਜਾਣੇ ਧੁਰ ਦਰਬਾਰ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਫੇਰਾ ਪਾਇੰਦਾ । ਗਗਨ ਪਾਤਾਲਾਂ ਚਰਨਾਂ ਹੇਠ ਲਤਾੜ । ਵਿਸ਼ਨ ਬ੍ਰਹਮਾ ਸ਼ਿਵ ਆਪ ਉਠਾਇੰਦਾ, ਕਰੋੜ ਤੇਤੀਸਾ ਦਏ ਹੁਲਾਰ । ਸੁਰਪਤ ਰਾਜਾ ਇੰਦ ਨਾਲ ਮਿਲਾਇੰਦਾ, ਨਿਰਗੁਣ ਖੇਲ ਅਗੰਮ ਅਪਾਰ । ਦਹਿ ਦਿਸ਼ਾ ਫੇਰਾ ਪਾਇੰਦਾ, ਚਾਰ ਕੁੰਟ ਹੋਏ ਉਜਿਆਰ । ਤ੍ਰੈਗੁਣ ਮਾਇਆ ਵੇਖ ਵਖਾਇੰਦਾ, ਪੰਜ ਤੱਤ ਜਾਨਣਹਾਰਾ ਧਾਰ । ਨਿਰਗੁਣ ਨਿਰਗੁਣ ਸਰਗੁਣ ਮੇਲ ਮਿਲਾਇੰਦਾ, ਸ਼ਬਦੀ ਗੁਰ ਗੁਰ ਅਵਤਾਰ । ਗੁਰ ਸ਼ਬਦੀ ਡੰਕ ਵਜਾਇੰਦਾ, ਨਾਦ ਅਨਾਦੀ ਏਕੰਕਾਰ । ਕਲਜੁਗ ਜੀਵ ਭੇਵ ਕੋਇ ਨਾ ਪਾਇੰਦਾ, ਅੰਤਮ ਸੁੱਤਾ ਪੈਰ ਪਸਾਰ । ਮਨ ਕਾ ਮਣਕਾ ਨਾ ਕੋਇ ਭਵਾਇੰਦਾ, ਪੜ੍ਹ ਪੜ੍ਹ ਥੱਕੇ ਜੀਵ ਗਵਾਰ । ਗੁਰ ਗੁਰ ਸ਼ਬਦ ਦਿਸ ਕਿਸੇ ਨਾ ਆਇੰਦਾ, ਪੰਜ ਤੱਤ ਕਰਨ ਪਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਏਕਾ ਵਾਰ । ਇਕ ਇਕੱਲਾ ਏਕਾ ਵਾਰ, ਆਪਣਾ ਖੇਲ ਖਿਲਾਇੰਦਾ । ਜੁਗ ਚੌਕੜੀ ਦਏ ਸਹਾਰ, ਗੇੜਾ ਗੇੜੇ ਆਪ ਭਵਾਇੰਦਾ । ਆਪ ਪ੍ਰਗਟਾਏ ਗੁਰ ਅਵਤਾਰ, ਹੁਕਮੀ ਹੁਕਮ ਸਰਬ ਫਿਰਾਇੰਦਾ । ਕਲਜੁਗ ਅੰਤਮ ਹੋ ਤਿਆਰ, ਨਿਰਗੁਣ ਨਿਰਵੈਰ ਪੁਰਖ ਅਕਾਲ ਲੋਕਮਾਤ ਜੋਤ ਜਗਾਇੰਦਾ । ਸ਼ਬਦ ਸਰੂਪੀ ਬਣ ਦਲਾਲ, ਹਰਿਜਨ ਸਾਚੇ ਮੇਲ ਮਿਲਾਇੰਦਾ । ਤੋੜਣਹਾਰਾ ਜਗਤ ਜੰਜਾਲ, ਜਾਗਰਤ ਜੋਤ ਇਕ ਜਗਾਇੰਦਾ । ਲੇਖਾ ਜਾਣੇ ਸ਼ਾਹ ਕੰਗਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਇੰਦਾ । ਹਰਿ ਹਰਿ ਭੇਵ ਜਣਾਇੰਦਾ, ਕਰ ਕਿਰਪਾ ਦੀਨਨ ਦੀਨ । ਸੰਤ ਸਾਜਣ ਵੇਖ ਵਖਾਇੰਦਾ, ਜੋ ਜਨ ਆਤਮ ਅੰਤਰ ਰਹੇ ਚੀਨ । ਚਾਰੋਂ ਕੁੰਟ ਫੇਰਾ ਪਾਇੰਦਾ, ਹਰਿਜਨ ਵੇਖੇ ਲਾਏ ਆਪਣੇ ਲੇਖੇ ਜਗਤ ਵਿਛੋੜਾ ਕੱਟੇ ਜਿਉਂ ਜਲ ਮੀਨ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਲੋਕ ਤੀਨ । ਤ੍ਰੈਗੁਣ ਮਾਇਆ ਖੇਲ ਅਪਾਰਾ, ਹਰਿ ਅੰਤਮ ਪਾਰ ਕਰਾਇੰਦਾ । ਕਲਜੁਗ ਅੰਤਮ ਹੋ ਉਜਿਆਰਾ, ਇਕ ਇਕੱਲਾ ਵੇਖ ਵਖਾਇੰਦਾ । ਸੰਮਤ ਸੰਮਤੀ ਭੇਵ ਨਿਆਰਾ, ਬੀਸ ਸਤਾਰਾਂ ਆਪਣਾ ਬਲ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣਾ ਹੁਕਮ ਆਪ ਵਰਤਾਇੰਦਾ । ਏਕਾ ਹੁਕਮ ਹਰਿ ਵਰਤੰਤ, ਸ਼ਬਦੀ ਸ਼ਬਦ ਵੱਜੇ ਵਧਾਈਆ । ਗੁਰਮੁਖ ਵਿਰਲਾ ਜਾਣੇ ਸੰਤ, ਦੂਸਰ ਬੂਝੇ ਨਾ ਕੋਇ ਰਾਈਆ । ਆਪਣੀ ਮਹਿਮਾ ਜਾਣੇ ਅਗਣਤ, ਲੇਖਾ ਲੇਖ ਵਿਚ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਵੇਖੇ ਥਾਉਂ ਥਾਈਂਆ । ਨਿਰਗੁਣ ਸਰਗੁਣ ਕਾਇਆ ਮੰਦਰ, ਹਰਿ ਸਾਚਾ ਵੇਖ ਵਖਾਇੰਦਾ । ਭਰਮ ਭੁਲੇਖੇ ਆਇਆ ਸ਼ਹਿਰ ਜਲੰਧਰ, ਭਗਤਾਂ ਲੇਖਾ ਆਪ ਚੁਕਾਇੰਦਾ । ਵਸਣਹਾਰਾ ਡੂੰਘੀ ਕੰਦਰ, ਅਨੁਭਵ ਪਰਕਾਸ਼ ਆਪ ਕਰਾਇੰਦਾ । ਜਿਸ ਜਨ ਤੋੜੇ ਆਪਣਾ ਜੰਦਰ, ਤਿਸ ਆਪਣਾ ਦਰਸ ਦਖਾਇੰਦਾ । ਜੀਵ ਜੰਤ ਚਾਰ ਕੁੰਟ ਦਹਿ ਦਿਸ਼ਾ ਮਨ ਵਾਸਨਾ ਭੌਂਦਾ ਬੰਦਰ, ਬਿਨ ਗੁਰ ਸ਼ਬਦ ਬੰਧਨ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕੱਲਾ ਪੁਰਖ ਅਕਾਲ ਆਦਿ ਜੁਗਾਦੀ ਦੀਨ ਦਿਆਲ, ਵਸਣਹਾਰਾ ਸਚਖੰਡ ਸੱਚੀ ਧਰਮਸਾਲ, ਜੁਗ ਜੁਗ ਭਗਤ ਭਗਵੰਤ ਲੋਕਮਾਤ ਕਰੇ ਪ੍ਰਿਤਪਾਲ, ਲੱਖ ਚੁਰਾਸੀ ਵਿਚੋਂ ਭਾਲ ਆਪਣਾ ਭੇਵ ਖੁਲ੍ਹਾਇੰਦਾ । ਇਕ ਇਕੱਲਾ ਖੇਲ ਕਰਾਇੰਦਾ, ਖੇਲਣਹਾਰ ਆਪ ਭਗਵਾਨ । ਘਟ ਘਟ ਅੰਦਰ ਵੇਖ ਵਖਾਇੰਦਾ, ਵੇਖਣਹਾਰਾ ਸਚ ਨਿਸ਼ਾਨ । ਡੂੰਘੀ ਭਵਰੀ ਫੋਲ ਫੁਲਾਇੰਦਾ, ਸੁਖਮਨ ਨਾੜੀ ਜਾਣੇ ਦੁਕਾਨ । ਈੜਾ ਪਿੰਗਲ ਪੰਧ ਕਟਾਇੰਦਾ, ਆਤਮ ਅੰਤਰ ਹੋ ਮਿਹਰਵਾਨ । ਨਿਝਰ ਝਿਰਨਾ ਆਪ ਝਿਰਾਇੰਦਾ, ਕਵਲ ਕਵਲਾ ਕਰ ਪਰਵਾਨ । ਅਨਹਦ ਸ਼ਬਦ ਨਾਦ ਵਜਾਇੰਦਾ, ਧੁੰਨ ਅਨਾਦੀ ਏਕਾ ਗਾਨ । ਜੋਤ ਨਿਰੰਜਣ ਆਪ ਜਗਾਇੰਦਾ, ਕਿਰਪਾ ਕਰ ਹੋ ਮਿਹਰਵਾਨ । ਕਾਗੋਂ ਹੰਸ ਆਪ ਬਣਾਇੰਦਾ, ਸਰ ਸਰੋਵਰ ਨੁਹਾਏ ਇਕ ਨਹਾਨ । ਬਜਰ ਕਪਾਟੀ ਤੋੜ ਤੁੜਾਇੰਦਾ, ਸਤਿ ਸਰੂਪੀ ਆਪ ਵਖਾਏ ਇਕ ਨਿਸ਼ਾਨ । ਆਤਮ ਸੇਜਾ ਆਪ ਸੁਹਾਇੰਦਾ, ਆਤਮ ਬ੍ਰਹਮ ਹੋ ਪਰਧਾਨ । ਈਸ਼ ਜੀਵ ਖੇਲ ਖਿਲਾਇੰਦਾ, ਖੇਲੇ ਖੇਲ ਗੁਣ ਨਿਧਾਨ । ਆਪੇ ਸੁਰਤੀ ਆਪੇ ਸ਼ਬਦ ਆਪੇ ਆਪਣਾ ਬੰਧਨ ਪਾਇੰਦਾ, ਆਪੇ ਮੇਲ ਮਿਲਾਵਾ ਵੇਖੇ ਆਣ । ਏਕਾ ਹੁਕਮ ਆਪ ਵਰਤਾਇੰਦਾ, ਗੁਰਮੁਖ ਵਿਰਲਾ ਜਾਣੇ ਚਤੁਰ ਸੁਜਾਨ । ਕੋਟਨ ਕੋਟ ਚਾਰ ਕੁੰਟ ਦਹਿ ਦਿਸ਼ਾ ਉਠ ਉਠ ਧਾਇੰਦਾ, ਪੰਧ ਮੁਕੇ ਨਾ ਵਿਚ ਜਹਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕੱਲਾ ਨੌਜਵਾਨ । ਇਕ ਇਕੱਲਾ ਨੌਜਵਾਨਾ, ਹਰਿ ਵੱਡਾ ਵਡ ਵਡਿਆਈਆ । ਆਦਿ ਜੁਗਾਦੀ ਖੇਲ ਮਹਾਨਾ, ਜੁਗ ਜੁਗ ਆਪਣਾ ਵੇਸ ਵਟਾਈਆ । ਲੇਖਾ ਜਾਣੇ ਧੁਰ ਦੀਬਾਨਾ, ਧੁਰ ਫ਼ਰਮਾਨਾ ਆਪਣੀ ਗਾਥ ਅਲਾਈਆ । ਕਲਜੁਗ ਅੰਤਮ ਹੋਏ ਪਰਧਾਨਾ, ਪਾਰਬ੍ਰਹਮ ਵਡੀ ਵਡਿਆਈਆ । ਗੁਰਮੁਖ ਵਿਰਲੇ ਦੇਵੇ ਆਪਣਾ ਦਾਨਾ, ਜੀਵਣ ਦਾਤ ਝੋਲੀ ਪਾਈਆ । ਘਰ ਘਰ ਮਿਲੇ ਸਾਚਾ ਕਾਹਨਾ, ਰੂਪ ਅਨੂਪ ਆਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤਨ ਅੰਦਰ ਜਾਏ ਵੜ, ਔਂਦਾ ਜਾਂਦਾ ਦਿਸ ਨਾ ਆਈਆ । ਸੰਤਨ ਵੇਖੇ ਜਗਤ ਲਿਬਾਸ, ਕਾਇਆ ਚੋਲੀ ਖੇਲ ਖਿਲਾਇੰਦਾ । ਮੰਦਰ ਅੰਦਰ ਖੇਲ ਪਰਭਾਸ, ਜੰਗਲ ਜੂਹ ਉਜਾੜ ਰੂਪ ਵਟਾਇੰਦਾ । ਤੇਈ ਘੰਟੇ ਮਨ ਉਦਾਸ, ਚਵੀ ਪਲ ਖੇਲ ਖਿਲਾਇੰਦਾ । ਰਸਨਾ ਗਾਵੇ ਜਗਤ ਸਵਾਸ, ਪਵਣ

ਹਵਾਸ ਨਾਲ ਰਲਾਇੰਦਾ । ਨੈਣ ਤੱਕਣ ਪ੍ਰਿਥਮੀ ਆਕਾਸ਼, ਮਨ ਚਾਰ ਕੁੰਟ ਫੇਰਾ ਪਾਇੰਦਾ । ਸੁਰਤੀ ਸਦ ਰਹੇ ਉਦਾਸ, ਧੀਰਜ ਧੀਰ ਨਾ ਕੋਇ ਧਰਾਇੰਦਾ । ਸਚ ਵਸਤ ਨਾ ਦਿਸੇ ਪਾਸ, ਚੌਦਾਂ ਹੱਟ ਵੇਖ ਵਖਾਇੰਦਾ । ਗੋਪੀ ਕਾਹਨ ਨਾ ਪਾਵੇ ਰਾਸ, ਸੁਰਤੀ ਸ਼ਬਦ ਨਾ ਮੰਗਲ ਗਾਇੰਦਾ । ਲੇਖਾ ਲਿਖੇ ਚਮਾਰ ਰਵਿਦਾਸ, ਕਲਜੁਗ ਲੇਖਾ ਸਰਬ ਮੁਕਾਇੰਦਾ । ਅੰਦਰੇ ਅੰਦਰ ਬੈਠੇ ਰਹਿਣ ਨਿਰਾਸ, ਹਰਿ ਜੂ ਹੱਥ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਜਗਤ ਬਸਤਰ ਕਾਇਆ ਚੋਲੀ ਆਤਮ ਅੰਤਰ, ਤ੍ਰੈਗੁਣ ਮਾਇਆ ਵੇਖੇ ਬਸੰਤਰ, ਅਗਨੀ ਅੱਗ ਨਾ ਕੋਇ ਬੁਝਾਇੰਦਾ । ਆਤਮ ਅੰਤਰ ਡੂੰਘਾ ਖਾਤਾ, ਹਰਿ ਸਾਚਾ ਆਪਣੇ ਹੱਥ ਰਖਾਇੰਦਾ । ਚੌਦਾਂ ਵਿਦਿਆ ਜਗਤ ਗਾਥਾ, ਕਲਜੁਗ ਜੀਵਾਂ ਆਪ ਪੜ੍ਹਾਇੰਦਾ । ਕੋਈ ਕਹੇ ਰਾਮ ਨਾਮ ਸਾਥਾ, ਕੋਈ ਮੰਗੇ ਦਾਨ ਤ੍ਰਿਲੋਕੀ ਨਾਥਾ, ਕੋਈ ਨਾਨਕ ਨਾਮ ਕਹਾਇੰਦਾ । ਕੋਈ ਕਹੇ ਗੋਬਿੰਦ ਚਲਾਏ ਰਾਥਾ, ਕੋਈ ਈਸਾ ਮੂਸਾ ਸੰਗ ਮੁਹੰਮਦ ਚਾਰ ਯਾਰੀ ਰਾਹ ਤਕਾਇੰਦਾ । ਇਕ ਇਕੱਲਾ ਆਦਿ ਜੁਗਾਦਿ ਪਾਰਬ੍ਰਹਮ ਪੁਰਖ ਸਮਰਾਥਾ, ਜਨਮ ਮਰਨ ਵਿਚ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸ਼ਬਦ ਗੁਰ ਬਲਵਾਨ, ਆਦਿ ਜੁਗਾਦਿ ਝੁਲਾਏ ਇਕ ਨਿਸ਼ਾਨ, ਸਚ ਨਿਸ਼ਾਨਾ ਇਕ ਵਖਾਇੰਦਾ । ਕਾਇਆ ਅੰਤਰ ਲੱਗੀ ਅੱਗ, ਕਲਜੁਗ ਜੀਵ ਭੇਵ ਨਾ ਰਾਈਆ । ਸੀਸ ਦਸਤਾਰ ਨਾ ਸੋਹੇ ਪੱਗ, ਜਿਸ ਮਿਲਿਆ ਨਾ ਬੇਪਰਵਾਹੀਆ । ਦਰਸ ਨਾ ਪਾਇਆ ਉਪਰ ਸ਼ਾਹ ਰਗ, ਨੌਂ ਦੁਆਰ ਜਗਤ ਵਾਸਨਾ ਫਿਰੇ ਹਲਕਾਈਆ । ਹੰਸ ਨਾ ਬਣਿਆ ਜੀਵ ਕੱਗ, ਵਾਸਨਾ ਕਾਂਗ ਵਾਂਗ ਕੁਰਲਾਈਆ । ਜਿਸ ਸਤਿਗੁਰ ਮਿਲਿਆ ਸੂਰਾ ਸਰਬੱਗ, ਸੋ ਸੰਤ ਸਾਜਣ ਘਰ ਵੱਜਦੀ ਰਹੇ ਵਧਾਈਆ । ਕਿਆ ਕੋਈ ਤਾਅਨਾ ਮੇਹਣਾ ਦੇਵੇ ਜਗ, ਜਿਸ ਜਗਤ ਈਸ਼ਵਰ ਆਪਣੇ ਅੰਗ ਲਗਾਈਆ । ਮਾਣਸ ਜਨਮ ਨਾ ਹੋਏ ਭੰਗ, ਜਿਸ ਭਗਤ ਭਗਵੰਤ ਆਪਣੀ ਗੋਦ ਬਹਾਈਆ । ਕਾਇਆ ਚੋਲੀ ਚੜ੍ਹੇ ਰੰਗ ਬਸੰਤ, ਬਸੰਤ ਰੁੱਤ ਦਏ ਗਵਾਹੀਆ । ਗੜ੍ਹ ਤੋੜੇ ਹਉਮੇ ਹੰਗਤ, ਹੰ ਬ੍ਰਹਮ ਇਕ ਦਰਸਾਈਆ । ਨਾਤਾ ਤੋੜੇ ਭੁੱਖ ਨੰਗਤ, ਨਾਮ ਖ਼ਜ਼ਾਨਾ ਇਕ ਵਖਾਈਆ । ਚਾਰ ਵਰਨ ਹਰਿ ਕਾ ਰੂਪ ਸਾਚੀ ਸੰਗਤ, ਈਸ਼ ਜੀਵ ਜੀਵ ਈਸ਼ ਬ੍ਰਹਮ ਪਾਰਬ੍ਰਹਮ, ਏਕਾ ਨੂਰ ਨੂਰ ਨੂਰ ਲਏ ਉਪਜਾਈਆ । ਨੂਰ ਉਪਾਇਆ ਨੂਰ ਧਾਰ, ਨੂਰੀ ਨੂਰ ਖੇਲ ਖਿਲਾਇੰਦਾ । ਨੂਰ ਨਿਰਗੁਣ ਹੋਏ ਉਜਿਆਰ, ਨੂਰ ਸਰਗੁਣ ਸੰਗ ਨਿਭਾਇੰਦਾ । ਨੂਰ ਕਰੇ ਸਰਬ ਪਸਾਰ, ਨੂਰ ਧੁਆਂਧਾਰ ਡੇਰਾ ਲਾਇੰਦਾ । ਨੂਰ ਆਦਿ ਅੰਤ ਕਰੇ ਖੇਲ ਅਪਾਰ, ਨੂਰ ਮਧ ਆਪਣਾ ਰੂਪ ਵਟਾਇੰਦਾ । ਨੂਰ ਗੁਰ ਨੂਰ ਅਵਤਾਰ, ਨੂਰ ਜੀਵ ਜੰਤ ਸਮਾਇੰਦਾ । ਨੂਰ ਭਗਤ ਨੂਰ ਸੰਤ, ਨੂਰ ਗੁਰਮੁਖ ਨੂਰ ਗੁਰਸਿਖ ਨੂਰ ਨਾਰੀ ਨੂਰ ਕੰਤ, ਨੂਰ ਨੂਰ ਸੇਜ ਹੰਢਾਇੰਦਾ । ਨੂਰ ਗੜ੍ਹ ਹਉਮੇ ਹੰਗਤ, ਨੂਰ ਕਾਮ ਕਰੋਧ ਲੋਭ ਮੋਹ ਹੰਕਾਰ ਬਣਤ ਬਣਾਇੰਦਾ । ਨੂਰ ਆਸਾ ਤ੍ਰਿਸ਼ਨਾ ਬਣੇ ਮੰਗਤ, ਨੂਰ ਦਰ ਦਰਵੇਸ਼ ਫੇਰੀ ਪਾਇੰਦਾ । ਨੂਰ ਨੂਰ ਕਰੇ ਖੰਡਤ, ਨੂਰ ਖੰਡਾ ਨੂਰ ਕਟਾਰ, ਨੂਰ ਹੁਕਮ ਨੂਰ ਅਵਤਾਰ, ਨੂਰ ਸ਼ਬਦ ਨੂਰ ਦੀਬਾਨ, ਆਪ ਆਪਣਾ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕੱਲਾ ਖੇਲ ਅਪਾਰ, ਸੰਤਨ ਵਖਾਏ ਇਕ ਦੁਆਰ, ਦੂਜਾ ਦਰ ਨਾ ਕੋਇ ਵਖਾਇੰਦਾ । ਅੰਤਸ਼ਕਰਨ ਕਰੇ ਜਨ ਵਿਚਾਰ । ਚਾਰੋਂ ਕੁੰਟ ਸ੍ਰਿਸ਼ਟ ਸਬਾਈ ਧੁਆਂਧਾਰ । ਨਾ ਕੋਈ ਸੱਜਣ ਨਾ ਕੋਈ ਮੀਤ, ਨਾ ਕੋਈ ਪੁਰਖ ਨਾ ਕੋਈ ਨਾਰ । ਨਾ ਕੋਈ ਗਾਏ ਸੁਹਾਗੀ ਗੀਤ, ਦਰ ਦਰ ਦਿਸੇ ਵਿਭਚਾਰ । ਬਿਨ ਗੁਰਮੁਖ ਗੁਰਸਿਖ

ਕੋਇ ਨਾ ਦਿਸੇ ਮਾਤ ਅਤੀਤ, ਨੌਂ ਖੰਡ ਪ੍ਰਿਥਮੀ ਨਾਤਾ ਜੁੜਿਆ ਕਾਮ ਕਰੋਧ ਲੋਭ ਮੋਹ ਹੰਕਾਰ । ਅੰਤਸਕਰਨ ਹਰਿ ਹਰਿ ਧਿਆਨ, ਆਤਮ ਅੰਤਰ ਇਕ ਲਿਵ ਲਾਈਆ । ਜਿਸ ਜਨ ਦੇਵੇ ਆਪਣਾ ਦਾਨ, ਨਾਮ ਨਿਧਾਨਾ ਝੋਲੀ ਪਾਈਆ । ਚਰਨ ਕਵਲ ਪੁਰਖ ਅਬਿਨਾਸ਼ੀ ਘਟ ਘਟ ਵਾਸੀ ਇਕ ਵਖਾਏ ਸਚ ਧਿਆਨ, ਬ੍ਰਹਮ ਗਿਆਨ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਟ ਘਟ ਵੇਖੇ ਥਾਉਂ ਥਾਈਂਆ । ਅੰਤਰ ਆਤਮ ਜਗਤ ਵਿਚਾਰ, ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਇਆ । ਸਚ ਸੁੱਚ ਨਾ ਦਿਸੇ ਕੋਇ ਵਿਹਾਰ, ਕਾਇਆ ਮੰਦਰ ਹਰਿਮੰਦਰ ਰੂਪ ਨਾ ਕੋਇ ਬਣਾਇਆ । ਚਾਰੋਂ ਕੁੰਟ ਕੁੰਟ ਕਰੇ ਵਿਚਾਰ, ਦਹਿ ਦਿਸ਼ਾ ਨੇਤਰ ਲੋਚਣ ਨੈਣ ਰਹੇ ਉਠਾਇਆ । ਗੁਰਮੁਖਾਂ ਗੁਰ ਗੁਰ ਸ਼ਬਦੀ ਆਪੇ ਪਾਇਆ ਹਿੱਸਾ, ਆਪ ਆਪਣੀ ਵੰਡ ਵੰਡਾਇਆ । ਜੋ ਜਨ ਸਿਖਿਆ ਸਾਚੀ ਸਿਖਾ, ਸਿੱਖੀ ਸਿਖਿਆ ਇਕ ਵਖਾਇਆ । ਆਪੇ ਜਾਣੇ ਧੁਰ ਦਾ ਲੇਖਾ ਲਿਖਾ, ਲਿਖਿਆ ਲੇਖ ਨਾ ਕੋਈ ਮੇਟ ਮਿਟਾਇਆ । ਸਤਿਗੁਰ ਰੂਪ ਇਕ ਅਨਡਿਠਾ, ਜਗਤ ਨੇਤਰ ਦਿਸ ਕਿਸੇ ਨਾ ਆਇਆ । ਆਤਮ ਸੇਜਾ ਸੁੱਤਾ ਦੇ ਕਰ ਪਿੱਠਾ, ਆਪਣੀ ਕਰਵਟ ਨਾ ਲਏ ਬਦਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਸ਼ਕਰਨ ਜਾਣੇ ਹਰਿ ਹਰਿ, ਕਾਇਆ ਮੰਦਰ ਆਪੇ ਵੜ ਵੜ, ਪਹਿਲੇ ਦੂਜੇ ਤੀਜੇ ਚੌਥੇ ਪੌੜੇ ਚੜ੍ਹ ਚੜ੍ਹ, ਪੰਚਮ ਸ਼ਬਦ ਨਾਦ ਸੁਣਾਏ ਖੜ ਖੜ, ਸੁਰਤ ਸੁਵਾਣੀ ਸ਼ਬਦ ਹਾਣੀ ਆਪੇ ਫੜ ਫੜ, ਅੰਮ੍ਰਿਤ ਆਤਮ ਠੰਡਾ ਪਾਣੀ ਇਕ ਵਖਾਏ ਸਰ ਸਰ, ਹਰਿ ਹਰਿ ਨਰ ਨਰ ਨਾਰੀ ਕੰਤ ਸੰਤ ਭਗਵੰਤ ਏਕਾ ਰੂਪ ਸਮਾਇਆ ।





★ ੧੨ ਮਾਘ ੨੦੧੭ ਬਿਕਰਮੀ ਗੁਰਬਚਨ ਸਿੰਘ ਦੇ ਗ੍ਰਿਹਿ ਪਿੰਡ ਅਹਿਮਦ ਪੁਰ ★

ਸਤਿ ਪੁਰਖ ਨਿਰੰਜਣ ਸਾਚੀ ਧਾਰਾ, ਸਤਿ ਸਤਿਵਾਦੀ ਆਪ ਚਲਾਇੰਦਾ । ਅਗੰਮ ਅਗੰਮੜਾ ਕਰੇ ਅਗੰਮੜੀ ਕਾਰਾ, ਆਪ ਆਪਣਾ ਖੇਲ ਖਿਲਾਇੰਦਾ । ਸੋ ਪੁਰਖ ਨਿਰੰਜਣ ਹੋ ਉਜਿਆਰਾ, ਆਪਣਾ ਬਲ ਆਪ ਧਰਾਇੰਦਾ । ਹਰਿ ਪੁਰਖ ਨਿਰੰਜਣ ਭੇਵ ਨਿਆਰਾ, ਭੇਵ ਅਭੇਦਾ ਭੇਵ ਛੁਪਾਇੰਦਾ । ਏਕੰਕਾਰਾ ਆਪੇ ਜਾਣੇ ਆਪਣੀ ਕਾਰਾ, ਕਰਨੀ ਕਰਤਾ ਆਪ ਅਖਵਾਇੰਦਾ । ਆਦਿ ਨਿਰੰਜਣ ਨੂਰ ਉਜਿਆਰਾ, ਜੋਤੀ ਨੂਰ ਡਗਮਗਾਇੰਦਾ । ਸ੍ਰੀ ਭਗਵਾਨ ਵਸਣਹਾਰਾ ਧਾਮ ਨਿਆਰਾ, ਧਾਮ ਅਵੱਲੜਾ ਇਕ ਸੁਹਾਇੰਦਾ । ਅਬਿਨਾਸ਼ੀ ਕਰਤਾ ਸ਼ਾਹੋ ਭੂਪ ਬਣ ਸਿਕਦਾਰਾ, ਆਪਣਾ ਹੁਕਮ ਆਪ ਜਣਾਇੰਦਾ । ਪਾਰਬ੍ਰਹਮ ਬਣ ਭਿਖਾਰਾ, ਆਪਣੀ ਮੰਗ ਆਪ ਮੰਗਾਇੰਦਾ । ਕਰੇ ਖੇਲ ਹਰਿ ਨਿਰਾਕਾਰਾ, ਨਿਰਵੈਰ ਆਪਣਾ ਬੰਧਨ ਆਪੇ ਪਾਇੰਦਾ । ਜੂਨੀ ਰਹਿਤ ਹੋ ਤਿਆਰਾ, ਪੁਰਖ ਅਕਾਲ ਦੀਨ ਦਿਆਲ ਆਪਣਾ ਨਾਉਂ ਧਰਾਇੰਦਾ । ਆਪਣੀ ਇਛਿਆ ਆਪੇ ਬਣ ਵਰਤਾਰਾ, ਸਾਚੀ ਭਿਛਿਆ ਝੋਲੀ ਪਾਇੰਦਾ । ਆਪੇ ਖੋਲ੍ਹੇ ਸਚ ਦੁਆਰਾ, ਬੰਕ ਦੁਆਰੀ ਆਪ ਅਖਵਾਇੰਦਾ । ਸਚਖੰਡ ਸਾਚਾ ਕਰ ਤਿਆਰਾ, ਆਪਣਾ ਰੰਗ ਆਪ ਰੰਗਾਇੰਦਾ । ਰੂਪ ਰੰਗ ਦਿਸੇ ਨਾ ਕੋਇ ਆਕਾਰਾ, ਤਤਵ ਤਤ ਨਾ ਕੋਇ ਰਖਾਇੰਦਾ । ਨਾ ਕੋਈ ਬਣਾਏ ਚਾਰ ਦੀਵਾਰਾ, ਛੱਪਰ ਛੰਨ ਨਾ ਕੋਇ ਛੁਹਾਇੰਦਾ । ਨਿਰਗੁਣ ਦੀਵਾ ਬਾਤੀ ਕਰ ਉਜਿਆਰਾ, ਕਮਲਾਪਾਤੀ ਆਪ ਟਿਕਾਇੰਦਾ । ਘਾੜਨ ਘੜੇ ਘੜਨੇਹਾਰਾ, ਘੜਣ ਭੰਨਣਹਾਰ

ਆਪਣੀ ਰਚਨਾ ਆਪ ਰਚਾਇੰਦਾ । ਸਚ ਸਿੰਘਾਸਣ ਕਰ ਤਿਆਰਾ, ਆਪਣਾ ਆਸਣ ਇਕ ਸੁਹਾਇੰਦਾ । ਨਾ ਕੋਈ ਬਾਢੀ ਪਾਵੇ ਸਾਰਾ, ਪਾਵਾ ਚੂਲ ਨਾ ਕੋਇ ਰਖਾਇੰਦਾ । ਸ਼ਾਹੋ ਭੂਪ ਬਣ ਨਿਰੰਕਾਰਾ, ਨਿਰਗੁਣ ਆਪਣਾ ਆਸਣ ਲਾਇੰਦਾ । ਜਗਤ ਜਗਦੀਸ਼ ਖੇਲ ਨਿਆਰਾ, ਨਿਰਾਧਾਰਾ ਆਪ ਕਰਾਇੰਦਾ । ਸਚ ਨਿਸ਼ਾਨਾ ਕਰ ਤਿਆਰਾ, ਦਰ ਘਰ ਸਾਚੇ ਆਪ ਝੁਲਾਇੰਦਾ । ਸਾਚਾ ਤਾਜ ਸੀਸ ਦਸਤਾਰਾ, ਨਿਰਗੁਣ ਆਪਣਾ ਆਪੇ ਵੇਖ ਵਖਾਇੰਦਾ । ਦੂਸਰ ਨਾ ਕੋਈ ਮੀਤ ਮੁਰਾਰਾ, ਸਗਲਾ ਸੰਗ ਨਾ ਕੋਇ ਜਣਾਇੰਦਾ । ਹੁਕਮੀ ਹੁਕਮ ਵਰਤੇ ਵਰਤਾਰਾ, ਰਾਜ ਰਾਜਾਨ ਆਪਣਾ ਹੁਕਮ ਸੁਣਾਇੰਦਾ । ਦਰ ਦਰਵੇਸ਼ ਬਣ ਭਿਖਾਰਾ, ਆਪਣੇ ਦੁਆਰ ਆਪੇ ਸੀਸ ਝੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਅਜੂਨੀ ਰਹਿਤ ਅਨੁਭਵ ਆਪਣਾ ਪਰਕਾਸ਼ ਉਪਜਾਇੰਦਾ । ਆਦਿ ਪੁਰਖ ਖੇਲ ਅਵੱਲਾ, ਹਰਿ ਸਾਚਾ ਸਚ ਕਰਾਈਆ । ਸਚਖੰਡ ਸੁਹਾਏ ਸਚ ਮਹੱਲਾ, ਸਚ ਸਿੰਘਾਸਣ ਆਸਣ ਲਾਈਆ । ਆਪਣੇ ਦੀਪਕ ਆਪੇ ਬਲਾ, ਅਸੁਤੇ ਪਰਕਾਸ਼ ਇਕ ਵਖਾਈਆ । ਆਪੇ ਵਸੇ ਨੇਹਚਲ ਧਾਮ ਅਟੱਲਾ, ਪਾਰਬ੍ਰਹਮ ਵਡੀ ਵਡਿਆਈਆ । ਆਪ ਫੜਾਏ ਆਪਣਾ ਪੱਲਾ, ਆਪ ਆਪਣਾ ਬੰਧਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਅਲਖ ਅਗੋਚਰ ਅਗੰਮ ਅਥਾਹ ਬੇਪਰਵਾਹ ਵਡੀ ਵਡਿਆਈਆ । ਬੇਪਰਵਾਹ ਹਰਿ ਨਿਰੰਕਾਰ, ਦਰ ਘਰ ਸਾਚੇ ਸੋਭਾ ਪਾਇੰਦਾ । ਜੋਤੀ ਜਾਤਾ ਹੋ ਉਜਿਆਰ, ਨੂਰ ਨੁਰਾਨਾ ਡਗਮਗਾਇੰਦਾ । ਆਪਣੇ ਮੰਦਰ ਖੇਲ ਕਰੇ ਅਪਰ ਅਪਾਰ, ਅਪਰੰਪਰ ਆਪਣੀ ਧਾਰ ਆਪ ਚਲਾਇੰਦਾ । ਆਪੇ ਲੇਖਾ ਜਾਣੇ ਧੁਰ ਦਰਬਾਰ, ਧੁਰ ਧਾਮ ਆਪਣਾ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣਾ ਮੰਦਰ ਆਪ ਸੁਹਾਇੰਦਾ । ਹਰਿ ਸਾਚਾ ਮੰਦਰ ਸੁਹਾਇੰਦਾ, ਨਿਰਗੁਣ ਜੋਤ ਕਰ ਉਜਿਆਰ । ਨਿਰਵੈਰ ਪੁਰਖ ਆਸਣ ਲਾਇੰਦਾ, ਆਪ ਆਪਣੀ ਕਿਰਪਾ ਧਾਰ । ਆਪਣਾ ਅੰਤਰ ਆਪੇ ਵੇਖ ਵਖਾਇੰਦਾ, ਨਾ ਕੋਈ ਦੂਸਰ ਅਵਰ ਵਿਚਾਰ । ਆਪਣੀ ਇਛਿਆ ਆਪ ਪ੍ਰਗਟਾਇੰਦਾ, ਆਪੇ ਭਰੇ ਭੰਡਾਰ । ਆਪਣੀ ਸਿਖਿਆ ਹਰਿ ਸਮਝਾਇੰਦਾ, ਆਪੇ ਹੋਏ ਸਿਖਣਹਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਇਕ ਇਕੱਲਾ ਖੇਲ ਖਿਲਾਇੰਦਾ । ਆਦਿ ਪੁਰਖ ਆਦਿ ਅੰਤ, ਆਪਣਾ ਬੰਧਨ ਆਪੇ ਪਾਈਆ । ਸੋ ਪੁਰਖ ਨਿਰੰਜਣ ਨਾਰੀ ਕੰਤ, ਨਰ ਨਰਾਇਣ ਖੇਲ ਖਿਲਾਈਆ । ਹਰਿ ਪੁਰਖ ਨਿਰੰਜਣ ਆਪ ਬਣਾਏ ਸਾਚੀ ਬਣਤ, ਘੜਨ ਭੰਨਣਹਾਰ ਆਪ ਹੋ ਜਾਈਆ । ਏਕੰਕਾਰਾ ਮਹਿਮਾ ਅਗਣਤ, ਲੇਖਾ ਲਿਖਤ ਵਿਚ ਨਾ ਆਈਆ । ਆਦਿ ਨਿਰੰਜਣ ਸਾਚਾ ਧਾਮ ਆਪ ਸੁਹੰਤ, ਦਰ ਘਰ ਸਾਚੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣਾ ਆਦਿ ਆਪਣੇ ਹੱਥ ਰਖਾਈਆ । ਆਦਿ ਪੁਰਖ ਕਰ ਪਰਕਾਸ਼, ਆਪਣਾ ਖੇਲ ਆਪ ਖਿਲਾਇੰਦਾ । ਆਪਣੇ ਅੰਦਰ ਪਾਵੇ ਰਾਸ, ਆਪੇ ਵੇਖ ਵਖਾਇੰਦਾ । ਇਕ ਇਕੱਲਾ ਨਾਉਂ ਰਖਾਏ ਪੁਰਖ ਅਬਿਨਾਸ਼, ਅਬਿਨਾਸ਼ੀ ਆਪਣੀ ਧਾਰ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਇਕ ਮਹੱਲਾ ਆਪ ਸੁਹਾਇੰਦਾ । ਸਚ ਮਹੱਲਾ ਧੁਰ ਧਾਮ ਅਪਾਰਾ, ਸੋ ਪੁਰਖ ਨਿਰੰਜਣ ਆਪ ਸੁਹਾਇੰਦਾ । ਆਪੇ ਵਸੇ ਸਭ ਤੋਂ ਨਿਆਰਾ, ਆਪਣਾ ਰੰਗ ਆਪ ਰੰਗਾਇੰਦਾ । ਆਪੇ ਬੇਐਬ ਹੋਏ ਪਰਵਰਦਿਗਾਰਾ, ਨੂਰੀ ਜਲਵਾ ਆਪੇ ਡਗਮਗਾਇੰਦਾ । ਆਪੇ ਸਚਖੰਡ ਖੋਲ੍ਹਣਹਾਰ

੧੭੨
੧੦

ਕਿਵਾੜਾ, ਸਚ ਸਿੰਘਾਸਣ ਸੋਭਾ ਪਾਇੰਦਾ । ਆਪੇ ਧੁਰਦਰਗਾਹੀ ਬਣੇ ਲਾੜਾ, ਆਪੇ ਨਾਰੀ ਕੰਤ ਪਰਨਾਇੰਦਾ । ਆਪੇ ਹੁਕਮੀ ਹੁਕਮ ਦੇਵੇ ਧੁਰ ਫ਼ਰਮਾਨਾ, ਆਪੇ ਆਪਣਾ ਹੁਕਮ ਵਰਤਾਇੰਦਾ । ਆਪੇ ਚਲੇ ਆਪਣੇ ਭਾਣਾ, ਵਡ ਭਾਣਾ ਆਪ ਸਮਝਾਇੰਦਾ । ਆਪੇ ਹੋਏ ਗ਼ਰੀਬ ਨਿਮਾਣਾ, ਨਿਉਂ ਨਿਉਂ ਸੀਸ ਝੁਕਾਇੰਦਾ । ਆਪੇ ਤਖ਼ਤ ਸੋਹੇ ਸਾਚਾ ਰਾਣਾ, ਤਖ਼ਤ ਨਿਵਾਸੀ ਆਪਣਾ ਬਲ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਦਿ ਆਦਿ ਆਪਣਾ ਖੇਲ ਆਪ ਖਿਲਾਇੰਦਾ । ਆਦਿ ਪੁਰਖ ਸਚਖੰਡ ਨਿਵਾਸਾ, ਸਚ ਸਾਚੀ ਜੋਤ ਜਗਾਈਆ । ਅਗੰਮ ਅਗੰਮੜਾ ਕਰੇ ਘਰ ਘਰ ਵਾਸਾ, ਸ਼ਾਹੋ ਸ਼ਾਬਾਸ਼ਾ ਆਪਣੇ ਹੱਥ ਰੱਖੇ ਵਡਿਆਈਆ । ਆਪੇ ਪਾਵੇ ਆਪਣੀ ਰਾਸਾ, ਆਪੇ ਵੇਖ ਵਖਾਈਆ । ਆਪੇ ਇਛਿਆ ਆਪੇ ਆਸਾ, ਆਪੇ ਪੂਰਨ ਰਿਹਾ ਕਰਾਈਆ । ਆਪੇ ਦੇਵੇ ਆਪਣਾ ਸਚ ਭਰਵਾਸਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਚਲੇ ਹੁਕਮ ਰਜ਼ਾਈਆ । ਆਪਣੀ ਆਸਾ ਆਪ ਵਿਚਾਰ, ਸਚਖੰਡ ਨਿਵਾਸੀ ਦਇਆ ਕਮਾਇੰਦਾ । ਆਪਣੀ ਕਿਰਪਾ ਆਪੇ ਧਾਰ, ਆਪਣਾ ਪਰਦਾ ਆਪ ਉਠਾਇੰਦਾ । ਆਪਣੀ ਜੋਤ ਕਰ ਉਜਿਆਰ, ਆਪਣਾ ਨੂਰ ਆਪ ਪਰਗਟਾਇੰਦਾ । ਆਪਣਾ ਘਾੜਨ ਘੜ ਅਪਰ ਅਪਾਰ, ਹਰਿ ਜੂ ਹਰਿ ਹਰਿ ਆਪ ਵੇਖ ਵਖਾਇੰਦਾ । ਆਪੇ ਵਰਤੇ ਆਪਣਾ ਸਤਿ ਵਰਤਾਰ, ਸਤਿ ਸਤਿਵਾਦੀ ਸਾਚੀ ਵਸਤ ਆਪਣੇ ਹੱਥ ਰਖਾਇੰਦਾ । ਆਪੇ ਕਰੇ ਕਰਨੀ ਸਾਚੀ ਕਾਰ, ਕਰਤਾ ਪੁਰਖ ਆਪਣੀ ਕਲ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਏਕਾ ਆਪਣਾ ਵੇਸ ਵਟਾਇੰਦਾ । ਸਚਖੰਡ ਦਵਾਰਾ ਹਰਿ ਸਹਾਇਆ, ਮਹਿਮਾ ਅਗਣਤ ਗਣੀ ਨਾ ਜਾਈਆ । ਆਪਣਾ ਖੇਲ ਲਏ ਖਲਾਇਆ, ਖੇਲਣਹਾਰਾ ਬੇਪਰਵਾਹੀਆ । ਘਰ ਵਿਚ ਘਰ ਲਏ ਪਰਗਟਾਇਆ, ਸਚਖੰਡ ਅੰਦਰ ਥਿਰ ਘਰ ਦਏ ਬਣਾਈਆ । ਆਪਣਾ ਮੰਦਰ ਆਪ ਸੁਹਾਇਆ, ਨਾਰੀ ਕੰਤ ਵੱਜੀ ਵਧਾਈਆ । ਸਾਚੀ ਸੇਜਾ ਸੋਭਾ ਪਾਇਆ, ਨਿਰਗੁਣ ਨਿਰਗੁਣ ਮੇਲ ਮਿਲਾਈਆ । ਨਿਰਗੁਣ ਮਾਤ ਨਿਰਗੁਣ ਪਿਤ ਨਿਰਗੁਣ ਦਾਈ ਨਿਰਗੁਣ ਦਾਇਆ, ਆਪਣਾ ਰੂਪ ਆਪ ਧਰਾਈਆ । ਨਿਰਗੁਣ ਸੁਤ ਦੁਲਾਰਾ ਜਾਇਆ, ਸਾਰ ਸ਼ਬਦ ਨਾਉਂ ਰਖਾਈਆ । ਥਿਰ ਘਰ ਦਵਾਰੇ ਆਪ ਬਹਾਇਆ, ਚਰਨ ਕਵਲ ਬਖ਼ਸ਼ੇ ਸੱਚੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪ ਆਪਣਾ ਵੇਖ ਵਖਾਈਆ । ਸੁਤ ਦੁਲਾਰਾ ਜਾਇਆ, ਕਰ ਕਿਰਪਾ ਗੁਣ ਨਿਧਾਨ । ਅਬਿਨਾਸ਼ੀ ਅਚੁਤ ਖੇਲ ਖਿਲਾਇਆ, ਆਪੇ ਹੋਇਆ ਮਿਹਰਵਾਨ । ਸਾਚੀ ਰੁੱਤ ਆਪ ਸੁਹਾਇਆ, ਰੁਤੜੀ ਵੇਖੇ ਸ੍ਰੀ ਭਗਵਾਨ । ਆਪਣੇ ਉਪਰ ਤੁਠ ਆਪਣਾ ਆਪ ਬਾਹਰ ਕਢਾਇਆ, ਆਪੇ ਹੋਇਆ ਨਿਗਹਬਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣਾ ਸੁਤ ਲਏ ਉਠਾਇਆ । ਸੁਤ ਦੁਲਾਰਾ ਹਰਿ ਨਿਰੰਕਾਰ, ਸ਼ਬਦੀ ਸ਼ਬਦ ਉਪਾਇੰਦਾ । ਥਿਰ ਘਰ ਸਾਚਾ ਖੋਲ੍ਹ ਦਵਾਰ, ਬੰਕ ਦਵਾਰਾ ਇਕ ਵਖਾਇੰਦਾ । ਸਿਰ ਰੱਖ ਹੱਥ ਸਮਰਥ ਕਰਤਾਰ, ਆਪਣਾ ਭੇਵ ਆਪ ਜਣਾਇੰਦਾ । ਮਹਿਮਾ ਅਕਥ ਗਾਏ ਆਪਣੀ ਵਾਰ, ਗੀਤ ਸੁਹਾਗੀ ਇਕ ਸੁਣਾਇੰਦਾ । ਸਾਚਾ ਸੋਹਲਾ ਕਰ ਤਿਆਰ, ਏਕਾ ਢੋਲਾ ਆਪ ਉਪਾਇੰਦਾ । ਤੋਲਾ ਬਣਿਆ ਆਪ ਪਰਵਰਦਿਗਾਰ, ਸਾਚੇ ਕੰਡੇ ਤੋਲ ਤੁਲਾਇੰਦਾ । ਪਰਦਾ ਓਹਲਾ ਦਏ ਨਵਾਰ, ਘਰ ਘਰ ਵਿਚ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਿੰਘਾਸਣ ਆਪੇ ਚੜ੍ਹ,

ਥਿਰ ਘਰ ਆਪਣਾ ਰੰਗ ਰੰਗਾਇੰਦਾ । ਥਿਰ ਘਰ ਰੰਗ ਰੰਗਾਇਆ, ਸੋ ਪੁਰਖ ਨਿਰੰਜਣ ਦਇਆ ਕਮਾ । ਹਰਿ ਪੁਰਖ ਨਿਰੰਜਣ ਵੇਖ ਵਖਾਇਆ, ਰੂਪ ਅਨੂਪ ਧਰਾ । ਏਕੰਕਾਰਾ ਪਰਦਾ ਲਾਹਿਆ, ਆਪ ਆਪਣਾ ਮੁਖ ਦਏ ਵਖਾ । ਆਦਿ ਨਿਰੰਜਣ ਕਰ ਰੁਸ਼ਨਾਇਆ, ਏਕਾ ਨੂਰ ਦਏ ਚਮਕਾ । ਸ੍ਰੀ ਭਗਵਾਨ ਸੇਵ ਕਮਾਇਆ, ਅਬਿਨਾਸ਼ੀ ਕਰਤਾ ਬਣੇ ਮਲਾਹ । ਪਾਰਬ੍ਰਹਮ ਪ੍ਰਭ ਮਾਰਗ ਲਾਇਆ, ਸੁਤ ਸ਼ਬਦ ਦਏ ਸਮਝਾ । ਆਪਣਾ ਨਾਉਂ ਤੇਰਾ ਰੂਪ ਵਟਾਇਆ, ਹਰਿ ਨਿਰੰਕਾਰਾ ਦਏ ਸਲਾਹ । ਆਪਣੀ ਇਛਿਆ ਤੇਰੇ ਵਿਚ ਰਖਾਇਆ, ਸਚ ਭੰਡਾਰ ਇਕ ਵਰਤਾ । ਆਪਣਾ ਲੇਖਾ ਤੇਰੇ ਹੱਥ ਫੜਾਇਆ, ਦੂਸਰ ਦਿਸੇ ਕੋਇ ਨਾ । ਨਿਰਗੁਣ ਨਿਰਗੁਣ ਨਿਰਗੁਣ ਵੇਸ ਵਟਾਇਆ, ਨਿਰਗੁਣ ਪਿਤਾ ਨਿਰਗੁਣ ਮਾਂ । ਨਿਰਗੁਣ ਸੁਤ ਦੁਲਾਰਾ ਜਾਇਆ, ਨਿਰਗੁਣ ਰੱਖਿਆ ਨਿਰਗੁਣ ਨਾ । ਆਪਣਾ ਹੁਕਮ ਆਪ ਸਮਝਾਇਆ, ਆਪ ਉਠਾਏ ਫੜ ਫੜ ਬਾਂਹ । ਆਦਿ ਪੁਰਖ ਆਪਣੀ ਗੋਦ ਇਕ ਸੁਹਾਇਆ, ਸਫ਼ਲ ਕੁਖ ਲਏ ਕਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣਾ ਮਾਰਗ ਦਏ ਸਮਝਾ । ਹਰਿ ਸਾਚਾ ਸਚ ਸਮਝਾਇੰਦਾ, ਸਾਚੀ ਸਿਖਿਆ ਏਕੰਕਾਰ । ਧੁਰ ਫ਼ਰਮਾਨਾ ਆਪ ਅਲਾਇੰਦਾ, ਧੁਰ ਧਾਮ ਬੈਠ ਸੱਚੀ ਸਰਕਾਰ । ਹੁਕਮੀ ਹੁਕਮ ਆਪ ਵਰਤਾਇੰਦਾ, ਆਪੇ ਹੋਏ ਵੇਖਣਹਾਰ । ਏਕਾ ਸ਼ਬਦ ਸਚ ਅਲਾਇੰਦਾ, ਸੇਵਕ ਸੇਵਾ ਕਰੇ ਅਪਾਰ । ਤੇਰੀ ਰਚਨਾ ਤੇਰੇ ਵਿਚੋਂ ਬਾਹਰ ਕਢਾਇੰਦਾ, ਤੇਰਾ ਤੇਰਾ ਕਰੇ ਆਧਾਰ । ਤੇਰਾ ਨਾਉਂ ਮਰਦੰਗ ਵਜਾਇੰਦਾ, ਸੁੰਨ ਅਗੰਮੀ ਖੇਲ ਨਿਆਰ । ਆਪਣਾ ਅੰਗ ਆਪ ਲਗਾਇੰਦਾ, ਅੰਗੀਕਾਰ ਕਰੇ ਕਰਤਾਰ । ਆਪਣਾ ਰੂਪ ਆਪ ਵਰਤਾਇੰਦਾ, ਆਪੇ ਹੋਏ ਵੇਖਣਹਾਰ । ਆਪੇ ਵਿਸ਼ਨ ਨਾਉਂ ਧਰਾਇੰਦਾ, ਆਪੇ ਕਵਲ ਕਵਲਾ ਪਾਵੇ ਸਾਰ । ਆਪੇ ਪਾਰਬ੍ਰਹਮ ਬ੍ਰਹਮ ਵੰਡ ਵੰਡਾਇੰਦਾ, ਬ੍ਰਹਮਾ ਵੇਤਾ ਕਰ ਤਿਆਰ । ਆਪੇ ਸ਼ੰਕਰ ਸੰਗ ਨਿਭਾਇੰਦਾ, ਲੇਖਾ ਜਾਣੇ ਧੁਆਂਧਾਰ । ਏਕਾ ਮਾਤਾ ਗੋਦ ਬਹਾਇੰਦਾ, ਕਰੇ ਖੇਲ ਅਪਰ ਅਪਾਰ । ਸ਼ਬਦ ਡੋਰੀ ਇਕ ਬੰਧਾਇੰਦਾ, ਨਾਤਾ ਜੋੜ ਜੁੜਾਏ ਸਿਰਜਣਹਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਸੁਤ ਦੁਲਾਰਾ ਆਪ ਉਠਾਇੰਦਾ । ਸੁਤ ਦੁਲਾਰਾ ਆਪ ਉਠਾਇਆ, ਕਰ ਕਿਰਪਾ ਗੁਣ ਨਿਧਾਨ । ਵਿਸ਼ਨ ਬ੍ਰਹਮਾ ਸ਼ਿਵ ਤੇਰੀ ਝੋਲੀ ਪਾਇਆ, ਭੁਲ ਨਾ ਜਾਣਾ ਬਣ ਨਾਦਾਨ । ਬ੍ਰਹਿਮੰਡ ਖੰਡ ਤੇਰੀ ਰਚਨਾ ਦਏ ਰਚਾਇਆ, ਲੋਆਂ ਪੁਰੀਆਂ ਲੇਖਾ ਜਾਣੇ ਗਗਨ ਪਾਤਾਲ । ਰਵ ਸਸ ਤੇਰੀ ਜੋਤ ਕਰੇ ਰੁਸ਼ਨਾਇਆ, ਮੰਡਲ ਮੰਡਪ ਕਰੇ ਪਰਧਾਨ । ਜਲ ਬਿੰਬ ਤੇਰੀ ਧਾਰ ਵਹਾਇਆ, ਧਰਤ ਧਵਲ ਵੇਖੇ ਜ਼ਿਮੀ ਅਸਮਾਨ । ਤ੍ਰੈਗੁਣ ਤੇਰੀ ਚਰਨ ਧੂੜ ਖ਼ਾਕ ਉਪਾਇਆ, ਵਿਸ਼ਨ ਬ੍ਰਹਮਾ ਸ਼ਿਵ ਦੇਵੇ ਦਾਨ । ਸਤੋ ਰਜੋ ਤਮੋ ਤੇਰਾ ਮੰਤ ਦ੍ਰਿੜਾਇਆ, ਕਿਰਪਾ ਕਰੇ ਆਪ ਭਗਵਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪੇ ਹੋਏ ਜਾਣੀ ਜਾਣ । ਸਾਚੀ ਵਸਤ ਹਰਿ ਅਮੋਲਕ, ਸ਼ਬਦ ਸ਼ਬਦੀ ਹੱਥ ਫੜਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਬਣਾਈ ਏਕਾ ਗੋਲਕ, ਤ੍ਰੈਗੁਣ ਵਸਤੂ ਵਿਚ ਰਖਾਇੰਦਾ । ਆਪਣਾ ਸ਼ਬਦ ਵਜਾਏ ਸਾਚੀ ਢੋਲਕ, ਤਾਰ ਸਤਾਰ ਨਾ ਕੋਇ ਹਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਵਖਾਏ ਏਕਾ ਘਰ, ਵਿਸ਼ਨ ਦੇਵੇ ਸਾਚਾ ਵਰ, ਆਪਣੀ ਇਛਿਆ ਭੰਡਾਰਾ ਦੇਵੇ ਭਰ, ਅਤੋਟ ਅਤੁਟ ਆਪ ਰਖਾਇੰਦਾ । ਬ੍ਰਹਮੇ ਦੇਵੇ ਬ੍ਰਹਮ ਗਿਆਨ, ਹਰਿ ਸਾਚਾ ਵਡ ਵਡਿਆਈਆ । ਆਦਿ ਜੁਗਾਦਿ ਚਰਨ ਕਵਲ ਧਿਆਨ, ਨਿਰਵੈਰ ਪੁਰਖ ਇਕ

੧੭੪
੧੦

ਸਰਨਾਈਆ । ਏਕਾ ਬਖ਼ਸ਼ੇ ਸਾਚਾ ਮਾਣ, ਮਾਣ ਅਭਿਮਾਨ ਨਾ ਕੋਇ ਜਣਾਈਆ । ਤੇਰਾ ਰੂਪ ਪਰਗਟਾਇਆ ਆਪ ਸ੍ਰੀ ਭਗਵਾਨ, ਆਪਣੀ ਵੰਡਣ ਆਪਣੇ ਹੱਥ ਰਖਾਈਆ । ਪੰਜ ਤਤ ਵਖਾਏ ਇਕ ਨਿਸ਼ਾਨ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਆਪੇ ਲਏ ਪਰਗਟਾਈਆ । ਲੱਖ ਚੁਰਾਸੀ ਕਰ ਪਰਧਾਨ, ਪੰਜ ਦਸ ਮੇਲ ਮਿਲਾਈਆ । ਪੰਜ ਪਚੀਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਆਪੇ ਦੇਵਣਹਾਰਾ ਵਰ, ਆਪੇ ਪੂਰ ਕਰਾਈਆ । ਆਪੇ ਵਿਸ਼ਨ ਵਿਸ਼ਵ ਸਮਾਇਆ, ਨਿਰਗੁਣ ਦਾਤਾ ਬੇਪਰਵਾਹ । ਆਪੇ ਪਾਰਬ੍ਰਹਮ ਬ੍ਰਹਮ ਜਾਇਆ, ਆਪੇ ਗੋਦੀ ਲਏ ਉਠਾ । ਆਪੇ ਸ਼ੰਕਰ ਉਂਗਲੀ ਲਾਇਆ, ਸਿੱਖ ਮਤ ਦਏ ਸਮਝਾ । ਜੋ ਘੜਿਆ ਭੰਨ ਵਖਾਇਆ, ਥਿਰ ਰਹੇ ਕੋਇ ਨਾ । ਤਿੰਨਾਂ ਏਕਾ ਗੁਣ ਵਖਾਇਆ, ਆਪ ਆਪਣਾ ਪਰਦਾ ਲਾਹ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਬਦ ਵਿਚੋਲਾ ਮੇਲ ਮਿਲਾਇਆ । ਸ਼ਬਦ ਵਿਚੋਲਾ ਸਤਿਗੁਰ ਧਾਰ, ਵਿਸ਼ਨ ਬ੍ਰਹਮਾ ਸ਼ਿਵ ਸੀਸ ਝੁਕਾਇੰਦਾ । ਦੋਏ ਜੋੜ ਕਰਨ ਨਿਮਸਕਾਰ, ਖ਼ਾਲੀ ਝੋਲੀ ਸਰਬ ਵਖਾਇੰਦਾ । ਦੇਵਣਹਾਰਾ ਇਕ ਦਾਤਾਰ, ਸਾਚੀ ਭਿਛਿਆ ਆਪ ਵਰਤਾਇੰਦਾ । ਮੰਗਦੇ ਰਹਿਣਾ ਵਾਰੋ ਵਾਰ, ਅਭੁਲ ਭੁਲ ਕਦੇ ਨਾ ਜਾਇੰਦਾ । ਲੱਖ ਚੁਰਾਸੀ ਸੇਵਾ ਕਰਨੀ ਵਿਚ ਸੰਸਾਰ, ਲੋਕਮਾਤ ਰਾਹ ਵਖਾਇੰਦਾ । ਪੰਜ ਤਤ ਦੇਣਾ ਇਕ ਆਧਾਰ, ਤ੍ਰੈਗੁਣ ਮਾਇਆ ਜੋੜ ਜੁੜਾਇੰਦਾ । ਮਾਣਸ ਮਾਨੁਖ ਇਕ ਵਿਚਾਰ, ਆਪ ਆਪਣੀ ਕਲ ਰਖਾਇੰਦਾ । ਆਸਾ ਤ੍ਰਿਸ਼ਨਾ ਕਰ ਤਿਆਰ, ਪੰਚ ਵਿਕਾਰ ਆਪ ਉਪਜਾਇੰਦਾ । ਨਾਤਾ ਜੋੜੇ ਕਾਮ ਕਰੋਧ ਲੋਭ ਮੋਹ ਹੰਕਾਰ, ਬਹੱਤਰ ਨਾੜਾ ਆਪ ਸਮਝਾਇੰਦਾ । ਤਿੰਨ ਸੌ ਸੱਠ ਹਾਡੀ ਕਰੇ ਖੇਲ ਕਰਤਾਰ, ਬ੍ਰਹਮ ਬ੍ਰਹਿਮਾਦੀ ਵੇਸ ਵਟਾਇੰਦਾ । ਲੇਖਾ ਜਾਣੇ ਬੰਕ ਦਵਾਰ, ਗੜ੍ਹ ਆਪਣਾ ਆਪ ਸੁਹਾਇੰਦਾ । ਜਗਤ ਵਖਾਏ ਨੌ ਦਵਾਰ, ਜਗਤ ਵਾਸਨਾ ਵਿਚ ਰਖਾਇੰਦਾ । ਆਪਣਾ ਖੇਲ ਕਰੇ ਅਪਰ ਅਪਾਰ, ਆਪਣੀ ਵੰਡ ਆਪਣੇ ਹੱਥ ਰਖਾਇੰਦਾ । ਘਰ ਵਿਚ ਘਰ ਕਰ ਤਿਆਰ, ਆਪਣੀ ਹੱਥੀਂ ਕੁੰਡਾ ਲਾਇੰਦਾ । ਕੋਏ ਨਾ ਪਾਵੇ ਸਾਰ ਵਿਚ ਸੰਸਾਰ, ਦਿਸ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸ਼ਬਦ ਰਿਹਾ ਘਾੜਨ ਘੜ, ਵਿਸ਼ਨ ਬ੍ਰਹਮਾ ਸ਼ਿਵ ਸੇਵ ਕਮਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਸਾਚੀ ਸੇਵ ਕਮਾ, ਪੰਜ ਤੱਤ ਗੜ੍ਹ ਬਣਾਇਆ । ਮਨ ਮਤ ਬੁਧ ਵਿਚ ਟਿਕਾ, ਨਿਰਗੁਣ ਵੰਡ ਵੰਡਾਇਆ । ਦੋਏ ਜੋੜ ਪਏ ਸਰਨਾ, ਤੇਰਾ ਰੂਪ ਨਜ਼ਰ ਨਾ ਆਇਆ । ਪੁਰਖ ਅਬਿਨਾਸ਼ੀ ਦਇਆ ਕਮਾ, ਏਕਾ ਤਤ ਸਮਝਾਇਆ । ਆਪਣਾ ਮੰਦਰ ਦਏ ਸੁਹਾ, ਆਪਣਾ ਰਾਹ ਆਪਣੇ ਵਿਚ ਛੁਪਾਇਆ । ਗੁਰਮੁਖ ਵਿਰਲੇ ਦਏ ਬੁਝਾ, ਜਿਸ ਸਿਰ ਆਪਣਾ ਹੱਥ ਟਿਕਾਇਆ । ਸੰਤ ਸਾਜਨ ਲਏ ਜਗਾ, ਨਿਰਗੁਣ ਸਰਗੁਣ ਹੋ ਰੁਸ਼ਨਾਇਆ । ਭਗਤ ਭਗਵੰਤ ਵੇਖੇ ਥਾਉਂ ਥਾਂ, ਆਪ ਆਪਣਾ ਰੂਪ ਵਟਾਇਆ । ਆਪਣਾ ਮਾਰਗ ਦਏ ਵਖਾ, ਨੌ ਦਵਾਰੇ ਪਾਰ ਕਰਾਇਆ । ਸੁਖਮਨ ਟੇਢੀ ਬੰਕ ਪੰਧ ਦਏ ਮੁਕਾ, ਈੜਾ ਪਿੰਗਲ ਮੁਖ ਸ਼ਰਮਾਇਆ । ਦੂਈ ਦਵੈਤੀ ਪਰਦਾ ਲਾਹ, ਤ੍ਰੈਗੁਣ ਤਤ ਨਾ ਕੋਇ ਜਣਾਇਆ । ਪੰਚ ਵਿਕਾਰਾ ਕਰੇ ਸਵਾਹ, ਏਕਾ ਜੋਤੀ ਅਗਨੀ ਲੰਬੂ ਲਾਇਆ । ਅੰਮ੍ਰਿਤ ਆਤਮ ਦਏ ਪਿਆ, ਨਿਝਰ ਝਿਰਨਾ ਇਕ ਝਿਰਾਇਆ । ਘਰ ਨਾਦ ਘਰ ਸ਼ਬਦ ਘਰ ਧੁਨ ਦਏ ਉਪਜਾ, ਧੁਨ ਆਤਮਕ ਖੇਲ ਖਿਲਾਇਆ । ਘਰ ਮੇਲਾ ਘਰ ਗੁਰੂ ਘਰ ਚੇਲਾ ਬਣੇ ਸਹਿਜ ਸੁਭਾ, ਘਰ ਸੁਰਤੀ ਬੰਧਨ ਪਾਇਆ । ਘਰ ਤਾਕ ਦਏ ਖੁਲਾ, ਘਰ ਸਾਕੀ ਜਾਮ ਇਕ ਪਿਆਇਆ । ਘਰ ਰਾਕੀ ਸ਼ਬਦ

ਘੋੜਾ ਸਾਚੇ ਘੋੜੇ ਦਏ ਚੜ੍ਹਾ, ਅੰਦਰੇ ਅੰਦਰ ਪੰਧ ਮੁਕਾਇਆ । ਘਰ ਸਿੰਘਾਸਣ ਰਿਹਾ ਵਛਾ, ਸਾਚੀ ਸੇਜਾ ਡਗਮਗਾਇਆ । ਘਰ ਪਤ ਪਤਵੰਤਾ ਤਕੇ ਰਾਹ, ਘਰ ਕੰਤ ਸੁਹਾਗ ਆਪਣਾ ਨਾਉਂ ਧਰਾਇਆ । ਘਰ ਮੇਲਾ ਜਾਣੇ ਬੇਪਰਵਾਹ, ਬੇਪਰਵਾਹ ਵੇਸ ਵਟਾਇਆ । ਆਤਮ ਬ੍ਰਹਮ ਪਾਰਬ੍ਰਹਮ ਕਰੇ ਰੁਸ਼ਨਾ, ਜੋਤ ਨਿਰੰਜਣ ਡਗਮਗਾਇਆ । ਰਵ ਸਸ ਰਹੇ ਸ਼ਰਮਾ, ਨੇਤਰ ਨੈਣ ਨਾ ਕੋਇ ਉਠਾਇਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਆਪਣਾ ਖੇਲ ਦਏ ਖਲਾ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਰੂਪ ਵਟਾਇਆ । ਆਦਿ ਜੁਗਾਦਿ ਜੁਗਾ ਜੁਗੰਤਰ ਇਕ ਬਣਾਏ ਸਚ ਮਲਾਹ, ਗੁਰ ਸਤਿਗੁਰ ਸ਼ਬਦ ਨਾਉਂ ਧਰਾਇਆ । ਵਿਸ਼ਨ ਬ੍ਰਹਮਾ ਸ਼ਿਵ ਭੁਲਣਾ ਨਾ, ਬਿਨ ਹਰਿ ਸ਼ਬਦ ਨਾ ਦਿਸੇ ਅਵਰ ਕੋਇ ਸਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਆਪ ਆਪਣਾ ਖੇਲ ਖਿਲਾਇਆ । ਸ਼ਬਦ ਗੁਰ ਖੇਲ ਅਪਾਰਾ, ਹਰਿ ਸਾਚਾ ਸਚ ਕਰਾਇੰਦਾ । ਆਦਿ ਜੁਗਾਦੀ ਇਕ ਅਵਤਾਰਾ, ਏਕਾ ਗੁਰ ਗੁਰ ਨਾਉਂ ਧਰਾਇੰਦਾ । ਲੱਖ ਚੁਰਾਸੀ ਪਾਵੇ ਸਾਰਾ, ਘਟ ਘਟ ਅੰਦਰ ਵੇਖ ਵਖਾਇੰਦਾ । ਭਗਤਨ ਦੇਵੇ ਸਤਿ ਸਹਾਰਾ, ਸਤਿ ਸਤਿਵਾਦੀ ਮੇਲ ਮਿਲਾਇੰਦਾ । ਸੰਤ ਬਣਾਏ ਸਚ ਦੁਲਾਰਾ, ਆਪ ਆਪਣੇ ਰੰਗ ਰੰਗਾਇੰਦਾ । ਗੁਰਮੁਖਾਂ ਨੇਤਰ ਨੈਣ ਇਕ ਉਘਾੜਾ, ਦੋਏ ਦੋਏ ਲੋਚਣ ਬੰਦ ਕਰਾਇੰਦਾ । ਗੁਰਸਿਖਾਂ ਵਖਾਏ ਸਚ ਅਖਾੜਾ, ਘਰ ਮੰਦਰ ਅੰਦਰ ਆਪਣਾ ਤਾਲ ਵਜਾਇੰਦਾ । ਆਪੇ ਸਭ ਤੋਂ ਵਸਿਆ ਬਾਹਰਾ, ਭੇਵ ਕੋਇ ਨਾ ਪਾਇੰਦਾ । ਜੁਗਾ ਜੁਗੰਤਰ ਸਾਚੀ ਕਾਰਾ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਆਪੇ ਗੁਰ ਆਪੇ ਅਵਤਾਰਾ, ਆਪੇ ਭਗਤ ਭਗਵੰਤ ਮੇਲ ਮਿਲਾਇੰਦਾ । ਆਪੇ ਸੰਤ ਕੰਤ ਰਲੀਆਂ ਮਾਣੇ ਅਪਰ ਅਪਾਰਾ, ਕੰਤ ਕੰਤੂਹਲ ਸਾਚੀ ਸੇਜ ਹੰਢਾਇੰਦਾ । ਆਪੇ ਗੁਰਮੁਖ ਬਣਾਏ ਨਾਮ ਵਣਜਾਰਾ, ਸਾਚਾ ਬੰਕ ਆਪ ਵਖਾਇੰਦਾ । ਆਪੇ ਗੁਰਸਿਖਾਂ ਦੇਵੇ ਸਚ ਭੰਡਾਰਾ, ਆਪਣੀ ਹੱਥੀਂ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਅਬਿਨਾਸ਼ੀ ਕਰਤਾ, ਏਕਾ ਸਾਚਾ ਖੋਲ੍ਹ ਦਰ, ਸਚ ਵਸਤ ਆਪਣੇ ਹੱਥ ਰਖਾਇੰਦਾ । ਸਾਚੀ ਵਸਤ ਹਰਿ ਨਿਰੰਕਾਰ, ਗੁਰ ਸਤਿਗੁਰ ਹੱਥ ਰਖਾਈਆ । ਜੁਗਾ ਜੁਗੰਤਰ ਬਣ ਵਰਤਾਰ, ਹਰਿਜਨ ਸਾਚੇ ਝੋਲੀ ਰਿਹਾ ਭਰਾਈਆ । ਜੁਗ ਚੌਕੜੀ ਕਰੇ ਪਾਰ, ਸਤਿਜੁਗ ਤ੍ਰੇਤਾ ਦਵਾਪਰ ਲੋਕਮਾਤ ਰਹਿਣ ਨਾ ਪਾਈਆ । ਚੌਦਾਂ ਲੋਕ ਕਰੇ ਖੇਲ ਕਰਤਾਰ, ਚੌਦਾਂ ਹੱਟ ਵੇਖ ਵਖਾਈਆ । ਤ੍ਰੈ ਭਵਣ ਧਨੀ ਆਪੇ ਜਾਣੇ ਆਪਣੀ ਕਾਰ, ਤ੍ਰੈਗੁਣ ਮਾਇਆ ਵਿਚ ਨਾ ਆਈਆ । ਵਲ ਛਲ ਖੇਲ ਕਰੇ ਸੰਸਾਰ, ਅਛਲ ਅਛੱਲ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਖੇਲ ਆਪ ਖਿਲਾਈਆ । ਜੁਗ ਜੁਗ ਖੇਲ ਅਵੱਲੜਾ, ਸਤਿ ਪੁਰਖ ਨਿਰੰਜਣ ਆਪ ਕਰਾਇੰਦਾ । ਗੁਰਮੁਖਾਂ ਅੰਦਰ ਸਚ ਸਿੰਘਾਸਣ ਏਕਾ ਮੱਲੜਾ, ਸੋਭਾਵੰਤ ਸੋਭਾ ਪਾਇੰਦਾ । ਸੁਰਤੀ ਸ਼ਬਦੀ ਅਕਾਲ ਮੂਰਤ ਆਪੇ ਰਲੜਾ, ਜੂਨੀ ਰਹਿਤ ਦਿਸ ਨਾ ਆਇੰਦਾ । ਆਪ ਫੜਾਏ ਸ਼ਬਦ ਸਰੂਪੀ ਸਾਚਾ ਪਲੜਾ, ਛੁੱਟ ਕਦੇ ਨਾ ਜਾਇੰਦਾ । ਜੁਗਾ ਜੁਗੰਤਰ ਗੁਰ ਅਵਤਾਰ ਆਪੇ ਘੱਲੜਾ, ਰਾਮਾ ਕ੍ਰਿਸ਼ਨਾ ਬਾਵਨ ਖੇਲ ਖਿਲਾਇੰਦਾ । ਈਸਾ ਮੂਸਾ ਜੋਤੀ ਆਪੇ ਰਲੜਾ, ਸੰਗ ਮੁਹੰਮਦ ਚਾਰ ਯਾਰ, ਅੱਲਾ ਰਾਣੀ ਖੇਲ ਖਿਲਾਇੰਦਾ । ਨਾਨਕ ਮੇਲਾ ਇਕ ਇਕੱਲੜਾ, ਸੱਚਖੰਡ ਦਵਾਰਾ ਵੇਖ ਵਖਾਇੰਦਾ । ਸ਼ਬਦ ਸਨੇਹੜਾ ਏਕਾ ਘਲੜਾ, ਨਾਮ ਸਤਿ ਸਰਬ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਸ਼ਬਦ ਏਕਾ ਗੁਰ ਏਕਾ ਲੇਖਾ ਜਾਣੇ ਧੁਰ, ਦੂਸਰ ਭੇਵ

ਕੋਇ ਨਾ ਪਾਇੰਦਾ । ਦੂਸਰ ਭੇਵ ਨਾ ਜਾਣੇ ਕੋਇ, ਹਰਿ ਮਹਿਮਾ ਅਗਣਤ ਗਣੀ ਨਾ ਜਾਈਆ । ਬ੍ਰਹਮਾ ਚਾਰੇ ਵੇਦ ਲੈ ਕੇ ਆਇਆ ਢੋਆ, ਅਲਖਣਾ ਅਲਖ ਨਾ ਲਖਿਆ ਜਾਈਆ । ਸ਼ਾਸਤਰ ਸਿਮਰਤ ਪੁਰਾਨ ਅਠਾਰਾਂ ਉਚੀ ਕੂਕ ਕੂਕ ਲੋਕਮਾਤ ਰੋਇਆ, ਹਰਿ ਹਰਿ ਲੇਖਾ ਲਿਖਣ ਕੋਇ ਨਾ ਪਾਈਆ । ਗੀਤਾ ਗਿਆਨ ਆਪੇ ਜੋਇਆ, ਤ੍ਰੈਲੋਕੀ ਨਾਥ ਤਿੰਨਾਂ ਲੋਕਾਂ ਭੇਵ ਖੁਲ੍ਹਾਈਆ । ਈਸਾ ਮੂਸਾ ਸੰਗ ਮੁਹੰਮਦ ਏਕਾ ਬੀਜ ਬੋਇਆ, ਚੌਦਾ ਤਬਕ ਫੁਲ ਫੁਲਵਾੜੀ ਆਪ ਮਹਿਕਾਈਆ । ਪਰਵਰਦਿਗਾਰ ਬੇਐਬ ਖ਼ੁਦਾਈ ਆਪ ਆਪਣੇ ਜੇਹਾ ਹੋਇਆ, ਨੂਰੋ ਨੂਰ ਨੂਰ ਸਮਾਈਆ । ਮੁਕਾਮੇ ਹੱਕ ਆਦਿ ਜੁਗਾਦਿ ਨਵਾਂ ਨਰੋਆ, ਨਾ ਮਰੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅੰਤ ਸ੍ਰੀ ਭਗਵੰਤ ਜੁਗ ਜੁਗ ਆਪਣਾ ਰੂਪ ਧਰਾਈਆ । ਸ਼ਬਦ ਗੁਰ ਨਾਨਕ ਧਾਰ, ਨਿਰਗੁਣ ਖੇਲ ਖਿਲਾਇਆ । ਸਰਗੁਣ ਸਾਜਣ ਦਏ ਆਧਾਰ, ਪੰਜ ਤਤ ਵੇਖ ਵਖਾਇਆ । ਕਾਇਆ ਕਪੜ ਖੇਲ ਨਿਆਰ, ਡੂੰਘੀ ਕੰਦਰ ਵੇਸ ਵਟਾਇਆ । ਆਤਮ ਬ੍ਰਹਮ ਪਾਰਬ੍ਰਹਮ ਪਸਾਰ, ਬ੍ਰਹਮ ਲੇਖਾ ਦਏ ਮੁਕਾਇਆ । ਏਕਾ ਨਾਦ ਧੁਨ ਸਤਾਰ, ਅਨਹਦ ਤਾਰ ਸਤਾਰ ਹਿਲਾਇਆ । ਆਪੇ ਜਾਣੇ ਆਪਣੀ ਗੁਫ਼ਤਾਰ, ਗੋਸ਼ੇ ਵਿਚ ਨਜ਼ਰ ਕਿਸੇ ਨਾ ਆਇਆ । ਮਦਹੋਸ਼ ਗਾਏ ਇਕ ਨਿਰੰਕਾਰ, ਖ਼ਾਮੋਸ਼ ਚੁੱਪ ਰਹਿਣ ਨਾ ਪਾਇਆ । ਸੋਚ ਸੋਚ ਤੋਂ ਵਸਿਆ ਬਾਹਰ, ਸ਼ਬਦ ਸ਼ਬਦ ਵੱਡੀ ਵਡਿਆਇਆ । ਲੋਕ ਪਰਲੋਕ ਗਾਇਣ ਏਕਾ ਵਾਰ, ਸਚ ਸਲੋਕ ਆਪ ਪਰਗਟਾਇਆ । ਹਰਿ ਕਾ ਮੰਦਰ ਕਿਸੇ ਦਿਸੇ ਨਾ ਕਿਲੇ ਕੋਟ, ਚਾਰ ਦੀਵਾਰੀ ਬੰਦ ਨਾ ਕਿਸੇ ਕਰਾਇਆ । ਜੁਗ ਜੁਗ ਜਨ ਭਗਤਾਂ ਤਨ ਨਗਾਰੇ ਲੌਂਦਾ ਆਇਆ, ਚੋਟ, ਆਪਣਾ ਪਰਦਾ ਆਪ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸ਼ਬਦ ਸ਼ਬਦ ਗੁਰਦੇਵ, ਆਦਿ ਜੁਗਾਦੀ ਅਲਖ ਅਭੇਵ, ਨਿਰਮਲ ਰੂਪ ਸਦਾ ਨਿਹਕੇਵ, ਨਿਰਮਲ ਧਾਮ ਆਸਣ ਲਾਈਆ । ਨਿਰਮਲ ਧਾਮ ਹਰਿ ਭਗਤ ਘਰ, ਘਰ ਮੰਦਰ ਹੋਏ ਰੁਸ਼ਨਾਈਆ । ਗੁਰ ਸਤਿਗੁਰ ਅੰਦਰ ਜਾਏ ਵੜ, ਔਂਦਾ ਜਾਂਦਾ ਦਿਸ ਨਾ ਆਈਆ । ਕਲਜੁਗ ਚਾਰ ਕੁੰਟ ਵੇਖੇ ਖੜ, ਨੌ ਖੰਡ ਪ੍ਰਿਥਮੀ ਫੋਲ ਫੁਲਾਈਆ । ਸਤਿਜੁਗ ਤ੍ਰੇਤਾ ਦਵਾਪਰ ਕਾਲ ਰੂਪ ਆਪੇ ਧਰ, ਕਾਲ ਨਗਾਰਾ ਆਪ ਵਜਾਈਆ । ਪੁਰਖ ਅਬਿਨਾਸ਼ੀ ਖੇਲ ਅਪਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਹਰਿ ਖੇਲ ਖਿਲਾਇੰਦਾ, ਕਲਜੁਗ ਤੇਰੀ ਅੰਤਮ ਵਾਰ । ਨਿਰਗੁਣ ਜੋਤੀ ਜੋਤ ਜਗਾਇੰਦਾ, ਜੋਤੀ ਜਾਤਾ ਆਪ ਕਰਤਾਰ । ਸ਼ਬਦੀ ਸ਼ਬਦ ਸੰਗ ਰਲਾਇੰਦਾ, ਗੁਰ ਸ਼ਬਦ ਹੋ ਤਿਆਰ । ਕਾਲ ਮਹਾਕਾਲ ਆਪ ਉਠਾਇੰਦਾ, ਏਕਾ ਬਖ਼ਸ਼ੇ ਚਰਨ ਧਿਆਨ । ਦਿਆਲ ਕਾਲ ਆਪਣਾ ਰੂਪ ਧਰਾਇੰਦਾ, ਆਪੇ ਹੋਏ ਮਿਹਰਵਾਨ । ਦੋਹਾਂ ਵਿਚੋਲਾ ਵੇਖ ਵਖਾਇੰਦਾ, ਸਦਾ ਸਹਾਈ ਨਿਗਹਬਾਨ । ਲੋਆਂ ਪੁਰੀਆਂ ਫੇਰਾ ਪਾਇੰਦਾ, ਬ੍ਰਹਿਮੰਡ ਖੰਡ ਹੋਏ ਪਰਧਾਨ । ਵਿਸ਼ਨ ਬ੍ਰਹਮਾ ਸ਼ਿਵ ਆਪ ਉਠਾਇੰਦਾ, ਏਕਾ ਦੇਵੇ ਸਤਿ ਨਿਸ਼ਾਨ । ਲੱਖ ਚੁਰਾਸੀ ਡੰਕ ਵਜਾਇੰਦਾ, ਸੋਇਆ ਰਹੇ ਨਾ ਜੀਵ ਨਾਦਾਨ । ਚਾਰੇ ਵਰਨਾਂ ਫੋਲ ਫੁਲਾਇੰਦਾ, ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਕਰ ਪਹਿਚਾਨ । ਚਾਰੇ ਖਾਣੀ ਆਪ ਭੁਲਾਇੰਦਾ, ਅੰਡਜ ਜੇਰਜ ਉਤਭੁਜ ਸੇਤਜ ਦੇਵਣਹਾਰਾ ਦਾਨ । ਚਾਰੇ ਵੇਦ ਆਪ ਸੁਣਾਇੰਦਾ, ਚਾਰੇ ਮੁਖ ਬ੍ਰਹਮ ਕਰ ਪਰਧਾਨ । ਚਾਰੇ ਜੁਗ ਵੇਸ ਵਟਾਇੰਦਾ, ਜੋਧਾ ਸੂਰਬੀਰ ਬਲੀ ਬਲਵਾਨ । ਰਾਜ ਰਾਜਾਨਾ ਆਪ ਅਖਵਾਇੰਦਾ, ਇਕ ਇਕੱਲਾ ਨੌ ਜਵਾਨ । ਸਾਚੇ ਤਖ਼ਤ ਸੋਭਾ ਪਾਇੰਦਾ, ਸ਼ਾਹ ਪਾਤਸ਼ਾਹ ਵਡ ਮਿਹਰਵਾਨ । ਕਲਜੁਗ ਕੂੜੀ ਕਿਰਿਆ

ਪਾਰ ਕਰਾਇੰਦਾ, ਲੱਖ ਚੁਰਾਸੀ ਮਿਟੇ ਨਿਸ਼ਾਨਾ ਬੇਈਮਾਨ । ਝੂਠੀ ਨੌਬਤ ਨਾ ਕੋਇ ਵਜਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸ਼ਬਦ ਗੁਰੂ ਹੋਵੇ ਮਿਹਰਵਾਨ । ਸ਼ਬਦ ਗੁਰ ਸਦ ਦਾਤਾਰਾ, ਦਾਤਾਰ ਦਇਆ ਕਮਾਈਆ । ਕਲਜੁਗ ਅੰਤਮ ਹੋ ਉਜਿਆਰਾ, ਨਿਰਗੁਣ ਆਪਣਾ ਰੂਪ ਧਰਾਈਆ । ਗੁਰਮੁਖਾਂ ਕਰੇ ਸਚ ਪਿਆਰਾ, ਸਚ ਸਹਾਰਾ ਇਕ ਵਖਾਈਆ । ਆਪੇ ਖੋਲੇ ਬੰਦ ਕਿਵਾੜਾ, ਪੰਚਮ ਧਾੜਾ ਦਏ ਮਿਟਾਈਆ । ਨਿਰਗੁਣ ਨੂਰ ਕਰ ਉਜਿਆਰਾ, ਅੰਧ ਅੰਧੇਰ ਦਏ ਗਵਾਈਆ । ਅੰਮ੍ਰਿਤ ਬਖ਼ਸ਼ੇ ਠੰਡੀ ਠਾਰਾ, ਭਰ ਪਿਆਲਾ ਜਾਮ ਪਿਆਈਆ । ਭਾਗ ਲਗਾਏ ਕਾਇਆ ਮੰਦਰ ਮੁਨਾਰਾ, ਗੁਰੂਦਵਾਰ ਮੰਦਰ ਮਸਜਿਦ ਮਠ ਸ਼ਿਵਦਵਾਲੇ ਖੋਜਣ ਕੋਈ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸ਼ਬਦ ਗੁਰ ਇਕ ਅਖਵਾਈਆ । ਏਕਾ ਸ਼ਬਦ ਗੁਰੂ ਗੁਰ ਦਾਤਾ, ਗੁਰਦੇਵ ਨਮੋ ਨਿਮਸਕਾਰ । ਆਦਿ ਪੁਰਖ ਹਰਿ ਪੁਰਖ ਬਿਧਾਤਾ, ਅਲਖ ਅਗੋਚਰ ਅਗੰਮ ਅਪਾਰ । ਜੁਗ ਜੁਗ ਵੇਖੇ ਖੇਲ ਤਮਾਸ਼ਾ, ਲੋਕਮਾਤ ਲੈ ਅਵਤਾਰ । ਸੰਤਨ ਦੇਵੇ ਸਤਿ ਭਰਵਾਸਾ, ਚਰਨ ਕਵਲ ਆਧਾਰ । ਦੂਜੇ ਘਰ ਪਾਵੇ ਰਾਸਾ, ਤੀਜਾ ਨੇਤਰ ਇਕ ਉਘਾੜ । ਚੌਥੇ ਪਦ ਕਰਾਏ ਵਾਸਾ, ਦੇਵੇ ਦਰਸ ਅਪਰ ਅਪਾਰ । ਪੰਚਮ ਸ਼ਬਦ ਨਾਦ ਧੁਨ ਲੇਖਾ ਜਾਣੇ ਪਵਣ ਸਵਾਸਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਾਏ ਪਾਰ । ਗੁਰ ਸਤਿਗੁਰ ਪਾਰ ਕਰਾਇੰਦਾ, ਕਰ ਕਿਰਪਾ ਵਡ ਮਿਹਰਵਾਨ । ਜਿਸ ਜਨ ਆਪਣੀ ਦਇਆ ਕਮਾਇੰਦਾ, ਨਾਤਾ ਤੋੜੇ ਜਗਤ ਜਹਾਨ । ਆਸਾ ਤ੍ਰਿਸ਼ਨਾ ਮੇਟ ਮਿਟਾਇੰਦਾ, ਮਾਇਆ ਮਮਤਾ ਨਾ ਦਿਸੇ ਨਿਸ਼ਾਨ । ਕਾਮ ਕਰੋਧ ਲੋਭ ਮੋਹ ਹੰਕਾਰ ਨੇੜ ਨਾ ਆਇੰਦਾ, ਜਿਸ ਜਨ ਦੇਵੇ ਜੀਆ ਦਾਨ । ਅੰਧ ਅੰਧੇਰ ਆਪ ਗਵਾਇੰਦਾ, ਆਤਮ ਜੋਤੀ ਜਗੇ ਮਹਾਨ । ਵਰਨ ਗੋਤ ਨਾ ਕੋਇ ਰਖਾਇੰਦਾ, ਗੁਰਮੁਖ ਸਾਚੇ ਆਪ ਪਛਾਣ । ਊਚ ਨੀਚ ਰਾਓ ਰੰਕ ਰਾਜ ਰਾਜਾਨ ਸ਼ਾਹ ਸੁਲਤਾਨ ਏਕਾ ਰੰਗ ਰੰਗਾਇੰਦਾ, ਜੋ ਸਰਨ ਸਰਨਾਈ ਡਿਗੇ ਆਣ । ਤਨ ਮਨ ਸੀਤਲ ਸਤਿ ਕਰਾਇੰਦਾ, ਅੰਮ੍ਰਿਤ ਬਰਖੇ ਮੇਘ ਮਹਾਨ । ਮਨੂਆ ਉਠ ਨਾ ਦਹਿ ਦਿਸ਼ ਧਾਇੰਦਾ, ਗੁਰ ਸ਼ਬਦ ਸੁਣਾਏ ਧੁਰ ਫ਼ਰਮਾਨ । ਬੁਧ ਬਿਬੇਕ ਆਪ ਕਰਾਇੰਦਾ, ਆਪੇ ਦੇਵੇ ਨਾਮ ਨਿਧਾਨ । ਮਤ ਮਤਵਾਲੀ ਲੇਖੇ ਪਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਏਕਾ ਦੇਵੇ ਸਤਿ ਗਿਆਨ । ਸਤਿ ਗਿਆਨਾ ਚਰਨ ਕਵਲ, ਕਵਲ ਚਰਨ ਸਰਨਾਈਆ । ਭਗਤ ਵਡਿਆਈ ਉਪਰ ਧਵਲ, ਧਵਲ ਗੁਰਮੁਖ ਚਰਨ ਸੀਸ ਝੁਕਾਈਆ । ਆਪ ਉਲਟਾਏ ਨਾਭ ਕਵਲ, ਕਵਲ ਨਾਭ ਅੰਮ੍ਰਿਤ ਧਾਰ ਵਹਾਈਆ । ਆਪੇ ਸੁਰਤੀ ਸ਼ਬਦੀ ਜਾਏ ਮਵਲ, ਮੌਲਾ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸੱਜਣ ਲਏ ਫੜ, ਡੂੰਘੀ ਭਵਰੀ ਆਪੇ ਵੜ, ਸਾਚੇ ਪੌੜੇ ਆਪੇ ਚੜ੍ਹ, ਸਚ ਸਿੰਘਾਸਣ ਸੋਭਾ ਪਾਈਆ । ਸਚ ਸਿੰਘਾਸਣ ਹਰਿ ਸੁਹਾਇੰਦਾ, ਗੁਰਮੁਖ ਆਤਮ ਸਾਚੀ ਸੇਜ । ਮੇਲ ਮਿਲਾਵਾ ਆਪਣੇ ਹੱਥ ਰਖਾਇੰਦਾ, ਆਪੇ ਜਾਣੇ ਆਪਣਾ ਜੋਤੀ ਜਲਵਾ ਨੂਰੀ ਤੇਜ । ਆਪਣਾ ਰੂਪ ਆਪ ਪਰਗਟਾਇੰਦਾ, ਆਪੇ ਸ਼ਬਦ ਸੁਨੇਹੜਾ ਰਿਹਾ ਭੇਜ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਲਿਖਣਹਾਰਾ ਲੇਖ । ਜਿਸ ਜਨ ਲੇਖਾ ਲਿਖਿਆ, ਸੋ ਮੀਤਾ ਹਰਿ ਨਿਰੰਕਾਰ । ਜਿਸ ਜਨ ਪਾਈ ਭਿਛਿਆ, ਸੋ ਸਦਾ ਸਦ ਦੇਵਣਹਾਰ । ਜੋ ਜਨ ਪੂਰੀ ਕਰੇ ਇਛਿਆ, ਸੋ ਸਮਰਥ ਪੁਰਖ ਕਰਤਾਰ । ਜਗਤ ਨੇਤਰ ਕਿਸੇ

੧੭੮
੧੦

ਨਾ ਦਿਸਿਆ, ਸ੍ਰਿਸ਼ਟ ਸਬਾਈ ਰੋਵੇ ਜ਼ਾਰੋ ਜ਼ਾਰ । ਕਲਜੁਗ ਵਿਦਿਆ ਪਾਇਆ ਹਿਸਿਆ, ਚੌਦਾਂ ਵਿਦਿਆ ਕੂਕ ਕਰੇ ਪੁਕਾਰ । ਹਰਿ ਕਾ ਮੰਦਰ ਇਕ ਅਨਡਿਠਿਆ, ਬਿਨ ਗੁਰਮੁਖ ਕੋਇ ਨਾ ਪਾਵੇ ਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਉਭਾਰ । ਹਰਿਜਨ ਆਪ ਉਭਾਰੀਅਨ, ਸਿਰ ਰੱਖ ਹੱਥ ਸਮਰਥ ਕਰਤਾਰ । ਜੁਗ ਜੁਗ ਪੈਜ ਸਵਾਰੀਅਨ, ਜੁਗਾ ਜੁਗੰਤਰ ਸਾਚੀ ਕਾਰ । ਕਲਜੁਗ ਅੰਤਮ ਖੇਲ ਅਪਾਰੀਅਨ, ਖੇਲੇ ਖੇਲ ਖੇਲਣਹਾਰ । ਗੁਰਮੁਖ ਮੇਲਾ ਸਚ ਦਵਾਰੀਅਨ, ਦਰ ਦਵਾਰਾ ਇਕ ਅਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਏਕਾ ਵਸਤ ਵਸਤ ਵਰਤਾਏ ਗੁਰਸਿਖਾਂ ਅੰਦਰ ਆਪ ਟਿਕਾਏ, ਆਪ ਆਪਣੀ ਕਿਰਪਾ ਧਾਰ । ਗੁਰਸਿਖਾਂ ਸਤਿਗੁਰ ਸੇਵ ਕਮਾਇੰਦਾ, ਸੇਵਕ ਸੇਵਾ ਕਰੇ ਅਪਾਰ । ਆਪਣਾ ਪਰਦਾ ਆਪੇ ਲਾਹਿੰਦਾ, ਦੂਈ ਦਵੈਤ ਕਰ ਖ਼ਵਾਰ । ਆਪਣੀ ਜੋਤ ਆਪ ਜਗਾਇੰਦਾ, ਦੀਵਾ ਬਾਤੀ ਕਰ ਉਜਿਆਰ । ਆਪਣਾ ਜਾਮ ਆਪ ਪਿਆਇੰਦਾ, ਭਰ ਪਿਆਲਾ ਕਰ ਤਿਆਰ । ਆਪਣਾ ਸ਼ਬਦ ਨਾਦ ਆਪ ਵਜਾਇੰਦਾ, ਆਪ ਸੁਣਾਏ ਸੱਚੀ ਧੁਨਕਾਰ । ਬੋਧ ਅਗਾਧ ਆਪ ਪੜ੍ਹਾਇੰਦਾ । ਲਿਖਣ ਪੜ੍ਹਨ ਤੇ ਵਸਿਆ ਬਾਹਰ । ਨਿਸ਼ਅੱਖਰ ਆਪ ਸੁਹਾਇੰਦਾ, ਆਪ ਵਖਾਏ ਧਾਮ ਨਿਆਰ । ਆਪਣਾ ਨਾਮ ਗੁਰਸਿਖਾਂ ਘਰ ਬਹਾਇੰਦਾ, ਘਰ ਮੰਦਰ ਦਏ ਸਵਾਰ । ਸ਼ਾਸਤਰ ਸਿਮਰਤ ਵੇਦ ਪੁਰਾਨ ਖਾਣੀ ਬਾਣੀ ਅੰਜੀਲ ਕੁਰਾਨ ਹਰਿ ਕਾ ਨਾਉਂ ਸਰਬ ਜਸ ਗਾਇੰਦਾ, ਹਰਿ ਦਾ ਨਾਉਂ ਸਕੇ ਨਾ ਕੋਇ ਵਖਾਲ । ਬਿਨ ਸਤਿਗੁਰ ਪੂਰੇ ਭੇਵ ਕੋਇ ਨਾ ਪਾਇੰਦਾ, ਲੱਖ ਚੁਰਾਸੀ ਬਣੀ ਕੰਗਾਲ । ਨਾਮ ਅਨਮੁਲਾ ਮਾਣਕ ਮੋਤੀ ਹੀਰਾ ਹੱਥ ਕਿਸੇ ਨਾ ਆਇੰਦਾ, ਸਾਧ ਸੰਤ ਜੀਵ ਜੰਤ ਜਗਤ ਜਗਿਆਸੂ ਰਹੇ ਭਾਲ । ਗੁਰਮੁਖ ਵਿਰਲਾ ਘਰ ਮੰਦਰ ਡੂੰਘੀ ਕੰਦਰ ਆਪਣਾ ਤਾਲ ਵਜਾਇੰਦਾ, ਬੰਕ ਸੋਹੇ ਸੱਚੀ ਧਰਮਸਾਲ । ਜਿਸ ਸਿਰ ਸਮਰਥ ਹੱਥ ਟਿਕਾਇੰਦਾ, ਫਲ ਲਗਾਏ ਸਾਚੇ ਡਾਲ । ਜੋਗ ਅਭਿਆਸ ਹਠ ਤਪ ਤੀਰਥ ਤਟ ਨਾ ਕੋਇ ਵਖਾਇੰਦਾ, ਚਰਨ ਧੂੜ ਕਰਾਏ ਇਕ ਅਸ਼ਨਾਨ । ਰਤੀ ਰਤ ਆਪਣੇ ਰੰਗ ਰੰਗਾਇੰਦਾ, ਬ੍ਰਹਮ ਮਤ ਏਕਾ ਦਏ ਸਖਾਲ । ਜਲ ਧਾਰਾ ਸੀਸ ਨਾ ਕੋਇ ਵਖਾਇੰਦਾ, ਅਗਨੀ ਤਤ ਕਿਸੇ ਕੁਠਾਲੀ ਨਾ ਦੇਵੇ ਡਾਲ । ਜੰਗਲ ਜੂਹ ਉਜਾੜ ਪਹਾੜ ਉਚੇ ਟਿੱਲੇ ਪਰਬਤ ਡੂੰਘੀ ਕੰਦਰ ਨਾ ਕੋਇ ਵਖਾਇੰਦਾ, ਕਾਇਆ ਮੰਦਰ ਅੰਦਰ ਵਖਾਏ ਸੁਹਾਵਾ ਤਾਲ । ਜਗਤ ਜੰਜਾਲਾ ਤੋੜ ਤੁੜਾਇੰਦਾ, ਦਿਵਸ ਰੈਣ ਕਰੇ ਪ੍ਰਿਤਪਾਲ । ਵੇਲਾ ਅੰਤ ਕੰਤ ਸਮਝਾਇੰਦਾ, ਗੁਰਮੁਖ ਸਾਚੇ ਮਾਤ ਉਠਾਲ । ਰਾਏ ਧਰਮ ਨੇੜ ਨਾ ਆਇੰਦਾ, ਚਿਤਰ ਗੁਪਤ ਲੇਖਾ ਸਕੇ ਨਾ ਕੋਇ ਵਖਾਲ । ਲਾੜੀ ਮੌਤ ਨਾ ਕੋਇ ਪਰਨਾਇੰਦਾ, ਅੰਤ ਨਾ ਖਾਏ ਜਮ ਜਮ ਕਾਲ । ਜੋ ਜਨ ਸਤਿਗੁਰ ਸਰਨਾਈ ਆਇੰਦਾ, ਅੰਤਮ ਆਪਣੀ ਗੋਦ ਲਏ ਉਠਾਲ । ਲੋਆਂ ਪੁਰੀਆਂ ਪਾਰ ਕਰਾਇੰਦਾ, ਆਪ ਆਪਣੇ ਰੱਖੇ ਨਾਲ । ਸੁੰਨ ਅਗੰਮੀ ਪੰਧ ਮੁਕਾਇੰਦਾ, ਏਕਾ ਮਾਰੇ ਸਚ ਉਛਾਲ । ਥਿਰ ਘਰ ਸਾਚੇ ਆਪ ਵਸਾਇੰਦਾ, ਸੱਚਖੰਡ ਨਿਵਾਸੀ ਵਖਾਏ ਸੱਚੀ ਧਰਮਸਾਲ । ਅਲਖ ਅਗੋਚਰ ਆਪਣਾ ਮੇਲਾ ਆਪ ਮਿਲਾਇੰਦਾ, ਨਿਰਗੁਣ ਨਿਰਗੁਣ ਕਰ ਪ੍ਰਿਤਪਾਲ । ਆਦਿ ਪੁਰਖ ਸਤਿ ਸਤਿਵਾਦੀ ਸਾਚਾ ਸੰਗ ਨਿਭਾਇੰਦਾ, ਲੇਖਾ ਜਾਣੇ ਦੋ ਜਹਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖਾਂ ਚੁਕਾਏ ਕਾਲ ਡਰ, ਮਹਾਕਾਲ ਨੇੜ ਨਾ ਆਇੰਦਾ ।



੧੭੯ ੧੦

★ ੧੩ ਮਾਘ ੨੦੧੭ ਬਿਕ੍ਰਮੀ ਗੁਰਬਚਨ ਸਿੰਘ ਦੇ ਗ੍ਰਿਹਿ ਪਿੰਡ ਅਹਿਮਦਪੁਰ ★

ਹਰਿ ਸਤਿਗੁਰ ਕਾਜ ਸੁਆਰ ਦਾ, ਆਦਿ ਜੁਗਾਦੀ ਸਾਚੀ ਕਾਰ । ਡੁਬਦੇ ਪੱਥਰ ਪਾਰ ਉਤਾਰ ਦਾ, ਖੇਵਟ ਖੇਟਾ ਬਣ ਵਿਚ ਸੰਸਾਰ । ਨਾਤਾ ਤੋੜੇ ਜਗਤ ਪਿਆਰ ਦਾ, ਚਰਨ ਕਵਲ ਦਏ ਆਧਾਰ । ਲੇਖਾ ਜਾਣੇ ਧੁਰ ਦਰਬਾਰ ਦਾ, ਧੁਰ ਦਰਗਾਹੀ ਏਕੰਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਆਪਣੀ ਵਾਰ । ਹਰਿ ਸਤਿਗੁਰ ਕਾਜ ਸਵਾਰੀਅਨ, ਜੁਗਾ ਜੁਗੰਤਰ ਕਾਰ । ਗੁਰਮੁਖ ਨਾਮ ਉਧਾਰੀਅਨ, ਦੇਵੇ ਵਸਤ ਅਪਾਰ । ਮਾਣਸ ਜਨਮ ਪਾਰ ਉਤਾਰੀਅਨ, ਲੱਖ ਚੁਰਾਸੀ ਗੇੜ ਨਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਿਰਪਾ ਕਰੇ ਅਗੰਮ ਅਪਾਰ । ਕਾਜ ਸਵਾਰੇ ਕਰਤਾ ਨਿਧ, ਕਿਰਤੀ ਆਪਣੀ ਕਿਰਤ ਕਮਾਈਆ । ਮਾਣਸ ਮਾਨੁਖ ਜਨਮ ਕਰੇ ਸਿਧ, ਸੁਧ ਆਤਮਾ ਆਤਮ ਪਰਮਾਤਮ ਆਪ ਬਣਾਈਆ । ਆਪ ਬਣਾਏ ਆਪਣੀ ਬਿਧ, ਮੇਲ ਮਿਲਾਵਾ ਆਪਣੇ ਹੱਥ ਰਖਾਈਆ । ਲੇਖਾ ਜਾਣੇ ਆਤਮ ਨਿਜ, ਨਿਜ ਘਰ ਬੈਠਾ ਤਾੜੀ ਲਾਈਆ । ਜੋ ਜਨ ਚਰਨ ਕਵਲ ਕਵਲ ਚਰਨ ਪਵਨ ਪ੍ਰੀਤੀ ਗਿਆ ਭਿਜ, ਅਮਿਉਂ ਰਸ ਅਨਡਿਠਾ ਰਸ ਮੁਖ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਾਰਜ ਕਰਤਾ ਆਪ ਕਰਾਈਆ । ਗੁਰਮੁਖਾਂ ਪੈਜ ਸਵਾਰ, ਦੇਵੇ ਨਾਮ ਵਡੀ ਵਡਿਆਈਆ । ਬਾਲ ਜਵਾਨ ਬਿਰਧ ਅਵਸਥਾ ਬਖ਼ਸ਼ੇ ਸ਼ੀਰ ਖ਼੍ਵਾਰ, ਸੀਰ ਨੀਰ ਆਪ ਪਿਆਈਆ । ਆਪ ਕਢਾਏ ਦਇਆ ਕਮਾਏ ਜਗਤ ਪੀੜ, ਪੀੜ ਪੀਆ ਪ੍ਰੀਤਮ ਮਿਲਣ ਦੀ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਫੰਦਨ ਆਪੇ ਦਏ ਕਟਾਈਆ । ਹਰਿਜਨ ਫੰਦਨ ਕੱਟਦਾ, ਕੱਟਣਹਾਰ ਗੋਪਾਲ । ਕਰੇ ਖੇਲ ਪੁਰਖ ਸਮਰਥ ਦਾ, ਪਰਮ ਪੁਰਖ ਦੀਨ ਦਿਆਲ । ਜੁਗ ਜੁਗ ਜਨ ਜਨਨੀ ਭਗਤ ਆਪੇ ਰੱਖਦਾ, ਅਗੰਮ ਅਗੰਮੜਾ ਬਣ ਦਲਾਲ । ਲੇਖਾ ਜਾਣੇ ਸ਼ਾਹ ਕੱਖ ਦਾ, ਰਾਜ ਰਾਜਾਨਾ ਸ਼ਾਹ ਕੰਗਾਲ । ਗੁਰਮੁਖਾਂ ਅੰਦਰ ਆਪੇ ਵਸਦਾ, ਸਦਾ ਸੁਹੇਲਾ ਚਲੇ ਨਾਲ । ਸਾਚਾ ਜਾਮ ਪਿਆਏ ਅੰਮ੍ਰਿਤ ਰਸ ਦਾ, ਸਰ ਸਰੋਵਰ ਏਕਾ ਮਾਰ ਉਛਾਲ । ਗ੍ਰਿਹਿ ਮੰਦਰ ਮਾਰਗ ਦੱਸ ਦਾ, ਨਿਜ ਨੇਤਰ ਦਏ ਵਖਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਕਰਾਏ ਸਦਾ ਪ੍ਰਿਤਪਾਲ । ਪ੍ਰਿਤਪਾਲ ਕਰੇ ਸਦਾ ਪ੍ਰਿਤਪਾਲਕ, ਹਰਿ ਸਤਿਗੁਰ ਵਡ ਵਡਿਆਈਆ । ਹਰਿਜਨ ਵੇਖੇ ਅਵਾਣੇ ਬਾਲਕ, ਬਾਲੀ ਬੁਧ ਆਪ ਸਮਝਾਈਆ । ਵਸਣਹਾਰਾ ਖ਼ਲਕ ਖ਼ਾਲਕ, ਮਖ਼ਲੂਕ ਆਪਣੀ ਧਾਰ ਚਲਾਈਆ । ਲੋਕਮਾਤ ਬਣੇ ਸਾਲਸ, ਸ਼ਬਦ ਸ਼ਬਦੀ ਰੂਪ ਧਰਾਈਆ । ਗੁਰਮੁਖ ਵੇਖੇ ਖ਼ਾਲਸ, ਆਪ ਆਪਣਾ ਪਰਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗਾ ਜੁਗੰਤਰ ਨਿੰਦਰਾ ਆਲਸ ਵਿਚ ਕਦੇ ਨਾ ਆਈਆ । ਗੁਰਸਿਖ ਗੁਰਮੁਖ ਗੁਰ ਗੁਰ ਉਠਾਇਆ, ਦਇਆਨਿਧ ਦੀਨ ਦਿਆਲ । ਜਗਤ ਤ੍ਰਿਸ਼ਨਾ ਭੁੱਖ ਗਵਾਇਆ, ਦੇਵੇ ਨਾਮ ਸੱਚਾ ਧਨ ਮਾਲ । ਅੰਤਰ ਆਤਮ ਏਕਾ ਸੁਖ ਵਸਾਇਆ, ਘਰ ਘਰ ਵਿਚ ਬਣਾਏ ਸੱਚੀ ਧਰਮਸਾਲ । ਜੋ ਬੈਠਾ ਲੁਕ ਆਪਣਾ ਮੁਖ ਦਏ ਵਖਾਇਆ, ਜਨ ਹਰਿ ਹਰਿਜਨ ਸਾਚੇ ਭਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗਾ ਜੁਗੰਤਰ ਹਰਿਜਨ ਰਿਹਾ ਸੁਰਤ ਸੰਭਾਲ । ਸੁਰਤ ਸੰਭਾਲੇ ਸ਼ਬਦੀ ਰੰਗ, ਰੰਗਣ ਰੰਗ ਚੜ੍ਹਾਈਆ । ਨਾਮ ਵਜਾਏ ਇਕ ਮਰਦੰਗ, ਸ਼ਬਦ ਮਰਦੰਗਾ ਹੱਥ ਉਠਾਈਆ । ਆਤਮ ਸੇਜਾ ਵੇਖ ਪਲੰਘ, ਸਚ ਸਿੰਘਾਸਣ ਇਕ

ਸੁਹਾਈਆ । ਆਪ ਆਪਾ ਕਰੇ ਅੰਗੀ ਅੰਗ, ਆਪਣਾ ਅੰਗਣ ਆਪੇ ਵੇਖ ਵਖਾਈਆ । ਗੁਰ ਗੁਰ ਗੁਰਸਿਖ ਵਸੇ ਸਦਾ ਏਕਾ ਸੰਗ, ਵਿਛੜ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖੇ ਥਾਉਂ ਥਾਈਆ । ਥਾਉਂ ਥਾਈ ਵੇਖਣਹਾਰਾ, ਏਕਾ ਰੰਗ ਸਮਾਇੰਦਾ । ਜੁਗਾ ਜੁਗੰਤਰ ਖੇਲ ਅਪਾਰਾ, ਨਿਰਗੁਣ ਸਰਗੁਣ ਰੂਪ ਧਰਾਇੰਦਾ । ਚਾਰ ਕੁੰਟ ਦਹਿ ਦਿਸ਼ਾ ਖੇਲ ਕਰੇ ਅਪਰ ਅਪਾਰਾ, ਨਵ ਸਤ ਫੇਰਾ ਪਾਇੰਦਾ । ਲੱਖ ਚੁਰਾਸੀ ਵੇਖੇ ਬੰਦ ਕਿਵਾੜਾ, ਡੂੰਘੀ ਗਾਰਾ ਆਪਣੀ ਧਾਰ ਚਲਾਇੰਦਾ । ਗੁਰਮੁਖ ਵੇਖੇ ਸਾਚਾ ਲਾੜਾ, ਗੁਰ ਸਤਿਗੁਰ ਆਪ ਉਠਾਇੰਦਾ । ਨਾਮ ਖੰਡਾ ਦੇਵੇ ਸਚ ਕਟਾਰਾ, ਤਨ ਗਾਤਰੇ ਅੰਦਰ ਆਪ ਲਟਕਾਇੰਦਾ । ਜਾਮ ਪਿਆਏ ਨਿਝਰ ਧਾਰਾ, ਨਿਰਵੈਰ ਰੂਪ ਦਰਸਾਇੰਦਾ । ਦੀਵਾ ਬਾਤੀ ਜਗਾਏ ਇਕ ਉਜਿਆਰਾ, ਨੂਰ ਨੂਰਾਨਾ ਡਗਮਗਾਇੰਦਾ । ਸਾਚੇ ਤਖ਼ਤ ਬੈਠ ਸੱਚੀ ਸਰਕਾਰਾ, ਸੇਜ ਸੁਹਾਵੀ ਆਪ ਸੁਹਾਇੰਦਾ । ਗੁਰਸਿਖ ਗੁਰ ਗੁਰ ਕਰੇ ਪਿਆਰਾ, ਆਤਮ ਪਰਮਾਤਮ ਮੇਲ ਮਿਲਾਇੰਦਾ । ਸੁਰਤੀ ਸ਼ਬਦੀ ਲਾਏ ਇਕ ਅਖਾੜਾ, ਆਪਣਾ ਮੰਗਲ ਆਪੇ ਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਗੁਰ ਗੁਰ ਵੇਖ ਵਖਾਇੰਦਾ । ਗੁਰ ਗੁਰ ਦੀਨ ਦਿਆਲ ਗਹਿਰ ਗੁਣ ਠਾਕਰ, ਸੂਰਬੀਰ ਵਡੀ ਵਡਿਆਈਆ । ਹਰਿਜਨ ਨਿਰਮਲ ਕਰਮ ਕਰੇ ਉਜਾਗਰ, ਨਿਹਕਰਮੀ ਕਰਮ ਕਮਾਈਆ । ਸਚ ਵਣਜਾਰਾ ਏਕਾ ਵਸਤ ਸਾਚੇ ਹੱਟ ਵਿਕਾਏ ਬਣੇ ਸੌਦਾਗਰ, ਵਸਤ ਅਮੋਲਕ ਆਪਣੀ ਆਪ ਵਖਾਈਆ । ਏਕਾ ਨਾਮ ਰਤੀ ਰਤਨਾਗਰ, ਜਗਤ ਤੋਲ ਨਾ ਕੋਇ ਤੁਲਾਈਆ । ਗੁਰਮੁਖ ਵਿਰਲੇ ਦੇਵੇ ਕਾਇਆ ਗਾਗਰ, ਆਪਣੀ ਹੱਥੀਂ ਆਪ ਟਿਕਾਈਆ , ਸਦਾ ਸੁਹੇਲਾ ਕਰੇ ਆਦਰ, ਗੁਰਸਿਖਾਂ ਸੇਵ ਕਮਾਈਆ । ਸੇਵਕ ਸੇਵਾਦਾਰ ਕਰੀਮ ਕ਼ਾਦਰ, ਕਰਤਾ ਪੁਰਖ ਵਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਗੁਰ ਗੁਰ ਮੇਲੇ ਫੜ ਫੜ ਬਾਂਹੀਆ । ਫੜ ਫੜ ਬਾਹੋਂ ਆਪ ਉਠਾਲ ਦਾ, ਨਿਰਗੁਣ ਸਰਗੁਣ ਕਰ ਪਿਆਰ । ਕਰੇ ਖੇਲ ਪੁਰਖ ਅਕਾਲ ਦਾ, ਦੀਨਾਂ ਅਨਾਥਾਂ ਸਾਚਾ ਯਾਰ । ਲੇਖਾ ਜਾਣੇ ਸ਼ਾਹ ਕੰਗਾਲ ਦਾ, ਸ਼ਾਹ ਪਾਤਸ਼ਾਹ ਸੱਚੀ ਸਰਕਾਰ । ਰੂਪ ਵਟਾਏ ਜਗਤ ਦਲਾਲ ਦਾ, ਹਰਿਜਨ ਵੇਖੇ ਵਿਚ ਸੰਸਾਰ । ਨਾਤਾ ਤੋੜ ਕਾਲ ਮਹਾਕਾਲ ਦਾ, ਆਪ ਆਪਣੀ ਕਿਰਪਾ ਧਾਰ । ਰਾਹ ਦੱਸੇ ਇਕ ਸੁਖਾਲ ਦਾ, ਹਰਿ ਚਰਨ ਕਵਲ ਪਿਆਰ । ਗੁਰਸਿਖ ਗੁਰਮੁਖ ਜੁਗਾ ਜੁਗੰਤਰ ਲੋਕਮਾਤ ਆਪੇ ਪਾਲਦਾ, ਅੰਮ੍ਰਿਤ ਪਿਆਏ ਪਿਆਵਣਹਾਰ । ਦੂਜਾ ਦਰ ਨਾ ਕੋਇ ਵਖਾਲ ਦਾ, ਆਪੇ ਗੁਰ ਆਪ ਅਵਤਾਰ । ਆਪੇ ਸੰਤਾਂ ਸੁਰਤ ਸੰਭਾਲ ਦਾ, ਦੇਵੇ ਸ਼ਬਦ ਨਾਮ ਆਧਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਜੁਗਾ ਜੁਗੰਤਰ, ਆਪ ਬੁਝਾਏ ਲੱਗੀ ਬਸੰਤਰ, ਗੁਰਸਿਖ ਕਾਇਆ ਸੀਤਲ ਸਾਂਤਕ ਸਤਿ ਸਤਿ ਆਪੇ ਠਾਰ । ਗੁਰਸਿਖ ਕਾਇਆ ਸੀਤਲ ਧਾਰ, ਸਤਿ ਸਤਿਵਾਦੀ ਆਪ ਕਰਾਈਆ । ਅਗਨੀ ਤਤ ਦਏ ਨਵਾਰ, ਤ੍ਰੈਗੁਣ ਮਾਇਆ ਰਹਿਣ ਨਾ ਪਾਈਆ । ਨਾਤਾ ਤੋੜੇ ਮੋਹ ਵਿਕਾਰ, ਹੰਕਾਰ ਸੰਗਾਰ ਨਾ ਕੋਇ ਜਣਾਈਆ । ਤ੍ਰਿਸ਼ਨਾ ਚੁੱਕੇ ਜਗਤ ਵਿਭਚਾਰ, ਨਾਰ ਦੁਹਾਗਣ ਨਾ ਕੋਇ ਵਖਾਈਆ । ਸਾਚਾ ਕੰਤ ਇਕ ਨਿਰੰਕਾਰ, ਭਗਤ ਭਗਵੰਤ ਲਏ ਮਿਲਾਈਆ । ਸਾਚੀ ਸਖ਼ੀਆਂ ਮਿਲ ਮਿਲ ਮੰਗਲਾਚਾਰ, ਪੰਜ ਦਸ ਵੱਜੇ ਵਧਾਈਆ । ਪਾਇਆ ਵਰ ਹਰਿ ਘਰ ਨਰ ਏਕਾ ਵਾਰ, ਨਾਰੀ ਨਰਾਇਣ ਨਰ ਇਕ ਪਰਨਾਈਆ । ਵਸੇ ਮਹੱਲ ਅਟਲ ਉਚ ਮੁਨਾਰ, ਸੋਭਾਵੰਤੀ ਨਾਰ ਸੁਹਾਗਣ, ਘਰ ਸਾਚੇ ਸੋਭਾ ਪਾਈਆ । ਗੁਰ

ਚਰਨ ਧੂੜੀ ਬਣੇ ਨਾਲ ਲਾਗਣ, ਸੌਹਰੇ ਪੇਈਏ ਸਗਲਾ ਸੰਗ ਨਿਭਾਈਆ । ਪਾਇਆ ਕੰਤ ਹੋਈ ਵੈਰਾਗਣ, ਬਿਰਹੋਂ ਬਿਰਹੋਂ ਬਿਰਹੋਂ ਆਪ ਜਗਾਈਆ । ਨਾਤਾ ਤੁਟਾ ਸੌਣਾ ਜਾਗਣ, ਸੋਵਤ ਜਾਗਤ ਏਕਾ ਰੰਗ ਵਖਾਈਆ । ਤਨ ਸ਼ੰਗਾਰ ਬਸਤਰ ਭੂਸ਼ਨ ਅਪਰ ਅਪਾਰ, ਨੇਤਰ ਨੈਣਾਂ ਕਜਲਾ ਧਾਰ, ਪ੍ਰੇਮ ਪ੍ਰੀਤਮ ਆਤਮ ਰਸ ਜੋਬਨ ਤਤ ਇਕ ਵਖਾਈਆ । ਸੁਘੜ ਸੁਵਾਣੀ ਸਤਿਗੁਰ ਚਰਨ ਦਵਾਰੇ ਹੋਏ ਵਸ, ਦੂਸਰ ਨੈਣ ਨਾ ਕੋਇ ਉਠਾਈਆ । ਹਰਿ ਜੂ ਹਰਿ ਹਰਿ ਹਿਰਦੇ ਅੰਦਰ ਜਾਏ ਵਸ, ਹਰਿਆਵਲ ਰੁੱਤ ਬਸੰਤ ਏਕਾ ਮਹਿਕ ਮਹਿਕ ਮਹਿਕ ਮਹਿਕਾਈਆ । ਧੰਨ ਧੰਨ ਧੰਨ ਗੁਰਸਿਖ ਜਿਸ ਸਤਿਗੁਰ ਪਾਇਆ ਸਾਚਾ ਕੰਤ, ਕੰਨੀ ਸੁਣਨ ਨਾਉਂ ਦੂਜੇ ਘਰ ਨਾ ਜਾਈਆ । ਘਰ ਮੰਦਰ ਘਰ ਗੁਰੂਦਵਾਰ, ਘਰ ਠਾਕੁਰ ਘਰ ਸਵਾਮੀ ਘਰ ਭਤਾਰ, ਘਰ ਬਹਿ ਬਹਿ ਕਰੋ ਮਿੰਨਤ, ਨਿਵਣ ਸੋ ਅੱਖਰ ਏਕਾ ਗੁਣ ਸਮਝਾਈਆ । ਕਲਜੁਗ ਅੰਤਮ ਕੋਈ ਪਾ ਨਾ ਸਕੇ ਕਰਕੇ ਆਪਣੀ ਹਿੰਮਤ, ਸਤਿਗੁਰ ਪੂਰਾ ਆਪ ਆਪਣੀ ਕਿਰਪਾ ਕਰ, ਪੂਰਬ ਜਨਮ ਵੇਖ ਲੇਖ, ਮੇਲਾ ਲਏ ਮਿਲਾਈਆ । ਸਾਧ ਸੰਤ ਜੀਵ ਜੰਤ ਉਤਰ ਪੂਰਬ ਪੱਛਮ ਦੱਖਣ ਵੇਖਣ ਚਾਰੇ ਸਿੰਮਤ, ਸਿਮਰ ਸਿਮਰ ਸਿਮਰ ਰਸਨਾ ਜਿਹਵਾ ਬੱਤੀ ਦੰਦ ਘਸਾਈਆ । ਅੰਤਰ ਆਤਮ ਗੁਣ ਨਾ ਆਇਆ ਇਕ ਨਿਮ੍ਰਤ, ਨਿਮ੍ਰਤਾਈ ਤਨ ਨਾ ਕੋਇ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਗੁਰ ਗੁਰ ਮੇਲਾ ਸਹਿਜ ਸੁਭਾਈਆ । ਗੁਰ ਮੇਲਾ ਘਰ ਗਹਿਰ ਗੰਭੀਰ, ਗੁਣੀ ਗਹਿੰਦ ਗੁਣ ਗਾਇਆ । ਤਨ ਮਨ ਸਾਂਤਕ ਸਤਿ ਸਰੀਰ, ਤ੍ਰੈਗੁਣ ਅਗਨ ਬੁਝਾਇਆ । ਸ਼ਬਦ ਨਿਰਾਲਾ ਅਣਯਾਲਾ ਵੱਜੇ ਤੀਰ, ਤਿਖੀ ਮੁਖੀ ਜਗਤ ਦੁਖੀ ਦੁੱਖ ਗਵਾਇਆ । ਭਰ ਪਿਆਲਾ ਬਖ਼ਸ਼ੇ ਅੰਮ੍ਰਿਤ ਸੀਰ, ਵਡ ਪੀਰਨ ਪੀਰ ਸ਼ਹਿਨਸ਼ਾਹ ਸੱਚਾ ਪਾਤਸ਼ਾਹਿਆ । ਲੱਖ ਚੁਰਾਸੀ ਕਟੇ ਜ਼ੰਜੀਰ, ਚੋਟੀ ਚਾੜ੍ਹੇ ਇਕ ਅਖ਼ੀਰ, ਸਿਰ ਆਪਣਾ ਹੱਥ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਵੇਖੇ ਗ਼ਰੀਬ ਨਿਮਾਣਾ, ਸਰਨ ਸਰਨਾਈ ਚਰਨ ਕਵਲ ਰਖਾਏ ਇਕ ਧਿਆਨਾ, ਆਤਮ ਅੰਤਰ ਉਪਜਾਏ ਬ੍ਰਹਮ ਗਿਆਨਾ, ਬ੍ਰਹਮ ਬਹਾਏ ਪਦ ਨਿਰਬਾਨਾ, ਨਿਰਬਾਣ ਆਪਣਾ ਬਾਣ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖਾਂ ਦੇਵੇ ਆਪਾ ਦਾਨ, ਗੁਰਸਿਖ ਜੀਵਤ ਮੁਕਤ ਸਦਾ ਜਗ ਜਾਣ, ਸਾਹਿਬ ਸਤਿਗੁਰ ਹੋਏ ਮਿਹਰਵਾਨ, ਮਿਹਰਵਾਨ ਵਡੀ ਵਡਿਆਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਏਕਾ ਕਾਹਨ, ਲੱਖ ਚੁਰਾਸੀ ਚਾਰ ਖਾਣੀ ਜੀਵ ਜੰਤ ਸਾਧ ਸੰਤ ਗੁਰ ਪੀਰ ਅਵਤਾਰ ਨਾਰੀ ਰੂਪ ਸਰਬ ਪਰਨਾਈਆ ।



★ ੨੧ ਮਾਘ ੨੦੧੭ ਬਿਕ੍ਰਮੀ ਜੇਠੂਵਾਲ ★

ਏਕਾ ਓਟ ਹਰਿ ਨਿਰੰਕਾਰ, ਆਦਿ ਜੁਗਾਦਿ ਹੋਏ ਸਹਾਈਆ । ਹਰਿਜਨ ਹਰਿ ਸਤਿਗੁਰ ਲਏ ਉਭਾਰ, ਜੁਗਾ ਜੁਗੰਤਰ ਵੇਖ ਵਖਾਈਆ । ਕੋਟਨ ਕੋਟ ਜਨਮ ਦੀ ਮੈਲ ਦਏ ਉਤਾਰ, ਦੁਰਮਤ ਮੈਲ ਆਪ ਧਵਾਈਆ । ਦੇਵੇ ਦਰਸ ਅਗੰਮ ਅਪਾਰ, ਅਲਖ ਅਗੋਚਰ ਬੇਪਰਵਾਹੀਆ । ਸਚਖੰਡ ਵਖਾਏ ਸੱਚੀ ਧਰਮ ਧਾਰ, ਧੁਰ ਦਰਬਾਰੀ ਹਰਿ ਰਘੁਰਾਈਆ । ਏਕਾ ਓਟ ਆਦਿ ਜੁਗਾਦਿ, ਸਤਿ ਪੁਰਖ ਆਪ ਰਖਾਈਆ । ਲੇਖਾ

ਜਾਣੇ ਬ੍ਰਹਮ ਬ੍ਰਹਿਮਾਦਿ, ਪਾਰਬ੍ਰਹਮ ਭੇਵ ਨਾ ਆਇੰਦਾ । ਸ਼ਬਦ ਵਜਾਏ ਅਨਾਦੀ ਨਾਦ, ਧੁਰ ਦੀ ਬਾਣੀ ਬਾਣ ਅਲਾਇੰਦਾ । ਲੇਖਾ ਜਾਣੇ ਬੋਧ ਅਗਾਧ, ਅਨਭਵ ਆਪਣੀ ਖੇਲ ਖਿਲਾਇੰਦਾ । ਮੇਲ ਮਿਲਾਵਾ ਸੰਤਨ ਸਾਧ, ਸੰਤ ਸਾਜਨ ਵੇਖ ਵਖਾਇੰਦਾ । ਗੁਰਮੁਖ ਵਿਰਲੇ ਹਰਿ ਹਰਿ ਲਾਧ, ਜਿਸ ਜਨ ਆਪਣੀ ਦਯਾ ਕਮਾਇੰਦਾ । ਮੇਲ ਮਿਲਾਵਾ ਮੋਹਨ ਮਾਧਵ ਮਾਧ, ਮਿਹਰਵਾਨ ਮਿਹਰਵਾਨ ਸਿਰ ਆਪਣਾ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਓਟ ਪੁਰਖ ਅਕਾਲ, ਦੂਸਰ ਦਰ ਨਾ ਕੋਈ ਵਖਾਇੰਦਾ । ਏਕਾ ਓਟ ਪੁਰਖ ਅਕਾਲਾ, ਹਰਿ ਭਗਤਨ ਵਡ ਵਡਿਆਈਆ । ਪਾਰਬ੍ਰਹਮ ਪਤਿ ਪਰਮੇਸ਼ਵਰ ਜੁਗਾ ਜੁਗੰਤਰ ਦੱਸੇ ਰਾਹ ਸੁਖਾਲਾ, ਹਰਿਜਨ ਸਾਚੇ ਮਾਰਗ ਪਾਈਆ । ਸ਼ਬਦ ਸਰੂਪੀ ਬਣ ਦਲਾਲਾ, ਦੋ ਜਹਾਨਾਂ ਵੇਖ ਵਖਾਈਆ । ਕਾਇਆ ਮੰਦਰ ਅੰਦਰ ਆਪ ਸੁਹਾਏ ਸੱਚੀ ਧਰਮਸਾਲਾ, ਡੂੰਘੀ ਕੰਦਰ ਫੋਲ ਫੁਲਾਈਆ । ਰਸਨਾ ਜਿਹਵਾ ਬਣਾਏ ਸਾਚੀ ਮਾਲਾ, ਮਨ ਕਾ ਮਣਕਾ ਆਪ ਭਵਾਈਆ । ਅਨਹਦ ਸ਼ਬਦ ਵਜਾਏ ਤਾਲਾ, ਤਾਲ ਤਲਵਾੜਾ ਇਕ ਵਖਾਈਆ । ਅੰਮ੍ਰਿਤ ਆਤਮ ਜਾਮ ਪਿਆਏ ਮਦਿ ਪਿਆਲਾ, ਨਿਝਰ ਝਿਰਨਾ ਆਪ ਝਿਰਾਈਆ । ਲਹਿਣਾ ਦੇਣ ਚੁਕਾਏ ਕਾਲ ਮਹਾਕਾਲਾ, ਤ੍ਰੈਕਾਲ ਦਰਸੀ ਆਪਣੇ ਹੱਥ ਰੱਖੀ ਵਡਿਆਈਆ । ਫਲ ਲਗਾਏ ਸਾਚੇ ਡਾਲ੍ਹਾ, ਗੁਰਮੁਖ ਗੁਰਮੁਖ ਪਤ ਡਾਲ੍ਹੀ ਆਪ ਮਹਿਕਾਈਆ । ਲੇਖਾ ਜਾਣੇ ਸ਼ਾਹ ਕੰਗਾਲਾ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਏਕਾ ਓਟ ਦਰਸਾਈਆ । ਏਕਾ ਓਟ ਸ੍ਰੀ ਭਗਵਾਨ, ਦੂਸਰ ਅਵਰ ਨਾ ਕੋਈ ਜਣਾਇੰਦਾ । ਏਕਾ ਬਖ਼ਸ਼ੇ ਚਰਨ ਧਿਆਨ, ਚਰਨ ਪ੍ਰੀਤੀ ਇਕ ਸਮਝਾਇੰਦਾ । ਏਕਾ ਅੱਖਰ ਸ਼ਬਦ ਗਿਆਨ, ਨਿਸ਼ ਅੱਖਰ ਆਪ ਪੜ੍ਹਾਇੰਦਾ । ਏਕਾ ਤੀਰ ਨਿਰਾਲਾ ਬਾਣ, ਨਾਮ ਨਿਧਾਨਾ ਆਪ ਲਗਾਇੰਦਾ । ਏਕਾ ਮੰਦਰ ਸਚ ਮਕਾਨ, ਕਾਇਆ ਗੜ੍ਹ ਬੰਕ ਸੁਹਾਇੰਦਾ । ਏਕਾ ਅੰਮ੍ਰਿਤ ਪੀਣ ਖਾਣ, ਘਰ ਘਰ ਵਿਚ ਆਪ ਪਰਗਟਾਇੰਦਾ । ਏਕਾ ਸ਼ਬਦ ਨਾਦ ਧੁੰਨਕਾਨ, ਅਨਾਦੀ ਧੁੰਨ ਆਪ ਵਜਾਇੰਦਾ । ਏਕਾ ਜੋਤ ਨੂਰ ਮਹਾਨ, ਜੋਤ ਨਿਰੰਜਣ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਏਕਾ ਓਟ ਚਰਨ ਕਵਲ ਸਮਝਾਇੰਦਾ । ਏਕਾ ਓਟ ਸ੍ਰੀ ਭਗਵੰਤ, ਦਰ ਘਰ ਸਾਚੇ ਵੱਜੇ ਵਧਾਈਆ । ਮੇਲ ਮਿਲਾਵਾ ਸਾਚੇ ਕੰਤ, ਘਰ ਮੇਲਾ ਸਹਿਜ ਸੁਭਾਈਆ । ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਉਤਰ ਕਦੇ ਨਾ ਜਾਈਆ । ਏਕਾ ਨਾਮ ਮਣੀਆ ਮੰਤ, ਮਨ ਵਾਸਨਾ ਰਹੇ ਨਾ ਰਾਈਆ । ਗੁਰਮੁਖ ਸਾਜਣ ਸੋਭਾਵੰਤ, ਗੁਰਮੁਖ ਜਿਸ ਪਾਇਆ ਸ਼ਾਹ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਓਟ ਏਕਾ ਤਤ, ਏਕਾ ਦੇਵੇ ਬ੍ਰਹਮ ਮਤ, ਬ੍ਰਹਮ ਰੂਪ ਸਰਬ ਦਰਸਾਈਆ । ਏਕਾ ਓਟ ਆਦਿ ਨਿਰੰਜਣ, ਆਦਿ ਅਨਾਦੀ ਖੇਲ ਖਿਲਾਇੰਦਾ । ਏਕਾ ਦਾਤਾ ਦਰਦ ਦੁੱਖ ਭੈ ਭਜਨ, ਭਵ ਸਾਗਰ ਪਾਰ ਕਰਾਇੰਦਾ । ਏਕਾ ਚਰਨ ਧੂੜੀ ਬਖ਼ਸ਼ੇ ਮਜਨ, ਨੇਤਰ ਨੈਣ ਇਕ ਖੁਲ੍ਹਾਇੰਦਾ । ਏਕਾ ਦੋ ਜਹਾਨਾਂ ਬਣੇ ਸਾਚਾ ਸੱਜਣ, ਸਗਲਾ ਸੰਗ ਆਪ ਨਿਭਾਇੰਦਾ । ਏਕਾ ਹੋਏ ਪਰਦੇ ਕੱਜਣ, ਸਮਰਥ ਸਿਰ ਆਪਣਾ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਏਕਾ ਓਟ ਤਕਾਇੰਦਾ । ਏਕਾ ਓਟ ਲੈਣੀ ਰੱਖ, ਗੁਰ ਸਤਿਗੁਰ ਸਤਿ ਦਰਸਾਇਆ । ਪੁਰਖ ਅਬਿਨਾਸ਼ੀ ਹੋਏ ਪਰਤਖ, ਜਨ ਭਗਤ ਦਰਸ ਦਿਖਾਇਆ । ਲੱਖ ਚੁਰਾਸੀ ਵਿਚੋਂ ਲਏ ਰੱਖ, ਢੂੰਡਤ ਢੂੰਡਤ ਆਪਣੀ ਸੇਵ ਕਮਾਇਆ । ਜਨ ਭਗਤਾਂ ਸਦਾ ਕਰਦਾ ਆਇਆ

ਪਖ, ਪਾਰਬ੍ਰਹਮ ਵਡੀ ਵਡਿਆਇਆ । ਗਹਿਰ ਗੰਭੀਰ ਮਾਰਗ ਸਾਚਾ ਦੱਸ, ਆਪਣਾ ਪਰਦਾ ਆਪ ਉਠਾਇਆ । ਹਿਰਦੇ ਅੰਦਰ ਹਰਿ ਜੂ ਵਸ, ਹਰਿ ਕੇ ਪੌੜੇ ਦਏ ਚੜ੍ਹਾਇਆ । ਗ੍ਰਹਿ ਮੰਦਰ ਕਰੇ ਪ੍ਰਕਾਸ਼ ਕੋਟਨ ਰਵ ਸਸ, ਨੂਰੋ ਨੂਰ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਓਟ ਏਕਾ ਹਰਿ, ਹਰਿਮੰਦਰ ਬੈਠਾ ਡੇਰਾ ਲਾਈਆ । ਹਰਿਮੰਦਰ ਹਰਿ ਹਰਿ ਆਸਣ, ਹਰਿ ਸਾਚੀ ਸੇਜ ਸੁਹਾਈਆ । ਇਕ ਅਕੱਲਾ ਪੁਰਖ ਅਬਿਨਾਸ਼ਨ, ਨਿਰਵੈਰ ਸੋਭਾ ਪਾਈਆ । ਜਨ ਭਗਤਾਂ ਬਣੇ ਦਾਸੀ ਦਾਸਨ, ਜਗਤ ਜੁਗਤ ਸੇਵ ਕਮਾਈਆ । ਲੇਖਾ ਜਾਣੇ ਪ੍ਰਿਥਮੀ ਆਕਾਸ਼ਨ, ਗਗਨ ਮੰਡਲ ਵੇਖ ਵਖਾਈਆ । ਸਾਚੇ ਮੰਦਰ ਪਾਵੇ ਰਾਸਨ, ਰੂਪ ਅਨੂਪ ਆਪ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਓਟ ਏਕਾ ਆਸ, ਏਕਾ ਇਸ਼ਟ ਜਣਾਈਆ । ਏਕਾ ਇਸ਼ਟ ਹਰਿ ਗੁਰਦੇਵ, ਸੇਵਕ ਸੇਵਾ ਸਚ ਜਣਾਇੰਦਾ । ਪਾਰਬ੍ਰਹਮ ਅਬਿਨਾਸ਼ੀ ਕਰਤਾ ਅਲਖ ਅਭੇਵ, ਅਲਖ ਅਲਖਣਾ ਆਪਣੀ ਖੇਲ ਖਿਲਾਇੰਦਾ । ਗੁਰਮੁਖ ਵਿਰਲਾ ਗਾਏ ਰਸਨਾ ਜਿਹਵ, ਜਿਹਵਾ ਰਸਨਾ ਆਪਣੀ ਧਾਰ ਚਲਾਇੰਦਾ । ਅੰਮ੍ਰਿਤ ਆਤਮ ਬਖ਼ਸ਼ੇ ਸਾਚਾ ਮੇਵ, ਅੰਮਿਉਂ ਰਸ ਆਪਣਾ ਆਪ ਚੁਆਇੰਦਾ । ਸਦਾ ਸਦਾ ਹਰਿ ਨਿਹਕੇਵ, ਨਿਹਕਰਮੀ ਕਰਮ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਓਟ ਏਕਾ ਰਾਹ, ਏਕਾ ਗੁਰ ਇਕ ਮਲਾਹ, ਏਕਾ ਬੇੜਾ ਆਪ ਤਰਾਇੰਦਾ । ਏਕਾ ਬੇੜਾ ਸਤਿਗੁਰ ਮਲਾਹ, ਸ਼ਹਿਨਸ਼ਾਹ ਸੇਵ ਕਮਾਈਆ । ਜੁਗਾ ਜੁਗੰਤਰ ਲੋਕਮਾਤ ਤੇਰਾ ਧਰਨੀ ਧਵਲ ਦਏ ਵਡਿਆਈਆ । ਨਾਉਂ ਨਿਰੰਕਾਰਾ ਚਪੂ ਲਾ, ਚਾਰ ਕੁੰਟ ਚਾਰ ਜੁਗ ਚਾਰ ਵਰਨ ਸੇਵ ਕਮਾਈਆ । ਹਰਿਜਨ ਲੱਭੇ ਥਾਉਂ ਥਾਂ, ਨੌ ਖੰਡ ਸਤ ਦੀਪ ਬ੍ਰਹਮ ਪਾਰਬ੍ਰਹਮ ਆਪ ਖੁਜਾਈਆ । ਕਰੇ ਕਰਾਏ ਸਚ ਨਿਆਂ, ਤਖ਼ਤ ਨਿਵਾਸੀ ਸ਼ਾਹੋ ਭੂਪ ਤਖ਼ਤ ਬੈਠਾ ਬੇਪਰਵਾਹੀਆ । ਹੰਸ ਬਣਾਏ ਫੜ ਫੜ ਕਾਂ, ਜਿਸ ਜਨ ਆਪਣੀ ਦਇਆ ਕਮਾਈਆ । ਜਨ ਭਗਤਾਂ ਦੇਵੇ ਸਦਾ ਸਦ ਠੰਡੀ ਛਾਂ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਓਟ ਇਕ ਧਿਆਨ, ਏਕਾ ਸ਼ਬਦ ਇਕ ਗਿਆਨ, ਏਕਾ ਰੂਪ ਸ੍ਰੀ ਭਗਵਾਨ, ਏਕਾ ਨੂਰ ਦਏ ਦਰਸਾਈਆ । ਏਕਾ ਨੂਰ ਹਰਿ ਕਰਤਾਰਾ, ਕਰਤਾ ਪੁਰਖ ਆਪ ਦਰਸਾਇੰਦਾ । ਲੇਖਾ ਜਾਣੇ ਅਗੰਮ ਅਪਾਰਾ, ਅਗੰਮ ਅਗੰਮੜਾ ਵੇਸ ਵਟਾਇੰਦਾ । ਦੋ ਜਹਾਨਾ ਹੋ ਉਜਿਆਰਾ, ਆਪਣੀ ਖੇਲ ਖਿਲਾਇੰਦਾ । ਸੰਤ ਕੰਤ ਕਰ ਪਿਆਰਾ, ਭਗਤ ਭਗਵੰਤ ਮੇਲ ਮਿਲਾਇੰਦਾ । ਆਦਿ ਅੰਤ ਨਾਮ ਅਧਾਰਾ, ਜੀਵ ਜੰਤ ਇਕ ਰਖਾਇੰਦਾ । ਨਾਦ ਧੁਨ ਬੋਲ ਬੋਲ ਜੈਕਾਰਾ, ਨਾਉਂ ਨਿਰੰਕਾਰਾ ਆਪ ਪਰਗਟਾਇੰਦਾ । ਘਟ ਘਟ ਅੰਦਰ ਰੂਪ ਉਜਿਆਰਾ, ਜੋਤੀ ਜਾਤਾ ਜੋਤ ਜਗਾਇੰਦਾ । ਘਰ ਵਿਚ ਘਰ ਕਰ ਪਸਾਰਾ, ਅੰਦਰ ਅੰਦਰ ਆਸਣ ਲਾਇੰਦਾ । ਡੂੰਘੀ ਭਵਰੀ ਹੋ ਉਜਿਆਰਾ, ਅੰਧ ਅੰਧੇਰ ਗਵਾਇੰਦਾ । ਕਰੇ ਖੇਲ ਅਪਰ ਅਪਾਰਾ, ਅਪਰੰਪਰ ਰੂਪ ਨਾ ਕੋਈ ਦਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਓਟ ਏਕਾ ਹਰਿ, ਇਕ ਦਵਾਰ ਏਕਾ ਦਰ, ਇਕ ਨਰਾਇਣ ਏਕਾ ਨਰ, ਨਰ ਹਰਿ ਆਪ ਅਖਵਾਇੰਦਾ । ਨਰ ਹਰਿ ਹਰੀ ਨਰਾਇਣ, ਵਡ ਦਾਤਾ ਬੇਪਰਵਾਹ । ਆਦਿ ਜੁਗਾਦਿ ਜੁਗਾ ਜੁਗੰਤਰ ਸਾਕ ਸੱਜਣ ਸੈਣ, ਜਨ ਭਗਤਾਂ ਪਿਤਾ ਮਾਂ । ਆਪ ਚੁਕਾਏ ਲਹਿਣ ਦੇਣ, ਵੇਖਣਹਾਰਾ ਥਾਉਂ ਥਾਂ । ਲੱਖ ਚੁਰਾਸੀ ਵਹੇ ਆਪਣੇ ਵਹਿਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਦੇਵੇ ਏਕਾ ਵਰ, ਏਕਾ ਅੱਖਰ ਏਕਾ ਨਾਂ । ਏਕਾ ਅੱਖਰ ਨਾਉਂ ਦ੍ਰਿੜ੍ਹਾਇਆ,

ਕਰ ਕਿਰਪਾ ਗੁਣ ਨਿਧਾਨ । ਸੋ ਪੁਰਖ ਨਿਰੰਜਣ ਰੂਪ ਧਰਾਇਆ, ਹੰ ਰੂਪ ਸਰਬ ਪਛਾਣ । ਸੋਹੰ ਆਪਣਾ ਵੇਸ ਵਟਾਇਆ, ਆਪੇ ਵੇਖੇ ਸ੍ਰੀ ਭਗਵਾਨ । ਬ੍ਰਹਮ ਪਾਰਬ੍ਰਹਮ ਮਿਲਾਇਆ, ਮੇਲ ਮਿਲਾਵਾ ਦੋ ਜਹਾਨ । ਪੰਜ ਤਤ ਨਾ ਤਤ ਰਖਾਇਆ, ਤਤਵ ਤਤ ਨਾ ਕੋਇ ਧਿਆਨ । ਰਤੀ ਰਤ ਨਾ ਕੋਈ ਰੰਗਾਇਆ, ਕਰੇ ਖੇਲ ਹਰਿ ਮਿਹਰਵਾਨ । ਸਾਚਾ ਰਥ ਆਪ ਚਲਾਇਆ, ਰਥ ਰਥਵਾਹੀ ਨੌਜਵਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਦੇਵੇ ਮਾਣ । ਹਰਿਜਨ ਮਾਣ ਰਖੰਦੜਾ, ਹਰਿ ਸਤਿਗੁਰ ਦੀਨ ਦਿਆਲ । ਗੁਰਮੁਖ ਸੱਜਣ ਮੇਲ ਮਿਲੰਦੜਾ, ਕਲਜੁਗ ਅੰਤਮ ਵੇਖੇ ਮਾਰ ਧਿਆਨ । ਆਪ ਆਪਣੇ ਰੰਗ ਰਗੰਦੜਾ, ਰੰਗ ਰੰਗਾਏ ਇਕ ਮਹਾਨ । ਜੋਤੀ ਭੱਠੀ ਆਪ ਤਪੰਦੜਾ, ਹਰਿ ਸਾਚਾ ਬਲੀ ਬਲਵਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਵੇਖੇ ਚਤਰ ਸੁਜਾਨ । ਚਤੁਰ ਸੁਜਾਨ ਗੁਰਮੁਖ ਲੱਧਾ, ਹਰਿ ਸਤਿਗੁਰ ਸੇਵ ਕਮਾ । ਸਤਿ ਸਰੂਪੀ ਤਨ ਤਾਗਾ ਬੱਧਾ, ਨਾ ਕੋਈ ਦੇਵੇ ਮਾਤ ਤੁੜਾ । ਲੱਖ ਚੁਰਾਸੀ ਵਿਚੋਂ ਕੱਢਾ, ਡੂੰਘੀ ਭਵਰੀ ਕਲਜੁਗ ਸਾਗਰ ਕਲਜੁਗ ਗੋਤਾ ਨਾ ਜਾਏ ਖਾ । ਆਪ ਲਡਾਏ ਆਪਣਾ ਲਡਾ, ਆਪਣੀ ਗੋਦੀ ਆਪ ਬਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਤਰਾ । ਤਾਰਨ ਕੋ ਹਰਿ ਏਕ ਗੁਰ, ਗੁਰੂ ਗੁਰ ਵਡੀ ਵਡਿਆਈਆ । ਮੇਲ ਮਿਲਾਏ ਲਿਖਿਆ ਧੁਰ, ਧੁਰ ਸੰਜੋਗੀ ਆਪ ਹੋ ਜਾਈਆ । ਚੇਲਾ ਗੁਰ ਗੁਰ ਚੇਲਾ ਏਕਾ ਦਰ ਗਏ ਜੁੜ, ਜਗਤ ਵਿਛੋੜਾ ਪੰਧ ਮੁਕਾਈਆ । ਨਾਤਾ ਤੁੱਟਾ ਮੇਰ ਤੇਰ, ਤੇਰਾ ਮੇਰਾ ਰਹੇ ਨਾ ਰਾਈਆ । ਹੋਏ ਪ੍ਰਕਾਸ਼ ਅੰਧ ਘੋਰ, ਅੰਧ ਅੰਧੇਰ ਦਏ ਚੁਕਾਈਆ । ਪੰਚਮ ਪੰਚ ਨਾ ਪਾਏ ਸ਼ੋਰ, ਪੰਚਮ ਪੰਚ ਨਾ ਕੋਈ ਵਡਿਆਈਆ । ਪੰਚਮ ਬੰਧਾਏ ਆਪਣੀ ਡੋਰ, ਪੰਚਮ ਮੋਹ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਜਣਾਏ ਆਪਣਾ ਨੂਰ, ਪੰਚਮ ਨਾਦ ਸ਼ਬਦ ਸ਼ਨਵਾਈਆ । ਪੰਚਮ ਨਾਦ ਸ਼ਬਦ ਧੁਨਕਾਰ, ਗੁਰਸਿਖ ਰੰਗ ਰੰਗਾਇਆ । ਗੁਰ ਸਤਿਗੁਰ ਪਾਇਆ ਏਕਾ ਵਾਰ, ਦੂਜੇ ਦਰ ਨਾ ਮੰਗਣ ਜਾਇਆ । ਗੁਰਚਰਨ ਸਦਾ ਬਲਹਾਰ, ਬਲਹਾਰੀ ਬਲਹਾਰ ਗੁਰ ਵਿਚੋਂ ਮੋਹ ਚੁਕਾਇਆ । ਨੇਤਰ ਨੈਣ ਦਰਸ ਕਰ ਦੀਦਾਰ, ਤ੍ਰੈ ਤ੍ਰੈ ਧਾਰ ਫੰਦ ਕਟਾਇਆ । ਨਾਤਾ ਛੁਟਾ ਸਰਬ ਸੰਸਾਰ, ਜਿਸ ਜਨ ਸਤਿਗੁਰ ਪੂਰਾ ਨਜ਼ਰੀ ਆਇਆ । ਕਾਗਦ ਕ਼ਲਮ ਜੁਗਾ ਜੁਗੰਤਰ ਉਚੀ ਕੂਕੇ ਕਰੇ ਪੁਕਾਰ, ਵੇਦ ਕਤੇਬ ਸ਼ਾਸਤਰ ਸਿਮਰਤ ਅੰਜੀਲ ਕ਼ੁਰਾਨ ਬਾਣੀ ਖਾਣੀ ਦਏ ਗਵਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਮੇਲੇ ਆਪਣੇ ਘਰ, ਏਕਾ ਓਟ ਚਰਨ ਰਖਾਇਆ । ਏਕਾ ਓਟ ਚਰਨ ਗੁਰ ਸਾਗਰ, ਗਹਿਰ ਗੰਭੀਰ ਦਰਸਾਈਆ । ਜਨ ਭਗਤ ਭਗਵੰਤ ਦੇਵੇ ਨਾਮ ਰਤੀ ਰਤਨਾਗਰ, ਰਤਨ ਅਮੋਲਕ ਆਪ ਬਣਾਈਆ । ਕਾਇਆ ਧਰਤ ਵਖਾਏ ਸਿੰਧ ਸਾਗਰ, ਤਾਲ ਸੁਹਾਵਾ ਆਪ ਸੁਹਾਈਆ । ਜਿਸ ਜਨ ਕਰਾਏ ਨਾਮ ਸੁਦਾਗਰ, ਵਣਜ ਵਣਜਾਰਾ ਹਰਿ ਨਿਰੰਕਾਰਾ ਏਕਾ ਹੱਟ ਦਏ ਖੁਲ੍ਹਾਈਆ । ਮੇਲ ਮਿਲਾਵਾ ਕਰਤਾ ਕ਼ਾਦਰ, ਕ਼ਾਦਰ ਕ਼ੁਦਰਤ ਵੇਖੇ ਬੇ ਪਰਵਾਹੀਆ । ਆਦਿ ਜੁਗਾਦਿ ਦਰਗਹਿ ਸਾਚੀ ਜਨ ਭਗਤਾਂ ਦੇਵੇ ਆਦਰ, ਜੋ ਜਨ ਬੈਠੇ ਓਟ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਓਟ ਹਰਿ ਨਿਰੰਕਾਰ, ਡੁਬਦੇ ਪਾਥਰ ਜਾਏ ਤਾਰ, ਜਿਸ ਪਾਹਨ ਆਪਣਾ ਚਰਨ ਛੁਹਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗੋ ਜੁਗ ਕਰਤਾ ਕਰਤਾ ਪੁਰਖ ਆਪ ਅਖਵਾਈਆ ।

੧੮੫
੧੦

## ★ ੨੩ ਮਾਘ ੨੦੧੭ ਬਿਕ੍ਰਮੀ ਜੇਠੂਵਾਲ ★



ਸੋ ਪੁਰਖ ਨਿਰੰਜਣ ਸੱਚਾ ਪਾਤਸ਼ਾਹ, ਆਦਿ ਜੁਗਾਦਿ ਵਡੀ ਵਡਿਆਈਆ । ਹਰਿ ਪੁਰਖ ਨਿਰੰਜਨ ਬੇਪਰਵਾਹ, ਮਹਿਮਾ ਅਕਥ ਕਥੀ ਨਾ ਜਾਈਆ । ਏਕੰਕਾਰਾ ਇਕ ਅਕੱਲਾ ਬਣ ਮਲਾਹ, ਆਪਣਾ ਬੇੜਾ ਆਪ ਚਲਾਈਆ । ਆਦਿ ਨਿਰੰਜਣ ਜੋਤੀ ਨੂਰ ਡਗਮਗਾ, ਨੂਰੋ ਨੂਰ ਨੂਰ ਰੁਸ਼ਨਾਈਆ । ਸ੍ਰੀ ਭਗਵਾਨ ਵਸਣਹਾਰਾ ਸਾਚੇ ਥਾਂ, ਸਚਖੰਡ ਦਵਾਰ ਸੋਭਾ ਪਾਈਆ । ਅਬਿਨਾਸ਼ੀ ਕਰਤਾ ਆਪੇ ਕਰ ਸਚ ਨਿਆ, ਧੁਰ ਫ਼ਰਮਾਨਾ ਆਪ ਜਣਾਈਆ । ਪਾਰਬ੍ਰਹਮ ਆਪੇ ਬਣੇ ਆਪਣਾ ਪਿਤਾ ਮਾਂ, ਸੁਤ ਦੁਲਾਰ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਏਕਾ ਹਰਿ, ਆਪਣੀ ਕਲ ਆਪ ਧਰਾਈਆ । ਇਕ ਅਕੱਲਾ ਖੇਲ ਨਿਆਰਾ, ਹਰਿ ਨਿਰੰਕਾਰ ਆਪ ਆਪਣੀ ਧਾਰ ਚਲਾਇੰਦਾ । ਵਸਣਹਾਰਾ ਧਾਮ ਸਚਖੰਡ ਦਵਾਰਾ, ਮਹੱਲ ਅਟਲ ਮੁਨਾਰ ਆਪ ਸੁਹਾਇੰਦਾ । ਨਿਰਗੁਣ ਦੀਵਾ ਬਾਤੀ ਕਰ ਉਜਿਆਰ, ਬੈਠਾ ਠਾਂਡੇ ਦਰਬਾਰ, ਸੋਭਾਵੰਤ ਹਰਿ ਭਗਵੰਤ ਆਦਿ ਅੰਤ ਸੋਭਾ ਪਾਇੰਦਾ । ਘਾੜਨ ਘੜੇ ਅਪਰ ਅਪਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਏਕਾ ਹਰਿ, ਆਪਣੀ ਧਾਰ ਆਪ ਚਲਾਇੰਦਾ । ਸੋ ਪੁਰਖ ਨਿਰੰਜਣ ਸਾਚੀ ਧਾਰ, ਹਰਿ ਪੁਰਖ ਨਿਰੰਜਣ ਆਪ ਚਲਾਇੰਦਾ । ਏਕੰਕਾਰਾ ਖੇਲ ਮਹਾਨ, ਆਦਿ ਨਿਰੰਜਣ ਰੂਪ ਧਰਾਇੰਦਾ । ਸ੍ਰੀ ਭਗਵਾਨ ਵਸਣਹਾਰ ਸਚਖੰਡ ਮਕਾਨ, ਅਬਿਨਾਸ਼ੀ ਕਰਤਾ ਸੋਭਾ ਪਾਇੰਦਾ । ਪਾਰਬ੍ਰਹਮ ਹਰਿ ਹੋ ਪ੍ਰਧਾਨ, ਆਪਣਾ ਬਲ ਆਪ ਉਪਜਾਇੰਦਾ । ਦੂਸਰ ਨਾ ਅਵਰ ਕੋਈ ਨਿਸ਼ਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਖਿਲਾਇੰਦਾ । ਸਾਚਾ ਖੇਲ ਖੇਲਣਹਾਰਾ, ਏਕਾ ਰੰਗ ਸਮਾਇਆ । ਆਦਿ ਪੁਰਖ ਨਿਰੰਜਣ ਏਕੰਕਾਰਾ, ਅਨਭਵ ਪ੍ਰਕਾਸ਼ ਕਰਾਇਆ । ਅਜੂਨੀ ਰਹਿਤ ਨਿਰਭੌ ਨਿਰਵੈਰ ਅਭੇਵ ਅਭੇਦ ਅਲਖ ਅਗੋਚਰ ਅਗੰਮ ਅਥਾਹ, ਬੇਪਰਵਾਹ ਆਪਣਾ ਆਪ ਲਏ ਪਰਗਟਾਇਆ । ਆਪੇ ਲਏ ਆਪਣਾ ਮਾਰਗ ਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਏਕਾ ਹਰਿ, ਸਚਖੰਡ ਨਿਵਾਸਾ ਪੁਰਖ ਅਬਿਨਾਸ਼ਾ ਸਾਚਾ ਧਾਮ ਆਪ ਸੁਹਾਇਆ । ਸੋ ਪੁਰਖ ਨਿਰੰਜਣ ਸਾਚਾ ਘਰ, ਥਿਰ ਘਰ ਆਪ ਸੁਹਾਈਆ । ਨਿਰਗੁਣ ਨਿਰਵੈਰ ਜੋਤ ਧਰ, ਅੰਦਰ ਵੜ ਆਸਣ ਲਾਈਆ । ਆਪਣੀ ਕਰਨੀ ਆਪੇ ਕਰ, ਆਪਣੀ ਕਲ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਦਰ ਘਰ ਸਾਚੇ ਸੋਭਾ ਪਾਈਆ । ਸਾਚੀ ਧਾਰ ਹਰਿ ਕਰਤਾਰ, ਆਪਣੀ ਆਪ ਚਲਾਈਆ । ਅਨਭਵ ਰੂਪ ਕਰ ਪ੍ਰਕਾਸ਼, ਪੁਰਖ ਅਬਿਨਾਸ਼ੀ ਸਾਚੇ ਮੰਦਰ ਆਪੇ ਸੋਭਾ ਪਾਈਆ । ਆਪੇ ਖੇਲੇ ਖੇਲ ਤਮਾਸ਼, ਆਪਣੀ ਰਾਸ ਆਪਣੇ ਮੰਡਲ ਆਪ ਚਲਾਈਆ । ਆਪੇ ਵਸੇ ਆਪਣੇ ਪਾਸ, ਦੂਸਰ ਸੰਗ ਨਾ ਕੋਈ ਰਲਾਈਆ । ਆਪੇ ਆਪਣੀ ਪੂਰੀ ਕਰੇ ਆਸ, ਆਪਣੀ ਇਛਿਆ ਭਿਛਿਆ ਆਪੇ ਝੋਲੀ ਪਾਈਆ । ਆਪਣਾ ਗੁਣ ਆਪੇ ਲਏ ਪਰਗਟਾ, ਸਰਬ ਕਲਾ ਭਰਪੂਰ ਆਪ ਅਖਵਾਈਆ । ਆਪਣਾ ਮੰਦਰ ਆਪਣੇ ਅੰਦਰ ਆਪੇ ਘਾੜਨ ਰਿਹਾ ਘੜਾ, ਆਪੇ ਬੈਠਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਅਬਿਨਾਸ਼ ਆਪੇ ਜਾਣੇ ਖੇਲ ਤਮਾਸ਼ਾ, ਆਪਣੀ ਖੇਲ ਆਪ ਖਿਲਾਈਆ । ਸਾਚਾ ਖੇਲ ਖੇਲ ਤਮਾਸ਼, ਪੁਰਖ ਅਬਿਨਾਸ਼ੀ ਆਪ ਕਰਾਇੰਦਾ । ਆਪੇ ਸੇਵਕ ਆਪੇ ਦਾਸੀ ਦਾਸ, ਆਪਣਾ ਹੁਕਮ ਧੁਰ

ਫ਼ਰਮਾਨਾ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਆਪ ਉਠਾਇੰਦਾ । ਆਪਣਾ ਪਰਦਾ ਆਪੇ ਖੋਲ੍ਹ, ਆਪਣੀ ਦਯਾ ਕਮਾਇੰਦਾ । ਆਪਣਾ ਤੋਲੇ ਆਪ ਤੋਲ, ਤੋਲਣਹਾਰਾ ਆਪ ਅਖਵਾਇੰਦਾ । ਏਕੰਕਾਰਾ ਬੈਠਾ ਰਹੇ ਅਡੋਲ, ਅਡੁਲ ਆਪਣਾ ਨਾਉਂ ਧਰਾਇੰਦਾ । ਸਾਚੀ ਵਸਤ ਰੱਖੇ ਆਪਣੇ ਕੋਲ, ਆਪਣੇ ਹੱਟ ਆਪ ਵਿਕਾਇੰਦਾ । ਆਪਣਾ ਨਾਉਂ ਨਿਰੰਕਾਰ ਆਪੇ ਬੋਲ, ਆਪਣਾ ਗੀਤ ਆਪੇ ਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਆਪ ਆਪਣਾ ਵੇਸ ਵਟਾਇੰਦਾ । ਵੇਸ ਵਟੰਦੜਾ ਹਰਿ ਕਰਤਾਰਾ, ਲੇਖਾ ਲੇਖ ਨਾ ਕੋਈ ਜਣਾਈਆ । ਸੁਤੇ ਪ੍ਰਕਾਸ਼ ਹੋ ਉਜਿਆਰਾ, ਨੂਰ ਜ਼ਹੂਰ ਇਕ ਦਰਸਾਈਆ । ਬੇਐਬ ਖ਼ੁਦਾਈ ਪਰਵਰਦਿਗਾਰਾ, ਆਪ ਆਪਣਾ ਏਕਾ ਰੰਗ ਦਏ ਚੜ੍ਹਾਈਆ । ਏਕਾ ਬੋਲ ਇਕ ਜੈਕਾਰਾ, ਏਕਾ ਨਾਅਰਾ ਹੱਕ ਲਗਾਈਆ । ਏਕਾ ਨਾਮ ਏਕਾ ਧਾਰਾ, ਏਕਾ ਕਰੇ ਸਾਚਾ ਕਾਮ ਏਕਾ ਰਾਮ ਰਾਮ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਸਾਚੇ ਮੰਦਰ ਬੈਠਾ ਚੜ੍ਹ, ਤਖ਼ਤ ਨਿਵਾਸੀ ਸੱਚਾ ਸ਼ਹਿਨਸ਼ਾਹੀਆ । ਸ੍ਰੀ ਭਗਵਾਨ ਆਪਣਾ ਘਾੜਨ ਘੜ, ਆਪਣੀ ਦਯਾ ਆਪ ਕਮਾਇੰਦਾ । ਆਦਿ ਨਿਰੰਜਣ ਆਪਣਾ ਲੜ ਆਪੇ ਫੜ, ਆਪ ਆਪਣਾ ਮੇਲ ਮਿਲਾਇੰਦਾ । ਏਕੰਕਾਰ ਨਾ ਪੁਰਖ ਨਾ ਨਾਰੀ ਨਰ, ਨਿਰੰਕਾਰ ਆਪਣਾ ਨਾਉਂ ਧਰਾਇੰਦਾ । ਆਦਿ ਨਿਰੰਜਣ ਆਪਣੇ ਅੰਦਰ ਆਪਣੀ ਜੋਤ ਆਪੇ ਬਲ, ਨੂਰੋ ਨੂਰ ਡਗਮਗਾਇੰਦਾ । ਅਬਿਨਾਸ਼ੀ ਕਰਤਾ ਆਪੇ ਵਸੇ ਧਾਮ ਅਟੱਲ, ਮਹੱਲ ਸਾਚੇ ਆਸਣ ਲਾਇੰਦਾ । ਸ੍ਰੀ ਭਗਵਾਨ ਆਪੇ ਹੋਏ ਅਛਲ ਅਛੱਲ, ਅਛਲ ਛਲ ਆਪਣਾ ਖੇਲ ਖਿਲਾਇੰਦਾ । ਪਾਰਬ੍ਰਹਮ ਸਚਖੰਡ ਬੈਠਾ ਆਸਣ ਮਲ, ਆਪ ਆਪਣਾ ਆਸਣ ਲਾਇੰਦਾ । ਨਰ ਨਰੇਸ਼ ਆਪਣਾ ਸੰਦੇਸ਼ ਆਪੇ ਘੱਲ, ਆਪਣਾ ਹੁਕਮ ਆਪ ਸੁਣਾਇੰਦਾ । ਆਪਣਾ ਵੇਖ ਧਾਰੇ ਆਪੇ ਬਲ, ਬਲ ਦੇਵਣਹਾਰ ਹਰਿ ਮਿਹਰਬਾਨ, ਆਪਣੀ ਕਲ ਆਪ ਵਰਤਾਇੰਦਾ । ਆਪਣਾ ਬਿਰਦ ਆਪੇ ਪਾਲ ਆਪੇ ਹੋਏ ਨੌਜਵਾਨ, ਰੇਖ ਭੇਖ ਨਾ ਕੋਈ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਆਪਣੀ ਖੇਲ ਆਪ ਖਿਲਾਇੰਦਾ । ਆਪਣੀ ਖੇਲ ਖਿਲਾਵਣਹਾਰਾ, ਏਕਾ ਖੇਲ ਖਿਲਾਈਆ । ਆਪਣਾ ਨੂਰ ਕਰ ਉਜਿਆਰਾ, ਨੂਰੋ ਨੂਰ ਵਿਚ ਧਰਾਈਆ । ਆਪਣੇ ਮੰਦਰ ਕਰ ਪਸਾਰਾ, ਆਪੇ ਵੇਖ ਵਖਾਈਆ । ਆਪਣੀ ਇਛਿਆ ਆਪੇ ਬਣੇ ਵਰਤਾਰਾ, ਸਾਚੀ ਭਿਛਿਆ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਆਸ ਆਪੇ ਲਏ ਪਰਗਟਾਈਆ । ਆਪਣੀ ਆਸਾ ਆਪੇ ਰੱਖ, ਸ੍ਰੀ ਭਗਵਾਨ ਖੇਲ ਖਿਲਾਇੰਦਾ । ਪਾਰਬ੍ਰਹਮ ਪ੍ਰਭ ਪੁਰਖ ਸਮਰਥ, ਆਪਣਾ ਰਥ ਆਪ ਚਲਾਇੰਦਾ । ਹਰਿ ਮੰਦਰ ਬਣਾਏ ਇਕ ਅਨਡਿਠ, ਰੂਪ ਅਨੂਪ ਨਾ ਕੋਈ ਹੰਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਇਛਿਆ ਆਪਣੇ ਅੱਗੇ ਪ੍ਰਗਟਾਇੰਦਾ । ਆਪਣੀ ਇਛਿਆ ਆਪਣੇ ਅੱਗੇ ਰੱਖ, ਪਾਰਬ੍ਰਹਮ ਆਪਣੀ ਦਯਾ ਕਮਾਈਆ । ਆਪੇ ਦੇਵਣਹਾਰਾ ਵਰ, ਵਡ ਦਾਤਾ ਬੇਪਰਵਾਹੀਆ । ਆਪਣੀ ਖੇਲ ਆਪੇ ਕਰ, ਖੇਲ ਖਿਲਾਰੀ ਦਰ ਸਾਚੇ ਸੋਭਾ ਪਾਈਆ । ਆਪਣਾ ਰੂਪ ਆਪੇ ਧਰ, ਨਰ ਨਰਾਇਣ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣੀ ਬਣਤ ਆਪੇ ਲਏ ਪ੍ਰਗਟਾਈਆ । ਆਪਣੀ ਬਣਤ ਆਪ ਬਣਾ, ਆਪਣਾ ਆਪ ਧਰਾਇਆ । ਆਪਣੀ ਨਾਰੀ ਆਪ ਪ੍ਰਨਾ,

ਸਾਚਾ ਕੰਤ ਆਪ ਹੰਢਾਇਆ । ਆਪਣੀ ਸੇਜ ਆਪ ਸੁਹਾ, ਸਗਲਾ ਸੰਗ ਆਪ ਰਖਾਇਆ । ਆਪਣਾ ਸੁਤ ਦੁਲਾਰਾ ਆਪੇ ਜਾ, ਆਪਣੀ ਗੋਦ ਸੁਹਾਇਆ । ਦੋ ਜਹਾਨਾ ਨਾਉਂ ਧਰਾ, ਪੁਰਖ ਅਬਿਨਾਸ਼ੀ ਸੇਵ ਕਮਾਇਆ । ਸਾਚੇ ਮੰਦਰ ਆਸਣ ਲਾ, ਸਚ ਸਿੰਘਾਸਣ ਸੋਭਾ ਪਾਇਆ । ਨਿਰਗੁਣ ਦੀਵਾ ਬਾਤੀ ਕਰ ਰੁਸ਼ਨਾ, ਆਦਿ ਨਿਰੰਜਣ ਆਪ ਜਣਾਇਆ । ਆਪਣਾ ਹੁਕਮ ਧੁਰ ਫ਼ਰਮਾਨਾ ਆਪ ਜਣਾ, ਆਪੇ ਨਿਉਂ ਨਿਉਂ ਸੀਸ ਝੁਕਾਇਆ । ਤਖ਼ਤ ਨਿਵਾਸੀ ਸੱਚਾ ਪਾਤਸ਼ਾਹ, ਆਪਣਾ ਨਾਉਂ ਆਪ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣਾ ਬੰਧਨ ਆਪੇ ਪਾਇਆ । ਆਪਣਾ ਬੰਧਨ ਹਰਿ ਹਰਿ ਪਾ, ਆਪੇ ਮੇਲ ਮਿਲਾਇੰਦਾ । ਆਪੇ ਨਾਰੀ ਨਰ ਰੂਪ ਧਰਾ, ਆਪੇ ਸੁਤ ਦੁਲਾਰਾ ਜਾਇੰਦਾ । ਆਪੇ ਹੁਕਮੀ ਹੁਕਮ ਵਰਤਾ, ਆਪੇ ਹੁਕਮ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਬਲ ਆਪ ਵਖਾਇੰਦਾ । ਆਪਣਾ ਬਲ ਵਡ ਬਲਵਾਨ, ਆਪੇ ਆਪ ਧਰਾਈਆ । ਆਦਿ ਪੁਰਖ ਨੌਜਵਾਨ, ਦੂਸਰ ਰੂਪ ਨਾ ਕੋਈ ਵਟਾਈਆ । ਆਪਣਾ ਭੇਖ ਕਰੇ ਵਾਲੀ ਦੋ ਜਹਾਨ, ਦੋ ਦੋ ਲੇਖਾ ਆਪ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਅਭੇਦ ਆਪੇ ਦਏ ਖੁਲ੍ਹਾਈਆ । ਹਰਿ ਭੇਦ ਅਭੇਦ ਖੁਲਾਇੰਦਾ, ਆਪ ਆਪਣੀ ਕਿਰਪਾ ਧਾਰ । ਸੋ ਪੁਰਖ ਨਿਰੰਜਣ ਆਪ ਆਪਣਾ ਨਾਉਂ ਪਰਗਟਾਇੰਦਾ, ਹਰਿ ਪੁਰਖ ਨਿਰੰਜਣ ਕਰੇ ਪਿਆਰ । ਏਕੰਕਾਰਾ ਮੇਲ ਮਿਲਾਇੰਦਾ, ਆਦਿ ਨਿਰੰਜਣ ਮੀਤ ਮੁਰਾਰ । ਅਬਿਨਾਸ਼ੀ ਕਰਤਾ ਸੰਗ ਨਿਭਾਇੰਦਾ, ਹਰਿ ਭਗਵਾਨ ਸਾਂਝਾ ਯਾਰ । ਪਾਰਬ੍ਰਹਮ ਵੇਖ ਵਖਾਇੰਦਾ, ਅਨਭਵ ਰੂਪ ਕਰ ਉਜਿਆਰ । ਸਾਚੇ ਮੰਦਰ ਸੋਭਾ ਪਾਇੰਦਾ, ਸਚਖੰਡ ਸੱਚੇ ਦਰਬਾਰ । ਆਪਣਾ ਹੁਕਮ ਆਪ ਵਰਤਾਇੰਦਾ, ਆਪੇ ਕਰੇ ਕਰਨੀ ਕਾਰ । ਆਪਣੀ ਇਛਿਆ ਵੇਖ ਵਖਾਇੰਦਾ, ਆਪੇ ਭਰੇ ਸਤਿ ਭੰਡਾਰ । ਆਪਣਾ ਤਖ਼ਤ ਆਪ ਸੁਹਾਇੰਦਾ, ਆਪੇ ਘਾੜਨ ਘੜੇ ਅਪਾਰ । ਪਾਵਾ ਚੂਲ ਨਾ ਕੋਈ ਬਣਾਇੰਦਾ, ਨਾ ਕੋਈ ਬਾਢੀ ਕਰੇ ਵਿਚਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਸੇਵਾ ਆਪ ਕਮਾਇੰਦਾ । ਸਾਚੀ ਸੇਵਾ ਆਪੇ ਕਰ, ਆਪਣਾ ਤਖ਼ਤ ਆਪ ਵਡਿਆਈਆ । ਸਚ ਸਿੰਘਾਸਣ ਆਪੇ ਧਰ, ਆਪੇ ਵੇਖ ਵਖਾਈਆ । ਸਚਖੰਡ ਦਵਾਰੇ ਉਪਰ ਬੈਠਾ ਚੜ੍ਹ, ਰੂਪ ਰੇਖ ਨਾ ਕੋਈ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਿੰਘਾਸਣ ਸੋਭਾਵੰਤ, ਇਕ ਅਕੱਲਾ ਸ੍ਰੀ ਭਗਵੰਤ, ਦੂਸਰ ਸੰਗ ਨਾ ਕੋਈ ਰਖਾਈਆ । ਸਚ ਸਿੰਘਾਸਣ ਸੱਚੀ ਸਰਕਾਰ, ਹਰਿ ਸਾਚਾ ਆਸਣ ਲਾਈਆ । ਨਿਰਗੁਣ ਰੂਪ ਨਿਰਗੁਣ ਧਾਰ, ਨਿਰਗੁਣ ਆਪੇ ਪ੍ਰਗਟ ਹੋਇਆ ਮਾਤ ਪਿਤ ਨਾ ਕੋਈ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਿੰਘਾਸਣ ਸੋਭਾਵੰਤ, ਪੁਰਖ ਅਬਿਨਾਸ਼ਨ ਇਕ ਸੁਹਾਈਆ । ਸਾਚੇ ਤਖ਼ਤ ਸ਼ਾਹੋ ਭੂਪ, ਹਰਿ ਸਾਚੇ ਸਚ ਸੁਹਾਇਆ । ਆਪੇ ਵੇਖੇ ਆਪਣਾ ਰੂਪ, ਨਿਰਗੁਣ ਨਿਰਗੁਣ ਵੇਸ ਵਟਾਇਆ । ਲੇਖਾ ਜਾਣੇ ਆਪਣੀ ਕੂਟ, ਦੂਜੀ ਦਿਸ਼ਾ ਨਾ ਕੋਈ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਖਿਲਾਇਆ । ਹਰਿ ਸਾਚਾ ਖੇਲ ਖਿਲਾਇੰਦਾ, ਕਰ ਕਿਰਪਾ ਗੁਣ ਨਿਧਾਨ । ਆਪਣਾ ਹੁਕਮ ਆਪ ਸੁਣਾਇੰਦਾ, ਆਪੇ ਦੇਵੇ ਧੁਰ ਫ਼ਰਮਾਨ । ਸਾਚੀ ਘਾੜਤ ਘੜਤ ਆਪ ਘੜਾਇੰਦਾ, ਲੇਖਾ ਜਾਣੇ ਜਾਣੀ ਜਾਣ । ਸੋ ਪੁਰਖ ਨਿਰੰਜਣ ਸੇਵ ਕਮਾਇੰਦਾ, ਹਰਿ ਪੁਰਖ ਨਿਰੰਜਣ ਹੋ ਮਿਹਰਵਾਨ । ਸ੍ਰੀ ਭਗਵਾਨ ਬੰਧਨ ਪਾਇੰਦਾ, ਪੰਚਮ ਰੰਗ ਇਕ

ਵਖਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣਾ ਰੂਪ ਆਪ ਧਰਾਇੰਦਾ । ਪੰਚਮ ਮੇਲਾ ਜੋੜ ਜੁੜਾ, ਹਰਿ ਸਾਚੀ ਖੇਲ ਖਿਲਾਈਆ । ਪੰਚਮ ਮੁਖ ਮੁੱਖ ਧਰਾ, ਪੰਚਮ ਦੇਵੇ ਮਾਣ ਵਡਿਆਈ । ਪੰਚਮ ਜੋਤ ਜੋਤ ਰੁਸ਼ਨਾ, ਪੰਚਮ ਨੂਰੋ ਨੂਰ ਡਗਮਗਾਈਆ । ਪੰਚਮ ਦੇਵੇ ਸਾਚਾ ਥਾਂ, ਥਾਨ ਥਨੰਤਰ ਸੋਭਾ ਪਾਈਆ । ਪੰਚਮ ਦੇਵੇ ਦਰਸ ਬੇਪਰਵਾਹ, ਪੰਚਮ ਆਪਣਾ ਨਾਉਂ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਚਮ ਮੁਖ ਮੁਖ ਹਰਿ ਤਾਜ, ਆਪਣਾ ਮਾਰਗ ਆਪੇ ਲਾਈਆ । ਸਾਚਾ ਮਾਰਗ ਹਰਿ ਕਰਤਾਰ, ਆਪਣਾ ਆਪ ਚਲਾਇੰਦਾ । ਨਿਰਗੁਣ ਨਿਰਗੁਣ ਕਰ ਪਿਆਰ, ਨਿਰਗੁਣ ਨਿਰਗੁਣ ਮੇਲ ਮਿਲਾਇੰਦਾ । ਨਿਰਗੁਣ ਅੰਦਰ ਨਿਰਗੁਣ ਬਾਹਰ, ਨਿਰਗੁਣ ਗੁਪਤ ਨਿਰਗੁਣ ਜ਼ਾਹਿਰ, ਸਾਚੀ ਖੇਲ ਖਿਲਾਇੰਦਾ । ਨਿਰਗੁਣ ਨੂਰ ਜੋਤੀ ਧਾਰ, ਨਿਰਗੁਣ ਧੁਆਂਧਾਰ ਸਮਾਇੰਦਾ । ਨਿਰਗੁਣ ਰਾਜ ਰਾਜਾਨ ਸ਼ਾਹ ਸਿਕਦਾਰ, ਨਿਰਗੁਣ ਆਪਣਾ ਹੁਕਮ ਸੁਣਾਇੰਦਾ । ਨਿਰਗੁਣ ਸ਼ਾਹ ਪਾਤਸ਼ਾਹ ਹੁਕਮ ਸੁਣਾਏ ਆਪਣੀ ਵਾਰ, ਨਿਰਗੁਣ ਨਿਉਂ ਨਿਉਂ ਸੀਸ ਝੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਲਖ ਅਗੋਚਰ ਅਗੰਮ ਅਥਾਹ, ਏਕਾ ਖੇਲ ਕਰੇ ਬੇਪਰਵਾਹ, ਬਣ ਮਲਾਹ ਆਪਣਾ ਬੇੜਾ ਆਪ ਚਲਾਇੰਦਾ । ਸਾਚਾ ਬੇੜਾ ਕਰ ਤਿਆਰ, ਹਰਿ ਆਪਣੀ ਦਯਾ ਕਮਾਈਆ । ਸਚ ਸਿੰਘਾਸਣ ਬੈਠੇ ਸੱਚਾ ਦਰਬਾਰ, ਹਰਿ ਸੱਚਾ ਸ਼ਹਿਨਸ਼ਾਹੀਆ । ਏਕਾ ਹੁਕਮ ਇਕ ਵਰਤਾਰ, ਏਕਾ ਭਾਣੇ ਰਿਹਾ ਸਮਾਈਆ । ਆਪੇ ਹੋਏ ਜਾਣੀ ਜਾਣ, ਹਰਿ ਨਿਰੰਕਾਰ ਜਾਨਣਹਾਰ ਇਕ ਅਖਵਾਈਆ । ਆਪਣੀ ਇਛਿਆ ਆਪੇ ਲਏ ਉਚਾਰ, ਸਚਖੰਡ ਮਿਲੇ ਵਧਾਈਆ । ਘਰ ਵਿਚ ਘਰ ਲਏ ਉਭਾਰ, ਥਿਰ ਘਰ ਸਾਚਾ ਨਾਉਂ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਆਪ ਉਠਾਈਆ । ਸਾਚਾ ਘਰ ਉਪਜਾਇਆ, ਕਰ ਕਿਰਪਾ ਮਿਹਰਬਾਨ । ਮੰਦਰ ਅੰਦਰ ਆਪ ਸੁਹਾਇਆ, ਆਪੇ ਹੋਇਆ ਨਿਗਹਬਾਨ । ਆਪਣਾ ਦੀਪ ਆਪ ਜਗਾਇਆ, ਆਪੇ ਵੇਖੇ ਮਾਰ ਧਿਆਨ । ਛੱਪਰ ਛੰਨ ਨਾ ਕੋਈ ਛੁਹਾਇਆ, ਨਾ ਕੋਈ ਦੀਸੇ ਚਾਰ ਦੀਵਾਰ । ਸੂਰਜ ਚੰਨ ਨਾ ਕੋਈ ਚੜ੍ਹਾਇਆ, ਮੰਡਲ ਮੰਡਪ ਨਾ ਦਏ ਸਹਾਰ । ਗਗਨ ਪਾਤਾਲ ਨਾ ਕੋਈ ਵਖਾਇਆ, ਜ਼ਿਮੀਂ ਅਸਮਾਨ ਨਾ ਦਏ ਸਹਾਰ । ਇਕ ਅਕੱਲਾ ਵੇਸ ਵਟਾਇਆ, ਆਦਿ ਪੁਰਖ ਏਕੰਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਆਪਣੀ ਕਾਰ । ਥਿਰ ਘਰ ਸਾਚਾ ਖੋਲ੍ਹਿਆ, ਘਰ ਘਰ ਵਿਚ ਕਰ ਤਿਆਰ । ਕਰੇ ਖੇਲ ਹਰਿ ਅਡੋਲਿਆ, ਇਕ ਅਕੱਲਾ ਏਕੰਕਾਰ । ਆਪਣੀ ਧਾਰ ਆਪਣੇ ਵਿਚੋਂ ਆਪੇ ਬੋਲਿਆ, ਆਪ ਆਪਣਾ ਕਰੇ ਉਜਿਆਰ । ਆਪਣਾ ਭੰਡਾਰਾ ਆਪੇ ਖੋਲ੍ਹਿਆ, ਆਪੇ ਲਏ ਪਰਵਰਦਿਗਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਪਾਏ ਆਪਣੀ ਸਾਰ । ਸਚਖੰਡ ਥਿਰ ਘਰ ਅਪਾਰਾ, ਹਰਿ ਸਾਚੇ ਸਚ ਉਪਜਾਇਆ । ਸਚਖੰਡ ਦਵਾਰੇ ਆਪ ਨਿਰੰਕਾਰਾ, ਥਿਰ ਘਰ ਸ਼ਬਦੀ ਮੇਲ ਮਿਲਾਇਆ । ਸ਼ਬਦ ਅਨਾਦ ਸੱਚੀ ਧੁੰਨਕਾਰਾ, ਗ੍ਰਿਹ ਮੰਦਰ ਆਪ ਸੁਣਾਇਆ । ਆਪੇ ਹੋਏ ਸੁਨਣਹਾਰਾ, ਦੂਸਰ ਅਵਰ ਨਾ ਕੋਈ ਜਣਾਇਆ । ਆਦਿ ਪੁਰਖ ਖੇਲ ਅਪਾਰਾ, ਆਪਣੀ ਧਾਰਾ ਆਪ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸ਼ਬਦ ਦਏ ਵਡਿਆਇਆ । ਹਰਿ ਇਛਿਆ ਸ਼ਬਦ ਨਾਉਂ, ਨਾਮ ਨਾਮਾ ਨਾਮ ਵਡਿਆਈਆ । ਪਾਰਬ੍ਰਹਮ ਬ੍ਰਹਮ ਕਰੇ ਚਾਓ, ਚਾਓ ਘਨੇਰਾ ਇਕ ਵਖਾਈਆ । ਨਿਰਗੁਣ ਨਿਰਵੈਰ ਪੁਰਖ

ਅਕਾਲ ਦੀਨ ਦਿਆਲ ਪਕੜੇ ਬਾਂਹੋ, ਪਕੜਨਹਾਰਾ ਸਹਿਜ ਸੁਖਦਾਈਆ । ਸਤਿ ਸਤਿਵਾਦੀ ਬਣਿਆ ਪਿਤਾ ਮਾਉਂ, ਅਜੂਨੀ ਰਹਿਤ ਦਿਸ ਨਾ ਆਈਆ । ਸ਼ਬਦ ਸੁਹੇਲਾ ਇਕ ਅਕੇਲਾ ਸਦ ਦੇਵੇ ਠੰਡੀ ਛਾਉਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਆਪਣੇ ਹੱਥ ਰਖਾਈਆ । ਸ਼ਬਦੀ ਸ਼ਬਦ ਸੁਤ ਦੁਲਾਰਾ ਕਰ ਤਿਆਰਾ, ਧੁਰ ਫ਼ਰਮਾਨਾ ਆਪ ਜਣਾਇੰਦਾ । ਸਚਖੰਡ ਜੋਤ ਜਗਾਏ ਅਗੰਮ ਅਪਾਰਾ, ਥਿਰ ਘਰ ਅਨਾਦੀ ਨਾਦ ਵਜਾਇੰਦਾ । ਲਿਖੇ ਲੇਖ ਅਪਰ ਅਪਾਰਾ, ਅਪਰੰਪਰ ਆਪਣਾ ਰੂਪ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਇਛਿਆ ਆਪ ਪ੍ਰਗਟਾਇੰਦਾ । ਆਪਣੀ ਇਛਿਆ ਆਪਣਾ ਬਲ ਧਾਰ, ਆਪੇ ਸੇਵ ਕਮਾਈਆ । ਆਪੇ ਪੁਰਖ ਆਪੇ ਨਾਰ, ਕੰਤ ਕੰਤੂਹਲ ਆਪਣੇ ਮੰਦਰ ਸੋਭਾ ਪਾਈਆ । ਆਪੇ ਕਰੇ ਸਚ ਪਿਆਰ, ਸਚ ਸੁਹੰਜਣੀ ਸੇਜ ਸੁਹਾਈਆ । ਆਪੇ ਗਾਏ ਆਪਣਾ ਮੰਗਲਾਚਾਰ, ਗੀਤ ਗੋਬਿੰਦ ਆਪ ਅਲਾਈਆ । ਆਪੇ ਖੇਲ ਕਰੇ ਅਪਾਰ, ਖੇਲਣਹਾਰਾ ਦਿਸ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਾਕਾਰ ਵਡੀ ਵਡਿਆਈਆ । ਨਿਰਾਕਾਰ ਨਿਰਵੈਰ ਨਿਰਾਹਾਰ ਸਮਾਇਆ, ਮਹਿਮਾ ਅਕਥ ਕਥੀ ਨਾ ਜਾਈਆ । ਆਪਣਾ ਭੇਵ ਨਾ ਕਿਸੇ ਜਣਾਇਆ, ਭੇਵ ਅਭੇਦਾ ਆਪ ਅਖਵਾਈਆ । ਬੋਧ ਅਗਾਧ ਅਗਾਧ ਬੋਧ ਜਣਾਇਆ, ਲੇਖਾ ਲਿਖ ਨਾ ਸਕੇ ਕੋਈ ਰਾਈਆ । ਆਪਣੀ ਇਛਿਆ ਆਪਣਾ ਨਾਦ ਵਜਾਇਆ, ਆਪੇ ਲਏ ਸੁਣਾਈਆ । ਆਪਣੀ ਇਛਿਆ ਸਾਚੀ ਵਸਤ ਏਕਾ ਦਾਦ ਝੋਲੀ ਪਾਇਆ, ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਅਬਿਨਾਸ਼ੀ ਕਰਤਾ ਇਕ ਅਕੱਲਾ ਏਕੰਕਾਰਾ, ਸਾਚੇ ਮੰਦਰ ਹੋ ਉਜਿਆਰਾ, ਥਿਰ ਘਰ ਵੇਖੇ ਆਪ ਪਸਾਰਾ, ਆਪਣਾ ਹੁਕਮ ਆਪ ਵਰਤਾਈਆ । ਸਾਚਾ ਹੁਕਮ ਧੁਰ ਫ਼ਰਮਾਨਾ, ਹਰਿ ਸਾਚਾ ਸਚ ਜਣਾਇੰਦਾ । ਸਾਚੇ ਤਖ਼ਤ ਬੈਠਾ ਸਾਚਾ ਰਾਣਾ, ਸ਼ਹਿਨਸ਼ਾਹ ਆਪਣਾ ਖੇਲ ਆਪ ਖਿਲਾਇੰਦਾ । ਆਪਣਾ ਦੇਵੇ ਆਪੇ ਮਾਣਾ, ਆਪਣਾ ਮਾਣ ਆਪ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪੇ ਹੋਏ ਜਾਣੀ ਜਾਣਾ, ਜਾਨਣਹਾਰ ਆਪਣਾ ਰੰਗ ਆਪ ਰੰਗਾਇੰਦਾ । ਨਿਰਗੁਣ ਅੰਦਰ ਨਿਰਗੁਣ ਧਰ, ਨਿਰਗੁਣ ਖੇਲ ਕਰਾਇਆ । ਨਿਰਗੁਣ ਮੰਦਰ ਨਿਰਗੁਣ ਵੜ, ਨਿਰਗੁਣ ਮੇਲ ਮਿਲਾਇਆ । ਨਿਰਗੁਣ ਸੇਜਾ ਨਿਰਗੁਣ ਬੈਠਾ ਚੜ੍ਹ, ਨਿਰਗੁਣ ਰੰਗ ਰੰਗਾਇਆ । ਨਿਰਗੁਣ ਵਿਦਿਆ ਨਿਰਗੁਣ ਰਿਹਾ ਪੜ੍ਹ, ਨਿਸ਼ਅਖੱਰ ਆਪ ਪ੍ਰਗਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੂਪ ਆਪ ਧਰਾਇਆ । ਹਰਿ ਮੰਦਰ ਰੂਪ ਧਰਾਇੰਦਾ, ਨਿਰਗੁਣ ਦਾਤਾ ਮਿਹਰਵਾਨ । ਆਪਣੀ ਕੁੱਖ ਆਪ ਸੁਹਾਇੰਦਾ, ਆਪੇ ਦੇਵੇ ਦਾਨੀ ਦਾਨ । ਆਪਣਾ ਮੁਖ ਉਜਲ ਆਪ ਕਰਾਇੰਦਾ, ਆਪ ਵੇਖੇ ਆਪਣਾ ਆਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸ੍ਰੀ ਭਗਵਾਨ । ਸ੍ਰੀ ਭਗਵਾਨ ਦਯਾ ਕਮਾ, ਆਪਣੀ ਰਚਨਾ ਆਪ ਰਚਾਈਆ । ਆਪਣਾ ਰੂਪ ਆਪ ਪ੍ਰਗਟਾ, ਵਿਸ਼ਨ ਵਿਸ਼ਵ ਆਪਣਾ ਨਾਉਂ ਧਰਾਈਆ । ਵਾਸਤਕ ਖੇਲ ਆਪੇ ਰਿਹਾ ਖਿਲਾ, ਆਪ ਆਪਣਾ ਬੰਧਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਵਸਤ ਵਸਤ ਅਨਮੋਲ ਆਪਣੇ ਕੰਡੇ ਦੇਵੇ ਤੋਲ, ਸਾਚਾ ਕੰਡਾ ਹੱਥ ਉਠਾਈਆ । ਵਿਸ਼ਨੂੰ ਅੰਦਰ ਵਿਸ਼ਵ ਭੰਡਾਰ, ਹਰਿ ਸਾਚੇ ਸਚ ਧਰਾਇਆ । ਆਪਣੀ ਕ੍ਰਿਪਾ ਆਪੇ ਧਾਰ, ਆਪ ਆਪਣਾ ਮੇਲ ਮਿਲਾਇਆ । ਆਪਣੇ ਚਰਨਾ ਆਪੇ ਬਖ਼ਸ਼ੇ ਸਚ ਪਿਆਰ, ਆਪੇ

ਲੇਖਾ ਦਏ ਸਮਝਾਇਆ । ਆਪਣੀ ਧਾਰਾ ਠੰਡਾ ਠਾਰ, ਆਪੇ ਅੰਮ੍ਰਿਤ ਮੇਘ ਬਰਸਾਇਆ । ਆਪੇ ਨਾਭੀ ਕਵਲ ਕਰ ਤਿਆਰ, ਆਪ ਆਪਣਾ ਵਿਚ ਸਮਾਇਆ । ਆਪੇ ਹੁਕਮੀ ਹੁਕਮ ਕਰਾਏ ਸਾਚੀ ਕਾਰ, ਹੁਕਮ ਹਾਕਮ ਆਪ ਅਲਾਇਆ । ਆਪ ਕਵਲ ਕਵਲਾ ਖਿੜੀ ਗੁਲਜ਼ਾਰ, ਪਤ ਡਾਲ੍ਹੀ ਆਪ ਮਹਿਕਾਇਆ । ਆਪੇ ਪਾਰਬ੍ਰਹਮ ਆਪਣੀ ਵੰਡ ਵੰਡੇ ਨਿਰੰਕਾਰ, ਹਰਿ ਨਿਰੰਕਾਰ ਭੇਵ ਕਿਸੇ ਨਾ ਪਾਇਆ । ਆਪੇ ਵੇਖੇ ਪੰਖੜੀਆਂ ਖਿਲੀ ਗੁਲਜ਼ਾਰ, ਮਹਿਕ ਮਹਿਕ ਆਪ ਮਹਿਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਆਪਣੀ ਧਾਰ ਏਕਾ ਹਰਿ ਵੇਖ ਵਖਾਇਆ । ਆਪੇ ਫੁਲ ਕਵਲ ਨਾਭ, ਨਾਭੀ ਕਵਲ ਆਪ ਉਪਜਾਈਆ । ਆਪੇ ਵਿਸ਼ਨ ਮੇਲਾ ਮਾਧਵ ਮਾਧ, ਆਪੇ ਭਗਵਾਨ ਵੇਸ ਵਟਾਈਆ । ਆਪੇ ਦੇਵਣਹਾਰਾ ਦਾਦ, ਆਪੇ ਝੋਲੀ ਅੱਗੇ ਡਾਹੀਆ । ਆਪੇ ਹੋਏ ਰਹੇ ਵਿਸਮਾਦਿ, ਵਿਸਮਾਦੀ ਵਿਸਮਾਦਿ ਭੇਵ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦਰ ਘਰ ਸਾਚੇ ਆਪਣੀ ਰਚਨਾ ਆਪੇ ਵੇਖ ਵਖਾਈਆ । ਆਪੇ ਕਵਲ ਕਵਲ ਉਜਿਆਰ, ਆਪੇ ਨਾਭੀ ਅੰਮ੍ਰਿਤ ਕਵਲ ਮੁਖ ਚੁਆਇੰਦਾ । ਆਪੇ ਪਾਰਬ੍ਰਹਮ ਬ੍ਰਹਮ ਭੇਵ ਨਿਆਰ, ਦਿਸ ਕਿਸੇ ਨਾ ਆਇੰਦਾ । ਆਪੇ ਬ੍ਰਹਮ ਕਰ ਪਸਾਰ, ਪਾਰਬ੍ਰਹਮ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਵਿਸ਼ਨ ਆਪੇ ਬ੍ਰਹਮਾ, ਆਪਣੇ ਅੰਦਰੋਂ ਆਪੇ ਜੰਮਾ, ਮਾਤ ਪਿਤ ਨਾ ਕੋਈ ਬਣਾਇੰਦਾ । ਆਪਣਾ ਜਨਮ ਆਪੇ ਧਾਰ, ਆਪੇ ਵੇਖ ਵਖਾਇੰਦਾ । ਆਪੇ ਵਿਸ਼ਨ ਕਰੇ ਪਿਆਰ, ਆਪੇ ਬ੍ਰਹਮਾ ਸੇਵ ਕਮਾਇੰਦਾ । ਆਪੇ ਆਪਣਾ ਲੇਖਾ ਜਾਣੇ ਹਰਿ ਨਿਰੰਕਾਰ, ਲੇਖਾ ਲੇਖ ਨਾ ਕੋਈ ਵਖਾਇੰਦਾ । ਮੇਲ ਮਿਲਾਵਾ ਸਚਖੰਡ ਦਵਾਰ, ਸਚਖੰਡ ਦਵਾਰਾ ਸੋਭਾ ਪਾਇੰਦਾ । ਆਪੇ ਥਿਰ ਘਰ ਸਾਚਾ ਖੋਲ੍ਹ ਕਿਵਾੜ, ਆਪਣਾ ਪਰਦਾ ਲਾਹਿੰਦਾ । ਆਪੇ ਅੰਮ੍ਰਿਤ ਬਖ਼ਸ਼ੇ ਠੰਡਾ ਠਾਰ, ਚਰਨ ਚਰਨੋਦਕ ਮੁਖ ਚੁਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵੇਸ ਆਪ ਵਟਾਇੰਦਾ । ਆਪੇ ਵਸੇ ਧਾਮ ਨਿਆਰ, ਆਪੇ ਧੂਆਂਧਾਰ ਸਮਾਇਆ । ਆਪੇ ਸੁੰਨ ਅਗੰਮੀ ਖੇਲੇ ਖੇਲ ਨਿਆਰ, ਆਪੇ ਆਕਾਸ਼ ਪ੍ਰਕਾਸ਼ ਸਮਾਇਆ । ਆਪੇ ਵਸਿਆ ਸਭ ਤੋਂ ਬਾਹਰ, ਦਿਸ ਕਿਸੇ ਨਾ ਆਇਆ । ਆਪੇ ਆਪਣੀ ਇਛਿਆ ਬਣ ਵਰਤਾਰ, ਆਪੇ ਸਾਚੀ ਭਿਛਿਆ ਲਏ ਪਰਗਟਾਇਆ । ਆਪੇ ਬ੍ਰਹਮਾ ਵੇਤਾ ਕਰੇ ਪਿਆਰ, ਆਪੇ ਸ਼ੰਕਰ ਮੂਲ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਅਨਾਦੀ ਸੁਤ ਨਾਉਂ ਧਰਾਇਆ । ਅਨਾਦੀ ਸੁਤ ਹਰਿ ਨਿਰੰਕਾਰ, ਆਪਣਾ ਆਪ ਪਰਗਟਾਈਆ । ਆਪੇ ਵਿਸ਼ਨ ਕਰੇ ਪਿਆਰ, ਆਪੇ ਬ੍ਰਹਮਾ ਪਾਰਬ੍ਰਹਮ ਮਿਲਾਈਆ । ਆਪੇ ਸ਼ੰਕਰ ਲੇਖਾ ਏਕਾ ਧਾਰ, ਗੁਣਵੰਤਾ ਗੁਣ ਵਡਿਆਈਆ । ਤਿੰਨਾਂ ਵਿਚੋਲਾ ਬਣ ਕਰਤਾਰ, ਕਰਤਾ ਪੁਰਖ ਖੇਲ ਖਿਲਾਈਆ । ਦੇਵੇ ਵਸਤ ਅਪਰ ਅਪਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮਾ ਸ਼ਿਵ ਲਏ ਉਠਾਈਆ । ਵਿਸ਼ਨ ਉਠਾਇਆ ਹਰਿ ਕਰਤਾਰ, ਏਕਾ ਹੁਕਮ ਸੁਣਾਇੰਦਾ । ਤੇਰਾ ਰੂਪ ਅਗੰਮ ਅਪਾਰ, ਪੁਰਖ ਅਬਿਨਾਸ਼ੀ ਆਪ ਬਣਾਇੰਦਾ । ਸਾਚੀ ਵਸਤ ਦੇਵੇ ਥਾਰ, ਅਤੋਟ ਅਤੁਟ ਰਖਾਇੰਦਾ । ਲੇਖਾ ਜਾਣੇ ਧੁਰ ਦਰਬਾਰ, ਦਰਗਹਿ ਸਾਚੀ ਸੋਭਾ ਪਾਇੰਦਾ । ਆਦਿ ਜੁਗਾਦਿ ਕਿਰਤੀ ਕਾਰ, ਕਰਤਾ ਆਪਣੀ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪਣਾ ਭੇਵ ਆਪ ਖੁਲਾਇੰਦਾ ।

੧੯੧
੧੦

ਵਿਸ਼ਨੂੰ ਉਠ ਕਰ ਧਿਆਨ, ਹਰਿ ਸਾਚੇ ਸਚ ਜਣਾਇਆ । ਮੇਰਾ ਹੁਕਮ ਸੱਚਾ ਫ਼ਰਮਾਨ, ਤੇਰੀ ਸੇਵਾ ਇਕ ਜਣਾਇਆ । ਤੇਰਾ ਰੂਪ ਦੋ ਜਹਾਨ, ਦੋ ਜਹਾਨਾਂ ਲਏ ਪਰਗਟਾਇਆ । ਮੇਰਾ ਨਾਉਂ ਤੇਰਾ ਨਿਸ਼ਾਨ, ਹਰਿ ਨਿਰੰਕਾਰਾ ਲਏ ਝੁਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਆਪਣਾ ਦਾਨ । ਆਪਣੀ ਦਇਆ ਆਪ ਕਮਾਇਆ । ਵਿਸ਼ਨੂੰ ਸੁਣਿਆ ਕਰ ਧਿਆਨ, ਹਰਿ ਸਾਚੇ ਸਚ ਜਣਾਇਆ । ਅੱਗੇ ਉਠਿਆ ਬਾਲ ਨਾਦਾਨ, ਨਿਉਂ ਨਿਉਂ ਸੀਸ ਝੁਕਾਇਆ । ਤੂੰ ਸ਼ਾਹ ਪਾਤਸ਼ਾਹ ਰਾਜ ਰਾਜਾਨ, ਹਉਂ ਸੇਵਕ ਸੇਵ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦਵਾਰਾ ਮੰਗਣ ਤੇਰਾ ਆਇਆ । ਵਿਸ਼ਨੂੰ ਮੰਗੇ ਮੰਗ ਅਪਾਰ, ਪ੍ਰਭ ਅੱਗੇ ਝੋਲੀ ਡਾਹੀਆ । ਕਰ ਕਿਰਪਾ ਆਪ ਨਿਰੰਕਾਰ, ਦਰ ਦਰਵੇਸ਼ ਬੈਠਾ ਸੀਸ ਝੁਕਾਈਆ । ਕਵਣ ਦਵਾਰ ਕਰਾਂ ਕਾਰ, ਕਵਣ ਸੇਵਾ ਮੋਹੇ ਬਣ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸਿਖਿਆ ਦਏ ਸਮਝਾਈਆ । ਹਰਿ ਪੁਰਖ ਨਿਰੰਜਣ ਸਤਿ ਸਮਝਾਇੰਦਾ, ਨਿਸ਼ਅੱਖਰ ਆਪ ਪੜ੍ਹਾ । ਵਿਸ਼ਨੂੰ ਤੇਰਾ ਵਿਸ਼ਵ ਰੂਪ ਵਖਾਇੰਦਾ, ਪੁਰਖ ਅਬਿਨਾਸ਼ੀ ਬੇਪਰਵਾਹ । ਆਪਣੀ ਧਾਰਾ ਤੇਰੇ ਵਿਚ ਟਿਕਾਇੰਦਾ, ਜੋਤੀ ਜੋਤ ਜੋਤ ਸਮਾ । ਤੇਰਾ ਕਿਲਾ ਕੋਟ ਇਕ ਵਸਾਇੰਦਾ, ਤੇਰੇ ਬੰਕ ਡੇਰਾ ਲਾ । ਆਪਣਾ ਰੰਗ ਆਪ ਰੰਗਾਇੰਦਾ, ਉਤਰ ਕਦੇ ਨਾ ਜਾ । ਏਕਾ ਮਰਦੰਗ ਸਚ ਸੁਣਾਇੰਦਾ, ਨਾਦ ਅਨਾਦੀ ਧੁੰਨ ਵਜਾ । ਆਪਣਾ ਪੰਧ ਆਪ ਮੁਕਾਇੰਦਾ, ਸਵੱਛ ਸਰੂਪੀ ਦਰਸ ਦਿਖਾ । ਸਾਚੇ ਧੰਦੇ ਆਪੇ ਲਾਇੰਦਾ, ਘਰ ਘਰ ਦੇਣਾ ਰਿਜ਼ਕ ਪੁਚਾ । ਆਪਣੀ ਵੰਡਨ ਆਪ ਵੰਡਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਿਫ਼ਤ ਸਾਲਾਹ । ਸਾਚੀ ਮੰਗ ਮੰਗ ਦਵਾਰ, ਵਿਸ਼ਨੂੰ ਸੀਸ ਝੁਕਾਇਆ । ਕਵਣ ਘਰ ਕਵਣ ਦਰ ਕਵਣ ਹਰ ਕਰਾਂ ਪਸਾਰ, ਕਵਣ ਵੇਸ ਅਨੇਕ ਵਟਾਇਆ । ਕਵਣ ਭੌ ਕਵਣ ਭੈ ਕਵਣ ਰੱਖਾਂ ਡਰ, ਕਵਣ ਨੇਤਰ ਨੈਣ ਸ਼ਰਮਾਇਆ । ਕਵਣ ਦਵਾਰ ਸਰਨ ਸਰਨਾਈ ਜਾਵਾਂ ਪੜ, ਸੀਸ ਜਗਦੀਸ਼ ਇਕ ਝੁਕਾਇਆ । ਕਵਣ ਦਵਾਰਾ ਜਾਣਾ ਵੜ, ਸਚ ਸਿੰਘਾਸਣ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਵਿਸ਼ਨੂੰ ਵਿਸ਼ਵ ਬੈਠਾ ਅੱਗੇ ਝੋਲੀ ਡਾਹਿਆ । ਪੁਰਖ ਅਬਿਨਾਸ਼ੀ ਦਇਆ ਕਮਾਇੰਦਾ, ਹਰਿ ਵੱਡਾ ਬੇਪਰਵਾਹ । ਵਿਸ਼ਨੂੰ ਤੇਰੀ ਸੇਵਾ ਸਚ ਲਗਾਇੰਦਾ, ਹਰ ਘਟ ਅੰਦਰ ਜਾਣਾ ਸਮਾ । ਤੇਰੇ ਵਸਤ ਇਕ ਹੱਥ ਰਖਾਇੰਦਾ, ਘਰ ਘਰ ਦੇਣਾ ਰਿਜ਼ਕ ਪੁਚਾ । ਨਵ ਨਵ ਤੇਰਾ ਬੰਧ ਆਪੇ ਪਾਇੰਦਾ, ਚਾਰ ਚਾਰ ਲੇਖਾ ਦਏ ਸਮਝਾ । ਜੁਗ ਚੌਕੜੀ ਤੇਰੀ ਗੋਦ ਬਹਾਇੰਦਾ, ਵਡ ਦਾਤਾ ਬੇਪਰਵਾਹ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦਿਤਾ ਸਾਚਾ ਵਰ, ਅਭੁੱਲ ਰੂਪ ਆਪ ਅਖਵਾ । ਵਿਸ਼ਨੂੰ ਵਰ ਘਰ ਸਾਚਾ ਪਾਇਆ, ਘਰ ਸਾਚੇ ਵੱਜੀ ਵਧਾਈਆ । ਬ੍ਰਹਮੇ ਉਠ ਸੀਸ ਨਿਵਾਇਆ, ਹਰਿ ਚਰਨ ਕਵਲ ਧਿਆਨ ਲਗਾਈਆ । ਚਾਰ ਕੁੰਟ ਦਹਿ ਦਿਸ਼ਾ ਵੇਖ ਵਖਾਇਆ, ਹਰਿ ਏਕਾ ਹਰਿ ਹਰਿ ਨਜ਼ਰੀ ਆਈਆ । ਨੂਰੋ ਨੂਰ ਡਗਮਗਾਇਆ, ਤਤਵ ਤਤ ਨਾ ਕੋਇ ਬਣਾਈਆ । ਸਚ ਸੰਦੇਸ਼ਾ ਰਿਹਾ ਸੁਣਾਇਆ, ਰਸਨਾ ਜਿਹਵਾ ਨਾ ਕੋਇ ਹਿਲਾਈਆ । ਕਾਗ਼ਜ਼ ਕ਼ਲਮ ਨਾ ਕੋਇ ਰਖਾਇਆ, ਨਾ ਕੋਈ ਰੱਖੇ ਸ਼ਾਹੀਆ । ਹਰਿ ਨਰ ਨਰੇਸ਼ ਸਾਚੇ ਤਖ਼ਤ ਬੈਠਾ ਸੋਭਾ ਪਾਇਆ, ਪਾਰਬ੍ਰਹਮ ਵਡੀ ਵਡਿਆਈਆ । ਬ੍ਰਹਮਾ ਵੇਤਾ ਬਾਲ ਅੰਞਾਣਾ ਆਪ ਉਠਾਇਆ, ਦੇ ਮਤ ਰਿਹਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ

੧੯੨
੧੦

ਜੁਗਾਦੀ ਏਕਾ ਹਰਿ, ਆਪਣੀ ਰਚਨਾ ਆਪੇ ਰਿਹਾ ਰਚਾਈਆ । ਬ੍ਰਹਮੇ ਉਠ ਬਾਲ ਨਾਦਾਨ, ਹਰਿ ਸਾਚਾ ਆਪ ਉਠਾਇੰਦਾ । ਪੁਰਖ ਅਕਾਲ ਹੋਇਆ ਮਿਹਰਬਾਨ, ਦੀਨ ਦਿਆਲ ਦਇਆ ਕਮਾਇੰਦਾ । ਅੰਮ੍ਰਿਤ ਆਤਮ ਬਖ਼ਸ਼ੇ ਪੀਣ ਖਾਣ, ਤ੍ਰਿਸ਼ਨਾ ਤ੍ਰਿਪਤ ਨਾ ਕੋਇ ਜਣਾਇੰਦਾ । ਚਰਨ ਕਵਲ ਵਖਾਏ ਸਚ ਮਕਾਨ, ਮੰਡਲ ਮੰਡਪ ਆਪ ਸੁਹਾਇੰਦਾ । ਦਾਤਾ ਦਾਨੀ ਦੇਵੇ ਦਾਨ, ਵਸਤ ਅਮੋਲਕ ਝੋਲੀ ਪਾਇੰਦਾ । ਤੇਰਾ ਨਾਉਂ ਸਾਚਾ ਬਾਣ, ਆਤਮ ਬਾਣ ਇਕ ਲਗਾਇੰਦਾ । ਤੇਰਾ ਰੂਪ ਇਕ ਮਹਾਨ, ਪਾਰਬ੍ਰਹਮ ਬ੍ਰਹਮ ਆਪ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦਰ ਘਰ ਸਾਚਾ ਸੋਭਾ ਪਾਇੰਦਾ । ਬ੍ਰਹਮ ਧਾਰ ਚਲਾਈ ਪਾਰਬ੍ਰਹਮ, ਬ੍ਰਹਮ ਵੱਜੀ ਵਧਾਈਆ । ਆਦਿ ਪੁਰਖ ਨਾ ਮਰੇ ਨਾ ਪਏ ਜੰਮ, ਜਨਮ ਮਰਨ ਵਿਚ ਕਦੇ ਨਾ ਆਈਆ । ਕਰਤਾ ਪੁਰਖ ਜਾਣੇ ਆਪਣਾ ਕੰਮ, ਕਰਨੀ ਕਿਰਤ ਰਿਹਾ ਕਮਾਈਆ । ਹਰਖ ਸੋਗ ਨਾ ਖ਼ੁਸ਼ੀ ਗ਼ਮ, ਏਕਾ ਰੰਗ ਰਖਾਈਆ । ਆਪਣਾ ਬੇੜਾ ਆਪੇ ਬੰਨ੍ਹ, ਪਾਰਬ੍ਰਹਮ ਬ੍ਰਹਮ ਲੇਖਾ ਦਏ ਜਣਾਈਆ । ਆਪੇ ਜਣਿਆ ਬਣ ਜਣੇਂਦੀ ਮਾਈ ਜਣ, ਦਾਈ ਦਾਇਆ ਸੇਵ ਕਮਾਈਆ । ਆਪਣਾ ਰਾਗ ਸੁਣਾਇਆ ਕੰਨ, ਆਪਣਾ ਪਰਦਾ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਦਿਤਾ ਏਕਾ ਵਰ, ਭੁਲ ਕਦੇ ਨਾ ਜਾਈਆ । ਬ੍ਰਹਮੇ ਵਰ ਘਰ ਹਰਿ ਸਾਚਾ ਪਾਇਆ, ਦਰ ਸਾਚੇ ਸੀਸ ਝੁਕਾਈਆ । ਪੁਰਖ ਅਬਿਨਾਸ਼ ਤੇਰੀ ਸਰਨਾਇਆ, ਹਉਂ ਬਾਲਕ ਮੰਗ ਮੰਗਾਈਆ । ਕਵਣ ਰੂਪ ਸਤਿ ਸਰੂਪ ਤੇਰਾ ਦਰਸ਼ਨ ਪਾਇਆ, ਕਵਣ ਨੂਰ ਰੁਸ਼ਨਾਈਆ । ਕਵਣ ਕੂਟ ਹਰਿ ਡੇਰਾ ਲਾਇਆ, ਕਵਣ ਰਸਨ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਉਂ ਮੰਗਣ ਭਿਖਾਰੀ ਆਈਆ । ਹਰਿ ਭਿਖਕ ਭਿਖਾਰੀ ਯਾਚਕ ਦੇਵੇ ਦਾਨ, ਦੀਨਾ ਨਾਥ ਦਇਆ ਕਮਾਇੰਦਾ । ਬ੍ਰਹਮੇ ਦੇਵੇ ਧੁਰ ਫ਼ਰਮਾਨ, ਸਚ ਸੰਦੇਸ਼ ਇਕ ਸੁਣਾਇੰਦਾ । ਤੇਰਾ ਮੇਰਾ ਏਕਾ ਮਾਣ, ਤੇਰਾ ਰੂਪ ਆਪਣਾ ਰੂਪ ਧਰ ਵਖਾਇੰਦਾ । ਮੇਰਾ ਨਾਉਂ ਸੱਚਾ ਨਿਸ਼ਾਨ, ਨਾਉਂ ਨਿਰੰਕਾਰ ਆਪ ਪਰਗਟਾਇੰਦਾ । ਲੇਖਾ ਜਾਣੇ ਸ੍ਰੀ ਭਗਵਾਨ, ਲਿਖਤ ਲੇਖ ਨਾ ਕੋਇ ਵਖਾਇੰਦਾ । ਨਿਸ਼ਅੱਖਰ ਰੂਪ ਕਰ ਪਰਧਾਨ, ਪਾਰਬ੍ਰਹਮ ਬ੍ਰਹਮ ਵੇਖ ਵਖਾਇੰਦਾ । ਸੋਹੰ ਰੂਪ ਚਲੇ ਮਹਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਨਿਰਗੁਣ ਵਸੇ ਏਕ ਘਰ, ਘਰ ਮੰਦਰ ਸੋਭਾ ਪਾਇੰਦਾ । ਬ੍ਰਹਮੇ ਤੇਰੀ ਸਾਚੀ ਸੇਵ, ਅਲਖ ਅਭੇਵ ਆਪ ਜਣਾਇੰਦਾ । ਮੇਰਾ ਨਾਉਂ ਤੇਰੀ ਜਿਹਵ, ਤੇਰੀ ਜਿਹਵ ਗੀਤ ਏਕਾ ਗਾਇੰਦਾ । ਮੇਲ ਮਿਲਾਵਾ ਹਰਿ ਨਿਹਕੇਵ, ਨੇਹਚਲ ਧਾਮ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਦਰ ਘਰ ਸਾਚੇ ਵੇਖ ਵਖਾਇੰਦਾ । ਸਾਚਾ ਵਰ ਹਰਿ ਇਕ ਜਣਾਇਆ, ਅਤੋਟ ਅਤੁਟ ਵਡੀ ਵਡਿਆਈਆ । ਲੱਖ ਚੁਰਾਸੀ ਤੇਰੀ ਝੋਲੀ ਪਾਇਆ, ਘੜਨਹਾਰ ਇਕ ਸ਼ਹਿਨਸ਼ਾਹੀਆ । ਸ਼ੰਕਰ ਤੇਰਾ ਮੇਲ ਮਿਲਾਇਆ, ਧੂਆਂਧਾਰ ਸੁੰਨ ਅਗੰਮ ਫੋਲ ਫੁਲਾਈਆ । ਆਪਣਾ ਲੇਖਾ ਹੱਥ ਫੜਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਦਿ ਪੁਰਖ ਪੁਰਖ ਹਰਿ, ਨਿਰਭੌ ਨਾ ਰੱਖੇ ਕੋਇ ਡਰ, ਭੈ ਵਿਚ ਕਦੇ ਨਾ ਆਇਆ । ਸ਼ੰਕਰ ਉਠਾਇਆ ਕਿਰਪਾ ਨਿਧ, ਆਪਣੀ ਖੇਲ ਆਪ ਖਿਲਾਈਆ । ਆਪੇ ਜਾਣੇ ਆਪਣੀ ਬਿਧ, ਆਪਣਾ ਭੇਵ ਆਪ ਸਮਝਾਈਆ । ਏਕਾ ਨਾਮ ਨਿਧਾਨ ਦੇਵੇ ਅੰਮ੍ਰਿਤ ਸਿੰਚ, ਹਰਿਆਵਲ ਹਰਿਆ ਆਪ ਕਰਾਈਆ । ਆਪੇ ਮੰਦਰ ਰਿਹਾ

ਭਿੰਚ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਏਕਾ ਖੰਡਾ ਹੱਥ ਫੜਾਈਆ । ਕਿਰਪਾ ਕਰ ਗੁਣ ਨਿਧਾਨ, ਏਕਾ ਖੇਲ ਖਿਲਾਇੰਦਾ । ਇਕ ਵਖਾਏ ਸਚ ਨਿਸ਼ਾਨ, ਚਰਨ ਧੂੜ ਆਪ ਵਖਾਇੰਦਾ । ਸਚ ਬਿਭੂਤੀ ਦੇਵੇ ਦਾਨ, ਖ਼ਾਕੀ ਖ਼ਾਕ ਰਮਾਇੰਦਾ । ਏਕਾ ਅੰਤਰ ਇਕ ਗਿਆਨ, ਏਕਾ ਮੰਤਰ ਨਾਮ ਦ੍ਰਿੜਾਇੰਦਾ । ਏਕਾ ਵੇਖੇ ਹੋਏ ਨਿਗਹਬਾਨ, ਏਕਾ ਸਾਚੀ ਸੇਵ ਕਮਾਇੰਦਾ । ਏਕਾ ਦੇਵੇ ਧੁਰ ਫ਼ਰਮਾਨ, ਆਪਣਾ ਹੁਕਮ ਆਪ ਸੁਣਾਇੰਦਾ । ਸ਼ੰਕਰ ਮੇਟਣਾ ਇਕ ਨਿਸ਼ਾਨ, ਜੋ ਘੜਿਆ ਭੰਨ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣਾ ਬੰਧਨ ਆਪੇ ਪਾਇੰਦਾ । ਸ਼ਿਵ ਵਿਸ਼ਨ ਬ੍ਰਹਮਾ ਹਰਿ ਬੰਧਨ ਪਾ, ਏਕਾ ਹੁਕਮ ਸੁਣਾਇਆ । ਤਿੰਨਾਂ ਬਣ ਵਿਚੋਲਾ ਮਲਾਹ, ਸਾਚਾ ਬੇੜਾ ਆਪ ਵਖਾਇਆ । ਤਿੰਨੇ ਢਹਿ ਪਏ ਸਰਨਾ, ਨੇਤਰ ਨੈਣਾਂ ਨੀਰ ਵਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਖ਼ਾਲੀ ਹੱਥ ਰਹੇ ਵਖਾਇਆ । ਤਿੰਨਾਂ ਵਖਾਏ ਖ਼ਾਲੀ ਹੱਥ, ਵਸਤ ਅਮੋਲਕ ਹੱਥ ਨਾ ਕੋਇ ਜਣਾਈਆ । ਪਾਰਬ੍ਰਹਮ ਪਤਿ ਸਾਡੀ ਰੱਖ, ਦਰ ਆਏ ਬੈਠੇ ਰਾਹ ਤਕਾਈਆ । ਸਾਚੀ ਵਸਤ ਝੋਲੀ ਘੱਤ, ਤੇਰੀ ਸੇਵ ਲਈਏ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦਿਤਾ ਸਾਚਾ ਵਰ, ਆਪਣੀ ਦ੍ਰਿਸ਼ਟੀ ਆਪੇ ਪਾਈਆ । ਆਪਣੀ ਦ੍ਰਿਸ਼ਟੀ ਹਰਿ ਹਰਿ ਪਾਏ, ਵਿਸ਼ਨ ਬ੍ਰਹਮਾ ਸ਼ਿਵ ਤ੍ਰਿਪਤ ਕਰਾਇਆ । ਆਪਣੀ ਸ੍ਰਿਸ਼ਟੀ ਆਪ ਰਚਾਏ, ਵਿਸ਼ਨ ਬ੍ਰਹਮਾ ਸ਼ਿਵ ਸੇਵ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਿਰਪਾ ਆਪਣੀ ਵੰਡਣ ਆਪ ਵੰਡਾਇਆ । ਆਪਣੀ ਕਿਰਪਾ ਆਪੇ ਧਾਰ, ਆਪੇ ਦਇਆ ਕਮਾਇੰਦਾ । ਤਿੰਨਾਂ ਦੇਵੇ ਵਸਤ ਅਪਾਰ, ਤ੍ਰੈਗੁਣ ਆਪਣੇ ਰੰਗ ਰੰਗਾਇੰਦਾ । ਸਤੋ ਗੁਣ ਸਤਿ ਵਿਚਾਰ, ਵਿਸ਼ਨ ਕਰੇ ਇਕ ਪਿਆਰ, ਏਕਾ ਰੰਗ ਰੰਗਾਇੰਦਾ । ਰਜੋ ਰੰਗ ਜਾਣੇ ਨਿਰੰਕਾਰ, ਬ੍ਰਹਮਾ ਲੇਖਾ ਜਾਣੇ ਅੰਦਰ ਬਾਹਰ, ਦਰ ਦਵਾਰ ਆਪ ਸੁਹਾਇੰਦਾ । ਤਮੋ ਕਰੇ ਆਪ ਵਿਚਾਰ, ਸ਼ੰਕਰ ਸੰਸਾ ਦਏ ਨਿਵਾਰ, ਏਕਾ ਰੰਗਣ ਏਕਾ ਬੰਧਨ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਿੰਨਾਂ ਮੇਲਾ ਏਕਾ ਘਰ, ਏਕਾ ਰੂਪ ਦਰਸਾਇੰਦਾ । ਤ੍ਰੈਗੁਣ ਨਾਤਾ ਹਰਿ ਜੁੜਾਇਆ, ਆਪਣਾ ਬੰਧਨ ਪਾਈਆ । ਵਿਸ਼ਨੂੰ ਹੁਕਮ ਆਪ ਸੁਣਾਇਆ, ਬ੍ਰਹਮਾ ਸੁਤ ਲਏ ਉਠਾਈਆ । ਭੋਲੇ ਨਾਥ ਆਪ ਜਗਾਇਆ, ਆਲਸ ਨਿੰਦਰਾ ਦਏ ਗਵਾਈਆ । ਸ਼ੰਕਰ ਮੇਲਾ ਸਹਿਜ ਸੁਭਾਇਆ, ਆਪਣੀ ਇਛਿਆ ਨਾਲ ਮਿਲਾਈਆ । ਆਪਣੀ ਇਛਿਆ ਲਛਮੀ ਰੂਪ ਵਟਾਇਆ, ਆਪਣੀ ਸੇਵ ਆਪ ਕਮਾਈਆ । ਆਪਣਾ ਲੇਖਾ ਆਪ ਜਣਾਇਆ, ਆਪੇ ਚਾਰੋਂ ਕੁੰਟ ਵੇਖ ਵਖਾਈਆ । ਚਾਰੇ ਦਿਸ਼ਾ ਆਪੇ ਵੰਡ ਵੰਡਾਇਆ, ਦਹਿ ਦਿਸ਼ਾ ਆਪਣਾ ਭੇਵ ਅਭੇਦ ਆਪ ਖੁਲ੍ਹਾਈਆ । ਆਪਣਾ ਗਿਆਨ ਆਪ ਦ੍ਰਿੜਾਇਆ, ਭੇਵ ਅਭੇਦ ਆਪ ਖੁਲ੍ਹਾਈਆ । ਆਪਣੇ ਵੇਦਾਂ ਆਪ ਪੜ੍ਹਾਇਆ, ਆਪੇ ਕਰੇ ਸਚ ਪੜ੍ਹਾਈਆ । ਆਪਣਾ ਸ਼ਸਤਰ ਆਪ ਉਪਜਾਇਆ, ਆਪੇ ਤਿੰਨਾਂ ਮੇਲੇ ਥਾਉਂ ਥਾਈਆ । ਇਕ ਤ੍ਰਿਸ਼ੂਲ ਹੱਥ ਉਠਾਇਆ, ਬ੍ਰਹਮਾ ਵਿਸ਼ਨ ਸ਼ਿਵ ਮੁੱਖੀ ਉਪਰ ਲਾਈਆ । ਜੀਵ ਜੰਤ ਕਿਸੇ ਭੇਵ ਨਾ ਪਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣਾ ਮਾਰਗ ਆਪੇ ਲਾਈਆ । ਵਿਸ਼ਨ ਬ੍ਰਹਮਾ ਸ਼ਿਵ ਹੋ ਤਿਆਰ, ਸਾਚੀ ਸੇਵਾ ਸੇਵ ਕਮਾਈਆ । ਤ੍ਰੈਗੁਣ ਮੰਗੀ ਵਸਤ ਅਪਾਰ, ਸਤੋ ਰਜੋ ਤਮੋ ਹਰਿ ਹਰਿ ਝੋਲੀ ਪਾਈਆ । ਏਕਾ ਵਸਤ ਰੱਖੇ ਧੁਰ ਦਰਬਾਰ, ਪੁਰਖ ਅਬਿਨਾਸ਼ੀ ਬੇਪਰਵਾਹੀਆ ।

ਬ੍ਰਹਮਾ ਦੇਵੇ ਕਰ ਪਿਆਰ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਆਪੇ ਕਰ ਕਰ ਆਪਣਾ ਵਾਸ, ਸ਼ਾਹੋ ਸ਼ਾਬਾਸ ਆਪਣਾ ਮੇਲ ਮਿਲਾਈਆ । ਮੇਲ ਮਿਲਾਇਆ ਪੰਚਮ ਨਾਤਾ, ਹਰਿ ਹਰਿ ਜੋੜ ਜੁੜਾਇਆ । ਕਰੇ ਖੇਲ ਪੁਰਖ ਬਿਧਾਤਾ, ਚਤੁਰਭੁਜ ਭੇਵ ਨਾ ਰਾਇਆ । ਲੇਖਾ ਜਾਣੇ ਆਦਿ ਜੁਗਾਦਾ, ਆਪਣਾ ਖੇਲ ਆਪ ਖਿਲਾਇਆ । ਆਪਣਾ ਰੂਪ ਅਨੂਪ ਧਰੇ ਬ੍ਰਹਿਮਾਦਾ, ਨਾਦ ਅਨਾਦੀ ਨਾਦ ਸੁਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮਾ ਸ਼ਿਵ ਦਿਤਾ ਵਰ, ਸਾਚਾ ਘਾੜਨ ਲਏ ਘੜਾਇਆ । ਸਾਚਾ ਘਾੜਨ ਹਰਿ ਘੜਾਇੰਦਾ, ਦੇਵੇ ਧੁਰ ਫ਼ਰਮਾਨ । ਲੱਖ ਚੁਰਾਸੀ ਜੋਤ ਟਿਕਾਇੰਦਾ, ਖੇਲੇ ਖੇਲ ਸ੍ਰੀ ਭਗਵਾਨ । ਤ੍ਰੈਗੁਣ ਮੇਲਾ ਮੇਲ ਮਿਲਾਇੰਦਾ, ਪੰਜ ਤਤ ਕਰੇ ਪਰਧਾਨ । ਕਾਇਆ ਬੰਕ ਆਪ ਸੁਹਾਇੰਦਾ, ਵੇਖੇ ਸਚ ਨਿਸ਼ਾਨ । ਨੌ ਦਵਾਰੇ ਆਪ ਖੁਲਾਇੰਦਾ, ਆਪੇ ਵਸੇ ਸਚ ਮਕਾਨ । ਘਰ ਘਰ ਵਿਚ ਸੋਭਾ ਪਾਇੰਦਾ, ਦੀਪਕ ਜੋਤ ਜਗਾਏ ਮਹਾਨ । ਘਰ ਨਾਦ ਸ਼ਬਦ ਸੁਣਾਇੰਦਾ, ਆਪੇ ਜਾਣੇ ਆਪਣਾ ਗਾਨ । ਘਰ ਅੰਮ੍ਰਿਤ ਤਾਲ ਭਰਾਇੰਦਾ, ਕਵਲ ਨਾਭੀ ਕਰ ਪਰਵਾਨ । ਘਰ ਸੁੰਨ ਅਗੰਮ ਰਖਾਇੰਦਾ, ਘਰ ਧੂਆਂਧਾਰ ਮਸਾਣ । ਘਰ ਬਜਰ ਕਪਾਟੀ ਕੁੰਡਾ ਲਾਇੰਦਾ, ਘਰ ਪੰਚ ਵਿਕਾਰ ਨਚਾਏ ਸ਼ੈਤਾਨ । ਘਰ ਆਸਾ ਤ੍ਰਿਸ਼ਨਾ ਆਪ ਉਪਜਾਇੰਦਾ, ਘਰ ਮਾਇਆ ਮਮਤਾ ਕਰੇ ਪਰਧਾਨ । ਘਰ ਟੇਢੀ ਬੰਕ ਉਪਾਇੰਦਾ, ਸੁਖਮਨ ਨਾੜੀ ਕਰ ਪਛਾਨ । ਘਰ ਈੜਾ ਪਿੰਗਲ ਵੇਖ ਵਖਾਇੰਦਾ, ਘਰ ਚੌਦਾਂ ਲੋਕ ਹੱਟ ਦੁਕਾਨ । ਘਰ ਰਵ ਸਸ ਚਮਕਾਇੰਦਾ, ਘਰ ਮੰਡਲ ਮੰਡਪ ਵੇਖੇ ਇਕ ਨਿਸ਼ਾਨ । ਘਰ ਪਾਰਬ੍ਰਹਮ ਵੰਡ ਵੰਡਾਇੰਦਾ, ਬ੍ਰਹਮ ਦੇਵੇ ਏਕਾ ਮਾਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮਾ ਸ਼ਿਵ ਦਿਤਾ ਏਕਾ ਵਰ, ਆਪ ਬਣਾਏ ਚਤੁਰ ਸੁਜਾਨ । ਚਤੁਰ ਸੁਜਾਨ ਤ੍ਰੈਗੁਣ ਮੇਲਾ, ਹਰਿ ਸਾਚੇ ਘਰ ਕਰਾਇਆ । ਘਾੜਨ ਘੜੇ ਸੱਜਣ ਸੁਹੇਲਾ, ਲੱਖ ਚੁਰਾਸੀ ਵੇਖ ਵਖਾਇਆ । ਜੋਤ ਜਗਾਏ ਇਕ ਇਕੇਲਾ, ਨਿਰਗੁਣ ਰੂਪ ਆਪ ਧਰਾਇਆ । ਨਾ ਕੋਈ ਜਾਣੇ ਵਕਤ ਵੇਲਾ, ਵੇਦ ਕਤੇਬ ਭੇਵ ਨਾ ਰਾਇਆ । ਚਾਰੇ ਮੁਖ ਆਪੇ ਖੋਲ੍ਹਾ, ਆਪਣਾ ਗੀਤ ਆਪ ਅਲਾਇਆ । ਆਪੇ ਗਾਇਆ ਸਾਚਾ ਢੋਲਾ, ਸੋਹੰ ਆਪਣਾ ਰੂਪ ਵਟਾਇਆ । ਆਪਣੀ ਸ਼ਕਤੀ ਆਪੇ ਮੌਲਾ, ਆਦਿ ਸ਼ਕਤੀ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਦਿ ਬ੍ਰਹਮਾ ਆਦਿ ਵਿਸ਼ਨੂੰ ਆਦਿ ਸ਼ਿਵ ਆਪੇ ਲਏ ਉਠਾਇਆ । ਆਦਿ ਵਿਸ਼ਨ ਹਰਿ ਜਗਾਏ, ਆਪਣੀ ਅੰਸ ਆਪ ਪਰਗਟਾਈਆ । ਆਦਿ ਬ੍ਰਹਮਾ ਭੇਵ ਖੁਲ੍ਹਾਏ, ਪਾਰਬ੍ਰਹਮ ਵਡੀ ਵਡਿਆਈਆ । ਆਦਿ ਸ਼ੰਕਰ ਅੰਗ ਲਗਾਏ, ਅੰਗੀਕਾਰ ਇਕ ਹੋ ਜਾਈਆ । ਆਦਿ ਨਾਦ ਸ਼ਬਦ ਬ੍ਰਹਿਮਾਦਿ ਨਾਦ ਵਜਾਏ, ਤਾਰ ਸਤਾਰ ਨਾ ਕੋਈ ਹਿਲਾਈਆ । ਆਦਿ ਪੁਰਖ ਆਪਣਾ ਭੇਵ ਖੁਲ੍ਹਾਏ, ਆਪਣੀ ਕਿਰਨ ਵੰਡ ਵੰਡਾਈਆ । ਆਪਣਾ ਨੂਰ ਆਪਣੀ ਜੋਤ ਆਪਣਾ ਪ੍ਰਕਾਸ਼ ਆਪ ਧਰਾਏ, ਆਕਾਸ਼ ਪ੍ਰਕਾਸ਼ ਆਪ ਸਮਾਈਆ । ਆਪਣਾ ਸੁਨੇਹੜਾ ਫ਼ਰਮਾਨ ਆਪੇ ਭੇਜ ਆਪਣੀ ਕਾਰੇ ਆਪੇ ਲਾਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮਾ ਸ਼ਿਵ ਸੇਵਾ ਲਾ, ਲੱਖ ਚੁਰਾਸੀ ਰਚਨ ਰਚਾ, ਘਟ ਘਟ ਅੰਦਰ ਜੋਤ ਕਰੇ ਰੁਸ਼ਨਾਈਆ । ਲੱਖ ਚੁਰਾਸੀ ਘਾੜਨ ਘੜਿਆ, ਪ੍ਰਭ ਮਾਇਆ ਪਾਈ ਬੇਅੰਤ । ਨਿਰਗੁਣ ਰੂਪ ਹੋ ਅੰਦਰ ਵੜਿਆ, ਮਹਿਮਾ ਹਰਿ ਹਰਿ ਅਗਣਤ । ਸਾਚੇ ਪੌੜੇ ਆਪੇ ਚੜ੍ਹਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਆਪੇ ਲੇਖਾ ਜਾਣੇ ਆਦਿ ਅੰਤ । ਆਦਿ ਪੁਰਖ ਹਰਿ ਖੇਲ ਖਿਲਾਇਆ, ਵਿਸ਼ਨ ਬ੍ਰਹਮਾ ਸ਼ਿਵ ਸਮਝਾਇੰਦਾ । ਸਾਚਾ ਹੁਕਮ ਇਕ ਜਣਾਇਆ, ਧੁਰ ਫ਼ਰਮਾਨਾ ਇਕ ਜਣਾਇੰਦਾ । ਗਗਨ ਪਾਤਾਲਾ ਮੰਡਲ ਮੰਡਪ ਡੇਰਾ ਲਾਇਆ, ਧਰਤ ਧਵਲ ਵੇਖ ਵਖਾਇੰਦਾ । ਜਲ ਬਿੰਬ ਆਪ ਸਮਾਇਆ, ਕਵਲ ਰੂਪ ਆਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਵਖਾਇੰਦਾ । ਹਰਿ ਸਾਚਾ ਖੇਲ ਵਖਾਇੰਦਾ, ਵਿਸ਼ਨ ਬ੍ਰਹਮਾ ਸ਼ਿਵ ਕਰ ਵਿਚਾਰ । ਚਾਰੇ ਵੇਦਾਂ ਆਪ ਅਲਾਇੰਦਾ, ਆਪ ਆਪਣੀ ਕਿਰਪਾ ਧਾਰ । ਚਾਰੇ ਕੁੰਟਾਂ ਵੇਖ ਵਖਾਇੰਦਾ, ਚਾਰੇ ਜੁਗ ਕਰੇ ਵਿਚਾਰ । ਚਾਰੇ ਬਾਣੀ ਆਪ ਅਲਾਇੰਦਾ, ਪਰਾ ਪਸੰਤੀ ਮਧਮ ਬੈਖਰੀ ਧਾਰ । ਚਾਰ ਚਾਰ ਗੇੜਾ ਆਪ ਬਣਾਇੰਦਾ, ਲੇਖਾ ਜਾਣੇ ਅਗੰਮ ਅਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਰਤੇ ਵਰਤਾਵੇ ਸਚ ਵਰਤਾਰ । ਸਚ ਵਰਤਾਰ ਵਰਤਾਵਣਾ, ਹਰਿ ਸਾਚਾ ਖੇਲ ਖਿਲਾਈਆ । ਵਿਸ਼ਨ ਬ੍ਰਹਮਾ ਸ਼ਿਵ ਆਪ ਸਮਝਾਵਨਾ, ਜਗਤ ਵਾਟੜੀ ਰਾਹ ਵਖਾਈਆ । ਮਨਵੰਤਰ ਆਪਣੀ ਵੰਡ ਵੰਡਾਵਨਾ, ਵੇਦ ਵਿਦਾਤਾਂ ਜਸ ਗਾਈਆ । ਆਦਿ ਪੁਰਖ ਨਾ ਭੇਵ ਜਣਾਵਨਾ, ਪਾਰਬ੍ਰਹਮ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਤਤ ਰਿਹਾ ਜਣਾਈ । ਏਕਾ ਤੱਤ ਜਣਾਇਆ, ਵਡ ਦਾਤੇ ਹਰਿ ਮਿਹਰਵਾਨ । ਆਪੇ ਤੇਰੀ ਸੇਵ ਵਖਾਇਆ, ਨੌਂ ਦਰ ਵੇਖੇ ਜਗਤ ਦੁਕਾਨ । ਸ਼ੰਕਰ ਤੇਰਾ ਭੰਡਾਰ ਵਰਤਾਇਆ, ਵਰਤਾਵਨਹਾਰ ਇਕ ਭਗਵਾਨ । ਸ਼ੰਕਰ ਤੇਰੀ ਮਾਰ ਸਰਬ ਰਖਾਇਆ, ਮਾਰੇ ਮਾਰ ਨਿਗਹਬਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਿੰਨਾਂ ਦੇਵੇ ਇਕ ਗਿਆਨ । ਹਰਿ ਸਚ ਗਿਆਨ ਦ੍ਰਿੜਾਇਆ, ਭੁਲ ਰਹੇ ਨਾ ਰਾਈਆ । ਧਰਤ ਧਵਲ ਵੰਡ ਵੰਡਾਇਆ, ਨੌਂ ਨੌਂ ਵੇਖ ਵਖਾਈਆ । ਸਤਿ ਸਤਿ ਰੰਗ ਰੰਗਾਇਆ, ਸਤਿ ਸਤਿਵਾਦੀ ਸੱਚਾ ਸ਼ਹਿਨਸ਼ਾਹੀਆ । ਚਾਰ ਜੁਗ ਚਾਰ ਚੌਕੜੀ ਏਕਾ ਗੰਢ ਪਵਾਇਆ, ਸਰਗੁਣ ਨਿਰਗੁਣ ਰੂਪ ਲਏ ਪ੍ਰਗਟਾਈਆ । ਲੋਕਮਾਤ ਵੱਜੇ ਵਧਾਈ ਪੰਜ ਤੱਤ ਚੋਲਾ ਲਏ ਪ੍ਰਗਟਾਇਆ, ਸਾਚਾ ਖੇਲ ਖਿਲਾਈਆ । ਮਨ ਮਤ ਬੁਧ ਲਏ ਪਰਨਾਇਆ, ਬ੍ਰਹਮ ਪਾਰਬ੍ਰਹਮ ਮਿਲਾਈਆ । ਅਵਤਾਰ ਗੁਰ ਆਪਣਾ ਨਾਉਂ ਰਖਾਇਆ, ਖੇਲੇ ਖੇਲ ਸੱਚਾ ਸ਼ਹਿਨਸ਼ਾਹੀਆ । ਕੰਤ ਭਗਵੰਤ ਲਏ ਜਗਾਇਆ, ਜਾਗਰਤ ਜੋਤ ਕਰੇ ਰੁਸ਼ਨਾਈਆ । ਸ਼ਬਦ ਕੰਤ ਲਏ ਪ੍ਰਨਾਇਆ, ਨਾਰ ਸੁਹਾਗੀ ਇਕ ਮਿਲਾਈਆ । ਗੁਰਸਿਖ ਗੁਰ ਲਏ ਬਹਾਇਆ, ਸਿਰ ਆਪਣਾ ਹੱਥ ਟਿਕਾਈਆ । ਗੁਰਸਿਖ ਆਤਮ ਅਨੰਦ ਇਕ ਵਸਾਇਆ, ਪਰਮਾਨੰਦ ਵਿਚ ਸਮਾਈਆ । ਜੁਗ ਜੁਗ ਸਤਿ ਸਤਿਵਾਦੀ ਆਪਣਾ ਨਾਉਂ ਚੰਦ ਚੜ੍ਹਾਇਆ, ਮੇਟੇ ਰੈਣ ਅੰਧੇਰੀ ਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦਰ ਰਿਹਾ ਦਰਸਾਈਆ । ਨੌਂ ਨੌਂ ਚਾਰ ਹਰਿ ਖੇਲ ਖਿਲਾਵਣਾ, ਵਿਸ਼ਨ ਬ੍ਰਹਮਾ ਸ਼ਿਵ ਦਯਾ ਕਮਾਇੰਦਾ । ਨੌਂ ਸੌ ਚੁਰਾਨਵੇ ਚੌਕੜੀ ਜੁਗ ਆਪਣਾ ਭੇਵ ਰਖਾਵਣਾ, ਭੇਵ ਕੋਈ ਨਾ ਪਾਇੰਦਾ । ਸਤਿਜੁਗ ਸਾਚੀ ਵੰਡ ਵੰਡਾਵਣਾ, ਆਪ ਆਪਣਾ ਰੂਪ ਪ੍ਰਗਟਾਇੰਦਾ । ਵਾਰ ਅਠਾਂਰਾ ਖੇਲ ਖਿਲਾਵਣਾ, ਬ੍ਰਹਮਾ ਸੁਤ ਚਾਰੇ ਮੁਖ ਚਾਰ ਚਾਰ ਆਪ ਵਡਿਆਇੰਦਾ । ਆਪ ਸੁਹਾਏ ਆਪਣੀ ਰੁੱਤ, ਪੁਰਖ ਅਬਿਨਾਸ਼ੀ ਇਕ ਅਚੁਤ, ਭੇਵ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪਣਾ ਪਰਦਾ ਆਪੇ ਲਾਹਿੰਦਾ । ਸਤਿਜੁਗ ਸਾਚਾ ਸਚ ਵਰਤਾਵਣਾ, ਆਦਿ ਪੁਰਖ ਧਾਰ ਚਲਾਈਆ । ਆਪਣਾ ਰੂਪ ਆਪ ਧਰਾਵਣਾ, ਨਿਰਗੁਣ ਨਿਰਗੁਣ ਖੇਲ ਖਿਲਾਈਆ ।


੧੯੬ ੧੦

ਧਰਤ ਧਵਲ ਡੂੰਘੀ ਕੰਦਰ ਆਪੇ ਡੇਰਾ ਲਾਵਣਾ, ਜੀਵ ਜੰਤ ਜਗਤ ਜਹਾਨਾ, ਭਗਤ ਭਗਵੰਤ ਮੇਲ ਮਿਲਾਈਆ । ਆਪਣੀ ਮਹਿਮਾ ਅਗਣਤ ਆਪ ਗਣਾਵਣਾ, ਆਪਣਾ ਲੇਖਾ ਆਪੇ ਲਏ ਪ੍ਰਗਟਾਈਆ । ਸਤਿਜੁਗ ਸਤਿ ਸਤਿਵਾਦੀ ਪਾਰ ਕਰਾਵਣਾ, ਇਕ ਸਤਿ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣੀ ਰਚਨਾ ਆਪ ਰਚਾਈਆ । ਸਤਿਜੁਗ ਸਾਚਾ ਪਾਰ ਕਰ, ਹਰਿ ਆਪਣੀ ਖੇਲ ਖਿਲਾਈਆ । ਬ੍ਰਹਮਾ ਚਾਰੇ ਵੇਦ ਗਾ ਗਾ ਲੋਕਮਾਤ ਧਰ, ਹਰਿ ਕਾ ਭੇਵ ਸਕੇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਅਨਭਵ ਆਪਣੀ ਖੇਲ ਖਿਲਾਈਆ । ਤ੍ਰੇਤਾ ਤੇਰੀ ਧਾਰ ਨਿਰਾਲੀ, ਹਰਿ ਸਾਚਾ ਖੇਲ ਖਿਲਾਈਆ । ਜੋਤੀ ਜੋਤ ਜਗੇ ਮਹਾਨੀ, ਪੰਜ ਤਤ ਚੋਲਾ ਤਨ ਹੰਢਾਈਆ । ਗ਼ਰੀਬ ਨਿਮਾਣਾ ਬਣ ਸਵਾਲੀ, ਸਾਕਤ ਨਿੰਦਕ ਦੁਸ਼ਟ ਦੁਰਾਚਾਰ ਆਪ ਖਪਾਈਆ । ਆਪੇ ਹਉਮੇ ਹੰਗਤਾ ਗੜ੍ਹ ਹੰਕਾਰ, ਆਪ ਸੀਤਾ ਸਪੁਤਰੀ ਜਨਕ ਕਰ ਪਿਆਰ, ਆਪੇ ਲਏ ਪ੍ਰਨਾਈਆ । ਆਪੇ ਜਾਣੇ ਆਪਣੀ ਧਾਰ, ਜੁਗ ਜੁਗ ਆਪਣਾ ਨਾਉਂ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੋਏ ਦੋਏ ਲੇਖਾ ਆਪਣੇ ਹੱਥ ਰਖਾਈਆ । ਦੁਆਪਰ ਰੰਗ ਰੰਗਾਇਆ, ਮੁਕੰਦ ਮਨੋਹਰ ਲਖ਼ਮੀ ਨਰਾਇਣ ਰੂਪ ਵਟਾਇਆ, ਕਵਲ ਨੈਣ ਰੂਪ ਵਟਾਇੰਦਾ । ਸਾਚੀ ਬੰਸਰੀ ਨਾਮ ਵਜਾਇਆ, ਮਧੁਰ ਧੁਨ ਇਕ ਸੁਣਾਇਆ, ਆਪਣਾ ਭੇਵ ਆਪ ਚੁਕਾਇਆ, ਆਪਣਾ ਮੁਖ ਆਪ ਛੁਪਾਇੰਦਾ । ਆਪੇ ਵੇਦ ਵਿਆਸਾ ਹੋ ਹੋ ਗਾਇਆ, ਪੁਰਾਨ ਅਠਾਰਾਂ ਆਪ ਅਲਾਇਆ, ਆਪੇ ਵਿਸ਼ਨ ਬ੍ਰਹਮਾ ਵੇਤਾ ਸੰਗ ਨਿਭਾਇੰਦਾ । ਆਪੇ ਨਾਦ ਧੁਨ ਵੇਖ ਵਖਾਇਆ, ਆਪੇ ਬਾਰਾਂ ਅੱਖਰ ਲਏ ਪ੍ਰਗਟਾਇਆ, ਬਾਰਾਂ ਰਾਸੀ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਏਕਾ ਧਾਰ, ਜੁਗ ਜੁਗ ਬ੍ਰਹਮਾ ਵਿਸ਼ਨ ਸ਼ਿਵ ਕਰੇ ਪਿਆਰ, ਆਪ ਆਪਣੀ ਖੇਲ ਖਿਲਾਇੰਦਾ । ਕਲਜੁਗ ਰੰਗ ਆਪ ਰੰਗਾਇਆ, ਕਾਲਾ ਸੂਸਾ ਰੰਗੇ ਸ਼ਾਹੀਆ । ਐੜਾ ਅੱਖ ਇਕ ਖੁਲ੍ਹਾਇਆ, ਅਥਰਬਣ ਦੇਵੇ ਮਾਣ ਵਡਿਆਈਆ । ਯਜੁਰ ਸ਼ਾਮ ਆਪਣੀ ਝੋਲੀ ਪਾਇਆ, ਰਿਗ ਲੇਖਾ ਰਹੇ ਨਾ ਰਾਈਆ । ਆਪਣਾ ਰੂਪ ਆਪ ਧਰਾਇਆ, ਆਪਣਾ ਜਲਵਾ ਆਪ ਵਖਾਈਆ । ਮੁਕਾਮੇ ਹੱਕ ਡੇਰਾ ਲਾਇਆ, ਆਪੇ ਲੇਖਾ ਜਾਣੇ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਭੇਵ ਅਭੇਦਾ ਆਪਣਾ ਭੇਵ ਆਪਣੇ ਵਿਚ ਰਖਾਈਆ । ਆਪਣਾ ਭੇਵ ਆਪ ਖੁਲ੍ਹਾਇੰਦਾ, ਪਾਰਬ੍ਰਹਮ ਸੱਚਾ ਸ਼ਹਿਨਸ਼ਾਹ । ਈਸਾ ਮੂਸਾ ਨੂਰੀ ਜਲਵਾ ਆਪ ਜਗਾਇੰਦਾ, ਆਪੇ ਪਰਦਾ ਲਏ ਉਠਾ । ਆਪੇ ਕਾਇਆ ਕਾਅਬਾ ਵੇਖ ਵਖਾਇੰਦਾ, ਦੋ ਦੋ ਆਬਾ ਮੇਲ ਮਿਲਾ । ਆਬੇ ਹਯਾਤ ਆਪ ਪਿਆਇੰਦਾ, ਸਚ ਸੁਰਾਹੀ ਹੱਥ ਉਠਾ । ਸਚ ਭੂਪ ਸਾਚੇ ਤਖ਼ਤ ਨਜ਼ਰੀ ਆਇੰਦਾ, ਸ਼ਾਹਾਂ ਸਿਰ ਸੱਚਾ ਸ਼ਾਹ । ਅੰਜੀਲ ਕ਼ੁਰਾਨਾਂ ਆਪੇ ਗਾਇੰਦਾ, ਆਪੇ ਸੰਗ ਮੁਹੰਮਦ ਚਾਰ ਯਾਰ ਮੇਲਾ ਲਏ ਮਿਲਾ । ਆਪੇ ਐਨਲਹਕ ਸਲੋਕ ਸੁਣਾਇੰਦਾ, ਆਪੇ ਪਰਗਟ ਹੋਏ ਬੇਐਬ ਪਰਵਰਦਿਗਾਰ ਖ਼ੁਦਾ । ਆਪੇ ਖ਼ਾਲਕ ਖ਼ਲਕ ਰੂਪ ਧਰਾਇੰਦਾ, ਆਪੇ ਮੁਸ਼ੱਕਤ ਆਪਣੇ ਸਿਰ ਲਏ ਉਠਾ । ਆਪੇ ਨਿਰਗੁਣ ਸਰਗੁਣ ਡੰਕ ਵਜਾਇੰਦਾ, ਸ਼ਬਦ ਅਨਾਦੀ ਨਾਦ ਸੁਣਾ । ਆਪੇ ਪੰਜ ਤਤ ਕਾਇਆ ਚੋਲਾ ਵੇਖ ਵਖਾਇੰਦਾ, ਨਾਨਕ ਨਾਉਂ ਗਾਇਆ ਇਕ ਨਿਰੰਕਾਰ ਉਚੀ ਕੂਕ ਕੂਕ ਅਲਾ । ਆਪੇ ਗੋਬਿੰਦ ਗੜ੍ਹ ਸੁਹਾਇੰਦਾ, ਸੁਤ ਦੁਲਾਰਾ ਵੇਸ ਵਟਾ । ਚਾਰ ਜੁਗ ਇਕ ਚੌਕੜੀ ਆਪੇ ਬੰਧਨ ਪਾਇੰਦਾ, ਨੌ

੧੯੭
੧੦

ਸੌ ਚੁਰਾਨਵੇ ਚੌਕੜੀ ਜੁਗ ਗੇੜਾ ਦਏ ਭਵਾ । ਕੋਟਨ ਕੋਟ ਆਪਣਾ ਰੂਪ ਰਾਮ ਕ੍ਰਿਸ਼ਨ ਆਪਣਾ ਖੇਲ ਖਿਲਾਇੰਦਾ, ਜੋਤੀ ਜੋਤ ਜੋਤ ਜਾਏ ਸਮਾ । ਕੋਟਨ ਕੋਟ ਈਸਾ ਮੂਸਾ ਸੰਗ ਮੁਹੰਮਦ ਅਧਵਿਚਕਾਰੇ ਰਾਹ ਤਕਾਇੰਦਾ, ਹੇਠ ਮੁਸੱਲਾ ਬੈਠੇ ਵਛਾ । ਕੋਟਨ ਕੋਟ ਨਾਨਕ ਗੋਬਿੰਦ ਹਰਿ ਹਰਿ ਗਾਇੰਦਾ, ਸਚਖੰਡ ਦਵਾਰ ਰਾਹ ਤਕਾ । ਵਿਸ਼ਨ ਬ੍ਰਹਮਾ ਸ਼ਿਵ ਸਾਚੀ ਸੇਵ ਕਮਾਇੰਦਾ, ਲੱਖ ਚੁਰਾਸੀ ਵੇਖੇ ਥਾਉਂ ਥਾਂ । ਕੋਈ ਘੜੇ ਕੋਈ ਭੰਨੇ ਕੋਈ ਮੁਖ ਛੁਪਾਇੰਦਾ, ਕੋਈ ਪ੍ਰਗਟ ਹੋ ਹੋ ਲੋਕਮਾਤ ਫੇਰਾ ਪਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮਾ ਸ਼ਿਵ ਦਿਤਾ ਏਕਾ ਵਰ, ਆਪਣਾ ਨਾਮ ਦ੍ਰਿੜਾ । ਸਾਚੇ ਨਾਉਂ ਦ੍ਰਿੜਾਇਆ, ਗੁਣਵੰਤ ਗਹਿਰ ਗੰਭੀਰ । ਵਿਸ਼ਨ ਬ੍ਰਹਮਾ ਸ਼ਿਵ ਭੁਲ ਨਾ ਜਾਇਆ, ਪ੍ਰਭ ਆਪਣਾ ਖੇਲ ਜਣਾਏ ਅਖ਼ੀਰ । ਨੌਂ ਸੌ ਚੁਰਾਨਵੇ ਚੌਕੜੀ ਜੁਗ ਗੇੜਾ ਰਹਿਣ ਨਾ ਪਾਇਆ, ਜੁਗ ਚੌਕੜੀ ਤੁੱਟੇ ਧੀਰ । ਗੁਰ ਪੀਰ ਅਵਤਾਰ ਦੇਣ ਸਲਾਹਿਆ, ਮੁਲਾਂ ਸ਼ੇਖ਼ ਮਸਾਇਕ ਜਾਇਣ ਘੱਤ ਵਹੀਰ । ਥਿਰ ਕੋਇ ਰਹਿਣ ਨਾ ਪਾਇਆ, ਨਾਤਾ ਤੁੱਟੇ ਅਠ ਸਠ ਨੀਰ । ਗੰਗਾ ਗੋਦਾਵਰੀ ਜਮਨਾ ਸੁਰਸਤੀ ਰਾਹ ਤਕਾਇਆ, ਦਰ ਮੰਗੇ ਅੰਮ੍ਰਿਤ ਰਸ ਠਾਂਡਾ ਸੀਰ । ਪੁਰਖ ਅਬਿਨਾਸ਼ੀ ਦਏ ਸਮਝਾਇਆ, ਅੰਤਮ ਵੇਖੇ ਸਭ ਦੇ ਚੀਰ । ਨਿਰਗੁਣ ਜੋਤ ਕਰੇ ਰੁਸ਼ਨਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਡ ਜੋਧਾ ਸੂਰਬੀਰ । ਵਿਸ਼ਨ ਬ੍ਰਹਮਾ ਵੇਲਾ ਅੰਤਮ ਆਵਨਾ, ਨੌਂ ਸੌ ਚੁਰਾਨਵੇ ਚੌਕੜੀ ਜੁਗ ਰਹਿਣ ਨਾ ਪਾਈਆ । ਪੁਰਖ ਅਬਿਨਾਸ਼ੀ ਖੇਲ ਖਿਲਾਵਨਾ, ਪਾਰਬ੍ਰਹਮ ਵਡੀ ਵਡਿਆਈਆ । ਨਿਰਗੁਣ ਨੂਰ ਲੋਕਮਾਤ ਧਰਾਵਨਾ, ਜੋਤੀ ਜਾਮਾ ਭੇਖ ਵਖਾਈਆ । ਆਪਣਾ ਖੇਲ ਆਪ ਕਰਾਵਨਾ, ਖ਼ਲਕ ਖ਼ਾਲਕ ਵੇਖੇ ਸੱਚਾ ਸ਼ਹਿਨਸ਼ਾਹੀਆ । ਸਾਲਸ ਆਪਣਾ ਨਾਉਂ ਧਰਾਵਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਦਿ ਅਨਾਦਿ ਆਪੇ ਰਿਹਾ ਸਮਾਈਆ । ਆਦਿ ਅਨਾਦਿ ਖੇਲ ਖਿਲਾਇੰਦਾ, ਬ੍ਰਹਮ ਬ੍ਰਹਿਮਾਦਿ ਹਰਿ ਹਰਿ ਧਾਰ । ਜੁਗ ਜੁਗ ਬੇੜਾ ਆਪ ਚਲਾਇੰਦਾ, ਸੇਵਾ ਕਰੇ ਅਪਰ ਅਪਾਰ । ਸਤਿਜੁਗ ਤ੍ਰੇਤਾ ਦੁਆਪਰ ਪਾਰ ਕਰਾਇੰਦਾ, ਕਲਜੁਗ ਆਏ ਅੰਤਮ ਵਾਰ । ਗੁਰ ਪੀਰ ਅਵਤਾਰ ਸਰਬ ਸਲਾਹਿੰਦਾ, ਮੁਖੋਂ ਗਾ ਗਾ ਗਏ ਆਪਣੀ ਵਾਰ । ਬਿਨ ਹਰਿ ਬੇੜਾ ਕੋਈ ਨਾ ਬੰਨੇ ਲਾਇੰਦਾ, ਕਲਜੁਗ ਭਵਰੀ ਡੂੰਘੀ ਗਾਰ । ਚਾਰੋਂ ਕੁੰਟ ਅੰਧੇਰਾ ਛਾਇੰਦਾ, ਨੌਂ ਖੰਡ ਪ੍ਰਿਥਮੀ ਝੂਠੀ ਧਾਰ । ਸਚ ਸੁਚ ਨਾ ਕੋਈ ਜਣਾਇੰਦਾ, ਘਰ ਘਰ ਦਿਸੇ ਧੂਆਂਧਾਰ । ਨਾਰੀ ਕੰਤ ਨਾ ਕੋਈ ਹੰਢਾਇੰਦਾ, ਮਾਤ ਪਿਤ ਨਾ ਕੋਈ ਪਿਆਰ । ਸਾਚਾ ਹਿਤ ਨਾ ਕੋਈ ਵਖਾਇੰਦਾ, ਜੂਠਾ ਝੂਠਾ ਨਾਤਾ ਜੁੜਿਆ ਵਿਚ ਸੰਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਏਕਾ ਹਰਿ, ਵਿਸ਼ਨ ਬ੍ਰਹਮਾ ਸ਼ਿਵ ਪਾਏ ਤੇਰੀ ਸਾਰ । ਵਿਸ਼ਨ ਬ੍ਰਹਮਾ ਸ਼ਿਵ ਕਰੇ ਪੁਕਾਰ, ਨੇਤਰ ਨੈਣਾਂ ਨੀਰ ਵਹਾਈਆ । ਤੂੰ ਪਾਤਸ਼ਾਹ ਸੱਚੀ ਸਰਕਾਰ, ਸ਼ਹਿਨਸ਼ਾਹ ਤੇਰੀ ਵਡਿਆਈਆ । ਦੋ ਜਹਾਨਾ ਬਣਿਆ ਸੱਚਾ ਸਿਕਦਾਰ, ਸੀਸ ਜਗਦੀਸ਼ ਤਾਜ ਸੁਹਾਈਆ । ਜੁਗ ਚੌਕੜੀ ਨੌਂ ਨੌਂ ਚਾਰ ਉਤਰੇ ਪਾਰ, ਲੋਕਮਾਤ ਰਹਿਣ ਨਾ ਪਾਈਆ । ਕਵਣ ਰੂਪ ਧਰੇ ਵਿਚ ਸੰਸਾਰ, ਕਵਣ ਕੂਟ ਡੇਰਾ ਲਾਈਆ । ਕਵਣ ਦਰ ਖੋਲ੍ਹ ਦਰਬਾਰ, ਕਵਣ ਵਣਜ ਦਏ ਕਰਾਈਆ । ਕਵਣ ਨਾਮ ਸਤਿ ਜੈਕਾਰ, ਕਵਣ ਨਾਦ ਧੁਨ ਵਜਾਈਆ । ਕਵਣ ਸਖ਼ੀਆਂ ਮੰਗਲਚਾਰ, ਕਵਣ ਗੋਪੀ ਕਾਹਨ ਨਚਾਈਆ । ਕਵਣ ਸੀਤਾ ਸੁਰਤੀ ਕਰੇ ਰਾਮ ਪਿਆਰ, ਕਵਣ ਕਾਇਆ ਬਣ ਖੰਡ ਫੇਰਾ ਪਾਈਆ । ਕਵਣ ਐਨਲਹਕ ਕਰੇ ਪੁਕਾਰ, ਕਵਣ ਹਕ ਹਕੀਕਤ

ਵੇਖ ਵਖਾਈਆ । ਕਵਣ ਲਾਸ਼ਰੀਕ ਬਣੇ ਸਾਂਝਾ ਯਾਰ, ਮਖ਼ਲੂਕ ਬਖ਼ਸ਼ੇ ਇਕ ਸਰਨਾਈਆ । ਕਵਣ ਨਾਮ ਸਤਿ ਸਤਿ ਕਰੇ ਵਰਤਾਰ, ਤਤਵ ਤੱਤ ਨਾ ਕੋਇ ਰਖਾਈਆ । ਕਵਣ ਫਤਿਹ ਹੋਇ ਗੁੰਜਾਰ, ਕਵਣ ਡੰਕਾ ਦਏ ਵਜਾਈਆ । ਕਵਣ ਬ੍ਰਹਮ ਕਵਣ ਪਾਰਬ੍ਰਹਮ ਵਖਾਏ ਇਕ ਦਰਬਾਰ, ਜਗਤ ਵਿਛੋੜਾ ਪੰਧ ਮੁਕਾਈਆ । ਕਵਣ ਘੋੜਾ ਹੋਏ ਅਸਵਾਰ, ਕਵਣ ਅਸਵ ਲਏ ਦੌੜਾਈਆ । ਕਵਣ ਡੋਰ ਰੱਖੇ ਹਰਿ ਨਿਰੰਕਾਰ, ਲੱਖ ਚੁਰਾਸੀ ਬੰਧਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਵੇਲਾ ਕਵਣ ਵਕ਼ਤ ਕਵਣ ਰੂਪ ਕਵਣ ਸ਼ਕਤ ਕਵਣ ਸੰਤ ਕਵਣ ਭਗਤ ਕਵਣ ਭਗਵਾਨ ਰੂਪ ਧਰਾਈਆ । ਤਿੰਨਾਂ ਸੁਣ ਹਰਿ ਅਰਦਾਸ, ਹਰਿ ਸਾਚੇ ਸਚ ਜਣਾਇਆ । ਕਿਰਪਾ ਕਰੇ ਸਰਬ ਗੁਣਤਾਸ, ਅਲਖ ਅਲਖਣਾ ਭੇਵ ਖੁਲ੍ਹਾਇਆ । ਨਵ ਨੌ ਚਾਰ ਹੋਵੇ ਅੰਤ ਨਾਸ, ਥਿਰ ਕੋਇ ਰਹਿਣ ਨਾ ਪਾਇਆ । ਲੇਖਾ ਜਾਣੇ ਪ੍ਰਿਥਮੀ ਅਕਾਸ, ਗਗਨ ਮੰਡਲ ਵੇਖ ਵਖਾਇਆ । ਘਟ ਘਟ ਅੰਦਰ ਰਖਣਹਾਰਾ ਵਾਸ, ਲੱਖ ਚੁਰਾਸੀ ਫੋਲ ਫੁਲਾਇਆ । ਪਾਰਬ੍ਰਹਮ ਪ੍ਰਭ ਸ਼ਾਹੋ ਸ਼ਾਬਾਸ਼, ਸਾਚੇ ਤਖ਼ਤ ਆਸਣ ਲਾਇਆ । ਕਲਜੁਗ ਅੰਤਮ ਦੇਵੇ ਫਾਸ, ਰਾਏ ਧਰਮ ਨਾਲ ਰਲਾਇਆ । ਚਿਤਰ ਗੁਪਤ ਕਰੇ ਖੁਲਾਸ, ਲੇਖਾ ਕੋਇ ਰਹਿਣ ਨਾ ਪਾਇਆ । ਹਰਿਜਨ ਹਰਿ ਭਗਤ ਹਰਿ ਜੂ ਆਪੇ ਕਰੇ ਦਾਸੀ ਦਾਸ, ਆਪ ਆਪਣਾ ਮੇਲ ਮਿਲਾਇਆ । ਅੰਤ ਅੰਤ ਕੱਟੇ ਜਮ ਫਾਸ, ਆਪ ਆਪਣਾ ਸੰਗ ਨਿਭਾਇਆ । ਵਿਸ਼ਨ ਬ੍ਰਹਮਾ ਸ਼ਿਵ ਰਖਣੀ ਆਸ, ਪੁਰਖ ਅਬਿਨਾਸ਼ੀ ਹੋਇ ਸਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਰਿਹਾ ਸਮਝਾਇਆ । ਪੰਚਮ ਲੇਖਾ ਹਰਿ ਸਮਝਾਇੰਦਾ, ਗੁਣਵੰਤਾ ਗੁਣ ਨਿਧਾਨ । ਕਲਜੁਗ ਵੇਲਾ ਅੰਤਮ ਆਇੰਦਾ, ਸਚਖੰਡ ਵੇਖੇ ਮਾਰ ਧਿਆਨ । ਲੋਆਂ ਪੁਰੀਆਂ ਖੰਡ ਬ੍ਰਹਮੰਡ ਫੋਲ ਫੁਲਾਇੰਦਾ, ਅੰਡਜ ਜੇਰਜ ਉਤਭੁਜ ਸੇਹਤਜ ਹੋਇਆ ਜਾਣੀ ਜਾਣ । ਚਾਰੋਂ ਕੁੰਟਾਂ ਫੇਰਾ ਪਾਇੰਦਾ, ਜੋਧਾ ਸੂਰਬੀਰ ਬਲੀ ਬਲਵਾਨ । ਆਪਣਾ ਨਾਉਂ ਡੰਕ ਵਜਾਇੰਦਾ, ਦੇਵੇ ਧੁਰ ਫ਼ਰਮਾਨ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਆਪ ਮਿਟਾਇੰਦਾ, ਰਾਓ ਰੰਕਾਂ ਦੇਵੇ ਇਕ ਗਿਆਨ । ਆਪਣਾ ਰੂਪ ਆਪ ਧਰਾਇੰਦਾ, ਪ੍ਰਗਟ ਹੋ ਆਪ ਭਗਵਾਨ । ਵਿਸ਼ਨੂੰ ਤੇਰਾ ਸੰਗ ਰਖਾਇੰਦਾ, ਲੇਖਾ ਜਾਣੇ ਦੋ ਜਹਾਨ । ਪੰਚਮ ਆਪਣਾ ਰਾਹ ਵਖਾਇੰਦਾ, ਨੇਤਰ ਨੈਣ ਰਹੇ ਵਖਾਨ । ਕਾਗਦ ਕਲਮ ਭੇਵ ਨਾ ਆਇੰਦਾ, ਸਤ ਸਮੁੰਦਰ ਮਸ ਹੋਈ ਨਿਧਾਨ । ਚਾਰ ਭਾਰ ਨਾ ਵੰਡ ਵੰਡਾਇੰਦਾ, ਚੌਦਾਂ ਲੋਕ ਨਾ ਕੋਈ ਗਿਆਨ । ਚੌਦਾਂ ਤਬਕਾਂ ਏਕਾ ਹੁਕਮ ਸੁਣਾਇੰਦਾ, ਦੇਵੇ ਧੁਰ ਫ਼ਰਮਾਨ । ਚੌਦਾਂ ਵਿਦਿਆ ਖ਼ਾਕ ਮਿਲਾਇੰਦਾ, ਧੁਰ ਦਰਗਾਹੀ ਮਾਰੇ ਬਾਣ । ਸ਼ਬਦ ਅਨਾਦੀ ਇਕ ਪ੍ਰਗਟਾਇੰਦਾ, ਹਰਿ ਪੁਰਖ ਨਿਰੰਜਣ ਹੋ ਮਿਹਰਵਾਨ । ਹੰ ਬ੍ਰਹਮ ਮੇਲ ਮਿਲਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਜਾਣੀ ਜਾਣ । ਕਲਜੁਗ ਅੰਤਮ ਪਾਰ ਕਰਾਵਣਾ, ਬ੍ਰਹਮਾ ਵਿਸ਼ਨ ਸ਼ਿਵ ਵੱਜੇ ਵਧਾਈਆ । ਤਿੰਨਾ ਲੋਕਾਂ ਪੰਧ ਮੁਕਾਵਣਾ, ਤ੍ਰੈਭਵਨ ਫੇਰਾ ਪਾਈਆ । ਤ੍ਰਿਲੋਕੀ ਨਾਥ ਖੇਲ ਖਿਲਾਵਣਾ, ਆਪ ਆਪਣੀ ਰਚਨ ਰਚਾਈਆ । ਚੌਥੇ ਪਦ ਡੇਰਾ ਲਾਵਣਾ, ਚਾਰ ਵਰਨ ਇਕ ਸਰਨਾਈਆ । ਪੰਚਮ ਸੁਨੇਹੜਾ ਨਾਦ ਸੁਣਾਵਣਾ, ਨਾਦ ਅਨਾਦੀ ਆਪ ਵਜਾਈਆ । ਛੇਵੇਂ ਛੱਪਰ ਛੰਨ ਨਾ ਕੋਈ ਬਣਾਵਣਾ, ਸਚ ਸਿੰਘਾਸਣ ਆਸਣ ਲਾਈਆ । ਸੱਤਵੇਂ ਸਤਿਵਾਦੀ ਨਾਮ ਆਪ ਵਰਤਾਵਣਾ, ਨਾ ਕੋਈ ਮੇਟ ਮਿਟਾਈਆ । ਅੱਠਾਂ ਤੱਤਾਂ ਡੇਰਾ ਢਾਵਣਾ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਰਹਿਣ ਨਾ ਪਾਈਆ । ਨੌ ਖੰਡ ਪ੍ਰਿਥਮੀ

ਨੌ ਦਵਾਰੇ ਵੇਖ ਵਖਾਵਣਾ, ਜਗਤ ਵਾਸਾ ਥਾਉਂ ਥਾਈਆ । ਜਨ ਭਗਤਾਂ ਦਸਮ ਦਵਾਰੀ ਪੰਧ ਮੁਕਾਵਣਾ, ਆਪ ਆਪਣਾ ਮੇਲ ਮਿਲਾਈਆ । ਹੰ ਬ੍ਰਹਮ ਸੋਇਮ ਰੂਪ ਵਿਚ ਆਪ ਸਮਾਵਣਾ, ਸੋਹੰ ਹੰਸਾ ਰੂਪ ਵਟਾਈਆ । ਚਾਰ ਵਰਨ ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਏਕਾ ਵਰਨ ਬਨਾਵਣਾ, ਅਠਾਰਾਂ ਬਰਨ ਨਾ ਕੋਇ ਕਰਾਈਆ । ਊਚਾਂ ਨੀਚਾਂ ਰਾਓ ਰੰਕਾਂ ਏਕਾ ਧਾਮ ਬਹਾਵਣਾ, ਏਕਾ ਬਖ਼ਸ਼ੇ ਸਚ ਸੱਚੀ ਸਰਨਾਈਆ । ਸ੍ਰਿਸ਼ਟ ਸਬਾਈ ਰਸਨਾ ਜਿਹਵਾ ਏਕਾ ਅੱਖਰ ਹਰਿ ਹਰਿ ਨਾਉਂ ਗਾਵਣਾ, ਦੂਸਰ ਅਵਰ ਨਾ ਕੋਇ ਪੜ੍ਹਾਈਆ । ਸਰ ਸਰੋਵਰ ਇਕ ਨੁਹਾਵਣਾ, ਗੁਰ ਚਰਨ ਸੱਚੀ ਸਰਨਾਈਆ । ਹਰਿ ਮੰਦਰ ਕਾਇਆ ਅੰਦਰ ਵਖਾਵਣਾ, ਘਰ ਘਰ ਵਿਚ ਆਪ ਪਰਗਟਾਈਆ । ਇਸ਼ਟ ਦੇਵ ਗੁਰ ਇਕ ਮਨਾਵਣਾ, ਏਕਾ ਹਵਨ ਕਰਾਈਆ । ਫੂਲਨ ਬਰਖਾ ਏਕਾ ਲਾਵਣਾ, ਆਪ ਸੁਗੰਧ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਦਿ ਆਦਿ ਆਪਣਾ ਭੇਵ ਆਪ ਜਣਾਈਆ । ਕਲਜੁਗ ਅੰਤਮ ਕਰ ਪਾਰ, ਆਪਣੇ ਘਾਟ ਉਤਾਰਨਾ । ਪੁਰਖ ਅਬਿਨਾਸ਼ੀ ਖੇਲ ਅਪਾਰ, ਲੇਖਾ ਮੁਕਾਏ ਲੱਖ ਚਾਰ ਬੱਤੀ ਹਜ਼ਾਰ, ਕਰਮ ਕੁਕਰਮਾਂ ਫੰਦ ਕਟਾਵਣਾ । ਗੁਰਮੁਖ ਵਿਰਲੇ ਲਏ ਉਭਾਰ, ਜਿਸ ਜਨ ਆਪਣਾ ਦਰਸ ਦਿਖਾਵਣਾ । ਲੱਖ ਚੁਰਾਸੀ ਕਰੇ ਖ਼ਵਾਰ, ਏਕਾ ਅੰਤਮ ਧੱਕਾ ਲਾਵਣਾ । ਨਾ ਕੋਈ ਸਹਾਈ ਮੀਤ ਮੁਰਾਰ, ਭੈਣ ਭਾਈ ਸੰਗ ਨਾ ਜਾਵਣਾ । ਦੋਏ ਲੋਚਨ ਰੋਵਨ ਜ਼ਾਰੋ ਜ਼ਾਰ, ਤੀਜਾ ਨੈਣ ਨਾ ਕਿਸੇ ਖੁਲ੍ਹਾਵਣਾ । ਚਾਰੋਂ ਕੁੰਟ ਹਾਹਾਕਾਰ, ਮਾਇਆ ਜਾਲ ਨਾ ਕਿਸੇ ਤੁੜਾਵਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਪੰਧ ਮੁਕਾਵਣਾ । ਕਲਜੁਗ ਪੰਧ ਜਾਏ ਮੁਕ, ਹਰਿ ਸਾਚਾ ਆਪ ਮੁਕਾਈਆ । ਹਰਿਆ ਬੂਟਾ ਜਾਏ ਸੁੱਕ, ਸੁੱਕਾ ਹਰਾ ਨਾ ਕੋਇ ਕਰਾਈਆ । ਮਨਮੁਖਾਂ ਮਨ ਰਹੇ ਦੁੱਖ, ਦੁਖੀਆਂ ਰੈਣ ਨਾ ਕੋਇ ਵਿਹਾਈਆ । ਗੁਰਸਿਖਾਂ ਆਤਮ ਦੇਵੇ ਸੁਖ, ਆਤਮ ਅਗਨ ਬੁਝਾਈਆ । ਸੁਫ਼ਲ ਕਰੇ ਮਾਤ ਕੁੱਖ, ਜਿਸ ਬਖ਼ਸ਼ੇ ਚਰਨ ਸਰਨ ਸਰਨਾਈਆ । ਉਲਟਾ ਹੋਏ ਨਾ ਗਰਭ ਰੁੱਖ, ਦਸ ਦਸ ਮਾਸ ਨਾ ਅਗਨ ਤਪਾਈਆ । ਆਪਣੀ ਗੋਦੀ ਲਏ ਚੁੱਕ, ਪਾਰਬ੍ਰਹਮ ਵਡੀ ਵਡਿਆਈਆ । ਅੰਮ੍ਰਿਤ ਪਿਆਏ ਜਾਮ ਘੁੱਟ, ਆਪਣਾ ਰਸ ਆਪ ਚੁਆਈਆ । ਆਵਣ ਜਾਵਣ ਜਾਏ ਛੁਟ, ਲੱਖ ਚੁਰਾਸੀ ਫੰਦ ਕਟਾਈਆ । ਜਿਸ ਜਨ ਰੱਖੀ ਹਰਿ ਹਰਿ ਓਟ, ਵੇਲੇ ਅੰਤ ਹੋਏ ਸਹਾਈਆ । ਲੱਭਦੇ ਫਿਰਦੇ ਕੋਟੀ ਕੋਟ, ਚਾਰੋਂ ਕੁੰਟ ਫੇਰੀਆਂ ਪਾਈਆ । ਮਾਇਆ ਮਮਤਾ ਭਰੀ ਨਾ ਪੋਟ, ਆਸਾ ਤ੍ਰਿਸ਼ਨਾ ਹੋਈ ਹਲਕਾਈਆ । ਹਉਮੇ ਹੰਗਤਾ ਰਖਿਆ ਖੋਟ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਬੰਧਨ ਕੋਇ ਤੁੜਾਈਆ । ਸ਼ਬਦ ਨਗਾਰਾ ਤਨ ਨਾ ਲੱਗੀ ਚੋਟ, ਸੁਰਤੀ ਰਾਮ ਨਾ ਕੋਇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਲਏ ਉਠਾਈਆ । ਹਰਿਜਨ ਸਾਚਾ ਉਠਿਆ, ਆਦਿ ਜਗਾਦੀ ਕਾਰ । ਜਿਸ ਉਪਰ ਸਾਹਿਬ ਸਤਿਗੁਰ ਤੁਠਿਆ, ਦੇਵੇ ਦਰਸ ਅਗੰਮ ਅਪਾਰ । ਲੁਕਿਆ ਰਹਿਣ ਨਾ ਦੇਵੇ ਕੋਈ ਕਿਸੇ ਗੁੱਠਿਆ, ਵੇਖਣਹਾਰ ਨਿਰੰਕਾਰ । ਮਨਮੁਖ ਜੀਵਾਂ ਭਾਗ ਨਿਖੁਟਿਆ, ਕਲਜੁਗ ਅੰਤਮ ਆਈ ਹਾਰ । ਜੂਠਾ ਝੂਠਾ ਬੂਟਾ ਜਾਏ ਪੁਟਿਆ, ਜੜ੍ਹ ਰਹੇ ਨਾ ਵਿਚ ਸੰਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਜਾਏ ਤਾਰ । ਹਰਿਜਨ ਪਾਰ ਉਤਾਰ ਦਾ, ਹਰਿ ਦਾਤਾ ਬੇਪਰਵਾਹ । ਜੁਗ ਜੁਗ ਪੈਜ ਸੁਆਰਦਾ, ਭਗਤ ਵਛਲ ਬਣ ਮਲਾਹ । ਸਤਿਜੁਗ ਤ੍ਰੇਤਾ ਦਵਾਪਰ ਵਿਛੜੇ ਕਲਜੁਗ ਅੰਤਮ ਸੁਰਤ ਸੰਭਾਲਦਾ, ਇਕ ਜਪਾਏ ਆਪਣਾ

ਨਾਂ । ਨਾਤਾ ਤੋੜੇ ਸ਼ਾਹ ਕੰਗਾਲ ਦਾ, ਨਥਾਵਿਆਂ ਦੇਵੇ ਸਾਚਾ ਥਾਂ । ਘਟ ਘਟ ਅੰਦਰ ਨਿਰਗੁਣ ਜੋਤੀ ਦੀਪਕ ਆਪੇ ਬਾਲਦਾ, ਅਗਿਆਨ ਅੰਧੇਰਾ ਦਏ ਮਿਟਾ । ਅੰਮ੍ਰਿਤ ਨਾਮ ਨਿਧਾਨ ਜਾਮ ਇਕ ਪਿਆਲ ਦਾ, ਦਿਵਸ ਰੈਣ ਖ਼ੁਮਾਰ ਰਖਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਸਿਰ ਆਪਣਾ ਹੱਥ ਦਏ ਟਿਕਾ । ਜਿਸ ਸਿਰ ਹੱਥ ਟਿਕਾਇਆ, ਨਾਤਾ ਤੁੱਟਾ ਸੰਸਾਰ । ਆਤਮ ਅੰਤਰ ਏਕਾ ਰੂਪ ਦਰਸਾਇਆ, ਗ੍ਰਿਹ ਮੰਦਰ ਖੋਲ੍ਹ ਕਿਵਾੜ । ਘਟ ਬਾਤੀ ਦੀਪਕ ਜੋਤੀ ਨੂਰ ਕਰੇ ਰੁਸ਼ਨਾਇਆ, ਡੂੰਘੀ ਭਵਰੀ ਕਵਰੀ ਪਾਵੇ ਸਾਰ । ਗੁਰਮੁਖ ਹਰਿਜਨ ਮਾਣਕ ਮੋਤੀ ਆਪ ਉਠਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਕਲਜੁਗ ਅੰਤਮ ਵਾਰ ਵਾਰ ਵਾਰ ਸ੍ਰਿਸ਼ਟ ਕੁਰਲਾਈਆ । ਨਵ ਨਵ ਆਈ ਹਾਰ, ਸੱਤ ਸੱਤ ਸੱਤ ਦੁਹਾਈਆ । ਤ੍ਰੈ ਤ੍ਰੈ ਲੇਖਾ ਆਰ ਪਾਰ, ਪੰਚ ਪੰਚ ਕਰਾਈਆ । ਕਰੇ ਖੇਲ ਆਪ ਕਰਤਾਰ, ਕਰਤਾ ਕੀਮਤ ਕੋਇ ਨਾ ਪਾਈਆ । ਸੰਮਤ ਸੰਮਤੀ ਕਰੇ ਖ਼ਵਾਰ, ਸਾਖ਼ਯਾਤ ਰੂਪ ਵਟਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪੇ ਜਾਣੇ ਆਪਣੀ ਕਾਰ, ਕਰਨਹਾਰ ਆਪ ਅਖਵਾਈਆ । ਵਰਭੰਡ ਬ੍ਰਹਿਮੰਡ ਜੇਰਜ ਅੰਡ ਉਤਭੁਜ ਸੇਤਜ ਦੇਵੇ ਦੰਡ ਨਾਮ ਤੇਜ ਕਟਾਰ, ਚੰਡ ਪਰਚੰਡ ਆਪ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਵਰ, ਆਦਿ ਪੁਰਖ ਵਡੀ ਵਡਿਆਈਆ । ਹਰਿਜਨ ਨਾਤਾ ਜੋੜਿਆ, ਜਗਤ ਜੁਗਤ ਗੁਰਦੇਵ । ਪੁਰਖ ਅਗੰਮਾ ਨਿਰਗੁਣ ਰੂਪ ਆਪੇ ਬੌਹੜਿਆ, ਜਨਮ ਜਨਮ ਦੀ ਜਾਣੇ ਸੇਵ । ਮਿੱਠਾ ਕਰੇ ਰੀਠਾ ਕੌੜਿਆ, ਅੰਮ੍ਰਿਤ ਆਤਮ ਦੇਵੇ ਮੇਵ । ਗੁਰਮੁਖ ਵਿਰਲੇ ਆਪੇ ਬੌਹੜਿਆ, ਪੁਰਖ ਅਬਿਨਾਸ਼ੀ ਅਲਖ ਅਭੇਵ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਰਸਨਾ ਜਿਹਵ । ਰਸਨਾ ਜਿਹਵਾ ਲੇਖਾ ਜਾਣਦਾ, ਬੱਤੀ ਦੰਦ ਗੁਣ ਵਿਚਾਰ । ਘਟ ਘਟ ਅੰਤਰ ਆਪਣਾ ਰੰਗ ਮਾਣਦਾ, ਨਿਰਗੁਣ ਰੂਪ ਅਪਰ ਅਪਾਰ । ਮੂਰਖ ਮੁਗਧ ਨਾ ਕੋਇ ਪਛਾਣਦਾ, ਤ੍ਰੈਗੁਣ ਮਾਇਆ ਜਗਤ ਨਾਤਾ ਹੋਇਆ ਸੰਸਾਰ । ਗੁਰਮੁਖ ਵਿਰਲਾ ਰਾਹ ਤੱਕੇ ਸ੍ਰੀ ਭਗਵਾਨ ਦਾ, ਨੇਤਰ ਲੋਚਣ ਨੈਣ ਉਘਾੜ । ਫੜ ਬਾਹੋਂ ਆਪ ਉਠਾਲ ਦਾ, ਜੁਗਾ ਜੁਗੰਤਰ ਸਾਚੀ ਕਾਰ । ਦਿਵਸ ਰੈਣ ਰੈਣ ਦਿਵਸ ਮਾਤ ਗਰਭ ਅਗਨੀ ਕੁੰਡ ਤ੍ਰੈਗੁਣ ਤੱਤ ਆਪੇ ਪ੍ਰਿਤਪਾਲ ਦਾ, ਪ੍ਰਿਤਪਾਲਕ ਆਪ ਨਿਰੰਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬ੍ਰਹਮਾ ਵਿਸ਼ਨ ਸ਼ਿਵ ਦੇਵੇ ਆਪਣਾ ਵਰ, ਆਪੇ ਬਿਰਦ ਸਮਾਲਦਾ । ਹਰਿ ਸੰਗਤ ਦਇਆ ਕਮਾਇੰਦਾ, ਦੀਨਾ ਬੰਧਪ ਦੀਨ ਦਿਆਲ । ਘਟ ਮੰਦਰ ਵੇਖ ਵਖਾਇੰਦਾ, ਵਸਣਹਾਰਾ ਸਚਖੰਡ ਸੱਚੀ ਧਰਮਸਾਲ । ਜੋ ਜਨ ਸਰਨਾਈ ਆਇੰਦਾ, ਕਰੇ ਕਰਾਏ ਸਦਾ ਪ੍ਰਿਤਪਾਲ । ਗੁਰਮੁਖ ਸਾਚੀ ਵਸਤ ਆਪ ਵਰਤਾਇੰਦਾ, ਦੇਵੇ ਨਾਮ ਧਨ, ਸੱਚਾ ਧਨ ਮਾਲ । ਸਚ ਭੰਡਾਰਾ ਆਪ ਭਰਾਇੰਦਾ, ਨਾਤਾ ਤੁੱਟੇ ਜਗਤ ਜੰਜਾਲ । ਆਤਮ ਰੰਗ ਆਪ ਰੰਗਾਇੰਦਾ, ਰੰਗ ਮਜੀਠੀ ਇਕ ਮਹਾਨ । ਸਾਚਾ ਸੰਗ ਆਪ ਨਿਭਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਦੇਵੇ ਮਾਣ । ਜੋ ਜਨ ਮੰਗੇ ਜਗਤ ਮੰਗ, ਹਰਿ ਝੋਲੀ ਦਏ ਭਰਾਈਆ । ਜੋ ਜਨ ਮੰਗੇ ਭੁੱਖ ਨੰਗ, ਭੁੱਖ ਨੰਗ ਦਏ ਕਟਾਈਆ । ਜੋ ਜਨ ਮੰਗੇ ਨੰਗੀ ਹੋਵੇ ਨਾ ਕੰਡ, ਸਿਰ ਹੱਥ ਦਏ ਰਖਾਈਆ । ਜੋ ਜਨ ਮੰਗੇ ਆਤਮ ਅੰਤਰ ਪਰਮਾਨੰਦ, ਨਿਜਾਨੰਦ ਦਏ ਵਖਾਈਆ । ਜੋ ਜਨ ਮੰਗੇ ਸੁਣਾਏ ਸੁਹਾਗੀ ਛੰਦ, ਸੋਹੰ ਸ਼ਬਦ ਸਾਚੀ ਵਸਤ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਦਰ ਆਇਆਂ ਘਟ ਘਟ ਵੇਖੇ ਭੁਲ ਕਦੇ ਨਾ ਜਾਈਆ । ਜੋ ਜਨ ਮੰਗੇ ਉਤਰੇ ਜਗਤ ਦੁੱਖ, ਦਲਿਦ੍ਰ ਆਪ ਮਿਟਾਇੰਦਾ । ਜੋ ਜਨ ਮੰਗੇ ਜਗਤ ਸੁਖ, ਜਗਤ ਜੀਵਣ ਜੁਗਤ ਆਪ ਸਮਝਾਇੰਦਾ । ਜੋ ਜਨ ਮੰਗੇ ਉਜਲ ਹੋਏ ਮੁਖ, ਲੋਕਮਾਤ ਵਡਿਆਈ ਆਪ ਦਿਵਾਇੰਦਾ । ਜੋ ਜਨ ਮੰਗੇ ਦਰਸ ਅੰਦਰ ਬੈਠਾ ਲੁਕ, ਸਵੱਛ ਸਰੂਪੀ ਪਰਗਟ ਹੋ ਆਪਣਾ ਦਰਸ ਦਿਖਾਇੰਦਾ । ਜੋ ਜਨ ਮੰਗੇ ਪੰਚ ਵਿਕਾਰਾ ਅੰਦਰੋਂ ਕਢੇ ਕੁੱਟ, ਨਾਮ ਖੰਡਾ ਇਕ ਵਖਾਇੰਦਾ । ਜੋ ਜਨ ਮੰਗੇ ਆਵਣ ਜਾਵਣ ਜਾਏ ਛੁੱਟ, ਲੱਖ ਚੁਰਾਸੀ ਫੰਦ ਕਟਾਇੰਦਾ । ਜੋ ਜਨ ਮੰਗੇ ਅੰਮ੍ਰਿਤ ਘੁੱਟ, ਨਿਝਰ ਝਿਰਨਾ ਆਪ ਝਰਾਇੰਦਾ । ਜੋ ਜਨ ਮੰਗੇ ਲੱਗੀ ਪ੍ਰੀਤ ਨਾ ਜਾਏ ਤੁਟ, ਨਾਮ ਬੰਧਨ ਆਪੇ ਪਾਇੰਦਾ । ਜੋ ਜਨ ਮੰਗੇ ਕੱਢੇ ਵਾਸਨਾ ਖੋਟ, ਦੁਰਮਤ ਮੈਲ ਆਪ ਧਵਾਇੰਦਾ । ਜੋ ਜਨ ਮੰਗੇ ਜਗਤ ਜੀਵ ਆਹਲਣਿਉਂ ਡਿਗੇ ਬੋਟ, ਆਪ ਆਪਣੀ ਗੋਦ ਉਠਾਇੰਦਾ । ਜੋ ਜਨ ਮੰਗੇ ਚਰਨ ਸਰਨ ਸਰਨਾਈ ਏਕਾ ਓਟ, ਅੰਤ ਜਮ ਜਮਕਾਲ ਨੇੜ ਨਾ ਆਇੰਦਾ । ਜੋ ਜਨ ਮੰਗੇ ਖੁਲ੍ਹੇ ਸੋਤ, ਦਿਬ ਨੇਤਰ ਆਪ ਖੁਲ੍ਹਾਇੰਦਾ । ਜੋ ਜਨ ਮੰਗੇ ਲੱਗੇ ਭਾਗ ਓਤ ਪੋਤ, ਪੁਤ ਪੋਤਰੇ ਮੇਲ ਮਿਲਾਇੰਦਾ । ਜੋ ਜਨ ਮੰਗੇ ਸਾਚਾ ਨਾਉਂ ਰਸਨਾ ਜਿਹਵਾ ਨਾ ਹਿਲੇ ਹੋਂਟ, ਅਜਪਾ ਜਾਪ ਆਪ ਕਰਾਇੰਦਾ । ਜੋ ਜਨ ਮੰਗੇ ਨੇੜ ਨਾ ਆਏ ਲਾੜੀ ਮੌਤ, ਵੇਲੇ ਅੰਤ ਦਰਸ ਦਿਖਾਇੰਦਾ । ਜੋ ਜਨ ਮੰਗੇ ਮੰਗ ਸੁਹਾਏ ਕਾਇਆ ਕਿਲਾ ਕੋਟ, ਘਰ ਘਰ ਵਿਚ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਆਇਆ ਆਸ ਪੁਜਾਇੰਦਾ । ਜੋ ਜਨ ਮੰਗੇ ਜਗਤ ਸੁੱਤ, ਰਕਤ ਬੂੰਦ ਖੇਲ ਖਿਲਾਈਆ । ਜੋ ਜਨ ਮੰਗੇ ਸੋਹੇ ਬਸੰਤੀ ਰੁੱਤ, ਫੁਲ ਫੁਲਵਾੜੀ ਆਪ ਮਹਿਕਾਈਆ । ਜੋ ਜਨ ਮੰਗੇ ਦਰਸ ਅਬਿਨਾਸ਼ੀ ਅਚੁਤ, ਰਾਤੀਂ ਸੁਤਿਆਂ ਦਰਸ ਦਿਖਾਈਆ । ਜੋ ਜਨ ਮੰਗੇ ਸਤਿਗੁਰ ਪੂਰਾ ਏਕਾ ਜਾਏ ਤੁਠ, ਅਨਡਿਠੀ ਵਸਤ ਝੋਲੀ ਪਾਈਆ । ਜੋ ਜਨ ਮੰਗੇ ਪਾਰਬ੍ਰਹਮ ਅਬਿਨਾਸ਼ੀ ਕਰਤਾ ਨਿਰਵੈਰ ਨਿਰਾਕਾਰ ਤਨ ਨਗਾਰੇ ਲਾਏ ਚੋਟ, ਤਾਲ ਤਲਵਾੜਾ ਆਪ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਆਇਆ ਆਸ ਪੁਜਾਈਆ । ਜੋ ਜਨ ਮੰਗੇ ਤਨ ਲੱਥੇ ਚੀਰ, ਬਹੱਤਰ ਨਾੜੀ ਵੇਖ ਵਖਾਇੰਦਾ । ਜੋ ਜਨ ਮੰਗੇ ਮਨ ਰੱਖੇ ਧੀਰ, ਮਨ ਪੰਖੀ ਬੰਨ੍ਹ ਵਖਾਇੰਦਾ । ਜੋ ਜਨ ਮੰਗੇ ਅੰਮ੍ਰਿਤ ਸੀਰ, ਭਰ ਪਿਆਲਾ ਆਪ ਪਿਆਇੰਦਾ । ਜੋ ਜਨ ਮੰਗੇ ਦਰਸ ਵਡ ਪੀਰਨ ਪੀਰ, ਪ੍ਰਗਟ ਹੋ ਹੋ ਨਿਰਗੁਣ ਸਰਗੁਣ ਦਰਸ ਦਿਖਾਇੰਦਾ । ਜੋ ਜਨ ਮੰਗੇ ਜਗਤ ਜ਼ੰਜੀਰ, ਜਗਤ ਨਾਤਾ ਤੋੜ ਤੁੜਾਇੰਦਾ । ਜੋ ਜਨ ਮੰਗੇ ਚੋਟੀ ਚੜ੍ਹੇ ਅਖ਼ੀਰ, ਸਾਚੇ ਮੰਦਰ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਵੇਖ ਵਖਾਇੰਦਾ । ਜੋ ਜਨ ਮੰਗੇ ਚਰਨ ਪਿਆਸ, ਚਰਨ ਕਵਲ ਸਰਨ ਬਖ਼ਸ਼ੇ ਸਚ ਸਰਨਾਈਆ । ਜੋ ਜਨ ਮੰਗੇ ਕਾਇਆ ਮੰਦਰ ਸਾਚੀ ਰਾਸ, ਸੁਰਤੀ ਸ਼ਬਦ ਗੋਪੀ ਕਾਹਨ ਆਪ ਨਚਾਈਆ । ਜੋ ਜਨ ਮੰਗੇ ਦਾਸੀ ਦਾਸ, ਸੇਵਕ ਸੇਵਾ ਆਪ ਕਮਾਈਆ । ਜੋ ਜਨ ਮੰਗੇ ਘਰ ਮੰਦਰ ਅੰਦਰ ਵਖਾਏ ਮੰਡਲ ਮੰਡਪ ਪ੍ਰਿਥਮੀ ਆਕਾਸ਼, ਖੰਡ ਬ੍ਰਹਿਮੰਡਾਂ ਏਕਾ ਰੂਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਆਇਆ ਲੇਖੇ ਲਾਈਆ । ਜੋ ਜਨ ਮੰਗੇ ਨਾਤਾ ਤੁਟੇ ਨੌਂ ਦਵਾਰ, ਨੌਂ ਦਵਾਰ ਰਹਿਣ ਨਾ ਪਾਈਆ । ਜੋ ਜਨ ਮੰਗੇ ਸੁਖਮਨ ਟੇਡੀ ਬੰਕ ਹੋਏ ਪਾਰ, ਅੰਤਮ ਪਾਰ ਕਰਾਈਆ । ਜੋ ਜਨ ਮੰਗੇ ਈੜਾ ਪਿੰਗਲ ਨਾ ਹੋਏ ਖ਼ੁਆਰ, ਕਾਮ ਕਰੋਧ ਲੋਭ ਮੋਹ ਹੰਕਾਰ ਦਏ ਮਿਟਾਈਆ । ਜੋ ਜਨ ਮੰਗੇ ਆਸਾ ਤ੍ਰਿਸ਼ਨਾ ਦੇਵੇ ਮਾਰ, ਹਉਮੇ ਹੰਗਤਾ ਦਏ ਮਿਟਾਈਆ ।

ਜੋ ਜਨ ਮੰਗੇ ਨਿਝਰ ਧਾਰ, ਅੰਮ੍ਰਿਤ ਝਿਰਨਾ ਦਏ ਝਿਰਾਈਆ । ਜੋ ਜਨ ਮੰਗੇ ਨਿਰਗੁਣ ਜੋਤ ਨੂਰ ਉਜਿਆਰ, ਨੂਰੋ ਨੂਰ ਦਰਸਾਈਆ । ਜੋ ਜਨ ਮੰਗੇ ਆਤਮ ਸੇਜਾ ਹਰਿ ਹਰਿ ਕੰਤ ਭਤਾਰ, ਸਾਚੀ ਸੇਜਾ ਹਰਿ ਜੂ ਦਏ ਵਖਾਈਆ । ਜੋ ਜਨ ਮੰਗੇ ਸਾਚੀ ਸਖ਼ੀਆਂ ਮਿਲ ਮਿਲ ਮੰਗਲਾਚਾਰ, ਗੀਤ ਸੁਹਾਗੀ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਆਇਆਂ ਲੇਖਾ ਲੇਖੇ ਪਾਈਆ । ਜੋ ਜਨ ਮੰਗੇ ਮਿਟੇ ਫੁੱਟ, ਦੂਈ ਦਵੈਤ ਰਹਿਣ ਨਾ ਪਾਏ । ਜੋ ਜਨ ਮੰਗੇ ਸਤਿਗੁਰ ਹਿਤ, ਸਾਚਾ ਹਿਤ ਇਕ ਵਖਾਏ । ਜੋ ਜਨ ਮੰਗੇ ਮੁੱਕੇ ਪੰਧ ਤੀਰਥ ਤਟ, ਅਠਸਠ ਏਕਾ ਰਾਹ ਆਪ ਦਰਸਾਏ । ਜੋ ਜਨ ਮੰਗੇ ਦੁਰਮਤ ਮੈਲ ਦੇਵੇ ਕੱਟ, ਸਰ ਸਰੋਵਰ ਇਕ ਨੁਹਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਏ । ਜੋ ਜਨ ਮੰਗੇ ਮਾਲ ਧਨ, ਧਨ ਖ਼ਜ਼ੀਨਾ ਇਕ ਵਖਾਈਆ । ਜੋ ਜਨ ਮੰਗੇ ਅੱਗ ਲੱਗੇ ਤਨ, ਤਤਵ ਤਤ ਰਿਹਾ ਮਿਲਾਈਆ । ਜੋ ਜਨ ਮੰਗੇ ਅੰਤਮ ਡੰਨ, ਸਾਚਾ ਡੰਨ ਦਏ ਲਗਾਈਆ । ਜੋ ਜਨ ਮੰਗੇ ਜਿਸ ਘੜਿਆ ਸੋ ਦੇਵੇ ਭੰਨ, ਭੰਨਣਹਾਰ ਦੇਰ ਨਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਸਦ ਸਮਾਈਆ । ਹਰਿ ਸੰਗਤ ਸਦਾ ਰੰਗਣਾ, ਏਕਾ ਨਾਮ ਕਰਤਾਰ । ਕਾਇਆ ਚੋਲਾ ਆਪੇ ਰੰਗਣਾ, ਅੱਠੇ ਪਹਿਰ ਨਾਮ ਖ਼ੁਮਾਰ । ਦਰ ਆਇਆ ਮੂਲ ਨਾ ਸੰਗਣਾ, ਹਰਿ ਭਰਿਆ ਵਡ ਭੰਡਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਦੇਵਣਹਾਰ । ਹਰਿ ਸੰਗਤ ਵਡਿਆਈ ਵਡ, ਵਡ ਵੱਡਾ ਹਰਿ ਹਰਿ ਪਾਇਆ । ਹਉਮੇ ਹੰਗਤਾ ਦੇਣੀ ਵਿਚੋਂ ਕੱਢ, ਗੁਰ ਸ਼ਬਦੀ ਸ਼ਬਦ ਪਰਨਾਇਆ । ਦੁਖ ਦਲਿੱਦਰ ਅਗਨੀ ਲਾਏ ਨਾ ਕੋਈ ਹੱਡ, ਤਿੰਨ ਸੌ ਸੱਠ ਹਾਡੀ ਵੇਖ ਵਖਾਇਆ । ਨਿਰਧਨ ਸਰਧਨ ਸਦਾ ਲਡਾਏ ਲਡ, ਆਪ ਆਪਣੀ ਗੋਦ ਬਹਾਇਆ । ਜਗਤ ਵਿਕਾਰ ਜਗਤ ਦਵਾਰ ਜਗਤ ਪ੍ਰਵਾਰ ਪਾਰ ਕਰੇ ਹੱਦ, ਆਪਣਾ ਮੰਦਰ ਆਪ ਵਖਾਇਆ । ਮਾਂ ਪਿਓ ਪੁਤ ਦਾਦਾ ਕੋਟਨ ਕੋਟ ਜੀਵ ਜੰਤ ਗਏ ਲਦ, ਥਿਰ ਕੋਇ ਰਹਿਣ ਨਾ ਪਾਇਆ । ਸ਼ਾਹ ਪਾਤਸ਼ਾਹ ਰਾਜ ਰਾਜਾਨ ਭਰ ਪਿਆਲਾ ਪੀ ਪੀ ਥੱਕੇ ਮਦਿ, ਸਾਚਾ ਰਸ ਨਾ ਕਿਸੇ ਵਖਾਇਆ । ਬਿਨ ਸਤਿਗੁਰ ਪੂਰੇ ਨਾ ਕੋਈ ਪਾਏ ਸਾਚਾ ਪਦ, ਸਾਚੀ ਪਦਵੀ ਹਰਿ ਸੰਗਤ ਨਾਉਂ ਧਰਾਇਆ । ਗੁਰ ਚਰਨ ਕਵਲ ਉਪਰ ਧਵਲ ਧਰਨੀ ਧਰਤ ਬਹਾਏ ਸਦ, ਸ਼ਬਦ ਸੰਦੇਸ਼ ਇਕ ਸੁਣਾਇਆ । ਲੱਖ ਚੁਰਾਸੀ ਵਿਚੋਂ ਲਏ ਕੱਢ, ਆਪ ਆਪਣਾ ਮੇਲ ਮਿਲਾਇਆ । ਨਾਰ ਸੁਹਾਗਣ ਹਰਿਜਨ ਹੋਏ ਨਾ ਕਦੇ ਰੰਡ, ਦੁਹਾਗਣ ਨਾਰ ਨਾ ਰੂਪ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਦੇਵੇ ਏਕਾ ਵਰ, ਆਸਾ ਆਸਾ ਵਿਚ ਸਮਾਇਆ । ਆਸਾ ਤ੍ਰਿਸ਼ਨਾ ਕਰੇ ਪੂਰ, ਤ੍ਰਿਖਾ ਆਪ ਬੁਝਾਈਆ । ਨਾਤਾ ਤੋੜਨਾ ਕੂੜੋ ਕੂੜ, ਸਚ ਸੁਚ ਸਚ ਸਮਾਈਆ । ਮੂਰਖ ਮੁਗਧ ਚਤੁਰ ਬਣਾਏ ਮੂੜ, ਤੱਤ ਗਿਆਨ ਇਕ ਸਮਝਾਈਆ । ਜੋਤੀ ਮਸਤਕ ਲਾਏ ਧੂੜ, ਪੂਰਬ ਲੇਖਾ ਰਹੇ ਨਾ ਰਾਈਆ । ਜੋਤੀ ਬਖ਼ਸ਼ੇ ਜੋਤੀ ਨੂਰ, ਮਸਤਕ ਲਿਲਾਟ ਕਰ ਰੁਸ਼ਨਾਈਆ । ਦਿਵਸ ਰੈਣ ਹਾਜ਼ਰ ਹਜ਼ੂਰ, ਆਪ ਆਪਣਾ ਦਰਸ ਦਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਦੇਵੇ ਮਾਣ ਵਡਿਆਈਆ । ਜੋ ਜਨ ਆਏ ਮਨ ਹੰਕਾਰ, ਹੰਕਾਰ ਨਾਲ ਹੰਕਾਰ ਰਲਾਈਆ । ਜੋ ਜਨ ਰੱਖੇ ਮਨ ਵਿਭਚਾਰ, ਵਿਭਚਾਰ ਨਾਲ ਕਰੇ ਕੁੜਮਾਈਆ । ਜੋ ਜਨ ਆਏ ਤਨ ਖ਼ਵਾਰ, ਜਗਤ ਖ਼ਵਾਰੀ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ


੨੦੩ ੧੦

ਕਰ, ਆਸਾ ਨਿਰਾਸਾ ਨਾ ਕੋਈ ਰਖਾਈਆ । ਜੈਸੀ ਮਨ ਰੱਖੇ ਆਸਾ, ਵੈਸੀ ਵਸਤ ਵਰਤਾਇੰਦਾ । ਗੁਰਮੁਖ ਵਿਰਲਾ ਗੁਰ ਦਰਸ ਪਿਆਸਾ, ਮਨਮੁਖ ਆਪਣਾ ਮੁਖ ਛੁਪਾਇੰਦਾ । ਦੋਹਾਂ ਵਿਚੋਲਾ ਖੇਲ ਤਮਾਸ਼ਾ, ਪਰਦਾ ਉਹਲਾ ਆਪ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਅੰਦਰ ਹਰਿ ਹਰਿ ਵਾਸਾ, ਹਰਿਜਨ ਹਰਿ ਕੀ ਪੌੜੀ ਆਪ ਚੜ੍ਹਾਇੰਦਾ ।

★ ੨੪ ਮਾਘ ੨੦੧੭ ਬਿਕ੍ਰਮੀ ਵਿਸ਼ਵ ਨਾਥ ਵਰਮਾ ਐਡੀਸ਼ਨਲ ਸੈਕਟਰੀ ਦੇ ਘਰ ਰਾਸ਼ਟਰਪਤੀ ਰਾਜਿੰਦਰ ਪ੍ਰਸਾਦਿ ਵਾਸਤੇ ਸ਼ਬਦ ★

ਪੰਜ ਫ਼ਰਵਰੀ ਵਕਤ ਸੁਹਾਵਨਾ, ਹਰਿ ਵੱਡਾ ਵਡ ਵਡਿਆਈਆ । ਭਗਤ ਭਗਵੰਤ ਵਿਚੋਲਾ ਇਕ ਰਖਾਵਨਾ, ਵਿਸ਼ਵ ਵਰਮਾ ਮਿਲੇ ਵਡਿਆਈਆ । ਰਾਸ਼ਟਰਪਤੀ ਸੰਦੇਸ਼ ਸੁਣਾਵਨਾ, ਪਾਰਬ੍ਰਹਮ ਇਕ ਰਘਰਾਈਆ । ਕਲਜੁਗ ਅੰਤਮ ਪਹਿਰਿਆ ਬਾਨਨਾ, ਨਿਰਗੁਣ ਨਿਰਵੈਰ ਆਪਣੀ ਕਲ ਧਰਾਈਆ । ਨੌ ਖੰਡ ਪ੍ਰਿਥਮੀ ਵੇਖੇ ਮਾਰ ਧਿਆਨਾ, ਸੱਤਾਂ ਦੀਪਾਂ ਫੇਰਾ ਪਾਈਆ । ਲੱਖ ਚੁਰਾਸੀ ਦੇਵੇ ਇਕ ਗਿਆਨਾ, ਸੋਹੰ ਸ਼ਬਦ ਕਰੇ ਪੜ੍ਹਾਈਆ । ਨਾਉਂ ਧਰਾਏ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਾ, ਨਾ ਮਰੇ ਨਾ ਜਾਈਆ । ਚੌਦਾਂ ਮਾਰਚ ਦਿਵਸ ਵਖਾਨਾ, ਸਤਿਜੁਗ ਸਾਚੀ ਧਾਰ ਬੰਧਾਈਆ । ਨੌ ਗ੍ਰੰਥ ਲੇਖ ਲਿਖਾਨਾ, ਲਿਖਿਆ ਲੇਖ ਨਾ ਕੋਈ ਮਿਟਾਈਆ । ਸ਼ਬਦ ਖੰਡਾ ਹੱਥ ਚਮਕਾਨਾ, ਬ੍ਰਹਿਮੰਡ ਖੰਡ ਵੱਜੇ ਵਧਾਈਆ । ਏਕਾ ਹੁਕਮ ਧੁਰ ਫ਼ਰਮਾਨਾ, ਜਨ ਭਗਤਾਂ ਭਗਵੰਤ ਆਪ ਸੁਣਾਈਆ । ਸਤਿ ਸੰਤੋਖੀ ਬੰਨ੍ਹੇ ਗਾਨਾ, ਧੀਰਜ ਜਤ ਇਕ ਜਣਾਈਆ । ਸਚ ਸੁਚ ਵਰਤਾਵੇ ਹੋ ਮਿਹਰਵਾਨਾ, ਜੂਠ ਝੂਠ ਕੂੜੀ ਕਿਰਿਆ ਦਏ ਮਿਟਾਈਆ । ਅੱਲਾ ਵਾਹਿਗੁਰੂ ਰਾਮ ਨਾਮ ਰਾਧੇ ਕ੍ਰਿਸ਼ਨ ਸਤਿ ਤੱਤ ਇਕ ਵਖਾਨਾ, ਬ੍ਰਹਮ ਮਤ ਇਕ ਜਣਾਈਆ । ਸਰਬ ਕਲਾ ਸਮਰਥ ਸ੍ਰੀ ਭਗਵਾਨਾ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਦਿਲੀ ਦਰਬਾਰ ਸੁਹਾਏ ਜਗਤ ਮਕਾਨਾ, ਭੇਵ ਅਭੇਦਾ ਭੇਵ ਖੁਲ੍ਹਾਈਆ । ਵੀਹ ਸੌ ਵੀਹ ਬਿਕ੍ਰਮੀ ਜਣਾਏ ਸਚ ਨਿਸ਼ਾਨਾ, ਸਤਿ ਰੰਗ ਰੰਗ ਵੱਖ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਲਏ ਵਰ, ਰਾਸ਼ਟਰਪਤ ਪਤ ਰਾਜਿੰਦਰ ਪ੍ਰਸਾਦ, ਧੁਰ ਦਰਗਾਹੀ ਦੇਵੇ ਦਾਦ, ਸ਼ਾਹ ਭਬੀਖਨ ਸੁਣ ਫ਼ਰਿਆਦ, ਰਾਮ ਰਾਮਾ ਹੋਏ ਸਹਾਈਆ ।

★ ੨੬ ਮਾਘ ੨੦੧੭ ਬਿਕ੍ਰਮੀ ਪੁਸ਼ਕਰ, ਲਾਲ ਸਿੰਘ ਪੰਡਤ ਨਾਲ ਗੋਬਿੰਦ ਘਾਟ ਪੁਸ਼ਕਰ ਅਜਮੇਰ ★

ਇਕ ਸੱਤ ਛੇ ਦੋ ਗੁਬਿੰਦ ਧਾਰ, ਗੋਬਿੰਦ ਆਪਣੇ ਵਿਚ ਰਖਾਈਆ । ਪੰਡਤ ਪਾਂਧਾ ਨਾ ਕੋਈ ਕਰੇ ਵਿਚਾਰ, ਬੈਠੇ ਪੁਸ਼ਕਰ ਆਸਣ ਲਾਈਆ । ਵਿਸ਼ਨ ਬ੍ਰਹਮਾ ਸ਼ਿਵ ਬੈਠੇ ਦਵਾਰ, ਸੀਸ ਜਗਦੀਸ ਝੁਕਾਈਆ । ਨੇਤਰ ਨੈਣ ਰੋਵਣ ਜ਼ਾਰੋ ਜ਼ਾਰ, ਅੰਤਰ ਆਤਮ ਇਕ ਲਿਵ ਲਾਈਆ । ਹਰਿ ਕਾ ਰੂਪ ਅਗੰਮ ਅਪਾਰ, ਸਤਿ ਸਰੂਪ ਦਿਸ ਨਾ ਆਈਆ । ਜੁਗ ਚੌਕੜੀ ਬੀਤੇ ਵਿਚ ਸੰਸਾਰ, ਲੋਕਮਾਤ ਜਗਤ ਵਧਾਈਆ । ਨਾਤਾ ਵੇਖ ਸਰਬ ਸੰਸਾਰ, ਜਗਤ ਜਗਦੀਸ਼ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਅਛਲ ਅਛੇਦ ਗੋਬਿੰਦ ਗਿਆ ਸਮਝਾਈਆ । ਗੋਬਿੰਦ ਘਾਟ ਹਰਿ ਕਾ ਘਾਟ, ਹਰਿ ਹਰਿ ਆਪ ਜਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਤੱਕਣ ਵਾਟ, ਨੇਤਰ ਲੋਚਣ ਨੈਣ ਸਰਬ

ਉਠਾਇੰਦਾ । ਇਕ ਸੱਤ ਖੇਲ ਤਮਾਸ, ਛੇ ਦੋ ਗੰਢ ਪਵਾਇੰਦਾ । ਲੇਖਾ ਜਾਣੇ ਤੱਤ ਆਠ, ਨੌ ਦਰ ਫੋਲ ਫੁਲਾਇੰਦਾ । ਆਦਿ ਜੁਗਾਦੀ ਏਕਾ ਹਾਟ, ਪਾਰਬ੍ਰਹਮ ਬ੍ਰਹਮ ਆਪਣਾ ਆਪ ਖੁਲ੍ਹਾਇੰਦਾ । ਆਪੇ ਜਾਣੇ ਆਪਣੀ ਵਾਟ, ਆਪਣਾ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਗੋਬਿੰਦ ਏਕਾ ਧਾਰ, ਏਕਾ ਖੇਲ ਕਰੇ ਕਰਤਾਰ, ਏਕਾ ਦਰ ਸੱਚਾ ਦਰਬਾਰ, ਏਕਾ ਭਿਖਕ ਬ੍ਰਹਮਾ ਵਿਸ਼ਨ ਸ਼ਿਵ ਦਵਾਰ, ਦੇਵਣਹਾਰਾ ਇਕ ਅਖਵਾਇੰਦਾ । ਇਕ ਇਕੱਲਾ ਏਕੰਕਾਰਾ, ਸਤਿ ਪੁਰਖ ਨਿਰੰਜਣ ਵਡੀ ਵਡਿਆਈਆ । ਇਕ ਸੱਤ ਕਰਿਆ ਪਿਆਰਾ, ਏਕਾ ਇਕ ਸਾਤ ਜੋੜ ਜੁੜਾਈਆ । ਛੇ ਘਰ ਵਸਿਆ ਬਾਹਰਾ, ਦਰ ਘਰ ਸਾਚੇ ਸੋਭਾ ਪਾਈਆ । ਦੋਆਂ ਦੋ ਜਹਾਨਾਂ ਖੇਲ ਕਰੇ ਪਸਾਰਾ, ਅਲਖ ਅਗੋਚਰ ਬੇਪਰਵਾਹ ਸੱਚਾ ਸ਼ਹਿਨਸ਼ਾਹੀਆ । ਸਤਾਰਾਂ ਸੌ ਬਾਸਠ ਬਿਕ੍ਰਮੀ ਲਿਖਿਆ ਲੇਖ ਅਪਰ ਅਪਾਰਾ, ਭੇਵ ਕੋਇ ਨਾ ਪਾਈਆ । ਸਾਚੀ ਲਿਖਤ ਭਵਿਖਤ ਦੱਸ ਗਿਆ ਬਣ ਵਣਜਾਰਾ, ਪੰਡਤ ਪਾਂਧੇ ਬੈਠੇ ਮੁਖ ਛੁਪਾਈਆ । ਗੋਬਿੰਦ ਰੂਪ ਨਾ ਕਿਸੇ ਵਿਚਾਰਾ, ਗੋਬਿੰਦ ਘਾਟ ਨਾ ਕੋਇ ਨਹਾਈਆ । ਦੁਰਮਤ ਮੈਲ ਨਾ ਉਤਰੇ ਵਿਚ ਸੰਸਾਰਾ, ਆਤਮ ਅੰਤਰ ਅਸ਼ਨਾਨ ਨਾ ਕੋਇ ਕਰਾਈਆ । ਕਲਜੁਗ ਕੂਕੇ ਆਪਣੀ ਵਾਰਾ, ਚਾਰੋਂ ਕੁੰਟ ਦਏ ਦੁਹਾਈਆ । ਏਕਾ ਢਈਆ ਜਗਤ ਸਹਾਰਾ, ਸਾਚੀ ਨਈਆ ਨਜ਼ਰ ਕੋਇ ਨਾ ਆਈਆ । ਭੈਣਾ ਭਈਆ ਕਰ ਕਰ ਪਿਆਰਾ, ਸਾਚਾ ਸੱਯਾ ਰਹੇ ਮਨਾਈਆ । ਨਜ਼ਰ ਨਾ ਆਏ ਕਿਸੇ ਘਨੱਯਾ, ਰੂਪ ਅਨੂਪ ਜਗਤ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਲੇਖਾ ਜਾਣੇ ਆਪਣੇ ਘਰ, ਏਕਾ ਸਾਤਾ ਛੀਕਾ ਦੂਆ ਦੋ ਛੇ ਸਤ ਇਕ ਆਪਣੇ ਵਿਚ ਟਿਕਾਈਆ । ਇਕ ਸੱਤ ਕਰ ਪਿਆਰ, ਛੇ ਦੋ ਜੋੜ ਜੁੜਾਇਆ । ਗੋਬਿੰਦ ਆਇਆ ਗੋਬਿੰਦ ਧਾਰ, ਗੋਬਿੰਦ ਗੋਬਿੰਦ ਵਿਚ ਸਮਾਇਆ । ਅਠਸਠ ਤੀਰਥ ਚਰਨ ਕਵਲ ਖਿਚ ਲਿਆਏ ਆਪ ਦਵਾਰ, ਰੂਪ ਅਨੂਪ ਆਪ ਧਰਾਇਆ । ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਕਿਸੇ ਨਜ਼ਰ ਨਾ ਆਏ ਵਿਚ ਸੰਸਾਰ, ਅਠਾਰਾਂ ਬਰਨ ਚਾਰ ਵਰਨ ਰਹੇ ਕੁਰਲਾਇਆ । ਦੋ ਪੰਜ ਪੰਜ ਬੋਲ ਜੈਕਾਰ, ਦੋ ਪੰਜ ਪੰਜ ਆਪਣਾ ਰੂਪ ਧਰਾਇਆ । ਵਦੀ ਸੁਦੀ ਨਾ ਸਕੇ ਕੋਇ ਵਿਚਾਰ, ਕਿਸਨਾ ਸੁਕਲਾ ਪਖ ਵਿਚ ਫਸ ਕਦੇ ਨਾ ਜਾਇਆ । ਕਰੇ ਖੇਲ ਆਪ ਨਿਰੰਕਾਰ, ਜੋਤੀ ਰੂਪ ਅਪਰ ਅਪਾਰ, ਸ਼ਬਦ ਖੰਡਾ ਤੇਜ ਕਟਾਰ, ਸਾਚੇ ਘੋੜੇ ਹੋ ਅਸਵਾਰ, ਦੋ ਜਹਾਨਾ ਪਾਰ ਕਿਨਾਰ, ਆਪ ਆਪਣਾ ਬਲ ਰਖਾਇਆ । ਗੋਬਿੰਦ ਲੇਖਾ ਗੋਬਿੰਦ ਲਏ ਵਿਚਾਰ, ਦੂਸਰ ਲਿਖਣ ਪੜ੍ਹਨ ਵਿਚ ਕਦੇ ਨਾ ਆਇਆ । ਇਕ ਸਤ ਨੌ ਅੱਠ ਗੋਬਿੰਦ ਲੇਖਾ ਦਿਤਾ ਪਾੜ, ਆਪਣਾ ਲੇਖ ਵਿਚ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਗੋਬਿੰਦ ਮੇਲਾ ਜਾਣੇ ਸਾਚੇ ਘਰ, ਆਪਣਾ ਲੇਖਾ ਆਪਣੇ ਹੱਥ ਰਖਾਇਆ । ਗੋਬਿੰਦ ਗੁਰ ਗੁਰ ਗੋਬਿੰਦ ਰੂਪ ਅਨੂਪ, ਦਿਸ ਕਿਸੇ ਨਾ ਆਈਆ । ਗੁਰਸਿਖ ਦੋ ਅਠ ਅਠਾਈ ਜੋ ਸੰਗਤ ਰਖਾਏ ਇਕ ਸਤਿ ਛੇ ਦੋ ਅੰਮ੍ਰਿਤ ਮੇਘ ਦਿਤਾ ਬਰਸ, ਕਲਜੁਗ ਅੰਤਮ ਆਪਣੇ ਨਾਲ ਰਲਾਈਆ । ਲੇਖਾ ਜਾਣੇ ਅਰਸ਼ ਫ਼ਰਸ਼, ਕੁਰਸ਼ ਕੁਰਾ ਕਾਇਨਾਤ ਬ੍ਰਹਿਮੰਡ ਖੰਡ ਜੇਰਜ ਅੰਡ ਉਤਭੁਜ ਸੇਤਜ ਜੀਵ ਜੰਤ ਵੇਖੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਗੋਬਿੰਦ ਲੇਖਾ ਜਾਏ ਮੁੱਕ, ਗੁਰਮੁਖ ਬੂਟਾ ਜਾਏ ਨਾ ਸੁੱਕ, ਅੰਮ੍ਰਿਤ ਸਿੰਚ ਹਰਿਆ ਆਪ ਕਰਾਈਆ । ਗੋਬਿੰਦ ਆਇਆ ਗੋਬਿੰਦ ਦਵਾਰ, ਗੁਰਸਿਖ ਕਾਇਆ ਅੰਦਰ ਗੋਬਿੰਦ ਗੜ੍ਹ ਬਣਾਈਆ । ਕਰੇ ਖੇਲ ਅਪਰ ਅਪਾਰ, ਜਗਤ ਵਿਦਿਆ ਨਾ ਪਾਵੇ ਸਾਰ,

ਚੌਦਾਂ ਵਿਦਿਆ ਪੜ੍ਹ ਪੜ੍ਹ ਥੱਕੀ ਸਰਬ ਲੋਕਾਈਆ । ਏਕਾ ਮੰਤਰ ਸਰਬ ਦੇਵਾ ਆਤਮ ਬ੍ਰਹਮ ਜੋਤ ਪ੍ਰਕਾਸ਼ ਨਿਰਵੈਰ ਧਾਰ, ਪਾਰਬ੍ਰਹਮ ਬੇਅੰਤ ਬੇਪਰਵਾਹ ਆਪ ਆਪਣੇ ਵਿਚ ਰਖਾਈਆ । ਪੰਡਤ ਪਾਂਧਾ ਗੁਰਸਿਖ ਦੱਸੇ ਕੀ ਕੋਈ ਰਾਹ, ਜਿਸ ਮਿਲਿਆ ਗੋਬਿੰਦ ਸੱਚਾ ਸ਼ਹਿਨਸ਼ਾਹੀਆ । ਆਪਣਾ ਲੇਖਾ ਆਪਣੀ ਹੱਥੀਂ ਗਿਆ ਲਿਖਾ, ਆਪਣੀ ਹੱਥੀਂ ਦੇਵੇ ਢਾਹੀਆ । ਸਤਾਰਾਂ ਬੀਸ ਬੀਸ ਸਤਾਰਾਂ ਬਿਕ੍ਰਮੀ ਬਣਿਆ ਆਪ ਮਲਾਹ, ਅਠਾਈ ਸਿੱਖ ਨਾਲ ਲਿਆਈਆ । ਸਚਖੰਡ ਵਸੇ ਸ਼ਹਿਨਸ਼ਾਹ, ਪੰਡਤ ਲਿਖਣਾ ਆਪਣੀ ਕ਼ਲਮ ਸ਼ਾਹੀਆ । ਜਗਤ ਜਹਾਨ ਕਿਸੇ ਦਿਸੇ ਨਾ, ਦੋ ਦੋ ਲੋਚਨ ਤੱਕੇ ਸਰਬ ਲੋਕਾਈਆ । ਗ਼ਰੀਬ ਨਿਮਾਣਿਆਂ ਪਕੜੇ ਬਾਂਹ, ਸਿੰਘ ਦਯਾ ਨਾਲ ਰਲਾਈਆ । ਦਯਾ ਕਰ ਘਰ ਗਿਆ ਆ, ਘਰ ਆਪਣਾ ਦਏ ਸਮਝਾਈਆ । ਸੂਰਜ ਚੰਨ ਨਾ ਕਰੇ ਕੋਈ ਰੁਸ਼ਨਾ, ਮੰਡਲ ਮੰਡਪ ਨਾ ਕੋਈ ਵਡਿਆਈਆ । ਬ੍ਰਹਮਾ ਵੇਦ ਨਾ ਰਿਹਾ ਕੋਈ ਸੁਣਾ, ਪੁਰਾਨ ਅਠਾਰਾਂ ਨਾ ਕੋਈ ਗਾਈਆ । ਸ਼ਾਸਤਰ ਸਿਮਰਤ ਨਾ ਰਿਹਾ ਕੋਈ ਜਣਾ, ਗੀਤਾ ਗਿਆਨ ਨਾ ਕੋਈ ਵਡਿਆਈਆ । ਅੰਜੀਲ ਕ਼ੁਰਾਨ ਨਾ ਰਿਹਾ ਕੋਈ ਪੜ੍ਹਾ, ਖਾਣੀ ਬਾਣੀ ਨਾ ਕੋਈ ਦ੍ਰਿੜ੍ਹਾਈਆ । ਸਾਚੇ ਘਰ ਵਸੇ ਆਪੇ ਬੇਪਰਵਾਹ, ਜਿਸ ਘਰ ਵਸੇ ਗੋਬਿੰਦ ਸੱਚਾ ਮਾਹੀਆ । ਪੁਸ਼ਕਰ ਬੈਠੇ ਤੱਕਣ ਰਾਹ, ਮੰਦਰ ਅੰਦਰ ਟਲ ਖੜਕਾਈਆ । ਗੁਰਮੁਖ ਵਿਰਲੇ ਬਣੇ ਆਪ ਮਲਾਹ, ਜਗਤ ਸਰੋਵਰ ਬੇੜਾ ਪਾਰ ਦਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਉਂ ਆਪੇ ਰੱਖ, ਗੋਬਿੰਦ ਰੂਪ ਹੋ ਪਰਤੱਖ, ਜੋਤ ਸਰੂਪ ਅਲਖਨਾ ਅਲਖ, ਸ਼ਬਦ ਅਨੂਪ ਹੋਏ ਵਖ ਦਿਸ ਕਿਸੇ ਨਾ ਆਈਆ । ਪਹਿਲਾ ਘਰ ਸੱਚਖੰਡ, ਆਪਣਾ ਬੰਕ ਆਪ ਬਣਾਇਆ । ਦੂਜਾ ਡਾਕਖ਼ਾਨਾ ਪਾਈ ਵੰਡ, ਬ੍ਰਹਿਮੰਡ ਰਚਨ ਰਚਾਇਆ । ਤੀਜੀ ਤਹਿਸੀਲ ਚੜ੍ਹਿਆ ਚੰਦ, ਬ੍ਰਹਮਾ ਵਿਸ਼ਨ ਸ਼ਿਵ ਉਪਜਾਇਆ । ਚੌਥਾ ਜ਼ਿਲਾ ਇਕ ਪਰਮਾਨੰਦ, ਘਟ ਘਟ ਅੰਦਰ ਆਪਣਾ ਆਸਣ ਲਾਇਆ । ਆਦਿ ਜੁਗਾਦਿ ਨਿਰਗੁਣ ਸਰਗੁਣ ਕਿਸੇ ਨਾ ਪਾਇਆ ਬੰਧ, ਬੰਧਨ ਵਿਚ ਕਦੇ ਨਾ ਆਇਆ । ਪੁਸ਼ਕਰ ਆ ਸੁਣਾਇਆ ਸੁਹਾਗੀ ਛੰਦ, ਹਰਿ ਕਾ ਘਰ ਪੰਡਤ ਭੁਲ ਕਦੇ ਨਾ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭਾਣਾ ਦਏ ਸਮਝਾਇਆ । ਹਰਿ ਕਾ ਠਾਣਾ ਇਕ ਅਪਾਰਾ, ਹਰਿ ਸਾਚੇ ਸਚ ਬਣਾਇਆ । ਰਪਟ ਲਿਖੇ ਚਿਤਰ ਗੁਪਤ ਆਪਣੇ ਬੈਠ ਦਵਾਰਾ, ਦਿਸ ਕਿਸੇ ਨਾ ਆਇਆ । ਧਰਮ ਰਾਏ ਬਣੇ ਹਲਕਾਰਾ, ਘਰ ਘਰ ਸੰਦੇਸ਼ ਦਏ ਸੁਣਾਇਆ । ਜਮ ਕਾ ਰੂਪ ਖੇਲ ਅਪਾਰਾ, ਪੰਡਤ ਪਾਂਧੇ ਜੀਵ ਜੰਤ ਗ੍ਰੰਥੀ ਪੰਥੀ ਮੁਲਾ ਸ਼ੇਖ਼ ਮਸਾਇਕ ਫੜ ਫੜ ਬੰਨ੍ਹਣ ਛੁੱਟ ਕੋਇ ਨਾ ਜਾਇਆ । ਆਦਿ ਜੁਗਾਦਿ ਜੁਗਾ ਜੁਗੰਤਰ ਪੁਰਖ ਅਬਿਨਾਸ਼ੀ ਘਟ ਘਟ ਵਾਸੀ ਮਨਮੁਖਾਂ ਦੇਵੇ ਦੰਡਨ, ਅਠਾਰਾਂ ਅਠਾਈ ਕੁੰਡ ਖੇਲ ਖਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਠਾਣਾ ਇਕੋ ਇਕ ਬਣਾਇਆ ।



★ ੨੭ ਮਾਘ ੨੦੧੭ ਬਿਕ੍ਰਮੀ ਬਿਸ਼ਨ ਸਿੰਘ ਦੇ ਘਰ ਗੁੜਗਾਉਂ ★

ਨਿਰਗੁਣ ਜੋਤ ਪੁਰਖ ਅਕਾਲ, ਇਕ ਅਕੱਲਾ ਬੇਪਰਵਾਹੀਆ । ਆਦਿ ਜੁਗਾਦਿ ਸਚਖੰਡ ਵਸੇ ਸੱਚੀ ਧਰਮਸਾਲ, ਥਿਰ ਘਰ ਸਾਚੇ ਸੋਭਾ ਪਾਈਆ । ਅਗੰਮ ਅਗੰਮੜਾ ਆਪ ਵਜਾਏ ਅਗੰਮੀ ਤਾਲ, ਸ਼ਬਦ ਅਨਾਦੀ ਨਾਦ ਸੁਣਾਈਆ । ਅਨੁਭਵ ਪ੍ਰਕਾਸ਼ ਅਜੂਨੀ ਰਹਿਤ ਕਰੇ ਖੇਲ ਦੀਨ

ਦਿਆਲ ਸ਼ਾਹੋ ਭੂਪ ਬਣ ਸਿਕਦਾਰ, ਤਖ਼ਤ ਨਿਵਾਸੀ ਸਾਚਾ ਤਖ਼ਤ ਸੁਹਾਈਆ । ਨਿਰਵੈਰ ਨਿਰਾਕਾਰ ਚਲੇ ਅਵੱਲੜੀ ਚਾਲ, ਆਪਣੀ ਇਛਿਆ ਆਪੇ ਧਾਰ, ਵਿਸ਼ਨ ਬ੍ਰਹਮਾ ਸ਼ਿਵ ਲਏ ਉਪਜਾਈਆ । ਆਪ ਅਪਰੰਪਰ ਖੇਲ ਅਪਾਰ, ਕਰੇ ਕਰਾਏ ਕਰਨੇਹਾਰ, ਰੂਪ ਅਨੂਪ ਸੱਚੀ ਸਰਕਾਰ, ਤ੍ਰੈਗੁਣ ਧਾਰ ਆਪ ਬੰਧਾਈਆ । ਜੋਤੀ ਨੂਰ ਨੂਰ ਉਜਿਆਰ, ਅਲਖ ਅਲਖਨਾ ਅਗੰਮ ਅਗੋਚਰ ਬੇਪਰਵਾਹ, ਏਕੰਕਾਰ ਸਤਿ ਸਤਿਵਾਦੀ ਆਪਣੀ ਖੇਲ ਆਪ ਖਿਲਾਈਆ । ਆਪਣੀ ਇਛਿਆ ਭਰ ਭੰਡਾਰ, ਵਰਤੇ ਵਰਤਾਵੇ ਹਰਿ ਕਰਤਾਰ, ਕਰੇ ਕਰਾਏ ਆਪਣੀ ਕਾਰ, ਕਰਤਾ ਪੁਰਖ ਵਡ ਵਡਿਆਈਆ । ਏਕਾ ਤੱਤ ਲਏ ਵਿਚਾਰ, ਪਾਰਬ੍ਰਹਮ ਸਮਰਥ ਮਹਿਮਾ ਅਕਥ ਆਪੇ ਜਾਣੇ ਆਪਣੀ ਧਾਰ, ਧਾਰ ਧਾਰ ਵਿਚ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਏਕਾ ਹਰਿ ਇਕ ਇਕੱਲਾ ਏਕੰਕਾਰਾ, ਆਪਣੀ ਕਲ ਆਪ ਧਰਾਈਆ । ਆਪਣੀ ਕਲ ਆਪੇ ਧਾਰ, ਸੋ ਪੁਰਖ ਨਿਰੰਜਣ ਖੇਲ ਖਿਲਾਇੰਦਾ । ਹਰਿ ਪੁਰਖ ਨਿਰੰਜਣ ਵਸਣਹਾਰਾ ਸਚਖੰਡ ਦਵਾਰ, ਸਚ ਸਿੰਘਾਸਣ ਸੋਭਾ ਪਾਇੰਦਾ । ਏਕੰਕਾਰਾ ਹੋ ਤਿਆਰ, ਥਿਰ ਘਰ ਮੰਦਰ ਆਪ ਆਪਣਾ ਰੰਗ ਰੰਗਾਇੰਦਾ । ਆਦਿ ਨਿਰੰਜਣ ਨੂਰੋ ਨੂਰ ਨੂਰ ਉਜਿਆਰ, ਜੋਤੀ ਜਾਤਾ ਪੁਰਖ ਬਿਧਾਤਾ ਆਪਣਾ ਖੇਲ ਆਪ ਖਿਲਾਇੰਦਾ । ਸ੍ਰੀ ਭਗਵਾਨ ਵਸਣਹਾਰਾ ਠਾਂਡੇ ਦਰਬਾਰ, ਦਰ ਦਰਵਾਜ਼ਾ ਰਾਜਨ ਰਾਜਾ ਸ਼ਾਹੋ ਭੂਪ ਆਪ ਖੁਲ੍ਹਾਇੰਦਾ । ਅਬਿਨਾਸ਼ੀ ਕਰਤਾ ਆਪ ਆਪਣਾ ਕਰ ਉਪਕਾਰ, ਲੇਖਾ ਜਾਣੇ ਅੰਦਰ ਬਾਹਰ, ਗੁਪਤ ਜ਼ਾਹਰ ਆਪਣਾ ਰੂਪ ਪਰਗਟਾਇੰਦਾ । ਪਾਰਬ੍ਰਹਮ ਪ੍ਰਭ ਏਕਾ ਏਕਾ ਹੋਇਆ ਖ਼ਬਰਦਾਰ, ਦੂਸਰ ਨਾ ਕੋਇ ਮੀਤ ਮੁਰਾਰ, ਆਪਣੀ ਇਛਿਆ ਆਪੇ ਧਾਰ, ਆਪਣਾ ਖੇਲ ਆਪ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਏਕਾ ਹਰਿ, ਏਕਾ ਮੰਦਰ ਸੋਭਾ ਪਾਇੰਦਾ । ਏਕਾ ਮੰਦਰ ਸੋਭਾਵੰਤ, ਹਰਿ ਵੱਡਾ ਵਡ ਵਡਿਆਈਆ । ਆਦਿ ਪੁਰਖ ਪੁਰਖ ਬੇਅੰਤ, ਬੇਅੰਤ ਸੱਚਾ ਸ਼ਹਿਨਸ਼ਾਹੀਆ । ਲੇਖਾ ਜਾਣੇ ਨਾਰੀ ਕੰਤ, ਨਰ ਨਰਾਇਣ ਆਪਣੇ ਰੰਗ ਆਪ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਏਕਾ ਘਰ ਦਏ ਵਡਿਆਈਆ । ਘਰ ਸੁਹੰਜਣਾ ਥਿਰ ਦਰਬਾਰਾ, ਪੁਰਖ ਅਕਾਲ ਖੇਲ ਖਿਲਾਇੰਦਾ । ਨਿਰਗੁਣ ਦੀਆ ਬਾਤੀ ਕਰ ਉਜਿਆਰਾ, ਜੋਤੀ ਨੂਰ ਡਗਮਗਾਇੰਦਾ । ਸ਼ਾਹੋ ਭੂਪ ਬਣ ਸਿਕਦਾਰਾ, ਸਾਚੇ ਤਖ਼ਤ ਆਸਣ ਲਾਇੰਦਾ । ਹੁਕਮੀ ਹੁਕਮ ਕਰ ਵਰਤਾਰਾ, ਧੁਰ ਫ਼ਰਮਾਨ ਆਪ ਸੁਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦਏ ਹੁਲਾਰਾ, ਸ਼ਬਦ ਅਖਾੜਾ ਇਕ ਲਗਾਇੰਦਾ । ਤ੍ਰੈਗੁਣ ਮਾਇਆ ਭਰ ਭੰਡਾਰਾ, ਵਸਤ ਅਨਮੁਲ ਆਪ ਵਰਤਾਇੰਦਾ । ਲੇਖਾ ਜਾਣੇ ਧੁਰ ਦਰਬਾਰਾ, ਅਲਖ ਅਲਖਨਾ ਆਪਣਾ ਲੇਖਾ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਆਪਣਾ ਮਾਰਗ ਆਪੇ ਲਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਭਰ ਭੰਡਾਰ, ਤ੍ਰੈ ਤ੍ਰੈ ਹਰਿ ਵੰਡ ਵੰਡਾਇੰਦਾ । ਦੂਸਰ ਨਾ ਕੋਈ ਪਾਵੇ ਸਾਰ, ਭੇਵ ਅਭੇਦ ਅਛਲ ਅਛੇਦ ਆਪਣਾ ਖੇਲ ਆਪ ਖਿਲਾਇੰਦਾ । ਆਪਣੇ ਰੰਗ ਰਵੇ ਨਿਰੰਕਾਰ, ਨਿਰਾਕਾਰ ਨਿਰਾਧਾਰ ਰੂਪ ਅਨੂਪ ਆਪਣਾ ਆਪ ਧਰਾਇੰਦਾ । ਆਪੇ ਪਾਏ ਸਾਚੀ ਸਾਰ, ਮਹਾਸਾਰਥੀ ਆਪਣਾ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕੱਲਾ ਏਕਾ ਹਰਿ, ਆਪਣਾ ਭੇਵ ਆਪ ਖੁਲਾਇੰਦਾ । ਹਰਿ ਸਾਚਾ ਭੇਵ ਖੁਲ੍ਹਾਇੰਦਾ, ਲੇਖਾ ਆਦਿ ਜੁਗਾਦਿ । ਤ੍ਰੈ ਤ੍ਰੈ ਆਪਣੀ ਧਾਰ ਬੰਧਾਇੰਦਾ, ਸ਼ਬਦ ਜਣਾਈ ਬੋਧ ਅਗਾਧ । ਨਿਸ਼ਅੱਖਰ

੨੦੭
੧੦

ਆਪ ਪੜ੍ਹਾਇੰਦਾ, ਆਤਮ ਅੰਤਰ ਆਪ ਅਰਾਧ । ਆਪਣਾ ਰੰਗ ਆਪ ਰੰਗਾਇੰਦਾ, ਆਪੇ ਦੇਵਣਹਾਰਾ ਦਾਦ । ਆਪਣਾ ਸੰਗ ਆਪ ਨਿਭਾਇੰਦਾ, ਆਪ ਆਪਣੇ ਵਿਚੋਂ ਕਾਢ । ਆਪਣੀ ਗੰਢ ਆਪ ਪਵਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਇਕ ਵਜਾਏ ਨਾਦ । ਏਕਾ ਨਾਦ ਅਗੰਮੀ ਤੂਰ, ਆਦਿ ਪੁਰਖ ਆਪ ਵਜਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਹਾਜ਼ਰ ਹਜ਼ੂਰ, ਹਰਿ ਕਾ ਰੂਪ ਆਪ ਦਰਸਾਇੰਦਾ । ਜੋਤੀ ਦੇਵੇ ਏਕਾ ਨੂਰ, ਜੋਤੀ ਜੋਤ ਡਗਮਗਾਇੰਦਾ । ਦਾਤਾ ਦਾਨੀ ਜੋਧਾ ਸੂਰ, ਆਪ ਆਪਣੀ ਦਇਆ ਕਮਾਇੰਦਾ । ਸਰਬ ਕਲ ਆਪੇ ਭਰਪੂਰ, ਸਮਰਥ ਪੁਰਖ ਨਾਉਂ ਧਰਾਇੰਦਾ । ਨਾ ਨੇੜੇ ਨਾ ਦਿਸੇ ਦੂਰ, ਦੂਰ ਨੇੜ ਪੰਧ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਨਰ, ਹਰਿ ਨਰਾਇਣ ਆਪ ਅਖਵਾਇੰਦਾ । ਨਰ ਨਰਾਇਣ ਹਰਿ ਨਿਰੰਕਾਰਾ, ਨਿਰਗੁਣ ਆਪਣਾ ਖੇਲ ਖਿਲਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰ ਪਿਆਰਾ, ਸਾਚੀ ਵਸਤ ਝੋਲੀ ਪਾਇੰਦਾ । ਪੰਜ ਤੱਤ ਦਏ ਸਹਾਰਾ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਬੰਧਨ ਪਾਇੰਦਾ । ਲੱਖ ਚੁਰਾਸੀ ਘਾੜਨ ਘੜੇ ਅਪਰ ਅਪਾਰਾ, ਘੜਨ ਭੰਨਣਹਾਰ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਰੀਤੀ ਆਪ ਚਲਾਇੰਦਾ । ਸਾਚੀ ਰੀਤੀ ਹਰਿ ਨਰਾਇਣ, ਆਪਣੀ ਆਪ ਚਲਾਈਆ । ਲੱਖ ਚੁਰਾਸੀ ਆਪੇ ਵੇਖੇ ਆਪਣੇ ਨੈਣ, ਏਕਾ ਨੈਣ ਆਪ ਖੁਲ੍ਹਾਈਆ । ਪੰਜ ਤੱਤ ਤ੍ਰੈਗੁਣ ਬ੍ਰਹਮਾ ਵਿਸ਼ਨ ਸ਼ਿਵ ਇਕ ਵਖਾਏ ਸਾਕ ਸੱਜਣ ਸੈਣ, ਸਗਲਾ ਬੰਧਨ ਆਪੇ ਪਾਈਆ । ਬ੍ਰਹਮੰਡ ਖੰਡ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਏਕਾ ਮੰਤ ਦਏ ਸਮਝਾਈਆ । ਏਕਾ ਮੰਤ ਸ਼ਬਦ ਗਿਆਨ, ਸਤਿ ਪੁਰਖ ਨਿਰੰਜਣ ਆਪ ਜਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰ ਧਿਆਨ, ਬਾਲ ਅੰਜਾਣੇ ਆਪ ਉਠਾਇੰਦਾ । ਦੇਵਣਹਾਰਾ ਧੁਰ ਫ਼ਰਮਾਨ, ਧੁਰ ਦੀ ਬਾਣੀ ਬਾਣ ਲਗਾਇੰਦਾ । ਲੱਖ ਚੁਰਾਸੀ ਹੋ ਪਰਧਾਨ, ਘਟ ਘਟ ਅੰਦਰ ਜੋਤ ਜਗਾਇੰਦਾ । ਘਰ ਘਰ ਵੇਖੇ ਮਾਰ ਧਿਆਨ, ਆਪ ਆਪਣਾ ਮੁਖ ਛੁਪਾਇੰਦਾ । ਵਜਾਏ ਨਾਦੀ ਧੁਨਕਾਨ, ਅਨਹਦ ਰਾਗੀ ਰਾਗ ਅਲਾਇੰਦਾ । ਪਵਣ ਪਾਣੀ ਕਰ ਪਰਵਾਨ, ਆਤਮ ਅੰਤਰ ਜਲ ਭਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਰ ਦਾਤਾ ਆਪ ਹੋ ਜਾਇੰਦਾ । ਦੇਵੇ ਵਰ ਹਰਿ ਨਿਰੰਕਾਰਾ, ਪੰਜ ਤੱਤ ਤੱਤ ਵਡਿਆਈਆ । ਕਰੇ ਖੇਲ ਅਪਰ ਅਪਾਰਾ, ਬ੍ਰਹਮ ਮਤ ਇਕ ਰੁਸ਼ਨਾਈਆ । ਏਕਾ ਤੱਤ ਵਿਚ ਸੰਸਾਰਾ, ਨਾਤਾ ਬਿਧਾਤਾ ਲਏ ਜੁੜਾਈਆ । ਏਕਾ ਗਾਥ ਠਾਂਡੇ ਦਰਬਾਰਾ, ਆਪ ਆਪਣੀ ਲਏ ਸੁਣਾਈਆ । ਏਕਾ ਰਥ ਚਲਾਏ ਹਰਿ ਗਿਰਧਾਰਾ, ਆਪ ਆਪਣੀ ਸੇਵ ਕਮਾਈਆ । ਕਰੇ ਖੇਲ ਅਪਰ ਅਪਾਰਾ, ਆਪਣੀ ਵੰਡਣ ਆਪ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਪਵਣ ਆਪਣੇ ਅੰਗ ਲਗਾਈਆ । ਏਕਾ ਪਵਣ ਲਾਈ ਅੰਗ, ਹਰਿ ਸਾਚਾ ਦਇਆ ਕਮਾਇੰਦਾ । ਦੇਵੇ ਦਾਨ ਸੂਰਾ ਸਰਬੰਗ, ਭੇਵ ਕੋਇ ਨਾ ਪਾਇੰਦਾ । ਲੋਆਂ ਪੁਰੀਆਂ ਬ੍ਰਹਮੰਡ ਖੰਡ ਜਾਏ ਲੰਘ, ਅਧਵਿਚਕਾਰ ਨਾ ਕੋਇ ਅਟਕਾਇੰਦਾ । ਘਟ ਘਟ ਅੰਦਰ ਚਾੜ੍ਹੇ ਰੰਗ, ਸਵਾਸ ਸਵਾਸਾਂ ਨਾਲ ਰਲਾਇੰਦਾ । ਆਪ ਜਣਾਏ ਆਪਣਾ ਅਨੰਦ, ਅਨੰਦ ਮੰਗਲ ਆਪੇ ਗਾਇੰਦਾ । ਆਪ ਸੁਣਾਏ ਆਪਣਾ ਛੰਦ, ਛੰਦ ਸੁਹਾਗੀ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਪਵਣ ਪਵਣ ਧਾਰ, ਦੂਸਰ

ਨਾ ਸਕੇ ਕੋਇ ਵਿਚਾਰ, ਲੇਖਾ ਲਿਖਤ ਵਿਚ ਨਾ ਆਇੰਦਾ । ਪਵਣ ਪਿਆਰੀ ਹਰਿ ਨਿਰੰਕਾਰੀ, ਜੋਤੀ ਰੰਗ ਰੰਗਾਇਆ । ਚਰਨ ਕਵਲ ਮਿਲੀ ਸਿਕਦਾਰੀ, ਸਾਚਾ ਦਰ ਸੁਹਾਇਆ । ਕਿਰਪਾ ਕਰੇ ਸੱਚਾ ਸ਼ਾਹ ਸਿਕਦਾਰੀ, ਸ਼ਹਿਨਸ਼ਾਹ ਸਿਰ ਆਪਣਾ ਹੱਥ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਾਹ ਪਾਤਸ਼ਾਹ ਆਪਣਾ ਨਾਉਂ ਧਰਾਇਆ । ਸ਼ਾਹ ਪਾਤਸ਼ਾਹ ਹਰਿ ਮਿਹਰਵਾਨਾ, ਸਾਚੇ ਤਖ਼ਤ ਸੋਭਾ ਪਾਇੰਦਾ । ਆਪਣੇ ਚਰਨ ਕਵਲ ਆਪੇ ਮਾਰ ਧਿਆਨਾ, ਆਪੇ ਵੇਖ ਵਖਾਇੰਦਾ । ਆਪੇ ਅੰਮ੍ਰਿਤ ਆਪੇ ਸਰੋਵਰ ਆਪੇ ਭਰਿਆ ਪਿਆਲਾ, ਆਪੇ ਰਸੀਆ ਰਸ ਚੁਆਇੰਦਾ । ਆਪੇ ਅਗਨੀ ਜੋਤ ਜਵਾਲਾ, ਆਪੇ ਨੂਰੋ ਨੂਰ ਡਗਮਗਾਇੰਦਾ । ਆਪੇ ਖ਼ਾਕੀ ਖ਼ਾਕ ਸਮਾਲਾ, ਖ਼ਾਕੀ ਖ਼ਾਕ ਰੂਪ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੇ ਦਰ ਸੋਭਾ ਪਾਇੰਦਾ । ਸਾਚਾ ਅੰਮ੍ਰਿਤ ਹਰਿ ਚਰਨ ਕਵਲ ਦਵਾਰ, ਚਰਨੋਦਕ ਨਾਉਂ ਧਰਾਈਆ । ਆਪੇ ਬਰਖੇ ਕਿਰਪਾ ਧਾਰ, ਗਹਿਰ ਗੰਭੀਰ ਵਡੀ ਵਡਿਆਈਆ । ਆਦਿ ਪੁਰਖ ਆਪ ਚਲਾਈ ਆਪਣੀ ਕਾਰ, ਕਰਨੀ ਕਰਤਾ ਆਪ ਕਮਾਈਆ । ਨੀਰ ਵਰੋਲੇ ਅੰਦਰ ਬਾਹਿਰ, ਨਰ ਨਰਾਇਣ ਸਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਰਬ ਵਡਿਆਈਆ । ਦੇਵੇ ਵਡਿਆਈ ਜਗਤ ਨੀਰ ਜਲ, ਜਲ ਰੂਪ ਉਪਾਇੰਦਾ । ਧਰਤ ਧਵਲ ਉਪਰ ਵਖਾਏ ਥਲ, ਮਹੀਅਲ ਆਪਣੀ ਖੇਲ ਖਿਲਾਇੰਦਾ । ਕਰੇ ਕਰਾਏ ਵਲ ਛਲ, ਅਛਲ ਛਲ ਧਾਰੀ ਆਪਣੀ ਕਲ ਆਪ ਵਰਤਾਇੰਦਾ । ਆਪੇ ਸਚ ਸਿੰਘਾਸਣ ਬੈਠਾ ਮਲ, ਆਪੇ ਘਟ ਘਟ ਰੂਪ ਵਟਾਇੰਦਾ । ਆਪੇ ਜੋਤੀ ਸ਼ਬਦੀ ਰਿਹਾ ਰਲ, ਆਪੇ ਪਵਣ ਸਵਾਸ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣੀ ਧਾਰ ਆਪ ਬੰਧਾਇੰਦਾ । ਚਰਨ ਛੋਹੇ ਨੀਰ ਜਲ, ਤ੍ਰਿਪਤ ਤ੍ਰਿਪਤ ਕਰਾਈਆ । ਨਿਮਸਕਾਰ ਕਰੇ ਘੜੀ ਘੜੀ ਪਲ ਪਲ, ਨਿਉਂ ਨਿਉਂ ਸੀਸ ਝੁਕਾਈਆ । ਹਉਂ ਸੇਵਕ ਬਾਲ ਅੰਞਾਣ, ਦਰ ਦਵਾਰ ਆਇਆ ਚਲ, ਏਕਾ ਭਿਖਿਆ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੁਧ ਬਿਨ ਅਵਰ ਨਾ ਕੋਇ ਸਹਾਈਆ । ਚਰਨ ਛੁਹਾਇਆ ਹਰਿ ਨਿਰੰਕਾਰ, ਨੀਰ ਨੀਰ ਵਡਿਆਇਆ । ਲੱਖ ਚੁਰਾਸੀ ਤੇਰੀ ਧਾਰ, ਤ੍ਰੈਗੁਣ ਮੇਲ ਮਿਲਾਇਆ । ਧਰਤ ਧਵਲ ਕਰ ਪਸਾਰ, ਧਰਨੀ ਗੋਦ ਸੁਹਾਇਆ । ਕਰੇ ਖੇਲ ਹਰਿ ਕਰਨੇਹਾਰ, ਅਭੁਲ ਭੁਲ ਕਦੇ ਨਾ ਜਾਇਆ । ਲੋਕਮਾਤ ਬਣੇ ਤੇਰਾ ਸਹਾਰ, ਤੇਰਾ ਸੰਗ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਏਕਾ ਵਰ, ਧੁਰ ਫੁਰਮਾਨ ਇਕ ਜਣਾਇਆ । ਧੁਰ ਫ਼ਰਮਾਨ ਹਰਿ ਸੁਣਾਇੰਦਾ, ਨੀਰ ਸੀਰ ਕਰ ਪਿਆਰ । ਧਰਨੀ ਧਰਤ ਧਵਲ ਵਡਿਆਇੰਦਾ, ਸਿਰ ਹੱਥ ਰਖ ਸਮਰਥ ਨਿਰੰਕਾਰ । ਜੁਗ ਚੌਕੜੀ ਖੇਲ ਖਿਲਾਇੰਦਾ, ਵੰਡ ਵੰਡਾਏ ਵੰਡਣਹਾਰ । ਜੀਵ ਤੇਰੀ ਪੈਜ ਰਖਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਵਰ ਸਚਾ ਦਾਤਾਰ । ਸਾਚਾ ਵਰ ਹਰਿ ਕਰਤਾਰ, ਏਕਾ ਏਕ ਸਮਝਾਈਆ । ਜੁਗ ਚੌਕੜੀ ਤੇਰਾ ਰਹੇ ਵਰਤਾਰ, ਨੌਂ ਨੌਂ ਚਾਰ ਖੇਲ ਖਿਲਾਈਆ । ਨੌਂ ਖੰਡ ਪ੍ਰਿਥਮੀ ਤੇਰਾ ਭੰਡਾਰ, ਸੱਤਾਂ ਦੀਪਾਂ ਆਪ ਜਣਾਈਆ । ਪੰਜ ਤੱਤ ਹੋਇ ਆਧਾਰ, ਤ੍ਰੈਗੁਣ ਤੇਰੇ ਵਿਚ ਸਮਾਈਆ । ਨਿਰਗੁਣ ਸਰਗੁਣ ਹੋ ਉਜਿਆਰ, ਤੇਰੀ ਸੇਵਾ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਚਾ ਸ਼ਹਿਨਸ਼ਾਹੀਆ । ਨਿਰਗੁਣ ਸਰਗੁਣ ਧਾਰ ਚਲਾਇੰਦਾ, ਹਰਿ ਪੁਰਖ

੨੦੯
੧੦

ਅਗੰਮ । ਜਲ ਨੀਰ ਆਪ ਉਪਜਾਇੰਦਾ, ਆਪੇ ਬੇੜਾ ਦੇਵੇ ਬੰਨ੍ਹ । ਲੋਕਮਾਤ ਮਾਣ ਦਿਵਾਇੰਦਾ, ਆਪੇ ਜਨਨੀ ਜਣਿਆ ਆਪੇ ਹਰਿ ਹਰਿ ਜਨ । ਆਪੇ ਰੂਪ ਅਨੂਪ ਪਰਗਟਾਇੰਦਾ, ਆਪਣਾ ਭਾਣਾ ਆਪੇ ਮੰਨ । ਆਪੇ ਗੁਰ ਅਵਤਾਰ ਅਖਵਾਇੰਦਾ, ਆਪੇ ਭਗਤ ਭਗਵੰਤ ਕਹੇ ਧੰਨ ਧੰਨ । ਆਪੇ ਸੰਤ ਕੰਤ ਹੰਢਾਇੰਦਾ, ਆਪੇ ਨਾਰ ਸੁਹਾਗਣ ਜਾਏ ਮੰਨ । ਆਪੇ ਜੀਵ ਜੰਤ ਸੋਭਾ ਪਾਇੰਦਾ, ਆਪੇ ਘੜੇ ਆਪੇ ਲਏ ਭੰਨ । ਆਪੇ ਸਰ ਸਰੋਵਰ ਨਾਉਂ ਧਰਾਇੰਦਾ, ਆਪੇ ਮਾਰਨਹਾਰਾ ਵਿਚ ਉਛੱਲ । ਆਪੇ ਆਪਣਾ ਮੁਖ ਛੁਪਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਵਡ ਪਰਬਲ । ਵਡ ਪਰਬਲ ਹਰਿ ਪਰਬੀਨਾ, ਮਹਿਮਾ ਅਕਥ ਕਥੀ ਨਾ ਜਾਈਆ । ਚਾਰੇ ਮੁਖ ਚਾਰ ਵੇਦ ਬ੍ਰਹਮਾ ਚੀਨਾ, ਚਾਰੋਂ ਕੁੰਟ ਉਠ ਉਠ ਗਾਈਆ । ਚਾਰੇ ਜੁਗ ਰੰਗ ਭੀਨਾ, ਏਕਾ ਏਕ ਏਕ ਚੜ੍ਹਾਈਆ । ਚਾਰੇ ਖਾਣੀ ਲੇਖਾ ਜਾਣੇ ਗੁਣ ਤੀਨਾ, ਤ੍ਰੈਗੁਣ ਭੇਵ ਰਹੇ ਨਾ ਰਾਈਆ । ਕਰੇ ਪਿਆਰ ਹਰਿ ਨਿਰੰਕਾਰ ਲਏ ਅਵਤਾਰ ਜਲ ਜਲ ਮੀਨਾ, ਮੀਨਾ ਜਲ ਰੂਪ ਸਮਾਈਆ । ਆਪੇ ਸਾਂਤਕ ਆਪੇ ਸਤਿ ਆਪੇ ਕਰੇ ਠਾਂਡਾ ਸੀਨਾ, ਆਪੇ ਅਗਨੀ ਤੱਤ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪਣੇ ਹੱਥ ਰਖਾਈਆ । ਆਪਣਾ ਭੇਵ ਆਪਣੇ ਹੱਥ ਰਖਾਇੰਦਾ, ਪਾਰਬ੍ਰਹਮ ਵਡੀ ਵਡਿਆਈਆ । ਸਰ ਸਰੋਵਰ ਮਾਣ ਰਖਾਇੰਦਾ, ਲੋਕਮਾਤ ਆਪ ਪਰਗਟਾਈਆ । ਚਰਨ ਚਰਨੋਦਕ ਵਿਚ ਰਖਾਇੰਦਾ, ਚਰਨ ਸਰਨ ਸਚੀ ਸਰਨਾਈਆ । ਸਤਿਜੁਗ ਤਰੇਤਾ ਆਪ ਉਪਜਾਇੰਦਾ, ਦਵਾਪਰ ਵੇਖੇ ਚਾਈਂ ਚਾਈਆ । ਕਲਜੁਗ ਆਪਣੀ ਕਲ ਧਰਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਵੰਡਣ ਆਪ ਵੰਡਾਈਆ । ਨੀਰ ਵਰੋਲਿਆ ਚਰਨ ਕਵਲ, ਅੰਮ੍ਰਿਤ ਸਾਚੀ ਧਾਰ । ਕਰੇ ਖੇਲ ਪ੍ਰਭ ਉਪਰ ਧਵਲ, ਨਿਰਗੁਣ ਸਰਗੁਣ ਲੈ ਅਵਤਾਰ । ਜੋਤੀ ਸ਼ਬਦੀ ਜਾਣਾ ਮਵਲ, ਜਗਤ ਜੁਗਤ ਕਰੇ ਵਿਹਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਵਸੇ ਸਭ ਤੋਂ ਬਾਹਰ । ਸਭ ਤੋਂ ਬਾਹਿਰ ਵਸੇ ਨਿਰਾਲਾ, ਨਿਰਵੈਰ ਭੇਵ ਨਾ ਰਾਇਆ । ਜੁਗਾ ਜੁਗੰਤਰ ਖੇਲ ਕਰੇ ਪੁਰਖ ਅਕਾਲਾ, ਭੇਵ ਕੋਇ ਨਾ ਪਾਇਆ । ਸਤਿਜੁਗ ਤਰੇਤਾ ਦਵਾਪਰ ਚਲੀ ਅਵਲੜੀ ਚਾਲਾ, ਲੇਖਾ ਲੇਖ ਨਾ ਕੋਇ ਲਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਸਰੋਵਰ ਆਪ ਸਮਾਇਆ । ਜਗਤ ਸਰੋਵਰ ਗੰਗਾ ਜਮਨਾ ਸੁਰਸਤੀ ਧਾਰ, ਲੇਖਾ ਲੇਖੇ ਵਿਚ ਲਿਖਾਈਆ । ਰਿਖ ਮੁਨ ਕਰਨ ਵਿਚਾਰ, ਆਤਮ ਅੰਤਰ ਧਿਆਨ ਲਗਾਈਆ । ਕਵਣ ਕੰਢੇ ਠੰਡਾ ਠਾਰ, ਅਗਨੀ ਤੱਤ ਦਏ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਬੂੰਦ ਬੂੰਦ ਸਵਾਂਤ ਦੇਵਣਹਾਰ ਇਕ ਇਕਾਂਤ, ਏਕਾ ਵਾਰ ਮੁਖ ਚੁਆਈਆ । ਬੂੰਦ ਸਵਾਂਤੀ ਅੰਮ੍ਰਿਤ ਰਸ, ਹਰਿ ਹਰਿ ਆਪ ਚੁਆਇਆ । ਮੁਨ ਰਿਖ ਰਾਹ ਤੱਕਣ ਨੱਸ ਨੱਸ, ਜਗਤ ਪੰਧ ਨਾ ਕੋਇ ਮੁਕਾਇਆ । ਕਰੇ ਖੇਲ ਪ੍ਰਭ ਹੱਸ ਹੱਸ, ਜਗਤ ਜੁਗਤ ਵੇਸ ਵਟਾਇਆ । ਜਨ ਭਗਤਾਂ ਮਾਰਗ ਸਾਚਾ ਦੱਸ, ਆਪ ਆਪਣਾ ਮੇਲ ਮਿਲਾਇਆ । ਹਿਰਦੇ ਅੰਦਰ ਆਪੇ ਵਸ, ਹਰਿ ਅੰਮ੍ਰਿਤ ਰਸ ਚਖਾਇਆ । ਪੰਚ ਵਿਕਾਰਾ ਦੇਵੇ ਝਸ, ਮੋਹ ਵਿਕਾਰ ਨੇੜ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਅਬਗਤ ਆਪਣੀ ਚਾਲ ਚਲਾਇਆ । ਅਬਗਤ ਅਗੋਚਰ ਅਲਖ ਨਿਰੰਜਣ, ਅਲਖ ਨਾ ਲਖਿਆ ਜਾਈਆ । ਜੁਗਾ ਜੁਗੰਤਰ ਦਰਦ ਦੁਖ ਭੈ ਭੰਜਨ, ਭਵ ਸਾਗਰ ਵੇਖ ਵਖਾਈਆ । ਨਾਮ ਨਰਾਇਣ ਨਿਰੰਕਾਰ

ਏਕਾ ਪਾਏ ਅੰਜਨ, ਨੇਤਰ ਗਿਆਨ ਇਕ ਖੁਲ੍ਹਾਈਆ । ਸਦਾ ਸੁਹੇਲਾ ਬਣੇ ਸਦਾ ਸੱਜਣ, ਵਿਛੜ ਕਦੇ ਨਾ ਜਾਈਆ । ਇਕ ਸਰੋਵਰ ਏਕਾ ਮਜਨ, ਏਕਾ ਦੁਰਮਤ ਮੈਲ ਦਏ ਧਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨੀਰ ਆਪੇ ਲਏ ਉਪਜਾਈਆ । ਨੀਰ ਉਪਜਾਇਆ ਪਾਰਬ੍ਰਹਮ, ਆਪਣੀ ਕਿਰਪਾ ਧਾਰ । ਕਿਸੇ ਕੁੱਖ ਨਾ ਪਿਆ ਜੰਮ, ਮਾਤ ਪਿਤ ਨਾ ਕੋਇ ਵਿਚਾਰ । ਕਰਨੀ ਕਰਤਾ ਕਰੇ ਕੰਮ, ਕਾਗ਼ਜ਼ ਕ਼ਲਮ ਲਿਖਣੋਂ ਬਾਹਿਰ । ਧਰਤ ਧਵਲ ਆਪ ਉਠਾਏ ਬਿਨ ਥੰਮ, ਆਕਾਸ਼ ਪ੍ਰਕਾਸ਼ ਹੋਇ ਉਜਿਆਰ । ਜੁਗ ਜੁਗ ਦੇਵਣਹਾਰਾ ਡੰਨ, ਲੋਕਮਾਤ ਲਏ ਅਵਤਾਰ । ਜੋ ਘੜਿਆ ਸੋ ਦੇਵੇ ਭੰਨ, ਥਿਰ ਰਹੇ ਨਾ ਵਿਚ ਸੰਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਅੰਮ੍ਰਿਤ ਜਲ ਸਾਚੀ ਧਾਰ । ਅੰਮ੍ਰਿਤ ਧਾਰ ਸੁਹਾਇੰਦਾ, ਸਤਿਜੁਗ ਤ੍ਰੇਤਾ ਦਵਾਪਰ ਉਤਰਿਆ ਪਾਰ । ਕਲਜੁਗ ਖੇਲ ਖਿਲਾਇੰਦਾ, ਚਾਰ ਕੁੰਟ ਹੋਏ ਉਜਿਆਰ । ਨਵ ਨੌ ਗੇੜਾ ਆਪ ਮੁਕਾਇੰਦਾ, ਲੇਖਾ ਜਾਣੇ ਆਪਣੀ ਵਾਰ । ਬ੍ਰਹਮਾ ਵਿਸ਼ਨ ਸ਼ਿਵ ਹਰਿ ਉਠਾਇੰਦਾ, ਸ਼ਬਦ ਦਏ ਹਲੂਣਾ ਮਾਰ । ਸੋਇਆ ਕੋਇ ਰਹਿਣ ਨਾ ਪਾਇੰਦਾ, ਆਲਸ ਨਿੰਦਰਾ ਨਾ ਕੋਇ ਵਿਚਾਰ । ਰਵ ਸਸ ਆਪ ਜਗਾਇੰਦਾ, ਜੋਤੀ ਨੂਰ ਕਰ ਉਜਿਆਰ । ਕੋਟਨ ਕੋਟੀ ਜੀਵ ਵੇਖ ਵਖਾਇੰਦਾ, ਫੜ ਸੋਟੀ ਸ਼ਬਦ ਕਰਤਾਰ । ਉਚੀ ਚੋਟੀ ਚੜ ਆਸਣ ਲਾਇੰਦਾ, ਸਚਖੰਡ ਸੱਚੇ ਦਵਾਰ । ਰੂਪ ਅਨੂਪ ਆਪ ਧਰਾਇੰਦਾ, ਕਲਜੁਗ ਤੇਰੀ ਅੰਤਮ ਵਾਰ । ਨਿਰਗੁਣ ਆਪਣੀ ਖੇਲ ਖਿਲਾਇੰਦਾ, ਸਰਗੁਣ ਕਰੇ ਪਿਆਰ । ਸਰਗੁਣ ਭੇਵ ਕੋਇ ਨਾ ਪਾਇੰਦਾ, ਬੇਅੰਤ ਬੇਅੰਤ ਬੇਅੰਤ ਰਸਨਾ ਕਹਿ ਕਹਿ ਗਏ ਉਚਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅੰਤ ਸ੍ਰੀ ਭਗਵੰਤ ਆਪੇ ਜਾਣੇ ਆਪਣੀ ਕਾਰ । ਆਦਿ ਪੁਰਖ ਹਰਿ ਆਦਿ ਸਮਾਇਆ, ਮਧ ਆਪਣੀ ਖੇਲ ਖਿਲਾਈਆ । ਅੰਤਮ ਆਪਣੇ ਹੱਥ ਰਖਾਇਆ, ਗੁਰ ਅਵਤਾਰ ਦੇਣ ਗਵਾਹੀਆ । ਚਾਰੇ ਵੇਦਾਂ ਕੂਕ ਸੁਣਾਇਆ, ਪੁਰਾਨ ਅਠਾਰਾਂ ਉਚੀ ਕੂਕਨ ਏਕਾ ਰਾਗ ਅਲਾਈਆ । ਗੀਤਾ ਗਿਆਨ ਗਿਆਨ ਦ੍ਰਿੜਾਇਆ, ਏਕਾ ਤੱਤ ਸਮਝਾਈਆ । ਅੰਜੀਲ ਕ਼ੁਰਾਨਾਂ ਹਾਹਾਕਾਰ ਮਚਾਇਆ, ਤੀਸ ਬਤੀਸਾ ਆਪ ਸੁਣਾਈਆ । ਖਾਣੀ ਬਾਣੀ ਭੇਵ ਖੁਲਾਇਆ, ਆਪ ਆਪਣਾ ਪਰਦਾ ਉਠਾਈਆ । ਹਰਿ ਕਾ ਭੇਵ ਕਿਸੇ ਨਾ ਪਾਇਆ, ਚਾਰ ਜੁਗ ਚਾਰ ਵੇਦ ਚਾਰੇ ਖਾਣੀ ਭੇਦ ਅਭੇਦ ਚਾਰੇ ਬਾਣੀ ਅਛਲ ਅਛੇਦ ਚਾਰ ਵਰਨ ਆਪ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅੰਤ ਏਕਾ ਰੰਗ ਰੰਗਾਈਆ । ਆਦਿ ਪੁਰਖ ਅਬਿਨਾਸ਼ਿਆ, ਅੰਤ ਅਗੰਮੀ ਧਾਰ । ਜੁਗ ਚੌਕੜੀ ਖੇਲ ਤਮਾਸ਼ਿਆ, ਸ਼ਾਸਤਰ ਸਿਮਰਤ ਵੇਦ ਨਾ ਪਾਏ ਸਾਰ । ਗੁਰ ਅਵਤਾਰ ਘੱਲੇ ਆਪਣੇ ਦਾਸੀ ਦਾਸਿਆ, ਸੇਵਾ ਕਰਨ ਵਿਚ ਸੰਸਾਰ । ਰਵ ਸਸ ਪਾਏ ਮੰਡਲ ਰਾਸਿਆ, ਜੋਤੀ ਨੂਰ ਨੂਰ ਉਜਿਆਰ । ਲੇਖਾ ਜਾਣੇ ਪ੍ਰਿਥਮੀ ਅਕਾਸਿਆ, ਗਗਨ ਮੰਡਲ ਵਸੇ ਬਾਹਰ । ਆਪੇ ਕਰੇ ਆਪਣੀ ਪੂਰੀ ਆਸਿਆ, ਆਸ ਨਿਰਾਸਾ ਆਪ ਨਿਰੰਕਾਰ । ਸਾਚੇ ਤਖ਼ਤ ਬਹੇ ਸ਼ਹਿਨਸ਼ਾਹ ਸ਼ਾਹੋ ਸ਼ਬਾਸ਼ਿਆ, ਸ਼ਾਹ ਪਾਤਸ਼ਾਹ ਸੱਚੀ ਸਰਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਹੋ ਤਿਆਰ । ਕਲਜੁਗ ਅੰਤਮ ਚੌਥਾ ਜੁਗ, ਨੌ ਸੌ ਚੁਰਾਨਵੇ ਚੌਕੜੀ ਗੇੜਾ ਆਪ ਦਵਾਈਆ । ਆਪ ਸੁਹਾਏ ਆਪਣੀ ਰੁੱਤ, ਰੁੱਤ ਰੁਤੜੀ ਵੇਖ ਵਖਾਈਆ । ਪਾਰਬ੍ਰਹਮ ਅਬਿਨਾਸ਼ੀ ਅਚੁਤ, ਚਿਤਵਿਤ ਠਗੌਰੀ ਨਾ ਕੋਈ ਪਾਈਆ । ਹੱਡ ਮਾਸ ਨਾ ਨਾੜੀ ਦਿਸੇ ਬੁੱਤ, ਪੰਜ ਤੱਤ ਨਾ ਕੋਈ ਵਖਾਈਆ । ਸ਼ਬਦੀ

੨੧੧ ੧੦

ਸ਼ਬਦ ਉਪਾਇਆ ਸੁੱਤ, ਪਿਤਾ ਪੂਤ ਏਕਾ ਬੰਕ ਸੁਹਾਈਆ । ਆਪ ਬਣਾਇਆ ਸਾਚਾ ਕਿਲਾ ਕੋਟ, ਚਾਰ ਕੁੰਟ ਚਾਰ ਦੀਵਾਰ ਛੱਪਰ ਛੰਨ ਨਾ ਕੋਈ ਛੁਹਾਈਆ । ਸਾਹਿਬ ਸਤਿਗੁਰ ਆਪਣੇ ਉਪਰ ਆਪੇ ਤੁਠ, ਆਪਣੀ ਦਯਾ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਖੇਲ ਕਰੇ ਬੇਪਰਵਾਹੀਆ । ਕਲਜੁਗ ਖੇਲ ਖਿਲਾਇੰਦਾ, ਜੋਧਾ ਸੂਰਬੀਰ ਬਲਕਾਰ । ਸਤਿਗੁਰ ਸ਼ਬਦੀ ਮੇਲ ਮਿਲਾਇੰਦਾ, ਪਿਤਾ ਪੂਤ ਕਰੇ ਪਿਆਰ । ਗੋਬਿੰਦ ਗੁਰ ਗੁਰ ਧਾਮ ਸੁਹਾਇੰਦਾ, ਲੇਖਾ ਜਾਣੇ ਇਕ ਨਿਰੰਕਾਰ । ਲੱਖ ਚੁਰਾਸੀ ਭੇਵ ਨਾ ਆਇੰਦਾ, ਲਿਖ ਲਿਖ ਥੱਕਾ ਸਰਬ ਸੰਸਾਰ । ਪੜ੍ਹ ਪੜ੍ਹ ਪੰਧ ਨਾ ਕੋਈ ਮੁਕਾਇੰਦਾ, ਨਜ਼ਰ ਨਾ ਆਏ ਸਚ ਦਰਬਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਆਪ ਨਿਰੰਕਾਰ । ਹਰਿ ਨਿਰੰਕਾਰ ਖੇਲ ਖਿਲਾਇੰਦਾ, ਕਲਜੁਗ ਅੰਤਮ ਵਾਰ । ਗੋਬਿੰਦ ਸੂਰਾ ਆਪ ਉਪਜਾਇੰਦਾ, ਸ਼ਬਦੀ ਗੁਰ ਗੁਰ ਅਵਤਾਰ । ਹੁਕਮੀ ਹੁਕਮ ਆਪ ਸੁਣਾਇੰਦਾ, ਧੁਰ ਦਰਗਾਹੀ ਧੁਰ ਦਰਬਾਰ । ਸਾਚਾ ਮੇਲਾ ਮੇਲ ਮਿਲਾਇੰਦਾ, ਲੋਕਮਾਤ ਕਰ ਪਿਆਰ । ਪੰਜ ਤਤ ਏਕਾ ਸੰਗ ਰਖਾਇੰਦਾ, ਤ੍ਰੈਗੁਣ ਮੇਲਾ ਕੰਤ ਭਤਾਰ । ਸੁਰਤ ਸੁਵਾਣੀ ਆਪ ਪ੍ਰਨਾਇੰਦਾ, ਸ਼ਬਦ ਹਾਣੀ ਇਕ ਨਿਰੰਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਹੋਏ ਸ਼ਾਹ ਅਸਵਾਰ । ਸ਼ਾਹ ਅਸਵਾਰਾ ਹਰਿ ਨਿਰੰਕਾਰਾ, ਅਸਵ ਘੋੜਾ ਇਕ ਵਖਾਈਆ । ਆਪੇ ਚੜ੍ਹੇ ਆਪਣੀ ਵਾਰਾ, ਸਚ ਸਿੰਘਾਸਣ ਆਸਣ ਲਾਈਆ । ਆਪੇ ਖੜਗ ਆਪ ਕਟਾਰਾ, ਆਪੇ ਚੰਡ ਪ੍ਰਚੰਡ ਚਮਕਾਈਆ । ਆਪੇ ਕਲਗੀ ਤੋੜਾ ਦਸਤਾਰਾ, ਆਪੇ ਸੀਸ ਜਗਦੀਸ ਸੁਹਾਈਆ । ਆਪੇ ਪੰਚਮ ਕਰੇ ਪਿਆਰਾ, ਆਪੇ ਪੰਚਮ ਮੋਹ ਚੁਕਾਈਆ । ਆਪੇ ਚੌਥੇ ਜੁਗ ਜਾਣੇ ਪਾਰ ਕਿਨਾਰਾ, ਚਾਰੋ ਕੁੰਟ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਨੀਰ ਦੇਵੇ ਧੀਰ, ਸ਼ਬਦੀ ਸ਼ਬਦ ਸ਼ਬਦ ਮਿਲਾਈਆ । ਜਗਤ ਨੀਰ ਸੀਰ ਸ਼ਬਦ ਮਿਲਾਇਆ ਗੁਰ ਗੋਬਿੰਦ ਦਯਾ ਕਮਾਇੰਦਾ । ਸਰ ਸਰੋਵਰ ਇਕ ਸੁਹਾਇਆ, ਸਰਸਾ ਧਾਰ ਬੰਧਾਇੰਦਾ । ਆਪਣਾ ਬੇੜਾ ਜਗਤ ਵਖਾਇਆ, ਜਗਤ ਬੇੜਾ ਆਪ ਚਲਾਇੰਦਾ । ਆਪਣਾ ਖੇੜਾ ਆਪੇ ਢਾਹਿਆ, ਗੁਰਮੁਖਾਂ ਖੇੜਾ ਆਪ ਵਸਾਇੰਦਾ । ਆਪਣਾ ਨੇੜਾ ਆਪ ਕਰਾਇਆ, ਭੇਵ ਕੋਈ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭਾਰ ਆਪ ਉਠਾਇੰਦਾ । ਆਪਣਾ ਭਾਰ ਚੁੱਕ ਹਰਿ ਸੀਸ, ਜੁਗ ਜੁਗ ਖੇਲ ਖਿਲਾਈਆ । ਕਰੇ ਖੇਲ ਸਾਹਿਬ ਜਗਦੀਸ਼, ਜਗਤ ਭੇਵ ਨਾ ਰਾਈਆ । ਭੇਵ ਨਾ ਪਾਇਨ ਰਾਗ ਛਤੀਸ, ਰਸਨਾ ਜਿਹਵਾ ਜਗਤ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪਣੇ ਵਿਚ ਟਿਕਾਈਆ । ਆਪਣਾ ਲੇਖਾ ਆਪਣੇ ਹੱਥ ਰਖਾਇੰਦਾ, ਦੂਸਰ ਹੱਥ ਨਾ ਕੋਈ ਡੋਰ । ਜੁਗ ਜੁਗ ਆਪਣਾ ਰੂਪ ਧਰਾਇੰਦਾ, ਜੋਤੀ ਜਲਵਾ ਨੂਰੋ ਨੂਰ । ਸ਼ਬਦੀ ਨਾਦ ਆਪ ਵਜਾਇੰਦਾ, ਤੁਰੀਆ ਰਾਗ ਏਕਾ ਤੂਰ । ਸਰਬ ਕਲਾ ਸਮਰਥ ਆਪ ਅਖਵਾਇੰਦਾ, ਸਮਰਥ ਪੁਰਖ ਸਦਾ ਭਰਪੂਰ । ਆਪਣਾ ਰਥ ਆਪ ਚਲਾਇੰਦਾ, ਰਥ ਰਥਵਾਹੀ ਦਾਤਾ ਜੋਧਾ ਸੂਰ । ਆਪਣੀ ਕਥਾ ਆਪ ਸੁਣਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਹੋਏ ਹਾਜ਼ਰ ਹਜ਼ੂਰ । ਹਾਜ਼ਰ ਹਜ਼ੂਰ ਹਰਿ ਨਿਰੰਕਾਰਾ, ਹਰਿ ਮੰਦਰ ਸੋਭਾ ਪਾਈਆ । ਗੋਬਿੰਦ ਆਪੇ ਲੇਖਾ ਲਿਖਣਹਾਰਾ, ਲੇਖਾ ਲੇਖ ਨਾ ਕੋਈ ਮਿਟਾਈਆ । ਨਿਰਗੁਣ ਸਰਗੁਣ ਲਏ ਅਵਤਾਰਾ, ਸਰਗੁਣ ਨਿਰਗੁਣ ਵਿਚ ਸਮਾਈਆ । ਨਿਰਗੁਣ ਹੋਏ ਮਾਤ ਉਜਿਆਰਾ, ਜੋਤੀ ਜਾਮਾ

ਭੇਖ ਵਟਾਈਆ । ਨਿਹਕਲੰਕ ਕਰੇ ਖੇਲ ਅਪਰ ਅਪਾਰਾ, ਪਾਰਬ੍ਰਹਮ ਸੱਚਾ ਸ਼ਹਿਨਸ਼ਾਹੀਆ । ਗੋਬਿੰਦ ਮੇਲਾ ਸੁਤ ਦੁਲਾਰਾ, ਵਿਛੜ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਗੋਬਿੰਦ ਲੇਖ ਚੁਕਾਇੰਦਾ, ਕਲਜੁਗ ਅੰਤਮ ਵਾਰ । ਆਪਣਾ ਲੇਖਾ ਆਪ ਮੁਕਾਇੰਦਾ, ਕਲਜੁਗ ਲੇਖਾ ਦੇਵੇ ਪਾੜ । ਗੁਰਮੁਖ ਸਾਚੇ ਨਾਲ ਰਲਾਇੰਦਾ, ਦਿਵਸ ਰੈਣ ਕਰੇ ਪਿਆਰ । ਆਪਣਾ ਪਾਂਧੀ ਪੰਧ ਮੁਕਾਇੰਦਾ, ਪੰਧ ਰਹੇ ਨਾ ਦੂਜੀ ਵਾਰ । ਸਾਚੀ ਸਾਂਝ ਜਹਾਨ ਪਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਵਡਿਆਇੰਦਾ । ਹਰਿਜਨ ਵਡਿਆਈ ਗੁਰ ਗੋਬਿੰਦ, ਏਕਾ ਮਾਣ ਰਖਾਇਆ । ਸਗਲ ਮਿਟਾਈ ਝੂਠੀ ਚਿੰਦ, ਚਿੰਤਾ ਰੂਪ ਨਾ ਕੋਇ ਦਰਸਾਇਆ । ਦਾਤਾ ਦਾਨੀ ਗੁਣੀ ਗਹਿੰਦ, ਗਹਿਰ ਗੰਭੀਰ ਨਾਉਂ ਧਰਾਇਆ । ਗੁਰਸਿਖ ਉਪਜਾਏ ਆਪ ਬਣਾਏ ਆਪਣੀ ਬਿੰਦ, ਆਪ ਆਪਣੀ ਗੋਦ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਤੇਰਾ ਰੂਪ ਆਪ ਪਰਗਟਾਇਆ । ਗੁਰਸਿਖ ਰੂਪ ਅਪਾਰ, ਵਿਸ਼ਨ ਬ੍ਰਹਮਾ ਸ਼ਿਵ ਸੀਸ ਝੁਕਾਈਆ । ਗੁਰਸਿਖ ਉਤਰੇ ਪਾਰ, ਗੁਰ ਪੂਰਾ ਪਾਰ ਕਰਾਈਆ । ਗੁਰਸਿਖ ਤ੍ਰਿਸ਼ਨਾ ਤ੍ਰਿਖਾ ਦਏ ਨਿਵਾਰ, ਸੰਸਾ ਰੋਗ ਰਹੇ ਨਾ ਰਾਈਆ । ਗੁਰਸਿਖ ਰਾਜ ਜੋਗ ਜਗਤ ਦਏ ਦੁਰਕਾਰ, ਮਾਇਆ ਮਮਤਾ ਪੋਹ ਨਾ ਸਕੇ ਰਾਈਆ । ਗੁਰਸਿਖ ਹਉਮੇ ਹੰਗਤਾ ਤੋੜ ਹੰਕਾਰ, ਕਾਮ ਕਰੋਧ ਨੇੜ ਨਾ ਆਈਆ । ਗੁਰਸਿਖ ਮੰਗਣ ਪਏ ਗੁਰ ਚਰਨ ਦਵਾਰ, ਦੂਜੀ ਵਸਤ ਨਾ ਕੋਇ ਮੰਗਾਈਆ । ਗੁਰ ਗੋਬਿੰਦ ਬੰਧੀ ਸਾਚੀ ਧਾਰ, ਢਾਬ ਕਿਨਾਰਾ ਇਕ ਸੁਹਾਈਆ । ਸੁਤ ਦੁਲਾਰ ਕਰ ਪਿਆਰ, ਆਪ ਆਪਣੀ ਗੋਦ ਉਠਾਈਆ । ਮਹਾਂ ਸਿੰਘ ਵਰ ਮੰਗ ਸੰਸਾਰ, ਵਰ ਦੇਵਣਹਾਰ ਇਕ ਅਖਵਾਈਆ । ਗੁਰਸਿਖ ਨੇਤਰ ਰੋਵੇ ਜ਼ਾਰੋ ਜ਼ਾਰ, ਬਿਨ ਤੇਰੇ ਦਰਸ ਦੂਸਰ ਵਸਤ ਨਾ ਕੋਇ ਭਾਈਆ । ਤੂੰ ਸਖ਼ਾ ਸਖ਼ਾਈ ਮੀਤ ਮੁਰਾਰ, ਹਉਂ ਸੇਵਕ ਸੇਵ ਕਮਾਈਆ । ਮੈਂ ਸੁੱਤਾ ਤੇਰੀ ਗੋਦ ਚਰਨ ਪਸਾਰ, ਬਿਨ ਤੇਰੇ ਅਵਰ ਨਾ ਕੋਇ ਜਗਾਈਆ । ਤੂੰ ਸ਼ਾਹ ਬਣਿਆ ਰਹੀਂ ਸੱਚਾ ਅਸਵਾਰ, ਤੇਰੇ ਘੋੜੇ ਵਾਗ ਮੇਰੇ ਹੱਥ ਸੇਵ ਕਮਾਈਆ । ਤੇਰਾ ਤਨ ਮੇਰਾ ਉਧਾਰ, ਮੇਰਾ ਮਨ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਮਹਾਂ ਸਿੰਘ ਨੇਤਰ ਨੀਰ ਵਰੋਲਿਆ, ਗੁਰ ਗੋਬਿੰਦ ਅੱਗੇ ਮਾਰੀ ਧਾਹ । ਆਪਣਾ ਪਰਦਾ ਬਿਨ ਤੇਰੇ ਅੱਗੇ ਕਿਸੇ ਨਾ ਫੋਲਿਆ, ਜਗਤ ਆਯੂ ਗਈ ਵਿਹਾ । ਆਪਣਾ ਜਨਮ ਤੇਰੇ ਕੰਡੇ ਤੋਲਿਆ, ਤੋਲਾ ਬਣ ਕੇ ਤੋਲਣਾ ਸਚ ਮਲਾਹ । ਤੇਰੀ ਕਾਇਆ ਅੰਦਰ ਤੇਰਾ ਆਪੇ ਮੌਲਿਆ, ਪੱਤ ਡਾਲੀ ਰਹੀ ਮਹਿਕਾ । ਹਉਂ ਰਿਹਾ ਤੇਰਾ ਗੋਲਿਆ, ਤੇਰੀ ਸੇਵ ਕਮਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰੂ ਗੋਬਿੰਦ ਆਪ ਸਮਝਾਇਆ । ਗੁਰ ਗੋਬਿੰਦ ਦਇਆ ਕਮਾਇੰਦਾ, ਗੁਰਸਿਖ ਗੋਦੀ ਚੁੱਕ । ਸਿੰਘ ਦਇਆ ਨਾਲ ਰਲਾਇੰਦਾ, ਕਰੇ ਉਜਲ ਮੁਖ । ਮੁਖ ਅੰਮ੍ਰਿਤ ਆਪ ਚੁਆਇੰਦਾ, ਦੋ ਜਹਾਨਾਂ ਮੇਟੀ ਭੁੱਖ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪੇ ਲਿਖ । ਆਪਣਾ ਲੇਖ ਲਿਖਾਇਆ, ਗੁਰ ਗੋਬਿੰਦ ਕਰ ਪਿਆਰ । ਮਹਾਂ ਸਿੰਘ ਤੇਰਾ ਰੂਪ ਮੇਰੇ ਵਿਚ ਸਮਾਇਆ, ਮੇਰਾ ਤਨ ਤੇਰਾ ਸ਼ੰਗਾਰ । ਜਗਤ ਵਿਚੋਲਾ ਸੰਗ ਰਲਾਇਆ, ਪੰਚਮ ਮੀਤਾ ਪੰਚਮ ਉਧਾਰ । ਸਾਚੇ ਘੋੜੇ ਵਾਗ ਉਠਾਇਆ, ਆਪੇ ਚਲੇ ਆਪਣੀ ਵਾਰ । ਜਗਤ ਜਹਾਨਾ ਪੰਧ ਮੁਕਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਕਰੇ ਖੇਲ ਆਪ ਕਰਤਾਰ । ਖੇਲ ਕਰੇ ਕਰਤਾਰ ਹਰਿ, ਹਰਿ ਹਰਿ ਸੱਚਾ ਸ਼ਹਿਨਸ਼ਾਹ ਪਾਤਸ਼ਾਹੀਆ । ਗੁਰਮੁਖ ਗੁਰਸਿਖ ਆਪੇ ਵਰ, ਦਰ ਘਰ ਸਾਚੇ ਸਚ ਰਖਾਈਆ । ਨਿਰਭੌ ਚੁਕਾਏ ਜਗਤ ਡਰ, ਭੈ ਭਿਆਨਕ ਹੋਏ ਸਹਾਈਆ । ਲੇਖਾ ਜਾਣੇ ਆਪਣੇ ਸਰ, ਸਰ ਸਰੋਵਰ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਨੀਰ ਨੇਤਰ ਵੇਖ ਵਖਾਈਆ । ਨੇਤਰ ਨੀਰ ਵੇਖਣਹਾਰਾ, ਆਪਣਾ ਖੇਲ ਖਿਲਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰੇ ਨਿਮਸਕਾਰਾ, ਨਿਉਂ ਨਿਉਂ ਸੀਸ ਝੁਕਾਇੰਦਾ । ਇਕ ਸਤ ਛੇ ਦੋ ਹੋ ਉਜਿਆਰਾ । ਵਦੀ ਸੁਦੀ ਆਪਣੇ ਵਿਚ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਖੇਲ ਆਪ ਖਿਲਾਇੰਦਾ । ਜਗਤ ਨੀਰ ਤੇਰਾ ਪੰਧ ਮੁਕਾਵਣਾ, ਲੋਕਮਾਤ ਰਹਿਣ ਨਾ ਪਾਈਆ । ਗੋਬਿੰਦ ਆਪਣਾ ਚਰਨ ਛੁਹਾਵਣਾ । ਚਰਨ ਕਵਲ ਵਡੀ ਵਡਿਆਈਆ । ਦੋ ਅੱਠ ਮੇਲ ਮਿਲਾਵਣਾ, ਅਠਾਰਾਂ ਅਠਾਈ ਰੂਪ ਵਟਾਈਆ । ਜਗਤ ਮਾਣ ਵਡਿਆਈ ਜਗਤ ਜੀਵ ਰਖਾਵਣਾ, ਗੁਰਮੁਖ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦੂਸਰ ਅਵਰ ਨਾ ਕੋਇ ਚਤੁਰਾਈਆ । ਮਹਾਂ ਸਿੰਘ ਗੁਰ ਗੋਦ ਬਹਾਇਆ, ਆਪਣੀ ਝੋਲੀ ਆਪ ਭਰਾਈਆ । ਆਪਣਾ ਖੇਲ ਰਿਹਾ ਖਲਾਇਆ, ਖ਼ਾਲਕ ਖ਼ਲਕ ਰੂਪ ਵਟਾਈਆ । ਸਾਲਸ ਆਪਣਾ ਨਾਉਂ ਧਰਾਇਆ, ਸਚ ਸਾਲਸੀ ਆਪ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਪਰਦਾ ਦਏ ਉਠਾਈਆ । ਗੋਬਿੰਦ ਆਇਆ ਗੋਬਿੰਦ ਘਾਟ, ਗੋਬਿੰਦ ਨਗਰੀ ਆਪ ਸੁਹਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਤੱਕਣ ਵਾਟ, ਨੇਤਰ ਨੈਣ ਸਰਬ ਉਠਾਇੰਦਾ । ਅਠਾਈ ਸਿੰਘ ਕਪਾਲ ਪਾਟ, ਪਟ ਪਾਤਰ ਰੂਪ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਆਪ ਰੰਗਾਇੰਦਾ । ਮਹਾਂ ਸਿੰਘ ਗੋਬਿੰਦ ਨਾਲ ਲਾਇਆ, ਆਪਣੀ ਗੋਦ ਉਠਾਈਆ । ਦੇਹ ਨਾਲ ਨਾਤਾ ਜਗਤ ਬੰਧਾਇਆ, ਤੁਟ ਕਦੇ ਨਾ ਜਾਈਆ । ਦਇਆ ਸਿੰਘ ਵਿਚੋਲਾ ਵਿਚ ਬਣਾਇਆ, ਭੁਲ ਰਹੇ ਨਾ ਰਾਈਆ । ਏਕਾ ਵਰ ਏਕਾ ਹਰਿ ਏਕਾ ਘਰ ਝੋਲੀ ਪਾਇਆ, ਬਖ਼ਸ਼ੇ ਸਚ ਸੱਚੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪ ਖੁਲ੍ਹਾਈਆ । ਸਿੰਘ ਅਠਾਈ ਮਹਾਂ ਸਿੰਘ, ਸਗਲਾ ਸੰਗ ਰਖਾਇੰਦਾ । ਨਿਭੇ ਨਾਲ ਮੰਗੀ ਮੰਗ, ਵਿਛੜ ਕਦੇ ਨਾ ਜਾਇੰਦਾ । ਆਪਣੀ ਹੱਥੀਂ ਕਸੇ ਤੰਗ, ਵਾਗਾਂ ਮਹਾਂ ਸਿੰਘ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਕਾ ਭੇਵ ਕੋਇ ਨਾ ਪਾਇੰਦਾ ।



★ ੨੮ ਮਾਘ ੨੦੧੭ ਬਿਕ੍ਰਮੀ ਸ਼ਬਦ ਸਿੰਘਾਸਣ ਮਕਾਨ ੬੭੮੬ ਗਲੀ ਨੰ੦ ੭, ਮੁਲਤਾਨੀ ਢਾਂਡਾ ਪਹਾੜਗੰਜ ਦਿਲੀ ★

ਸਚਖੰਡ ਦਵਾਰਾ ਸਾਚੀ ਧਾਰ, ਸਤਿ ਸਤਿਵਾਦੀ ਸਤਿ ਸਤਿ ਚਲਾਇੰਦਾ । ਸੋ ਪੁਰਖ ਨਿਰੰਜਣ ਰੂਪ ਅਗੰਮ ਅਪਾਰ, ਮਹਿਮਾ ਅਨੂਪ ਭੇਵ ਨਾ ਆਇੰਦਾ । ਹਰਿ ਪੁਰਖ ਨਿਰੰਜਣ ਖੇਲ ਨਿਆਰ, ਅਲਖ ਅਗੋਚਰ ਅਗੰਮ ਅਥਾਹ ਬੇਪਰਵਾਹ ਆਪਣੀ ਖੇਲ ਖਿਲਾਇੰਦਾ । ਏਕੰਕਾਰਾ ਹਰਿ ਨਿਰੰਕਾਰਾ, ਆਪੇ ਜਾਣੇ ਆਪਣਾ ਰਾਹ, ਨਿਰਾਕਾਰਾ ਨਿਰਾਧਾਰਾ ਆਪਣੀ ਧਾਰ ਉਪਾਇੰਦਾ । ਆਦਿ ਨਿਰੰਜਣ ਨੂਰ ਉਜਿਆਰਾ ਠਾਂਡੇ ਦਰਬਾਰਾ,

ਦਰ ਘਰ ਸਾਚੇ ਆਪ ਉਪਾਇੰਦਾ । ਅਬਿਨਾਸ਼ੀ ਕਰਤਾ ਕਰ ਪਸਾਰਾ, ਵੇਖਣਹਾਰਾ ਆਪਣਾ ਰੂਪ ਆਪ ਪ੍ਰਗਟਾਇੰਦਾ । ਸ੍ਰੀ ਭਗਵਾਨ ਖੋਲ੍ਹ ਕਿਵਾੜਾ, ਨਿਰਗੁਣ ਨਿਰਗੁਣ ਕਰ ਪਿਆਰਾ, ਨਿਰਵੈਰ ਪੁਰਖ ਆਪਣੀ ਕਲ ਧਰਾਇੰਦਾ । ਪਾਰਬ੍ਰਹਮ ਪ੍ਰਭ ਸਤਿ ਭੰਡਾਰਾ, ਪੁਰਖ ਅਕਾਲ ਬਣ ਵਰਤਾਰਾ, ਅਨਭਵ ਆਪਣੀ ਵਸਤ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਸਾਚੇ ਸੋਭਾ ਪਾਇੰਦਾ । ਸਚਖੰਡ ਦਵਾਰਾ ਭੇਵ ਅਵੱਲਾ, ਹਰਿ ਸਾਚਾ ਸਚ ਰਖਾਇੰਦਾ । ਆਦਿ ਪੁਰਖ ਵਸਿਆ ਇਕ ਅਕੱਲਾ, ਆਪ ਆਪਣੀ ਦਯਾ ਕਮਾਇੰਦਾ । ਸੋਭਾਵੰਤ ਸੁਹਾਏ ਮਹੱਲਾ, ਸਤਿ ਪੁਰਖ ਨਿਰੰਜਣ ਸਾਚੀ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਏਕੰਕਾਰਾ ਆਪਣੀ ਕਲ ਆਪ ਰਖਾਇੰਦਾ । ਸਚਖੰਡ ਦਵਾਰਾ ਹਰਿ ਨਿਰੰਕਾਰਾ, ਆਪਣਾ ਆਪ ਸੁਹਾਈਆ । ਕਰੇ ਖੇਲ ਅਪਰ ਅਪਾਰਾ, ਅਪਰੰਪਰ ਭੇਵ ਨਾ ਰਾਈਆ । ਬਣਾਏ ਬਣਤ ਸੱਚੀ ਸਰਕਾਰਾ, ਆਪਣੀ ਘਾੜਤ ਆਪ ਘੜਾਈਆ । ਦੇਵੇ ਵਰ ਧੁਰ ਦਰਬਾਰਾ, ਵਰ ਦਾਤਾ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਆਪਣੀ ਰਚਨਾ ਆਪੇ ਲਏ ਰਚਾਈਆ । ਸਚਖੰਡ ਦਵਾਰਾ ਹਰਿ ਸੁਹਾਇਆ, ਮਹਿਮਾ ਅਗਣਤ ਗਣੀ ਨਾ ਜਾਈਆ । ਛੱਪਰ ਛੰਨ ਨਾ ਕੋਈ ਛੁਹਾਇਆ, ਚਾਰ ਦੀਵਾਰ ਨਾ ਕੋਇ ਬਣਾਈਆ । ਰਵ ਸਸ ਨਾ ਕੋਈ ਚਮਕਾਇਆ, ਮੰਡਲ ਮੰਡਪ ਨਾ ਕੋਈ ਵਡਿਆਈਆ । ਸਰਗੁਣ ਰੂਪ ਨਾ ਕੋਈ ਦਿਸਾਇਆ, ਨਿਰਗੁਣ ਨਿਰਾਕਾਰ ਆਪਣੀ ਖੇਲ ਖਿਲਾਈਆ । ਕਿਲਾ ਕੋਟ ਨਾ ਕੋਈ ਬਣਾਇਆ, ਘਾੜਤ ਘੜ ਨਾ ਕੋਈ ਵਖਾਈਆ । ਆਪਣੀ ਰਚਨਾ ਆਪੇ ਵੇਖ ਵਖਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਚਾ ਆਪ ਉਪਾਈਆ । ਸਚਖੰਡ ਦੁਆਰਾ ਆਪ ਸੁਹਾਇੰਦਾ, ਸਚਖੰਡ ਦਵਾਰਾ ਏਕੰਕਾਰ । ਆਪਣੀ ਰਚਨਾ ਆਪ ਰਚਾਇੰਦਾ, ਆਪੇ ਹੋਏ ਵੇਖਣਹਾਰ । ਆਪਣੀ ਇਛਿਆ ਆਪ ਪ੍ਰਗਟਾਇੰਦਾ, ਆਪੇ ਪਾਵੇ ਸਾਰ । ਆਪਣਾ ਹੁਕਮ ਆਪ ਸਮਝਾਇੰਦਾ, ਆਪੇ ਕਰਨਹਾਰ ਵਿਚਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਆਦਿ ਕਰੇ ਕਰਾਏ ਸਾਚੀ ਕਾਰ । ਸਚਖੰਡ ਦਵਾਰ ਸੁਹੰਜਣਾ, ਹਰਿ ਸਾਚਾ ਸਚ ਸਮਝਾਇੰਦਾ । ਕਰੇ ਖੇਲ ਆਦਿ ਨਿਰੰਜਣਾ, ਆਦਿ ਪੁਰਖ ਆਪਣਾ ਪਰਦਾ ਲਾਹਿੰਦਾ । ਸਾਚੇ ਮੰਦਰ ਸਚ ਮਹੱਲ ਅਟਲ ਮਿਨਾਰ ਆਪੇ ਬਹਿ ਬਹਿ ਸਜਣਾ, ਆਪ ਆਪਣਾ ਵੇਖ ਵਖਾਇੰਦਾ । ਨਾ ਘੜੇ ਨਾ ਭੱਜਨਾ, ਥਿਰ ਆਪਣਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਏਕਾ ਘਰ, ਘਰ ਸਾਚਾ ਇਕ ਸੁਹਾਇੰਦਾ । ਆਪ ਉਪਾਇਆ ਸਾਚਾ ਘਰ, ਦੂਸਰ ਅਵਰ ਨਾ ਕੋਈ ਜਣਾਈਆ । ਨਿਰਗੁਣ ਨਿਰਵੈਰ ਪੁਰਖ ਅਕਾਲ ਬੈਠਾ ਅੰਦਰ ਵੜ, ਅਜੂਨੀ ਰਹਿਤ ਆਪਣਾ ਰੰਗ ਨਾ ਕੋਈ ਜਣਾਈਆ । ਆਪਣੀ ਕਰਨੀ ਕਰਤਾ ਪੁਰਖ ਆਪੇ ਕਰ, ਕਰਨਹਾਰ ਆਪ ਹੋ ਜਾਈਆ । ਆਪਣੀ ਸਰਨ ਸਰਨਾਈ ਆਪੇ ਪੜ, ਆਪੇ ਧੁਰ ਫ਼ਰਮਾਨ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਅਗੰਮ ਅਗੰਮੜੀ ਖੇਲ ਖਿਲਾਈਆ । ਅਗੰਮ ਅਗੰਮੜਾ ਖੇਲ ਅਪਾਰਾ, ਹਰਿ ਸਾਚਾ ਸਚ ਕਰਾਇੰਦਾ । ਸਾਚੇ ਘਰ ਹੋ ਉਜਿਆਰਾ, ਨਿਰਗੁਣ ਆਪਣਾ ਰੂਪ ਧਰਾਇੰਦਾ । ਆਪਣੀ ਭਿਛਿਆ ਭਰ ਭੰਡਾਰਾ, ਆਪੇ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪਣੇ ਹੱਥ ਰਖਾਇੰਦਾ । ਆਪਣਾ ਹੁਕਮ ਰੱਖੇ ਹੱਥ, ਹਰਿ ਸਾਚਾ ਵਡ ਸੁਲਤਾਨਿਆ ।

ਸਰਬ ਕਲਾ ਆਪੇ ਸਮਰਥ, ਲੇਖਾ ਜਾਣੇ ਸ੍ਰੀ ਭਗਵਾਨਿਆ । ਆਪਣੀ ਮਹਿਮਾ ਆਪੇ ਗਾਏ ਅਕਥ, ਕਥਨੀ ਕਥ ਨਾ ਕੋਈ ਵਖਾਨਿਆ । ਆਪ ਚਲਾਏ ਆਪਣਾ ਰਥ, ਰਥ ਰਥਵਾਹੀ ਨੌਜਵਾਨਿਆ । ਆਪ ਉਪਾਏ ਆਪਣੀ ਵਥ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਹਰਿ ਮਹਾਨਿਆ । ਖੇਲ ਮਹਾਨਾ ਹਰਿ ਭਗਵਾਨਾ, ਸਚਖੰਡ ਦਵਾਰੇ ਆਪ ਕਰਾਇੰਦਾ । ਦੇਵਣਹਾਰਾ ਧੁਰ ਫ਼ਰਮਾਨਾ, ਆਪਣਾ ਹੁਕਮ ਆਪ ਉਪਾਇੰਦਾ । ਆਪਣੇ ਮੰਦਰ ਆਪੇ ਬਣ ਰਾਜ ਰਾਜਾਨਾ, ਸ਼ਾਹ ਸੁਲਤਾਨਾ ਨਾਉਂ ਧਰਾਇੰਦਾ । ਆਪੇ ਬਣੇ ਦਰ ਦਰਬਾਨਾ, ਦਰ ਦਰਵੇਸ਼ ਅਲਖ ਅਲਖਨਾ ਆਪਣੀ ਅਲਖ ਆਪ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਵਸਾਏ ਇਕ ਮਹੱਲਾ, ਬੈਠਾ ਰਹੇ ਇਕ ਅਕੱਲਾ, ਸਚ ਸਿੰਘਾਸਣ ਸੋਭਾ ਪਾਇੰਦਾ । ਸਚਖੰਡ ਸੁਹਾਏ ਸਚ ਸਿੰਘਾਸਣ, ਹਰਿ ਸਾਚੀ ਬਣਤ ਬਣਾਈਆ । ਆਸਣ ਲਾਏ ਪੁਰਖ ਅਬਿਨਾਸ਼ਨ, ਆਦਿ ਪੁਰਖ ਵਡੀ ਵਡਿਆਈਆ । ਆਪੇ ਪਾਏ ਆਪਣੀ ਰਾਸਨ, ਆਪਣਾ ਮੰਡਲ ਆਪ ਸੁਹਾਈਆ । ਆਪੇ ਪੂਰੀ ਕਰੇ ਆਸਣ, ਆਸਾ ਆਸਾ ਵਿਚ ਸਮਾਈਆ । ਆਪੇ ਹੋਏ ਦਾਸੀ ਦਾਸਨ, ਸੇਵਕ ਸੇਵਾ ਆਪੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰ ਦਏ ਸੁਹਾਈਆ । ਸਚਖੰਡ ਦਵਾਰ ਸੁਹਾਇੰਦਾ, ਹਰਿ ਸੱਜਣ ਸੱਚਾ ਸ਼ਹਿਨਸ਼ਾਹ । ਸਤਿ ਸਤਿਵਾਦੀ ਆਸਣ ਲਾਇੰਦਾ, ਨਿਰਗੁਣ ਨਿਰਵੈਰ ਬੇਪਰਵਾਹ । ਧੁਰ ਫ਼ਰਮਾਨਾ ਹੁਕਮ ਸੁਣਾਇੰਦਾ । ਆਦਿ ਪੁਰਖ ਬਣ ਮਲਾਹ, ਆਪੇ ਨਿਉਂ ਨਿਉਂ ਸੀਸ ਝੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਦਵਾਰਾ ਇਕ ਵਡਿਆਇੰਦਾ । ਸਚਖੰਡ ਦਵਾਰ ਵਡਿਆਈ ਵਡ, ਹਰਿ ਵੱਡਾ ਵਡ ਵਡਿਆਇੰਦਾ । ਨਿਰਗੁਣ ਨਿਰਗੁਣ ਏਕਾ ਘਰ ਲਡਾਏ ਲਡ, ਆਪ ਆਪਣਾ ਮੇਲ ਮਿਲਾਇੰਦਾ । ਆਦਿ ਪੁਰਖ ਆਪਣੇ ਵਿਚੋਂ ਆਪਾ ਕੱਢ, ਰੂਪ ਅਨੂਪ ਆਪ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਇਕ ਅਕੱਲਾ ਵੇਸ ਵਟਾਇੰਦਾ । ਵੇਸ ਵਟਾਏ ਹਰਿ ਕਰਤਾਰ, ਸਚਖੰਡ ਵੱਜੇ ਵਧਾਈਆ । ਸਾਚੇ ਤਖ਼ਤ ਬੈਠ ਸੱਚੀ ਸਰਕਾਰ, ਸ਼ਾਹ ਪਾਤਸ਼ਾਹ ਆਪਣਾ ਨਾਉਂ ਧਰਾਈਆ । ਹੁਕਮੀ ਹੁਕਮ ਵਰਤੇ ਵਰਤਾਰ, ਹੁਕਮੀ ਹੁਕਮ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦਰ ਸਾਚੇ ਵੱਜੇ ਵਧਾਈਆ । ਸਾਚਾ ਦਰ ਹਰਿ ਸੁਹਾਇੰਦਾ, ਸਚਖੰਡ ਦਵਾਰਾ ਖੋਲ੍ਹ । ਸਚ ਸਿੰਘਾਸਣ ਇਕ ਵਿਛਾਇੰਦਾ, ਆਦਿ ਪੁਰਖ ਅਬਿਨਾਸ਼ੀ ਕਰਤਾ ਹਰਿ ਅਨਮੋਲ । ਸਚ ਸਿੰਘਾਸਣ ਸੋਭਾ ਪਾਇੰਦਾ, ਬੈਠਾ ਰਹੇ ਸਦਾ ਅਡੋਲ । ਏਕਾ ਵਸਤ ਹੱਥ ਰਖਾਇੰਦਾ, ਤੋਲਣਹਾਰਾ ਆਪਣਾ ਤੋਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਅੰਤਰ ਆਪੇ ਜਾਏ ਮੌਲ । ਆਪਣੀ ਅੰਤਰ ਆਪੇ ਜਾਣ, ਹਰਿ ਹਰਿ ਖੇਲ ਖਿਲਾਇੰਦਾ । ਸਾਚੇ ਤਖ਼ਤ ਬੈਠਾ ਸ੍ਰੀ ਭਗਵਾਨ, ਤਖ਼ਤ ਨਿਵਾਸੀ ਸੋਭਾ ਪਾਇੰਦਾ । ਸ਼ਾਹੋ ਭੂਪ ਬਣ ਰਾਜਾਨ, ਸ਼ਹਿਨਸ਼ਾਹ ਆਪਣਾ ਭੇਵ ਆਪ ਖੁਲ੍ਹਾਇੰਦਾ । ਦੇਵਣਹਾਰਾ ਧੁਰ ਫ਼ਰਮਾਨ, ਸਚ ਸੰਦੇਸ਼ਾ ਆਪ ਅਲਾਇੰਦਾ । ਆਪੇ ਬਣ ਦਰ ਦਰਬਾਨ, ਨਿਉਂ ਨਿਉਂ ਆਪਣਾ ਸੀਸ ਝੁਕਾਇੰਦਾ । ਆਪੇ ਮੰਗਣਹਾਰਾ ਦਾਨ, ਬਣ ਭਿਖਾਰੀ ਝੋਲੀ ਡਾਹਿੰਦਾ । ਆਪੇ ਬਖ਼ਸ਼ਣਹਾਰਾ ਮਾਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਬਲ ਉਪਜਾਇੰਦਾ । ਆਪਣਾ ਬਲ ਆਪੇ ਧਾਰ, ਆਪਣੇ ਹੱਥ ਰੱਖੇ ਵਡਿਆਈਆ । ਸ਼ਾਹੋ ਭੂਪ ਬਣ ਸਿਕਦਾਰ, ਸਾਚਾ ਹੁਕਮ ਇਕ ਜਣਾਈਆ । ਸੋ ਪੁਰਖ ਨਿਰੰਜਣ

ਹੋ ਤਿਆਰ, ਪਾਰਬ੍ਰਹਮ ਲਏ ਉਠਾਈਆ । ਸਚਖੰਡ ਹੋਇਆ ਖ਼ਬਰਦਾਰ, ਘਰ ਸਾਚੇ ਲਏ ਅੰਗੜਾਈਆ । ਏਕਾ ਨਾਉਂ ਮੇਰਾ ਨਿਰੰਕਾਰ, ਸਚ ਜੈਕਾਰ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਤਖ਼ਤ ਆਪਣਾ ਚਰਨ ਛੁਹਾਈਆ । ਸਾਚਾ ਤਖ਼ਤ ਸੁਹਾਇਆ, ਕਰ ਕਿਰਪਾ ਹਰਿ ਮਿਹਰਬਾਨ । ਸਚ ਸਿੰਘਾਸਣ ਆਸਣ ਲਾਇਆ, ਸਤਿ ਝੁਲਾਇਆ ਇਕ ਨਿਸ਼ਾਨ । ਪਾਰਬ੍ਰਹਮ ਆਪਣੇ ਦਰ ਆਪੇ ਮੰਗਣ ਆਇਆ, ਆਪੇ ਬਣਿਆ ਬਾਲ ਨਾਦਾਨ । ਆਪੇ ਭਿਛਿਆ ਝੋਲੀ ਪਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਆਪ ਮਹਾਨ, । ਖੇਲ ਮਹਾਨ ਕਰਾਇੰਦਾ, ਸਚਖੰਡ ਸੱਚੀ ਸਰਕਾਰ । ਸਾਚਾ ਹੁਕਮ ਆਪ ਸੁਣਾਇੰਦਾ, ਅਲਖ ਅਗੋਚਰ ਅਗੰਮ ਅਪਾਰ । ਪਾਰਬ੍ਰਹਮ ਪ੍ਰਭ ਭੁਲ ਨਾ ਜਾਇੰਦਾ, ਵਰਤੇ ਵਰਤਾਵੇ ਸਚ ਵਰਤਾਰ । ਆਪਣੀ ਵਸਤ ਆਪਣੇ ਹੱਥ ਰਖਾਇੰਦਾ, ਆਪੇ ਹੋਏ ਘੜਨ ਭੰਨਣਹਾਰ । ਆਪਣਾ ਨਾਉਂ ਸਚ ਆਪ ਧਰਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਖੋਲ੍ਹ ਕਿਵਾੜ । ਸਚਖੰਡ ਦਵਾਰਾ ਖੋਲ੍ਹਿਆ, ਪੁਰਖ ਅਬਿਨਾਸ਼ੀ ਬੇਪਰਵਾਹ । ਆਪਣਾ ਨਾਉਂ ਆਪੇ ਬੋਲਿਆ, ਸਾਚਾ ਢੋਲਾ ਰਹੇ ਗਾ । ਆਪਣਾ ਤੋਲ ਆਪੇ ਤੋਲਿਆ, ਤੋਲਣਹਾਰਾ ਬਣ ਮਲਾਹ । ਆਪਣੀ ਸ਼ਕਤੀ ਆਪੇ ਮੌਲਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਚ ਸਲਾਹ । ਸਚ ਸਲਾਹੀ ਹਰਿ ਮਲਾਹ, ਸਿਫ਼ਤੀ ਸਿਫ਼ਤ ਵਿਚ ਨਾ ਆਈਆ । ਏਕਾ ਹੁਕਮ ਰਿਹਾ ਮਨਾ, ਲੇਖਾ ਲਿਖਤ ਨਾ ਕੋਈ ਲਿਖਾਈਆ । ਸੋ ਪੁਰਖ ਨਿਰੰਜਣ ਬਣ ਪਾਤਸ਼ਾਹ, ਪਾਰਬ੍ਰਹਮ ਦਰ ਦਰਬਾਨ ਬਣਾਈਆ । ਏਕਾ ਹੁਕਮ ਦਏ ਵਰਤਾ, ਦੂਸਰ ਅਵਰ ਨਾ ਕੋਈ ਜਣਾਈਆ । ਥਿਰ ਘਰ ਘਾੜਨ ਲੈਣਾ ਘੜਾ, ਘਰ ਘਰ ਵਿਚ ਆਪ ਟਿਕਾਈਆ । ਮੇਰੀ ਧਾਰ ਲੈਣਾ ਉਪਾ, ਪਾਰਬ੍ਰਹਮ ਸੇਵ ਸਮਝਾਈਆ । ਨਾਰੀ ਕੰਤ ਖੇਲ ਖਿਲਾ, ਘਰ ਸੁਹੰਜਣੀ ਸੇਜ ਦਏ ਵਡਿਆਈਆ । ਸੁਤ ਦੁਲਾਰਾ ਲੈਣਾ ਜਾ, ਸ਼ਬਦੀ ਨਾਉਂ ਧਰਾਈਆ । ਥਿਰ ਘਰ ਸਾਚੇ ਦੇਣਾ ਬਹਾ, ਸਿਰ ਆਪਣਾ ਹੱਥ ਟਿਕਾਈਆ । ਅਗਲਾ ਲੇਖਾ ਦਏ ਜਣਾ, ਭੁਲ ਰਹੇ ਨਾ ਰਾਈਆ । ਵਿਸ਼ਨੂੰ ਤੇਰਾ ਰੂਪ ਵਟਾ, ਨਿਰਾਕਾਰ ਸਾਕਾਰ ਆਪ ਹੋ ਜਾਈਆ । ਆਪਣਾ ਰਸ ਦਏ ਚਖਾ, ਅੰਮ੍ਰਿਤ ਨਾਉਂ ਪ੍ਰਗਟਾਈਆ । ਆਪਣਾ ਕਵਲ ਦਏ ਖੁਲ੍ਹਾ, ਆਪੇ ਮਹਿਕ ਮਹਿਕਾਈਆ । ਆਪਣੀ ਵੰਡ ਲੈਣੀ ਵੰਡਾ, ਪਾਰਬ੍ਰਹਮ ਆਦਿ ਪੁਰਖ ਆਪ ਸਮਝਾਈਆ । ਆਪਣਾ ਅੰਗ ਲੈਣਾ ਕਟਾ, ਅੰਗੀਕਾਰ ਰਿਹਾ ਸਮਝਾਈਆ । ਆਪਣਾ ਰੂਪ ਲੈਣਾ ਵਟਾ, ਹਰਿ ਅਨੂਪ ਦਏ ਸਲਾਹੀਆ । ਆਪਣਾ ਬ੍ਰਹਮ ਨਾਉਂ ਲੈਣਾ ਰਖਾ, ਬ੍ਰਹਮ ਲੇਖਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਸਚਖੰਡ ਦਏ ਵਡਿਆਈਆ । ਸਚਖੰਡ ਦਵਾਰ ਤਖ਼ਤ ਨਿਵਾਸੀ, ਹਰਿ ਸਾਚਾ ਸੋਭਾ ਪਾਇੰਦਾ । ਕਰੇ ਖੇਲ ਪੁਰਖ ਅਬਿਨਾਸ਼ੀ, ਭੇਵ ਕੋਇ ਨਾ ਪਾਇੰਦਾ । ਪਾਰਬ੍ਰਹਮ ਬਣਿਆ ਦਾਸਨ ਦਾਸੀ, ਹਰਿ ਸਾਚੀ ਸੇਵ ਲਗਾਇੰਦਾ । ਆਪਣੀ ਇਛਿਆ ਆਪੇ ਕਰੇ ਪੂਰੀ ਆਸੀ, ਆਪਣੀ ਭਿਛਿਆ ਵੰਡ ਵੰਡਾਇੰਦਾ । ਆਪੇ ਵਿਸ਼ਨ ਜੋਤ ਕਰੇ ਪ੍ਰਕਾਸ਼ੀ, ਆਪੇ ਪਾਰਬ੍ਰਹਮ ਬ੍ਰਹਮ ਸੁਤ ਉਪਜਾਇੰਦਾ । ਆਪੇ ਜਾਣੇ ਮੰਡਲ ਰਾਸੀ, ਆਪ ਆਪਣਾ ਖੇਲ ਖਿਲਾਇੰਦਾ । ਆਪੇ ਸ਼ੰਕਰ ਸੁੰਨ ਅਗੰਮ ਧੁਆਂਧਾਰ ਜੋਤ ਪ੍ਰਕਾਸ਼ੀ, ਆਪਣਾ ਬਲ ਆਪ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਾਰਬ੍ਰਹਮ ਦੇਵੇ ਏਕਾ ਵਰ, ਏਕਾ ਹੁਕਮ ਸੁਣਾਇੰਦਾ । ਪਾਰਬ੍ਰਹਮ ਬ੍ਰਹਮ ਸੁਣ ਕਰ ਧਿਆਨ, ਆਦਿ ਪੁਰਖ ਮਨਾਇਆ ।


੨੧੭ ੧੦

ਨਿਰਗੁਣ ਖੇਲ ਕਰੇ ਮਹਾਨ, ਰੂਪ ਰੰਗ ਰੇਖ ਨਾ ਕੋਈ ਜਣਾਇਆ । ਸਚਖੰਡ ਵਸੇ ਸਚ ਮਕਾਨ, ਸਚ ਸਿੰਘਾਸਣ ਸੋਭਾ ਪਾਇਆ । ਸ਼ਬਦ ਅਨਾਦਿ ਦਏ ਧੁਨਕਾਨ, ਏਕਾ ਏਕ ਜਣਾਇਆ । ਬ੍ਰਹਮਾ ਵਿਸ਼ਨ ਸ਼ਿਵ ਕਰ ਪਰਧਾਨ, ਤੇਰੀ ਗੋਦ ਸੁਹਾਇਆ । ਮੇਰਾ ਨਾਉਂ ਤੇਰਾ ਨਿਸ਼ਾਨ, ਤੇਰਾ ਨਿਸ਼ਾਨ ਆਪ ਪਰਗਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਬਲ ਆਪ ਧਰਾਇਆ । ਬਲ ਵਖਾਏ ਹਰਿ ਬਲਕਾਰਾ, ਬਲਧਾਰੀ ਖੇਲ ਖਿਲਾਇੰਦਾ । ਸਚਖੰਡ ਸਾਚੇ ਹੋ ਤਿਆਰਾ, ਨਿਰਾਕਾਰ ਰੂਪ ਪ੍ਰਗਟਾਇੰਦਾ । ਸ਼ਾਹੋ ਭੂਪ ਬਣ ਸਿਕਦਾਰਾ, ਸਾਚਾ ਹੁਕਮ ਵਰਤਾਇੰਦਾ । ਪਾਰਬ੍ਰਹਮ ਆਪਣੇ ਅੱਗੇ ਆਪੇ ਕਰੇ ਨਿਮਸਕਾਰਾ, ਨਿਉਂ ਨਿਉਂ ਆਪਣਾ ਸੀਸ ਝੁਕਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰ ਉਜਿਆਰਾ, ਸਾਚਾ ਖੇਲ ਖਿਲਾਇੰਦਾ । ਦੇਵੇ ਵਸਤ ਨਾਮ ਹਰਿ ਥਾਰਾ, ਏਕਾ ਵੰਡ ਵੰਡਾਇੰਦਾ । ਏਕਾ ਹੁਕਮ ਸੱਚੀ ਸਰਕਾਰਾ, ਬ੍ਰਹਿਮੰਡ ਖੰਡ ਆਪਣਾ ਰੂਪ ਆਪ ਧਰਾਇੰਦਾ । ਏਕਾ ਜੋਤ ਨੂਰ ਉਜਿਆਰਾ, ਕਿਰਨ ਕਿਰਨ ਆਪ ਉਪਾਇੰਦਾ । ਏਕਾ ਰਵ ਸਸ ਸਤਾਰਾ ਮੰਡਲ ਮੰਡਪ ਆਪ ਸੁਹਾਇੰਦਾ । ਏਕਾ ਤ੍ਰੈਗੁਣ ਬਣ ਵਰਤਾਰਾ, ਆਪਣੀ ਚਰਨ ਧੂੜ ਆਪ ਉਪਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਇੰਦਾ । ਹਰਿ ਹਰਿ ਭੇਵ ਖੁਲ੍ਹਾਇੰਦਾ, ਪਾਰਬ੍ਰਹਮ ਵਡੀ ਵਡਿਆਈਆ । ਲੱਖ ਚੁਰਾਸੀ ਤੇਰੇ ਰੰਗ ਰੰਗਾਇੰਦਾ, ਪੰਜ ਤੱਤ ਕਰੇ ਕੁੜਮਾਈਆ । ਨਿਰਗੁਣ ਸਰਗੁਣ ਵੇਖ ਵਖਾਇੰਦਾ, ਵੇਖਣਹਾਰ ਇਕ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਆਪੇ ਦਏ ਚੜ੍ਹਾਈਆ । ਪਾਰਬ੍ਰਹਮ ਸਚ ਸੇਵਾ ਲਾਇਆ, ਭੇਵ ਕੋਈ ਨਾ ਪਾਇੰਦਾ । ਸ਼ਬਦੀ ਧਾਰ ਵਿਸ਼ਨ ਬ੍ਰਹਮਾ ਸ਼ਿਵ ਆਪੇ ਜਾਇਆ, ਆਪ ਆਪਣਾ ਰੂਪ ਵਟਾਇੰਦਾ । ਨਿਰਗੁਣ ਬਣਿਆ ਦਾਈ ਦਾਇਆ, ਘਰ ਸਾਚੇ ਸੇਵ ਕਮਾਇੰਦਾ । ਏਕਾ ਮਈਆ ਨਾਉਂ ਰਖਾਇਆ, ਦੂਸਰ ਮਾਤ ਨਾ ਕੋਈ ਰਖਾਇੰਦਾ । ਸਾਚਾ ਸੁਤ ਗੋਦ ਉਠਾਇਆ, ਆਪ ਆਪਣੇ ਅੰਗ ਲਗਾਇੰਦਾ । ਸਾਚੀ ਵਸਤ ਅਮੋਲਕ ਇਕ ਵਰਤਾਇਆ, ਏਕਾ ਹੱਥ ਫੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਏਕਾ ਵਰ, ਸਾਚਾ ਘਾੜਨ ਆਪ ਘੜਾਇੰਦਾ । ਪਾਰਬ੍ਰਹਮ ਬ੍ਰਹਮ ਘਾੜਨ ਘੜਿਆ, ਕਰਿਆ ਖੇਲ ਅਪਾਰਾ । ਵਿਸ਼ਨ ਬ੍ਰਹਮਾ ਸ਼ਿਵ ਤਾਣਾ ਤਣਿਆ, ਤ੍ਰੈਗੁਣ ਕਰ ਪਿਆਰਾ । ਆਪਣਾ ਮਾਣ ਆਪਣਾ ਤਾਣ ਆਪੇ ਬਣਿਆ, ਆਪੇ ਦਏ ਸਹਾਰਾ । ਆਪੇ ਜਨਨੀ ਜਨ ਸਾਚਾ ਜਣਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਸਾਚੀ ਕਾਰਾ । ਹਰਿ ਸਾਚੀ ਕਾਰ ਕਮਾਇੰਦਾ, ਆਦਿ ਪੁਰਖ ਅਬਿਨਾਸ਼ । ਲੱਖ ਚੁਰਾਸੀ ਖੇਲ ਖਿਲਾਇੰਦਾ, ਕਰੇ ਖੇਲ ਆਪ ਤਮਾਸ਼ । ਆਪਣੀ ਜੋਤ ਆਪ ਜਗਾਇੰਦਾ, ਆਦਿ ਅੰਤ ਨਾ ਜਾਏ ਵਿਨਾਸ । ਆਪਣਾ ਸੰਗ ਆਪ ਨਿਭਾਇੰਦਾ, ਆਪੇ ਹੋਏ ਦਾਸੀ ਦਾਸ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਟ ਘਟ ਆਪੇ ਕਰੇ ਵਾਸ । ਲੱਖ ਚੁਰਾਸੀ ਕਰ ਤਿਆਰ, ਪਾਰਬ੍ਰਹਮ ਆਪਣੀ ਖੇਲ ਖਿਲਾਈਆ । ਸਚਖੰਡ ਵੇਖੇ ਸਚ ਦਵਾਰ, ਸਚ ਦਵਾਰਾ ਸੋਭਾ ਪਾਈਆ । ਸੋ ਪੁਰਖ ਨਿਰੰਜਣ ਤੇਰਾ ਰੂਪ ਅਪਰ ਅਪਾਰ, ਲੋਕਮਾਤ ਆਪ ਵਟਾਈਆ । ਏਕਾ ਦਰ ਅਬਿਨਾਸ਼ੀ ਸਰਕਾਰ, ਹਉਂ ਯਾਚਕ ਮੰਗੇ ਦਾਨ, ਦਰ ਦਵਾਰੇ ਆਈਆ । ਤੇਰਾ ਮੇਰਾ ਇਕ ਮਕਾਨ, ਤੇਰਾ ਮੇਰਾ ਇਕ ਨਿਸ਼ਾਨ, ਤੇਰਾ ਮੇਰਾ ਇਕ ਬਿਆਨ, ਏਕਾ ਨਾਮ ਸ਼ਬਦ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਰਾਜਾ ਆਪੇ ਰੰਕ, ਆਪੇ ਵਸਤ ਅਮੋਲਕ ਰਿਹਾ ਵਰਤਾਈਆ ।

ਸੋ ਪੁਰਖ ਨਿਰੰਜਣ ਉਠਿਆ, ਆਦਿ ਪੁਰਖ ਹੋ ਮਿਹਰਵਾਨ । ਸ਼ਾਹ ਪਾਤਸ਼ਾਹ ਹੋ ਹੋ ਤੁੱਠਿਆ, ਦੇਵਣਹਾਰਾ ਦਾਨ । ਪਾਰਬ੍ਰਹਮ ਤੇਰਾ ਨਾਉਂ ਤੇਰਾ ਰੂਪ ਨਾ ਜਾਏ ਲੁੱਟਿਆ, ਖੇਲੇ ਖੇਲ ਦੋ ਜਹਾਨ । ਤੇਰਾ ਨਾਦ ਸ਼ਬਦ ਨਗਾਰਾ ਵੱਜੇ ਚਾਰ ਕੂਟਿਆ, ਦਹਿ ਦਿਸ਼ਾ ਹੋਏ ਫ਼ਰਮਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਸਚ ਦੇਵੇ ਬਿਆਨ । ਤੇਰਾ ਮੇਰਾ ਸਾਂਝਾ ਘਰ, ਦੂਸਰ ਵੰਡ ਨਾ ਕੋਈ ਵੰਡਾਈਆ । ਤੇਰਾ ਮੇਰਾ ਰੂਪ ਨਾਰੀ ਨਰ, ਨਰ ਨਰਾਇਣ ਸੱਚਾ ਸ਼ਹਿਨਸ਼ਾਹੀਆ । ਤੇਰਾ ਮੇਰਾ ਏਕਾ ਸਰ, ਅਵਰ ਸਰ ਨਾ ਕੋਈ ਵਡਿਆਈਆ । ਤੇਰਾ ਮੇਰਾ ਭਏ ਡਰ, ਨਿਰਭੌ ਆਪਣੀ ਖੇਲ ਖਿਲਾਈਆ । ਤੇਰਾ ਮੇਰਾ ਏਕਾ ਘਾੜਨ ਲਿਆ ਘੜ, ਨਾ ਕੋਇ ਭੰਨ ਵਖਾਈਆ । ਤੇਰਾ ਮੇਰਾ ਏਕਾ ਮੰਦਰ, ਏਕਾ ਸੇਜੇ ਬੈਠੇ ਚੜ੍ਹ, ਏਕਾ ਪਲੰਘ ਸੁਹਾਈਆ । ਤੇਰਾ ਮੇਰਾ ਏਕਾ ਲੜ, ਛੁਟ ਕਦੇ ਨਾ ਜਾਈਆ । ਪਾਰਬ੍ਰਹਮ ਸੁੱਤਾ ਅੱਗੇ ਖੜ, ਸੋ ਪੁਰਖ ਨਿਰੰਜਣ ਆਪ ਸਮਝਾਈਆ । ਲੱਖ ਚੁਰਾਸੀ ਅੰਦਰ ਜਾਣਾ ਵੜ, ਦਿਸ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਵਰ ਆਪ ਆਪਣੀ ਝੋਲੀ ਪਾਈਆ । ਪਾਰਬ੍ਰਹਮ ਕਰੇ ਨਿਮਸਕਾਰ, ਦੋਏ ਜੋੜ ਸੀਸ ਝੁਕਾਇਆ । ਸੇਵਾ ਕਰਾਂ ਅਪਰ ਅਪਾਰ, ਭੁਲ ਕਦੇ ਨਾ ਜਾਇਆ । ਲੱਖ ਚੁਰਾਸੀ ਕਰਾਂ ਪਿਆਰ, ਘਟ ਘਟ ਅੰਦਰ ਆਪਣੀ ਜੋਤ ਜਗਾਇਆ । ਬ੍ਰਹਮ ਬ੍ਰਹਮ ਬ੍ਰਹਮ ਦਏ ਅਧਾਰ, ਬ੍ਰਹਮ ਆਪਣਾ ਅੰਗ ਵਖਾਇਆ । ਸੋਹੇ ਦਰ ਤੇਰਾ ਦਰਬਾਰ, ਦਰ ਦਰਵੇਸ਼ ਆਸ ਤਕਾਇਆ । ਸ਼ਾਹੋ ਭੂਪ ਬਣ ਸਿਕਦਾਰ, ਤੂੰ ਸਾਚਾ ਹੁਕਮ ਸੁਣਾਇਆ । ਕਵਣ ਵੇਲਾ ਕਵਣ ਵਕਤ ਕਵਣ ਵਾਰ ਕਵਣ ਥਿਤ ਕਰਾਂ ਤੇਰੀ ਵਿਚਾਰ, ਕਵਣ ਰੰਗ ਰੰਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰਾ ਮੇਰਾ ਮੇਰਾ ਤੇਰਾ ਏਕਾ ਦਰ ਸੁਹਾਇਆ । ਸੋ ਪੁਰਖ ਨਿਰੰਜਣ ਹਰਿ ਸਮਝਾਇੰਦਾ, ਪਾਰਬ੍ਰਹਮ ਦਯਾ ਕਮਾ । ਲੋਕਮਾਤ ਤੇਰੀ ਸੇਵ ਲਗਾਇੰਦਾ, ਵਿਸ਼ਨ ਬ੍ਰਹਮਾ ਸ਼ਿਵ ਨਾਲ ਰਲਾ । ਸ਼ਬਦੀ ਸ਼ਬਦ ਵੇਖ ਵਖਾਇੰਦਾ, ਹਰਿ ਵੇਖਣਹਾਰ ਸੱਚਾ ਸ਼ਹਿਨਸ਼ਾਹ । ਨੌ ਨੌ ਚਾਰ ਵੰਡ ਵੰਡਾਇੰਦਾ, ਨੌ ਸੌ ਚੁਰਾਨਵੇ ਚੌਕੜੀ ਜੁਗ ਤੇਰਾ ਪੰਧ ਦਏ ਵਖਾ । ਜੁਗ ਜੁਗ ਗੇੜਾ ਆਪ ਭਵਾਇੰਦਾ, ਗੇੜਨਹਾਰਾ ਬੇਪਰਵਾਹ । ਨਿਰਗੁਣ ਸਰਗੁਣ ਵੇਖ ਵਖਾਇੰਦਾ, ਆਪ ਆਪਣਾ ਰੂਪ ਧਰਾ । ਪੰਜ ਤੱਤ ਚੋਲਾ ਆਪ ਹੰਢਾਇੰਦਾ, ਗੁਰ ਅਵਤਾਰ ਨਾਉਂ ਧਰਾ । ਭਗਤ ਭਗਵੰਤ ਮੇਲ ਮਿਲਾਇੰਦਾ, ਸੰਤ ਸਾਚੇ ਸੰਗ ਰਲਾ । ਗੁਰਮੁਖ ਆਤਮ ਮਰਦੰਗ ਵਜਾਇੰਦਾ, ਅਨਹਦ ਸ਼ਬਦ ਨਾਦ ਸੁਣਾ । ਗੁਰਸਿਖ ਸਾਚੇ ਗੋਦ ਬਹਾਇੰਦਾ, ਸਿਰ ਆਪਣਾ ਹੱਥ ਟਿਕਾ । ਮਨਮੁਖ ਆਪਣੇ ਰੰਗ ਰੰਗਾਇੰਦਾ, ਪੰਚ ਵਿਕਾਰਾ ਝੋਲੀ ਪਾ । ਕਾਮ ਕਰੋਧ ਲੋਭ ਮੋਹ ਹੰਕਾਰ ਘਰ ਘਰ ਨਾਚ ਨਚਾਇੰਦਾ, ਆਸਾ ਤ੍ਰਿਸ਼ਨਾ ਨਾਲ ਰਲਾ । ਮਨ ਮਤ ਬੁਧ ਵੇਖ ਵਖਾਇੰਦਾ, ਵੇਖਣਹਾਰਾ ਦਿਸ ਨਾ ਆ । ਜੁਗ ਜੁਗ ਆਪਣਾ ਰੂਪ ਧਰਾਇੰਦਾ, ਆਵੇ ਜਾਵੇ ਭੇਖ ਵਟਾ । ਬ੍ਰਹਮ ਤੇਰੀ ਸੇਵਾ ਇਕ ਜਣਾਇੰਦਾ, ਲੱਖ ਚੁਰਾਸੀ ਨੌ ਨੌ ਚਾਰ ਏਕਾ ਗੋਦ ਲਏ ਬਹਾ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਤੇਰਾ ਰਾਹ ਤਕਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਿਸ਼ਅਖੱਰ ਆਪੇ ਲਏ ਪੜ੍ਹਾ । ਨਿਸ਼ਅਖੱਰ ਹਰਿ ਪੜ੍ਹਾਇਆ, ਸੋ ਪੁਰਖ ਨਿਰੰਜਣ ਵਡੀ ਵਡਿਆਈਆ । ਪਾਰਬ੍ਰਹਮ ਤੇਰੀ ਸੇਵਾ ਸਚ ਜਣਾਇਆ, ਸੇਵਕ ਸੇਵਾ ਇਕ ਬਣ ਆਈਆ । ਲੱਖ ਚੁਰਾਸੀ ਤੇਰਾ ਰੂਪ ਧਰਾਇਆ, ਪੰਜ ਤੱਤ ਕਰੇ ਕੁੜਮਾਈਆ । ਘੜਨ ਭੰਨਣਹਾਰਾ ਸਾਚੀ ਖੇਲ ਖਿਲਾਇਆ, ਲੱਖ ਚੁਰਾਸੀ ਗੇੜਾ ਰਿਹਾ ਚਲਾਈਆ ।

ਨੌ ਸੌ ਚੁਰਾਨਵੇ ਚੌਕੜੀ ਜੁਗ ਗਿਣ ਗਿਣ ਆਪਣਾ ਪੰਧ ਮੁਕਾਇਆ, ਕੋਈ ਭੇਵ ਨਾ ਪਾ ਸਕੇ ਰਾਈਆ । ਜਗਤ ਵਿਦਿਆ ਮਾਤ ਧਰਾਇਆ, ਚਾਰੇ ਵੇਦ ਕਰੇ ਰੁਸ਼ਨਾਈਆ । ਪੁਰਾਨ ਅਠਾਰਾਂ ਤੇਰਾ ਜਸ ਗਾਇਆ, ਸ਼ਾਸਤਰ ਸਿਮਰਤ ਦੇਣ ਗਵਾਹੀਆ । ਗੀਤਾ ਗਿਆਨ ਮੇਰਾ ਨਾਉਂ ਵਟਾਇਆ, ਉਚੀ ਕੂਕ ਕੂਕ ਅਲਾਈਆ, ਅੰਜੀਲ ਕੁਰਾਨਾ ਰੌਲਾ ਪਾਇਆ, ਤੀਸ ਬਤੀਸਾ ਦਏ ਮਿਲਾਈਆ । ਖਾਣੀ ਬਾਣੀ ਭੇਵ ਖੁਲ੍ਹਾਇਆ, ਬੋਧ ਅਗਾਧ ਕਰੇ ਜਣਾਈਆ । ਸ਼ਬਦ ਹਾਣੀ ਮੇਲ ਮਿਲਾਇਆ, ਵਿਛੜ ਕਦੇ ਨਾ ਜਾਈਆ । ਲੱਖ ਚੁਰਾਸੀ ਸੁਰਤ ਸੁਵਾਣੀ ਏਕਾ ਕੰਤ ਲਏ ਪਰਨਾਇਆ, ਹਰਿ ਕੰਤ ਸੱਚਾ ਸ਼ਹਿਨਸ਼ਾਹੀਆ । ਗੁਰ ਅਵਤਾਰ ਜੁਗ ਜੁਗ ਆਪਣੀ ਸੇਵਾ ਲਾਇਆ, ਧੁਰ ਫ਼ੁਰਮਾਨਾ ਦਏ ਸੁਣਾਈਆ । ਰਾਮਾ ਕ੍ਰਿਸ਼ਨਾ ਰੂਪ ਵਟਾਇਆ, ਈਸਾ ਮੂਸਾ ਖੇਲ ਖਿਲਾਈਆ । ਨਾਨਕ ਗੋਬਿੰਦ ਧਾਰ ਚਲਾਇਆ, ਜੋਤੀ ਸ਼ਬਦੀ ਨੂਰ ਰੁਸ਼ਨਾਈਆ । ਪਾਰਬ੍ਰਹਮ ਤੇਰਾ ਜੀਉ ਪਿੰਡ ਆਪ ਵਸਾਇਆ, ਬ੍ਰਹਮ ਲੇਖਾ ਥਾਉਂ ਥਾਈਆ । ਵੇਲਾ ਅੰਤ ਦਏ ਸਮਝਾਇਆ, ਭੁਲ ਰਹੇ ਨਾ ਰਾਈਆ । ਕਲਜੁਗ ਵੇਲਾ ਅੰਤ ਰਖਾਇਆ, ਨੌ ਸੌ ਚੁਰਾਨਵੇ ਚੌਕੜੀ ਪੰਧ ਮੁਕਾਈਆ । ਨਿਰਗੁਣ ਨਿਰਵੈਰ ਪੁਰਖ ਅਕਾਲ ਲੋਕਮਾਤ ਜੋਤੀ ਨੂਰ ਕਰੇ ਰੁਸ਼ਨਾਇਆ, ਪੰਜ ਤੱਤ ਨਾ ਕੋਇ ਹੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਪੁਰਖ ਨਿਰੰਜਣ ਆਪਣਾ ਪੜਦਾ ਆਪ ਚੁਕਾਈਆ । ਨੌ ਨੌ ਚਾਰ ਪੰਧ ਮੁਕਾਵਣਾ, ਸੋ ਪੁਰਖ ਨਿਰੰਜਣ ਸ਼ਬਦ ਜਣਾਇੰਦਾ । ਕਲਜੁਗ ਵੇਲਾ ਅੰਤਮ ਆਵਣਾ, ਭੇਵ ਕੋਇ ਨਾ ਪਾਇੰਦਾ । ਨਿਰਗੁਣ ਰੂਪ ਪੁਰਖ ਅਬਿਨਾਸ਼ੀ ਆਪ ਵਟਾਵਣਾ, ਜੋਤੀ ਨੂਰ ਡਗਮਗਾਇੰਦਾ । ਨਿਹਕਲੰਕਾ ਨਾਉਂ ਰਖਾਵਣਾ, ਵੇਸ ਅਨੇਕਾ ਆਪ ਵਟਾਇੰਦਾ । ਸਚਖੰਡ ਦਵਾਰਾ ਲੋਕਮਾਤ ਬਣਾਵਣਾ, ਜਿਸ ਦਵਾਰੇ ਜੋਤ ਜਗਾਇੰਦਾ । ਸਚ ਸਿੰਘਾਸਣ ਇਕ ਉਪਜਾਵਣਾ, ਸਾਚਾ ਬਾਢੀ ਬਣਤ ਬਣਾਇੰਦਾ । ਉਪਰ ਆਸਣ ਹਰਿ ਹਰਿ ਲਾਵਣਾ, ਮਾਣਸ ਰੂਪ ਨਾ ਕੋਇ ਜਣਾਇੰਦਾ । ਧੁਰ ਫ਼ਰਮਾਨਾ ਇਕ ਸੁਣਾਵਣਾ, ਸ਼ਾਹ ਸੁਲਤਾਨਾਂ ਆਪ ਉਠਾਇੰਦਾ । ਸੀਸ ਤਾਜ ਇਕ ਟਿਕਾਵਣਾ, ਨਵ ਨਵ ਮੂਲ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਇਕ ਸਮਝਾਇੰਦਾ । ਸਚਖੰਡ ਦਵਾਰਾ ਮਾਤਲੋਕ, ਨਿਰਗੁਣ ਨਿਰਵੈਰ ਆਪ ਉਪਜਾਈਆ । ਵਸਣਹਾਰਾ ਬਿਨ ਕਿਲਾ ਕੋਟ, ਚਾਰ ਦੀਵਾਰ ਨਾ ਬੰਦ ਰਖਾਈਆ । ਆਪਣੇ ਸ਼ਬਦ ਨਗਾਰੇ ਲਾਏ ਚੋਟ, ਦੋ ਜਹਾਨਾਂ ਆਪ ਸੁਣਾਈਆ । ਆਪਣੀ ਰੱਖੇ ਆਪੇ ਓਟ, ਦੂਸਰ ਸੀਸ ਨਾ ਕਿਸੇ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪਣੇ ਹੱਥ ਰਖਾਈਆ । ਕਲਜੁਗ ਵੇਲਾ ਅੰਤ ਸੁਹਾਵਣਾ, ਤ੍ਰੈਗੁਣ ਵੇਖ ਵਖਾਇੰਦਾ । ਬ੍ਰਹਮ ਮੇਲਾ ਪਾਰਬ੍ਰਹਮ ਮਿਲਾਵਣਾ, ਪਾਰਬ੍ਰਹਮ ਆਪਣੇ ਰੰਗ ਵਖਾਇੰਦਾ । ਜੋਤੀ ਜਾਮਾ ਵੇਸ ਵਟਾਵਣਾ, ਦਿਸ ਕਿਸੇ ਨਾ ਆਇੰਦਾ । ਲੱਖ ਚੁਰਾਸੀ ਵਾਸਨਾ ਖੋਟੀ ਆਪ ਕਢਾਵਣਾ, ਘਟ ਘਟ ਆਪਣਾ ਰੂਪ ਵਟਾਇੰਦਾ । ਆਪਣੀ ਚੋਟੀ ਚੜ੍ਹ ਕੇ ਆਪੇ ਆਸਣ ਲਾਵਣਾ, ਸਚ ਸਿੰਘਾਸਣ ਸੋਭਾ ਪਾਇੰਦਾ । ਤਖ਼ਤ ਨਿਵਾਸੀ ਏਕਾ ਤਖ਼ਤ ਸੁਹਾਵਣਾ, ਰਾਜ ਰਾਜਾਨਾਂ ਖ਼ਾਕ ਮਿਲਾਇੰਦਾ । ਕਾਗ਼ਜ਼ ਕਲਮ ਕਿਸੇ ਭੇਵ ਨਾ ਪਾਵਣਾ, ਹਰਿ ਕਾ ਲੇਖਾ ਲਿਖ ਲਿਖ ਪੰਧ ਨਾ ਕੋਇ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਿੰਘਾਸਣ ਇਕ ਵਡਿਆਇੰਦਾ । ਸਚ ਸਿੰਘਾਸਣ ਹਰਿ ਨਿਰੰਕਾਰ, ਲੋਕਮਾਤ ਵਡਿਆਈਆ । ਨਵ ਖੰਡ ਨੌ ਦਰ ਮਾਰੇ ਮਾਰ, ਨਵ ਜੇਠ ਦਏ ਵਡਿਆਈਆ । ਨੌ ਸਤ ਖੇਲ ਆਰ ਪਾਰ ਕਰੇ ਕਰਾਏ ਕਰਨੇਹਾਰ, ਦੋ ਧਾਰ ਆਪ ਚਲਾਈਆ ।

੨੨੧

੧੦

ਨਿਰਗੁਣ ਸਰਗੁਣ ਇਕ ਪਿਆਰ, ਸਰਗੁਣ ਨਿਰਗੁਣ ਇਕ ਵਰਤਾਰ, ਨਿਰਗੁਣ ਸਰਗੁਣ ਇਕ ਜੈਕਾਰ, ਜੈ ਜੈਕਾਰ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਤਖ਼ਤ ਸੋਭਾ ਪਾਈਆ । ਸਾਚਾ ਤਖ਼ਤ ਸੁਹਾਵਣਾ, ਕਲ ਕਲਕੀ ਲੈ ਅਵਤਾਰ । ਨਵ ਨਵ ਚਾਰ ਪੰਧ ਮੁਕਾਵਣਾ, ਪੁਰਖ ਅਬਿਨਾਸ਼ੀ ਖੇਲ ਅਪਾਰ । ਲੱਖ ਚੁਰਾਸੀ ਚਰਨ ਲਗਾਵਣਾ, ਏਕਾ ਹੁਕਮ ਸੱਚੀ ਸਰਕਾਰ । ਲਿਖਿਆ ਲੇਖ ਨਾ ਕਿਸੇ ਮਿਟਾਵਣਾ, ਨਾ ਕੋਇ ਮੇਟੇ ਮੇਟਣਹਾਰ । ਆਪਣਾ ਮੰਦਰ ਆਪ ਉਪਾਵਣਾ, ਸਾਚਾ ਬੰਕ ਇਕ ਨਿਆਰ । ਆਪੇ ਚੜ੍ਹ ਚੜ੍ਹ ਆਸਣ ਲਾਵਣਾ, ਆਪੇ ਨਿਰਗੁਣ ਦੀਪਕ ਜੋਤ ਕਰੇ ਉਜਿਆਰ । ਆਪੇ ਸ਼ਬਦੀ ਨਾਦ ਵਜਾਵਣਾ, ਆਪੇ ਧੁਨੀ ਧੁਨ ਸੁਣੇ ਸੁਣਨੇਹਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚੀ ਸਰਕਾਰ । ਸਚੀ ਸਰਕਾਰ ਹਰਿ ਨਿਰੰਕਾਰ, ਏਕਾ ਏਕ ਅਖਵਾਈਆ । ਕੋਟਨ ਕੋਟ ਜੁਗ ਬੀਤੇ ਵਿਚ ਸੰਸਾਰ, ਕੋਟਨ ਕੋਟ ਰਾਜ ਜੋਗ ਲਏ ਹੰਢਾਈਆ । ਕੋਟਨ ਕੋਟ ਬਣੇ ਸਿਕਦਾਰ, ਕੋਟਨ ਕੋਟੀ ਕੋਟ ਖ਼ਾਕ ਮਿਲ ਜਾਈਆ । ਅੰਤ ਆਦਿ ਨਾ ਸਕੇ ਕੋਇ ਵਿਚਾਰ, ਚੌਦਾਂ ਵਿਦਿਆ ਭੇਵ ਨਾ ਰਾਈਆ । ਚਾਰ ਵੇਦ ਕਰਨ ਪੁਕਾਰ, ਕੂਕ ਕੂਕ ਕੂਕ ਸੁਣਾਈਆ । ਪੁਰਖ ਅਬਿਨਾਸ਼ੀ ਸਭ ਤੋਂ ਵਸਿਆ ਬਾਹਿਰ, ਸੋ ਪੁਰਖ ਨਿਰੰਜਣ ਸਚਾ ਸ਼ਹਿਨਸ਼ਾਹੀਆ । ਅੰਤਮ ਅੰਤ ਪਾਰਬ੍ਰਹਮ ਤੇਰਾ ਕ਼ਰਜ਼ਾ ਦਏ ਉਤਾਰ, ਮਕਰੂਜ਼ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਦਲ ਆਦਲ ਇਕ ਵਖਾਈਆ । ਅਦਲ ਆਦਲ ਕਰੇ ਇਨਸਾਫ਼, ਲੋਕਮਾਤ ਤਖ਼ਤ ਸੁਹਾਇੰਦਾ । ਜਨ ਭਗਤ ਸੰਤ ਗੁਰਮੁਖ ਗੁਰਸਿਖ ਕਰੇ ਮੁਆਫ਼, ਦੂਜਾ ਬਚਿਆ ਕੋਇ ਰਹਿਣ ਨਾ ਪਾਇੰਦਾ । ਕੂੜ ਕੁੜਿਆਰਾ ਨਾਤਾ ਤੋੜੇ ਜੀਵ ਜੰਤ ਸੱਜਣ ਸਾਕ, ਸਾਖਯਾਤ ਰੂਪ ਧਰਾਇੰਦਾ । ਦੋ ਜਹਾਨਾਂ ਖੋਲ੍ਹੇ ਆਪਣਾ ਤਾਕ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਏਕਾ ਵਾਰ ਵੇਖ ਵਖਾਇੰਦਾ । ਲੋਕਮਾਤ ਦਿਸੇ ਜਗਤ ਖਾਟ, ਹਰਿ ਸਚ ਸਿੰਘਾਸਣ ਨਾਉਂ ਧਰਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਨੌ ਸੌ ਚੁਰਾਨਵੇ ਚੌਕੜੀ ਜੁਗ ਪੰਧ ਮੁਕਾ ਕੇ ਥੱਕੇ ਵਾਟ, ਵੇਲਾ ਅੰਤਮ ਆਇੰਦਾ । ਚੌਦਾਂ ਲੋਕ ਖੁਲੇ ਹਾਟ, ਚੌਦਾਂ ਤਬਕ ਸੀਸ ਝੁਕਾਇੰਦਾ । ਹਰਿ ਜੂ ਹਰਿ ਮੰਦਰ ਬਹਿ ਬਹਿ ਗਾਏ ਆਪਣੀ ਗਾਥ, ਆਪ ਆਪਣਾ ਨਾਉਂ ਪਰਗਟਾਇੰਦਾ । ਅੰਤਮ ਵਾਰ ਛੁੱਟਾ ਸਾਥ, ਸਗਲਾ ਸੰਗ ਨਾ ਕੋਏ ਨਿਭਾਇੰਦਾ । ਲੇਖਾ ਜਾਣੇ ਤ੍ਰਿਲੋਕੀ ਨਾਥ, ਤ੍ਰੈਭਵਨ ਖੋਜ ਖੋਜਾਇੰਦਾ । ਆਦਿ ਪੁਰਖ ਆਪਣਾ ਪੂਰਾ ਕਰਨਹਾਰਾ ਆਪੇ ਵਾਕ, ਅਭੁਲ ਆਪਣਾ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਾਰਬ੍ਰਹਮ ਤੇਰਾ ਮੇਲਾ ਆਪੇ ਆਪਣੇ ਵਿਚ ਮਿਲਾਇੰਦਾ । ਸੋ ਪੁਰਖ ਨਿਰੰਜਨ ਪਾਰਬ੍ਰਹਮ ਸਮਾਇਆ, ਬ੍ਰਹਮ ਭੇਵ ਨਾ ਰਾਏ । ਆਦਿ ਪੁਰਖ ਆਪਣਾ ਨਾਉਂ ਧਰਾਇਆ, ਅੰਤ ਰੂਪ ਆਪ ਹੋ ਜਾਏ । ਮਧ ਆਪਣੀ ਖੇਲ ਖਿਲਾਇਆ, ਹਰਿ ਸਚਾ ਸ਼ਹਿਨਸ਼ਾਹੇ । ਜੁਗ ਜੁਗ ਆਪਣਾ ਨਦ ਉਪਾਇਆ, ਆਪ ਆਪਣਾ ਨਾਉਂ ਪਰਗਟਾਏ । ਆਪਣੇ ਵਿਚੋਂ ਆਪਾ ਕੱਢ ਲੱਖ ਚੁਰਾਸੀ ਘਾੜਨ ਲਿਆ ਘੜਾਇਆ, ਅੰਤਮ ਲਏ ਮਿਟਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਿੰਘਾਸਣ ਸੋਭਾ ਪਾਏ । ਸਚ ਸਿੰਘਾਸਣ ਸੁਹਾਇੰਦਾ, ਘਾੜਤ ਅਪਰ ਅਪਾਰ । ਕਲਜੁਗ ਭੇਵ ਨਾ ਆਇੰਦਾ, ਪੜ੍ਹ ਪੜ੍ਹ ਥੱਕੇ ਨਾ ਕਰੇ ਕੋਇ ਵਿਚਾਰ । ਸਾਢੇ ਤਿੰਨ ਹੱਥ ਵੰਡ ਵੰਡਾਇੰਦਾ, ਨਵ ਸਤ ਮਾਰੇ ਮਾਰ । ਜੇਰਜ ਅੰਡਜ ਫੋਲ ਫੋਲਾਇੰਦਾ, ਉਤਭੁਜ ਸੇਤਜ ਪਾਵੇ ਸਾਰ । ਆਪਣਾ ਹੁਕਮ ਆਪ ਵਰਤਾਇੰਦਾ, ਹੁਕਮੀ ਹੁਕਮ ਖੇਲ ਨਿਆਰ ।

ਤਖ਼ਤ ਨਿਵਾਸੀ ਤਖ਼ਤ ਸੋਭਾ ਪਾਇੰਦਾ, ਸ਼ਾਹੋ ਭੂਪ ਸੱਚਾ ਸਿਕਦਾਰ । ਸੀਸ ਤਾਜ ਜਗਦੀਸ ਟਿਕਾਇੰਦਾ, ਪੰਚਮ ਮੁਖ ਵਿਚਾਰ । ਗੁਰਮੁਖਾਂ ਦੁਖ ਗਵਾਇੰਦਾ, ਨਾਤਾ ਤੋੜ ਕੂੜ ਸੰਸਾਰ । ਧਰਤ ਮਾਤ ਦੀ ਕੁੱਖ ਸੁਹਾਇੰਦਾ, ਦੇਵੇ ਵਰ ਆਪ ਨਿਰੰਕਾਰ । ਉਜਲ ਮੁਖ ਮਾਤ ਕਰਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਵਰ ਸੱਚੀ ਸਰਕਾਰ । ਸਚ ਸਰਕਾਰ ਹਰਿ ਨਿਰੰਕਾਰਾ, ਨਿਰਵੈਰ ਖੇਲ ਖਿਲਾਇਆ । ਕਲਜੁਗ ਮੇਟੇ ਕੂੜ ਪਸਾਰਾ, ਰਾਓ ਰੰਕ ਰਹਿਣ ਨਾ ਪਾਇਆ । ਚਾਰੇ ਵਰਨਾਂ ਲੇਖਾ ਮੁਕਾਏ ਆਰ ਪਾਰਾ, ਬਰਨ ਅਠਾਰਾਂ ਪੰਧ ਮੁਕਾਇਆ । ਪੁਰਖ ਅਕਾਲ ਇਕ ਇਕੱਲਾ ਏਕੰਕਾਰਾ, ਏਕਾ ਆਪ ਕਰਾਇਆ । ਏਕਾ ਸ਼ਬਦ ਇਕ ਜੈਕਾਰਾ, ਏਕਾ ਨਾਅਰਾ ਦਏ ਸੁਣਾਇਆ । ਏਕਾ ਰਾਮ ਕ੍ਰਿਸ਼ਨ ਅਵਤਾਰਾ, ਏਕਾ ਈਸਾ ਮੂਸਾ ਦਏ ਮਿਲਾਇਆ । ਏਕਾ ਨੂਰ ਸੰਗ ਮੁਹੰਮਦ ਚਾਰ ਯਾਰਾ, ਏਕਾ ਨਾਨਕ ਗੋਬਿੰਦ ਰੂਪ ਵਟਾਇਆ । ਏਕਾ ਬ੍ਰਹਮ ਸਰਬ ਪਸਾਰਾ, ਏਕਾ ਪਾਰਬ੍ਰਹਮ ਵਰਤਾਰਾ, ਏਕਾ ਆਦਿ ਪੁਰਖ ਸਹਾਰਾ, ਆਦਿ ਜੁਗਾਦਿ ਖੇਲ ਖਿਲਾਇਆ । ਏਕਾ ਮੇਟੇ ਕਲਜੁਗ ਧੂਆਂਧਾਰਾ, ਏਕਾ ਸਤਿ ਸਤਿ ਕਰੇ ਵਰਤਾਰਾ, ਸਤਿ ਸਤਿਵਾਦੀ ਖੇਲ ਖਿਲਾਇਆ । ਏਕਾ ਸਾਚੇ ਤਖ਼ਤ ਬਹੇ ਹੋ ਤਿਆਰਾ, ਏਕਾ ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਮਾਰੇ ਮਾਰਾ, ਏਕਾ ਗੜ੍ਹ ਹੰਕਾਰ ਤੁੜਾਇਆ । ਏਕਾ ਉਚਾਂ ਨੀਚਾਂ ਕਰੇ ਪਿਆਰਾ, ਏਕਾ ਰਾਓ ਰੰਕਾਂ ਦਏ ਸਹਾਰਾ, ਏਕਾ ਵਰਨਾਂ ਬਰਨਾਂ ਵਸੇ ਬਾਹਰਾ, ਏਕਾ ਬੋਲੇ ਸ਼ਬਦੀ ਸਚਾ ਨਾਅਰਾ, ਏਕਾ ਘਟ ਘਟ ਜੋਤ ਜਗਾਇਆ । ਏਕਾ ਸਿੰਘਾਸਣ ਸੋਹੇ ਸੱਚੀ ਸਰਕਾਰ, ਏਕਾ ਸਤਿਜੁਗ ਬੰਨ੍ਹੇ ਸਾਚੀ ਧਾਰਾ, ਏਕਾ ਸਤਿ ਸਤਿਵਾਦੀ ਸਚਖੰਡ ਸੁਹਾਏ ਬੰਕ ਦਵਾਰਾ, ਥਿਰ ਘਰ ਏਕਾ ਆਸਣ ਲਾਇਆ । ਏਕਾ ਨਾਰੀ ਨਰ ਦਏ ਆਧਾਰਾ, ਏਕਾ ਬਿਰਧ ਬਾਲ ਜਵਾਨ ਲੇਖਾ ਜਾਣੇ ਅਗੰਮ ਅਪਾਰਾ, ਅਲਖ ਅਗੋਚਰ ਆਪਣੀ ਖੇਲ ਖਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਿੰਘਾਸਣ ਆਪੇ ਚੜ੍ਹ, ਨਾਮ ਖੰਡਾ ਏਕਾ ਫੜ, ਦੋ ਜਹਾਨਾ ਵੇਖ ਵਖਾਇਆ । ਸਚ ਸਿੰਘਾਸਣ ਹਰਿ ਜੀ ਚੜ੍ਹਿਆ, ਸਾਚਾ ਤਖ਼ਤ ਸੁਹਾਇਆ । ਨਿਰਵੈਰ ਪੁਰਖ ਏਕਾ ਖੰਡਾ ਫੜਿਆ, ਦੋ ਜਹਾਨਾ ਰਿਹਾ ਚਮਕਾਇਆ । ਲੋਹਾਰ ਤਰਖਾਨ ਕਿਸੇ ਨਾ ਘੜਿਆ, ਵਿਚ ਮਿਆਨ ਨਾ ਬੰਦ ਕਰਾਇਆ । ਅਗਨੀ ਤੱਤ ਨਾ ਕਿਸੇ ਸੜਿਆ, ਜਗਤ ਧਾਰ ਨਾ ਕੋਇ ਰਖਾਇਆ । ਆਪਣਾ ਖੇਲ ਆਪੇ ਕਰਿਆ, ਵੇਖਣਹਾਰਾ ਆਪੇ ਆਇਆ । ਆਪਣਾ ਘਾੜਨ ਆਪੇ ਘੜਿਆ, ਹਰਿ ਆਪੇ ਭੰਨ ਵਖਾਇਆ । ਆਪਣੀ ਵਿਦਿਆ ਆਪੇ ਪੜ੍ਹਿਆ, ਆਪੇ ਜਗਤ ਪੜ੍ਹਾਵਣ ਆਇਆ । ਆਪਣੇ ਦਵਾਰੇ ਆਪੇ ਖੜਿਆ, ਆਪੇ ਰਿਹਾ ਹੁਕਮ ਸੁਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਿੰਘਾਸਣ ਸੋਭਾਵੰਤ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤ ਦਵਾਰੇ ਆਪੇ ਖੜਿਆ ।



## ★ ੩੦ ਮਾਘ ੨੦੧੭ ਬਿਕ੍ਰਮੀ ਰੇਸ਼ਮ ਸਿੰਘ ਦੇ ਗ੍ਰਿਹ ਮੇਰਠ ਛਾਵਨੀ ★

ਹਰਿ ਪੁਰਖ ਅਗੰਮ ਖੇਲ ਅਵੱਲਾ, ਨਿਰਗੁਣ ਆਦਿ ਜੁਗਾਦਿ ਕਰਾਇੰਦਾ । ਨਿਰਵੈਰ ਨਿਰਾਕਾਰ ਵਸਣਹਾਰ ਸਚਖੰਡ ਸਚ ਮਹੱਲਾ, ਜੋਤੀ ਨੂਰ ਡਗਮਗਾਇੰਦਾ । ਜੁਗਾ ਜੁਗੰਤਰ ਸਤਿ ਸਤਿਵਾਦੀ ਸ਼ਬਦ ਸੰਦੇਸ਼ ਏਕਾ ਘੱਲਾ, ਬ੍ਰਹਿਮੰਡ ਖੰਡ ਆਪ ਸੁਣਾਇੰਦਾ । ਅਜੂਨੀ ਰਹਿਤ ਜੋਤੀ ਦੀਪਕ

ਆਪੇ ਬਲਾ, ਨੂਰੋ ਨੂਰ ਡਗਮਗਾਇੰਦਾ । ਵਸਣਹਾਰਾ ਨੇਹਚਲ ਧਾਮ ਅਟੱਲਾ, ਅਲਖ ਅਗੋਚਰ ਅਗੰਮ ਅਥਾਹ ਬੇਪਰਵਾਹ ਆਪਣੀ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਪੁਰਖ ਅਬਿਨਾਸ਼ਾ ਆਪੇ ਜਾਣੇ ਆਪਣੀ ਰਾਸਾ, ਆਪਣੇ ਮੰਦਰ ਸੋਭਾ ਪਾਇੰਦਾ । ਸੋ ਪੁਰਖ ਨਿਰੰਜਣ ਪਾਰਬ੍ਰਹਮ ਬੇਅੰਤ, ਗਹਿਰ ਗੰਭੀਰ ਵਡੀ ਵਡਿਆਈਆ । ਲੇਖਾ ਜਾਣੇ ਆਦਿ ਅੰਤ, ਮਧ ਆਪਣੀ ਖੇਲ ਖਿਲਾਈਆ । ਤਖ਼ਤ ਨਿਵਾਸੀ ਸ਼ਾਹੋ ਸ਼ਾਬਾਸੀ ਪੁਰਖ ਅਕਾਲਾ ਦੀਨ ਦਿਆਲਾ ਸੋਭਾਵੰਤ, ਦਰ ਘਰ ਸਾਚੇ ਸੋਭਾ ਪਾਈਆ । ਭੇਖ ਵਟਾਏ ਦਯਾ ਕਮਾਏ ਜੁਗਾ ਜੁਗੰਤ, ਜਗਤ ਜੁਗ ਆਪਣੇ ਹੱਥ ਰੱਖੇ ਵਡਿਆਈਆ । ਨਾਮ ਦ੍ਰਿੜਾਏ ਸ਼ਬਦ ਅਗੰਮਾ ਮਣੀਆ ਮੰਤ, ਘਟ ਘਟ ਆਪਣਾ ਰੂਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਪੁਰਖ ਅਗੰਮ ਨਾ ਮਰੇ ਨਾ ਪਏ ਜੰਮ, ਅਨੁਭਵ ਆਪਣੀ ਧਾਰ ਚਲਾਈਆ । ਅਨੁਭਵ ਧਾਰ ਪੁਰਖ ਅਕਾਲਾ, ਅਕਲ ਕਲ ਧਾਰੀ ਆਪ ਚਲਾਇੰਦਾ । ਆਦਿ ਜੁਗਾਦੀ ਖੇਲ ਨਿਰਾਲਾ, ਸ਼ਾਹ ਕੰਗਾਲਾ ਰੂਪ ਧਰਾਇੰਦਾ । ਕਰੇ ਖੇਲ ਥਿਰ ਘਰ ਸੱਚੀ ਧਰਮਸਾਲਾ, ਗ੍ਰਿਹ ਮੰਦਰ ਆਪਣਾ ਰੂਪ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਪੁਰਖ ਅਨਾਦਿ ਲੇਖਾ ਜਾਣੇ ਆਦਿ ਜੁਗਾਦਿ ਬ੍ਰਹਮ ਬ੍ਰਹਮਾਦਿ, ਭੇਵ ਅਭੇਦਾ ਭੇਵ ਛੁਪਾਇੰਦਾ । ਏਕੰਕਾਰਾ ਖੇਲ ਅਪਾਰਾ, ਖ਼ਾਲਕ ਖ਼ਲਕ ਰੂਪ ਸਮਾਈਆ । ਏਕਾ ਨਾਦ ਇਕ ਜੈਕਾਰਾ, ਧੁਰ ਫੁਰਮਾਨਾ ਆਪ ਸੁਣਾਈਆ । ਏਕਾ ਪੁਰਖ ਏਕਾ ਨਾਰਾ, ਏਕਾ ਕੰਤ ਇਕ ਭਤਾਰਾ, ਏਕਾ ਆਸਨ ਸਿੰਘਾਸਣ ਸੋਭਾ ਪਾਈਆ । ਏਕਾ ਸੁਤ ਇਕ ਦੁਲਾਰਾ, ਏਕਾ ਕਰੇ ਸਚ ਪਿਆਰਾ, ਗੋਦ ਸੁਹੰਜਣੀ ਇਕ ਸੁਹਾਈਆ । ਏਕਾ ਹੁਕਮ ਇਕ ਵਰਤਾਰਾ, ਏਕਾ ਸ਼ਾਹ ਇਕ ਸਿਕਦਾਰਾ, ਏਕਾ ਰਯੀਅਤ ਨਾਉਂ ਵਟਾਈਆ । ਏਕਾ ਨੂਰ ਇਕ ਉਜਿਆਰਾ, ਏਕਾ ਵਸੇ ਸਭ ਤੋਂ ਬਾਹਿਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਏਕਾ ਹਰਿ, ਦਰ ਘਰ ਸਾਚੇ ਸੋਭਾ ਪਾਈਆ । ਏਕਾ ਘਰ ਏਕਾ ਦਰ, ਦਰ ਦਰਵਾਜ਼ਾ ਇਕ ਸੁਹਾਇੰਦਾ । ਏਕਾ ਚੁਕਾਏ ਆਦਿ ਅੰਤ ਡਰ, ਨਿਰਭੌ ਆਪਣੀ ਖੇਲ ਖਿਲਾਇੰਦਾ । ਏਕਾ ਘਾੜਨ ਲਏ ਘੜ, ਭੰਨਣਹਾਰ ਆਪ ਹੋ ਜਾਇੰਦਾ । ਏਕਾ ਕਰਤਾ ਪੁਰਖ ਕਰਨੀ ਰਿਹਾ ਕਰ, ਕ਼ਾਦਰ ਕ਼ੁਦਰਤ ਵੇਖ ਲੇਖ ਲਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪਣੇ ਹੱਥ ਰਖਾਇੰਦਾ । ਸਾਚਾ ਹੁਕਮ ਧੁਰ ਫ਼ਰਮਾਨਾ, ਸੋ ਪੁਰਖ ਨਿਰੰਜਣ ਆਪਣੇ ਹੱਥ ਰਖਾਈਆ । ਸਾਚਾ ਤਖ਼ਤ ਇਕ ਸੁਹਾਨਾ, ਸ਼ਾਹ ਪਾਤਸ਼ਾਹ ਵਡੀ ਵਡਿਆਈਆ । ਨਾਉਂ ਨਿਰੰਕਾਰ ਧੁਰ ਫ਼ਰਮਾਨਾ, ਆਪਣਾ ਆਪ ਪਰਗਟਾਈਆ । ਆਪੇ ਜਾਣੇ ਆਪਣਾ ਭਾਣਾ, ਦੂਸਰ ਭੇਵ ਨਾ ਕਿਸੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਪ੍ਰਭ ਅਪਾਰ, ਲੇਖਾ ਜਾਣੇ ਆਪਣੀ ਧਾਰ, ਧਾਰ ਧਾਰ ਵਿਚ ਸਮਾਈਆ । ਧਾਰ ਧਾਰ ਵਿਚ ਸਮਾਇੰਦਾ, ਇਕ ਇਕੱਲਾ ਏਕੰਕਾਰ । ਆਪਣੀ ਖੇਲ ਆਪ ਖਿਲਾਇੰਦਾ, ਖੇਲਣਹਾਰ ਬੇਐਬ ਪਰਵਰਦਿਗਾਰ । ਆਪਣਾ ਨੂਰ ਪਰਗਟਾਇੰਦਾ, ਨੂਰੀ ਜਲਵਾ ਕਰ ਉਜਿਆਰ । ਆਪਣੀ ਤੂਰ ਆਪ ਸੁਣਾਇੰਦਾ, ਅਨਾਦੀ ਨਾਦ ਸੱਚੀ ਧੁੰਨਕਾਰ । ਆਪਣਾ ਸ਼ਬਦ ਆਪ ਪਰਗਟਾਇੰਦਾ , ਬੋਧ ਅਗਾਧ ਇਕ ਜੈਕਾਰ । ਆਪਣਾ ਘਰ ਆਪ ਵਸਾਇੰਦਾ, ਆਪੇ ਪੁਰਖ ਆਪੇ ਨਾਰ । ਆਪੇ ਸੁਤ ਦੁਲਾਰਾ ਜਾਇੰਦਾ, ਆਪੇ ਹਿਤ ਕਰੇ ਪਿਆਰ । ਆਪੇ ਨਿਤ ਨਵਿਤ ਖੇਲ ਖਿਲਾਇੰਦਾ, ਖੇਲਣਹਾਰਾ ਖੇਲ ਕਰੇ ਅਪਰ ਅਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ

ਏਕਾ ਹਰਿ, ਦੂਸਰ ਅਵਰ ਨਾ ਕੋਇ ਜਣਾਇੰਦਾ । ਦੂਸਰ ਅਵਰ ਨਾ ਕੋਇ ਜਣਾਇਆ, ਸੋ ਪੁਰਖ ਨਿਰੰਜਣ ਵਡੀ ਵਡਿਆਈਆ । ਗ੍ਰਿਹ ਮੰਦਰ ਅੰਦਰ ਆਪਣਾ ਆਸਣ ਲਾਇਆ, ਨਿਰਗੁਣ ਨਿਰਗੁਣ ਆਪਣਾ ਰੂਪ ਪਰਗਟਾਈਆ । ਦੀਵਾ ਬਾਤੀ ਇਕ ਜਗਾਇਆ, ਜੋਤੀ ਨੂਰ ਨੂਰ ਰੁਸ਼ਨਾਈਆ । ਕਮਲਾਪਾਤੀ ਸੋਭਾ ਪਾਇਆ, ਕਵਲ ਨੈਣ ਵਡੀ ਵਡਿਆਈਆ । ਆਪਣੀ ਆਰਤੀ ਆਪਣਾ ਹਵਨ ਆਪ ਕਰਾਇਆ, ਆਪੇ ਆਪਣਾ ਆਪ ਪੂਜ ਵਖਾਈਆ । ਆਪੇ ਨਿਉਂ ਨਿਉਂ ਮਸਤਕ ਸੀਸ ਝੁਕਾਇਆ, ਆਪੇ ਮੰਗੇ ਚਰਨ ਧੂੜ ਮਸਤਕ ਸੱਚੀ ਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਘਰ, ਗ੍ਰਿਹ ਮੰਦਰ ਆਪ ਸੁਹਾਈਆ । ਗ੍ਰਿਹ ਮੰਦਰ ਹਰਿ ਸੁਹੰਜਣਾ, ਸੋਭਾਵੰਤ ਸ੍ਰੀ ਭਗਵਾਨ । ਦੀਪ ਜਗਾਏ ਜੋਤ ਨਿਰੰਜਨਾ, ਦੀਪਾਂ ਲੋਆਂ ਕਰ ਪ੍ਰਵਾਨ । ਕਰੇ ਖੇਲ ਸੂਰਾ ਸਰਬੰਗਨਾ, ਜੋਧਾ ਸੂਰਬੀਰ ਵਡ ਬਲਵਾਨ । ਨਾਮ ਮਰਦੰਗ ਏਕਾ ਵੱਜਣਾ, ਹਰਿ ਵਜਾਏ ਦੋ ਜਹਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਦਰ ਆਪੇ ਮੰਗਣਾ, ਆਪੇ ਰਾਜ ਆਪ ਰਾਜਾਨ । ਆਪੇ ਰਾਜਾ ਬਣ ਭਿਖਾਰੀ, ਹਰਿ ਸਾਚੀ ਖੇਲ ਖਿਲਾਇੰਦਾ । ਆਪੇ ਬਣੇ ਚੋਬਦਾਰੀ, ਆਪੇ ਸ਼ਾਹ ਪਾਤਸ਼ਾਹ ਰੂਪ ਵਟਾਇੰਦਾ । ਆਪੇ ਦੇਵਣਹਾਰਾ ਸਾਚੀ ਦਾਰੀ, ਆਪੇ ਅੱਗੇ ਝੋਲੀ ਡਾਹਿੰਦਾ । ਆਪੇ ਵਣਜ ਆਪ ਵਣਜਾਰੀ, ਆਪੇ ਸਾਚਾ ਵਣਜ ਕਰਾਇੰਦਾ । ਆਪੇ ਨਿਰਗੁਣ ਜੋਤ ਨੂਰ ਉਜਿਆਰੀ, ਆਪੇ ਧੂਆਂਧਾਰ ਸਮਾਇੰਦਾ । ਆਪੇ ਸ਼ਬਦ ਨਾਦ ਧੁਨਕਾਰੀ, ਆਪੇ ਸੁੰਨ ਅਗੰਮ ਆਪਣੀ ਖੇਲ ਖਿਲਾਇੰਦਾ । ਆਪੇ ਨਿਰਗੁਣ ਸਰਗੁਣ ਪੈਜ ਸਵਾਰੀ, ਰੂਪ ਅਨੂਪ ਆਪ ਧਰਾਇੰਦਾ । ਆਪੇ ਵਿਸ਼ਨੂੰ ਕਰੇ ਸਚ ਪਿਆਰੀ, ਵਿਸ਼ਵ ਆਪਣਾ ਅੰਗ ਵਖਾਇੰਦਾ । ਆਪੇ ਅੰਮ੍ਰਿਤ ਸਚ ਭੰਡਾਰੀ, ਆਪੇ ਕਵਲ ਨਾਭ ਰਖਾਇੰਦਾ । ਆਪੇ ਫੁੱਲ ਆਪੇ ਫੁਲਵਾੜੀ, ਪੱਤ ਡਾਲੀ ਆਪ ਮਹਿਕਾਇੰਦਾ । ਆਪੇ ਪਾਰਬ੍ਰਹਮ ਬ੍ਰਹਮ ਭੇਦ ਅਪਾਰੀ, ਆਪ ਆਪਣਾ ਅੰਗ ਕਟਾਇੰਦਾ । ਆਪੇ ਸ਼ੰਕਰ ਆਪੇ ਸ਼ਾਹ ਅਸਵਾਰੀ, ਸਗਲਾ ਸੰਗ ਰਖਾਇੰਦਾ । ਆਪੇ ਵਿਸ਼ਨ ਬਣ ਭੰਡਾਰੀ, ਸਤਿ ਭੰਡਾਰਾ ਆਪ ਵਰਤਾਇੰਦਾ । ਆਪੇ ਬ੍ਰਹਮ ਬਣ ਲਿਖਾਰੀ, ਸਾਚਾ ਲੇਖਾ ਆਪ ਜਣਾਇੰਦਾ । ਆਪੇ ਸ਼ੰਕਰ ਹੋਏ ਆਧਾਰੀ, ਭੇਵ ਕੋਈ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਦਰ ਘਰ ਸਾਚਾ ਆਪ ਸੁਹਾਇੰਦਾ । ਦਰ ਘਰ ਸਾਚਾ ਹਰਿ ਸੁਹਾਇਆ, ਆਦਿ ਪੁਰਖ ਪੁਰਖ ਅਗੰਮ । ਆਪਣੇ ਮੰਦਰ ਆਪਣਾ ਆਸਣ ਲਾਇਆ, ਨਾ ਕੋਈ ਸੂਰਜ ਨਾ ਕੋਈ ਚੰਨ । ਮੰਡਲ ਮੰਡਪ ਨਾ ਕੋਈ ਰਖਾਇਆ, ਨਾ ਕੋਈ ਬੇੜਾ ਰਿਹਾ ਬੰਨ੍ਹ, ਆਪਣਾ ਬੰਨ੍ਹ ਆਪ ਚਲਾਇਆ । ਆਪੇ ਜਨਨੀ ਆਪੇ ਜਨ, ਆਪੇ ਸਾਚੀ ਗੋਦ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਨਾਦ ਆਪੇ ਧੁਨ, ਆਪੇ ਸੁਣੇ ਆਪਣਾ ਰਾਗ, ਆਪੇ ਕੰਨ ਸੁਣਾਇਆ । ਰਾਗ ਨਿਰਾਲਾ ਆਪ ਸੁਣਾਇੰਦਾ, ਆਦਿ ਪੁਰਖ ਬੇਪਰਵਾਹ । ਆਪਣੀ ਇਛਿਆ ਆਪ ਪ੍ਰਗਟਾਇੰਦਾ, ਵਿਸ਼ਨ ਬ੍ਰਹਮਾ ਸ਼ਿਵ ਲਏ ਉਪਾ । ਤਿੰਨਾਂ ਏਕਾ ਦਰ ਵਖਾਇੰਦਾ, ਪੁਰਖ ਅਬਿਨਾਸ਼ੀ ਆਪ ਖੁਲਾ । ਸਾਚੇ ਤਖ਼ਤ ਸੋਭਾ ਪਾਇੰਦਾ, ਜੋਤੀ ਜਾਤਾ ਡਗਮਗਾ । ਸੀਸ ਤਾਜ ਇਕ ਟਿਕਾਇੰਦਾ, ਸ਼ਹਿਨਸ਼ਾਹ ਸੱਚਾ ਪਾਤਸ਼ਾਹ । ਸਮਰਥ ਪੁਰਖ ਆਪਣਾ ਨਾਉਂ ਧਰਾਇੰਦਾ, ਮਹਿਮਾ ਅਕਥ ਕਥੀ ਨਾ ਜਾ । ਨਿਰਗੁਣ ਆਪਣਾ ਬੇੜਾ ਆਪ ਚਲਾਇੰਦਾ, ਆਪੇ ਚਪੂ ਦੇਵੇ ਲਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣਾ ਭੇਵ ਆਪਣੇ ਵਿਚ ਰਖਾਇੰਦਾ ।

ਹਰਿ ਆਪਣਾ ਭੇਵ ਛੁਪਾਇੰਦਾ, ਆਦਿ ਜੁਗਾਦੀ ਕਾਰ । ਵਿਸ਼ਨ ਬ੍ਰਹਮਾ ਸ਼ਿਵ ਧਿਆਨ ਲਗਾਇੰਦਾ, ਦੋਏ ਜੋੜ ਕਰਨ ਨਿਮਸਕਾਰ । ਦਰ ਭਿਖਾਰੀ ਮੰਗ ਮੰਗਾਇੰਦਾ, ਦੇਵਣਹਾਰਾ ਵਡ ਦਾਤਾਰ । ਦੇਵਣਹਾਰਾ ਦਿਸ ਨਾ ਆਇੰਦਾ, ਕਿਆ ਕੋਈ ਕਰੇ ਵਿਚਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਕਰੇ ਖੇਲ ਅਪਾਰ । ਸਾਚੀ ਵਸਤ ਅਮੋਲਕ ਹਰਿ ਕਰਤਾਰਾ, ਆਪਣੀ ਆਪ ਵਰਤਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰ ਪਿਆਰਾ, ਏਕਾ ਤੱਤ ਸਮਝਾਈਆ । ਏਕਾ ਸੁਤ ਇਕ ਦੁਲਾਰਾ, ਏਕਾ ਨਾਮ ਇਕ ਪਿਆਰਾ, ਏਕਾ ਮੰਦਰ ਕਰ ਉਜਿਆਰਾ, ਏਕਾ ਨੂਰ ਨੂਰ ਦਰਸਾਈਆ । ਏਕਾ ਅੰਮ੍ਰਿਤ ਠੰਡਾ ਠਾਰਾ, ਏਕਾ ਦੇਵੇ ਜਾਮ ਨਿਆਰਾ, ਭਰ ਪਿਆਲਾ ਆਪ ਪਿਆਈਆ । ਏਕਾ ਵਸਤ ਹਰਿ ਥਾਰਾ, ਦੇਵਣਹਾਰਾ ਹਰਿ ਨਿਰੰਕਾਰਾ, ਦੂਸਰ ਅਵਰ ਨਾ ਕੋਈ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਅਬਿਨਾਸ਼ੀ ਕਰਤਾ, ਕਰਨਹਾਰ ਕਰਨੇਯੋਗ ਆਪਣੀ ਕਿਰਤ ਆਪ ਕਮਾਈਆ । ਵਿਸ਼ਨ ਬ੍ਰਹਮਾ ਸ਼ਿਵ ਤੇਰਾ ਰੂਪ ਉਪਾ, ਆਪਣੀ ਦਯਾ ਕਮਾਇੰਦਾ । ਨਿਸ਼ਅਖੱਰ ਦਏ ਪੜ੍ਹਾ, ਆਪਣਾ ਭੇਵ ਆਪ ਚੁਕਾਇੰਦਾ । ਧੁਰ ਫ਼ਰਮਾਨਾ ਦਏ ਸੁਣਾ, ਭੁਲ ਕੋਈ ਨਾ ਜਾਇੰਦਾ । ਵਿਸ਼ਨ ਤੇਰਾ ਅੰਗ ਲਗਾ, ਅੰਗੀਕਾਰ ਸੋਭਾ ਪਾਇੰਦਾ । ਪਾਰਬ੍ਰਹਮ ਬ੍ਰਹਮ ਤੇਰਾ ਅੰਗ ਕਟਾ, ਰੂਪ ਅਨੂਪ ਆਪ ਧਰਾਇੰਦਾ । ਸ਼ੰਕਰ ਹੱਥ ਤ੍ਰਿਸ਼ੂਲ ਫੜਾ, ਤ੍ਰੈ ਤ੍ਰੈ ਧਾਰ ਆਪ ਜਣਾਇੰਦਾ । ਤ੍ਰੈਗੁਣ ਮਾਇਆ ਤੱਤ ਸਮਝਾ, ਸਤੋ ਰਜੋ ਤਮੋ ਆਪਣੀ ਖੇਲ ਖਿਲਾਇੰਦਾ । ਕਰੇ ਖੇਲ ਬੇਪਰਵਾਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਦਿ ਪੁਰਖ ਏਕਾ ਨਰ, ਨਰਾਇਣ ਨਾਉਂ ਧਰਾਇੰਦਾ । ਨਰ ਨਰਾਇਣ ਹਰਿ ਨਿਰੰਕਾਰਾ, ਬਾਲ ਬਿਰਧ ਜਵਾਨ ਨਾ ਰੂਪ ਕੋਈ ਵਟਾਈਆ । ਏਕਾ ਮੰਦਰ ਇਕ ਘਰ ਬਾਰਾ, ਏਕਾ ਗ੍ਰਿਹਿ ਦਏ ਵਸਾਈਆ । ਏਕਾ ਨੂਰ ਇਕ ਉਜਿਆਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਵਿਸ਼ਨ ਬ੍ਰਹਮਾ ਸ਼ਿਵ ਏਕਾ ਗੁਣ ਜਣਾਈਆ । ਹਰਿ ਸਾਚਾ ਗੁਣ ਜਣਾਇੰਦਾ, ਵਿਸ਼ਨ ਬ੍ਰਹਮਾ ਸ਼ਿਵ ਕਰ ਪਿਆਰ । ਧੁਰ ਫ਼ਰਮਾਨਾ ਆਪ ਸੁਣਾਇੰਦਾ, ਸੁਣਾਵਣਹਾਰਾ ਏਕੰਕਾਰ । ਬ੍ਰਹਿਮੰਡ ਖੰਡ ਸਾਚੀ ਰਚਨਾ ਆਪ ਸੁਹਾਇੰਦਾ, ਲੋਆਂ ਪੁਰੀਆਂ ਦਏ ਸਹਾਰ । ਥਾਨ ਥਨੰਤਰ ਵੇਖ ਵਖਾਇੰਦਾ, ਬੇਅੰਤ ਬੇਐਬ ਪਰਵਰਦਿਗਾਰ । ਸਾਚੀ ਬਣਤ ਆਪ ਬਣਾਇੰਦਾ, ਘਾੜਨ ਘੜੇ ਅਪਰ ਅਪਾਰ । ਸਚ ਠਠਿਆਰਾ ਆਪਣਾ ਨਾਉਂ ਧਰਾਇੰਦਾ, ਆਪੇ ਜਾਣੇ ਆਪਣੀ ਸਾਚੀ ਕਾਰ । ਤ੍ਰੈ ਮੇਲਾ ਮੇਲ ਮਿਲਾਇੰਦਾ, ਵਿਸ਼ਨ ਬ੍ਰਹਮਾ ਸ਼ਿਵ ਆਧਾਰ । ਬ੍ਰਹਮ ਏਕਾ ਮੰਗ ਮੰਗਾਇੰਦਾ, ਨਿਉਂ ਨਿਉਂ ਚਰਨ ਸਰਨ ਕਰੇ ਨਿਮਸਕਾਰ । ਪੁਰਖ ਅਬਿਨਾਸ਼ੀ ਦਇਆ ਕਮਾਇੰਦਾ, ਪੰਜ ਤਤ ਬਣੇ ਵਰਤਾਰ । ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਏਕਾ ਰੰਗ ਰੰਗਾਇੰਦਾ, ਰੰਗ ਰੰਗੀਲਾ ਮੋਹਣ ਮਾਧਵ ਮੀਤ ਮੁਰਾਰ । ਲੱਖ ਚੁਰਾਸੀ ਆਪੇ ਵੰਡ ਵੰਡਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਆਪ ਨਿਰੰਕਾਰ । ਲੱਖ ਚੁਰਾਸੀ ਘਾੜਨ ਘੜਨਾ, ਹਰਿ ਵਿਸ਼ਨ ਬ੍ਰਹਮਾ ਸ਼ਿਵ ਆਪ ਸਮਝਾਇਆ । ਘਟ ਘਟ ਅੰਦਰ ਹਰਿ ਜੂ ਵੜਨਾ, ਨਿਰਗੁਣ ਸਰਗੁਣ ਮੇਲ ਮਿਲਾਇਆ । ਦੀਪਕ ਜੋਤੀ ਏਕ ਧਰਨਾ, ਜੋਤ ਨਿਰੰਜਣ ਡਗਮਗਾਇਆ । ਆਤਮ ਅੰਮ੍ਰਿਤ ਏਕਾ ਭਰਨਾ, ਨਿਝਰ ਝਿਰਨਾ ਆਪ ਝਿਰਾਇਆ । ਘਰ ਵਿਚ ਘਰ ਆਪੇ ਘੜਨਾ, ਘਰ ਘਰ ਵਿਚ ਸੋਭਾ ਪਾਇਆ । ਬ੍ਰਹਮ ਰੂਪ ਪਾਰਬ੍ਰਹਮ ਵਰਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮਾ ਸ਼ਿਵ ਦਿਤਾ ਏਕਾ

ਵਰ, ਭੁਲ ਕਦੇ ਨਾ ਜਾਇਆ । ਵਿਸ਼ਨ ਬ੍ਰਹਮਾ ਸ਼ਿਵ ਹਰਿ ਸਮਝਾਇੰਦਾ, ਕਰ ਕਿਰਪਾ ਗੁਣ ਨਿਧਾਨ । ਲੱਖ ਚੁਰਾਸੀ ਬਣਤ ਬਣਾਇੰਦਾ, ਪੰਜ ਤੱਤ ਕਰ ਪਰਵਾਨ । ਤ੍ਰੈਗੁਣ ਆਪਣਾ ਖੇਲ ਖਿਲਾਇੰਦਾ, ਖੇਲਣਹਾਰ ਸ੍ਰੀ ਭਗਵਾਨ । ਜੇਰਜ ਅੰਡਜ ਆਪਣਾ ਰੂਪ ਧਰਾਇੰਦਾ, ਉਤਭੁਜ ਸੇਤਜ ਕਰੇ ਪਰਵਾਨ । ਆਪਣਾ ਹੁਕਮ ਆਪ ਉਪਾਇੰਦਾ, ਚਾਰੇ ਬਾਣੀ ਗੁਣ ਨਿਧਾਨ । ਪਰਾ ਪਸੰਤੀ ਨਾਉਂ ਰਖਾਇੰਦਾ, ਖੇਲੇ ਖੇਲ ਸੁੰਞ ਮਸਾਣ । ਮਧਮ ਆਪਣੇ ਕੰਠ ਵਖਾਇੰਦਾ, ਬੈਖਰੀ ਬੱਤੀ ਦੰਦ ਗਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮਾ ਦੇਵੇ ਏਕਾ ਵਰ, ਆਦਿ ਪੁਰਖ ਸ੍ਰੀ ਭਗਵਾਨ । ਆਦਿ ਪੁਰਖ ਫ਼ਰਮਾਇਆ, ਏਕਾ ਸ਼ਬਦ ਸਲੋਕ । ਵਿਸ਼ਨ ਬ੍ਰਹਮਾ ਸ਼ਿਵ ਉਠਾਇਆ, ਲੇਖ ਜਣਾਇਆ ਤੀਨਾਂ ਲੋਕ । ਸਿਰ ਆਪਣਾ ਹੱਥ ਰਖਾਇਆ, ਆਤਮ ਅੰਤਰ ਬਖ਼ਸ਼ੀ ਮੋਖ । ਗੁਣ ਅਵਗੁਣ ਨਾ ਕੋਇ ਰਖਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਜਣਾਏ ਸਾਚੀ ਓਟ । ਏਕਾ ਓਟ ਨਰਾਇਣ ਨਰ, ਸੋ ਪੁਰਖ ਨਿਰੰਜਣ ਆਪ ਸਮਝਾਇੰਦਾ । ਲੱਖ ਚੁਰਾਸੀ ਘਾੜਨ ਘੜ, ਸੇਵਕ ਸੇਵਾ ਵੇਖ ਵਖਾਇੰਦਾ । ਜੁਗ ਚੌਕੜੀ ਦੇਵੇ ਵਰ, ਨਿਰਭੌ ਭੈ ਡਰ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਆਪ ਜਣਾਇੰਦਾ । ਨਿਰਭੈ ਭੌ ਜਣਾਇਆ, ਆਪ ਆਪਣੀ ਕਿਰਪਾ ਧਾਰ । ਜੋ ਘੜਿਆ ਭੰਨ ਵਖਾਇਆ, ਥਿਰ ਰਹੇ ਨਾ ਵਿਚ ਸੰਸਾਰ । ਆਵਣ ਜਾਵਣ ਰਚਨ ਰਚਾਇਆ, ਰਚ ਰਚ ਵੇਖੇ ਆਪ ਨਿਰੰਕਾਰ । ਅਡੋਲ ਅਡੁਲ ਵੇਸ ਵਟਾਇਆ, ਵੇਸ ਅਵੱਲਾ ਕਰੇ ਆਪ ਕਰਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮਾ ਸ਼ਿਵ ਦਏ ਇਕ ਆਧਾਰ । ਲੱਖ ਚੁਰਾਸੀ ਗੇੜ ਚਲਾਵਣਾ, ਹਰਿ ਸਾਚਾ ਹੁਕਮ ਚਲਾਇੰਦਾ । ਚਾਰੇ ਖਾਣੀ ਵੰਡ ਵੰਡਾਵਣਾ, ਚਾਰੇ ਜੁਗ ਬੰਧਨ ਪਾਇੰਦਾ । ਚਾਰੇ ਵੇਦ ਰੰਗ ਰੰਗਾਵਣਾ, ਚਾਰੋਂ ਕੁੰਟ ਵੇਖ ਵਖਾਇੰਦਾ । ਚਾਰ ਵਰਨਾਂ ਬੰਧਨ ਪਾਵਣਾ, ਸ਼ਤਰੀ ਬ੍ਰਹਿਮਣ ਸ਼ੂਦਰ ਵੈਸ਼ ਏਕਾ ਬ੍ਰਹਮ ਉਪਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਏਕਾ ਤੱਤ ਗਿਆਨ ਗੁਣ ਨਿਧਾਨ ਆਪ ਸਮਝਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਸੁਣ ਹਰਿ ਫ਼ਰਮਾਨ, ਦੋਏ ਜੋੜ ਕਰਨ ਨਿਮਸਕਾਰਾ । ਤੂੰ ਦਾਤਾ ਦਾਨੀ ਵਡ ਮਿਹਰਵਾਨ, ਹਉਂ ਸੇਵਕ ਦਰ ਭਿਖਾਰਾ । ਸੇਵਕ ਬਣ ਸੇਵਾ ਕਰੇ ਵਿਚ ਜਹਾਨ, ਭੁਲ ਨਾ ਜਾਏ ਵਿਚ ਸੰਸਾਰਾ । ਕਵਣ ਵੇਲਾ ਕਵਣ ਵਕਤ ਮਿਲੇਂ ਹਰਿ ਤੂੰ ਹਰਿ ਹਰਿ ਆਣ, ਬਖ਼ਸ਼ੇ ਚਰਨ ਪਿਆਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਢਹਿ ਪਏ ਚਰਨ ਦਵਾਰਾ । ਢਹਿ ਢਹਿ ਸਰਨਾਈ ਮੰਗੀ ਮੰਗ, ਚਰਨ ਕਵਲ ਧਿਆਨ ਲਗਾਇਆ । ਪਾਰਬ੍ਰਹਮ ਅਬਿਨਾਸ਼ੀ ਕਰਤਾ ਸੂਰਾ ਸਰਬੰਗ, ਦੇਵਣਹਾਰ ਇਕ ਅਖਵਾਇਆ । ਜੁਗ ਚੌਕੜੀ ਖੇਲੇ ਖੇਲ ਸ੍ਰੀ ਭਗਵਾਨ, ਭਗਵਨ ਆਪਣਾ ਰੂਪ ਪਰਗਟਾਇਆ । ਲੇਖਾ ਜਾਣੇ ਸੂਰਜ ਚੰਨ, ਰਵ ਸਸ ਆਪ ਉਪਾਇਆ । ਵਿਸ਼ਨ ਬ੍ਰਹਮਾ ਸ਼ਿਵ ਤੇਰਾ ਬੇੜਾ ਦੇਵੇ ਬੰਨ੍ਹ, ਬੰਨ੍ਹਣਹਾਰ ਆਪ ਹੋ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਦਏ ਚੁਕਾਇਆ । ਹਰਿ ਆਪਣਾ ਭੇਵ ਚੁਕਾਇੰਦਾ, ਬੇਐਬ ਬੇਪਰਵਾਹ । ਨੌ ਨੌ ਚਾਰ ਜੁਗ ਚੌਕੜੀ ਤੇਰੀ ਸੇਵਾ ਲਾਇੰਦਾ, ਵਿਸ਼ਵ ਵਿਸ਼ਨ ਲਿਆ ਸਮਝਾ । ਬ੍ਰਹਮ ਤੇਰੀ ਵੰਡ ਵੰਡਾਇੰਦਾ, ਚਾਰ ਨੌ ਨੌ ਏਕਾ ਰੰਗ ਰੰਗਾ । ਸ਼ੰਕਰ ਤੇਰਾ ਪੰਧ ਮੁਕਾਇੰਦਾ, ਤ੍ਰੈ ਤ੍ਰੈ ਲੋਕਾਂ ਵੇਖੇ ਥਾਉਂ ਥਾਂ । ਨਿਰਗੁਣ ਹੁਕਮ ਨਿਰਗੁਣ ਫ਼ਰਮਾਨ, ਨਿਰਗੁਣ ਸ਼ਬਦ


੨੨੬ ੧੦

ਨਿਰਗੁਣ ਪਦ ਨਿਰਬਾਨ, ਨਿਰਗੁਣ ਸਾਚਾ ਧਾਮ ਵਡਿਆਇੰਦਾ । ਨਿਰਗੁਣ ਅੰਤ ਪਰਗਟ ਹੋਏ ਵਿਚ ਜਹਾਨ , ਨਿਰਗੁਣ ਰੂਪ ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰਾ ਆਪਣੇ ਹੱਥ ਰਖਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਹਰਿ ਉਪਜਾਇਆ, ਲੇਖਾ ਲਿਖਤ ਵਿਚ ਨਾ ਆਈਆ । ਆਪਣਾ ਹੁਕਮ ਆਪਣੇ ਵਿਚ ਟਿਕਾਇਆ, ਕੋਈ ਲਿਖੇ ਕ਼ਲਮ ਨਾ ਸ਼ਾਹੀਆ । ਚਾਰੇ ਵੇਦ ਭੇਵ ਨਾ ਰਾਇਆ, ਬ੍ਰਹਮਾ ਚਾਰੇ ਮੁਖ ਸਾਲਾਹੀਆ । ਚਾਰੇ ਜੁਗ ਮੁਖ ਸ਼ਰਮਾਇਆ, ਜੁਗ ਚੌਕੜੀ ਦੇਣ ਦੁਹਾਈਆ । ਚਾਰੋਂ ਕੁੰਟ ਦਿਸ ਨਾ ਆਇਆ, ਹਰਿ ਸੱਚਾ ਇਕ ਰਘੁਰਾਈਆ । ਕਲਜੁਗ ਅੰਤਮ ਅੰਤ ਪਰਦਾ ਦਏ ਉਠਾਇਆ, ਮੇਟ ਮਿਟਾਏ ਝੂਠੀ ਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵਕ਼ਤ ਸੁਹੇਲਾ ਆਪੇ ਦਏ ਜਣਾਈਆ । ਵਕ਼ਤ ਸੁਹੇਲਾ ਸਾਚਾ ਆਵਣਾ, ਹਰਿ ਸਾਚਾ ਸਚ ਜਣਾਇੰਦਾ । ਨੌ ਸੌ ਚੁਰਾਨਵੇ ਚੌਕੜੀ ਜੁਗ ਗੇੜ ਰਖਾਵਣਾ, ਲੋਕਮਾਤ ਵੇਖ ਵਖਾਇੰਦਾ । ਅਵਤਾਰ ਗੁਰੂ ਪੀਰ ਸੇਵਾ ਲਾਵਣਾ, ਧੁਰ ਫ਼ਰਮਾਨਾ ਹੁਕਮ ਸੁਣਾਇੰਦਾ । ਆਪਣਾ ਅੰਤ ਨਾ ਕਿਸੇ ਜਣਾਵਣਾ, ਬੇਅੰਤ ਬੇਅੰਤ ਬੇਅੰਤ ਸਰਬ ਗਾਇੰਦਾ । ਤ੍ਰੈਲੋਕੀ ਨਾਥ ਰੂਪ ਵਟਾਵਣਾ, ਤ੍ਰੈ ਤ੍ਰੈ ਏਕਾ ਗੰਢ ਬੰਧਾਇੰਦਾ । ਜੁਗ ਜੁਗ ਸ਼ਬਦ ਸੰਦੇਸ਼ ਆਪ ਸੁਣਾਵਣਾ, ਆਪਣਾ ਨਾਉਂ ਆਪ ਧਰਾਇੰਦਾ । ਕਲਜੁਗ ਅੰਤਮ ਪੰਧ ਮੁਕਾਵਣਾ, ਜੁਗ ਚੌਕੜੀ ਰਹਿਣ ਨਾ ਪਾਇੰਦਾ । ਲੱਖ ਚੁਰਾਸੀ ਵੇਖ ਵਖਾਵਣਾ, ਗਗਨ ਗਗਨੰਤਰ ਫੋਲ ਫੁਲਾਇੰਦਾ । ਆਪਣਾ ਨਾਦ ਬ੍ਰਹਮ ਬ੍ਰਹਿਮਾਦ ਆਪ ਵਜਾਵਣਾ, ਰਾਗੀ ਰਾਗ ਨਾ ਕੋਇ ਅਲਾਇੰਦਾ । ਆਪਣੀ ਧੁਨ ਆਪਣੇ ਵਿਚੋਂ ਕਾਢ ਆਪ ਸੁਣਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਜਣਾਇੰਦਾ । ਕਲਜੁਗ ਅੰਤ ਸੁਹਾਵਣਾ, ਹਰਿ ਸਾਚਾ ਸਚ ਸਮਝਾਏ । ਨਿਰਗੁਣ ਨਿਰਵੈਰ ਪੁਰਖ ਅਕਾਲ ਆਪਣਾ ਰੂਪ ਧਰਾਵਣਾ, ਲੋਕਮਾਤ ਵਿਚ ਦਸਾਏ । ਵਿਸ਼ਨ ਤੇਰਾ ਸੰਗ ਰਖਾਵਣਾ, ਵਿਛੜ ਕਦੇ ਨਾ ਜਾਏ । ਪਾਰਬ੍ਰਹਮ ਰੂਪ ਧਰਾਵਣਾ, ਸੋ ਪੁਰਖ ਨਿਰੰਜਣ ਵੇਸ ਵਟਾਏ । ਬ੍ਰਹਮ ਰੂਪ ਸਰਬ ਉਠਾਵਣਾ, ਹੰ ਆਪਣੀ ਅੰਸ ਜਣਾਏ । ਸ਼ਾਹ ਪਾਤਸ਼ਾਹ ਆਪ ਅਖਵਾਵਣਾ, ਰਾਜ ਰਾਜਾਨਾ ਮੇਟ ਮਿਟਾਏ । ਨਵ ਖੰਡ ਏਕਾ ਹੁਕਮ ਸੁਣਾਵਣਾ, ਧੁਰ ਫ਼ਰਮਾਨਾ ਆਪ ਅਲਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਇਕ ਇਕੱਲਾ ਬੇਪਰਵਾਹੇ । ਬੇਪਰਵਾਹ ਹਰਿ ਨਿਰੰਕਾਰਾ, ਕਲਜੁਗ ਅੰਤਮ ਵੇਖ ਵਖਾਈਆ । ਨਿਰਗੁਣ ਰੂਪ ਧਰੇ ਵਿਚ ਸੰਸਾਰਾ, ਜੋਤੀ ਨੂਰ ਨੂਰ ਰੁਸ਼ਨਾਈਆ । ਸ਼ਬਦੀ ਸ਼ਬਦ ਸ਼ਬਦ ਵਰਤਾਰਾ, ਨਾਮ ਭੰਡਾਰਾ ਆਪਣੇ ਹੱਥ ਰਖਾਈਆ । ਸ਼ਾਹ ਸੁਲਤਾਨਾਂ ਕਰੇ ਖ਼ਵਾਰਾ, ਰਾਜ ਰਾਜਾਨਾਂ ਖਾਕ ਮਿਲਾਈਆ । ਨਾਤਾ ਤੋੜੇ ਮਮਤਾ ਮਾਇਆ ਮੋਹ ਵਿਕਾਰਾ, ਜੂਠ ਝੂਠ ਨਾ ਕੋਇ ਵਡਿਆਈਆ । ਗੜ੍ਹ ਤੋੜੇ ਹਉਮੈਂ ਹੰਗਤਾ ਜਗਤ ਹੰਕਾਰਾ, ਹੰਕਾਰੀ ਗੜ੍ਹ ਰਹਿਣ ਨਾ ਪਾਈਆ । ਲੱਖ ਚੁਰਾਸੀ ਬੰਨ੍ਹੇ ਏਕਾ ਧਾਰਾ, ਇਸ਼ਟ ਦੇਵ ਇਕ ਵਖਾਈਆ । ਚਾਰ ਵਰਨ ਕਰੇ ਖ਼ਵਾਰਾ, ਬਰਨ ਅਠਾਰਾਂ ਰਹਿਣ ਨਾ ਪਾਈਆ । ਏਕਾ ਤੀਰਥ ਏਕਾ ਤਟ ਇਕ ਵਖਾਏ ਸਚ ਕਿਨਾਰਾ, ਏਕਾ ਘਾਟ ਆਪ ਪਰਗਟਾਈਆ । ਏਕਾ ਜਪ ਏਕਾ ਤਪ ਵਖਾਏ ਹਰਿ ਨਿਰੰਕਾਰਾ, ਏਕਾ ਰੂਪ ਅਨੂਪ ਆਪ ਦਰਸਾਈਆ । ਵਿਸ਼ਨ ਬ੍ਰਹਮਾ ਸ਼ਿਵ ਤੇਰੀ ਪਾਏ ਸਾਰਾ, ਸਾਰੰਗ ਧਰ ਭਗਵਾਨ ਬੀਠਲੋ ਆਪਣਾ ਰੂਪ ਅਨੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਦੇਵਣਹਾਰਾ ਵਰ, ਆਪੇ ਪੂਰ ਕਰਾਈਆ । ਆਪੇ ਵਰ ਦੀਆ ਕਰਤਾਰ, ਹਰਿ ਆਪੇ ਵੇਸ ਵਟਾਇੰਦਾ । ਆਪੇ ਘਾੜਨ

੨੨੭ ੧੦

ਘੜ ਸੰਸਾਰ, ਹਰਿ ਜੂ ਆਪੇ ਭੰਨ ਵਖਾਇੰਦਾ । ਆਪੇ ਵਿਸ਼ਨ ਬ੍ਰਹਮਾ ਸ਼ਿਵ ਲਾਏ ਸੇਵਾਦਾਰ, ਹਰਿ ਆਪੇ ਆਪਣੇ ਵਿਚ ਸਮਾਇੰਦਾ । ਹਰਿ ਆਪੇ ਰਵ ਸਸ ਸੂਰਜ ਚੰਨ ਕਰ ਉਜਿਆਰ, ਹਰਿ ਆਪੇ ਮੰਡਲ ਮੰਡਪ ਡੇਰਾ ਲਾਇੰਦਾ । ਹਰਿ ਆਪੇ ਸਤਿਜੁਗ ਤਰੇਤਾ ਦਵਾਪਰ ਲੈ ਲੈ ਅਵਤਾਰ, ਨਿਰਗੁਣ ਸਰਗੁਣ ਰੂਪ ਵਟਾਇੰਦਾ । ਆਪੇ ਕਲਜੁਗ ਲੇਖ ਲਿਖੇ ਲਿਖਣੇਹਾਰ, ਲਿਖ ਲਿਖ ਆਪਣਾ ਲੇਖ ਵਖਾਇੰਦਾ । ਆਪੇ ਮਾਰਗ ਦੱਸੇ ਗੁਰ ਅਵਤਾਰ, ਆਪੇ ਗੁਰ ਗੁਰ ਰੂਪ ਵਟਾਇੰਦਾ । ਆਪੇ ਗੁਰ ਗੁਰ ਭਿਛਿਆ ਮੰਗੇ ਅਪਾਰ, ਆਪਣੀ ਝੋਲੀ ਆਪ ਉਠਾਇੰਦਾ । ਆਪੇ ਦੇਵਣਹਾਰ ਸੱਚੀ ਸਰਕਾਰ, ਸਤਿ ਭੰਡਾਰ ਆਪ ਵਰਤਾਇੰਦਾ । ਆਪੇ ਪੰਜ ਤੱਤ ਕਰੇ ਪਿਆਰ, ਆਪੇ ਜੋਤੀ ਨੂਰ ਡਗਮਗਾਇੰਦਾ । ਕਲਜੁਗ ਅੰਤਮ ਖੇਲ ਨਿਆਰ, ਵੇਦ ਕਤੇਬ ਭੇਵ ਨਾ ਆਇੰਦਾ । ਨਿਰਗੁਣ ਜਾਮਾ ਹਰਿ ਹਰਿ ਰਾਮਾ, ਨਿਹਕਾਮਾ ਆਪਣੀ ਖੇਲ ਖਿਲਾਇੰਦਾ । ਘਟ ਘਟ ਹੋਏ ਅੰਤਰਜਾਮਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪੰਧ ਆਪ ਮੁਕਾਇੰਦਾ । ਆਪਣਾ ਪੰਧ ਮੁਕਾਵਣ ਆਇਆ, ਕਲਜੁਗ ਤੇਰੀ ਅੰਤਮ ਵਾਰ । ਸਤਿਜੁਗ ਤਰੇਤਾ ਦਵਾਪਰ ਵੇਖ ਵਖਾਵਣ ਆਇਆ, ਜੁਗਾ ਜੁਗੰਤਰ ਸਾਚੀ ਕਾਰ । ਭਗਤ ਭਗਵੰਤ ਆਪ ਉਠਾਵਣ ਆਇਆ, ਲੱਖ ਚੁਰਾਸੀ ਕਰ ਵਿਚਾਰ । ਸੰਤ ਕੰਤ ਮੇਲ ਮਿਲਾਵਣ ਆਇਆ, ਧੰਨ ਸਭਾਗਣ ਹੋਏ ਨਾਰ । ਗੁਰਮੁਖ ਗੋਦ ਬਹਾਵਣ ਆਇਆ, ਆਪ ਆਪਣੀ ਕਿਰਪਾ ਧਾਰ । ਗੁਰਸਿਖਾਂ ਮਾਰਗ ਇਕ ਸਮਝਾਵਣ ਆਇਆ, ਸਚ ਸੁਚ ਧਰੇ ਪਿਆਰ । ਦਰ ਘਰ ਸਾਚਾ ਇਕ ਵਖਾਵਣ ਆਇਆ, ਚਰਨ ਕਵਲ ਸਚਾ ਦਰਬਾਰ । ਦਰ ਦਰਵਾਜ਼ਾ ਆਪ ਖੁਲਾਵਣ ਆਇਆ, ਕਾਇਆ ਮੰਦਰ ਅੰਦਰ ਬੰਦ ਕਿਵਾੜ । ਹਰਿਜਨ ਤੇਰਾ ਪੰਧ ਮੁਕਾਵਣ ਆਇਆ, ਲੱਖ ਚੁਰਾਸੀ ਗੇੜਾ ਦਏ ਨਵਾਰ । ਘਰ ਘਰ ਵਿਚ ਆਪ ਵਖਾਵਣ ਆਇਆ, ਕਰ ਕਿਰਪਾ ਹਰਿ ਨਿਰੰਕਾਰ । ਡੂੰਘੀ ਭਵਰੀ ਪਾਰ ਕਰਾਵਣ ਆਇਆ, ਕਲਜੁਗ ਸਾਗਰ ਕਰੇ ਪਾਰ । ਅੰਮ੍ਰਿਤ ਆਤਮ ਸਤਿ ਪਿਆਵਣ ਆਇਆ, ਨਿਝਰ ਝਿਰਨਾ ਝਿਰੇ ਅਪਾਰ । ਬਜਰ ਕਪਾਟੀ ਤੋੜ ਤੁੜਾਵਣ ਆਇਆ, ਸ਼ਬਦ ਖੰਡਾ ਦੇਵੇ ਮਾਰ । ਨਿਰਗੁਣ ਜੋਤੀ ਜੋਤ ਜਗਾਵਣ ਆਇਆ, ਜੋਤੀ ਜਾਤਾ ਹੋ ਤਿਆਰ । ਸੁਰਤੀ ਸ਼ਬਦੀ ਮੇਲ ਮਿਲਾਵਣ ਆਇਆ, ਸ਼ਬਦ ਵਚੋਲਾ ਵਿਚ ਸੰਸਾਰ । ਰਾਤੀ ਰੁੱਤੀ ਆਪ ਸੁਹਾਵਣ ਆਇਆ, ਸੁਹੰਜਣੀ ਰੈਣ ਹਰਿ ਨਿਰੰਕਾਰ । ਭਿੰਨੜੀ ਆਪਣੇ ਰੰਗ ਰੰਗਾਵਣ ਆਇਆ, ਸਿਰ ਆਪਣਾ ਹੱਥ ਰੱਖ ਕਰਤਾਰ । ਆਤਮ ਸੇਜਾ ਆਪ ਸੁਹਾਵਣ ਆਇਆ, ਗੁਰਮੁਖ ਵਿਰਲੇ ਕਰ ਪਿਆਰ । ਜੁਗ ਜੁਗ ਵਿਛੜੀ ਕਲਜੁਗ ਪੰਜਾਂ ਤੱਤ ਆਪ ਮਿਲਾਵਣ ਆਇਆ, ਨਿਰਗੁਣ ਰੂਪ ਅਗੰਮ ਅਪਾਰ । ਆਪਣੀ ਗੋਦ ਆਪ ਸੁਹਾਵਣ ਆਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਚੀ ਸਰਕਾਰ । ਸਚ ਸਰਕਾਰਾ ਹਰਿ ਨਿਰੰਕਾਰਾ, ਆਦਿ ਜੁਗਾਦਿ ਇਕ ਅਖਵਾਇੰਦਾ । ਕਲਜੁਗ ਅੰਤਮ ਹੋ ਉਜਿਆਰਾ, ਵਿਚ ਸੰਸਾਰਾ ਨਿਰਗੁਣ ਧਾਰ ਆਪ ਚਲਾਇੰਦਾ । ਭਗਤ ਭਗਵੰਤ ਕਰੇ ਪਿਆਰਾ, ਸਾਚੇ ਸੰਤਾਂ ਦਏ ਹੁਲਾਰਾ, ਨਾਮ ਹਲੂਣਾ ਏਕਾ ਲਾਇੰਦਾ । ਗੁਰਮੁਖ ਦਰ ਦਵਾਰਾ ਖੋਲ੍ਹਣਹਾਰਾ ਬੰਦ ਕਿਵਾੜਾ, ਡੂੰਘੀ ਭਵਰੀ ਫੋਲ ਫੁਲਾਇੰਦਾ । ਗੁਰਸਿਖਾਂ ਬਖ਼ਸ਼ੇ ਇਕ ਦਵਾਰਾ, ਧਰਨੀ ਧਰਤ ਧਵਲ ਉਪਰ ਸਚ ਸਹਾਰਾ ਚਰਨ ਕਵਲ ਇਕ ਦਰਸਾਇੰਦਾ । ਵਿਸ਼ਨੂੰ ਬ੍ਰਹਮਾ ਸ਼ਿਵ ਮੇਲ ਮਿਲਾਏ ਇਕ ਦਰਬਾਰਾ, ਦਰ ਦਰਵਾਜ਼ਾ ਆਪ ਸੁਹਾਇੰਦਾ । ਅਕਲ ਕਲਾ ਕਲ ਖੇਲ ਨਿਆਰਾ, ਕਲ ਕਾਤੀ ਭੇਵ ਨਾ ਆਇੰਦਾ । ਲਿਖਣ ਪੜ੍ਹਣ ਤੇ ਵਸਿਆ ਬਾਹਰਾ, ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਬੰਧਨ ਆਪ ਤੁੜਾਇੰਦਾ । ਕਲਜੁਗ ਬੰਧਨ ਤੋੜਨਾ, ਕਰ ਕਿਰਪਾ ਗੁਣ ਨਿਧਾਨ । ਗੁਰਮੁਖ ਵਿਰਲਾ ਚਰਨੀ ਜੋੜਨਾ, ਜਿਸ ਦੇਵੇ ਆਤਮ ਅੰਤਰ ਇਕ ਗਿਆਨ । ਮਨਮੁਖ ਜੀਵ ਦਰ ਤੋਂ ਹੋੜਨਾ, ਅੰਦਰ ਧਰੇ ਮਾਣ ਅਭਮਾਨ । ਗੁਰਮੁਖ ਵਿਰਲੇ ਆਪੇ ਬੌਹੜਨਾ, ਅੰਤ ਮਿਟਾਏ ਜਮ ਕੀ ਕਾਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਲੱਖ ਚੁਰਾਸੀ ਵਿਚੋਂ ਲਏ ਪਛਾਣ । ਹਰਿਜਨ ਆਪ ਉਠਾਲਦਾ, ਜੁਗਾ ਜੁਗੰਤਰ ਸਾਚੀ ਕਾਰ । ਦੀਪਕ ਜੋਤ ਆਪੇ ਬਾਲਦਾ, ਮੇਟ ਮਿਟਾਏ ਅੰਧ ਅੰਧਿਆਰ । ਅੰਮ੍ਰਿਤ ਸੀਰ ਸਚ ਪਿਆਲਾ ਆਪ ਪਿਆਲਦਾ, ਸਤਿ ਸੰਤੋਖੀ ਦੇਵੇ ਧੀਰ । ਘਰ ਘਰ ਵਿਚ ਆਪ ਵਖਾਲਦਾ, ਵਡ ਦਾਤਾ ਪੀਰਨ ਪੀਰ । ਆਤਮ ਸੇਜਾ ਆਪ ਬਹਾਲਦਾ, ਆਪੇ ਚੋਟੀ ਚੜ੍ਹੇ ਅਖ਼ੀਰ । ਗੁਰਸਿਖ ਲੇਖਾ ਜਾਣੇ ਸਾਚੇ ਲਾਲ ਦਾ, ਲਾਲ ਅਨਮੁਲੜਾ ਏਕਾ ਹੀਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਲੱਖ ਚੁਰਾਸੀ ਵੇਖਣਹਾਰ ਤਨ ਬਸਤਰ ਕਾਇਆ ਕਪੜ ਚੀਰ । ਕਾਇਆ ਕਪੜ ਚੀਰ ਤਨ, ਹਰਿ ਸਾਚਾ ਵੇਖ ਵਖਾਇੰਦਾ । ਮਾਇਆ ਮਮਤਾ ਮੋਹ ਹੰਕਾਰ ਵਿਕਾਰ ਰਸ ਮਾਣੇ ਝੂਠਾ ਮਨ, ਮਨ ਮਨੂਆ ਨਾ ਕੋਇ ਭਰਾਇੰਦਾ । ਚਾਰ ਕੁੰਟ ਜਗਤ ਅੰਧੇਰਾ ਘਰ ਮੰਦਰ ਨਾ ਚੜ੍ਹੇ ਸਾਚਾ ਚੰਨ, ਜੋਤੀ ਨੂਰ ਨਾ ਕੋਇ ਵਖਾਇੰਦਾ । ਗੁਰਸਿਖ ਵਿਰਲਾ ਰਸਨਾ ਕਹੇ ਧੰਨ ਧੰਨ ਧੰਨ, ਜਿਸ ਜਨ ਆਪਣਾ ਦਰਸ ਦਿਖਾਇੰਦਾ । ਰਾਏ ਧਰਮ ਨਾ ਦੇਵੇ ਡੰਨ, ਚਿਤਰ ਗੁਪਤ ਨਾ ਹਿਸਾਬ ਖੁਲ੍ਹਾਇੰਦਾ । ਲਾੜੀ ਮੌਤ ਭਾਂਡਾ ਨਾ ਦੇਵੇ ਭੰਨ, ਕੁੰਭੀ ਨਰਕ ਨਾ ਕੋਇ ਫਿਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵਿਰਲੇ ਮਾਤ ਉਠਾਇੰਦਾ । ਹਰਿਜਨ ਵਿਰਲਾ ਉਠਿਆ, ਜਿਸ ਉਪਰ ਆਪ ਕਿਰਪਾਲ । ਸਤਿਗੁਰ ਸਾਹਿਬ ਹਾਜ਼ਰ ਹਜ਼ੂਰ ਹਰਿ ਹਰਿ ਤੁਠਿਆ, ਦਾਤਾ ਦਾਨੀ ਦੀਨ ਦਿਆਲ । ਦੇਵੇ ਰਾਮ ਨਾਮ ਇਕ ਅਤੁੱਟਿਆ, ਜਗਤ ਪਿਤ ਸਦਾ ਕਿਰਪਾਲ । ਲੋਕਮਾਤ ਜਾਏ ਨਾ ਲੁੱਟਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਬਣੇ ਆਪ ਦਲਾਲ । ਜਗਤ ਦਲਾਲ ਸਾਚਾ ਗੁਰ, ਦੂਸਰ ਅਵਰ ਨਾ ਕੋਇ ਜਣਾਇਆ । ਆਦਿ ਜੁਗਾਦਿ ਜੁਗਾ ਜੁਗੰਤਰ ਲੇਖਾ ਲਿਖਿਆ ਜਾਣੇ ਧੁਰ, ਧੁਰ ਲੇਖਾ ਆਪਣੇ ਹੱਥ ਰਖਾਇਆ । ਵਿਸ਼ਨ ਬ੍ਰਹਮਾ ਸ਼ਿਵ ਪ੍ਰਭ ਦਰਸਨ ਕੋ ਲੋਚਨ ਸੁਰ, ਕਰੋੜ ਤੇਤੀਸ ਧਿਆਨ ਲਗਾਇਆ । ਕਲਜੁਗ ਅੰਤਮ ਅੰਤ ਸ੍ਰੀ ਭਗਵੰਤ ਗੁਰਮੁਖ ਸੱਜਣ ਜਾਏ ਬੌਹੜ, ਕਲਜੁਗ ਜੀਵ ਬੌਹੜੀ ਬੌਹੜੀ ਕਰ ਸਰਬ ਰਵਾਇਆ । ਸਤਿਜੁਗ ਤਰੇਤਾ ਦਵਾਪਰ ਕਲਜੁਗ ਅੰਤ ਬੁਝਾਏ ਲੱਗੀ ਔੜ, ਦੇ ਦਰਸ ਤ੍ਰਿਖਾ ਗਵਾਇਆ । ਲੱਖ ਚੁਰਾਸੀ ਜੀਵ ਜੰਤ ਵੇਖੇ ਰੀਠਾ ਮਿਠਾ ਕੌੜ, ਰਸ ਵਿਖ ਖੇਲ ਖਿਲਾਇਆ । ਏਥੇ ਓਥੇ ਦੋ ਜਹਾਨਾਂ ਅਵਣ ਗਵਨ ਤ੍ਰੈਭਵਨ ਲੋਕ ਪਰਲੋਕ ਖੰਡ ਬ੍ਰਹਿਮੰਡ ਲੋਆਂ ਪੁਰੀਆਂ ਲਾਇਆ ਏਕਾ ਪੌੜ, ਗਗਨ ਪਾਤਾਲਾਂ ਜੀਵ ਜਹਾਨਾਂ ਹਰਿ ਜੂ ਹਰਿ ਹਰਿ ਵੇਖ ਵਖਾਇਆ । ਕਿਸੇ ਹੱਥ ਨਾ ਆਏ ਬ੍ਰਹਿਮਣ ਗੌੜ, ਪੂਤ ਸਪੂਤਾ ਸੰਬਲ ਨਗਰ ਵਸੇ ਲੇਖਾ ਜਾਣੇ ਨਾ ਕੋਇ ਲੰਬਾ ਚੌੜ, ਭੇਵ ਅਭੇਦ ਨਾ ਕਿਸੇ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤ ਭਗਵੰਤ ਸੰਤ ਕੰਤ ਹਰਿ ਮੰਦਰ ਘਟ ਅੰਦਰ ਗ੍ਰਿਹਿ ਖੋਜ ਖੋਜਤ ਖੋਜਤ ਗੁਰਮੁਖ ਗੁਰਸਿਖ ਆਪਣਾ ਮੇਲ ਮਿਲਾਇਆ ।

## ★ ੧ ਫਗਣ ੨੦੧੭ ਬਿਕ੍ਰਮੀ ਜੇਠੂਵਾਲ ਦਰਬਾਰ ਵਿਚ ★

ਜਗਤ ਮਸਲਾ ਜਗਤ ਧਰਤ ਮਹੱਲਾ, ਹਰਿ ਦਾਤਾਰ ਆਪ ਬਣਾਇੰਦਾ । ਨੂਰ ਨੂਰਾਨੀ ਨੂਰੀ ਅੱਲਾ, ਅੱਲਾ ਹੂ ਆਪਣਾ ਖੇਲ ਖਿਲਾਇੰਦਾ । ਪਰਵਰਦਿਗਾਰ ਇਕ ਅਕੱਲਾ, ਲਾਸ਼ਰੀਕ ਰੂਪ ਵਟਾਇੰਦਾ । ਕਰੇ ਖੇਲ ਅਛਲ ਅਛੱਲਾ, ਭੇਵ ਕੋਇ ਨਾ ਪਾਇੰਦਾ । ਆਦਿ ਅੰਤ ਸਦਾ ਸਦ ਸਹੇਲਾ, ਬਿਸਮਲ ਆਪਣੀ ਧਾਰ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਮਸਲਾ ਆਪਣੇ ਹੱਥ ਰਖਾਇੰਦਾ । ਜਗਤ ਮਸਲਾ ਖ਼ਾਕੀ ਖ਼ਾਕ, ਖ਼ਲਕ ਖ਼ਾਲਕ ਵੇਖ ਵਖਾਈਆ । ਸ਼ਾਹ ਅਸਵਾਰਾ ਚੜ੍ਹਿਆ ਸਾਚੇ ਰਾਕ, ਸਾਚੀ ਜ਼ੀਨਤ ਜੀਨ ਕਸਾਈਆ । ਵੇਖਣਹਾਰਾ ਮੁਕਾਮੇ ਹੱਕ ਉਚ ਮਹਿਰਾਬ, ਆਫ਼ਤਾਬ ਨਾ ਕੋਈ ਰੁਸ਼ਨਾਈਆ । ਆਪਣਾ ਜਾਣੇ ਹੱਕ ਹਕੀਕ਼ਤ ਪੁੰਨ ਸਵਾਬ, ਸਾਬਤ ਆਪਣਾ ਰੂਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਮਸਲਾ ਇਕ ਸਮਝਾਈਆ । ਜਗਤ ਮਸਲਾ ਪੀਰਨ ਪੀਰ, ਪਰਵਰਦਿਗਾਰ ਆਪ ਬਣਾਇੰਦਾ । ਆਪੇ ਜਾਣੇ ਆਪਣਾ ਬਸਤਰ ਚੀਰ, ਆਪ ਆਪਣਾ ਰੂਪ ਧਰਾਇੰਦਾ । ਆਪੇ ਸ਼ਹਿਨਸ਼ਾਹ ਸ਼ਾਹ ਹੋਏ ਦਸਤਗੀਰ, ਦਸਤ ਬਰਦਾਰ ਭੇਵ ਨਾ ਆਇੰਦਾ । ਲੇਖਾ ਜਾਣੇ ਆਕ਼ਬਤ ਉਕ਼ਬਤ ਇਕ ਹਕੀਰ, ਰੱਜਤ ਆਪਣਾ ਮੁਖ ਸਮਝਾਇੰਦਾ । ਸੋਹਬਤ ਸਾਬਤ ਸਈਆਦ ਨਾ ਬਦਲੇ ਕੋਈ ਤਦਬੀਰ, ਤਕਦੀਰ ਤਕਸੀਰ ਆਪਣੀ ਖੇਲ ਖਿਲਾਇੰਦਾ । ਕਰੇ ਖੇਲ ਹਰਿ ਬੇਨਜ਼ੀਰ, ਨਜ਼ਰ ਵਿਚ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗਤ ਮਸਲਾ ਇਕ ਵਖਾਇੰਦਾ । ਜਗਤ ਮਸਲਾ ਏਕਾ ਅਲਿਫ, ਖ਼ੁਦਾਵੰਦ ਆਪ ਉਪਾਈਆ । ਆਪਣਾ ਲੈ ਲੈ ਆਇਆ ਆਪੇ ਹਲਫ, ਦੂਸਰ ਸੰਗ ਨਾ ਕੋਈ ਰਖਾਈਆ । ਆਪਣੇ ਉਤੇ ਕਦੇ ਨਾ ਕਰੇ ਤਰਸ, ਆਪਣਾ ਕੀਤਾ ਨਾ ਕਦੇ ਉਲਟਾਈਆ । ਲੇਖਾ ਜਾਣੇ ਅਰਸ਼ ਕੁਰਸ਼, ਫ਼ਰਸ਼ ਚਰਨਾਂ ਹੇਠ ਫਿਰਾਈਆ । ਦੋ ਜਹਾਨਾ ਮਿਟਾਏ ਆਪਣੀ ਹਰਸ, ਹਵਸ ਹੋਰ ਨਾ ਕੋਈ ਦਰਸਾਈਆ । ਆਪਣੀ ਕਰਨ ਆਇਆ ਆਪੇ ਪਰਖ, ਬੇਐਬ ਨਾਮ ਖ਼ੁਦਾਈਆ । ਨਾ ਕੋਈ ਸੋਗ ਨਾ ਕੋਈ ਹਰਖ, ਚਿੰਤਾ ਗ਼ਮ ਨਾ ਕੋਈ ਰਖਾਈਆ । ਨਾ ਕੋਈ ਲਿਖਤ ਨਾ ਕੋਈ ਪੜ੍ਹਤ, ਸ਼ਬਦੀ ਸ਼ਬਦ ਨਾ ਕੋਈ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਮਸਲਾ ਦਏ ਸਮਝਾਈਆ । ਸਾਚਾ ਮਸਲਾ ਹਰਿ ਖ਼ੁਦਾ, ਆਪਣਾ ਆਪ ਬਣਾਇਆ । ਆਪਣੇ ਨਾਲੋਂ ਹੋ ਜੁਦਾ, ਆਪਣੀ ਖੇਲ ਖਿਲਾਇਆ । ਆਪਣੇ ਉਤੋਂ ਹੋ ਫ਼ਿਦਾ, ਏਕਾ ਨਾਮ ਮਿਟਾਇਆ । ਆਪਣਾ ਲੇਖਾ ਆਪ ਮੁਕਾ, ਆਪੇ ਦਏ ਸਮਝਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਮਸਲਾ ਹੱਥ ਰਖਾਇਆ । ਜਗਤ ਮਸਲਾ ਹਰਿ ਮਿਹਰਵਾਨ, ਆਪਣੇ ਹੱਥ ਰਖਾਇੰਦਾ । ਸ਼ਾਹ ਪਾਤਸ਼ਾਹ ਨੌਜਵਾਨ, ਨੂਰ ਨੂਰਾਨਾ ਰੂਪ ਧਰਾਇੰਦਾ । ਤਾਲਬ ਤਾਲਬਾ ਵੇਖੇ ਦੋ ਜਹਾਨ, ਆਪ ਆਪਣਾ ਭੇਵ ਖੁਲਾਇੰਦਾ । ਆਦਿ ਜੁਗਾਦਿ ਜਾਨਣਹਾਰਾ ਸਚ ਈਮਾਨ ਰਹਿਮਾਨ, ਆਪਣੀ ਦਯਾ ਕਮਾਇੰਦਾ । ਆਪੇ ਲੇਖਾ ਜਾਣੇ ਆਪਣੇ ਮਕਤਬ ਆਪੇ ਪੜ੍ਹੇ ਸਚ ਕ਼ੁਰਾਨ, ਆਪਣੀ ਹਦੀਸ ਆਪ ਅਲਾਇੰਦਾ । ਆਪ ਵਖਾਏ ਸਚ ਨਿਸ਼ਾਨ, ਸਚ ਨਿਸ਼ਾਨਾ ਆਪ ਸੁਹਾਇੰਦਾ । ਆਪੇ ਹਕ ਹਕੀਕ਼ਤ ਦੇਵੇ ਦਾਨ, ਹੱਕ ਬਹੱਕ ਆਪਣਾ ਬੰਧਨ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਸਲਾ ਦੋ ਜਹਾਨ, ਆਪੇ ਵੇਖ ਵਖਾਇੰਦਾ । ਮਸਲਾ ਵੇਖਣ ਆਇਆ, ਨਿਰਗੁਣ ਨੂਰੀ ਨੂਰ ਅੱਲਾ । ਜਲਵਾ ਜਲਵਾ ਆਪ ਉਪਜਾਇਆ,

ਬੇਐਬ ਹੋ ਰੁਸ਼ਨਾ । ਕਲਮੀ ਕਲਮਾ ਆਪ ਸੁਣਾਇਆ, ਆਪ ਆਪਣਾ ਢੋਲਾ ਗਾ । ਬਣ ਬਣ ਕਾਤਬ ਆਪ ਲਿਖਾਇਆ, ਨਾ ਕੋਈ ਲਿਖੇ ਕ਼ਲਮ ਸ਼ਾਹ । ਮਕੀਰ ਆਪਣਾ ਰੂਪ ਧਰਾਇਆ, ਆਕ਼ਬਤ ਜਾਣੇ ਦੋ ਜਹਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਮਸਲਾ ਆਪੇ ਲਿਆ ਬਣਾ । ਸਾਚਾ ਮਸਲਾ ਹਰਿ ਬਣਾਇਆ, ਭੇਵ ਕੋਈ ਨਾ ਪਾਇੰਦਾ । ਪੀਰ ਫ਼ਕੀਰ ਸ਼ਾਹ ਹਕੀਰ ਦਸਤਗੀਰ ਆਪ ਉਪਜਾਇਆ, ਆਪੇ ਖੇਲ ਖਿਲਾਇੰਦਾ । ਮੁਲਾ ਮੁਸਾਇਕ ਆਪੇ ਲੈਣ ਪੜ੍ਹਾਇਆ, ਆਇਤ ਸ਼ਰਾਇਤ ਆਪ ਜਣਾਇੰਦਾ । ਸਚ ਈਮਾਨ ਧੁਰ ਫ਼ਰਮਾਨ ਨਿਗਹਬਾਨ ਇਕ ਦਰਸਾਇਆ, ਰਹਿਮਾਨ ਆਪਣੀ ਦਯਾ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮਸਲਾ ਆਪ ਸੁਣਾਇੰਦਾ । ਮਸਲਾ ਬਣਾਇਆ ਸ੍ਰੀ ਭਗਵੰਤ, ਆਦਿ ਪੁਰਖ ਵਡੀ ਵਡਿਆਈਆ । ਖੇਲੇ ਖੇਲ ਜੁਗਾ ਜੁਗੰਤ, ਜਾਗਰਤ ਜੋਤ ਕਰ ਰੁਸ਼ਨਾਈਆ । ਨਿਰਗੁਣ ਨਿਰਵੈਰ ਪੁਰਖ ਅਕਾਲ ਅਜੂਨੀ ਰਹਿਤ ਪਾਰਬ੍ਰਹਮ ਆਪ ਬਣਾਏ ਆਪਣੀ ਬਣਤ, ਅਨੁਭਵ ਪ੍ਰਕਾਸ਼ ਕਰਾਈਆ । ਆਪਣੀ ਇਛਿਆ ਪਾਏ ਭਿਛਿਆ ਕਰੇ ਰਿਛਿਆ ਸਰਬ ਗੁਣਵੰਤ, ਦੂਸਰ ਅਵਰ ਨਾ ਕੋਈ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਈਆ । ਭੇਵ ਖਲ੍ਹਾਏ ਹਰਿ ਨਿਰੰਕਾਰਾ, ਆਦਿ ਪੁਰਖ ਵਡੀ ਵਡਿਆਈਆ । ਖੇਲੇ ਖੇਲ ਅਪਰ ਅਪਾਰਾ, ਅਲਖ ਅਗੋਚਰ ਭੇਵ ਨਾ ਰਾਈਆ । ਸਾਚੇ ਮੰਦਰ ਹੋ ਉਜਿਆਰਾ, ਸਚਖੰਡ ਕਰੇ ਰੁਸ਼ਨਾਈਆ । ਘਰ ਵਿਚ ਘਰ ਕਰ ਤਿਆਰਾ, ਥਿਰ ਘਰ ਘਾੜਨ ਲਏ ਘੜਾਈਆ । ਬਾਢੀ ਬਣ ਆਪ ਕਰਤਾਰਾ, ਆਪਣੀ ਸੇਵਾ ਆਪਣੇ ਹੱਥ ਰਖਾਈਆ । ਸਚ ਸਿੰਘਾਸਣ ਸਾਚੀ ਧਾਰਾ, ਪੁਰਖ ਅਬਿਨਾਸ਼ੀ ਆਪ ਸੁਹਾਈਆ । ਪਾਵਾ ਚੂਲ ਨਾ ਕੋਈ ਸਹਾਰਾ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਆਪਣਾ ਬਲ ਆਪੇ ਧਾਰਾ, ਆਪਣੀ ਸ਼ਕਤੀ ਸ਼ਕਤ ਰੂਪ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਸਾਚਾ ਇਕ ਸੁਹਾਈਆ । ਸਚਖੰਡ ਸਚ ਹਰਿ ਸੁਹਾਇੰਦਾ, ਆਦਿ ਪੁਰਖ ਸੱਚੀ ਸਰਕਾਰ । ਸਚ ਸਿੰਘਾਸਣ ਇਕ ਵਿਛਾਇੰਦਾ, ਪੁਰਖ ਅਗੰਮ ਅਗੰਮੜੀ ਕਾਰ । ਆਪਣਾ ਚਰਨ ਆਪ ਟਿਕਾਇੰਦਾ, ਜੋਤੀ ਜਾਤਾ ਹੋ ਉਜਿਆਰ । ਆਪਣਾ ਹੁਕਮ ਆਪਣੇ ਵਿਚੋਂ ਆਪ ਪ੍ਰਗਟਾਇੰਦਾ, ਆਪੇ ਹੋਏ ਸੁਣਨੇਹਾਰ । ਆਪੇ ਸਚ ਫ਼ਰਮਾਨਾ ਆਪਣਾ ਰਾਗ ਅਲਾਇੰਦਾ, ਆਪੇ ਕਰੇ ਕਰਾਏ ਸਾਚੀ ਕਾਰ । ਆਪੇ ਸਚ ਸਚ ਦਰ ਸੁਹਾਇੰਦਾ, ਘਰ ਸਾਚੇ ਜੈ ਜੈਕਾਰ । ਆਪੇ ਸਚ ਸਚ ਧਾਰ ਵਖਾਇੰਦਾ, ਸਤਿ ਸਤਿਵਾਦੀ ਏਕੰਕਾਰ । ਆਪੇ ਸਚਖੰਡ ਡੇਰਾ ਲਾਇੰਦਾ, ਆਪੇ ਥਿਰ ਘਰ ਖੋਲ੍ਹੇ ਚਰਨ ਕਿਵਾੜ । ਆਪੇ ਸੁਤ ਦੁਲਾਰਾ ਸ਼ਬਦ ਵਸਾਇੰਦਾ, ਕਰੇ ਕਰਾਏ ਸਚ ਪਿਆਰ । ਆਪੇ ਹੁਕਮੀ ਹੁਕਮ ਵਰਤਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਏਕਾ ਹਰਿ, ਹਰਿ ਸੱਚਾ ਸ਼ਾਹ ਕਾਰ । ਹਰਿ ਹਰਿ ਖੇਲ ਖਿਲਾਇਆ, ਮਹਿਮਾ ਅਕਥ ਕਥੀ ਨਾ ਜਾਈਆ । ਆਪਣਾ ਘਾੜਨ ਆਪ ਘੜਾਇਆ, ਰੂਪ ਰੰਗ ਨਾ ਕੋਈ ਰਖਾਈਆ । ਆਪਣੇ ਮੰਦਰ ਕਰ ਰੁਸ਼ਨਾਇਆ, ਦੀਵਾ ਬਾਤੀ ਇਕ ਜਗਾਈਆ । ਆਪਣਾ ਹਾਣੀ ਆਪ ਮਨਾਇਆ, ਆਪੇ ਨਾਰ ਸੁਹਾਗਣ ਹੋ ਹੋ ਖ਼ੁਸ਼ੀ ਮਨਾਈਆ । ਆਪਣਾ ਨਾਮ ਬੈਰਾਗਨ ਹੋ ਹੋ ਆਪੇ ਗਾਇਆ, ਗੀਤ ਆਪਣਾ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਆਪਣਾ ਭੇਵ ਆਪਣੇ ਵਿਚ ਛੁਪਾਈਆ । ਆਦਿ ਪੁਰਖ ਏਕੰਕਾਰਾ, ਅਕਲ ਕਲ ਅਖਵਾਇੰਦਾ । ਜੋਤੀ ਨੂਰ ਨੂਰ ਉਜਿਆਰਾ, ਜਲਵਾ ਨੂਰ ਆਪ ਧਰਾਇੰਦਾ ।

ਆਪੇ ਹੋਏ ਸਾਚਾ ਯਾਰਾ, ਸਾਚੇ ਤਖ਼ਤ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਏਕਾ ਹਰਿ, ਆਪਣਾ ਭੇਵ ਆਪ ਛੁਪਾਇੰਦਾ । ਸਚਖੰਡ ਦਵਾਰ ਸੁਹਾਇਆ, ਕਰ ਕਿਰਪਾ ਹਰਿ ਮਿਹਰਵਾਨ । ਥਿਰ ਘਰ ਸਾਚਾ ਆਪ ਉਪਾਇਆ, ਸ਼ਬਦ ਵਸਾਏ ਨੌਜਵਾਨ । ਏਕਾ ਬੰਧਨ ਆਪ ਵਖਾਇਆ, ਆਦਿ ਪੁਰਖ ਸ੍ਰੀ ਭਗਵਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੰਧਨ ਪਾਏ ਗੁਣ ਨਿਧਾਨ । ਸਾਚਾ ਬੰਧਨ ਹਰਿ ਕਰਤਾਰਾ, ਸ਼ਬਦੀ ਸ਼ਬਦ ਬੰਧਾਇੰਦਾ । ਏਕਾ ਹੁਕਮ ਇਕ ਵਰਤਾਰਾ, ਏਕਾ ਵਾਰ ਸੁਣਾਇੰਦਾ । ਏਕਾ ਮੰਦਰ ਇਕ ਦਵਾਰਾ, ਏਕਾ ਘਰ ਵਸਾਇੰਦਾ । ਏਕਾ ਨੂਰ ਇਕ ਉਜਿਆਰਾ, ਏਕਾ ਦੀਪ ਟਿਕਾਇੰਦਾ । ਏਕਾ ਮੀਤ ਇਕ ਮੁਰਾਰਾ, ਏਕਾ ਸੰਗ ਨਿਭਾਇੰਦਾ । ਏਕਾ ਗੀਤ ਇਕ ਜੈਕਾਰਾ, ਏਕਾ ਹਰਿ ਸੁਣਾਇੰਦਾ । ਏਕਾ ਦਰ ਇਕ ਭਿਖਾਰਾ, ਏਕਾ ਵਸਤ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰਾਹ ਆਪ ਚਲਾਇੰਦਾ । ਹਰਿ ਸਾਚਾ ਰਾਹ ਚਲਾਇਆ, ਸ਼ਬਦ ਅਨਾਦੀ ਹੋ ਮਿਹਰਵਾਨ । ਆਪਣਾ ਰੂਪ ਆਪ ਪਰਗਟਾਇਆ, ਆਪੇ ਦੇਵਣਹਾਰਾ ਦਾਨ । ਆਪੇ ਵਿਸ਼ਨੂੰ ਵਿਸ਼ਵ ਸਮਾਇਆ, ਆਪੇ ਪਾਰਬ੍ਰਹਮ ਬ੍ਰਹਮ ਲੇਖਾ ਜਾਣੇ ਆਣ । ਆਪੇ ਸ਼ੰਕਰ ਰੰਗ ਰੰਗਾਇਆ, ਕਰੇ ਖੇਲ ਸ੍ਰੀ ਭਗਵਾਨ । ਤਿੰਨਾਂ ਏਕਾ ਬੰਧਨ ਪਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਧੁਰ ਫ਼ਰਮਾਨ । ਧੁਰ ਫ਼ਰਮਾਨ ਜਣਾਇੰਦਾ, ਹਰਿ ਦਾਤਾ ਪਾਤਸ਼ਾਹ । ਏਕਾ ਸ਼ਬਦ ਰਾਹ ਵਖਾਇੰਦਾ, ਆਪ ਆਪਣਾ ਪਰਦਾ ਲਾਹ । ਵਿਸ਼ਨ ਬ੍ਰਹਮਾ ਸ਼ਿਵ ਨਾਲ ਰਲਾਇੰਦਾ, ਨਿਰਗੁਣ ਨਿਰਵੈਰ ਬਣ ਮਲਾਹ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਦੇਵੇ ਸਚ ਸਲਾਹ । ਆਦਿ ਪੁਰਖ ਆਦਿ, ਸਚ ਸਲਾਹ ਇਕ ਜਣਾਇੰਦਾ । ਮੇਰੀ ਇਛਿਆ ਸਾਚਾ ਨਾਦ, ਸ਼ਬਦੀ ਨਾਉਂ ਉਪਜਾਇੰਦਾ । ਸਾਚੀ ਸੇਵਾ ਬ੍ਰਹਮ ਬ੍ਰਹਿਮਾਦਿ, ਘਾੜਨ ਘੜਨਹਾਰ ਆਪ ਘੜਾਇੰਦਾ । ਮੇਰੀ ਮਹਿਮਾ ਬੋਧ ਅਗਾਧ, ਸਾਚੀ ਵਸਤ ਇਕ ਦਰਸਾਇੰਦਾ । ਮੇਰਾ ਅੰਤ ਮੇਰਾ ਮਧ ਮੇਰਾ ਆਦਿ, ਹਰਿ ਕਾ ਭੇਵ ਕੋਇ ਨਾ ਪਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਰੱਖਣਾ ਯਾਦ, ਨਿਰਗੁਣ ਆਪਣਾ ਹੁਕਮ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਭੇਵ ਖੁਲ੍ਹਾਇੰਦਾ । ਭੇਵ ਖੁਲ੍ਹਾਏ ਹਰਿ ਭਗਵਾਨ, ਵਿਸ਼ਨ ਬ੍ਰਹਮਾ ਸ਼ਿਵ ਪੜ੍ਹਾਇਆ । ਬਾਲ ਅਵਾਣੇ ਫੜ ਨਾਦਾਨ, ਬਾਲੀ ਬਾਲਾ ਵੇਖ ਵਖਾਇਆ । ਚਰਨ ਸਰਨ ਸਰਨ ਚਰਨ ਬਖ਼ਸ਼ੇ ਇਕ ਧਿਆਨ, ਦੀਨਨ ਨਾਥ ਦਯਾ ਕਮਾਇਆ । ਆਤਮ ਅੰਤਰ ਇਕ ਗਿਆਨ, ਲਿਖਣ ਪੜ੍ਹਣ ਵਿਚ ਨਾ ਆਇਆ । ਸਾਚੀ ਸੇਵਾ ਦੇਵੇ ਦਾਨ, ਜੁਗ ਜੁਗ ਸੇਵ ਲਗਾਇਆ । ਕਰੇ ਖੇਲ ਸ੍ਰੀ ਭਗਵਾਨ, ਆਦਿ ਪੁਰਖ ਪੁਰਖ ਬੇਪਰਵਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਆਪਣਾ ਰੂਪ ਸਮਝਾਇਆ । ਹਰਿ ਆਪਣਾ ਰੂਪ ਸਮਝਾਇੰਦਾ, ਸੋ ਪੁਰਖ ਨਿਰੰਜਣ ਹੋ ਮਿਹਰਵਾਨ । ਹਰਿ ਪੁਰਖ ਨਿਰੰਜਣ ਖੇਲ ਖਿਲਾਇੰਦਾ, ਏਕੰਕਾਰਾ ਦੇਵੇ ਦਾਨ । ਆਦਿ ਨਿਰੰਜਣ ਜੋਤ ਜਗਾਇੰਦਾ, ਸ੍ਰੀ ਭਗਵਾਨ ਬਖ਼ਸ਼ੇ ਮਾਣ । ਅਬਿਨਾਸ਼ੀ ਕਰਤਾ ਰੰਗ ਰੰਗਾਇੰਦਾ, ਪਾਰਬ੍ਰਹਮ ਨੌਜਵਾਨ । ਸ਼ਬਦ ਸਾਚਾ ਸੁਤ ਉਠਾਇੰਦਾ, ਬਖ਼ਸ਼ਣਹਾਰਾ ਚਰਨ ਧਿਆਨ । ਵਿਸ਼ਨ ਬ੍ਰਹਮਾ ਸ਼ਿਵ ਨਾਲ ਰਲਾਇੰਦਾ, ਆਦਿ ਪੁਰਖ ਰੱਖੇ ਏਕਾ ਆਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਭੁਲ ਨਾ ਜਾਣਾ ਬਣ ਨਾਦਾਨ । ਵਿਸ਼ਨ ਬ੍ਰਹਮਾ ਸ਼ਿਵ ਹਰਿ ਸਮਝਾਇਆ, ਏਕਾ ਤੱਤ ਦ੍ਰਿੜਾਇੰਦਾ । ਸ਼ਬਦ ਵਿਚੋਲਾ ਨਾਲ ਮਿਲਾਇਆ,

ਸਗਲਾ ਸੰਗ ਰਖਾਇੰਦਾ । ਆਪਣਾ ਰੂਪ ਦਏ ਦਰਸਾਇਆ, ਰੂਪ ਅਨੂਪ ਆਪ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਖਿਲਾਇੰਦਾ । ਮੇਰਾ ਰੂਪ ਸੋ ਧਾਰ, ਆਦਿ ਪੁਰਖ ਸਮਝਾਇਆ । ਹੰ ਰੂਪ ਸ਼ਬਦ ਪਿਆਰ, ਸੁਤ ਅਨਾਦੀ ਜਾਇਆ । ਸ਼ਬਦ ਸੋ ਖ਼ਬਰਦਾਰ, ਨਾ ਮਰੇ ਨਾ ਜਾਇਆ । ਹੰ ਰੂਪ ਵਿਸ਼ਨ ਬ੍ਰਹਮਾ ਸ਼ਿਵ ਕਰੇ ਪਿਆਰ, ਪੂਤ ਸਪੂਤਾ ਇਕ ਵਖਾਇਆ । ਮੇਰਾ ਨਾਉਂ ਵਿਸ਼ਨ ਬ੍ਰਹਮਾ ਸ਼ਿਵ ਸੋ ਰੰਗ ਰੰਗਾਇਆ, ਤ੍ਰੈਗੁਣ ਮਾਇਆ ਦਏ ਆਧਾਰ, ਜਗਤ ਰੂਪ ਪਰਗਟਾਇਆ । ਮੇਰਾ ਨਾਉਂ ਤ੍ਰੈਗੁਣ ਵਿਚਾਰ, ਹੰ ਪੰਜ ਤੱਤ ਖੇਲ ਖਿਲਾਇਆ । ਆਦਿ ਜੁਗਾਦੀ ਕਰਾਂ ਕਾਰ, ਭੇਵ ਕਿਸੇ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਦਏ ਸਮਝਾਇਆ । ਸੋ ਪੁਰਖ ਨਿਰੰਜਣ ਆਪ ਸਮਝਾਇੰਦਾ, ਵਿਸ਼ਨ ਬ੍ਰਹਮਾ ਸ਼ਿਵ ਕਰ ਪਿਆਰ । ਪਾਰਬ੍ਰਹਮ ਆਪਣਾ ਨਾਉਂ ਧਰਾਇੰਦਾ, ਹੰ ਵੰਡਣ ਵੰਡੇ ਆਪ ਕਰਤਾਰ । ਲੱਖ ਚੁਰਾਸੀ ਘਾੜਨ ਆਪ ਘੜਾਇੰਦਾ, ਨਿਰਗੁਣ ਸਰਗੁਣ ਲਏ ਉਭਾਰ । ਸੋਹੰ ਆਪਣਾ ਅੰਗ ਬਣਾਇੰਦਾ, ਆਦਿ ਪੁਰਖ ਸਾਚੀ ਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮਾ ਸ਼ਿਵ ਦਿਤਾ ਵਰ, ਲੱਖ ਚੁਰਾਸੀ ਭਰ ਭੰਡਾਰ । ਲੱਖ ਚੁਰਾਸੀ ਸੋਹੰ ਧਾਰਾ, ਹਰਿ ਸਾਚਾ ਸਚ ਜਣਾਇੰਦਾ । ਪਾਰਬ੍ਰਹਮ ਬ੍ਰਹਮ ਕਰੇ ਪਿਆਰਾ, ਏਕਾ ਘਰ ਵੇਖ ਵਖਾਇੰਦਾ । ਪਾਰਬ੍ਰਹਮ ਬ੍ਰਹਮ ਮੇਲਾ ਨਾਰੀ ਕੰਤ ਭਤਾਰਾ, ਹਰਿ ਸਾਚੀ ਸੇਜ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਖੇਲ ਖਿਲਾਇੰਦਾ । ਲੱਖ ਚੁਰਾਸੀ ਖੇਲ ਖਿਲਾਇਆ, ਪੁਰਖ ਅਬਿਨਾਸ਼ੀ ਭੇਵ ਨਾ ਰਾਇਆ । ਵਿਸ਼ਨ ਬ੍ਰਹਮਾ ਸ਼ਿਵ ਸੇਵਾ ਲਾਇਆ, ਸੇਵਕ ਸੇਵਾ ਇਕ ਸਮਝਾਇਆ । ਸੋ ਪੁਰਖ ਨਿਰੰਜਣ ਵੇਖ ਵਖਾਇਆ, ਹੰ ਬਣ ਬਣ ਦਾਈ ਦਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਸਾਚੇ ਹਰਿ, ਸੋਹੰ ਆਪਣਾ ਨਾਉਂ ਪਰਗਟਾਇਆ । ਸੋਹੰ ਸਾਚੀ ਧਾਰ, ਹਰਿ ਸਾਚੇ ਆਪ ਚਲਾਈਆ । ਪਾਰਬ੍ਰਹਮ ਬ੍ਰਹਮ ਉਜਿਆਰ, ਦੂਸਰ ਅਵਰ ਨਾ ਕੋਇ ਵਡਿਆਈਆ । ਕਰੇ ਖੇਲ ਸੱਚੀ ਸਰਕਾਰ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਏਕਾ ਹੁਕਮ ਇਕ ਗੁਫ਼ਤਾਰ, ਆਪਣੀ ਆਪ ਸਮਝਾਈਆ । ਜੁਗ ਚੌਕੜੀ ਲਏ ਵਿਚਾਰ, ਜਗਤ ਜੁਗਤ ਆਪਣੇ ਹੱਥ ਰਖਾਈਆ । ਵਿਸ਼ਨ ਬ੍ਰਹਮਾ ਸ਼ਿਵ ਭੁਲ ਨਾ ਜਾਣਾ ਵਿਚ ਸੰਸਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਹੁਕਮ ਜਣਾਈਆ । ਸੁਣਿਆ ਹੁਕਮ ਧੁਰ ਫ਼ਰਮਾਨ, ਵਿਸ਼ਨ ਬ੍ਰਹਮਾ ਸ਼ਿਵ ਸੀਸ ਨਿਵਾਇੰਦਾ । ਤੂੰ ਸ਼ਾਹ ਪਾਤਸ਼ਾਹ ਸੱਚਾ ਸੁਲਤਾਨ, ਹਉਂ ਸੇਵਕ ਸੇਵ ਕਮਾਇੰਦਾ । ਤੇਰਾ ਦਰ ਸੱਚਾ ਦਰਬਾਰ, ਹਉਂ ਬਾਲ ਅਵਾਣਾ ਬਣਾਂ ਦਰਬਾਨ, ਦਰ ਦਰਵੇਸ਼ ਸੀਸ ਝੁਕਾਇੰਦਾ । ਤੇਰੀ ਸੇਵਾ ਕਰਾਂ ਵਿਚ ਜਹਾਨ, ਭੁਲ ਕਦੇ ਨਾ ਜਾਇੰਦਾ । ਕਿਰਪਾ ਕਰ ਏਕਾ ਦੇਣਾ ਵਰ, ਕਵਣ ਵੇਲਾ ਕਵਣ ਵਕ਼ਤ ਮੇਲਾ ਕਰੇਂ ਆਣ, ਨਿਰਗੁਣ ਨਿਰਗੁਣ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਵੰਡ ਆਪ ਵੰਡਾਇੰਦਾ । ਸਾਚੀ ਵੰਡ ਵੰਡੇ ਭਗਵਾਨ, ਵਿਸ਼ਨ ਬ੍ਰਹਮਾ ਸ਼ਿਵ ਸਮਝਾਇਆ । ਜੇਰਜ ਅੰਡ ਉਤਭੁਜ ਸੇਤਜ ਖੋਲ੍ਹੇ ਮਾਤ ਦੁਕਾਨ, ਚਾਰੇ ਕੁੰਟਾਂ ਵੇਸ ਵਟਾਇਆ । ਚਾਰੇ ਜੁਗ ਕਰੇ ਪਰਧਾਨ, ਭੱਯਾ ਭੱਯਾ ਮੇਲ ਮਿਲਾਇਆ । ਚਾਰੇ ਹੁਕਮ ਦਏ ਫ਼ਰਮਾਨ, ਪਰਾ ਪਸੰਤੀ ਮਧਮ ਬੈਖਰੀ ਗਾਇਆ । ਚਾਰੇ ਵੇਦ ਬਣਾਏ ਵਿਧਾਨ, ਵਿਦਤ ਆਪਣੇ ਵਿਚ ਟਿਕਾਇਆ । ਨੌਂ ਨੌਂ ਵੇਖੇ ਜੀਵ ਜਹਾਨ, ਚਾਰ ਚਾਰ ਆਪਣਾ

ਆਸਣ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਦਏ ਸਮਝਾਇਆ । ਹਰਿ ਲੇਖਾ ਸਚ ਸਮਝਾਇੰਦਾ, ਨੌ ਨੌ ਚਾਰ ਖੇਲ ਅਵੱਲਾ । ਜੁਗ ਚੌਕੜੀ ਰੂਪ ਵਟਾਇੰਦਾ, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਫੜਾਏ ਪੱਲਾ । ਨਿਰਗੁਣ ਸਰਗੁਣ ਖੇਲ ਖਿਲਾਇੰਦਾ, ਦੀਪਕ ਜੋਤੀ ਆਪੇ ਬਲਾ । ਸ਼ਬਦ ਅਨਾਦੀ ਨਾਦ ਵਜਾਇੰਦਾ, ਸਚ ਸਿੰਘਾਸਣ ਬੈਠ ਇਕ ਇਕੱਲਾ । ਬੋਧ ਅਗਾਧੀ ਆਪ ਸੁਹਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਜਾਣੇ ਆਪਣਾ ਬਲਾ । ਬਲਧਾਰੀ ਵਡ ਬਲਕਾਰ, ਏਕਾ ਇਕ ਅਖਵਾਇੰਦਾ । ਬੇਐਬ ਖ਼ੁਦਾਈ ਪਰਵਰਦਿਗਾਰ, ਮੁਕਾਮੇ ਹਕ ਡੇਰਾ ਲਾਇੰਦਾ । ਸਚਖੰਡ ਖੋਲ੍ਹੇ ਆਪ ਕਿਵਾੜ, ਆਪਣੀ ਹੱਥੀਂ ਕੁੰਡਾ ਆਪ ਤੁੜਾਇੰਦਾ । ਬ੍ਰਹਿਮੰਡ ਪਾਵਣਹਾਰਾ ਸਾਰ, ਸੂਰਜ ਚੰਨ ਆਪ ਚਮਕਾਇੰਦਾ । ਲੋਆਂ ਪੁਰੀਆਂ ਬੰਨ੍ਹੇ ਧਾਰ, ਗਗਨ ਪਾਤਾਲਾਂ ਡਗਮਗਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰੇ ਪਿਆਰ, ਅਭੁਲ ਭੁਲ ਕਦੇ ਨਾ ਜਾਇੰਦਾ । ਨੌ ਸੌ ਚੁਰਾਨਵੇ ਚੌਕੜੀ ਜੁਗ ਬੀਤਣ ਵਿਚ ਸੰਸਾਰ, ਗੁਰ ਪੀਰ ਅਵਤਾਰ ਸੇਵਾ ਆਪ ਲਗਾਇੰਦਾ । ਨਿਰਗੁਣ ਸਰਗੁਣ ਰੂਪ ਧਰ ਆਏ ਆਪ ਨਿਰੰਕਾਰ, ਪੰਜ ਤੱਤ ਚੋਲਾ ਆਪ ਹੰਢਾਇੰਦਾ । ਆਪੇ ਮੰਗੇ ਬਣ ਭਿਖਾਰ, ਅੱਗੇ ਆਪਣੀ ਝੋਲੀ ਡਾਹਿੰਦਾ । ਆਪੇ ਦੇਵਣਹਾਰ ਦਾਤਾਰ, ਵਸਤ ਅਮੋਲਕ ਆਪ ਵਰਤਾਇੰਦਾ । ਆਪੇ ਬਣੇ ਸੱਚਾ ਸਿਕਦਾਰ, ਤਖ਼ਤ ਨਿਵਾਸੀ ਸਾਚੇ ਤਖ਼ਤ ਸੋਭਾ ਪਾਇੰਦਾ । ਆਪੇ ਦਰ ਦਰਵੇਸ਼ ਬਣੇ ਭਿਖਾਰ, ਆਪੇ ਆਪਣੀ ਅਲਖ ਜਗਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਰਹਿਣਾ ਖ਼ਬਰਦਾਰ, ਹਰਿ ਸਾਚਾ ਸਚ ਜਣਾਇੰਦਾ । ਕਲਜੁਗ ਆਏ ਅੰਤਮ ਵਾਰ, ਨੌ ਨੌ ਚਾਰ ਰਹਿਣ ਨਾ ਪਾਇੰਦਾ । ਗੁਰ ਪੀਰ ਅਵਤਾਰ ਉਚੀ ਕੂਕਣ ਕਰਨ ਪੁਕਾਰ, ਪੀਰ ਦਸਤਗੀਰ ਰਾਹ ਤਕਾਇੰਦਾ । ਸਭ ਤੋਂ ਵੱਖਰਾ ਸਭ ਦਾ ਯਾਰ, ਹਰ ਘਟ ਮੇਲ ਮਿਲਾਇੰਦਾ । ਉਲਫ਼ਤ ਵਿਚ ਨਾ ਆਏ ਕਦੇ ਸੰਸਾਰ, ਗ਼ਫ਼ਲਤ ਵਿਚ ਨੀਂਦ ਵਖਾਇੰਦਾ । ਸਾਚਾ ਮਸਲਾ ਕਰੇ ਤਿਆਰ, ਦੂਸਰ ਸੰਗ ਨਾ ਕੋਇ ਜਣਾਇੰਦਾ । ਆਲਮ ਉਲਮਾ ਆਪ ਕਰੇ ਵਿਚਾਰ, ਆਲਮਗੀਰ ਭੇਵ ਕੋਇ ਨਾ ਪਾਇੰਦਾ । ਕੋਟਨ ਕੋਟ ਪੀਰ ਪੈਗ਼ੰਬਰ ਬਣਾਏ ਤੁਲਬਾ ਵਿਚ ਸੰਸਾਰ, ਧੁਰ ਫ਼ਰਮਾਨਾ ਹੁਕਮ ਸੁਣਾਇੰਦਾ । ਸਾਚੇ ਤਖ਼ਤ ਬੈਠ ਸੱਚੀ ਸਰਕਾਰ, ਮੁਖ ਆਪਣੇ ਪਰਦਾ ਪਾਇੰਦਾ । ਕਿਆ ਕੋਈ ਕਰੇ ਜੀਵ ਵਿਚਾਰ, ਹਰਿ ਕਾ ਰੂਪ ਦਿਸ ਨਾ ਆਇੰਦਾ । ਵਿਸ਼ਨ ਬ੍ਰਹਮਾ ਸ਼ਿਵ ਰਹਿਣਾ ਖ਼ਬਰਦਾਰ, ਪੁਰਖ ਅਬਿਨਾਸ਼ੀ ਆਪ ਉਠਾਇੰਦਾ । ਪਰਗਟ ਹੋ ਕੇ ਆਵੇ ਨਰ ਨਿਰੰਕਾਰ, ਸਰਗੁਣ ਲੇਖਾ ਪੂਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਘਰ ਸਾਚਾ ਆਪ ਸੁਹਾਇੰਦਾ । ਦਰ ਘਰ ਸਾਚਾ ਹਰਿ ਸੁਹਾਇੰਦਾ, ਸੋਭਾਵੰਤ ਗਹਿਰ ਗੰਭੀਰ । ਜੁਗ ਚੌਕੜੀ ਪੰਧ ਮੁਕਾਇੰਦਾ, ਚੋਲਾ ਬਸਤਰ ਪਹਿਰੇ ਨੀਲ । ਕਲਜੁਗ ਅੰਤਮ ਵੇਖ ਵਖਾਇੰਦਾ, ਪਾਰਬ੍ਰਹਮ ਬ੍ਰਹਮ ਛੈਲ ਛਬੀਲ । ਕੀਲ ਵਿਚ ਕਿਸੇ ਨਾ ਆਇੰਦਾ, ਨਾ ਕਦੀ ਮੰਨੇ ਕਿਸੇ ਦੀ ਦਲੀਲ । ਜਗਤ ਵਕੀਲ ਨਾ ਕੋਇ ਬਣਾਇੰਦਾ, ਆਪੇ ਚੋਟੀ ਚੜ੍ਹਿਆ ਇਕ ਅਖ਼ੀਰ । ਜਗਤ ਫ਼ਕੀਰ ਨਾ ਕੋਇ ਮਨਾਇੰਦਾ, ਨਾ ਪੜ੍ਹੇ ਕਿਸੇ ਦੀ ਕੋਈ ਤਕਬੀਰ । ਗਲ ਤਸਬੀ ਨਾ ਕੋਇ ਪਾਇੰਦਾ, ਸ਼ਾਹ ਪਾਤਸ਼ਾਹ ਵਡ ਪੀਰਨ ਪੀਰ । ਸਯਦਾ ਸੀਸ ਨਾ ਕਿਸੇ ਝੁਕਾਇੰਦਾ, ਕਰੇ ਖੇਲ ਬਣ ਹਕੀਰ । ਵੁਜ਼ੂ ਬਾਂਗ ਨਾ ਕੋਇ ਰਖਾਇੰਦਾ, ਸਯਦਾ ਪਾਵੇ ਨਾ ਕੋਇ ਜ਼ੰਜੀਰ । ਆਇਤ ਸ਼ਰਾਇਤ ਪੜ੍ਹਨ ਕਿਤੇ ਨਾ ਜਾਇੰਦਾ, ਨਾ ਕੋਈ ਕਾਅਬਾ ਵੇਖੇ ਗੁਣੀ ਗਹੀਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ

ਅੰਤਮ ਵਾਰ, ਕਰੇ ਖੇਲ ਆਪ ਅਖ਼ੀਰ । ਹਰਿ ਮਸਲਾ ਸ਼ਬਦ ਬਣਾਇਆ, ਨੂਰੀ ਸਦਾ ਬਾਂਗ ਆਵਾਜ਼ । ਆਪਣੇ ਹੁਜਰੇ ਬਹਿ ਬਹਿ ਗਾਇਆ, ਪੁਰਖ ਅਬਿਨਾਸ਼ੀ ਸ਼ਾਹ ਨਵਾਬ । ਤਾਬ ਕੋਇ ਝੱਲੇ ਨਾ ਰਾਇਆ, ਦੇਵਣਹਾਰਾ ਸਰਬ ਅਜ਼ਾਬ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸ਼ਾਹ ਨਵਾਬ । ਸ਼ਾਹ ਨਵਾਬ ਸ਼ਾਹ ਸੁਲਤਾਨਾ ਕਰੇ ਮੁਖ਼ਾਤਬ, ਮਖ਼ਲੂਕ ਆਪ ਜਣਾਈਆ । ਲੇਖਾ ਲਿਖਣ ਆਇਆ ਬਣ ਕੇ ਕਾਤਬ, ਕਲਮਾ ਆਲਮੀਨ ਆਪਣੇ ਹੱਥ ਰਖਾਈਆ । ਕਾਇਨਾਤ ਪੀਰ ਪੈਗ਼ੰਬਰ ਔਲੀਆ ਸ਼ੇਖ ਅੰਤ ਰਿਹਾ ਨਾ ਕੋਇ ਸਾਬਤ, ਤਕ਼ਦੀਰ ਸਭ ਦੇ ਸਿਰ ਤੇ ਆਪ ਭਵਾਈਆ । ਜੋ ਆਇਆ ਵਜਾ ਕੇ ਗਿਆ ਮੇਰਾ ਨਾਉਂ ਨੌਬਤ, ਉਚੀ ਕੂਕ ਕੂਕ ਸੁਣਾਈਆ । ਚੌਦਾਂ ਲੋਕ ਸੁਣਦੇ ਮੇਰੀ ਸੋਹਬਤ, ਚੌਦਾਂ ਤਬਕ ਰਾਹ ਤਕਾਈਆ । ਕਲਜੁਗ ਅੰਤਮ ਆਏ ਹੈਬਤ, ਚਾਰੋਂ ਕੁੰਟ ਕੁੰਟ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮਾ ਸ਼ਿਵ ਦਏ ਸੁਣਾਈਆ । ਹਰਿ ਸੁਣਾਇਆ ਧੁਰ ਫ਼ਰਮਾਨਾ, ਲਿਖਣ ਪੜ੍ਹਨ ਵਿਚ ਨਾ ਆਇਆ । ਵਿਸ਼ਨ ਬ੍ਰਹਮਾ ਸ਼ਿਵ ਕਰ ਪਰਵਾਨਾ, ਚਰਨ ਕਵਲ ਸੀਸ ਝੁਕਾਇਆ । ਨੌ ਸੌ ਚੁਰਾਨਵੇ ਚੌਕੜੀ ਚੋਲਾ ਹੋਏ ਪੁਰਾਨਾ, ਥਿਰ ਕੋਇ ਰਹਿਣ ਨਾ ਪਾਇਆ । ਗੁਰ ਅਵਤਾਰ ਜਾ ਜਾ ਗਾਇਣ ਤੇਰਾ ਗਾਨਾ, ਬੇਅੰਤ ਤੇਰਾ ਨਾਉਂ ਵਡਿਆਇਆ । ਤੇਰਾ ਭੇਵ ਕਿਸੇ ਨਾ ਪਾਨਾ, ਭੇਵ ਅਭੇਦਾ ਆਪ ਛੁਪਾਇਆ । ਕਲਜੁਗ ਅੰਤਮ ਹੋਵੇ ਆਪ ਮਿਹਰਵਾਨਾ, ਪਾਰਬ੍ਰਹਮ ਸਚ ਸੱਚੀ ਤੇਰੀ ਸਰਨਾਇਆ । ਲੋਕਮਾਤ ਜੋਤੀ ਪਹਿਰੇ ਜਾਮਾ, ਜੋਤੀ ਜੋਤ ਨੂਰ ਰੁਸ਼ਨਾਇਆ । ਸ਼ਬਦ ਵਜਾਏ ਸਚ ਦਮਾਮਾ, ਕਾਇਨਾਤ ਆਪ ਸੁਣਾਇਆ । ਜਬਰਾਈਲ ਮੇਕਾਈਲ ਅਸਰਾਈਲ ਅਸਰਾਫ਼ੀਲ ਬਣਨ ਤੇਰੇ ਗੁਲਾਮਾ, ਸਾਚੀ ਸੇਵਾ ਇਕ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਵਿਸ਼ਨ ਬ੍ਰਹਮਾ ਸ਼ਿਵ ਦਰ ਮੰਗ ਮੰਗਾਇਆ । ਵਰ ਦੇਣਾ ਹਰਿ ਨਿਰੰਕਾਰਾ, ਹਉਂ ਬਾਲ ਸੇਵ ਅੰਜਾਨਿਆ । ਜੁਗ ਚੌਕੜੀ ਵਰਤੇ ਤੇਰਾ ਭਾਣਾ, ਗੁਰ ਕੋਈ ਰਹੇ ਨਾ ਸੁਘੜ ਸਿਆਣਾ, ਜਗ ਖੇਲੇ ਖੇਲ ਬੇਮੁਹਾਨਿਆ । ਲੱਖ ਚੁਰਾਸੀ ਤਣਿਆ ਤਾਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਘਰ ਸਾਚੇ ਵੱਡਾ ਮਾਨਿਆ । ਦੇਵੇ ਵਡਿਆਈ ਮਾਣ, ਹਰਿ ਏਕਾ ਸ਼ਬਦ ਸੁਣਾਇਆ । ਜੁਗ ਚੌਕੜੀ ਬੀਤ ਜਾਇਣ, ਹਰਿ ਕੋਟਨ ਕੋਟ ਰੂਪ ਖਲਾਇਆ । ਕਲਜੁਗ ਅੰਤਮ ਨਿਰਗੁਣ ਜੋਤ ਲਏ ਧਰ, ਪਾਰਬ੍ਰਹਮ ਰੂਪ ਵਟਾਇਆ । ਸਤਿਜੁਗ ਤ੍ਰੇਤਾ ਦਵਾਪਰ ਆਪਣਾ ਖੇਲ ਕੀਤਾ ਵੇਖੇ ਖੜ, ਭੁਲ ਕਦੇ ਨਾ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਗਿਆਨ ਦਏ ਦ੍ਰਿੜਾਇਆ । ਹਰਿ ਸਚ ਗਿਆਨ ਦ੍ਰਿੜਾਇੰਦਾ, ਏਕਾ ਅੰਤਰ ਧਿਆਨ । ਕਲਜੁਗ ਅੰਤਮ ਵੇਖ ਵਖਾਇੰਦਾ, ਚਾਰ ਕੁੰਟ ਹੋ ਪਰਧਾਨ । ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਵੰਡ ਵੰਡਾਇੰਦਾ, ਚਾਰ ਵਰਨ ਕਰਨ ਪਰਵਾਨ । ਹਰਿ ਕਾ ਰੂਪ ਦਿਸ ਕਿਸੇ ਨਾ ਆਇੰਦਾ, ਨਵ ਨੌਂ ਹੋਏ ਅੰਧਾਨ । ਚਾਰ ਚਾਰ ਨਾ ਕੋਇ ਸਮਾਇੰਦਾ, ਸਾਚਾ ਦਰ ਨਾ ਦਿਸੇ ਕੋਇ ਮਕਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਖੇਲ ਕਰੇ ਸ੍ਰੀ ਭਗਵਾਨ । ਕਲਜੁਗ ਵੇਲਾ ਅੰਤਮ ਆਉਣਾ, ਹਰਿ ਸਾਚਾ ਸਚ ਸਮਝਾਇੰਦਾ । ਪੁਰਖ ਅਬਿਨਾਸ਼ੀ ਖੇਲ ਖਿਲਾਉਣਾ, ਨਿਰਗੁਣ ਨੂਰ ਨੂਰ ਆਪ ਉਪਜਾਇੰਦਾ । ਸ਼ਬਦੀ ਸੁਤ ਨਾਲ ਰਲਾਉਣਾ, ਸ਼ਬਦ ਸ਼ਬਦੀ ਵੇਖ ਵਖਾਇੰਦਾ । ਮਾਣਸ ਮੰਦਰ ਆਪ ਟਿਕਾਉਣਾ, ਸਾਢੇ ਤਿੰਨ ਹੱਥ ਮੇਲ ਮਿਲਾਇੰਦਾ । ਸੱਸਾ ਸਤਿਗੁਰ ਇਕ ਅਖਵਾਉਣਾ, ਸ਼ਾਹ

ਪਾਤਸ਼ਾਹ ਆਪਣਾ ਬਲ ਧਰਾਇੰਦਾ । ਬੱਬਾ ਬੋਧ ਅਗਾਧੀ ਸ਼ਬਦ ਸੁਣਾਉਣਾ, ਚਾਰ ਜੁਗ ਭੇਵ ਨਾ ਆਇੰਦਾ । ਲੱਲਾ ਲੇਖਾ ਪਿਛਲਾ ਆਪ ਮਿਟਾਉਣਾ, ਅਗਲਾ ਆਪਣੇ ਹੱਥ ਰਖਾਇੰਦਾ । ਗੱਗਾ ਗੁਰ ਇਕ ਅਖਵਾਉਣਾ, ਦੂਸਰ ਧਾਰ ਨਾ ਕੋਇ ਚਲਾਇੰਦਾ । ਬੱਬਾ ਬਿੰਦ ਇਕ ਉਪਜਾਉਣਾ, ਪੂਤ ਸਪੂਤਾ ਨਾਉਂ ਧਰਾਇੰਦਾ । ਦੱਦਾ ਦੁੱਖ ਦਲਿਦ੍ਰ ਆਪੇ ਲਾਹੁਣਾ, ਆਪ ਆਪਣੇ ਰੰਗ ਰੰਗਾਇੰਦਾ । ਸੰਬਲ ਆਪਣਾ ਘਰ ਬਣਾਉਣਾ, ਗੋਬਿੰਦ ਗੋਬਿੰਦ ਵਿਚ ਸੁਹਾਇੰਦਾ । ਪੁਰਖ ਅਬਿਨਾਸ਼ੀ ਭੇਖ ਵਟਾਉਣਾ, ਜੋਤੀ ਜਲਵਾ ਆਪ ਪਰਗਟਾਇੰਦਾ । ਚਾਰ ਵਰਨਾਂ ਖੇਲ ਖਿਲਾਉਣਾ, ਘਟ ਘਟ ਏਕਾ ਰੂਪ ਧਰਾਇੰਦਾ । ਕਲਜੁਗ ਅੰਤਮ ਐੜਾ ਅਥਰਬਨ ਆਪਣੀ ਗੋਦ ਬਹਾਉਣਾ, ਆਪ ਆਪਣਾ ਸੰਗ ਨਿਭਾਇੰਦਾ । ਐੜਾ ਅੱਖ ਇਕ ਖੁਲ੍ਹਾਉਣਾ, ਐਨਲਹਕ ਰਾਹ ਤਕਾਇੰਦਾ । ਐੜਾ ਆਸ ਇਕ ਪੁਚਾਉਣਾ, ਪੀਰ ਫ਼ਕੀਰ ਧਿਆਨ ਲਗਾਇੰਦਾ । ਐੜਾ ਆਬੇਹਯਾਤ ਆਪਣੇ ਹੱਥ ਰਖਾਉਣਾ, ਸਭ ਦੇ ਠੂਠੇ ਆਪ ਰੁੜ੍ਹਾਇੰਦਾ । ਹੋ ਪਰਤਖ ਖੇਲ ਖਿਲਾਉਣਾ, ਆਪਣਾ ਪਰਦਾ ਆਪ ਚੁਕਾਇੰਦਾ । ਆਪਣੇ ਵਿਚੋਂ ਹੋਏ ਵੱਖ ਗੋਬਿੰਦ ਮੇਲ ਮਿਲਾਉਣਾ, ਦਿਸ ਕਿਸੇ ਨਾ ਆਇੰਦਾ । ਸੰਬਲ ਨਗਰੀ ਭਾਗ ਲਗਾਉਣਾ, ਸਾਚੇ ਤਿੰਨ ਹੱਥ ਗੜ੍ਹ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗਤ ਮਸਲਾ ਹੱਥ ਕਰਤਾਰ, ਕਿਆ ਕੋਈ ਕਰੇ ਜੀਵ ਵਿਚਾਰ, ਜਗਤ ਜੁਗਤ ਨਾ ਕੋਇ ਜਣਾਇੰਦਾ । ਸਾਚਾ ਮਸਲਾ ਘੜ ਕੇ ਆਇਆ, ਪਾਰਬ੍ਰਹਮ ਕਰਤਾਰ । ਨਿਰਗੁਣ ਰੂਪ ਧਰ ਕੇ ਆਇਆ, ਇਕ ਇਕੱਲਾ ਏਕੰਕਾਰ । ਸ਼ਬਦ ਘੋੜੇ ਚੜ੍ਹ ਕੇ ਆਇਆ, ਸ਼ਹਿਨਸ਼ਾਹ ਸੱਚਾ ਅਸਵਾਰ । ਆਪਣੀ ਵਿਦਿਆ ਪੜ੍ਹ ਕੇ ਆਇਆ, ਜਗਤ ਵਿਦਿਆ ਵਸੇ ਬਾਹਰ । ਆਪਣਾ ਖੰਡਾ ਫੜ ਕੇ ਆਇਆ, ਤਿਖੀ ਰੱਖੇ ਦੋਵੇਂ ਧਾਰ । ਆਪਣੀ ਜੋਤੀ ਆਪੇ ਸੜ ਕੇ ਆਇਆ, ਆਪਣੇ ਦੀਪ ਹੋਏ ਉਜਿਆਰ । ਆਪਣੇ ਅੱਗੇ ਆਪੇ ਖੜ ਕੇ ਆਇਆ, ਆਪੇ ਸ਼ਾਹ ਆਪੇ ਸਿਕਦਾਰ । ਆਪਣੀ ਚਰਨੀ ਆਪੇ ਪੜ ਕੇ ਆਇਆ, ਆਪੇ ਨਿਉਂ ਨਿਉਂ ਕਰੇ ਨਿਮਸਕਾਰ । ਆਪਣੇ ਹੁਕਮ ਬ੍ਰਹਮਾ ਵਿਸ਼ਨ ਸ਼ਿਵ ਚਰਨ ਫੜ ਕੇ ਲਿਆਇਆ, ਕਲਜੁਗ ਤੇਰੀ ਅੰਤਮ ਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚੀ ਸਰਕਾਰ । ਸਚ ਸਰਕਾਰ ਸ਼ਾਹ ਸੁਲਤਾਨਾ, ਹਰਿ ਵੱਡਾ ਵਡ ਵਡਿਆਈਆ । ਕਲਜੁਗ ਅੰਤਮ ਪਰਗਟਿਆ ਨਿਹਕਲੰਕ ਬਲੀ ਬਲਵਾਨਾ, ਪਾਰਬ੍ਰਹਮ ਰੂਪ ਵਟਾਈਆ । ਕਰੇ ਖੇਲ ਦੋ ਜਹਾਨਾਂ, ਲੋਆਂ ਪੁਰੀਆਂ ਵੇਖ ਵਖਾਈਆ । ਨਵ ਖੰਡ ਪ੍ਰਿਥਮੀ ਵੇਖੇ ਮਾਰ ਧਿਆਨਾ, ਲੱਖ ਚੁਰਾਸੀ ਵੇਖ ਵਖਾਈਆ । ਲੇਖਾ ਜਾਣੇ ਜੰਗਲ ਜੂਹ ਉਜਾੜ ਪਹਾੜ ਬੀਆਬਾਨਾ, ਸਮੁੰਦ ਸਾਗਰ ਫੋਲ ਫੁਲਾਈਆ । ਆਦਿ ਜੁਗਾਦੀ ਬਣਿਆ ਦਾਨਾ, ਦਾਨਾ ਬੀਨਾ ਆਪ ਹੋ ਜਾਈਆ । ਲੇਖਾ ਚੁਕਾਏ ਲੋਕ ਤੀਨਾਂ, ਚੌਦਾਂ ਹੱਟ ਖੋਲ੍ਹ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਬ੍ਰਹਮਾ ਵਿਸ਼ਨ ਸ਼ਿਵ ਪ੍ਰਭ ਦਿਤਾ ਵਰ, ਅੰਤ, ਆਪਣੇ ਵਿਚ ਮਿਲਾਈਆ । ਅੰਤ ਮਿਲਾਵਾ ਹਰਿ ਕਰਤਾਰਾ, ਕਰਨੀ ਕਰਤਾ ਆਪ ਕਰਾਇੰਦਾ । ਕਲਜੁਗ ਅੰਤਮ ਹੋ ਉਜਿਆਰਾ, ਪੁਰਖ ਨਿਆਰਾ ਖੇਲ ਖਿਲਾਇੰਦਾ । ਕਾਗਦ ਕ਼ਲਮ ਨਾ ਲਿਖਣਹਾਰਾ, ਜਗਤ ਵਿਦਿਆ ਭੇਵ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਪਿਛਲਾ ਲੇਖਾ ਆਪ ਚੁਕਾਇੰਦਾ । ਪਿਛਲਾ ਲੇਖਾ ਹਰਿ ਚੁਕਾਉਣਾ, ਭੁਲ ਰਹੇ ਨਾ ਰਾਇਆ । ਨਿਰਗੁਣ ਸਰਗੁਣ ਮੇਲ ਮਿਲਾਉਣਾ, ਮਿਲਿਆ ਮੇਲ ਵਿਛੜ ਕਦੇ ਨਾ ਜਾਇਆ । ਏਕਾ ਦੋਆ ਰੰਗ ਰੰਗਾਉਣਾ, ਦੋ ਦੋ ਆਪਣਾ

੨੩੬
੧੦

ਸੰਗ ਰਖਾਇਆ । ਦੋਹਾਂ ਨਿਸ਼ਾਨਾ ਦਿਸ ਨਾ ਆਉਣਾ, ਸਿਫ਼ਰਾ ਨਾਉਂ ਧਰਾਇਆ । ਸਿਫ਼ਰੇ ਅੱਗੇ ਏਕਾ ਲਾਉਣਾ, ਏਕੰਕਾਰਾ ਆਪਣਾ ਰੂਪ ਵਟਾਇਆ । ਏਕੇ ਅੱਗੇ ਸਾਤਾ ਧਰਾਉਣਾ, ਸਤਿ ਪੁਰਖ ਨਿਰੰਜਣ ਖੇਲ ਖਿਲਾਇਆ । ਸਾਤਾ ਆਪਣੇ ਰੰਗ ਰੰਗਾਉਣਾ, ਏਕਾ ਆਪਣਾ ਬੰਧਨ ਪਾਇਆ । ਸਿਫ਼ਰੇ ਮਾਣ ਸਾਚਾ ਦਵਾਉਣਾ, ਦੋਆ ਦੋ ਜਹਾਨਾਂ ਵੇਖ ਵਖਾਇੰਦਾ । ਵੀਹ ਸੌ ਸਤਾਰਾਂ ਪੰਧ ਮੁਕਾਉਣਾ, ਦੋਆ ਸਿਫ਼ਰਾ ਏਕਾ ਸਾਤਾ ਆਪਣਾ ਭੇਵ ਚੁਕਾਇਆ । ਹਰਿ ਦੋਆਂ ਭੇਵ ਖੁਲ੍ਹਾਇੰਦਾ, ਨਿਰਗੁਣ ਸਰਗੁਣ ਧਾਰ । ਹਰਿ ਦੋਆ ਭੇਵ ਚੁਕਾਇੰਦਾ, ਨਿਰਗੁਣ ਨਿਰਗੁਣ ਪਿਆਰ । ਨਿਰਗੁਣ ਆਪਣਾ ਪਰਦਾ ਲਾਹਿੰਦਾ, ਆਪੇ ਹੋਏ ਖ਼ਬਰਦਾਰ । ਪੁਰਖ ਅਕਾਲ ਨਿਰਗੁਣ ਆਪਣਾ ਨਾਉਂ ਧਰਾਇੰਦਾ, ਨਿਰਗੁਣ ਗੋਬਿੰਦ ਮੀਤ ਮੁਰਾਰ । ਗੋਬਿੰਦ ਨਿਰੰਕਾਰ ਦਿਸ ਕਿਸੇ ਨਾ ਆਇੰਦਾ, ਅੱਗੇ ਸਿਫ਼ਰਾ ਕਰੇ ਵਿਚਾਰ । ਸਿਫ਼ਰ ਰੂਪ ਹੋ ਸਰਬ ਵਿਚ ਸਮਾਇੰਦਾ, ਆਪਣਾ ਅੰਕ ਕਿਸੇ ਨਾ ਦੱਸੇ ਕਦੇ ਵਿਚਾਰ । ਸਿਫ਼ਰਾ ਆਪਣਾ ਬਲ ਉਪਜਾਇੰਦਾ, ਇਕ ਇਕ ਓਅੰਕਾਰ ਕਰੇ ਆਕਾਰ । ਸਤਿ ਪੁਰਖ ਨਿਰੰਜਣ ਸਤਿ ਸਤਿਵਾਦੀ ਆਪਣਾ ਸੰਗ ਰਖਾਇੰਦਾ, ਆਦਿ ਜੁਗਾਦੀ ਸਾਚੀ ਕਾਰ । ਵੀਹ ਸੌ ਸਤਾਰਾਂ ਬਿਕ੍ਰਮੀ ਹਰਿ ਸਾਲਾਹਿੰਦਾ, ਨੌ ਸੌ ਚੁਰਾਨਵੇ ਚੌਕੜੀ ਜੁਗ ਕਲਜੁਗ ਤੇਰੀ ਅੰਤਮ ਵਾਰ । ਤੇਰਾ ਅੰਤਮ ਮਾਸ ਵੇਖ ਵਖਾਇੰਦਾ, ਫਲਗੁਣ ਰੁੱਤ ਖਿੜੀ ਬਹਾਰ । ਪੁਰਖ ਅਬਿਨਾਸ਼ੀ ਆਪਣੀ ਜੋਤ ਧਰਾਇੰਦਾ, ਸਾਚੇ ਤਖ਼ਤ ਹੋਏ ਉਜਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਗੰਮ ਅਪਾਰ । ਫਲਗੁਣ ਰੁੱਤ ਸੁਹਾਇੰਦਾ, ਪਾਰਬ੍ਰਹਮ ਨਿਰੰਕਾਰਾ । ਕਲਜੁਗ ਉਠ ਉਠ ਵੇਖ ਵਖਾਇੰਦਾ । ਨੇਤਰ ਨੈਣ ਹੋਇਆ ਸ਼ਰਮਸਾਰਾ । ਜੀਵ ਜੰਤ ਸਰਬ ਭੁਲਾਇੰਦਾ, ਘਰ ਵੜਿਆ ਕਾਮ ਕਰੋਧ ਲੋਭ ਮੋਹ ਹੰਕਾਰਾ । ਹਰਿ ਕਾ ਰੂਪ ਦਿਸ ਕਿਸੇ ਨਾ ਆਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚੀ ਸਰਕਾਰਾ । ਵੀਹ ਸੌ ਸਤਾਰਾਂ ਬਿਕ੍ਰਮੀ ਅੰਤ ਧਾਰ, ਵਿਸ਼ਨ ਬ੍ਰਹਮਾ ਸ਼ਿਵ ਆਪ ਜਣਾਇਆ । ਪਹਿਲੀ ਫਲਗੁਣ ਖਿਚ ਲਿਆਇਆ ਆਪਣੇ ਚਰਨ ਦਵਾਰ, ਪੁਰੀ ਵਿਚ ਰਹਿਣ ਨਾ ਪਾਇਆ । ਕਰੋੜ ਤੇਤੀਸ ਬਣ ਭਿਖਾਰ, ਸੁਰਪਤ ਰਾਜਾ ਇੰਦ ਮੰਗਣ ਆਇਆ । ਮਿਲਨ ਆਏ ਗੁਰ ਅਵਤਾਰ, ਲੋਕਮਾਤ ਸਰਗੁਣ ਰੂਪ ਜੋ ਗਏ ਸੇਵ ਕਮਾਇਆ । ਭਗਤ ਆਏ ਬਣ ਪਰਵਾਰ, ਸੰਤ ਸਾਚਾ ਮੰਗਲ ਗਾਇਆ । ਗੁਰਮੁਖ ਨਿਉਂ ਨਿਉਂ ਕਰਨ ਨਿਮਸਕਾਰ, ਗੁਰਸਿਖ ਬੈਠੇ ਸੀਸ ਝੁਕਾਇਆ । ਰੁੱਤ ਬਸੰਤ ਖਿੜੀ ਗੁਲਜ਼ਾਰ, ਪੁਰਖ ਅਬਿਨਾਸ਼ੀ ਆਪ ਮਹਿਕਾਇਆ । ਇਕ ਕਬੀਰਾ ਬਣ ਵਰਤਾਰ, ਸਚ ਸੁਗੰਧੀ ਰਿਹਾ ਸੁੰਘਾਇਆ । ਇਕ ਨਾਨਕ ਬੋਲ ਜੈਕਾਰ, ਸਤਿ ਸਤਿ ਦਏ ਸਮਝਾਇਆ । ਦੋਹਾਂ ਵਿਚੋਲਾ ਬਣਿਆ ਅੰਤਮ ਵਾਰ, ਨਿਹਕਲੰਕ ਆਪਣਾ ਨਾਉਂ ਰਖਾਇਆ । ਚਾਰ ਜੁਗ ਦੇ ਗੁਰ ਪੀਰ ਅਵਤਾਰ ਸਾਧ ਸੰਤ ਖਿਚ ਲਿਆਇਆ ਚਰਨ ਦਵਾਰ, ਪਹਿਲੀ ਫਲਗੁਣ ਰੁੱਤ ਸੁਹਾਇਆ । ਔਲੀਏ ਪੀਰ ਸ਼ੇਖ਼ ਮਸਾਇਕ ਨੌ ਨੌ ਜੋਜਨ ਖੜੇ ਦਵਾਰ, ਗਲ ਵਿਚ ਪੱਲੂ ਏਕਾ ਪਾਇਆ । ਅੱਲਾ ਰਾਣੀ ਕਰੇ ਪੁਕਾਰ, ਤੇਰਾ ਕਲਮਾ ਤੇਰੇ ਵਿਚ ਸਮਾਇਆ । ਤੂੰ ਸਾਚਾ ਸੱਯਾ ਮੀਤ ਮੁਰਾਰ, ਕਿਉਂ ਸਨਮ ਬੈਠਾ ਮੁਖ ਛੁਪਾਇਆ । ਹਉਂ ਫਿਰਾਂ ਦੁਹਾਗਣ ਜਗਤ ਨਾਰ, ਕੰਤ ਸੁਹਾਗੀ ਨਜ਼ਰ ਕੋਇ ਨਾ ਆਇਆ । ਫਿਰੀ ਦਰੋਹੀ ਚਾਰ ਯਾਰ, ਉਚੀ ਕੂਕ ਕੂਕ ਸੁਣਾਇਆ । ਮੱਕਾ ਕਾਅਬਾ ਸੁਣੇ ਨਾ ਤੇਰੀ ਕੋਈ ਆਵਾਜ਼, ਉਚ ਮੁਨਾਰ ਬੈਠੇ ਮੁਖ ਸ਼ਰਮਾਇਆ । ਸਚ ਮਜ਼ਾਰ ਨਾ ਦੇਵੇ ਦੀਦਾਰ, ਹਜ਼ਾਰ ਬੈਠੇ ਤਸਬੀਆਂ ਪਾਇਆ । ਬਿਨ ਤੁਧ ਕੋਇ ਨਾ ਕਰੇ ਮੇਰਾ ਸ਼ੰਗਾਰ, ਮੇਰੀ ਅਲਫ਼ੀ ਨਾ ਕੋਈ ਸਵਾਇਆ । ਤੁਧ ਬਿਨ ਨਾ ਕਰੇ ਕੋਇ

ਪਿਆਰ, ਆਪਣੇ ਗਲੇ ਲੈ ਲਗਾਇਆ । ਬਿਰਹੋਂ ਵਿਛੋੜਾ ਮਾਰੇ ਮਾਰ, ਚਾਰੋਂ ਕੁੰਟ ਅੰਧੇਰਾ ਛਾਇਆ । ਤੇਰੇ ਨਾਉਂ ਦੀ ਕਰਾਂ ਪੁਕਾਰ, ਮਿਲ ਮਹਿਬੂਬ ਮੈਖ਼ਾਨਾ ਇਕ ਸੁਹਾਇਆ । ਤੇਰੇ ਬਿਨਾਂ ਮਨਜ਼ੂਰ ਕਰਾਂ ਨਾ ਕੋਇ ਕਲਬੂਤ, ਕੁਫ਼ਰ ਕਲਮਾ ਨਾ ਕੋਇ ਸੁਣਾਇਆ । ਤੇਰਾ ਨੈਣ ਦਰਸ ਮੇਰਾ ਹਜਾਰਾ ਦਰੂਦ, ਬਸਰੀ ਇਸਮ ਤੇਰੀ ਸਰਨਾਇਆ । ਮੈਂ ਹੋਈ ਵੈਰਾਗਣ ਤੇਰੀ ਹੂਰ, ਸ਼ਾਹ ਗ਼ਫ਼ੂਰ ਨਾ ਮੇਲ ਮਿਲਾਇਆ । ਬਿਨ ਤੁਧ ਕੋਈ ਨਾ ਦੇਵੇ ਸੱਚਾ ਸਰੂਰ, ਜਗਤ ਪਿਆਲੇ ਪੀ ਪੀ ਆਪਣਾ ਵਕ਼ਤ ਗਵਾਇਆ । ਨੂਰੀ ਬਖ਼ਸ਼ ਸਾਚਾ ਨੂਰ, ਨੂਰ ਤੇਰਾ ਮੋਹੇ ਭਾਇਆ । ਸਦਾ ਰਹੋ ਹਾਜ਼ਰ ਹਜ਼ੂਰ, ਹਜ਼ਰਤ ਤੇਰਾ ਵੇਸ ਦੂਸਰ ਦਰ ਦਿਸ ਕਿਤੇ ਨਾ ਆਇਆ । ਤੂੰ ਮੇਰੇ ਪਿਛੇ ਬਣ ਦਰਵੇਸ਼, ਮੁਰਸ਼ਦ ਮੁਰੀਦ ਮੁਰੀਦ ਮੁਰਸ਼ਦ ਏਕਾ ਘਰ ਸੁਹਾਇਆ । ਕਰ ਕਰ ਅਵਲੜਾ ਵੇਸ, ਅਮਾਮ ਅਮਾਮਾ ਸਿਰ ਤੂੰ ਸੱਚਾ ਸ਼ਹਿਨਸ਼ਾਹਿਆ । ਮੇਰੀ ਮਹਿੰਦੀ ਹੱਥੀਂ ਲਿਖੀ ਰੇਖ, ਅਮਾਮ ਮਹਿੰਦੀ ਆਪਣੇ ਨੇਤਰ ਆਪਣਾ ਰੰਗ ਚੜ੍ਹਾਇਆ । ਦਰ ਦਰ ਫਿਰਦੀ ਖੁਲ੍ਹੜੇ ਕੇਸ, ਮੇਰਾ ਸੀਸ ਨਾ ਕੋਇ ਗੁੰਦਾਇਆ । ਪੁਰਖ ਅਬਿਨਾਸ਼ੀ ਵੀਹ ਸੌ ਸਤਾਰਾਂ ਬਿਕ੍ਰਮੀ ਪਹਿਲੀ ਫੱਗਣ ਘਲਾਇਆ ਸੰਦੇਸ਼, ਜਗਤ ਸੁਵਾਣੀ ਲਏ ਮਨਾਇਆ । ਅਗਲੇ ਸੰਮਤ ਆਪੇ ਲਏ ਵੇਖ, ਨਾਰੀ ਵਰ ਨਿਰਗੁਣ ਕੰਤ ਰੂਪ ਪਰਗਟਾਇਆ । ਸਾਚੇ ਤਖ਼ਤ ਬਹੇ ਸਚਾ ਨਰੇਸ਼, ਆਪ ਆਪਣਾ ਆਸਣ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੀਹ ਸੌ ਸਤਾਰਾਂ ਬਿਕ੍ਰਮੀ ਅੰਤਮ ਆਪਣਾ ਭੇਵ ਖੁਲ੍ਹਾਇਆ । ਹਰਿ ਸੱਜਣ ਭੇਵ ਖੁਲ੍ਹਾਇੰਦਾ, ਪਾਰਬ੍ਰਹਮ ਬੇਅੰਤ । ਨਵ ਨਵ ਵੇਖ ਵਖਾਇੰਦਾ, ਲੱਖ ਚੁਰਾਸੀ ਜੀਵ ਜੰਤ । ਘਟ ਘਟ ਅੰਦਰ ਫੋਲ ਫੁਲਾਇੰਦਾ, ਆਪੇ ਹੋਏ ਖੋਜ ਖੁਜੰਤ । ਗੁਰਮੁਖ ਸਾਚੇ ਆਪ ਉਠਾਇੰਦਾ, ਸ਼ਬਦ ਜਣਾਏ ਮਣੀਆ ਮੰਤ । ਸਿਰ ਆਪਣਾ ਹੱਥ ਰਖਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦੂਸਰ ਅਵਰ ਨਾ ਕੋਇ ਰਖਾਇੰਦਾ । ਸੰਮਤ ਸਤਾਰਾਂ ਵੀਹ ਸਦ ਬਿਕ੍ਰਮੀ ਖੇਲ ਅਪਾਰਾ, ਹਰਿ ਸਾਚਾ ਸਚ ਕਰਾਇੰਦਾ । ਗੁਰਸਿਖ ਸਾਚੇ ਕਰੇ ਪਿਆਰਾ, ਚਰਨ ਕਵਲ ਇਕ ਦਰਸਾਇੰਦਾ । ਗੁਰਮੁਖਾਂ ਦੇਵੇ ਨਾਮ ਅਧਾਰਾ, ਆਪਣਾ ਨਾਉਂ ਆਪ ਸੁਣਾਇੰਦਾ । ਸੰਤਾਂ ਮੇਲ ਮਿਲਾਵਾ ਕੰਤ ਭਤਾਰਾ, ਨਾਰੀ ਕੰਤ ਰੰਗ ਰੰਗਾਇੰਦਾ । ਭਗਤ ਭਗਵੰਤ ਸੋਹਣ ਇਕ ਦਵਾਰਾ, ਦਰ ਦਰਵਾਜ਼ਾ ਆਪ ਖੁਲ੍ਹਾਇੰਦਾ । ਪਹਿਲੀ ਫਲਗੁਣ ਸਾਚੀ ਵਾਰ ਥਿਤ ਵਿਚਾਰਾ, ਚਾਰ ਜੁਗ ਪੂਰਬ ਲੇਖਾ ਵੇਖ ਵਖਾਇੰਦਾ । ਭੁਲ ਨਾ ਜਾਏ ਹਰਿ ਅਭੁਲ ਨਿਰੰਕਾਰਾ, ਭਰਮ ਭੁਲੇਖਾ ਸਰਬ ਕਢਾਇੰਦਾ । ਗੁਰਮੁਖ ਗੁਰਸਿਖ ਸੰਤ ਭਗਤ ਆਪੇ ਕਰੇ ਸਚ ਪਿਆਰਾ, ਅੰਤਰ ਆਤਮ ਮੇਲ ਮਿਲਾਇੰਦਾ । ਲੱਖ ਚੁਰਾਸੀ ਵਿਚੋਂ ਕੱਢੇ ਬਾਹਰਾ, ਜਿਸ ਜਨ ਆਪਣੇ ਖਾਤੇ ਪਾਇੰਦਾ । ਸ੍ਰਿਸ਼ਟ ਸਬਾਈ ਨਾ ਮਿਲੇ ਕੋਇ ਦਵਾਰਾ, ਰਾਏ ਧਰਮ ਹੱਥ ਫੜਾਇੰਦਾ । ਵੀਹ ਸੌ ਵੀਹ ਬਿਕ੍ਰਮੀ ਤਕ ਗਿਆਰਾਂ ਲੱਖ ਦਏ ਆਧਾਰਾ, ਬਾਕੀ ਸ਼ੌਹ ਦਰਯਾਏ ਆਪ ਰੁੜ੍ਹਾਇੰਦਾ । ਵੀਹ ਸੌ ਸਤਾਰਾਂ ਬਿਕ੍ਰਮੀ ਆਪਣੀ ਹੱਥੀਂ ਲਾਏ ਪਾਰ ਕਿਨਾਰਾ, ਜਿਸ ਜਨ ਆਪਣੇ ਬੇੜੇ ਆਪ ਚੜ੍ਹਾਇੰਦਾ । ਲੋਕਮਾਤ ਨਾ ਆਏ ਦੂਜੀ ਵਾਰਾ, ਮਾਤ ਗਰਭ ਨਾ ਫੇਰਾ ਪਾਇੰਦਾ । ਤੀਰਥ ਤੱਟਾਂ ਮਾਰੇ ਮਾਰਾ, ਭੇਖ ਪਖੰਡਾ ਸਰਬ ਗਵਾਇੰਦਾ । ਨਿਹਕਲੰਕ ਨਰ ਨਰਾਇਣ ਨਾ ਕਿਸੇ ਵਿਚਾਰਾ, ਅੰਤ ਜੀਵਣ ਮੁਕਤ ਨਾ ਕੋਇ ਕਹਾਇੰਦਾ । ਸੋ ਉਤਰੇ ਪਾਰ ਜਿਸ ਦੇਵੇ ਦਰਸ ਆਪ ਕਰਤਾਰਾ, ਜਪ ਤਪ ਹਠ ਜੋਗ ਅਭਿਆਸ ਕੋਇ ਰਹਿਣ ਨਾ ਪਾਇੰਦਾ । ਜਮਨਾ ਸੁਰਸਤੀ ਗੋਦਾਵਰੀ ਗੰਗਾ ਨਾ ਬੁਝਾਏ ਕਿਸੇ ਦੀ ਪਿਆਸ, ਪਿਆਸਾ ਜੀਵ ਸਰਬ ਕੁਰਲਾਇੰਦਾ । ਬਿਨ ਹਰਿ

ਪੂਰੀ ਕਰੇ ਨਾ ਕੋਇ ਆਸ, ਨਾਨਕ ਗੋਬਿੰਦ ਏਹ ਸਮਝਾਇੰਦਾ । ਮੂਸੇ ਈਸੇ ਸੰਗ ਮੁਹੰਮਦ ਕਰਨ ਤਰਾਸ ਤਰਾਸ, ਨੇਤਰ ਨੈਣ ਨਾ ਕੋਇ ਉਠਾਇੰਦਾ । ਲਾੜੀ ਮੌਤ ਧਰਮ ਰਾਏ ਸੰਗ ਹੱਥ ਵਿਚ ਫੜ ਕੇ ਬੈਠੀ ਫਾਸ, ਪੁਰਖ ਅਬਿਨਾਸ਼ੀ ਸ਼ਬਦ ਫਾਸੀ ਇਕ ਲਟਕਾਇੰਦਾ । ਬਚਿਆ ਰਹੇ ਨਾ ਕੋਇ ਪੰਡਤ ਕਾਂਸੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਭੇਵ ਚੁਕਾਇੰਦਾ । ਵੀਹ ਸੌ ਸਤਾਰਾਂ ਬਿਕ੍ਰਮੀ ਅੰਤਮ ਮਾਸ, ਭਗਤਨ ਹਰਿ ਵਡਿਆਇਆ । ਹਰਿ ਸੰਗਤ ਪੂਰੀ ਕਰੇ ਆਸ, ਸ੍ਰਿਸ਼ਟ ਸਬਾਈ ਸ਼ੋਹ ਦਰਯਾ ਰੁੜ੍ਹਾਇਆ । ਲੇਖਾ ਜਾਣੇ ਪ੍ਰਿਥਮੀ ਆਕਾਸ, ਗਗਨ ਗਗਨੰਤਰ ਵੇਖ ਵਖਾਇਆ । ਜਿਸ ਜਨ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਗਾਇਆ ਆਪਣੇ ਇਕ ਸਵਾਸ, ਸਵਾਸ ਲੈਣ ਮੁੜ ਕੇ ਲੋਕਮਾਤ ਵਿਚ ਨਾ ਆਇਆ । ਲੇਖੇ ਲਾਏ ਜਗਤ ਗਰਾਸ, ਰਸਨਾ ਚਖ ਜੋ ਰਸ ਵਖਾਇਆ । ਗੁਰਸਿਖਾਂ ਬਣੇ ਪਹਿਲੋਂ ਆਪ ਦਾਸ, ਫਿਰ ਗੁਰਸਿਖਾਂ ਸਾਚੀ ਸੇਵ ਕਮਾਇਆ । ਗੁਰਸਿਖ ਹੋਇ ਨਾ ਕੋਇ ਵਿਨਾਸ, ਵਿਸ਼ਨ ਬ੍ਰਹਮਾ ਸ਼ਿਵ ਆਦਿ ਜੁਗਾਦਿ ਰਹੇ ਜਸ ਗਾਇਆ । ਜਿਸ ਜਨ ਮਿਲਿਆ ਆਪ ਪੁਰਖ ਅਬਿਨਾਸ਼, ਜੰਗਲ ਜੂਹ ਉਜਾੜ ਪਹਾੜ ਲੱਭਣ ਕਿਉਂ ਕਿਸੇ ਘਰ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੌਂ ਸੌ ਚੁਰਾਨਵੇ ਚੌਕੜੀ ਜੁਗ ਬਿਨ ਗੁਰਸਿਖਾਂ ਰਿਹਾ ਉਦਾਸ, ਗੁਰਸਿਖ ਉਪਜਾਵਣ ਖ਼ਾਤਰ ਗੁਰ ਅਵਤਾਰ ਰਿਹਾ ਘਲਾਇਆ । ਕਲਜੁਗ ਅੰਤਮ ਪਰਗਟਾਏ ਆਪਣੇ ਅੱਖਰ ਨਾ ਕੋਈ ਲਾਏ ਲਗ ਮਾਤਰ, ਸਿਹਾਰੀ ਬਿਹਾਰੀ ਕੰਨਾ ਔਂਕੜ ਬਿੰਦੀ ਟਿਪੀ ਨਾ ਮੇਲ ਮਿਲਾਇਆ । ਏਕਾ ਅੱਖਰ ਦੱਸੇ ਸੁਧਾਖਰ, ਸੁਧ ਅਸੁਧ ਹੋਇ ਕਦੇ ਨਾ ਜਾਇਆ । ਲੱਖ ਚੁਰਾਸੀ ਨਾਮ ਮਧਾਣਾ ਵਰੋਲ ਗੁਰਸਿਖ ਕੱਢੇ ਮਾਖਣ, ਪਰੇਮ ਨੇਤਰਾ ਏਕਾ ਪਾਇਆ । ਗੁਰਸਿਖ ਸਦਾ ਬਣਿਆ ਰਹੇ ਚਾਤਰ, ਹਰਿ ਜੂ ਹਰਿ ਹਰਿ ਮੂਰਖ ਮੁਗਧ ਆਪਣਾ ਨਾਉਂ ਧਰਾਇਆ । ਗੁਰਸਿਖਾਂ ਕਰਨ ਆਇਆ ਅੰਤਮ ਖ਼ਾਤਰ, ਆਪ ਆਪਣਾ ਭਸਮ ਕਰਾਇਆ । ਸ਼ਬਦ ਸੁਣਾਏ ਸਾਚੀ ਗਾਥੜ, ਪਾਰਬ੍ਰਹਮ ਪ੍ਰਭ ਆਪ ਅਲਾਇਆ । ਕਿਆ ਕੋਈ ਭੇਵ ਜਾਣੇ ਬਾਤਨ, ਜਮਾਲ ਬਾਤਨ ਗੁਰਮੁਖਾਂ ਵਿਚ ਟਿਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਤਰਾਇਆ, ਬੀਸ ਸਤਾਰਾਂ ਸਾਚੀ ਧਾਰ, ਹਰਿ ਸੱਜਣ ਆਪ ਚਲਾਇੰਦਾ । ਬਾਵਨ ਬਾਵਨ ਭੇਵ ਨਿਆਰ, ਬਾਵਨ ਆਪਣਾ ਰੂਪ ਵਟਾਇੰਦਾ । ਬਾਵਨ ਅੱਖਰ ਕਰ ਪਿਆਰ, ਨਿਸ਼ਅੱਖਰ ਵਿਚ ਟਿਕਾਇੰਦਾ । ਬਾਵਨ ਬਰਸ ਵਿਚ ਸੰਸਾਰ, ਰੂਪ ਅਨੂਪ ਆਪ ਵਖਾਇੰਦਾ । ਬਾਵਨ ਸਭ ਤੋਂ ਵਸੇ ਬਾਹਰ, ਹੱਥ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਈ ਅਠਾਰਾਂ ਦਸ ਇਕ ਆਪਣਾ ਖੇਲ ਖਿਲਾਇੰਦਾ । ਇਕ ਦਸ ਖੇਲ ਖਿਲਾਇਆ, ਅਠਾਰਾਂ ਚਰਨ ਵਡਿਆਈਆ । ਤੇਈ ਰੂਪ ਮਾਤ ਵਟਾਇਆ, ਪੁਰਖ ਅਬਿਨਾਸ਼ੀ ਬੇਪਰਵਾਹੀਆ । ਇਕਾਵਨ ਆਪਣਾ ਅੰਗ ਲਗਾਇਆ, ਬਾਵਨ ਨਿਰਗੁਣ ਸੰਗ ਰਖਾਈਆ । ਨਿਰਗੁਣ ਸਾਚਾ ਰਾਹ ਚਲਾਇਆ, ਮਹਾਂਸਾਰਥੀ ਬਣ ਸ਼ਹਿਨਸ਼ਾਹੀਆ । ਕਲਜੁਗ ਅੰਤਮ ਵੇਖ ਵਖਾਇਆ, ਵੇਖਣਹਾਰਾ ਰੂਪ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਉਠਾਈਆ । ਹਰਿਜਨ ਆਪ ਉਠਾਇਆ, ਦੀਨਾਂ ਨਾਥ ਦੀਨ ਦਿਆਲ । ਕਲਜੁਗ ਅੰਤਮ ਵੇਖ ਵਖਾਇਆ, ਲੇਖਾ ਜਾਣੇ ਸ਼ਾਹ ਕੰਗਾਲ । ਗੁਰਮੁਖ ਸਾਚਾ ਪਾਰ ਕਰਾਇਆ, ਗੁਰ ਸ਼ਬਦੀ ਬਣ ਦਲਾਲ । ਹਾਲ ਮੁਰੀਦਾਂ ਆਪ ਸੁਣਾਇਆ, ਸਤਿ ਪੁਰਖ ਪੁਰਖ ਅਕਾਲ । ਦੀਦਾ ਦਾਨਿਸਤਾ ਰੂਪ ਵਟਾਇਆ, ਦੀਨਨ ਹਰਿ ਨਰ ਗੋਪਾਲ ।

ਆਹਿਸਤਾ ਆਹਿਸਤਾ ਆਪਣੀ ਧਾਰ ਚਲਾਇਆ, ਚਾਲ ਅਵਲੜੀ ਆਪ ਵਖਾਲ । ਸਚ ਫ਼ਰਿਸ਼ਤਾ ਇਕ ਉਡਾਇਆ, ਸ਼ਬਦ ਸਰੂਪੀ ਕਾਲ ਮਹਾਕਾਲ । ਮੇਲ ਮਿਲਾਇਆ, ਪਾਰਬ੍ਰਹਮ ਸੁਰਤ ਸੰਭਾਲ । ਅਗੰਮ ਰੰਗ ਰੰਗਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਹੋਇਆ ਜਾਣੀ ਜਾਣ । ਜਾਨਣਹਾਰਾ ਜਾਣਦਾ, ਆਦਿ ਜੁਗਾਦੀ ਕਾਰ । ਵੇਦ ਕਤੇਬ ਨਾ ਕੋਈ ਪਛਾਣਦਾ, ਖਾਣੀ ਬਾਣੀ ਨਾ ਕੋਈ ਵਿਚਾਰ । ਜੁਗਾ ਜੁਗੰਤਰ ਖੇਲ ਸ੍ਰੀ ਭਗਵਾਨ ਦਾ, ਜਾਗਰਤ ਜੋਤ ਕਰੇ ਉਜਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਗੁਰਮੁਖ ਸੱਜਣ ਲਏ ਉਭਾਰ । ਗੁਰਸਿਖ ਆਪ ਉਭਾਰਿਆ, ਕਰ ਕਿਰਪਾ ਕਰਤਾਰ । ਮਾਣਸ ਜਨਮ ਸਵਾਰਿਆ, ਜਿਸ ਬਖ਼ਸ਼ੇ ਚਰਨ ਪਿਆਰ । ਨਾਤਾ ਤੁਟੇ ਅੰਤ ਸੰਸਾਰਿਆ, ਮਿਲੇ ਹਰਿ ਜੂ ਮੀਤ ਮੁਰਾਰ । ਮਸਲਾ ਆਪਣਾ ਆਪ ਬਣਾ ਲਿਆ, ਹਰਿ ਸੰਗਤ ਨਾਲ ਕਰ ਪਿਆਰ । ਸ੍ਰਿਸ਼ਟ ਸਬਾਈ ਧੱਕਾ ਲਾ ਲਿਆ, ਗੁਰਸਿਖਾਂ ਦਾ ਲਏ ਸਹਾਰ । ਧਰਤ ਮਾਤ ਮਾਣ ਦਿਵਾ ਲਿਆ, ਹਰਿ ਸੰਗਤ ਬਖ਼ਸ਼ੇ ਤੇਰੀ ਚਰਨ ਧੂੜ ਛਾਰ । ਆਪਣਾ ਨਾਉਂ ਤੇਰੀ ਝੋਲੀ ਪਾ ਲਿਆ, ਤੇਰਾ ਵਿਕਾਰਾ ਆਪਣੀ ਝੋਲੀ ਡਾਰ । ਆਪਣਾ ਭਾਨ ਤੇਰੇ ਅੰਦਰ ਚਮਕਾ ਲਿਆ, ਤੇਰਾ ਅੰਧੇਰਾ ਆਪਣੀ ਰੱਖੇ ਸਾਚੀ ਖਾਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਗੁਰਸਿਖਾਂ ਉਪਰ ਹੋਇਆ ਆਪ ਮਿਹਰਵਾਨ । ਮਿਹਰਵਾਨ ਸਦਾ ਜਗ ਮੰਗਦਾ, ਮੰਗੇ ਮੰਗ ਕਰਤਾਰਾ । ਗੁਰਮੁਖ ਤੇਰਾ ਦਵਾਰਾ ਇਕੋ ਲੰਘਦਾ, ਨਾਤਾ ਤੋੜ ਸਰਬ ਸੰਸਾਰਾ । ਗੁਰਸਿਖ ਕੋਲ ਆ ਕਦੇ ਨਾ ਸੰਗਦਾ, ਲੱਖ ਚੁਰਾਸੀ ਕੋਲੋਂ ਸੁਤਾ ਪੈਰ ਪਸਾਰਾ । ਕਲਜੁਗ ਅੰਤਮ ਗੁਰਸਿਖ ਤੇਰਾ ਕਾਇਆ ਚੋਲਾ ਆਪਣੀ ਹੱਥੀਂ ਰੰਗਦਾ, ਨਿਰਗੁਣ ਬਣਿਆ ਸਰਗੁਣ ਲਲਾਰਾ । ਕਰਿਆ ਖੇਲ ਸੂਰੇ ਸਰਬੰਗ ਦਾ, ਦੂਜੇ ਦਰ ਨਾ ਬਣੇ ਭਿਖਾਰਾ । ਮਨਮੁਖਾਂ ਏਕਾ ਹੁਕਮ ਧਰਮ ਰਾਏ ਦਰ ਟੰਗਦਾ, ਸ਼ਬਦ ਅਗੰਮੀ ਬਣ ਲਿਖਾਰਾ । ਗੁਰਸਿਖਾਂ ਵੇਲਾ ਆਇਆ ਪਰਮਾਨੰਦ ਦਾ, ਨਿਜ ਆਤਮ ਦੇ ਹੁਲਾਰਾ । ਮਨਮੁਖ ਕਾਚੀ ਵੰਗ ਭੰਨਦਾ, ਘੜਨ ਭੰਨਣਹਾਰ ਇਕ ਠਠਿਆਰਾ । ਲੇਖਾ ਜਾਣੇ ਕੋਟਨ ਕੋਟ ਬ੍ਰਹਿਮੰਡ ਦਾ, ਬ੍ਰਹਮਾ ਵਿਸ਼ਨ ਸ਼ਿਵ ਕੀ ਕਰੇ ਵਿਚਾਰਾ । ਜੇਰਜ ਅੰਡਜ ਉਤਭੁਜ ਸੇਤਜ ਤ੍ਰੈਗੁਣ ਮਾਇਆ ਪੰਜ ਤੱਤ ਇਕੋ ਦਾਨ ਮੰਗਦਾ, ਹਰਿ ਕਾ ਨਾਉਂ ਅਪਰ ਅਪਾਰਾ । ਨੌ ਸੌ ਚੁਰਾਨਵੇ ਚੌਕੜੀ ਜੁਗ ਯੁਗ ਜੁਗ ਟੁੱਟੀ ਆਪਣੀ ਹੱਥੀਂ ਗੰਢ ਦਾ, ਗੰਢ ਦੇਵੇ ਦੇਵਣਹਾਰਾ । ਲੇਖਾ ਜਾਣੇ ਇੰਡ ਪਿੰਡ ਬ੍ਰਹਿਮੰਡ ਦਾ, ਸਚਖੰਡ ਵਸਿਆ ਆਪ ਨਿਰੰਕਾਰਾ । ਸਚੇ ਸਾਹਿਬ ਨੂੰ ਕਿਆ ਕੋਈ ਨਿੰਦ ਦਾ, ਨਿੰਦਿਆ ਉਸਤਤ ਵਸਿਆ ਬਾਹਰਾ । ਵੇਖੇ ਖੇਲ ਗੁਣੀ ਗਹਿੰਦ ਦਾ, ਕਲਜੁਗ ਅੰਤਮ ਹੋਏ ਉਜਿਆਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦਰ ਬੈਠ ਠਾਂਡੇ ਦਰਬਾਰਾ । ਠਾਂਡੇ ਘਰ ਹਰਿ ਜੂ ਵਸਿਆ, ਸਚਖੰਡ ਸੱਚਾ ਦਰਬਾਰ । ਆਦਿ ਜੁਗਾਦਿ ਫਿਰੇ ਨੱਸਿਆ, ਜਨ ਭਗਤਾਂ ਰਿਹਾ ਪੈਜ ਸਵਾਰ । ਹਿਰਦੇ ਅੰਦਰ ਚਤੁਰਭੁਜ ਹੋ ਹੋ ਆਪੇ ਵਸਿਆ, ਹਰਿ ਕਾ ਚਿੱਤਰ ਚਿਤਰ ਨਾ ਸਕੇ ਕੋਇ ਵਿਚ ਸੰਸਾਰ । ਮਨਮੁਖ ਜੀਵਾਂ ਕੋਲੋਂ ਸਦਾ ਨੱਸਿਆ, ਭੱਜਿਆ ਜਾਏ ਵਾਹੋ ਦਾਹ ਪਾਰ ਕਰਾਏ ਜੰਗਲ ਜੂਹ ਉਜਾੜ ਪਹਾੜ । ਗੁਰਸਿਖ ਗ਼ਰੀਬ ਨਿਮਾਣਿਆਂ ਅਗੇ ਹੋ ਹੋ ਆਪੇ ਹੱਸਿਆ, ਬਣਿਆ ਰਹੇ ਫ਼ਰਮਾਬਰਦਾਰ । ਫੜ ਫੜ ਬਾਹੋਂ ਮਾਰਗ ਆਪੇ ਦੱਸਿਆ, ਦਿਵਸ ਰੈਣ ਨਾ ਕਰੇ ਕੋਇ ਵਿਚਾਰ । ਆਪਣਾ ਮੰਤਰ ਗੁਰਸਿਖਾਂ ਮਨ ਉਤੇ ਆਪ ਝਸਿਆ, ਦੂਈ ਦਵੈਤ ਦੁਰਮਤ ਮੈਲ ਦਏ ਉਤਾਰ । ਸ਼ਬਦ

ਨਿਰਾਲਾ ਤੀਰ ਏਕਾ ਕਸਿਆ, ਏਕਾ ਵਾਰ ਮਾਰੇ ਮਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਕਰੇ ਪਿਆਰ । ਕਰੇ ਪਿਆਰ ਪਿਆਰਾ ਮੀਤੜਾ, ਬਿਰਹੋਂ ਰੋਗ ਕੱਢੇ ਅੱਗ । ਕਾਇਆ ਚੋਲੀ ਰੰਗੇ ਚੀਥੜਾ, ਦਰਸ ਵਖਾਏ ਉਪਰ ਸ਼ਾਹ ਰਗ । ਅੰਮ੍ਰਿਤ ਜਾਮ ਪਿਆਏ ਇਕ ਅਨਡੀਠੜਾ, ਭਰ ਪਿਆਲਾ ਸੂਰਾ ਸਰਬੱਗ । ਪਤਿਤ ਪਾਪੀ ਕਰੇ ਪੁਨੀਤੜਾ, ਜੋ ਜਨ ਸਰਨਾਈ ਜਾਏ ਲੱਗ । ਮਿਠਾ ਕਰੇ ਕੌੜਾ ਰੀਠੜਾ, ਮਾਣਸ ਹੰਸ ਰੂਪ ਵਟਾਏ ਕਗ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਵੇਖੇ ਸਾਚੇ ਹੀਰੇ ਨਗ । ਹੀਰਾ ਨਗ ਜਵਾਹਰ ਮਾਣਕ ਮੋਤੀ, ਗੁਰਸਿਖ ਗੁਰ ਗੁਰ ਵਡਿਆਇੰਦਾ । ਨਿਰਗੁਣ ਨਿਰਵੈਰ ਜਗਾਏ ਨਿਰਮਲ ਜੋਤੀ, ਨੂਰ ਨੁਰਾਨਾ ਡਗਮਗਾਇੰਦਾ । ਫੜ ਬਹਾਏ ਏਕਾ ਚੋਟੀ, ਸਚ ਸਿੰਘਾਸਣ ਸੋਭਾ ਪਾਇੰਦਾ । ਏਕਾ ਵਾਰ ਕੱਢੇ ਵਾਸਨਾ ਖੋਟੀ, ਵਾਸਤਕ ਆਪਣਾ ਰੂਪ ਦਰਸਾਇੰਦਾ । ਲੱਭਦੇ ਫਿਰਦੇ ਕੋਟਨ ਕੋਟੀ, ਕਾਇਆ ਕੋਟ ਨਾ ਕੋਇ ਫੋਲਾਇੰਦਾ । ਮਨੀ ਸਿੰਘ ਤੇਰਾ ਪੂਰਾ ਕੀਤਾ ਕੌਲ ਕਰਮ ਸਿੰਘ ਦਰ ਆਇਆ ਡੇਰਾ ਲਗਾਇਆ ਮਰਦਾਨ ਹੋਤੀ, ਸੁਰਤੀ ਸੁਰਤੀ ਸੋਤੀ ਆਪ ਜਗਾਈਆ । ਵੀਹ ਸੌ ਸਤਾਰਾਂ ਬਿਕ੍ਰਮੀ ਪਹਿਲੀ ਫੱਗਣ ਆਪ ਮਨਾਈ ਆਤਮਾ ਰੋਤੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਹੱਥ ਰੱਖੀ ਵਡਿਆਈਆ । ਕਰਮ ਸਿੰਘ ਤੇਰਾ ਕਰਮ ਗੁਣ, ਨਿਹਕਰਮੀ ਵੇਖ ਵਖਾਇੰਦਾ । ਸੰਤ ਭਗਵੰਤ ਪੁਕਾਰ ਰਿਹਾ ਸੁਣ, ਭੁੱਲ ਕਦੇ ਨਾ ਜਾਇੰਦਾ । ਦੂਜੇ ਜਾਮੇ ਲਿਆ ਚੁਣ, ਪਿਛਲਾ ਲੇਖਾ ਲੇਖੇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਾਲੀ ਬੁਧ ਮੇਲ ਮਿਲਾਇੰਦਾ । ਬਾਲੀ ਬੁਧ ਹਰਿ ਮੇਲ ਮਿਲਾਇਆ, ਦਇਆ ਕਰੇ ਦੀਨ ਕਾ ਨਾਥ । ਕਰਮ ਘਾਟ ਹਰਿ ਪਾਰ ਕਰਾਇਆ, ਲੇਖਾ ਮੁਕਾਇਆ ਆਪਣੀ ਵਾਟ । ਮਾਣਸ ਰੂਪ ਮਾਣਸ ਧਰਾਇਆ, ਮਾਣਸ ਰਖਾਈ ਸਾਚੀ ਜ਼ਾਤ । ਓਤ ਪੋਤ ਪੁਤ ਪੋਤਰਾ ਏਕਾ ਰੰਗ ਵਖਾਇਆ, ਮਿਟੇ ਅੰਧੇਰੀ ਰਾਤ । ਵਿਚਲਾ ਲੇਖਾ ਨਾ ਕਿਸੇ ਜਣਾਇਆ, ਪੁਰਖ ਅਬਿਨਾਸ਼ੀ ਆਪਣੇ ਵਿਚ ਸਮਾਈ ਤੇਰੀ ਗਾਥ । ਮਾਣ ਸਿੰਘ ਤੇਰਾ ਬਾਪ ਬਣਾਇਆ, ਸਿੰਘ ਨਰਾਇਣ ਪੋਤਰਾ ਦਾਤ । ਮਨੀ ਸਿੰਘ ਮਿਲ ਹਰਿ ਦਰਸ਼ਨ ਪਾਇਆ, ਪਹਿਲੀ ਫੱਗਣ ਸੁਹਾਵੀ ਰਾਤ । ਭਿੰਨੜੀ ਰੈਣ ਖ਼ੁਸ਼ੀ ਮਨਾਇਆ, ਹਰਿ ਮਿਲਿਆ ਕਮਲਾਪਾਤ । ਗੁਰਮੁਖ ਸਖ਼ੀਆਂ ਮੰਗਲ ਗਾਇਆ, ਘਰ ਵੱਜਿਆ ਸਾਚਾ ਨਾਦ । ਹਰਿ ਸੰਗਤ ਤੇਰਾ ਮੇਲ ਮਿਲਾਇਆ, ਮੇਲ ਮਿਲਾਵਾ ਆਦਿ ਜੁਗਾਦਿ । ਕਲਜੁਗ ਜੀਵਾਂ ਲੇਖਾ ਰਹੇ ਨਾ ਰਾਇਆ, ਪੂਰਾ ਕਰੇ ਨਾ ਕੋਇ ਘਾਟ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸੰਮਤ ਸਤਾਰਾ ਰਾਏ ਧਰਮ ਸੁਹਾਏ ਤੇਰੀ ਖਾਟ । ਰਾਏ ਧਰਮ ਤੇਰਾ ਖਾਟ ਖਟੋਲਾ, ਹਰਿ ਸਾਚਾ ਵੇਖ ਵਖਾਇੰਦਾ । ਅਠ ਅਠਾਰਾਂ ਅਠਾਈ ਤੇਰਾ ਗੋਲਾ, ਸਾਚਾ ਹੁਕਮ ਸੁਣਾਇੰਦਾ । ਨਿਰਗੁਣ ਨਿਰਵੈਰ ਬਣਿਆ ਤੋਲਾ, ਸਾਚਾ ਕੰਡਾ ਇਕ ਉਠਾਇੰਦਾ । ਗੋਬਿੰਦ ਗੁਰ ਬਣ ਵਿਚੋਲਾ, ਸਾਚਾ ਮੇਲ ਮਿਲਾਇੰਦਾ । ਅੰਤਮ ਸਭ ਦਾ ਪੜਦਾ ਖੋਲ੍ਹਾ, ਜਗਤ ਪੜਦਾ ਨਾ ਕੋਇ ਰਖਾਇੰਦਾ । ਕਲਜੁਗ ਮਿਟੇ ਝੂਠਾ ਬੋਲਾ, ਸੋਹੰ ਢੋਲਾ ਇਕ ਸੁਣਾਇੰਦਾ । ਮਨ ਮਤ ਬੁਧ ਪਾਏ ਰੌਲਾ, ਚੌਦਾਂ ਚੌਦਾਂ ਸਰਬ ਕੁਰਲਾਇੰਦਾ । ਪੰਦਰਾਂ ਅੰਦਰਾਂ ਚੁੱਕਿਆ ਡੋਲਾ, ਮੰਦਰਾਂ ਕੰਦਰਾਂ ਫੋਲ ਫੁਲਾਇੰਦਾ । ਸੋਲਾਂ ਸੋਲਾਂ ਸੋਲਾਂ ਖੇਲੇ ਹੋਲਾ, ਗੁਰਮੁਖਾਂ ਰੰਗ ਰੰਗਾਇੰਦਾ । ਸੰਮਤ ਸਤਾਰਾਂ ਬਣਿਆ ਭਾਲਾ ਭੋਲਾ, ਸ੍ਰਿਸ਼ਟ ਸਬਾਈ ਆਪ ਰੁੜ੍ਹਾਇੰਦਾ । ਰੂਪ ਵਟਾਏ ਮੌਲਾ ਮੌਲਾ, ਮੌਲਾ ਆਪਣੀ ਕਲ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਸਾਚਾ ਮਸਲਾ ਹਰਿ ਸੰਗਤ ਤੇਰਾ ਪਿਆਰ, ਵਿਚ ਸੰਸਾਰ ਆਪ ਧਰਾਇੰਦਾ । ਸਾਚਾ ਮਸਲਾ ਹਰਿ ਸੰਗਤ ਮੇਲਾ, ਸ੍ਰੀ ਭਗਵਾਨ ਬਣਾਇਆ । ਏਕਾ ਰੰਗ ਰੰਗਾਏ ਗੁਰੂ ਗੁਰ ਚੇਲਾ, ਰੰਗਣਹਾਰਾ ਇਕ ਅਖਵਾਇਆ । ਏਕਾ ਘਰ ਮਿਲੇ ਸੱਜਣ ਸੁਹੇਲਾ, ਘਰ ਸੁਹੰਜਣਾ ਇਕ ਵਡਿਆਇਆ । ਏਕਾ ਦਰ ਚੜ੍ਹੇ ਤੇਲਾ, ਏਕਾ ਸਾਚਾ ਸਗਨ ਮਨਾਇਆ । ਏਕਾ ਵਕਤ ਏਕਾ ਵੇਲਾ, ਏਕਾ ਹਰਿ ਜੂ ਹੋਏ ਸਹਾਇਆ । ਅਚਰਜ ਖੇਲ ਪਾਰਬ੍ਰਹਮ ਪ੍ਰਭ ਖੇਲਾ, ਏਕਾ ਏਕ ਭੇਵ ਕਿਸੇ ਨਾ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਸਲਾ ਇਕ ਸਮਝਾਇਆ । ਸਾਚਾ ਮਸਲਾ ਸੁਣਨਾ ਕਰ ਧਿਆਨ, ਹਰਿ ਸੰਗਤ ਹਰਿ ਜਣਾਇੰਦਾ । ਵੇਲੇ ਅੰਤ ਹੋਣਾ ਪਰਵਾਨ, ਗੁਰਸਿਖ ਵਿਛੜ ਕਦੇ ਨਾ ਜਾਇੰਦਾ । ਸ੍ਰਿਸ਼ਟ ਸਬਾਈ ਕਾਇਆ ਪੰਜ ਤੱਤ ਹੋਏ ਵੈਰਾਨ, ਤੱਤ ਤੱਤਾਂ ਵਿਚ ਸਮਾਇੰਦਾ । ਧੰਨ ਗੁਰਸਿਖ ਧੰਨ ਗੁਰਸਿਖ ਧੰਨ ਗੁਰਸਿਖ ਜਿਸ ਹਰਿ ਜੂ ਕਰੇ ਪਛਾਣ, ਹਰਿ ਹੋ ਨਿਮਾਣਾ ਗੁਰਸਿਖਾਂ ਦਰ ਦਰ ਲੱਭਣ ਆਇੰਦਾ । ਆਪ ਮੰਨਦਾ ਰਹੇ ਆਪਣਾ ਭਾਣਾ, ਗੁਰਸਿਖਾਂ ਭਾਣਾ ਆਪਣੇ ਸਿਰ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨੂਰ ਇਲਾਹੀ ਆਪਣਾ ਦੇਵੇ ਇਕ ਬਿਆਨਾ, ਬਿਆਨ ਆਪਣੇ ਅੱਗੇ ਰਖਾਇੰਦਾ ।



ਭੁਲਿਆਂ ਮਾਰਗ ਪਾਂਵਦਾ, ਪਿਤਾ ਪੂਤ ਆਧਾਰ । ਜਗਤ ਦੁੱਖ ਭੁੱਖ ਗਵਾਂਵਦਾ, ਕਿਰਪਾ ਕਰ ਆਪ ਕਰਤਾਰ । ਜਗਤ ਸੁਖ ਇਕ ਵਖਾਂਵਦਾ, ਚਰਨ ਕਵਲ ਦੇ ਆਧਾਰ । ਸਚ ਪਰੀਤ ਮਾਣਸ ਮਨੁਖ ਗੁਰਮੁਖ ਆਪ ਉਪਜਾਂਵਦਾ, ਦੇਵੇ ਨਾਮ ਸ਼ਬਦ ਖ਼ੁਮਾਰ । ਕਾਗ ਹੰਸ ਰੂਪ ਵਟਾਂਵਦਾ, ਮਾਣਕ ਮੋਤੀ ਚੋਗ ਚੁਗੇ ਇਕ ਦਵਾਰ । ਬੁਝੀ ਜੋਤੀ ਫੇਰ ਜਗਾਂਵਦਾ, ਜੋਤੀ ਜਾਤਾ ਜਗਾਵਣਹਾਰ । ਮਾਣਕ ਮੋਤੀ ਆਪ ਵਖਾਂਵਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲਹਿਣਾ ਵੇਖ ਵਿਚਾਰ । ਪੂਰਬ ਦੁਖ ਨਵਾਰਿਆ, ਸੁਖ ਸਾਂਤਕ ਸਤਿ ਕਿਰਪਾਲ । ਆਪਣਾ ਦਰਸ ਆਪ ਵਖਾ ਲਿਆ, ਪਤ ਰਖੇ ਦੀਨ ਦਿਆਲ । ਪਿਛਲਾ ਘਾਟਾ ਮੂਲ ਚੁਕਾ ਲਿਆ, ਅਗੇ ਭਰੇ ਇਕ ਭੰਡਾਰ । ਜਗਤ ਨਿਮਾਣੀ ਗਲੇ ਲਗਾ ਲਿਆ, ਵਡ ਗੁਣ ਹੋਏ ਵਿਚ ਸੰਸਾਰ । ਸਿਰ ਸਮਰਥ ਹੱਥ ਟਿਕਾ ਲਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਹਾਏ ਦਰ ਬੰਕ ਦਵਾਰ । ਬੰਕ ਦਵਾਰ ਸੁਹਾਵਣਾ, ਘਰ ਹੋਏ ਸੋਭਾਵੰਤ । ਸਤਿਗੁਰ ਜਗਤ ਦੁੱਖ ਮਿਟਾਵਣਾ, ਘਰ ਉਪਜੇ ਰੁੱਤ ਬਸੰਤ । ਬੰਸ ਅੰਸ ਇਕ ਵਖਾਵਣਾ, ਪਤ ਰਖੇ ਹਰਿ ਪਤਵੰਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਭੰਡਾਰਾ ਅਤੁਟ ਅਗਣਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਚੁਕਾਏ ਬਾਲ ਨਾਦਾਨ, ਅੱਗੇ ਬਣਾਏ ਸਾਚੀ ਬਣਤ ।

## ★ ੧੧ ਫਲਗੁਣ ੨੦੧੭ ਬਿਕ੍ਰਮੀ ਕਾਕਾ ਸਰਜੀਤ ਸਿੰਘ ਸਪੁਤਰ ਬੀਬੀ ਰਣਜੀਤ ਕੌਰ ਦੇ ਜਨਮ ਦਿਨ ਤੇਰਵੇ ਸਾਲ ਮਨੌਣ ਦੇ ਸਮੇਂ ਜੇਠੂਵਾਲ ਦਰਬਾਰ ਵਿਚ ਦਇਆ ਹੋਈ ★



ਗੁਰਸਿਖ ਸਦਾ ਪ੍ਰਿਤਪਾਲਦਾ, ਆਦਿ ਜੁਗਾਦੀ ਏਕੰਕਾਰ । ਲੇਖਾ ਜਾਣੇ ਦੋ ਜਹਾਨ ਦਾ, ਪਾਰਬ੍ਰਹਮ ਬੇਐਬ ਪਰਵਰਦਿਗਾਰ । ਕਰੇ ਖੇਲ ਸ੍ਰੀ ਭਗਵਾਨ ਦਾ, ਨਿਰਗੁਣ ਰੂਪ ਅਗੰਮ ਅਪਾਰ । ਆਪਣਾ ਖੇਲ ਆਪੇ ਜਾਣਦਾ, ਜਾਨਣਹਾਰ ਸ਼ਹਿਨਸ਼ਾਹ ਸੱਚੀ ਸਰਕਾਰ । ਕ਼ੁਦਰਤ ਕ਼ਾਦਰ ਵੇਖ ਵਖਾਣਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗਾ ਜੁਗੰਤਰ ਸਾਚੀ ਕਾਰ । ਗੁਰਸਿਖ ਰੰਗ ਰੰਗਾਇੰਦਾ, ਰੰਗ ਰੰਗੀਲਾ ਹਰਿ ਨਿਰੰਕਾਰ । ਸਚ ਕ਼ਬੀਲਾ ਆਪ ਬਣਾਇੰਦਾ, ਜੁਗਾ ਜੁਗੰਤਰ ਹੋ ਉਜਿਆਰ । ਛੈਲ ਛਬੀਲਾ ਮੇਲ ਮਿਲਾਇੰਦਾ, ਤਖ਼ਤ ਨਿਵਾਸੀ ਸ਼ਾਹ ਸਿਕਦਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਹਰਿਜਨ ਸਾਚੇ ਵੇਖ ਵਖਾਇੰਦਾ । ਗੁਰਮੁਖ ਰੰਗ ਅਪਾਰ, ਸੋ ਪੁਰਖ ਨਿਰੰਜਣ ਆਪ ਚੜ੍ਹਾਈਆ । ਗੁਰਸਿਖ ਮੀਤ ਮੁਰਾਰ, ਹਰਿ ਪੁਰਖ ਨਿਰੰਜਣ ਮੇਲ ਮਿਲਾਈਆ । ਗੁਰਸਿਖ ਵਸੇ ਠਾਂਡੇ ਦਰ ਸੱਚੇ ਦਰਬਾਰ, ਏਕੰਕਾਰਾ ਏਕਾ ਘਰ ਬਹਾਈਆ । ਗੁਰਸਿਖ ਮੇਲਾ ਹਰਿ ਹਰਿ ਨਾਰੀ ਕੰਤ ਭਤਾਰ, ਨਾਉਂ ਨਿਰੰਜਣ ਵਡ ਵਡਿਆਈਆ । ਗੁਰਸਿਖ ਸੋਹੇ ਬੰਕ ਦਵਾਰ, ਸ੍ਰੀ ਭਗਵਾਨ ਸਿਰ ਆਪਣਾ ਹੱਥ ਰਖਾਈਆ । ਗੁਰਸਿਖ ਮੰਗੇ ਮੰਗ ਬਣ ਭਿਖਾਰ, ਅਬਿਨਾਸ਼ੀ ਕਰਤਾ ਵਸਤ ਅਮੋਲਕ ਝੋਲੀ ਪਾਈਆ । ਗੁਰਸਿਖ ਚਰਨ ਕਵਲ ਚਰਨ ਹੋਏ ਸੇਵਾਦਾਰ, ਪਾਰਬ੍ਰਹਮ ਏਕਾ ਘਰ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਦੇਵੇ ਮਾਣ ਵਡਿਆਈਆ । ਗੁਰਸਿਖ ਮਾਣ ਰਖਾਇੰਦਾ, ਆਦਿ ਜੁਗਾਦੀ ਸਾਚੀ ਕਾਰ । ਨਿਰਗੁਣ ਸਰਗੁਣ ਰੂਪ ਧਰਾਇੰਦਾ, ਲੋਕਮਾਤ ਖੇਲ ਅਪਾਰ । ਵਿਸ਼ਨ ਬ੍ਰਹਮਾ ਸ਼ਿਵ ਵੇਖ ਵਖਾਇੰਦਾ, ਵੇਖਣਹਾਰਾ ਸਰਬ ਸੰਸਾਰ । ਲੱਖ ਚੁਰਾਸੀ ਫੋਲ ਫੁਲਾਇੰਦਾ, ਘਟ ਘਟ ਅੰਤਰ ਹੋ ਉਜਿਆਰ । ਆਪਣੀ ਕਰਨੀ ਕਰਤਾ ਕਿਰਤ ਕਮਾਇੰਦਾ, ਕਾਗਦ ਕ਼ਲਮ ਨਾ ਲਿਖਣਹਾਰ । ਬੰਕ ਦਵਾਰਾ ਇਕ ਸੁਹਾਇੰਦਾ, ਘਰ ਮੰਦਰ ਕਰ ਤਿਆਰ । ਸ਼ਬਦ ਅਨਾਦੀ ਗੀਤ ਅਲਾਇੰਦਾ, ਗੋਬਿੰਦ ਢੋਲਾ ਬੋਲ ਜੈਕਾਰ । ਸਾਚਾ ਅੰਮ੍ਰਿਤ ਜਾਮ ਪਿਆਇੰਦਾ, ਭਰ ਪਿਆਲਾ ਨਿਝਰ ਠੰਡਾ ਠਾਰ । ਦੀਪਕ ਜੋਤੀ ਆਪ ਜਗਾਇੰਦਾ, ਬਣ ਕਮਲਾਪਾਤੀ ਮੀਤ ਮੁਰਾਰ । ਸਾਚੇ ਮੰਦਰ ਆਪ ਬਹਾਇੰਦਾ, ਗੁਰਮੁਖ ਸੱਜਣ ਲਏ ਉਭਾਰ । ਸੀਸ ਜਗਦੀਸ਼ ਛਤਰ ਝੁਲਾਇੰਦਾ, ਪਵਣ ਉਣੰਜਾ ਨਿਮਸਕਾਰ । ਤਖ਼ਤ ਨਿਵਾਸੀ ਸ਼ਾਹੋ ਸ਼ਬਾਸੀ ਸਾਚੇ ਤਖ਼ਤ ਸੋਭਾ ਪਾਇੰਦਾ, ਰਾਜ ਰਾਜਾਨਾ ਵਡ ਸਿਕਦਾਰ । ਕਲਜੁਗ ਅੰਤਮ ਵੇਸ ਵਟਾਇੰਦਾ, ਜੋਤੀ ਜਾਤਾ ਭੇਵ ਨਿਆਰ । ਰੂਪ ਅਨੂਪ ਆਪ ਧਰਾਇੰਦਾ, ਵੇਦ ਕਤੇਬ ਨਾ ਪਾਵਣ ਸਾਰ । ਗੁਰ ਅਵਤਾਰ ਸਰਬ ਰਾਹ ਤਕਾਇੰਦਾ, ਰਾਹ ਤਕੇ ਪਰਵਰਦਿਗਾਰ । ਪੀਰ ਦਸਤਗੀਰ ਨੇਤਰ ਨੈਣ ਉਠਾਇੰਦਾ, ਮੰਗਣ ਧੂੜੀ ਖ਼ਾਕ ਸਾਰ । ਕਾਤਬ ਲਿਖ ਲਿਖ ਲੇਖ ਵਖਾਇੰਦਾ, ਕਾਇਆ ਕੁਰਾ ਕਰ ਵਿਚਾਰ । ਆਪਣਾ ਨਾਮ ਆਪਣੇ ਹੱਥ ਰਖਾਇੰਦਾ, ਲੇਖਾ ਜਾਣੇ ਹੱਡ ਮਾਸ ਨਾੜੀ ਚਾਮ । ਪੰਜ ਤੱਤ ਖੇਲ ਖਿਲਾਇੰਦਾ, ਕਾਇਆ ਖੇੜਾ ਨਗਰ ਗਰਾਮ । ਮਨ ਮਤ ਬੁਧ ਬੰਧਨ ਪਾਇੰਦਾ, ਲੇਖਾ ਜਾਣੇ ਜੀਵ ਜਹਾਨ । ਲੱਖ ਚੁਰਾਸੀ ਜੋਤ ਜਗਾਇੰਦਾ, ਚਾਰੇ ਖਾਣੀ ਕਰ ਪ੍ਰਵਾਨ । ਸ਼ਬਦ ਨਿਧਾਨੀ ਬਾਣੀ ਆਪ ਅਲਾਇੰਦਾ, ਸੁਣੇ ਸੁਣਾਏ ਧੁਰ ਫ਼ਰਮਾਨ । ਸਾਚੀ ਹਾਟੀ ਹਟ ਖੁਲ੍ਹਾਇੰਦਾ, ਪੁਰਖ ਅਬਿਨਾਸ਼ੀ ਹੋ

੨੪੩ ੧੦

ਮਿਹਰਵਾਨ । ਵਣਜ ਵਣਜਾਰਾ ਜਗਤ ਕਰਾਇੰਦਾ, ਦੀਨ ਦੁਨੀ ਹੋ ਪਰਧਾਨ । ਗੁਰਮੁਖ ਆਪਣੇ ਲੇਖੇ ਲਾਇੰਦਾ, ਏਕਾ ਦੇਵੇ ਧੁਰ ਫ਼ਰਮਾਨ । ਸ਼ਬਦ ਸੰਜੋਗੀ ਮੇਲ ਮਿਲਾਇੰਦਾ, ਨਾਤਾ ਤੋੜ ਜਗਤ ਜਹਾਨ । ਜਨਮ ਜਨਮ ਆਪਣੇ ਅੰਗ ਲਗਾਇੰਦਾ, ਅੰਗੀਕਾਰ ਕਰੇ ਸ੍ਰੀ ਭਗਵਾਨ । ਗ੍ਰਿਹ ਮੰਦਰ ਨਾਦ ਵਜਾਇੰਦਾ, ਘਟ ਭੀਤਰ ਸਚ ਨਿਸ਼ਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਸਿਖ ਗੁਰ ਗੁਰ ਲਏ ਪਛਾਣ । ਗੁਰਸਿਖ ਗੁਰ ਗੁਰ ਜਾਣਦਾ, ਗੁਰਮੀਤਾ ਗੁਰ ਗੁਰਦੇਵ । ਗੁਰਸਿਖ ਗੁਰ ਗੁਰ ਰੰਗ ਮਾਣਦਾ, ਗੁਰ ਸਤਿਗੁਰ ਮਿਲੇ ਅਲਖ ਅਭੇਵ । ਗੁਰਸਿਖ ਮੇਲਾ ਗੁਰੂ ਗੁਰ ਸਾਚੇ ਹਾਣਦਾ, ਗ੍ਰਿਹ ਮੰਦਰ ਅੰਦਰ ਕਰੇ ਸਾਚੀ ਸੇਵ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਮੇਲੇ ਆਪਣੇ ਘਰ, ਮੇਲ ਮਿਲਾਵਾ ਵਡ ਦੇਵੀ ਦੇਵ । ਦੇਵੀ ਦੇਵ ਵਡ ਦੀਨ ਦਿਆਲਾ, ਦਯਾ ਨਿਧ ਵਡੀ ਵਡਿਆਈਆ । ਇਕ ਅਕੱਲਾ ਪੁਰਖ ਅਕਾਲਾ, ਅਕਲ ਕਲ ਆਪਣੀ ਖੇਲ ਖਿਲਾਈਆ । ਸਚਖੰਡ ਸੱਚੀ ਧਰਮਸਾਲਾ, ਥਿਰ ਮੰਦਰ ਦਏ ਸੁਹਾਈਆ । ਲੇਖਾ ਜਾਣੇ ਕਾਲ ਮਹਾਕਾਲਾ, ਜੁਗਾ ਜੁਗੰਤਰ ਵੇਸ ਵਟਾਈਆ । ਗੁਰਸਿਖਾਂ ਕਰੇ ਸਦਾ ਪ੍ਰਿਤਪਾਲਾ, ਪ੍ਰਿਤਪਾਲਕ ਬੇਪਰਵਾਹੀਆ । ਨਾਤਾ ਤੋੜੇ ਸ਼ਾਹ ਕੰਗਾਲਾ, ਸ਼ਹਿਨਸ਼ਾਹ ਏਕਾ ਨਾਮ ਵਸਤ ਝੋਲੀ ਪਾਈਆ । ਕਲਜੁਗ ਅੰਤਮ ਬਣ ਦਲਾਲਾ, ਜਗਤ ਵਿਛੜੇ ਜੁਗਤ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪਿਤਾ ਪੂਤ ਪੋਤ ਏਕਾ ਗੰਢ ਪਵਾਈਆ । ਪਿਤਾ ਪੂਤ ਪੋਤ, ਪਾਰਬ੍ਰਹਮ ਆਪਣੇ ਰੰਗ ਰੰਗਾਇੰਦਾ । ਲੇਖਾ ਜਾਣੇ ਕਾਇਆ ਗੜ੍ਹ ਕਿਲਾ ਕੋਟ, ਕੰਚਨ ਆਪਣਾ ਖੇਲ ਖਿਲਾਇੰਦਾ । ਸ਼ਬਦ ਨਗਾਰੇ ਲੱਗੇ ਚੋਟ, ਨਾਦ ਧੁੰਨ ਧੁੰਨ ਆਤਮ ਪਰਮਾਤਮ ਬ੍ਰਹਮ ਬ੍ਰਹਿਮਾਦਿ ਆਪ ਵਜਾਇੰਦਾ । ਕਰੇ ਪ੍ਰਕਾਸ਼ ਨਿਰਗੁਣ ਜੋਤ, ਅੰਧ ਅੰਧੇਰ ਸਰਬ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਗੁਰ ਗੁਰ ਗੋਦ ਸੁਹਾਇੰਦਾ । ਗੁਰਸਿਖ ਗੁਰ ਗੁਰ ਪਾਇਆ, ਹਰਿ ਸਤਿਗੁਰ ਗਹਿਰ ਗੰਭੀਰ । ਗ੍ਰਿਹ ਮੰਦਰ ਹਰਿ ਵਸਾਇਆ, ਤਨ ਮਨ ਸ਼ਾਂਤ ਸਰੀਰ । ਮਾਇਆ ਮਮਤਾ ਮੋਹ ਚੁਕਾਇਆ, ਨਾਤਾ ਤੁੱਟਾ ਜਗਤ ਜ਼ੰਜੀਰ । ਆਪਣਾ ਮੰਦਰ ਆਪ ਸੁਹਾਇਆ, ਆਪੇ ਚੋਟੀ ਚੜ੍ਹੇ ਅਖ਼ੀਰ । ਗੁਰਮੁਖ ਸਾਚੇ ਵੇਖ ਵਖਾਇਆ, ਵੇਖਣਹਾਰਾ ਬੇਨਜ਼ੀਰ । ਨਜ਼ਰ ਵਿਚ ਕਿਸੇ ਨਾ ਆਇਆ, ਵਡ ਦਾਤਾ ਪੀਰਨ ਪੀਰ । ਸ਼ਾਹ ਪਾਤਸ਼ਾਹ ਆਪਣਾ ਨਾਉਂ ਧਰਾਇਆ, ਲੇਖਾ ਜਾਣੇ ਸ਼ਾਹ ਹਕੀਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਬਖ਼ਸ਼ੇ ਏਕਾ ਧੀਰਜ ਧੀਰ । ਧੀਰਜ ਧੀਰ ਸਤਿ ਸੰਤੋਖ ਗਿਆਨ, ਹਰਿ ਸਾਚਾ ਸਚ ਜਣਾਇੰਦਾ । ਚਰਨ ਕਵਲ ਕਵਲ ਚਰਨ ਗੁਰ ਧਿਆਨ, ਗੁਰ ਮੰਤਰ ਇਕ ਸਮਝਾਇੰਦਾ । ਧ੍ਰਿਗ ਜੀਵਣ ਜੀਵ ਨਾਦਾਨ, ਬਿਨ ਸਤਿਗੁਰ ਪੂਰੇ ਪਾਰ ਨਾ ਕੋਇ ਕਰਾਇੰਦਾ । ਮਨਮੁਖ ਭੁੱਲੇ ਜੀਵ ਅਵਾਣ, ਹਰਿ ਕਾ ਭੇਵ ਕੋਇ ਨਾ ਪਾਇੰਦਾ । ਮਿਲਿਆ ਮੇਲ ਪੰਜ ਸ਼ੈਤਾਨ, ਘਰ ਘਰ ਅੰਦਰ ਕਾਮ ਕਰੋਧ ਲੋਭ ਮੋਹ ਹੰਕਾਰ ਨਾਚ ਨਚਾਇੰਦਾ । ਜਿਸ ਜਨ ਉਪਰ ਹੋਏ ਆਪ ਮਿਹਰਵਾਨ, ਤਿਸ ਜਨ ਆਪਣਾ ਮਾਰਗ ਆਪ ਵਖਾਇੰਦਾ । ਸ਼ਬਦੀ ਸ਼ਬਦ ਦੇਵੇ ਦਾਨ, ਦਾਤਾ ਦਾਨੀ ਆਪ ਵਰਤਾਇੰਦਾ । ਆਸਾ ਤ੍ਰਿਸ਼ਨਾ ਤ੍ਰਿਖਾ ਤ੍ਰੈਕਾਲ ਸਰਬ ਮਿਟ ਜਾਣ, ਤ੍ਰੈਕਾਲ ਦਰਸੀ ਆਪ ਮਿਟਾਇੰਦਾ । ਗੁਰਸਿਖ ਹੋਏ ਚਤੁਰ ਸੁਘੜ ਸੁਜਾਨ, ਜਿਸ ਜਨ ਆਪਣੀ ਬੂਝ ਬੁਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਗੁਰਸਿਖ ਗੋਬਿੰਦ ਘਾਟ ਗੁਰ ਸਤਿਗੁਰ ਆਪ ਬਹਾਇੰਦਾ । ਗੋਬਿੰਦ ਘਾਟ ਹਰਿ ਚਰਨ ਕਵਲ, ਦੂਸਰ ਅਵਰ ਨਾ ਕੋਇ ਵਡਿਆਈਆ । ਜਨ


੨੪੪
੧੦

ਭਗਤਾਂ ਮੇਲੇ ਉਪਰ ਧਵਲ, ਧਰਨੀ ਧਰਤ ਆਪ ਸੁਹਾਈਆ । ਅੰਮ੍ਰਿਤ ਬਖ਼ਸ਼ੇ ਨਾਭ ਕਵਲ, ਕਵਲ ਨਾਭੀ ਨਿਝਰ ਝਿਰਨਾ ਆਪ ਝਿਰਾਈਆ । ਸੁਰਤੀ ਸ਼ਬਦੀ ਜਾਏ ਮਵਲ, ਰੂਪ ਰੰਗ ਰੇਖ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਲੇਖਾ ਦਏ ਸਮਝਾਈਆ । ਗੁਰਸਿਖ ਲੇਖਾ ਹਰਿ ਸਮਝਾਇੰਦਾ, ਕਲਜੁਗ ਅੰਤਮ ਵਾਰ । ਨੌ ਸੌ ਚੁਰਾਨਵੇ ਚੌਕੜੀ ਜੁਗ ਗੁਰਸਿਖ ਸੇਵ ਕਮਾਇੰਦਾ, ਮਾਣਸ ਮਾਣਸ ਧਰ ਪਿਆਰ । ਸਤਿਜੁਗ ਤ੍ਰੇਤਾ ਦਵਾਪਰ ਮਾਤ ਹੰਢਾਇੰਦਾ, ਕਲਜੁਗ ਆਏ ਅੰਤਮ ਵਾਰ । ਨਿਰਗੁਣ ਆਪਣਾ ਖੇਲ ਖਿਲਾਇੰਦਾ, ਜੋਤੀ ਜਾਮਾ ਵਿਚ ਸੰਸਾਰ । ਪੰਜ ਤਤ ਨਾ ਕੋਇ ਰਖਾਇੰਦਾ, ਤ੍ਰੈਗੁਣ ਰੂਪ ਨਾ ਧਰੇ ਹਰਿ ਨਿਰੰਕਾਰ । ਸ਼ਬਦੀ ਡੰਕ ਇਕ ਵਜਾਇੰਦਾ, ਆਦਿ ਜੁਗਾਦੀ ਸਾਚੀ ਕਾਰ । ਗੁਰਸਿਖ ਗੁਰਮੁਖ ਮੇਲ ਮਿਲਾਇੰਦਾ, ਗੁਰ ਚੇਲਾ ਇਕ ਦਵਾਰ । ਪੂਰਬ ਲੇਖਾ ਆਪਣੇ ਹੱਥ ਰਖਾਇੰਦਾ, ਚਿਤਰ ਗੁਪਤ ਨਾ ਕਰੇ ਕੋਇ ਵਿਚਾਰ । ਰਾਏ ਧਰਮ ਨਾ ਮੁਖ ਵਖਾਇੰਦਾ, ਲਾੜੀ ਮੌਤ ਨਾ ਕਰੇ ਸ਼ੰਗਾਰ । ਕਾਇਆ ਗਗਰੀ ਆਪਣੇ ਖਾਤੇ ਪਾਇੰਦਾ, ਆਪੇ ਹੋਏ ਘੜਨ ਭੰਨਣਹਾਰ । ਆਪੇ ਗੋਦੀ ਗੋਦ ਸੁਹਾਇੰਦਾ, ਲੇਖਾ ਜਾਣੇ ਗੋਦਾਵਰੀ ਧਾਰ । ਆਪੇ ਅੰਤਮ ਮੋਖ ਵਖਾਇੰਦਾ, ਪੁਰਖ ਅਬਿਨਾਸ਼ੀ ਖੇਲ ਅਪਾਰ । ਆਪੇ ਮੋਹਣ ਆਪਣੇ ਰੰਗ ਰੰਗਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਕਰਾਏ ਸਾਚੀ ਕਾਰ । ਸਾਚੀ ਕਾਰ ਕਮਾਵਣਹਾਰਾ, ਮੋਹਣ ਮਾਇਆ ਮੋਹ ਚੁਕਾਈਆ । ਧੁਰ ਦਾ ਲੇਖਾ ਧੁਰ ਦਰਬਾਰਾ, ਧੁਰ ਮੰਦਰ ਦਏ ਸਮਝਾਈਆ । ਧੁਰ ਦਾ ਕਾਤਬ ਬਣ ਲਿਖਾਰਾ, ਲਿਖਤ ਭਵਿਖਤ ਆਪ ਜਣਾਈਆ । ਉਚ ਮਹੱਲ ਅਟਲ ਮਨਾਰਾ, ਏਕਾ ਏਕ ਏਕ ਸਮਝਾਈਆ । ਲੇਖਾ ਜਾਣੇ ਅੰਤਮ ਧਾਰਾ, ਭਗਵੰਤ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਲੇਖਾ ਲੇਖੇ ਲਾਈਆ । ਗੁਰਸਿਖ ਲੇਖਾ ਭਗਤਨ ਨਾਉਂ, ਨਾਉਂ ਨਿਰੰਕਾਰ ਜਣਾਇੰਦਾ । ਦਸਵੇਂ ਘਰ ਗਿਆ ਸੌਂ, ਸੋਇਆ ਸੁਤ ਨਾ ਕੋਇ ਜਗਾਇੰਦਾ । ਦੂਜੀ ਵਾਰ ਆਇਆ ਭੌਂ, ਇਕ ਇਕ ਨਾਲ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਸੰਗ ਰਖਾਇੰਦਾ । ਇਕ ਇਕ ਦਿਵਸ ਸੁਹਾਇਆ, ਦੋਏ ਦੋਏ ਧਾਰ ਚਲਾਈਆ । ਦੋਏ ਦੋਏ ਲੋਚਣ ਪੇਖਣ ਨਜ਼ਰ ਨਾ ਆਇਆ, ਲੋਇਣ ਲੋਇਣ ਵਿਚ ਸਮਾਈਆ । ਪੂਰਬ ਲੇਖਨ ਲੇਖੇ ਪਾਇਆ, ਲੇਖਾ ਆਪਣੇ ਹੱਥ ਰਖਾਈਆ । ਸਰਗੁਣ ਸਰਗੁਣ ਰੂਪ ਧਰਾਇਆ, ਨਿਰਗੁਣ ਨਿਰਗੁਣ ਬਣੇ ਆਪ ਮਲਾਹੀਆ । ਪਿਤਾ ਪੂਤ ਪੋਤ ਪਤਵੰਤ ਆਪਣੀ ਕਲ ਧਰਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕ ਇਕ ਤ੍ਰੈ ਇਕ ਏਕਾ ਤੱਤ ਜਣਾਈਆ । ਇਕ ਇਕੱਲਾ ਏਕੰਕਾਰ, ਤ੍ਰੈਗੁਣ ਵਿਚ ਕਦੇ ਨਾ ਆਇੰਦਾ । ਤ੍ਰੈਗੁਣ ਮੀਤਾ ਖੇਲ ਅਪਾਰ, ਇਕ ਇਕੱਲਾ ਵੇਖ ਵਖਾਇੰਦਾ । ਇਕ ਇਕੱਲਾ ਤ੍ਰੈਗੁਣ ਵਸਿਆ ਬਾਹਰ, ਭੇਵ ਅਭੇਦਾ ਭੇਵ ਛੁਪਾਇੰਦਾ । ਤ੍ਰੈਗੁਣ ਸੰਗ ਸੱਚਾ ਸੰਸਾਰ, ਇਕ ਇਕੱਲਾ ਖੇਲ ਖਿਲਾਇੰਦਾ । ਇਕ ਇਕੱਲਾ ਨਾਮ ਮਰਦੰਗ ਵਜਾਏ ਅਪਾਰ, ਤ੍ਰੈਗੁਣ ਦਿਸ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਵੇਖ ਵਖਾਇੰਦਾ । ਗੁਰਸਿਖ ਗੁਰ ਗੁਰ ਧਾਰ, ਗੁਰ ਗੁਰ ਗੁਰ ਆਪ ਉਪਜਾਈਆ । ਗੁਰ ਸੱਜਣ ਗੁਰ ਮੀਤ ਮੁਰਾਰ, ਗੁਰਸਿਖ ਗੁਰ ਗੁਰ ਸਗਲਾ ਸੰਗ ਨਿਭਾਈਆ । ਗੁਰਸਿਖ ਗੁਰ ਸੋਹਣ ਇਕ ਦਵਾਰ, ਦਰ ਘਰ ਸਾਚੇ ਵੱਜੀ ਵਧਾਈਆ । ਗੁਰਸਿਖ ਗੁਰ ਜੀਤੇ ਜਗਤ ਸੰਸਾਰ, ਜੁਗਤ ਜੋਗ ਏਕਾ ਦਏ ਸਮਝਾਈਆ । ਧੰਨ ਗੁਰਸਿਖ ਗੁਰ ਕਰੇ ਪਿਆਰ, ਧੰਨ ਧੰਨ ਧੰਨ

੨੪੫
੧੦

ਜਣੇਂਦੀ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗੰਤਰ ਗੁਰਸਿਖਾਂ ਬਿਧ ਜਾਣੇ ਅੰਤਰ, ਅੰਤਰ ਆਤਮ ਆਪਣਾ ਮੇਲ ਮਿਲਾਈਆ । ਮਾਹਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਗਿਆਨ ਗਿਆਨ ਗੁਰ ਮੰਤਰ, ਆਤਮ ਪਰਮਾਤਮ ਪਰਮ ਪੁਰਖ ਆਪਣਾ ਮੇਲ ਮਿਲਾਈਆ ।

★ ੧੬ ਫਲਗੁਣ ੨੦੧੭ ਬਿਕ੍ਰਮੀ ਲਖਾ ਸਿੰਘ, ਚਤਰ ਸਿੰਘ ਦੇ ਗ੍ਰਿਹਿ ਪਿੰਡ ਓਗਰਾ ਜ਼ਿਲਾ ਗੁਰਦਾਸ ਪੁਰ ★

ਸ਼ਾਹ ਪਾਤਸ਼ਾਹ ਏਕਾ ਹਰਿ, ਹਰੀ ਹਰਿ ਆਦਿ ਜੁਗਾਦਿ ਸਮਾਇੰਦਾ । ਆਦਿ ਪੁਰਖ ਏਕਾ ਨਰ, ਨਰ ਨਰਾਇਣ ਨਾਉਂ ਧਰਾਇੰਦਾ । ਸਚਖੰਡ ਵਸੇ ਸਾਚੇ ਘਰ, ਸਚ ਸਿੰਘਾਸਣ ਸੋਭਾ ਪਾਇੰਦਾ । ਤਖ਼ਤ ਨਿਵਾਸੀ ਉਪਰ ਬੈਠਾ ਚੜ੍ਹ, ਨਿਰਗੁਣ ਨਿਰਵੈਰ ਪੁਰਖ ਅਕਾਲ ਆਪਣੀ ਖੇਲ ਖਿਲਾਇੰਦਾ । ਅਲਖ ਅਗੋਚਰ ਆਪਣਾ ਘਾੜਨ ਆਪੇ ਘੜ, ਬੇਪਰਵਾਹ ਬੇਅੰਤ ਆਪਣਾ ਰੂਪ ਆਪ ਧਰਾਇੰਦਾ । ਏਕੰਕਾਰਾ ਹਰਿ ਨਿਰੰਕਾਰਾ, ਆਪਣਾ ਅੱਖਰ ਆਪੇ ਪੜ੍ਹ, ਆਪਣਾ ਨਾਉਂ ਆਪ ਧਰਾਇੰਦਾ । ਸ੍ਰੀ ਭਗਵਾਨਾ ਖੇਲ ਮਹਾਨਾ, ਦੋ ਜਹਾਨਾ ਆਪਣਾ ਭਾਣਾ ਆਪੇ ਜਰ, ਸਾਚੇ ਭਾਣੇ ਸਦ ਰਹਾਇੰਦਾ । ਅਜੂਨੀ ਰਹਿਤ ਅਨਭਵ ਪਰਕਾਸ਼ ਆਪੇ ਕਰ, ਕਰਤਾ ਪੁਰਖ ਕ਼ਾਦਰ ਕਰੀਮ ਨੂਰੀ ਜਲਵਾ ਨੂਰ ਡਗਮਗਾਇੰਦਾ । ਮੁਕਾਮੇ ਹੱਕ ਖੋਲ੍ਹ ਦਰ, ਸਚ ਤੌਫ਼ੀਕ ਖ਼ੁਦਾਏ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਏਕਾ ਹਰਿ, ਆਪਣੀ ਧਾਰ ਆਪ ਚਲਾਇੰਦਾ । ਧਾਰ ਅਗੰਮ ਜੋਤੀ ਜਾਤਾ, ਪੁਰਖ ਪੁਰਖੋਤਮ ਆਪ ਚਲਾਈਆ । ਬੈਠਾ ਰਹੇ ਇਕ ਇਕਾਂਤਾ, ਅਕਲ ਕਲ ਵਡੀ ਵਡਿਆਈਆ । ਆਪਣਾ ਰੂਪ ਆਪ ਪਛਾਤਾ, ਦੂਸਰ ਅਵਰ ਨਾ ਕੋਇ ਜਣਾਈਆ । ਆਪਣੀ ਜਾਣੇ ਆਪੇ ਗਾਥਾ, ਅਲਖ ਅਲਖਨਾ ਲੇਖਾ ਹੱਥ ਨਾ ਕਿਸੇ ਵਖਾਈਆ । ਸਰਬ ਕਲ ਹਰਿ ਸਮਰਾਥਾ, ਸਮਰਥ ਪੁਰਖ ਵਡੀ ਵਡਿਆਈਆ । ਆਦਿ ਜੁਗਾਦਿ ਖੇਲੇ ਖੇਲ ਤਮਾਸ਼ਾ, ਨਿਰਗੁਣ ਨਿਰਵੈਰ ਆਪਣੀ ਰਾਸ ਰਚਾਈਆ । ਥਿਰ ਘਰ ਮੰਦਰ ਰੱਖੇ ਵਾਸਾ, ਗ੍ਰਿਹਿ ਮੰਦਰ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਏਕਾ ਨਰ, ਆਦਿ ਪੁਰਖ ਏਕਾ ਹਰਿ, ਰੂਪ ਅਨੂਪ ਇਕ ਧਰਾਈਆ । ਰੂਪ ਅਨੂਪ ਸ੍ਰੀ ਭਗਵਾਨਾ, ਸਾਹਿਬ ਸਤਿਗੁਰ ਆਪ ਧਰਾਇੰਦਾ । ਸਚਖੰਡ ਨਿਵਾਸੀ ਹੋ ਪਰਧਾਨਾ, ਆਪਣੀ ਕਲ ਆਪ ਵਰਤਾਇੰਦਾ । ਤਖ਼ਤ ਨਿਵਾਸੀ ਸ਼ਾਹ ਸੁਲਤਾਨਾ, ਸ਼ਾਹ ਪਾਤਸ਼ਾਹ ਆਪਣੀ ਖੇਲ ਖਿਲਾਇੰਦਾ । ਸਤਿ ਸਰੂਪ ਰਾਜ ਰਾਜਾਨਾ, ਭੂਪਨ ਭੂਪ ਵੇਸ ਵਟਾਇੰਦਾ । ਨਾਦ ਅਨਾਦੀ ਧੁਰ ਫ਼ਰਮਾਨਾ, ਅਨਦ ਬਿਨੋਦੀ ਆਪੇ ਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਏਕਾ ਹਰਿ, ਆਪਣਾ ਭੇਵ ਆਪਣੇ ਹੱਥ ਰਖਾਇੰਦਾ । ਭੇਵ ਅਵੱਲਾ ਹਰਿ ਇਕੱਲਾ, ਆਪਣੇ ਹੱਥ ਰਖਾਈਆ । ਵਸਣਹਾਰਾ ਸਚਖੰਡ ਦਵਾਰ ਸਚ ਮਹੱਲਾ, ਸਤਿ ਮੁਨਾਰਾ ਇਕ ਸੁਹਾਈਆ । ਆਦਿ ਜੁਗਾਦਿ ਹੋਏ ਅਛਲ ਅਛੱਲਾ, ਵਲ ਛਲ ਆਪਣੀ ਖੇਲ ਖਿਲਾਈਆ । ਸਚ ਸੰਦੇਸ਼ ਨਰ ਨਰੇਸ਼ ਆਪਣੇ ਮੰਦਰ ਆਪੇ ਘੱਲਾ, ਸੁਣਨਹਾਰ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਏਕਾ ਹਰਿ, ਆਪਣਾ ਪਰਦਾ ਆਪ ਉਠਾਈਆ । ਆਦਿ ਪੁਰਖ ਹਰਿ ਸੁਲਤਾਨਾ, ਸੋ ਪੁਰਖ ਨਿਰੰਜਣ ਸਾਚੀ ਖੇਲ ਖਿਲਾਇੰਦਾ । ਹਰਿ ਪੁਰਖ ਨਿਰੰਜਣ ਮਰਦ ਮਰਦਾਨਾ, ਏਕੰਕਾਰਾ ਆਪਣੇ ਅੰਗ ਲਗਾਇੰਦਾ । ਆਦਿ ਨਿਰੰਜਣ ਜੋਧਾ ਸੂਰਬੀਰ ਬਲੀ ਬਲਵਾਨਾ, ਅਬਿਨਾਸ਼ੀ ਕਰਤਾ

ਮੇਲ ਮਿਲਾਇੰਦਾ । ਸ੍ਰੀ ਭਗਵਾਨ ਦੇਵੇ ਦਾਨਾ, ਪਾਰਬ੍ਰਹਮ ਝੋਲੀ ਡਾਹਿੰਦਾ । ਆਪਣਾ ਰੂਪ ਆਪ ਪਛਾਨਾ, ਵੇਖਣਹਾਰ ਆਪ ਅਖਵਾਇੰਦਾ । ਦੇਵਣਹਾਰਾ ਧੁਰ ਫ਼ਰਮਾਨਾ, ਆਪਣੀ ਇਛਿਆ ਆਪ ਪਰਗਟਾਇੰਦਾ । ਸਾਚੇ ਮੰਦਰ ਵਸੇ ਸਚ ਮਕਾਨਾ, ਸਚਖੰਡ ਦਵਾਰਾ ਆਪ ਉਪਾਇੰਦਾ । ਥਿਰ ਘਰ ਖੋਲ੍ਹ ਕਿਵਾੜ ਗੁਣ ਨਿਧਾਨਾ, ਆਪ ਆਪਣੀ ਕਲ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਏਕਾ ਹਰਿ, ਆਪਣਾ ਭੇਵ ਆਪ ਜਣਾਇੰਦਾ । ਹਰਿ ਹਰਿ ਭੇਵ ਅਗੰਮ ਅਪਾਰ, ਲੇਖਾ ਲਿਖ ਨਾ ਸਕੇ ਕੋਇ ਰਾਈਆ । ਨਿਰਗੁਣ ਨੂਰ ਕਰ ਉਜਿਆਰ, ਨੂਰ ਨੂਰਾਨਾ ਡਗਮਗਾਈਆ । ਹੁਕਮੀ ਹੁਕਮ ਵਰਤੇ ਵਰਤਾਰ, ਧੁਰ ਫ਼ਰਮਾਨਾ ਇਕ ਸੁਣਾਈਆ । ਘਰ ਵਿਚ ਘਰ ਕਰ ਉਜਿਆਰ, ਮੰਦਰ ਅੰਦਰ ਡੇਰਾ ਲਾਈਆ । ਲੇਖਾ ਜਾਣੇ ਨਾਰੀ ਕੰਤ ਭਤਾਰ, ਸੁਤ ਦੁਲਾਰਾ ਆਪੇ ਜਾਈਆ । ਦਾਈ ਦਾਇਆ ਸਿਰਜਣਹਾਰ, ਦਿਸ ਕਿਸੇ ਨਾ ਆਈਆ । ਆਪਣੀ ਇਛਿਆ ਭਰ ਭੰਡਾਰ, ਸਾਚੀ ਭਿਛਿਆ ਲਏ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਨਿਰਗੁਣ ਦਾਤਾ ਪੁਰਖ ਬਿਧਾਤਾ, ਜੋਤੀ ਜਾਤਾ ਬੰਨ੍ਹੇ ਨਾਤਾ, ਲੇਖਾ ਲਿਖ ਨਾ ਸਕੇ ਕੋਇ ਰਾਈਆ । ਜੋਤੀ ਜਾਤਾ ਹਰਿ ਨਿਰੰਕਾਰਾ, ਨਿਰਗੁਣ ਨਿਰਗੁਣ ਖੇਲ ਖਿਲਾਇੰਦਾ । ਆਦਿ ਪੁਰਖ ਖੇਲ ਅਪਾਰਾ, ਸੋ ਪੁਰਖ ਨਿਰੰਜਣ ਰੂਪ ਵਟਾਇੰਦਾ । ਹਰਿ ਪੁਰਖ ਨਿਰੰਜਣ ਵਸੇ ਠਾਂਡੇ ਦਰ ਦਰਬਾਰਾ, ਏਕੰਕਾਰਾ ਇਕ ਇਕੱਲਾ ਆਸਣ ਲਾਇੰਦਾ । ਆਦਿ ਨਿਰੰਜਣ ਜੋਤੀ ਕਰ ਉਜਿਆਰਾ, ਜੋਤੀ ਜੋਤ ਡਗਮਗਾਇੰਦਾ । ਅਬਿਨਾਸ਼ੀ ਕਰਤਾ ਸੁਹਾਏ ਸਚ ਦਵਾਰਾ, ਦਰ ਦਰਵੇਸ਼ ਦਰ ਘਰ ਆਪਣੇ ਸੋਭਾ ਪਾਇੰਦਾ । ਸ੍ਰੀ ਭਗਵਾਨ ਮੰਗੇ ਮੰਗ ਬਣ ਭਿਖਾਰਾ, ਅੱਗੇ ਆਪਣੀ ਝੋਲੀ ਡਾਹਿੰਦਾ । ਪਾਰਬ੍ਰਹਮ ਪ੍ਰਭ ਨਿਉਂ ਨਿਉਂ ਕਰੇ ਨਿਮਸਕਾਰਾ, ਸੀਸ ਜਗਦੀਸ਼ ਆਪ ਝੁਕਾਇੰਦਾ । ਕਰੇ ਖੇਲ ਕਰਨੇਹਾਰਾ, ਕਰਤਾ ਪੁਰਖ ਆਪਣੀ ਖੇਲ ਖਿਲਾਇੰਦਾ । ਏਕਾ ਹੁਕਮ ਏਕਾ ਧਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਭੇਵ ਆਪਣੇ ਹੱਥ ਰਖਾਇੰਦਾ । ਆਦਿ ਪੁਰਖ ਅਲਖ ਨਿਰੰਜਣ, ਮਹਿਮਾ ਅਕਥ, ਕਥੀ ਨਾ ਜਾਈਆ । ਆਪੇ ਮੀਤ ਆਪੇ ਸੱਜਣ, ਹਰਿ ਹਰਿ ਆਪਣਾ ਸੰਗ ਨਿਭਾਈਆ । ਆਪੇ ਘੜਨਹਾਰ ਆਪੇ ਭੱਜਣ, ਸਮਰਥ ਪੁਰਖ ਬੇਪਰਵਾਹੀਆ । ਆਪੇ ਹੋਏ ਪਰਦੇ ਕੱਜਣ, ਆਪਣਾ ਪਰਦਾ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣੇ ਹੱਥ ਰੱਖੇ ਵਡਿਆਈਆ । ਆਦਿ ਪੁਰਖ ਖੇਲ ਖਿਲਾਇਆ, ਨਿਰਗੁਣ ਆਪਣਾ ਰੂਪ ਧਰਾਇੰਦਾ । ਆਪਣਾ ਜੋਬਨ ਆਪ ਹੰਢਾਇਆ, ਹਰਿ ਜੂ ਹਰਿ ਹਰਿ ਆਪੇ ਵੇਖ ਵਖਾਇੰਦਾ । ਆਪਣੀ ਇਛਿਆ ਨਾਰੀ ਇਕ ਪਰਨਾਇਆ, ਕੰਤ ਸੁਹਾਗ ਆਪ ਹੋ ਜਾਇੰਦਾ । ਆਪਣਾ ਸੁਤ ਦੁਲਾਰਾ ਆਪੇ ਜਾਇਆ, ਸ਼ਬਦ ਸ਼ਬਦੀ ਨਾਉਂ ਧਰਾਇੰਦਾ । ਆਪਣੀ ਸੇਵਾ ਆਪੇ ਲਾਇਆ, ਸਾਚੀ ਸੇਵਾ ਇਕ ਕਰਾਇੰਦਾ । ਬ੍ਰਹਿਮੰਡ ਖੰਡ ਰਚਨ ਰਚਾਇਆ, ਲੋਆਂ ਪੁਰੀਆਂ ਬੰਧਨ ਪਾਇੰਦਾ । ਨੂਰੋ ਨੂਰ ਨੂਰ ਆਪ ਉਪਜਾਇਆ, ਨਿਰਗੁਣ ਨਿਰਗੁਣ ਵੇਖ ਵਖਾਇੰਦਾ । ਆਪੇ ਵਿਸ਼ਨ ਵਿਸ਼ਵ ਕਲ ਧਰਾਇਆ, ਆਪੇ ਅੰਮ੍ਰਿਤ ਸਤਿ ਭੰਡਾਰ ਵਰਤਾਇੰਦਾ । ਆਪੇ ਨਾਭੀ ਮਹਿਕ ਮਹਿਕਾਇਆ, ਕਵਲ ਕਵਲਾ ਆਪਣਾ ਰੰਗ ਰੰਗਾਇੰਦਾ । ਆਪੇ ਬ੍ਰਹਮ ਬ੍ਰਹਮਵੇਤਾ ਜਾਇਆ, ਚਾਰੇ ਮੁਖ ਆਪ ਸਾਲਾਹਿੰਦਾ । ਚਾਰੇ ਕੂਟਾਂ ਏਕਾ ਰੰਗ ਰੰਗਾਇਆ, ਏਕਾ ਰੂਪ ਹਰਿ ਹਰਿ ਨਜ਼ਰੀ ਆਇੰਦਾ । ਆਪੇ ਸ਼ੰਕਰ ਬੰਧਨ ਪਾਇਆ, ਸੁੰਨ ਅਗੰਮ ਧੁਆਂਧਾਰ ਹਰਿ ਨਿਰੰਕਾਰ ਆਪਣੀ ਕਾਰ ਕਰਾਇੰਦਾ । ਤਿੰਨਾਂ

ਵਿਚੋਲਾ ਇਕ ਬਣਾਇਆ, ਸ਼ਬਦ ਢੋਲਾ ਸਾਚਾ ਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣਾ ਰੂਪ ਆਪ ਧਰਾਇੰਦਾ । ਆਦਿ ਪੁਰਖ ਨਿਰਗੁਣ ਧਾਰ, ਹਰਿ ਸਾਚਾ ਰੂਪ ਧਰਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰ ਤਿਆਰ, ਹੁਕਮੀ ਹੁਕਮ ਇਕ ਜਣਾਈਆ । ਏਕਾ ਵਸਤ ਸਤਿ ਭੰਡਾਰ ਸਤਿ ਸੰਤੋਖੀ ਆਪ ਵਰਤਾਈਆ । ਸਾਚੇ ਤਖ਼ਤ ਬੈਠ ਸੱਚੀ ਸਰਕਾਰ, ਸ਼ਾਹੋ ਭੂਪ ਰਾਜ ਰਾਜਾਨ ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਏਕਾ ਮੰਤ ਦਏ ਦ੍ਰਿੜਾਈਆ । ਹਰਿ ਸਾਚਾ ਮੰਤ ਜਣਾਇੰਦਾ, ਪੁਰਖ ਅਗੰਮਾ ਬੇਪਰਵਾਹ । ਆਪਣਾ ਪਰਦਾ ਆਪ ਉਠਾਇੰਦਾ, ਨੂਰ ਨੂਰਾਨਾ ਨੂਰੀ ਜਲਵਾ ਦਏ ਵਖਾ । ਸਾਚੇ ਤਖ਼ਤ ਸੋਭਾ ਪਾਇੰਦਾ, ਸਾਬਤ ਸੂਰਤ ਇਕ ਖ਼ੁਦਾ । ਆਪਣਾ ਕਲਮਾ ਆਪ ਪੜ੍ਹਾਇੰਦਾ, ਆਪੇ ਨਾਅਰਾ ਦਏ ਲਗਾ । ਆਪੇ ਲੇਖਾ ਲਿਖਤ ਲਿਖਾਇੰਦਾ, ਕਾਤਬ ਹੋਏ ਸੱਚਾ ਸ਼ਹਿਨਸ਼ਾਹ । ਏਕਾ ਮਕਤਬ ਆਪ ਖੁਲ੍ਹਾਇੰਦਾ, ਏਕਾ ਦਸਣਹਾਰਾ ਰਾਹ । ਬੇਐਬ ਪਰਵਰਦਿਗਾਰ ਆਪਣਾ ਨਾਉਂ ਧਰਾਇੰਦਾ, ਬਿਸਮਲ ਰੂਪ ਰਿਹਾ ਸਮਾ । ਵਿਸ਼ਨ ਬ੍ਰਹਮਾ ਸ਼ਿਵ ਆਪ ਉਠਾਇੰਦਾ, ਨਿਰਗੁਣ ਜੋਤੀ ਜੋਤ ਜਗਾ । ਸੋ ਪੁਰਖ ਨਿਰੰਜਣ ਆਪਣਾ ਨਾਉਂ ਪਰਗਟਾਇੰਦਾ, ਹੰ ਰੂਪ ਬ੍ਰਹਮ ਲਏ ਵਟਾ । ਸੋਹੰ ਏਕਾ ਖੇਲ ਖਿਲਾਇੰਦਾ, ਵਿਸ਼ਨ ਬ੍ਰਹਮਾ ਸ਼ਿਵ ਏਕਾ ਗੋਦ ਬਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਜਣਾਏ ਆਪਣਾ ਨਾਂ । ਹਰਿ ਸਾਚਾ ਨਾਉਂ ਜਣਾਇੰਦਾ, ਕਰ ਕਿਰਪਾ ਗੁਣ ਨਿਧਾਨ । ਏਕਾ ਦਰਸੀ ਦਰਸ ਕਰਾਇੰਦਾ, ਸਤਿ ਵਖਾਏ ਹਰਿ ਨਿਸ਼ਾਨ । ਏਕਾ ਹਰਸ ਏਕਾ ਵਾਰ ਮਿਟਾਇੰਦਾ, ਦੇਵਣਹਾਰਾ ਜੀਆ ਦਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸ੍ਰੀ ਭਗਵਾਨ । ਸ੍ਰੀ ਭਗਵਾਨ ਦਇਆ ਕਮਾਇੰਦਾ, ਆਦਿ ਪੁਰਖ ਅਗੰਮ । ਵਿਸ਼ਨ ਬ੍ਰਹਮਾ ਸ਼ਿਵ ਉਪਜਾਇੰਦਾ, ਨਾ ਕੋਈ ਪਵਣ ਸਵਾਸੀ ਲਏ ਦਮ । ਧੁਰ ਫ਼ਰਮਾਨਾ ਇਕ ਜਣਾਇੰਦਾ, ਸ਼ਬਦ ਅਨਾਦੀ ਕੰਮ । ਆਪਣੇ ਮਾਰਗ ਆਪੇ ਲਾਇੰਦਾ, ਹਰਿ ਜੂ ਹਰਿ ਹਰਿ ਬੇੜਾ ਬੰਨ੍ਹ । ਸਾਚੀ ਵਸਤ ਇਕ ਧਰਾਇੰਦਾ, ਤ੍ਰੈਗੁਣ ਮਾਇਆ ਦੇਵੇ ਧਨ । ਪੰਚਮ ਆਪਣੀ ਗੰਢ ਪਵਾਇੰਦਾ, ਲੇਖਾ ਜਾਣੇ ਜਨਨੀ ਜਨ । ਲੱਖ ਚੁਰਾਸੀ ਵੇਸ ਵਟਾਇੰਦਾ, ਸ਼ਬਦੀ ਰਾਗ ਸੁਣਾਏ ਕੰਨ । ਜੋਤੀ ਨੂਰ ਸਰਬ ਟਿਕਾਇੰਦਾ, ਮਨ ਮਤ ਬੁਧ ਵਸਾਏ ਤਨ । ਪਵਣ ਸਵਾਸ ਆਪ ਚਲਾਇੰਦਾ, ਕਰੇ ਵਸੇਰਾ ਕਾਇਆ ਛੱਪਰ ਛੰਨ । ਆਪਣਾ ਭੇਵ ਆਪਣੇ ਹੱਥ ਰਖਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸ੍ਰੀ ਭਗਵਨ । ਵਿਸ਼ਨ ਬ੍ਰਹਮਾ ਸ਼ਿਵ ਜਣਾਇਆ, ਹਰਿ ਸਾਚਾ ਸਚ ਦ੍ਰਿੜਾਏ । ਸਾਚੀ ਸੇਵਾ ਇਕ ਵਖਾਇਆ, ਲੱਖ ਚੁਰਾਸੀ ਘਾੜਨ ਲਏ ਘੜਾਏ । ਘਟ ਘਟ ਆਪਣੀ ਜੋਤ ਜਗਾਇਆ, ਘਰ ਮੰਦਰ ਹੋ ਰੁਸ਼ਨਾਏ । ਪੰਜ ਤੱਤ ਏਕਾ ਮੇਲ ਮਿਲਾਇਆ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਬਖ਼ਸ਼ੇ ਸਚ ਸਰਨਾਏ । ਤ੍ਰੈ ਤ੍ਰੈ ਸਾਚਾ ਬੰਧਨ ਪਾਇਆ, ਛੁੱਟ ਕਦੇ ਨਾ ਜਾਏ । ਵਿਸ਼ਨ ਬ੍ਰਹਮਾ ਸ਼ਿਵ ਹੁਕਮ ਸੁਣਾਇਆ, ਏਕਾ ਧੰਦਾ ਦਏ ਵਖਾਏ । ਜੁਗ ਜੁਗ ਗੇੜਾ ਆਪ ਬੰਧਾਇਆ, ਆਪਣੀ ਵੰਡਨ ਆਪ ਵੰਡਾਏ । ਆਪਣਾ ਭੇਵ ਆਪ ਖੁਲ੍ਹਾਇਆ, ਚਾਰੇ ਵੇਦਾਂ ਹਰਿ ਜਸ ਗਾਏ । ਵਿਸ਼ਨ ਬ੍ਰਹਮਾ ਸ਼ਿਵ ਨਿਉਂ ਨਿਉਂ ਸੀਸ ਝੁਕਾਇਆ, ਢਹਿ ਢਹਿ ਪਏ ਸਰਨਾਏ । ਕਵਣ ਵੇਲਾ ਕਵਣ ਵਕਤ ਪ੍ਰਭ ਸਾਚੇ ਹੋਏ ਸਹਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਗੁਣ ਦਏ ਵਖਾਏ । ਵਿਸ਼ਨ ਬ੍ਰਹਮਾ ਸ਼ਿਵ ਕਰ ਪੁਕਾਰ, ਚਰਨ ਕਵਲ ਨਿਮਸਕਾਰਿਆ । ਤੂੰ ਸਾਹਿਬ

ਸੱਚਾ ਸਿਰਜਣਹਾਰ, ਬੇਐਬ ਪਰਵਰਦਗਾਰਿਆ । ਹਉਂ ਬਾਲਕ ਸੇਵਕ ਸੇਵਾ ਕਰੇ ਵਿਚ ਸੰਸਾਰ, ਲੱਖ ਚੁਰਾਸੀ ਜੀਵ ਉਧਾਰਿਆ । ਜੁਗ ਚੌਕੜੀ ਖੇਲ ਨਿਆਰ, ਵਰਤੇ ਵਰਤਾਵੇਂ ਸਚ ਵਰਤਾਰਿਆ । ਤੇਰਾ ਰੂਪ ਕਵਣ ਕੂਟ ਹੋਏ ਉਜਿਆਰ, ਕਵਣ ਵੇਖੇ ਵੇਖਣਹਾਰਿਆ । ਕਵਣ ਵੇਲਾ ਜਾਏਂ ਤੁਠ, ਬਖ਼ਸ਼ੇਂ ਚਰਨ ਕਵਲ ਪਿਆਰਿਆ । ਕਵਣ ਅੰਮ੍ਰਿਤ ਬਖ਼ਸ਼ੇਂ ਘਟ ਘਟ, ਸਾਂਤਕ ਸਤਿ ਸਤਿ ਭੰਡਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਉਂ ਆਏ ਦਰ ਦਵਾਰਿਆ । ਪੁਰਖ ਅਬਿਨਾਸ਼ੀ ਬੇਪਰਵਾਹ, ਆਪਣੀ ਦਇਆ ਕਮਾਇੰਦਾ । ਤਿੰਨਾਂ ਦੇਵੇ ਇਕ ਸਲਾਹ, ਏਕਾ ਹੁਕਮ ਜਣਾਇੰਦਾ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਬਣਨਾ ਜਗਤ ਮਲਾਹ, ਖੇਵਟ ਖੇਟਾ ਬੇੜਾ ਆਪ ਚਲਾਇੰਦਾ । ਗੁਰ ਅਵਤਾਰ ਪਰਗਟ ਹੋ ਹੋ ਜਪਾਏ ਮੇਰਾ ਨਾਂ, ਨਾਉਂ ਨਿਰੰਕਾਰਾ ਕਰ ਪਿਆਰਿਆ । ਪੰਜ ਤੱਤ ਮਿਟੇ ਅੰਤ ਨਿਸ਼ਾਂ, ਨਾ ਕੋਈ ਦੀਸੇ ਮਹੱਲ ਅਟਲ ਮੁਨਾਰਿਆ । ਚਾਰੇ ਵੇਦ ਬ੍ਰਹਮਾ ਵੇਤਾ ਚਾਰੇ ਮੁਖ ਰਿਹਾ ਗਾ, ਆਪੇ ਗਾਏ ਗਾਵਣਹਾਰਿਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਖੇਲ ਕਰੇ ਸ੍ਰੀ ਭਗਵਾਨ, ਜੁਗ ਜੁਗ ਲਏ ਮਾਤ ਅਵਤਾਰਿਆ । ਜੁਗ ਚੌਕੜੀ ਕੋਈ ਰਹੇ ਨਾ, ਕਰੇ ਖੇਲ ਹਰਿ ਨਿਰੰਕਾਰਿਆ । ਨੌਂ ਨੌਂ ਵੇਖੇ ਥਾਉਂ ਥਾਂ, ਥਾਨ ਥਨੰਤਰ ਇਕ ਸੁਹਾ ਰਿਹਾ । ਚਾਰ ਚਾਰ ਨਾ ਪਕੜੇ ਕੋਈ ਬਾਂਹ, ਚਾਰ ਕੁੰਟ ਨਾ ਕੋਇ ਸਹਾਰਿਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਅੰਤਮ ਕਿਸੇ ਨਾ ਮਿਲੇ ਸਾਚਾ ਥਾਂ, ਸ੍ਰਿਸ਼ਟ ਸਬਾਈ ਧੁਆਂਧਾਰਿਆ । ਉਚੀ ਕੂਕ ਪੁਕਾਰੇ ਧਰਤ ਮਾਂ, ਧਰਨੀ ਧਵਲ ਦੇਵੇ ਨਾ ਕੋਇ ਸਹਾਰਿਆ । ਪਾਰਬ੍ਰਹਮ ਅਬਿਨਾਸ਼ੀ ਕਰਤਾ ਕਰਨਹਾਰ ਅੰਤਮ ਕਰੇ ਸਚ ਨਿਆਂ, ਵੇਖ ਵਖਾਏ ਸਰਬ ਸੰਸਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਜਣਾ ਰਿਹਾ । ਧੁਰ ਫ਼ਰਮਾਨਾ ਹਰਿ ਜਣਾਇੰਦਾ, ਨਿਸ਼ਅੱਖਰ ਵੱਖਰ ਬੋਲ । ਲਿਖਣ ਪੜ੍ਹਨ ਵਿਚ ਨਾ ਆਇੰਦਾ, ਹਰਿ ਕਾ ਸ਼ਬਦ ਅਨਮੁਲਾ ਤੋਲ । ਵਿਸ਼ਨ ਬ੍ਰਹਮਾ ਸ਼ਿਵ ਆਪ ਸਮਝਾਇੰਦਾ, ਪੁਰਖ ਅਬਿਨਾਸ਼ੀ ਬੈਠ ਕੋਲ । ਨਵ ਨੌਂ ਚਾਰ ਆਪਣਾ ਭੇਵ ਛੁਪਾਇੰਦਾ, ਕਰੇ ਖੇਲ ਆਪ ਅਨਭੋਲ । ਜੁਗ ਚੌਕੜੀ ਪੰਧ ਮੁਕਾਇੰਦਾ, ਕੋਟਨ ਕੋਟ ਆਪਣਾ ਨਾਉਂ ਵਜਾਏ ਢੋਲ । ਕਲਜੁਗ ਅੰਤਮ ਵੇਖ ਵਖਾਇੰਦਾ, ਸਚਖੰਡ ਨਿਵਾਸੀ ਸਚਖੰਡ ਦਵਾਰਾ ਆਪਣਾ ਖੋਲ੍ਹ । ਸਚ ਸਿੰਘਾਸਣ ਆਸਣ ਲਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਵਸਤ ਇਕ ਅਨਮੋਲ । ਵਸਤ ਅਮੋਲਕ ਹਰਿ ਨਿਰੰਕਾਰਾ, ਏਕਾ ਇਕ ਸਮਝਾਇੰਦਾ । ਕਲਜੁਗ ਆਏ ਅੰਤਮ ਵਾਰਾ, ਭੇਵ ਕੋਇ ਨਾ ਪਾਇੰਦਾ । ਵੇਦ ਕਤੇਦ ਸ਼ਾਸਤਰ ਸਿਮਰਤ ਲੇਖਾ ਜਾਣੇ ਪੁਰਾਨ ਅਠਾਰਾਂ, ਗੁਪਤ ਜ਼ਾਹਰਾ ਰੂਪ ਧਰਾਇੰਦਾ । ਅੰਜੀਲ ਕੁਰਾਨਾ ਮਾਰੇ ਨਾਅਰਾ, ਗੀਤਾ ਗਿਆਨ ਇਕ ਜੈਕਾਰਾ, ਖਾਣੀ ਬਾਣੀ ਆਪ ਸਾਲਾਹਿੰਦਾ । ਗੁਰ ਅਵਤਾਰ ਕਰਨ ਪੁਕਾਰਾ, ਸਾਧ ਸੰਤ ਬਣੇ ਭਿਖਾਰਾ, ਭਗਤ ਭਗਵੰਤ ਖੇਲ ਕਰੇ ਨਿਆਰਾ, ਭਗਵਨ ਏਕਾ ਰੂਪ ਧਰਾਇੰਦਾ । ਨਿਰਗੁਣ ਜੋਤ ਹੋਏ ਉਜਿਆਰਾ, ਜੋਤੀ ਜਾਮਾ ਭੇਖ ਵਟਾਇੰਦਾ । ਦਿਸ ਨਾ ਆਏ ਵਿਚ ਸੰਸਾਰਾ, ਨੇਤਰ ਨੈਣ ਨਾ ਕੋਇ ਖੁਲ੍ਹਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰੇ ਹਰਿ ਪਿਆਰਾ, ਤੇਰਾ ਅੰਤਮ ਪੰਧ ਮੁਕਾਇੰਦਾ । ਜੁਗ ਜੁਗ ਵਿਛੜੇ ਮੇਲੇ ਮੇਲਣ ਹਾਰਾ, ਜਿਸ ਜਨ ਆਪਣੀ ਦਇਆ ਕਮਾਇੰਦਾ । ਜੀਵ ਜੰਤ ਨਾ ਪਾਵੇ ਸਾਰਾ, ਕਲਜੁਗ ਅੰਧੇਰਾ ਛਾਇੰਦਾ । ਆਪੇ ਵਸੇ ਸਭ ਤੇ ਨਿਆਰਾ, ਘਟ ਘਟ ਅੰਦਰ ਆਪਣੀ ਜੋਤ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਵਿਸ਼ਨ ਬ੍ਰਹਮਾ ਸ਼ਿਵ ਆਪ ਸਮਝਾਇੰਦਾ ।



੨੪੯
੧੦

ਵਿਸ਼ਨ ਕਰ ਧਿਆਨ, ਹਰਿ ਸਾਚੇ ਸਚ ਜਣਾਈਆ । ਪਰਗਟ ਹੋਏ ਸ੍ਰੀ ਭਗਵਾਨ, ਨਵ ਨੌ ਚਾਰ ਪੰਧ ਮੁਕਾਈਆ । ਬ੍ਰਹਮਾ ਤੇਰੀ ਕਰੇ ਕਲਿਆਣ, ਕਲ ਆਪਣੀ ਕਲ ਉਪਜਾਈਆ । ਸ਼ੰਕਰ ਹੋਏ ਆਪ ਮਿਹਰਵਾਨ, ਮਹਿਬਾਨ ਵਡੀ ਵਡਿਆਈਆ । ਲੇਖਾ ਜਾਣੇ ਦੋ ਜਹਾਨ, ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਵੇਖੇ ਥਾਉਂ ਥਾਈਆ । ਅੰਤ ਕੰਤ ਭਗਵੰਤ ਕਰੇ ਕਲਿਆਣ, ਲੇਖਾ ਜਾਣੇ ਨਾ ਕ਼ਲਮ ਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਤਤ ਆਪ ਸਮਝਾਈਆ । ਸਾਚਾ ਤਤ ਹਰਿ ਜਣਾਇਆ, ਭੇਵ ਅਭੇਦ ਖੋਲ੍ਹ । ਕਲਜੁਗ ਅੰਤਮ ਲਏ ਮਿਲਾਇਆ, ਆਪ ਆਪਣਾ ਤੋਲੇ ਤੋਲ । ਨਿਹਕਲੰਕਾ ਨਾਉਂ ਰਖਾਇਆ, ਲੱਖ ਚੁਰਾਸੀ ਘਟ ਘਟ ਵਾਸੀ ਪਰਦਾ ਲਏ ਫੋਲ । ਏਕਾ ਬੰਕ ਦਏ ਸੁਹਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਪੂਰਾ ਕਰੇ ਕੌਲ । ਆਪਣਾ ਕੌਲ ਨਿਭਾਵਣਾ, ਕਰੇ ਕਰਾਏ ਸਾਚੀ ਕਾਰ । ਪਵਣ ਪਵਣਾਂ ਵਿਚ ਸਮਾਵਣਾ, ਅਗਨੀ ਤਤ ਤਤ ਅੰਗਿਆਰ । ਜਲ ਜਲ ਧਾਰਾ ਰੂਪ ਵਟਾਵਨਾ, ਜਲ ਥਲ ਮਹੀਅਲ ਦਏ ਅਧਾਰ । ਬਨਾਸਪਤ ਆਪਣੀ ਖੇਲ ਖਿਲਾਵਨਾ, ਲੇਖਾ ਜਾਣੇ ਅਠਾਰਾਂ ਭਾਰ । ਅੰਡਜ ਜੇਰਜ ਉਤਭੁਜ ਸੇਹਤਜ ਆਪਣੇ ਰੰਗ ਰੰਗਾਵਨਾ, ਰੰਗ ਰੰਗੀਲਾ ਹਰਿ ਨਿਰੰਕਾਰ । ਵਿਸ਼ਨ ਬ੍ਰਹਮਾ ਸ਼ਿਵ ਤੇਰਾ ਕ਼ਬੀਲਾ ਵੇਖ ਵਖਾਵਨਾ, ਤ੍ਰੈਗੁਣ ਮਾਇਆ ਪੰਜ ਤਤ ਲੱਖ ਚੁਰਾਸੀ ਜੀਵ ਜੰਤ ਕਾਇਆ ਇਕ ਅਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਧੁਰ ਦਰਬਾਰ । ਧੁਰ ਦਰਬਾਰ ਲੇਖਾ ਲਿਖ, ਆਪਣੇ ਹੱਥ ਰੱਖੀ ਵਡਿਆਈਆ । ਵਿਸ਼ਨ ਬ੍ਰਹਮਾ ਸ਼ਿਵ ਤੇਰੀ ਮੇਟੇ ਤ੍ਰਿਖ, ਤ੍ਰਿਸਨਾ ਤ੍ਰਿਖਾ ਰਹਿਣ ਨਾ ਪਾਈਆ । ਨੌ ਸਤ ਕਿਸੇ ਨਾ ਆਏ ਵਸ, ਭਰਮੇ ਭੁੱਲੀ ਸਰਬ ਲੋਕਾਈਆ । ਰਾਜ ਰਾਜਾਨ ਵੰਡਾਇਣ ਹਿਸ, ਸਾਚੀ ਵਸਤ ਹੱਥ ਕਿਸੇ ਨਾ ਆਈਆ । ਅੰਤਮ ਕਲਜੁਗ ਪੀਸਨ ਜਾਏ ਪੀਸ, ਪੁਰਖ ਅਬਿਨਾਸੀ ਏਕਾ ਗੇੜਾ ਰਿਹਾ ਦਵਾਈਆ । ਵਿਸ਼ਨ ਬ੍ਰਹਮਾ ਸ਼ਿਵ ਪੜ੍ਹਨ ਇਕ ਹਦੀਸ, ਸੋ ਪੁਰਖ ਨਿਰੰਜਣ ਆਪ ਪੜ੍ਹਾਈਆ । ਹੰ ਬ੍ਰਹਮ ਛਤਰ ਝੁਲਾਏ ਹਰਿ ਜਗਦੀਸ, ਸੋਹੰ ਰੂਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਚਾ ਸ਼ਹਿਨਸ਼ਾਹੀਆ । ਹੰ ਰੂਪ ਹੰ ਸੰਸਾਰਾ, ਹਰਿ ਹਰਿ ਖੇਲ ਖਿਲਾਇਆ । ਸੋ ਪੁਰਖ ਨਿਰੰਜਨ ਵਸੇ ਸਭ ਤੋ ਨਿਆਰਾ, ਦਿਸ ਕਿਸੇ ਨਾ ਆਇਆ । ਵਿਸ਼ਨ ਭਰਿਆ ਵਿਸ਼ਵ ਭੰਡਾਰਾ, ਵਾਸਤਕ ਰੂਪ ਆਪ ਵਰਤਾਇਆ । ਬ੍ਰਹਮਾ ਬ੍ਰਹਮ ਬਣ ਲਿਖਾਰਾ, ਪਾਰਬ੍ਰਹਮ ਸਾਲਾਹਿਆ । ਸ਼ੰਕਰ ਧੂੜੀ ਮੰਗੇ ਚਰਨ ਦਵਾਰਾ, ਮਸਤਕ ਟਿੱਕਾ ਏਕਾ ਲਾਇਆ । ਅੰਤਮ ਲੇਖਾ ਰਹੇ ਨਾ ਵਿਚ ਸੰਸਾਰਾ, ਲੇਖਾ ਲੇਖੇ ਲਏ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਪੜਦਾ ਦਏ ਉਠਾਇਆ । ਹਰਿ ਪੜਦਾ ਆਪ ਉਠਾਵਣਾ, ਦੀਨਾ ਬੰਧਪ ਦੀਨ ਦਿਆਲ । ਸ੍ਰਿਸਟ ਸਬਾਈ ਪੜਦਾ ਪਾਵਨਾ, ਦਰ ਦਰ ਘਰ ਘਰ ਕੂਕੇ ਅੰਤਮ ਕਾਲ । ਵਿਸ਼ਨ ਬ੍ਰਹਮਾ ਸ਼ਿਵ ਤੇਰਾ ਸੰਗ ਨਿਭਾਵਨਾ, ਤ੍ਰੈਗੁਣ ਮਾਇਆ ਤੋੜ ਜੰਜਾਲ । ਤੇਰਾ ਰੂਪ ਵਿਸ਼ਵ ਵਖਾਵਨਾ, ਪੁਰਖ ਅਬਿਨਾਸੀ ਹੋ ਕਿਰਪਾਲ । ਬ੍ਰਹਮਾ ਤੇਰਾ ਬ੍ਰਹਮ ਉਪਜਾਵਨਾ, ਕਾਇਆ ਮੰਦਰ ਅੰਦਰ ਸੱਚੀ ਧਰਮਸਾਲ । ਸ਼ੰਕਰ ਸਾਖਯਾਤ ਰੂਪ ਵਟਾਵਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਹੋਏ ਦਿਆਲ । ਹੋਏ ਦਿਆਲ ਦੀਨਨ ਦੀਨਾ, ਦੀਨਾ ਨਾਥ ਦਯਾ ਕਮਾਈਆ । ਵਿਸ਼ਨ ਬ੍ਰਹਮਾ ਸ਼ਿਵ ਆਦਿ ਪੁਰਖ ਆਪਣੇ ਨਾਲੋਂ ਵੱਖ ਕੀਨਾ, ਅੰਤ ਆਪਣੇ ਵਿਚ ਲਏ ਮਿਲਾਈਆ । ਆਪਣਾ ਰੰਗ ਚਾੜ੍ਹੇ ਭੀਨਾ, ਉਤਰ ਕਦੇ ਨਾ ਜਾਈਆ । ਲੇਖਾ ਜਾਣੇ

ਲੋਕ ਤੀਨਾ, ਚੌਦਾਂ ਹੱਟਾਂ ਖੋਲ੍ਹ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਵਿਸ਼ਨ ਬ੍ਰਹਮਾ ਸ਼ਿਵ ਏਕਾ ਰੂਪ ਦਰਸਾਈਆ । ਕਲਜੁਗ ਅੰਤਮ ਰੂਪ ਧਰਾਇਆ, ਪਾਰਬ੍ਰਹਮ ਬੇਅੰਤ । ਵਿਸ਼ਨ ਬ੍ਰਹਮਾ ਸ਼ਿਵ ਦਰ ਬਹਾਇਆ, ਮੇਲ ਮਿਲਾਵਾ ਸਾਚੇ ਕੰਤ । ਸ਼ਬਦ ਅਨਾਦੀ ਗੀਤ ਸੁਣਾਇਆ, ਵਿਸ਼ਨ ਗਾਇਆ ਸੋਹੰ ਛੰਤ । ਨੇਤਰ ਨੈਣਾ ਦਰਸਨ ਪਾਇਆ, ਗੜ੍ਹ ਤੁੱਟੇ ਹਉਮੇ ਹੰਗਤ । ਵਿਸ਼ਨ ਬ੍ਰਹਮਾ ਸ਼ਿਵ ਉਠ ਉਠ ਨੈਣ ਉਠਾਇਆ, ਕਵਣ ਰੂਪ ਧਰਿਆ ਭਗਵੰਤ । ਨਿਰਗੁਣ ਜੋਤ ਨੂਰ ਨੂਰ ਰੁਸ਼ਨਾਇਆ, ਕਰੇ ਖੇਲ ਆਦਿ ਅੰਤ । ਕਲਜੁਗ ਅੰਤਮ ਵੇਸ ਵਟਾਇਆ, ਲੱਖ ਚੁਰਾਸੀ ਮਾਇਆ ਪਾਈ ਬੇਅੰਤ । ਗੁਰਮੁਖ ਵਿਰਲੇ ਅੰਗ ਲਗਾਇਆ, ਆਪ ਬਣਾਈ ਆਪਣੀ ਸੰਗਤ । ਗੁਰਸਿਖ ਦੂਜੇ ਦਰ ਨਾ ਮੰਗਣ ਜਾਇਆ, ਦੇਵਣਹਾਰ ਇਕ ਸ੍ਰੀ ਭਗਵੰਤ । ਗੁਰ ਅਵਤਾਰ ਰਹੇ ਰਾਹ ਤਕਾਇਆ, ਲੇਖਾ ਜਾਣੇ ਜੁਗਾ ਜੁਗੰਤ । ਕਲਜੁਗ ਅੰਤਮ ਵੇਸ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਸ਼ਬਦ ਆਪੇ ਮੰਤ । ਵਿਸ਼ਨ ਮੰਤ ਨਮੋ ਦੇਵ, ਵਾਸਤਕ ਵਿਸ਼ਵ ਰੂਪ ਜਣਾਈਆ । ਬ੍ਰਹਮਾ ਮੰਤ ਸਰਬ ਸੇਵ, ਸੇਵਕ ਸੇਵਾ ਇਕ ਸਮਝਾਈਆ । ਸੰਕਰ ਗਾਏ ਅਲਖ ਅਭੇਵ, ਤਨ ਬਿਭੂਤ ਖ਼ਾਕ ਰਮਾਈਆ । ਅਦਿ ਜੁਗਾਦਿ ਸਦਾ ਨਿਹਕੇਵ, ਨਿਹਚਲ ਆਪਣੇ ਧਾਮ ਬੈਠਾ ਆਸਣ ਲਾਈਆ । ਗੁਰਸਿਖ ਦੇਵੇ ਵਡਿਆਈ ਰਸਨਾ ਜਿਹਵ, ਜੋ ਜਨ ਸੋਹੰ ਰਸਨਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਵਿਸ਼ਨ ਬ੍ਰਹਮਾ ਸ਼ਿਵ ਹਰਿ ਸੰਗਤ ਸੰਗ ਰਖਾਈਆ । ਹਰਿ ਸੰਗਤ ਵਡਿਆਈ, ਵਡ ਵੱਡਾ ਹਰਿ ਹਰਿ ਪਾਇਆ । ਕਲਜੁਗ ਅੰਤਮ ਏਕਾ ਘਰ ਵੱਜੇ ਵਧਾਈ, ਦੂਜਾ ਘਰ ਕੋਈ ਰਹਿਣ ਨਾ ਪਾਇਆ । ਆਤਮ ਪਰਮਾਤਮ ਹੋਏ ਕੁੜਮਾਈ, ਸੁਰਤੀ ਸ਼ਬਦੀ ਮੇਲ ਮਿਲਾਇਆ । ਸੋਹੰ ਰੂਪ ਹਰਿ ਸਰਨਾਈ, ਸਰਨਗਤ ਇਕ ਰਖਾਇਆ । ਜੋਤੀ ਜੋਤ ਕਰੇ ਰੁਸ਼ਨਾਈ, ਘਰ ਦੀਪਕ ਆਪ ਟਿਕਾਇਆ । ਵਿਸ਼ਨੂੰ ਵੇਖੇ ਚਾਈਂ ਚਾਈਂ, ਹਰਿਜਨ ਤੇਰੀ ਸੇਵ ਕਮਾਇਆ । ਬ੍ਰਹਮਾ ਉਠ ਉਠ ਪਕੜੇ ਬਾਂਹੀ, ਗੁਰਮੁਖ ਮੰਦਰ ਹਰਿ ਸੁਹਾਇਆ । ਸ਼ੰਕਰ ਚੱਲੇ ਅੱਗੇ ਬਣ ਕੇ ਰਾਹੀ, ਹੱਥ ਤ੍ਰਿਸ਼ੂਲ ਉਠਾਇਆ । ਕਲਜੁਗ ਅੰਤਮ ਹਰਿਜਨ ਵਿਰਲੇ ਪਾਇਆ ਸਾਚਾ ਮਾਹੀ, ਪੁਰਖ ਅਬਿਨਾਸ਼ੀ ਇਕ ਮਨਾਇਆ । ਸਾਚੇ ਤਖ਼ਤ ਬੈਠਾ ਸੱਚਾ ਸ਼ਹਿਨਸ਼ਾਹੀ, ਸ਼ਾਹ ਪਾਤਸ਼ਾਹ ਆਪਣਾ ਨਾਉਂ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਨਾਉਂ ਆਪ ਪਰਗਟਾਇਆ । ਹਰਿ ਸਾਚਾ ਨਾਉਂ ਪਰਗਟਾਇੰਦਾ, ਇਕ ਅਕੱਲਾ ਏਕੰਕਾਰ । ਨਿਰਗੁਣ ਦਿਸ ਕਿਸੇ ਨਾ ਆਇੰਦਾ, ਵਸਣਹਾਰਾ ਧਾਮ ਨਿਆਰ । ਗੁਰਮੁਖ ਵਿਰਲੇ ਆਪ ਜਗਾਇੰਦਾ, ਜਾਗਰਤ ਜੋਤ ਕਰੇ ਉਜਿਆਰ । ਸ਼ਬਦ ਅਨਾਦੀ ਨਾਦ ਸੁਣਾਇੰਦਾ, ਧੁਨ ਆਤਮਕ ਸੱਚੀ ਧੁੰਨਕਾਰ । ਗੁਣ ਅਵਗੁਣ ਨਾ ਕੋਈ ਵਖਾਇੰਦਾ, ਜਿਸ ਜਨ ਬਖ਼ਸ਼ੇ ਚਰਨ ਪਿਆਰ । ਡੁੱਬਦੇ ਪੱਥਰ ਪਾਰ ਕਰਾਇੰਦਾ, ਭਵਜਲ ਬੇੜਾ ਦੇਵੇ ਤਾਰ । ਤਾਰਨਹਾਰ ਇਕ ਅਖਵਾਇੰਦਾ, ਆਦਿ ਪੁਰਖ ਸਾਚੀ ਕਾਰ । ਵਿਸ਼ਨ ਬ੍ਰਹਮਾ ਸ਼ਿਵ ਰਾਹ ਤਕਾਇੰਦਾ, ਨੇਤਰ ਨੈਣ ਰਿਹਾ ਉਘਾੜ । ਕਵਣ ਕੂਟੇ ਹਰਿ ਹਰਿ ਆਪਣਾ ਵੇਸ ਵਟਾਇੰਦਾ, ਕਵਣ ਘਰ ਹੋਏ ਉਜਿਆਰ । ਕਵਣ ਮੰਦਰ ਡੇਰਾ ਲਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਪਰ ਅਪਾਰ । ਅਪਰ ਅਪਾਰਾ ਖੇਲ ਕਰਤਾਰਾ, ਹਰਿ ਆਪਣਾ ਆਪ ਕਰਾਇੰਦਾ । ਲਿਖਣ ਪੜ੍ਹਣ ਤੋਂ ਵਸੇ ਬਾਹਰਾ, ਭੇਵ ਕੋਇ ਨਾ ਪਾਇੰਦਾ । ਲੇਖਾ ਜਾਣੇ ਗੁਪਤ ਜ਼ਾਹਿਰਾ, ਅੰਦਰ ਬਾਹਰ

ਵੇਖ ਵਖਾਇੰਦਾ । ਨਿਰਗੁਣ ਨਿਰਵੈਰ ਲੈ ਅਵਤਾਰਾ, ਨਿਹਕਲੰਕਾ ਨਾਉਂ ਧਰਾਇੰਦਾ । ਏਕਾ ਡੰਕਾ ਸ਼ਬਦ ਸੰਸਾਰਾ, ਚਾਰ ਕੁੰਟ ਆਪ ਵਜਾਇੰਦਾ । ਰਾਓ ਰੰਕਾਂ ਰਾਜ ਰਾਜਾਨਾਂ ਕਰੇ ਖ਼ਬਰਦਾਰਾ, ਸ਼ਾਹ ਸੁਲਤਾਨਾਂ ਆਪ ਉਠਾਇੰਦਾ । ਗੁਰਮੁਖਾਂ ਕਰੇ ਸਚ ਪਿਆਰਾ, ਦਰ ਘਰ ਸਾਚੇ ਮੇਲ ਮਿਲਾਇੰਦਾ । ਮਨਮੁਖ ਜੀਵ ਦੁਹਾਗਣ ਨਾਰਾ, ਹਰਿ ਹਰਿ ਕੰਤ ਨਾ ਕੋਈ ਹੰਢਾਇੰਦਾ । ਚਾਰ ਵਰਨ ਚਾਰ ਕੁੰਟ ਹੋਇਆ ਧੂਆਂਧਾਰਾ, ਸਾਚਾ ਚੰਦ ਨਾ ਕੋਈ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਹਰਿਜਨ ਸਾਚੇ ਮੇਲ ਮਿਲਾਇੰਦਾ । ਮੇਲ ਮਿਲਾਵਾ ਹਰਿ ਨਿਰੰਕਾਰ, ਆਦਿ ਜੁਗਾਦਿ ਕਰਾਇਆ । ਭਗਤ ਭਗਵੰਤ ਲਏ ਉਭਾਰ, ਸੰਤ ਕੰਤ ਵੇਖ ਵਖਾਇਆ । ਗੁਰਸਿਖ ਸਾਚੇ ਕਰੇ ਪਿਆਰ, ਗੁਰਮੁਖ ਵੇਖੇ ਥਾਉਂ ਥਾਂਇਆ । ਨਿਰਗੁਣ ਸਰਗੁਣ ਲਏ ਅਵਤਾਰ, ਸਰਗੁਣ ਨਿਰਗੁਣ ਹੋਏ ਸਹਾਇਆ । ਕਲਜੁਗ ਖੇਲ ਕਰੇ ਨਿਆਰ, ਰੂਪ ਰੰਗ ਰੇਖ ਨਾ ਕੋਇ ਵਖਾਇਆ । ਜੋਤੀ ਜੋਤ ਦਏ ਅਧਾਰ, ਜੋਤ ਨਿਰੰਜਣ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਹਰਿਜਨ ਮੇਲੇ ਸਾਚੇ ਘਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਸ਼ਨ ਬ੍ਰਹਮਾ ਸ਼ਿਵ ਦੇਵੇ ਪੰਧ ਮੁਕਾਇਆ ।



੨੫੨

★ ੧੭ ਫਗਣ ੨੦੧੭ ਬਿਕ੍ਰਮੀ ਮਨਸ਼ਾ ਸਿੰਘ ਦੇ ਘਰ, ਪਿੰਡ ਨੌਸ਼ੈਹਿਰਾ ਜ਼ਿਲਾ ਗੁਰਦਾਸ ਪੁਰ ★

੧੦ ਨੌ ਨਵ ਚਾਰ ਖੇਲ ਅਪਾਰਾ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਹਰਿ ਪੁਰਖ ਨਿਰੰਜਣ ਹੋ ਤਿਆਰਾ, ਨਵ ਨੌ ਚਾਰ ਵੇਖ ਵਖਾਇੰਦਾ । ਲੇਖਾ ਜਾਣੇ ਏਕੰਕਾਰਾ, ਅਲਖ ਅਗੋਚਰ ਅਗੰਮ ਅਥਾਹ, ਭੇਵ ਕੋਇ ਨਾ ਪਾਇੰਦਾ । ਆਦਿ ਨਿਰੰਜਣ ਕਰੇ ਖੇਲ ਅਪਰ ਅਪਾਰਾ, ਨਵ ਨੌ ਚਾਰ ਜੋਤੀ ਨੂਰ ਡਗਮਗਾਇੰਦਾ । ਨਵ ਨੌ ਚਾਰ ਲੇਖਾ ਜਾਣੇ ਸ੍ਰੀ ਭਗਵਾਨ ਧੁਰ ਦਰਬਾਰਾ, ਦਰ ਘਰ ਸਾਚੇ ਸੋਭਾ ਪਾਇੰਦਾ । ਅਬਿਨਾਸ਼ੀ ਕਰਤਾ ਮੀਤ ਮੁਰਾਰਾ, ਨਵ ਨੌ ਚਾਰ ਵਸੇ ਬਾਹਰਾ, ਦਿਸ ਕਿਸੇ ਨਾ ਆਇੰਦਾ । ਨਵ ਨੌ ਚਾਰ ਹਰਿ ਭੰਡਾਰਾ, ਦੇਵਣਹਾਰਾ ਇਕ ਕਰਤਾਰਾ, ਪਾਰਬ੍ਰਹਮ ਪ੍ਰਭ ਆਪ ਵਰਤਾਇੰਦਾ । ਆਦਿ ਜੁਗਾਦੀ ਸਾਚੀ ਕਾਰਾ, ਜੁਗਾ ਜੁਗੰਤਰ ਖੇਲ ਖਿਲਾਇੰਦਾ । ਨਿਰਗੁਣ ਨਿਰਵੈਰ ਪੁਰਖ ਅਕਾਲ ਦੀਨ ਦਿਆਲ ਵਸਣਹਾਰਾ ਧਾਮ ਨਿਆਰਾ, ਸੱਚਖੰਡ ਨਿਵਾਸੀ ਦਰ ਘਰ ਸਾਚੇ ਸੋਭਾ ਪਾਇੰਦਾ । ਸ਼ਾਹੋ ਭੂਪ ਰਾਜ ਰਾਜਾਨ ਬਣ ਸਿਕਦਾਰਾ, ਤਖ਼ਤ ਨਿਵਾਸੀ ਏਕਾ ਤਖ਼ਤ ਸੁਹਾਇੰਦਾ । ਇਕ ਅੱਕਲਾ ਬੰਨ੍ਹੇ ਧਾਰਾ, ਦੂਜਾ ਰੂਪ ਅਪਰ ਅਪਾਰਾ । ਤੀਜੇ ਆਪਣੇ ਰੰਗ ਰਵੇ ਨਿਰੰਕਾਰਾ, ਚੌਥੇ ਖੋਲ੍ਹੇ ਸਚ ਕਿਵਾੜਾ, ਪੰਚਮ ਏਕਾ ਬੰਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਵ ਨੌ ਚਾਰ ਭੇਵ ਕੋਈ ਨਾ ਪਾਇੰਦਾ । ਨਵ ਨੌ ਚਾਰ ਹਰਿ ਕਰਤਾਰ, ਮਹਿਮਾ ਅਕਥ ਕਥੀ ਨਾ ਜਾਈਆ । ਨਵ ਨੌ ਚਾਰ ਅਲਖ ਅਗੋਚਰ ਅਗੰਮ ਅਪਾਰ, ਅਲਖ ਅਲਖਣਾ ਸੱਚਾ ਸ਼ਹਿਨਸ਼ਾਹੀਆ । ਨਵ ਨੌ ਚਾਰ ਸਭ ਤੋਂ ਵਸੇ ਬਾਹਰ, ਰੂਪ ਰੰਗ ਰੇਖ ਨਾ ਕੋਈ ਵਖਾਈਆ । ਨਵ ਨੌ ਚਾਰ ਹੁਕਮ ਵਰਤਾਰ, ਹੁਕਮੀ ਹੁਕਮ ਖੇਲ ਖਿਲਾਈਆ । ਨਵ ਨੌ ਚਾਰ ਕਰੇ ਕਰਾਏ ਆਪਣੀ ਕਾਰ, ਕਰਤਾ ਪੁਰਖ ਆਪਣੀ ਕਰਨੀ ਕਿਰਤ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ

੨੫੩
੧੦

ਧਰ, ਲੇਖਾ ਜਾਣੇ ਏਕਾ ਹਰਿ, ਦੂਸਰ ਭੇਵ ਨਾ ਕੋਈ ਰਖਾਈਆ । ਸਾਚਾ ਲੇਖਾ ਹਰਿ ਕਰਤਾਰਾ, ਆਪਣੇ ਹੱਥ ਰਖਾਇੰਦਾ । ਆਦਿ ਪੁਰਖ ਹੋ ਉਜਿਆਰਾ, ਆਪਣੀ ਧਾਰਾ ਆਪ ਚਲਾਇੰਦਾ । ਆਪ ਪ੍ਰਗਟਾਏ ਸੁਤ ਦੁਲਾਰਾ, ਮਾਤ ਪਿਤ ਪਿਤਾ ਪੂਤ ਆਪਣੀ ਗੋਦ ਸੁਹਾਇੰਦਾ । ਆਪ ਕਰਾਏ ਵਣਜ ਵਾਪਾਰਾ, ਵਸਤ ਅਮੋਲਕ ਆਪ ਵਰਤਾਇੰਦਾ । ਆਪੇ ਵੇਖੇ ਵਿਗਸੇ ਕਰੇ ਵਿਚਾਰਾ, ਵੇਖਣਹਾਰਾ ਮੁਖ ਛੁਪਾਇੰਦਾ । ਆਪੇ ਆਪਣਾ ਨਾਉਂ ਰੱਖ ਨਿਰੰਕਾਰਾ, ਸਾਚਾ ਨਾਅਰਾ ਆਪੇ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਪੁਰਖ ਅਬਿਨਾਸ਼ਾ, ਆਪੇ ਜਾਣੇ ਆਪਣਾ ਸਚ ਤਮਾਸ਼ਾ, ਸਚਖੰਡ ਦਵਾਰੇ ਆਪ ਕਰਾਇੰਦਾ । ਸਚਖੰਡ ਦਵਾਰ ਸੋਭਾਵੰਤ, ਸੋ ਪੁਰਖ ਨਿਰੰਜਣ ਆਪ ਸੁਹਾਈਆ । ਲੇਖਾ ਜਾਣੇ ਆਦਿ ਅੰਤ, ਗੁਣਵੰਤ ਸਹਿਜ ਸੁਖਦਾਈਆ । ਨਰ ਨਿਰੰਕਾਰ ਰੂਪ ਵਟਾਏ ਨਾਰੀ ਕੰਤ, ਸਚ ਸੁਹੰਜਣੀ ਸੇਜ ਹੰਢਾਈਆ । ਆਪਣੀ ਇਛਿਆ ਮਣੀਆ ਮੰਤ, ਨਾਮ ਨਿਧਾਨਾ ਆਪੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਏਕਾ ਹਰਿ, ਨਵ ਨੌ ਚਾਰ ਲੇਖਾ ਜਾਣੇ ਥਾਉਂ ਥਾਈਆ । ਨਵ ਨੌ ਚਾਰ ਖੇਲ ਅਪਾਰਾ, ਸ੍ਰੀ ਭਗਵਾਨ ਆਪ ਖਿਲਾਇੰਦਾ । ਸਾਚੇ ਤਖ਼ਤ ਬੈਠ ਸੱਚੀ ਸਰਕਾਰਾ, ਸ਼ਾਹੋ ਭੂਪ ਆਪਣਾ ਹੁਕਮ ਸੁਣਾਇੰਦਾ । ਸਚਖੰਡ ਅੰਦਰ ਖੋਲ੍ਹ ਕਿਵਾੜਾ, ਥਿਰ ਘਰ ਆਪਣਾ ਬੰਕ ਵਡਿਆਇੰਦਾ । ਦੇਵਣਹਾਰਾ ਧੁਰ ਫ਼ਰਮਾਨਾ, ਸ਼ਬਦੀ ਸ਼ਬਦ ਆਪ ਜਣਾਇੰਦਾ । ਸ਼ਬਦੀ ਸ਼ਬਦ ਇਕ ਹੁਲਾਰਾ, ਸਤਿ ਸਤਿ ਸਤਿਵਾਦੀ ਆਦਿ ਅਨਾਦੀ ਆਪ ਸੁਣਾਇੰਦਾ । ਬੋਧ ਅਗਾਧੀ ਏਕਾ ਧਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਏਕਾ ਹਰਿ, ਨਰ ਨਰਾਇਣ ਖੇਲ ਖਿਲਾਇੰਦਾ । ਨਰ ਹਰਿ ਨਰਾਇਣ ਬਨਵਾਰੀ, ਅਨਭਵ ਪ੍ਰਕਾਸ਼ ਕਰਾਇੰਦਾ । ਨਿਰਗੁਣ ਜੋਤ ਕਰ ਉਜਿਆਰੀ, ਪੁਰਖ ਅਕਾਲ ਖੇਲ ਖਿਲਾਇੰਦਾ । ਅਜੂਨੀ ਰਹਿਤ ਸਹਿਜ ਸੁਖਧਾਰੀ, ਦਰ ਘਰ ਸਾਚੇ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਦਰ ਘਰ ਸਾਚਾ ਆਪ ਵਡਿਆਇੰਦਾ । ਦਰ ਘਰ ਸਾਚਾ ਹਰਿ ਵਡਿਆਇਆ, ਵਡ ਵੱਡਾ ਆਪ ਅਖਵਾਇੰਦਾ । ਨਿਰਗੁਣ ਨੂਰ ਨੂਰ ਧਰਾਇਆ, ਮਾਤ ਪਿਤ ਨਾ ਕੋਈ ਬਣਾਇੰਦਾ । ਛੱਪਰ ਛੰਨ ਨਾ ਕੋਈ ਛੁਹਾਇਆ, ਜਾਗਰਤ ਜੋਤ ਆਪ ਉਪਾਇੰਦਾ । ਆਪਣਾ ਲੇਖਾ ਆਪਣੇ ਹੱਥ ਰਖਾਇਆ, ਕਾਗਦ ਕ਼ਲਮ ਭੇਵ ਕੋਇ ਨਾ ਪਾਇੰਦਾ । ਆਦਿ ਪੁਰਖ ਪੁਰਖੋਤਮ ਆਪਣਾ ਰੂਪ ਧਰਾਇਆ, ਪਰਮ ਪੁਰਖ ਪਰਮਾਤਮ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਵੰਡਨ ਆਪ ਵੰਡਾਇੰਦਾ । ਸਚਖੰਡ ਦਵਾਰਾ ਹਰਿ ਸੁਹਾ, ਆਪਣਾ ਖੇਲ ਖਿਲਾਇੰਦਾ । ਆਪਣਾ ਹੁਕਮ ਸ਼ਬਦ ਜਣਾ, ਆਪੇ ਸੀਸ ਝੁਕਾਇੰਦਾ । ਆਪਣਾ ਦਰ ਦਰਬਾਨ ਸੇਵਾ ਰਿਹਾ ਕਮਾ, ਸੇਵਾਦਾਰ ਭੇਵ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਏਕਾ ਹਰਿ, ਆਦਿ ਜੁਗਾਦਿ ਆਪਣੀ ਬਣਤ ਆਪ ਬਣਾਇੰਦਾ । ਬਣਤ ਬਣਾਏ ਹਰਿ ਨਿਰੰਕਾਰਾ, ਮਹਿਮਾ ਅਕਥ ਕਥੀ ਨਾ ਜਾਈਆ । ਕਰੇ ਖੇਲ ਅਪਰ ਅਪਾਰਾ, ਲੋਆਂ ਪੁਰੀਆਂ ਬ੍ਰਹਿਮੰਡਾ ਖੰਡਾ ਆਪਣੀ ਰਚਨ ਰਚਾਈਆ । ਕਰੇ ਪ੍ਰਕਾਸ਼ ਰਵ ਸਸ ਸੂਰਜ ਚੰਨ ਸਤਾਰਾ, ਕਿਰਨੀ ਕਿਰਨ ਡਗਮਗਾਈਆ । ਏਕਾ ਸ਼ਬਦ ਇਕ ਆਧਾਰਾ, ਏਕਾ ਪਵਣੀ ਪਵਣ ਵਿਚ ਸਮਾਈਆ । ਨੌ ਚਾਰ ਵਸੇ ਸਭ ਤੇ ਬਾਹਰਾ, ਨਵ ਨੌ ਚਾਰ ਕਰੇ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਹੱਥ ਰੱਖੇ ਵਡਿਆਈਆ । ਨੌ ਚਾਰ ਰੰਗ ਕਰਤਾਰਾ, ਕਰਤਾ ਪੁਰਖ ਆਪ ਕਰਾਇੰਦਾ ।

ਸਤਿ ਸਤਿਵਾਦੀ ਹੋ ਨਿਆਰਾ, ਸਤਿ ਸਤਿਵਾਦੀ ਆਪਣਾ ਨਾਉਂ ਧਰਾਇੰਦਾ । ਸੋ ਪੁਰਖ ਨਿਰੰਜਣ ਹਰਿ ਨਿਰੰਜਣ ਮੇਲ ਮਿਲਾਵਾ ਏਕੰਕਾਰਾ, ਆਦਿ ਨਿਰੰਜਣ ਵਿਛੜ ਕਦੇ ਨਾ ਜਾਇੰਦਾ । ਅਬਿਨਾਸ਼ੀ ਕਰਤਾ ਮੀਤ ਮੁਰਾਰਾ, ਸ੍ਰੀ ਭਗਵਾਨ ਰੂਪ ਨਾਰੀ ਕੰਤ ਭਤਾਰਾ, ਪਾਰਬ੍ਰਹਮ ਸਾਚੀ ਸੇਜ ਹੰਢਾਇੰਦਾ । ਸੁਤ ਦੁਲਾਰਾ ਕਰ ਪਿਆਰਾ, ਅੱਠਵਾਂ ਆਪਣਾ ਬੰਧਨ ਪਾਇੰਦਾ । ਨੌਵਾਂ ਰੰਗ ਕਰੇ ਨਿਰਗੁਣ ਧਾਰਾ, ਸਰਗੁਣ ਆਪਣੀ ਖੇਲ ਖਿਲਾਇੰਦਾ । ਸਰਗੁਣ ਰੂਪ ਅਪਰ ਅਪਾਰਾ, ਪੁਰਖ ਅਬਿਨਾਸ਼ੀ ਆਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਵ ਨੌਂ ਚਾਰ ਆਪਣਾ ਮਾਰਗ ਆਪਣੇ ਹੱਥ ਰਖਾਇੰਦਾ । ਨੌਂ ਚਾਰ ਹਰਿ ਭੇਵ ਖੁਲ੍ਹਾਏ, ਏਕਾ ਪਰਦਾ ਆਪ ਉਠਾਈਆ । ਆਦਿ ਪੁਰਖ ਆਪਣਾ ਨਾਉਂ ਧਰਾਏ, ਪਹਿਲਾ ਘਰ ਵੰਡ ਵੰਡਾਈਆ । ਦੂਜਾ ਦਰ ਸਚਖੰਡ ਸੁਹਾਏ, ਤੀਜੇ ਥਿਰ ਘਰ ਦਏ ਵਡਿਆਈਆ । ਚੌਥੇ ਘਰ ਸ਼ਬਦ ਉਪਜਾਏ, ਸ਼ਬਦੀ ਸ਼ਬਦ ਮੇਲ ਮਿਲਾਈਆ । ਨੌਂ ਚਾਰ ਨਿਰਗੁਣ ਆਪਣੇ ਰੰਗ ਰੰਗਾਏ, ਆਦਿ ਪੁਰਖ ਵਡੀ ਵਡਿਆਈਆ । ਨਵ ਨਈਆ ਆਪ ਉਠਾਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਵਟ ਖੇਟਾ ਬਣੇ ਸਾਚਾ ਮਾਹੀਆ । ਨਵ ਨਈਆ ਕਰ ਤਿਆਰ, ਹਰਿ ਸਾਚਾ ਖੇਲ ਖਿਲਾਇੰਦਾ । ਨੌਂ ਨੌਂ ਕਰੇ ਇਕ ਪਿਆਰ, ਚਾਰ ਚਾਰ ਬੰਧਨ ਪਾਇੰਦਾ । ਏਕਾ ਵਸਤ ਦੱਸੇ ਥਾਰ, ਥਿਰ ਘਰ ਸਾਚੇ ਆਪੇ ਰਖਾਇੰਦਾ । ਨਿਰਵੈਰ ਪੁਰਖ ਬਣ ਵਰਤਾਰ, ਅਜੂਨੀ ਰਹਿਤ ਆਪ ਵਰਤਾਇੰਦਾ । ਆਪਣੀ ਇਛਿਆ ਆਪੇ ਲਏ ਅਧਾਰ, ਰੂਪ ਅਨੂਪ ਆਪ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਵ ਨੌਂ ਚਾਰ ਆਪ ਸਮਝਾਇੰਦਾ । ਨਵ ਨੌਂ ਚਾਰ ਨਿਰਗੁਣ ਦਾਤਾ, ਨਰ ਹਰਿ ਨਰਾਇਣ ਅਖਵਾਇੰਦਾ । ਸ਼ਬਦ ਅਗੰਮੀ ਗਾਏ ਗਾਥਾ, ਆਦਿ ਜੁਗਾਦੀ ਆਪਣੀ ਗਾਇੰਦਾ । ਸਤਿ ਸਤਿਵਾਦ ਚਲਾਏ ਰਾਥਾ, ਰਥ ਰਥਵਾਹੀ ਸੇਵਾ ਆਪ ਕਮਾਇੰਦਾ । ਆਪ ਨਿਭਾਏ ਸਗਲਾ ਸਾਥਾ, ਸਾਚਾ ਸਤਿ ਨਾ ਕੋਈ ਤੁੜਾਇੰਦਾ । ਏਕਾ ਅੱਖਰ ਪੂਜਾ ਪਾਠਾ, ਏਕਾ ਮੰਤਰ ਨਾਮ ਉਪਾਇੰਦਾ । ਏਕਾ ਮੰਦਰ ਏਕਾ ਹਾਟਾ, ਏਕਾ ਗ੍ਰਿਹ ਵਖਾਇੰਦਾ । ਏਕਾ ਨੂਰ ਏਕਾ ਜੋਤ ਇਕ ਲਿਲਾਟਾ, ਏਕਾ ਘਾਟ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਵ ਨੌਂ ਚਾਰ ਆਪਣੇ ਵਿਚ ਛੁਪਾਇੰਦਾ । ਨਵ ਨੌਂ ਚਾਰ ਨਿਰਗੁਣ ਛੁਪਾਇਆ, ਲੇਖਾ ਲਿਖਣ ਵਿਚ ਨਾ ਆਈਆ । ਪੁਰਖ ਅਬਿਨਾਸ਼ੀ ਰੂਪ ਧਰਾਇਆ, ਸਰਗੁਣ ਖੇਲ ਸੱਚਾ ਸ਼ਹਿਨਸ਼ਾਹੀਆ । ਵਿਸ਼ਨ ਬ੍ਰਹਮਾ ਸ਼ਿਵ ਉਪਜਾਇਆ, ਸਿਰ ਆਪਣਾ ਹੱਥ ਟਿਕਾਈਆ । ਤ੍ਰੈਗੁਣ ਮੇਲਾ ਮੇਲ ਮਿਲਾਇਆ, ਪੰਚ ਵਿਚੋਲਾ ਸੱਚਾ ਸ਼ਹਿਨਸ਼ਾਹੀਆ । ਪਰਦਾ ਓਹਲਾ ਸਾਰਾ ਲਾਹਿਆ, ਭੇਵ ਕੋਇ ਨਾ ਪਾਈਆ । ਸਾਚਾ ਘਾੜਨ ਲਏ ਘੜਾਇਆ, ਤਤਵ ਤਤ ਲਏ ਮਿਲਾਈਆ । ਅੰਤਮ ਢੋਲਾ ਆਪ ਜਣਾਇਆ, ਅਨਹਦ ਨਾਦ ਵਜਾਈਆ । ਜੋਤੀ ਨੂਰ ਕਰ ਰੁਸ਼ਨਾਇਆ, ਜੋਤ ਨਿਰੰਜਣ ਆਪ ਪਰਗਟਾਈਆ । ਸਾਚੀ ਸੇਵਾ ਸਹਿਜ ਸੁਭਾਇਆ, ਲੋਕਮਾਤ ਵੇਖ ਵਖਾਈਆ । ਚੌਦਾਂ ਲੋਕ ਚਰਨ ਛੁਹਾਇਆ, ਰੂਪ ਅਨੂਪ ਆਪ ਧਰਾਈਆ । ਰਵ ਸਸ ਸੀਸ ਝੁਕਾਇਆ, ਮੰਡਲ ਮੰਡਪ ਚਰਨਾਂ ਹੇਠ ਦਬਾਈਆ । ਘੜਨ ਭੰਨਣਹਾਰ ਪੁਰਖ ਸਮਰਥ ਖੇਲ ਰਚਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਵ ਨੌਂ ਚਾਰ ਦਏ ਸਮਝਾਈਆ । ਨਵ ਨੌਂ ਚਾਰ ਖੇਲ ਅਪਾਰਾ, ਹਰਿ ਸਾਚਾ ਸਚ ਕਰਾਇੰਦਾ । ਨਿਰਗੁਣ ਸਰਗੁਣ ਹੋ ਉਜਿਆਰਾ, ਲੱਖ ਚੁਰਾਸੀ ਵੇਖ ਵਖਾਇੰਦਾ । ਨਵ ਨੌਂ ਖੋਲ੍ਹੇ ਜਗਤ ਦਵਾਰਾ, ਜਗਤ ਵਾਸਨਾ ਵਿਚ ਰਖਾਇੰਦਾ । ਨਵ ਨੌਂ ਕਰੇ ਖੇਲ ਨਿਆਰਾ, ਨਵ ਨੌਂ ਆਪਣਾ ਰੂਪ ਧਰਾਇੰਦਾ ।

ਨਵ ਨੌ ਦੇਵੇ ਇਕ ਸਹਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਧਾਰਾ ਆਪ ਬੰਧਾਇੰਦਾ । ਨਵ ਨਵ ਧਾਰ ਹਰਿ ਸੰਸਾਰ, ਸਤਿ ਪੁਰਖ ਨਿਰੰਜਣ ਆਪ ਚਲਾਇੰਦਾ । ਨਵ ਨਵ ਕਰੇ ਪਾਰ ਕਿਨਾਰ, ਹਰਿ ਕਾ ਭੇਵ ਕੋਇ ਨਾ ਪਾਇੰਦਾ । ਨਿਰਗੁਣ ਸਰਗੁਣ ਹੋ ਉਜਿਆਰ, ਸਰਗੁਣ ਨਿਰਗੁਣ ਵੇਖ ਵਖਾਇੰਦਾ । ਦੋਹਾਂ ਵਿਚੋਲਾ ਏਕੰਕਾਰ, ਅਕਲ ਕਲ ਆਪਣਾ ਰੂਪ ਧਰਾਇੰਦਾ । ਜੁਗ ਚੌਕੜੀ ਵੰਡੇ ਵੰਡ ਗਿਰਧਾਰ, ਕੋਟਨ ਕੋਟ ਕਾਲ ਆਪਣੇ ਹੱਥ ਰਖਾਇੰਦਾ । ਲੇਖਾ ਜਾਣੇ ਗੁਰ ਅਵਤਾਰ, ਭਗਤ ਭਗਵੰਤ ਸੰਤ ਏਕਾ ਗੁਣ ਵਖਾਇੰਦਾ । ਗੁਰਮੁਖ ਮੇਲਾ ਜਗਤ ਦਵਾਰ, ਗੁਰਸਿਖ ਆਪਣਾ ਬੰਧਨ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਵ ਨਵ ਆਪਣਾ ਖੇਲ ਖਿਲਾਇੰਦਾ । ਨਵ ਨਵ ਖੇਲ ਖਿਲਾਇਆ, ਖ਼ਾਲਕ ਖ਼ਲਕ ਰੂਪ ਨਿਰੰਕਾਰ । ਜੁਗ ਜੁਗ ਆਪਣਾ ਵੇਸ ਵਟਾਇਆ, ਲੋਕਮਾਤ ਲਏ ਅਵਤਾਰ । ਸਤਿਜੁਗ ਤ੍ਰੇਤਾ ਦਵਾਪਰ ਆਪ ਹੰਢਾਇਆ, ਕਲਜੁਗ ਪਾਵਣਹਾਰਾ ਸਾਰ । ਨਵ ਨੌ ਚਾਰ ਪੰਧ ਮੁਕਾਇਆ, ਜੁਗ ਚੌਕੜੀ ਗਏ ਹਾਰ । ਚੌਥਾ ਜੁਗ ਰੂਪ ਧਰਾਇਆ, ਚਾਰ ਕੁੰਟ ਹੋ ਉਜਿਆਰ । ਚਾਰੇ ਵੇਦ ਵੇਖ ਵਖਾਇਆ, ਚਾਰੇ ਬਾਣੀ ਕਰੇ ਪੁਕਾਰ । ਚਾਰੇ ਵਰਨਾਂ ਨੈਣ ਸ਼ਰਮਾਇਆ, ਚਾਰੇ ਯਾਰੀ ਰੋਵੇ ਜ਼ਾਰੋ ਜ਼ਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਵ ਨੌ ਚਾਰ ਦਏ ਆਧਾਰ । ਨਵ ਨੌ ਚਾਰ ਸਰਬ ਕੁਰਲਾਇਆ, ਲੱਖ ਚੁਰਾਸੀ ਦਏ ਦੁਹਾਈਆ । ਨਿਰਗੁਣ ਰੂਪ ਨਜ਼ਰ ਕਿਸੇ ਨਾ ਆਇਆ, ਸਰਗੁਣ ਮਸਤਕ ਲੱਗੀ ਕੂੜੀ ਛਾਹੀਆ । ਚਾਰੋਂ ਕੁੰਟ ਅੰਧੇਰਾ ਛਾਇਆ, ਦਹਿ ਦਿਸ਼ਾ ਨਾ ਕੋਇ ਰੁਸ਼ਨਾਈਆ । ਬ੍ਰਹਿਮੰਡ ਵਰਭੰਡ ਰਿਹਾ ਕੁਰਲਾਇਆ, ਜੇਰਜ ਅੰਡ ਧੀਰ ਨਾ ਕੋਇ ਧਰਾਈਆ । ਵਿਸ਼ਨ ਬ੍ਰਹਮਾ ਸ਼ਿਵ ਨੇਤਰ ਨੈਣ ਰਿਹਾ ਉਠਾਇਆ, ਰਾਹ ਤੱਕਣ ਸਾਚੇ ਮਾਹੀਆ । ਕਰੋੜ ਤੇਤੀਸਾ ਨੇਤਰ ਨੈਣਾਂ ਨੀਰ ਵਹਾਇਆ, ਸੁਰਪਤ ਰਾਜਾ ਇੰਦ ਦਏ ਦੁਹਾਈਆ । ਗੁਰ ਪੀਰ ਅਵਤਾਰ ਬੈਠੇ ਸੇਜ ਵਿਛਾਇਆ, ਘਰ ਮਿਲੇ ਕੰਤ ਸੁਹੇਲਾ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਨਵ ਨੌ ਚਾਰ ਆਪਣਾ ਰੰਗ ਆਪੇ ਵੇਖ ਵਖਾਈਆ । ਨਵ ਨੌ ਚਾਰ ਰੰਗ ਅਪਾਰਾ, ਹਰਿ ਸਾਚਾ ਵੇਖ ਵਖਾਇੰਦਾ । ਕਲਜੁਗ ਅੰਤਮ ਖੇਲ ਨਿਆਰਾ, ਨੌ ਸੌ ਚੁਰਾਨਵੇ ਚੌਕੜੀ ਜੁਗ ਪੰਧ ਮੁਕਾਇੰਦਾ । ਲੇਖਾ ਜਾਣੇ ਧੁਰ ਦਰਬਾਰਾ, ਆਦਿ ਸ਼ਕਤ ਆਦਿ ਭਵਾਨੀ ਏਕਾ ਹੁਕਮ ਧੁਰ ਫ਼ਰਮਾਨਾ ਆਪ ਸੁਣਾਇੰਦਾ । ਏਕਾ ਜਲਵਾ ਨੂਰ ਨੂਰਾਨੀ, ਮਹਿਬਾਨ ਬੀਦੋ ਬੀ ਖੈਰ ਯਾ ਅੱਲਾ ਇਲਾਹੀ ਨੂਰ ਆਪ ਧਰਾਇੰਦਾ । ਆਪੇ ਜਾਣੇ ਆਦਿ ਜੁਗਾਦਿ ਜੁਗਾ ਜੁਗੰਤਰ ਸ਼ਬਦ ਅਨਾਦ ਅਨਾਦੀ ਬਾਣੀ, ਲੋਕਮਾਤ ਆਪ ਸੁਣਾਇੰਦਾ । ਕਲਜੁਗ ਅੰਤਮ ਅੰਤ ਹਰਿ ਇਕ ਵਖਾਏ ਸਚ ਨਿਸ਼ਾਨੀ, ਆਤਮ ਬ੍ਰਹਮ ਸਰਬ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਵ ਨੌ ਚਾਰ ਪੰਧ ਮੁਕਾਇੰਦਾ । ਨਵ ਨੌ ਚਾਰ ਆਤਮ ਬ੍ਰਹਮ, ਪਾਰਬ੍ਰਹਮ ਉਪਜਾਇਆ । ਲੇਖਾ ਜਾਣੇ ਭਗਤ ਕਰਮ, ਨਿਹਕਰਮੀ ਕਰਮ ਕਮਾਇਆ । ਨਿਰਗੁਣ ਨਿਰਵੈਰ ਏਕਾ ਧਰਮ, ਅਧਰਮੀ ਧਰਮ ਵੇਖ ਵਖਾਇਆ । ਨਿਰਾਕਾਰ ਵਖਾਏ ਏਕਾ ਵਰਨ, ਬਰਨ ਕੋਇ ਰਹਿਣ ਨਾ ਪਾਇਆ । ਅਬਿਨਾਸ਼ੀ ਕਰਤਾ ਸਾਚੀ ਸਰਨ, ਦੂਸਰ ਓਟ ਨਾ ਕੋਇ ਤਕਾਇਆ । ਜਨ ਭਗਤਾਂ ਖੋਲ੍ਹੇ ਹਰਨ ਫਰਨ, ਨੇਤਰ ਆਪਣਾ ਆਪ ਵਖਾਇਆ । ਸੰਤਨ ਚੁਕਾਏ ਮਰਨ ਡਰਨ, ਕਾਲ ਫਾਸ ਨੇੜ ਨਾ ਆਇਆ । ਗੁਰਮੁਖ ਸਾਚੀ ਤਰਨੀ ਤਰਨ, ਰਾਏ ਧਰਮ ਨਾ ਦਏ ਸਜ਼ਾਇਆ । ਗੁਰਸਿਖ ਦਰ ਘਰ ਸਾਚੇ ਵੜਨ, ਚਿਤਰ ਗੁਪਤ ਨਾ ਲੇਖ

ਵਖਾਇਆ । ਮਨਮੁਖ ਜੀਵ ਆਪਣੀ ਕਰਨੀ ਭਰਨ, ਲੱਖ ਚਰਾਸੀ ਗੇੜ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨੌ ਨੌ ਚਾਰ ਲਏ ਪਰਨਾਇਆ । ਨਵ ਨੌ ਚਾਰ ਪਰਨਾਵਣਾ, ਹਰਿ ਸਾਚਾ ਕੰਤ ਕੰਤੂਹਲ । ਆਪਣਾ ਕੀਤਾ ਕੌਲ ਭੁਲ ਨਾ ਜਾਵਣਾ, ਕਰੇ ਖੇਲ ਸਦਾ ਅਨਭੂਲ । ਨਿਰਗੁਣ ਸਰਗੁਣ ਵੇਖ ਵਖਾਵਣਾ, ਤੋਲਣਹਾਰਾ ਪੂਰਾ ਤੋਲ । ਸ਼ਬਦ ਅਗੰਮੀ ਖੰਡਾ ਹੱਥ ਰਖਾਵਣਾ, ਆਪੇ ਵੇਖਣਹਾਰਾ ਘਟ ਘਟ ਅੰਦਰ ਮੌਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਧਰਨੀ ਧਰਤ ਧੌਲ । ਧੌਲ ਧਰਮ ਤੇਰਾ ਵੇਖਣਹਾਰਾ, ਦਇਆ ਧਰਮ ਪੂਤ ਕਵਣ ਅਖਵਾਈਆ । ਪੁਰਖ ਅਬਿਨਾਸ਼ੀ ਹੋ ਉਜਿਆਰਾ, ਲੋਕਮਾਤ ਜੋਤ ਜਗਾਈਆ । ਨੌ ਖੰਡ ਪ੍ਰਿਥਮੀ ਪਾਵੇ ਸਾਰਾ, ਨੌ ਦਰ ਖੋਲ੍ਹੇ ਥਾਉਂ ਥਾਈਆ । ਚਾਰ ਕੁੰਟ ਫਿਰੇ ਹਲਕਾਰਾ, ਸ਼ਬਦ ਦੂਤ ਇਕ ਦੌੜਾਈਆ । ਦਿਸ ਨਾ ਆਏ ਵਿਚ ਸੰਸਾਰਾ, ਪਾਰਬ੍ਰਹਮ ਅਬਿਨਾਸ਼ੀ ਅਚੁਤ ਆਪਣੀ ਖੇਲ ਖਿਲਾਈਆ । ਚਾਰੇ ਵੇਦ ਕਰਨ ਪੁਕਾਰਾ, ਪੁਰਾਨ ਅਠਾਰਾਂ ਦੇਣ ਗਵਾਹੀਆ । ਵੇਦ ਵਿਆਸਾ ਬਣ ਲਿਖਾਰਾ, ਨਾਨਕ ਗੋਬਿੰਦ ਆਪ ਸਾਲਾਹੀਆ । ਕਲਜੁਗ ਅੰਤਮ ਪਰਗਟੇ ਨਿਹਕਲੰਕ ਨਰਾਇਣ ਅਵਤਾਰਾ, ਆਪਣਾ ਬਲ ਆਪਣਾ ਰੂਪ ਪਰਗਟਾਈਆ । ਕੂੜੀ ਕਿਰਿਆ ਮੇਟੇ ਵਿਚ ਸੰਸਾਰਾ, ਜੂਠ ਝੂਠ ਰਹਿਣ ਨਾ ਪਾਈਆ । ਸਤਿ ਸਤਿ ਵਰਤਾਏ ਹਰਿ ਨਿਰੰਕਾਰਾ, ਸਤਿਜੁਗ ਸਾਚਾ ਰਾਹ ਚਲਾਈਆ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਕਰੇ ਖ਼ਵਾਰਾ, ਤਖ਼ਤ ਤਾਜ ਨਾ ਕੋਇ ਹੰਢਾਈਆ । ਗ਼ਰੀਬ ਨਿਮਾਣਿਆਂ ਪਾਵੇ ਸਾਰਾ, ਨਿਰਧਨ ਅਪਣਾ ਰੰਗ ਰੰਗਾਈਆ । ਏਕਾ ਬਖ਼ਸ਼ੇ ਚਰਨ ਪਿਆਰਾ, ਚਰਨ ਚਰਨੋਦਕ ਆਤਮ ਅੰਤਰ ਬੂੰਦ ਸਵਾਂਤੀ ਮੁਖ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਵ ਨੌ ਚਾਰ ਲੇਖਾ ਦਏ ਮੁਕਾਈਆ । ਨਵ ਨੌ ਚਾਰ ਲੇਖਾ ਮੁਕਣਾ, ਹਰਿ ਸਾਚਾ ਆਪ ਮੁਕਾਇੰਦਾ । ਹਰਿ ਕਾ ਭਾਣਾ ਕਦੇ ਨਾ ਰੁਕਣਾ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਸ਼ਬਦ ਗੁਰ ਸ਼ਬਦ ਰੂਪ ਹੋ ਹੋ ਬੁੱਕਣਾ, ਕਲਜੁਗ ਝੱਲ ਵੇਖ ਵਖਾਇੰਦਾ । ਅਠਸਠ ਤੀਰਥ ਪਾਣੀ ਸੁੱਕਣਾ, ਅੰਮ੍ਰਿਤ ਸੀਰ ਨਾ ਕੋਇ ਨਹਾਇੰਦਾ । ਬਿਨ ਹਰਿ ਪੁਰਖ ਅਕਾਲ, ਦੂਜੇ ਦਰ ਸੀਸ ਨਾ ਝੁਕਣਾ, ਅੰਤਮ ਖੇੜਾ ਆਪੇ ਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਵ ਨੌ ਚਾਰ ਅਗਲਾ ਪੰਧ ਮੁਕਾਇੰਦਾ । ਨਵ ਨੌ ਚਾਰ ਮੁਕੇ ਪੰਧ, ਹਰਿ ਸਾਚਾ ਆਪ ਮੁਕਾਈਆ । ਨੌ ਖੰਡ ਪ੍ਰਿਥਮੀ ਨੌ ਦਰ ਚਾਰ ਵਰਨ ਗਾਏ ਏਕਾ ਛੰਦ, ਸੋਹੰ ਸ਼ਬਦ ਵਡੀ ਵਡਿਆਈਆ । ਮਾਣਸ ਮਨੁਖ ਰਸਨਾ ਲਾਏ ਨਾ ਕੋਇ ਮਦਿਰਾ ਮਾਸ ਗੰਦ, ਜਿਸ ਜਨ ਆਤਮ ਬ੍ਰਹਮ ਕਰੇ ਜਣਾਈਆ । ਘਰ ਜੋਤ ਨਿਰੰਜਣ ਚੜ੍ਹੇ ਚੰਦ, ਘਰ ਘਰ ਵਿਚ ਕਰੇ ਰੁਸ਼ਨਾਈਆ । ਘਰ ਗੀਤ ਘਰ ਗੋਬਿੰਦ ਘਰ ਗਾਏ ਸੁਹਾਗੀ ਛੰਦ, ਘਰ ਮਿਲੇ ਸਤਿਗੁਰ ਸੱਚਾ ਮਾਹੀਆ । ਘਰ ਪਰਮਾਨੰਦ ਘਰ ਮਿਲੇ ਹਰਿ ਬਖ਼ਸ਼ੰਦ, ਗੁਰਮੁਖ ਵਿਰਲਾ ਬੱਤੀ ਦੰਦ ਏਕਾ ਗੁਣ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਵ ਨੌ ਚਾਰ ਤੇਰਾ ਡੇਰਾ ਦੇਵੇ ਢਾਹੀਆ । ਨਵ ਨੌ ਚਾਰ ਡੇਰਾ ਢਾਵਣਾ, ਨਾਤਾ ਤੋੜ ਕਾਮ ਕਰੋਧ ਲੋਭ ਮੋਹ ਹੰਕਾਰ । ਕਾਇਆ ਖੇੜਾ ਇਕ ਵਸਾਵਣਾ, ਪੰਚ ਸ਼ਬਦ ਧੁਨ ਨਾਦ ਕਰ ਜੈਕਾਰ । ਮਨ ਮਤ ਬੁਧ ਆਪ ਸਮਝਾਵਣਾ, ਗੁਰ ਸਤਿਗੁਰ ਕਰ ਪਿਆਰ । ਦੂਈ ਦਵੈਤੀ ਪਰਦਾ ਲਾਹਵਣਾ, ਆਸਾ ਤ੍ਰਿਸ਼ਨਾ ਕਰ ਖ਼ਵਾਰ । ਧੁਨ ਆਤਮਕ ਨਾਦ ਵਜਾਵਣਾ, ਅਨਹਦ ਸ਼ਬਦ

ਸੱਚੀ ਧੁੰਨਕਾਰ । ਏਕਾ ਰੂਪ ਸਰਬ ਦਰਸਾਵਣਾ, ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਦਏ ਆਧਾਰ । ਰਾਓ ਰੰਕਾਂ ਰਾਜ ਰਾਜਾਨਾਂ ਏਕਾ ਘਰ ਵਖਾਵਣਾ, ਹਰਿ ਪੁਰਖ ਨਿਰੰਜਣ ਚਰਨ ਦਵਾਰ । ਸ਼ਾਹੋ ਭੂਪ ਸਾਚਾ ਤਾਜ ਸੀਸ ਟਿਕਾਵਣਾ, ਪੰਚਮ ਮੇਲਾ ਵਿਚ ਸੰਸਾਰ । ਏਕਾ ਮੰਤਰ ਨਾਮ ਦ੍ਰਿੜਾਵਣਾ, ਨੌਂ ਨੌਂ ਚਾਰ ਹੋਏ ਜੈਕਾਰ । ਸਤਿ ਸਤਿਵਾਦੀ ਸਤਿ ਵਰਤਾਵਣਾ, ਸਚ ਸੁਚ ਕਰੇ ਪਿਆਰ । ਕਾਇਆ ਕੱਚ ਕੰਚਨ ਰੂਪ ਬਣਾਵਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਤੇਰੀ ਅੰਤਮ ਵਾਰ ।

### ★ ੧੭ ਫੱਗਣ ੨੦੧੭ ਬਿਕ੍ਰਮੀ ਬੂੜ ਸਿੰਘ ਦੇ ਗ੍ਰਿਹਿ ਵਜ਼ੀਰ ਪੁਰ ਜ਼ਿਲਾ ਗੁਰਦਾਸ ਪੁਰ ★

ਨਵ ਨੌ ਚਾਰ ਸੂਰਾ ਸਰਬੰਗਨ, ਸਰਬ ਕਲ ਆਪਣੀ ਖੇਲ ਖਿਲਾਇੰਦਾ । ਨਵ ਨੌ ਕਰੇ ਹਰਿ ਖੰਡਨ, ਨਾਮ ਖੰਡਾ ਇਕ ਚਮਕਾਇੰਦਾ । ਨਵ ਨੌ ਦੇਵੇ ਪ੍ਰਭ ਦੰਡਨ, ਸ੍ਰਿਸ਼ਟ ਸਬਾਈ ਵੇਖ ਵਖਾਇੰਦਾ । ਨਵ ਨੌ ਚਲਾਏ ਚੰਡ ਪਰਚੰਡਨ, ਪਾਰਬ੍ਰਹਮ ਭੇਵ ਨਾ ਆਇੰਦਾ । ਨਵ ਨੌ ਭਾਗਾਂਮੰਦਨ, ਭਾਂਡਾ ਭਰਮ ਨਾ ਕੋਇ ਭਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਧਰਾਇੰਦਾ । ਨਵ ਨੌ ਚਾਰ ਵੇਸ ਧਰ, ਹਰਿ ਸਾਚਾ ਖੇਲ ਖਿਲਾਇੰਦਾ । ਨੌ ਦਵਾਰ ਜਾਇਣ ਹਰ, ਹਰਿ ਜੂ ਹਰਿ ਹਰਿ ਵੇਖ ਵਖਾਇੰਦਾ । ਨੌ ਖੰਡ ਭੈ ਭੌ ਰਹੀ ਡਰ, ਭਿਆਨਕ ਰੂਪ ਸਰਬ ਦਰਸਾਇੰਦਾ । ਨਵ ਨੌ ਘਾੜਨ ਘੜ, ਘੜਨਹਾਰ ਭੰਨ ਵਖਾਇੰਦਾ । ਨਵ ਘਰ ਪਾਰ ਕਰ, ਹਰਿ ਸਾਚਾ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੂਪ ਆਪ ਧਰਾਇੰਦਾ । ਨਵ ਨੌ ਉਤਰੇ ਪਾਰ, ਜਗਤ ਨੱਯਾ ਰਹਿਣ ਨਾ ਪਾਈਆ । ਲੇਖਾ ਜਾਣੇ ਧੁਰ ਦਰਬਾਰ, ਸਚਖੰਡ ਸਹਿਜ ਸੁਖਦਾਈਆ । ਨਿਰਗੁਣ ਸਰਗੁਣ ਪਾਵੇ ਸਾਰ, ਪਾਰਬ੍ਰਹਮ ਵਡੀ ਵਡਿਆਈਆ । ਜੁਗ ਚੌਕੜੀ ਕਰ ਖ਼ਵਾਰ, ਵੇਲਾ ਵਕ਼ਤ ਦਏ ਚੁਕਾਈਆ । ਗੁਰ ਅਵਤਾਰ ਪਾਵੇ ਸਾਰ, ਅਭੁਲ ਹਰਿ ਇਕ ਸ਼ਹਿਨਸ਼ਾਹੀਆ । ਕਲਜੁਗ ਅੰਤਮ ਹੋ ਉਜਿਆਰ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਵ ਨੌ ਚਾਰ ਨਿਰਗੁਣ ਸਰਗੁਣ ਵੇਖ ਵਖਾਈਆ । ਨੌ ਦਰ ਸਰਗੁਣ ਰੰਗ, ਸਾਰੰਗ ਧਰ ਭਗਵਾਨ ਬੀਠਲੋ ਆਪ ਚੜ੍ਹਾਇੰਦਾ । ਨਵ ਖੰਡ ਵਿਚ ਵਰਭੰਡ, ਲੱਖ ਚੁਰਾਸੀ ਵੰਡ ਵੰਡਾਇੰਦਾ । ਚਾਰ ਜੁਗ ਚਾਰ ਵੇਦ ਚਾਰ ਖਾਣੀ ਚਾਰ ਬਾਣੀ ਚਾਰੇ ਮੁਖ ਆਪੇ ਪੜ੍ਹ, ਭੇਵ ਅਭੇਦ ਅਛੱਲ ਅਛੇਦ ਆਪ ਖੁਲ੍ਹਾਇੰਦਾ । ਨਰ ਨਿਰੰਕਾਰ ਹਰਿ ਕਰਤਾਰ ਮਹੱਲ ਅਟਲ ਉਚ ਮੁਨਾਰ ਆਪੇ ਖੜ, ਖੰਡ ਬ੍ਰਹਿਮੰਡ ਲੋਅ ਪਾਤਾਲ ਪੁਰੀਆਂ ਵੇਖ ਵਖਾਇੰਦਾ । ਸਾਗਰ ਨੀਰ ਸਰੋਵਰ ਵੇਖੇ ਸਰ, ਟਿੱਲੇ ਪਰਬਤ ਜੰਗਲ ਜੂਹ ਉਜਾੜ ਪਹਾੜ ਫੋਲ ਫੁਲਾਇੰਦਾ । ਕੋਟਨ ਕੋਟ ਰੂਪ ਲੋਕਮਾਤ ਧਰ, ਧਰਨੀ ਧਰਤ ਧਵਲ ਮਾਣ ਦਿਵਾਇੰਦਾ । ਰੂਪ ਅਨੂਪ ਸ਼ਾਹੋ ਭੂਪ ਪਾਰਬ੍ਰਹਮ ਬ੍ਰਹਮ ਲਏ ਵਰ, ਆਪ ਆਪਣਾ ਬੰਧਨ ਪਾਇੰਦਾ । ਨਵ ਨੌ ਖੋਲ੍ਹ ਦਰ, ਦਰ ਦਰਵਾਜ਼ਾ ਜਗਤ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣਾ ਮੰਗਲ ਆਪੇ ਗਾਇੰਦਾ । ਨਵ ਨੌ ਹਰਿ ਹਰਿ ਨਾਦ, ਸ਼ਬਦੀ ਸ਼ਬਦ ਆਪ ਵਜਾਇੰਦਾ । ਲੇਖਾ ਜਾਣੇ ਬ੍ਰਹਮ ਬ੍ਰਹਿਮਾਦਿ, ਕੁਦਰਤ ਕ਼ਾਦਰ ਆਪਣੀ ਖੇਲ ਖਿਲਾਇੰਦਾ । ਜੀਵ ਜੰਤ ਹਰਿ ਭਗਵੰਤ ਨਾਮ ਨਿਧਾਨਾ ਦੇਵੇ ਦਾਦ, ਵਸਤ ਅਮੋਲਕ



੨੫੭
੧੦

ਗ੍ਰਿਹਿ ਗ੍ਰਿਹਿ ਅੰਦਰ ਆਪ ਰਖਾਇੰਦਾ । ਅਗੰਮ ਅਗੰਮੜਾ ਲੇਖਾ ਬੋਧ ਅਗਾਧ, ਬੋਧ ਅਗਾਧੀ ਆਪ ਸੁਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਸੁਣ ਫ਼ਰਯਾਦ, ਨਿਰਗੁਣ ਨਿਰਵੈਰ ਪੁਰਖ ਅਕਾਲ ਅਜੂਨੀ ਰਹਿਤ ਜੋਤੀ ਜਾਮਾ ਭੇਖ ਵਟਾਇੰਦਾ । ਸੰਤ ਸੁਹੇਲੇ ਗੁਰੂ ਗੁਰ ਚੇਲੇ ਭਗਤ ਭਗਵੰਤ ਆਪੇ ਲਾਧ, ਲੱਖ ਚੁਰਾਸੀ ਵਿਚੋਂ ਮਾਣਕ ਮੋਤੀ ਆਪਣੇ ਹੱਥ ਰਖਾਇੰਦਾ । ਕਲਜੁਗ ਸ਼ੌਹ ਦਰਯਾਏ ਵਿਚੋਂ ਲਏ ਕਾਢ, ਅਗਨੀ ਤੱਤ ਨਾ ਕੋਇ ਜਲਾਇੰਦਾ । ਨਿਰਧਨ ਸਰਧਨ ਲਡਾਏ ਲਾਡ, ਆਪ ਆਪਣੀ ਗੋਦ ਸੁਹਾਇੰਦਾ । ਮੇਟ ਮਿਟਾਏ ਵਾਦ ਵਿਵਾਦ, ਵਿਖ ਅੰਮ੍ਰਿਤ ਰੂਪ ਬਣਾਇੰਦਾ । ਲੇਖਾ ਜਾਣੇ ਸਾਚੇ ਸਾਧ, ਸਾਂਤਕ ਸਤਿ ਸਿਦਕ ਸਬੂਰੀ ਇਕ ਸਮਝਾਇੰਦਾ । ਕਰੇ ਖੇਲ ਜੁਗਾਦਿ ਆਦਿ, ਜੁਗਾ ਜੁਗੰਤਰ ਜੁਗ ਕਰਤਾ ਵੇਸ ਵਟਾਇੰਦਾ । ਆਪੇ ਜਾਣੇ ਆਪਣਾ ਘਾਤ, ਖੜਗ ਖੰਡਾ ਕਟਾਰ ਚੰਡ ਪਰਚੰਡ ਹੱਥ ਨਾ ਕੋਇ ਵਖਾਇੰਦਾ । ਸਦਾ ਸੁਹੇਲਾ ਇਕ ਇਕੇਲਾ ਮੀਤ ਮੁਰਾਰਾ ਹਰਿ ਨਿਰੰਕਾਰਾ ਆਪੇ ਰੱਖੇ ਸਾਚਾ ਸਾਥ, ਗੁਰਮੁਖਾਂ ਸੰਗ ਨਿਭਾਇੰਦਾ । ਸ਼ਬਦ ਅਗੰਮੀ ਆਦਿ ਪੁਰਖ ਅਪਰੰਪਰ ਸਵਾਮੀ ਆਪ ਚੜ੍ਹਾਏ ਏਕਾ ਰਾਥ, ਰਥ ਰਥਵਾਹੀ ਸਾਚੀ ਸੇਵਾ ਆਪ ਕਮਾਇੰਦਾ । ਏਕੰਕਾਰਾ ਸਰਬ ਕਲਾ ਸਮਰਥ ਲੇਖਾ ਜਾਣੇ ਅਕਥਨਾ ਅਕਥ, ਰਸਨਾ ਜਿਹਵਾ ਨਾ ਕੋਇ ਲਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਵ ਨੌ ਚਾਰ ਖੇਲ ਸੰਸਾਰ, ਵਡ ਸੰਸਾਰੀ ਆਪ ਕਰਾਇੰਦਾ । ਨਵ ਨੱਯਾ ਚਲਾਏ ਮਾਤ, ਨੌ ਖੰਡ ਵੱਜੇ ਵਧਾਈਆ । ਚਾਰ ਵਰਨ ਬਣਾਏ ਏਕਾ ਜ਼ਾਤ, ਜਾਤ ਅਜ਼ਾਤੀ ਮੇਟ ਮਿਟਾਈਆ । ਚਾਰ ਜੁਗ ਅੰਤ ਜਣਾਏ ਏਕਾ ਸ਼ਬਦ ਕਰਾਮਾਤ, ਸੋਹੰ ਸ਼ਬਦ ਵਡੀ ਵਡਿਆਈਆ । ਚਾਰ ਵੇਦ ਏਕ ਮੰਤਰ ਦ੍ਰਿੜਾਏ ਪਾਠ, ਹੰ ਬ੍ਰਹਮ ਕਰੇ ਪੜ੍ਹਾਈਆ । ਚਾਰ ਕੁੰਟ ਇਕ ਸਰੋਵਰ ਮਾਰੇ ਠਾਠ, ਹਰਿ ਚਰਨ ਸੱਚੀ ਸਰਨਾਈਆ । ਚਾਰ ਯਾਰੀ ਨੇੜੇ ਕਰੇ ਵਾਟ, ਕਲਜੁਗ ਅੰਤਮ ਪੰਧ ਮੁਕਾਈਆ । ਲੇਖਾ ਜਾਣੇ ਆਪਣੇ ਖਾਤ, ਦੂਸਰ ਅਵਰ ਨਾ ਕੋਇ ਦਸਾਈਆ । ਨੌ ਖੰਡ ਪ੍ਰਿਥਮੀ ਬਣਾਏ ਏਕਾ ਹਾਟ, ਨਵ ਵਣਜਾਰਾ ਇਕ ਫਿਰਾਈਆ । ਚਾਰ ਜੁਗ ਦੇਵੇ ਸਾਚੀ ਦਾਤ, ਦਾਤਾ ਦਾਨੀ ਸੱਚਾ ਸ਼ਹਿਨਸ਼ਾਹੀਆ । ਗੁਰਮੁਖ ਸੱਜਣ ਰੱਖੇ ਸਾਥ, ਜੁਗ ਜੁਗ ਆਪਣਾ ਰੂਪ ਧਰਾਈਆ । ਲੇਖਾ ਜਾਣੇ ਤੱਤ ਆਠ, ਅਠ ਤੱਤ ਕਰੇ ਕੁੜਮਾਈਆ । ਵਸੇ ਧਾਮ ਸਤਿ ਪੁਰਖ ਨਿਰੰਜਣ ਸਤਿਵਾਦੀ ਸਾਤ, ਸਤ ਸਤ ਇਕ ਸਮਝਾਈਆ । ਛੇ ਘਰ ਬੈਠ ਆਪ ਰਘਨਾਥ, ਨਿਸ਼ਅੱਖਰ ਕਰੇ ਪੜ੍ਹਾਈਆ । ਪੰਚਮ ਮੇਲਾ ਕਮਲਾਪਾਤ, ਪੁਰਖ ਅਬਿਨਾਸ਼ੀ ਆਪ ਮਿਲਾਈਆ । ਚੌਥਾ ਪਦ ਚੌਥਾ ਘਰ ਏਕਾ ਮੰਡਲ ਵਖਾਏ ਸਾਚੀ ਰਾਸ, ਗੋਪੀ ਕਾਹਨ ਆਪ ਨਚਾਈਆ । ਤੀਜੇ ਲੋਇਣ ਵਸੇ ਪਾਸ, ਵਿਛੜ ਕਦੇ ਨਾ ਜਾਈਆ । ਦੋਏ ਦੋਏ ਰੂਪ ਧਰੇ ਮਾਤ, ਨਿਰਗੁਣ ਸਰਗੁਣ ਖੇਲ ਖਿਲਾਈਆ । ਏਕਾ ਇਕ ਇਕੱਲਾ ਇਕ ਇਕਾਂਤ, ਆਦਿ ਜੁਗਾਦਿ ਸਮਾਈਆ । ਕਲਜੁਗ ਅੰਤਮ ਮੇਟੇ ਅੰਧੇਰੀ ਰਾਤ, ਧੂਆਂਧਾਰ ਰਹਿਣ ਨਾ ਪਾਈਆ । ਗੁਰਮੁਖ ਸਾਚੇ ਆਪ ਉਠਾਏ ਚਰਨ ਕਵਲ ਬੰਧਾਏ ਸਾਚਾ ਨਾਤ, ਆਪਣਾ ਬੰਧਨ ਆਪੇ ਪਾਈਆ । ਅੰਤ ਕਾਲ ਕਲ ਪੁੱਛੇ ਵਾਤ, ਸਮਰਥ ਪੁਰਖ ਸੱਚਾ ਸ਼ਹਿਨਸ਼ਾਹੀਆ । ਲੇਖਾ ਮੁਕਾਏ ਜ਼ਾਤ ਪਾਤ, ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਏਕਾ ਰੰਗ ਰੰਗਾਈਆ । ਹੋਏ ਸਹਾਈ ਅਨਾਥਾਂ ਨਾਥ, ਦੀਨਨ ਦਇਆ ਆਪ ਕਮਾਈਆ । ਸਗਲ ਵਿਸੂਰੇ ਜਾਇਣ ਲਾਥ, ਜਿਸ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਵ ਨੱਯਾ ਵਿਚ ਸੰਸਾਰ, ਨੌ ਦਰ ਚਲਾਏ ਆਪ ਨਿਰੰਕਾਰ, ਚੌਥੇ ਜੁਗ ਚਾਰ ਵਰਨ ਆਪ ਚੜ੍ਹਾਈਆ । ਚਾਰ ਵਰਨ ਏਕਾ ਨੱਯਾ, ਨਵ ਖੰਡ ਪ੍ਰਿਥਮੀ ਆਪ ਚਲਾਇੰਦਾ ।

੨੫੮ ੧੦

ਨਵ ਦਵਾਰ ਏਕਾ ਸੱਜਾ, ਪੁਰਖ ਅਬਿਨਾਸ਼ੀ ਨਜ਼ਰੀ ਆਇੰਦਾ । ਚਾਰ ਵਰਨ ਭੈਣਾਂ ਭੱਜਾ, ਨਾਤਾ ਬਿਧਾਤਾ ਜੋੜ ਜੁੜਾਇੰਦਾ । ਨੌ ਦਵਾਰ ਇਕ ਗਵੱਯਾ, ਮਨ ਰਾਗੀ ਰਾਗ ਸੁਣਾਇੰਦਾ । ਨਵ ਘਰ ਕਰੇ ਪਿਆਰ , ਆਸਾ ਤ੍ਰਿਸ਼ਨਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਵ ਨੌ ਚਾਰ ਲੇਖਾ ਜਾਣੇ ਸਿਰਜਣਹਾਰ, ਵੇਦ ਕਤੇਬ ਭੇਵ ਨਾ ਪਾਇੰਦਾ । ਚਾਰ ਲੇਖਾ ਚਾਰ ਜੁਗ, ਚਾਰ ਕੁੰਟ ਰੁਸ਼ਨਾਇੰਦਾ । ਨਵ ਖੰਡ ਪ੍ਰਿਥਮੀ ਨਵ ਦਵਾਰ ਔਧ ਗਈ ਪੁਗ, ਜੂਠਾ ਝੂਠਾ ਮੋਹ ਚੁਕਾਇੰਦਾ । ਨਵ ਨੌ ਚਾਰ ਚੋਗ ਲਈ ਚੁਗ, ਵੇਲਾ ਅੰਤਮ ਅੰਤ ਵਖਾਇੰਦਾ । ਨਵ ਨੌ ਚਾਰ ਲੇਖਾ ਜਾਣੇ ਲੁਕ ਲੁਕ, ਭੇਵ ਅਭੇਦ ਭੇਵ ਆਪਣੇ ਹੱਥ ਰਖਾਇੰਦਾ । ਨਵ ਨੌ ਚਾਰ ਵੇਲਾ ਗਿਆ ਢੁਕ, ਪਾਂਧੀ ਆਪਣਾ ਪੰਧ ਮੁਕਾਇੰਦਾ । ਨਵ ਨੌ ਚਾਰ ਧਰਤ ਮਾਤ ਸਫਲ ਕਰੇ ਤੇਰੀ ਕੁੱਖ, ਕਲਜੁਗ ਅੰਤਮ ਦੁੱਖ ਮਿਟਾਇੰਦਾ । ਨਵ ਨੌ ਚਾਰ ਉਜਲ ਕਰੇ ਏਕਾ ਮੁੱਖ, ਗੁਰਮੁਖ ਵਿਰਲੇ ਆਪ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਮੇਲ ਮਿਲਾਇੰਦਾ । ਨਵ ਨੌ ਚਾਰ ਹਰਿ ਹਰਿ ਮੇਲਾ, ਗੁਰ ਸਤਿਗੁਰ ਆਪ ਕਰਾਈਆ । ਨਵ ਨੌ ਚਾਰ ਪਾਰ ਕਿਨਾਰ ਏਕਾ ਘਰ ਸੁਹਾਏ ਗੁਰੂ ਗੁਰ ਚੇਲਾ, ਘਰ ਮੰਦਰ ਵੱਜੇ ਵਧਾਈਆ । ਨਵ ਨੌ ਚਾਰ ਸੁਹੰਜਣਾ ਹੋਇਆ ਵੇਲਾ, ਪੁਰਖ ਅਬਿਨਾਸ਼ੀ ਘਟ ਘਟ ਵਾਸੀ, ਹਰਿਜਨ ਸਾਚੇ ਲਏ ਉਠਾਈਆ । ਦਰਸ ਦਿਖਾਏ ਗਹਿਰ ਗੰਭੀਰ, ਗੁਣੀ ਗਹਿੰਦ ਇਕ ਇਕੇਲਾ ਸੱਚਾ ਮਾਹੀਆ । ਆਦਿ ਜੁਗਾਦਿ ਜੁਗਾ ਜੁਗੰਤਰ ਸੱਜਣ ਸੁਹੇਲਾ, ਸਾਖ਼ਯਾਤ ਪੁਰਖ ਅਬਿਨਾਸ਼ ਵਿਛੜ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਗੋਬਿੰਦ ਆਪਣੀ ਗੋਦ ਬਹਾਈਆ ।

★ ੧੭ ਫਗਣ ੨੦੧੭ ਬਿਕ੍ਰਮੀ ਬਚਨ ਸਿੰਘ ਦੇ ਗ੍ਰਿਹਿ ਪਿੰਡ ਕਾਣਾ ਕੌਂਟਾ ਜ਼ਿਲਾ ਗੁਰਦਾਸ ਪੁਰ ★

ਦੀਦਾਰ ਤੱਕਿਆ ਏਕਾ ਰਾਹ, ਸਤਿਗੁਰ ਪੂਰਾ ਆਪ ਜਣਾਇੰਦਾ । ਪਤਿਪਰਮੇਸ਼ਵਰ ਬਣ ਮਲਾਹ, ਸਾਚਾ ਬੇੜਾ ਆਪ ਚਲਾਇੰਦਾ । ਗੁਰਮੁਖ ਗੁਰਸਿਖ ਸੱਜਣ ਵੇਖੇ ਥਾਉਂ ਥਾਂ, ਨੌ ਖੰਡ ਪ੍ਰਿਥਮੀ ਫੋਲ ਫੁਲਾਇੰਦਾ । ਨਵ ਸੁਣਾਏ ਸਾਚਾ ਨਾਂ, ਨਾਉਂ ਨਿਰੰਕਾਰਾ ਆਪ ਪਰਗਟਾਇੰਦਾ । ਗ਼ਰੀਬ ਨਿਮਾਣੇ ਫੜ ਫੜ ਹੰਸ ਬਣਾਏ ਕਾਂ, ਕਾਗੋਂ ਹੰਸ ਆਪ ਉਡਾਇੰਦਾ । ਏਥੇ ਓਥੇ ਦੋ ਜਹਾਨ ਸਦਾ ਸੁਹੇਲਾ ਸਿਰ ਰੱਖੇ ਠੰਡੀ ਛਾਂ, ਅਗਨੀ ਤੱਤ ਨਾ ਕੋਇ ਬਰਸਾਇੰਦਾ । ਬਾਲ ਅਵਾਣੇ ਆਪਣੀ ਗੋਦ ਬਿਠਾਏ ਲਾਡ ਲਡਾਏ ਜਿਉਂ ਪਿਤਾ ਮਾਂ, ਮਾਤ ਪਿਤ ਹੋ ਹੋ ਸੇਵ ਕਮਾਇੰਦਾ । ਨਿਥਾਵਿਆਂ ਦੇਵੇ ਸਾਚਾ ਥਾਂ, ਦਰਗਹਿ ਸਾਚੀ ਸਚਖੰਡ ਦਵਾਰਾ ਏਕਾ ਘਰ ਵਖਾਇੰਦਾ । ਪਕੜ ਉਠਾਏ ਫੜ ਫੜ ਬਾਂਹ, ਲੱਖ ਚੁਰਾਸੀ ਫੋਲ ਫੁਲਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਕਰੇ ਸਚ ਨਿਆਂ, ਤਖ਼ਤ ਨਿਵਾਸੀ ਸ਼ਾਹੋ ਭੂਪ ਰਾਜ ਰਾਜਾਨਾ ਸ੍ਰੀ ਭਗਵਾਨਾ ਆਪਣਾ ਹੁਕਮ ਆਪ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਮੇਲ ਮਿਲਾਇੰਦਾ । ਦੀਦਾਰ ਦਰਸ ਹਰਿ ਪਾਇਆ, ਮਿਟਿਆ ਅੰਧ ਅੰਧਿਆਰ । ਗੁਰ ਸਤਿਗੁਰ ਹੋਏ ਸਹਾਇਆ, ਨਿਰਗੁਣ ਸਰਗੁਣ ਲੈ ਅਵਤਾਰ । ਸਰਗੁਣ ਆਪਣੇ ਲੇਖੇ ਪਾਇਆ, ਨਿਰਗੁਣ ਜੋਤੀ ਜੋਤ ਦਏ ਆਧਾਰ । ਚੌਦਾਂ

ਲੋਕ ਵੇਖ ਵਖਾਇਆ, ਤ੍ਰੈਭਵਨ ਹੋ ਤਿਆਰ । ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਫੇਰਾ ਪਾਇਆ, ਗਗਨ ਪਾਤਾਲਾਂ ਦਏ ਆਧਾਰ । ਰਵ ਸਸ ਸੂਰਜ ਚੰਨ ਧਰਤ ਧਵਲ ਪ੍ਰਿਥਮੀ ਆਕਾਸ਼ ਸਮੁੰਦ ਸਾਗਰ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਉਭਾਰ । ਦੀਦਾਰ ਦਰਸ ਹਰਿ ਦਰਦ ਦੁਖ ਭੈ ਭੰਜਨਾ, ਭਵ ਸਾਗਰ ਪਾਰ ਕਰਾਈਆ । ਗੁਰਸਿਖ ਗੁਰ ਗੁਰ ਨੇਤਰ ਨਾਮ ਨਿਧਾਨਾ ਪਾਏ ਅੰਜਨਾ, ਅਗਿਆਨ ਅੰਧੇਰ ਗਵਾਈਆ । ਚਰਨ ਧੂੜ ਕਰਾਏ ਸਾਚਾ ਮਜਨਾ, ਦੁਰਮਤ ਮੈਲ ਰਹੇ ਨਾ ਰਾਈਆ । ਦੋ ਜਹਾਨਾਂ ਬਣੇ ਸੱਜਣਾ, ਸਤਿਗੁਰ ਸਾਚਾ ਸੰਗ ਰਖਾਈਆ । ਅੰਤ ਕਾਲ ਤ੍ਰੈਕਾਲ ਦਰਸੀ ਹਰਿਜਨ ਤੇਰਾ ਪਰਦਾ ਕੱਜਣਾ, ਨਾਮ ਦੋਸ਼ਾਲਾ ਇਕ ਵਖਾਈਆ । ਆਦਿ ਜੁਗਾਦਿ ਚਲਾਏ ਸਚ ਜਹਾਜ਼ਨਾ, ਏਕਾ ਨੱਯਾ ਆਪਣੀ ਆਪ ਉਪਾਈਆ । ਜਨ ਭਗਤਾਂ ਸਵਾਰੇ ਹਰਿ ਹਰਿ ਕਾਜਨਾ, ਕਰਤਾ ਪੁਰਖ ਬੇਪਰਵਾਹੀਆ । ਸ਼ਬਦ ਅਗੰਮੀ ਮਾਰੇ ਵਾਜਣਾ, ਧੁਨ ਅਨਾਦੀ ਨਾਦ ਅਲਾਈਆ । ਅਸਵ ਰੱਖੇ ਸਾਚਾ ਤਾਜਣਾ, ਨਿਰਗੁਣ ਆਪਣਾ ਆਪ ਦੌੜਾਈਆ । ਹੋਏ ਸਹਾਈ ਗ਼ਰੀਬ ਨਿਵਾਜ਼ਨਾ, ਗ਼ਰੀਬ ਨਿਮਾਣੇ ਗਲੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਉਠਾਈਆ । ਦੀਦਾਰ ਦਰਸ ਹਰਿ ਪਾਇਆ, ਮਿਟਿਆ ਅੰਧ ਅੰਧਿਆਰ । ਨੌ ਨੌ ਗੇੜਾ ਆਪ ਮੁਕਾਇਆ, ਨੌ ਦਰ ਤੁੱਟੇ ਨਾਤਾ ਜਗਤ ਸੰਸਾਰ । ਚਾਰੇ ਕੁੰਟਾਂ ਵੇਖ ਵਖਾਇਆ, ਚੌਥੇ ਜੁਗ ਰੂਪ ਕਰਤਾਰ । ਗੁਰਮੁਖ ਸਾਚੇ ਲਏ ਜਗਾਇਆ, ਸ਼ਬਦ ਹਲੂਣਾ ਏਕਾ ਮਾਰ । ਮਾਇਆ ਮਮਤਾ ਹਉਮੇ ਹੰਗਤਾ ਝੂਠਾ ਬੰਧਨ ਦਏ ਤੁੜਾਇਆ, ਏਕਾ ਬਖ਼ਸ਼ੇ ਚਰਨ ਪਿਆਰ । ਕਾਇਆ ਮੰਦਰ ਕਰ ਰੁਸ਼ਨਾਇਆ, ਲੇਖਾ ਜਾਣੇ ਡੂੰਘੀ ਗਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਉਭਾਰ । ਹਰਿਜਨ ਸਾਚੇ ਆਪ ਉਠਾਲ ਦਾ, ਪੁਰਖ ਅਬਿਨਾਸ਼ੀ ਬੇਪਰਵਾਹ । ਕਰੇ ਖੇਲ ਦੀਨ ਦਿਆਲ ਦਾ, ਦੀਨਾਂ ਨਾਥ ਸੱਚਾ ਸ਼ਹਿਨਸ਼ਾਹ । ਲੇਖਾ ਜਾਣੇ ਸ਼ਾਹ ਕੰਗਾਲ ਦਾ, ਵੇਖਣਹਾਰਾ ਦੋ ਜਹਾਂ । ਲੁਟਾਏ ਖ਼ਜ਼ਾਨਾ ਸੱਚੇ ਧਨ ਮਾਲ ਦਾ, ਗੁਰਮੁਖਾਂ ਝੋਲੀ ਆਪ ਭਰਾ । ਆਦਿ ਜੁਗਾਦਿ ਸਦਾ ਪ੍ਰਿਤਪਾਲ ਦਾ, ਬਖ਼ਸ਼ੇ ਚਰਨ ਕਵਲ ਸੱਚੀ ਸਰਨਾ । ਹਾਲ ਮੁਰੀਦਾਂ ਆਪੇ ਜਾਣ ਦਾ, ਮੁਰਸ਼ਦ ਬਣਿਆ ਬੇਪਰਵਾਹ । ਸਚ ਰਸੀਦਾ ਇਕ ਵਖਾਣ ਦਾ, ਨੌਬਤ ਵਜਾਏ ਸੱਚਾ ਸ਼ਹਿਨਸ਼ਾਹ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਮਿਲਾ । ਹਰਿਜਨ ਮਿਲਾਇਆ ਦਰਸ ਦੀਨ, ਜਗਤ ਜੁਗਤ ਆਪਣੇ ਹੱਥ ਰੱਖੇ ਵਡਿਆਈਆ । ਲੱਖ ਚੁਰਾਸੀ ਵਿਚੋਂ ਵੱਖ ਕੀਨ, ਕ਼ੀਮਤ ਕਰਤਾ ਆਪੇ ਪਾਈਆ । ਲੇਖਾ ਜਾਣੇ ਗੁਰਸਿਖ ਗੁਰ ਗੁਰ ਜਿਉਂ ਨਾਤਾ ਜਲ ਮੀਨ, ਜਲ ਮੀਨ ਆਪ ਅਖਵਾਈਆ । ਏਕਾ ਰੰਗ ਚੜ੍ਹਾਏ ਭੀਨ, ਭਿਨੜੀ ਰੈਣ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਈਆ । ਵੇਖ ਵਖਾਏ ਦਰਸ ਦੀਦਾਰ, ਨੇਤਰ ਲੋਚਣ ਨੈਣ ਆਪ ਖੁਲ੍ਹਾਇੰਦਾ । ਲੇਖਾ ਜਾਣੇ ਧੁਰ ਦਰਬਾਰ, ਸਚਖੰਡ ਦਵਾਰੇ ਸੋਭਾ ਪਾਇੰਦਾ । ਥਿਰ ਘਰ ਖੋਲ੍ਹ ਆਪ ਕਿਵਾੜ, ਆਪਣਾ ਮੰਦਰ ਆਪ ਉਪਾਇੰਦਾ । ਸੁੰਨ ਅਗੰਮੀ ਆਪੇ ਕਾਰ, ਕਰਤਾ ਪੁਰਖ ਹਰਿ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਇੰਦਾ । ਭੇਵ ਅਵੱਲਾ ਹਰਿ ਨਿਰੰਕਾਰਾ, ਆਪਣੇ ਹੱਥ ਰਖਾਈਆ । ਆਦਿ ਪੁਰਖ ਰੂਪ ਅਪਾਰਾ, ਰੇਖ ਰੰਗ ਨਾ ਕੋਇ ਵਡਿਆਈਆ । ਆਦਿ ਅੰਤ ਵਸੇ ਸਭ ਤੋਂ ਬਾਹਰਾ, ਦਿਸ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਆਪਣਾ ਗੁਣ ਆਪ ਸਮਝਾਈਆ । ਆਦਿ ਪੁਰਖ ਪੁਰਖ ਅਬਿਨਾਸ਼ਾ, ਹਰਿ ਵੱਡਾ ਵਡ ਵਡਿਆਈਆ । ਸੋ ਪੁਰਖ ਨਿਰੰਜਣ ਖੇਲੇ ਖੇਲ ਤਮਾਸ਼ਾ, ਹਰਿ ਪੁਰਖ ਨਿਰੰਜਣ ਨਾਲ ਰਲਾਈਆ । ਏਕੰਕਾਰਾ ਨਿਜ ਘਰ ਆਪਣਾ ਕਰ ਕਰ ਵਾਸਾ, ਆਦਿ ਨਿਰੰਜਣ ਜੋਤ ਜਗਾਈਆ । ਸ੍ਰੀ ਭਗਵਾਨ ਹੋਏ ਦਾਸੀ ਦਾਸਾ, ਅਬਿਨਾਸ਼ੀ ਕਰਤਾ ਸੇਵ ਕਮਾਈਆ । ਪਾਰਬ੍ਰਹਮ ਬ੍ਰਹਮ ਰੂਪ ਪਰਕਾਸ਼ਾ, ਅਨਭਵ ਆਪਣੀ ਧਾਰ ਚਲਾਈਆ । ਆਪਣੇ ਮੰਦਰ ਆਪੇ ਪਾਏ ਰਾਸਾ, ਸਚਖੰਡ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਦਏ ਉਠਾਈਆ । ਸਚਖੰਡ ਹਰਿ ਵਸਣਹਾਰਾ, ਆਦਿ ਜੁਗਾਦਿ ਸਮਾਇਆ । ਆਪਣਾ ਮਾਰਗ ਆਪੇ ਦੱਸਣਹਾਰਾ, ਆਪਣਾ ਰੂਪ ਆਪ ਧਰਾਇਆ । ਆਪਣਾ ਰਸ ਆਪੇ ਰਸਨਹਾਰਾ, ਨਾਰੀ ਕੰਤ ਹਰਿ ਭਗਵੰਤ ਆਪਣਾ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪਣੇ ਹੱਥ ਰਖਾਇਆ । ਨਾਰੀ ਕੰਤ ਸ੍ਰੀ ਭਗਵਾਨਾ, ਘਰ ਸਾਚੇ ਸੋਭਾ ਪਾਇੰਦਾ । ਕਰੇ ਖੇਲ ਮਰਦ ਮਰਦਾਨਾ, ਮਰਦਨ ਆਪਣਾ ਆਪ ਜਗਾਇੰਦਾ । ਸ਼ਬਦ ਅਗੰਮੀ ਧੁਰ ਫ਼ਰਮਾਨਾ, ਆਦਿ ਜੁਗਾਦੀ ਆਪ ਉਪਾਇੰਦਾ । ਸਾਚੇ ਤਖ਼ਤ ਬੈਠ ਸਚ ਸੁਲਤਾਨਾ, ਸੀਸ ਜਗਦੀਸ ਆਪ ਸੁਹਾਇੰਦਾ । ਲੇਖਾ ਜਾਣੇ ਦੋ ਜਹਾਨਾ, ਆਪਣਾ ਬਲ ਧਰਾਇੰਦਾ । ਸੁਤ ਦੁਲਾਰਾ ਹਰਿ ਨਿਰੰਕਾਰਾ ਇਕ ਰਖਾਏ ਬਾਲ ਨਿਧਾਨਾ, ਵਿਸ਼ਨ ਬ੍ਰਹਮਾ ਸ਼ਿਵ ਗੋਦ ਬਹਾਇੰਦਾ । ਤ੍ਰੈਗੁਣ ਮਾਇਆ ਦੇਵੇ ਦਾਨਾ, ਪੰਜ ਤਤ ਜੋੜ ਜੁੜਾਇੰਦਾ । ਲੱਖ ਚੁਰਾਸੀ ਘਾੜਤ ਘੜੇ ਸਾਚੇ ਮੰਦਰ ਬੈਠ ਗੁਣ ਨਿਧਾਨਾ, ਆਪਣੀ ਸੇਵਾ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣਾ ਭੇਵ ਆਪਣੇ ਵਿਚ ਰਖਾਇੰਦਾ । ਲੱਖ ਚੁਰਾਸੀ ਘਾੜਨ ਘੜ, ਬ੍ਰਹਮਾ ਵਿਸ਼ਨ ਸ਼ਿਵ ਸੇਵ ਲਗਾਈਆ । ਨਿਰਗੁਣ ਸਰਗੁਣ ਅੰਦਰ ਵੜ, ਸਰਗੁਣ ਨਿਰਗੁਣ ਹੋਏ ਸਹਾਈਆ । ਚਰਨ ਕਵਲ ਅੰਮ੍ਰਿਤ ਆਤਮ ਸਾਚਾ ਹਰਿ, ਕਵਲ ਨਾਭੀ ਸਾਚਾ ਸਰ ਵਹਾਈਆ । ਜੋਤ ਨਿਰੰਜਣ ਆਪਣੀ ਅੰਸ ਆਪੇ ਧਰ, ਦੀਪਕ ਦੀਪ ਕਰੇ ਰੁਸ਼ਨਾਈਆ । ਆਪਣਾ ਅੱਖਰ ਆਪਣੀ ਵਿਦਿਆ ਆਪੇ ਪੜ੍ਹ, ਘਰ ਘਰ ਆਪਣਾ ਰਾਗ ਸੁਣਾਈਆ । ਆਪਣੇ ਮੰਦਰ ਆਪੇ ਵੜ, ਘਰ ਘਰ ਵਿਚ ਦਏ ਵਡਿਆਈਆ । ਆਪਣੀ ਸੇਜਾ ਆਪੇ ਚੜ੍ਹ, ਨਾਰੀ ਕੰਤ ਆਪ ਅਖਵਾਈਆ । ਆਪਣਾ ਰੂਪ ਆਪੇ ਧਰ, ਪਾਰਬ੍ਰਹਮ ਬ੍ਰਹਮ ਆਪਣਾ ਰੰਗ ਰੰਗਾਈਆ । ਆਪੇ ਦਾਤਾ ਦਾਨੀ ਦੇਵੇ ਵਰ, ਆਪੇ ਆਪਣੀ ਝੋਲੀ ਰਿਹਾ ਭਰਾਈਆ । ਆਪੇ ਪੰਜ ਤੱਤ ਖੋਲੇ ਨੌ ਦਰ, ਪੁਰਖ ਅਬਿਨਾਸ਼ਾ ਭੇਵ ਨਾ ਰਾਈਆ । ਆਪੇ ਕਾਮ ਕ੍ਰੋਧ ਲੋਭ ਮੋਹ ਹੰਕਾਰ ਬੰਨ੍ਹੇ ਲੜ, ਆਸਾ ਤ੍ਰਿਸ਼ਨਾ ਹਉਮੇ ਹੰਗਤਾ ਮਾਇਆ ਮਮਤਾ ਮੇਲ ਮਿਲਾਈਆ । ਆਪੇ ਲੇਖਾ ਜਾਣੇ ਚੋਟੀ ਜੜ੍ਹ, ਮਧ ਆਪਣੀ ਖੇਲ ਖਿਲਾਈਆ । ਆਪੇ ਅਗਨੀ ਆਪੇ ਜੋਤੀ ਆਪੇ ਤੱਤ ਜਾਏ ਸੜ, ਧੁਆਂਧਾਰ ਆਪ ਸਮਾਈਆ । ਆਪੇ ਦਰਸ ਦਿਖਾਏ ਅੱਗੇ ਖੜ, ਨਿਰਗੁਣ ਸਰਗੁਣ ਦਏ ਵਡਿਆਈਆ । ਆਪਣੀ ਕਰਨੀ ਆਪੇ ਕਰ, ਕਰਤਾ ਪੁਰਖ ਆਪਣੀ ਰਚਨਾ ਆਪ ਰਚਾਈਆ । ਆਪੇ ਕਰੇ ਆਪਣੀ ਪਰਖ, ਪਰਖਨਹਾਰ ਆਪ ਹੋ ਜਾਈਆ । ਨਾ ਕੋਈ ਸੋਗ ਨਾ ਕੋਈ ਹਰਖ, ਚਿੰਤਾ ਰੋਗ ਨਾ ਕੋਈ ਸਤਾਈਆ । ਆਪਣੇ ਉਤੇ ਆਪੇ ਕਰੇ ਤਰਸ, ਵਡ ਦਾਤਾ ਬੇਪਰਵਾਹੀਆ । ਆਪਣੀ ਮੇਟੇ ਆਪੇ ਹਰਸ, ਦੂਸਰ ਹਵਸ ਨਾ ਕੋਈ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਦਏ ਵਡਿਆਈਆ । ਲੱਖ ਚੁਰਾਸੀ ਖੇਲ ਅਪਾਰਾ, ਹਰਿ ਸਾਚਾ ਸਚ ਕਰਾਇੰਦਾ । ਨਿਰਗੁਣ ਸਰਗੁਣ ਬਣ ਵਰਤਾਰਾ, ਵਸਤ

੨੬੧ ੧੦

ਅਮੋਲਕ ਆਪ ਵਰਤਾਇੰਦਾ । ਧਰਨੀ ਧਰਤ ਧਵਲ ਦਏ ਸਹਾਰਾ, ਲੋਕਮਾਤ ਖੇਲ ਖਿਲਾਇੰਦਾ । ਅੰਡਜ ਜੇਰਜ ਉਤਭੁਜ ਸੇਤਜ ਵੰਡੇ ਵੰਡ ਅਗੰਮ ਅਪਾਰਾ, ਸਾਚੀ ਵੰਡਨ ਆਪ ਵੰਡਾਇੰਦਾ । ਏਕਾ ਅੱਖਰ ਬੋਲ ਜੈਕਾਰਾ, ਚਾਰੇ ਵੇਦਾਂ ਆਪ ਸੁਣਾਇੰਦਾ । ਆਪਣੀ ਬਾਣੀ ਬਾਣ ਲਗਾਏ ਏਕਾ ਹੁਕਮ ਇਕ ਵਰਤਾਰਾ, ਏਕਾ ਸ਼ਬਦ ਇਕ ਜੈਕਾਰਾ, ਏਕਾ ਮੰਦਰ ਇਕ ਦਵਾਰਾ, ਇਕ ਸ਼ਾਹ ਇਕ ਸਿਕਦਾਰਾ, ਹਰਿ ਏਕਾ ਹੁਕਮ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਘਾੜਨ ਘੜ, ਮਾਨਸ ਮਾਨੁਖ ਆਪ ਧਰਾਇੰਦਾ । ਮਾਨਸ ਮਾਨੁਖ ਉਤਮ ਜ਼ਾਤ, ਹਰਿ ਸਾਚਾ ਸਚ ਬਣਾਇੰਦਾ । ਨੌ ਨੌ ਦੇਵੇ ਆਪਣੀ ਦਾਤ, ਨੌ ਨੌ ਖੇਲ ਖਿਲਾਇੰਦਾ । ਆਪੇ ਪੁੱਛਣਹਾਰਾ ਵਾਤ, ਆਪਣਾ ਭੇਵ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਾਨਸ ਆਪਣਾ ਤਤ ਸਮਝਾਇੰਦਾ । ਮਾਨਸ ਹਰਿ ਸਮਝਾਇਆ, ਕਰ ਕਿਰਪਾ ਗੁਣ ਨਿਧਾਨ । ਲੱਖ ਚੁਰਾਸੀ ਵਿਚੋਂ ਦਏ ਵਡਿਆਇਆ, ਬਖ਼ਸ਼ੇ ਇਕ ਗਿਆਨ । ਆਪਣਾ ਨਾਉਂ ਆਪ ਸੁਣਾਇਆ, ਪੁਰਖ ਅਬਿਨਾਸ਼ੀ ਹੋ ਮਿਹਰਵਾਨ । ਆਪਣਾ ਦਰਸ ਆਪ ਦਿਖਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਕਰੇ ਸਚ ਪਛਾਨ । ਮਾਨਸ ਦੇਵੇ ਵਡਿਆਈ ਹਰਿ, ਏਕਾ ਸ਼ਬਦ ਜਣਾਇੰਦਾ । ਤੇਰਾ ਮੇਰਾ ਰੂਪ ਏਕਾ ਘਰ, ਗ੍ਰਹਿ ਮੰਦਰ ਇਕ ਵਖਾਇੰਦਾ । ਤੇਰਾ ਮੇਰਾ ਏਕਾ ਸਰ, ਅੰਮ੍ਰਿਤ ਸਰੋਵਰ ਇਕ ਨੁਹਾਇੰਦਾ । ਤੇਰਾ ਮੇਰਾ ਏਕਾ ਲੜ, ਸੱਚਾ ਪੱਲੂ ਇਕ ਫੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਾਨਸ ਮਾਨੁਖ ਆਪ ਜਗਾਇੰਦਾ । ਮਾਨਸ ਜਗਾਇਆ ਕਿਰਪਾ ਨਿਧਾਨ, ਆਪਣਾ ਭੇਵ ਆਪ ਖੁਲਾਈਆ । ਸ਼ਬਦ ਵਖਾਏ ਇਕ ਨਿਸ਼ਾਨ, ਸਤਿ ਸਤਿਵਾਦੀ ਹੱਥ ਉਠਾਈਆ । ਪ੍ਰੇਮ ਮਾਰੇ ਨਿਰਾਲਾ ਬਾਣ, ਪੀਆ ਪ੍ਰੀਤਮ ਸੱਚਾ ਸ਼ਹਿਨਸ਼ਾਹੀਆ । ਇਕ ਰਖਾਏ ਸਾਚੀ ਆਣ, ਸਿਰ ਆਪਣਾ ਹੱਥ ਟਿਕਾਈਆ । ਨਾਮ ਨਿਧਾਨਾ ਦੇਵੇ ਦਾਨ, ਵਸਤ ਅਮੋਲਕ ਝੋਲੀ ਪਾਈਆ । ਕਰੇ ਪ੍ਰਕਾਸ਼ ਕੋਟਨ ਭਾਨ, ਬ੍ਰਹਮ ਆਤਮ ਪਾਰਬ੍ਰਹਮ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਲੇਖਾ ਦਏ ਸਮਝਾਈਆ । ਮਾਨਸ ਲੇਖਾ ਹਰਿ ਸਮਝਾਇੰਦਾ, ਕ਼ੁਦਰਤ ਕ਼ਾਦਰ ਕਰ ਵਿਚਾਰ । ਨਿਰਗੁਣ ਸਰਗੁਣ ਵੇਖ ਵਖਾਇੰਦਾ, ਪੰਜ ਤੱਤ ਕਰੇ ਪਿਆਰ । ਆਪਣੀ ਜੋਤ ਵਿਚ ਟਿਕਾਇੰਦਾ, ਜੋਤੀ ਜਾਤਾ ਹੋ ਉਜਿਆਰ । ਕਾਇਆ ਕਿਲਾ ਕੋਟ ਸੁਹਾਇੰਦਾ, ਮਹੱਲ ਅਟਲ ਉਚ ਮਿਨਾਰ । ਸਾਚੀ ਚੋਟ ਸ਼ਬਦ ਲਗਾਇੰਦਾ, ਨਾਮ ਨਾਮਾ ਕਰੇ ਖ਼ਬਰਦਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ੇ ਆਪਣਾ ਸਚ ਦੀਦਾਰ । ਮਾਨਸ ਜਨਮ ਨੌ ਧਾਰ, ਹਰਿ ਹਰਿ ਆਪ ਜਣਾਇਆ । ਮਾਨਸ ਮਰੇ ਮਾਨਸ ਜਨਮੇ ਮਾਨਸ ਮੇਲਾ ਵਿਚ ਸੰਸਾਰ, ਦੂਜਾ ਸੰਗ ਨਾ ਕੋਇ ਰਖਾਇਆ । ਮਾਨਸ ਮਾਤ ਮਾਨਸ ਪਿਤ ਮਾਨਸ ਪੂਤ ਜਾਇਆ । ਦੂਜੀ ਗੋਦ ਨਾ ਕੋਈ ਹੁਲਾਰ, ਮਾਨਸ ਬੂੰਦ ਮਾਨਸ ਰਕਤ ਮਾਨਸ ਸੀਰ ਏਕਾ ਮੁਖ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੌ ਨੌ ਲੇਖਾ ਆਪ ਵਖਾਇਆ । ਨੌ ਨੌ ਲੇਖਾ ਵਿਚ ਸੰਸਾਰਾ, ਜਨਮ ਜਨਮ ਭਵਾਈਆ । ਮਾਨਸ ਘਰ ਮਾਨਸ ਲਏ ਅਵਤਾਰਾ, ਮਾਨਸ ਹੋਏ ਪਿਤਾ ਮਾਈਆ । ਲੱਖ ਚੁਰਾਸੀ ਨਾ ਕੋਈ ਅਧਾਰਾ, ਜੂਨੀ ਜੂਨ ਨਾ ਕੋਈ ਭਵਾਈਆ । ਕਿਰਪਾ ਕਰੇ ਆਪ ਨਿਰੰਕਾਰਾ, ਜਿਸ ਦੇਵੇ ਮਾਤ ਵਡਿਆਈਆ । ਵੇਖਣ ਆਏ ਨਰ ਨਿਰੰਕਾਰਾ, ਨਿਰਗੁਣ ਸਰਗੁਣ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਲਏ ਉਠਾਈਆ ।

ਨੌ ਨੌ ਜਨਮ ਆਏ ਵਾਰੋ ਵਾਰ, ਮਾਨਸ ਮਾਨਸ ਰੂਪ ਵਟਾਇਆ । ਭਗਵਾਨ ਪਾਏ ਸਾਚੀ ਸਾਚੀ ਸਾਰ, ਲੋਕਮਾਤ ਲਏ ਜਗਾਇਆ । ਦੇਵੇ ਦਰਸ ਆਪ ਦੀਦਾਰ, ਨੇਤਰ ਲੋਚਣ ਆਪ ਖੁਲ੍ਹਾਇਆ । ਭਗਤ ਕਰੇ ਆਪ ਉਜਿਆਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪਣੇ ਹੱਥ ਰਖਾਇਆ । ਨੌ ਨੌ ਪਾਰ ਕਿਨਾਰਾ, ਨੌਵੇਂ ਜਨਮ ਮੇਲ ਮਿਲਾਈਆ । ਸੋ ਭਗਤ ਸੋ ਸੁਤ ਦੁਲਾਰਾ, ਸੋ ਸੰਤ ਮਿਲੇ ਵਡਿਆਈਆ । ਸੋ ਗੁਰਮੁਖ ਸੋਹੇ ਚਰਨ ਦਵਾਰਾ, ਜਿਸ ਜਨ ਚਰਨ ਚਰਨੋਦਕ ਮੁਖ ਚੁਆਈਆ । ਸੋ ਗੁਰਸਿਖ ਉਤਰੇ ਪਾਰ ਕਿਨਾਰਾ, ਮੰਝਧਾਰ ਨਾ ਕੋਈ ਰੁੜ੍ਹਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਹਰਿਜਨ ਵਿਰਲੇ ਦੇਵੇ ਆਪਣਾ ਦਰਸ ਦੀਦਾਰਾ, ਲੱਖ ਚੁਰਾਸੀ ਭਰਮ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨਮ ਜਨਮ ਜਨਮ ਕਰਮ ਕਰਮ ਕਰਮ ਧਰਮ ਧਰਮ ਧਰਮ ਏਕਾ ਰੰਗ ਰੰਗਾਈਆ । ਨੌ ਨੌ ਜਨਮ ਉਤਰੇ ਪਾਰ, ਹਰਿ ਸਤਿਗੁਰ ਦਰਸ ਦਿਖਾਇੰਦਾ । ਨੌ ਨੌ ਚਾਰ ਚੌਕੜੀ ਜੁਗ ਬੀਤੇ ਵਿਚ ਸੰਸਾਰ, ਪੁਰਖ ਅਬਿਨਾਸ਼ੀ ਨਿਰਗੁਣ ਮੇਲ ਮਿਲਾਇੰਦਾ । ਆਪਣਾ ਕੀਤਾ ਨਾ ਕੋਈ ਜਾਣੇ ਕਰੇ ਵਿਚਾਰ, ਸ੍ਰੀ ਭਗਵੰਤ ਆਦਿ ਜੁਗਾਦਿ ਵੇਖ ਵਖਾਇੰਦਾ । ਗੁਰਮੁਖ ਸੱਜਣ ਗੁਰ ਸਤਿਗੁਰ ਕਰੇ ਪਿਆਰ, ਲੋਕਮਾਤ ਖੇਲ ਖਿਲਾਇੰਦਾ । ਘਰ ਘਰ ਦੇਵੇ ਦਰਸ ਦੀਦਾਰ, ਈਦ ਦੀਦ ਏਕਾ ਗੁਰਸਿਖ ਚੰਦ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਬਖ਼ਸ਼ੇ ਆਪਣਾ ਦਰਸ, ਜਗਤ ਤ੍ਰਿਸ਼ਨਾ ਮੇਟੇ ਹਰਸ, ਤਨ ਮਨ ਹਰਿਆਵਲ ਇਕ ਵਖਾਇੰਦਾ । ਤਨ ਮਨ ਹਰਿਆ ਦਰਸ ਕਰਿਆ, ਦੁਖ ਦਲਿਦਰ ਨਾਠਾ । ਸਤਿਗੁਰ ਪੂਰੇ ਗੁਰਸਿਖ ਤੇਰਾ ਲੜ ਫੜਿਆ, ਨੌ ਖੰਡ ਪ੍ਰਿਥਮੀ ਫਿਰੇ ਨਾਠਾ । ਮਨਮੁਖਾਂ ਤੋਂ ਆਪੇ ਡਰਿਆ, ਆਪਣੇ ਹੱਥ ਰਖਾਏ ਆਪਣਾ ਘਾਟਾ । ਗੁਰਸਿਖ ਤੇਰੇ ਕਾਇਆ ਮੰਦਰ ਅੰਦਰ ਵੜਿਆ, ਨਿਰਗੁਣ ਜੋਤੀ ਨੂਰ ਕਰ ਲਲਾਟਾ । ਆਪਣੇ ਪੌੜੇ ਆਪੇ ਚੜ੍ਹਿਆ, ਚੌਥੇ ਪਦ ਮੁਕਾਈ ਵਾਟਾ । ਗੁਰਸਿਖ ਤੇਰਾ ਨਾਉਂ ਸ਼ਬਦ ਪੜ੍ਹਿਆ, ਤੇਰੀ ਆਤਮ ਸੇਜਾ ਸੁੱਤਾ ਸਾਚੀ ਖਾਟਾ । ਆਦਿ ਜੁਗਾਦਿ ਨਾ ਜਨਮੇ ਨਾ ਕਦੇ ਮਰਿਆ, ਜਨ ਭਗਤਾਂ ਪੁਛੇ ਸਦਾ ਵਾਤਾਂ । ਸਿੰਘ ਦੀਦਾਰ ਕਰ ਦਰਸ ਗੁਰ ਦਵਾਰ ਭਵ ਸਾਗਰ ਤਰਿਆ, ਕਲਜੁਗ ਮਿਟੇ ਅੰਧੇਰੀ ਰਾਤਾ । ਸਾਧ ਸੰਗਤ ਸਤਿਗੁਰ ਏਕਾ ਵਰਿਆ, ਪੁਰਖ ਅਬਿਨਾਸ਼ੀ ਇਕ ਬਿਧਾਤਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਹੋਏ ਜੋਤੀ ਜਾਤਾ । ਜੋਤੀ ਜਾਤਾ ਹਰਿ ਨਿਰੰਕਾਰਾ, ਨਿਰਵੈਰ ਪੁਰਖ ਅਖਵਾਇਆ । ਕਲਜੁਗ ਅੰਤਮ ਲੈ ਅਵਤਾਰਾ, ਨਿਰਗੁਣ ਨਿਰਗੁਣ ਰੂਪ ਧਰਾਇਆ । ਸਤਿਜੁਗ ਤ੍ਰੇਤਾ ਦਵਾਪਰ ਲੇਖਾ ਜਾਣੇ ਆਪਣੀ ਵਾਰਾ, ਜੁਗ ਚੌਕੜੀ ਪੰਧ ਮੁਕਾਇਆ । ਧੁਰ ਫ਼ਰਮਾਨ ਸੁਣਾਏ ਲੋਕਮਾਤ ਗੁਰ ਅਵਤਾਰਾ, ਖਾਣੀ ਬਾਣੀ ਬਾਣ ਅਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਫੜ, ਸਿਰ ਆਪਣਾ ਹੱਥ ਟਿਕਾਇਆ । ਸਿਰ ਆਪਣਾ ਹੱਥ ਰਖਾਇੰਦਾ, ਪਾਰਬ੍ਰਹਮ ਬੇਅੰਤ । ਗੁਰਮੁਖ ਸਾਚੇ ਆਪ ਜਗਾਇੰਦਾ, ਦੇਵੇ ਵਡਿਆਈ ਜੁਗਾ ਜੁਗੰਤ । ਨਾਮ ਨਿਸ਼ਾਨਾ ਇਕ ਰਖਾਇੰਦਾ, ਇਕ ਇਕੱਲਾ ਸ੍ਰੀ ਭਗਵੰਤ । ਕਲਜੁਗ ਅੰਤਮ ਵੇਖ ਵਖਾਇੰਦਾ । ਲੱਖ ਚੁਰਾਸੀ ਜੀਵ ਜੰਤ । ਚਾਰੋਂ ਕੁੰਟ ਅੰਧੇਰਾ ਛਾਇੰਦਾ, ਨਾ ਕੋਈ ਰਸਨਾ ਨਾ ਕੋਈ ਜਿਹਵਾ ਮਣੀਆ ਮੰਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਆਪ ਬਣਾਏ ਆਪਣੀ ਬਣਤ । ਹਰਿ ਸਾਚੀ ਬਣਤ ਬਣਾਇੰਦਾ, ਜੁਗਾ ਜੁਗੰਤਰ ਏਕਾ ਕਾਰ । ਸਤਿਜੁਗ ਤ੍ਰੇਤਾ ਦਵਾਪਰ ਪਾਰ

੨੬੩
੧੦

ਕਰਾਇੰਦਾ, ਕਲਜੁਗ ਅੰਤਮ ਖੇਲ ਕਰੇ ਨਿਰੰਕਾਰ । ਹਰਿਜਨ ਸਾਚੇ ਆਪ ਉਠਾਇੰਦਾ, ਸੁਣਾਏ ਸ਼ਬਦ ਨਾਦ ਧੁੰਨਕਾਰ । ਮੰਦਰ ਮਸਜਦ ਗੁਰਦਵਾਰ ਸ਼ਿਵਦਵਾਲਾ ਮਠ ਇਕ ਵਖਾਇੰਦਾ, ਘਰ ਘਰ ਵਿਚ ਖੋਲ੍ਹ ਕਿਵਾੜ । ਤੀਰਥ ਅਠਸਠ ਪੰਧ ਮੁਕਾਇੰਦਾ, ਝਿਰਨਾ ਝਿਰੇ ਅਪਰ ਅਪਾਰ । ਦੀਪਕ ਜੋਤੀ ਜੋਤ ਜਗਾਇੰਦਾ, ਜੋਤੀ ਨੂਰ ਕਰ ਉਜਿਆਰ । ਸਾਚੀ ਚੋਟੀ ਆਪ ਚੜ੍ਹਾਇੰਦਾ, ਫੜ ਫੜ ਬਾਹੋਂ ਦਏ ਹੁਲਾਰ । ਵਾਸਨਾ ਖੋਟੀ ਆਪ ਕਢਾਇੰਦਾ, ਸੋਹੰ ਸ਼ਬਦ ਜੈ ਜੈਕਾਰ । ਗੁਰਸਿਖ ਮਾਣਕ ਮੋਤੀ ਆਪ ਬਣਾਇੰਦਾ, ਆਪੇ ਹੋਏ ਪਰਖਣਹਾਰ । ਸੁਰਤੀ ਸੋਤੀ ਆਪ ਜਗਾਇੰਦਾ, ਸ਼ਬਦੀ ਸ਼ਬਦ ਕਰ ਪਿਆਰ । ਅਕਾਲ ਮੂਰਤੀ ਦਰਸ ਦਿਖਾਇੰਦਾ, ਮੂਰਤ ਅਕਾਲ ਅਪਰ ਅਪਾਰ । ਨਾਦ ਤੂਰਤ ਆਪ ਵਜਾਇੰਦਾ, ਤੁਰਯਾ ਪਾਵੇ ਸਾਚੀ ਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਹਰਿਜਨ ਬਖ਼ਸ਼ੇ ਦਰਸ ਦੀਦਾਰ । ਹਰਿਜਨ ਦਰਸ ਦੀਦਾਰ ਪਾਵਣਾ, ਗੁਰ ਸਤਿਗੁਰ ਸੱਜਣ ਮੀਤ । ਮਾਇਆ ਮਮਤਾ ਮੋਹ ਚੁਕਾਵਣਾ, ਏਕਾ ਗੌਣਾ ਸੁਹਾਗੀ ਗੀਤ । ਕਾਇਆ ਬੰਕ ਆਪ ਸੁਹਾਵਣਾ, ਮਨ ਹੋਏ ਪਤਿਤ ਪੁਨੀਤ । ਚਰਨ ਕਵਲ ਕਵਲ ਚਰਨ ਧਿਆਨ ਲਗਾਵਣਾ, ਤਨ ਹੋਏ ਠਾਂਡਾ ਸੀਤ । ਮਾਲ ਧਨ ਧਨ ਮਾਲ ਏਕਾ ਝੋਲੀ ਪਾਵਣਾ, ਆਦਿ ਜੁਗਾਦਿ ਜੁਗਾ ਜੁਗੰਤਰ ਪੁਰਖ ਅਬਿਨਾਸ਼ ਚਲਾਏ ਆਪਣੀ ਰੀਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਏਕਾ ਰੰਗ ਰੰਗਾਏ ਹਸਤ ਕੀਟ । ਹਸਤ ਕੀਟ ਦਰਸ ਦਵਾਰਾ, ਸ਼ਾਹ ਸੁਲਤਾਨ ਨਾ ਕੋਇ ਵਡ ਵਡਿਆਈਆ । ਜੋ ਜਨ ਆਏ ਬਣ ਭਿਖਾਰਾ, ਭਿਖਕ ਝੋਲੀ ਆਪ ਭਰਾਈਆ । ਕਰਾਏ ਵਣਜ ਨਾਮ ਵਣਜਾਰਾ, ਸਾਚਾ ਹੱਟ ਇਕ ਖੁਲ੍ਹਾਈਆ । ਵਖਾਏ ਦਰ ਠਾਂਡਾ ਦਰਬਾਰਾ, ਸਾਂਤਕ ਸਤਿ ਧਾਰ ਚਲਾਈਆ । ਊਚਾਂ ਨੀਚਾਂ ਕਰੇ ਇਕ ਪਿਆਰਾ, ਰਾਓ ਰੰਕ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਗੁਰਮੁਖ ਸਾਚੇ ਦਰਸ ਦਿਖਾਈਆ । ਦਰਸ ਵਖਾਏ ਗੁਰੂ ਗੁਰਦੇਵ, ਗੋਬਿੰਦ ਆਪਣੇ ਹੱਥ ਰੱਖੀ ਵਡਿਆਈਆ । ਜਨਮ ਜਨਮ ਦਾ ਲੇਖਾ ਜਾਣੇ ਕੀਨੀ ਸੇਵ, ਪੂਰਬ ਲੇਖਾ ਭੁਲ ਨਾ ਜਾਈਆ । ਆਦਿ ਜੁਗਾਦਿ ਸਦਾ ਅਭੇਵ, ਭੇਵ ਅਭੇਦਾ ਆਪ ਖੁਲ੍ਹਾਈਆ । ਹਰਿਜਨ ਰਸਨਾ ਰਸ ਦੇਵੇ ਏਕਾ ਮੇਵ, ਸੋਹੰ ਸ਼ਬਦ ਸੱਚੀ ਪੜ੍ਹਾਈਆ । ਕੌਸਤਕ ਮਣੀਆ ਮਸਤਕ ਲਾਵੇ ਥੇਵ, ਜੋਤ ਲਲਾਟੀ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਦੇਵੇ ਦਰਸ, ਦੇ ਦਰਸ ਤ੍ਰਿਖਾ ਬੁਝਾਈਆ । ਦੇਵੇ ਦਰਸ ਦਰਸ ਦੀਦਾਰਾ, ਦਹਿ ਦਿਸ਼ਾ ਖੇਲ ਖਿਲਾਇੰਦਾ । ਨਵ ਨੌ ਲੇਖਾ ਜਾਣੇ ਹਰਿ ਕਰਤਾਰਾ, ਨੌ ਨਵ ਵੇਸ ਵਟਾਇੰਦਾ । ਚਾਰ ਚਾਰ ਇਕ ਅਧਾਰਾ, ਚਾਰ ਚਾਰ ਮੇਲ ਮਿਲਾਇੰਦਾ । ਏਕਾ ਤਤ ਪੁਰਖ ਕਰਤਾਰਾ, ਤਤਵ ਤਤ ਇਕ ਸਮਝਾਇੰਦਾ । ਸਾਧ ਸੰਗਤ ਬਖ਼ਸ਼ੇ ਇਕ ਦਵਾਰਾ, ਸਚ ਦਵਾਰਾ ਆਪ ਸੁਹਾਇੰਦਾ । ਹਰਿ ਸੰਗਤ ਮੇਲਾ ਹਰਿ ਹਰਿ ਕੰਤ ਭਤਾਰਾ, ਵਿਛੜ ਕਦੇ ਨਾ ਜਾਇੰਦਾ । ਮੰਗੇ ਮੰਗ ਗੁਰਸਿਖ ਯਾਚਕ ਬਣ ਭਿਖਾਰਾ, ਮਿਹਰਵਾਨ ਦਾਨ ਅਤੁਟ ਆਪ ਵਰਤਾਇੰਦਾ । ਜੋ ਜਨ ਦਰਸ਼ਨ ਪਾਏ ਆਏ ਚਲ ਦਵਾਰਾ, ਲੱਖ ਚੁਰਾਸੀ ਫੰਦ ਕਟਾਇੰਦਾ । ਰਾਏ ਧਰਮ ਨਾ ਕਰੇ ਖ਼ਵਾਰਾ, ਚਿਤਰ ਗੁਪਤ ਨਾ ਲੇਖ ਵਖਾਇੰਦਾ । ਲਾੜੀ ਮੌਤ ਨਾ ਕਰੇ ਸ਼ੰਗਾਰਾ, ਜਮ ਕਾ ਡੰਡ ਨਾ ਕੋਇ ਲਗਾਇੰਦਾ । ਅੰਤਮ ਦੇਵੇ ਦਰਸ ਘਰ ਘਰ ਆਏ ਦੇ ਸਹਾਰਾ, ਗੁਰਸਿਖ ਬਿਨ ਦਰਸ ਦੇਹ ਨਾ ਕੋਇ ਤਜਾਇੰਦਾ । ਸਚਖੰਡ ਵਖਾਏ

ਇਕ ਦਵਾਰਾ, ਆਪਣੀ ਹੱਥੀ ਆਪ ਬਣਾਇੰਦਾ । ਨਾ ਕੋਈ ਲਾਇਆ ਇੱਟਾਂ ਗਾਰਾ, ਛੱਪਰ ਛੰਨ ਨਾ ਕੋਇ ਛੁਹਾਇੰਦਾ । ਤੇਲ ਬੱਤੀ ਨਾ ਕਰੇ ਕੋਇ ਉਜਿਆਰਾ, ਨਿਰਗੁਣ ਜੋਤੀ ਜੋਤ ਜਗਾਇੰਦਾ । ਹਵਨ ਦੀਪ ਧੂਪ ਨਾ ਕੋਇ ਸਹਾਰਾ, ਜਗਤ ਸੁਗੰਧੀ ਨਾ ਕੋਇ ਪਰਗਟਾਇੰਦਾ । ਇਕ ਇਕੱਲਾ ਏਕੰਕਾਰਾ, ਸਚ ਸਿੰਘਾਸਣ ਸੋਭਾ ਪਾਇੰਦਾ । ਜਿਸ ਜਨ ਦੇਵੇ ਦਰਸ ਨਿਹਕਲੰਕ ਨਰਾਇਣ ਨਰ ਅਵਤਾਰਾ, ਜਨਮ ਮਰਨ ਵਿਚ ਨਾ ਆਇੰਦਾ । ਗੁਰਸਿਖ ਤੇਰਾ ਭੇਵ ਕਾਗਦ ਕ਼ਲਮ ਨਾ ਲਿਖਣਹਾਰਾ, ਬ੍ਰਹਮਾ ਚਾਰੇ ਮੁਖ ਸ਼ਰਮਾਇੰਦਾ । ਨੌ ਨੌ ਜਨਮ ਉਤਰੇ ਪਾਰ ਵਿਚ ਸੰਸਾਰਾ, ਅੰਤਮ ਲੇਖਾ ਆਪਣੇ ਹੱਥ ਰਖਾਇੰਦਾ । ਗੁਰਸਿਖ ਗਾਓ ਗੀਤ ਏਕਾ ਵਾਰਾ, ਗੀਤ ਗੋਬਿੰਦ ਆਪ ਸੁਣਾਇੰਦਾ । ਕਰਿਆ ਦਰਸ ਦਰ ਦੀਦਾਰਾ, ਦੀਨਾਂ ਨਾਥ ਦੀਨਨ ਆਪਣੀ ਗੋਦ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਬਖ਼ਸ਼ੇ ਚਰਨ ਧਿਆਨ, ਚਰਨ ਚਰਨੋਦਕ ਮਸਤਕ ਟਿੱਕਾ ਧੂੜੀ ਆਪ ਲਗਾਇੰਦਾ ।

### ★ ੧੮ ਫਗਣ ੨੦੧੭ ਬਿਕ੍ਰਮੀ ਧਿਰਤਾ ਸਿੰਘ ਦੇ ਗ੍ਰਹਿ ਪਿੰਡ ਕਾਣਾ ਕੌਂਟਾ ਜ਼ਿਲਾ ਗੁਰਦਾਸ ਪੁਰ ★

ਸਤਿਗੁਰ ਦਰਸ ਨਿਤ ਨਵਿਤ, ਗੁਰਮੁਖਾਂ ਵੰਡ ਵੰਡਾਈਆ । ਆਦਿ ਜੁਗਾਦੀ ਕਰੇ ਹਿਤ, ਪਾਰਬ੍ਰਹਮ ਵਡੀ ਵਡਿਆਈਆ । ਨਾ ਕੋਈ ਵਾਰ ਨਾ ਕੋਈ ਥਿਤ, ਵੇਲਾ ਵਕ਼ਤ ਨਾ ਕੋਇ ਜਣਾਈਆ । ਦਿਵਸ ਰੈਣ ਵਸੇ ਚਿਤ, ਚਿਤਵਿਤ ਠਗੌਰੀ ਕੋਇ ਨਾ ਪਾਈਆ । ਦੋ ਜਹਾਨਾਂ ਸਾਚਾ ਪਿਤ, ਪੀਤ ਪੀਤੰਬਰ ਸੀਸ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਦਰਸ ਸੱਚਾ ਸ਼ਹਿਨਸ਼ਾਹੀਆ । ਸਾਚਾ ਦਰਸ ਕਾਇਆ ਮੰਦਰ, ਮਧੁਰ ਨੈਣ ਆਪ ਕਰਾਇੰਦਾ । ਮੇਲ ਮਿਲਾਏ ਅੰਦਰੇ ਅੰਦਰ, ਬ੍ਰਹਮ ਪਾਰਬ੍ਰਹਮ ਸਮਾਇੰਦਾ । ਤੋੜਨਹਾਰਾ ਆਪਣਾ ਜੰਦਰ, ਏਕਾ ਖੰਡਾ ਹੱਥ ਚਮਕਾਇੰਦਾ । ਮਨੂਆ ਬੰਨ੍ਹਣਹਾਰਾ ਬੰਦਰ, ਨਾਮ ਡੋਰੀ ਹੱਥ ਰਖਾਇੰਦਾ । ਲੇਖਾ ਜਾਣੇ ਡੂੰਘੀ ਕੰਦਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਵੇਖ ਵਖਾਇੰਦਾ । ਸਾਚਾ ਦਰਸ ਕਾਇਆ ਬੰਕ, ਬੰਕ ਦਵਾਰੀ ਆਪ ਕਰਾਇੰਦਾ । ਹਰਿਜਨ ਲੇਖਾ ਜਾਣੇ ਆਦਿ ਅੰਤ, ਜੁਗ ਜੁਗ ਭੇਵ ਕੋਇ ਨਾ ਪਾਇੰਦਾ । ਲੱਖ ਚੁਰਾਸੀ ਵਿਚੋਂ ਵੇਖੇ ਸਾਚੇ ਸੰਤ, ਸੰਤ ਸਤਿਗੁਰ ਮੇਲ ਮਿਲਾਇੰਦਾ । ਨਾਰ ਸੁਹਾਗਣ ਵਰੇ ਏਕਾ ਕੰਤ, ਕੰਤ ਕੰਤੂਹਲ ਸੇਜ ਹੰਢਾਇੰਦਾ । ਸਤਿ ਸਤਿਵਾਦ ਬਣਾਏ ਬਣਤ, ਬਸਨ ਬਨਵਾਰੀ ਆਪਣੀ ਦਇਆ ਕਮਾਇੰਦਾ । ਗੜ੍ਹ ਤੋੜੇ ਹਉਮੇਂ ਹੰਗਤ, ਗੁਰਮੁਖ ਜਨ ਜਨਨੀ ਆਪਣੀ ਗੋਦ ਸੁਹਾਇੰਦਾ । ਧੰਨ ਵਡਿਆਈ ਹਰਿ ਹਰਿ ਸੰਗਤ, ਹਰਿ ਸਗਲਾ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਾਸੀ ਦਾਸ ਸੇਵ ਕਮਾਇੰਦਾ । ਸਾਚਾ ਦਰਸ ਕਾਇਆ ਗੜ੍ਹ, ਗ੍ਰਹਿ ਮੰਦਰ ਆਪ ਕਰਾਈਆ । ਨਿਰਗੁਣ ਸਰਗੁਣ ਅੰਦਰ ਵੜ, ਸਚ ਸਰੂਪੀ ਰੂਪ ਧਰਾਈਆ । ਸੁਰਤੀ ਸ਼ਬਦੀ ਆਪੇ ਫੜ, ਸ਼ਬਦ ਸੁਰਤੀ ਮੇਲ ਮਿਲਾਈਆ । ਆਪਣਾ ਅੱਖਰ ਆਪੇ ਪੜ੍ਹ, ਸਾਚੀ ਸਿਖਿਆ ਦਏ ਸਮਝਾਈਆ । ਸਚ ਦਵਾਰ ਫੜਾਏ ਲੜ, ਫੜਿਆ ਲੜ ਛੁੱਟ ਨਾ ਜਾਈਆ । ਚਾਰੋਂ ਕੁੰਟ ਵੇਖੇ ਦਰ, ਨੇਤਰ ਆਪਣਾ ਆਪ ਉਠਾਈਆ । ਵਸਣਹਾਰਾ ਸਾਚੇ ਘਰ, ਘਰ ਸੱਚਾ ਇਕ ਸੁਹਾਈਆ । ਨਿਰਗੁਣ ਜੋਤੀ ਦੀਪਕ ਧਰ, ਬਿਮਲ ਕਰੇ ਰੁਸ਼ਨਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਈਆ । ਸਾਚਾ ਦਰਸ ਘਰ ਘਰ, ਘਰ ਸੱਜਣ ਮੇਲ ਮਿਲਾਇੰਦਾ । ਹਰਿਜਨ ਚੁਕਾਏ ਜਗਤ ਡਰ, ਭੈ ਭਿਆਨਕ ਵੇਖ ਵਖਾਇੰਦਾ । ਅੰਮ੍ਰਿਤ ਨੁਹਾਏ ਸਾਚੇ ਸਰ, ਸਰ ਸਰੋਵਰ ਇਕ ਵਖਾਇੰਦਾ । ਕਰਤਾ ਪੁਰਖ ਆਪਣੀ ਕਰਨੀ ਕਰ, ਕਰ ਕਿਰਪਾ ਮੇਲ ਮਿਲਾਇੰਦਾ । ਲੇਖਾ ਜਾਣੇ ਨਾਰੀ ਨਰ, ਨਰ ਨਰਾਇਣ ਭੇਵ ਕੋਇ ਨਾ ਪਾਇੰਦਾ । ਸਾਕਤ ਨਿੰਦਕ ਦੁਸ਼ਟ ਦੁਰਾਚਾਰ ਮਾਣਸ ਜਨਮ ਜਾਇਣ ਹਰ, ਹਰਿ ਕਾ ਭੇਵ ਕੋਇ ਨਾ ਪਾਇੰਦਾ । ਗੁਰਮੁਖ ਗੁਰਸਿਖ ਹਰਿਜਨ ਭਗਤ ਸੰਤ ਗੁਰ ਸਰਨਾਈ ਜਾਇਣ ਤਰ, ਸਤਿਗੁਰ ਸਾਚਾ ਆਪ ਤਰਾਇੰਦਾ । ਨਿਰਭੌ ਨਿਰਵੈਰ ਨਿਰਾਕਾਰ ਅਵਰਨੀ ਵਰਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਹਰਿ ਆਪਣਾ ਲੇਖ ਲਿਖਾਇੰਦਾ । ਸਾਚਾ ਦਰਸ ਪੰਜ ਤੱਤ, ਤ੍ਰੈਗੁਣ ਆਪਣਾ ਰੰਗ ਰੰਗਾਈਆ । ਅੰਤਰ ਆਤਮ ਬੀਜ ਘਤ, ਫੁਲ ਫੁਲਵਾੜੀ ਆਪ ਲਗਾਈਆ । ਵੇਖਣਹਾਰਾ ਡਾਲੀ ਪੱਤ, ਆਪਣੀ ਪੰਖੜੀ ਆਪ ਖੁਲ੍ਹਾਈਆ । ਭਵਰਾ ਬਣੇ ਪੁਰਖ ਸਮਰਥ, ਗੂੰਜਣਹਾਰਾ ਇਕ ਸ਼ਹਿਨਸ਼ਾਹੀਆ । ਆਪਣੀ ਨਚੋੜੇ ਆਪੇ ਰਤ, ਰਤੀ ਰਤ ਆਪ ਸੁਕਾਈਆ । ਗੁਰਸਿਖਾਂ ਅੰਦਰ ਬੈਠਾ ਸੱਥਰ ਘਤ, ਜਗਤ ਸੇਜ ਨਾ ਕੋਇ ਵਿਛਾਈਆ । ਭੇਵ ਨਾ ਪਾਏ ਬੁਧ ਮਤ, ਮਨੂਆ ਰੱਖੇ ਨਾ ਕੋਇ ਚਤੁਰਾਈਆ । ਗੁਰਮੁਖ ਵਿਰਲੇ ਮਾਰਗ ਦੇਵੇ ਦੱਸ, ਜਿਸ ਜਨ ਆਪਣੀ ਬੂਝ ਬੁਝਾਈਆ । ਆਤਮ ਰਸਯਾ ਇਕ ਵਖਾਏ ਸਾਚਾ ਰਸ, ਰਸਕ ਰਸਕ ਆਪਣੀ ਬੂੰਦ ਆਪ ਵਹਾਈਆ । ਮੇਟੇ ਰੈਣ ਅੰਧੇਰੀ ਮਸ, ਸਾਚਾ ਚੰਦ ਇਕ ਚੜ੍ਹਾਈਆ । ਜੁਗ ਚੌਕੜੀ ਪੈਂਡਾ ਮੁਕਾਏ ਨੱਸ ਨੱਸ, ਗੁਰਸਿਖ ਤੇਰਾ ਰਾਹ ਤਕਾਈਆ । ਤੇਰੀ ਕਿਰਿਆ ਹੋਇਆ ਵਸ, ਆਪਣੀ ਕਿਰਿਆ ਨਾ ਕੋਇ ਜਣਾਈਆ । ਆਪਣਾ ਮੰਦਰ ਵੇਖੇ ਜਗਤ ਰਿਹਾ ਢੱਠ, ਗੁਰਸਿਖ ਤੇਰਾ ਮੰਦਰ ਆਪ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਦਰਸ ਸੱਚਾ ਸ਼ਹਿਨਸ਼ਾਹੀਆ । ਸਾਚਾ ਦਰਸ ਬਹੱਤਰ ਨਾੜ, ਸਤਿ ਪੁਰਖ ਨਿਰੰਜਣ ਆਪ ਕਰਾਇੰਦਾ । ਮਾਇਆ ਮਮਤਾ ਅਗਨੀ ਨਾ ਸਕੇ ਸਾੜ, ਅੰਮ੍ਰਿਤ ਮੇਘ ਆਪ ਬਰਸਾਇੰਦਾ । ਗੁਰਮੁਖ ਬਣਾਏ ਸਾਚੇ ਲਾੜ, ਲੱਖ ਚੁਰਾਸੀ ਫੋਲ ਫੁਲਾਇੰਦਾ । ਨਿਰਗੁਣ ਸਰਗੁਣ ਘੜਿਆ ਘਾੜਨ ਘਾੜ, ਘੜਨ ਭੰਨਣਹਾਰ ਵੇਖ ਵਖਾਇੰਦਾ । ਨੌ ਖੰਡ ਪ੍ਰਿਥਮੀ ਚਬਾਏ ਆਪਣੀ ਦਾੜ੍ਹ, ਦਾੜ੍ਹਾਂ ਹੇਠ ਸਰਬ ਰਖਾਇੰਦਾ । ਗੁਰਸਿਖ ਮੇਲ ਮਿਲਾਇਆ ਸਤਾਰਾਂ ਹਾੜ, ਏਕਾ ਸਾਤਾ ਏਕਾ ਘਰ ਬਹਾਇੰਦਾ । ਸ੍ਰਿਸ਼ਟ ਸਬਾਈ ਵਸੇ ਡੂੰਘੀ ਗਾਰ, ਜਗਤ ਕੰਦਰ ਪਾਰ ਨਾ ਕੋਇ ਕਰਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਖਾਣੀ ਬਾਣੀ ਕਰੇ ਵਿਚਾਰ, ਹਰਿ ਕਾ ਭੇਵ ਕੋਇ ਨਾ ਪਾਇੰਦਾ । ਗਾ ਗਾ ਗਏ ਗੁਰ ਅਵਤਾਰ, ਬੇਅੰਤ ਬੇਅੰਤ ਬੇਅੰਤ ਸਰਬ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਆਪਣਾ ਦਰਸ ਆਪਣੇ ਵਿਚ ਰਖਾਇੰਦਾ । ਸਾਚਾ ਦਰਸ ਤਿੰਨ ਸੌ ਸੱਠ, ਹਾਡੀ ਹਾਡੀ ਆਪ ਸਮਾਈਆ । ਪਾਰਬ੍ਰਹਮ ਮਹਿਮਾ ਅਕਥਨਾ ਅਕਥ, ਲੇਖਾ ਲਿਖ ਨਾ ਸਕੇ ਕੋਇ ਰਾਈਆ । ਬ੍ਰਹਿਮੰਡ ਖੰਡ ਕੀਨਾ ਵਸ ਸਾਢੇ ਤਿੰਨ ਅੰਦਰ ਹੱਥ, ਹੱਥੋ ਹੱਥ ਲੇਖਾ ਰਿਹਾ ਚੁਕਾਈਆ । ਲੱਖ ਚੁਰਾਸੀ ਜੀਵ ਜੰਤ ਆਦਿ ਅੰਤ ਸ਼ਬਦ ਡੋਰੀ ਪਾਏ ਨਥ, ਚਾਰ ਕੁੰਟ ਦਹਿ ਦਿਸ਼ਾ ਆਪੇ ਰਿਹਾ ਭਵਾਈਆ । ਨਿਰਗੁਣ ਸਰਗੁਣ ਨਾਮ ਨਿਧਾਨ ਦੇਵੇ ਵਥ, ਵਸਤ ਅਮੋਲਕ ਆਪਣੇ ਹੱਥ ਰਖਾਈਆ । ਭਾਣਾ ਵਰਤੇ ਹਰਿ ਸਮਰਥ, ਭਾਵੀ ਭਾਣੇ ਅੱਗੇ ਸੀਸ ਝੁਕਾਈਆ । ਗੁਰਮੁਖ ਸਗਲ ਵਿਸੂਰੇ ਜਾਇਣ ਲੱਥ, ਜਿਸ ਜਨ ਆਪਣਾ ਦਰਸ ਵਖਾਈਆ । ਕੋਟਨ

ਕੋਟ ਉਚੇ ਟਿੱਲੇ ਪਰਬਤ ਪ੍ਰਭ ਦਰਸ਼ਨ ਕੋ ਰਹੇ ਤਰਸ, ਨੇਤਰ ਨੈਣ ਨਜ਼ਰ ਕਿਸੇ ਨ ਆਈਆ । ਕੋਟਨ ਕੋਟ ਹੋਏ ਅਰਸ਼ ਫ਼ਰਸ਼ ਕੁਰਾ ਕਾਇਨਾਤ ਵੇਖਣ ਮਾਰ ਝਾਤ, ਜਗਤ ਨਿਜਾਤ ਨਾ ਕੋਇ ਦਵਾਈਆ । ਰੈਣ ਅੰਧੇਰੀ ਦਿਸੇ ਰਾਤ, ਸਗਲਾ ਨਿਭਾਏ ਨਾ ਕੋਇ ਸਾਥ, ਸਗਲਾ ਸੰਗ ਬੈਠਾ ਮੁਖ ਛੁਪਾਈਆ । ਕਲਜੁਗ ਤੇਰਾ ਅੰਤਮ ਘਾਟ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਹਰਿ, ਸ਼ਾਹ ਪਾਤਸ਼ਾਹ ਆਪਣਾ ਨਾਉਂ ਧਰਾਈਆ । ਸਾਚਾ ਦਰਸ ਰਤੀ ਰਤ, ਰਕਤ ਆਪਣੀ ਖੇਲ ਖਿਲਾਇੰਦਾ । ਕਰੇ ਖੇਲ ਕਮਲਾਪਤ, ਕਵਲ ਨੈਣ ਆਪ ਮਟਕਾਇੰਦਾ । ਚਰਨ ਕਵਲ ਕਵਲ ਚਰਨ ਇਕ ਰਖਾਏ ਸਾਚਾ ਤੱਤ, ਦੂਜਾ ਜੋੜ ਨਾ ਕੋਇ ਜੁੜਾਇੰਦਾ । ਵਸਣਹਾਰਾ ਘਟ ਘਟ, ਘਟ ਘਟ ਅੰਦਰ ਵੇਖ ਵਖਾਇੰਦਾ । ਕਰੇ ਸਵਾਂਗ ਨਟੂਆ ਨਟ, ਭੇਵ ਕੋਇ ਨਾ ਪਾਇੰਦਾ । ਚੌਦਾਂ ਲੋਕ ਵੇਖਣਹਾਰਾ ਆਪਣਾ ਹੱਟ, ਵਣਜ ਵਣਜਾਰਾ ਫੇਰਾ ਪਾਇੰਦਾ । ਨੀਰ ਵਰੋਲੇ ਤੀਰਥ ਅਠਸਠ, ਨਾਮ ਮਧਾਣਾ ਇਕ ਰਖਾਇੰਦਾ । ਜੋਤ ਜਵਾਲਾ ਵੇਖੇ ਲਟ ਲਟ, ਜੰਗਲ ਜੂਹ ਉਜਾੜ ਪਹਾੜ ਆਪਣਾ ਖੇਲ ਖਿਲਾਇੰਦਾ । ਪੰਧ ਮੁਕਾਏ ਮੰਦਰ ਮਸਜਿਦ ਗੁਰਦਵਾਰ ਮਠ, ਸ਼ਿਵਦਵਾਲਾ ਚਰਨਾਂ ਹੇਠ ਦਬਾਇੰਦਾ । ਗੁਰਸਿਖਾਂ ਹਿਰਦੇ ਅੰਦਰ ਆਪੇ ਵਸ, ਸਾਚਾ ਮੰਦਰ ਆਪ ਸੁਹਾਇੰਦਾ । ਕਰੇ ਪਰਕਾਸ਼ ਕੋਟਨ ਕੋਟ ਰਵ ਸਸ, ਨੂਰ ਨੂਰਾਨਾ ਨੂਰੋ ਨੂਰ ਡਗਮਗਾਇੰਦਾ । ਜੁਗ ਜੁਗ ਵਿਛੜੇ ਅੰਤਮ ਪੂਰੀ ਕਰੇ ਆਸ, ਜਗਤ ਨਿਰਾਸਾ ਨਾ ਕੋਇ ਵਖਾਇੰਦਾ । ਜਨਮ ਜਨਮ ਦੀ ਬੁਝੇ ਪਿਆਸ, ਜਿਸ ਜਨ ਆਪਣਾ ਦਰਸ ਦਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਬਲ ਆਪ ਧਰਾਇੰਦਾ । ਬਲ ਧਾਰੇ ਹਰਿ ਹਰਿ ਬਾਵਣ, ਬਾਵਣ ਭੇਵ ਕੋਇ ਨਾ ਜਾਣਿਆ । ਲੇਖਾ ਜਾਣੇ ਹਰਿ ਹਰਿ ਰਾਵਣ, ਰਾਵਣ ਹੋਏ ਬਾਲ ਅੰਞਾਣਿਆ । ਆਪੇ ਪਕੜੇ ਕੰਸ ਦਾਮਨ, ਦਾਮਨਗੀਰ ਸ਼ਾਹ ਸੁਲਤਾਨਿਆ । ਤ੍ਰੈ ਜੁਗ ਜਨ ਭਗਤਾਂ ਬਣਦਾ ਆਇਆ ਜ਼ਾਮਨ, ਦੇਂਦਾ ਆਇਆ ਮਾਤ ਸਹਾਰਿਆ । ਕਲਜੁਗ ਅੰਤਮ ਆਪਣਾ ਪੂਰਾ ਕਰੇ ਕਾਮਨ, ਚਾਰ ਜੁਗ ਪੰਧ ਮੁਕਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾ ਰਿਹਾ । ਚਾਰ ਜੁਗ ਭਗਤ ਭਗਵੰਤ ਪਿਆਰਾ, ਲੋਕਮਾਤ ਆਪ ਰਖਾਇੰਦਾ । ਨਿਰਗੁਣ ਸਰਗੁਣ ਬਣ ਬਣ ਦੇਂਦਾ ਰਿਹਾ ਸਹਾਰਾ, ਛਿਨ ਭੰਗਰ ਰੂਪ ਧਰਾਇੰਦਾ । ਕਲਜੁਗ ਅੰਤਮ ਖੇਲ ਕਰੇ ਨਿਆਰਾ, ਜੋਤੀ ਜਾਮਾ ਭੇਖ ਵਟਾਇੰਦਾ । ਅੱਠੇ ਪਹਿਰ ਦਿਵਸ ਰੈਣ ਘੜੀ ਪਲ ਗੁਰਮੁਖਾਂ ਦਏ ਸਚ ਆਧਾਰਾ, ਆਪਣੀ ਸੇਵਾ ਆਪ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦਰਸ ਇਕ ਦੀਦਾਰਾ, ਏਕਾ ਦੀਆ ਬਾਤੀ ਕਰ ਉਜਿਆਰਾ, ਏਕਾ ਨੇਤਰ ਲੋਚਣ ਨੈਣ ਖੁਲ੍ਹਾਇੰਦਾ । ਗੁਰਸਿਖ ਦੀਦਾਰ ਆਤਮ ਅੰਤਰ, ਜਗਤ ਦੀਦਾਰ ਹੱਡ ਮਾਸ ਨਾੜੀ ਚੰਮ ਕਰਾਈਆ । ਕਰੇ ਖੇਲ ਅਗੰਮ ਅਪਾਰ, ਅਗੰਮੜੀ ਕਾਰ ਆਪ ਕਰਾਈਆ । ਸਰਗੁਣ ਨਿਰਗੁਣ ਦੋਵੇਂ ਧਾਰ, ਏਕਾ ਵਾਰ ਕਰੇ ਸੱਚਾ ਸ਼ਹਿਨਸ਼ਾਹੀਆ । ਗੁਰਮੁਖਾਂ ਅੰਦਰ ਇਕ ਪਿਆਰ, ਆਤਮ ਦ੍ਰਿਸ਼ਟੀ ਦ੍ਰਿਸ਼ਟ ਸਮਾਈਆ । ਕਲਜੁਗ ਜੀਵਾਂ ਖੇਲੇ ਖੇਲ ਵਿਚ ਸੰਸਾਰ, ਸਰਗੁਣ ਭਰਮ ਭੁਲੇਖਾ ਪਾਈਆ । ਆਪਣਾ ਭੇਵ ਨਾ ਦੇਵੇ ਹਰਿ ਨਿਰੰਕਾਰ, ਭਰਮੇ ਭੁੱਲੀ ਸਰਬ ਲੋਕਾਈਆ । ਕਾਇਆ ਮਾਟੀ ਭਾਂਡਾ ਪੋਚੇ ਗਿਰਵਰ ਗਿਰਧਾਰ, ਪੰਜ ਤੱਤ ਤੱਤ ਹੰਢਾਈਆ । ਅੰਦਰ ਬੈਠਾ ਸਿਰਜਣਹਾਰ, ਦਿਸ ਕਿਸੇ ਨਾ ਆਈਆ । ਹਰਿਜਨ ਸਾਚੇ ਵੇਖ ਵਿਚਾਰ, ਜਗਤ ਸੋਏ ਲਏ ਉਠਾਈਆ । ਦੁਰਮਤ ਧੋਏ ਕਰ ਪਿਆਰ, ਆਪਣਾ ਰੰਗ ਆਪ ਚੜ੍ਹਾਈਆ । ਅੰਮ੍ਰਿਤ ਬਰਖੇ ਠੰਡੀ ਠਾਰ, ਨਿਝਰ

ਝਿਰਨਾ ਇਕ ਝਿਰਾਈਆ । ਸਕਲ ਕੁਸਲ ਕੁਸਲ ਕਰਮ ਕਿਰਤਮ ਕਿਰਤ ਆਪਣੀ ਝੋਲੀ ਲਏ ਡਾਰ, ਦੂਸਰ ਸੰਗ ਨਾ ਕੋਇ ਰਖਾਈਆ । ਨੌ ਨੌ ਜਨਮ ਪੈਜ ਦਏ ਸਵਾਰ, ਮਾਣਸ ਮਾਨਸ ਆਪਣੇ ਧੰਦੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦਰਸ ਦਏ ਵਡਿਆਈਆ । ਏਕਾ ਦਰਸ ਜਗਤ ਉਧਾਰਾ, ਜਿਸ ਜਨ ਅੰਤਰ ਮੇਲ ਮਿਲਾਇਆ । ਰਾਤੀਂ ਸੁਤਿਆਂ ਕਰੇ ਪਿਆਰਾ, ਘਰ ਘਰ ਆਪਣਾ ਫੇਰਾ ਪਾਇਆ । ਸੋ ਸਿਖ ਸੋ ਸੁਤ ਦੁਲਾਰਾ, ਪੂਤ ਸਪੂਤ ਸੋ ਅਖਵਾਇਆ । ਸੋ ਭਗਤ ਸੋ ਸੰਤ ਜਿਸ ਮਿਲਿਆ ਹਰਿ ਨਿਰੰਕਾਰਾ, ਨਿਰਗੁਣ ਸਰਗੁਣ ਖੇਲ ਖਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਆਪਣਾ ਦਰਸ, ਦੂਜੀ ਵਾਰ ਲੋਕਮਾਤ ਨਾ ਫੇਰਾ ਪਾਇਆ । ਕਲਜੁਗ ਅੰਤਮ ਖੇਲ ਅਵੱਲੜਾ, ਹਰਿ ਸਾਚਾ ਸਚ ਕਰਾਇੰਦਾ । ਆਪਣਾ ਮਾਰਗ ਜਨ ਭਗਤਾਂ ਦੱਸੇ ਰਾਹ ਸੁਖਲੜਾ, ਲੇਖਾ ਲਿਖਤ ਨਾ ਕੋਇ ਜਣਾਇੰਦਾ । ਜਿਸ ਜਨ ਫੜਾਇਆ ਆਪਣਾ ਪਲੜਾ, ਦੋ ਜਹਾਨ ਨਾ ਕੋਇ ਛੁਡਾਇੰਦਾ । ਗੁਰਸਿਖਾਂ ਸਿਰ੍ਹਾਣੇ ਆਪੇ ਖਲੜਾ, ਰਾਤੀ ਸੁਤਿਆਂ ਪੰਧ ਮੁਕਾਇੰਦਾ । ਸ਼ਬਦ ਸੰਦੇਸ਼ ਏਕਾ ਘੱਲੜਾ, ਜਗਤ ਸਤਾਰ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਮੇਲ ਮਿਲਾਇੰਦਾ । ਰਾਤੀਂ ਸੁਤਿਆਂ ਜਿਸ ਜਨ ਦਰਸਨ ਦੇਵੇ, ਦਸਮ ਦਵਾਰਾ ਮੇਲ ਮਿਲਾਈਆ । ਪੰਧ ਮੁਕਾਏ ਆਪ ਅਲਖ ਅਭੇਵੇ, ਗੁਰਸਿਖ ਘਾਲਨ ਘਾਲ ਨਾ ਕੋਇ ਵਖਾਈਆ । ਜੋਗ ਅਭਿਆਸ ਹਠ ਤਪ ਕਿਰਿਆ ਕਰਮ ਇਕ ਵਖਾਏ ਵਡ ਦੇਵੀ ਦੇਵੇ, ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਸਨਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਮਾਰਗ ਆਪ ਚਲਾਈਆ । ਸਾਚਾ ਮਾਰਗ ਆਪ ਚਲਾਇਆ, ਸਤਿਗੁਰ ਆਪਣਾ ਹੀਆ ਧਾਰ । ਗੁਰਸਿਖਾਂ ਲੱਭਣ ਆਪੇ ਆਇਆ, ਲੋਕਮਾਤ ਲੈ ਅਵਤਾਰ । ਗੁਰਸਿਖ ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਕੋਇ ਨਾ ਫੇਰਾ ਪਾਇਆ, ਅਠਸਠ ਫਿਰੇ ਨਾ ਕੋਇ ਕਰੇ ਵਿਚਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਕਰੇ ਸਚ ਵਿਹਾਰ । ਕਲਜੁਗ ਕਰਿਆ ਖੇਲ ਨਿਰਾਲਾ, ਸਤਿਗੁਰ ਪੂਰੇ ਦਇਆ ਕਮਾਈਆ । ਦੀਨਾ ਬੰਧਪ ਹੋਇਆ ਦੀਨ ਦਿਆਲਾ, ਦੀਨਨ ਏਕਾ ਰੰਗ ਰੰਗਾਈਆ । ਸੰਗ ਰਖਾਏ ਕਾਲ ਮਹਾਕਾਲਾ, ਕਵਲ ਨੈਣ ਵਡੀ ਵਡਿਆਈਆ । ਨਿਰਗੁਣ ਬਣ ਸਚ ਦਲਾਲਾ, ਹਰਿਜਨ ਮਾਣਕ ਮੋਤੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਖਿਲਾਇਆ, ਕਲਜੁਗ ਅੰਤਮ ਵਾਰ । ਸ਼ਾਹ ਪਾਤਸ਼ਾਹ ਬਣ ਕੇ ਗ਼ਰੀਬ ਨਿਮਾਣੇ ਲੱਭਣ ਆਇਆ, ਨਿਰਗੁਣ ਨਿਰਗੁਣ ਲੈ ਅਵਤਾਰ । ਲੱਖ ਚੁਰਾਸੀ ਵਿੱਚੋਂ ਕੱਢਣ ਆਇਆ, ਸ਼ਬਦ ਉਛਾਲਾ ਏਕਾ ਮਾਰ । ਆਪਣੇ ਵਿਛੜੇ ਆਪੇ ਸੱਦਣ ਆਇਆ, ਆਪ ਆਪਣੀ ਕਿਰਪਾ ਧਾਰ । ਆਪਣਾ ਭਾਰ ਆਪੇ ਲੱਦਣ ਆਇਆ, ਆਪੇ ਹੋਇਆ ਭਾਰ ਬਰਦਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਾਹ ਪਾਤਸ਼ਾਹ ਸੱਚੀ ਸਰਕਾਰ । ਸ਼ਾਹ ਪਾਤਸ਼ਾਹ ਦੀਨ ਦਿਆਲਾ, ਆਪਣੀ ਦਇਆ ਕਮਾਈਆ । ਸ਼ਾਹ ਪਾਤਸ਼ਾਹ ਸਦਾ ਹੋਏ ਰਖਵਾਲਾ, ਜੁਗ ਜੁਗ ਆਪਣੀ ਸੇਵ ਕਮਾਈਆ । ਗੁਰਮੁਖ ਗੁਰਸਿਖ ਗੁਰ ਗੁਰ ਹੋਏ ਕਿਰਪਾਲਾ, ਕਿਰਪਾ ਨਿਧ ਵਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਦਰਸ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਰੂਪ ਆਪ ਧਰਾਈਆ ।

★ ੧੮ ਫਗਣ ੨੦੧੭ ਬਿਕ੍ਰਮੀ ਦੀਦਾਰ ਸਿੰਘ ਦੇ ਗ੍ਰਿਹ ਪਿੰਡ ਬਾਊਪੁਰਾ ਜ਼ਿਲਾ ਗੁਰਦਾਸ ਪੁਰ ★



ਨਾਮ ਸੁਖਾਲਾ ਸਤਿਗੁਰ ਦੀਆ, ਸੋ ਪੁਰਖ ਨਿਰੰਜਣ ਦਇਆ ਕਮਾਈਆ । ਹਰਿ ਪੁਰਖ ਨਿਰੰਜਣ ਬੀਜਿਆ ਬੀਆ, ਅੰਮ੍ਰਿਤ ਫਲ ਆਪ ਲਗਾਈਆ । ਏਕੰਕਾਰਾ ਅੰਮ੍ਰਿਤ ਬਰਖੇ ਮੀਂਹਾ, ਮੇਘ ਮੇਘਲਾ ਧਾਰ ਵਹਾਈਆ । ਆਦਿ ਨਿਰੰਜਣ ਨਿਰਮਲ ਕਰੇ ਜੀਆ, ਅਗਿਆਨ ਅੰਧੇਰ ਗਵਾਈਆ । ਹਰਿਜਨ ਬਣਾਏ ਸਾਚੀ ਨੀਂਹਾ, ਨੇਂਹੁ ਚਰਨ ਕਵਲ ਜਨ ਲਾਈਆ । ਸ੍ਰੀ ਭਗਵਾਨ ਲਹਿਣਾ ਦੇਣ ਚੁਕਾਏ ਸਾਢੇ ਤਿੰਨ ਹੱਥ ਸੀਆ, ਧਰਤ ਧਵਲ ਵੰਡ ਵੰਡਾਈਆ । ਪਾਰਬ੍ਰਹਮ ਪ੍ਰਭ ਗੁਰਸਿਖ ਸੁਵਾਣੀ ਮਿਲਿਆ ਏਕਾ ਮੀਆਂ, ਮਿਲ ਬਹਿ ਬਹਿ ਮੰਗਲ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਉਂ ਇਕ ਸਮਝਾਈਆ । ਸਾਚਾ ਨਾਉਂ ਹਰਿ ਨਿਰੰਕਾਰ, ਆਦਿ ਜੁਗਾਦਿ ਸਮਾਇੰਦਾ । ਜੁਗਾ ਜੁਗੰਤਰ ਵਰਤੇ ਸਤਿ ਵਰਤਾਰ, ਆਦਿ ਜੁਗਾਦੀ ਆਪ ਵਰਤਾਇੰਦਾ । ਬ੍ਰਹਮ ਬ੍ਰਹਿਮਾਦੀ ਬੋਲ ਜੈਕਾਰ, ਨਾਦ ਅਨਾਦੀ ਆਪ ਸੁਣਾਇੰਦਾ । ਆਤਮ ਸਾਧੀ ਵਿਚ ਸੰਸਾਰ, ਜੀਵ ਜੰਤ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਨਾਉਂ ਆਪ ਰਖਾਇੰਦਾ । ਏਕਾ ਨਾਉਂ ਪੁਰਖ ਅਗੰਮ, ਆਪਣਾ ਆਪ ਉਪਾਈਆ । ਆਪੇ ਜਾਣੇ ਆਪਣਾ ਕੰਮ, ਕਰਤਾ ਪੁਰਖ ਕਾਰ ਕਮਾਈਆ । ਜਨ ਭਗਤਾਂ ਰਸਨਾ ਜਿਹਵਾ ਪਵਣ ਸਵਾਸ ਚਲੇ ਦਮਾਂ ਦਮ, ਆਪਣੀ ਧਾਰ ਆਪ ਚਲਾਈਆ । ਹਰਿਜਨ ਬੇੜਾ ਦੇਵੇ ਬੰਨ੍ਹ, ਬੰਨ੍ਹਣਹਾਰ ਸੱਚਾ ਸ਼ਹਿਨਸ਼ਾਹੀਆ । ਆਪਣਾ ਨਾਉਂ ਸੁਣਾਏ ਰਾਗ ਕੰਨ, ਰਾਗ ਰਾਗਨੀ ਮੁਖ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਮ ਦਏ ਵਡਿਆਈਆ । ਏਕਾ ਨਾਮ ਹਰਿ ਨਿੰਰਕਾਰਾ, ਹਰਿ ਹਰਿ ਸਾਚਾ ਆਪ ਉਪਾਇੰਦਾ । ਸਚਖੰਡ ਨਿਵਾਸੀ ਖੋਲ੍ਹ ਕਿਵਾੜਾ, ਥਿਰ ਘਰ ਸਾਚੇ ਆਪ ਬਹਾਇੰਦਾ । ਨਿਰਗੁਣ ਨਿਰਵੈਰ ਪੁਰਖ ਅਕਾਲ ਆਪਣਾ ਨਾਉਂ ਬਣਾਏ ਸਾਚਾ ਲਾੜਾ, ਸਾਚਾ ਸਗਨ ਆਪ ਮਨਾਇੰਦਾ । ਵੇਖ ਵਖਾਏ ਦੋ ਜਹਾਨਾਂ ਲੋਕਮਾਤ ਜਗਤ ਅਖਾੜਾ, ਨਵ ਸਤ ਆਪਣਾ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਨਾਉਂ ਆਪ ਧਰਾਇੰਦਾ । ਆਪਣਾ ਨਾਉਂ ਆਪ ਪਰਗਟਾ, ਹਰਿ ਆਪੇ ਵੇਖ ਵਖਾਇੰਦਾ । ਸਾਚੇ ਮੰਦਰ ਦਏ ਵਸਾ, ਥਿਰ ਘਰ ਸਾਚੇ ਸੋਭਾ ਪਾਇੰਦਾ । ਸਾਚਾ ਰੂਪ ਆਪ ਚੜ੍ਹਾ, ਅਨੂਪ ਸੋਭਾ ਪਾਇੰਦਾ । ਚਾਰੋਂ ਕੁੰਟ ਹੋ ਰੁਸ਼ਨਾ, ਦਹਿ ਦਿਸ਼ਾ ਡਗਮਗਾਇੰਦਾ । ਬ੍ਰਹਿਮੰਡ ਖੰਡ ਰਾਗ ਅਲਾ, ਲੋਆਂ ਪੁਰੀਆਂ ਆਪ ਸੁਣਾਇੰਦਾ । ਜੁਗਾ ਜੁਗੰਤਰ ਵੇਸ ਵਟਾ, ਨਿਰਗੁਣ ਸਰਗੁਣ ਮੇਲ ਮਿਲਾਇੰਦਾ । ਪੰਜ ਤੱਤ ਕਾਇਆ ਚੋਲਾ ਲਏ ਹੰਢਾ, ਜਾਗਰਤ ਜੋਤ ਆਪ ਜਗਾਇੰਦਾ । ਆਪਣੀ ਗੰਢ ਆਪਣੀ ਕੰਨੀ ਲਏ ਪਵਾ, ਕੁਦਰਤ ਕ਼ਾਦਰ ਖੇਲ ਖਿਲਾਇੰਦਾ । ਆਪਣੀ ਵੰਨੀ ਆਪੇ ਲਏ ਪਰਨਾ, ਪਾਰਬ੍ਰਹਮ ਭੇਵ ਨਾ ਆਇੰਦਾ । ਆਪਣੀ ਛੱਪਰ ਛੰਨ ਡੇਰਾ ਲਾ, ਸਾਚੇ ਮੰਦਰ ਸੋਭਾ ਪਾਇੰਦਾ । ਦੁੱਖ ਦਰਦ ਭੈ ਭੰਜਨ ਆਪਣੀ ਸੇਵਾ ਆਪ ਕਮਾ, ਸੇਵਕ ਸੇਵਾ ਚਾਕਰ ਪਾਖਾਕ ਆਪਣਾ ਨਾਉਂ ਧਰਾਇੰਦਾ । ਆਪਣੇ ਮਜਨ ਸਾਚੀ ਧੂੜੀ ਆਪ ਨਹਾ, ਚਰਨ ਚਰਨੋਦਕ ਸਰ ਸਰੋਵਰ ਇਕ ਸੁਹਾਇੰਦਾ । ਆਪਣਾ ਬੰਧਨ ਆਪੇ ਪਾ, ਆਪਣਾ ਨਾਉਂ ਏਕਾ ਡੋਰੀ ਹੱਥ ਰਖਾਇੰਦਾ । ਆਪਣਾ ਛੰਦਨ ਆਪੇ ਗਾ, ਪੁਰਖ ਅਕਾਲਾ ਦੀਨ ਦਿਆਲਾ ਸਾਚਾ ਢੋਲਾ ਆਪੇ ਗਾਇੰਦਾ । ਆਪਣਾ ਨਾਉਂ ਤਨ ਸਾਚੀ ਮਾਲਾ ਪਾ, ਮਣਕਾ ਮਣਕਾ ਨਾ ਕੋਈ ਫਿਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਉਂ ਇਕ ਦ੍ਰਿੜਾਇੰਦਾ ।

ਸਾਚਾ ਨਾਉਂ ਇਕ ਦ੍ਰਿੜਾਏ, ਮਹਿਮਾ ਅਕਥ ਕਥੀ ਨਾ ਜਾਈਆ । ਜੁਗਾ ਜੁਗੰਤਰ ਆਪ ਵਰਤਾਏ, ਗੁਰ ਅਵਤਾਰ ਸੇਵਾ ਲਾਈਆ । ਭਗਤ ਭਗਵੰਤ ਝੋਲੀ ਪਾਏ, ਦੂਸਰ ਹੱਥ ਨਾ ਕਿਸੇ ਆਈਆ । ਸਾਚੇ ਸੰਤ ਲਏ ਜਗਾਏ, ਜੀਵਣ ਜੁਗਤ ਆਪਣੇ ਹੱਥ ਰਖਾਈਆ । ਗੁਰਮੁਖ ਵਿਰਲੇ ਬੂਝ ਬੁਝਾਏ, ਅੰਤਰ ਆਤਮ ਏਕਾ ਦ੍ਰਿਸ਼ਟ ਖੁਲ੍ਹਾਈਆ । ਗੁਰਸਿਖ ਸਾਚੇ ਲਏ ਉਠਾਏ, ਜਿਸ ਜਨ ਆਪਣੀ ਦਯਾ ਕਮਾਈਆ । ਆਪਣਾ ਨਾਉਂ ਆਪਣੇ ਹੱਟ ਵਿਕਾਏ, ਜਗਤ ਹੱਟ ਨਾ ਕੋਈ ਤੁਲਾਈਆ । ਤੀਰਥ ਤਟ ਕਿਸੇ ਹੱਥ ਨਾ ਆਏ, ਗੰਗਾ ਗੋਦਾਵਰੀ ਸੁਰਸਤੀ ਜਮਨਾ ਨੀਰ ਰਹੀ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਆਪਣਾ ਨਾਉਂ ਆਪ ਰਖਾਏ, ਪਰਗਟ ਥਾਉਂ ਥਾਈਆ । ਆਪਣਾ ਬੰਕ ਆਪ ਸੁਹਾਏ ਥਾਨ ਥਨੰਤਰ ਸੋਭਾਵੰਤ, ਸਤਿ ਪੁਰਖ ਨਿਰੰਜਣ ਆਪ ਸੁਹਾਈਆ । ਪਾਰਬ੍ਰਹਮ ਪ੍ਰਭ ਸਾਚਾ ਕੰਤ, ਦਰ ਘਰ ਸਾਚੇ ਸੋਭਾ ਪਾਇੰਦਾ । ਹਰਿ ਪੁਰਖ ਬਣਾਏ ਆਪਣੀ ਬਣਤ, ਬਣਤ ਬਨਵਾਰੀ ਆਪ ਬਣਾਇੰਦਾ । ਸ੍ਰੀ ਭਗਵਾਨ ਮਹਿਮਾ ਅਗਣਤ, ਲੇਖਾ ਲੇਖ ਨਾ ਕੋਈ ਜਣਾਇੰਦਾ । ਏਕੰਕਾਰ ਕਰੇ ਖੇਲ ਵਾਰ ਅੰਤ, ਅਕਲ ਕਲ ਆਪਣੀ ਖੇਲ ਖਿਲਾਇੰਦਾ । ਅਬਿਨਾਸ਼ੀ ਕਰਤਾ ਮੇਲ ਮਿਲਾਏ ਸਾਚੇ ਸੰਤ, ਸੰਤ ਸਤਿਗੁਰ ਵੇਖ ਵਖਾਇੰਦਾ । ਆਦਿ ਨਿਰੰਜਣ ਜੋਤ ਜਗਾਏ ਜੀਵ ਜੰਤ, ਲੱਖ ਚੁਰਾਸੀ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਨਾਉਂ ਇਕ ਸਮਝਾਇੰਦਾ । ਸਾਚਾ ਨਾਉਂ ਹਰਿ ਸੁਖਾਲਾ, ਆਦਿ ਜੁਗਾਦਿ ਉਪਾਇਆ । ਨਾਤਾ ਤੋੜੇ ਕਾਲ ਮਹਾਕਾਲਾ, ਭੈ ਭਿਆਨਕ ਹੋਏ ਸਹਾਇਆ । ਦੋ ਜਹਾਨਾਂ ਹੋਏ ਦਲਾਲਾ, ਪੁਰਖ ਅਬਿਨਾਸ਼ੀ ਸੇਵ ਕਮਾਇਆ । ਤ੍ਰੈਗੁਣ ਮਾਇਆ ਤੋੜੇ ਜੰਜਾਲਾ, ਜੀਵਣ ਜੁਗਤ ਆਪਣੇ ਹੱਥ ਰਖਾਇਆ । ਕਾਇਆ ਮੰਦਰ ਅੰਦਰ ਵਖਾਏ ਸੱਚੀ ਧਰਮਸਾਲਾ, ਜਿਸ ਜਨ ਆਪਣਾ ਨਾਮ ਬੁਝਾਇਆ । ਗੁਰਮੁਖ ਉਠਾਏ ਸਾਚੇ ਲਾਲਾ, ਲਾਲ ਅਨਮੁਲੜੇ ਆਪਣੀ ਗੋਦ ਰਖਾਇਆ । ਦੀਪਕ ਜੋਤੀ ਏਕਾ ਬਾਲਾ, ਅਗਿਆਨ ਅੰਧੇਰ ਚੁਕਾਇਆ । ਤਨ ਪਹਿਨਾਏ ਆਪਣੀ ਮਾਲਾ, ਆਪਣਾ ਨਾਉਂ ਇਕ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਮ ਸੁਖਾਲਾ ਦਏ ਸਮਝਾਇਆ । ਨਾਮ ਸੁਖਾਲਾ ਹਰਿ ਚਰਨ ਦਵਾਰਾ, ਦੂਸਰ ਅਵਰ ਨਾ ਕੋਈ ਜਣਾਈਆ । ਗੁਰ ਗੁਰ ਰੂਪ ਇਕ ਨਿਰੰਕਾਰਾ, ਨਰ ਨਰਾਇਣ ਵਡੀ ਵਡਿਆਈਆ । ਠਾਂਡਾ ਸੀਤਾ ਧੁਰ ਦਰਬਾਰਾ, ਸਚਖੰਡ ਵੱਜੇ ਵਧਾਈਆ । ਖੇਲ ਕਰੇ ਕਰਨੇਹਾਰਾ, ਅਲਖ ਅਗੋਚਰ ਬੇਪਰਵਾਹੀਆ । ਅੰਨ ਦਾਤਾ ਹੋ ਉਜਿਆਰਾ, ਨਿਰਵੈਰ ਰੂਪ ਧਰਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਚਰਨਾਂ ਹੇਠ ਲਤਾੜ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਦੋ ਜਹਾਨਾ ਲੇਖਾ ਜਾਣੇ ਆਰ ਪਾਰ, ਪਾਰ ਆਰ ਆਪਣੀ ਧਾਰ ਚਲਾਈਆ । ਲੱਖ ਚੁਰਾਸੀ ਕੰਤ ਭਤਾਰ, ਈਸ਼ ਜੀਵ ਵਡੀ ਵਡਿਆਈਆ । ਜਗਤ ਜਗਦੀਸ਼ ਸਾਂਝਾ ਯਾਰ, ਲੋਕਮਾਤ ਕਰੇ ਰੁਸ਼ਨਾਈਆ । ਰਾਗ ਛਤੀਸ ਕਰੇ ਪੁਕਾਰ, ਉਚੀ ਕੂਕੇ ਦਏ ਦੁਹਾਈਆ । ਹਰਿ ਕਾ ਨਾਉਂ ਅਪਰ ਅਪਾਰ, ਗੁਰ ਅਵਤਾਰ ਰਹੇ ਸਾਲਾਹੀਆ । ਜਿਸ ਜਨ ਬਖ਼ਸ਼ੇ ਕਰ ਪਿਆਰ, ਵਸਤ ਅਮੋਲਕ ਝੋਲੀ ਪਾਈਆ । ਗੁਰਸਿਖ ਮੰਗੇ ਨਾ ਕੋਈ ਦਵਾਰ, ਦੂਸਰ ਓਟ ਨਾ ਕੋਈ ਤਕਾਈਆ । ਰਾਹ ਸੁਖਾਲਾ ਦਰਸ ਦੀਦਾਰ, ਨੇਤਰ ਲੋਚਣ ਆਪ ਕਰਾਈਆ । ਸ਼ਾਹ ਕੰਗਾਲ ਬਹਾਏ ਇਕ ਦਰਬਾਰ, ਊਚ ਨੀਚ ਨਾ ਕੋਈ ਵਡਿਆਈਆ । ਘਾੜਨ ਘੜੇ ਸੱਚਾ ਸੁਨਿਆਰ, ਜਗਤ ਠਠਿਆਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਨਾਉਂ ਇਕ ਵਡਿਆਈਆ । ਸਾਚਾ

ਨਾਉਂ ਆਤਮ ਰਸ, ਹਰਿ ਸਤਿਗੁਰ ਸਤਿ ਸਮਝਾਇੰਦਾ। ਸਾਚਾ ਨਾਉਂ ਹਰਿ ਹਿਰਦੇ ਜਾਏ ਵਸ, ਹਰਿ ਕੀ ਪੌੜੀ ਆਪ ਚੜ੍ਹਾਇੰਦਾ। ਹਰਿ ਕਾ ਨਾਉਂ ਮੇਟੇ ਰੈਣ ਅੰਧੇਰੀ ਮਸ, ਸਾਚਾ ਨੂਰ ਇਕ ਚਮਕਾਇੰਦਾ। ਹਰਿ ਕਾ ਨਾਉਂ ਮਾਰਗ ਦੇਵੇ ਦੱਸ, ਲੱਖ ਚੁਰਾਸੀ ਪੰਧ ਮੁਕਾਇੰਦਾ। ਹਰਿ ਕਾ ਨਾਉਂ ਤੀਰ ਅਨਿਆਲਾ ਮਾਰੇ ਕਸ, ਬਜਰ ਕਪਾਟੀ ਪਾਰ ਕਰਾਇੰਦਾ। ਹਰਿ ਕਾ ਨਾਉਂ ਸੁਣ ਝੂਠਾ ਮੰਦਰ ਜਾਏ ਢਠ, ਸਾਚੇ ਮੰਦਰ ਸੋਭਾ ਪਾਇੰਦਾ। ਹਰਿ ਕਾ ਨਾਉਂ ਪੁਰਖ ਸਮਰਥ, ਨਾ ਕੋਈ ਮੇਟੇ ਮੇਟ ਮਿਟਾਇੰਦਾ। ਹਰਿ ਕਾ ਨਾਉਂ ਜੁਗ ਜੁਗ ਚਲਾਏ ਰਥ, ਰਥ ਰਥਵਾਹੀ ਸੇਵ ਕਮਾਇੰਦਾ। ਹਰਿ ਕਾ ਨਾਉਂ ਏਕਾ ਸਾਚੀ ਵਥ, ਜਨ ਭਗਤਾਂ ਝੋਲੀ ਪਾਇੰਦਾ। ਹਰਿ ਕਾ ਨਾਉਂ ਕਰੇ ਪ੍ਰਕਾਸ਼ ਜੋਤੀ ਲਟ ਲਟ, ਜੋਤ ਜਵਾਲਾ ਡਗਮਗਾਇੰਦਾ। ਹਰਿ ਕਾ ਨਾਉਂ ਏਕਾ ਘਰ ਵਖਾਏ ਚੌਦਾਂ ਹੱਟ, ਚੌਦਾਂ ਲੋਕ ਮੁਖ ਭਵਾਇੰਦਾ। ਹਰਿ ਕਾ ਨਾਉਂ ਤਨ ਪਹਿਨਾਏ ਸਾਚਾ ਪਟ, ਸਤਿ ਦੁਸ਼ਾਲਾ ਇਕ ਵਖਾਇੰਦਾ। ਹਰਿ ਕਾ ਨਾਉਂ ਪਾਰ ਕਰਾਏ ਆਨ ਬਾਟ, ਮਾਤ ਗਰਭ ਫੰਦ ਕਟਾਇੰਦਾ। ਹਰਿ ਕਾ ਨਾਉਂ ਕਿਸੇ ਨਾ ਵਸੇ ਛੱਪਰੀ ਛੱਤ, ਚਾਰ ਦੀਵਾਰ ਬੰਦ ਨਾ ਕੋਈ ਕਰਾਇੰਦਾ। ਹਰਿ ਕਾ ਨਾਉਂ ਕਿਸੇ ਨਾ ਉਪਜੇ ਮਾਨਸ ਰਤ, ਰਕਤ ਬੂੰਦ ਨਾ ਕੋਈ ਰਖਾਇੰਦਾ। ਹਰਿ ਕਾ ਨਾਉਂ ਮੇਲ ਮਿਲਾਏ ਕਮਲਾਪਤ, ਸੋ ਪੁਰਖ ਨਿਰੰਜਣ ਦਯਾ ਕਮਾਇੰਦਾ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਨਾਉਂ ਆਪ ਧਰਾਇੰਦਾ। ਸਾਚਾ ਨਾਉਂ ਆਪ ਧਰਾ, ਧਰਨੀ ਧਰਤ ਧਵਲ ਦਏ ਵਡਿਆਈਆ। ਜੁਗਾ ਜੁਗੰਤਰ ਵੇਸ ਵਟਾ, ਲੋਕਮਾਤ ਕਰੇ ਖੇਲ ਬੇਪਰਵਾਹੀਆ। ਭਗਤ ਭਗਵੰਤ ਲਏ ਉਠਾ, ਸੇਵਕ ਸਾਚੀ ਸੇਵ ਕਮਾਈਆ। ਸਾਚੇ ਸੰਤ ਲਏ ਮਿਲਾ, ਸੰਤ ਸੁਹੇਲਾ ਇਕ ਹੋ ਜਾਈਆ। ਗੁਰਮੁਖ ਸੱਜਣ ਲਏ ਹਲਾ, ਨਾਮ ਹੁਲਾਰਾ ਏਕਾ ਲਾਈਆ। ਗੁਰਸਿਖ ਗੋਦੀ ਲਏ ਬਹਾ, ਅੰਗੀਕਾਰ ਆਪ ਕਰਾਈਆ। ਸਾਚੀ ਸੋਟੀ ਹੱਥ ਉਠਾ, ਨਾਮ ਖੰਡਾ ਇਕ ਚਮਕਾਈਆ। ਕੋਟਨ ਕੋਟੀ ਜੀਵ ਦਏ ਤੜਫਾ, ਆਪਣਾ ਨਾਮ ਨਾ ਕਿਸੇ ਬੁਝਾਈਆ। ਜਿਸ ਜਨ ਆਪਣੀ ਦਇਆ ਦਏ ਕਮਾ, ਏਕਾ ਨਾਮ ਦਏ ਸਮਝਾਈਆ। ਗੁਰਸਿਖ ਭੁੱਲੇ ਕਦੇ ਨਾ ਰਾਹ, ਸਾਚਾ ਮਾਰਗ ਇਕ ਰਖਾਈਆ। ਹਰਿ ਕਾ ਨਾਉਂ ਬਣਾਏ ਹੰਸ ਕਾਂ, ਕਾਗੋਂ ਹੰਸ ਆਪ ਉਡਾਈਆ। ਹਰਿ ਕਾ ਨਾਉਂ ਪਿਤਾ ਮਾਂ, ਸਭ ਥਾਈਂ ਹੋਏ ਸਹਾਈਆ। ਹਰਿ ਕਾ ਨਾਉਂ ਦੇਵੇ ਠੰਡੀ ਛਾਂ, ਦਿਵਸ ਰੈਣ ਸੇਵ ਕਮਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਨਾਮ ਆਪ ਰਖਾਈਆ। ਹਰਿ ਕਾ ਨਾਉਂ ਗਹਿਰ ਗੰਭੀਰ, ਗੁਣਵੰਤ ਆਪ ਉਪਾਇਆ। ਹਰਿਜਨ ਕਰੇ ਸਾਂਤ ਸਰੀਰ, ਸਾਂਤਕ ਸਤਿ ਸਤਿ ਕਰਾਇਆ। ਮਨ ਮਤ ਬੁੱਧ ਦੇਵੇ ਧੀਰ, ਸਤਿ ਸੰਤੋਖ ਆਪ ਸਮਝਾਇਆ। ਅੰਮ੍ਰਿਤ ਆਤਮ ਬਖ਼ਸ਼ੇ ਸਾਚਾ ਨੀਰ, ਨਿਰਮਲ ਸੀਰ ਆਪ ਪਿਆਇਆ। ਜਗਤ ਵਿਕਾਰਾ ਕਟੇ ਜ਼ੰਜੀਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਮ ਆਪ ਧਰਾਇਆ। ਨਾਮ ਧਰਾਏ ਹਰਿ ਕਰਤਾਰਾ, ਕਰਤਾ ਪੁਰਖ ਵਡੀ ਵਡਿਆਈਆ। ਦਰਸ ਦਿਖਾਏ ਦਰ ਦੀਦਾਰਾ, ਦੀਨਾਂ ਨਾਥ ਦਇਆ ਕਮਾਈਆ। ਆਪ ਵਿਚੋਲਾ ਸਿਰਜਣਹਾਰਾ, ਦੂਜਾ ਸੰਗ ਨਾ ਕੋਇ ਰਖਾਈਆ। ਆਦਿ ਜੁਗਾਦੀ ਸਾਚੀ ਕਾਰਾ, ਜੁਗਾ ਜੁਗੰਤਰ ਆਪ ਕਮਾਈਆ। ਜਗਤ ਬਸੰਤਰ ਧੂਆਂਧਾਰਾ, ਚਾਰੋਂ ਕੁੰਟ ਅੰਧੇਰਾ ਛਾਈਆ। ਨਾ ਕੋਈ ਸੱਜਣ ਮੀਤ ਮੁਰਾਰਾ, ਸਾਕ ਸੈਣ ਨਾ ਕੋਇ ਦਸਾਈਆ। ਮਾਤ ਪਿਤ ਨਾ ਕੋਇ ਪਿਆਰਾ, ਦਏ ਸਹਾਰਾ ਨਾ ਭੈਣ ਭਾਈਆ। ਹਰਿ ਕਾ ਨਾਉਂ ਵਸਤ ਹਰਿ ਥਾਰਾ, ਸਤਿ ਪੁਰਖ ਨਿਰੰਜਣ ਆਪ ਜਣਾਈਆ।


੨੭੧ ੧੦

ਡੁਬਦੇ ਪਾਥਰ ਲਾਏ ਪਾਰਾ, ਪਾਹਨ ਆਪਣਾ ਭਾਰ ਚੁਕਾਈਆ । ਕਾਗਦ ਕ਼ਲਮ ਨਾ ਲਿਖਣਹਾਰਾ, ਨੇਤਰ ਰੋਵੇ ਜਗਤ ਸ਼ਾਹੀਆ । ਸਾਕਤ ਨਿੰਦਕ ਦੁਸ਼ਟ ਨਾ ਕਿਸੇ ਵਿਚਾਰਾ, ਗੁਰਮੁਖ ਵਿਰਲੇ ਬੂਝ ਬੁਝਾਈਆ । ਸਤਿਜੁਗ ਤ੍ਰੇਤਾ ਦਵਾਪਰ ਮੰਗਦੇ ਆਏ ਬਣ ਬਣ ਭਿਖਾਰਾ, ਗੁਰ ਅਵਤਾਰ ਭਗਤ ਭਗਵੰਤ ਅੱਗੇ ਝੋਲੀ ਡਾਹੀਆ । ਦੋਏ ਦੋਏ ਜੋੜ ਕਰਨ ਨਿਮਸਕਾਰਾ, ਨਿਉਂ ਨਿਉਂ ਆਪਣਾ ਸੀਸ ਝੁਕਾਈਆ । ਨੇਤਰ ਰੋਵਣ ਜ਼ਾਰੋ ਜ਼ਾਰਾ, ਧੀਰਜ ਧੀਰ ਨਾ ਕੋਇ ਧਰਾਈਆ । ਬੇਅੰਤ ਬੇਅੰਤ ਬੇਅੰਤ ਕਹਿ ਕਹਿ ਸਰਬ ਪੁਕਾਰਾ, ਹਰਿ ਕਾ ਭੇਵ ਕੋਇ ਨਾ ਪਾਈਆ । ਸਚਖੰਡ ਵਸਣਹਾਰਾ ਏਕੰਕਾਰਾ, ਏਕਾ ਕਿਰਨ ਕੋਟਨ ਕੋਟ ਬ੍ਰਹਿਮੰਡ ਰਚਨ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਉਂ ਆਪ ਉਪਾਈਆ । ਏਕਾ ਨਾਉਂ ਹਰਿ ਨਿਰੰਕਾਰ, ਸਤਿ ਪੁਰਖ ਨਿਰੰਜਣ ਆਪ ਉਪਾਇਆ । ਏਕਾ ਨਾਉਂ ਸ਼ਬਦ ਧਾਰ, ਸ਼ਬਦੀ ਸ਼ਬਦ ਆਪ ਸਮਾਇਆ । ਏਕਾ ਨਾਉਂ ਵਿਸ਼ਨ ਬ੍ਰਹਮਾ ਸ਼ਿਵ ਲਏ ਉਧਾਰ, ਏਕਾ ਨਾਉਂ ਆਪਣਾ ਮੰਤਰ ਨਾਮ ਦ੍ਰਿੜਾਇਆ । ਏਕਾ ਨਾਉਂ ਭਰੇ ਭੰਡਾਰ, ਵਿਸ਼ਨ ਝੋਲੀ ਆਪ ਭਰਾਇਆ । ਏਕਾ ਨਾਉਂ ਬੋਲ ਜੈਕਾਰ, ਬ੍ਰਹਮਾ ਵੇਤਾ ਲਏ ਸਮਝਾਇਆ । ਏਕਾ ਨਾਉਂ ਲੇਖਾ ਜਾਣੇ ਵੇਦ ਚਾਰ, ਚਾਰੇ ਮੁਖ ਏਕਾ ਗਾਇਆ । ਏਕਾ ਨਾਉਂ ਸ਼ੰਕਰ ਧਾਰ, ਧੂਆਂਧਾਰ ਆਪ ਸਮਾਇਆ । ਏਕਾ ਨਾਉਂ ਤ੍ਰੈਗੁਣ ਵਿਚਾਰ, ਤ੍ਰੈਗੁਣ ਮਾਇਆ ਲਏ ਪਰਗਟਾਇਆ । ਏਕਾ ਨਾਉਂ ਵਿਸ਼ਨ ਬ੍ਰਹਮਾ ਸ਼ਿਵ ਤ੍ਰੈਗੁਣ ਮਾਇਆ ਪਾਏ ਸਾਰ, ਪੰਚਮ ਮੇਲਾ ਸਹਿਜ ਸੁਭਾਇਆ । ਏਕਾ ਨਾਉਂ ਪੰਜ ਤੱਤ ਕਰੇ ਆਕਾਰ, ਏਕਾ ਨਾਉਂ ਪੰਝੀ ਪ੍ਰਕਿਰਤੀ ਵੰਡ ਵੰਡਾਇਆ । ਏਕਾ ਨਾਉਂ ਰਵ ਸਸ ਕਰੇ ਉਜਿਆਰ, ਏਕਾ ਜੋਤੀ ਜੋਤ ਕਰੇ ਰੁਸ਼ਨਾਇਆ । ਏਕਾ ਨਾਉਂ ਨਾਰੀ ਕੰਤ ਖੇਲੇ ਖੇਲ ਅਪਰ ਅਪਾਰ, ਏਕਾ ਨਾਉਂ ਸੇਜ ਹੰਢਾਇਆ । ਏਕਾ ਨਾਉਂ ਅੰਦਰ ਬਾਹਰ ਗੁਪਤ ਜ਼ਾਹਰ, ਏਕਾ ਨਾਉਂ ਜਨਨੀ ਜਨ ਗੋਦ ਬਹਾਇਆ । ਏਕਾ ਨਾਉਂ ਦਾਈ ਦਾਇਆ ਬਣੇ ਸੇਵਾਦਾਰ, ਸੇਵਕ ਸੇਵਾਦਾਰਾ ਰੂਪ ਪਰਗਟਾਇਆ । ਏਕਾ ਨਾਉਂ ਲੱਖ ਚੁਰਾਸੀ ਭਾਂਡੇ ਘੜੇ ਬਣ ਠਠਿਆਰ, ਏਕਾ ਨਾਉਂ ਚਾਰੇ ਖਾਣੀ ਵੰਡ ਵੰਡਾਇਆ । ਏਕਾ ਨਾਉਂ ਚਾਰੇ ਬਾਣੀ ਲਏ ਉਚਾਰ, ਪਰਾ ਪਸੰਤੀ ਮਧਮ ਬੈਖਰੀ ਆਪੇ ਦਏ ਸੁਣਾਇਆ । ਏਕਾ ਨਾਉਂ ਚਾਰੇ ਜੁਗ ਵੰਡਣ ਵੰਡੇ ਸੰਸਾਰ, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਨਾਉਂ ਧਰਾਇਆ । ਏਕਾ ਨਾਉਂ ਚਾਰੇ ਵਰਨਾਂ ਖੇਲ ਕਰੇ ਅਪਰ ਅਪਾਰ, ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਆਪਣਾ ਰੰਗ ਰੰਗਾਇਆ । ਏਕਾ ਨਾਉਂ ਕਾਇਆ ਮੰਦਰ ਅੰਦਰ ਕਰ ਪਸਾਰ, ਡੂੰਘੀ ਕੰਦਰ ਨਾਦ ਸੁਣਾਇਆ । ਏਕਾ ਨਾਉਂ ਅਨਹਦ ਸ਼ਬਦ ਸੱਚੀ ਧੁੰਨਕਾਰ, ਏਕਾ ਨਾਉਂ ਪੰਚਮ ਸਖ਼ੀਆਂ ਮੰਗਲ ਬਹਿ ਬਹਿ ਗਾਇਆ । ਏਕਾ ਨਾਉਂ ਆਤਮ ਬ੍ਰਹਮ ਦਏ ਆਧਾਰ, ਏਕਾ ਨਾਉਂ ਈਸ਼ ਜੀਵ ਮਿਲਾਇਆ । ਏਕਾ ਨਾਉਂ ਵਸੇ ਸਚਖੰਡ ਸੱਚੇ ਦਵਾਰ, ਏਕਾ ਨਾਉਂ ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਜੇਰਜ ਅੰਡਾਂ ਆਪ ਸਮਾਇਆ । ਏਕਾ ਨਾਉਂ ਜੁਗ ਜੁਗ ਲੋਕਮਾਤ ਹੋਏ ਉਜਿਆਰ, ਪੰਜ ਤੱਤ ਚੋਲਾ ਤਨ ਹੰਢਾਇਆ । ਏਕਾ ਨਾਉਂ ਖੇਲ ਕਰੇ ਆਪ ਨਿਰੰਕਾਰ, ਨਿਰਗੁਣ ਸਰਗੁਣ ਰੂਪ ਧਰਾਇਆ । ਏਕਾ ਨਾਉਂ ਪਾਰਬ੍ਰਹਮ ਬ੍ਰਹਮ ਦਏ ਆਧਾਰ, ਭੇਵ ਅਭੇਦਾ ਆਪ ਰਖਾਇਆ । ਏਕਾ ਨਾਉਂ ਜੁਗਾ ਜੁਗੰਤਰ ਕਰੇ ਸਾਚੀ ਕਾਰ, ਕਰਤਾ ਪੁਰਖ ਆਪਣੀ ਕਾਰ ਕਰਾਇਆ । ਏਕਾ ਨਾਉਂ ਭਗਤ ਭਗਵੰਤ ਲਏ ਉਭਾਰ, ਏਕਾ ਨਾਉਂ ਸਾਚੇ ਸੰਤਾਂ ਰਾਗ ਸੁਣਾਇਆ । ਏਕਾ ਨਾਉਂ ਗੁਰਮੁਖ ਸਾਚੇ ਪਾਏ ਸਾਰ, ਏਕਾ ਨਾਉਂ ਗੁਰਸਿਖ ਆਪਣੇ ਰੰਗ ਰੰਗਾਇਆ । ਏਕਾ ਨਾਉਂ ਸਤਿਜੁਗ ਸਾਚੇ ਕਰੇ ਪਿਆਰ, ਏਕਾ ਮੰਤਰ ਨਾਮ ਸੁਣਾਇਆ । ਏਕਾ

ਨਾਉਂ ਤ੍ਰੇਤਾ ਤਿਰੀਆ ਕਰੇ ਵਿਚਾਰ, ਦੋਏ ਦੋਏ ਲੇਖਾ ਜੋੜ ਜੁੜਾਇਆ । ਏਕਾ ਨਾਉਂ ਦਵਾਪਰ ਹੋਏ ਉਜਿਆਰ, ਤ੍ਰੈਗੁਣ ਮਾਇਆ ਮੂਲ ਚੁਕਾਇਆ । ਏਕਾ ਨਾਉਂ ਚੌਥੇ ਜੁਗ ਵਰਤੇ ਵਰਤਾਰ, ਘਰ ਘਰ ਆਪਣਾ ਡੰਕ ਸੁਣਾਇਆ । ਏਕਾ ਨਾਉਂ ਕਰੇ ਸਰਬ ਖ਼ਬਰਦਾਰ, ਸੋਇਆ ਕੋਇ ਰਹਿਣ ਨਾ ਪਾਇਆ । ਏਕਾ ਅੱਖਰ ਉਚੇ ਟਿੱਲੇ ਚੜ੍ਹ ਕਬੀਰਾ ਕੂਕੇ ਵਾਰੋ ਵਾਰ, ਕੰਚਨ ਗੜ੍ਹ ਮਹੱਲ ਅਟਲ ਸੋਭਾ ਪਾਇਆ । ਏਕਾ ਨਾਉਂ ਸਤਿਨਾਮ ਕਰ ਵਰਤਾਰ, ਸਤਿਗੁਰ ਪੂਰਾ ਸਾਚਾ ਮਾਰਗ ਦਏ ਵਖਾਇਆ । ਏਕਾ ਨਾਉਂ ਨਾਨਕ ਗਾਏ ਨਿਰੰਕਾਰ ਨਿਰੰਕਾਰ ਨਿਰੰਕਾਰ, ਨਿਰਗੁਣ ਆਪਣਾ ਰੂਪ ਧਰਾਇਆ । ਏਕਾ ਨਾਉਂ ਏਕਾ ਘਰ ਪਾਵੇ ਸਾਰ, ਏਕਾ ਮੰਦਰ ਦਏ ਸੁਹਾਇਆ । ਏਕਾ ਨਾਉਂ ਰਾਹ ਤੱਕੇ ਸਾਚੇ ਯਾਰ, ਜੁਗ ਜੁਗ ਆਪਣਾ ਨੈਣ ਉਠਾਇਆ । ਏਕਾ ਨਾਉਂ ਮੰਗੇ ਮੰਗ ਭਿਖਾਰ, ਅੱਗੇ ਆਪਣੀ ਝੋਲੀ ਡਾਹਿਆ । ਏਕਾ ਨਾਉਂ ਵਰ ਮੰਗੇ ਕੰਤ ਭਤਾਰ, ਹਰਿ ਸਾਚਾ ਲਏ ਪਰਨਾਇਆ । ਕਲਜੁਗ ਅੰਤਮ ਆਈ ਵਾਰ, ਪੁਰਖ ਅਬਿਨਾਸ਼ੀ ਖੇਲ ਖਿਲਾਇਆ । ਆਪਣੇ ਨਾਉਂ ਕਰੇ ਆਪ ਪਿਆਰ, ਲੋਕਮਾਤ ਵੇਖ ਵਖਾਇਆ । ਆਪੇ ਦੇਵੇ ਗੁਰਸਿਖਾਂ ਦਰਸ ਦੀਦਾਰ, ਬਿਨ ਦੀਦਾਰ ਦਰਸ ਹਰਸ ਮਿਟ ਕਦੇ ਨਾ ਜਾਇਆ । ਆਪੇ ਆਪਣੇ ਨਾਉਂ ਕਰੇ ਪਿਆਰ, ਪ੍ਰੀਤਮ ਪਿਆਰਾ ਆਪਣਾ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਉਂ ਦਏ ਵਡਿਆਇਆ । ਹਰਿ ਨਾਉਂ ਵਡਿਆਈ ਚਾਰ ਜੁਗ, ਜੁਗ ਕਰਤਾ ਆਪ ਦਿਵਾਈਆ । ਹਰਿ ਨਾਉਂ ਵਡਿਆਈ ਗੁਰਸਿਖ ਸੁੱਤ, ਸਤਿਗੁਰ ਪੂਰਾ ਆਪ ਵਡਿਆਈਆ । ਹਰਿ ਨਾਉਂ ਵਡਿਆਈ ਸੁਹਾਏ ਰੁੱਤ, ਭਿਨੜੀ ਰੈਣ ਨਾਲ ਰਲਾਈਆ । ਹਰਿ ਨਾਉਂ ਵਡਿਆਈ ਮਿਲੇ ਪਾਰਬ੍ਰਹਮ ਅਬਿਨਾਸ਼ੀ ਅਚੁਤ, ਰੂਪ ਅਨੂਪ ਧਰਾਈਆ । ਹਰਿ ਨਾਉਂ ਵਡਿਆਈ ਪੰਚ ਵਿਕਾਰਾ ਕੱਢੇ ਕੁੱਟ, ਜੂਠ ਝੂਠ ਦਏ ਮਿਟਾਈਆ । ਹਰਿ ਨਾਉਂ ਵਡਿਆਈ ਅੰਮ੍ਰਿਤ ਜਾਮ ਪਿਆਏ ਘੁਟ, ਜਗਤ ਤ੍ਰਿਸ਼ਨਾ ਭੁੱਖ ਮਿਟਾਈਆ । ਹਰਿ ਨਾਉਂ ਵਡਿਆਈ ਆਵਣ ਜਾਵਣ ਜਾਏ ਛੁੱਟ, ਬੰਧਨ ਬੰਧ ਨਾ ਕੋਇ ਭਵਾਈਆ । ਹਰਿ ਕਾ ਨਾਉਂ ਨਾ ਸਕੇ ਕੋਇ ਲੁੱਟ, ਕਲਜੁਗ ਠਗ ਚੋਰ ਯਾਰ ਬੈਠੇ ਮੁਖ ਭਵਾਈਆ । ਹਰਿ ਕਾ ਨਾਉਂ ਸਦਾ ਅਤੁੱਟ, ਨਿਖੁਟ ਕਦੇ ਨਾ ਜਾਈਆ । ਹਰਿ ਕਾ ਨਾਉਂ ਗੁਰਸਿਖ ਏਕਾ ਓਟ, ਸਦਾ ਸਦਾ ਹੋਏ ਸਹਾਈਆ । ਹਰਿ ਕਾ ਨਾਉਂ ਨਿਰਮਲ ਜੋਤ, ਘਰ ਨੂਰ ਜ਼ਹੂਰ ਰੁਸ਼ਨਾਈਆ । ਹਰਿ ਕਾ ਨਾਉਂ ਓਤ ਪੋਤ, ਪਿਤਾ ਪੂਤ ਵੰਸ ਇਕ ਵਖਾਈਆ । ਹਰਿ ਕਾ ਨਾਉਂ ਸਾਚਾ ਕਿਲਾ ਕੋਟ, ਸ਼ਸਤਰ ਅਸਤਰ ਨਾ ਕੋਇ ਘਾਈਆ । ਹਰਿ ਕਾ ਨਾਉਂ ਲੱਗੇ ਸਾਚੀ ਚੋਟ, ਗੋਬਿੰਦ ਨਗਾਰਾ ਇਕ ਵਜਾਈਆ । ਹਰਿ ਕਾ ਨਾਉਂ ਚੜ੍ਹਾਏ ਸਾਚੇ ਮੰਦਰ ਉਚੇ ਕੋਟ, ਪੁਰਖ ਅਬਿਨਾਸ਼ੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਮ ਵਸਤ ਆਪਣੇ ਹੱਥ ਰਖਾਈਆ । ਨਾਮ ਵਸਤ ਹਰਿ ਸਿਰਜਣਹਾਰਾ, ਹਰਿਜਨ ਸਾਚੇ ਝੋਲੀ ਪਾਇੰਦਾ । ਹਰਿਜਨ ਦੇਵੇ ਦਰਸ ਦੀਦਾਰਾ, ਦ੍ਰਿਸ਼ਟ ਇਸ਼ਟ ਆਪ ਖੁਲ੍ਹਾਇੰਦਾ । ਸਾਚਾ ਨਾਮ ਸਤਿ ਭੰਡਾਰਾ, ਸਤਿ ਸਤਿਵਾਦੀ ਆਪ ਵਰਤਾਇੰਦਾ । ਸਾਚਾ ਦਰਸ ਧੁਰ ਦਰਬਾਰਾ, ਧੁਰ ਦਰਗਾਹੀ ਆਪ ਕਰਾਇੰਦਾ । ਸਾਚਾ ਨਾਉਂ ਹਰਿਜਨ ਸਾਚਾ ਕਰੇ ਪਿਆਰਾ, ਜਿਸ ਜਨ ਆਪਣਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਮਾਰਗ ਇਕ ਜਣਾਇੰਦਾ । ਸਾਚਾ ਮਾਰਗ ਰਾਹ ਸੁਖੱਲਾ, ਪਰਵਰਦਿਗਾਰ ਆਪ ਉਪਾਇਆ । ਗੁਰਮੁਖ ਆਸਣ ਸਚ ਸਿੰਘਾਸਣ ਆਪ ਮੱਲਾ, ਸਤਿ ਸਤਿਵਾਦੀ ਡੇਰਾ ਲਾਇਆ । ਕਰਿਆ ਖੇਲ ਅਛਲ ਅਛੱਲਾ, ਵਲ

ਛਲਧਾਰੀ ਭੇਵ ਨਾ ਰਾਇਆ । ਵਸਣਹਾਰਾ ਜਲਾ ਥਲਾ, ਜਲ ਥਲ ਮਹੀਅਲ ਫੇਰਾ ਪਾਇਆ । ਹਰਿਜਨ ਜੋਤੀ ਆਪੇ ਰਲਾ, ਸ਼ਬਦੀ ਡੰਕ ਵਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕ ਵਖਾਇਆ । ਸਾਚਾ ਮਾਰਗ ਨਾਉਂ ਹਰਿ ਹਰਿ, ਬ੍ਰਹਮ ਪਾਰਬ੍ਰਹਮ ਮਿਲਾਈਆ । ਸੋਹੰ ਸ਼ਬਦ ਅੱਗੇ ਧਰ ਧਰ, ਧਰਤ ਧਵਲ ਦਏ ਸੁਹਾਈਆ । ਸਤਿਗੁਰ ਕਰਨੀ ਆਪਣੀ ਕਰ ਕਰ, ਗੁਰਮੁਖ ਕਿਰਤ ਲੇਖੇ ਪਾਈਆ । ਨਿਰਧਨ ਨਿਰਵੈਰ ਆਪੇ ਵਰ ਵਰ, ਆਪਣੇ ਅੰਗ ਲਗਾਈਆ । ਲੱਖ ਚੁਰਾਸੀ ਵਿਚੋਂ ਫੜ ਫੜ ਆਪਣੀ ਗੋਦ ਬਹਾਈਆ । ਆਪਣਾ ਨਾਉਂ ਆਪੇ ਪੜ੍ਹ ਪੜ੍ਹ, ਗੁਰਸਿਖਾਂ ਰਿਹਾ ਸੁਣਾਈਆ । ਆਪਣੀ ਅਗਨ ਆਪੇ ਸੜ ਸੜ, ਗੁਰਮੁਖਾਂ ਅੱਗ ਬੁਝਾਈਆ । ਆਪਣੇ ਪੌੜੇ ਆਪੇ ਚੜ੍ਹ ਚੜ੍ਹ, ਆਪਣਾ ਰੂਪ ਦਰਸਾਈਆ । ਆਪਣੀ ਹਿੰਮਤ ਆਪੇ ਹਰਿ ਹਰਿ, ਗੁਰਮੁਖਾਂ ਹਿੰਮਤ ਰਿਹਾ ਵਧਾਈਆ । ਆਪਣੀ ਕਿਰਪਾ ਆਪੇ ਕਰ ਕਰ, ਗੁਰਸਿੱਖਾਂ ਡਰ ਭੈ ਭੌ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੁਖਾਲਾ ਏਕਾ ਮਾਰਗ ਸੰਸਾਰ ਸਾਗਰ ਦਏ ਤਰਾਈਆ । ਸੰਸਾਰ ਸਾਗਰ ਡੂੰਘੀ ਧਾਰ, ਜੀਵ ਜੰਤ ਨਾ ਪਾਰ ਕਰਾਇੰਦਾ । ਨੌਂ ਚਾਰ ਆਈ ਹਾਰ, ਨਈਆ ਨੌਕਾ ਨਾ ਕੋਈ ਵਖਾਇੰਦਾ । ਖੇਵਟ ਖੇਟਾ ਸੁੱਤਾ ਪੈਰ ਪਸਾਰ, ਨੇਤਰ ਨੈਣ ਨਾ ਅੱਖ ਖੁਲ੍ਹਾਇੰਦਾ । ਭਵ ਸਾਗਰ ਵਗੇ ਵਹਿੰਦੀ ਧਾਰ, ਵੇਲੇ ਅੰਤ ਨਾ ਕੋਈ ਬਚਾਇੰਦਾ । ਝੂਠੀ ਗਾਗਰ ਜਗਤ ਪਿਆਰ, ਕਾਇਆ ਠੀਕਰ ਭੰਨ ਵਖਾਇੰਦਾ । ਬਿਨ ਸਤਿਗੁਰ ਪੂਰੇ ਕੋਈ ਨਾ ਦੇਵੇ ਆਦਰ ਮਾਨਸ ਜਨਮ ਗਏ ਹਾਰ, ਹਰਿ ਕਾ ਰੂਪ ਨਾ ਕੋਈ ਦਰਸਾਇੰਦਾ । ਕੁਦਰਤ ਦਿਸੇ ਨਾ ਸਾਚਾ ਕਾਦਰ, ਕਰੀਮ ਕਰਮ ਨਾ ਕੋਈ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚਾ ਰਾਹ ਵਖਾਇੰਦਾ । ਸਾਚਾ ਰਾਹ ਸਰਨ ਗੁਰ ਸਰਨਗਤ, ਚਰਨ ਕਵਲ ਧਿਆਨ ਵਖਾਈਆ । ਅੰਤ ਕੰਤ ਭਗਵੰਤ ਰੱਖੇ ਪਤ, ਪਤਿਪਰਮੇਸ਼ਵਰ ਹੋਏ ਸਹਾਈਆ । ਸੰਤ ਸਹੇਲੇ ਗੁਰਮੁਖ ਸੱਜਣ ਆਪ ਆਪਣੇ ਲਏ ਰੱਖ, ਤੱਤੀ ਵਾਓ ਨਾ ਲੱਗੇ ਰਾਈਆ । ਚਾਰੋਂ ਕੁੰਟ ਹੋਏ ਸਹਾਈ ਪੁਰਖ ਸਮਰਥ, ਕੋਟਨ ਕੋਟ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮਾਰਗ ਲਏ ਵਖਾਈਆ । ਹਰਿ ਸਤਿਗੁਰ ਮਾਰਗ ਪੇਖਿਆ, ਗੁਰਸਿਖ ਤੇਰਾ ਦਰ ਦਵਾਰ । ਨਿਰਗੁਣ ਧਰ ਕੇ ਆਇਆ ਭੇਸਿਆ, ਜੋਤੀ ਜਾਮਾ ਲਏ ਅਵਤਾਰ । ਮੁਛ ਦਾੜ੍ਹੀ ਨਾ ਕੋਈ ਕੇਸਿਆ, ਰੂਪ ਰੰਗ ਰੇਖ ਨਾ ਸਿਰਜਣਹਾਰ । ਦਰ ਦਰਬਾਨ ਹੋਇਆ ਦਰਵੇਸ਼ਿਆ, ਉਚੀ ਕੂਕੇ ਕਰੇ ਪੁਕਾਰ । ਜੁਗ ਜੁਗ ਦਰ ਮੇਟੇ ਲੇਖਿਆ, ਜੁਗਾ ਜੁਗੰਤਰ ਚੁੱਕਿਆ ਭਾਰ । ਮੇਲ ਮਿਲਾਏ ਦਸ ਦਸਮੇਸਿਆ, ਦਰ ਦਰਵਾਜ਼ਾ ਖੋਲ੍ਹ ਕਿਵਾੜ । ਚਰਨ ਬਹਾਏ ਬ੍ਰਹਮਾ ਵਿਸ਼ਨ ਮਹੇਸ਼ਿਆ, ਕ੍ਰੋੜ ਤੇਤੀਸਾ ਕਰੇ ਨਿਮਸਕਾਰ । ਗੁਰਸਿਖ ਤੇਰੇ ਅੰਦਰ ਬਹਿ ਬਹਿ ਚਤੁਰਭੁਜ ਹੋ ਹੋ ਆਪੇ ਖੇਡਿਆ, ਖੇਲਣਹਾਰ ਆਪ ਨਿਰੰਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਤੇਰਾ ਮੰਗੇ ਦਰਸ ਦੀਦਾਰ । ਸਤਿਗੁਰ ਦੀਦਾਰਾ ਮੰਗਦਾ, ਗੁਰਸਿਖ ਤੇਰਾ ਨੂਰ ਨੁਰਾਨੀ ਮੁਖ । ਆਦਿ ਜੁਗਾਦਿ ਕਦੇ ਨਾ ਸੰਗਦਾ, ਘਰ ਆਏ ਮਿਟਾਵਣ ਦੁੱਖ । ਰਸ ਮਾਣੇ ਤੇਰੀ ਆਤਮ ਸੇਜ ਪਲੰਘ ਦਾ, ਡੂੰਘੀ ਕੰਦਰ ਆਪੇ ਲੁਕ । ਕਰੇ ਖੇਲ ਸੂਰੇ ਸਰਬੰਗ ਦਾ, ਨਿਰਗੁਣ ਨਿਰਵੈਰ ਹੋਏ ਰਿਹਾ ਬੁੱਕ । ਆਪਣੇ ਅਸਵ ਆਪੇ ਤੰਗ ਕਸਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਸੁਣਾਏ ਸਚ ਸਲੋਕ । ਗੁਰਸਿਖ ਤੇਰੇ ਦਰਸ ਪਿਆਸਾ, ਹਰਿ ਸਤਿਗੁਰ ਸੱਜਣ ਮੀਤ । ਜੁਗ ਜੁਗ ਵੇਖੇ ਤੇਰਾ


੨੭੪ ੧੦

ਕਾਇਆ ਕਾਸਾ, ਨਿਰਗੁਣ ਬੈਠ ਅਤੀਤ । ਤੇਰੇ ਗ੍ਰਿਹ ਕਰੇ ਵਾਸਾ, ਤੇਰਾ ਰੂਪ ਪਤਿਤ ਪੁਨੀਤ । ਆਦਿ ਜੁਗਾਦਿ ਰਹੇ ਦਾਸੀ ਦਾਸਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਹਸਤ ਕੀਟ । ਗੁਰਸਿਖ ਤੇਰੇ ਮਿਲਣ ਦੀ ਸਿਕ, ਸਤਿਗੁਰ ਸਾਚੇ ਆਪ ਰਖਾਈਆ । ਜੁਗ ਚੌਕੜੀ ਨਾ ਬਣਿਆ ਕਿਸੇ ਦਾ ਮਿਤ, ਕੋਟਨ ਕੋਟ ਨਾਤਾ ਰਹੇ ਜੁੜਾਈਆ । ਰਸਨਾ ਜਿਹਵਾ ਗਾ ਗਾ ਹਰਿ ਹਰੀ ਵਸੌਣ ਚਿਤ, ਚੇਤਨ ਚਿਤ ਵਿਚ ਨਾ ਆਈਆ । ਪੰਡਤ ਪਾਂਧੇ ਮੰਨੌਂਦੇ ਪਿਤਰ ਪਿਤ, ਸੂਰਜ ਜਲ ਚੜ੍ਹਾਈਆ । ਬਾਰਾਂ ਕੁੰਡਲੀ ਵੇਖ ਵਾਰ ਥਿਤ, ਵਦੀ ਸੁਦੀ ਹਿਸਾਬ ਲਗਾਈਆ । ਛੇ ਰੁਤੜੀ ਰਹੇ ਚਿਤ, ਮਨ ਮਤ ਬੁਧ ਧਿਆਨ ਲਗਾਈਆ । ਨੌ ਗ੍ਰਿਹ ਕਰਨ ਹਿਤ, ਹਰਫ਼ ਹਰਫ਼ ਜਗਤ ਪੜ੍ਹਾਈਆ । ਹਰਿ ਕਾ ਰੂਪ ਨਾ ਸਕੇ ਕੋਈ ਵੇਖ, ਵੇਖਣਹਾਰਾ ਦਿਸ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖ ਤੇਰੇ ਮਿਲਨ ਦੀ ਏਕਾ ਆਸ, ਸਤਿਗੁਰ ਪੂਰੇ ਆਪ ਰਖਾਈਆ । ਸਤਿਗੁਰ ਪੂਰਾ ਮਿਲਣ ਆਇਆ, ਮਿਲਨੀ ਕਰੇ ਜਗਦੀਸ਼ । ਸਾਚਾ ਸਗਨ ਨਾਲ ਲਿਆਇਆ, ਸ਼ਬਦ ਅਗੰਮੀ ਪੜ੍ਹੇ ਹਦੀਸ । ਨੈਣ ਨਾਈ ਨਾ ਕੋਈ ਵਖਾਇਆ, ਆਪੇ ਛਤਰ ਝੁਲਾਏ ਹਰਿ ਜਗਦੀਸ਼ । ਆਪਣਾ ਪੀਸਣ ਆਪੇ ਪੀਸ ਸੇਵ ਕਮਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੀਸ ਇਕੀਸ । ਗੁਰਸਿਖ ਤੇਰਾ ਦਰਸ ਦਿਲਾਸਾ, ਦੀਰਘ ਰੋਗ ਗਵਾਇੰਦਾ । ਗੁਰਸਿਖ ਤੇਰਾ ਖ਼ੁਸ਼ੀਆਂ ਹਾਸਾ, ਗੁਰ ਗੋਬਿੰਦ ਮੇਲ ਮਿਲਾਇੰਦਾ । ਗੁਰਸਿਖ ਤੇਰੀ ਮੰਡਲ ਰਾਸਾ, ਘਰ ਗੋਪੀ ਕਾਹਨ ਨਚਾਇੰਦਾ । ਗੁਰਸਿਖ ਤੇਰੀ ਰਸਨ ਸਵਾਸਾ, ਆਪਣਾ ਨਾਮ ਚਲਾਇੰਦਾ । ਗੁਰਸਿਖ ਤੇਰਾ ਸਚ ਭਰਵਾਸਾ, ਭਰਮ ਗੜ੍ਹ ਤੁੜਾਇੰਦਾ । ਗੁਰਸਿਖ ਤੇਰਾ ਬ੍ਰਹਮ ਪ੍ਰਕਾਸ਼ਾ, ਸੂਰਜ ਚੰਨ ਮੁਖ ਸ਼ਰਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਤੇਰਾ ਮੁਖੜਾ ਵੇਖਣ ਆਇੰਦਾ । ਹਰਿਜਨ ਤੇਰਾ ਮੁਖੜਾ ਨੂਰ, ਨੂਰ ਨੁਰਾਨਾ ਡਗਮਗਾਈਆ । ਨੇੜੇ ਆਇਆ ਜੋ ਦਿਸੇ ਦੂਰ, ਦੂਰ ਦੁਰਾਡਾ ਪੰਧ ਮੁਕਾਈਆ । ਸ਼ਬਦ ਅਨਾਦਿ ਸੁਣਾਏ ਤੂਰ, ਤੁਰੀਆ ਰਾਗ ਦਏ ਅਲਾਈਆ । ਸਰਬ ਕਲਾ ਆਪੇ ਭਰਪੂਰ, ਪੁਰਖ ਪੁਰਖੋਤਮ ਸੱਚਾ ਸ਼ਹਿਨਸ਼ਾਹੀਆ । ਦਾਤਾ ਜੋਧਾ ਵਡ ਸੂਰਨ ਸੂਰ, ਬੀਰਨ ਬੀਰ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਏਕਾ ਨਾਮ ਦ੍ਰਿੜਾਈਆ । ਏਕਾ ਨਾਉਂ ਸੋਹੰ ਜਾਪ, ਸਤਿਗੁਰ ਪੂਰਾ ਸਚ ਜਣਾਇੰਦਾ । ਕੋਟ ਜਨਮ ਦਾ ਉਤਰੇ ਪਾਪ, ਪਤਿਤ ਪੁਨੀਤ ਆਪ ਕਰਾਇੰਦਾ । ਤ੍ਰੈਗੁਣ ਮਾਇਆ ਤੁਟੇ ਤਾਪ, ਸਾਂਤਕ ਸਤਿ ਵਰਤਾਇੰਦਾ । ਬ੍ਰਹਮ ਜਣਾਏ ਪਾਰਬ੍ਰਹਮ ਪਾਠ, ਪਾਠਸਾਲਾ ਕਾਇਆ ਮੰਦਰ ਇਕ ਬਣਾਇੰਦਾ । ਆਪ ਉਤਾਰੇ ਆਪਣੇ ਘਾਟ, ਸਾਚਾ ਬੇੜਾ ਪਾਰ ਕਰਾਇੰਦਾ । ਮੇਟੇ ਰੈਣ ਅੰਧੇਰੀ ਰਾਤ, ਅੰਧ ਅੰਧੇਰ ਗਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਉਂ ਇਕ ਦਰਸਾਇੰਦਾ । ਨਾਉਂ ਸੁਖਾਲਾ ਸੋਹੰ ਸੋ, ਸੋ ਪੁਰਖ ਨਿਰੰਜਣ ਆਪ ਜਣਾਈਆ । ਦੁਰਮਤ ਮੈਲ ਹਰਿਜਨ ਧੋ, ਸਤਿਗੁਰ ਪੂਰਾ ਚਰਨ ਸਰਨ ਸਰਨਾਈਆ । ਹਰਿ ਬਿਨ ਅਵਰ ਨਾ ਦਿਸੇ ਕੋ, ਕਵਣ ਵੇਲੇ ਅੰਤ ਲਏ ਬਚਾਈਆ । ਜਗਤ ਨਾਤਾ ਤੁੱਟੇ ਮੋਹ, ਜਿਸ ਜਨ ਆਪਣਾ ਨਾਮ ਪੜ੍ਹਾਈਆ । ਸੁਰਤੀ ਸ਼ਬਦੀ ਜਾਏ ਛੋਹ, ਛਹਿਬਰ ਬਰਖਾ ਆਪ ਲਗਾਈਆ । ਹਰਿਜਨ ਵੇਲੇ ਅੰਤ ਨਾ ਜਾਏ ਰੋ, ਹੰਸ ਮੁਖ ਮੁਖ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਮ ਸੁਖੱਲਾ ਇਕ ਦਰਸਾਈਆ । ਸੋਹੰ ਸੋ ਨਾਮ

੨੭੫ ੧੦

੨੭੬
੧੦

ਨਿਰੰਕਾਰਾ, ਕਲਜੁਗ ਅੰਤਮ ਆਪ ਪਰਗਟਾਇੰਦਾ । ਚਾਰ ਜੁਗ ਦੀ ਸਾਚੀ ਧਾਰਾ, ਸਤਿਗੁਰ ਲੋਕਮਾਤ ਧਰਾਇੰਦਾ । ਆਤਮ ਬ੍ਰਹਮ ਪਾਰਬ੍ਰਹਮ ਕਰ ਪਿਆਰਾ, ਨਾਤਾ ਬਿਧਾਤਾ ਜੋੜ ਜੁੜਾਇੰਦਾ । ਏਕਾ ਮੰਦਰ ਏਕਾ ਗੁਰਦਵਾਰਾ, ਏਕਾ ਬੰਕ ਸੁਹਾਇੰਦਾ । ਏਕਾ ਪੁਰਖ ਏਕਾ ਨਾਰਾ, ਏਕਾ ਕੰਤ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਮੇਲ ਮਿਲਾਇੰਦਾ । ਰਾਹ ਸੁਖਾਲਾ ਮਾਰਗ ਪੰਥ, ਗੁਰ ਸਤਿਗੁਰ ਆਪ ਜਣਾਇਆ । ਭੇਵ ਨਾ ਪਾਏ ਕੋਈ ਗਰੰਥ, ਪੁਰਖ ਅਬਿਨਾਸ਼ੀ ਖੇਲ ਰਚਾਇਆ । ਹਰਿਜਨ ਵਿਰਲਾ ਜਾਣੇ ਸੰਤ, ਜਿਸ ਸਿਰ ਆਪਣਾ ਹੱਥ ਟਿਕਾਇਆ । ਕਲਜੁਗ ਮਾਇਆ ਪਾਈ ਬੇਅੰਤ, ਮਨਮੁਖ ਗੂੜ੍ਹੀ ਨੀਂਦ ਸਵਾਇਆ । ਲੱਖ ਚੁਰਾਸੀ ਹਉਮੇ ਹੰਗਤ, ਜੂਠਾ ਝੂਠਾ ਗੜ੍ਹ ਬਣਾਇਆ । ਨਾ ਕੋਈ ਜਾਣੇ ਮਣਿਆ ਮੰਤ, ਮਨ ਕਾ ਭਰਮ ਨਾ ਕੋਇ ਮਿਟਾਇਆ । ਪੁਰਖ ਅਬਿਨਾਸ਼ੀ ਕਰੇ ਖੇਲ ਜੁਗਾ ਜੁਗੰਤ, ਕਲਜੁਗ ਅੰਤਮ ਵੇਖਣ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਉਠਾਇਆ । ਹਰਿਜਨ ਸਾਚਾ ਉਠਿਆ, ਕਲਜੁਗ ਅੰਧੇਰੀ ਰਾਤ । ਸਤਿਗੁਰ ਪੂਰਾ ਏਕਾ ਤੁਠਿਆ, ਸ਼ਬਦ ਅਗੰਮੀ ਦੇਵੇ ਦਾਤ । ਚਾਰ ਕੁੰਟ ਰਹਿਣ ਨਾ ਦੇਵੇ ਲੁਕਿਆ, ਪੂਰਬ ਜਨਮਾਂ ਵੇਖੇ ਮਾਰ ਝਾਤ । ਗੁਰਸਿਖ ਬੂਟਾ ਕਦੇ ਨਾ ਸੁੱਕਿਆ, ਆਪ ਉਪਾਏ ਪਾਰਜਾਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖੇ ਮਸਤਕ ਮਾਥ । ਲਹਿਣਾ ਦੇਣਾ ਮਸਤਕ ਮਾਥ, ਪੂਰਬ ਕਰਮ ਜਨਮ ਕਰਮ ਆਪ ਚੁਕਾਈਆ । ਜਿਸ ਜਨ ਸੁਣਾਏ ਸਾਚੀ ਗਾਥ, ਸੋਹੰ ਸ਼ਬਦ ਕਰੇ ਪੜ੍ਹਾਈਆ । ਲੇਖਾ ਜਾਣੇ ਤੱਤ ਆਠ, ਨੌਂ ਦਵਾਰੇ ਖੋਜ ਖੁਜਾਈਆ । ਸਤਿ ਪੁਰਖ ਨਿਰੰਜਣ ਸਤਿ ਸਤਿਵਾਦ, ਛੇ ਘਰ ਬੈਠਾ ਆਸਣ ਲਾਈਆ । ਪੰਚਮ ਮੀਤਾ ਆਦਿ ਜੁਗਾਦਿ, ਚੌਥੇ ਪਦ ਰਿਹਾ ਸਮਾਈਆ । ਤੀਜੇ ਨੇਤਰ ਦੇਵੇ ਦਾਤ, ਦੂਜੇ ਨਿਰਗੁਣ ਸਰਗੁਣ ਰੂਪ ਧਰਾਈਆ । ਇਕ ਇਕੱਲਾ ਬੈਠ ਇਕਾਂਤ, ਵੇਖਣਹਾਰਾ ਖ਼ਲਕ ਖ਼ੁਦਾਈਆ । ਕਲਜੁਗ ਅੰਤਮ ਹਰਿ ਸੰਗਤ ਬਣਾਈ ਇਕ ਜਮਾਤ, ਦੂਸਰ ਕਰੇ ਨਾ ਕੋਇ ਪੜ੍ਹਾਈਆ । ਅੱਠੇ ਪਹਿਰ ਰਹੇ ਪਰਭਾਤ, ਸੰਧਿਆ ਅੰਧੇਰਾ ਨਾ ਕੋਇ ਛਾਈਆ । ਨਾਤਾ ਤੁੱਟਾ ਜ਼ਾਤ ਪਾਤ, ਊਚ ਨੀਚ ਦਏ ਵਡਿਆਈਆ । ਜਨਮ ਜਨਮ ਦਾ ਪੂਰਾ ਕਰੇ ਘਾਟ, ਜੋ ਜਨ ਆਏ ਸਰਨਾਈਆ । ਲਹਿਣਾ ਦੇਣਾ ਚੁਕਾਏ ਹੱਥੋ ਹਾਥ, ਜਗਤ ਉਧਾਰ ਨਾ ਕੋਇ ਵਖਾਈਆ । ਰੱਖੇ ਪਤ ਕਮਲਾਪਾਤ, ਪਤ ਪਤਵੰਤਾ ਸਾਚਾ ਮਾਹੀਆ । ਗ਼ਰੀਬ ਨਿਮਾਣਿਆਂ ਪੁਛੇ ਵਾਤ, ਗ਼ਰੀਬ ਨਿਮਾਣਾ ਹੋ ਹੋ ਫੇਰਾ ਪਾਈਆ । ਗੁਰਸਿਖ ਤੇਰੇ ਚਰਨਾਂ ਰਿਹਾ ਝਾਕ, ਆਪਣੇ ਨੇਤਰ ਬੰਦ ਵਖਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਦਾ ਪੂਰਾ ਕਰਨ ਆਇਆ ਆਪਣਾ ਭਵਿਖਤ ਵਾਕ, ਆਦਿ ਪੁਰਖ ਜੋ ਆਦਿ ਲਿਆ ਸੁਣਾਈਆ । ਵਿਸ਼ਨ ਬ੍ਰਹਮਾ ਸ਼ਿਵ ਖੋਲ੍ਹ ਬੈਠੇ ਤਾਕ, ਰਾਹ ਤੱਕਣ ਬਣ ਬਣ ਪਾਂਧੀ ਰਾਹੀਆ । ਕਵਣ ਵੇਲਾ ਗੁਰਸਿਖ ਮਿਲੇ ਸਾਚਾ ਸੱਜਣ ਸਾਕ, ਲੱਖ ਚੁਰਾਸੀ ਨਾਤਾ ਕੋਇ ਰਹਿਣ ਨਾ ਪਾਈਆ । ਪੁਰਖ ਅਕਾਲ ਦੀਨ ਦਿਆਲ ਦੋ ਜਹਾਨ ਚੌਦਾਂ ਲੋਕ ਸ਼ਬਦ ਅਗੰਮੀ ਆਪ ਲੈ ਕੇ ਆਏ ਡਾਕ, ਦੂਜਾ ਹਲਕਾਰਾ ਨਾ ਕੋਇ ਬਣਾਈਆ । ਘਰ ਘਰ ਵੰਡੇ ਆਪਣੀ ਸ਼ਬਦ ਗਾਥ, ਰਾਤੀ ਸੁਤਿਆਂ ਆਪ ਉਠਾਈਆ । ਆਪੇ ਹੋਇਆ ਦੀਨਾਂ ਨਾਥ, ਦੀਨਨ ਸਾਚੀ ਸੇਵ ਕਮਾਈਆ । ਪਹਿਲੋਂ ਮੇਟੀ ਆਪਣੀ ਜ਼ਾਤ, ਗੁਰਸਿਖ ਤੇਰੀ ਜ਼ਾਤ ਫੇਰ ਬਣਾਈਆ । ਆਪਣਾ ਖੇਲ ਕਰੇ ਬਹੁ ਬਿਧ ਭਾਂਤ, ਗੁਰਸਿਖਾਂ ਏਕਾ ਰੂਪ ਦਰਸਾਈਆ । ਰਾਹ ਸੁਖਾਲਾ ਮਿਲਿਆ ਕਮਲਾਪਾਤ, ਜੰਗਲ ਜੂਹ ਉਜਾੜ ਪਹਾੜ ਲੱਭਣ ਕੋਇ ਨਾ ਜਾਈਆ । ਦੇਵੇ ਦਰਸ

ਆਪ ਰਘਨਾਥ, ਰਘਬੰਸ ਇਕ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਸਗਲਾ ਸੰਗ ਰਖਾਈਆ । ਸਗਲਾ ਸੰਗ ਰਖਾਵਣ ਆਇਆ, ਰਿਖੀ ਮੁਨੀ ਕਰਨ ਪੁਕਾਰ । ਕਲਜੁਗ ਜੀਵ ਗੁਰਸਿਖ ਗੁਰਮੁਖ ਬਿਰਹੋਂ ਵਿਛੋੜੇ ਕੁਠੀ ਆਤਮ ਆਪ ਮਿਲਾਵਣ ਆਇਆ, ਵੇਸ ਅਵੱਲੜਾ ਆਪੇ ਧਾਰ । ਜਨਮ ਜਨਮ ਦੀ ਸੁਤੜੀ ਸੁਵਾਣੀ ਆਪ ਉਠਾਵਣ ਆਇਆ, ਨਿਰਗੁਣ ਨਿਰਗੁਣ ਲੈ ਅਵਤਾਰ । ਆਪਣੀ ਪਿਛਲੀ ਬੀਤੀ ਗੁਰਸਿਖਾਂ ਸੁਣਾਵਣ ਆਇਆ, ਅਗਲਾ ਖੇਲ ਕਰੇ ਨਿਰੰਕਾਰ । ਅਨਡਿਠੀ ਅਨ ਰਸ ਮਿਠੀ ਆਪਣੀ ਰਸ ਗੁਰਮੁਖਾਂ ਮੁਖ ਚੁਆਵਣ ਆਇਆ, ਅੰਮ੍ਰਿਤ ਪਿਆਲਾ ਭਰ ਭੰਡਾਰ । ਆਪਣੀ ਧਾਰ ਤਿਖੀ ਆਪ ਵਖਾਵਣ ਆਇਆ, ਨਾ ਕੋਈ ਖੰਡਾ ਮਾਰੇ ਮਾਰ । ਚਾਰ ਵਰਨ ਦੀ ਸਾਚੀ ਸਿੱਖੀ ਆਪ ਬਣਾਵਨ ਆਇਆ । ਗੁਰ ਗੋਬਿੰਦ ਕਰ ਪਿਆਰ । ਪੁਰਖ ਅਕਾਲ ਆਪਣਾ ਸੁਤ ਵਿਛੜਿਆ ਆਪ ਮਿਲਾਵਣ ਆਇਆ, ਮੇਲ ਮਿਲਾਏ ਵਿਚ ਸੰਸਾਰ । ਆਪਣੀ ਰੁੱਤ ਆਪ ਸੁਹਾਵਣ ਆਇਆ, ਫੁਲ ਫੁਲਵਾੜੀ ਵੇਖੇ ਇਕ ਗੁਲਜ਼ਾਰ । ਆਪਣਾ ਮੇਘ ਆਪ ਬਰਸਾਵਣ ਆਇਆ, ਆਪੇ ਬਰਖੇ ਨਿਝਰ ਧਾਰ । ਸਾਚਾ ਮਾਰਗ ਇਕ ਸਿਖਾਵਣ ਆਇਆ, ਗੁਰਸਿਖਾਂ ਕਰ ਪਿਆਰ । ਪਿਛਲਾ ਲੇਖਾ ਆਪ ਚੁਕਾਵਣ ਆਇਆ, ਆਪਣੀ ਹੱਥੀਂ ਦੇਵੇ ਪਾੜ । ਰਸ ਫਿਕਾ ਮਿੱਠਾ ਆਪ ਬਣਾਵਣ ਆਇਆ, ਸੋਹੰ ਸ਼ਬਦ ਕਰਾਏ ਜੈ ਜੈਕਾਰ । ਗੁਰਸਿਖ ਤੇਰਾ ਹਿੱਸਾ ਆਪ ਵੰਡਾਵਣ ਆਇਆ, ਤੋਲਾ ਬਣਿਆ ਆਪ ਨਿਰੰਕਾਰ । ਤੇਰਾ ਪੀਸਣ ਪੀਸਾ ਜਨਮ ਜਨਮ ਦਾ ਆਪ ਖਾਵਣ ਆਇਆ, ਦਰ ਦਰਵੇਸ਼ ਬਣਿਆ ਆਪ ਭਿਖਾਰ । ਤੇਰਾ ਭੋਰਾ ਡਿਗਾ ਆਪਣੀ ਹੱਥੀਂ ਉਠਾਵਣ ਆਇਆ, ਵਿਸ਼ਨੂੰ ਤੇਰਾ ਭਰੇ ਭੰਡਾਰ । ਗੁਰਸਿਖ ਤੇਰਾ ਝੋਰਾ ਆਪ ਮਿਟਾਵਣ ਆਇਆ, ਤੇਰੇ ਅੰਦਰ ਵੜ ਵੜ ਕਰੇ ਪਿਆਰ । ਤੇਰਾ ਵਕਤ ਥੋੜਾ ਆਪ ਮੁਕਾਵਣ ਆਇਆ, ਸ਼ਬਦ ਘੋੜੇ ਹੋ ਅਸਵਾਰ । ਤੇਰਾ ਜੋੜਾ ਆਪ ਬਣਾਵਣ ਆਇਆ, ਜੋੜਾ ਜੁੜੇ ਨਾਰੀ ਕੰਤ ਭਤਾਰ । ਗੁਰਸਿਖ ਤੇਰੀ ਆਤਮ ਸੇਜਾ ਆਪ ਹੰਢਾਵਣ ਆਇਆ, ਪੀਆ ਪ੍ਰੀਤਮ ਆਪੇ ਸੁਤਾ ਪੈਰ ਪਸਾਰ । ਗੁਰਸਿਖ ਤੇਰਾ ਮੁਖ ਮੁਖ ਦਿਖਲਾਵਣ ਆਇਆ, ਜਗਤ ਪਰਦਾ ਝੂਠਾ ਘੁੰਡ ਦਏ ਉਤਾਰ । ਏਕਾ ਸੁਖ ਮਾਣਸ ਮਾਨੁਖ ਆਪ ਵਖਾਵਣ ਆਇਆ, ਪੁਰਖ ਅਬਿਨਾਸ਼ੀ ਹੋ ਤਿਆਰ । ਮਾਤ ਕੁੱਖ ਸਫਲ ਕਰਾਵਣ ਆਇਆ, ਜਿਸ ਜਨ ਬਖ਼ਸ਼ੇ ਚਰਨ ਦਵਾਰ । ਉਲਟਾ ਰੁਖ ਪੰਧ ਮੁਕਾਵਣ ਆਇਆ, ਮਰ ਜੰਮੇ ਨਾ ਦੂਜੀ ਵਾਰ । ਆਪਣੀ ਗੋਦੀ ਚੁੱਕ ਸਚਖੰਡ ਬਹਾਵਣ ਆਇਆ, ਆਪਣੀ ਹੱਥੀ ਖੋਲ੍ਹ ਕਿਵਾੜ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਦੱਸੇ ਰਾਹ ਸੁਖਾਲਾ ਆਪੇ ਦੇਵੇ ਦਰਸ ਦੀਦਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ।

★ ੧੯ ਫਗਣ ੨੦੧੭ ਬਿਕ੍ਰਮੀ ਸੰਤਾ ਸਿੰਘ ਦੇ ਗ੍ਰਹਿ ਪਿੰਡ ਬਾਬੂ ਪੁਰਾ ਜ਼ਿਲਾ ਗੁਰਦਾਸ ਪੁਰ ★

ਸਾਚਾ ਮਾਰਗ ਸਾਚਾ ਰਾਹ, ਸੋ ਪੁਰਖ ਨਿਰੰਜਣ ਆਪ ਬਣਾਇਆ । ਬੈਠਾ ਰਹੇ ਬੇਪਰਵਾਹ, ਹਰਿ ਪੁਰਖ ਨਿਰੰਜਣ ਵੇਸ ਵਟਾਇਆ । ਏਕੰਕਾਰਾ ਜਾਣੇ ਆਪਣਾ ਸਾਚਾ ਥਾਂ, ਦਰਗਹਿ ਸਾਚੀ ਭੇਵ ਨਾ ਰਾਇਆ । ਆਦਿ ਨਿਰੰਜਣ ਅਨਭਵ ਪ੍ਰਕਾਸ਼ ਬਣੇ ਮਲਾਹ, ਅਬਿਨਾਸ਼ੀ ਕਰਤਾ ਸਾਚਾ ਬੇੜਾ ਲਏ ਚਲਾਇਆ । ਸ੍ਰੀ ਭਗਵਾਨ ਆਪਣੇ ਮੰਦਰ ਬਹਿ ਬਹਿ ਗਾਏ ਆਪਣਾ ਨਾਂ, ਨਾਉਂ ਨਿਰੰਕਾਰਾ ਆਪ ਧਰਾਇਆ । ਪਾਰਬ੍ਰਹਮ ਆਦਿ ਜੁਗਾਦਿ

ਜੁਗਾ ਜੁਗੰਤਰ ਕਰੇ ਖੇਲ ਸੱਚਾ ਮਿਹਰਵਾਂ, ਮਿਹਬਾਨ ਆਪਣਾ ਹੁਕਮ ਚਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕ ਵਖਾਇਆ । ਸਾਚਾ ਮਾਰਗ ਹਰਿ ਕਰਤਾਰਾ, ਦਰਗਹਿ ਸਾਚੀ ਆਪ ਰਖਾਇੰਦਾ । ਦਿਸ ਨਾ ਆਏ ਵਿਚ ਸੰਸਾਰਾ, ਲੋਕਮਾਤ ਭੇਵ ਕੋਇ ਨਾ ਪਾਇੰਦਾ । ਹਰਿ ਕਾ ਰਾਹ ਤੱਕੇ ਬ੍ਰਹਮਾ ਵਿਸ਼ਨ ਸ਼ਿਵ ਕਰ ਵਿਚਾਰਾ, ਨੇਤਰ ਨੈਣ ਨਾ ਕੋਇ ਦਰਸਾਇੰਦਾ । ਪੁਰਖ ਅਬਿਨਾਸ਼ੀ ਕਰੇ ਖੇਲ ਅਪਰ ਅਪਾਰਾ, ਅਪਰੰਪਰ ਆਪਣੀ ਧਾਰ ਚਲਾਇੰਦਾ । ਧਾਮ ਅਵੱਲੜਾ ਠਾਂਡਾ ਦਰਬਾਰਾ, ਚਾਰ ਕੁੰਟ ਨਾ ਕੋਇ ਦਵਾਰਾ, ਦਰ ਦਰਵਾਜ਼ਾ ਨਾ ਕੋਇ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਆਪ ਬਣਾਇੰਦਾ । ਸਾਚਾ ਮਾਰਗ ਨਿਹਚਲ ਧਾਮ, ਅਸਥਲ ਦਵਾਰੇ ਆਪ ਉਪਾਈਆ । ਆਵੇ ਜਾਵੇ ਏਕਾ ਰਾਮ, ਦੂਸਰ ਅਵਰ ਨਾ ਕੋਇ ਚੜ੍ਹਾਈਆ । ਕਰੇ ਕਰਾਏ ਸਾਚਾ ਕਾਮ, ਕਰਤਾ ਪੁਰਖ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮਾਰਗ ਆਪਣਾ ਪੰਥ ਆਪੇ ਵੇਖ ਵਖਾਈਆ । ਸਾਚਾ ਮਾਰਗ ਸਚ ਮਹੱਲਾ, ਹਰਿ ਸਾਚੇ ਸਚ ਲਗਾਇਆ । ਅੰਦਰ ਬਾਹਰ ਇਕ ਇਕੱਲਾ, ਨਿਰਗੁਣ ਨਿਰਗੁਣ ਫੇਰਾ ਪਾਇਆ । ਥਾਨ ਸੁਹਾਏ ਉਚ ਅਟੱਲਾ, ਮਹੱਲ ਅਟਲ ਆਪ ਵਡਿਆਇਆ । ਸਚ ਸਿੰਘਾਸਣ ਆਪੇ ਮੱਲਾ, ਸੋਭਾਵੰਤ ਰਿਹਾ ਸੁਹਾਇਆ । ਆਪ ਫੜਾਏ ਆਪਣਾ ਪੱਲਾ, ਪੱਲੂ ਦੂਸਰ ਹੱਥ ਕਿਸੇ ਨਾ ਆਇਆ । ਆਪਣੀ ਜੋਤ ਆਪੇ ਰਲਾ, ਜੋਤੀ ਜੋਤ ਡਗਮਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰਾਹ ਆਪੇ ਵੇਖ ਵਖਾਇਆ । ਸਾਚਾ ਰਾਹ ਸਚਖੰਡ, ਸਤਿ ਪੁਰਖ ਨਿਰੰਜਣ ਆਪ ਬਣਾਈਆ । ਆਦਿ ਪੁਰਖ ਵੰਡੀ ਵੰਡ, ਵੰਡਣਹਾਰ ਆਪ ਹੋ ਜਾਈਆ । ਰਾਹ ਤੱਕਣ ਕੋਟਨ ਬ੍ਰਹਿਮੰਡ, ਦਿਸ ਕਿਸੇ ਨਾ ਆਈਆ । ਸ਼ਬਦ ਅਗੰਮੀ ਕਿਲਾ ਕੋਟ ਕੰਧ, ਨਿਰਵੈਰ ਪੁਰਖ ਆਪ ਬਣਾਈਆ । ਕੋਈ ਕਰੇ ਨਾ ਪਰਕਾਸ਼, ਸੂਰਜ ਚੰਦ, ਆਪਣਾ ਨੂਰ ਜ਼ਹੂਰ ਰੁਸ਼ਨਾਈਆ । ਆਪੇ ਜਾਣੇ ਆਪਣਾ ਪੰਧ, ਹਰਿ ਪਾਂਧੀ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕ ਰਖਾਈਆ । ਸਾਚਾ ਮਾਰਗ ਉਚੇ ਮੰਦਰ, ਸੋ ਪੁਰਖ ਨਿਰੰਜਣ ਆਪ ਲਗਾਇਆ । ਆਪ ਜਾਣੇ ਅੰਦਰੇ ਅੰਦਰ, ਆਪਣੀ ਖੇਲ ਆਪ ਰਚਾਇਆ । ਸਾਚੇ ਧਾਮ ਆਪ ਸੁਹੰਦੜ, ਸਤਿ ਪੁਰਖ ਨਿਰੰਜਣ ਬੇਪਰਵਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਰਾਹੇ ਆਪੇ ਪਾਇਆ । ਆਪਣਾ ਰਾਹ ਹਰਿ ਕਰਤਾਰ, ਹਰਿ ਦਰ ਸਾਚੇ ਆਪ ਜਣਾਈਆ । ਨਾ ਕੋਈ ਜਾਣੇ ਆਰ ਪਾਰ ਕਿਨਾਰ, ਦੋ ਜਹਾਨ ਵਡੀ ਵਡਿਆਈਆ । ਨਾ ਕੋਈ ਬਾਢੀ ਬਣਾਏ ਵਿਚ ਸੰਸਾਰ, ਰੂਪ ਅਨੂਪ ਨਾ ਕੋਇ ਦਰਸਾਈਆ । ਨਾ ਕੋਈ ਲੇਖਾ ਲਿਖੇ ਬਣ ਲਿਖਾਰ, ਕਾਤਬ ਬੈਠਾ ਮੁਖ ਸ਼ਰਮਾਈਆ । ਨਾ ਕੋਈ ਤਾਲਬ ਤਲਬ ਕਰੇ ਪਰਵਰਦਿਗਾਰ, ਤੁਲਬਾ ਮਾਤ ਨਾ ਕੋਇ ਪੜ੍ਹਾਈਆ । ਨਾ ਕੋਈ ਅੱਖਰ ਸਕੇ ਵਿਚਾਰ, ਪੈਂਤੀਸ ਅੱਖਰ ਦੇਣ ਦੁਹਾਈਆ । ਨਾ ਕੋਈ ਗੁਰ ਖੋਲ੍ਹ ਸਕੇ ਕਿਵਾੜ, ਬੈਠੇ ਤਾੜੀਆਂ ਲਾਈਆ । ਨਾ ਕੋਈ ਅਵਤਾਰ ਵਖਾਏ ਕਿਸੇ ਸੰਸਾਰ, ਬੇਅੰਤ ਬੇਅੰਤ ਬੇਅੰਤ ਰਹੇ ਸਭ ਗਾਈਆ । ਹਰਿ ਕਾ ਮੰਦਰ ਅਗੰਮ ਅਪਾਰ, ਮਾਰਗ ਅਗੰਮ ਆਪਣੇ ਵਿਚ ਛੁਪਾਈਆ । ਜੁਗਾ ਜੁਗੰਤਰ ਸਾਚੀ ਕਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪਣੇ ਹੱਥ ਰਖਾਈਆ । ਸਾਚਾ ਰਾਹ ਸਰਬ ਗੁਣਵੰਤ, ਦਰ ਘਰ ਸਾਚੇ ਆਪ ਲਗਾਇੰਦਾ । ਆਵੇ ਜਾਵੇ ਇਕ ਭਗਵੰਤ, ਕੁਦਰਤ ਕ਼ਾਦਰ ਵੇਖ ਵਖਾਇੰਦਾ । ਰਾਹ ਤੱਕਣ

ਕੋਟਨ ਕੋਟ ਸੰਤ, ਜਿਸ ਜਨ ਆਪਣੀ ਬੂਝ ਬੁਝਾਇੰਦਾ । ਵੇਸ ਅਨੇਕਾ ਕਰੇ ਅਨੰਤ, ਅਨੰਤ ਕਲ ਆਪਣੀ ਖੇਲ ਖਿਲਾਇੰਦਾ । ਆਦਿ ਜੁਗਾਦੀ ਮਹਿਮਾ ਅਗਣਤ, ਲੇਖਾ ਲਿਖਤ ਨਾ ਕੋਇ ਲਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕ ਸਮਝਾਇੰਦਾ । ਸਾਚਾ ਮਾਰਗ ਹਰਿ ਨਿਰੰਕਾਰਾ, ਲੋਕਮਾਤ ਜਣਾਈਆ । ਗੁਰ ਅਵਤਾਰ ਵਸਣ ਥਿਰ ਘਰ ਦਵਾਰਾ, ਸ਼ਬਦੀ ਸ਼ਬਦ ਵੱਜੇ ਵਧਾਈਆ । ਪੁਰਖ ਅਬਿਨਾਸ਼ੀ ਹੋ ਉਜਿਆਰਾ, ਥਿਰ ਘਰ ਆਪਣਾ ਪੰਧ ਮੁਕਾਈਆ । ਥਿਰ ਘਰ ਸਾਚੇ ਹੋਏ ਬਾਹਰਾ, ਨਿਰਗੁਣ ਨਿਰਗੁਣ ਧਾਰ ਚਲਾਈਆ । ਨਿਰਗੁਣ ਪੌੜਾ ਨਿਰਗੁਣ ਚੜ੍ਹਨੇਹਾਰਾ, ਨਿਰਗੁਣ ਡੰਡਾ ਇਕ ਵਖਾਈਆ । ਨਿਰਗੁਣ ਗੁਪਤ ਨਿਰਗੁਣ ਜ਼ਾਹਰਾ, ਨਿਰਗੁਣ ਅੰਦਰ ਬਾਹਰ ਵੇਸ ਵਟਾਈਆ । ਨਿਰਗੁਣ ਜਾਣੇ ਆਪਣੀ ਕਾਰਾ, ਕਰੇ ਕਾਰ ਸੱਚਾ ਪਾਤਸ਼ਾਹੀਆ । ਸਚਖੰਡ ਵੇਖੇ ਆਪਣੀ ਧਾਰਾ, ਧਾਰ ਧਾਰ ਵਿਚ ਪਰਗਟਾਈਆ । ਆਪਣਾ ਰਾਹ ਰੱਖੇ ਨਿਆਰਾ, ਨਿਰਵੈਰ ਭੇਵ ਨਾ ਆਈਆ । ਸਚਖੰਡ ਸਾਚੇ ਹੋ ਉਜਿਆਰਾ, ਜੋਤੀ ਨੂਰ ਨੂਰ ਦਰਸਾਈਆ । ਸਚ ਸਿੰਘਾਸਣ ਕਰ ਤਿਆਰਾ, ਪੁਰਖ ਅਬਿਨਾਸ਼ਨ ਆਸਣ ਲਾਈਆ । ਦਰ ਦਰਵੇਸ਼ ਬਣ ਭਿਖਾਰਾ, ਅਲਖ ਅਗੋਚਰ ਅਗੰਮ ਅਥਾਹ ਆਪਣਾ ਸੀਸ ਝੁਕਾਈਆ । ਸੀਸ ਜਗਦੀਸ ਸੋਹੇ ਦਸਤਾਰਾ, ਪੰਚਮ ਪੰਚ ਪੰਚ ਵਡਿਆਈਆ । ਛਤਰ ਝੁਲਾਏ ਅਪਰ ਅਪਾਰਾ, ਸ਼ਹਿਨਸ਼ਾਹ ਸੱਚਾ ਸ਼ਹਿਨਸ਼ਾਹੀਆ । ਕਰੇ ਕਰਾਏ ਸਚ ਵਿਹਾਰਾ, ਆਦਿ ਜੁਗਾਦਿ ਵਡੀ ਵਡਿਆਈਆ । ਸਚਖੰਡ ਤੋਂ ਹੋਏ ਬਾਹਰਾ, ਆਪਣਾ ਮਾਰਗ ਆਪੇ ਵੇਖ ਵਖਾਈਆ । ਰੂਪ ਰੰਗ ਰੇਖ ਨਾ ਕੋਈ ਕਰੇ ਪਿਆਰਾ, ਇਸ਼ਟ ਈਸ਼ ਨਾ ਕੋਇ ਧਰਾਈਆ । ਆਪਣੇ ਅੰਤਰ ਆਪੇ ਵਸੇ ਹਰਿ ਨਿਰੰਕਾਰਾ, ਕਿਲਾ ਕੋਟ ਨਾ ਕੋਇ ਸੁਹਾਈਆ । ਆਪਣਾ ਚਰਨ ਰੱਖੇ ਵਿਚ ਸਚਖੰਡ ਦਵਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮਾਰਗ ਆਪਣੇ ਵਿਚ ਟਿਕਾਈਆ । ਆਪਣਾ ਮਾਰਗ ਆਪਣੇ ਵਿਚ ਰੱਖ, ਆਦਿ ਪੁਰਖ ਦਇਆ ਕਮਾਇੰਦਾ । ਸਚਖੰਡ ਦਵਾਰਿਉਂ ਹੋ ਵੱਖ, ਆਪਣਾ ਭੇਵ ਆਪਣੇ ਵਿਚ ਛੁਪਾਇੰਦਾ । ਆਪਣੇ ਅੰਤਰ ਆਪੇ ਹੋ ਪਰਤਖ, ਆਪਣੀ ਖੇਲ ਖਿਲਾਇੰਦਾ । ਆਪੇ ਜਾਣੇ ਆਪਣਾ ਪੱਖ, ਵੇਲਾ ਵਕ਼ਤ ਨਾ ਕੋਇ ਵਖਾਇੰਦਾ । ਆਪਣਾ ਮਾਰਗ ਆਪੇ ਦੱਸ, ਆਪੇ ਰਾਹ ਚਲਾਇੰਦਾ । ਆਪੇ ਰੂਪ ਹੋਏ ਪੁਰਖ ਸਮਰਥ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਮੇਲਾ ਆਪ ਮਿਲਾਇੰਦਾ । ਆਪਣਾ ਮੇਲ ਮਿਲਾਵਣਹਾਰਾ, ਆਦਿ ਪੁਰਖ ਅਖਵਾਇਆ । ਸੋ ਪੁਰਖ ਨਿਰੰਜਣ ਰੂਪ ਧਰ ਨਿਆਰਾ, ਸਚਖੰਡ ਡੇਰਾ ਲਾਇਆ । ਹਰਿ ਪੁਰਖ ਨਿਰੰਜਣ ਕਰ ਪਸਾਰਾ, ਸਚ ਸਿੰਘਾਸਣ ਸੋਭਾ ਪਾਇਆ । ਏਕੰਕਾਰਾ ਭੇਵ ਨਿਆਰਾ, ਦਰ ਦਰਬਾਨਾ ਸੀਸ ਝੁਕਾਇਆ । ਆਦਿ ਨਿਰੰਜਣ ਕਰ ਪਸਾਰਾ, ਮੇਟਣਹਾਰਾ ਧੁਆਂਧਾਰਾ, ਜੋਤੀ ਜੋਤ ਨੂਰ ਰੁਸ਼ਨਾਇਆ । ਸ੍ਰੀ ਭਗਵਾਨ ਸਾਚਾ ਲਾੜਾ, ਸਚਖੰਡ ਦਵਾਰੇ ਲਾਇਆ ਪਾੜਾ, ਘਰ ਘਰ ਵਿਚ ਲਏ ਪਰਗਟਾਇਆ । ਸ੍ਰੀ ਭਗਵਾਨ ਮੀਤ ਮੁਰਾਰਾ, ਸੇਵਕ ਸੇਵਾ ਕਰੇ ਅਪਾਰਾ, ਥਿਰ ਘਰ ਸਾਚਾ ਬੰਕ ਉਪਾਇਆ । ਪਾਰਬ੍ਰਹਮ ਪ੍ਰਭ ਕਰ ਪਸਾਰਾ, ਥਿਰ ਘਰ ਵਸੇ ਏਕਾ ਧਾਰਾ, ਨਿਰਗੁਣ ਨਿਰਗੁਣ ਸਚ ਵਿਹਾਰਾ, ਨਾਰੀ ਕੰਤ ਰੂਪ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮਾਰਗ ਦਏ ਸਮਝਾਇਆ । ਥਿਰ ਘਰ ਸਾਚੇ ਨਾਰੀ ਕੰਤ, ਪਾਰਬ੍ਰਹਮ ਖ਼ੁਸ਼ੀ ਮਨਾਈਆ । ਆਪਣੀ ਚੋਲੀ ਆਪੇ ਰੰਗੇ ਬਸੰਤ, ਰੂਪ ਅਨੂਪ ਆਪ ਚੜ੍ਹਾਈਆ । ਆਪਣੀ ਬਣਾਏ ਆਪੇ ਬਣਤ, ਅੰਦਰ ਬਾਹਰ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਸਾਚਾ ਮਾਰਗ ਵੇਖ ਵਖਾਈਆ । ਨਾਰੀ ਕੰਤ ਸਚ ਪਿਆਰਾ, ਹਰਿ ਹਰਿ ਆਪਣੀ ਸੇਜ ਹੰਢਾਇੰਦਾ । ਜਨਨੀ ਜਨ ਬਣੇ ਨਿਰੰਕਾਰਾ, ਸਾਚੀ ਗੋਦ ਆਪ ਸੁਹਾਇੰਦਾ । ਸੁਤ ਬਣਾਇਆ ਸ਼ਬਦ ਦੁਲਾਰਾ, ਆਪਣੀ ਕੁਖੋਂ ਬਾਹਰ ਕਢਾਇੰਦਾ । ਦਾਈ ਦਾਇਆ ਬਣ ਅਗੰਮ ਅਪਾਰਾ, ਆਪਣੀ ਖੇਲ ਖਿਲਾਇੰਦਾ । ਹਰਿ ਕਾ ਮਾਰਗ ਨਾ ਕੋਈ ਜਾਣੇ ਆਪੇ ਹੋਏ ਜਾਨਣਹਾਰਾ, ਆਪਣਾ ਰਾਹ ਆਪ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਸਾਚੇ ਆਪੇ ਵੜ, ਪਿਤਾ ਪੂਤ ਮਾਤਾ ਆਪਣਾ ਨਾਉਂ ਧਰਾਇੰਦਾ । ਮਾਤ ਪਿਤ ਪੁਤ ਬਾਲਕ, ਹਰਿ ਸਾਚੀ ਖੇਲ ਖਿਲਾਈਆ । ਨਿਰਗੁਣ ਨਿਰਗੁਣ ਬਣ ਬਣ ਸਾਲਸ, ਸਾਚੀ ਸਾਲਸੀ ਇਕ ਵਖਾਈਆ । ਆਪਣਾ ਰੂਪ ਧਰਿਆ ਖਾਲਸ, ਦੂਸਰ ਅਵਰ ਨਾ ਕੋਇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸੁਤ ਦੁਲਾਰਾ ਹਰਿ ਹਰਿ ਜਾਇਆ, ਜਨਨੀ ਜਨ ਸੋਭਾ ਪਾਇੰਦਾ । ਦਾਈ ਦਾਇਆ ਬਣ ਬਣ ਸੇਵ ਕਮਾਇਆ, ਸੇਵਾ ਆਪਣੇ ਹੱਥ ਰਖਾਇੰਦਾ । ਆਪਣਾ ਮਾਰਗ ਦਏ ਸਮਝਾਇਆ, ਪਾਂਧੀ ਆਪਣਾ ਪੰਧ ਵਖਾਇੰਦਾ । ਧੁਰ ਫ਼ਰਮਾਨਾ ਇਕ ਜਣਾਇਆ, ਹੁਕਮੀ ਹੁਕਮ ਆਪ ਅਲਾਇੰਦਾ । ਨਿਰਗੁਣ ਨਿਰਵੈਰ ਪੁਰਖ ਅਕਾਲ ਦਰਸ ਦਿਖਾਇਆ, ਜੋਤੀ ਨੂਰ ਡਗਮਗਾਇੰਦਾ । ਸਮਰਥ ਹੱਥ ਸਿਰ ਆਪ ਟਿਕਾਇਆ, ਮਹਿਮਾ ਅਕਥ ਆਪ ਪੜ੍ਹਾਇੰਦਾ । ਆਪਣਾ ਰੂਪ ਆਪ ਪਰਗਟਾਇਆ, ਆਪ ਆਪਣਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕ ਸਮਝਾਇੰਦਾ । ਸਾਚਾ ਮਾਰਗ ਹਰਿ ਹਰਿ ਸੁੱਤ, ਹਰਿ ਸਾਚਾ ਸਚ ਦ੍ਰਿੜਾਈਆ । ਕਿਰਪਾ ਕਰੇ ਅਬਿਨਾਸ਼ੀ ਅਚੁਤ, ਪਾਰਬ੍ਰਹਮ ਬੇਪਰਵਾਹੀਆ । ਆਪ ਸੁਹਾਏ ਸਾਚੀ ਰੁੱਤ, ਰੁੱਤ ਰੁਤੜੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਆਪੇ ਲਾਈਆ । ਸਾਚਾ ਮਾਰਗ ਲਾਵਣਾ, ਹਰਿ ਸਾਚਾ ਸਚ ਜਣਾਇੰਦਾ । ਸੁਤ ਦੁਲਾਰਾ ਇਕ ਉਠਾਵਣਾ, ਆਪ ਆਪਣਾ ਹੁਕਮ ਸੁਣਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਰਚਨ ਰਚਾਵਣਾ, ਸੂਰਜ ਚੰਨ ਆਪ ਚੜ੍ਹਾਇੰਦਾ । ਮੰਡਲ ਮੰਡਪ ਆਪ ਵਸਾਵਣਾ, ਧਰਤ ਧਵਲ ਜਲ ਬਿੰਬ ਆਪਣਾ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕ ਸਮਝਾਇੰਦਾ । ਸਾਚਾ ਮਾਰਗ ਕਰ ਤਿਆਰ, ਹਰਿ ਸਾਚਾ ਸਚ ਜਣਾਈਆ । ਸ਼ਬਦ ਸੁਤ ਦਏ ਆਧਾਰ, ਸੀਸ ਜਗਦੀਸ ਹੱਥ ਟਿਕਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰ ਤਿਆਰ, ਤ੍ਰੈਗੁਣ ਮੇਲਾ ਦਏ ਮਿਲਾਈਆ । ਪੰਜ ਤੱਤ ਕਰੇ ਪਿਆਰ, ਖੇਲੇ ਖੇਲ ਸੱਚਾ ਸ਼ਹਿਨਸ਼ਾਹੀਆ । ਲੱਖ ਚੁਰਾਸੀ ਘਾੜਨ ਘੜ ਸੰਸਾਰ, ਲੋਕਮਾਤ ਦਏ ਧਰਾਈਆ । ਮਾਣਸ ਮਨੁਖ ਕਰ ਪਿਆਰ, ਮਾਨਵ ਜਾਤੀ ਦਏ ਵਡਿਆਈਆ । ਦੇਵੇ ਦਾਤੀ ਧੁਰ ਦੀ ਧਾਰ, ਧੁਰ ਦਰਬਾਰੀ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮਾਰਗ ਲੋਕਮਾਤ ਆਪ ਚਲਾਈਆ । ਲੋਕਮਾਤ ਹਰਿ ਰਾਹ ਚਲਾਇਆ, ਲੱਖ ਚੁਰਾਸੀ ਕਰ ਵਿਚਾਰ । ਗੁਰਮੁਖ ਸਾਚੇ ਲਏ ਜਗਾਇਆ, ਆਤਮ ਅੰਤਰ ਇਕ ਆਧਾਰ । ਸੰਤ ਸਾਜਨ ਲਏ ਉਠਾਇਆ, ਦੇਵੇ ਅੰਮ੍ਰਿਤ ਰਸ ਠੰਡਾ ਠਾਰ । ਭਗਤ ਭਗਵੰਤ ਮੇਲ ਮਿਲਾਇਆ, ਰਾਹ ਦੱਸੇ ਇਕ ਨਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਪਰ ਅਪਾਰ । ਸਾਚਾ ਰਾਹ ਵਿਚ ਸੰਸਾਰਾ, ਸਤਿਗੁਰ ਪੁਰਖ ਆਪ ਜਣਾਈਆ । ਘਰ ਵਿਚ ਘਰ ਕਰ ਤਿਆਰਾ, ਬੰਕ ਦਵਾਰਾ ਦਏ ਵਡਿਆਈਆ । ਗ੍ਰਹਿ ਮੰਦਰ ਦੀਪਕ ਕਰ ਉਜਿਆਰਾ,

ਜੋਤੀ ਨੂਰ ਕਰੇ ਰੁਸ਼ਨਾਈਆ । ਅਨਹਦ ਸ਼ਬਦ ਨਾਦ ਸੱਚੀ ਧੁੰਨਕਾਰਾ, ਦਿਵਸ ਰੈਣ ਵਜਾਈਆ । ਘਟ ਵੇਖੇ ਧੂਆਂਧਾਰਾ, ਅੰਧ ਅੰਧੇਰਾ ਆਪਣੇ ਹੱਥ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਏਕਾ ਏਕ ਦਏ ਵਡਿਆਈਆ । ਕਾਇਆ ਅੰਦਰ ਖੇਲ ਅਵੱਲਾ, ਹਰਿ ਸਾਚਾ ਸਚ ਕਰਾਇੰਦਾ । ਪੰਚ ਫੜਾਇਆ ਏਕਾ ਪੱਲਾ, ਏਕਾ ਧਾਰ ਬੰਧਾਇੰਦਾ । ਤ੍ਰੈਗੁਣ ਮਾਇਆ ਆਪੇ ਰੱਲਾ, ਤ੍ਰੈ ਤ੍ਰੈ ਲੇਖਾ ਨਾ ਕੋਇ ਜਣਾਇੰਦਾ । ਦੂਈ ਦਵੈਤੀ ਲਾਇਆ ਸੱਲਾ, ਸਾਂਤਕ ਸਤਿ ਨਾ ਕੋਇ ਵਰਤਾਇੰਦਾ । ਪੰਚ ਵਿਕਾਰ ਕਰੇ ਹੱਲਾ, ਦਿਵਸ ਰੈਣ ਉਠ ਉਠ ਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਆਪਣੇ ਹੱਥ ਰਖਾਇੰਦਾ । ਸਾਚਾ ਮਾਰਗ ਹਰਿ ਨਿਰੰਕਾਰਾ, ਲੋਕਮਾਤ ਆਪਣੇ ਹੱਥ ਰਖਾਈਆ । ਜੁਗਾ ਜੁਗੰਤਰ ਲੈ ਅਵਤਾਰਾ, ਆਪਣਾ ਪਰਦਾ ਆਪ ਉਠਾਈਆ । ਜਗਤ ਜੁਗ ਮੇਟੇ ਧੁੰਦੂਕਾਰਾ, ਧੂਆਂਧਾਰ ਰਹਿਣ ਨਾ ਪਾਈਆ । ਸਾਚਾ ਨਾਉਂ ਕਰੇ ਸਚ ਜੈਕਾਰਾ, ਸ਼ਬਦੀ ਸ਼ਬਦ ਆਪ ਸੁਣਾਈਆ । ਸੰਸਾਰ ਸਾਗਰ ਵੇਖੇ ਡੂੰਘੀ ਗਾਰਾ, ਕਵਰੀ ਭਵਰੀ ਫੋਲ ਫੁਲਾਈਆ । ਗੁਰਮੁਖ ਵਿਰਲੇ ਬਣਾਏ ਸਚ ਸੌਦਾਗਰ, ਵਸਤ ਅਮੋਲਕ ਏਕਾ ਵਣਜ ਕਰਾਈਆ । ਲੇਖਾ ਜਾਣੇ ਕਾਇਆ ਗਾਗਰ, ਕਾਚੀ ਮਾਟੀ ਹਾਟੀ ਸਾਚੇ ਹੱਟ ਵਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕ ਪ੍ਰਗਟਾਈਆ । ਸਾਚਾ ਮਾਰਗ ਲੋਕਮਾਤ, ਸਤਿਗੁਰ ਪੂਰਾ ਆਪ ਜਣਾਇੰਦਾ । ਸ਼ਬਦੀ ਸ਼ਬਦ ਬੰਧਾਏ ਸਾਚਾ ਨਾਤ, ਜਗਤ ਨਾਤਾ ਇਕ ਰਖਾਇੰਦਾ । ਅਗੰਮ ਅਗੰਮੜੀ ਸੁਣਾਏ ਗਾਥ, ਅੱਖਰ ਵੱਖਰ ਆਪ ਪੜ੍ਹਾਇੰਦਾ । ਸਦਾ ਸੁਹੇਲਾ ਵਸੇ ਸਾਥ, ਸਗਲਾ ਸੰਗ ਨਿਭਾਇੰਦਾ । ਆਪ ਚੜ੍ਹਾਏ ਆਪਣੇ ਰਾਥ, ਰਥ ਰਥਵਾਹੀ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕ ਵਡਿਆਇੰਦਾ । ਸਾਚਾ ਮਾਰਗ ਗੁਰ ਚਰਨ ਕਵਲ, ਚਾਰ ਜੁਗ ਵਡਿਆਇੰਦਾ । ਦੇਵੇ ਵਡਿਆਈ ਉਪਰ ਧਰਤ ਧਵਲ, ਜੋ ਜਨ ਮਾਰਗ ਏਕਾ ਪਾਇੰਦਾ । ਆਤਮ ਅੰਤਰ ਖਿਲੇ ਕਵਲ, ਉਲਟਾ ਕਵਲ ਆਪ ਭਵਾਇੰਦਾ । ਪਵਣ ਸਵਾਸੀ ਜਾਏ ਮਵਲ, ਰੁੱਤ ਬਸੰਤੀ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਮਾਰਗ ਆਪੇ ਲਾਇੰਦਾ । ਸਾਚੇ ਮਾਰਗ ਆਪੇ ਲਾ, ਗੁਰ ਗੁਰਸਿਖ ਆਪ ਤਰਾਈਆ । ਜੁਗਾ ਜੁਗੰਤਰ ਬਣ ਮਲਾਹ, ਸਾਚੇ ਬੇੜੇ ਲਏ ਚੜ੍ਹਾਈਆ । ਕਰ ਕਿਰਪਾ ਜਣਾਏ ਆਪਣਾ ਨਾਂ, ਨਾਉਂ ਨਿਰੰਕਾਰ ਆਪ ਧਰਾਈਆ । ਮੇਲ ਮਿਲਾਏ ਥਾਉਂ ਥਾਂ, ਸ੍ਰਿਸ਼ਟ ਸਬਾਈ ਫੋਲ ਫੁਲਾਈਆ । ਪਕੜਨਹਾਰਾ ਆਪੇ ਬਾਂਹ, ਬਾਜ਼ੂ ਬਲ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਆਪ ਉਪਾਈਆ । ਸਾਚਾ ਮਾਰਗ ਸਾਚਾ ਪੰਥ, ਮਘ ਆਪਣਾ ਆਪ ਜਣਾਈਆ । ਲੇਖਾ ਜਾਣੇ ਆਦਿ ਅੰਤ, ਬੇਅੰਤ ਬੇਪਰਵਾਹੀਆ । ਹਰਿਜਨ ਬਣਾਏ ਸਾਚੀ ਬਣਤ, ਘੜਨ ਭੰਨਣਹਾਰ ਆਪ ਅਖਵਾਈਆ । ਰਸਨਾ ਜਿਹਵਾ ਏਕਾ ਮੰਤ, ਸੋ ਪੁਰਖ ਨਿਰੰਜਣ ਕਰੇ ਪੜ੍ਹਾਈਆ । ਹੰ ਹਉਮੇ ਗੜ੍ਹ ਤੁਟੇ ਹੰਗਤ, ਹਿੰਸਾ ਕੋਇ ਰਹਿਣ ਨਾ ਪਾਈਆ । ਸਚਖੰਡ ਦਵਾਰਾ ਸਾਚੀ ਸੰਗਤ, ਸਤਿ ਪੁਰਖ ਨਿਰੰਜਣ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਰਨ ਦਵਾਰਾ ਦੱਸੇ ਸਾਚੀ ਜੰਨਤ, ਘਰ ਸਾਚਾ ਇਕ ਵਖਾਈਆ । ਚਰਨ ਦਵਾਰਾ ਰਾਹ ਸੁਖਾਲਾ, ਗੁਰ ਸਤਿਗੁਰ ਆਪ ਲਗਾਇਆ । ਨੇਤਰ ਦਰਸ ਸੱਚੀ ਮਾਲਾ, ਮਨ ਕਾ ਮਣਕਾ ਆਪ ਭਵਾਇਆ । ਉਧਰੇ ਪਾਰ ਸ਼ਾਹ ਕੰਗਾਲਾ, ਸ਼ਹਿਨਸ਼ਾਹ ਨਾ ਕੋਇ ਵਡਿਆਇਆ । ਸਤਿ

ਪੁਰਖ ਨਿਰੰਜਣ ਬਣ ਦਲਾਲਾ, ਜਗਤ ਦਲੇਰੀ ਆਪ ਵਖਾਇਆ । ਨਾਤਾ ਤੋੜ ਕਾਲ ਮਹਾਕਾਲਾ, ਗੁਰਮੁਖ ਲਾਲ ਲਏ ਉਠਾਇਆ । ਜਗਤ ਜੁਗ ਚਲੀ ਅਵੱਲੜੀ ਚਾਲਾ, ਭੇਵ ਕੋਇ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚਾ ਵੇਖ ਵਖਾਇਆ । ਰਾਹ ਸੁਖਾਲਾ ਸਹਿਜ ਗੁਣਵੰਤ, ਗੁਣੀ ਗੁਣ ਆਪਣਾ ਗੁਣ ਜਣਾਇੰਦਾ । ਧੰਨ ਵਡਿਆਈ ਗੁਰਮੁਖ ਗੁਰ ਗੁਰ ਸੰਤ, ਸਤਿਗੁਰ ਸਾਜਣ ਖੇਲ ਖਿਲਾਇੰਦਾ । ਨਾਮ ਵਿਹੂਣਾ ਜੀਵ ਜੰਤ, ਜਾਗਰਤ ਜੋਤ ਨਾ ਕੋਇ ਵਖਾਇੰਦਾ । ਮਾਇਆ ਮਮਤਾ ਦੇਵ ਦੰਤ, ਤ੍ਰੈਗੁਣ ਭੇੜ ਭਿੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕ ਵਖਾਇੰਦਾ । ਵਾਹ ਵਾ ਮਾਰਗ ਸਤਿਗੁਰ ਲਾਇਆ, ਘਰ ਵਜਦੀ ਰਹੇ ਵਧਾਈਆ । ਵਾਹ ਵਾ ਮਾਰਗ ਸਤਿਗੁਰ ਲਾਇਆ, ਖੋਜਣ ਬਨ ਕੋਇ ਨਾ ਜਾਈਆ । ਵਾਹ ਵਾ ਮਾਰਗ ਸਤਿਗੁਰ ਲਾਇਆ, ਤੀਰਥ ਤਟ ਕਿਨਾਰਾ ਅਠਸਠ ਫੇਰੀ ਨਾ ਕੋਈ ਪਾਈਆ । ਵਾਹ ਵਾ ਮਾਰਗ ਸਤਿਗੁਰ ਲਾਇਆ, ਮੰਦਰ ਮਸਜਿਦ ਮਠ ਸ਼ਿਵਦਵਾਲਾ ਵੇਖਣ ਕੋਇ ਨਾ ਜਾਈਆ । ਵਾਹ ਵਾ ਸਤਿਗੁਰ ਮਾਰਗ ਲਾਇਆ, ਦੁਰਮਤ ਮੈਲ ਕੱਟ, ਏਕਾ ਅੰਮ੍ਰਿਤ ਜਾਮ ਪਿਆਈਆ । ਵਾਹ ਵਾ ਸਤਿਗੁਰ ਮਾਰਗ ਲਾਇਆ, ਇਕ ਵਖਾਏ ਸਾਚਾ ਹੱਟ, ਨਾਮ ਵਸਤ ਆਪ ਵਿਕਾਈਆ । ਵਾਹ ਵਾ ਸਤਿਗੁਰ ਮਾਰਗ ਲਾਇਆ, ਗੁਰਮੁਖ ਵਿਰਲਾ ਲਾਹਾ ਲਏ ਖੱਟ, ਮਨਮੁਖ ਬੈਠਾ ਮੁਖ ਭਵਾਈਆ । ਵਾਹ ਵਾ ਸਤਿਗੁਰ ਮਾਰਗ ਲਾਇਆ, ਹਰਿਜਨ ਅੰਮ੍ਰਿਤ ਆਤਮ ਰਸ ਲਏ ਚੱਟ, ਮਨਮੁਖ ਥੁਕਾਂ ਮੁਖ ਭਰਾਈਆ । ਵਾਹ ਵਾ ਸਤਿਗੁਰ ਮਾਰਗ ਲਾਇਆ, ਗੜ੍ਹ ਹੰਕਾਰੀ ਜਾਏ ਢੱਠ, ਸਤਿ ਸੰਤੋਖੀ ਏਕਾ ਬੁਰਜ ਬਣਾਈਆ । ਵਾਹ ਵਾ ਸਤਿਗੁਰ ਮਾਰਗ ਲਾਇਆ, ਹਰਿਜਨ ਜੋਤ ਜਗਾਏ ਲਟ ਲਟ, ਅੰਧ ਅੰਧੇਰ ਰਹਿਣ ਨਾ ਪਾਈਆ । ਵਾਹ ਵਾ ਸਤਿਗੁਰ ਮਾਰਗ ਲਾਇਆ, ਦੂਈ ਦਵੈਤੀ ਮੇਟੇ ਫੱਟ, ਏਕਾ ਰੂਪ ਸਰਬ ਦਰਸਾਈਆ । ਵਾਹ ਵਾ ਸਤਿਗੁਰ ਮਾਰਗ ਲਾਇਆ, ਏਕਾ ਰੂਪ ਵਖਾਏ ਘਟ ਘਟ, ਦੂਸਰ ਧਾਰ ਨਾ ਕੋਇ ਜਣਾਈਆ । ਵਾਹ ਵਾ ਸਤਿਗੁਰ ਮਾਰਗ ਲਾਇਆ, ਸ਼ਬਦ ਅਗੰਮੀ ਮਾਰੇ ਸੱਟ, ਹਰਿਜਨ ਸੋਏ ਆਪ ਜਗਾਈਆ । ਵਾਹ ਵਾ ਸਤਿਗੁਰ ਮਾਰਗ ਲਾਇਆ, ਗੁਰਮੁਖਾਂ ਤਨ ਪਹਿਨਾਏ ਨਾਮ ਪਟ, ਜਗਤ ਚੀਥੜਾ ਪੰਧ ਮੁਕਾਈਆ । ਵਾਹ ਵਾ ਸਤਿਗੁਰ ਮਾਰਗ ਲਾਇਆ, ਆਪਣਾ ਰਾਹ ਜਾਏ ਦੱਸ, ਨਿਹਕਲੰਕ ਚਰਨ ਸਰਨ ਸੱਚੀ ਸਰਨਾਈਆ । ਵਾਹ ਵਾ ਸਤਿਗੁਰ ਮਾਰਗ ਲਾਇਆ, ਹਿਰਦੇ ਅੰਦਰ ਜਾਏ ਵਸ, ਵਾਸਤਕ ਰੂਪ ਆਪਣਾ ਆਪ ਬੁਝਾਈਆ । ਵਾਹ ਵਾ ਸਤਿਗੁਰ ਮਾਰਗ ਲਾਇਆ, ਵਿਸ਼ਨ ਬ੍ਰਹਮਾ ਸ਼ਿਵ ਚਰਨ ਦਵਾਰੇ ਆਇਣ ਨੱਸ, ਵੇਲਾ ਵਕ਼ਤ ਆਪ ਸਮਝਾਈਆ । ਵਾਹ ਵਾ ਸਤਿਗੁਰ ਮਾਰਗ ਲਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਏਕਾ ਘਰ ਬਣਾਈਆ । ਵਾਹ ਵਾ ਸਤਿਗੁਰ ਮਾਰਗ ਲਾ, ਲਾਸ਼ਰੀਕ ਦਇਆ ਕਮਾਇੰਦਾ । ਵਾਹ ਵਾ ਸਤਿਗੁਰ ਮਾਰਗ ਲਾ, ਜਗਤ ਤਾਰੀਕ ਅੰਧੇਰ ਮਿਟਾਇੰਦਾ । ਵਾਹ ਵਾ ਸਤਿਗੁਰ ਮਾਰਗ ਲਾ, ਜਗਤ ਭਗਤ ਭਗਵੰਤ ਰੂਪ ਅਨੂਪ ਬਾਰੀਕ ਦਿਸ ਕਿਸੇ ਨਾ ਆਇੰਦਾ । ਵਾਹ ਵਾ ਸਤਿਗੁਰ ਮਾਰਗ ਲਾ, ਹਰਿ ਸੰਗਤ ਦਸੇ ਇਕ ਤਰੀਕ, ਏਕਾ ਵਕ਼ਤ ਏਕਾ ਵੇਲਾ ਗੁਰਮੁਖ ਗੁਰਸਿਖ ਹਰਿਜਨ ਸਾਚੇ ਪਾਰ ਕਰਾਇੰਦਾ । ਵਾਹ ਵਾ ਸਤਿਗੁਰ ਮਾਰਗ ਲਾ, ਅੰਤ ਨਾ ਦੇਵੇ ਪੀਠ, ਮਨਮੁਖ ਆਪਣਾ ਦਰਸ ਦਿਖਾਇੰਦਾ । ਵਾਹ ਵਾ ਸਤਿਗੁਰ ਮਾਰਗ ਲਾ, ਮਿੱਠਾ ਕਰੇ ਕੌੜਾ ਰੀਠ, ਜਿਸ ਜਨ ਆਪਣਾ ਚਰਨ ਛੁਹਾਇੰਦਾ । ਵਾਹ ਵਾ ਸਤਿਗੁਰ ਮਾਰਗ ਲਾ, ਕਾਇਆ ਕਰੇ ਠੰਡੀ

ਸੀਤ, ਜਿਸ ਜਨ ਆਪਣਾ ਇਸ਼ਟ ਵਖਾਇੰਦਾ । ਵਾਹ ਵਾ ਸਤਿਗੁਰ ਮਾਰਗ ਲਾ, ਇਕ ਸੁਣਾਏ ਸੁਹਾਗੀ ਗੀਤ, ਸੋਹੰ ਸ਼ਬਦ ਆਪ ਗਾਇੰਦਾ । ਵਾਹ ਵਾ ਸਤਿਗੁਰ ਮਾਰਗ ਲਾ, ਗੁਰਸਿਖਾਂ ਕਰੇ ਆਪ ਪ੍ਰੀਤ, ਪ੍ਰੀਤਮ ਆਪਣਾ ਰੂਪ ਵਟਾਇੰਦਾ । ਆਪਣੀ ਪਰਖੇ ਆਪੇ ਨੀਤ, ਗੁਰਸਿਖ ਜੌਹਰੀ ਮਾਤ ਪਰਗਟਾਇੰਦਾ । ਜਗਤ ਅਵੱਲੜੀ ਚਲਾਈ ਰੀਤ, ਚਾਰ ਜੁਗ ਗੁਰ ਅਵਤਾਰ ਰਾਹ ਨਾ ਕੋਇ ਵਖਾਇੰਦਾ । ਛੱਡ ਸਿੰਘਾਸਣ ਬਣਿਆ ਮੀਤ, ਗੁਰਸਿਖ ਭਗਤ ਸੁਦਾਮੇ ਚਰਨਾਂ ਹੇਠ ਰਖਾਇੰਦਾ । ਕਲਜੁਗ ਕਾਲ ਰਿਹਾ ਬੀਤ, ਪਤਿਤ ਪੁਨੀਤ ਨਾ ਕੋਇ ਕਰਾਇੰਦਾ । ਰਵਦਾਸ ਚਮਾਰ ਕਰੇ ਪਿਆਰ ਲੇਖਾ ਲਿਖੇ ਇਕ ਅਨਡੀਠ, ਅਨਡੀਠ ਰੂਪ ਆਪ ਲਿਖਾਇੰਦਾ । ਜੁਗ ਜੁਗ ਅਭੁਲ ਜੋ ਕਰੀ ਬਿਪ੍ਰੀਤ, ਆਪਣੀ ਭੁਲ ਗੁਰਸਿਖਾਂ ਕੋਲੋਂ ਆਪ ਬਖ਼ਸ਼ਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਮਾਰਗ ਆਪਣਾ ਰਾਹ ਜਨ ਭਗਤਾਂ ਮਾਤ ਦਏ ਵਖਾ, ਦੂਸਰ ਨੈਣ ਨਾ ਕੋਇ ਖੁਲ੍ਹਾਇੰਦਾ ।

★ ੧੯ ਫਗਣ ੨੦੧੭ ਬਿਕ੍ਰਮੀ ਕਰਤਾਰ ਕੌਰ ਦੇ ਗ੍ਰਿਹ ਪਿੰਡ ਬਾਬੂ ਪੁਰਾ ਜ਼ਿਲਾ ਗੁਰਦਾਸ ਪੁਰ ★

ਹਰਿ ਸਤਿਗੁਰ ਮਾਰਗ ਪਾਇੰਦਾ, ਗੁਰ ਗੁਰਸਿਖ ਬਾਲ ਨਾਦਾਨ । ਲੱਖ ਚੁਰਾਸੀ ਵਿਚੋਂ ਆਪ ਉਠਾਇੰਦਾ, ਸ਼ਬਦ ਜਣਾਏ ਧੁਰ ਫ਼ਰਮਾਨ । ਅੰਤਰ ਆਤਮ ਵੇਖ ਵਖਾਇੰਦਾ, ਵਡ ਦਾਤਾ ਗੁਣ ਨਿਧਾਨ । ਜਗਤ ਬਸੰਤਰ ਆਪ ਬੁਝਾਇੰਦਾ, ਅੰਮ੍ਰਿਤ ਬਰਸੇ ਮੇਘ ਮਹਾਨ । ਸਾਚਾ ਸ਼ਸਤਰ ਹੱਥ ਫੜਾਇੰਦਾ, ਨਾਮ ਖੰਡਾ ਤੇਜ਼ ਕਿਰਪਾਨ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਪ ਫਿਰਾਇੰਦਾ, ਲੇਖਾ ਜਾਣੇ ਦੋ ਜਹਾਨ । ਅੰਡਜ ਜੇਰਜ ਵੇਖ ਵਖਾਇੰਦਾ, ਉਤਭੁਜ ਸੇਤਜ ਵੇਖੇ ਜਗਤ ਮਕਾਨ । ਕਾਗਦ ਕ਼ਲਮ ਭੇਵ ਨਾ ਆਇੰਦਾ, ਗਣਤੀ ਗਿਣੇ ਨਾ ਕੋਇ ਜ਼ਬਾਨ । ਬੇਅੰਤ ਬੇਅੰਤ ਬੇਅੰਤ ਪ੍ਰਭ ਆਪਣੀ ਖੇਲ ਖਿਲਾਇੰਦਾ, ਵਡ ਦਾਤਾ ਸ੍ਰੀ ਭਗਵਾਨ । ਜੁਗ ਜੁਗ ਆਪਣਾ ਵੇਸ ਵਟਾਇੰਦਾ, ਜੋਧਾ ਸੂਰਬੀਰ ਬਲੀ ਬਲਵਾਨ । ਸਾਚਾ ਮਾਰਗ ਆਪ ਰਖਾਇੰਦਾ, ਲੱਖ ਚੁਰਾਸੀ ਰੱਖੇ ਆਣ । ਘਟ ਘਟ ਅੰਦਰ ਵੇਖ ਵਖਾਇੰਦਾ, ਜੋਤੀ ਜਾਤਾ ਨੂਰ ਮਹਾਨ । ਆਪਣੀ ਵਿਦਿਆ ਆਪ ਪੜ੍ਹਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਸੁਹੇਲਾ ਇਕ ਮਿਹਰਵਾਨ । ਗੁਰਸਿਖ ਆਪ ਉਠਾਇੰਦਾ, ਕਰ ਕਿਰਪਾ ਗੁਣ ਨਿਧਾਨ । ਜਨਮ ਜਨਮ ਦਾ ਲੇਖ ਮੁਕਾਇੰਦਾ, ਵੇਖਣਹਾਰਾ ਮਾਰ ਧਿਆਨ । ਆਪਣਾ ਪੰਧ ਆਪਣੇ ਹੱਥ ਰਖਾਇੰਦਾ, ਪਾਂਧੀ ਬਣੇ ਸ੍ਰੀ ਭਗਵਾਨ । ਗੀਤ ਸੁਹਾਗੀ ਛੰਦ ਸੁਣਾਇੰਦਾ, ਕਲਮਾ ਕਲਮੀ ਇਕ ਈਮਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਨਿਗਹਬਾਨ । ਨਿਗਹਬਾਨ ਨਿਰਵੈਰ ਪੁਰਖ ਅਕਾਲ, ਹਰਿ ਵਡਾ ਵਡ ਵਡਿਆਈਆ । ਸਚਖੰਡ ਨਿਵਾਸੀ ਹੋ ਦਿਆਲ, ਦੀਨਨ ਆਪਣੀ ਦਇਆ ਕਮਾਈਆ । ਥਿਰ ਘਰ ਸੱਚੀ ਵਸੇ ਧਰਮਸਾਲ, ਦਰ ਦਰਬਾਰੇ ਸੋਭਾ ਪਾਈਆ । ਸ਼ਬਦ ਅਗੰਮੀ ਇਕ ਉਛਾਲ, ਆਪਣੀ ਇਛਿਆ ਆਪ ਪਰਗਟਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰ ਦਲਾਲ, ਤ੍ਰੈਗੁਣ ਲੇਖਾ ਦਏ ਸਮਝਾਈਆ । ਨਾਲ ਰਲਾਏ ਕਾਲ ਮਹਾਕਾਲ, ਪਾਰਬ੍ਰਹਮ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅੰਤ ਸ੍ਰੀ ਭਗਵੰਤ, ਜਗਤ ਜੁਗ ਅਵੱਲੜੀ ਖੇਲ ਖਿਲਾਈਆ । ਖੇਲ ਅਵੱਲੜਾ ਹਰਿ ਨਿਰੰਕਾਰਾ,

੨੮੪

ਆਪਣਾ ਆਪ ਕਰਾਇੰਦਾ । ਸਾਚੇ ਮੰਦਰ ਹੋ ਉਜਿਆਰਾ, ਤਖ਼ਤ ਨਿਵਾਸੀ ਸਾਚੇ ਤਖ਼ਤ ਸੋਭਾ ਪਾਇੰਦਾ । ਸ਼ਾਹੋ ਭੂਪ ਬਣ ਸਿਕਦਾਰਾ, ਧੁਰ ਫ਼ਰਮਾਨਾ ਹੁਕਮ ਸੁਣਾਇੰਦਾ । ਸ਼ਬਦੀ ਸ਼ਬਦ ਸੁਤ ਦੁਲਾਰਾ, ਆਦਿ ਪੁਰਖ ਕਰ ਪਿਆਰਾ, ਸਾਚੀ ਸੇਵਾ ਆਪ ਲਗਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਬਣ ਵਣਜਾਰਾ, ਏਕਾ ਵਸਤ ਦੇਵੇ ਹਰਿ ਥਾਰਾ, ਸਾਚੀ ਵੰਡਣ ਵੰਡ ਵੰਡਾਇੰਦਾ । ਲੱਖ ਚੁਰਾਸੀ ਘਾੜਨ ਘੜ ਕਰੇ ਖੇਲ ਅਪਰ ਅਪਾਰਾ, ਪੰਜ ਤੱਤ ਮੇਲਾ ਵਿਚ ਸੰਸਾਰਾ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਆਪਣਾ ਬੰਧਨ ਪਾਇੰਦਾ । ਨਿਰਗੁਣ ਦੀਆ ਬਾਤੀ ਕਰ ਉਜਿਆਰਾ, ਆਤਮ ਜੋਤੀ ਜੋਤ ਜਗਾਇੰਦਾ । ਕਵਲ ਨਾਭੀ ਠੰਡੀ ਠਾਰਾ, ਅੰਮ੍ਰਿਤ ਝਿਰਨਾ ਨਿਝਰ ਰਸ ਆਪ ਭਰਾਇੰਦਾ । ਆਪਣਾ ਨਾਦ ਸੱਚੀ ਧੁਨਕਾਰਾ, ਧੁਨ ਆਤਮਕ ਆਪ ਸੁਣਾਇੰਦਾ । ਅਨਹਦ ਵੱਜੇ ਵਾਰੋ ਵਾਰਾ, ਤਾਲ ਤਲਵਾੜਾ ਦਿਸ ਕੋਇ ਨਾ ਆਇੰਦਾ । ਮਾਣਸ ਮਾਨੁਖ ਕਰ ਪਿਆਰਾ, ਹਰਿ ਜੂ ਹਰਿ ਹਰਿ ਆਪਣਾ ਭੇਵ ਖੁਲ੍ਹਾਇੰਦਾ । ਨਿਰਗੁਣ ਸਰਗੁਣ ਪਾਵੇ ਸਾਰਾ, ਸਰਗੁਣ ਨਿਰਗੁਣ ਆਪਣੇ ਰੰਗ ਰੰਗਾਇੰਦਾ । ਆਵੇ ਜਾਵੇ ਵਾਰੋ ਵਾਰਾ, ਜੁਗਾ ਜੁਗੰਤਰ ਆਪਣੀ ਖੇਲ ਆਪ ਖਿਲਾਇੰਦਾ । ਕਰੇ ਖੇਲ ਸ੍ਰੀ ਭਗਵੰਤ, ਭਗਵਨ ਭੇਵ ਕੋਇ ਨਾ ਪਾਇੰਦਾ । ਵਾਸ ਨਿਵਾਸਾ ਜੀਵ ਜੰਤ, ਜਾਗਰਤ ਜੋਤ ਡਗਮਗਾਇੰਦਾ । ਸਰਬ ਜੀਆਂ ਹਰਿ ਏਕਾ ਕੰਤ, ਲੱਖ ਚੁਰਾਸੀ ਨਾਰ ਪਰਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣੀ ਖੇਲ ਆਪ ਖਿਲਾਇੰਦਾ । ਕੰਤ ਕੰਤੂਹਲ ਹਰਿ ਨਿਰੰਕਾਰਾ, ਨਰ ਨਰਾਇਣ ਵਡ ਵਡਿਆਈਆ । ਸਚਖੰਡ ਵਸੇ ਧਾਮ ਨਿਆਰਾ, ਥਿਰ ਘਰ ਬੈਠਾ ਸੇਜ ਸੁਹਾਈਆ । ਲੱਖ ਚੁਰਾਸੀ ਕਰ ਪਸਾਰਾ, ਘਟ ਘਟ ਆਪਣੀ ਜੋਤ ਜਗਾਈਆ । ਦੇਵਣਹਾਰਾ ਧੁਰ ਫ਼ਰਮਾਨਾ, ਹੁਕਮੀ ਹੁਕਮ ਆਪ ਸੁਣਾਈਆ । ਆਪੇ ਜਣਾਏ ਆਪਣੀ ਕਾਰਾ, ਕਰਤਾ ਪੁਰਖ ਕ਼ਾਦਰ ਕਰੀਮ ਬੇਐਬ ਪਰਵਰਦਿਗਾਰ ਸੱਚਾ ਸ਼ਹਿਨਸ਼ਾਹੀਆ । ਮੁਕਾਮੇ ਹਕ ਹਕ ਨਾਅਰਾ, ਲਾਸ਼ਰੀਕ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਖਿਲਾਇੰਦਾ, ਆਦਿ ਜੁਗਾਦੀ ਸਾਚੀ ਕਾਰ । ਲੱਖ ਚੁਰਾਸੀ ਵੇਖ ਵਖਾਇੰਦਾ, ਵੰਡੇ ਵੰਡ ਅਪਰ ਅਪਾਰ । ਆਪਣਾ ਹਿੱਸਾ ਆਪਣੇ ਹੱਥ ਰਖਾਇੰਦਾ, ਨਾ ਕੋਈ ਦੂਜਾ ਪਾਵੇ ਸਾਰ । ਆਪਣਾ ਨਾਦ ਆਪ ਅਲਾਇੰਦਾ, ਬ੍ਰਹਮਾ ਵੇਤਾ ਗਾਏ ਮੁਖ ਚਾਰ । ਚਾਰੇ ਮੁਖ ਸਾਲਾਹਿੰਦਾ, ਚਾਰੇ ਵੇਦ ਦਏ ਆਧਾਰ । ਚਾਰੇ ਜੁਗ ਵੰਡੇ ਆਪਣੀ ਵੰਡ ਵੰਡਣਹਾਰਾ ਏਕੰਕਾਰਾ ਆਪਣੀ ਖੇਲ ਆਪ ਖਿਲਾਇੰਦਾ, ਨਿਰਗੁਣ ਸਰਗੁਣ ਦਏ ਆਧਾਰ । ਸਰਗੁਣ ਸਾਚਾ ਸੰਗ ਨਿਭਾਇੰਦਾ, ਦਿਸ ਨਾ ਆਏ ਵਿਚ ਸੰਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਧੁਰ ਦਰਬਾਰ । ਧੁਰ ਦਰਬਾਰੀ ਲੇਖਾ ਜਾਣਦਾ, ਆਦਿ ਅੰਤ ਭਗਵੰਤ । ਕਰੇ ਖੇਲ ਸ੍ਰੀ ਭਗਵਾਨ ਦਾ, ਜੁਗਾ ਜੁਗੰਤ ਮਹਿਮਾ ਅਗਣਤ । ਵੇਸ ਵਟਾਏ ਕਾਲ ਮਹਾਕਾਲ ਦਾ, ਲੇਖ ਚੁਕਾਏ ਜੀਵ ਜੰਤ । ਆਪਣਾ ਮੰਤਰ ਆਪਣਾ ਨਾਉਂ ਆਪ ਸਿਖਾਲ ਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਹਰਿ ਬੇਅੰਤ । ਨਾਉਂ ਨਿਰੰਕਾਰਾ ਆਪੇ ਦੱਸ, ਆਪਣੇ ਹੱਥ ਰੱਖੇ ਵਡਿਆਈਆ । ਪੰਜ ਤੱਤ ਕਾਇਆ ਅੰਦਰ ਜਾਏ ਵਸ, ਰੂਪ ਰੰਗ ਰੇਖ ਨਾ ਕੋਇ ਦਰਸਾਈਆ । ਕਰ ਪਰਕਾਸ਼ ਕੋਟਨ ਰਵ ਸਸ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਆਪਣੇ ਅੰਦਰ ਆਪੇ ਬਹਿ ਬਹਿ ਰਿਹਾ ਹੱਸ, ਚਿੰਤਾ ਗ਼ਮ ਨਾ ਕੋਇ ਰਖਾਈਆ । ਆਪ ਆਪਣੇ ਹੋਇਆ ਵਸ, ਪਾਰਬ੍ਰਹਮ ਬ੍ਰਹਮ ਆਪਣੇ ਅੰਕ ਸਮਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸੱਚਾ ਸ਼ਹਿਨਸ਼ਾਹ ਹਰਿ ਭਗਵਾਨਾ, ਆਦਿ ਜੁਗਾਦਿ ਸਮਾਇਆ । ਲੱਖ ਚੁਰਾਸੀ ਦੇਵੇ ਦਾਨਾ, ਜੀਆ ਦਾਨ ਝੋਲੀ ਪਾਇਆ । ਈਸ਼ ਜੀਵ ਖੇਲ ਮਹਾਨਾ, ਜਗਦੀਸ਼ ਆਪ ਖਿਲਾਇਆ । ਆਪਣਾ ਨਾਉਂ ਧੁਰ ਫ਼ਰਮਾਨਾ, ਲੋਕਮਾਤ ਆਪ ਸੁਣਾਇਆ । ਲੱਖ ਚੁਰਾਸੀ ਵਿਚੋਂ ਮਾਣਸ ਮਾਨੁਖ ਕਰ ਪਰਵਾਨਾ, ਹਰਿਜਨ ਆਪਣਾ ਮੇਲ ਮਿਲਾਇਆ । ਆਪ ਸੁਣਾਏ ਆਪਣਾ ਗਾਨਾ, ਰਾਗ ਨਾਦ ਆਪ ਵਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਉਠਾਇਆ । ਹਰਿਜਨ ਹਰਿ ਹਰਿ ਉਠਾਇੰਦਾ, ਕਰ ਕਿਰਪਾ ਸ੍ਰੀ ਭਗਵੰਤ । ਆਪਣੀ ਬੂਝ ਆਪ ਬੁਝਾਇੰਦਾ, ਆਪ ਜਣਾਏ ਮਣੀਆ ਮੰਤ । ਮਤ ਬੁਧ ਆਪ ਸਮਝਾਇੰਦਾ, ਸੁਰਤੀ ਸ਼ਬਦੀ ਮੇਲਾ ਨਾਰੀ ਕੰਤ । ਸਾਚੇ ਤਖ਼ਤ ਆਪ ਬਹਾਇੰਦਾ, ਵਡ ਦਾਤਾ ਗਹਿਰ ਗੰਭੀਰ ਗੁਣਵੰਤ । ਭਗਤ ਭਗਵੰਤ ਵੇਖ ਵਖਾਇੰਦਾ, ਕਰੇ ਖੇਲ ਆਦਿ ਅੰਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਲੇਖਾ ਜਾਣੇ ਜੀਵ ਜੰਤ । ਜੀਵ ਜੰਤ ਹਰਿ ਜਾਣਿਆ, ਲੱਖ ਚੁਰਾਸੀ ਕਾਇਆ ਫੋਲ । ਗੁਰਮੁਖ ਵਿਰਲਾ ਆਪ ਪਛਾਣਿਆ, ਸਾਚੇ ਕੰਡੇ ਹਰਿ ਹਰਿ ਤੋਲ । ਚਰਨ ਕਵਲ ਕਵਲ ਚਰਨ ਦੇਵੇ ਸਾਚਾ ਮਾਣਿਆ, ਵਡਿਆਈ ਦੇਵੇ ਉਪਰ ਧਰਤ ਧਵਲ । ਕਿਸੇ ਹੱਥ ਨਾ ਆਏ ਰਾਜੇ ਰਾਣਿਆਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਤਮ ਅੰਤਰ ਰਿਹਾ ਮਵਲ । ਆਤਮ ਅੰਤਰ ਵਸਿਆ, ਪੁਰਖ ਬਿਧਾਤਾ ਬੇਪਰਵਾਹ । ਆਦਿ ਜੁਗਾਦੀ ਫਿਰੇ ਨੱਸਿਆ, ਜਨ ਭਗਤਾਂ ਬਣੇ ਮਲਾਹ । ਸ਼ਬਦ ਨਿਰਾਲਾ ਤੀਰ ਏਕਾ ਕਸਿਆ, ਏਕੰਕਾਰਾ ਏਕਾ ਵਾਰ ਦੇਵੇ ਲਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਦਏ ਸਮਝਾ । ਹਰਿਜਨ ਹਰਿ ਸਮਝਾਇੰਦਾ, ਆਪ ਆਪਣਾ ਪਰਦਾ ਖੋਲ੍ਹ । ਮਾਣਸ ਜਨਮ ਮਾਤ ਦਿਵਾਇੰਦਾ, ਲੱਖ ਚੁਰਾਸੀ ਵਿਚੋਂ ਅਨਮੋਲ । ਆਪਣੀ ਬੂਝ ਆਪ ਬੁਝਾਇੰਦਾ, ਅੰਦਰ ਵੜ ਅਨਹਦ ਵਜਾਏ ਢੋਲ । ਬਜਰ ਕਪਾਟੀ ਆਪ ਖੁਲ੍ਹਾਇੰਦਾ, ਸਦਾ ਸੁਹੇਲਾ ਵਸੇ ਕੋਲ । ਅੰਮ੍ਰਿਤ ਜਾਮ ਆਪ ਪਿਆਇੰਦਾ, ਸਚ ਸੁੱਚ ਦੇਵੇ ਆਪਣੀ ਪਹੁਲ । ਆਪਣਾ ਕੀਤਾ ਕੌਲ ਨਿਭਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਚੁਕਾਏ ਪਰਦਾ ਓਹਲ । ਪਰਦਾ ਓਹਲਾ ਚੁੱਕਣਾ, ਹਰਿ ਸਤਿਗੁਰ ਆਪ ਚੁਕਾਏ । ਗੁਰਸਿਖ ਤੇਰਾ ਪੈਂਡਾ ਮੁੱਕਣਾ, ਰਵਦਾਸ ਚਮਾਰਾ ਲੇਖ ਲਿਖਾਏ । ਅੰਤਮ ਵੇਲਾ ਨੇੜੇ ਢੁਕਣਾ, ਜੁਗ ਚੌਕੜੀ ਰਹੇ ਵਿਹਾਏ । ਸਤਿ ਸਰੂਪ ਹੋ ਹੋ ਸ੍ਰੀ ਹਰਿ ਬੁੱਕਣਾ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੇ । ਗੁਰਸਿਖ ਤੇਰਾ ਉਜਲ ਕਰੇ ਮੁਖੜਾ ਸਾਚਾ ਮੁਖੜਾ ਆਪ ਸਾਲਾਹੇ । ਤੇਰੀ ਜਨਮ ਜਨਮ ਦੀ ਮੇਟੇ ਭੁੱਖਣਾ, ਆਤਮ ਅੰਤਰ ਦਰਸ ਦਿਖਾਏ । ਤੇਰੀ ਪੂਰੀ ਕਰੇ ਸੁਖਣਾ, ਸੁਖੀ ਘਰ ਇਕ ਵਸਾਏ । ਉਲਟਾ ਮਾਤ ਗਰਭ ਨਾ ਹੋਏ ਰੁੱਖਣਾ, ਲੱਖ ਚੁਰਾਸੀ ਫੰਦ ਕਟਾਏ । ਪੰਚ ਵਿਕਾਰਾ ਤੇਰੇ ਵਿਚੋਂ ਪੁੱਟਣਾ, ਜੜ ਲੱਗੀ ਰਹੇ ਨਾ ਰਾਏ । ਤੇਰਾ ਅੰਦਰੋਂ ਤੇਰਾ ਸਤਾਰਾ ਆਪੇ ਫੁਟਣਾ, ਸਤਿਗੁਰ ਪੂਰਾ ਦਏ ਪਰਗਟਾਏ । ਤੇਰਾ ਝੂਠਾ ਗੜ੍ਹ ਗੁਰ ਪੂਰੇ ਆਪ ਲੁੱਟਣਾ, ਮਾਇਆ ਮਮਤਾ ਮੋਹ ਮਿਟਾਏ । ਤੇਰਾ ਵਿਕਾਰਾ ਆਪਣੀ ਹੱਥੀਂ ਕੁਠਣਾ, ਦੇਵੇ ਅੰਤ ਸਜ਼ਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਆਪ ਗਣਾਏ । ਨੌ ਨੌ ਜਨਮ ਨਾ ਲੇਖਾ ਜਾਣਿਆ, ਮਾਣਸ ਮਾਣਸ ਰੂਪ ਧਰਾ । ਫਿਰਦਾ ਰਿਹਾ ਬਾਲ ਅੰਞਾਣਿਆ, ਮਤ ਮਨ ਬੁਧ ਨਾ ਚਲੇ ਕੋਇ ਚਤਰਾ । ਆਪਣਾ ਘਰ ਨਾ ਕਿਸੇ ਪਛਾਣਿਆ, ਦਰ ਦਰ ਰਿਹਾ ਫੇਰੀ ਪਾ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਧੁਰ ਦਰਗਾਹ । ਧੁਰ ਦਰਗਾਹੀ ਲੇਖਾ ਲਿਖ ਦਾ, ਆਦਿ ਅੰਤ ਏਕੰਕਾਰ । ਸਿਖਿਆ ਕਿਸੇ ਕੋਲੋਂ ਨਾ ਸਿਖ ਦਾ, ਸਿੱਖ ਸਿਖਿਆ ਸਿਖਾਵਣਹਾਰ । ਹਰਿ ਕਾ ਭਾਣਾ ਕਦੇ ਨਾ ਮਿਟਦਾ, ਨਾ ਕੋਈ ਹੋਏ ਮੇਟਣਹਾਰ । ਰਵਦਾਸ ਚਮਾਰਾ ਰਾਹ ਦੱਸੇ ਪ੍ਰਭ ਮਿਲਣ ਦੀ ਸਿਕ ਦਾ, ਸਿਕ ਏਕਾ ਮੀਤ ਮੁਰਾਰ । ਨਾਤਾ ਤੁੱਟੇ ਊਚ ਨੀਚ ਦਾ, ਰਾਓ ਆਏ ਰੰਕ ਦਵਾਰ । ਕਰੇ ਖੇਲ ਹਰਿ ਜਗਦੀਸ ਦਾ, ਜਗਤ ਜੁਗਤ ਦਏ ਆਧਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਲਿਖਣਹਾਰ । ਲੇਖਾ ਲੇਖ ਲਿਖਾਇੰਦਾ, ਲਿਖਣਹਾਰ ਗੋਪਾਲਾ । ਰਵਦਾਸ ਚਮਾਰੇ ਦਇਆ ਕਮਾਇੰਦਾ, ਦੀਨਾ ਬੰਧਪ ਦੀਨ ਦਿਆਲਾ । ਹੱਥ ਕਸੀਰਾ ਇਕ ਵਖਾਇੰਦਾ, ਜਗਤ ਜਾਣੇ ਨਾ ਕੋਇ ਮਾਲਾ । ਗੰਗਾ ਰਾਮ ਕਿਉਂ ਪਛਤਾਇੰਦਾ, ਕਰੇ ਖੇਲ ਹਰਿ ਨਿਰਾਲਾ । ਕਸੀਰਿਉਂ ਕੰਗਣ ਆਪ ਵਟਾਇੰਦਾ, ਕਰਿਆ ਖੇਲ ਬਣ ਦਲਾਲਾ । ਮਨ ਮਮਤਾ ਆਪ ਵਧਾਇੰਦਾ, ਤ੍ਰੈਗੁਣ ਮਾਇਆ ਜਗਤ ਜੰਜਾਲਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਫਲ ਵੇਖੇ ਲੱਗਾ ਡਾਲ੍ਹਾ । ਸਾਚਾ ਕੰਗਣਾ ਏਕਾ ਕੰਗਣ, ਕੰਧੀ ਪਾਰ ਕੋਇ ਨਾ ਜਾਈਆ । ਤਨ ਮਨ ਕਾਇਆ ਚਾੜ੍ਹੇ ਰੰਗਣ, ਉਤਰ ਕਦੇ ਨਾ ਜਾਈਆ । ਕਿਸੇ ਹੱਥ ਨਾ ਆਏ ਵਿਚ ਬ੍ਰਹਿਮੰਡਨ, ਖੋਜੇ ਸਰਬ ਲੋਕਾਈਆ । ਏਕਾ ਕੰਗਣ ਦੇਵੇ ਦੰਡਨ, ਜਨਮ ਜਨਮ ਦੀ ਮੈਲ ਧਵਾਈਆ । ਲੇਖਾ ਜਾਣੇ ਵਿਚ ਵਰਭੰਡਨ, ਪਾਰਬ੍ਰਹਮ ਬੇਪਰਵਾਹੀਆ । ਰਵਦਾਸ ਚਮਾਰਾ ਗਾਏ ਏਕਾ ਛੰਦਨ, ਅੰਤਰ ਰਾਮ ਨਾਮ ਲਿਵ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਿਖਿਆ ਲੇਖਾ ਦਏ ਸਮਝਾਈਆ । ਲੇਖ ਲਿਖਾਇਆ ਹਰਿ ਗੋਬਿੰਦ, ਲੇਖਾ ਲੇਖ ਨਾ ਕੋਇ ਮਿਟਾਇੰਦਾ । ਰਵਦਾਸ ਚਮਾਰੇ ਨਾ ਕੋਈ ਹਰਖ ਸੋਗ ਦਿਸੇ ਚਿੰਦ, ਚਿੰਤਾ ਚਿਖਾ ਨਾ ਕੋਇ ਵਖਾਇੰਦਾ । ਏਕਾ ਓਟ ਰੱਖੇ ਹਰਿ ਬਖ਼ਸ਼ਿੰਦ, ਚਰਨ ਕਵਲ ਧਿਆਨ ਲਗਾਇੰਦਾ । ਭਗਤ ਭਗਵੰਤ ਬਣਾਏ ਬਿੰਦ, ਨਾਦੀ ਸੁਤ ਆਪ ਉਪਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਖਿਲਾਇੰਦਾ । ਕੰਗਣ ਗਿਆ ਕੰਗਣ ਦਵਾਰ, ਕੰਗਣ ਕੰਗਣ ਹੱਥ ਨਾ ਆਈਆ । ਰਸਨਾ ਬੋਲ ਬੋਲ ਜੈਕਾਰ, ਰਵਦਾਸ ਚਮਾਰ ਇਕ ਸੁਣਾਈਆ । ਤੂੰ ਠਗ ਮੈਂ ਠਗਣਹਾਰ, ਪਾਰਬ੍ਰਹਮ ਠਗੌਰੀ ਰਿਹਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਠਗ ਨਾਲ ਠਗ ਕਰੇ ਕੁੜਮਾਈਆ । ਰਵਦਾਸ ਠੱਗਿਆ ਗਿਆ ਬ੍ਰਾਹਮਣ, ਆਪਣਾ ਭੇਵ ਨਾ ਮੂਲ ਜਣਾਇਆ । ਗੰਗਾ ਰਾਮ ਠੱਗਿਆ ਰਵਦਾਸ ਨਾ ਬਣਿਆ ਜ਼ਾਮਨ, ਕੰਗਣ ਇਕ ਚੁਰਾਇਆ । ਕਰੇ ਖੇਲ ਹਰਿ ਭਗਵਾਨਨ, ਦੋਹਾਂ ਆਪਣਾ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਗੁਣ ਦਏ ਵਖਾਇਆ । ਗੁਣ ਵਖਾਏ ਹਰਿ ਭਗਵੰਤ, ਰਵਦਾਸ ਰੰਗ ਰੰਗਾਈਆ । ਰਵੀਦਾਸ ਮਿਲਿਆ ਹਰਿ ਹਰਿ ਕੰਤ, ਨਾਰੀ ਆਪਣੀ ਖ਼ੁਸ਼ੀ ਮਨਾਈਆ । ਪਾਟੇ ਚੀਥੜ ਚੜ੍ਹਿਆ ਰੰਗ ਬਸੰਤ, ਉਤਰ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਤੱਤ ਦਏ ਸਮਝਾਈਆ । ਬ੍ਰਹਮਣ ਰੋਵੇ ਕਰੇ ਪੁਕਾਰ, ਨੇਤਰ ਨੀਰ ਉਛਾਲਿਆ । ਕੰਗਣ ਵੇਖ ਹੋਇਆ ਹੰਕਾਰ, ਮਾਇਆ ਮਮਤਾ ਮੋਹ ਵਧਾ ਲਿਆ । ਨਾਤਾ ਤੁਟਿਆ ਏਕੰਕਾਰ, ਮਾਣਸ ਜਨਮ ਐਵੇਂ ਗਾਲਿਆ । ਚਰਨ ਧੂੜੀ ਢਹਿ ਢਹਿ ਮੰਗੇ ਚਰਨ ਛਾਰ, ਅੱਗੇ ਆਪਣੀ ਝੋਲੀ ਡਾਹ ਲਿਆ । ਹੌਂ ਭਿਖਕ ਭਿਖਾਰੀ ਆਇਆ ਦਵਾਰ, ਮੰਗੇ ਬਣ ਸਵਾਲੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ

ਸਾਚਾ ਹਰਿ, ਆਦਿ ਪੁਰਖ ਬਣ ਦਲਾਲੀਆ । ਰਵਦਾਸ ਚਮਾਰ ਸੁਣਾਇੰਦਾ, ਅੰਤਰ ਆਤਮ ਕਰ ਧਿਆਨ । ਤੇਰਾ ਮੇਰਾ ਮੇਰਾ ਤੇਰਾ ਏਕਾ ਕੰਤ ਨਜ਼ਰੀ ਆਇੰਦਾ, ਏਕਾ ਮੰਦਰ ਇਕ ਮਕਾਨ । ਤੇਰੀ ਮਹਿਮਾ ਪੰਡਤ ਨਾ ਕੋਇ ਗਣਾਇੰਦਾ, ਤੇਰੇ ਉਪਰ ਮੇਹਰ ਕਰੇ ਭਗਵਾਨ । ਗੰਗਾ ਹੋਏ ਤੇਰੇ ਨਾਲ ਹੱਥ ਮਿਲਾਇੰਦਾ, ਕੰਗਣ ਬਖ਼ਸ਼ਿਆ ਆਪਣਾ ਦਾਨ । ਜੀਵ ਜਗਤ ਭੇਵ ਕੋਇ ਨਾ ਪਾਇੰਦਾ, ਭੁੱਲੇ ਬਾਲ ਨਾਦਾਨ । ਤੇਰੀ ਮੇਰੀ ਮੇਰੀ ਤੇਰੀ ਆਪਣੀ ਹੱਥੀਂ ਗੰਢ ਪਵਾਇੰਦਾ, ਸ਼ਬਦ ਜਣਾਏ ਧੁਰ ਫ਼ਰਮਾਨ । ਕਲਜੁਗ ਕੰਢੇ ਆਪ ਬਹਾਇੰਦਾ, ਦੋਹਾਂ ਵਖਾਏ ਇਕ ਅਸਥਾਨ । ਪਰਮਾਨੰਦ ਆਪ ਸਮਾਇੰਦਾ, ਪਰਮ ਪੁਰਖ ਵਡ ਮਿਹਰਵਾਨ । ਮੇਰਾ ਮੇਰਾ ਆਪਣੇ ਵਿਚ ਮਿਲਾਇੰਦਾ, ਤੇਰਾ ਧਰੇ ਜਗਤ ਨਿਸ਼ਾਨ । ਨੌਂ ਨੌਂ ਗੇੜਾ ਆਪ ਚਲਾਇੰਦਾ, ਚੌਥੇ ਜੁਗ ਕਰੇ ਕਲਿਆਣ । ਮਾਣਸ ਮਾਣਸ ਰੂਪ ਵਟਾਇੰਦਾ, ਮਾਨੁਖ ਹੋਏ ਚਤੁਰ ਸੁਜਾਨ । ਮਾਨਵ ਆਪਣੀ ਗੋਦ ਬਹਾਇੰਦਾ, ਏਕਾ ਦੇਵੇ ਸਾਚਾ ਦਾਨ । ਅੰਤਮ ਪੰਧ ਮੁਕਾਇੰਦਾ, ਖੇਲੇ ਖੇਲ ਸ੍ਰੀ ਭਗਵਾਨ । ਕਲਜੁਗ ਅੰਤਮ ਵੇਖ ਵਖਾਇੰਦਾ, ਵੇਖਣਹਾਰਾ ਨੌਜਵਾਨ । ਬਾਲ ਬਿਰਧ ਨਾ ਰੂਪ ਧਰਾਇੰਦਾ, ਏਕਾ ਨੂਰੋ ਨੂਰ ਮਹਾਨ । ਔਂਦਾ ਜਾਂਦਾ ਦਿਸ ਨਾ ਆਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਜਣਾਇਆ ਹਰਿ ਫ਼ਰਮਾਨ । ਕਲਜੁਗ ਅੰਤਮ ਆਵਣਾ, ਜੁਗ ਚੌਕੜੀ ਰਹਿਣ ਨਾ ਪਾਈਆ । ਨੌ ਸੌ ਚੁਰਾਨਵੇ ਚੌਕੜੀ ਪੰਧ ਮੁਕਾਵਣਾ, ਗੁਰ ਅਵਤਾਰ ਦੇਣ ਗਵਾਹੀਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਆਪਣੀ ਗੋਦ ਬਹਾਵਣਾ, ਭੇਵ ਅਭੇਦ ਆਪਣੇ ਵਿਚ ਛੁਪਾਈਆ । ਨਿਰਗੁਣ ਰੂਪ ਆਪ ਧਰਾਵਣਾ, ਜੋਤੀ ਜਾਮਾ ਜੋਤ ਜਗਾਈਆ । ਰਵ ਰਵ ਤੇਰਾ ਸਾਥ ਨਿਭਾਵਣਾ, ਦਾਸ ਦਾਸ ਸੇਵ ਕਮਾਈਆ । ਸ਼ਬਦੀ ਸ਼ਬਦ ਮੇਲ ਮਿਲਾਵਣਾ, ਸ਼ਬਦ ਵਿਚੋਲਾ ਇਕ ਰਘੁਰਾਈਆ । ਸਾਚਾ ਢੋਲਾ ਇਕ ਸੁਣਾਵਣਾ, ਆਪਣਾ ਨਾਉਂ ਕਰ ਰੁਸ਼ਨਾਈਆ । ਸੋ ਪੁਰਖ ਨਿਰੰਜਣ ਆਪਣਾ ਰੂਪ ਧਰਾਵਣਾ, ਹੰ ਮੇਲੇ ਸਹਿਜ ਸੁਭਾਈਆ । ਸੋਹੰ ਅੱਖਰ ਇਕ ਬਣਾਵਣਾ, ਨਾਰੀ ਕੰਤ ਬ੍ਰਹਮ ਪਾਰਬ੍ਰਹਮ ਏਕਾ ਸੇਜ ਸੁਹਾਈਆ । ਗੰਗਾ ਰਾਮ ਤੇਰਾ ਜਨਮ ਫੇਰ ਦਵਾਵਣਾ, ਪੰਜ ਸੱਤ ਦਏ ਵਡਿਆਈਆ । ਪੰਜਾਂ ਤੱਤਾਂ ਭੇਵ ਖੁਲ੍ਹਾਵਣਾ, ਸਤਿ ਸਤਿਵਾਦੀ ਸਤਵਾਂ ਦਰ ਆਪ ਵਖਾਈਆ । ਸਤਵੰਜਾ ਸਾਲ ਮੁਖ ਛੁਪਾਵਣਾ, ਮਾਣਸ ਪਰਦਾ ਫੇਰ ਚੁਕਾਈਆ । ਪਿਛਲੀ ਆਯੂ ਆਪਣੇ ਲੇਖੇ ਲਾਵਣਾ, ਅੱਗੇ ਮਾਰਗ ਆਪੇ ਪਾਈਆ । ਬਾਰਾਂ ਹਾੜ ਲਿਖਿਆ ਪੂਰ ਕਰਾਵਣਾ, ਭੁਲ ਕਦੇ ਨਾ ਜਾਈਆ । ਜੋ ਸੁਣਾਇਆ ਸੋ ਆਪਣੇ ਵਿਚ ਟਿਕਾਵਣਾ, ਆਪਾ ਤੇਰੇ ਵਿਚ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਈਆ । ਪੂਰੀ ਆਸ ਕਰੇ ਕਰਨੇਯੋਗ, ਸਤਿਗੁਰ ਪੂਰੇ ਹੱਥ ਵਡਿਆਈਆ । ਪਹਿਲਾਂ ਪਿਛਲੇ ਜਨਮ ਦਾ ਕੱਟੇ ਵਜੋਗ, ਕੂੜਾ ਰੋਗ ਦਏ ਗਵਾਈਆ । ਦੂਜੇ ਸ਼ਬਦ ਸੁਰਤ ਕਰੇ ਸੰਜੋਗ, ਗੁਰ ਸਤਿਗੁਰ ਮੇਲ ਮਿਲਾਈਆ । ਤੀਜੇ ਆਤਮ ਸੇਜਾ ਭੋਗੇ ਭੋਗ, ਭਸਮੜ ਮਰ ਕਦੇ ਨਾ ਜਾਈਆ । ਚੌਥੇ ਘਰ ਇਕ ਵਖਾਏ ਸਾਚਾ ਜੋਗ, ਸੋਹੰ ਸ਼ਬਦ ਆਤਮ ਪਰਮਾਤਮ ਏਕਾ ਰੰਗ ਰੰਗਾਈਆ । ਪੰਚਮ ਲੇਖਾ ਜਾਣੇ ਕਾਇਆ ਕਿਲਾ ਕੋਟ, ਪੰਚਮ ਨਾਦ ਸ਼ਬਦ ਧੁਨ ਸੁਣਾਏ ਸੱਚੀ ਸ਼ਨਵਾਈਆ । ਛੇਵੇਂ ਘਰ ਅਗਾਧ ਬੋਧ, ਬੋਧ ਅਗਾਧੀ ਏਕਾ ਅੱਖਰ ਦਏ ਪੜ੍ਹਾਈਆ । ਸਤਵੇਂ ਸਤਿ ਸਤਿਵਾਦੀ ਲੇਖਾ ਜਾਣੇ ਚੌਦਾਂ ਲੋਕ, ਲੋਕ ਪਰਲੋਕ ਹੋਏ ਸਹਾਈਆ । ਅੱਠਵੇਂ ਅੱਠਾਂ ਤੱਤਾਂ ਦੇਵੇ ਮੋਖ, ਮੁਕਤੀ ਗੁਰ ਚਰਨ ਗੁਰਸਿਖ ਤੇਰੇ ਪੈਰਾਂ ਹੇਠ ਦਬਾਈਆ । ਨੌ ਦਵਾਰ ਹਰਖ ਚੁਕਾਏ ਸੋਗ, ਚਿੰਤਾ ਚਿਖਾ ਨਾ ਕੋਇ ਜਲਾਈਆ ।

ਦਸਵੇਂ ਦਰਸ ਦਖਾਏ ਅਮੋਘ, ਸੋਵਤ ਜਾਗਤ ਏਕਾ ਰੰਗ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਵਰ, ਆਪਣਾ ਭੇਵ ਆਪ ਖੁਲ੍ਹਾਈਆ । ਹਰਿ ਹਰਿ ਭੇਵ ਖੁਲ੍ਹਾਵਣਾ, ਕਾਇਆ ਅੰਦਰ ਬੰਕ ਦਵਾਰ । ਆਪੇ ਬ੍ਰਹਮ ਪਾਰਬ੍ਰਹਮ ਮੇਲ ਮਿਲਾਵਣਾ, ਸਾਚੀ ਸੇਜਾ ਕਰੇ ਪਿਆਰ । ਜੋਤ ਨਿਰੰਜਣ ਦੀਪ ਜਗਾਵਣਾ, ਆਠ ਪਹਿਰ ਰਹੇ ਉਜਿਆਰ । ਅਨਹਦ ਨਾਦੀ ਨਾਦ ਵਜਾਵਣਾ, ਆਪੇ ਗਾਏ ਮੰਗਲਾਚਾਰ । ਬਜਰ ਕਪਾਟੀ ਤੋੜ ਤੁੜਾਵਣਾ, ਨਾਤਾ ਤੋੜੇ ਧੂਆਂਧਾਰ । ਅਗਨੀ ਤੱਤ ਆਪ ਬੁਝਾਵਣਾ, ਅੰਮ੍ਰਿਤ ਬਰਖੇ ਠੰਡੀ ਠਾਰ । ਨਾਭੀ ਕਵਲ ਆਪ ਉਲਟਾਵਣਾ, ਕਵਲ ਕਵਲਾ ਪਾਵੇ ਸਾਰ । ਈੜਾ ਪਿੰਗਲ ਆਪ ਸਮਝਾਵਣਾ, ਦੇਵੇ ਮਤ ਸੱਚੀ ਸਰਕਾਰ । ਟੇਢੀ ਬੰਕ ਪਾਰ ਕਰਾਵਣਾ, ਸੁਖਮਨ ਰੱਖੇ ਆਪਣੀ ਧਾਰ । ਜਗਤ ਵਾਸਨਾ ਮੇਟ ਮਿਟਾਵਣਾ, ਮਨ ਮਨੂਆ ਨਾ ਕਰੇ ਖ਼ਵਾਰ । ਸਾਚੀ ਮਤ ਬੁਧ ਇਕ ਦਸਾਵਣਾ, ਹਰਿ ਚਰਨ ਪ੍ਰੀਤੀ ਸਚ ਪਿਆਰ । ਜਗਤ ਰੀਤੀ ਵੇਖ ਵਖਾਵਣਾ, ਪਤਿਤ ਪੁਨੀਤੀ ਕਿਰਪਾ ਧਾਰ । ਪਹਿਲੀ ਬੀਤੀ ਕੀ ਫੋਲ ਫੁਲਾਵਣਾ, ਉਪਰ ਪਰਦਾ ਦੇਵੇ ਡਾਰ । ਅੱਗੇ ਹੋਏ ਆਪ ਜ਼ਾਮਨਾ, ਮਾਰਗ ਦੱਸੇ ਇਕ ਸੁਖਾਲ । ਨੇੜ ਨਾ ਆਏ ਕਾਮਨੀ ਕਾਮਨਾ, ਗੁਰਸਿਖ ਹੋਏ ਨਾ ਤੇਰਾ ਜ਼ਵਾਲ । ਮੇਟੇ ਰੈਣ ਅੰਧੇਰੀ ਸ਼ਾਮਨਾ, ਜਲਵਾ ਨੂਰ ਵਖਾਏ ਇਕ ਜਲਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲੇ ਆਪਣੇ ਲਾਲ । ਲਾਲ ਅਨਮੁਲੜਾ ਮੇਲਿਆ, ਗੁਰਸਿਖ ਕਰ ਪਿਆਰ । ਏਕਾ ਮੰਦਰ ਵਸੇ ਗੁਰੂ ਗੁਰ ਚੇਲਿਆ, ਸੋਹੇ ਬੰਕ ਦਵਾਰ । ਹਰਿ ਪਾਇਆ ਸੱਜਣ ਸੁਹੇਲਿਆ, ਵਿਛੜ ਨਾ ਜਾਏ ਵਿਚ ਸੰਸਾਰ । ਰਾਏ ਧਰਮ ਦੀ ਕੱਟੇ ਜੇਲਿਆ, ਚਿਤਰ ਗੁਪਤ ਨਾ ਕਰੇ ਖ਼ਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਏਕਾ ਸਾਚਾ ਵਰ, ਹਰਿਜਨ ਬਣੇ ਦਰ ਭਿਖਾਰ । ਹਰਿਜਨ ਭਿਖਾਰੀ ਮੰਗਦਾ, ਏਕਾ ਨਾਮ ਅਨਡਿਠ । ਸਤਿਗੁਰ ਪੂਰਾ ਚੋਲੀ ਰੰਗਦਾ, ਜੁਗ ਜੁਗ ਕਰੇ ਸਾਚਾ ਹਿਤ । ਵਜਾਏ ਤਾਲ ਨਾਮ ਏਕਾ ਮਰਦੰਗ ਦਾ, ਵੇਸ ਅਵੱਲੜਾ ਨਿਤ ਨਵਿਤ । ਰਸ ਮਾਣੇ ਸੇਜ ਪਲੰਘ ਦਾ, ਆਤਮ ਸੇਜਾ ਬਹਿ ਬਹਿ ਮਿਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਵਰ, ਮਾਣਸ ਜਨਮ ਲੇਖ ਚੁਕਾਏ, ਪੂਰਬ ਕਰਮਾਂ ਜਿਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੱਠੇ ਪਹਿਰ ਇਕ ਜਮਾਲ ਰਖਾਏ, ਸੁਫਨ ਸਖੋਪਤ ਜਾਗਰਤ ਤੁਰੀਆ ਏਕਾ ਰੂਪ ਦਰਸਾਏ, ਨਾ ਕੋਈ ਵਾਰ ਨਾ ਕੋਈ ਥਿਤ ।

### ★ ੧੯ ਫਗਣ ੨੦੧੭ ਬਿਕ੍ਰਮੀ ਮੁਨਸ਼ਾ ਸਿੰਘ ਮੇਲਾ ਸਿੰਘ ਦੇ ਗ੍ਰਹਿ ਪਿੰਡ ਬਾਬੂ ਪੁਰਾ ਜ਼ਿਲਾ ਗੁਰਦਾਸ ਪੁਰ ★

ਆਦਿ ਪੁਰਖ ਏਕਾ ਹਰਿ, ਹਰਿ ਵੱਡਾ ਵਡ ਵਡਿਆਈਆ । ਵਸਣਹਾਰਾ ਸਾਚੇ ਘਰ, ਘਰ ਮੰਦਰ ਆਪ ਉਪਾਈਆ । ਨਿਰਭੈ ਭੌ ਨਾ ਰੱਖੇ ਕੋਇ ਡਰ, ਭੈ ਆਪਣਾ ਸਰਬ ਜਣਾਈਆ । ਕਰੇ ਖੇਲ ਅਗੰਮ ਅਪਰ, ਅਗੰਮ ਅਗੰਮੜੀ ਕਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਰੂਪ ਆਪ ਧਰਾਈਆ । ਸੋ ਪੁਰਖ ਨਿਰੰਜਣ ਰੂਪ ਅਵੱਲਾ, ਹਰਿ ਹਰਿ ਸਾਚਾ ਆਪ ਧਰਾਇੰਦਾ । ਕਰੇ ਖੇਲ ਇਕ ਇਕੱਲਾ, ਅਕਲ ਕਲ ਧਾਰੀ ਆਪਣਾ ਬਲ ਉਪਜਾਇੰਦਾ । ਆਪਣੇ ਨੂਰ ਆਪੇ ਰਲਾ, ਆਪਣਾ ਮੇਲ ਆਪ ਮਿਲਾਇੰਦਾ । ਵਸਣਹਾਰਾ

ਨਿਹਚਲ ਧਾਮ ਅਟੱਲਾ, ਸਚ ਦਵਾਰਾ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਖੇਲ ਆਪ ਖਿਲਾਇੰਦਾ । ਹਰਿ ਪੁਰਖ ਨਿਰੰਜਣ ਨਿਰਾਕਾਰਾ, ਨਿਰਵੈਰ ਨਾਉਂ ਧਰਾਇੰਦਾ । ਆਪੇ ਵਸੇ ਸਭ ਤੋਂ ਬਾਹਰਾ, ਭੇਵ ਕੋਇ ਨਾ ਪਾਇੰਦਾ । ਆਪੇ ਜਾਣੇ ਆਪਣੀ ਧਾਰਾ, ਧਾਰ ਧਾਰ ਵਿਚ ਰਖਾਇੰਦਾ । ਅਲਖ ਅਲਖਣਾ ਖੇਲ ਅਪਾਰਾ, ਅਲਖ ਅਗੋਚਰ ਅਗੰਮ ਅਥਾਹ ਬੇਪਰਵਾਹ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਰੂਪ ਅਨੂਪ ਆਪ ਪਰਗਟਾਇੰਦਾ । ਏਕੰਕਾਰਾ ਪੁਰਖ ਅਕਾਲ, ਮਹਿਮਾ ਅਕਥ ਕਥੀ ਨਾ ਜਾਈਆ । ਵਸਣਹਾਰਾ ਸਚ ਘਰ ਸੱਚੀ ਧਰਮਸਾਲ, ਗ੍ਰਿਹ ਮੰਦਰ ਸੋਭਾ ਪਾਈਆ । ਸਦਾ ਸੁਹੇਲਾ ਚਲੇ ਨਾਲ ਨਾਲ, ਆਪਣਾ ਸੰਗ ਨਿਭਾਈਆ । ਆਪਣੀ ਕਰੇ ਆਪ ਪ੍ਰਿਤਪਾਲ, ਪ੍ਰਿਤਪਾਲਕ ਵਡ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਬੇਪਰਵਾਹੀਆ । ਆਦਿ ਨਿਰੰਜਣ ਨੂਰ ਉਜਿਆਰਾ, ਨੂਰੋ ਨੂਰ ਡਗਮਗਾਇੰਦਾ । ਆਪ ਆਪਣਾ ਕਰ ਪਸਾਰਾ, ਹਰਿ ਹਰਿ ਆਪੇ ਵੇਖ ਵਖਾਇੰਦਾ । ਆਪਣਾ ਘਾੜਨ ਘੜ ਠਠਿਆਰਾ, ਸਾਚੀ ਬਣਤ ਆਪ ਬਣਾਇੰਦਾ । ਆਪੇ ਵਸੇ ਸਚ ਦਵਾਰਾ, ਦਰ ਦਰਵਾਜ਼ਾ ਆਪ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੂਪ ਆਪ ਪਰਗਟਾਇੰਦਾ । ਅਬਿਨਾਸ਼ੀ ਕਰਤਾ ਪੁਰਖ ਅਬਿਨਾਸ, ਏਕਾ ਰੰਗ ਸਮਾਇਆ । ਆਪੇ ਜਾਣੇ ਆਪਣਾ ਖੇਲ ਤਮਾਸ਼, ਸਾਚੀ ਮੰਡਲ ਰਾਸ ਰਚਾਇਆ । ਆਪ ਆਪਣਾ ਹੋਏ ਦਾਸੀ ਦਾਸ, ਸੇਵਕ ਸੇਵਾ ਆਪ ਕਮਾਇਆ । ਆਪੇ ਲੇਖਾ ਆਪਣੇ ਨਿਜ ਮੰਦਰ ਕਰ ਕਰ ਵਾਸ, ਘਟ ਆਪਣਾ ਰੂਪ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਭੇਵ ਆਪਣੇ ਵਿਚ ਰਖਾਇਆ । ਸ੍ਰੀ ਭਗਵਾਨ ਸਰਬ ਗੁਣ ਦਾਤਾ, ਏਕਾ ਏਕ ਵਡੀ ਵਡਿਆਈਆ । ਆਪ ਬਣਾਏ ਆਪਣੀ ਜ਼ਾਤਾ, ਉਤਮ ਆਪਣੀ ਜ਼ਾਤ ਰਖਾਈਆ । ਨਾ ਕੋਈ ਪਿਤਾ ਨਾ ਕੋਈ ਮਾਤਾ, ਗੋਦੀ ਗੋਦ ਨਾ ਕੋਇ ਬਹਾਈਆ । ਨਾ ਕੋਈ ਸੁਣਾਏ ਸੁਣੇ ਗਾਥਾ, ਕਰੇ ਕਰਾਏ ਨਾ ਕੋਇ ਪੜ੍ਹਾਈਆ । ਸਰਬ ਕਲ ਆਪੇ ਸਮਰਾਥਾ, ਸਮਰਥ ਪੁਰਖ ਵਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪਣੇ ਹੱਥ ਵਖਾਈਆ । ਪਾਰਬ੍ਰਹਮ ਪ੍ਰਭ ਭੇਵ ਨਿਆਰਾ, ਅਨਭਵ ਆਪਣੀ ਧਾਰ ਚਲਾਇੰਦਾ । ਆਪਣੇ ਪਰਕਾਸ਼ ਹੋ ਉਜਿਆਰਾ, ਨੂਰ ਜ਼ਹੂਰ ਆਪ ਕਰਾਇੰਦਾ । ਆਪ ਸੁਹਾਏ ਆਪਣਾ ਸਚ ਦਵਾਰਾ, ਦਰ ਘਰ ਸਾਚਾ ਆਪ ਬਣਾਇੰਦਾ । ਕਰੇ ਖੇਲ ਏਕਾ ਵਾਰਾ, ਦੂਜੀ ਧਾਰ ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਨਿਰਗੁਣ ਹਰਿ, ਨਿਰਾਕਾਰ ਆਪਣੀ ਕਲ ਵਰਤਾਇੰਦਾ । ਸਚਖੰਡ ਦਵਾਰਾ ਸਾਚਾ ਘਰ, ਹਰਿ ਮੰਦਰ ਹਰਿ ਸੁਹਾਇੰਦਾ । ਆਪਣਾ ਘਾੜਨ ਆਪੇ ਘੜ, ਆਪੇ ਵੇਖ ਵਖਾਇੰਦਾ । ਆਪੇ ਬੈਠਾ ਅੰਦਰ ਵੜ, ਭੇਵ ਕੋਇ ਨਾ ਪਾਇੰਦਾ । ਆਪੇ ਸਚ ਸਿੰਘਾਸਣ ਬੈਠਾ ਚੜ੍ਹ, ਸਚ ਦਵਾਰੇ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੂਪ ਆਪ ਵਖਾਇੰਦਾ । ਥਿਰ ਘਰ ਸਾਚਾ ਆਪੇ ਖੋਲ੍ਹ, ਆਪਣੀ ਦਇਆ ਆਪ ਕਮਾਈਆ । ਆਪੇ ਬੈਠਾ ਰਹੇ ਅਡੋਲ, ਅਡੁਲ ਬੇਪਰਵਾਹੀਆ । ਆਪੇ ਤੋਲੇ ਆਪਣੇ ਤੋਲ, ਤੋਲਣਹਾਰਾ ਇਕ ਹੋ ਜਾਈਆ । ਆਪ ਵਜਾਏ ਆਪਣਾ ਢੋਲ, ਸਤਿ ਮਰਦੰਗਾ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਆਪੇ ਹੋਏ ਪਿਤਾ ਮਾਈਆ । ਪਿਤਾ ਮਾਤ ਹਰਿ ਨਿਰੰਕਾਰਾ, ਆਪਣਾ ਖੇਲ ਖਿਲਾਇੰਦਾ ।

ਆਪੇ ਜਣੇ ਸੁਤ ਦੁਲਾਰਾ, ਸ਼ਬਦੀ ਨਾਉਂ ਧਰਾਇੰਦਾ । ਆਪੇ ਵਣਜ ਕਰੇ ਵਣਜਾਰਾ, ਆਪਣਾ ਹੱਟ ਆਪ ਚਲਾਇੰਦਾ । ਆਪੇ ਦੇਵੇ ਸਚ ਭੰਡਾਰਾ, ਵਸਤ ਅਮੋਲਕ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰ ਆਪ ਪਰਗਟਾਇੰਦਾ । ਆਪਣੀ ਧਾਰ ਆਪੇ ਧਰ, ਹਰਿ ਸਾਚਾ ਖੇਲ ਖਿਲਾਇੰਦਾ । ਆਪਣੀ ਕਿਰਨ ਆਪਾ ਵਿਚ ਆਪੇ ਕੱਢ, ਕਰੇ ਖੇਲ ਸਾਚਾ ਹਰਿ, ਹਰਿ ਆਪਣੀ ਖੇਲ ਖਿਲਾਇੰਦਾ । ਰੂਪ ਧਰਾਏ ਨਾਰੀ ਨਰ, ਨਾਰੀ ਕੰਤ ਆਪ ਹੰਢਾਇੰਦਾ । ਆਪਣੀ ਸੇਜਾ ਆਪੇ ਚੜ੍ਹ, ਆਪ ਆਪਣਾ ਮੇਲ ਮਿਲਾਇੰਦਾ । ਆਪਣੇ ਅੰਦਰ ਆਪੇ ਵੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਧੁਰ ਫ਼ਰਮਾਨਾ ਆਪਣੇ ਹੱਥ ਰਖਾਇੰਦਾ । ਧੁਰ ਫ਼ਰਮਾਨਾ ਰਾਜ ਰਾਜਾਨਾ, ਹਰਿ ਆਪਣਾ ਆਪ ਸੁਣਾਈਆ । ਸਾਚੇ ਤਖ਼ਤ ਬੈਠ ਸ੍ਰੀ ਭਗਵਾਨਾ, ਸਾਚਾ ਸੀਸ ਤਾਜ ਸੁਹਾਈਆ । ਸਤਿ ਸਰੂਪੀ ਇਕ ਕਮਾਨਾ, ਵਡ ਬਲਵਾਨਾ ਆਪ ਉਠਾਈਆ । ਆਪੇ ਜਾਣੇ ਆਪਣਾ ਭਾਣਾ, ਆਪਣੇ ਭਾਣੇ ਸਦ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਇਛਿਆ ਆਪ ਪਰਗਟਾਈਆ । ਆਪਣੀ ਇਛਿਆ ਆਪਣੇ ਅੱਗੇ ਰੱਖ, ਹਰਿ ਹਰਿ ਸਾਚੀ ਖੇਲ ਖਿਲਾਇੰਦਾ । ਆਪਣਾ ਰੂਪ ਕਰ ਪਰਤੱਖ, ਵਿਸ਼ਵ ਵਿਸ਼ਨੂੰ ਨਾਉਂ ਧਰਾਇੰਦਾ । ਆਪ ਆਪਣਾ ਕੀਤਾ ਵੱਖ, ਭੇਵ ਕੋਏ ਨਾ ਪਾਇੰਦਾ । ਆਪਣਾ ਮਾਰਗ ਆਪੇ ਦੱਸ, ਆਪੇ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਬੰਧਨ ਆਪੇ ਪਾਇੰਦਾ । ਵਿਸ਼ਨੂੰ ਅੰਦਰ ਬੰਧਨ ਪਾ, ਆਪਣੀ ਧਾਰ ਵਹਾਈਆ । ਪਰਮਾਨੰਦਨ ਗਿਆ ਸਮਾ, ਪਾਰਬ੍ਰਹਮ ਵਡੀ ਵਡਿਆਈਆ । ਆਪਣੀ ਚਰਨ ਧੂੜੀ ਚੰਦਨ ਮਸਤਕ ਇਕ ਲਗਾ, ਏਕਾ ਨੂਰ ਨੂਰ ਰੁਸ਼ਨਾਈਆ । ਏਕਾ ਕਵਲ ਲਏ ਖਿਲ੍ਹਾ, ਕਵਲ ਕਵਲਾ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਵਿਸ਼ਨੂੰ ਅੰਦਰ ਕਵਲ ਧਾਰ, ਹਰਿ ਅੰਮ੍ਰਿਤ ਅਮਰ ਕਰਾਇੰਦਾ । ਪੁਰਖ ਅਬਿਨਾਸ਼ੀ ਹੋ ਤਿਆਰ, ਨਿਰਗੁਣ ਸਰਗੁਣ ਰੂਪ ਧਰਾਇੰਦਾ । ਜੋਤੀ ਜੋਤ ਹੋਏ ਉਜਿਆਰ, ਤਤਵ ਤਤ ਨਾ ਕੋਇ ਬਣਾਇੰਦਾ । ਆਪਣੀ ਵੰਡ ਵੰਡੇ ਅਗੰਮ ਅਪਾਰ, ਅਲਖ ਅਗੋਚਰ ਭੇਵ ਨਾ ਆਇੰਦਾ । ਆਪੇ ਬ੍ਰਹਮ ਕਰ ਪਸਾਰ, ਆਪਣਾ ਨਾਉਂ ਆਪ ਉਪਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਰਚਨਾ ਆਪ ਰਚਾਇੰਦਾ । ਆਪੇ ਬ੍ਰਹਮਾ ਵੇਤਾ ਜਾਇਆ, ਜਨਨੀ ਜਨ ਆਪ ਅਖਵਾਇੰਦਾ । ਆਪੇ ਵਿਸ਼ਨੂੰ ਗੋਦ ਉਠਾਇਆ, ਆਪ ਆਪਣੀ ਗੋਦ ਸੁਹਾਇੰਦਾ । ਆਪੇ ਸ਼ਬਦ ਅਗੰਮੀ ਇਕ ਸੁਣਾਇਆ, ਨਾਉਂ ਨਿਰੰਕਾਰਾ ਆਪ ਦ੍ਰਿੜ੍ਹਾਇੰਦਾ । ਆਪੇ ਦਾਈ ਦਾਇਆ ਬਣ ਬਣ ਸੇਵ ਕਮਾਇਆ, ਦੂਸਰ ਸੰਗ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪੇ ਵੇਖ ਵਖਾਇੰਦਾ । ਆਪੇ ਥਿਰ ਘਰ ਪਾਰ ਕਰਾਇਆ, ਮਹਿਮਾ ਅਕਥ ਕਥੀ ਨਾ ਜਾਈਆ । ਆਪੇ ਵਿਸ਼ਨ ਬ੍ਰਹਮਾ ਘਾੜਤ ਲਏ ਘੜਾਇਆ, ਘੜਨਹਾਰ ਆਪ ਹੋ ਜਾਈਆ । ਆਪੇ ਆਪਣੇ ਰੰਗ ਸਮਾਇਆ, ਰੰਗ ਰੰਗੀਲਾ ਸਾਚਾ ਮਾਹੀਆ । ਆਪੇ ਆਪਣੀ ਸੁੰਨ ਅਗੰਮ ਡੇਰਾ ਲਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਨਾ ਕਿਸੇ ਜਣਾਈਆ । ਸੁੰਨ ਅਗੰਮੀ ਹਰਿ ਸਮਾ, ਆਪਣਾ ਖੇਲ ਖਿਲਾਇੰਦਾ । ਵਿਸ਼ਨ ਬ੍ਰਹਮਾ ਦਰ ਬਹਾ, ਏਕਾ ਹੁਕਮ ਸੁਣਾਇੰਦਾ । ਕਰੇ ਖੇਲ ਸੱਚਾ ਸ਼ਹਿਨਸ਼ਾਹ, ਭੇਵ ਕੋਇ ਨਾ ਪਾਇੰਦਾ । ਆਪਣੀ ਇਛਿਆ ਲਏ ਪਰਗਟਾ, ਸਾਚੀ

੨੯੦
੧੦

੨੯੧
੧੦

ਭਿਛਿਆ ਝੋਲੀ ਪਾਇੰਦਾ । ਏਕਾ ਸ਼ੰਕਰ ਚਰਨ ਧੂੜੀ ਲਏ ਤਾ, ਰੂਪ ਅਨੂਪ ਆਪ ਵਖਾਇੰਦਾ । ਮਸਤਕ ਟਿੱਕਾ ਦੇਵੇ ਲਾ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਤਿੰਨਾਂ ਲੇਖਾ ਦਏ ਸਮਝਾ, ਏਕਾ ਗੁਣ ਜਣਾਇੰਦਾ । ਆਪੇ ਪਿਤਾ ਆਪੇ ਮਾਂ, ਆਪੇ ਬਾਲਕ ਰੂਪ ਵਟਾਇੰਦਾ । ਵਿਸ਼ਨੂੰ ਫੜੇ ਹਰਿ ਹਰਿ ਬਾਂਹ, ਬ੍ਰਹਮਾ ਸ਼ੰਕਰ ਹੱਥ ਮਿਲਾਇੰਦਾ । ਸ਼ੰਕਰ ਰੱਖ ਚਰਨ ਧਿਆਂ, ਪੁਰਖ ਅਬਿਨਾਸ਼ੀ ਇਕ ਮਨਾਇੰਦਾ । ਕਰੇ ਖੇਲ ਹਰਿ ਵਡ ਮਿਹਰਵਾਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਾਰ ਆਪ ਕਰਾਇੰਦਾ । ਵਿਸ਼ਨ ਵਿਸ਼ਵ ਕਰ ਤਿਆਰਾ, ਹਰਿ ਸਾਚੇ ਦਇਆ ਕਮਾਈਆ । ਏਕਾ ਬਖ਼ਸ਼ੇ ਚਰਨ ਸਹਾਰਾ, ਏਕਾ ਓਟ ਰਿਹਾ ਸਮਝਾਈਆ । ਏਕਾ ਸਤਿ ਦਏ ਭੰਡਾਰਾ, ਸਤੋ ਗੁਣੀ ਨਾਮ ਰਖਾਈਆ । ਏਕਾ ਬ੍ਰਹਮਾ ਕਰੇ ਭਿਖਾਰਾ, ਏਕਾ ਵਸਤ ਰਿਹਾ ਦਰਸਾਈਆ । ਏਕਾ ਨਾਮ ਕਰੇ ਉਜਿਆਰਾ, ਨਿਸ਼ਅੱਖਰ ਕਰੇ ਪੜ੍ਹਾਈਆ । ਚਾਰੇ ਮੁਖ ਦਏ ਸਹਾਰਾ, ਰਸਨਾ ਜਿਹਵਾ ਆਪ ਹਲਾਈਆ । ਆਪੇ ਖੋਲ੍ਹੇ ਬੰਦ ਕਿਵਾੜਾ, ਪਾਰਬ੍ਰਹਮ ਬ੍ਰਹਮ ਏਕਾ ਗੁਣ ਜਣਾਈਆ । ਆਪੇ ਬਣੇ ਸਚ ਲਿਖਾਰਾ, ਆਪਣਾ ਭੇਵ ਆਪ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਧੁਰ ਦਰਗਾਹੀਆ । ਧੁਰਦਰਗਾਹੀ ਖੇਲ ਖਿਲਾਇੰਦਾ, ਪੁਰਖ ਅਬਿਨਾਸ਼ੀ ਬੇਪਰਵਾਹ । ਭੋਲਾ ਨਾਥ ਆਪ ਜਗਾਇੰਦਾ, ਚਰਨ ਕਵਲ ਲਏ ਛੁਹਾ । ਸਾਚੀ ਧੂੜੀ ਖ਼ਾਕ ਰਮਾਇੰਦਾ, ਸੀਸ ਜਗਦੀਸ਼ ਆਪਣੇ ਚਰਨਾਂ ਹੇਠ ਦਬਾ । ਏਕਾ ਹੁਕਮੀ ਹੁਕਮ ਸੁਣਾਇੰਦਾ, ਹਰਿ ਜੂ ਰਖੇ ਆਪਣੀ ਸਦ ਰਜ਼ਾ । ਏਕਾ ਸ਼ਸਤਰ ਹੱਥ ਵਖਾਇੰਦਾ, ਤਿੰਨਾਂ ਮੂਲ ਤ੍ਰਿਸੂਲ ਦਏ ਵਖਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਵਸਤ ਦਏ ਫੜਾ । ਸਾਚੀ ਵਸਤ ਹਰਿ ਨਿਰੰਕਾਰਾ, ਸਤਿ ਸਤਿ ਆਪ ਵਰਤਾਈਆ । ਵਿਸ਼ਨੂੰ ਦੇਵੇ ਇਕ ਆਧਾਰਾ, ਭੁਲ ਕਦੇ ਨਾ ਜਾਈਆ । ਬ੍ਰਹਮੇ ਦੇਵੇ ਚਰਨ ਕਵਲ ਇਕ ਸਹਾਰਾ, ਏਕਾ ਦਰ ਵਖਾਈਆ । ਏਕਾ ਸ਼ਬਦ ਇਕ ਜੈਕਾਰਾ, ਏਕਾ ਕਰੇ ਪੜ੍ਹਾਈਆ । ਸ਼ੰਕਰ ਬਣਾਏ ਇਕ ਵਣਜਾਰਾ, ਏਕਾ ਗੁਣ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਾਜਸ ਤਾਮਸ ਤਾਮਸ ਰਾਜਸ ਸਾਂਤਕ ਸੰਗ ਆਪ ਨਿਭਾਈਆ । ਤ੍ਰੈਗੁਣ ਤੱਤ ਆਪ ਉਪਾ, ਹਰਿ ਤ੍ਰੈਗੁਣ ਮੇਲ ਮਿਲਾਇਆ । ਕਰਿਆ ਖੇਲ ਬੇਪਰਵਾਹ, ਭੇਵ ਕਿਸੇ ਨਾ ਆਇਆ । ਚਾਰੇ ਵੇਦ ਰਹੇ ਸਾਲਾਹ, ਸਿਫ਼ਤੀ ਸਿਫ਼ਤ ਹਰਿ ਸਾਲਾਹਿਆ । ਵਿਸ਼ਨ ਬ੍ਰਹਮਾ ਸ਼ਿਵ ਢਹਿ ਢਹਿ ਪਏ ਸਰਨਾ, ਚਰਨ ਕਵਲ ਧਿਆਨ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਆਪ ਉਠਾਇਆ । ਹਰਿ ਪਰਦਾ ਆਪ ਉਠਾਇੰਦਾ, ਕਰ ਕਿਰਪਾ ਗੁਣ ਨਿਧਾਨ । ਵਿਸ਼ਨੂੰ ਇਕ ਨਿਸ਼ਾਨ ਵਖਾਇੰਦਾ, ਸਤਿ ਪੁਰਖ ਨਿਰੰਜਣ ਹੋ ਮਿਹਰਵਾਨ । ਬ੍ਰਹਮਾ ਇਕ ਗਿਆਨ ਦ੍ਰਿੜਾਇੰਦਾ, ਸੋ ਪੁਰਖ ਨਿਰੰਜਣ ਗੁਣ ਨਿਧਾਨ । ਸ਼ੰਕਰ ਏਕਾ ਘਰ ਬਹਾਇੰਦਾ, ਹਰਿ ਪੁਰਖ ਨਿਰੰਜਣ ਦੇਵੇ ਦਾਨ । ਏਕੰਕਾਰਾ ਹੁਕਮ ਸੁਣਾਇੰਦਾ, ਭੁਲ ਨਾ ਜਾਏ ਬਣ ਨਾਦਾਨ । ਆਦਿ ਨਿਰੰਜਣ ਦੀਪ ਜਗਾਇੰਦਾ, ਜੋਤੀ ਨੂਰ ਹੋਏ ਮਹਾਨ । ਸ੍ਰੀ ਭਗਵਾਨ ਮਾਰਗ ਪਾਇੰਦਾ, ਦੇਵੇ ਧੁਰ ਫ਼ਰਮਾਨ । ਅਬਿਨਾਸ਼ੀ ਕਰਤਾ ਉਂਗਲੀ ਲਾਇੰਦਾ, ਆਪ ਵਖਾਏ ਸਚ ਮਕਾਨ । ਪਾਰਬ੍ਰਹਮ ਆਪਣਾ ਦਰਸ ਦਿਖਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਹੋਏ ਜਾਣੀ ਜਾਣ । ਪਾਰਬ੍ਰਹਮ ਹਰਿ ਜਾਣਦਾ, ਜਾਣਣਹਾਰ ਕਰਤਾਰ । ਵਿਸ਼ਨ ਬ੍ਰਹਮਾ ਸ਼ਿਵ ਕੀ ਲੇਖਾ ਜਾਣੇ ਸ੍ਰੀ ਭਗਵਾਨ ਦਾ, ਸ੍ਰੀ ਭਗਵਾਨ ਗੁਣ ਨਿਧਾਨ । ਆਦਿ ਜੁਗਾਦਿ ਲੇਖਾ ਇਕ ਮਿਹਰਵਾਨ ਦਾ, ਮਿਹਰਵਾਨ

ਨੌਜਵਾਨ । ਬਾਲ ਅੰਞਾਣੇ ਆਪ ਉਠਾਲ ਦਾ, ਦਰ ਦਵਾਰੇ ਦੇਵੇ ਮਾਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਰਖਾਏ ਸਾਚੀ ਆਣ । ਹਰਿ ਏਕਾ ਆਣ ਰਖਾਇੰਦਾ, ਵਿਸ਼ਨ ਬ੍ਰਹਮਾ ਸ਼ਿਵ ਜਗਾ । ਹਰਿ ਏਕਾ ਬੰਧਨ ਪਾਇੰਦਾ, ਨਾ ਸਕੇ ਕੋਇ ਤੁੜਾ । ਹਰਿ ਏਕਾ ਅੰਦਰ ਬਹਾਇੰਦਾ, ਚਰਨ ਕਵਲ ਦਏ ਸਮਝਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦ ਦਏ ਖੁਲ੍ਹਾ । ਹਰਿ ਸਾਚਾ ਭੇਦ ਖੁਲ੍ਹਾਇੰਦਾ, ਨਾਉਂ ਨਿਰੰਕਾਰਾ ਆਪੇ ਬੋਲ । ਵਿਸ਼ਨ ਬ੍ਰਹਮਾ ਸ਼ਿਵ ਜਗਾਇੰਦਾ, ਨਾਦ ਵਜਾਏ ਆਪਣਾ ਢੋਲ । ਸਾਚੀ ਸੇਵਾ ਆਪ ਵਖਾਇੰਦਾ, ਤ੍ਰੈ ਤ੍ਰੈ ਕੰਡੇ ਤੋਲ । ਲੱਖ ਚੁਰਾਸੀ ਝੋਲੀ ਪਾਇੰਦਾ, ਆਪ ਬਣਿਆ ਰਹੇ ਅਨਭੋਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਜੋਤ ਆਪੇ ਰਿਹਾ ਮੌਲ । ਲੱਖ ਚੁਰਾਸੀ ਘਾੜਨ ਘੜਨਾ, ਸੋ ਪੁਰਖ ਨਿਰੰਜਣ ਆਪ ਸਮਝਾਇੰਦਾ । ਤ੍ਰੈ ਤ੍ਰੈ ਲੇਖਾ ਆਪੇ ਵਰਨਾ, ਦੂਸਰ ਅਵਰ ਨਾ ਕੋਇ ਪਰਨਾਇੰਦਾ । ਇਕ ਦੂਜੇ ਦਾ ਲੜ ਫੜਨਾ, ਭੁਲ ਕੋਇ ਨਾ ਜਾਇੰਦਾ । ਵਿਸ਼ਨੂੰ ਭੰਡਾਰਾ ਘਰ ਘਰ ਧਰਨਾ, ਦਰ ਦਰ ਰਿਜ਼ਕ ਸਬਾਇੰਦਾ । ਬ੍ਰਹਮਾ ਬ੍ਰਹਮ ਰੂਪ ਜੀਵ ਜੰਤ ਕਰਨਾ, ਤੇਰੀ ਵੰਡ ਵੰਡਾਇੰਦਾ । ਸ਼ੰਕਰ ਤੇਰੇ ਹੱਥ ਰਖਾਇਆ ਮਰਨਾ, ਜੋ ਘੜਿਆ ਭੰਨ ਵਖਾਇੰਦਾ । ਤਿੰਨਾਂ ਵਿਚੋਲਾ ਆਪੇ ਬਣਨਾ, ਸ਼ਬਦ ਸਨੇਹੜਾ ਇਕ ਸੁਣਾਇੰਦਾ । ਮੇਰਾ ਲੇਖ ਕਿਸੇ ਨਾ ਪੜ੍ਹਨਾ, ਲੋਕਮਾਤ ਹੱਥ ਕਿਸੇ ਨਾ ਆਇੰਦਾ । ਮੇਰੇ ਪੌੜੇ ਕਿਸੇ ਨਾ ਚੜ੍ਹਨਾ, ਆਪਣਾ ਪੌੜਾ ਆਪਣੇ ਵਿਚ ਛੁਪਾਇੰਦਾ । ਆਦਿ ਜੁਗਾਦਿ ਵਿਸ਼ਨ ਬ੍ਰਹਮਾ ਸ਼ਿਵ ਆਪਣੀ ਬਖ਼ਸ਼ੇ ਸਾਚੀ ਸਰਨਾ, ਚਰਨ ਕਵਲ ਧਿਆਨ ਇਕ ਵਖਾਇੰਦਾ । ਆਪਣੀ ਕਰੇ ਆਪੇ ਕਰਨਾ, ਕਰਤਾ ਪੁਰਖ ਆਪਣਾ ਨਾਉਂ ਧਰਾਇੰਦਾ । ਨਾ ਜੰਮੇ ਨਾ ਕਦੇ ਮਰਨਾ, ਅਨੁਭਵ ਆਪਣਾ ਰੂਪ ਪਰਗਟਾਇੰਦਾ । ਏਕਾ ਲੜ ਹਰਿ ਹਰਿ ਫੜਨਾ, ਪੁਰਖ ਅਬਿਨਾਸ਼ੀ ਆਪ ਫੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮਾ ਸ਼ਿਵ ਆਪ ਸਮਝਾਇੰਦਾ । ਹਰਿ ਸਮਝਾਇਆ ਸ਼ਬਦ ਗੁਣ, ਤ੍ਰੈਗੁਣ ਤੱਤ ਵਿਚਾਰ । ਆਦਿ ਜੁਗਾਦਿ ਫ਼ਰਯਾਦ ਲਏ ਸੁਣ, ਅਭੁਲ ਗੁਰ ਕਰਤਾਰ । ਆਪਣੇ ਵਿਚੋਂ ਕੱਢੇ ਚੁਣ, ਆਪ ਆਪਾ ਕਰ ਪਿਆਰ । ਆਪ ਵਜਾਏ ਆਪਣੀ ਧੁੰਨ, ਨਾਦ ਅਨਾਦੀ ਇਕ ਸਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਿੰਨਾਂ ਦੇਵੇ ਇਕ ਆਧਾਰ । ਤਿੰਨਾਂ ਸੁਣਿਆ ਹਰਿ ਕਾ ਭਾਓ, ਭੈ ਵਿਚ ਬੈਠੇ ਸੀਸ ਝੁਕਾਈਆ । ਪ੍ਰਭ ਤੇਰੀ ਸੇਵਾ ਕਰਨ ਦਾ ਸਦਾ ਚਾਓ, ਚਾਓ ਘਨੇਰਾ ਇਕ ਰਖਾਈਆ । ਸਾਡੀ ਦਾਤ ਤੇਰਾ ਨਾਉਂ, ਵਿਸਰ ਕਦੇ ਨਾ ਜਾਈਆ । ਸਾਡੀ ਮਾਤ ਤੂੰ ਸਾਚੀ ਮਾਉਂ, ਪਿਤਾ ਤੇਰੀ ਗੋਦ ਸੁਹਾਈਆ । ਆਦਿ ਜੁਗਾਦਿ ਪਕੜਨਾ ਬਾਹੋਂ, ਹਉਂ ਬਾਲਕ ਬਾਲ ਸਖਾਈਆ । ਸਦਾ ਸਦ ਰੱਖਣੀ ਠੰਡੀ ਛਾਉਂ, ਸਮਰਥ ਤੇਰੀ ਵਡਿਆਈਆ । ਤੇਰੇ ਹੱਥ ਸਾਡਾ ਨਿਆਉਂ, ਨਿਉਂ ਨਿਉਂ ਬੈਠੇ ਨੀਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਹੋਏ ਸਦਾ ਸਹਾਈਆ । ਸਦਾ ਸਹਾਈ ਹੋਵਣਾ, ਤਿੰਨਾਂ ਕਰੀ ਪੁਕਾਰ । ਲੱਖ ਚੁਰਾਸੀ ਤੇਰਾ ਨਾਉਂ ਬੀਜ ਬੋਵਣਾ, ਲੋਕਮਾਤ ਹੋਏ ਉਜਿਆਰ । ਤੇਰਾ ਰੂਪ ਤੇਰਾ ਰੰਗ ਤੇਰਾ ਸੰਗ ਕਦੇ ਨਾ ਖੋਵਣਾ, ਬੇਐਬ ਪਰਵਰਦਿਗਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਬਖ਼ਸ਼ੀ ਸਚ ਪਿਆਰ । ਸਚ ਪਿਆਰ ਮੰਗਦਾ, ਵਿਸ਼ਨੂੰ ਨੈਣ ਉਠਾ । ਹਰਿ ਹਰਿ ਚੋਲੀ ਰੰਗਦਾ, ਰੰਗ ਮਜੀਠੀ ਇਕ ਚੜ੍ਹਾ । ਸ਼ੰਕਰ ਵੇਖੇ ਖੇਲ ਸੂਰੇ ਸਰਬੰਗ ਦਾ, ਚਰਨ ਧੂੜੀ ਤਨ ਰਮਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਿੰਨਾਂ ਦੇਵੇ


੨੯੨
੧੦

ਇਕ ਸਲਾਹ । ਸਚ ਸਲਾਹ ਦੇਵਣਹਾਰਾ, ਏਕਾ ਹੁਕਮ ਜਣਾਈਆ । ਲੱਖ ਚੁਰਾਸੀ ਕਰ ਆਕਾਰਾ, ਨਿਰਗੁਣ ਸਰਗੁਣ ਰੂਪ ਧਰਾਈਆ । ਘਰ ਘਰ ਅੰਦਰ ਭਰ ਭੰਡਾਰਾ, ਵਸਤ ਅਮੋਲਕ ਆਪ ਵਰਤਾਈਆ । ਘਟ ਘਟ ਅੰਦਰ ਕਰ ਉਜਿਆਰਾ, ਜੋਤੀ ਨੂਰ ਕਰੇ ਰੁਸ਼ਨਾਈਆ । ਘਰ ਘਰ ਅੰਮ੍ਰਿਤ ਭਰ ਭੰਡਾਰਾ, ਕਵਲੀ ਮੁਖ ਸੁਹਾਈਆ । ਘਰ ਨਾਦ ਸੱਚੀ ਧੁੰਨਕਾਰਾ, ਅਨਹਦ ਆਪ ਅਲਾਈਆ । ਘਰ ਘਰ ਮੰਦਰ ਕਰ ਪਸਾਰਾ, ਘਰ ਘਰ ਵਿਚ ਦਏ ਵਡਿਆਈਆ । ਘਰ ਘਰ ਨਾਰੀ ਕੰਤ ਭਤਾਰਾ, ਘਰ ਘਰ ਸੇਜ ਹੰਢਾਈਆ । ਘਰ ਘਰ ਸਖ਼ੀਆਂ ਮੰਗਲਚਾਰਾ, ਘਰ ਘਰ ਗੀਤ ਗੋਬਿੰਦ ਅਲਾਈਆ । ਘਰ ਘਰ ਵਸੇ ਧੂਆਂਧਾਰਾ, ਘਰ ਘਰ ਸੁੰਜ ਮਸਾਣ ਵਖਾਈਆ । ਘਰ ਘਰ ਵਸਾਏ ਕਾਮ ਕਰੋਧ ਲੋਭ ਮੋਹ ਹੰਕਾਰਾ, ਘਰ ਘਰ ਆਸਾ ਤ੍ਰਿਸ਼ਨਾ ਨਾਚ ਨਚਾਈਆ । ਘਰ ਘਰ ਜੂਠ ਝੂਠ ਕਰ ਪਸਾਰਾ, ਘਰ ਘਰ ਹਉਮੇ ਹੰਗਤਾ ਗੜ੍ਹ ਬਣਾਈਆ । ਘਰ ਘਰ ਭੁੱਖਾ ਨੰਗਤਾ ਫਿਰੇ ਵਾਰੋ ਵਾਰਾ, ਘਰ ਘਰ ਕਰੇ ਸੱਚੀ ਸ਼ਹਿਨਸ਼ਾਹੀਆ । ਘਰ ਘਰ ਹੋਵੇ ਚੋਬਦਾਰਾ, ਘਰ ਘਰ ਬੈਠਾ ਅਲਖ ਜਗਾਈਆ । ਘਰ ਘਰ ਵਿਸ਼ਨੂੰ ਦਏ ਸਹਾਰਾ, ਘਰ ਘਰ ਬ੍ਰਹਮਾ ਬ੍ਰਹਮ ਜੋਤ ਪਰਗਟਾਈਆ । ਘਰ ਘਰ ਸ਼ੰਕਰ ਵਜਾਏ ਤਾਲ ਨਗਾਰਾ, ਹੱਥ ਤ੍ਰਿਸ਼ੂਲ ਉਠਾਈਆ । ਘਰ ਘਰ ਲੱਖ ਚੁਰਾਸੀ ਕਰੇ ਖੇਲ ਆਪ ਕਰਤਾਰਾ, ਦਿਸ ਕਿਸੇ ਨਾ ਆਈਆ । ਬ੍ਰਹਮਾ ਵਿਸ਼ਨ ਸ਼ਿਵ ਹਰਿ ਦਏ ਹੁਲਾਰਾ, ਪੁਰਖ ਅਬਿਨਾਸ਼ੀ ਦਇਆ ਕਮਾਈਆ । ਸੇਵਕ ਸੇਵਾ ਲਾਏ ਸੇਵਾਦਾਰਾ, ਸਾਚੀ ਸੇਵਾ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਵੇਖ ਵਖਾਈਆ । ਲੱਖ ਚੁਰਾਸੀ ਕਰ ਤਿਆਰ, ਬ੍ਰਹਮਾ ਵਿਸ਼ਨ ਸ਼ਿਵ ਸ਼ੰਕਰ ਮਨਾਇਆ । ਪੁਰਖ ਅਬਿਨਾਸ਼ੀ ਤੇਰੀ ਧਾਰ, ਤੇਰੇ ਅੱਗੇ ਦਏ ਟਿਕਾਇਆ । ਹਉਂ ਸਰਗੁਣ ਰੂਪ ਘੜਨੇਹਾਰ, ਨਿਰਗੁਣ ਤੇਰੀ ਵੰਡ ਵੰਡਾਇਆ । ਤੂੰ ਦਾਤਾ ਅੰਦਰ ਬਾਹਰ, ਗੁਪਤ ਜ਼ਾਹਰ ਤੇਰਾ ਖੇਲ ਖਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਵੇਲਾ ਕਵਣ ਵਕ਼ਤ ਕਵਣ ਵਾਰ ਕਵਣ ਥਿਤ ਕਵਣ ਰੂਪ ਕਰੇ ਹਿਤ, ਕਵਣ ਧਾਮ ਕਵਣ ਰਾਮ ਕਵਣ ਰੂਪ ਧਰੇ ਭਗਵਾਨ, ਨਿਰਗੁਣ ਨਿਰਗੁਣ ਮੇਲਾ ਲਏ ਮਿਲਾਇਆ । ਨਿਰਗੁਣ ਹਰਿ ਸਮਝਾਇੰਦਾ, ਨਿਰੰਕਾਰ ਕਰਤਾਰ । ਲੱਖ ਚੁਰਾਸੀ ਸਰਗੁਣ ਰੂਪ ਵਖਾਇੰਦਾ, ਲੋਕਮਾਤ ਖੇਲ ਅਪਾਰ । ਪੰਜ ਤੱਤ ਚੋਲਾ ਆਪ ਹੰਢਾਇੰਦਾ, ਮਨ ਮਤ ਬੁਧ ਦਏ ਆਧਾਰ । ਜੁਗ ਜੁਗ ਆਪਣੀ ਵੰਡ ਵੰਡਾਇੰਦਾ, ਆਪੇ ਹੋਏ ਵੰਡਣਹਾਰ । ਆਪਣਾ ਵੇਸ ਆਪ ਕਰਾਇੰਦਾ, ਵੇਸ ਅਵਲੜਾ ਏਕੰਕਾਰ । ਆਪਣਾ ਨਾਉਂ ਆਪ ਪਰਗਟਾਇੰਦਾ, ਆਪੇ ਬੋਲੇ ਸਚ ਜੈਕਾਰ । ਆਪਣਾ ਪਰਦਾ ਆਪ ਉਠਾਇੰਦਾ, ਆਪੇ ਅੰਦਰ ਆਪੇ ਬਾਹਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਪਰ ਅਪਾਰ । ਅਪਰ ਅਪਾਰਾ ਖੇਲ ਖਿਲਾਵਣਾ, ਹਰਿ ਸਾਚਾ ਸਚ ਸਮਝਾਏ । ਲੱਖ ਚੁਰਾਸੀ ਤਨ ਹੰਢਾਵਣਾ, ਘਟ ਘਟ ਅੰਦਰ ਜੋਤ ਜਗਾਏ । ਨਿਰਗੁਣ ਸਰਗੁਣ ਮੇਲ ਮਿਲਾਵਣਾ, ਸਰਗੁਣ ਨਿਰਗੁਣ ਏਕਾ ਰੰਗ ਰੰਗਾਏ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਆਪਣੀ ਅੰਸ ਬਣਾਵਣਾ, ਸੁਤ ਦੁਲਾਰੇ ਲਏ ਉਠਾਏ । ਚਾਰੇ ਵੇਦਾਂ ਆਪ ਪੜ੍ਹਾਵਣਾ, ਆਪਣੀ ਵਿਦਿਆ ਆਪ ਜਣਾਏ । ਚਾਰੇ ਖਾਣੀ ਆਪ ਉਪਜਾਵਣਾ, ਅੰਡਜ ਜੇਰਜ ਉਤਭੁਜ ਸੇਤਜ ਆਪਣੇ ਲੇਖੇ ਲਏ ਲਗਾਏ । ਨੌ ਦਵਾਰੇ ਆਪ ਖੁਲ੍ਹਾਵਣਾ, ਜਗਤ ਵਾਸਨਾ ਵਿਚ ਰਖਾਏ । ਨੌ ਖੰਡ ਪ੍ਰਿਥਮੀ ਆਪ ਪਰਗਟਾਵਣਾ, ਧਰਨੀ ਧਰਤ ਧਵਲ ਦਏ ਵਡਿਆਏ । ਚਾਰ ਜੁਗ ਗੇੜਾ

ਆਪ ਦਿਵਾਵਣਾ, ਚਾਰੇ ਕੁੰਟਾਂ ਫੇਰਾ ਪਾਏ । ਚਾਰੇ ਵਰਨਾਂ ਆਪ ਉਪਜਾਵਣਾ, ਸ਼ਤਰੀ ਬ੍ਰਹਿਮਣ ਸ਼ੂਦਰ ਵੈਸ਼ ਨਾਉਂ ਧਰਾਏ । ਨੌ ਸੌ ਚੁਰਾਨਵੇ ਚੌਕੜੀ ਜੁਗ ਗੇੜਾ ਆਪਣੇ ਹੱਥ ਰਖਾਵਣਾ, ਵਿਸ਼ਨ ਬ੍ਰਹਮਾ ਸ਼ਿਵ ਸੇਵ ਕਮਾਏ । ਗੁਰ ਅਵਤਾਰ ਸੇਵਾ ਲਾਵਣਾ, ਲੋਕਮਾਤ ਕਰੇ ਰੁਸ਼ਨਾਏ । ਭਗਤ ਭਗਵੰਤ ਭੇਵ ਖੁਲ੍ਹਾਵਣਾ, ਸਾਚੇ ਸੰਤਾਂ ਏਕਾ ਬੂਝ ਬੁਝਾਏ । ਗੁਰਮੁਖ ਗੁਰ ਗੁਰ ਗੋਦ ਬਹਾਵਣਾ, ਆਪ ਆਪਣਾ ਦਰਸ ਕਰਾਏ । ਗੁਰਸਿਖ ਸਾਚਾ ਸੰਸਾ ਲਾਹਵਣਾ, ਸਤਿਗੁਰ ਪੂਰਾ ਨਜ਼ਰੀ ਆਏ । ਜੁਗ ਚੌਕੜੀ ਆਪਣਾ ਬੰਧਨ ਪਾਵਣਾ, ਨਾ ਕੋਈ ਤੋੜੇ ਤੋੜ ਤੁੜਾਏ । ਬ੍ਰਹਮਾ ਵਿਸ਼ਨ ਸ਼ਿਵ ਭੁਲ ਨਾ ਜਾਵਣਾ, ਪੁਰਖ ਅਬਿਨਾਸ਼ੀ ਆਪ ਸਮਝਾਏ । ਦਵਾਰੇ ਬਹਿ ਬਹਿ ਏਕਾ ਗਾਵਣਾ, ਸੋ ਪੁਰਖ ਨਿਰੰਜਣ ਇਕ ਧਿਆਏ । ਕਲਜੁਗ ਵੇਲਾ ਅੰਤਮ ਆਵਣਾ, ਅਬਿਨਾਸ਼ੀ ਕਰਤਾ ਹੋਏ ਸਹਾਏ । ਨਿਰਗੁਣ ਆਪਣਾ ਵੇਸ ਵਟਾਵਣਾ, ਜੋਤੀ ਜਾਮਾ ਕਰ ਰੁਸ਼ਨਾਏ । ਮੰਦਰ ਮਸਜਿਦ ਗੁਰੂਦਵਾਰ ਨਾ ਕੋਇ ਬਣਾਵਣਾ, ਆਪਣੀ ਕਲ ਆਪ ਵਰਤਾਏ । ਸਾਚਾ ਸ਼ਬਦ ਅਗੰਮੀ ਢੋਲਾ ਏਕਾ ਗਾਵਣਾ, ਲਿਖਣ ਪੜ੍ਹਨ ਵਿਚ ਨਾ ਆਏ । ਦੋ ਜਾਹਾਨਾਂ ਖੇਲ ਖਿਲਾਵਣਾ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਪਣਾ ਹੁਕਮ ਸੁਣਾਏ । ਗੁਰਮੁਖ ਸਾਚੇ ਮਾਤ ਜਗਾਵਣਾ, ਜੁਗ ਜੁਗ ਵਿਛੜੇ ਲਏ ਮਿਲਾਏ । ਚਾਰੇ ਵੇਦਾਂ ਫੋਲ ਫੁਲਾਵਣਾ, ਬ੍ਰਹਮਾ ਵੇਤਾ ਨਾਲ ਰਲਾਏ । ਪੁਰਾਨ ਅਠਾਰਾਂ ਭੇਵ ਖੁਲ੍ਹਾਵਣਾ, ਵੇਦ ਵਿਆਸਾ ਆਪ ਉਠਾਏ । ਗੀਤਾ ਗਿਆਨ ਆਪ ਦ੍ਰਿੜਾਵਣਾ, ਅਠਾਰਾਂ ਧਿਆਏ ਆਪੇ ਗਾਏ । ਅੰਜੀਲ ਕ਼ੁਰਾਨਾ ਪਰਦਾ ਲਾਹਵਣਾ, ਤੀਸ ਬਤੀਸਾ ਏਕਾ ਗ੍ਰਹਿ ਦਏ ਸੁਣਾਏ । ਖਾਣੀ ਬਾਣੀ ਆਪੇ ਗਾਵਣਾ, ਰਾਗ ਛਤੀਸ ਰਹੇ ਸ਼ਰਮਾਏ । ਵਿਸ਼ਨੂੰ ਤੇਰਾ ਕੌਲ ਨਿਭਾਵਣਾ, ਪੁਰਖ ਅਬਿਨਾਸ਼ੀ ਹੋਏ ਸਹਾਏ । ਬ੍ਰਹਮਾ ਤੇਰਾ ਬ੍ਰਹਮ ਰੂਪ ਤੇਰੇ ਵਿਚ ਟਿਕਾਵਣਾ, ਸਿਰ ਆਪਣਾ ਹੱਥ ਰਖਾਏ । ਸ਼ੰਕਰ ਤੇਰੀ ਪਿਆਸ ਬੁਝਾਵਣਾ, ਲੱਖ ਚੁਰਾਸੀ ਤੇਰੀ ਝੋਲੀ ਪਾਏ । ਪੂਰਬ ਲੇਖਾ ਪੂਰ ਕਰਾਂਵਦਾ, ਪਾਰਬ੍ਰਹਮ ਬੇਪਰਵਾਹੇ । ਨਾਨਕ ਮੇਲਾ ਮੇਲ ਮਿਲਾਵਣਾ, ਗੋਬਿੰਦ ਏਕਾ ਘਰ ਵਖਾਏ । ਸੰਬਲ ਨਗਰੀ ਧਾਮ ਸੁਹਾਵਣਾ, ਧਰਤ ਧਵਲ ਨਾ ਕੋਇ ਵਡਿਆਏ । ਬਾਢੀ ਕੋਇ ਨਾ ਬਣਤ ਬਣਾਵਣਾ, ਛੱਪਰ ਛੰਨ ਨਾ ਕੋਇ ਛੁਹਾਏ । ਤਿੰਨ ਸੌ ਸੱਠ ਹਾਡੀ ਜੋੜ ਜੁੜਾਵਣਾ, ਬਹੱਤਰ ਨਾੜ ਮੇਲ ਮਿਲਾਏ । ਅੰਦਰ ਵੜ ਵੜ ਆਸਣ ਲਾਵਣਾ, ਉਚੇ ਟਿੱਲੇ ਪਰਬਤ ਸੋਭਾ ਪਾਏ । ਗੌੜ ਬ੍ਰਹਿਮਣ ਖੇਲ ਖਿਲਾਵਣਾ, ਪੂਤ ਸਪੂਤ ਏਕਾ ਜਾਏ । ਵਿਸ਼ਨੂੰ ਫੜਾਏ ਆਪਣਾ ਦਾਮਨਾ, ਦਾਮਨਗੀਰ ਸੱਚਾ ਪਾਤਸ਼ਾਹੇ । ਬ੍ਰਹਮਾ ਤੇਰਾ ਅੰਕ ਆਪਣੇ ਵਿਚ ਸਮਾਵਣਾ, ਅੰਗੀਕਾਰ ਆਪ ਕਰਾਏ । ਸ਼ੰਕਰ ਤੇਰਾ ਪੰਧ ਮੁਕਾਵਣਾ, ਥਿਰ ਕੋਇ ਰਹਿਣ ਨਾ ਪਾਏ । ਚੌਥੇ ਜੁਗ ਆਪ ਮਿਟਾਵਣਾ, ਨਿਹਕਲੰਕ ਨਾਉਂ ਰਖਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਿਸ਼ਨ ਬ੍ਰਹਮਾ ਸ਼ਿਵ ਦੇਵੇ ਵਰ, ਵਰ ਦਾਤਾ ਹਰਿ ਰਘਰਾਏ । ਵਰ ਦੀਆ ਹਰਿ ਭਗਵਾਨ, ਸੋ ਪੁਰਖ ਨਿਰੰਜਣ ਦਇਆ ਕਮਾਈਆ । ਅੰਤਮ ਮਿਟੇ ਕਲ ਨਿਸ਼ਾਨ, ਕਾਲ ਮਹਾਕਾਲ ਕਰੇ ਸਫਾਈਆ । ਪਰਗਟ ਹੋਏ ਆਪ ਦਿਆਲ, ਦੀਨਨ ਵੇਖੇ ਥਾਉਂ ਥਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਹਰਿਜਨ ਸਾਚੇ ਲਏ ਮਿਲਾਈਆ । ਸਤਿਜੁਗ ਤ੍ਰੇਤਾ ਦਵਾਪਰ ਜਨਮ ਜਨਮ ਘਾਲ ਜੋ ਰਹੇ ਘਾਲ, ਪੂਰਬ ਲੇਖਾ ਲੇਖੇ ਪਾਈਆ । ਹਾਲ ਮੁਰੀਦਾਂ ਸੁਣੇ ਆਣ, ਮੁਰਸ਼ਦ ਬਣੇ ਬੇਪਰਵਾਹੀਆ । ਦੀਦ ਈਦ ਦੋ ਜਹਾਨ, ਜਲਵਾ ਨੂਰ ਆਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਸਮਝਾਈਆ । ਕਲਜੁਗ ਅੰਤਮ ਆਵਣਾ, ਪੁਰਖ

ਅਗੰਮ ਅਪਾਰ । ਨਿਰਗੁਣ ਰੂਪ ਧਰਾਵਣਾ, ਦਿਸ ਆਏ ਨਾ ਵਿਚ ਸੰਸਾਰ । ਸ਼ਬਦ ਖੰਡਾ ਇਕ ਚਮਕਾਵਣਾ, ਦੋ ਜਹਾਨਾਂ ਮਾਰੇ ਮਾਰ । ਬ੍ਰਹਿਮੰਡਾਂ ਵੇਖ ਵਖਾਵਣਾ, ਲੋਆਂ ਪੁਰੀਆਂ ਦਏ ਹੁਲਾਰ । ਵਿਸ਼ਨ ਬ੍ਰਹਮਾ ਸ਼ਿਵ ਪੰਧ ਮੁਕਾਵਣਾ, ਕਰੋੜ ਤੇਤੀਸਾ ਕਰ ਖ਼ਵਾਰ । ਸੁਰਪਤ ਰਾਜਾ ਇੰਦ ਰਹਿਣ ਨਾ ਪਾਵਣਾ, ਵੇਲੇ ਅੰਤਮ ਆਵੇ ਹਾਰ । ਚੌਥੇ ਜੁਗ ਪੰਧ ਮੁਕਾਵਣਾ, ਜੁਗ ਚੌਕੜੀ ਪਾਰ ਕਿਨਾਰ । ਚਾਰੇ ਵੇਦਾਂ ਵਕਤ ਮੁਕਾਵਣਾ, ਪੁਰਾਨ ਅਠਾਰਾਂ ਬੰਨ੍ਹੇ ਭਾਰ । ਸ਼ਾਸਤਰ ਸਿਮਰਤ ਮੁਖ ਛੁਪਾਵਣਾ, ਉਚੀ ਕੂਕ ਨਾ ਕਰੇ ਪੁਕਾਰ । ਗੀਤਾ ਗਿਆਨ ਆਪਣੇ ਵਿਚ ਟਿਕਾਵਣਾ, ਧਰ ਰੂਪ ਸ੍ਰੀ ਭਗਵਾਨ । ਅੰਜੀਲ ਕੁਰਾਨਾ ਮੁਖ ਸ਼ਰਮਾਵਣਾ, ਕੋਇ ਨਾ ਗਾਏ ਆਪਣੀ ਵਾਰ । ਬਾਣੀ ਖਾਣੀ ਇਕ ਸਮਝਾਵਣਾ, ਨਿਰਗੁਣ ਦਾਤਾ ਪਰਵਰਦਿਗਾਰ । ਲਾਸ਼ਰੀਕ ਆਪ ਹੋ ਜਾਵਣਾ, ਕਰੇ ਖੇਲ ਸਾਂਝਾ ਯਾਰ । ਨਿਰਗੁਣ ਨਿਰਵੈਰ ਪੁਰਖ ਅਕਾਲ ਆਪਣਾ ਰੂਪ ਆਪ ਪਰਗਟਾਵਣਾ, ਜਾਮਾ ਲੋਕਮਾਤ ਵਿਚ ਧਾਰ । ਮਹਾਂਬਲੀ ਬਲ ਵਖਾਵਣਾ, ਆਪੇ ਉਤਰੇ ਆਪਣੀ ਵਾਰ । ਮਾਤਾ ਕੁੱਖ ਨਾ ਕਿਸੇ ਰਖਾਵਣਾ, ਪਿਤਾ ਕਰੇ ਨਾ ਕੋਇ ਪਿਆਰ । ਅਬਿਨਾਸ਼ੀ ਕਰਤਾ ਆਪਣਾ ਖੇਲ ਖਿਲਾਵਣਾ, ਜੋਤੀ ਜੋਤ ਹੋ ਉਜਿਆਰ । ਸੰਬਲ ਨਗਰੀ ਭਾਗ ਲਗਾਵਣਾ, ਆਪ ਆਪਣੀ ਕਿਰਪਾ ਧਾਰ । ਸਾਚਾ ਤਖ਼ਤ ਆਪ ਸੁਹਾਵਣਾ, ਉਪਰ ਬੈਠ ਸੱਚੀ ਸਰਕਾਰ । ਸੀਸ ਸਾਚਾ ਤਾਜ ਟਿਕਾਵਣਾ, ਹੱਥ ਨਾ ਆਏ ਵਿਚ ਸੰਸਾਰ । ਕਲਜੁਗ ਸਤਿਜੁਗ ਆਪੇ ਕਾਜ ਰਚਾਵਣਾ, ਕਰੇ ਕਾਜ ਆਪ ਨਿਰੰਕਾਰ । ਕੂੜੀ ਕਿਰਿਆ ਪੰਧ ਮੁਕਾਵਣਾ, ਲੇਖਾ ਲਿਖੇ ਅਪਰ ਅਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਵਿਸ਼ਨ ਬ੍ਰਹਮਾ ਸ਼ਿਵ ਰਹਿਣਾ ਖ਼ਬਰਦਾਰ । ਖ਼ਬਰਦਾਰ ਹਰਿ ਖ਼ਬਰ ਕਰਾਇੰਦਾ, ਕਲਜੁਗ ਅੰਤਮ ਜੋਤੀ ਜਾਮਾ ਪਾ । ਸ਼ਬਦ ਅਗੰਮੀ ਡੰਕ ਵਜਾਇੰਦਾ, ਨਿਰਗੁਣ ਨਿਰਵੈਰ ਰਿਹਾ ਸੁਣਾ । ਸੋਇਆ ਕੋਇ ਰਹਿਣ ਨਾ ਪਾਇੰਦਾ, ਘਰ ਘਰ ਫੇਰੀ ਰਿਹਾ ਵਖਾ । ਚਾਰੋਂ ਕੁੰਟ ਉਠ ਉਠ ਧਾਇੰਦਾ, ਦਹਿ ਦਿਸ਼ਾ ਪੰਧ ਮੁਕਾ । ਰਾਹ ਵਿਚ ਨਾ ਕੋਇ ਅਟਕਾਇੰਦਾ, ਸਭ ਬੈਠੇ ਸੀਸ ਝੁਕਾ । ਸਯਦਾ ਸਭ ਦਾ ਵੇਖ ਵਖਾਇੰਦਾ, ਪੀਰ ਦਸਤਗੀਰ ਮੁਲਾ ਸ਼ੇਖ ਮੁਸਾਇਕ ਕਰਨ ਦੁਆ । ਜਗਤ ਕਾਅਬਾ ਵੇਖ ਵਖਾਇੰਦਾ, ਨੂਰੋ ਨੂਰ ਹੋ ਰੁਸ਼ਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਇਕ ਇਕੱਲਾ ਨੌਜਵਾਂ । ਨੌਜਵਾਂ ਪਰਵਰਦਿਗਾਰਾ, ਖ਼ਾਲਕ ਖ਼ਲਕ ਵੇਖ ਵਖਾਈਆ । ਮੁਕਾਮੇ ਹੱਕ ਬੋਲੇ ਏਕਾ ਨਾਅਰਾ, ਸਚ ਮਹਿਰਾਬੇ ਆਸਣ ਲਾਈਆ । ਚਾਰ ਕੁੰਟ ਵੇਖੇ ਏਕਾ ਵਾਰਾ, ਚੌਦਾਂ ਤਬਕ ਫੇਰਾ ਪਾਈਆ । ਅੱਲਾ ਰਾਣੀ ਸੁਣੇ ਪੁਕਾਰਾ, ਲੇਖਾ ਜਾਣੇ ਸੰਗ ਮੁਹੰਮਦ ਚਾਰ ਯਾਰਾ, ਯਾਰੀ ਯਾਰ ਨਾਲ ਨਿਭਾਈਆ । ਕਰੇ ਖੇਲ ਅਪਰ ਅਪਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਕ ਹਕੀਕਤ ਵੇਖਣਹਾਰਾ, ਹਕ ਹਕ ਹਕ ਆਪਣੀ ਧਾਰ ਰਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨੌ ਸੌ ਚੁਰਾਨਵੇ ਚੌਕੜੀ ਜੁਗ ਰਾਹ ਰਿਹਾ ਤਕ, ਕਲਜੁਗ ਵੇਲਾ ਅੰਤਮ ਆਇਆ, ਅੰਤ ਦੇਵੇ ਪੰਧ ਮੁਕਾਈਆ ।

੨੯੫
੧੦

★ ੨੦ ਫਗਣ ੨੦੧੭ ਬਿਕ੍ਰਮੀ ਭਾਗ ਸਿੰਘ ਦੇ ਗ੍ਰਹਿ ਪਿੰਡ ਬਾਬੂ ਪੁਰਾ ਜ਼ਿਲਾ ਗੁਰਦਾਸ ਪੁਰ ★

ਹਰਿ ਖੇਲੇ ਖੇਲ ਤਮਾਸ਼, ਕਲ ਆਪਣੇ ਹੱਥ ਰਖਾਇੰਦਾ । ਆਕਾਸ਼ ਕਰ ਨਿਰਗੁਣ ਪ੍ਰਕਾਸ਼, ਆਪਣੀ ਕਿਰਨ ਜੋਤ ਜਗਾਇੰਦਾ । ਜੋਤੀ ਨੂਰ ਸ਼ਾਹੋ ਸ਼ਾਬਾਸ, ਜਲਵਾ ਆਪਣਾ ਆਪ ਧਰਾਇੰਦਾ । ਆਪਣੀ ਇਛਿਆ ਅੰਦਰ ਕਰ ਕਰ ਵਾਸ, ਆਪ ਆਪਣਾ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਅੰਗ ਆਪ ਰਖਾਇੰਦਾ । ਆਪਣੀ ਧਰਨੀ ਆਪ ਉਪਾ, ਧਵਲਾ ਧਵਲ ਆਪ ਹੋ ਜਾਈਆ । ਜਲ ਜਲ ਰੂਪ ਆਪ ਵਟਾ, ਆਪਣਾ ਨੀਰ ਆਪ ਵਹਾਈਆ । ਆਪਣੀ ਬਿੰਬ ਆਪ ਪਰਗਟਾ, ਆਪੇ ਵੇਖ ਵਖਾਈਆ । ਆਪੇ ਮਹੀਅਲ ਨਾਉਂ ਧਰਾ, ਮਹਿਮਾ ਆਪਣੇ ਵਿਚ ਰਖਾਈਆ । ਆਪੇ ਥਲ ਥਲ ਡੇਰਾ ਲਾ, ਆਪਣੀ ਧੂੜੀ ਆਪ ਉਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਰਚਨਾ ਵੇਖ ਵਖਾਈਆ । ਆਪੇ ਸੂਰਜ ਸੂਰਯਾ ਦੇਵੇ ਦਾਤ, ਅਨਡਿਠ ਆਪ ਵਰਤਾਇੰਦਾ । ਆਪੇ ਆਪਣੇ ਪਰਕਾਸ਼ ਵੇਖੇ ਮਾਰ ਝਾਤ, ਆਪਣੀ ਕਿਰਨ ਨੈਣ ਖੁਲਾਇੰਦਾ । ਆਪੇ ਸੇਵਾ ਲਾਏ ਬੌਹ ਬਿਧ ਭਾਂਤ, ਸੇਵਕ ਸੇਵਾ ਸਚ ਜਣਾਇੰਦਾ । ਆਪੇ ਲੇਖਾ ਜਾਣੇ ਆਦਿ ਜੁਗਾਦਿ, ਆਪਣਾ ਗੇੜਾ ਆਪ ਭਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਧਾਰ ਆਪ ਵਖਾਇੰਦਾ । ਆਪੇ ਧਵਲ ਦਏ ਸਹਾਰਾ, ਹਰਿ ਜਗਦੀਸ ਵਡੀ ਵਡਿਆਈਆ । ਆਪੇ ਜਲ ਕਰੇ ਪਿਆਰਾ, ਨੀਰ ਸੀਰ ਉਪਾਈਆ । ਆਪੇ ਦੋਹਾਂ ਵਿਚੋਲਾ ਸਿਰਜਣਹਾਰਾ, ਅੰਤਰ ਅੰਦਰ ਕਰੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪੇ ਲਏ ਸਮਝਾਈਆ । ਆਪਣੀ ਕਿਰਨ ਹੋ ਉਜਿਆਰਾ, ਅਨਭਵ ਧਾਰ ਚਲਾਇੰਦਾ । ਆਪਣਾ ਨੇਤਰ ਕਰ ਪਸਾਰਾ, ਇਕ ਇਕ ਇਕ ਨਾਲ ਵੰਡ ਵੰਡਾਇੰਦਾ । ਆਪੇ ਵੇਖੇ ਵੇਖਣਹਾਰਾ, ਆਪਣਾ ਤੱਤ ਵਿਚ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦ ਆਪ ਰਖਾਇੰਦਾ । ਧਰਤੀ ਧਵਲ ਚਰਨ ਖ਼ਾਕ, ਹਰਿ ਆਪਣੀ ਆਪ ਉਪਾਈਆ । ਆਪੇ ਕਰੇ ਪਾਕੀ ਪਾਕ, ਪਾਰਬ੍ਰਹਮ ਬੇਪਰਵਾਹੀਆ । ਆਪਣੀ ਕਿਰਪਾ ਆਪੇ ਲਏ ਰੱਖ, ਆਪਣੀ ਇਛਿਆ ਉਪਰ ਟਿਕਾਈਆ । ਦੂਜਾ ਕੋਇ ਨਾ ਸਕੇ ਭਾਰ ਚੁੱਕ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਪ੍ਰਿਥਮ ਪ੍ਰਿਥਮੀ ਕਰੀ ਵੱਖ, ਪੁਰਖ ਅਬਿਨਾਸ਼ੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਈਆ । ਸੂਰਜ ਜੋਤੀ ਏਕਾ ਧਾਰ, ਹਰਿ ਦਾਤਾ ਆਪ ਧਰਾਇੰਦਾ । ਆਪਣਾ ਨੈਣ ਕਵਲ ਉਘਾੜ, ਏਕਾ ਕਿਰਨ ਪਰਗਟਾਇੰਦਾ । ਏਕਾ ਪਲਕ ਹੋਏ ਉਜਿਆਰ, ਖ਼ਾਲਕ ਆਪਣਾ ਖੇਲ ਖਿਲਾਇੰਦਾ । ਏਕਾ ਫ਼ਲਕ ਕਰੇ ਪਸਾਰ, ਆਪਣਾ ਨੂਰ ਜ਼ਹੂਰ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਤੱਤ ਆਪ ਪਰਗਟਾਇੰਦਾ । ਆਪਣੇ ਚਰਨ ਮਲ ਮਲ ਧੋ, ਹਰਿ ਆਪਣੀ ਸੇਵ ਕਮਾਈਆ । ਆਪਣਾ ਚਰਨ ਆਪੇ ਛੋਹ, ਆਪਣੀ ਬਣਤ ਬਣਾਈਆ । ਆਪਣੀ ਕਰਨੀ ਕਰੇ ਆਪੇ ਲੋ, ਪਰਕਾਸ਼ ਪਰਕਾਸ਼ ਆਪ ਜਣਾਈਆ । ਆਪੇ ਜਾਣੇ ਆਪਣੀ ਸੋ, ਸੋ ਪੁਰਖ ਨਿਰੰਜਣ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੂੜੀ ਖ਼ਾਕ ਦਏ ਵਡਿਆਈਆ । ਚਰਨ ਧੂੜੀ ਜਾਏ ਲੱਥ, ਹਰਿ ਸਾਚਾ ਆਪ ਲਹਾਇੰਦਾ । ਕਰੇ ਖੇਲ ਪੁਰਖ ਸਮਰਥ, ਭੇਵ ਕੋਇ ਨਾ ਪਾਇੰਦਾ । ਆਦਿ ਆਦਿ ਜਾਣੇ ਆਪਣੀ ਗਥ, ਆਪਣੀ ਮਹਿਮਾ ਆਪੇ ਗਾਇੰਦਾ । ਆਪ ਚਲਾਏ ਆਪਣਾ ਰਥ, ਨਿਰਗੁਣ

ਸੇਵਾ ਸਚ ਕਮਾਇੰਦਾ । ਚਰਨ ਧੂੜੀ ਉਪਰ ਰੱਖ, ਚਰਨਾਂ ਹੇਠ ਦਬਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਖਿਲਾਇੰਦਾ । ਚਰਨ ਧੂੜੀ ਖ਼ਾਕ ਦਬਾ, ਦਇਆਵਾਨ ਦਯਾ ਕਮਾਇੰਦਾ । ਚਰਨ ਚਰਨੋਦਕ ਨਾਲ ਰਲਾ, ਸਿੰਚ ਸਿੰਚ ਵੇਖ ਵਖਾਇੰਦਾ । ਦੋਹਾਂ ਮੇਲਾ ਸਹਿਜ ਸੁਭਾ, ਨਿਰਗੁਣ ਨਿਰਗੁਣ ਆਪ ਕਰਾਇੰਦਾ । ਲੇਖਾ ਜਾਣੇ ਪੂਤ ਮਾਂ, ਪਿਤਾ ਸਾਚੀ ਗੋਦ ਸੁਹਾਇੰਦਾ । ਇਕ ਜਣਾਏ ਆਪਣਾ ਨਾਂ, ਨਾਉਂ ਨਿਰੰਕਾਰਾ ਬੰਧਨ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਖਿਲਾਇੰਦਾ । ਖੇਲ ਖਿਲੰਦੜਾ ਹਰਿ ਭਗਵਾਨਾ, ਆਦਿ ਪੁਰਖ ਵਡੀ ਵਡਿਆਈਆ । ਨੂਰੋ ਨੂਰ ਨੂਰ ਮਹਾਨਾ, ਕਿਰਨੀ ਕਿਰਨ ਕਿਰਨ ਪਰਗਟਾਈਆ । ਆਫ਼ਤਾਬ ਦੇਵੇ ਦਾਨਾ, ਉਲਫ਼ਤ ਆਪਣੀ ਆਪ ਵਖਾਈਆ । ਮਿਹਰਬਾਂ ਹੋਏ ਮਿਹਰਵਾਨਾ, ਮੇਹਬਾਨ ਸੱਚਾ ਸ਼ਹਿਨਸ਼ਾਹੀਆ । ਆਪਣਾ ਵੇਖੇ ਮਾਰ ਧਿਆਨਾ, ਚਰਨ ਕਵਲ ਧਿਆਨ ਲਗਾਈਆ । ਧਰਨੀ ਧਵਲ ਦਏ ਟਿਕਾਣਾ, ਸਚ ਮਕਾਨਾ ਆਪ ਬਣਾਈਆ । ਜਲ ਜਲ ਰੂਪ ਵਿਚ ਸਮਾਨਾ, ਆਪਣਾ ਅੰਮ੍ਰਿਤ ਆਪ ਵਹਾਈਆ । ਕਰੇ ਖੇਲ ਆਪ ਮਹਾਨਾ, ਲੇਖਾ ਲਿਖ ਨਾ ਸਕੇ ਕੋਇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦ ਆਪਣਾ ਆਪਣੇ ਵਿਚ ਛੁਪਾਈਆ । ਧਰਤੀ ਜਲ ਜਲ ਮੇਲ ਮਿਲਾਇਆ, ਖ਼ਾਕੀ ਖ਼ਾਕ ਸਮਾਇੰਦਾ । ਧੂੜੀ ਧੂੜ ਟਿੱਕਾ ਲਾਇਆ, ਉਤਰ ਕਦੇ ਨਾ ਜਾਇੰਦਾ । ਚਰਨ ਕਵਲ ਕਵਲ ਨੀਰ ਛੁਪਾਇਆ, ਏਕਾ ਰਸ ਭਰਾਇੰਦਾ । ਦੋਹਾਂ ਵਿਚੋਲਾ ਬੇਪਰਵਾਹਿਆ, ਏਕਾ ਘਰ ਬਹਾਇੰਦਾ । ਅੰਤਰ ਅੰਦਰ ਮੇਲ ਮਿਲਾਇਆ, ਦਿਸ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਿਰਨ ਆਪ ਪਰਗਟਾਇੰਦਾ । ਏਕਾ ਕਿਰਨ ਦੀਨ ਦਿਆਲ, ਹਰਿ ਸਾਚੇ ਸਚ ਉਪਾਈਆ । ਆਪਣੀ ਇਛਿਆ ਪਰਗਟ ਲਾਲ, ਆਪੇ ਦੇਵਣਹਾਰ ਵਡਿਆਈਆ । ਆਪੇ ਦਸੇ ਰਾਹ ਸੁਖਾਲ, ਸਾਚੇ ਮਾਰਗ ਆਪੇ ਪਾਈਆ । ਆਪੇ ਦਰਸ ਦਿਖਾਏ ਨਾਲ ਨਾਲ, ਆਦਿ ਜੁਗਾਦਿ ਵਡੀ ਵਡਿਆਈਆ । ਆਪੇ ਚਲਾਏ ਆਪਣੀ ਚਾਲ, ਚਲਨ ਫੜ ਕੋਇ ਨਾ ਪਾਈਆ । ਹੁਕਮੇ ਅੰਦਰ ਖੇਲ ਅਕਾਲ, ਪੁਰਖ ਅਕਾਲ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਿਰਨ ਆਪਣੇ ਨਾਲ ਬੰਧਾਈਆ । ਆਪਣੀ ਕਿਰਨ ਆਪੇ ਬੰਧ, ਹਰਿ ਹਰਿ ਸਾਚਾ ਖੇਲ ਖਿਲਾਇੰਦਾ । ਆਪੇ ਜਾਣੇ ਆਪਣਾ ਪੰਧ, ਸਦਾ ਸੁਹੇਲਾ ਆਪ ਮੁਕਾਇੰਦਾ । ਅਧਵਿਚਕਾਰ ਨਾ ਕੋਇ ਕੰਧ, ਪਰਦਾ ਉਹਲਾ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਿਰਨ ਕਿਰਨ ਵਿਚ ਧਰਾਇੰਦਾ । ਕਿਰਨੀ ਕਿਰਨ ਕਰ ਪਸਾਰਾ, ਪਸਰ ਆਪਣਾ ਖੇਲ ਖਿਲਾਇੰਦਾ । ਅੰਤਰ ਅੰਦਰ ਕਰ ਉਜਿਆਰਾ, ਆਪੇ ਕੁੰਡਾ ਲਾਹਿੰਦਾ । ਇਕ ਇਕ ਇਕ ਵੰਡ ਕਰ ਨਿਰੰਕਾਰਾ, ਏਕਾ ਏਕੇ ਨਾਲ ਪਰਨਾਇੰਦਾ । ਏਕਾ ਏਕਾ ਰੱਖੇ ਅਧਵਿਚਕਾਰਾ, ਦਿਸ ਕਿਸੇ ਨਾ ਆਇੰਦਾ । ਕਰੇ ਖੇਲ ਅਗੰਮ ਅਪਾਰਾ, ਅਲਖ ਅਲਖਨਾ ਖੇਲ ਖਿਲਾਇੰਦਾ । ਆਪਣਾ ਮਸਤਕ ਕਰ ਉਜਿਆਰਾ, ਆਪਣਾ ਪਰਦਾ ਆਪ ਉਠਾਇੰਦਾ । ਆਪੇ ਸੂਰਯਾ ਦਏ ਆਧਾਰਾ, ਸੂਰਬੀਰ ਆਪ ਹੋ ਜਾਇੰਦਾ । ਆਪੇ ਸੀਤਲ ਕਰ ਚਮਤਕਾਰਾ, ਠਾਂਡਾ ਦਰਬਾਰਾ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਆਪ ਉਠਾਇੰਦਾ । ਆਪੇ ਮਸਤਕ ਪਰਦਾ ਖੋਲ੍ਹਦਾ, ਕਰ ਕਿਰਪਾ ਗੁਣ ਨਿਧਾਨ । ਆਪਣੇ ਕੰਡੇ ਆਪੇ ਤੋਲਦਾ, ਆਪ ਆਪਣਾ ਕਰ ਪਛਾਣ । ਆਪਣੇ ਰੂਪ ਆਪੇ ਮੌਲਦਾ, ਮੌਲਣਹਾਰਾ ਇਕ ਭਗਵਾਨ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਧੁਰ ਦੀਬਾਣ । ਧੁਰ ਦੀਬਾਣ ਲੇਖ ਅਵੱਲਾ, ਭੇਵ ਕੋਇ ਨਾ ਪਾਇੰਦਾ । ਕਰੇ ਕਰਾਏ ਇਕ ਇਕੱਲਾ, ਅਕਲ ਕਲ ਆਪਣਾ ਖੇਲ ਖਿਲਾਇੰਦਾ । ਆਪਣੇ ਨੂਰ ਆਪੇ ਬਲਾ, ਆਪਣਾ ਪਰਕਾਸ਼ ਆਪੇ ਵੰਡ ਵੰਡਾਇੰਦਾ । ਆਪੇ ਵਸੇ ਨਿਹਚਲ ਧਾਮ ਅਟੱਲਾ, ਸਚ ਦਵਾਰੇ ਸੋਭਾ ਪਾਇੰਦਾ । ਆਪਣੀ ਕਿਰਨ ਆਪ ਫੜਾਇਆ ਪੱਲਾ, ਛੁਟ ਕਦੇ ਨਾ ਜਾਇੰਦਾ । ਆਪਣੇ ਸਾਂਤਕ ਆਪੇ ਰਲਾ, ਸਤਿ ਸਤਿਵਾਦੀ ਨਾਉਂ ਧਰਾਇੰਦਾ । ਆਪਣੀ ਇਛਿਆ ਪਾਏ ਭਿਛਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਆਪ ਵਖਾਇੰਦਾ । ਆਪਣੀ ਇਛਿਆ ਭਰ ਭੰਡਾਰਾ, ਇਛਿਆ ਇਛਿਆ ਵਿਚ ਪਰਗਟਾਈਆ । ਆਪਣਾ ਮਸਤਕ ਵੇਖ ਦਵਾਰਾ, ਆਪਣਾ ਨੂਰ ਨੂਰ ਧਰਾਈਆ । ਆਪਣਾ ਨੂਰ ਦਏ ਸਹਾਰਾ, ਸਾਂਤਕ ਸਤਿ ਸਤਿ ਕਰਾਈਆ । ਆਪਣਾ ਪਰਕਾਸ਼ ਆਪਣੇ ਵਿਚੋਂ ਕੱਢੇ ਬਾਹਰਾ, ਪਤਿ ਪਰਮੇਸ਼ਵਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਆਪਣੀ ਲਏ ਅੰਗੜਾਈਆ । ਹਰਿ ਅੰਗੜਾਈ ਆਪਣੀ ਲੈ, ਆਪਣੀ ਖੇਲ ਖਿਲਾਇੰਦਾ । ਆਪਣੇ ਮੰਦਰ ਆਪੇ ਬਹਿ, ਆਪੇ ਵੇਖ ਵਖਾਇੰਦਾ । ਆਪਣੀ ਕਰਨੀ ਆਪੇ ਕਰੇ ਆਪਣਾ ਭਾਣਾ ਆਪੇ ਸਹਿ, ਦੂਸਰ ਸਿਰ ਭਾਰ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਿਰਨ ਕਿਰਨ ਕਿਰਨ ਵਿਚ ਆਪਣਾ ਆਪ ਧਰਾਇੰਦਾ । ਕਿਰਨ ਕਿਰਨ ਆਇਆ ਬਾਹਰ, ਕਿਰਤਮ ਆਪਣੀ ਧਾਰ ਵਹਾਈਆ । ਆਪਣੇ ਮਸਤਕ ਹੋ ਉਜਿਆਰ, ਆਪਣਾ ਪਰਦਾ ਆਪ ਉਠਾਈਆ । ਆਪੇ ਕਰੇ ਖੇਲ ਨਿਰੰਕਾਰ, ਨਿਰਗੁਣ ਦਾਤਾ ਭੇਵ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕ ਇਕ ਅਧਵਿਚਕਾਰ ਆਪ ਸਮਾਈਆ । ਆਦਿ ਅੰਤ ਖੇਲ ਮਧ, ਖ਼ਾਲਕ ਆਪ ਖਿਲਾਇੰਦਾ । ਆਪੇ ਜਾਣੇ ਆਪਣੀ ਹੱਦ, ਦੂਸਰ ਭੇਵ ਕੋਇ ਨਾ ਪਾਇੰਦਾ । ਨੂਰ ਵਿਚੋਂ ਨੂਰ ਕੱਢ, ਨੂਰੀ ਨੂਰ ਧਰਾਇੰਦਾ । ਆਪ ਲਡਾਏ ਸਾਚਾ ਲਡ, ਪਿਤਾ ਪੂਤ ਪੋਤ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਖੇਲ ਕਰ, ਸਾਚੀ ਖੇਲ ਆਪ ਖਿਲਾਇੰਦਾ । ਖੇਲ ਖਿਲਾਏ ਵਡ ਮਿਹਰਵਾਨ, ਆਪਣਾ ਰੂਪ ਆਪ ਧਰਾਈਆ । ਆਪੇ ਦੇਵਣਹਾਰਾ ਦਾਨ, ਆਪਣੀ ਵਸਤ ਆਪ ਵਰਤਾਈਆ । ਆਪੇ ਰਵ ਕਰ ਕਰ ਭਾਨ, ਪਰਕਾਸ਼ ਪਰਕਾਸ਼ ਆਪ ਸਮਾਈਆ । ਆਪੇ ਸੂਰਯਾ ਆਪੇ ਚੰਨ ਆਪੇ ਦੇਵੇ ਸਤਿ ਨਿਸ਼ਾਨ, ਸਤਿ ਸਤਿਵਾਦੀ ਸੱਚਾ ਸ਼ਹਿਨਸ਼ਾਹੀਆ । ਆਪੇ ਗੇੜਾ ਗੇੜੇ ਦੋ ਜਹਾਨ, ਆਪਣੀ ਲੱਠ ਆਪ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਇਕ ਰਘਰਾਈਆ । ਸਾਚਾ ਖੇਲ ਖਿਲਾਇੰਦਾ, ਹਰਿ ਸੱਚਾ ਪਾਤਸ਼ਾਹ । ਧਰਤ ਧਵਲ ਆਪ ਉਪਾਇੰਦਾ, ਜਲ ਜਲ ਰੂਪ ਰਿਹਾ ਸਮਾ । ਬਿੰਬ ਆਪਣੀ ਕਲ ਵਰਤਾਇੰਦਾ, ਪਾਰਬ੍ਰਹਮ ਬੇਪਰਵਾਹ । ਆਪਣੀ ਬਿੰਦ ਆਪ ਵਖਾਇੰਦਾ, ਸੁਤ ਦੁਲਾਰਾ ਆਪੇ ਜਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਜੋਤ ਲਏ ਚਮਕਾ । ਆਪਣੀ ਜੋਤ ਉਜਿਆਰ ਕਰ, ਆਪਣੀ ਖੇਲ ਖਿਲਾਇੰਦਾ । ਆਪਣੀ ਜੋਤ ਧਾਰ ਧਰ, ਧਰਤ ਧਵਲ ਮੇਲ ਮਿਲਾਇੰਦਾ । ਆਪਣਾ ਵੇਸ ਨਿਰੰਕਾਰ ਕਰ, ਆਪਣਾ ਰੋਮ ਆਪ ਪਰਗਟਾਇੰਦਾ । ਕੋਟਨ ਕੋਟ ਰਵ ਸਸ ਸੂਰਜ ਚੰਨ ਸਤਾਰ ਘਾੜਨ ਘੜ, ਆਪਣੇ ਅੰਗ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਅੰਦਰ ਬੈਠਾ ਵੜ, ਦਿਸ ਕਿਸੇ ਨਾ ਆਇੰਦਾ । ਕੋਟਨ ਕੋਟ ਸਿਤਾਰ, ਕਿਰਨ ਕਿਰਨ ਆਪ ਪਰਗਟਾਈਆ । ਨੂਰ ਨੂਰ

ਦਏ ਸਹਾਰ, ਨੂਰ ਨੂਰ ਵਿਚ ਟਿਕਾਈਆ । ਆਪ ਪਰਗਟਾਏ ਏਕਾ ਵਾਰ, ਮਾਤ ਪਿਤ ਨਾ ਕੋਇ ਜਾਈਆ । ਆਪ ਵਸਾਏ ਇਕ ਦਵਾਰ, ਸਚ ਮਕਾਨ ਇਕ ਸੁਹਾਈਆ । ਆਪ ਲਟਕਾਏ ਆਪਣੇ ਚਰਨ ਸਹਾਰ, ਚਰਨ ਬੰਧਨ ਏਕਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣੀ ਮਹਿਮਾ ਗਣਤ ਬੇਅੰਤ ਆਪੇ ਗਾਈਆ । ਰਵ ਸਸ ਕਰ ਤਿਆਰਾ, ਨੈਣ ਮਸਤਕ ਅੰਗ ਲਗਾਇਆ । ਚਰਨ ਧੂੜ ਖੇਲ ਅਪਾਰਾ, ਧਰਤ ਧਵਲ ਵਡਿਆਇਆ । ਅੰਮ੍ਰਿਤ ਰਸ ਕਰ ਤਿਆਰਾ, ਜਲ ਜਲ ਨੀਰ ਸਮਾਇਆ । ਪ੍ਰਿਥਮੀ ਆਕਾਸ਼ ਇਕ ਅਖਾੜਾ, ਹਰਿ ਸਾਚੇ ਸਚ ਲਗਾਇਆ । ਆਪੇ ਹੋਏ ਵੇਖਣਹਾਰਾ, ਸਚਖੰਡ ਬੈਠਾ ਸੋਭਾ ਪਾਇਆ । ਏਕਾ ਹੁਕਮ ਦਏ ਸੱਚੀ ਸਰਕਾਰਾ, ਭੁਲ ਕੋਇ ਨਾ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਬੰਧਨ ਏਕਾ ਦਏ ਵਖਾਇਆ । ਏਕਾ ਬੰਧਨ ਹਰਿ ਹਰਿ ਨਾਉਂ, ਆਪਣਾ ਆਪੇ ਪਾਇੰਦਾ । ਆਦਿ ਜੁਗਾਦਿ ਵਸਣਾ ਏਕਾ ਥਾਉਂ, ਸੋ ਥਾਨ ਸੁਹਾਵਾ ਜਿਸ ਥਾਨ ਆਪ ਸੁਹਾਇੰਦਾ । ਆਦਿ ਜੁਗਾਦਿ ਜਪਣਾ ਏਕਾ ਨਾਉਂ, ਨਾਉਂ ਨਿਰੰਕਾਰਾ ਆਪ ਪੜ੍ਹਾਇੰਦਾ । ਆਦਿ ਜੁਗਾਦਿ ਏਕਾ ਪਿਤਾ ਏਕਾ ਮਾਉਂ, ਆਪਣਾ ਘਰ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਏਕਾ ਏਕ ਏਕਾ ਸੋ ਜਣਾਇੰਦਾ । ਭੇਵ ਜਣਾਏ ਹਰਿ ਕਰਤਾਰਾ, ਆਪਣੀ ਦਇਆ ਕਮਾਈਆ । ਸੇਵਕ ਸੇਵਾ ਲਾਏ ਅਪਰ ਅਪਾਰਾ, ਸਾਚੀ ਸੇਵਾ ਆਪ ਸਮਝਾਈਆ । ਕਿਰਨੀ ਕਿਰਨ ਕਰੇ ਉਜਿਆਰਾ, ਰਵ ਸਸ ਡਗਮਗਾਈਆ । ਧਰਨੀ ਧਰਤ ਕਰ ਪਿਆਰਾ, ਚਰਨਾਂ ਹੇਠ ਰਖਾਈਆ । ਏਕਾ ਸ਼ਾਹ ਇਕ ਸਿਕਦਾਰਾ, ਏਕਾ ਹੁਕਮੀ ਹੁਕਮ ਫਿਰਾਈਆ । ਵੇਲਾ ਵਕਤ ਨਾ ਕੋਇ ਵਿਚਾਰਾ, ਥਿਤ ਵਾਰ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਧੰਦੇ ਆਪੇ ਲਾਈਆ । ਸਾਚਾ ਸ਼ਬਦ ਹਰਿ ਫ਼ਰਮਾਨ, ਰਵ ਸਸ ਸੀਸ ਝੁਕਾਇਆ । ਹਉਂ ਬਾਲੀ ਬੁਧ ਬਾਲ ਅਞਾਣ, ਤੇਰਾ ਭੇਵ ਕੋਇ ਨਾ ਪਾਇਆ । ਤੇਰਾ ਦਰ ਤੇਰਾ ਦਰਬਾਨ, ਦਰ ਦਰਵੇਸ਼ ਸੇਵ ਕਮਾਇਆ । ਤੇਰਾ ਨੂਰ ਮੇਰੀ ਕਿਰਨ ਮਹਾਨ, ਕਿਰਨੀ ਕਿਰਨ ਵੰਡ ਵੰਡਾਇਆ । ਤੇਰੀ ਭੂਮਕਾ ਤੇਰਾ ਅਸਥਾਨ, ਧਰਤ ਧਵਲ ਸੀਸ ਝੁਕਾਇਆ । ਤੇਰਾ ਅੰਮ੍ਰਿਤ ਤੇਰਾ ਮਾਣ, ਤੇਰਾ ਨੀਰ ਤੇਰੇ ਵਿਚੋਂ ਪਰਗਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਸੋ ਵੇਲਾ ਲਏ ਮਿਲਾਇਆ । ਕਵਣ ਵੇਲਾ ਮਿਲਾਏ ਮੇਲਾ, ਜਲ ਜਲ ਨੀਰ ਕੁਰਲਾਇਆ । ਕਵਣ ਵੇਲਾ ਹੋਏ ਸੱਜਣ ਸੁਹੇਲਾ, ਧਰਨੀ ਖੁਲੜੇ ਕੇਸ ਦਏ ਦੁਹਾਇਆ । ਕਵਣ ਵੇਲਾ ਆਪਣਾ ਨੂਰ ਚਾੜ੍ਹੇ ਤੇਲਾ, ਰਵ ਸਸ ਏਕਾ ਮੰਗ ਮੰਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਬੈਠੇ ਝੋਲੀ ਡਾਹਿਆ । ਦੇਵਣਹਾਰਾ ਇਕ ਦਾਤਾਰਾ, ਸਿਰ ਆਪਣਾ ਹਥ ਰਖਾਇੰਦਾ । ਸੇਵਕ ਸੇਵਾ ਲਾਏ ਏਕਾ ਵਾਰਾ, ਏਕਾ ਗੁਣ ਸਮਝਾਇੰਦਾ । ਪੁਰਖ ਅਬਿਨਾਸ਼ੀ ਕਰੇ ਖੇਲ ਅਪਾਰਾ, ਆਪਣੀ ਰਚਨਾ ਆਪ ਰਚਾਇੰਦਾ । ਲੱਖ ਚੁਰਾਸੀ ਭਾਂਡਾ ਘੜੇ ਬਣ ਠਠਿਆਰਾ, ਵਿਸ਼ਨ ਬ੍ਰਹਮਾ ਸ਼ਿਵ ਨਾਲ ਰਲਾਇੰਦਾ । ਜੁਗ ਚੌਕੜੀ ਦਏ ਸਹਾਰਾ, ਸ਼ਬਦ ਸੰਦੇਸ਼ ਆਪ ਸੁਣਾਇੰਦਾ । ਨੌ ਨੌ ਲਾਏ ਮਾਤ ਅਖਾੜਾ, ਚਾਰ ਚਾਰ ਨਾਚ ਨਚਾਇੰਦਾ । ਮਹਾਕਾਲ ਕਾਲ ਕਰ ਪਸਾਰਾ, ਕਾਲ ਦਿਆਲ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਸਿਖਾਇੰਦਾ । ਸਾਚੀ ਸਿਖਿਆ ਲੈਣੀ ਸਿਖ, ਹਰਿ ਸਾਚਾ ਆਪ

੨੯੯

ਸਮਝਾਈਆ । ਚਾਰਾਂ ਪਾਏ ਏਕਾ ਭਿੱਖ, ਚਾਰੇ ਵੇਦ ਆਪ ਅਲਾਈਆ । ਚਾਰੋਂ ਲੇਖਾ ਦੇਵੇ ਲਿਖ, ਚਾਰ ਜੁਗ ਵੰਡ ਵੰਡਾਈਆ । ਚਾਰ ਦਸਾਏ ਏਕਾ ਹਿਸ, ਚਾਰੇ ਖਾਣੀ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਸਮਝਾਇੰਦਾ, ਹਰਿ ਸਾਚਾ ਦੀਨ ਦਿਆਲ । ਚਾਰੇ ਚਾਰੋਂ ਕੁੰਟ ਆਪ ਵਖਾਇੰਦਾ, ਦੋ ਜਹਾਨ ਸੱਚੀ ਧਰਮਸਾਲ । ਲੋਕਮਾਤ ਆਪ ਬਣਾਇੰਦਾ, ਆਦਿ ਆਦਿ ਬਣ ਦਲਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਪੁਰਖ ਅਕਾਲ । ਪੁਰਖ ਅਕਾਲ ਜਣਾਇੰਦਾ, ਅਲਖ ਅਗੋਚਰ ਆਪਣੀ ਧਾਰ । ਨੌਂ ਨੌਂ ਗੇੜਾ ਆਪ ਗੜਾਇੰਦਾ, ਚਾਰ ਚਾਰ ਵਿਚ ਸੰਸਾਰ । ਅੰਤਮ ਆਪਣੇ ਹੱਥ ਰਖਾਇੰਦਾ, ਰਵ ਸਸ ਕਰੇ ਪਿਆਰ । ਧਰਨੀ ਚਰਨਾਂ ਨਾਲ ਮਿਲਾਇੰਦਾ, ਹਰਿ ਧਵਲ ਧੌਲ ਹੋ ਉਜਿਆਰ । ਕਵਲ ਅੰਮ੍ਰਿਤ ਰਸ ਨੀਰ ਤੇਰਾ ਖਿਚ ਵਖਾਇੰਦਾ, ਲੋਕਮਾਤ ਨਾ ਕੋਇ ਆਧਾਰ । ਆਪਣੀ ਵਸਤ ਆਪਣੇ ਵਿਚ ਟਿਕਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਹੋਏ ਵੇਖਣਹਾਰ । ਆਪਣਾ ਅੰਤ ਆਪੇ ਵੇਖਣਾ, ਪੁਰਖ ਅਬਿਨਾਸ਼ੀ ਬੇਪਰਵਾਹ । ਨਿਰਗੁਣ ਨਿਰਵੈਰ ਧਾਰੇ ਭੇਖਣਾ, ਜੋਤੀ ਜੋਤ ਕਰ ਰੁਸ਼ਨਾ । ਰੂਪ ਰੰਗ ਨਾ ਕੋਇ ਰੇਖਨਾ, ਚੱਕਰ ਚਿਹਨ ਨਾ ਕੋਇ ਦਰਸਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲਹਿਣਾ ਦਏ ਮੁਕਾ । ਹਰਿ ਲਹਿਣਾ ਅੰਤ ਮੁਕਾਵਣਾ, ਨਿਰਗੁਣ ਜੋਤੀ ਜਾਮਾ ਧਾਰ । ਧਰਨੀ ਤੇਰਾ ਭਾਰ ਉਠਾਵਣਾ, ਕਰ ਕਿਰਪਾ ਆਪ ਨਿਰੰਕਾਰ । ਨੀਰ ਵਿਸ਼ਨੂੰ ਵਿਚ ਟਿਕਾਵਣਾ, ਨਾਭੀ ਭਰੇ ਇਕ ਭੰਡਾਰ । ਰਵ ਸਸ ਤੇਰੀ ਜੋਤ ਖਿਚਾਵਣਾ, ਜੋਤੀ ਖਿਚੇ ਏਕਾ ਵਾਰ । ਆਪਣਾ ਖੇਲ ਆਪੇ ਵੇਖ ਵਖਾਵਣਾ, ਨਾ ਕੋਈ ਦੂਜਾ ਵੇਖਣਹਾਰ । ਨੌਂ ਨੌਂ ਲੇਖਾ ਆਪ ਮੁਕਾਵਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸੱਚਾ ਸ਼ਾਹਕਾਰ । ਸ਼ਾਹਕਾਰ ਖੇਲ ਖਿਲਾਇੰਦਾ, ਹਰਿ ਅੰਤ ਬੇਅੰਤ ਬੇਪਰਵਾਹ । ਅਨਭਵ ਭੇਵ ਕੋਇ ਨਾ ਪਾਇੰਦਾ, ਅਲਖ ਅਲਖਨਾ ਬੈਠਾ ਮੁਖ ਛੁਪਾ । ਵੇਦ ਕਤੇਬ ਮੁਖ ਸ਼ਰਮਾਇੰਦਾ, ਜੁਗ ਚੌਕੜੀ ਹੋਏ ਗਵਾਹ । ਗੁਰ ਪੀਰ ਰਾਹ ਤਕਾਇੰਦਾ, ਨੇਤਰ ਨੈਣ ਉਠਾ । ਰਵ ਸਸ ਸੀਸ ਝੁਕਾਇੰਦਾ, ਚਰਨ ਕਵਲ ਧਿਆਨ ਲਗਾ । ਨੀਰ ਚਰਨੋਦਕ ਮੁਖ ਲਗਾਇੰਦਾ, ਇਕ ਉਛਾਲ ਵਖਾ । ਧਰਨੀ ਚਰਨਾਂ ਹੇਠ ਦਬਾਇੰਦਾ, ਪੁਰਖ ਅਬਿਨਾਸ਼ੀ ਹੋ ਸਹਾ । ਆਪਣਾ ਵੇਲਾ ਆਪਣੇ ਹੱਥ ਰਖਾਇੰਦਾ, ਨੌਂ ਸੌ ਚੁਰਾਨਵੇ ਚੌਕੜੀ ਜੁਗ ਕਿਸੇ ਨਾ ਦਿਤਾ ਜਣਾ । ਕਲਜੁਗ ਅੰਤਮ ਵੇਸ ਵਟਾਇੰਦਾ, ਨਿਰਗੁਣ ਨਿਰਵੈਰ ਪੁਰਖ ਅਕਾਲ, ਆਪਣਾ ਨਾਉਂ ਧਰਾ । ਆਪਣਾ ਨੂਰ ਆਪ ਵਖਾਇੰਦਾ, ਕਿਰਨ ਕਿਰਨ ਕਰ ਰੁਸ਼ਨਾ । ਰਵ ਸਸ ਤੇਰਾ ਮਾਣ ਗਵਾਇੰਦਾ, ਗੁਰਮੁਖ ਸਾਚੇ ਲਏ ਜਗਾ । ਗੁਰਸਿਖਾਂ ਸਾਚੇ ਧਾਮ ਬਹਾਇੰਦਾ, ਪਿਛਲਾ ਲੇਖਾ ਦਏ ਮੁਕਾ । ਅਗਲਾ ਮਾਰਗ ਆਪੇ ਲਾਇੰਦਾ, ਜੀਵ ਜੰਤ ਕੋਈ ਜਾਣੇ ਨਾ । ਬੇਅੰਤ ਬੇਅੰਤ ਬੇਅੰਤ ਸਰਬ ਗਾਇੰਦਾ, ਅੰਤਮ ਆਪਣੇ ਹੱਥ ਰੱਖੇ ਸ਼ਹਿਨਸ਼ਾਹ । ਸਾਚਾ ਕੰਤ ਆਪਣੀ ਸੇਜ ਹੰਢਾਇੰਦਾ, ਸਚ ਸਿੰਘਾਸਣ ਸੋਭਾ ਪਾ । ਲੋਕ ਪਰਲੋਕ ਬ੍ਰਹਿਮੰਡ ਖੰਡ ਵੇਖ ਵਖਾਇੰਦਾ, ਲੋਆਂ ਪੁਰੀਆਂ ਏਕਾ ਨੈਣ ਉਠਾ । ਆਪਣੀ ਕੀਤੀ ਆਪ ਮਿਟਾਇੰਦਾ, ਕਿਸੇ ਕੋਲੋਂ ਲੈਣ ਨਾ ਜਾਏ ਸਲਾਹ । ਆਪੇ ਘੜਿਆ ਆਪੇ ਭੰਨ ਵਖਾਇੰਦਾ, ਆਪੇ ਠੋਕਰ ਦੇਵੇ ਲਾ । ਆਪਣਾ ਮੰਦਰ ਆਪੇ ਢਾਇੰਦਾ, ਆਪੇ ਲਏ ਫੇਰ ਵਸਾ । ਆਪਣੀ ਘਾੜਤ ਆਪ ਘੜਾਇੰਦਾ, ਆਪੇ ਵੇਖਣਹਾਰਾ ਥਾਉਂ ਥਾਂ । ਰਵ ਸਸ ਤੇਰਾ ਪੰਧ ਮੁਕਾਇੰਦਾ, ਨਾਤਾ ਤੋੜੇ ਜਗਤ ਜੀਵ ਧਰਤੀ ਮਾਂ । ਨੀਰ ਸੀਰ ਨਾ

ਕਿਸੇ ਪਿਆਇੰਦਾ, ਜਲ ਥਲ ਆਪੇ ਰਿਹਾ ਸਮਾ । ਗੁਰਮੁਖ ਵਿਰਲੇ ਆਪਣੇ ਵਿਚ ਮਿਲਾਇੰਦਾ, ਅਗਨੀ ਲਗੇ ਨਾ ਤੱਤੀ ਭਾ । ਸਚਖੰਡ ਦਵਾਰੇ ਆਪ ਬਹਾਇੰਦਾ, ਜਿਥੇ ਬੈਠਾ ਸ਼ਹਿਨਸ਼ਾਹ । ਅਗਲਾ ਜੁਗ ਫੇਰ ਵਸਾਇੰਦਾ, ਪਹਿਲਾਂ ਬ੍ਰਹਮਾ ਵਿਸ਼ਨ ਸ਼ਿਵ ਆਪਣੇ ਵਿਚ ਮਿਲਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਲੇਖਾ ਆਪੇ ਬੈਠਾ ਛੁਪਾ ।

### ★ ੨੦ ਫਗਣ ੨੦੧੭ ਬਿਕ੍ਰਮੀ ਹਜ਼ਾਰਾ ਸਿੰਘ ਦੇ ਗ੍ਰਿਹਿ ਪਿੰਡ ਬਾਬੂ ਪੁਰਾ ★

ਰਵ ਸਸ ਧਰਤ ਧਵਲ ਮਿਟੇ ਨਿਸ਼ਾਨ, ਨਿਸ਼ਾਨਾ ਕੋਇ ਰਹਿਣ ਨਾ ਪਾਈਆ । ਪੁਰੀ ਲੋਅ ਬ੍ਰਹਿਮੰਡ ਖੰਡ ਸਰਬ ਕੁਰਲਾਨ, ਨੇਤਰ ਰੋਵਣ ਨੀਰ ਵਹਾਈਆ । ਲੱਖ ਚੁਰਾਸੀ ਬਾਲ ਨਾਦਾਨ, ਬਾਲੀ ਬੁਧ ਮਤ ਗਵਾਈਆ । ਚਾਰੋਂ ਕੁੰਟ ਜਗਤ ਸ਼ੈਤਾਨ, ਕਲਜੁਗ ਡੌਰੂ ਰਿਹਾ ਵਾਈਆ । ਕਿਸੇ ਨਾ ਦਿਸੇ ਸਿਦਕ ਈਮਾਨ, ਧਰਮ ਧੀਰ ਜਤ ਨਾ ਕੋਇ ਰਖਾਈਆ । ਕਿਸੇ ਨਾ ਬਖ਼ਸ਼ੇ ਕੋਇ ਮਾਣ, ਜੂਠ ਝੂਠ ਪ੍ਰੀਤ ਵਖਾਈਆ । ਕਿਸੇ ਨਾ ਦੇਵੇ ਕੋਇ ਦਾਨ, ਸਚ ਭੰਡਾਰਾ ਨਾ ਕੋਇ ਵਰਤਾਈਆ । ਘਰ ਘਰ ਦਿਸੇ ਮਾਣ ਅਭਿਮਾਣ, ਮਾਇਆ ਮਮਤਾ ਮੋਹ ਹਲਕਾਈਆ । ਕਿਸੇ ਨਾ ਸੁਣਾਏ ਕੋਇ ਗਾਨ, ਅੰਤਰ ਆਤਮ ਨਾਦ ਵਜਾਈਆ । ਕਿਸੇ ਨਾ ਕਰੇ ਕੋਇ ਪਛਾਣ, ਭਰਮੇ ਭੁੱਲੀ ਸਰਬ ਲੋਕਾਈਆ । ਨਵ ਨਵ ਨੌਂ ਦਿਸੇ ਵੈਰਾਨ, ਸਾਚਾ ਖੇੜਾ ਨਾ ਕੋਇ ਵਸਾਈਆ । ਕਿਸੇ ਨਾ ਦਿਸੇ ਸਤਿ ਬਬਾਣ, ਸ਼ਬਦ ਬਬਾਣ ਨਾ ਕੋਇ ਚੜ੍ਹਾਈਆ । ਕਿਸੇ ਨਾ ਨਿਭੇ ਹਾਣੀ ਹਾਣ, ਸਗਲਾ ਸੰਗ ਨਾ ਕੋਇ ਵਖਾਈਆ । ਵੇਲਾ ਅੰਤ ਸਰਬ ਪਛਤਾਣ, ਜੋ ਆਇਆ ਸੋ ਉਠ ਉਠ ਜਾਈਆ । ਗੁਰਮੁਖ ਸਾਚਾ ਨੌਜਵਾਨ, ਨਾ ਮਰੇ ਨਾ ਜਾਈਆ । ਜਿਸ ਜਨ ਸਤਿਗੁਰ ਮਿਲਿਆ ਆਣ, ਜਗਤ ਤ੍ਰਿਸ਼ਨਾ ਭੁੱਖ ਗਵਾਈਆ । ਚਰਨ ਕਵਲ ਬਖ਼ਸ਼ੇ ਇਕ ਮਹਾਨ, ਚਰਨ ਚਰਨੋਦਕ ਮੁਖ ਚੁਆਈਆ । ਆਤਮ ਅੰਤਰ ਇਕ ਗਿਆਨ, ਏਕਾ ਅੱਖਰ ਨਾਉਂ ਪੜ੍ਹਾਈਆ । ਤੀਰਥ ਤਟ ਸਰਬ ਸੁਕ ਜਾਣ, ਸਰੋਵਰ ਕੋਇ ਨਾ ਰਹੇ ਵਡਿਆਈਆ । ਪੂਜਾ ਪਾਠ ਸਰਬ ਮਿਟ ਜਾਣ, ਨਾਦ ਸੰਖ ਨਾ ਕੋਇ ਸੁਣਾਈਆ । ਵੇਦ ਪੁਰਾਨ ਸਰਬ ਮੁਖ ਛੁਪਾਣ, ਨੇਤਰ ਨੈਣ ਨਾ ਕੋਇ ਉਠਾਈਆ । ਚਾਰੇ ਵਰਨ ਤਜਣ ਪੁਰਾਨ, ਪੁਰਾਨੀ ਪੁਰਾਨ ਨਾ ਕੋਇ ਪੜ੍ਹਾਈਆ । ਆਲਮੀਨ ਦਿਸੇ ਨਾ ਕੋਇ ਨਿਸ਼ਾਨ, ਉਲਮਾ ਆਲਮ ਨਾ ਕੋਇ ਵਖਾਈਆ । ਮਕਤਬ ਦਿਸੇ ਨਾ ਕੋਇ ਈਮਾਨ, ਮਸਲਾ ਸ਼ਰਅ ਨਾ ਕੋਇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਮਿਟੇ ਨਿਸ਼ਾਨਾ ਅੰਤਮ ਕਲ, ਕਲ ਕਲੂਆ ਆਪ ਮਿਟਾਇੰਦਾ । ਪੁਰਖ ਅਬਿਨਾਸ਼ੀ ਹੋ ਪਰਬਲ, ਆਪਣਾ ਬਲ ਧਰਾਇੰਦਾ । ਵੇਖਣਹਾਰਾ ਜਲ ਥਲ, ਮਹੀਅਲ ਆਪਣੀ ਖੇਲ ਖਿਲਾਇੰਦਾ । ਆਕਾਸ਼ ਪਰਕਾਸ਼ ਬੈਠਾ ਰਲ, ਨੂਰ ਨੂਰ ਵਿਚ ਸਮਾਇੰਦਾ । ਆਪਣਾ ਨਗਰ ਵਸਾਏ ਅਬਚਲ, ਭੇਵ ਕੋਇ ਨਾ ਪਾਇੰਦਾ । ਗੁਰਮੁਖਾਂ ਮੇਟੇ ਜਗਤ ਸਲ, ਜਗਤ ਵਿਛੋੜਾ ਪੰਧ ਮੁਕਾਇੰਦਾ । ਅੰਮ੍ਰਿਤ ਪਿਆਏ ਸਾਚਾ ਜਲ, ਨੀਰ ਜਗਤ ਨਾ ਕੋਇ ਰਖਾਇੰਦਾ । ਦੀਪਕ ਜੋਤੀ ਜਾਏ ਬਲ, ਅਗਿਆਨ ਅੰਧੇਰ ਮੁਕਾਇੰਦਾ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਜੀਵਾਂ ਜੰਤਾਂ ਛੱਡ ਹੋਇਆ ਗੁਰਸਿਖਾਂ ਵਲ, ਆਪਣਾ ਫ਼ਰਜ਼ ਪੂਰਾ ਆਪ ਕਰਾਇੰਦਾ । ਨਿਹਕਰਮੀ ਕਰੇ ਅਛਲ ਅਛੱਲ, ਧਰਮੀ ਆਪਣਾ ਧਰਮ

ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਨਿਸ਼ਾਨਾ ਆਪ ਪਰਗਟਾਇੰਦਾ । ਗੁਰਸਿਖ ਨਿਸ਼ਾਨ ਉਠਾਇਆ, ਹਰਿ ਸਤਿਗੁਰ ਦੀਨ ਦਿਆਲ । ਨਿਰਗੁਣ ਆਪਣੀ ਸੇਵ ਕਮਾਇਆ, ਲੇਖਾ ਜਾਣੇ ਸ਼ਾਹ ਕੰਗਾਲ । ਸਚਖੰਡ ਨਿਵਾਸੀ ਚਲ ਕੇ ਆਇਆ, ਆਪੇ ਸੁਣੇ ਮੁਰੀਦਾਂ ਹਾਲ । ਗੋਬਿੰਦ ਸੂਰਾ ਨਾਲ ਮਿਲਾਇਆ, ਜਗ ਚਲੀ ਅਵੱਲੜੀ ਚਾਲ । ਔਂਦਾਂ ਜਾਂਦਾ ਦਿਸ ਨਾ ਆਇਆ, ਨਾ ਕੋਈ ਮਿਲਿਆ ਨਾਲ ਦਲਾਲ । ਖ਼ਾਲੀ ਠੂਠੇ ਰਿਹਾ ਭਰਾਇਆ, ਗੁਰਮੁਖ ਵੇਖੇ ਸਾਚੇ ਲਾਲ । ਜੁਗ ਜੁਗ ਵਿਛੜੇ ਰੁੱਠੇ ਲਏ ਮਨਾਇਆ, ਲੱਖ ਚੁਰਾਸੀ ਵਿਚੋਂ ਭਾਲ । ਆਪਣੀ ਸੇਵਾ ਆਪ ਕਮਾਇਆ, ਸ਼ਬਦ ਅਗੰਮੀ ਫੜਿਆ ਹੱਥ ਰੁਮਾਲ । ਕਲਜੁਗ ਮੈਲ ਦਏ ਧਵਾਇਆ, ਅੰਮ੍ਰਿਤ ਆਤਮ ਇਕ ਉਛਾਲ । ਆਪਣਾ ਮਾਰਗ ਦਏ ਵਖਾਇਆ, ਤ੍ਰੈਗੁਣ ਨਾਤਾ ਤੋੜ ਜੰਜਾਲ । ਆਪਣੀ ਗੋਦ ਲਏ ਬਹਾਇਆ, ਗੁਰਸਿਖ ਬਾਲ ਅਵਾਣ । ਆਪਣੀ ਕੂਟ ਆਪੇ ਲਏ ਫਿਰਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਦੇਵੇ ਜੀਆ ਦਾਨ । ਜੀਆ ਦਾਨ ਜਗਤ ਜੁਗਤ, ਹਰਿ ਸਾਚਾ ਆਪ ਜਣਾਇੰਦਾ । ਲੇਖਾ ਜਾਣੇ ਭਗਤੀ ਭੁਗਤ, ਭਗਵਨ ਆਪਣਾ ਖੇਲ ਖਿਲਾਇੰਦਾ । ਹਰਿਜਨ ਮਿਲਾਏ ਸਾਚੇ ਸੁਤ, ਅਬਿਨਾਸ਼ੀ ਅਚੁਤ ਰੂਪ ਧਰਾਇੰਦਾ । ਨਾ ਕੋਈ ਕਾਇਆ ਦਿਸੇ ਬੁਤ, ਤਤਵ ਤਤ ਨਾ ਕੋਇ ਵਖਾਇੰਦਾ । ਨਿਰਵੈਰ ਸੁਹਾਈ ਆਪਣੀ ਰੁਤ, ਫੁਲ ਫੁਲਵਾੜੀ ਆਪ ਮਹਿਕਾਇੰਦਾ । ਗੁਰਸਿਖਾਂ ਅੰਦਰ ਆਪੇ ਸੁਤਾ ਆਪੇ ਬਹੇ ਉਠ, ਉਠਤ ਬੈਠਤ ਆਪਣੀ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਮਿਲਾਇੰਦਾ । ਹਰਿਜਨ ਸਾਚੇ ਖੋਲ੍ਹ ਜਾਗ, ਜਗਤ ਜੁਗਤ ਆਪਣੇ ਹੱਥ ਰਖਾਈਆ । ਆਪਣੇ ਤਨ ਲਾਈ ਆਗ, ਗੁਰਸਿਖਾਂ ਅਗਨ ਬੁਝਾਈਆ । ਆਪਣੀ ਫੜਾਈ ਗੁਰਸਿਖਾਂ ਹੱਥ ਵਾਗ, ਗੁਰਸਿਖ ਵਾਗ ਆਪਣੇ ਸੀਸ ਟਿਕਾਈਆ । ਆਪ ਉਪਜਾਇਆ ਗੁਰਸਿਖ ਤੇਰਾ ਵੈਰਾਗ, ਤੇਰੇ ਵੈਰਾਗ ਕੁੱਠਾ ਫਿਰੇ ਸੱਚਾ ਮਾਹੀਆ । ਆਪੇ ਧੋਵਣ ਆਇਆ ਤੇਰਾ ਦਾਗ਼, ਦੁਰਮਤ ਮੈਲ ਰਹਿਣ ਨਾ ਪਾਈਆ । ਕਿਆ ਕੋਈ ਜਾਣੇ ਹਰਿ ਕਾ ਅਨਰਾਗ, ਅਨਡਿਠੜਾ ਖੇਲ ਖਿਲਾਈਆ । ਆਪਣੇ ਵਿਚੋਂ ਆਪਾ ਕਾਢ, ਗੁਰਮੁਖਾਂ ਵਿਚ ਟਿਕਾਈਆ । ਗ਼ਰੀਬ ਨਿਮਾਣਿਆਂ ਕਰੇ ਲਾਡ, ਦੋ ਜਹਾਨਾਂ ਸੱਚਾ ਸ਼ਹਿਨਸ਼ਾਹੀਆ । ਗੁਰਸਿਖ ਤੇਰਾ ਨਿਸ਼ਾਨਾ ਆਦਿ ਜੁਗਾਦਿ, ਸਤਿਗੁਰ ਪੂਰਾ ਆਪ ਝੁਲਾਈਆ । ਰਾਹ ਤੱਕੇ ਤੇਰਾ ਬ੍ਰਹਿਮਾਦ, ਵਿਸ਼ਨ ਬ੍ਰਹਮਾ ਸ਼ਿਵ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਇਕ ਵਡਿਆਈਆ । ਹਰਿ ਵਡਿਆਈ ਵੱਡੀ, ਵਡ ਬਲਵਾਨਾ ਆਪ ਦਵਾਇੰਦਾ । ਬੀਤਦੀ ਜਾਏ ਚੌਧਵੀਂ ਸਦੀ, ਮੁਲਾ ਸ਼ੇਖ਼ ਮਸਾਇਕ ਪੀਰ ਦਸਤਗੀਰ ਨੀਰ ਸਰਬ ਵਹਾਇੰਦਾ । ਗੁਰਮੁਖਾਂ ਗੁਰ ਸਤਿਗੁਰ ਨਾਮ ਡੋਰੀ ਏਕਾ ਬੱਧੀ, ਨਾ ਕੋਈ ਤੋੜੇ ਤੋੜ ਤੁੜਾਇੰਦਾ । ਗੁਰਸਿਖ ਤੇਰੀ ਮਾਰ ਮਾਰੀ ਜਾਏ ਕੋਈ ਨਾ ਦੀਸੇ ਦਾਰ ਗੱਦੀ, ਗੱਦੀਦਾਰਾਂ ਖ਼ਾਕ ਵਿਚ ਰੁਲਾਇੰਦਾ । ਕਲਜੁਗ ਅੰਤਮ ਵਹਿਣ ਵਹਾਏ ਝੂਠੀ ਨਦੀ, ਨੱਯਾ ਨਾਉਂ ਹੱਥ ਨਾ ਕਿਸੇ ਫੜਾਇੰਦਾ । ਗੁਰਸਿਖ ਏਕਾ ਆਤਮ ਜਾਮ ਪਿਆਇਆ ਮਦੀ, ਮਦਿ ਆਪਣਾ ਅੰਮ੍ਰਿਤ ਰਸ ਚੁਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪ ਉਠਾਇੰਦਾ । ਹਰਿਜਨ ਤੇਰਾ ਨਿਸ਼ਾਨਾ ਸੱਚ, ਹਰਿ ਸਾਚਾ ਸਚ ਵਖਾਇੰਦਾ । ਲੋਆਂ ਪੁਰੀਆਂ ਰਹੀਆਂ ਨੱਚ, ਨਟੂਆ ਨਾਚ ਆਪ ਕਰਾਇੰਦਾ । ਹਰਿਜਨ ਮਾਰਗ ਆਪਣਾ ਦੱਸ, ਸਾਚੇ ਪੌੜੇ ਆਪ ਚੜ੍ਹਾਇੰਦਾ । ਅੱਗੇ ਬੈਠੇ ਪੁਰਖ ਸਮਰਥ, ਔਣਾ ਜਾਣਾ ਪੰਧ ਮੁਕਾਇੰਦਾ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਜਗਾਇੰਦਾ । ਜਾਗਣਹਾਰਾ ਜਾਗਿਆ, ਗੁਰਸਿਖ ਲਏ ਜਗਾਏ । ਦੂਰ ਦੁਰਾਡਾ ਫਿਰੇ ਭਾਗਿਆ, ਦਿਵਸ ਰੈਣ ਸੇਵ ਕਮਾਏ । ਗੁਰਸਿਖਾਂ ਸਰਨ ਸਰਨਾਈ ਆਪੇ ਲਾਗਿਆ, ਸਰਨਗਤ ਇਕ ਜਣਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਾਚੇ ਲਏ ਉਠਾਏ । ਹਰਿਜਨ ਸੱਚਾ ਉਠਿਆ, ਕਲਜੁਗ ਅੰਤਮ ਵਾਰ । ਸਤਿਗੁਰ ਪੂਰਾ ਤੁਠਿਆ, ਪਾਰਬ੍ਰਹਮ ਕਰਤਾਰ । ਅੰਮ੍ਰਿਤ ਦੇਵੇ ਸਾਚਾ ਘੁਟਿਆ, ਨਿਝਰ ਬਰਖੇ ਧਾਰ । ਗੁਰਸਿਖ ਕਦੇ ਨਾ ਜਾਏ ਲੁੱਟਿਆ, ਰਾਏ ਧਰਮ ਨਾ ਮਾਰੇ ਮਾਰ । ਗੁਰਮੁਖ ਲੱਖ ਚੁਰਾਸੀ ਵਿਚੋਂ ਆਪੇ ਫੁਟਿਆ, ਕਵਲ ਕਵਲਾ ਪਾੜ । ਉਜਲ ਹੋਇਆ ਮੁਖਿਆ, ਪ੍ਰਭ ਦਰਸਨ ਪਾਇਆ ਧੁਰ ਦਰਬਾਰ । ਜਨਮ ਜਨਮ ਦਾ ਸੰਸਾ ਮੁਕਿਆ, ਨਾਤਾ ਤੁਟਾ ਜਗਤ ਸੰਸਾਰ । ਦਰਸ ਦਿਖਾਏ ਜੋ ਬੈਠਾ ਲੁਕਿਆ, ਜਿਸ ਲੱਭਦੇ ਰਹੇ ਗੁਰ ਅਵਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸੱਜਣ ਲਏ ਭਾਲ । ਭਾਲਣਹਾਰਾ ਆ ਗਿਆ, ਬੇਮੁਖ ਬੇਪਰਵਾਹ । ਆਪਣਾ ਰੂਪ ਆਪ ਉਲਟਾ ਗਿਆ, ਕਲਜੁਗ ਰੂਪ ਉਲਟਾ । ਆਪਣਾ ਮਾਣਸ ਜਨਮ ਗੁਰਸਿਖਾਂ ਲੇਖੇ ਲਾ ਗਿਆ, ਆਪਣੀ ਧੂੜੀ ਖ਼ਾਕ ਉਡਾ । ਆਪਣੀ ਜੋਤੀ ਜੋਤ ਜਗਾ ਲਿਆ, ਜੋਤੀ ਨੂਰ ਕਰ ਰੁਸ਼ਨਾ । ਨੂਰੋ ਨੂਰ ਵੇਸ ਵਟਾ ਲਿਆ, ਵੇਸ ਅਵੱਲਾ ਇਕ ਖ਼ੁਦਾ । ਖ਼ਾਲਕ ਦਿਸ ਕਿਸੇ ਨਾ ਆ ਰਿਹਾ, ਖ਼ਲਕਤ ਰੋਵੇ ਮਾਰੇ ਧਾਹ । ਗੁਰਸਿਖਾਂ ਇਕ ਪਨਾਹ ਵਖਾ ਰਿਹਾ, ਚਰਨ ਕਵਲ ਕਵਲ ਚਰਨ ਮੰਗਣ ਸਚ ਦੁਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖਾਂ ਉਤੋਂ ਹੋਇਆ ਆਪ ਫ਼ਿਦਾ । ਹੋ ਫ਼ਿਦਾ ਫ਼ਿਤਰਤ ਗਵਾਈ, ਆਪਣਾ ਫ਼ੈਲ ਨਾ ਕੋਇ ਜਣਾਈਆ । ਘਟ ਘਟ ਅੰਤਰ ਆਪਣੀ ਸਦਾ ਲਗਾਈ, ਕਾਇਆ ਹੁਜਰੇ ਇਕ ਬਾਂਗ ਸੁਣਾਈਆ । ਸਚ ਮਹਿਰਾਬੇ ਡੇਰਾ ਲਾਈ, ਆਪਣਾ ਮਸੱਲਾ ਰਿਹਾ ਵਛਾਈਆ । ਗੁਰਸਿਖ ਤੇਰਾ ਪ੍ਰੇਮ ਵੁਜ਼ੂ ਲਏ ਕਰਾ, ਤੇਰੇ ਅੱਗੇ ਆਪਣਾ ਸਯਦਾ ਸੀਸ ਝੁਕਾਈਆ । ਆਪਣੀ ਕੰਨੀ ਆਪੇ ਹੱਥ ਰਿਹਾ ਲਗਾ, ਤੇਰਾ ਵਿਛੋੜਾ ਫੇਰ ਕਦੇ ਨਾ ਪਾਈਆ । ਬਿਸਮਲ ਹੋ ਹੋ ਰਿਹਾ ਸਮਾ, ਬਿਸਮਲ ਆਪਣਾ ਆਪ ਕਰਾਈਆ । ਇਲ ਲਿਲਾ ਇਲਾਹੀ ਨੂਰ ਆਪ ਪਰਗਟਾ, ਆਲਮੀਨ ਕਾਇਨਾਤ ਵੇਖੇ ਸੱਚਾ ਸ਼ਹਿਨਸ਼ਾਹੀਆ । ਕਲਮਾ ਨਬੀ ਰਸੂਲ ਆਪ ਅਖਵਾ, ਅਮਾਮ ਅਮਾਮਾਂ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਤੇਰਾ ਸਚ ਦਮਾਮਾ, ਆਪਣੀ ਹੱਥੀਂ ਆਪ ਵਜਾਈਆ । ਸਚ ਦਮਾਮਾਂ ਵੱਜੀ ਨੌਬਤ, ਨਿਰਗੁਣ ਆਪ ਵਜਾਈਆ । ਗੁਰਸਿਖਾਂ ਮਿਲਣ ਆਇਆ ਸੁਣ ਕੇ ਸੋਹਬਤ, ਵਿਸ਼ਨ ਬ੍ਰਹਮਾ ਸ਼ਿਵ ਰਹੇ ਜਸ ਗਾਈਆ । ਸੁਣੇ ਬੋਲ ਬੋਲਤ ਅਨਬੋਲਤ, ਅਨਬੋਲਿਆ ਸਮਝ ਵਿਚ ਕਿਸੇ ਨਾ ਆਈਆ । ਜਗਤ ਵਿਦਿਆਰਥੀ ਜਗਤ ਵਜਾਇਣ ਢੋਲਕ, ਢੋਰ ਚੰਮ ਪਿਆਰ ਕਮਾਈਆ । ਰਵਦਾਸ ਚਮਿਆਰ ਗੁਰਸਿਖਾਂ ਦੱਸੇ ਕਾਇਆ ਅੰਦਰ ਗੋਲਕ, ਹਰਿ ਨਾਮ ਖ਼ਜ਼ਾਨਾ ਬੈਠਾ ਦੱਸੇ ਵਿਚ ਛੁਪਾਈਆ । ਆਏ ਦਵਾਰ ਦੇਵੇ ਵਸਤ ਅਮੋਲਕ, ਮੁੱਲ ਕੋਇ ਨਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਵਾਨ ਭਗਵਾਨ ਭਗਤਾਂ ਸੇਵ ਕਮਾਈਆ ।

★ ੨੦ ਫੱਗਣ ੨੦੧੭ ਬਿਕ੍ਰਮੀ ਵਰਖਾ ਸਿੰਘ ਦੇ ਗ੍ਰਿਹ ਪਿੰਡ ਬਾਬੂ ਪੁਰਾ ਜ਼ਿਲਾ ਗੁਰਦਾਸ ਪੁਰ ★



ਮਹਾਕਾਲ ਆਪਣਾ ਨਾਉਂ ਜਣਾਇਆ, ਸੋ ਪੁਰਖ ਨਿਰੰਜਣ ਆਪ ਉਪਾਇੰਦਾ । ਮਹਾਕਾਲ ਆਪਣਾ ਹੁਕਮ ਮਨਾਇਆ, ਹੁਕਮੇ ਅੰਦਰ ਖੇਲ ਖਿਲਾਇੰਦਾ । ਮਹਾਕਾਲ ਆਪਣੀ ਤੇਜ਼ ਧਾਰ ਚਲਾਇਆ, ਆਰ ਪਾਰ ਆਪ ਫਿਰਾਇੰਦਾ । ਮਹਾਕਾਲ ਆਪਣਾ ਹੁਲਾਰ ਇਕ ਕਰਾਇਆ, ਦੋ ਜਹਾਨਾਂ ਆਪ ਫਿਰਾਇੰਦਾ । ਮਹਾਕਾਲ ਰੂਪ ਨਿਰੰਕਾਰ ਵਟਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੂਪ ਆਪ ਧਰਾਇੰਦਾ । ਮਹਾਕਾਲ ਹਰਿ ਕੀ ਧਾਰ, ਹਰਿ ਹਰਿ ਆਪ ਚਲਾਈਆ । ਮਹਾਕਾਲ ਰਹੇ ਆਦਿ ਜੁਗਾਦਿ ਜੁਗ ਜੁਗ ਪਾਵੇ ਸਾਰ, ਅਗੰਮ ਅਗੰਮੜੇ ਧਾਮ ਸੁਹਾਈਆ । ਮਹਾਕਾਲ ਹੋਏ ਸਹਾਰ, ਦੀਨਨ ਰੱਛਿਆ ਆਪ ਕਰਾਈਆ । ਮਹਾਕਾਲ ਵੰਡੇ ਭਾਰ, ਦੇਵੇ ਵੰਡ ਸ੍ਰਿਸ਼ਟ ਸਬਾਈਆ । ਮਹਾਕਾਲ ਮੀਤ ਮੁਰਾਰ, ਹਰਿਜਨ ਸਾਚੇ ਲਏ ਮਿਲਾਈਆ । ਮਹਾਕਾਲ ਸਬ ਤੋਂ ਬਾਹਰ, ਫੰਦਨ ਵਿਚ ਕਦੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਬਲ ਆਪ ਜਣਾਈਆ । ਮਹਾਕਾਲ ਹਰਿ ਕਾ ਬਲ, ਨਾ ਕੋਈ ਰੋਕੇ ਰੋਕ ਰੁਕਾਇੰਦਾ । ਮਹਾਕਾਲ ਵਸੇ ਧਾਮ ਅਟੱਲ, ਅਟਲ ਪਦਵੀ ਇਕ ਜਣਾਇੰਦਾ । ਮਹਾਕਾਲ ਅਛਲ ਅਛੱਲ, ਵਲ ਛਲ ਛਲਧਾਰੀ ਭੇਵ ਨਾ ਆਇੰਦਾ । ਮਹਾਕਾਲ ਤ੍ਰੈਭਵਨ ਦੇਵੇ ਦਲ, ਏਕਾ ਵਾਰ ਖੇਲ ਖਿਲਾਇੰਦਾ । ਮਹਾਕਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਇੰਦਾ । ਮਹਾਕਾਲ ਸੂਰਬੀਰ ਬਲਵਾਨਾ, ਸਾਹਿਬ ਸਤਿਗੁਰ ਆਪ ਜਣਾਈਆ । ਮਹਾਕਾਲ ਨੌਜਵਾਨਾ, ਬਿਰਧ ਬਾਲ ਨਾ ਰੂਪ ਵਟਾਈਆ । ਮਹਾਕਾਲ ਆਦਿ ਜੁਗਾਦਿ ਮੰਗੇ ਮੰਗ ਧੁਰ ਫ਼ਰਮਾਨਾ, ਨਿਉਂ ਨਿਉਂ ਸੀਸ ਝੁਕਾਈਆ । ਮਹਾਕਾਲ ਦਰ ਦਰਵੇਸ਼ ਦਰ ਦਰਬਾਨਾ, ਅਲਖ ਅਲਖਨਾ ਅਲਖ ਜਗਾਈਆ । ਮਹਾਕਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਸੰਗ ਨਿਭਾਈਆ । ਮਹਾਕਾਲ ਹਰਿ ਹਰਿ ਕਾ ਰੰਗ, ਹਰਿ ਹਰਿ ਸਾਚਾ ਆਪ ਬਣਾਇੰਦਾ । ਮਹਾਕਾਲ ਬ੍ਰਹਿਮੰਡ ਵਜਾਏ ਮਰਦੰਗ, ਡੌਰੂ ਡੰਕਾ ਇਕ ਵਖਾਇੰਦਾ । ਮਹਾਕਾਲ ਸੂਰਾ ਸਰਬੰਗ, ਭੈ ਸੀਸ ਨਾ ਕੋਈ ਜਣਾਇੰਦਾ । ਮਹਾਕਾਲ ਲੇਖਾ ਜਾਣੇ ਅੰਧੇਰਾ ਅੰਧ, ਅੰਧ ਅੰਧੇਰ ਉਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਕਾਲ ਆਪ ਪਰਗਟਾਇੰਦਾ । ਮਹਾਕਾਲ ਹਰਿ ਪਰਗਟਾਏ, ਹਰਿ ਪੁਰਖ ਵਡੀ ਵਡਿਆਈਆ । ਆਪਣੀ ਇਛਿਆ ਆਪ ਵਿਚ ਟਿਕਾਏ, ਸਾਚੀ ਸਿਖਿਆ ਆਪ ਸਮਝਾਈਆ । ਆਪਣਾ ਲੇਖਾ ਲਿਖਿਆ ਅੱਗੇ ਧਰਾਏ, ਸਾਚੀ ਪੱਟੀ ਆਪ ਪੜ੍ਹਾਈਆ । ਹੁਕਮੀ ਹੁਕਮ ਰਿਹਾ ਜਣਾਏ, ਹਰਿ ਹਾਕਮ ਵੱਡਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣਾ ਖੇਲ ਆਪ ਖਿਲਾਈਆ । ਖੇਲ ਅਵੱਲਾ ਇਕ ਅਕੱਲਾ, ਪੁਰਖ ਪੁਰਖੋਤਮ ਆਪ ਕਰਾਇੰਦਾ । ਜੋਤੀ ਧਾਰ ਸ਼ਬਦੀ ਭੱਲਾ, ਮਹਾਕਾਲ ਹੱਥ ਫੜਾਇੰਦਾ । ਨੌਂ ਨੌਂ ਪਾਏ ਤ੍ਰਬੱਲਾ, ਚਾਰ ਚਾਰ ਮੁਖ ਭਵਾਇੰਦਾ । ਲੇਖਾ ਜਾਣੇ ਘੜੀ ਘੜੀ ਪਲ ਪਲਾ, ਵਾਰ ਥਿਤ ਨਾ ਕੋਈ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਕਾਲ ਦੀਨ ਦਿਆਲ ਆਪ ਵਸਾਏ ਆਪਣੀ ਧਰਮਸਾਲ, ਧੁਰ ਦਰਬਾਰੇ ਆਪ ਬਹਾਇੰਦਾ । ਧੁਰ ਦਰਬਾਰ ਸੁਹੰਜਣਾ, ਸੋਭਾਵੰਤ ਹਰਿ ਕਰਤਾਰ । ਕਰੇ ਖੇਲ ਆਦਿ ਨਿਰੰਜਣਾ, ਆਦਿ ਜੁਗਾਦੀ ਸਾਚੀ ਕਾਰ । ਲੇਖਾ ਜਾਣੇ ਦੀਨਾਂ ਨਾਥ ਦਰਦ ਦੁੱਖ ਭੈ ਭੰਜਣਾ, ਦੇਵ ਦਾਨਵ ਆਪਣਾ ਰੂਪ ਵਟਾਇੰਦਾ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭੇਵ ਖੁਲ੍ਹਾਏ ਮਹਾਕਾਲ । ਮਹਾਕਾਲ ਹਰਿ ਭੇਵ ਖੁਲ੍ਹਾਇੰਦਾ, ਬੇਅੰਤ ਬੇਪਰਵਾਹ । ਆਪਣਾ ਰੂਪ ਆਪ ਧਰਾਇੰਦਾ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਏਕਾ ਰਿਹਾ ਜਣਾ । ਨਵ ਨੌ ਚਾਰ ਭੇਵ ਕੋਈ ਨਾ ਪਾਇੰਦਾ, ਸਭ ਬੈਠੇ ਸੀਸ ਝੁਕਾ । ਗੋਬਿੰਦ ਮਹਾਕਾਲ ਓਟ ਰਖਾਇੰਦਾ, ਹੋਏ ਸਹਾਈ ਦੋ ਜਹਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਕਾਲ ਆਪਣਾ ਨਾਉਂ ਲਏ ਪਰਗਟਾ ।

★ ੨੦ ਫੱਗਣ ੨੦੧੭ ਬਿਕ੍ਰਮੀ ਵਿਰਸਾ ਸਿੰਘ ਦੇ ਗ੍ਰਿਹਿ ਪਿੰਡ ਬਾਬੂ ਪੁਰ ਜ਼ਿਲਾ ਗੁਰਦਾਸ ਪੁਰ ★

ਮਹਾਕਾਲ ਰੂਪ ਹਰਿ ਖ਼ਾਲਕ, ਖ਼ਲਕਤ ਆਪਣੀ ਵੇਖ ਵਖਾਈਆ । ਮਹਾਕਾਲ ਆਦਿ ਜੁਗਾਦਿ ਸਲਾਮਤ, ਜੰਮਣ ਮਰਣ ਵਿਚ ਨਾ ਆਈਆ । ਮਹਾਕਾਲ ਕਰੇ ਸਚ ਅਦਾਲਤ, ਸਾਚੇ ਤਖ਼ਤ ਸੱਚਾ ਸ਼ਹਿਨਸ਼ਾਹੀਆ । ਮਹਾਕਾਲ ਜ਼ਾਮਨ ਨਾ ਦੇਵੇ ਵਕਾਲਤ, ਆਪਣੇ ਹੱਥ ਰੱਖੇ ਵਡਿਆਈਆ । ਮਹਾਕਾਲ ਆਪੇ ਬਣੇ ਆਪਣਾ ਸਾਲਸ, ਸਾਚੀ ਸਾਲਸੀ ਆਪ ਕਰਾਈਆ । ਮਹਾਕਾਲ ਨਿਰਵੈਰ ਨਿਰਗੁਣ ਏਕਾ ਰੂਪ ਵਖਾਏ ਖ਼ਾਲਸ, ਦੂਸਰ ਅਵਰ ਨਾ ਕੋਇ ਮਿਲਾਈਆ । ਕਲਜੁਗ ਮੇਟੇ ਝੂਠੀ ਨਾਲਸ਼, ਕੂੜੀ ਕਿਰਿਆ ਆਪ ਖਪਾਈਆ । ਆਪਣੇ ਵਕ਼ਤ ਨਾ ਕਰੇ ਕਦੇ ਆਲਸ, ਨਿੰਦਰਾ ਵਿਚ ਕਦੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਰਚਨਾ ਵੇਖ ਵਖਾਈਆ । ਮਹਾਕਾਲ ਸਾਚੀ ਧਾਰ, ਪਾਰਬ੍ਰਹਮ ਆਪ ਧਰਾਇੰਦਾ । ਮਹਾਕਾਲ ਸਚ ਸਿਕਦਾਰ, ਤਖ਼ਤ ਨਿਵਾਸੀ ਡੇਰਾ ਲਾਇੰਦਾ । ਮਹਾਕਾਲ ਸੀਸ ਰੱਖ ਦਸਤਾਰ, ਸਭ ਦੇ ਸੀਸ ਕਟਾਇੰਦਾ । ਮਹਾਕਾਲ ਮਾਰੇ ਮਾਰ, ਸਾਚਾ ਖੰਡਾ ਹੱਥ ਚਮਕਾਇੰਦਾ । ਮਹਾਕਾਲ ਇਕ ਅਖਾੜ, ਨਵ ਨੌ ਅਖਾੜਾ ਆਪ ਲਗਾਇੰਦਾ । ਮਹਾਕਾਲ ਉਠਾਏ ਅਗੰਮੀ ਧਾੜ, ਜੁਗ ਜੁਗ ਲੇਖਾ ਪੂਰ ਕਰਾਇੰਦਾ । ਮਹਾਕਾਲ ਹੋਏ ਉਜਿਆਰ, ਜੋਤੀ ਜਲਵਾ ਨੂਰ ਜਗਾਇੰਦਾ । ਮਹਾਕਾਲ ਆਪਣਾ ਸਭ ਤੋਂ ਪਹਿਲਾ ਕਰੇ ਵਾਰ, ਦੂਸਰ ਹੱਥ ਨਾ ਕੋਈ ਉਠਾਇੰਦਾ । ਮਹਾਕਾਲ ਕਰੇ ਕਲ ਖਵਾਰ, ਖ਼ਲਕ ਖ਼ਾਲਕ ਆਪ ਰੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਖੇਲ ਆਪ ਖਿਲਾਇੰਦਾ । ਮਹਾਕਾਲ ਸ਼ਾਹ ਅਸਵਾਰਾ, ਅਸਵ ਆਪਣਾ ਆਪ ਦੌੜਾਈਆ । ਮਹਾਕਾਲ ਬਣ ਹਲਕਾਰਾ, ਨਿਰਗੁਣ ਸਰਗੁਣ ਸੇਵ ਕਮਾਈਆ । ਮਹਾਕਾਲ ਵੇਖੇ ਸਰਬ ਸੰਸਾਰਾ, ਲੱਖ ਚੁਰਾਸੀ ਫੋਲ ਫੁਲਾਈਆ । ਮਹਾਕਾਲ ਗੁਰਮੁਖ ਫਿਰੇ ਦੁਆਰ ਦੁਆਰਾ, ਅੰਤਰ ਆਤਮ ਕਰੇ ਜਣਾਈਆ । ਮਹਾਕਾਲ ਏਕਾ ਬੋਲੇ ਸਤਿ ਜੈਕਾਰਾ, ਸੋ ਪੁਰਖ ਨਿਰੰਜਨ ਆਪੇ ਗਾਈਆ । ਮਹਾਕਾਲ ਹੰ ਬ੍ਰਹਮ ਕਰੇ ਪਸਾਰਾ, ਆਪਣੀ ਅੰਸ ਆਪਣਾ ਬੰਸ ਵਖਾਈਆ । ਮਹਾਕਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਹੱਥ ਰੱਖੇ ਵਡਿਆਈਆ । ਮਹਾਕਾਲ ਸੂਰਾ ਸਰਬੰਗ, ਹਰਿ ਵੱਡਾ ਵਡ ਅਖਵਾਇੰਦਾ । ਮਹਾਕਾਲ ਬਣ ਮਲੰਗ, ਨਵ ਨੌ ਆਪਣਾ ਫੇਰਾ ਪਾਇੰਦਾ । ਮਹਾਕਾਲ ਸ੍ਰਿਸ਼ਟ ਸਬਾਈ ਕਰੇ ਭੰਗ, ਜੋ ਘੜਿਆ ਭੰਨ ਵਖਾਇੰਦਾ । ਮਹਾਕਾਲ ਮਚਾਏ ਅੰਧੇਰ ਅੰਧ, ਸੂਰਜ ਚੰਦ ਨੂਰ ਨੂਰ ਵਿਚ ਛੁਪਾਇੰਦਾ । ਮਹਾਕਾਲ ਲੇਖਾ ਜਾਣੇ ਜਲ ਬਿੰਬ, ਜਲ ਜਲ ਆਪਣੇ ਮੁਖ ਪਾਇੰਦਾ । ਮਹਾਕਾਲ ਲੇਖਾ ਜਾਣੇ ਧਰਤ ਧਵਲ ਵਡ ਮਰਗਿੰਦ, ਸੂਰਬੀਰ ਆਪਣਾ

ਬਲ ਵਖਾਇੰਦਾ । ਮਹਾਕਾਲ ਗਹਿਰ ਗੰਭੀਰ ਗੁਣੀ ਗਹਿੰਦ, ਗੋਬਿੰਦ ਏਕਾ ਓਟ ਰਖਾਇੰਦਾ । ਮਹਾਕਾਲ ਆਦਿ ਜੁਗਾਦਿ ਸਦਾ ਬਖ਼ਸ਼ਿੰਦ, ਬਖ਼ਸ਼ਿਸ਼ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲੇ ਆਪਣੇ ਘਰ, ਮੇਲ ਮਿਲਾਵਾ ਇਕ ਸਮਝਾਇੰਦਾ । ਮਹਾਕਾਲ ਸ਼ਬਦ ਲਲਕਾਰਾ, ਦੋ ਜਹਾਨਾਂ ਆਪ ਲਗਾਈਆ । ਤ੍ਰੈ ਤ੍ਰੈ ਲੇਖਾ ਜਾਣੇ ਏਕਾ ਵਾਰਾ, ਅਗੰਮੀ ਧੁਨ ਸਹਿਜ ਸੁਖਦਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰਨ ਪੁਕਾਰਾ, ਗਲ ਵਿਚ ਪੱਲੂ ਏਕਾ ਪਾਈਆ । ਤੇਰਾ ਭੌ ਭੈ ਨਾ ਝੱਲੇ ਕੋਈ ਵਿਚ ਸੰਸਾਰਾ, ਨਿਰਭੌ ਤੇਰੀ ਵਡ ਵਡਿਆਈਆ । ਤੇਰੀ ਮੂਰਤ ਸੂਰਤ ਮੇਲ ਨਿਆਰਾ, ਪੁਰਖ ਅਕਾਲ ਬੇਪਰਵਾਹੀਆ । ਅਜੂਨੀ ਰਹਿਤ ਤੇਰਾ ਧਾਮ ਨਿਆਰਾ, ਲੋਕਮਾਤ ਦਿਸ ਕਿਸੇ ਨਾ ਆਈਆ । ਪਾਰਬ੍ਰਹਮ ਤੇਰਾ ਰੂਪ ਅਗੰਮ ਅਪਾਰਾ, ਸ਼ਾਹ ਅਸਵਾਰਾ ਆਪ ਦੌੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਸੱਚਾ ਸ਼ਹਿਨਸ਼ਾਹੀਆ । ਮਹਾਕਾਲ ਸਾਚਾ ਘੋੜਾ, ਇਕ ਇਕੱਲਾ ਆਪ ਦੌੜਾਇੰਦਾ । ਉਠ ਉਠ ਭੱਜੇ ਵਕ਼ਤ ਰਹਿ ਗਿਆ ਥੋੜਾ, ਆਪਣਾ ਪੰਧ ਆਪ ਮੁਕਾਇੰਦਾ । ਕਲਜੁਗ ਹਾਰੇ ਬਾਜ਼ੀ ਜਿਉਂ ਸਾਰ ਪਾਸ਼ ਮੋਹਰਾ, ਸ਼ਿਕਸਤ ਨਾ ਕੋਇ ਵਖਾਇੰਦਾ । ਮਹਾਕਾਲ ਆਪਣੇ ਹੱਥ ਉਠਾਏ ਏਕਾ ਡੋਰਾ, ਚੌਦਾਂ ਲੋਕ ਏਕਾ ਵਾਰ ਬੰਨ੍ਹ ਵਖਾਇੰਦਾ । ਮਹਾਕਾਲ ਕਰੇ ਵਾਸ ਅੰਧਘੋਰਾ, ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ, ਟਿੱਲੇ ਪਰਬਤ ਸਮੁੰਦ ਸਾਗਰ ਫੋਲ ਫੁਲਾਇੰਦਾ । ਲੱਖ ਚੁਰਾਸੀ ਤੇਰੇ ਨਾਲ ਵਰਤੇ ਅੰਤਮ ਹੋ ਕੇ ਕੋਰਾ, ਪਿਆਰ ਦੁਲਾਰ ਨਾ ਕੋਇ ਵਖਾਇੰਦਾ । ਗੁਰਮੁਖਾਂ ਘਰ ਘਰ ਆਪੇ ਬੌਹੜਾ, ਆਪਣਾ ਘੋੜਾ ਆਪ ਦੌੜਾਇੰਦਾ । ਸੱਸੇ ਉਪਰ ਲਾਇਆ ਹੋੜਾ, ਨਿਰਗੁਣ ਖੰਡਾ ਇਕ ਵਖਾਇੰਦਾ । ਹਰਿ ਕਾ ਰੂਪ ਗਹਿਰ ਗਵਰਾ, ਟਿਪੀ ਬਿੰਦੀ ਆਪ ਸਮਝਾਇੰਦਾ । ਮਾਣਸ ਜਨਮ ਹਰਿਜਨ ਵਿਰਲੇ ਸਵਰਾ, ਜਿਸ ਜਨ ਸਰਵਰ ਗੋਦ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵੇਸ ਆਪ ਧਰਾਇੰਦਾ । ਮਹਾਕਾਲ ਹਰਿ ਵੇਸ ਅਵੱਲਾ, ਅੱਖਰ ਅੱਖਰ ਨਾ ਕੋਇ ਪੜ੍ਹਾਈਆ । ਲੇਖਾ ਜਾਣੇ ਨੂਰੀ ਅੱਲਾ, ਅੱਲਾ ਅਲਾਹ ਰੂਪ ਵਟਾਈਆ । ਹੱਥ ਰਖਾਏ ਮਤਿਹਰਾ ਭੱਲਾ, ਮਲੰਗ ਸੂਰਾ ਸਰਬੰਗ ਖੁਲੜੇ ਕੇਸ ਫਿਰੇ ਵਾਹੋ ਦਾਹੀਆ । ਆਪਣਾ ਚੋਲਾ ਆਪੇ ਰੰਗਾ, ਨੀਲ ਬਸਤਰ ਬਨ ਬਨਵਾਰੀ ਏਕਾ ਅਲਫ਼ੀ ਗਲ ਵਖਾਈਆ । ਚਾਰੋਂ ਕੁੰਟ ਹੋਕਾ ਦੇਵੇ ਵਾਰੋ ਵਾਰੀ, ਆਪਣੀ ਸਦਾ ਖ਼ੁਦਾ ਆਪ ਸੁਣਾਈਆ । ਲਾਸ਼ਰੀਕ ਬੇਐਬ ਪਰਵਰਦਿਗਾਰੀ, ਕਰੇ ਖੇਲ ਬੇਪਰਵਾਹੀਆ । ਆਪ ਨਿਭਾਵਣ ਆਇਆ ਆਪਣੀ ਲੱਗੀ ਯਾਰੀ, ਯਾਰੀ ਯਾਰ ਨਾਲ ਹੰਢਾਈਆ । ਚੌਦਾਂ ਸਦੀਆਂ ਅੱਲਾ ਰਾਣੀ ਰਹੀ ਕਵਾਰੀ, ਸਾਚਾ ਖੌਂਤ ਨਾ ਕੋਇ ਵਖਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਕਰੇ ਖੇਲ ਅਗੰਮ ਅਪਾਰੀ, ਰੂਪ ਅਨੂਪ ਆਪ ਧਰਾਈਆ । ਮਹਾਕਾਲ ਬਣ ਬਲਕਾਰੀ, ਆਪਣਾ ਖੇਲ ਕਰੇ ਸੱਚਾ ਸ਼ਹਿਨਸ਼ਾਹੀਆ । ਆਪਣਾ ਤਨ ਆਪਣੇ ਬਸਤਰ ਆਪੇ ਰਿਹਾ ਸ਼ੰਗਾਰੀ, ਆਪੇ ਵੇਖੇ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਈਆ । ਅੱਲਾ ਰਾਣੀ ਕਵਾਰੀ ਕੰਨਿਆ, ਚੌਦਾਂ ਤਬਕ ਨੈਣ ਉਠਾਈਆ । ਚੌਦਾਂ ਲੋਕ ਵੇਖੇ ਛੱਪਰ ਛੰਨਿਆ, ਸਾਚਾ ਹਾਣੀ ਨਜ਼ਰ ਕੋਈ ਨਾ ਆਈਆ । ਕਲਜੁਗ ਅੰਤਮ ਮਹਾਕਾਲ ਏਕਾ ਮੰਨਿਆ, ਆਪਣੀ ਦਇਆ ਆਪ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਅੱਲਾ ਰਾਣੀ ਗਲ ਪੱਲੂ ਪਾ, ਨੇਤਰ ਨੈਣਾਂ ਨੀਰ ਵਹਾਇੰਦੀ । ਕਵਣ ਪਤ ਰੱਖੇ ਮੇਰੀ ਮਿਹਰਬਾਂ,

ਏਕਾ ਸਜਦਾ ਸੀਸ ਝੁਕਾਇੰਦੀ । ਤੁਧ ਬਿਨ ਕਵਣ ਕਰੇ ਸਚ ਨਿਆਂ, ਤੇਰਾ ਰਾਹ ਸਦ ਤਕਾਇੰਦੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਲਾਲ ਮਹਿਦੀ ਹੱਥਾਂ ਨਾਲ ਰੰਗਾਇੰਦੀ । ਲਾਲ ਮਹਿਦੀ ਰੰਗ ਚੜ੍ਹਾਇਆ ਇਕ ਗੁਲਾਲ, ਸਾਚਾ ਸਗਨ ਮਨਾਈਆ । ਪੁਰਖ ਅਬਿਨਾਸ਼ੀ ਹੋ ਦਿਆਲ, ਕਿਰਪਾ ਕਰ ਸੱਚੇ ਸਾਈਆ । ਮੇਰਾ ਜੋਬਨ ਨੌਜਵਾਨ, ਲੋਕਮਾਤ ਸਕੇ ਨਾ ਕੋਈ ਹੰਢਾਈਆ । ਚੌਦਾਂ ਸਦੀਆਂ ਰਹੀ ਭਾਲ, ਮਿਲਿਆ ਯਾਰ ਨਾ ਸਾਚਾ ਮਾਹੀਆ । ਬੇਆਬ ਹੋਈ ਬੇਹਾਲ, ਬੇਆਬ ਰਹੀ ਕੁਰਲਾਈਆ । ਨਾ ਕੋਈ ਭੁਲ ਨਾ ਸਵਾਬ, ਗੁਣ ਅਵਗੁਣ ਨਾ ਕੋਇ ਜਣਾਈਆ । ਨਾ ਕੋਈ ਮਾਈ ਨਾ ਕੋਈ ਬਾਪ, ਨਾ ਕੋਈ ਦੇਵੇ ਜਗਤ ਸਾਲਾਹੀਆ । ਇਕ ਸੁਣਿਆ ਵਡਾ ਤੇਰਾ ਪਰਤਾਪ, ਦਰ ਆਇਆਂ ਭਿਛਿਆ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਿਰ ਮੇਰੇ ਹੱਥ ਟਿਕਾਈਆ । ਮਹਾਕਾਲ ਹਰਿ ਕਰ ਤਿਆਰ, ਸਾਚਾ ਹੁਕਮ ਜਣਾਇੰਦਾ । ਛੈਲ ਛਬੀਲਾ ਪਾਵੇ ਸਾਰ, ਆਪਣਾ ਰੂਪ ਆਪ ਪਰਗਟਾਇੰਦਾ । ਅੱਲਾ ਰਾਣੀ ਵਰੇ ਨਾਰ ਮੁਟਿਆਰ, ਜਗਤ ਰੰਡੇਪਾ ਆਪ ਕਟਾਇੰਦਾ । ਚਾਰ ਯਾਰ ਬਣਾਏ ਨਾਲ ਕਹਾਰ, ਮੁਹੰਮਦ ਪੱਲੂ ਪੱਲੂ ਨਾਲ ਫੜਾਇੰਦਾ । ਹੱਥੀਂ ਮਹਿਦੀ ਵੇਖੇ ਆਪ ਨਿਰੰਕਾਰ, ਲਾਲਨ ਲਾਲ ਫੋਲ ਫੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਕਾਲ ਖੇਲ ਖਿਲਾਇੰਦਾ । ਮਹਾਕਾਲ ਨਰ ਏਕਾ ਵਰ ਨਾਰੀ ਸੁਘੜ ਸੁਵਾਣੀ ਇਕ ਬਣਾਈਆ । ਆਬਹਯਾਤ ਪਿਆਏ ਠੰਡਾ ਪਾਣੀ, ਜਗਤ ਤ੍ਰਿਸ਼ਨ ਪਿਆਸ ਬੁਝਾਈਆ । ਮੁਖ ਨਕਾਬ ਉਠਾਏ ਦਰਸ ਦਿਖਾਏ ਹਾਣੀਆਂ ਹਾਣੀ, ਨੇਤਰ ਨੈਣ ਨਾਲ ਮਿਲਾਈਆ । ਫਿਰ ਕਲਮਾ ਅਮਾਮ ਸੁਣਾਏ ਧੁਰ ਦੀ ਬਾਣੀ, ਆਇਤ ਸ਼ਰਾਇਤ ਇਕ ਪੜ੍ਹਾਈਆ । ਹੋਏ ਨਿਕਾਹ ਦੋ ਜਹਾਨੀ, ਵਿਛੜ ਕਦੇ ਨਾ ਜਾਈਆ । ਦੇਵੇ ਪਨਾਹ ਹਰਿ ਲਾਸਾਨੀ, ਸਿਰ ਆਪਣਾ ਹੱਥ ਰਖਾਈਆ । ਪਿਛਲੇ ਬਖ਼ਸ਼ੇ ਸਰਬ ਗੁਨਾਹ ਚਾਰ ਯਾਰੀ ਮੁਖ ਸ਼ਰਮਾਨੀ, ਚੌਧਵੀਂ ਚੰਨ ਨਾ ਕੋਇ ਵਡਿਆਈਆ । ਚੌਦਾਂ ਸਦੀਆਂ ਜਿਸ ਦੀ ਸੁਣਦੀ ਆਈ ਕਹਾਣੀ, ਤੀਸ ਬਤੀਸਾ ਰਸਨਾ ਜਿਹਵਾ ਗਾਈਆ । ਅੰਤਮ ਮਿਲੇ ਸ਼ਾਹ ਸੁਲਤਾਨੀ, ਮਹਾਕਾਲ ਰੂਪ ਵਟਾਈਆ । ਅੱਲਾ ਬਣਾਏ ਅੱਲਾ ਹੂ ਰਾਣੀ, ਹੂ ਹੂ ਹਕ ਹਕ ਏਕਾ ਨਾਅਰਾ ਲਾਈਆ । ਦਿਲਦਾਰ ਬਣੇ ਸੱਚਾ ਦਿਲਜਾਨੀ, ਦਿਲਬਰ ਆਪਣਾ ਭੇਵ ਖੁਲ੍ਹਾਈਆ । ਈਦ ਬਕਰੀਦ ਜੋ ਮੰਗਦੀ ਰਹੀ ਕੁਰਬਾਨੀ, ਕਰਬਲਾ ਕੁਰਬਲਾ ਆਪਣੇ ਹੱਥ ਰਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਮਾਮਾਂ ਸਿਰ ਅਮਾਮ ਦੋ ਜਹਾਨਾ ਕਰੇ ਆਪਣਾ ਕਾਮ, ਦੋਜ਼ਖ਼ ਬਹਿਸ਼ਤ ਪੀਰ ਪੈਗ਼ੰਬਰ ਇਸ਼ਟ ਆਪਣਾ ਰੂਪ ਜਣਾਈਆ । ਗੁਰਸਿਖਾਂ ਵਡਿਆਈ ਕਲ ਅੰਤ ਵਿਚ ਸ੍ਰਿਸ਼ਟ, ਜਿਸ ਜਨ ਦੀਰਘ ਰੋਗ ਮਿਟਾਏ, ਸ਼ੀਘ੍ਰ ਆਪਣਾ ਦਰਸ ਦਿਖਾਈਆ ।

★ ੨੦ ਫੱਗਣ ੨੦੧੭ ਬਿਕ੍ਰਮੀ ਗੰਡਾ ਸਿੰਘ ਦੇ ਗ੍ਰਿਹ ਪਿੰਡ ਬਾਬੂ ਪੁਰਾ ਜ਼ਿਲਾ ਗੁਰਦਾਸ ਪੁਰ ★

ਅੱਲਾ ਰਾਣੀ ਰਾਹ ਤਕਾਏ, ਕਵਣ ਵੇਲਾ ਘਰ ਮੀਆਂ ਆਏ । ਆਪਣੀ ਬੀਵੀ ਲਏ ਪਰਨਾਏ, ਜਗਤ ਸਦੀਵੀ ਪੰਧ ਮੁਕਾਏ । ਨੈਣਾਂ ਖੀਵੀ ਰਾਹ ਤਕਾਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਪਰਦਾ ਆਪ ਉਠਾਏ । ਅੱਲਾ ਰਾਣੀ ਚੜ੍ਹਿਆ ਚਾ, ਹੱਸ

ਹੱਸ ਖ਼ੁਸ਼ੀ ਮਨਾਇੰਦੀ । ਰਾਹ ਤਕੇ ਬੇਪਰਵਾਹ, ਨੇਤਰ ਨੈਣ ਉਠਾਇੰਦਾ । ਸਖ਼ੀਆਂ ਘਰ ਘਰ ਰਹੀ ਸੁਣਾ, ਸਚ ਸਨੇਹੜਾ ਆਪ ਪੁਚਾਇੰਦੀ । ਗੀਤ ਸੁਹਾਗੀ ਲੈਣਾ ਗਾ, ਅੱਖਰ ਇਕ ਪੜ੍ਹਾਇੰਦੀ । ਮੇਰਾ ਹੋਣਾ ਅੰਤ ਨਕਾਹ, ਸਾਬਤ ਸੂਰਤ ਇਕ ਵਖਾਇੰਦੀ । ਪਰਵਰਦਿਗਾਰ ਸਾਹ ਲਏ ਸੁਧਾ, ਹੋਰ ਵਿਚੋਲਾ ਨਾ ਕੋਇ ਬਣਾਇੰਦੀ । ਸਾਚਾ ਮੇਲਾ ਦਏ ਮਲਾ, ਏਕਾ ਘਰ ਵਡਿਆਇੰਦੀ । ਆਪਣੀ ਹੱਥੀਂ ਪਕੜੇ ਬਾਂਹ, ਏਕਾ ਸੁਖਨ ਸੁਣਾਇੰਦੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੀ ਓਟ ਇਕ ਤਕਾਇੰਦੀ । ਅੱਲਾ ਰਾਣੀ ਕਰੇ ਪੁਕਾਰ, ਸਾਚੀ ਸਖ਼ੀਆਂ ਆਖ ਸੁਣਾਈਆ । ਆਓ ਸਈਓ ਗੁੰਦੋ ਹਾਰ, ਕਲੀ ਕਲੀ ਤੋੜ ਲਿਆਈਆ । ਘਰ ਔਣਾ ਪੀਆ ਪ੍ਰੀਤਮ ਕਰ ਪਿਆਰ, ਪ੍ਰੇਮ ਵਛੌਣਾ ਰਹੀ ਵਛਾਈਆ । ਸੇਵਾ ਕਰੇ ਅਪਰ ਅਪਾਰ, ਆਪਣੀ ਸੇਵਾ ਆਪ ਸਮਝਾਈਆ । ਹਉਂ ਘੋਲੀ ਹਉਂ ਘੋਲੀ ਚਰਨ ਕਵਲ ਜਾਵਾਂ ਬਲਹਾਰ, ਚਰਨ ਧੂੜੀ ਮਸਤਕ ਟਿੱਕਾ ਲਾਈਆ । ਮੀਆਂ ਦਰਸ ਦੇਵੇ ਧੁਰ ਦਰਬਾਰ, ਮੈਂ ਨਿਮਾਣੀ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਤੇਰੀ ਓਟ ਰਖਾਈਆ । ਆਓ ਸਈਓ ਦਿਓ ਸਲਾਹ, ਰਲ ਮਿਲ ਮੰਗਲ ਗਾਈਏ । ਮੇਰਾ ਮੀਆਂ ਘਰ ਜਾਏ ਆ, ਕਵਣ ਵੇਸ ਕਵਣ ਰੂਪ ਕਵਣ ਰੰਗ ਰੰਗ ਚੜ੍ਹਾਈਏ । ਕਵਣ ਘਰ ਸੁਹੇਲਾ ਸੁਹੰਜਣਾ ਦਏ ਸੁਹਾ, ਕਵਣ ਮਾਟੀ ਪੋਚ ਪੁਚਾਈਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਮੰਗਾਂ ਤੇਰੀ ਦੁਆ, ਤੇਰੇ ਅੱਗੇ ਸੀਸ ਝੁਕਾਈਏ । ਅੱਲਾ ਰਾਣੀ ਉਠ ਉਠ ਵੇਖੇ ਚਾਰੋਂ ਕੁੰਟ ਨੈਣ ਉਠਾਈਆ । ਕਵਣ ਵੇਖੇ ਮੇਰੇ ਲੇਖੇ, ਲੇਖਾ ਆਪਣੇ ਹੱਥ ਰਖਾਈਆ । ਕਵਣ ਰੂਪ ਧਾਰੇ ਭੇਸੇ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਕਵਣ ਸਵਾਰ ਆਏ ਨਰ ਨਰੇਸ਼ੇ, ਕਵਣ ਅਸਵ ਲਏ ਦੌੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਮੰਗੇ ਸੱਚਾ ਵਰ, ਤੇਰੇ ਚਰਨ ਸੱਚੀ ਸਰਨਾਈਆ । ਮੇਰਾ ਮਾਹੀ ਸਾਚਾ ਔਣਾ, ਉਠ ਉਠ ਰਾਹ ਤਕਾਇੰਦੀ । ਸਖ਼ੀਆਂ ਮਿਲ ਮਿਲ ਮੰਗਲ ਗੌਣਾ, ਸੋਹੰ ਢੋਲਾ ਇਕ ਸੁਣਾਇੰਦੀ । ਆਪਣੀ ਹੱਥੀਂ ਨੇਤਰ ਕੱਜਲ ਪੌਣਾ, ਧਾਰ ਦੋ ਧਾਰ ਆਪ ਬਣਾਇੰਦੀ । ਨੀਵੀਂ ਹੋ ਹੋ ਆਪੇ ਬਹਿਣਾ, ਚਰਨਾਂ ਹੇਠ ਆਪਣਾ ਸੀਸ ਰਖਾਇੰਦੀ । ਹਉਂ ਸੇਵਕ ਮੰਨਾਂ ਤੇਰਾ ਕਹਿਣਾ, ਭੁਲ ਕਦੇ ਨਾ ਜਾਇੰਦੀ । ਔਖਾ ਹੋਇਆ ਵਿਛੋੜਾ ਸਹਿਣਾ, ਚੌਦਾਂ ਲੋਕ ਆਪ ਕੁਰਲਾਇੰਦੀ । ਤੇਰਾ ਪ੍ਰੇਮ ਮੇਰਾ ਗਹਿਣਾ, ਤੇਰਾ ਨੇਮ ਮੇਰਾ ਅੰਗ ਅੰਗੀਕਾਰ ਇਕ ਵਖਾਇੰਦੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੁਧ ਬਿਨ ਅਵਰ ਨਾ ਕੋਇ ਮਨਾਇੰਦੀ । ਅੱਲਾ ਰਾਣੀ ਨੇਤਰ ਉਠਾ, ਸਾਚੀ ਸਖ਼ੀਆਂ ਨਾਲ ਰਲਾਈਆ । ਪਰਵਰਦਿਗਾਰ ਔਣਾ ਬੇਪਰਵਾਹ, ਬੇਐਬ ਨਾਮ ਖ਼ੁਦਾਈਆ । ਮੇਰਾ ਪਰਦਾ ਦਏ ਉਠਾ, ਆਪਣਾ ਪਰਦਾ ਆਪੇ ਲਾਹੀਆ । ਸਾਚੇ ਪੀੜ੍ਹੇ ਰੰਗਲੇ ਲਏ ਬਹਾ, ਬਾਢੀ ਆਪੇ ਘਾੜਤ ਲਏ ਘੜਾਈਆ । ਬਣੇ ਤਰਖਾਨ ਸੱਚਾ ਸ਼ਹਿਨਸ਼ਾਹ, ਭੇਵ ਅਭੇਦਾ ਆਪਣੇ ਹੱਥ ਰਖਾਈਆ । ਮਹਾਕਾਲ ਦਏ ਸਲਾਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਏਕਾ ਥਾਈਂਆ । ਮਹਾਕਾਲ ਕਰੇ ਵਿਚਾਰ, ਆਪਣੀ ਕਲ ਆਪੇ ਧਾਰਿਆ । ਕਵਣ ਖੇਲ ਕਰਾਂ ਵਿਚ ਸੰਸਾਰ, ਚੌਦਾਂ ਲੋਕ ਹੋਏ ਉਜਿਆਰਿਆ । ਕਵਣ ਰੂਪ ਵਰਾਂ ਨਾਰ, ਨਾਰੀ ਆਪਣਾ ਅੰਗ ਬਣਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮਤਾ ਆਪ ਪਕਾ ਲਿਆ । ਸਾਚਾ ਮਤਾ ਆਪ ਪਕਾਇੰਦਾ, ਹਰਿ ਹਰਿ ਪੁਰਖ ਅਕਾਲ । ਮਹਾਕਾਲ ਆਪ ਅਖਵਾਇੰਦਾ, ਦੀਨਾਂ

੩੦੮
੧੦

ਬੰਧਪ ਦੀਨ ਦਿਆਲ । ਕਲਜੁਗ ਅੰਤਮ ਵੇਸ ਵਟਾਇੰਦਾ, ਜੋਤੀ ਜਾਮਾ ਹੋ ਨਿਹਾਲ । ਆਪਣੇ ਸੀਸ ਤਾਜ ਟਿਕਾਇੰਦਾ, ਸ਼ਾਹ ਪਾਤਸ਼ਾਹ ਖੇਲੇ ਖੇਲ ਕੰਗਾਲ । ਆਪਣਾ ਲੇਖਾ ਪਹਿਲੋਂ ਆਪ ਲਿਖਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਹੋਏ ਬੇਮਿਸਾਲ । ਬੇਮਿਸਾਲ ਪ੍ਰਭ ਹੋਇਆ, ਲੇਖਾ ਲਿਖਣ ਵਿਚ ਨਾ ਆਈਆ । ਆਪਣੇ ਜੇਹਾ ਅਵਰ ਨਾ ਵੇਖੇ ਕੋਆ, ਦੂਸਰ ਅਵਰ ਨਾ ਕੋਇ ਵਡਿਆਈਆ । ਆਪਣੀ ਜਾਣੇ ਆਪੇ ਸੋਆ, ਆਪਣਾ ਲੇਖਾ ਆਪਣੇ ਹੱਥ ਰਖਾਈਆ । ਕਲਜੁਗ ਅੰਤਮ ਲੈ ਕੇ ਆਏ ਢੋਆ, ਵਸਤ ਅਮੋਲਕ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ ਇਕ ਸੁਣਾਈਆ । ਸਚ ਸੰਦੇਸ਼ ਸੁਣਾਇੰਦਾ, ਅਕਲ ਕਲ ਹਰੀ ਹਰਿ ਧਾਰ । ਸੰਮਤ ਸਤਾਰਾਂ ਵੇਖ ਵਖਾਇੰਦਾ, ਬੀਸ ਬੀਸਾ ਕਰ ਪਿਆਰ । ਅੱਲਾ ਰਾਣੀ ਆਪ ਉਠਾਇੰਦਾ, ਸੋਈ ਰਹੇ ਨਾ ਵਿਚ ਸੰਸਾਰ । ਗ਼ਫ਼ਲਤ ਸਭ ਦੀ ਆਪ ਗਵਾਇੰਦਾ, ਉਲਫ਼ਤ ਆਪਣੀ ਦੱਸ ਨਿਰੰਕਾਰ । ਆਪਣਾ ਖੇਲ ਆਪ ਕਰਾਇੰਦਾ, ਖ਼ਾਲਕ ਖ਼ਲਕ ਰੂਪ ਨਿਰਾਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਦੇਵੇ ਏਕਾ ਵਾਰ । ਸਚ ਸਨੇਹੜਾ ਦੇਵਣਾ, ਕਿਰਪਾ ਨਿਧ ਗੁਣ ਨਿਧਾਨ । ਚੌਦਾਂ ਤਬਕ ਏਕਾ ਨਾਉਂ ਸੇਵਣਾ, ਏਕਾ ਸ਼ਬਦ ਇਕ ਜੈਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਪਰ ਅਪਾਰ । ਅਪਰ ਅਪਾਰਾ ਖੇਲ ਮਹਾਕਾਲਾ, ਭਗਵਨ ਆਪਣਾ ਖੇਲ ਖਿਲਾਈਆ । ਆਪੇ ਵੇਖਣਹਾਰਾ ਆਪਣੀ ਧਰਮਸਾਲਾ, ਆਪਣੇ ਮੰਦਰ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਰੂਪ ਆਪ ਧਰਾਈਆ । ਆਪਣਾ ਰੂਪ ਆਪੇ ਧਰ ਧਰ, ਹਰਿ ਸਾਚਾ ਖੇਲ ਖਿਲਾਇੰਦਾ । ਆਪਣੀ ਕਰਨੀ ਆਪੇ ਕਰ ਕਰ, ਕਰਤਾ ਪੁਰਖ ਆਪ ਵੇਖ ਵਖਾਇੰਦਾ । ਆਪਣੇ ਪੌੜੇ ਆਪੇ ਚੜ੍ਹ ਚੜ੍ਹ, ਆਪਣਾ ਬੰਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਾਰ ਥਿਤ ਥਿਤ ਵਾਰ ਆਪਣੇ ਹੱਥ ਰਖਾਇੰਦਾ । ਵਾਰ ਥਿਤ ਸਤਾਰਾਂ ਹਾੜ, ਪਰਵਰਦਿਗਾਰ ਆਪ ਜਣਾਇੰਦਾ । ਹਰਿ ਜੂ ਬਣੇ ਸਾਚਾ ਲਾੜ, ਸੀਸ ਜਗਦੀਸ ਸੇਹਰਾ ਇਕ ਲਗਾਇੰਦਾ । ਕਰੇ ਖੇਲ ਅਪਰ ਅਪਾਰ, ਲੋਕ ਪਰਲੋਕ ਵੇਖ ਵਖਾਇੰਦਾ । ਟੱਪਦਾ ਜਾਏ ਜੰਗਲ ਜੂਹ ਉਜਾੜ ਪਹਾੜ, ਸਮੁੰਦ ਸਾਗਰ ਪਾਰ ਕਰਾਇੰਦਾ । ਅੱਲਾ ਰਾਣੀ ਕਰੇ ਪਿਆਰ, ਆਪਣਾ ਭੇਵ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਸੰਦੇਸ਼ ਇਕ ਸੁਣਾਇੰਦਾ । ਸਚ ਸੰਦੇਸ਼ ਹਰਿ ਸੁਣਾਇਆ, ਸ਼ਬਦੀ ਸ਼ਬਦ ਗੁਫ਼ਤਾਰ । ਆਪਣਾ ਹੁਕਮ ਆਪ ਜਣਾਇਆ, ਆਪੇ ਹੋਏ ਦੇਵਣਹਾਰ । ਤੇਰਾ ਮੰਦਰ ਦਏ ਸੁਹਾਇਆ, ਦਿਨ ਥੋੜੇ ਰਹਿ ਗਏ ਚਾਰ । ਦਰ ਘਰ ਆਏ ਲਏ ਪਰਨਾਇਆ, ਛੈਲ ਛਬੀਲਾ ਏਕੰਕਾਰ । ਤੇਰੀ ਰਾਂਗਲੀ ਮਹਿੰਦੀ ਵੇਖੇ ਅਪਰ ਅਪਾਰ । ਅੰਦਰ ਬਾਹਿਰ ਖੋਜ ਖੁਜਾਇਆ, ਤੇਰੇ ਨੈਣ ਤਰਕਸ਼ ਵੇਖੇ ਤੇਜ ਕਟਾਰ । ਦੋ ਜਹਾਨਾਂ ਤੀਰ ਚਲਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸਗਨ ਲਏ ਮਨਾਇਆ । ਅੱਲਾ ਰਾਣੀ ਸੁਣ ਸੰਦੇਸ਼, ਪਹਿਲੀ ਚੇਤਰ ਖ਼ੁਸ਼ੀ ਮਨਾਵਣੀ । ਸਾਚੇ ਸਾਹਿਬ ਕਰਿਆ ਵੇਸ, ਮਸਤਕ ਆਏ ਧੂੜੀ ਲਾਵਣੀ । ਤੇਰਾ ਮੇਲਾ ਰਹੇ ਹਮੇਸ਼, ਏਕਾ ਮੰਗਾਂ ਤੇਰੀ ਜ਼ਾਮਨੀ । ਬਿਰਹੋਂ ਵੈਰਾਗਨ ਖੁਲ੍ਹੜੇ ਕੇਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਪੂਰੀ ਕਰਨੀ ਭਾਵਨੀ । ਖੁਲ੍ਹੜੇ ਕੇਸ ਨੇਤਰ ਨੀਰ, ਨੈਣਾਂ ਛਹਿਬਰ ਲਾਈਆ । ਚੁੱਪ ਕਰਾਇਨ ਛੋਟੇ ਵੀਰ, ਈਸਾ ਮੂਸਾ ਸੰਗ ਰਲਾਈਆ । ਮੁਹੰਮਦ ਬੰਨ੍ਹੇ ਨਾ ਕੋਈ ਧੀਰ,

ਅਹਿਮਦ ਹੋਏ ਨਾ ਕੋਈ ਸਹਾਈਆ । ਨਾਤਾ ਤੁਟਾ ਦਸਤਗੀਰ, ਦਸਤ ਬਰਦਾਰ ਹੋਇਆ ਆਪ ਖ਼ੁਦਾਈਆ । ਜਗਤ ਵਿਛੋੜੇ ਪਾੜੇ ਚੀਰ, ਲੀਰ ਲੀਰ ਆਪ ਲਮਕਾਈਆ । ਏਕਾ ਮਿਲੇ ਸੱਚਾ ਪੀਰ, ਬੇਨਜ਼ੀਰ ਜਿਸ ਦੀ ਸ਼ਹਿਨਸ਼ਾਹੀਆ । ਮੇਰੀ ਬਦਲੇ ਆਣ ਤਕਦੀਰ, ਤਦਬੀਰ ਆਪਣੀ ਲਏ ਬਣਾਈਆ । ਮੇਰੀ ਆਪਣੀ ਹੱਥੀਂ ਲਿਖੇ ਫੇਰ ਤਕਸੀਰ, ਆਪਣੀ ਤਸਬੀ ਮੇਰੇ ਗਲ ਪਾਈਆ । ਆਪਣੀ ਚੋਟੀ ਚਾੜ੍ਹੇ ਫੜ ਅਖ਼ੀਰ, ਰਾਹ ਵਿਚ ਨਾ ਕੋਈ ਅਟਕਾਈਆ । ਮੇਰਾ ਤੁਟੇ ਜਗਤ ਜ਼ੰਜੀਰ, ਤੋੜਨਹਾਰਾ ਇਕ ਅਖਵਾਈਆ । ਜਿਸ ਨੂੰ ਗੌਂਦੇ ਮਨੌਂਦੇ ਰਹੇ ਪੀਰ ਫ਼ਕੀਰ, ਸੋ ਮੇਰਾ ਸੱਚਾ ਮਾਹੀਆ । ਕਵਣ ਵੇਲਾ ਆਏ ਘਤ ਵਹੀਰ, ਮੈਂ ਬੈਠੀ ਰਾਹ ਤਕਾਈਆ । ਮੇਰੀ ਬਦਲ ਨਾ ਜਾਏ ਦਲੀਲ, ਛੈਲ ਛਬੀਲ ਏਕਾ ਵਸੇ ਸੱਚਾ ਸ਼ਹਿਨਸ਼ਾਹੀਆ । ਅੰਤਮ ਕਰਾਂ ਤੇਰੇ ਅੱਗੇ ਅਪੀਲ, ਮੇਰੀ ਦੇਵੇ ਨਾ ਕੋਈ ਗਵਾਹੀਆ । ਬਿਨ ਤੇਰੇ ਦਿਸੇ ਨਾ ਕੋਈ ਵਕੀਲ, ਜੋ ਬਰੀ ਸਾਫ਼ ਦਏ ਕਰਾਈਆ । ਤੂੰ ਬਨਵਾਰੀ ਬਸਤਰ ਪਹਿਨ ਨੀਲ, ਗੋਬਿੰਦ ਮਤ ਗਿਆ ਸਮਝਾਈਆ । ਤੂੰ ਖ਼ਾਲਕ ਵੇਖ ਖ਼ਲੀਲ, ਖ਼ਾਲਕ ਤੇਰਾ ਰੰਗ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਵਾਰ ਔਣਾ ਘਰ, ਮੈਂ ਨਿਮਾਣੀ ਬਿਰਹੋਂ ਕੁੱਠੀ ਬੈਠੀ ਰਾਹ ਤਕਾਈਆ । ਰਾਹ ਤਕਾਂ ਤੇਰਾ ਮਾਹੀਆ, ਦਿਵਸ ਰੈਣ ਪ੍ਰਭਾਤ । ਘਰ ਆ ਮੈਂਡੇ ਸਾਈਆਂ, ਦੇ ਆਪਣਾ ਦਰਸ ਸੁਗਾਤ । ਮੇਰੀ ਚੌਦਾਂ ਸਦੀਆਂ ਦੀ ਧੋ ਸ਼ਾਹੀਆ, ਆਪਣੀ ਹੱਥੀਂ ਫੜ ਕ਼ਲਮ ਦਵਾਤ । ਮੈਂ ਤੇਰੇ ਮਗਰ ਦਿਆਂ ਦੁਹਾਈਆ, ਤੂੰ ਬੈਠਾ ਰਹਿਉਂ ਇਕ ਇਕਾਂਤ । ਮੈਂ ਗਲੀਆਂ ਹੂੰਝ ਹੂੰਝ ਸਾਫ਼ ਕਰਾਈਆ, ਅੰਤਮ ਦੇਣੀ ਆ ਨਜਾਤ । ਮੈਂ ਤੇਰੇ ਅੱਗੇ ਔਂਸੀਆਂ ਪਾਈਆਂ, ਮੇਰਾ ਛੁੱਟ ਨਾ ਜਾਏ ਤੇਰਾ ਸਾਥ । ਮੈਂ ਗਲ ਤੇਰੇ ਵਿਚ ਬਾਹੀਆਂ ਅੜਾਈਆ, ਮੈਨੂ ਲਗੌਣਾ ਆਪਣੇ ਘਾਟ । ਮੈਂ ਤੇਰੇ ਚਰਨਾਂ ਦਿਆਂ ਦੁਹਾਈਆ, ਤੇਰਾ ਦਿਸੇ ਸਾਚਾ ਹਾਟ । ਇਕੋ ਵਸਤ ਮੰਗਣ ਆਈਆ, ਸਾਚਾ ਲਾਹਾ ਲਵਾਂ ਖਾਟ । ਅੰਤ ਤੇਰੀ ਤੇਰੇ ਰੰਗ ਸਮਾਈਆ, ਦੂਸਰ ਅਵਰ ਨਾ ਕੋਈ ਚਾਟ । ਤੇਰਾ ਪਲੰਘ ਰੰਗੀਲਾ ਮੇਰੀ ਸੇਜ ਸੁਹਾਈਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੈਂ ਨਿਮਾਣੀ ਤੱਕਾਂ ਤੇਰੀ ਵਾਟ । ਵਾਟ ਤਕੇਂਦੜੀ ਥੱਕੀ ਨੱਢੀ, ਬਾਲੀ ਬੁਧ ਅਵਾਣ । ਕਵਣ ਔਗੁਣ ਮੈਂ ਨਿਮਾਣੀ ਛੱਡੀ, ਮੇਰਾ ਸੁੱਕਿਆ ਦੀਨ ਇਮਾਨ । ਕਵਣ ਵਿਛੋੜਾ ਘਰੋਂ ਕੱਢੀ, ਬਿਰਹੋਂ ਮਾਰਿਆ ਨਿਰਾਲਾ ਬਾਣ । ਲੱਭਦੀ ਫਿਰਦੀ ਰਹੀ ਚੌਦਾਂ ਸਦੀ, ਤੇਰਾ ਮਿਲਿਆ ਨਾ ਸਚ ਨਿਸ਼ਾਨ । ਫਿਰਦੀ ਰਹੀ ਤੇਰੇ ਹੁਕਮ ਬੱਧੀ, ਤੂੰ ਹੈ ਅਭੁਲ ਮਿਹਰਵਾਨ । ਮੈਂ ਕਰੂੰ ਗੁਜ਼ਾਰਾ ਤੇਰੇ ਘਰ ਖਾ ਖਾ ਅੱਧੀ, ਤੇਰਾ ਮਨਦੀ ਰਹੂੰ ਫ਼ਰਮਾਨ । ਮੈਂ ਹੋਈ ਦੁਹਾਗਣ ਬੁੱਢੀ, ਕਬੁੱਧ ਡੂੰਮਣੀ ਫਿਰਾਂ ਵਿਚ ਸੁੰਞ ਮਸਾਣ । ਅੰਤਮ ਵਾਸਤਾ ਤੇਰੇ ਚਰਨਾਂ ਦਾ ਆਪਣੇ ਘਰ ਆਪੇ ਸੱਦੀਂ, ਤੇਰੇ ਓਤੋਂ ਹੋਵਾਂ ਕੁਰਬਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੀਂ ਧੁਰ ਫ਼ਰਮਾਨ । ਧੁਰ ਫਰਮਾਨ ਸੁਣਾਇੰਦਾ, ਪੁਰਖ ਅਕਾਲ ਅਗੰਮ । ਸੋਈ ਸੁਵਾਣੀ ਆਪ ਉਠਾਇੰਦਾ, ਇਕ ਜਣਾਏ ਸਾਚਾ ਕੰਮ । ਚੌਦਾਂ ਤਬਕਾਂ ਤੇਰੀ ਸੇਵਾ ਲਾਇੰਦਾ, ਕਿਸੇ ਕਲਬੂਤ ਅੰਦਰ ਰਹਿਣ ਨਾ ਦੇਣਾ ਦਮ । ਪੁਰਖ ਅਬਿਨਾਸ਼ੀ ਫੇਰ ਮੇਲ ਮਿਲਾਇੰਦਾ, ਤੇਰਾ ਬੇੜਾ ਦੇਵੇ ਬੰਨ੍ਹ । ਆਪਣੇ ਘੋੜੇ ਆਪ ਚੜ੍ਹਾਇੰਦਾ, ਲੇਖਾ ਮੁਕਾਏ ਚੌਦਵੀਂ ਚੰਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਇਕ ਸੰਦੇਸ ਸੁਣਾਏ ਕੰਨ । ਸੁਣਨਾ ਕੰਨ ਕਰ ਧਿਆਨ, ਹਰਿ ਸਾਚਾ ਸਚ ਜਣਾਇੰਦਾ । ਪੀਰ ਫ਼ਕੀਰਾਂ ਦੇਣਾ ਇਕ ਗਿਆਨ, ਸ਼ਾਹ ਪਾਤਸ਼ਾਹ ਆਪ ਸੁਣਾਇੰਦਾ ।

ਸੋ ਪੁਰਖ ਨਿਰੰਜਣ ਨੌ ਜਵਾਨ, ਆਪਣਾ ਰੂਪ ਆਪ ਪਰਗਟਾਇੰਦਾ । ਹੰ ਬ੍ਰਹਮ ਇਕ ਨਿਸ਼ਾਨ, ਲੋਕਮਾਤ ਵੇਖ ਵਖਾਇੰਦਾ । ਲੇਖਾ ਜਾਣੇ ਦੋ ਜਹਾਨ, ਦੋਹਾਂ ਵਿਚੋਲਾ ਆਪਣਾ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਹਰਿ ਕਾ ਭੇਵ ਕੋਈ ਨਾ ਪਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਨਾਰੀ ਕੰਤ ਸਰਬ ਪਰਨਾਇੰਦਾ ।

ਸਖ਼ੀਓ ਮੇਰਾ ਦੂਲਹਾ ਔਣਾ, ਇਕ ਅਕੱਲਾ ਪਰਵਰਦਿਗਾਰ । ਮੈਂ ਦੁਲਹਣ ਬਣ ਬਣ ਮੁਖ ਸ਼ਰਮੌਣਾ, ਨੇਤਰ ਨੈਣ ਨਾ ਸਕਾਂ ਉਠਾਲ । ਜਿਸ ਨੇ ਮੇਰਾ ਪਰਦਾ ਲੌਹਣਾ, ਮੇਰੀ ਵੇਖੇ ਸਚ ਨੁਹਾਰ । ਆਪਣਾ ਦਰਸ ਆਪ ਵਖੌਣਾ, ਨੂਰੀ ਜਲਵਾ ਨਿਰਾਕਾਰ । ਮੈਂ ਨਿਮਾਣੀ ਗਲ ਲਗੌਣਾ, ਬਖ਼ਸ਼ੇ ਸਚ ਪਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਪਰ ਅਪਾਰ । ਖੇਲ ਅਪਾਰਾ ਕਰਨੇ ਆਏ, ਕ਼ਾਦਰ ਕਰਤਾ ਬੇਪਰਵਾਹ । ਮੇਰਾ ਭੌ ਨਿਰਭੈ ਡਰਨਾ ਲਾਹੇ, ਏਕਾ ਦੇਵੇ ਸਚ ਸਲਾਹ । ਆਪਣਾ ਘਰ ਦਏ ਵਖਾਏ, ਘਰ ਸੱਚਾ ਏਕਾ ਥਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਹੋਏ ਮਿਹਰਵਾਂ । ਮਿਹਰਬਾਨ ਮੇਰੀ ਸਲਾਮ ਅਲੈਕਮ, ਸਲਾਮ ਕਰੇ ਪਰਨਾਮ । ਮੇਰਾ ਤੇਰਾ ਏਕਾ ਦਾਮ, ਦਾਮਨਗੀਰ ਦੋ ਜਹਾਂ । ਮੇਰਾ ਤੇਰਾ ਏਕਾ ਕਾਮ, ਕਾਮਨੀ ਕਾਮਨ ਹਿਰਸ ਗਈ ਮਿਟਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸੱਚਾ ਥਾਂ । ਸਾਚਾ ਥਾਨ ਮੰਗੇ ਮਾਰੇ ਬੋਲੀ, ਰੁੱਸ ਰੁੱਸ ਆਪਣੀ ਕਰਵਟ ਬਦਲਾਈਆ । ਮੈਂ ਅੰਞਾਣੀ ਭੋਲੀ ਭਾਲੀ, ਤੇਰੀ ਸਮਝ ਮੇਰੀ ਸਮਝ ਵਿਚ ਨਾ ਆਈਆ । ਤੇਰੀ ਵੇਖੀ ਰਤੜੀ ਡੋਲੀ, ਤੇਰੇ ਕਹਾਰ ਰਹੇ ਉਠਾਈਆ । ਮੇਰਾ ਭਾਰ ਰਹੇ ਤੋਲੀ, ਕੰਧੇ ਨਾਲ ਕੰਧਾ ਮਿਲਾਈਆ । ਮੇਰੇ ਨਾਲ ਮੇਰੀ ਇਛਿਆ ਬਣੇ ਗੋਲੀ, ਦੋਏ ਜੋੜ ਵਾਸਤਾ ਰਹੀ ਪਾਈਆ । ਜੇ ਪਿੱਛੇ ਰਹਿ ਗਈ ਖੇਡੂੰ ਹੋਲੀ, ਘਰ ਘਰ ਵਿਚ ਕਰੇ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਦਰ ਦੇਣੀ ਵਡਿਆਈਆ । ਤੇਰੀ ਇਛਿਆ ਜਾਵੇ ਛੱਡ, ਤੇਰੇ ਨਾਲ ਰਹਿਣ ਨਾ ਪਾਇਆ । ਤੇਰੇ ਅੰਦਰੋਂ ਦੇਵੇ ਕੱਢ, ਕਰੇ ਆਪ ਸਫ਼ਾਇਆ । ਆਪਣੀ ਵਿਚੋਂ ਲਏ ਆਪੇ ਰੱਖ, ਕਰੇ ਖੇਲ ਆਪ ਖ਼ੁਦਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੀ ਨੱਥ ਸੁਹਾਗ ਦਏ ਘੜਾਇਆ । ਨੱਥ ਸੁਹਾਗ ਤੇਰੀ ਘਾੜਨ ਘੜਤ, ਸਤਿ ਪੁਰਖ ਨਿਰੰਜਣ ਆਪ ਘੜਾਈਆ । ਆਪਣੇ ਤਾਜ ਜੜੇ ਜੜਤ, ਤੇਰੀ ਇਛਿਆ ਪੂਰ ਕਰਾਈਆ । ਤੇਰਾ ਨੇਤਰ ਸੋਹੰ ਅੱਖਰ ਏਕਾ ਪੜ੍ਹਤ, ਸੋਲਾਂ ਸ਼ਿੰਗਾਰ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੀ ਨੱਥ ਦਏ ਸਮਝਾਈਆ । ਤੇਰੀ ਨੱਥ ਸ਼ਬਦ ਡੋਰ, ਹਰਿ ਸਾਚਾ ਆਪ ਘੜਾਇੰਦਾ । ਕਲਜੁਗ ਅੰਤਮ ਪਕੜੇ ਠਗ ਚੋਰ, ਏਕਾ ਬੰਧਨ ਪਾਇੰਦਾ । ਚਾਰ ਯਾਰੀ ਤੇਰੇ ਅੱਗੇ ਦੇਵੇ ਤੋੜ, ਤੇਰੀ ਹੱਥੀਂ ਆਪ ਮਿਟਾਇੰਦਾ । ਵੇਖਣਹਾਰਾ ਅੰਧਘੋਰ, ਸੂਰਤ ਸ਼ਬਦੀ ਆਪ ਬਣਾਇੰਦਾ । ਆਪੇ ਜਾਣੇ ਆਪਣਾ ਜ਼ੋਰ, ਜੋਰੂ ਜ਼ਰ ਆਪ ਪਰਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭਾਣਾ ਆਪ ਸਮਝਾਇੰਦਾ । ਤੇਰੀ ਨੱਥ ਬਲਾਕ, ਹਰਿ ਹਰਿ ਆਪ ਸਮਝਾਈਆ । ਤੇਰੀ ਉਡਦੀ ਵੇਖੇ ਖ਼ਾਕ, ਚੌਦਾਂ ਲੋਕ ਪਏ ਦੁਹਾਈਆ । ਸ਼ਾਹ ਨਵਾਬ ਅਸਵ ਘੋੜੇ ਚੜ੍ਹਿਆ ਰਾਕ, ਦਸਤਗੀਰ ਸੱਚਾ ਸ਼ਹਿਨਸ਼ਾਹੀਆ । ਸ਼ਾਹ

ਪਾਤਸ਼ਾਹ ਮਾਰੇ ਪਹਿਲੋ ਇਕ ਪਲਾਕ, ਸੀਸ ਆਪਣੇ ਤਾਜ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਭਾਣਾ ਆਪ ਸਮਝਾਈਆ । ਤੇਰੀ ਨੱਥ ਵੇਖੇ ਮੋਤੀ, ਮਨਕ ਮਨਕਾ ਵੇਖ ਵਖਾਇੰਦਾ । ਸਦੀ ਚੌਦਵੀ ਕੱਢੇ ਵਾਸਨਾ ਖੋਟੀ, ਵਾਸਤਕ ਆਪਣਾ ਰੂਪ ਜਣਾਇੰਦਾ । ਪੀਰ ਪੈਗੰਬਰ ਫੜ ਫੜ ਲਾਹੇ, ਜੋ ਚੜ੍ਹ ਚੜ੍ਹ ਬੈਠੇ ਚੋਟੀ, ਆਪਣੇ ਚਰਨਾ ਹੇਠ ਦਬਾਇੰਦਾ । ਸਭਦਾ ਭੰਨ੍ਹੇ ਹੁੱਕਾ ਲੋਟੀ, ਹੁਕਮ ਹਾਕਮ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਭਾਣੇ ਆਪ ਸਮਾਇੰਦਾ । ਤੇਰੇ ਨੱਕ ਨੱਥ ਪਾਏ ਸੁਹਾਗ, ਸੋਭਾਵੰਤ ਵਡੀ ਵਡਿਆਈਆ । ਪਹਿਲੋਂ ਧੋਵੇ ਤੇਰਾ ਦਾਗ਼, ਆਪਣੀ ਹੱਥੀਂ ਸਾਫ਼ ਕਰਾਈਆ । ਫੇਰ ਉਪਜਾਏ ਇਕ ਵੈਰਾਗ, ਵੈਰਾਗਣ ਹੋ ਹੋ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤੇਰਾ ਕੰਤ ਦਏ ਸਮਝਾਈਆ । ਤੇਰਾ ਕੰਤ ਇਕ ਖ਼ੁਦਾਵੰਦ, ਖ਼ੁਦੀ ਖ਼ੁਦ ਆਪ ਮਿਟਾਇੰਦਾ । ਤੇਰਾ ਰੂਪ ਵੇਖੇ ਨੂਰ ਨੂਰਾਨਾ ਚੰਦ, ਸੀਤਲ ਸੀਤਲ ਧਾਰ ਵਹਾਇੰਦਾ । ਤੇਰੇ ਦਵਾਰ ਆਏ ਮੁਕਾਏ ਪੰਧ, ਪਾਂਧੀ ਆਪਣਾ ਪੰਧ ਨਾ ਕੋਇ ਰਖਾਇੰਦਾ । ਤੇਰਾ ਖ਼ੁਸ਼ੀ ਕਰੇ ਬੰਦ ਬੰਦ, ਆਪ ਆਪਣੇ ਅੰਗ ਲਗਾਇੰਦਾ । ਇਕ ਜਣਾਏ ਸਾਚਾ ਪਰਮਾਨੰਦ, ਪਰਮ ਪੁਰਖ ਖੇਲ ਖਿਲਾਇੰਦਾ । ਨਿਉਂ ਨਿਉਂ ਸੁਣਨ ਸਾਚਾ ਛੰਦ, ਸੋਹੰ ਸ਼ਬਦ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਲੇਖਾ ਆਪਣੇ ਹੱਥ ਰਖਾਇੰਦਾ । ਅੱਲਾ ਰਾਣੀ ਪਾਏ ਵਾਸਤਾ, ਵਾਸਤਕ ਤੇਰੀ ਇਕ ਸਰਨਾਈਆ । ਕਿਉਂ ਚਲੇ ਆਹਿਸਤਾ ਆਹਿਸਤਾ, ਤੇਰੀ ਰਫ਼ਤਾਰ ਦਿਸ ਕਿਸੇ ਨਾ ਆਈਆ । ਮੈਂ ਤੱਕਾਂ ਤੇਰੀ ਆਮਦਾ, ਆਮਦ ਵਿਚ ਖ਼ੁਸ਼ੀ ਮਨਾਈਆ । ਤੇਰੀ ਖ਼ੁਸ਼ੀ ਖੇਲ ਦੋ ਜਹਾਨ ਦਾ, ਦੋ ਜਹਾਨਾਂ ਤੇਰੀ ਸੱਚੀ ਸ਼ਹਿਨਸ਼ਾਹੀਆ । ਆਪਣਾ ਮੀਆਂ ਆਪਣੀ ਬੀਵੀ ਆਪ ਪਛਾਣਦਾ, ਖ਼ਾਵੰਦ ਇਕ ਵਡੀ ਵਡਿਆਈਆ । ਸਾਚਾ ਮੰਦਰ ਆਪ ਸੁਹਾਂਵਦਾ, ਪਤਿ ਪਰਮੇਸ਼ਵਰ ਸਾਚਾ ਮਾਹੀਆ । ਆਪਣੀ ਖੇਲ ਆਪੇ ਜਾਣਦਾ, ਕੋਈ ਲਿਖੇ ਨਾ ਕ਼ਲਮ ਸ਼ਾਹੀਆ । ਮਹਾਕਾਲ ਖੇਲ ਸ੍ਰੀ ਭਗਵਾਨ ਦਾ, ਦਿਆਲ ਆਪਣਾ ਰੂਪ ਵਟਾਈਆ । ਕਲਜੁਗ ਅੰਤਮ ਗੁਰਮੁਖ ਗੁਰਸਿਖ ਆਪੇ ਭਾਲ ਦਾ, ਨਿਰਗੁਣ ਨਿਰਵੈਰ ਸੇਵ ਕਮਾਈਆ । ਲੇਖਾ ਜਾਣੇ ਭਗਤ ਬੇਹਾਲ ਦਾ, ਬੇਵਾ ਰਹਿਣ ਨਾ ਦੇਵੇ ਸੱਚਾ ਮਾਹੀਆ । ਆਪਣਾ ਮਾਰਗ ਇਕ ਵਖਾਲ ਦਾ, ਮਹਾਕਾਲ ਆਪਣਾ ਬਲ ਰਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਪਤ ਡਾਲ ਦਾ, ਫੁਲ ਪੰਖੜੀਆਂ ਆਪੇ ਫੋਲ ਫੋਲਾਈਆ ।



ਜਿਸ ਘਰ ਮੇਰੇ ਮਾਹੀ ਔਣਾ, ਸੋ ਘਰ ਸੋਭਾਵੰਤ । ਜਿਸ ਸਖ਼ੀ ਮੇਰਾ ਦੁੱਖ ਮਿਟੌਣਾ, ਸੋ ਸਾਹਿਬ ਸੱਚਾ ਭਗਵੰਤ । ਜਿਸ ਦਾਸੀ ਬਣ ਕੇ ਸੇਵ ਕਮੌਣਾ, ਰਸਨਾ ਨਾਮ ਮਣੀਆ ਮੰਤ । ਜਿਸ ਜਮ ਕੀ ਫ਼ਾਸੀ ਫੰਦ ਕਟੌਣਾ, ਸੋ ਪੂਰਨ ਭਗਵੰਤ । ਜਿਸ ਆਪ ਆਪਣਾ ਮੇਲ ਮਿਲੌਣਾ, ਸੋ ਸੁਣਾਏ ਸੋਹੰ ਛੰਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤ ਬਣੌਣੀ ਮੇਰੀ ਬਣਤ । ਜੋ ਮੇਰੀ ਬਣਤ ਬਣਾਇੰਦਾ, ਮੈਂ ਉਸ ਦੀ ਦਾਸੀ ਦਾਸ । ਜੋ ਮੇਰਾ ਸੰਗ ਨਿਭਾਇੰਦਾ, ਮੈ ਉਸ ਦੇ ਵਸਾਂ ਪਾਸ । ਜੋ ਨਿਮਾਣੀ ਗਲ ਲਗਾਇੰਦਾ, ਪੂਰੀ ਕਰੇ ਆਸ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੋਣਾ ਸਹਾਈ ਅੰਤ ਵਿਚ ਪ੍ਰਭਾਸ । ਪ੍ਰਭਾਸ ਸਹੇਲਾ ਤੇਰੀ ਓਟ, ਤੁਧ ਬਿਨ ਅਵਰ ਨਾ ਕੋਈ

ਜਣਾਈਆ । ਮੈਂ ਵਿਛੜੀ ਤੇਰੇ ਨਾਲ ਤੇਰੀ ਜੋਤ, ਬਿਨ ਤੁਧ ਮੇਰਾ ਹੋਰ ਨਾ ਕੋਈ ਸਹਾਈਆ । ਨਾ ਮੇਰਾ ਵਰਨ ਨਾ ਮੇਰੀ ਗੋਤ, ਮੈਂ ਤੇਰੀ ਤੂੰ ਮੇਰਾ, ਮੈਂ ਤੇਰੇ ਚਰਨ ਸਰਨ ਰਹਾਂ ਸਦ ਸਰਨਾਈਆ । ਤੇਰਾ ਕਲਮਾ ਤੇਰੀ ਓਟ, ਮੈਂ ਬੈਠੀ ਆਸ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਮ ਦੇਣਾ ਗਿਆਨ, ਬੋਹਧ ਬੋਹਥ ਹੱਥ ਕਿਸੇ ਨਾ ਆਈਆ । ਮੈਂ ਨਿਮਾਣੀ ਭੁੱਲੀ, ਅਭੁਲ ਮੇਰੇ ਸੁਲਤਾਨਾ । ਤੁਧ ਬਾਝੋਂ ਮਾਤ ਰੁੱਲੀ, ਮੇਰੇ ਸਚਿਆ ਸਾਹਿਬ ਕਾਹਨਾ । ਤੇਰੇ ਚਰਨ ਲਗ ਫਲੀ ਫੁਲੀ, ਬਿਨ ਤੇਰੇ ਹੋਈ ਅੰਤ ਵੈਰਾਨਾ । ਭਾਗ ਲਗੌਣਾ ਮੇਰੀ ਕੁੱਲੀ, ਮੈਂ ਤੇਰਾ ਰਾਹ ਤਕਾਨਾ । ਤੇਰੀ ਵਸਤ ਇਕ ਅਨਮੁਲੀ, ਮੇਰਾ ਭਰਿਆ ਰਹੇ ਖ਼ਜ਼ਾਨਾ । ਮੈਂ ਭੁੱਲੀ ਤੂੰ ਕਦੀ ਨਾ ਭੁੱਲੀਂ, ਤੂੰ ਸ਼ਮਅ ਮੈਂ ਤੇਰਾ ਪਰਵਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਮੰਗੇ ਮੰਗ ਬਾਲ ਅਵਾਣਾ । ਤੂੰ ਦਾਤਾ ਗਹਿਰ ਗੰਭੀਰ, ਮੈਂ ਅਵਗੁਣ ਭਰੀ ਨਿਮਾਣੀ । ਤੂੰ ਬਖ਼ਸ਼ੀਂ ਠੰਡਾ ਸੀਰ, ਮੈਂ ਤਿਹਾਈ ਮੰਗਾਂ ਪਾਣੀ । ਤੂੰ ਕੱਢ ਬਿਰਹੋਂ ਪੀੜ, ਹਉਂ ਤੇਰੇ ਚੋਜ ਵਡਾਣੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਦੇਣਾ ਸਾਚਾ ਵਰ, ਆਤਮ ਅੰਤਰ ਆਪਣੀ ਸੱਚੀ ਬਾਣੀ । ਸਾਚੀ ਬਾਣੀ ਸ਼ਬਦ ਅਪਾਰਾ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਹਰਿਜਨ ਮੇਲਾ ਧੁਰ ਦਰਬਾਰਾ, ਦਰ ਦਰਵਾਜ਼ਾ ਆਪ ਸੁਹਾਇੰਦਾ । ਆਦਿ ਜੁਗਾਦੀ ਖੇਲ ਨਿਆਰਾ, ਭੇਵ ਕੋਈ ਨਾ ਪਾਇੰਦਾ । ਕਾਗਦ ਕ਼ਲਮ ਨਾ ਲਿਖਣਹਾਰਾ, ਲੇਖਾ ਲਿਖਤ ਵਿਚ ਨਾ ਆਇੰਦਾ । ਆਪੇ ਵਸੇ ਸਭ ਤੋਂ ਬਾਹਰਾ, ਘਟ ਘਟ ਆਪਣਾ ਰੂਪ ਧਰਾਇੰਦਾ । ਨਿਰਗੁਣ ਸਰਗੁਣ ਲੈ ਅਵਤਾਰਾ, ਲੋਕਮਾਤ ਖੇਲ ਖਿਲਾਇੰਦਾ । ਭਗਤ ਵਛਲ ਬਣ ਗਿਰਧਾਰਾ, ਭਗਤਨ ਭਗਤੀ ਮੇਲ ਮਿਲਾਇੰਦਾ । ਅਛਲ ਅਛੱਲ ਕਰ ਸੰਸਾਰਾ, ਲੱਖ ਚੁਰਾਸੀ ਜੀਵ ਭੁਲਾਇੰਦਾ । ਰਾਤੀ ਰੁੱਤੀ ਥਿਤੀ ਜਾਣੇ ਆਪਣੀ ਵਾਰਾ, ਦਿਵਸ ਰਾਤ ਬਰਖ ਨਾ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਅੰਤ ਸ੍ਰੀ ਭਗਵੰਤ ਸਾਚੇ ਸ਼ਹਿਨਸ਼ਾਹ ਦਏ ਸਹਾਰਾ, ਸਤਿਗੁਰ ਆਪਣੀ ਖੇਲ ਖਿਲਾਇੰਦਾ । ਸਾਚੇ ਸ਼ਹਿਨਸ਼ਾਹ ਸਤਿ ਸਹਾਰਾ, ਹਰਿ ਸਾਚਾ ਆਪ ਧਰਾਈਆ । ਏਕਾ ਸ਼ਬਦ ਇਕ ਆਧਾਰਾ, ਏਕਾ ਮੰਤਰ ਨਾਮ ਦ੍ਰਿੜਾਈਆ । ਏਕਾ ਵਣਜ ਇਕ ਵਪਾਰਾ, ਏਕਾ ਹੱਟ ਵਖਾਈਆ । ਏਕਾ ਮੰਗ ਏਕਾ ਮੰਗਣਹਾਰਾ, ਏਕਾ ਰਿਹਾ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗੰਤਰ ਗੁਰਮੁਖ ਸਾਚੇ ਵੇਖ ਵਖਾਈਆ । ਗੁਰਮੁਖ ਸਾਚਾ ਲਾਲ ਗੁਲਾਲਾ, ਗੁਰ ਗੁਰ ਆਪ ਵੇਖ ਵਖਾਇੰਦਾ । ਲੇਖਾ ਜਾਣੇ ਸ਼ਾਹ ਕੰਗਾਲਾ, ਊਚਾਂ ਨੀਚਾਂ ਰਾਓ ਰੰਕਾਂ ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਏਕਾ ਧਾਮ ਵਖਾਇੰਦਾ । ਹਰਿਜਨ ਸਾਚੇ ਹਰਿ ਹਰਿ ਬੰਨ੍ਹੇ ਗਾਨਾ, ਸਾਚਾ ਸਗਨ ਆਪ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਆਪਣੇ ਧੰਦੇ ਲਾਇੰਦਾ । ਗੁਰਮੁਖ ਧੰਦੇ ਜਾਏ ਲੱਗ, ਜਿਸ ਜਨ ਆਪਣੀ ਬੂਝ ਬੁਝਾਈਆ । ਹੰਸ ਬਣਾਏ ਫੜ ਫੜ ਕਗ, ਸੋਹੰ ਹੰਸਾ ਮਾਣਕ ਮੋਤੀ ਚੋਗ ਚੁਗਾਈਆ । ਜਗਤ ਤ੍ਰਿਸ਼ਨਾ ਬੁਝਾਏ ਅੱਗ, ਅੰਮ੍ਰਿਤ ਮੇਘ ਆਪ ਬਰਸਾਈਆ । ਕਰੇ ਖੇਲ ਸੂਰਾ ਸਰਬਗ, ਸ਼ਾਹ ਪਾਤਸ਼ਾਹ ਵਡੀ ਵਡਿਆਈਆ । ਲੇਖਾ ਜਾਣੇ ਉਪਰ ਸ਼ਾਹ ਰਗ, ਅੰਦਰ ਮੰਦਰ ਖੋਜ ਖੁਜਾਈਆ । ਲੱਖ ਚੁਰਾਸੀ ਵਿਚੋਂ ਕੱਢ, ਹੀਰੇ ਲਾਲ ਮਾਣਕ ਮੋਤੀ ਨਿਰਗੁਣ ਜੋਤੀ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਆਪਣੀ ਅੱਖ ਖੁਲ੍ਹਾਈਆ । ਗੁਰਮੁਖ ਖੁੱਲੀ ਅੱਖ, ਹਰਿ ਨੇਤਰ ਆਪ ਖੁਲਾਇਆ । ਲੱਖ

੩੧੩
੧੦

ਚੁਰਾਸੀ ਵਿਚੋਂ ਕੀਤਾ ਵੱਖ, ਦਰਸੀ ਆਪਣਾ ਦਰਸ ਕਰਾਇਆ । ਏਕਾ ਦੇਵੇ ਸਾਚੀ ਵਥ, ਨਾਮ ਨਿਧਾਨਾ ਝੋਲੀ ਪਾਇਆ । ਸਿਰ ਰੱਖ ਹੱਥ ਸਮਰਥ, ਭੇਦ ਅਭੇਦ ਦਏ ਜਣਾਇਆ । ਕਾਇਆ ਖੇੜਾ ਵਖਾਏ ਭਠ, ਪੰਜ ਤੱਤ ਅੰਤ ਰਹਿਣ ਨਾ ਪਾਇਆ । ਨਾ ਕੋਈ ਚਤਰਾਈ ਮਨ ਬੁਧ ਮਤ, ਮਤ ਮਤੀ ਨਾ ਕੋਈ ਸਮਝਾਇਆ । ਅੰਤਮ ਨਾਤਾ ਤੁਟੇ ਰਤੀ ਰਤ, ਰਤੀ ਰਤ ਕੰਮ ਕਿਸੇ ਨਾ ਆਇਆ । ਗੁਰਮੁਖ ਵਿਰਲੇ ਨਾਤਾ ਬੰਨ੍ਹੇ ਚਰਨ ਨਤ, ਆਪ ਆਪਣਾ ਮੇਲ ਮਿਲਾਇਆ । ਸਾਚਾ ਮਾਰਗ ਆਪੇ ਦੱਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਮ ਆਪ ਜਪਾਇਆ । ਹਰਿ ਹਰਿ ਆਪਣਾ ਨਾਮ ਜਪਾਇੰਦਾ, ਗੁਰਮੁਖ ਸੱਜਣ ਦਏ ਅਧਾਰ । ਮਨਮੁਖ ਮੂੜੇ ਦਰ ਦੁਰਕਾਇੰਦਾ, ਏਕਾ ਧੱਕਾ ਦੇਵੇ ਮਾਰ । ਗੁਰਸਿਖ ਆਪਣੀ ਗੋਦ ਸੁਹਾਇੰਦਾ, ਗੁਰ ਪੂਰਾ ਨਰ ਅਵਤਾਰ । ਮਨਮੁਖਾਂ ਮੁਖ ਭਵਾਇੰਦਾ, ਮਸਤਕ ਟਿੱਕਾ ਧੂੜੀ ਛਾਰ । ਆਪ ਆਪਣਾ ਵੇਸ ਵਟਾਇੰਦਾ, ਨਿਹਕਲੰਕ ਨਰਾਇਣ ਨਰ ਅਵਤਾਰ । ਮੁਛ ਦਾੜ੍ਹੀ ਨਾ ਕੋਈ ਵਖਾਇੰਦਾ, ਮੂੰਡ ਮੁੰਡਾਏ ਨਾ ਵਿਚ ਸੰਸਾਰ । ਨਿਰਗੁਣ ਜੋਤੀ ਜੋਤ ਜਗਾਇੰਦਾ, ਜੋਤੀ ਜਾਤਾ ਆਪ ਕਰਤਾਰ । ਸਾਚਾ ਕਿਲਾ ਕੋਟ ਵਸਾਇੰਦਾ, ਕੰਚਨ ਗੜ੍ਹ ਕਰ ਅਪਾਰ । ਉਪਰ ਆਪਣਾ ਆਸਣ ਲਾਇੰਦਾ, ਸਚ ਸਿੰਘਾਸਣ ਖੇਲ ਅਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਾਏ ਪਾਰ, ਹਰਿਜਨ ਬੇੜਾ ਚੁਕਿਆ ਕੰਧ, ਸਤਿਗੁਰ ਪੂਰਾ ਭਾਰ ਉਠਾਈਆ । ਜਨਮ ਜਨਮ ਦਾ ਮਿਟੇ ਪੰਧ, ਪਾਂਧੀ ਬਣਿਆ ਸਾਚਾ ਮਾਹੀਆ । ਕਾਇਆ ਕਰਮ ਕਰੇ ਖੰਡ ਖੰਡ, ਨਾਮ ਖੰਡਾ ਇਕ ਉਠਾਈਆ । ਨਾਤਾ ਤੋੜ ਦੁਹਾਗਣ ਰੰਡ, ਕੰਤ ਸੁਹਾਗ ਇਕ ਵਖਾਈਆ । ਆਦਿ ਅੰਤ ਪਰਮਾਨੰਦ, ਪਰਮ ਪੁਰਖ ਬੂਝ ਬੁਝਾਈਆ । ਮਿਲ ਸੱਜਣ ਸਖ਼ੀਆਂ ਗਾਇਆ ਸੁਹਾਗੀ ਛੰਦ, ਸੋਹੰ ਸ਼ਬਦ ਵੱਜੀ ਵਧਾਈਆ । ਲੋਕ ਪਕਲੋਕ ਰਹੇ ਮੰਗ, ਅਗੇ ਆਪਣੀ ਝੋਲੀ ਡਾਹੀਆ । ਪੁਰਖ ਅਬਿਨਾਸ਼ੀ ਆਪਣੇ ਅੰਦਰ ਨੌ ਸੌ ਚੁਰਾਨਵੇ ਚੌਕੜੀ ਰੱਖਿਆ ਬੰਦ, ਕਲਜੁਗ ਅੰਤਮ ਬਾਹਰ ਕਢਾਈਆ । ਜੋ ਸੁਤਾ ਰਹਿਆ ਦੇ ਕਰ ਕੰਡ, ਆਪਣਾ ਮੁਖੜਾ ਦਏ ਵਖਾਈਆ । ਮਨਮੁਖ ਜੀਵ ਭਾਗਾਂ ਮੰਦ, ਜਿਸ ਰਿਹਾ ਦਰ ਦੁਰਕਾਈਆ । ਗੁਰਸਿਖ ਗੁਰਮੁਖ ਗੁਰ ਗਾਏ ਸ਼ਬਦ ਬੱਤੀ ਦੰਦ, ਬੰਦ ਬੰਦ ਖੁਸ਼ੀ ਮਨਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸਦ ਸਦ ਬਖ਼ਸ਼ਿੰਦ ਬਖ਼ਸ਼ਸ਼ ਬਖ਼ਸ਼ੀਸ਼ ਆਪਣੇ ਹੱਥ ਰਖਾਈਆ । ਗੁਰਸਿਖ ਤੇਰੀ ਕੋਇ ਨਾ ਕਰੇ ਰੀਸ, ਵਿਸ਼ਨ ਬ੍ਰਹਮਾ ਸ਼ਿਵ ਤੇਰਾ ਰਹੇ ਜਸ ਗਾਈਆ ।

### ★ ੨੦ ਫੱਗਣ ੨੦੧੭ ਬਿਕ੍ਰਮੀ ਆਸਾ ਸਿੰਘ ਪਿਆਰਾ ਸਿੰਘ ਦੇ ਗ੍ਰਿਹ ਬਾਬੂ ਪੁਰਾ ★

ਨਿਧਾਨ ਠਾਕਰ ਗੁਣ ਸਵਾਮੀ, ਭਗਵੰਤ ਬੇਪ੍ਰਵਾਹ ਬੇਅੰਤ ਅਖਵਾਇੰਦਾ । ਨਿਰਵੈਰ ਪੁਰਖ ਅਕਾਲ ਸਦਾ ਨਿਹਕਾਮੀ, ਨਿਹਕਰਮੀ ਕਰਮ ਕਰਾਇੰਦਾ । ਆਦਿ ਅੰਤ ਹਰਿ ਘਟ ਘਟ ਅੰਤਰਜਾਮੀ, ਅੰਤਰ ਆਪਣਾ ਭੇਵ ਖੁਲ੍ਹਾਇੰਦਾ । ਜੁਗਾ ਜੁਗੰਤਰ ਸ਼ਬਦ ਅਗੰਮੀ ਬੋਲੇ ਬਾਣੀ, ਰਾਗੀ ਆਪਣਾ ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਸ਼ਬਦ ਅਗੰਮੀ ਬੋਧ ਅਗਾਧ, ਅਲਖ ਅਲਖਨਾ ਆਪੇ ਗਾਈਆ । ਆਪਣੇ ਅੰਦਰੋਂ ਆਪੇ ਕਾਢ, ਆਪਣੀ ਧਾਰਾ ਆਪ ਪਰਗਟਾਈਆ । ਆਪ ਵਸਾਏ ਬ੍ਰਹਮ ਬ੍ਰਹਿਮਾਦ,

ਪਾਰਬ੍ਰਹਮ ਵਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪੇ ਵੇਖਣ ਆਈਆ । ਜੁਗ ਜੁਗ ਖੇਲ ਖਿਲਾਇੰਦਾ, ਖੇਲਣਹਾਰਾ ਏਕੰਕਾਰ । ਆਪਣੀ ਕਲ ਆਪ ਧਰਾਇੰਦਾ, ਨਿਰਗੁਣ ਸਰਗੁਣ ਲੈ ਅਵਤਾਰ । ਜੁਗ ਜੁਗ ਆਪਣੀ ਵੰਡ ਵੰਡਾਇੰਦਾ, ਆਪੇ ਹੋਏ ਵੇਖਣਹਾਰ । ਸਤਿਜੁਗ ਆਪਣੇ ਰੰਗ ਰੰਗਾਇੰਦਾ, ਰੰਗ ਰੰਗੀਲਾ ਖੇਲ ਅਪਾਰ । ਬਾਵਣ ਆਪਣਾ ਭੇਖ ਵਟਾਇੰਦਾ, ਆਪੇ ਮੰਗੇ ਬਲ ਦਵਾਰ । ਭਗਤ ਭਗਵੰਤ ਆਪ ਤਰਾਇੰਦਾ, ਨਰ ਸਿੰਘ ਖੇਲ ਕਰੇ ਕਰਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸੱਚਖੰਡ ਸਚੇ ਦਰਬਾਰ । ਸਚਖੰਡ ਦਵਾਰ ਸੁਹਾਇੰਦਾ, ਮਹਿਮਾ ਗਣਤ ਗਣੀ ਨਾ ਜਾ । ਰੂਪ ਅਨੂਪ ਆਪ ਵਟਾਇੰਦਾ, ਨਿਰਗੁਣ ਸਰਗੁਣ ਨਾਉਂ ਧਰਾ । ਸਤਿਜੁਗ ਅੰਤਮ ਪੰਧ ਮੁਕਾਇੰਦਾ, ਤਰੇਤਾ ਲਏ ਰੂਪ ਵਟਾ । ਤ੍ਰੈਗੁਣ ਆਪਣਾ ਖੇਲ ਖਿਲਾਇੰਦਾ, ਤ੍ਰੈ ਕਾਲ ਦਰਸੀ ਬੰਧਨ ਪਾ । ਰੂਪ ਅਨੂਪ ਆਪਣਾ ਆਪ ਵਖਾਇੰਦਾ, ਪੰਜ ਤੱਤ ਕਾਇਆ ਚੋਲਾ ਲਏ ਹੰਢਾ । ਏਕਾ ਦੂਆ ਮੇਲ ਮਿਲਾਇੰਦਾ, ਦੂਆ ਏਕਾ ਗੰਢ ਪਵਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਚਾ ਸ਼ਹਿਨਸ਼ਾਹ । ਤਰੇਤਾ ਧਾਰ ਹਰਿ ਕਰਤਾਰ, ਆਪਣੀ ਆਪ ਚਲਾਇੰਦਾ । ਨਿਰਗੁਣ ਸਰਗੁਣ ਲੈ ਅਵਤਾਰ, ਸਰਗੁਣ ਨਿਰਗੁਣ ਵੇਸ ਵਟਾਇੰਦਾ । ਸਾਚਾ ਮਾਰਗ ਲਾਏ ਆਪ ਅਪਾਰ, ਭੇਵ ਕੋਇ ਨਾ ਪਾਇੰਦਾ । ਏਕਾ ਸੁਰਤੀ ਵਰੇ ਏਕਾ ਵਾਰ, ਏਕਾ ਨਾਰੀ ਕੰਤ ਹੰਢਾਇੰਦਾ । ਜਨਕ ਸਪੁਤਰੀ ਕਰ ਪਿਆਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਖੇਲ ਖਿਲਾਇੰਦਾ । ਜਨਕ ਸਪੁਤਰੀ ਨਾਤਾ ਜੋੜ, ਰਘਪਤ ਆਪਣਾ ਖੇਲ ਖਿਲਾਈਆ । ਆਪੇ ਲੱਗੀ ਦੇਵੇ ਤੋੜ, ਤੋੜਣਹਾਰਾ ਆਪ ਹੋ ਜਾਈਆ । ਆਪੇ ਜਗਨ ਨਾਥ ਚਰਨ ਕਵਲਾਂ ਦਏ ਵਿਛੋੜ, ਜਗਦੀਸਰ ਭੇਵ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣੀ ਖੇਲ ਖਿਲਾਈਆ । ਆਪੇ ਤੋੜੇ ਆਪਣਾ ਨਾਤਾ, ਹਰਿ ਹਰਿ ਆਪੇ ਬੰਧਨ ਪਾਇੰਦਾ । ਆਪੇ ਵੇਖੇ ਖੇਲ ਤਮਾਸ਼ਾ, ਆਪੇ ਨਟੂਆ ਨਾਚ ਨਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵੇਸ ਆਪ ਧਰਾਇੰਦਾ । ਵੇਸ ਕਰਾਇਆ ਏਕਾ ਦੂਆ, ਦੂਆ ਏਕਾ ਭੇਵ ਨਾ ਆਇੰਦਾ । ਲੇਖਾ ਜਾਣੇ ਤਿਰਿਆ ਤ੍ਰੈਆ, ਤਿੰਨਾਂ ਲੋਕਾਂ ਖੋਜ ਖੋਜਾਇੰਦਾ । ਆਪਣੇ ਜੇਹਾ ਆਪੇ ਹੋਇਆ, ਆਪਣਾ ਸੇਵਕ ਆਪ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਸਰਥ ਸੁਤ ਆਪ ਅਖਵਾਇੰਦਾ । ਆਪੇ ਦਸਰਥ ਸੁਤ ਜਗਤ ਜਗ ਬੇਟਾ, ਆਪੇ ਖੇਵਟ ਖੇਟਾ ਨਾਉਂ ਧਰਾਈਆ । ਆਪੇ ਆਪਣਾ ਤਨ ਆਪਣੇ ਸਿਰ ਲਪੇਟਾ, ਆਪਣਾ ਪੜਦਾ ਆਪੇ ਪਾਈਆ । ਆਪੇ ਹੋਏ ਘਟ ਘਟ ਲੇਟਾ, ਰੂਪ ਰੰਗ ਨਾ ਕੋਇ ਜਣਾਈਆ । ਆਪੇ ਹੋਏ ਅਲਖਣਾ ਲੇਖਾ, ਲਿਖ ਲਿਖ ਲੇਖਾ ਆਪਣਾ ਪੂਰ ਕਰਾਈਆ । ਆਪੇ ਮਸਤਕ ਹੋਏ ਮੇਖਾ, ਗੁਣ ਆਪਣੇ ਲਏ ਵਖਾਈਆ । ਆਪੇ ਸੁਤ ਬ੍ਰਹਮਾ ਕਰੇ ਭੇਸਾ, ਸੰਤ ਕੁਮਾਰ ਕਰੇ ਜਣਾਈਆ । ਆਪੇ ਰਾਵਣ ਦਏ ਆਦੇਸਾ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਆਪੇ ਰਾਵਣ ਵਿਦਿਆ ਦਾਤਾ, ਅੱਖਰ ਅੱਖਰ ਆਪ ਪੜ੍ਹਾਇੰਦਾ । ਆਪ ਜਣਾਏ ਆਪਣੀ ਗਾਥਾ, ਆਪਣਾ ਭੇਵ ਖੁਲ੍ਹਾਇੰਦਾ । ਆਪੇ ਹੋ ਰਘਪਤ ਰਘਨਾਥਾ, ਜਗਦੀਸ਼ ਆਪ ਸੁਹਾਇੰਦਾ । ਆਪੇ ਹੋ ਕਮਲਾਪਾਤਾ, ਕਵਲ ਨੈਣ ਆਪ ਮਟਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ

ਆਪਣੇ ਹੱਥ ਰਖਾਇੰਦਾ । ਆਪੇ ਰਾਵਣ ਕਰ ਤਿਆਰ, ਆਪਣਾ ਬਲ ਆਪ ਧਰਾਈਆ । ਆਪੇ ਦੇਵਣਹਾਰ ਹੰਕਾਰ, ਹਉਮੇ ਹੰਗਤਾ ਨਾਲ ਰਲਾਈਆ । ਆਪੇ ਸੈਨਾਪਤ ਕਰੇ ਸ਼ੰਗਾਰ, ਆਪੇ ਬਖ਼ਸ਼ੇ ਸਾਚੀ ਸ਼ਾਹੀਆ । ਆਪੇ ਰਣ ਭੂਮੀ ਸੁੱਤਾ ਪੈਰ ਪਸਾਰ, ਚਿੱਲਾ ਤੀਰ ਕਮਾਨ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਆਪਣੀ ਖੇਲ ਖਿਲਾਈਆ । ਆਪੇ ਗੜ੍ਹ ਹੰਕਾਰੀ ਤੋੜਦਾ, ਤੋੜਨਹਾਰਾ ਏਕਾ ਏਕ । ਆਪੇ ਲੱਗੀ ਪਰੀਤ ਆਪਣੇ ਨਾਲ ਜੋੜਦਾ, ਨਿਰਗੁਣ ਨਿਰਗੁਣ ਹਰਿ ਹਰਿ ਵੇਖ । ਆਪੇ ਮਨਮੁਖਤਾ ਸ਼ੌਹ ਦਰਯਾਏ ਰੋੜ੍ਹਦਾ, ਕਰ ਕਰ ਅਵੱਲਾ ਭੇਸ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਹਰਿਜਨ ਲਿਖਣਹਾਰਾ ਲੇਖ । ਜੁਗ ਜੁਗ ਲੇਖ ਲਿਖਾਇਆ, ਗ਼ਰੀਬ ਨਿਮਾਣਿਆ ਪਾਵੇ ਸਾਰ । ਤਰੇਤਾ ਰੂਪ ਆਪ ਹੰਢਾਇਆ, ਭਗਵਨ ਮਾਤ ਲੋਕ ਸੰਸਾਰ । ਗ਼ਰੀਬ ਨਿਮਾਣੇ ਗਲੇ ਲਗਾਇਆ, ਜਗਤ ਭੀਲਣੀ ਲਏ ਉਧਾਰ । ਚਰਨ ਕਵਲ ਚਰਨ ਛੁਹਾਇਆ, ਅੰਮ੍ਰਿਤ ਬਖ਼ਸ਼ੇ ਠੰਡਾ ਠਾਰ । ਸਤੀ ਅਹੱਲਿਆ ਲੇਖ ਚੁਕਾਇਆ, ਪੱਥਰ ਪਾਹਨ ਦਏ ਆਧਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਵੇਸ ਕਰੇ ਨਿਰੰਕਾਰ, ਜੁਗ ਜੁਗ ਵੇਸ ਵਟਾਇੰਦਾ, ਜੁਗਾ ਜੁਗੰਤਰ ਸਾਚੀ ਕਾਰ । ਸਤਿਜੁਗ ਤਰੇਤਾ ਆਪਣੀ ਗੋਦ ਬਹਾਇੰਦਾ, ਦਵਾਪਰ ਲੋਕ ਮਾਤ ਕਰੇ ਉਜਿਆਰ । ਰੂਪ ਅਨੂਪ ਆਪ ਵਟਾਇੰਦਾ, ਮੁਕੰਦ ਮਨੋਹਰ ਲਖਮੀ ਨਰਾਇਣ ਬਾਲ ਬਾਲਾ ਹੋ ਤਿਆਰ । ਮੋਰ ਮੁਕਟ ਸੀਸ ਟਿਕਾਇੰਦਾ, ਮਧੁਰ ਨੈਣ ਮਧੁਰ ਕਰੇ ਸਚੀ ਗੁਫ਼ਤਾਰ । ਏਕਾ ਬੰਸਰੀ ਸਚ ਵਜਾਇੰਦਾ, ਆਪੇ ਹੋਏ ਵਜਾਵਣਹਾਰ । ਸਾਚੇ ਮੰਡਲ ਰਾਸ ਰਚਾਇੰਦਾ, ਗੋਪੀ ਕਾਹਨਾ ਕਰੇ ਸੰਗਾਰ । ਸਾਚੀ ਸਖ਼ੀਆਂ ਖੇਲ ਵਖਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਣ ਗਵਾਲਾ ਫਿਰੇ ਵਿਚ ਸੰਸਾਰ । ਗਵਾਲਾ ਬਣਿਆ ਗੋਪੀ ਕਾਹਨ, ਘਰ ਘਰ ਬੰਸਰੀ ਨਾਮ ਵਜਾਈਆ । ਆਤਮ ਦੇਵੇ ਇਕ ਗਿਆਨ, ਕਰੇ ਸਚ ਪੜ੍ਹਾਈਆ । ਦਰੋਪਦ ਸੁਤ ਲਜ ਰੱਖੇ ਆਣ, ਦਰੋਪਦ ਲਜਿਆ ਆਪ ਰਖਾਈਆ । ਗ਼ਰੀਬ ਨਿਮਾਣਿਆਂ ਦੇਵੇ ਮਾਣ, ਬਿਦਰ ਸੁਦਾਮਾ ਕੋਲ ਬਹਾਈਆ । ਅਰਜਣ ਬਖ਼ਸ਼ੇ ਇਕ ਧਿਆਨ, ਚਰਨ ਕਵਲ ਸੱਚੀ ਸਰਨਾਈਆ । ਅਠਾਰਾਂ ਧਿਆਏ ਗੀਤਾ ਵਖਾਣ, ਇਕ ਇਕ ਨਾਲ ਕਰੇ ਪੜ੍ਹਾਈਆ । ਰਥ ਰਥਵਾਹੀ ਬਣਿਆ ਵਿਚ ਜਹਾਨ, ਸਾਚੀ ਸੇਵਾ ਆਪ ਕਮਾਈਆ । ਦਵਾਪਰ ਮੇਟ ਅੰਤ ਨਿਸ਼ਾਨ, ਯਾਦਵ ਬੰਸ ਗਿਆ ਖਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਭੇਵ ਚੁਕਾਈਆ । ਜੁਗ ਜੁਗ ਭੇਵ ਜਣਾਵਨਹਾਰਾ, ਏਕਾ ਰੰਗ ਸਮਾਇੰਦਾ । ਕਲਜੁਗ ਅੰਤਮ ਖੇਲ ਨਿਆਰਾ, ਇਲਾਹੀ ਨੂਰ ਆਪ ਪਰਗਟਾਇੰਦਾ । ਏਕਾ ਅਲਫ਼ੀ ਤਨ ਸ਼ੰਗਾਰਾ, ਹੱਥ ਮੁਸੱਲਾ ਆਪ ਰਖਾਇੰਦਾ । ਗਲ ਤਸਬੀ ਪਾਏ ਏਕਾ ਮਾਲਾ, ਮਣਕਾ ਮਣਕਾ ਨਾਲ ਮਿਲਾਇੰਦਾ । ਏਕਾ ਸਿਫ਼ਰਾ ਆਠਾ ਕਰ ਪਿਆਰਾ, ਏਕਾ ਤੰਦ ਬੰਧਾਇੰਦਾ । ਅੱਠਾਂ ਤੱਤਾਂ ਤੱਤ ਵਿਚਾਰਾ, ਸਿਫ਼ਰਾ ਬਲ ਨਾ ਕੋਏ ਰਖਾਇੰਦਾ । ਇਕ ਇਕੱਲਾ ਪਰਵਰਦਿਗਾਰਾ, ਆਪਣੀ ਅਲਫ਼ ਆਪ ਪਰਗਟਾਇੰਦਾ । ਏਕਾ ਅਲਫ਼ ਦਏ ਸਹਾਰਾ, ਨੁਕਤਾ ਹੋਰ ਨਾ ਕੋਇ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਭੇਵ ਖੁਲ੍ਹਾਇੰਦਾ । ਕਲਜੁਗ ਭੇਵ ਅਵੱਲੜਾ, ਹਰਿ ਸਾਚਾ ਸਚ ਕਰਾਏ । ਕਰੇ ਖੇਲ ਅਗੰਮ ਅਗੰਮੜਾ, ਅਗੰਮੜਾ ਰੂਪ ਵਟਾਏ । ਨਿਰਗੁਣ ਸਰਗੁਣ ਫੜਾਏ ਪਲੜਾ, ਸਾਚਾ ਪੱਲੂ ਇਕ ਫੜਾਏ । ਸਚ ਸੰਦੇਸ਼ ਏਕਾ ਘਲੜਾ, ਸਾਚਾ ਕਲਮਾ ਆਪ ਸੁਣਾਏ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੇ । ਸਾਚਾ ਕਲਮਾ ਹਰਿ ਕਲਾਮ, ਆਪਣੀ ਆਪ ਜਣਾਈਆ । ਆਪ ਬਣਾਏ ਜਗਤ ਅਮਾਮ, ਸਿਰ ਆਪਣਾ ਹੱਥ ਟਿਕਾਈਆ । ਈਸਾ ਮੂਸਾ ਭੇਜੇ ਆਪ ਗ਼ੁਲਾਮ, ਸਾਚੀ ਸੇਵਾ ਇਕ ਸਮਝਾਈਆ । ਆਪਣੇ ਹੱਥ ਰੱਖੇ ਲਗਾਮ, ਚਾਰੋਂ ਕੁੰਟ ਆਪ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਈਸਾ ਮੂਸਾ ਖੇਲ ਖਿਲਾਇਆ, ਕਰੇ ਖੇਲ ਅਲਾਹੀ ਨੂਰ । ਮੁਕਾਮੇ ਹੱਕ ਨਾਅਰਾ ਲਾਇਆ, ਇਕ ਵਜਾਈ ਸਾਚੀ ਤੂਰ । ਵੇਲਾ ਵਕ਼ਤ ਰਿਹਾ ਸਮਝਾਇਆ, ਵਸਣਹਾਰਾ ਨੇੜੇ ਦੂਰ । ਸਾਚਾ ਹੁਜਰਾ ਆਪ ਸੁਹਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਜਲਵਾ ਕੋਹਤੂਰ । ਕੋਹਤੂਰ ਭੇਵ ਨਾ ਆਇੰਦਾ, ਨੂਰ ਨੂਰਾਨਾ ਨੂਰ ਖ਼ੁਦਾ । ਮੂਸਾ ਢਹਿ ਢਹਿ ਸੀਸ ਝੁਕਾਇੰਦਾ, ਤੂੰ ਦਾਤਾ ਬੇਪਰਵਾਹ । ਤੇਰਾ ਅੰਤ ਕੋਈ ਨਾ ਪਾਇੰਦਾ, ਤੂੰ ਸਿਫ਼ਤੀ ਸਿਫ਼ਤ ਸਲਾਹ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਹੁਕਮ ਦਏ ਸੁਣਾ । ਸਾਚਾ ਹੁਕਮ ਹਰਿ ਸੁਣਾਇਆ, ਮੂਸਾ ਐਲੀ ਆਪ ਉਠਾ । ਹੁਣ ਦਾ ਸੁਣਿਆ ਭੁਲ ਨਾ ਜਾਇਆ, ਅਭੁਲ ਰਿਹਾ ਬਤਾ । ਲੋਕਮਾਤ ਤੇਰੀ ਕੁਲ ਵਧਾਇਆ, ਕੁਲਵੰਤ ਬਣੇ ਖ਼ੁਦਾ । ਖ਼ਾਲਕ ਖ਼ਲਕ ਰੂਪ ਵਟਾਇਆ, ਕਰੇ ਖੇਲ ਸ਼ਹਿਨਸ਼ਾਹ । ਆਪਣੀ ਅਜ਼ਮਤ ਤੇਰੇ ਅੰਗ ਲਗਾਇਆ, ਤੇਰੀ ਗ਼ਫ਼ਲਤ ਦਏ ਗਵਾ । ਆਪਣਾ ਨਾਉਂ ਕਲਮਾ ਰਿਹਾ ਪੜ੍ਹਾਇਆ, ਸਚ ਹਦੀਸ ਇਕ ਸੁਣਾ । ਲਾਸ਼ਰੀਕ ਇਕ ਖ਼ੁਦਾਇਆ, ਸਦ ਮੰਗਦਾ ਰਹਾ ਪਨਾਹ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਦੇਵੇ ਸਾਚਾ ਵਰ, ਧੁਰ ਫ਼ਰਮਾਨਾ ਆਪ ਜਣਾ । ਏਕਾ ਮੰਗ ਮੰਗਣੀ ਅੰਤ, ਹਰਿ ਸਾਚਾ ਸਚ ਜਣਾਇੰਦਾ । ਕੋਹਤੂਰ ਬਣਾਈ ਜਿਸ ਤੇਰੀ ਬਣਤ, ਮਾਟੀ ਪਾਥਰ ਵੇਖ ਵਖਾਇੰਦਾ । ਮੇਰਾ ਰੂਪ ਜੀਵ ਜੰਤ, ਈਸ਼ ਜੀਵ ਭਰਮ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਦੇਵੇ ਸਾਚਾ ਵਰ, ਅੰਤ ਕੰਤ ਆਪ ਸਮਝਾਇੰਦਾ । ਵੇਲਾ ਅੰਤ ਅੰਤਮ ਔਣਾ, ਹਰਿ ਸਾਚਾ ਸਚ ਸਮਝਾਈਆ । ਤੇਰਾ ਨੂਰ ਆਪਣੇ ਵਿਚ ਟਿਕੌਣਾ, ਨੂਰ ਨੂਰ ਵਿਚ ਸਮਾਈਆ । ਤੇਰੀ ਆਸਾ ਮਨਸਾ ਪੂਰ ਕਰੌਣਾ, ਪੰਜ ਤੱਤ ਚੋਲਾ ਵੇਖ ਵਖਾਈਆ । ਬਿਸਮਲ ਹੋਏ ਖੇਲ ਖਿਲੌਣਾ, ਖੇਲਣਹਾਰਾ ਇਕ ਖ਼ੁਦਾਈਆ । ਨੇਤਰ ਨੈਣ ਇਕ ਉਠਾਉਣਾ, ਤੇਰੀ ਮੇਟੇ ਜਗਤ ਜੁਦਾਈਆ । ਅੰਤਮ ਕਲ ਪੰਧ ਮੁਕਾਉਣਾ, ਲੋਕਮਾਤ ਨਾ ਰਹੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਗੁਣ ਆਪ ਸਮਝਾਈਆ । ਸੁਣਿਆ ਹਰਿ ਸਚ ਗਿਆਨਾ, ਮੂਸਾ ਸੀਸ ਝੁਕਾਇੰਦਾ । ਮੇਰੀ ਰਬਾਬ ਸਤਾਰ ਤੇਰਾ ਤਰਾਨਾ, ਤੇਰਾ ਨਾਉਂ ਬੋਲਾ ਗਾਇੰਦਾ । ਆਪਣਾ ਆਪੇ ਦੇਵੇ ਆਪ ਬਿਆਨਾ, ਆਪਣੀ ਵਸਤ ਆਪਣੇ ਅੱਗੇ ਆਪ ਟਿਕਾਇੰਦਾ । ਕਵਣ ਰੂਪ ਪਹਿਰਿਆ ਬਾਣਾ, ਕਵਣ ਵੇਲਾ ਵਕ਼ਤ ਸੁਹਾਇੰਦਾ । ਪੁਰਖ ਅਬਿਨਾਸ਼ੀ ਹੋ ਮਿਹਰਵਾਨਾ, ਆਪਣਾ ਭੇਵ ਜਣਾਇੰਦਾ । ਅਮਾਮ ਅਮਾਮਾ ਸਿਰ ਸ਼ਾਹ ਸੁਲਤਾਨਾ, ਆਪਣਾ ਰੂਪ ਆਪ ਧਰਾਇੰਦਾ । ਮੌਲੀ ਤੰਦ ਬੰਨ੍ਹੇ ਗਾਨਾ, ਸਾਚਾ ਸਗਨ ਮਨਾਇੰਦਾ । ਹੱਥੀ ਮਹਿੰਦੀ ਇਕ ਨਿਸ਼ਾਨਾ, ਲਾਲ ਰੰਗ ਇਕ ਚੜ੍ਹਾਇੰਦਾ । ਅਮਾਮ ਮਹਿੰਦੀ ਨੌਜਵਾਨਾ, ਆਪਣਾ ਰੂਪ ਆਪ ਵਖਾਇੰਦਾ । ਸ੍ਰਿਸ਼ਟ ਸਬਾਈ ਵੇਖੇ ਜਗਤ ਈਮਾਨਾ, ਇਬਨਉਲਵਕਤ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਪਿਸਰ ਪਿਦਰ ਦਿਸ ਕਿਸੇ ਨਾ ਆਇੰਦਾ । ਪਿਸਰ ਪਿਦਰ ਨਾ ਦਿਸੇ ਬਰਾਦਰ, ਬੇਅਫ਼ਤਮ ਆਪਣੀ ਖੇਲ ਖਿਲਾਈਆ । ਪਰਗਟ

ਹੋਵੇ ਕ਼ੁਦਰਤ ਵਿਚ ਕ਼ਾਦਰ, ਕ਼ਾਦਰ ਕ਼ੁਦਰਤ ਖੇਲ ਖਿਲਾਈਆ । ਏਕਾ ਅੱਖਰ ਗਾਏ ਆਪਣਾ ਕ਼ਾਦਰ, ਹਜ਼ਾਰਾ ਦਰੂਦ ਕਰੇ ਪੜ੍ਹਾਈਆ । ਬਸਰੀ ਇਸਮ ਗਾਏ ਮਾਜਰਾ, ਅੰਜੀਲ ਕ਼ੁਰਾਨ ਭੇਵ ਨਾ ਆਈਆ । ਆਪੇ ਹੋਏ ਸਿਦਕ ਸਬੂਰੀ ਸਾਦਰਾ, ਸਾਬਤ ਇਕ ਈਮਾਨ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਸ਼ੈਤਾਨ ਦਏ ਮਿਟਾਈਆ । ਜਗਤ ਸ਼ੈਤਾਨਾ ਹੋਏ ਅਬਲੀਸ, ਹਦੀਸ ਆਪ ਪੜ੍ਹਾਇੰਦਾ । ਪੁਰਖ ਅਬਿਨਾਸ਼ੀ ਕਰੇ ਖੇਲ ਤੀਸ ਬਤੀਸ, ਗੁਣਵੰਤਾ ਗੁਣ ਸਮਝਾਇੰਦਾ । ਅੰਤਮ ਕਲ ਸਭ ਦੇ ਖ਼ਾਲੀ ਕਰੇ ਖ਼ੀਸ, ਵਸਤ ਹੱਥ ਨਾ ਕੋਇ ਰਖਾਇੰਦਾ । ਏਕਾ ਸਿਫ਼ਰਾ ਆਠਾ ਜਾਏ ਬੀਤ, ਏਕਾ ਨਾਇਆ ਮੇਲ ਮਿਲਾਇੰਦਾ । ਇਕ ਨੌ ਖੇਲ ਜਗਦੀਸ, ਨੌ ਇਕ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਸੁਣਾਇੰਦਾ । ਇਕ ਅਗੇ ਦੂਆ ਧਰ, ਏਕਾ ਇਕ ਖਪਾਈਆ । ਨਾਏ ਅੱਗੇ ਸਿਫ਼ਰਾ ਬਣਾਏ ਆਪਣਾ ਘਰ, ਦੂਆ ਸਿਫ਼ਰਾ ਮੇਲ ਮਿਲਾਈਆ । ਦੂਆ ਸਿਫ਼ਰਾ ਇਕ ਦੂਜੇ ਦਾ ਦਾਮਨ ਫੜ, ਨਾ ਕੋਈ ਮੇਟੇ ਮੇਟ ਮਿਟਾਈਆ । ਸਿਫ਼ਰਾ ਰੂਪ ਨਿਰਗੁਣ ਕਰ, ਦਿਸ ਕਿਸੇ ਨਾ ਆਈਆ । ਦੋ ਜਹਾਨਾਂ ਵੇਖੇ ਖੜ, ਪਰਵਰਦਿਗਾਰ ਬੇਪਰਵਾਹੀਆ । ਅੱਠ ਤੱਤ ਜਾਇਣ ਝੜ, ਫਲ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕ ਬੀਸ ਦਏ ਵਡਿਆਈਆ । ਬੀਸ ਬੀਸ ਕਰ ਪਿਆਰਾ, ਹਰਿ ਸਾਚੀ ਖੇਲ ਖਿਲਾਇੰਦਾ । ਪਰਗਟ ਹੋਏ ਵਿਚ ਸੰਸਾਰਾ, ਨੂਰੋ ਨੂਰ ਡਗਮਗਾਇੰਦਾ । ਇਕ ਸਤਿ ਬੋਲ ਜੈਕਾਰਾ, ਸ਼ਬਦ ਸੰਦੇਸ਼ ਆਪ ਸੁਣਾਇੰਦਾ । ਇਕ ਅੱਠ ਮਾਰੇ ਮਾਰਾ, ਬਚਿਆ ਕੋਈ ਰਹਿਣ ਨਾ ਪਾਇੰਦਾ । ਏਕਾ ਨੌ ਪਾਰ ਕਿਨਾਰਾ, ਈਸਾ ਮੂਸਾ ਪੰਧ ਮੁਕਾਇੰਦਾ । ਬੀਸ ਬੀਸ ਹਰਿ ਕਰਤਾਰਾ, ਜਗਤ ਜਗਦੀਸ ਰੂਪ ਵਟਾਇੰਦਾ । ਛੱਤਰ ਝੁਲਾਏ ਸਾਚੇ ਸੀਸਾ, ਸੀਸ ਆਪਣਾ ਆਪ ਵਖਾਇੰਦਾ । ਇਕ ਸ਼ਬਦ ਇਕ ਹਦੀਸਾ, ਏਕਾ ਰਾਗ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਹੱਥੋ ਹੱਥ ਚੁਕਾਇੰਦਾ ।



### ★ ਗਿਰਧਾਰਾ ਸਿੰਘ ਦੇ ਜੀਵਦਿਆਂ ਹੀ ਨਵਾਂ ਜਨਮ ਦਿਤਾ ★

ਮੂਰਖ ਮੂੜ੍ਹ ਜਗਤ ਸੁਚੱਜਾ, ਜਿਸ ਸਤਿਗੁਰ ਦਏ ਵਡਿਆਈਆ । ਜਿਸ ਬਾਲ ਅਵਾਣੇ ਹਰਿ ਪਰਦਾ ਕਜਾ, ਸਿਰ ਆਪਣਾ ਹੱਥ ਰਖਾਈਆ । ਗੁਰ ਚਰਨ ਦਵਾਰੇ ਬਹਿ ਬਹਿ ਸਜਾ, ਧੰਨ ਧੰਨ ਜਣੇਂਦੀ ਮਾਈਆ । ਹਰਿ ਮੰਦਰ ਨਾਦ ਏਕਾ ਵਜਾ, ਦੀਨ ਦਿਆਲ ਆਪ ਵਜਾਈਆ । ਆਦਿ ਅੰਤ ਰੱਖੇ ਲਜਾ, ਲਜਿਆਵਾਨ ਆਪ ਹੋ ਜਾਈਆ । ਪੀ ਅੰਮ੍ਰਿਤ ਗੁਰਸਿਖ ਗੁਰ ਦਰ ਏਕਾ ਰੱਜਾ, ਭਰ ਪਿਆਲਾ ਜਿਸ ਪਿਆਈਆ । ਜਗਤ ਵਿਕਾਰ ਜਗਤ ਔਗੁਣ ਤਜਾ, ਗੁਣ ਸਤਿਗੁਰ ਇਕ ਸਾਲਾਹੀਆ । ਘਰ ਮੱਕਾ ਘਰ ਕਾਅਬਾ ਘਰ ਹੱਜਾ ਘਰ ਅਮਾਮ, ਘਰ ਪੀਰਨ ਸਿਰ ਪੀਰ ਮੇਲ ਮਿਲਾਈਆ । ਘਰ ਖੰਡ ਘਰ ਬ੍ਰਹਿਮੰਡ ਘਰ ਵਖਾਏ ਨਿਜਾਨੰਦਾ, ਨਿਜ ਆਤਮ ਰਸ ਚੁਆਈਆ । ਘਰ ਗੀਤ ਘਰ ਗੋਬਿੰਦ ਘਰ ਗਾਏ ਸੁਹਾਗੀ ਛੰਦਾ, ਸਾਚੀ ਕਰੇ ਘਰ ਪੜ੍ਹਾਈਆ । ਜਿਸ ਜਨ ਬਣਾਏ ਆਪਣਾ ਬੰਦਾ, ਬੰਦੀਖਾਨਾ ਨਾ ਕੋਈ ਵਖਾਈਆ । ਹਰਿ ਸੰਗਤ ਪਿਆਰ

ਸੱਚਾ ਧੰਦਾ, ਆਪਣੇ ਧੰਦੇ ਵਕਤ ਵਿਹਾਈਆ । ਸਾਹਿਬ ਸੁਲਤਾਨ ਸਦਾ ਬਖ਼ਸ਼ਿੰਦਾ, ਬਖ਼ਸ਼ਣਹਾਰਾ ਬਖ਼ਸ਼ੇ ਏਕਾ ਮਾਹੀਆ । ਆਪਣੇ ਨਾਲ ਪਵਾਈ ਗੰਢਾ, ਸਗਨੀ ਗਾਨਾ ਆਪ ਬੰਧਾਈਆ । ਸਦਾ ਸੁਹਾਗਣ ਨਾ ਹੋਏ ਰੰਡਾ, ਜਗਤ ਰੰਡੇਪਾ ਆਪ ਕਟਾਈਆ । ਜਗਤ ਆਯੂ ਆਈ ਉਤੇ ਕੰਢਾ, ਬਾਕੀ ਸਤ ਦਿਨ ਰਿਹਾ ਸਮਝਾਈਆ । ਸੰਗਤ ਸੰਗ ਰਲਾ ਤੁੜਾਏ ਫੰਦਾ, ਜੀਵਣ ਜੁਗਤ ਫੇਰ ਬਣਾਈਆ । ਪਹਿਲੋਂ ਆਪਣੇ ਨਾਲ ਹਰਿ ਸੰਗਤ ਵਿਚ ਕਰੇ ਕਾਰਜ ਅਨੰਦਾ, ਮਾਨਸ ਜਨਮ ਫੇਰ ਦਵਾਈਆ । ਪਹਿਲਾ ਲੇਖਾ ਆਪਣੀ ਹੱਥੀਂ ਖੰਡਾ, ਲਕੀਰ ਲਕੀਰ ਉਤੇ ਫਿਰਾਈਆ । ਬਣਕੇ ਤ੍ਰਖਾਨ ਫੜਿਆ ਰੰਦਾ, ਸਾਚੀ ਕਰੇ ਆਪ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੁੱਟੀ ਗੰਢ ਵਖਾਈਆ । ਤੁੱਟੀ ਗੰਢ ਗੰਢ ਗੋਪਾਲ, ਸਤ ਦਿਵਸ ਰਹੇ ਬਾਕੀ । ਸੰਗਤ ਵਿਚ ਫੇਰ ਮਿਲਾਏ ਲਾਲ, ਅੰਮ੍ਰਿਤ ਜਾਮ ਪਿਆਏ ਬਣ ਸਾਕੀ । ਤਨ ਤਨ ਨਾ ਹੋਏ ਫੇਰ ਵਿੰਗਾ ਵਾਲ, ਤੇਤੀ ਸਾਲ ਹੰਡਾਏ ਜਿਸਮ ਖ਼ਾਕੀ । ਸਤਿਗੁਰ ਸਤਿ ਹੋਏ ਕ੍ਰਿਪਾਲ, ਸਤਿ ਵਸਤ ਵਿਚ ਸਤਿ ਵਿਸਮਾਦੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਰੇ ਖੇਲ ਸਾਚੀ ਬਾਡੀ । ਨਾ ਭੰਨਿਆ ਨਾ ਤੁੱਟਾ ਨਾਤਾ, ਨਾ ਅਗਨੀ ਅੱਗ ਜਲਾਇਆ । ਨਾ ਕੋਈ ਭੈਣ ਨਾ ਕੋਈ ਭਰਾਤਾ, ਲਹਿਣ ਦੇਣ ਨਾ ਕੋਈ ਪਾਇਆ । ਨਾ ਕੋਈ ਸਤਾਰਵਾਂ ਨਾ ਕੋਈ ਸਾਤਾ, ਦਸਵੇਂ ਭੋਗ ਨਾ ਕੋਈ ਕਰਾਇਆ । ਨਾ ਕੋਈ ਕਾਹਨੀ ਬਣ ਬਣ ਚੁੱਕੇ ਨਾ ਕੋਈ ਮੁਕਾਏ ਵਾਟਾ, ਪਾਂਧੀ ਆਪਣਾ ਪੰਧ ਮੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੀਵਦਿਆਂ ਹੀ ਜੀਵਣ ਦੇ, ਜਨਮ ਜਨਮ ਵਿਚ ਬਦਲਾਇਆ । ਜਨਮ ਗਿਆ ਜਨਮ ਆਇਆ, ਜਨਮ ਲੇਖਾ ਲੇਖੇ ਪਾਈਆ । ਸਤਿਗੁਰ ਪੂਰਾ ਦਯਾ ਕਮਾਇਆ, ਕਰੇ ਖੇਲ ਬੇਪ੍ਰਵਾਹੀਆ । ਰਾਤੀ ਸੁਤਿਆਂ ਵਕ਼ਤ ਦਏ ਵਖਾਇਆ, ਇਧਰ ਮਰੇ ਇਧਰ ਜਨਮੇ ਉਧਰ ਹਰਿ ਹਰਿ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਢਾਈ ਪਲ ਸੋਹੰ ਮੂੰਮਾਂ ਅੰਮ੍ਰਿਤ ਸਾਚਾ ਸੀਰ ਪਿਆਈਆ । ਸਾਚਾ ਸੀਰ ਆਪ ਪਿਆਏ, ਅੰਮ੍ਰਿਤ ਜਲ ਹੱਥ ਉਠਾਈਆ । ਮਰਨ ਤੋਂ ਪਹਿਲਾਂ ਜਨਮ ਦਵਾਏ, ਮਰਨ ਵਿਚ ਨਾ ਗੁਰਸਿਖ ਆਈਆ । ਸਾਧ ਸੰਗਤ ਤੇਰੇ ਨਾਲ ਰਲਾਏ, ਵਿਛੋੜਾ ਆਪਣੀ ਹੱਥੀ ਕਟਾਈਆ । ਦਿਵਸ ਰੈਣ ਜੋ ਰਿਹਾ ਸੇਵ ਕਮਾਏ, ਸੇਵਾ ਫਲ ਆਪਣੀ ਹੱਥੀ ਝੋਲੀ ਪਾਈਆ । ਉਖੜਿਆ ਬੂਟਾ ਫੇਰ ਲਗਾਏ, ਆਪਣੀ ਹੱਥੀਂ ਸਿੰਚ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨਮ ਜਨਮ ਕਰਮ ਕਰਮ ਜਨਮ ਆਪਣੇ ਹੱਥ ਰਖਾਈਆ ।

## ★ ੨੧ ਫਗਣ ੨੦੧੭ ਬਿਕ੍ਰਮੀ ਹਜ਼ਾਰਾ ਸਿੰਘ ਬਲਾਕਾ ਸਿੰਘ ਦੇ ਗ੍ਰਿਹ ਪਿੰਡ ਬਾਬੂ ਪੁਰ ★

ਸੱਚ ਸੁਮੇਰੂ ਚਰਨ ਕਵਲ ਪਦਮ, ਸਤਿ ਪੁਰਖ ਨਿਰੰਜਣ ਆਪ ਬਣਾਇਆ । ਲੇਖਾ ਜਾਣੇ ਇਬਨੁਲ ਅਦਮ, ਆਦਮ ਭੇਵ ਕੋਇ ਨਾ ਪਾਇਆ, ਨਾ ਕੋਈ ਰੂਪ ਰੰਗ ਨਾ ਦਿਸੇ ਬਦਨ, ਤਤਵ ਤਤ ਨਾ ਕੋਈ ਵਖਾਇਆ । ਗੋਪਾਲ ਮੂਰਤੀ ਏਕਾ ਮਦਨ, ਮਨ ਮੋਹਣ ਖੇਲ ਖਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸਮੇਰੂ ਦਏ ਸਮਝਾਇਆ । ਸਤਿ ਸਮੇਰੂ ਚਰਨ ਪਦ, ਹਰਿ ਸਾਚਾ ਸਚ ਉਪਾਇੰਦਾ । ਕੋਈ ਨਾ ਜਾਣੇ ਆਰ ਪਾਰ ਹੱਦ, ਰਵ ਸਸ ਸੀਸ ਝੁਕਾਇੰਦਾ । ਧਰੂ ਪ੍ਰਹਿਲਾਦ ਰਿਹਾ ਤੱਕ, ਆਪਣਾ ਮੂਲ ਸਮੇਰੂ ਬਣਾਇੰਦਾ । ਹਰਿ ਕਾ ਖੇਲ

ਅਕਥਨਾ ਅਕਥ, ਵੇਦ ਕਤੇਬ ਭੇਵ ਨਾ ਪਾਇੰਦਾ । ਚਾਰ ਜੁਗ ਨਾ ਦਿਤਾ ਦੱਸ, ਚਾਰੇ ਵੇਦ ਪਰਦਾ ਪਾਇੰਦਾ । ਕੋਈ ਪਥਰ ਕਹੇ ਕੋਈ ਪ੍ਰਬਤ, ਕੋਈ ਜੋਜਨ ਗਣਤ ਗਣਾਇੰਦਾ । ਕੋਈ ਜਾਣੇ ਉਚਾ ਟਿੱਲਾ ਸਥਰ ਰਿਹਾ ਘਤ, ਸਥਰ ਯਾਰ ਨਾ ਕੋਈ ਵਿਛਾਇੰਦਾ । ਕੋਈ ਕਹੇ ਸੱਤ ਸਮੁੰਦਰ ਚਲੇ ਰਥ, ਜਲ ਧਾਰਾ ਰੂਪ ਸਮਾਇੰਦਾ । ਕੋਈ ਕਹੇ ਵਿਸ਼ਨੂੰ ਪਾਈ ਬੈਠਾ ਨੱਥ, ਬਾਸ਼ਕ ਤਸ਼ਕਾ ਸੰਗ ਰਲਾਇੰਦਾ । ਆਪਣਾ ਲੇਖਾ ਜਾਣੇ ਪੁਰਖ ਸਮਰਥ, ਦੂਸਰ ਭੇਵ ਕੋਇ ਨਾ ਪਾਇੰਦਾ । ਸਚ ਸੁਮੇਰੂ ਚਰਨ ਅੰਦਰ, ਹਰਿ ਸਾਚਾ ਸਚ ਰਖਾਇੰਦਾ । ਕਰੇ ਖੇਲ ਹਰਿ ਕਰਨੀ ਕਰਨ, ਕਰਤਾ ਪੁਰਖ ਭੇਵ ਨਾ ਆਇੰਦਾ । ਨਾ ਧਰੇ ਉਪਰ ਕਿਸੇ ਧਰਨੀ ਧਰਨ, ਧਰਤ ਧਵਲ ਭਾਰ ਨਾ ਕੋਈ ਉਠਾਇੰਦਾ । ਨਾ ਕਿਸੇ ਵਖਾਏ ਉਪਰ ਆਕਾਸ਼ ਚੋਟੀ ਚੜ੍ਹਨ, ਪ੍ਰਕਾਸ਼ ਪ੍ਰਕਾਸ਼ ਵਿਚ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਇੰਦਾ । ਸਚ ਸੁਮੇਰੂ ਪਦਮ ਪਰਮਾਤਮ, ਪਦ ਆਪਣਾ ਆਪ ਜਣਾਈਆ । ਲੇਖਾ ਜਾਣੇ ਸਾਚੇ ਆਤਮ, ਆਤਮ ਅਪਣਾ ਰੰਗ ਬਣਾਈਆ । ਭੇਵ ਨਾ ਜਾਣੇ ਕੋਈ ਬਾਤਨ, ਜ਼ਾਹਿਰ ਗੁਪਤ ਨਾ ਕੋਈ ਵਡਿਆਈਆ । ਨਾ ਕੋਈ ਸੰਧਿਆ ਨਾ ਕੋਈ ਆਥਨ, ਸਰਘੀ ਰੂਪ ਨਾ ਕੋਈ ਵਟਾਈਆ । ਕਰੇ ਖੇਲ ਪੁਰਖ ਪਰਮਾਥਨ, ਪ੍ਰਿਥਮੀ ਆਕਾਸ਼ ਨਾ ਕੋਈ ਜਣਾਈਆ । ਲੇਖਾ ਜਾਣੇ ਸਚ ਸਿੰਘਾਸਣ, ਸ਼ਾਹੋ ਸ਼ਬਾਸਨ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਖਿਲਾਈਆ । ਚਰਨ ਪਦਮ ਸਚ ਸੁਮੇਰ, ਸ਼ਾਹ ਪਾਤਸ਼ਾਹ ਆਪ ਜਣਾਇੰਦਾ । ਸ੍ਰਿਸ਼ਟ ਸਬਾਈ ਬੈਠਾ ਘੇਰ, ਚਾਰੋਂ ਕੁੰਟ ਧਰਤੀ ਆਕਾਸ਼ ਮੇਲ ਮਿਲਾਇੰਦਾ । ਦਹਿ ਦਿਸ਼ਾ ਰੱਖੇ ਆਪਣਾ ਗੇੜ, ਗੇੜਨਹਾਰਾ ਆਪ ਅਖਵਾਇੰਦਾ । ਆਪੇ ਕਰੇ ਆਪਣੀ ਮਿਹਰ, ਆਪਣਾ ਨਾਉਂ ਆਪ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਮੇਰੂ ਆਪ ਜਣਾਇੰਦਾ । ਸਚ ਸੁਮੇਰੂ ਚਰਨ ਕਵਲ, ਅੰਤਰ ਅੰਤਰ ਆਪ ਜਣਾਈਆ । ਰਾਹ ਤੱਕੇ ਧਰਨੀ ਧਵਲ, ਬੱਲੇ ਬੈਠੀ ਨੈਣ ਉਠਾਈਆ । ਬ੍ਰਹਮ ਵੇਤਾ ਮੁਖ ਖੁਲ੍ਹਾਏ ਆਪਣਾ ਕਵਲ, ਕਵਲ ਮੁਖ ਆਪ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੁਮੇਰੂ ਦਏ ਵਡਿਆਈਆ । ਸਚ ਸੁਮੇਰ ਬਣਾਇਆ, ਹਰਿ ਹਰਿ ਦੀਨ ਦਿਆਲ । ਗੁਰਮੁਖਾਂ ਨੇਰਨ ਨੇਰ ਦਏ ਵਖਾਇਆ, ਕਲਜੁਗ ਅੰਤਮ ਤੋੜ ਜੰਜਾਲ । ਚਾਰੋਂ ਕੁੰਟ ਵੇਖ ਵਖਾਇਆ, ਵੇਖਣਹਾਰਾ ਆਪ ਕ੍ਰਿਪਾਲ । ਜਿਸ ਜਨ ਆਪਣੇ ਚਰਨ ਛੁਹਾਇਆ, ਉਪਰ ਸਮੇਰੂ ਦਏ ਬਹਾਲ । ਸ਼ਿਵ ਕੈਲਾਸ਼ ਨਾ ਡੇਰਾ ਲਾਇਆ, ਅੰਤਮ ਅੰਤ ਹੋਏ ਬੇਹਾਲ । ਕਰ ਤਲਾਸ਼ ਫੜ ਬਹਾਇਆ, ਕਰਿਆ ਖੇਲ ਬੇਮਿਸਾਲ । ਜੁਗ ਚੌਕੜੀ ਆਸ ਪੂਰ ਕਰਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਦੋ ਜਹਾਨ । ਦੋ ਜਹਾਨਾਂ ਹਰਿ ਹਰਿ ਲੇਖਾ, ਆਪਣਾ ਆਪ ਜਣਾਇੰਦਾ । ਸੁਮੇਰੂ ਨੇਤਰ ਹਰਿ ਚਰਨ ਕਵਲ ਹਰਿ ਦੇਖਾ, ਅਵਰ ਦ੍ਰਿਸ਼ਟ ਨਾ ਕੋਈ ਜਣਾਇੰਦਾ । ਸ਼ੰਕਰ ਰੱਖੇ ਖੁਲੜੇ ਕੇਸਾ, ਕੈਲਾਸ਼ ਨੈਣ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਖਿਲਾਇੰਦਾ । ਕੈਲਾਸ਼ ਪਰਬਤ ਹਰਿ ਚਰਨ ਧੂੜ, ਧੂੜੀ ਧੂੜ ਵਿਚ ਸਮਾਈਆ । ਭੋਲੇ ਨਾਥ ਰੰਗ ਚੜ੍ਹੇ ਗੂੜ੍ਹ, ਮਸਤਕ ਟਿੱਕਾ ਇਕ ਲਗਾਈਆ । ਅੰਤਰ ਬਖ਼ਸ਼ੇ ਨੂਰੋ ਨੂਰ, ਨੂਰ ਨੂਰ ਰੁਸ਼ਨਾਈਆ । ਆਪਣੇ ਟਿੱਲੇ ਆਪਣੇ ਪਰਬਤ ਆਪਣੇ ਆਸਣ ਸਚ ਸਿੰਘਾਸਣ ਆਪੇ ਹੋਏ ਆਸਾ ਪੂਰ, ਪੂਰੀ ਇਛਿਆ ਆਪ ਕਰਾਈਆ । ਨਾ ਨੇੜੇ ਨਾ ਦਿਸੇ ਦੂਰ, ਕਰੇ ਖੇਲ ਹਾਜ਼ਰ ਹਜ਼ੂਰ, ਹਜ਼ਰਤ ਆਪਣਾ

ਰੂਪ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੈਲਾਸ਼ ਨਰਾਸ ਇਕ ਸਮਝਾਈਆ । ਸਚ ਕੈਲਾਸ਼ ਸ਼ੰਕਰ ਚੜ੍ਹਿਆ, ਹਰਿ ਸਾਚਾ ਸਚ ਜਣਾਇੰਦਾ । ਪੁਰਖ ਅਬਿਨਾਸ਼ੀ ਚਰਨ ਏਕਾ ਫੜਿਆ, ਦੂਸਰ ਓਟ ਨਾ ਕੋਇ ਤਕਾਇੰਦਾ । ਹਰਿ ਨਰਾਇਣ ਖੇਲ ਆਪਣਾ ਕਰਿਆ, ਨੇਤਰ ਲੋਚਣ ਦਰਸ ਦਿਖਾਇੰਦਾ । ਦਰ ਘਰ ਸਾਚਾ ਏਕਾ ਦਰਿਆ, ਸੀਸ ਜਗਦੀਸ ਇਕ ਸੁਹਾਇੰਦਾ । ਚਰਨ ਕਵਲ ਅੰਦਰ ਅੱਖਰ ਏਕਾ ਪੜ੍ਹਿਆ, ਪੁਰਖ ਅਬਿਨਾਸ਼ੀ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਸੰਗ ਆਪ ਰਖਾਇੰਦਾ । ਚਰਨ ਕਵਲ ਅੰਦਰ ਸਮੇਰੂ ਪਦ, ਪਦਮ ਪਾਟਲ ਪਾਦਨ ਆਪ ਬਣਾਈਆ । ਸ਼ੰਕਰ ਅੰਦਰ ਆਪੇ ਸੱਦ, ਸਚ ਕੈਲਾਸ਼ ਦਏ ਵਖਾਈਆ । ਨਾਮ ਵਜਾਏ ਸਾਚਾ ਨਦ, ਨਿਜ ਨਾਦੀ ਨਾਦ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਆਸਣ ਦਏ ਵਖਾਈਆ । ਏਕਾ ਆਸਣ ਸਚ ਜਣਾਇਆ, ਚਰਨ ਕਵਲ ਧਿਆਨ । ਸਚ ਕੈਲਾਸ਼ ਇਕ ਬਣਾਇਆ, ਧੂੜੀ ਧੂੜ ਦੇਵੇ ਬਾਲ ਨਾਦਾਨ । ਆਪਣੇ ਪ੍ਰੇਮ ਨਾਲ ਬੰਧਾਇਆ, ਛੁਟ ਨਾ ਜਾਏ ਵਿਚ ਜਹਾਨ । ਸਾਚੀ ਸੇਜਾ ਆਪ ਸੁਆਇਆ, ਦੇਵੇ ਧੁਰ ਫ਼ਰਮਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਮਾਣ । ਸਾਚਾ ਮਾਣ ਦੇਵਣਹਾਰਾ, ਏਕਾ ਸ਼ਬਦ ਕਰੇ ਜਣਾਈਆ । ਕਰੇ ਖੇਲ ਅਗੰਮ ਅਪਾਰਾ, ਅਗੋਚਰ ਆਪਣਾ ਭੇਵ ਛੁਪਾਈਆ । ਤੇਰਾ ਮੇਰਾ ਇਕ ਕਿਨਾਰਾ, ਤੇਰਾ ਕਿਨਾਰਾ ਆਪਣੇ ਹੱਥ ਰਖਾਈਆ । ਤੇਰਾ ਪਰਬਤ ਮੇਰਾ ਸਹਾਰਾ, ਮੇਰਾ ਕੈਲਾਸ਼ ਤੇਰੀ ਵਡਿਆਈਆ । ਮੇਰਾ ਨਾਉਂ ਤੇਰਾ ਨਾਅਰਾ, ਤੇਰਾ ਨਾਅਰਾ ਸਰਬ ਲੋਕਾਈਆ । ਮੇਰਾ ਸਮੇਰੂ ਤੇਰਾ ਉਜਿਆਰਾ, ਦੀਪਕ ਦੀਪ ਦੀਪ ਰੁਸ਼ਨਾਈਆ । ਕਰੇ ਖੇਲ ਆਪ ਨਿਰੰਕਾਰਾ, ਸਾਚੀ ਖੇਲ ਆਪ ਕਰਾਈਆ । ਨਵ ਨੌ ਚਾਰ ਦਏ ਸਹਾਰਾ, ਉਪਰ ਆਸਣ ਆਪ ਬਿਠਾਈਆ । ਕਲਜੁਗ ਆਏ ਅੰਤਮ ਵਾਰਾ, ਨਿਰਗੁਣ ਨਿਰਾਕਾਰ ਅਜੂਨੀ ਰਹਿਤ ਪੁਰਖ ਅਕਾਲ ਲੋਕਮਾਤ ਕਰੇ ਰੁਸ਼ਨਾਈਆ । ਆਪਣੀ ਚਲੇ ਅਵੱਲੜੀ ਚਾਲ, ਚਾਲ ਨਿਰਾਲੀ ਇਕ ਦਸਾਈਆ । ਤੇਰੀ ਕਰੇ ਪੂਰੀ ਘਾਲ, ਘਾਲੀ ਘਾਲ ਲੇਖੇ ਪਾਈਆ । ਤੇਰਾ ਕੈਲਾਸ਼ ਆਪੇ ਸੁਰਤ ਲਏ ਸੰਭਾਲ, ਹੋਣਾ ਉਦਾਸ ਨਾ ਰਿਹਾ ਸਮਝਾਈਆ । ਆਪਣਾ ਬਾਲਾ ਆਪੇ ਲਏ ਉਠਾਲ, ਤੇਰੀ ਧਰਮਸਾਲਾ ਲਏ ਸੁਹਾਈਆ । ਤੈਨੂੰ ਉਂਗਲੀ ਲਾਏ ਰਖੇ ਨਾਲ ਨਾਲ, ਪਿਛਲਾ ਪੰਧ ਮੁਕਾਈਆ । ਆਪਣੇ ਖਾਤੇ ਆਪ ਡਾਲ, ਆਪਣੇ ਅੰਦਰ ਬੰਦ ਕਰਾਈਆ । ਫੇਰ ਨਾ ਸਕੇ ਕੋਇ ਤੈਨੂੰ ਭਾਲ, ਤੇਰਾ ਰੂਪ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇ ਮਤ ਰਿਹਾ ਸਮਝਾਈਆ । ਤੇਰਾ ਅੰਤਮ ਵਕਤ ਸੁਹਾਵਣਾ, ਪੁਰਖ ਅਬਿਨਾਸ਼ੀ ਦਇਆ ਕਮਾ । ਤੇਰਾ ਕੈਲਾਸ਼ ਇਕ ਵਖਾਵਣਾ, ਆਪ ਬਣਾਏ ਬੇਪਰਵਾਹ । ਤੇਰਾ ਵਾਸ ਇਕ ਘਰ ਕਰਾਵਣਾ, ਬਖ਼ਸ਼ਣਹਾਰਾ ਸਚ ਪਨਾਹ । ਗੁਰਮੁਖ ਸਾਚਾ ਆਪ ਉਠਾਵਣਾ, ਕਲਜੁਗ ਅੰਤਮ ਕਰੇ ਸਚ ਨਿਆਂ । ਉਪਰ ਕੈਲਾਸ਼ ਮਾਣ ਦਿਵਾਵਣਾ, ਚਰਨ ਚਰਨਾਂ ਨਾਲ ਛੁਹਾ । ਦਾਸੀ ਦਾਸ ਹੁਕਮ ਸੁਣਾਵਣਾ, ਧੁਰ ਫ਼ਰਮਾਨਾ ਆਪ ਉਪਾ । ਏਕਾ ਮੰਤਰ ਅੰਤਰ ਗਾਵਣਾ, ਸੋ ਪੁਰਖ ਨਿਰੰਜਣ ਲਏ ਪੜ੍ਹਾ । ਹੰ ਸ਼ੰਕਰ ਰੂਪ ਵਖਾਵਣਾ, ਪੁਰਖ ਅਬਿਨਾਸ਼ੀ ਆਪਣਾ ਅੰਗ ਲਏ ਕਟਾ । ਸੋਹੰ ਏਕਾ ਬੰਧਨ ਪਾਵਣਾ, ਨਿਰਗੁਣ ਨਿਰਗੁਣ ਮੇਲਾ ਸਹਿਜ ਸੁਭਾ । ਆਦਿ ਪੁਰਖ ਆਪਣਾ ਕੌਲ ਕੀਤਾ ਆਪੇ ਪੂਰ ਕਰਾਵਣਾ, ਬ੍ਰਹਮਾ ਵੇਤਾ ਭੇਵ ਲਿਖ ਨਾ ਸਕੇ ਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸੱਚਾ ਸ਼ਹਿਨਸ਼ਾਹ ।

# ★ ੨੧ ਫਗਣ ੨੦੧੭ ਬਿਕ੍ਰਮੀ ਬੀਬੀ ਪੂਰੋ ਦੇ ਗ੍ਰਿਹਿ ਪਿੰਡ ਬਾਬੂ ਪੁਰਾ ਜ਼ਿਲਾ ਗੁਰਦਾਸ ਪੁਰ ★

ਗੁਰਮੁਖ ਸਮੇਰੂ ਵਿਚ ਸੰਸਾਰ, ਸ਼ਾਸਤਰ ਸਿਮਰਤ ਭੇਵ ਨਾ ਆਇੰਦਾ । ਜਿਸ ਦਾ ਲੇਖਾ ਜਾਣੇ ਆਪ ਨਿਰੰਕਾਰ, ਜਗਤ ਵਿਦਿਆ ਭੇਵ ਨਾ ਆਇੰਦਾ । ਕਾਗਦ ਕ਼ਲਮ ਲਿਖਣ ਤੋਂ ਬਾਹਰ, ਅਲੇਖ ਲੇਖਾ ਆਪਣੇ ਹੱਥ ਰਖਾਇੰਦਾ । ਨਵ ਨੌਂ ਚਾਰ ਕਰ ਕਰ ਪਿਆਰ, ਸਾਚੀ ਧਾਰ ਆਪ ਬਣਾਇੰਦਾ । ਭਗਤ ਸੰਤ ਕਰ ਉਜਿਆਰ, ਜੁਗ ਜੁਗ ਖੇਲ ਖਿਲਾਇੰਦਾ । ਫਲ ਫੁਲਵਾੜੀ ਲਾ ਗੁਲਜ਼ਾਰ, ਪੱਤ ਡਾਲ੍ਹੀ ਆਪ ਮਹਿਕਾਇੰਦਾ । ਆਪੇ ਅੰਮ੍ਰਿਤ ਸਿੰਚ ਹਰਿਆ ਕਰੇ ਨਿਰੰਕਾਰ, ਖ਼ਿਜ਼ਾਂ ਬਸੰਤ ਏਕਾ ਰੰਗ ਰੰਗਾਇੰਦਾ । ਕਲਜੁਗ ਅੰਤਮ ਆਏ ਵਾਰ, ਸਾਚਾ ਮਾਲੀ ਦੀਨ ਦਿਆਲਾ ਗੁਰਮੁਖ ਬੂਟਾ ਵੇਖਣ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਸੰਗ ਆਪ ਨਿਭਾਇੰਦਾ । ਗੁਰਮੁਖ ਫੁਲਵਾੜੀ ਫੁਲ ਗਿਆ ਫੁਲ, ਹਰਿ ਸਾਚਾ ਵੇਖ ਵਖਾਈਆ । ਬਣ ਬਣ ਮਾਲਣ ਤੋੜੇ ਅਡੋਲ, ਦਿਸ ਕਿਸੇ ਨਾ ਆਈਆ । ਕਰੇ ਖੇਲ ਉਪਰ ਧੌਲ, ਧਵਲ ਮੰਗੇ ਸਚ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖੇ ਥਾਉਂ ਥਾਈਂਆ । ਹਰਿਜਨ ਸਾਚੇ ਕਰ ਪਿਆਰ, ਕਲੀ ਕਲੀ ਆਪ ਮਹਿਕਾਈਆ । ਕੈਲਾਸ਼ ਹੋਇਆ ਖ਼ਬਰਦਾਰ, ਸ਼ੰਕਰ ਨੈਣ ਖੁਲ੍ਹਾਈਆ । ਵਿਸ਼ਨ ਬਣ ਬਣ ਸੇਵਾਦਾਰ, ਸਾਚੀ ਸੇਵਾ ਇਕ ਵਖਾਈਆ । ਬ੍ਰਹਮਾ ਦੇਵੇ ਇਕ ਆਧਾਰ, ਸੁਤ ਆਪਣਾ ਆਪ ਪਰਗਟਾਈਆ । ਖਿਚੇ ਤਾਰ ਆਪ ਨਿਰੰਕਾਰ, ਸਾਚਾ ਤਾਗਾ ਲਏ ਬਣਾਈਆ । ਲੋਕਮਾਤ ਆਏ ਹੋਏ ਉਜਿਆਰ, ਨਿਰਗੁਣ ਆਪਣਾ ਰੂਪ ਵਟਾਈਆ । ਗੁਰਸਿਖ ਸੋਹਣੇ ਫੜ ਫੜ ਗੁੰਦੇ ਹਾਰ, ਕਲੀ ਨਾਲ ਕਲੀ ਮਿਲਾਈਆ । ਅੰਮ੍ਰਿਤ ਛਿੜਕੇ ਪਹਿਲੀ ਵਾਰ, ਸਚ ਮਹਿਕ ਵਿਚ ਭਰਾਈਆ । ਆਪਣੇ ਗਲ ਕਰੇ ਸ਼ੰਗਾਰ, ਜਗਤ ਸ਼ੰਗਾਰ ਨਾ ਕੋਇ ਹੰਢਾਈਆ । ਅੰਤਮ ਆਪਣੇ ਅੰਦਰ ਰੱਖੇ ਸੰਭਾਲ, ਆਪਣੀ ਵਸਤ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਤਾ ਤੋੜ ਸ਼ਾਹ ਕੰਗਾਲ, ਗੁਰਸਿਖ ਏਕਾ ਰੰਗ ਰੰਗਾਈਆ । ਸਾਚਾ ਹਾਰ ਹਰਿ ਹਰਿ ਮਾਲਣ, ਸਚ ਪਟਾਰੀ ਆਪ ਰਖਾਈਆ । ਬਣ ਕੇ ਆਈ ਭਗਤ ਦਲਾਲਣ, ਜੋਤੀ ਨਾਰ ਵੇਸ ਵਟਾਈਆ । ਗੁਰਸਿਖਾਂ ਅਗੇ ਬਣੀ ਸਵਾਲਣ, ਮੰਗੇ ਭਿਛਿਆ ਏਕਾ ਮੰਗ ਮੰਗਾਈਆ । ਮੈਂ ਵੈਰਾਗਣ ਹੋਈ ਬੇਦਾਮਨ, ਬਿਰਹੋਂ ਵਿਛੋੜਾ ਨਾ ਝੱਲਿਆ ਜਾਈਆ । ਸੱਚਖੰਡੀ ਡਿਗੇ ਆਪਣੇ ਆਹਲਣ, ਗੁਰਸਿਖ ਤੇਰੀ ਗੋਦ ਏਕਾ ਓਟ ਰਖਾਈਆ । ਤੂੰ ਨਾ ਜਾਣਾ ਕਿਸੇ ਦਰ ਭਾਲਣ, ਤੈਨੂੰ ਭਾਲੇ ਆਦਿ ਸ਼ਕਤ ਤੇਰੀ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਮਿਲਾਈਆ । ਵਾਹ ਵਾ ਮਾਲਣ ਜੋਤ ਅਕਾਲਣ, ਘਰ ਘਰ ਸੇਵ ਕਮਾਈਆ । ਗੁਰਸਿਖਾਂ ਕਰੇ ਪੂਰੀ ਘਾਲਣ, ਕੀਤੀ ਘਾਲ ਲੇਖੇ ਪਾਈਆ । ਪਹਿਲਾਂ ਤੋੜੇ ਜਗਤ ਜੰਜਾਲਣ, ਦੂਜੀ ਸਿਖਿਆ ਕਰੇ ਪੜ੍ਹਾਈਆ । ਤੀਜਾ ਵਜਾਏ ਅੰਦਰ ਤਾਲਨ, ਚੌਥੇ ਘਰ ਦਏ ਵਡਿਆਈਆ । ਪੰਚਮ ਬਣੀ ਆਪ ਦਲਾਲਣ, ਛੇਵੇਂ ਛੱਪਰ ਛੰਨ ਛੁਹਾਈਆ । ਸਤਵੇਂ ਸਤਿ ਪੁਰਖ ਨਿਰੰਜਣ ਬਨ੍ਹਿਆ ਬਾਨਣ, ਸਾਚੇ ਬੇੜੇ ਆਪ ਚੜ੍ਹਾਈਆ । ਅੱਠਾਂ ਤੱਤਾਂ ਦੇਵੇ ਦਾਨਨ, ਆਪਣਾ ਨਾਮ ਆਪ ਵਰਤਾਈਆ । ਨੌਂ ਦਵਾਰ ਬਖ਼ਸ਼ੇ ਆਪਣਾ ਭਾਨਨ, ਨਵ ਨੌਂ ਕਰੇ ਰੁਸ਼ਨਾਈਆ । ਦਸਵੇਂ ਮੇਲਾ ਸ੍ਰੀ ਭਗਵਾਨਨ, ਸ੍ਰੀ ਭਗਵਾਨ ਗੁਰਮੁਖ ਸੁਤਿਆ ਰਾਤੀਂ ਦਰਸ ਦਿਖਾਈਆ । ਸੇਵਾ ਕਰੇ ਸਾਚੀ ਮਾਲਣ, ਸੀਸ ਆਪਣੇ ਖਾਰੀ ਰਹੀ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਸਾਚਾ ਹਾਰ ਇਕ ਨਿਰੰਕਾਰ, ਆਪਣੇ ਹੱਥ ਰਖਾਈਆ । ਸਾਚਾ ਹਾਰ ਹਰੀ ਹਰਿ ਨਰਾਇਣ, ਨਰ ਹਰਿ ਬਨਵਾਰੀ ਆਪਣੇ ਹੱਥ ਰਖਾਇੰਦਾ । ਰਸਨਾ ਕਿਸੇ ਨਾ ਸਕੇ ਕਹਿਣ, ਗੁਣ ਅਵਗੁਣ ਨਾ ਕੋਇ ਜਣਾਇੰਦਾ । ਆਪੇ ਜਾਣੇ ਲਹਿਣਾ ਦੇਣ, ਦੇਣਾ ਲਹਿਣਾ ਆਪਣੇ ਹੱਥ ਰਖਾਇੰਦਾ । ਗੁਰਸਿਖ ਗੁਰ ਗੁਰ ਧਾਮ ਇਕੱਠੇ ਬਹਿਣ, ਪਲੰਘ ਰੰਗੀਲਾ ਸਾਚੀ ਸੇਜ ਆਪ ਵਿਛਾਇੰਦਾ । ਸਤਿ ਸਤਿਵਾਦੀ ਮਿਲਿਆ ਸਾਕ ਸੱਜਣ ਸੈਣ, ਵਿਛੜ ਕਦੇ ਨਾ ਜਾਇੰਦਾ । ਲੇਖਾ ਜਾਣੇ ਐਨ ਗ਼ੈਨ, ਨੁਕਤਾ ਰੂਪ ਨਾ ਕੋਇ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰਦੀ ਦਰਦੀਆਂ ਦੇਵੇ ਮਾਣ, ਗੁਰਸਿਖਾਂ ਦਲਿਦ੍ਰ ਆਪ ਹੰਢਾਇੰਦਾ ।

### ★ ੨੧ ਫੱਗਣ ੨੦੧੭ ਬਿਕ੍ਰਮੀ ਮੁਨਸ਼ਾ ਸਿੰਘ ਦੇ ਗ੍ਰਿਹ ਬਾਬੂ ਪੁਰਾ ਜਿਲਾ ਗੁਰਦਾਸ ਪੁਰ ★

ਸ਼ਾਹ ਕੰਗਾਲ ਹਰਿ ਰੰਗਦਾ, ਰੰਗ ਅਗੰਮੀ ਅੰਤਰ ਚਾੜ੍ਹ । ਭਗਤ ਭਿਖਾਰੀ ਹੋ ਕਦੇ ਨਾ ਸੰਗਦਾ, ਲੇਖਾ ਜਾਣੇ ਅੰਤਰ ਬਾਹਰ । ਸਚ ਪ੍ਰੀਤੀ ਏਕਾ ਮੰਗ ਦਾ, ਦੂਸਰ ਅਵਰ ਨਾ ਕੋਇ ਵਿਚਾਰ । ਕੁੱਲੀ ਕੱਖਾਂ ਆਪੇ ਲੰਘਦਾ, ਮਹੱਲ ਅਟਲ ਨਾ ਕੋਇ ਪਿਆਰ । ਪਰਦਾ ਲਾਹੇ ਝੂਠੀ ਕੰਧ ਦਾ, ਦੂਈ ਦਵੈਤੀ ਪਰਦਾ ਉਤਾਰ । ਲਹਿਣ ਚੁਕਾਏ ਅੰਧੇਰ ਅੰਧ ਦਾ, ਘਰ ਚੰਦ ਕਰ ਉਜਿਆਰ । ਲੇਖਾ ਚੁਕਾਏ ਆਵਣ ਜਾਵਣ ਪੰਧ ਦਾ, ਲੱਖ ਚੁਰਾਸੀ ਗੇੜ ਨਿਵਾਰ । ਨਾਤਾ ਤੋੜੇ ਫਾਂਦਕੀ ਫੰਦ ਦਾ, ਰਾਏ ਧਰਮ ਨਾ ਕਰੇ ਖ਼ਵਾਰ । ਰਸ ਛੁੱਟੇ ਮਦਿਰਾ ਮਾਸ ਗੰਦ ਦਾ, ਰਸ ਬਰਖੇ ਅੰਮ੍ਰਿਤ ਧਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੂਰੇ ਸਰਬੰਗ ਦਾ, ਸਾਚੀ ਬਖ਼ਸ਼ਸ਼ ਬਖ਼ਸ਼ਣਹਾਰ । ਸਾਚੀ ਬਖ਼ਸ਼ਸ਼ ਰਖ ਹੱਥ, ਦੀਨਾ ਨਾਥਾ ਹੋਏ ਸਹਾਈਆ । ਸਚਖੰਡ ਨਿਵਾਸੀ ਸੱਚਖੰਡ ਦਵਾਰ ਹਰਿ ਹਰਿ ਸ਼ਬਦ ਅਗੰਮੀ ਪਾਏ ਨੱਥ, ਡੋਰੀ ਚੋਰੀ ਚੋਰੀ ਆਪ ਖਿਚਾਈਆ । ਗ੍ਰਿਹ ਮੰਦਰ ਡੂੰਘੀ ਕੰਦਰ ਕਵਰੀ ਭਵਰੀ ਆਪ ਗਿੜਾਏ ਉਲਟੀ ਲਠ, ਪੰਜ ਤਤ ਤ੍ਰੈਗੁਣ ਹੱਡ ਮਾਸ ਨਾੜੀ ਰਤ ਭੇਵ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਮਾਹੀਆ । ਨਾਤਾ ਤੋੜ ਜਗਤ ਜੰਜਾਲ, ਗੁਰਮੁਖ ਸਾਚੇ ਸਚ ਜਣਾਇੰਦਾ । ਏਕਾ ਪਾਵੇ ਸ਼ਬਦ ਆਣ, ਦੂਸਰ ਆਣ ਨਾ ਕੋਈ ਵਖਾਇੰਦਾ । ਜੋ ਜਨ ਭੁੱਲੇ ਬਣ ਅਵਾਣ, ਤਿਸ ਭੁੱਲਿਆਂ ਮਾਰਗ ਪਾਇੰਦਾ । ਜੋ ਜਨ ਮਨ ਕਰੇ ਅਭਿਮਾਨ, ਤਿਸ ਖ਼ਾਕੀ ਖ਼ਾਕ ਮਿਲਾਇੰਦਾ । ਸਰਬ ਜੀਆਂ ਏਕਾ ਭਗਵਾਨ, ਹਰਿ ਘਟ ਘਟ ਵੇਖ ਵਖਾਇੰਦਾ । ਗੁਰਮੁਖ ਵਿਰਲੇ ਦੇਵੇ ਸ਼ਬਦ ਬਿਬਾਣ, ਲੱਖ ਚੁਰਾਸੀ ਲਾੜੀ ਮੌਤ ਨਾਲ ਪਰਨਾਇੰਦਾ । ਕਲਜੁਗ ਅੰਤਮ ਜਗ ਵਿਛੜੇ ਮੇਲੇ ਆਣ, ਮੇਲ ਮਿਲਾਵਾ ਆਪਣੇ ਹੱਥ ਰਖਾਇੰਦਾ । ਗੁਰਮੁਖ ਸਖ਼ੀ ਮਿਲੇ ਹਰਿ ਹਰਿ ਸਾਚਾ ਕਾਹਨ, ਘਨਈਆ ਨਈਆ ਸਾਚਾ ਛਤਰ ਸੀਸ ਆਪ ਝੁਲਾਇੰਦਾ । ਜਗਤ ਗਵਈਆ ਬਣ ਰਮਈਆ ਦੇਵੇ ਦਾਨ, ਫੜ ਫੜ ਬਈਆ ਪਾਰ ਕਰਾਇੰਦਾ । ਧਰਮ ਰਾਏ ਨਾ ਕੱਢੇ ਵਹੀਆ ਅੰਤਮ ਲੇਖਾ ਲਿਖੇ ਮਹਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਆਪਣੇ ਚਰਨ ਲਗਾਇੰਦਾ । ਚਰਨ ਲਗ ਨਾ ਜਾਏ ਭੁੱਲ, ਹਰਿਜਨ ਸਾਚੀ ਸਚ ਜਣਾਈਆ । ਅੰਮ੍ਰਿਤ ਪਿਆਲੇ ਵਿਚੋਂ ਨਾ ਜਾਣਾ ਡੁੱਲ੍ਹ, ਅਮਰ ਪਦ ਨਾ ਕੋਈ ਵਖਾਈਆ । ਕਲਜੁਗ ਟਹਿਣੀ ਨਾਲੋਂ ਤੁੱਟਾ ਫੁੱਲ, ਸਾਚੀ ਮਾਲਣ ਆਪਣੇ ਹੱਥ

ਰਖਾਈਆ । ਹੱਥ ਪਾਇਆ ਬਣ ਅਨਭੋਲ, ਕੰਡਾ ਖਾਰ ਕੋਈ ਚੁਭ ਨਾ ਜਾਈਆ । ਖ਼ੁਸ਼ੀ ਖ਼ੁਸ਼ੀ ਆਪਣੇ ਕੰਡੇ ਲਏ ਤੋਲ, ਵੱਟਾ ਸੇਰ ਨਾ ਕੋਈ ਤੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖਾਂ ਸਿੱਖ ਸਿਖ਼ਿਆ ਏਹ ਸਮਝਾਈਆ । ਫੁਲ ਟੁੱਟਾ ਆਏ ਨਾ ਕੰਮ, ਜਿਸ ਮਾਲਣ ਹੱਥ ਨਾ ਲਾਈਆ । ਜੀਵ ਸਦਾ ਨਾ ਰਹਿਣ ਸਵਾਸਾ ਦਮ, ਦਮ ਛੁਪੇ ਪਏ ਫਾਹੀਆ । ਜਗਤ ਨਾ ਮਿਟਣੀ ਤ੍ਰਿਸ਼ਨਾ ਤਮ, ਤ੍ਰਿਖਾ ਸਕੇ ਨਾ ਕੋਇ ਬੁਝਾਈਆ । ਜਿਸ ਸਤਿਗੁਰ ਪੂਰਾ ਬੇੜਾ ਦੇਵੇ ਬੰਨ੍ਹ, ਸੋ ਜਨ ਆਪਣਾ ਬੇੜਾ ਪਾਰ ਕਰਾਈਆ । ਏਕਾ ਸ਼ਬਦ ਸੁਣਾਏ ਕੰਨ, ਦੂਜੀ ਆਵਾਜ਼ ਕੰਨ ਨਾ ਕੋਇ ਪਾਈਆ । ਏਕਾ ਦੇਵੇ ਨਾਮ ਧਨ, ਦੂਜਾ ਧਨ ਸੰਗ ਨਾ ਕਿਸੇ ਜਾਈਆ । ਹਰਿਜਨ ਤੇਰਾ ਤੇਰੇ ਘਰ ਜਾਏ ਮੰਨ, ਮਨੌਣ ਦੂਜੇ ਘਰ ਨਾ ਕੋਇ ਜਾਈਆ । ਕਾਇਆ ਕਪੜ ਛੰਨ ਛੱਪਰ ਸਾਚਾ ਮੰਦਰ ਵਸਿਆ ਅੰਦਰ, ਦਿਵਸ ਰੈਣ ਰੈਣ ਪਰਭਾਤ, ਦਰਸ ਵਖਾਏ ਇਕ ਇਕਾਂਤ, ਅਕਲ ਕਲ ਧਾਰ ਹਰਿ ਨਿਰੰਕਾਰ, ਗੁਰਸਿਖ ਪਿਆਰ ਤਨ ਸ਼ੰਗਾਰ, ਮਾਲਣ ਫੂਲਨ ਗੁੰਦੇ ਵਾਰੋ ਵਾਰ, ਨਾਮ ਤਾਗਾ ਪ੍ਰੇਮ ਸੂਈ ਨੱਕਾ ਗੁਰਸਿਖ ਤੇਰੀ ਗੰਢ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਹਿੱਸਾ ਭਗਤ ਵੰਡਾਈਆ ।



★ ੨੧ ਫਗਣ ੨੦੧੭ ਬਿਕ੍ਰਮੀ ਸਵਰਨ ਸਿੰਘ ਦੇ ਗ੍ਰਹਿ ਪਿੰਡ ਬਾਬੂ ਪੁਰਾ ਜ਼ਿਲਾ ਗੁਰਦਾਸ ਪੁਰ ★

੩੨੪

ਨਾਮ ਧਨ ਸ਼ਬਦ ਗੁਰ ਰਾਸ, ਗੁਰਸਿਖ ਖ਼ਜ਼ਾਨੇ ਆਪੇ ਪਾਈਆ । ਆਪੇ ਵਸੇ ਸਦਾ ਪਾਸ, ਨਿਕਟੀ ਹੋ ਹੋ ਦਰਸ ਦਿਖਾਈਆ । ਸਦਾ ਸਦ ਹੋਏ ਦਾਸੀ ਦਾਸ, ਦਾਸਨ ਦਾਸੀ ਸੇਵ ਕਮਾਈਆ । ਲੇਖਾ ਜਾਣੇ ਪ੍ਰਿਥਮੀ ਆਕਾਸ਼, ਗਗਨ ਮੰਡਲ ਸੋਭਾ ਪਾਈਆ । ਰਵ ਸਸ ਕਰ ਕਰ ਬੈਠੇ ਆਸ, ਵਿਸ਼ਨ ਬ੍ਰਹਮਾ ਸ਼ਿਵ ਧਿਆਨ ਲਗਾਈਆ । ਪਾਰਬ੍ਰਹਮ ਅਬਿਨਾਸ਼ੀ ਕਰਤਾ ਪਹਿਲਾਂ ਗੁਰਸਿਖਾਂ ਪੂਰੀ ਕਰੇ ਆਸ, ਦੂਜੀ ਧਾਰ ਫੇਰ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਜਗਾਈਆ । ਸਾਚਾ ਨਾਮ ਮਾਲ ਧਨਵੰਤਾ, ਦਰ ਘਰ ਸਾਚੇ ਆਪੇ ਵਖਾਇੰਦਾ । ਗੁਰਮੁਖ ਗੁਰ ਗੁਰ ਹੋਏ ਮੰਗਤਾ, ਵਸਤ ਅਮੋਲਕ ਆਪ ਵਰਤਾਇੰਦਾ । ਮਾਣ ਰਖਾਏ ਹਰਿਜਨ ਜਿਉਂ ਜਨ ਜਨਕਾ, ਹਰਿਜਨ ਜਾਨਕੀ ਆਪ ਪਰਨਾਇੰਦਾ । ਅਕਲ ਕਲ ਹਰਿ ਖੇਲ ਵਰਤੰਤਾ, ਅਨਦ ਬਿਨੋਦੀ ਭੇਵ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਖੇਲ ਖਿਲਾਇੰਦਾ । ਨਾਮ ਧਨ ਸ਼ਬਦ ਭੰਡਾਰਾ, ਭਗਵਨ ਹਰਿ ਹਰਿ ਆਪ ਵਰਤਾਇੰਦਾ । ਦਾਨਵ ਦੇਵ ਮੁਨ ਜਨ ਮੁਨੀਸ਼ਰ ਤਪੀਸ਼ਰ ਮੰਗਣ ਵਾਰੋ ਵਾਰਾ, ਰਖੀਸ਼ਰ ਜਗਦੀਸ਼ਰ ਸੀਸ ਸਰਬ ਝੁਕਾਇੰਦਾ । ਲੇਖਾ ਜਾਣੇ ਆਪਣਾ ਈਸਰ, ਈਸ਼ਵਰ ਆਪਣੇ ਵਿਚ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੱਡਾ ਵਡ ਸਾਲਾਹਿੰਦਾ । ਵਡ ਵੱਡਾ ਹਰਿਜਨ ਪਾਇਆ, ਹਰਿ ਮੀਤਨ ਮੀਤ ਮੁਰਾਰ । ਗ੍ਰਹਿ ਮੰਦਰ ਇਕ ਸੁਹਾਇਆ, ਗੁਰ ਪ੍ਰਸਾਦੀ ਹੋ ਉਜਿਆਰ । ਭੌ ਭੈ ਭਵ ਭੰਜਨ ਹੋਏ ਸਹਾਇਆ, ਅਨਭਵ ਆਪਣਾ ਖੋਲ੍ਹ ਕਿਵਾੜ । ਦਵੈ ਦਵੈਤ ਮੇਟ ਮਿਟਾਇਆ, ਦਵੈਕਸ਼ ਕੋਇ ਨਾ ਵਿਚ ਸੰਸਾਰ । ਕਲਜੁਗ ਅੰਤਮ ਹਰਿਜਨ ਫੁਲ ਫੁਲਵਾੜੀ ਹਰਿ ਜੂ ਸੈਰ ਕਰਨ

ਆਇਆ, ਆਪਣੇ ਅਸਵ ਹੋ ਅਸਵਾਰ । ਸੁਕਦੇ ਬੂਟੇ ਲਏ ਲਹਿਰਾਇਆ, ਨਿਰਗੁਣ ਸਰਗੁਣ ਕਰ ਪਿਆਰ । ਪਵਣ ਝੂਟੇ ਦਏ ਝੁਲਾਇਆ, ਪਵਣ ਉਨੰਜਾ ਦਏ ਹੁਲਾਰ । ਸਾਚੀ ਕੂਟੇ ਡੇਰਾ ਲਾਇਆ, ਜ਼ਿਮੀਂ ਅਸਮਾਨ ਨਾ ਪਾਵੇ ਕੋਇ ਸਾਰ । ਕਲਜੁਗ ਝੂਠੇ ਦਏ ਕਰਾਇਆ, ਜਗਤ ਵਿਦਿਆ ਕਰ ਖ਼ਵਾਰ । ਗੁਰਸਿਖ ਅਨੂਠੇ ਲਏ ਮਿਲਾਇਆ, ਰਸ ਮਿਠਾ ਏਕਾ ਡਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸਤਿ ਵਰਤੇ ਨਾਮ ਸ਼ਬਦ ਵਰਤਾਰ । ਨਾਮ ਸਤਿ ਰਾਮ ਸਤਿ, ਸਤਿ ਰਾਮ ਨਾਮ ਵਡਿਆਈਆ । ਆਦਿ ਸਤਿ ਜੁਗਾਦਿ ਸਤਿ, ਬ੍ਰਹਮ ਬ੍ਰਹਿਮਾਦਿ ਸਤਿ ਵਖਾਈਆ । ਗੁਰਸਿਖ ਤੇਰਾ ਨਾਤਾ ਸਤਿ, ਗੁਰਸਿਖ ਤੇਰਾ ਪ੍ਰੇਮ ਸਤਿ, ਗੁਰਸਿਖ ਸਤਿ ਪ੍ਰੇਮ ਡੋਰੀ ਬੰਧਨ ਪਾਈਆ । ਗੁਰਸਿਖ ਤੇਰਾ ਘਰ ਸਤਿ ਗੁਰਮੁਖ ਤੇਰੀ ਵਡਿਆਈ ਸਮਰਥ, ਸੰਤ ਤੇਰੀ ਮਹਿਮਾ ਅਕਥ, ਭਗਤ ਤੇਰਾ ਸਾਚਾ ਰਥ, ਸਤਿ ਪੁਰਖ ਨਿਰੰਜਣ ਆਪ ਚਲਾਈਆ । ਚੌਥੇ ਜੁਗ ਭਗਤ ਸੰਤ ਗੁਰਮੁਖ ਗੁਰਸਿਖ ਇਕ ਦਵਾਰੇ ਕੀਤਾ ਅਕੱਠ, ਏਕਾ ਪਦ ਦਏ ਸਮਝਾਈਆ । ਚੌਥਾ ਪਦ ਕਿਸੇ ਨਾ ਆਏ ਹੱਥ, ਗੁਰਸਿਖਾਂ ਪਹਿਲੇ ਪੌੜੇ ਆਪ ਬਹਾਈਆ । ਅੱਗੇ ਹੋ ਹੋ ਰਾਹ ਦੇਵੇ ਦੱਸ, ਆਪਣੀ ਸੇਵਾ ਆਪ ਕਮਾਈਆ । ਜਿਸ ਵੇਲੇ ਗੁਰਸਿਖ ਅੱਗੇ ਜਾ ਕਹੇ ਬਸ ਬਸ, ਫੇਰ ਆਪਣਾ ਪੰਧ ਮੁਕਾਈਆ । ਗੁਰਸਿਖ ਉਪਰ ਆਪ ਰਿਹਾ ਵਸ, ਗੁਰਮੁਖ ਚਰਨਾਂ ਹੇਠ ਰਖਾਈਆ । ਸਚਖੰਡ ਦਵਾਰ ਸਚ ਸਿੰਘਾਸਣ ਰਿਹਾ ਸਜ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਗੁਰਮੁਖ ਗੁਰਸਿਖ ਹਰਿ ਸੰਤ ਭਗਤ ਭਗਵੰਤ ਥਿਰ ਘਰ ਵਾੜ ਪਰਦਾ ਲਵੇ ਕਜ, ਚਰਨ ਧੂੜ ਉਪਰ ਆਪਣੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸਚ ਸਚ ਦਏ ਵਡਿਆਈਆ ।

੩੨੫
੧੦

★ ੨੧ ਫਗਣ ੨੦੧੭ ਬਿਕ੍ਰਮੀ ਜਮਾਂਦਾਰ ਕਿਸ਼ਨ ਸਿੰਘ ਦੇ ਗ੍ਰਿਹਿ ਪਿੰਡ ਅਲੂੜ ਪਿੰਡੀ ਜ਼ਿਲਾ ਗੁਰਦਾਸ ਪੁਰ ★

ਭੋਲੇ ਭਾਉ ਹਰਿ ਜਸ ਗਾਇਆ, ਹਰਿ ਹਰਿ ਲੇਖੇ ਆਪਣੇ ਲਾਇੰਦਾ । ਗ਼ਰੀਬ ਨਿਮਾਣੇ ਮੇਲ ਮਿਲਾਇਆ, ਨਾਮ ਬੰਧਨ ਏਕਾ ਪਾਇੰਦਾ । ਪੱਤਣ ਪਾਹਰੂ ਬਣ ਕੇ ਆਇਆ, ਖੇਵਟ ਖੇਟਾ ਭੇਵ ਨਾ ਆਇੰਦਾ । ਸਾਚਾ ਬੇੜਾ ਜਗ ਲਿਆਇਆ, ਸਾਚੀ ਸੇਵ ਆਪ ਕਮਾਇੰਦਾ । ਆਪਣੀ ਹੱਥੀਂ ਚੱਪੂ ਦਏ ਲਗਾਇਆ, ਭਗਤ ਮਲਾਹੀ ਫੇਰਾ ਪਾਇੰਦਾ । ਲੱਗਾ ਨੇਹੋਂ ਲਏ ਤੋੜ ਨਿਭਾਇਆ, ਅਧਵਿਚਕਾਰ ਨਾ ਕੋਇ ਤੁੜਾਇੰਦਾ । ਅਲਖ ਅਭੇਵ ਭੇਵ ਨਿਰੰਜਣ ਦਰਸ ਦਿਖਾਇਆ, ਨੇਤਰ ਨੈਣ ਆਪ ਖੁਲ੍ਹਾਇੰਦਾ । ਸੇਵਾ ਕਰਨ ਦਾ ਹਰਿ ਚਾਓ ਰਖਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪੇ ਆਪ ਤਰਾਇੰਦਾ । ਹਰਿਜਨ ਬਾਲ ਅਵਾਣਾ ਹਰਿ ਸਾਚਾ ਸਚ ਸਮਝਾਇੰਦਾ । ਕਰੇ ਖੇਲ ਸ੍ਰੀ ਭਗਵਾਨਾ, ਭਗਵਨ ਆਪਣਾ ਰੂਪ ਵਟਾਇੰਦਾ । ਗੁਰਮੁਖਾਂ ਦੇਵੇ ਨਾਮ ਨਿਧਾਨਾ, ਨਿਰਵੈਰ ਪੁਰਖ ਝੋਲੀ ਪਾਇੰਦਾ । ਸਤਿ ਸਰੂਪੀ ਬੰਨ੍ਹੇ ਗਾਨਾ, ਸ਼ਬਦੀ ਤੰਦ ਹੱਥ ਉਠਾਇੰਦਾ । ਲੇਖਾ ਜਾਣੇ ਦੋ ਜਹਾਨਾ, ਕਲਜੁਗ ਅੰਤਮ ਵੇਸ ਵਟਾਇੰਦਾ । ਸ਼ਬਦ ਜਣਾਏ ਧੁਰ ਫ਼ਰਮਾਨਾ, ਨਾਦ ਅਨਾਦੀ ਆਪ ਵਜਾਇੰਦਾ । ਹਰਿਜਨ ਦੇਵੇ ਸਾਚਾ ਮਾਣਾ, ਏਕਾ ਓਟ ਪੁਰਖ ਅਕਾਲ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ

ਪਾਰ ਕਰਾਇੰਦਾ । ਹਰਿਜਨ ਪਾਰ ਉਤਾਰਨਾ, ਕਰ ਕਿਰਪਾ ਗੁਣ ਨਿਧਾਨ । ਪੂਰਬ ਜਨਮ ਆਪ ਵਿਚਾਰਨਾ, ਲੇਖਾ ਜਾਣੇ ਆਪ ਭਗਵਾਨ । ਮਾਣਸ ਜਨਮ ਪੈਜ ਸਵਾਰਨਾ, ਚਰਨ ਕਵਲ ਬਖ਼ਸ਼ੇ ਇਕ ਧਿਆਨ । ਹਉਮੇ ਹੰਗਤਾ ਰੋਗ ਨਿਵਾਰਨਾ, ਮਾਇਆ ਮੋਹ ਨਾ ਦਿਸੇ ਕੋਇ ਨਿਸ਼ਾਨ । ਜੂਠ ਝੂਠ ਪੰਧ ਮੁਕਾਵਣਾ, ਕਾਮ ਕ੍ਰੋਧ ਲੋਭ ਮੋਹ ਹੰਕਾਰ ਪਾਏ ਏਕਾ ਆਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖੇ ਬਾਲ ਨਾਦਾਨ । ਬਾਲ ਨਾਦਾਨਾ ਵੇਖਣ ਆਇਆ, ਕਿਰਪਾ ਨਿਧ ਹਰਿ ਕ੍ਰਿਪਾਲ । ਨੌ ਖੰਡ ਪ੍ਰਿਥਮੀ ਸੱਤਾਂ ਦੀਪਾਂ ਜਗਤ ਰੇਖ ਮੇਟਣ ਆਇਆ, ਦਾਤਾ ਜੋਧਾ ਸੂਰਬੀਰ ਨੌਜਵਾਨ । ਏਕਾ ਅੱਖਰ ਏਕਾ ਨਾਉਂ ਇਕ ਨਿਰੰਕਾਰਾ ਚੇਤਨ ਆਇਆ, ਲੇਖਾ ਜਾਣੇ ਦੋ ਜਹਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸ੍ਰੀ ਭਗਵਾਨ । ਸ੍ਰੀ ਭਗਵਾਨ ਖੇਲ ਅਵੱਲਾ, ਕਲਜੁਗ ਅੰਤਮ ਆਪ ਕਰਾਈਆ । ਸਚਖੰਡ ਨਿਵਾਸੀ ਇਕ ਅਕੱਲਾ, ਸਚ ਸਿੰਘਾਸਣ ਸੋਭਾ ਪਾਈਆ । ਧੁਰ ਦਰਬਾਰਾ ਆਪੇ ਮੱਲਾ, ਚਰਨ ਕਵਲ ਆਪ ਟਿਕਾਈਆ । ਵਸਣਹਾਰਾ ਜਲਾ ਥਲਾ, ਜਲ ਥਲ ਮਹੀਅਲ ਡੇਰਾ ਲਾਈਆ । ਜੋਤੀ ਸ਼ਬਦੀ ਆਪੇ ਰਲਾ, ਨਿਰਗੁਣ ਨਿਰਵੈਰ ਨਿਰਾਕਾਰ ਸੱਚਾ ਸ਼ਹਿਨਸ਼ਾਹੀਆ । ਸ਼ਬਦੀ ਅਗੰਮੀ ਏਕਾ ਪੱਲਾ, ਪੁਰਖ ਅਗੰਮੜਾ ਆਪ ਉਠਾਈਆ । ਵਸਣਹਾਰਾ ਨਿਹਚਲ ਧਾਮ ਅਟੱਲਾ, ਲੋਕਮਾਤ ਕਰੇ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਮਹਿਮਾ ਆਪਣੇ ਹੱਥ ਰਖਾਈਆ । ਸਾਚੀ ਮਹਿਮਾ ਆਦਿ ਪੁਰਖ ਨਿਰੰਜਣ, ਆਪਣੇ ਹੱਥ ਰਖਾਇੰਦਾ । ਸੋ ਪੁਰਖ ਨਿਰੰਜਣ ਹੋਏ ਦਰਦ ਦੁੱਖ ਭੈ ਭੰਜਨ, ਹਰਿਜਨ ਸਾਚੇ ਵੇਖ ਵਖਾਇੰਦਾ । ਹਰਿ ਪੁਰਖ ਨਿਰੰਜਣ ਏਕਾ ਪਾਏ ਨਾਮ ਅੰਜਨ, ਨੇਤਰ ਨੈਣਾਂ ਆਪ ਖੁਲ੍ਹਾਇੰਦਾ । ਏਕੰਕਾਰਾ ਸਾਚਾ ਸੱਜਣ, ਸਗਲਾ ਸੰਗ ਆਪ ਨਿਭਾਇੰਦਾ । ਆਦਿ ਨਿਰੰਜਣ ਪਰਦੇ ਕੱਜਣ, ਸਿਰ ਆਪਣਾ ਹੱਥ ਟਿਕਾਇੰਦਾ । ਸ੍ਰੀ ਭਗਵਾਨ ਕਰਾਏ ਸਾਚਾ ਮਜਨ, ਚਰਨ ਧੂੜ ਇਕ ਵਖਾਇੰਦਾ । ਅਬਿਨਾਸ਼ੀ ਕਰਤਾ ਰੱਖੇ ਲੱਜਣ, ਹਰਿਜਨ ਸਾਚੇ ਆਪ ਤਰਾਇੰਦਾ । ਪਾਰਬ੍ਰਹਮ ਲੇਖਾ ਜਾਣੇ ਘੜਨ ਭੰਨਣ, ਸਮਰਥ ਪੁਰਖ ਭੇਵ ਨਾ ਆਇੰਦਾ । ਕਲਜੁਗ ਅੰਤਮ ਆਇਆ ਬੇੜਾ ਬੰਨ੍ਹਣ, ਨਿਰਗੁਣ ਆਪਣਾ ਰੂਪ ਧਰਾਇੰਦਾ । ਗੁਰਮੁਖ ਲੱਖ ਚੁਰਾਸੀ ਵਿਚੋਂ ਲੱਭੇ ਚੰਨਣ, ਜਗਤ ਪਰਭਾਸ ਫੋਲ ਫੋਲਾਇੰਦਾ । ਏਕਾ ਰਾਗ ਸੁਣਾਏ ਕੰਨਨ, ਛਤੀ ਰਾਗ ਮੁਖ ਸ਼ਰਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਇੰਦਾ । ਹਰਿਜਨ ਸਾਚਾ ਬਾਲੀ ਬੁਧ, ਪਾਰਬ੍ਰਹਮ ਹਰਿ ਵੇਖ ਵਖਾਈਆ । ਆਦਿ ਜੁਗਾਦੀ ਕਰੇ ਕਾਰਜ ਸੁਧ, ਸਾਚੇ ਮਾਰਗ ਆਪੇ ਲਾਈਆ । ਆਪਣੇ ਮਿਲਣ ਦੀ ਆਪ ਬਣਾਏ ਸਾਚੀ ਬਿਧ, ਦੂਸਰ ਅਵਰ ਨਾ ਕੋਇ ਪੜ੍ਹਾਈਆ । ਏਕਾ ਅੱਖਰ ਕਰੇ ਪਰਸਿਧ, ਬਾਵਣ ਅੱਖਰੀ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਉਠਾਈਆ । ਹਰਿਜਨ ਹਰਿ ਉਠਾਲ ਦਾ, ਸੋ ਪੁਰਖ ਨਿਰੰਜਣ ਸਾਚਾ ਮੀਤ । ਆਦਿ ਜੁਗਾਦਿ ਸਦਾ ਪ੍ਰਿਤਪਾਲ ਦਾ, ਹਰਿ ਪੁਰਖ ਨਿਰੰਜਣ ਠਾਂਡਾ ਸੀਤ । ਲੇਖਾ ਜਾਣੇ ਸ਼ਾਹ ਕੰਗਾਲ ਦਾ, ਏਕੰਕਾਰਾ ਇਕ ਅਤੀਤ । ਰਾਹ ਸਾਚਾ ਇਕ ਵਖਾਲ ਦਾ, ਆਦਿ ਨਿਰੰਜਣ ਹਸਤ ਕੀਟ । ਫਲ ਵੇਖੇ ਪੱਤ ਡਾਲ੍ਹ ਦਾ, ਅਬਿਨਾਸ਼ੀ ਕਰਤਾ ਲੱਖ ਚੁਰਾਸੀ ਜੀਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਆਪਣੀ ਰੀਤ । ਸਾਚੀ ਰੀਤ ਪੁਰਖ ਭਗਵਾਨ, ਆਦਿ ਜੁਗਾਦਿ ਆਪਣੇ ਹੱਥ ਰਖਾਈਆ । ਜੁਗਾ ਜੁਗੰਤਰ ਖੇਲ ਮਹਾਨ, ਜੁਗ ਕਰਤਾ

੩੨੬
੧੦

ਆਪ ਕਰਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇਵੇ ਇਕ ਗਿਆਨ, ਏਕਾ ਅੱਖਰ ਨਾਮ ਪੜ੍ਹਾਈਆ । ਏਕਾ ਨਾਤਾ ਜੋੜੇ ਗੁਣ ਨਿਧਾਨ, ਤ੍ਰੈ ਤ੍ਰੈ ਮੇਲਾ ਮੇਲ ਮਿਲਾਈਆ । ਏਕਾ ਤਤ ਕਰ ਪਰਧਾਨ, ਪੰਚਮ ਆਪਣਾ ਬੰਧਨ ਪਾਈਆ । ਏਕਾ ਸ਼ਬਦ ਨਾਦ ਧੁੰਨਕਾਨ, ਅਨਹਦ ਸਾਚਾ ਨਾਦ ਵਜਾਈਆ । ਏਕਾ ਜੋਤੀ ਨੂਰ ਮਹਾਨ, ਨਿਰਗੁਣ ਜੋਤੀ ਨੂਰ ਕਰੇ ਰੁਸ਼ਨਾਈਆ । ਏਕਾ ਮੰਦਰ ਇਕ ਮਕਾਨ, ਏਕਾ ਸ਼ਾਹ ਸੱਚਾ ਸ਼ਹਿਨਸ਼ਾਹੀਆ । ਏਕਾ ਆਤਮ ਇਕ ਗਿਆਨ, ਏਕਾ ਪਰਮਾਤਮ ਕਰੇ ਪੜ੍ਹਾਈਆ । ਏਕਾ ਭੂਮਕਾ ਇਕ ਅਸਥਾਨ, ਏਕਾ ਬੈਠਾ ਸੇਜ ਸੁਹਾਈਆ । ਏਕਾ ਮੰਡਲ ਏਕਾ ਗੋਪੀ ਏਕਾ ਕਾਹਨ, ਏਕਾ ਬੈਠਾ ਰਾਸ ਰਚਾਈਆ । ਏਕਾ ਲੇਖਾ ਜਾਣੇ ਦੋ ਜਹਾਨ, ਦੋ ਜਹਾਨਾਂ ਆਪਣਾ ਰੂਪ ਧਰਾਈਆ । ਏਕਾ ਮੇਲ ਮਿਲਾਏ ਭਗਤ ਭਗਵਾਨ, ਭਗਤਨ ਸਾਚਾ ਸੰਗ ਨਿਭਾਈਆ । ਏਕਾ ਸੰਤਨ ਦੇਵੇ ਸਾਚਾ ਦਾਨ, ਵਸਤ ਅਮੋਲਕ ਝੋਲੀ ਪਾਈਆ । ਏਕਾ ਗੁਰਮੁਖ ਸਾਚੇ ਲਏ ਪਛਾਣ, ਲੱਖ ਚੁਰਾਸੀ ਫੋਲ ਫੁਲਾਈਆ । ਏਕਾ ਗੁਰਸਿਖਾਂ ਬਖ਼ਸ਼ੇ ਚਰਨ ਧਿਆਨ, ਚਰਨ ਕਵਲ ਸੱਚੀ ਸਰਨਾਈਆ । ਏਕਾ ਚਾਰੇ ਵੇਦਾਂ ਪਾਵੇ ਆਣ, ਚਾਰੇ ਮੁਖ ਬ੍ਰਹਮਾ ਕਰੇ ਪੜ੍ਹਾਈਆ । ਏਕਾ ਲੇਖਾ ਜਾਣੇ ਸ਼ਾਸਤਰ ਸਿਮਰਤ ਜਗਤ ਪੁਰਾਨ, ਵਿਦਤ ਵਿਦਿਆ ਵਿਚ ਰਖਾਈਆ । ਏਕਾ ਜਾਣੇ ਗੀਤਾ ਗਿਆਨ, ਗ੍ਰਹਿ ਮੰਦਰ ਆਪ ਸਮਝਾਈਆ । ਏਕਾ ਜਾਣੇ ਅੰਜੀਲ ਕ਼ੁਰਾਨ, ਤੀਸ ਬਤੀਸਾ ਇਕ ਹਦੀਸ ਸੁਣਾਈਆ । ਏਕਾ ਮਾਰੇ ਬਾਣੀ ਬਾਣ, ਇਕਵੰਜਾ ਬਵਿੰਜਾ ਆਪਣਾ ਬੰਧਨ ਪਾਈਆ । ਏਕਾ ਖੇਲੇ ਖੇਲ ਮਿਹਰਵਾਨ, ਮਹਿਬਾਨ ਆਪਣਾ ਰੂਪ ਧਰਾਈਆ । ਏਕਾ ਪਰਵਰਦਿਗਾਰ ਨੂਰ ਜ਼ਹੂਰ ਵਖਾਏ ਮਹਾਨ, ਲਾਸ਼ਰੀਕ ਇਕ ਅਖਵਾਈਆ । ਏਕਾ ਰਾਮ ਨਾਮ ਕਰੇ ਪਰਨਾਮ, ਏਕਾ ਬੈਠਾ ਸੀਸ ਝੁਕਾਈਆ । ਏਕਾ ਲੇਖਾ ਜਾਣੇ ਗੋਪੀ ਕਾਹਨ, ਏਕਾ ਬੰਸਰੀ ਮਧੁਰ ਆਪ ਵਜਾਈਆ । ਏਕਾ ਈਸਾ ਮੂਸਾ ਪਕੜੇ ਦਾਮ, ਏਕਾ ਸੰਗ ਮੁਹੰਮਦ ਚਾਰ ਯਾਰ ਸਗਲਾ ਸੰਗ ਰਖਾਈਆ । ਏਕਾ ਨਾਨਕ ਗੋਬਿੰਦ ਸੁਣਾਏ ਸ਼ਬਦ ਧੁਨਕਾਨ, ਪੁਰਖ ਅਕਾਲ ਵਡੀ ਵਡਿਆਈਆ । ਏਕਾ ਜੋਤ ਪਰਕਾਸ਼ ਕਰੇ ਕੋਟਨ ਭਾਨ, ਰਵ ਸਸ ਆਪ ਚਮਕਾਈਆ । ਏਕਾ ਲੇਖਾ ਜਾਣੇ ਜ਼ਿਮੀ ਅਸਮਾਨ, ਮੰਡਲ ਮੰਡਪ ਆਪਣਾ ਆਸਣ ਲਾਈਆ । ਏਕਾ ਲੱਖ ਚੁਰਾਸੀ ਕਰੇ ਪਰਧਾਨ, ਚਾਰੇ ਖਾਣੀ ਵੰਡ ਵੰਡਾਈਆ । ਏਕਾ ਉਤਭੁਜ ਸੇਤਜ ਅੰਡਜ ਜੇਰਜ ਦਏ ਗਿਆਨ, ਏਕਾ ਪਰਾ ਪਸੰਤੀ ਮਧਮ ਬੈਖਰੀ ਬਾਣੀ ਆਪੇ ਗਾਈਆ । ਏਕਾ ਬਖ਼ਸ਼ੇ ਸਾਚਾ ਮਾਣ, ਗੁਰ ਅਵਤਾਰ ਆਪ ਬੁਝਾਈਆ । ਏਕਾ ਹੋਏ ਜਾਣੀ ਜਾਣ, ਜਾਨਣਹਾਰ ਭੁਲ ਨਾ ਜਾਈਆ । ਏਕਾ ਵੰਡਣ ਵੰਡੇ ਵਿਚ ਜਹਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਖੇਲ ਆਪ ਖਿਲਾਈਆ । ਏਕਾ ਏਕ ਵੰਡ ਵੰਡਾਇੰਦਾ, ਆਦਿ ਜੁਗਾਦੀ ਸਾਚੀ ਕਾਰ । ਸਾਚੇ ਤਖ਼ਤ ਸੋਭਾ ਪਾਇੰਦਾ, ਸ਼ਹਿਨਸ਼ਾਹ ਸੱਚੀ ਸਰਕਾਰ । ਹੁਕਮੀ ਹੁਕਮ ਆਪ ਚਲਾਇੰਦਾ, ਹਾਕਮ ਬਣਿਆ ਪਰਵਰਦਿਗਾਰ । ਸਚ ਪੈਗ਼ਾਮ ਆਪ ਸੁਣਾਇੰਦਾ, ਐਨਲਹਕ ਬੋਲ ਜੈਕਾਰ । ਏਕਾ ਸ਼ਬਦ ਨਾਅਰਾ ਲਾਇੰਦਾ, ਆਪੇ ਹੋਏ ਸੁਣਨੇਹਾਰ । ਆਪਣਾ ਰੂਪ ਆਪ ਧਰਾਇੰਦਾ, ਲੋਕਮਾਤ ਖੇਲ ਅਪਾਰ । ਨਿਰਗੁਣ ਸਰਗੁਣ ਆਪ ਹੋ ਜਾਇੰਦਾ, ਪੰਜ ਤਤ ਦਏ ਆਧਾਰ । ਤ੍ਰੈਗੁਣ ਲੇਖਾ ਆਪਣੇ ਹੱਥ ਰਖਾਇੰਦਾ, ਕਰੇ ਖੇਲ ਸੱਚੀ ਸਰਕਾਰ । ਜੁਗ ਜੁਗ ਆਪਣਾ ਬੰਧਨ ਪਾਇੰਦਾ, ਸਤਿਜੁਗ ਤ੍ਰੇਤਾ ਕਰ ਵਿਚਾਰ । ਦਵਾਪਰ ਆਪਣਾ ਮਰਦੰਗ ਵਜਾਇੰਦਾ, ਸਚ ਮਰਦੰਗਾ ਇਕ ਨਿਰੰਕਾਰ । ਕਲਜੁਗ ਆਪੇ ਵੇਸ ਵਟਾਇੰਦਾ, ਆਪਣੀ ਇਛਿਆ ਆਪੇ ਧਾਰ । ਆਪਣਾ ਬਸਤਰ ਆਪਣੇ ਤਨ ਛੁਹਾਇੰਦਾ, ਕਾਲਾ ਸੂਸਾ ਇਕ ਸ਼ਿੰਗਾਰ । ਆਪਣੀ

੩੨੭
੧੦

ਰਬਾਬ ਸਤਾਰ ਆਪ ਵਜਾਇੰਦਾ, ਆਪੇ ਹੋਏ ਗਾਵਣਹਾਰ । ਆਪੇ ਸ਼ਸਤਰ ਬਸਤਰ ਤਨ ਸਜਾਇੰਦਾ, ਆਪੇ ਖੜਗ ਖੰਡਾ ਕਟਾਰ । ਆਪੇ ਆਪਣਾ ਲਿਖ ਲਿਖ ਲੇਖ ਆਪਣੇ ਅੱਗੇ ਰਖਾਇੰਦਾ, ਆਪੇ ਕਰਨਹਾਰ ਉਜਿਆਰ । ਆਪੇ ਵਾਕ ਭਵਿਖਤ ਜਣਾਇੰਦਾ, ਨਾ ਕੋਈ ਸਕੇ ਮਾਤ ਵਿਚਾਰ । ਆਪੇ ਕਲਜੁਗ ਪੰਧ ਮੁਕਾਇੰਦਾ, ਆਪੇ ਮਾਰੀ ਚੌਕੜੀ ਮਾਰ । ਆਪੇ ਨਿਰਗੁਣ ਆਪੇ ਸਰਗੁਣ ਆਪੇ ਰੂਪ ਅਨੂਪ ਪਰਗਟਾਇੰਦਾ, ਜੋਧਾ ਬੀਰ ਬਲੀ ਬਲਕਾਰ । ਆਪੇ ਆਪਣਾ ਨਾਉਂ ਰਖਾਇੰਦਾ, ਨਾਉਂ ਨਿਰੰਕਾਰਾ ਸਿਰਜਣਹਾਰ । ਆਪੇ ਆਪਣਾ ਡੰਕ ਵਜਾਇੰਦਾ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਕਰੇ ਖ਼ਬਰਦਾਰ । ਆਪੇ ਨੌਂ ਖੰਡ ਪ੍ਰਿਥਮੀ ਫੇਰਾ ਪਾਇੰਦਾ, ਸੱਤਾਂ ਦੀਪਾਂ ਦਏ ਹੁਲਾਰ । ਆਪੇ ਸ਼ਾਹ ਸੁਲਤਾਨਾਂ ਰਾਜ ਰਾਜਾਨਾਂ ਜਗਤ ਉਠਾਇੰਦਾ, ਆਪੇ ਸੋਇਆ ਕਰੇ ਖ਼ਬਰਦਾਰ । ਆਪੇ ਰਾਓ ਰੰਕਾਂ ਮੇਲ ਮਿਲਾਇੰਦਾ, ਚਾਰੇ ਵਰਨਾਂ ਕਰੇ ਪਿਆਰ । ਆਪੇ ਅਠਾਰਾਂ ਬਰਨਾਂ ਪੰਧ ਮੁਕਾਇੰਦਾ, ਇਕ ਵਖਾਏ ਸੱਚਾ ਦਵਾਰ । ਆਪੇ ਮਸਜਿਦ ਮਠ ਸ਼ਿਵਦਵਾਲਾ ਫੇਰਾ ਪਾਇੰਦਾ, ਆਪੇ ਵਸੇ ਸਭ ਤੋਂ ਬਾਹਰ । ਆਪੇ ਅਠਸਠ ਤੀਰਥ ਫੋਲ ਫੁਲਾਇੰਦਾ, ਸ਼ਬਦ ਮਧਾਣਾ ਏਕਾ ਡਾਰ । ਸੱਤ ਸਮੁੰਦਰ ਵਰੋਲ ਏਕਾ ਖੇਲ ਖਿਲਾਇੰਦਾ, ਸਾਗਰ ਬੰਨ੍ਹੇ ਨਾ ਕੋਇ ਧਾਰ । ਧਰਨੀ ਚਰਨਾਂ ਹੇਠ ਦਬਾਇੰਦਾ, ਉਪਰ ਪਾਏ ਆਪਣਾ ਭਾਰ । ਥੱਲੇ ਬਾਸ਼ਕ ਹੋ ਕੁਰਲਾਇੰਦਾ, ਸਹੰਸਰ ਮੁਖ ਕਰੇ ਪੁਕਾਰ । ਵਿਸ਼ਨੂੰ ਉਠ ਉਠ ਰਾਹ ਤਕਾਇੰਦਾ, ਆਪਣਾ ਨੇਤਰ ਨੈਣ ਉਘਾੜ । ਹਰਿ ਕਾ ਭੇਵ ਕੋਇ ਨਾ ਪਾਇੰਦਾ, ਆਦਿ ਜੁਗਾਦੀ ਸਾਚੀ ਕਾਰ । ਬ੍ਰਹਮਾ ਚਾਰੇ ਮੁਖ ਅੱਠੇ ਨੇਤਰ ਚਾਰ ਕੁੰਟ ਵੇਖ ਵਖਾਇੰਦਾ, ਦਹਿ ਦਿਸ਼ਾ ਕਰੇ ਵਿਚਾਰ । ਬ੍ਰਹਮ ਵੇਤਾ ਪਾਰਬ੍ਰਹਮ ਏਕਾ ਸੰਗ ਰਖਾਇੰਦਾ, ਦੋਏ ਜੋੜ ਸੀਸ ਕਰੇ ਨਿਮਸਕਾਰ । ਸ਼ੰਕਰ ਬਾਸ਼ਕ ਤਸ਼ਕਾ ਗਲੋਂ ਲਾਹਿੰਦਾ, ਤਨ ਭਬੂਤੀ ਵੇਖੇ ਛਾਰ । ਜਟਾ ਜੂਟ ਅੰਤ ਕੁਰਲਾਇੰਦਾ, ਨੇਤਰ ਰੋਵੇ ਜ਼ਾਰੋ ਜ਼ਾਰ । ਸੁਰਪਤ ਰਾਜਾ ਇੰਦ ਫੜ ਫੜ ਖ਼ਾਕ ਸੀਸ ਪਾਇੰਦਾ, ਅੰਤਮ ਆਈ ਹਾਰ । ਕਰੋੜ ਤੇਤੀਸਾ ਸਰਬ ਬਿਲਲਾਇੰਦਾ, ਕਿਸੇ ਨਾ ਦਿਸੇ ਪਾਰ ਕਿਨਾਰ । ਕਲਜੁਗ ਅੰਤਮ ਆਪਣਾ ਡੌਰੂ ਵਾਇੰਦਾ, ਚਾਰੋਂ ਕੁੰਟ ਧੂਆਂਧਾਰ । ਸਾਚਾ ਚੰਦ ਨਾ ਕੋਇ ਚੜ੍ਹਾਇੰਦਾ, ਨੌਂ ਖੰਡ ਪ੍ਰਿਥਮੀ ਹੋਈ ਖ਼ਵਾਰ । ਸਾਚਾ ਗੀਤ ਨਾ ਕੋਇ ਸੁਣਾਇੰਦਾ, ਗਾ ਗਾ ਥੱਕੇ ਜੀਵ ਗਵਾਰ । ਸਾਚਾ ਪ੍ਰੀਤਮ ਨਾ ਕੋਇ ਮਿਲਾਇੰਦਾ, ਸ੍ਰਿਸ਼ਟ ਸਬਾਈ ਹੋਈ ਦੁਹਾਗਣ ਨਾਰ । ਸਾਚੀ ਸੇਜ ਕੰਤ ਨਾ ਕੋਇ ਸੁਹਾਇੰਦਾ, ਨਾ ਕੋਈ ਫੂਲਨ ਬਰਖੇ ਨਾ ਮਿਲੇ ਅੰਮ੍ਰਿਤ ਧਾਰ । ਨਾ ਕੋਈ ਆਪਣੇ ਅੰਗ ਲਗਾਇੰਦਾ, ਨਾ ਕੋਈ ਕਰੇ ਸਚ ਪਿਆਰ । ਔਲੀਆ ਪੀਰ ਸ਼ੇਖ਼ ਮਸਾਇਕ ਕੁਤਬ ਗੌਸ ਅੰਤ ਮੁਖ ਸ਼ਰਮਾਇੰਦਾ, ਕਿਸੇ ਦਿਸੇ ਨਾ ਪਰਵਰਦਿਗਾਰ । ਸਾਚਾ ਤਿਲਕ ਮਸਤਕ ਨਜ਼ਰ ਕਿਸੇ ਨਾ ਆਇੰਦਾ, ਪੰਡਤ ਪਾਂਧੇ ਗਏ ਹਾਰ । ਗੋਬਿੰਦ ਦਰਸ ਕੋਇ ਨਾ ਪਾਇੰਦਾ, ਹਰਿ ਕਾ ਮੰਦਰ ਮਿਲੇ ਨਾ ਕਿਸੇ ਦਰਬਾਰ । ਪੁਰਖ ਅਬਿਨਾਸ਼ੀ ਖੇਲ ਖਿਲਾਇੰਦਾ, ਕਲਜੁਗ ਤੇਰੀ ਅੰਤਮ ਵਾਰ । ਨਿਹਕਲੰਕਾ ਨਾਉਂ ਰਖਾਇੰਦਾ, ਪਰਗਟ ਹੋਏ ਵਿਚ ਸੰਸਾਰ । ਦਵਾਰ ਬੰਕਾ ਇਕ ਸੁਹਾਇੰਦਾ, ਗੁਰਸਿਖਾਂ ਕਰ ਪਿਆਰ । ਆਪਣੀ ਸੇਵਾ ਆਪ ਕਮਾਇੰਦਾ, ਸੇਵਕ ਬਣ ਹਰਿ ਨਿਰੰਕਾਰ । ਪੂਰਬ ਜਨਮ ਮੇਵਾ ਇਕ ਖਵਾਇੰਦਾ, ਆਤਮ ਅੰਤਰ ਦਏ ਆਧਾਰ । ਮਸਤਕ ਥੇਵਾ ਇਕ ਲਗਾਇੰਦਾ, ਜੋਤ ਨਿਰੰਜਣ ਕਰ ਉਜਿਆਰ । ਦੇਵੀ ਦੇਵਾ ਵਡ ਦਰਸ ਦਿਖਾਇੰਦਾ, ਅਲਖ ਅਭੇਵਾ ਏਕੰਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਾਏ ਪਾਰ । ਹਰਿਜਨ ਬੇੜਾ ਤਾਰਨਾ, ਤ੍ਰੈਗੁਣ ਨਾਤਾ ਤੋੜ । ਗੁਰ ਸਤਿਗੁਰ ਕਾਜ ਸਵਾਰਨਾ,

ਜਗਤ ਵਿਕਾਰਾ ਹੋੜ । ਸਾਚੇ ਮੰਦਰ ਆਪੇ ਵਾੜਨਾ, ਲੱਗੀ ਪ੍ਰੀਤੀ ਨਿਭੇ ਤੋੜ । ਕਲਜੁਗ ਵਸਦਾ ਖੇੜਾ ਉਜਾੜਨਾ, ਲੱਖ ਚੁਰਾਸੀ ਮੜੀ ਗੋਰ । ਅੰਤਮ ਦਿਸੇ ਨਾ ਕੋਇ ਸਹਾਰਨਾ, ਜੀਵਾਂ ਜੰਤਾਂ ਲੁੱਟੀ ਜਾਇਣ ਪੰਜ ਚੋਰ । ਗੁਰਮੁਖ ਵਿਰਲੇ ਗੁਰ ਕਾ ਨਾਉਂ ਰਸਨਾ ਉਚਾਰਨਾ, ਸੋਹੰ ਸ਼ਬਦ ਜੈ ਜੈਕਾਰ । ਬ੍ਰਹਮਾ ਵਿਸ਼ਨ ਸ਼ਿਵ ਦਰ ਅੱਗੇ ਹੋ ਹੋ ਕਰੇ ਨਿਮਸਕਾਰਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਦੇਵੇ ਸਚ ਆਧਾਰਨਾ । ਸਚ ਆਧਾਰ ਦੇਵੇ ਨਿਰੰਕਾਰਾ, ਕਲਜੁਗ ਅੰਤਮ ਵਡ ਵਡਿਆ ਰਿਹਾ । ਜਿਸ ਜਨ ਜੋੜਿਆ ਹਰਿ ਚਰਨ ਕਵਲ ਦਵਾਰਾ, ਸਚ ਦਵਾਰਾ ਇਕ ਸਮਝਾ ਰਿਹਾ । ਆਪੇ ਚੜ੍ਹ ਕੇ ਆਇਆ ਆਪਣੇ ਪੌੜਿਆ, ਗੁਰਸਿਖ ਸਾਚੇ ਪੌੜੇ ਆਪ ਚੜ੍ਹਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਲੋਕਮਾਤ ਆਪ ਸਮਝਾ ਰਿਹਾ । ਸਚਖੰਡ ਦਾ ਸਚ ਨਜ਼ਾਰਾ, ਹਰਿ ਸਤਿਗੁਰ ਆਪ ਜਣਾਇੰਦਾ । ਆਪੇ ਵਸੇ ਏਕੰਕਾਰਾ, ਦੂਸਰ ਅਵਰ ਨਾ ਕੋਇ ਵਖਾਇੰਦਾ । ਅੱਠੇ ਪਹਿਰ ਖ਼ਬਰਦਾਰਾ, ਆਲਸ ਨਿੰਦਰਾ ਨਾ ਕੋਇ ਜਣਾਇੰਦਾ । ਦਰ ਦਰਬਾਨ ਨਾ ਚੋਬਦਾਰਾ, ਦਰ ਦਰਵੇਸ਼ ਨਾ ਕੋਇ ਰਖਾਇੰਦਾ । ਜਨ ਭਗਤਾਂ ਕਰੇ ਸਚ ਪਿਆਰਾ, ਆਦਿ ਜੁਗਾਦਿ ਮੇਲ ਮਿਲਾਇੰਦਾ । ਸੰਤਾਂ ਦੇਵੇ ਸਤਿ ਹੁਲਾਰਾ, ਸਤਿ ਸਤਿਵਾਦੀ ਆਪ ਝੁਲਾਇੰਦਾ । ਗੁਰਮੁਖਾਂ ਖੋਲ੍ਹੇ ਆਪ ਕਿਵਾੜਾ, ਆਪਣੀ ਹੱਥੀਂ ਕੁੰਡਾ ਲਾਹਿੰਦਾ । ਗੁਰਸਿਖ ਆਪ ਬਹਾਏ ਚਰਨ ਦਵਾਰਾ, ਚਰਨ ਕਵਲ ਸੀਸ ਟਿਕਾਇੰਦਾ । ਸੇਵਾ ਕਰੇ ਆਪ ਨਿਰੰਕਾਰਾ, ਸਾਚੀ ਸੇਵਾ ਆਪਣੇ ਹੱਥ ਰਖਾਇੰਦਾ । ਪੰਚਮ ਮੁਖ ਤਾਜ ਸੀਸ ਦਸਤਾਰਾ, ਸਚ ਸਿੰਘਾਸਣ ਆਸਣ ਲਾਇੰਦਾ । ਨਾ ਕੋਈ ਸੂਰਜ ਚੰਨ ਸਿਤਾਰਾ, ਮੰਡਲ ਮੰਡਪ ਨਾ ਕੋਇ ਵਖਾਇੰਦਾ । ਕਰੇ ਖੇਲ ਅਗੰਮ ਅਪਾਰਾ, ਭੇਵ ਕੋਇ ਨਾ ਪਾਇੰਦਾ । ਨਾਨਕ ਬੂਝੇ ਬੂਝ ਵਿਚਾਰਾ, ਜਿਸ ਜਨ ਆਪਣੀ ਬੂਝ ਬੁਝਾਇੰਦਾ । ਕਬੀਰ ਮੰਗੇ ਖ਼ਾਕ ਛਾਰਾ, ਨਿਉਂ ਨਿਉਂ ਸੀਸ ਝੁਕਾਇੰਦਾ । ਚਾਰ ਜੁਗ ਨਾ ਦਿਤਾ ਕਿਸੇ ਸਹਾਰਾ, ਨੌਂ ਸੌ ਚੁਰਾਨਵੇ ਚੌਕੜੀ ਜੁਗ ਆਪਣਾ ਪੰਧ ਆਪ ਮੁਕਾਇੰਦਾ । ਕਲਜੁਗ ਅੰਤਮ ਖੇਲ ਨਿਆਰਾ, ਗ਼ਰੀਬ ਨਿਮਾਣੇ ਗਲੇ ਲਗਾਇੰਦਾ । ਅੰਤਮ ਦੇਵੇ ਇਕ ਕਿਨਾਰਾ, ਮੰਝਧਾਰ ਨਾ ਕੋਇ ਰੁੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਇਕ ਸਮਝਾਇੰਦਾ । ਸਚਖੰਡ ਦਵਾਰਾ ਸੋਭਾਵੰਤ, ਹਰਿ ਸਾਚਾ ਆਪ ਸੁਹਾਈਆ । ਨਿਰਗੁਣ ਨਿਰਵੈਰ ਪੁਰਖ ਅਕਾਲ ਬੈਠਾ ਇਕ ਇਕੰਤ, ਅਨਕ ਗੁਣ ਆਪਣੇ ਵਿਚ ਛੁਪਾਈਆ । ਗੁਰਮੁਖ ਸਖ਼ੀ ਮਿਲੇ ਹਰਿ ਹਰਿ ਕੰਤ, ਨਾਰੀ ਕੰਤ ਆਪ ਪਰਨਾਈਆ । ਕਾਇਆ ਚੋਲੀ ਲੋਕਮਾਤ ਚਾੜ੍ਹੇ ਰੰਗ ਬਸੰਤ, ਅੱਗੇ ਸੰਗ ਨਾ ਕੋਇ ਜਾਈਆ । ਕਰ ਕਿਰਪਾ ਤੋੜੇ ਹਉਮੇ ਹੰਗਤ, ਮਾਇਆ ਮਮਤਾ ਮੋਹ ਚੁਕਾਈਆ । ਫੇਰ ਮਿਲਾਏ ਆਪਣੀ ਸੰਗਤ, ਹਰਿ ਕੇ ਪੌੜੇ ਆਪ ਚੜ੍ਹਾਈਆ । ਲੇਖਾ ਜਾਣੇ ਜਿਉਂ ਨਾਨਕ ਅੰਗਦ, ਅੰਗੀਕਾਰ ਆਪ ਹੋ ਜਾਈਆ । ਕਿਸੇ ਘਰ ਨਾ ਜਾਏ ਮੰਗਤ, ਸਰਬ ਕਲ ਸਮਰਥ ਆਪ ਅਖਵਾਈਆ । ਹਰਿਜਨ ਤੇਰਾ ਨਾਤਾ ਤੋੜੇ ਭੁੱਖ ਨੰਗਤ, ਨਾਮ ਭੰਡਾਰਾ ਇਕ ਵਰਤਾਈਆ । ਤੇਰੇ ਦਵਾਰੇ ਵਿਸ਼ਨੂੰ ਹੋਏ ਮੰਗਤ, ਤੇਰੀ ਪੰਗਤ ਏਕਾ ਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਇਕ ਵਖਾਈਆ । ਸਚਖੰਡ ਦਵਾਰੇ ਕੰਤ ਸੁਹਾਗ, ਸਾਚੀ ਸੇਜਾ ਸੋਭਾ ਪਾਇੰਦਾ । ਗੁਰਮੁਖਾਂ ਉਪਜਾਏ ਇਕ ਵੈਰਾਗ, ਬਿਰਹੋਂ ਵੈਰਾਗਣ ਆਪ ਹੋ ਜਾਇੰਦਾ । ਪਹਿਲੋਂ ਬੁਝਾਏ ਜਗਤ ਆਗ, ਅੰਮ੍ਰਿਤ ਮੇਘ ਫਿਰ ਬਰਸਾਇੰਦਾ । ਆਪਣੀ ਹੱਥੀਂ ਬੰਨ੍ਹੇ ਤਾਗ, ਘਰ ਘਰ ਸਾਚਾ ਸਗਨ ਮਨਾਇੰਦਾ । ਸਚਖੰਡ ਦਵਾਰਾ



੩੨੯
੧੦

ਖੋਲ੍ਹ ਕੇ ਆਇਆ ਤਾਕ, ਥਿਰ ਘਰ ਬੰਦ ਨਾ ਕੋਇ ਕਰਾਇੰਦਾ । ਗੋਬਿੰਦ ਤੇਰਾ ਪੂਰਾ ਕਰੇ ਵਾਕ, ਕੀਤਾ ਕੌਲ ਭੁੱਲ ਨਾ ਜਾਇੰਦਾ । ਹਰਿ ਸੰਗਤ ਹਰਿ ਜੂ ਬਣਿਆ ਸਾਕ, ਸੱਜਣ ਏਕਾ ਏਕ ਅਖਵਾਇੰਦਾ । ਸਾਚੇ ਘੋੜੇ ਚੜ੍ਹਿਆ ਮਾਰ ਪਲਾਕ, ਅਸਵ ਦਿਸ ਕਿਸੇ ਨਾ ਆਇੰਦਾ । ਆਪੇ ਹੋਇਆ ਪਾਕੀ ਪਾਕ, ਖ਼ਾਕੀ ਖ਼ਾਕ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਤਰਾਇੰਦਾ । ਹਰਿਜਨ ਸਾਚਾ ਸਚਖੰਡ ਬਹੌਣਾ, ਹਰਿ ਵੱਡਾ ਵਡ ਵਡਿਆਈਆ । ਆਪਣੀ ਹੱਥੀਂ ਸੀਸ ਚਵਰ ਝੁਲੌਣਾ, ਪਵਣ ਹੁਲਾਰਾ ਨਾ ਕੋਇ ਵਖਾਈਆ । ਆਪਣਾ ਰਾਗ ਆਪ ਸੁਣੌਣਾ, ਤਾਰ ਸਤਾਰ ਨਾ ਕੋਇ ਵਜਾਈਆ । ਆਪਣਾ ਮੰਦਰ ਆਪ ਵਖੌਣਾ, ਚਾਰ ਦੀਵਾਰ ਨਾ ਕੋਇ ਜਣਾਈਆ । ਆਪਣਾ ਦੀਪਕ ਆਪ ਜਗੌਣਾ, ਤੇਲ ਬਾਤੀ ਨਾ ਕੋਇ ਰਖਾਈਆ । ਆਪਣਾ ਪਲੰਘ ਆਪ ਸੁਹੌਣਾ, ਪਾਵਾ ਚੂਲ ਨਾ ਕੋਇ ਬਣਾਈਆ । ਗੁਰਮੁਖ ਸੱਜਣ ਫੜ ਬਹੌਣਾ, ਆਪਣੀ ਹੱਥੀ ਆਪਣੇ ਅੰਗ ਲਗਾਈਆ । ਅਮਰਾ ਪਦ ਆਪ ਦਰਸੌਣਾ, ਅਮਰ ਰੂਪ ਆਪ ਹੋ ਜਾਈਆ । ਲੱਖ ਚੁਰਾਸੀ ਵਿਚੋਂ ਕੱਢ, ਆਪਣੀ ਜੋਤ ਮਿਲਾਉਣਾ, ਜੋਤੀ ਜਾਤਾ ਇਕ ਅਖਵਾਈਆ । ਗੁਰਸਿਖ ਤੇਰਾ ਕਿਲਾ ਕੋਟ ਇਕ ਸੁਹਾਉਣਾ, ਕੋਈ ਸ਼ੱਤਰੂ ਪਹੁੰਚ ਨਾ ਸਕੇ ਰਾਈਆ । ਚਰਨ ਓਟ ਇਕ ਦਰਸੌਣਾ, ਚਰਨ ਕਵਲ ਦਏ ਵਡਿਆਈਆ । ਮੁੜ ਕੇ ਭੌ ਮਾਤਲੋਕ ਵਿਚ ਨਾ ਔਣਾ, ਜਨਮ ਮਰਨ ਗੇੜ ਚੁਕਾਈਆ । ਸਤਿਗੁਰ ਗੋਦ ਦੇ ਬਾਂਹ ਸਿਰਹਾਣੇ ਸੌਣਾ, ਸੋਇਆ ਫੇਰ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਤਰਾਈਆ । ਤਾਰਨਹਾਰਾ ਪੁਰਖ ਅਕਾਲਾ, ਆਦਿ ਜੁਗਾਦਿ ਸਮਾਇਆ । ਜੁਗਾ ਜੁਗੰਤਰ ਵੇਖੇ ਹਰਿਜਨ ਸਾਚਾ ਲਾਲਾ, ਬਾਲ ਅੰਞਾਣਾ ਆਪ ਉਠਾਇਆ । ਦਿਵਸ ਰੈਣ ਰੈਣ ਦਿਵਸ ਕਰੇ ਕਰਾਏ ਸਦਾ ਪ੍ਰਿਤਪਾਲਾ, ਪ੍ਰਿਤਪਾਲਕ ਭੇਵ ਨਾ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਰ ਹਰਿ ਆਪਣਾ ਰੂਪ ਧਰਾਇਆ । ਨਰ ਹਰਿ ਹਰੀ ਨਰਾਇਣ, ਨਿਰਗੁਣ ਦਇਆ ਕਮਾਇੰਦਾ । ਹਰਿ ਸੰਗਤ ਵੇਖੇ ਆਪਣੇ ਨੈਣ, ਜਗਤ ਨੈਣ ਬੰਦ ਕਰਾਇੰਦਾ । ਵੇਦ ਕਤੇਬ ਸ਼ਾਸਤਰ ਸਿਮਰਤ ਵੇਦ ਪੁਰਾਨ ਗੁਰ ਅਵਤਾਰ ਰਸਨਾ ਜਿਹਵਾ ਸਾਰੇ ਕਹਿਣ, ਬੇਅੰਤ ਬੇਅੰਤ ਹਰਿ ਕਾ ਭੇਵ ਕੋਇ ਨਾ ਪਾਇੰਦਾ । ਕਲਜੁਗ ਪਰਗਟਿਆ ਸ੍ਰੀ ਭਗਵੰਤ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਖੇਲ ਖਿਲਾਇੰਦਾ । ਲੇਖਾ ਜਾਣੇ ਆਦਿ ਅੰਤ, ਮਧ ਆਪਣਾ ਨਾਚ ਨਚਾਇੰਦਾ । ਪੂਰਨ ਜੋਤ ਸ੍ਰੀ ਭਗਵੰਤ, ਭਗਵਨ ਆਪਣੀ ਖੇਲ ਖਿਲਾਇੰਦਾ । ਸਤਿਜੁਗ ਤ੍ਰੇਤਾ ਦਵਾਪਰ ਵਿਛੜੇ ਮੇਲੇ ਗੁਰਮੁਖ ਸੰਤ, ਸੰਤ ਸੁਹਾਗਣ ਆਪ ਹੋ ਜਾਇੰਦਾ । ਕਲਜੁਗ ਜੀਵਾਂ ਮਾਇਆ ਪਾਏ ਬੇਅੰਤ, ਲੱਖ ਚੁਰਾਸੀ ਦਿਸ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਫੜ, ਕਾਇਆ ਮੰਦਰ ਅੰਦਰ ਵੜ ਔਦਾ ਜਾਂਦਾ, ਦਿਸ ਨਾ ਆਇੰਦਾ । ਹਰਿਜਨ ਤੇਰੇ ਅੰਦਰ ਵੜਿਆ, ਹਰਿ ਹਰਿ ਹਰਿ ਨਿਰੰਕਾਰ । ਆਪਣੇ ਪੌੜੇ ਆਪੇ ਚੜ੍ਹਿਆ, ਕਰੇ ਖੇਲ ਸੱਚੀ ਸਰਕਾਰ । ਘਰ ਵਿਚ ਘਰ ਆਪੇ ਧਰਿਆ, ਘਰ ਘਰ ਵਿਚ ਕਰੇ ਪਿਆਰ । ਆਪਣਾ ਬ੍ਰਹਮ ਆਪੇ ਵਰਿਆ, ਪਾਰਬ੍ਰਹਮ ਸਚ ਪਿਆਰ । ਆਦਿ ਜੁਗਾਦਿ ਕਦੇ ਨਾ ਡਰਿਆ, ਨਿਰਭੌ ਫਿਰੇ ਵਿਚ ਸੰਸਾਰ । ਆਪਣੀ ਕਰਨੀ ਆਪੇ ਕਰਿਆ, ਕਰਤਾ ਪੁਰਖ ਪਰਵਰਦਿਗਾਰ । ਕਲਜੁਗ ਵੇਲਾ ਆਪਣਾ ਹਰਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਾਏ ਪਾਰ । ਹਰਿਜਨ ਤੇਰਾ ਪਾਰ ਕਿਨਾਰਾ,

੩੩੦

ਸਾਚਾ ਘਾਟ ਇਕ ਵਖਾਈਆ । ਜਿਥੇ ਵਸੇ ਏਕੰਕਾਰਾ, ਦੂਸਰ ਰੂਪ ਨਾ ਕੋਇ ਵਖਾਈਆ । ਇਕ ਸਿੰਘਾਸਣ ਏਕਾ ਆਸਣ ਏਕਾ ਪੁਰਖ ਏਕਾ ਨਾਰਾ, ਏਕਾ ਸੇਜ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਾ ਦਏ ਵਖਾਈਆ । ਸਚ ਦਵਾਰਾ ਹਰਿ ਹਰਿ ਖੋਲ੍ਹ, ਆਪਣਾ ਨੈਣ ਉਠਾਇੰਦਾ । ਆਪਣਾ ਅੱਖਰ ਆਪੇ ਬੋਲ, ਹਰਿਜਨ ਸਾਚੇ ਆਪ ਸੁਣਾਇੰਦਾ । ਆਪਣਾ ਤੋਲੇ ਆਪੇ ਤੋਲ, ਸਾਚਾ ਕੰਡਾ ਹੱਥ ਉਠਾਇੰਦਾ । ਆਦਿ ਅੰਤ ਬੈਠਾ ਰਹੇ ਅਡੋਲ, ਸ੍ਰਿਸ਼ਟ ਸਬਾਈ ਆਪ ਡੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਪਾਰ ਕਰਾਇੰਦਾ । ਹਰਿਜਨ ਲੰਘੇ ਪਹਿਲੇ ਪੂਰ, ਹਰਿ ਸਤਿਗੁਰ ਆਪ ਲੰਘਾਈਆ । ਸਦਾ ਸੁਹੇਲਾ ਹਾਜ਼ਰ ਹਜ਼ੂਰ, ਸਵੱਛ ਸਰੂਪੀ ਰੂਪ ਵਟਾਈਆ । ਪੈਂਡਾ ਜਾਣੇ ਨੇੜਾ ਦੂਰ, ਦੂਰ ਦੁਰਾਡਾ ਪੰਧ ਮੁਕਾਈਆ । ਨਾਤਾ ਤੋੜੇ ਕੂੜੋ ਕੂੜ, ਸਚ ਸੁੱਚ ਕਰੇ ਕੁੜਮਾਈਆ । ਚਤੁਰ ਸੁਘੜ ਬਣਾਏ ਮੂਰਖ ਮੂੜ੍ਹ, ਜਿਸ ਸਿਰ ਆਪਣਾ ਹੱਥ ਟਿਕਾਈਆ । ਚਰਨ ਕਵਲ ਬਖ਼ਸ਼ੇ ਸਾਚੀ ਧੂੜ, ਦੁਰਮਤ ਮੈਲ ਦਏ ਧੁਆਈਆ । ਆਸਾ ਮਨਸਾ ਸਦਾ ਸਦ ਪੂਰ, ਗੁਰਸਿਖ ਨਿਰਾਸਾ ਕੋਇ ਰਹਿਣ ਨਾ ਪਾਈਆ । ਮਨਮੁਖ ਕਲਜੁਗ ਜੀਵ ਅੰਤਮ ਰਹੇ ਝੂਰ, ਹਰਿ ਕਾ ਰੂਪ ਦਿਸ ਨਾ ਆਈਆ । ਕੋਈ ਖਾਏ ਗਾਏ ਕੋਇ ਸੂਰ, ਤਨ ਗ਼ਰੂਰ ਨਾ ਕੋਇ ਗਵਾਈਆ । ਅੰਤਮ ਪੀੜਨਾ ਵਿਚ ਵੇਲਣੇ ਬੂੜ, ਸ਼ਬਦ ਗੇੜਾ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਪਾਰ ਲੰਘਾਈਆ । ਹਰਿਜਨ ਲੰਘਣਾ ਪਾਰ, ਹਰਿ ਸਾਚਾ ਸਚ ਸਮਝਾਇੰਦਾ । ਅੱਗੇ ਦਿਸੇ ਇਕ ਨਿਰੰਕਾਰ, ਤੇਰਾ ਰਾਹ ਤਕਾਇੰਦਾ । ਕੋਟਨ ਕੋਟ ਰਾਹ ਵਿਚ ਕਰਨ ਪੁਕਾਰ, ਗਲ ਪੱਲੂ ਪਾ ਪਾ ਸੀਸ ਝੁਕਾਇੰਦਾ । ਗੁਰਸਿਖ ਏਕਾ ਬਖ਼ਸ਼ ਧੂੜੀ ਛਾਰ, ਤੇਰੀ ਛਾਰ ਮੈਂ ਬਿਲਲਾਇੰਦਾ । ਤੇਰੀ ਛਾਰ ਮੇਰਾ ਬੇੜਾ ਕਰ ਜਾਏ ਪਾਰ, ਨਿਹਕਲੰਕ ਤੇਰਾ ਸੰਗ ਨਿਭਾਇੰਦਾ । ਤੇਰਾ ਸੰਗ ਮੰਗੇ ਸਰਬ ਸੰਸਾਰ, ਵੇਲਾ ਗਿਆ ਹੱਥ ਨਾ ਆਇੰਦਾ । ਤੇਰੇ ਦਵਾਰ ਰਾਜ ਰਾਜਾਨ ਹੋਣ ਭਿਖਾਰ, ਮੰਗਿਆਂ ਭਿੱਖ ਕੋਇ ਨਾ ਪਾਇੰਦਾ । ਤੇਰੇ ਦਰ ਕਲਜੁਗ ਕਰੇ ਪੁਕਾਰ, ਉਚੀ ਕੂਕ ਕੂਕ ਸੁਣਾਇੰਦਾ । ਗੁਰਸਿਖ ਏਕਾ ਮੇਰੇ ਸਿਰ ਤੇ ਦੇ ਪਿਆਰ, ਤੇਰਾ ਪਿਆਰ ਮੇਰਾ ਬੇੜਾ ਪਾਰ ਕਰਾਇੰਦਾ । ਮੈਂ ਜੂਠਾ ਝੂਠਾ ਹੋਇਆ ਖਵਾਰ, ਸਗਲਾ ਸੰਗ ਨਾ ਕੋਇ ਨਿਭਾਇੰਦਾ । ਨਾਤਾ ਤੁੱਟਾ ਚਾਰ ਯਾਰ, ਅੱਲਾ ਰਾਣੀ ਮੀਆਂ ਆਪ ਪਰਨਾਇੰਦਾ । ਨੌ ਖੰਡ ਪ੍ਰਿਥਮੀ ਲੱਖ ਚੁਰਾਸੀ ਕੂੜਾ ਵੇਸ ਦੱਸਿਆ ਸ਼ਿੰਗਾਰ, ਸਾਚਾ ਸ਼ਿੰਗਾਰ ਨਾ ਕੋਈ ਜਣਾਈਆ । ਅੰਤਮ ਝੂਠਾ ਤੁੱਟਾ ਹਾਰ, ਪੱਲੇ ਗੰਢ ਨਾ ਕੋਈ ਬੰਨ੍ਹਾਈਆ । ਚਾਰੋਂ ਕੁੰਟ ਮੈਂ ਫਿਰ ਫਿਰ ਆਇਆ ਵਾਰੋ ਵਾਰ, ਉੱਤਰ ਪੂਰਬ ਪੱਛਮ ਦੱਖਣ ਫੇਰਾ ਪਾਈਆ । ਜਿਧਰ ਜਾਵਾਂ ਪੈਂਦੀ ਮਾਰ, ਮੁਖ ਥੁੱਕਾਂ ਮਸਤਕ ਕਾਲੀ ਸ਼ਾਹੀਆ । ਮੇਰੀ ਇਛਿਆ ਹੋਈ ਨਾਰ ਵਿਭਚਾਰ, ਸਾਚਾ ਮਿਲੇ ਨਾ ਕੋਈ ਮਾਹੀਆ । ਮੈਂ ਸੁਣ ਕੇ ਆਇਆ ਗੁਰਮੁਖ ਤੇਰਾ ਵੱਡਾ ਦਰਬਾਰ, ਤੇਰੇ ਘਰ ਆਏ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਗੁਰਸਿਖ ਸਾਚਾ ਮਾਣ ਰਖਾਈਆ । ਮਾਣ ਨਿਮਾਣਿਆ ਰੱਖਦਾ, ਜੁਗਾ ਜੁਗੰਤਰ ਕਾਰ । ਸਾਚਾ ਮਾਰਗ ਆਪੇ ਦੱਸਦਾ, ਜਗਤ ਮਾਰਗ ਕਰ ਖ਼ਵਾਰ । ਹਿਰਦੇ ਅੰਦਰ ਆਪੇ ਵਸਦਾ, ਕਾਇਆ ਮਹੱਲ ਅਟਲ ਮੁਨਾਰ । ਅੰਦਰ ਬਹਿ ਬਹਿ ਆਪੇ ਹੱਸਦਾ, ਗੁਰਮੁਖ ਸਾਚੇ ਕਰ ਪਿਆਰ । ਅੰਮ੍ਰਿਤ ਮੇਘ ਹੋ ਹੋ ਵਸਦਾ, ਝਿਰਨਾ ਝਿਰੇ ਅਪਰ ਅਪਾਰ । ਤੀਰ ਨਿਰਾਲਾ ਆਪੇ

ਕਸਦਾ, ਸ਼ਬਦ ਅਗੰਮੀ ਮਾਰੇ ਬਾਣ । ਪੰਚ ਵਿਕਾਰਾ ਵਿਚੋਂ ਨੱਠਦਾ, ਨਾਤਾ ਤੁਟੇ ਪੰਜ ਸ਼ੈਤਾਨ । ਖੈਹਿੜਾ ਮੇਟੇ ਤੀਰਥ ਅਠਸਠ ਦਾ, ਜਿਸ ਮਿਲੇ ਆਪ ਭਗਵਾਨ । ਗੁਰਮੁਖ ਜਾਪ ਨਾ ਕੋਈ ਰਟਦਾ, ਜਿਸ ਜਨ ਦੇਵੇ ਆਪਣਾ ਦਾਨ । ਗੁਰਮੁਖ ਰਾਹ ਨਾ ਤੱਕੇ ਕਿਸੇ ਹੱਟ ਦਾ, ਵਣਜ ਕਰਾਏ ਇਕ ਮਿਹਰਵਾਨ । ਗੁਰਸਿਖ ਏਕਾ ਦਾਮ ਏਕਾ ਵਾਰ ਖੱਟਦਾ, ਨਿਖੁੱਟ ਨਾ ਜਾਏ ਵਿਚ ਜਹਾਨ । ਜਿਸ ਆਸਰਾ ਤੱਕਿਆ ਪੁਰਖ ਸਮਰਥ ਦਾ, ਝੁੱਲਦਾ ਰਹੇ ਨਿਸ਼ਾਨ । ਸ਼ਬਦ ਸੁਣਾਏ ਮਹਿਮਾ ਅਕਥ ਦਾ, ਕਥਨੀ ਕਥੇ ਨਾ ਕੋਈ ਬਿਆਨ । ਗੁਰਸਿਖ ਤੇਰੇ ਦਵਾਰੇ ਤੇਰੇ ਪਿਛੇ ਨੱਠਦਾ, ਬ੍ਰਹਮਾ ਵਿਸ਼ਨ ਸ਼ਿਵ ਹੋਏ ਹੈਰਾਨ । ਲੇਖਾ ਜਾਣੇ ਘਟ ਘਟ ਦਾ, ਲੱਖ ਚੁਰਾਸੀ ਜਾਣੀ ਜਾਣ । ਕਲਜੁਗ ਜੜ੍ਹ ਆਪੇ ਪੱਟਦਾ, ਨਾ ਕੋਈ ਦੀਸੇ ਬੇਈਮਾਨ । ਸਤਿਜੁਗ ਸਾਚਾ ਮਾਤ ਰੱਖਦਾ, ਵੇਖਣਹਾਰਾ ਵੇਖੇ ਆਣ । ਨੌ ਖੰਡ ਮੁਲ ਨਾ ਦਿਸੇ ਕਿਸੇ ਕੱਖ ਦਾ, ਲੱਖ ਕਰੋੜੀ ਹੋਣ ਵੈਰਾਨ । ਜਗਤ ਕਹਿਰ ਏਕਾ ਦੱਸਦਾ, ਲਹਿਰ ਚਲੇ ਵਿਚ ਜਹਾਨ । ਸ਼ਾਹ ਸੁਲਤਾਨ ਤਖ਼ਤ ਤਾਜ ਛੱਡ ਛੱਡ ਨੱਸਦਾ, ਰਾਹ ਤੱਕੇ ਬੀਆਬਾਨ । ਗੁਰਮੁਖ ਵਿਰਲਾ ਆ ਆ ਹੱਸਦਾ, ਜਿਸ ਸੁਣਿਆ ਧੁਰ ਫ਼ਰਮਾਨ । ਲੇਖਾ ਚੁੱਕੇ ਰੈਣ ਅੰਧੇਰੇ ਮੱਸਦਾ, ਸਾਚਾ ਪ੍ਰਕਾਸ਼ ਕਰੇ ਭਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਕਰੇ ਪਰਵਾਨ । ਕਰੇ ਪਰਵਾਨ ਦੇ ਪਰਵਾਨਾ, ਸ਼ਬਦ ਹਲਕਾਰਾ ਆਪ ਰਖਾਇੰਦਾ । ਕਰੇ ਧਿਆਨ ਵਡ ਮਿਹਰਵਾਨਾ, ਭੇਵ ਅਭੇਦ ਆਪ ਖੁਲ੍ਹਾਇੰਦਾ । ਸੰਤ ਕੰਤ ਭਗਵੰਤ ਵਖਾਏ ਇਕ ਨਿਸ਼ਾਨਾ, ਜੀਵ ਜੰਤ ਸਰਬ ਭੁਲਾਇੰਦਾ । ਆਦਿ ਅੰਤ ਵਸੇ ਸਚ ਮਕਾਨਾ, ਸਚਖੰਡ ਦਵਾਰੇ ਸੋਭਾ ਪਾਇੰਦਾ । ਗੁਰਮੁਖ ਹਰਿਜਨ ਤੇਰੇ ਕਾਰਨ ਪਹਿਰਿਆ ਬਾਨਾ, ਆਪਣਾ ਰੂਪ ਵਟਾਇੰਦਾ । ਜੁਗ ਜੁਗ ਖੇਲ ਕਰੇ ਮਹਾਨਾ, ਜਗਤ ਜੁਗ ਆਪਣੀ ਧਾਰ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕੱਲਾ ਸਾਚਾ ਹਰਿ, ਸਚ ਭੰਡਾਰਾ ਆਪ ਵਰਤਾਇੰਦਾ । ਸਚ ਭੰਡਾਰਾ ਅਨਮੁਲੜਾ, ਨਾਮ ਨਿਧਾਨਾ ਅੰਮ੍ਰਿਤ ਰਸ । ਗੁਰ ਸਤਿਗੁਰ ਦੇਵੇ ਅਨਤੁਲੜਾ, ਜਨ ਭਗਤਾਂ ਹੋ ਹੋ ਵਸ । ਆਦਿ ਜੁਗਾਦਿ ਰੱਖੇ ਖੁਲੜਾ, ਕਰੇ ਖੇਲ ਪੁਰਖ ਸਮਰਥ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਹੱਥੋ ਹੱਥ । ਸਚ ਨਾਮ ਵਰਤਾਇਆ, ਗੁਣ ਅਵਗੁਣ ਨਾ ਕੋਈ ਜਣਾਇੰਦਾ । ਹਰਿਜਨ ਝੋਲੀ ਦਏ ਭਰਾਇਆ, ਜੋ ਜਨ ਸਰਨਾਈ ਆਇੰਦਾ । ਜਨਮ ਜਨਮ ਦਾ ਰੋਗ ਗਵਾਇਆ, ਕਰਮ ਕਾਂਡ ਨਾ ਕੋਈ ਵਖਾਇੰਦਾ । ਵਰਨ ਬਰਨ ਦਾ ਸੋਗ ਚੁਕਾਇਆ, ਏਕਾ ਜੋਤ ਮੇਲ ਮਿਲਾਇੰਦਾ । ਕਾਇਆ ਕਿਲਾ ਕੋਟ ਸੁਹਾਇਆ, ਘਰ ਘਰ ਵਿਚ ਖੇਲ ਖਿਲਾਇੰਦਾ । ਸ਼ਬਦ ਚੋਟ ਇਕ ਲਗਾਇਆ, ਅਨਹਦ ਨਾਦੀ ਨਾਦ ਵਜਾਇੰਦਾ । ਆਲ੍ਹਣਿਉਂ ਡਿਗੇ ਬੋਟ ਆਪ ਉਠਾਇਆ, ਗੁਰਸਿਖ ਆਪਣੀ ਗੋਦ ਬਹਾਇੰਦਾ । ਏਕਾ ਓਟ ਦਏ ਸਮਝਾਇਆ, ਬਿਨ ਹਰਿ ਪਾਰ ਨਾ ਕੋਈ ਕਰਾਇੰਦਾ । ਕੋਟਨ ਕੋਟ ਰਾਹ ਰਹੇ ਤਕਾਇਆ, ਸਾਚੇ ਬੇੜੇ ਨਾ ਕੋਈ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਬੇੜਾ ਇਕ ਵਖਾਇੰਦਾ । ਚਾਂਦੀ ਸੋਨਾ ਨਾ ਕੋਈ ਪਾਰਸ, ਹਰਿ ਬੇੜੀ ਨਾਮ ਬਣਾਇੰਦਾ । ਜਗਤ ਚੱਪੂ ਨਾ ਦੇਵੇ ਢਾਰਸ, ਚਪੂ ਮਲਾਹ ਨਾ ਕੋਇ ਰਖਾਇੰਦਾ । ਨਾ ਕੋਈ ਬਹਾਏ ਕਰ ਸਫ਼ਾਰਸ਼, ਵਕੀਲ ਦਲੀਲ ਨਾ ਕੋਇ ਦ੍ਰਿੜਾਇੰਦਾ । ਨਾ ਕੋਈ ਸਮਝਾਏ ਬਣ ਕੇ ਆਰਫ਼, ਇਲਮ ਆਲਮ ਉਲਮਾ ਭੇਵ ਕੋਇ ਨਾ ਪਾਇੰਦਾ । ਨਾ ਕੋਈ ਚੜ੍ਹਾਏ ਕਰ ਕੇ ਨਾਲਸ਼, ਚਤੁਰਾਈ ਚਤੁਰ ਨਾ ਕੋਇ ਵਖਾਇੰਦਾ । ਗੁਰਮੁਖ ਵਿਰਲੇ ਆਪ ਚੜ੍ਹਾਏ ਚਾਰ ਵਰਨ ਦੇ ਵਿਚੋਂ

੩੩੨
੧੦

ਖ਼ਾਲਸ, ਜਿਸ ਸਿਰ ਆਪਣਾ ਹੱਥ ਰਖਾਇੰਦਾ । ਖ਼ਲਕ ਮਖ਼ਲੂਕ ਜਾਣੇ ਖ਼ਾਲਕ, ਆਕਬਤ ਆਪਣਾ ਭੇਵ ਰਖਾਇੰਦਾ । ਸਦਾ ਸੁਹੇਲਾ ਇਕ ਪ੍ਰਿਤਪਾਲਕ, ਭੈ ਭੰਜਨ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਬੇੜਾ ਆਪ ਜਣਾਇੰਦਾ । ਸਾਚਾ ਬੇੜਾ ਨੱਯਾ ਨੌਕਾ, ਹਰਿ ਹਰਿ ਨਾਮ ਚਲਾਈਆ । ਲੱਖ ਚੁਰਾਸੀ ਜੀਵ ਜੰਤ ਕਲਜੁਗ ਘਾਟ ਭਰਦੇ ਹੌਕਾ, ਨਾ ਉਪਰ ਕੋਇ ਬਹਾਈਆ । ਅਗੇ ਦਿਸੇ ਡੂੰਘਾ ਸਾਗਰ ਨਾ ਜਲ ਨਾ ਸੁਕਾ, ਥਲ ਪਾਰ ਨਾ ਕੋਇ ਵਖਾਈਆ । ਚਲ ਚਲ ਪੈਂਡਾ ਅੱਜੇ ਨਾ ਮੁੱਕਾ, ਚਲ ਚਲ ਥੱਕੇ ਪਾਂਧੀ ਰਾਹੀਆ । ਕਲਜੁਗ ਝਲ ਵਿਚੋਂ ਸਿੰਘ ਸ਼ੇਰ ਏਕਾ ਬੁੱਕਾ, ਡਰ ਡਰ ਸਾਰੇ ਬੈਠੇ ਮੁਖ ਛੁਪਾਈਆ । ਪੀਰ ਫ਼ਕੀਰ ਭੱਜਣ ਛੱਡ ਛੱਡ ਹੁੱਕਾ, ਪਾਣੀ ਵਿਚ ਨਾ ਕੋਇ ਟਿਕਾਈਆ । ਟੋਪੀ ਵਿਚ ਨਾ ਰੋੜਾ ਰੱਖਾ, ਅਗਨੀ ਕੋਇਲਾ ਨਾ ਕੋਇ ਸੁਲਗਾਈਆ । ਹੱਥ ਨਾ ਆਏ ਅੰਨ ਰੁੱਖਾ, ਚਾਰੋਂ ਕੁੰਟ ਦਏ ਦੁਹਾਈਆ । ਇਕ ਇਕੱਲਾ ਰੱਜੇ ਨਾ ਸ਼ੇਰ ਸਿੰਘ ਭੁੱਖਾ, ਲੱਖ ਚੁਰਾਸੀ ਆਪਣੇ ਪੇਟੇ ਪਾਈਆ । ਆਪਣੀ ਭੁੱਖ ਦਾ ਮਾਰਾ ਆਪਣੇ ਅੰਦਰ ਆਪੇ ਧੁਖਾ, ਤ੍ਰਿਪਤ ਤ੍ਰਿਸ਼ਨ ਨਾ ਕੋਇ ਕਰਾਈਆ । ਲੋਆਂ ਪੁਰੀਆਂ ਜਾਏ ਢੁਕਾ, ਗਣ ਗੰਧਰਬ ਕਿਨਰ ਜੱਛਪ ਕਰੋੜ ਤੇਤੀਸਾ ਆਪਣੀ ਦਾੜ੍ਹਾਂ ਹੇਠ ਚਬਾਈਆ । ਬ੍ਰਹਮਾ ਸ਼ਿਵ ਬਹਿ ਬਹਿ ਲੁਕਾ, ਫੜ ਬਾਂਹੋਂ ਲਏ ਉਠਾਈਆ । ਰਾਏ ਧਰਮ ਨਾ ਰਹੇ ਰੁਠਾ, ਸਤਿਗੁਰ ਪੂਰਾ ਆਪ ਮਨਾਈਆ । ਲੱਖ ਚੁਰਾਸੀ ਜੋ ਆਪਣੇ ਅੰਦਰ ਰੱਖਿਆ ਕੁੱਠਾ, ਏਕਾ ਵਾਰ ਰਾਏ ਧਰਮ ਘਰ ਬਹਾਈਆ । ਗੁਰਸਿਖ ਅੰਤ ਨਾ ਜਾਏ ਲੁਟਾ, ਜਿਸ ਮਿਲਿਆ ਬੇਪਰਵਾਹੀਆ । ਭਰ ਪਿਆਲਾ ਜਾਮ ਪਿਆਇਆ ਏਕਾ ਘੁੱਟਾ, ਚਰਨ ਚਰਨੋਦਕ ਮੁਖ ਛੁਹਾਈਆ । ਮਰਿਆ ਜੀਵਤ ਆਪੇ ਉਠਾ, ਜਨਮ ਮਰਨ ਫੰਦ ਮੁਕਾਈਆ । ਆਪ ਸੁਹਾਈ ਸਾਚੀ ਰੁਤਾ, ਰੁਤ ਰੁਤੜੀ ਵੇਖ ਵਖਾਈਆ । ਕਰੇ ਖੇਲ ਅਬਿਨਾਸੀ ਅਚੁਤਾ, ਪਾਰਬ੍ਰਹਮ ਬੇਪਰਵਾਹੀਆ । ਹਰਿ ਸੰਗਤ ਉਤੇ ਆਪੇ ਤੁਠਾ, ਦੇਵੇ ਚਰਨ ਕਵਲ ਸਰਨਾਈਆ । ਜੁਗ ਦਾ ਨਾਤਾ ਬੱਧਾ ਤੁਟਾ, ਅੰਤ ਸਕੇ ਨਾ ਕੋਇ ਤੁੜਾਈਆ । ਗੁਰਮੁਖ ਅੰਦਰ ਆਪੇ ਫੁੱਟਾ, ਆਪਣੀ ਵੇਲ ਆਪ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਬੇੜਾ ਇਕ ਚਲਾਈਆ । ਸਾਚਾ ਬੇੜਾ ਚਲਾਏ ਪਾਤਣ, ਪਤਣ ਬੈਠਾ ਏਕਾ ਮਾਹੀਆ । ਚੁਰਾਸੀ ਰੋਵੇ ਜਗਤ ਪਾਪਣ, ਪੱਲੇ ਨਾਮ ਨਾ ਕੋਇ ਰਖਾਈਆ । ਲੱਖ ਚੁਰਾਸੀ ਕਰੇ ਸਿਆਪਣ, ਖੁਲੜੇ ਕੇਸ ਰਹੀ ਕੁਰਲਾਈਆ । ਸੋਹੰ ਜਪਿਆ ਨਾ ਏਕਾ ਜਾਪਨ, ਰਸਨਾ ਜਿਹਵਾ ਹੋਈ ਹਲਕਾਈਆ । ਆਸਾ ਤ੍ਰਿਸ਼ਨਾ ਮਗਰ ਲੱਗੀ ਹਾਕਨ ਡਾਕਨ, ਨਾ ਸਕੇ ਕੋਇ ਬਚਾਈਆ । ਹਉਮੇ ਹੰਗਤਾ ਕਰੇ ਖ਼ਾਕੀ ਖ਼ਾਕਨ, ਖ਼ਾਕੀ ਖ਼ਾਕ ਛਾਰ ਉਡਾਈਆ । ਪਰਵਰਦਿਗਾਰ ਨਾ ਮਿਲਿਆ ਪਾਕੀ ਪਾਕਨ, ਪਤਿਤ ਪਵਿਤ ਲਏ ਕਰਾਈਆ । ਜਗਤ ਸਾਚਾ ਨੇਤਰ ਨਾ ਖੁਲਿਆ ਤਾਕਨ, ਦੀਵਾ ਬਾਤੀ ਨਾ ਕੋਇ ਰੁਸ਼ਨਾਈਆ । ਕਾਮ ਕਾਮਨੀ ਵੇਖਿਆ ਏਕਾ ਹਾਟਨ, ਗੁਰ ਕਾ ਹੱਟ ਨਾ ਕੋਇ ਵਖਾਈਆ । ਝੂਠੀ ਮਾਇਆ ਜੁੜਿਆ ਨਾਤਨ, ਨਾਤਾ ਬਿਧਾਤਾ ਨਾ ਕੋਇ ਬੰਧਾਈਆ । ਮਿਲ ਮਿਲ ਥੱਕੀ ਸਭਨੀ ਸਾਕਣ, ਸਗਲਾ ਸੰਗ ਨਾ ਕੋਇ ਨਿਭਾਈਆ । ਰੋਵੇ ਕੁਰਲਾਵੇ ਬਣ ਦੁਹਾਗਣ, ਨੇਤਰ ਕਜਲਾ ਨਾ ਕੋਇ ਵਖਾਈਆ । ਕਲਜੁਗ ਹੋਈ ਕਾਗੋ ਕਾਗਨ, ਮਦਿਰਾ ਮਾਸ ਵਿਸ਼ਟਾ ਮੁਖ ਰਖਾਈਆ । ਮੈਂ ਨਿਮਾਣੀ ਹੋਈ ਨਭਾਗਣ, ਹਰਿ ਆਇਆ ਦਿਸ ਨਾ ਆਈਆ । ਧੰਨ ਗੁਰਸਿਖ ਜੋ ਸੋਏ ਜਾਗਣ, ਜਿਸ ਸਤਿਗੁਰ ਜਾਗ ਖੁਲ੍ਹਾਈਆ । ਦੋਏ ਜੋੜ ਵਿਚ ਆਗਿਆ ਰਹਿਣ ਮੰਨਣ ਆਗਨ, ਨਾ ਕੋਈ ਸਕੇ ਮੁਖ ਭਵਾਈਆ । ਪੁਰਖ ਅਬਿਨਾਸ਼ੀ ਚੜ੍ਹ ਚੜ੍ਹ ਵੇਖੇ ਏਕਾ ਰਾਕਨ,

ਸਾਚੀ ਰਾਕੀ ਇਕ ਦੌੜਾਈਆ । ਪਹਿਲੀ ਚੇਤੇ ਮਾਰੇ ਪਲਾਕਨ, ਸੀਸ ਤਾਜ ਇਕ ਟਿਕਾਈਆ । ਆਪੇ ਸੋਹੇ ਆਪਣੇ ਆਸਣ, ਸੋਲਾਂ ਕਲੀਆਂ ਆਪ ਸ਼ੰਗਾਰ ਕਰਾਈਆ । ਕਰੇ ਖੇਲ ਪੁਰਖ ਅਬਿਨਾਸ਼ਨ, ਅਬਿਨਾਸ਼ੀ ਕਰਤਾ ਨਾ ਮਰੇ ਨਾ ਜਾਈਆ । ਕਲਜੁਗ ਕਰੇ ਆਪਣਾ ਹਾਸਨ, ਹੱਸ ਹੱਸ ਲੱਖ ਚੁਰਾਸੀ ਦਏ ਖਪਾਈਆ । ਗੁਰਸਿਖ ਤੇਰਾ ਪ੍ਰੇਮ ਕਰੇ ਸਾਚਾ ਭੋਗ ਬਿਲਾਸਨ, ਪਰਮ ਪੁਰਖ ਵਡੀ ਵਡਿਆਈਆ । ਅੰਤਮ ਕਰੇ ਪੂਰੀ ਆਸਨ, ਮਾਣਸ ਜਨਮ ਲੇਖੇ ਪਾਈਆ । ਲੇਖਾ ਜਾਣੇ ਪ੍ਰਿਥਮੀ ਆਕਾਸ਼ਨ, ਗਗਨ ਪਾਤਾਲਾਂ ਵੇਖ ਵਖਾਈਆ । ਸਾਚਾ ਬੇੜਾ ਸ਼ਾਹੋ ਸ਼ਾਬਾਸਨ, ਸਤਿਗੁਰ ਪੂਰਾ ਇਕ ਚਲਾਈਆ । ਆਪੇ ਲਾਏ ਆਪਣੇ ਘਾਟਨ, ਆਰ ਪਾਰ ਕਿਨਾਰਾ ਨਾ ਕਿਸੇ ਬੁਝਾਈਆ । ਜੋ ਜਨ ਚਰਨ ਲਾਗ ਪਿਛੇ ਹਾਟਨ, ਅਧਵਿਚਕਾਰ ਦਏ ਅਟਕਾਈਆ । ਜੋ ਜਨ ਰਸਨਾ ਕਰੇ ਜੂਠਾ ਚਾਟਨ, ਤਿਸ ਅੰਮਿਉਂ ਰਸ ਨਾ ਮੁਖ ਚੁਆਈਆ । ਅੰਤਮ ਚੋਲੇ ਸਭ ਦੇ ਪਾਟਣ, ਥਿਰ ਕੋਇ ਰਹਿਣ ਨਾ ਪਾਈਆ । ਸਤਿਗੁਰ ਆਇਆ ਚਲ ਕੇ ਪਾਤਣ, ਪਤਣ ਵੇਖੇ ਗੁਰਸਿਖ ਰਾਹੀਆ । ਨਾ ਕੋਈ ਸੰਧਿਆ ਨਾ ਕੋਈ ਆਥਣ, ਸਰਘੀ ਸਵੇਰਾ ਨਾ ਕੋਇ ਜਣਾਈਆ । ਅੰਮ੍ਰਿਤ ਵੇਲਾ ਹਰਿ ਕਾ ਦਰਸ ਅੱਠੇ ਪਹਿਰ ਗੁਰਸਿਖ ਆਖਣ, ਘੜੀ ਪਲ ਨਾ ਵੰਡ ਵੰਡਾਈਆ । ਹਰਿ ਸੰਗਤ ਕਰੇ ਬੰਦ ਖ਼ਲਾਸਨ, ਬੰਦੀ ਤੋੜ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਹਰਿਜਨ ਹੋਏ ਆਪ ਸਹਾਈਆ ।



ਜੋਤ ਅਕਾਲਣ ਸ਼ੁਕਰ ਗੁਜ਼ਾਰ ਦੀ । ਆਦਿ ਜੁਗਾਦਿ ਭੁੱਖੀ ਗੁਰਸਿਖਾਂ ਪਿਆਰ ਦੀ । ਸਚਖੰਡ ਵਿਹੂਣੀ ਲੋਕਮਾਤ ਆਏ ਵੈਰਾਗਣ ਦੀਦਾਰ ਦੀ । ਹੋਕਾ ਦੇਵੇ ਗਲੀਓ ਗਲੀ, ਉਚੀ ਕੂਕ ਕੂਕ ਵਾਜਾਂ ਮਾਰਦੀ । ਮੈਂ ਸੁਵਾਣੀ ਗੁਰਸਿਖ ਤੇਰੇ ਦਰ ਖਲੀ, ਭੁੱਖੀ ਤੇਰੇ ਦਰ ਦਰਬਾਰ ਦੀ । ਤੂੰ ਮੇਰੇ ਹਾਰ ਦੀ ਸਚ ਕਲੀ, ਤੇਰੇ ਬਿਨਾਂ ਨਾ ਤਨ ਸ਼ੰਗਾਰ ਦੀ । ਗੁਰਸਿਖ ਤੂੰ ਦਾਤਾ ਤੂੰ ਵਡ ਬਲੀ, ਮੈਂ ਭਿਖਾਰਨ ਤੇਰੇ ਅੱਗੇ ਨਿਮਸਕਾਰ ਦੀ । ਮੇਰੀ ਫੜੀਂ ਮਾਤ ਕੰਨੀ, ਦਰ ਆ ਘਰ ਤੇਰੇ ਵਿਚਾਰ ਦੀ । ਮੈਂ ਸੁਘੜ ਸੁਵਾਣੀ ਤੇਰੀ ਵੰਨੀ, ਬੱਧੀ ਤੇਰੇ ਪਿਆਰ ਦੀ । ਤੇਰੀ ਛੁਟ ਨਾ ਜਾਏ ਮੈਥੋਂ ਕੰਨੀ, ਚੌਥੇ ਜੁਗ ਵਾਰੀ ਆਈ ਲਾਂਵ ਚਾਰ ਦੀ । ਵੇਖੀਂ ਦਰ ਆਈ ਨੂੰ ਮੂਲ ਨਾ ਡੰਨੀ, ਤੇਰੇ ਉਤੋਂ ਆਪਾ ਵਾਰ ਦੀ । ਮੇਰੀ ਅਰਜ਼ ਨਿਰਧਨ ਦੀ ਏਕਾ ਮੰਨੀਂ, ਤੇਰੇ ਅੱਗੇ ਅਰਜ਼ ਗੁਜ਼ਾਰ ਦੀ । ਮੇਰੇ ਨਾਲ ਉਠ ਕੇ ਚੱਲੀਂ, ਤੇਰੀ ਸੇਜ ਸੁਹੰਜਣੀ ਰਾਹ ਤੱਕੇ ਸਾਚੇ ਯਾਰ ਦੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਤੇਰੀ ਸੇਵਾ ਰਿਹਾ ਕਰ, ਸੇਵਾ ਕਰੇ ਆਪਣੇ ਵਿਹਾਰ ਦੀ । ਜੋਤ ਅਕਾਲਣ ਆਈ ਨੱਠ, ਲੋਕਮਾਤ ਰਾਹ ਤਕਾ । ਗੁਰਸਿਖ ਦਵਾਰੇ ਗਈ ਢੱਠ, ਬਣਨਾ ਜਗਤ ਮਲਾਹ । ਪਹਿਲੋਂ ਵਰਿਆ ਏਕਾ ਜੱਟ, ਫੇਰ ਸਾਰੇ ਲਏ ਪਰਨਾ । ਤੇਰਾ ਮੇਟ ਦਵੈਤੀ ਫਟ, ਆਪਣੀ ਹੱਥੀਂ ਪੱਟੀ ਦਿਤੀ ਬੰਧਾ । ਤੇਰਾ ਨਾਉਂ ਰਹੀ ਰਟ, ਹਰਫ਼ ਹਰਫ਼ ਲੇਖਾ ਲਿਖਾ । ਅੰਤ ਮੇਰੀ ਰੱਖੀਂ ਪਤ, ਮੇਰੀ ਲਜ ਤੇਰਾ ਹੱਥਾ । ਮੈਂ ਚੜ੍ਹ ਕੇ ਆਈ ਆਪਣੇ ਰਥ, ਤੈਨੂੰ ਲੈਣਾਂ ਨਾਲ ਰਲਾ । ਤੇਰਾ ਘਰ ਇਕ ਸਮਰਥ, ਦੂਸਰ ਅਵਰ ਨਾ ਕੋਈ ਥਾਂ । ਤੇਰਾ ਪ੍ਰੇਮ ਪੌਣੀ ਨੱਥ, ਸੁਹਾਗ ਕੰਤ ਲੈਣਾ ਹੰਢਾ । ਵੇਖੀਂ ਛੱਡ ਨਾ ਜਾਈਂ ਨੱਠ, ਮੈਂ ਤੇਰੇ ਉਤੋਂ ਹੋਈ ਆਪ ਫ਼ਿਦਾ । ਮੈਂ ਆਪਣਾ

ਖੇੜਾ ਕੀਤਾ ਭੱਠ, ਤੇਰਾ ਖੇੜਾ ਦਵਾਂ ਵਸਾ । ਮੈਂ ਆਪਣੀ ਜੋਤ ਜਗਾਈ ਲਟ ਲਟ, ਤੇਰੀ ਜੋਤ ਆਪਣੇ ਵਿਚ ਲਵਾਂ ਸਮਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੇਵਾ ਕਰੇ ਬੇਪਰਵਾਹ । ਜੋਤ ਅਕਾਲਣ ਦਰ ਦਰਵਾਜ਼ੇ, ਕੁੰਡਾ ਰਹੀ ਖੜਕਾਈਆ । ਉਠ ਸਿੱਖ ਮੇਰੇ ਗ਼ਰੀਬ ਨਿਵਾਜ਼ੇ, ਉਲਟੀ ਚਾਲ ਆਪ ਚਲਾਈਆ । ਪਹਿਲੋਂ ਗੁਰਮੁਖ ਚਲਦੇ ਰਹੇ ਬਣ ਮਜੌਰ ਮੱਕੇ ਕਾਅਬੇ, ਹੁਣ ਕਾਅਬਾ ਤੇਰਾ ਵੇਖਣ ਆਈਆ । ਮੇਰਾ ਨਾ ਕੋਈ ਭੁਲ ਨਾ ਸਵਾਬੇ, ਤੇਰੀ ਘਾਲ ਆਪਣੀ ਝੋਲੀ ਪਾਈਆ । ਵੇਖੀਂ ਹੋਏ ਗ਼ੁਸੇ ਨਾ ਮਾਰੀਂ ਦਾਬੇ, ਮੈਂ ਬਾਲ ਅਵਾਣੀ ਨੱਢੀ ਬਾਲੀ ਮੇਰੀ ਉਮਰ ਨਾ ਅਜੇ ਵਿਹਾਈਆ । ਮੇਰਾ ਗੁਣ ਨਾ ਤੋਲਣਾ ਆਪਣੇ ਪਾ ਕੇ ਛਾਬੇ, ਤੇਰਾ ਕੰਡਾ ਸਾਚਾ ਭਾਰ ਇਕ ਉਠਾਈਆ । ਵੇਖੀਂ ਤੜਫਾਈਂ ਨਾ ਬਿਨ ਆਬੇ, ਮੈਂ ਪਿਆਸੀ ਜੁਗਾਂ ਜੁਗਾਂ ਦੀ ਵਿਛੜੀ ਤੇਰੇ ਦਰਸ ਤਿਹਾਈਆ । ਦੇਂਦੀ ਰਹੀ ਸੁਨੇਹੜੇ ਔਂਦੇ ਜਾਂਦੇ, ਚਾਰ ਜੁਗ ਜੋ ਗੁਰ ਅਵਤਾਰ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਾਚੇ ਤੇਰੀ ਸਚ ਵਡਿਆਈਆ । ਜੋਤ ਅਕਾਲਣ ਆਈ ਚਲ, ਬਣ ਕੇ ਪਾਂਧੀ ਰਾਹੀਆ । ਗੁਰਮੁਖ ਇਕ ਵਾਰ ਤਕ ਮੇਰੇ ਵਲ, ਮੇਰੇ ਨੈਣ ਤੇਰਾ ਰਾਹ ਤਕਾਈਆ । ਵੇਖੀਂ ਕਲਜੁਗ ਕਰ ਨਾ ਜਾਈਂ ਛਲ, ਤੇਰਾ ਛਲ ਨਾ ਮੋਹੇ ਭਾਈਆ । ਵਰਿਆ ਜੱਟ ਵੌਂਹਦਾ ਹਲ, ਮਗਰ ਸੁਵਾਣੀ ਭੱਤਾ ਲੈ ਲੈ ਆਪਣੀ ਹੱਥੀਂ ਸੇਵ ਕਮਾਈਆ । ਬੀਜਿਆ ਬੀਜ ਹਰਿ ਸੰਗਤ ਲਗਾ ਫਲ, ਪਤ ਡਾਲ੍ਹੀ ਫੁਲ ਆਪ ਮਹਿਕਾਈਆ । ਮੈਂ ਆਪਣਾ ਜੋਬਨ ਨਾ ਸਕੀ ਝੱਲ, ਤੇਰਾ ਜੋਬਨ ਮੇਰੇ ਮਨ ਭਾਈਆ । ਵੇਖੀਂ ਲਾਰਾ ਨਾ ਦੇਵੀਂ ਅਜ ਕਿ ਕਲ, ਘੜੀ ਪਲ ਝੱਲੀ ਨਾ ਜਾਏ ਜੁਦਾਈਆ । ਮੈਂ ਫਿਰ ਫਿਰ ਆਈ ਜੰਗਲ ਜੂਹ ਉਜਾੜ ਪਹਾੜ ਡੂੰਘੇ ਥਲ, ਦੂਰ ਦੁਰਾਡਾ ਪੰਧ ਮੁਕਾਈਆ । ਮੈਂ ਤਰ ਕੇ ਆਈ ਸੱਤ ਸਮੁੰਦਰ ਵੱਡੀ ਛਲ, ਅਨਤਾਰੂ ਤੇਰੀ ਆਸ ਰਖਾਈਆ । ਬਣ ਕੇ ਪ੍ਰੀਤਮ ਮੇਰਾ ਆਸਣ ਲਈਂ ਮਲ, ਦੂਜੀ ਸੇਜ ਨਾ ਕੋਇ ਵਖਾਈਆ । ਇਕੋ ਘਰ ਬਹੀਏ ਮਿਲ ਰਲ, ਰਲ ਮਿਲ ਆਪਣਾ ਝਟ ਲੰਘਾਈਆ । ਮਿਲਿਆ ਗੁਰਮੁਖ ਹੋਈ ਖ਼ੁਸ਼ੀ, ਮੈਂ ਝੱਲ ਨਾ ਸਕਾਂ ਵੱਡੀ ਝੱਲ, ਗੁਰਮੁਖ ਭਲਿਆਈ ਮੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਤਰਾਈਆ । ਜੋਤ ਅਕਾਲਣ ਕਰਿਆ ਵੇਸ, ਢੂੰਡੇ ਸੱਜਣ ਮੀਤ । ਕਲਜੁਗ ਅੰਤਮ ਚਲ ਕੇ ਆਏ ਮਾਝੇ ਦੇਸ, ਜਗਤ ਚਲਾਈ ਉਲਟੀ ਰੀਤ । ਆਪ ਆਪਣੇ ਲਏ ਵੇਖ, ਨਾਲੇ ਗਾਏ ਸੁਹਾਗੀ ਗੀਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਕਾਇਆ ਕਰੇ ਠੰਡੀ ਸੀਤ ।

### ★ ੨੨ ਫਗਣ ੨੦੧੭ ਬਿਕ੍ਰਮੀ ਕਿਸ਼ਨ ਸਿੰਘ ਦੇ ਗ੍ਰਿਹ ਪਿੰਡ ਅਲੂੜ ਪਿੰਡੀ ★

ਕਰ ਮਿਹਰ ਦਰ ਆਇਆ ਮੰਗਣ, ਦਰਦੀ ਦਰਦੀਆਂ ਦਰਦ ਮਿਟਾਇੰਦਾ । ਕਰ ਠਗੌਰੀ ਜੋ ਚੁਕਿਆ ਕੰਗਣ, ਆਪਣੇ ਅੰਗਣ ਫੇਰ ਲਗਾਇੰਦਾ । ਦਿਆਲ ਸਾਹਿਬ ਸਦਾ ਬਖ਼ਸ਼ੰਦਨ, ਦੀਨਨ ਰੱਛਿਆ ਆਪ ਕਰਾਇੰਦਾ । ਪ੍ਰੇਮ ਡੋਰੀ ਪਾਏ ਬੰਧਨ, ਸਾਰ ਸ਼ਬਦ ਗੰਢ ਰਖਾਇੰਦਾ । ਗੁਰਸਿਖ ਧੂੜੀ ਸਾਚਾ ਚੰਦਨ, ਨੌ ਗ੍ਰਿਹ ਹੱਥ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਿਰਪਾ ਨਿਧ ਗਹਿਰ ਗੰਭੀਰ

੩੩੫
੧੦

ਗੁਣ ਠਾਕਰ ਮਿਹਰਵਾਨ ਆਪਣੀ ਸੇਵਾ ਆਪ ਕਮਾਇੰਦਾ । ਸੇਵਾ ਕਰਨ ਆਈ ਦਾਸੀ, ਨਿਰਗੁਣ ਆਪਣਾ ਰੂਪ ਧਰਾਈਆ । ਕਿਸੇ ਹੱਥ ਨਾ ਆਵੇ ਪੰਡਤ ਕਾਂਸੀ, ਪਰਾਗ ਅਯੁਧਿਆ ਰਹੀ ਕੁਰਲਾਈਆ । ਕਰਿਆ ਖੇਲ ਘਨਕ ਪੁਰ ਵਾਸੀ, ਘਨਯਾ ਬੰਸਰੀ ਸ਼ਾਮ ਨਾਮ ਵਜਾਈਆ । ਮੰਡਲ ਪਾਵੇ ਆਪਣੀ ਰਾਸੀ, ਸਾਚਾ ਮੰਦਰ ਇਕ ਸੁਹਾਈਆ । ਜੋਤ ਅਕਾਲਣ ਆਦਿ ਜੁਗਾਦਿ ਨਾ ਕਦੇ ਵਿਨਾਸੀ, ਨਾਰੀ ਕੰਤ ਆਪਣਾ ਖੇਲ ਖਿਲਾਈਆ । ਆਪੇ ਹੋਏ ਸ਼ਾਹੋ ਸ਼ਾਬਾਸੀ, ਆਪੇ ਬਰਦੀ ਬਣ ਬਣ ਸੀਸ ਝੁਕਾਈਆ । ਆਪੇ ਕਰੇ ਆਪਣੀ ਪੂਰੀ ਆਸੀ, ਆਪੇ ਹੋਏ ਸੁਵਾਣੀ ਭਿਛਿਆ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰਵਾਨ ਮਿਹਰਵਾਨ ਨਿਗਹ ਮਿਹਰ ਇਕ ਉਠਾਈਆ । ਖੇਚਲ ਕਰੇ ਨਾ ਜੋਤੀ ਨਾਰ, ਗੁਰਸਿਖ ਵੇਖ ਸੁਹਾਗੀ ਕੰਤ । ਛੱਡ ਦਵਾਰਾ ਆਈ ਦਵਾਰ, ਹੋਇਆ ਦਵਾਰਾ ਸੋਭਾਵੰਤ । ਸੁਘੜ ਸਿਆਣੀ ਕਰੇ ਪਿਆਰ, ਪੌਣ ਜੋਤ ਇਕ ਭਗਵੰਤ । ਆਪਣੀ ਹੱਥੀਂ ਦੀਪਕ ਕਰ ਉਜਿਆਰ, ਗੁਰਮੁਖ ਲੱਭੇ ਸਾਚੇ ਸੰਤ । ਉਠ ਉਠ ਵਾਜਾਂ ਰਹੀ ਮਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਮਿਹਰ ਆਪ ਨਿਰੰਕਾਰ । ਕਰੇ ਮਿਹਰ ਹਰਿ ਨਿਰੰਕਾਰਾ, ਮਿਹਰਵਾਨ ਆਪਣੀ ਦਇਆ ਕਮਾਈਆ । ਜੋਤੀ ਜਾਤਾ ਵਿਚ ਸੰਸਾਰਾ, ਜੁਗਤ ਆਪਣੇ ਹੱਥ ਰਖਾਈਆ । ਨਿਕਟ ਵਰਤੀ ਬਣੇ ਆਪ ਕਰਤਾਰਾ, ਨਿਕਟੀ ਹੋ ਹੋ ਰੂਪ ਵਖਾਈਆ । ਸ੍ਰਿਸ਼ਟ ਸਬਾਈ ਧੁਆਂਧਾਰਾ, ਚਾਰ ਕੁੰਟ ਅੰਧੇਰਾ ਛਾਈਆ । ਕਲਜੁਗ ਸਾਗਰ ਡੂੰਘੀ ਗਾਰਾ, ਪਾਰ ਕਿਨਾਰਾ ਨਾ ਕੋਇ ਜਣਾਈਆ । ਗੁਰ ਅਵਤਾਰ ਦੇ ਦੇ ਗਏ ਸਹਾਰਾ, ਪੁਰਖ ਅਕਾਲ ਓਟ ਰਖਾਈਆ । ਕਲਜੁਗ ਅੰਤਮ ਪਰਗਟੇ ਨਿਹਕਲੰਕ ਨਰਾਇਣ ਨਰ ਅਵਤਾਰਾ, ਜੋਤੀ ਨੂਰ ਕਰੇ ਰੁਸ਼ਨਾਈਆ । ਭਗਤਨ ਦੇਵੇ ਇਕ ਸਹਾਰਾ, ਭਗਵਨ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਦਾ ਸਹਾਈਆ । ਮਿਹਰਵਾਨ ਹੋਇਆ ਠਾਕਰ, ਜਗਤ ਠੋਕਰ ਆਪ ਲਗਾਇੰਦਾ । ਗੁਰਮੁਖ ਦਵਾਰੇ ਬਣੇ ਸੌਦਾਗਰ, ਸਾਚਾ ਵਣਜ ਇਕ ਵਖਾਇੰਦਾ । ਅੰਮ੍ਰਿਤ ਵੇਖੇ ਕਾਇਆ ਗਾਗਰ, ਕਵਲ ਨਾਭੀ ਮੁਖ ਭਵਾਇੰਦਾ । ਦਰ ਦਰਵੇਸ਼ਾ ਬਣ ਕੇ ਕਰਨ ਆਇਆ ਆਦਰ, ਕਰੀਮ ਕ਼ਾਦਰ ਸੇਵ ਕਮਾਇੰਦਾ । ਗੁਰ ਤੇਗ਼ ਬਹਾਦਰ ਹੱਥ ਫੜੀ ਚਿਟੀ ਚਾਦਰ, ਗੁਰ ਗੋਬਿੰਦ ਗੁਰਸਿਖਾਂ ਉਪਰ ਆਪ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਆਪਣੀ ਦਇਆ ਆਪ ਕਮਾਇੰਦਾ । ਦਇਆ ਕਮਾਵਣ ਆਈ ਘਰ, ਦੀਨਨ ਦੀ ਰਖਵਾਲੀ ਜੋਤ । ਗੁਰਸਿਖਾਂ ਅੰਦਰ ਗਈ ਵੜ, ਨਾ ਕੋਈ ਵਰਨ ਨਾ ਕੋਈ ਗੋਤ । ਆਪਣਾ ਅੱਖਰ ਅੰਦਰੇ ਅੰਦਰ ਰਹੀ ਪੜ੍ਹ, ਨਾ ਕੋਈ ਕਿਲਾ ਨਾ ਕੋਈ ਕੋਟ । ਸਾਚੇ ਪੌੜੇ ਬੈਠੀ ਚੜ੍ਹ, ਏਕਾ ਰੱਖੀ ਗੁਰਮੁਖ ਓਟ । ਆਪ ਫੜਾਏ ਆਪਣਾ ਲੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰਵਾਨ ਮਿਹਰਵਾਨ ਹਰਿਜਨ ਕੱਢੇ ਕਾਇਆ ਖੋਟ । ਹਰਿ ਸਾਚਾ ਖੇਲ ਖਿਲਾਇੰਦਾ, ਹਰੀ ਹਰਿ ਆਪਣੇ ਨਾਲ ਮਿਲਾ । ਪਾਰਬ੍ਰਹਮ ਆਪਣਾ ਬੰਕ ਸੁਹਾਇੰਦਾ, ਬ੍ਰਹਮ ਆਪਣੀ ਗੋਦ ਬਹਾ । ਨਿਰਗੁਣ ਸਰਗੁਣ ਰੂਪ ਵਟਾਇੰਦਾ, ਰੂਪ ਜਣਾਏ ਦੋ ਜਹਾਂ । ਸਚਖੰਡ ਦਵਾਰੇ ਸੋਭਾ ਪਾਇੰਦਾ, ਤਖ਼ਤ ਨਿਵਾਸੀ ਆਸਣ ਲਾ । ਥਿਰ ਘਰ ਸਾਚੇ ਚਰਨ ਛੁਹਾਇੰਦਾ, ਸਾਚਾ ਮੰਦਰ ਦਏ ਵਡਿਆ । ਆਪਣੇ ਰੰਗ ਆਪ ਰੰਗਾਇੰਦਾ, ਰੰਗ ਚਾੜ੍ਹੇ ਬੇਪਰਵਾਹ । ਆਪਣਾ ਦੀਪ ਆਪ ਜਗਾਇੰਦਾ, ਜੋਤੀ ਜਲਵਾ ਕਰ ਰੁਸ਼ਨਾ । ਦਰ ਦਰਵਾਜ਼ਾ ਨਾ ਕੋਇ ਰਖਾਇੰਦਾ, ਆਪੇ ਘਾੜਤ ਲਿਆ ਘੜਾ ।

ਪੌੜਾ ਅਵਰ ਨਾ ਕੋਇ ਲਗਾਇੰਦਾ, ਆਪੇ ਜਾਣੇ ਆਪਣਾ ਥਾਂ । ਲੰਮਾਂ ਚੌੜਾ ਨਾ ਕੋਇ ਬਣਾਇੰਦਾ, ਨਾ ਕੋਈ ਮਿਣਤੀ ਸਕੇ ਮਿਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਚਾ ਸ਼ਹਿਨਸ਼ਾਹ । ਸਚ ਮਹੱਲ ਉਚ ਅਟੱਲਾ, ਹਰਿ ਸਾਚਾ ਆਪ ਬਣਾਇੰਦਾ । ਨਿਰਵੈਰ ਪੁਰਖ ਵਸੇ ਇਕ ਇਕੱਲਾ, ਆਸਣ ਸਿੰਘਾਸਣ ਸੋਭਾ ਪਾਇੰਦਾ । ਆਪਣੀ ਧਾਰ ਆਪੇ ਰਲਾ, ਧਾਰ ਧਾਰ ਵਿਚ ਸਮਾਇੰਦਾ । ਸਚਖੰਡ ਨਿਵਾਸਾ ਖੇਲ ਤਮਾਸਾ, ਪੁਰਖ ਅਬਿਨਾਸ਼ਾ ਸ਼ਾਹੋ ਸ਼ਾਬਾਸਾ, ਇਕ ਇਕਾਂਤਾ ਆਪ ਕਰਾਇੰਦਾ । ਨਿਜ ਘਰ ਵਾਸਾ ਮੰਡਲ ਰਾਸਾ, ਦਾਸੀ ਦਾਸਾ ਵੇਖ ਵਖਾਇੰਦਾ । ਆਪਣੇ ਨੂਰ ਆਪ ਪਰਕਾਸਾ, ਦੀਵਾ ਬਾਤੀ ਨਾ ਕੋਇ ਬਣਾਇੰਦਾ । ਆਪੇ ਕਰੇ ਆਪਣੀ ਪੂਰੀ ਆਸਾ, ਤ੍ਰਿਸ਼ਨਾ ਅਵਰ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨੂਰ ਆਪ ਧਰਾਇੰਦਾ । ਆਪਣਾ ਨੂਰ ਆਪੇ ਧਰ, ਸਤਿ ਪੁਰਖ ਨਿਰੰਜਣ ਖੇਲ ਖਿਲਾਈਆ । ਆਪਣੇ ਮੰਦਰ ਘਾੜਨ ਘੜ, ਸਚਖੰਡ ਦਵਾਰਾ ਵੇਖ ਵਖਾਈਆ । ਆਪਣੇ ਤਖ਼ਤ ਆਪੇ ਚੜ੍ਹ, ਰਾਜ ਰਾਜਾਨ ਸ਼ਾਹ ਭੂਪ, ਸੀਸ ਜਗਦੀਸ ਤਾਜ ਸੁਹਾਈਆ । ਆਪੇ ਵੇਖੇ ਆਪਣਾ ਰੂਪ ਸਤਿ ਸਰੂਪ, ਰੰਗ ਰੇਖ ਨਾ ਕੋਇ ਵਡਿਆਈਆ । ਆਪੇ ਜਾਣੇ ਆਪਣੀ ਮਹਿਮਾ ਅਨੂਪ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਬੇਪਰਵਾਹੀਆ । ਆਦਿ ਪੁਰਖ ਆਪਣਾ ਆਪ ਉਪਾ, ਹਰੀ ਹਰਿ ਸਾਚੀ ਖੇਲ ਖਿਲਾਇੰਦਾ । ਹਰੀ ਆਪਣਾ ਰੂਪ ਵਟਾ, ਦੋਏ ਦੋਏ ਜੋੜ ਜੁੜਾਇੰਦਾ । ਹਰਿ ਹਰੀ ਹਰਿਆਵਲ ਆਪ ਕਰਾ, ਆਪਣਾ ਕਵਲ ਆਪ ਖਿਲਾਇੰਦਾ । ਆਪਣਾ ਬੂਟਾ ਆਪੇ ਲਾ, ਪਾਰਬ੍ਰਹਮ ਵੇਖ ਵਖਾਇੰਦਾ । ਆਪਣਾ ਬ੍ਰਹਮ ਆਪੇ ਜਾ, ਜਨਨੀ ਜਨ ਗੋਦ ਸੁਹਾਇੰਦਾ । ਦਾਈ ਦਾਇਆ ਸੇਵ ਕਮਾ, ਸਾਚਾ ਸਗਨ ਮਨਾਇੰਦਾ । ਕਰੇ ਖੇਲ ਸੱਚਾ ਸ਼ਹਿਨਸ਼ਾਹ, ਭੇਵ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੂਪ ਆਪ ਪਰਗਟਾਇੰਦਾ । ਆਪਣਾ ਰੂਪ ਪੁਰਖ ਸਮਰਥ, ਆਪ ਆਪਾ ਵਿਚ ਛੁਪਾਈਆ । ਆਪੇ ਵਿਚੋਂ ਹੋਇਆ ਆਪੇ ਵੱਖ, ਆਪਣੀ ਬਣਤ ਆਪ ਬਣਾਈਆ । ਅਗੋਚਰ ਅਗੰਮ ਅਲਖਣਾ ਅਲਖ, ਕੋਈ ਲਖ ਨਾ ਸਕੇ ਰਾਈਆ । ਆਪਣੀ ਕੁੱਖੋਂ ਆਪੇ ਜੰਮ, ਆਪੇ ਪਿਤਾ ਆਪੇ ਮਾਈਆ । ਆਪਣਾ ਬੇੜਾ ਆਪੇ ਬੰਨ੍ਹ, ਆਪੇ ਰਿਹਾ ਚਲਾਈਆ । ਆਪੇ ਕਹੇ ਧੰਨ ਧੰਨ, ਆਪੇ ਜਾਣੇ ਵਡੀ ਵਡਿਆਈਆ । ਆਪਣਾ ਕਹਿਣਾ ਆਪੇ ਮੰਨ, ਆਪੇ ਹੁਕਮ ਸੁਣਾਈਆ । ਆਪ ਬਣਾਏ ਆਪਣੀ ਛੱਪਰੀ ਛੰਨ, ਸਚਖੰਡ ਦਵਾਰਾ ਨਾਉਂ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਆਪਣਾ ਖੇਲ ਖਿਲਾਈਆ । ਆਦਿ ਪੁਰਖ ਆਦੀ ਆਦਿ, ਆਪਣਾ ਖੇਲ ਖਿਲਾਇੰਦਾ । ਆਪਣੇ ਵਿਚ ਹੋਇਆ ਵਿਸਮਾਦ, ਰੂਪ ਰੇਖ ਨਾ ਕੋਇ ਬਣਾਇੰਦਾ । ਆਪ ਆਪਣਾ ਆਪੇ ਸਾਧ, ਸਤਿ ਆਪਣਾ ਨਾਉਂ ਰਖਾਇੰਦਾ । ਆਪਣਾ ਨਾਉਂ ਆਪ ਅਰਾਧ, ਨਾਉਂ ਨਿਰੰਕਾਰਾ ਆਪੇ ਗਾਇੰਦਾ । ਆਪਣਾ ਬਣਿਆ ਆਪੇ ਬਾਢੀ ਬਾਢ, ਸਾਚਾ ਬਾਢੀ ਸੇਵ ਕਮਾਇੰਦਾ । ਆਪੇ ਵੰਡੀ ਆਪਣੀ ਹਾਦ, ਪਾਰ ਕਿਨਾਰਾ ਨਾ ਕੋਇ ਰਖਾਇੰਦਾ । ਆਪੇ ਬਣਿਆ ਸਾਚਾ ਰਾਜ, ਸਾਚੀ ਸੇਵਾ ਆਪ ਕਮਾਇੰਦਾ । ਆਪੇ ਕਰਿਆ ਆਪਣਾ ਕਾਜ, ਕਰਤਾ ਪੁਰਖ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰ ਆਪ ਬੰਧਾਇੰਦਾ । ਆਪਣੇ ਅੰਤਰ ਆਪਣੀ ਧਾਰ, ਆਪਣੇ ਵਿਚ ਸਮਾਈਆ । ਕਰੇ ਖੇਲ ਅਪਰ ਅਪਾਰ, ਲੇਖਾ ਲਿਖਣ ਵਿਚ ਨਾ ਆਈਆ । ਆਪਣੀ ਇਛਿਆ ਹੋ ਉਜਿਆਰ, ਇਛਿਆ

ਆਪਣੀ ਨਾ ਕੋਇ ਦਸਾਈਆ । ਸਾਚੀ ਭਿਛਿਆ ਪਾਵੇ ਪਾਵਣਹਾਰ, ਭਿਛਿਆ ਵਸਤ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਆਪਣਾ ਭੇਵ ਖੁਲ੍ਹਾਈਆ । ਆਦਿ ਪੁਰਖ ਆਦਿ ਅਗੰਮ, ਸਤਿ ਸਤਿਵਾਦੀ ਖੇਲ ਖਿਲਾਇੰਦਾ । ਆਪੇ ਜਾਣੇ ਆਪਣਾ ਕੰਮ, ਸਾਚਾ ਕਾਰਜ ਆਪ ਕਰਾਇੰਦਾ । ਆਪ ਸੁਹਾਏ ਆਪਣਾ ਘਰ ਲੇਖਾ ਜਾਣੇ ਛੱਪਰ ਛੰਨ, ਸਚਖੰਡ ਦਵਾਰੇ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣਾ ਮਤਾ ਆਪ ਪਕਾਇੰਦਾ । ਆਪਣਾ ਮਤਾ ਪਕਾਵਣਹਾਰਾ, ਸਚਖੰਡ ਦਵਾਰ ਸੁਹਾਇੰਦਾ । ਆਪਣਾ ਖੇਲ ਖਿਲਾਵਣਹਾਰਾ, ਆਪਣਾ ਪਰਦਾ ਲਾਹਿੰਦਾ । ਆਪਣਾ ਮਾਰਗ ਆਪੇ ਜਾਨਣਹਾਰਾ, ਆਪਣਾ ਸੰਗ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਸਚਖੰਡ ਦਵਾਰੇ ਸੋਭਾ ਪਾਇੰਦਾ । ਸਚਖੰਡ ਦਵਾਰੇ ਵਸਿਆ ਏਕ । ਅਨਕ ਗੁਣ ਵਡਿਆਈਆ । ਆਪਣੀ ਰੱਖ ਆਪੇ ਟੇਕ, ਆਪਣੀ ਓਟ ਆਪ ਤਕਾਈਆ । ਆਪਣਾ ਰੂਪ ਆਪੇ ਪੇਖ, ਆਪੇ ਪੇਖ ਪੇਖ ਬਿਗਸਾਈਆ । ਆਪਣਾ ਜਾਣੇ ਆਪੇ ਲੇਖ, ਅਲਖ ਸਚਾ ਸ਼ਹਿਨਸ਼ਾਹੀਆ । ਆਪੇ ਵਸੇ ਆਪਣੇ ਦੇਸ, ਸਾਚੇ ਦੇਸ ਸੱਚਾ ਮਾਹੀਆ । ਆਪੇ ਕਰੇ ਆਪਣੀ ਆਦੇਸ, ਆਪੇ ਦੇਵੇ ਮਾਣ ਵਡਿਆਈਆ । ਆਪੇ ਜਾਣੇ ਆਪਣਾ ਵੇਸ, ਵੇਸ ਅਵੱਲੜਾ ਇਕ ਰਖਾਈਆ । ਸਚਖੰਡ ਦਵਾਰੇ ਨਰ ਨਰੇਸ਼, ਨਿਰਗੁਣ ਬੈਠਾ ਆਸਣ ਲਾਈਆ । ਨਾ ਕੋਈ ਦਰਬਾਨ ਦਿਸੇ ਦਰਵੇਸ਼, ਦਵਾਰਪਾਲ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮਤਾ ਆਪਣੇ ਨਾਲ ਰਲਾਈਆ । ਆਪਣਾ ਮਤਾ ਕਰ ਸਲਾਹ, ਆਪੇ ਹੁਕਮ ਸੁਣਾਇੰਦਾ । ਆਪਣੀ ਇਛਿਆ ਭਿਛਿਆ ਲਏ ਭਰਾ, ਆਪੇ ਝੋਲੀ ਡਾਹਿੰਦਾ । ਆਪੇ ਸਚਖੰਡ ਦਵਾਰਾ ਇਕ ਵਸਾ, ਦਰ ਘਰ ਸਾਚੇ ਸੋਭਾ ਪਾਇੰਦਾ । ਆਪੇ ਆਪਣਾ ਨਾਉਂ ਸਤਿ ਕਰਾ, ਸਤਿ ਸਤਿਵਾਦੀ ਖੇਲ ਖਿਲਾਇੰਦਾ । ਆਪੇ ਕਰਤਾ ਪੁਰਖ ਕਰਨੀ ਕਿਰਤ ਰਿਹਾ ਕਮਾ, ਕਮਾਵਣਹਾਰਾ ਆਪ ਹੋ ਜਾਇੰਦਾ । ਆਪੇ ਨਿਰਭੌ ਭੈ ਨਾ ਕੋਇ ਰਿਹਾ ਜਣਾ, ਭੌ ਆਪਣਾ ਆਪਣੇ ਸਿਰ ਰਖਾਇੰਦਾ । ਆਪੇ ਨਿਰਵੈਰ ਆਪਣੀ ਬਣਤ ਰਿਹਾ ਬਣਾ, ਦੂਜਾ ਸੰਗ ਨਾ ਕੋਇ ਜਣਾਇੰਦਾ । ਆਪੇ ਮੂਰਤ ਆਪਣੀ ਰਿਹਾ ਦਰਸਾ, ਅਕਾਲ ਆਪਣਾ ਨੈਣ ਖੁਲ੍ਹਾਇੰਦਾ । ਆਪੇ ਜੂਨੀ ਰਹਿਤ ਬਣਿਆ ਬੇਪਰਵਾਹ, ਜੂਨੀ ਜੂਨ ਨਾ ਕੋਇ ਬਣਾਇੰਦਾ । ਮਰੇ ਨਾ ਜੰਮੇ ਸੱਚਾ ਸ਼ਹਿਨਸ਼ਾਹ, ਸੈਭੰ ਰੂਪ ਨਾ ਕੋਇ ਵਟਾਇੰਦਾ । ਸਚਖੰਡ ਖੇੜਾ ਰਿਹਾ ਵਸਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰੇ ਸਚ ਸਲਾਹ । ਸਚ ਸਲਾਹ ਕਰ ਨਿਰੰਕਾਰਾ, ਆਪਣਾ ਖੇਲ ਖਿਲਾਇੰਦਾ । ਮੇਰਾ ਰੂਪ ਇਕ ਨਿਰਾਕਾਰਾ, ਮੇਰੇ ਅੰਦਰ ਸੋਭਾ ਪਾਇੰਦਾ । ਬੇਅੰਤ ਕਲ ਮੇਰਾ ਬਲ ਕੋਇ ਅੰਤ ਨਾ ਪਾਰਾ ਵਾਰਾ, ਅੰਤ ਅਨੰਤ ਆਪਣਾ ਨਾਉਂ ਧਰਾਇੰਦਾ । ਏਕਾ ਮੰਦਰ ਇਕ ਦਵਾਰਾ, ਏਕਾ ਘਰ ਇਕ ਘਰ ਬਾਰਾ, ਏਕਾ ਸੇਜ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਸਲਾਹ ਆਪੇ ਆਪ ਸਮਝਾਇੰਦਾ । ਸਚ ਸਲਾਹ ਦੇਵਣਹਾਰਾ, ਆਪ ਆਪਣਾ ਸੰਗ ਰਖਾਈਆ । ਇਕ ਇਕੱਲਾ ਬੈਠਾ ਰਹਾਂ ਇਕ ਚੁਬਾਰਾ, ਏਕਾ ਹਿਸਾ ਵੰਡ ਵੰਡਾਈਆ । ਬਿਨ ਕੰਮੋਂ ਕਾਜੋਂ ਹੋਇਆ ਨਕਾਰਾ, ਕਰ ਵਿਹਾਰ ਨਾ ਕੋਇ ਦਰਸਾਈਆ । ਕਵਣ ਬਿਧ ਕਰਾਂ ਹੋਵਾਂ ਕਰਨੇਹਾਰਾ, ਕਵਣ ਆਪਣੀ ਸੇਵ ਕਮਾਈਆ । ਆਪਣੀ ਇਛਿਆ ਆਪੇ ਕਰੇ ਵਿਚਾਰਾ, ਆਪ ਆਪਾ ਲਏ ਸਮਝਾਈਆ । ਘਰ ਵਿਚ ਘਰ ਕਰ ਤਿਆਰਾ, ਆਪਣੀ ਬਣਤ ਆਪ ਬਣਾਈਆ ।

੩੩੮
੧੦

ਥਿਰ ਘਰ ਖੋਲ੍ਹ ਇਕ ਕਿਵਾੜਾ, ਚਰਨ ਕਵਲ ਵਿਚ ਟਿਕਾਈਆ । ਆਪਣਾ ਨੂਰ ਕਰ ਪਿਆਰਾ, ਆਪਣੀ ਨਾਰੀ ਲਏ ਪਰਨਾਈਆ । ਸਚਖੰਡ ਦਵਾਰੇ ਬਣਕੇ ਲਾੜਾ, ਥਿਰ ਘਰ ਸਾਚੇ ਜਾਣਾ ਚਾਈਂ ਚਾਈਆ । ਉਥੇ ਬਣਨਾ ਨਾਰ ਭਤਾਰਾ, ਸਾਚੀ ਸੇਜ ਇਕ ਹੰਢਾਈਆ । ਉਥੇ ਕਰਨਾ ਕੰਮ ਅਪਰ ਅਪਾਰਾ, ਸੁਤ ਦੁਆਰਾ ਏਕਾ ਜਾਈਆ । ਦਾਈ ਦਾਇਆ ਬਣਕੇ ਸੇਵਾ ਕਰੀਂ ਆਪ ਸੱਚੀ ਸਰਕਾਰਾ, ਤੇਰੀ ਸੇਵਾ ਤੋਹੇ ਬਣ ਆਈਆ । ਤੇਰਾ ਪੂਤ ਸਪੂਤ ਹੋਏ ਉਜਿਆਰਾ, ਸ਼ਬਦੀ ਨਾਉਂ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਦੇਵੇ ਆਪੇ ਵਰ, ਆਪੇ ਵੇਖ ਵਖਾਈਆ । ਆਪਣਾ ਵਰ ਆਪੇ ਦੇ, ਆਪੇ ਖ਼ੁਸ਼ੀ ਮਨਾਇੰਦਾ । ਆਪਣੇ ਨਾਲ ਲਗਾਇਆ ਆਪਣਾ ਨੇਂਹ, ਆਪੇ ਤੋੜ ਨਿਭਾਇੰਦਾ । ਕੋਈ ਨਾ ਜਾਣੇ ਹਰਿ ਕਾ ਥਾਂ ਥੇਹ, ਸਚਖੰਡ ਨਿਵਾਸੀ ਥਿਰ ਘਰ ਸਾਚੇ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਤੂੰ ਹੋਇਆ ਦੋ, ਸ਼ਬਦ ਸੁਤ ਨਾਲ ਰਲਾਇੰਦਾ । ਸ਼ਬਦ ਸੁਤ ਨਾਲ ਰਲਾਇਆ, ਥਿਰ ਘਰ ਸਾਚੇ ਵੱਜੀ ਵਧਾਈਆ । ਪੁਰਖ ਅਬਿਨਾਸ਼ੀ ਖੇਲ ਖਿਲਾਇਆ, ਵਾਹਵਾ ਆਪਣੀ ਵੇਲ ਵਧਾਈਆ । ਆਪਣੀ ਗੋਦੀਂ ਰਿਹਾ ਸੁਹਾਇਆ, ਸਦ ਚੁੱਕੇ ਚਾਈਂ ਚਾਈਆ । ਪਾਲ ਪੋਸ ਜਵਾਨ ਕਰਾਇਆ, ਏਕਾ ਗੁਣ ਦਏ ਸਮਝਾਈਆ । ਮੇਰਾ ਰੂਪ ਤੇਰੀ ਪਿਤ ਮਾਇਆ, ਤੂੰ ਬਾਲਕ ਬਾਲ ਸਖਾਈਆ । ਮੇਰਾ ਨਾਉਂ ਤੇਰਾ ਜਸ ਗਾਇਆ, ਤੇਰਾ ਜਸ ਵਡੀ ਵਡਿਆਈਆ । ਮੇਰਾ ਹੱਥ ਤੇਰੀ ਸਾਇਆ, ਤੇਰੀ ਸਾਇਆ ਹੋਏ ਸਹਾਈਆ । ਸਾਚੀ ਸੇਵਾ ਇਕ ਸਮਝਾਇਆ, ਭੁਲ ਕਦੇ ਨਾ ਜਾਈਆ । ਮੈਂ ਕੱਲਾ ਬੈਠਾ ਰਿਹਾ ਸ਼ਰਮਾਇਆ, ਆਪਣਾ ਬਲ ਨਾ ਸਕਾਂ ਵਖਾਈਆ । ਤੇਰਾ ਰਾਹ ਇਕ ਲਗਾਇਆ, ਭੁਲ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਆਸਾ ਆਪੇ ਪੂਰ ਕਰਾਈਆ । ਆਸਾ ਪੂਰ ਕਰਾਇੰਦਾ, ਆਪ ਆਪਣੀ ਕਿਰਪਾ ਧਾਰ । ਆਪਣਾ ਸੁਤ ਆਪ ਜਗਾਇੰਦਾ, ਥਿਰ ਘਰ ਸਾਚੇ ਕਰ ਪਿਆਰ । ਸਾਚਾ ਹੁਕਮ ਇਕ ਸੁਣਾਇੰਦਾ, ਤਖ਼ਤ ਨਿਵਾਸੀ ਸੱਚਾ ਸਿਕਦਾਰ । ਏਕਾ ਦੂਆ ਮੇਲ ਮਿਲਾਇੰਦਾ, ਨਿਰਗੁਣ ਨਿਰਗੁਣ ਹੋ ਉਜਿਆਰ । ਵਿਸ਼ਵ ਆਪਣੀ ਖੇਲ ਖਿਲਾਇੰਦਾ, ਵਿਸ਼ਨੂੰ ਬੰਸ ਕਰ ਤਿਆਰ । ਬ੍ਰਹਮਾ ਆਪਣੀ ਗੋਦ ਬਹਾਇੰਦਾ, ਸ਼ੰਕਰ ਕਰੇ ਪਿਆਰ । ਸਾਚੀ ਵੰਡਣ ਵੰਡ ਵੰਡਾਇੰਦਾ, ਲੋਆਂ ਪੁਰੀਆਂ ਚਰਨ ਧੂੜ ਛਾਰ । ਚਰਨ ਕਵਲਾਂ ਰਾਹ ਤਕਾਇੰਦਾ, ਏਕਾ ਪਦਮ ਕਰੇ ਪਿਆਰ । ਏਕਾ ਪਦਮ ਅਦਮ ਆਪ ਰਖਾਇੰਦਾ, ਅਬਿਨਾਸ਼ੀ ਕਰਤਾ ਬੇਐਬ ਪਰਵਰਦਿਗਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਪਰ ਅਪਾਰ । ਸਾਚਾ ਬੰਸ ਬਣਾਇੰਦਾ, ਪੂਤ ਸਪੂਤ ਏਕਾ ਜਾ । ਹਰਿ ਸਾਚੀ ਖੇਲ ਖਿਲਾਇੰਦਾ, ਨਿਰਗੁਣ ਰਚਨਾ ਲਏ ਰਚਾ । ਆਪੇ ਸੂਰਜ ਚੰਦ ਪਰਗਟਾਇੰਦਾ, ਕਿਰਨ ਜੋਤ ਕਰ ਰੁਸ਼ਨਾ । ਇਕ ਇਕ ਇਕ ਆਪਣੀ ਵੰਡ ਵੰਡਾਇੰਦਾ, ਆਪੇ ਰਖਾਏ ਥਾਉਂ ਥਾਂ । ਆਪਣੀ ਦਾਤ ਆਪ ਵਖਾਇੰਦਾ, ਤ੍ਰੈਗੁਣ ਮੇਲਾ ਸਹਿਜ ਸੁਭਾ । ਆਪਣੀ ਇਛਿਆ ਆਪ ਧਰਾਇੰਦਾ, ਪੰਜ ਤਤ ਲੇਖਾ ਦਏ ਗਣਾ । ਲੱਖ ਚੁਰਾਸੀ ਘਾੜਤ ਆਪ ਘੜਾਇੰਦਾ, ਧੁਰ ਫ਼ਰਮਾਨਾ ਦਏ ਸੁਣਾ । ਨਿਰਗੁਣ ਸਰਗੁਣ ਵੇਖ ਵਖਾਇੰਦਾ, ਪੇਖ ਪੇਖ ਪੁਰਖ ਅਬਿਨਾਸ਼ੀ ਚੜ੍ਹਿਆ ਚਾ । ਘਟ ਘਟ ਆਪਣੀ ਜੋਤ ਜਗਾਇੰਦਾ, ਨਿਰਗੁਣ ਨੂਰ ਕਰ ਰੁਸ਼ਨਾ । ਘਰ ਘਰ ਆਪਣਾ ਨਾਮ ਸੁਣਾਇੰਦਾ, ਅਨਹਦ ਨਾਦੀ ਨਾਦ ਵਜਾ । ਘਰ ਘਰ ਆਪਣਾ ਧਾਮ ਬਣਾਇੰਦਾ, ਆਤਮ ਬ੍ਰਹਮ ਸਾਚੀ ਸੇਜਾ ਦਏ ਸੁਆ । ਘਰ ਘਰ ਆਪਣਾ ਮੇਲ ਮਿਲਾਇੰਦਾ, ਰੂਪ ਅਨੂਪ ਆਪ ਧਰਾ ।

ਸਚਖੰਡ ਨਿਵਾਸੀ ਆਪਣਾ ਖੇਲ ਖਿਲਾਇੰਦਾ, ਵਾਹ ਵਾ ਆਪਣਾ ਮਾਰਗ ਲਾ । ਸੁਤ ਦੁਲਾਰਾ ਆਪ ਉਠਾਇੰਦਾ, ਏਕਾ ਅੱਖਰ ਦਏ ਪੜ੍ਹਾ । ਏਕਾ ਅੱਖਰ ਅੱਖ ਖੁਲ੍ਹਾਇੰਦਾ, ਨੇਤਰ ਨੈਣ ਕਰ ਰੁਸ਼ਨਾ । ਬ੍ਰਹਮਾ ਹਰਿ ਚਰਨ ਕਵਲ ਧਿਆਨ ਲਗਾਇੰਦਾ, ਏਕਾ ਪਦਮ ਦਏ ਦਰਸਾ । ਪਦਮ ਅੰਤਰ ਮੇਲ ਮਿਲਾਇੰਦਾ, ਏਕਾ ਗਿਆਨ ਦਏ ਦ੍ਰਿੜਾ । ਏਕਾ ਗਿਆਨ ਆਪ ਸਮਝਾਇੰਦਾ, ਚਾਰੇ ਵੇਦ ਦਏ ਲਿਖਾ । ਅੰਤਮ ਲੇਖਾ ਆਪਣੇ ਹੱਥ ਰਖਾਇੰਦਾ, ਨਾ ਕੋਈ ਸਕੇ ਭੇਵ ਖੁਲ੍ਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਰਚਨਾ ਲਏ ਰਚਾ । ਲੱਖ ਚੁਰਾਸੀ ਰਚਨ ਰਚਾਇਆ, ਹਰਿ ਸ਼ਬਦੀ ਸ਼ਬਦ ਸੁਣਾਈਆ । ਲੋਆਂ ਪੁਰੀਆਂ ਬ੍ਰਹਿਮੰਡ ਖੰਡ ਤੇਰਾ ਥਾਨ ਸੁਹਾਇਆ, ਲੋਕਮਾਤ ਵੱਜੇ ਵਧਾਈਆ । ਜੇਰਜ ਅੰਡ ਤੇਰਾ ਮੇਲ ਮਿਲਾਇਆ, ਉਤਭੁਜ ਸੇਤਜ ਕਰੀ ਕੁੜਮਾਈਆ । ਧਰਨੀ ਖ਼ਾਕ ਤੇਰੀ ਸੇਜ ਵਿਛਾਇਆ, ਜਲ ਬਿੰਬ ਜਲ ਜਲ ਧਾਰ ਵਹਾਈਆ । ਸਤ ਸਰੋਵਰ ਜਗਤ ਮੈਲ ਧਵਾਇਆ, ਕਾਇਆ ਗਾਗਰ ਸਾਗਰ ਇਕ ਵਖਾਈਆ । ਉਚੇ ਟਿੱਲੇ ਪਰਬਤ ਤੇਰਾ ਰਾਹ ਤਕਾਇਆ, ਕੈਲਾਸ਼ ਦਏ ਦੁਹਾਈਆ । ਚਰਨ ਕਵਲ ਸਮੇਰੂ ਆਪ ਬਣਾਇਆ, ਸਦ ਮੰਗਦਾ ਰਹੇ ਸਰਨਾਈਆ । ਜੁਗ ਜੁਗ ਮੇਲਾ ਲਏ ਮਿਲਾਇਆ, ਨਿਰਗੁਣ ਸਰਗੁਣ ਬੰਧਨ ਪਾਈਆ । ਗੁਰ ਅਵਤਾਰ ਰੂਪ ਧਰਾਇਆ, ਆਪਣਾ ਨਾਉਂ ਦਏ ਸੁਣਾਈਆ । ਜੁਗ ਜੁਗ ਗੇੜਾ ਦਏ ਭਵਾਇਆ, ਆਪਣੀ ਲਠ ਆਪ ਗਿੜਾਈਆ । ਸਮਰਥ ਪੁਰਖ ਖੇਲ ਰਚਾਇਆ, ਸਚਖੰਡ ਬੈਠਾ ਸੱਚਾ ਸ਼ਹਿਨਸ਼ਾਹੀਆ । ਅੰਤਮ ਵੰਡ ਆਪਣੇ ਹੱਥ ਰਖਾਇਆ, ਨਾ ਕੋਈ ਮੇਟੇ ਮੇਟ ਮਿਟਾਈਆ । ਨੌਂ ਨੌਂ ਪੰਧ ਦਏ ਚੁਕਾਇਆ, ਚਾਰ ਚਾਰ ਰਹਿਣ ਨਾ ਪਾਈਆ । ਨਿਰਗੁਣ ਆਦਿ ਪੁਰਖ ਆਪਣੀ ਧਾਰ ਵਖਾਇਆ, ਅੰਤਮ ਆਪਣੇ ਵਿਚ ਮਿਲਾਈਆ । ਲੇਖਾ ਲਿਖ ਨਾ ਕਿਸੇ ਸਮਝਾਇਆ, ਬੇਅੰਤ ਬੇਅੰਤ ਬੇਅੰਤ ਕਹਿ ਕਹਿ ਰਹੇ ਜਸ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਚਲੇ ਆਪਣੀ ਆਪ ਰਜ਼ਾਈਆ । ਆਪਣੀ ਰਜ਼ਾ ਵੇਖਣਹਾਰਾ, ਰਾਜ਼ਕ ਰਿਜ਼ਕ ਰਹੀਮ ਅਖਵਾਇੰਦਾ । ਆਪਣੀ ਦਿਸ਼ਾ ਪੇਖਣਹਾਰਾ, ਚਾਰ ਕੁੰਟ ਦਹਿ ਦਿਸ਼ਾ ਫੇਰਾ ਪਾਇੰਦਾ । ਆਪਣਾ ਹਿੱਸਾ ਵੰਡਣਹਾਰਾ, ਲੱਖ ਚੁਰਾਸੀ ਫੋਲ ਫੋਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅੰਤ ਸ੍ਰੀ ਭਗਵੰਤ, ਆਪਣਾ ਵੇਸ ਆਪ ਵਟਾਇੰਦਾ । ਆਦਿ ਵੇਸ ਵਟਾਇਆ, ਨਿਰਗੁਣ ਪੁਰਖ ਅਕਾਲ । ਸਾਚੀ ਰਚਨਾ ਆਪ ਰਚਾਇਆ, ਤ੍ਰੈਭਵਨ ਖੇਲ ਕਮਾਲ । ਅਵਣ ਗਵਣ ਵਡਿਆਇਆ, ਦੀਨ ਬੰਧਪ ਦੀਨ ਦਿਆਲ । ਲੋਆਂ ਪੁਰੀਆਂ ਸੋਭਾ ਪਾਇਆ, ਬ੍ਰਹਿਮੰਡ ਖੰਡ ਅਵਲੜੀ ਚਾਲ । ਰਵ ਸਸ ਦਏ ਰੁਸ਼ਨਾਇਆ, ਧਰਤ ਧਵਲ ਬਣਾਏ ਸਚੀ ਧਰਮਸਾਲ । ਜੁਗ ਜੁਗ ਆਪਣਾ ਰੂਪ ਵਟਾਇਆ, ਲੇਖਾ ਜਾਣੇ ਦੋ ਜਹਾਨ । ਕਲਜੁਗ ਅੰਤਮ ਭੇਵ ਛੁਪਾਇਆ, ਗੁਣਵੰਤਾ ਗੁਣ ਨਿਧਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਆਪਣੀ ਆਣ । ਅੰਤਮ ਅੰਤ ਨਿਰਗੁਣ ਧਾਰ, ਨਿਰਵੈਰ ਪੁਰਖ ਚਲਾਇੰਦਾ । ਕੋਈ ਨਾ ਵੇਖੇ ਵਿਚ ਸੰਸਾਰ, ਦਿਸ ਕਿਸੇ ਨਾ ਆਇੰਦਾ । ਮਹਾਂਬਲੀ ਬਣ ਨਿਰੰਕਾਰ, ਉੱਤਰ ਪੂਰਬ ਪੱਛਮ ਦੱਖਣ ਫੇਰਾ ਪਾਇੰਦਾ । ਵਲ ਛਲ ਸਿਰਜਣਹਾਰ, ਅਛਲ ਛਲ ਆਪਣਾ ਖੇਲ ਖਿਲਾਇੰਦਾ । ਸੀਸ ਜਗਦੀਸ ਨਾ ਕੋਇ ਆਧਾਰ, ਤਤਵ ਤੱਤ ਨਾ ਕੋਇ ਹੰਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤ ਆਪਣੇ ਹੱਥ ਰਖਾਇੰਦਾ । ਅੰਤ ਰੱਖਿਆ ਆਪਣੇ ਹੱਥ, ਭੇਵ ਕਿਸੇ ਨਾ ਪਾਇਆ । ਕਰੇ ਖੇਲ ਪੁਰਖ ਸਮਰਥ, ਨਿਰਗੁਣ ਆਪਣਾ ਰੂਪ ਵਟਾਇਆ । ਜਾਣਨਹਾਰਾ

ਘਟ ਘਟ, ਘਟ ਘਟ ਆਪਣਾ ਆਸਣ ਲਾਇਆ । ਲੱਖ ਚੁਰਾਸੀ ਜੀਵ ਜੰਤ ਵੇਖੇ ਨੱਠ ਨੱਠ, ਏਕਾ ਪਾਂਧੀ ਪੰਧ ਮੁਕਾਇਆ । ਪਾਵੇ ਸਾਰ ਤੀਰਥ ਤਟ, ਸਰ ਸਰੋਵਰ ਫੋਲ ਫੋਲਾਇਆ । ਲਹਿਣਾ ਜਾਣੇ ਚੌਦਾਂ ਹੱਟ, ਦੇਣਾ ਕੋਇ ਰਹੇ ਨਾ ਰਾਇਆ । ਚੌਦਾਂ ਤਬਕਾਂ ਮਾਰੇ ਸੱਟ, ਏਕਾ ਖੰਡਾ ਨਾਮ ਚਮਕਾਇਆ । ਨਿਰਗੁਣ ਨਿਰਵੈਰ ਪੁਰਖ ਅਕਾਲ ਆਪਣੀ ਧਾਰਾ ਵਿਚੋਂ ਆਪੇ ਹੋਏ ਪਰਗਟ, ਮਾਤ ਪਿਤ ਨਾ ਕੋਇ ਬਣਾਇਆ । ਆਪਣਿਆਂ ਆਪਣਾ ਮਾਰਗ ਜਾਏ ਦੱਸ, ਸ਼ਬਦ ਸ਼ਬਦੀ ਨਾਲ ਰਲਾਇਆ । ਕਲਜੁਗ ਜੀਵਾਂ ਕੋਲੋਂ ਰਿਹਾ ਨੱਸ, ਨੱਸ ਨੱਸ ਆਪਣਾ ਮੁਖ ਛੁਪਾਇਆ । ਆਦਿ ਅੰਤ ਆਪ ਆਪਣੇ ਹੋਇਆ ਵਸ, ਆਪਣਾ ਭਾਣਾ ਇਕ ਵਰਤਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਮ ਆਪਣਾ ਰੂਪ ਧਰਾਇਆ । ਅੰਤ ਰੂਪ ਧਰ ਨਿਰੰਕਾਰਾ, ਨਿਰਗੁਣ ਆਪਣਾ ਖੇਲ ਖਿਲਾਈਆ । ਆਦਿ ਪੁਰਖ ਸਦ ਬਣਿਆ ਰਹੇ ਕਵਾਰਾ, ਨੌਜਵਾਨ ਵਡੀ ਵਡਿਆਈਆ । ਜੁਗ ਜੁਗ ਘੱਲਦਾ ਰਿਹਾ ਅਵਤਾਰਾ, ਗੁਰ ਗੁਰ ਆਪਣਾ ਹੁਕਮ ਸੁਣਾਈਆ । ਦੇਂਦਾ ਰਿਹਾ ਸ਼ਬਦ ਭੰਡਾਰਾ, ਸਚਖੰਡ ਬੈਠਾ ਸਾਚਾ ਮਾਹੀਆ । ਲੋਕਮਾਤ ਕਰਦਾ ਰਿਹਾ ਜੈ ਜੈਕਾਰਾ, ਜਿਸ ਜਨ ਆਪਣੀ ਬੂਝ ਬੁਝਾਈਆ । ਰੂਪ ਧਰੌਂਦਾ ਰਿਹਾ ਪੀਰ ਦਸਤਗੀਰ ਸਾਚੇ ਯਾਰਾ, ਅੱਲਾ ਮੀਆਂ ਆਪਣਾ ਖੇਲ ਖਿਲਾਈਆ । ਬੀਵੀ ਖਾਵੰਦ ਖੇਲ ਨਿਆਰਾ, ਕੰਤ ਖੌਤ ਵਡੀ ਵਡਿਆਈਆ । ਔਤ ਨਾ ਜਾਏ ਹਰਿ ਨਿਰੰਕਾਰਾ, ਗੁਰਮੁਖ ਸਾਚੇ ਲਏ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤ ਆਪਣੀ ਖੇਡ ਖਲਾਈਆ । ਔਤ ਨਾ ਜਾਏ ਨਾ ਹੋਏ ਔਤਰ, ਪੁਰਖ ਅਗੰਮ ਸਚਾ ਸ਼ਹਿਨਸ਼ਾਹੀਆ । ਆਪੇ ਜਾਣੇ ਆਪਣਾ ਕੌਤਕ, ਲੇਖਾ ਲਿਖਤ ਵਿਚ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਨਿਰਾਕਾਰ ਨਿਰਵੈਰ ਕਲਜੁਗ ਅੰਤਮ ਲੋਕਮਾਤ ਸਚਖੰਡ ਇਕ ਬਣਾਈਆ । ਸਚਖੰਡ ਜਣਾਏ ਹਰਿ ਕਰਤਾਰਾ, ਲੋਕਮਾਤ ਬਣਾਇਆ । ਗੌਂਦੇ ਗਏ ਗੁਰ ਅਵਤਾਰਾ, ਜੁਗ ਜੁਗ ਨਾਦ ਸੁਣਾਇਆ । ਗੋਬਿੰਦ ਗੁਰ ਬਣ ਲਿਖਾਰਾ, ਏਕਾ ਘਰ ਗਿਆ ਸਮਝਾਇਆ । ਨਾਨਕ ਨਿਰਗੁਣ ਕਰ ਪੁਕਾਰਾ, ਏਕਾ ਰਾਹ ਤਕਾਇਆ । ਅੰਤਮ ਕਲ ਉਤਰੇ ਮਹਾਂਬਲੀ ਅਵਤਾਰਾ, ਮਾਤ ਪਿਤ ਨਾ ਕੋਇ ਵਖਾਇਆ । ਨਿਹਕਲੰਕ ਪਰਗਟ ਹੋਏ ਵਿਚ ਸੰਸਾਰਾ, ਗੋਬਿੰਦ ਢੋਲਾ ਸਾਚਾ ਗਾਇਆ । ਆਪ ਵਸਾਏ ਇਕ ਚੁਬਾਰਾ, ਸੰਭਲ ਨਗਰੀ ਨਾਉਂ ਰਖਾਈਆ । ਅੰਦਰ ਵੜੇ ਆਪ ਨਿਰੰਕਾਰਾ, ਸਚ ਸਿੰਘਾਸਣ ਇਕ ਸੁਹਾਇਆ । ਦਿਸ ਨਾ ਆਏ ਵਿਚ ਸੰਸਾਰਾ, ਲੱਖ ਚੁਰਾਸੀ ਦਏ ਭੁਲਾਇਆ । ਸਾਚਾ ਬਾਢੀ ਬਣੇ ਤਰਖਾਣਾਂ, ਸੂਤਰ ਵੇਂਤਰ ਆਪਣੇ ਹੱਥ ਰਖਾਇਆ । ਨਾਲ ਰਲਾਏ ਗੋਬਿੰਦ ਸੁਤ ਸੱਚਾ ਸਰਦਾਰਾ, ਜੱਟ ਫਟ ਦਏ ਮਿਟਾਇਆ । ਅੰਤਮ ਆਪਣੀ ਹੱਥੀਂ ਫੇਰੇ ਆਰਾ, ਬਾਹੂ ਬਲ ਆਪ ਜਣਾਇਆ । ਇਕ ਪਾਸੇ ਤਰਖਾਨ ਦੂਜੇ ਪਾਸੇ ਜੱਟ ਖਿਚੇ ਆਰਾ, ਦੋ ਜਹਾਨਾਂ ਚੀਰ ਪਵਾਇਆ । ਚੀਰ ਚੀਰ ਕਰੇ ਦੋ ਫਾੜਾ, ਨਾ ਕੋਈ ਸਕੇ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣੀ ਸੇਵ ਕਮਾਇਆ । ਨਿਰਗੁਣ ਜੋਤ ਆਈ ਦਰ, ਮੰਗੇ ਸਚ ਪਨਾਹ । ਅੰਦਰ ਵੜ ਗਈ ਡਰ, ਡਰ ਡਰ ਲੱਭਾ ਆਪਣਾ ਰਾਹ । ਗੋਬਿੰਦ ਸੂਰੇ ਲਈ ਫੜ, ਫੜੀ ਬਾਂਹ ਛੱਡੇ ਨਾ । ਕਰਕੇ ਕੌਲ ਨਾ ਜਾਈਂ ਹਰ, ਤੂੰ ਸੁਵਾਣੀ ਆਈ ਮੇਰੇ ਦਾ । ਏਕਾ ਸਾਤਾ ਛੀਕਾ ਪਾਂਜਾ ਯਾਦ ਕਰ, ਕੀਤਾ ਕੌਲ ਹੁਣ ਨਿਭਾ । ਆਪਾ ਵਾਰ ਚੁਕਾਇਆ ਮੈ ਆਪਣਾ ਡਰ, ਤੇਰਾ ਡਰ ਹੁਣ ਰੱਖਾਂ ਨਾ । ਤੈਨੂੰ ਲੱਭਣ ਨਾ ਜਾਵਾਂ ਕਿਸੇ ਥਾਂ, ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਕਰੇ ਕਰਾਏ ਸਚ ਨਿਆਂ । ਜੋਤ ਨਿਮਾਣੀ ਰਹੀ ਪੁਕਾਰ, ਉਚੀ ਕੂਕ ਸੁਣਾਇਆ । ਮੈਂ ਤੇਰੀ ਤੂੰ ਮੇਰਾ ਸ਼ੰਗਾਰ, ਤੇਰਾ ਮੇਰਾ ਏਕਾ ਘਰ ਸੁਹਾਇਆ । ਤੇਰਾ ਹੁਕਮ ਮੈਂ ਸੇਵਾਦਾਰ, ਸਾਚੀ ਸੇਵਾ ਇਕ ਸਮਝਾਇਆ । ਫੜਾਂ ਝਾੜੂ ਬਣ ਝਾੜੂ ਬਰਦਾਰ, ਲੱਖ ਚੁਰਾਸੀ ਕੂੜਾ ਦਵਾਂ ਹੁੰਝਾਇਆ । ਤੇਰੇ ਸਿਖ ਲਵਾਂ ਉਭਾਰ, ਜੋ ਸਰਸੇ ਗਿਆ ਰੁੜ੍ਹਾਇਆ । ਤੇਰਾ ਲੇਖਾ ਨਾ ਰਹੇ ਵਿਚ ਮੇਰੇ ਦਰਬਾਰ, ਮੇਰਾ ਦਰਬਾਰ ਤੇਰੇ ਰੰਗ ਰੰਗਾਇਆ । ਤੇਰਾ ਤੋੜਾ ਤੇਰੀ ਕਲਗ਼ੀ ਤੇਰੇ ਸੋਹੇ ਸੀਸ ਦਸਤਾਰ, ਤੇਰੀ ਨਾਰ ਵੇਖ ਵੇਖ ਖ਼ੁਸ਼ੀ ਮਨਾਇਆ । ਨਾ ਕੰਤ ਨਾ ਭਤਾਰ, ਇਕੋ ਨਾਰੀ ਇਕੋ ਸ਼ੰਗਾਰ, ਇਕੋ ਹੋਏ ਵੇਖਣਹਾਰ, ਦੂਜਾ ਰੂਪ ਦਿਸ ਕਿਸੇ ਨਾ ਆਇਆ । ਦੋ ਪੰਜ ਦੋ ਤੇਰਾ ਖੰਡਾ ਚਮਕੌਂਦੀ ਰਹੀ ਕਰ ਪਿਆਰ, ਪਹਿਲਾ ਦੂਆ ਨਿਰਗੁਣ ਧਾਰ, ਪਾਂਜਾ ਦੂਆ ਬਾਵਣ ਅੱਖਰੀ ਪਾਵੇ ਸਾਰ ਦੂਸਰ ਹੱਥ ਕਿਸੇ ਨਾ ਆਇਆ । ਉਠ ਸੂਰਬੀਰ ਹੋ ਤਿਆਰ, ਤੇਰਾ ਵੇਲਾ ਵਕਤ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਚਾ ਸ਼ਹਿਨਸ਼ਾਹਿਆ । ਜੋਤ ਅਕਾਲਣ ਪਈ ਜੱਟਾਂ ਵਸ, ਬ੍ਰਾਹਮਣ ਨਾਈ ਨਜ਼ਰ ਕੋਈ ਨਾ ਆਈਆ । ਕਿਸੇ ਪਾਸੇ ਨਾ ਸਕੇ ਨੱਸ, ਦੋ ਜਹਾਨਾ ਦੋ ਸੂਤਾਂ ਵਾਲਾ ਸਾਂਘਾ ਰਿਹਾ ਵਖਾਈਆ । ਆਈ ਲੁੱਟਣ ਗਈ ਫਸ, ਲੁਟਾਇਆ ਧਨ ਜੋ ਆਪਣੇ ਨਾਲ ਲਿਆਈਆ । ਫਸੀ ਫਾਂਦੀ ਰਾਹ ਰਹੀ ਦੱਸ, ਗੋਬਿੰਦ ਮਿਲਿਆ ਸਾਚਾ ਮਾਹੀਆ । ਗੁਰਸਿਖਾਂ ਹਿਰਦੇ ਅੰਦਰ ਗਈ ਵਸ, ਵਸਣਹਾਰੀ ਉਜੜ ਕਦੇ ਨਾ ਜਾਈਆ । ਨਾਲ ਲਿਆਈ ਆਪਣਾ ਮੰਮਾ ਸੋਹੰ ਰਸ, ਹੱਥੀਂ ਸਾਚਾ ਜਾਮ ਪਿਆਈਆ । ਜਿੰਨਾਂ ਚਿਰ ਗੁਰਸਿਖ ਕਹੇ ਨਾ ਬਸ ਬਸ, ਮੁਖ ਮੰਮਾਂ ਨਾ ਲਏ ਛੁਡਾਈਆ । ਤ੍ਰੈਗੁਣ ਮਾਇਆ ਡਸਨੀ ਨਾ ਡੱਸੇ ਡੱਸ, ਜ਼ਹਿਰ ਪਿਆਲਾ ਨਾ ਕੋਈ ਪਿਆਈਆ । ਕਲਜੁਗ ਵਿਕਾਰਾ ਆਪਣੀ ਜੁਤੀ ਥਲੇ ਜਾਏ ਝੱਸ, ਸੁੱਤੀ ਕਲਾ ਫੇਰ ਜਗਾਈਆ । ਆਪਣੇ ਵਿਹਾਰਾ ਕੀਤਾ ਹਰਿ ਸੰਗਤ ਇਕੱਠ, ਨਾਮ ਗੱਠ ਆਪ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਪੁਰਖ ਸਮਰਥ, ਹਰਿਜਨ ਰੱਖੇ ਦੇ ਕਰ ਹੱਥ, ਚਰਨ ਕਵਲ ਬਖ਼ਸ਼ ਇਕ ਸਰਨਾਈਆ । ਆਈ ਗੁਰਸਿਖ ਗੁਰ ਗੁਰ ਦਵਾਰ, ਗੁਰ ਗੋਬਿੰਦ ਮੇਲ ਮਿਲਾਇਆ । ਜਲਾਂ ਥਲਾਂ ਕਰ ਕਰ ਪਾਰ, ਦਰ ਏਕਾ ਸਚਾ ਪਾਇਆ । ਕਲਜੁਗ ਤੱਤੀ ਅੱਗ ਮੇਰੇ ਪੈਰ ਸੜ੍ਹ ਗਏ ਵਿਚ ਸੰਸਾਰ, ਮਾਛੂਵਾੜੇ ਪਏ ਛਾਲੇ ਭੁਲ ਕਦੇ ਨਾ ਜਾਇਆ । ਹੱਥ ਲਿਆਈ ਅੰਮ੍ਰਿਤ ਧਾਰ, ਏਕਾ ਵਾਰ ਦਏ ਬਰਸਾਇਆ । ਰੁਤ ਵਖਾਏ ਸਤਾਰਾਂ ਹਾੜ੍ਹ, ਹਰਿ ਕਾ ਪੌੜਾ ਇਕ ਬਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਵੇਖੇ ਥਾਉਂ ਥਾਂਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਇਕ ਮਕਾਨ, ਸਚ ਨਿਸ਼ਾਨ ਰਿਹਾ ਝੁਲਾਇਆ । ਹਰਿ ਸਤਿਗੁਰ ਪੰਧ ਮੁਕਾਇੰਦਾ, ਜੁਗਾ ਜੁਗੰਤਰ ਸਾਚੀ ਕਾਰ । ਸਦ ਬਖ਼ਸ਼ਿੰਦਾ ਦਯਾ ਕਮਾਇੰਦਾ, ਬਖ਼ਸ਼ਣਹਾਰ ਏਕੰਕਾਰ । ਹਰਿਜਨ ਸਾਚੇ ਚੰਦ ਚੜ੍ਹਾਇੰਦਾ, ਲੋਕਮਾਤ ਕਰ ਉਜਿਆਰ । ਬੰਦੀ ਛੋੜ ਆਪ ਅਖਵਾਇੰਦਾ, ਬੰਧਨ ਤੋੜੇ ਅੰਤਮ ਵਾਰ । ਸਾਚੇ ਕੰਢੇ ਪਾਰ ਲਗਾਇੰਦਾ, ਆਪ ਜਣਾਏ ਪਾਰ ਕਿਨਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਕਰੇ ਪਿਆਰ, ਪਿਆਰ ਕਰੇ ਪੂਰਨ ਭਗਵੰਤ, ਪੂਰੇ ਗੁਰ ਵਡੀ ਵਡਿਆਈਆ । ਹਰੀਜਨ ਮੇਲਾ ਹਰਿ ਹਰਿ ਸੰਤ, ਸਾਹਿਬ ਸਤਿਗੁਰ ਹੋਏ ਸਹਾਈਆ । ਜਨ ਬਣਾਏ ਆਪਣੀ ਬਣਤ, ਸਦ ਹੋਏ ਜਣੇਂਦੀ ਮਾਈਆ । ਲੇਖਾ ਜਾਣੇ ਅੰਤਮ ਅੰਤ, ਅੰਤਕਾਲ ਸਦਾ ਸਹਾਈਆ । ਜਿਸ ਜਣਾਏ ਆਪਣਾ ਮੰਤ, ਏਕਾ ਨਾਮ ਸਤਿ



੩੪੨
੧੦

ਪੜ੍ਹਾਈਆ । ਗੜ੍ਹ ਤੋੜੇ ਹਉਮੇ ਹੰਗਤ, ਹੰ ਬ੍ਰਹਮ ਰੂਪ ਦਰਸਾਈਆ । ਮੇਲ ਮਿਲਾਏ ਸਾਚੀ ਸੰਗਤ, ਸਗਲਾ ਸੰਗ ਆਪ ਰਖਾਈਆ । ਜਗਤ ਨਾਤਾ ਭੁੱਖ ਨੰਗਤ, ਭਗਤ ਭਗਵੰਤ ਨਾਤਾ ਚਰਨ ਸਰਨ ਸੱਚੀ ਸਰਨਾਈਆ । ਚਰਨ ਕਵਲ ਦਰਸਾਏ ਸਾਚੀ ਜੰਨਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਾਮ ਰੂਪ ਬੇਪਰਵਾਹੀਆ । ਰਾਮ ਰੂਪ ਹਰਿ ਰਘੁਨਾਥਾ, ਰਘੁਪਤ ਆਪਣਾ ਖੇਲ ਖਿਲਾਇੰਦਾ । ਸਾਵਲ ਸੁੰਦਰ ਘਨਈਆ ਚਲਾਏ ਰਾਥਾ, ਕਵਲ ਨੈਣ ਸੇਵ ਕਮਾਇੰਦਾ । ਨਿਰਧਨ ਸਰਧਨ ਦੇਵੇ ਸਾਥਾ, ਵਿਛੜ ਕਦੇ ਨਾ ਜਾਇੰਦਾ । ਮਾਨਸ ਜਨਮ ਨਾ ਆਏ ਘਾਟਾ, ਜਿਸ ਜਨ ਆਪਣੀ ਦਯਾ ਕਮਾਇੰਦਾ । ਅੰਤਕਾਲ ਕਲ ਪੁਛੇ ਵਾਤਾ, ਕਾਲ ਗਰਾਸ ਨਾ ਕੋਈ ਕਰਾਇੰਦਾ । ਜਿਸ ਦੀਆਂ ਸੁਣਦੇ ਆਏ ਗੱਲਾਂ ਬਾਤਾਂ, ਸੋ ਪੁਰਖ ਨਿਰੰਜਣ ਦਰਸ ਦਿਖਾਇੰਦਾ । ਜਿਸ ਦੀ ਕਰਦੇ ਰਹੇ ਪੂਜਾ ਪਾਠਾ, ਸੋ ਸ਼ਬਦ ਨਾਦ ਵਜਾਇੰਦਾ । ਜਿਸ ਦਾ ਨਹਾਵਣ ਨਹੌਂਦੇ ਰਹੇ ਤੀਰਥ ਅਠ ਸਾਠਾ, ਸੋ ਚਰਨ ਧੂੜ ਅਸ਼ਨਾਨ ਕਰਾਇੰਦਾ । ਜਿਸ ਦੇ ਮਿਲਣ ਦੀ ਖ਼ਾਤਰ ਨਿਉਂ ਨਿਉਂ ਟੇਕਦੇ ਰਹੇ ਮਾਥਾ, ਸੋ ਮਸਤਕ ਤਿਲਕ ਲਗਾਇੰਦਾ । ਜਿਸ ਦਾ ਰਾਹ ਕਿਸੇ ਨਾ ਆਵੇ ਹਾਥਾ, ਸੋ ਫੜ ਫੜ ਗਲੇ ਲਗਾਇੰਦਾ । ਕਰੇ ਖੇਲ ਪੁਰਖ ਸਮਰਾਥਾ, ਹਰਿਜਨ ਆਪਣੇ ਦਰ ਬਹਾਇੰਦਾ, ਇਕ ਸੁਣਾਏ ਸਾਚੀ ਗਾਥਾ, ਸੋਹੰ ਆਪਣਾ ਨਾਉਂ ਦ੍ਰਿੜਾਇੰਦਾ । ਨਾ ਕੋਈ ਦਿਵਸ ਨਾ ਕੋਈ ਰਾਤਾ, ਅੱਠੇ ਪਹਿਰ ਏਕਾ ਰੰਗ ਸਮਾਇੰਦਾ । ਨਾ ਕੋਈ ਵਰਨ ਨਾ ਕੋਈ ਜ਼ਾਤਾ, ਜ਼ਾਤ ਪਾਤ ਨਾ ਕੋਈ ਰਖਾਇੰਦਾ । ਨਾ ਕੋਈ ਧਨ ਦੌਲਤ ਮੰਗੇ ਦਾਤਾ, ਸਚ ਪ੍ਰੀਤਾ ਇਕ ਮੰਗ ਮੰਗਾਇੰਦਾ । ਨਾ ਕੋਈ ਲੇਫ ਤਲਾਈ ਮੰਗੇ ਖਾਟਾ, ਕੁੱਲੀ ਕੱਖਾਂ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਮੇਲ ਮਿਲਾਇੰਦਾ । ਨਾ ਕੋਈ ਮੰਗੇ ਦੋਹਰ ਨਿਹਾਲੀ, ਚਿਟੀ ਚਾਦਰ ਨਾ ਕੋਇ ਵਡਿਆਈਆ । ਨਿਰਗੁਣ ਰੂਪ ਜੋਤ ਅਕਾਲੀ, ਹੱਥੀਂ ਖ਼ਾਲੀ ਮਿਲ ਮਿਲ ਖ਼ੁਸ਼ੀ ਮਨਾਈਆ । ਪੰਡਤ ਪਾਂਧੇ ਮੁਲਾ ਸ਼ੇਖ ਗ੍ਰੰਥੀ ਵਿਚ ਹੋ ਹੋ ਗੁਰੂ ਘਰ ਦੀ ਮੰਗਣ ਦਲਾਲੀ, ਹੱਕ ਹਲਾਲ ਨਾ ਕੋਇ ਵਖਾਈਆ । ਅੰਤਮ ਸੁੱਕਣਾ ਬੂਟਾ ਡਾਲ੍ਹੀ, ਪਤਝੜ ਦਏ ਕਰਾਈਆ । ਸਤਿਗੁਰ ਬਣਿਆ ਲੋਤਮਾਤ ਦਾ ਸਾਚਾ ਮਾਲੀ, ਗੁਰਮੁਖਾਂ ਅੰਮ੍ਰਿਤ ਫਲ ਦਏ ਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਜਗਾਈਆ । ਹਰਿਜਨ ਜਗਾਇਆ ਗਿਆ ਜਾਗ, ਜਿਸ ਆਪਣੀ ਦਇਆ ਕਮਾਇੰਦਾ । ਜਗਤ ਵਿਕਾਰੇ ਵਿਚੋਂ ਕਾਢ, ਆਪਣੇ ਰੰਗ ਰੰਗਾਇੰਦਾ । ਨਾ ਕੋਈ ਰੂਪ ਜਣਾਏ ਸੰਤ ਸਾਧ, ਆਪਣਾ ਭੇਖ ਨਾ ਕੋਏ ਰਖਾਇੰਦਾ । ਗ਼ਰੀਬਾਂ ਅੰਦਰ ਗ਼ਰੀਬ ਨਿਵਾਜ਼, ਗ਼ਰੀਬ ਨਿਮਾਣਾ ਆਪ ਅਖਵਾਇੰਦਾ । ਪਾਤਸ਼ਾਹਾਂ ਘਰ ਜਾਏ ਸਿਰ ਤੇ ਰੱਖ ਕੇ ਤਾਜ, ਸੱਚੇ ਪਾਤਸ਼ਾਹ ਆਪਣੀ ਖੇਲ ਖਿਲਾਇੰਦਾ । ਆਪੇ ਜਾਣੇ ਨਿਰਧਨ ਸਰਧਨ ਕਾਜ, ਜਗਤ ਵਿਚੋਲਾ ਭੇਵ ਨਾ ਆਇੰਦਾ । ਨਾਤਾ ਤੋੜੇ ਸਰਬ ਸਮਾਜ, ਸਰਬ ਸੰਮਤੀ ਆਪਣੇ ਮਾਰਗ ਲਾਇੰਦਾ । ਇਕ ਸੁਣਾਏ ਸਤਿ ਆਵਾਜ਼, ਅਸਤਿ ਕੋਇ ਰਹਿਣ ਨਾ ਪਾਇੰਦਾ । ਬੁੱਕਿਆ ਸ਼ੇਰ ਮਿਰਗਾਵਲੀ ਜਾਏ ਭਾਜ, ਤੀਰ ਨਿਸ਼ਾਨ ਇਕ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਚਲਾਏ ਨਾਮ ਜਹਾਜ਼, ਉਚਾਂ ਨੀਚਾਂ ਰਾਉ ਰੰਕਾਂ ਰਾਜ ਰਾਜਾਨਾਂ ਸ਼ਾਹ ਸੁਲਤਾਨਾਂ, ਜਿਸ ਬਖ਼ਸ਼ੇ ਚਰਨ ਧਿਆਨਾ, ਤਿਸ ਉਪਰ ਆਪ ਚੜ੍ਹਾਇੰਦਾ ।

ਹਰਿਜਨ ਆਤਮ ਸੁਖ, ਹਰਿ ਚਰਨ ਕਵਲ ਦਵਾਰਾ । ਹਰਿਜਨ ਆਤਮ ਸੁਖ, ਮਿਲੇ ਮੇਲ ਪੁਰਖ ਨਿਰੰਕਾਰਾ । ਹਰਿਜਨ ਆਤਮ ਸੁਖ, ਜਿਸ ਜਨ ਬਖ਼ਸ਼ੇ ਨਾਮ ਆਧਾਰਾ । ਹਰਿਜਨ ਆਤਮ ਸੁਖ, ਜਿਸ ਜਨ ਕਰ ਕਿਰਪਾ, ਭਵਜਲ ਕਰੇ ਪਾਰ ਕਿਨਾਰਾ । ਹਰਿਜਨ ਆਤਮ ਸੁਖ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਦਰਸ ਅਗੰਮ ਅਪਾਰਾ । ਹਰਿਜਨ ਆਤਮ ਸਾਂਤ, ਸਾਂਤਕ ਸਤਿ ਸਤਿ ਕਰਾਈਆ । ਹਰਿਜਨ ਪੁਛੇ ਵਾਤ, ਵਾਹ ਵਾ ਸਤਿਗੁਰ ਸੇਵ ਕਮਾਈਆ । ਹਰਿਜਨ ਮੇਟੇ ਅੰਧੇਰੀ ਰਾਤ, ਰੈਣ ਅਮਾਵਸ ਰਹੇ ਨਾ ਰਾਈਆ । ਹਰਿਜਨ ਨਾਤਾ ਤੁੱਟੇ ਜ਼ਾਤ ਪਾਤ, ਸਾਚੀ ਜ਼ਾਤ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਖਿਲਾਇੰਦਾ, ਖ਼ਾਲਕ ਖ਼ਲਕ ਰੂਪ ਭਗਵਾਨ । ਹਰਿਜਨ ਹਰਿ ਹਰਿ ਮੇਲ ਮਿਲਾਇੰਦਾ, ਦੇਵਣਹਾਰਾ ਜੀਆ ਦਾਨ । ਜੀਵਣ ਜੁਗਤ ਆਪਣੇ ਹੱਥ ਰਖਾਇੰਦਾ, ਜੋਤੀ ਜਾਤਾ ਨਿਗਹਬਾਨ । ਜਿਸ ਸਿਰ ਆਪਣਾ ਹੱਥ ਟਿਕਾਇੰਦਾ, ਦਰਗਹਿ ਸਾਚੀ ਦੇਵੇ ਮਾਣ । ਮਾਣ ਨਿਮਾਣਿਆਂ ਆਪ ਹੋ ਜਾਇੰਦਾ, ਪਾਰਬ੍ਰਹਮ ਸ੍ਰੀ ਭਗਵਾਨ । ਆਪਣੇ ਭਾਣੇ ਸਦ ਰਹਾਇੰਦਾ, ਰਹਿਬਰ ਬਣ ਵਿਚ ਜਹਾਨ । ਆਵਣ ਜਾਵਣ ਜਾਵਣ ਆਵਣ ਆਪਣਾ ਖੇਲ ਖਿਲਾਇੰਦਾ, ਖੇਲ ਖਿਲੰਤਾ ਨੌਜਵਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੇ ਨੇਤਰ ਪੇਖੇ ਆਣ ।



★ ੨੨ ਫੱਗਣ ੨੦੧੭ ਬਿਕ੍ਰਮੀ ਬੀਬੀ ਦੀਪੋ ਦੇ ਗ੍ਰਿਹਿ ਪਿੰਡ ਦੋਸਤ ਪੁਰਾ ਜ਼ਿਲਾ ਗੁਰਦਾਸ ਪੁਰ ★

੩੪੪

ਹਰਿ ਸਤਿਗੁਰ ਵੇਸ ਵਟਾਇੰਦਾ, ਆਦਿ ਜੁਗਾਦੀ ਸਾਚੀ ਕਾਰ । ਜੁਗਾ ਜੁਗੰਤਰ ਖੇਲ ਖਿਲਾਇੰਦਾ, ਅਲਖ ਅਗੋਚਰ ਅਗੰਮ ਅਪਾਰ । ਭਗਤ ਭਗਵੰਤ ਵੇਖ ਵਖਾਇੰਦਾ, ਲੱਖ ਚੁਰਾਸੀ ਪਾਵੇ ਸਾਰ । ਸਾਚੇ ਸੰਤ ਕੰਤ ਮੇਲ ਮਿਲਾਇੰਦਾ, ਅੰਤਰ ਆਤਮ ਕਰ ਪਿਆਰ । ਗੁਰਮੁਖ ਗੁਰ ਗੁਰ ਵੇਖ ਵਖਾਇੰਦਾ, ਹਰਿ ਗੋਬਿੰਦ ਸੂਰਬੀਰ ਬਲਕਾਰ । ਗੁਰਸਿਖ ਸਾਚੇ ਵੇਖ ਵਖਾਇੰਦਾ, ਵੇਖਣਹਾਰਾ ਏਕੰਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਇਕ ਇਕੱਲਾ ਕਰੇ ਖੇਲ ਸੱਚੀ ਸਰਕਾਰ । ਸਚ ਸਰਕਾਰਾ ਹਰਿ ਨਿਰੰਕਾਰਾ, ਸੋ ਪੁਰਖ ਨਿਰੰਜਣ ਵਡੀ ਵਡਿਆਈਆ । ਨਿਰਗੁਣ ਸਰਗੁਣ ਲੈ ਅਵਤਾਰਾ, ਲੋਕਮਾਤ ਵੇਖ ਵਖਾਈਆ । ਸਤਿਜੁਗ ਤ੍ਰੇਤਾ ਦਵਾਪਰ ਕਰਿਆ ਪਾਰ ਕਿਨਾਰਾ, ਕਲਜੁਗ ਅੰਤਮ ਰੂਪ ਧਰਾਈਆ । ਸ਼ਬਦ ਅਨਾਦੀ ਧੁਰ ਜੈਕਾਰਾ, ਅਗੰਮ ਅਗੰਮੜਾ ਆਪ ਲਗਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰੇ ਖ਼ਬਰਦਾਰਾ, ਲੋਆਂ ਪੁਰੀਆਂ ਬ੍ਰਹਿਮੰਡਾ ਖੰਡਾਂ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਇਕ ਇਕੱਲਾ ਵਸਣਹਾਰਾ ਸਚ ਮਹੱਲਾ, ਸਚਖੰਡ ਦਵਾਰਾ ਆਪ ਸੁਹਾਈਆ । ਸਚਖੰਡ ਦਵਾਰ ਸ੍ਰੀ ਭਗਵਾਨ, ਇਕ ਇਕੱਲਾ ਆਸਣ ਲਾਇੰਦਾ । ਕਰੇ ਖੇਲ ਵਾਲੀ ਦੋ ਜਹਾਨ, ਕਲਜੁਗ ਅੰਤਮ ਵੇਸ ਵਟਾਇੰਦਾ । ਜੋਤੀ ਨੂਰ ਨੂਰਾਨਾ ਡਗਮਗਾਇੰਦਾ । ਸ਼ਬਦ ਉਠਾਏ ਸਤਿ ਨਿਸ਼ਾਨ, ਨੌ ਖੰਡ ਪ੍ਰਿਥਮੀ ਆਪ ਝੁਲਾਇੰਦਾ । ਹਰਿਜਨ ਸਾਚੇ ਕਰ ਪਛਾਣ, ਪਹਿਚਾਨ ਵਿਚ ਕਿਸੇ ਨਾ ਆਇੰਦਾ । ਜਨ ਭਗਤਾਂ ਦੇਵੇ ਅੰਤਰ ਆਤਮ ਬ੍ਰਹਮ ਗਿਆਨ, ਆਪਣੀ ਵਿਦਿਆ ਆਪ ਪੜ੍ਹਾਇੰਦਾ । ਸ਼ਬਦ ਨਿਰਾਲਾ ਮਾਰੇ ਬਾਣ, ਅਣਯਾਲਾ ਤੀਰ ਆਪ ਚਲਾਇੰਦਾ । ਕਾਇਆ ਮੰਦਰ ਅੰਦਰ ਗੁਰਦਵਾਰ ਵਖਾਏ ਇਕ ਮਕਾਨ, ਘਰ

ਘਰ ਵਿਚ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਤਨ ਵੇਖ ਵਖਾਇੰਦਾ । ਸੰਤਨ ਅੰਤਰ ਹਰਿ ਹਰਿ ਨਾਮ, ਆਪਣਾ ਆਪ ਦ੍ਰਿੜਾਈਆ । ਅੰਮ੍ਰਿਤ ਪਿਆਏ ਸਾਚਾ ਜਾਮ, ਜਗਤ ਤ੍ਰਿਸ਼ਨਾ ਭੁੱਖ ਮਿਟਾਈਆ । ਜੋਤ ਨਿਰੰਜਣ ਨਿਰਗੁਣ ਰੂਪ ਕਰੇ ਪਰਕਾਸ਼ ਕੋਟਨ ਭਾਨ, ਅੰਧ ਅੰਧੇਰ ਮਿਟਾਈਆ । ਚਰਨ ਧੂੜ ਸਤਿ ਸਰੂਪ ਬਖ਼ਸ਼ੇ ਇਕ ਅਸ਼ਨਾਨ, ਦੁਰਮਤ ਮੈਲ ਰਹਿਣ ਨਾ ਪਾਈਆ । ਸੁਰਤੀ ਸ਼ਬਦੀ ਮੇਲਾ ਸਾਚੇ ਕਾਹਨ, ਘਰ ਘਰ ਮੰਦਰ ਅੰਦਰ ਬੰਸਰੀ ਨਾਮ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗੰਤਰ ਹਰਿਜਨ ਸਾਚੇ ਲਏ ਮਿਲਾਈਆ । ਜੁਗਾ ਜੁਗੰਤਰ ਸਾਚੀ ਕਾਰ, ਕਰਨੀ ਕਰਤਾ ਆਪ ਕਮਾਇੰਦਾ । ਕਲਜੁਗ ਅੰਤਮ ਲੈ ਅਵਤਾਰ, ਨਿਰਗੁਣ ਨਿਰਵੈਰ ਪੁਰਖ ਆਪਣਾ ਰੂਪ ਧਰਾਇੰਦਾ । ਹਰਿਜਨ ਸਾਚੇ ਲਏ ਉਭਾਰ, ਦਿਵਸ ਰੈਣ ਵੇਖ ਵਖਾਇੰਦਾ । ਚਾਰ ਚਾਰ ਨਾ ਪਾਏ ਸਾਰ, ਨਵ ਨੌ ਮੁਖ ਭਵਾਇੰਦਾ । ਬੋਧ ਅਗਾਧਾ ਸ਼ਬਦ ਅਨਾਦਾ ਇਕ ਜੈਕਾਰ, ਬ੍ਰਹਮ ਬ੍ਰਹਿਮਾਦਾ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਬਲ ਰਖਾਇੰਦਾ । ਬਲ ਰੱਖੇ ਹਰਿ ਨਿਰੰਕਾਰਾ, ਦੂਸਰ ਅਵਰ ਨਾ ਕੋਇ ਵਡਿਆਈਆ । ਕਲਜੁਗ ਅੰਤਮ ਕਰੇ ਪਾਰ ਕਿਨਾਰਾ, ਲੋਕਮਾਤ ਰਹਿਣ ਨਾ ਪਾਈਆ । ਜੂਠ ਝੂਠ ਆਪ ਵਹਾਏ ਵਹਿੰਦੀ ਧਾਰਾ, ਪੰਜ ਤਤ ਨਾਤਾ ਦਏ ਤੁੜਾਈਆ । ਹਰਿਜਨ ਸਾਚੇ ਮੇਲ ਮਿਲਾਏ, ਦਇਆ ਕਮਾਏ ਦਰਸ ਦਿਖਾਏ ਅਗੰਮ ਅਪਾਰਾ, ਸਵਛ ਸਰੂਪੀ ਰੂਪ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਸਚਾ ਪਾਤਸ਼ਾਹ, ਸੋ ਪੁਰਖ ਨਿਰੰਜਣ ਆਪ ਅਖਵਾਇੰਦਾ । ਹਰਿ ਪੁਰਖ ਨਿਰੰਜਣ ਬਣ ਮਲਾਹ, ਲੋਕਮਾਤ ਵੇਖ ਵਖਾਇੰਦਾ । ਏਕੰਕਾਰਾ ਦਏ ਸਲਾਹ, ਸਿਫ਼ਤ ਸਲਾਹੀ ਆਪ ਹੋ ਜਾਇੰਦਾ । ਆਦਿ ਨਿਰੰਜਣ ਜੋਤ ਜਗਾ, ਘਰ ਘਰ ਨੂਰ ਡਗਮਗਾਇੰਦਾ । ਅਬਿਨਾਸ਼ੀ ਕਰਤਾ ਆਪਣਾ ਨਾਦ ਆਪ ਸੁਣਾ, ਸ਼ਬਦ ਅਨਾਦੀ ਨਾਦ ਵਜਾਇੰਦਾ । ਸ੍ਰੀ ਭਗਵਾਨ ਵਸਣਹਾਰਾ ਥਾਉਂ ਥਾਂ, ਥਾਨ ਥਨੰਤਰ ਸੋਭਾ ਪਾਇੰਦਾ । ਪਾਰਬ੍ਰਹਮ ਪ੍ਰਭ ਭੇਵ ਖੁਲ੍ਹਾ, ਆਪਣਾ ਪੜਦਾ ਆਪ ਉਠਾਇੰਦਾ । ਬ੍ਰਹਮ ਬ੍ਰਹਮ ਪ੍ਰਭ ਲਏ ਜਗਾ, ਤ੍ਰੈਗੁਣ ਤੱਤ ਮੂਲ ਚੁਕਾਇੰਦਾ । ਏਕਾ ਇਸ਼ਟ ਇਕ ਗੁਰਦੇਵ, ਏਕਾ ਦ੍ਰਿਸ਼ਟ ਦਏ ਖੁਲ੍ਹਾ, ਸ੍ਰਿਸ਼ਟ ਸਬਾਈ ਸੋਝੀ ਪਾਇੰਦਾ । ਵਰਨ ਬਰਨ ਦਏ ਮਿਟਾ, ਊਚ ਨੀਚ ਰਾਓ ਰੰਕ ਰਾਜ ਰਾਜਾਨ ਏਕਾ ਧਾਮ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਏਕਾ ਹਰਿ, ਨਰ ਨਰਾਇਣ ਖੇਲ ਖਿਲਾਇੰਦਾ । ਨਰ ਨਰਾਇਣ ਖੇਲ ਕਰਤਾਰਾ, ਕਰਤਾ ਪੁਰਖ ਆਪ ਕਰਾਈਆ । ਕਲਜੁਗ ਅੰਤਮ ਪਰਗਟ ਹੋ ਵਿਚ ਸੰਸਾਰਾ, ਰੂਪ ਅਨੂਪ ਆਪ ਵਖਾਈਆ । ਕਾਗਦ ਕ਼ਲਮ ਨਾ ਲਿਖਣਹਾਰਾ, ਚਾਰ ਵੇਦ ਦੇਣ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਹਰਿਜਨ ਸਾਚੇ ਲਏ ਮਿਲਾਈਆ । ਹਰਿਜਨ ਸਾਚਾ ਮੇਲਿਆ, ਕਰ ਕਿਰਪਾ ਗੁਣ ਨਿਧਾਨ । ਲੇਖਾ ਜਾਣੇ ਗੁਰੂ ਗੁਰ ਚੇਲਿਆ, ਗੁਰ ਮੀਤਾ ਇਕ ਭਗਵਾਨ । ਸਦਾ ਸਖਾਈ ਸੱਜਣ ਸੁਹੇਲਿਆ, ਲੇਖਾ ਜਾਣੇ ਦੋ ਜਹਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਦੇਵੇ ਮਾਣ । ਹਰਿਜਨ ਮਾਣ ਨਿਮਾਣਿਆ, ਦੇਵਣਹਾਰ ਨਿਰੰਕਾਰ । ਆਦਿ ਜੁਗਾਦਿ ਚਲਾਏ ਆਪਣੇ ਭਾਣਿਆ, ਜੁਗਾ ਜੁਗੰਤਰ ਸਾਚੀ ਕਾਰ । ਕਲਜੁਗ ਅੰਤਮ ਖੇਲ ਕਰੇ ਮਹਾਨਿਆ, ਨਵ ਸਤ ਪਾਏ ਸਾਰ । ਤਖ਼ਤੋਂ ਲਾਹੇ ਰਾਜੇ ਰਾਣਿਆ,

ਜਗਤ ਜਗਦੀਸ ਕਰ ਖ਼ਵਾਰ । ਇਕ ਸੁਣਾਏ ਧੁਰ ਫ਼ਰਮਾਨਿਆਂ, ਆਪ ਗਾਏ ਆਪਣੀ ਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਧੁਰ ਦਰਬਾਰ । ਧੁਰ ਦਰਬਾਰਾ ਲੇਖ, ਹਰਿ ਸਾਚਾ ਸਚ ਜਣਾਇੰਦਾ । ਕਲਜੁਗ ਅੰਤਮ ਮੇਟੇ ਰੇਖ, ਆਪਣੀ ਰੇਖ ਨਾ ਕੋਇ ਵਖਾਇੰਦਾ । ਜੋਤ ਅਵਲੜਾ ਧਾਰੇ ਭੇਖ, ਭੇਖਾ ਧਾਰੀ ਦਿਸ ਕਿਸੇ ਨਾ ਆਇੰਦਾ । ਲਹਿਣਾ ਦੇਣਾ ਚੁਕਾਏ ਔਲੀਆ ਪੀਰ ਸ਼ੇਖ਼, ਮੁਲਾ ਮਸਾਇਕ ਵੇਖ ਵਖਾਇੰਦਾ । ਹਰਿਜਨ ਵਿਰਲੇ ਏਕਾ ਬਖ਼ਸ਼ੇ ਚਰਨ ਪ੍ਰੀਤੀ ਸਾਚੀ ਟੇਕ, ਸਚ ਦਵਾਰਾ ਇਕ ਵਖਾਇੰਦਾ । ਅੰਤਰ ਆਤਮ ਕਰੇ ਬੁਧ ਬਬੇਕ, ਦੁਰਮਤ ਮੈਲ ਆਪ ਧਵਾਇੰਦਾ । ਤ੍ਰੈਗੁਣ ਮਾਇਆ ਨਾ ਲਾਏ ਸੇਕ, ਅਗਨੀ ਤਤ ਨਾ ਕੋਇ ਜਲਾਇੰਦਾ । ਰਾਹ ਤੱਕੇ ਬ੍ਰਹਮਾ ਵਿਸ਼ਨ ਮਹੇਸ਼, ਦਰ ਦਰਵੇਸ਼ ਸੀਸ ਝੁਕਾਇੰਦਾ । ਪਾਰਬ੍ਰਹਮ ਅਬਿਨਾਸ਼ੀ ਕਰਤਾ ਕਲਜੁਗ ਅੰਤਮ ਪਰਗਟ ਹੋਏ ਇਕ ਨਰੇਸ਼, ਨਿਹਕਲੰਕ ਨਰ ਨਰਾਇਣ ਨਾਉਂ ਧਰਾਇੰਦਾ । ਨਾ ਕੋਈ ਮੁਛ ਦਾੜ੍ਹੀ ਦਿਸੇ ਕੇਸ, ਮੂੰਡ ਮੁੰਡਾਇਆ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਹਰਿ ਮੰਦਰ ਸੋਭਾ ਪਾਇੰਦਾ । ਹਰਿ ਮੰਦਰ ਹਰਿ ਸੁਹਾਇੰਦਾ, ਸੋਭਾਵੰਤ ਏਕੰਕਾਰ । ਕਲਜੁਗ ਅੰਤਮ ਵੇਖਣ ਆਇੰਦਾ, ਹਰਿਜਨ ਹਰਿ ਹਰਿ ਸੱਜਣ ਮੀਤ ਮੁਰਾਰ । ਕਾਇਆ ਕਵਰੀ ਭਵਰੀ ਫੋਲ ਫੁਲਾਇੰਦਾ, ਵੇਖਣਹਾਰਾ ਡੂੰਘੀ ਗਾਰ । ਲੱਖ ਚੁਰਾਸੀ ਦਿਸ ਕਿਸੇ ਨਾ ਆਇੰਦਾ, ਲੱਭ ਲੱਭ ਥੱਕਾ ਸਰਬ ਸੰਸਾਰ । ਗੁਰਮੁਖ ਵਿਰਲੇ ਕਾਇਆ ਅੰਦਰ ਮੰਦਰ ਦਰਸ ਦਿਖਾਇੰਦਾ, ਜਿਸ ਜਨ ਖੋਲ੍ਹੇ ਬੰਦ ਕਿਵਾੜ । ਆਤਮ ਸੇਜਾ ਸੋਭਾ ਪਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਕਰ ਪਿਆਰ ।



੩੪੬ ੧੦

★ ੨੨ ਫਗਣ ੨੦੧੭ ਬਿਕ੍ਰਮੀ ਗੁਰਮੁਖ ਸਿੰਘ ਦੇ ਗ੍ਰਿਹਿ ਪਿੰਡ ਸ਼ੇਨ ਜ਼ਿਲਾ ਗੁਰਦਾਸ ਪੁਰ ★

ਸੋ ਪੁਰਖ ਨਿਰੰਜਣ ਮਹਿਮਾ ਅਕਥ, ਆਦਿ ਜੁਗਾਦਿ ਵਡੀ ਵਡਿਆਈਆ । ਹਰਿ ਪੁਰਖ ਨਿਰੰਜਣ ਇਕ ਸਮਰਥ, ਇਕ ਇਕੱਲਾ ਸੱਚਾ ਸ਼ਹਿਨਸ਼ਾਹੀਆ । ਏਕੰਕਾਰ ਚਲਾਏ ਆਪਣਾ ਰਥ, ਰਥ ਰਥਵਾਹੀ ਭੇਵ ਨਾ ਰਾਈਆ । ਆਦਿ ਨਿਰੰਜਣ ਆਪਣਾ ਨੂਰ ਪਰਗਟਾਏ ਸਾਚੀ ਵਥ, ਨੂਰੋ ਨੂਰ ਡਗਮਗਾਈਆ । ਸ੍ਰੀ ਭਗਵਾਨ ਆਪਣੇ ਮੰਦਰ ਰਿਹਾ ਵਸ, ਸਚਖੰਡ ਦਵਾਰਾ ਸੋਭਾ ਪਾਈਆ । ਅਬਿਨਾਸ਼ੀ ਕਰਤਾ ਆਪਣਾ ਮਾਰਗ ਆਪੇ ਦੱਸ, ਸਾਚਾ ਰਾਹ ਇਕ ਚਲਾਈਆ । ਪਾਰਬ੍ਰਹਮ ਪ੍ਰਭ ਆਪੇ ਹੋਇਆ ਆਪਣੇ ਵਸ, ਸੀਸ ਜਗਦੀਸ ਆਪ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਏਕਾ ਰੂਪ ਧਰਾਈਆ । ਆਦਿ ਜੁਗਾਦਿ ਏਕਾ ਰੂਪ, ਨਿਰਗੁਣ ਨਿਰਵੈਰ ਆਪ ਉਪਾਇੰਦਾ । ਵਸਣਹਾਰਾ ਆਪਣੀ ਕੂਟ, ਸਚ ਮਹੱਲੇ ਸੋਭਾ ਪਾਇੰਦਾ । ਸਤਿ ਸਤਿਵਾਦੀ ਆਪੇ ਤੂਠ, ਆਪਣੀ ਦਇਆ ਆਪ ਕਮਾਇੰਦਾ । ਆਪ ਪਰਗਟਾਏ ਆਪਣੀ ਨਿਰਮਲ ਜੋਤ, ਰੰਗ ਰੇਖ ਨਾ ਕੋਇ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਮਹਿਮਾ ਆਪ ਗਣਾਇੰਦਾ । ਹਰਿ ਹਰਿ ਮਹਿਮਾ ਅਪਰ ਅਪਾਰ, ਸੋ ਪੁਰਖ ਨਿਰੰਜਣ ਵਡ ਵਡਿਆਈਆ । ਹਰਿ ਪੁਰਖ ਨਿਰੰਜਣ ਜਾਣੇ ਜਾਣਨਹਾਰ, ਏਕੰਕਾਰਾ ਸਿਫ਼ਤ ਸਾਲਾਹੀਆ । ਆਦਿ ਨਿਰੰਜਣ ਆਪਣਾ ਦੀਆ ਦੀਪਕ ਕਰ ਉਜਿਆਰ, ਥਿਰ ਘਰ ਸਾਚੇ ਕਰੇ ਰੁਸ਼ਨਾਈਆ । ਅਬਿਨਾਸ਼ੀ ਕਰਤਾ ਵਸਣਹਾਰਾ ਠਾਂਡੇ ਦਰਬਾਰ,

ਸਚ ਦਵਾਰਾ ਇਕ ਸੁਹਾਈਆ । ਸ੍ਰੀ ਭਗਵਾਨ ਕਰੇ ਕਰਾਏ ਸਾਚੀ ਕਾਰ, ਕਰਨਹਾਰ ਕਰਤਾ ਪੁਰਖ ਇਕ ਅਖਵਾਈਆ । ਪਾਰਬ੍ਰਹਮ ਪ੍ਰਭ ਭੇਵ ਨਿਆਰ, ਭੇਵ ਅਭੇਦ ਆਪਣੇ ਵਿਚ ਛੁਪਾਈਆ । ਨਿਰਗੁਣ ਰੂਪ ਨਿਰਾਕਾਰ, ਸਤਿ ਸਰੂਪ ਬੇਪਰਵਾਹੀਆ । ਤਖ਼ਤ ਨਿਵਾਸੀ ਸ਼ਾਹ ਸਿਕਦਾਰ, ਸਚ ਸਿੰਘਾਸਣ ਸੋਭਾ ਪਾਈਆ, ਏਕਾ ਹੁਕਮ ਇਕ ਵਰਤਾਰ, ਧੁਰ ਫ਼ਰਮਾਨਾ ਇਕ ਸੁਣਾਈਆ । ਆਦਿ ਜੁਗਾਦੀ ਸਾਚੀ ਕਾਰ, ਜੁਗਾ ਜੁਗੰਤਰ ਵੇਸ ਵਟਾਈਆ । ਸ਼ਬਦ ਅਗੰਮੀ ਬੋਲ ਜੈਕਾਰ, ਨਾਦ ਅਨਾਦੀ ਨਾਦ ਅਲਾਈਆ । ਆਪਣਾ ਮਹੱਲ ਲਏ ਉਸਾਰ, ਸੇਵਕ ਸਾਚੀ ਸੇਵ ਕਮਾਈਆ । ਆਪੇ ਬੰਨ੍ਹੇ ਆਪਣਾ ਭਾਰ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਰਚਨ ਰਚਾਈਆ । ਆਪੇ ਕਰ ਆਪਣਾ ਆਕਾਰ, ਨਿਰਾਕਾਰ ਵੇਖ ਵਖਾਈਆ । ਆਪੇ ਹੋਏ ਸਾਚਾ ਸ਼ਾਹਕਾਰ, ਘਾੜਤ ਆਪਣੀ ਲਏ ਘੜਾਈਆ । ਆਪੇ ਹੋਏ ਘੜਨਹਾਰ, ਦੂਸਰ ਸੰਗ ਨਾ ਕੋਇ ਰਲਾਈਆ । ਸਚਖੰਡ ਨਿਵਾਸੀ ਖੇਲ ਕਰੇ ਥਿਰ ਘਰ ਬੈਠ ਸੱਚੇ ਦਵਾਰ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਸੁੰਨ ਅਗੰਮੀ ਆਪਣੀ ਧਾਰ, ਧਾਰ ਧਾਰ ਵਿਚ ਰਖਾਈਆ । ਆਪਣੀ ਇਛਿਆ ਭਰ ਭੰਡਾਰ, ਆਪੇ ਲਏ ਵਰਤਾਈਆ । ਕਰੇ ਖੇਲ ਅਗੰਮ ਅਪਾਰ, ਅਲਖ ਅਗੋਚਰ ਅਗੰਮ ਅਥਾਹ, ਬੇਪਰਵਾਹ ਦਿਸ ਕਿਸੇ ਨਾ ਆਈਆ । ਆਪਣਾ ਰੂਪ ਅਨੂਪ ਆਪ ਧਰਾ, ਆਪਣੀ ਵੰਡਣ ਆਪ ਵੰਡਾਈਆ । ਵਿਸ਼ਨ ਬ੍ਰਹਮਾ ਸ਼ਿਵ ਆਪਣੀ ਕੁੱਖੋਂ ਆਪੇ ਜਾ, ਕਵਲ ਕਵਲਾ ਆਪਣਾ ਰੂਪ ਧਰਾਈਆ । ਆਪਣਾ ਅੰਮ੍ਰਿਤ ਆਪਣਾ ਰਸ ਆਪ ਚੁਆ, ਆਪਣੇ ਅੰਤਰ ਆਪ ਟਿਕਾਈਆ । ਕਰੇ ਖੇਲ ਬੇਪਰਵਾਹ, ਪਰਵਰਦਿਗਾਰ ਸੱਚਾ ਸ਼ਹਿਨਸ਼ਾਹੀਆ । ਆਦਿ ਪੁਰਖ ਆਪਣੀ ਧਾਰ ਆਪ ਚਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਏਕਾ ਹਰਿ, ਆਪਣੀ ਰਚਨਾ ਆਪ ਰਚਾਈਆ । ਵਿਸ਼ਨ ਬ੍ਰਹਮਾ ਸ਼ਿਵ ਉਪਾਇਆ, ਨਿਰਗੁਣ ਨਿਰਵੈਰ ਕਰ ਪਿਆਰ । ਸ਼ਬਦ ਡੋਰੀ ਤੰਦ ਬੰਧਾਇਆ, ਪੁਰਖ ਅਬਿਨਾਸ਼ੀ ਏਕਾ ਵਾਰ । ਸਚ ਸੰਦੇਸ਼ਾ ਨਾਉਂ ਸੁਣਾਇਆ, ਨਾਉਂ ਰਖ ਆਪ ਨਿਰੰਕਾਰ । ਨਰ ਨਰੇਸ਼ਾ ਏਕਾ ਨਜ਼ਰੀ ਆਇਆ, ਰਾਜ ਰਾਜਾਨਾ ਹਰਿ ਕਰਤਾਰ । ਸੀਸ ਜਗਦੀਸ ਇਕ ਸੁਹਾਇਆ, ਤਖ਼ਤ ਨਿਵਾਸੀ ਹੋ ਤਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਕਰੇ ਖੇਲ ਏਕੰਕਾਰ । ਏਕੰਕਾਰਾ ਖੇਲ ਖਿਲਾਇੰਦਾ, ਆਦਿ ਨਿਰੰਜਣ ਸਾਚਾ ਮੀਤ । ਹਰਿ ਪੁਰਖ ਨਿਰੰਜਣ ਵੇਖ ਵਖਾਇੰਦਾ, ਅਬਿਨਾਸ਼ੀ ਕਰਤਾ ਇਕ ਅਤੀਤ । ਸੋ ਪੁਰਖ ਨਿਰੰਜਣ ਡਗਮਗਾਇੰਦਾ, ਸ੍ਰੀ ਭਗਵਾਨ ਠਾਂਡਾ ਸੀਤ । ਆਦਿ ਪੁਰਖ ਆਪਣਾ ਰੂਪ ਆਪ ਪਰਗਟਾਇੰਦਾ, ਪਾਰਬ੍ਰਹਮ ਚਲਾਏ ਆਪਣੀ ਰੀਤ । ਨਰ ਹਰਿ ਭੇਵ ਕੋਇ ਨਾ ਆਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਵਸੇ ਧਾਮ ਅਨਡੀਠ । ਧਾਮ ਅਵੱਲੜਾ ਇਕ ਇਕੱਲਾ, ਸਤਿ ਪੁਰਖ ਨਿਰੰਜਣ ਆਸਣ ਲਾਇੰਦਾ । ਦੀਵਾ ਬਾਤੀ ਕਮਲਾਪਾਤੀ ਆਪ ਟਿਕਾਏ ਸਚ ਮਹੱਲਾ, ਉਚ ਅਟੱਲਾ ਆਪ ਬਣਾਇੰਦਾ । ਆਪਣੇ ਪਰਕਾਸ਼ ਆਪੇ ਰਲਾ, ਸੂਰਜ ਚੰਨ ਨਾ ਕੋਇ ਚੜ੍ਹਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਅਛਲ ਅਛੱਲਾ, ਵਲ ਛਲਧਾਰੀ ਖੇਲ ਖਿਲਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਫੜਾਏ ਆਪਣਾ ਪੱਲਾ, ਸ਼ਬਦ ਸ਼ਬਦੀ ਆਪ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣਾ ਭੇਵ ਆਪ ਖੁਲ੍ਹਾਇੰਦਾ । ਆਦਿ ਪੁਰਖ ਹਰਿ ਭੇਵ ਖੁਲ੍ਹਾਵਣਾ, ਅਗੰਮ ਅਗੰਮੜਾ ਬੋਲ ਜੈਕਾਰ । ਆਪਣਾ ਪਰਦਾ ਆਪ ਉਠਾਵਣਾ, ਅਜੂਨੀ ਰਹਿਤ ਪੁਰਖ ਅਕਾਲ । ਆਪਣੇ ਮੰਦਰ ਸੋਭਾ ਪਾਵਣਾ, ਸਚਖੰਡ

ਸੱਚੀ ਧਰਮਸਾਲ । ਆਪਣਾ ਦੀਪਕ ਆਪ ਜਗਾਵਣਾ, ਆਪੇ ਨੂਰੀ ਜਲਵਾ ਕਰੇ ਜਲਾਲ । ਆਪਣਾ ਸ਼ਬਦ ਅਨਾਦਿ ਵਜਾਵਣਾ, ਨਾਦ ਅਨਾਦੀ ਹੋ ਮਿਹਰਵਾਨ । ਬੋਧ ਅਗਾਧੀ ਢੋਲਾ ਗਾਵਣਾ, ਗਾਵਣਹਾਰਾ ਏਕੰਕਾਰ । ਮੋਹਣ ਮਾਧਵ ਮਾਧੀ ਖੇਲ ਖਿਲਾਵਣਾ, ਆਪੇ ਹੋਏ ਖੇਲਣਹਾਰ । ਦਾਸੀ ਦਾਸ ਆਪਣਾ ਰੂਪ ਧਰਾਵਣਾ, ਬਿਸਮਲ ਕੋਇ ਨਾ ਪਾਵੇ ਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਏਕਾ ਹਰਿ, ਵਸਣਹਾਰਾ ਸਚਖੰਡ ਸੱਚੇ ਦਵਾਰ । ਸਚਖੰਡ ਦਵਾਰਾ ਸੋਭਾਵੰਤ, ਸੋ ਪੁਰਖ ਨਿਰੰਜਣ ਆਪ ਸੁਹਾਈਆ । ਨਰ ਨਰਾਇਣ ਬੈਠਾ ਏਕਾ ਕੰਤ, ਦਰ ਘਰ ਸਾਚੇ ਸੋਭਾ ਪਾਈਆ । ਆਪਣਾ ਲੇਖਾ ਜਾਣੇ ਆਦਿ ਅੰਤ, ਦੂਸਰ ਭੇਵ ਨਾ ਕੋਈ ਪਾਈਆ । ਆਪਣਾ ਨਾਉਂ ਪਰਗਟਾਏ ਸਾਚਾ ਮੰਤ, ਮੰਤਰ ਨਾਮ ਆਪ ਦ੍ਰਿੜਾਈਆ । ਆਪ ਬਣਾਏ ਸਾਚੀ ਬਣਤ, ਤ੍ਰੈ ਤ੍ਰੈ ਘਾੜਨ ਆਪ ਘੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਪੁਰਖ ਅਨਾਦਾ ਅਨਾਦੀ ਵੇਸ ਵਟਾਈਆ । ਵੇਸ ਵਟਾਏ ਸ੍ਰੀ ਭਗਵਾਨ, ਭੇਦ ਅਭੇਦ ਅਭੇਦ ਖੁਲ੍ਹਾਇੰਦਾ । ਸਚਖੰਡ ਨਿਵਾਸੀ ਨੌਜਵਾਨ, ਬਿਰਧ ਬਾਲ ਨਾ ਰੂਪ ਵਟਾਇੰਦਾ । ਸਤਿ ਉਠਾਏ ਆਪ ਨਿਸ਼ਾਨ, ਦੋ ਜਹਾਨ ਆਪ ਝੁਲਾਇੰਦਾ । ਸ਼ਾਹੋ ਭੂਪ ਵਡ ਰਾਜ ਰਾਜਾਨ, ਸਾਚਾ ਤਾਜ ਸੀਸ ਟਿਕਾਇੰਦਾ । ਦੇਵਣਹਾਰਾ ਇਕ ਮਕਾਨ, ਸਾਚਾ ਮੰਦਰ ਆਪ ਬਣਾਇੰਦਾ । ਕਰੇ ਪਰਕਾਸ਼ ਆਪਣੇ ਭਾਨ, ਨੂਰੋ ਨੂਰ ਨੂਰ ਆਪ ਧਰਾਇੰਦਾ । ਆਪਣੀ ਭੇਟ ਦੇਵੇ ਦਾਨ, ਆਪਣੀ ਇਛਿਆ ਪੂਰ ਕਰਾਇੰਦਾ । ਲੇਖਾ ਜਾਣੇ ਗੁਣ ਨਿਧਾਨ, ਗੁਣ ਦਾਤਾ ਆਪ ਸੁਹਾਇੰਦਾ । ਤ੍ਰੈਗੁਣ ਮਾਇਆ ਕਰ ਪਰਵਾਨ, ਤ੍ਰੈ ਤ੍ਰੈ ਬੰਧਨ ਆਪੇ ਪਾਇੰਦਾ । ਨਾ ਕੋਈ ਕਰੇ ਪਛਾਨ, ਆਦਿ ਪੁਰਖ ਦਿਸ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸੀ ਏਕਾ ਹਰਿ, ਸਾਚੇ ਤਖ਼ਤ ਸੋਭਾ ਪਾਇੰਦਾ । ਸੋ ਪੁਰਖ ਨਿਰੰਜਣ ਖੇਲ ਖਿਲਾਇੰਦਾ, ਅਲਖ ਅਗੋਚਰ ਇਕ ਅਗੰਮ । ਹਰਿ ਪੁਰਖ ਨਿਰੰਜਣ ਵੇਸ ਵਟਾਇੰਦਾ, ਨਾ ਮਰੇ ਨਾ ਪਏ ਜੰਮ । ਏਕੰਕਾਰਾ ਕਾਰ ਕਮਾਇੰਦਾ, ਆਦਿ ਜੁਗਾਦੀ ਜਾਣੇ ਆਪਣਾ ਕੰਮ । ਆਦਿ ਨਿਰੰਜਣ ਜੋਤੀ ਡਗਮਗਾਇੰਦਾ, ਨਾ ਕੋਈ ਸੂਰਜ ਨਾ ਕੋਈ ਚੰਨ । ਅਬਿਨਾਸ਼ੀ ਕਰਤਾ ਧਾਮ ਸੁਹਾਇੰਦਾ, ਸਚ ਦਵਾਰਾ ਬੇੜਾ ਬੰਨ੍ਹ । ਸ੍ਰੀ ਭਗਵਾਨ ਰੰਗ ਰੰਗਾਇੰਦਾ, ਰੰਗਣਹਾਰ ਇਕ ਭਗਵਨ । ਪਾਰਬ੍ਰਹਮ ਆਪਣੀ ਕਲ ਆਪ ਵਰਤਾਇੰਦਾ, ਅਕਲ ਕਲਧਾਰੀ ਨੌਜਵਾਨ । ਦਰਗਹਿ ਸਾਚੀ ਧਾਮ ਸੁਹਾਇੰਦਾ, ਸਚ ਸਿੰਘਾਸਣ ਬੈਠਾ ਮੱਲ । ਸ਼ਾਹ ਸੁਲਤਾਨਾ ਨਾਉਂ ਧਰਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਹੋਏ ਜਾਣੀ ਜਾਣ । ਜਾਣੀ ਜਾਣ ਹਰਿ ਨਿਰੰਕਾਰਾ, ਆਪਣਾ ਖੇਲ ਆਪ ਖਿਲਾਈਆ । ਆਦਿ ਆਦਿ ਹਰਿ ਕਰ ਪਸਾਰਾ, ਮਧ ਆਪਣੀ ਧਾਰ ਚਲਾਈਆ । ਸ਼ਬਦੀ ਸ਼ਬਦ ਹੋ ਉਜਿਆਰਾ, ਰੂਪ ਅਨੂਪ ਆਪ ਧਰਾਈਆ । ਤ੍ਰੈ ਤ੍ਰੈ ਘਾੜਨ ਘੜ ਕਰੇ ਖੇਲ ਅਗੰਮ ਅਪਾਰਾ, ਖੇਲਣਹਾਰਾ ਭੇਵ ਨਾ ਰਾਈਆ । ਲੱਖ ਚੁਰਾਸੀ ਬਣ ਵਰਤਾਰਾ, ਵਸਤ ਅਮੋਲਕ ਏਕਾ ਝੋਲੀ ਪਾਈਆ । ਜੁਗ ਚੌਕੜੀ ਦਏ ਸਹਾਰਾ, ਗੁਰ ਅਵਤਾਰਾ ਰੂਪ ਧਰਾਈਆ । ਨਾਉਂ ਨਿਰੰਕਾਰਾ ਬੋਲ ਜੈਕਾਰਾ, ਜੀਵਾਂ ਜੰਤਾਂ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਭੇਵ ਖੁਲ੍ਹਾਈਆ । ਹਰਿ ਅੰਤਮ ਭੇਵ ਖੁਲ੍ਹਾਵਣਾ, ਆਦਿ ਜੁਗਾਦੀ ਕਾਰ । ਸਤਿਜੁਗ ਤ੍ਰੇਤਾ ਦਵਾਪਰ ਵੇਖ ਵਖਾਵਣਾ, ਸ਼ਾਹੋ ਭੂਪ ਸੱਚੀ ਸਰਕਾਰ । ਕਲਜੁਗ ਅੰਤਮ ਰੂਪ ਧਰਾਵਣਾ, ਨਿਰਗੁਣ ਨਿਰਵੈਰ ਪੁਰਖ ਅਕਾਲ । ਸੀਸ ਤਾਜ ਇਕ ਸੁਹਾਵਣਾ, ਸ਼ਾਹ ਪਾਤਸ਼ਾਹ ਸੱਚੀ

ਸਰਕਾਰ । ਸਚ ਸਿੰਘਾਸਣ ਸੋਭਾ ਪਾਵਣਾ, ਸੋਭਾਵੰਤ ਹੋਏ ਨਿਰੰਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਕਰਾਏ ਸਚ ਵਿਹਾਰ । ਸਚ ਵਿਹਾਰਾ ਕਰਨੇ ਆਇਆ, ਕਲਜੁਗ ਤੇਰੀ ਅੰਤਮ ਵਾਰ । ਨਿਹਕਰਮੀ ਨਿਹਕਾਮੀ ਨਿਹਕਲੰਕ ਕਲ ਜਾਮਾ ਪਾਇਆ, ਨਿਰਗੁਣ ਰੂਪ ਹੋ ਉਜਿਆਰ । ਧੁਰ ਫ਼ਰਮਾਨਾ ਹੁਕਮ ਸੁਣਾਇਆ, ਸ਼ਬਦ ਅਨਾਦੀ ਧਾਰ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਚਾਰੇ ਲਏ ਉਠਾਇਆ, ਏਕਾ ਵਾਰ ਕਰੇ ਖ਼ਬਰਦਾਰ । ਤੇਈ ਅਵਤਾਰ ਸੋਇਆ ਕੋਇ ਰਹਿਣ ਨਾ ਪਾਇਆ, ਏਕਾ ਵਾਰ ਦਏ ਹੁਲਾਰ । ਭਗਤ ਅਠਾਰਾਂ ਮੇਲ ਮਿਲਾਇਆ, ਅਠ ਦਸ ਲੇਖਾ ਜਾਣੇ ਆਪ ਨਿਰੰਕਾਰ । ਚਾਰੇ ਵੇਦ ਲਏ ਪੜ੍ਹਾਇਆ, ਬ੍ਰਹਮਾ ਵੇਤਾ ਕਰੇ ਖ਼ਬਰਦਾਰ । ਵਿਸ਼ਨ ਭੰਡਾਰਾ ਲਏ ਉਠਾਇਆ, ਹੁਕਮ ਸੁਣਾਏ ਸਾਚਾ ਯਾਰ । ਸ਼ੰਕਰ ਬਾਸ਼ਕ ਤਸ਼ਕਾ ਗਲ ਲਟਕਾਇਆ, ਦਰ ਆਏ ਕਰੇ ਨਿਮਸਕਾਰ । ਵੇਦ ਵਿਆਸਾ ਆਪਣਾ ਲੇਖਾ ਦਏ ਲਿਖਾਇਆ, ਪੁਰਾਨ ਅਠਾਰਾਂ ਏਕਾ ਧਾਰ । ਅਰਜਨ ਤਤ ਦਏ ਦ੍ਰਿੜਾਇਆ, ਗੀਤਾ ਗਿਆਨ ਬੋਲ ਉਚਾਰ । ਈਸਾ ਮੂਸਾ ਮੁਖ ਨਕਾਬ ਆਪੇ ਲਾਇਆ, ਰਾਹ ਤਕੇ ਪਰਵਰਦਿਗਾਰ । ਸੰਗ ਮੁਹੰਮਦ ਨੈਣ ਉਠਾਇਆ, ਮੇਲਾ ਮਿਲਿਆ ਚਾਰ ਯਾਰ । ਅੱਲਾ ਰਾਣੀ ਨੈਣ ਸ਼ਰਮਾਇਆ, ਨੇਤਰ ਰੋਵੇ ਜ਼ਾਰੋ ਜ਼ਾਰ । ਨਾਨਕ ਧੁਰ ਫ਼ਰਮਾਨਾ ਇਕ ਸੁਣਾਇਆ, ਗੋਬਿੰਦ ਫ਼ਤਿਹ ਬੋਲ ਜੈਕਾਰ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਆਦਿ ਜੁਗਾਦੀ ਵੇਖ ਵਖਾਇਆ, ਨਿਰਗੁਣ ਸਰਗੁਣ ਪਾਵੇ ਸਾਰ । ਬੈਕੁੰਠ ਨਿਵਾਸੀ ਕਿਸੇ ਦਿਸ ਨਾ ਆਇਆ, ਥਿਰ ਘਰ ਬੈਠਾ ਹੋ ਉਜਿਆਰ । ਕਲਜੁਗ ਅੰਤਮ ਕਰੇ ਰੁਸ਼ਨਾਇਆ, ਦੀਵਾ ਬਾਤੀ ਇਕ ਪਿਆਰ । ਕਾਗਦ ਕ਼ਲਮ ਕੋਇ ਭੇਵ ਨਾ ਪਾਇਆ, ਲੇਖਾ ਲਿਖੇ ਨਾ ਵਿਚ ਸੰਸਾਰ । ਚਾਰੇ ਬਾਣੀ ਦਏ ਦੁਹਾਇਆ, ਛੱਤੀ ਰਾਗ ਕਰਨ ਵਿਚਾਰ । ਹਰਿ ਕਾ ਰੂਪ ਕਿਸੇ ਦਿਸ ਨਾ ਆਇਆ, ਸਿਫ਼ਤੀ ਸਿਫ਼ਤ ਸਿਫ਼ਤ ਸਾਲਾਹੀ ਏਕਾ ਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਏਕਾ ਲਾਏ ਸੱਚਾ ਦਰਬਾਰ । ਸਚ ਦਰਬਾਰ ਲਗਾਵਣਾ, ਕਲ ਕਲਕੀ ਲਏ ਅਵਤਾਰ । ਸਤਿਜੁਗ ਆਪਣੇ ਚਰਨ ਬਹਾਵਣਾ, ਤ੍ਰੇਤਾ ਕਰੇ ਪਿਆਰ । ਦਵਾਪਰ ਵੇਖ ਵਖਾਵਣਾ, ਬਣ ਬਣ ਮੀਤ ਮੁਰਾਰ । ਕਲਜੁਗ ਰੰਗ ਰੰਗਾਵਣਾ, ਰੰਗ ਰੰਗੀਲਾ ਇਕ ਕਰਤਾਰ । ਛੈਲ ਛਬੀਲਾ ਵੇਸ ਧਰਾਵਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਆਪ ਨਿਰੰਕਾਰ । ਸਚ ਦਰਬਾਰ ਜਾਏ ਲੱਗ, ਸਚਖੰਡ ਨਿਵਾਸੀ ਆਪ ਲਗਾਈਆ । ਉਪਰ ਬਹੇ ਸੂਰਾ ਸਰਬੱਗ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਨੌ ਸਤ ਦੀਪਕ ਜੋਤੀ ਜਾਏ ਜਗ, ਬ੍ਰਹਿਮੰਡ ਖੰਡ ਕਰੇ ਰੁਸ਼ਨਾਈਆ । ਧਰਤ ਧਵਲ ਆਕਾਸ਼ ਪਰਕਾਸ਼ ਏਕਾ ਲੋ ਜਾਏ ਲਗ, ਰਵ ਸਸ ਮੁਖ ਸ਼ਰਮਾਈਆ । ਦੋ ਜਹਾਨ ਹੋਏ ਪਰਗਟ, ਪਰਮ ਪੁਰਖ ਵਡੀ ਵਡਿਆਈਆ । ਲੇਖਾ ਵੇਖੇ ਚੌਦਾਂ ਲੋਕ ਚੌਦਾਂ ਹੱਟ, ਚੌਦਾਂ ਤਬਕਾਂ ਫੇਰਾ ਪਾਈਆ । ਲੱਖ ਚੁਰਾਸੀ ਅੰਦਰ ਆਪਣਾ ਸੱਥਰ ਘਤ, ਫੋਲ ਫੋਲਾਏ ਸਰਬ ਲੋਕਾਈਆ । ਤ੍ਰੈਗੁਣ ਮਾਇਆ ਪਾਵੇ ਨੱਥ, ਪੰਚਮ ਤਤ ਨੱਠ ਨਾ ਜਾਈਆ । ਨਾਮ ਮਧਾਣੇ ਵਿਰੋਲੇ ਤੀਰਥ ਅਠਸਠ, ਗੰਗਾ ਗੋਦਾਵਰੀ ਜਮਨਾ ਸੁਰਸਤੀ ਨੇਤਰ ਨੈਣਾਂ ਨੀਰ ਵਹਾਈਆ । ਵਸਣਹਾਰਾ ਘਟ ਘਟ, ਉਚੇ ਟਿੱਲੇ ਪਰਬਤ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਾਹ ਪਾਤਸ਼ਾਹ ਹਰਿ ਨਿਰੰਕਾਰਾ, ਦੂਸਰ ਅਵਰ ਨਾ ਕੋਇ ਜਣਾਇੰਦਾ । ਆਪਣਾ ਹੁਕਮ ਵਰਤੇ ਸਚ ਵਰਤਾਰਾ, ਧੁਰ ਫ਼ਰਮਾਨਾ ਆਪ ਜਣਾਇੰਦਾ । ਹੁਕਮੇ ਅੰਦਰ

੩੪੯
੧੦

ਰੱਖੇ ਬ੍ਰਹਿਮੰਡ ਖੰਡ ਰਵ ਸਸ ਸਤਾਰਾ, ਮੰਡਲ ਮੰਡਪ ਆਪਣੇ ਹੁਕਮੇ ਅੰਦਰ ਫਿਰਾਇੰਦਾ । ਏਕਾ ਏਕ ਦੇਵਣਹਾਰ ਵੰਡ, ਕਰੇ ਕਰਾਏ ਖੰਡ ਖੰਡ, ਨਾਮ ਖੰਡਾ ਇਕ ਚਮਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗੰਤਰ ਜੁਗ ਕਰਤਾ ਆਪਣਾ ਨਾਉਂ ਧਰਾਇੰਦਾ । ਕਲਜੁਗ ਦਰਬਾਰਾ ਸਚ ਸੁਹੰਜਣਾ, ਹਰਿ ਸਾਚਾ ਆਪ ਲਗਾਈਆ । ਕਰੇ ਖੇਲ ਪੁਰਖ ਨਿਰੰਜਣਾ, ਨਰ ਨਰਾਇਣ ਵਡੀ ਵਡਿਆਈਆ । ਸਤਿਜੁਗ ਤ੍ਰੇਤਾ ਦਵਾਪਰ ਆਪੇ ਪਰਦਾ ਕੱਜਣਾ, ਕਲਜੁਗ ਵੇਖੇ ਥਾਉਂ ਥਾਈਆ । ਧਰਤ ਧਵਲ ਆਕਾਸ਼ ਬ੍ਰਹਮਾ ਵਿਸ਼ਨ ਸ਼ਿਵ ਉਠ ਉਠ ਭੱਜਣਾ, ਧੀਰਜ ਧੀਰ ਨਾ ਕੋਈ ਧਰਾਈਆ । ਪੰਜ ਤਤ ਤ੍ਰੈਗੁਣ ਜੋ ਘੜਿਆ ਸੋ ਭੱਜਣਾ, ਭੰਨਣਹਾਰਾ ਫੇਰਾ ਪਾਈਆ । ਕਿਸੇ ਨਾ ਮਿਲੇ ਸਾਚਾ ਮਜਨਾ, ਧੂੜੀ ਅਸ਼ਨਾਨ ਨਾ ਕੋਈ ਵਖਾਈਆ । ਵੇਲੇ ਅੰਤ ਪਰਦਾ ਕਿਸੇ ਨਾ ਕੱਜਣਾ, ਜੂਠੀ ਝੂਠੀ ਲੱਗੀ ਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਖਿਲਾਇੰਦਾ, ਬੇਐਬ ਖ਼ੁਦਾਈ ਪਰਵਰਦਿਗਾਰ । ਹਕ ਹਕ਼ੀਕਤ ਵੇਖ ਵਖਾਇੰਦਾ, ਲਾਸ਼ਰੀਕ ਸਾਂਝਾ ਯਾਰ । ਆਪਣੀ ਤੌਫ਼ੀਕ਼ ਆਪ ਧਰਾਇੰਦਾ, ਜੋਧਾ ਸੂਰਬੀਰ ਬਲਕਾਰ । ਜਗਤ ਤਾਰੀਕ ਆਪ ਮਿਟਾਇੰਦਾ, ਜਲਵਾ ਨੂਰ ਕਰ ਉਜਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਇੰਦਾ । ਹਰਿ ਹਰਿ ਭੇਵ ਖੁਲ੍ਹਾਵਣਾ, ਕਲਜੁਗ ਅੰਤਮ ਵਾਰ । ਸਤਿਜੁਗ ਤ੍ਰੇਤਾ ਦਵਾਪਰ ਆਪਣਾ ਗਵਾਹ ਬਣਾਵਣਾ, ਕਰੇ ਖੇਲ ਅਗੰਮ ਅਪਾਰ । ਚਾਰ ਵੇਦਾਂ ਸੰਗ ਰਲਾਵਣਾ, ਵੇਦ ਵਿਆਸਾ ਬਣੇ ਵਿਚੋਲਾ ਵਿਚ ਸੰਸਾਰ । ਭਰਮ ਭੁਲੇਖਾ ਸਰਬ ਕਢਾਵਣਾ, ਪੁਰਖ ਅਬਿਨਾਸ਼ੀ ਹੋ ਤਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚੀ ਸਰਕਾਰ । ਸਚ ਸਰਕਾਰ ਸੱਚਾ ਸ਼ਾਹ, ਸਾਚਾ ਤਖ਼ਤ ਆਪ ਸੁਹਾਇੰਦਾ । ਕਲਜੁਗ ਅੰਤਮ ਬਣੇ ਮਲਾਹ, ਦੋ ਜਹਾਨਾਂ ਬੇੜਾ ਆਪਣੇ ਹੱਥ ਰਖਾਇੰਦਾ । ਕਲਜੁਗ ਰੋਵੇ ਉਠ ਉਠ ਮਾਰੇ ਧਾਹ, ਨੇਤਰ ਨੈਣਾਂ ਨੀਰ ਵਹਾਇੰਦਾ । ਚਾਰ ਕੁੰਟ ਕੋਏ ਸੱਜਣ ਦਿਸੇ ਨਾ, ਸਗਲਾ ਸੰਗ ਨਾ ਕੋਇ ਵਖਾਇੰਦਾ । ਚਾਰ ਯਾਰੀ ਕਰ ਜਾਏ ਨਾ, ਪੀਰ ਦਸਤਗੀਰ ਪੱਲੂ ਨਾ ਕੋਇ ਫੜਾਇੰਦਾ । ਵੇਲੇ ਅੰਤ ਨਾ ਦੇਵੇ ਕੋਇ ਪਨਾਹ, ਸਿਰ ਹੱਥ ਨਾ ਕੋਇ ਧਰਾਇੰਦਾ । ਲੱਖ ਚੁਰਾਸੀ ਤੇਰਾ ਬਖ਼ਸ਼ੇ ਨਾ ਕੋਈ ਗੁਨਾਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਰਬਾਰ ਆਪ ਸੁਹਾਇੰਦਾ । ਸਚ ਦਰਬਾਰ ਸੁਹਾਵਣਾ ਹਰਿ ਹਰਿ ਪੁਰਖ ਅਕਾਲ । ਆਦਿ ਆਪਣਾ ਕੀਤਾ ਕੌਲ ਨਿਭਾਵਣਾ, ਅੰਤ ਭੁਲ ਨਾ ਜਾਏ ਵਾਲੀ ਦੋ ਜਹਾਨ । ਭਗਤ ਭਗਵੰਤ ਵੇਖ ਵਖਾਵਣਾ, ਸਾਚੇ ਸੰਤ ਕਰ ਪਹਿਚਾਨ । ਗੁਰਮੁਖ ਗੁਰ ਗੁਰ ਮੇਲ ਮਿਲਾਵਣਾ, ਗੁਰਸਿਖ ਦੇਵੇ ਜੀਆ ਦਾਨ । ਆਤਮ ਦੀਪ ਜੋਤ ਇਕ ਜਗਾਵਣਾ, ਬ੍ਰਹਮ ਪਾਰਬ੍ਰਹਮ ਕਰੇ ਪਰਧਾਨ । ਸਾਚਾ ਮੰਦਰ ਇਕ ਵਖਾਵਣਾ, ਪੰਜ ਤਤ ਕਾਇਆ ਜਗਤ ਨਿਸ਼ਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਜੋਧਾ ਸੂਰ ਬਲੀ ਬਲਵਾਨ । ਸੂਰਬੀਰ ਹਰਿ ਬਲਵਾਨਾ, ਪਰਮ ਪੁਰਖ ਵਡੀ ਵਡਿਆਈਆ । ਧਰਾਏ ਰੂਪ ਮਰਦ ਮਰਦਾਨਾ, ਮਰਦਨ ਕਰੇ ਸਰਬ ਲੋਕਾਈਆ । ਸ਼ਬਦ ਗਾਏ ਇਕ ਤਰਾਨਾ, ਤਾਰ ਸਤਾਰ ਨਾ ਕੋਇ ਵਖਾਈਆ । ਸਚ ਸੁਣਾਏ ਧੁਰ ਫ਼ਰਮਾਨਾ, ਭੁਲ ਕੋਇ ਨਾ ਜਾਈਆ । ਕਲਜੁਗ ਅੰਤਮ ਤਖ਼ਤੋਂ ਲਾਹੇ ਰਾਜਾ ਰਾਣਾ, ਸੀਸ ਤਾਜ ਨਾ ਕੋਇ ਟਿਕਾਈਆ । ਕਰੇ ਖੇਲ ਵਾਲੀ ਦੋ ਜਹਾਨਾਂ, ਨਾ ਕੋਇ ਮੇਟੇ ਮੇਟ ਮਿਟਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਕਰਤਾ ਇਕ ਅਖਵਾਈਆ । ਜੁਗ ਕਰਤਾ ਹਰਿ ਕਰਨੇਯੋਗ, ਇਕ ਇਕੱਲਾ ਖੇਲ ਖਿਲਾਇੰਦਾ । ਹਰਿਜਨ ਦੇਵੇ ਦਰਸ ਅਮੋਘ, ਗੁਰਮੁਖ ਵਿਰਲੇ ਮਾਤ ਉਠਾਇੰਦਾ । ਕੱਟਣਹਾਰਾ ਹਉਮੇ ਰੋਗ, ਮਾਇਆ ਮਮਤਾ ਮੋਹ ਚੁਕਾਇੰਦਾ । ਏਕਾ ਦੇਵੇ ਸਾਚਾ ਜੋਗ, ਨਿਸ਼ ਅੱਖਰ ਵੱਖਰ ਨਾਮ ਪੜ੍ਹਾਇੰਦਾ । ਨਿਰਮਲ ਜਗਾਏ ਸਾਚੀ ਜੋਤ, ਅੰਧ ਅੰਧੇਰ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਕੂੜ ਕੁੜਿਆਰਾ ਪਾਰ ਕਰਾਇੰਦਾ, ਕੂੜ ਕੁੜਿਆਰਾ ਉਤਰੇ ਪਾਰ, ਕਲਜੁਗ ਅੰਤ ਰਹਿਣ ਨਾ ਪਾਈਆ । ਪੁਰਖ ਅਬਿਨਾਸ਼ੀ ਮਾਰੇ ਮਾਰ, ਨਾਮ ਖੰਡਾ ਇਕ ਵਖਾਈਆ । ਚਾਰੋਂ ਕੁੰਟ ਕਰੇ ਖਵਾਰ, ਉੱਤਰ ਪੂਰਬ ਪੱਛਮ ਦੱਖਣ ਫੇਰਾ ਪਾਈਆ । ਨਾ ਕੋਈ ਦਿਸੇ ਮੀਤ ਮੁਰਾਰ, ਸਗਲਾ ਸੰਗ ਨਾ ਕੋਇ ਵਖਾਈਆ । ਘਰ ਘਰ ਰੋਵੇ ਜੀਵ ਨਾਰ ਵਿਭਚਾਰ, ਹਰਿ ਕੰਤ ਨਾ ਕੋਇ ਹੰਢਾਈਆ । ਘਰ ਮੰਦਰ ਨਾ ਦਿਸੇ ਕੋਇ ਪਿਆਰ, ਝੂਠੀ ਕੰਦਰ ਰਹਿਣ ਨਾ ਪਾਈਆ । ਮਨ ਬੰਦਰ ਦਹਿ ਦਿਸ਼ ਫਿਰੇ ਉਜਾੜ, ਮਤ ਮਤਵਾਲੀ ਦਏ ਦੁਹਾਈਆ । ਬਿਨ ਸਤਿਗੁਰ ਪੂਰੇ ਕੋਇ ਨਾ ਉਤਰੇ ਪਾਰ, ਬੇੜਾ ਬੰਨੇ ਨਾ ਕੋਇ ਲਾਈਆ । ਰਾਹ ਤੱਕਣ ਉਤੇ ਪੱਤਣ ਚਾਰ ਯਾਰ, ਕਵਣ ਵੇਲਾ ਮਿਲੇ ਸੱਚਾ ਮਲਾਹੀਆ । ਪੁਰਖ ਅਬਿਨਾਸ਼ੀ ਖੇਲ ਅਪਾਰ, ਨਿਰਗੁਣ ਦਾਤਾ ਆਪ ਕਰਾਈਆ । ਇਕ ਇਕਾਂਤਾ ਫਿਰੇ ਵਿਚ ਸੰਸਾਰ, ਦਿਸ ਕਿਸੇ ਨਾ ਆਈਆ । ਜ਼ਾਤਾਂ ਪਾਤਾਂ ਵਸਿਆ ਬਾਹਰ, ਵਰਨ ਬਰਨ ਨਾ ਕੋਇ ਵਡਿਆਈਆ । ਸਾਚਾ ਰਥ ਕਰ ਤਿਆਰ, ਪੁਰਖ ਸਮਰਥ ਆਪ ਲਿਆਈਆ । ਜਿਸ ਜਨ ਸੁਣਾਏ ਆਪਣੀ ਗਾਥ, ਤਿਸ ਆਪਣੀ ਬੂਝ ਬੁਝਾਈਆ । ਲਹਿਣਾ ਦੇਣਾ ਚੁਕਾਏ ਮਸਤਕ ਮਾਥ, ਪੂਰਬ ਜਨਮਾਂ ਵੇਖ ਵਖਾਈਆ । ਮੇਟਣਹਾਰਾ ਉਚੇ ਟਿੱਲੇ ਨੌਂ ਨੌਂ ਨਾਥ, ਨੌਂ ਨੌਂ ਦਰ ਆਪਣੇ ਲੇਖੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਦਾਤਾ ਪੁਰਖ ਬਿਧਾਤਾ ਆਪਣੀ ਕਲ ਆਪ ਧਰਾਈਆ । ਆਪਣੀ ਕਲ ਆਪੇ ਰਖ, ਹਰਿ ਸੱਚਾ ਖੇਲ ਖਿਲਾਇੰਦਾ । ਸਰਗੁਣ ਨਿਰਗੁਣ ਨਿਰਗੁਣ ਸਰਗੁਣ ਏਕਾ ਰੂਪ ਹੋ ਪਰਤਖ, ਦੂਜੀ ਧਾਰ ਨਾ ਕੋਇ ਜਣਾਇੰਦਾ । ਸ੍ਰਿਸ਼ਟ ਸਬਾਈ ਨਾਲੋਂ ਹੋਇਆ ਵੱਖ, ਮੰਦਰ ਮਸਜਿਦ ਮਠ ਗੁਰੂਦਵਾਰ ਬੰਦ ਨਾ ਕੋਇ ਕਰਾਇੰਦਾ । ਆਪਣਾ ਮਾਰਗ ਆਪੇ ਦੱਸ, ਭਗਤ ਭਗਵੰਤ ਆਪ ਜਗਾਇੰਦਾ । ਹਰਿ ਜੂ ਹਿਰਦੇ ਅੰਦਰ ਵਸ, ਹਰਿਜਨ ਹਰਿ ਕੇ ਪੌੜੇ ਆਪ ਚੜ੍ਹਾਇੰਦਾ । ਗੁਰਮੁਖਾਂ ਅੰਦਰ ਕਰੇ ਪਰਕਾਸ਼ ਕੋਟਨ ਰਵ ਸਸ, ਅਗਿਆਨ ਅੰਧੇਰ ਮਿਟਾਇੰਦਾ । ਗੁਰਸਿਖਾਂ ਮਿਲ ਆਪ ਵਖਾਏ ਆਪਣਾ ਰਸ, ਰਸਨਾ ਜਿਹਵਾ ਰਸ ਨਾ ਕੋਇ ਮਹਿਕਾਇੰਦਾ । ਕਲਜੁਗ ਅੰਤਮ ਲੱਖ ਚੁਰਾਸੀ ਚਰਨਾਂ ਹੇਠਾਂ ਦੇਵੇ ਝੱਸ, ਝੂਠੀ ਚੱਕੀ ਪੀਸਣ ਪੀਸ ਪਿਸਾਇੰਦਾ । ਏਥੇ ਓਥੇ ਦੋ ਜਹਾਨਾਂ ਰਿਹਾ ਨੱਸ, ਔਂਦਾ ਜਾਂਦਾ ਦਿਸ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪਣੀ ਕਾਰ ਆਪ ਕਰਾਇੰਦਾ । ਹਰਿ ਕਾਰ ਕਰਾਵਣ ਆਇਆ, ਕਲਜੁਗ ਤੇਰੀ ਅੰਤਮ ਵਾਰ । ਗੁਰ ਅਵਤਾਰ ਗਏ ਸਲਾਹਿਆ, ਜੁਗ ਜੁਗ ਵਾਰੋ ਵਾਰ । ਬ੍ਰਹਮਾ ਵਿਸ਼ਨ ਸ਼ਿਵ ਨੈਣ ਰਿਹਾ ਉਠਾਇਆ, ਰਾਹ ਤੱਕੇ ਮੀਤ ਮੁਰਾਰ । ਗੁਰਮੁਖ ਲੋਕਮਾਤ ਕੁਰਲਾਇਆ, ਚਾਰੋਂ ਕੁੰਟ ਧੂਆਂ ਧਾਰ । ਸਾਚਾ ਚੰਦ ਨਾ ਕੋਇ ਚੜ੍ਹਾਇਆ, ਘਰ ਘਰ ਹੋਇਆ ਵਿਭਚਾਰ । ਗੁਰ ਕਾ ਸ਼ਬਦ ਨਾ ਕੋਇ ਗਾਇਆ, ਮਿਲਿਆ ਮੇਲ ਨਾ ਹਰਿ ਨਿਰੰਕਾਰ । ਮਨ ਪੰਖੀ ਕਿਸੇ ਨਾ ਬੰਨ੍ਹ ਵਖਾਇਆ, ਕੋਟਨ ਕੋਟ ਫਿਰਦੇ ਜੰਗਲ ਜੂਹ ਉਜਾੜ ਪਹਾੜ ।

ਆਪਣਾ ਭੇਵ ਨਾ ਕਿਸੇ ਖੁਲ੍ਹਾਇਆ, ਅਲਖ ਅਭੇਵ ਨਾ ਪਾਈ ਸਾਰ । ਸਾਚਾ ਇਸ਼ਟ ਨਾ ਕੋਇ ਮਨਾਇਆ, ਨਜ਼ਰ ਨਾ ਆਇਆ ਏਕੰਕਾਰ । ਕ਼ਲਮ ਸ਼ਾਹੀ ਪਿਆਰ ਰਖਾਇਆ, ਕਾਗਦ ਕੋਈ ਨਾ ਦਏ ਆਧਾਰ । ਬਿਨ ਸਤਿਗੁਰ ਪੂਰੇ ਸਾਚਾ ਰਾਹ ਨਾ ਕੋਇ ਵਖਾਇਆ, ਕੋਟਨ ਕੋਟ ਪੜ੍ਹ ਪੜ੍ਹ ਥਕੇ ਵੇਦ ਚਾਰ । ਕਲਜੁਗ ਅੰਤਮ ਕੂਕੇ ਦਏ ਦੁਹਾਇਆ, ਚਾਰੋਂ ਕੂੰਟ ਆਈ ਹਾਰ । ਮੁਲਾ ਸ਼ੇਖ਼ ਮਸਾਇਕ ਪੀਰ ਦਸਤਗੀਰ ਨਾ ਕੋਇ ਸਹਾਇਆ, ਨਾ ਕੋਇ ਹੋਏ ਦਸਤ ਬਰਦਾਰ । ਤਨ ਚੀਰ ਨਾ ਕੋਇ ਪਹਿਨਾਇਆ, ਸ਼ਾਹ ਫ਼ਕੀਰ ਨਾ ਦੇਵੇ ਕੋਇ ਆਧਾਰ । ਪੰਡਤ ਪਾਂਧਾ ਮੱਥੇ ਤਿਲਕ ਨਾ ਕੋਇ ਲਗਾਇਆ, ਤ੍ਰਿਸ਼ੂਲ ਦੇਵੇ ਨਾ ਕੋਇ ਮਾਰ । ਅਠਸਠ ਅਸ਼ਨਾਨ ਨਾ ਕੋਇ ਕਰਾਇਆ, ਦੁਰਮਤ ਮੈਲ ਨਾ ਦੇਵੇ ਕੋਇ ਉਤਾਰ । ਮੰਦਰ ਮਸਜਦ ਫੇਰਾ ਪਾਇਆ, ਅੱਗੇ ਦਿਸੇ ਨਾ ਹਰਿ ਨਿਰੰਕਾਰ । ਕਾਮੀ ਕਰੋਧੀ ਬੈਠੇ ਆਸਣ ਲਾਇਆ, ਨਾਤਾ ਜੁੜਿਆ ਨਾਲ ਸੰਸਾਰ । ਉਚੇ ਕੋਠੇ ਛੱਤ ਪਵਾਇਆ, ਅੰਦਰ ਦਿਸੇ ਨਾ ਸਚ ਭੰਡਾਰ । ਦੀਵਾ ਬਾਤੀ ਘਰ ਘਰ ਰਹੇ ਜਗਾਇਆ, ਨਿਰਗੁਣ ਜੋਤ ਨਾ ਕੋਇ ਉਜਿਆਰ । ਰਸਨਾ ਪੜ੍ਹ ਪੜ੍ਹ ਰਹੇ ਸੁਣਾਇਆ, ਅਨਹਦ ਸ਼ਬਦ ਨਾ ਕੋਇ ਧੁਨਕਾਰ । ਕਲਜੁਗ ਚਾਰੋਂ ਕੁੰਟ ਫਿਰ ਫਿਰ ਆਇਆ, ਸਚਾ ਮਿਲਿਆ ਨਾ ਕੋਇ ਦਰਬਾਰ । ਪ੍ਰਭ ਅਗੇ ਬੈਠਾ ਸੀਸ ਝੁਕਾਇਆ, ਨੇਤਰ ਰੋਵੇ ਜ਼ਾਰੋ ਜ਼ਾਰ । ਮੈਂ ਤੇਰਾ ਸੁਤ ਬਾਲ ਅਵਾਨਾ ਕੀ ਜਾਣਾ ਤੇਰੀ ਸਾਰ, ਤੂੰ ਬੇਅੰਤ ਬੇਪਰਵਾਹੀਆ । ਤੂੰ ਸ਼ਾਹ ਪਾਤਸ਼ਾਹ ਸਚਾ ਨਿਰੰਕਾਰ, ਏਕਾ ਤੇਰੀ ਓਟ ਤਕਾਇਆ । ਤੂੰ ਜੁਗ ਜੁਗ ਦੇਂਦਾ ਆਇਆ ਪਿਆਰ, ਸਤਿਜੁਗ ਤਰੇਤਾ ਦਵਾਪਰ ਆਪਣੀ ਗੋਦ ਬਹਾਇਆ । ਮੇਰੀ ਵਾਰ ਕਿਉਂ ਲੁਕਿਆ ਵਿਚ ਸੰਸਾਰ, ਬੈਠਾ ਮੁਖ ਛੁਪਾਇਆ । ਮੈਂ ਭੁੱਲਾ ਤੂੰ ਨਾ ਭੁੱਲ ਕਰਤਾਰ, ਮੈਂ ਭੁੱਲ ਬਖ਼ਸ਼ਾਵਣ ਆਇਆ । ਤੇਰੇ ਬਾਝੋਂ ਰੁਲਾ ਕਰ ਹੰਕਾਰ, ਚਾਰ ਲੱਖ ਬੱਤੀ ਹਜ਼ਾਰ ਆਪਣਾ ਲੇਖਾ ਗਿਆ ਰੁੜ੍ਹਾਇਆ । ਕਿਸੇ ਘਰ ਮੇਰਾ ਕੋਈ ਨਾ ਪਏ ਮੁੱਲਾ, ਕੌਡੀ ਕੌਡੀ ਨਾ ਹੱਟ ਵਿਕਾਇਆ । ਮੇਰਾ ਅੰਮ੍ਰਿਤ ਅਠਸਠ ਤੀਰਥ ਵਿਚੋਂ ਡੁੱਲਾ, ਸਰ ਸਰੋਵਰ ਨਾ ਕੋਇ ਸੁਹਾਇਆ । ਮੇਰਾ ਬੂਟਾ ਸਿਮਲ ਹੁਲਾ, ਸਾਚਾ ਫਲ ਨਾ ਕੋਇ ਲਗਾਇਆ । ਬਿਨ ਤੇਰੇ ਕੰਡੇ ਝੂਠੇ ਤੋਲ ਤੁਲਾ, ਅੰਤ ਭਾਰ ਨਾ ਕੋਇ ਜਣਾਇਆ । ਮੈਂ ਪਰਦੇਸੀ ਦਰ ਆਇਆ ਭੁੱਲਾ, ਏਕਾ ਬਖ਼ਸ਼ ਸਚੀ ਸਰਨਾਇਆ । ਮੈਂ ਪਰਗਟਿਆ ਤੇਰੀ ਸਾਚੀ ਕੁਲਾ, ਮੇਰੀ ਲਾਜ ਲੈ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ ਇਕ ਸੁਣਾਇਆ । ਹਰਿ ਸਚ ਸੰਦੇਸ ਸੁਣਾਇੰਦਾ, ਕਲਜੁਗ ਅੰਤਮ ਕਰ ਧਿਆਨ । ਪੁਰਖ ਅਬਿਨਾਸ਼ੀ ਵੇਖ ਵਖਾਇੰਦਾ, ਆਦਿ ਜੁਗਾਦਿ ਮਿਹਰਵਾਨ । ਦਰ ਆਇਆਂ ਭੁਲ ਬਖ਼ਸ਼ਾਇੰਦਾ, ਜੋ ਜਨ ਚਰਨੀ ਡਿਗੇ ਆਣ । ਫੜ ਬਾਹੋਂ ਗਲੇ ਲਗਾਇੰਦਾ, ਜੋ ਦੇਵੇ ਸਚ ਬਿਆਨ । ਸਚ ਅਦਾਲਤ ਆਪ ਕਮਾਇੰਦਾ, ਤਖ਼ਤ ਨਿਵਾਸੀ ਰਾਜ ਰਾਜਾਨ । ਲੋਕਮਾਤ ਫੇਰਾ ਪਾਇੰਦਾ, ਏਕਾ ਸੁਣਨਾ ਧੁਰ ਫ਼ਰਮਾਨ । ਨਿਹਕਲੰਕ ਆਪਣਾ ਏਕਾ ਨਾਉਂ ਰਖਾਇੰਦਾ, ਅੰਤਮ ਆਏ ਵਿਚ ਮੈਦਾਨ । ਗੁਰ ਅਵਤਾਰ ਕੋਲ ਬਹਾਇੰਦਾ, ਲੇਖਾ ਪੁਛੇ ਜਾਣੀ ਜਾਣ । ਭਗਤ ਭਗਵੰਤ ਚਰਨ ਰਖਾਇੰਦਾ, ਕਰੇ ਖੇਲ ਦੀਨ ਦਿਆਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਆਇਆਂ ਦੇਵੇ ਮਾਣ । ਮਾਣ ਨਿਮਾਣਿਆਂ ਦੇਵਣਾ, ਧੁਰ ਦੀ ਸਾਚੀ ਕਾਰ । ਜੋ ਕਰਨਾ ਸੋ ਹੋਵਣਾ, ਸੋ ਵਰਤੇ ਵਿਚ ਸੰਸਾਰ । ਕਲਜੁਗ ਤੇਰੇ ਸੰਗ ਰਲ ਕੇ ਲੱਖ ਚੁਰਾਸੀ ਰੋਵਣਾ, ਕਿਸੇ ਨਾ ਦਿਸੇ ਕੋਇ ਸਹਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੱਸੇ ਸਚ ਵਿਹਾਰ । ਹਰਿ ਸਚ ਸੰਦੇਸ

ਸੁਣਾਇੰਦਾ, ਪੁਰਖ ਅਬਿਨਾਸ਼ੀ ਬੇਪਰਵਾਹ । ਕਲਜੁਗ ਤੇਰੀ ਡੋਰ ਆਪਣੇ ਹੱਥ ਰਖਾਇੰਦਾ, ਦੇਵਣਹਾਰਾ ਅੰਤ ਪਨਾਹ । ਤੇਰੇ ਚਵਰ ਹੱਥ ਵਖਾਇੰਦਾ, ਤੇਰੇ ਨਾਲ ਕਰੇ ਸਲਾਹ । ਅੰਧ ਘੋਰ ਵੇਖ ਵਖਾਇੰਦਾ, ਜੋ ਬੈਠੇ ਮੁਖ ਛੁਪਾ । ਸ਼ਬਦ ਘੋੜਾ ਇਕ ਦੌੜਾਇੰਦਾ, ਨੌ ਖੰਡ ਫੇਰਾ ਲਏ ਪਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਦਰ ਲਏ ਬਹਾ । ਕਲਜੁਗ ਦਰ ਸਦਿਆ, ਕਰ ਕਿਰਪਾ ਹਰਿ ਭਗਵਾਨ । ਆਪਣਾ ਰੂਪ ਆਪਣੇ ਵਿਚੋਂ ਕੱਢਿਆ, ਆਪਣੇ ਉਤੇ ਹੋਇਆ ਆਪ ਮਿਹਰਵਾਨ । ਸਤਿਜੁਗ ਤਰੇਤਾ ਦਵਾਪਰ ਲਡੌਂਦਾ ਆਇਆ ਲੱਡਿਆ, ਕਲਜੁਗ ਦੇਵੇ ਇਕ ਗਿਆਨ । ਉਠ ਬਾਲ ਨਾਦਾਨੇ ਨੱਢਿਆ, ਸੁਣ ਧੁਰ ਸਚਾ ਫ਼ਰਮਾਨ । ਤੇਰਾ ਕਰਮ ਤੇਰੇ ਨਾਲ ਬਧਿਆ, ਨਿਹਕਰਮੀ ਕਰ ਪਛਾਣ । ਤੂੰ ਭਾਰ ਆਪਣਾ ਆਪਣੇ ਉਤੇ ਲੱਦਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਦੋ ਜਹਾਨ । ਕਲਜੁਗ ਕੂਕ ਕੁਰਲਾਇਆ, ਕੁਕਰਮੀ ਨੀਚੋ ਨੀਚ । ਮੈਂ ਦਰ ਤੇਰੇ ਸ਼ਰਮਾਇਆ, ਬਖ਼ਸ਼ਸ਼ ਕਰ ਸਾਚੇ ਮੀਤ । ਦੋ ਕੰਨੀ ਹਥ ਰਿਹਾ ਲਗਾਇਆ, ਮੈਂ ਭੁਲਾਇਆ ਹਸਤ ਕੀਟ । ਆਪਣਾ ਡੰਕਾ ਇਕ ਵਜਾਇਆ, ਝੂਠੀ ਚਲਾਈ ਮਾਤ ਰੀਤ । ਕਲਜੁਗ ਜੀਵਾਂ ਆਪ ਭੁਲਾਇਆ, ਕਰਿਆ ਨਾਚ ਮੰਦਰ ਮਸੀਤ । ਸਾਚਾ ਸਬਕ ਨਾ ਕਿਸੇ ਸਿਖਾਇਆ, ਅਲਿਫ਼ ਨਜ਼ਰ ਨਾ ਆਏ ਇਕ ਅਤੀਤ । ਊੜਾ ਓਅੰਕਾਰਾ ਨਾ ਕੋਇ ਦਰਸਾਇਆ, ਤ੍ਰੈਗੁਣ ਹੋਇਆ ਨਾ ਕੋਇ ਪਤਤ ਪੁਨੀਤ । ਕਲਜੁਗ ਸੰਤ ਸਾਧ ਵਿਚ ਫਸਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਲੇ ਅੰਤ ਨਾ ਦੇਣੀ ਪੀਠ । ਹਰਿ ਆਪਣੀ ਕਰਵਟ ਬਦਲਾਇੰਦਾ, ਮੁਖ਼ਾਤਬ ਕਰੇ ਕਲੂ ਕਲ ਕਾਲ । ਤੇਰਾ ਪੰਧ ਆਪ ਮਕਾਇੰਦਾ, ਪੁਰਖ ਅਬਿਨਾਸ਼ੀ ਦੀਨ ਦਿਆਲ । ਗੋਬਿੰਦ ਲੇਖਾ ਪੂਰ ਕਰਾਇੰਦਾ, ਅੰਤ ਚਲੇ ਅਵੱਲੜੀ ਚਾਲ । ਜੋਤੀ ਜਾਮਾ ਭੇਖ ਵਟਾਇੰਦਾ, ਸ਼ਬਦ ਸਰੂਪੀ ਬਣੇ ਦਲਾਲ । ਤੇਰੀ ਵਾਟੀ ਪੰਧ ਮੁਕਾਇੰਦਾ, ਤੇਰੀ ਪੂਰੀ ਕਰੇ ਘਾਲ । ਚਾਰ ਯਾਰੀ ਤੇਰੇ ਨਾਲ ਰਲਾਇੰਦਾ, ਚਾਰ ਕੁੰਟ ਵੱਜੇ ਨਾ ਝੂਠਾ ਤਾਲ । ਸ਼ਤਰੀ ਬ੍ਰਹਿਮਣ ਸ਼ੂਦਰ ਵੈਸ਼ ਏਕਾ ਰੂਪ ਵਖਾਇੰਦਾ, ਆਪੇ ਹੋਏ ਹਰਿ ਕਿਰਪਾਲ । ਤੇਰਾ ਕੂੜਾ ਹੂੰਝ ਵਖਾਇੰਦਾ, ਛਾਪਾ ਅੜਿਆ ਕੋਇ ਨਾ ਰਹਿ ਜਾਏ ਨਾਲ । ਜੋ ਘੜਿਆ ਭੰਨ ਵਖਾਇੰਦਾ, ਤੇਰੀ ਤੇਰੇ ਨਿਭੇ ਨਾਲ । ਲੱਖ ਚੁਰਾਸੀ ਤੇਰੀ ਝੋਲੀ ਪਾਇੰਦਾ, ਵਿਚੋਂ ਗੁਰਮੁਖ ਲੱਭੇ ਆਪਣੇ ਲਾਲ । ਜਿਸ ਜਨ ਆਪਣਾ ਦਰਸ ਦਿਖਾਇੰਦਾ, ਤਿਸ ਨੇੜ ਨਾ ਆਵੇ ਕਾਲ । ਜਗਤ ਤ੍ਰਿਸ਼ਨਾ ਹਰਸ ਮਿਟਾਇੰਦਾ, ਅੰਮ੍ਰਿਤ ਆਤਮ ਦਏ ਪਿਆਲ । ਅਰਸ਼ ਫ਼ਰਸ਼ ਏਕਾ ਰੰਗ ਰੰਗਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਦੀਨ ਦਿਆਲ । ਦੀਨ ਦਿਆਲਾ ਖੇਲ ਖਿਲਾਇੰਦਾ, ਖ਼ਾਲਕ ਖ਼ਲਕ ਵੇਖ ਵਖਾ । ਨਿਰਗੁਣ ਆਪਣਾ ਰੂਪ ਧਰਾਇੰਦਾ, ਹਰਿਜਨ ਸਾਚੇ ਲਏ ਮਿਲਾ । ਅੱਖਰ ਵੱਖਰ ਆਪ ਪੜ੍ਹਾਇੰਦਾ, ਸੋ ਪੁਰਖ ਨਿਰੰਜਣ ਰਿਹਾ ਸੁਣਾ । ਹੰ ਬ੍ਰਹਮ ਵੇਖ ਵਖਾਇੰਦਾ, ਆਤਮ ਬ੍ਰਹਮ ਪਰਦਾ ਦਏ ਉਠਾ । ਏਕਾ ਦੂਆ ਭੌ ਚੁਕਾਇੰਦਾ, ਤੀਜਾ ਨੇਤਰ ਦਏ ਖੁਲ੍ਹਾ । ਚੌਥੇ ਪਦ ਆਪ ਬਹਾਇੰਦਾ, ਪੰਚਮ ਮੇਲਾ ਲਏ ਮਿਲਾ । ਛੇਵੇਂ ਛੱਪਰ ਛੰਨ ਛੁਹਾਇੰਦਾ, ਸਤਿ ਪੁਰਖ ਨਿਰੰਜਣ ਸਤਿ ਸਤਿਵਾਦੀ ਸੱਚਾ ਸ਼ਹਿਨਸ਼ਾਹ । ਅੱਠਵੇਂ ਅੱਠਾਂ ਤੱਤਾਂ ਪਾਕ ਕਰਾਇੰਦਾ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਨਾ ਦਿਸੇ ਕੋਈ ਥਾਂ । ਨਾਵੇਂ ਨੌ ਦਵਾਰੇ ਵੇਖ ਵਖਾਇੰਦਾ, ਨੌ ਖੰਡ ਪ੍ਰਿਥਮੀ ਫੇਰਾ ਪਾ । ਦਸਵੇਂ ਸਾਚੀ ਜੋਤ ਆਪ ਜਗਾਇੰਦਾ, ਬਜਰ ਕਪਾਟੀ ਕੁੰਡਾ ਤੁੜਾ । ਸਾਚੀ ਸੇਜ ਆਪ ਸੁਹਾਇੰਦਾ, ਸਤਿ ਸਤਿਵਾਦੀ ਆਸਣ ਲਾ । ਸ਼ਬਦ ਅਨਾਦੀ ਰਾਗ ਅਲਾਇੰਦਾ, ਅਨਹਦ ਢੋਲਾ

ਗਾ । ਗੁਰਮੁਖ ਸਾਚੇ ਮੇਲ ਮਿਲਾਇੰਦਾ, ਮਾਲਕ ਬਣਿਆ ਆਪ ਖ਼ੁਦਾ । ਕਲਜੁਗ ਜੀਵਾਂ ਖ਼ਾਕ ਮਿਲਾਇੰਦਾ, ਅੰਤਮ ਖ਼ਾਕੀ ਖ਼ਾਕ ਦਏ ਉਡਾ । ਕਲਜੁਗ ਤੇਰਾ ਕੂੜ ਕੁੜਿਆਰਾ ਵੇਖ ਵਖਾਇੰਦਾ, ਆਪਣਾ ਨੇਤਰ ਨੈਣ ਉਠਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪੇ ਦਏ ਜਣਾ । ਹਰਿ ਸਾਚਾ ਭੇਵ ਜਣਾਇੰਦਾ, ਕਰ ਕਿਰਪਾ ਗੁਣ ਨਿਧਾਨ । ਨਿਰਗੁਣ ਆਪਣਾ ਰੂਪ ਵਟਾਇੰਦਾ, ਜੋਧਾ ਸੂਰਬੀਰ ਬਲੀ ਬਲਵਾਨ । ਸੰਮਤ ਸਤਾਰਾਂ ਵੇਖ ਵਖਾਇੰਦਾ, ਵੀਹ ਸੌ ਬਿਕ੍ਰਮੀ ਦਏ ਗਿਆਨ । ਸੀਸ ਤਾਜ ਇਕ ਟਿਕਾਇੰਦਾ, ਲੇਖਾ ਜਾਣੇ ਰਾਜ ਰਾਜਾਨ । ਚੰਡ ਪਰਚੰਡ ਚੰਡ ਚਮਕਾਇੰਦਾ, ਸ਼ਬਦ ਨਿਰਾਲਾ ਮਾਰੇ ਬਾਣ । ਨੌ ਖੰਡ ਖੰਡ ਖੰਡ ਕਰਾਇੰਦਾ, ਕਰੇ ਖੇਲ ਸ੍ਰੀ ਭਗਵਾਨ । ਕਲਜੁਗ ਤੇਰੀ ਵੰਡ ਵੰਡਾਇੰਦਾ, ਨਾ ਕੋਈ ਦੀਸੇ ਜੀਵ ਸ਼ੈਤਾਨ । ਸ੍ਰਿਸ਼ਟ ਸਬਾਈ ਦੁਹਾਗਣ ਰੰਡ ਰਾਏ ਧਰਮ ਘਰ ਬਹਾਇੰਦਾ, ਘਰ ਵਖਾਏ ਮੰਦਰ ਮਕਾਨ । ਝੂਠੀ ਕੱਲਰ ਕੰਧ ਢਾਇੰਦਾ, ਅੰਤ ਰਹੇ ਨਾ ਵਿਚ ਜਹਾਨ । ਗੁਰਮੁਖਾਂ ਸਾਚਾ ਛੰਦ ਸੁਣਾਇੰਦਾ, ਸੋਹੰ ਸ਼ਬਦ ਇਕ ਮਿਹਰਵਾਨ । ਪਰਮਾਨੰਦ ਆਪ ਸਮਾਇੰਦਾ, ਨਿਜਾਨੰਦ ਦੇਵੇ ਦਾਨ । ਆਪਣੀ ਕੰਡ ਨਾ ਕਦੇ ਵਖਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਕਰੇ ਖੇਲ ਜਗਤ ਮਹਾਨ । ਖੇਲ ਮਹਾਨ ਕਰਾਇੰਦਾ, ਇਕ ਇਕੱਲਾ ਏਕੰਕਾਰ । ਪਹਿਲੀ ਚੇਤ ਥਿਤ ਵਾਰ ਵੇਖ ਵਖਾਇੰਦਾ, ਘੜੀ ਪਲ ਪਾਵੇ ਸਾਰ । ਜਨ ਭਗਤਨ ਹਿਤ ਇਕ ਜਣਾਇੰਦਾ, ਨਿਤ ਨਵਿਤ ਸਾਚੀ ਕਾਰ । ਸ੍ਰਿਸ਼ਟ ਸਬਾਈ ਖੇਲ ਰਣ ਭੂਮੀ ਰੂਪ ਵਟਾਇੰਦਾ, ਪੁਰਖ ਅਬਿਨਾਸ਼ੀ ਹੋ ਤਿਆਰ । ਸੰਮਤ ਚੌਦਾਂ ਆਪਣਾ ਲਿਖਿਆ ਲੇਖਾ ਪੂਰ ਕਰਾਇੰਦਾ, ਪੂਰਾ ਕਰਾਏ ਕਰਨੇਹਾਰ । ਰਵਾਲਸਰ ਚਰਨ ਛੁਹਾਇੰਦਾ, ਗੋਬਿੰਦ ਮੇਲਾ ਇਕ ਦਰਬਾਰ । ਬਾਈ ਸਦ ਕੋਸ ਵੰਡ ਵੰਡਾਇੰਦਾ, ਨਾ ਕੋਈ ਸਕੇ ਹੋਸ਼ ਸੰਭਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਮਿਸਾਲ । ਬੇਮਿਸਾਲ ਹਰਿ ਖੇਲ ਕਰਾਵਣਾ, ਵੇਦ ਕਤੇਬ ਭੇਵ ਨਾ ਰਾਇਆ । ਨੌ ਸੌ ਚੁਰਾਨਵੇ ਚੌਕੜੀ ਜੁਗ ਪੰਧ ਮੁਕਾਵਣਾ, ਵਿਸ਼ਨ ਬ੍ਰਹਮਾ ਸ਼ਿਵ ਰਹਿਣ ਨਾ ਪਾਇਆ । ਗੁਰਮੁਖ ਵਿਰਲਾ ਆਪ ਬਚਾਵਣਾ, ਜਿਸ ਬਖ਼ਸ਼ੇ ਸਚ ਸਰਨਾਇਆ । ਨਵ ਸਤ ਏਕਾ ਡੰਕ ਵਜਾਵਣਾ, ਸੋਇਆ ਕੋਇ ਰਹਿਣ ਨਾ ਪਾਇਆ । ਵੀਹ ਸਦ ਅਠਾਰਾਂ ਬਿਕ੍ਰਮੀ ਇਕ ਇਕ ਨਾਲ ਮੇਲ ਮਿਲਾਵਣਾ, ਅੱਠਾਂ ਤੱਤਾਂ ਪੰਧ ਚੁਕਾਇਆ । ਬੱਤੀ ਦੰਦ ਨੌ ਖੰਡ ਪ੍ਰਿਥਮੀ ਸਭ ਨੇ ਗਾਵਣਾ, ਏਕਾ ਅੱਖਰ ਰਿਹਾ ਪੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਰੇ ਖੇਲ ਥਾਉਂ ਥਾਂਇਆ । ਥਾਉਂ ਥਾਈਂ ਖੇਲ ਕਰਤਾਰਾ, ਹਰਿ ਆਪਣਾ ਆਪ ਕਰਾਈਆ । ਗੁਰਮੁਖ ਵਿਰਲਾ ਕਰੇ ਵਣਜਾਰਾ, ਜਿਸ ਜਨ ਆਪਣੀ ਬੂਝ ਬੁਝਾਈਆ । ਏਕਾ ਨਾਮ ਦਏ ਭੰਡਾਰਾ, ਅਤੋਟ ਅਤੁਟ ਰਖਾਈਆ । ਸਿਫ਼ਤੀ ਸਿਫ਼ਤ ਸਾਲਾਹੀ ਵਸੇ ਬਾਹਰਾ, ਸਿਫ਼ਤ ਵਿਚ ਕਦੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਹਰਿ ਹਰਿਜਨ ਸਾਚੇ ਆਪ ਉਠਾਈਆ । ਹਰਿਜਨ ਸਾਚੇ ਆਪ ਉਠਾਲਦਾ, ਜੁਗਾ ਜੁਗੰਤਰ ਸਾਚੀ ਕਾਰ । ਸਾਚਾ ਮਾਰਗ ਇਕ ਵਖਾਲ ਦਾ, ਆਤਮ ਅੰਤਰ ਕਰ ਪਿਆਰ । ਕਰੇ ਖੇਲ ਗੁਣ ਨਿਧਾਨ ਦਾ, ਗੁਣਵੰਤਾ ਏਕੰਕਾਰ । ਸਰਬ ਜੀਆਂ ਘਟ ਆਪੇ ਜਾਣਦਾ, ਗ੍ਰਿਹ ਮੰਦਰ ਪਾਵੇ ਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਗੁਰਮੁਖ ਸਾਚੇ ਲਏ ਉਭਾਰ । ਗੁਰਮੁਖ ਵਡਿਆਈ ਧੰਨ, ਹਰਿ ਸਤਿਗੁਰ ਸੱਚਾ ਪਾਇਆ ।

ਗੁਰਸਿਖ ਵਡਿਆਈ ਧੰਨ, ਜਿਸ ਹਰਿ ਹਰਿ ਨਾਉਂ ਧਿਆਇਆ । ਗੁਰਮੁਖ ਵਡਿਆਈ ਧੰਨ, ਜਿਸ ਮਾਇਆ ਮਮਤਾ ਮੋਹ ਚੁਕਾਇਆ । ਗੁਰਸਿਖ ਵਡਿਆਈ ਧੰਨ, ਜਿਸ ਹਉਮੇ ਹੰਗਤਾ ਗੜ੍ਹ ਤੁੜਾਇਆ । ਗੁਰਮੁਖ ਵਡਿਆਈ ਧੰਨ, ਜਿਸ ਹਰਿ ਸੰਗਤ ਮਿਲ ਹਰਿ ਜਸ ਗਾਇਆ । ਦੋਹਾਂ ਬੇੜਾ ਦੇਵੇ ਬੰਨ੍ਹ, ਪੁਰਖ ਅਕਾਲ ਹੋਏ ਸਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਜਗਤ ਨੱਯਾ ਵੇਖ ਵਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਾਰਬ੍ਰਹਮ ਬੇਅੰਤ ਕੰਤ ਸੰਤ ਭਗਵੰਤ, ਗੁਰਮੁਖ ਗੁਰਸਿਖ ਸੱਜਣ ਲਏ ਮਿਲਾਇਆ ।

★ ੨੩ ਫੱਗਣ ੨੦੧੭ ਬਿਕ੍ਰਮੀ ਪਿੰਡ ਸ਼ੋਨ ਜ਼ਿਲਾ ਗੁਰਦਾਸ ਪੁਰ ★

ਸਤਿਗੁਰ ਸੱਚਾ ਹਰਿ ਨਿਰੰਕਾਰਾ, ਦੂਸਰ ਅਵਰ ਨਾ ਕੋਇ ਵਡਿਆਈਆ । ਗੁਰ ਗੁਰ ਰੂਪ ਧਰੇ ਵਿਚ ਸੰਸਾਰਾ, ਨਿਰਗੁਣ ਸਰਗੁਣ ਵੇਸ ਵਟਾਈਆ । ਸ਼ਬਦੀ ਸ਼ਬਦ ਸਚ ਜੈਕਾਰਾ, ਨਾਉਂ ਨਿਰੰਕਾਰਾ ਆਪ ਪਰਗਟਾਈਆ । ਭਗਤ ਭਗਵੰਤ ਦਏ ਸਹਾਰਾ, ਆਤਮ ਅੰਤਰ ਬੂਝ ਬੁਝਾਈਆ । ਸੰਤ ਕੰਤ ਬਹਾਏ ਇਕ ਦਵਾਰਾ, ਨਰ ਨਰਾਇਣ ਸੱਚਾ ਸ਼ਹਿਨਸ਼ਾਹੀਆ । ਗੁਰਮੁਖ ਦੇਵੇ ਸਚ ਹੁਲਾਰਾ, ਪਵਣ ਪਵਣਾਂ ਪਾਰ ਕਰਾਈਆ । ਗੁਰਸਿਖ ਵਖਾਏ ਇਕ ਦਵਾਰਾ, ਚਰਨ ਕਵਲ ਸੱਚੀ ਸਰਨਾਈਆ । ਜੁਗਾ ਜੁਗੰਤਰ ਹੋ ਉਜਿਆਰਾ, ਭੇਵ ਅਭੇਦ ਆਪ ਖੁਲ੍ਹਾਈਆ । ਸਾਚਾ ਮਾਰਗ ਧਰ ਸੰਸਾਰਾ, ਧਰਨੀ ਧਰਤ ਧਵਲ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੁਰਖ ਅਕਾਲ ਇਕ ਅਖਵਾਈਆ । ਸਤਿਗੁਰ ਸੱਚਾ ਸੱਚਾ ਸ਼ਹਿਨਸ਼ਾਹ, ਆਦਿ ਪੁਰਖ ਨਿਰੰਜਣ ਖੇਲ ਖਿਲਾਇੰਦਾ । ਗੁਰ ਗੁਰ ਰੂਪ ਬਣ ਮਲਾਹ, ਸਾਚਾ ਬੇੜਾ ਆਪ ਚਲਾਇੰਦਾ, ਸ਼ਬਦੀ ਸ਼ਬਦ ਦਏ ਸਲਾਹ, ਨਾਉਂ ਨਿਰੰਕਾਰਾ ਆਪ ਧਰਾਇੰਦਾ । ਭਗਤ ਭਗਵੰਤ ਲਏ ਉਠਾ, ਸੋਇਆ ਕੋਇ ਰਹਿਣ ਨਾ ਪਾਇੰਦਾ । ਸਾਚੇ ਸੰਤਨ ਲਏ ਜਗਾ, ਸੁਰਤੀ ਸ਼ਬਦੀ ਮੇਲ ਮਿਲਾਇੰਦਾ । ਗੁਰਮੁਖ ਗੋਦ ਲਏ ਬਹਾ, ਸਿਰ ਹੱਥ ਸਮਰਥ ਟਿਕਾਇੰਦਾ । ਗੁਰਸਿਖ ਸਾਚੇ ਲਏ ਸਮਝਾ, ਏਕਾ ਅੱਖਰ ਨਾਮ ਪੜ੍ਹਾਇੰਦਾ । ਸਾਚੀ ਸਿਖ਼ਿਆ ਇਕ ਜਣਾ, ਸਾਖ਼ਯਾਤ ਦਰਸ ਦਿਖਾਇੰਦਾ । ਜਗਤ ਵਿਕਾਰਾ ਦਏ ਮਿਟਾ, ਮਾਇਆ ਮਮਤਾ ਮੋਹ ਚੁਕਾਇੰਦਾ । ਏਕਾ ਮੰਦਰ ਦਏ ਵਖਾ, ਘਰ ਘਰ ਵਿਚ ਆਪ ਉਪਾਇੰਦਾ । ਦੀਵਾ ਬਾਤੀ ਆਪ ਟਿਕਾ, ਨੂਰੋ ਨੂਰ ਡਗਮਗਾਇੰਦਾ । ਸ਼ਬਦ ਅਨਾਦੀ ਨਾਦ ਸੁਣਾ, ਧੁਨ ਆਤਮਕ ਆਪ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪਣੇ ਹੱਥ ਰਖਾਇੰਦਾ । ਸਤਿ ਪੁਰਖ ਸਤਿਗੁਰ ਪੂਰਾ ਸ੍ਰੀ ਭਗਵਾਨ, ਆਦਿ ਜੁਗਾਦਿ ਸਮਾਇਆ । ਗੁਰ ਗੁਰ ਰੂਪ ਧਰੇ ਜਹਾਨ, ਨਿਰਗੁਣ ਨਿਰਵੈਰ ਪੁਰਖ ਬੇਪਰਵਾਹਿਆ । ਭਗਤਾਂ ਦੇਵੇ ਭਗਤੀ ਦਾਨ, ਏਕਾ ਮਾਰਗ ਦਏ ਸੁਹਾਇਆ । ਸੰਤਨ ਰਾਗ ਸੁਣਾਏ ਕਾਨ, ਰਾਗ ਅਨਾਦੀ ਆਪ ਅਲਾਇਆ । ਗੁਰਮੁਖ ਸਾਚੇ ਦੇਵੇ ਮਾਣ, ਮਾਣ ਨਿਮਾਣਿਆਂ ਹੋਏ ਸਹਾਇਆ । ਗੁਰਸਿਖ ਸਾਚੇ ਦੇਵੇ ਦਾਨ, ਜੀਆ ਦਾਨ ਝੋਲੀ ਪਾਇਆ । ਨੌਂ ਖੰਡ ਪ੍ਰਿਥਮੀ ਹੋ ਪਰਧਾਨ, ਏਕਾ ਡੰਕਾ ਨਾਮ ਵਜਾਇਆ । ਲੱਖ ਚੁਰਾਸੀ ਵੇਖੇ ਮਾਰ ਧਿਆਨ, ਘਟ ਘਟ ਆਪਣਾ ਖੇਲ ਖਿਲਾਇਆ । ਲੇਖਾ ਜਾਣੇ ਸ਼ਾਹ ਸੁਲਤਾਨ, ਰਾਓ ਰੰਕਾਂ ਵੇਖ ਵਖਾਇਆ । ਖਾਣੀ ਬਾਣੀ ਦੇਵੇ ਦਾਨ, ਆਪਣੀ ਇਛਿਆ ਆਪ ਪਰਗਟਾਇਆ । ਜੋਧਾ ਸੂਰਬੀਰ ਬਲੀ ਬਲਵਾਨ, ਬਲ ਆਪਣਾ

ਆਪ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਏਕਾ ਹਰਿ, ਹਰਿ ਹਰਿ ਸਾਚਾ ਖੇਲ ਖਿਲਾਇਆ । ਸਤਿਗੁਰ ਸਾਚਾ ਪੁਰਖ ਅਬਿਨਾਸ਼, ਮਹਿਮਾ ਅਕਥ ਕਥੀ ਨਾ ਜਾਈਆ । ਗੁਰ ਗੁਰ ਵੇਖੇ ਖੇਲ ਤਮਾਸ਼, ਨਿਰਗੁਣ ਸਰਗੁਣ ਸਹਿਜ ਸੁਭਾਈਆ । ਭਗਤ ਭਗਵੰਤ ਵਸੇ ਪਾਸ, ਵਿਛੜ ਕਦੇ ਨਾ ਜਾਈਆ । ਸੰਤ ਕੰਤ ਹੋਏ ਦਾਸ, ਜੁਗਾ ਜੁਗੰਤਰ ਸੇਵ ਕਮਾਈਆ । ਗੁਰਮੁਖਾਂ ਮਿਲ ਮਿਲ ਪਾਏ ਰਾਸ, ਗੋਪੀ ਕਾਹਨ ਆਪ ਨਚਾਈਆ । ਗੁਰਸਿਖ ਨਾਤਾ ਤੋੜੇ ਦਸ ਦਸ ਮਾਸ, ਮਾਤ ਗਰਭ ਫੰਦ ਕਟਾਈਆ । ਲੇਖਾ ਜਾਣੇ ਪਵਣ ਸਵਾਸ, ਰਸਨਾ ਜਿਹਵਾ ਆਪ ਸਮਾਈਆ । ਲਹਿਣਾ ਦੇਣ ਚੁਕਾਏ ਪ੍ਰਿਥਮੀ ਆਕਾਸ਼, ਆਕਾਸ਼ ਆਕਾਸ਼ਾਂ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਏਕਾ ਹਰਿ, ਆਦਿ ਅੰਤ ਨਾ ਕਿਸੇ ਜਣਾਈਆ । ਸਤਿਗੁਰ ਸੱਚਾ ਸਾਹਿਬ ਸੁਲਤਾਨਾ, ਤਖ਼ਤ ਨਿਵਾਸੀ ਸਾਚੇ ਤਖ਼ਤ ਸੋਭਾ ਪਾਇੰਦਾ । ਗੁਰ ਗੁਰ ਰੂਪ ਹੋ ਪਰਧਾਨਾ, ਲੋਕਮਾਤ ਖੇਲ ਖਿਲਾਇੰਦਾ । ਸ਼ਬਦ ਅਗੰਮੀ ਤੀਰ ਕਮਾਨਾ, ਸਾਚੇ ਚਿੱਲੇ ਆਪ ਚੜ੍ਹਾਇੰਦਾ । ਭਗਤਾਂ ਬੰਨ੍ਹੇ ਸਾਚਾ ਗਾਨਾ, ਸਾਚਾ ਸਗਨ ਆਪ ਮਨਾਇੰਦਾ । ਸੰਤਨ ਦੇਵੇ ਇਕ ਨਿਸ਼ਾਨਾ, ਚਰਨ ਕਵਲ ਸਮਝਾਇੰਦਾ । ਗੁਰਮੁਖਾਂ ਦੇਵੇ ਬ੍ਰਹਮ ਗਿਆਨਾ, ਆਤਮ ਬ੍ਰਹਮ ਭੇਵ ਮਿਟਾਇੰਦਾ । ਗੁਰਸਿਖ ਆਪੇ ਹੋਏ ਜਾਣੀ ਜਾਣਾ, ਜਾਨਣਹਾਰ ਭੁਲ ਕਦੇ ਨਾ ਜਾਇੰਦਾ । ਲੇਖਾ ਜਾਣੇ ਦੋ ਜਹਾਨਾ, ਦੋਏ ਦੋਏ ਆਪਣੀ ਧਾਰ ਵਖਾਇੰਦਾ । ਜੁਗਾ ਜੁਗੰਤਰ ਵੇਸ ਅਨੇਕ ਕਰੇ ਭਗਵਾਨਾ, ਭਗਵਨ ਆਪਣਾ ਖੇਲ ਖਿਲਾਇੰਦਾ । ਨਿਤ ਨਵਿਤ ਪਹਿਰੇ ਬਾਣਾ, ਰੂਪ ਅਨੂਪ ਆਪ ਧਰਾਇੰਦਾ । ਜੋਤੀ ਜਾਤਾ ਵਡ ਮਿਹਰਵਾਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਵੇਸ ਆਪ ਵਟਾਇੰਦਾ । ਸਤਿਗੁਰ ਸਾਚਾ ਦੀਨ ਦਿਆਲਾ, ਦਰਦ ਦੁਖ ਭੈ ਭੰਜਨ ਇਕ ਅਖਵਾਇੰਦਾ । ਗੁਰ ਗੁਰ ਰੂਪ ਹੋ ਉਜਾਲਾ, ਸ੍ਰਿਸ਼ਟ ਸਬਾਈ ਖੇਲ ਖਿਲਾਇੰਦਾ । ਸ਼ਬਦ ਅਨਾਦੀ ਬਣ ਦਲਾਲਾ, ਸਚ ਵਣਜਾਰਾ ਵਣਜ ਕਰਾਇੰਦਾ । ਭਗਤਨ ਦੇਵੇ ਇਕ ਭੰਡਾਰਾ, ਵਸਤ ਅਮੋਲਕ ਨਾਮ ਵਰਤਾਇੰਦਾ । ਸੰਤਨ ਖੋਲ੍ਹੇ ਬੰਦ ਕਿਵਾੜਾ, ਆਤਮ ਤਾਕੀ ਆਪ ਲਾਹਿੰਦਾ । ਗੁਰਮੁਖਾਂ ਕਰੇ ਪਰਕਾਸ਼ ਬਹੱਤਰ ਨਾੜਾ, ਅਗਿਆਨ ਅੰਧੇਰ ਮਿਟਾਇੰਦਾ । ਗੁਰਸਿਖਾਂ ਪਿਆਏ ਅੰਮ੍ਰਿਤ ਆਤਮ ਠੰਡੀ ਠਾਰਾ, ਨਿਝਰ ਝਿਰਨਾ ਆਪ ਝਿਰਾਇੰਦਾ । ਆਵੇ ਜਾਵੇ ਵਾਰੋ ਵਾਰਾ, ਜੁਗ ਜੁਗ ਵੇਸ ਵਟਾਇੰਦਾ । ਕਾਗਦ ਕ਼ਲਮ ਨਾ ਲਿਖਣਹਾਰਾ, ਹਰਿ ਕਾ ਭੇਵ ਕੋਇ ਨਾ ਪਾਇੰਦਾ । ਲੱਖ ਚੁਰਾਸੀ ਵਸਣਹਾਰਾ ਬਾਹਰਾ, ਘਟ ਘਟ ਅਪਣੀ ਜੋਤ ਆਪ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਏਕਾ ਹਰਿ, ਹਰੀ ਹਰਿ ਆਪਣਾ ਰੂਪ ਧਰਾਇੰਦਾ । ਸਤਿਗੁਰ ਸਚਾ ਨਿਰਗੁਣ ਜੋਤ, ਨਿਰਵੈਰ ਪੁਰਖ ਵਡੀ ਵਡਿਆਈਆ । ਗੁਰ ਗੁਰ ਰੂਪ ਕਿਸੇ ਨਾ ਵਸੇ ਕਿਲੇ ਕੋਟ, ਚਾਰ ਦੀਵਾਰ ਨਾ ਬੰਦ ਕਰਾਈਆ । ਸ਼ਬਦ ਨਗਾਰੇ ਲਾਏ ਚੋਟ, ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਆਪ ਸੁਣਾਈਆ । ਜਨ ਭਗਤਾਂ ਬਖ਼ਸ਼ੇ ਏਕਾ ਓਟ, ਸਰਨ ਗਤ ਸਚੀ ਸਰਨਾਈਆ । ਸੰਤਨ ਦੇਵੇ ਨਾਮ ਅਤੋਟ, ਨਿਖੁਟ ਕਦੇ ਨਾ ਜਾਈਆ । ਗੁਰਮੁਖ ਉਠਾਏ ਆਲ੍ਹਣਿਉਂ ਡਿਗੇ ਬੋਟ, ਆਪਣੀ ਗੋਦੀ ਆਪ ਸੁਹਾਈਆ । ਗੁਰਮੁਖਾਂ ਖੋਲ੍ਹੇ ਬੰਦ ਸੋਤ, ਪੂਤ ਸਪੂਤਾ ਸ਼ਬਦੀ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਕਰਤਾ ਨਾਉਂ ਧਰਾਈਆ । ਸਤਿਗੁਰ ਸਚਾ ਗਹਿਰ ਗੰਭੀਰ, ਭੇਵ ਕਿਸੇ ਨਾ ਪਾਇਆ । ਗੁਰ ਗੁਰ ਰੂਪ ਲੇਖਾ ਜਾਣੇ ਅੰਤ ਅਖ਼ੀਰ, ਆਪ ਆਪਣਾ ਰੂਪ ਵਟਾਇਆ । ਸ਼ਬਦ ਸ਼ਬਦੀ

ਸਚ ਜ਼ੰਜੀਰ, ਲੱਖ ਚੁਰਾਸੀ ਬੰਧਨ ਪਾਇਆ । ਭਗਤਨ ਚੋਟੀ ਚਾੜ੍ਹੇ ਫੜ ਅਖ਼ੀਰ, ਕਬੀਰ ਜੁਲਾਹਾ ਦਏ ਦੁਹਾਇਆ । ਸੰਤਨ ਪਿਆਏ ਅਮ੍ਰਿਤ ਨੀਰ, ਨੀਰ ਨਿਰਾਲਾ ਇਕ ਵਖਾਇਆ । ਗੁਰਮੁਖਾਂ ਮਾਰੇ ਅਪਣਾ ਤੀਰ, ਬਜਰ ਕਪਾਟੀ ਪਾਰ ਕਰਾਇਆ । ਗੁਰਮੁਖਾਂ ਕੱਢੇ ਹਉਮੇਂ ਪੀੜ, ਮਾਇਆ ਮਮਤਾ ਮੋਹ ਚੁਕਾਇਆ । ਆਦਿ ਅੰਤ ਕੱਟਣਹਾਰਾ ਭੀੜ, ਕਰੇ ਖੇਲ ਸੱਚਾ ਸ਼ਹਿਨਸ਼ਾਹਿਆ । ਜੁਗ ਜੁਗ ਬੰਨਣਹਾਰਾ ਬੀੜ, ਜਗਤ ਬੇੜਾ ਆਪ ਚਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਪੁਰਖ ਅਬਿਨਾਸ਼ਾ, ਲੇਖਾ ਜਾਣੇ ਜਗਤ ਤਮਾਸ਼ਾ, ਸਚਖੰਡ ਬੈਠਾ ਵੇਖ ਵਖਾਇਆ । ਸਤਿਗੁਰ ਪੂਰਾ ਵਸਿਆ ਸਚਖੰਡ, ਨਿਰਗੁਣ ਨਿਰਵੈਰ ਪੁਰਖ ਅਕਾਲਿਆ । ਗੁਰ ਗੁਰ ਰੂਪ ਧਰੇ ਵਿਚ ਬ੍ਰਹਿਮੰਡ, ਜੋਤ ਜੋਤ ਜੋਤ ਉਜਾਲਿਆ । ਸ਼ਬਦੀ ਸ਼ਬਦ ਪ੍ਰਚੰਡ, ਨਾਮ ਖੰਡਾ ਇਕ ਉਠਾ ਲਿਆ । ਭਗਤਨ ਪਾਈ ਆਪਣੀ ਵੰਡ, ਏਕਾ ਹਿੱਸਾ ਨਾਮ ਰਖਾ ਲਿਆ । ਸੰਤਨ ਢਾਈ ਦੂਈ ਦਵੈਤੀ ਕੰਧ, ਮਾਇਆ ਪਰਦਾ ਆਪ ਉਠਾ ਲਿਆ । ਗੁਰਮੁਖਾਂ ਵਖਾਏ ਸਾਚਾ ਚੰਦ, ਜੋਤ ਨਿਰੰਜਣ ਡਗਮਗਾ ਲਿਆ । ਗੁਰਸਿਖ ਜਣਾਏ ਪਰਮਾਨੰਦ, ਨਿਜਾਨੰਦ ਰਸ ਚਖਾ ਲਿਆ । ਜੁਗ ਜੁਗ ਬੋਲੇ ਆਪਣਾ ਸੁਹਾਗੀ ਛੰਦ, ਗੀਤ ਗੋਬਿੰਦ ਆਪੇ ਗਾ ਲਿਆ । ਆਪੇ ਜਾਣੇ ਆਪਣਾ ਪੰਧ, ਲਿਖਿਆ ਲੇਖ ਨਾ ਕਿਸੇ ਲਿਖਾ ਲਿਆ । ਸਾਹਿਬ ਸਤਿਗੁਰ ਸਦਾ ਬਖ਼ਸ਼ੰਦ, ਦੀਨਨ ਦੀਨਾਂ ਨਾਥਾਂ ਦਇਆ ਕਮਾ ਰਿਹਾ । ਹੰਕਾਰੀਆਂ ਵੱਢਣਹਾਰਾ ਕੰਡ, ਗੜ੍ਹ ਹੰਕਾਰੀ ਆਪੇ ਢਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗੰਤਰ ਜਗਤ ਬਸੰਤਰ ਆਪ ਬੁਝਾ ਲਿਆ । ਸਤਿਗੁਰ ਪੂਰਾ ਖੇਲ ਖਿਲਾਇੰਦਾ, ਪਰਮ ਪੁਰਖ ਕਰਤਾਰ । ਗੁਰ ਗੁਰ ਰੂਪ ਆਪ ਧਰਾਇੰਦਾ, ਜੁਗ ਚੌਕੜੀ ਕਰ ਵਿਚਾਰ । ਸ਼ਬਦ ਵਿਚੋਲਾ ਨਾਲ ਮਿਲਾਇੰਦਾ, ਆਦਿ ਜੁਗਾਦੀ ਸਾਚੀ ਕਾਰ । ਭਗਤਨ ਮਾਰਗ ਇਕ ਲਗਾਇੰਦਾ, ਕਲਜੁਗ ਅਵੱਲੜੀ ਚਲੇ ਚਾਲ । ਸੰਤਨ ਸਾਚੇ ਧੰਦੇ ਲਾਇੰਦਾ, ਹਿਰਦੇ ਰਾਮ ਨਾਮ ਉਰਧਾਰ । ਗੁਰਮੁਖ ਆਪਣੇ ਬੰਦੇ ਆਪ ਬਣਾਇੰਦਾ, ਲੱਖ ਚੁਰਾਸੀ ਵਿਚੋਂ ਬਾਹਰ ਨਿਕਾਲ । ਗੁਰਸਿਖ ਸੋਏ ਆਪ ਉਠਾਇੰਦਾ, ਬਾਲੀ ਬੁਧ ਬਾਲ ਅੰਞਾਣ । ਆਪਣੇ ਢੋਏ ਸਾਚੀ ਵਸਤ ਝੋਲੀ ਪਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਲੇਖਾ ਜਾਣੇ ਸ਼ਾਹ ਕੰਗਾਲ । ਸਤਿਗੁਰ ਪੂਰਾ ਸ਼ਾਹ ਕੰਗਾਲਾ, ਨੀਚੋ ਨੀਚ ਆਪ ਅਖਵਾਈਆ । ਗੁਰ ਗੁਰ ਰੂਪ ਕਰੇ ਪ੍ਰਿਤਪਾਲਾ, ਜੁਗ ਜੁਗ ਸਾਚੀ ਸੇਵ ਕਮਾਈਆ । ਏਕਾ ਮੰਤਰ ਦ੍ਰਿੜਾਏ ਨਾਮ ਸੁਖ਼ਾਲਾ, ਨਮੋ ਦੇਵ ਵਾਸਤਕ ਆਪਣਾ ਰੂਪ ਵਟਾਈਆ । ਭਗਤਨ ਤੋੜੇ ਜਗਤ ਜੰਜਾਲਾ, ਜਾਗਰਤ ਜੋਤ ਕਰ ਰੁਸ਼ਨਾਈਆ । ਸੰਤਨ ਪਹਿਨਾਏ ਆਪਣੇ ਨਾਮ ਮਾਲਾ, ਮਨ ਕਾ ਮਣਕਾ ਆਪ ਭਵਾਈਆ । ਗੁਰਮੁਖਾਂ ਵਖਾਏ ਸੱਚੀ ਧਰਮਸਾਲਾ, ਘਰ ਘਰ ਵਿਚ ਦਏ ਵਡਿਆਈਆ । ਗੁਰਸਿਖ ਫਲ ਲਗਾਏ ਆਪਣੇ ਡਾਲ੍ਹਾ, ਪੱਤ ਡਾਲ੍ਹੀ ਆਪ ਮਹਿਕਾਈਆ । ਨਿਰਗੁਣ ਸਰਗੁਣ ਬਣ ਰਖਵਾਲਾ, ਆਦਿ ਜੁਗਾਦਿ ਵੇਖੇ ਥਾਉਂ ਥਾਈਆ । ਲੇਖਾ ਜਾਣੇ ਕਾਲ ਮਹਾਕਾਲਾ, ਕਾਲ ਮਹਾਕਾਲ ਆਪਣਾ ਰੂਪ ਵਖਾਈਆ । ਜੁਗ ਜੁਗ ਕਰੇ ਖੇਲ ਨਿਰਾਲਾ, ਨਿਰਵੈਰ ਸੱਚਾ ਸ਼ਹਿਨਸ਼ਾਹੀਆ । ਸਤਿਜੁਗ ਤ੍ਰੇਤਾ ਦਵਾਪਰ ਅੰਤਮ ਕੱਢਿਆ ਆਪ ਦਵਾਲਾ, ਦੂਸਰ ਸੰਗ ਨਾ ਕੋਇ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਤਖ਼ਤ ਬੈਠਾ ਸੱਚਾ ਮਾਹੀਆ । ਸਤਿਗੁਰ ਸਚਾ ਰਾਜ ਰਾਜਾਨਾ, ਤਖ਼ਤ ਤਾਜ ਇਕ ਸੁਹਾਇੰਦਾ । ਗੁਰ ਗੁਰ ਰੂਪ ਵਿਚ ਜਹਾਨਾ, ਨਵ ਨਵ ਆਪਣਾ ਖੇਲ ਖਿਲਾਇੰਦਾ । ਸ਼ਬਦੀ ਸ਼ਬਦ

ਧੁਰ ਫ਼ਰਮਾਨਾ, ਧੁਰ ਦੀ ਬਾਣੀ ਆਪ ਅਲਾਇੰਦਾ । ਭਗਤ ਭਗਵੰਤ ਇਕ ਮਕਾਨਾ, ਹਰਿ ਮੰਦਰ ਆਪ ਸੁਹਾਇੰਦਾ । ਸੰਤਨ ਸਤਿ ਵਖਾਏ ਇਕ ਨਿਸ਼ਾਨਾ, ਸਚ ਸੁੱਚ ਦ੍ਰਿੜਾਇੰਦਾ । ਗੁਰਮੁਖਾਂ ਵਖਾਏ ਇਕ ਧਿਆਨਾ, ਇਸ਼ਟ ਦੇਵ ਇਕ ਮਨਾਇੰਦਾ । ਗੁਰਸਿਖ ਸਾਚੇ ਕਰ ਪਰਵਾਨਾ, ਪਾਰਜਾਤ ਬਣਾਇੰਦਾ । ਕਲਜੁਗ ਅੰਤਮ ਹੋ ਮਿਹਰਵਾਨਾ, ਨਿਰਗੁਣ ਆਪਣਾ ਖੇਲ ਖਿਲਾਇੰਦਾ । ਗੁਰ ਅਵਤਾਰ ਲੈ ਕੇ ਔਂਦੇ ਰਹੇ ਧੁਰ ਪਰਵਾਨਾ, ਸਤਿਗੁਰ ਪੂਰਾ ਝੋਲੀ ਪਾਇੰਦਾ । ਜੀਵ ਜੰਤ ਉਠੌਂਦੇ ਰਹੇ ਬਾਲ ਅੰਞਾਣਾ, ਸਾਚੀ ਸੇਵਾ ਸਚ ਕਰਾਇੰਦਾ । ਸਤਿ ਸੰਤੋਖੀ ਬੰਨ੍ਹ ਬੰਨ੍ਹ ਗਾਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰ ਆਪ ਜਣਾਇੰਦਾ । ਸਤਿਗੁਰ ਪੂਰਾ ਸਾਖ਼ਯਾਤ, ਹਰਿ ਸੱਚਾ ਸ਼ਾਹ ਸੁਲਤਾਨਿਆ । ਗੁਰ ਗੁਰ ਰੂਪ ਨਾ ਕੋਈ ਜ਼ਾਤ ਨਾ ਕੋਈ ਪਾਤ, ਦੀਨ ਮਜ਼੍ਹਬ ਨਾ ਕੋਇ ਰਖਾਨਿਆ । ਸ਼ਬਦ ਅਗੰਮੀ ਏਕਾ ਗਾਥ, ਆਪੇ ਜਾਣੇ ਸ੍ਰੀ ਭਗਵਾਨਿਆ । ਭਗਤ ਭਗਵੰਤ ਦੇਵੇ ਸਾਥ, ਸਗਲਾ ਸਾਥ ਆਪ ਰਖਾਨਿਆ । ਸੰਤਨ ਮਸਤਕ ਲਹਿਣਾ ਦੇਵੇ ਮਾਥ, ਲੇਖਾ ਜਾਣੇ ਦੋ ਜਹਾਨਿਆ । ਗੁਰਮੁਖ ਚੜ੍ਹਾਏ ਆਪਣੇ ਰਾਥ, ਰਥ ਰਥਵਾਹੀ ਖੇਲ ਮਹਾਨਿਆ । ਗੁਰਸਿਖ ਇਕ ਜਪਾਏ ਪੂਜਾ ਪਾਠ, ਏਕਾ ਅੱਖਰ ਵੱਖਰ ਆਪ ਪੜ੍ਹਾਨਿਆ । ਆਪ ਲਗਾਏ ਆਪਣੇ ਘਾਟ, ਸਚ ਕਿਨਾਰਾ ਇਕ ਜਣਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਖੇਲ ਕਰੇ ਸ੍ਰੀ ਭਗਵਾਨਿਆ । ਸਤਿਗੁਰ ਪੂਰਾ ਇਕ ਪਰਤਖ, ਆਦਿ ਜੁਗਾਦਿ ਸਮਾਇਆ । ਗੁਰ ਗੁਰ ਰੂਪ ਲੋਕਮਾਤ ਲਏ ਰੱਖ, ਪੰਜ ਤਤ ਚੋਲਾ ਆਪ ਹੰਢਾਇਆ । ਸ਼ਬਦੀ ਸ਼ਬਦ ਮਾਰਗ ਏਕਾ ਦੱਸ, ਭਗਤ ਸੰਤ ਲਏ ਜਗਾਇਆ । ਗੁਰਮੁਖ ਗੁਰਸਿਖ ਕਰੇ ਵਸ, ਏਕਾ ਆਪਣਾ ਬੰਧਨ ਪਾਇਆ । ਕਲਜੁਗ ਅੰਤਮ ਨਿਰਗੁਣ ਜੋਤ ਕਰ ਪਰਕਾਸ਼, ਨਿਹਕਲੰਕਾ ਨਾਉਂ ਰਖਾਇਆ । ਸੰਬਲ ਨਗਰ ਕਰਿਆ ਵਾਸ, ਸਾਢੇ ਤਿੰਨ ਹੱਥ ਬੰਕ ਸੁਹਾਇਆ, ਗੁਰ ਗੋਬਿੰਦ ਸੂਰਾ ਵਸੇ ਪਾਸ, ਵਿਛੜ ਕਦੇ ਨਾ ਜਾਇਆ । ਮਾਤ ਗਰਭ ਨਾ ਆਏ ਦਸ ਦਸ ਮਾਸ, ਜੂਨੀ ਜੂਨ ਨਾ ਕੋਇ ਭਵਾਇਆ । ਰਸਨਾ ਜਿਹਵਾ ਨਾ ਪਵਣ ਸਵਾਸ, ਸੁਰਤੀ ਸ਼ਬਦ ਨਾ ਕੋਇ ਮਿਲਾਇਆ । ਆਦਿ ਜੁਗਾਦਿ ਨਾ ਹੋਏ ਉਦਾਸ, ਆਪ ਆਪਣੇ ਰੰਗ ਸਮਾਇਆ । ਲੇਖਾ ਜਾਣੇ ਖੇਲ ਤਮਾਸ਼, ਦੋ ਜਹਾਨਾਂ ਫੇਰਾ ਪਾਇਆ । ਜਨ ਭਗਤਾਂ ਅੰਤਰ ਹੋਇਆ ਵਾਸ, ਘਰ ਘਰ ਵਿਚ ਬੈਠਾ ਆਸਣ ਲਾਇਆ । ਏਕਾ ਮੰਡਲ ਪਾਏ ਰਾਸ, ਗੋਪੀ ਕਾਹਨ ਆਪ ਨਚਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਆਪਣਾ ਨਾਉਂ ਧਰਾਇਆ । ਸਤਿਗੁਰ ਪੂਰਾ ਇਕ ਇਕੱਲਾ, ਅਕਲ ਕਲਾ ਅਖਵਾਈਆ । ਗੁਰ ਗੁਰ ਰੂਪ ਵਸੇ ਜਗਤ ਮਹੱਲਾ, ਜਗਤ ਜੁਗ ਦਏ ਵਡਿਆਈਆ । ਸਚ ਸੰਦੇਸ਼ ਨਰ ਨਰੇਸ਼ ਏਕਾ ਘੱਲਾ, ਸ਼ਬਦ ਕਰੇ ਸ਼ਨਵਾਈਆ । ਭਗਤ ਭਗਵੰਤ ਫੜਾਏ ਪੱਲਾ, ਛੁੱਟ ਕਦੇ ਨਾ ਜਾਈਆ । ਸੰਤਨ ਅੰਤਰ ਆਪੇ ਰੱਲਾ, ਜੋਤੀ ਜੋਤ ਮੇਲ ਮਿਲਾਈਆ । ਗੁਰਮੁਖ ਪੰਚ ਵਿਕਾਰ ਨਾ ਮਾਰੇ ਹੱਲਾ, ਕਾਮ ਕਰੋਧ ਲੋਭ ਮੋਹ ਹੰਕਾਰ ਦਏ ਗਵਾਈਆ । ਗੁਰਸਿਖ ਚਰਨ ਕਵਲ ਵਖਾਏ ਨਿਹਚਲ ਧਾਮ ਅਟੱਲਾ, ਲੋਕਮਾਤ ਦਏ ਵਡਿਆਈਆ । ਕਲਜੁਗ ਜੀਵ ਭੁਲਾਏ ਕਰ ਕਰ ਵਲ ਛਲਾ, ਚਾਰ ਕੁੰਟ ਦਹਿ ਦਿਸ਼ਾ ਦਿਸ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਨਾਉਂ ਪਰਗਟਾਈਆ । ਸਤਿਗੁਰ ਸੱਚਾ ਨਾਉਂ ਪਰਗਟਾਇੰਦਾ, ਜੁਗਾ ਜੁਗੰਤਰ ਸਾਚੀ ਕਾਰ । ਗੁਰ ਗੁਰ ਹੋ ਮਾਤ ਸੁਣਾਇੰਦਾ, ਨਿਰਗੁਣ ਸਰਗੁਣ ਲੈ ਅਵਤਾਰ । ਸ਼ਬਦੀ ਨਾਮ

ਆਪ ਜਣਾਇੰਦਾ, ਰਸਨਾ ਜਿਹਵਾ ਇਕ ਜੈਕਾਰ । ਭਗਤ ਭਗਵੰਤ ਆਪ ਪੜ੍ਹਾਇੰਦਾ, ਪਾਠਸ਼ਾਲਾ ਕੋਇ ਨਾ ਕਰੇ ਵਿਚਾਰ । ਸਾਚੇ ਸੰਤ ਭੇਵ ਖੁਲਾਇੰਦਾ, ਅੰਦਰ ਮੰਦਰ ਖੋਲ੍ਹ ਕਿਵਾੜ । ਗੁਰਮੁਖਾਂ ਏਕਾ ਪੱਟੀ ਆਪ ਵਖਾਇੰਦਾ । ਕ਼ਲਮ ਸ਼ਾਹੀ ਨਾ ਪਾਵੇ ਸਾਰ । ਗੁਰਸਿਖ ਰਤੀ ਰਤ ਰਤ ਰੰਗਾਇੰਦਾ, ਪ੍ਰੇਮ ਰਤ ਕਰ ਤਿਆਰ । ਕਲਜੁਗ ਅੰਤਮ ਸੱਥਰ ਇਕ ਵਿਛਾਇੰਦਾ, ਨੌ ਖੰਡ ਕਰੇ ਖ਼ਵਾਰ । ਸ਼ਾਹ ਸੁਲਤਾਨ ਅੱਥਰ ਅੰਤ ਵਹਾਇੰਦਾ, ਨੇਤਰ ਰੋਵੇ ਜ਼ਾਰੋ ਜ਼ਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗਾ ਜੁਗੰਤਰ ਕਰੇ ਸਾਚੀ ਕਾਰ । ਸਤਿਗੁਰ ਪੂਰਾ ਕਾਰ ਕਰਾਇੰਦਾ, ਕਰਨਹਾਰ ਕਰਤਾਰਾ । ਗੁਰ ਗੁਰ ਆਪਣਾ ਵੇਸ ਵਟਾਇੰਦਾ, ਸ਼ਬਦ ਅਨਾਦੀ ਬੋਲ ਜੈਕਾਰਾ । ਭਗਤਨ ਲੇਖਾ ਬਹਿ ਸਮਝਾਇੰਦਾ, ਸੰਤਨ ਕਰੇ ਪਿਆਰਾ । ਗੁਰਮੁਖਾਂ ਭਰਮ ਭੁਲੇਖਾ ਆਪ ਚੁਕਾਇੰਦਾ, ਗੁਰਸਿਖਾਂ ਬਖ਼ਸ਼ੇ ਸਤਿ ਭੰਡਾਰਾ । ਕਲਜੁਗ ਜੀਵ ਭੇਵ ਕੋਇ ਨਾ ਪਾਇੰਦਾ, ਹਰਿ ਕਾ ਰੂਪ ਅਗੰਮ ਅਪਾਰਾ । ਵੇਦ ਕਤੇਬ ਲਿਖ ਲਿਖ ਜਸ ਗਾਇੰਦਾ, ਜਸ ਗਾਏ ਬ੍ਰਹਮਾ ਚਾਰੇ ਮੁਖ ਖੋਲ੍ਹ ਕਿਵਾੜਾ । ਗੁਰ ਅਵਤਾਰ ਸਦਾ ਸਾਲਾਇੰਦਾ, ਬੇਅੰਤ ਹਰਿ ਨਿਰੰਕਾਰਾ । ਭਗਤ ਭਗਵੰਤ ਸੰਤ ਕੰਤ ਧਿਆਨ ਲਗਾਇੰਦਾ, ਮੰਗਣ ਭਿੱਖ ਚਰਨ ਦਵਾਰਾ । ਗੁਰਮੁਖ ਗੁਰਸਿਖ ਰਾਹ ਤਕਾਇੰਦਾ, ਜੁਗਾ ਜੁਗੰਤਰ ਵਾਰੋ ਵਾਰਾ । ਗੋਬਿੰਦ ਲੇਖਾ ਇਕ ਸਮਝਾਇੰਦਾ, ਲੇਖਾ ਲਿਖਿਆ ਅਗੰਮ ਅਪਾਰਾ । ਪੁਰਖ ਅਕਾਲ ਇਕ ਮਨਾਇੰਦਾ, ਦੂਜਾ ਅਵਰ ਨਾ ਕੋਇ ਸਹਾਰਾ । ਅੰਤਮ ਵੇਲਾ ਓਟ ਜਣਾਇੰਦਾ, ਲੱਖ ਚੁਰਾਸੀ ਦਏ ਸਹਾਰਾ । ਜੁਗ ਜੁਗ ਹਰਿ ਹਰਿ ਆਪਣਾ ਖੇਲ ਖਿਲਾਇੰਦਾ, ਕਲਜੁਗ ਅੰਤਮ ਖੇਲ ਕਰੇ ਨਿਆਰਾ । ਸਰਗੁਣ ਆਪਣਾ ਮੁਖ ਛੁਪਾਇੰਦਾ, ਨਿਰਗੁਣ ਰੂਪ ਹੋਏ ਉਜਿਆਰਾ । ਜੋਤੀ ਜਾਮਾ ਭੇਖ ਵਟਾਇੰਦਾ, ਨਾਉਂ ਰਖਾਏ ਨਿਹਕਲੰਕ ਨਰਾਇਣ ਨਰ ਅਵਤਾਰਾ । ਸਾਚਾ ਸ਼ਬਦ ਡੰਕ ਵਜਾਇੰਦਾ, ਵਿਸ਼ਨ ਬ੍ਰਹਮਾ ਸ਼ਿਵ ਲੋਆਂ ਪੁਰੀਆਂ ਕਰੇ ਖ਼ਬਰਦਾਰਾ । ਸ਼ਾਹ ਸੁਲਤਾਨਾਂ ਖ਼ਾਕ ਮਿਲਾਇੰਦਾ, ਖੰਡਾ ਫੜੇ ਹੱਥ ਦੋ ਧਾਰਾ । ਅਸਵ ਘੋੜਾ ਆਪ ਦੌੜਾਇੰਦਾ, ਨੀਲਾ ਨੀਲੀ ਧਾਰੋਂ ਕਰੇ ਬਾਹਰਾ । ਹਰਿ ਕਾ ਭੇਵ ਕੋਇ ਨਾ ਪਾਇੰਦਾ, ਸਤਿਗੁਰ ਸਾਚਾ ਆਦਿ ਜੁਗਾਦਿ ਇਕ ਅਵਤਾਰਾ । ਗੁਰ ਗੁਰ ਰੂਪ ਸੇਵ ਕਮਾਇੰਦਾ, ਦੋਏ ਜੋੜ ਕਰੇ ਨਿਮਸਕਾਰਾ । ਸਾਚਾ ਸੁਤ ਇਕ ਉਪਜਾਇੰਦਾ, ਸ਼ਬਦੀ ਸ਼ਬਦ ਕਰ ਪਿਆਰਾ । ਭਗਤ ਸੰਤ ਗੁਰਮੁਖ ਗੁਰਸਿਖ ਏਕਾ ਧਾਮ ਬਹਾਇੰਦਾ, ਚੌਥਾ ਜੁਗ ਕਰੇ ਪਾਰ ਕਿਨਾਰਾ । ਕਾਲਖ ਟਿੱਕਾ ਮੇਟ ਮਿਟਾਇੰਦਾ, ਨਿਰਮਲ ਦੀਪਕ ਕਰ ਉਜਿਆਰਾ । ਫਿਕਾ ਬੋਲ ਰਹਿਣ ਨਾ ਪਾਇੰਦਾ, ਰਸ ਮਿੱਠਾ ਇਕ ਜਣਾਏ ਏਕੰਕਾਰਾ । ਚਾਰੇ ਵਰਨਾਂ ਏਕਾ ਰੰਗ ਰੰਗਾਇੰਦਾ, ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਏਕਾ ਓਟ ਕਮਾਏ ਹਰਿ ਚਰਨ, ਸਰਨ ਸੱਚਾ ਦਰਬਾਰਾ । ਊਚ ਨੀਚ ਨਾ ਕੋਇ ਵਖਾਇੰਦਾ, ਜ਼ਾਤ ਪਾਤ ਨਾ ਕੋਇ ਕਿਨਾਰਾ । ਆਤਮ ਬ੍ਰਹਮ ਸਰਬ ਦ੍ਰਿੜ੍ਹਾਇੰਦਾ, ਪਾਰਬ੍ਰਹਮ ਭੇਵ ਨਿਆਰਾ । ਸੋ ਆਪਣਾ ਰੂਪ ਰਖਾਇੰਦਾ, ਹੰ ਰੂਪ ਸਰਬ ਸੰਸਾਰਾ । ਸੋਹੰ ਏਕਾ ਸ਼ਬਦ ਸੁਣਾਇੰਦਾ, ਨਿਰਗੁਣ ਨਿਰਗੁਣ ਕਰੇ ਪਿਆਰਾ । ਸਰਗੁਣ ਪੰਜ ਤਤ ਚੋਲਾ ਉਪਰ ਕੱਪੜ ਪਾਇੰਦਾ, ਰਕਤ ਬੂੰਦ ਹੱਡ ਮਾਸ ਨਾੜੀ ਲਾਇਆ ਗਾਰਾ । ਅੰਦਰ ਆਪਣਾ ਬੰਕ ਸੁਹਾਇੰਦਾ, ਘਰ ਘਰ ਵਿਚ ਕਰ ਤਿਆਰਾ । ਜਗਤ ਨੇਤਰ ਦਿਸ ਕਿਸੇ ਨਾ ਆਇੰਦਾ, ਲੱਖ ਚੁਰਾਸੀ ਹੋਈ ਖ਼ਵਾਰਾ । ਗੁਰਮੁਖ ਵਿਰਲੇ ਬੂਝ ਬੁਝਾਇੰਦਾ, ਜਿਸ ਜਨ ਖੋਲ੍ਹੇ ਬੰਦ ਕਿਵਾੜਾ । ਡੂੰਘੀ ਭਵਰ ਨਾ ਕੋਇ ਰਖਾਇੰਦਾ, ਸੁਖਮਨ ਟੇਢੀ ਬੰਕ ਨਿਉਂ ਨਿਉਂ ਕਰੇ ਨਿਮਸਕਾਰਾ । ਈੜਾ ਪਿੰਗਲ ਮੁਖ ਸ਼ਰਮਾਇੰਦਾ, ਨੇਤਰ ਰੋਵੇ ਜ਼ਾਰੋ ਜ਼ਾਰਾ ।

ਪੰਚਮ ਮੂਰਛਾ ਗਤ ਬਣਾਇੰਦਾ, ਸ਼ਬਦ ਮਾਰ ਖੰਡਾ ਦੋ ਧਾਰਾ । ਅੰਮ੍ਰਿਤ ਸੋਮਾਂ ਆਪ ਫੁਟਾਇੰਦਾ, ਕਵਲ ਕਰੇ ਮੁਧ ਨਿਰੰਕਾਰਾ । ਆਪਣਾ ਨਾਦ ਆਪ ਵਜਾਇੰਦਾ, ਅਨਹਦ ਸ਼ਬਦ ਸੱਚੀ ਧੁੰਨਕਾਰਾ । ਆਪਣਾ ਮੰਗਲ ਆਪੇ ਗਾਇੰਦਾ, ਪੰਚਮ ਸਖ਼ੀਆਂ ਨਾਲ ਵਾਰੋ ਵਾਰਾ । ਗੁਰਸਿਖ ਤੇਰਾ ਰੂਪ ਆਪ ਵਟਾਇੰਦਾ, ਕਾਗੋਂ ਹੰਸ ਬਣੇ ਉਡਾਰਾ, ਤੇਰੀ ਸੁਰਤੀ ਆਪਣੇ ਲੇਖੇ ਲਾਇੰਦਾ, ਸਾਚਾ ਸ਼ਬਦ ਕੰਤ ਭਤਾਰਾ । ਸਾਚੀ ਜੋੜੀ ਜੋੜ ਜੁੜਾਇੰਦਾ, ਜੋੜਨਹਾਰਾ ਖੇਲ ਨਿਆਰਾ । ਆਪਣੀ ਹੱਥੀਂ ਆਪਣੇ ਆਸਣ ਆਪ ਬਹਾਇੰਦਾ, ਆਤਮ ਸੇਜਾ ਕਰ ਪਿਆਰਾ । ਸਾਚੀ ਸੇਜ ਸੋਭਾ ਪਾਇੰਦਾ, ਕੰਤ ਕੰਤੂਲ ਮੀਤ ਮੁਰਾਰਾ । ਆਪਣੀ ਸਖ਼ੀ ਆਪਣੇ ਅੰਗ ਲਗਾਇੰਦਾ, ਨਾਤਾ ਤੋੜ ਜਗਤ ਸੰਸਾਰਾ । ਜਗਤ ਮਾਇਆ ਮੋਹ ਭਰਮ ਭੁਲਾਇੰਦਾ, ਹਰਿ ਕਾ ਭੇਵ ਨਾ ਪਾਏ ਕੋਇ ਜੀਵ ਗਵਾਰਾ । ਕਲਜੁਗ ਜੀਵ ਜੰਤ ਸਾਧ ਸੰਤ ਸਰਬ ਕੁਰਲਾਇੰਦਾ, ਉਚਾ ਦਿਸੇ ਨਾ ਮਹੱਲ ਮੁਨਾਰਾ । ਨੌ ਦਵਾਰੇ ਫਿਰ ਫਿਰ ਥੱਕੇ ਅਗਲਾ ਪੰਧ ਨਾ ਕੋਇ ਮੁਕਾਇੰਦਾ, ਨਾ ਕੋਈ ਦੇਵੇ ਸਚ ਸਹਾਰਾ । ਰਸਨਾ ਪੜ੍ਹ ਪੜ੍ਹ ਜਗਤ ਗਿਆਨ ਸੁਣਾਇੰਦੇ, ਅੰਤਰ ਗਿਆਨ ਨਾ ਹੋਇਆ ਉਜਿਆਰਾ । ਬਹਿ ਬਹਿ ਆਸਣ ਚਰਨੀ ਸੀਸ ਲਵਾਇੰਦੇ, ਆਪਣਾ ਸੀਸ ਨਾ ਝੁਕਿਆ ਪਰਵਰਦਿਗਾਰਾ । ਉਠ ਉਠ ਅਠਸਠ ਤੀਰਥ ਫੇਰਾ ਪਾਇੰਦੇ, ਤਨ ਲੰਗੋਟ ਖ਼ਾਕ ਪਾਈ ਛਾਰਾ । ਅੰਤਰ ਮੈਲ ਨਾ ਆਪ ਧਵਾਇੰਦੇ, ਚਿਕੜ ਭਰੀ ਹੋਈ ਦੁਹਾਗਣ ਨਾਰਾ । ਘਰ ਘਰ ਜਾ ਜੀਵਾਂ ਜੰਤਾਂ ਅਨੰਦ ਕਾਰਜ ਆਪ ਕਰਾਇੰਦੇ, ਆਪਣਾ ਕੰਤ ਕਿਸੇ ਨਾ ਮਿਲਿਆ ਹਰਿ ਨਿਰੰਕਾਰਾ । ਜੋ ਝੂਠਾ ਵਿਆਹ ਵਖਾਇੰਦੇ, ਚੌਥੀ ਲਾਂਵ ਪ੍ਰਭ ਅਬਿਨਾਸ਼ੀ ਮਿਲਿਆ ਨਾ ਇਕ ਨਿਰੰਕਾਰਾ । ਨਾਨਕ ਕੀਤਾ ਕੌਲ ਨਾ ਪੂਰ ਕਰਾਇੰਦੇ, ਗੋਬਿੰਦ ਮਾਰੇ ਅੰਤਮ ਮਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਆਦਿ ਪੁਰਖ ਏਕਾ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਵੇਖ ਵਖਾਇੰਦਾ ।

★ ੨੩ ਫਗਣ ੨੦੧੭ ਬਿਕ੍ਰਮੀ ਸੁੰਦਰ ਸਿੰਘ ਦੇ ਗ੍ਰਿਹ ਪਿੰਡ ਰੋਸੇ ਜ਼ਿਲਾ ਗੁਰਦਾਸ ਪੁਰ ★

ਸੋ ਪੁਰਖ ਨਿਰੰਜਣ ਖੇਲ ਮਹਾਨਾ, ਹਰਿ ਸਤਿਗੁਰ ਆਪ ਕਰਾਇੰਦਾ । ਹਰਿ ਪੁਰਖ ਨਿਰੰਜਣ ਲੇਖਾ ਜਾਣੇ ਦੋ ਜਹਾਨਾ, ਆਦਿ ਜੁਗਾਦੀ ਵੇਖ ਵਖਾਇੰਦਾ । ਏਕੰਕਾਰਾ ਜੋਧਾ ਸੂਰਬੀਰ ਬਲੀ ਬਲਵਾਨਾ, ਮਰਦ ਮਰਦਾਨਾ ਆਪਣਾ ਨਾਉਂ ਧਰਾਇੰਦਾ । ਆਦਿ ਨਿਰੰਜਣ ਨੂਰ ਮਹਾਨਾ, ਜੋਤੀ ਜੋਤ ਡਗਮਗਾਇੰਦਾ । ਸ੍ਰੀ ਭਗਵਾਨ ਵਸਣਹਾਰਾ ਸਚ ਮਕਾਨਾ, ਸਚਖੰਡ ਦਵਾਰੇ ਸੋਭਾ ਪਾਇੰਦਾ । ਅਬਿਨਾਸ਼ੀ ਕਰਤਾ ਦੇਵਣਹਾਰਾ ਧੁਰ ਫ਼ਰਮਾਨਾ, ਸਚ ਸੰਦੇਸ਼ ਆਪ ਸੁਣਾਇੰਦਾ । ਪਾਰਬ੍ਰਹਮ ਆਪੇ ਬਣ ਬਣ ਗੋਪੀ ਕਾਹਨਾ ਨਾਰੀ ਕੰਤ ਸੇਜ ਹੰਢਾਇੰਦਾ । ਨਿਰਗੁਣ ਨਿਰਵੈਰ ਪੁਰਖ ਅਕਾਲ ਸ਼ਾਹੋ ਭੂਪ ਬਣ ਰਾਜ ਰਾਜਾਨਾ, ਤਖ਼ਤ ਨਿਵਾਸੀ ਸਾਚਾ ਤਖ਼ਤ ਇਕ ਸੁਹਾਇੰਦਾ । ਦਰ ਦਰਵੇਸ਼ ਨਾ ਕੋਇ ਦਰਬਾਨਾ, ਅਲਖ ਅਗੋਚਰ ਅਗੰਮ ਅਥਾਹ ਆਪਣਾ ਖੇਲ ਆਪ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਏਕਾ ਹਰਿ, ਅਨੁਭਵ ਆਪਣੀ ਖੇਲ ਖਿਲਾਇੰਦਾ । ਅਨੁਭਵ ਖੇਲ ਹਰਿ ਨਿਰੰਕਾਰਾ, ਆਪਣਾ ਆਪ ਕਰਾਈਆ । ਥਿਰ ਘਰ ਸਾਚੇ ਹੋ ਉਜਿਆਰਾ, ਅੰਦਰ ਮੰਦਰ ਆਪ ਸੁਹਾਈਆ । ਕਰੇ ਖੇਲ

ਅਪਰ ਅਪਾਰਾ, ਅਪਰ ਅਪਰੰਪਰ ਬੇਪਰਵਾਹੀਆ । ਹੁਕਮੀ ਹੁਕਮ ਸਤਿ ਵਰਤਾਰਾ, ਸਤਿ ਸਤਿਵਾਦੀ ਆਪ ਵਰਤਾਈਆ । ਜੁਗਾ ਜੁਗੰਤਰ ਹੋ ਨਿਆਰਾ, ਰੂਪ ਅਨੂਪ ਆਪ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਆਪਣੇ ਹੱਥ ਰੱਖੇ ਵਡਿਆਈਆ । ਹੱਥ ਵਡਿਆਈ ਪੁਰਖ ਸਮਰਥ, ਆਦਿ ਜੁਗਾਦਿ ਰਖਾਇੰਦਾ । ਜੁਗਾ ਜੁਗੰਤਰ ਮਹਿਮਾ ਅਕਥ, ਨਾਉਂ ਨਿਰੰਕਾਰਾ ਨਾਮ ਪਰਗਟਾਇੰਦਾ । ਲੱਖ ਚੁਰਾਸੀ ਚਲਾਏ ਰਥ, ਰਥ ਰਥਵਾਹੀ ਦਿਸ ਨਾ ਆਇੰਦਾ । ਭਗਤਨ ਮਾਰਗ ਸਾਚਾ ਦੱਸ, ਸਾਚੇ ਰਾਹੇ ਆਪੇ ਪਾਇੰਦਾ । ਸੰਤਨ ਹਿਰਦੇ ਅੰਦਰ ਵਸ, ਹਰਿ ਕਾ ਰੂਪ ਆਪ ਦਰਸਾਇੰਦਾ । ਗੁਰਮੁਖਾਂ ਦੇਵੇ ਅੰਮ੍ਰਿਤ ਰਸ, ਨਿਝਰ ਧਾਰਾ ਆਪ ਝਿਰਾਇੰਦਾ । ਗੁਰਸਿਖਾਂ ਪੂਰੀ ਕਰੇ ਆਸ, ਨਿਰਗੁਣ ਸਰਗੁਣ ਰੂਪ ਵਟਾਇੰਦਾ । ਗੁਰ ਗੁਰ ਰੂਪ ਸ਼ਾਹੋ ਸ਼ਾਬਾਸ, ਸ਼ਾਹ ਸੁਲਤਾਨਾ ਆਪ ਕਰਾਇੰਦਾ । ਸੇਵਕ ਸੇਵਾ ਕਰੇ ਬਣ ਬਣ ਦਾਸੀ ਦਾਸ, ਦਾਸੀ ਦਾਸ ਆਪ ਅਖਵਾਇੰਦਾ । ਲੇਖਾ ਜਾਣੇ ਪ੍ਰਿਥਮੀ ਆਕਾਸ਼, ਗਗਨ ਮੰਡਲ ਫੋਲ ਫੁਲਾਇੰਦਾ । ਆਦਿ ਜੁਗਾਦਿ ਨਾ ਜਾਏ ਵਿਨਾਸ, ਅਜੂਨੀ ਰਹਿਤ ਜੂਨ ਅਜੂਨ ਨਾ ਕੋਇ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਨਿਰਗੁਣ ਸਰਗੁਣ ਖੇਲ ਕਰ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਨਿਰਗੁਣ ਦਾਤਾ ਹਰਿ ਭਗਵਾਨ, ਪਾਰਬ੍ਰਹਮ ਵਡੀ ਵਡਿਆਈਆ । ਗੁਰ ਗੁਰ ਰੂਪ ਵਿਚ ਜਹਾਨ, ਸ਼ਬਦ ਸ਼ਬਦੀ ਆਪ ਪਰਗਟਾਈਆ । ਪੰਜ ਤਤ ਕਰ ਪਰਧਾਨ, ਲੋਕਮਾਤ ਦਏ ਵਡਿਆਈਆ । ਆਪਣਾ ਅੱਖਰ ਨਿਸ਼ ਕਰ ਪਰਵਾਨ, ਸਚ ਗਿਆਨ ਇਕ ਦ੍ਰਿੜਾਈਆ । ਲੇਖਾ ਜਾਣੇ ਕਾਇਆ ਮੰਦਰ ਮਕਾਨ, ਘਰ ਘਰ ਵਿਚ ਡੇਰਾ ਲਾਈਆ । ਜੁਗ ਚੌਕੜੀ ਕਰੇ ਆਪ ਕਲਿਆਣ, ਕੁਦਰਤ ਕਾਦਰ ਵੇਖ ਵਖਾਈਆ । ਸਤਿ ਝੁਲਾਏ ਇਕ ਨਿਸ਼ਾਨ, ਸਤਿ ਸਤਿਵਾਦੀ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਏਕਾ ਬੰਧਨ ਪਾਈਆ । ਜੁਗ ਜੁਗ ਬੰਧਨ ਪਾਏ ਏਕ, ਏਕੰਕਾਰਾ ਖੇਲ ਖਿਲਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਬਖ਼ਸ਼ੇ ਚਰਨ ਟੇਕ, ਚਰਨ ਟੇਕ ਇਕ ਸਮਝਾਇੰਦਾ । ਤ੍ਰੈਗੁਣ ਮਾਇਆ ਭਿਖਿਆ ਪਾਏ ਕਰ ਕਰ ਭੇਖ, ਪੰਚਮ ਸਾਚਾ ਸੰਗ ਨਿਭਾਇੰਦਾ । ਚਾਰੇ ਵੇਦ ਗਾਏ ਅਲਖ ਅਲੇਖ, ਚਾਰੇ ਮੁਖ ਮੁਖ ਸਾਲਾਹਿੰਦਾ । ਆਪੇ ਬਣਿਆ ਰਹੇ ਅਭੇਦ, ਦਿਸ ਕਿਸੇ ਨਾ ਆਇੰਦਾ । ਸਤਿਜੁਗ ਤ੍ਰੇਤਾ ਦਵਾਪਰ ਨਿਰਗੁਣ ਸਰਗੁਣ ਹੋ ਹੋ ਆਪੇ ਵੇਖ, ਆਪਣੀ ਕਿਰਤ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਜੁਗ ਜੁਗ ਵੇਸ ਸ੍ਰੀ ਭਗਵਾਨਾ, ਹਰਿ ਆਪਣਾ ਆਪ ਧਰਾਇੰਦਾ । ਸਤਿਜੁਗ ਖੇਲੇ ਖੇਲ ਮਹਾਨਾ, ਏਕਾ ਆਠਾ ਆਠਾ ਏਕਾ ਆਪਣੀ ਕਲ ਧਰਾਇੰਦਾ । ਤ੍ਰੇਤਾ ਤੇਰਾ ਰੰਗ ਮਹਾਨਾ, ਤ੍ਰੈਗੁਣ ਅਤੀਤਾ ਆਪ ਚੜ੍ਹਾਇੰਦਾ । ਸਾਚਾ ਤੀਰ ਇਕ ਨਿਸ਼ਾਨਾ, ਹੋ ਮਿਹਰਵਾਨਾ ਆਪ ਉਠਾਇੰਦਾ । ਤੋੜਨਹਾਰਾ ਮਾਨ ਅਭਮਾਨਾ, ਮਾਣ ਨਿਮਾਣਿਆਂ ਮੇਲ ਮਿਲਾਇੰਦਾ । ਦੋਏ ਦੋਏ ਲੇਖਾ ਦੋ ਜਹਾਨਾ, ਦੋਏ ਦੋਏ ਲੋਚਣ ਖੇਲ ਖਿਲਾਇੰਦਾ । ਰਥ ਰਥਵਾਹੀ ਬਣ ਨਿਧਾਨਾ ਮਹਾਸਾਰਥੀ ਰਥ ਚਲਾਇੰਦਾ । ਏਕਾ ਅੱਖਰ ਇਕ ਗਿਆਨਾ, ਏਕਾ ਆਠਾ ਜੋੜ ਜੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਵੇਸ ਧਰਾਇੰਦਾ । ਵੇਸ ਵਟਾਏ ਇਕ ਇਕੱਲਾ, ਮਹਿਮਾ ਅਕਥ ਕਥੀ ਨਾ ਜਾਈਆ । ਨਿਰਗੁਣ ਰੂਪ ਨੂਰੀ ਨੂਰ ਅੱਲਾ, ਇਲਾਹੀ ਨੂਰ ਆਪ ਦਰਸਾਈਆ । ਵਸਣਹਾਰਾ ਸਚ ਮਹੱਲਾ, ਆਪਣੀ ਕਿਰਨ

੩੬੨

ਕਿਰਨ ਵਿਚੋਂ ਲਏ ਪਰਗਟਾਈਆ । ਸਚ ਸੰਦੇਸ਼ ਏਕਾ ਘੱਲਾ, ਮਿਹਬਾਨ ਬੀਦੋ ਬੇਐਬ ਪਰਵਰਦਿਗਾਰ ਇਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਨਿਰਗੁਣ ਸਰਗੁਣ ਖੇਲ ਖਿਲਾਈਆ । ਨਿਰਗੁਣ ਸਰਗੁਣ ਸਾਚਾ ਮੇਲਾ, ਹਰਿ ਸਾਚਾ ਆਪ ਕਰਾਇੰਦਾ । ਆਦਿ ਜੁਗਾਦੀ ਸੱਜਣ ਸੁਹੇਲਾ, ਦਰ ਘਰ ਸਾਚੇ ਸੋਭਾ ਪਾਇੰਦਾ । ਜੁਗ ਜੁਗ ਜਾਣੇ ਆਪਣਾ ਵੇਲਾ, ਵਾਰ ਥਿਤ ਨਾ ਕੋਇ ਰਖਾਇੰਦਾ । ਕਲਜੁਗ ਪਾਰਬ੍ਰਹਮ ਅਚਰਜ ਖੇਲ ਆਪੇ ਖੇਲਾ, ਨਿਰਗੁਣ ਆਪਣਾ ਨੂਰ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਏਕਾ ਹਰਿ, ਅਗੰਮ ਅਗੰਮੜੀ ਕਾਰ ਕਰਾਇੰਦਾ । ਅਗੰਮ ਅਗੰਮੜਾ ਅਲਖ ਨਿਰੰਜਣ, ਅਲਖ ਅਲਖਨਾ ਲਖਿਆ ਨਾ ਜਾਈਆ । ਆਦਿ ਜੁਗਾਦਿ ਦਰਦ ਦੁਖ ਭੈ ਭੰਜਨ, ਦੀਨਨ ਦੀਨਾਂ ਨਾਥਾਂ ਹੋਏ ਸਹਾਈਆ । ਏਕਾ ਕਰਾਏ ਸਾਚਾ ਮਜਨਾ, ਚਰਨ ਸਰਨ ਸਰਨ ਚਰਨ ਬਖ਼ਸ਼ੇ ਸੱਚੀ ਸਰਨਾਈਆ । ਇਕ ਚੜ੍ਹਾਏ ਸਚ ਜਹਾਜ਼ਨ, ਨਾਮ ਨਿਧਾਨਾ ਮਾਤ ਧਰਾਈਆ । ਨਿਰਗੁਣ ਨਿਰਗੁਣ ਰਚ ਰਚ ਕਾਜਨ, ਸਰਗੁਣ ਖੇਲ ਖੇਲੇ ਸੱਚਾ ਮਾਹੀਆ । ਨਾਨਕ ਨਿਰਗੁਣ ਸਰਗੁਣ ਖੇਲ ਗ਼ਰੀਬ ਨਿਵਾਜ਼ਨ, ਗ਼ਰੀਬ ਨਿਮਾਣੇ ਗਲੇ ਲਗਾਈਆ । ਗੋਬਿੰਦ ਚੜ੍ਹੇ ਸਾਚੇ ਤਾਜਨ, ਅਸਵ ਆਪਣਾ ਆਪ ਦੌੜਾਈਆ । ਪੁਰਖ ਅਕਾਲ ਮਾਰੇ ਵਾਜਨ, ਸੁਤ ਦੁਲਾਰਾ ਸਾਚਾ ਮਾਹੀਆ । ਆਦਿ ਜੁਗਾਦਿ ਸਾਜੇ ਸਾਜਣ, ਵਿਸ਼ਨ ਬ੍ਰਹਮਾ ਸ਼ਿਵ ਸੇਵ ਲਗਾਈਆ । ਸਤਿਜੁਗ ਤ੍ਰੇਤਾ ਦੁਆਪਰ ਕਰਦਾ ਆਇਆ ਕਾਜਨ, ਕਲਜੁਗ ਅੰਤਮ ਵੇਖੇ ਥਾਉਂ ਥਾਈਂਆ । ਪੰਚ ਵਿਕਾਰਾ ਕਰੇ ਨਾਚਨ, ਚਾਰ ਕੁੰਟ ਨੌ ਖੰਡ ਪ੍ਰਿਥਮੀ ਘਰ ਘਰ ਨਾਚ ਵਖਾਈਆ । ਵੇਖਣਹਾਰ ਪੁਰਖ ਸਮਰਾਥਨ, ਸਚਖੰਡ ਬੈਠਾ ਆਪਣਾ ਨੇਤਰ ਨੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਜੁਗ ਕਰਤਾ ਜਗ ਆਪਣੇ ਹੱਥ ਰਖੇ ਵਡਿਆਈਆ । ਸਚਖੰਡ ਦਵਾਰਾ ਸਚ ਮਹੱਲਾ, ਹਰਿ ਸਾਚਾ ਸਚ ਸੁਹਾਇੰਦਾ । ਕਲਜੁਗ ਅੰਤਮ ਵੇਸ ਕਰੇ ਅਵੱਲਾ, ਨਿਰਗੁਣ ਨਿਰਗੁਣ ਰੂਪ ਧਰਾਇੰਦਾ । ਪਾਵੇ ਸਾਰ ਜਲਾਂ ਥਲਾਂ, ਜਲ ਥਲ ਮਹੀਅਲ ਜੰਗਲ ਜੂਹ ਉਜਾੜ ਪਹਾੜ ਉਚੇ ਟਿੱਲੇ ਪਰਬਤ ਫੋਲ ਫੁਲਾਇੰਦਾ । ਸਚ ਸੰਦੇਸ਼ ਨਰ ਨਰੇਸ਼ ਬ੍ਰਹਮਾ ਵਿਸ਼ਨ ਸ਼ਿਵ ਮਹੇਸ਼ ਗਣੇਸ਼ ਏਕਾ ਘੱਲਾ, ਸੋਇਆ ਕੋਇ ਰਹਿਣ ਨਾ ਪਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਜੇਰਜ ਅੰਡਾਂ ਉਤਭੁਜ ਸੇਤਜ ਚਾਰੇ ਖਾਣੀ ਏਕਾ ਦੀਪ ਬੱਲਾ, ਨੂਰੋ ਨੂਰ ਡਗਮਗਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਗੁਰ ਅਵਤਾਰਾਂ ਫੜੌਂਦਾ ਰਿਹਾ ਪੱਲਾ, ਨਾਮ ਪੱਲੂ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਕਲਜੁਗ ਅੰਤਮ ਵੇਸ ਵਟੰਦੜਾ, ਪੁਰਖ ਅਬਿਨਾਸ਼ੀ ਇਕ ਅਗੰਮ । ਦਰ ਘਰ ਸਾਚੇ ਸੋਭਾ ਪੰਦੜਾ, ਕਰੇ ਕਰਾਏ ਆਪਣਾ ਕੰਮ । ਸੰਬਲ ਨਗਰ ਧਾਮ ਸੁਹੰਦੜਾ, ਸਾਢੇ ਤਿੰਨ ਹੱਥ ਬੇੜਾ ਬੰਨ੍ਹ । ਆਪਣਾ ਹੁਕਮ ਆਪ ਸੁਣੰਦੜਾ, ਸੰਦੇਸ਼ ਸੁਣਾਏ ਸੂਰਜ ਚੰਨ । ਨੌ ਖੰਡ ਪ੍ਰਿਥਮੀ ਵੇਖ ਵਖੰਦੜਾ, ਸੱਤਾਂ ਦੀਪਾਂ ਦੇਵੇ ਡੰਨ । ਲੱਖ ਚੁਰਾਸੀ ਜੂਠਾ ਝੂਠਾ ਭੇਖ ਮਿਟੰਦੜਾ, ਜੋ ਘੜਿਆ ਸੋ ਦੇਵੇ ਭੰਨ । ਵਿਸ਼ਨ ਬ੍ਰਹਮਾ ਸ਼ਿਵ ਸੀਸ ਝੁਕੰਦੜਾ, ਹਉਂ ਸੇਵਕ ਬਾਲ ਅੰਞਾਣੇ ਤੇਰੇ ਜਨ । ਤੂੰ ਸਾਹਿਬ ਸਦਾ ਬਖ਼ਸ਼ੰਦੜਾ, ਰਸਨਾ ਗਾਇਣ ਧੰਨ ਧੰਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਕਰੇ ਖੇਲ ਸ੍ਰੀ ਭਗਵਾਨ । ਹਰਿ ਭਗਵਨ ਰੂਪ ਧਰਾਇੰਦਾ, ਨਿਰਗੁਣ ਨੂਰ ਨੂਰ ਉਜਿਆਰ । ਜੋਤੀ ਜਾਤਾ ਵੇਸ ਵਟਾਇੰਦਾ, ਕਲ ਕਲਕੀ ਹੋ ਉਜਿਆਰ ।

ਰੂਪ ਰੰਗ ਰੇਖ ਨਾ ਕੋਇ ਵਖਾਇੰਦਾ, ਪੰਜ ਤਤ ਨਾ ਕੋਇ ਆਕਾਰ । ਤ੍ਰੈਗੁਣ ਬੰਧਨ ਨਾ ਕੋਇ ਪਾਇੰਦਾ, ਕਿਸੇ ਵਸੇ ਨਾ ਚਾਰ ਦੀਵਾਰ । ਛੱਪਰ ਛੰਨ ਨਾ ਕੋਇ ਛੁਹਾਇੰਦਾ, ਕਰੇ ਖੇਲ ਅਪਰ ਅਪਾਰ । ਆਪਣੀ ਰਚਨਾ ਆਪ ਰਚਾਇੰਦਾ, ਆਪੇ ਹੋਏ ਵੇਖਣਹਾਰ । ਗੋਬਿੰਦ ਬੰਕ ਇਕ ਸੁਹਾਇੰਦਾ, ਨਾਤਾ ਤੋੜ ਨੌ ਦਵਾਰ । ਘਰ ਘਰ ਵਿਚ ਆਸਣ ਲਾਇੰਦਾ, ਦਾਤਾ ਜੋਧਾ ਸੂਰਬੀਰ ਬਲਕਾਰ । ਨਾਮ ਖੰਡਾ ਹੱਥ ਚਮਕਾਇੰਦਾ, ਨਾ ਕੋਈ ਘੜੇ ਲੋਹਾਰ ਤਰਖਾਣ । ਬ੍ਰਹਿਮੰਡਾਂ ਆਪ ਵਖਾਇੰਦਾ, ਏਕਾ ਵਾਰ ਮਾਰ ਧਿਆਨ । ਕਲਜੁਗ ਅੰਤਮ ਕੰਢਾ ਹਰਿਜਨ ਸਾਚੇ ਆਪ ਜਗਾਇੰਦਾ, ਦੇਵੇ ਧੁਰ ਫ਼ਰਮਾਨ । ਇਕ ਸੁਣਾਏ ਸੁਹਾਗੀ ਛੰਦਾ, ਬ੍ਰਹਮ ਪਾਰਬ੍ਰਹਮ ਕਰੇ ਪਹਿਚਾਨ । ਗੁਰਸਿਖ ਵਖਾਏ ਆਤਮ ਪਰਮਾਨੰਦਾ, ਨਿਜਾਨੰਦ ਮੇਲ ਮਹਾਨ । ਮੁਖ ਸ਼ਰਮਾਏ ਸੂਰਜ ਚੰਦਾ, ਹਰਿ ਜੋਤ ਜਗੇ ਮਹਾਨ । ਆਤਮ ਸੇਜਾ ਆਪ ਸੁਹੰਦਾ, ਸੇਜ ਸੁਹੰਜਣੀ ਕਰ ਪਰਵਾਨ । ਮਨਮੁਖ ਨਾ ਲੇਖਾ ਜਾਣੇ ਭਾਗਾਂ ਮੰਦਾ, ਕਵਣ ਦਰ ਵਸੇ ਭਗਵਾਨ । ਨੇਤਰ ਨੈਣ ਕਲਜੁਗ ਅੰਧਾ, ਲੋਚਣ ਤੀਜੇ ਨਾ ਸਕੇ ਪਛਾਣ । ਜਗਤ ਦੁਹਾਗਣ ਹੋਇਆ ਰੰਡਾ, ਕੰਤ ਕੰਤੂਹਲ ਮਿਲਿਆ ਨਾ ਹਾਣੀ ਹਾਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਖੇਲੇ ਖੇਲ ਆਪ ਮਹਾਨ । ਖੇਲ ਮਹਾਨ ਕਰਾਇੰਦਾ, ਖ਼ਾਲਕ ਖ਼ਲਕ ਬੇਐਬ ਪਰਵਰਦਿਗਾਰ । ਨਵ ਨੌ ਆਪ ਉਠਾਇੰਦਾ, ਸ੍ਰਿਸ਼ਟ ਸਬਾਈ ਸਾਂਝਾ ਯਾਰ । ਚਾਰ ਚਾਰ ਪੰਧ ਮੁਕਾਇੰਦਾ, ਚਾਰ ਯਾਰੀ ਜਾਏ ਹਾਰ । ਕੂੜ ਕੁੜਿਆਰਾ ਖੰਡ ਖੰਡ ਕਰਾਇੰਦਾ, ਨਾਤਾ ਤੋੜੇ ਕਾਮ ਕਰੋਧ ਲੋਭ ਮੋਹ ਹੰਕਾਰ । ਮਾਇਆ ਮਮਤਾ ਪੰਧ ਮੁਕਾਇੰਦਾ, ਆਸਾ ਤ੍ਰਿਸ਼ਨਾ ਕਰੇ ਖਵਾਰ । ਗੁਰਸਿਖ ਸਾਚਾ ਛੰਦ ਸੁਣਾਇੰਦਾ, ਸਤਿਗੁਰ ਪੂਰਾ ਕਰ ਪਿਆਰ । ਖ਼ੁਸ਼ੀ ਬੰਦ ਬੰਦ ਕਰਾਇੰਦਾ, ਨਾਤਾ ਤੋੜ ਗੜ੍ਹ ਹੰਕਾਰ । ਕਰਵਟ ਆਪਣੀ ਆਪ ਬਦਲਾਇੰਦਾ, ਅੰਤਰ ਆਤਮ ਦਏ ਆਧਾਰ । ਸਾਚੀ ਸੇਜਾ ਸੋਭਾ ਪਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਗੰਮ ਅਪਾਰ । ਅਗੰਮ ਅਗੰਮੜਾ ਖੇਲ ਕਰਾਇੰਦਾ, ਕਲਜੁਗ ਅੰਤ ਸੁਹਾਏ ਬੰਕ । ਨਿਰਗੁਣ ਨਿਰਗੁਣ ਮੇਲ ਮਿਲਾਇੰਦਾ, ਸਰਗੁਣ ਬਣਾਏ ਸਾਚੀ ਬਣਤ । ਨਿਹਕਲੰਕਾ ਨਾਉਂ ਰਖਾਇੰਦਾ, ਡੰਕਾ ਵਜਾਏ ਆਦਿ ਅੰਤ । ਹਰਿਜਨ ਜਨਕਾ ਆਪ ਉਠਾਇੰਦਾ, ਇਕ ਜਣਾਏ ਮਣਿਆ ਮੰਤ । ਮਨਕਾ ਮਣਕਾ ਆਪ ਭਵਾਇੰਦਾ, ਸ਼ਬਦ ਅਗੰਮੀ ਲਾਏ ਤਨਕ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮੇਲ ਮਿਲਾਏ ਸਾਚੇ ਸੰਤ । ਸੰਤ ਮਿਲਾਵਾ ਕੰਤ ਸੁਹਾਗ, ਨਾਰੀ ਨਰ ਨਰਾਇਣ ਪਰਨਾਈਆ । ਲੇਖਾ ਜਾਣੇ ਵੈਰਾਗ ਅਨਰਾਗ, ਦਵੈਸ਼ ਦਵੈਤ ਨਾ ਕੋਇ ਵਡਿਆਈਆ । ਲੱਖ ਚੁਰਾਸੀ ਵਿਚੋਂ ਲਏ ਕਾਢ, ਜਿਸ ਜਨ ਆਪਣੀ ਬੂਝ ਬੁਝਾਈਆ । ਕਿਰਪਾ ਨਿਧ ਗਹਿਰ ਗੁਣ ਸਾਗਰ ਆਪ ਲਡਾਏ ਆਪਣਾ ਲਾਡ, ਹਰਿਜਨ ਬਾਲ ਅਵਾਣੇ ਗੋਦ ਬਹਾਈਆ । ਨਿਰਗੁਣ ਸਰਗੁਣ ਸ਼ਬਦ ਜਣਾਏ ਬੋਧ ਅਗਾਧ, ਅੱਖਰ ਵੱਖਰ ਕਰੇ ਪੜ੍ਹਾਈਆ । ਕਲਜੁਗ ਅੰਤ ਅੰਤ ਭਗਵੰਤ ਸੁਣੇ ਫ਼ਰਯਾਦ, ਸਾਚਾ ਸਾਲਸ ਨਿਰਗੁਣ ਰੂਪ ਖ਼ਾਲਸ ਆਪਣਾ ਨਾਉਂ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖੇ ਥਾਉਂ ਥਾਈਆ । ਹਰਿਜਨ ਹਰਿ ਹਰਿ ਵੇਖਦਾ, ਜੁਗਾ ਜੁਗੰਤਰ ਕਾਰ । ਲੇਖਾ ਜਾਣੇ ਪੂਰਬ ਜਨਮ ਭੇਖ ਦਾ, ਮਾਣਸ ਮਾਣਸ ਲਏ ਉਧਾਰ । ਕਰੇ ਖੇਲ ਨਰ ਨਰੇਸ਼ ਦਾ, ਗ਼ਰੀਬ ਨਿਮਾਣਿਆਂ ਪਾਵੇ ਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖ ਸੱਜਣ ਲਏ ਉਭਾਰ । ਗੁਰਸਿਖ ਗੁਰ ਗੁਰ ਜਗਾਇਆ, ਗੁਰ

ਸ਼ਬਦੀ ਕਰ ਪਿਆਰ । ਸਾਚੇ ਮਾਰਗ ਆਪੇ ਲਾਇਆ, ਨਾਤਾ ਤੋੜ ਜਗਤ ਸੰਸਾਰ । ਸਾਚਾ ਨਾਮ ਸ਼ਬਦ ਜਣਾਇਆ, ਰਾਗ ਛਤੀਸ ਨਾ ਪਾਵਣ ਸਾਰ । ਨਾਦ ਅਨਾਦੀ ਆਪ ਵਜਾਇਆ, ਧੁਨ ਆਤਮਕ ਸੱਚੀ ਧੁੰਨਕਾਰ । ਗੁਰਸਿਖ ਗੁਰ ਗੁਰ ਮੇਲ ਮਿਲਾਇਆ, ਸਤਿਗੁਰ ਏਕ ਮਿਲਾਵਣਹਾਰ । ਦੀਵਾ ਬਾਤੀ ਕਰ ਰੁਸ਼ਨਾਇਆ, ਕਮਲਾਪਾਤੀ ਕਰੇ ਪਿਆਰ । ਬਣ ਬਣ ਸਾਕੀ ਜਾਮ ਪਿਆਇਆ, ਭਰ ਪਿਆਲਾ ਅੰਮ੍ਰਿਤ ਨਿਝਰ ਧਾਰ । ਲਹਿਣਾ ਦੇਣਾ ਬਾਕੀ ਦਏ ਚੁਕਾਇਆ, ਲੇਖਾ ਰਹੇ ਨਾ ਵਿਚ ਸੰਸਾਰ । ਅੰਤਮ ਜੋਤੀ ਜੋਤ ਲਏ ਮਿਲਾਇਆ, ਜਿਸ ਜਨ ਬਖ਼ਸ਼ੇ ਚਰਨ ਪਿਆਰ । ਨਾਮ ਸੋਟੀ ਹੱਥ ਫੜਾਇਆ, ਰਾਏ ਧਰਮ ਨਾ ਕਰੇ ਖ਼ਵਾਰ । ਚਿਤਰ ਗੁਪਤ ਨਾ ਲੇਖ ਵਖਾਇਆ, ਲਾੜੀ ਮੌਤ ਨਾ ਕਰੇ ਸ਼ੰਗਾਰ । ਕਾਲ ਦਵਾਰ ਨਾ ਬੰਧਨ ਪਾਇਆ, ਦੂਰ ਦੁਰਾਡਾ ਰੋਵੇ ਜ਼ਾਰੋ ਜ਼ਾਰ । ਮਹਾਕਾਲ ਹੋਏ ਸਹਾਇਆ, ਸਤਿਗੁਰ ਪੂਰਾ ਮੀਤ ਮੁਰਾਰ । ਮਾਣਸ ਜਨਮ ਲੇਖੇ ਲਏ ਲਗਾਇਆ, ਆਪੇ ਹੋਏ ਲੇਖਾ ਲਿਖਣਹਾਰ । ਸੁੰਨ ਅਗੰਮੀ ਪਾਰ ਕਰਾਇਆ, ਲੇਖਾ ਜਾਣੇ ਧੁਆਂਧਾਰ । ਥਿਰ ਘਰ ਸਾਚਾ ਆਪ ਖੁਲ੍ਹਾਇਆ, ਆਪੇ ਹੋਏ ਅੰਦਰ ਬਾਹਰ । ਆਪਣਾ ਪੌੜਾ ਆਪ ਵਖਾਇਆ, ਆਪੇ ਹੋਏ ਗੁਪਤ ਜ਼ਾਹਰ । ਗੁਰਮੁਖ ਸਾਚੇ ਆਪ ਚੜ੍ਹਾਇਆ, ਥਿਰ ਘਰ ਦਵਾਰਿਉਂ ਕੱਢੇ ਬਾਹਰ । ਸਚਖੰਡ ਆਪ ਬਹਾਇਆ, ਜਿਥੇ ਵਸੇ ਆਪ ਨਿਰੰਕਾਰ । ਸੂਰਜ ਚੰਨ ਨਾ ਕੋਇ ਚੜ੍ਹਾਇਆ, ਪਵਣ ਪਵਣਾਂ ਨਾ ਕੋਇ ਹੁਲਾਰ । ਮੰਡਲ ਮੰਡਪ ਨਾ ਕੋਇ ਵਖਾਇਆ, ਨਾ ਕੋਈ ਦੀਸੇ ਹੋਰ ਸਤਾਰ । ਨਿਰਗੁਣ ਜੋਤ ਡਗਮਗਾਇਆ, ਇਕ ਇਕੱਲਾ ਏਕੰਕਾਰ । ਆਪਣਾ ਕਿਲਾ ਕੋਟ ਸੁਹਾਇਆ, ਨਾ ਕੋਈ ਦੀਸੇ ਚਾਰ ਦੀਵਾਰ । ਸਚ ਸਿੰਘਾਸਣ ਸੋਭਾ ਪਾਇਆ, ਪੁਰਖ ਅਬਿਨਾਸ਼ੀ ਮੀਤ ਮੁਰਾਰ । ਮਿਲ ਸਖ਼ੀਆਂ ਮੰਗਲ ਗਾਇਆ, ਵਾਹ ਵਾ ਹੋਏ ਮੰਗਲਾਚਾਰ । ਗੁਰ ਸਤਿਗੁਰ ਧਾਮ ਸੁਹਾਇਆ, ਗੁਰਮੁਖ ਸੋਹੇ ਸੋਭਾਵੰਤੀ ਨਾਰ । ਜਿਸ ਹਰਿ ਹਰਿ ਕੰਤ ਹੰਢਾਇਆ, ਮਿਲਿਆ ਪੁਰਖ ਇਕ ਭਤਾਰ । ਦਰਗਹਿ ਸਾਚੀ ਮਾਣ ਦਿਵਾਇਆ, ਆਪ ਆਪਣਾ ਕਰ ਪਿਆਰ । ਜੋਤੀ ਜੋਤ ਵਿਚ ਸਮਾਇਆ, ਰੂਪ ਰੰਗ ਰੇਖ ਨਾ ਕੋਇ ਵਿਚਾਰ । ਅਲਖ ਅਲੇਖ ਅਲਖ ਆਪਣੀ ਇਕ ਸੁਣਾਇਆ, ਹੋ ਪਰਤਖ ਆਪ ਕਰਤਾਰ । ਆਦਿ ਨਿਰੰਜਣ ਆਪਣਾ ਆਸਣ ਸਿੰਘਾਸਣ ਸਚਖੰਡ ਦਵਾਰੇ ਉਪਰ ਲਾਇਆ, ਸ਼ਾਹੋ ਭੂਪ ਬਣ ਸਿਕਦਾਰ । ਸੀਸ ਤਾਜ ਇਕ ਟਿਕਾਇਆ, ਜਗਤ ਜਗਦੀਸ਼ ਹੋਇਆ ਖ਼ਬਰਦਾਰ । ਜੁਗ ਜੁਗ ਬੇੜਾ ਰਿਹਾ ਚਲਾਇਆ, ਲੋਕਮਾਤ ਪਾਵੇ ਸਾਰ । ਕਲਜੁਗ ਅੰਤਮ ਵੇਖਣ ਆਇਆ, ਦਿਸ ਨਾ ਆਏ ਮੀਤ ਮੁਰਾਰ । ਜੂਠਾ ਝੂਠਾ ਠੂਠਾ ਭੰਨ ਦਏ ਵਖਾਇਆ, ਸਚ ਸੁੱਚ ਕਰੇ ਵਰਤਾਰ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਦਏ ਮਿਟਾਇਆ, ਚਾਰ ਕੁੰਟ ਮਾਰੇ ਮਾਰ । ਚੌਦਾਂ ਤਬਕਾਂ ਵੇਖ ਵਖਾਇਆ, ਚੌਦਾਂ ਲੋਕ ਕਰੇ ਖ਼ਵਾਰ । ਤ੍ਰੈਭਵਣ ਧਨੀ ਅਵਣ ਗਵਣ ਆਪਣਾ ਵੇਖ ਵਖਾਇਆ, ਨਵ ਸਤ ਜੀਵ ਜੰਤ ਪੁਕਾਰ ਸੁਣੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਵਡ ਦਾਤਾ ਗੁਣ ਗੁਣੀ । ਗੁਣਵੰਤਾ ਗੁਣ ਦਾਤਾਰ, ਅਵਗੁਣ ਕੋਇ ਰਹਿਣ ਨਾ ਪਾਈਆ । ਸਰਬ ਜੀਆਂ ਦਾ ਸਾਂਝਾ ਯਾਰ, ਊਚ ਨੀਚ ਨਾ ਕੋਇ ਵਡਿਆਈਆ । ਜੁਗ ਜੁਗ ਜਨ ਭਗਤਾਂ ਕਰੇ ਸਚ ਪਿਆਰ, ਜੋ ਰਸਨਾ ਜਿਹਵਾ ਰਹੇ ਗਾਈਆ । ਸੰਤ ਸਾਜਨ ਲਏ ਉਭਾਰ, ਜੂਠੀ ਝੂਠੀ ਮੇਟੇ ਲੱਗੀ ਛਾਈਆ । ਗੁਰਮੁਖਾਂ ਦੇਵੇ ਇਕ ਭੰਡਾਰ, ਅਤੁਟ ਨਾਮ ਵਰਤਾਈਆ । ਗੁਰਸਿਖ ਸਾਚੇ ਬਖ਼ਸ਼ੇ ਚਰਨ ਕਵਲ ਦਵਾਰ, ਚਰਨ ਚਰਨੋਦਕ ਮੁਖ ਚੁਆਈਆ । ਕਲਜੁਗ

੩੬੪
੧੦

ਅੰਤਮ ਸਾਚੀ ਧਾਰ, ਚਾਰ ਵਰਨ ਸਮਝਾਈਆ । ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਇਕ ਵਖਾਏ ਬੰਕ ਦਵਾਰ, ਦੂਜਾ ਘਰ ਨਾ ਕੋਇ ਵਖਾਈਆ । ਏਕਾ ਅੱਖਰ ਕਰਾਏ ਜੈ ਜੈਕਾਰ, ਸੋ ਪੁਰਖ ਨਿਰੰਜਣ ਬੇਪਰਵਾਹੀਆ । ਹੰ ਬ੍ਰਹਮ ਏਕਾ ਨਾਰ, ਸ੍ਰਿਸ਼ਟ ਸਬਾਈ ਰੂਪ ਵਟਾਈਆ । ਪੁਰਖ ਅਬਿਨਾਸ਼ੀ ਕੰਤ ਭਤਾਰ, ਏਕਾ ਕੰਤ ਅਖਵਾਈਆ । ਸੋਹੰ ਸ਼ਬਦ ਸਤਿ ਵਰਤਾਰ, ਸਤਿਜੁਗ ਸਾਚਾ ਰਾਹ ਵਖਾਈਆ । ਬੀਸ ਬੀਸਾ ਹੋਏ ਉਜਿਆਰ, ਚਾਰ ਕੁੰਟ ਕਰੇ ਰੁਸ਼ਨਾਈਆ । ਨਵ ਨਵ ਗਾਇਣ ਵਾਰੋ ਵਾਰ, ਵਾਹ ਵਾ ਵਜਦੀ ਰਹੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਆਦਿ ਜੁਗਾਦੀ ਜੁਗ ਜੁਗ ਆਪਣਾ ਨਾਉਂ ਚਲਾਈਆ ।

### ★ ੨੩ ਫਗਣ ੨੦੧੭ ਬਿਕ੍ਰਮੀ ਅਜੀਤ ਸਿੰਘ ਦੇ ਗ੍ਰਹਿ ਬਟਾਲਾ ★

ਅੱਲਾ ਰਾਣੀ ਰੋਵੇ ਨੇਤਰ ਨੀਰ, ਸੀਸ ਸਜਦਾ ਜਗਦੀਸ ਝੁਕਾਈਆ । ਮੇਰੀ ਬਦਲ ਤਕ਼ਦੀਰ, ਤਦਬੀਰ ਤੇਰੇ ਹੱਥ ਸੱਚੇ ਮਾਹੀਆ । ਮੇਰੀ ਕੱਟ ਜ਼ੰਜੀਰ ਬਖ਼ਸ਼ ਅਕਸੀਰ, ਦਰ ਦਵਾਰ ਦੇਵੇ ਦੁਹਾਈਆ । ਤੂੰ ਮੀਆਂ ਵਡ ਪੀਰਨ ਪੀਰ, ਹਉਂ ਹਕੀਰ ਨੈਣ ਸ਼ਰਮਾਈਆ । ਘਰ ਰਹਿਣ ਨਾ ਦੇਂਦੇ ਈਸਾ ਮੂਸਾ ਮੁਹੰਮਦ ਮੇਰੇ ਛੋਟੇ ਵੀਰ, ਫੜ ਫੜ ਬਾਹਰ ਰਹੇ ਕਢਾਈਆ । ਏਕਾ ਦਰ ਦਰਗਹਿ ਤੇਰੀ ਡਿਠਾ ਅਖ਼ੀਰ, ਦੂਸਰ ਓਟ ਨਾ ਕੋਇ ਤਕਾਈਆ । ਮੈਂ ਨੰਗੀ ਪੈਰੀ ਆਈ ਘਤ ਵਹੀਰ, ਜੂਹਾਂ ਜੰਗਲ ਉਜਾੜ ਪਹਾੜ ਡੂੰਘੀ ਕੰਦਰ ਪਾਰ ਕਰਾਈਆ । ਤੇਰਾ ਨੂਰ ਮੇਰੀ ਤਸਵੀਰ, ਤਸਬੀ ਤੇਰਾ ਨਾਮ ਫਿਰਾਈਆ । ਮੇਰੇ ਲੱਥੇ ਕਲਜੁਗ ਚੀਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਆਈ ਨਿਮਾਣੀ ਜਗਤ ਬੇਗਮ, ਬੇ ਗ਼ਮ ਤੇਰਾ ਦਰ ਵਿਚਾਰਿਆ । ਮੇਰਾ ਚੰਦ ਤੇਰਾ ਨੂਰ ਏਕਮ, ਏਕਮ ਚੰਦ ਲੋਕਮਾਤ ਕਿਸੇ ਦਿਸ ਨਾ ਆ ਰਿਹਾ । ਮੇਰੀ ਮੰਨ ਸਲਾਮ ਅਲੈਕਮ, ਅੱਲਾ ਰਾਣੀ ਨਿਮਾਣੀ ਨੇਤਰ ਰੋ ਰੋ ਕਰੇ ਗਿਰਿਆ ਜ਼ਾਰਿਆ । ਤੇਰਾ ਧਾਮ ਏਕਾ ਬੈਤੁਲ, ਮੁਕੱਦਸ ਤੇਰਾ ਰੂਪ ਵਿਚਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਲੇ ਅੰਤ ਦੇਵੀਂ ਨਾ ਦਰ ਦੁਰਕਾਰਿਆ । ਆਈ ਦਰ ਬਣ ਨਿਮਾਣੀ, ਖੁਲ੍ਹੜੇ ਕੇਸ ਰਹੀ ਵਖਾਈਆ । ਚੌਦਾਂ ਤਬਕ ਕੋਈ ਨਾ ਦੇਵੇ ਠੰਡਾ ਪਾਣੀ, ਆਬੇ ਹਯਾਤ ਨਾ ਕੋਇ ਪਿਆਈਆ । ਹੋਈ ਵੈਰਾਗਣ ਤੇਰੀ ਰਾਣੀ, ਤੇਰਾ ਵਿਛੋੜਾ ਸਹਿ ਨਾ ਸਕੇ ਰਾਈਆ । ਲੱਖ ਚੁਰਾਸੀ ਜੀਵ ਜੰਤ ਦਰ ਦਰ ਘਰ ਘਰ ਫਿਰ ਕੇ ਵੇਖਿਆ ਕੋਇ ਨਾ ਲੱਭੇ ਸਾਚਾ ਹਾਣੀ, ਝੂਠੀ ਰੈਣ ਮਾਤ ਵਿਹਾਈਆ । ਤੇਰੇ ਜੇਹਾ ਨਾ ਕੋਇ ਲਾਸਾਨੀ, ਲਾਸ਼ਰੀਕ ਇਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨੂਰ ਦੇ ਦਰਸਾਈਆ । ਮੰਗੇ ਮੰਗ ਸਾਚਾ ਨੂਰ, ਗਲ ਪੱਲੂ ਏਕਾ ਪਾ । ਦਰ ਦਰਵੇਸ਼ ਬਣੀ ਚੌਦਾਂ ਲੋਕਾਂ ਹੂਰ, ਕੋਈ ਨਾ ਦੱਸੇ ਤੇਰਾ ਰਾਹ । ਮੈਂ ਲੱਭ ਲੱਭ ਥੱਕੀ ਨੇੜੇ ਦੂਰ, ਅਧ ਵਿਚ ਛਡ ਕੇ ਗਿਆ ਮੁਹੰਮਦ ਮਲਾਹ । ਅੰਤ ਮੇਰੀ ਆਸਾ ਪੂਰ, ਪਿਛਲੇ ਬਖ਼ਸ਼ ਗੁਨਾਹ । ਅੱਗੇ ਰਵਾਂ ਸਦਾ ਹਜ਼ੂਰ, ਨਿਉਂ ਨਿਉਂ ਸੀਸ ਝੁਕਾ । ਮੇਰਾ ਕਾਅਬਾ ਤਪੇ ਵਾਂਗ ਤੰਦੂਰ, ਅੰਮ੍ਰਿਤ ਮੇਘ ਇਕ ਬਰਸਾ । ਤੇਰੀ ਸੂਲੀ ਚੜ੍ਹਾਂ ਬਣ ਮਨਸੂਰ, ਆਪਣੀ ਫਾਸੀ ਆਪਣਾ ਕਲਮਾ ਮੇਰੇ ਗਲ ਵਿਚ ਪਾ । ਮੈਂ ਆਖਾ ਮੰਨਾਂ ਤੇਰਾ ਜ਼ਰੂਰ, ਭੁਲ ਕਦੀ ਨਾ ਜਾਂ ।

ਮੇਰਾ ਟੁਟਾ ਅੰਤ ਗ਼ਰੂਰ, ਦਿਸੇ ਕੋਈ ਨਾ ਥਾਂ । ਮੇਰੀਆਂ ਹੱਡੀਆਂ ਹੋਈਆਂ ਚੂਰ ਚੂਰ, ਮੇਰੀਆਂ ਦੋਵੇਂ ਭੱਜੀਆਂ ਬਾਂਹ । ਮੇਰਾ ਕਿਸੇ ਨਾ ਦਿਸੇ ਸਾਚਾ ਨੂਰ, ਸਾਰੇ ਬੈਠੇ ਮੁਖ ਛੁਪਾ । ਐ ਮੀਆਂ ਮੈਂ ਮੰਗਾਂ ਤੇਰੀ ਧੂੜ, ਮੇਰੇ ਉਤੇ ਰਹਿਮਤ ਕਰ ਖ਼ੁਦਾ । ਮੈਂ ਸੁਣਿਆ ਲੋਕਮਾਤ ਆਇਆ ਜ਼ਰੂਰ, ਈਸਾ ਮੂਸਾ ਬਣੇ ਗਵਾਹ । ਮੇਰਾ ਚੂੜਾ ਭੰਨੇ ਕੂੜੇ ਕੂੜ, ਸਾਚਾ ਕੰਤ ਸੁਹਾਗੀ ਆ । ਮੇਰੀ ਆਸਾ ਮਨਸਾ ਕਰੇ ਪੂਰ, ਮੇਰੀ ਹੱਥੀਂ ਮਹਿਦੀ ਲਾਲ ਮੈਨੂੰ ਚੜ੍ਹਿਆ ਚਾ । ਚੜ੍ਹ ਕੇ ਆਵੇ ਸਾਚੇ ਘੋੜ, ਮੇਰਾ ਸੱਚਾ ਸ਼ਹਿਨਸ਼ਾਹ ਸੱਚਾ ਪਾਤਸ਼ਾਹ । ਅਮਾਮ ਅਮਾਮਾਂ ਸਿਰ ਮੈਨੂੰ ਪਈ ਲੋੜ, ਵੇਲੇ ਅੰਤ ਤੇਰੇ ਉਤੋਂ ਹੋਈ ਫ਼ਿਦਾ । ਮੇਰੀ ਟੁੱਟੀ ਪ੍ਰੀਤ ਫੇਰ ਜੋੜ, ਤੇਰਾ ਵਿਛੋੜਾ ਸਹਿ ਨਾ ਸਕਾਂ ਨਾ ਹੋਵਾਂ ਕਦੇ ਜੁਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੈਂ ਨਿਮਾਣੀ ਥੱਕੀ ਮਾਂਦੀ ਆਪਣੀ ਹੱਥੀਂ ਫੜ ਕੇ ਆਪਣਾ ਅੰਮ੍ਰਿਤ ਜਾਮ ਪਿਆ । ਆਈ ਦਰ ਛੱਡਿਆਂ ਘਰ, ਘਰ ਮਿਲੇ ਪਰਵਰਦਿਗਾਰ । ਲੋਕਮਾਤ ਵਿਚ ਰਹੀ ਡਰ, ਚਾਰੋਂ ਕੁੰਟ ਆਈ ਹਾਰ । ਮੇਰਾ ਹੱਥ ਨਾ ਆਇਆ ਮੈਨੂੰ ਵਰ, ਜਗਤ ਦੁਹਾਗਣ ਫਿਰੀ ਨਾਰ । ਚਾਰ ਯਾਰ ਫੜ ਫੜ ਬੰਧੌਂਦੇ ਰਹੇ ਆਪਣਾ ਲੜ, ਅੰਤ ਕੋਈ ਨਾ ਨਿਭਿਆ ਨਾਲ । ਕਲਜੁਗ ਅੰਤਮ ਰਹੇ ਝੜ, ਕਿਸੇ ਪੱਤ ਨਾ ਦਿਸੇ ਡਾਲ੍ਹ । ਮੈਂ ਤੇਰਾ ਲੜ ਬੈਠੀ ਫੜ, ਬਣੀ ਮਾਤ ਕੰਗਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਜਲਵਾ ਆਪ ਵਖਾਲ । ਤੇਰਾ ਜਲਵਾ ਮੰਗਾਂ ਵਸਾਲ, ਅਵਰ ਸੇਜ ਨਾ ਕੋਇ ਸੁਹਾਈਆ । ਤੇਰਾ ਨੂਰ ਇਕ ਜਲਾਲ, ਜਾਗਰਤ ਜੋਤ ਕਰ ਰੁਸ਼ਨਾਈਆ । ਚਾਰ ਜੁਗ ਮੈਂ ਥੱਕੀ ਭਾਲ ਭਾਲ, ਕਲਜੁਗ ਚੌਦਾਂ ਸਦੀਆਂ ਦੇਂਦੀ ਰਹੀ ਦੁਹਾਈਆ । ਘਰ ਘਰ ਪੁਛਦੀ ਰਹੀ ਕਾਲ ਮਹਾਕਾਲ, ਕਵਣ ਧਾਮ ਬੈਠਾ ਮੇਰਾ ਸੱਚਾ ਮਾਹੀਆ । ਏਕਾ ਸੁਣੀ ਤੇਰੀ ਕਲਾਮ, ਮੁਕਾਮੇ ਹਕ ਵਸਿਆ ਆਪ ਅਮਾਮ, ਅਮਾਮ ਅਮਾਮਾਂ ਸਿਰ ਰੱਖੇ ਵਡਿਆਈਆ । ਕਲਜੁਗ ਅੰਤਮ ਦਏ ਸੰਦੇਸ਼ ਇਕ ਪੈਗ਼ਾਮ, ਪੀਰ ਪੈਗ਼ੰਬਰ ਬੈਠੇ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਤੇਰਾ ਛੁੱਟੇ ਨਾ ਲੜ, ਦੋ ਜਹਾਨ ਤੇਰੀ ਸੇਵ ਕਮਾਈਆ । ਤੇਰੀ ਸੇਵ ਕਰਨ ਦੀ ਖ਼ਾਤਰ, ਆਪਣਾ ਘਰ ਤਜਾਇਆ । ਜਿੰਨਾਂ ਚਿਰ ਬਣ ਕੇ ਬੈਠੀ ਰਹੀ ਚਾਤਰ, ਸਾਚਾ ਖ਼ਾਵੰਦ ਦਿਸ ਨਾ ਆਇਆ । ਮੈਂ ਲਿਖ ਲਿਖ ਸੁਨੇਹੜੇ ਘੱਲੇ ਪਾਤਰ, ਇਜ਼ਰਾਈਲ ਜਬਰਾਈਲ ਮੇਕਾਈਲ ਅਸਰਾਫੀਲ ਰਾਹ ਵਿਚ ਬੈਠੇ ਅੜ, ਧੁਰ ਧਾਮ ਕੋਈ ਪਹੁੰਚ ਨਾ ਸਕੇ ਰਾਈਆ । ਤੇਰਾ ਜਮਾਲ ਮੇਰਾ ਬਾਤਨ, ਏਕਾ ਏਕਾ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਵਿਛੋੜਾ ਦੇ ਚੁਕਾਇਆ । ਸਾਚਾ ਮੀਆਂ ਹੱਕ ਸੁਣਾਏ, ਹਕੀਕਤ ਇਕ ਜਣਾਈਆ । ਉਠ ਵੇਖ ਚਾਰ ਕੁੰਟ ਤੇਰੇ ਸਾਥੀ ਆਏ, ਤੇਰਾ ਰਾਹ ਤਕਾਈਆ । ਮੁਖ ਨਕਾਬ ਪਰਦਾ ਲਾਹੇ, ਦੇ ਜਵਾਬ ਭੁੱਲੇ ਫਿਰਦੇ ਪਾਂਧੀ ਰਾਹੀਆ । ਦੇ ਦੇ ਲਾਰਾ ਕਿਸੇ ਨਾ ਜਣਾਇਆ, ਪੁਨ ਸਵਾਬ ਆਬ ਹਯਾਤ ਨਾ ਕੋਇ ਪਿਆਈਆ । ਅੰਤ ਸੁਣੇ ਕਵਣ ਫ਼ਰਯਾਦ, ਫ਼ਾਕੇ ਮਰੇ ਤੇਰੀ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਹੁਕਮ ਰਿਹਾ ਸੁਣਾਈਆ । ਏਕਾ ਹੁਕਮ ਸ਼ਬਦ ਜਣਾਏ, ਕਲਮੀ ਕਲਮਾ ਆਪ ਜਣਾਇੰਦਾ । ਤੇਰਾ ਖੇੜਾ ਤੇਰੀ ਹੱਥੀਂ ਢਾਹੇ, ਤੇਰੀ ਸੇਵ ਲਗਾਇੰਦਾ । ਤੇਰੇ ਚੁਲ੍ਹੇ ਅੱਗ ਨਾ ਕੋਇ ਰਖਾਏ, ਤੇਰੀ ਕੁੰਨੀ ਤੇਰੇ ਹੱਥ ਫੜਾਇੰਦਾ । ਤੇਰੇ ਸਿਰ ਚੁੰਨੀ ਨਾ ਕੋਇ ਟਿਕਾਏ, ਤੇਰੀ ਚੋਟੀ ਮੁੰਨੀ ਮਾਤਲੋਕ ਸੀਸ ਨਾ ਕੋਇ ਗੁੰਦਾਇੰਦਾ । ਪਹਿਲਾਂ ਪੀਰ ਫ਼ਕੀਰ ਚੁਣੀ ਸਯਦ ਮੁਲਾ ਸ਼ੇਖ਼ ਬਚਿਆ ਕੋਇ ਰਹਿਣ ਨਾ ਪਾਏ, ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਸੁਣਾਇੰਦਾ । ਉਠ ਜਾ ਮੰਨ ਲੈ ਕਹਿਣਾ, ਖ਼ੁਦਾ ਖ਼ੁਦ ਆਪ ਸੁਣਾਇੰਦਾ । ਆਪਣੀ ਉਮਤ ਵੇਖ ਲੈ ਆਪਣੇ ਨੈਣਾਂ, ਵੇਲਾ ਅੰਤ ਇਕ ਸਮਝਾਇੰਦਾ । ਆਪਣੇ ਬਸਤਰ ਪਾ ਲੈ ਗਹਿਣਾ ਤਨ ਸ਼ੰਗਾਰ ਇਕ ਕਰਾਇੰਦਾ । ਲੋਕਮਾਤ ਥਿਰ ਨਹੀਂ ਰਹਿਣਾ, ਚੌਦਾਂ ਸਦੀਆਂ ਪੰਧ ਮੁਕਾਇੰਦਾ । ਮੱਕੇ ਕਾਅਬੇ ਡਾਹ ਪੀੜ੍ਹਾ ਬੈਠ ਨਹੀਂ ਰਹਿਣਾ, ਨੈਣਾਂ ਕੱਜਲ ਨਾ ਕੋਇ ਪਵਾਇੰਦਾ । ਅੰਤਮ ਭਾਣਾ ਪੈਣਾ ਸਹਿਣਾ, ਸਾਚਾ ਹੁਕਮ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਖਿਲਾਇੰਦਾ । ਉਠ ਵੇਖ ਚਾਰ ਯਾਰੀ, ਨੇਤਰ ਨੈਣ ਹਰਿ ਜਣਾਈਆ । ਚਾਰ ਜੁਗ ਕਵਾਰ ਕੰਨਿਆ ਬਣੀ ਰਹੀ ਕਵਾਰੀ, ਕੁਆਰਾਪਨ ਜਗਤ ਵਿਚ ਵਖਾਈਆ । ਸ੍ਰਿਸ਼ਟ ਸਬਾਈ ਕਰਨ ਖ਼ਵਾਰੀ, ਕਲਜੁਗ ਅੰਤਮ ਲੋਕਮਾਤ ਫੇਰਾ ਪਾਈਆ । ਜੀਵ ਜੰਤ ਕਰੇ ਵਿਭਚਾਰੀ, ਕਾਮ ਕਰੋਧ ਲੋਭ ਮੋਹ ਹੰਕਾਰ ਤਨ ਸ਼ੰਗਾਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਾਬਤ ਸੂਰਤ ਹੱਥ ਨਾ ਕਿਸੇ ਫੜਾਈਆ । ਸਾਬਤ ਸੂਰਤ ਨਾ ਕੋਇ ਈਮਾਨ, ਆਮਲ ਕੋਇ ਦਿਸ ਨਾ ਆਇੰਦਾ । ਮੈਂ ਮੀਆਂ ਮੇਰੀ ਸਿਫ਼ਤ ਕਰੇ ਕ਼ੁਰਾਨ, ਹਦੀਸ ਹਦੀਸ ਆਪ ਪੜ੍ਹਾਇੰਦਾ । ਤੂੰ ਬਾਲੀ ਬਾਲ ਅਵਾਣ, ਤੇਰਾ ਨੈਣ ਜਗਤ ਸ਼ਰਮਾਇੰਦਾ । ਪੁਰਖ ਅਬਿਨਾਸ਼ੀ ਆਦਿ ਜੁਗਾਦਿ ਨੌਜਵਾਨ, ਬਿਰਧ ਬਾਲ ਨਾ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਹੁਕਮ ਆਪੇ ਪੂਰ ਕਰਾਇੰਦਾ । ਇਕ ਸਮਝਾਏ ਦਇਆ ਕਮਾਏ ਆਦਿ ਜੁਗਾਦੀ ਕਾਰ, ਜੁਗ ਜੁਗ ਗੁਰ ਅਵਤਾਰ ਘਲਾਏ, ਪੀਰ ਪੈਗ਼ੰਬਰ ਕਰ ਤਿਆਰ । ਰਾਮ ਕ੍ਰਿਸ਼ਨ ਸੇਵਾ ਲਾਏ ਕਰੇ ਖੇਲ ਅਗੰਮ ਆਪਰ । ਈਸਾ ਮੂਸਾ ਚਰਨਾਂ ਹੇਠ ਰਖਾਏ, ਧਰਨੀ ਦੱਬੇ ਆਪਣੇ ਭਾਰ । ਜਗਤ ਮੁਹੰਮਦ ਆਪ ਜਗਾਏ, ਆਪ ਜਣਾਏ ਆਪਣੀ ਗੁਫ਼ਤਾਰ । ਅਰਸ਼ ਫ਼ਰਸ਼ ਦੇ ਵਿਚ ਫਿਰਾਏ, ਕਰੇ ਖੇਲ ਸੱਚੀ ਸਰਕਾਰ । ਰਾਤੀ ਸੁਤਿਆਂ ਦਰਸ ਦਿਖਾਏ, ਗ਼ਾਫ਼ਲ ਵਿਚ ਦਏ ਦੀਦਾਰ । ਸਾਖ਼ਯਾਤ ਨਜ਼ਰ ਨਾ ਆਏ, ਕਰੇ ਖੇਲ ਅਪਰ ਅਪਾਰ । ਕਲਮਾ ਆਪਣਾ ਆਪ ਪੜ੍ਹਾਏ, ਨਬੀ ਬਣੇ ਪਰਵਰਦਿਗਾਰ । ਆਪਣੀ ਤਸਬੀ ਆਪਣੀ ਤਕਵੀ ਆਪਣਾ ਤਕਵਾ ਇਕ ਰਖਾਏ, ਤਾਲਬ ਤੁਲਬਾ ਕਰ ਤਿਆਰ । ਕਾਇਆ ਅੰਦਰ ਮਕਤਬ ਇਕ ਖੁਲ੍ਹਾਏ, ਆਪੇ ਹੋਏ ਲਿਖਣਹਾਰ । ਪਹਿਲਾ ਹਰਫ਼ ਅਲਫ਼ ਦਿਖਾਏ, ਇਲ ਲਿਲਾ ਇਲਾਹੀ ਨੂਰ ਏਕੰਕਾਰ । ਦੂਜਾ ਹਰਫ਼ ਬੇ ਬਣਾਏ, ਕਰੇ ਖੇਲ ਸੱਚੀ ਸਰਕਾਰ । ਬੇਵਾ ਰੂਪ ਦਏ ਸਮਝਾਏ, ਲੋਕਮਾਤ ਭੇਵ ਨਿਆਰ । ਆਪਣੀ ਇਛਿਆ ਤੇਰੇ ਵਿਚ ਟਿਕਾਏ, ਤੇਰੀ ਇਛਿਆ ਅੱਲਾ ਰਾਣੀ ਬਣੇ ਨਾਰ । ਪੇ ਪ੍ਰੇਮ ਪ੍ਰੀਤਮ ਇਕ ਰਖਾਏ, ਕਰੇ ਖੇਲ ਸੱਚੀ ਸਰਕਾਰ । ਤੇਰਾ ਤਖ਼ਤ ਤੇਰੇ ਵਿਚ ਟਿਕਾਏ, ਪਰਦਾ ਰੱਖੇ ਸਾਂਝਾ ਯਾਰ । ਟੇ ਟਾਲ ਮਟੋਲ ਤੇਰਾ ਵਕ਼ਤ ਲੰਘਾਏ, ਵੇਲਾ ਵਕਤ ਆਪਣੇ ਹੱਥ ਰੱਖੇ ਸੱਚੀ ਸਰਕਾਰ । ਸੇ ਸਾਬਤ ਈਮਾਨ ਏਕਾ ਆਪਣਾ ਇਸ਼ਟ ਵਖਾਏ ਦੂਜਾ ਇਸ਼ਟ ਨਾ ਵਿਚ ਸੰਸਾਰ । ਜੀਮ ਜੋਤ ਇਕ ਜਗਾਏ, ਚੇ ਚਰਨ ਕਵਲ ਦਸੇ ਧਾਮ ਨਿਆਰ । ਹੇ ਹਰਕਤ ਆਪਣੀ ਨਾ ਕਿਸੇ ਜਣਾਏ, ਖ਼ੇ ਖ਼ਾਮੋਸ਼ ਬੈਠਾ ਰਹੇ ਧਾਮ ਨਿਆਰ । ਦਾਲ ਦਰ ਇਕ ਰਖਾਏ, ਡਾਲ੍ਹ ਢੋਲਾ ਗਾਏ ਆਪਣੀ ਵਾਰ । ਜ਼ਾਲ ਜ਼ਰਾ ਜ਼ਰਾ ਤੇਰੇ ਵਿਚ ਟਿਕਾਏ, ਸੁਣ ਮੁਹੰਮਦ ਇਕ ਕਰ ਵਿਚਾਰ । ਰੇ ਰੰਗ ਇਕ ਵਖਾਏ, ੜਾੜ ਮਿਟੇ ਵਿਚ ਸੰਸਾਰ । ਤੇਰੀ ਕਾਇਆ ਜ਼ੇ ਜ਼ੂਨ ਇਕ ਵਖਾਏ, ਜੇ ਯਸ਼ ਜਾਣੇ ਆਪਣਾ ਆਪ ਸੱਚੀ ਸਰਕਾਰ । ਸੀਨ ਸੋਇਆ ਜਾਗਤ ਏਕਾ ਰੰਗ ਜਣਾਏ, ਸ਼ੀਨ ਸ਼ਖ਼ਸ ਸ਼ਖ਼ਸੀਅਤ ਆਪਣੀ

ਆਪੇ ਧਾਰ । ਸੁਆਦ ਸੋਹਬਤ ਨਾ ਕਿਸੇ ਸੁਣਾਏ, ਜ਼ੁਆਦ ਜ਼ਮਾਨਤ ਦੇਵੇ ਇਕ ਇਕੱਲਾ ਪਰਵਰਦਿਗਾਰ । ਤੋਏ ਤਰਫ਼ ਨਾ ਕੋਇ ਵੰਡਾਏ, ਚਾਰੋਂ ਕੁੰਟ ਖ਼ਬਰਦਾਰ । ਜ਼ੋਏ ਜ਼ੁਲਮ ਨਾ ਕਦੇ ਕਮਾਏ, ਸਰਬ ਜੀਆਂ ਦਾ ਸਾਂਝਾ ਯਾਰ । ਐਨ ਅੱਖ ਇਕ ਰਖਾਏ, ਆਲਮ ਉਲਮਾ ਆਲਮੀਨ ਵੇਖਣਹਾਰ । ਗ਼ੈਨ ਗ਼ਫ਼ਲਤ ਵਿਚ ਕਦੇ ਨਾ ਆਏ, ਗ਼ਾਫ਼ਲ ਕਰੇ ਸਰਬ ਸੰਸਾਰ । ਫ਼ੇ ਫ਼ਿਕਰ ਨਾ ਰਖੇ ਕੋਇ ਕਰਤਾਰ, ਫ਼ਾਜ਼ਲ ਆਪਣਾ ਨਾਉਂ ਰਖਾਈਆ । ਕਾਅਫ਼ ਕਰਮਾਂ ਕਰੇ ਵਿਚਾਰ, ਲੇਖਾ ਕੋਇ ਰਹਿਣ ਨਾ ਪਾਈਆ । ਕਾਫ਼ ਕ਼ੁਦਰਤ ਕ਼ਾਦਰ ਵੇਖਣਹਾਰ, ਇਬਨਉਲਵਕ਼ਤ ਸਈਦ ਉਲਸਲਾਮ ਰਹਿਬਰ ਰਹੀਮ ਬੇਪਰਵਾਹੀਆ । ਗਾਫ਼ ਗੋਰ ਪਾਵਣਹਾਰਾ ਸਾਰ, ਕਵਰੀ ਭਵਰੀ ਫੋਲ ਫੁਲਾਈਆ । ਹੇ ਹੱਕ ਨਾ ਮਾਰੇ ਜਿਸ ਬਖ਼ਸ਼ੇ ਚਰਨ ਪਿਆਰ, ਵਡ ਵੱਡਾ ਸ਼ਹਿਨਸ਼ਾਹੀਆ । ਹਮਜ਼ਾ ਹਿਵਜ਼ ਕਰੇ ਆਪਣੀ ਦੀਦ ਸ਼ੁਨੀਦ ਗੁਫ਼ਤਾਰ, ਤਾਰ ਸਤਾਰ ਆਪ ਹਿਲਾਈਆ । ਯੇ ਰੱਖੇ ਯਾਦ ਸੁਣੇ ਫ਼ਰਯਾਦ ਦੇਵੇ ਦਾਦ, ਏਕ ਹਰਫ਼ ਆਪਣਾ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨੂਨ ਨੂਨ ਗ਼ੁਨਾ, ਨਿਰਗੁਣ ਸਰਗੁਣ ਮੁਹੰਮਦ ਮਹਿਵ ਮੈਖ਼ਾਨਾ ਮਹਿਬੂਬ ਇਕ ਸਮਝਾਈਆ ।

ਸੁਘੜ ਸੁਚੱਜੀ ਵੱਡੀ ਦਾਨੀ, ਹੱਥ ਅਨਪੜ੍ਹਾਂ ਦੇ ਆ ਗਈ । ਪਿਛਲੀ ਆਪਣੀ ਕੀ ਸੁਣਾਵੇ ਕਹਾਣੀ, ਅਗਲੀ ਸੁਣੌਨ ਦੀ ਸਿਰ ਭਾ ਪਈ । ਚਾਰ ਜੁਗ ਜੋ ਬਣ ਕੇ ਬਹਿੰਦੀ ਰਹੀ ਰਾਣੀ, ਅਜ ਬਣ ਸੁਵਾਣੀ ਦਰ ਸੇਵ ਕਮਾ ਰਹੀ । ਜੋ ਵੇਂਹਦੀ ਰਹੀ ਚਾਰ ਖਾਣੀ, ਅੱਜ ਅੰਮ੍ਰਿਤ ਭਰ ਪਾਣੀ ਗੁਰਸਿਖਾਂ ਮੁਖ ਪਿਆ ਰਹੀ । ਜੇਹੜੀ ਕਹਿੰਦੀ ਰਹੀ ਮੈਂ ਗੁਣ ਨਿਧਾਨੀ, ਅਜ ਬਣ ਨਾਦਾਨ ਜੱਟਾਂ ਕੋਲੋਂ ਆਪਣੀ ਭੁਲ ਬਖ਼ਸ਼ਾ ਰਹੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਰਚਾ ਰਹੀ । ਜੋ ਚਾਰ ਜੁਗ ਗੁਰ ਪੀਰ ਪੜ੍ਹੌਂਦੀ ਆਈ, ਆਪਣਾ ਸਨੇਹੜਾ ਸਚ ਸੁਣਾ ਰਹੀ । ਜੋ ਪਰਾ ਪਸੰਤੀ ਮਧਮ ਬੈਖਰੀ ਆਪਣੀ ਧਾਰ ਗੌਂਦੀ ਆਈ, ਜੀਵਾਂ ਜੰਤਾਂ ਹਰਿ ਆਪ ਸੁਣਾ ਰਹੀ । ਅਜ ਫਸ ਕੇ ਘਰ ਜਟਾਂ ਨੇਤਰ ਨੈਣ ਨੀਰ ਵਹੌਂਦੀ, ਬੌਹੜੀ ਬੌਹੜੀ ਕਰ ਕੁਰਲਾ ਰਹੀ । ਮੈਂ ਵਾਸਤਾ ਪਾਵਾਂ ਭੁਲ ਕੇ ਫੇਰ ਨਾ ਔਂਦੀ, ਇਕ ਵੇਰ ਛਡ ਦੇ ਲੜ, ਮੈਂ ਫੜਿਆ ਲੜ ਛੁਡਾ ਰਹੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਖਿਲਾ ਰਹੀ । ਹਾਏ ਹਾਏ ਕਰੇ ਨਿਰਗੁਣ ਜੋਤ ਨੇਤਰ ਰੋ, ਕਲਜੁਗ ਅੰਤਮ ਦਏ ਦੁਹਾਈਆ । ਚਾਰ ਜੁਗ ਦਾ ਸਾਂਭ ਦੇ ਰਖਿਆ ਧਨ ਮੇਰਾ ਜੱਟਾਂ ਲਿਆ ਖੋਹ, ਖ਼ਾਲੀ ਝੋਲੀ ਰਹੀ ਵਖਾਈਆ । ਮੈਂ ਮਾਰੀ ਸ਼ਰਮ ਦੀ ਆਪਣੇ ਹੰਜੂਆਂ ਨਾਲ ਆਪਣਾ ਮੁਖ ਲਵਾਂ ਧੋ, ਪਾਣੀ ਮੰਗਣ ਦੂਜੇ ਘਰ ਕਦੀ ਨਾ ਜਾਈਆ । ਹੋਈ ਵੈਰਾਗਣ ਖੁਲੜੇ ਕੇਸ ਜੱਟਾਂ ਘਰ ਕੱਖਾਂ ਉਤੇ ਰਹੀ ਸੌਂ, ਪਲੰਘ ਰੰਗੀਲਾ ਨਜ਼ਰ ਕੋਇ ਨਾ ਆਈਆ । ਨੌਂ ਖੰਡ ਪ੍ਰਿਥਮੀ ਦੋ ਜਹਾਨ ਵੇਖਿਆ ਭੌਂ ਭੌਂ, ਮੇਰਾ ਹੋਵੇ ਨਾ ਕੋਇ ਸਹਾਈਆ । ਮੈਨੂੰ ਖਾਣ ਨੂੰ ਦੇਂਦੇ ਕਣਕ ਛੋਲੇ ਤੇ ਜੌਂ, ਸੁੱਕੀ ਰੋਟੀ ਹੱਥ ਫੜਾਈਆ । ਨਾਲੇ ਕਰੌਣ ਕੰਮ ਕੱਢਣ ਆਪਣਾ ਗੌਂ, ਫਿਰ ਚੌਤਰਿਉਂ ਥੱਲੇ ਦੇਣ ਬਹਾਈਆ । ਮੇਰਾ ਨਾ ਕੋਈ ਪਿਤਾ ਨਾ ਕੋਈ ਮਾਉਂ, ਕਿਸ ਅੱਗੇ ਜਾ ਕੇ ਰੋਵਾਂ ਦਿਆਂ ਦੁਹਾਈਆ । ਗੁਰਸਿਖ ਉਠ ਫੜ ਮੇਰੀ ਬਾਂਹੋ, ਤੇਰੇ ਪਿਛੇ ਮੰਨੇ ਮੇਰਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਜੋਤ ਆਪਣੀ ਸੇਵਾ

ਆਪ ਲਗਾਈਆ । ਜੋਤ ਅਕਾਲਣ ਵਰਿਆ ਜੱਟ, ਨਾਤਾ ਤੋੜ ਸੰਸਾਰ । ਜਿਹੜਾ ਲੱਖ ਚੁਰਾਸੀ ਆਪਣੇ ਅੰਦਰ ਲਏ ਘੱਤ, ਮਾਰੇ ਫੇਰ ਨਾ ਅਜੇ ਡਕਾਰ । ਮੈਂ ਨਿਮਾਣੀ ਕੋਝੀ ਕਮਲੀ ਕੀ ਦੇਵਾਂ ਮੱਤ, ਮੇਰੀ ਮੱਤ ਸਮਝੇ ਨਾ ਜੱਟ ਗਵਾਰ । ਜੇ ਅੱਗੋਂ ਬੋਲਾਂ ਸਿਰ ਪਰਾਣੀ ਦੇਵੇ ਘੱਤ, ਉਠ ਨਾ ਸਕਾਂ ਦੂਜੀ ਵਾਰ । ਜੇ ਉਠਣ ਲੱਗਾਂ ਉਤੋਂ ਮਾਰੇ ਲੱਤ, ਸੁੱਟੇ ਮੂੰਹ ਦੇ ਭਾਰ । ਜੇ ਮੂੰਹ ਚੁੱਕਣ ਲੱਗਾਂ, ਉਤੇ ਰੱਖੇ ਚਰਨ ਕਵਲ ਸਹਾਰ । ਮੇਰਾ ਦੁੱਖ ਸਾਰਾ ਲੱਥਾ, ਜਿਸ ਵੇਲੇ ਮਿਲੀ ਚਰਨ ਧੂੜੀ ਏਕਾ ਛਾਰ । ਹੋਈ ਵਡ ਭਾਗਣ ਮਿਲਿਆ ਪੁਰਖ ਸਮਰਥਾ, ਇਕ ਇਕੱਲਾ ਏਕੰਕਾਰ । ਮਿਲ ਮਿਲ ਮੈਂ ਖ਼ੁਸ਼ੀ ਖ਼ੁਸ਼ੀ ਨੱਸਾਂ, ਕਰਾਂ ਸਚ ਪਿਆਰ । ਮੈਂ ਨਾ ਜਾਣਾ ਅੰਦਰ ਕੋਈ ਹੋਰ ਲੁਕਾ, ਫੜ ਕੁਹਾੜਾ ਬੈਠਾ ਤਰਖਾਣ । ਉਸ ਨੇ ਘੜਿਆ ਡੰਡਾ ਸੋਹਣਾ ਹੱਥਾ, ਮੁੱਠੀ ਲਾਈ ਅਪਰ ਅਪਾਰ । ਮੈਂ ਨੈਣ ਖੋਲ੍ਹ ਕੇ ਵੇਖਣ ਲੱਗੀ ਮੈਨੂੰ ਨਜ਼ਰੀ ਆਇਆ ਏਕਾ ਭੱਥਾ, ਅੱਗੇ ਬੈਠਾ ਗੋਬਿੰਦ ਸੂਰਾ ਇਕ ਬਲਕਾਰ । ਨੀ ਸਖ਼ੀਓ ਮੈਂ ਕੀ ਕੁਝ ਦੱਸਾਂ, ਜੋ ਕੁਛ ਵੇਖਿਆ ਸਚ ਸੱਚੇ ਦਰਬਾਰ । ਨਾਲੇ ਰੋਵਾਂ ਨਾਲੇ ਹੱਸਾਂ, ਨਾਲੇ ਸਾਹਿਬ ਨਾਲ ਕਰਾਂ ਪਿਆਰ । ਅੰਦਰ ਬਾਹਰ ਮੈਂ ਉਹਦੇ ਵਸਾਂ, ਜਿਸ ਨੇ ਕਰਿਆ ਖੇਲ ਨਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਜੋਤ ਆਪੇ ਖੇਲ ਕਰੇ ਨਿਰੰਕਾਰ । ਛੱਡ ਜੱਟਾ ਮੈਂ ਗਈ ਭੁੱਲ, ਅਭੁੱਲ ਤੇਰੇ ਦਰ ਆਈਆ । ਮੈਂ ਤੇਰੀ ਸਦਾਵਾਂ ਤੇਰੀ ਰੱਖਾਂ ਲਾਜ ਵਿਚ ਕੁੱਲ, ਕੁਲਵੰਤ ਤੇਰੀ ਵਡਿਆਈਆ । ਤੇਰੀ ਕਲੀ ਤੇਰੇ ਦਵਾਰ ਨਾ ਜਾਏ ਰੁਲ, ਮਹਿਕਦੀ ਮਹਿਕਦੀ ਰਹੀ ਮੁਸਕਾਈਆ । ਮੇਰਾ ਸੁੰਦਰ ਸਡੌਲ ਸਰੀਰ ਉਜਲ ਮੁਖ ਬਿਨ ਤੇਰੇ ਫਲ ਨਾ ਜਾਏ ਹੁਲ, ਤੁਧ ਬਿਨ ਅਵਰ ਨਾ ਕੋਇ ਸਹਾਈਆ । ਕਰਤਾ ਕੀਮਤ ਪਾ ਮੇਰਾ ਮੁੱਲ, ਮੈਂ ਅਨਮੁੱਲ ਦੇਂਦੀ ਫਿਰਾਂ ਦੁਹਾਈਆ । ਬਿਨ ਤੇਰੇ ਕੰਡੇ ਕੋਈ ਨਾ ਤੋਲੇ ਮੇਰਾ ਤੋਲ, ਮੇਰਾ ਭਾਰ ਨਾ ਕੋਇ ਉਠਾਈਆ । ਮੈਂ ਹੌਲੀ ਹੌਲੀ ਰਹੀ ਬੋਲ, ਮੇਰਾ ਘੁੰਡ ਮੇਰਾ ਪਰਦਾ ਆਪਣੀ ਹੱਥੀਂ ਦੇ ਚੁਕਾਈਆ । ਫਿਰ ਸਦਾ ਵਸਾਂ ਤੇਰੇ ਕੋਲ, ਤੇਰੀ ਹੋ ਹੋ ਸੇਵ ਕਮਾਈਆ । ਤੂੰ ਬੈਠਾ ਰਹੇ ਸਦ ਅਡੋਲ, ਅਡੋਲ ਤੇਰੀ ਸ਼ਹਿਨਸ਼ਾਹੀਆ । ਮੈਂ ਆਪ ਆਪਣਾ ਤੇਰੇ ਉਤੋਂ ਦੇਵਾਂ ਘੋਲ, ਹਉਂ ਘੋਲੀ ਘੋਲ ਘੁਮਾਈਆ । ਮੇਰੀ ਬਿਰਹੋਂ ਅੱਗ ਏਕਾ ਵਾਰ ਦੇਵੀਂ ਫੋਲ, ਕੋਈ ਚਿਣਗ ਵਿਚ ਰਹਿਣ ਨਾ ਪਾਈਆ । ਮੈਂ ਤੇਰਾ ਨਾਮ ਵਜਾਵਣ ਆਈ ਢੋਲ, ਸੁਣ ਜੱਟਾ ਜਾਂਦਿਆ ਰਾਹੀਆ । ਆਪਣੀ ਗੰਢ ਹੁਣ ਲੈਣੀ ਖੋਲ੍ਹ, ਸਾਚਾ ਸਗਨ ਲੈ ਮਨਾਈਆ । ਉਚੀ ਕੂਕ ਸੁਣਾਵਾਂ ਬੋਲ ਬੋਲ, ਤੂੰ ਮੇਰਾ ਮੈਂ ਤੇਰੀ, ਮੈਂ ਤੇਰੀ ਤੂੰ ਮੇਰਾ, ਮੈਂ ਤੂੰ ਸੋਹੰ ਸ਼ਬਦ ਇਕ ਸੁਣਾਈਆ । ਤੇਰੀ ਅਲਫ਼ੀ ਮੇਰਾ ਚੋਲ, ਮੇਰੀ ਅੰਗੀ ਕਿਉਂ ਕਰੇ ਮਖੌਲ, ਮੈਨੂੰ ਲੋਕੀ ਹੱਸਣ ਦੇਣ ਤਾਅਨੇ, ਸ੍ਰਿਸ਼ਟ ਸਬਾਈ ਬੋਲ ਕਬੋਲ ਸੁਣਾਈਆ । ਤੂੰ ਮੇਰਾ ਸ਼ਾਹ ਪਾਤਸ਼ਾਹ ਸ੍ਰੀ ਭਗਵਾਨਿਆ, ਮੋਹੇ ਤੇਰੀ ਭਗਤੀ ਏਕਾ ਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਜੋਤੀ ਜਾਤਾ ਪੁਰਖ ਬਿਧਾਤਾ ਆਪਣਾ ਰੰਗ ਆਪੇ ਵੇਖ ਵਖਾਈਆ । ਆ ਸਖ਼ੀ ਉਠ ਵੇਖ ਰੰਗ, ਹਰਿ ਸਾਚੇ ਸਚ ਚੜ੍ਹਾਇਆ । ਮੈਂ ਮੰਗੀ ਏਕੋ ਮੰਗ, ਅੱਠੇ ਪਹਿਰ ਤੇਰੀ ਸਰਨਾਇਆ । ਲਹਿੰਦਿਉਂ ਅੱਲਾ ਰਾਣੀ ਆਈ ਲੰਘ, ਨਿਉਂ ਨਿਉਂ ਸੀਸ ਝੁਕਾਇਆ । ਕਿਥੇ ਬੈਠਾ ਮੇਰਾ ਮਲੰਗ, ਹੱਥ ਮਤਿਹਰਾ ਰਿਹਾ ਉਠਾਇਆ । ਮੈਂ ਫਿਰਦੀ ਆਈ ਵਿਚ ਵਰਭੰਡ, ਦਹਿ ਦਿਸ਼ਾ ਵੇਖ ਵਖਾਇਆ । ਜੋਤ ਅਕਾਲਣ ਅੱਗੋਂ ਗਾਏ ਸਾਚਾ ਛੰਦ, ਏਕਾ ਢੋਲਾ ਰਹੀ ਸੁਣਾਇਆ । ਆਪਣੇ ਆਸਣ ਬੈਠਾ ਰੰਗੀਲੇ ਪਲੰਘ, ਸਾਚੀ ਸੇਜ ਸੁਹਾਇਆ । ਸੱਜੇ ਖ਼ੱਬੇ ਦੋਵੇਂ ਲੱਗੀਏ ਅੰਗ,

੩੬੯
੧੦

ਭਲਾ ਮੰਨ ਜਾਏ ਸਾਡਾ ਪੀਰ ਜਿਸ ਸਾਨੂੰ ਧੱਕਾ ਲਾਇਆ । ਇਕ ਵਾਰ ਜੇ ਮੁਖ ਦਿਖਲਾਵੇ ਮਿਲੇ ਪਰਮਾਨੰਦ, ਦੁਖ ਸੁਖ ਵਿਚ ਦਏ ਬਦਲਾਇਆ । ਮੇਰੀ ਤੇਰੀ ਜੋਬਨ ਜਵਾਨੀ ਨਾ ਜਾਏ ਹੰਢ, ਵੇਲਾ ਗਿਆ ਹੱਥ ਨਾ ਆਇਆ । ਉਠ ਸਖ਼ੀ ਚਲੀਏ ਗੁਰਸਿਖਾਂ ਹੱਥ ਭੇਜੀਏ ਗੰਢ, ਸਚ ਸੁਨੇਹੜਾ ਇਕ ਸੁਣਾਇਆ । ਜਿਸ ਵਸਾਇਆ ਪੁਰੀ ਅਨੰਦ, ਕੀ ਸਾਡਾ ਖੇੜਾ ਦੇਵੇ ਢਾਹਿਆ । ਜਿਸ ਛੁਡਾਇਆ ਜਗਤ ਗੰਦ, ਕੀ ਸਾਡਾ ਮਾਣ ਨਾ ਕੋਇ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਜੋਤ ਨਿਰਗੁਣ ਨਿਰਗੁਣ ਨਿਰਗੁਣ ਲਏ ਪਰਨਾਇਆ । ਨਿਰਗੁਣ ਜੋਤ ਆਏ ਸਿਖਾਂ ਦਵਾਰ, ਗਲ ਵਿਚ ਪੱਲਾ ਪਾ । ਅੱਲਾ ਰਾਣੀ ਕਰੇ ਪੁਕਾਰ, ਗੁਰਸਿਖ ਮੁਰੀਦ ਲਏ ਉਠਾ । ਸਾਡਾ ਮਿਲੌਣਾ ਵਿਛੜਿਆ ਯਾਰ, ਦੇਣੀ ਸਚ ਸਲਾਹ । ਲੱਗੇ ਭਾਗ ਘਰ ਮੇਰੇ ਆਏ ਪਰਵਰਦਿਗਾਰ, ਮੈਂ ਵੇਖਾਂ ਚਾਓ ਚਾ । ਗੁਰਸਿਖ ਤੇਰੀ ਓਟ ਤੇਰੀ ਆਸ, ਤੇਰੇ ਘਰ ਸਦ ਵਸੇ ਬੇਪਰਵਾਹ । ਮੈਂ ਹੋਵਾਂ ਨਾ ਅੰਤ ਨਿਰਾਸ, ਅੱਗੇ ਝੋਲੀ ਰਹੀ ਡਾਹ । ਕਲਜੁਗ ਨਾਲੋਂ ਮੇਰੀ ਕਰਨੀ ਬੰਦ ਖ਼ਲਾਸ, ਲੱਖ ਚੁਰਾਸੀ ਮੇਰੇ ਗਲੋਂ ਲੱਥੇ ਫਾਹ । ਮੈਂ ਆਪਣੇ ਘਰ ਜਾ ਕੇ ਕਰਾਂ ਵਾਸ, ਆਪਣੇ ਪ੍ਰੀਤਮ ਵਿਚ ਸਮਾ । ਹਰਿ ਅਪਰੰਪਰ ਆਪਣੀ ਜੋਤ ਕਰੇ ਪਰਕਾਸ਼, ਆਪਣੀ ਬਣਤ ਲਏ ਬਣਾ । ਜੁਗ ਜੁਗ ਕਰਦਾ ਰਿਹਾ ਖੇਲ ਤਮਾਸ਼, ਜੁਗ ਚੌਕੜੀ ਆਪ ਬਣਾਏ ਆਪੇ ਲਵੇ ਢਾਹ । ਆਪ ਕਦੇ ਨਾ ਹੋਵੇ ਨਾਸ, ਸਾਚੇ ਤਖ਼ਤ ਬੈਠਾ ਰਹੇ ਸ਼ਹਿਨਸ਼ਾਹ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਜਗਤ ਵਿਚੋਲਾ ਬਣਾਏ ਮਲਾਹ ।


੩੭੦
੧੦

## ★ ੨੩ ਫਗਣ ੨੦੧੭ ਬਿਕ੍ਰਮੀ ਮੱਸਾ ਸਿੰਘ ਦੇ ਗ੍ਰਿਹਿ ਪਿੰਡ ਬਲ ਪੁਰੀਆ ★

ਸੋ ਪੁਰਖ ਨਿਰੰਜਣ ਧਾਮ ਸੁਹਾਇੰਦਾ, ਸੋਭਾਵੰਤ ਗੁਣ ਨਿਧਾਨ । ਹਰਿ ਪੁਰਖ ਨਿਰੰਜਣ ਆਸਣ ਲਾਇੰਦਾ, ਇਕ ਇਕੱਲਾ ਵਡ ਮਿਹਰਵਾਨ । ਏਕੰਕਾਰਾ ਨਾਉਂ ਪਰਗਟਾਇੰਦਾ, ਜੋਧਾ ਸੂਰਬੀਰ ਬਲਵਾਨ । ਆਦਿ ਨਿਰੰਜਣ ਰੂਪ ਧਰਾਇੰਦਾ, ਜੋਤੀ ਨੂਰ ਨੂਰ ਮਹਾਨ । ਅਬਿਨਾਸ਼ੀ ਕਰਤਾ ਖੇਲ ਖਿਲਾਇੰਦਾ, ਖੇਲਣਹਾਰਾ ਗੁਣ ਨਿਧਾਨ । ਸ੍ਰੀ ਭਗਵਾਨ ਭੇਵ ਚੁਕਾਇੰਦਾ, ਕਰੇ ਖੇਲ ਬੇਪਹਿਚਾਨ । ਪਾਰਬ੍ਰਹਮ ਆਪਣੀ ਕਲ ਆਪ ਵਰਤਾਇੰਦਾ, ਆਪਣੇ ਉਪਰ ਹੋ ਮਿਹਰਵਾਨ । ਆਪਣਾ ਬੰਕ ਆਪ ਸੁਹਾਇੰਦਾ, ਸਾਚਾ ਮੰਦਰ ਇਕ ਮਕਾਨ । ਉਚ ਅਟਲ ਨਾਉਂ ਰਖਾਇੰਦਾ, ਸਚਖੰਡ ਸੱਚਾ ਅਸਥਾਨ । ਸਚ ਸਿੰਘਾਸਣ ਆਪ ਸੁਹਾਇੰਦਾ, ਸ਼ਾਹੋ ਭੂਪ ਬਣ ਸੁਲਤਾਨ । ਤਖ਼ਤ ਤਾਜ ਆਪ ਹੰਢਾਇੰਦਾ, ਆਦਿ ਜੁਗਾਦੀ ਖੇਲ ਮਹਾਨ । ਸ਼ਬਦ ਅਨਾਦੀ ਨਾਦ ਵਜਾਇੰਦਾ, ਧੁਰਦਰਗਾਹੀ ਧੁਰ ਫ਼ਰਮਾਨ । ਬ੍ਰਹਮ ਬ੍ਰਹਿਮਾਦੀ ਆਪ ਸੁਣਾਇੰਦਾ, ਲੇਖਾ ਜਾਣੇ ਦੋ ਜਹਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਇਕ ਵਡਿਆਇੰਦਾ । ਮੁਕਾਮੇ ਹੱਕ ਹੱਕ ਜਨਾਬ, ਹਕ਼ੀਕ਼ਤ ਆਪਣੇ ਹੱਥ ਰਖਾਈਆ । ਆਪਣੀ ਦੇਵਣਹਾਰਾ ਆਪੇ ਦਾਦ, ਲਾਸ਼ਰੀਕ ਇਕ ਖ਼ੁਦਾਈਆ । ਲੇਖਾ ਜਾਣੇ ਆਪਾ ਆਪ, ਦੂਸਰ ਅਵਰ ਨਾ ਕੋਇ ਵਡਿਆਈਆ । ਨੂਰ ਉਜਿਆਰਾ ਨਾ ਕੋਇ ਆਫ਼ਤਾਬ, ਜਲਵਾ ਹੋਰ ਨਾ ਕੋਇ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਸੱਚਾ ਪਾਤਸ਼ਾਹ, ਸੋ ਪੁਰਖ ਨਿਰੰਜਣ ਆਪ ਅਖਵਾਇੰਦਾ । ਹਰਿ ਪੁਰਖ ਨਿਰੰਜਣ ਬਣ ਮਲਾਹ, ਸਾਚਾ ਬੇੜਾ ਆਪ ਉਠਾਇੰਦਾ । ਏਕੰਕਾਰਾ

੩੭੧
੧੦

ਦਏ ਸਲਾਹ, ਆਦਿ ਨਿਰੰਜਣ ਸੰਗ ਨਿਭਾਇੰਦਾ । ਅਬਿਨਾਸ਼ੀ ਕਰਤਾ ਪਕੜੇ ਬਾਂਹ, ਸ੍ਰੀ ਭਗਵਾਨ ਵੇਖ ਵਖਾਇੰਦਾ । ਪਾਰਬ੍ਰਹਮ ਪ੍ਰਭ ਕਰੇ ਸਚ ਨਿਆਂ, ਸਾਚਾ ਅਦਲ ਆਪ ਕਮਾਇੰਦਾ । ਸਚਖੰਡ ਸੁਹਾਏ ਸਾਚਾ ਥਾਂ, ਥਾਨ ਥਨੰਤਰ ਆਪ ਬਣਾਇੰਦਾ । ਥਿਰ ਘਰ ਦਵਾਰਾ ਆਪ ਖੁਲ੍ਹਾ, ਆਪ ਆਪਣਾ ਚਰਨ ਟਿਕਾਇੰਦਾ । ਆਪਣੀ ਇਛਿਆ ਲਏ ਪਰਗਟਾ, ਸ਼ਬਦ ਅਨਾਦੀ ਸੁਤ ਜਾਇੰਦਾ । ਸਚ ਸੰਦੇਸ਼ ਦਏ ਸੁਣਾ, ਧੁਰ ਫ਼ਰਮਾਨਾ ਆਪਣੇ ਹੱਥ ਰਖਾਇੰਦਾ । ਬ੍ਰਹਿਮੰਡ ਖੰਡ ਰਚਨ ਰਚਾ, ਸੂਰਜ ਚੰਨ ਆਪ ਚਮਕਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਧਰਾ, ਤ੍ਰੈ ਤ੍ਰੈ ਲੇਖਾ ਝੋਲੀ ਪਾਇੰਦਾ । ਪੰਚਮ ਮੇਲਾ ਆਪ ਮਿਲਾ, ਪੁਰਖ ਅਬਿਨਾਸ਼ੀ ਵੇਖ ਵਖਾਇੰਦਾ । ਸਾਚਾ ਹੁਕਮ ਦਏ ਸੁਣਾ, ਅਭੁੱਲ ਆਪਣਾ ਭੇਵ ਆਪ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਏਕਾ ਹਰਿ, ਏਕਾ ਵੇਸ ਵਟਾਇੰਦਾ । ਵੇਸ ਵਟਾਏ ਨੂਰੀ ਅੱਲਾ, ਅੱਲਾ ਹੂ ਆਪਣਾ ਨਾਉਂ ਧਰਾਇੰਦਾ । ਵਸਣਹਾਰਾ ਸਚ ਮਹੱਲਾ, ਉਚ ਮਹਿਰਾਬੇ ਡੇਰਾ ਲਾਇੰਦਾ । ਬੈਠਾ ਰਹੇ ਇਕ ਇਕੱਲਾ, ਅਕਲ ਕਲ ਆਪਣੀ ਖੇਲ ਖਿਲਾਇੰਦਾ । ਆਪੇ ਫੜੇ ਆਪਣਾ ਪੱਲਾ, ਦੂਸਰ ਲੜ ਨਾ ਕੋਇ ਬੰਨ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਕਾ ਭੇਵ ਕੋਇ ਨਾ ਪਾਇੰਦਾ । ਸਚਖੰਡ ਦਵਾਰੇ ਸਾਚਾ ਰਾਮ, ਇਕ ਇਕੱਲਾ ਆਸਣ ਲਾਇੰਦਾ । ਆਦਿ ਜੁਗਾਦਿ ਕਰੇ ਸਾਚਾ ਕਾਮ, ਕਰਨੀ ਕਰਤਾ ਪੁਰਖ ਆਪ ਕਰਾਇੰਦਾ । ਆਪਣਾ ਵੇਖੇ ਆਪੇ ਸਚ ਨਜ਼ਾਮ, ਹੁਕਮ ਹਾਸਲ ਆਪ ਚਲਾਇੰਦਾ । ਆਪ ਜਾਣੇ ਆਪਣੀ ਆਣ, ਆਪਣੇ ਭਾਣੇ ਸਦ ਸਮਾਇੰਦਾ । ਦੇਵਣਹਾਰਾ ਧੁਰ ਫਰਮਾਨ, ਸਚ ਸੰਦੇਸਾ ਆਪ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਖਿਲਾਇੰਦਾ । ਸਾਚੇ ਮੰਦਰ ਸਚ ਘਨੱਯਾ, ਸਚਖੰਡ ਨਿਵਾਸੀ ਆਸਣ ਲਾਈਆ । ਮਾਤ ਪਿਤ ਨਾ ਭੈਣਾਂ ਭੱਯਾ, ਦੂਸਰ ਸੰਗ ਨਾ ਕੋਇ ਵਖਾਈਆ । ਸਾਕ ਸੈਣ ਨਾ ਸੱਜਣ ਸੱਯਾ, ਬੰਧਨ ਬੰਧ ਨਾ ਕੋਇ ਭੁਆਈਆ । ਨਾ ਕੋਈ ਨੌਕਾ ਨਾ ਕੋਈ ਨੱਯਾ, ਵੰਝ ਮੁਹਾਣਾ ਨਾ ਕੋਇ ਵਖਾਈਆ । ਆਪਣੇ ਸਾਗਰ ਆਪ ਤਰੱਯਾ, ਪਾਰਬ੍ਰਹਮ ਵਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲ ਆਪਣੇ ਹੱਥ ਰਖਾਈਆ । ਸਚਖੰਡ ਵਸੇ ਨਿਰੰਕਾਰ, ਨਿਰਗੁਣ ਰਾਮ ਰੂਪ ਧਰਾਈਆ । ਨੂਰ ਇਲਾਹੀ ਹੋ ਉਜਿਆਰ, ਸਾਚੇ ਧਾਮ ਸੋਭਾ ਪਾਈਆ । ਸਾਚਾ ਕਾਹਨ ਖੇਲ ਕਰੇ ਅਪਾਰ, ਬੇਪਰਵਾਹ ਸੱਚਾ ਸ਼ਹਿਨਸ਼ਾਹੀਆ । ਤਖ਼ਤ ਨਿਵਾਸੀ ਹੋ ਤਿਆਰ, ਏਕਾ ਤਖ਼ਤ ਲਏ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਦੂਸਰ ਸੰਗ ਨਾ ਕੋਇ ਰਖਾਈਆ । ਦੂਸਰ ਸੰਗ ਨਾ ਕੋਇ ਰੱਖਦਾ, ਕਰਤਾ ਪੁਰਖ ਹਰਿ ਨਿਰੰਕਾਰ । ਨਿਰਗੁਣ ਹੋ ਹੋ ਘਰ ਰਹੇ ਵਿਚ ਵਸਦਾ, ਸੋਹੇ ਦਰ ਸੱਚਾ ਦਰਬਾਰ । ਨਿਰਵੈਰ ਹੋ ਹੋ ਆਪਣਾ ਮਾਰਗ ਆਪੇ ਦੱਸਦਾ, ਪੁਰਖ ਅਕਾਲਾ ਮੀਤ ਮੁਰਾਰ । ਅਜੂਨੀ ਰਹਿਤ ਹੋ ਹੋ ਨੱਸਦਾ, ਜਨਮ ਮਰਨ ਤੋਂ ਵਸਿਆ ਬਾਹਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਆਪਣੀ ਕਾਰ । ਸਾਚੀ ਕਾਰ ਕਰਾਇੰਦਾ, ਕਰਤਾ ਪੁਰਖ ਅਗੰਮ ਅਥਾਹ । ਨਿਰਗੁਣ ਵੇਸ ਅਨੇਕ ਵਟਾਇੰਦਾ, ਕਰੇ ਖੇਲ ਸੱਚਾ ਸ਼ਹਿਨਸ਼ਾਹ । ਰੂਪ ਅਨੂਪ ਆਪ ਦਰਸਾਇੰਦਾ, ਰੇਖ ਭੇਖ ਨਾ ਸਕੇ ਕੋਇ ਜਣਾ । ਆਪਣਾ ਲੇਖ ਆਪ ਲਿਖਾਇੰਦਾ, ਕੋਈ ਨਾ ਲਿਖੇ ਕ਼ਲਮ ਸ਼ਾਹ । ਕਾਤਬ ਕੋਇ ਨਾ ਸੰਗ ਵਖਾਇੰਦਾ, ਇਕ ਇਕੱਲਾ ਕਰੇ ਸਚ ਨਿਆਂ । ਆਪਣਾ ਨਾਉਂ ਆਪ ਪਰਗਟਾਇੰਦਾ, ਨਾਉਂ ਨਿਰੰਕਾਰਾ

ਲਏ ਧਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪੇ ਵੇਖੇ ਆ । ਹਰਿ ਸਾਚਾ ਖੇਲ ਖਿਲਾਇਆ, ਖ਼ਾਲਕ ਖ਼ਲਕ ਕਰ ਤਿਆਰ । ਖ਼ਲਕ ਆਪਣਾ ਨੂਰ ਧਰਾਇਆ, ਆਪੇ ਬਣਿਆ ਸਚ ਮਲਾਹ । ਅਰਸ਼ ਆਪਣੀ ਵੰਡ ਵੰਡਾਇਆ, ਕੁਰਸ ਕੁਰਾ ਕਰੇ ਬੇਪਨਾਹ । ਫ਼ਰਸ਼ ਆਪਣਾ ਚਰਨ ਛੁਹਾਇਆ, ਖ਼ਾਕਾ ਖ਼ਾਕ ਰਿਹਾ ਸਮਾ । ਆਪਣਾ ਆਦਰਸ਼ ਇਕ ਰਖਾਇਆ, ਪੁਰਖ ਅਬਿਨਾਸ਼ੀ ਘਟ ਘਟ ਵਾਸੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਜਾਣੇ ਆਪਣਾ ਮਾਰਗ ਰਾਹ । ਸਾਚਾ ਮਾਰਗ ਲਾਇੰਦਾ, ਆਦਿ ਜੁਗਾਦਿ ਕਾਰ । ਆਪਣੀ ਰਚਨਾ ਆਪ ਰਚਾਇੰਦਾ, ਆਪੇ ਹੋਏ ਵੇਖਣਹਾਰ । ਨਿਰਗੁਣ ਸਰਗੁਣ ਰੂਪ ਆਪ ਵਟਾਇੰਦਾ, ਵਿਸ਼ਨ ਬ੍ਰਹਮਾ ਸ਼ਿਵ ਦੇਵੇ ਤਾਰ । ਸਾਚੀ ਵਸਤ ਆਪ ਵਰਤਾਇੰਦਾ, ਤ੍ਰੈ ਤ੍ਰੈ ਸਾਚਾ ਭਰ ਭੰਡਾਰ । ਸਾਚੇ ਘਰ ਸੋਭਾ ਪਾਇੰਦਾ, ਬ੍ਰਹਿਮੰਡ ਖੰਡ ਕਰ ਤਿਆਰ । ਲੋਆਂ ਪੁਰੀਆਂ ਆਸਣ ਲਾਇੰਦਾ, ਆਪ ਆਪਣੀ ਕਿਰਪਾ ਧਾਰ । ਆਪਣੀ ਇਛਿਆ ਲੱਖ ਚੁਰਾਸੀ ਘਾੜਤ ਜਗਤ ਘੜਾਇੰਦਾ, ਘਾੜਨ ਘੜੇ ਅਪਰ ਅਪਾਰ । ਘਟ ਘਟ ਅੰਦਰ ਜੋਤ ਜਗਾਇੰਦਾ, ਦੀਪ ਉਜਾਲਾ ਹੋ ਉਜਿਆਰ । ਘਟ ਘਟ ਆਪਣਾ ਨਾਦ ਵਜਾਇੰਦਾ, ਸ਼ਬਦ ਅਨਾਦ ਸਚੀ ਧੁਨਕਾਰ । ਘਰ ਘਰ ਵਿਚ ਆਪਣਾ ਮੰਗਲ ਆਪੇ ਗਾਇੰਦਾ, ਆਪੇ ਹੋਏ ਗਾਵਣਹਾਰ । ਘਟ ਘਟ ਆਪਣਾ ਮਹੱਲ ਆਪ ਸੁਹਾਇੰਦਾ, ਘਰ ਵਿਚ ਘਰ ਕਰ ਤਿਆਰ । ਆਪਣੀ ਵੰਡ ਆਪ ਵੰਡਾਇੰਦਾ, ਪਾਰਬ੍ਰਹਮ ਬ੍ਰਹਮ ਵੰਡੇ ਏਕਾ ਵਾਰ । ਈਸ਼ ਜੀਵ ਆਪ ਹੋ ਜਾਇੰਦਾ, ਜਗਦੀਸ਼ ਸਚੀ ਸਰਕਾਰ । ਲੋਕਮਾਤ ਰਾਹ ਚਲਾਇੰਦਾ, ਨਿਰਗੁਣ ਸਰਗੁਣ ਕਰ ਪਿਆਰ । ਸਰਗੁਣ ਇਕ ਤੱਤ ਦ੍ਰਿੜਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਗੰਮ ਅਪਾਰ । ਲੱਖ ਚੁਰਾਸੀ ਘਾੜਨ ਘੜਿਆ, ਵਿਸ਼ਨ ਬ੍ਰਹਮਾ ਸ਼ਿਵ ਸੇਵ ਕਮਾਈਆ । ਨਿਰਗੁਣ ਹੋ ਹੋ ਅੰਦਰ ਵੜਿਆ, ਪਾਰਬ੍ਰਹਮ ਵਡੀ ਵਡਿਆਈਆ । ਡੂੰਘੀ ਭਵਰੀ ਸਾਚੇ ਪੌੜੇ ਚੜ੍ਹਿਆ, ਔਂਦਾਂ ਜਾਂਦਾ ਦਿਸ ਨਾ ਆਈਆ । ਆਪਣਾ ਖੇਲ ਆਪੇ ਕਰਿਆ, ਪੰਜ ਤੱਤ ਦਏ ਵਡਿਆਈਆ । ਨਿਰਗੁਣ ਸਰਗੁਣ ਰੂਪ ਆਪੇ ਧਰਿਆ, ਸ਼ਬਦ ਸ਼ਬਦੀ ਡੰਕ ਵਜਾਈਆ । ਗੁਰ ਗੁਰ ਨਾਉਂ ਆਪੇ ਕਰਿਆ, ਕਰੇ ਖੇਲ ਵੇਖੇ ਆਪ ਸ਼ਾਹ ਪਾਤਸ਼ਾਹ ਸਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਵੰਡਣ ਆਪ ਸਮਝਾਈਆ । ਸਰਗੁਣ ਹਰਿ ਹਰਿ ਕਰ ਤਿਆਰ, ਸਾਚੀ ਵੰਡ ਵੰਡਾਇੰਦਾ । ਪਹਿਲਾ ਲੇਖਾ ਕਰੇ ਵਿਚਾਰ, ਬ੍ਰਹਮਾ ਸੁਤ ਸਮਝਾਇੰਦਾ । ਸ਼ਬਦ ਜਣਾਈ ਵੇਦ ਚਾਰ, ਭੇਵ ਅਭੇਦ ਖੁਲ੍ਹਾਇੰਦਾ । ਚਾਰੇ ਬਾਣੀ ਦਏ ਸਹਾਰ, ਚਾਰੇ ਖਾਣੀ ਆਪ ਪਰਗਟਾਇੰਦਾ । ਚਾਰੇ ਜੁਗ ਬੰਨ੍ਹ ਧਾਰ, ਸਤਿਜੁਗ ਤਰੇਤਾ ਦਵਾਪਰ ਕਲਜੁਗ ਵੰਡ ਵੰਡਾਇੰਦਾ । ਜੁਗ ਜੁਗ ਆਵੇ ਵਾਰੋ ਵਾਰ, ਏਕਾ ਗੁਣ ਸਮਝਾਇੰਦਾ । ਸ਼ਬਦ ਅਗੰਮੀ ਬੋਲ ਜੈਕਾਰ, ਆਪਣਾ ਨਾਉਂ ਪਰਗਟਾਇੰਦਾ । ਰੂਪ ਧਰਾਏ ਗੁਰ ਅਵਤਾਰ, ਪੰਜ ਤੱਤ ਸਾਚਾ ਮੇਲ ਮਿਲਾਇੰਦਾ । ਭਗਤਨ ਦੇਵੇ ਭਗਤੀ ਭੰਡਾਰ, ਭਗਤ ਭਗਵੰਤ ਵੇਖ ਵਖਾਇੰਦਾ । ਸੰਤ ਬਣਾਏ ਸੁਤ ਦੁਲਾਰ, ਸਤਿ ਸਤਿਵਾਦੀ ਗੋਦ ਬਹਾਇੰਦਾ । ਗੁਰਮੁਖ ਸੱਜਣ ਲਏ ਉਭਾਰ, ਸਿਰ ਆਪਣਾ ਹੱਥ ਟਿਕਾਇੰਦਾ । ਗੁਰਸਿਖ ਸਾਚੇ ਇਕ ਵਖਾਏ ਸਚ ਦਵਾਰ, ਚਰਨ ਕਵਲ ਕਵਲ ਚਰਨ ਏਕਾ ਦਰ ਵਖਾਇੰਦਾ । ਸਤਿਜੁਗ ਤਰੇਤਾ ਦਵਾਪਰ ਕਰੇ ਖੇਲ ਅਪਾਰ, ਹਰਿਜਨ ਸਾਚੇ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ ਨਰ ਨਰੇਸ਼ ਜੁਗ ਜੁਗ ਆਪਣਾ ਆਪ ਸੁਣਾਇੰਦਾ । ਜਗਤ ਸੰਦੇਸ਼ ਸੁਣਾਵਣਹਾਰਾ,

੩੭੨
੧੦

ਸ਼ਬਦ ਅਗੰਮ ਜੈਕਾਰ । ਗੁਰ ਅਵਤਾਰ ਭੇਜਣਹਾਰਾ, ਕਰੇ ਖੇਲ ਸਚੀ ਸਰਕਾਰ । ਨਾਮ ਨਿਧਾਨ ਵਰਤਾਵਣਹਾਰਾ, ਵਰਤਾਏ ਸਚ ਭੰਡਾਰ । ਲੱਖ ਚੁਰਾਸੀ ਵੇਖਣਹਾਰਾ, ਘਟ ਘਟ ਕਰੇ ਪਸਾਰ । ਸਮਰਥ ਪੁਰਖ ਘੜਨ ਭੰਨਣਹਾਰਾ, ਆਪੇ ਜਾਣੇ ਆਪਣੀ ਕਾਰ । ਸਚਖੰਡ ਵਸੇ ਸਚ ਦਵਾਰਾ, ਤਖ਼ਤ ਨਿਵਾਸੀ ਹੋ ਉਜਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਜੁਗ ਚਾਰ । ਜੁਗ ਚਾਰ ਏਕਾ ਗੇੜਾ, ਏਕਾ ਚੌਕੜ ਨਾਉਂ ਰਖਾਈਆ । ਨੌ ਦਵਾਰਾ ਵੇਖੇ ਵੇਹੜਾ, ਸ੍ਰਿਸ਼ਟ ਸਬਾਈ ਪੜਦਾ ਪਾਈਆ । ਨੌ ਖੰਡ ਵਸਾਏ ਖੇੜਾ, ਧਰਤ ਧਵਲ ਦਏ ਵਡਿਆਈਆ । ਚਾਰ ਜੁਗ ਚਲਾਏ ਬੇੜਾ, ਏਕਾ ਚਪੂ ਨਾਮ ਲਗਾਈਆ । ਅੰਤਮ ਕਰੇ ਹਕ ਨਬੇੜਾ, ਭੁਲ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਬੇਪਰਵਾਹੀਆ । ਜੁਗ ਜੁਗ ਗੇੜਾ ਆਪ ਦਵਾਇੰਦਾ, ਦੇਵਣਹਾਰ ਆਪ ਨਿਰੰਕਾਰ । ਗੁਰ ਅਵਤਾਰ ਆਪ ਘਲਾਇੰਦਾ, ਕਰੇ ਕਰਾਏ ਸਾਚੀ ਕਾਰ । ਸਾਚੀ ਵਸਤ ਝੋਲੀ ਪਾਇੰਦਾ, ਨਾਮ ਨਿਧਾਨਾ ਦਏ ਭੰਡਾਰ । ਕੋਈ ਬ੍ਰਹਮਾ ਸੁਤ ਅਖਵਾਇੰਦਾ, ਕੋਈ ਬਰਾਹ ਕਰੇ ਵਿਚਾਰ । ਕੋਈ ਹਾਵ ਗਰੀਵ ਰਾਹ ਤਕਾਇੰਦਾ, ਕੋਈ ਯਗੇ ਪੁਰਸ਼ ਅਗੇ ਪਿਛੇ ਵੇਖੇ ਆਪਣੀ ਵਾਰ । ਕੋਈ ਨਰਾਇਣ ਰੂਪ ਵਟਾਇੰਦਾ, ਨਿਰਗੁਣ ਸਰਗੁਣ ਖੇਲ ਅਪਾਰ । ਕੋਈ ਦਤਾ ਤ੍ਰੈ ਕਹਾਇੰਦਾ, ਦਿਵਸ ਰੈਣ ਕਰੇ ਵਿਚਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਵਰਤੇ ਸਚ ਵਰਤਾਰ । ਕੋਈ ਕਪਲ ਮੁਨ ਅਖਵਾਇੰਦਾ, ਮਾਤਾ ਸੁਤ ਕਰੇ ਪਿਆਰ । ਕੋਈ ਰਿਖਵ ਦੇਵ ਜਣਾਇੰਦਾ, ਏਕਾ ਰਾਹ ਤੱਕੇ ਸਾਚਾ ਯਾਰ । ਕੋਈ ਪ੍ਰਿਥੁ ਸੇਵਾ ਲਾਇੰਦਾ, ਕੋਈ ਮਤਸ ਦੇਵੇ ਸਚ ਵਿਹਾਰ । ਕੋਈ ਕਛਪ ਗੋਦ ਬਹਾਇੰਦਾ, ਜਲ ਧਾਰਾ ਕਰ ਪਿਆਰ । ਕੋਈ ਧਨੰਤਰ ਸਾਚੀ ਸੇਵਾ ਲਾਇੰਦਾ, ਮੰਤਰ ਫੁਰੇ ਇਕ ਨਿਰਾਕਾਰ । ਕੋਈ ਹੰਸਾ ਰੂਪ ਵਟਾਇੰਦਾ, ਮਾਣਕ ਮੋਤੀ ਚੁਗੇ ਵਿਚ ਸੰਸਾਰ । ਸਰਬੱਗ ਪੁਰਖ ਭੇਵ ਨਾ ਆਇੰਦਾ, ਪੁਰਖ ਅਬਿਨਾਸ਼ੀ ਕਰੇ ਖੇਲ ਨਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਚਖੰਡ ਸਚੇ ਦਰਬਾਰ । ਸਚਖੰਡ ਦਵਾਰਾ ਸੋਭਾਵੰਤ, ਹਰਿ ਸਾਚਾ ਆਪ ਸੁਹਾਇੰਦਾ । ਆਦਿ ਜੁਗਾਦੀ ਏਕਾ ਕੰਤ, ਲੱਖ ਚੁਰਾਸੀ ਆਪ ਪਰਨਾਇੰਦਾ । ਹਰਿਜਨ ਵੇਖੇ ਸਾਚੇ ਸੰਤ, ਲੋਕਮਾਤ ਆਪ ਜਗਾਇੰਦਾ । ਨਾਮ ਜਣਾਈ ਮਣਿਆ ਮੰਤ, ਏਕਾ ਮੰਤਰ ਆਪ ਸਮਝਾਇੰਦਾ । ਲੇਖਾ ਜਾਣੇ ਆਦਿ ਅੰਤ, ਆਦਿ ਅੰਤ ਆਪਣੇ ਵਿਚ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਹੁਕਮ ਚਲਾਇੰਦਾ । ਜੁਗ ਜੁਗ ਖੇਲ ਕਰੇ ਕਰਤਾਰਾ, ਬਾਵਨ ਆਪਣਾ ਹੁਕਮ ਜਣਾਈਆ । ਨਰ ਸਿੰਘ ਧਰੇ ਰੂਪ ਨਿਰੰਕਾਰਾ, ਸਾਚੀ ਸੇਵਾ ਇਕ ਵਖਾਈਆ । ਹਰੀ ਹਰਿ ਆਪਣ ਨਾਲੋਂ ਹੋ ਨਿਆਰਾ, ਆਪਣਾ ਸੀਸ ਆਪੇ ਰਿਹਾ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਹੁਕਮੇ ਸਦਾ ਰਿਹਾ ਭਵਾਈਆ । ਹੁਕਮੇ ਅੰਦਰ ਪਰਸਰਾਮ, ਬ੍ਰਾਹਮਣ ਬ੍ਰਹਮ ਸੇਵ ਜਣਾਈਆ । ਹੁਕਮੇ ਅੰਦਰ ਆਇਆ ਰਾਮ, ਰਾਵਣ ਦਹਿ ਸਿਰ ਗਿਆ ਘਾਈਆ । ਹੁਕਮੇ ਅੰਦਰ ਕ੍ਰਿਸ਼ਨ ਕਾਹਨ, ਤ੍ਰੈਲੋਕੀ ਨਾਥ ਤ੍ਰੈਲੋਕੀ ਨੰਦਨ, ਸਖੀਆਂ ਮੰਗਲ ਰਾਸ ਰਚਾਈਆ । ਹੁਕਮੇ ਅੰਦਰ ਈਸਾ ਮੂਸਾ ਲੈ ਕੇ ਆਏ ਪੈਗ਼ਾਮ, ਸਚ ਸੰਦੇਸ਼ ਇਕ ਸੁਣਾਈਆ । ਹੁਕਮੇ ਅੰਦਰ ਮੁਹੰਮਦ ਜਣਾਈ ਇਕ ਕਲਾਮ, ਕਲਮਾ ਅਮਾਮ ਆਪ ਪੜ੍ਹਾਈਆ । ਹੁਕਮੇ ਅੰਦਰ ਕਰੇ ਖੇਲ ਕਾਇਨਾਤ, ਪਰਵਰਦਿਗਾਰ ਸਚਾ ਸ਼ਹਿਨਸ਼ਾਹੀਆ । ਹੁਕਮੇ ਅੰਦਰ ਰੱਖੇ ਸਭ ਦੀ ਨਿਜਾਤ, ਵੇਖਣਹਾਰਾ

ਬਾਉਂ ਥਾਈਆ । ਹੁਕਮੇ ਅੰਦਰ ਰੱਖੇ ਸਭ ਦੀ ਵਫ਼ਾਤ, ਵਫ਼ਾਦਾਰ ਆਪਣੇ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਖੇਲ ਖਿਲਾਈਆ । ਹੁਕਮੇ ਅੰਦਰ ਨਿਰਗੁਣ ਧਾਰ, ਨਾਨਕ ਚੋਲਾ ਮਾਤ ਹੰਢਾਈਆ । ਹੁਕਮੇ ਅੰਦਰ ਨਾਮ ਸਤਿ ਉਜਿਆਰ, ਨਾਮ ਸਤਿ ਕਰੇ ਪੜ੍ਹਾਈਆ । ਹੁਕਮੇ ਅੰਦਰ ਸੁਤ ਦੁਲਾਰ, ਪੁਰਖ ਅਕਾਲ ਏਕਾ ਗੋਦ ਸੁਹਾਈਆ । ਹੁਕਮੇ ਅੰਦਰ ਚੰਡ ਪਰਚੰਡ ਤਿਖੀ ਧਾਰ, ਹੁਕਮੇ ਅੰਦਰ ਬ੍ਰਹਿਮੰਡ ਰਿਹਾ ਭਵਾਈਆ । ਹੁਕਮੇ ਅੰਦਰ ਪੁਰੀ ਅਨੰਦ ਲਿਆ ਉਸਾਰ, ਹੁਕਮੇ ਅੰਦਰ ਛੱਡ ਕੇ ਗਿਆ ਸਾਚਾ ਮਾਹੀਆ । ਹੁਕਮੇ ਅੰਦਰ ਮੰਗੇ ਸਾਚਾ ਯਾਰ, ਆਪਣੀਆਂ ਭੁਜਾਂ ਆਪ ਉਠਾਈਆ । ਹੁਕਮੇ ਅੰਦਰ ਆਪਾ ਵਾਰ, ਏਕਾ ਫਤਿਹ ਗਿਆ ਸੁਣਾਈਆ । ਹੁਕਮੇ ਅੰਦਰ ਕੂਕੇ ਕਰੇ ਪੁਕਾਰ, ਸ੍ਰਿਸ਼ਟ ਸਬਾਈ ਇਹ ਸਮਝਾਈਆ । ਚਾਰ ਜੁਗ ਨੌ ਸੌ ਚੁਰਨਾਵੇ ਚੌਕੜੀ ਜੋ ਘਲਦਾ ਰਿਹਾ ਗੁਰ ਅਵਤਾਰ, ਪੁਰਖ ਅਕਾਲ ਸਚਾ ਸ਼ਹਿਨਸ਼ਾਹੀਆ । ਕਰੇ ਖੇਲ ਅਪਰ ਅਪਾਰ, ਭੇਵ ਕੋਇ ਨਾ ਪਾਈਆ । ਸਚਖੰਡ ਵਸਣਹਾਰਾ ਹਰਿ ਨਿਰੰਕਾਰ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਜੋਧਾ ਸੂਰਬੀਰ ਬਲੀ ਬਲਕਾਰ, ਬਲ ਆਪਣਾ ਆਪਣੇ ਵਿਚ ਰਖਾਈਆ । ਕਾਗਦ ਕ਼ਲਮ ਨਾ ਲਿਖਣਹਾਰ, ਵੇਦ ਪੁਰਾਨ ਸ਼ਾਸਤਰ ਸਿਮਰਤ ਅੰਜੀਲ ਕ਼ੁਰਾਨ ਦੇਣ ਗਵਾਹੀਆ । ਸਰਬ ਜੀਆਂ ਦਾ ਸਾਂਝਾ ਯਾਰ, ਦੀਨ ਮਜ਼੍ਹਬ ਨਾ ਕੋਇ ਵਖਾਈਆ । ਆਲਮ ਉਲਮਾ ਪਾਵੇ ਸਾਰ, ਵੇਖਣਹਾਰਾ ਇਕ ਹੋ ਜਾਈਆ । ਅੰਤਮ ਪਰਗਟ ਹੋਵੇ ਨਰ ਨਿਰੰਕਾਰ, ਨਿਰਵੈਰ ਪੁਰਖ ਅਜੂਨੀ ਰਹਿਤ ਆਪਣੇ ਹੱਥ ਰੱਖੇ ਵਡਿਆਈਆ । ਨਿਹਕਲੰਕਾ ਨਾਉਂ ਰੱਖੇ ਵਿਚ ਸੰਸਾਰ, ਸ਼ਬਦ ਡੰਕਾ ਇਕ ਵਜਾਈਆ । ਸੰਬਲ ਵਸੇ ਧਾਮ ਨਿਆਰ, ਗੋਬਿੰਦ ਗੜ੍ਹ ਇਕ ਬਣਾਈਆ । ਉਪਰ ਚੜ੍ਹ ਬਹੇ ਹਰਿ ਨਿਰੰਕਾਰ, ਦਿਸ ਕਿਸੇ ਨਾ ਆਈਆ । ਆਪਣਾ ਸ਼ਬਦ ਬੋਲੇ ਆਪ ਜੈਕਾਰ, ਪਿਛਲੀ ਕੀਤੀ ਪੜ੍ਹਨ ਕਦੇ ਨਾ ਜਾਈਆ । ਆਪਣੀ ਰੀਤੀ ਬਦਲੇ ਵਿਚ ਸੰਸਾਰ, ਰੀਤ ਅਤੀਤ ਇਕ ਸਮਝਾਈਆ । ਹਸਤ ਕੀਟ ਵੇਖਣਹਾਰ, ਊਚ ਨੀਚ ਭੁੱਲ ਨਾ ਜਾਈਆ । ਜਗਤ ਬਾਗੀਚੀ ਵੇਖੇ ਖਿੜੀ ਗੁਲਜ਼ਾਰ, ਲੱਖ ਚੁਰਾਸੀ ਬ੍ਰਹਮ ਬੂਟਾ ਜੋ ਲਿਆ ਮਾਤ ਲਗਾਈਆ । ਵਿਸ਼ਨ ਬ੍ਰਹਮਾ ਸ਼ਿਵ ਦਰ ਦਰਵੇਸ਼ ਨਿਉਂ ਨਿਉਂ ਖ਼ਾਲੀ ਵਖੌਣ ਆਪਣਾ ਠੂਠਾ, ਸਾਚੀ ਵਸਤ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਜੁਗ ਚੌਕੜੀ ਆਪਣੇ ਹੱਥ ਰਖਾਈਆ । ਜੁਗ ਚੌਕੜੀ ਖੇਲ ਖਿਲਾਇੰਦਾ, ਨਿਰਗੁਣ ਦਾਤਾ ਬੇਪਰਵਾਹ । ਕਲਜੁਗ ਅੰਤਮ ਵੇਸ ਵਟਾਇੰਦਾ, ਜੋਤੀ ਜਾਮਾ ਭੇਖ ਵਟਾ । ਗੁਰ ਗੁਰ ਗੋਬਿੰਦ ਮੇਲ ਮਿਲਾਇੰਦਾ, ਪੁਰਖ ਅਕਾਲ ਏਕਾ ਥਾਂ । ਮਾਤ ਪਿਤਾ ਨਾ ਕੋਇ ਬਣਾਇੰਦਾ, ਆਪਣੀ ਗੋਦ ਲਏ ਸੁਹਾ । ਸਾਚੇ ਘੋੜੇ ਆਪ ਚੜ੍ਹਾਇੰਦਾ, ਆਪਣੇ ਅਸਵ ਤੰਗ ਕਸਾ । ਚਾਰੇ ਰਾਸਾਂ ਹੱਥ ਫੜਾਇੰਦਾ, ਚਾਰੇ ਕੁੰਟਾਂ ਰਿਹਾ ਦੌੜਾ । ਈਸਾ ਮੂਸਾ ਉਠ ਉਠ ਰਾਹ ਤਕਾਇੰਦਾ, ਚਾਰੋਂ ਕੁੰਟ ਨੈਣ ਉਠਾ । ਮੁਹੰਮਦ ਉਠ ਉਠ ਵੇਖ ਵਖਾਇੰਦਾ, ਉਚੇ ਟਿਲੇ ਪਰਬਤ ਆਸਣ ਲਾ । ਉਚੀ ਕੂਕ ਕੂਕ ਸੁਣਾਇੰਦਾ, ਕੂਕ ਸੁਣੇ ਆਪ ਖ਼ੁਦਾ । ਖ਼ਾਲਕ ਵੇਖੇ ਵੇਖਣਹਾਰਾ ਵੇਖਣ ਆਇੰਦਾ, ਆਪ ਆਪਣਾ ਫੇਰਾ ਪਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਮ ਲੇਖਾ ਆਪਣੇ ਹੱਥ ਰਖਾ । ਲੇਖਾ ਆਪਣੇ ਹੱਥ ਰੱਖਦਾ, ਇਕ ਇਕੱਲਾ ਏਕੰਕਾਰ । ਧਰੇ ਰੂਪ ਆਪ ਪਰਤਖ ਦਾ, ਪਰਗਟ ਹੋਏ ਵਿਚ ਸੰਸਾਰ । ਲੱਖ ਚੁਰਾਸੀ ਨਾਮ ਮਧਾਣੇ ਮਥਦਾ, ਸਮੁੰਦ ਸਾਗਰ ਕਰ ਵਿਚਾਰ । ਲੋਆਂ ਪੁਰੀਆਂ ਆਪੇ ਨਥਦਾ, ਸ਼ਬਦ ਡੋਰੀ ਏਕਾ ਡਾਰ । ਲੇਖਾ ਜਾਣੇ ਚੌਦਾਂ

ਲੋਕ ਹੱਟ ਦਾ, ਚੌਦਾਂ ਤਬਕਾਂ ਮਾਰੇ ਮਾਰ । ਵਿਸ਼ਨ ਬ੍ਰਹਮਾ ਸ਼ਿਵ ਹਰਿ ਹਰਿ ਨਾਉਂ ਰਟਦਾ, ਨੇਤਰ ਰੋਵੇ ਜ਼ਾਰੋ ਜ਼ਾਰ । ਈਸਾ ਮੂਸਾ ਸੰਗ ਮੁਹੰਮਦ ਚਾਰ ਯਾਰ ਅੱਗੇ ਹੋ ਹੋ ਨੱਠਦਾ, ਪੁਰਖ ਅਬਿਨਾਸ਼ੀ ਹੋਇਆ ਖ਼ਬਰਦਾਰ । ਲੱਗਾ ਤੀਰ ਨਿਰਾਲਾ ਘਾਓ ਫੱਟ ਦਾ, ਕਰੇ ਕਰਾਏ ਆਰ ਪਾਰ । ਮੁਲਾ ਸ਼ੇਖ਼ ਕੁਤਬ ਗੌਸ ਸਿਰ ਪੈਰਾਂ ਤੇ ਸੁੱਟਦਾ, ਅੰਤਮ ਆਈ ਹਾਰ । ਮਸਜਿਦ ਬਹਿ ਬਹਿ ਜੋ ਰਿਹਾ ਲੁੱਟਦਾ, ਤੇਰਾ ਵੁਜ਼ੂ ਬਾਂਗ ਉਚਾਰ । ਤੇਰਾ ਕਰਜ਼ਾ ਦਿਤੇ ਬਿਨਾ ਨਾ ਛੁੱਟਦਾ, ਛਡਾ ਨਾ ਸਕਣ ਚਾਰ ਯਾਰ । ਜਿਸ ਉਤੇ ਸਾਹਿਬ ਤੂੰ ਰੁਠਦਾ, ਏਕਾ ਧੱਕਾ ਦੇਵੇਂ ਮਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਪਰ ਅਪਾਰ । ਅਪਰ ਅਪਾਰਾ ਖੇਲ ਖਿਲਾਇੰਦਾ, ਸੂਰਬੀਰ ਵਡ ਬਲਵਾਨ । ਚਾਰ ਕੁੰਟ ਵੇਖ ਵਖਾਇੰਦਾ, ਜੀਵ ਜੰਤ ਬਾਲ ਨਾਦਾਨ । ਗੁਰਮੁਖ ਸਾਚੇ ਆਪ ਜਗਾਇੰਦਾ, ਜਿਸ ਜਨ ਹੋਏ ਆਪ ਮਿਹਰਵਾਨ । ਸਾਚੇ ਮਾਰਗ ਆਪੇ ਪਾਇੰਦਾ, ਏਕਾ ਦੇਵੇ ਜੀਆ ਦਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸ੍ਰੀ ਭਗਵਾਨ । ਸ੍ਰੀ ਭਗਵਾਨ ਖੇਲ ਖਿਲਾਵਣਾ, ਕਲਜੁਗ ਤੇਰੀ ਅੰਤਮ ਵਾਰ । ਤੇਰਾ ਲੇਖਾ ਪੰਧ ਮੁਕਾਵਣਾ, ਨਾਤਾ ਤੁਟੇ ਚਾਰ ਲੱਖ ਬੱਤੀ ਹਜ਼ਾਰ । ਤੇਰਾ ਕੂੜ ਕੁੜਿਆਰਾ ਤੇਰੀ ਝੋਲੀ ਪਾਵਣਾ, ਚੁੱਕਿਆ ਨਾ ਜਾਏ ਅੰਤਮ ਭਾਰ । ਤੇਰਾ ਜੂਠਾ ਝੂਠਾ ਸਾਕ ਸੱਜਣ ਸੈਣ ਤੇਰੇ ਨਾਲ ਰਲਾਵਣਾ, ਨੌਂ ਖੰਡ ਪ੍ਰਿਥਮੀ ਕਰ ਵਿਚਾਰ । ਤੇਰਾ ਠੂਠਾ ਭੰਨ ਵਖਾਵਣਾ, ਕਾਮ ਕਰੋਧ ਲੋਭ ਮੋਹ ਹੰਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਮਾਰੇ ਸ਼ਬਦੀ ਮਾਰ । ਸ਼ਬਦ ਨਿਰਾਲਾ ਤੀਰ ਲੱਗਣਾ, ਪੁਰਖ ਅਕਾਲ ਆਪ ਲਗਾਏ । ਨੌਂ ਖੰਡ ਪ੍ਰਿਥਮੀ ਸੱਤਾਂ ਦੀਪਾਂ ਏਕਾ ਵਾਰ ਵੇਖੇ ਸੂਰਾ ਸਰਬੰਗਨਾ, ਛਿਨ ਭੰਗਰ ਆਪਣਾ ਖੇਲ ਖਿਲਾਏ । ਲੇਖਾ ਜਾਣੇ ਕਲ ਕਿ ਅੱਜ ਨਾ, ਰੁਤੜੀ ਰੁਤ ਰਹੀ ਵਿਹਾਏ । ਪਰਗਟ ਹੋਏ ਸੱਚਾ ਸੱਜਣਾ, ਸਾਜਨ ਮੀਤ ਇਕ ਰਘੁਰਾਏ । ਗੁਰਮੁਖ ਵਿਰਲੇ ਕਰਾਏ ਸੱਚਾ ਮਜਨਾ, ਦੁਰਮਤ ਮੈਲ ਧਵਾਏ । ਲੋਕਮਾਤ ਸਭ ਨੇ ਤਜਣਾ, ਤਰਵਰ ਪੰਖੀ ਕੋਇ ਰਹਿਣ ਨਾ ਪਾਏ । ਕਾਲ ਘਰ ਘਰ ਆ ਆ ਨੱਚਣਾ, ਏਕਾ ਡੌਰੂ ਡੰਕ ਵਜਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਖ ਵਖਾਏ । ਕਲਜੁਗ ਭਾਂਡਾ ਜਾਣਾ ਟੁੱਟ, ਹਰਿ ਸਾਚਾ ਆਪ ਤੁੜਾਈਆ । ਲੱਖ ਚੁਰਾਸੀ ਨਾਤਾ ਜਾਣਾ ਛੁੱਟ, ਜੋ ਬੈਠਾ ਗੰਢ ਪਵਾਈਆ । ਦਿਨ ਦਿਹਾੜੇ ਪਏ ਲੁੱਟ, ਨਾ ਸਕੇ ਕੋਇ ਬਚਾਈਆ । ਜੀਵ ਜਹਾਨਾ ਭਾਗ ਗਏ ਨਿਖੁਟ, ਸ੍ਰੀ ਭਗਵਾਨ ਦਏ ਸਜ਼ਾਈਆ । ਕੂੜ ਕੁੜਿਆਰੀ ਜੜ੍ਹ ਦੇਵੇ ਪੁਟ, ਲੋਕਮਾਤ ਰਹਿਣ ਨਾ ਪਾਈਆ । ਸੂਰਬੀਰ ਸਾਹਿਬ ਸਤਿਗੁਰ ਏਕਾ ਗਿਆ ਉਠ, ਨਿਰਭੌ ਆਪਣਾ ਭੈ ਜਣਾਈਆ । ਪੰਜ ਤਤ ਨਾ ਦਿਸੇ ਬੁੱਤ, ਤ੍ਰੈਗੁਣ ਰੂਪ ਨਾ ਕੋਇ ਧਰਾਈਆ । ਕਰੇ ਖੇਲ ਅਬਿਨਾਸ਼ੀ ਅਚੁਤ, ਚਿਤ ਵਿਤ ਠਗੌਰੀ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਮੇਟੇ ਕਾਲੀ ਛਾਹੀਆ । ਕਲਜੁਗ ਕੂੜ ਕੁੜਿਆਰਾ ਮੁਕਣਾ, ਮੁੱਕੇ ਰੈਣ ਅੰਧੇਰੀ ਰਾਤ । ਸਿੰਘ ਸ਼ੇਰ ਏਕਾ ਬੁੱਕਣਾ, ਨਾਤਾ ਤੋੜੇ ਜ਼ਾਤ ਪਾਤ । ਕਲਜੁਗ ਵੇਲਾ ਅੰਤਮ ਢੁਕਣਾ, ਨਾ ਕੋਈ ਦੇਵੇ ਕਿਸੇ ਸਾਥ । ਰਾਜ ਰਾਜਾਨਾਂ ਨਾ ਮਿਲੇ ਲੁਕਣਾ, ਚਾਰੋਂ ਕੁੰਟ ਦਿਸੇ ਘਾਟ । ਹਰਿ ਕਾ ਭਾਣਾ ਕਦੇ ਨਾ ਰੁਕਣਾ, ਆਪ ਵਰਤਾਏ ਪੁਰਖ ਸਮਰਥ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸ਼ਬਦ ਜਣਾਏ ਇਕ ਅਕਥ । ਸ਼ਬਦ ਜਣਾਈ ਅਕਥਨਾ ਅਕਥ, ਨਿਸ਼ਅੱਖਰ ਕਰੇ ਪੜ੍ਹਾਈਆ । ਗੁਰਮੁਖ ਵਿਰਲੇ ਦੇਵੇ ਵਥ, ਵਸਤ ਅਮੋਲਕ

੩੭੫
੧੦

ਝੋਲੀ ਪਾਈਆ । ਲੇਖਾ ਜਾਣੇ ਤੱਤ ਅੱਠ, ਨੌ ਦਰ ਖੋਜੇ ਥਾਉਂ ਥਾਈਆ । ਇਕ ਜਗਾਏ ਨਿਰਮਲ ਜੋਤ, ਅਗਿਆਨ ਅੰਧੇਰ ਮਿਟਾਈਆ । ਜਿਸ ਜਨ ਬਖ਼ਸ਼ੇ ਆਪਣੀ ਓਟ, ਪੁਰਖ ਅਕਾਲ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਕਰੇ ਖੇਲ ਸ਼ਾਹ ਪਾਤਸ਼ਾਹੀਆ । ਸ਼ਾਹ ਪਾਤਸ਼ਾਹ ਸ਼ਾਹ ਸ਼ਾਹਾਨਾ, ਸ਼ਹਿਨਸ਼ਾਹ ਆਪ ਅਖਵਾਇੰਦਾ । ਕਰੇ ਖੇਲ ਦੋ ਜਹਾਨਾ, ਨਿਰਗੁਣ ਨਿਰਗੁਣ ਆਪਣਾ ਰੂਪ ਵਟਾਇੰਦਾ । ਕਲਜੁਗ ਅੰਤਮ ਹੋ ਪਰਧਾਨਾ, ਆਪ ਆਪਣਾ ਵੇਸ ਧਰਾਇੰਦਾ । ਤਖ਼ਤੋਂ ਲਾਹੇ ਰਾਜਾ ਰਾਣਾ, ਸ਼ਾਹ ਸੁਲਤਾਨ ਕੋਇ ਰਹਿਣ ਨਾ ਪਾਇੰਦਾ । ਸੀਸ ਜਗਦੀਸ ਤਾਜ ਇਕ ਸੁਹਾਨਾ, ਸਾਚਾ ਛਤਰ ਸੀਸ ਝੁਲਾਇੰਦਾ । ਇਕ ਅੱਠ ਮੇਲ ਮਿਲਾਨਾ, ਬੀਸ ਅਠਾਰਾਂ ਰੰਗ ਰੰਗਾਇੰਦਾ । ਪਹਿਲੀ ਚੇਤਰ ਦਿਵਸ ਸੁਹਾਨਾ, ਥਿਤ ਵਾਰ ਆਪਣੀ ਆਪ ਬਣਾਇੰਦਾ । ਬਣ ਕੇ ਜਾਏ ਸਾਚਾ ਕਾਹਨਾ, ਆਪਣੀ ਬੰਸਰੀ ਨਾਮ ਵਜਾਇੰਦਾ । ਹੱਥੀਂ ਬੰਨ੍ਹੇ ਮੌਲੀ ਤੰਦ ਗਾਨਾ, ਲੱਖ ਚੁਰਾਸੀ ਬੰਧਨ ਪਾਇੰਦਾ । ਚੰਡ ਪਰਚੰਡ ਇਕ ਚਮਕਾਨਾ, ਚੰਡੀ ਚੰਡ ਆਪ ਵਖਾਇੰਦਾ । ਚੁਰਾਸੀ ਕਲੀਆਂ ਪਹਿਰੇ ਬਾਨਾ, ਲੱਖ ਚੁਰਾਸੀ ਮੂਲ ਮੁਕਾਇੰਦਾ । ਦੇ ਕੇ ਆਏ ਧੁਰ ਫ਼ਰਮਾਨਾ, ਆਪਣਾ ਪਰਦਾ ਆਪ ਉਠਾਇੰਦਾ । ਲੇਖਾ ਜਾਣੇ ਹਿੰਦੂ ਮੁਸਲਮਾਨਾ, ਸਿੱਖ ਈਸਾਈ ਬਚਿਆ ਕੋਇ ਰਹਿਣ ਨਾ ਪਾਇੰਦਾ । ਕਲਜੁਗ ਜੀਵ ਉਠ ਅੰਞਾਣਾ, ਹਰਿ ਸਾਚਾ ਆਪ ਜਗਾਇੰਦਾ । ਸਿਰ ਤੇ ਵਰਤਣ ਵਾਲਾ ਭਾਣਾ, ਭਾਵੀ ਕੋਇ ਨਾ ਮੇਟ ਮਿਟਾਇੰਦਾ । ਨਾ ਕੋਈ ਰਾਜਾ ਨਾ ਕੋਈ ਰਾਣਾ, ਰਯਤ ਰੰਕ ਨਾ ਕੋਇ ਬਣਾਇੰਦਾ । ਨਾ ਕੋਈ ਪੀਣਾ ਨਾ ਕੋਈ ਖਾਣਾ, ਤ੍ਰਿਸ਼ਨਾ ਭੁੱਖ ਨਾ ਕੋਇ ਮਿਟਾਇੰਦਾ । ਨਾ ਕੋਈ ਨਾਦ ਨਾ ਕੋਈ ਗਾਨਾ, ਨਾ ਕੋਈ ਸਵਾਂਗ ਵਖਾਇੰਦਾ । ਏਕਾ ਸ਼ਬਦ ਧੁਰ ਫ਼ਰਮਾਨਾ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਜੇਰਜ ਅੰਡਾਂ ਉਤਭੁਜ ਸੇਤਜ ਪਾਰ ਕਰਾਇੰਦਾ । ਆਪਣੇ ਹੱਥ ਰੱਖੇ ਔਣਾ ਜਾਣਾ, ਆਵਣ ਜਾਵਣ ਆਪਣੀ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰ ਹਰਿ ਆਪਣਾ ਨਾਉਂ ਧਰਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਭੌ ਜਗਤ ਵਖਾਏ ਜੁਗ ਡਰ, ਜੁਗਤ ਆਪਣੇ ਹੱਥ ਰਖਾਇੰਦਾ । ਗੁਰ ਸਤਿਗੁਰ ਦਇਆ ਕਮਾਇੰਦਾ, ਗੁਰਸਿਖ ਗੁਰ ਗੁਰ ਕਰ ਪਿਆਰ । ਇਕ ਅੱਠ ਵੇਖ ਵਖਾਇੰਦਾ, ਦੋ ਜਹਾਨਾ ਸਾਚਾ ਯਾਰ । ਤ੍ਰੈ ਤ੍ਰੈ ਲੇਖਾ ਆਪ ਮੁਕਾਇੰਦਾ, ਤ੍ਰੈਕਾਲ ਦਰਸੀ ਕਲ ਵਿਚਾਰ । ਅਰਸ਼ ਫ਼ਰਸ਼ ਵੇਖ ਵਖਾਇੰਦਾ, ਵੇਖਣਹਾਰਾ ਏਕੰਕਾਰ । ਸਾਚੀ ਬਰਸੀ ਆਪ ਮਨਾਇੰਦਾ, ਲੇਖਾ ਜਾਣੇ ਬਰਸ ਮਾਸ । ਆਪਣਾ ਤਰਸ ਆਪ ਕਮਾਇੰਦਾ, ਗੁਰਸਿਖ ਪੂਰੀ ਕਰੇ ਆਸ । ਜਗਤ ਤ੍ਰਿਸ਼ਨਾ ਹਰਸ ਮਿਟਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਤਮ ਅੰਤਰ ਕਰ ਕਰ ਵਾਸ । ਦੇਵੇ ਦਰਸ ਦੀਨ ਦਿਆਲਾ, ਦਇਆਨਿਧ ਵਡੀ ਵਡਿਆਈਆ । ਸ਼ਬਦੀ ਸ਼ਬਦ ਬਚਨ ਸੁਖਾਲਾ, ਏਕਾ ਨਾਮ ਕਰੇ ਪੜ੍ਹਾਈਆ । ਲੇਖਾ ਜਾਣੇ ਬਾਲੀ ਬੁਧ ਬਾਲਾ, ਸੁਘੜ ਸਿਆਣਾ ਹੋਏ ਸਹਾਈਆ । ਅੰਮ੍ਰਿਤ ਪਿਆਏ ਨਾਮ ਪਿਆਲਾ, ਅਮਿਉਂ ਰਸ ਝਿਰਨਾ ਆਪ ਝਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਦੇਵੇ ਇਕ ਵਡਿਆਈਆ । ਹਰਿ ਸਤਿਗੁਰ ਸੁਹਾਏ ਸਾਚਾ ਵੇਲਾ, ਵੇਲਾ ਵਕ਼ਤ ਨਾ ਕੋਇ ਜਣਾਈਆ । ਅੰਦਰ ਗੁਰੂ ਬਾਹਰ ਚੇਲਾ, ਭੇਵ ਕੋਇ ਨਾ ਪਾਈਆ । ਅਚਰਜ ਖੇਲ ਆਪਣਾ ਖੇਲਾ, ਹਰਿ ਵੱਡਾ ਵਡ ਵਡਿਆਈਆ । ਬਾਹਰੋਂ ਦਿਸੇ ਠਗ ਚੋਰ ਅੰਦਰ ਸੱਜਣ ਸੁਹੇਲਾ, ਸਾਚਾ ਸੰਗ ਨਿਭਾਈਆ । ਬਾਹਰੋਂ ਦਿਸੇ

ਇਕ ਇਕੇਲਾ, ਅੰਦਰ ਮਿਲਿਆ ਸਾਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਰਚਨਾ ਆਪ ਰਚਾਈਆ । ਬਾਹਰ ਦਿਸੇ ਪੰਜ ਤਤ, ਅੰਦਰ ਬੈਠਾ ਕਮਲਾਪਤ, ਸਾਚੀ ਸੇਜ ਹੰਢਾਈਆ । ਬਾਹਰ ਦਿਸੇ ਹੱਡ ਮਾਸ ਨਾੜੀ ਰਤ, ਅੰਦਰ ਨਿਰਗੁਣ ਜੋਤ ਨੂਰ ਰੁਸ਼ਨਾਈਆ । ਬਾਹਰ ਦਿਸੇ ਨੱਕ ਮੂੰਹ ਕੰਨ ਹੱਥ, ਅੰਦਰ ਰੂਪ ਰੰਗ ਰੇਖ ਨਾ ਕੋਇ ਵਖਾਈਆ । ਬਾਹਰ ਦਿਸੇ ਗਵਾਰ ਜੱਟ, ਅੰਦਰ ਬੈਠਾ ਸ਼ਹਿਨਸ਼ਾਹ ਸੱਚਾ ਪਾਤਸ਼ਾਹੀਆ । ਬਾਹਰ ਦਿਸੇ ਕਾਇਆ ਮਟ, ਅੰਦਰ ਸਚਖੰਡ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਚਰਜ ਆਪਣਾ ਖੇਲ ਖਿਲਾਈਆ । ਬਾਹਰੋਂ ਦਿਸੇ ਸੱਜਣ ਸਾਕ, ਅੰਦਰ ਪਾਕੀ ਪਾਕ ਸਮਾਇੰਦਾ । ਬਾਹਰੋਂ ਦਿਸੇ ਤਨ ਖ਼ਾਕ, ਅੰਦਰ ਆਤਮ ਧਾਰ ਵਹਾਇੰਦਾ । ਬਾਹਰੋਂ ਦਿਸੇ ਜਗਤ ਨੇਤਰ ਰਿਹਾ ਝਾਕ, ਅੰਦਰ ਆਪਣਾ ਨੇਤਰ ਆਪ ਖੁਲ੍ਹਾਇੰਦਾ । ਬਾਹਰੋਂ ਦਿਸੇ ਕਮਲਾ ਰਮਲਾ ਕਟਦਾ ਫਿਰੇ ਵਾਟ, ਅੰਦਰ ਬੈਠਾ ਗੁਰਸਿਖਾਂ ਪੰਧ ਮੁਕਾਇੰਦਾ । ਬਾਹਰੋਂ ਦਿਸੇ ਬਣ ਕੇ ਬੈਠਾ ਸਿਖੀ ਜ਼ਾਤ, ਅੰਦਰ ਜ਼ਾਤ ਪਾਤ ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮੇਲਾ ਆਪ ਮਿਲਾਇੰਦਾ ।

## ★ ੨੪ ਫਗਣ ੨੦੧੭ ਬਿਕ੍ਰਮੀ ਬੂਆ ਸਿੰਘ ਦੇ ਘਰ ਪਿੰਡ ਪੁਰੀਆਂ ★



ਵਿਸ਼ਨੂੰ ਭਗਵਾਨ ਜੋਤ ਨਿਰੰਕਾਰਾ, ਨਿਰਵੈਰ ਅਨਭਵ ਪਰਕਾਸ਼ ਕਰਾਇੰਦਾ । ਅਜੂਨੀ ਰਹਿਤ ਅਲਖ ਅਗੋਚਰ ਅਗੰਮ ਅਪਾਰਾ, ਰੂਪ ਰੰਗ ਰੇਖ ਨਾ ਕੋਇ ਜਣਾਇੰਦਾ । ਵਸਣਹਾਰਾ ਧਾਮ ਨਿਆਰਾ, ਸਚਖੰਡ ਨਿਵਾਸੀ ਦਰ ਘਰ ਸਾਚੇ ਸੋਭਾ ਪਾਇੰਦਾ । ਇਕ ਇਕੱਲਾ ਹੋ ਉਜਿਆਰਾ, ਥਿਰ ਘਰ ਸਾਚਾ ਆਪ ਖੁਲ੍ਹਾਇੰਦਾ । ਦੋ ਜਹਾਨਾਂ ਪਾਵੇ ਸਾਰਾ, ਲੋਆਂ ਪੁਰੀਆਂ ਬ੍ਰਹਿਮੰਡ ਖੰਡ ਆਪਣਾ ਹੁਕਮ ਵਰਤਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦਏ ਸਹਾਰਾ, ਚਰਨ ਕਵਲ ਧਿਆਨ ਜਣਾਇੰਦਾ । ਕਰੋੜ ਤੇਤੀਸਾ ਨਾਮ ਜੈਕਾਰਾ, ਏਕਾ ਨਾਉਂ ਸਚ ਸਮਝਾਇੰਦਾ । ਗਣ ਗੰਧਰਬ ਕਰਨ ਪੁਕਾਰਾ, ਕਿਨਰ ਜਛਪ ਨਾਲ ਰਲਾਇੰਦਾ । ਨਿਰਗੁਣ ਸਰਗੁਣ ਖੇਲ ਨਿਆਰਾ, ਨਿਰਧਨ ਸਰਧਨ ਵੇਖ ਵਖਾਇੰਦਾ । ਲੱਖ ਚੁਰਾਸੀ ਬਣ ਵਰਤਾਰਾ, ਆਪਣੀ ਵਸਤ ਆਪ ਵਰਤਾਇੰਦਾ । ਘਰ ਘਰ ਮੰਦਰ ਖੋਲ੍ਹ ਕਿਵਾੜਾ, ਗ੍ਰਿਹ ਗ੍ਰਿਹ ਵੇਖ ਵਖਾਇੰਦਾ । ਜੋਤੀ ਜਾਤਾ ਖੇਲ ਨਿਆਰਾ, ਜਾਗਰਤ ਜੋਤ ਡਗਮਗਾਇੰਦਾ । ਸ਼ਬਦ ਅਨਾਦ ਸੱਚੀ ਧੁੰਨਕਾਰਾ, ਘਟ ਮੰਦਰ ਨਾਦ ਵਜਾਇੰਦਾ । ਅੰਮ੍ਰਿਤ ਆਤਮ ਠੰਡਾ ਠਾਰਾ, ਰਸ ਆਪਣਾ ਆਪ ਚੁਆਇੰਦਾ । ਖ਼ਾਲਕ ਖ਼ਲਕ ਖੇਲ ਨਿਆਰਾ, ਮਖ਼ਲੂਕ ਬਣਤ ਬਣਾਇੰਦਾ । ਸਿਦਕ ਸਾਦਕ ਸਾਚੀ ਧਾਰਾ, ਸਾਬਤ ਆਪਣਾ ਰੂਪ ਦਰਸਾਇੰਦਾ । ਏਕਾ ਨੂਰ ਪਰਵਰਦਿਗਾਰਾ, ਜ਼ਹੂਰ ਆਪਣਾ ਆਪ ਜਣਾਇੰਦਾ । ਵਸਣਹਾਰਾ ਨੇੜੇ ਦੂਰ ਕਰੇ ਖੇਲ ਅਗੰਮ ਅਪਾਰਾ, ਅਲਖ ਅਲਖਣਾ ਲੇਖ ਨਾ ਕੋਇ ਜਣਾਇੰਦਾ । ਜੁਗਾ ਜੁਗੰਤਰ ਕਰੇ ਕਰਾਏ ਸਾਚੀ ਕਾਰਾ, ਕਰਤਾ ਪੁਰਖ ਆਪਣਾ ਨਾਉਂ ਧਰਾਇੰਦਾ । ਭਗਵਨ ਮੇਲਾ ਭਗਤ ਦਵਾਰਾ, ਅਵਰ ਦਰ ਨਾ ਕੋਇ ਵਡਿਆਇੰਦਾ । ਸੰਤਨ ਦਰ ਬਣੇ ਭਿਖਾਰਾ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਗੁਰਮੁਖ ਬਣਾਏ ਮੀਤ ਮੁਰਾਰਾ, ਗੁਰਸਿਖ ਆਪਣੇ ਅੰਗ ਲਗਾਇੰਦਾ । ਦੇਵਣਹਾਰਾ ਧੁਰ ਫ਼ਰਮਾਨਾ, ਨਾਉਂ ਨਿਰੰਕਾਰਾ ਝੋਲੀ ਪਾਇੰਦਾ । ਧਰਨੀ ਧਰ ਗੁਰ ਅਵਤਾਰਾ, ਧਵਲ ਆਪਣਾ ਚਰਨ ਛੁਹਾਇੰਦਾ ।

ਪਵਣ ਪਵਣੀ ਪਵਣ ਹੁਲਾਰਾ, ਅਵਣ ਗਵਣ ਆਪਣਾ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਵੇਖੇ ਸਾਚਾ ਘਰ, ਲੋਕਮਾਤ ਫੇਰਾ ਪਾਇੰਦਾ । ਸਾਚਾ ਘਰ ਸਾਚਾ ਮੰਦਰ, ਸਤਿ ਪੁਰਖ ਨਿਰੰਜਣ ਵੇਖ ਵਖਾਈਆ । ਲੱਖ ਚੁਰਾਸੀ ਚੜ੍ਹ ਚੜ੍ਹ ਵੇਖੇ ਅੰਦਰ, ਨਿਰਗੁਣ ਸਰਗੁਣ ਅੰਦਰ ਫੇਰਾ ਪਾਈਆ । ਲੇਖਾ ਜਾਣੇ ਡੂੰਘੀ ਕੰਦਰ, ਅਭੁਲ ਭੁਲ ਕਦੇ ਨਾ ਜਾਈਆ । ਪਾਵੇ ਸਾਰ ਮਨ ਮਨ ਬੰਦਰ, ਦਹਿ ਦਿਸ਼ਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣੀ ਧਾਰ ਚਲਾਈਆ । ਜੁਗ ਜੁਗ ਧਾਰ ਚਲਾਇੰਦਾ, ਕਰਤਾ ਪੁਰਖ ਕਰਨੇਹਾਰ । ਭਗਤ ਭਗਵੰਤ ਵੇਖ ਵਖਾਇੰਦਾ, ਸਤਿਜੁਗ ਤ੍ਰੇਤਾ ਦਵਾਪਰ ਕਰ ਕਰ ਪਿਆਰ । ਆਪਣੀ ਭਗਤੀ ਇਕ ਦ੍ਰਿੜਾਇੰਦਾ, ਚਰਨ ਕਵਲ ਕਵਲ ਚਰਨ ਇਕ ਆਧਾਰ । ਸਾਚੀ ਸ਼ਕਤੀ ਵਿਚ ਰਖਾਇੰਦਾ, ਸਾਖ਼ਯਾਤ ਦਰਸ ਦਿਖਾਏ ਆਪ ਨਿਰੰਕਾਰ । ਕਲਜੁਗ ਅੰਤਮ ਖੇਲ ਖਿਲਾਇੰਦਾ, ਖੇਲੇ ਖੇਲ ਪਰਵਰਦਿਗਾਰ । ਮੁਖ ਨਕ਼ਾਬ ਆਪ ਟਿਕਾਇੰਦਾ, ਪਰਦਾ ਪਾਏ ਸਰਬ ਸੰਸਾਰ । ਆਬ ਹਯਾਤ ਆਪਣੇ ਵਿਚ ਛੁਪਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਖੇਲ ਆਪ ਖਿਲਾਇੰਦਾ । ਆਪਣਾ ਖੇਲ ਖਿਲਾਵਣ ਆਇਆ, ਹਰਿ ਸਾਚਾ ਸਚ ਵਡਿਆਈਆ । ਆਪਣਾ ਨੂਰ ਆਪ ਧਰਾਇਆ, ਜਲਵਾ ਨੂਰ ਆਪੇ ਡਗਮਗਾਈਆ । ਹਰਿ ਕਾ ਨੂਰ ਕੋਈ ਤਾਬ ਸਹਿ ਨਾ ਸਕੇ ਰਾਇਆ, ਮੂਸਾ ਉਪਰ ਕੋਹਤੂਰ ਦਏ ਵਖਾਈਆ । ਏਕਾ ਝਲਕ ਪਲਕ ਖ਼ਲਕ ਵਿਚ ਸਮਾਇਆ, ਬੇਪਰਵਾਹ ਖ਼ਲਕ ਖ਼ੁਦਾਈਆ । ਆਸ਼ਕ ਬਣ ਬਣ ਰਿਹਾ ਰਾਹ ਤਕਾਇਆ, ਮਾਸ਼ੂਕ ਬਣ ਕੇ ਆਇਆ ਸੱਚਾ ਮਾਹੀਆ । ਆਪਣਾ ਕੁਫ਼ਲ ਨਾ ਸਕਾ ਖੁਲ੍ਹਾਇਆ, ਬੰਦ ਤਾਕ ਇਕ ਜਣਾਈਆ । ਉਲਫ਼ਤ ਕਰ ਕਰ ਜਿਸ ਨੂੰ ਗਾਇਆ, ਸ਼ਫ਼ਕਤ ਆਪਣੀ ਦਏ ਵਡਿਆਈਆ । ਸਿਫ਼ਤ ਸਾਲਾਹੀ ਵਿਚ ਕਦੇ ਨਾ ਆਇਆ, ਪੀਰ ਪੈਗ਼ੰਬਰ ਰਹੇ ਧਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੂਰ ਜ਼ਹੂਰ ਇਕ ਪਰਗਟਾਈਆ । ਨੂਰ ਜ਼ਹੂਰ ਪਰਗਟਾਇੰਦਾ, ਬਿਸਮਲ ਰੂਪ ਖ਼ੁਦਾ । ਆਪਣਾ ਜਲਵਾ ਆਪ ਵਖਾਇੰਦਾ, ਆਪਣਾ ਨੂਰ ਕਰ ਰੁਸ਼ਨਾ । ਆਪੇ ਕੋਹਤੂਰ ਸੁਹਾਇੰਦਾ, ਕੋਹਤੂਰ ਆਪਣਾ ਰੂਪ ਵਟਾ । ਕੋਹ ਊਚੋ ਊਚ ਆਪ ਹੋ ਜਾਇੰਦਾ, ਤੂਰ ਨਾਦ ਸ਼ਬਦ ਵਜਾ । ਕਾਇਆ ਮੰਦਰ ਅੰਦਰ ਸਾਚਾ ਪਰਬਤ ਆਪ ਰਖਾਇੰਦਾ, ਜਗਤ ਨੇਤਰ ਦਿਸੇ ਕਿਸੇ ਨਾ । ਜਿਸ ਵੇਲੇ ਮੂਸੇ ਉਪਰ ਦਇਆ ਕਮਾਇੰਦਾ, ਆਪਣਾ ਪਰਦਾ ਵਿਚੋਂ ਉਠਾ । ਆਪਣਾ ਜਲਵਾ ਆਪ ਵਖਾਇੰਦਾ, ਮੂਰਛਾ ਕੀਤਾ ਮੂਰਛਾ ਗਤ ਖ਼ੁਦਾ । ਮੂਸਾ ਹੋਸ਼ ਨਾ ਕੋਇ ਰਖਾਇੰਦਾ, ਮਦਹੋਸ਼ ਹੋਇਆ ਚਰਨਾਂ ਹੇਠਾਂ ਮੰਗੇ ਪਨਾਹ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹ । ਜਲਵਾ ਨੂਰ ਤੱਕ ਨਾ ਸਕਿਆ, ਹਰਿ ਸਾਚਾ ਸਚ ਵਖਾਏ । ਅੰਦਰ ਬਹਿ ਬਹਿ ਪੁਰਖ ਅਬਿਨਾਸ਼ ਲੇਖਾ ਚੁਕਾਏ ਹੱਥੋ ਹੱਥਿਆ, ਬਾਕੀ ਲੇਖਾ ਰਹੇ ਨਾ ਰਾਏ । ਏਕਾ ਸਬਕ ਸੁਣਾਏ ਸਾਚੀ ਸੰਥਿਆ, ਕ਼ਲਮ ਕਾਤਬ ਆਪ ਰਖਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਏ । ਮੂਸਾ ਤੱਕ ਜਲਵਾ ਨੂਰ, ਆਪਣਾ ਆਪ ਭੁਲਾਈਆ । ਤੂੰ ਦਾਤਾ ਜੋਧਾ ਸੂਰਬੀਰ, ਹਉਂ ਬਾਲ ਅਵਾਣਾ ਤੇਰਾ ਭੇਵ ਨਾ ਪਾਈਆ । ਤੂੰ ਬਦਲ ਮੇਰੀ ਤਕਦੀਰ, ਤਕਬੀਰ ਤੇਰੀ ਵਡੀ ਵਡਿਆਈਆ । ਕਰ ਕਿਰਪਾ ਬਖ਼ਸ਼ ਸਾਚਾ ਸੀਰ, ਚਰਨ ਚਰਨੋਦਕ ਮੁਖ ਚੁਆਈਆ । ਮੇਰੀ ਕਾਇਆ ਬਦਲਿਆ ਚੀਰ, ਮਿਹਰਵਾਨ ਮਿਹਰਵਾਨ ਮਿਹਰਵਾਨ ਕਰ ਕਿਰਪਾ ਦਇਆ

੩੭੮
੧੦

ਕਮਾਈਆ । ਮੈਂ ਬਰਦਾ ਤੇਰਾ ਫ਼ਕੀਰ, ਤੂੰ ਸ਼ਾਹ ਮੈਂ ਹਕੀਰ, ਨਿਉਂ ਨਿਉਂ ਬੈਠਾ ਸੀਸ ਝੁਕਾਈਆ । ਤੇਰਾ ਪਰੇਮ ਮੇਰਾ ਜ਼ੰਜੀਰ, ਤੇਰਾ ਨੇਮ ਮੇਰਾ ਅੰਤ ਅਖੀਰ, ਸਿਰ ਰੱਖ ਹੱਥ ਸੱਚੇ ਸਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਖਿਲਾਈਆ । ਹਰਿ ਆਪਣਾ ਨੇਮ ਦੱਸਦਾ, ਮੂਸਾ ਅਲੈਸਲਾਮ ਉਠਾ । ਮੈਂ ਹਰ ਘਟ ਅੰਦਰ ਵਸਦਾ, ਖ਼ਾਲਕ ਖ਼ਲਕ ਰੂਪ ਧਰਾ । ਜਿਸ ਆਪਣਾ ਮਾਰਗ ਦੱਸਦਾ, ਤਿਸ ਆਪਣਾ ਮੇਲਾ ਲਵਾਂ ਮਿਲਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਗੁਣ ਦਏ ਸਮਝਾ । ਸਾਚਾ ਗੁਣ ਸਮਝਾਇੰਦਾ, ਹਰਿ ਸਾਚਾ ਬੇਪਰਵਾਹ । ਮੇਰਾ ਜਲਵਾ ਵੇਖ ਸੁਧ ਨਾ ਕੋਇ ਰਖਾਇੰਦਾ, ਬੇਸੁਧ ਹੋ ਮੰਗੇ ਚਰਨ ਪਨਾਹ । ਅੱਗੇ ਕਦਮ ਨਾ ਕੋਇ ਉਠਾਇੰਦਾ, ਅਦਮ ਦਿਸੇ ਨਾ ਕੋਇ ਰਾਹ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਮੂਸਾ ਰਿਹਾ ਸਮਝਾ । ਮੂਸਾ ਉਠ ਕਰ ਧਿਆਨ, ਪੁਰਖ ਅਬਿਨਾਸ਼ੀ ਚਰਨ ਠੋਕਰ ਏਕਾ ਲਾਈਆ । ਕਿਉਂ ਸੁਤਾ ਵਿਚ ਬੀਆਬਾਨ, ਜੰਗਲ ਜੂਹ ਉਜਾੜ ਪਹਾੜ ਉਚੇ ਟਿਲੇ ਪਰਬਤ ਦੇਣ ਦੁਹਾਈਆ । ਤੇਰਾ ਮੀਆਂ ਤੇਰੀ ਕਰੇ ਪਛਾਣ, ਤੇਰਾ ਨੂਰ ਜਹੂਰ ਆਪਣਾ ਨੂਰ ਪਰਗਟਾਈਆ । ਏਕਾ ਦੇਵੇ ਧੂੜੀ ਖ਼ਾਕ ਦਾਨ, ਖ਼ਾਕੀ ਖ਼ਾਕ ਦਏ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਹੁਕਮ ਰਿਹਾ ਸੁਣਾਈਆ । ਸੁਣ ਹੁਕਮ ਮੰਨਣਾ ਕਹਿਣਾ, ਹਰਿ ਸਾਚੇ ਸਚ ਜਣਾਇਆ । ਤੂੰ ਮੰਗਿਆ ਦਰਸ ਆਪਣੇ ਨੈਣਾਂ, ਮੈਂ ਵਖਾਇਆ ਦਰਸ ਤੂੰ ਵੇਖ ਨਾ ਸਕਿਆ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਦਏ ਖੁਲ੍ਹਾਇਆ । ਸੁਣ ਮੂਸਾ ਕਰ ਵਿਚਾਰ, ਹਰਿ ਸਾਚਾ ਸਚ ਜਣਾਇੰਦਾ । ਤੇਰਾ ਮੇਲ ਕਰਾਂ ਵਿਚ ਸੰਸਾਰ, ਤੇਰਾ ਸੰਗ ਰਖਾਇੰਦਾ । ਕਲਜੁਗ ਨਾਮ ਕਰਾਂ ਉਜਿਆਰ, ਕਾਲਾ ਸੂਸਾ ਤਨ ਸੁਹਾਇੰਦਾ । ਇਕ ਹਦੀਸਾ ਬੋਲ ਜੈਕਾਰ, ਸ਼ਰਅ ਸ਼ਰੀਅਤ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰਾਹ ਆਪ ਚਲਾਇੰਦਾ । ਚਲੇ ਰਾਹ ਲੋਕਮਾਤ, ਹਰਿ ਸਾਚਾ ਸਚ ਸਮਝਾਈਆ । ਅੰਤਮ ਦੇਵੇ ਆਪ ਨਜਾਤ, ਰਹਿਬਰ ਬਣੇ ਸਚਾ ਸ਼ਹਿਨਸ਼ਾਹੀਆ । ਲੋਕਮਾਤ ਬਖ਼ਸ਼ੇ ਇਕ ਖ਼ਤਾਬ, ਮੁਖ਼ਾਤਬ ਹੋ ਕੇ ਰਿਹਾ ਸੁਣਾਈਆ । ਲੇਖਾ ਜਾਣੇ ਹਕ ਜਨਾਬ, ਹੱਕ ਬਹੱਕ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਸਮਝਾਈਆ । ਮੂਸਾ ਸੁਣ ਹਰਿ ਸੰਦੇਸਾ, ਚਰਨ ਕਵਲ ਨਿਮਸਕਾਰਿਆ । ਕਵਣ ਰੂਪ ਧਰੇਂ ਵੇਸਾ, ਮੇਰੇ ਮੀਤ ਬੇਐਬ ਪਰਵਰਦਿਗਾਰਿਆ । ਕਵਣ ਧਾਮ ਵਸੇਂ ਦੇਸਾ, ਕਵਣ ਬੰਕ ਸੁਹਾ ਰਿਹਾ । ਕਵਣ ਕਰੇਂ ਲੋਕਮਾਤ ਪੇਸ਼ਾ, ਕਵਣ ਘਾੜਤ ਘੜਤ ਬਣਾ ਰਿਹਾ । ਕਵਣ ਬਲ ਧਾਰੇਂ ਬਣ ਨਰ ਨਰੇਸ਼ਾ, ਚਾਰ ਕੁੰਟ ਹੋਏ ਉਜਿਆਰਿਆ । ਕਵਣ ਰੂਪ ਕਰਾਏਂ ਸਜਦਾ ਨਾਲ ਆਦੇਸਾ, ਕਵਣ ਬੋਲੇਂ ਇਕ ਜੈਕਾਰਿਆ । ਕਵਣ ਵੇਲਾ ਕਵਣ ਵਕ਼ਤ ਮੈਂ ਦਰਸ ਤੇਰਾ ਵੇਖਾਂ, ਮੇਰਾ ਔਣਾ ਜਾਏ ਸਵਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਦੇਣਾ ਸਚ ਸਹਾਰਿਆ । ਹਰਿ ਸਾਚਾ ਸਚ ਸੁਣਾਇੰਦਾ, ਖ਼ੁਦਾਵੰਦ ਕਰੀਮ । ਦੂਜੀ ਵਾਰ ਆਪਣਾ ਜਲਵਾ ਨਾ ਫੇਰ ਵਖਾਇੰਦਾ, ਆਪਣੀ ਦੇਵੇ ਇਕ ਤਾਜ਼ੀਮ । ਅਜ਼ੀਮ ਆਲੀਸ਼ਾਨ ਮਕਾਨ ਇਕ ਬਣਾਇੰਦਾ, ਸੇਵਾ ਕਰ ਆਪ ਪਰਬੀਨ । ਸਾਚੇ ਹੁਜਰੇ ਸੋਭਾ ਪਾਇੰਦਾ, ਸਚ ਮਹਿਰਾਬ ਇਕ ਵਖਾਏ ਰੱਖਣਾ ਸਚ ਯਕੀਨ । ਸਾਚਾ ਕਾਅਬਾ ਆਪ ਸੁਹਾਇੰਦਾ, ਆਪਣੀ ਬਦਲੇ ਨਾ ਕਦੇ ਦਲੀਲ । ਆਪਣਾ ਰਾਹ ਵੱਖਰਾ ਆਪ ਚਲਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਕਰੇ ਖੇਲ ਖ਼ਲਲ ਖ਼ਲੀਲ, ਅੰਤਮ ਖੇਲ ਕਰਾਵਣਾ, ਪੁਰਖ ਅਬਿਨਾਸ਼ੀ ਰਿਹਾ ਸਮਝਾ । ਆਪਣਾ ਨੂਰ ਫੇਰ ਪਰਗਟਾਵਣਾ, ਆਪਣੀ ਦਯਾ ਆਪ ਕਮਾ । ਗੁਰਸਿਖਾਂ ਅੰਦਰ ਸੀਤਲ ਧਾਰ ਹੋ ਹੋ ਸਮਾਵਣਾ, ਹੌਲੀ ਹੌਲੀ ਲਏ ਉਠਾ । ਮੂਸਾ ਤੇਰਾ ਸਬਕ ਯਾਦ ਕਰਾਵਣਾ, ਮੇਰਾ ਜਲਵਾ ਏਕਾ ਵਾਰ ਕੋਈ ਤੱਕ ਸਕੇ ਨਾ । ਹੌਲੀ ਹੌਲੀ ਪੜਦਾ ਆਪ ਉਠਾਵਣਾ, ਹਰਿਜਨ ਸਾਚੇ ਮੇਲ ਮਿਲਾ । ਆਪਣੀ ਖੇਲ ਆਪ ਖਿਲਾਵਣਾ, ਖੇਲੇ ਖੇਲ ਬੇਐਬ ਖ਼ੁਦਾ । ਮੇਰਾ ਰੂਪ ਪੁਰਖ ਅਬਿਨਾਸ਼ੀ ਗੁਰਸਿਖ ਇਕ ਇਕ ਬਣਾਵਣਾ, ਜਿਸ ਅੰਦਰ ਜਾਏ ਸਮਾ । ਤੂੰ ਇਕ ਇਕੱਲਾ ਤੇਰਾ ਸੰਗ ਨਾ ਕਿਸੇ ਨਿਭਾਵਣਾ, ਚਾਰੋਂ ਕੂੰਟ ਅੰਧੇਰਾ ਜਾਏ ਛਾ । ਗੁਰਮੁਖ ਸਾਚੇ ਆਪ ਉਠਾਵਣਾ, ਪੁਰਖ ਅਬਿਨਾਸ਼ੀ ਪਕੜੇ ਬਾਂਹ । ਆਪਣਾ ਕਿਲਾ ਕੋਟ ਬਣਾਵਣਾ, ਜਿਸ ਮੰਦਰ ਬੈਠੇ ਆ । ਸਾਚਾ ਤਖ਼ਤ ਆਪ ਸੁਹਾਵਣਾ, ਆਪੇ ਹੋਏ ਸਚਾ ਸ਼ਹਿਨਸ਼ਾਹ । ਨੂਰੋ ਨੂਰ ਡਗਮਗਾਵਣਾ, ਨੂਰ ਨੁਰਾਨਾ ਇਕ ਅਖਵਾ । ਗੁਰਸਿਖ ਕਾਇਆ ਕੋਹਤੂਰ ਆਪ ਬਣਾਵਣਾ, ਜਿਸ ਉਪਰ ਹੱਥ ਦਏ ਰਖਾ । ਆਪਣਾ ਚਰਨ ਨਾਲ ਛੁਹਾਵਣਾ, ਮਾਟੀ ਪਾਥਰ ਆਪਣੇ ਲੇਖੇ ਲਏ ਲਾ । ਅਚਰਜ ਖੇਲ ਆਪ ਵਰਤਾਵਣਾ, ਲੇਖਾ ਲਿਖ ਨਾ ਸਕੇ ਕੋਇ ਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਲਏ ਵਡਿਆ । ਗੁਰਮੁਖ ਵਡਿਔਣਾ ਅੰਤ ਕਲ, ਹਰਿ ਸਾਚਾ ਸਚ ਸਮਝਾਇੰਦਾ । ਸਚ ਸਿੰਘਾਸਣ ਬਹੇ ਮਲ, ਨੇਤਰ ਨੈਣ ਨਾ ਕੋਇ ਵੇਖ ਵਖਾਇੰਦਾ । ਤੇਰੀ ਸੁਣੇ ਫੇਰ ਗਲ, ਪਹਿਲੋਂ ਗੁਰਸਿਖਾਂ ਤੇਰੇ ਨਾਲ ਮਿਲਾਇੰਦਾ । ਆਪਣਾ ਕਰੇ ਵਲ ਛਲ, ਅਛਲ ਛਲਧਾਰੀ ਭੇਵ ਨਾ ਆਇੰਦਾ । ਤੇਰਾ ਸਿੰਘਾਸਣ ਜਾਏ ਹਲ, ਮੇਰਾ ਸਿੰਘਾਸਣ ਸੋਭਾ ਪਾਇੰਦਾ । ਸੰਬਲ ਨਗਰ ਬੈਠਾਂ ਡੇਰਾ ਮਲ, ਦੂਸਰ ਅਵਰ ਨਾ ਘਰ ਵਖਾਇੰਦਾ । ਨੰਗੀਂ ਪੈਰੀਂ ਔਣਾ ਚਲ, ਏਕਾ ਹੁਕਮ ਜਣਾਇੰਦਾ । ਮੇਰਿਆਂ ਸਿਖਾਂ ਵਿਚ ਜਾਈਂ ਰਲ, ਫੇਰ ਪਿਛਲੀ ਗਲ ਪੁਛ ਪੁਛਾਇੰਦਾ । ਪਹਿਲੋਂ ਮੰਗੀਂ ਧਰਤ ਜਲ, ਤੇਰੀ ਲੱਗੀ ਅੱਗ ਬੁਝਾਇੰਦਾ । ਫਿਰ ਕਰ ਕੇ ਮਿੰਨਤ ਲੈ ਜਾਈਂ ਵਿਚ ਥਲ, ਮੱਕਾ ਮਦੀਨਾ ਵੇਖ ਵਖਾਇੰਦਾ । ਫੇਰ ਵਖਾਈਂ ਆਪਣਾ ਬੂਟਾ ਵਲ, ਜੋ ਮਾਤਲੋਕ ਲਗਾਇੰਦਾ । ਪੁਰਖ ਅਬਿਨਾਸ਼ੀ ਵੇਖਣ ਆਏ ਫਲ, ਮਿਠਾ ਕੌੜਾ ਰਸ ਆਪਣੇ ਹੱਥ ਰਖਾਇੰਦਾ । ਤੇਰੇ ਸਿਰ ਤੇ ਚੁਕਾਏ ਤੇਰੀ ਖਾਰੀ ਚੌਦਾਂ ਲੋਕ ਚੌਦਾਂ ਤਬਕ ਡਲ, ਤੇਰੀ ਉਮਤ ਵਿਚ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪਣੇ ਹੱਥ ਰਖਾਇੰਦਾ । ਮੂਸਾ ਸੁਣ ਹਰਿ ਜਣਾਇਆ, ਪ੍ਰਭ ਅੰਤ ਲਏ ਉਠਾਏ । ਆਪਣਾ ਸਨੇਹੜਾ ਦਏ ਘਲਾਇਆ, ਭੁੱਲ ਕਦੇ ਨਾ ਜਾਏ । ਏਕਾ ਆਠਾ ਵੇਖ ਵਖਾਇਆ, ਦੂਆ ਸਿਫ਼ਰਾ ਅੰਕ ਆਪ ਬਣਾਏ । ਮਕ਼ਤੂਲ ਕ਼ਾਤਲ ਹੋਏ ਖ਼ੁਦਾਇਆ, ਮੁਦਈ ਮੁਦਾ ਅਲੈਹ ਭੇਸ ਵਟਾਏ । ਸਕੂਲ ਕਿਸੇ ਨਾ ਪੜ੍ਹਨ ਜਾਇਆ, ਆਲਮ ਉਲਮਾ ਆਪ ਅਖਵਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਗੁਣ ਦਏ ਸਮਝਾਏ । ਅੰਤ ਸਨੇਹੜਾ ਘੱਲਣਾ, ਖ਼ਾਲਕ ਕਰ ਪਿਆਰ । ਜੋਤੀ ਨੂਰ ਨੂਰ ਮਿਲਣਾ, ਮਿਲ ਨੂਰ ਕਰ ਪਿਆਰ । ਤੇਰਾ ਸਾਹਿਬ ਤੇਰੀ ਬਦਲੇ ਅੰਤ ਦਲੀਲ ਨਾ, ਦਿਲਬਰ ਬਣ ਬਣ ਕਰੇ ਪਿਆਰ । ਤੇਰੇ ਨਾਲ ਰੱਖੇ ਕੋਈ ਵਕੀਲ ਨਾ, ਜੇਹੜਾ ਕਰੇ ਗੁਫ਼ਤ ਗੁਫ਼ਤਾਰ । ਫੇਰ ਹੋਣੀ ਕੋਈ ਅਪੀਲ ਨਾ, ਹੁਕਮ ਸੁਣਾਏ ਪਰਵਰਦਿਗਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਹਰਿ ਨਿਰੰਕਾਰ । ਇਕ ਦਲੀਲ ਲੈਣੀ ਰੱਖ, ਦਿਲਦਾਨੀ ਦਿਲ ਜਾਨੀ ਆਪ ਸਮਝਾਈਆ । ਮੇਰਾ ਹੁਕਮ ਵਸਤ ਸੰਭਾਲ ਲੈਣੀ ਰੱਖ, ਭੁਲ ਕਦੇ ਨਾ ਜਾਈਆ । ਨਿਰਗੁਣ

ਹੋ ਮਾਰਗ ਜਾਏ ਦੱਸ, ਨਿਰਗੁਣ ਵਡੀ ਵਡਿਆਈਆ । ਲੋਕਮਾਤ ਰੱਖਣੀ ਆਸ, ਪਿਆਸ ਇਕ ਵਿਚ ਟਿਕਾਈਆ । ਅੰਤ ਕਰੇ ਬੰਦ ਖ਼ਲਾਸ, ਤੇਰੀ ਇਛਿਆ ਆਪਣੇ ਵਿਚ ਟਿਕਾਈਆ । ਗੁਰਮੁਖ ਨਿਭਾਵਣ ਤੇਰਾ ਸਾਥ, ਮਿਲ ਕੇ ਬਹਿਣਾ ਭਈਆਂ ਭਾਈਆ । ਕਰੇ ਖੇਲ ਪੁਰਖ ਸਮਰਥ, ਸਮਰਥ ਹੱਥ ਵਡੀ ਵਡਿਆਈਆ । ਤਸਬੀ ਮਣਕਾ ਮੌਤ ਉਲ ਮਲਕ ਜਣਾਏ ਇਕ ਸੌ ਅੱਠ, ਗੇੜਾ ਏਕਾ ਏਕ ਸਮਝਾਈਆ । ਏਕਾ ਰੂਪ ਅਲਖਨਾ ਅਲਖ, ਸਿਫ਼ਰ ਅੰਕ ਨਾ ਰਿਹਾ ਦੱਸ, ਅੱਠ ਤੱਤ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤ ਲੇਖਾ ਸਭ ਦਾ ਆਪਣੇ ਹੱਥ ਰਖਾਈਆ । ਸਰਗੁਣ ਅੰਦਰ ਬੈਠਾ ਲੁਕ, ਔਂਦਾ ਜਾਂਦਾ ਦੇਰ ਨਾ ਲਾਈਆ । ਸਭ ਦੀ ਵਿਥਿਆ ਆਪਣੇ ਧਾਮ ਬੈਠਾ ਰਿਹਾ ਬੁਝ, ਵਾਹ ਵਾ ਵੱਡਾ ਰਾਮ ਵੱਡੀ ਵਡਿਆਈਆ । ਕਿਆ ਕੋਈ ਰੱਖੇ ਭੇਵ ਗੁਝ, ਗੁਰ ਪੀਰ ਅਵਤਾਰ ਸਾਧ ਸੰਤ ਮੰਗਦੇ ਰਹੇ ਵਾਰੋ ਵਾਰ, ਅਗੇ ਆਪਣੀ ਝੋਲੀ ਡਾਹੀਆ । ਵੇਲੇ ਅੰਤ ਕਿਸੇ ਰਹਿਣ ਨਾ ਦੇਵੇ ਆਪਣੀ ਸੁਧ, ਜੋ ਘੜਿਆ ਭੰਨ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ੍ਰਿਸ਼ਟ ਸਬਾਈ ਬਣਾਏ ਏਕਾ ਘਰ, ਚਰਨਾ ਹੇਠ ਰਿਹਾ ਦਬਾਈਆ । ਦੂਰ ਨੇੜੇ ਕਿਥੇ ਜਾਣਾ, ਅੱਠੇ ਪਹਿਰ ਪਾਂਧੀ ਪੰਧ ਮੁਕਾਇੰਦਾ । ਕਿਸੇ ਨਾ ਦੱਸੇ ਔਣਾ ਜਾਣਾ, ਕਵਣ ਕੂਟੇ ਹਰਿ ਜੀ ਫੇਰਾ ਪਾਇੰਦਾ । ਰਾਹ ਵਿਚ ਨਾ ਅਟਕਾਏ ਕੋਈ ਰਾਜਾ ਰਾਣਾ, ਸ਼ਾਹ ਪਾਤਸ਼ਾਹ ਅੱਗੇ ਹੱਥ ਨਾ ਕੋਈ ਉਠਾਇੰਦਾ । ਗੁਰਸਿਖਾਂ ਅਗੇ ਬਣੇ ਨਿਮਾਣਾ, ਆਪ ਆਪਣਾ ਭੇਟ ਚੜ੍ਹਾਇੰਦਾ । ਹੋਏ ਦਰਵੇਸ਼ ਮੰਗੇ ਮਾਣਾ, ਹੋ ਨਿਮਾਣਾ ਆਪਣੀ ਇਛਿਆ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੋ ਜਹਾਨਾਂ ਆਪਣਾ ਖੇਲ ਖਿਲਾਇੰਦਾ । ਨਵ ਨੌ ਚਾਰ ਅਠ ਦਸ ਉਠ ਉਠ ਧਾਏ, ਨਿਰਗੁਣ ਵਡੀ ਵਡਿਆਈਆ । ਸਾਢੇ ਤਿੰਨ ਕਰੋੜ ਵਾਰ ਲੱਖ ਚੁਰਾਸੀ ਅੰਦਰ ਇਕ ਪਲਕ ਅੰਦਰ ਫੇਰਾ ਪਾਈਆ । ਜਿਸ ਜਨ ਕੋਲੋਂ ਆਪਣਾ ਮੁਖ ਲਏ ਭਵਾ, ਮਾਤਲੋਕ ਰਹਿਣ ਨਾ ਪਾਈਆ । ਗੂੜ੍ਹੀ ਨੀਂਦ ਦਏ ਸਵਾ, ਸੋਇਆ ਫੇਰ ਨਾ ਕੋਏ ਉਠਾਈਆ । ਬ੍ਰਹਮ ਬੈਠਾ ਅੰਦਰ ਅੱਠੇ ਪਹਿਰ ਮੰਗੇ ਦੁਆ, ਏਕਾ ਓਟ ਅਕਾਲ ਰਖਾਈਆ । ਮਿਲਦਾ ਰਹੇ ਸਚਾ ਸ਼ਹਿਨਸ਼ਾਹ, ਮਿਲਣਹਾਰਾ ਆਪਣਾ ਪੰਧ ਮੁਕਾਈਆ । ਉੱਤਰ ਪੂਰਬ ਪੱਛਮ ਦੱਖਣ ਪੈਰੀਂ ਚਲ ਕੇ ਨਾ ਸਕੇ ਪੰਧ ਮੁਕਾ, ਨਦੀਆਂ ਨਾਲੇ ਟਿਲੇ ਪਰਬਤ ਉਜਾੜ ਪਹਾੜ ਰਾਜੇ ਰਾਣੇ ਝੂਠਾ ਬੰਧਨ ਬੈਠੇ ਪਾਈਆ । ਆਪਣੇ ਲੇਖ ਲਿਖ ਲਿਖ ਸਭ ਨੂੰ ਝੂਠਾ ਰਿਹਾ ਕਰਾ, ਠੂਠਾ ਸਭ ਦਾ ਭੰਨ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਵਿਹਾਰ ਵਿਚ ਹੋਇਆ ਜਗਿਆਸੂ, ਭਗਤ ਵਿਹਾਰ ਆਪਣੇ ਹੱਥ ਰਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਆਪਣੇ ਅਗੇ ਦੂਜਾ ਕੋਈ ਰਹਿਣ ਨਾ ਦੇਵੇ ਆਗੂ, ਏਕਾ ਆਪਣਾ ਹੁਕਮ ਚਲਾਈਆ । ਸਤਿਜੁਗ ਆਦਿ ਕੋਈ ਰਸਨਾ ਕਹੇ ਨਾ ਮੈਂ ਬਣਿਆ ਸਾਧੂ, ਬਿਨ ਸਤਿਗੁਰ ਦੂਜਾ ਅਵਰ ਨਾ ਕੋਇ ਚਤਰਾਈਆ । ਬਿਨ ਹਰਿਜਨ ਕੋਈ ਰਹਿਣ ਨਾ ਦੇਵੇ ਵਾਧੂ, ਜੋ ਬੈਠੇ ਧਰਤੀ ਉਪਰ ਭਾਰ ਰਖਾਈਆ । ਕਲਜੁਗ ਅੰਤਮ ਚਾਰ ਕੁੰਟ ਜੋ ਬਣ ਬਣ ਬੈਠੇ ਨਾਢੂ, ਕਲਜੁਗ ਨਯਾ ਵਿਚ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਵੇਖਣਹਾਰਾ ਥਾਉਂ ਥਾਈਆ ।

★ ੨੯ ਫਗਣ ੨੦੧੭ ਬਿਕ੍ਰਮੀ ਰਤਨ ਸਿੰਘ ਦੇ ਗ੍ਰਿਹਿ ਕਰੋਲ ਬਾਗ਼ ਨਵੀਂ ਦਿੱਲੀ ★

ਲੱਖਣ ਕਰੋਚ ਪੁਸ਼ਕਰ ਧਾਰਾ, ਜੰਬੂ ਨਿਰਗੁਣ ਜੋਤ ਰੁਸ਼ਨਾਈਆ । ਸਾਨ ਸਲਮਲ ਹੋਏ ਉਜਿਆਰਾ, ਕੁਸ਼ਾ ਨੂਰ ਜ਼ਹੂਰ ਦਰਸਾਈਆ । ਅਲਖ ਅਗੰਮ ਅਗੰਮੜਾ ਬੇਐਬ ਪਰਵਰਦਿਗਾਰਾ, ਨਿਰਾਕਾਰ ਸਚਾ ਸ਼ਹਿਨਸ਼ਾਹੀਆ । ਆਦਿ ਜੁਗਾਦਿ ਖੇਲ ਕਰੇ ਅਪਰ ਅਪਾਰਾ, ਅਨੰਦ ਬਿਨੋਦੀ ਬੇਪਰਵਾਹ ਨੂਰ ਇਲਾਹੀਆ । ਵਸਣਹਾਰਾ ਧਾਮ ਨਿਆਰਾ, ਮੁਕਾਮੇ ਹੱਕ ਏਕਾ ਘਰ ਆਲਮੀਨ ਨਾਉਂ ਖ਼ੁਦਾਈਆ । ਆਫ਼ਤਾਬਾ ਹੋ ਉਜਿਆਰਾ, ਸਚ ਮਹਿਰਾਬੇ ਪਾਵੇ ਸਾਰਾ, ਮੁਖ ਨਕਾਬ ਪੜਦਾਨਸ਼ੀਂ ਰਹਿਮਾਨ ਬੇਪਰਵਾਹੀਆ । ਉਲਫ਼ਤ ਉਰਫ਼ ਗ਼ਫ਼ਲਤ ਗ਼ੁਰਬਾ ਕਾਅਬਾ ਕ਼ੁਦਰਤ ਕਲਾਮ ਸਦਾ ਏਕਾ ਨਾਉਂ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਚਾ ਸ਼ਹਿਨਸ਼ਾਹੀਆ । ਸ਼ਾਹ ਪਾਤਸ਼ਾਹ ਹਰਿ ਨਿਰੰਕਾਰਾ, ਸਰਬ ਗੁਣਵੰਤ ਬੇਐਬ ਪਰਵਰਦਿਗਾਰਾ, ਰਾਮ ਰਹਿਮਾਨ ਦੀਨ ਦਿਆਲ ਕਾਗਦ ਕ਼ਲਮ ਨਾ ਲਿਖਣਹਾਰਾ, ਵੇਦ ਕਤੇਬ ਸ਼ਾਸਤਰ ਸਿਮਰਤ ਨਾ ਪਾਵੇ ਸਾਰਾ, ਗੁਰ ਅਵਤਾਰਾ ਨਿਉਂ ਨਿਉਂ ਕਰਨ ਨਿਮਸਕਾਰਾ, ਜੋ ਕਰਤਾ ਇਕ ਰਘੁਰਾਈਆ । ਨਿਰਗੁਣ ਦੀਆ ਬਾਤੀ ਕਰ ਉਜਿਆਰਾ, ਕਮਲਾਪਾਤੀ ਸਾਚੇ ਧਾਮ ਵਸੇ ਏਕੰਕਾਰਾ, ਅਨਭਵ ਪਰਕਾਸ਼ ਪੁਰਖ ਅਬਿਨਾਸ਼ ਸਵੱਛ ਸਰੂਪੀ ਬਿਨ ਰੰਗ ਰੂਪੀ, ਪਰਮ ਪੁਰਖ ਪਰਮਾਤਮ ਆਪਣਾ ਆਪ ਕਰਾਈਆ । ਧਾਮ ਨਿਆਰਾ ਖੇਲ ਅਪਾਰਾ, ਸ਼ਬਦ ਅਗੰਮੀ ਇਕ ਜੈਕਾਰਾ, ਸਾਬਤ ਈਮਾਨ ਹਰਿ ਅਮਾਮ, ਆਲਮ ਉਲਮਾ ਭੇਵ ਨਾ ਰਾਈਆ । ਜਾਗਰਤ ਜੋਤ ਕਰ ਪਸਾਰਾ, ਕਿਲਾ ਕੋਟ ਵਸੇ ਬਾਹਰਾ, ਸਾਚੀ ਚੋਟ ਇਕ ਨਗਾਰਾ, ਬ੍ਰਹਿਮੰਡ ਖੰਡ ਪੁਰੀਆਂ ਲੋਆਂ ਗਗਨ ਪਾਤਾਲਾਂ ਜ਼ਿਮੀ ਅਸਮਾਨਾ ਵਰਭੰਡੀ ਆਪ ਸੁਣਾਈਆ । ਹਕ ਬਹਕ ਖੇਲ ਨਿਆਰਾ, ਲਾਸ਼ਰੀਕ ਕਰੇ ਕਰਾਏ ਕਰਨੇਹਾਰਾ, ਨਿਰਗੁਣ ਨਿਰਵੈਰ ਪੁਰਖ ਅਕਾਲ ਸ੍ਰੀ ਭਗਵਾਨ ਅਬਿਨਾਸ਼ੀ ਕਰਤਾ ਵਸਣਹਾਰਾ ਠਾਂਡੇ ਦਰਬਾਰਾ, ਦਰ ਦਰਵਾਜ਼ਾ ਗਰੀਬ ਨਿਵਾਜ਼ਾ ਏਕਾ ਏਕ ਜਣਾਈਆ । ਹੱਕ ਹਕ਼ੀਕ਼ਤ ਵੇਖੇ ਵੇਖਣਹਾਰਾ, ਭਗਤ ਭਗਵੰਤ ਕਰ ਪਿਆਰਾ, ਸਾਧ ਸੰਤ ਬਖ਼ਸ਼ੇ ਚਰਨ ਪਿਆਰਾ, ਚਰਨ ਕਵਲ ਉਪਰ ਧਵਲ ਧਰਨੀ ਧਰਤ ਦਏ ਵਡਿਆਈਆ । ਸ਼ਾਹੋ ਭੂਪ ਬਣ ਸਿਕਦਾਰਾ, ਹੁਕਮੀ ਹੁਕਮ ਵਰਤੇ ਵਰਤਾਰਾ, ਲੇਖਾ ਜਾਣੇ ਧੁਰ ਦਰਬਾਰਾ, ਵਿਸ਼ਨ ਬ੍ਰਹਮਾ ਸ਼ਿਵ ਬਣ ਭਿਖਾਰਾ, ਦੋਏ ਜੋੜ ਜਗਤ ਜਗਦੀਸ ਬੈਠੇ ਸੀਸ ਝੁਕਾਈਆ । ਤ੍ਰੈ ਤ੍ਰੈ ਰੋਵੇ ਜ਼ਾਰੋ ਜ਼ਾਰਾ, ਪੰਜ ਤੱਤ ਹਾਹਾਕਾਰਾ ਨਵ ਨਵ ਧੂਆਂਧਾਰਾ, ਸੱਤ ਸੱਤ ਕੂੜ ਪਸਾਰਾ, ਅੱਠ ਰਤ ਰਤੀ ਤਤ ਨਾ ਕੋਇ ਜਣਾਈਆ । ਜੂਠ ਝੂਠ ਜਗਤ ਵਿਹਾਰਾ, ਕਾਮ ਕਰੋਧ ਲੋਭ ਮੋਹ ਹੰਕਾਰਾ, ਆਸਾ ਤ੍ਰਿਸਨਾ ਨਾਰ ਵਿਭਚਾਰਾ, ਪੀਆ ਪ੍ਰੀਤਮ ਨਾ ਕੋਇ ਸਹਾਰਾ, ਆਤਮ ਪਰਮਾਤਮ ਮਿਲੇ ਮੇਲ ਨਾ ਇਕ ਦਵਾਰਾ, ਚਾਰ ਕੁੰਟ ਦਹਿ ਦਿਸ਼ਾ ਮਾਇਆ ਮਮਤਾ ਮੋਹ ਹਲਕਾਈਆ । ਰਾਜ ਰਾਜਾਨ ਹੋਏ ਖ਼ਵਾਰਾ, ਸਚ ਵਿਧਾਨ ਨਾ ਕੋਇ ਵਿਚਾਰਾ, ਨਿਰਧਨ ਰੋਵਣ ਜ਼ਾਰੋ ਜ਼ਾਰਾ, ਧਰਤ ਧਵਲ ਨਾ ਝੱਲੇ ਭਾਰਾ, ਸ੍ਰਿਸ਼ਟ ਸਬਾਈ ਜਗਤ ਲੋਕਾਈ ਨਜ਼ਰ ਨਾ ਆਏ ਨੂਰ ਇਲਾਹੀ, ਜਲਵਾ ਜਲਾਲ ਬੇਮਿਸਾਲ ਰਾਮ ਨਾਮ ਇਕ ਨਿਸ਼ਕਾਮ, ਨਿਹਕੇਵਲ ਨਿਹਚਲ ਧਾਮ ਨਾ ਕੋਇ ਵਡਿਆਈਆ । ਨਗਰ ਖੇੜਾ ਨਾ ਕੋਇ ਗਰਾਮ, ਸਾਚੇ ਮੰਦਰ ਨਾ ਕੋਇ ਵਿਸਰਾਮ, ਗੁਰੂ ਦਰ ਨਾ ਕੋਇ ਨਾਮ, ਜਗਤ ਮਸਜਦ ਨਾ ਕੋਇ ਕਲਾਮ, ਤੀਰਥ ਤਟ ਨਾ ਕੋਇ ਨਹਾਨ, ਭਗਤ ਭਗਵੰਤ ਨਾ ਕੋਇ ਨਿਸ਼ਾਨ, ਸਾਧ ਸੰਤ ਨਾ ਕੋਇ ਦਾਨ, ਗੁਰਮੁਖ ਗੁਰ ਗੁਰ ਨਾ ਕੋਇ ਪਛਾਣ, ਗੁਰਸਿਖ ਗੁਰ ਚਰਨ ਨਾ ਕੋਇ ਧਿਆਨ, ਕਲਜੁਗ ਕੂੜ ਹੋਇਆ

ਬਲਵਾਨ, ਚਾਰੋਂ ਕੁੰਟ ਵੇਖੇ ਮਾਰ ਧਿਆਨ, ਛੱਤ੍ਰੀ ਬ੍ਰਹਮਣ ਸ਼ੂਦਰ ਵੈਸ਼ ਬਚਿਆ ਕੋਇ ਰਹਿਣ ਨਾ ਪਾਈਆ । ਪੁਰਖ ਅਬਿਨਾਸ਼ੀ ਖੇਲ ਮਹਾਨ, ਜੁਗਾ ਜੁਗੰਤਰ ਕਰੇ ਸ੍ਰੀ ਭਗਵਾਨ, ਸਤਿਜੁਗ ਤਰੇਤਾ ਦਵਾਪਰ ਨਿਰਗੁਣ ਸਰਗੁਣ ਹੋਏ ਪਰਧਾਨ, ਹੱਥ ਉਠਾਏ ਚਿਲਾ ਤੀਰ ਕਮਾਨ, ਸੇਵਾ ਕਰੇ ਵਿਚ ਜਹਾਨ, ਲੇਖਾ ਜਾਣੇ ਜਗਤ ਕਿਰਪਾਨ, ਖੰਡਾ ਖੜਗ ਖ਼ਾਲਕ ਖ਼ਲਕ ਇਕ ਵਖਾਈਆ । ਕਲਜੁਗ ਅੰਤਮ ਹੋ ਮਿਹਰਵਾਨ, ਆਪਣੀ ਤਲਬ ਤਾਲਬ ਜਾਣੇ ਮੇਹਬਾਨ, ਮਿਹਬਾਨ ਬੀਦੋ ਨਿਰਵੈਰ ਪੁਰਖ ਇਕ ਨਿਸ਼ਾਨ, ਬਿਸਮਲ ਰੂਪ ਸਤਿ ਸਰੂਪ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜਾਤਾ ਪੁਰਖ ਬਿਧਾਤਾ ਮੇਟਣਹਾਰ ਅੰਧੇਰੀ ਰਾਤਾ, ਜਗਤ ਜੋਗ ਆਪਣੇ ਹੱਥ ਰਖਾਈਆ । ਕਲਜੁਗ ਅੰਤ ਖੇਲ ਅਵੱਲਾ, ਇਕ ਇਕੱਲਾ ਆਪ ਕਰਾਇੰਦਾ । ਵਾਸਤਕ ਰੂਪ ਵਾਸਦੇਵ ਨਮੋ ਸਤਿ ਸਤਿ ਸਮਾਏ ਜਲਾਂ ਥਲਾਂ, ਜਲ ਥਲ ਮਹੀਅਲ ਡੂੰਘੀ ਕੰਦਰ ਉਜਾੜ ਪਹਾੜ ਉਚੇ ਟਿਲੇ ਪਰਬਤ ਫੇਰਾ ਪਾਇੰਦਾ । ਆਸਤਕ ਨਾਸਤਕ ਵਾਸਤਕ ਵਾਸਤਵ ਸੰਦੇਸ਼ ਏਕਾ ਘੱਲਾ, ਗਿਆਨ ਬੋਧ ਜੋਧਨ ਜੋਧ ਅਨੰਦ ਮੰਗਲ ਨਿਰਾਕਾਰ, ਸ਼ਬਦ ਅਨਾਦ ਬ੍ਰਹਿਮਾਦ, ਪਾਰਬ੍ਰਹਮ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਏਕਾ ਹਰਿ, ਨਰ ਨਰਾਇਣ ਆਪਣਾ ਨਾਉਂ ਧਰਾਇੰਦਾ । ਨਾਉਂ ਨਰਾਇਣ ਹਰਿ ਨਿਰੰਕਾਰਾ, ਨਿਰਾਕਾਰ ਵਡੀ ਵਡਿਆਈਆ । ਆਪਣੀ ਉਲਫ਼ਤ ਆਪੇ ਜਾਣੇ ਜਾਨਣਹਾਰਾ, ਸਿਫ਼ਤੀ ਸਿਫ਼ਤ ਨਾ ਕੋਇ ਸਾਲਾਹੀਆ । ਅੱਲਾ ਮੀਆਂ ਅੱਲਾ ਹੂ ਅਨਾ ਹੂ ਨੂਰ ਉਜਿਆਰਾ, ਨੂਰੋ ਨੂਰ ਨੂਰ ਰੁਸ਼ਨਾਈਆ । ਸਿਦਕ ਸਾਦਕ ਸਬਰ ਸੰਤੋਖ ਵੇਖ ਵਖਾਏ ਵੇਖਣਹਾਰਾ, ਦੀਨ ਦਰਦ ਦੁਖ ਭੈ ਭੰਜਨ ਨਾਥ ਅਨਾਥਾਂ ਹੋਏ ਸਹਾਈ ਸਭਨੀ ਥਾਈਆ । ਪਰਗਟ ਹੋ ਵਿਚ ਸੰਸਾਰਾ, ਕਰੇ ਖੇਲ ਅਗੰਮ ਅਪਾਰਾ, ਅਲਖ ਅਗੋਚਰ ਅਗੰਮ ਅਥਾਹ ਬੇਪਰਵਾਹ ਸਚਾ ਸ਼ਹਿਨਸ਼ਾਹੀਆ । ਸਾਚੇ ਤਖ਼ਤ ਸੋਭਾਵੰਤ ਸ੍ਰੀ ਭਗਵੰਤ ਰਾਜ ਰਾਜਾਨਾ ਸ਼ਾਹ ਸੁਲਤਾਨਾ ਬਣ ਸਿਕਦਾਰਾ, ਸਾਖਯਾਤ ਆਪਣੀ ਖੇਲ ਖਿਲਾਈਆ । ਦੋ ਜਹਾਨਾ ਕਰੇ ਵਿਚਾਰਾ, ਚੌਦਾਂ ਤਬਕਾਂ ਦਏ ਹੁਲਾਰਾ ਚੌਦਾਂ ਲੋਕ ਵੇਖ ਵਖਾਈਆ । ਚੌਦਾਂ ਵਿਦਿਆ ਮਾਰੇ ਮਾਰਾ, ਚੌਦਾਂ ਹੱਟਾਂ ਕਰ ਕਰ ਪਾਰ ਕਿਨਾਰਾ, ਆਰ ਪਾਰ ਹਰਿ ਨਿਰੰਕਾਰ ਆਪਣਾ ਪਤਣ ਆਪੇ ਵੇਖ ਵਖਾਈਆ । ਲੇਖਾ ਜਾਣੇ ਗੁਰ ਅਵਤਾਰਾ, ਪੰਜ ਤੱਤ ਦਏ ਸਹਾਰਾ, ਨਿਰਗੁਣ ਸ਼ਬਦੀ ਨਿਰਾਕਾਰਾ, ਆਤਮ ਅੰਤਰ ਵਸੇ ਬਾਹਰਾ, ਅੰਦਰ ਬਾਹਰ ਆਪਣਾ ਖੇਲ ਖਿਲਾਈਆ । ਕਲਜੁਗ ਅੰਤਮ ਨਿਰਗੁਣ ਨਿਰਵੈਰ ਪੁਰਖ ਅਕਾਲ, ਸਚਖੰਡ ਹਰਿ ਚੌਵੀਆਂ ਅਵਤਾਰਾ, ਚਾਰ ਕੁੰਟ ਦਏ ਹੁਲਾਰਾ, ਦਹਿ ਦਿਸ਼ਾ ਫੇਰਾ ਪਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰਨ ਨਿਮਸਕਾਰਾ, ਕਰੋੜ ਤੇਤੀਸਾ ਦਰ ਦਰਵੇਸ਼ ਬਣ ਭਿਖਾਰਾ, ਗਣਪਤ ਗਣੇਸ਼ ਰਾਹ ਤਕੇ ਮੀਤ ਮੁਰਾਰਾ, ਆਦਿ ਸ਼ਕਤ ਵੇਲਾ ਵਕ਼ਤ ਨਾ ਕੋਇ ਜਾਣੇ ਕਵਣ ਕੂਟ ਸੋਭਾਵੰਤ ਸੁਹਾਏ ਨਰ ਨਿਰੰਕਾਰਾ, ਨਿਰਗੁਣ ਨੂਰ ਨੂਰ ਕਰ ਰੁਸ਼ਨਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਆਪਣਾ ਮਾਰਗ ਪੰਥ ਵਿਚਾਰਾ, ਵੇਦ ਸ਼ਾਸਤਰ ਸਿਮਰਤ ਗ੍ਰੰਥ ਨਾ ਕੋਈ ਪਾਵੇ ਸਾਰਾ, ਚਾਰ ਬਾਣੀ ਚਾਰ ਖਾਣੀ ਚਾਰ ਕੁੰਟ ਚਾਰ ਵੇਦਾ ਭੇਵ ਅਭੇਵ ਅਛਲ ਅਛੱਲ ਵਲ ਛਲ ਧਾਰੀ, ਆਪਣੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਏਕਾ ਹਰਿ, ਨਰ ਹਰਿ ਆਪਣੇ ਹੱਥ ਰੱਖੇ ਵਡਿਆਈਆ । ਆਪਣੇ ਹੱਥ ਵਡਿਆਈ ਰਖਾਇੰਦਾ, ਜੁਗਾ ਜੁਗੰਤਰ ਕਾਰ । ਕਲਜੁਗ ਅੰਤਮ ਵੇਸ ਵਟਾਇੰਦਾ, ਜੋਤੀ ਜਾਮਾ ਹੋ ਉਜਿਆਰ । ਸਚਖੰਡ ਦਵਾਰਾ ਸੋਭਾ ਪਾਇੰਦਾ, ਥਿਰ ਘਰ ਖੋਲ੍ਹੇ ਆਪ ਕਿਵਾੜ । ਸੁੰਨ ਅਗੰਮੀ ਪੜਦਾ ਲਹਿੰਦਾ, ਆਪ ਆਪਣੀ

੩੮੪

ਕਿਰਪਾ ਧਾਰ । ਸ਼ਬਦ ਅਨਾਦੀ ਨਾਦ ਸੁਣਾਇੰਦਾ, ਧੁਨੀ ਧੁਨ ਕਰ ਪਿਆਰ । ਵਿਸ਼ਨ ਵਿਸ਼ਵ ਆਪ ਜਗਾਇੰਦਾ, ਬ੍ਰਹਮਾ ਨੇਤਰ ਨੈਣ ਉਘਾੜ । ਸ਼ੰਕਰ ਏਕਾ ਹੁਕਮ ਸੁਣਾਇੰਦਾ, ਕੰਠ ਮਾਲਾ ਵੇਖ ਸ਼ੰਗਾਰ । ਰੂਪ ਅਨੂਪ ਆਪ ਧਰਾਇੰਦਾ, ਸ਼ਾਹੋ ਭੂਪ ਬਣ ਸਿਕਦਾਰ, ਲੱਖ ਚੁਰਾਸੀ ਵੇਖ ਵਖਾਇੰਦਾ, ਘਾੜਤ ਘੜਿਆ ਬਣ ਠਠਿਆਰ । ਜੁਗ ਚੌਕੜੀ ਪੰਧ ਮੁਕਾਇੰਦਾ, ਨਵ ਨੌਂ ਚਾਰ ਉਤਰੇ ਪਾਰ । ਨੱਯਾ ਘਨੱਯਾ ਵੇਖ ਵਖਾਇੰਦਾ, ਸਾਚਾ ਸਯਾ ਮੀਤ ਮੁਰਾਰ । ਆਪਣਾ ਲੇਖਾ ਆਪਣੀ ਵਹੀਆ ਉਪਰ ਆਪ ਲਿਖਾਇੰਦਾ, ਆਪੇ ਹੋਏ ਲਿਖਣਹਾਰ । ਕ਼ਲਮ ਦਵਾਤ ਨਾ ਕੋਇ ਜਣਾਇੰਦਾ, ਨਾ ਕੋਈ ਮੰਗੇ ਅਵਰ ਸਹਾਰ । ਜਗਤ ਵਿਦਿਆ ਨਾ ਮੇਲ ਮਿਲਾਇੰਦਾ, ਕਰੇ ਖੇਲ ਓਅੰਕਾਰ । ਏਕੰਕਾਰ ਆਪਣਾ ਬੰਧਨ ਪਾਇੰਦਾ, ਸਾਚਾ ਬੰਧਨ ਨਾਮ ਆਧਾਰ । ਜਗਤ ਜੁਗਤ ਨਾ ਕੋਇ ਤੁੜਾਇੰਦਾ, ਤੁੱਟ ਜਾਏ ਨਾ ਵਿਚ ਸੰਸਾਰ । ਪਰਮਾਨੰਦ ਇਕ ਸਮਝਾਇੰਦਾ, ਨਿਜਾਨੰਦ ਨਿਜ ਗੁਫ਼ਤਾਰ । ਦੀਦ ਸ਼ੁਨੀਦ ਆਪ ਕਰਾਇੰਦਾ, ਆਪੇ ਖੋਲ੍ਹਣਹਾਰਾ ਬੰਦ ਕਿਵਾੜ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਤੇਰੀ ਅੰਤਮ ਵਾਰ । ਕਲਜੁਗ ਅੰਤਮ ਖੇਲ ਖਿਲਾਇੰਦਾ, ਵਡ ਦਾਤਾ ਜੋਧਾ ਸੂਰਬੀਰ ਬਲਵਾਨ । ਨਿਰਗੁਣ ਆਪਣਾ ਰੂਪ ਧਰਾਇੰਦਾ, ਪੰਜ ਤੱਤ ਨਾ ਦਿਸੇ ਕੋਇ ਨਿਸ਼ਾਨ । ਹੁਕਮੀ ਹੁਕਮ ਸ਼ਬਦ ਸੁਣਾਇੰਦਾ, ਸ਼ਬਦ ਜਣਾਈ ਧੁਰ ਫ਼ਰਮਾਨ । ਸ਼ਾਹ ਸੁਲਤਾਨ ਆਪ ਉਠਾਇੰਦਾ, ਬਖ਼ਸ਼ਸ਼ ਕਰੇ ਚਰਨ ਧਿਆਨ । ਕਰ ਕਿਰਪਾ ਨੇਤਰ ਨੈਣ ਖੁਲ੍ਹਾਇੰਦਾ, ਅੰਤਰ ਬਖ਼ਸ਼ੇ ਬ੍ਰਹਮ ਗਿਆਨ । ਕਾਇਆ ਖੇਤਰ ਵੇਖ ਵਖਾਇੰਦਾ, ਕੌਰੋ ਕਸ਼ੇਤਰ ਨਾ ਕੋਇ ਨਿਸ਼ਾਨ । ਧਰਮ ਅਧਰਮ ਕੌਰੋ ਪਾਂਡੋ ਆਪ ਲੜਾਇੰਦਾ, ਰਥ ਰਥਵਾਹੀ ਕਾਇਆ ਬਣਤ ਬਣ ਸ੍ਰੀ ਭਗਵਾਨ । ਮਹਾਂਸਾਰਥੀ ਸੇਵ ਕਮਾਇੰਦਾ, ਆਦਿ ਜੁਗਾਦੀ ਨੌਜਵਾਨ । ਨੌ ਖੰਡ ਪ੍ਰਿਥਮੀ ਚਾਰੋਂ ਕੁੰਟ ਭਵਾਇੰਦਾ, ਲੇਖਾ ਜਾਣੇ ਜ਼ਿਮੀਂ ਅਸਮਾਨ । ਏਕਾ ਅਲਿਫ਼ ਆਪਣਾ ਰੂਪ ਦਰਸਾਇੰਦਾ, ਜ਼ੇਰ ਜ਼ਬਰ ਚੁੱਕੇ ਕਾਣ । ਆਪਣਾ ਜ਼ਾਬਤਾ ਆਪਣੇ ਵਿਚ ਟਿਕਾਇੰਦਾ, ਜ਼ਾਲਮ ਜ਼ੁਲਮ ਵੇਖੇ ਆਣ । ਕਾਤਬ ਲੇਖ ਨਾ ਕੋਇ ਲਿਖਾਇੰਦਾ, ਕੁਤਬ ਗੌਂਸ ਹੋਏ ਹੈਰਾਨ । ਆਪਣਾ ਹਰਫ਼ ਮੁਰਸ਼ਦ ਮੁਰੀਦ ਵਿਰਲੇ ਆਪ ਪੜ੍ਹਾਇੰਦਾ, ਜਿਸ ਜਨ ਉਪਰ ਹੋਏ ਮਿਹਰਵਾਨ । ਆਪਣੀ ਈਦ ਏਕਾ ਵਾਰ ਮਨਾਇੰਦਾ, ਲੱਖ ਚੁਰਾਸੀ ਕਰ ਕ਼ੁਰਬਾਨ । ਆਪਣਾ ਸਯਦਾ ਆਪਣੇ ਅੱਗੇ ਸੀਸ ਝੁਕਾਇੰਦਾ, ਆਪੇ ਆਪਣਾ ਜਾਣੇ ਸਚ ਈਮਾਨ । ਸ਼ਰਅ ਸ਼ਰੀਅਤ ਵਿਚ ਕਦੇ ਨਾ ਆਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਕਰੇ ਖੇਲ ਦੋ ਜਹਾਨ । ਦੋ ਜਹਾਨਾਂ ਹਰਿ ਹਰਿ ਵਾਲੀ, ਆਪਣਾ ਖੇਲ ਖਿਲਾਇੰਦਾ । ਲੱਖ ਚੁਰਾਸੀ ਬੂਟਾ ਵੇਖੇ ਲੱਗਾ ਮਾਲੀ, ਨਵ ਨੌਂ ਆਪਣਾ ਫੇਰਾ ਪਾਇੰਦਾ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਧਨ ਮਾਲ ਖ਼ਜ਼ਾਨਾ ਦਿਸੇ ਖ਼ਾਲੀ, ਸਾਚਾ ਨਾਮ ਭੰਡਾਰ ਹੱਥ ਨਾ ਕੋਇ ਰਖਾਇੰਦਾ । ਮਾਇਆ ਮਮਤਾ ਹਉਮੇ ਹੰਗਤਾ ਮੰਗਦੇ ਰਹੇ ਦਲਾਲੀ, ਦਿਲਬਰ ਦੀਦਾਰ ਦਰਸ ਨੇਤਰ ਨੈਣ ਨਾ ਕੋਇ ਵਖਾਇੰਦਾ । ਗੁਰਮੁਖ ਵਿਰਲਾ ਜੋ ਹਰਿ ਹਰਿ ਨਾਉਂ ਘਾਲ ਰਿਹਾ ਘਾਲੀ, ਘਾਲੀ ਘਾਲ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਰੂਪ ਅਨੂਪ ਆਪ ਧਰਾਇੰਦਾ । ਸ਼ਾਹ ਪਾਤਸ਼ਾਹ ਹਰਿ ਕਰਤਾਰ, ਸ਼ਹਿਨਸ਼ਾਹ ਇਕ ਅਖਵਾਇੰਦਾ । ਸਤਿ ਸਰੂਪੀ ਬੰਨ੍ਹੇ ਧਾਰ, ਸਾਂਤਕ ਸਤਿ ਸਤਿ ਵਰਤਾਇੰਦਾ । ਵਰਨਾਂ ਬਰਨਾਂ ਊਚਾਂ ਨੀਚਾਂ ਰਾਓ ਰੰਕਾਂ ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਏਕਾ ਦੱਸੇ ਚਰਨ ਦਵਾਰ, ਹਰਿ ਚਰਨ ਕਵਲ

ਸਾਚਾ ਮੰਦਰ ਇਕ ਸਮਝਾਇੰਦਾ । ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਏਕਾ ਨਾਮ ਜਣਾਏ ਆਤਮ ਅੰਤਰ ਕਰੇ ਵਿਚਾਰ, ਜਗਤ ਬਸੰਤਰ ਆਪ ਬੁਝਾਇੰਦਾ । ਏਕਾ ਮੰਤਰ ਸਾਚਾ ਨਾਅਰਾ, ਏਕਾ ਰਾਮ ਮੇਲ ਮਿਲਾਇੰਦਾ । ਏਕਾ ਘਨੱਯਾ ਖੜਾ ਦਵਾਰਾ, ਏਕਾ ਬੰਸਰੀ ਨਾਮ ਵਜਾਇੰਦਾ । ਏਕਾ ਸਖ਼ੀਆਂ ਮੰਗਲਚਾਰਾ, ਏਕਾ ਗੋਪੀ ਕਾਹਨ ਨਚਾਇੰਦਾ । ਏਕਾ ਲਖ਼ਮੀ ਨਰਾਇਣ ਮੁਕੰਦ ਮਨੋਹਰ ਧਰਨੀ ਧਰਤ ਧਵਲ ਦਏ ਸਹਾਰਾ, ਏਕਾ ਨੈਣ ਮੁਕਟ ਸੀਸ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਕਰੇ ਖੇਲ ਏਕਾ ਹਰਿ, ਹਰਿਜਨ ਸਾਚੇ ਵੇਖ ਵਖਾਇੰਦਾ ।

## ★ ੩੦ ਫਗਣ ੨੦੧੭ ਬਿਕ੍ਰਮੀ ਸ਼ਬਦ ਸਿੰਘਾਸਣ ਦਿੱਲੀ ★

ਸ਼ਾਹ ਪਾਤਸ਼ਾਹ ਹਰਿ ਸਾਚਾ ਰਾਜਾ, ਸ਼ਹਿਨਸ਼ਾਹ ਵਡੀ ਵਡਿਆਈਆ । ਤਖ਼ਤ ਨਿਵਾਸੀ ਸ਼ਾਹੋ ਭੂਪ ਜਗਦੀਸ ਸੁਹਾਏ ਏਕਾ ਤਾਜਾ, ਅਗੰਮ ਅਥਾਹ ਬੇਪਰਵਾਹ, ਪਾਰਬ੍ਰਹਮ ਨੂਰ ਇਲਾਹੀਆ । ਬ੍ਰਹਿਮੰਡਾਂ ਖੰਡਾਂ ਲੋਆਂ ਪੁਰੀਆਂ ਰਚਿਆ ਕਾਜਾ, ਅਨਭਵ ਪਰਕਾਸ਼ ਨਿਰਗੁਣ ਨਿਰਵੈਰ ਧਾਰ ਮੂਰਤ ਅਕਾਲ ਅਜੂਨੀ ਰਹਿਤ ਆਪ ਚਲਾਈਆ । ਸ਼ਬਦ ਅਗੰਮੀ ਧੁਰ ਫ਼ਰਮਾਨਾ ਅਨਹਦ ਅਨਾਦੀ ਵਾਜਾ, ਆਦਿ ਜੁਗਾਦੀ ਜੁਗਾ ਜੁਗੰਤਰ ਤ੍ਰੈਭਵਣ ਧਨੀ ਆਪ ਸੁਣਾਈਆ । ਵਿਸ਼ਨ ਬ੍ਰਹਮਾ ਸ਼ਿਵ ਨਿਵਾਜਾ, ਲੱਖ ਚੁਰਾਸੀ ਦੇਵੇ ਦਾਜਾ, ਤ੍ਰੈਗੁਣ ਮੀਤਾ ਇਕ ਅਤੀਤਾ ਪੰਚਮ ਰੂਪ ਅਨੂਪ ਵਟਾਈਆ । ਲੋਕਮਾਤ ਰਚ ਰਚ ਕਾਜਾ, ਆਵੇ ਜਾਵੇ ਗ਼ਰੀਬ ਨਿਵਾਜ਼ਾ, ਨਿਰਧਨ ਸਰਧਨ ਸਰਗੁਣ ਨਿਰਗੁਣ ਖੇਲ ਖਿਲਾਈਆ । ਰੂਪ ਅਨੂਪ ਭੇਵ ਅਭੇਦਾ, ਇਕ ਇਕੱਲਾ ਅਛਲ ਅਛੇਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਾਹੋ ਭੂਪ ਵਡੀ ਵਡਿਆਈਆ । ਸ਼ਾਹੋ ਭੂਪ ਹਰਿ ਰਾਜ ਰਾਜਾਨਾ, ਇਕ ਇਕੱਲਾ ਖੇਲ ਖਿਲਾਇੰਦਾ । ਨਿਰਗੁਣ ਸਰਗੁਣ ਹੋ ਪਰਧਾਨਾ, ਲੋਕਮਾਤ ਵੇਖ ਵਖਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰ ਪਰਵਾਨਾ, ਸਾਚੀ ਸੇਵਾ ਸਚ ਜਣਾਇੰਦਾ । ਸਤਿ ਸਰੂਪੀ ਸ਼ਬਦੀ ਦਾਨਾ, ਵਸਤ ਅਮੋਲਕ ਇਕ ਵਰਤਾਇੰਦਾ । ਲੇਖਾ ਜਾਣੇ ਦੋ ਜਹਾਨਾ, ਦੀਨ ਦੁਨੀ ਆਪਣੇ ਹੱਥ ਰਖਾਇੰਦਾ । ਸਤਿ ਸਤਿਵਾਦੀ ਸਤਿ ਤਰਾਨਾ, ਸਾਚਾ ਮੰਗਲ ਆਪੇ ਗਾਇੰਦਾ । ਸਚਖੰਡ ਵਸੇ ਇਕ ਮਕਾਨਾ, ਥਿਰ ਘਰ ਸਾਚਾ ਬੰਕ ਸੁਹਾਇੰਦਾ । ਏਕਾ ਹੁਕਮ ਧੁਰ ਫ਼ਰਮਾਨਾ, ਜੁਗਾ ਜੁਗੰਤਰ ਰਾਹ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਾਹ ਪਾਤਸ਼ਾਹ ਆਪਣਾ ਨਾਉਂ ਧਰਾਇੰਦਾ । ਸ਼ਾਹ ਪਾਤਸ਼ਾਹ ਹਰਿ ਸਾਚਾ ਭੂਪ, ਸਚਖੰਡ ਦਵਾਰੇ ਸੋਭਾ ਪਾਈਆ । ਏਕੰਕਾਰਾ ਨਾ ਕੋਈ ਰੰਗ ਨਾ ਕੋਈ ਰੂਪ, ਨਿਰਾਕਾਰ ਬੇਪਰਵਾਹੀਆ । ਵਸਣਹਾਰਾ ਚਾਰੇ ਕੂਟ, ਦਹਿ ਦਿਸ਼ਾ ਡਗਮਗਾਈਆ । ਆਪੇ ਤਾਗਾ ਆਪੇ ਸੂਤ, ਆਪੇ ਬਣਤ ਰਿਹਾ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਹਿਨਸ਼ਾਹ ਇਕ ਅਖਵਾਈਆ । ਸ਼ਹਿਨਸ਼ਾਹ ਇਕ ਇਕੱਲਾ, ਦਰਗਹਿ ਸਾਚੀ ਧਾਮ ਸੁਹਾਇੰਦਾ । ਸਚ ਸਿੰਘਾਸਣ ਏਕਾ ਮੱਲਾ, ਪੁਰਖ ਅਬਿਨਾਸ਼ਨ ਸੋਭਾ ਪਾਇੰਦਾ । ਆਪੇ ਫੜੇ ਆਪਣਾ ਪੱਲਾ, ਦੂਸਰ ਸੰਗ ਨਾ ਕੋਇ ਰਲਾਇੰਦਾ । ਪਾਵੇ ਸਾਰ ਜਲਾਂ ਥਲਾਂ, ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਆਪਣਾ ਬਲ ਧਰਾਇੰਦਾ । ਆਪਣੀ ਜੋਤ ਆਪੇ ਬਲਾ, ਪਰਕਾਸ਼ ਪਰਕਾਸ਼ ਆਪ ਧਰਾਇੰਦਾ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਖਿਲਾਇੰਦਾ । ਸਾਚਾ ਖੇਲ ਖਿਲਾਵਣਹਾਰਾ, ਸੋ ਪੁਰਖ ਨਿਰੰਜਣ ਵਡੀ ਵਡਿਆਈਆ । ਹਰਿ ਪੁਰਖ ਨਿਰੰਜਣ ਵਸਣਹਾਰਾ ਧਾਮ ਨਿਆਰਾ, ਸਾਚੇ ਧਾਮ ਸੋਭਾ ਪਾਈਆ । ਏਕੰਕਾਰਾ ਆਪੇ ਜਾਣੇ ਆਪਣੀ ਧਾਰਾ, ਧਾਰ ਧਾਰ ਵਿਚ ਪਰਗਟਾਈਆ । ਆਦਿ ਨਿਰੰਜਣ ਹੋ ਉਜਿਆਰਾ, ਨੂਰੋ ਨੂਰ ਡਗਮਗਾਈਆ । ਅਬਿਨਾਸ਼ੀ ਕਰਤਾ ਮੀਤ ਮੁਰਾਰਾ, ਸਗਲਾ ਸੰਗ ਇਕ ਵਖਾਈਆ । ਸ੍ਰੀ ਭਗਵਾਨ ਕਰੇ ਕਰਾਏ ਸਾਚੀ ਕਾਰਾ, ਕਰਤਾ ਪੁਰਖ ਭੇਵ ਨਾ ਰਾਈਆ । ਪਾਰਬ੍ਰਹਮ ਵੇਸ ਅਵੱਲੜਾ ਅਗੰਮ ਅਗੰਮੜਾ ਕਰੇ ਕਰਾਏ ਕਰਨੇਹਾਰਾ, ਆਪਣੀ ਕਿਰਤ ਆਪਣੇ ਹੱਥ ਰਖਾਈਆ । ਬ੍ਰਹਮ ਬ੍ਰਹਮ ਬ੍ਰਹਮ ਕਰ ਪਸਾਰਾ, ਅਨਭਵ ਦੇਵੇ ਆਪਣੀ ਧਾਰਾ, ਕਿਰਨ ਕਿਰਨ ਕਿਰਨ ਵਿਚ ਸਮਾਈਆ । ਸ਼ਬਦ ਅਨਾਦ ਸੱਚੀ ਧੁਨਕਾਰ, ਬੋਧ ਅਗਾਧੀ ਇਕ ਲਲਕਾਰਾ, ਏਕਾ ਹੁਕਮ ਸੁਣਾਈਆ । ਜੁਗਾ ਜੁਗੰਤਰ ਹੋ ਉਜਿਆਰਾ, ਨਿਰਗੁਣ ਸਰਗੁਣ ਕਰੇ ਪਿਆਰਾ, ਬ੍ਰਹਮ ਪਾਰਬ੍ਰਹਮ ਦਏ ਆਧਾਰਾ, ਜੋਤੀ ਜੋਤ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਾਹ ਸੁਲਤਾਨਾ ਖੇਲ ਖਿਲਾਇੰਦਾ, ਖ਼ਾਲਕ ਖ਼ਲਕ ਰੂਪ ਭਗਵਾਨ । ਜੁਗਾ ਜੁਗੰਤਰ ਵੇਸ ਵਟਾਇੰਦਾ, ਜੋਧਾ ਸੂਰਬੀਰ ਬਲੀ ਬਲਵਾਨ । ਲੱਖ ਚੁਰਾਸੀ ਵੇਖ ਵਖਾਇੰਦਾ, ਘਟ ਘਟ ਅੰਦਰ ਹੋ ਪਰਧਾਨ । ਮਨ ਮਤ ਬੁਧ ਆਪਣਾ ਬੰਧਨ ਪਾਇੰਦਾ, ਲੇਖਾ ਜਾਣੇ ਪੰਜ ਸ਼ੈਤਾਨ । ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਏਕਾ ਰੰਗ ਰੰਗਾਇੰਦਾ, ਤ੍ਰੈਗੁਣ ਪਾਏ ਸਾਚੀ ਆਣ । ਨੌ ਦਵਾਰੇ ਖੋਜ ਖੁਜਾਇੰਦਾ, ਅੰਦਰ ਬਾਹਰ ਰੂਪ ਮਹਾਨ । ਸਚ ਸੰਦੇਸ਼ ਨਰ ਨਰੇਸ਼ ਆਪਣਾ ਆਪ ਸੁਣਾਇੰਦਾ, ਇਕ ਇਕੱਲਾ ਹੋ ਮਿਹਰਵਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਰਾਜ ਰਾਜਾਨ । ਰਾਜ ਰਾਜਾਨਾ ਹਰਿ ਨਿਰੰਕਾਰਾ, ਨਿਰਗੁਣ ਨਿਰਵੈਰ ਆਪ ਅਖਵਾਈਆ । ਬੈਕੁੰਠ ਨਿਵਾਸੀ ਕਰੇ ਖੇਲ ਅਪਰ ਅਪਾਰਾ, ਚਤਰਭੁਜ ਵਡ ਵਡਿਆਈਆ । ਆਦਿ ਸ਼ਕਤ ਨੂਰੋ ਨੂਰ ਉਜਿਆਰਾ, ਰੂਪ ਅਨੂਪ ਆਪ ਧਰਾਈਆ । ਪਤ ਪਰਮੇਸ਼ਵਰ ਪਰਮ ਪੁਰਖ ਪਾਰਬ੍ਰਹਮ ਆਪ ਸੁਹਾਏ ਆਪਣਾ ਬੰਕ ਦਵਾਰ, ਦਰ ਦਰਵਾਜ਼ਾ ਸਤਿ ਖੁਲ੍ਹਾਈਆ । ਆਪਣੀ ਇਛਿਆ ਪਾਏ ਭਿਛਿਆ ਦਰ ਦਰਵੇਸ਼ ਬਣ ਭਿਖਾਰਾ, ਆਪਣੀ ਸਦਾ ਆਪ ਲਗਾਈਆ । ਆਪੇ ਕੂਕੇ ਉਚੀ ਬੋਲ ਜੈਕਾਰਾ, ਹਕੀਕ਼ਤ ਨਾਅਰਾ ਆਪ ਸੁਣਾਈਆ । ਆਪਣਾ ਨਾਉਂ ਕਰੇ ਉਜਿਆਰਾ, ਪੁਰਖ ਅਕਾਲ ਬੇਪਰਵਾਹੀਆ । ਜੁਗਾ ਜੁਗੰਤਰ ਲੈ ਅਵਤਾਰਾ, ਲੋਕਮਾਤ ਵੇਸ ਵਟਾਈਆ । ਸਰਗੁਣ ਨਿਰਗੁਣ ਨਿਰਗੁਣ ਸਰਗੁਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਖੇਲ ਆਪ ਖਿਲਾਈਆ । ਨਿਰਗੁਣ ਸਰਗੁਣ ਖੇਲ ਖਿਲਾਇੰਦਾ, ਜੁਗਾ ਜੁਗੰਤਰ ਕਾਰ । ਗੁਰ ਅਵਤਾਰ ਰੂਪ ਧਰਾਇੰਦਾ, ਸ਼ਬਦ ਅਨਾਦ ਸੁਣਾਏ ਸੱਚੀ ਧੁੰਨਕਾਰ । ਜਗਤ ਕਿਰਿਆ ਕਿਰਤ ਵੇਖ ਵਖਾਇੰਦਾ, ਕਰਮ ਨਿਹਕਰਮੀ ਪਾਵੇ ਸਾਰ । ਧਰਮ ਅਧਰਮੀ ਪਰਦਾ ਲਾਹਿੰਦਾ, ਆਪ ਆਪਣੀ ਕਿਰਪਾ ਧਾਰ । ਭਗਤ ਭਗਵੰਤ ਮੇਲ ਮਿਲਾਇੰਦਾ, ਸਾਚੇ ਸੰਤ ਕਰੇ ਪਿਆਰ । ਗੁਰਮੁਖ ਆਪਣੀ ਗੋਦ ਬਹਾਇੰਦਾ, ਗੁਰਸਿਖ ਸਾਚੇ ਲਏ ਉਭਾਰ । ਅੰਮ੍ਰਿਤ ਆਤਮ ਜਾਮ ਪਿਆਇੰਦਾ, ਨਿਝਰ ਝਿਰਨਾ ਠੰਡਾ ਠਾਰ । ਬਜਰ ਕਪਾਟੀ ਕੁੰਡਾ ਲਾਹਿੰਦਾ, ਦੂਈ ਦਵੈਤੀ ਪਰਦਾ ਆਪ ਉਤਾਰ । ਅਨਹਦ ਨਾਦੀ ਨਾਦ ਸੁਣਾਇੰਦਾ, ਸ਼ਬਦ ਅਗੰਮੀ ਇਕ ਗੁਫ਼ਤਾਰ । ਨਿਰਗੁਣ ਜੋਤੀ ਜੋਤ ਜਗਾਇੰਦਾ, ਕਾਇਆ ਮੰਦਰ ਹੋ ਉਜਿਆਰ । ਘਰ ਘਰ ਵਿਚ ਵੇਖ ਵਖਾਇੰਦਾ, ਆਤਮ ਬ੍ਰਹਮ ਪਾਏ ਸਾਰ । ਸਾਚੀ ਸੇਜਾ

੩੮੬
੧੦

ਆਪ ਵਡਿਆਇੰਦਾ, ਜਿਸ ਸਿਰ ਹੱਥ ਧਰੇ ਨਿਰੰਕਾਰ । ਈਸ਼ ਜੀਵ ਭੇਵ ਚੁਕਾਇੰਦਾ, ਹਰਿ ਜਗਦੀਸ ਸੱਚੀ ਸਰਕਾਰ । ਏਕਾ ਮੰਦਰ ਰੰਗ ਰੰਗਾਇੰਦਾ, ਨਿਰਗੁਣ ਦੀਵਾ ਬਾਤੀ ਕਰ ਉਜਿਆਰ । ਸਾਚਾ ਮੀਤਾ ਨਜ਼ਰੀ ਆਇੰਦਾ, ਸਚ ਸੁਹਾਏ ਬੰਕ ਦਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਲਏ ਉਧਾਰ । ਸਰਗੁਣ ਅੰਦਰ ਨਿਰਗੁਣ ਧਾਰ ਰੱਖ, ਜੁਗ ਜੁਗ ਖੇਲ ਖਿਲਾਇਆ । ਪੰਜ ਤਤ ਕਾਇਆ ਹੋ ਪਰਤਖ, ਸ਼ਬਦੀ ਸ਼ਬਦ ਨਾਦ ਵਜਾਇਆ । ਸ਼ਬਦ ਗੁਰ ਸ਼ਬਦ ਵਸੇ ਵਖ, ਦਿਸ ਕਿਸੇ ਨਾ ਆਇਆ । ਕਰੇ ਖੇਲ ਪੁਰਖ ਸਮਰਥ, ਮਹਿਮਾ ਅਕਥ ਆਪ ਗਣਾਇਆ । ਕਾਇਆ ਚੋਲਾ ਚਲਾਏ ਰਥ, ਵਿਚੋਲਾ ਅਨਭਵ ਖੇਲ ਖਿਲਾਇਆ । ਵਸਣਹਾਰਾ ਘਟ ਘਟ, ਰੂਪ ਅਨੂਪ ਆਪ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਰਗੁਣ ਦਏ ਮਾਤ ਵਡਿਆਇਆ । ਸਰਗੁਣ ਚੋਲਾ ਕਾਇਆ ਤਤ, ਪੰਚ ਮਾਣ ਰਖਾਇੰਦਾ । ਲੇਖਾ ਜਾਣੇ ਹੱਡ ਮਾਸ ਨਾੜੀ ਰਤ, ਆਪ ਆਪਣਾ ਭੇਵ ਚੁਕਾਇੰਦਾ । ਆਪਣੀ ਧਾਰਾ ਇਕ ਸਮਰਥ, ਪੁਰਖ ਅਬਿਨਾਸ਼ੀ ਆਪ ਚਲਾਇੰਦਾ । ਜਿਸ ਜਨ ਦੇਵੇ ਆਪਣੀ ਵਥ, ਸੋ ਤਨ ਸੋਭਾ ਪਾਇੰਦਾ । ਮੇਲ ਮਿਲਾਵਾ ਕਮਲਾਪਤ, ਕਮਲਾਪਤ ਪੁਰਖ ਅਬਿਨਾਸ਼ੀ ਆਪਣਾ ਨਾਉਂ ਧਰਾਇੰਦਾ । ਜਿਸ ਤਨ ਅੰਦਰ ਆਪਣੀ ਵਸਤ ਦੇਵੇ ਘਤ, ਸੋ ਤਨ ਲੋਕਮਾਤ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਰਗੁਣ ਆਪਣੇ ਧੰਦੇ ਲਾਇੰਦਾ । ਨਿਰਗੁਣ ਜੋਤੀ ਨਿਰਗੁਣ ਧਾਰ, ਸੁਰਤ ਸ਼ਬਦ ਕੁੜਮਾਈਆ । ਲੇਖਾ ਜਾਣੇ ਹਰਿ ਨਿਰੰਕਾਰ, ਜੁਗ ਜੁਗ ਵੇਸ ਵਟਾਈਆ । ਨਾਉਂ ਧਰਾਏ ਗੁਰ ਅਵਤਾਰ, ਗੁਰ ਗੁਰ ਭੇਵ ਨਾ ਰਾਈਆ । ਲੱਖ ਚੁਰਾਸੀ ਪਾਵੇ ਸਾਰ, ਵੇਖਣਹਾਰ ਜਗਤ ਲੋਕਾਈਆ । ਗੁਰਮੁਖ ਸੱਜਣ ਲਏ ਉਭਾਰ, ਭਗਤਨ ਦਏ ਵਡਿਆਈਆ । ਸੰਤਨ ਮੇਲਾ ਧੁਰ ਦਰਬਾਰ, ਘਰ ਘਰ ਵਿਚ ਲਏ ਮਿਲਾਈਆ । ਸਤਿਜੁਗ ਤ੍ਰੇਤਾ ਦਵਾਪਰ ਕਰਿਆ ਪਾਰ, ਨਿਰਗੁਣ ਸਰਗੁਣ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪਣੇ ਹੱਥ ਰਖਾਈਆ । ਆਪਣਾ ਲੇਖਾ ਹਰਿ ਨਿਰੰਕਾਰਾ, ਆਪਣੇ ਹੱਥ ਰਖਾਇੰਦਾ । ਬ੍ਰਹਮਾ ਵੇਤਾ ਨਾ ਪਾਏ ਸਾਰਾ, ਚਾਰੇ ਵੇਦਾਂ ਚਾਰੇ ਮੁਖ ਅਲਾਇੰਦਾ । ਪੁਰਾਨ ਅਠਾਰਾਂ ਕਰੇ ਪੁਕਾਰਾ, ਹਰਿ ਹਰਿ ਨਾਮ ਧਿਆਇੰਦਾ । ਸ਼ਾਸਤਰ ਸਿਮਰਤ ਕਰੇ ਨਿਮਸਕਾਰਾ, ਨਿਉਂ ਨਿਉਂ ਸੀਸ ਜਗਦੀਸ ਝੁਕਾਇੰਦਾ । ਏਕਾ ਅਕਸ਼ਰ ਨਿਰਗੁਣ ਨਿਰਾਕਾਰਾ, ਆਪਣਾ ਆਪ ਉਪਜਾਇੰਦਾ । ਲਿਖਣ ਪੜ੍ਹਣ ਤੋਂ ਵਸੇ ਬਾਹਰਾ, ਕ਼ਲਮ ਸ਼ਾਹੀ ਨਾ ਮੇਲ ਮਿਲਾਇੰਦਾ । ਕਾਗਦ ਦੇਵੇ ਨਾ ਕੋਇ ਭਾਰਾ, ਸਰਗੁਣ ਰੂਪ ਨਾ ਕੋਇ ਧਰਾਇੰਦਾ । ਗੁਰ ਗੁਰ ਦੇਵੇ ਕਰ ਪਿਆਰਾ, ਗੁਰ ਮੂਰਤ ਅਕਾਲ ਆਪ ਜਣਾਇੰਦਾ । ਕਲਜੁਗ ਖੇਲ ਅਪਰ ਅਪਾਰਾ, ਤਤਵ ਤਤ ਤਤ ਰਖਾਇੰਦਾ । ਸ਼ਬਦੀ ਨਾਦ ਬੋਲ ਜੈਕਾਰਾ, ਬ੍ਰਹਮ ਬ੍ਰਹਿਮਾਦਿ ਆਪ ਸੁਣਾਇੰਦਾ । ਜੋਤੀ ਜੋਤ ਜੋਤ ਉਜਿਆਰਾ, ਨੂਰ ਨੁਰਾਨਾ ਡਗਮਗਾਇੰਦਾ । ਖ਼ਾਲਕ ਖ਼ਲਕ ਵੇਖਣਹਾਰਾ ਪਰਵਰਦਿਗਾਰਾ, ਮੁਕਾਮੇ ਹਕ ਸੋਭਾ ਪਾਇੰਦਾ । ਐਨਲਹਕ ਇਕ ਜੈਕਾਰਾ, ਤੌਫ਼ੀਕ ਖ਼ੁਦਾਏ ਇਕ ਸਮਝਾਇੰਦਾ । ਏਕਾ ਮੰਦਰ ਇਕ ਦਵਾਰਾ, ਏਕਾ ਆਸਣ ਇਕ ਸਿੰਘਾਸਣ ਸੋਭਾ ਪਾਇੰਦਾ । ਏਕਾ ਗੁਰ ਇਕ ਅਵਤਾਰਾ, ਜੁਗ ਜੁਗ ਆਪਣਾ ਖੇਲ ਖਿਲਾਇੰਦਾ । ਲੇਖਾ ਜਾਣੇ ਧੁਰ ਦਰਬਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਾਹ ਪਾਤਸ਼ਾਹ ਆਪਣਾ ਹੁਕਮ ਆਪ ਚਲਾਇੰਦਾ । ਜੁਗ ਜੁਗ ਹੁਕਮ ਚਲਾਇੰਦਾ, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਧਾਰ । ਬ੍ਰਹਮਾ ਵਿਸ਼ਨ ਸ਼ਿਵ ਨਿਉਂ ਨਿਉਂ ਸੀਸ ਝੁਕਾਇੰਦਾ,

੩੮੭ ੧੦

ਦਰ ਦਰਵੇਸ਼ ਕਰਨ ਪੁਕਾਰ । ਗੁਰ ਅਵਤਾਰ ਝੋਲੀ ਡਾਹਿੰਦਾ, ਏਕਾ ਮੰਗਣ ਮੰਗ ਭਿਖਾਰ । ਭਗਤ ਭਗਵੰਤ ਰਾਹ ਤਕਾਇੰਦਾ, ਨੇਤਰ ਲੋਚਣ ਨੈਣ ਦਰਸ ਦੀਦਾਰ । ਸੰਤ ਸਤਿਗੁਰ ਚਰਨ ਕਵਲ ਵੇਖ ਵਖਾਇੰਦਾ, ਏਕਾ ਮੰਗੇ ਚਰਨ ਪਿਆਰ । ਗੁਰਮੁਖ ਏਕਾ ਓਟ ਤਕਾਇੰਦਾ, ਨਾਤਾ ਤੋੜ ਸਰਬ ਸੰਸਾਰ । ਗੁਰਸਿਖ ਆਸਾ ਤ੍ਰਿਸ਼ਨਾ ਪ੍ਰਭ ਦਰਸ ਅੰਤਰ ਆਤਮ ਇਕ ਜਣਾਇੰਦਾ, ਦੂਜਾ ਅਵਰ ਨਾ ਕੋਇ ਆਧਾਰ । ਨੌ ਚਾਰ ਚਾਰ ਖੇਲ ਖਿਲਾਇੰਦਾ, ਜੁਗ ਚੌਕੜੀ ਸਾਚੀ ਕਾਰ । ਨੌ ਖੰਡ ਪ੍ਰਿਥਮੀ ਵੇਖ ਵਖਾਇੰਦਾ, ਚਾਰ ਦੀਵਾਰ ਜਗਤ ਹੋਏ ਵਿਵਹਾਰ । ਚਾਰ ਕੁੰਟ ਚਾਰ ਜੁਗ ਚਾਰ ਵਰਨ ਸਰਬ ਸ਼ਰਮਾਇੰਦਾ, ਮਿਲੇ ਮੇਲ ਨਾ ਪ੍ਰੀਤਮ ਯਾਰ । ਕਾਲ ਦਿਆਲ ਆਪਣੀ ਖੇਲ ਖਿਲਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗਾ ਜੁਗੰਤਰ ਕਰੇ ਖੇਲ ਸੱਚੀ ਸਰਕਾਰ । ਜੁਗ ਜੁਗ ਖੇਲ ਖਿਲਾਇਆ, ਸਤਿਜੁਗ ਤ੍ਰੇਤਾ ਦਵਾਪਰ ਆਪ ਹੰਢਾ । ਕਲਜੁਗ ਅੰਤਮ ਵੇਖ ਵਖਾਇਆ, ਨੌ ਸੌ ਚੁਰਾਨਵੇ ਚੌਕੜੀ ਜੁਗ ਪੰਧ ਮੁਕਾ । ਪੁਰਖ ਅਬਿਨਾਸ਼ੀ ਨਿਰਗੁਣ ਆਪਣਾ ਵੇਸ ਵਟਾਇਆ, ਜੋਤੀ ਜਾਮਾ ਮਾਤ ਧਰਾ । ਸ਼ਬਦ ਅਗੰਮੀ ਨਾਦ ਸੁਣਾਇਆ, ਲੋਆਂ ਪੁਰੀਆਂ ਏਕਾ ਤਰਾਨਾ ਰਿਹਾ ਗਾ । ਸੋਇਆ ਕੋਈ ਰਹਿਣ ਨਾ ਪਾਇਆ, ਲੱਖ ਚੁਰਾਸੀ ਨੌ ਖੰਡ ਪ੍ਰਿਥਮੀ ਸੱਤਾਂ ਦੀਪਾਂ ਲਏ ਜਗਾ । ਸ਼ਾਹ ਸੁਲਤਾਨਾ ਲਏ ਹਿਲਾਇਆ, ਆਪ ਆਪਣਾ ਹਲਫ ਉਠਾ । ਆਪਣਾ ਬੀੜਾ ਆਪਣੇ ਹੱਥ ਚਮਕਾਇਆ , ਦੂਸਰ ਦਿਸੇ ਨਾ ਕੋਈ ਸ਼ਹਿਨਸ਼ਾਹ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਖ਼ਾਕ ਮਿਲਾਇਆ, ਖ਼ਾਲਕ ਖ਼ਲਕ ਦੇਵਣਹਾਰ ਪਨਾਹ । ਆਪ ਆਪਣਾ ਹੁਕਮ ਸੁਣਾਇਆ, ਤਖ਼ਤ ਨਿਵਾਸੀ ਏਕਾ ਵਾਰ ਲੋਕਮਾਤ ਦਏ ਵਰਤਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਹਰਿ, ਲੇਖਾ ਜਾਣੇ ਅਰਸ਼ ਫ਼ਰਸ਼ ਧਰਤ ਧਵਲ ਧਰਨੀ ਆਪਣੇ ਚਰਨਾ ਹੇਠ ਦਬਾ । ਕਲਜੁਗ ਅੰਤਮ ਖੇਲ ਖਿਲਾਇੰਦਾ, ਹਰਿ ਸੂਰਬੀਰ ਬਲਵਾਨ । ਨਿਰਗੁਣ ਸ਼ਬਦ ਤੀਰ ਚਲਾਇੰਦਾ, ਲੇਖਾ ਜਾਣੇ ਦੋ ਜਹਾਨ । ਚਿਲਾ ਕਮਾਨ ਨਾ ਕੋਈ ਉਠਾਇੰਦਾ, ਕਰੇ ਖੇਲ ਨੌਜਵਾਨ । ਸਚ ਸਿੰਘਾਸਣ ਸੋਭਾ ਪਾਇੰਦਾ, ਸਤਿ ਸਤਿਵਾਦੀ ਸ੍ਰੀ ਭਗਵਾਨ । ਜਗਤ ਨੇਤਰ ਦਿਸ ਨਾ ਆਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਕਰੇ ਖੇਲ ਮਹਾਨ । ਕਲਜੁਗ ਅੰਤਮ ਖੇਲ ਮਹਾਨਾ, ਨਿਰਗੁਣ ਨਿਰਵੈਰ ਆਪ ਕਰਾਈਆ । ਏਕਾ ਸ਼ਬਦ ਧੁਰ ਫਰਮਾਨਾ, ਹਰਿ ਕਾ ਨਾਉਂ ਦਏ ਸੁਣਾਈਆ । ਨੌ ਖੰਡ ਪ੍ਰਿਥਮੀ ਏਕਾ ਗਾਣਾ, ਏਕਾ ਰਈਯਤ ਦਏ ਜਣਾਈਆ । ਏਕਾ ਹਰਿ ਏਕਾ ਗਾਨਾ, ਏਕਾ ਕਰੇ ਪੜ੍ਹਾਈਆ । ਏਕਾ ਗੁਰ ਏਕਾ ਪਹਿਰੇ ਬਾਣਾ, ਏਕਾ ਭਾਣਾ ਲਏ ਮਨਾਈਆ । ਏਕਾ ਭਗਤ ਭਗਵੰਤ ਸੁਹਾਏ ਦਰ ਦਰਬਾਨਾ, ਦਰ ਦਰਵੇਸ਼ ਲਏ ਵਡਿਆਈਆ । ਏਕਾ ਘਟ ਘਟ ਹੋਏ ਜਾਣੀ ਜਾਣਾ, ਭੁਲ ਰਹੇ ਨਾ ਰਾਈਆ । ਏਕਾ ਪੁਰਖ ਇਕ ਸੁਲਤਾਨਾ, ਏਕਾ ਸਤਿਗੁਰ ਸੇਵ ਕਮਾਈਆ । ਏਕਾ ਬ੍ਰਹਮ ਏਕਾ ਬ੍ਰਹਮ ਗਿਆਨਾ, ਏਕਾ ਪਾਰਬ੍ਰਹਮ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਆਪ ਉਠਾਈਆ । ਕਲਜੁਗ ਅੰਤਮ ਪਰਦਾ ਚੁੱਕਿਆ, ਨਿਰਗੁਣ ਨੂਰ ਕਰ ਉਜਿਆਰ । ਇਕ ਸੱਤ ਜੋ ਰਿਹਾ ਲੁਕਿਆ, ਇਕ ਅੱਠ ਕਰੇ ਖ਼ਵਾਰ । ਸਿੰਘ ਸ਼ੇਰ ਸ਼ੇਰ ਹੋ ਹੋ ਬੁੱਕਿਆ, ਏਕਾ ਭਬਕ ਮਾਰੇ ਵਿਚ ਸੰਸਾਰ । ਨੌ ਖੰਡ ਪ੍ਰਿਥਮੀ ਜੀਵ ਜੰਤ ਜਾਏ ਲੁੱਟਿਆ, ਨੇਤਰ ਰੋਵੇ ਜ਼ਾਰੋ ਜ਼ਾਰ । ਗੁਰਮੁਖ ਵਿਰਲੇ ਉਪਰ ਸਤਿਗੁਰ ਸਾਹਿਬ ਸੱਚਾ ਆਪੇ ਤੁਠਿਆ, ਆਤਮ ਅੰਤਰ ਕਰੇ ਪਿਆਰ । ਅੰਮ੍ਰਿਤ ਜਾਮ ਪਿਆਏ ਘੁੱਟਿਆ, ਅਗਨੀ ਤਤ ਦਏ ਨਿਵਾਰ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਜੋਤ ਧਰ, ਆਪਣਾ ਪਰਦਾ ਰਿਹਾ ਉਤਾਰ । ਪਰਦਾ ਉਠਾਇਆ ਜਗਤ ਸਿੰਘਾਸਣ, ਸ਼ਹਿਨਸ਼ਾਹ ਵਡੀ ਵਡਿਆਈਆ । ਸ੍ਰਿਸ਼ਟ ਸਬਾਈ ਸਾਧਾਂ ਸੰਤਾ ਡੋਲੇ ਆਸਣ, ਜੋ ਬੈਠੇ ਖ਼ਾਕ ਵਿਛਾਈਆ । ਕਿਸੇ ਨਾ ਸੁਰਤੀ ਫੜੇ ਸੁਆਸਣ, ਸੁਰਤੀ ਸ਼ਬਦ ਨਾ ਕੋਈ ਮਿਲਾਈਆ । ਜੋ ਜਨ ਹੋਏ ਦਾਸੀ ਦਾਸਨ, ਤਿਸ ਘਾਲ ਥਾਏ ਪਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਕਲਜੁਗ ਕੂੜ ਕੁੜਿਆਰਾ ਕਰ ਬੈਠਾ ਰਿਹਾ ਆਸਣ, ਆਤਮ ਆਸ ਪਿਆਸ ਬੁਝਾਈਆ । ਏਕਾ ਨੂਰ ਕਰੇ ਪ੍ਰਕਾਸ਼ਨ, ਪ੍ਰਭ ਪੁਰਖ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਪਰਦਾ ਆਪ ਉਠਾਈਆ ।

## ★ ੧ ਚੇਤ ੨੦੧੮ ਬਿਕ੍ਰਮੀ ਦਿੱਲੀ ਸ਼ਬਦ ਸਿੰਘਾਸਣ ਪਰ ★

ਸੋ ਪੁਰਖ ਨਿਰੰਜਣ ਹਰਿ ਬਲਵਾਨਾ, ਆਦਿ ਅੰਤ ਸੱਚਾ ਸ਼ਹਿਨਸ਼ਾਹੀਆ । ਹਰਿ ਪੁਰਖ ਨਿਰੰਜਣ ਨੌਜਵਾਨਾ, ਇਕ ਇਕੱਲਾ ਬੇਪਰਵਾਹੀਆ । ਏਕੰਕਾਰਾ ਵਸਣਹਾਰਾ ਸਚਖੰਡ ਸੱਚੇ ਮਕਾਨਾ, ਦਰ ਘਰ ਸਾਚੇ ਸੋਭਾ ਪਾਈਆ । ਆਦਿ ਨਿਰੰਜਣ ਜੋਤੀ ਨੂਰ ਨੂਰ ਮਹਾਨਾ, ਨਿਰਵੈਰ ਨਿਰਾਕਾਰ ਅਜੂਨੀ ਰਹਿਤ ਡਗਮਗਾਈਆ । ਅਬਿਨਾਸ਼ੀ ਕਰਤਾ ਲੇਖਾ ਜਾਣੇ ਦੋ ਜਹਾਨਾ, ਵੇਖਣਹਾਰਾ ਥਾਉਂ ਥਾਈਆ । ਸ੍ਰੀ ਭਗਵਾਨ ਸਤਿ ਸਰੂਪੀ ਆਦਿ ਜੁਗਾਦਿ ਜੁਗਾ ਜੁਗੰਤਰ ਆਪ ਝੁਲਾਏ ਸਚ ਨਿਸ਼ਾਨਾ, ਸਤਿ ਸਤਿਵਾਦੀ ਹੱਥ ਉਠਾਈਆ । ਪਾਰਬ੍ਰਹਮ ਆਪਣੇ ਗ੍ਰਿਹਿ ਹੋ ਪਰਧਾਨਾ, ਲੇਖਾ ਜਾਣੇ ਜਾਣੀ ਜਾਣਾ, ਜਾਨਣਹਾਰ ਇਕ ਅਖਵਾਈਆ । ਆਪਣੀ ਇਛਿਆ ਦੇਵੇ ਦਾਨਾ, ਸਾਚੀ ਭਿਛਿਆ ਮਰਦ ਮਰਦਾਨਾ, ਬੇਐਬ ਨਾਉਂ ਖ਼ੁਦਾਈਆ । ਏਕਾ ਨਾਦ ਧੁਰ ਤਰਾਨਾ, ਸ਼ਬਦ ਅਗੰਮੀ ਹਰਿ ਫ਼ਰਮਾਨਾ, ਤੁਰੀਆ ਤੂਰਤ ਆਪ ਵਜਾਈਆ । ਥਿਰ ਘਰ ਸੁਹਾਏ ਹੋ ਮਿਹਰਵਾਨਾ, ਤਖ਼ਤ ਨਿਵਾਸੀ ਸ਼ਾਹ ਸ਼ਾਹਾਨਾ, ਸ਼ਾਹੋ ਭੂਪ ਰਾਜ ਰਾਜਾਨਾ, ਸਚ ਸਿੰਘਾਸਣ ਆਸਣ ਲਾਈਆ । ਦਰ ਦਰਵੇਸ਼ ਗੁਣ ਨਿਧਾਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਆਪਣੀ ਧਾਰਾ ਆਪ ਚਲਾਈਆ । ਆਦਿ ਪੁਰਖ ਸਾਚੀ ਧਾਰਾ, ਹਰਿ ਹਰਿ ਆਪ ਚਲਾਇੰਦਾ । ਨੂਰ ਉਜਾਲਾ ਹੋ ਉਜਿਆਰਾ, ਨੂਰ ਨੂਰਾਨਾ ਡਗਮਗਾਇੰਦਾ । ਸਾਚੇ ਤਖ਼ਤ ਬਣ ਸਿਕਦਾਰਾ, ਧੁਰ ਫ਼ਰਮਾਨਾ ਹੁਕਮ ਅਲਾਇੰਦਾ । ਸਾਚਾ ਸਾਜ ਕਰ ਤਿਆਰਾ, ਨਿਰਗੁਣ ਆਪਣੀ ਬਣਤ ਬਣਾਇੰਦਾ । ਘਾੜਨ ਘੜਤ ਘੜੇ ਅਪਰ ਅਪਾਰਾ, ਦੂਸਰ ਸੰਗ ਨਾ ਕੋਇ ਰਖਾਇੰਦਾ । ਹਰਿ ਕਾ ਰੂਪ ਨਾ ਕਿਸੇ ਵਿਚਾਰਾ, ਬੇਅੰਤ ਬੇਅੰਤ ਸਰਬ ਗਾਇੰਦਾ । ਆਪੇ ਵਸੇ ਸਭ ਤੋਂ ਬਾਹਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਨਰ, ਨਰ ਨਰਾਇਣ ਆਪਣਾ ਨਾਉਂ ਧਰਾਇੰਦਾ । ਨਰ ਨਰਾਇਣ ਨਰ ਨਿਰੰਕਾਰਾ ਆਪੇ ਰੱਖ, ਆਪਣੇ ਨਾਉਂ ਦਏ ਵਡਿਆਈਆ । ਨਿਰਗੁਣ ਰੂਪ ਨਿਰਗੁਣ ਹੋ ਪਰਤੱਖ, ਨਿਰਗੁਣ ਮੇਲਾ ਸਹਿਜ ਸੁਭਾਈਆ । ਨਿਰਗੁਣ ਦਾਤਾ ਪੁਰਖ ਸਮਰਥ, ਅਕਲ ਕਲ ਬੇਪਰਵਾਹੀਆ । ਆਪ ਚਲਾਏ ਆਪਣਾ ਰਥ, ਰਥ ਰਥਵਾਹੀ ਦਿਸ ਨਾ ਆਈਆ । ਆਪਣੀ ਮਹਿਮਾ ਗਾਏ ਅਕਥ, ਕਥਨੀ ਕਥ ਨਾ ਸਕੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਇਕ ਇਕੱਲਾ ਵਡ ਵਡਿਆਈਆ । ਇਕ ਇਕੱਲਾ ਸਚ ਮਹੱਲਾ, ਆਪ ਸੁਹਾਇੰਦਾ । ਜੋਤੀ ਸ਼ਬਦੀ

ਆਪੇ ਰਲਾ, ਸ਼ਬਦ ਅਨਾਦੀ ਨਾਦ ਸੁਣਾਇੰਦਾ । ਆਪੇ ਫੜੇ ਆਪਣਾ ਪੱਲਾ, ਸਗਲਾ ਸੰਗ ਆਪ ਨਿਭਾਇੰਦਾ । ਆਪਣਾ ਆਸਣ ਆਪੇ ਮੱਲਾ, ਸਚ ਸਿੰਘਾਸਣ ਸੋਭਾ ਪਾਇੰਦਾ । ਆਪਣਾ ਸੰਦੇਸ਼ ਆਪੇ ਘੱਲਾ, ਨਰ ਨਰੇਸ਼ ਹੁਕਮ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਇਛਿਆ ਆਪਣਾ ਭੰਡਾਰਾ ਆਪੇ ਭਰ, ਆਪੇ ਵੇਖ ਵਖਾਇੰਦਾ । ਸਚਖੰਡ ਹਰਿ ਨਿਰੰਕਾਰਾ, ਨਿਰਗੁਣ ਆਪਣੀ ਵਸਤ ਆਪ ਵਰਤਾਈਆ । ਲੇਖਾ ਜਾਣੇ ਅੰਦਰ ਬਾਹਰਾ ਗੁਪਤ ਜ਼ਾਹਰਾ, ਰੂਪ ਅਨੂਪ ਸੱਚਾ ਸ਼ਹਿਨਸ਼ਾਹੀਆ । ਸਾਚੇ ਮੰਦਰ ਸਾਚੇ ਗ੍ਰਿਹ ਸਾਚੇ ਘਰ ਹੋਏ ਮੰਗਲਚਾਰਾ, ਗੀਤ ਗੋਬਿੰਦ ਆਪੇ ਗਾਈਆ । ਲੇਖਾ ਜਾਣੇ ਧੁਰ ਦਰਬਾਰਾ, ਸਚਖੰਡ ਵੱਜੇ ਵਧਾਈਆ । ਨਾ ਕੋਈ ਪੁਰਖ ਨਾ ਕੋਈ ਨਾਰਾ, ਆਪਣੀ ਬਣਤ ਆਪ ਬਣਾਈਆ । ਲੇਖਾ ਜਾਣੇ ਕੰਤ ਭਤਾਰਾ, ਸੇਜ ਸੁਹੰਜਣੀ ਆਪ ਹੰਢਾਈਆ । ਇਕ ਇਕੱਲਾ ਸੁਤ ਦੁਲਾਰਾ, ਸ਼ਬਦੀ ਸ਼ਬਦ ਦਏ ਵਡਿਆਈਆ । ਏਕਾ ਕਰੇ ਸਚ ਵਿਹਾਰਾ, ਸਤਿ ਸਤਿਵਾਦੀ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਈਆ । ਸਾਚਾ ਸੁਤ ਸ਼ਬਦ ਉਠਾਇਆ, ਕਰ ਕਿਰਪਾ ਗੁਣ ਨਿਧਾਨ । ਧੁਰ ਫ਼ਰਮਾਨਾ ਇਕ ਸੁਣਾਇਆ, ਕਰ ਕਿਰਪਾ ਹੋ ਮਿਹਰਬਾਨ । ਤੇਰੀ ਸੇਵਾ ਇਕ ਲਗਾਇਆ, ਸਾਚੀ ਸੇਵਾ ਇਕ ਪਛਾਣ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਤੇਰੀ ਰਚਨ ਰਚਾਇਆ, ਮੇਰਾ ਹੁਕਮ ਤੇਰਾ ਫ਼ਰਮਾਨ । ਤੇਰਾ ਬੰਧਨ ਏਕਾ ਪਾਇਆ, ਨਾ ਕੋਈ ਤੋੜੇ ਤੋੜ ਤੁੜਾਨ । ਵਿਸ਼ਵ ਆਪਣਾ ਨਾਉਂ ਰਖਾਇਆ, ਵਾਸਤਕ ਖੇਲ ਕਰੇ ਭਗਵਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਹੋਏ ਜਾਣੀ ਜਾਣ । ਸ਼ਬਦ ਦੁਲਾਰ ਨਿਮਸਕਾਰਿਆ, ਦੋਏ ਜੋੜ ਜਗਦੀਸ । ਹਉਂ ਬਾਲਕ ਬਾਲ ਇਆਨਿਆ, ਤੂੰ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਤੇਰਾ ਹੁਕਮ ਤੇਰੀ ਹਦੀਸ । ਤੇਰਾ ਦਰ ਮੋਹੇ ਪਰਵਾਨਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਆਪਣਾ ਵਰ, ਮੈਂ ਪੀਸਣ ਰਿਹਾ ਪੀਸ । ਹਰਿ ਸਾਚਾ ਹੁਕਮ ਸੁਣਾਇੰਦਾ, ਪੁਰਖ ਅਗੰਮੜਾ ਅਗੰਮੜੀ ਕਾਰ । ਤੇਰੀ ਸੇਵਾ ਸਚ ਲਗਾਇੰਦਾ, ਵਿਸ਼ਨ ਬ੍ਰਹਮਾ ਸ਼ਿਵ ਕਰ ਤਿਆਰ । ਤ੍ਰੈਗੁਣ ਤੇਰੀ ਚਰਨਾਂ ਧੂੜ ਬਣਾਇੰਦਾ, ਪੰਜ ਤਤ ਵੇਖੇ ਤੇਰੀ ਛਾਰ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਰਵ ਸਸ ਤੇਰੀ ਕਿਰਨ ਕਿਰਨ ਪਰਗਟਾਇੰਦਾ, ਇਕ ਇਕ ਇਕ ਨਾਲ ਕਰ ਪਿਆਰ । ਆਪਣੀ ਖੇਲ ਆਪ ਖਿਲਾਇੰਦਾ, ਖੇਲ ਕਰੇ ਅਪਰ ਅਪਾਰ । ਚੇਲਾ ਗੁਰ ਰੂਪ ਵਟਾਇੰਦਾ, ਇਕ ਇਕੱਲਾ ਏਕੰਕਾਰ । ਸੱਜਣ ਸੁਹੇਲਾ ਵੇਖ ਵਖਾਇੰਦਾ, ਭੁਲ ਨਾ ਜਾਏ ਦੂਜੀ ਵਾਰ । ਲੱਖ ਚੁਰਾਸੀ ਤੇਰੀ ਝੋਲੀ ਪਾਇੰਦਾ, ਘਾੜਨ ਘੜ ਅਪਰ ਅਪਾਰ । ਜੁਗ ਚੌਕੜੀ ਵੰਡ ਵੰਡਾਇੰਦਾ, ਨੌ ਨੌ ਰੱਖਿਆ ਧੁਰ ਦਰਬਾਰ । ਚਾਰ ਚਾਰ ਪੰਧ ਸਮਝਾਇੰਦਾ, ਪੁਰਖ ਅਬਿਨਾਸ਼ੀ ਬੇਐਬ ਪਰਵਰਦਿਗਾਰ । ਗੁਰ ਪੀਰ ਅਵਤਾਰ ਤੇਰਾ ਰੰਗ ਰੰਗਾਇੰਦਾ, ਮੇਰਾ ਨਾਉਂ ਤੇਰੀ ਸਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਸੁਣਾਏ ਆਪਣੀ ਸੱਚੀ ਗੁਫ਼ਤਾਰ । ਸਚ ਸੰਦੇਸ਼ ਸੁਣਾਇਆ, ਪਾਰਬ੍ਰਹਮ ਕਰਤਾਰ । ਸ਼ਬਦੀ ਸੁਤ ਉਠਾਇਆ, ਘਰ ਸਾਚੇ ਕਰ ਪਿਆਰ । ਸਾਚਾ ਮਾਰਗ ਇਕ ਜਣਾਇਆ, ਆਪ ਵਖਾਏ ਏਕੰਕਾਰ । ਕਾਗਦ ਕਲਮ ਨਾ ਲੇਖ ਲਿਖਾਇਆ, ਲੇਖਾ ਜਾਣੇ ਨਾ ਕੋਇ ਸੰਸਾਰ । ਨੌ ਨੌ ਏਕਾ ਭਗਤ ਦ੍ਰਿੜਾਇਆ, ਚਾਰ ਚਾਰ ਦਏ ਆਧਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਕਰਾਏ ਸਾਚੀ ਕਾਰ । ਸਾਚਾ ਸੁਣ ਹਰਿ ਫ਼ਰਮਾਨਾ, ਸ਼ਬਦੀ ਸੁਤ ਸੀਸ ਝੁਕਾਇੰਦਾ । ਤੂੰ ਸ਼ਾਹ ਪਾਤਸ਼ਾਹ ਸਾਚਾ ਰਾਣਾ, ਸੀਸ ਜਗਦੀਸ ਚਰਨ

ਕਵਲ ਟਿਕਾਇੰਦਾ । ਨਵ ਨੌ ਚਾਰ ਮਨਾਇਆ ਤੇਰਾ ਭਾਣਾ, ਨੇਤਰ ਨੈਣ ਨਾ ਕੋਇ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਵੇਲਾ ਕਵਣ ਵਕਤ ਕਵਣ ਵਾਰ ਕਵਣ ਥਿਤ ਕਵਣ ਸੱਚੀ ਸਾਚੀ ਰੁੱਤ, ਲੋਕਮਾਤ ਵੇਖ ਵਖਾਇੰਦਾ । ਵੇਲਾ ਵਕ਼ਤ ਹਰਿ ਜਣਾ, ਸੁਤ ਕਰੇ ਦੋਏ ਜੋੜ ਨਿਮਸਕਾਰਿਆ । ਪੁਰਖ ਅਬਿਨਾਸ਼ੀ ਭੇਵ ਖੁਲ੍ਹਾ, ਹਉਂ ਬਾਲਕ ਬਾਲ ਨਾਦਾਨਿਆ । ਨੌ ਸੌ ਚੁਰਾਨਵੇ ਚੌਕੜੀ ਜੁਗ ਤੇਰੀ ਸੇਵਾ ਲਵਾਂ ਕਮਾ, ਵਿਸ਼ਨ ਬ੍ਰਹਮਾ ਸ਼ਿਵ ਕਰ ਪਰਵਾਨਿਆ । ਤ੍ਰੈਗੁਣ ਬੰਧਨ ਏਕਾ ਪਾ, ਪੰਜ ਤਤ ਖੇਲਾਂ ਖੇਲ ਜਹਾਨਿਆ । ਗੁਰ ਪੀਰ ਅਵਤਾਰ ਆਪਣੇ ਰੰਗ ਰੰਗਾ, ਤੇਰਾ ਦੇਵਾਂ ਧੁਰ ਫ਼ਰਮਾਨਿਆ । ਸਚ ਸੰਦੇਸ਼ ਇਕ ਸੁਣਾ, ਸਾਹਿਬ ਸਚ ਸੁਲਤਾਨਿਆ । ਕਵਣ ਵੇਲਾ ਕਵਣ ਵਕ਼ਤ ਆਪਣਾ ਮੇਲਾ ਲਏ ਮਿਲਾ, ਨਾਤਾ ਤੁਟੇ ਜੀਵ ਜਹਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸੱਚਾ ਦਾਨਿਆ । ਕਰ ਕਿਰਪਾ ਹਰਿ ਸਮਝਾਇੰਦਾ, ਗੁਣਵੰਤਾ ਗੁਣ ਨਿਧਾਨ । ਸ਼ਬਦ ਸੁਤ ਤੇਰਾ ਮੇਲ ਮਿਲਾਇੰਦਾ, ਨਵ ਨੌ ਚਾਰ ਕਰ ਪਰਵਾਨ । ਕਲਜੁਗ ਅੰਤਮ ਖੇਲ ਖਿਲਾਇੰਦਾ, ਖੇਲੇ ਖੇਲ ਸ੍ਰੀ ਭਗਵਾਨ । ਜੁਗ ਚੌਕੜੀ ਮੇਟ ਮਿਟਾਇੰਦਾ, ਲੇਖਾ ਜਾਣੇ ਆਪ ਨਿਗਹਬਾਨ । ਗੁਰ ਅਵਤਾਰ ਤੇਰਾ ਮੇਰਾ ਨਾਉਂ ਗਾਇੰਦਾ, ਮੇਰਾ ਨਾਉਂ ਸਚ ਨਿਸ਼ਾਨ । ਕਲਜੁਗ ਅੰਤਮ ਵੇਸ ਵਟਾਇੰਦਾ, ਪਰਗਟ ਹੋਏ ਆਪ ਭਗਵਾਨ । ਨਿਰਗੁਣ ਜੋਤੀ ਜੋਤ ਜਗਾਇੰਦਾ, ਰੂਪ ਰੰਗ ਰੇਖ ਨਾ ਸਕੇ ਕੋਇ ਪਛਾਣ । ਤੇਰਾ ਨਾਉਂ ਸ਼ਬਦ ਡੰਕ ਵਜਾਇੰਦਾ, ਆਪ ਸੁਣਾਏ ਦੋ ਜਹਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਮ ਮੇਲਾ ਕਰੇ ਆਣ । ਅੰਤਮ ਮੇਲ ਕਰਾਵਣਾ, ਹਰਿ ਕਰਤਾ ਕਰਨੇਹਾਰ । ਨਵ ਨਵ ਚਾਰ ਪੰਧ ਮੁਕਾਵਣਾ, ਲੇਖਾ ਜਾਣੇ ਧੁਰ ਦਰਬਾਰ । ਸਚਖੰਡ ਲੋਕਮਾਤ ਸੁਹਾਵਣਾ, ਨਿਰਗੁਣ ਜੋਤ ਕਰ ਉਜਿਆਰ । ਸਾਚਾ ਮੰਦਰ ਆਪ ਬਣਾਵਣਾ, ਆਪੇ ਹੋਏ ਘੜਨਹਾਰ । ਦੀਪਕ ਜੋਤੀ ਆਪ ਜਗਾਵਣਾ, ਸ਼ਬਦ ਅਨਾਦ ਵੱਜੇ ਧੁਨਕਾਰ । ਤੇਰਾ ਰੂਪ ਆਪ ਦਰਸਾਵਣਾ, ਪਰਗਟ ਹੋ ਵਿਚ ਸੰਸਾਰ । ਕੂੜੀ ਕਿਰਿਆ ਮੇਲ ਮਿਲਾਵਣਾ, ਚਾਰੋਂ ਕੁੰਟ ਕਰੇ ਉਜਿਆਰ । ਵਿਸ਼ਨ ਬ੍ਰਹਮਾ ਸ਼ਿਵ ਆਪਣੇ ਵਿਚ ਮਿਲਾਵਣਾ, ਆਪੇ ਜਾਣੇ ਆਪਣੀ ਧਾਰ । ਤ੍ਰੈਗੁਣ ਤ੍ਰੈ ਤ੍ਰੈ ਲੋਕਾਂ ਖਾਤੇ ਪਾਵਣਾ, ਚੌਦਾਂ ਹੱਟ ਵੇਖੇ ਵਣਜ ਵਪਾਰ । ਪੰਜ ਤਤ ਮੂਲ ਚੁਕਾਵਣਾ, ਰਤੀ ਰਤ ਕਰੇ ਖ਼ਵਾਰ । ਪਾਰਬ੍ਰਹਮ ਬ੍ਰਹਮ ਆਪਣਾ ਵੇਖ ਵਖਾਵਣਾ, ਵੇਖੇ ਵਿਗਸੇ ਕਰੇ ਵਿਚਾਰ । ਏਕਾ ਧਾਰਾ ਏਕਾ ਨਾਅਰਾ ਨਾਉਂ ਨਿਰੰਕਾਰਾ ਆਪ ਸਮਝਾਵਣਾ, ਕਰੇ ਖੇਲ ਅਗੰਮ ਅਪਾਰ । ਸੋ ਪੁਰਖ ਨਿਰੰਜਣ ਆਪਣਾ ਦਰ ਵਖਾਵਣਾ, ਹੰ ਬ੍ਰਹਮ ਲਏ ਉਭਾਰ । ਏਕਾ ਮੰਦਰ ਸੋਭਾ ਪਾਵਣਾ, ਏਕਾ ਸੋਹੇ ਬੰਕ ਦਵਾਰ । ਏਕਾ ਕਿਲਾ ਕੋਟ ਬਣਾਵਣਾ, ਏਕਾ ਖੜਗ ਖੰਡਾ ਕਟਾਰ । ਏਕਾ ਸ਼ਾਹ ਪਾਤਸ਼ਾਹ ਅਖਵਾਵਣਾ, ਏਕਾ ਹੁਕਮ ਸੱਚੀ ਸਰਕਾਰ । ਏਕਾ ਭਾਣਾ ਆਪ ਵਰਤਾਵਣਾ, ਨਾ ਕੋਈ ਮੇਟੇ ਮੇਟਣਹਾਰ । ਸ਼ਾਹ ਸੁਲਤਾਨਾਂ ਖ਼ਾਕ ਮਿਲਾਵਣਾ, ਕੂੜੀ ਕਿਰਿਆ ਦਏ ਨਿਵਾਰ । ਤੇਰਾ ਰੂਪ ਆਪਣੇ ਵਿਚ ਸਮਾਵਣਾ, ਆਪ ਆਪਣਾ ਕਰ ਪਿਆਰ । ਆਪਣਾ ਡੰਕਾ ਫੇਰ ਵਜਾਵਣਾ, ਲੋਕਮਾਤ ਕਰੇ ਖ਼ਬਰਦਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਜਾਣੇ ਸਾਚੀ ਕਾਰ । ਆਦਿ ਜੁਗਾਦੀ ਖੇਲ ਖਿਲਾਇੰਦਾ, ਜੁਗ ਕਰਤਾ ਬੇਪਰਵਾਹ । ਜੁਗ ਜੁਗ ਆਪਣਾ ਵੇਸ ਵਟਾਇੰਦਾ, ਵੇਸ ਅਵੱਲੜਾ ਇਕ ਧਰਾ । ਨਿਰਗੁਣ ਸਰਗੁਣ ਸੰਗ ਨਿਭਾਇੰਦਾ, ਸਰਗੁਣ ਦੇਵੇ ਸ਼ਬਦ ਸਲਾਹ । ਬੋਧ ਅਗਾਧਾ ਆਪੇ ਗਾਇੰਦਾ, ਭੇਵ ਅਭੇਦਾ

ਭੇਵ ਖੁਲ੍ਹਾ । ਬ੍ਰਹਮਾ ਵੇਤਾ ਆਪ ਉਠਾਇੰਦਾ, ਚਾਰੇ ਵੇਦਾਂ ਲਏ ਪੜ੍ਹਾ । ਪੁਰਾਨ ਅਠਾਰਾਂ ਏਕਾ ਧਾਰ ਜਣਾਇੰਦਾ, ਵੇਦ ਵਿਦਤ ਮੂਲ ਚੁਕਾ । ਸ਼ਾਸਤਰ ਸਿਮਰਤ ਆਪਣੇ ਅੰਗ ਲਗਾਇੰਦਾ, ਅੰਗੀਕਾਰ ਕਰਨੇਹਾਰਾ ਦਏ ਪਨਾਹ । ਰੂਪ ਅਨੂਪ ਆਪ ਧਰਾਇੰਦਾ, ਪਰਗਟ ਹੋਏ ਵਿਚ ਜਹਾਂ । ਖਾਣੀ ਬਾਣੀ ਖੇਲ ਖਿਲਾਇੰਦਾ, ਬਿਸਮਲ ਰੂਪ ਅਨੂਪ ਖ਼ੁਦਾ । ਆਪਣਾ ਢੋਲਾ ਆਪ ਸੁਣਾਇੰਦਾ, ਆਪਣਾ ਕਲਮਾ ਆਪੇ ਲਏ ਪੜ੍ਹਾ । ਆਪਣਾ ਮੰਤਰ ਨਾਮ ਦ੍ਰਿੜਾਇੰਦਾ, ਸਚ ਸੰਦੇਸ਼ ਇਕ ਜਣਾ । ਗੁਰ ਅਵਤਾਰ ਸੇਵਾ ਲਾਇੰਦਾ, ਜੁਗ ਜੁਗ ਪਕੜਨਹਾਰਾ ਬਾਂਹ । ਸਤਿਜੁਗ ਤ੍ਰੇਤਾ ਦਵਾਪਰ ਪਾਰ ਕਰਾਇੰਦਾ, ਕਲਜੁਗ ਅੰਤਮ ਵੇਖੇ ਆ । ਗੁਰ ਗੁਰ ਨਿਉਂ ਨਿਉਂ ਸੀਸ ਝੁਕਾਇੰਦਾ, ਦਰ ਦਰਵੇਸ਼ ਤੱਕੇ ਰਾਹ । ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹ ਸਾਚੇ ਤਖ਼ਤ ਆਸਣ ਲਾਇੰਦਾ, ਏਕੰਕਾਰਾ ਅਗੰਮ ਅਥਾਹ । ਅਲਖ ਅਲਖਨਾ ਭੇਵ ਕੋਇ ਨਾ ਪਾਇੰਦਾ, ਅਗੰਮ ਅਗੰਮੜਾ ਆਪਣੇ ਮਾਰਗ ਆਪੇ ਰਿਹਾ ਚਲਾ । ਨਿਰਗੁਣ ਨਿਰਗੁਣ ਜੋਤੀ ਜਾਮਾ ਵੇਸ ਵਟਾਇੰਦਾ, ਉਚੇ ਟਿੱਲੇ ਪਰਬਤ ਜੰਗਲ ਜੂਹ ਉਜਾੜ ਪਹਾੜ ਦਿਸੇ ਕਿਸੇ ਨਾ । ਕੋਟਨ ਕੋਟ ਜੀਵ ਜੰਤ ਸਾਧ ਸੰਤ ਰਾਹ ਤਕਾਇੰਦਾ, ਨਿਜ ਘਰ ਬੈਠੇ ਤਾੜੀ ਲਾ । ਸਤਿ ਸਤਿਵਾਦੀ ਮੇਲ ਨਾ ਕੋਇ ਮਿਲਾਇੰਦਾ, ਆਤਮ ਅੰਤਰ ਮੇਲਾ ਮੇਲ ਨਾ ਲਏ ਮਿਲਾ । ਸਾਚੀ ਬਣਤਰ ਆਪ ਬਣਾਇੰਦਾ, ਕਲਜੁਗ ਅੰਤਮ ਨਿਹਕਲੰਕੀ ਜਾਮਾ ਪਾ । ਸ਼ਬਦ ਖੰਡਾ ਇਕ ਚਮਕਾਇੰਦਾ, ਇਕ ਅੱਠ ਕਰਨਹਾਰ ਫ਼ਨਾਹ । ਅੱਠਾਂ ਤਤਾਂ ਪਰਦਾ ਲਾਹਿੰਦਾ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਦਏ ਗਵਾ । ਸਾਚੀ ਸੁਧ ਆਪ ਜਣਾਇੰਦਾ, ਜਿਸ ਸਿਰ ਆਪਣਾ ਹੱਥ ਦਏ ਟਿਕਾ । ਆਤਮ ਬ੍ਰਹਮ ਪਾਰਬ੍ਰਹਮ ਆਪਣੇ ਰੰਗ ਰੰਗਾਇੰਦਾ, ਰੰਗ ਮਜੀਠੀ ਇਕ ਚੜ੍ਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਫੇਰਾ ਪਾ । ਅੰਤਮ ਫੇਰਾ ਹਰਿ ਜਗਦੀਸ, ਪੁਰਖ ਅਕਾਲ ਵਡੀ ਵਡਿਆਈਆ । ਏਕਾ ਤਾਜ ਰੱਖੇ ਸੀਸ, ਤਖ਼ਤ ਨਿਵਾਸੀ ਸੱਚਾ ਸ਼ਹਿਨਸ਼ਾਹੀਆ । ਲੇਖਾ ਚੁੱਕੇ ਬੀਸ ਬੀਸ, ਰਾਗ ਛਤੀਸ ਦੇਣ ਦੁਹਾਈਆ । ਨਾਤਾ ਤੁੱਟੇ ਕ਼ੁਰਾਨ ਹਦੀਸ, ਵੇਦ ਪੁਰਾਨ ਨੇਤਰ ਨੈਣਾਂ ਨੀਰ ਵਹਾਈਆ । ਲੱਖ ਚੁਰਾਸੀ ਪੀਸਣ ਰਿਹਾ ਪੀਸ, ਕਲਜੁਗ ਕੂੜੀ ਚੱਕੀ ਮਾਤ ਚਲਾਈਆ । ਰਾਜ ਰਾਜਾਨਾਂ ਸ਼ਾਹ ਸੁਲਤਾਨਾ ਕਰੇ ਖ਼ਾਲੀ ਖ਼ੀਸ, ਤ੍ਰੈਗੁਣ ਅਗਨੀ ਤਤ ਜਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਖੰਡਾ ਨਾਮ ਉਠਾਈਆ । ਸਾਚਾ ਖੰਡਾ ਹਰਿ ਕਾ ਨਾਉਂ, ਦੂਸਰ ਅਵਰ ਨਾ ਕੋਈ ਜਣਾਇੰਦਾ । ਲੱਖ ਚੁਰਾਸੀ ਸ੍ਰਿਸ਼ਟ ਸਬਾਈ ਨੌ ਨੌ ਵੇਖੇ ਥਾਈਂ ਥਾਉਂ, ਸਤਿ ਸਤਿ ਆਪੇ ਫੇਰਾ ਪਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਜੁਗ ਕਰਤਾ ਕਰੇ ਸਚ ਨਿਆਉਂ, ਲੇਖਾ ਕੋਈ ਰਹਿਣ ਨਾ ਪਾਇੰਦਾ । ਹਰਿ ਭਗਤ ਉਠਾਏ ਫੜ ਫੜ ਬਾਹੋਂ, ਸ਼ਬਦ ਸੰਦੇਸ਼ ਇਕ ਸੁਣਾਇੰਦਾ । ਹੰਸ ਬਣਾਏ ਫੜ ਫੜ ਕਾਉਂ, ਜਿਸ ਜਨ ਸੋਹੰ ਹੰਸਾ ਮੋਤੀ ਚੋਗ ਚੁਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਏਕੰਕਾਰਾ ਏਕਾ ਰੰਗ ਰੰਗਾਇੰਦਾ । ਏਕਾ ਰਥ ਹਰਿ ਰਥੀਆ, ਦੋਏ ਦੋਏ ਰੱਖੇ ਧਾਰ । ਨੌ ਸੌ ਚੁਰਾਨਵੇ ਚੌਕੜੀ ਜੁਗ ਜੋ ਰਿਹਾ ਲੁਕਿਆ, ਪਰਗਟ ਹੋਇਆ ਵਿਚ ਸੰਸਾਰ । ਸ਼ਾਹ ਸੁਲਤਾਨ ਸ੍ਰੀ ਭਗਵਾਨਾ ਏਕਾ ਤੁਠਿਆ, ਜਗਤ ਰਾਜਾਨਾਂ ਕਰੇ ਖ਼ਬਰਦਾਰ । ਜੂਠਾ ਝੂਠਾ ਬੂਟਾ ਜਾਣਾ ਪੁੱਟਿਆ, ਥਿਰ ਰਹੇ ਨਾ ਵਿਚ ਸੰਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਹੱਥ ਖਿਚੇ ਸਚ ਕਟਾਰ । ਸਚ ਕਟਾਰਾ ਚੰਡੀ ਚਮਕੇ, ਦਾਮਨਗੀਰ ਆਪ ਚਮਕਾਈਆ । ਲੱਖ ਚੁਰਾਸੀ ਜਾਏ ਡੰਨ


੩੯੨
੧੦

ਕੇ, ਬਚਿਆ ਕੋਈ ਰਹਿਣ ਨਾ ਪਾਈਆ । ਆਪਣਾ ਬਲ ਆਪਣਾ ਜੋਧ ਆਪੇ ਕਰ ਕੇ, ਆਪਣੀ ਕਰੇ ਸੱਚੀ ਸ਼ਹਿਨਸ਼ਾਹੀਆ । ਦੂਜੇ ਨਾਲ ਨਾ ਬਹੇ ਰਲ ਕੇ, ਨਿਰਗੁਣ ਇਕ ਅਕੱਲਾ ਵਡੀ ਵਡਿਆਈਆ । ਸ਼ਾਹ ਪਾਤਸ਼ਾਹ ਜਾਏ ਛਲ ਕੇ, ਅਛਲ ਅਛੱਲ ਆਪਣਾ ਆਪ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ੍ਰਿਸ਼ਟ ਸਬਾਈ ਰਿਹਾ ਭੁਲਾਈਆ । ਸ੍ਰਿਸ਼ਟ ਸਬਾਈ ਰਿਹਾ ਭੁਲਾ, ਅਭੁੱਲ ਭੁੱਲ ਵਿਚ ਕਦੇ ਨਾ ਆਇਆ । ਗੁਰਮੁਖ ਸੱਜਣ ਲਏ ਮਿਲਾ, ਮੇਲ ਮਿਲਾਵਾ ਆਪ ਕਰਾਇਆ । ਵੀਹ ਸੌ ਅਠਾਰਾਂ ਬਿਕ੍ਰਮੀ ਪਹਿਲੀ ਚੇਤਰ ਦਿਵਸ ਸੁਹਾ, ਦੀਨ ਦੁਨੀ ਆਪਣੇ ਹੱਥ ਰਖਾਇਆ । ਰਾਸ਼ਟਰਪਤ ਦਏ ਜਗਾ, ਸੋਹੰ ਅੱਖਰ ਇਕ ਪੜ੍ਹਾਇਆ । ਰਸਨਾ ਗੌਣਾ ਮਿਲੇ ਬੇਪਰਵਾਹ, ਸਵਛ ਸਰੂਪੀ ਰੂਪ ਵਟਾਇਆ । ਅੰਤ ਦਿਸੇ ਨਾ ਕੋਈ ਥਾਂ, ਨਾ ਕੋਈ ਹੋਏ ਮਾਤ ਸਹਾਇਆ । ਚਰਨ ਕਵਲ ਧਿਆਨ ਇਕ ਲਗਾ, ਦੂਸਰ ਓਟ ਨਾ ਕੋਈ ਜਣਾਇਆ । ਵੀਹ ਸੌ ਵੀਹ ਬਿਕ੍ਰਮੀ ਪੰਦਰਾਂ ਕੱਤਕ ਆਪਣਾ ਤਖ਼ਤ ਤਾਜ ਲਏ ਸੁਹਾ, ਸ਼ਾਹ ਪਾਤਸ਼ਾਹ ਆਸਣ ਸਿੰਘਾਸਣ ਡੇਰਾ ਲਾਇਆ । ਨਾਮ ਖੰਡਾ ਜਾਏ ਹੱਥ ਫੜਾ, ਭੁਲ ਰਹੇ ਨਾ ਰਾਇਆ । ਚਾਰ ਜੁਗ ਜਿਸ ਪਾਈ ਵੰਡਾ ਕਲਜੁਗ ਅੰਤਮ ਆਇਆ ਬਣ ਮਲਾਹ, ਦੋ ਜਹਾਨਾਂ ਬੇੜਾ ਰਿਹਾ ਚਲਾਇਆ । ਭਾਰਤ ਖੰਡ ਪਹਿਲਾਂ ਦੇਵੇ ਇਕ ਸਲਾਹ, ਸ੍ਰਿਸ਼ਟ ਸਬਾਈ ਫੇਰ ਹਿਲਾਇਆ । ਰਾਤੀ ਸੁਤਿਆਂ ਸ਼ਬਦੀ ਜੇਵੜਾ ਗਲ ਵਿਚ ਲਏ ਪਾ, ਸਗਲਾ ਸਾਥੀ ਨਾ ਕੋਈ ਛੁਡਾਇਆ । ਸੋਹੰ ਗਾਉਣਾ ਹਰਿ ਕਾ ਨਾਂ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਰਾਹ ਚਲਾਇਆ । ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਏਕਾ ਮਾਰਗ ਦਏ ਪਾ, ਇਸ਼ਟ ਦੇਵ ਇਕ ਵਖਾਇਆ । ਰਾਮ ਕ੍ਰਿਸ਼ਨ ਆਪਣਾ ਰੂਪ ਲਏ ਵਟਾ, ਨਾਨਕ ਗੋਬਿੰਦ ਜੋਤ ਜਗਾਇਆ । ਈਸਾ ਮੂਸਾ ਲੜ ਲਏ ਫੜਾ, ਸੰਗ ਮੁਹੰਮਦ ਚਾਰ ਯਾਰ ਆਪਣੀ ਉਂਗਲੀ ਲਾਇਆ । ਸਭ ਦਾ ਸਾਂਝਾ ਪੀਰ ਦਸਤਗੀਰ ਬਣੇ ਆਪ ਖ਼ੁਦਾ, ਪਾਰਬ੍ਰਹਮ ਬੇਪਰਵਾਹਿਆ । ਨਿਰਗੁਣ ਨੂਰ ਜੋਤੀ ਰਿਹਾ ਡਗਮਗਾ, ਜਲਵਾ ਜਲਾਲ ਆਪ ਵਖਾਇਆ । ਆਪਣੇ ਮੰਦਰ ਆਪੇ ਸੋਭਾ ਰਿਹਾ ਪਾ, ਸਤਿ ਸਤਿਵਾਦੀ ਸਚ ਸਿੰਘਾਸਣ ਦਏ ਵਡਿਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਖੇਲ ਮਹਾਨ, ਜੁਗ ਕਰਤਾ ਆਪਣੀ ਕਾਰ ਕਰਾਇਆ ।

★ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ★

੧ ਚੇਤ ੨੦੧੮ ਬਿਕ੍ਰਮੀ ਪੰਜਾਂ ਪਿਆਰਿਆਂ ਅਤੇ ਲਿਖਾਰੀ ਨਾਲ ਲੈ ਕੇ ਨੰਗੀ ਤਲਵਾਰ ਰਾਸ਼ਟਰਪਤੀ ਡਾਕਟਰ ਰਾਜਿੰਦਰ ਪ੍ਰਸਾਦ ਨੂੰ ਦਿਤੀ, ਜਿਸ ਉਤੇ ਸ਼ਬਦ ਲਿਖਿਆ ਹੈ । ਜੋ ਸੰਸਾਰ ਵਿਚ ਸਤਿਜੁਗ ਦੀ ਧਾਰ ਪ੍ਰਸਿਧ ਕਰੇਗੀ । ਅਤੇ ਸਰਬ ਜੀਵ ਆਤਮ ਦੀ ਸ਼ਾਂਤੀ ਦਾ ਸੱਚਾ ਰਾਜ ਜੋਗ ਕਰਨ ਦੀ ਨਿਸ਼ਾਨੀ ਨਿਰਗੁਣ ਸਰੂਪ ਨਿਹਕਲੰਕ ਵਲੋਂ ਮਾਤਲੋਕ ਵਿਚ ਪ੍ਰਗਟ ਕੀਤੀ ਗਈ ਹੈ । ਜਿਸ ਦੀ ਆਣ ਸਰਬ ਸੰਸਾਰ ਨੂੰ ੨੦੨੦ ਬਿਕ੍ਰਮੀ ਨੂੰ ਮੰਨਣੀ ਪਵੇਗੀ ।

ਪੰਜਾ ਪਿਆਰਿਆਂ ਦੇ ਨਾਮ ਇਸ ਤਰਾਂ ਹਨ : –

ਸ੍ਰੀ ਬਿਸ਼ਨ ਸਿੰਘ ਜੀ ਗੁੜਗਾਉਂ, ਸ੍ਰੀ ਇੰਦਰ ਸਿੰਘ ਜੀ ਨਵੀਂ ਦਿੱਲੀ

ਸ੍ਰੀ ਪ੍ਰੀਤਮ ਸਿੰਘ ਜੀ ਜੇਠੂਵਾਲ ਅੰਮ੍ਰਿਤਸਰ, ਸ੍ਰੀ ਡਾ੦ ਪਾਲ ਸਿੰਘ ਜੀ ਭਲਾਈ ਪੁਰ
ਸ੍ਰੀ ਗੁਰਮੁਖ ਸਿੰਘ ਜੀ ਭਲਾਈ ਪੁਰ, ਸ੍ਰੀ ਦਰਸ਼ਨ ਸਿੰਘ ਜੀ ਲਿਖਾਰੀ ਲਲੀਆਂ ਜਲੰਧਰ
ਸ੍ਰੀ ਨਾਜ਼ਰ ਸਿੰਘ ਜੀ ਨਾਥੇਵਾਲ, ਅਤੇ ਸ੍ਰੀ ਡਾ੦ ਰੂਪ ਲਾਲ ਬੱਤਰਾ ਕੌਸਲਰ ਦਿੱਲੀ

ਜੋਤ ਸ਼ਬਦ ਅਧਾਰ, ਪੂਰਨ ਸਿੰਘ, ਪੰਜ ਮੁਖ ਤਾਜ ਅਤੇ ਚੁਰਾਸੀ ਕਲੀਆਂ ਵਾਲਾ ਚੋਲਾ ਪਾ ਕੇ ਅਤੇ ਨੰਗੀ ਤਲਵਾਰ ਹੱਥ ਵਿਚ ਲੈ ਕੇ ਗਏ ਸਨ ਜੀ । ਪੰਜਾਂ ਪਿਆਰਿਆਂ ਦੇ ਪੀਲੇ ਬਸਤਰ ਪਹਿਨੇ ਹੋਏ ਸਨ, ਲਿਖਾਰੀ ਦਰਸ਼ਨ ਸਿੰਘ ਕਾਲੇ ਕਪੜਿਆਂ ਦੇ ਲਬਾਸ ਵਿਚ ਨਕ਼ਾਬ ਪਹਿਨ ਕੇ ਗਏ ਸਨ ਜੀ । ਨਾਜਰ ਸਿੰਘ ਨੌ ਗ੍ਰੰਥ ਜੋ ਲਿਖੇ ਜਾ ਚੁੱਕੇ ਸਨ ਉਹਨਾਂ ਨੂੰ ਲੈ ਕੇ ਨਾਲ ਗਏ ਸਨ ਜੀ । ਡਾਕਟਰ ਰੂਪ ਲਾਲ ਬਹੱਤਰਾ ਪ੍ਰੇਮ ਬੰਧਨ ਵਿਚ ਗਿਆ ਸੀ ਜੀ ।
ਜੋ ਬਚਨ ਰਾਸ਼ਟਰਪਤੀ ਨਾਲ ਉਸ ਜਗਾ ਰਾਸ਼ਟਰਪਤੀ ਹਾਉਸ ਵਿਚ ਹੋਏ, ਨੀਚੇ ਲਿਖੇ ਗਏ ਹਨ ਜੀ :

ਭਗਤ ਭਗਵੰਤ ਏਕਾ ਧਾਰ, ਆਦਿ ਜੁਗਾਦਿ ਰਖਾਇੰਦਾ । ਜੁਗ ਜੁਗ ਲੋਕਮਾਤ ਲਏ ਅਵਤਾਰ, ਹਰਿਜਨ ਸਾਚੇ ਮੇਲ ਮਿਲਾਇੰਦਾ, ਸਤਿਜੁਗ ਤ੍ਰੇਤਾ ਦਵਾਪਰ ਕਰਿਆ ਸਚ ਵਿਹਾਰ, ਰਾਮਾ ਕ੍ਰਿਸ਼ਨਾ ਰੂਪ ਵਟਾਇੰਦਾ । ਗ਼ਰੀਬ ਨਿਮਾਣੇ ਲਾਏ ਪਾਰ, ਸਿਰ ਆਪਣਾ ਹੱਥ ਰਖਾਇੰਦਾ । ਹੰਕਾਰੀਆਂ ਤੋੜੇ ਗੜ੍ਹ ਹੰਕਾਰ, ਦੁਸ਼ਟ ਹੰਕਾਰੀ ਆਪ ਖਪਾਇੰਦਾ । ਖੜਗ ਖੰਡਾ ਫੜ ਕਟਾਰ, ਤੀਰ ਕਮਾਨਾ ਹੱਥ ਉਠਾਇੰਦਾ । ਰਥ ਰਥਵਾਹੀ ਬਣੇ ਗਿਰਵਰ ਗਿਰਧਾਰ, ਮਹਾਂਸਾਰਥੀ ਰਥ ਚਲਾਇੰਦਾ । ਏਕਾ ਰਾਮ ਨਾਮ ਘਟ ਉਜਿਆਰ, ਜੀਵਾਂ ਜੰਤਾਂ ਆਪ ਸਮਝਾਇੰਦਾ । ਕਲਜੁਗ ਅੰਤਮ ਖੇਲ ਅਪਾਰ, ਨਿਰਗੁਣ ਨਿਰਵੈਰ ਆਪ ਕਰਾਇੰਦਾ । ਜੋਤੀ ਜਾਮਾ ਅਲਖ ਅਗੰਮ ਅਪਾਰ, ਨਿਹਕਲੰਕਾ ਨਾਉਂ ਰਖਾਇੰਦਾ । ਸ੍ਰਿਸ਼ਟ ਸਬਾਈ ਵੇਖੇ ਵਿਭਚਾਰ, ਨੌ ਖੰਡ ਪ੍ਰਿਥਮੀ ਕੂੜ ਕੁੜਿਆਰ ਚਾਰ ਕੁੰਟ ਅੰਧੇਰਾ ਛਾਇੰਦਾ । ਸੱਤ ਦੀਪ ਹਾਹਾਕਾਰ, ਜੀਵ ਜੰਤ ਧੀਰਜ ਧੀਰ ਨਾ ਕੋਇ ਧਰਾਇੰਦਾ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਪਾਵਣਹਾਰਾ ਸਾਰ, ਗ੍ਰਹਿ ਗ੍ਰਹਿ ਅੰਦਰ ਮੰਦਰ ਵੇਖ ਵਖਾਇੰਦਾ । ਏਕਾ ਸ਼ਬਦ ਸਚ ਜੈਕਾਰਾ, ਸਤਿ ਸਤਿਵਾਦੀ ਆਪ ਲਗਾਇੰਦਾ । ਦੋ ਹਜ਼ਾਰ ਬਿਕ੍ਰਮੀ ਹੋ ਤਿਆਰਾ, ਨਿਰਗੁਣ ਸਰਗੁਣ ਖੇਲ ਖਿਲਾਇੰਦਾ । ਵੀਹ ਸੌ ਤੇਰਾਂ ਬਿਕ੍ਰਮੀ ਸ਼ਬਦ ਅਗੰਮੀ ਇਕ ਹੁਲਾਰਾ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਆਪ ਲਗਾਇੰਦਾ । ਰਾਸ਼ਟਰਪਤ ਰਾਜਿੰਦਰ ਪਰਸ਼ਾਦਿ ਭਗਤ ਭਗਵੰਤ ਏਕਾ ਘਰ ਸੁਹਾਏ ਬੰਕ ਦਵਾਰਾ, ਪੰਚਮ ਭੇਟ ਖੇਵਟ ਖੇਟਾ ਆਪ ਚੜ੍ਹਾਇੰਦਾ । ਸਤ ਰੰਗ ਨਿਸ਼ਾਨਾ ਸੱਤਾਂ ਦੀਪਾਂ ਵਖਾਏ ਏਕਾ ਘਰ ਬਾਰਾ, ਪੰਚਮ ਪੰਚ ਮੁਖ ਸਾਲਾਇੰਦਾ । ਪੰਚਮ ਰਾਜ ਜੋਗ ਤਾਜ ਆਦਿ ਜੁਗਾਦੀ ਸਾਚੀ ਕਾਰਾ, ਬ੍ਰਹਿਮੰਡਾਂ ਖੰਡਾਂ ਖੇਲ ਖਿਲਾਇੰਦਾ । ਚਰਨ ਕਵਲ ਜੋੜਾ ਜਗਤ ਵਿਹਾਰਾ, ਰਾਮ ਰਾਜ ਇਕ ਵਖਾਇੰਦਾ । ਨਾਮ ਖੰਡਾ ਡੰਡਾ ਭਾਰਾ, ਮਨਮੁਖ ਜੀਵਾਂ ਆਪ ਲਗਾਇੰਦਾ । ਏਕਾ ਸ਼ਬਦ ਸੋਹੰ ਲਿਖਿਆ ਲੇਖ ਅਪਰ ਅਪਾਰਾ, ਆਤਮ ਪਰਮਾਤਮ ਮੇਲ ਮਿਲਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਦਾ ਸਾਂਝਾ ਯਾਰਾ, ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਹਿੰਦੂ ਮੁਸਲਿਮ ਸਿੱਖ ਈਸਾਈ ਏਕਾ ਰੰਗ

ਰੰਗਾਇੰਦਾ । ਲਿਖ ਲਿਖ ਲੇਖ ਭੇਜੇ ਭੇਜਣਹਾਰਾ, ਵੇਦ ਕਤੇਬ ਭੇਵ ਨਾ ਆਇੰਦਾ । ਬ੍ਰਹਮਾ ਵਿਸ਼ਨ ਸ਼ਿਵ ਪਾਵੇ ਸਾਰਾ, ਨਿਰਗੁਣ ਆਪਣਾ ਪਰਦਾ ਲਾਹਿੰਦਾ । ਵੀਹ ਸੌ ਅਠਾਰਾਂ ਬਿਕ੍ਰਮੀ ਪਹਿਲੀ ਚੇਤਰ ਦਿਵਸ ਵਿਚਾਰਾ, ਸਚ ਕਟਾਰਾ ਹੱਥ ਉਠਾਇੰਦਾ । ਭਾਰਤ ਖੰਡ ਸੱਚੀ ਸਰਕਾਰਾ, ਨਵ ਖੰਡ ਆਪ ਵਡਿਆਇੰਦਾ । ਵੀਹ ਸੌ ਵੀਹ ਬਿਕ੍ਰਮੀ ਪੰਦਰਾਂ ਕਤਕ ਕਰੇ ਖੇਲ ਅਗੰਮ ਅਪਾਰਾ, ਅਲਖ ਅਗੋਚਰ ਅਗੰਮ ਅਥਾਹ ਬੇਪਰਵਾਹ ਸ਼ਹਿਨਸ਼ਾਹ ਸ਼ਾਹ ਪਾਤਸ਼ਾਹ ਆਪਣਾ ਹੁਕਮ ਸੁਣਾਇੰਦਾ । ਜ਼ਾਤ ਪਾਤ ਊਚ ਨੀਚ ਰਾਓ ਰੰਕ ਰਾਜ ਰਾਜਾਨ ਸੋਹਣ ਇਕ ਦਵਾਰਾ, ਵਰਨ ਬਰਨ ਮੇਟ ਮਿਟਾਇੰਦਾ । ਤਖ਼ਤ ਨਿਵਾਸੀ ਏਕਾ ਤਖ਼ਤ ਸੁਹਾਏ ਹਰਿ ਨਿਰੰਕਾਰਾ, ਸੀਸ ਜਗਦੀਸ ਤਾਜ ਟਿਕਾਇੰਦਾ । ਏਕਾ ਸ਼ਬਦ ਏਕਾ ਨਾਮ ਏਕਾ ਇਸ਼ਟ ਗੁਰਦੇਵ ਵਖਾਏ ਸਰਬ ਸੰਸਾਰਾ, ਵਾਸਤਕ ਆਪਣਾ ਰੂਪ ਧਰਾਇੰਦਾ । ਕੂੜ ਕੁੜਿਆਰਾ ਜੂਠ ਝੂਠ ਹਉਮੇ ਹੰਗਤਾ ਮਾਇਆ ਮਮਤਾ ਮੋਹ ਤੁਟੇ ਦਿਸ ਨਾ ਆਏ ਕਿਸੇ ਵਿਭਚਾਰਾ, ਸਚ ਵਿਹਾਰਾ ਇਕ ਕਰਾਇੰਦਾ । ਰਾਸ਼ਟਰਪਤ ਪਤ ਪਤ ਭਗਵੰਤ ਸਹਾਰਾ, ਭਗਤ ਭਬੀਖਨ ਰਾਮ ਰਾਮਾ ਮੇਲ ਮਿਲਾਇੰਦਾ । ਨਾਮ ਖੰਡਾ ਸਚ ਕਟਾਰਾ, ਉਪਰ ਸੋਹੰ ਲਿਖਿਆ ਲੇਖ ਅਪਾਰਾ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਪੰਦਰਾਂ ਕੱਤਕ ਵੀਹ ਸਦ ਬੀਸ ਸਚ ਦਿਹਾੜਾ, ਨਰ ਨਿਰੰਕਾਰਾ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲੇ ਆਪਣੇ ਦਰ, ਭਗਤ ਭਗਵੰਤ ਪੱਲੂ ਫੜ, ਲੋਕਮਾਤ ਨਾ ਕੋਇ ਛੁਡਾਇੰਦਾ । ਰਾਸ਼ਟਰਪਤ ਰਾਜਿੰਦਰ ਪ੍ਰਸਾਦ, ਭਗਤ ਭਗਵੰਤ ਮੇਲ ਮਿਲਾਈਆ । ਆਤਮ ਅੰਤਰ ਮਿਲੀ ਸਾਚੀ ਦਾਦ, ਅੱਠੇ ਪਹਿਰ ਹਰਿ ਗੁਣ ਗਾਈਆ । ਜਗਤ ਮੇਟਣੀ ਅੰਧੇਰੀ ਰਾਤ, ਸਚ ਸੁੱਚ ਕਰ ਰੁਸ਼ਨਾਈਆ । ਸੋਹੰ ਸ਼ਬਦ ਸੁਣੌਣੀ ਸਾਚੀ ਗਾਥ, ਬਵੰਜਾ ਦੇਸ਼ਾਂ ਹੁਕਮ ਸੁਣਾਈਆ । ਪਰਗਟ ਹੋਏ ਕਮਲਾਪਾਤ, ਕਮਲ ਨੈਣ ਨੈਣ ਮਟਕਾਈਆ । ਸ੍ਰਿਸ਼ਟ ਸਬਾਈ ਵੇਖੇ ਮਾਰ ਝਾਤ, ਲੁਕਿਆ ਕੋਇ ਰਹਿਣ ਨਾ ਪਾਈਆ । ਲਹਿਣਾ ਦੇਣਾ ਚੁਕਾਏ ਹੱਥੋ ਹਾਥ, ਹਰਿਜਨ ਵੇਖੇ ਥਾਉਂ ਥਾਈਂਆ । ਵੇਲੇ ਅੰਤ ਪੁੱਛੇ ਵਾਤ, ਆਪ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਿਛਲਾ ਲੇਖਾ ਦਏ ਸਮਝਾਈਆ । ਅੱਸੂ ਤਿੰਨ ਸਚ ਦਿਹਾੜਾ, ਹਰਿ ਸਾਚਾ ਸਚ ਜਣਾਇੰਦਾ । ਅੱਧੀ ਰਾਤ ਵਕਤ ਵਿਚਾਰਾ, ਰੂਪ ਅਨੂਪ ਦਰਸ ਦਿਖਾਇੰਦਾ । ਏਕਮ ਏਕ ਆਇਆ ਚਲ ਦਵਾਰਾ, ਚਾਲ ਨਿਰਾਲੀ ਆਪ ਰਖਾਇੰਦਾ । ਧੰਨ ਵਡਿਆਈ ਹਰਿ ਭਗਤ ਜੋ ਰਸਨਾ ਜਿਹਵਾ ਗਾਏ ਏਕੰਕਾਰਾ, ਓਮ ਰੂਪ ਸਤਿ ਸਰੂਪ ਨਜ਼ਰੀ ਆਇੰਦਾ । ਅੰਦਰ ਲੁਕਿਆ ਡੂੰਘੀ ਗ਼ਾਰਾ, ਦਿਸ ਕਿਸੇ ਨਾ ਆਇੰਦਾ । ਨਿਰਗੁਣ ਨਿਰਗੁਣ ਨਿਰਗੁਣ ਹੋ ਉਜਿਆਰਾ, ਸਰਗੁਣ ਸਰਗੁਣ ਸਰਗੁਣ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗਾ ਜੁਗੰਤਰ ਵੇਸ ਧਰ, ਹਰਿਜਨ ਸਾਚੇ ਵੇਖ ਵਖਾਇੰਦਾ । ਕਲਜੁਗ ਅੰਤਮ ਵੇਸ ਅਵੱਲਾ, ਹਰਿ ਸਾਚਾ ਸਚ ਕਰਾਇੰਦਾ । ਸਾਢੇ ਤਿੰਨ ਹੱਥ ਵੇਖੇ ਇਕ ਮਹੱਲਾ, ਸੰਬਲ ਨਗਰੀ ਡੇਰਾ ਲਾਇੰਦਾ । ਵੇਦ ਵਿਆਸ ਫੜਾਇਆ ਪੱਲਾ, ਪੁਰਾਨ ਅਠਾਰਾਂ ਹਰਿ ਜਸ ਗਾਇੰਦਾ । ਚਾਰ ਵੇਦ ਸੰਦੇਸ਼ ਘੱਲਾ, ਬ੍ਰਹਮਾ ਵੇਤਾ ਆਪ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗਾ ਜੁਗੰਤਰ ਆਪਣੀ ਧਾਰ ਚਲਾਇੰਦਾ । ਰਾਸ਼ਟਰ ਪਤ ਭਗਤ ਭਗਵਾਨ, ਏਕਾ ਤਤ ਜਣਾਇੰਦਾ । ਸਤਿ ਧਰਮ ਦਾ ਸਚ ਨਿਸ਼ਾਨ, ਭਾਰਤ ਖੰਡ ਹੱਥ ਵਖਾਇੰਦਾ । ਨੌ ਖੰਡ ਪ੍ਰਿਥਮੀ ਮੰਨੇ ਆਣ, ਸ੍ਰੀ ਭਗਵਾਨ ਆਪ ਮਨਾਇੰਦਾ । ਹੱਥ ਫੜਾਏ ਜਗਤ ਕਿਰਪਾਨ, ਭਗਤ ਨਾਮ ਉਪਰ ਲੇਖ



੩੯੫
੧੦

ਵਖਾਇੰਦਾ । ਤ੍ਰੇਤਾ ਜੁਗ ਦਿਤਾ ਦਾਨ, ਕਲਜੁਗ ਅੰਤਮ ਆਪਣੀ ਝੋਲੀ ਪਾਇੰਦਾ । ਕਰੇ ਖੇਲ ਵਾਲੀ ਦੋ ਜਹਾਨ, ਖੇਲਣਹਾਰਾ ਦਿਸ ਨਾ ਆਇੰਦਾ । ਪਹਿਲੀ ਚੇਤਰ ਦਿਵਸ ਮਹਾਨ, ਵੀਹ ਸੌ ਅਠਾਰਾਂ ਬਿਕ੍ਰਮੀ ਨਾਲ ਰਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਦੇਵਣਹਾਰਾ ਦਾਨ, ਕਾਇਆ ਪੰਜ ਤੱਤ ਵਖਾਏ ਝੂਠ ਮਿਆਨ, ਨਾਮ ਕਿਰਪਾਨ ਆਪਣੇ ਹੱਥ ਰਖਾਇੰਦਾ । ਹਰਿ ਭਗਤਾਂ ਦਇਆ ਕਮਾਇੰਦਾ, ਸਿਰ ਹੱਥ ਰੱਖ ਨਿਰੰਕਾਰ । ਆਤਮ ਅੰਤਰ ਜੋਤ ਜਗਾਇੰਦਾ, ਨਿਰਗੁਣ ਰੂਪ ਅਪਰ ਅਪਾਰ । ਕੋਟਨ ਕੋਟ ਜਨਮ ਦੇ ਪਾਪ ਗਵਾਇੰਦਾ, ਜਿਸ ਬਖ਼ਸ਼ੇ ਚਰਨ ਪਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਬਖ਼ਸ਼ੇ ਨਾਮ ਆਧਾਰ । ਸਾਚੀ ਅਸੀਸ ਹਰਿ ਜਗਦੀਸ, ਜਨ ਭਗਤਾਂ ਆਪ ਰਖਾਇੰਦਾ । ਲੱਖ ਚੁਰਾਸੀ ਪੀਸਣ ਰਿਹਾ ਪੀਸ, ਸਾਚਾ ਰਾਹ ਨਾ ਕੋਇ ਵਖਾਇੰਦਾ । ਹਰਿਜਨ ਹਰਿ ਭਗਤ ਹਰਿ ਦਰ ਗਾਇਣ ਇਕ ਹਦੀਸ, ਹਰਿ ਹਰਿ ਨਾਮ ਰਸਨਾ ਇਕ ਸੁਣਾਇੰਦਾ । ਲਹਿਣਾ ਦੇਣਾ ਚੁੱਕੇ ਬੀਸ ਬੀਸ, ਭਗਤ ਭਗਵੰਤ ਆਪਣੇ ਗਲ ਲਗਾਇੰਦਾ । ਤੇਰੇ ਹੱਥ ਝੁਲਾਏ ਛੱਤਰ ਸਾਚੇ ਸੀਸ, ਸਾਚਾ ਸੀਸ ਜਗਦੀਸ ਭਗਤਾਂ ਅੱਗੇ ਆਪ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਾਸ਼ਟਰਪਤ ਮਿਲੇ ਹਰਿ, ਕਾਇਆ ਮੰਦਰ ਅੰਦਰ ਡੂੰਘੀ ਕੰਦਰ ਮੇਲ ਮਿਲਾਇੰਦਾ । ਸਚ ਸਹਾਰਾ ਹਰਿ ਹਰਿ ਨਾਮ, ਦੂਸਰ ਅਵਰ ਨਾ ਕੋਇ ਵਡਿਆਈਆ । ਪੂਰਨ ਭਗਵੰਤ ਪੂਰਨ ਕਰੇ ਕਾਮ, ਪੂਰੀ ਇਛਿਆ ਪੂਰ ਕਰਾਈਆ । ਸਾਚੇ ਸੰਤ ਸਦਾ ਕਰੇ ਪਰਨਾਮ, ਨਿਉਂ ਨਿਉਂ ਆਪਣਾ ਸੀਸ ਝੁਕਾਈਆ । ਸਤਾਰਾਂ ਸਾਲ ਬਣਿਆ ਰਿਹਾ ਅਞਾਣ, ਸਾਲ ਅਠਾਰਵੇਂ ਵੱਜੇ ਵਧਾਈਆ । ਰਾਸ਼ਟਰਪਤ ਮਿਲੇ ਭਗਵਾਨ, ਭਗਵਨ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਅਸੀਸ ਆਤਮ ਆਸ ਆਸਾ ਪੂਰ ਕਰਾਈਆ ।


੩੯੬
੧੦

★ ੧ ਚੇਤਰ ੨੦੧੮ ਬਿਕ੍ਰਮੀ ਪ੍ਰੀਤਮ ਸਿੰਘ ਦੇ ਗ੍ਰਿਹ ਕਰੋਲਬਾਗ਼ ਦਿੱਲੀ ★

ਆਦਿ ਪੁਰਖ ਸਰਬ ਗੁਣਵੰਤ, ਆਦਿ ਜੁਗਾਦਿ ਖੇਲ ਖਿਲਾਇੰਦਾ । ਸੋ ਪੁਰਖ ਨਿਰੰਜਣ ਮਹਿਮਾ ਅਗਣਤ, ਭੇਵ ਅਭੇਦ ਛੁਪਾਇੰਦਾ । ਹਰਿ ਪੁਰਖ ਨਿਰੰਜਣ ਨਾਰੀ ਕੰਤ, ਰੂਪ ਅਨੂਪ ਆਪ ਧਰਾਇੰਦਾ । ਏਕੰਕਾਰਾ ਏਕਾ ਧਾਮ ਸੋਭਾਵੰਤ, ਸਚਖੰਡ ਦਵਾਰੇ ਆਸਣ ਲਾਇੰਦਾ । ਆਦਿ ਨਿਰੰਜਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਬਲ ਧਰਾਇੰਦਾ । ਸ੍ਰੀ ਭਗਵਾਨ ਵਡ ਬਲਕਾਰਾ, ਬਲ ਆਪਣਾ ਆਪ ਰਖਾਇੰਦਾ । ਅਬਿਨਾਸ਼ੀ ਕਰਤਾ ਵਸਣਹਾਰਾ ਠਾਂਡੇ ਦਰਬਾਰਾ, ਦਰਗਹਿ ਸਾਚੀ ਧਾਮ ਸੁਹਾਇੰਦਾ । ਪਾਰਬ੍ਰਹਮ ਆਪੇ ਜਾਣੇ ਆਪਣੀ ਕਾਰਾ, ਕਰਤਾ ਪੁਰਖ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਕਲ ਆਪ ਵਰਤਾਇੰਦਾ । ਕਲ ਵਰਤੰਤਾ ਹਰਿ ਨਿਰੰਕਾਰਾ, ਮਹਿਮਾ ਅਕਥ ਕਥੀ ਨਾ ਜਾਈਆ । ਸਚਖੰਡ ਨਿਵਾਸੀ ਸਚਖੰਡ ਦਵਾਰੇ ਹੋ ਉਜਿਆਰਾ, ਨਿਰਗੁਣ ਨੂਰ ਡਗਮਗਾਈਆ । ਸ਼ਾਹੋ ਭੂਪ ਬਣ ਸਿਕਦਾਰਾ, ਤਖ਼ਤ ਨਿਵਾਸੀ ਸਾਚੇ ਆਸਣ ਸੋਭਾ ਪਾਈਆ । ਹੁਕਮੀ ਹੁਕਮ ਧੁਰ ਫ਼ਰਮਾਨਾ, ਸਾਚਾ ਰਾਣਾ ਆਪ ਜਣਾਈਆ । ਦਰ ਦਰਵੇਸ਼ ਬਣ ਦਰ ਦਰਬਾਨਾ, ਅਲਖ ਅਗੋਚਰ ਅਗੰਮ ਅਥਾਹ ਬੇਪਰਵਾਹ ਸੀਸ ਜਗਦੀਸ ਆਪਣੇ ਅੱਗੇ ਆਪ ਝੁਕਾਈਆ । ਆਦਿ ਅੰਤ ਆਪੇ ਜਾਣੇ ਆਪਣਾ ਭਾਣਾ, ਭਾਣੇ ਵਿਚ

ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਅਕਲ ਕਲ ਆਪਣਾ ਨਾਉਂ ਧਰਾਈਆ । ਅਕਲ ਕਲ ਹਰਿ ਹਰਿ ਧਾਰ, ਹਰਿ ਸਾਚਾ ਆਪ ਰਖਾਇੰਦਾ । ਨਿਰਗੁਣ ਨਿਰਗੁਣ ਹੋ ਉਜਿਆਰ, ਨੂਰ ਨੁਰਾਨਾ ਡਗਮਗਾਇੰਦਾ । ਸਾਚੇ ਤਖ਼ਤ ਬੈਠ ਸੱਚੀ ਸਰਕਾਰ, ਸਚ ਸਿੰਘਾਸਣ ਸੋਭਾ ਪਾਇੰਦਾ । ਆਦਿ ਜੁਗਾਦੀ ਏਕਾ ਕਾਰ, ਕਰਤਾ ਪੁਰਖ ਆਪ ਕਰਾਇੰਦਾ । ਨਾ ਕੋਈ ਦੂਸਰ ਮੀਤ ਮੁਰਾਰ, ਸਗਲਾ ਸੰਗ ਨਾ ਕੋਇ ਜਣਾਇੰਦਾ । ਵਸਣਹਾਰਾ ਧਾਮ ਨਿਆਰ, ਧਾਮ ਅਨਡਿਠ ਆਪਣਾ ਰੂਪ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਮਹਿਮਾ ਆਪ ਗਣਾਇੰਦਾ । ਸਾਚੀ ਮਹਿਮਾ ਹਰਿ ਜਣਾਏ, ਲੇਖਾ ਲੇਖ ਨਾ ਕੋਇ ਲਿਖਾਈਆ । ਨਿਰਮਲ ਜੋਤੀ ਆਪ ਜਗਾਏ, ਆਪ ਆਪਣਾ ਲਏ ਪਰਗਟਾਈਆ । ਮਾਤ ਪਿਤ ਨਾ ਕੋਇ ਬਣਾਏ, ਭੈਣ ਭਾਈ ਸਾਕ ਸੱਜਣ ਸੈਣ ਨਾ ਕੋਇ ਵਡਿਆਈਆ । ਸਾਚੇ ਮੰਦਰ ਆਸਣ ਲਾਏ, ਛੱਪਰ ਛੰਨ ਨਾ ਕੋਇ ਛੁਹਾਈਆ । ਰਵ ਸਸ ਸੂਰਜ ਚੰਨ ਨਾ ਕੋਇ ਚੜ੍ਹਾਏ, ਮੰਡਲ ਮੰਡਪ ਨਾ ਕੋਇ ਰੁਸ਼ਨਾਈਆ । ਵਿਸ਼ਨ ਬ੍ਰਹਮਾ ਸ਼ਿਵ ਨਾ ਕੋਇ ਪਰਗਟਾਏ, ਤ੍ਰੈਗੁਣ ਮਾਇਆ ਬੰਧਨ ਨਾ ਕੋਇ ਵਖਾਈਆ । ਪੰਜ ਤਤ ਘਾੜਨ ਨਾ ਕੋਇ ਘੜਾਏ, ਲੱਖ ਚੁਰਾਸੀ ਨਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਸਚ ਮਹੱਲੇ ਸੋਭਾ ਪਾਈਆ । ਸਚ ਮਹੱਲਾ ਏਕੰਕਾਰਾ, ਹਰਿ ਹਰਿ ਸਾਚਾ ਆਪ ਜਣਾਇੰਦਾ । ਆਪੇ ਜਾਣੇ ਆਪਣੀ ਧਾਰਾ, ਧਾਰ ਧਾਰ ਵਿਚ ਪਰਗਟਾਇੰਦਾ । ਲੇਖਾ ਜਾਣੇ ਅਗੰਮ ਅਥਾਹ, ਬੇਪਰਵਾਹ ਆਪਣੀ ਖੇਲ ਆਪ ਖਿਲਾਇੰਦਾ । ਖੇਵਟ ਖੇਟਾ ਬਣ ਮਲਾਹ, ਕਰੇ ਖੇਲ ਸੱਚਾ ਸ਼ਹਿਨਸ਼ਾਹ, ਸ਼ਾਹ ਪਾਤਸ਼ਾਹ ਆਪਣਾ ਹੁਕਮ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪਣੇ ਹੱਥ ਰਖਾਇੰਦਾ । ਆਪਣਾ ਭੇਵ ਖੋਲ੍ਹਣਹਾਰਾ, ਆਪਣੀ ਦਇਆ ਆਪ ਕਮਾਈਆ । ਆਪਣੇ ਮੰਦਰ ਕਰ ਪਸਾਰਾ, ਨਿਜ ਘਰ ਬੈਠਾ ਆਸਣ ਲਾਈਆ । ਰੂਪ ਰੰਗ ਤੇ ਵਸੇ ਬਾਹਰਾ, ਰੇਖ ਭੇਖ ਨਾ ਕੋਇ ਜਣਾਈਆ । ਤਖ਼ਤ ਨਿਵਾਸੀ ਨਿਰਗੁਣ ਧਾਰਾ, ਸਚ ਸਿੰਘਾਸਣ ਏਕਾ ਜੋਤ ਕਰੇ ਰੁਸ਼ਨਾਈਆ । ਆਪਣੀ ਇਛਿਆ ਸਾਚੀ ਭਿਛਿਆ ਭਰ ਭੰਡਾਰਾ, ਆਪਣੀ ਝੋਲੀ ਅੱਗੇ ਡਾਹੀਆ । ਆਪੇ ਲੇਖਾ ਦੇਵਣਹਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣੀ ਕਲ ਆਪ ਵਰਤਾਈਆ । ਆਪਣੀ ਕਲ ਆਪ ਵਰਤੰਤਾ, ਗੁਣ ਅਵਗੁਣ ਨਾ ਕੋਇ ਜਣਾਇੰਦਾ । ਕਰੇ ਖੇਲ ਸ੍ਰੀ ਭਗਵੰਤਾ, ਰੂਪ ਅਨੂਪ ਆਪ ਵਟਾਇੰਦਾ । ਆਪੇ ਨਾਰੀ ਆਪੇ ਕੰਤਾ, ਆਪੇ ਸਾਚੀ ਸੇਜ ਹੰਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਏਕਾ ਹਰਿ, ਆਪਣੀ ਕਿਰਪਾ ਆਪ ਕਰ, ਹਰਿ ਪਰਦਾ ਆਪ ਉਠਾਇੰਦਾ । ਨਿਰਗੁਣ ਨਿਰਵੈਰ ਪੁਰਖ ਅਕਾਲ, ਆਪਣਾ ਭੇਵ ਆਪ ਖੁਲ੍ਹਾਇੰਦਾ । ਆਦਿ ਪੁਰਖ ਦੀਨ ਦਿਆਲ, ਬੇਅੰਤ ਬੇਅੰਤ ਬੇਅੰਤ ਜੋ ਅਖਵਾਇੰਦਾ । ਆਪੇ ਘਾਲੇ ਆਪਣੀ ਘਾਲ, ਆਪਣਾ ਅੰਤ ਆਪਣੇ ਵਿਚ ਟਿਕਾਇੰਦਾ । ਪੁਰਖ ਅਬਿਨਾਸ਼ੀ ਸ਼ਾਹ ਸੁਲਤਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਹੋਏ ਜਾਣੀ ਜਾਣ । ਜਾਨਣਹਾਰ ਪੁਰਖ ਸਮਰਥ, ਇਕ ਇਕੱਲਾ ਖੇਲ ਖਿਲਾਇੰਦਾ । ਸਚਖੰਡ ਦਵਾਰੇ ਰਿਹਾ ਵਸ, ਥਿਰ ਘਰ ਸਾਚੇ ਚਰਨ ਛੁਹਾਇੰਦਾ । ਥਿਰ ਘਰ ਮਾਰਗ ਆਪਣਾ ਦੱਸ, ਆਪ ਆਪਣੇ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾ ਆਦਿ ਜੁਗਾਦੀ

ਇਕ ਨਿਰੰਕਾਰ, ਸਾਚੇ ਦਰ ਆਪ ਸੁਣਾਇੰਦਾ । ਸਾਚਾ ਹੁਕਮ ਧੁਰ ਫ਼ਰਮਾਨਾ, ਹਰਿ ਸਾਚਾ ਆਪਣਾ ਆਪ ਸੁਣਾਇੰਦਾ । ਆਪੇ ਹੋਏ ਸ਼ਾਹ ਪਾਤਸ਼ਾਹ ਰਾਜ ਰਾਜਾਨਾ, ਸੀਸ ਜਗਦੀਸ ਏਕਾ ਸੋਭਾ ਪਾਇੰਦਾ । ਆਪੇ ਰਾਗ ਆਪ ਤਰਾਨਾ, ਨਾਦ ਅਨਾਦੀ ਆਪ ਵਜਾਇੰਦਾ । ਆਪੇ ਪਰਮ ਪੁਰਖ ਹੋਏ ਮਿਹਰਬਾਨਾ, ਦੀਨਨ ਆਪਣੀ ਦਇਆ ਆਪ ਕਮਾਇੰਦਾ । ਆਪੇ ਸਾਚੇ ਮੰਦਰ ਉਚ ਮਹੱਲ ਵਸੇ ਇਕ ਮਕਾਨਾ, ਅਸਥਲ ਦਵਾਰਾ ਆਪ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰ ਘਾੜਨ ਘੜ, ਅੰਦਰ ਵੜ ਮੁਖ ਛੁਪਾਇੰਦਾ । ਸਚਖੰਡ ਦਵਾਰ ਘਾੜਨ ਘੜਿਆ, ਬਾਢੀ ਕੋਇ ਨਾ ਬਣਤ ਬਣਾਈਆ । ਨਿਰਗੁਣ ਪੁਰਖ ਅਕਾਲ ਨਰਾਇਣ ਨਰਿਆ, ਨੂਰੋ ਨੂਰ ਡਗਮਗਾਈਆ । ਆਪਣਾ ਖੇਲ ਆਪੇ ਕਰਿਆ, ਖੇਲਣਹਾਰਾ ਆਪ ਹੋ ਜਾਈਆ । ਏਕਾ ਨਿਰਗੁਣ ਨੂਰ ਉਜਿਆਰ ਆਪਣੇ ਅੰਦਰ ਧਰਿਆ, ਦੀਵਾ ਬਾਤੀ ਨਾ ਕੋਇ ਟਿਕਾਈਆ । ਆਪਣਾ ਨਾਦ ਸ਼ਬਦ ਧੁਨ ਆਪ ਸੁਣਾਏ ਆਪੇ ਸੁਣਨਹਾਰਾ ਹਰਿ ਹਰਿ ਅਨਭਵ ਪਰਕਾਸ਼ ਕਰਾਇੰਦਾ, ਅਗੰਮ ਅਗੰਮੜੀ ਕਾਰ । ਗੁਰ ਗੁਰ ਰੂਪ ਮਾਤ ਧਰਾਇੰਦਾ, ਸ਼ਬਦੀ ਸ਼ਬਦ ਕਰ ਉਜਿਆਰ । ਭਗਤ ਭਗਵੰਤ ਵੇਖ ਵਖਾਇੰਦਾ, ਆਦਿ ਜੁਗਾਦੀ ਸਾਚੀ ਕਾਰ । ਸੰਤ ਸੁਹੇਲੇ ਮੇਲ ਮਿਲਾਇੰਦਾ, ਨਾਤਾ ਤੋੜ ਸਰਬ ਸੰਸਾਰ । ਗੁਰਮੁਖ ਆਪਣੀ ਗੋਦ ਬਹਾਇੰਦਾ, ਦਿਵਸ ਰੈਣ ਕਰੇ ਪਿਆਰ । ਗੁਰਸਿਖ ਸਾਚਾ ਸੰਗ ਨਿਭਾਇੰਦਾ, ਵਿਛੜ ਨਾ ਜਾਏ ਮੀਤ ਮੁਰਾਰ । ਜੋ ਜਨ ਆਸਾ ਤ੍ਰਿਸ਼ਨਾ ਮਨ ਰਖਾਇੰਦਾ, ਮੰਗੇ ਮੰਗ ਚਰਨ ਧੂੜ ਸਾਚੀ ਖ਼ਾਕ ਛਾਰ । ਨਰ ਨਿਰੰਕਾਰਾ ਖੇਲ ਅਪਾਰ ਰੂਪ ਅਨੂਪ ਆਪ ਧਰਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਘਟ ਘਟ ਕਰੇ ਆਪ ਵਿਚਾਰ । ਹਰਿ ਸਤਿਗੁਰ ਸੱਚਾ ਸ਼ਹਿਨਸ਼ਾਹ, ਆਦਿ ਜੁਗਾਦਿ ਸਮਾਇਆ । ਗੁਰ ਗੁਰ ਸ਼ਬਦੀ ਬਣ ਮਲਾਹ, ਖੇਵਟ ਖੇਟਾ ਵੇਸ ਵਟਾਇਆ । ਭਗਤ ਭਗਵੰਤ ਲਏ ਉਠਾ, ਆਪ ਆਪਣੀ ਦਇਆ ਕਮਾਇਆ । ਸੰਤਨ ਅੰਤਰ ਆਤਮ ਦਏ ਸਮਝਾ, ਬੋਧ ਗਿਆਨ ਇਕ ਸਮਝਾਇਆ । ਗੁਰਮੁਖ ਕਾਇਆ ਗੁਰ ਲੇਖਾ ਦੇਵੇ ਪਾ, ਸਿਰ ਆਪਣਾ ਹੱਥ ਰਖਾਇਆ । ਗੁਰਸਿਖਾਂ ਜਪਾਏ ਏਕਾ ਨਾਂ, ਨਾਉਂ ਨਿਰੰਕਾਰਾ ਮੂਲ ਵਖਾਇਆ । ਸਦਾ ਸੁਹੇਲਾ ਰੱਖੇ ਸਿਰ ਠੰਡੀ ਛਾਂ, ਸਿਰ ਆਪਣਾ ਹੱਥ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਜਨਮ ਵੇਖ ਵਖਾਇਆ । ਪੂਰਬ ਜਨਮ ਜਾਣਦਾ, ਹਰਿ ਸੱਚਾ ਸਤਿਗੁਰ ਮੀਤ । ਕਰੇ ਖੇਲ ਸ੍ਰੀ ਭਗਵਾਨ ਦਾ, ਆਦਿ ਜੁਗਾਦੀ ਸਾਚੀ ਰੀਤ । ਆਤਮ ਅੰਤਰ ਬ੍ਰਹਮ ਪਾਰਬ੍ਰਹਮ ਏਕਾ ਰੰਗ ਮਾਣਦਾ, ਲੇਖਾ ਜਾਣੇ ਹਸਤ ਕੀਟ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਇਕ ਅਤੀਤ । ਖੇਲ ਅਤੀਤ ਯੁੰਜਾਨ ਯੋਗੀ, ਜੁਗਤ ਆਪਣੇ ਹੱਥ ਰਖਾਈਆ । ਭਗਤਾਂ ਅੰਦਰ ਭਗਤੀ ਭੋਗੀ, ਸਾਚਾ ਭੋਗ ਇਕ ਵਖਾਈਆ । ਜਗਤ ਬਿਰਹੋਂ ਵਿਛੋੜਾ ਕੱਟੇ ਰੋਗ ਰੋਗੀ, ਮਾਇਆ ਮਮਤਾ ਮੋਹ ਚੁਕਾਈਆ । ਏਕਾ ਨਾਤਾ ਬਿਧਾਤਾ ਬੰਧਾਏ ਧੁਰ ਸੰਜੋਗੀ, ਸਚ ਸੰਜੋਗ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਲੇਖੇ ਪਾਈਆ । ਪੂਰਬ ਲੇਖ ਮੁਕਾਵਣਾ, ਗੁਰ ਗੋਬਿੰਦ ਕਰ ਪਿਆਰ । ਕਾਇਆ ਨਗਰ ਇਕ ਬਸਾਵਣਾ, ਕਾਇਆ ਦੀਵਾ ਬਾਤੀ ਜੋਤੀ ਕਰ ਉਜਿਆਰ । ਪੰਚਮ ਤਤ ਮੇਟ ਮਿਟਾਵਣਾ, ਰਤੀ ਰਤ ਰਤ ਨਿਕਾਲ । ਬ੍ਰਹਮ ਮਤ ਇਕ ਵਖਾਵਣਾ, ਲੇਖਾ ਚੁੱਕੇ ਸ਼ਾਹ ਕੰਗਾਲ । ਸਮਰਥ ਪੁਰਖ ਦਰਸ ਦਿਖਾਵਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਦੇਵਣਹਾਰਾ

੩੯੮
੧੦

ਜੀਆ ਦਾਨ । ਜੀਆ ਦਾਨ ਜੀਵਣ ਜੁਗਤ, ਜਾਗਰਤ ਜੋਤ ਕਰੇ ਰੁਸ਼ਨਾਈਆ । ਹਰਿਜਨ ਉਠਾਏ ਸਾਚੇ ਭਗਤ, ਭਗਵਨ ਹੱਥ ਵਡਿਆਈਆ । ਆਪ ਸੁਹਾਏ ਆਪਣਾ ਵਕਤ, ਵਾਰ ਥਿਤ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਅੱਖਰ ਦਏ ਪੜ੍ਹਾਈਆ । ਏਕਾ ਅੱਖਰ ਨਿਸ਼ਅਖਰ ਗੁਣ, ਗੁਣਵੰਤਾ ਆਪ ਜਣਾਇੰਦਾ । ਛੱਤੀ ਰਾਗ ਨਾ ਰਿਹਾ ਸੁਣ, ਨਾਦ ਧੁੰਨ ਇਕ ਵਜਾਇੰਦਾ । ਲੱਖ ਚੁਰਾਸੀ ਛਾਣ ਪੁਣ, ਗੁਰਮੁਖ ਆਪਣਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਤ ਅਮੋਲਕ ਇਕ ਵਰਤਾਇੰਦਾ । ਵਸਤ ਅਮੋਲਕ ਹਰਿ ਹਰਿ ਥਾਰ, ਥਿਰ ਘਰ ਸਾਚੇ ਆਪ ਵਰਤਾਈਆ । ਜੁਗਾ ਜੁਗੰਤਰ ਸਾਚੀ ਕਾਰ, ਕਰਤਾ ਪੁਰਖ ਮਾਤ ਕਰਾਈਆ । ਨਿਤ ਨਵਿਤ ਹੋ ਉਜਿਆਰ, ਭਗਤਨ ਮੀਤ ਵੇਸ ਵਟਾਈਆ । ਅਬਿਨਾਸ਼ੀ ਅਚੁਤ ਮੀਤ ਮੁਰਾਰ, ਸਗਲਾ ਸੰਗ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਦਰਸ ਸੱਚਾ ਸ਼ਹਿਨਸ਼ਾਹੀਆ । ਆਤਮ ਦਰਸ ਆਤਮ ਦਰਸੀ ਆਤਮ ਰੰਗ, ਆਤਮ ਅੰਤਰ ਆਪ ਚੜ੍ਹਾਇੰਦਾ । ਆਤਮ ਸੇਜਾ ਆਤਮ ਪਲੰਘ, ਆਤਮ ਰਸੀਆ ਆਪ ਹੰਢਾਇੰਦਾ । ਆਤਮ ਨਾਦ ਆਤਮ ਮਰਦੰਗ, ਆਤਮ ਤਾਲ ਤਲਵਾੜਾ ਆਪ ਵਜਾਇੰਦਾ । ਆਤਮ ਅੰਤਰ ਏਕਾ ਮੰਗ, ਪਰਮਾਤਮ ਆਤਮ ਏਕਾ ਮੇਲ ਮਿਲਾਇੰਦਾ । ਬਖ਼ਸ਼ਣਹਾਰਾ ਪਰਮਾਨੰਦ, ਨਿਜਾਨੰਦ ਵਿਚ ਸਮਾਇੰਦਾ । ਮੁਖ ਸ਼ਰਮਾਏ ਸੂਰਜ ਚੰਦ, ਨਿਰਗੁਣ ਜੋਤ ਡਗਮਗਾਇੰਦਾ । ਦੂਈ ਦਵੈਤੀ ਮਿਟਾਏ ਕੰਧ, ਬਜਰ ਕਪਾਟੀ ਤੋੜ ਤੁੜਾਇੰਦਾ । ਬਿਨ ਰਸਨਾ ਜਿਹਵਾ ਆਪ ਸੁਣਾਏ ਆਪਣਾ ਛੰਦ, ਬੱਤੀ ਦੰਦ ਨਾ ਕੋਇ ਹਿਲਾਇੰਦਾ । ਅੱਠੇ ਪਹਿਰ ਇਕ ਅਨੰਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਤ ਅਮੋਲਕ ਝੋਲੀ ਪਾਇੰਦਾ । ਵਸਤ ਅਮੋਲਕ ਸਾਚੀ ਦਾਤ, ਗੁਰ ਸਤਿਗੁਰ ਆਪ ਵਰਤਾਈਆ । ਗੁਰਮੁਖ ਕਰੇ ਉਤਮ ਜ਼ਾਤ, ਜ਼ਾਤ ਅਜ਼ਾਤੀ ਮੇਟ ਮਿਟਾਈਆ । ਚਰਨ ਕਵਲ ਬੰਧਾਏ ਸਾਚਾ ਨਾਤ, ਦਰ ਘਰ ਸਾਚੇ ਮਿਲੇ ਵਡਿਆਈਆ । ਇਕ ਸੁਣਾਏ ਅਗੰਮੀ ਗਾਥ, ਲਿਖਣ ਪੜ੍ਹਨ ਵਿਚ ਨਾ ਆਈਆ । ਲਹਿਣਾ ਦੇਣਾ ਚੁੱਕੇ ਪੂਜਾ ਪਾਠ, ਜਿਸ ਮਿਲੇ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਦਏ ਜਣਾਈਆ । ਭੇਵ ਖੁਲ੍ਹਾਏ ਹਰਿ ਨਿਰੰਕਾਰ, ਕਾਇਆ ਮੰਦਰ ਅੰਦਰ ਵੇਖ ਵਖਾਇੰਦਾ । ਅਪ ਤੇਜ ਵਾਏ ਪ੍ਰਿਥਮੀ ਆਕਾਸ਼, ਪੰਜ ਤਤ ਮਨ ਮਤ ਬੁਧ ਪਰਦਾ ਆਪ ਉਠਾਇੰਦਾ । ਨੌ ਦਰ ਵੇਖੇ ਵਾਰੋ ਵਾਰ, ਵੇਖਣਹਾਰਾ ਮੁਖ ਛੁਪਾਇੰਦਾ । ਸੁਖਮਨ ਨਾੜੀ ਟੇਢੀ ਬੰਕ ਟੇਢੀ ਗਾਰ, ਡੂੰਘੀ ਕੰਦਰ ਸੋਭਾ ਪਾਇੰਦਾ । ਈੜਾ ਪਿੰਗਲ ਦਏ ਸਹਾਰ, ਆਪ ਆਪਣੀ ਦਇਆ ਕਮਾਇੰਦਾ । ਅੰਮ੍ਰਿਤ ਆਤਮ ਬਖ਼ਸ਼ੇ ਠੰਡੀ ਠਾਰ, ਨਿਝਰ ਝਿਰਨਾ ਆਪ ਝਿਰਾਇੰਦਾ । ਨਿਰਗੁਣ ਦੀਆ ਬਾਤੀ ਕਰ ਉਜਿਆਰ । ਅਗਿਆਨ ਅੰਧੇਰ ਮਿਟਾਇੰਦਾ । ਸ਼ਬਦ ਅਨਾਦ ਸੱਚੀ ਧੁਨਕਾਰ, ਅਨਹਦ ਤਾਲ ਆਪ ਵਜਾਇੰਦਾ । ਬਜਰ ਕਪਾਟੀ ਲਾਹੇ ਪਾੜ, ਦੂਈ ਦਵੈਤੀ ਮੇਟ ਮਿਟਾਇੰਦਾ, ਆਤਮ ਸੇਜਾ ਕਰ ਸ਼ੰਗਾਰ, ਸਚ ਸਿੰਘਾਸਣ ਸੋਭਾ ਪਾਇੰਦਾ । ਸੁਰਤੀ ਸ਼ਬਦੀ ਇਕ ਪਿਆਰ, ਦਰ ਘਰ ਸਾਚੇ ਮੇਲ ਮਿਲਾਇੰਦਾ । ਨਾਰੀ ਕੰਤ ਸੋਹੇ ਇਕ ਦਵਾਰ, ਦਰ ਦਰਵਾਜ਼ਾ ਆਪ ਖੁਲ੍ਹਾਇੰਦਾ । ਬ੍ਰਹਮ ਪਾਰਬ੍ਰਹਮ ਮੇਲ ਮਿਲਾਏ ਏਕਾ ਦਵਾਰ, ਮਿਲਿਆ ਮੇਲ ਵਿਛੜ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਸਮ ਦਵਾਰੀ ਭੇਵ ਚੁਕਾਇੰਦਾ । ਦਸਮ ਦਵਾਰੀ ਪਰਦਾ ਖੋਲ੍ਹ, ਆਪਣੇ ਹੱਥ ਰੱਖੇ ਵਡਿਆਈਆ । ਆਪਣਾ ਨਾਅਰਾ ਆਪੇ ਬੋਲ,

ਆਪੇ ਦਏ ਸਮਝਾਈਆ । ਆਪਣੇ ਕੰਡੇ ਆਪੇ ਤੋਲ, ਆਪਣੇ ਲੇਖੇ ਲਏ ਲਗਾਈਆ । ਆਪੇ ਬੈਠਾ ਰਹੇ ਅਡੋਲ, ਗੁਰਮੁਖ ਅਡੋਲ ਅਡੁਲ ਆਪ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚੇ ਮੇਲਾ ਲਏ ਮਿਲਾਈਆ । ਦਸਮ ਦਵਾਰੀ ਪਰਦਾ ਲਾਹ, ਆਪਣੀ ਦਇਆ ਕਮਾਇੰਦਾ । ਗੁਰਮੁਖ ਸੱਜਣ ਨਾਲ ਮਿਲਾ, ਸੁੰਨ ਅਗੰਮ ਫੇਰਾ ਪਾਇੰਦਾ । ਸੁੰਨ ਅਗੰਮੀ ਡੇਰਾ ਢਾਹ, ਆਪਣਾ ਚਰਨ ਉਠਾਇੰਦਾ । ਥਿਰ ਘਰ ਸਾਚਾ ਲਏ ਖੁਲ੍ਹਾ, ਦਰ ਘਰ ਸਾਚੇ ਸੋਭਾ ਪਾਇੰਦਾ । ਥਿਰ ਘਰ ਦਵਾਰਿਉਂ ਆਪ ਆਪਣਾ ਪਰਦਾ ਉਠਾ, ਰੂਪ ਅਨੂਪ ਆਪ ਪਰਗਟਾਇੰਦਾ । ਸਚਖੰਡ ਦਵਾਰ ਵੇਖੇ ਸੱਚਾ ਸ਼ਹਿਨਸ਼ਾਹ, ਸ਼ਾਹ ਪਾਤਸ਼ਾਹ ਆਪਣੀ ਕਲ ਆਪ ਧਰਾਇੰਦਾ । ਤਖ਼ਤ ਨਿਵਾਸੀ ਉਪਰ ਬੈਠ, ਆਪਣਾ ਬੰਕ ਦਏ ਸੁਹਾ, ਬੰਕ ਦਵਾਰੀ ਭੇਵ ਨਾ ਆਇੰਦਾ । ਗੁਰਮੁਖ ਸੱਜਣ ਮੀਤ ਮੁਰਾਰ, ਸੰਤ ਕੰਤ ਭਗਵੰਤ ਚਰਨ ਕਵਲ ਲਏ ਬਹਾ, ਚਰਨ ਚਰਨੋਦਕ ਮੁਖ ਚੁਆਇੰਦਾ । ਜੋਤੀ ਜੋਤ ਲਏ ਮਿਲਾ, ਜੋਤੀ ਜਾਤਾ ਪੁਰਖ ਬਿਧਾਤਾ, ਆਪਣੇ ਰੰਗ ਰੰਗਾਇੰਦਾ । ਬੈਠਾ ਰਹੇ ਇਕ ਇਕਾਂਤਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਦਵਾਰੇ ਸੋਭਾ ਪਾਇੰਦਾ । ਸਚਖੰਡ ਦਵਾਰੇ ਵਸੇ ਠਾਕਰ, ਲੋਕਮਾਤ ਵੇਖ ਵਖਾਈਆ । ਲੋਕਮਾਤ ਪੰਜ ਤਤ ਕਾਇਆ ਚੋਟੀ ਵੇਖੇ ਠਾਕਰ, ਠਗ ਠਗੌਰੀ ਆਪੇ ਪਾਈਆ । ਨਿਰਗੁਣ ਰੂਪ ਅਗੰਮ ਅਥਾਹ ਨਿਰਵੈਰ ਪੁਰਖ ਹਰਿ ਹਰਿ ਠਾਕਰ, ਦਰ ਘਰ ਸਾਚੇ ਸੋਭਾ ਪਾਈਆ । ਤ੍ਰੈਗੁਣ ਬੱਧਾ ਮਾਇਆ ਲੱਧਾ ਜੀਵ ਜੰਤ ਠਾਕਰ, ਠਾਕਰ ਏਕਾ ਰਾਹ ਤਕਾਈਆ । ਸਾਹਿਬ ਸੱਚਾ ਠਾਕਰ, ਜੁਗ ਜੁਗ ਵੇਸ ਵਟਾਈਆ । ਗੁਰਸਿਖ ਨਿਮਾਣਾ ਮੰਨੇ ਭਾਣਾ ਜਗਤ ਠਾਕਰ, ਨੇਤਰ ਨੈਣ ਉਠਾਈਆ । ਸ਼ਾਹ ਪਾਤਸ਼ਾਹ ਸਾਚਾ ਰਾਣਾ ਹਰਿ ਸੌਦਾਗਰ, ਲੋਕਮਾਤ ਮਾਰ ਝਾਤ ਏਕਾ ਵਣਜ ਕਰਾਈਆ । ਪੰਜ ਤਤ ਕਾਇਆ ਚੋਲਾ ਰਤੀ ਰਤ ਵੇਖੇ ਰਤਨਾਗਰ, ਠਾਕਰ ਆਪਣਾ ਪਰਦਾ ਲਾਹੀਆ । ਜਿਸ ਜਨ ਕਰਮ ਕਰੇ ਉਜਾਗਰ, ਆਪ ਆਪਣਾ ਮੇਲ ਮਿਲਾਈਆ । ਚਰਨ ਕਵਲ ਕਵਲ ਚਰਨ ਏਕਾ ਦੇਵੇ ਆਦਰ, ਜਨਮ ਜਨਮ ਦੀ ਤ੍ਰਿਸ਼ਨਾ ਭੁੱਖ ਗਵਾਈਆ । ਮੇਲ ਮਿਲਾਵਾ ਕਰਤਾ ਕ਼ਾਦਰ, ਕਰੀਮ ਰਹੀਮ ਸਿਰ ਆਪਣਾ ਹੱਥ ਟਿਕਾਈਆ । ਸੋ ਠਾਕਰ ਹੋਏ ਬਹਾਦਰ, ਜਿਸ ਠਾਕਰ ਮਿਲਿਆ ਸੱਚਾ ਸ਼ਹਿਨਸ਼ਾਹੀਆ । ਮਨ ਮਨੂਆ ਅੰਦਰ ਰਹੇ ਨਾ ਨਾਜ਼ਰ, ਹੰਕਾਰ ਗੜ੍ਹ ਆਪ ਤੁੜਾਈਆ । ਸਿਦਕ ਸਬੂਰੀ ਦੇਵੇ ਸੱਚੀ ਸਾਦਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਠਾਕਰ ਜਗਤ ਰਿਹਾ ਠੁਕਰਾਈਆ । ਜਗਤ ਠਾਕਰ ਲੱਗੇ ਠੋਕਰ, ਹਰਿ ਹਰਿ ਸਾਚਾ ਆਪ ਲਗਾਇੰਦਾ । ਬਿਨ ਹਰਿ ਨਾਮੇ ਦਿਸੇ ਚੌਖਰ, ਮਾਣਸ ਜਨਮ ਮੁੱਲ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਵੈਦ ਸਾਚੀ ਹਿਕਮਤ, ਕਾਇਆ ਮੰਦਰ ਆਪ ਸਮਝਾਇੰਦਾ । ਸਾਚੀ ਹਿਕਮਤ ਏਕਾ ਮੰਤਰ, ਹਰਿ ਸਾਚਾ ਸਚ ਜਣਾਇੰਦਾ । ਸੋਹੰ ਨਾਮ ਏਕਾ ਨਸਤਰ, ਰਤੀ ਰਤ ਵੇਖ ਵਖਾਇੰਦਾ । ਕਾਇਆ ਚੋਲੀ ਰੰਗੇ ਬਸਤਰ, ਰੰਗ ਮਜੀਠੀ ਆਪ ਚੜ੍ਹਾਇੰਦਾ । ਮਾਣਸ ਜਨਮ ਬਣਾਏ ਬਣਤਰ, ਕਾਗ ਹੰਸ ਰੂਪ ਵਟਾਇੰਦਾ । ਲੇਖਾ ਜਾਣੇ ਜੁਗਾ ਜੁਗੰਤਰ, ਪੂਰਬ ਜਨਮਾਂ ਫੋਲ ਫੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਠਾਕਰ ਹਰਿ ਅਖਵਾਇੰਦਾ । ਹਰਿ ਠਾਕਰ ਅਬਿਨਾਸ, ਆਦਿ ਜੁਗਾਦਿ ਸਮਾਇਆ । ਜਨ ਠਾਕਰ ਹਰਿ ਕਾ ਦਾਸ, ਨਿਉਂ ਨਿਉਂ ਬੈਠਾ ਸੀਸ ਝੁਕਾਇਆ । ਸਾਚਾ ਠਾਕਰ ਸਤਿਗੁਰ ਵਸੇ ਪਾਸ, ਵਿਛੜ ਕਦੇ ਨਾ ਜਾਇਆ । ਜਗਤ ਠਾਕਰ ਕਿਉਂ ਹੋਏ ਉਦਾਸ, ਸਤਿਗੁਰ ਮਾਇਆ ਪਰਦਾ ਦਏ ਚੁਕਾਇਆ । ਨਿਜ ਠਾਕਰ ਨਿਜ

ਰੱਖੇ ਵਾਸ, ਨਿਰਧਨ ਸਾਚਾ ਮੇਲ ਮਿਲਾਇਆ । ਜਗਤ ਠਾਕਰ ਰਸਨਾ ਜਿਹਵਾ ਹਲਾਏ ਪਵਣ ਸਵਾਸ, ਹਰਿ ਠਾਕਰ ਰਸਨਾ ਜਿਹਵਾ ਨਾ ਕੋਇ ਹਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨਹਾਰਾ ਬੰਦ ਖ਼ਲਾਸ, ਸੋ ਠਾਕਰ ਹਰਿਜਨ ਭਾਇਆ । ਵਾਹ ਵਾ ਠਾਕਰ ਠਾਕਰ ਮੇਲਾ, ਜਗਤ ਠੋਕਰ ਨਾ ਕੋਇ ਲਗਾਈਆ । ਆਪੇ ਗੁਰੂ ਆਪੇ ਗੁਰ ਚੇਲਾ, ਗੋਬਿੰਦ ਗੁਰ ਗਿਆ ਸਮਝਾਈਆ । ਪਾਰਬ੍ਰਹਮ ਪ੍ਰਭ ਸੱਜਣ ਸੁਹੇਲਾ, ਘਰ ਸਾਚੇ ਮਿਲੇ ਸਾਚਾ ਮਾਹੀਆ । ਦਰਸ ਦਿਖਾਏ ਇਕ ਇਕੇਲਾ, ਕਲਜੁਗ ਵਿਛੋੜਾ ਪੰਧ ਕਟਾਈਆ । ਅਚਰਜ ਖੇਲ ਆਪਣਾ ਖੇਲਾ, ਵੇਦ ਕਤੇਬ ਭੇਵ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਨਾਮ ਦਏ ਵਡਿਆਈਆ । ਨਾਮ ਵਡਿਆਈ ਠਾਕਰ ਗੁਣਵੰਤ, ਗੁਣ ਠਾਕਰ ਹਰਿ ਜਣਾਇੰਦਾ । ਜਨ ਠਾਕਰ ਮਿਲੇ ਹਰਿ ਭਗਵੰਤ, ਸੋ ਠਾਕਰ ਸੋਭਾ ਪਾਇੰਦਾ । ਜਨ ਠਾਕਰ ਰਸਨਾ ਜਿਹਵਾ ਮਣੀਆ ਮੰਤ, ਸੋ ਠਾਕਰ ਹਰਿ ਗੁਣ ਗਾਇੰਦਾ । ਜਿਸ ਠਾਕਰ ਮਿਲਿਆ ਏਕਾ ਕੰਤ, ਸੋ ਠਾਕਰ ਸੋਭਾਵੰਤ ਨਾਰ ਕਹਾਇੰਦਾ । ਜਿਸ ਠਾਕਰ ਚੋਲੀ ਚੜ੍ਹਿਆ ਰੰਗ ਬਸੰਤ, ਸੋ ਠਾਕਰ ਮਿਲ ਮਿਲ ਮੰਗਲ ਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਤਮ ਅੰਤਰ ਇਕ ਗਿਆਨ, ਏਕਾ ਸ਼ਬਦ ਨਾਮ ਦ੍ਰਿੜਾਇੰਦਾ । ਠਾਕਰ ਦੇਵੇ ਇਕ ਗਿਆਨਾ, ਗਹਿਰ ਗੰਭੀਰ ਵਡੀ ਵਡਿਆਈਆ । ਸ਼ਬਦ ਨਾਦ ਧੁਨ ਤਰਾਨਾ, ਗ੍ਰਿਹ ਮੰਦਰ ਆਪ ਸੁਣਾਈਆ । ਮਨ ਵੈਰਾਗੀ ਹੋਇਆ ਨਿਮਾਣਾ, ਪੰਜ ਸ਼ੈਤਾਨ ਰਹਿਣ ਨਾ ਪਾਈਆ । ਆਸਾ ਤ੍ਰਿਸ਼ਨਾ ਪੰਧ ਚੁਕਾਣਾ, ਮਾਇਆ ਮਮਤਾ ਮੋਹ ਦਏ ਮਿਟਾਈਆ । ਏਕਾ ਰਾਗ ਸੁਣਾਏ ਗਾਨਾ, ਆਪ ਆਪਣੀ ਕਰੇ ਸ਼ਨਵਾਈਆ । ਸ਼ਬਦ ਸੰਦੇਸ਼ ਧੁਰ ਫ਼ਰਮਾਨਾ, ਨਰ ਨਰੇਸ਼ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਬੰਧਨ ਵੇਖ ਵਖਾਈਆ । ਜਗਤ ਬੰਧਨ ਵੇਖ ਵਖਾਇੰਦਾ, ਕਿਰਪਾ ਨਿਧ ਗੁਣ ਨਿਧਾਨ । ਹਰਿਜਨ ਸਾਚੇ ਮੇਲ ਮਿਲਾਇੰਦਾ, ਆਤਮ ਅੰਤਰ ਕਰ ਪਰਵਾਨ । ਪੰਜ ਆਬ ਪੰਧ ਮੁਕਾਇੰਦਾ, ਪੰਚਮ ਮੇਟ ਝੂਠ ਦੁਕਾਨ । ਚੌਦਾਂ ਹੱਟ ਫੋਲ ਫੋਲਾਇੰਦਾ, ਅੰਦਰ ਮੰਦਰ ਮਾਰ ਧਿਆਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦਰਸ ਦੇਵੇ ਦਾਨ । ਏਕਾ ਜੋਤ ਪਰਗਟੇ ਠਾਕਰ ਘਟ, ਹਰਿ ਸਤਿਗੁਰ ਦਇਆ ਕਮਾਇੰਦਾ । ਕਰੇ ਪਰਕਾਸ਼ ਲਟ ਲਟ, ਰੂਪ ਅਨੂਪ ਰੰਗ ਵਖਾਇੰਦਾ । ਦੂਈ ਦਵੈਤ ਮੇਟੇ ਫੱਟ, ਅੰਮ੍ਰਿਤ ਮੇਘ ਇਕ ਬਰਸਾਇੰਦਾ । ਲਹਿਣਾ ਦੇਣਾ ਚੁੱਕੇ ਤੀਰਥ ਤਟ, ਅਠਸਠ ਕਾਇਆ ਮੰਦਰ ਅੰਦਰ ਧਾਰ ਵਹਾਇੰਦਾ । ਰਸਨਾ ਜਿਹਵਾ ਜੋ ਰਹੀ ਰਟ, ਬਿਨ ਰਸਨਾ ਜਿਹਵਾ ਆਪਣਾ ਨਾਮ ਜਪਾਇੰਦਾ । ਪਾਰ ਕਰਾਏ ਚੌਦਾਂ ਲੋਕ ਚੌਦਾਂ ਤਬਕ ਚੌਦਾਂ ਹੱਟ, ਪੁਰਖ ਸਮਰਥ ਆਪਣੀ ਦਇਆ ਕਮਾਇੰਦਾ । ਆਪਣੀ ਵਸਤ ਗੁਰਮੁਖ ਅੰਦਰ ਦੇਵੇ ਘੱਤ, ਗੁਰਸਿਖ ਖ਼ਜ਼ਾਨਾ ਆਪ ਭਰਾਇੰਦਾ । ਪੰਜਾਂ ਚੋਰਾਂ ਪਾਏ ਨੱਥ, ਆਪਣੇ ਪੈਰਾਂ ਹੇਠ ਦਬਾਇੰਦਾ । ਸਾਧ ਸੰਗਤ ਹੋਇਆ ਇਕੱਠ, ਸ਼ੁਭ ਦਿਹਾੜਾ ਇਕ ਵਡਿਆਇੰਦਾ । ਪਹਿਲੀ ਚੇਤ ਮੇਲ ਮਿਲਾਇਆ ਬੀਸ ਬਿਕ੍ਰਮੀ ਇਕ ਅੱਠ, ਅਠਾਰਾਂ ਗੁਰਸਿਖ ਚਰਨਾਂ ਹੇਠ ਦਬਾਇੰਦਾ । ਕਾਇਆ ਮੰਦਰ ਅੰਦਰ ਗੇੜੇ ਉਲਟੀ ਲੱਠ, ਗੇੜ ਆਪਣੇ ਹੱਥ ਰਖਾਇੰਦਾ । ਹੰਕਾਰੀ ਬੁਰਜ ਜਾਏ ਢੱਠ, ਮਨ ਕਾ ਮਣਕਾ ਆਪ ਭਵਾਇੰਦਾ । ਤਨ ਪਹਿਨਾਏ ਸਾਚਾ ਪਟ, ਆਪਣੀ ਹੱਥੀਂ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤ ਜੋਤ ਨਾਲ ਪਰਗਟਾਇੰਦਾ । ਏਕਾ ਜੋਤ ਕਰੇ ਉਜਾਲਾ, ਹਰਿ ਸਤਿਗੁਰ ਹੱਥ ਵਡਿਆਈਆ । ਕਲਜੁਗ



੪੦੧ ੧੦

ਅੰਤਮ ਕਰੇ ਖੇਲ ਨਿਰਾਲਾ, ਨਿਰਗੁਣ ਨਿਰਵੈਰ ਸੱਚਾ ਸ਼ਹਿਨਸ਼ਾਹੀਆ । ਲੇਖਾ ਜਾਣੇ ਸ਼ਾਹ ਕੰਗਾਲਾ, ਸ਼ਾਹ ਕੰਗਾਲ ਏਕਾ ਰੰਗ ਰੰਗਾਈਆ । ਗੁਰਮੁਖ ਗੁਰ ਗੁਰ ਦੀਪਕ ਦੀਆ ਆਪੇ ਬਾਲਾ, ਤੇਲ ਬਾਤੀ ਨਾ ਕੋਇ ਵਖਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲਾ, ਤ੍ਰੈਗੁਣ ਅਤੀਤਾ ਆਪਣਾ ਖੇਲ ਆਪ ਕਰਾਈਆ । ਘਰ ਵਿਚ ਘਰ ਵਖਾਏ ਸੱਚੀ ਧਰਮਸਾਲਾ, ਗ੍ਰਿਹ ਅੰਦਰ ਮੰਦਰ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਜੋਤ ਕਰੇ ਰੁਸ਼ਨਾਈਆ । ਏਕਾ ਜੋਤ ਨਿਰਗੁਣ ਧਾਰ, ਨਿਰਗੁਣ ਨੂਰ ਆਪ ਧਰਾਇੰਦਾ । ਗੁਰਸਿਖਾਂ ਦੇਵੇ ਕਰ ਪਿਆਰ, ਸਤਿਗੁਰ ਸਾਚੀ ਸੇਵ ਕਮਾਇੰਦਾ । ਔਖੀ ਘਾਟੀ ਚੜ੍ਹੇ ਏਕਾ ਵਾਰ, ਸਾਚਾ ਪੌੜਾ ਆਪ ਲਗਾਇੰਦਾ । ਨੇਤਰ ਨੈਣ ਖੋਲ੍ਹ ਕਰੇ ਉਜਿਆਰ, ਨਿਜ ਨੇਤਰ ਆਪ ਖੁਲ੍ਹਾਇੰਦਾ । ਚੌਥੇ ਪਦ ਕਰ ਪਿਆਰ, ਗੁਰਮੁਖ ਸਾਚੇ ਧਾਮ ਸੁਹਾਇੰਦਾ । ਪੰਚਮ ਮੇਲਾ ਮੀਤ ਮੁਰਾਰ, ਪੀਆ ਪ੍ਰੀਤਮ ਆਪਣਾ ਸੰਗ ਰਖਾਇੰਦਾ । ਛੇਵੇਂ ਛੱਪਰ ਛੰਨ ਨਾ ਕੋਇ ਆਧਾਰ, ਹਰਿਜਨ ਦਰ ਘਰ ਸਾਚੇ ਸੋਭਾ ਪਾਇੰਦਾ । ਸਤਵੇਂ ਸਤਿ ਸਤਿਵਾਦੀ ਸਤਿ ਪੁਰਖ ਨਿਰੰਜਣ ਮੀਤ ਮੁਰਾਰ, ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਜੋਤ ਆਪ ਪਰਗਟਾਇੰਦਾ । ਜੋਤੀ ਜਾਤਾ ਖੇਲ ਅਵੱਲਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਜਿਸ ਜਨ ਫੜਾਏ ਆਪਣਾ ਪੱਲਾ, ਪਾਰਬ੍ਰਹਮ ਹੋਏ ਸਹਾਈਆ । ਘਟ ਘਟ ਅੰਦਰ ਵਸਿਆ ਇਕ ਇਕੱਲਾ, ਵੇਖਣਹਾਰਾ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪੇ ਜੋਤੀ ਨੂਰ ਧਰ, ਨੂਰ ਨੁਰਾਨਾ ਡਗਮਗਾਈਆ । ਨੂਰ ਨੁਰਾਨਾ ਡਗਮਗਾ, ਅੰਧ ਅੰਧੇਰ ਗਵਾਇੰਦਾ । ਸ਼ਾਹ ਰਗ ਉਪਰ ਬੈਠਾ ਡੇਰਾ ਲਾ, ਸਚ ਸਿੰਘਾਸਣ ਆਸਣ ਸੋਭਾ ਪਾਇੰਦਾ । ਕਮਲਾਪਤ ਬਣੇ ਆਪ ਮਲਾਹ, ਹਰਿਜਨ ਸਾਚੇ ਪਾਰ ਕਰਾਇੰਦਾ । ਪਹਿਲੀ ਚੇਤਰ ਦੇਵੇ ਸਚ ਸਲਾਹ, ਸੋਹੰ ਸ਼ਬਦ ਇਕ ਸਮਝਾਇੰਦਾ । ਫੜ ਫੜ ਆਪਣੇ ਬੇੜੇ ਲਏ ਚੜ੍ਹਾ, ਸਤਿਗੁਰ ਪੂਰਾ ਸੇਵ ਕਮਾਇੰਦਾ । ਜਗਤ ਝੇੜੇ ਦਏ ਮੁਕਾ, ਜਿਸ ਜਨ ਆਪਣੇ ਝੇੜੇ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੋਤ ਨੂਰ ਨੂਰ ਜੋਤ ਜੋਤ ਜੋਤ ਵਿਚ ਰਖਾਇੰਦਾ ।

ਜਗਤ ਤ੍ਰਿਸ਼ਨਾ ਭੁੱਖ ਮਿਟੇ ਪਿਆਸ, ਜਿਸ ਜਨ ਸਤਿਗੁਰ ਦਇਆ ਕਮਾਇੰਦਾ । ਏਕਾ ਨਾਮ ਦੇਵੇ ਸਾਚੀ ਰਾਸ, ਅਤੋਟ ਅਤੁਟ ਵਰਤਾਇੰਦਾ । ਲੇਖਾ ਚੁੱਕੇ ਦਸ ਦਸ ਮਾਸ, ਮਾਤ ਗਰਭ ਫੰਦ ਕਟਾਇੰਦਾ । ਘਰ ਮੰਦਰ ਵਖਾਏ ਸਾਚੀ ਰਾਸ, ਗੋਪੀ ਕਾਹਨ ਆਪ ਨਚਾਇੰਦਾ । ਹੋਏ ਸਹਾਈ ਜੰਗਲ ਜੂਹ ਉਜਾੜ ਵਿਚ ਪਰਭਾਸ, ਨਿਤ ਨਵਿਤ ਸੇਵ ਕਮਾਇੰਦਾ । ਸਦਾ ਸੁਹੇਲਾ ਜਿਸ ਜਨ ਵਸੇ ਪਾਸ, ਸੋ ਜਨ ਆਸ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਗੁਣ ਇਕ ਸਮਝਾਇੰਦਾ । ਮਿਟੇ ਪਿਆਸ ਗੁਰ ਸਤਿਗੁਰ ਚਰਨ, ਚਰਨ ਚਰਨੋਦਕ ਮੁਖ ਚੁਆਈਆ । ਅੰਤਰ ਆਤਮ ਖੋਲ੍ਹੇ ਹਰਨ ਫਰਨ, ਨੇਤਰ ਨੈਣ ਇਕ ਖੁਲ੍ਹਾਈਆ । ਭੈ ਚੁੱਕੇ ਮਰਨ ਡਰਨ, ਭੌ ਸੀਸ ਨਾ ਹੋਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਮ ਦਏ ਵਡਿਆਈਆ । ਹਰਿ ਕਾ ਨਾਮ ਵਸਤ ਅਮੋਲ, ਗੁਰਮੁਖ ਵੰਡ ਵੰਡਾਈਆ ।

ਜੋ ਜਨ ਰੱਖੇ ਆਪਣੇ ਕੋਲ, ਜਗਤ ਤ੍ਰਿਸ਼ਨਾ ਭੁੱਖ ਨੇੜ ਨਾ ਆਈਆ । ਸਦਾ ਸਦਾ ਸੁਹੇਲਾ ਰੱਖੇ ਅਡੋਲ, ਅਡੁਲ ਬੇਪਰਵਾਹੀਆ । ਆਪਣਾ ਕਰੇ ਕੀਤਾ ਪੂਰਾ ਕੌਲ, ਕੀਤਾ ਕੌਲ ਭੁਲ ਨਾ ਜਾਈਆ । ਹਰਿਜਨ ਹਿਰਦੇ ਅੰਦਰ ਜਾਏ ਮੌਲ, ਸਤਿ ਸਰੂਪ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਤ੍ਰਿਸ਼ਨਾ ਦਏ ਗਵਾਈਆ । ਜਗਤ ਤ੍ਰਿਸ਼ਨਾ ਹੋਏ ਦੂਰ, ਆਸਾ ਆਸਾ ਵਿਚ ਸਮਾਇੰਦਾ । ਦਰਸ ਦਿਖਾਏ ਹਾਜ਼ਰ ਹਜ਼ੂਰ, ਹਰਿਜਨ ਹਰਿ ਹਰਿ ਵੇਖ ਵਖਾਇੰਦਾ । ਨਾਤਾ ਤੋੜੇ ਕੂੜੋ ਕੂੜ, ਮਾਇਆ ਮਮਤਾ ਮੋਹ ਮਿਟਾਇੰਦਾ । ਜਿਸ ਜਨ ਬਖ਼ਸ਼ੇ ਚਰਨ ਧੂੜ, ਦੁਰਮਤ ਮੈਲ ਆਪ ਗਵਾਇੰਦਾ । ਚਤੁਰ ਸੁਘੜ ਬਣਾਏ ਮੂਰਖ ਮੂੜ੍ਹ, ਏਕਾ ਮੰਤਰ ਨਾਮ ਦ੍ਰਿੜਾਇੰਦਾ । ਹਰਿਜਨ ਹਰਿ ਹਰਿ ਆਸਾ ਮਨਸਾ ਪੂਰ, ਜੋ ਜਨ ਏਕਾ ਓਟ ਰਖਾਇੰਦਾ । ਏਕਾ ਓਟ ਰੱਖਣੀ ਆਸ, ਹਰਿ ਸਤਿਗੁਰ ਦਏ ਵਡਿਆਈਆ । ਏਕਾ ਨਾਮ ਕਰੇ ਤ੍ਰਿਪਤਾਸ, ਤ੍ਰੈ ਤ੍ਰੈ ਲੇਖਾ ਮੂਲ ਚੁਕਾਈਆ । ਨਿਜ ਘਰ ਆਤਮ ਕਰੇ ਵਾਸ, ਨਿਜਾਨੰਦ ਰਸ ਚਖਾਈਆ । ਨਿਰਗੁਣ ਸਰਗੁਣ ਹੋਏ ਦਾਸੀ ਦਾਸ, ਸੇਵਕ ਸਾਚੀ ਸੇਵ ਕਮਾਈਆ । ਗੁਰਸਿਖ ਹੋਏ ਨਾ ਕਦੇ ਨਿਰਾਸ, ਜਿਸ ਸਤਿਗੁਰ ਮਿਲਿਆ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਤ੍ਰਿਸ਼ਨਾ ਦਏ ਗਵਾਈਆ । ਜਗਤ ਤ੍ਰਿਸ਼ਨਾ ਜਾਏ ਛੁੱਟ, ਸਤਿਗੁਰ ਪੂਰਾ ਆਪ ਗਵਾਇੰਦਾ । ਆਸਾ ਤ੍ਰਿਸ਼ਨਾ ਵਿਚੋਂ ਕੱਢੇ ਕੁੱਟ, ਸ਼ਬਦ ਖੰਡਾ ਹੱਥ ਚਮਕਾਇੰਦਾ । ਅੰਮ੍ਰਿਤ ਜਾਮ ਪਿਆਏ ਘੁੱਟ, ਸਾਂਤਕ ਸਤਿ ਸਤਿ ਵਰਤਾਇੰਦਾ । ਜਿਸ ਜਨ ਉਪਰ ਜਾਏ ਤੁਠ, ਆਪ ਆਪਣਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਤ੍ਰਿਸ਼ਨਾ ਪੰਧ ਮੁਕਾਇੰਦਾ । ਜਗਤ ਤ੍ਰਿਸ਼ਨਾ ਮੁੱਕੇ ਪੰਧ, ਗੁਰ ਚਰਨ ਸੱਚੀ ਸਰਨਾਈਆ । ਰਸਨਾ ਤਜੌਣਾ ਮਦਿਰਾ ਮਾਸ ਗੰਦ, ਅੰਮ੍ਰਿਤ ਆਤਮ ਜਾਮ ਮੁਖ ਲਗਾਈਆ । ਦੂਈ ਦਵੈਤੀ ਢਾਏ ਭਰਮਾਂ ਕੰਧ, ਮਾਇਆ ਪਰਦਾ ਦਏ ਚੁਕਾਈਆ । ਸ਼ਬਦ ਸੁਣਾਏ ਸੁਹਾਗੀ ਛੰਦ, ਸੋ ਪੁਰਖ ਨਿਰੰਜਣ ਵਡ ਵਡਿਆਈਆ । ਮਾਇਆ ਮਮਤਾ ਕਰੇ ਖੰਡ ਖੰਡ, ਆਸਾ ਤ੍ਰਿਸ਼ਨਾ ਦਏ ਜਲਾਈਆ । ਗੁਰਸਿਖ ਸੁਹਾਗਣ ਨਾਰ ਨਾ ਹੋਏ ਰੰਡ, ਜਿਸ ਮਿਲਿਆ ਏਕਾ ਮਾਹੀਆ । ਖ਼ੁਸ਼ੀ ਕਰਾਏ ਬੰਦ ਬੰਦ, ਬੰਦੀ ਛੋੜ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਤ੍ਰਿਸ਼ਨਾ ਦਏ ਗਵਾਈਆ । ਜਗਤ ਤ੍ਰਿਸ਼ਨਾ ਮਿਟੇ ਭੁੱਖ, ਭੁੱਖਿਆਂ ਭੁੱਖ ਗਵਾਇੰਦਾ । ਇਕ ਉਪਜਾਏ ਸਾਚਾ ਸੁਖ, ਘਰ ਘਰ ਵਿਚ ਮੇਲ ਮਿਲਾਇੰਦਾ । ਮਾਤ ਗਰਭ ਨਾ ਹੋਏ ਉਲਟਾ ਰੁਖ, ਲੱਖ ਚੁਰਾਸੀ ਫੰਦ ਕਟਾਇੰਦਾ । ਸਫਲ ਕਰਾਏ ਮਾਤ ਕੁੱਖ, ਜੋ ਜਨ ਚਰਨੀ ਸੀਸ ਝੁਕਾਇੰਦਾ । ਉਜਲ ਹੋਏ ਜਗਤ ਮੁਖ, ਮੁਖ ਮੁਖੜਾ ਆਪ ਸਾਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਭੁੱਖ ਆਪ ਗਵਾਇੰਦਾ । ਸਤਿਗੁਰ ਚਰਨ ਹਰਿ ਕਾ ਦਵਾਰ, ਹਰੀ ਹਰਿ ਆਪ ਜਣਾਇੰਦਾ । ਸਤਿਗੁਰ ਚਰਨ ਸਤਿ ਪਿਆਰ, ਸਤਿ ਸਤਿਵਾਦੀ ਸਤਿ ਸਮਝਾਇੰਦਾ । ਸਤਿਗੁਰ ਚਰਨ ਨਾਤਾ ਤੋੜੇ ਜਗਤ ਸੰਸਾਰ, ਜਗਤ ਜੁਗਤ ਇਕ ਵਖਾਇੰਦਾ । ਸਤਿਗੁਰ ਚਰਨ ਮਾਣਸ ਜਨਮ ਪੈਜ ਦਏ ਸਵਾਰ, ਮਾਣਸ ਮਾਨੁਖ ਲੇਖੇ ਲਾਇੰਦਾ । ਸਤਿਗੁਰ ਚਰਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਘਰ ਵਖਾਇੰਦਾ । ਸਤਿਗੁਰ ਚਰਨ ਸਾਚਾ ਘਰ, ਸਤਿ ਪੁਰਖ ਨਿਰੰਜਣ ਆਪ ਬਣਾਇੰਦਾ । ਗੁਰਸਿਖ ਚੁੱਕੇ ਝੂਠਾ ਡਰ, ਭੈ ਭਿਆਨਕ ਨਾ ਕੋਇ ਵਖਾਇੰਦਾ । ਆਤਮ ਨੁਹਾਏ ਸਾਚੇ ਸਰ, ਨਿਰਮਲ ਨੀਰ ਆਪ ਵਹਾਇੰਦਾ । ਸੁਰਤ ਸੁਵਾਣੀ ਲਏ

ਫੜ, ਸ਼ਬਦ ਸ਼ਬਦੀ ਮੇਲ ਮਿਲਾਇੰਦਾ । ਪੌੜੇ ਪੌੜੇ ਜਾਏ ਚੜ੍ਹ, ਔਦਾ ਜਾਂਦਾ ਦਿਸ ਨਾ ਆਇੰਦਾ । ਹਰਿਜਨ ਜਿਸ ਤੇਰਾ ਘਾੜਨ ਲਿਆ ਘੜ, ਸੋ ਤੇਰੀ ਸੇਵ ਕਮਾਇੰਦਾ । ਆਪਣੀ ਕਰਨੀ ਆਪੇ ਰਿਹਾ ਕਰ, ਕਰਤਾ ਪੁਰਖ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਰਖਾਏ ਚਰਨ ਓਟ, ਮਾਇਆ ਮਮਤਾ ਕੱਢੇ ਖੋਟ, ਹਉਮੇ ਹੰਗਤਾ ਆਪ ਗਵਾਇੰਦਾ । ਚਰਨ ਕਵਲ ਸਾਚਾ ਨਾਤਾ, ਗੁਰ ਸਤਿਗੁਰ ਆਪ ਬੰਧਾਈਆ । ਕਲਜੁਗ ਮਿਟੇ ਰੈਣ ਅੰਧੇਰੀ ਰਾਤਾ, ਸਾਚਾ ਚੰਦ ਕਰੇ ਰੁਸ਼ਨਾਈਆ । ਇਕ ਸੁਣਾਏ ਸਾਚੀ ਗਾਥਾ, ਅੰਤਰ ਮੰਤਰ ਕਰੇ ਪੜ੍ਹਾਈਆ । ਮੇਲ ਮਿਲਾਏ ਕਮਲਾਪਾਤਾ, ਕਾਮਲ ਆਪਣੀ ਦਇਆ ਕਮਾਈਆ । ਜਨਮ ਜਨਮ ਦਾ ਪੂਰਾ ਕਰੇ ਘਾਟਾ, ਜਿਸ ਸਿਰ ਆਪਣਾ ਹੱਥ ਟਿਕਾਈਆ । ਅੱਗੇ ਰੱਖੇ ਨੇੜੇ ਵਾਟਾ, ਦੂਰ ਦੁਰਾਡਾ ਪੰਧ ਮੁਕਾਈਆ । ਚਿਤਰ ਗੁਪਤ ਨਾ ਖੋਲ੍ਹੇ ਖਾਤਾ, ਰਾਏ ਧਰਮ ਨਾ ਦਏ ਸਜ਼ਾਈਆ । ਲਾੜੀ ਮੌਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਚਰਨ ਦਏ ਵਡਿਆਈਆ । ਹਰਿਜਨ ਨਾਤਾ ਜੋੜ, ਜੋੜੀ ਜੋੜ ਮੇਲ ਮਿਲਾਇੰਦਾ । ਸ਼ਬਦ ਚੜ੍ਹਾਏ ਸਾਚੇ ਘੋੜ, ਨਿਰਗੁਣ ਸਰਗੁਣ ਘੋੜਾ ਆਪ ਦੌੜਾਇੰਦਾ । ਮਿੱਠਾ ਰਸ ਕਰੇ ਰੀਠਾ ਕੌੜ, ਮੁਖ ਅੰਮ੍ਰਿਤ ਜਾਮ ਪਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਿਛਲਾ ਲੇਖਾ ਆਪਣੇ ਹੱਥ ਰਖਾਇੰਦਾ । ਰੱਖੇ ਰੱਖਣਹਾਰ, ਦਇਆ ਕਮਾਇੰਦਾ । ਜੀਵ ਜੰਤ ਨਾ ਕਰੇ ਵਿਚਾਰ, ਖੇਲ ਖਿਲਾਇੰਦਾ । ਜੁਗ ਜੁਗ ਵੇਸ ਅਨੇਕ ਨਿਰੰਕਾਰ, ਲੋਕਮਾਤ ਫੇਰਾ ਪਾਇੰਦਾ । ਏਕਾ ਗੁਰ ਇਕ ਅਵਤਾਰ, ਏਕਾ ਹੁਕਮੀ ਹੁਕਮ ਫਿਰਾਇੰਦਾ । ਲੱਖ ਚੁਰਾਸੀ ਪਾਵਣਹਾਰਾ ਸਾਰ, ਘਟ ਘਟ ਆਪਣਾ ਰੂਪ ਧਰਾਇੰਦਾ । ਗੁਰਮੁਖ ਸਾਜਣ ਕਰੇ ਪਿਆਰ, ਆਪ ਆਪਣੇ ਵੇਖ ਵਖਾਇੰਦਾ । ਜਗਤ ਬਿਗੜੀ ਲਏ ਸੁਆਰ, ਜਿਸ ਜਨ ਆਪਣੀ ਬੂਝ ਬੁਝਾਇੰਦਾ । ਕਾਇਆ ਗਗਰੀ ਨਿਰਗੁਣ ਜੋਤ ਕਰੇ ਉਜਿਆਰ, ਨੂਰ ਜ਼ਹੂਰ ਆਪ ਦਰਸਾਇੰਦਾ । ਸਚ ਸਮਗਰੀ ਕਰ ਤਿਆਰ, ਆਪਣੀ ਹੱਥੀਂ ਹਵਨ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗ ਬਿਗਰੀ ਆਪ ਬਣਾਇੰਦਾ । ਜਗ ਬਿਗਰੀ ਜਗ ਜਾਨਿਆ, ਜਾਨਣਹਾਰ ਗੋਪਾਲ । ਭੇਵ ਨਾ ਪਾਏ ਕੋਇ ਸੁਘੜ ਸਿਆਨਿਆ, ਪੁਰਖ ਅਬਿਨਾਸ਼ੀ ਖੇਲ ਨਿਆਰ । ਜਿਸ ਜਨ ਬਖ਼ਸ਼ੇ ਚਰਨ ਧਿਆਨਿਆ, ਆਪ ਆਪਣੀ ਕਿਰਪਾ ਧਾਰ । ਸੋ ਜਨ ਹੋਏ ਪਰਵਾਨਿਆ, ਮਿਲੇ ਮੇਲ ਹਰਿ ਮੀਤ ਮੁਰਾਰ । ਲੇਖਾ ਜਾਣੇ ਦੋ ਜਹਾਨਿਆ, ਖੇਲੇ ਖੇਲ ਵਿਚ ਸੰਸਾਰ । ਗੁਰਮੁਖ ਗੁਰਸਿਖ ਦਰ ਆਏ ਕਰੇ ਪਰਵਾਨਿਆ, ਜਨਮ ਕਰਮ ਪੂਰਬ ਆਪ ਵਿਚਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਾਣਸ ਜਨਮ ਜਗਤ ਜਗ ਬਿਗਰੀ, ਸੰਗ ਭਗਤਨ ਲਏ ਉਧਾਰ । ਭਗਤਨ ਰੂਪ ਸਾਧ ਸੰਗਤ, ਹਰਿ ਸਤਿਗੁਰ ਆਪ ਵਡਿਆਇੰਦਾ । ਅੰਦਰੇ ਅੰਦਰ ਚੜ੍ਹੀ ਰੰਗਤ, ਰੰਗਣਹਾਰਾ ਏਕਾ ਰੰਗ ਰੰਗਾਇੰਦਾ । ਜਗਤ ਤ੍ਰਿਸ਼ਨਾ ਮਿਟੀ ਭੁੱਖ ਨੰਗਤ, ਭੁਖਿਆਂ ਨੰਗਿਆਂ ਆਪਣੇ ਗਲੇ ਲਗਾਇੰਦਾ । ਗੁਰਸਿਖ ਗੁਰਮੁਖ ਹਰਿਜਨ ਹਰਿ ਭਗਤ ਦੂਜੇ ਦਰ ਨਾ ਜਾਏ ਮੰਗਤ, ਜਿਸ ਜਨ ਆਪਣੀ ਬੂਝ ਬੁਝਾਇੰਦਾ । ਪਹਿਲਾਂ ਤੋੜੇ ਗੜ੍ਹ ਹਉਮੇ ਹੰਗਤ, ਦੂਜਾ ਦਰ ਫੇਰ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਭਗਤ ਆਪ ਵਡਿਆਇੰਦਾ । ਸਾਧ ਸੰਗਤ ਭਗਤਨ ਰੂਪ, ਭਗਵਨ ਆਪਣੀ ਦਇਆ ਕਮਾਈਆ । ਕਰੇ ਉਜਿਆਰ ਚਾਰ ਕੂਟ, ਨਵ ਖੰਡ ਇਕ ਰੁਸ਼ਨਾਈਆ । ਨਾਤਾ ਤੋੜੇ ਜੂਠ ਝੂਠ, ਸਚ ਸੁੱਚ ਦਏ ਵਡਿਆਈਆ । ਆਪ ਉਪਜਾਏ ਪੂਤ ਸਪੂਤ, ਸਦਾ ਸੁਹੇਲਾ

ਪਿਤਾ ਮਾਈਆ । ਹਰਿ ਕਾ ਨਾਉਂ ਧਾਗਾ ਸੂਤ, ਹਰਿਜਨ ਸਾਚੇ ਨਾਲ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵੰਤ ਏਕਾ ਧਾਮ ਬੈਠੇ ਆਸਣ ਲਾਈਆ । ਭਗਤਨ ਧਾਮ ਭਗਵਨ ਦਾਸ, ਦਾਸੀ ਦਾਸ ਸੇਵ ਕਮਾਇੰਦਾ । ਕਰੇ ਖੇਲ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਆਪਣਾ ਵੇਸ ਵਟਾਇੰਦਾ । ਆਦਿ ਜੁਗਾਦਿ ਨਾ ਜਾਏ ਵਿਨਾਸ, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਅੰਤਮ ਆਪ ਹੰਢਾਇੰਦਾ । ਹਰਿਜਨ ਹਿਰਦੇ ਅੰਦਰ ਕਰ ਕਰ ਵਾਸ, ਹਰਿ ਕਾ ਰੂਪ ਆਪ ਦਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਹਰਿ ਹਰਿ ਜਨ ਏਕਾ ਘਰ ਬਹਾਇੰਦਾ ।

★ ੨ ਚੇਤਰ ੨੦੧੮ ਬਿਕ੍ਰਮੀ ਕਰਤਾਰ ਸਿੰਘ ਦੇ ਗ੍ਰਹਿ ਸ਼ਕੂਰ ਬਸਤੀ ਦਿੱਲੀ ★

ਇਕ ਇਕੱਲਾ ਏਕੰਕਾਰ, ਅਕਲ ਕਲ ਧਾਰ ਚਲਾਇੰਦਾ । ਕ਼ਾਦਰ ਕ਼ੁਦਰਤ ਕਰੇ ਪਿਆਰ, ਦੋ ਜਹਾਨਾਂ ਵੇਖ ਵਖਾਇੰਦਾ । ਤ੍ਰੈ ਤ੍ਰੈ ਲੋਆਂ ਹੋ ਉਜਿਆਰ, ਤ੍ਰੈ ਤ੍ਰੈ ਆਪਣਾ ਬੰਧਨ ਪਾਇੰਦਾ । ਚੌਥੇ ਸੁਹਾਏ ਬੰਕ ਦਵਾਰ, ਬੰਕ ਦਵਾਰੀ ਸੋਭਾ ਪਾਇੰਦਾ । ਪੰਚਮ ਮੇਲਾ ਮੀਤ ਮੁਰਾਰ, ਪੰਚਮ ਪੰਚ ਰੰਗ ਰੰਗਾਇੰਦਾ । ਛੇਵੇਂ ਸ਼ਾਸਤਰ ਸਿਮਰਤ ਕਰੇ ਖ਼ਵਾਰ, ਏਕਾ ਆਪਣਾ ਨਾਉਂ ਵਡਿਆਇੰਦਾ । ਸਤਵੇਂ ਸਤਿ ਸਤਿਵਾਦੀ ਸਾਚੀ ਕਾਰ, ਕਰਤਾ ਪੁਰਖ ਆਪ ਕਮਾਇੰਦਾ । ਅੱਠਾਂ ਤੱਤਾਂ ਵੇਖਣਹਾਰਾ ਵਾਰੋ ਵਾਰ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਨਵ ਖੰਡ ਪ੍ਰਿਥਮੀ ਜਾਣੇ ਨੌ ਦਵਾਰ, ਨਵ ਨਵ ਆਪਣਾ ਪਰਦਾ ਲਾਹਿੰਦਾ । ਦਹਿ ਦਿਸ਼ ਏਕਾ ਨਾਮ ਨਾਮ ਕਰੇ ਜੈਕਾਰ, ਜਗਤ ਜੁਗਤ ਆਪਣੇ ਹੱਥ ਰਖਾਇੰਦਾ । ਨਿਰਗੁਣ ਨਿਰਗੁਣ ਨਿਰਗੁਣ ਮੇਲਾ ਮੀਤ ਮੁਰਾਰ, ਨਿਰਗੁਣ ਚੇਲਾ ਨਿਰਗੁਣ ਗੁਰ ਰੂਪ ਧਰਾਇੰਦਾ । ਨਿਰਗੁਣ ਮੰਦਰ ਨਿਰਗੁਣ ਘਰ ਬਾਰ, ਨਿਰਗੁਣ ਆਸਣ ਸਿੰਘਾਸਣ ਸੋਭਾ ਪਾਇੰਦਾ । ਨਿਰਗੁਣ ਰਾਜਾ ਨਿਰਗੁਣ ਸਿਕਦਾਰ, ਨਿਰਗੁਣ ਸ਼ਾਹੋ ਭੂਪ ਅਖਵਾਇੰਦਾ । ਨਿਰਗੁਣ ਹੁਕਮ ਨਿਰਗੁਣ ਵਰਤਾਰ, ਨਿਰਗੁਣ ਧੁਰ ਫ਼ਰਮਾਨਾ ਆਪ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਧਾਰਾ ਆਪ ਪਰਗਟਾਇੰਦਾ । ਸਾਚੀ ਧਾਰਾ ਹਰਿ ਗੋਬਿੰਦ, ਗੋਬਿੰਦ ਗੜ੍ਹ ਸੁਹਾਈਆ । ਹਰਿਜਨ ਜਣਾਏ ਬਣਾਏ ਆਪਣੀ ਬਿੰਦ, ਪਿਤਾ ਪੂਤ ਵਡੀ ਵਡਿਆਈਆ । ਨਾਮ ਸਰੋਵਰ ਧਾਰ ਵਹਾਏ ਸਾਗਰ ਸਿੰਧ, ਗਹਿਰ ਗੰਭੀਰ ਸੱਚਾ ਸ਼ਹਿਨਸ਼ਾਹੀਆ । ਲੇਖ ਚੁਕਾਏ ਸੁਰਪਤ ਇੰਦ, ਸ਼ੰਕਰ ਬ੍ਰਹਮਾ ਪੰਧ ਮੁਕਾਈਆ । ਦੀਨਾਂ ਨਾਥ ਗੁਣੀ ਗਹਿੰਦ, ਗੁਣ ਅਵਗੁਣ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਮਾਰਗ ਆਪੇ ਲਾਈਆ । ਸਾਚਾ ਮਾਰਗ ਹਰਿ ਹਰਿ ਰਾਹ, ਹਰਿ ਕਾ ਪੌੜਾ ਆਪ ਬਣਾਇੰਦਾ । ਸਤਿ ਸਰੂਪੀ ਸ਼ਬਦ ਮਲਾਹ, ਗੁਰ ਸਤਿਗੁਰ ਨਾਉਂ ਧਰਾਇੰਦਾ । ਨਵ ਨਵ ਖੇੜਾ ਦਏ ਵਸਾ, ਝੂਠਾ ਝੇੜਾ ਆਪ ਮੁਕਾਇੰਦਾ । ਬੰਨ੍ਹ ਬੰਨ੍ਹ ਬੇੜਾ ਦਏ ਚਲਾ, ਏਕਾ ਚੱਪੂ ਨਾਮ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਉਂ ਆਪ ਧਰਾਇੰਦਾ । ਆਪਣਾ ਨਾਉਂ ਰੱਖ ਆਪ, ਆਪਣੇ ਹੱਥ ਰੱਖੇ ਵਡਿਆਈਆ । ਆਪਣਾ ਨਾਉਂ ਬਣਾਏ ਸਾਚਾ ਜਾਪ, ਜੀਵ ਜਪਤ ਜਪਤ ਸੁਖ ਪਾਈਆ । ਆਪਣਾ ਨਾਉਂ ਕਰਾਏ ਵਡ ਪਰਤਾਪ, ਪਾਰਬ੍ਰਹਮ ਬੇਪਰਵਾਹੀਆ । ਆਪਣੇ ਨਾਉਂ ਗਵਾਏ ਜਗਤ ਸੰਤਾਪ,

ਸੰਸਾ ਰੋਗ ਰਹੇ ਨਾ ਰਾਈਆ । ਆਪਣੇ ਨਾਉਂ ਮਿਟਾਏ ਕੋਟਨ ਪਾਪ, ਪਤਿਤ ਪਾਪੀ ਲਏ ਤਰਾਈਆ । ਆਪਣੇ ਨਾਉਂ ਮਿਟਾਏ ਅੰਧੇਰੀ ਰਾਤ, ਸਤਿ ਸਤਿਵਾਦੀ ਚੰਦ ਚੜ੍ਹਾਈਆ । ਆਪਣੇ ਨਾਉਂ ਖੁਲ੍ਹਾਏ ਹਾਟ, ਲੱਖ ਚੁਰਾਸੀ ਏਕਾ ਵਣਜ ਵਖਾਈਆ । ਆਪਣਾ ਨਾਉਂ ਬਣਾਏ ਤੀਰਥ ਤਾਟ, ਸਰ ਸਰੋਵਰ ਮਜਨ ਇਕ ਨੁਹਾਈਆ । ਆਪਣਾ ਨਾਉਂ ਸੁਣਾਏ ਆਪਣੀ ਗਾਥ, ਅੰਤਰ ਮੰਤਰ ਇਕ ਪੜ੍ਹਾਈਆ । ਆਪਣਾ ਨਾਉਂ ਭੇਵ ਖੁਲ੍ਹਾਏ ਤ੍ਰਿਲੋਕੀ ਨਾਥ, ਲੋਆਂ ਪੁਰੀਆਂ ਵੇਖ ਵਖਾਈਆ । ਆਪਣਾ ਨਾਉਂ ਚਲਾਏ ਏਕਾ ਰਾਥ, ਹਰਿਜਨ ਸਾਚੇ ਲਏ ਚੜ੍ਹਾਈਆ । ਆਪਣਾ ਨਾਉਂ ਬਣਾਏ ਪੂਜਾ ਪਾਠ, ਏਕਾ ਢੋਲਾ ਸਾਚਾ ਗਾਈਆ । ਆਪਣਾ ਨਾਉਂ ਜਣਾਏ ਤੀਰਥ ਤਪ ਜਤ ਸਤਿ ਹਾਠ, ਸਤਿ ਸੰਤੋਖ ਰੂਪ ਧਰਾਈਆ । ਆਪਣਾ ਨਾਉਂ ਰਖਾਏ ਉਤਮ ਜ਼ਾਤ, ਵਰਨ ਬਰਨ ਨਾ ਵੰਡ ਵੰਡਾਈਆ । ਆਪਣਾ ਨਾਉਂ ਬਣਾਏ ਪਿਤਾ ਮਾਤ, ਹਰਿਜਨ ਸਾਚੇ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰ ਆਪਣੇ ਹੱਥ ਰਖਾਈਆ । ਆਪਣਾ ਨਾਉਂ ਬਣਾਏ ਗੁਰਦੇਵ, ਇਸ਼ਟ ਰੂਪ ਆਪ ਅਖਵਾਈਆ । ਆਪਣਾ ਨਾਉਂ ਪਰਗਟਾਏ ਅਲਖ ਅਭੇਵ, ਅਲਖ ਅਲਖਨਾ ਸੱਚਾ ਸ਼ਹਿਨਸ਼ਾਹੀਆ । ਆਪਣਾ ਨਾਉਂ ਲਗਾਏ ਸੇਵ, ਸ੍ਰਿਸ਼ਟ ਸਬਾਈ ਵੇਖੇ ਥਾਉਂ ਥਾਈਆ । ਆਪਣਾ ਨਾਉਂ ਧਰਾਏ ਰਸਨਾ ਜਿਹਵ, ਜੀਵ ਜੰਤ ਹਰਿ ਜਸ ਗਾਈਆ । ਆਪਣਾ ਨਾਉਂ ਵਖਾਏ ਅੰਮ੍ਰਿਤ ਫਲ ਸਾਚਾ ਮੇਵ, ਮਿੱਠਾ ਰਸ ਇਕ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰਾ ਆਪ ਚਲਾਈਆ । ਆਪਣਾ ਨਾਉਂ ਕਰੇ ਪਰਤਖ, ਪਾਰਬ੍ਰਹਮ ਭੇਵ ਨਾ ਆਇੰਦਾ । ਆਪਣਾ ਨਾਉਂ ਕਰੇ ਵੱਖ, ਰੂਪ ਅਨੂਪ ਆਪ ਧਰਾਇੰਦਾ । ਆਪਣਾ ਨਾਉਂ ਗੁਰਮੁਖਾਂ ਅੰਦਰ ਦੇਵੇ ਰੱਖ, ਸਾਚੇ ਮੰਦਰ ਆਪ ਟਿਕਾਇੰਦਾ । ਆਪਣਾ ਨਾਉਂ ਆਪੇ ਦੱਸ, ਸਾਚੇ ਮਾਰਗ ਆਪੇ ਪਾਇੰਦਾ । ਆਪਣਾ ਨਾਉਂ ਵਖਾਏ ਅੰਮ੍ਰਿਤ ਰਸ, ਨਿਝਰ ਝਿਰਨਾ ਆਪ ਝਿਰਾਇੰਦਾ । ਆਪਣਾ ਨਾਉਂ ਦੇਵੇ ਹੱਸ ਹੱਸ, ਜਿਸ ਜਨ ਆਪਣੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਧਾਰਾ ਇਕ ਵਖਾਇੰਦਾ । ਆਪਣਾ ਨਾਉਂ ਕਰੇ ਬਲਵਾਨ, ਸ਼ਾਹ ਪਾਤਸ਼ਾਹ ਵਡੀ ਵਡਿਆਈਆ । ਆਪਣਾ ਨਾਉਂ ਝੁਲਾਏ ਨਿਸ਼ਾਨ, ਦੋ ਜਹਾਨਾਂ ਆਪ ਹਿਲਾਈਆ । ਆਪਣਾ ਨਾਉਂ ਬਣਾਏ ਸਚ ਵਿਧਾਨ, ਸਾਚਾ ਮੰਡਲ ਇਕ ਸਮਝਾਈਆ । ਆਪਣਾ ਨਾਉਂ ਜਣਾਏ ਇਕ ਗਿਆਨ, ਗ੍ਰਿਹਿ ਮੰਤਰੀ ਆਪਣਾ ਨਾਉਂ ਰਖਾਈਆ । ਆਪਣਾ ਨਾਉਂ ਆਪੇ ਦੇਵੇ ਹਰਿ ਜੂ ਆਣ, ਬਿਨ ਹਰਿ ਅਵਰ ਨਾ ਕੋਇ ਸਮਝਾਈਆ । ਆਪਣਾ ਨਾਉਂ ਰੱਖੇ ਆਣ, ਨਵ ਨੌ ਡੰਕ ਵਜਾਈਆ । ਆਪਣਾ ਨਾਉਂ ਧੁਰ ਫ਼ਰਮਾਨ, ਧੁਰ ਦੀ ਬਾਣੀ ਰੂਪ ਵਟਾਈਆ । ਆਪਣਾ ਨਾਉਂ ਆਪ ਕਰੇ ਪਰਧਾਨ, ਲੋਕਮਾਤ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮਾਰਗ ਵੇਖ ਵਖਾਈਆ । ਆਪਣਾ ਨਾਉਂ ਕਰੇ ਪਰਸਿਧ, ਅਬਿਨਾਸ਼ੀ ਕਰਤਾ ਏਕੰਕਾਰਿਆ । ਆਪਣਾ ਨਾਉਂ ਆਪ ਪਰਗਟਾਏ ਆਪਣੀ ਕਰ ਕਰ ਬਿਧ, ਰੂਪ ਰੰਗ ਰੇਖ ਨਾ ਕੋਇ ਵਖਾ ਰਿਹਾ । ਆਪਣਾ ਨਾਉਂ ਦਾਸੀ ਦਾਸ ਕਰਾਏ ਨੌ ਨਿਧ, ਅਠਾਰਾਂ ਸਿਧ ਮੁਖ ਸ਼ਰਮਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਉਂ ਆਪ ਪਰਗਟਾ ਲਿਆ । ਆਪਣਾ ਨਾਉਂ ਕਰੇ ਉਜਿਆਰਾ, ਹਰਿ ਸਾਚਾ ਸਚ ਵਡਿਆਈਆ । ਆਪਣੇ ਨਾਉਂ ਕਰੇ ਪਸਾਰਾ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਪਣਾ ਰੰਗ ਰੰਗਾਈਆ । ਆਪਣਾ ਨਾਉਂ ਬੋਲੇ ਜੈਕਾਰਾ, ਜੈ ਜੈਕਾਰ ਆਪ ਸੁਣਾਈਆ । ਆਪਣਾ ਨਾਉਂ ਬਣਾਏ ਸੱਚਾ ਹਥਿਆਰਾ,

ਚੰਡ ਪਰਚੰਡ ਆਪ ਚਮਕਾਈਆ । ਆਪਣਾ ਨਾਉਂ ਆਪਣੇ ਹੱਥ ਰਖਾਏ ਨਿਰੰਕਾਰਾ, ਸਚ ਕਟਾਰਾ ਮੇਲ ਮਿਲਾਈਆ । ਰਾਜ ਜੋਗ ਜੋਗ ਰਾਜ ਏਕਾ ਧਾਰਾ, ਚਰਨ ਕਵਲਾਂ ਨਾਲ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਏਕਾ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਰਾਹ ਆਪ ਪਰਗਟਾਈਆ ।

★ ੨ ਚੇਤ ੨੦੧੮ ਬਿਕ੍ਰਮੀ ਲਾਲ ਸਿੰਘ ਦੇ ਗ੍ਰਿਹ ਪਰਤਾਪ ਨਗਰ ਨਵੀਂ ਦਿੱਲੀ ★

ਸੋ ਪੁਰਖ ਨਿਰੰਜਣ ਹਰਿ ਕਰਤਾਰਾ, ਆਦਿ ਜੁਗਾਦਿ ਸਮਾਇੰਦਾ । ਸੋ ਪੁਰਖ ਨਿਰੰਜਣ ਪਰਵਰਦਿਗਾਰਾ, ਨੂਰੋ ਨੂਰ ਡਗਮਗਾਇੰਦਾ । ਸੋ ਪੁਰਖ ਨਿਰੰਜਣ ਰਾਮ ਅਪਾਰਾ, ਆਪ ਆਪਣਾ ਬਲ ਰਖਾਇੰਦਾ । ਸੋ ਪੁਰਖ ਨਿਰੰਜਣ ਸਾਂਝਾ ਯਾਰਾ, ਇਕ ਇਕੱਲਾ ਖੇਲ ਖਿਲਾਇੰਦਾ । ਸੋ ਪੁਰਖ ਨਿਰੰਜਣ ਵਸੇ ਧਾਮ ਨਿਆਰਾ, ਸਚਖੰਡ ਦਵਾਰੇ ਸੋਭਾ ਪਾਇੰਦਾ । ਸੋ ਪੁਰਖ ਨਿਰੰਜਣ ਖੋਲ੍ਹੇ ਬੰਦ ਕਿਵਾੜਾ, ਥਿਰ ਦਵਾਰਾ ਆਪ ਖੁਲ੍ਹਾਇੰਦਾ । ਸ਼ਾਹੋ ਭੂਪ ਬਣ ਸਿਕਦਾਰਾ, ਦਰਗਹਿ ਸਾਚੀ ਆਸਣ ਲਾਇੰਦਾ । ਰਾਜ ਰਾਜਾਨਾ ਏਕੰਕਾਰਾ, ਅਕਲ ਕਲ ਆਪਣਾ ਵੇਸ ਵਟਾਇੰਦਾ । ਸੋ ਪੁਰਖ ਨਿਰੰਜਣ ਦਰ ਦਰਵੇਸ਼ ਬਣ ਦਰਬਾਨਾ, ਅਲਖ ਨਿਰੰਜਣ ਆਪਣਾ ਸੀਸ ਆਪ ਝੁਕਾਇੰਦਾ । ਸੋ ਪੁਰਖ ਨਿਰੰਜਣ ਵਰਤਣਹਾਰਾ ਧੁਰ ਫ਼ਰਮਾਨਾ, ਹੁਕਮੀ ਹੁਕਮ ਹੁਕਮ ਸੁਣਾਇੰਦਾ । ਆਪੇ ਜਾਣੇ ਆਪਣੀ ਧਾਰਾ, ਦੂਸਰ ਸੰਗ ਨਾ ਕੋਇ ਰਲਾਇੰਦਾ । ਨਿਰਗੁਣ ਨਿਰਵੈਰ ਨਿਰਾਕਾਰਾ, ਅਕਾਲ ਮੂਰਤ ਅਜੂਨੀ ਰਹਿਤ ਭੇਵ ਕੋਇ ਨਾ ਪਾਇੰਦਾ । ਸੋ ਪੁਰਖ ਨਿਰੰਜਣ ਆਪ ਆਪਣਾ ਕਰੇ ਪਿਆਰਾ ਲੇਖਾ ਜਾਣੇ ਨਾਰੀ ਕੰਤ ਭਤਾਰਾ, ਸਾਚੀ ਸੇਜ ਆਪ ਸੁਹਾਇੰਦਾ । ਸੋ ਪੁਰਖ ਨਿਰੰਜਣ ਆਪ ਉਪਾਏ ਸੁਤ ਦੁਲਾਰਾ, ਸ਼ਬਦ ਸ਼ਬਦੀ ਨਾਉਂ ਉਪਜਾਇੰਦਾ । ਸੋ ਪੁਰਖ ਨਿਰੰਜਣ ਦੇਵਣਹਾਰਾ ਵਸਤ ਥਾਰਾ, ਆਪਣੀ ਵਸਤ ਆਪ ਪਰਗਟਾਇੰਦਾ । ਸੋ ਪੁਰਖ ਨਿਰੰਜਣ ਆਪਣਾ ਰੂਪ ਆਪਾ ਵਿਚੋਂ ਕਰ ਨਿਆਰਾ, ਆਪ ਆਪਣਾ ਰੰਗ ਰੰਗਾਇੰਦਾ । ਸੋ ਪੁਰਖ ਨਿਰੰਜਣ ਵਿਸ਼ਨ ਵਿਸ਼ਵ ਦਏ ਆਧਾਰਾ, ਵਾਸਤਕ ਆਪ ਵਖਾਇੰਦਾ । ਸੋ ਪੁਰਖ ਨਿਰੰਜਣ ਆਪਣੀ ਇਛਿਆ ਭਰ ਭੰਡਾਰਾ, ਆਪਣਾ ਅੰਮ੍ਰਿਤ ਆਪ ਸੁਹਾਇੰਦਾ । ਸੋ ਪੁਰਖ ਨਿਰੰਜਣ ਆਪਣੇ ਮੰਦਰ ਕਰੇ ਖੇਲ ਨਿਆਰਾ, ਨੇਤਰ ਨੈਣ ਦਿਸ ਕਿਸੇ ਨਾ ਆਇੰਦਾ । ਸੋ ਪੁਰਖ ਨਿਰੰਜਣ ਆਪਣੀ ਫੁਲ ਫੁਲਵਾੜੀ ਵੇਖੇ ਗੁਲ ਗੁਲਜ਼ਾਰਾ, ਪੱਤ ਡਾਲ੍ਹੀ ਆਪ ਮਹਿਕਾਇੰਦਾ । ਸੋ ਪੁਰਖ ਨਿਰੰਜਣ ਆਪਣੀ ਪੈਜ ਆਪ ਸੁਆਰਾ, ਆਪਣਾ ਪਰਦਾ ਆਪ ਚੁਕਾਇੰਦਾ । ਸੋ ਪੁਰਖ ਨਿਰੰਜਣ ਪਾਰਬ੍ਰਹਮ ਬ੍ਰਹਮ ਦਏ ਆਧਾਰਾ, ਕਵਲ ਕਵਲਾ ਆਪ ਖੁਲ੍ਹਾਇੰਦਾ । ਸੋ ਪੁਰਖ ਨਿਰੰਜਣ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਆਪ ਆਪਣਾ ਖੇਲ ਵਖਾਇੰਦਾ । ਸੋ ਪੁਰਖ ਨਿਰੰਜਣ ਸਾਚੀ ਧਾਰ, ਸਤਿ ਸਤਿਵਾਦੀ ਆਪ ਚਲਾਈਆ । ਸੋ ਪੁਰਖ ਨਿਰੰਜਣ ਵਸਣਹਾਰਾ ਠਾਂਡੇ ਦਰਬਾਰ, ਦਰ ਦਵਾਰਾ ਇਕ ਉਪਾਈਆ । ਸੋ ਪੁਰਖ ਨਿਰੰਜਣ ਨਿਰਗੁਣ ਦੀਵਾ ਬਾਤੀ ਵਖਾਏ ਸਚ ਸੱਚੀ ਧਰਮਸਾਲ, ਦਰਗਹਿ ਸਾਚੀ ਆਪ ਟਿਕਾਈਆ । ਸੋ ਪੁਰਖ ਨਿਰੰਜਣ ਆਦਿ ਜੁਗਾਦੀ ਦੀਨ ਦੀਆਲ, ਦੀਨਨ ਨਾਥ ਵਡੀ ਵਡਿਆਈਆ । ਸੋ ਪੁਰਖ ਨਿਰੰਜਣ ਆਪਣੀ ਕਰੇ ਆਪ ਪ੍ਰਿਤਪਾਲ, ਪ੍ਰਿਤਪਾਲਕ ਸੱਚਾ ਸ਼ਹਿਨਸ਼ਾਹੀਆ । ਸੋ ਪੁਰਖ ਨਿਰੰਜਣ ਆਪਣੀ ਘਾਲ ਆਪੇ ਘਾਲ, ਆਪੇ ਵੇਖੇ

ਥਾਉਂ ਥਾਈਆ । ਸੋ ਪੁਰਖ ਨਿਰੰਜਣ ਨਿਰਗੁਣ ਰੂਪ ਸ਼ਬਦ ਦਲਾਲ, ਸਚ ਸਾਚੀ ਸੇਵ ਕਮਾਈਆ । ਸੋ ਪੁਰਖ ਨਿਰੰਜਣ ਵਿਸ਼ਨੂੰ ਬਣਾਏ ਆਪਣਾ ਲਾਲ, ਆਪ ਆਪਣੀ ਗੋਦ ਸੁਹਾਈਆ । ਸੋ ਪੁਰਖ ਨਿਰੰਜਣ ਬ੍ਰਹਮਾ ਵੇਤਾ ਰਲਾਏ ਨਾਲ, ਪਾਰਬ੍ਰਹਮ ਵਡੀ ਵਡਿਆਈਆ । ਸੋ ਪੁਰਖ ਨਿਰੰਜਣ ਸੁੰਨ ਅਗੰਮ ਸੁਰਤ ਸੰਭਾਲ, ਆਪਣਾ ਭੇਵ ਆਪ ਖੁਲ੍ਹਾਈਆ । ਸੋ ਪੁਰਖ ਨਿਰੰਜਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸ਼ੰਕਰ ਦਏ ਵਡਿਆਈਆ । ਸੋ ਪੁਰਖ ਨਿਰੰਜਣ ਤ੍ਰੈ ਤ੍ਰੈ ਅਤੀਤਾ, ਤ੍ਰੈਭਵਨ ਧਨੀ ਅਖਵਾਇੰਦਾ । ਸੋ ਪੁਰਖ ਨਿਰੰਜਣ ਠਾਂਡਾ ਸੀਤਾ, ਦਰ ਘਰ ਸਾਚੇ ਸੋਭਾ ਪਾਇੰਦਾ । ਸੋ ਪੁਰਖ ਨਿਰੰਜਣ ਏਕਾ ਮੀਤਾ, ਏਕੰਕਾਰਾ ਸੰਗ ਰਖਾਇੰਦਾ । ਸੋ ਪੁਰਖ ਨਿਰੰਜਣ ਬੈਠਾ ਰਹੇ ਆਪ ਅਤੀਤਾ, ਮਹੱਲ ਅਟਲ ਆਪਣਾ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮਾ ਵਿਸ਼ਨ ਸ਼ਿਵ ਆਪਣੇ ਅੱਗੇ ਧਰ, ਧੁਰ ਫ਼ਰਮਾਨਾ ਆਪ ਜਣਾਇੰਦਾ । ਸੋ ਪੁਰਖ ਨਿਰੰਜਣ ਸੱਚਾ ਸ਼ਹਿਨਸ਼ਾਹ, ਸ਼ਾਹ ਪਾਤਸ਼ਾਹ ਆਪ ਅਖਵਾਇੰਦਾ । ਸੋ ਪੁਰਖ ਨਿਰੰਜਣ ਬਣ ਮਲਾਹ, ਨਿਰਗੁਣ ਆਪਣਾ ਬੇੜਾ ਆਪ ਚਲਾਇੰਦਾ । ਸੋ ਪੁਰਖ ਨਿਰੰਜਣ ਅਲਖ ਅਗੋਚਰ ਅਗੰਮ ਅਥਾਹ, ਬੇਪਰਵਾਹ ਆਪਣੀ ਖੇਲ ਖਿਲਾਇੰਦਾ । ਸੋ ਪੁਰਖ ਨਿਰੰਜਣ ਆਪੇ ਪਿਤਾ ਆਪੇ ਮਾਂ, ਸੁਤ ਦੁਲਾਰਾ ਆਪਣੀ ਗੋਦ ਸੁਹਾਇੰਦਾ । ਸੋ ਪੁਰਖ ਨਿਰੰਜਣ ਆਪਣੀ ਰਚਨਾ ਆਪ ਰਚਾ, ਹਰਿ ਹਰਿ ਆਪੇ ਵੇਖ ਵਖਾਇੰਦਾ । ਸੋ ਪੁਰਖ ਨਿਰੰਜਣ ਆਪਣਾ ਮੰਗਲ ਆਪੇ ਗਾ, ਨਾਦ ਨਿਰੰਕਾਰਾ ਆਪ ਪਰਗਟਾਇੰਦਾ । ਸੋ ਪੁਰਖ ਨਿਰੰਜਣ ਆਪੇ ਵਸੇ ਸਾਚੇ ਥਾਂ, ਥਾਨ ਥਨੰਤਰ ਆਪ ਸੁਹਾਇੰਦਾ । ਸੋ ਪੁਰਖ ਨਿਰੰਜਣ ਆਪਣਾ ਅੰਜਣ ਆਪੇ ਪਾ, ਪਰਕਾਸ਼ ਪਰਕਾਸ਼ ਵਿਚ ਰਖਾਇੰਦਾ । ਸੋ ਪੁਰਖ ਨਿਰੰਜਣ ਆਪਣਾ ਸੱਜਣ ਆਪ ਅਖਵਾ, ਆਪ ਆਪਣਾ ਮੇਲ ਮਿਲਾਇੰਦਾ । ਸੋ ਪੁਰਖ ਨਿਰੰਜਣ ਆਪਣਾ ਬੰਧਨ ਆਪੇ ਪਾ, ਬੰਦੀ ਛੋੜ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਏਕਾ ਹਰਿ, ਆਪਣੀ ਕਲ ਆਪਣੇ ਹੱਥ ਰਖਾਇੰਦਾ । ਸੋ ਪੁਰਖ ਨਿਰੰਜਣ ਸ੍ਰੀ ਭਗਵੰਤ, ਇਕ ਇਕੱਲਾ ਖੇਲ ਖਿਲਾਇੰਦਾ । ਲੇਖਾ ਜਾਣੇ ਆਦਿ ਅੰਤ, ਆਦਿ ਅੰਤ ਆਪਣੇ ਵਿਚ ਛੁਪਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਬਣਾਏ ਬਣਤ, ਘੜਨ ਭੰਨਣਹਾਰਾ ਪੁਰਖ ਸਮਰਥ ਭੇਵ ਕੋਇ ਨਾ ਪਾਇੰਦਾ । ਇਕ ਜਣਾਏ ਸ਼ਬਦ ਮੰਤ, ਨਾਮ ਨਿਧਾਨਾ ਝੋਲੀ ਪਾਇੰਦਾ । ਭੇਵ ਚੁਕਾਏ ਨਾਰੀ ਕੰਤ, ਕੰਤ ਕੰਤੂਲ ਸੇਜ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਹੁਕਮ ਹਰਿ ਸੰਦੇਸ਼, ਨਰ ਨਰੇਸ਼ ਸ਼ਬਦ ਸੁਣਾਇੰਦਾ । ਨਰ ਨਰੇਸ਼ ਹਰਿ ਨਿਰੰਕਾਰਾ, ਨਿਰਗੁਣ ਆਪਣਾ ਬਲ ਵਖਾਈਆ । ਸ਼ਾਹੋ ਭੂਪ ਬਣ ਸਿਕਦਾਰਾ, ਸਾਚੇ ਤਖ਼ਤ ਸੋਭਾ ਪਾਈਆ । ਤ੍ਰੈ ਤ੍ਰੈ ਮੇਲਾ ਏਕਾ ਵਾਰਾ, ਏਕਾ ਘਰ ਵੱਜੇ ਵਧਾਈਆ । ਏਕਾ ਨਾਦ ਏਕਾ ਸ਼ਬਦ ਏਕਾ ਧੁੰਨਕਾਰਾ, ਏਕਾ ਰਿਹਾ ਸੁਣਾਈਆ । ਏਕਾ ਇਸ਼ਟ ਏਕਾ ਦੇਵ ਏਕਾ ਜੋਤ ਨੂਰ ਉਜਿਆਰਾ, ਏਕਾ ਸੀਸ ਜਗਦੀਸ਼ ਸੋਭਾ ਪਾਈਆ । ਏਕਾ ਚਰਨ ਕਵਲ ਕਰੇ ਨਿਮਸਕਾਰਾ, ਏਕਾ ਮਸਤਕ ਧੂੜ ਟਿੱਕਾ ਲਾਈਆ । ਏਕਾ ਵਸੇ ਸਭ ਤੋਂ ਬਾਹਰਾ, ਰੂਪ ਰੰਗ ਰੇਖ ਨਾ ਕੋਇ ਜਣਾਈਆ । ਏਕਾ ਬ੍ਰਹਮਾ ਵਿਸ਼ਨ ਸ਼ਿਵ ਕਰੇ ਪਿਆਰਾ, ਸੋ ਪੁਰਖ ਨਿਰੰਜਣ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਗੁਣ ਆਪ ਸਮਝਾਈਆ । ਸੋ ਪੁਰਖ ਨਿਰੰਜਣ ਨਿਰਗੁਣ ਆਪਣਾ ਗੁਣ ਜਣਾਇੰਦਾ, ਲੇਖਾ ਲੇਖ ਨਾ ਕੋਇ ਵਖਾਈਆ । ਵਿਸ਼ਨ ਬ੍ਰਹਮਾ ਸ਼ਿਵ ਆਪ ਉਪਾਇੰਦਾ, ਆਪ ਆਪਣੀ ਦਇਆ ਕਮਾਈਆ । ਆਪਣਾ ਰੰਗ ਆਪ ਰੰਗਾਇੰਦਾ,

ਉਤਰ ਕਦੇ ਨਾ ਜਾਈਆ । ਆਪਣੇ ਦਰ ਆਪ ਬਹਾਇੰਦਾ, ਦਰ ਦਰਵੇਸ਼ ਸੇਵ ਕਮਾਈਆ । ਧੁਰ ਫ਼ਰਮਾਨਾ ਇਕ ਜਣਾਇੰਦਾ, ਭੁਲ ਕੋਇ ਨਾ ਜਾਈਆ । ਪੁਰਖ ਅਬਿਨਾਸ਼ੀ ਵੇਖ ਵਖਾਇੰਦਾ, ਸਾਚੇ ਤਖ਼ਤ ਬੈਠਾ ਸੱਚਾ ਮਾਹੀਆ । ਸਚਖੰਡ ਦਵਾਰ ਸੋਭਾ ਪਾਇੰਦਾ, ਥਿਰ ਘਰ ਦਵਾਰਾ ਚਰਨ ਕਵਲ ਸੁਹਾਈਆ । ਅਲਖ ਅਗੋਚਰ ਅਗੰਮ ਅਪਾਰਾ, ਵਸਣਹਾਰਾ ਧਾਮ ਨਿਆਰਾ, ਮਹੱਲ ਅਟਲ ਉਚ ਮੁਨਾਰ ਨਿਰਮਲ ਦੀਆ ਬਾਤੀ ਕਮਲਾਪਾਤੀ ਜੋਤੀ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮਾ ਸ਼ਿਵ ਏਕਾ ਘਰ ਵਖਾਈਆ । ਸਾਚਾ ਘਰ ਹਰਿ ਵਖਾਇੰਦਾ, ਕਰ ਕਿਰਪਾ ਗੁਣ ਨਿਧਾਨ । ਵਿਸ਼ਨੂੰ ਨੇਤਰ ਆਪਣੇ ਬੰਦ ਕਰਾਇੰਦਾ, ਆਤਮ ਨੇਤਰ ਮਾਰ ਧਿਆਨ । ਬ੍ਰਹਮਾ ਚਾਰੋਂ ਕੁੰਟ ਵਖਾਇੰਦਾ, ਪੁਰਖ ਅਬਿਨਾਸ਼ੀ ਹੋ ਮਿਹਰਬਾਨ । ਦਹਿ ਦਿਸ਼ਾ ਆਪ ਭਵਾਇੰਦਾ, ਨਾ ਕੋਈ ਜ਼ਿਮੀਂ ਨਾ ਅਸਮਾਨ । ਮੰਡਲ ਮੰਡਪ ਨਾ ਕੋਇ ਰਖਾਇੰਦਾ, ਸੂਰਜ ਚੰਨ ਨਾ ਕੋਇ ਨਿਸ਼ਾਨ । ਪੁਰਖ ਅਬਿਨਾਸ਼ੀ ਖੇਲ ਖਿਲਾਇੰਦਾ, ਇਕ ਇਕੱਲਾ ਬੈਠਾ ਸਚ ਮਕਾਨ । ਦੀਵਾ ਬਾਤੀ ਨਾ ਕੋਇ ਟਿਕਾਇੰਦਾ, ਜੋਤੀ ਜੋਤ ਨੂਰ ਮਹਾਨ । ਆਪਣਾ ਬਲ ਆਪ ਰਖਾਇੰਦਾ, ਦਾਤਾ ਜੋਧਾ ਸੂਰਬੀਰ ਬਲਵਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮਾ ਸ਼ਿਵ ਉਠਾਏ ਬਾਲ ਨਾਦਾਨ । ਬਾਲ ਨਾਦਾਨ ਉਠਾਇਆ, ਪੁਰਖ ਅਬਿਨਾਸ਼ੀ ਬੇਪਰਵਾਹ । ਵਿਸ਼ਨੂੰ ਆਪਣੇ ਅੰਗ ਲਗਾਇਆ, ਅੰਗੀਕਾਰ ਕਰੇ ਪਕੜੇ ਬਾਂਹ । ਬ੍ਰਹਮਾ ਏਕਾ ਭੇਵ ਖੁਲ੍ਹਾਇਆ, ਨਿਸ਼ ਅੱਖਰ ਦਏ ਪੜ੍ਹਾ । ਆਪਣਾ ਮੰਤਰ ਨਾਮ ਦ੍ਰਿੜ੍ਹਾਇਆ, ਏਕਾ ਤਤਵ ਤਤ ਸਮਝਾ । ਤਾਰ ਸਤਾਰ ਆਪ ਹਿਲਾਇਆ, ਅਲਖ ਅਗੋਚਰ ਬੇਪਰਵਾਹ । ਨਾਦ ਅਨਾਦੀ ਨਾਦ ਵਜਾਇਆ, ਧੁਨ ਆਤਮਕ ਨਾਦ ਅਲਾ । ਆਪਣਾ ਪਰਦਾ ਆਪ ਚੁਕਾਇਆ, ਸਿਰ ਆਪਣਾ ਹੱਥ ਟਿਕਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਚ ਸਲਾਹ । ਸਾਚੀ ਵਸਤ ਹਰਿ ਹਰਿ ਨਾਮ, ਹਰਿ ਆਪਣਾ ਆਪ ਜਣਾਇੰਦਾ । ਕਰਤਾ ਪੁਰਖ ਪੂਰਾ ਕਰੇ ਆਪਣਾ ਕਾਮ, ਕਰਨੀ ਕਿਰਤ ਆਪ ਕਮਾਇੰਦਾ । ਚਰਨ ਕਵਲ ਚਰਨਾਮਿਤ ਪਿਆਏ ਸਾਚਾ ਜਾਮ, ਅਮਿਉਂ ਰਸ ਏਕਾ ਮੁਖ ਚੁਆਇੰਦਾ । ਨਾਮ ਡੋਰੀ ਪਾਏ ਆਣ, ਪੱਲੂ ਕੋਇ ਨਾ ਫੇਰ ਛੁਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪਣਾ ਭੇਵ ਆਪ ਚੁਕਾਇੰਦਾ । ਹਰਿ ਹਰਿ ਭੇਵ ਚੁਕਾਇਆ, ਕਰ ਕਿਰਪਾ ਹਰਿ ਮਿਹਰਬਾਨ । ਅੱਖਰ ਵੱਖਰ ਸ਼ਬਦ ਪੜ੍ਹਾਇਆ, ਸ਼ਬਦੀ ਸ਼ਬਦ ਗਿਆਨ । ਬ੍ਰਹਮਾ ਵੇਤਾ ਸੇਵਾ ਲਾਇਆ, ਸੇਵਕ ਸੇਵਾ ਕਰੇ ਮਹਾਨ । ਚਾਰੇ ਵੇਦਾਂ ਚਾਰੇ ਮੁਖ ਸਾਲਾਹਿਆ, ਏਕਾ ਗਾਏ ਗਾਨ । ਵਿਸ਼ਨ ਨਿਉਂ ਨਿਉਂ ਸੀਸ ਝੁਕਾਇਆ, ਪ੍ਰਭ ਵੇਖਣਹਾਰਾ ਦੋ ਜਹਾਨ । ਦੋਹਾਂ ਵਿਚੋਲਾ ਭੇਵ ਨਾ ਰਾਇਆ, ਕਰੇ ਖੇਲ ਸ੍ਰੀ ਭਗਵਾਨ । ਤੀਜਾ ਨੈਣ ਆਪ ਉਠਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਤਖ਼ਤ ਬੈਠ ਹੋਇਆ ਨਿਗਹਬਾਨ । ਨਿਗਹਬਾਨ ਦੀਨ ਦਿਆਲ ਹਰਿ ਠਾਕਰ, ਗਹਿਰ ਗੰਭੀਰ ਵਡੀ ਵਡਿਆਈਆ । ਵਿਸ਼ਨ ਬ੍ਰਹਮਾ ਸ਼ਿਵ ਬਣਾਇਆ ਦਰ ਸੌਦਾਗਰ, ਵਸਤ ਅਮੋਲਕ ਝੋਲੀ ਪਾਈਆ । ਨਿਹਕਰਮੀ ਕਰਮ ਕੀਆ ਉਜਾਗਰ, ਕਰਮ ਕਾਂਡ ਨਾ ਕੋਇ ਵਖਾਈਆ । ਆਪਣੇ ਅੰਦਰ ਦੇਵੇ ਆਦਰ, ਸਾਚੇ ਮੰਦਰ ਸੋਭਾ ਪਾਈਆ । ਸਤਿ ਪ੍ਰੀਤੀ ਦੇਵੇ ਚਾਦਰ, ਏਕਾ ਪਰਦਾ ਹੱਥ ਰਖਾਈਆ । ਕਰੇ ਖੇਲ ਹਰਿ ਕਰਤਾ ਕ਼ਾਦਰ, ਬੇਪਰਵਾਹ ਨੂਰ ਇਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਖਿਲਾਈਆ ।

੪੦੯
੧੦

ਵਿਸ਼ਨ ਬ੍ਰਹਮਾ ਆਪ ਜਗਾ, ਨਿਸ਼ਅਖਰ ਆਪ ਜਣਾਇੰਦਾ । ਭੋਲਾ ਨਾਥ ਲਏ ਉਠਾ, ਸ਼ੰਕਰ ਸ਼ੰਕਰ ਮੇਲ ਮਿਲਾਇੰਦਾ । ਅੰਤਰ ਮੰਤਰ ਬੂਝ ਬੁਝਾ, ਜਗਤ ਜੁਗਤ ਸੰਗ ਰਖਾਇੰਦਾ । ਚਰਨ ਧੂੜੀ ਮਸਤਕ ਟਿੱਕਾ ਲਾ, ਤ੍ਰਿਲੋਕੀ ਤ੍ਰਿਸ਼ੂਲ ਰੂਪ ਧਰਾਇੰਦਾ । ਏਕਾ ਖ਼ਾਕੀ ਖ਼ਾਕ ਰਹੇ ਰਮਾ, ਖ਼ਲਕਤ ਖ਼ਾਕ ਰੂਪ ਜਣਾਇੰਦਾ । ਬਾਸ਼ਕ ਤਸ਼ਕਾ ਗਲ ਲਟਕਾ, ਕੰਠ ਮਾਲਾ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਿੰਨਾਂ ਮੇਲਾ ਏਕਾ ਦਰ, ਆਪ ਫੜਾਏ ਸਾਚਾ ਲੜ, ਸਾਚੇ ਪੌੜੇ ਵੇਖੇ ਚੜ੍ਹ, ਵੇਖਣਹਾਰਾ ਦਿਸ ਨਾ ਆਇੰਦਾ । ਤਿੰਨਾਂ ਅੰਦਰ ਵੜਿਆ ਆਪ, ਨਿਰਗੁਣ ਆਪਣੀ ਦਇਆ ਕਮਾਈਆ । ਸੋ ਪੁਰਖ ਨਿਰੰਜਣ ਜਪਾਏ ਜਾਪ, ਹੰ ਬ੍ਰਹਮ ਕਰੇ ਪੜ੍ਹਾਈਆ । ਆਪਣਾ ਵਖਾਏ ਸਤਿ ਪਰਤਾਪ, ਆਦਿ ਜੁਗਾਦਿ ਨਾ ਮਰੇ ਨਾ ਜਾਈਆ । ਜੁਗਾ ਜੁਗੰਤਰ ਪੁਛੇ ਵਾਤ, ਸਿਰ ਸਮਰਥ ਹੱਥ ਟਿਕਾਈਆ । ਚਰਨ ਕਵਲ ਬੰਧਾਏ ਏਕਾ ਨਾਤ, ਨਾਤਾ ਬਿਧਾਤਾ ਜੋੜ ਜੁੜਾਈਆ । ਆਪੇ ਰੱਖੇ ਆਪਣੇ ਘਾਟ, ਸਚ ਕਿਨਾਰਾ ਇਕ ਦਰਸਾਈਆ । ਆਪੇ ਦੂਰ ਦੁਰਾਡਾ ਪੰਧ ਮੁਕਾਏ ਵਾਟ, ਨੇਰਨ ਨੇਰ ਆਪਣਾ ਦਰ ਸਮਝਾਈਆ । ਆਪੇ ਸਚ ਸੁਹੰਜਣੀ ਸੋਹੇ ਖਾਟ, ਸਚ ਸਿੰਘਾਸਣ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਿੰਨਾਂ ਵਖਾਏ ਏਕਾ ਘਰ, ਏਕਾ ਮੰਦਰ ਦਏ ਵਡਿਆਈਆ । ਏਕਾ ਮੰਦਰ ਸੋਭਾਵੰਤ, ਸੋ ਪੁਰਖ ਨਿਰੰਜਣ ਆਪ ਸੁਹਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਬਣਾਏ ਬਣਤ, ਘੜਨ ਘਾੜਨਹਾਰ ਆਪਣੀ ਸੇਵ ਕਮਾਇੰਦਾ । ਆਪਣੀ ਚਾੜ੍ਹੇ ਏਕਾ ਰੰਗਤ, ਨਾਮ ਰੰਗੀਲਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਵਸਤ ਆਪਣੇ ਹੱਥ ਵਰਤਾਇੰਦਾ । ਸਾਚੀ ਵਸਤ ਹਰਿ ਨਿਰੰਕਾਰਾ, ਇਕ ਇਕੱਲਾ ਇਕ ਸਮਝਾਈਆ । ਤਿੰਨਾਂ ਵਿਚੋਲਾ ਸਿਰਜਣਹਾਰਾ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਨਿਰਗੁਣ ਨਿਰਗੁਣ ਭਰੇ ਭੰਡਾਰਾ, ਅਤੋਟ ਅਤੁਟ ਵਖਾਈਆ । ਕਾਗਦ ਕ਼ਲਮ ਨਾ ਲਿਖਣਹਾਰਾ, ਹਰਿ ਕਾ ਭੇਵ ਕੋਇ ਨਾ ਪਾਈਆ । ਵਿਸ਼ਨ ਬ੍ਰਹਮਾ ਸ਼ਿਵ ਦਰ ਦਰਵੇਸ਼ ਬਣੇ ਭਿਖਾਰਾ, ਦੋਏ ਜੋੜ ਸੀਸ ਝੁਕਾਈਆ । ਦਾਤਾ ਕਰਤਾ ਦੇਵੇ ਦੇਵਣਹਾਰਾ, ਦੀਨਨ ਨਾਥ ਅਨਾਥਾਂ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਵਸਤ ਵਸਤ ਅਮੋਲਕ ਬ੍ਰਹਮਾ ਵਿਸ਼ਨ ਸ਼ਿਵ ਪਾਈ ਸਾਚੀ ਗੋਲਕ, ਰੂਪ ਰੰਗ ਨਾ ਰੇਖ ਕੋਇ ਵਖਾਈਆ । ਵਸਤ ਅਮੋਲਕ ਹਰਿ ਅਨਮੁਲ, ਆਪਣਾ ਨਾਉਂ ਸਮਝਾਈਆ । ਆਦਿ ਜੁਗਾਦਿ ਨਾ ਸਕੇ ਤੁਲ, ਕ਼ੀਮਤ ਕੋਇ ਨਾ ਹੋਰ ਵਖਾਈਆ । ਜੁਗਾ ਜੁਗੰਤਰ ਰਹੇ ਅਡੋਲ, ਡੁਲ ਕਦੇ ਨਾ ਜਾਈਆ । ਵਿਸ਼ਨ ਬ੍ਰਹਮਾ ਸ਼ਿਵ ਤੇਰੇ ਅੰਦਰ ਤੇਰਾ ਰੂਪ ਹੋ ਹੋ ਗਿਆ ਮੌਲ, ਮੌਲਾ ਆਪਣੀ ਖੇਲ ਖਿਲਾਈਆ । ਆਪਣੀ ਇਛਿਆ ਭਰਿਆ ਕਵਲ, ਅੰਮ੍ਰਿਤ ਆਪਣਾ ਰਸ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਆਪ ਚੁਕਾਈਆ । ਆਪਣਾ ਪਰਦਾ ਆਪ ਉਠਾਇੰਦਾ, ਪਾਰਬ੍ਰਹਮ ਸ੍ਰੀ ਭਗਵਾਨ । ਰੂਪ ਅਨੂਪ ਆਪ ਦਰਸਾਇੰਦਾ, ਜੋਤੀ ਜਾਤਾ ਹੋ ਮਿਹਰਬਾਨ । ਆਪਣਾ ਦਰ ਆਪ ਵਖਾਇੰਦਾ, ਦਰ ਦਰਬਾਰਾ ਖੋਲ੍ਹ ਖੋਲ੍ਹ ਸ੍ਰੀ ਭਗਵਾਨ । ਏਕੰਕਾਰਾ ਨਜ਼ਰੀ ਆਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਸੁਣਾਇੰਦਾ । ਸਾਚਾ ਹੁਕਮ ਹਰਿ ਸੁਣਾਇੰਦਾ, ਏਕਾ ਅੱਖਰ ਬੋਲ । ਵਿਸ਼ਨ ਬ੍ਰਹਮਾ ਸ਼ਿਵ ਤੇਰੀ ਸੇਵ ਲਗਾਇੰਦਾ, ਸ਼ਬਦ ਅਗੰਮੀ ਕੰਡੇ ਤੋਲ । ਆਪਣਾ ਘਾੜਨ ਆਪ ਘੜਾਇੰਦਾ, ਨਾਮ ਬਣਾਏ ਵਿਚ ਵਿਚੋਲ । ਆਪਣਾ ਭੰਡਾਰ ਵਿਸ਼ਨ ਤੇਰੇ ਹੱਥ ਰਖਾਇੰਦਾ, ਸਾਚਾ ਕਰੇ ਕੌਲ । ਬ੍ਰਹਮਾ

ਤੇਰੀ ਵੰਡ ਵੰਡਾਇੰਦਾ, ਲੱਖ ਚੁਰਾਸੀ ਜਾਣਾ ਮੌਲ । ਸ਼ੰਕਰ ਤੇਰਾ ਹੱਥ ਆਪ ਉਠਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਉਪਰ ਧੌਲ । ਲੱਖ ਚੁਰਾਸੀ ਘਾੜਨ ਘੜਨਾ, ਹਰਿ ਸਾਚੇ ਸਚ ਜਣਾਇਆ । ਤ੍ਰੈਗੁਣ ਤ੍ਰੈ ਤ੍ਰੈ ਪੱਲਾ ਫੜਨਾ, ਰਜੋ ਤਮੋ ਸਤੋ ਅੰਗ ਲਗਾਇਆ । ਸਾਚੀ ਭਿਛਿਆ ਏਕਾ ਵਰਨਾ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਸੰਗ ਨਿਭਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਇਕ ਸੁਣਾਇਆ । ਸਾਚੀ ਸੇਵਾ ਲੱਖ ਚੁਰਾਸੀ ਘਾੜਨ, ਘਾੜਨ ਘੜਤ ਆਪ ਘੜਾਈਆ । ਪੁਰਖ ਅਬਿਨਾਸ਼ੀ ਕਰੇ ਤਾੜਨ, ਆਲਸ ਨਿੰਦਰਾ ਨਾ ਕੋਇ ਵਖਾਈਆ । ਆਪੇ ਜਾਣੇ ਆਪਣਾ ਕਾਰਨ, ਹਰਿ ਕਰਤਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਹੁਕਮ ਦਏ ਸਮਝਾਈਆ । ਸੁਣਿਆ ਹੁਕਮ ਹਰਿ ਫ਼ਰਮਾਨਾ, ਵਿਸ਼ਨ ਬ੍ਰਹਮਾ ਸ਼ਿਵ ਸੀਸ ਝੁਕਾਇੰਦਾ । ਤੂੰ ਸ਼ਾਹ ਪਾਤਸ਼ਾਹ ਸਾਚਾ ਰਾਣਾ, ਹਉਂ ਦਰਵੇਸ਼ ਸੇਵ ਕਮਾਇੰਦਾ । ਆਦਿ ਜੁਗਾਦਿ ਸਿਰ ਮੰਨੇ ਤੇਰਾ ਭਾਣਾ, ਤੇਰਾ ਭਾਣਾ ਮੋਹੇ ਸੁਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਉਂ ਬਾਲ ਇਆਣਾ ਮੰਗ ਮੰਗਾਇੰਦਾ । ਬਾਲ ਇਆਣਾ ਬਾਲੀ ਬੁਧ, ਵਿਸ਼ਨੂੰ ਮੰਗ ਮੰਗਾਇੰਦਾ । ਕਵਣ ਧਾਰ ਕਰੇ ਕਾਰਜ ਸੁੱਧ, ਕਵਣ ਰੂਪ ਰੰਗ ਰੇਖ ਮਿਲਾਇੰਦਾ । ਕਵਣ ਵੇਲਾ ਬਖ਼ਸ਼ੇ ਆਪਣੀ ਸੁਧ, ਕਵਣ ਧਾਮ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਦਰ ਮੋਹੇ ਸਾਚਾ ਘਰ ਇਕ ਸੁਹਾਇੰਦਾ । ਬ੍ਰਹਮਾ ਉਠ ਉਠ ਨੇਤਰ ਰੋਏ, ਚਾਰ ਕੁੰਟ ਨੈਣ ਉਠਾਈਆ । ਤੇਰਾ ਤੇਰੀ ਸੇਵਾ ਵਿਚ ਕਦੇ ਨਾ ਸੋਏ, ਆਲਸ ਨਿੰਦਰਾ ਨਾ ਕੋਇ ਵਖਾਈਆ । ਕਵਣ ਵੇਲਾ ਕਵਣ ਵਕ਼ਤ ਬ੍ਰਹਮ ਪਾਰਬ੍ਰਹਮ ਤੇਰੇ ਜੇਹਾ ਹੋਏ, ਤੇਰਾ ਤੇਰੇ ਵਿਚ ਸਮਾਈਆ । ਕਵਣ ਵਸਤ ਕਵਣ ਦਾਤ ਕਵਣ ਘਰ ਦੇਵੇ ਢੋਏ, ਕਵਣ ਦਰ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਵਸਤ ਝੋਲੀ ਪਾਈਆ । ਸ਼ੰਕਰ ਕਰੇ ਗਿਰਿਆਜ਼ਾਰੀ, ਖੁਲੜੇ ਕੇਸ ਰਿਹਾ ਵਖਾਈਆ । ਕਰਾਂ ਖੇਲ ਅਪਰ ਅਪਾਰੀ, ਲੋਕਮਾਤ ਵੱਜੇ ਵਧਾਈਆ । ਵਿਸ਼ਨੂੰ ਤੇਰਾ ਬਣਿਆ ਭੰਡਾਰੀ, ਬ੍ਰਹਮਾ ਸ੍ਰਿਸ਼ਟ ਕਰੇ ਉਜਿਆਰੀ, ਲੱਖ ਚੁਰਾਸੀ ਘਾੜਨ ਲਏ ਘੜਾਈਆ । ਅੰਤਮ ਕਰਾਂ ਸਰਬ ਖ਼ਵਾਰੀ, ਲੁਕਿਆ ਰਹੇ ਨਾ ਕੋਇ ਨਰ ਨਾਰੀ, ਨਰ ਨਰਾਇਣ ਤੇਰੀ ਓਟ ਤਕਾਈਆ । ਕਵਣ ਵੇਲਾ ਕਵਣ ਵਕ਼ਤ ਦਰਸ ਦਿਖਾਏ ਆਪਣੀ ਵਾਰੀ, ਆਸ ਪਿਆਸ ਮੇਰੀ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਓਟ ਤੇਰੀ ਤਕਾਈਆ । ਪੁਰਖ ਅਬਿਨਾਸ਼ੀ ਹਰਿ ਸਮਝਾਇੰਦਾ, ਅਗੰਮ ਅਗੰਮੜਾ ਅਗੰਮੜੀ ਕਾਰ । ਵਿਸ਼ਨ ਬ੍ਰਹਮਾ ਸ਼ਿਵ ਤੇਰੀ ਸੇਵ ਲਗਾਇੰਦਾ, ਨੌ ਸੌ ਚੁਰਾਨਵੇ ਚੌਕੜੀ ਜੁਗ ਰਹਿਣਾ ਖ਼ਬਰਦਾਰ । ਜੁਗ ਜੁਗ ਗੇੜਾ ਆਪ ਦਵਾਇੰਦਾ, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਲਏ ਉਧਾਰ । ਲੱਖ ਚੁਰਾਸੀ ਤੇਰੀ ਝੋਲੀ ਪਾਇੰਦਾ, ਚਾਰੇ ਖਾਣੀ ਕਰ ਤਿਆਰ । ਜੇਰਜ ਅੰਡਜ ਸੇਤਜ ਉਤਭੁਜ ਆਪਣੇ ਰੰਗ ਰੰਗਾਇੰਦਾ, ਰੰਗਣਹਾਰਾ ਏਕੰਕਾਰ । ਚਾਰੇ ਵੇਦਾਂ ਸੰਗ ਨਿਭਾਇੰਦਾ, ਚਾਰੇ ਬਾਣੀ ਲਏ ਉਧਾਰ । ਚਾਰ ਵਰਨਾਂ ਰਾਹ ਵਖਾਇੰਦਾ, ਚਾਰ ਯਾਰੀ ਕਰ ਸ਼ੰਗਾਰ । ਚੌਕੜੀ ਜੁਗ ਆਪ ਹੰਢਾਇੰਦਾ, ਗੁਰ ਅਵਤਾਰ ਹੋ ਉਜਿਆਰ । ਭਗਤ ਭਗਵੰਤ ਵੇਖ ਵਖਾਇੰਦਾ, ਨਿਰਗੁਣ ਸਰਗੁਣ ਵੇਖ ਵਿਚਾਰ । ਸ਼ਬਦੀ ਨਾਦ ਆਪ ਵਜਾਇੰਦਾ, ਸੰਤ ਸਾਜਣ ਲਏ ਉਭਾਰ । ਗੁਰਮੁਖ ਗੁਰ ਗੁਰ ਮੇਲ ਮਿਲਾਇੰਦਾ, ਸ਼ਬਦੀ ਸੁਰਤੀ ਇਕ ਆਧਾਰ । ਗੁਰਸਿਖ ਸਾਚੀ ਗੋਦ ਸੁਹਾਇੰਦਾ, ਜੁਗਾ

ਜੁਗੰਤਰ ਸਾਚੀ ਕਾਰ । ਮੂਰਖ ਮੂੜ੍ਹ ਝੂਠੇ ਧੰਦੇ ਲਾਇੰਦਾ, ਨਾਤਾ ਜੋੜ ਕਾਮ ਕਰੋਧ ਲੋਭ ਮੋਹ ਹੰਕਾਰ । ਮਾਇਆ ਮਮਤਾ ਗੜ੍ਹ ਬਣਾਇੰਦਾ, ਮਨ ਮਨੂਆ ਕਰ ਸਿਕਦਾਰ । ਮਤ ਮਤਵਾਲੀ ਦਹਿ ਦਿਸ਼ਾ ਆਪ ਫਿਰਾਇੰਦਾ, ਬੁਧ ਬਬੇਕ ਜਾਏ ਹਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਿੰਨਾਂ ਸਮਝਾਏ ਏਕਾ ਵਾਰ । ਲੱਖ ਚੁਰਾਸੀ ਗੇੜ ਗਿੜਾਇਆ, ਚਾਰ ਜੁਗ ਖੇਲ ਖਿਲਾਈਆ । ਵੇਸ ਅਨੇਕ ਆਪ ਧਰਾਇਆ, ਨਿਰਗੁਣ ਸਰਗੁਣ ਰੂਪ ਵਟਾਈਆ । ਵੇਦ ਸ਼ਾਸਤਰ ਸਿਮਰਤ ਪੁਰਾਨ ਆਪੇ ਗਾਇਆ, ਗੀਤਾ ਗਿਆਨ ਆਪ ਸੁਣਾਈਆ । ਅੰਜੀਲ ਕ਼ੁਰਾਨ ਦਏ ਸਾਲਾਹਿਆ, ਤੀਸ ਬਤੀਸਾ ਵਡ ਵਡਿਆਈਆ । ਖਾਣੀ ਬਾਣੀ ਨਾਲ ਰਲਾਇਆ, ਸ਼ਬਦ ਅਗੰਮੀ ਧਾਰ ਚਲਾਈਆ । ਜੁਗ ਚੌਕੜੀ ਵੇਖ ਵਖਾਇਆ, ਬ੍ਰਹਮਾ ਵਿਸ਼ਨ ਸ਼ਿਵ ਨਾਲ ਰਲਾਈਆ । ਵਿਸ਼ਨੂੰ ਪੱਲਾ ਲਏ ਫੜਾਇਆ, ਹਰਿ ਭਗਵਨ ਬੇਪਰਵਾਹੀਆ । ਪਾਰਬ੍ਰਹਮ ਬ੍ਰਹਮ ਲਏ ਸਮਝਾਇਆ, ਨਵ ਖੰਡ ਪ੍ਰਿਥਮੀ ਵੇਖ ਵਖਾਈਆ । ਸ਼ੰਕਰ ਗੜ੍ਹ ਹੰਕਾਰੀ ਦਏ ਤੁੜਾਇਆ, ਜੋ ਘੜਿਆ ਭੰਨ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਗੁਣ ਆਪ ਦਰਸਾਈਆ । ਵਿਸ਼ਨ ਬ੍ਰਹਮਾ ਸ਼ਿਵ ਧਿਆਨ ਲਗਾਵਣਾ, ਹਰਿ ਸਾਚਾ ਸਚ ਜਣਾਇੰਦਾ । ਲੱਖ ਚੁਰਾਸੀ ਤੇਰਾ ਖੇਲ ਖਿਲਾਵਣਾ, ਖ਼ਾਲਕ ਖ਼ਲਕ ਮੇਲ ਮਿਲਾਇੰਦਾ । ਨਿਰਗੁਣ ਸਰਗੁਣ ਹੋ ਹੋ ਗਾਵਣਾ, ਢੋਲਾ ਸੋਹਲਾ ਆਪ ਜਣਾਇੰਦਾ । ਅੰਮ੍ਰਿਤ ਕਵਲਾ ਆਪ ਭਰਾਵਣਾ, ਨਾਭੀ ਝਿਰਨਾ ਇਕ ਵਖਾਇੰਦਾ । ਲੱਖ ਚੁਰਾਸੀ ਫੁਲ ਫੁਲਵਾੜੀ ਮਾਤ ਫੁਲ ਏਕਾ ਖਿਲਾਵਣਾ, ਰੁਤ ਬਸੰਤੀ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪਣੇ ਹੱਥ ਰਖਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਸੁਣ ਕਰ ਧਿਆਨ, ਹਰਿ ਸਾਚੇ ਸਚ ਜਣਾਇਆ । ਜੁਗ ਚੌਕੜੀ ਮਿਟੇ ਨਿਸ਼ਾਨ, ਥਿਰ ਕੋਇ ਰਹਿਣ ਨਾ ਪਾਇਆ । ਗੁਰ ਅਵਤਾਰ ਪੀਰ ਮੰਗਣ ਏਕਾ ਦਾਨ, ਪੁਰਖ ਅਬਿਨਾਸ਼ੀ ਨਾਮ ਵਸਤ ਝੋਲੀ ਪਾਇਆ । ਅੰਤ ਮਿਟਦਾ ਜਾਏ ਸਭ ਨਿਸ਼ਾਨ, ਪੰਜ ਤੱਤ ਚੋਲਾ ਕੋਇ ਦਿਸ ਨਾ ਆਇਆ । ਈਸ਼ ਜੀਵ ਜਗਦੀਸ ਪਾਰਬ੍ਰਹਮ ਕਰੇ ਖੇਲ ਬੇਪਰਵਾਹਿਆ । ਜੁਗਾ ਜੁਗੰਤਰ ਖੇਲ ਮਹਾਨ, ਸਤਿਜੁਗ ਤ੍ਰੇਤਾ ਪੰਧ ਮੁਕਾਇਆ । ਦਵਾਪਰ ਅੰਤਮ ਆਈ ਹਾਣ, ਕਲਜੁਗ ਆਪਣਾ ਰੂਪ ਵਟਾਇਆ । ਚਾਰੋਂ ਕੁੰਟ ਉਠਿਆ ਜੋਧਾ ਸੂਰਬੀਰ ਬਲਵਾਨ, ਕਾਲਾ ਸੂਸਾ ਤਨ ਛੁਹਾਇਆ । ਨਾਲ ਮਿਲਾਇਆ ਪੰਜ ਸ਼ੈਤਾਨ, ਦਹਿ ਦਿਸ਼ਾ ਵੇਖ ਵਖਾਇਆ । ਸਾਬਤ ਰਹਿਣ ਨਾ ਦੇਵੇ ਕਿਸੇ ਈਮਾਨ, ਜਗਤ ਵਿਦਿਆ ਰਹੀ ਕੁਰਲਾਇਆ । ਚੌਦਾਂ ਵਿਦਿਆ ਹੋਈ ਹੈਰਾਨ, ਚੌਦਾਂ ਤਬਕਾਂ ਪਰਦਾ ਆਪ ਹਿਲਾਇਆ । ਚੌਦਾਂ ਲੋਕਾਂ ਜਾਣੇ ਖੇਲ ਸ੍ਰੀ ਭਗਵਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਧੁਰ ਫ਼ਰਮਾਨ । ਜੁਗ ਚੌਕੜੀ ਪਾਰ ਕਿਨਾਰ, ਨਵ ਨੌ ਆਪ ਕਰਾਈਆ । ਸਤ ਸਤ ਨਾ ਕੋਇ ਸਹਾਰਾ, ਸਤਿ ਸਤਿਵਾਦੀ ਵੇਖ ਵਖਾਈਆ । ਬੋਧ ਅਗਾਧੀ ਸ਼ਬਦ ਜੈਕਾਰਾ, ਬ੍ਰਹਮ ਬ੍ਰਹਿਮਾਦੀ ਨਾਦ ਵਜਾਈਆ । ਵੇਖੇ ਵਿਗਸੇ ਕਰੇ ਵਿਚਾਰਾ, ਵੇਖਣਹਾਰਾ ਇਕ ਖ਼ੁਦਾਈਆ । ਮੁਕਾਮੇ ਹੱਕ ਵਸੇ ਸਾਂਝਾ ਯਾਰਾ, ਪਰਵਰਦਿਗਾਰ ਨੂਰ ਇਲਾਹੀਆ । ਵਿਸ਼ਨ ਬ੍ਰਹਮਾ ਸ਼ਿਵ ਹਰਿ ਕਾ ਖੇਲ ਅਪਰ ਅਪਾਰਾ, ਅੰਤ ਭੇਵ ਨਾ ਕੋਇ ਜਣਾਈਆ । ਬੇਅੰਤ ਬੇਅੰਤ ਬੇਅੰਤ ਗਾਇਣ ਗੁਰ ਅਵਤਾਰਾ, ਭਗਵੰਤ ਭਗਤ ਸੰਤ ਬੈਠੇ ਧਿਆਨ ਲਗਾਈਆ । ਵਸਣਹਾਰਾ ਸਚਖੰਡ ਧਾਮ ਮਹੱਲ ਅਟਲ ਉਚ ਮੁਨਾਰਾ, ਸੋ ਪੁਰਖ ਨਿਰੰਜਣ ਇਕ ਅਖਵਾਈਆ । ਕਲਜੁਗ ਅੰਤਮ ਲੈ ਅਵਤਾਰਾ, ਨਿਹਕਲੰਕਾ ਨਾਉਂ ਰਖਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ


੪੧੨ ੧੦

ਖੰਡਾਂ ਪਾਵੇ ਸਾਰਾ, ਰਵ ਸਸ ਆਪਣੀ ਕਿਰਨ ਜੋਤ ਚਮਕਾਈਆ । ਸੁਰਪਤ ਰਾਜਾ ਇੰਦ ਕਰੋੜ ਤੇਤੀਸ ਗਣ ਗੰਧਰਬ ਦਏ ਹੁਲਾਰਾ, ਸੋਇਆ ਕੋਇ ਰਹਿਣ ਨਾ ਪਾਈਆ । ਲੋਕਮਾਤ ਵੇਖੇ ਵੇਖਣਹਾਰਾ, ਨੂਰ ਨੁਰਾਨਾ ਡਗਮਗਾਈਆ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਕਰੇ ਖ਼ਵਾਰਾ, ਸੀਸ ਤਾਜ ਨਾ ਕੋਇ ਟਿਕਾਈਆ । ਗ਼ਰੀਬ ਨਿਮਾਣਿਆਂ ਪਾਵੇ ਸਾਰਾ, ਨਿਰਧਨ ਸਰਧਨ ਵੇਖੇ ਥਾਉਂ ਥਾਈਆ । ਸ਼ਤਰੀ ਬ੍ਰਹਿਮਣ ਸ਼ੂਦਰ ਵੈਸ਼ ਦੇਵੇ ਇਕ ਸਹਾਰਾ, ਦਰ ਘਰ ਸਾਚਾ ਇਕ ਸਮਝਾਈਆ । ਪੁਰਖ ਅਕਾਲ ਏਕਾ ਇਸ਼ਟ ਏਕੰਕਾਰਾ, ਦੂਸਰ ਅਵਰ ਨਾ ਕੋਇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਗੁਣ ਆਪ ਸਮਝਾਈਆ । ਕਲਜੁਗ ਵੇਲਾ ਅੰਤਮ ਆਵਣਾ, ਹਰਿ ਸਾਚਾ ਸਚ ਸਮਝਾਇੰਦਾ । ਵਿਸ਼ਨੂੰ ਤੇਰਾ ਮੇਲ ਮਿਲਾਵਣਾ, ਲੋਕਮਾਤ ਵੇਖ ਵਖਾਇੰਦਾ । ਬ੍ਰਹਮੇ ਤੇਰਾ ਬ੍ਰਹਮ ਪਰਗਟਾਵਣਾ, ਪਾਰਬ੍ਰਹਮ ਆਪਣਾ ਪਰਦਾ ਚੁਕਾਇੰਦਾ । ਸ਼ੰਕਰ ਤੇਰਾ ਤ੍ਰਸ਼ੂਲ ਤੇਰੇ ਹੱਥੋਂ ਸੁਟਾਵਣਾ, ਅੰਤਮ ਤੇਰਾ ਪੰਧ ਮੁਕਾਇੰਦਾ । ਨਵ ਖੰਡ ਪ੍ਰਿਥਮੀ ਫੇਰਾ ਪਾਵਣਾ, ਸੱਤਾਂ ਦੀਪਾਂ ਚਰਨਾਂ ਹੇਠ ਦਬਾਇੰਦਾ । ਖ਼ਾਲਕ ਖ਼ਲਕ ਵੇਖ ਵਖਾਵਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਸੰਦੇਸ਼ ਆਪ ਸੁਣਾਵਣਾ । ਸਚ ਸੰਦੇਸ਼ ਜਣਾਇਆ, ਪੁਰਖ ਅਬਿਨਾਸ਼ੀ ਬੇਪਰਵਾਹ । ਵਿਸ਼ਨ ਬ੍ਰਹਮਾ ਸ਼ਿਵ ਤੇਰਾ ਪੰਧ ਦਏ ਮੁਕਾਇਆ, ਨੌਂ ਸੌ ਚੁਰਾਨਵੇਂ ਚੌਕੜੀ ਜੁਗ ਬਣੇ ਰਹੇ ਮਲਾਹ । ਲੇਖਾ ਲੇਖੇ ਲਏ ਲਗਾਇਆ, ਲੇਖਾ ਲਿਖਣਹਾਰਾ ਸੱਚਾ ਸ਼ਹਿਨਸ਼ਾਹ । ਕਲਜੁਗ ਅੰਤਮ ਵੇਸ ਵਟਾਇਆ, ਜੋਤੀ ਜਾਮਾ ਭੇਖ ਵਟਾ । ਰੂਪ ਰੰਗ ਰੇਖ ਨਜ਼ਰ ਕਿਸੇ ਨਾ ਆਇਆ, ਪੰਜ ਤਤ ਘਾੜਨ ਨਾ ਲਿਆ ਕੋਇ ਘੜਾ । ਬ੍ਰਹਮ ਪਾਰਬ੍ਰਹਮ ਆਪਣੀ ਗੋਦ ਬਹਾਇਆ, ਸਿਰ ਆਪਣਾ ਹੱਥ ਟਿਕਾ । ਵਿਸ਼ਨੂੰ ਤੇਰਾ ਸੰਗ ਨਿਭਾਇਆ, ਕੀਤਾ ਕੌਲ ਪੂਰਾ ਦਏ ਕਰਾ । ਸ਼ੰਕਰ ਤੇਰਾ ਪੰਧ ਮੁਕਾਇਆ, ਅੰਤਮ ਸੰਸਾ ਦਏ ਗਵਾ । ਤਿੰਨਾਂ ਵਿਚੋਲਾ ਬਣ ਕੇ ਆਇਆ, ਆਦਿ ਜੁਗਾਦੀ ਸੱਚਾ ਸ਼ਹਿਨਸ਼ਾਹ । ਸੀਸ ਜਗਦੀਸ ਤਾਜ ਸੁਹਾਇਆ, ਤਖ਼ਤ ਨਿਵਾਸੀ ਇਕ ਅਖਵਾ । ਕਲਜੁਗ ਕੂੜ ਕੁੜਿਆਰਾ ਡੇਰਾ ਢਾਇਆ, ਚਾਰ ਕੁੰਟ ਸ੍ਰਿਸ਼ਟ ਸਬਾਈ ਰੋਵੇ ਮਾਰੇ ਧਾਹ । ਅਠਸਠ ਤੀਰਥ ਨਾ ਕੋਇ ਸੁਹਾਇਆ, ਜਮਨਾ ਗੰਗਾ ਸੁਰਸਤੀ ਗੋਦਾਵਰੀ ਕਰ ਕਰ ਬੈਠੀ ਨਾ । ਗੁਰ ਦਰ ਮੰਦਰ ਮਸਜਿਦ ਅਗਨ ਤਪਾਇਆ, ਸਾਂਤਕ ਸਤਿ ਨਾ ਸਕੇ ਕੋਇ ਵਰਤਾ । ਸਾਧਾਂ ਸੰਤਾਂ ਕੰਤ ਭਗਵੰਤ ਨਾ ਕਿਸੇ ਹੰਢਾਇਆ, ਨਾਰ ਦੁਹਾਗਣ ਖੁਲ੍ਹੇ ਕੇਸ ਰਹੀ ਵਖਾ । ਹਰਿ ਮੰਦਰ ਅੰਦਰ ਡੇਰਾ ਕਿਸੇ ਨਾ ਲਾਇਆ, ਸਤਿਗੁਰ ਬਣੇ ਨਾ ਕਿਸੇ ਮਲਾਹ । ਮਾਇਆ ਮਮਤਾ ਮੋਹ ਵਧਾਇਆ, ਆਸਾ ਤ੍ਰਿਸ਼ਨਾ ਘਰ ਘਰ ਬੈਠੀ ਪੀਹੜਾ ਡਾਹ । ਮਨਮੁਖ ਜੀਵਾਂ ਕਾਇਆ ਸਾਲੂ ਇਕ ਰੰਗਾਇਆ, ਕਾਲਾ ਰੰਗ ਚੜ੍ਹਾਇਆ ਨਾਲ ਮਿਲਾਈ ਸਵਾਹ । ਸਾਚਾ ਚੰਦ ਨਜ਼ਰ ਨਾ ਆਇਆ, ਨੌਂ ਖੰਡ ਪ੍ਰਿਥਮੀ ਅੰਧੇਰਾ ਗਿਆ ਛਾ । ਰਾਜ ਰਾਜਾਨ ਰਹੇ ਕੁਰਲਾਇਆ, ਉਚੀ ਆਪਣੀ ਬਾਂਹ ਉਠਾ । ਅੰਜੀਲ ਕ਼ੁਰਾਨ ਦਏ ਦੁਹਾਇਆ, ਪੀਰ ਦਸਤਗੀਰ ਪੱਲਾ ਸਕੇ ਨਾ ਕੋਇ ਫੜਾ । ਕਾਇਆ ਨਿਜਾਤ ਨਾ ਕੋਇ ਦਿਵਾਇਆ, ਮੁਖ ਨਕ਼ਾਬ ਨਾ ਸਕੇ ਕੋਇ ਉਠਾ । ਆਬ ਹਯਾਤ ਭਰ ਪਿਆਲਾ ਨਾ ਕਿਸੇ ਪਿਆਇਆ, ਸੰਗ ਮੁਹੰਮਦ ਚਾਰ ਯਾਰ ਬੈਠੇ ਨੈਣ ਸ਼ਰਮਾ । ਅੱਲਾ ਰਾਣੀ ਨੇਤਰ ਨੈਣ ਨਾ ਕੋਇ ਉਠਾਇਆ, ਉਚੀ ਕੂਕ ਕੂਕ ਏਕਾ ਤੱਕੇ ਤੇਰਾ ਰਾਹ । ਕਲਜੁਗ ਜੀਵਾਂ ਝੂਠੀ ਕਿਰਿਆ ਮੋਹੇ ਜਲਾਇਆ, ਸਦੀ ਚੌਧਵੀਂ ਲੱਗੀ ਤੱਤੀ ਭਾਹ । ਵਿਸ਼ਨ ਬ੍ਰਹਮਾ ਸ਼ਿਵ ਤੇਰਾ ਲੇਖਾ ਦਏ ਮੁਕਾਇਆ, ਜਿਸ ਤੇਰੀ ਬਣਤ ਲਈ ਬਣਾ । ਲੋਕਮਾਤ ਵੇਖ ਵਖਾਇਆ, ਵੇਖਣਹਾਰਾ

ਇਕ ਖ਼ੁਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਆਦਿ ਜੁਗਾਦਿ ਜੁਗਾ ਜੁਗੰਤਰ ਆਪੇ ਜਾਣੇ ਆਪਣਾ ਮੰਤਰ, ਨਮੋ ਦੇਵ ਵਾਸਤਕ ਰੂਪ ਬਣੇ ਬੇਪਰਵਾਹ । ਵਿਸ਼ਨ ਬ੍ਰਹਮਾ ਸ਼ਿਵ ਰੱਖਣੀ ਆਸ, ਹਰਿ ਏਕਾ ਅੱਖਰ ਦ੍ਰਿੜਾਇਆ । ਕਲਜੁਗ ਅੰਤ ਬੁਝਾਏ ਪਿਆਸ, ਪੀਆ ਪ੍ਰੀਤਮ ਦਇਆ ਕਮਾਇਆ । ਨਿਰਗੁਣ ਜੋਤ ਕਰੇ ਪਰਕਾਸ਼, ਪਰਮ ਪੁਰਖ ਵਡ ਵਡਿਆਇਆ । ਘਟ ਮੰਦਰ ਪਾਏ ਰਾਸ, ਗੋਪੀ ਕਾਹਨ ਆਪ ਨਚਾਇਆ । ਲੱਖ ਚੁਰਾਸੀ ਵੇਖੇ ਵੇਖਣਹਾਰਾ ਪਵਣ ਸਵਾਸ, ਅੰਦਰ ਮੰਦਰ ਖੋਜ ਖੁਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਆਪ ਰਘਰਾਇਆ । ਹਰਿ ਸਾਚਾ ਖੇਲ ਖਿਲਾਇੰਦਾ, ਨਿਰਗੁਣ ਨਿਰਗੁਣ ਜਾਮਾ ਧਾਰ । ਗੁਰਮੁਖ ਸਾਚੇ ਆਪ ਉਠਾਇੰਦਾ, ਲੱਖ ਚੁਰਾਸੀ ਕਰ ਵਿਚਾਰ । ਸੁਰਤੀ ਸ਼ਬਦ ਮੇਲ ਮਿਲਾਇੰਦਾ, ਮੇਲ ਮਿਲਾਏ ਨਾਰੀ ਕੰਤ ਭਤਾਰ । ਆਤਮ ਸੇਜਾ ਆਪ ਸੁਹਾਇੰਦਾ, ਸਚ ਸੁਵਾਣੀ ਕਰ ਪਿਆਰ । ਅੰਮ੍ਰਿਤ ਆਤਮ ਠੰਡਾ ਪਾਣੀ ਆਪ ਪਿਆਇੰਦਾ, ਕਿਰਪਾ ਕਰ ਪਹਿਲੀ ਵਾਰ । ਆਪਣੀ ਅਕਥ ਕਹਾਣੀ ਆਪ ਸੁਣਾਇੰਦਾ, ਅਨਹਦ ਸ਼ਬਦ ਸੱਚੀ ਧੁੰਨਕਾਰ । ਹਰਿ ਕਾ ਨਾਉਂ ਛੱਤੀ ਰਾਗ ਭੇਵ ਨਾ ਪਾਇੰਦਾ, ਉਚੀ ਕੂਕ ਕੂਕ ਕਰਨ ਪੁਕਾਰ । ਵੇਦ ਪੁਰਾਨ ਸਰਬ ਜਸ ਗਾਇੰਦਾ, ਚਾਰ ਜੁਗ ਜੈ ਜੈਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਉਂ ਆਪਣੇ ਹੱਥ ਰੱਖੇ ਨਿਰੰਕਾਰ । ਆਪਣਾ ਨਾਉਂ ਆਪਣੇ ਹੱਥ ਰੱਖ, ਜੁਗ ਜੁਗ ਆਪਣੇ ਨਾਮ ਕਰੇ ਵਡਿਆਈਆ । ਕਲਜੁਗ ਅੰਤਮ ਰਸਨਾ ਜਿਹਵਾ ਪੜ੍ਹ ਪੜ੍ਹ ਹਰਿ ਕਾ ਨਾਮ ਰਹੇ ਦੱਸ, ਹਰਿ ਨਾਮ ਨਾ ਕੋਇ ਮਿਲਾਈਆ । ਜਗਤ ਮੰਦਰ ਬਹਿ ਬਹਿ ਰਹੇ ਹੱਸ, ਕਾਇਆ ਮੰਦਰ ਸੋਭਾ ਕੋਇ ਨਾ ਪਾਈਆ । ਤੀਰਥ ਤੱਟਾਂ ਪੈਂਡਾ ਮੁਕੌਂਦੇ ਰਹੇ ਨੱਸ ਨੱਸ, ਘਰ ਅੰਮ੍ਰਿਤ ਜਾਮ ਨਾ ਕੋਇ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਣਾਏ ਆਪਣਾ ਜਸ, ਸੋ ਜਨ ਮਿਲੇ ਵਡਿਆਈਆ । ਹਰਿ ਜਸ ਭਗਤਾਂ ਆਪ ਸਮਝਾਇੰਦਾ, ਜੁਗਾ ਜੁਗੰਤਰ ਕਾਰ । ਸਿਰ ਆਪਣਾ ਹੱਥ ਰਖਾਇੰਦਾ, ਪੁਰਖ ਅਗੰਮਾ ਏਕੰਕਾਰ । ਕੋਟਨ ਕੋਟ ਜਨਮ ਦੇ ਪਾਪ ਗਵਾਇੰਦਾ, ਪੂਰਬ ਕਰਮਾਂ ਲਏ ਵਿਚਾਰ । ਮਾਣਸ ਮਾਨੁਖ ਆਪਣੇ ਲੇਖੇ ਲਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਬਖ਼ਸ਼ੇ ਚਰਨ ਪਿਆਰ । ਚਰਨ ਪਿਆਰ ਮਸਤਕ ਧੂੜ, ਗੁਰਮੁਖ ਵਿਰਲੇ ਟਿੱਕਾ ਲਾਈਆ । ਚਤੁਰ ਸੁਘੜ ਬਣਾਏ ਮੂਰਖ ਮੂੜ੍ਹ, ਆਪ ਆਪਣੀ ਬੂਝ ਬੁਝਾਈਆ । ਨਾਤਾ ਤੋੜੇ ਕੂੜੋ ਕੂੜ, ਸਚ ਸੁੱਚ ਦਏ ਵਡਿਆਈਆ । ਗੁਰਮੁਖ ਸੱਜਣ ਦਾਤਾ ਸੂਰ, ਸੂਰਬੀਰ ਆਪ ਅਖਵਾਈਆ । ਜਿਸ ਜਨ ਬਖ਼ਸ਼ੇ ਆਪਣਾ ਨੂਰ, ਜੋਤ ਨਿਰੰਜਣ ਡਗਮਗਾਈਆ । ਅੰਤਮ ਕਲਜੁਗ ਗੁਰਸਿਖਾਂ ਘਰ ਘਰ ਵਖਾਏ ਕੋਹਤੂਰ, ਗੁਰਸਿਖ ਮੂਸਾ ਰੂਪ ਵਟਾਈਆ । ਪਰਗਟ ਹੋਇਆ ਹਾਜ਼ਰ ਹਜ਼ੂਰ, ਹਰਿ ਕੀ ਪੌੜੀ ਦਏ ਚੜ੍ਹਾਈਆ । ਆਪਣਾ ਲਹਿਣਾ ਦੇਣਾ ਮੁਕਾਏ ਜ਼ਰੂਰ, ਜ਼ੇਰ ਜ਼ਬਰ ਨਾ ਕੋਇ ਰੂਪ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਆਪ ਉਠਾਈਆ । ਹਰਿਜਨ ਆਪ ਉਠਾਇਆ, ਕਰ ਕਿਰਪਾ ਗੁਣ ਨਿਧਾਨ । ਅੰਤਰ ਆਤਮ ਦਰਸ ਦਿਖਾਇਆ, ਦਰ ਦਵਾਰ ਕਰ ਪਰਵਾਨ । ਜਗਤ ਤ੍ਰਿਸ਼ਨਾ ਭੁੱਖ ਮਿਟਾਇਆ, ਇਕ ਵਖਾਇਆ ਸਚ ਨਿਸ਼ਾਨ । ਕਾਹਨਾ ਕ੍ਰਿਸ਼ਨਾ ਆਪਣਾ ਰੂਪ ਜਣਾਇਆ, ਰਾਮ ਰੂਪ ਸ੍ਰੀ ਭਗਵਾਨ । ਨਾਨਕ ਗੋਬਿੰਦ ਖੇਲ ਖਿਲਾਇਆ, ਈਸਾ ਮੂਸਾ ਚਤੁਰ ਸੁਜਾਨ । ਸੰਗ ਮੁਹੰਮਦ ਨੂਰ ਧਰਾਇਆ, ਚਾਰ ਯਾਰੀ ਹੋ ਮਿਹਰਵਾਨ । ਆਲਮੀਨ ਇਕ ਖ਼ੁਦਾਇਆ,

ਖ਼ਾਲਕ ਖੇਲੇ ਖੇਲ ਮਹਾਨ । ਰਾਮ ਨਾਮ ਇਕ ਸਮਝਾਇਆ, ਆਤਮ ਪਰਮਾਤਮ ਸਚ ਗਿਆਨ । ਮੰਤਰ ਨਾਮ ਸਤਿ ਦ੍ਰਿੜਾਇਆ, ਏਕਾ ਮੰਤਰ ਵੇਖ ਵਖਾਨ । ਵਾਹ ਵਾ ਗੁਰੂ ਫ਼ਤਿਹ ਗਜਾਇਆ, ਗੁਰ ਬਿਨ ਕੋਇ ਨਾ ਉਤਰੇ ਪਾਰ ਵਿਚ ਜਹਾਨ । ਕਲਜੁਗ ਅੰਤਮ ਪਾਰਬ੍ਰਹਮ ਪਤਿ ਪਰਮੇਸ਼ਵਰ ਗੁਰਸਿਖਾਂ ਪੂਰਬ ਲਹਿਣਾ ਦਏ ਚੁਕਾਇਆ, ਨਿਰਗੁਣ ਸਰਗੁਣ ਵੇਖੇ ਆਣ । ਪੂਜਾ ਪਾਠ ਨਾ ਕੋਇ ਕਰਾਇਆ, ਏਕਾ ਬਖ਼ਸ਼ੇ ਚਰਨ ਧਿਆਨ । ਰਾਏ ਧਰਮ ਨੇੜ ਨਾ ਆਇਆ, ਚਿਤਰ ਗੁਪਤ ਹੋਏ ਹੈਰਾਨ । ਲਾੜੀ ਮੌਤ ਨਾ ਲਏ ਪਰਨਾਇਆ, ਜਿਸ ਸਿਰ ਹੱਥ ਧਰੇ ਭਗਵਾਨ । ਨਿਹਕਰਮੀ ਆਪਣਾ ਕਰਮ ਕਮਾਇਆ, ਗੁਰਸਿਖਾਂ ਦੇਵੇ ਜੀਆ ਦਾਨ । ਆਪਣੀ ਸੁਰਤੀ ਆਪਣੇ ਸ਼ਬਦ ਮਿਲਾਇਆ, ਸੁਰਤੀ ਸ਼ਬਦੀ ਏਕਾ ਘਰ ਮਕਾਨ । ਸਾਚੇ ਮੰਦਰ ਆਪ ਵਸਾਇਆ, ਆਤਮ ਸੇਜਾ ਮਾਰ ਧਿਆਨ । ਗੁਰਮੁਖ ਸਤ ਸਰੋਵਰ ਆਪ ਨੁਹਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਕਰ ਪਛਾਣ । ਕਲਜੁਗ ਅੰਤ ਪਛਾਣ, ਜੁਗ ਜੁਗ ਵਿਛੜੇ ਮੀਤ । ਵਿਸ਼ਨ ਬ੍ਰਹਮਾ ਸ਼ਿਵ ਹਰਿ ਖੇਲੇ ਖੇਲ ਦੋ ਜਹਾਨ, ਏਕਾ ਗਾਵਣ ਸੁਹਾਗੀ ਗੀਤ । ਨੌ ਖੰਡ ਪ੍ਰਿਥਮੀ ਲੱਖ ਚੁਰਾਸੀ ਵੇਲਾ ਆਇਆ ਹਾਣ, ਨਾ ਕੋਈ ਸਾਕ ਸੱਜਣ ਸੈਣ ਦਿਸੇ ਮੀਤ । ਅੰਧੇਰਾ ਹੋਇਆ ਸਾਚੇ ਭਾਨ, ਪਰਕਾਸ਼ ਦਿਸੇ ਨਾ ਕੋਇ ਅਨਡੀਠ । ਕੂੜ ਕੁੜਿਆਰੇ ਚਾਰੋਂ ਕੁੰਟ ਆਪਣਾ ਰੰਗ ਵਖਾਣ, ਜੀਵਾਂ ਜੰਤਾ ਵੇਖੇ ਨੀਤ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਅੰਤਮ ਕਲਜੁਗ ਕਰੇ ਖੇਲ ਮਹਾਕਾਲ, ਕਾਲ ਕਲ ਹੋਏ ਅਧੀਨ । ਵੇਲਾ ਅੰਤ ਜੰਤ ਪਛਤਾਣ, ਬ੍ਰਹਮ ਤੜਫੇ ਬਿਨ ਪਾਰਬ੍ਰਹਮ ਜਿਉਂ ਜਲ ਮੀਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਲੇਖਾ ਚੁਕਾਏ ਬ੍ਰਹਮਾ ਵਿਸ਼ਨ ਤੀਨੋਂ ਤੀਨ ।



ਬੰਦੇ ਸਾਰੇ ਰੱਬ ਦੇ, ਕੋਈ ਨਾ ਕਹੇ ਮੇਰਾ । ਦੋ ਜਹਾਨ ਕਰੇ ਕੰਮ ਝਬ ਦੇ, ਮੇਟੇ ਜਗਤ ਝੇੜਾ । ਫੌਜੀ ਫੌਜੀਆਂ ਨਾਲ ਫਬਦੇ, ਪੁਰਖ ਅਬਿਨਾਸ਼ੀ ਕਰੇ ਖੁਲ੍ਹਾ ਵੇਹੜਾ । ਲੇਖਾ ਜਾਣੇ ਆਰ ਪਾਰ ਹੱਦ ਦੇ, ਨੌ ਖੰਡ ਪ੍ਰਿਥਮੀ ਵੇਖੇ ਏਕਾ ਖੇੜਾ । ਇਕ ਦੂਜੇ ਨੂੰ ਪਏ ਸੱਦਦੇ, ਵੇਲੇ ਅੰਤ ਬੰਨ੍ਹੇ ਕੌਣ ਬੇੜਾ । ਅੰਤਮ ਆਪਣਾ ਘਰ ਆਪੇ ਛੱਡਦੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੌ ਖੰਡ ਪ੍ਰਿਥਮੀ ਲਾਏ ਇਕ ਉਖੇੜਾ । ਕਾਂਗੋ ਕਾਂਗ ਚੜ੍ਹੇ ਹੜ, ਚਾਰ ਕੁੰਟ ਦੁਹਾਈਆ । ਵੀਹ ਸੌ ਚੌਦਾਂ ਬਿਕ੍ਰਮੀ ਪੰਦਰਾਂ ਕਤਕ ਬਾਈ ਸੌ ਕੋਸ ਵੇਖਿਆ ਏਕਾ ਗੜ੍ਹ, ਰਵਾਲਸਰ ਲੇਖ ਲਿਖਾਈਆ । ਆਪਣੀ ਵਾਰੀ ਆਪੇ ਜਾਣ ਝੜ, ਏਕਾ ਸ਼ਮਅ ਅਗਨ ਜਲਾਈਆ । ਇਕ ਦੂਜੇ ਦਾ ਫੜਨ ਲੜ, ਪੱਲੂ ਗੰਢ ਨਾ ਕੋਇ ਵਖਾਈਆ । ਜਿਸ ਘਾੜਨ ਲਿਆ ਘੜ, ਸੋ ਭਾਂਡਾ ਭੰਨ ਵਖਾਈਆ । ਫੌਜੀ ਫੌਜੀਆਂ ਨਾਲ ਸਦਾ ਲੜਨ, ਦੂਜੀ ਅਵਰ ਨਾ ਕੋਇ ਸਿਖਲਾਈਆ । ਨਾ ਕੋਈ ਸੀਸ ਨਾ ਕੋਈ ਧੜ, ਨਾ ਕੋਈ ਖ਼ਾਕੀ ਖ਼ਾਕ ਵਖਾਈਆ । ਇਕ ਦੂਜੇ ਅੱਗੇ ਜਾਣ ਅੜ, ਮੇਲ ਮਿਲਾਪ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਰਿਹਾ ਕਰ, ਲਿਖਿਆ ਲੇਖਾ ਪੂਰਾ ਦਏ ਕਰਾਈਆ ।

★ ੩ ਚੇਤ ੨੦੧੮ ਬਿਕ੍ਰਮੀ ਚੰਦਾ ਸਿੰਘ ਦੇ ਗ੍ਰਿਹ ਪਰਤਾਪ ਨਗਰ ★

ਹੁਕਮੇ ਅੰਦਰ ਖੇਲ ਨਿਰੰਕਾਰ, ਆਦਿ ਜੁਗਾਦਿ ਕਰਾਇਆ । ਹੁਕਮੇ ਅੰਦਰ ਆਪੇ ਆਪ ਹੋਏ ਸਿਰਜਣਹਾਰ, ਆਪ ਆਪਣਾ ਹੁਕਮ ਮਨਾਇਆ । ਹੁਕਮੇ ਅੰਦਰ ਖੰਡ ਬ੍ਰਹਿਮੰਡ ਕਰ ਤਿਆਰ, ਲੋਆਂ ਪੁਰੀਆਂ ਬਣਤ ਬਣਾਇਆ । ਹੁਕਮੇ ਅੰਦਰ ਰਵ ਸਸ ਉਜਿਆਰ, ਹੁਕਮੇ ਅੰਦਰ ਮੰਡਲ ਮੰਡਪ ਦਏ ਸੁਹਾਇਆ । ਹੁਕਮੇ ਅੰਦਰ ਜੋਤੀ ਸ਼ਬਦੀ ਧਾਰ, ਹੁਕਮੇ ਅੰਦਰ ਨਿਰਵੈਰ ਨਿਰਾਕਾਰ ਪੁਰਖ ਅਗੰਮ ਆਪਣੀ ਖੇਲ ਖਿਲਾਇਆ । ਹੁਕਮੇ ਅੰਦਰ ਸ਼ਾਹ ਭੂਪ ਬਣ ਸਿਕਦਾਰ, ਤਖ਼ਤ ਨਿਵਾਸੀ ਸਚ ਸਿੰਘਾਸਣ ਸੋਭਾ ਪਾਇਆ । ਹੁਕਮੇ ਅੰਦਰ ਰਾਓ ਰੰਕ ਬਣ ਭਿਖਾਰ, ਦਰ ਦਰਵੇਸ਼ ਅਲਖ ਜਗਾਇਆ । ਹੁਕਮੇ ਅੰਦਰ ਜੋਧਾ ਸੂਰਬੀਰ ਦਾਤਾਰ, ਦੋ ਜਹਾਨਾਂ ਵੇਸ ਧਰਾਇਆ । ਹੁਕਮੇ ਅੰਦਰ ਸਤਿ ਸਤਿਵਾਦੀ ਕਰੇ ਕਰਾਏ ਸਾਚੀ ਕਾਰ, ਕਰਤਾ ਪੁਰਖ ਸੇਵ ਕਮਾਇਆ । ਹੁਕਮੇ ਅੰਦਰ ਗੁਪਤ ਜ਼ਾਹਰ ਅੰਦਰ ਬਾਹਰ, ਆਪਣਾ ਪਰਦਾ ਆਪ ਰਖਾਇਆ । ਹੁਕਮੇ ਅੰਦਰ ਵਿਸ਼ਨ ਬ੍ਰਹਮਾ ਸ਼ਿਵ ਲਏ ਉਭਾਰ, ਬੰਸ ਸਰਬੰਸਾ ਰੂਪ ਵਟਾਇਆ । ਹੁਕਮੇ ਅੰਦਰ ਆਪਣੀ ਇਛਿਆ ਤ੍ਰੈਗੁਣ ਨਾਰ, ਤ੍ਰੈਗੁਣ ਅਤੀਤਾ ਆਪ ਰਖਾਇਆ । ਹੁਕਮੇ ਅੰਦਰ ਤੱਤਵ ਤਤ ਕਰ ਪਸਾਰ, ਹੁਕਮੇ ਅੰਦਰ ਪਾਰਬ੍ਰਹਮ ਬ੍ਰਹਮ ਆਪਣੀ ਵੰਡ ਵੰਡਾਇਆ । ਹੁਕਮੇ ਅੰਦਰ ਧਰਤ ਧਵਲ ਆਕਾਸ਼, ਹੁਕਮੇ ਅੰਦਰ ਪਰਕਾਸ਼ ਪਰਕਾਸ਼ ਆਪ ਵਖਾਇਆ । ਹੁਕਮੇ ਅੰਦਰ ਲੱਖ ਚੁਰਾਸੀ ਦਏ ਸਹਾਰ, ਹੁਕਮੇ ਅੰਦਰ ਘਟ ਘਟ ਜੋਤ ਜਗਾਇਆ । ਹੁਕਮੇ ਅੰਦਰ ਨਾਦ ਅਨਾਦ ਸੁਣਾਏ ਧੁਰ ਫ਼ਰਮਾਨ, ਸ਼ਬਦ ਬੋਧ ਅਗਾਧੀ ਆਪ ਅਲਾਇਆ । ਹੁਕਮੇ ਅੰਦਰ ਰਹੇ ਵਿਸਮਾਦ, ਵਿਸਮਾਦੀ ਆਪਣਾ ਰੂਪ ਛੁਪਾਇਆ । ਹੁਕਮੇ ਅੰਦਰ ਆਪਣਾ ਕਰੇ ਲਾਡ, ਨਿਰਗੁਣ ਸਰਗੁਣ ਵੇਖ ਵਖਾਇਆ । ਹੁਕਮੇ ਅੰਦਰ ਲੇਖਾ ਜਾਣੇ ਆਦਿ ਜੁਗਾਦਿ, ਜੁਗ ਜੁਗ ਆਪਣੀ ਕਲ ਵਰਤਾਇਆ । ਹੁਕਮੇ ਅੰਦਰ ਅਲਖ ਅਗੋਚਰ ਅਗੰਮ ਅਪਾਰ, ਨਿਰਗੁਣ ਸਰਗੁਣ ਦਏ ਆਧਾਰ, ਸਰਗੁਣ ਨਿਰਗੁਣ ਆਪਣਾ ਰੂਪ ਦਰਸਾਇਆ । ਹੁਕਮੇ ਅੰਦਰ ਗੁਰ ਅਵਤਾਰ, ਹੁਕਮੇ ਅੰਦਰ ਜੁਗ ਜੁਗ ਬੰਧਨ ਪਾਇਆ । ਹੁਕਮੇ ਅੰਦਰ ਭਗਤ ਭਗਵੰਤ ਪਾਵੇ ਸਾਰ, ਹੁਕਮੇ ਅੰਦਰ ਸੰਤ ਸਾਜਣ ਲਏ ਮਿਲਾਇਆ । ਹੁਕਮੇ ਅੰਦਰ ਗੁਰਮੁਖ ਗੁਰ ਗੁਰ ਏਕਾ ਬਖ਼ਸ਼ੇ ਸਚ ਪਿਆਰ, ਸਚ ਸੁੱਚ ਨਾਤਾ ਜੋੜ ਜੁੜਾਇਆ । ਹੁਕਮੇ ਅੰਦਰ ਜੰਗਲ ਜੂਹ ਉਜਾੜ ਪਹਾੜ, ਹੁਕਮੇ ਅੰਦਰ ਉਚੇ ਟਿੱਲੇ ਪਰਬਤ ਰਿਹਾ ਸੁਹਾਇਆ । ਹੁਕਮੇ ਅੰਦਰ ਸਮੁੰਦ ਸਾਗਰ ਵਹਾਏ ਧਾਰ, ਹੁਕਮੇ ਅੰਦਰ ਜਲ ਥਲ ਮਹੀਅਲ ਆਪਣਾ ਰੂਪ ਸਮਾਇਆ । ਹੁਕਮੇ ਅੰਦਰ ਸ਼ਾਹ ਪਾਤਸ਼ਾਹ ਬਣੇ ਸਿਕਦਾਰ, ਹੁਕਮੇ ਅੰਦਰ ਖ਼ਾਕੀ ਖ਼ਾਕ ਖ਼ਾਕ ਵਖਾਇਆ । ਹੁਕਮੇ ਅੰਦਰ ਸ਼ਾਸਤਰ ਸਿਮਰਤ ਵੇਦ ਸੁਣਾਏ ਸਾਚੀ ਧਾਰ, ਹੁਕਮੇ ਅੰਦਰ ਆਪਣਾ ਭੇਵ ਆਪ ਜਣਾਇਆ । ਹੁਕਮੇ ਅੰਦਰ ਕਰੇ ਸ਼ੰਗਾਰ, ਹੁਕਮੇ ਅੰਦਰ ਪਰਦਾ ਇਕ ਰਖਾਇਆ । ਹੁਕਮੇ ਅੰਦਰ ਕਾਮ ਕਰੋਧ ਲੋਭ ਮੋਹ ਹੰਕਾਰ ਕਰ ਤਿਆਰ, ਹੁਕਮੇ ਅੰਦਰ ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਸੰਗ ਨਿਭਾਇਆ । ਹੁਕਮੇ ਅੰਦਰ ਮਨ ਮਤ ਬੁਧ ਦਏ ਆਧਾਰ, ਹੁਕਮੇ ਅੰਦਰ ਆਪਣੀ ਜੋਤੀ ਆਪਣੀ ਅੰਸ ਆਪਣਾ ਰੂਪ ਵਟਾਇਆ । ਹੁਕਮੇ ਅੰਦਰ ਨਾਮ ਖੰਡਾ ਚੰਡ ਪਰਚੰਡ ਕਟਾਰ, ਬ੍ਰਹਿਮੰਡ ਖੰਡ ਆਪ ਚਮਕਾਇਆ । ਹੁਕਮੇ ਅੰਦਰ ਤੀਰ ਤਰਕਸ਼ ਕਮਾਨ, ਚਿਲਾ ਭੱਥਾ ਆਪ ਰਖਾਇਆ । ਹੁਕਮੇ ਅੰਦਰ ਚਾਰ ਕੁੰਟ ਦਹਿ ਦਿਸ਼ਾ ਫਿਰੇ ਬੀਆਬਾਨ, ਹੁਕਮੇ ਅੰਦਰ ਆਸਣ ਸਿੰਘਾਸਣ ਰਿਹਾ ਸੁਹਾਇਆ । ਹੁਕਮੇ ਅੰਦਰ ਬਣਿਆ ਰਹੇ ਬਾਲ ਅਞਾਣ, ਹੁਕਮੇ ਅੰਦਰ ਨੌਜਵਾਨ ਆਪਣਾ

ਬਲ ਰਖਾਇਆ । ਹੁਕਮੇ ਅੰਦਰ ਆਪ ਝੁਲਾਏ ਆਪਣਾ ਸਚ ਨਿਸ਼ਾਨ । ਸਤਿ ਸਤਿਵਾਦੀ ਹੱਥ ਰਖਾਇਆ । ਹੁਕਮੇ ਅੰਦਰ ਜੁਗ ਚੌਕੜੀ ਮੰਨਦਾ ਰਿਹਾ ਆਣ, ਆਪ ਆਪਣਾ ਸੀਸ ਝੁਕਾਇਆ । ਹੁਕਮੇ ਅੰਦਰ ਦੇਂਦਾ ਰਿਹਾ ਦਾਨ, ਹੁਕਮੇ ਅੰਦਰ ਝੋਲੀ ਰਿਹਾ ਭਰਾਇਆ । ਹੁਕਮੇ ਅੰਦਰ ਹੁੰਦਾ ਰਿਹਾ ਕੁਰਬਾਨ, ਹੁਕਮੇ ਅੰਦਰ ਸੀਸ ਜਗਦੀਸ ਭੇਟ ਵਖਾਇਆ । ਹੁਕਮੇ ਅੰਦਰ ਤੀਰਥ ਤਟ ਜਗਤ ਅਸ਼ਨਾਨ, ਹੁਕਮੇ ਅੰਦਰ ਦੁਰਮਤ ਮੈਲ ਧਵਾਇਆ । ਹੁਕਮੇ ਅੰਦਰ ਚੌਦਾਂ ਹੱਟ ਮਕਾਨ, ਹੁਕਮੇ ਅੰਦਰ ਚੌਦਾਂ ਲੋਕ ਚੌਦਾਂ ਤਬਕ ਬੈਠੇ ਰਾਹ ਤਕਾਇਆ । ਹੁਕਮੇ ਅੰਦਰ ਹੁਕਮ ਫ਼ਰਮਾਨ, ਫ਼ਰਮਾਨ ਹੁਕਮ ਵੇਖ ਵਖਾਇਆ । ਸਭ ਤੋਂ ਬਾਹਰ ਇਕ ਭਗਵਾਨ, ਆਦਿ ਅੰਤ ਸੱਚਾ ਸ਼ਹਿਨਸ਼ਾਹਿਆ । ਲੇਖਾ ਜਾਣੇ ਦੋ ਜਹਾਨ, ਦੋਏ ਦੋਏ ਧਾਰਾ ਰੂਪ ਧਰਾਇਆ । ਨਿਰਗੁਣ ਸਰਗੁਣ ਖੇਲ ਮਹਾਨ, ਸਰਗੁਣ ਨਿਰਗੁਣ ਏਕਾ ਘਰ ਬਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਇਆ । ਸਾਚਾ ਹੁਕਮ ਧੁਰ ਫ਼ਰਮਾਨਾ, ਹੁਕਮੀ ਹੁਕਮ ਆਪ ਚਲਾਇੰਦਾ । ਸ਼ਾਹੋ ਭੂਪ ਬਣ ਸਾਚਾ ਰਾਣਾ, ਦੋ ਜਹਾਨਾਂ ਵੇਖ ਵਖਾਇੰਦਾ । ਜੁਗਾ ਜੁਗੰਤਰ ਵਰਤੇ ਭਾਣਾ, ਕਲਜੁਗ ਵੇਲਾ ਵਕ਼ਤ ਸੁਹਾਇੰਦਾ । ਨਿਰਗੁਣ ਪਹਿਰੇ ਨਿਰਗੁਣ ਬਾਣਾ, ਨਿਰਗੁਣ ਆਪਣਾ ਬਲ ਰਖਾਇੰਦਾ । ਸਰਗੁਣ ਕਿਰਿਆ ਕਰ ਨਾ ਬਣੇ ਅਵਾਣਾ, ਜੋਬਨ ਜਗਤ ਨਾ ਕੋਇ ਹੰਢਾਇੰਦਾ । ਆਦਿ ਅੰਤ ਏਕਾ ਰੂਪ ਸਮਾਨਾ, ਸੋ ਪੁਰਖ ਨਿਰੰਜਣ ਖੇਲ ਖਿਲਾਇੰਦਾ । ਆਪੇ ਜਾਣੇ ਆਪਣਾ ਆਵਣ ਜਾਣਾ, ਆਵਣ ਜਾਵਣ ਆਪਣੀ ਧਾਰ ਬੰਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਸੁਣਾਇੰਦਾ । ਆਦਿ ਪੁਰਖ ਆਦਿ ਸ਼ਬਦ ਜਣਾਇਆ, ਹੁਕਮੀ ਹੁਕਮ ਵਰਤਾਰ । ਨਿਰਗੁਣ ਸਰਗੁਣ ਵੇਖ ਵਖਾਇਆ, ਜੁਗਾ ਜੁਗੰਤਰ ਕਾਰ । ਜੁਗ ਚੌਕੜੀ ਵੇਸ ਵਟਾਇਆ, ਗੁਰ ਸ਼ਬਦ ਰੂਪ ਅਵਤਾਰ । ਕਲਜੁਗ ਅੰਤਮ ਭੇਵ ਖੁਲ੍ਹਾਇਆ, ਨਿਰਗੁਣ ਜੋਤ ਕਰ ਉਜਿਆਰ । ਆਪਣਾ ਪਰਦਾ ਦਏ ਉਠਾਇਆ, ਪੁਰਖ ਅਬਿਨਾਸ਼ੀ ਮੀਤ ਮੁਰਾਰ । ਬੇਅੰਤ ਬੇਅੰਤ ਬੇਅੰਤ ਚਾਰ ਜੁਗ ਜਸ ਰਹੇ ਗਾਇਆ, ਅੰਤ ਆਪਣਾ ਦੱਸੇ ਆਪ ਕਰਤਾਰ । ਸਭ ਨੂੰ ਰੱਖਦਾ ਰਿਹਾ ਹੇਠ ਛਾਇਆ, ਸਮਰਥ ਪੁਰਖ ਸੱਚੀ ਸਰਕਾਰ । ਘੱਲਦਾ ਰਿਹਾ ਬਣ ਕੇ ਦਾਈ ਦਾਇਆ, ਸੇਵਕ ਸੇਵਾ ਕਰੇ ਅਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਵਰਤੇ ਸਚ ਵਰਤਾਰ । ਆਪਣਾ ਹੁਕਮ ਜਣਾਇੰਦਾ, ਧੁਰ ਫ਼ਰਮਾਨ ਅਗੰਮ । ਆਪਣੀ ਸੇਵਾ ਆਪ ਲਗਾਇੰਦਾ, ਆਪ ਵਖਾਏ ਆਪਣਾ ਕੰਮ । ਲੋਕਮਾਤ ਵੇਸ ਵਟਾਇੰਦਾ, ਨਾ ਮਰੇ ਨਾ ਪਏ ਜੰਮ । ਮਾਤ ਕੁੱਖ ਨਾ ਡੇਰਾ ਲਾਇੰਦਾ, ਪਵਣ ਸਵਾਸ ਨਾ ਲਏ ਦਮ । ਜੀਵ ਜਹਾਨ ਨਾ ਨਾਉਂ ਰਖਾਇੰਦਾ, ਹਰਖ ਸੋਗ ਨਾ ਖ਼ੁਸ਼ੀ ਗ਼ਮ । ਏਕਾ ਆਪਣਾ ਡੰਕ ਵਜਾਇੰਦਾ, ਪੰਜ ਤੱਤ ਨਗਾਰਾ ਵੇਖੇ ਕਾਇਆ ਚਮ । ਏਕਾ ਆਪਣਾ ਨੂਰ ਉਪਜਾਇੰਦਾ, ਨਾਤਾ ਤੋੜੇ ਸੂਰਜ ਚੰਨ । ਏਕਾ ਆਪਣਾ ਜ਼ਹੂਰ ਵਖਾਇੰਦਾ, ਸ਼ਾਹ ਤੂਰ ਬੇੜਾ ਬੰਨ੍ਹ । ਸ਼ਾਹ ਗ਼ਫ਼ੂਰ ਆਪ ਅਖਵਾਇੰਦਾ, ਤੰਬੂਰ ਰਬਾਬ ਵਜਾਏ ਤਨ । ਹਾਜ਼ਰ ਹਜ਼ੂਰ ਵੇਸ ਵਟਾਇੰਦਾ, ਆਪਣਾ ਹੁਕਮ ਆਪੇ ਮੰਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸ੍ਰੀ ਭਗਵਨ । ਹੁਕਮ ਮੰਨਿਆ ਹਰਿ ਨਿਰੰਕਾਰ, ਵੇਲਾ ਵਕਤ ਆਪ ਸੁਹਾਈਆ । ਹੁਕਮੇ ਅੰਦਰ ਹੋ ਤਿਆਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਹੁਕਮੇ ਅੰਦਰ ਸਚ ਸਨੇਹੜਾ ਦੇਂਦਾ ਰਿਹਾ ਸਾਚਾ ਯਾਰ, ਮਿਤਰ ਪਿਆਰਾ ਬਣ ਬਣ ਮਾਹੀਆ । ਗੋਬਿੰਦ ਕੂਕ ਕੂਕ ਗਿਆ ਪੁਕਾਰ, ਕਲਜੁਗ ਅੰਤਮ ਆਵੇ ਸੱਚਾ

ਸ਼ਹਿਨਸ਼ਾਹੀਆ । ਨਿਹਕਲੰਕ ਆਪਣਾ ਡੰਕ ਕਰੇ ਉਜਿਆਰ, ਮੇਰਾ ਬੰਕ ਦਏ ਸੁਹਾਈਆ । ਮੈਂ ਛੋਟਾ ਬਾਲਾ ਕਰੇ ਪਿਆਰ, ਪਿਤਾ ਪੂਤ ਇਕ ਵਡਿਆਈਆ । ਆਪਣਾ ਸੋਹਲਾ ਗਾਏ ਏਕੰਕਾਰ, ਸੋ ਪੁਰਖ ਨਿਰੰਜਣ ਆਪ ਸੁਣਾਈਆ । ਹੌਲਾ ਕਰੇ ਸ੍ਰਿਸ਼ਟ ਭਾਰ, ਦ੍ਰਿਸ਼ਟ ਵੇਖੇ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭਾਣਾ ਸਚ ਸੰਦੇਸ਼, ਗੁਰ ਗੁਰ ਸ਼ਬਦੀ ਗਿਆ ਸਮਝਾਈਆ । ਆਪਣਾ ਭਾਣਾ ਹਰਿ ਸਮਝਾਇਆ, ਗੁਰ ਗੋਬਿੰਦ ਕਰ ਤਿਆਰ । ਹੁਕਮੇ ਅੰਦਰ ਵੇਸ ਵਟਾਇਆ, ਕਲ ਕਲਕੀ ਲਏ ਅਵਤਾਰ । ਵੇਦ ਕਤੇਬ ਭੇਵ ਕਿਸੇ ਨਾ ਆਇਆ, ਪੜ੍ਹ ਪੜ੍ਹ ਥੱਕੇ ਜੀਵ ਗਵਾਰ । ਆਪਣਾ ਲੇਖਾ ਆਪਣੇ ਹੱਥ ਰਖਾਇਆ, ਅੰਤ ਕੰਤ ਹਰਿ ਨਿਰੰਕਾਰ । ਆਪਣਾ ਹੁਕਮ ਆਪ ਵਰਤਾਇਆ, ਸ਼ਾਹ ਪਾਤਸ਼ਾਹ ਬਣ ਸੱਚੀ ਸਰਕਾਰ । ਆਪਣਾ ਤਾਜ ਸੀਸ ਟਿਕਾਇਆ, ਤਖ਼ਤ ਨਿਵਾਸੀ ਏਕੰਕਾਰ । ਓਅੰਕਾਰ ਵੇਖ ਵਖਾਇਆ, ਸ੍ਰਿਸ਼ਟ ਸਬਾਈ ਪਾਵੇ ਸਾਰ । ਸੰਤ ਸੁਹੇਲੇ ਲਏ ਮਿਲਾਇਆ, ਗੁਰਮੁਖ ਸਾਚੇ ਕਰ ਪਿਆਰ । ਗੁਰਸਿਖ ਏਕਾ ਹੁਕਮ ਦ੍ਰਿੜ੍ਹਾਇਆ, ਸੋਹੰ ਸ਼ਬਦ ਭਗਤ ਜੈਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਜੋਤ ਜੋਤ ਜੋਤ ਜੋਤ ਚਮਤਕਾਰ ।

★ ੩ ਚੇਤ ੨੦੧੮ ਬਿਕ੍ਰਮੀ ਹਰਿਚਰਨ ਸਿੰਘ ਦਰਸ਼ਨ ਸਿੰਘ ਦੇ ਗ੍ਰਿਹਿ ਧੀਰ ਪੁਰ ਦਿੱਲੀ ★



ਸੋ ਪੁਰਖ ਨਿਰੰਜਣ ਸ਼ਾਹ ਪਾਤਸ਼ਾਹ ਰਾਜ ਰਾਜਾਨਾ, ਅਗੰਮ ਅਗੰਮੜਾ ਅਗੰਮੜਾ ਧਾਮ ਸੁਹਾਇੰਦਾ । ਨਿਰਗੁਣ ਨਿਰਵੈਰ ਪੁਰਖ ਅਕਾਲ ਅਜੂਨੀ ਰਹਿਤ ਜੋਧਾ ਸੂਰਬੀਰ ਬਲੀ ਬਲਵਾਨਾ, ਤਖ਼ਤ ਨਿਵਾਸੀ ਸਾਚੇ ਤਖ਼ਤ ਸੋਭਾ ਪਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਖੇਲੇ ਖੇਲ ਦੋ ਜਹਾਨਾਂ, ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਆਪਣੀ ਧਾਰ ਚਲਾਇੰਦਾ । ਨਾਉਂ ਨਿਰੰਕਾਰਾ ਸ਼ਬਦ ਤਰਾਨਾ ਆਪ ਉਪਾਏ ਸ੍ਰੀ ਭਗਵਾਨਾ, ਸਚਖੰਡ ਨਿਵਾਸੀ ਥਿਰ ਘਰ ਦਵਾਰੇ ਆਪਣਾ ਮੰਗਲ ਗਾਇੰਦਾ । ਸਤਿ ਸਰੂਪੀ ਸਤਿ ਸਤਿਵਾਦੀ ਇਕ ਨਿਸ਼ਾਨਾ ਦਰਗਹਿ ਸਾਚੀ ਆਪ ਝੁਲਾਨਾ, ਰੂਪ ਰੰਗ ਰੇਖ ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਏਕਾ ਹਰਿ, ਆਪਣੀ ਧਾਰ ਆਪ ਬੰਧਾਇੰਦਾ । ਸੋ ਪੁਰਖ ਨਿਰੰਜਣ ਹਰਿ ਮਿਹਰਵਾਨਾ, ਆਦਿ ਜੁਗਾਦਿ ਸਮਾਇਆ । ਹਰਿ ਪੁਰਖ ਨਿਰੰਜਣ ਖੇਲ ਮਹਾਨਾ, ਨਿਰਗੁਣ ਨਿਰਵੈਰ ਆਪ ਕਰਾਇਆ । ਏਕੰਕਾਰਾ ਵਸਣਹਾਰਾ ਸਚਖੰਡ ਮਕਾਨਾ, ਛੱਪਰ ਛੰਨ ਨਾ ਕੋਇ ਛੁਹਾਇਆ । ਆਦਿ ਨਿਰੰਜਣ ਜੋਤੀ ਨੂਰ ਡਗਮਗਾਨਾ, ਨੂਰੋ ਨੂਰ ਨੂਰ ਸਮਾਇਆ । ਅਬਿਨਾਸ਼ੀ ਕਰਤਾ ਸ਼ਾਹੋ ਭੂਪ ਵਡ ਸੁਲਤਾਨਾ, ਸਚ ਸਿੰਘਾਸਣ ਸੋਭਾ ਪਾਇਆ । ਸ੍ਰੀ ਭਗਵਾਨ ਦਰ ਦਰਵੇਸ਼ ਬਣ ਦਰਬਾਨਾ, ਅਲਖ ਨਿਰੰਜਣ ਆਪਣੀ ਅਲਖ ਜਗਾਇਆ । ਪਾਰਬ੍ਰਹਮ ਦੇਵਣਹਾਰਾ ਸਾਚਾ ਦਾਨਾ, ਵਸਤ ਅਮੋਲਕ ਆਪਣੀ ਝੋਲੀ ਆਪ ਵਖਾਇਆ । ਏਕਾ ਨਾਉਂ ਕਰ ਪਰਧਾਨਾ, ਆਪ ਆਪਣਾ ਲਏ ਪਰਗਟਾਇਆ । ਏਕਾ ਸ਼ਬਦ ਏਕਾ ਨਾਦ ਏਕਾ ਧੁਨਕਾਨਾ, ਏਕਾ ਰਾਗ ਲਏ ਅਲਾਇਆ । ਏਕਾ ਹੁਕਮ ਧੁਰ ਫ਼ਰਮਾਨਾ, ਧੁਰ ਦਰਬਾਰੀ ਆਪ ਸੁਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਏਕਾ ਹਰਿ, ਵਸਣਹਾਰਾ ਸਾਚੇ ਘਰ, ਸਚਖੰਡ ਦਵਾਰਾ ਆਪ ਸੁਹਾਇਆ । ਸਚਖੰਡ ਦਵਾਰਾ ਸੋਭਾਵੰਤ, ਸੋ ਪੁਰਖ ਨਿਰੰਜਣ ਆਪ ਸੁਹਾਈਆ । ਆਪ ਬਣਾਏ ਆਪਣੀ ਬਣਤ, ਘੜਨ ਭੰਨਣਹਾਰ ਸਮਰਥ ਆਪਣੇ ਹੱਥ ਰੱਖੇ ਵਡਿਆਈਆ ।

੪੧੮ ੧੦

ਆਪੇ ਪੁਰਖ ਆਪੇ ਨਾਰ, ਆਪਣੀ ਸੇਜ ਆਪ ਹੰਢਾਈਆ । ਆਪੇ ਕਰਤਾ ਪੁਰਖ ਕਰਨੇਹਾਰ, ਦੂਸਰ ਅਵਰ ਨਾ ਕੋਇ ਜਣਾਈਆ । ਆਪੇ ਜਾਣੇ ਸਾਚੀ ਧਾਰ, ਧਾਰ ਧਾਰ ਵਿਚ ਪਰਗਟਾਈਆ । ਥਿਰ ਘਰ ਸਾਚੇ ਪਾਵੇ ਸਾਰ, ਸ਼ਬਦ ਰੂਪ ਅਨੂਪ ਵਖਾਈਆ । ਆਪਣੀ ਇਛਿਆ ਬਣ ਵਰਤਾਰ, ਸਾਚੀ ਭਿਛਿਆ ਇਕ ਰਖਾਈਆ । ਅੰਦਰ ਬਾਹਰ ਗੁਪਤ ਜ਼ਾਹਰ, ਨਿਰਗੁਣ ਮੇਲਾ ਨਿਰਗੁਣ ਨਿਰਗੁਣ ਵੇਖ ਵਖਾਈਆ । ਨਿਰਗੁਣ ਚੇਲਾ ਸੋਹੇ ਬੰਕ ਦਵਾਰ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਬੇਐਬ ਖ਼ੁਦਾ ਪਰਵਰਦਿਗਾਰ, ਨੂਰ ਨੁਰਾਨਾ ਡਗਮਗਾਈਆ । ਮੁਕਾਮੇ ਹੱਕ ਸਾਂਝਾ ਯਾਰ, ਉਚ ਮੁਨਾਰਾ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਅਨਭਵ ਆਪਣੀ ਖੇਲ ਖਿਲਾਈਆ । ਅਨਭਵ ਖੇਲ ਖਿਲਾਇੰਦਾ, ਇਕ ਇਕੱਲਾ ਏਕੰਕਾਰ । ਮਹੱਲ ਅਟਲ ਅਚਲ ਸੋਭਾ ਪਾਇੰਦਾ, ਸਚਖੰਡ ਸੱਚੇ ਦਵਾਰ । ਨਿਰਗੁਣ ਆਪਣਾ ਰੂਪ ਆਪ ਧਰਾਇੰਦਾ, ਆਪ ਆਪਣੀ ਕਿਰਪਾ ਧਾਰ । ਵਿਸ਼ਨ ਬ੍ਰਹਮਾ ਸ਼ਿਵ ਏਕਾ ਰੰਗ ਰੰਗਾਇੰਦਾ, ਏਕਾ ਅੰਦਰ ਮੰਦਰ ਕਰ ਪਿਆਰ । ਏਕਾ ਨਾਮ ਬੰਧਨ ਪਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਕਰੇ ਖੇਲ ਸੱਚੇ ਦਰਬਾਰ । ਤ੍ਰੈਗੁਣ ਤ੍ਰੈ ਤ੍ਰੈ ਧਾਰ, ਹਰਿ ਸਾਚਾ ਆਪ ਚਲਾਈਆ । ਆਪੇ ਵਸਿਆ ਸਭ ਤੋਂ ਬਾਹਰ, ਭੇਵ ਕੋਇ ਨਾ ਪਾਈਆ । ਏਕਾ ਨਾਦ ਸ਼ਬਦ ਧੁੰਨਕਾਰ, ਰਾਗੀ ਰਾਗ ਆਪ ਅਲਾਈਆ । ਏਕਾ ਜੋਤ ਨਿਰਾਕਾਰ, ਨਿਰਵੈਰ ਡਗਮਗਾਈਆ । ਵੇਖੇ ਵਿਗਸੇ ਕਰੇ ਵਿਚਾਰ, ਵੇਖਣਹਾਰਾ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਗੁਣ ਦਏ ਸਮਝਾਈਆ । ਏਕਾ ਗੁਣ ਸ਼ਬਦੀ ਬੰਧਨ, ਹਰਿ ਸਾਚਾ ਸਚ ਜਣਾਇੰਦਾ । ਏਕਾ ਡੋਰੀ ਏਕਾ ਤੰਦਨ, ਏਕਾ ਗੰਢ ਪਵਾਇੰਦਾ । ਏਕਾ ਸ਼ਬਦ ਏਕਾ ਛੰਦਨ, ਗੀਤ ਗੋਬਿੰਦ ਇਕ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਏਕਾ ਹਰਿ, ਆਪਣੀ ਰਚਨਾ ਆਪ ਰਚਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਘਾੜਨ ਘੜ, ਹਰਿ ਸਾਚਾ ਖੇਲ ਖਿਲਾਇੰਦਾ । ਅੰਦਰ ਅੰਤਰ ਅੰਦਰ ਆਪ ਵੜ, ਭੇਵ ਅਭੇਦ ਚੁਕਾਇੰਦਾ । ਨਿਰਾਕਾਰ ਨਿਰਾਕਾਰ ਨਿਰਾਕਾਰ ਆਪ ਫੜਾਏ ਆਪਣਾ ਲੜ, ਦਰ ਘਰ ਸਾਚੇ ਮੇਲਾ ਆਪ ਮਿਲਾਇੰਦਾ । ਆਪਣੀ ਵਿਦਿਆ ਆਪੇ ਪੜ੍ਹ, ਨਿਸ਼ਅੱਖਰ ਵੱਖਰ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸ਼ਬਦ ਤੱਤ ਗਿਆਨ, ਦੇਵਣਹਾਰਾ ਗੁਣ ਨਿਧਾਨ, ਸਤਿ ਪੁਰਖ ਨੌਜਵਾਨ, ਏਕਾ ਮੰਤਰ ਨਾਮ ਦ੍ਰਿੜਾਇੰਦਾ । ਸਾਚਾ ਮੰਤਰ ਨਮੋ ਸਤਿ, ਪਾਰਬ੍ਰਹਮ ਆਪ ਜਣਾਈਆ । ਅਬਿਨਾਸ਼ੀ ਕਰਤਾ ਆਪੇ ਜਾਣੇ ਆਪਣੀ ਵਤ, ਫੁਲ ਫੁਲਵਾੜੀ ਆਪ ਮਹਿਕਾਈਆ । ਸ੍ਰੀ ਭਗਵਾਨ ਸਰਬ ਕਲਾ ਸਮਰਥ, ਜੁਗਾ ਜੁਗੰਤਰ ਖੇਲ ਖਿਲਾਈਆ । ਆਦਿ ਨਿਰੰਜਣ ਏਕਾ ਦੇਵੇ ਆਪਣੀ ਵਥ, ਜੋਤ ਨਿਰੰਜਣ ਵੰਡ ਵੰਡਾਈਆ । ਏਕੰਕਾਰ ਮਹਿਮਾ ਗਾਏ ਅਕਥਨਾ ਅਕਥ, ਰਸਨਾ ਜਿਹਵਾ ਨਾ ਕੋਇ ਹਿਲਾਈਆ । ਹਰਿ ਪੁਰਖ ਨਿਰੰਜਣ ਵਸਣਹਾਰਾ ਘਟ ਘਟ, ਆਪਣਾ ਨੂਰ ਆਪਣੇ ਵਿਚ ਟਿਕਾਈਆ । ਸੋ ਪੁਰਖ ਨਿਰੰਜਣ ਦਰ ਘਰ ਸਾਚੇ ਸੋਹੇ ਸੀਸ ਜਗਦੀਸ ਤਾਜ ਰਖ, ਤਖ਼ਤ ਨਿਵਾਸੀ ਸ਼ਾਹੋ ਸ਼ਾਬਾਸੀ ਅਬਿਨਾਸ਼ੀ ਕਰਤਾ ਬੇਪਰਵਾਹ ਆਪਣੀ ਖੇਲ ਆਪ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮਾ ਸ਼ਿਵ ਬਹਾਏ ਦਰ, ਸਚ ਸੰਦੇਸ਼ ਇਕ ਸੁਣਾਈਆ । ਬ੍ਰਹਮਾ ਵਿਸ਼ਨ ਸ਼ਿਵ ਉਪਾ, ਹਰਿ ਸਾਚਾ ਦਇਆ ਕਮਾਇੰਦਾ । ਏਕਾ ਹੁਕਮ ਦਏ ਸੁਣਾ, ਧੁਰ ਫ਼ਰਮਾਨਾ ਆਪ ਜਣਾਇੰਦਾ । ਸਾਚੀ

ਸੇਵਾ ਆਪ ਲਗਾ, ਸੇਵਕ ਸੇਵਾ ਇਕ ਰਖਾਇੰਦਾ । ਆਪਣਾ ਅੰਕ ਆਪ ਜਣਾ, ਆਪਣਾ ਬੰਕ ਆਪ ਵਖਾਇੰਦਾ । ਆਪਣਾ ਦਰ ਆਪ ਵਖਾ, ਵਿਸ਼ਨ ਵਿਸ਼ਵ ਦਰ ਬਹਾਇੰਦਾ । ਵਾਸਤਕ ਆਪਣਾ ਭੇਵ ਖੁਲ੍ਹਾ, ਬ੍ਰਹਮਾ ਨਾਦ ਧੁੰਨ ਵਜਾਇੰਦਾ । ਬ੍ਰਹਮਾ ਵੇਤਾ ਆਪ ਅਲ੍ਹਾ, ਆਪ ਆਪਣਾ ਰਾਗ ਸੁਣਾਇੰਦਾ । ਚਾਰੇ ਵੇਦਾਂ ਮਾਰਗ ਪਾ, ਸਾਚਾ ਰਾਹ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ ਦੇਵੇ ਹਰਿ, ਆਦਿ ਪੁਰਖ ਆਪਣਾ ਹੁਕਮ ਆਪ ਜਣਾਇੰਦਾ । ਹੁਕਮ ਜਣਾਏ ਧੁਰ ਫ਼ਰਮਾਨਾ, ਬ੍ਰਹਮਾ ਵਿਸ਼ਨ ਸ਼ਿਵ ਭੁਲ ਨਾ ਜਾਈਆ । ਪਾਰਬ੍ਰਹਮ ਪਤਿ ਪਰਮੇਸ਼ਵਰ ਏਕਾ ਰਾਣਾ, ਆਦਿ ਜੁਗਾਦਿ ਸਾਚੇ ਤਖ਼ਤ ਸੋਭਾ ਪਾਈਆ । ਜੁਗ ਜੁਗ ਮੰਨਣਾ ਪਏ ਭਾਣਾ, ਸਦ ਭਾਣੇ ਵਿਚ ਰਖਾਈਆ । ਏਕਾ ਦੇਵੇ ਵਸਤ ਦਾਨਾ, ਦਾਤਾ ਦਾਨੀ ਝੋਲੀ ਪਾਈਆ । ਤ੍ਰੈਗੁਣ ਮਾਇਆ ਬੰਨ੍ਹੇ ਗਾਨਾ, ਵਸਤ ਅਮੋਲਕ ਆਪ ਰਖਾਈਆ । ਪੰਜ ਤਤ ਤਤ ਨਿਸ਼ਾਨਾ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਆਪਣਾ ਅੰਕ ਵਖਾਈਆ । ਲੱਖ ਚੁਰਾਸੀ ਕਰ ਪਰਧਾਨਾ, ਏਕਾ ਰਾਗ ਅਲਾਈਆ । ਵਿਸ਼ਨੂੰ ਵੇਖੇ ਥਾਉਂ ਥਾਨਾ, ਥਾਨ ਥਨੰਤਰ ਵੇਖਣਹਾਰ ਹੋ ਜਾਈਆ । ਬ੍ਰਹਮੇ ਬ੍ਰਹਮ ਇਕ ਪਛਾਨਾ, ਪਾਰਬ੍ਰਹਮ ਵੰਡ ਵੰਡਾਈਆ । ਸ਼ੰਕਰ ਸੁਣਿਆ ਇਕ ਫ਼ਰਮਾਨਾ, ਜੋ ਘੜਿਆ ਭੰਨ ਵਖਾਈਆ । ਤਿੰਨਾਂ ਵਿਚੋਲਾ ਹਰਿ ਭਗਵਾਨਾ, ਦੂਸਰ ਕੋਇ ਭੇਵ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ ਨਰ ਨਰੇਸ਼ ਏਕੰਕਾਰਾ ਹਰਿ ਕਰਤਾਰਾ, ਆਪਣਾ ਆਪ ਸੁਣਾਈਆ । ਸਚ ਸੰਦੇਸ਼ ਸੁਣਾਇੰਦਾ, ਕਿਰਪਾ ਨਿਧ ਗੁਣ ਨਿਧਾਨ । ਤ੍ਰੈਗੁਣ ਅਤੀਤਾ ਤ੍ਰੈ ਤ੍ਰੈ ਆਪ ਜਣਾਇੰਦਾ, ਲੇਖਾ ਜਾਣੇ ਦੋ ਜਹਾਨ । ਜੁਗ ਚੌਕੜੀ ਸੇਵ ਵਖਾਇੰਦਾ, ਲੱਖ ਚੁਰਾਸੀ ਦੇਵੇ ਦਾਨ । ਨਵ ਨਵ ਆਪਣਾ ਰੂਪ ਵਖਾਇੰਦਾ, ਦਹਿ ਦਿਸ਼ਾ ਕਰ ਪਰਧਾਨ । ਪ੍ਰਿਥਮੀ ਆਕਾਸ਼ ਖੇਲ ਖਿਲਾਇੰਦਾ, ਗਗਨ ਮੰਡਲ ਇਕ ਨਿਸ਼ਾਨ । ਲੋਆਂ ਪੁਰੀਆਂ ਵੰਡ ਵੰਡਾਇੰਦਾ, ਜੋਧਾ ਸੂਰਬੀਰ ਬਲੀ ਬਲਵਾਨ । ਚਾਰੇ ਖਾਣੀ ਝੋਲੀ ਪਾਇੰਦਾ, ਅੰਡਜ ਜੇਰਜ ਸੇਤਜ ਉਤਭੁਜ ਦੇਵਣਹਾਰ ਇਕ ਭਗਵਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਵਡ ਮਿਹਰਵਾਨ । ਲੱਖ ਚੁਰਾਸੀ ਵਸਤ ਅਮੋਲਕ, ਹਰਿ ਝੋਲੀ ਆਪ ਭਰਾਇੰਦਾ । ਤਿੰਨਾਂ ਵਖਾਏ ਏਕਾ ਗੋਲਕ, ਗ੍ਰਿਹ ਮੰਦਰ ਆਪ ਸੁਹਾਇੰਦਾ । ਧਾਮ ਅਵੱਲੜਾ ਇਕ ਅਡੋਲਤ, ਆਦਿ ਜੁਗਾਦਿ ਨਾ ਕੋਇ ਡੁਲਾਇੰਦਾ । ਆਪਣਾ ਨਾਉਂ ਸੁਣਾਏ ਅਨਬੋਲਤ, ਬੋਲਣਹਾਰਾ ਦਿਸ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਇਕ ਵਖਾਇੰਦਾ । ਸਾਚੀ ਸੇਵਾ ਚਾਕਰ ਖ਼ਾਕ, ਬ੍ਰਹਮਾ ਵਿਸ਼ਨ ਸ਼ਿਵ ਸਮਝਾਇਆ । ਪੁਰਖ ਅਬਿਨਾਸ਼ੀ ਖੋਲ੍ਹਿਆ ਤਾਕ, ਤ੍ਰੈ ਤ੍ਰੈ ਆਪਣਾ ਮੂਲ ਚੁਕਾਇਆ । ਬਿਨ ਲਿਖਣ ਪੜ੍ਹਣ ਆਪਣਾ ਸੁਣਾਇਆ ਭਵਿਖਤ ਵਾਕ, ਲਿਖਣ ਪੜ੍ਹਨ ਵਿਚ ਕਦੇ ਨਾ ਆਇਆ । ਜੁਗ ਚੌਕੜੀ ਬੀਤ ਰਹੇ ਸੁਹੰਜਣਾ ਸਾਕ, ਗੇੜਾ ਆਪਣਾ ਆਪ ਗਿੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਸੁਣਾਇਆ । ਲੱਖ ਚੁਰਾਸੀ ਖੇਲ ਖਿਲੌਣਾ, ਵਿਸ਼ਨ ਬ੍ਰਹਮਾ ਸ਼ਿਵ ਦਏ ਵਡਿਆਈਆ । ਪੁਰਖ ਅਬਿਨਾਸ਼ੀ ਵੇਖ ਵਖੌਣਾ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਅੰਦਰ ਡੇਰਾ ਲਾਈਆ । ਈਸ਼ ਜੀਵ ਜਗਦੀਸ਼ ਆਪਣਾ ਰੰਗ ਰੰਗੌਣਾ, ਬ੍ਰਹਮ ਪਾਰਬ੍ਰਹਮ ਆਪਣਾ ਰੂਪ ਵਟਾਈਆ । ਘਰ ਵਿਚ ਘਰ ਆਪ ਸੁਹੌਣਾ, ਦੀਪਕ ਜੋਤ ਕਰ ਰੁਸ਼ਨਾਈਆ । ਘਰ ਵਿਚ ਨਾਦ ਸ਼ਬਦ ਵਜੌਣਾ, ਧੁਨ ਆਤਮਕ ਇਕ ਸ਼ਨਵਾਈਆ । ਘਰ ਵਿਚ ਅੰਮ੍ਰਿਤ ਜਾਮ ਪਿਔਣਾ, ਨਿਝਰ ਝਿਰਨਾ ਇਕ

ਝਿਰਾਈਆ । ਘਰ ਵਿਚ ਟੇਢੀ ਬੰਕ ਵਖੌਣਾ, ਡੂੰਘੀ ਭਵਰੀ ਅੰਧੇਰਾ ਛਾਈਆ । ਘਰ ਵਿਚ ਪੰਚਮ ਮੰਗਲ ਗੌਣਾ, ਵਾਹ ਵਾ ਵਜਦੀ ਰਹੇ ਵਧਾਈਆ । ਘਰ ਵਿਚ ਕਾਮ ਕਰੋਧ ਲੋਭ ਮੋਹ ਹੰਕਾਰ ਛੁਪੌਣਾ, ਮਾਇਆ ਮਮਤਾ ਨਾਲ ਰਲਾਈਆ । ਘਰ ਵਿਚ ਹਉਮੇ ਹੰਗਤਾ ਗੜ੍ਹ ਬਣੌਣਾ, ਆਸਾ ਤ੍ਰਿਸ਼ਨਾ ਦਏ ਵਡਿਆਈਆ । ਜੁਗਾ ਜੁਗੰਤਰ ਵੇਸ ਵਟੌਣਾ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਰੂਪ ਵਖਾਈਆ । ਸ਼ਬਦੀ ਗੁਰ ਆਪ ਪਰਗਟੌਣਾ, ਆਪ ਆਪਣਾ ਬਲ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮਾ ਸ਼ਿਵ ਰਿਹਾ ਸਮਝਾਈਆ । ਵਿਸ਼ਨ ਬ੍ਰਹਮਾ ਸ਼ਿਵ ਜਾਣਾ ਜਾਗ, ਹਰਿ ਸਾਚਾ ਆਪ ਜਗਾਇੰਦਾ । ਆਦਿ ਪੁਰਖ ਰਚਿਆ ਤੇਰਾ ਕਾਜ, ਦੂਸਰ ਸੰਗ ਨਾ ਕੋਇ ਰਖਾਇੰਦਾ । ਸ਼ਬਦ ਅਗੰਮੀ ਦਿਤੀ ਦਾਤ, ਵਸਤ ਅਮੋਲਕ ਝੋਲੀ ਪਾਇੰਦਾ, ਨਾ ਕੋਈ ਦਿਵਸ ਨਾ ਕੋਈ ਰਾਤ, ਸੂਰਜ ਚੰਨ ਨਾ ਕੋਇ ਚੜ੍ਹਾਇੰਦਾ । ਨਾ ਕੋਈ ਪੂਜਾ ਨਾ ਕੋਈ ਪਾਠ, ਇਸ਼ਟ ਦੇਵ ਨਾ ਕੋਇ ਮਨਾਇੰਦਾ । ਇਕ ਇਕੱਲਾ ਪੁਰਖ ਸਮਰਥ, ਸਚ ਸਿੰਘਾਸਣ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਹੁਕਮ ਆਪ ਸਮਝਾਇੰਦਾ । ਸਾਚਾ ਹੁਕਮ ਸੁਣਨਾ ਹਰਿ ਜਣਾਏ, ਜਾਨਣਹਾਰ ਇਕ ਅਖਵਾਈਆ । ਲੱਖ ਚੁਰਾਸੀ ਝੋਲੀ ਪਾਏ, ਤ੍ਰੈਗੁਣ ਮੇਲਾ ਸਹਿਜ ਸੁਭਾਈਆ । ਜੁਗ ਚੌਕੜੀ ਵੰਡ ਵੰਡਾਏ, ਚਾਰੇ ਖਾਣੀ ਨਾਲ ਉਠਾਈਆ । ਚਾਰੇ ਬਾਣੀ ਬੋਧ ਕਰਾਏ, ਚਾਰ ਵਰਨ ਇਕ ਸਰਨਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਵੰਡ ਵੰਡਾਏ, ਆਪ ਆਪਣਾ ਬੰਧਨ ਪਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਗੇੜਾ ਇਕ ਰਖਾਏ, ਚਾਰ ਕੁੰਟ ਦਹਿ ਦਿਸ਼ਾ ਆਪ ਭਵਾਈਆ । ਗੁਰ ਅਵਤਾਰ ਭੇਸ ਵਟਾਏ, ਨਰ ਹਰਿ ਹਰੀ ਨਰਾਇਣ ਨਿਰਗੁਣ ਆਪਣਾ ਰੂਪ ਵਟਾਈਆ । ਭਗਤ ਭਗਵੰਤ ਆਪ ਪੜ੍ਹਾਏ, ਆਪਣਾ ਅੱਖਰ ਆਪ ਸਮਝਾਈਆ । ਸੰਤ ਕੰਤ ਆਪ ਮਿਲਾਏ, ਦਰ ਘਰ ਮੇਲਾ ਸਹਿਜ ਸੁਭਾਈਆ । ਗੁਰਮੁਖ ਗੁਰ ਗੁਰ ਲੇਖੇ ਲਾਏ, ਜੁਗਾ ਜੁਗੰਤਰ ਸੇਵ ਕਮਾਈਆ । ਗੁਰਸਿਖ ਏਕਾ ਦਰ ਵਖਾਏ, ਹਰਿ ਚਰਨ ਸਰਨ ਸੱਚੀ ਸਰਨਾਈਆ । ਨਵ ਨੌ ਚਾਰ ਵੇਖਣਹਾਰਾ ਥਾਉਂ ਥਾਂਏ, ਨੌ ਖੰਡ ਪ੍ਰਿਥਮੀ ਆਪਣਾ ਪਰਦਾ ਲਾਹੀਆ । ਨੌ ਦਰ ਵੇਖ ਵਖਾਏ, ਚਾਰ ਕੁੰਟ ਕਰ ਰੁਸ਼ਨਾਈਆ । ਜੁਗਾ ਜੁਗੰਤਰ ਆਪਣੀ ਧਾਰਾ ਆਪਣੇ ਵਿਚ ਛੁਪਾਏ, ਦਿਸ ਕਿਸੇ ਨਾ ਆਈਆ । ਗੁਰ ਅਵਤਾਰ ਰਸਨਾ ਜਿਹਵਾ ਰਹੇ ਸੁਣਾਏ, ਹਰਿ ਹਰਿ ਰਸਨਾ ਜਿਹਵਾ ਨਾ ਕੋਇ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮਾ ਸ਼ਿਵ ਆਪ ਸਮਝਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰ ਧਿਆਨ, ਹਰਿ ਸਾਚਾ ਸਚ ਜਣਾਇੰਦਾ । ਨੌ ਨੌ ਚਾਰ ਝੁਲਣਾ ਇਕ ਨਿਸ਼ਾਨ, ਲੋਕਮਾਤ ਆਪ ਝੁਲਾਇੰਦਾ । ਕਲਜੁਗ ਅੰਤਮ ਖੇਲ ਕਰੇ ਮਹਾਨ, ਜੋਤੀ ਜਾਮਾ ਭੇਖ ਵਟਾਇੰਦਾ । ਸ਼ਬਦ ਖੰਡਾ ਤੇਜ਼ ਕਿਰਪਾਨ, ਬ੍ਰਹਿਮੰਡਾਂ ਆਪ ਚਮਕਾਇੰਦਾ । ਪਾਏ ਵੰਡਾਂ ਦੋ ਜਹਾਨ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਚਰਨਾਂ ਹੇਠ ਦਬਾਇੰਦਾ । ਸੂਰਾ ਸਰਬੰਗਾ ਨੌਜਵਾਨ, ਸਤਿ ਮਰਦੰਗਾ ਹੱਥ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤ ਕੰਤ ਭਗਵੰਤ ਆਪਣੇ ਹੱਥ ਰਖਾਇੰਦਾ । ਕਲਜੁਗ ਵੇਲਾ ਅੰਤਮ ਔਣਾ, ਨਵ ਨੌ ਚਾਰ ਰਹਿਣ ਨਾ ਪਾਈਆ । ਨੌ ਖੰਡ ਪ੍ਰਿਥਮੀ ਸਰਬ ਕੁਰਲੌਣਾ, ਜੀਵ ਜੰਤ ਸਾਧ ਸੰਤ ਦੇਣ ਦੁਹਾਈਆ । ਅਗਨੀ ਤੱਤ ਨਾ ਕਿਸੇ ਬੁਝੌਣਾ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਵਰਨਾਂ ਬਰਨਾਂ ਭੇੜ ਭੜੌਣਾ, ਚਾਰ ਅਠਾਰਾਂ ਸੰਗ ਨਾ ਕੋਇ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ

੪੨੧
੧੦

ਸਾਚਾ ਵਰ, ਸਚ ਸੰਦੇਸ਼ ਇਕ ਸੁਣਾਈਆ । ਸਚ ਸੰਦੇਸ਼ ਹਰਿ ਸੁਣਾਇੰਦਾ, ਪਾਰਬ੍ਰਹਮ ਬੇਅੰਤ । ਬ੍ਰਹਮਾ ਵਿਸ਼ਨ ਸ਼ਿਵ ਤੇਰਾ ਪੰਧ ਵਖਾਇੰਦਾ, ਨੌ ਸੌ ਚੁਰਾਨਵੇ ਚੌਕੜੀ ਜੁਗ ਚਾਰ ਅਨੰਤ । ਨਿਰਗੁਣ ਅੰਤਮ ਆਪਣਾ ਵੇਸ ਵਟਾਇੰਦਾ, ਪੂਰਨ ਜੋਤ ਧਰ ਭਗਵੰਤ । ਗੁਰ ਅਵਤਾਰ ਆਪਣੇ ਖਾਤੇ ਪਾਇੰਦਾ, ਲੇਖਾ ਜਾਣੇ ਕਲਜੁਗ ਸੰਤ । ਆਪਣੀ ਗਾਥਾ ਆਪ ਸੁਣਾਇੰਦਾ, ਆਪ ਬਣਾਏ ਆਪਣਾ ਮੰਤ । ਪਿਛਲਾ ਲੇਖਾ ਲੇਖ ਮੁਕਾਇੰਦਾ, ਨਾਤਾ ਤੁਟੇ ਜੀਵ ਜੰਤ । ਜਾਗਰਤ ਜੋਤ ਇਕ ਜਗਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਆਦਿ ਅੰਤ । ਆਦਿ ਅੰਤ ਖੇਲ ਖਿਲੰਦੜਾ, ਖ਼ਾਲਕ ਖ਼ਲਕ ਰੂਪ ਭਗਵਾਨ । ਕਲਜੁਗ ਅੰਤਮ ਵੇਸ ਵਟੰਦੜਾ, ਜੋਧਾ ਸੂਰਬੀਰ ਬਲੀ ਬਲਵਾਨ । ਨਾਮ ਖੰਡਾ ਇਕ ਚਮਕੰਦੜਾ, ਲੋਆਂ ਪੁਰੀਆਂ ਵੇਖੇ ਮਾਰ ਧਿਆਨ । ਵਿਸ਼ਨ ਬ੍ਰਹਮਾ ਸ਼ਿਵ ਸੀਸ ਝੁਕੰਦੜਾ, ਚਰਨ ਧੂੜੀ ਖ਼ਾਕ ਮੰਗੇ ਦਾਨ । ਕਲਜੁਗ ਕੂੜਾ ਨੇਤਰ ਰੋ ਰੋ ਨੀਰ ਵਹੰਦੜਾ, ਚਾਰ ਕੁੰਟ ਹੋਏ ਹੈਰਾਨ । ਸ਼ਾਹ ਸੁਲਤਾਨਾਂ ਖ਼ਾਕ ਮਿਲੰਦੜਾ, ਨਾ ਕੋਈ ਦੀਸੇ ਰਾਜ ਰਾਜਾਨ । ਸਾਧਾਂ ਸੰਤਾਂ ਪਰਦਾ ਆਪ ਉਠੰਦੜਾ, ਅੰਦਰ ਲੁਕਿਆ ਨਿਗਹਬਾਨ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਸਰਬ ਜਸ ਗੌਂਦੜਾ, ਗਾ ਗਾ ਥੱਕਾ ਜੀਵ ਜਹਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਕਰੇ ਖੇਲ ਸ੍ਰੀ ਭਗਵਾਨ । ਕਲਜੁਗ ਵੇਲਾ ਅੰਤਮ ਸੁਹੌਣਾ, ਵਿਸ਼ਨ ਬ੍ਰਹਮਾ ਸ਼ਿਵ ਜਣਾਇਆ । ਨਿਹਕਲੰਕਾ ਜਾਮਾ ਪੌਣਾ, ਰੂਪ ਰੰਗ ਰੇਖ ਨਾ ਕੋਇ ਵਖਾਇਆ । ਲੱਖ ਚੁਰਾਸੀ ਭੇਵ ਚੁਕੌਣਾ, ਦੂਈ ਦਵੈਤੀ ਪਰਦਾ ਦਏ ਉਠਾਇਆ । ਆਪਣਾ ਨਾਉਂ ਆਪ ਧਰੌਣਾ, ਸੋ ਪੁਰਖ ਨਿਰੰਜਣ ਬੇਪਰਵਾਹਿਆ । ਹੰ ਬ੍ਰਹਮ ਅੰਗ ਲਗੌਣਾ, ਨਿਰਗੁਣ ਨਿਰਗੁਣ ਵੇਖ ਵਖਾਇਆ । ਚਾਰ ਵਰਨ ਨੌ ਖੰਡ ਪ੍ਰਿਥਮੀ ਸੱਤਾਂ ਦੀਪਾਂ ਏਕਾ ਢੋਲਾ ਸਾਚਾ ਗੌਣਾ, ਦੂਸਰ ਅਵਰ ਨਾ ਵੰਡ ਵੰਡਾਇਆ । ਆਪਣਾ ਭਾਣਾ ਆਪਣੇ ਹੱਥ ਰਖੌਣਾ, ਨਾ ਕੋਈ ਮੇਟੇ ਮੇਟ ਮਿਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰ ਹਰਿ ਨਰਾਇਣ ਆਪਣਾ ਬਲ ਵਖਾਇਆ । ਜਗਤ ਦਲਿਦ੍ਰ ਜਾਏ ਲੱਥ, ਸੰਸਾ ਰੋਗ ਰਹੇ ਨਾ ਰਾਈਆ । ਕਿਰਪਾ ਕਰੇ ਪੁਰਖ ਸਮਰਥ, ਦੀਨਨ ਦੀਨਾਂ ਅਨਾਥਾਂ ਹੋਏ ਸਹਾਈਆ । ਪਿਛਲਾ ਪੂਰਾ ਕਰੇ ਘਾਟ, ਅੱਗੇ ਵਸਤ ਅਮੋਲਕ ਇਕ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਸੋਗ ਦਏ ਗਵਾਈਆ । ਮਿਲੇ ਧਨ ਜਗਤ ਖ਼ਜ਼ੀਨਾ, ਨਾਮ ਨਾਮਾ ਆਪ ਵਰਤਾਇੰਦਾ । ਤ੍ਰੈਗੁਣ ਮਾਇਆ ਹੋਏ ਅਧੀਨਾ, ਤ੍ਰੈ ਤ੍ਰੈ ਆਪਣਾ ਰੰਗ ਵਖਾਇੰਦਾ । ਏਕਾ ਹਰਿ ਰਸਨਾ ਜਿਹਵਾ ਚੀਨਾ, ਤ੍ਰਿਸ਼ਨਾ ਭੁੱਖ ਸਰਬ ਮਿਟਾਇੰਦਾ । ਕਾਇਆ ਚੋਲੀ ਚੜ੍ਹੇ ਰੰਗ ਭੀਨਾ, ਉਤਰ ਕਦੇ ਨਾ ਜਾਇੰਦਾ । ਆਤਮ ਸ਼ਾਂਤ ਕਰੇ ਠਾਂਡਾ ਸੀਨਾ, ਮਕ਼ਰੂਜ਼ ਕ਼ਰਜ਼ਾ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਮੇਲ ਮਿਲਾਏ ਜਿਉਂ ਜਲ ਮੀਨਾਂ, ਮੀਨਾਂ ਜਲ ਆਪਣਾ ਰੂਪ ਵਖਾਇੰਦਾ । ਧੀਰਜ ਧੀਰ ਸਤਿ ਸੰਤੋਖ ਦੇਵੇ ਦਾਤ, ਸਤਿ ਸਤਿਵਾਦੀ ਆਪ ਸਮਝਾਈਆ । ਦੁਖ ਦਲਿਦ੍ਰ ਕਾਇਆ ਅੰਦਰ ਸਗਲ ਵਿਸੂਰੇ ਜਾਇਣ ਲਾਥ, ਸੰਸਾ ਰੋਗ ਰਹੇ ਨਾ ਰਾਈਆ । ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਗੌਣਾ ਗਾਥ, ਪੰਚਮ ਪੰਚ ਪੰਚ ਪੜ੍ਹਾਈਆ । ਮਿਲੇ ਨਾਮ ਏਕਾ ਹਾਟ, ਵਣਜ ਵਣਜਾਰਾ ਦਏ ਕਰਾਈਆ । ਸਾਚਾ ਸੁਖ ਵਖਾਏ ਸਾਥ, ਤਨ ਮਨ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਧਰਵਾਸ ਇਕ ਸਮਝਾਈਆ ।

੪੨੨ ੧੦

## ★ ੩ ਚੇਤ ੨੦੧੮ ਬਿਕ੍ਰਮੀ ਰੇਸ਼ਮ ਸਿੰਘ ਦੇ ਗ੍ਰਿਹ ਮੇਰਠ ਛੌਣੀ ★

ਹਰਿ ਕਾ ਨਾਉਂ ਸਾਚਾ ਖੰਡਾ, ਸੋ ਪੁਰਖ ਨਿਰੰਜਣ ਆਪ ਉਪਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਪਾਏ ਵੰਡਾਂ, ਜੁਗਾ ਜੁਗੰਤਰ ਵੇਸ ਵਟਾਇੰਦਾ । ਲੇਖਾ ਜਾਣੇ ਜੇਰਜ ਅੰਡਾਂ, ਉਤਭੁਜ ਸੇਤਜ ਭੇਵ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਧਾਰਾ ਆਪਣੇ ਹੱਥ ਰਖਾਇੰਦਾ । ਸ਼ਬਦ ਖੰਡਾ ਤੇਜ਼ ਕਟਾਰ, ਹਰਿ ਪੁਰਖ ਨਿਰੰਜਣ ਆਪ ਉਪਾਈਆ । ਸਚਖੰਡ ਨਿਵਾਸੀ ਸਚਖੰਡ ਬੈਠ ਸੱਚੇ ਦਰਬਾਰ, ਤਖ਼ਤ ਨਿਵਾਸੀ ਆਪਣੀ ਦਇਆ ਕਮਾਈਆ । ਸ਼ਾਹੋ ਭੂਪ ਬਣ ਸਿਕਦਾਰ, ਰਾਜ ਰਾਜਾਨ ਆਪਣਾ ਬਲ ਧਰਾਈਆ । ਕਰੇ ਕਰਾਵੇ ਸਾਚੀ ਕਾਰ, ਕਰਤਾ ਪੁਰਖ ਨਿਰਗੁਣ ਨਿਰਵੈਰ ਆਪਣੀ ਕਲ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਨਾਮ ਖੰਡਾ ਤੇਜ਼ ਪਰਚੰਡ, ਹਰਿ ਸਾਚਾ ਸਚ ਜਣਾਇੰਦਾ । ਨਵ ਸਤ ਵੰਡਣਹਾਰ ਵੰਡ, ਗ੍ਰਿਹ ਗ੍ਰਿਹ ਆਪਣਾ ਭੇਵ ਚੁਕਾਇੰਦਾ । ਲੇਖਾ ਜਾਣੇ ਬੰਦੀ ਬੰਦ, ਬੰਦੀ ਛੋੜ ਵੇਖ ਵਖਾਇੰਦਾ । ਲੇਖ ਅਵੱਲਾ ਸੁਹਾਗੀ ਛੰਦ, ਸੋ ਪੁਰਖ ਨਿਰੰਜਣ ਆਪ ਪਰਗਟਾਇੰਦਾ । ਹੰ ਬ੍ਰਹਮ ਜਾਣੇ ਆਤਮ ਅਨੰਦ, ਪਰਮਾਨੰਦ ਖੋਜ ਖੁਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਖੰਡਾ ਨਾਉਂ ਆਪਣੇ ਹੱਥ ਰਖਾਇੰਦਾ । ਸਾਚਾ ਖੰਡਾ ਕਰ ਤਿਆਰ, ਸਤਿ ਸਤਿਵਾਦੀ ਦਇਆ ਕਮਾਈਆ । ਕਲਜੁਗ ਕਰੇ ਖੇਲ ਅਪਰ ਅਪਾਰ, ਅਲਖ ਅਗੋਚਰ ਅਗੰਮ ਅਥਾਹ ਬੇਪਰਵਾਹ ਰੂਪ ਅਨੂਪ ਆਪ ਵਟਾਈਆ । ਦੋ ਜਹਾਨਾਂ ਬਣ ਸ਼ਾਹ ਪਾਤਸ਼ਾਹ, ਸਚ ਸਿਕਦਾਰਾ ਹੁਕਮ ਸੁਣਾਈਆ । ਵਿਸ਼ਨ ਬ੍ਰਹਮਾ ਸ਼ਿਵ ਲਏ ਜਗਾ, ਸੋਇਆ ਕੋਇ ਰਹਿਣ ਨਾ ਪਾਈਆ । ਕਰੋੜ ਤੇਤੀਸਾ ਇਕ ਸੰਦੇਸ਼ ਦਏ ਸੁਣਾ, ਸੁਰਪਤ ਰਾਜਾ ਇੰਦ ਨਾਲ ਰਲਾਈਆ । ਬ੍ਰਹਿਮੰਡਾਂ ਖੰਡਾਂ ਵੇਖੇ ਥਾਉਂ ਥਾਂ, ਥਾਨ ਥਨੰਤਰ ਆਪਣੀ ਰਚਨ ਰਚਾਈਆ । ਲੱਖ ਚੁਰਾਸੀ ਘਟ ਘਟ ਵਾਸੀ ਪੁਰਖ ਅਬਿਨਾਸ਼ੀ ਵੇਖਣਹਾਰਾ ਹੰਸ ਕਾਂ, ਕਾਗ ਹੰਸ ਕਵਣ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਈਆ । ਸਾਚਾ ਖੰਡਾ ਹਰਿ ਨਿਰੰਕਾਰਾ, ਏਕਾ ਏਕ ਉਪਾਇੰਦਾ । ਆਪੇ ਰੱਖੇ ਤਿਖੀਆਂ ਧਾਰਾਂ, ਦੋ ਜਹਾਨਾਂ ਵੇਖ ਵਖਾਇੰਦਾ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਕਰੇ ਖੇਲ ਅਪਰ ਅਪਾਰਾ, ਆਪ ਅਪਰੰਪਰ ਆਪਣੀ ਬਣਤ ਬਣਾਇੰਦਾ । ਚਤਰਭੁਜ ਰੂਪ ਅਨੂਪ ਆਪੇ ਹੋਏ ਗੁਪਤ ਜ਼ਾਹਰਾ, ਅਨਭਵ ਆਪਣੀ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਖੜਗ ਹੱਥ ਉਠਾਇੰਦਾ । ਏਕਾ ਖੜਗ ਸਾਚੀ ਧਾਤ, ਤ੍ਰੈਗੁਣ ਅਤੀਤਾ ਆਪ ਉਠਾਇੰਦਾ । ਕਲਜੁਗ ਮੇਟੇ ਅੰਧੇਰੀ ਰਾਤ, ਰੈਣ ਅੰਧੇਰੀ ਆਪ ਮਿਟਾਇੰਦਾ । ਗ਼ਰੀਬ ਨਿਮਾਣਿਆਂ ਪੁਛੇ ਵਾਤ, ਸ਼ਾਹ ਸੁਲਤਾਨਾਂ ਖ਼ਾਕ ਮਿਲਾਇੰਦਾ । ਨੌ ਖੰਡ ਪ੍ਰਿਥਮੀ ਚਾਰ ਵਰਨ ਅਠਾਰਾਂ ਬਰਨ ਇਕ ਸੁਣਾਏ ਸਾਚੀ ਗਾਥ, ਅੰਤਰ ਮੰਤਰ ਆਪ ਪੜ੍ਹਾਇੰਦਾ । ਲੇਖਾ ਜਾਣੇ ਤ੍ਰੈਲੋਕੀ ਨਾਥ, ਚੌਦਾਂ ਲੋਕਾਂ ਫੋਲ ਫੋਲਾਇੰਦਾ । ਚੌਦਾਂ ਤਬਕਾਂ ਦੇਵੇ ਸਾਥ, ਨੂਰ ਇਲਾਹੀ ਡਗਮਗਾਇੰਦਾ । ਕਲਮਾ ਅਮਾਮ ਪਾਕੀ ਪਾਕ, ਪੀਰ ਦਸਤਗੀਰ ਸ਼ਾਹ ਹਕੀਰ ਵੇਖ ਵਖਾਇੰਦਾ । ਮੁਕਾਮੇ ਹੱਕ ਖੋਲ੍ਹੇ ਤਾਕ, ਐਨਲਹਕ ਇਕ ਆਵਾਜ਼ ਹਕ ਹਕੀਕਤ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਹੁਜਰੇ ਬਹਿ ਬਹਿ ਰਿਹਾ ਝਾਕ, ਸਚ ਮਹਿਰਾਬੇ ਆਸਣ ਲਾਇੰਦਾ । ਸਚ ਮਹਿਰਾਬ ਹਰਿ ਹਰਿ ਆਸਣ, ਪੁਰਖ ਅਬਿਨਾਸ਼ਣ ਆਪ ਲਗਾਈਆ । ਸਚਖੰਡ

ਦਵਾਰੇ ਪਾਏ ਰਾਸਣ, ਗੋਪੀ ਕਾਹਨ ਆਪ ਨਚਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਆਪਣੀ ਪੂਰੀ ਕਰੇ ਆਸਨ, ਆਪ ਆਪਣਾ ਬਲ ਪਰਗਟਾਈਆ । ਆਪਣਾ ਨਾਉਂ ਰਖਾਏ ਪੁਰਖ ਅਬਿਨਾਸ਼ਨ, ਨਾ ਮਰੇ ਨਾ ਜਾਈਆ । ਲਹਿਣਾ ਦੇਣਾ ਚੁਕਾਏ ਪ੍ਰਿਥਮੀ ਆਕਾਸਣ, ਗਗਨ ਗਗਨੰਤਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਮ ਦਏ ਵਡਿਆਈਆ । ਹਰਿ ਕਾ ਨਾਉਂ ਤਿਖੀ ਧਾਰ, ਤ੍ਰੈ ਤ੍ਰੈ ਮੀਤਾ ਆਪ ਉਪਾਇੰਦਾ । ਵਿਸ਼ਨੂੰ ਦੇਵੇ ਇਕ ਹੁਲਾਰ, ਵਿਸ਼ਵ ਵਾਸਤਕ ਆਪਣਾ ਖੇਲ ਖਿਲਾਇੰਦਾ । ਬ੍ਰਹਮਾ ਵੇਤਾ ਪਾਰਬ੍ਰਹਮ ਬ੍ਰਹਮ ਕਰੇ ਪੁਕਾਰ, ਹੰ ਬ੍ਰਹਮ ਖੇਲ ਖਿਲਾਇੰਦਾ । ਸ਼ੰਕਰ ਨੇਤਰ ਨੈਣ ਚਾਰੋਂ ਕੁੰਟ ਵੇਖੇ ਵਾਰੋ ਵਾਰ, ਹੱਥ ਤ੍ਰਿਸ਼ੂਲ ਇਕ ਵਖਾਇੰਦਾ । ਪੁਰਖ ਅਬਿਨਾਸ਼ੀ ਕਰੇ ਖ਼ਬਰਦਾਰ, ਆਲਸ ਨਿੰਦਰਾ ਸਰਬ ਮਿਟਾਇੰਦਾ । ਇਕ ਜੁਣਾਏ ਧੁਰ ਫ਼ਰਮਾਨ, ਸ਼ਬਦ ਸੰਦੇਸ਼ ਸੁਣਾਇੰਦਾ । ਵਿਸ਼ਨੂੰ ਤੇਰਾ ਸਤਿ ਭੰਡਾਰ, ਸਤਿ ਸਤਿਵਾਦੀ ਵੇਖ ਵਖਾਇੰਦਾ । ਬ੍ਰਹਮਾ ਤੇਰਾ ਲੱਖ ਚੁਰਾਸੀ ਬ੍ਰਹਮ ਪਸਾਰ, ਈਸ਼ ਜੀਵ ਜਗਦੀਸ਼ ਆਤਮ ਪਰਮਾਤਮ ਆਪਣਾ ਭੇਵ ਚੁਕਾਇੰਦਾ । ਸ਼ੰਕਰ ਤੇਰਾ ਕਰ ਵਿਚਾਰ, ਜੋ ਘੜਿਆ ਸੋ ਭੰਨੇ ਆਪਣੀ ਵਾਰ, ਥਿਰ ਕੋਇ ਰਹਿਣ ਨਾ ਪਾਇੰਦਾ । ਤਿੰਨਾਂ ਵਿਚੋਲਾ ਹਰਿ ਨਿਰੰਕਾਰ, ਸਚ ਸਿੰਘਾਸਣ ਸੋਹੇ ਸਚਾ ਨਿਰੰਕਾਰ ਆਪ ਮਨਾਇੰਦਾ । ਕਾਗਦ ਕ਼ਲਮ ਨਾ ਲਿਖਣਹਾਰ, ਬ੍ਰਹਮਾ ਚਾਰ ਵੇਦ ਮੁਖ ਸਾਲਾਹਿੰਦਾ । ਪੁਰਾਨ ਸ਼ਾਸਤਰ ਸਿਮਰਤ ਵਸੇ ਬਾਹਰ, ਹਰਿ ਕਾ ਰੂਪ ਦਿਸ ਕਿਸੇ ਨਾ ਆਇੰਦਾ । ਆਦਿ ਪੁਰਖ ਇਕ ਇਕੱਲਾ ਵਸਣਹਾਰਾ ਸਚ ਮਹੱਲਾ ਉਚੇ ਟਿਲੇ ਪਰਬਤ ਪਾਵੇ ਸਾਰ, ਸਮੁੰਦ ਸਾਗਰ ਫੋਲ ਫੋਲਾਇੰਦਾ । ਕਾਇਨਾਤ ਹੋਇ ਉਜਿਆਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਉਂ ਹਰਿ ਸਮਝਾਇੰਦਾ । ਹਰਿ ਕਾ ਨਾਮ ਸਤਿ ਕਟਾਰਾ, ਸਤਿ ਸਤਿਵਾਦੀ ਆਪ ਉਪਾਈਆ । ਸਤਿਜੁਗ ਤਰੇਤਾ ਦਵਾਪਰ ਕਰਿਆ ਪਾਰ ਕਿਨਾਰਾ, ਗੁਰ ਅਵਤਾਰ ਰੂਪ ਧਰਾਈਆ । ਨੌ ਨੌ ਚਾਰ ਵੇਖੇ ਵਾਰੋ ਵਾਰਾ, ਨੌ ਸੌ ਚੁਰਾਨਵੇ ਚੌਕੜੀ ਜੁਗ ਭੇਵ ਅਭੇਵ ਛੁਪਾਈਆ । ਕਲਜੁਗ ਅੰਤਮ ਖੇਲ ਕਰੇ ਨਿਆਰਾ, ਰੂਪ ਰੰਗ ਰੇਖ ਨਾ ਕੋਇ ਵਖਾਈਆ । ਧਰਨੀ ਧਰਤ ਧਵਲ ਰੋਵੇ ਜ਼ਾਰੋ ਜ਼ਾਰਾ, ਨੇਤਰ ਨੈਣਾ ਨੀਰ ਵਹਾਈਆ । ਭਗਤ ਭਗਵੰਤ ਮੰਗਣ ਮੰਗ ਬਣ ਭਿਖਾਰਾ, ਪੁਰਖ ਅਬਿਨਾਸ਼ੀ ਦਇਆ ਕਮਾਈਆ । ਸੰਤ ਕੰਤ ਦਰ ਦਰਵੇਸ਼ ਬਣੇ ਦਵਾਰਾ, ਨਿਉਂ ਨਿਉਂ ਬੈਠੇ ਸੀਸ ਝੁਕਾਈਆ । ਗੁਰਮੁਖ ਵੇਖੇ ਮੀਤ ਮੁਰਾਰਾ, ਮਿਤਰ ਪਿਆਰਾ ਕਵਣ ਅਖਵਾਈਆ । ਗੁਰਸਿਖ ਚਰਨ ਧੂੜ ਮੰਗੇ ਖ਼ਾਕ ਛਾਰਾ, ਚਰਨ ਕਵਲ ਧਿਆਨ ਰਖਾਈਆ । ਮਨਮੁਖ ਬਣਾਇਆ ਗੜ੍ਹ ਹੰਕਾਰਾ, ਕਾਮ ਕਰੋਧ ਲੋਭ ਮੋਹ ਹੰਕਾਰ ਦਿਵਸ ਰੈਣ ਕਰੇ ਲੜਾਈਆ । ਆਸਾ ਤ੍ਰਿਸ਼ਨਾ ਲਾਏ ਨਾਅਰਾ, ਉਚੀ ਕੂਕ ਕੂਕ ਸੁਣਾਈਆ । ਮਾਇਆ ਮਮਤਾ ਕਰੇ ਖ਼ਵਾਰਾ, ਚਾਰੋਂ ਕੁੰਟ ਦਹਿ ਦਿਸ਼ਾ ਰਿਹਾ ਭਵਾਈਆ । ਕਲਜੁਗ ਅੰਤਮ ਕੂਕੇ ਆਪਣੀ ਵਾਰਾ, ਆਪ ਆਪਣਾ ਬਲ ਧਰਾਈਆ । ਨਾਲ ਰਲਾਇਆ ਮੁਹੰਮਦੀ ਯਾਰਾਂ, ਈਸਾ ਮੂਸਾ ਦਏ ਗਵਾਹੀਆ । ਅੱਲਾ ਰਾਣੀ ਇਕ ਅਖਾੜਾ, ਆਪਣਾ ਨਾਮ ਦਏ ਵਖਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਆਪੇ ਵੇਖੇ ਵੇਖਣਹਾਰਾ, ਦਰਗਹਿ ਸਾਚੀ ਸਾਚੇ ਧਾਮ ਬੈਠਾ ਆਸਣ ਲਾਈਆ । ਕਰੇ ਕਰਾਏ ਆਪਣੀ ਕਾਰਾ, ਜੁਗਾ ਜੁਗੰਤਰ ਸਾਚੀ ਧਾਰਾ ਲੋਕਮਾਤ ਆਪ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਉਂ ਸਾਚਾ ਤੱਤ ਸਮਝਾਈਆ । ਹਰਿ ਕਾ ਨਾਉਂ ਸਾਚਾ ਤੱਤ, ਤਤਵ ਤਤ ਇਕ ਸਮਝਾਇੰਦਾ । ਹਰਿ ਕਾ ਨਾਉਂ ਸਾਚਾ ਰਥ, ਰਥ ਰਥਵਾਹੀ ਆਪ ਚਲਾਇੰਦਾ । ਹਰਿ ਕਾ ਨਾਉਂ ਆਦਿ ਜੁਗਾਦਿ ਸਦਾ ਸਮਰਥ,

ਸਮਰਥ ਪੁਰਖ ਆਪ ਪਰਗਟਾਇੰਦਾ । ਹਰਿ ਕਾ ਨਾਉਂ ਲੱਖ ਚੁਰਾਸੀ ਪਾਏ ਨੱਥ, ਸੁਰਤੀ ਸ਼ਬਦੀ ਆਪਣੇ ਹੱਥ ਰਖਾਇੰਦਾ । ਹਰਿ ਕਾ ਨਾਉਂ ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਦਰ ਦਰ ਘਰ ਘਰ ਸੱਥਰ ਦੇਵੇ ਘੱਤ, ਸੀਸ ਤਾਜ ਨਾ ਕੋਇ ਟਿਕਾਇੰਦਾ । ਹਰਿ ਕਾ ਨਾਉਂ ਨਾਤਾ ਤੋੜੇ ਤੱਤ ਅੱਠ, ਅਪ ਤੇਜ ਵਾਏ ਪ੍ਰਿਥਮੀ ਆਕਾਸ ਮਨ ਮਤ ਬੁਧ ਬੰਧਨ ਕੋਇ ਨਾ ਪਾਇੰਦਾ । ਹਰਿ ਕਾ ਨਾਉਂ ਮਹਿਮਾ ਜਣਾਏ ਅਕਥਨਾ ਅਕਥ, ਲਿਖਣ ਪੜ੍ਹਨ ਵਿਚ ਕਦੇ ਨਾ ਆਇੰਦਾ । ਹਰਿ ਕਾ ਨਾਉਂ ਏਕਾ ਮਾਰਗ ਦਏ ਦੱਸ, ਊਚ ਨੀਚ ਰਾਓ ਰੰਕ ਏਕਾ ਧੰਦੇ ਲਾਇੰਦਾ । ਹਰਿ ਕਾ ਨਾਉਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਨਾਉਂ ਆਪ ਵਡਿਆਇੰਦਾ । ਸਾਚਾ ਨਾਉਂ ਤੇਜ਼ ਕਿਰਪਾਨ, ਕਿਰਪਨ ਆਪਣੀ ਆਪ ਬਣਾਈਆ । ਆਦਿ ਜੁਗਾਦਿ ਦੇਵੇ ਬ੍ਰਹਮ ਗਿਆਨ, ਪਾਰਬ੍ਰਹਮ ਵੱਡਾ ਸ਼ਹਿਨਸ਼ਾਹੀਆ । ਆਤਮ ਅੰਤਰ ਵਖਾਏ ਸਚ ਨਿਸ਼ਾਨ, ਸਤਿ ਪੁਰਖ ਨਿਰੰਜਣ ਆਪ ਝੁਲਾਈਆ । ਲੇਖਾ ਜਾਣੇ ਦੋ ਜਹਾਨ, ਅਵਣ ਗਵਣ ਤ੍ਰੈਭਵਨ ਆਪਣਾ ਪਰਦਾ ਆਪ ਚੁਕਾਈਆ । ਜੁਗ ਜੁਗ ਦੇਵਣਹਾਰਾ ਹੁਕਮੀ ਹੁਕਮ ਹੁਕਮ ਫ਼ਰਮਾਨ, ਸਚ ਸੰਦੇਸ਼ ਇਕ ਸੁਣਾਈਆ । ਕਲਜੁਗ ਅੰਤਮ ਪਰਗਟ ਹੋਏ ਜੋਧਾ ਸੂਰਬੀਰ ਨੌਜਵਾਨ, ਨਿਹਕਲੰਕਾ ਨਾਉਂ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਖੰਡਾ ਰਿਹਾ ਉਠਾਈਆ । ਸਾਚਾ ਖੰਡਾ ਹੱਥ ਉਠਾ, ਨਿਰਗੁਣ ਨਿਰਗੁਣ ਵੇਖ ਵਖਾਇੰਦਾ । ਧਰਤ ਧਵਲ ਦਏ ਹਲਾ, ਆਪਣਾ ਭਾਣਾ ਆਪ ਜਣਾਇੰਦਾ । ਨਵ ਨਵ ਫੇਰਾ ਆਪੇ ਪਾ, ਸਤ ਸਤ ਪੰਧ ਮੁਕਾਇੰਦਾ । ਨੌ ਨੌ ਗੇੜਾ ਦਏ ਦਿਵਾ, ਚਾਰ ਕੁੰਟ ਆਪ ਫਿਰਾਇੰਦਾ । ਦਹਿ ਦਿਸ਼ਾ ਪੰਧ ਦਏ ਮੁਕਾ, ਸਾਚਾ ਹਿੱਸਾ ਆਪ ਵੰਡਾਇੰਦਾ । ਸ਼ਾਹ ਸੁਲਤਾਨਾਂ ਖ਼ਾਕ ਮਿਲਾ, ਖ਼ਾਕੀ ਖ਼ਾਕ ਆਪ ਉਡਾਇੰਦਾ । ਏਕਾ ਨੌਬਤ ਦਏ ਵਜਾ, ਨਾਮ ਮਰਦੰਗ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੰਡਾ ਹੱਥ ਚਮਕਾਇੰਦਾ । ਸਾਚਾ ਖੰਡਾ ਚਮਕੇ ਚਮਕਾਏ ਦਾਮਨਗੀਰ, ਦੀਨ ਦਿਆਲ ਵਡੀ ਵਡਿਆਈਆ । ਲੇਖਾ ਜਾਣੇ ਸ਼ਾਹ ਹਕੀਰ, ਵੇਖਣਹਾਰਾ ਪੀਰ ਦਸਤਗੀਰ ਬੇਪਰਵਾਹੀਆ । ਕਰੇ ਖੇਲ ਬੇਨਜ਼ੀਰ, ਅਜ਼ੀਮ ਨਜ਼ੀਮ ਨਿਰਗੁਣ ਆਪਣੀ ਧਾਰ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਖ ਵਖਾਈਆ । ਕਲਜੁਗ ਅੰਤਮ ਅੰਤ ਵਖੌਣਾ, ਹਰਿ ਸਾਚਾ ਸਚ ਦ੍ਰਿੜਾਇੰਦਾ । ਨਵ ਨੌ ਲੇਖਾ ਆਪ ਜਣੌਣਾ, ਭੇਵ ਅਭੇਦ ਖੁਲ੍ਹਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਨਾਲ ਰਲੌਣਾ, ਹੁਕਮੀ ਹੁਕਮ ਆਪ ਸੁਣਾਇੰਦਾ । ਵੇਦ ਅਥਰਬਣ ਐੜਾ ਅੱਖ ਖੁਲੌਣਾ, ਦੂਸਰ ਨੈਣ ਨਾ ਕੋਇ ਜਣਾਇੰਦਾ । ਅੱਲਾ ਰਾਣੀ ਮੁਖ ਨਕ਼ਾਬ ਪਰਦਾ ਲੌਹਣਾ, ਆਪ ਆਪਣਾ ਹੱਥ ਵਖਾਇੰਦਾ । ਸੰਗ ਮੁਹੰਮਦ ਚਾਰ ਯਾਰ ਕਲਮਾ ਨਬੀ ਇਕ ਦ੍ਰਿੜੌਣਾ, ਅਮਾਮ ਅਮਾਮਾ ਭੇਵ ਮੁਕਾਇੰਦਾ । ਸਚ ਸਨੇਹੜਾ ਘਲ ਦਰ ਦਵਾਰ ਆਪ ਬਹੌਣਾ, ਧੁਰ ਦਰਬਾਰਾ ਇਕ ਸੁਹਾਇੰਦਾ । ਚੌਦਾਂ ਲੋਕ ਚੌਦਾਂ ਤਬਕ ਏਕਾ ਵਾਰ ਕੁੰਡਾ ਲੌਹਣਾ, ਜ਼ਿਮੀਂ ਅਸਮਾਨਾਂ ਚਰਨਾਂ ਹੇਠ ਰਖਾਇੰਦਾ । ਏਕਾ ਨੂਰ ਏਕਾ ਜਲਵਾ ਆਪ ਦਰਸੌਣਾ, ਆਲਮੀਨ ਆਪਣਾ ਰੂਪ ਧਰਾਇੰਦਾ । ਸਤਿ ਯਕੀਨ ਇਕ ਰਖੌਣਾ, ਯਾ ਮੁਬੀਨ ਆਪਣਾ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਖੰਡਾ ਹੱਥ ਉਠਾਇੰਦਾ । ਹੱਥ ਖੰਡਾ ਲੈ ਹਰਿ ਉਠਿਆ, ਕਲਜੁਗ ਤੇਰੀ ਅੰਤਮ ਵਾਰ । ਅਬਿਨਾਸ਼ੀ ਕਰਤਾ ਏਕਾ ਤੁਠਿਆ, ਨਿਰਗੁਣ ਰੂਪ ਅਗੰਮ ਅਪਾਰ । ਨੌ ਸੌ ਚੁਰਾਨਵੇ ਚੌਕੜੀ ਜੁਗ ਰਿਹਾ ਲੁਕਿਆ, ਅੰਤਮ ਅੰਤ ਕੰਤ ਹੋਏ ਉਜਿਆਰ । ਲੱਖ ਚੁਰਾਸੀ ਵਿਚ ਸ਼ੇਰ ਏਕਾ ਬੁੱਕਿਆ,

ਚਾਰੋਂ ਕੁੰਟ ਦਏ ਹੁਲਾਰ । ਹਰਿ ਕਾ ਭਾਣਾ ਕਦੇ ਨਾ ਰੁਕਿਆ, ਨਾ ਕੋਈ ਹੋਏ ਰੋਕਣਹਾਰ । ਕਲਜੁਗ ਬੂਟਾ ਅੰਤਮ ਸੁਕਿਆ, ਲੱਖ ਚੁਰਾਸੀ ਹੋਏ ਖ਼ਵਾਰ । ਵਿਸ਼ਨੂੰ ਤੇਰਾ ਦਾਣਾ ਮੁਕਿਆ, ਖ਼ਾਲੀ ਦਿਸੇ ਅੰਤ ਭੰਡਾਰ । ਬ੍ਰਹਮ ਤੇਰਾ ਬ੍ਰਹਮ ਤੇਰੇ ਨਾਲੋਂ ਰੁੱਠਿਆ, ਪਾਰਬ੍ਰਹਮ ਨਾ ਕਰੇ ਪਿਆਰ । ਸ਼ੰਕਰ ਤੀਰ ਨਿਰਾਲਾ ਛੁੱਟਿਆ, ਸ੍ਰਿਸ਼ਟ ਸਬਾਈ ਮਾਰੇ ਮਾਰ । ਜਗਤ ਸਿਕਦਾਰ ਜਾਏ ਲੁੱਟਿਆ, ਜੋਰੂ ਜ਼ਰ ਜਾਏ ਹਾਰ । ਅੰਤਮ ਜੂਠ ਝੂਠ ਮੂੰਹ ਵਿਚ ਪਏ ਥੁਕਿਆ, ਹਰਿ ਕਾ ਨਾਉਂ ਰਸਨਾ ਜਿਹਵਾ ਨਾ ਕੋਇ ਉਜਿਆਰ । ਪੱਤ ਡਾਲ੍ਹੀ ਨਾਲੋਂ ਟੁੱਟਿਆ, ਅੰਤ ਖਿੜੇ ਨਾ ਫੇਰ ਗੁਲਜ਼ਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਵ ਨਵ ਵੇਖੇ ਵੇਖਣਹਾਰ । ਨਵ ਨੌਂ ਖੰਡਾ ਨਾਮ ਚਲਾਇਆ, ਚਾਰ ਕੁੰਟ ਜੈਕਾਰਾ । ਪੁਰਖ ਅਬਿਨਾਸ਼ੀ ਆਪਣਾ ਵਾਰ ਆਪ ਕਰਾਇਆ, ਆਪੇ ਹੋਏ ਵੇਖਣਹਾਰਾ । ਸ਼ਾਹ ਸੁਲਤਾਨ ਭੇਵ ਨਾ ਆਇਆ, ਰਾਜ ਰਾਜਾਨ ਨਾ ਪਾਵੇ ਸਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਬੀਸ ਅੱਠ ਦਏ ਹੁਲਾਰਾ । ਬੀਸ ਇਕ ਅੱਠ, ਇਕ ਅੱਠ ਖੇਲ ਖਿਲਾਇੰਦਾ । ਬੀਸ ਇਕ ਅੱਠ, ਅੱਠ ਇਕ ਮੇਲ ਮਿਲਾਇੰਦਾ । ਬੀਸ ਇਕ ਅੱਠ, ਅੱਠ ਇਕ ਤੇਲ ਚੜ੍ਹਾਇੰਦਾ । ਬੀਸ ਇਕ ਅੱਠ, ਅੱਠ ਇਕ ਸੱਜਣ ਸੁਹੇਲ ਮੁਖ ਛੁਪਾਇੰਦਾ । ਬੀਸ ਇਕ ਅੱਠ, ਅੱਠ ਇਕ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੌ ਖੰਡ ਪ੍ਰਿਥਮੀ ਵੇਖ ਵਖਾਇੰਦਾ । ਬੀਸ ਇਕ ਅੱਠ, ਸ਼ਬਦੀ ਸ਼ਬਦ ਸ਼ਬਦ ਜੈਕਾਰਾ । ਬੀਸ ਇਕ ਅੱਠ, ਅੱਠ ਇਕ ਰੋਵੇ ਜ਼ਾਰੋ ਜ਼ਾਰਾ । ਬੀਸ ਇਕ ਅੱਠ, ਅੱਠ ਇਕ ਚਾਰ ਕੁੰਟ ਉਠ ਉਠ ਵੇਖੇ, ਸਾਚਾ ਦਿਸੇ ਨਾ ਕੋਇ ਕਿਨਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਕਰੇ ਸਚ ਵਿਹਾਰਾ । ਵੀਹ ਸੌ ਅਠਾਰਾਂ ਬਿਕ੍ਰਮੀ ਸਚ ਵਿਹਾਰਾ, ਹਰਿ ਸਾਚਾ ਸਚ ਕਰਾਇੰਦਾ । ਵੇਖਣਹਾਰਾ ਪਾਵੇ ਸਾਰਾ, ਭੇਵ ਅਭੇਦ ਆਪ ਜਣਾਇੰਦਾ । ਨਵ ਨੌ ਵੇਖੇ ਛਹਿਬਰ ਧਾਰਾ, ਕਰੋੜ ਛਿਆਨਵੇ ਸੇਵ ਲਗਾਇੰਦਾ । ਸੇਵਕ ਸੇਵਾ ਜਾਣੇ ਅਪਰ ਅਪਾਰਾ, ਲੇਖਾ ਲਿਖਤ ਵਿਚ ਨਾ ਆਇੰਦਾ । ਲੱਖ ਚੁਰਾਸੀ ਸੁਤੀ ਪੈਰ ਪਸਾਰਾ, ਗ਼ਫ਼ਲਤ ਨੀਂਦ ਨਾ ਕੋਇ ਖੁਲ੍ਹਾਇੰਦਾ । ਹਰਿ ਕਾ ਨਾਮ ਨਾ ਕਰੇ ਕੋਇ ਪਿਆਰਾ, ਰਸਨਾ ਜਿਹਵਾ ਨਾ ਕੋਇ ਗਾਇੰਦਾ । ਸ੍ਰਿਸ਼ਟ ਸਬਾਈ ਦੁਹਾਗਣ ਨਾਰਾ, ਕੰਤ ਸੁਹਾਗ ਨਾ ਕੋਇ ਹੰਢਾਇੰਦਾ । ਜੋਬਨ ਜਵਾਨੀ ਰਹੇ ਦਿਵਸ ਚਾਰਾ, ਅੰਤਮ ਸੰਗ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਇੰਦਾ । ਵੀਹ ਸੌ ਅਠਾਰਾਂ ਬਿਕ੍ਰਮੀ ਭੇਵ ਜਣੌਣਾ, ਜਨ ਸਾਚੇ ਲਏ ਸਮਝਾਈਆ । ਆਤਮ ਅੰਤਰ ਨਿਰਗੁਣ ਨਿਰਵੈਰ ਪੁਰਖ ਅਕਾਲ ਅਜੂਨੀ ਰਹਿਤ ਦਰਸ ਦਿਖੌਣਾ, ਦੀਦ ਸ਼ੁਨੀਦ ਆਪ ਕਰਾਈਆ । ਸ਼ਬਦ ਨਾਦ ਅਨਾਦੀ ਅਨਹਦ ਧੁੰਨ ਉਪਜੌਣਾ, ਛੱਤੀ ਰਾਗ ਮੁਖ ਸ਼ਰਮਾਈਆ । ਅੰਮ੍ਰਿਤ ਆਤਮ ਸਤਿ ਪਿਆਲਾ ਨਿਝਰ ਝਿਰਨਾ ਆਪ ਝਿਰੌਣਾ, ਅਮਿਉਂ ਰਸ ਏਕਾ ਮੁਖ ਸੁਹਾਈਆ । ਅੰਧ ਅੰਧੇਰਾ ਆਪ ਗਵੌਣਾ, ਜੋਤੀ ਦੀਪਕ ਜੋਤ ਜਗੌਣਾ, ਨੂਰ ਨੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਆਠਾ ਦਏ ਸਮਝਾਈਆ । ਇਕ ਇਕੱਲਾ ਏਕੰਕਾਰ, ਏਕਾ ਖੰਡਾ ਨਾਮ ਚਮਕਾਇੰਦਾ । ਦੋ ਜਹਾਨਾਂ ਪਾਵੇ ਸਾਰ, ਤੀਜੇ ਲੋਚਣ ਵੇਖ ਵਖਾਇੰਦਾ । ਚੌਥੇ ਪਦ ਬਹੇ ਸੱਚੇ ਘਰ ਬਾਰ, ਪੰਚਮ ਮੇਲਾ ਮੇਲ ਮਿਲਾਇੰਦਾ । ਛੇਵੇਂ ਛੱਪਰ ਛੰਨ ਨਾ ਕੋਇ ਆਧਾਰ, ਸਤਵੇਂ ਸਤਿ ਸਤਿਵਾਦੀ ਆਪਣਾ ਬੰਕ ਆਪ ਉਪਾਇੰਦਾ । ਅਠਵੇਂ ਅੱਠਾਂ ਤੱਤਾਂ ਵਸੇ ਬਾਹਰ, ਅੱਠ ਤਤ ਆਪਣਾ ਖੇਲ ਖਿਲਾਇੰਦਾ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਕਲਜੁਗ ਅੰਤਮ ਵੇਸ ਵਟਾਇੰਦਾ । ਅੰਤਮ ਵੇਸ ਵਟਾਏ ਅਵੱਲਾ, ਦਿਸ ਕਿਸੇ ਨਾ ਆਈਆ । ਲੇਖਾ ਜਾਣੇ ਰਾਣੀ ਅੱਲਾ, ਮੀਆਂ ਮਹਿਬੂਬ ਸਾਚਾ ਮਾਹੀਆ । ਆਪ ਫੜਾਏ ਆਪਣਾ ਪੱਲਾ, ਹਜ਼ਾਰਾ ਦਰੂਦ ਕਰੇ ਪੜ੍ਹਾਈਆ । ਆਪਣਾ ਰੂਪ ਵਖਾਏ ਇਕ ਬਿਸਮਿਲਾ, ਬਿਸਮਿਲ ਕਰੇ ਸਰਬ ਖ਼ੁਦਾਈਆ । ਆਪਣਾ ਨੂਰ ਉਪਜਾਏ ਇਕ ਇਲ ਲਿਲਾ, ਇਲਾਹੀ ਨੂਰ ਸੱਚਾ ਸ਼ਹਿਨਸ਼ਾਹੀਆ । ਚੌਦਾਂ ਸਦੀਆਂ ਕੱਟਿਆ ਛਿਲਾ, ਮਖ਼ਲੂਕ ਖ਼ਲਕ ਖ਼ਾਲਕ ਵਿਚ ਸਮਾਈਆ । ਅੰਤ ਸਿੰਘਾਸਣ ਸਭ ਦਾ ਹਿਲਾ, ਥਿਰ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਕਲਜੁਗ ਅੰਤਮ ਖੇਲ ਖਿਲੌਣਾ, ਖ਼ਾਲਕ ਖ਼ਲਕ ਵੇਖ ਵਖਾਇੰਦਾ । ਅਮਾਮ ਅਮਾਮਾਂ ਰੂਪ ਵਟੌਣਾ, ਆਲਮੀਨ ਭੇਵ ਨਾ ਆਇੰਦਾ । ਮਹਿਬਾਨ ਬੀਦੋ ਨਾਉਂ ਧਰੌਣਾ, ਬੀ ਖ਼ੈਰ ਯਾ ਅੱਲਾ ਏਹ ਸਮਝਾਇੰਦਾ । ਚੌਦਾਂ ਚੌਦਾਂ ਪੰਧ ਮੁਕੌਣਾ, ਆਪ ਆਪਣਾ ਮਾਰਗ ਆਪੇ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੀਸ ਅਠਾਰਾਂ ਰਾਹ ਤਕਾਇੰਦਾ । ਬੀਸ ਅਠਾਰਾਂ ਚੜ੍ਹਿਆ ਚਾ, ਸੰਮਤ ਸੰਮਤੀ ਖੇਲ ਖਿਲਾਇਆ । ਪਾਰਬ੍ਰਹਮ ਪਤਿ ਪਰਮੇਸ਼ਵਰ ਲੋਕਮਾਤ ਬਣਿਆ ਇਕ ਮਲਾਹ, ਨਵ ਨੌ ਬੇੜਾ ਲਏ ਚਲਾਇਆ । ਮਨਮੁਖ ਜੀਵ ਲੱਖ ਚੁਰਾਸੀ ਦਏ ਭੁਲਾ, ਸਾਚਾ ਰਾਹ ਨਾ ਕੋਇ ਵਖਾਇਆ । ਹਰਿ ਭਗਤ ਭਗਵੰਤ ਲਏ ਉਠਾ, ਨੇਤਰ ਗਿਆਨ ਇਕ ਵਖਾਇਆ । ਆਪਣੀ ਬੂਝ ਦਏ ਬੁਝਾ, ਸਮਰਥ ਪੁਰਖ ਬੇਪਰਵਾਹਿਆ । ਏਕਾ ਦੂਜਾ ਭੌ ਚੁਕਾ, ਨਿਰਭੈ ਆਪਣਾ ਦਰਸ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਮਤ ਅਠਾਰਾਂ ਖੇਲ ਖਿਲਾਇਆ । ਸੰਮਤ ਅਠਾਰਾਂ ਚੜ੍ਹੇ ਰੰਗ, ਹਰਿ ਸਾਚਾ ਆਪ ਚੜ੍ਹਾਈਆ । ਸ਼ਾਹ ਸੁਲਤਾਨਾਂ ਕਰੇ ਨੰਗੀ ਕੰਡ, ਪਾਰਬ੍ਰਹਮ ਵਡੀ ਵਡਿਆਈਆ । ਚਾਰ ਕੁੰਟ ਨੌ ਖੰਡ ਪ੍ਰਿਥਮੀ ਸੱਤ ਦੀਪ ਆਪਣੀ ਵੰਡੇ ਆਪੇ ਵੰਡ, ਸਾਚੀ ਸੀਮਾ ਲਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੀਸ ਅਠ ਅਠਾਰਾਂ ਵੇਖ ਵਖਾਈਆ । ਵੀਹ ਸੌ ਅਠਾਰਾਂ ਵੰਡ ਵੰਡਾ, ਖੜਗ ਖੰਡਾ ਚਮਕਾਇਆ । ਦੋ ਦੋ ਮੇਲਾ ਸਹਿਜ ਸੁਭਾ, ਗੁਰ ਚੇਲਾ ਭੇਵ ਨਾ ਰਾਇਆ । ਆਪਣਾ ਖੇਲ ਆਪ ਖਿਲਾ, ਖ਼ਾਲਕ ਖ਼ਲਕ ਰਿਹਾ ਤਰਸਾਇਆ । ਆਪਣਾ ਤੀਰ ਤਰਕਸ਼ ਆਪ ਉਠਾ, ਆਪੇ ਚਿਲੇ ਰਿਹਾ ਚੜ੍ਹਾਇਆ । ਅਰਸ਼ ਫ਼ਰਸ਼ ਕੁਰਸ਼ ਵੇਖੇ ਥਾਉਂ ਥਾਂ, ਜ਼ਿਮੀਂ ਅਸਮਾਨਾਂ ਫੇਰਾ ਪਾਇਆ । ਗੁਰਮੁਖ ਵਿਰਲੇ ਲਏ ਜਗਾ, ਜਿਸ ਜਨ ਆਪਣੀ ਦਇਆ ਕਮਾਇਆ । ਸਵਛ ਸਰੂਪੀ ਪਰਗਟ ਹੋਏ ਸੱਚਾ ਸ਼ਹਿਨਸ਼ਾਹ, ਸਾਖ਼ਯਾਤ ਨਜ਼ਰੀ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਸਾਚਾ ਮਾਰਗ ਦਏ ਵਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਧਾਰ ਸੰਸਾਰ ਸੰਸਾਰ ਧਾਰ ਧਰਨੀ ਧਰਤ ਧਵਲ ਆਪਣੇ ਹੱਥ ਰਖਾਇਆ ।

★ ੪ ਚੇਤ ੨੦੧੮ ਬਿਕ੍ਰਮੀ ਠਾਕਰ ਸਿੰਘ ਦੇ ਗ੍ਰਹਿ ਨਾਨਕ ਪੁਰਾ ਜ਼ਿਲਾ ਕਰਨਾਲ ★

ਸੋ ਪੁਰਖ ਨਿਰੰਜਣ ਸਰਬ ਗੁਣਵੰਤ, ਇਕ ਇਕੱਲਾ ਖੇਲ ਖਿਲਾਇੰਦਾ । ਆਦਿ ਜੁਗਾਦਿ ਮਹਿਮਾ ਅਗਣਤ, ਅਲਖ ਅਗੋਚਰ ਅਗੰਮ ਅਥਾਹ ਭੇਵ ਕੋਇ ਨਾ ਪਾਇੰਦਾ । ਸਚਖੰਡ ਦਵਾਰਾ ਏਕੰਕਾਰਾ ਥਿਰ ਘਰ ਸਾਚਾ ਰਿਹਾ ਸੁਹਾ, ਨਿਰਗੁਣ ਨਿਰਵੈਰ ਪੁਰਖ ਅਕਾਲ ਅਜੂਨੀ ਰਹਿਤ ਆਸਣ ਲਾਇੰਦਾ । ਸ਼ਬਦ ਅਗੰਮੀ ਨਾਦ ਵਜਾ, ਧੁਰ ਫ਼ਰਮਾਨਾ ਸੱਚਾ ਸ਼ਹਿਨਸ਼ਾਹ, ਨਾਉਂ ਨਿਰੰਕਾਰਾ ਆਪ ਸੁਣਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਉਪਾ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਰਚਨ ਰਚਾ, ਰਵ ਸਸ ਪਰਕਾਸ਼ ਧਰਾਇੰਦਾ । ਤ੍ਰੈ ਤ੍ਰੈ ਮੇਲਾ ਸਹਿਜ ਸੁਭਾ, ਪੰਚਮ ਖੇਲ ਰਿਹਾ ਖਿਲਾ, ਲੱਖ ਚੁਰਾਸੀ ਬੰਧਨ ਪਾਇੰਦਾ । ਈਸ਼ ਜੀਵ ਜੋਤ ਜਗਾ, ਪਾਰਬ੍ਰਹਮ ਬ੍ਰਹਮ ਵੰਡ ਵੰਡਾ, ਜੋਤ ਨਿਰੰਜਣ ਡਗਮਗਾਇੰਦਾ । ਅਨਹਦ ਸ਼ਬਦ ਰਾਗ ਅਲਾ, ਪੰਚਮ ਬਹਿ ਬਹਿ ਮੰਗਲ ਗਾ, ਬੰਕ ਦਵਾਰਾ ਆਪ ਸੁਹਾਇੰਦਾ । ਆਪਣਾ ਭੇਵ ਆਪ ਖੁਲ੍ਹਾ, ਵਿਸ਼ਵ ਸੇਵਾ ਇਕ ਜਣਾ, ਬ੍ਰਹਮਾ ਵੇਤਾ ਲਏ ਪੜ੍ਹਾ, ਚਾਰੇ ਵੇਦਾਂ ਆਪ ਅਲਾਇੰਦਾ । ਨਿਰਗੁਣ ਨਿਰਾਕਾਰ ਵੰਡ ਵੰਡਾ, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਨਾਉਂ ਰਖਾ, ਚਾਰੇ ਖਾਣੀ ਲਏ ਉਪਜਾ, ਅੰਡਜ ਜੇਰਜ ਉਤਭੁਜ ਸੇਤਜ ਆਪਣੇ ਰੰਗ ਰੰਗਾਇੰਦਾ । ਚਾਰੇ ਬਾਣੀ ਭੇਵ ਖੁਲ੍ਹਾ, ਚਾਰੇ ਵਰਨਾਂ ਦਏ ਸਮਝਾ, ਚਾਰੇ ਕੂਟਾਂ ਫੇਰਾ ਪਾ, ਦਹਿ ਦਿਸ਼ਾ ਵੇਖ ਵਖਾਇੰਦਾ । ਦੋ ਜਹਾਨਾਂ ਹੋ ਰੁਸ਼ਨਾ, ਚੌਦਾਂ ਲੋਕਾਂ ਦੀਪ ਜਗਾ, ਨੂਰ ਨੁਰਾਨਾ ਨੂਰ ਧਰਾਇੰਦਾ । ਸ਼ਾਹੋ ਭੂਪ ਬਣ ਸ਼ਹਿਨਸ਼ਾਹ, ਹੁਕਮੀ ਹੁਕਮ ਲਏ ਵਰਤਾ, ਆਪਣੇ ਭਾਣੇ ਸਦ ਰਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਏਕਾ ਹਰਿ, ਸਾਚੀ ਧਾਰਾ ਆਪ ਚਲਾਇੰਦਾ । ਸੋ ਪੁਰਖ ਨਿਰੰਜਣ ਸਰਬ ਗੁਣਵੰਤਾ, ਇਕ ਅਕੱਲਾ ਖੇਲ ਖਿਲਾਇੰਦਾ । ਲੇਖਾ ਜਾਣੇ ਆਦਿ ਅੰਤਾ, ਆਦਿ ਅੰਤ ਆਪਣਾ ਬੰਧਨ ਪਾਇੰਦਾ । ਧੁਰ ਦਰਬਾਰਾ ਹਰਿ ਨਿਰੰਕਾਰਾ, ਲੇਖਾ ਜਾਣੇ ਪੂਰਨ ਭਗਵੰਤ, ਪਾਰਬ੍ਰਹਮ ਬੇਅੰਤ ਆਪਣਾ ਖੇਲ ਖਿਲਾਇੰਦਾ । ਲੱਖ ਚੁਰਾਸੀ ਵੇਖਣਹਾਰਾ ਜੀਵ ਜੰਤ, ਜਾਗਰਤ ਜੋਤ ਡਗਮਗਾਇੰਦਾ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਜੁਗਾ ਜੁਗੰਤ, ਵੇਸ ਅਵੱਲਾ ਇਕ ਅਕੱਲਾ ਧਰਤ ਧਵਲ ਆਪ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਏਕਾ ਹਰਿ, ਜੁਗ ਜੁਗ ਆਪਣਾ ਖੇਲ ਖਿਲਾਇੰਦਾ । ਸੋ ਪੁਰਖ ਨਿਰੰਜਣ ਅਗੰਮ ਅਥਾਹ, ਮਹਿਮਾ ਅਕਥ ਕਥੀ ਨਾ ਜਾਈਆ । ਹਰਿ ਪੁਰਖ ਨਿਰੰਜਣ ਬਣ ਮਲਾਹ, ਜੁਗ ਜੁਗ ਆਪਣੀ ਧਾਰ ਚਲਾਈਆ । ਏਕੰਕਾਰਾ ਸਿਫ਼ਤ ਸਲਾਹ, ਸਿਫ਼ਤ ਸਲਾਹੀ ਵਡ ਰਘੁਰਾਈਆ । ਆਦਿ ਨਿਰੰਜਣ ਜੋਤੀ ਨੂਰ ਜੋਤ ਰੁਸ਼ਨਾ, ਦੀਵਾ ਬਾਤੀ ਨਾ ਕੋਈ ਵਖਾਈਆ । ਅਬਿਨਾਸ਼ੀ ਕਰਤਾ ਵਸਣਹਾਰਾ ਸਾਚੇ ਥਾਂ, ਸਚਖੰਡ ਦਵਾਰਾ ਸੋਭਾ ਪਾਈਆ । ਸ੍ਰੀ ਭਗਵਾਨ ਆਪ ਉਠਾਏ ਆਪਣਾ ਸਤਿ ਨਿਸ਼ਾਨ, ਦੋ ਜਹਾਨਾਂ ਆਪ ਝੁਲਾਈਆ । ਪਾਰਬ੍ਰਹਮ ਪ੍ਰਭ ਵੇਖੇ ਮਾਰ ਧਿਆਨ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਜੇਰਜ ਅੰਡਾਂ ਆਪਣਾ ਖੇਲ ਖਿਲਾਈਆ । ਬ੍ਰਹਮ ਬ੍ਰਹਮ ਕਰ ਪਰਧਾਨ, ਲੱਖ ਚੁਰਾਸੀ ਦੇਵੇ ਦਾਨ, ਘਟ ਘਟ ਆਪਣਾ ਨੂਰ ਧਰਾਈਆ । ਏਕਾ ਸ਼ਬਦ ਗੁਣ ਨਿਧਾਨ, ਤਤਵ ਤਤ ਕਰ ਪਰਧਾਨ, ਲੋਕਮਾਤ ਰਾਹ ਵਖਾਈਆ । ਨਾਉਂ ਨਿਰੰਕਾਰਾ ਗੁਣ ਨਿਧਾਨ, ਨਾਦ ਵਜਾਏ ਦੋ ਜਹਾਨ, ਜਗਤ ਜੁਗਤ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਏਕਾ ਹਰਿ, ਇਕ ਅਕੱਲਾ ਬੇਪਰਵਾਹੀਆ । ਇਕ ਅਕੱਲਾ ਏਕੰਕਾਰਾ, ਸਚਖੰਡ

ਨਿਵਾਸੀ ਖੇਲ ਖਿਲਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਭਰ ਭੰਡਾਰਾ, ਤ੍ਰੈਗੁਣ ਮੀਤਾ ਇਕ ਅਤੀਤਾ ਸਾਚੀ ਸੇਵਾ ਲਾਇੰਦਾ । ਲੱਖ ਚੁਰਾਸੀ ਹੋ ਉਜਿਆਰਾ, ਘਟ ਘਟ ਅੰਦਰ ਦੀਪਕ ਦੀਆ ਆਪ ਜਗਾਇੰਦਾ । ਸ਼ਬਦ ਅਨਾਦ ਅਨਹਦ ਸੱਚੀ ਧੁੰਨਕਾਰਾ, ਅਗੰਮ ਅਗੰਮੜਾ ਆਪ ਸੁਣਾਇੰਦਾ । ਜੁਗਾ ਜੁਗੰਤਰ ਸਾਚੀ ਕਾਰਾ, ਕਰਤਾ ਪੁਰਖ ਆਪ ਕਰਾਇੰਦਾ । ਗੁਰ ਅਵਤਾਰ ਲੈ ਅਵਤਾਰਾ, ਨਿਰਗੁਣ ਸਰਗੁਣ ਮੇਲ ਮਿਲਾਇੰਦਾ । ਭਗਤਨ ਦੇਵੇ ਨਾਮ ਭੰਡਾਰਾ, ਸਾਚੀ ਵਸਤ ਆਪ ਵਰਤਾਇੰਦਾ । ਲੇਖਾ ਜਾਣੇ ਅੰਦਰ ਬਾਹਰਾ, ਗੁਪਤ ਜ਼ਾਹਿਰਾ ਖੇਲ ਖਿਲਾਇੰਦਾ । ਬਖ਼ਸ਼ਣਹਾਰਾ ਚਰਨ ਪਿਆਰਾ, ਚਰਨ ਚਰਨੋਦਕ ਮਸਤਕ ਟਿੱਕਾ ਧੂੜੀ ਧੂੜ ਲਗਾਇੰਦਾ । ਮਾਇਆ ਮਮਤਾ ਮੋਹ ਤੋੜ ਸੰਸਾਰਾ, ਹਉਮੇ ਹੰਗਤਾ ਰੋਗ ਗਵਾਇੰਦਾ । ਏਕਾ ਦੇਵੇ ਦਰਸ ਦੀਦਾਰਾ, ਇਸ਼ਟ ਦੇਵ ਏਕਾ ਨਜ਼ਰੀ ਆਇੰਦਾ । ਏਕਾ ਖੋਲੇ ਬੰਦ ਕਿਵਾੜਾ, ਬਜਰ ਕਪਾਟੀ ਤੋੜ ਤੁੜਾਇੰਦਾ । ਏਕਾ ਮੇਟੇ ਅਗਨੀ ਤੱਤ ਵਾ ਨਾ ਲੱਗੇ ਤਤੀ ਹਾੜਾ, ਸਾਂਤਕ ਸਤਿ ਸਤਿ ਆਪ ਕਰਾਇੰਦਾ । ਏਕਾ ਪ੍ਰਕਾਸ਼ ਕਰਾਏ ਬਹੱਤਰ ਨਾੜਾ, ਅਗਿਆਨ ਅੰਧੇਰ ਮਿਟਾਇੰਦਾ । ਇਕ ਵਖਾਏ ਧਰਮ ਅਖਾੜਾ, ਗ੍ਰਹਿ ਮੰਦਰ ਅੰਦਰ ਗੋਪੀ ਕਾਹਨ ਆਪ ਨਚਾਇੰਦਾ । ਏਕਾ ਹੋਏ ਸਹਾਈ ਜੰਗਲ ਜੂਹ ਉਜਾੜ ਪਹਾੜਾ, ਡੂੰਘੀ ਕੰਦਰ ਉਚੇ ਟਿੱਲੇ ਪਰਬਤ ਸਮੁੰਦ ਸਾਗਰ ਵੇਖ ਵਖਾਇੰਦਾ । ਹਰਿ ਭਗਤ ਬਣਾਏ ਹਰਿ ਜੂ ਸਾਚਾ ਲਾੜਾ, ਸੀਸ ਜਗਦੀਸ ਆਪਣਾ ਹੱਥ ਟਿਕਾਇੰਦਾ । ਜੁਗਾ ਜੁਗੰਤਰ ਪਾਵੇ ਸਾਰਾ, ਨਿਤ ਨਵਿਤ ਕਰ ਕਰ ਹਿਤ, ਆਪਣਾ ਰੂਪ ਧਰਾਇੰਦਾ । ਕਾਗਦ ਕ਼ਲਮ ਨਾ ਲਿਖਣਹਾਰਾ ਅਠਾਰਾਂ ਭਾਰ ਬਨਾਸਪਤ ਮੁਖ ਸ਼ਰਮਾਇੰਦਾ । ਸਤ ਸਮੁੰਦਰ ਮਸ ਰੋਵੇ ਜ਼ਾਰੋ ਜ਼ਾਰਾ, ਹਰਿ ਕਾ ਭੇਵ ਕੋਇ ਨਾ ਪਾਇੰਦਾ । ਕਾਤਬ ਬਣੇ ਨਾ ਕੋਇ ਲਿਖਾਰਾ, ਬ੍ਰਹਮਾ ਵਿਸ਼ਨ ਸ਼ਿਵ ਗੁਰ ਅਵਤਾਰ, ਜੁਗ ਜੁਗ ਸੀਸ ਝੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਏਕਾ ਹਰਿ, ਸਚਖੰਡ ਦਵਾਰੇ ਸੋਭਾ ਪਾਇੰਦਾ । ਅਬਿਨਾਸ਼ੀ ਕਰਤਾ ਹਰਿ ਭਗਵਾਨ, ਜੁਗ ਜੁਗ ਆਪਣਾ ਵੇਸ ਧਰਾਇੰਦਾ । ਨਿਰਗੁਣ ਸਰਗੁਣ ਹੋ ਪਰਧਾਨ, ਹਰਿਜਨ ਸਾਚੇ ਵੇਖ ਵਖਾਇੰਦਾ । ਲੱਖ ਚੁਰਾਸੀ ਕਰ ਪਹਿਚਾਨ, ਏਕਾ ਮੰਤਰ ਨਾਮ ਦ੍ਰਿੜਾਇੰਦਾ । ਆਤਮ ਅੰਤਰ ਦੇਵੇ ਬ੍ਰਹਮ ਗਿਆਨ, ਜਗਤ ਬਸੰਤਰ ਆਪ ਬੁਝਾਇੰਦਾ । ਮਾਇਆ ਮਮਤਾ ਮੋਹ ਚੁਕਾਏ ਕਾਣ, ਘਰ ਘਰ ਵਿਚ ਆਪ ਰਖਾਇੰਦਾ । ਘਰ ਠਾਕਰ ਹੋ ਮਿਹਰਵਾਨ, ਘਰ ਮੰਦਰ ਸੋਭਾ ਪਾਇੰਦਾ । ਘਰ ਭਗਤ ਭਗਵੰਤ ਮੇਲਾ ਏਕਾ ਦਰ ਕਰੇ ਪਰਵਾਨ, ਘਰ ਰੰਗ ਬਸੰਤ ਰੰਗਾਇੰਦਾ । ਫੁਲ ਫੁਲਵਾੜੀ ਵੇਖੇ ਆਣ, ਘਰ ਗੀਤ ਗੋਬਿੰਦ ਸੁਣਾਇੰਦਾ । ਗਾਵਣਹਾਰ ਇਕ ਭਗਵਾਨ, ਜੁਗ ਜੁਗ ਆਪਣੀ ਰੀਤ ਚਲਾਇੰਦਾ । ਸਤਿਜੁਗ ਤ੍ਰੇਤਾ ਦਵਾਪਰ ਲੇਖਾ ਜਾਣੇ ਦੋ ਜਹਾਨ, ਕਲਜੁਗ ਅੰਤਮ ਵੇਸ ਵਟਾਇੰਦਾ । ਜੋਧਾ ਸੂਰਬੀਰ ਬਲੀ ਬਲਵਾਨ, ਬਾਵਨ ਅੱਖਰ ਆਪਣੇ ਵਿਚ ਰਖਾਇੰਦਾ । ਪੈਂਤੀਸ ਅੱਖਰ ਜਗਤ ਨਿਸ਼ਾਨ, ਏਕਾ ਸਾਤਾ ਆਪਣੇ ਅੰਕ ਲਗਾਇੰਦਾ । ਇਕ ਇਕੱਲਾ ਖੇਲ ਮਹਾਨ, ਨੌਂ ਸੌ ਚੁਰਾਨਵੇਂ ਚੌਕੜੀ ਜੁਗ ਪੰਧ ਮੁਕਾਇੰਦਾ । ਸਤਾਰਾਂ ਸਾਲ ਦੇਂਦਾ ਰਿਹਾ ਬਿਆਨ, ਸਤਾਰਾਂ ਅੱਖਰ ਨਿਸ਼ਅੱਖਰ ਰੂਪ ਵਟਾਇੰਦਾ । ਨਾ ਕੋਈ ਅੰਕੜਾ ਵੇਖੇ ਵਿਚ ਜਹਾਨ, ਵੇਦ ਕਤੇਬ ਸ਼ਾਸਤਰ ਸਿਮਰਤ ਭੇਵ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਜੁਗ ਜੁਗ ਵੇਸ ਅਵੱਲਾ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਨਿਰਗੁਣ ਨਿਰਵੈਰ ਇਕ ਇਕੱਲਾ, ਅਕਲ ਕਲ ਆਪਣੀ ਆਪ ਪਰਗਟਾਇੰਦਾ । ਲੱਖ ਚੁਰਾਸੀ ਆਪ ਭੁਲਾਏ ਕਰ ਕਰ ਵਲ

ਛਲਾ, ਅਛਲ ਛਲਧਾਰੀ ਭੇਵ ਨਾ ਆਇੰਦਾ । ਲੇਖਾ ਜਾਣੇ ਅਠਸਠ ਤੀਰਥ ਜਲ ਥਲਾ, ਜਲ ਥਲ ਮਹੀਅਲ ਆਪਣੀ ਧਾਰ ਵਹਾਇੰਦਾ । ਜੋਤੀ ਸ਼ਬਦੀ ਆਪੇ ਰਲਾ, ਪਵਣ ਪਵਣਾ ਆਪ ਸਮਾਇੰਦਾ । ਜੁਗਾ ਜੁਗੰਤਰ ਸਚ ਸੰਦੇਸ਼ ਨਰ ਨਰੇਸ਼ ਸ਼ਬਦ ਤਰਾਨਾ ਏਕਾ ਘੱਲਾ, ਨਾਮ ਸਤਾਰ ਆਪ ਵਜਾਇੰਦਾ । ਜਨ ਭਗਤ ਫੜਾਏ ਆਪਣਾ ਪੱਲਾ, ਦੂਸਰ ਓਟ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਮੇਲ ਮਿਲਾਇੰਦਾ । ਹਰਿਜਨ ਮਿਲਾਵਾ ਆਤਮ ਅੰਤਰ, ਪੁਰਖ ਅਬਿਨਾਸ਼ੀ ਆਪ ਕਰਾਈਆ । ਜਿਸ ਜਨ ਜਣਾਏ ਆਪਣਾ ਮੰਤਰ, ਸੋ ਪੁਰਖ ਨਿਰੰਜਣ ਹੋਏ ਸਹਾਈਆ । ਹੰ ਬ੍ਰਹਮ ਬੁਝਾਏ ਬਸੰਤਰ, ਤ੍ਰੈਗੁਣ ਅਗਨ ਰਹਿਣ ਨਾ ਪਾਈਆ । ਲੇਖਾ ਜਾਣੇ ਜੁਗਾ ਜੁਗੰਤਰ, ਜੁਗ ਕਰਤਾ ਸੱਚਾ ਸ਼ਹਿਨਸ਼ਾਹੀਆ । ਕਲਜੁਗ ਅੰਤ ਬਣਾਏ ਬਣਤਰ, ਘੜਨ ਭੰਨਣਹਾਰ ਪੁਰਖ ਸਮਰਥ ਇਕ ਅਖਵਾਈਆ । ਲਹਿਣਾ ਦੇਣਾ ਚੁਕਾਏ ਗਗਨ ਗਗਨੰਤਰ, ਗਗਨ ਪਾਤਾਲਾਂ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਸੱਚਾ ਪਾਤਸ਼ਾਹ, ਪਾਰਬ੍ਰਹਮ ਪ੍ਰਭ ਆਪ ਅਖਵਾਇੰਦਾ । ਦੋ ਜਹਾਨਾਂ ਬਣ ਮਲਾਹ, ਜੁਗ ਜੁਗ ਬੇੜਾ ਆਪ ਚਲਾਇੰਦਾ । ਭਗਤ ਭਗਵੰਤ ਲਏ ਉਠਾ, ਆਲਸ ਨਿੰਦਰਾ ਮਾਤ ਗਵਾਇੰਦਾ । ਏਕਾ ਅੱਖਰ ਆਪ ਪੜ੍ਹਾ, ਜਗਤ ਵਿਦਿਆ ਪੰਧ ਮੁਕਾਇੰਦਾ । ਸਾਚੇ ਪੌੜੇ ਲਏ ਚੜ੍ਹਾ, ਚੌਥੇ ਪਦ ਆਪ ਬਹਾਇੰਦਾ । ਤੀਜਾ ਲੋਚਣ ਦਏ ਖੁਲ੍ਹਾ, ਨੇਤਰ ਨੈਣਾ ਦਰਸ ਦਿਖਾਇੰਦਾ । ਦੂਈ ਦਵੈਤੀ ਦਏ ਮਿਟਾ, ਏਕਾ ਰੰਗ ਰੰਗਾਇੰਦਾ । ਇਕ ਇਕੱਲਾ ਹੋਏ ਸਹਾ, ਸਵਛ ਸਰੂਪੀ ਨਜ਼ਰੀ ਆਇੰਦਾ । ਪੰਚਮ ਮੇਲਾ ਲਏ ਮਿਲਾ, ਪੰਚਮ ਨਾਦ ਧੁੰਨ ਸੁਣਾਇੰਦਾ । ਛੇਵੇਂ ਛੱਪਰ ਛੰਨ ਡੇਰਾ ਢਾਹ, ਸਤਿ ਦਵਾਰੇ ਆਪ ਬਹਾਇੰਦਾ । ਅੱਠਵੇਂ ਅੱਠਾਂ ਤੱਤਾਂ ਲਹਿਣਾ ਦੇਣਾ ਦਏ ਚੁਕਾ, ਲੇਖਾ ਹੋਰ ਨਾ ਕੋਇ ਵਖਾਇੰਦਾ । ਨੌ ਦਵਾਰੇ ਪੰਧ ਮੁਕਾ, ਜਗਤ ਤ੍ਰਿਸ਼ਨਾ ਭੁੱਖ ਮਿਟਾਇੰਦਾ । ਦਸਮ ਦਵਾਰੀ ਕੁੰਡਾ ਲਾਹ, ਆਤਮ ਬ੍ਰਹਮ ਪਾਰਬ੍ਰਹਮ ਵੇਖ ਵਖਾਇੰਦਾ । ਦੀਵਾ ਬਾਤੀ ਆਪ ਜਗਾ, ਕਮਲਾਪਾਤੀ ਸੋਭਾ ਪਾਇੰਦਾ । ਅੰਮ੍ਰਿਤ ਝਿਰਨਾ ਆਪ ਝਿਰਾ, ਨਿਝਰ ਰਸ ਆਪ ਵਖਾਇੰਦਾ । ਸਾਚੀ ਸੇਜਾ ਆਸਣ ਲਾ, ਸਿੰਘਾਸਣ ਰੂਪ ਵਟਾਇੰਦਾ । ਭਗਤ ਭਗਵੰਤ ਲਏ ਮਿਲਾ, ਜਗਤ ਵਿਛੋੜਾ ਪੰਧ ਮੁਕਾਇੰਦਾ । ਸਾਚਾ ਘੋੜਾ ਦਏ ਵਖਾ, ਨਾਮ ਅਸਵ ਇਕ ਰਖਾਇੰਦਾ । ਨੇਤਰ ਨੈਣਾਂ ਕਿਸੇ ਦਿਸੇ ਨਾ, ਦੋਏ ਦੋਏ ਲੋਚਣ ਜੀਵ ਜੰਤ ਰਾਹ ਤਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਰੱਖੇ ਸਦ ਠੰਡੀ ਛਾਂ, ਸਿਰ ਆਪਣਾ ਹੱਥ ਰਖਾਇੰਦਾ । ਹਰਿਜਨ ਠਾਕਰ ਹਰਿ ਹਰਿ ਮੀਤਾ, ਪਾਰਬ੍ਰਹਮ ਵਡੀ ਵਡਿਆਈਆ । ਜੁਗ ਜੁਗ ਚਲਾਏ ਆਪਣੀ ਰੀਤਾ, ਜੋਗ ਜੁਗਤ ਆਪਣੇ ਹੱਥ ਰਖਾਈਆ । ਕਾਇਆ ਮੰਦਰ ਵਖਾਏ ਠਾਕਰ ਦੇਹੁਰਾ ਮੰਦਰ ਮਸੀਤਾ, ਗੁਰਦਵਾਰ ਚਾਰ ਕੁੰਟ ਏਕਾ ਨਜ਼ਰੀ ਆਈਆ । ਏਕਾ ਰੰਗ ਰੰਗਾਏ ਹਸਤ ਕੀਟਾ, ਊਚ ਨੀਚ ਰਾਓ ਰੰਕ ਰਾਜ ਰਾਜਾਨ, ਸ਼ਾਹ ਪਾਤਸ਼ਾਹ ਰੱਖੇ ਥਾਉਂ ਥਾਈਆ । ਜਨ ਭਗਤਾਂ ਬਣਾਏ ਧਾਮ ਅਨਡੀਠਾ, ਅਨਡਿਠ ਰੂਪ ਵਟਾਈਆ । ਕਾਇਆ ਚੋਲੀ ਚਾੜ੍ਹੇ ਰੰਗ ਮਜੀਠਾ, ਉਤਰ ਕਦੇ ਨਾ ਜਾਈਆ । ਹਰਿਜਨ ਹਰਿ ਹਰਿ ਮੇਲਾ ਜਿਉਂ ਰਾਮਾ ਸੀਤਾ, ਸੁਰਤ ਸੁਵਾਣੀ ਸ਼ਬਦ ਰੰਗ ਸਮਾਈਆ । ਕਰੇ ਖੇਲ ਪਤਿਤ ਪੁਨੀਤਾ, ਪਤਿਤ ਪਾਪੀ ਲਏ ਤਰਾਈਆ । ਮਿੱਠਾ ਕਰੇ ਕੌੜਾ ਰੀਠਾ, ਜਿਸ ਜਨ ਅੰਮ੍ਰਿਤ ਜਾਮ ਪਿਆਈਆ । ਕਲਜੁਗ ਅੰਤ ਤਪੇ ਅੰਗੀਠਾ, ਚਾਰੋਂ ਕੁੰਟ ਰਿਹਾ ਜਲਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਏਕਾ ਹਰਿ, ਜੁਗ ਜੁਗ ਆਪਣਾ ਵੇਸ ਵਟਾਈਆ । ਕਲਜੁਗ ਅੰਤਮ ਅਗਨੀ ਅੰਗਿਆਰ, ਪੰਜ ਤਤ ਰਿਹਾ ਜਲਾਇਆ । ਨਾ ਕੋਈ ਦੀਸੇ ਮੀਤ ਮੁਰਾਰ, ਸਗਲਾ ਸੰਗ ਨਾ ਕੋਈ ਰਖਾਇਆ । ਸ੍ਰਿਸ਼ਟ ਸਬਾਈ ਹੋਈ ਨਾਰ ਵਿਭਚਾਰ, ਹਰਿ ਹਰਿ ਕੰਤ ਨਾ ਕੋਈ ਹੰਢਾਇਆ । ਨੌ ਸਤ ਧੂਆਂਧਾਰ ਰਵ ਸਸ ਮੁਖ ਸ਼ਰਮਾਇਆ । ਤੀਰਥ ਤਟ ਰੋਵਣ ਜ਼ਾਰੋ ਜ਼ਾਰ, ਉਚੀ ਕੂਕਨ ਦੇਣ ਦੁਹਾਇਆ । ਮੰਦਰ ਮਸਜਿਦ ਮਠ ਨਾ ਕੋਈ ਪਿਆਰ, ਸਾਚਾ ਸੰਗ ਨਾ ਕੋਈ ਨਿਭਾਇਆ । ਲੱਖ ਚੁਰਾਸੀ ਨਾੜ ਬਹੱਤਰ ਉਬਲੇ ਰਤ, ਅੰਮ੍ਰਿਤ ਮੇਘ ਨਾ ਕੋਈ ਬਰਸਾਇਆ । ਰਸਨਾ ਜਿਹਵਾ ਪੜ੍ਹ ਪੜ੍ਹ ਜੀਵ ਜੰਤ ਗਏ ਥੱਕ, ਸਤਿਗੁਰ ਸਤਿ ਸਰੂਪ ਨਜ਼ਰ ਕਿਸੇ ਨਾ ਆਇਆ । ਕਲਜੁਗ ਕੂੜ ਕੁੜਿਆਰਾ ਸੋਇਆ ਢਕ, ਜੂਠ ਝੂਠ ਡੰਕਾ ਰਿਹਾ ਵਜਾਇਆ । ਸਚ ਸੁਚ ਨਾ ਦਿਸੇ ਕੋਈ ਫੁਲਵਾੜੀ ਪੱਤ, ਪੱਤ ਡਾਲ੍ਹੀ ਨਾ ਕੋਈ ਮਹਿਕਾਇਆ । ਦੁਰਮਤ ਮੈਲ ਨਾ ਦੇਵੇ ਕੋਈ ਕੱਟ, ਹਉਮੇ ਰੋਗ ਨਾ ਕੋਈ ਮਿਟਾਇਆ । ਹਰਿ ਭਗਤ ਹਰਿਜਨ ਵਿਰਲਾ ਬੈਠਾ ਸਬਰ ਘੱਤ, ਪੁਰਖ ਅਬਿਨਾਸ਼ੀ ਏਕਾ ਓਟ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਨਾਉਂ ਪਰਗਟਾਇਆ । ਨਾਉਂ ਪਰਗਟਾਏ ਹਰਿ ਨਿਰੰਕਾਰਾ, ਨਿਰਗੁਣ ਦਾਤਾ ਬੇਪਰਵਾਹੀਆ । ਚੌਥੇ ਜੁਗ ਕਰ ਪਸਾਰਾ, ਚਾਰ ਚਾਰ ਦਏ ਜਣਾਈਆ । ਚਾਰ ਚਾਰ ਦਏ ਹੁਲਾਰਾ, ਚਾਰ ਚਾਰ ਵੇਖ ਵਖਾਈਆ । ਨੌ ਨੌ ਇਕ ਅਖਾੜਾ, ਨੌ ਨੌ ਵੇਖੇ ਥਾਉਂ ਥਾਈਂਆ । ਸਤ ਸਤ ਹਾਹਾਕਾਰਾ, ਸਤ ਸਤ ਰਿਹਾ ਕੁਰਲਾਈਆ । ਗੁਰਮੁਖ ਵਿਰਲੇ ਦੇਵੇ ਹਰਿ ਹਰਿ ਮਤ, ਗੁਰਮਤ ਇਕ ਸਮਝਾਈਆ । ਸਾਚਾ ਮਾਰਗ ਹਰਿ ਜੂ ਦੱਸ, ਸਾਚੇ ਪੌੜੇ ਦਏ ਚੜ੍ਹਾਈਆ । ਅੰਮ੍ਰਿਤ ਆਤਮ ਦੇਵੇ ਨਿਝਰ ਰਸ, ਨਾਭੀ ਕਵਲੀ ਆਪ ਭਰਾਈਆ । ਜੋਤ ਨਿਰੰਜਣ ਕਰ ਪ੍ਰਕਾਸ਼, ਅੰਧ ਅੰਧੇਰ ਦਏ ਗਵਾਈਆ । ਆਤਮ ਸੇਜਾ ਕਰੇ ਹਾਸ ਬਿਲਾਸ, ਭਸਮੜ ਆਪਣਾ ਭੋਗੀ ਭੋਗ ਵਖਾਈਆ । ਹਰਿ ਭਗਤ ਨਾ ਹੋਏ ਕਦੇ ਉਦਾਸ, ਜਿਸ ਮਿਲਿਆ ਸੱਚਾ ਮਾਹੀਆ । ਦਿਵਸ ਰੈਣ ਵਸੇ ਪਾਸ, ਸਦਾ ਸੁਹੇਲਾ ਵਿਛੜ ਕਦੇ ਨਾ ਜਾਈਆ । ਜਨਮ ਜਨਮ ਦੀ ਬੁਝਾਏ ਪਿਆਸ, ਜਿਸ ਜਨ ਆਪਣਾ ਰਸ ਵਖਾਈਆ । ਮਾਨਸ ਜਨਮ ਹੋਏ ਰਾਸ, ਲੱਖ ਚੁਰਾਸੀ ਫੰਦ ਕਟਾਈਆ । ਰਾਏ ਧਰਮ ਨਾ ਪਾਏ ਫਾਸ, ਚਿਤਰ ਗੁਪਤ ਨਾ ਲੇਖ ਵਖਾਈਆ । ਜਿਸ ਜਨ ਗਾਇਆ ਰਸਨ ਸਵਾਸ, ਸੋਹੰ ਹਰਿ ਹਰਿ ਆਪਣਾ ਰੰਗ ਰੰਗਾਈਆ । ਲੇਖਾ ਚੁੱਕੇ ਪ੍ਰਿਥਮੀ ਆਕਾਸ਼, ਆਕਾਸ਼ ਅਕਾਸ਼ਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਲਏ ਜਗਾਈਆ । ਹਰਿਜਨ ਹਰਿ ਜਗਾਇਆ, ਕਰ ਕਿਰਪਾ ਗੁਣ ਨਿਧਾਨ । ਤ੍ਰੈਗੁਣ ਮਾਇਆ ਪਰਦਾ ਲਾਹਿਆ, ਆਤਮ ਅੰਤਰ ਇਕ ਗਿਆਨ । ਮਾਇਆ ਮਮਤਾ ਮੋਹ ਚੁਕਾਇਆ, ਨਾਤਾ ਤੋੜ ਪੰਜ ਸ਼ੈਤਾਨ । ਸਾਚਾ ਮੰਤਰ ਇਕ ਦ੍ਰਿੜਾਇਆ, ਸੋ ਪੁਰਖ ਨਿਰੰਜਣ ਹੋ ਮਿਹਰਵਾਨ । ਹੰ ਬ੍ਰਹਮ ਭੇਵ ਮਿਟਾਇਆ, ਈਸ਼ ਜੀਵ ਕਰ ਕਲਿਆਣ । ਜਗਤ ਜਗਦੀਸ ਦਰਸ ਦਿਖਾਇਆ, ਗ੍ਰਿਹਿ ਮੰਦਰ ਕਰ ਪਰਵਾਨ । ਸਾਚਾ ਤਾਜ ਸੀਸ ਟਿਕਾਇਆ, ਲੇਖਾ ਜਾਣੇ ਦੋ ਜਹਾਨ । ਬੀਸ ਬੀਸ ਵੇਖ ਵਖਾਇਆ, ਰਾਹ ਤਕੇ ਜ਼ਿਮੀਂ ਅਸਮਾਨ । ਸਚ ਹਦੀਸ ਇਕ ਸੁਣਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਜੀਆ ਦਾਨ । ਜੀਆ ਦਾਨ ਵਸਤ ਅਮੋਲ, ਜੀਵਣ ਦਾਤਾ ਇਕ ਵਰਤਾਈਆ । ਸ਼ਬਦ ਅਗੰਮੀ ਕੰਡੇ ਤੋਲ, ਤੋਲਣਹਾਰਾ ਆਪਣੇ ਹੱਥ ਰੱਖੇ ਵਡਿਆਈਆ । ਸੁਰਤੀ

ਸ਼ਬਦੀ ਜਾਏ ਮੌਲ, ਮੌਲਾ ਆਪਣੀ ਖੇਲ ਖਿਲਾਈਆ । ਦੇਵੇ ਵਡਿਆਈ ਉਪਰ ਧੌਲ, ਹਰਿਜਨ ਸਾਚੇ ਆਪ ਉਠਾਈਆ । ਆਪਣਾ ਕੀਤਾ ਪੂਰਾ ਕਰੇ ਕੌਲ, ਗੋਬਿੰਦ ਗੁਰ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਅੰਤ ਆਪਣਾ ਪਰਦਾ ਆਪ ਚੁਕਾਈਆ । ਪਰਦਾ ਚੁਕੌਣਾ ਅੰਤ ਕਲ, ਕਲ ਕਲਕੀ ਲੈ ਅਵਤਾਰ । ਪਰਦਾ ਚੁਕੌਣਾ ਅੰਤ ਕਲ, ਨਿਹਕਲੰਕਾ ਜਾਮਾ ਧਾਰ । ਪਰਦਾ ਚੁਕੌਣਾ ਅੰਤ ਕਲ, ਲੋਕਮਾਤ ਵਖਾਏ ਸਚਖੰਡ ਦਵਾਰ । ਪਰਦਾ ਚੁਕੌਣਾ ਅੰਤ ਕਲ, ਥਿਰ ਘਰ ਜੋਤੀ ਜੋਤ ਕਰੇ ਉਜਿਆਰ । ਪਰਦਾ ਚੁਕੌਣਾ ਅੰਤ ਕਲ, ਸੁੰਨ ਅਗੰਮ ਹੋਏ ਖ਼ਬਰਦਾਰ । ਪਰਦਾ ਚੁਕੌਣਾ ਅੰਤ ਕਲ, ਭਗਤ ਭਗਵੰਤ ਲਏ ਉਭਾਰ । ਪਰਦਾ ਚੁਕੌਣਾ ਅੰਤ ਕਲ, ਦਸਮ ਦਵਾਰੀ ਖੇਲ ਨਿਆਰ । ਪਰਦਾ ਚੁਕੌਣਾ ਅੰਤ ਕਲ, ਆਤਮ ਸੇਜਾ ਮੇਲਾ ਨਾਰੀ ਕੰਤ ਭਤਾਰ । ਪਰਦਾ ਚੁਕੌਣਾ ਅੰਤ ਕਲ, ਘਰ ਘਰ ਵਿਚ ਨਾਦ ਸੁਣਾਏ ਅਨਹਦ ਸੱਚੀ ਧੁੰਨਕਾਰ । ਪਰਦਾ ਚੁਕੌਣਾ ਅੰਤ ਕਲ, ਘਰ ਅੰਮ੍ਰਿਤ ਬਖ਼ਸ਼ੇ ਠੰਡੀ ਠਾਰ । ਪਰਦਾ ਚੁਕੌਣਾ ਅੰਤ ਕਲ, ਲੇਖਾ ਜਾਣੇ ਈੜਾ ਪਿੰਗਲ ਸੁਖਮਨ ਟੇਢੀ ਬੰਕ ਕਰਾਏ ਪਾਰ । ਪਰਦਾ ਚੁਕੌਣਾ ਅੰਤ ਕਲ, ਨੌ ਦਵਾਰੇ ਵੇਖੇ ਵਾਰੋ ਵਾਰ । ਪਰਦਾ ਚੁਕੌਣਾ ਅੰਤ ਕਲ, ਪੰਚ ਦੁਸ਼ਟ ਕਾਮ ਕਰੋਧ ਲੋਭ ਮੋਹ ਹੰਕਾਰ ਕਰ ਖ਼ਵਾਰ । ਪਰਦਾ ਚੁਕੌਣਾ ਅੰਤ ਕਲ, ਗੁਰਮੁਖ ਸਾਚੇ ਕਰ ਪਿਆਰ । ਪਰਦਾ ਚੁਕੌਣਾ ਅੰਤ ਕਲ, ਕਲਜੁਗ ਕੂੜੀ ਕਿਰਿਆ ਦਏ ਨਿਵਾਰ । ਪਰਦਾ ਚੁਕੌਣਾ ਅੰਤ ਕਲ, ਜੂਠ ਝੂਠ ਕਰੇ ਪਾਰ ਕਿਨਾਰ । ਪਰਦਾ ਚੁਕੌਣਾ ਅੰਤ ਕਲ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਦਰ ਦਰ ਕਰੇ ਭਿਖਾਰ । ਪਰਦਾ ਚੁਕੌਣਾ ਅੰਤ ਕਲ, ਸੰਮਤ ਸੰਮਤੀ ਮਾਰੇ ਮਾਰ । ਪਰਦਾ ਚੁਕੌਣਾ ਅੰਤ ਕਲ, ਨਾਮ ਖੰਡਾ ਫੜ ਤੇਜ਼ ਕਟਾਰ । ਪਰਦਾ ਚੁਕੌਣਾ ਅੰਤ ਕਲ, ਚੰਡ ਪਰਚੰਡ ਵਿਚ ਬ੍ਰਹਿਮੰਡ ਏਕਾ ਵਾਰ ਦਏ ਹੁਲਾਰ । ਪਰਦਾ ਚੁਕੌਣਾ ਅੰਤ ਕਲ, ਨਵ ਖੰਡ ਸ੍ਰਿਸ਼ਟ ਸਬਾਈ ਖੰਡ ਖੰਡ ਕਰੇ ਸੰਸਾਰ । ਪਰਦਾ ਚੁਕੌਣਾ ਅੰਤ ਕਲ, ਪਾਰਬ੍ਰਹਮ ਪਤਿਪਰਮੇਸ਼ਵਰ ਸਤਿ ਸਵਾਮੀ ਜਗਤ ਨਿਹਕਾਮੀ ਨਿਰਗੁਣ ਨਿਰਵੈਰ ਹੋ ਤਿਆਰ । ਪਰਦਾ ਚੁਕੌਣਾ ਅੰਤ ਕਲ, ਲੱਖ ਚੁਰਾਸੀ ਪੂਰਬ ਜਨਮ ਲੇਖਾ ਆਪਣੇ ਲੇਖੇ ਡਾਰ । ਪਰਦਾ ਚੁਕੌਣਾ ਅੰਤ ਕਲ, ਬ੍ਰਹਮਾ ਵਿਸ਼ਨ ਸ਼ਿਵ ਕਰੇ ਆਰ ਪਾਰ । ਪਰਦਾ ਚੁਕੌਣਾ ਅੰਤ ਕਲ, ਸਤਿ ਸਤਿਵਾਦੀ ਸਾਚੀ ਬੰਨ੍ਹੇ ਧਾਰ । ਪਰਦਾ ਚੁਕੌਣਾ ਅੰਤ ਕਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸੱਚਾ ਹਰਿ, ਹਰਿਜਨ ਮੇਲੇ ਇਕ ਦਵਾਰ । ਇਕ ਦਵਾਰ ਸੁਹੰਜਣਾ, ਸੋਭਾਵੰਤ ਸੁਹਾਏ । ਆਦਿ ਪੁਰਖ ਆਦਿ ਨਿਰੰਜਣਾ, ਆਦਿ ਅਨਾਦੀ ਵੇਖ ਵਖਾਏ । ਦੀਨਾ ਨਾਥ ਦਰਦ ਦੁੱਖ ਭੈ ਭੰਜਨਾ, ਦੀਨਨ ਦੀਨ ਹੋਏ ਸਹਾਏ । ਜਨ ਭਗਤਾਂ ਨੇਤਰ ਪਾਏ ਨਾਮ ਅੰਜਨਾ, ਅਗਿਆਨ ਅੰਧੇਰ ਮਿਟਾਏ । ਘਰ ਮੇਲਾ ਸਾਚੇ ਸੱਜਣਾ, ਘਰ ਗੀਤ ਗੋਬਿੰਦ ਅਲਾਏ । ਲੱਖ ਚੁਰਾਸੀ ਜੋ ਘੜਿਆ ਸੋ ਭੱਜਣਾ, ਥਿਰ ਕੋਇ ਰਹਿਣ ਨਾ ਪਾਏ । ਕਲਜੁਗ ਕਾਲ ਨਗਾਰਾ ਸਿਰ ਤੇ ਵੱਜਣਾ, ਲੁਕਿਆ ਕੋਇ ਰਹੇ ਨਾ ਰਾਏ । ਤਖ਼ਤ ਤਾਜ ਸ਼ਾਹ ਸੁਲਤਾਨਾਂ ਤਜਣਾ, ਤਖ਼ਤ ਨਿਵਾਸੀ ਹੁਕਮ ਸੁਣਾਏ । ਮਨਮੁਖ ਪਰਦਾ ਕਿਸੇ ਨਾ ਕੱਜਣਾ, ਗੁਰ ਸਤਿਗੁਰ ਨਾ ਕੋਇ ਸਹਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਏ । ਹਰਿਜਨ ਵੇਖ ਵਖਾਣ ਦਾ, ਇਕ ਇਕੱਲਾ ਹਰਿ ਮਿਹਰਵਾਨ । ਜੁਗ ਜੁਗ ਲੇਖਾ ਜਾਣੇ ਦੋ ਜਹਾਨ ਦਾ, ਲੋਆਂ ਪੁਰੀਆਂ ਵੇਖੇ ਮਾਰ ਧਿਆਨ । ਲੱਖ ਚੁਰਾਸੀ ਖੇਲ ਸ੍ਰੀ ਭਗਵਾਨ ਦਾ, ਘਟ ਘਟ ਵਸੇ ਗੁਣ ਨਿਧਾਨ । ਕਲਜੁਗ ਕੂੜ

ਕੁੜਿਆਰਾ ਖ਼ਾਕ ਛਾਣਦਾ, ਪੰਜ ਸ਼ੈਤਾਨਾਂ ਬੇ ਈਮਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖੇ ਬਾਲ ਅੰਞਾਣ । ਹਰਿਜਨ ਬਾਲ ਅੰਞਾਣਾ, ਗੁਰ ਸਤਿਗੁਰ ਵੇਖ ਵਖਾਈਆ । ਜਿਸ ਜਨ ਬਖ਼ਸ਼ੇ ਚਰਨ ਧਿਆਨਾ, ਚਾਰ ਵਰਨ ਮਿਲੇ ਵਡਿਆਈਆ । ਇਕ ਵਖਾਏ ਪਦ ਨਿਰਬਾਣਾ, ਪਰਮ ਪੁਰਖ ਸੱਚਾ ਸ਼ਹਿਨਸ਼ਾਹੀਆ । ਸਤਿ ਸਤਿਵਾਦੀ ਸਾਚਾ ਰਾਣਾ, ਰਾਜਨ ਰਾਜ ਇਕ ਕਮਾਈਆ । ਕਲਜੁਗ ਵਰਤੇ ਆਪਣਾ ਭਾਣਾ, ਨਾ ਕੋਈ ਮੇਟੇ ਮੇਟ ਮਿਟਾਈਆ । ਗੁਰਮੁਖ ਵਿਰਲਾ ਚਤੁਰ ਸੁਘੜ ਸੁਜਾਨਾ, ਜਿਸ ਜਨ ਆਪਣੀ ਬੂਝ ਬੁਝਾਈਆ । ਏਕਾ ਗਾਏ ਅਗੰਮੀ ਗਾਨਾ, ਸੋਹੰ ਸ਼ਬਦ ਹਰਿ ਪੜ੍ਹਾਈਆ । ਏਥੇ ਓਥੇ ਦੇਵੇ ਮਾਣਾ, ਦੋਏ ਦੋਏ ਲੇਖਾ ਆਪ ਮੁਕਾਈਆ । ਆਵਣ ਜਾਵਣ ਚੁੱਕੇ ਕਾਣਾ, ਮਾਤ ਗਰਭ ਨਾ ਅਗਨ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਤਰਾਈਆ । ਤਾਰਨਹਾਰਾ ਏਕਾ ਗੁਰ, ਆਦਿ ਜੁਗਾਦਿ ਸਮਾਇਆ । ਜਿਸ ਮਸਤਕ ਲੇਖਾ ਲਿਖਿਆ ਧੁਰ, ਤਿਸ ਜਨ ਹਰਿ ਹਰਿ ਲਏ ਮਿਲਾਇਆ । ਸਤਿ ਪ੍ਰੀਤੀ ਜਾਏ ਜੁੜ, ਨਾ ਕੋਈ ਸਕੇ ਤੋੜ ਤੁੜਾਇਆ । ਅੰਤਮ ਅੰਤ ਗੁਰ ਸਤਿਗੁਰ ਜਾਏ ਬੌਹੜ, ਗੁਰਮੁਖ ਸਾਚੇ ਵੇਖ ਵਖਾਇਆ । ਜਨਮ ਜਨਮ ਦੀ ਬੁਝਾਏ ਔੜ, ਜਗਤ ਤ੍ਰਿਸ਼ਨਾ ਭੁੱਖ ਗਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਜੀਵਣ ਜੀਵਤ ਜੀਵਤ ਮੁਕਤ ਵਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗਾ ਜੁਗੰਤਰ ਸ਼ਬਦ ਅਨਾਦ ਪਰਗਟਾਏ ਮੰਤਰ, ਸਾਚੇ ਸੰਤ ਆਪ ਸੁਣਾਇਆ ।



੪੩੩ ੧੦

## ★ ੫ ਚੇਤ ੨੦੧੮ ਬਿਕ੍ਰਮੀ ਹਰਬੰਸ ਸਿੰਘ ਦੇ ਗ੍ਰਿਹਿ ਠੀਕਰੀ ਛੰਨਾਂ ਜ਼ਿਲਾ ਕਰਨਾਲ ★

ਸਰਬ ਕਲ ਹਰਿ ਸਮਰਥ, ਇਕ ਇਕੱਲਾ ਭੇਵ ਨਾ ਆਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਸ਼ਬਦ ਅਗੰਮੀ ਚਲਾਏ ਰਥ, ਨਿਰਵੈਰ ਪੁਰਖ ਸੇਵ ਕਮਾਇੰਦਾ । ਆਪ ਪਰਗਟਾਏ ਦਇਆ ਕਮਾਏ ਆਪਣੀ ਵਥ, ਸਚ ਸਮਗਰੀ ਆਪਣੇ ਹੱਥ ਰਖਾਇੰਦਾ । ਸਚਖੰਡ ਦਵਾਰਾ ਏਕੰਕਾਰਾ ਸਚ ਮਹੱਲੇ ਰਿਹਾ ਵਸ, ਸਚ ਸਿੰਘਾਸਣ ਆਸਣ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਖੇਲ ਆਪ ਖਿਲਾਇੰਦਾ । ਸਚਖੰਡ ਦਵਾਰਾ ਹਰਿ ਕਰ ਪਸਾਰਾ, ਦਰ ਘਰ ਸਾਚਾ ਆਪ ਸੁਹਾਈਆ । ਪੁਰਖ ਅਕਾਲ ਹੋ ਉਜਿਆਰਾ, ਅਨਭਵ ਆਪਣਾ ਪਰਕਾਸ਼ ਧਰਾਈਆ । ਅਲਖ ਅਗੋਚਰ ਖੇਲ ਨਿਆਰਾ, ਜੋਤੀ ਨੂਰ ਡਗਮਗਾਈਆ । ਸ਼ਾਹੋ ਭੂਪ ਬਣ ਸਿਕਦਾਰਾ, ਸ਼ਾਹ ਪਾਤਸ਼ਾਹ ਆਪਣਾ ਨਾਉਂ ਧਰਾਈਆ । ਹੁਕਮੀ ਹੁਕਮ ਸ਼ਬਦ ਵਰਤਾਰਾ, ਧੁਰ ਫ਼ਰਮਾਨਾ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਨਿਵਾਸਾ ਖੇਲ ਤਮਾਸ਼ਾ, ਪੁਰਖ ਅਬਿਨਾਸ਼ਾ ਆਪ ਕਰਾਈਆ । ਪੁਰਖ ਅਬਿਨਾਸ਼ੀ ਖੇਲ ਨਿਰਾਲੀ, ਅਲਖ ਅਗੋਚਰ ਅਗੰਮ ਅਥਾਹ ਬੇਪਰਵਾਹ ਆਪ ਕਰਾਇੰਦਾ । ਲੇਖਾ ਜਾਣੇ ਦੋ ਜਹਾਨ ਦੋ ਜਹਾਨਾਂ ਵਾਲੀ, ਆਪਣਾ ਭੇਵ ਆਪ ਖੁਲ੍ਹਾਇੰਦਾ । ਜੁਗਾ ਜੁਗੰਤਰ ਚਾਲ ਨਿਰਾਲੀ, ਦਿਸ ਕਿਸੇ ਨਾ ਆਇੰਦਾ । ਦੀਨ ਦੁਨੀ ਏਕਾ ਵਾਲੀ, ਦਰਦ ਦੁਖ ਭੈ ਭੰਜਨ ਆਪਣੀ ਕਾਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਸਣਹਾਰਾ ਸਾਚੇ ਘਰ, ਸਚਖੰਡ ਦਵਾਰੇ ਸੋਭਾ ਪਾਇੰਦਾ । ਸਚਖੰਡ ਦਵਾਰਾ ਸੋਭਾਵੰਤ, ਛੱਪਰ ਛੰਨ ਨਾ ਕੋਇ ਛੁਹਾਈਆ । ਸੋ ਪੁਰਖ ਨਿਰੰਜਣ ਬੈਠਾ ਏਕਾ ਕੰਤ,

ਹਰਿ ਪੁਰਖ ਨਿਰੰਜਣ ਨਾਰੀ ਨਰ ਨਰਾਇਣ ਰੂਪ ਵਟਾਈਆ । ਏਕੰਕਾਰਾ ਮਹਿਮਾ ਅਗਣਤ, ਲੇਖਾ ਲਿਖ ਨਾ ਸਕੇ ਕੋਇ ਰਾਈਆ । ਆਦਿ ਨਿਰੰਜਣ ਜੋਬਨਵੰਤ, ਨੂਰ ਨੁਰਾਨਾ ਬੇਪਰਵਾਹੀਆ । ਅਬਿਨਾਸ਼ੀ ਕਰਤਾ ਲੇਖਾ ਜਾਣੇ ਆਦਿ ਅੰਤ, ਮਧ ਆਪਣਾ ਬੰਧਨ ਪਾਈਆ । ਸ੍ਰੀ ਭਗਵਾਨ ਆਪ ਪਰਗਟਾਏ ਆਪਣਾ ਮੰਤ, ਨਾਉਂ ਨਿਰੰਕਾਰਾ ਆਪ ਰਖਾਈਆ । ਪਾਰਬ੍ਰਹਮ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਸਚਖੰਡ ਦਏ ਵਡਿਆਈਆ । ਸਚਖੰਡ ਦਵਾਰ ਸੁਹੰਜਣਾ, ਹਰਿ ਸਾਚਾ ਆਪ ਸੁਹਾਇੰਦਾ । ਦੀਪਕ ਜੋਤ ਪਰਕਾਸ਼ ਕਰੇ ਆਦਿ ਨਿਰੰਜਣਾ, ਨੂਰ ਨੁਰਾਨਾ ਡਗਮਗਾਇੰਦਾ । ਨਿਰਗੁਣ ਨਿਰਗੁਣ ਬਣੇ ਸਾਚਾ ਸੱਜਣਾ, ਸਗਲਾ ਸੰਗ ਵਖਾਇੰਦਾ । ਨਾ ਘੜਿਆ ਨਾ ਭੱਜਣਾ, ਘੜਨ ਭੰਨਣਹਾਰ ਆਪਣੀ ਕਲ ਵਰਤਾਇੰਦਾ । ਥਿਰ ਘਰ ਨਿਵਾਸੀ ਆਪੇ ਜਾਣੇ ਆਪਣਾ ਸਾਚਾ ਮਜਨਾ, ਸਰ ਸਰੋਵਰ ਏਕਾ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਆਪ ਵਡਿਆਇੰਦਾ । ਸਚਖੰਡ ਦਵਾਰਾ ਸਾਚੀ ਧਾਰ, ਪੁਰਖ ਅਕਾਲ ਆਪ ਚਲਾਈਆ । ਨਾ ਕੋਈ ਦਿਸੇ ਚਾਰ ਦੀਵਾਰ, ਰੂਪ ਰੰਗ ਰੇਖ ਨਾ ਕੋਇ ਵਖਾਈਆ । ਸੂਰਜ ਚੰਨ ਨਾ ਕੋਇ ਉਜਿਆਰ, ਮੰਡਲ ਮੰਡਪ ਨਾ ਕੋਇ ਸੁਹਾਈਆ । ਗਗਨ ਪਾਤਾਲ ਨਾ ਕੋਇ ਆਧਾਰ, ਲੋਆਂ ਪੁਰੀਆਂ ਨਾ ਬੰਧਨ ਪਾਈਆ । ਕਰੇ ਖੇਲ ਅਪਰ ਅਪਾਰ, ਇਕ ਇਕੱਲਾ ਸੱਚਾ ਸ਼ਹਿਨਸ਼ਾਹੀਆ । ਆਪਣੀ ਇਛਿਆ ਆਪ ਵਿਚਾਰ, ਆਪਣਾ ਬਲ ਆਪ ਧਰਾਈਆ । ਮਾਤ ਪਿਤ ਨਾ ਕੋਇ ਪਿਆਰ, ਪੂਤ ਸਪੂਤ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਆਪੇ ਵੜ, ਆਸਣ ਸਿੰਘਾਸਣ ਆਪ ਸੁਹਾਈਆ । ਸਚਖੰਡ ਦਵਾਰੇ ਆਪੇ ਵੜਿਆ, ਨਿਰਗੁਣ ਰੂਪ ਪੁਰਖ ਅਗੰਮ । ਘਾੜਤ ਘੜਨ ਨਾ ਕਿਸੇ ਘੜਿਆ, ਮਾਤਾ ਕੁੱਖ ਨਾ ਪਿਆ ਜੰਮ । ਆਪਣੇ ਪੌੜੇ ਆਪੇ ਚੜ੍ਹਿਆ, ਪਾਰਬ੍ਰਹਮ ਪ੍ਰਭ ਆਪਣਾ ਬੇੜਾ ਬੰਨ੍ਹ । ਆਪਣਾ ਅਖਸ਼ਰ ਆਪੇ ਪੜ੍ਹਿਆ, ਆਪੇ ਰਿਹਾ ਮੰਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਸਚਖੰਡ ਨਿਵਾਸੀ ਇਕ ਭਗਵਨ । ਸ੍ਰੀ ਭਗਵਾਨ ਸਚਖੰਡ ਦਵਾਰ ਸੁਹਾਇੰਦਾ, ਸੋਭਾਵੰਤ ਏਕੰਕਾਰ । ਤਖ਼ਤ ਨਿਵਾਸੀ ਤਖ਼ਤ ਉਪਾਇੰਦਾ, ਆਪ ਆਪਣੀ ਕਿਰਪਾ ਧਾਰ । ਪਾਵਾ ਚੂਲ ਨਾ ਕੋਇ ਰਖਾਇੰਦਾ, ਨਾ ਕੋਈ ਬਾਢੀ ਕਰੇ ਵਿਚਾਰ । ਨੇਤਰ ਲੋਚਣ ਨੈਣ ਦਿਸ ਕਿਸੇ ਨਾ ਆਇੰਦਾ, ਅਨਡਿਠ ਖੇਲ ਕਰੇ ਕਰਤਾਰ । ਕਾਗਦ ਕ਼ਲਮ ਭੇਵ ਨਾ ਪਾਇੰਦਾ, ਲਿਖ ਲਿਖ ਕੋਇ ਨਾ ਪਾਵੇ ਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਖੋਲ੍ਹੇ ਇਕ ਕਿਵਾੜ । ਸਚਖੰਡ ਦਵਾਰਾ ਖੋਲ੍ਹਿਆ, ਸਤਿ ਪੁਰਖ ਨਿਰੰਜਣ ਸਤਿ ਸਤਿਵਾਦ । ਆਦਿ ਜੁਗਾਦਿ ਰਹੇ ਅਡੋਲਿਆ, ਨਿਰਗੁਣ ਰੂਪ ਹੋ ਵਿਸਮਾਦ । ਆਪਣਾ ਨਾਉਂ ਨਿਰੰਕਾਰ ਆਪੇ ਬੋਲਿਆ, ਆਪ ਜਣਾਏ ਬੋਧ ਅਗਾਧ । ਆਪਣੇ ਕੰਡੇ ਆਪੇ ਤੋਲਿਆ, ਆਪ ਆਪਾ ਵਿਚੋਂ ਕਾਢ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸੀ ਇਕ ਵਜਾਏ ਸਾਚਾ ਨਾਦ । ਸਾਚਾ ਨਾਦ ਸਚਖੰਡ ਨਿਵਾਸੀ, ਏਕਾ ਏਕ ਉਪਾਈਆ । ਆਪਣੇ ਮੰਡਲ ਆਪੇ ਪਾਵੇ ਰਾਸੀ, ਪਾਰਬ੍ਰਹਮ ਵਡੀ ਵਡਿਆਈਆ । ਨਿਰਗੁਣ ਜੋਤ ਜੋਤ ਪਰਕਾਸੀ, ਅਨਭਵ ਆਪਣੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਸੰਦੇਸ਼ ਨਰ ਨਰੇਸ਼ ਆਪ ਸੁਣਾਈਆ । ਸਚ ਸੰਦੇਸ਼ ਹਰਿ ਨਿਰੰਕਾਰਾ, ਆਪਣਾ ਆਪ ਉਪਾਇੰਦਾ । ਆਪਣਾ ਨਾਉਂ ਕਰ ਉਜਿਆਰਾ, ਆਪੇ ਵੇਖ ਵਖਾਇੰਦਾ । ਸਚਖੰਡ

ਖੰਡ ਸਚ ਏਕਾ ਕਾਰਾ, ਥਿਰ ਘਰ ਆਪਣਾ ਰੂਪ ਧਰਾਇੰਦਾ । ਸ਼ਬਦ ਅਨਾਦੀ ਸਤਿ ਜੈਕਾਰਾ, ਸਤਿ ਬ੍ਰਹਿਮਾਦੀ ਆਪ ਬਣਾਇੰਦਾ । ਏਕਾ ਦੇਵੇ ਸਾਚੀ ਦਾਦੀ, ਵਸਤ ਅਮੋਲਕ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਦਵਾਰਾ ਆਪਣਾ ਆਪ ਜਣਾਇੰਦਾ । ਥਿਰ ਘਰ ਦਵਾਰਾ ਕਰ ਤਿਆਰ, ਘਰ ਘਰ ਵਿਚ ਲਏ ਪਰਗਟਾਈਆ । ਸਚਖੰਡ ਸੋਹੇ ਹਰਿ ਨਿਰੰਕਾਰ, ਥਿਰ ਘਰ ਸਾਚਾ ਸ਼ਬਦ ਬਹਾਈਆ । ਪਿਤਾ ਪੂਤ ਏਕਾ ਧਾਰ, ਨਿਰਾਕਾਰ ਆਪ ਚਲਾਈਆ । ਲਿਖਣ ਪੜ੍ਹਨ ਤੋਂ ਵਸਿਆ ਬਾਹਰ, ਲੇਖਾ ਲੇਖ ਨਾ ਕੋਇ ਵਖਾਈਆ । ਆਪਣੀ ਕਰਨੀ ਕਰੇ ਕਰਨਹਾਰ, ਕਰਤਾ ਪੁਰਖ ਆਪਣੇ ਹੱਥ ਰੱਖੇ ਵਡਿਆਈਆ । ਆਪਣੀ ਇਛਿਆ ਬਣ ਵਰਤਾਰ, ਸਾਚੀ ਭਿਛਿਆ ਇਕ ਦਰਸਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰ ਤਿਆਰ, ਤ੍ਰੈ ਤ੍ਰੈ ਮੇਲਾ ਏਕਾ ਥਾਈਆ । ਏਕਾ ਬੰਧਨ ਹਰਿ ਨਿਰੰਕਾਰ, ਸ਼ਬਦੀ ਡੋਰੀ ਤੰਦ ਬੰਧਾਈਆ । ਅੰਤਰ ਆਤਮ ਇਕ ਧੁੰਨਕਾਰ, ਸ਼ਬਦ ਅਨਾਦੀ ਨਾਦ ਸੁਣਾਈਆ । ਧੁਰ ਫ਼ਰਮਾਨਾ ਬੋਲ ਜੈਕਾਰ, ਸਾਚਾ ਰਾਣਾ ਆਪ ਸਮਝਾਈਆ । ਭੁਲ ਨਾ ਜਾਣਾ ਬਣ ਗਵਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਵਿਸ਼ਨ ਬ੍ਰਹਮਾ ਸ਼ਿਵ ਨਾ ਭੁੱਲਣਾ, ਹਰਿ ਸਾਚਾ ਸਚ ਜਣਾਇੰਦਾ । ਏਕਾ ਕੰਡੇ ਤੁਲਣਾ, ਹਰਿ ਹਰਿ ਆਪਣਾ ਕੰਡਾ ਇਕ ਵਖਾਇੰਦਾ । ਚਰਨ ਪ੍ਰੀਤੀ ਘੋਲ ਘੁਲਨਾ, ਘੋਲੀ ਘੋਲ ਏਹ ਸਮਝਾਇੰਦਾ । ਆਦਿ ਅੰਤ ਪਾਏ ਮੁਲਨਾ, ਅਮੁਲ ਆਪਣੀ ਖੇਲ ਖਿਲਾਇੰਦਾ । ਤ੍ਰੈ ਤ੍ਰੈਗੁਣ ਤ੍ਰੈ ਤ੍ਰੈ ਵੇਸ ਲੱਖ ਚੁਰਾਸੀ ਫਲਨਾ ਫੁਲਨਾ, ਫੁਲ ਫੁਲਵਾੜੀ ਪੱਤ ਡਾਲ੍ਹ ਆਪ ਮਹਿਕਾਇੰਦਾ । ਲੋਕਮਾਤ ਪੰਜ ਤਤ ਨਿਸ਼ਾਨ ਝੁਲਣਾ, ਸਾਚੀ ਸੇਵਾ ਇਕ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸੀ ਏਕਾ ਹਰਿ, ਧੁਰ ਫ਼ਰਮਾਨਾ ਆਪ ਜਣਾਇੰਦਾ । ਧੁਰ ਫ਼ਰਮਾਨਾ ਹਰਿ ਜਣਾਇਆ, ਲੇਖਾ ਲਿਖਤ ਵਿਚ ਨਾ ਆਈਆ । ਵਿਸ਼ਨ ਬ੍ਰਹਮਾ ਸ਼ਿਵ ਉਠਾਇਆ, ਦੇ ਮਤ ਰਿਹਾ ਸਮਝਾਈਆ । ਲੱਖ ਚੁਰਾਸੀ ਘਾੜਨ ਲਏ ਘੜਾਇਆ, ਤ੍ਰੈਗੁਣ ਮਾਇਆ ਬੰਧਨ ਪਾਈਆ । ਪੰਜ ਤੱਤ ਲਏ ਉਪਾਇਆ, ਤਤਵ ਤਤ ਇਕ ਰਖਾਈਆ । ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਖੇਲ ਖਿਲਾਇਆ, ਨਿਰਗੁਣ ਆਪਣਾ ਰੂਪ ਵਟਾਈਆ । ਸਰਗੁਣ ਮੇਲਾ ਸਹਿਜ ਸੁਭਾਇਆ, ਆਤਮ ਜੋਤੀ ਬ੍ਰਹਮ ਟਿਕਾਈਆ । ਕਾਇਆ ਮੰਦਰ ਅੰਦਰ ਡੂੰਘੀ ਕੰਦਰ ਡੇਰਾ ਲਾਇਆ, ਘਰ ਘਰ ਵਿਚ ਸੋਭਾ ਪਾਈਆ । ਸ਼ਬਦ ਅਨਾਦਿ ਧੁੰਨ ਆਪ ਵਜਾਇਆ, ਅਨਹਦ ਸਾਚੀ ਸੇਵ ਵਖਾਈਆ । ਨੌਂ ਦਵਾਰੇ ਖੋਜ ਖੁਜਾਇਆ, ਜਗਤ ਤ੍ਰਿਸ਼ਨਾ ਵਿਚ ਫਿਰਾਈਆ । ਆਸਾ ਮਨਸਾ ਮੇਲ ਮਿਲਾਇਆ, ਪੰਚਮ ਏਕਾ ਰੰਗ ਵਖਾਈਆ । ਸਾਚਾ ਢੋਲਾ ਆਪਣਾ ਸੋਹਲਾ ਆਪਣੇ ਹੱਥ ਰਖਾਇਆ, ਦੂਸਰ ਦੇਵੇ ਨਾ ਕੋਇ ਵਡਿਆਈਆ । ਨਾਮ ਵਿਚੋਲਾ ਵਿਚ ਬਹਾਇਆ, ਉਪਰ ਆਪਣਾ ਪਰਦਾ ਪਾਈਆ । ਕਾਇਆ ਚੋਲਾ ਵੇਖ ਵਖਾਇਆ, ਹੱਡ ਮਾਸ ਨਾੜੀ ਰਤ ਬੂੰਦ ਰਕਤ ਦਏ ਵਡਿਆਈਆ । ਪਰਦਾ ਉਹਲਾ ਨਾ ਸਕੇ ਕੋਇ ਚੁਕਾਇਆ, ਅੰਧ ਅੰਧੇਰਾ ਛਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਘਾੜਨ ਘੜ, ਨਿਰਗੁਣ ਅੰਦਰ ਬੈਠਾ ਵੜ, ਸਰਗੁਣ ਆਪਣੇ ਕਾਰੇ ਲਾਈਆ । ਨਿਰਗੁਣ ਸਰਗੁਣ ਬੰਨ੍ਹੇ ਧਾਰ, ਪੰਜ ਤਤ ਕਾਇਆ ਖੇਲ ਖਿਲਾਇੰਦਾ । ਅੰਦਰ ਬਾਹਰ ਗੁਪਤ ਜ਼ਾਹਰ, ਤਾਰ ਸਤਾਰ ਆਪ ਹਿਲਾਇੰਦਾ । ਬ੍ਰਹਮਾ ਦੇਵੇ ਸ਼ਬਦ ਆਧਾਰ, ਏਕਾ ਨਾਦ ਸੁਣਾਇੰਦਾ । ਆਪਣਾ ਅੱਖਰ ਵੇਦ ਚਾਰ, ਵੇਦ ਚਾਰ ਏਕਾ ਅਖਰ ਗੁਣ ਗਾਇੰਦਾ । ਏਕਾ ਅੱਖਰ ਸਤਿ ਭੰਡਾਰ, ਸਤਿ ਭੰਡਾਰ


੪੩੫

ਵਿਸ਼ਨੂੰ ਝੋਲੀ ਪਾਇੰਦਾ । ਏਕਾ ਅੱਖਰ ਦਏ ਸੰਘਾਰ, ਸ਼ੰਕਰ ਏਕਾ ਅੱਖਰ ਮੁੱਲ ਰਖਾਇੰਦਾ । ਪੁਰਖ ਅਬਿਨਾਸ਼ੀ ਹੋ ਤਿਆਰ, ਸਾਚਾ ਮਾਰਗ ਆਪ ਲਗਾਇੰਦਾ । ਲੱਖ ਚੁਰਾਸੀ ਵਿਚ ਸੰਸਾਰ, ਈਸ਼ ਜੀਵ ਮੇਲ ਮਿਲਾਇੰਦਾ । ਬ੍ਰਹਮ ਪਾਰਬ੍ਰਹਮ ਨਾਰ ਭਤਾਰ, ਕੰਤ ਸੁਹਾਗੀ ਖੇਲ ਖਿਲਾਇੰਦਾ । ਵੰਡਣ ਵੰਡ ਵੰਡਾਏ ਆਪ ਕਰਤਾਰ, ਸਾਚਾ ਹਿੱਸਾ ਆਪਣੇ ਹੱਥ ਰਖਾਇੰਦਾ । ਸਤਿਜੁਗ ਤ੍ਰੇਤਾ ਦਵਾਪਰ ਕਰ ਵਿਚਾਰ, ਜੁਗ ਚੌਕੜੀ ਬੰਧਨ ਪਾਇੰਦਾ । ਨਿਰਗੁਣ ਸਰਗੁਣ ਹੋਏ ਉਜਿਆਰ, ਗੁਰ ਅਵਤਾਰ ਖੇਲ ਖਿਲਾਇੰਦਾ । ਸ਼ਬਦ ਨਾਮ ਕਰ ਪੁਕਾਰ, ਆਪਣਾ ਰੂਪ ਆਪ ਦਰਸਾਇੰਦਾ । ਭਗਤ ਭਗਵੰਤ ਲਏ ਉਭਾਰ, ਸੰਤ ਸਾਜਣ ਮੇਲ ਮਿਲਾਇੰਦਾ । ਗੁਰਮੁਖਾਂ ਖੋਲ੍ਹ ਬੰਦ ਕਿਵਾੜ, ਦੂਈ ਦਵੈਤੀ ਮੇਟ ਮਿਟਾਇੰਦਾ । ਗੁਰਸਿਖਾਂ ਬਖ਼ਸ਼ੇ ਚਰਨ ਪਿਆਰ, ਚਰਨ ਧੂੜੀ ਮਸਤਕ ਟਿੱਕਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸੀ ਏਕਾ ਹਰਿ, ਅਕਲ ਕਲ ਆਪਣੀ ਖੇਲ ਖਿਲਾਇੰਦਾ । ਅਕਲ ਕਲ ਹਰਿ ਧਾਰ, ਧਰਨੀ ਧਰਤ ਧਵਲ ਵੇਖ ਵਖਾਈਆ । ਜੁਗਾ ਜੁਗੰਤਰ ਲੈ ਅਵਤਾਰ, ਸਤਿਜੁਗ ਤ੍ਰੇਤਾ ਦਵਾਪਰ ਆਪ ਹੰਢਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗਾਇਣ ਆਪਣੀ ਵਾਰ, ਗੀਤਾ ਗਿਆਨ ਆਪ ਸਮਝਾਈਆ । ਅੰਜੀਲ ਕ਼ੁਰਾਨ ਕਰਨ ਪੁਕਾਰ, ਤੀਸ ਬਤੀਸਾ ਦਏ ਦੁਹਾਈਆ । ਖਾਣੀ ਬਾਣੀ ਇਕ ਵਿਚਾਰ, ਬੋਧ ਅਗਾਧ ਭੇਵ ਖੁਲ੍ਹਾਈਆ । ਧੁਰ ਦੀ ਬਾਣੀ ਬਾਣ ਮਾਰੇ ਨਿਆਰ, ਤੀਰ ਨਿਰਾਲਾ ਆਪ ਚਲਾਈਆ । ਗੁਰ ਸਤਿਗੁਰ ਪਾਵੇ ਸਾਚੀ ਸਾਰ, ਦੂਸਰ ਅਵਰ ਨਾ ਕੋਇ ਚਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅੰਤ ਸ੍ਰੀ ਭਗਵੰਤ, ਜੁਗ ਕਰਤਾ ਆਪਣਾ ਬੰਧਨ ਆਪੇ ਪਾਈਆ । ਸਾਚਾ ਬੰਧਨ ਹਰਿ ਨਿਰੰਕਾਰ, ਜੁਗ ਚੌਕੜੀ ਆਪ ਰਖਾਇੰਦਾ । ਪਰਗਟ ਹੋ ਵਿਚ ਸੰਸਾਰ, ਲੋਕਮਾਤ ਵੇਖ ਵਖਾਇੰਦਾ । ਭਗਤ ਭਗਵੰਤ, ਜਾਏ ਪੈਜ ਸੁਆਰ, ਦੁਸ਼ਟ ਹੰਕਾਰੀ ਮੇਟ ਮਿਟਾਇੰਦਾ । ਗ਼ਰੀਬ ਨਿਮਾਣਿਆਂ ਲਏ ਉਭਾਰ, ਮਾਇਆ ਮਮਤਾ ਮੋਹ ਚੁਕਾਇੰਦਾ । ਹਉਮੈਂ ਹੰਗਤਾ ਗੜ੍ਹ ਤੋੜ ਹੰਕਾਰ, ਸਾਚੀ ਸੰਗਤਾ ਮੇਲ ਮਿਲਾਇੰਦਾ । ਕਲਜੁਗ ਅੰਤਮ ਖੇਲ ਅਪਾਰ, ਜੋਤੀ ਜਾਮਾ ਭੇਖ ਵਟਾਇੰਦਾ । ਨੌ ਖੰਡ ਪ੍ਰਿਥਮੀ ਵੇਖੇ ਧੂਆਂਧਾਰ, ਸੱਤਾਂ ਦੀਪਾਂ ਚੰਦ ਨਾ ਕੋਇ ਚੜ੍ਹਾਇੰਦਾ । ਸ੍ਰਿਸ਼ਟ ਸਬਾਈ ਹੋਈ ਵਿਭਚਾਰ, ਘਰ ਘਰ ਕਾਮ ਕਰੋਧ ਲੋਭ ਮੋਹ ਹੰਕਾਰ ਡੇਰਾ ਲਾਇੰਦਾ । ਆਤਮ ਅੰਤਰ ਨਾ ਕਰੇ ਕੋਇ ਵਿਚਾਰ, ਬ੍ਰਹਮ ਪਾਰਬ੍ਰਹਮ ਨਾ ਕੋਇ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਸਚਖੰਡ ਦਵਾਰਾ ਇਕ ਸੁਹਾਇੰਦਾ । ਸਚਖੰਡ ਦਵਾਰ ਸੁਹਾਵਣਾ, ਹਰਿ ਸਾਚਾ ਸਚ ਸੁਹਾਈਆ । ਜੁਗ ਜੁਗ ਆਪਣਾ ਵੇਸ ਵਟਾਵਣਾ, ਨਿਰਗੁਣ ਸਰਗੁਣ ਰੂਪ ਧਰਾਈਆ । ਕਲਜੁਗ ਅੰਤਮ ਭੇਵ ਖੁਲ੍ਹਾਵਣਾ, ਜੋਤੀ ਜੋਤ ਕਰ ਰੁਸ਼ਨਾਈਆ । ਕਿਲਾ ਕੋਟ ਨਾ ਕੋਇ ਵਖਾਵਣਾ, ਸਾਢੇ ਤਿੰਨ ਹੱਥ ਏਕਾ ਮੰਦਰ ਆਪ ਵਡਿਆਈਆ । ਖੜਗ ਖੰਡਾ ਹੱਥ ਨਾ ਕੋਇ ਚਮਕਾਵਣਾ, ਨਾਮ ਖੰਡਾ ਇਕ ਰਖਾਈਆ । ਬ੍ਰਹਿਮੰਡਾਂ ਵੰਡ ਵੰਡਾਵਣਾ, ਜੇਰਜ ਅੰਡਾਂ ਵੇਖੇ ਥਾਉਂ ਥਾਈਂਆ । ਭੇਖ ਪਖੰਡਾ ਆਪ ਗਵਾਵਣਾ, ਜਗਤ ਵਿਕਾਰਾ ਮੇਟੇ ਝੂਠੀ ਛਾਹੀਆ । ਸਾਚਾ ਛੰਦ ਇਕ ਸੁਣਾਵਣਾ, ਪੁਰਖ ਅਕਾਲ ਦੀਨ ਦਿਆਲ ਜੈ ਜੈਕਾਰ ਕਰੇ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਰੂਪ ਅਨੂਪ ਆਪ ਧਰਾਈਆ । ਰੂਪ ਅਨੂਪਾ ਸ਼ਾਹੋ ਭੂਪਾ, ਸੋ ਪੁਰਖ ਨਿਰੰਜਣ ਆਪ ਧਰਾਇੰਦਾ । ਵਸਣਹਾਰਾ ਚਾਰੇ ਕੂੰਟਾਂ, ਦਹਿ ਦਿਸ਼ਾ ਫੇਰੀ ਪਾਇੰਦਾ । ਜਨ ਭਗਤਾਂ ਉਪਰ ਆਪੇ

ਤੁਠਾ, ਦੇ ਦਰਸ ਆਤਮ ਅੰਤਰ ਤ੍ਰਿਖਾ ਬੁਝਾਇੰਦਾ । ਅੰਮ੍ਰਿਤ ਆਤਮ ਦੇਵੇ ਘੁੱਟਾ, ਨਿਝਰ ਝਿਰਨਾ ਆਪ ਝਿਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਲੋਕਮਾਤ ਵੇਖ ਵਖਾਇੰਦਾ । ਕਲਜੁਗ ਅੰਤਮ ਵੇਖਣ ਆਇਆ, ਨਿਰਗੁਣ ਨਿਰਵੈਰ ਪੁਰਖ ਅਕਾਲ । ਚਾਰੇ ਵਰਨਾਂ ਲਏ ਉਠਾਇਆ, ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਕਰ ਪਿਆਰ । ਨੌ ਖੰਡ ਪ੍ਰਿਥਮੀ ਮੇਲ ਮਿਲਾਇਆ, ਸਤਾਂ ਦੀਪਾਂ ਏਕਾ ਧਾਰ । ਊਚ ਨੀਚ ਕੋਈ ਰਹਿਣ ਨਾ ਪਾਇਆ, ਊਚ ਨੀਚ ਰਾਓ ਰੰਕ ਰਾਜ ਰਾਜਾਨ ਸ਼ਾਹ ਸੁਲਤਾਨ ਬਹਾਏ ਇਕ ਦਰਬਾਰ । ਏਕਾ ਹੁਕਮ ਧੁਰ ਫ਼ਰਮਾਨਾ ਆਪ ਸੁਣਾਇਆ, ਸੋ ਪੁਰਖ ਨਿਰੰਜਣ ਹੋਇਆ ਖ਼ਬਰਦਾਰ । ਹੰ ਬ੍ਰਹਮ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਲਏ ਉਠਾਇਆ, ਸੋਇਆ ਰਹੇ ਨਾ ਕੋਇ ਵਿਚ ਸੰਸਾਰ । ਨਾਦ ਬ੍ਰਹਿਮਾਦਿ ਆਪ ਵਜਾਇਆ, ਸ਼ਬਦੀ ਸ਼ਬਦ ਏਕੰਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗਾ ਜੁਗੰਤਰ ਕਰੇ ਕਰਾਏ ਸਾਚੀ ਕਾਰ । ਕਲਜੁਗ ਕਾਰ ਕਮਾਇੰਦਾ, ਖ਼ਾਲਕ ਖ਼ਲਕ ਰੂਪ ਭਗਵਾਨ । ਮੁਕਾਮੇ ਹੱਕ ਵੇਖ ਵਖਾਇੰਦਾ, ਲੱਖ ਚੁਰਾਸੀ ਜੀਵ ਸ਼ੈਤਾਨ । ਐਨਲਹਕ ਨਾਅਰਾ ਲਾਇੰਦਾ, ਤੌਫ਼ੀਕ ਖ਼ੁਦਾਏ ਇਕ ਮਿਹਬਾਨ । ਲਾਸ਼ਰੀਕ ਖੇਲ ਖਿਲਾਇੰਦਾ, ਲੇਖਾ ਜਾਣੇ ਦੋ ਜਹਾਨ । ਰਾਮ ਨਾਮ ਆਪ ਪਰਗਟਾਇੰਦਾ, ਘਟ ਘਟ ਹੋਇਆ ਜਾਣੀ ਜਾਣ । ਜੋਤੀ ਜਾਮਾ ਭੇਖ ਵਟਾਇੰਦਾ, ਸ਼ਾਹੋ ਭੂਪ ਵਡ ਸੁਲਤਾਨ । ਕੋਟਨ ਕੋਟੀ ਜੀਵ ਤਰਾਇੰਦਾ, ਪੁਰਖ ਅਬਿਨਾਸ਼ੀ ਹੋ ਮਿਹਰਵਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਪੰਚਮ ਮੇਟੇ ਝੂਠ ਦੁਕਾਨ । ਪੰਚਮ ਨਾਤਾ ਤੋੜਨਾ, ਪੰਚ ਵਿਕਾਰਾ ਰਹਿਣ ਨਾ ਪਾਈਆ । ਪੰਚਮ ਸ਼ਬਦ ਸ਼ਬਦੀ ਸੰਗ ਜੋੜਨਾ, ਸੁਰਤ ਸ਼ਬਦ ਮੇਲ ਮਿਲਾਈਆ । ਕਰੇ ਪਰਕਾਸ਼ ਅੰਧ ਘੋਰਨਾ, ਅੰਧ ਅੰਧੇਰਾ ਦਏ ਗਵਾਈਆ । ਕੂੜੀ ਕਿਰਿਆ ਪਾਏ ਸ਼ੋਰਨਾ, ਸਚ ਸੁੱਚ ਆਪ ਪਰਗਟਾਈਆ । ਕਲਜੁਗ ਆਪਣੀ ਹੱਥੀਂ ਲੋਕਮਾਤ ਵਿਚੋਂ ਤੋਰਨਾ, ਵੇਲਾ ਅੰਤ ਦਏ ਮੁਕਾਈਆ । ਸਤਿਜੁਗ ਸਾਚਾ ਹਰਿਜਨ ਸਾਚੇ ਬੌਹੜਨਾ, ਮੇਲ ਮਿਲਾਵਾ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣੇ ਹੱਥ ਰੱਖ ਵਡਿਆਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਖੇਲ ਦੋ ਜਹਾਨ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਧਾਰ ਨਿਰੰਕਾਰ ਵਿਚ ਸੰਸਾਰ, ਜੋਤੀ ਸ਼ਬਦੀ ਸ਼ਬਦ ਜੋਤ ਜੋਤ ਜੋਤ ਰੁਸ਼ਨਾਈਆ ।





## ★ ੫ ਚੇਤ ੨੦੧੮ ਬਿਕ੍ਰਮੀ ਕਰਤਾਰ ਸਿੰਘ ਦੇ ਗ੍ਰਿਹਿ ਕੌਮੀ ਫ਼ਾਰਮ ਜ਼ਿਲਾ ਕਰਨਾਲ ★

ਸਚਖੰਡ ਦਵਾਰਾ ਸੋਹੇ ਘਰ, ਨਿਰਗੁਣ ਨਿਰਵੈਰ ਪੁਰਖ ਅਕਾਲ ਆਪ ਸੁਹਾਇੰਦਾ । ਥਿਰ ਘਰ ਨਿਵਾਸੀ ਨਿਰਾਕਾਰ ਅੰਦਰ ਬੈਠਾ ਵੜ, ਰੂਪ ਰੰਗ ਰੇਖ ਨਾ ਕੋਇ ਜਣਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਵੇਸ ਧਰ, ਧਰਨੀ ਧਰਤ ਧਵਲ ਲੋਕਮਾਤ ਵੇਖ ਵਖਾਇੰਦਾ । ਆਪਣੀ ਕਰਨੀ ਆਪੇ ਕਰ, ਕਰਤਾ ਪੁਰਖ ਖੇਲ ਖਿਲਾਇੰਦਾ । ਲੱਖ ਚੁਰਾਸੀ ਘਾੜਨ ਘੜ, ਘਟ ਘਟ ਆਪਣੀ ਜੋਤ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚਾ ਆਪ ਸੁਹਾਇੰਦਾ । ਦਰ ਘਰ ਸਚ ਸੁਹੰਜਣਾ, ਹਰਿ ਸਾਚਾ ਸਚ ਸੁਹਾਏ । ਜੋਤ ਜਗਾਏ ਆਦਿ ਨਿਰੰਜਣਾ, ਦੀਵਾ ਬਾਤੀ ਨਾ ਕੋਇ ਰਖਾਏ । ਜੁਗਾ ਜੁਗੰਤਰ ਦਰਦ ਦੁਖ ਭੈ ਭੰਜਣਾ, ਭਵ ਸਾਗਰ ਵੇਖ ਵਖਾਏ । ਹਰਿਜਨ ਵੇਖੇ ਸਾਚੇ ਸੱਜਣਾ,

ਨਿਤ ਨਵਿਤ ਖੇਲ ਖਿਲਾਏ । ਭਗਤ ਭਗਵੰਤ ਨੇਤਰ ਨਾਮ ਪਾਏ ਕੱਜਲਾ, ਅਗਿਆਨ ਅੰਧੇਰ ਮਿਟਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਾਨ ਥਨੰਤਰ ਇਕ ਸੁਹਾਏ । ਸਚਖੰਡ ਦਵਾਰਾ ਸੋਭਾਵੰਤ, ਸੋ ਪੁਰਖ ਨਿਰੰਜਣ ਆਪ ਸੁਹਾਈਆ । ਲੇਖਾ ਜਾਣੇ ਲੱਖ ਚੁਰਾਸੀ ਜੀਵ ਜੰਤ, ਅੰਡਜ ਜੇਰਜ ਉਤਭੁਜ ਸੇਤਜ ਆਪਣੀ ਬਣਤ ਬਣਾਈਆ । ਵਿਸ਼ਨ ਬ੍ਰਹਮਾ ਸ਼ਿਵ ਜਣਾਏ ਏਕਾ ਮੰਤ, ਨਾਉਂ ਨਿਰੰਕਾਰਾ ਆਪ ਦ੍ਰਿੜਾਈਆ । ਤ੍ਰੈਗੁਣ ਅਤੀਤਾ ਬਣੇ ਕੰਤ, ਸ਼ਾਹੋ ਭੂਪ ਸੱਚਾ ਸ਼ਹਿਨਸ਼ਾਹੀਆ । ਲੇਖਾ ਜਾਣੇ ਜੁਗਾ ਜੁਗੰਤ, ਜੁਗ ਕਰਤਾ ਭੇਵ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚਾ ਇਕ ਵਡਿਆਈਆ । ਦਰ ਘਰ ਸਾਚਾ ਹਰਿ ਵਡਿਆਇੰਦਾ, ਆਦਿ ਜੁਗਾਦੀ ਸਾਚੀ ਕਾਰ । ਸਚਖੰਡ ਦਵਾਰੇ ਸੋਭਾ ਪਾਇੰਦਾ, ਨਿਰਗੁਣ ਨੂਰ ਨੂਰ ਉਜਿਆਰ । ਥਿਰ ਘਰ ਆਪਣਾ ਬੰਕ ਸੁਹਾਇੰਦਾ, ਪੁਰਖ ਅਕਾਲ ਖੋਲ੍ਹ ਕਿਵਾੜ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਪਣਾ ਆਸਣ ਲਾਇੰਦਾ, ਗਗਨ ਪਾਤਾਲਾਂ ਪਾਵੇ ਸਾਰ । ਲੱਖ ਚੁਰਾਸੀ ਵੇਖ ਵਖਾਇੰਦਾ, ਜੁਗਾ ਜੁਗੰਤਰ ਲੈ ਅਵਤਾਰ । ਸਤਿਜੁਗ ਤ੍ਰੇਤਾ ਦਵਾਪਰ ਪਾਰ ਕਰਾਇੰਦਾ, ਧੁਰ ਦਰਗਾਹੀ ਬੇਐਬ ਪਰਵਰਦਿਗਾਰ । ਵੇਦ ਕਤੇਬ ਸ਼ਾਸਤਰ ਸਿਮਰਤ ਆਪਣੀ ਕਾਰੇ ਲਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚੀ ਸਰਕਾਰ । ਸਚਖੰਡ ਦਵਾਰੇ ਸ਼ਾਹ ਪਾਤਸ਼ਾਹ, ਸ਼ਹਿਨਸ਼ਾਹ ਆਸਣ ਲਾਈਆ । ਸਤਿ ਸਰੂਪੀ ਸ਼ਾਹੋ ਭੂਪੀ ਬਣ ਮਲਾਹ, ਜੁਗ ਜੁਗ ਆਪਣਾ ਬੇੜਾ ਆਪ ਚਲਾਈਆ । ਨਿਰਗੁਣ ਸਰਗੁਣ ਖੇਲ ਖਿਲਾ, ਮੇਲ ਮਿਲਾਵਾ ਸਹਿਜ ਸੁਭਾ, ਆਪਣੇ ਹੱਥ ਰੱਖੇ ਵਡਿਆਈਆ । ਸ਼ਬਦ ਅਨਾਦੀ ਨਾਦ ਵਜਾ, ਧੁਰ ਦੀ ਬਾਣੀ ਬਾਣ ਲਗਾ, ਬੋਧ ਅਗਾਧ ਕਰੇ ਪੜ੍ਹਾਈਆ । ਭਗਤ ਭਗਵੰਤ ਲਏ ਉਠਾ, ਆਤਮ ਅੰਤਰ ਬੂਝ ਬੁਝਾ, ਦੂਈ ਦਵੈਤੀ ਪਰਦਾ ਦਏ ਚੁਕਾਈਆ । ਸੰਤ ਕੰਤ ਲਏ ਮਿਲਾ, ਅੰਮ੍ਰਿਤ ਆਤਮ ਜਾਮ ਪਿਆ, ਨਿਝਰ ਝਿਰਨਾ ਦਏ ਝਿਰਾਈਆ । ਗੁਰਮੁਖ ਗੁਰ ਗੁਰ ਵੇਖੇ ਥਾਉਂ ਥਾਂ, ਦੋ ਜਹਾਨਾਂ ਫੇਰਾ ਪਾ, ਨਵ ਸਤ ਫੇਰਾ ਪਾਈਆ । ਗੁਰਮੁਖ ਗੁਰਸਿਖ ਲੇਖਾ ਜਾਣੇ ਪਿਤਾ ਮਾਂ, ਹਰਿਜਨ ਉਠਾਏ ਪਕੜ ਬਾਂਹ, ਆਲਸ ਨਿੰਦਰਾ ਦਏ ਮਿਟਾਈਆ । ਇਕ ਜਪਾਏ ਆਪਣਾ ਨਾਂ, ਹੋਏ ਸਹਾਈ ਸਭਨਾ ਥਾਂ, ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਨਿਵਾਸਾ ਪੁਰਖ ਅਬਿਨਾਸ਼ਾ, ਲੋਕਮਾਤ ਵੇਸ ਧਰਾਈਆ । ਲੋਕਮਾਤ ਵੇਸ ਅਵੱਲਾ, ਸੋ ਪੁਰਖ ਨਿਰੰਜਨ ਆਪ ਕਰਾਇੰਦਾ । ਸਚਖੰਡ ਨਿਵਾਸੀ ਇਕ ਇਕੱਲਾ, ਆਦਿ ਅੰਤ ਮਧ ਆਪਣੀ ਖੇਲ ਖਿਲਾਇੰਦਾ । ਜਨ ਭਗਤ ਫੜਾਏ ਆਪਣਾ ਪੱਲਾ, ਨਾਮ ਪੱਲੂ ਹੱਥ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲੇ ਆਪਣੇ ਘਰ, ਦਰ ਘਰ ਸਾਚਾ ਆਪ ਸੁਹਾਇੰਦਾ । ਦਰ ਘਰ ਸਾਚਾ ਹਰਿ ਸੁਹਾਇੰਦਾ, ਸਚਖੰਡ ਨਿਵਾਸੀ ਏਕੰਕਾਰ । ਭਗਤ ਭਗਵੰਤ ਵੇਖ ਵਖਾਇੰਦਾ, ਸੰਤ ਸਾਜਣ ਮੀਤ ਮੁਰਾਰ । ਗੁਰਮੁਖ ਗੁਰ ਗੁਰ ਰੰਗ ਰੰਗਾਇੰਦਾ, ਸ਼ਬਦੀ ਸ਼ਬਦ ਕਰ ਪਿਆਰ । ਗੁਰਸਿਖ ਏਕਾ ਨਾਮ ਦ੍ਰਿੜਾਇੰਦਾ, ਅੰਤਰ ਆਤਮ ਕਰ ਉਜਿਆਰ । ਰਸਨਾ ਜੇਹਵਾ ਆਪ ਹਿਲਾਇੰਦਾ, ਪਰਾ ਪਸੰਤੀ ਪਾਵੇ ਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਖੇਲਣਹਾਰਾ ਦਿਸ ਨਾ ਆਇੰਦਾ । ਜੁਗ ਜੁਗ ਖੇਲ ਅਵੱਲੜਾ, ਕਰਤਾ ਪੁਰਖ ਕਰੇ ਕਰਤਾਰ । ਵਸਣਹਾਰਾ ਸਾਚੇ ਧਾਮ ਸਚ ਮਹੱਲੜਾ, ਸਚਖੰਡ ਦਵਾਰਾ ਵੇਖੇ ਠਾਂਡਾ ਦਰਬਾਰ । ਜੋਤੀ ਸ਼ਬਦੀ

੪੩੮
੧੦

ਨੂਰ ਨੁਰਾਨਾ ਆਪੇ ਬਲੜਾ, ਆਦਿ ਜੁਗਾਦੀ ਕਰ ਉਜਿਆਰ । ਸਚ ਸਿੰਘਾਸਣ ਪੁਰਖ ਅਬਿਨਾਸ਼ਨ ਮਹੱਲ ਅਟਲ ਉਚ ਮੁਨਾਰ ਆਪੇ ਮੱਲੜਾ, ਆਪ ਆਪਣੀ ਕਿਰਪਾ ਧਾਰ । ਲੋਕਮਾਤ ਜਨ ਭਗਤ ਦਵਾਰ ਕਿਰਪਾਨਿਧ ਗਹਿਰ ਗੁਣ ਠਾਕਰ ਨਿਤ ਨਵਿਤ ਖਲ੍ਹੜਾ, ਸਿਰ ਹੱਥ ਰੱਖ ਸਮਰਥ ਕਰਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਧੁਰ ਦਰਬਾਰ । ਧੁਰ ਦਰਬਾਰੀ ਪਾਰਬ੍ਰਹਮ, ਪਰਮ ਪੁਰਖ ਵਡਿਆਈਆ । ਜੁਗ ਕਰਤਾ ਜਾਣੇ ਆਪਣਾ ਕੰਮ, ਨੇਹ ਕਰਮੀ ਕਰਮ ਕਮਾਈਆ । ਭਗਤ ਭਗਵੰਤ ਵੇਖੇ ਸਾਚੇ ਜਨ, ਹਰਿ ਪ੍ਰਕਾਸ਼ ਪ੍ਰਕਾਸ਼ ਵਿਚ ਟਿਕਾਈਆ । ਸ਼ਬਦੀ ਡੋਰ ਬੰਨ੍ਹੇ ਮਨ, ਮਨ ਵਾਸ਼ਨਾ ਰਹਿਣ ਨਾ ਪਾਈਆ । ਏਕਾ ਰਾਗ ਸੁਣਾਏ ਕੰਨ, ਛੱਤੀ ਰਾਗ ਰਹੇ ਜਸ ਗਾਈਆ । ਭਾਂਡਾ ਭਰਮ ਭੌ ਦੇਵੇ ਭੰਨ, ਜਿਸ ਜਨ ਆਪਣੀ ਬੂਝ ਬੁਝਾਈਆ । ਲੇਖਾ ਜਾਣੇ ਕਾਇਆ ਛੱਪਰ ਛੰਨ, ਸਾਡੇ ਤਿੰਨ ਹੱਥ ਵੰਡ ਵੰਡਾਈਆ । ਨਾਮ ਵਸਤ ਦੇਵੇ ਧੰਨ, ਠਗ ਚੋਰ ਯਾਰ ਲੁਟ ਕੋਇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਦਵਾਰਾ ਇਕ ਵਖਾਈਆ । ਦਰ ਦਵਾਰਾ ਏਕੰਕਾਰਾ, ਪੁਰਖ ਅਬਿਨਾਸ਼ੀ ਆਪ ਜਣਾਇੰਦਾ । ਭਗਤਾਂ ਅੰਦਰ ਖੋਲ੍ਹ ਕਿਵਾੜਾ, ਘਰ ਘਰ ਵਿਚ ਆਪ ਪ੍ਰਗਟਾਇੰਦਾ । ਜੋਤ ਨਿਰੰਜਣ ਕਰ ਉਜਿਆਰਾ, ਦਿਵਸ ਰੈਣ ਡਗਮਗਾਇੰਦਾ । ਅੰਮ੍ਰਿਤ ਬਖ਼ਸ਼ੇ ਠੰਡੀ ਠਾਰਾ, ਨਿਝਰ ਝਿਰਨਾ ਆਪ ਝਿਰਾਇੰਦਾ । ਅਨਹਦ ਸ਼ਬਦ ਸੁਣਾਏ ਸੱਚੀ ਧੁਨਕਾਰਾ, ਰਸਨਾ ਜੇਹਵਾ ਨਾ ਆਪ ਹਿਲਾਇੰਦਾ । ਘਰ ਮੰਦਰ ਵਖਾਏ ਗੁਰੂ ਦਵਾਰਾ, ਘਰ ਗੋਬਿੰਦ ਮੇਲ ਮਿਲਾਇੰਦਾ । ਘਰ ਕਮਲਾਪਾਤੀ ਮੀਤ ਮੁਰਾਰਾ, ਘਰ ਸਾਚਾ ਸਾਕੀ ਦੇਵੇ ਨਾਮ ਅਧਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਘਰ ਇਕ ਵਡਿਆਇੰਦਾ । ਸਾਚਾ ਘਰ ਕਾਇਆ ਮੰਦਰ, ਸੋ ਪੁਰਖ ਨਿਰੰਜਣ ਆਪ ਬਣਾਇੰਦਾ । ਲੇਖਾ ਜਾਣੇ ਡੂੰਘੀ ਕੰਦਰ, ਅੰਧ ਅੰਧੇਰ ਫੋਲ ਫੁਲਾਇੰਦਾ । ਤੋੜਨਹਾਰਾ ਬਜਰ ਕਪਾਟੀ ਜੰਦਰ, ਸ਼ਬਦ ਖੰਡਾ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਦਰ ਆਪ ਜਣਾਇੰਦਾ । ਸਾਚਾ ਮੰਦਰ ਗੁਰਮੁਖ ਕਾਇਆ ਬੰਕ, ਬੰਕ ਦਵਾਰੀ ਵੇਖ ਵਖਾਈਆ । ਨਾਤਾ ਤੋੜੇ ਰਾਓ ਰੰਕ, ਊਚ ਨੀਚ ਨਾ ਕੋਈ ਵਡਿਆਈਆ । ਨਾਮ ਜਣਾਏ ਮਣੀਆ ਮਣਤ, ਮਨ ਮਣਕਾ ਆਪ ਭਵਾਈਆ । ਗੜ੍ਹ ਤੋੜੇ ਹਉਮੇ ਹੰਗਤ, ਆਸਾ ਤ੍ਰਿਸਨਾ ਮੇਟ ਮਿਟਾਈਆ । ਕਾਇਆ ਚੋਲੀ ਚਾੜ੍ਹੇ ਰੰਗ ਰੰਗਤ, ਰੰਗ ਰੰਗੀਲਾ ਸਾਚਾ ਮਾਹੀਆ । ਲੇਖਾ ਜਾਣੇ ਆਦਿ ਅੰਤ, ਅੰਤ ਆਦਿ ਆਪਣੇ ਹੱਥ ਰਖਾਈਆ । ਧੰਨ ਵਡਿਆਈ ਸਾਚੇ ਸੰਤ, ਜੋ ਜਨ ਆਪਣਾ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਮੰਦਰ ਦਏ ਸੁਹਾਈਆ । ਸਾਚਾ ਮੰਦਰ ਸਾਢੇ ਤਿੰਨ ਹੱਥ, ਘਰ ਘਰ ਵਿਚ ਆਪ ਉਪਾਇਆ । ਅੰਦਰ ਵੜ ਪੁਰਖ ਸਮਰਥ, ਆਤਮ ਸੇਜਾ ਆਸਣ ਲਾਇਆ । ਨਾਮ ਅਗੰਮੀ ਦੇਵੇ ਵੱਥ, ਲਿਖਣ ਪੜ੍ਹਨ ਵਿਚ ਨਾ ਆਇਆ । ਸ਼ਬਦ ਅਨਾਦੀ ਮਾਰੇ ਸੱਟ, ਨਾਦ ਅਨਾਦੀ ਨਾਦ ਵਜਾਇਆ । ਚੌਦਾਂ ਲੋਕ ਵਖਾਏ ਹੱਟ, ਘਰ ਵਣਜਾਰਾ ਵਣਜ ਕਰਾਇਆ । ਲੇਖਾ ਚੁੱਕੇ ਤੀਰਥ ਅਠਸਠ, ਅੰਮ੍ਰਿਤ ਸਰੋਵਰ ਤਾਲ ਵਹਾਇਆ । ਦੂਈ ਦਵੈਤੀ ਮੇਟੇ ਫੱਟ, ਮਾਇਆ ਮਮਤਾ ਮੋਹ ਚੁਕਾਇਆ । ਘਰ ਵਿਚ ਘਰ ਕਰ ਪ੍ਰਗਟ, ਗ੍ਰਿਹਿ ਮੰਦਰ ਦਏ ਸੁਹਾਇਆ । ਜੋਤ ਜਗਾਏ ਲਟ ਲਟ, ਅੰਧ ਅੰਧੇਰ ਰਹਿਣ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਘਰ ਵਿਚ ਲਏ ਦ੍ਰਿੜਾਇਆ । ਘਰ ਵਿਚ ਘਰ ਘਰ ਮਹੱਲਾ, ਘਰ ਘਰ ਵਿਚ ਸੋਭਾ ਪਾਇੰਦਾ । ਘਰ ਵਿਚ

ਮੇਲਾ ਇਕ ਅਕੱਲਾ, ਘਰ ਘਰ ਵਿਚ ਵੇਖ ਵਖਾਇੰਦਾ । ਘਰ ਵਿਚ ਫੜਾਏ ਸਾਜਣ ਪੱਲਾ, ਘਰ ਘਰ ਵਿਚ ਸੋਭਾ ਪਾਇੰਦਾ । ਘਰ ਵਿਚ ਜੋਤੀ ਸ਼ਬਦੀ ਰਲਾ, ਘਰ ਘਰ ਵਿਚ ਆਪਣੀ ਅਲਖ ਜਗਾਇੰਦਾ । ਲੱਖ ਚੁਰਾਸੀ ਭੁਲਾਏ ਕਰ ਕਰ ਵਲ ਛਲਾ, ਗੁਰਮੁਖ ਸਾਚੇ ਮੇਲ ਮਿਲਾਇੰਦਾ । ਵਸਣਹਾਰਾ ਜਲਾਂ ਥਲਾਂ, ਜਲ ਥਲ ਮਹੀਅਲ ਆਪਣਾ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗਾ ਜੁਗੰਤਰ ਵੇਸ ਹਰਿ, ਨਿਰਗੁਣ ਸਰਗੁਣ ਵੇਸ ਵਟਾਇੰਦਾ । ਨਿਰਗੁਣ ਸਰਗੁਣ ਹਰਿ ਹਰਿ ਧਾਰ, ਹਰਿ ਬਿਨ ਅਵਰ ਨਾ ਕੋਇ ਜਣਾਇੰਦਾ । ਸਤਿਜੁਗ ਤਰੇਤਾ ਦਵਾਪਰ ਕਰਿਆ ਪਾਰ, ਕਲਜੁਗ ਅੰਤਮ ਵੇਖ ਵਖਾਇੰਦਾ । ਨਵ ਨੌ ਚਾਰ ਗਿਆ ਹਾਰ, ਧੀਰਜ ਧੀਰ ਨਾ ਕੋਇ ਧਰਾਇੰਦਾ । ਧਰਨੀ ਧਵਲ ਰੋਵੇ ਜ਼ਾਰੋ ਜ਼ਾਰ, ਲੱਖ ਚੁਰਾਸੀ ਸਰਬ ਕੁਰਲਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਰਾਹ ਤੱਕਣ ਪਰਵਰਦਿਗਾਰ, ਨੇਤਰ ਨੈਣ ਸਰਬ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜਾਮਾ ਭੇਖ ਵਟਾਇੰਦਾ । ਜੋਤੀ ਜਾਮਾ ਭੇਖ ਅਪਾਰਾ, ਏਕੰਕਾਰਾ ਆਪ ਕਰਾਈਆ । ਜੋਤ ਸਰੂਪੀ ਵਸਣਹਾਰਾ ਸਚਖੰਡ ਦਵਾਰਾ, ਥਿਰ ਘਰ ਸਾਚੇ ਸ਼ਬਦ ਧੁਨ ਸ਼ਨਵਾਈਆ । ਸੁੰਨ ਅਗੰਮੀ ਪਾਰ ਕਿਨਾਰਾ, ਸੁਨ ਸਮਾਧ ਵੇਖ ਵਖਾਈਆ । ਲੋਕਮਾਤ ਹੋ ਉਜਿਆਰਾ, ਕਲਜੁਗ ਅੰਤਮ ਵੇਸ ਵਟਾਈਆ । ਸਾਚਾ ਮੰਦਰ ਸੁਹਾਏ ਸਚ ਦਵਾਰਾ, ਬੰਕ ਦਵਾਰੀ ਬੇਪਰਵਾਹੀਆ । ਸਾਢੇ ਤਿੰਨ ਹੱਥ ਵੇਖੇ ਇਕ ਮੁਨਾਰਾ, ਉਚ ਅਟੱਲਾ ਦਏ ਵਡਿਆਈਆ । ਨਿਰਗੁਣ ਸਰਗੁਣ ਅੰਦਰ ਕਰ ਪਸਾਰਾ, ਬ੍ਰਹਮ ਪਾਰਬ੍ਰਹਮ ਮਿਲਾਈਆ । ਲੇਖਾ ਜਾਣੇ ਧੁਰ ਦਰਬਾਰਾ, ਧੁਰ ਦੀ ਧਾਰ ਆਪ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਘਰ ਇਕ ਵਖਾਈਆ । ਸਾਚਾ ਘਰ ਸਚ ਸਿੰਘਾਸਣ, ਸਤਿਗੁਰ ਪੂਰਾ ਆਸਣ ਲਾਇੰਦਾ । ਪਾਰਬ੍ਰਹਮ ਪੁਰਖ ਅਬਿਨਾਸ਼ਨ, ਅਬਿਨਾਸ਼ੀ ਕਰਤਾ ਖੇਲ ਖਿਲਾਇੰਦਾ । ਗ੍ਰਿਹਿ ਗ੍ਰਿਹਿ ਮੰਦਰ ਅੰਦਰ ਪਾਵੇ ਰਾਸਣ, ਮੰਡਲ ਮੰਡਪ ਆਪ ਸੁਹਾਇੰਦਾ । ਭਗਤ ਭਗਵੰਤ ਦਾਸੀ ਦਾਸਨ, ਜੁਗ ਜੁਗ ਸੇਵ ਕਮਾਇੰਦਾ । ਲੇਖਾ ਜਾਣੇ ਪ੍ਰਿਥਮੀ ਆਕਾਸਨ, ਨਵ ਨੌ ਚਾਰ ਪੜਦਾ ਲਾਹਿੰਦਾ । ਗੁਰਮੁਖਾਂ ਕਰੇ ਪੂਰੀ ਆਸਨ, ਆਤਮ ਅੰਤਰ ਮੇਲ ਮਿਲਾਇੰਦਾ । ਨਿਜ ਗ੍ਰਿਹਿ ਕਰ ਕਰ ਵਾਸਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਘਰ ਇਕ ਵਸਾਇੰਦਾ । ਸਾਚਾ ਘਰ ਵਸੰਦੜਾ, ਸੋ ਪੁਰਖ ਨਿਰੰਜਣ ਮੀਤ ਮੁਰਾਰ । ਜੁਗ ਜੁਗ ਹਰਿਜਨ ਵੇਖ ਵਖੰਦੜਾ, ਕਰੇ ਕਰਾਏ ਸਾਚੀ ਕਾਰ । ਸੀਸ ਜਗਦੀਸ ਹੱਥ ਰਖੰਦੜਾ, ਨਾਤਾ ਤੋੜ ਸਰਬ ਸੰਸਾਰ । ਸਵੱਛ ਸਰੂਪੀ ਰੂਪ ਵਖੰਦੜਾ, ਜੋਤੀ ਜੋਤ ਨੂਰ ਉਜਿਆਰ । ਥਾਨ ਥਨੰਤਰ ਸੋਭਾਵੰਤ ਆਪ ਸੁਹੰਦੜਾ, ਆਪ ਆਪਣੀ ਕਿਰਪਾ ਧਾਰ । ਜੁਗ ਜੁਗ ਵਿਛੜੇ ਮੇਲ ਮਿਲੰਦੜਾ, ਕਲਜੁਗ ਪਾਵਣਹਾਰਾ ਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਬੰਕ ਦਵਾਰ । ਬੰਕ ਦਵਾਰ ਸੁਹਾਇਆ, ਕਰ ਕਿਰਪਾ ਗੁਣ ਨਿਧਾਨ । ਧਰਨੀ ਧਰਤ ਧਵਲ ਦਏ ਵਡਿਆਇਆ, ਕਰ ਕਿਰਪਾ ਹਰਿ ਮਿਹਰਵਾਨ । ਚਰਨ ਸਰਨ ਸਰਨ ਚਰਨ ਏਕਾ ਰਾਹ ਵਖਾਇਆ, ਮੇਲ ਮਿਲਾਵਾ ਦੋ ਜਹਾਨ । ਮਾਣਸ ਜਨਮ ਲੇਖੇ ਲਾਇਆ, ਗੁਰਮੁਖ ਸਾਚਾ ਕਰ ਪਰਵਾਨ । ਲੱਖ ਚੁਰਾਸੀ ਫੰਦ ਕਟਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚਾ ਆਪ ਪਛਾਣ । ਦਰ ਘਰ ਸਾਚਾ ਜਾਣਿਆ, ਹਰਿ ਗੋਬਿੰਦ ਮੀਤ ਮੁਰਾਰ । ਆਦਿ ਜੁਗਾਦਿ ਚਲੇ ਚਲਾਏ ਆਪਣੇ ਭਾਣਿਆ, ਜੁਗਾ ਜੁਗੰਤਰ ਸਾਚੀ ਕਾਰ । ਤਖ਼ਤੋ ਲਾਹੇ ਰਾਜੇ ਰਾਣਿਆਂ, ਗਰੀਬ

ਨਿਮਾਣਿਆਂ ਜਾਏ ਤਾਰ । ਜਿਸ ਜਨ ਬਖਸ਼ੇ ਚਰਨ ਧਿਆਨਿਆ, ਦੇਵੇ ਦਰਸ ਅਗੰਮ ਅਪਾਰ । ਨਿਜ ਆਤਮ ਪਰਮਾਤਮ ਦੇਵੇ ਬ੍ਰਹਮ ਗਿਆਨਿਆ, ਬ੍ਰਹਮ ਪਾਰਬ੍ਰਹਮ ਆਧਾਰ । ਈਸ਼ ਜੀਵ ਹੋਏ ਪਰਵਾਨਿਆ, ਘਰ ਮੇਲਾ ਕੰਤ ਭਤਾਰ । ਸ਼ਬਦ ਅਗੰਮੀ ਗਾਏ ਗਾਨਿਆ, ਇਕ ਇਕੱਲਾ ਬੋਲ ਜੈਕਾਰ । ਗੁਰਮੁਖ ਗੁਰਸਿਖ ਗ੍ਰਿਹਿ ਦਰ ਕਰੇ ਪਰਵਾਨਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਾਰ । ਕਲਜੁਗ ਅੰਤਮ ਖੇਲ ਅਪਾਰਾ, ਨਿਰਗੁਣ ਨਿਰਵੈਰ ਆਪ ਕਰਾਈਆ । ਜੁਗ ਜਨਮ ਦੇ ਵਿਛੜੇ ਮੇਲੇ ਮੀਤ ਮੁਰਾਰਾ, ਕੋਟਨ ਕੋਟ ਜਨਮ ਦਾ ਲੇਖਾ ਰਿਹਾ ਮੁਕਾਈਆ । ਕਾਗਦ ਕ਼ਲਮ ਨਾ ਲਿਖਣਹਾਰਾ, ਸਮੁੰਦ ਸਾਗਰ ਨੇਤਰ ਨੀਰ ਵਹਾਏ ਸਾਰ ਨਾ ਪਾਏ ਕੋਇ ਸ਼ਾਹੀਆ । ਗੁਰਮੁਖ ਗੁਰਸਿਖ ਤੇਰਾ ਸਤਿ ਦਵਾਰਾ, ਸਤਿ ਸਤਿਵਾਦੀ ਵੇਖੇ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗੰਤਰ, ਜਨ ਭਗਤਾਂ ਬੁਝਾਏ ਲੱਗੀ ਬਸੰਤਰ, ਨਾਮ ਜਣਾਏ ਏਕਾ ਮੰਤਰ, ਤ੍ਰੈਗੁਣ ਅਗਨੀ ਰਹੇ ਨਾ ਰਾਈਆ । ਤ੍ਰੈਗੁਣ ਨਾਤਾ ਦੇਵੇ ਤੋੜ, ਜਿਸ ਸਿਰ ਆਪਣਾ ਹੱਥ ਟਿਕਾਇੰਦਾ । ਸ਼ਬਦ ਅਗੰਮੀ ਚਾੜ੍ਹੇ ਘੋੜ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਪਾਰ ਕਰਾਇੰਦਾ । ਚਰਨ ਪ੍ਰੀਤੀ ਲੱਗੀ ਨਿਭਾਏ ਤੋੜ, ਅਧਵਿਚਕਾਰ ਨਾ ਕੋਇ ਤੁੜਾਇੰਦਾ । ਗੁਰਮੁਖ ਗੁਰਸਿਖ ਨਾਤਾ ਤੁਟੇ ਮੜ੍ਹੀ ਗੋਰ, ਖ਼ਾਕੀ ਖ਼ਾਕ ਨਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲੇ ਆਪਣੇ ਘਰ, ਘਰ ਸੁਹੰਜਣਾ ਹਰਿ ਸੁਹਾਇੰਦਾ । ਹਰਿ ਘਰ ਪਾਇਆ ਏਕੰਕਾਰ, ਗੁਰਮੁਖ ਵੱਜੀ ਵਧਾਈਆ । ਨਾਤਾ ਤੁਟਾ ਸਰਬ ਸੰਸਾਰ, ਸਤਿਗੁਰ ਪੂਰਾ ਨਜ਼ਰੀ ਆਈਆ । ਮਾਣਸ ਜਨਮ ਨਾ ਜਾਏ ਹਾਰ, ਮਾਤ ਗਰਭ ਫੇਰ ਨਾ ਆਈਆ । ਲੱਖ ਚੁਰਾਸੀ ਹੋਏ ਖ਼ਵਾਰ, ਜਮ ਕੀ ਫਾਸੀ ਦਏ ਤੁੜਾਈਆ । ਸਚਖੰਡ ਨਿਵਾਸੀ ਕਰ ਪਿਆਰ, ਸਚਖੰਡ ਦਵਾਰੇ ਲਏ ਮਿਲਾਈਆ । ਜੋਤ ਪ੍ਰਕਾਸੀ ਵਿਚ ਸੰਸਾਰ, ਅਬਿਨਾਸ਼ੀ ਕਰਤਾ ਕਰ ਰੁਸ਼ਨਾਈਆ । ਗ਼ਰੀਬ ਨਿਮਾਣੇ ਪਾਵੇ ਸਾਰ, ਸ਼ਾਹ ਸੁਲਤਾਨਾਂ ਖ਼ਾਕ ਮਿਲਾਈਆ । ਪੂਰਬ ਜਨਮਾਂ ਰਿਹਾ ਵਿਚਾਰ, ਜਨਮ ਕਰਮ ਆਪਣੇ ਹੱਥ ਰਖਾਈਆ । ਜਿਸ ਦਰ ਜਿਸ ਘਰ ਚਰਨ ਛੁਹਾਏ ਦਇਆ ਕਮਾਏ ਦੀਨਨ ਦਏ ਸਹਾਰ, ਦੀਨਾਂ ਨਾਥ ਵਡੀ ਵਡਿਆਈਆ । ਪਾਰਬ੍ਰਹਮ ਪਤਿ ਪਰਮੇਸ਼ਵਰ ਭਗਤ ਭਗਵੰਤ ਏਕਾ ਧਾਰ, ਸੰਤ ਸਤਿਗੁਰ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਹਰਿਜਨ ਵੇਖੇ ਸਾਚਾ ਘਰ, ਘਰ ਮੇਲਾ ਸਹਿਜ ਸੁਭਾਈਆ ।

★ ੫ ਚੇਤ ੨੦੧੯ ਬਿਕ੍ਰਮੀ ਕਰਤਾਰ ਸਿੰਘ ਦੇ ਗ੍ਰਿਹਿ ਕੌਮੀ ਫ਼ਾਰਮ ਜ਼ਿਲਾ ਕਰਨਾਲ ★

ਗੁਰਸਿਖ ਰੂਪ ਸਚ ਨਿਸ਼ਾਨ, ਗੁਰ ਗੋਬਿੰਦ ਆਪ ਝੁਲਾਇੰਦਾ । ਆਪ ਪਰਗਟਾਏ ਦੋ ਜਹਾਨ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਪ ਵਖਾਇੰਦਾ । ਦੇਵਣਹਾਰਾ ਧੁਰ ਫ਼ਰਮਾਨ, ਸ਼ਬਦ ਅਨਾਦੀ ਨਾਦ ਸੁਣਾਇੰਦਾ । ਗੁਰਸਿਖ ਗੁਰ ਗੁਰ ਮੇਲ ਮਿਲਾਏ ਆਣ, ਦੂਰ ਦੁਰਾਡਾ ਪੰਧ ਮੁਕਾਇੰਦਾ । ਧੰਨ ਗੁਰਸਿਖ ਜਿਸ ਆਤਮ ਅੰਤਰ ਬ੍ਰਹਮ ਗਿਆਨ, ਨੇਤਰ ਲੋਚਣ ਨੈਣ ਖੁਲ੍ਹਾਇੰਦਾ । ਸੋ ਗੁਰਸਿਖ ਚਤੁਰ ਸੁਘੜ ਸੁਜਾਨ, ਜਿਸ ਜਨ ਆਪਣੀ ਦਇਆ ਕਮਾਇੰਦਾ । ਅੰਮ੍ਰਿਤ ਸਰੋਵਰ ਸਚ ਨਹਾਨ, ਸਰ ਅੰਮ੍ਰਿਤ ਸੋ ਵਡਿਆਇੰਦਾ । ਕੋਟਨ ਕੋਟ ਗੁਰ ਪੁਰਖ ਅਬਿਨਾਸ਼ ਰਾਹ ਤਕਾਣ, ਨੇਤਰ ਨੈਣ



੪੪੧
੧੦

ਸਰਬ ਉਠਾਇੰਦਾ । ਆਦਿ ਜੁਗਾਦੀ ਇਕ ਭਗਵਾਨ, ਜੁਗ ਜੁਗ ਆਪਣਾ ਖੇਲ ਵਖਾਇੰਦਾ । ਲੱਖ ਚੁਰਾਸੀ ਦੇਵਣਹਾਰਾ ਜੀਆ ਦਾਨ, ਜੀਵਨ ਜੁਗਤ ਆਪਣੇ ਹੱਥ ਰਖਾਇੰਦਾ । ਨਵ ਖੰਡ ਪ੍ਰਿਥਮੀ ਸੱਤ ਦੀਪ ਵੇਖਣਹਾਰਾ ਮਾਰ ਧਿਆਨ, ਸਚ ਸਿੰਘਾਸਣ ਸੋਭਾ ਪਾਇੰਦਾ । ਜੋਤੀ ਨੂਰ ਨੂਰ ਮਹਾਨ, ਆਦਿ ਨਿਰੰਜਣ ਵਡ ਮਿਹਰਵਾਨ, ਸੋ ਪੁਰਖ ਨਿਰੰਜਣ ਵੇਸ ਵਟਾਇੰਦਾ । ਹਰਿ ਪੁਰਖ ਨਿਰੰਜਣ ਸਾਚਾ ਕਾਹਨ, ਏਕੰਕਾਰਾ ਵਡ ਬਲਵਾਨ, ਆਦਿ ਜੁਗਾਦਿ ਵੇਸ ਵਟਾਇੰਦਾ । ਸ੍ਰੀ ਭਗਵਾਨ ਦੇਵਣਹਾਰਾ ਧੁਰ ਫ਼ਰਮਾਨ, ਅਬਿਨਾਸ਼ੀ ਕਰਤਾ ਨੌਜਵਾਨ, ਪਾਰਬ੍ਰਹਮ ਰੂਪ ਰੰਗ ਰੇਖ ਨਾ ਕੋਇ ਵਖਾਇੰਦਾ । ਲੋਕਮਾਤ ਹੋਏ ਪਰਧਾਨ, ਹਰਿਜਨ ਸਾਚੇ ਲਏ ਪਛਾਣ, ਬ੍ਰਹਮ ਪਾਰਬ੍ਰਹਮ ਦੇਵਣਹਾਰਾ ਮਾਣ, ਈਸ਼ ਜੀਵ ਮੇਲ ਮਿਲਾਇੰਦਾ । ਗੁਰਸਿਖ ਵਖਾਏ ਸਚ ਨਿਸ਼ਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਏਕਾ ਹਰਿ, ਇਕ ਇਕੱਲਾ ਖੇਲ ਖਿਲਾਇੰਦਾ । ਗੁਰਸਿਖ ਨਿਸ਼ਾਨਾ ਸਚਖੰਡ, ਸੋ ਪੁਰਖ ਨਿਰੰਜਣ ਆਪ ਵਖਾਇੰਦਾ । ਵੇਖਣਹਾਰਾ ਕੋਟਨ ਕੋਟ ਬ੍ਰਹਿਮੰਡ, ਨਿਰਗੁਣ ਆਪਣਾ ਖੇਲ ਖਿਲਾਇੰਦਾ । ਥਿਰ ਘਰ ਵਾਸੀ ਪਾਏ ਵੰਡ, ਆਪ ਆਪਣੀ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਜੁਗ ਜੁਗ ਵੇਸ ਵਟਾਇੰਦਾ, ਪਾਰਬ੍ਰਹਮ ਕਰਤਾਰ । ਸਤਿਜੁਗ ਤਰੇਤਾ ਦਵਾਪਰ ਆਪ ਹੰਡਾਇੰਦਾ, ਪੁਰਖ ਅਗੰਮਾ ਹੋ ਤਿਆਰ । ਬ੍ਰਹਮਾ ਵਿਸ਼ਨ ਸ਼ਿਵ ਸੇਵ ਲਗਾਇੰਦਾ, ਰਵ ਸਸ ਦਏ ਆਧਾਰ । ਮੰਡਲ ਮੰਡਪ ਆਪ ਉਪਜਾਇੰਦਾ, ਪ੍ਰਕਾਸ਼ ਪ੍ਰਕਾਸ਼ ਕਰ ਪਿਆਰ । ਧਰਤ ਧਵਲ ਆਪ ਸੁਹਾਇੰਦਾ, ਆਪ ਆਪਣੀ ਕਿਰਪਾ ਧਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਸਚੀ ਸਰਕਾਰ । ਸੱਚੀ ਸਰਕਾਰ ਸ਼ਾਹ ਪਾਤਸ਼ਾਹ, ਸੋ ਪੁਰਖ ਨਿਰੰਜਣ ਆਪ ਅਖਵਾਇੰਦਾ । ਤਖ਼ਤ ਨਿਵਾਸੀ ਦੇਵਣਹਾਰਾ ਸਚ ਸਲਾਹ, ਧੁਰ ਫ਼ਰਮਾਨਾ ਇਕ ਜਣਾਇੰਦਾ । ਜੁਗਾ ਜੁਗੰਤਰ ਬਣ ਮਲਾਹ, ਸ਼ਬਦੀ ਗੁਰ ਰੂਪ ਵਟਾਇੰਦਾ । ਨਿਰਗੁਣ ਸਰਗੁਣ ਖੇਲ ਖਿਲਾ, ਪੰਜ ਤਤ ਚੋਲਾ ਆਪ ਹੰਢਾਇੰਦਾ । ਬ੍ਰਹਮ ਬ੍ਰਹਿਮਾਦਿ ਨਾਦ ਵਜਾ, ਧੁਨ ਅਗੰਮੀ ਆਪ ਸੁਣਾਇੰਦਾ । ਬੋਧ ਅਗਾਧਾ ਭੇਵ ਖੁਲ੍ਹਾ, ਆਪਣਾ ਪਰਦਾ ਲਾਹਿੰਦਾ । ਬ੍ਰਹਮਾ ਵੇਤਾ ਆਪ ਉਠਾ, ਚਾਰੇ ਵੇਦ ਸਮਝਾਇੰਦਾ । ਚਾਰੇ ਜੁਗ ਝੋਲੀ ਪਾ, ਚਾਰੇ ਖਾਣੀ ਰੰਗ ਰੰਗਾਇੰਦਾ । ਚਾਰੇ ਬਾਣੀ ਦਏ ਸਮਝਾ, ਚਾਰ ਵਰਨਾਂ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਨਿਸ਼ਾਨਾ ਇਕ ਵਖਾਇੰਦਾ । ਸਚ ਨਿਸ਼ਾਨਾ ਹਰਿ ਭਗਵੰਤ, ਆਦਿ ਜੁਗਾਦਿ ਰਖਾਇੰਦਾ । ਲੱਖ ਚੁਰਾਸੀ ਵੇਖੇ ਜੀਵ ਜੰਤ, ਜਾਗਰਤ ਜੋਤ ਆਪ ਜਗਾਇੰਦਾ । ਹਰਿਜਨ ਉਠਾਏ ਸਾਚਾ ਸੰਤ, ਸਤਿ ਸਤਿਵਾਦੀ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਨਿਸ਼ਾਨਾ ਹਰਿ ਭਗਵਾਨਾ, ਦੋ ਜਹਾਨਾਂ ਆਪ ਰਖਾਇੰਦਾ । ਸਚ ਨਿਸ਼ਾਨ ਉਠਾਇੰਦਾ, ਆਦਿ ਜੁਗਾਦੀ ਕਾਰ । ਭਗਤ ਭਗਵੰਤ ਵੇਖ ਵਖਾਇੰਦਾ, ਸੰਤ ਸਾਜਣ ਲਏ ਉਭਾਰ । ਗੁਰਮੁਖ ਆਪਣੀ ਗੋਦ ਬਹਾਇੰਦਾ, ਗੁਰਸਿਖ ਸਾਚੇ ਕਰ ਪਿਆਰ । ਏਕਾ ਮੰਤਰ ਨਾਮ ਦ੍ਰਿੜਾਇੰਦਾ, ਨਿਸ਼ਅੱਖਰ ਵੱਖਰ ਕਰ ਤਿਆਰ । ਗੁਰ ਗੁਰ ਆਪਣਾ ਰੂਪ ਵਟਾਇੰਦਾ, ਬ੍ਰਹਮ ਪਾਰਬ੍ਰਹਮ ਪਾਵੇ ਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚੀ ਸਰਕਾਰ । ਗੁਰ ਅਵਤਾਰਾ ਖੇਲ ਅਪਾਰਾ, ਪੁਰਖ ਇਕੱਲਾ ਆਪ ਕਰਾਈਆ । ਲੇਖਾ ਜਾਣੇ ਧੁਰ ਦਰਬਾਰਾ, ਸਚਖੰਡ ਨਿਵਾਸੀ ਹੋ ਤਿਆਰਾ, ਨਿਰਗੁਣ ਸਰਗੁਣ ਧਾਰ ਆਪ ਚਲਾਈਆ । ਜੀਵਾਂ ਜੰਤਾਂ ਦਏ ਸਹਾਰਾ, ਏਕਾ

ਨਾਮ ਵਣਜ ਵਪਾਰਾ, ਲੱਖ ਚੁਰਾਸੀ ਆਪ ਕਰਾਈਆ । ਕਰੇ ਖੇਲ ਕਰਨੇਹਾਰਾ, ਕਰਤਾ ਪੁਰਖ ਵਡੀ ਵਡਿਆਈਆ । ਸਤਿਜੁਗ ਤ੍ਰੇਤਾ ਦਵਾਪਰ ਲੇਖਾ ਜਾਣੇ ਤੇਈ ਅਵਤਾਰਾ, ਤ੍ਰੈਗੁਣ ਮੇਲਾ ਸਹਿਜ ਸੁਭਾਈਆ । ਅੱਠ ਦੱਸ ਖੇਲ ਨਿਆਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਬੰਧਨ ਆਪਣੇ ਹੱਥ ਰਖਾਈਆ । ਏਕਾ ਬੰਧਨ ਹਰਿ ਭਗਵਾਨ, ਆਪਣੇ ਹੱਥ ਰਖਾਇੰਦਾ । ਜੁਗ ਜੁਗ ਝੁਲਾਏ ਮਾਤ ਨਿਸ਼ਾਨ, ਸਤਿ ਸਤਿਵਾਦੀ ਆਪ ਉਠਾਇੰਦਾ । ਲੇਖਾ ਜਾਣੇ ਸੀਤਾ ਰਾਮ, ਕਾਹਨਾ ਕ੍ਰਿਸ਼ਨਾ ਵੇਖ ਵਖਾਇੰਦਾ । ਈਸਾ ਮੂਸਾ ਸਚ ਪੈਗ਼ਾਮ, ਕਲਮਾ ਅਮਾਮ ਆਪ ਸੁਣਾਇੰਦਾ । ਮੁਕਾਮੇ ਹੱਕ ਹੱਕ ਪਛਾਣ, ਦੇਵਣਹਾਰਾ ਏਕਾ ਦਾਨ, ਸਾਚੀ ਵਸਤ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚੇ ਸੋਭਾ ਪਾਇੰਦਾ । ਸਚ ਨਿਸ਼ਾਨਾ ਪਰਵਰਦਿਗਾਰ, ਬੇਐਬ ਆਪਣੇ ਹੱਥ ਰਖਾਈਆ । ਹਕ ਹਕ਼ੀਕਤ ਕਰ ਵਿਚਾਰ, ਖ਼ਲਕ ਖ਼ਾਲਕ ਵੇਖ ਵਖਾਈਆ । ਏਕਾ ਕਲਮਾ ਕਰ ਉਜਿਆਰ, ਕਾਇਨਾਤ ਆਪ ਪੜ੍ਹਾਈਆ । ਮੁਰਸ਼ਦ ਮੁਰੀਦ ਦਏ ਦੀਦਾਰ, ਜਲਵਾ ਬਾਤਨ ਬੇਪਰਵਾਹੀਆ । ਆਦਿ ਜੁਗਾਦੀ ਸਾਂਝਾ ਯਾਰ, ਨੂਰੋ ਨੂਰ ਨੂਰ ਇਲਾਹੀਆ । ਨਾ ਕੋਈ ਕਾਤਬ ਲਿਖੇ ਲਿਖਾਰ, ਮਕਤਬ ਵਿਦਿਆ ਨਾ ਕੋਇ ਪੜ੍ਹਾਈਆ । ਦਰਗਹਿ ਸਾਚੀ ਵਸੇ ਧਾਮ ਨਿਆਰ, ਚੌਦਾਂ ਤਬਕ ਭੇਵ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਨਿਸ਼ਾਨਾ ਏਕਾ ਏਕ ਰਖਾਈਆ । ਸਚ ਨਿਸ਼ਾਨਾ ਨਾਮ ਸਤਿ, ਨਿਰਗੁਣ ਨਾਨਕ ਹੱਥ ਫੜਾਇਆ । ਪਾਰਬ੍ਰਹਮ ਬ੍ਰਹਮ ਦੇਵੇ ਮਤ, ਆਤਮ ਤੱਤ ਇਕ ਜਣਾਇਆ । ਨਾੜ ਬਹੱਤਰ ਨਾ ਉਬਲੇ ਰਤ, ਸਾਂਤਕ ਸਤਿ ਸਤਿ ਵਰਤਾਇਆ । ਸਾਚਾ ਮਾਰਗ ਏਕਾ ਦੱਸ, ਵਰਨ ਬਰਨ ਮੇਟ ਮਿਟਾਇਆ । ਊਚ ਨੀਚ ਏਕਾ ਦਰ ਰਹੇ ਹੱਸ, ਦਰ ਦਰਵਾਜ਼ਾ ਇਕ ਖੁਲਾਇਆ । ਗੁਰਸਿਖਾਂ ਹਿਰਦੇ ਅੰਦਰ ਵਸ, ਆਪਣਾ ਨਿਸ਼ਾਨ ਆਪ ਵਖਾਇਆ । ਜੂਠ ਝੂਠ ਮੇਟ ਰੈਣ ਅੰਧੇਰੀ ਮਸ, ਸਾਚਾ ਚੰਦ ਆਪ ਚੜ੍ਹਾਇਆ । ਚਾਰ ਕੁੰਟ ਪੈਂਡਾ ਮੁਕਾਏ ਨੱਸ ਨੱਸ, ਦਿਵਸ ਰੈਣ ਸੇਵ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਨਿਸ਼ਾਨਾ ਇਕ ਦ੍ਰਿੜਾਇਆ । ਸਚ ਨਿਸ਼ਾਨਾ ਹਰਿ ਕਾ ਨਾਉਂ, ਹਰਿ ਸਤਿਗੁਰ ਆਪ ਸਮਝਾਇੰਦਾ । ਹੋਏ ਸਹਾਈ ਸਭਨੀ ਥਾਉਂ, ਦੋ ਜਹਾਨਾਂ ਵੇਖ ਵਖਾਇੰਦਾ । ਫੜ ਫੜ ਹੰਸ ਬਣਾਏ ਕਾਉਂ, ਕਾਗੋਂ ਹੰਸ ਉਡਾਇੰਦਾ । ਏਥੇ ਉਥੇ ਦੇਵੇ ਠੰਡੀ ਛਾਉਂ, ਜਿਸ ਜਨ ਸਿਰ ਛਤਰ ਆਪ ਝੁਲਾਇੰਦਾ । ਲੇਖਾ ਜਾਣੇ ਪਿਤਾ ਮਾਉਂ, ਗੁਰਸਿਖ ਬਾਲ ਅਵਾਣੇ ਗੋਦ ਬਿਠਾਇੰਦਾ । ਜੁਗ ਜੁਗ ਕਰੇ ਸਚ ਨਿਆਉਂ, ਸਾਚਾ ਸਾਲਸ ਆਪਣਾ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਨਿਸ਼ਾਨਾ ਆਪ ਸਮਝਾਇੰਦਾ । ਸਚ ਨਿਸ਼ਾਨਾ ਸਤਿਗੁਰ ਧਾਰ, ਲੋਕਮਾਤ ਵੱਜੇ ਵਧਾਈਆ । ਸਤਿ ਨਿਸ਼ਾਨਾ ਗੁਰ ਚਰਨ ਪਿਆਰ, ਗੁਰ ਗੁਰ ਮੀਤਾ ਗੁਰ ਗੁਰ ਮੇਲਾ ਸਹਿਜ ਸੁਭਾਈਆ । ਸਚ ਨਿਸ਼ਾਨਾ ਠਾਂਡੇ ਦਰਬਾਰ, ਸਚਖੰਡ ਨਿਵਾਸੀ ਆਪ ਝੁਲਾਈਆ । ਸਚ ਨਿਸ਼ਾਨਾ ਏਕੰਕਾਰ, ਆਪ ਆਪਣੇ ਹੱਥ ਵਖਾਈਆ । ਉਪਰ ਲੇਖ ਲਿਖਿਆ ਨਿਰਾਕਾਰ, ਨਾ ਕੋਈ ਮੇਟੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਨਿਸ਼ਾਨ ਇਕ ਪਰਗਟਾਈਆ । ਸਚ ਨਿਸ਼ਾਨ ਪਰਗਟਾਇਆ, ਕਰ ਕਿਰਪਾ ਗੁਣ ਨਿਧਾਨ । ਆਪਣਾ ਮੰਤਰ ਨਾਮ ਜਣਾਇਆ, ਹਰਿਜਨ ਸਾਚੇ ਕਰ ਪਹਿਚਾਨ । ਲਿਖਣ ਪੜ੍ਹਨ ਵਿਚ ਨਾ ਆਇਆ, ਨਾ ਕੋਈ ਜਾਣੇ ਜੀਵ ਜਹਾਨ । ਰੂਪ ਰੰਗ ਰੇਖ ਨਾ ਕੋਇ ਵਖਾਇਆ, ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸ੍ਰੀ ਭਗਵਾਨ । ਸ੍ਰੀ ਭਗਵਾਨ ਖੇਲ ਖਿਲਾਇਆ, ਆਦਿ ਜੁਗਾਦੀ ਕਾਰ । ਏਕਾ ਜੋਤੀ ਜੋਤ ਜਗਾਇਆ, ਦਸ ਦਸ ਮੇਲਾ ਕੰਤ ਭਤਾਰ । ਪੁਰਖ ਅਬਿਨਾਸ਼ੀ ਵੇਸ ਵਟਾਇਆ, ਨਿਰਗੁਣ ਸਰਗੁਣ ਪਾਵੇ ਸਾਰ । ਚੇਲਾ ਸੁਤ ਨਾਉਂ ਧਰਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਆਪ ਕਰਤਾਰ । ਹਰਿ ਕਰਤਾ ਖੇਲ ਖਿਲਾਇੰਦਾ, ਆਦਿ ਜੁਗਾਦੀ ਪੁਰਖ ਅਗੰਮ । ਸੁਤ ਦੁਲਾਰਾ ਆਪ ਉਪਾਇੰਦਾ, ਦੇਵੇ ਨਾਮ ਵਡਿਆਈ ਧੰਨ । ਸਚ ਨਿਸ਼ਾਨਾ ਹੱਥ ਫੜਾਇੰਦਾ, ਆਪ ਪਰਗਟਾਇਆ ਗੁਜਰੀ ਚੰਨ । ਦੋ ਜਹਾਨਾਂ ਵੇਖ ਵਖਾਇੰਦਾ, ਲੱਖ ਚੁਰਾਸੀ ਬੇੜਾ ਦੇਵੇ ਬੰਨ੍ਹ । ਪੁਰਖ ਅਕਾਲ ਇਕ ਮਨਾਇੰਦਾ, ਏਕਾ ਰਾਗ ਸੁਣਾਏ ਕੰਨ । ਫ਼ਤਹਿ ਡੰਕਾ ਇਕ ਵਜਾਇੰਦਾ, ਜੋ ਘੜਿਆ ਦੇਵੇ ਭੰਨ । ਸ੍ਰਿਸ਼ਟ ਸਬਾਈ ਰਾਹ ਚਲਾਇੰਦਾ, ਚਾਰ ਵਰਨਾਂ ਦੇਵੇ ਮਾਣ । ਊਚਾਂ ਨੀਚਾਂ ਰਾਓ ਰੰਕਾਂ ਏਕਾ ਧਾਮ ਬਹਾਇੰਦਾ, ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਦੋ ਜਹਾਨ । ਸਚ ਨਿਸ਼ਾਨਾ ਗੋਬਿੰਦ ਧਾਰ, ਪੁਰਖ ਅਕਾਲ ਆਪ ਉਪਾਈਆ । ਜੋਤੀ ਨੂਰ ਕਰ ਉਜਿਆਰ, ਨੂਰ ਨੁਰਾਨਾ ਦਏ ਸਮਝਾਈਆ । ਅਸੁਤੇ ਪਰਕਾਸ਼ ਏਕੰਕਾਰ, ਲਾਲਨ ਲਾਲ ਵਡ ਵਡਿਆਈਆ । ਕੰਚਨ ਧਾਰ ਸਚਖੰਡ ਦਵਾਰ, ਸੂਹਾ ਥਿਰ ਘਰ ਬੈਠਾ ਆਸਣ ਲਾਈਆ । ਚਿਟੀ ਧਾਰ ਪਸਰ ਪਸਾਰ, ਜੋਤੀ ਜੋਤ ਜੋਤ ਰੁਸ਼ਨਾਈਆ । ਪੀਲਾ ਬਸਤਰ ਲੋਕਮਾਤ ਤਨ ਕਰੇ ਸ਼ੰਗਾਰ, ਗੋਬਿੰਦ ਸੂਰਾ ਹੋ ਉਜਿਆਰ, ਖੜਗ ਖੰਡਾ ਇਕ ਚਮਕਾਈਆ । ਨੀਲਾ ਬਸਤਰ ਪਹਿਨੇ ਆਪਣੀ ਵਾਰ, ਉਚੀ ਕੂਕ ਕਰੇ ਪੁਕਾਰ, ਖੁਲੜੇ ਕੇਸ ਸੀਸ ਰਿਹਾ ਵਖਾਈਆ । ਕਾਲਾ ਸੂਸਾ ਕਲਜੁਗ ਰੰਗ ਦੇਵੇ ਪਾੜ, ਚਾਰੋਂ ਕੁੰਟ ਅਗੰਮੀ ਧਾੜ, ਸ਼ਬਦ ਖੰਡਾ ਇਕ ਚਮਕਾਈਆ । ਸਤਿ ਨਿਸ਼ਾਨਾ ਕਰੇ ਤਿਆਰ, ਸ੍ਰੀ ਭਗਵਾਨ ਪਾਵੇ ਸਾਰ, ਧੁਰ ਫ਼ਰਮਾਨਾ ਇਕ ਜਣਾਈਆ । ਰਾਹ ਤੱਕੇ ਮੀਤ ਮੁਰਾਰ, ਸੱਥਰ ਸੁਤਾ ਪੈਰ ਪਸਾਰ, ਸੂਲਾਂ ਸੇਜ ਆਪ ਹੰਢਾਈਆ । ਸਚ ਸਨੇਹੜਾ ਦੇਵੇ ਕਰ ਪਿਆਰ, ਤੇਰਾ ਮੇਰਾ ਇਕ ਆਧਾਰ, ਦੋ ਜਹਾਨਾਂ ਭੁਲ ਨਾ ਜਾਈਆ । ਪੁਰਖ ਅਬਿਨਾਸ਼ੀ ਹੋਇਆ ਖ਼ਬਰਦਾਰ, ਗੋਬਿੰਦ ਮਿਲਿਆ ਸਾਚਾ ਯਾਰ, ਪਿਤਾ ਪੂਤ ਗਲ ਲਗਾਈਆ । ਤੇਰਾ ਕ਼ਰਜ਼ਾ ਦਏ ਉਤਾਰ, ਏਕਾ ਢੱਯਾ ਚੁੱਕੇ ਭਾਰ, ਤੇਰੀ ਨੱਯਾ ਲਾਏ ਪਾਰ, ਖੇਵਟ ਖੇਟਾ ਬਣੇ ਆਪ ਸ਼ਹਿਨਸ਼ਾਹੀਆ । ਤੇਰਾ ਨਾਉਂ ਕਰੇ ਉਜਿਆਰ, ਤੇਰਾ ਸ਼ਬਦ ਡੰਕ ਜੈਕਾਰ, ਚਾਰ ਵਰਨ ਚਾਰ ਕੁੰਟ ਦਏ ਸੁਣਾਈਆ । ਪਰਗਟ ਹੋਵੇ ਨਿਹਕਲੰਕ ਨਰਾਇਣ ਨਰ ਅਵਤਾਰ, ਸੰਬਲ ਨਗਰੀ ਵਸੇ ਧਾਮ ਨਿਆਰ, ਛੱਪਰ ਛੰਨ ਨਾ ਕੋਇ ਛੁਹਾਈਆ । ਸਚ ਨਿਸ਼ਾਨਾ ਹੱਥ ਫੜੇ ਸੱਚੀ ਸਰਕਾਰ, ਰਾਜ ਰਾਜਾਨਾਂ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸਚ ਨਿਸ਼ਾਨ ਉਠਾਵਨਾ, ਗੁਰਮੁਖ ਰੂਪ ਅਪਾਰ । ਸਾਡੇ ਤਿੰਨ ਹੱਥ ਆਪ ਝੁਲਾਵਨਾ, ਪੁਰਖ ਅਬਿਨਾਸ਼ੀ ਹੋ ਤਿਆਰ । ਬ੍ਰਹਮਾ ਵਿਸ਼ਨ ਸ਼ਿਵ ਪੰਧ ਮੁਕਾਵਨਾ, ਜੁਗ ਚੌਕੜੀ ਕਰ ਖਵਾਰ । ਕ੍ਰੋੜ ਤੇਤੀਸਾ ਰਹਿਣ ਨਾ ਪਾਵਣਾ, ਸੁਰਪਤ ਮਾਰੇ ਡਾਹਡੀ ਮਾਰ । ਜੋਤੀ ਜਾਮਾ ਭੇਖ ਵਟਾਵਨਾ, ਲੇਖਾ ਜਾਣੇ ਗੁਰ ਅਵਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਏਕੰਕਾਰ । ਏਕੰਕਾਰ ਖੇਲ ਅਪਾਰਾ, ਭੇਵ ਕੋਈ ਨਾ ਪਾਇੰਦਾ । ਸੋ ਪੁਰਖ ਨਿਰੰਜਣ ਹੋ ਤਿਆਰਾ ਲੋਕਮਾਤ ਵੇਸ ਵਟਾਇੰਦਾ । ਹਰਿ ਪੁਰਖ ਨਿਰੰਜਣ ਵਸਣਹਾਰਾ ਠਾਂਡੇ ਦਰਬਾਰਾ, ਆਦਿ ਨਿਰੰਜਣ ਜੋਤ ਜਗਾਇੰਦਾ । ਸ੍ਰੀ ਭਗਵਾਨ ਬੋਲ ਜੈਕਾਰਾ, ਅਬਿਨਾਸ਼ੀ ਕਰਤਾ ਨਾਅਰਾ ਲਾਇੰਦਾ । ਪਾਰਬ੍ਰਹਮ ਬ੍ਰਹਮ

ਦਏ ਹਲਾਰਾ, ਬ੍ਰਹਮ ਵੇਤਾ ਮੁਖ ਸ਼ਰਮਾਇੰਦਾ । ਵਿਸ਼ਨੂੰ ਰੋਵੇ ਜ਼ਾਰੋ ਜ਼ਾਰਾ, ਨੇਤਰ ਨੈਣਾਂ ਨੀਰ ਵਹਾਇੰਦਾ । ਸ਼ੰਕਰ ਖੁਲੜੇ ਕੇਸ ਤਨ ਬਿਭੂਤ ਏਕਾ ਮੰਗੇ ਚਰਨ ਧੂੜ ਖ਼ਾਕ ਸਾਰਾ, ਹੱਥ ਤ੍ਰਿਸ਼ੂਲ ਸੁਟਾਇੰਦਾ । ਕਲਜੁਗ ਅੰਤਮ ਰਾਹ ਤੱਕੇ ਨਿਹਕਲੰਕ ਨਰਾਇਣ ਨਰ ਅਵਤਾਰਾ, ਨਰ ਨਰਾਇਣ ਆਪਣਾ ਰੂਪ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਖਿਲਾਇੰਦਾ । ਸਾਚੀ ਖੇਲ ਖਿਲਾਵਣਾ, ਹਰਿ ਸਤਿਗੁਰ ਦੀਨ ਦਿਆਲ । ਗੁਰਮੁਖ ਨਿਸ਼ਾਨਾ ਇਕ ਝੁਲਾਵਣਾ, ਹਰਿਜਨ ਵੇਖੇ ਸਾਚੇ ਲਾਲ । ਮਾਤ ਵਡਿਆਈ ਆਪਣੇ ਹੱਥ ਰਖਾਵਣਾ, ਸ਼ਬਦ ਗੁਰ ਬਣ ਦਲਾਲ । ਕਾਇਆ ਮੰਦਰ ਅੰਦਰ ਮੇਲ ਮਿਲਾਵਣਾ, ਘਰ ਘਰ ਵਿਚ ਵਖਾਏ ਸੱਚੀ ਧਰਮਸਾਲ । ਅਨਹਦ ਡੰਕਾ ਆਪ ਵਜਾਵਣਾ, ਨਾਤਾ ਤੋੜ ਪੰਜ ਸ਼ੈਤਾਨ । ਪੰਚਮ ਸਖੀਆਂ ਮਿਲ ਮਿਲ ਮੰਗਲ ਗਾਵਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਵਖਾਏ ਸਚ ਨਿਸ਼ਾਨ । ਸਚ ਨਿਸ਼ਾਨ ਬਣਾਇਆ, ਨਿਰਗੁਣ ਆਪਣੀ ਕਿਰਪਾ ਧਾਰ । ਆਦਿ ਜੁਗਾਦੀ ਆਪਣੇ ਹੱਥ ਰਖਾਇਆ, ਜੁਗਾ ਜੁਗੰਤਰ ਸਾਚੀ ਕਾਰ । ਗੁਰ ਅਵਤਾਰ ਸੇਵਾ ਲਾਇਆ, ਜੁਗ ਚੌਕੜੀ ਖੇਲ ਨਿਆਰ । ਨੌ ਨੌ ਚਾਰ ਪੰਧ ਮੁਕਾਇਆ, ਪਰਗਟ ਹੋਏ ਆਪ ਕਰਤਾਰ । ਏਕਾ ਕੌਲ ਲਏ ਨਿਭਾਇਆ, ਭੁਲ ਨਾ ਜਾਏ ਭੁੱਲਣਹਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਸਤਿਗੁਰ ਪਾਵੇ ਸਾਰ । ਸੰਤ ਅੰਤ ਅਨੰਤ, ਭਗਵੰਤ ਰਹੇ ਜਸ ਗਾਈਆ । ਸਰਬ ਜੀਆਂ ਦਾ ਏਕਾ ਕੰਤ, ਆਦਿ ਪੁਰਖ ਵਡੀ ਵਡਿਆਈਆ । ਜੁਗਾ ਜੁਗੰਤਰ ਦੇਵੇ ਆਪਣਾ ਨਾਉਂ ਮੰਤ, ਸਤਿ ਮੰਤਰ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਚ ਭੂਮਕਾ ਆਪ ਸੁਹਾਈਆ । ਸਚ ਭੂਮਕਾ ਸੋਹੇ ਅਸਥਾਨ, ਧਰਨੀ ਧਰਤ ਧਵਲ ਵਡਿਆਇੰਦਾ । ਜਿਸ ਦਰ ਚਰਨ ਕਵਲ ਧਰੇ ਭਗਵਾਨ, ਸੋ ਦਰ ਸੋਭਾ ਪਾਇੰਦਾ । ਜਿਸ ਜਨ ਦੇਵੇ ਨਾਮ ਨਿਧਾਨ, ਸੋ ਜਨ ਅੰਧ ਅੰਧੇਰ ਗਵਾਇੰਦਾ । ਜਿਸ ਜਨ ਅੰਮ੍ਰਿਤ ਆਤਮ ਦੇਵੇ ਪੀਣ ਖਾਣ, ਤ੍ਰਿਸ਼ਨਾ ਭੁੱਖ ਮਿਟਾਇੰਦਾ । ਜਿਸ ਜਨ ਦੇਵੇ ਧੁਨ ਅਨਾਦੀ ਏਕਾ ਗਾਨ, ਆਤਮਕ ਸੁੰਨ ਆਪ ਖੁਲ੍ਹਾਇੰਦਾ । ਜਿਸ ਜਨ ਆਪਣੀ ਕਰਾਏ ਆਪ ਪਹਿਚਾਨ, ਸੋ ਜਨ ਮੰਗਣ ਕਿਤੇ ਨਾ ਜਾਇੰਦਾ । ਜਿਸ ਜਨ ਆਪਣੇ ਦਰ ਕਰੇ ਪਰਵਾਨ, ਸੋ ਜਨ ਦੋ ਜਹਾਨਾਂ ਸੋਭਾ ਪਾਇੰਦਾ । ਜਿਸ ਜਨ ਵਖਾਏ ਸਚ ਨਿਸ਼ਾਨ, ਸੋ ਜਨ ਓਟ ਨਾ ਕੋਈ ਤਕਾਇੰਦਾ । ਗੁਰਮੁਖ ਗੁਰਸਿਖ ਚਤੁਰ ਸੁਜਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੇ ਰੰਗ ਰੰਗਾਇੰਦਾ । ਰੰਗ ਰੰਗਾਏ ਹਰਿ ਰੰਗੀਲਾ, ਰੰਗ ਰਤੜਾ ਬੇਪਰਵਾਹੀਆ । ਪੁਰਖ ਅਗੰਮ ਅਬਿਨਾਸ਼ੀ ਬੀਠਲਾ, ਪ੍ਰੇਮ ਭਾਓ ਭਗਤੀ ਆਪਣੇ ਹੱਥ ਟਿਕਾਈਆ । ਜੁਗ ਜੁਗ ਚਲਾਏ ਰੀਤਲਾ, ਸ੍ਰਿਸ਼ਟ ਸਬਾਈ ਵੇਖੇ ਥਾਉਂ ਥਾਈਂਆ । ਵਖਾਏ ਧਾਮ ਇਕ ਅਨਡੀਠੜਾ, ਨਿਝ ਨੇਤਰ ਆਪ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਭੂਮਿਕਾ ਦਏ ਵਡਿਆਈਆ । ਸਾਚੀ ਭੂਮਿਕਾ ਸਰ ਅੰਮ੍ਰਿਤ, ਯੋਜਨ ਚਾਰ ਚਾਰ ਵਡਿਆਈਆ । ਆਪ ਸੁਹਾਏ ਆਪਣੀ ਧਰਤ, ਧਰਨੀ ਦੋਏ ਦੋਏ ਬੈਠੀ ਸੀਸ ਝੁਕਾਈਆ । ਅੰਮ੍ਰਿਤ ਮੇਘ ਦੇਵੇ ਬਰਸ, ਅਮਿਉਂ ਰਸ ਆਪਣਾ ਆਪ ਚੁਆਈਆ । ਜਨ ਭਗਤਾਂ ਮੇਟੇ ਜਨਮ ਜਨਮ ਦੀ ਹਰਸ, ਨਿਰਗੁਣ ਸਰਗੁਣ ਦਰਸ ਦਿਖਾਈਆ । ਲੇਖਾ ਜਾਣੇ ਅਰਸ਼ ਫ਼ਰਸ਼, ਕਾਇਆ ਕੁਰਾ ਫੋਲ ਫੁਲਾਈਆ । ਜਿਸ ਜਨ ਉਪਰ ਕਰੇ ਤਰਸ, ਆਪਣਾ ਨਿਸ਼ਾਨਾ ਦਏ ਵਖਾਈਆ । ਸਾਧ ਸੰਤ ਕਲ ਰਹੇ ਤੜਪ, ਪ੍ਰਭ ਦਰਸਨ ਨੇਤਰ ਨੈਣ ਉਠਾਈਆ । ਤ੍ਰੈਗੁਣ

੪੪੫
੧੦

ਮਾਇਆ ਬੁਝੇ ਨਾ ਤ੍ਰਿਸ਼ਨਾ ਅੰਦਰੇ ਅੰਦਰ ਕਰ ਗਏ ਹੜਪ, ਸਾਂਤਕ ਸਤਿ ਨਾ ਕੋਇ ਵਰਤਾਈਆ । ਗੁਰੂ ਗੁਰ ਬਣ ਬਣ ਬੈਠੇ ਨਾ ਕੋਈ ਲਿਖਤ ਨਾ ਕੋਈ ਪੜ੍ਹਤ, ਸਚ ਸੰਦੇਸ਼ ਨਾ ਕੋਇ ਸੁਣਾਈਆ । ਜੀਵਾਂ ਜੰਤਾਂ ਕੋਲੋਂ ਲੈਂਦੇ ਰਹੇ ਆੜ੍ਹਤ, ਜੂਠੇ ਝੂਠੇ ਵੱਟੇ ਤੋਲ ਤੁਲਾਈਆ । ਅੰਤਮ ਵੇਖੇ ਜਿਸ ਘੜਿਆ ਘਾੜਤ, ਘੜਨ ਭੰਨਣਹਾਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਧਰਨੀ ਆਪ ਸੁਹਾਈਆ । ਧਰਨੀ ਮੌਲੀ ਮੌਲਿਆ ਜਗ, ਹਰਿ ਸਤਿਗੁਰ ਚਰਨ ਛੁਹਾਇਆ । ਜੁਗ ਜੁਗ ਦੀ ਲੱਗੀ ਬੁਝੀ ਅੱਗ, ਨਿਰਗੁਣ ਨੇਤਰ ਦਰਸਨ ਪਾਇਆ । ਹੋਈ ਸੇਜ ਸੁਹੰਜਣੀ ਪ੍ਰਭ ਧਰਿਆ ਪਗ, ਘਰ ਮੰਦਰ ਏਕਾ ਨਜ਼ਰੀ ਆਇਆ । ਗੁਰਮੁਖ ਲੱਖ ਚੁਰਾਸੀ ਵਿਚੋਂ ਕੱਢ, ਆਪ ਆਪਣਾ ਮੇਲ ਮਿਲਾਇਆ । ਸਚ ਨਿਸ਼ਾਨਾ ਆਪਣੀ ਹੱਥੀਂ ਗੱਡ, ਗੁਰਮੁਖ ਸਾਚੀ ਭੇਟ ਚੜ੍ਹਾਇਆ । ਸ਼ਾਹ ਸੁਲਤਾਨਾਂ ਅੰਤਮ ਸੁਟੇ ਡੂੰਘੀ ਖੱਡ, ਨਾ ਸਕੇ ਕੋਇ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਨਿਸ਼ਾਨਾ ਆਪ ਉਪਾਇਆ । ਸਚ ਨਿਸ਼ਾਨਾ ਗੁਰਸਿਖ ਭੇਟ, ਜਗਤ ਜਗਦੀਸ ਦਏ ਵਡਿਆਈਆ । ਸੱਤਾਂ ਦੀਪਾਂ ਬਣੇ ਖੇਵਟ ਖੇਟ, ਜਗਤ ਮਲਾਹੀ ਸੇਵ ਕਮਾਈਆ । ਲੇਖਾ ਜਾਣੇ ਮਾਤ ਪਿਤ ਬੇਟ, ਪਿਤਾ ਪੂਤ ਕਰੇ ਰੁਸ਼ਨਾਈਆ । ਗੋਬਿੰਦ ਸੂਰਾ ਸਾਚਾ ਹੇਤ, ਹਾਜ਼ਰ ਹਜ਼ੂਰਾ ਵੇਖ ਵਖਾਈਆ । ਵੇਖਣਹਾਰਾ ਨੇਤਨ ਨੇਤ, ਨਿਤ ਨਵਿਤ ਆਪਣਾ ਰੂਪ ਪਰਗਟਾਈਆ । ਕਲਜੁਗ ਅੰਤਮ ਜੋਤ ਪਰਗਟਾਏ ਦਇਆ ਕਮਾਏ ਵੀਹ ਸੌ ਅਠਾਰਾਂ ਬਿਕ੍ਰਮੀ ਪਹਿਲੀ ਚੇਤ, ਚੇਤਨ ਚੇਤ ਦਏ ਕਰਾਈਆ । ਨੌ ਖੰਡ ਪ੍ਰਿਥਮੀ ਵੇਖੇ ਖੇਤ, ਸਤਿ ਸਤਿਵਾਦੀ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਨਿਸ਼ਾਨ ਇਕ ਦਰਸਾਈਆ । ਸਚ ਨਿਸ਼ਾਨ ਬਣਾਇਆ, ਸਤਿ ਸਤਿਵਾਦੀ ਸਾਚੀ ਧਾਰ । ਸ੍ਰਿਸ਼ਟ ਸਬਾਈ ਦਏ ਵਖਾਇਆ, ਇਕ ਇਕੱਲਾ ਹੋ ਉਜਿਆਰ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਏਕਾ ਹੁਕਮ ਦਏ ਸੁਣਾਇਆ, ਸਾਚੇ ਤਖ਼ਤ ਬੈਠ ਸੱਚੀ ਸਰਕਾਰ । ਸੀਸ ਜਗਦੀਸ ਤਾਜ ਸੁਹਾਇਆ, ਸੋ ਪੁਰਖ ਨਿਰੰਜਣ ਖੇਲ ਅਪਾਰ । ਹੰ ਬ੍ਰਹਮ ਲਏ ਉਠਾਇਆ, ਸ਼ਬਦ ਹਲੂਣਾ ਏਕਾ ਮਾਰ । ਸੋਇਆ ਕੋਇ ਰਹਿਣ ਨਾ ਪਾਇਆ, ਸਾਧ ਸੰਤ ਕਰੇ ਬੇਦਾਰ । ਮੁਲਾ ਸ਼ੇਖ਼ ਮਸਾਇਕ ਪੀਰ ਦਸਤਗੀਰ ਲਏ ਜਗਾਇਆ, ਉਚੀ ਕੂਕ ਕਰੇ ਪੁਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਨਿਸ਼ਾਨਾ ਆਪ ਸੰਭਾਲ । ਸਚ ਨਿਸ਼ਾਨਾ ਗੁਰ ਗੋਬਿੰਦ ਰੰਗ, ਗੁਰਸਿਖ ਰਤੀ ਰਤ ਰੰਗਾਈਆ । ਕਰੇ ਖੇਲ ਸੂਰਾ ਸਰਬੰਗ, ਸ਼ਹਿਨਸ਼ਾਹ ਸੱਚਾ ਸ਼ਹਿਨਸ਼ਾਹੀਆ । ਨਵ ਨੌ ਵਜਾਏ ਮਰਦੰਗ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਪ ਸੁਣਾਈਆ । ਹੱਥ ਫੜ ਚੰਡ ਪਰਚੰਡ, ਨਾਮ ਕਟਾਰ ਇਕ ਚਮਕਾਈਆ । ਲੱਖ ਚੁਰਾਸੀ ਕਰੇ ਰੰਡ, ਦੇਵੇ ਦੰਡ ਬੇਪਰਵਾਹੀਆ । ਦੂਈ ਦਵੈਤੀ ਝੂਠੀ ਢਾਹੇ ਕੰਧ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਧਰਤੀ ਕਰੇ ਜੋਤ ਰੁਸ਼ਨਾਈਆ । ਸਾਚੀ ਧਰਤੀ ਝੁਲਣਾ ਨਿਸ਼ਾਨ, ਸਤਿ ਸਤਿਵਾਦੀ ਆਪ ਝੁਲਾਇੰਦਾ । ਗੁਰਮੁਖ ਤੇਰਾ ਖੇਲ ਮਹਾਨ, ਭੇਵ ਕੋਇ ਨਾ ਪਾਇੰਦਾ । ਆਪਣੀ ਭੇਟਾ ਲੈ ਲੈ ਬਾਲ ਅੰਞਾਣ, ਆਪਣੀ ਹੱਥੀਂ ਸੇਵ ਕਮਾਇੰਦਾ । ਚਵੀ ਹੱਥ ਕਰ ਪਰਵਾਨ, ਜ਼ਿਮੀਂ ਅਸਮਾਨ ਆਪ ਹਿਲਾਇੰਦਾ । ਕਰੇ ਖੇਲ ਵਡ ਮਿਹਰਵਾਨ, ਮਹਿਬਾਨ ਬੀਦੋ ਆਪ ਖਿਲਾਇੰਦਾ । ਆਲਮ ਉਲਮਾ ਨਾ ਕਰੇ ਕੋਈ ਪਹਿਚਾਨ, ਵੇਦ ਕਤੇਬ ਨਾ ਕੋਈ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸਤਿਵਾਦੀ ਖੇਲ ਖਿਲਾਇੰਦਾ । ਸਤਿ ਸਤਿਵਾਦੀ ਖੇਲ ਅਵੱਲਾ, ਆਲਮਗੀਰ ਆਪ

ਕਰਾਈਆ । ਲੇਖਾ ਜਾਣੇ ਰਾਣੀ ਅੱਲਾ, ਮੀਆਂ ਆਪਣਾ ਰੂਪ ਵਟਾਈਆ । ਭੇਵ ਖੁਲ੍ਹਾਏ ਸਾਢੇ ਤਿੰਨ ਹੱਥ ਸੀਆਂ, ਬਿਸਮਲ ਆਪਣਾ ਪਰਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਨਿਸ਼ਾਨ ਦਏ ਵਖਾਈਆ । ਇਕ ਨਿਸ਼ਾਨਾ ਚਾਰ ਵਰਨ ਪੁਰਖ ਅਕਾਲ ਆਪ ਜਣਾਇੰਦਾ । ਇਕ ਨਿਸ਼ਾਨਾ ਖੋਲ੍ਹੇ ਹਰਨ ਫਰਨ, ਨੇਤਰ ਗਿਆਨ ਆਪ ਖੁਲ੍ਹਾਇੰਦਾ । ਇਕ ਨਿਸ਼ਾਨਾ ਚੁਕਾਏ ਮਰਨ ਡਰਨ, ਲੱਖ ਚੁਰਾਸੀ ਫੰਦ ਕਟਾਇੰਦਾ । ਇਕ ਨਿਸ਼ਾਨਾ ਤਰਨੀ ਤਰਨ, ਦੋ ਜਹਾਨਾਂ ਪਾਰ ਕਰਾਇੰਦਾ । ਇਕ ਨਿਸ਼ਾਨਾ ਜਰਨੀ ਜਰਨ, ਸਾਚਾ ਭਾਣਾ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਸਚ ਨਿਸ਼ਾਨਾ ਆਪ ਬਣਾਇੰਦਾ । ਕਲਜੁਗ ਅੰਤਮ ਮਿਟੇ ਨਿਸ਼ਾਨਾ, ਨਿਸ਼ਾਨ ਨਿਸ਼ਾਨਾ ਦਏ ਮਿਟਾਈਆ । ਕਲਜੁਗ ਅੰਤਮ ਮਿਟੇ ਪੰਜ ਸ਼ੈਤਾਨਾ, ਜਗਤ ਸ਼ੈਤਾਨਾ ਰਹਿਣ ਨਾ ਪਾਈਆ । ਕਲਜੁਗ ਅੰਤਮ ਨਾਤਾ ਤੁੱਟੇ ਜੀਵ ਜਹਾਨਾ, ਜੀਵ ਜਹਾਨਾ ਪੰਧ ਮੁਕਾਈਆ । ਕਲਜੁਗ ਅੰਤਮ ਝੂਠ ਵਿਕਾਰ ਹੋਏ ਵੈਰਾਨਾ, ਵਹਿੰਦੀ ਧਾਰ ਆਪ ਵਹਾਈਆ । ਕਲਜੁਗ ਅੰਤਮ ਤਖ਼ਤੋਂ ਲਾਹੇ ਰਾਜਾ ਰਾਣਾ, ਸ਼ਾਹ ਸੁਲਤਾਨਾ ਖ਼ਾਕ ਮਿਲਾਈਆ । ਕਲਜੁਗ ਅੰਤਮ ਸ਼ਬਦ ਅਗੰਮੀ ਗਾਏ ਧੁਰ ਫ਼ਰਮਾਨਾ, ਚਾਰ ਵਰਨਾਂ ਕਰੇ ਪੜ੍ਹਾਈਆ । ਕਲਜੁਗ ਅੰਤਮ ਪਰਗਟ ਹੋਏ ਜੋਧਾ ਸੂਰਬੀਰ ਬਲਵਾਨਾ, ਮਰਦ ਮਰਦਾਨਾ ਆਪਣਾ ਨਾਉਂ ਧਰਾਈਆ । ਕਲਜੁਗ ਅੰਤਮ ਨਿਹਕਲੰਕਾ ਪਹਿਰੇ ਬਾਣਾ, ਮਾਤ ਪਿਤ ਨਾ ਕੋਈ ਬਣਾਈਆ । ਕਲਜੁਗ ਅੰਤਮ ਏਕਾ ਡੰਕਾ ਵਜਾਏ ਸ੍ਰੀ ਭਗਵਾਨਾ, ਸ੍ਰਿਸ਼ਟ ਸਬਾਈ ਰਿਹਾ ਉਠਾਈਆ । ਕਲਜੁਗ ਅੰਤਮ ਏਕਾ ਬੰਨ੍ਹੇ ਸੱਚਾ ਗਾਨਾ, ਗੁਰਮੁਖ ਵਿਰਲਾ ਸਗਨ ਮਨਾਈਆ । ਕਲਜੁਗ ਅੰਤਮ ਹਰਿਜਨ ਵਖਾਏ ਪਦ ਨਿਰਬਾਣਾ, ਨਿਰਭੈ ਆਪਣੀ ਦਇਆ ਕਮਾਈਆ । ਕਲਜੁਗ ਅੰਤਮ ਏਕਾ ਤਖ਼ਤ ਸੁਹਾਏ ਸ਼ਾਹ ਸੁਲਤਾਨਾ, ਸ਼ਾਹ ਪਾਤਸ਼ਾਹ ਆਸਣ ਲਾਈਆ । ਕਲਜੁਗ ਅੰਤਮ ਏਕਾ ਦੇਵੇ ਧੁਰ ਫ਼ਰਮਾਨਾ, ਨਾ ਕੋਈ ਮੇਟੇ ਮੇਟ ਮਿਟਾਈਆ । ਕਲਜੁਗ ਅੰਤਮ ਲੇਖਾ ਜਾਣੇ ਗੋਪੀ ਕਾਹਨਾ, ਮੰਡਲ ਮੰਡਪ ਆਪਣੀ ਖੇਲ ਖਿਲਾਈਆ । ਲੇਖਾ ਜਾਣੇ ਸੀਤਾ ਰਾਮਾ, ਰਾਮ ਸੀਤਾ ਸੁਰਤ ਸ਼ਬਦ ਵੱਜੇ ਵਧਾਈਆ । ਕਲਜੁਗ ਹੰਕਾਰੀ ਤੋੜੇ ਅਭਿਮਾਣਾ, ਅਭਿਮਾਣ ਰਾਵਣ ਰਹਿਣ ਨਾ ਪਾਈਆ । ਸ਼ਬਦ ਖੰਡਾ ਖਿਚ ਮਿਆਨਾ, ਚੰਡ ਪਰਚੰਡ ਆਪ ਚਮਕਾਈਆ । ਰਸਨਾ ਚਿੱਲਾ ਤੀਰ ਕਮਾਨਾ, ਇਕ ਨਿਸ਼ਾਨਾ ਆਪੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਨਿਸ਼ਾਨਾ ਇਕ ਵਖਾਈਆ । ਸਚ ਨਿਸ਼ਾਨ ਵੇਖਣਾ, ਗੁਰ ਸਤਿਗੁਰ ਆਪ ਵਖਾਏ । ਕਲਜੁਗ ਮਿਟਦੀ ਜਾਏ ਰੇਖਨਾ, ਆਪ ਆਪਣਾ ਰੂਪ ਵਟਾਏ । ਸ਼ਬਦ ਅਗੰਮੀ ਝੁੱਲੇ ਦੇਸ ਪ੍ਰਦੇਸਨਾ, ਪੁਰਖ ਅਬਿਨਾਸ਼ੀ ਆਪ ਝੁਲਾਏ । ਜੂਠਾ ਝੂਠਾ ਰਹਿਣਾ ਵੇਸ ਨਾ, ਕੂੜ ਕੁੜਿਆਰਾ ਦਏ ਖਪਾਏ । ਪੂਜਾ ਚੁੱਕੇ ਗਣਪਤ ਗਣੇਸ਼ਨਾ, ਬ੍ਰਹਮਾ ਵਿਸ਼ਨ ਸ਼ਿਵ ਨਾ ਕੋਇ ਮਨਾਏ । ਈਸਾ ਮੂਸਾ ਸੰਗ ਮੁਹੰਮਦ ਚਾਰ ਯਾਰ ਚਲੇ ਕੋਈ ਪੇਸ਼ ਨਾ, ਅੱਲਾ ਰਾਣੀ ਨੇਤਰ ਨੈਣ ਨੀਰ ਵਹਾਏ । ਪੀਰ ਦਸਤਗੀਰ ਖੜੇ ਦਰਵੇਸ਼ਨਾ, ਗਲ ਕਾਲੀ ਕਫ਼ਨੀ ਪਾਏ । ਆਦਿ ਸ਼ਕਤ ਖੁਲੇ ਕੇਸ਼ਨਾ, ਆਪ ਆਪਣਾ ਹਾਲ ਸੁਣਾਏ । ਚਤੁਰਭੁਜ ਰੂਪ ਕਿਸੇ ਨਾ ਵੇਖਨਾ, ਰੂਪ ਅਨੂਪਾ ਬੈਠਾ ਮੁਖ ਛੁਪਾਏ । ਪ੍ਰਗਟ ਹੋਏ ਦਸ ਦਸਮੇਸਨਾ, ਸ਼ਬਦ ਸ਼ਬਦੀ ਡੰਕਾ ਇਕ ਵਜਾਏ । ਪੁਰਖ ਅਕਾਲ ਗੁਰਮੁਖ ਵਿਰਲੇ ਵੇਖਨਾ, ਜਿਸ ਜਨ ਆਪਣਾ ਪੜਦਾ ਲਏ ਉਠਾਏ । ਹਰਿ ਕਾ ਰੂਪ ਮੁੱਛ ਦਾੜ੍ਹੀ ਨਾ ਕੇਸਨਾ, ਨਾ ਕੋਈ ਮੂੰਡ ਮੁੰਡਾਏ । ਜੋਤੀ ਜਾਮਾ ਧਾਰੇ ਭੇਖਨਾ, ਨਿਹਕਲੰਕਾ ਨਾਉਂ ਰਖਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ

ਸਤਿਵਾਦੀ ਆਦਿ ਜੁਗਾਦੀ ਇਕ ਨਿਸ਼ਾਨਾ ਹੱਥ ਉਠਾਏ । ਮਾਤ ਪਿਤ ਜਗਤ ਨਾਤਾ, ਰਕਤ ਬੂੰਦ ਖੇਲ ਖਿਲਾਇੰਦਾ । ਸਰਬ ਜੀਆਂ ਦਾ ਇਕੋ ਦਾਤਾ, ਲੱਖ ਚੁਰਾਸੀ ਆਪਣੀ ਗੋਦ ਸੁਹਾਇੰਦਾ । ਵੇਖਣਹਾਰਾ ਇਕ ਇਕਾਂਤਾ, ਨਵ ਨਵ ਆਪਣਾ ਭੇਵ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਸਾਚੀ ਵਸਤ ਝੋਲੀ ਪਾਇੰਦਾ । ਪਿਤਾ ਪੂਤ ਜਗਤ ਪਿਆਰ, ਦਿਵਸ ਰੈਣ ਰਹੇ ਦੁਖਦਾਈਆ । ਕਵਣ ਵੇਲਾ ਵਕਤ ਘਰ ਆਏ ਦੁਲਾਰ, ਆਤਮਕ ਸਾਂਤਕ ਸਤਿ ਕਰਾਈਆ । ਪੰਜ ਮਹੀਨੇ ਦਿਵਸ ਚਾਰ, ਜਗਤ ਵਿਛੋੜਾ ਰਿਹਾ ਸਮਝਾਈਆ । ਅੰਤਮ ਮੇਲਾ ਕਰੇ ਆਪ ਕਰਤਾਰ, ਵਿਛੜਿਆਂ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਤ ਜਗਤ ਝੋਲੀ ਪਾਈਆ ।

ਹਰਿ ਸੰਗਤ ਵਡਿਆਈ ਧੰਨ, ਹਰਿ ਸਤਿਗੁਰ ਦਰਸਨ ਪਾਇਆ । ਹਰਿ ਸੰਗਤ ਵਡਿਆਈ ਧੰਨ, ਹਰਿਜਨ ਬਹਿ ਬਹਿ ਮੰਗਲ ਗਾਇਆ । ਹਰਿ ਸੰਗਤ ਵਡਿਆਈ ਧੰਨ, ਕਾਇਆ ਮੰਦਰ ਅੰਦਰ ਡੂੰਘੀ ਕੰਦਰ ਆਤਮ ਅੰਤਰ ਇਕ ਧਿਆਨ ਲਗਾਇਆ । ਹਰਿ ਸੰਗਤ ਵਡਿਆਈ ਧੰਨ, ਜਗਤ ਬੁਝੇ ਲੱਗੀ ਬਸੰਤਰ, ਅਗਨੀ ਤੱਤ ਰਹੇ ਨਾ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਹੋਏ ਸਹਾਇਆ । ਹਰਿ ਸੰਗਤ ਸਤਿਗੁਰ ਰੂਪ, ਸਤਿ ਪੁਰਖ ਨਿਰੰਜਣ ਬਣਤ ਬਣਾਈਆ । ਹਰਿ ਸੰਗਤ ਸਤਿ ਸਰੂਪ, ਸਤਿ ਸਤਿਵਾਦੀ ਵਿਚ ਸਮਾਈਆ । ਹਰਿ ਸੰਗਤ ਨਾਤਾ ਤੁਟੇ ਜੂਠ ਝੂਠ, ਸਚ ਸੁੱਚ ਮਿਲੇ ਵਡਿਆਈਆ । ਹਰਿ ਸੰਗਤ ਉਪਰ ਜਾਏ ਤੁਠ, ਨਾਮ ਅਤੁਟ ਝੋਲੀ ਪਾਈਆ । ਪੰਚ ਵਿਕਾਰਾ ਕੱਢੇ ਕੁੱਟ, ਕਾਮ ਕਰੋਧ ਲੋਭ ਮੋਹ ਹੰਕਾਰ ਨੇੜ ਨਾ ਆਈਆ । ਆਵਣ ਜਾਵਣ ਲੱਖ ਚੁਰਾਸੀ ਜਾਏ ਛੁੱਟ, ਜੋ ਜਨ ਆਏ ਨੇਤਰ ਲੋਚਣ ਦਰਸਨ ਪਾਈਆ । ਨਿਰਮਲ ਮਿਲਾਏ ਜੋਤੀ ਜੋਤ, ਅੰਤ ਜੋਤੀ ਜੋਤ ਮਿਲਾਈਆ । ਸਚਖੰਡ ਦਵਾਰਾ ਵਖਾਏ ਕਿਲਾ ਕੋਟ, ਜਿਸ ਦਵਾਰੇ ਹਰਿ ਸੰਗਤ ਆਸਣ ਲਾਈਆ । ਕਲਜੁਗ ਅੰਤਮ ਆਪ ਉਠਾਏ ਆਹਲਣਿਉਂ ਡਿਗੇ ਬੋਟ, ਕਰ ਕਿਰਪਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਵੇਖੇ ਥਾਉਂ ਥਾਈਂਆ । ਹਰਿ ਸੰਗਤ ਤੇਰਾ ਸਚ ਮਨਾਰਾ, ਪੁਰਖ ਅਬਿਨਾਸ਼ੀ ਆਪ ਬਣਾਇਆ । ਗੁਰ ਗੋਬਿੰਦ ਤੇਰਾ ਮੀਤ ਮੁਰਾਰਾ, ਵਿਛੜ ਕਦੇ ਨਾ ਜਾਇਆ । ਨਾਨਕ ਨਿਰਗੁਣ ਦਏ ਸਹਾਰਾ, ਸਿਰ ਆਪਣਾ ਹੱਥ ਰਖਾਇਆ । ਪੁਰਖ ਅਕਾਲ ਬਣ ਵਣਜਾਰਾ, ਸਾਚਾ ਹੱਟ ਇਕ ਖੁਲ੍ਹਾਇਆ । ਬ੍ਰਹਮ ਪਾਰਬ੍ਰਹਮ ਕਰੇ ਪਿਆਰਾ, ਦਰ ਘਰ ਸਾਚੇ ਮੇਲਾ ਗੁਰੂ ਗੁਰ ਚੇਲਾ ਏਕਾ ਰੰਗ ਰੰਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਦਰ ਆਏ ਲੇਖੇ ਲਾਇਆ । ਹਰਿ ਸੰਗਤ ਤੇਰਾ ਸਹਿਜ ਗੁਣ, ਗੁਣਵੰਤਾ ਵੇਖ ਵਖਾਇੰਦਾ । ਤੇਰੀ ਪੁਕਾਰ ਤੇਰਾ ਲਏ ਸੁਣ, ਸੁਣਨਹਾਰ ਆਪ ਅਖਵਾਇੰਦਾ । ਲੱਖ ਚੁਰਾਸੀ ਵਿਚੋਂ ਚੁਣ, ਗੁਰਮੁਖ ਵਿਰਲੇ ਅੰਗ ਲਗਾਇੰਦਾ । ਹਰਿ ਕਾ ਭੇਵ ਜਾਣੇ ਕੌਣ, ਵੇਦ ਕਤੇਬ ਸਰਬ ਜਸ ਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਸਾਚਾ ਮਾਣ ਰਖਾਇੰਦਾ । ਹਰਿ ਸੰਗਤ ਤੇਰਾ ਅੰਤ ਸੁਹੌਣਾ, ਜਮਦੂਤ ਨੇੜ ਨਾ ਆਈਆ । ਰਾਏ ਧਰਮ ਮੁਖ ਸ਼ਰਮੌਣਾ, ਚਿਤਰ ਗੁਪਤ ਨਾ ਹਿਸਾਬ ਵਖਾਈਆ । ਵਿਸ਼ਨ ਬ੍ਰਹਮਾ ਸ਼ਿਵ ਨਿਉਂ ਨਿਉਂ ਸੀਸ ਝੁਕੌਣਾ, ਜਿਸ ਮਾਰਗ ਗੁਰਸਿਖ ਜਾਈਆ । ਥਿਰ ਘਰ ਸਾਚੇ ਸੋਭਾ ਪੌਣਾ, ਜਿਸ ਮਿਲਿਆ ਗੁਰ ਗੋਬਿੰਦ ਸਾਚਾ

ਮਾਹੀਆ । ਨਾਨਕ ਗੋਦ ਆਪ ਸਵੌਣਾ, ਸੋਇਆ ਪੂਤ ਨਾ ਕੋਇ ਉਠਾਈਆ । ਜਨਮ ਜਨਮ ਦਾ ਗੇੜ ਚੁਕੌਣਾ, ਮਾਤ ਗਰਭ ਦਸ ਦਸ ਮਾਸ ਨਾ ਅਗਨ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਦੇਵੇ ਸਤਿ ਵਡਿਆਈਆ । ਹਰਿ ਸੰਗਤ ਵੇਖੇ ਸਚ ਨਿਸ਼ਾਨ, ਗੁਰ ਸਤਿਗੁਰ ਦਇਆ ਕਮਾ । ਲੇਖੇ ਲਾਏ ਬਿਰਧ ਬਾਲ ਜਵਾਨ, ਜੋ ਜਨ ਸਰਨਾਈ ਗਏ ਆ । ਅੰਤਮ ਦੇਵੇ ਸ਼ਬਦ ਬਬਾਣ, ਆਪ ਆਪਣੀ ਸੇਵ ਕਮਾ । ਅੰਤ ਕੰਤ ਭਗਵੰਤ ਸਾਧ ਸੰਗਤ ਹੋਏ ਸਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਧਾਮ ਦਏ ਬਹਾ । ਸਾਚਾ ਧਾਮ ਸੁਹਾਇਆ, ਹਰਿ ਸਤਿਗੁਰ ਸੱਜਣ ਸ਼ਾਹ । ਹਰਿ ਸੰਗਤ ਮੇਲ ਮਿਲਾਇਆ, ਨਿਰਗੁਣ ਸਰਗੁਣ ਬਣ ਮਲਾਹ । ਚੇਲਾ ਗੁਰ ਏਕਾ ਰੰਗ ਰੰਗਾਇਆ, ਗੁਰ ਚੇਲਾ ਪਕੜੇ ਬਾਂਹ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਦੇਵੇ ਏਕਾ ਵਰ, ਨਥਾਵਿਆਂ ਬਖ਼ਸ਼ੇ ਸਾਚਾ ਥਾਂ । ਹੰਕਾਰ ਵਿਕਾਰ ਜਾਏ ਵਿਨਾਸ, ਜਿਸ ਜਨ ਸਤਿਗੁਰ ਦਇਆ ਕਮਾਈਆ । ਨਿਰਮਲ ਜੋਤ ਕਰੇ ਪਰਕਾਸ਼, ਅੰਧ ਅੰਧੇਰ ਦਏ ਮਿਟਾਈਆ । ਹਿਰਦੇ ਰੱਖ ਰੱਖ ਆਪਣਾ ਵਾਸ, ਆਸਾ ਤ੍ਰਿਸ਼ਨਾ ਦਏ ਬੁਝਾਈਆ । ਰਸਨ ਜਪਾਏ ਆਪਣਾ ਨਾਮ ਸਵਾਸ, ਸਵਾਸ ਸਵਾਸਾਂ ਵਿਚ ਸਮਾਈਆ । ਪੂਰੀ ਕਰੇ ਗੁਰਸਿਖ ਆਸ, ਨਿਰਾਸਾ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਹੰਕਾਰ ਦਏ ਮਿਟਾਈਆ । ਜਗਤ ਹੰਕਾਰ ਤੁਟੇ ਗੜ੍ਹ, ਸ਼ਬਦ ਖੰਡਾ ਆਪ ਵਖਾਇੰਦਾ । ਅੰਦਰੇ ਅੰਦਰ ਲਏ ਫੜ, ਫੜਣਹਾਰਾ ਦਿਸ ਨਾ ਆਇੰਦਾ । ਗੁਰਸਿਖ ਤੇਰੀ ਕਾਇਆ ਪੌੜੇ ਜਾਏ ਚੜ੍ਹ, ਆਪ ਆਪਣਾ ਬਲ ਧਰਾਇੰਦਾ । ਦਰਸ ਦਿਖਾਏ ਅੱਗੇ ਖੜ, ਸਵਛ ਸਰੂਪੀ ਰੂਪ ਵਟਾਇੰਦਾ । ਕਰੇ ਪਰਕਾਸ਼ ਬਹੱਤਰ ਨੜ, ਸਾਂਤਕ ਸਤਿ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਹੰਕਾਰ ਆਪ ਗਵਾਇੰਦਾ । ਜਗਤ ਹੰਕਾਰ ਜਾਏ ਤੁੱਟ, ਮਾਣ ਅਭਿਮਾਣ ਰਹਿਣ ਨਾ ਪਾਈਆ । ਗੁਰਸਿਖ ਸੁਹਾਏ ਤੇਰੀ ਰੁੱਤ, ਫੁਲ ਫੁਲਵਾੜੀ ਆਪ ਮਹਿਕਾਈਆ । ਅੰਮ੍ਰਿਤ ਜਾਮ ਪਿਆਏ ਘੁੱਟ, ਅਗਨੀ ਤੱਤ ਦਏ ਮਿਟਾਈਆ । ਕਰੇ ਪਿਆਰ ਜਨ ਸਾਚੇ ਸੁੱਤ, ਸਿਰ ਆਪਣਾ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਵਿਕਾਰ ਦਏ ਖਪਾਈਆ । ਜਗਤ ਹੰਕਾਰ ਵਿਕਾਰ ਵਿਨਾਸੇ, ਦੂਈ ਦਵੈਤੀ ਮੇਟ ਮਿਟਾਇੰਦਾ । ਲੇਖਾ ਜਾਣੇ ਜੰਗਲ ਜੂਹ ਉਜਾੜ ਪਹਾੜ ਵਿਚ ਪਰਭਾਸੇ, ਡੂੰਘੀ ਕੰਦਰ ਫੋਲ ਫੁਲਾਇੰਦਾ । ਗੁਰਸਿਖ ਮਾਣਸ ਜਨਮ ਨਾ ਜਾਏ ਵਿਚ ਹਾਸੇ, ਅਮੋਲਕ ਹੀਰਾ ਰਤਨ ਫੇਰ ਹੱਥ ਨਾ ਆਇੰਦਾ । ਲੱਖ ਚੁਰਾਸੀ ਗਲ ਲਟਕੇ ਫਾਸੇ, ਬਿਨ ਸਤਿਗੁਰ ਪੂਰੇ ਨਾ ਕੋਇ ਕਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਮ ਰੱਖੇ ਤੇਰੇ ਕਾਇਆ ਕਾਸੇ, ਤੇਰਾ ਹੰਕਾਰ ਆਪਣੀ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਣਡਿਠ ਆਪਣੀ ਖੇਲ ਖਿਲਾਇੰਦਾ । ਨਿਤ ਨਵਿਤ ਦੇਵੇ ਦਰਸ ਦੀਦਾਰ, ਪਰਦਾ ਓਹਲਾ ਆਪ ਚੁਕਾਇੰਦਾ । ਲੇਖਾ ਜਾਣੇ ਅੰਦਰ ਬਾਹਰ ਗੁਪਤ ਜ਼ਾਹਰ, ਭੇਵ ਅਭੇਦ ਆਪ ਖੁਲ੍ਹਾਇੰਦਾ । ਗੁਰਸਿਖਾਂ ਕਰੇ ਸਦ ਪਿਆਰ, ਸਤਿਗੁਰ ਪੂਰਾ ਸੋ ਅਖਵਾਇੰਦਾ । ਰਾਤੀ ਸੁਤਿਆਂ ਲਏ ਉਠਾਲ, ਆਲਸ ਨਿੰਦਰਾ ਆਪ ਮਿਟਾਇੰਦਾ । ਦਰ ਦਰਵੇਸ਼ ਬਣ ਕੰਗਾਲ, ਗੁਰਸਿਖ ਦਵਾਰੇ ਇਕ ਪ੍ਰੀਤੀ ਮੰਗਣ ਆਇੰਦਾ । ਸ਼ਬਦ ਸਰੂਪੀ ਬਣ ਦਲਾਲ, ਸੁਰਤ ਸੁਵਾਣੀ ਵੇਖ ਵਖਾਇੰਦਾ । ਗੁਰਸਿਖ ਤੇਰੇ ਨੇੜ ਨਾ ਆਏ ਕਾਲ ਮਹਾਕਾਲ, ਦੀਨ ਦਿਆਲ

ਆਪਣਾ ਬੰਧਨ ਪਾਇੰਦਾ । ਤ੍ਰੈਗੁਣ ਮਾਇਆ ਤੋੜ ਜੰਜਾਲ, ਸ਼ਬਦ ਤੰਦ ਇਕ ਵਖਾਇੰਦਾ । ਕਾਇਆ ਮੰਦਰ ਅੰਦਰ ਬਣਾਏ ਸੱਚੀ ਧਰਮਸਾਲ, ਘਰ ਘਰ ਵਿਚ ਮੇਲ ਮਿਲਾਇੰਦਾ । ਗੁਰਸਿਖਾਂ ਗੁਰ ਸਤਿਗੁਰ ਅੰਦਰ ਵੜ ਵੜ ਪੁੱਛੇ ਹਾਲ, ਔਂਦਾਂ ਜਾਂਦਾ ਦਿਸ ਨਾ ਆਇੰਦਾ । ਸਦਾ ਸੁਹੇਲਾ ਇਕ ਇਕੇਲਾ ਕਰੇ ਪ੍ਰਿਤਪਾਲ, ਪ੍ਰਿਤਪਾਲਕ ਆਪਣੀ ਸੇਵ ਕਮਾਇੰਦਾ । ਗੁਰਸਿਖਾਂ ਪਿਛੇ ਗੋਬਿੰਦ ਘਾਲਣ ਗਿਆ ਘਾਲ, ਬੰਸ ਸਰਬੰਸ ਸਰਬ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਗੁਰਸਿਖ ਆਪਣੇ ਰੰਗ ਰੰਗਾਇੰਦਾ । ਗੁਰਮੁਖ ਦਰਸ ਦੀਦਾਰ ਏਕਾ ਮੰਗਦਾ, ਗੁਰ ਦੇਵਣਹਾਰ ਦਾਤਾਰ । ਗੁਰੂ ਗ਼ਰੀਬ ਨਿਵਾਜ਼ ਗ਼ਰੀਬਾਂ ਘਰ ਔਂਦਾਂ ਕਦੇ ਨਾ ਸੰਗਦਾ, ਸ਼ਾਹ ਸੁਲਤਾਨਾਂ ਕਰੇ ਖ਼ਵਾਰ । ਆਪ ਆਪਣਾ ਲੇਖਾ ਜਾਣੇ ਭੁੱਖ ਨੰਗ ਦਾ, ਭੁੱਖਿਆਂ ਨੰਗਿਆਂ ਬੇੜਾ ਲਾਏ ਪਾਰ । ਕਰੇ ਖੇਲ ਸੂਰੇ ਸਰਬੰਗ ਦਾ, ਸੋ ਸਤਿਗੁਰ ਮੀਤ ਮੁਰਾਰ । ਗੁਰਸਿਖ ਤੇਰੇ ਨੌ ਦਵਾਰ ਨਵੇਂ ਆਪੇ ਲੰਘਦਾ, ਸੁਖਮਨ ਟੇਢੀ ਬੰਕ ਕਰੇ ਪਾਰ । ਈੜਾ ਪਿੰਗਲ ਨਾ ਅੱਗੇ ਖੰਘਦਾ, ਜਿਸ ਕਿਰਪਾ ਕਰੇ ਆਪ ਨਿਰੰਕਾਰ । ਅੰਮ੍ਰਿਤ ਮੇਘ ਬਰਸੇ ਝਿਰਨਾ ਝਿਰੇ ਆਸ ਉਮੰਗ ਦਾ, ਨਿਝਰ ਵੇਖੇ ਠੰਡਾ ਠਾਰ । ਨਾਦ ਵੱਜੇ ਅਨਹਦ ਸ਼ਬਦ ਮਰਦੰਗ ਦਾ, ਨਾ ਕੋਈ ਤਾਰ ਨਾ ਸਤਾਰ । ਆਤਮ ਸੇਜਾ ਬਹਿ ਬਹਿ ਗੁਰਸਿਖ ਤੇਰਾ ਰੰਗ ਮਾਣੇ ਤੇਰੇ ਪਲੰਘ ਦਾ, ਤੇਰਾ ਤੇਰਾ ਕਰੇ ਦੀਦਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਪਰਮਾਨੰਦ ਦਾ, ਨਿਜਾਨੰਦ ਇਕ ਵਿਹਾਰ । ਗੁਰਸਿਖ ਤੇਰੀ ਦਰਸ ਓਟ, ਸਤਿਗੁਰ ਪੂਰਾ ਪੂਰ ਕਰਾਈਆ । ਵਿਚੋਂ ਕੱਢੇ ਵਾਸਨਾ ਖੋਟ, ਕਾਇਆ ਕਪਟ ਰਹਿਣ ਨਾ ਪਾਈਆ । ਕਰੇ ਪਰਕਾਸ਼ ਨਿਰਮਲ ਜੋਤ, ਜੋਤੀ ਜੋਤ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਆਪਣਾ ਦਰਸ, ਜਗਤ ਤ੍ਰਿਸ਼ਨਾ ਮੇਟੇ ਹਰਸ, ਹਵਸ ਹੋਰ ਨਾ ਕੋਇ ਵਖਾਈਆ ।

## ★ ੬ ਚੇਤ ੨੦੧੮ ਬਿਕ੍ਰਮੀ ਨਿਰੰਜਣ ਸਿੰਘ ਦੇ ਗ੍ਰਿਹ ਲੁਧਿਆਣਾ ★

ਪਾਰਬ੍ਰਹਮ ਅਬਿਨਾਸ਼ੀ ਕਰਤਾ ਬੇਅੰਤ ਬੇਪਰਵਾਹ, ਆਦਿ ਅੰਤ ਜੁਗਾ ਜੁਗੰਤ ਜਾਗਰਤ ਜੋਤ ਜੋਤ ਰੁਸ਼ਨਾਈਆ । ਅਲਖ ਅਗੋਚਰ ਅਗੰਮ ਅਥਾਹ, ਵੇਖਣਹਾਰਾ ਦੋ ਜਹਾਂ, ਬ੍ਰਹਿਮੰਡ ਖੰਡ ਲੋਆਂ ਪੁਰੀਆਂ ਜੇਰਜ ਅੰਡਾਂ ਵੇਖ ਵਖਾਈਆ । ਸਚਖੰਡ ਨਿਵਾਸੀ ਇਕ ਜਪਾਏ ਆਪਣਾ ਨਾਉਂ, ਵਸਣਹਾਰਾ ਸਭਨੀ ਥਾਂ, ਜਲ ਥਲ ਮਹੀਅਲ ਜੰਗਲ ਜੂਹ ਉਜਾੜ ਪਹਾੜ ਉਚੇ ਟਿੱਲੇ ਪਰਬਤ ਡੂੰਘੀ ਕੰਦਰ ਆਸਣ ਲਾਈਆ । ਜੁਗਾ ਜੁਗੰਤਰ ਵੇਸ ਵਟਾ, ਨਿਰਗੁਣ ਸਰਗੁਣ ਮੇਲੇ ਸਹਿਜ ਸੁਭਾ, ਆਤਮ ਅੰਤਰ ਬੂਝ ਬੁਝਾ, ਘਰ ਘਰ ਵਿਚ ਮੇਲ ਮਿਲਾਈਆ । ਭਗਤ ਭਗਵੰਤ ਲੇਖਾ ਦਏ ਚੁਕਾ, ਨਿਰਮਲ ਜੋਤੀ ਦੀਪ ਟਿਕਾ, ਸ਼ਬਦ ਅਨਾਦੀ ਧੁਨ ਵਜਾ, ਅਨਹਦ ਏਕਾ ਰਾਗ ਸੁਣਾਈਆ । ਅੰਧ ਅੰਧੇਰਾ ਦਏ ਗਵਾ, ਅੰਮ੍ਰਿਤ ਆਤਮ ਜਾਮ ਪਿਆ, ਸਤਿ ਸਰੂਪੀ ਰਿਹਾ ਸਮਾ, ਵਿਸਮਾਦੀ ਵਿਸਮਾਦ ਆਪਣਾ ਖੇਲ ਖਿਲਾਈਆ । ਸੰਤ ਸਾਜਣ ਲਏ ਉਠਾ, ਸ਼ਬਦ ਅਗੰਮੀ ਨਾਦ ਵਜਾ, ਬ੍ਰਹਮ ਬ੍ਰਹਿਮਾਦਿ ਖੋਜ ਖੁਜਾ, ਦੂਈ ਦਵੈਤੀ ਪਰਦਾ ਲਾਹੀਆ । ਗੁਰਮੁਖ ਰੰਗ ਲਏ ਰੰਗਾ, ਰੰਗਣਹਾਰ ਇਕ ਸ਼ਹਿਨਸ਼ਾਹ, ਤਖ਼ਤ ਨਿਵਾਸੀ ਸਾਚੇ ਤਖ਼ਤ ਬੈਠਾ ਆਸਣ ਲਾ, ਨਿਰਵੈਰ ਪੁਰਖ ਅਕਾਲ ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਗੁਰਮੁਖ ਵੇਖੇ ਨੈਣ ਖੁਲ੍ਹਾ, ਆਪ ਆਪਣੀ ਦੱਯਾ ਕਮਾ,

ਦਿਵਸ ਰੈਣ ਏਕਾ ਖੇਲ ਖਿਲਾ, ਆਠ ਪਹਿਰ ਇਕ ਰੰਗ ਰੰਗਾਈਆ । ਵਿਸ਼ਨ ਬ੍ਰਹਮਾ ਸ਼ਿਵ ਸੇਵਾ ਲਾ, ਗੁਰ ਅਵਤਾਰ ਰੂਪ ਧਰਾ, ਭਗਤ ਭਗਵੰਤ ਸਾਧ ਸੰਤ ਲੇਖਾ ਆਪਣੇ ਹੱਥ ਰਖਾ, ਗੁਰਮੁਖ ਗੁਰਸਿਖ ਬੇੜਾ ਲਏ ਬੰਨ੍ਹਾ, ਜੁਗ ਕਰਤਾ ਖੇਵਟ ਖੇਟ ਸਾਚਾ ਮਾਹੀਆ । ਸਤਿਜੁਗ ਤ੍ਰੇਤਾ ਦਵਾਪਰ ਲਿਆ ਹੰਢਾ, ਵੇਦ ਪੁਰਾਨ ਸ਼ਾਸਤਰ ਸਿਮਰਤ ਹਰਿ ਜਸ ਗਾ, ਗੀਤਾ ਗਿਆਨ ਇਕ ਵਖਾ, ਅੰਜੀਲ ਕੁਰਾਨਾ ਪਰਦਾ ਲਾਹ, ਤੀਸ ਬਤੀਸਾ ਆਪ ਸਮਝਾਈਆ । ਖਾਣੀ ਬਾਣੀ ਮਾਰਗ ਪਾ, ਨਵ ਖੰਡ ਪ੍ਰਿਥਮੀ ਵੇਖੇ ਥਾਉਂ ਥਾਂ, ਸੱਤਾਂ ਦੀਪਾਂ ਵੰਡ ਵੰਡਾ, ਚਾਰ ਕੁੰਟ ਦਹਿ ਦਿਸ਼ਾ ਫੇਰਾ ਪਾਈਆ । ਚੌਦਾਂ ਲੋਕ ਰੂਪ ਧਰਾ, ਚੌਦਾਂ ਤਬਕਾਂ ਨੂਰ ਰੁਸ਼ਨਾ, ਜ਼ਿਮੀਂ ਅਸਮਾਨਾ ਵੇਖਣਹਾਰਾ ਆਦਿ ਜੁਗਾਦਿ ਕਰੇ ਸਚ ਨਿਆਂ, ਜੁਗਾ ਜੁਗੰਤਰ ਆਪਣੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਅਗੰਮ ਅਗੰਮੜਾ ਅਲਖ ਅਗੋਚਰ ਅਲਖ ਅਲਖਨਾ ਆਪਣੀ ਖੇਲ ਖਿਲਾਈਆ । ਸਾਚੀ ਖੇਲ ਖਿਲਾਵਣਹਾਰਾ, ਇਕ ਇਕੱਲਾ ਏਕੰਕਾਰਾ, ਦੋ ਜਹਾਨਾਂ ਪਾਵੇ ਸਾਰਾ, ਤ੍ਰੈਭਵਨ ਵਡੀ ਵਡਿਆਈਆ । ਗੁਰ ਅਵਤਾਰ ਹੋ ਉਜਿਆਰਾ, ਨਾਮ ਸ਼ਬਦ ਬੋਲ ਜੈਕਾਰਾ, ਲੱਖ ਚੁਰਾਸੀ ਦਏ ਸਹਾਰਾ, ਜੀਵਾਂ ਜੰਤਾਂ ਆਪ ਸਮਝਾਈਆ । ਨਾਮ ਸਤਿ ਸਤਿ ਭੰਡਾਰਾ, ਆਪ ਵਰਤਾਏ ਵਰਤਾਵਣਹਾਰਾ, ਊਚਾਂ ਨੀਚਾਂ ਰਾਓ ਰੰਕਾਂ ਕਰੇ ਇਕ ਪਿਆਰਾ, ਸ਼ਾਹ ਫਕੀਰਾਂ ਏਕਾ ਰੰਗ ਰੰਗਾਈਆ । ਏਕਾ ਦਿਸੇ ਧਾਮ ਨਿਆਰਾ, ਜੋਤੀ ਨੂਰ ਹਰਿ ਨਿਰੰਕਾਰਾ, ਵੇਦ ਕਤੇਬਾਂ ਵਸੇ ਬਾਹਰਾ, ਭੇਵ ਅਭੇਦਾ ਆਪਣਾ ਭੇਵ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਏਕਾ ਹਰਿ, ਰੂਪ ਅਨੂਪ ਸ਼ਾਹੋ ਭੂਪ, ਸਤਿ ਸਰੂਪ ਸਤਿ ਸਤਿਵਾਦੀ ਆਪਣਾ ਆਪ ਪਰਗਟਾਈਆ । ਸਤਿ ਸਰੂਪ ਹਰਿ ਸਮਾਇਆ, ਸਚਖੰਡ ਵੱਜੇ ਵਧਾਈਆ । ਥਿਰ ਘਰ ਬੈਠਾ ਚਰਨ ਟਿਕਾਇਆ, ਚਰਨ ਕਵਲ ਸੱਚੀ ਸਰਨਾਈਆ । ਸਚ ਸਿੰਘਾਸਣ ਸੋਭਾ ਪਾਇਆ, ਪੁਰਖ ਅਬਿਨਾਸ਼ੀ ਸੱਚਾ ਸ਼ਹਿਨਸ਼ਾਹੀਆ । ਧੁਰ ਫ਼ਰਮਾਨਾ ਹੁਕਮ ਜਣਾਇਆ, ਹੁਕਮੀ ਹੁਕਮ ਖੇਲ ਖਿਲਾਈਆ । ਸ਼ਬਦ ਦਰਬਾਨ ਦਰ ਆਪ ਰਖਾਇਆ, ਪੂਤ ਸਪੂਤਾ ਆਪੇ ਜਾਈਆ । ਆਪਣਾ ਨੂਰ ਕਰ ਰੁਸ਼ਨਾਇਆ, ਸਚ ਜ਼ਹੂਰ ਇਕ ਪਰਗਟਾਈਆ । ਬੇਐਬ ਪਰਵਰਦਿਗਾਰ ਨਾਉਂ ਖ਼ੁਦਾਇਆ, ਇਲਾਹੀ ਨੂਰ ਇਕ ਧਰਾਈਆ । ਕਲਜੁਗ ਅੰਤਮ ਵੇਸ ਅਵੱਲੜਾ ਆਪ ਕਰਾਇਆ, ਇਕ ਇਕੱਲੜਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗਾ ਜੁਗੰਤਰ ਵੇਸ ਧਰ, ਨਿਰਗੁਣ ਸਰਗੁਣ ਖੇਲ ਕਰ, ਲੱਖ ਚੁਰਾਸੀ ਵੇਖ ਵਖਾਈਆ । ਨਿਰਗੁਣ ਸਰਗੁਣ ਖੇਲ ਕਰਤਾਰਾ, ਕਰਤਾ ਪੁਰਖ ਆਪ ਕਰਾਇੰਦਾ । ਸੋ ਪੁਰਖ ਨਿਰੰਜਣ ਵਸਣਹਾਰਾ ਠਾਂਡੇ ਦਰਬਾਰਾ, ਹਰਿ ਪੁਰਖ ਨਿਰੰਜਣ ਆਪ ਆਪਣੀ ਕਲ ਰਖਾਇੰਦਾ । ਏਕੰਕਾਰਾ ਕਰ ਪਸਾਰਾ, ਆਦਿ ਨਿਰੰਜਣ ਜੋਤ ਉਜਿਆਰਾ, ਸ੍ਰੀ ਭਗਵਾਨ ਸਾਂਝਾ ਯਾਰਾ, ਅਬਿਨਾਸ਼ੀ ਕਰਤਾ ਪਾਵੇ ਸਾਰਾ, ਪਾਰਬ੍ਰਹਮ ਪ੍ਰਭ ਆਪਣਾ ਭੇਵ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਕਲਜੁਗ ਅੰਤਮ ਵੇਸ ਵਟਾਇੰਦਾ । ਕਲਜੁਗ ਅੰਤਮ ਹਰਿ ਭਗਵਾਨ, ਆਪਣੀ ਰਚਨਾ ਆਪ ਰਚਾਈਆ । ਜੋਤੀ ਜਾਮਾ ਖੇਲ ਮਹਾਨ, ਲਿਖਣ ਪੜ੍ਹਨ ਵਿਚ ਨਾ ਆਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਹੋਏ ਹੈਰਾਨ, ਹਰਿ ਕਾ ਭੇਵ ਕੋਇ ਨਾ ਪਾਈਆ । ਬ੍ਰਹਮ ਵੇਤਾ ਬਾਲ ਨਾਦਾਨ, ਰੋ ਰੋ ਨੇਤਰ ਨੈਣਾਂ ਨੀਰ ਵਹਾਈਆ । ਵਿਸ਼ਨੂੰ ਮੰਗੇ ਏਕਾ ਦਾਨ, ਪੁਰਖ ਅਬਿਨਾਸ਼ੀ ਅੱਗੇ ਝੋਲੀ ਡਾਹੀਆ । ਸ਼ੰਕਰ ਤੁਟੇ ਅੰਤਮ

ਮਾਣ, ਪੁਰਖ ਅਬਿਨਾਸ਼ੀ ਆਪਣੀ ਖੇਲ ਖਿਲਾਈਆ । ਪਰਗਟ ਹੋਵੇ ਜੋਧਾ ਸੂਰ ਬਲੀ ਬਲਵਾਨ, ਨਾਮ ਖੰਡਾ ਤੇਜ਼ ਪਰਚੰਡਾ, ਬ੍ਰਹਿਮੰਡਾਂ ਖੰਡਾਂ ਆਪ ਚਮਕਾਈਆ । ਸਤਿ ਉਠਾਏ ਇਕ ਨਿਸ਼ਾਨ, ਲੇਖਾ ਜਾਣੇ ਦੋ ਜਹਾਨ, ਦੀਨ ਦੁਨੀ ਆਪਣੀ ਖੇਲ ਖਿਲਾਈਆ । ਖ਼ਾਲਕ ਖ਼ਲਕ ਵੇਖੇ ਆਣ, ਏਕਾ ਨਾਅਰਾ ਧੁਰ ਫ਼ਰਮਾਨ, ਹਕ ਹਕ਼ੀਕਤ ਲਾ ਸ਼ਰੀਕਤ ਏਕਾ ਕਲਮਾ ਆਪ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਆਪਣਾ ਬਲ ਆਪ ਧਰਾਈਆ । ਆਪਣਾ ਬਲ ਆਪੇ ਧਰ, ਧਰਨੀ ਧਰਤ ਧਵਲ ਦਏ ਵਡਿਆਈਆ । ਆਪਣੀ ਕਰਨੀ ਆਪੇ ਕਰ, ਕਰਤਾ ਪੁਰਖ ਖੇਲ ਖਿਲਾਈਆ । ਰਾਓ ਰੰਕ ਰਾਜ ਰਾਜਾਨ ਸ਼ਾਹ ਸੁਲਤਾਨ ਲਏ ਫੜ, ਬਚਿਆ ਕੋਇ ਰਹਿਣ ਨਾ ਪਾਈਆ । ਕਿਲਾ ਕੋਟ ਤੋੜ ਹੰਕਾਰੀ ਗੜ੍ਹ, ਹਉਮੇ ਹੰਗਤਾ ਦਏ ਮਿਟਾਈਆ । ਹਰਿਜਨ ਜਨ ਹਰਿ ਹਰਿ ਆਪ ਫੜਾਏ ਆਪਣਾ ਲੜ, ਏਕਾ ਪੱਲੂ ਨਾਮ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਵਖਾਏ ਆਪਣਾ ਦਰ, ਦਰ ਦਰਵਾਜ਼ਾ ਗ਼ਰੀਬ ਨਿਵਾਜ਼ਾ ਕਾਇਆ ਮੰਦਰ ਅੰਦਰ ਡੂੰਘੀ ਕੰਦਰ ਮਹੱਲ ਅਟਲ ਉਚ ਮੁਨਾਰ ਆਪ ਵਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਗੁਰ ਗੁਰ ਸ਼ਬਦ ਨਿਰਗੁਣ ਧਾਰ ਨਿਰਗੁਣ ਪਿਆਰ ਨਿਰਗੁਣ ਨਿਰਗੁਣ ਮੇਲ ਮਿਲਾਈਆ ।



★ ੬ ਚੇਤ ੨੦੧੮ ਬਿਕ੍ਰਮੀ ਨਿਰੰਜਣ ਸਿੰਘ ਦੇ ਗ੍ਰਿਹਿ ਲੁਧਿਆਣਾ ★

੪੫੨ ੧੦

ਨਿਰਗੁਣ ਨਿਰਾਕਾਰਾ ਖੇਲ ਅਪਾਰਾ, ਨਿਰਵੈਰ ਪੁਰਖ ਆਪ ਖਿਲਾਇੰਦਾ । ਅਨਭਵ ਪਰਕਾਸ਼ ਹੋ ਉਜਿਆਰਾ, ਕਰੇ ਖੇਲ ਅਗੰਮ ਅਪਾਰਾ, ਆਪ ਆਪਣੀ ਕਲ ਧਰਾਇੰਦਾ । ਜੋਤੀ ਨੂਰ ਨੂਰ ਉਜਿਆਰਾ, ਸ਼ਬਦ ਅਨਾਦ ਸੱਚੀ ਧੁਨਕਾਰਾ, ਧੁਰ ਦਰਗਾਹੀ ਆਪ ਸੁਣਾਇੰਦਾ । ਸਚਖੰਡ ਸੁਹਾਏ ਇਕ ਦਵਾਰਾ, ਥਿਰ ਘਰ ਖੋਲ੍ਹੇ ਆਪ ਕਿਵਾੜਾ, ਸਚ ਸਿੰਘਾਸਣ ਪੁਰਖ ਅਬਿਨਾਸ਼ਨ ਆਸਣ ਲਾਇੰਦਾ । ਲੇਖਾ ਜਾਣੇ ਸੁੰਨ ਅਗੰਮੀ ਧੂਆਂ ਧਾਰਾ, ਵਸਣਹਾਰਾ ਉਚ ਮਹੱਲ ਅਟਲ ਮੁਨਾਰਾ, ਅਲਖ ਅਗੋਚਰ ਬੇਪਰਵਾਹੀਆ । ਸ਼ਬਦੀ ਸ਼ਬਦ ਕਰ ਪਸਾਰਾ, ਮੰਡਲ ਮੰਡਪ ਦਏ ਸਹਾਰਾ, ਰਵ ਸਸ ਸੂਰਜ ਚੰਨ ਕਰ ਰੁਸ਼ਨਾਈਆ । ਧਰਤ ਧਵਲ ਇਕ ਅਖਾੜਾ, ਵੇਖੇ ਵਖਾਏ ਵੇਖਣਹਾਰਾ, ਰੂਪ ਰੰਗ ਰੇਖ ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਇਕ ਇਕੱਲਾ ਵੇਖ ਵਖਾਇੰਦਾ । ਇਕ ਇਕੱਲਾ ਸ੍ਰੀ ਭਗਵਾਨ ਵੇਖਣਹਾਰਾ ਸਚ ਨਿਸ਼ਾਨ, ਆਦਿ ਜੁਗਾਦੀ ਦੋ ਜਹਾਨ, ਦੋਏ ਦੋਏ ਰੂਪ ਆਪ ਧਰਾਇੰਦਾ । ਨਿਰਗੁਣ ਸਰਗੁਣ ਹੋ ਮਿਹਰਵਾਨ, ਦੇਵਣਹਾਰਾ ਸਾਚਾ ਦਾਨ, ਵਸਤ ਅਮੋਲਕ ਨਾਮ ਅਨਮੁਲ ਝੋਲੀ ਪਾਇੰਦਾ । ਸ਼ਬਦ ਜਣਾਏ ਧੁਰ ਫਰਮਾਨ, ਬੋਧ ਅਗਾਧੀ ਏਕਾ ਗਾਣ, ਭੇਵ ਅਭੇਵ ਆਪ ਖੁਲਾਇੰਦਾ । ਸਤਿ ਉਠਾਏ ਇਕ ਨਿਸ਼ਾਨ, ਲੇਖਾ ਜਾਣੇ ਜੀਵ ਜਹਾਨ, ਲੱਖ ਚੁਰਾਸੀ ਜੀਵ ਜੰਤ ਘਟ ਘਟ ਅੰਤਰ ਆਪ ਆਪਣਾ ਰੂਪ ਧਰਾਇੰਦਾ । ਏਕਾ ਮੰਤਰ ਨਾਮ ਸ਼ਬਦ ਧੁਨਕਾਨ, ਏਕਾ ਹੋਏ ਜਾਣੀ ਜਾਣ, ਜਾਨਣਹਾਰਾ ਭੇਵ ਨਾ ਆਇੰਦਾ । ਜੁਗਾ ਜੁਗੰਤਰ ਖੇਲ ਮਹਾਨ, ਨਿਰਗੁਣ ਸਰਗੁਣ ਹੋ ਪਰਧਾਨ, ਲੋਕਮਾਤ ਆਪ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਦਿ ਅੰਤ ਸ੍ਰੀ ਭਗਵੰਤ, ਆਪਣਾ

੪੫੩ ੧੦

ਵੇਸ ਆਪ ਵਟਾਇੰਦਾ । ਆਦਿ ਵੇਸ ਨਿਰਾਕਾਰ, ਅਸੁਤੇ ਪਰਕਾਸ਼ ਕਰਾਈਆ । ਸੋ ਪੁਰਖ ਨਿਰੰਜਣ ਅਗੰਮ ਅਪਾਰ, ਅਗੰਮ ਅਗੰਮੜੀ ਧਾਰ ਚਲਾਈਆ । ਹਰਿ ਪੁਰਖ ਨਿਰੰਜਣ ਨਿਰਾਕਾਰ, ਰੂਪ ਰੰਗ ਰੇਖ ਨਾ ਕੋਇ ਵਖਾਈਆ । ਏਕੰਕਾਰਾ ਕਰ ਪਸਾਰ, ਆਪ ਆਪਣਾ ਬਲ ਧਰਾਈਆ । ਆਦਿ ਨਿਰੰਜਣ ਹੋ ਉਜਿਆਰ, ਜੋਤੀ ਜੋਤ ਜੋਤ ਰੁਸ਼ਨਾਈਆ । ਸ੍ਰੀ ਭਗਵਾਨ ਵਸਣਹਾਰਾ ਠਾਂਡੇ ਦਰਬਾਰ, ਸ੍ਰੀ ਭਗਵਾਨ ਸਚ ਸਿੰਘਾਸਣ ਆਸਣ ਸੋਭਾ ਪਾਈਆ । ਪਾਰਬ੍ਰਹਮ ਅਬਿਨਾਸ਼ੀ ਅਚੁਤ ਸਦਾ ਸਦ ਰਹੇ ਖ਼ਬਰਦਾਰ, ਆਲਸ ਨਿੰਦਰਾ ਵਿਚ ਕਦੇ ਨਾ ਆਈਆ । ਲੱਖ ਚੁਰਾਸੀ ਕਰ ਪਸਾਰ, ਵਿਸ਼ਨ ਬ੍ਰਹਮਾ ਸ਼ਿਵ ਦਏ ਆਧਾਰ, ਤ੍ਰੈਗੁਣ ਮੀਤਾ ਇਕ ਅਤੀਤਾ, ਤ੍ਰੈ ਤ੍ਰੈ ਬੰਧਨ ਏਕਾ ਪਾਈਆ । ਲੇਖਾ ਜਾਣੇ ਹਸਤ ਕੀਟਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਸਾਚੀ ਧਾਰਾ ਆਪਣੇ ਹੱਥ ਰਖਾਈਆ । ਸਾਚੀ ਧਾਰ ਹਰਿ ਸਮਰਥ, ਆਦਿ ਜੁਗਾਦਿ ਰਖਾਇੰਦਾ । ਜੁਗ ਕਰਤਾ ਚਲਾਏ ਜੁਗ ਜੁਗ ਰਥ, ਜਗਤ ਜੀਵ ਸੇਵ ਕਮਾਇੰਦਾ । ਸ਼ਬਦ ਜਣਾਈ ਮਹਿਮਾ ਅਕਥ, ਬੋਧ ਅਗਾਧ ਆਪ ਦ੍ਰਿੜਾਇੰਦਾ । ਜਨ ਭਗਤਾਂ ਦੇਵੇ ਏਕਾ ਵਥ, ਵਸਤ ਅਮੋਲਕ ਝੋਲੀ ਪਾਇੰਦਾ । ਸਾਚਾ ਮਾਰਗ ਹਰਿ ਹਰਿ ਦੱਸ, ਸਾਚਾ ਰਾਹ ਆਪ ਵਖਾਇੰਦਾ । ਹਿਰਦੇ ਅੰਦਰ ਹਰੀ ਹਰਿ ਵਸ, ਆਪ ਆਪਣਾ ਮੇਲ ਮਿਲਾਇੰਦਾ । ਨਿਰਗੁਣ ਜੋਤ ਜੋਤ ਕਰ ਪਰਕਾਸ਼, ਅਗਿਆਨ ਅੰਧੇਰ ਮਿਟਾਇੰਦਾ । ਮੇਲ ਮਿਲਾਵਾ ਸ਼ਾਹੋ ਸਾਬਾਸ, ਸ਼ਾਹ ਪਾਤਸ਼ਾਹ ਆਪਣੇ ਰੰਗ ਰੰਗਾਇੰਦਾ । ਲੇਖਾ ਚੁੱਕੇ ਪ੍ਰਿਥਮੀ ਆਕਾਸ਼, ਆਕਾਸ਼ ਆਕਾਸ਼ਾਂ ਪਾਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਖੇਲ ਖਿਲਾਇੰਦਾ । ਜੁਗ ਜੁਗ ਖੇਲ ਹਰਿ ਨਿਰੰਕਾਰਾ, ਆਦਿ ਜੁਗਾਦਿ ਕਰਾਇੰਦਾ । ਕਲਜੁਗ ਅੰਤਮ ਹੋ ਉਜਿਆਰਾ, ਜੋਤੀ ਜਾਮਾ ਭੇਖ ਵਟਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਦਏ ਹੁਲਾਰਾ, ਸੋਇਆ ਕੋਇ ਰਹਿਣ ਨਾ ਪਾਇੰਦਾ । ਏਕਾ ਹੁਕਮ ਨਾਮ ਜੈਕਾਰਾ, ਸ਼ਬਦ ਧੁੰਨਕਾਰਾ ਆਪ ਅਲਾਇੰਦਾ । ਵਸਣਹਾਰਾ ਧੁਰ ਦਰਬਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਆਪਣਾ ਰੂਪ ਵਟਾਇੰਦਾ । ਰੂਪ ਵਟਾਏ ਪਾਰਬ੍ਰਹਮ, ਮਹਿਮਾ ਅਕਥ ਕਥੀ ਨਾ ਜਾਈਆ । ਕਰਤਾ ਪੁਰਖ ਕਰੇ ਕਰਾਏ ਆਪਣਾ ਕੰਮ, ਕ਼ੁਦਰਤ ਕ਼ਾਦਰ ਵੇਖ ਵਖਾਈਆ । ਲੱਖ ਚੁਰਾਸੀ ਬੇੜਾ ਰਿਹਾ ਬੰਨ੍ਹ, ਘੜਨ ਭੰਨਣਹਾਰ ਸੱਚਾ ਸ਼ਹਿਨਸ਼ਾਹੀਆ । ਗੁਰਮੁਖ ਵਿਰਲੇ ਉਠਾਏ ਸਾਚੇ ਜਨ, ਜਾਗਰਤ ਜੋਤ ਕਰ ਰੁਸ਼ਨਾਈਆ । ਏਕਾ ਰਾਗ ਸੁਣਾਏ ਕੰਨ, ਅਨਹਦ ਸ਼ਬਦ ਸੱਚੀ ਸ਼ਨਵਾਈਆ । ਪੰਚਮ ਪੰਚ ਦੇਵੇ ਡੰਨ, ਸਤਿਗੁਰ ਪੂਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਲੇਖਾ ਆਪਣੇ ਹੱਥ ਰਖਾਈਆ । ਕਲਜੁਗ ਅੰਤਮ ਲੇਖ ਨਿਰੰਕਾਰਾ, ਆਪਣੇ ਹੱਥ ਰਖਾਇੰਦਾ । ਲੱਖ ਚੁਰਾਸੀ ਕਰ ਪਸਾਰਾ, ਘੜੇ ਭੰਨ੍ਹੇ ਭੰਨਣਹਾਰਾ, ਘੜਨ ਭੰਨਣਹਾਰ ਆਪਣੀ ਧਾਰ ਚਲਾਇੰਦਾ । ਨੌਂ ਸੌ ਚੁਰਾਨਵੇ ਚੌਕੜੀ ਜੁਗ ਲੇਖਾ ਜਾਣੇ ਆਰ ਪਾਰ ਕਿਨਾਰਾ, ਮੰਝਧਾਰਾ ਆਪਣੀ ਖੇਲ ਖਿਲਾਇੰਦਾ । ਲਹਿਣਾ ਦੇਣਾ ਚੁਕਾਏ ਜ਼ਿਮੀਂ ਅਸਮਾਨਾਂ ਦੋ ਜਹਾਨਾਂ ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਕਰ ਵਿਚਾਰਾ, ਗਗਨ ਗਗਨੰਤਰ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਬੰਧਨ ਆਪੇ ਪਾਇੰਦਾ । ਆਪਣਾ ਬੰਧਨ ਹਰਿ ਹਰਿ ਪਾ, ਵਿਸ਼ਨ ਬ੍ਰਹਮਾ ਸ਼ਿਵ ਰਿਹਾ ਜਣਾਈਆ । ਕਰੋੜ ਤੇਤੀਸਾ ਆਪ ਉਠਾ, ਏਕਾ ਹੁਕਮ ਦਏ ਵਰਤਾਈਆ । ਲੋਕਮਾਤ ਫੇਰਾ ਪਾ, ਨਿਰਗੁਣ ਨੂਰ

ਕਰੇ ਰੁਸ਼ਨਾਈਆ । ਨਾਮ ਡੰਕਾ ਇਕ ਵਜਾ, ਚਾਰੋਂ ਕੁੰਟ ਦਏ ਹਿਲਾਈਆ । ਰਾਓ ਰੰਕ ਭੇਵ ਨਾ ਰਾ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਦਵਾਰ ਬੰਕਾ ਦਏ ਸੁਹਾ, ਗੁਰਮੁਖ ਵਿਰਲੇ ਮੇਲ ਮਿਲਾਈਆ । ਏਕਾ ਅੰਕਾ ਏਕਾ ਅੱਖਰ ਦਏ ਪੜ੍ਹਾ, ਸੋ ਪੁਰਖ ਨਿਰੰਜਣ ਵਡੀ ਵਡਿਆਈਆ । ਹੰ ਬ੍ਰਹਮ ਮੇਲ ਮਿਲਾਏ ਸਾਚੇ ਥਾਂ, ਕਾਇਆ ਮੰਦਰ ਅੰਦਰ ਬ੍ਰਹਮ ਪਾਰਬ੍ਰਹਮ ਸਮਾਈਆ । ਹਰਿਜਨ ਬਣਾਏ ਫੜ ਫੜ ਹੰਸ ਕਾਂ, ਸੋਹੰ ਹੰਸਾ ਮੋਤੀ ਚੋਗ ਚੁਗਾਈਆ । ਕਲਜੁਗ ਅੰਤਮ ਕਰੇ ਸਚ ਨਿਆਂ, ਖ਼ਾਲਕ ਖ਼ਲਕ ਵੇਖ ਵਖਾਈਆ । ਚਾਰ ਕੁੰਟ ਰਿਹਾ ਕੁਰਲਾ, ਵਰਨ ਬਰਨ ਮਾਰੇ ਧਾਹ, ਨੇਤਰ ਨੈਣਾਂ ਨੀਰ ਵਹਾਈਆ । ਰਵ ਸਸ ਮੁਖ ਰਹੇ ਸ਼ਰਮਾ, ਸਾਚਾ ਚੰਦ ਨਾ ਸਕੇ ਕੋਇ ਚੜ੍ਹਾ, ਜੂਠ ਝੂਠ ਜਗਤ ਅੰਧੇਰਾ ਛਾਈਆ । ਅਠਾਰਾਂ ਪੁਰਾਨ ਨਾ ਸਕੇ ਕੋਇ ਪੜ੍ਹਾ, ਚੌਦਾਂ ਵਿਦਿਆ ਦੱਸੇ ਨਾ ਕੋਇ ਰਾਹ, ਚੌਦਾਂ ਲੋਕ ਬੈਠੇ ਮੁਖ ਛੁਪਾਈਆ । ਸਾਚਾ ਕਲਮਾ ਨਾ ਸਕੇ ਕੋਇ ਪੜ੍ਹਾ, ਆਲਮੀਨ ਨਾ ਦਿਸੇ ਖ਼ੁਦਾ, ਆਲਮ ਉਲਮਾ ਸਾਚਾ ਰਾਹ ਨਾ ਕੋਇ ਵਖਾਈਆ । ਸਚ ਸਦਾ ਨਾ ਸਕੇ ਕੋਇ ਲਗਾ, ਹੱਕ ਮਹਿਰਾਬ ਨਾ ਵੇਖੇ ਕੋਇ ਥਾਂ, ਸਾਚੇ ਹੁਜਰੇ ਡੇਰਾ ਕੋਇ ਨਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਰੂਪ ਅਨੂਪ ਸ਼ਾਹੋ ਭੂਪ, ਨਿਰਗੁਣ ਨਿਰਾਕਾਰ ਆਪ ਧਰਾਈਆ । ਨਿਰਗੁਣ ਰੂਪ ਹਰਿ ਕਰਤਾਰਾ, ਜੋਤੀ ਜਾਮਾ ਭੇਖ ਵਟਾਇੰਦਾ । ਸੰਮਤ ਸੰਮਤੀ ਹੋ ਉਜਿਆਰਾ, ਲੋਕਮਾਤ ਖੇਲ ਖਿਲਾਇੰਦਾ । ਸ਼ਾਹ ਸੁਲਤਾਨਾਂ ਦਏ ਹੁਲਾਰਾ, ਰਾਜ ਰਾਜਾਨਾਂ ਆਪ ਉਠਾਇੰਦਾ । ਖੜਗ ਖੰਡਾ ਤੇਜ਼ ਕਟਾਰਾ, ਚੰਡ ਪਰਚੰਡ ਆਪ ਚਮਕਾਇੰਦਾ । ਬ੍ਰਹਿਮੰਡਾਂ ਮਾਰੇ ਵਾਰੋ ਵਾਰਾ, ਜੇਰਜ ਅੰਡਾਂ ਵੇਖ ਵਖਾਇੰਦਾ । ਜਨ ਭਗਤਾਂ ਸਦ ਬਖ਼ਸ਼ੰਦਾ ਵਿਚ ਸੰਸਾਰਾ, ਹਰਿਜਨ ਸਾਚੇ ਵੇਖ ਵਖਾਇੰਦਾ । ਲੱਖ ਚੁਰਾਸੀ ਤੋੜੇ ਫੰਦਾ ਜਮ ਕਾ ਫਾਸ ਕੱਟਣਹਾਰਾ, ਲੱਖ ਚੁਰਾਸੀ ਫੰਦ ਕਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਵੇਖ ਵਖਾਇੰਦਾ । ਹਰਿਜਨ ਸਾਚਾ ਏਕਾ ਏਕ, ਹਰਿ ਏਕਾ ਏਕ ਜਣਾਈਆ । ਹਰਿਜਨ ਸਾਚੀ ਸ਼ਬਦ ਟੇਕ, ਹਰਿ ਸ਼ਬਦ ਨਾਦ ਧੁੰਨ ਸ਼ਨਵਾਈਆ । ਹਰਿਜਨ ਸਾਚੇ ਬੁਧ ਬਬੇਕ, ਮਾਇਆ ਮਮਤਾ ਹਉਮੇ ਹੰਗਤਾ ਰੋਗ ਗਵਾਈਆ । ਹਰਿਜਨ ਸਾਚੇ ਧੁਰ ਮਸਤਕ ਲੇਖ, ਲਿਖਿਆ ਲੇਖ ਨਾ ਕੋਇ ਮਿਟਾਈਆ । ਹਰਿਜਨ ਮੇਲਾ ਕਰ ਕਰ ਅਵੱਲੜਾ ਵੇਸ, ਨਰ ਨਰੇਸ਼ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖੇ ਥਾਉਂ ਥਾਈਆ । ਹਰਿਜਨ ਤੇਰਾ ਸਚ ਮੁਨਾਰਾ, ਸਾਡੇ ਤਿੰਨ ਹੱਥ ਬੰਕ ਸੁਹਾਇੰਦਾ । ਗੁਰ ਸਤਿਗੁਰ ਸਾਚਾ ਮੀਤ ਮੁਰਾਰਾ, ਗ੍ਰਿਹ ਮੰਦਰ ਖੋਜ ਖੁਜਾਇੰਦਾ । ਨਿਰਗੁਣ ਧਾਰਾ ਕਰ ਉਜਿਆਰਾ, ਅਗਿਆਨ ਅੰਧੇਰ ਮਿਟਾਇੰਦਾ । ਸ਼ਬਦ ਅਨਾਦਿ ਸੱਚੀ ਧੁੰਨਕਾਰਾ, ਅਨਹਦ ਤਾਲ ਤਲਵਾੜਾ ਆਪ ਵਜਾਇੰਦਾ । ਅੰਮ੍ਰਿਤ ਸਰੋਵਰ ਠੰਡਾ ਠਾਰਾ, ਨਿਝਰ ਝਿਰਨਾ ਭਰ ਪਿਆਲਾ ਜਾਮ ਪਿਆਇੰਦਾ । ਬੰਦ ਤਾਕੀ ਖੋਲ੍ਹੇ ਕਿਵਾੜਾ, ਬਜਰ ਕਪਾਟੀ ਤੋੜ ਤੁੜਾਇੰਦਾ । ਕਰੇ ਪਰਕਾਸ਼ ਬਹੱਤਰ ਨਾੜਾ, ਨੂਰੋ ਨੂਰ ਡਗਮਗਾਇੰਦਾ । ਨਾਤਾ ਤੁਟੇ ਪੰਚਮ ਧਾੜਾ, ਕਾਮ ਕਰੋਧ ਲੋਭ ਮੋਹ ਹੰਕਾਰ ਨੇੜ ਨਾ ਆਇੰਦਾ । ਸਾਚੀ ਸਖ਼ੀਆਂ ਵਖਾਏ ਮੰਗਲਚਾਰਾ, ਘਰ ਗੀਤ ਗੋਬਿੰਦ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲੇ ਆਪਣੇ ਦਰ, ਦਰ ਦਰਵਾਜ਼ਾ ਇਕ ਖੁਲ੍ਹਾਇੰਦਾ । ਦਰ ਦਰਵਾਜ਼ਾ ਹਰਿਜਨ ਖੋਲ੍ਹ, ਸਤਿਗੁਰ ਪੂਰਾ ਦਇਆ ਕਮਾਈਆ । ਅੰਦਰੇ ਅੰਦਰ ਸ਼ਬਦ ਅਗੰਮੀ ਆਪੇ ਬੋਲ, ਨਿਰਗੁਣ ਸਰਗੁਣ ਦਏ ਸਮਝਾਈਆ । ਆਤਮ ਸੇਜਾ ਵਸੇ

ਕੋਲ, ਬ੍ਰਹਮ ਪਾਰਬ੍ਰਹਮ ਮੇਲਾ ਏਕਾ ਥਾਈਆ । ਕਰਨੇਹਾਰਾ ਉਲਟਾ ਕਵਲ, ਅੰਮ੍ਰਿਤ ਨਾਭੀ ਮੁਖ ਚੁਆਈਆ । ਦੇਵੇ ਵਡਿਆਈ ਉਪਰ ਧਵਲ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਲਏ ਉਠਾਈਆ । ਹਰਿਜਨ ਸੱਚਾ ਭਗਤ ਵਣਜਾਰਾ, ਨਾਮ ਭੰਡਾਰਾ ਇਕ ਵਖਾਇੰਦਾ । ਆਦਿ ਜੁਗਾਦੀ ਦੇਵਣਹਾਰਾ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਦੇਵਣਹਾਰਾ ਬਣ ਵਰਤਾਰਾ, ਦਾਤਾ ਦਾਨੀ ਆਪਣਾ ਨਾਉਂ ਧਰਾਇੰਦਾ । ਭਗਤ ਭਗਵੰਤ ਸੁਹਾਏ ਇਕ ਦਵਾਰਾ, ਦਰ ਦਵਾਰੇ ਸੋਭਾ ਪਾਇੰਦਾ । ਕਾਗਦ ਕ਼ਲਮ ਨਾ ਲਿਖਣਹਾਰਾ, ਹਰਿਜਨ ਹਰਿ ਹਰਿ ਭੇਵ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਗੁਰਮੁਖ ਗੁਰਸਿਖ ਏਕਾ ਦਰ ਬਹਾਇੰਦਾ । ਸਾਚਾ ਦਰ ਧੁਰ ਦਰਬਾਰਾ, ਧੁਰ ਦਰਗਾਹੀ ਆਪ ਜਣਾਇੰਦਾ । ਸਚਖੰਡ ਨਿਵਾਸੀ ਸਚਖੰਡ ਖੋਲ੍ਹ ਕਿਵਾੜਾ, ਰੂਪ ਅਨੂਪ ਆਪ ਦਰਸਾਇੰਦਾ । ਮੇਲ ਮਿਲਾਏ ਠਾਂਡੇ ਦਰਬਾਰਾ, ਅਗਨੀ ਤੱਤ ਨਾ ਕੋਈ ਜਣਾਇੰਦਾ । ਹਰਿਜਨ ਨਾਤਾ ਤੋੜ ਸੰਸਾਰਾ, ਪੁਰਖ ਬਿਧਾਤਾ ਆਪਣਾ ਮੇਲ ਮਿਲਾਇੰਦਾ । ਏਕਾ ਨਾਮ ਇਕ ਜੈਕਾਰ, ਏਕਾ ਸ਼ਬਦ ਇਕ ਧੁੰਨਕਾਰਾ, ਆਤਮਕ ਧੁੰਨ ਆਪ ਸੁਣਾਇੰਦਾ । ਏਕਾ ਮੰਦਰ ਇਕ ਘਰ ਬਾਰਾ, ਏਕਾ ਸਤਿਗੁਰ ਸਾਜਨ ਮੀਤ ਮੁਰਾਰਾ, ਦੂਸਰ ਅਵਰ ਨਾ ਸੰਗ ਰਲਾਇੰਦਾ । ਏਕਾ ਕੰਤ ਇਕ ਭਤਾਰਾ, ਏਕਾ ਸੇਜਾ ਸੁੱਤੇ ਪੈਰ ਪਸਾਰਾ, ਅੰਗੀਕਾਰ ਇਕ ਅਖਵਾਇੰਦਾ । ਏਕਾ ਬ੍ਰਹਮ ਨੂਰ ਉਜਿਆਰਾ, ਏਕਾ ਪਾਰਬ੍ਰਹਮ ਪ੍ਰਭ ਪਾਏ ਸਾਰਾ, ਏਕਾ ਆਤਮ ਪਰਮਾਤਮ ਆਪਣੇ ਰੰਗ ਰੰਗਾਇੰਦਾ । ਏਕਾ ਈਸ਼ ਜੀਵ ਦਏ ਹੁਲਾਰਾ, ਏਕਾ ਜਗਤ ਜਗਦੀਸ ਵੇਖਣਹਾਰਾ, ਏਕਾ ਛਤਰ ਝੁਲਾਏ ਸੀਸ ਵਸਣਹਾਰਾ ਧਾਮ ਨਿਆਰਾ, ਸਚਖੰਡ ਨਿਵਾਸੀ ਦਰਗਹਿ ਸਾਚੀ ਸੋਭਾ ਪਾਇੰਦਾ । ਕਲਜੁਗ ਅੰਤਮ ਹੋ ਉਜਿਆਰਾ, ਕਰੇ ਖੇਲ ਅਪਰ ਅਪਾਰਾ, ਸ੍ਰਿਸ਼ਟ ਸਬਾਈ ਵੇਖ ਵਖਾਇੰਦਾ । ਕਲਜੁਗ ਮੇਟੇ ਕੂੜ ਪਸਾਰਾ, ਲੇਖਾ ਜਾਣੇ ਮੀਤ ਮੁਰਾਰਾ, ਚਾਰ ਯਾਰਾਂ ਨਬੀ ਰਸੂਲਾਂ ਭੇਵ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿ ਆਪਣਾ ਖੇਲ ਖਿਲਾਇੰਦਾ । ਕਲਜੁਗ ਤੇਰਾ ਅੰਤ ਕਿਨਾਰਾ, ਚਾਰ ਕੁੰਟ ਵਜੇ ਵਧਾਈਆ । ਪੁਰਖ ਅਬਿਨਾਸ਼ੀ ਭੇਵ ਨਿਆਰਾ, ਭੇਵ ਅਭੇਦ ਨਾ ਸਕੇ ਕੋਈ ਜਣਾਈਆ । ਬ੍ਰਹਮਾ ਲਿਖ ਲਿਖ ਥੱਕਾ ਵੇਦ ਚਾਰਾ, ਪੁਰਾਨ ਅਠਾਰਾਂ ਵੇਦ ਵਿਆਸਾ ਗਿਆ ਗਾਈਆ । ਸ਼ਾਸਤਰ ਸਿਮਰਤ ਉਚੀ ਕੂਕਨ ਮਾਰਨ ਨਾਅਰਾ, ਵਾਹ ਵਾਹ ਤੇਰੀ ਵਡੀ ਵਡਿਆਈਆ । ਅੰਜੀਲ ਕ਼ੁਰਾਨ ਕਰਨ ਨਿਮਸਕਾਰਾ, ਦੋਏ ਦੋਏ ਜੋੜ ਸੀਸ ਝੁਕਾਈਆ । ਗੁਰ ਅਵਤਾਰ ਆਵਣ ਵਾਰੋ ਵਾਰਾ, ਜੁਗ ਜੁਗ ਆਪਣਾ ਮਾਰਗ ਲਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਸਦ ਤੇਰਾ ਬਣਿਆ ਰਿਹਾ ਅਖਾੜਾ, ਸਰਗੁਣ ਸਰਗੁਣ ਕਰੇ ਲੜਾਈਆ । ਹਰਿ ਕਾ ਖੰਡਾ ਨਾ ਕਿਸੇ ਵਿਚਾਰਾ, ਤੀਰ ਕਮਾਨ ਸਾਚਾ ਚਿੱਲਾ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਖਿਲਾਇੰਦਾ, ਕਲਜੁਗ ਤੇਰੀ ਅੰਤਮ ਵਾਰ । ਨਿਹਕਲੰਕ ਜਾਮਾ ਪਾਇੰਦਾ, ਜੋਧਾ ਸੂਰਬੀਰ ਬਲੀ ਬਲਕਾਰ । ਗੋਬਿੰਦ ਮੇਲ ਮਿਲਾਇੰਦਾ, ਇਕ ਇਕੱਲਾ ਏਕੰਕਾਰ । ਚੇਲਾ ਆਪਣੇ ਦਰ ਬਹਾਇੰਦਾ, ਸਾਚੇ ਸੁਤ ਦਏ ਆਧਾਰ । ਸ਼ਬਦੀ ਡੰਕਾ ਇਕ ਵਜਾਇੰਦਾ, ਦੋ ਜਹਾਨਾਂ ਆਪਣੀ ਵਾਰ । ਆਪਣਾ ਨਾਉਂ ਆਪ ਪਰਗਟਾਇੰਦਾ, ਆਪੇ ਬੋਲੇ ਸਤਿ ਜੈਕਾਰ । ਨੌਂ ਸੌ ਚੁਰਾਨਵੇ ਚੌਕੜੀ ਜੁਗ ਪੰਧ ਮੁਕਾਇੰਦਾ,

ਨਵ ਨੌ ਚਾਰ ਜਾਏ ਹਾਰ । ਲੇਖਾ ਕੋਇ ਰਹਿਣ ਨਾ ਪਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਏਕਾ ਖੰਡਾ ਫੜ ਕਟਾਰ । ਸਾਚਾ ਖੰਡਾ ਸ਼ਬਦ ਕਟਾਰਾ, ਪੁਰਖ ਅਬਿਨਾਸ਼ੀ ਹੱਥ ਉਠਾਈਆ । ਨਿਰਗੁਣ ਲੇਖ ਨਿਰਗੁਣ ਭੇਖ ਨਿਰਗੁਣ ਲਿਖਾਰਾ, ਨਿਰਗੁਣ ਸੇਵਾ ਸੇਵ ਕਮਾਈਆ । ਤਿਖੀਆਂ ਰੱਖੇ ਦੋਵੇਂ ਧਾਰਾ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਰੂਪ ਏਕਾ ਰੰਗ ਸਮਾਈਆ । ਏਕਾ ਹੁਕਮੀ ਹੁਕਮ ਕਰੇ ਵਰਤਾਰਾ, ਧੁਰ ਫ਼ਰਮਾਨਾ ਆਪ ਸੁਣਾਈਆ । ਨਵ ਨੌ ਵੇਖੇ ਇਕ ਅਖਾੜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਚੰਡ ਪਰਚੰਡ ਆਪ ਚਮਕਾਈਆ । ਚੰਡ ਪਰਚੰਡ ਸਾਚਾ ਖੰਡਾ, ਖੰਡਨ ਨੀਕਾ ਆਪ ਉਪਾਇੰਦਾ । ਲਹਿਣਾ ਦੇਣ ਚੁਕਾਏ ਕੋਟਨ ਕੋਟ ਬ੍ਰਹਿਮੰਡਾ, ਬ੍ਰਹਮ ਬ੍ਰਹਿਮਾਦਿ ਵੇਖ ਵਖਾਇੰਦਾ । ਨਾਤਾ ਤੋੜੇ ਜੇਰਜ ਅੰਡਾ, ਉਤਭੁਜ ਸੇਤਜ ਮੂਲ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੰਡਾ ਨਾਮ ਕਟਾਰ, ਸਤਿਗੁਰ ਪੂਰਾ ਵੇਖੇ ਵੇਖਣਹਾਰ, ਜੀਵ ਜੰਤ ਨਾ ਪਾਵੇ ਸਾਰ, ਭੇਵ ਅਭੇਦ ਛੁਪਾਇੰਦਾ । ਸਾਚਾ ਖੰਡਾ ਨਾਮ ਮੁੱਠ, ਤ੍ਰੈਭਵਣ ਧਨੀ ਆਪ ਲਗਾਈਆ । ਨਿਰਗੁਣ ਨਿਰਵੈਰ ਪੁਰਖ ਅਕਾਲ ਆਪਣੀ ਹੱਥੀਂ ਚੁੱਕ, ਨਵ ਨੌ ਰਿਹਾ ਸਮਝਾਈਆ । ਸ਼ਾਹ ਸੁਲਤਾਨਾ ਵਡ ਮਿਹਰਵਾਨਾ ਸ੍ਰੀ ਭਗਵਾਨਾ ਗਿਆ ਤੁੱਠ, ਆਪਣੀ ਦਇਆ ਆਪ ਕਮਾਈਆ । ਕਲਜੁਗ ਕੂੜ ਕੁੜਿਆਰਾ ਪੰਚ ਵਿਕਾਰਾ ਹਉਮੇ ਧਾੜਾ ਕੱਢੇ ਕੁੱਟ, ਜੂਠ ਝੂਠ ਰਹਿਣ ਨਾ ਪਾਈਆ । ਚਾਰੇ ਵਰਨਾਂ ਲਏ ਲੁੱਟ, ਸਭ ਦਾ ਭਾਗ ਜਾਏ ਨਿਖੁੱਟ, ਅੰਤਮ ਜੜ੍ਹ ਦੇਵੇ ਪੁੱਟ, ਸਿਮਲ ਰੁੱਖ ਸਰਬ ਵਖਾਈਆ । ਗੁਰਮੁਖ ਵਿਰਲਾ ਰੱਖੇ ਓਟ, ਜਿਸ ਜਨ ਲਗਾਏ ਸ਼ਬਦ ਚੋਟ, ਸੋਈ ਸੁਰਤੀ ਆਪ ਜਗਾਈਆ । ਭਾਗ ਲਗਾਏ ਕਾਇਆ ਕਿਲੇ ਕੋਟ, ਦਰਸ ਦਿਖਾਏ ਨਿਰਮਲ ਜੋਤ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਪੰਧ ਦਏ ਮੁਕਾਈਆ । ਕਲਜੁਗ ਤੇਰਾ ਪੰਧ ਮੁਕੌਣਾ, ਚੌਥਾ ਜੁਗ ਰਹਿਣ ਨਾ ਪਾਈਆ । ਨਾਮ ਖੰਡਾ ਇਕ ਉਠੌਣਾ, ਚਾਰੋਂ ਕੁੰਟ ਫਿਰੇ ਦੁਹਾਈਆ । ਆਤਮ ਪਰਮਾਤਮ ਵੇਖ ਵਖੌਣਾ, ਸੋਹੰ ਅਖਰ ਜਗਤ ਵੱਖਰ ਇਕ ਪੜ੍ਹਾਈਆ । ਪਿਛਲਾ ਲੇਖਾ ਲੇਖ ਮੁਕੌਣਾ, ਅਗਲਾ ਲੇਖਾ ਆਪਣੇ ਹੱਥ ਰਖਾਈਆ । ਹਰਿ ਹਰਿ ਭਾਣਾ ਆਪ ਵਰਤੌਣਾ, ਨਾ ਕੋਈ ਮੇਟੇ ਮੇਟ ਮਿਟਾਈਆ । ਸ਼ਾਹ ਸੁਲਤਾਨਾਂ ਖ਼ਾਕ ਮਿਲੌਣਾ, ਸੀਸ ਤਾਜ ਨਾ ਕੋਇ ਟਿਕਾਈਆ । ਊਚਾਂ ਨੀਚਾਂ ਰਾਓ ਰੰਕਾਂ ਰਾਜ ਰਾਜਾਨਾਂ ਏਕਾ ਧਾਮ ਬਹੌਣਾ, ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਜ਼ਾਤ ਪਾਤ ਕੋਇ ਰਹਿਣ ਨਾ ਪਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਭ ਨੇ ਗੌਣਾ, ਨੌ ਖੰਡ ਪ੍ਰਿਥਮੀ ਏਕਾ ਨਾਅਰਾ ਲਾਈਆ । ਪੁਰਖ ਅਕਾਲ ਨੂਰੀ ਜਲਵਾ ਜਲਾਲ ਦਰਸ ਵਖੌਣਾ, ਰਾਮ ਰਾਮ ਰੂਪ ਵਟਾਈਆ । ਏਕਾ ਬੰਸਰੀ ਨਾਮ ਵਜੌਣਾ, ਸਾਚੇ ਮੰਡਲ ਰਾਸ ਰਚੌਣਾ, ਏਕਾ ਮੁਕਟ ਸੀਸ ਟਿਕੌਣਾ, ਮੁਕੰਦ ਮਨੋਹਰ ਲਖਮੀ ਨਰਾਇਣ ਆਪਣੀ ਖੇਲ ਖਿਲਾਈਆ । ਏਕਾ ਕਲਮਾ ਅਮਾਮ ਪੜ੍ਹੌਣਾ, ਸਚ ਈਮਾਨ ਇਕ ਵਖੌਣਾ, ਈਸਾ ਮੂਸਾ ਸੰਗ ਮੁਹੰਮਦ ਚਾਰ ਯਾਰ ਏਕਾ ਧਾਮ ਬਹੌਣਾ, ਅੱਲਾ ਰਾਣੀ ਲੜ ਫੜੌਣਾ, ਵੇਲੇ ਅੰਤ ਲਏ ਪਰਨਾਈਆ । ਆਪਣਾ ਇਸਮ ਆਪ ਪੜ੍ਹੌਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਾਹ ਪਾਤਸ਼ਾਹ ਖੇਲ ਖਿਲਾਇੰਦਾ, ਹੁਕਮੀ ਹੁਕਮ ਸਤਿ ਵਰਤਾਰ । ਜੋ ਘੜਿਆ ਸੋ ਭੰਨ ਵਖਾਇੰਦਾ, ਵਿਸ਼ਨ ਬ੍ਰਹਮਾ

ਸ਼ਿਵ ਕਰਨ ਪੁਕਾਰ । ਵੇਲਾ ਅੰਤ ਆਪ ਸਮਝਾਇੰਦਾ, ਇਕ ਇਕੱਲਾ ਏਕੰਕਾਰ । ਨੌਂ ਸੌ ਚੁਰਾਨਵੇ ਚੌਕੜੀ ਜੁਗ ਝੋਲੀ ਪਾਇੰਦਾ, ਪੂਰਬ ਲਹਿਣਾ ਦਏ ਉਤਾਰ । ਆਪਣਾ ਖੇਲ ਆਪ ਖਿਲਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਕਰਾਏ ਕਰਨੇਹਾਰ । ਕਰਨਹਾਰ ਕ਼ਾਦਰ ਕਰਤਾ, ਕਰੀਮ ਰਹੀਮ ਵਡੀ ਵਡਿਆਈਆ । ਆਪਣਾ ਦਰ ਆਪਣਾ ਘਰ ਆਪੇ ਵੜਦਾ, ਮੁਕਾਮੇ ਹੱਕ ਹੱਕ ਡੇਰਾ ਲਾਈਆ । ਆਪਣਾ ਪੱਲੂ ਆਪੇ ਫੜਦਾ, ਦਾਮਨਗੀਰ ਇਕ ਖ਼ੁਦਾਈਆ । ਚੌਦਾਂ ਤਬਕ ਆਪੇ ਚੜ੍ਹਦਾ, ਹਕੀਰ ਫਕੀਰ ਸ਼ਾਹ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਤੇਰਾ ਲੇਖਾ ਦਏ ਮੁਕਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਝੁਲਾਏ ਸਚ ਨਿਸ਼ਾਨ, ਨਵ ਨੌਂ ਬਣਾਏ ਇਕ ਵਿਧਾਨ, ਨਾਮ ਧਾਰਾ ਆਪ ਚਲਾਈਆ ।

★ ੧ ਵਿਸਾਖ ੨੦੧੮ ਬਿਕ੍ਰਮੀ ਜੇਠੂਵਾਲ ਦਰਬਾਰ ਵਿਚ ★

ਹਰਿ ਠਾਕਰ ਜਗ ਠੁਕਰਾਇੰਦਾ, ਸੰਮਤ ਅਠਾਰਾਂ ਠੋਕਰ ਲਾ । ਸ਼ਬਦ ਅਗੰਮੀ ਖੇਲ ਖਿਲਾਇੰਦਾ, ਖ਼ਾਲਕ ਖ਼ਲਕ ਰੂਪ ਖ਼ੁਦਾ । ਨਿਰਗੁਣ ਨੂਰ ਡਗਮਗਾਇੰਦਾ, ਜੋਤੀ ਜੋਤ ਕਰ ਰੁਸ਼ਨਾ । ਨੌਂ ਨੌਂ ਵੇਖ ਵਖਾਇੰਦਾ, ਆਦਿ ਪੁਰਖ ਪ੍ਰਭ ਪਰਦਾ ਲਾਹ । ਸੋ ਪੁਰਖ ਨਿਰੰਜਣ ਰੰਗ ਚੜ੍ਹਾਇੰਦਾ, ਸਾਚੇ ਤਖ਼ਤ ਬੈਠ ਸੱਚਾ ਸ਼ਹਿਨਸ਼ਾਹ । ਹੁਕਮੀ ਹੁਕਮ ਆਪ ਸੁਣਾਇੰਦਾ, ਦੋ ਜਹਾਨਾਂ ਧੁਰ ਫ਼ਰਮਾ । ਚਾਰੋਂ ਕੁੰਟ ਵੇਖ ਵਖਾਇੰਦਾ, ਵੇਖਣਹਾਰਾ ਬੇਪਰਵਾਹ । ਨਿਰਗੁਣ ਨਿਰਵੈਰ ਪੁਰਖ ਅਕਾਲ ਆਪਣਾ ਨਾਉਂ ਧਰਾਇੰਦਾ, ਅਲਖ ਅਗੋਚਰ ਅਗੰਮ ਅਥਾਹ । ਸਚਖੰਡ ਦਵਾਰ ਆਪਣਾ ਆਸਣ ਲਾਇੰਦਾ, ਥਿਰ ਘਰ ਚਰਨ ਹੇਠ ਦਬਾ । ਸੁੰਨ ਅਗੰਮੀ ਫੇਰਾ ਪਾਇੰਦਾ, ਰੂਪ ਅਨੂਪ ਆਪ ਵਟਾ । ਆਪਣੇ ਮੰਦਰ ਆਪਣਾ ਖੇਲ ਖਿਲਾਇੰਦਾ, ਕਰੇ ਖੇਲ ਇਕ ਅਕੱਲਾ ਸਚ ਮਹੱਲਾ ਆਪ ਵਸਾ । ਨਾਰੀ ਕੰਤ ਆਪ ਪਰਨਾਇੰਦਾ, ਕੰਤ ਕੰਤੂਲ ਵਸੇ ਏਕਾ ਥਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਆਪਣਾ ਰਾਹ । ਹਰਿ ਠਾਕਰ ਖੇਲ ਖਿਲਾਇੰਦਾ, ਖੇਲਣਹਾਰਾ ਪੁਰਖ ਅਗੰਮ । ਨੌਂ ਨੌਂ ਚਾਰ ਵੇਸ ਵਟਾਇੰਦਾ, । ਆਦਿ ਜੁਗਾਦੀ ਜਾਣੇ ਆਪਣਾ ਕੰਮ । ਦੋਏ ਦੋਏ ਆਪਣਾ ਰੂਪ ਧਰਾਇੰਦਾ, ਆਪਣਾ ਬੇੜਾ ਆਪੇ ਬੰਨ੍ਹ । ਆਪਣਾ ਹੁਕਮ ਆਪ ਸੁਣਾਇੰਦਾ, ਆਪੇ ਲਏ ਮੰਨ । ਆਪਣੀ ਵੰਡਣ ਆਪ ਵੰਡਾਇੰਦਾ, ਲੇਖਾ ਜਾਣੇ ਸੂਰਜ ਚੰਨ । ਬ੍ਰਹਿਮੰਡ ਖੰਡ ਆਪਣੇ ਰੰਗ ਰੰਗਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਨਨੀ ਆਪੇ ਜਨ । ਹਰਿ ਠਾਕਰ ਜਗਤ ਠੁਕਰਾਇਆ, ਠੋਕਰ ਮਾਰੇ ਦੋ ਜਹਾਂ । ਨਿਰਗੁਣ ਨਿਰਵੈਰ ਆਪਣਾ ਰੂਪ ਵਟਾਇਆ, ਰੂਪ ਅਨੂਪ ਦਿਸੇ ਕਿਸੇ ਨਾ । ਆਪਣਾ ਲੇਖਾ ਦਏ ਸਮਝਾਇਆ, ਲੇਖਾ ਜਾਣੇ ਜੀਵ ਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹ । ਸ਼ਹਿਨਸ਼ਾਹ ਹਰਿ ਖੇਲ ਖਿਲਾਇੰਦਾ, ਕਲਜੁਗ ਤੇਰੀ ਅੰਤਮ ਵਾਰ । ਸ੍ਰਿਸ਼ਟ ਸਬਾਈ ਵੇਖ ਵਖਾਇੰਦਾ, ਨੌਂ ਸਤ ਤੇਰੀ ਧਾਰ । ਪਾਰਬ੍ਰਹਮ ਪ੍ਰਭ ਰੂਪ ਵਟਾਇੰਦਾ, ਬ੍ਰਹਮ ਲੇਖਾ ਲਏ ਉਘਾੜ । ਆਪਣਾ ਲੇਖਾ ਪੂਰ ਕਰਾਇੰਦਾ, ਲੇਖਾ ਜਾਣੇ ਸਤਾਰਾਂ ਹਾੜ । ਸੰਮਤ ਚੌਦਾਂ ਰਾਹ ਤਕਾਇੰਦਾ, ਬੀਸ ਬਿਕ੍ਰਮੀ ਕਰ ਪਿਆਰ । ਪੰਦਰਾਂ ਪੰਦਰਾਂ ਵੇਖ ਵਖਾਇੰਦਾ, ਕੱਤਕ ਕਰਮਾਂ

ਲਏ ਉਭਾਰ । ਰਵਾਲ ਸਰ ਚਰਨ ਟਿਕਾਇੰਦਾ, ਗੋਬਿੰਦ ਸੂਰਾ ਵਡ ਬਲਕਾਰ । ਸ਼ਬਦ ਸ਼ਬਦ ਮੇਲ ਮਿਲਾਇੰਦਾ, ਸ਼ੇਰ ਸ਼ੇਰ ਇਕ ਨਿਰੰਕਾਰ । ਉਚੇ ਟਿੱਲੇ ਪਰਬਤ ਨਿਰਗੁਣ ਜੋਤ ਜੋਤ ਜਗਾਇੰਦਾ, ਜੋਤੀ ਖਿਚੇ ਸਰਬ ਸੰਸਾਰ । ਉਚੇ ਕੋਟ ਕੋਟ ਆਸਣ ਲਾਇੰਦਾ, ਕੋਟ ਢਾਹੇ ਗੜ੍ਹ ਹੰਕਾਰ । ਨਾਮ ਚੋਟ ਨਗਾਰੇ ਇਕ ਲਗਾਇੰਦਾ, ਸ੍ਰਿਸ਼ਟ ਸਬਾਈ ਕਰੇ ਖ਼ਬਰਦਾਰ । ਦੋ ਦੋ ਮੇਲਾ ਮੇਲ ਮਿਲਾਇੰਦਾ, ਦੂਆ ਦੂਏ ਨਾਲ ਕਰੇ ਪਿਆਰ । ਦੂਈ ਦਵੈਤੀ ਸਰਬ ਗਵਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚੀ ਸਰਕਾਰ । ਸਚ ਸਰਕਾਰ ਠਾਕਰ ਹਰਿ ਸਵਾਮੀ, ਮਹਿਮਾ ਅਗਣਤ ਗਣੀ ਨਾ ਜਾਈਆ । ਆਦਿ ਜੁਗਾਦਿ ਏਕਾ ਅੰਤਰਜਾਮੀ, ਕੋਟਨ ਕੋਟ ਰੂਪ ਵਟਾਈਆ । ਜੁਗਾ ਜੁਗੰਤਰ ਸ਼ਬਦ ਅਗੰਮੀ ਸੁਣੌਂਦਾ ਆਇਆ ਬਾਣੀ, ਬਾਣ ਨਿਰਬਾਣ ਆਪ ਚਲਾਈਆ । ਗੁਰ ਅਵਤਾਰਾਂ ਦੱਸਦਾ ਰਿਹਾ ਆਪਣੀ ਕਹਾਣੀ, ਆਪਣਾ ਪਰਦਾ ਆਪ ਉਠਾਈਆ । ਆਪੇ ਬਣਿਆ ਰਿਹਾ ਸੱਚਾ ਸ਼ਾਹ ਸੁਲਤਾਨੀ, ਸਚਖੰਡ ਦਵਾਰੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਅੱਠ ਲਏ ਮਿਲਾਈਆ । ਇਕ ਅੱਠ ਹਰਿ ਮੇਲ ਮਿਲੌਣਾ, ਇਕ ਇਕੱਲਾ ਖੇਲ ਖਿਲਾਇੰਦਾ । ਅੱਠਾਂ ਤੱਤਾਂ ਰੰਗ ਰੰਗੌਣਾ, ਰੰਗ ਮਜੀਠੀ ਇਕ ਚੜ੍ਹਾਇੰਦਾ । ਬਣ ਲਲਾਰੀ ਸੇਵ ਕਮੌਣਾ, ਸੇਵਕ ਨਰ ਹਰਿ ਦਿਸ ਨਾ ਆਇੰਦਾ । ਗੋਬਿੰਦ ਸੂਰਾ ਨਾਮ ਧਰੌਣਾ, ਚੇਲਾ ਗੁਰ ਰੂਪ ਧਰਾਇੰਦਾ । ਆਪਣੇ ਮੰਦਰ ਆਪ ਸੁਹੌਣਾ, ਪਲੰਘ ਰੰਗੀਲੀ ਸੇਜ ਸੁਹਾਇੰਦਾ । ਸਾਚਾ ਚਿੱਲਾ ਹੱਥ ਫੜੌਣਾ, ਤੀਰ ਤੀਰਾਂ ਆਪ ਉਠਾਇੰਦਾ । ਉਚਾ ਟਿੱਲਾ ਆਪ ਵਸੌਣਾ, ਟਿੱਲੇ ਪਰਬਤ ਫੋਲ ਫੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਖਿਲਾਇੰਦਾ । ਹਰਿ ਠਾਕਰ ਸਵਾਮੀ



ਗਹਿਰ ਗੰਭੀਰ, ਗੋਬਿੰਦ ਭੇਵ ਕੋਇ ਨਾ ਪਾਇੰਦਾ । ਲੇਖਾ ਜਾਣੇ ਅਠਸਠ ਨੀਰ, ਨੀਰ ਨੀਰਾਂ ਫੋਲ ਫੁਲਾਇੰਦਾ । ਲੱਖ ਚੁਰਾਸੀ ਵੇਖੇ ਬਸਤਰ ਚੀਰ, ਚੀਰ ਚੀਰਾਂ ਪਰਦਾ ਲਾਹਿੰਦਾ । ਚੌਦਾਂ ਤਬਕਾਂ ਵੇਖੇ ਪੀਰ ਫਕੀਰ, ਦਸਤਗੀਰ ਖੇਲ ਖਿਲਾਇੰਦਾ । ਚੌਦਾਂ ਲੋਕ ਵੇਖੇ ਸ਼ਾਹ ਫ਼ਕੀਰ, ਹਕ ਹਕ਼ੀਕਤ ਆਪ ਜਣਾਇੰਦਾ । ਕਲਜੁਗ ਤੇਰੀ ਬਦਲੇ ਆਪ ਤਕ਼ਦੀਰ, ਤਦਬੀਰ ਆਪ ਬਣਾਇੰਦਾ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਗੁਰ ਅਵਤਾਰ ਮਾਰ ਮਾਰ ਘਲਦਾ ਰਿਹਾ ਜ਼ੰਜੀਰ, ਲੋਕਮਾਤ ਬੰਧਨ ਪਾਇੰਦਾ । ਆਪੇ ਬਣਿਆ ਰਿਹਾ ਉਚ ਦਾ ਪੀਰਨ ਪੀਰ, ਪੀਰ ਪੀਰਾਂ ਆਪ ਅਖਵਾਇੰਦਾ । ਚਾਰ ਜੁਗ ਘਤਦੇ ਰਹੇ ਵਹੀਰ, ਹੁਕਮ ਹਾਕਮ ਆਪ ਸੁਣਾਇੰਦਾ । ਆਪਣਾ ਵੇਲਾ ਆਪਣੇ ਹੱਥ ਰੱਖਿਆ ਅਖ਼ੀਰ, ਆਦਿ ਅੰਤ ਦਿਸ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਠਾਕਰ ਖੇਲ ਖਿਲਾਇੰਦਾ । ਹਰਿ ਠਾਕਰ ਜਗ ਠਕਰਾਵਨ ਆਇਆ, ਪਾਰਬ੍ਰਹਮ ਬੇਅੰਤ । ਚਾਰ ਜੁਗ ਦੇ ਗੁਰ ਪੀਰ ਲਏ ਉਠਾਇਆ, ਨਾਲ ਰਲਾਏ ਭਗਤ ਸੰਤ । ਸਚਖੰਡ ਦਵਾਰੇ ਵਿਚੋਂ ਬਾਹਰ ਲਏ ਕਢਾਇਆ, ਆਪ ਜਣਾਏ ਆਪਣੀ ਬਣਤ । ਲੱਖ ਚੁਰਾਸੀ ਲੜ ਲਏ ਫੜਾਇਆ, ਲੇਖਾ ਜਣਾਏ ਜੀਵ ਜੰਤ ਉਚੇ ਟਿੱਲੇ ਬਹਿ ਬਹਿ ਆਪਣਾ ਆਸਣ ਦਏ ਵਖਾਇਆ, ਪੂਰਨ ਜੋਤ ਸ੍ਰੀ ਭਗਵੰਤ । ਸਭ ਦਾ ਕੰਤ ਹਰਿ ਹਰਿ ਜੂ ਵੇਖਣ ਆਇਆ, ਆਪਣੀ ਮਹਿਮਾ ਜਾਣੇ ਅਗਣਤ । ਰਵਾਲਸਰ ਗੁਰ ਗੋਬਿੰਦ ਏਕਾ ਰਾਹ ਵਖਾਇਆ, ਹਿਰਦੇ ਗਾਇਆ ਬਹਿ ਬਹਿ ਪੁਰਖ ਅਬਿਨਾਸ਼ੀ ਲਏ ਮਿਲਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਆਦਿ ਅੰਤ । ਹਰਿ ਠਾਕਰ ਲੇਖਾ ਜਾਣਦਾ, ਆਦਿਨ ਅੰਤਾ ਏਕੰਕਾਰ । ਜੁਗ ਜੁਗ ਲੇਖਾ ਆਪ ਪਛਾਣਦਾ, ਲੇਖਾ ਜਾਣੇ ਵੇਦ ਚਾਰ ।

ਵਿਸ਼ਨ ਬ੍ਰਹਮਾ ਸ਼ਿਵ ਰਾਹ ਤੱਕੇ ਚਰਨ ਧਿਆਨ ਦਾ, ਨੇਤਰ ਨੈਣ ਕਰ ਵਿਚਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਪਰ ਅਪਾਰ । ਅਪਰ ਅਪਾਰਾ ਖੇਲ ਖਿਲਾਵਣਾ, ਨਵ ਨੌ ਚਾਰ ਪੰਧ ਮੁਕਾ । ਤੇਈ ਅਵਤਾਰ ਆਪ ਉਠਾਵਣਾ, ਦਸ ਗੁਰ ਨਾਲ ਰਲਾ । ਅਠਾਰਾਂ ਭਗਤਾਂ ਡੰਕ ਵਜਾਵਣਾ, ਲੱਖ ਚੁਰਾਸੀ ਲਏ ਸਮਝਾ । ਭਗਤ ਭਗਵੰਤ ਮੇਲ ਮਿਲਾਵਣਾ, ਜੋਤੀ ਜੋਤ ਕਰ ਰੁਸ਼ਨਾ । ਨਵ ਨੌ ਕਿਲਾ ਕੋਟ ਆਪ ਬਣਾਵਣਾ, ਸ਼ਬਦ ਅਗੰਮੀ ਫੇਰਾ ਪਾ । ਏਕਾ ਡੰਕਾ ਨਾਮ ਸੁਣਾਵਣਾ, ਡੰਕਾ ਫੜਿਆ ਬੇਪਰਵਾਹ । ਸਚ ਧਾਮ ਚਰਨ ਛੁਹਾਵਣਾ, ਚਰਨ ਕਵਲ ਇਕ ਟਿਕਾ । ਬ੍ਰਹਿਮੰਡਾਂ ਖੰਡਾਂ ਲੋਆਂ ਪੁਰੀਆਂ ਏਕਾ ਰਾਹ ਵਖਾਵਣਾ, ਸਾਚਾ ਮਾਰਗ ਏਕਾ ਲਾ । ਰਵ ਸਸ ਰੂਪ ਵਟਾਵਣਾ, ਰੂਪ ਅਨੂਪ ਲਏ ਵਖਾ, ਵਿਸ਼ਨੂੰ ਆਪਣਾ ਪੰਧ ਮੁਕਾਵਣਾ, ਅੰਤਮ ਮੰਗੇ ਦਰ ਪਨਾਹ । ਬ੍ਰਹਮੇ ਵੇਲਾ ਵਕਤ ਚੁਕਾਵਣਾ, ਥਿਰ ਕੋਇ ਦੀਸੇ ਨਾ । ਸ਼ੰਕਰ ਸ਼ਹਿੰਸਾ ਰੋਗ ਮੁਕਾਵਣਾ, ਪੁਰਖ ਅਬਿਨਾਸ਼ੀ ਹੋ ਸਹਾ । ਸੁਰਪਤ ਰਾਜਾ ਇੰਦ ਡੇਰਾ ਢਾਹਵਣਾ, ਢਹਿ ਢਹਿ ਢੇਰੀ ਦਏ ਮਿਲਾ । ਕ੍ਰੋੜ ਤੇਤੀਸਾ ਆਪਣੇ ਵਿਚ ਮਿਲਾਵਣਾ, ਮਾਨਸ ਜਨਮ ਲਏ ਪਰਗਟਾ । ਕਿੰਨਰ ਜੱਛਪ ਨਾਚ ਨਾ ਕਿਸੇ ਨਚਾਵਣਾ, ਗਣ ਗੰਧਰਬ ਦਏ ਨਾ ਕੋਈ ਸਲਾਹ । ਲੋਕਮਾਤ ਖੇਲ ਖਿਲਾਵਣਾ, ਨੌ ਖੰਡ ਪ੍ਰਿਥਮੀ ਜੋਤੀ ਜੋਤ ਕਰ ਰੁਸ਼ਨਾ । ਨਿਰਗੁਣ ਸਰਗੁਣ ਮੇਲ ਮਿਲਾਵਣਾ, ਨਿਰਗੁਣ ਸਰਗੁਣ ਵੇਖੇ ਥਾਉਂ ਥਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਕਰਾਏ ਸਚ ਨਿਆਂ । ਸਚ ਨਿਆਉਂ ਕਰਨੇਹਾਰਾ, ਏਕਾ ਏਕ ਅਖਵਾਇੰਦਾ । ਕਲਜੁਗ ਅੰਤਮ ਹੋ ਨਿਆਰਾ, ਪੰਜ ਤਤ ਨਾ ਕੋਇ ਰਖਾਇੰਦਾ । ਗੁਰੂਆਂ ਪੀਰਾਂ ਦੇਂਦਾ ਰਿਹਾ ਸਹਾਰਾ, ਹੁਕਮੀ ਹੁਕਮ ਆਪ ਸੁਣਾਇੰਦਾ । ਨੌ ਸੌ ਚੁਰਾਨਵੇਂ ਚੌਕੜੀ ਜੁਗ ਜੋ ਗੌਂਦੇ ਆਏ ਵਾਰਾਂ, ਗੀਤ ਗੋਬਿੰਦ ਆਪ ਸੁਣਾਇੰਦਾ । ਆਪੇ ਸਭ ਤੋਂ ਵਸੇ ਬਾਹਰਾ, ਹਰ ਘਟ ਆਪਣਾ ਆਸਣ ਲਾਇੰਦਾ । ਕਰੇ ਖੇਲ ਗੁਪਤ ਜ਼ਾਹਰਾ, ਅੰਦਰ ਬਾਹਰ ਖੇਲ ਖਿਲਾਇੰਦਾ । ਪੁਰਖ ਅਗੰਮੜਾ ਨਾਰੀ ਨਾਰਾ, ਨਰ ਨਰਾਇਣ ਰੂਪ ਵਟਾਇੰਦਾ । ਕਲਜੁਗ ਅੰਤਮ ਫੜ ਕੇ ਆਇਆ ਤਿਖਾ ਆਰਾ, ਦੋ ਜਹਾਨਾਂ ਚੀਰ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਖਿਲਾਇੰਦਾ । ਦੋ ਜਹਾਨਾਂ ਪੌਣਾ ਚੀਰ, ਚੀਰਨਹਾਰਾ ਇਕ ਅਖਵਾਈਆ । ਚੋਟੀ ਚੜ੍ਹ ਕੇ ਬੈਠਾ ਅਖ਼ੀਰ, ਉਚੇ ਟਿਲੇ ਪਰਬਤ ਸਾਚਾ ਮਾਹੀਆ । ਏਕਾ ਵਾਰ ਘਤ ਦਏ ਵਹੀਰ, ਧੀਰਜ ਧੀਰ ਨਾ ਕੋਈ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਕੌਲ ਆਪ ਲਏ ਨਿਭਾਈਆ । ਪਿਛਲਾ ਕੌਲ ਨਿਭਾਵਣ ਆਇਆ, ਸੰਮਤ ਵੀਹ ਸੌ ਚੌਦਾਂ ਨਾਲ ਰਲਾ । ਆਪਣਾ ਲੇਖਾ ਦਏ ਸਮਝਾਇਆ, ਲੇਖਾ ਜਾਣੇ ਬੇਪਰਵਾਹ । ਭਰਮ ਭੁਲੇਖਾ ਦਏ ਕਢਾਇਆ, ਭਾਂਡਾ ਭਰਮ ਭੌ ਭਨਾ । ਆਪਣਾ ਵੇਸ ਲਏ ਵਟਾਇਆ, ਸ਼ਹਿਨਸ਼ਾਹ ਸੱਚਾ ਪਾਤਸ਼ਾਹ । ਸੰਮਤ ਅਠਾਰਾਂ ਦਏ ਦੁਹਾਇਆ, ਉਚੀ ਕੂਕ ਕੂਕ ਸੁਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਹੋਏ ਸਦਾ ਸਹਾ । ਸੰਮਤ ਅਠਾਰਾਂ ਖੇਲ ਖਿਲਾਵਣਾ, ਪੁਰਖ ਅਬਿਨਾਸ਼ੀ ਕਿਰਪਾ ਧਾਰ । ਰਵਾਲ ਸਰ ਜੋਤ ਜਗਾਵਣਾ, ਜੋਤੀ ਜੋਤ ਹੋ ਉਜਿਆਰ । ਹਾੜ ਸਤਾਰਾਂ ਰੰਗ ਰੰਗਾਵਣਾ, ਪੁਰਖ ਅਬਿਨਾਸ਼ੀ ਘਟ ਘਟ ਵਾਸੀ ਆਪੇ ਹੋ ਖ਼ਬਰਦਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਕਰੇ ਪਿਆਰ । ਹਰਿ ਸੰਗਤ ਸ਼ਬਦ ਮਿਲਾਇੰਦਾ, ਸ਼ਬਦੀ ਸੰਗਤ ਧਾਰ । ਸ਼ਬਦ ਗੁਰ ਆਪ ਅਖਵਾਇੰਦਾ, ਸ਼ਬਦ ਰੂਪ ਨਰ ਅਵਤਾਰ । ਸ਼ਬਦ ਗੋਬਿੰਦ ਵੇਖ ਵਖਾਇੰਦਾ, ਸ਼ਬਦ

ਚੇਲਾ ਸੁਤ ਕਰੇ ਪਿਆਰ । ਸ਼ਬਦ ਪਿਤਾ ਪੂਤ ਵਖਾਇੰਦਾ, ਏਕਾ ਮੰਦਰ ਇਕ ਘਰ ਬਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਆਪ ਨਿਰੰਕਾਰ । ਹਰਿ ਨਿਰੰਕਾਰ ਖੇਲ ਖਿਲਾਵਨਾ, ਸੰਮਤ ਅਠਾਰਾਂ ਵੇਖ ਵਿਚਾਰ । ਹਾੜ ਸਤਾਰਾਂ ਦਿਵਸ ਸੁਹਾਵਨਾ, ਸ੍ਰਿਸ਼ਟ ਸਬਾਈ ਜਾਏ ਹਾਰ । ਗੁਰਮੁਖ ਆਪਣੀ ਗੋਦ ਬਹਾਵਨਾ, ਰਾਤੀ ਰੁਤੀ ਦਏ ਆਧਾਰ । ਦੋਏ ਦੋ ਮੇਲਾ ਮੇਲ ਮਿਲਾਵਨਾ, ਬਾਈ ਸਦ ਖੇਲ ਅਪਾਰ । ਸੌ ਸੌ ਆਪਣਾ ਸੰਗ ਰਖਾਵਣਾ, ਇਕ ਇਕ ਸਦੀ ਜਾਵੇ ਹਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਆਪ ਕਰਤਾਰ । ਹਰਿ ਕਰਤਾਰ ਖੇਲ ਖਿਲਾਵਣਾ, ਦਸੇ ਸਾਚੀ ਧਾਰ । ਦਸ ਦਸ ਵੇਲਾ ਆਪ ਸੁਹਾਵਨਾ, ਪੁਰਖ ਅਬਿਨਾਸ਼ੀ ਹੋ ਤਿਆਰ । ਸੰਗਤ ਸਾਰੀ ਸੰਗ ਰਖਾਵਨਾ, ਆਤਮ ਅੰਤਰ ਕਰ ਪਿਆਰ । ਸੁਰਤੀ ਸੁਰਤ ਸ਼ਬਦ ਮਿਲਾਵਨਾ, ਸ਼ਬਦ ਸੁਰਤ ਦਏ ਅਧਾਰ । ਆਪਣੀ ਗੋਦ ਆਪ ਉਠਾਵਣਾ, ਆਪੇ ਕਰੇ ਸਚ ਪਿਆਰ । ਗੋਬਿੰਦ ਆਪਣੇ ਅੰਗ ਲਗਾਵਨਾ, ਅੰਗੀਕਾਰ ਕਰੇ ਕਰਤਾਰ । ਰਵਾਲ ਸਰ ਸਰ ਸੁਹਾਵਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਆਪਣੀ ਵਾਰ । ਖੇਲ ਖਿਲੰਦੜਾ ਹਰਿ ਨਿਰੰਕਾਰ, ਕਲਜੁਗ ਅੰਤਮ ਵੇਸ ਵਟਾਈਆ । ਗੁਰਮੁਖ ਗੁਰਸਿਖ ਕਰੇ ਪਿਆਰ, ਗੋਬਿੰਦ ਮੇਲਾ ਸਹਿਜ ਸੁਭਾਈਆ । ਤਖ਼ਤ ਨਿਵਾਸੀ ਸ਼ਾਹ ਸਿਕਦਾਰ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਲਾ ਵਕਤ ਆਪਣੇ ਹੱਥ ਰਖਾਈਆ । ਵੇਲਾ ਵਕਤ ਸੁਹਾਵਣਾ, ਹਾੜ ਸਤਾਰਾਂ ਹਰਿ ਕਰਤਾਰ । ਹਰਿ ਸੰਗਤ ਸੰਗ ਮਿਲਾਵਨਾ, ਜਾਏ ਦਰ ਸੱਚੇ ਦਰਬਾਰ । ਪੂਰਬ ਲੇਖਾ ਲੇਖ ਮੁਕਾਵਣਾ, ਲੇਖਾ ਰਹੇ ਨਾ ਦੂਜੀ ਵਾਰ । ਸ਼ਬਦੀ ਸ਼ਬਦ ਸ਼ਬਦ ਪਰਗਟਾਵਨਾ, ਜੋਤੀ ਜੋਤ ਜੋਤ ਉਜਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚੀ ਸਰਕਾਰ । ਰਵਾਲ ਸਰ ਹਰਿ ਸ਼ਬਦੀ ਧਾਰਾ, ਜੋਤੀ ਜੋਤ ਖੇਲ ਖਿਲਵਾਣਾ । ਨਿਰਗੁਣ ਮੇਲਾ ਨਿਰਗੁਣ ਚੇਲਾ ਨਿਰਗੁਣ ਘਰ ਨਿਰਗੁਣ ਘਰ ਬਾਰਾ, ਨਿਰਗੁਣ ਵੇਖ ਵਖਾਵਨਾ । ਨਿਰਗੁਣ ਰੰਗ ਸੱਚੀ ਸਰਕਾਰਾ, ਨਿਰਗੁਣ ਅੰਗ ਲਗਾਵਨਾ ।

ਰਵਾਲ ਸਰ ਜਾਏ ਸ਼ਬਦੀ ਰੂਪ ਦਾਤਾ, ਦਾਤ ਆਪਣੀ ਨਾਲ ਰਖੌਂਦਾ ਏ । ਜੋਤੀ ਜੋਤ ਸੁਣਾਏ ਸਾਚੀ ਗਾਥਾ, ਗੀਤ ਗੋਬਿੰਦ ਆਪ ਅਲੌਂਦਾ ਏ । ਗੁਰਸਿਖਾਂ ਨਾਲ ਬੰਧਾਇਆ ਏਕਾ ਨਾਤਾ, ਨਾ ਕੋਈ ਤੋੜੇ ਨਾ ਤੋੜ ਤੁੜੌਂਦਾ ਏ । ਪਹਿਲੋਂ ਮਿਟਾਏ ਆਪਣੀ ਜ਼ਾਤਾ, ਜ਼ਾਤ ਪਾਤਾ ਫੇਰ ਮਿਟੌਂਦਾ ਏ । ਹਾੜ ਸਤਾਰਾਂ ਸੁਹਾਏ ਸੁਹੰਜਣੀ ਰਾਤਾ, ਰਾਤੀਂ ਰੁਤੜੀ ਆਪਣੇ ਹੱਥ ਰਖੌਂਦਾ ਏ । ਹਰਿ ਸੰਗਤ ਬਣਿਆ ਪਿਤਾ ਮਾਤਾ, ਪਿਤਾ ਪੂਤ ਗੁਰਸਿਖ ਗਲੇ ਲਗੌਂਦਾ ਏ । ਪੂਰਬ ਜਨਮ ਦਾ ਪੂਰਾ ਕਰੇ ਘਾਟਾ, ਗੋਬਿੰਦ ਆਪਣਾ ਰੂਪ ਵਟੌਂਦਾ ਏ । ਨਿਰਗੁਣ ਨਿਰਵੈਰ ਦੇਵੇ ਨਾਲ ਸਾਥਾ, ਸਗਲਾ ਸੰਗ ਨਿਭੌਂਦਾ ਏ । ਲਹਿਣਾ ਦੇਣਾ ਚੁਕਾਏ ਹੱਥੋ ਹਾਥਾ, ਅਗਲਾ ਲੇਖਾ ਨਾ ਕੋਈ ਵਖੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣੌਂਦਾ ਏ । ਹਰਿ ਆਪਣਾ ਭੇਵ ਜਣਾਇੰਦਾ, ਕਰ ਕਿਰਪਾ ਗੁਣ ਨਿਧਾਨ । ਹਰਿ ਸੰਗਤ ਵੇਖ ਵਖਾਇੰਦਾ, ਹਰਿ ਘਟ ਵੇਖੇ ਮਾਰ ਧਿਆਨ । ਪੈਰੀ ਚਲ ਪੰਧ ਨਾ ਕੋਈ ਮੁਕਾਇੰਦਾ, ਉਚੇ ਟਿਲੇ ਪਰਬਤ ਬੀਆਬਾਨ । ਬੰਸ ਸਰਬੰਸ ਨਾਲ ਨਾ ਕੋਈ ਰਖਾਇੰਦਾ,

ਨਾਤਾ ਜੁੜਿਆ ਜੀਵ ਜਹਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਵਡ ਮਿਹਰਵਾਨ । ਮਿਹਰਵਾਨ ਹਰਿ ਸਤਿਗੁਰ ਪੂਰਾ, ਆਦਿ ਜੁਗਾਦਿ ਵਡੀ ਵਡਿਆਈਆ । ਆਪਣਾ ਬਚਨ ਕਰੇ ਕਦੇ ਨਾ ਕੂੜਾ, ਕੂੜੀ ਕਿਰਿਆ ਮੇਟ ਮਿਟਾਈਆ । ਜਿਸ ਜਨ ਬਖ਼ਸ਼ੇ ਚਰਨ ਧੂੜਾ, ਧੂੜੀ ਮਸਤਕ ਟਿੱਕਾ ਲਏ ਲਗਾਈਆ । ਕਾਇਆ ਚੋਲੀ ਚਾੜ੍ਹੇ ਰੰਗ ਗੂੜ੍ਹਾ, ਉਤਰ ਕਦੇ ਨਾ ਜਾਈਆ । ਚਤੁਰ ਸੁਘੜ ਬਣਾਏ ਮੂਰਖ ਮੂੜਾ, ਦੇ ਮਤ ਰਿਹਾ ਸਮਝਾਈਆ । ਸ਼ਬਦ ਅਨਾਦੀ ਸੁਣਾਏ ਸਾਚੀ ਤੂਰਾ, ਤੁਰੀਆ ਰਾਗ ਆਪ ਅਲਾਈਆ । ਜੋਤੀ ਨੂਰ ਬਖ਼ਸ਼ੇ ਸਾਚਾ ਨੂਰਾ, ਅਗਿਆਨ ਅੰਧੇਰ ਰਹਿਣ ਨਾ ਪਾਈਆ । ਦਾਤਾ ਦਾਨੀ ਸਰਬੰਗ ਸੂਰਾ, ਸੂਰਬੀਰ ਸਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਲਏ ਤਰਾਈਆ । ਹਰਿ ਸੰਗਤ ਸ਼ਬਦ ਤਰਾਇੰਦਾ, ਤ੍ਰੈਗੁਣ ਮਾਇਆ ਅਤੀਤ । ਤ੍ਰੈ ਤ੍ਰੈ ਲੇਖਾ ਆਪ ਚੁਕਾਇੰਦਾ, ਲੇਖਾ ਜਾਣੇ ਸਾਹਿਬ ਅਨਡੀਠ । ਗੋਬਿੰਦ ਆਪਣਾ ਰੂਪ ਵਟਾਇੰਦਾ, ਵੇਖਣਹਾਰਾ ਹਸਤ ਕੀਟ । ਉਚੇ ਟਿਲੇ ਪਰਬਤ ਫੇਰਾ ਪਾਇੰਦਾ, ਕਰੇ ਖੇਲ ਇਕ ਅਤੀਤ । ਗੁਰਮੁਖ ਸਾਚੇ ਨਾਲ ਰਲਾਇੰਦਾ, ਸੰਮਤ ਸੰਮਤੀ ਜਾਏ ਬੀਤ । ਕੀਤਾ ਕੌਲ ਆਪ ਨਿਭਾਇੰਦਾ, ਆਦਿ ਜੁਗਾਦੀ ਸਾਚੀ ਰੀਤ । ਰੋਵਾਂ ਨੈਣਾ ਰਾਹ ਤਕਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਆਪਣੀ ਰੀਤ । ਸਾਚੀ ਰੀਤ ਪੁਰਖ ਅਗੰਮ, ਆਪਣੀ ਆਪ ਚਲਾਈਆ । ਨਾ ਮਰੇ ਨਾ ਪਏ ਜੰਮ, ਮਰਨ ਜਨਮ ਵਿਚ ਕਦੇ ਨਾ ਆਈਆ । ਹਰਖ ਸੋਗ ਨਾ ਕੋਈ ਖ਼ੁਸ਼ੀ ਗ਼ਮ, ਗਫ਼ਲਤ ਨੀਂਦ ਨਾ ਕੋਈ ਵਖਾਈਆ । ਆਪਣਾ ਬੇੜਾ ਆਪੇ ਬੰਨ੍ਹ, ਜਗਤ ਬੇੜਾ ਰਿਹਾ ਚਲਾਈਆ । ਸਦ ਵਸੇ ਬਿਨ ਛੱਪਰੀ ਛੰਨ, ਮੰਦਰ ਮਹੱਲ ਨਾ ਕੋਈ ਦਰਸਾਈਆ ।
ਗੁਰਮੁਖ ਸਾਚੇ ਵੇਖੇ ਜਨ, ਜਨ ਜਨਣੀ ਬਣਿਆ ਮਾਈਆ । ਏਕਾ ਰਾਗ ਸੁਣਾਏ ਕੰਨ, ਨਾਦ ਅਨਾਦੀ ਧੁਨ ਵਜਾਈਆ । ਭਾਂਡਾ ਭਰਮ ਭੌ ਦੇਵੇ ਭੰਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪੜਦਾ ਦਏ ਉਠਾਈਆ । ਹਰਿ ਪੜਦਾ ਆਪ ਉਠਾਇੰਦਾ, ਕਰ ਕਿਰਪਾ ਗੁਣ ਨਿਧਾਨ । ਸੰਮਤ ਅਠਾਰਾਂ ਰਾਹ ਜਣਾਇੰਦਾ, ਜੋਧਾ ਸੂਰਬੀਰ ਬਲੀ ਬਲਵਾਨ । ਹਾੜ ਸਤਾਰਾਂ ਥਿਤ ਵਖਾਇੰਦਾ, ਲੋਕਮਾਤ ਮਾਤ ਮਹਾਨ । ਹਰਿ ਸੰਗਤ ਘਰ ਘਰ ਸੁਤਿਆਂ ਆਪਣੇ ਰੰਗ ਰੰਗਾਇੰਦਾ, ਦੇਵਣਹਾਰਾ ਜੀਆ ਦਾਨ । ਸੁਰਤ ਸ਼ਬਦ ਬੰਧਨ ਪਾਇੰਦਾ, ਬੰਦੀਖ਼ਾਨਾ ਕਾਇਆ ਵੇਖ ਮਕਾਨ । ਵਡਿਆਈ ਆਪਣੇ ਹੱਥ ਰਖਾਇੰਦਾ, ਪੁਰਖ ਅਬਿਨਾਸ਼ੀ ਵਾਲੀ ਦੋ ਜਹਾਨ । ਏਕਾ ਵਾਰ ਅੰਤਮ ਜੋਤ ਰਵਾਲ ਸਰ ਜਗਾਇੰਦਾ, ਸ਼ਬਦੀ ਲਾਏ ਸੱਚੀ ਧੁਨਕਾਰ । ਗੁਰਮੁਖ ਗੁਰਮੁਖ ਨੌਂ ਖੰਡ ਪ੍ਰਿਥਮੀ ਆਪਣੇ ਚਰਨ ਬਹਾਇੰਦਾ, ਕਿਰਪਾ ਕਰੇ ਸ੍ਰੀ ਭਗਵਾਨ । ਤਿੰਨ ਹਜ਼ਾਰ ਲਿਖਿਆ ਲੇਖਾ ਸੰਮਤ ਚੌਦਾਂ ਪੂਰ ਕਰਾਇੰਦਾ, ਗੁਣ ਗੁਣਾ ਕਰ ਪ੍ਰਵਾਨ । ਸਹੰਸਰ ਮੁਖ ਸ਼ੇਸ਼ ਲੇਖੇ ਲਾਇੰਦਾ, ਵਿਸ਼ਨ ਬ੍ਰਹਮਾ ਸ਼ਿਵ ਕਰੇ ਪ੍ਰਵਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸ੍ਰੀ ਭਗਵਾਨ । ਸ੍ਰੀ ਭਗਵਾਨ ਖੇਲ ਖਿਲਾਇੰਦਾ, ਭਗਤ ਭਗਵੰਤ ਸਾਚੀ ਧਾਰ । ਹਾੜ ਸਤਾਰਾਂ ਆਪ ਜਣਾਇੰਦਾ, ਵੇਲਾ ਵਕ਼ਤ ਰਿਹਾ ਵਿਚਾਰ । ਦੋ ਤਿੰਨ ਪੰਜ ਮੇਲ ਮਿਲਾਇੰਦਾ, ਨੌਂ ਨੌਂ ਹੋਏ ਖਬਰਦਾਰ । ਨਿਰਗੁਣ ਸਰਗੁਣ ਮੇਲ ਮਿਲਾਇੰਦਾ, ਵਿਸ਼ਨ ਬ੍ਰਹਮਾ ਸ਼ਿਵ ਲਏ ਉਭਾਰ । ਪੰਚਮ ਨਾਦ ਸ਼ਬਦ ਧੁਨ ਵਜਾਇੰਦਾ, ਨੌਂ ਦਵਾਰੇ ਵਸੇ ਬਾਹਿਰ । ਗੋਬਿੰਦ ਆਪਣਾ ਰੰਗ ਰੰਗਾਇੰਦਾ, ਕਰੇ ਖੇਲ ਸੱਚੀ ਸਰਕਾਰ । ਸੁੰਨ ਮੁਨ ਆਪ ਜਣਾਇੰਦਾ, ਨੇਤਰ ਨੈਣ ਨੈਣ ਮੁੰਧਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਇਕ ਇਕ ਨਾਲ ਕਰੇ ਪਿਆਰ । ਇਕ ਮੇਲਾ ਇਕ ਤੋੜਦਾ, ਇਕ ਜਗਤ ਜੁਗ ਚਾਰ । ਇਕ ਸਤਾਰਾਂ ਖੇਲ ਹਾੜ ਦਾ, ਇਕ ਅਠਾਰਾਂ ਪਾਵੇ ਸਾਰ । ਇਕ ਲੇਖਾ ਪਰਵਰਦਿਗਾਰ ਦਾ, ਇਕ ਲੇਖਾ ਕਰੇ ਬੇਐਬ ਸਾਂਝਾ ਯਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੋ ਤਿੰਨ ਪੰਜ ਨੌ ਦਏ ਅਧਾਰ । ਦੋ ਤਿੰਨ ਪੰਜ ਨੌ ਕਰਨਾ ਬੰਦ, ਬੰਦੀਖਾਨਾ ਆਪ ਸਮਝਾਈਆ । ਨੇਤਰ ਖੋਲ੍ਹੇ ਨਾ ਗਾਏ ਬੱਤੀ ਦੰਦ, ਅੰਦਰ ਮੰਦਰ ਨਾ ਕੋਈ ਮਿਲਾਈਆ । ਅੰਤਮ ਅੰਤਮ ਗੌਣਾ ਸੁਹਾਗੀ ਸੋਹੰ ਛੰਦ ਸੋ ਪੁਰਖ ਨਿਰੰਜਣ ਦਏ ਵਡਿਆਈਆ । ਪੂਰਬ ਜਨਮ ਦਾ ਮਿਟੇ ਪੰਧ, ਅਗਲਾ ਲੇਖਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਵਾਲ ਸਰ ਦਏ ਵਡਿਆਈਆ । ਦੋ ਤਿੰਨ ਪੰਜ ਨੌ ਹਰਿ ਖੇਲ ਖਿਲਾਵਣਾ, ਸਰ ਸਰ ਆਪ ਸੁਹਾਇਆ । ਨੌ ਪੰਜ ਅੰਤ ਮਿਲਾਵਨਾ, ਧਰਤ ਧਵਲ ਧਰਨੀ ਦਏ ਵਡਿਆਇਆ । ਤ੍ਰੈ ਤ੍ਰੈ ਲੇਖਾ ਪਾਰ ਕਰਾਵਣਾ, ਤ੍ਰੈ ਤ੍ਰੈ ਪੜਦਾ ਆਪ ਚੁਕਾਇਆ । ਦੋਏ ਦੋਏ ਵੇਸਾ ਆਪ ਵਟਾਵਨਾ, ਨਿਰਗੁਣ ਸਰਗੁਣ ਨਾਉਂ ਧਰਾਇਆ । ਨਿਰਗੁਣ ਸਰਗੁਣ ਰਵਾਲ ਸਰ ਡੇਰਾ ਲਾਵਨਾ, ਸਰਗੁਣ ਸਨਮੁਖ ਬਹਿ ਬਹਿ ਦਰਸ ਦਖਾਇਆ । ਸੰਗਤ ਸਬਾਈ ਚੁਪ ਕਰਾਵਨਾ, ਮੁਖ ਮੁਖ ਨਾ ਕੋਈ ਹਿਲਾਇਆ । ਮਾਨਸ ਜਨਮ ਸੁਫਲ ਕੁੱਖ ਕਰਾਵਨਾ, ਜਗਤ ਦੁੱਖ ਰੋਗ ਮੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਿਵਸ ਦਿਹਾੜਾ ਦਏ ਵਡਿਆਇਆ । ਦਿਵਸ ਦਿਹਾੜਾ ਵਡਾ ਵਡ, ਹਰਿ ਸਤਿਗੁਰ ਆਪ ਵਡਿਆਈਆ । ਗੁਰਸਿਖਾਂ ਅੰਦਰੋਂ ਆਪਣੀ ਸੁਰਤੀ ਆਪੇ ਕੱਢ, ਰਵਾਲ ਸਰ ਦਏ ਸੁਹਾਈਆ । ਜਿਸ ਜਿਸ ਚਰਨ ਛੁਹਾਇਆ ਪਿਛੇ ਨਾ ਦੇਵੇ ਛੱਡ, ਹਰਿ ਭੁੱਲੇ ਨਾ ਪਾਂਧੀ ਰਾਹੀਆ । ਸਚਖੰਡ ਦਵਾਰੇ ਹੋਏ ਬੈਠਾ ਅੱਡ, ਲੱਖ ਚੁਰਾਸੀ ਆਪਣੀ ਵੰਡਨ ਪਾਈਆ । ਹਰਿਜਨ ਲਡਾਏ ਸਾਚੇ ਲਡ, ਗੋਬਿੰਦ ਸਾਚੀ ਗੋਦ ਸੁਹਾਈਆ । ਨਾਤਾ ਤੁੱਟੇ ਅੰਧੇਰੀ ਖਡ, ਅੰਧ ਅੰਧੇਰ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਤਰਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਕਰ ਵਿਚਾਰ, ਹਰਿਜਨ ਆਪ ਤਰਾਵਨਾ । ਨੌ ਸੌ ਚੁਰਨਾਵੇ ਚੌਕੜੀ ਜੁਗ ਕਰ ਵਿਚਾਰ, ਖਾਣੀ ਬਾਣੀ ਸਰਬ ਕੁਰਲਾਵਨਾ । ਉਚੀ ਕੂਕੇ ਕਰੇ ਪੁਕਾਰ, ਗੁਰਮੁਖ ਗੁਰਮੁਖ ਮੁਖ ਧਰਾਵਨਾ । ਗੁਰ ਗੁਰ ਗਾਏ ਆਪਣੀ ਵਾਰ, ਨਾਦ ਵੇਦ ਭੇਵ ਨਾ ਪਾਵਨਾ । ਨਾਦਾਂ ਵੇਦਾਂ ਵਸਿਆ ਬਾਹਿਰ, ਅਛਲ ਅਛਲ ਖੇਲ ਖਿਲਾਵਨਾ । ਖੇਲੇ ਖੇਲ ਆਪ ਕਰਤਾਰ, ਪੁਰਖ ਅਬਿਨਾਸ਼ੀ ਹਰਿ ਆਪਣਾ ਨਾਮ ਧਰਾਵਨਾ । ਹਰਖ ਸੋਗ ਤੇ ਵਸਿਆ ਬਾਹਿਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵਰ ਦੇਵੇ ਸੱਚੀ ਸਰਕਾਰ । ਸਾਚਾ ਵਰ ਹਰਿ ਹਰਿ ਦੀਨਾ, ਕਲਜੁਗ ਅੰਤਮ ਵੱਜੇ ਵਧਾਈਆ । ਗੁਰ ਅਵਤਾਰ ਮੰਨਦੇ ਆਏ ਭਾਣਾ, ਸੰਮਤ ਅਠਾਰਾਂ ਹਾੜ ਸਤਾਰਾਂ ਲੋਕਮਾਤ ਲਏ ਪਰਗਟਾਈਆ । ਗੁਰਮੁਖਾਂ ਗੁਰਸਿਖਾਂ ਹਰਿ ਚਰਨ ਦਵਾਰੇ ਬਹਿਣਾ, ਗੁਰ ਅਵਤਾਰ ਸੇਵ ਕਮਾਈਆ । ਪੁਰਖ ਅਬਿਨਾਸ਼ੀ ਵੇਖਣ ਆਇਆ ਆਪਣੇ ਨੈਣਾ, ਕੀਤਾ ਕੌਲ ਭੁੱਲ ਕਦੇ ਨਾ ਜਾਈਆ । ਸੀਤਾ ਰਾਮ ਧਾਮ ਅਕੱਠੇ ਹੋ ਹੋ ਬਹਿਣਾ, ਰਾਧਾ ਕ੍ਰਿਸ਼ਨ ਖ਼ੁਸ਼ੀ ਮਨਾਈਆ । ਈਸਾ ਮੂਸਾ ਵੇਖੇ ਆਪਣੇ ਨੈਣ ਨੈਣਾ, ਅੱਲਾ ਰਾਣੀ ਪੜਦਾ ਦਏ ਉਠਾਈਆ । ਨਾਨਕ ਗੋਬਿੰਦ ਭਾਣਾ ਸਹਿਣਾ, ਸੀਸ ਜਗਦੀਸ ਰਹੇ ਝੁਕਾਈਆ । ਭਗਤ ਸੰਤ ਪਾਇਆ ਸਚ ਸੁਚ ਦਾ ਏਕਾ ਗਹਿਣਾ, ਤਨ ਬਸਤਰ ਖ਼ਾਕੀ ਖ਼ਾਕ ਰਮਾਈਆ । ਹਰਿ ਸੰਗਤ ਤੇਰਾ ਬਣਾਏ ਭਾਈ ਭੈਣਾ, ਚਾਰ ਵਰਨ ਵਰਨ ਦਏ ਵਡਿਆਈਆ । ਲਾੜੀ

੪੬੨
੧੦

ਮੌਤ ਨਾ ਖਾਏ ਡੈਣਾ, ਰਾਏ ਧਰਮ ਨਾ ਦਏ ਸਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਜੁਗ ਦੇ ਵਿਛੜੇ ਲਏ ਉਠਾਈਆ । ਚਾਰ ਜੁਗ ਦੇ ਚਾਰ ਵਰਨ, ਚਾਰ ਵੇਦ ਮੇਲ ਮਿਲਾਇੰਦਾ । ਚਾਰੋਂ ਕੁੰਟ ਪਾਣੀ ਭਰਨ, ਸਚ ਸੁਰਾਹੀ ਹੱਥ ਵਖਾਇੰਦਾ । ਪੁਰਖ ਅਬਿਨਾਸ਼ੀ ਕਰਨੀ ਕਰਨ, ਕਰਤਾ ਪੁਰਖ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਦਿਸ਼ਾ ਆਪ ਵੰਡਾਇੰਦਾ । ਸਾਚੀ ਦਿਸ਼ਾ ਵੰਡੇ ਵੰਡ, ਹਰਿ ਪੁਰਖ ਪੁਰਖ ਮਿਹਰਬਾਨਾ । ਲੇਖਾ ਜਾਣੇ ਹਰਿ ਬ੍ਰਹਿਮੰਡ, ਬ੍ਰਹਿਮੰਡ ਸਚ ਨਿਸ਼ਾਨਾ । ਭੇਵ ਖੁਲ੍ਹਾਏ ਜੇਰਜ ਅੰਡ, ਅੰਡਜ ਜੇਰਜ ਹੋ ਪ੍ਰਧਾਨਾ । ਪੰਜ ਤੱਤ ਸੋਵੇ ਨਾ ਦੇ ਕੇ ਕੋਈ ਕੰਡ, ਮਾਰੇ ਸ਼ਬਦ ਤੀਰ ਨਿਸ਼ਾਨਾ । ਹੱਥ ਵਖਾਏ ਚੰਡ ਪ੍ਰਚੰਡ, ਜੋਧਾ ਸੂਰਬੀਰ ਬਲਵਾਨਾ । ਆਪਣਾ ਘਰ ਵਖਾਏ ਪੂਰੀ ਅਨੰਦ, ਗੁਰਮੁਖ ਤੇਰੀ ਕਾਇਆ ਸਚ ਮਕਾਨਾ । ਤੇਰੇ ਮੰਦਰ ਚੜ੍ਹਾਏ ਸਾਚਾ ਚੰਦ, ਸਤਿਗੁਰ ਪੂਰਾ ਹੋ ਮਿਹਰਬਾਨਾ । ਤੇਰੇ ਮੰਦਰ ਗਾਏ ਆਪਣਾ ਛੰਦ, ਬੰਦੀ ਬੰਦ ਨਾ ਕੋਈ ਵਖਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸ੍ਰੀ ਭਗਵਾਨਾ । ਸ੍ਰੀ ਭਗਵਾਨ ਦਯਾ ਕਮਾਇੰਦਾ, ਨੌਂ ਨੌਂ ਚਾਰ ਪੰਧ ਮੁਕਾ । ਗੁਰ ਗੁਰ ਸਾਚੀ ਸੇਵਾ ਲਾਇੰਦਾ, ਸੇਵਕ ਸੇਵਾ ਇਕ ਸਮਝਾ । ਅਵਤਰੀ ਅਵਤਾਰ ਹਰਿ ਅਖਵਾਇੰਦਾ, ਕਰੇ ਖੇਲ ਬੇਪਰਵਾਹ । ਨੌ ਸੌ ਚੁਰਾਨਵੇ ਚੌਕੜੀ ਜੁਗ ਖਾਣੀ ਬਾਣੀ ਆਪ ਵਡਿਆਇੰਦਾ, ਗੁਰਮੁਖ ਸਾਚੇ ਸਚ ਸਲਾਹ । ਕੋਟਨ ਕੋਟ ਮਾਨਸ ਜਨਮ ਸਲਾਹਿੰਦਾ, ਮਾਨਸ ਮਾਨਸ ਰੂਪ ਵਟਾ । ਨੌਂ ਨੌਂ ਜਨਮ ਆਪਣੇ ਹੁਕਮ ਭਵਾਇੰਦਾ, ਹੁਕਮੀ ਹੁਕਮ ਸਚ ਵਰਤਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਚਾਰ ਲੇਖਾ ਰਿਹਾ ਸਮਝਾ । ਚਾਰ ਚਾਰ ਦਰ ਸਾਚਾ ਲੇਖਾ, ਹਰਿ ਸਾਚਾ ਸਚ ਜਣਾਈਆ । ਜਗਤ ਜੁਗਤ ਕਰਦਾ ਆਇਆ ਆਦੇਸਾ, ਆਦੇਸ ਆਦੇਸ ਬੇਪ੍ਰਵਾਹੀਆ । ਭਗਤ ਭਗਵਾਨ ਵਟੌਂਦਾ ਆਇਆ ਵੇਸਾ, ਵੇਸ ਅਨੇਕ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਹੱਥ ਰੱਖੇ ਵਡਿਆਈਆ । ਹੱਥ ਵਡਿਆਈ ਹਰਿ ਕਰਤਾਰ, ਕਰਤਾ ਪੁਰਖ ਖੇਲ ਖਿਲਾਈਆ । ਚਾਰ ਜੁਗ ਗੁਰਮੁਖ ਨਾਉਂ ਰੱਖ ਨਾ ਹੋਇਆ ਕੋਈ ਉਜਿਆਰ, ਭਗਤ ਸੰਤ ਨਾਉਂ ਧਰਾਈਆ । ਕਲਜੁਗ ਤੇਰੀ ਅੰਤਮ ਵਾਰ, ਹਰਿ ਹਰਿ ਆਪਣੀ ਦਯਾ ਦਏ ਕਮਾਈਆ । ਪੰਚਮ ਗੁਰਮੁਖ ਕਰੇ ਤਿਆਰ, ਆਪਣਾ ਪੜਦਾ ਆਪ ਉਠਾਈਆ । ਨੌ ਖੰਡ ਪ੍ਰਿਥਮੀ ਗਾਏ ਸਾਚੀ ਵਾਰ, ਚਾਰ ਵਰਨ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਈਆ । ਪੰਚਮ ਗੁਰਮੁਖ ਆਪ ਉਪਜਾਵਣਾ, ਗੁਰਸਿਖ ਗੁਰਸਿਖ ਆਪ ਸਮਝਾ । ਦੋ ਤਿੰਨ ਪੰਜ ਨੌ ਰਵਾਲ ਸਰ ਚਰਨ ਟਿਕਾਵਣਾ, ਚਰਨ ਕਵਲ ਕਵਲ ਚਰਨ ਆਪ ਸੁਹਾ । ਸ਼ਬਦੀ ਸ਼ਬਦ ਸ਼ਬਦ ਡੰਕ ਵਜਾਵਣਾ, ਜੋਤੀ ਜੋਤ ਜੋਤ ਰੁਸ਼ਨਾ । ਸੰਗਤ ਸੰਗ ਸੰਗ ਰਖਾਵਣਾ, ਸਗਲਾ ਸੰਗ ਆਪ ਸਮਝਾ । ਢਾਈ ਸਕਿੰਟ ਆਵਣ ਜਾਵਣ ਦੋ ਜਹਾਨ ਪੰਧ ਰਖਾਵਣਾ, ਢਈਆ ਆਪਣਾ ਬੰਧਨ ਪਾ । ਗੋਬਿੰਦ ਸੂਰਾ ਇਕ ਮਨਾਵਣਾ, ਸਾਚਾ ਸ਼ਹਿਨਸ਼ਾਹ ਇਕ ਰਘੁਰਾ । ਕਲਜੁਗ ਨਈਆ ਜਿਸ ਆਪ ਚਲਾਵਣਾ, ਏਕਾ ਚਪੂ ਨਾਮ ਉਠਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਚਾ ਹਰਿ, ਗੁਰਮੁਖ ਸਾਚੇ ਲਏ ਪ੍ਰਗਟਾ । ਚਾਰ ਜੁਗ ਨਾ ਬਣੇ ਕੋਈ ਗੁਰਮੁਖ, ਸਤਿਜੁਗ ਤਰੇਤਾ ਦਵਾਪਰ ਰਿਹਾ ਜਸ ਗਾਈਆ । ਭਗਤ ਭਗਵੰਤ ਅੰਦਰ ਰਿਹਾ ਸਿਖਾਂ ਸਿਖ, ਸਿਖੀ ਸਿਖਿਆ ਇਕ ਸਮਝਾਈਆ । ਸੰਤ ਸਾਜਣ ਲੇਖਾ ਦੇਵੇ ਲਿਖ, ਲਿਖਣਹਾਰਾ ਸਾਚਾ ਮਾਹੀਆ । ਬਣ

੪੬੩
੧੦

ਬਣ ਭਿਖਾਰੀ ਮੰਗਦੇ ਰਹੇ ਭਿਖ, ਆਪਣੀ ਝੋਲੀ ਅੱਗੇ ਡਾਹੀਆ । ਜਿਸ ਜਨ ਮਿਟਾਏ ਤ੍ਰਿਸ਼ਨਾ ਤ੍ਰਿਖ, ਸਿਰ ਆਪਣਾ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜਗ ਆਪਣੇ ਧੰਦੇ ਆਪੇ ਦਏ ਲਗਾਈਆ । ਚਾਰ ਜੁਗ ਜੁਗ ਧੰਦੇ ਲਾ, ਆਪਣਾ ਨਾਉਂ ਧਰਾਇੰਦਾ । ਗੁਰ ਅਵਤਾਰ ਦਏ ਘਲਾ, ਹੁਕਮੀ ਹੁਕਮ ਸੁਣਾਇੰਦਾ । ਆਪਣਾ ਪੜਦਾ ਆਪਣੇ ਉਪਰ ਪਾ, ਨਿਰਗੁਣ ਰੂਪ ਨਾ ਕੋਈ ਵਖਾਇੰਦਾ । ਸਰਗੁਣ ਦੇਵੇ ਸਰਗੁਣ ਪਨਾਹ, ਸਰਗੁਣ ਇਸ਼ਟ ਦੇਵ ਜਣਾਇੰਦਾ । ਸਰਗੁਣ ਅਗੇ ਸਰਗੁਣ ਕਦੇ ਨਾ ਕਰੇ ਨਾਹ, ਸਰਗੁਣ ਸਰਗੁਣ ਮੇਲ ਮਿਲਾਇੰਦਾ । ਸਰਗੁਣ ਮੇਲਾ ਸਰਗੁਣ ਚੇਲਾ ਸਰਗੁਣ ਗੁਰੂ ਫੜਾਏ ਬਾਂਹ, ਸਰਗੁਣ ਸਰਗੁਣ ਖੇਲ ਖਿਲਾਇੰਦਾ । ਨਿਰਗੁਣ ਦੋ ਤਿੰਨ ਤੇਰਾ ਰੂਪ ਲਏ ਵਟਾ, ਹੇਰਾ ਫੇਰਾ ਆਪ ਕਰਾਇੰਦਾ । ਗੁਰ ਗੁਰ ਬੰਧਨ ਰਿਹਾ ਪਾ, ਏਕਾ ਜੋਤੀ ਨੂਰ ਦਰਸਾਇੰਦਾ । ਸਰਗੁਣ ਨਾਲ ਸਰਗੁਣ ਦਏ ਪ੍ਰਨਾ, ਸਰਗੁਣ ਨਾਰੀ ਸਰਗੁਣ ਕੰਤ ਹੰਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪਣੇ ਹੱਥ ਰਖਾਇੰਦਾ । ਨਿਰਗੁਣ ਜਨ ਜਨ ਕਰਿਆ ਵਿਹਾਰਾ, ਸਤਿਜੁਗ ਤਰੇਤਾ ਦੁਆਪਰ ਪਾਰ ਕਰਾਇਆ । ਕਲਜੁਗ ਕਰੀ ਆਪਣੀ ਕਾਰਾ, ਮਧ ਆਪਣਾ ਖੇਲ ਖਿਲਾਇਆ । ਕੋਈ ਪੰਜ ਤੱਤ ਪੂਜੇ ਮੁਹੰਮਦ ਯਾਰਾ, ਕੋਈ ਈਸਾ ਮੂਸਾ ਨਾਉਂ ਸਲਾਹਿਆ । ਕੋਈ ਨਾਨਕ ਪੰਜ ਤੱਤ ਪੁਤਲਾ ਕਰੇ ਵਿਚਾਰਾ, ਕੋਈ ਗੋਬਿੰਦ ਗੜ੍ਹ ਸੁਹਾਇਆ । ਗੋਬਿੰਦ ਸੂਰਾ ਉਚੀ ਕੂਕੇ ਕਰੇ ਪੁਕਾਰਾ, ਏਕਾ ਗੁਣ ਗਿਆ ਸਮਝਾਇਆ । ਏਕਾ ਗੁਰੂ ਇਕ ਅਵਤਾਰਾ, ਪੁਰਖ ਅਕਾਲਾ ਸੱਚੀ ਸਰਨਾਇਆ । ਬਿਨ ਨਿਰਗੁਣ ਕੋਈ ਨਾ ਕਰੇ ਸਚ ਪਿਆਰਾ, ਸਰਗੁਣ ਝੂਠਾ ਨਾਤਾ ਜਗਤ ਵਖਾਇਆ । ਚਾਰ ਜੁਗ ਜੋ ਦੇਂਦਾ ਰਿਹਾ ਲਾਰਾ, ਆਪਣਾ ਨਾਮ ਸਨੇਹੜਾ ਸੰਦੇਸ਼ ਮਾਤ ਘਲਾਇਆ । ਪੁਰਖ ਅਬਿਨਾਸ਼ੀ ਬੈਠਾ ਬਣ ਕਵਾਰਾ, ਸਾਚਾ ਸਗਨ ਨਾ ਕੋਈ ਮਨਾਇਆ । ਕਲਜੁਗ ਵੇਖੇ ਅੰਤਮ ਵਾਰਾ, ਨਿਰਗੁਣ ਧਾਰ ਆਪ ਚਲਾਇਆ । ਮਹਾਬਲੀ ਉਤਰੇ ਵਿਚ ਸੰਸਾਰਾ, ਜੋਤੀ ਜਾਮਾ ਵੇਸ ਵਟਾਇਆ । ਨਾਉਂ ਰੱਖੇ ਨਿਹਕਲੰਕ ਨਰਾਇਣ ਨਰ ਅਵਤਾਰਾ, ਮਾਤ ਪਿਤ ਨਾ ਕੋਈ ਜਾਇਆ । ਚਾਰ ਜੁਗ ਦੇ ਵਿਛੜੇ ਮੇਲੇ ਆਪਣੇ ਯਾਰਾ, ਯਾਰੀ ਯਾਰਾਂ ਨਾਲ ਲਏ ਨਿਭਾਇਆ । ਗੋਬਿੰਦ ਕਰ ਸਚ ਪਿਆਰਾ, ਸੱਥਰ ਹੰਢਾਇਆ ਏਕਾ ਵਾਰਾ, ਦੂਜੀ ਵਾਰ ਨਾ ਸਥਰ ਹੰਢਾਇਆ । ਪੁਰਖ ਅਬਿਨਾਸ਼ੀ ਦਿਤਾ ਜੋਤ ਸਹਾਰਾ, ਸ਼ਬਦੀ ਬਣਾਇਆ ਏਕਾ ਲਾੜਾ, ਸੀਸ ਜਗਦੀਸ ਤਾਜ ਟਿਕਾਇਆ । ਹਰਿ ਸੰਗਤ ਵਖਾਏ ਸਚ ਅਖਾੜਾ, ਆਪ ਲਗਾਏ ਸਤਾਰਾਂ ਹਾੜਾ, ਗੁਰ ਗੁਰ ਦਸ ਨਾਲ ਰਲਾਇਆ । ਨਾਨਕ ਆਏ ਪਹਿਲੀ ਵਾਰਾ, ਛਤਰ ਝੁਲੇ ਸਚ ਦਰਬਾਰਾ, ਗੋਬਿੰਦ ਖੋਲ੍ਹੇ ਆਪ ਕਿਵਾੜਾ, ਹਰਿ ਜੂ ਆਪਣੀ ਹੱਥੀਂ ਕੁੰਡਾ ਲਾਹਿਆ । ਗੁਰਸਿਖਾਂ ਦੇਵੇ ਆਪੇ ਪਹਿਰਾ, ਆਪਣਾ ਜਨਮ ਆਪੇ ਹਾਰਾ, ਹਰਿ ਸੰਗਤ ਤੇਰੇ ਉਤੇ ਵਾਰਾ, ਤੇਰਾ ਰੂਪ ਕੀਆ ਨਿਆਰਾ, ਰੂਪ ਅਨੂਪ ਆਪ ਦਰਸਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਾਚਾ ਖੇਲ ਰਿਹਾ ਕਰਾਇਆ । ਚਾਰ ਜੁਗ ਦਾ ਰੱਖਿਆ ਉਹਲਾ, ਕਲਜੁਗ ਅੰਤਮ ਦਏ ਚੁਕਾਈਆ । ਜਿਸ ਦਾ ਗੌਂਦੇ ਰਹੇ ਢੋਲਾ, ਗੁਰ ਅਵਤਾਰ ਮੁਖ ਸਲਾਹੀਆ । ਜਿਸ ਦਾ ਸੁਣੌਂਦੇ ਰਹੇ ਬੋਲਾ, ਧੁਰ ਦੀ ਬਾਣੀ ਬਾਣ ਲਗਾਈਆ । ਜਿਸ ਦਾ ਪੌਂਦੇ ਰਹੇ ਕਾਇਆ ਚੋਲਾ, ਚੋਲੀ ਚੋਲਾ ਜਗਤ ਬਦਲਾਈਆ । ਜਿਸ ਦਾ ਪੌਂਦੇ ਰਹੇ ਰੌਲਾ, ਉਚੀ ਕੂਕ ਕੂਕ ਸੁਣਾਈਆ । ਜਿਸ ਦਾ ਵੇਖਦੇ ਰਹੇ ਡੋਲਾ, ਆਪਣੀ ਸੇਵ ਕਮਾਈਆ । ਜਿਸ ਦਾ ਨਾਉਂ ਰਖੌਂਦੇ ਰਹੇ ਮੌਲਾ, ਮੌਲਾ

ਆਪਣਾ ਰੂਪ ਵਟਾਈਆ । ਜਿਸ ਦਾ ਅੰਮ੍ਰਿਤ ਧਰਦੇ ਰਹੇ ਕਾਇਆ ਕਵਲਾ, ਕਵਲ ਕਾਇਆ ਲਏ ਪਲਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਜਿਸ ਦਾ ਗਾਉਂਦੇ ਰਹੇ ਗੀਤ, ਸੋ ਪੁਰਖ ਨਿਰੰਜਣ ਕਲਜੁਗ ਅੰਤਮ ਆਇਆ । ਜਿਸ ਬਣਾਈ ਮੰਦਰ ਮਸੀਤ, ਗੁਰੂ ਦੁਆਰਾ ਆਪ ਸੁਹਾਇਆ । ਜਿਸ ਚਲਾਈ ਖਾਣੀ ਬਾਣੀ ਰੀਤ, ਪਤਿਤ ਪੁਨੀਤ ਵੇਸ ਵਟਾਇਆ । ਜਿਹੜਾ ਵਸੇ ਹਰਿ ਹਰਿ ਚੀਤ, ਸੋ ਚੀਤ ਆਪਣਾ ਠੱਗਣ ਆਪੇ ਆਇਆ । ਜਿਹੜਾ ਖੇਲ ਕਰੇ ਹਸਤ ਕੀਟ, ਕੀਟ ਕੀਟਾਂ ਅੰਦਰ ਬੈਠਾ ਮੁਖ ਛੁਪਾਇਆ । ਜਿਹੜਾ ਵਸਿਆ ਧਾਮ ਅਨਡੀਠ, ਸਚਖੰਡ ਬੈਠਾ ਆਸਣ ਲਾਇਆ । ਜਿਹੜਾ ਸੀਸ ਸੁਹਾਏ ਪੀਤੰਬਰ ਪੀਤ, ਸੋ ਸਵੰਬਰ ਰਿਹਾ ਰਚਾਇਆ । ਗੁਰਸਿਖ ਤੇਰਾ ਵੇਖੇ ਧਾਮ ਅਤੀਤ, ਤ੍ਰੈਗੁਣ ਅਤੀਤਾ ਤੇਰੀ ਓਟ ਰੱਖ ਕੇ ਆਇਆ । ਤੇਰੇ ਸਦਕੇ ਆਪਣਾ ਆਪ ਲਏ ਜੀਤ, ਬਿਨ ਸਿੱਖ ਦੂਸਰ ਰੂਪ ਨਜ਼ਰ ਕੋਇ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਆਪਣੇ ਲਏ ਪਰਗਟਾਇਆ । ਚਾਰ ਜੁਗ ਗੁਰਮੁਖ ਗਾਇਆ, ਗੁਰਮੁਖ ਨਜ਼ਰ ਦਿਸੇ ਨਾ ਕੋਇ । ਸੰਤ ਭਗਤ ਰਹੇ ਸਲਾਹਿਆ, ਏਕੰਕਾਰਾ ਏਕੋ ਹੋਏ । ਗੁਰ ਅਵਤਾਰਾ ਰੂਪ ਧਰਾਇਆ, ਧਰ ਧਰ ਰੂਪ ਦੇਵੇ ਢੋਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣੇ ਜੇਹਾ ਆਪੇ ਹੋਏ । ਆਪਣੇ ਜੇਹਾ ਆਪੇ ਹੋ ਕੇ ਆਇਆ, ਨਿਰਗੁਣ ਨਿਰਵੈਰ ਪੁਰਖ ਅਕਾਲ । ਆਪਣਾ ਤਾਣਾ ਆਪੇ ਤਣਕੇ ਆਇਆ, ਸ਼ਬਦੀ ਸ਼ਬਦ ਸੱਚਾ ਜੰਜਾਲ । ਆਪਣੇ ਗੁਰਮੁਖ ਆਪੇ ਜਣ ਕੇ ਆਇਆ, ਪਾਰਬ੍ਰਹਮ ਪ੍ਰਭ ਦੀਨ ਦਿਆਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਰ ਰਵਾਲ । ਸਰ ਰਵਾਲ ਸਰਬ ਗੁਣਵੰਤ, ਨਿਰਗੁਣ ਖੇਲ ਖਿਲਾਵਨਾ । ਗੁਰਮੁਖਾਂ ਬਣਾਏ ਸਾਚੀ ਬਣਤ, ਬਣਤ ਬਨਵਾਰੀ ਆਪਣੇ ਹੱਥ ਰਖਾਵਨਾ । ਗ੍ਰਿਹਿ ਸਖ਼ੀ ਗ੍ਰਿਹਿ ਮੰਦਰ ਗ੍ਰਿਹਿ ਮੇਲਾ ਨਾਰੀ ਕੰਤ, ਕੰਤ ਸੁਹਾਗ ਰੂਪ ਵਟਾਵਨਾ । ਗ੍ਰਿਹਿ ਮੰਦਰ ਗ੍ਰਿਹਿ ਮੰਤ, ਗ੍ਰਿਹਿ ਸ਼ਬਦ ਧੁਨ ਨਾਦ ਵਜਾਵਨਾ । ਗ੍ਰਿਹਿ ਪੂਰਨ ਜੋਤ ਸ੍ਰੀ ਭਗਵੰਤ, ਘਰ ਸਾਚਾ ਆਪ ਸੁਹਾਵਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਵੇਖ ਵਖਾਵਨਾ । ਅਲਿਫ਼ ਆਦਿ ਖੇਲ ਖਿਲਾਇਆ, ਯੇ ਜੁਗਤ ਨਾ ਕੋਈ ਜਣਾਇੰਦਾ । ਹਰਿ ਕਾ ਭੇਵ ਕਿਸੇ ਨਾ ਪਾਇਆ, ਜੁਗ ਚੌਕੜੀ ਵੇਸ ਵਟਾਇੰਦਾ । ਅਲਿਫ਼ ਯੇ ਮੇਲ ਮਿਲਾਇਆ, ਆਪ ਆਪਣਾ ਬੰਧਨ ਪਾਇੰਦਾ । ਰੇ ਰਹੀਮ ਰਹਿਮਾਨ ਰੰਗ ਦਏ ਰੰਗਾਇਆ, ਰੰਗ ਰੰਗੀਲਾ ਇਕ ਚੜ੍ਹਾਇੰਦਾ । ਨੂਨ ਨੁਕਤਾ ਨਾ ਕੋਈ ਵਖਾਇਆ, ਨਿਰਗੁਣ ਦਿਸ ਕਿਸੇ ਨਾ ਆਇੰਦਾ । ਸ਼ਾਹ ਸੁਹਾਨਾ ਵੇਖ ਵਖਾਇਆ, ਈਰਾਨ ਆਪਣਾ ਭੇਵ ਚੁਕਾਇੰਦਾ । ਅਲਿਫ਼ ਆਦਿ ਯੇ ਅੰਤ, ਹਰਿ ਆਪਣੀ ਖੇਲ ਖਿਲਾਇੰਦਾ । ਰਾਮ ਰਹੀਮ ਸਰਬ ਗੁਣਵੰਤ, ਰਹਿਮਤ ਆਪਣੇ ਹੱਥ ਰਖਾਇੰਦਾ । ਨੂਨ ਨਿਆਮਤ ਜਗਤ ਭਸਮੰਤ, ਥਿਰ ਕੋਈ ਰਹਿਣ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਈਰਾਨ ਆਪ ਸਮਝਾਇੰਦਾ । ਆਦਿ ਅੰਤ ਅਲਫ ਯੇ ਸ਼ਾਹ ਈਰਾਨ, ਹਰਿ ਅਖਵਾਇੰਦਾ । ਲੇਖਾ ਜਾਣੇ ਮਜੀਦ ਕੁਰਾਨ, ਤੁਲਬਾ ਤਾਲਬ ਆਪ ਪੜ੍ਹਾਇੰਦਾ । ਮਸਜਿਦ ਮਸੀਤ ਵੇਖੇ ਦੋ ਜਹਾਨ, ਤਸਬੀ ਤਤਕਰਾ ਆਪ ਸਮਝਾਇੰਦਾ । ਮਹਿਬਾਨ ਬੀਦੋ ਬੀ ਖ਼ੈਰ ਯਾ ਅੱਲਾ ਇਕ ਮਹਿਬਾਨ, ਮਿਹਰਬਾਨ ਵੇਖ ਵਖਾਇੰਦਾ । ਆਪੇ ਜਾਣੇ ਆਪਣੀ ਆਣ, ਸ਼ਰਅ ਈਮਾਨ ਆਪ ਬਣਾਇੰਦਾ । ਕਾਇਨਾਤ ਵੇਖੇ ਮਾਰ ਧਿਆਨ, ਫ਼ਤਿਹ ਫ਼ਾਤਿਆ ਆਪ ਪੜ੍ਹਾਇੰਦਾ । ਜ਼ਾਬਤ ਜ਼ਬਤ

ਕਰੇ ਬੇਈਮਾਨ, ਜ਼ੇਰ ਜ਼ਬਰ ਖੇਲ ਖਿਲਾਇੰਦਾ । ਕਾਤਬ ਲਿਖੇ ਲੇਖ ਮਹਾਨ, ਕੁਤਬ ਗੌਸ ਨਾ ਕੋਈ ਰਖਾਇੰਦਾ । ਆਪੇ ਸ਼ਾਹ ਆਪੇ ਈਰਾਨ, ਆਪੇ ਮੇਟੇ ਜ਼ਿਮੀਂ ਅਸਮਾਨ, ਲੇਖਾ ਜਾਣੇ ਦੋ ਜਹਾਨ, ਚੌਦਾਂ ਤਬਕ ਵੇਖੇ ਮਾਰ ਧਿਆਨ, ਨਿਗਹਬਾਨ ਮਹਿਬਾਨ ਆਪਣਾ ਨੈਣ ਆਪ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸੰਮਤ ਅਠਾਰਾਂ ਖੇਲ ਨਿਆਰ, ਇਰਾਕ ਈਰਾਨਾ ਪਾਵੇ ਸਾਰ, ਬੀਆਬਾਨ ਜਗਤ ਸਹਰਾ ਸ਼ਾਹ ਪਾਤਸ਼ਾਹ ਆਪ ਕਰਾਇੰਦਾ ।

ਵੀਹ ਸੌ ਅਠਾਰਾਂ ਬਿਕ੍ਰਮੀ ਗੁਰਸਿਖ ਵਿਸਾਖੀ, ਹਰਿ ਸਤਿਗੁਰ ਆਪ ਮਨਾਈਆ । ਜਿਸ ਬੂਟਾ ਲਾਇਆ ਕਰਨ ਆਇਆ ਰਾਖੀ, ਪਾਰਬ੍ਰਹਮ ਵਡੀ ਵਡਿਆਈਆ । ਜੋ ਲੱਖ ਚੁਰਾਸੀ ਦੇਂਦਾ ਰਿਹਾ ਫਾਸੀ, ਗੁਰਸਿਖਾਂ ਫਾਸੀ ਰਿਹਾ ਕਟਾਈਆ । ਜੋ ਜੁਗ ਜੁਗ ਕਰਦਾ ਆਇਆ ਹਾਸੀ, ਰੂਪ ਅਨੂਪ ਧਰਾਈਆ । ਕਲਜੁਗ ਅੰਤਮ ਕਰਿਆ ਖੇਲ ਘਨਕਪੁਰ ਵਾਸੀ, ਅਨਕ ਕਲ ਆਪਣੀ ਖੇਲ ਖਿਲਾਈਆ । ਦਰ ਘਰ ਸਾਚੇ ਪਾਵੇ ਰਾਸੀ, ਮੰਡਲ ਮੰਡਪ ਆਪ ਸੁਹਾਈਆ । ਕਰੇ ਕਰਾਏ ਪੂਰੀ ਆਸੀ, ਆਸ ਨਿਰਾਸ ਨਾ ਕੋਈ ਵਖਾਈਆ । ਜਿਸ ਦੀ ਪੂਜਾ ਕਰਦੇ ਰਹੇ ਪੰਡਤ ਪਾਂਧੇ ਬਹਿ ਬਹਿ ਕਾਸ਼ੀ, ਸੋ ਗੁਰਸਿਖਾਂ ਸੇਵ ਰਿਹਾ ਕਮਾਈਆ । ਨਿਰਗੁਣ ਜੋਤ ਜੋਤ ਪਰਕਾਸ਼ੀ, ਪਰਮ ਪੁਰਖ ਬੇਪਰਵਾਹੀਆ । ਆਦਿ ਜੁਗਾਦਿ ਜੁਗਾ ਜੁਗੰਤਰ ਨਾ ਕਦੇ ਵਿਨਾਸੀ, ਨਾ ਮਰੇ ਨਾ ਜਾਈਆ । ਹਰਿਜਨ ਕਰ ਕੇ ਜਾਏ ਤੇਰੀ ਬੰਦ ਖ਼ੁਲਾਸੀ, ਬੰਦੀ ਛੋੜ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਣ ਬਣ ਸਾਕੀ ਸਾਚਾ ਅੰਮ੍ਰਿਤ ਜਾਮ ਪਿਆਈਆ । ਗੁਰਸਿਖ ਵਿਸਾਖੀ ਚੜ੍ਹਿਆ ਚਾ, ਦਸ ਅੱਠ ਮੇਲ ਮਿਲਾਇਆ । ਗੋਬਿੰਦ ਮਿਲਿਆ ਇਕ ਮਲਾਹ, ਜਿਸ ਬੇੜਾ ਮਾਤ ਚਲਾਇਆ । ਆਪਣੀ ਦੇਵੇ ਸਚ ਸਲਾਹ, ਦੂਸਰ ਅੱਖਰ ਨਾ ਕੋਈ ਪੜ੍ਹਾਇਆ । ਇਕ ਜਪਾਏ ਆਪਣਾ ਨਾਂ, ਨਾਉਂ ਨਿਰੰਕਾਰਾ ਆਪ ਪਰਗਟਾਇਆ । ਫੜ ਹੰਸ ਬਣਾਏ ਕਾਂ, ਜੋ ਜਨ ਸਰਨਾਈ ਆਇਆ । ਦੋ ਜਹਾਨਾਂ ਪਕੜੇ ਬਾਂਹ, ਮੰਝਧਾਰ ਨਾ ਕੋਈ ਰੁੜ੍ਹਾਇਆ । ਏਥੇ ਉਥੇ ਪਿਤਾ ਮਾਂ, ਸੀਸ ਜਗਦੀਸ ਹੱਥ ਰਖਾਇਆ । ਗੁਰਸਿਖਾਂ ਸੇਵਾ ਰਿਹਾ ਕਮਾ, ਗੁਰ ਗੁਰ ਆਪਣੀ ਧਾਰ ਵਖਾਇਆ । ਬਣ ਨਿਮਾਣਾ ਅਗੋਂ ਕਰੇ ਨਾ ਨਾਂਹ, ਖੇਵਟ ਖੇਟਾ ਆਪਣਾ ਬੇੜਾ ਆਪ ਚਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹਿਆ । ਗੁਰਸਿਖ ਵਿਸਾਖੀ ਲਗਾ ਰੰਗ, ਰੰਗ ਰੰਗੀਲਾ ਆਪ ਰੰਗਾਇਆ । ਸਤਾਰਾਂ ਸੌ ਛਪੰਜਾ ਬਿਕ੍ਰਮੀ ਮੰਗੀ ਮੰਗ, ਬੀਸ ਅਠਾਰਾਂ ਦਏ ਚੜ੍ਹਾਇਆ । ਨੀਲੇ ਵਾਲਾ ਮਾਹੀ ਕਸੇ ਤੰਗ, ਸੋਲਾਂ ਕਲੀਆਂ ਆਸਣ ਪਾਇਆ । ਹੱਥ ਫੜ ਨਾਮ ਮਰਦੰਗ, ਸਚ ਨਗਾਰਾ ਦਏ ਵਜਾਇਆ । ਲੋਆਂ ਪੁਰੀਆਂ ਆਇਆ ਲੰਘ, ਬ੍ਰਹਿਮੰਡ ਖੰਡ ਚਰਨਾਂ ਹੇਠ ਦਬਾਇਆ । ਸ੍ਰਿਸ਼ਟ ਸਬਾਈ ਵੰਡੇ ਵੰਡ, ਵੰਡਣਹਾਰਾ ਇਕ ਅਖਵਾਇਆ । ਨੌ ਖੰਡ ਪ੍ਰਿਥਮੀ ਕਰੇ ਖੰਡ ਖੰਡ, ਏਕਾ ਖੰਡਾ ਨਾਮ ਚਮਕਾਇਆ । ਲੇਖਾ ਜਾਣੇ ਚੰਡ ਪਰਚੰਡ, ਬ੍ਰਹਿਮੰਡ ਆਪ ਦਰਸਾਇਆ । ਭੇਖ ਪਖੰਡਾ ਦੇਵੇ ਦੰਡ, ਜਗਤ ਰੰਡੇਪਾ ਦਏ ਕਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਮਿਲਾਇਆ । ਗੁਰਮੁਖ ਵਿਸਾਖੀ ਵੇਖੇ ਨੈਣ, ਨੇਤਰ ਲੋਚਣ ਆਪ ਉਠਾਈਆ । ਕਵਣ ਰੂਪ ਧਾਰੇ ਨਰ ਨਰਾਇਣ, ਲੋਕਮਾਤ ਵੱਜੀ ਵਧਾਈਆ । ਗੁਰ ਅਵਤਾਰ ਸਾਰੇ ਕਹਿਣ, ਸ਼ਾਸਤਰ ਸਿਮਰਤ ਦੇਣ ਗਵਾਹੀਆ । ਨਿਹਕਲੰਕ ਪਰਗਟ ਹੋਏ ਸ੍ਰਿਸ਼ਟ ਸਬਾਈ ਸਾਕ ਸੱਜਣ ਸੈਣ,

ਨਵ ਨੌ ਵੇਖੇ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਲਏ ਸਮਝਾਈਆ । ਗੁਰਮੁਖ ਵਿਸਾਖੀ ਸਚ ਵਿਹਾਰਾ, ਗੁਰ ਸਤਿਗੁਰ ਆਪ ਜਣਾਇੰਦਾ । ਦੂਆ ਸਿਫ਼ਰਾ ਏਕਾ ਆਠਾ ਗੁਣ ਅਵਗੁਣ ਨਾ ਕੋਈ ਵਿਚਾਰਾ, ਗੁਣ ਨਿਧਾਨ ਦਇਆ ਕਮਾਇੰਦਾ । ਨਿਰਗੁਣ ਸਰਗੁਣ ਦਏ ਸਹਾਰਾ, ਸਾਰਿੰਗ ਧਰ ਭਗਵਾਨ ਬੀਠਲੋ ਸਿਰ ਆਪਣਾ ਹੱਥ ਰਖਾਇੰਦਾ । ਭਗਤ ਭਗਵੰਤ ਸਾਚਾ ਸੰਤ ਵਖਾਏ ਇਕ ਦਵਾਰਾ, ਦਰ ਮੰਦਰ ਆਪ ਖੁਲ੍ਹਾਇੰਦਾ । ਸ਼ਬਦ ਅਗੰਮੀ ਬੋਲ ਜੈਕਾਰਾ, ਆਪਣਾ ਨਾਅਰਾ ਆਪ ਸੁਣਾਇੰਦਾ । ਕ਼ਾਦਰ ਕਰਮ ਕਰੀਮ ਕਰੇ ਪਿਆਰਾ, ਕਾਲੀ ਕਫ਼ਨੀ ਵੇਖ ਵਖਾਇੰਦਾ । ਚਾਰੋਂ ਕੁੰਟ ਧੂਆਂਧਾਰਾ, ਦਹਿ ਦਿਸ਼ਾ ਅੰਧੇਰਾ ਛਾਇੰਦਾ । ਸਾਕਤ ਨਿੰਦਕ ਦੁਸ਼ਟ ਦੁਰਾਚਾਰ ਰੋਵਣ ਜ਼ਾਰੋ ਜ਼ਾਰਾ, ਧੀਰਜ ਧੀਰ ਨਾ ਕੋਈ ਧਰਾਇੰਦਾ । ਵਰਨਾ ਬਰਨਾ ਲੱਗਾ ਅਖਾੜਾ, ਜ਼ਾਤ ਪਾਤ ਨਾਚ ਨਚਾਇੰਦਾ । ਕਰਮ ਕੁਕਰਮ ਮੰਗਨ ਵਾੜਾ, ਗੁਣ ਅਵਗੁਣ ਭੇਵ ਨਾ ਕੋਇ ਖੁਲ੍ਹਾਇੰਦਾ । ਆਏ ਰੁੱਤ ਸੁਹੰਜਣੀ ਸਤਾਰਾਂ ਹਾੜਾ, ਗੁਰਮੁਖ ਸਾਚੇ ਆਪ ਤਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮੇਲ ਆਪ ਮਿਲਾਇੰਦਾ । ਗੁਰਸਿਖ ਵਿਸਾਖੀ ਮਿਲਿਆ ਮੇਲਾ, ਮੇਲਣਹਾਰ ਆਪ ਕਰਤਾਰ । ਲੇਖਾ ਜਾਣੇ ਗੁਰੂ ਗੁਰ ਚੇਲਾ, ਗੁਰ ਚੇਲਾ ਆਪ ਨਿਰੰਕਾਰ । ਆਦਿ ਜੁਗਾਦੀ ਸੱਜਣ ਸੁਹੇਲਾ, ਵਿਛੜ ਨਾ ਜਾਏ ਵਿਚ ਸੰਸਾਰ । ਆਪੇ ਜਾਣੇ ਆਪਣਾ ਵਕ਼ਤ ਵੇਲਾ, ਥਿਤ ਵਾਰ ਨਾ ਕੋਈ ਵਿਚਾਰ । ਵਸਣਹਾਰਾ ਸਦ ਨਵੇਲਾ, ਗੁਰਮੁਖ ਸਾਜਣ ਕਰੇ ਪਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚੇ ਦਰਬਾਰ । ਗੁਰਸਿਖ ਵਿਸਾਖੀ ਸਚ ਦਰਬਾਰਾ, ਹਰਿ ਸਤਿਗੁਰ ਸੱਚਾ ਪਾਇਆ । ਨਾਤਾ ਤੁਟਾ ਸਰਬ ਸੰਸਾਰਾ, ਮਾਇਆ ਮਮਤਾ ਮੋਹ ਚੁਕਾਇਆ । ਪੂਰਬ ਲਹਿਣਾ ਜਿਸ ਵਿਚਾਰਾ, ਸੋ ਗੋਬਿੰਦ ਮੀਤ ਬਣਾਇਆ । ਅਗਲਾ ਲੇਖਾ ਜਿਸ ਨੇ ਪਾੜਾ, ਲਿਖਿਆ ਲੇਖ ਰਹੇ ਨਾ ਰਾਇਆ । ਕਰੇ ਵਿਹਾਰ ਸਤਾਰਾਂ ਹਾੜਾ, ਬ੍ਰਹਮ ਆਪਣਾ ਰੂਪ ਧਰਾਇਆ । ਨੌ ਖੰਡ ਪ੍ਰਿਥਮੀ ਲਗੇ ਇਕ ਅਖਾੜਾ, ਸ੍ਰਿਸ਼ਟ ਸਬਾਈ ਵੇਖੇ ਆਪ ਖ਼ੁਦਾਇਆ । ਆਪੇ ਬਣੇ ਆਪਣਾ ਲਾੜਾ, ਮੀਆਂ ਨੂਰੀ ਨੂਰ ਸਬਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਉਠਾਇਆ । ਗੁਰਸਿਖ ਉਠ ਹਰਿ ਸਤਿਗੁਰ ਲਏ ਰਾਖ, ਕਲਜੁਗ ਅੰਤਮ ਵੇਖ ਵਖਾਈਆ । ਮਾਤ ਪਿਤ ਭਾਈ ਭੈਣ ਸਾਕ ਸੱਜਣ ਸੈਣ ਕੋਈ ਨਾ ਦੇਵੇ ਸਾਥ, ਵੇਲੇ ਅੰਤ ਸੰਗ ਨਾ ਕੋਈ ਜਾਈਆ । ਅੰਤਮ ਵੰਡ ਵੰਡਾਏ ਸੀਆਂ ਸਾਢੇ ਤਿੰਨ ਤਿੰਨ ਹਾਥ, ਸ਼ਾਹ ਪਾਤਸ਼ਾਹ ਰਹੇ ਕੁਰਲਾਈਆ । ਪਹਿਲੀ ਵਿਸਾਖ ਸੁਣੀ ਸਾਚੀ ਗਾਥ, ਸੋ ਪੁਰਖ ਨਿਰੰਜਣ ਰਿਹਾ ਪੜ੍ਹਾਈਆ । ਚੌਦਾਂ ਲੋਕ ਖ਼ਾਲੀ ਹੋਣੇ ਹਾਟ, ਚੌਦਾਂ ਤਬਕ ਨਾ ਕੋਈ ਵਡਿਆਈਆ । ਅਠਸਠ ਤੀਰਥ ਨਾ ਰਹਿਣਾ ਕੋਈ ਤਾਟ, ਸਰ ਸਰੋਵਰ ਨਾ ਕੋਈ ਨੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਖਿਲਾਵਨਾ, ਆਪ ਆਪਣੀ ਕਿਰਪਾ ਧਾਰ । ਜੋ ਘੜਿਆ ਸੋ ਭੰਨ ਵਖਾਵਨਾ, ਕਲਜੁਗ ਤੇਰੀ ਅੰਤਮ ਵਾਰ । ਗੁਰਮੁਖ ਵਿਰਲੇ ਮੇਲ ਮਿਲਾਵਨਾ, ਮੇਲ ਮਿਲਾਵਾ ਧੁਰ ਦਰਬਾਰ । ਦਰ ਦਰਵੇਸ਼ ਆਪ ਰਖਾਵਣਾ, ਦਰਦੀ ਦਰਦ ਕਰੇ ਪਿਆਰ । ਆਪਣਾ ਫ਼ਰਜ਼ ਆਪ ਨਿਭਾਵਨਾ, ਗ਼ਰਜ਼ ਰੱਖੇ ਨਾ ਕੋਈ ਨਿਰੰਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸੱਚੀ ਸਰਕਾਰ ।

## ★ ੨੯ ਵਿਸਾਖ ੨੦੧੮ ਬਿਕ੍ਰਮੀ ਅਨੰਦ ਕਾਰਜ ਕਾਕਾ ਗੁਰਚਰਨ ਸਿੰਘ ਬੀਬੀ ਹਰਬੰਸ ਕੌਰ ਅਤੇ ਸਗਨ ਕਾਕਾ ਸਰਜੀਤ ਸਿੰਘ ਨਾਲ ਬੀਬੀ ਸਤਿਵੰਤ ਕੌਰ ਜੇਠੂਵਾਲ ਦਰਬਾਰ ਵਿਚ ★

ਸੋ ਪੁਰਖ ਨਿਰੰਜਣ ਸੱਚਾ ਪਾਤਸ਼ਾਹ, ਆਦਿ ਜੁਗਾਦਿ ਖੇਲ ਖਿਲਾਇੰਦਾ । ਨਿਰਗੁਣ ਨਿਰਵੈਰ ਬਣ ਮਲਾਹ, ਅਜੂਨੀ ਰਹਿਤ ਵੇਖ ਵਖਾਇੰਦਾ । ਅਗੰਮ ਅਗੰਮੜਾ ਧਾਮ ਸੁਹਾ, ਅਲਖ ਅਲਖਨਾ ਆਸਨ ਲਾਇੰਦਾ । ਤਖ਼ਤ ਨਿਵਾਸੀ ਸ਼ਾਹੋ ਸ਼ਾਬਾਸੀ ਭੂਪਤ ਭੂਪ ਚਲਾਏ ਰਾਹ, ਅਕਲ ਕਲ ਆਪਣੀ ਧਾਰ ਬੰਧਾਇੰਦਾ । ਅਨਭਵ ਪਰਕਾਸ਼ ਆਪ ਕਰਾ, ਨੂਰ ਨੁਰਾਨਾ ਡਗਮਗਾਇੰਦਾ । ਹਰਿ ਪੁਰਖ ਨਿਰੰਜਣ ਨਾਉਂ ਧਰਾ, ਆਪਣਾ ਰੂਪ ਆਪ ਪਰਗਟਾਇੰਦਾ । ਏਕੰਕਾਰਾ ਹੋ ਰੁਸ਼ਨਾ, ਰੰਗ ਰੰਗ ਵਿਚ ਸਮਾਇੰਦਾ । ਆਦਿ ਨਿਰੰਜਣ ਡਗਮਗਾ, ਆਪਣਾ ਖੇਲ ਆਪ ਖਿਲਾਇੰਦਾ । ਅਬਿਨਾਸ਼ੀ ਕਰਤਾ ਵਸਣਹਾਰਾ ਆਪਣੇ ਥਾਂ, ਥਾਨ ਥਨੰਤਰ ਆਪ ਬਣਾਇੰਦਾ । ਸ੍ਰੀ ਭਗਵਾਨ ਆਪੇ ਪਿਤਾ ਆਪੇ ਮਾਂ, ਆਪ ਆਪਣਾ ਮੇਲ ਮਿਲਾਇੰਦਾ । ਪਾਰਬ੍ਰਹਮ ਆਪਣਾ ਨਾਉਂ ਧਰਾ, ਆਪ ਆਪਣਾ ਸੰਗ ਨਿਭਾਇੰਦਾ । ਸੁਤੇ ਪਰਕਾਸ਼ ਆਪ ਕਰਾ, ਭੇਦ ਅਭੇਦਾ ਆਪ ਖੁਲ੍ਹਾਇੰਦਾ । ਆਪਣੀ ਇਛਿਆ ਆਪ ਪ੍ਰਗਟਾ, ਆਪ ਆਪਣੀ ਰਚਨ ਰਚਾਇੰਦਾ । ਸਚਖੰਡ ਦੁਆਰਾ ਲਏ ਬਣਾ, ਚਾਰ ਦੀਵਾਰ ਨਾ ਕੋਇ ਰਖਾਇੰਦਾ । ਸਚ ਸਿੰਘਾਸਣ ਲਏ ਸਜਾ, ਪਾਵਾ ਚੂਲ ਨਾ ਕੋਇ ਵਡਿਆਇੰਦਾ । ਜੋਤੀ ਜੋਤ ਡਗਮਗਾ, ਆਪ ਆਪਣਾ ਆਸਣ ਲਾਇੰਦਾ । ਧੁਰ ਫ਼ਰਮਾਨਾ ਹੁਕਮ ਸੁਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਬਣਿਆ ਹਰਿ, ਆਪਣੀ ਕਲ ਆਪ ਧਰਾਇੰਦਾ । ਆਪਣੀ ਕਲ ਆਪੇ ਧਰ, ਹਰਿ ਹਰਿ ਸਾਚਾ ਖੇਲ ਖਿਲਾਇੰਦਾ । ਆਪੇ ਨਾਰੀ ਆਪੇ ਨਰ, ਨਰ ਨਰਾਇਣ ਵੇਸ ਵਟਾਇੰਦਾ । ਆਪਣੇ ਮੰਦਰ ਆਪੇ ਵੜ, ਆਪੇ ਆਸਣ ਲਾਇੰਦਾ । ਆਪਣੇ ਦਰ ਦਰਵੇਸ਼ ਆਪੇ ਖੜ, ਆਪੇ ਅਲਖ ਜਗਾਇੰਦਾ । ਆਪਣਾ ਘਾੜਣ ਆਪੇ ਘੜ, ਘੜਣ ਭੰਨਣਹਾਰ ਆਪਣਾ ਨਾਉਂ ਧਰਾਇੰਦਾ । ਆਪਣਾ ਪੱਲੂ ਆਪੇ ਫੜ, ਆਪਣਾ ਬੰਧਨ ਪਾਇੰਦਾ । ਨਿਰਗੁਣ ਨਰਾਇਣ ਨਿਰਗੁਣ ਲਏ ਵਰ, ਨਿਰਗੁਣ ਕੰਤ ਸੁਹਾਗ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਦਾਤਾ ਪੁਰਖ ਬਿਧਾਤਾ ਉਤਮ ਰੱਖੇ ਆਪਣੀ ਜ਼ਾਤਾ, ਜ਼ਾਤ ਜ਼ਾਤ ਵਿਚ ਸਮਾਇੰਦਾ । ਜ਼ਾਤ ਅਜ਼ਾਤੀ ਇਕ ਅਕਾਲ, ਅਕਲ ਕਲ ਹਰਿ ਵਡਿਆਈਆ । ਆਦਿ ਪੁਰਖ ਹੋ ਦਿਆਲ, ਦੀਨ ਆਪਣੀ ਦਇਆ ਕਮਾਈਆ । ਸਚਖੰਡ ਵਸੇ ਸੱਚੀ ਧਰਮਸਾਲ, ਸਚ ਦੁਆਰੇ ਸੋਭਾ ਪਾਈਆ । ਥਿਰ ਘਰ ਥਿਰ ਚਰਨ ਕਵਲ ਕਵਲ ਚਰਨ ਰੱਖੇ ਆਪ ਕਰੇ ਅਵੱਲੜੀ ਚਾਲ, ਚਰਨ ਚਰਨ ਸਰਨ ਸਰਨ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਨਿਰਗੁਣ ਮੇਲ ਮਿਲਾਈਆ । ਨਿਰਗੁਣ ਮੇਲਾ ਹਰਿ ਕਰਤਾਰ, ਕਰਤਾ ਪੁਰਖ ਆਪ ਕਰਾਇੰਦਾ । ਨਿਰਗੁਣ ਨਾਰੀ ਕੰਤ ਭਤਾਰ, ਨਿਰਗੁਣ ਸਾਚੀ ਸੇਜ ਹੰਢਾਇੰਦਾ । ਨਿਰਗੁਣ ਰੂਪ ਅਗੰਮੀ ਕਰ ਤਿਆਰ, ਅਲਖ ਅਗੋਚਰ ਅਗੰਮ ਅਥਾਹ, ਬੇਪ੍ਰਵਾਹ ਆਪਣੀ ਖੇਲ ਖਿਲਾਇੰਦਾ । ਸ਼ਬਦੀ ਸ਼ਬਦ ਇਕ ਜਣਾ, ਸਾਚਾ ਮਾਰਗ ਆਪੇ ਲਾਇੰਦਾ । ਧੁਰ ਫ਼ਰਮਾਨਾ ਇਕ ਸੁਣਾ, ਧੁਰ ਦੀ ਬਾਣੀ ਬਾਣ ਜਣਾਇੰਦਾ । ਆਪਣਾ ਬੰਸ ਆਪਣੀ ਅੰਸ ਆਪ ਸੁਹਾ, ਆਪੇ ਵੇਖ ਵਖਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਲਏ

ਪ੍ਰਗਟਾ, ਰਕਤ ਬੂੰਦ ਨਾ ਮੇਲ ਮਿਲਾਇੰਦਾ । ਤ੍ਰੈਗੁਣ ਤੱਤ ਤੱਤ ਮਿਲਾ, ਪੰਚਮ ਪੰਚਮ ਲੇਖ ਲਿਖਾਇੰਦਾ । ਲੱਖ ਚੁਰਾਸੀ ਘਾੜਣ ਲਿਆ ਘੜਾ, ਜੁਗ ਚੌਕੜੀ ਵੰਡ ਵੰਡਾਇੰਦਾ । ਰਵ ਸਸ ਸੂਰਜ ਚੰਨ ਕਰ ਰੁਸ਼ਨਾ, ਮੰਡਲ ਮੰਡਪ ਆਪਣਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਖਿਲਾਇੰਦਾ । ਸਾਚਾ ਖੇਲ ਹਰਿ ਕਰਨੇਹਾਰਾ, ਇਕ ਇਕੱਲਾ ਵਡ ਵਡਿਆਈਆ । ਲੱਖ ਚੁਰਾਸੀ ਕਰ ਪਸਾਰਾ, ਘਟ ਘਟ ਨਿਰਗੁਣ ਜੋਤ ਨੂਰ ਰੁਸ਼ਨਾਈਆ । ਪੰਚਮ ਤੱਤ ਬਣਾਇਆ ਧਰਮ ਦੁਆਰਾ, ਸਚ ਸੁੱਚ ਕਰੇ ਰੁਸ਼ਨਾਈਆ । ਆਤਮ ਬ੍ਰਹਮ ਇਕ ਆਧਾਰਾ, ਪਾਰਬ੍ਰਹਮ ਵੱਜੇ ਵਧਾਈਆ । ਘਰ ਮੰਗਲ ਘਰ ਗੀਤ ਘਰ ਮੰਗਲਾਚਾਰਾ, ਘਰ ਆਪਣਾ ਨਾਦ ਸੁਣਾਈਆ । ਘਰ ਕੰਤ ਘਰ ਨਾਰ ਘਰ ਮਿਲੇ ਭਤਾਰਾ, ਘਰ ਸੁਹੰਜਣੀ ਸੇਜ ਸੁਹਾਈਆ । ਘਰ ਭੋਗ ਬਿਲਾਸ ਕਰੇ ਪਿਆਰਾ, ਪੀਆ ਪ੍ਰੀਤਮ ਵਡੀ ਵਡਿਆਈਆ । ਘਰ ਮੰਦਰ ਸੋਹੇ ਸਚ ਚੁਬਾਰਾ, ਦਰ ਦਰਵਾਜ਼ਾ ਨਾ ਕੋਇ ਵਖਾਈਆ । ਗ਼ਰੀਬ ਨਿਵਾਜ਼ਾ ਪਰਵਰਦਿਗਾਰਾ, ਆਪੇ ਆਪ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਕਰਤਾ ਕਰਤਾ ਪੁਰਖ ਕਰਨੇਹਾਰ, ਆਪਣੇ ਹੱਥ ਰੱਖੇ ਵਡਿਆਈਆ । ਆਪਣੇ ਹੱਥ ਰੱਖ ਵਡਿਆਈ, ਨਾਰੀ ਪੁਰਖ ਖੇਲ ਖਿਲਾਇਆ । ਜਗਤ ਜੁਗ ਜੋੜ ਜੁੜਾਈ, ਜੋੜਨਹਾਰਾ ਦਿਸ ਨਾ ਆਇਆ । ਵਿਸ਼ਨ ਬ੍ਰਹਮਾ ਸ਼ਿਵ ਸੇਵ ਕਮਾਈ, ਸਾਚੀ ਸਿਖਿਆ ਇਕ ਸਮਝਾਇਆ । ਪੰਜ ਤੱਤ ਕਾਇਆ ਵੱਜੇ ਵਧਾਈ, ਤ੍ਰੈ ਤ੍ਰੈ ਮੰਗਲ ਇਕ ਸੁਣਾਇਆ । ਰਵ ਸਸ ਕਰ ਰੁਸ਼ਨਾਈ, ਦੀਪਕ ਜੋਤ ਨੂਰ ਰੁਸ਼ਨਾਇਆ । ਨਾਦ ਸ਼ਬਦ ਧੁਨ ਸ਼ਨਵਾਈ, ਗ੍ਰਹਿ ਮੰਦਰ ਤਾਲ ਵਜਾਇਆ । ਸ਼ਬਦ ਕੰਤ ਉਠੇ ਬੇਪਰਵਾਹੀ, ਛੈਲ ਛਬੀਲਾ ਨਾ ਮਰੇ ਨਾ ਜਾਇਆ । ਸੁਰਤੀ ਨਾਰੀ ਲਏ ਪਰਨਾਈ, ਆਪ ਆਪਣਾ ਬੰਧਨ ਪਾਇਆ । ਨਾਰ ਸੁਹਾਗਣ ਖ਼ੁਸ਼ੀ ਮਨਾਈ, ਲੋੜੀਂਦੜਾ ਵਰ ਪਾਇਆ । ਏਕਾ ਮੰਦਰ ਹੋਏ ਰੁਸ਼ਨਾਈ, ਦੀਵਾ ਬਾਤੀ ਨਾ ਕੋਇ ਜਗਾਇਆ । ਮਾਤ ਪਿਤ ਨਾ ਕੋਈ ਭੈਣ ਭਾਈ, ਸਗਲਾ ਸੰਗ ਨਾ ਕੋਈ ਜਣਾਇਆ । ਨਾ ਕੋਈ ਧੀ ਨਾ ਕੋਈ ਜਵਾਈ, ਸੀਸ ਜਗਦੀਸ਼ ਨਾ ਕੋਇ ਗੁੰਦਾਇਆ । ਨਾ ਕੋਈ ਰੰਗਣ ਰੰਗ ਰੰਗਾਈ, ਨਾ ਕੋਈ ਸਗਨ ਮਨਾਇਆ । ਘਰ ਵਿਚ ਮਿਲਿਆ ਸਾਚਾ ਮਾਹੀ, ਘਰ ਘਰ ਵਿਚ ਹੋਏ ਸਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਆਪਣੀ ਧਾਰ ਆਪ ਚਲਾਇਆ । ਆਦਿ ਪੁਰਖ ਧਾਰ ਚਲਾਇੰਦਾ, ਪਾਰਬ੍ਰਹਮ ਹੋ ਤਿਆਰ । ਹੰ ਆਪਣਾ ਰੂਪ ਵਟਾਇੰਦਾ, ਲੱਖ ਚੁਰਾਸੀ ਕਰ ਪਸਾਰ । ਸੋ ਪੁਰਖ ਨਿਰੰਜਣ ਖੇਲ ਖਿਲਾਇੰਦਾ, ਹਰਿ ਪੁਰਖ ਨਿਰੰਜਣ ਬੈਠ ਠੰਡੇ ਦਰਬਾਰ । ਏਕਾ ਮੰਗਲ ਗਾਇੰਦਾ, ਆਦਿ ਨਿਰੰਜਣ ਹੋਏ ਉਜਿਆਰ । ਸ੍ਰੀ ਭਗਵਾਨ ਸਗਨ ਮਨਾਇੰਦਾ, ਅਬਿਨਾਸ਼ੀ ਕਰਤਾ ਸਾਚਾ ਯਾਰ । ਪਾਰਬ੍ਰਹਮ ਬ੍ਰਹਮ ਰੂਪ ਵਟਾਇੰਦਾ, ਬ੍ਰਹਮ ਰੂਪ ਕਰ ਪਸਾਰ । ਸਤਿਜੁਗ ਆਪਣੀ ਧਾਰ ਬੰਧਾਇੰਦਾ, ਨਿਰਗੁਣ ਸਰਗੁਣ ਲੈ ਅਵਤਾਰ । ਜੁਗ ਚੌਕੜੀ ਖੇਲ ਖਿਲਾਇੰਦਾ, ਆਪ ਆਪਣੀ ਕਿਰਪਾ ਧਾਰ । ਗੁਰ ਪੀਰ ਅਵਤਾਰ ਸਾਧ ਸੰਤ ਸੇਵਾ ਲਾਇੰਦਾ, ਜੁਗ ਕਰਤਾ ਕਰੇ ਖ਼ਬਰਦਾਰ । ਸਤਿਜੁਗ ਤ੍ਰੇਤਾ ਦੁਆਪਰ ਪਾਰ ਕਰਾਇੰਦਾ, ਕਲਜੁਗ ਜਾਣੇ ਆਪਣੀ ਧਾਰ । ਸ਼ੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਵੰਡ ਵੰਡਾਇੰਦਾ, ਰਾਓ ਰੰਕ ਊਚ ਨੀਚ ਦਏ ਆਧਾਰ । ਚਾਰੇ ਵੇਦ ਮੰਗਲ ਗਾਇੰਦਾ, ਪੁਰਾਨ ਅਠਾਰਾਂ ਪੈਜ ਸੁਆਰ । ਸ਼ਾਸਤਰ ਸਿਮਰਤ ਸੰਗ ਰਲਾਇੰਦਾ, ਜਗਤ ਵਿਦਿਆ ਦਏ ਆਧਾਰ । ਚੌਦਾਂ ਕੂਟ ਫੋਲ ਫੁਲਾਇੰਦਾ, ਤ੍ਰੈਭਵਨ ਸਾਚੀ ਕਾਰ । ਦੋ ਜਹਾਨਾਂ ਰੰਗ

ਰੰਗਾਇੰਦਾ, ਬ੍ਰਹਿਮੰਡਾਂ ਖੰਡਾਂ ਏਕਾ ਪੁਰਖ ਵੇਖੇ ਨਾਰ । ਕੰਤ ਸੁਹਾਗੀ ਸਾਚਾ ਸੰਗ ਨਿਭਾਇੰਦਾ, ਆਦਿ ਜੁਗਾਦਿ ਏਕੰਕਾਰ । ਨਵ ਨੌਂ ਆਪਣਾ ਮੇਲ ਮਿਲਾਇੰਦਾ, ਚਾਰ ਨੌਂ ਤੇ ਵਸਿਆ ਬਾਹਰ । ਚਾਰੇ ਖਾਣੀ ਸਰਬ ਜਸ ਗਾਇੰਦਾ, ਚਾਰ ਬਾਣੀ ਕਰੇ ਪੁਕਾਰ । ਗੁਰ ਅਵਤਾਰ ਧਿਆਨ ਲਗਾਇੰਦਾ, ਦੋਏ ਜੋੜ ਕਰੇ ਨਿਮਸਕਾਰ । ਜਗ ਜੋੜੀ ਜੋੜ ਜੁੜਾਇੰਦਾ, ਨਿਰਗੁਣ ਸਰਗੁਣ ਕਰ ਪਿਆਰ । ਨਿਰਗੁਣ ਸਰਗੁਣ ਬੰਧਨ ਪਾਇੰਦਾ, ਏਕਾ ਨਾਰੀ ਕੰਤ ਭਤਾਰ । ਦੋਹਾਂ ਵਿਚੋਲਾ ਆਪ ਅਖਵਾਇੰਦਾ, ਰਾਮ ਰਾਮ ਰਾਮ ਪਸਾਰ । ਆਪਣਾ ਕਾਜ ਆਪ ਰਚਾਇੰਦਾ । ਦੂਸਰ ਕੋਇ ਨਾ ਜਾਣੇ ਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਕਰੇ ਸਚ ਵਿਹਾਰ । ਜੁਗ ਚੌਕੜੀ ਵਿਹਾਰ ਕਰਦਾ ਆਇਆ, ਇਕ ਇਕੱਲਾ ਬੇਪਰਵਾਹ । ਸਰਗੁਣ ਸਰਗੁਣ ਲੜ ਫੜਦਾ ਆਇਆ, ਨਿਰਗੁਣ ਸਰਗੁਣ ਬਣ ਮਲਾਹ । ਅੱਖਰ ਵੱਖਰ ਆਪਣਾ ਪੜ੍ਹਦਾ ਆਇਆ, ਬੋਧ ਅਗਾਧਾ ਸੱਚਾ ਸ਼ਹਿਨਸ਼ਾਹ । ਸਚ ਰੰਗੀਲੇ ਪਲੰਘ ਸਚ ਸੇਜਾ ਆਪਣੀ ਚੜ੍ਹਦਾ ਆਇਆ, ਭਗਤ ਭਗਵੰਤ ਲਏ ਮਨਾ । ਸਾਚੇ ਸੰਤਾਂ ਆਪਣਾ ਖੇਲ ਕਰਦਾ ਆਇਆ, ਘਰ ਘਰ ਵੇਖ ਏਕਾ ਥਾਂ । ਜਗਤ ਜੁਗ ਬਾਕੀ ਹਰਦਾ ਆਇਆ, ਹੁਕਮੀ ਹੁਕਮ ਆਪ ਵਰਤਾ । ਆਪਣੀ ਘਾੜਣ ਘੜਦਾ ਆਇਆ, ਵਿਸ਼ਨ ਬ੍ਰਹਮਾ ਸ਼ਿਵ ਸੇਵ ਲਗਾ । ਸਤਿਜੁਗ ਤ੍ਰੇਤਾ ਦੁਆਪਰ ਪਾਰ ਕਰਦਾ ਆਇਆ, ਭੇਦ ਅਭੇਦਾ ਆਪ ਛੁਪਾ । ਤੇਈ ਅਵਤਾਰ ਹੁਕਮੀ ਬਰਦਾ ਘੱਲਦਾ ਆਇਆ, ਦਸ ਗੁਰ ਨਾਲ ਰਲਾ । ਸਾਧ ਸੰਤ ਜਗ ਡਰਦਾ ਆਇਆ, ਪੁਰਖ ਅਬਿਨਾਸ਼ੀ ਪੁਛੇ ਬੈਠਾ ਬੇਪਰਵਾਹ । ਕਲਜੁਗ ਅੰਤਮ ਆਪਣੇ ਘੋੜੇ ਚੜ੍ਹ ਕੇ ਆਇਆ, ਨਿਰਗੁਣ ਦਾਤਾ ਇਕ ਖ਼ੁਦਾ, ਆਪਣਾ ਬਿਸਮਿਲ ਰੂਪ ਵਟਾਇਆ, ਅਲਾਹੀ ਨੂਰ ਜਲਵਾ ਦਏ ਵਖਾ । ਕ਼ਾਦਰ ਕ਼ੁਦਰਤ ਵੇਖਣ ਆਇਆ, ਖ਼ਾਲਕ ਖ਼ਲਕ ਵੇਖੇ ਆਪਣੇ ਥਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹ । ਹਰਿ ਸੱਚਾ ਸ਼ਾਹ ਅਖਵਾਇੰਦਾ, ਆਦਿ ਜੁਗਾਦੀ ਏਕੰਕਾਰ । ਕੋਟਨ ਰਾਜ ਰਾਜਾਨਾ ਆਪਣੇ ਹੁਕਮ ਫਿਰਾਇੰਦਾ, ਲੋਕਮਾਤ ਦਏ ਆਧਾਰ । ਲੱਖ ਚੁਰਾਸੀ ਵੇਖ ਵਖਾਇੰਦਾ, ਅੰਦਰ ਬਾਹਰ ਗੁਪਤ ਜ਼ਾਹਰ । ਆਪਣਾ ਭੇਵ ਨਾ ਕਿਸੇ ਜਣਾਇੰਦਾ, ਬੇਅੰਤ ਬੇਅੰਤ ਬੇਅੰਤ ਕਹਿਣ ਸਰਬ ਸੰਸਾਰ । ਕਲਜੁਗ ਅੰਤਮ ਆਪਣਾ ਰੂਪ ਵਟਾਇੰਦਾ, ਪੂਰਨ ਜੋਤ ਹਰਿ ਕਰਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੋ ਜਹਾਨਾਂ ਬਦਲੇ ਧਾਰ । ਦੋ ਜਹਾਨਾਂ ਧਾਰ ਬਦਲਾਇੰਦਾ, ਹਰਿ ਦੋ ਜਹਾਨਾਂ ਵਾਲੀ । ਕਲਜੁਗ ਅੰਤਮ ਖੇਲ ਖਿਲਾਇੰਦਾ, ਨਿਰਗੁਣ ਜੋਤ ਜੋਤ ਅਕਾਲੀ । ਆਦਿ ਸ਼ਕਤ ਬੰਧਨ ਪਾਇੰਦਾ, ਸ਼ਬਦੀ ਸ਼ਬਦ ਦਏ ਦਲਾਲੀ । ਆਪਣਾ ਚੰਦਨ ਆਪਣਾ ਟਿੱਕਾ ਆਪੇ ਲਾਇੰਦਾ, ਆਪਣੇ ਦਰ ਬਣੇ ਆਪ ਸੁਆਲੀ । ਆਪਣਾ ਫੰਦਨ ਆਪ ਕਟਾਇੰਦਾ, ਆਪੇ ਤੋੜੇ ਆਪਣਾ ਮਾਇਆ ਜੰਜਾਲੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਮਾਤ ਨਿਰਾਲੀ । ਖੇਲ ਨਿਰਾਲੀ ਕਰਨੇ ਆਇਆ, ਹਰਿ ਕਰਤਾ ਪੁਰਖ ਅਗੰਮ । ਨਿਰਭੌ ਨਿਰਵੈਰ ਆਪਣਾ ਨਾਉਂ ਧਰ ਕੇ ਆਇਆ, ਨਾ ਮਰੇ ਨਾ ਪਏ ਜੰਮ । ਆਪਣੇ ਅਸਵ ਆਪਣੇ ਘੋੜੇ ਚੜ੍ਹ ਕੇ ਆਇਆ, ਸ਼ਾਹ ਅਸਵਾਰ ਸੂਰਬੀਰ ਆਪਣਾ ਬੇੜਾ ਬੰਨ੍ਹ । ਆਪਣੀ ਇਛਿਆ ਆਪਣੀ ਆਸਾ ਆਪਣੇ ਹੱਥ ਫੜ ਕੇ ਆਇਆ, ਜੁਗ ਚੌਕੜੀ ਦੇਵੇ ਆਣ । ਆਪ ਆਪਣੀ ਵਿਦਿਆ ਆਪਣਾ ਅੱਖਰ ਆਪਣੇ ਅੰਦਰੋਂ ਆਪ ਪੜ੍ਹ ਕੇ ਆਇਆ, ਨਾ ਕੋਈ ਸੁਣੇ ਸੁਣਾਏ ਰਾਗ ਕਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਅੰਤ ।

ਬੇਅੰਤ ਖੇਲ ਖਿਲਾਇੰਦਾ, ਸੱਚਾ ਸ਼ਹਿਨਸ਼ਾਹ । ਕਲਜੁਗ ਅੰਤਮ ਵੇਸ ਵਟਾਇੰਦਾ, ਜੁਗ ਚੌਕੜੀਆਂ ਬਣ ਮਲਾਹ । ਨਵ ਨੌਂ ਤੇਰਾ ਪੰਧ ਮੁਕਾਇੰਦਾ, ਨੌਂ ਨੌਂ ਲੇਖਾ ਦਏ ਮੁਕਾ । ਚਾਰ ਵਰਨ ਏਕਾ ਸਰਨ ਲਗਾਇੰਦਾ, ਚਾਰ ਵੇਦ ਆਪ ਬੁਝਾ । ਚਾਰ ਬਾਣੀ ਬਾਣ ਲਗਾਇੰਦਾ, ਤੀਰ ਨਿਰਾਲਾ ਹੱਥ ਰਖਾ । ਚਾਰੇ ਖਾਣੀ ਏਕਾ ਖਾਣ ਰਖਾਇੰਦਾ, ਨਾਮ ਅਨਮੁਲੜਾ ਜਾਮ ਹੱਥ ਪਿਲਾ । ਦੋ ਜਹਾਨਾਂ ਸ਼ਾਹ ਪਾਤਸ਼ਾਹ ਆਪਣਾ ਨਾਉਂ ਧਰਾਇੰਦਾ, ਲੱਖ ਚੁਰਾਸੀ ਵੇਖੇ ਥਾਉਂ ਥਾਂ । ਕਲਜੁਗ ਤੇਰਾ ਰੰਗ ਰੰਗਾਇੰਦਾ, ਕੂੜੀ ਕਿਰਿਆ ਵੇਖੇ ਵੇਖਣਹਾਰ ਆਪਣਾ ਰੂਪ ਵਟਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪਣੇ ਹੱਥ ਰਿਹਾ ਰਖਾ । ਆਪਣਾ ਲੇਖਾ ਆਪਣੇ ਰੱਖ ਹੱਥ, ਹਰਿ ਵੱਡਾ ਵੱਡੀ ਕਰੇ ਵਡਿਆਈਆ । ਜੁਗ ਜੁਗ ਚਲਾਉਂਦਾ ਆਇਆ ਰਥ, ਰਥ ਰਥਵਾਹੀ ਸੱਚਾ ਸ਼ਹਿਨਸ਼ਾਹੀਆ । ਗੁਰ ਅਵਤਾਰਾਂ ਪਾਈ ਸ਼ਬਦੀ ਨੱਥ, ਡੋਰੀ ਆਪਣੇ ਹੱਥ ਰਖਾਈਆ । ਸੰਤਨ ਮਹਿਮਾ ਦਸਦਾ ਰਿਹਾ ਅਕਥ, ਸਚਖੰਡ ਦੁਆਰੇ ਵੇਖੇ ਸੱਚਾ ਮਾਹੀਆ । ਦਿਵਸ ਰੈਣ ਜਿਹਵਾ ਰਹੇ ਰਟ, ਰਟ ਰਟ ਚਰਨ ਸਰਨ ਕਵਲ ਧਿਆਨ ਲਗਾਈਆ । ਸ਼ਬਦ ਨਗਾਰਾ ਮਾਰਦਾ ਆਇਆ ਸੱਟ, ਤਾਲ ਤਲਵਾੜਾ ਆਪ ਵਜਾਈਆ । ਵਸਦਾ ਆਇਆ ਘਟ ਘਟ, ਆਪਣਾ ਭੇਵ ਨਾ ਕਿਸੇ ਖੁਲ੍ਹਾਈਆ । ਕਿਸੇ ਵਖਾਇਆ ਤੀਰਥ ਤੱਟ, ਕਿਸੇ ਸ਼ਿਵਦੁਆਲੇ ਬੰਦ ਕਰਾਈਆ । ਕਿਸੇ ਵਖਾਏ ਸਵਾਂਗ ਨਟੂਆ ਨਟ, ਸਵਾਂਗੀ ਆਪਣਾ ਸਵਾਂਗ ਵਰਤਾਈਆ । ਕਿਸੇ ਵਖਾਏ ਉਚੇ ਟਿੱਲੇ ਪਰਬਤ, ਕਿਸੇ ਕੈਲਾਸ਼ ਰਿਹਾ ਭਰਮਾਈਆ । ਕਿਸੇ ਕੋਹਤੂਰ ਵਖਾਏ ਜੋਤ ਪਰਕਾਸ਼, ਕਿਸੇ ਡੂੰਘੀ ਗਾਰ ਰਿਹਾ ਸਮਝਾਈਆ । ਕਿਸੇ ਜਣਾਏ ਚੌਦਾਂ ਲੋਕ ਚੌਦਾਂ ਤਬਕ ਚੌਦਾਂ ਹੱਟ, ਕਿਸੇ ਜਗਤ ਦਏ ਵਡਿਆਈਆ । ਕਿਸੇ ਕਾਇਆ ਕਾਇਆ ਕਾਇਆ ੪੭੧
ਕਰੇ ਪਰਗਟ, ਕਿਸੇ ਘਰ ਘਰ ਵਿਚ ਦਏ ਵਖਾਈਆ । ਕਿਸੇ ਰਤੀ ਲੇਖੇ ਲਾਏ ਰਤ, ਰਤੀ ਰਤ ਦਏ ਸੁਕਾਈਆ । ਕਿਸੇ ਦੇਵੇ ਬੁੱਧ ਮਤ, ਕਿਸੇ ਗਿਆਨ ਧਿਆਨ ਵਿਚ ਫਸਾਈਆ । ਕਿਸੇ ਦੇਵੇ ਧੀਰਜ ਸਤਿ, ਬ੍ਰਹਮ ਮਤ ਕਿਸੇ ਵਖਾਈਆ । ਬ੍ਰਹਮੇ ਦੇਵੇ ਇਕ ਉਤਪਤ, ਅੱਠੇ ਪਹਿਰ ਨੇਤਰ ਰੋਵੇ ਨੀਰ ਵਹਾਈਆ । ਵਿਸ਼ਨੂੰ ਵਾਸਤਾ ਰਿਹਾ ਘੱਤ, ਪਾਰਬ੍ਰਹਮ ਸੱਚੀ ਤੇਰੀ ਸਰਨਾਈਆ । ਸ਼ੰਕਰ ਛੱਡਿਆ ਆਪਣਾ ਹਠ, ਖੁਲ੍ਹੜੇ ਕੇਸ ਖ਼ਾਕੀ ਖ਼ਾਕ ਰਿਹਾ ਰਮਾਈਆ । ਦੋ ਜਹਾਨਾਂ ਸ੍ਰੀ ਭਗਵਾਨਾ ਤੇਰਾ ਖੇਲ ਵੇਖਿਆ ਅਕਥ, ਤੇਰੀ ਮਹਿਮਾ ਕਥੀ ਨਾ ਜਾਈਆ । ਪਾਰਬਤੀ ਵੇਖੀ ਤੇਰੀ ਰਤ, ਮੇਰੀ ਰਤ ਵਿਚ ਸਮਾਈਆ । ਤੇਰਾ ਰੂਪ ਬਾਵਾ ਆਦਮ ਨਾ ਕੋਈ ਤੱਤ, ਤੇਰੀ ਇਛਿਆ ਮੇਰੀ ਸੇਵਾ ਸਰਬ ਲੋਕਾਈਆ । ਤੂੰ ਸਰਬ ਜੀਆਂ ਦਾ ਕਮਲਾਪਤ, ਕਵਲ ਨੈਣ ਤੇਰੀ ਵਡਿਆਈਆ । ਤੂੰ ਆਪਣੇ ਘਰ ਆਪਣੇ ਮੰਦਰ ਆਪਣੇ ਗ੍ਰਿਹ ਆਪਣਾ ਸੱਥਰ ਬੈਠਾ ਘਤ, ਤੇਰਾ ਭੇਵ ਕੋਈ ਨਾ ਪਾਈਆ । ਜੁਗ ਚੌਕੜੀਆਂ ਬੈਠੇ ਕੋਟਨ ਕੋਟ ਤੂੰ ਬਦਲੀ ਨਾ ਅਜੇ ਕਰਵਟ, ਤੇਰੀ ਕਰਵਟ ਨਜ਼ਰ ਕਿਸੇ ਨਾ ਆਈਆ । ਕਲਜੁਗ ਅੰਤਮ ਹੋ ਪਰਗਟ, ਕਰੇ ਖੇਲ ਬੇਪਰਵਾਹੀਆ । ਆਪਣਾ ਰੂਪ ਧਰਿਆ ਆਪ ਪੁਰਖ ਸਮਰਥ, ਸੀਸ ਤਾਜ ਜਗਦੀਸ਼ ਟਿਕਾਈਆ । ਆਦਿ ਸ਼ਕਤ ਲਾਲ ਵੇਖੇ ਆਪਣੀ ਰਕਤ, ਲਾਲ ਗੁਲਾਲਾ ਬੇਪਰਵਾਹੀਆ । ਸਤਿਜੁਗ ਤ੍ਰੇਤਾ ਦੁਆਪਰ ਪੁੱਛਦਾ ਆਇਆ ਵਾਤ, ਕਾਇਆ ਸਿੰਚ ਕਿਆਰੀ ਹਰੀ ਕਰਾਈਆ । ਕੋਈ ਕਹੇ ਰਾਮ ਜਾਇਆ ਦਸਰਥ, ਕੋਈ ਨੰਦ ਯਸ਼ੋਧਾ ਦਏ ਵਡਿਆਈਆ । ਜਿਸ ਉਪਜਾਇਆ ਆਪਣਾ ਤੱਤ, ਤਿਸ ਭੁੱਲੀ ਸਰਬ ਲੋਕਾਈਆ । ਵੀਹ ਅਵਤਾਰ ਸਤਿਜੁਗ ਤ੍ਰੇਤਾ ਚਲਾਉਂਦੇ ਆਏ ਰਥ, ਦੁਆਪਰ ਵੇਦ ਵਿਆਸ ਕਰੇ ਲਿਖਾਈਆ । ਕਾਹਨਾ ਕ੍ਰਿਸ਼ਨਾ ਆਪਣਾ ਰੂਪ

ਵਟਾਏ ਘਟ ਘਟ, ਮੁਕੰਦ ਮਨੋਹਰ ਲਖਮੀ ਨਰਾਇਣ ਬੰਸਰੀ ਨਾਮ ਇਕ ਜਣਾਈਆ । ਅੰਤਮ ਸਾਰੇ ਲੋਕਮਾਤ ਆਪਣਾ ਸੱਥਰ ਗਏ ਘੱਤ, ਥਿਰ ਕੋਇ ਰਹਿਣ ਨਾ ਪਾਈਆ । ਪੰਜ ਤੱਤ ਚੋਲਾ ਦਿਸੇ ਨਾ ਰਤ, ਰੂਪ ਰੰਗ ਨਾ ਕੋਇ ਵਡਿਆਈਆ । ਨਾ ਕੋਈ ਸੀਤਾ ਰਖਾਏ ਜਤ, ਨਾ ਕੋਈ ਰਾਧਾ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਮਿਲਿਆ ਹਰਿ ਕਮਲਾਪਤ, ਆਦਿ ਜੁਗਾਦਿ ਜੁਗਾ ਜੁਗੰਤਰ ਸੋ ਸੁਹਾਗਣ ਘਰ ਸਾਚੇ ਬੈਠੀ ਘਰ ਆਪਣਾ ਕੰਤ ਹੰਢਾਈਆ । ਸਤਿਜੁਗ ਤ੍ਰੇਤਾ ਦੁਆਪਰ ਏਕਾ ਕੰਤ ਹੰਢਾਇਆ, ਲੱਖ ਚੁਰਾਸੀ ਕਰ ਪਸਾਰ । ਵਿਸ਼ਨ ਬ੍ਰਹਮਾ ਸ਼ਿਵ ਨਾਲ ਸੇਵਾ ਕਰਦਾ ਆਇਆ, ਜਿਸ ਮਿਲਿਆ ਹਰਿ ਕਰਤਾਰ । ਲੇਖਾ ਲੇਖੇ ਵਿਚ ਰਿਹਾ ਲਿਖਾਇਆ, ਲੇਖਾ ਲਿਖਣ ਤੋਂ ਰੱਖਿਆ ਬਾਹਰ । ਕਾਗਦ ਕ਼ਲਮ ਸ਼ਾਹੀ ਨਾ ਕੋਇ ਲਿਖਾਇਆ, ਨਿਹਕਰਮੀ ਕਰਮਾਂ ਲਏ ਵਿਚਾਰ । ਬਰਨਾਂ ਵਰਨਾਂ ਵਿਚ ਨਾ ਕਦੇ ਫਸਾਇਆ, ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਵੰਡ ਵੰਡੇ ਨਾ ਕਦੇ ਵਿਚ ਸੰਸਾਰ । ਘਟ ਘਟ ਦੀਨ ਦਿਆਲਾ ਆਪਣੀ ਜੋਤ ਕਰੇ ਰੁਸ਼ਨਾਇਆ, ਅਗੰਮ ਅਗੰਮੜਾ ਘਰ ਉਜਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰਾ ਵੇਖੇ ਜਗਤ ਵਿਹਾਰ । ਕਲਜੁਗ ਵਿਹਾਰਾ ਹਰਿ ਨਿਰੰਕਾਰਾ, ਜਗਤ ਜੁਗ ਚਲਾਈਆ । ਲੇਖਾ ਜਾਣੇ ਧੁਰ ਦਰਬਾਰਾ, ਲੋਕਮਾਤ ਖੇਲ ਖਿਲਾਈਆ । ਕਾਗਦ ਕ਼ਲਮ ਨਾ ਲਿਖਣਹਾਰਾ, ਵੇਦ ਪੁਰਾਨ ਸ਼ਾਸਤਰ ਸਿਮਰਤ ਦੇਣ ਗਵਾਹੀਆ । ਹਰਿ ਕਾ ਰੂਪ ਨਾ ਕਿਸੇ ਵਿਚਾਰਾ, ਰੰਗ ਰੇਖ ਨਾ ਕੋਇ ਵਖਾਈਆ । ਆਪਣੇ ਭੇਦ ਆਪਣੇ ਹੱਥ ਰੱਖੇ ਪਰਵਰਦਿਗਾਰਾ, ਬੇਐਬ ਸੱਚਾ ਸ਼ਹਿਨਸ਼ਾਹੀਆ । ਮੁਕਾਮੇ ਹੱਕ ਹੋ ਤਿਆਰਾ, ਹੱਕ ਹਕ਼ੀਕ਼ਤ ਲਏ ਪਰਗਟਾਈਆ । ਏਕਾ ਨੂਰ ਏਕਾ ਜਲਵਾ ਏਕਾ ਇਸਮ ਕਰ ਤਿਆਰਾ, ਆਜ਼ਮ ਆਪਣੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗ ਕਰਤਾ ਨਾਉਂ ਵਡਿਆਈਆ । ਮੁਕਾਮੇ ਹੱਕ ਹੱਕ ਖ਼ੁਦਾ, ਜਲਵਾ ਨੂਰ ਨੂਰ ਅਲਾਹੀਆ । ਆਪਣਾ ਮੰਦਰ ਆਪ ਪ੍ਰਗਟਾ, ਆਪਣੇ ਮੰਦਰ ਕਰੇ ਰੁਸ਼ਨਾਈਆ । ਆਪਣਾ ਸਜਦਾ ਆਪ ਕਰਾ, ਆਪੇ ਬੈਠਾ ਸੀਸ ਝੁਕਾਈਆ । ਆਪਣਾ ਕਲਮਾ ਆਪ ਸੁਣਾ, ਆਪੇ ਜਾਣੇ ਕਲਾਮ ਆਪਣੀ ਬਣਤ ਆਪ ਬਣਾ, ਲੋਕਮਾਤ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਆਪਣਾ ਜਲਵਾ ਨੂਰ ਉਪਾਇਆ, ਨੂਰ ਨੁਰਾਨਾ ਬੇਪਰਵਾਹ । ਆਲਮ ਆਲਮੀਨ ਉਲਮਾ ਵੇਖ ਵਖਾਇਆ, ਹਜ਼ਰਤ ਹਜ਼ੂਰ ਸੱਚਾ ਸ਼ਹਿਨਸ਼ਾਹ । ਸਚ ਗ਼ਫ਼ੂਰ ਫੇਰਾ ਪਾਇਆ, ਆਪਣੀ ਗ਼ਫ਼ਲਤ ਦਏ ਮਿਟਾ । ਆਪਣਾ ਇਸਮ ਆਪਣੇ ਵਿਚੋਂ ਦਏ ਕਢਾਇਆ, ਵਰਆਜ਼ਮ ਆਪਣਾ ਨਾਂ ਧਰਾ । ਖ਼ਾਲਕ ਆਪਣਾ ਖੇਲ ਖਿਲਾਇਆ, ਮਖ਼ਲੂਕ ਹੋ ਰੁਸ਼ਨਾ । ਨਾ ਕੋਈ ਪਿਤਾ ਜਗਤ ਬਣਾਇਆ, ਨੂਰ ਨੂਰ ਨਾਲ ਦਏ ਮਿਲਾ । ਏਕਾ ਕੰਨਿਆ ਕੰਨ ਸੁਣਾਇਆ, ਏਕਾ ਆਇਤ ਦਏ ਸਮਝਾ । ਉਲਫ਼ਤ ਵਿਚ ਕਦੇ ਨਾ ਆਇਆ, ਅਰਸ਼ ਫ਼ਰਸ਼ ਵੇਖੇ ਕੁਰਾ ਆਪ ਸੱਚਾ ਸ਼ਹਿਨਸ਼ਾਹ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨੂਰ ਦਏ ਦਰਸਾਇਆ । ਏਕਾ ਨੂਰ ਇਕ ਇਸਲਾਮ, ਏਕਾ ਆਪਣੀ ਜੀਵ ਵਡਿਆਈਆ । ਏਕਾ ਰਵ ਸਸ ਏਕਾ ਚੰਨ ਕਰੇ ਮਹਾਨ, ਏਕਾ ਬ੍ਰਹਮ ਇਕ ਗਿਆਨ, ਏਕਾ ਨੂਰ ਨੂਰ ਮਹਾਨ, ਨੂਰੀ ਜਲਵਾ ਸ਼ਾਹ ਅਜ਼ਮਾਨ, ਸ਼ਾਹ ਪਾਤਸ਼ਾਹ ਸੱਚੀ ਵਡਿਆਈਆ । ਏਕਾ ਤੂਰਤ ਤੁਰੀਆ ਤੂਰ ਨਾਦ ਵਜਾਏ ਹਰਿ ਤਹਿਰਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਕਲਮਾ ਦਏ ਸੁਣਾਈਆ । ਏਕਾ ਹੁਕਮ ਹਰਿ ਜਣਾਇਆ, ਖ਼ੁਦੀ

ਖ਼ੁਦਾਵੰਦ ਆਪ ਗਵਾਈਆ । ਕਲਮਾ ਕਲਾਮ ਆਪ ਬਣਾਇਆ, ਕਾਇਨਾਤ ਦਏ ਸੁਣਾਈਆ । ਏਕਾ ਅਰਫ਼ ਏਕਾ ਆਰਫ਼ ਬੈਠਾ ਆਸਣ ਲਾਇਆ, ਏਕਾ ਕਰੇ ਸਚ ਸ਼ਨਵਾਈਆ । ਏਕਾ ਤੁਆਰਫ ਦਏ ਕਰਾਇਆ, ਤਾਲਬ ਤੁਲਬਾ ਕਰੇ ਪੜ੍ਹਾਈਆ । ਸਚ ਹਕੀਕਤ ਦਏ ਸਮਝਾਇਆ, ਆਪ ਆਪਣਾ ਪਰਦਾ ਲਏ ਉਠਾਈਆ । ਈਸਾ ਆਪਣਾ ਨੂਰ ਦਰਸਾਇਆ, ਨੂਰ ਨੂਰ ਵਿਚ ਮਿਲਾਈਆ । ਇਕ ਨੌਂ ਹਰਿ ਬੰਧਨ ਪਾਇਆ, ਇਕ ਨੌਂ ਦਏ ਗਵਾਹੀਆ । ਅੱਠ ਤੱਤ ਦਾ ਪੰਧ ਮੁਕਾਇਆ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਦਏ ਸਮਝਾਈਆ । ਸਤਿ ਸਤਿਵਾਦੀ ਹੋ ਰੁਸ਼ਨਾਇਆ, ਏਕਾ ਹੱਕ ਦਏ ਵਡਿਆਈਆ । ਛੇ ਘਰ ਫੋਲ ਫੁਲਾਇਆ, ਫੋਲਣਹਾਰ ਇਕ ਅਖਵਾਈਆ । ਪੰਚਮ ਮੇਲਾ ਦਏ ਮਿਲਾਇਆ, ਪਾਰਬ੍ਰਹਮ ਸੱਚਾ ਸ਼ਹਿਨਸ਼ਾਹੀਆ । ਚੌਦਾਂ ਚੌਦਾਂ ਵੇਖ ਵਖਾਇਆ, ਇਕ ਮੁਹੰਮਦ ਕਰੇ ਸ਼ਨਵਾਈਆ । ਆਪਣਾ ਚਰਨ ਅਧਵਿਚਕਾਰ ਰਖਾਇਆ, ਜ਼ਮੀਨ ਅਸਮਾਨ ਨਾ ਕੋਇ ਵਡਿਆਈਆ । ਆਫ਼ਤਾਬ ਇਕ ਚੜ੍ਹਾਇਆ, ਕਾਇਆ ਹੁਜ਼ਰਾ ਮਗ਼ਰਬ ਇਕ ਵਖਾਈਆ । ਕਾਇਆ ਕਾਅਬਾ ਮੇਲ ਮਿਲਾਇਆ, ਕੁਦਰਤ ਕ਼ਾਦਰ ਏਕਾ ਘਰ ਵਸਾਈਆ । ਏਕਾ ਰੂਪ ਲਏ ਵਟਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਹੁਕਮ ਦਏ ਸਮਝਾਈਆ । ਏਕਾ ਨੂਰ ਦਰਸਾਇਆ ਕੁਦਰਤ ਕ਼ਾਦਰ, ਕਰੀਮ ਹੱਕ ਦਵਾਇਆ । ਆਪਣਾ ਜਲਵਾ ਕਰਾਇਆ ਸਾਦਰ, ਸਿਦਕ ਸਾਚਾ ਇਕ ਨਿਭਾਇਆ । ਏਕਾ ਇਲਮ ਪੜ੍ਹਾਇਆ ਦਾਵਰ, ਦਵਰ ਦਏ ਵਖਾਇਆ । ਆਪੇ ਮੀਤ ਪਿਤ ਆਪੇ ਮਾਦਰ, ਪਿਸਰ ਪਿਦਰ ਆਪ ਸਮਝਾਇਆ । ਆਪੇ ਸ਼ਾਹ ਆਪੇ ਨਾਜ਼ਰ, ਆਪੇ ਦਏ ਸਮਝਾਇਆ । ਆਪੇ ਹਜ਼ੂਰ ਰਿਹਾ ਹਾਜ਼ਰ, ਹਜ਼ਰਤ ਆਪਣਾ ਰੂਪ ਵਟਾਇਆ । ਆਪੇ ਮੁਹੰਮਦ ਦੇਵੇ ਸਾਚਾ ਆਡਰ, ਆਪੇ ਗਾਡ ਆਪ ਖ਼ੁਦਾਇਆ । ਆਪੇ ਹੋ ਕੇ ਬੈਠਾ ਆਪਣੀ ਬਾਡਰ, ਅੱਗੇ ਕੋਇ ਜਾਣ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਜਲਵਾ ਦਏ ਸਮਝਾਇਆ । ਹਰਿ ਆਪਣਾ ਜਲਵਾ ਆਪ ਸਮਝਾਇੰਦਾ, ਕਰੇ ਖੇਲ ਆਪ ਕਰਤਾਰ । ਈਸਾ ਆਪਣਾ ਨੂਰ ਦਰਸਾਇੰਦਾ, ਨੁਰਾਨੀ ਨੂਰ ਉਜਿਆਰ । ਮੁਹੰਮਦ ਆਪਣੇ ਚਰਨ ਕਵਲ ਬਹਾਇੰਦਾ, ਠੋਕਰ ਮਾਰੇ ਏਕਾ ਵਾਰ । ਬਜਰ ਕਪਾਟੀ ਆਪ ਤੁੜਾਇੰਦਾ, ਦੇਵੇ ਸਚ ਹੁਲਾਰ । ਆਪਣੇ ਮੰਦਰ ਆਪ ਚੜ੍ਹਾਇੰਦਾ, ਸਾਚਾ ਹੁਜ਼ਰਾ ਵਖਾਏ ਕਾਇਆ ਕਾਅਬਾ ਇਕ ਦੁਆਰਾ । ਹਜ਼ਰਤ ਅੱਗੇ ਨਜ਼ਰੀ ਆਇੰਦਾ, ਬੈਠਾ ਪਰਵਰਦਿਗਾਰ । ਆਪਣਾ ਚੋਲਾ ਕਿਰਨ ਕਿਰਨ ਵਿਚ ਸਮਾਇੰਦਾ, ਆਪੇ ਚੰਦ੍ਰ ਆਪ ਸਤਾਰਾ । ਆਪੇ ਹਰਿਆ ਰੰਗ ਭਰਾਇੰਦਾ, ਅਫ਼ਕ ਉਲਫ਼ਤ ਅਕੀਕਤ ਅਫੀਅਤ ਆਲਮੀਨ ਵੇਖੇ ਵਿਚ ਸੰਸਾਰ । ਮਹਿਬਾਨ ਬੀਦੋ ਬੀ ਖ਼ੈਰ ਯਾ ਅੱਲਾ ਖ਼ੁਦਾਏ ਪਰਵਰਦਿਗਾਰ । ਚੌਦਾਂ ਲੋਕ ਕੋਈ ਨਾ ਸਕੇ ਰੋਕ, ਅਲੀ ਲਾਏ ਦੂਜਾ ਨਾਅਰਾ । ਇਕ ਖ਼ੁਦਾਵੰਦ ਰੱਖੀ ਤੇਰੀ ਓਟ, ਤੇਰਾ ਰੂਪ ਚੜ੍ਹਾਇਆ ਮੇਰੀ ਇਛਿਆ ਤੇਰਾ ਸਤਾਰਾ । ਤੇਰਾ ਕਲਮਾ ਵਸੇ ਮੇਰੇ ਬੰਦ ਬੰਦ, ਤੂੰ ਨਬੀ ਮੀਤ ਮੁਰਾਰਾ । ਕੌਣ ਵੇਲਾ ਕੌਣ ਸਿਫ਼ਤ ਊਚ ਸੁਹਾਣੀ ਸੁਹਾਗੀ ਛੰਦ, ਪਰਗਟ ਹੋ ਸੱਚੇ ਪਰਵਰਦਿਗਾਰਾ । ਪੁਰਖ ਅਬਿਨਾਸ਼ੀ ਸਦਾ ਬਖ਼ਸ਼ੰਦ, ਆਪੇ ਬਖ਼ਸ਼ੇ ਚਰਨ ਧੂੜੀ ਖ਼ਾਕ ਸ਼ਾਰਾ । ਚੌਦਾਂ ਸਦੀਆਂ ਤੇਰਾ ਸੁਣਾਉਣਾ ਜਗਤ ਛੰਦ, ਅੱਲਾ ਹੋ ਹੋ ਐਨਲਹੱਕ ਨਾਅਰਾ । ਅੰਤਮ ਵੰਡੇ ਸਾਚੀ ਵੰਡ, ਵੰਡਣਹਾਰਾ ਇਕ ਕਰਤਾਰਾ । ਕਰੇ ਖੇਲ ਵਿਚ ਵਰਭੰਡ, ਪਰਗਟ ਹੋਵੇ ਸਿਰ ਅਮਾਮ ਅਮਾਮਾ ਸੱਚਾ ਸ਼ਾਹ ਸਿਕਦਾਰਾ । ਅਹਿਮਦ ਵੇਖੇ ਜਗਤ ਨਾਰ ਦੁਹਾਗਨ ਰੰਡ, ਤੇਰੀ ਉਮਤ ਲਾਲ ਮਹਿੰਦੀ ਰੰਗ ਰੰਗੇ

ਨਾ ਕੋਇ ਅਪਰ ਅਪਾਰਾ । ਮੁਲਾ ਸ਼ੇਖ਼ ਮੁਸਾਇਕ ਪੀਰ ਅੰਤ ਦੇਵਣ ਤੈਨੂੰ ਕੰਡ, ਤੇਰਾ ਰਹੇ ਨਾ ਕੋਈ ਸਹਾਰਾ । ਤੇਰਾ ਪੈਗ਼ੰਬਰ ਤੇਰਾ ਸਵੰਬਰ ਉਚੇ ਵਿਚ ਵਰਭੰਡ, ਤੇਰੀ ਖ਼ਾਹਿਸ਼ ਅੱਲਾ ਰਾਣੀ ਸਾਚੀ ਖੇਲ ਕਰੇ ਆਪ ਕਰਤਾਰਾ । ਆਪੇ ਪਾਏ ਬਹਿਸ਼ਤੀ ਵੰਡ, ਆਪੇ ਹਜ਼ਰਤ ਜਾਣੇ ਆਪਣੀ ਧਾਰਾ । ਆਪੇ ਧਰਤੀ ਖ਼ਾਕ ਅੰਦਰ ਆਪਣਾ ਦਿਤਾ ਵੰਡ, ਆਪੇ ਪਾਵੇ ਹਰਿ ਸਾਰਾ । ਆਪੇ ਜਗਤ ਵਿਹਾਰ ਚਲਾਏ ਸੂਰਾ ਸਰਬੰਗ, ਸ੍ਰਿਸ਼ਟੀ ਕਰੇ ਖੇਲ ਨਿਆਰਾ । ਇਕ ਬੀਵੀ ਇਕ ਖ਼ਾਵੰਦ, ਇਕ ਦੂਜੇ ਦੀ ਮੰਗਣ ਮੰਗ, ਕਰੇ ਆਪ ਆਪ ਵਿਹਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਏਕਾ ਖ਼ਾਵੰਦ ਸੱਚਾ ਸਾਚਾ ਯਾਰਾ । ਚੌਦਾਂ ਸਦੀਆਂ ਖੇਲ ਖਿਲਾਉਣਾ, ਮੁਹੰਮਦ ਹਰਿ ਜਣਾਇਆ । ਤੇਰਾ ਕਲਮਾ ਤੇਰਾ ਰੂਪ ਮਾਤ ਧਰਾਉਣਾ, ਤੇਰਾ ਤੇਰੇ ਵਿਚ ਟਿਕਾਇਆ । ਤੇਰਾ ਜਲਵਾ ਤੇਰਾ ਰੰਗ ਰੰਗਾਉਣਾ, ਤੇਰਾ ਤੇਰੀ ਸੇਵ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਗੁਣ ਦਏ ਵਖਾਇਆ । ਮੁਹੰਮਦ ਰੱਖਣਾ ਯਾਦ, ਹਰਿ ਸਾਚਾ ਸਚ ਜਣਾਇੰਦਾ । ਚੌਦਾਂ ਸਦੀਆਂ ਦਿਤੀ ਦਾਦ, ਦੇਵਣਹਾਰਾ ਭੁਲ ਨਾ ਜਾਇੰਦਾ । ਤੇਰਾ ਰੂਪ ਵੇਖੇ ਵਿਚ ਸੰਸਾਰ, ਵਸਣਹਾਰਾ ਹਰਿ ਬ੍ਰਹਿਮਾਦ, ਬ੍ਰਹਮ ਆਪਣੀ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਬੰਧਨ ਇਕ ਸਮਝਾਇੰਦਾ । ਤੇਰਾ ਬੰਧਨ ਕਲਮਾ ਕਲਾਮ, ਕਾਮਲ ਆਪਣਾ ਆਪ ਜਣਾਈਆ । ਤੇਰੀ ਸ਼ਰੀਅਤ ਤੇਰਾ ਈਮਾਨ, ਤੇਰੇ ਰੰਗ ਰੰਗਾਈਆ । ਤੇਰਾ ਘਰ ਤੇਰਾ ਮਕਾਨ, ਤੇਰੇ ਦਰ ਵਡਿਆਈਆ । ਮੇਰਾ ਹੁਕਮ ਪੈਗ਼ਾਮ, ਤੇਰਾ ਪੈਗ਼ਾਮ ਸਰਬ ਲੋਕਾਈਆ । ਤੇਰੀ ਸ਼ਰਅ ਵੇਖੇ ਆਪ ਜਹਾਨ, ਜਗਤ ਲਗਾਮ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰ ਲਏ ਬਦਲਾਈਆ । ਚਾਰ ਜੁਗ ਦੀ ਸਾਚੀ ਧਾਰ, ਚਾਰ ਜੁਗ ਪਰਨਾਇਆ । ਬ੍ਰਹਮ ਬ੍ਰਹਮਾ ਬਣ ਲਿਖਾਰ, ਵੇਦ ਵੇਦਾਂਤਾ ਇਕ ਸਮਝਾਇਆ । ਆਪੇ ਵਸਣਹਾਰਾ ਕੋਲ, ਆਪੇ ਬੈਠਾ ਮੁਖ ਛੁਪਾਇਆ । ਆਪੇ ਚਾਰੋਂ ਕੁੰਟ ਰਿਹਾ ਫਿਰਤ ਆਪੇ ਜਾਣੇ ਬੋਲ, ਏਕਾ ਸੋਹਲਾ ਦਰਸਾਇਆ । ਆਪੇ ਵਜਾਏ ਸੱਚਾ ਢੋਲ, ਆਦਿ ਜੁਗਾਦੀ ਸ਼ਬਦ ਡੰਕਾ ਨਾਦ ਵਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗ ਕਰਤਾ ਜਗਤ ਸਵੰਬਰ ਆਪਣੇ ਹੱਥ ਰਖਾਇਆ । ਜਗਤ ਸਵੰਬਰ ਨਾਨਕ ਦੁਆਰ, ਨਿਰਗੁਣ ਸਰਗੁਣ ਆਪ ਪਰਨਾਇਆ । ਜਗਤ ਨਾਰੀ ਸੱਦੀ ਸਚ ਦਰਬਾਰ, ਜਗਤ ਪੱਲੂ ਫੇਰ ਫੜਾਇਆ । ਪਹਿਲਾ ਹੁਕਮ ਦਿਤਾ ਮੰਤਰ ਸਤਿਨਾਮ ਵੰਡਾਇਆ । ਦੂਜੀ ਕੁਦਰਤ ਕਰਿਆ ਪਸਾਰ, ਕੁਦਰਤ ਮੇਰਾ ਰੂਪ ਵਖਾਇਆ । ਤੀਜੇ ਸ਼ਬਦ ਹੋਏ ਜੈਕਾਰ, ਵਰਨ ਬਰਨ ਚਾਰ ਕੁੰਟ ਇਕ ਅਲਾਇਆ । ਚੌਥੇ ਆਤਮਾ ਪਾਮਾਤਮਾ ਕਰਨਾ ਸਚ ਵਿਹਾਰ, ਜਗਤ ਵਿਛੋੜਾ ਫੰਦ ਕਟਾਇਆ । ਸੋਹੰ ਜਪਣਾ ਏਕਾ ਰਸਨ ਸ੍ਰੀ ਭਗਵਾਨ, ਦੂਸਰ ਪਾਰ ਨਾ ਕੋਇ ਕਰਾਇਆ । ਨਾਨਕ ਦੋਏ ਜੋੜ ਕਰੇ ਨਿਮਸਕਾਰ, ਪੁਰਖ ਅਬਿਨਾਸ਼ੀ ਤੇਰਾ ਸਚ ਸੱਚਾ ਦਰਬਾਰ, ਦੀਵਾ ਬਾਤੀ ਨਾ ਕੋਇ ਉਜਿਆਰ, ਸੂਰਜ ਚੰਨ ਨਾ ਕੋਇ ਪਸਾਰ, ਜੰਗਲ ਜੂਹ ਨਾ ਕੋਇ ਉਜਾੜਿਆ । ਨਾ ਕੋਈ ਦਿਸੇ ਡੂੰਘੀ ਗ਼ਾਰ, ਨਾ ਕੋਈ ਪੁਰਖ ਨਾ ਕੋਈ ਨਾਰ, ਨਾ ਕੋਈ ਸਖ਼ੀਆਂ ਮੰਗਲ ਗਾਇਆ । ਅੱਗੇ ਬੈਠਾ ਇਕ ਨਿਰੰਕਾਰ, ਛੈਲ ਛਬੀਲਾ ਪਰਵਰਦਿਗਾਰ, ਪੰਜ ਤੱਤ ਨਾ ਕੋਇ ਵਿਹਾਰ, ਮੁੱਛ ਦਾੜ੍ਹੀ ਨਾ ਕੋਇ ਅਧਾਰ, ਹੱਥ ਪੈਰ ਨਾ ਰੱਖੇ ਵਿਚ ਸੰਸਾਰ, ਨੇਤਰ ਨੈਣ ਨਾ ਲਏ ਉਘਾੜ, ਜੋਤੀ ਜੋਤ ਡਗਮਗਾਇਆ । ਏਕਾ ਦਿਤਾ ਧੁਰ ਫ਼ਰਮਾਨ, ਨਾਨਕ ਸੁਣਨਾ ਕਰ

ਧਿਆਨ, ਪੂਰਨ ਦੇਣਾ ਬ੍ਰਹਮ ਗਿਆਨ, ਲੱਖ ਚੁਰਾਸੀ ਕਰ ਵਖਾਨ, ਸਰਬ ਜੀਆਂ ਦਾ ਏਕਾ ਜਾਣੀ ਜਾਣ, ਦੂਸਰ ਅਵਰ ਨਾ ਕੋਇ ਜਣਾਇਆ । ਆਤਮ ਅੰਤਮ ਕਰੇ ਕਲਿਆਣ, ਕੋਟਨ ਕੋਟ ਰਵ ਸਸ ਕਾਇਆ ਮੰਦਰ ਦੇਵੇ ਜੋਤੀ ਭਾਨ, ਘਰ ਨਾਰੀ ਘਰ ਕੰਤ ਘਰ ਸੱਜਣ ਸੁਹੇਲਾ ਵਿਵਾਹਣ, ਘਰ ਸਾਚੀ ਸੇਜ ਲਏ ਸੁਹਾਇਆ । ਘਰ ਰਾਗ ਘਰ ਧੁਨਕਾਨ, ਘਰ ਗੀਤ ਗੋਬਿੰਦ ਅਲਾਇਆ । ਏਕਾ ਹੁਕਮ ਕਰ ਪਰਵਾਨ, ਲੱਖ ਚੁਰਾਸੀ ਦਏ ਸਮਝਾਇਆ । ਨਾਤਾ ਜੁੜੇ ਵਿਚ ਜਹਾਨ, ਪੁਰਖ ਅਬਿਨਾਸ਼ੀ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਲੈ ਕੇ ਆਇਆ । ਧੁਰ ਫ਼ਰਮਾਨਾ ਸੁਣੇ ਸੰਦੇਸ਼, ਨਾਨਕ ਨਿਰਗੁਣ ਸਰਗੁਣ ਖੇਲ ਖਿਲਾਇੰਦਾ । ਹਰਿ ਹਰਿ ਜੋਤੀ ਹਰਿ ਹਰਿ ਪਰਵੇਸ਼, ਹਰਿ ਹਰਿ ਹਰਿ ਹਰਿ ਮੇਲ ਮਿਲਾਇੰਦਾ । ਕਿਰਪਾਨਿਧ ਹਰਿ ਸਪੁਤਰੀ ਰਿਹਾ ਵੇਖ, ਹਰਿ ਸਾਚਾ ਸਾਹ ਸੁਧਾਇੰਦਾ । ਹਰਿ ਨਾਰੀ ਕਰੇ ਬੁੱਧ ਬਬੇਕ, ਸਾਚਾ ਡੰਕਾ ਨਾਮ ਲਗਾਇੰਦਾ । ਹਰਿ ਦੂਹਲਾ ਹਰਿ ਕੰਤ ਕਰੇ ਹੇਤ ਸ੍ਰੀ ਭਗਵੰਤ ਆਪਣੀ ਖ਼ੁਸ਼ੀ ਆਪ ਪ੍ਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਿਰਿਆ ਆਪ ਜਣਾਇੰਦਾ । ਸਾਚੀ ਕਿਰਿਆ ਕਰਮ ਜਗ ਕਰਦਾ, ਕਰਤਾ ਪੁਰਖ ਆਪ ਕਰਾਈਆ । ਸ੍ਰਿਸ਼ਟ ਸਬਾਈ ਵੇਖੇ ਹਿਰਦਾ, ਹਰ ਘਟ ਆਪਣਾ ਆਸਣ ਲਾਈਆ । ਕਲਜੁਗ ਆਪਣੀ ਵਿਦਿਆ ਆਪ ਪੜ੍ਹਦਾ, ਚਾਰੋਂ ਕੁੰਟ ਜਗਤ ਪੜ੍ਹਾਈਆ । ਤ੍ਰੈਗੁਣ ਅਗਨੀ ਅੰਦਰ ਜੀਵ ਜੰਤ ਸਭ ਸੜਦਾ, ਅਗਨੀ ਤੱਤ ਨਾ ਕੋਇ ਬੁਝਾਈਆ । ਝੂਠਾ ਲੜ ਨਾਰੀ ਕੰਤ ਕੰਤ ਨਾਰੀ ਦਾ ਫੜਦਾ, ਅੰਤ ਕੋਇ ਸੰਗ ਨਾ ਜਾਈਆ । ਇਕ ਭਗਤ ਭਗਵੰਤ ਸਾਚਾ ਵਰਦਾ, ਘਰ ਵਜਦੀ ਰਹੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਚ ਵਡਿਆਈਆ । ਸਚ ਸੰਦੇਸ਼ਾ ਹਰਿ ਸੁਣਾਇਆ, ਸੁਣਿਆ ਨਾਨਕ ਨਿਰਗੁਣ ਧਾਰ । ਲੋਕਮਾਤ ਵਿਚ ਲੈ ਕੇ ਆਇਆ, ਸਰਗੁਣ ਹੋ ਉਜਿਆਰ । ਸ੍ਰਿਸ਼ਟ ਸਬਾਈ ਦਏ ਜਣਾਇਆ, ਵਰਨ ਬਰਨ ਨਾ ਕੋਇ ਪਿਆਰ । ਏਕਾ ਪੰਚਮ ਪੰਚਮ ਦਏ ਵਖਾਇਆ, ਆਤਮ ਅੰਤਰ ਅਧਾਰ । ਬੇਟੀ ਕੰਤ ਨਾ ਕੋਇ ਤਰਾਇਆ, ਝੂਠਾ ਨਾਤਾ ਜਗਤ ਸੰਸਾਰ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਚਾਰੋਂ ਜੁਗ ਚਾਰੇ ਲਾਵਾਂ ਦਏ ਸਮਝਾਇਆ, ਬ੍ਰਹਮ ਪਾਰਬ੍ਰਹਮ ਕਰਦਾ ਆਇਆ ਪਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਨਕ ਸੁਣਾਈ ਸਚ ਗੁਫ਼ਤਾਰ । ਸਚ ਗੁਫ਼ਤਾਰ ਸੁਣਾਇੰਦਾ, ਨਾਨਕ ਸਤਿਗੁਰ ਮੀਤ ਮੁਰਾਰ । ਸ੍ਰਿਸ਼ਟ ਸਬਾਈ ਆਪ ਉਠਾਇੰਦਾ, ਸ਼ਬਦੀ ਸ਼ਬਦ ਕਰੇ ਖ਼ਬਰਦਾਰ । ਚੌਥਾ ਘਰ ਵੇਖ ਵਖਾਇੰਦਾ, ਘਰ ਮਿਲੇ ਮੀਤ ਮੁਰਾਰ । ਸੋ ਨਾਰੀ ਕੰਤ ਸੁਹਾਇੰਦਾ, ਕੰਤ ਸੁਹਾਗਨ ਵੇਖੇ ਵਿਚ ਸੰਸਾਰ । ਚੌਥੀ ਲਾਂਵ ਆਪ ਦਵਾਇੰਦਾ, ਚੌਥੇ ਜੁਗ ਬੇੜਾ ਕਰ ਜਾਏ ਪਾਰ । ਅੰਤਮ ਓਟ ਇਕ ਵਖਾਇੰਦਾ, ਉਚੀ ਕੂਕ ਗਿਆ ਪੁਕਾਰ । ਨਿਹਕਲੰਕ ਪੁਰਖ ਅਕਾਲਾ ਦੀਨ ਦਿਆਲਾ ਜਗ ਜਗਤ ਸੱਚੀ ਕਾਰ ਕਮਾਇੰਦਾ, ਸਚਖੰਡ ਤਖ਼ਤ ਬੈਠਾ ਸੱਚਾ ਸੱਚੀ ਸਰਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਜੋਤੀ ਏਕਾ ਰੂਪ ਏਕਾ ਨੂਰ ਦਸ ਅਵਤਾਰ । ਗੋਬਿੰਦ ਰੂਪ ਸੁਤ ਦੁਲਾਰਾ, ਨਿਰਗੁਣ ਨਿਰਗੁਣ ਆਪ ਉਪਾਇਆ । ਪੰਜ ਤੱਤ ਦੇਵੇ ਇਕ ਆਧਾਰਾ, ਘਟ ਘਟ ਵਿਚ ਆਪ ਟਿਕਾਇਆ । ਪੁਰਖ ਅਕਾਲ ਬਣ ਬਣ ਲਾੜਾ, ਸਾਚੀ ਲਾੜੀ ਲਏ ਪਰਨਾਇਆ । ਮਿਲਿਆ ਮੇਲ ਇਕ ਦੁਆਰਾ, ਦੂਸਰ ਵਿਛੜ ਕਦੇ ਨਾ ਜਾਇਆ । ਅੱਠੇ ਪਹਿਰ ਇਕ ਅਖਾੜਾ, ਵਾਹ ਵਾਹ ਮੰਗਲ ਏਕਾ ਗਾਇਆ । ਏਕਾ ਸ਼ਬਦ ਇਕ

ਸਤਾਰ, ਏਕਾ ਨਾਦ ਵਜਾਇਆ । ਏਕਾ ਗਾਵੇ ਏਕਾ ਸੁਨਣੇਹਾਰ, ਏਕਾ ਏਕ ਸਾਂਗ ਰਚਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਰੀਤ ਗਿਆ ਸਮਝਾਇਆ । ਗੁਰ ਗੋਬਿੰਦ ਰੀਤ ਜਗਤ ਚਲਾਈ, ਜੀਵ ਜੰਤ ਨਾ ਕੋਇ ਜਣਾਇੰਦਾ । ਚਾਰੇ ਸੁਤ ਆਪ ਪਰਨਾਈ, ਲਾੜੀ ਮਾਤ ਨਾ ਹੋਰ ਕੋਇ ਵਖਾਈਆ । ਏਕਾ ਕੰਤ ਅੰਗ ਲਗਾਈ, ਅੰਗੀਕਾਰ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਨਾਨਕ ਰੀਤ ਆਪਣੇ ਵਿਚ ਬੰਦ ਗਿਆ ਕਰਾਈਆ । ਗੋਬਿੰਦ ਲੇਖਾ ਅੱਜ ਖੁਲ੍ਹਾਉਣਾ, ਵੀਹ ਸੌ ਅਠਾਰਾਂ ਬਿਕ੍ਰਮੀ ਛੱਬੀ ਵਿਸਾਖ ਦਿਨ ਵਿਚਾਰ । ਪੁਰਖ ਅਬਿਨਾਸ਼ੀ ਆਪਣਾ ਪਰਦਾ ਲਾਹੁਣਾ, ਚਾਰ ਜੁਗ ਜੋ ਆਪਣੇ ਉਪਰ ਰੱਖਿਆ ਡਾਰ । ਸਾਚਾ ਮਾਰਗ ਇਕ ਸਮਝਾਉਣਾ, ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਕਰੇ ਪਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਹਰਿ ਕਰਤਾਰ । ਗੋਬਿੰਦ ਮੀਤਾ ਧੁਰ ਫ਼ਰਮਾਨਾ, ਲੋਕਮਾਤ ਲੋਕ ਲਾਜ ਨਾ ਕੋਇ ਰਖਾਈਆ । ਆਪਣੀ ਹੱਥੀਂ ਆਪਣਾ ਬੰਸ ਕਰ ਕੁਰਬਾਨਾ, ਆਪਣੇ ਘਰ ਖ਼ੁਸ਼ੀ ਮਨਾਈਆ । ਅਜੀਤ ਜੁਝਾਰ ਨਾ ਲੱਭਿਆ ਕੋਇ ਹਾਣੀ ਹਾਣਾ, ਜਗਤ ਮੇਲ ਨਾ ਕੋਇ ਵਖਾਈਆ । ਫ਼ਤਿਹ ਜੁਝਾਰ ਨਾ ਦਿਤਾ ਕੋਇ ਜਗਤ ਨਗਾਰਾ, ਦ੍ਰਿਸ਼ਟ ਇਸ਼ਟ ਇਕ ਸਮਝਾਈਆ । ਚਾਰ ਜੁਗ ਦਾ ਗਾਉਂਦਾ ਆਏ ਗੋਬਿੰਦ ਤੇਰਾ ਗੌਣਾ, ਚਾਰ ਵਰਨ ਰਹੇ ਕੁਰਲਾਈਆ । ਅਠਾਰਾਂ ਬਰਨ ਚੋਲਾ ਹੋਇਆ ਪੁਰਾਣਾ, ਅੰਤ ਤਨ ਰਹਿਣ ਨਾ ਪਾਈਆ । ਗੋਬਿੰਦ ਮੰਨੇ ਆਪਣੀ ਆਣਾ, ਸੀਸ ਆਪਣਾ ਅੱਗੇ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਦਏ ਖੁਲ੍ਹਾਈਆ । ਗੋਬਿੰਦ ਕਰਿਆ ਨਾ ਜਗਤ ਵਿਵਾਹ, ਆਪਣਾ ਸੁਤ ਨਾ ਕੋਇ ਪਰਨਾਇਆ । ਨਾਨਕ ਲੇਖਾ ਗਿਆ ਲਿਖਾ, ਚੌਥੀ ਲਾਂਵ ਚੌਥੇ ਪਦ ਪ੍ਰਭ ਅਬਿਨਾਸ਼ੀ ਦਏ ਮਿਲਾਇਆ । ਗੁਰਮੁਖ ਵਿਰਲਾ ਮੰਗੇ ਆਪਣੀ ਹੱਦ, ਸਾਚਾ ਕੰਤ ਲਏ ਹੰਢਾਇਆ । ਪੀਤਾ ਅੰਮ੍ਰਿਤ ਜਾਮ ਮਦਿ, ਏਕਾ ਰੰਗ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਕਰਨ ਦੀ ਖ਼ਾਤਰ, ਗੋਬਿੰਦ ਭਾਣੇ ਵਿਚ ਰਖਾਈਆ । ਕਲਜੁਗ ਜੀਵ ਨਾ ਜਾਣੇ ਕੋਇ ਚਾਤਰ, ਪੜ੍ਹ ਪੜ੍ਹ ਭੁੱਲੀ ਸਰਬ ਲੋਕਾਈਆ । ਲਿਖ ਲਿਖ ਥੱਕੇ ਚਿਠੀਆਂ ਪਾਤਰ, ਜਗਤ ਬੰਧਨ ਰਹੇ ਪਾਈਆ । ਲੇਖਾ ਜਾਣੇ ਨਾ ਕੋਇ ਜਮਾਲ ਬਾਤਨ, ਅੰਤਰਗਤ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਲਹਿਣਾ ਦਏ ਮੁਕਾਈਆ । ਕਲਜੁਗ ਅੰਤਮ ਲਹਿਣ ਚੁਕਾਇੰਦਾ, ਜਗਤ ਜਗਤ ਦੀ ਧਾਰ । ਨਿਰਗੁਣ ਆਪਣਾ ਰੂਪ ਪਰਗਟਾਇੰਦਾ, ਜੋਤੀ ਜੋਤ ਜੋਤ ਕਰ ਉਜਿਆਰ । ਪਹਿਲਾਂ ਗੁਰਮੁਖ ਆਪਣੇ ਮੇਲ ਮਿਲਾਇੰਦਾ, ਚੌਥਾ ਘਰ ਵਖਾਏ ਸੱਚਾ ਦਰਬਾਰ । ਸੁਰਤ ਸੁਵਾਣੀ ਆਪ ਪਰਨਾਇੰਦਾ, ਸ਼ਬਦ ਹਾਣੀ ਕਰ ਤਿਆਰ । ਧੁਰ ਦੀ ਬਾਣੀ ਫੇਰ ਸੁਣਾਇੰਦਾ, ਢੋਲਾ ਗਾਏ ਆਪਣੀ ਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਕਰੇ ਸਚ ਵਿਹਾਰ । ਚੌਥੜੀ ਲਾਂਵ ਪੂਰਨ ਕਰ, ਪਹਿਲੋਂ ਹਰਿ ਜੀ ਆਪਣਾ ਮੇਲ ਮਿਲਾਇਆ । ਕਾਗੋਂ ਹੰਸ ਚੁੱਕਿਆ ਡਰ, ਹੰਸ ਸਰੋਵਰ ਆਣ ਨੁਹਾਇਆ । ਆਪਣੀ ਸਰਨ ਲਗਾਇਆ ਫੜ, ਜਗਤ ਵਿਛੋੜਾ ਪੰਧ ਕਟਾਇਆ । ਮਾਨਸ ਜਨਮ ਲੇਖੇ ਲੱਗਾ ਧੜ, ਜਿਸ ਸਿਰ ਆਪਣਾ ਹੱਥ ਟਿਕਾਇਆ । ਸਤਿਜੁਗ ਤ੍ਰੇਤਾ ਦੁਆਪਰ ਮਿਲਿਆ ਵਰ, ਕਲਜੁਗ ਅੰਤਮ ਪੂਰ ਦਏ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਤੱਤ ਦਏ ਵਖਾਇਆ । ਪਹਿਲਾਂ ਆਪਣਾ ਮੇਲ

ਮਿਲਾਇਆ, ਮਿਲਿਆ ਮੇਲ ਹਰਿ ਕਰਤਾਰ । ਦੂਜੇ ਨਾਤਾ ਫਿਰ ਜੁੜਾਇਆ, ਜਗਤ ਜੁਗ ਕਰ ਵਿਚਾਰ । ਤੀਜੇ ਬੰਧਨ ਏਕਾ ਪਾਇਆ, ਆਤਮ ਪਰਮਾਤਮ ਦਏ ਅਧਾਰ । ਚੌਥਾ ਘਰ ਲਏ ਵਸਾਇਆ, ਘਰ ਮੇਲਾ ਮੀਤ ਮੁਰਾਰ । ਜਗਤ ਬੰਧਨ ਇਕ ਸਮਝਾਇਆ, ਨਾਰੀ ਕੰਤ ਕੰਤ ਨਾਰੀ ਇਕ ਵਿਚਾਰ । ਜਿਸ ਜਨ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਗਾਇਆ, ਜਨਮੇ ਮਰੇ ਨਾ ਵਿਚ ਸੰਸਾਰ । ਪੰਜ ਜੈਕਾਰੇ ਦਏ ਲਗਾਇਆ, ਸਾਚੇ ਦਰ ਹੋਏ ਪਰਵਾਨ । ਜਗਤ ਨਾਤਾ ਜਗਤ ਵਿਚ ਰਖਾਇਆ, ਜਗਤ ਨਾਤਾ ਵੇਖੇ ਆਪ ਭਗਵਾਨ । ਝੂਠਾ ਹੱਟ ਨਾ ਕੋਇ ਬਣਾਇਆ, ਝੂਠੀ ਚਲੇ ਨਾ ਕੋਇ ਦੁਕਾਨ । ਨਾਨਕ ਨਿਰਗੁਣ ਕੰਤ ਇਕ ਹੰਢਾਇਆ, ਭਰਮੇ ਭੁੱਲੇ ਜੀਵ ਅਣਜਾਣ । ਚੌਥੀ ਲਾਂਵ ਕਹਿ ਕਹਿ ਕਾਜ ਰਚਾਇਆ, ਕਿਸੇ ਹੱਥ ਨਾ ਆਇਆ ਨਿਗਹਬਾਨ । ਪੜ੍ਹਨ ਸੁਣਨ ਵਾਲਾ ਕੋਇ ਨਾ ਪਾਰ ਲਗਾਇਆ, ਪਰੇ ਬੈਠਾ ਆਪ ਮਿਹਰਬਾਨ । ਸਤਿਜੁਗ ਧਾਰਾ ਦਏ ਬੰਧਾਇਆ, ਸਾਚੀ ਸਿਖਿਆ ਵਿਚ ਜਹਾਨ । ਧੁਰ ਦਾ ਲਿਖਿਆ ਪਹਿਲੋਂ ਦਏ ਮਿਟਾਇਆ, ਸਾਚੀ ਸੰਗਤ ਕਰ ਪਰਵਾਨ । ਜਿਸ ਦਾ ਸਾਹ ਆਪ ਸੁਧਾਇਆ, ਸੋ ਸਾਹਿਬ ਕਰੇ ਸਦਾ ਕਲਿਆਨ । ਕਰਮ ਜਨਮ ਧਰਮ ਰਹਿਣ ਨਾ ਪਾਇਆ, ਧਰਮੀ ਧਰਮ ਵਖਾਏ ਇਕ ਨਿਸ਼ਾਨ । ਜਗਤ ਜੋੜੀ ਜੋੜ ਜੁੜਾਇਆ, ਜੁੜਿਆ ਜੋੜਾ ਏਕਾ ਏਕ ਨੌਜਵਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਦੇਵੇ ਧੁਰ ਫ਼ਰਮਾਨ । ਸਤਿਜੁਗ ਫ਼ਰਮਾਨ ਸੁਣਾਇੰਦਾ, ਸਾਚੀ ਰੀਤ ਪਤਿਤ ਪੁਨੀਤ । ਜੋ ਜਨ ਜਗਤ ਕਾਜ ਰਚਾਇੰਦਾ, ਕਰੇ ਖੇਲ ਅਵੱਲੜੀ ਰੀਤ । ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਾਇਆ ਨਾਤਾ ਤੋੜੇ ਸ਼ਿਵਦਵਾਲਾ ਮਠ ਗੁਰੂਦੁਆਰਾ ਮੰਦਰ ਮਸੀਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਰੰਗ ਰੰਗਾਏ ਹਸਤ ਕੀਟ । ਊਚਾਂ ਨੀਚਾਂ ਏਕਾ ਦਾਤਾ, ਘਟ ਘਟ ਅੰਤਰ ਆਪ ਸਮਾਇਆ । ਬ੍ਰਹਮ ਰੱਖੀ ਉਤਮ ਜ਼ਾਤਾ, ਪਾਰਬ੍ਰਹਮ ਮੇਲ ਮਿਲਾਇਆ । ਸੋਹੰ ਸ਼ਬਦ ਸਾਚੀ ਗਾਥਾ, ਹਿੰਦੂ ਮੁਸਲਿਮ ਸਿਖ ਈਸਾਈ ਦਏ ਪੜ੍ਹਾਇਆ । ਲੇਖਾ ਜਾਣੇ ਤ੍ਰਲੋਕੀ ਨਾਥਾ, ਚੌਦਾਂ ਤਬਕਾਂ ਫੋਲ ਫੁਲਾਇਆ । ਸਚ ਤਖ਼ਤ ਨਿਵਾਸੀ ਦੇਵੇ ਸਾਚਾ ਸਾਥਾ, ਸਗਲਾ ਸੰਗ ਨਿਭਾਇਆ । ਸਤਿਜੁਗ ਤੇਰੀ ਏਕਾ ਪੂਜਾ ਏਕਾ ਪਾਠਾ, ਏਕਾ ਮੰਤਰ ਨਾਮ ਦ੍ਰਿੜਾਇਆ । ਅਠਸਠ ਤੀਰਥ ਨਾ ਕੱਟੇ ਵਾਟਾ, ਜਮਨਾ ਸੁਰਸਤੀ ਗੰਗਾ ਗੋਦਾਵਰੀ ਕੋਇ ਨਾ ਨਹਾਵਣ ਜਾਇਆ । ਮੱਕਾ ਕਾਅਬਾ ਕੋਇ ਨਾ ਮਾਰੇ ਹਾਕਾਂ, ਉਚੀ ਕੂਕ ਨਾ ਕੋਇ ਸੁਣਾਇਆ । ਪੰਡਤ ਪਾਂਧਾ ਕੋਇ ਨਾ ਦੇਵੇ ਸਾਥਾ, ਜਗਤ ਟਲ ਨਾ ਕੋਇ ਖੜਕਾਇਆ । ਚੌਥੀ ਲਾਂਵ ਪੜ੍ਹ ਪੜ੍ਹ ਕੋਈ ਨਾ ਪਾਵੇ ਘਾਟਾ, ਗੁਰ ਕਾ ਮੰਤਰ ਨਾਮ ਭੁਲਾਇਆ । ਕਲਜੁਗ ਤੇਰੇ ਅੰਤਮ ਪੁਰਖ ਅਬਿਨਾਸ਼ੀ ਘਟ ਘਟ ਵਾਸੀ ਇਕ ਵਛਾਇਆ ਸੱਥਰ ਸਾਥਾ, ਸਾਚੇ ਸੱਥਰ ਦਏ ਸੁਹਾਇਆ । ਏਕਾ ਓਟ ਪੁਰਖ ਅਕਾਲ ਹਰਿ ਸਮਰਾਥਾ, ਦੂਸਰ ਇਸ਼ਟ ਨਾ ਕੋਇ ਮਨਾਇਆ । ਘਰ ਘਰ ਬੈਠਿਆਂ ਪੂਰਾ ਕਰੇ ਘਾਟਾ, ਜਿਸ ਜਨ ਚਰਨ ਧਿਆਨ ਲਗਾਇਆ । ਕਾਇਆ ਅੰਮ੍ਰਿਤ ਦੇਵੇ ਸਾਚਾ ਬਾਟਾ, ਨਿਝਰ ਝਿਰਨਾ ਆਪ ਝਿਰਾਇਆ । ਏਕਾ ਨੂਰ ਜੋਤ ਲਲਾਟਾ, ਘਰ ਘਰ ਵਿਚ ਕਰ ਰੁਸ਼ਨਾਇਆ । ਪੂਰਬ ਲਹਿਣਾ ਮਸਤਕ ਮਾਥਾ, ਬੁੱਧ ਬਿਬੇਕ ਰਹਿਣ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਏਕਾ ਰੰਗ ਰੰਗਾਇਆ । ਹਰਿ ਸੰਗਤ ਕਰਨਾ ਸਚ ਵਿਹਾਰ, ਹਰਿ ਸਤਿਗੁਰ ਸਾਚਾ ਆਪ ਜਣਾਈਆ । ਬਿਨ ਸੋਹੰ ਸ਼ਬਦ ਕਾਜ ਰਚਨ ਨਾ ਵਿਚ ਜਹਾਨ, ਲਾਵਾਂ ਫੇਰੇ ਨਾ ਕੋਇ ਦਵਾਈਆ । ਦੀਨ ਈਮਾਨਾ ਜਗਤ ਇਸਲਾਮਾ

੪੭੭
੧੦

ਮਜ਼੍ਹਬਾਂ ਮਜ਼ਲੂਮਾ ਕਰੇ ਖਵਾਰ, ਜ਼ਾਲਮ ਜ਼ੁਲਮ ਨਾ ਕੋਇ ਕਰਾਈਆ । ਸਤਿਜੁਗ ਸਾਚੀ ਬੰਨ੍ਹੇ ਧਾਰ, ਕਵਾਰ ਕੰਨਿਆਂ ਏਕਾ ਕੰਤ ਆਪਣੇ ਅੰਗ ਲਗਾਈਆ । ਦੁਹਾਗਣ ਦਿਸੇ ਨਾ ਕੋਇ ਵਿਭਚਾਰ, ਵੇਸਵਾ ਰੂਪ ਨਾ ਕੋਇ ਧਰਾਈਆ । ਚਾਰੋਂ ਕੁੰਟ ਚਾਰ ਵਰਨ ਏਕਾ ਦਿਸੇ ਹਰਿ ਨਿਰੰਕਾਰ, ਸ਼ੂਦਰ ਵੈਸ਼ ਨਾ ਕੋਇ ਦੁਰਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਨੰਦ ਅਨੰਦ ਅਨੰਦ ਕਾਰਜ ਸਾਧ ਸੰਗਤ ਤੇਰੀ ਰਸਨਾ ਵਿਚ ਕਰਾਈਆ । ਸਾਧ ਸੰਗਤ ਤੇਰੀ ਰਸਨਾ ਕਾਜ, ਹਰਿ ਹਰਿ ਨਾਮ ਧਿਆਏ । ਸਤਿਗੁਰ ਪੂਰਾ ਰੱਖੇ ਲਾਜ, ਆਦਿ ਜੁਗਾਦਿ ਨਾ ਮਰੇ ਨਾ ਜਾਏ । ਮੁਸਲਮੀਨ ਤੇਰਾ ਮੱਕਾ ਕਾਅਬਾ ਤੇਰੇ ਅੰਦਰ ਸਚ ਮਹਿਰਾਬ, ਸਾਚੇ ਹੁਜ਼ਰੇ ਬੈਠਾ ਨਾਅਰਾ ਰਿਹਾ ਲਗਾਏ । ਪੰਡਤ ਪਾਂਧੇ ਸੁਣ ਆਵਾਜ਼, ਅੱਠੇ ਪਹਿਰ ਵੱਜੇ ਨਾਦ, ਨਾਦ ਅਨਾਦੀ ਰਿਹਾ ਸੁਣਾਏ । ਗੁੰਬੀ ਪੰਬੀ ਆਪਣੇ ਵਿਚੋਂ ਆਇਆ ਕਾਢ, ਆਪਣੇ ਗੋਬਿੰਦ ਕਰ ਲਾਡ, ਜਗਤ ਗੋਬਿੰਦ ਨਾ ਕੋਇ ਹੰਢਾਇਆ । ਸਰਬ ਜੀਆਂ ਦਾ ਇਕ ਪਰਮਾਤਮਾ ਇਕ ਖ਼ੁਦਾ ਏਕਾ ਗਾਡ ਏਕਾ ਦੇਓ ਏਕਾ ਰੰਗ ਏਕਾ ਮੇਵਾ ਏਕਾ ਇਸਮ ਏਕਾ ਆਜ਼ਮ ਏਕਾ ਅਜ਼ੀਮ ਏਕ ਨਿਸ਼ਾਨ, ਏਕਾ ਵਾਲੀ ਦੋ ਜਹਾਨ, ਏਕਾ ਨਾਮ ਧੁਰ ਫ਼ਰਮਾਨ, ਏਕਾ ਸ਼ਬਦ ਸੱਚਾ ਨਿਸ਼ਾਨ, ਏਕਾ ਨੂਰ ਨੂਰ ਨੁਰਾਨ, ਏਕਾ ਮਸਜਿਦ ਇਕ ਮਕਾਨ, ਏਕਾ ਮੰਦਰ ਏਕਾ ਸ਼ਮਾਦਾਨ, ਏਕਾ ਰੂਪ ਸ੍ਰੀ ਭਗਵਾਨ, ਦੂਸਰ ਅਵਰ ਨਾ ਕੋਇ ਜਣਾਈਆ । ਵੀਹ ਸੌ ਵੀਹ ਬਿਕ੍ਰਮੀ ਪੰਦਰਾਂ ਕੱਤਕ ਨੌਂ ਖੰਡ ਪ੍ਰਿਥਮੀ ਦੇਵੇ ਆਪ ਫ਼ਰਮਾਨ, ਮੱਕੇ ਕਾਅਬੇ ਸਰਬ ਭੁਲ ਜਾਣ, ਮੰਦਰ ਮਸਜਿਦ ਸਰਬ ਛੱਡ ਜਾਣ, ਗੁਰੂਦੁਆਰ ਨਾ ਸਕੇ ਕੋਇ ਪਛਾਣ, ਹਰਿ ਘਟ ਨਜ਼ਰੀ ਆਵੇ ਆਪ ਭਗਵਾਨ, ਇਸ਼ਟ ਵਖਾਏ ਦੋ ਜਹਾਨ, ਜੋਤੀ ਨੂਰ ਨੂਰ ਰੁਸ਼ਨਾਈਆ । ਨੌਂ ਸੌ ਚੁਰਾਨਵੇ ਜੁਗ ਚੌਕੜੀ ਤੇਰੀ ਕਰਨ ਆਇਆ ਕਲਿਆਣ, ਬਣਿਆ ਵਿਸ਼ਨੂੰ ਆਪੇ ਦੇਵਣਹਾਰਾ ਹੁਕਮ ਫ਼ਰਮਾਨ, ਆਪੇ ਬ੍ਰਹਮਾ ਆਪੇ ਸ਼ੰਕਰ ਚਰਨਾਂ ਹੇਠਾਂ ਦੱਬੇ ਆਣ, ਆਪੇ ਕਰੋੜ ਤਤੀਸਾ ਸੁਰਪਤ ਰਾਜਾ ਇੰਦ ਰਾਜ ਨਾ ਦੇਵੇ ਆਣ, ਆਪੇ ਚਰਨਾਂ ਹੇਠਾਂ ਦੇਵੇ ਲਤਾੜ ਲੋਆਂ ਪੁਰੀਆਂ ਪ੍ਰਿਥਮੀ ਆਕਾਸ਼ ਖੰਡਾਂ ਪਏ ਮਾਰ, ਆਪੇ ਭਗਤ ਭਗਵੰਤ ਸੰਤ ਕੰਤ ਜੀਵ ਜੰਤ ਏਕਾ ਰੰਗ ਰੰਗਾਨ, ਰੰਗ ਰੰਗੀਲਾ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ ਨਰ ਨਰੇਸ਼ ਸ੍ਰਿਸ਼ਟ ਸਬਾਈ ਦਏ ਸਮਝਾਈਆ । ਸ੍ਰਿਸ਼ਟ ਸਬਾਈ ਉਠਾਵਣਾ, ਸ਼ਬਦ ਖੰਡਾ ਫੜ ਕਟਾਰ । ਰਾਜ ਰਾਜਾਨਾ ਚਰਨ ਨਿਵਾਵਣਾ, ਏਕਾ ਹੁਕਮ ਸੱਚੀ ਸਰਕਾਰ । ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਸਰਬ ਮੁਕਾਵਣਾ, ਹਿੰਦੂ ਮੁਸਲਿਮ ਸਿਖ ਨਾ ਕੋਇ ਵਿਚਾਰ । ਚਾਰ ਕੁੰਟ ਸਜਦਾ ਇਕ ਕਰਾਵਣਾ, ਦਹਿ ਦਿਸ਼ਾ ਇਕ ਜੈਕਾਰ । ਰਾਮ ਕ੍ਰਿਸ਼ਨ ਈਸਾ ਮੂਸਾ ਮੁਹੰਮਦ ਆਪਣਾ ਰੂਪ ਪ੍ਰਗਟਾਵਣਾ, ਨਾਨਕ ਗੋਬਿੰਦ ਆਪੇ ਹੋਵੇ ਜ਼ਾਹਰ ਦਸ ਗੁਰ ਕਰੇ ਸਚ ਪਿਆਰ । ਚਾਰ ਜੁਗ ਦੇ ਵਿਛੜੇ ਭਗਤ ਆਪਣੇ ਗਲੇ ਲਗਾਵਣਾ, ਕਰੇ ਖੇਲ ਸੱਚੀ ਸਰਕਾਰ । ਡੁਬਦੇ ਪਾਥਰ ਆਪ ਤਰਾਵਣਾ, ਜਿਸ ਜਨ ਬਖ਼ਸ਼ੇ ਚਰਨ ਧੂੜੀ ਸੱਚੀ ਛਾਰ । ਪੂਰਬ ਲਹਿਣਾ ਝੋਲੀ ਪਾਵਣਾ, ਪਿਛਲਾ ਲੇਖਾ ਦਏ ਆਧਾਰ । ਦਸਰਥ ਬੇਟਾ ਆਪਣੇ ਨਾਲ ਮਿਲਾਵਣਾ, ਕੁਸ਼ੱਲਿਆ ਤੇਰਾ ਰੂਪ ਅਪਾਰ । ਤੇਰੀ ਕਸ਼ ਕਸ਼ਾ ਦਿਸ਼ਾ ਵੇਖ ਵਖਾਵਣਾ, ਕਥਾ ਜਾਣੇ ਸਰਬ ਸੰਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚੀ ਸਰਕਾਰ । ਸਚ ਖੇਲ ਕਰਨੇ ਆਇਆ, ਕਲਜੁਗ ਅੰਤਮ ਜਾਮਾ ਪਾ । ਪਿਛਲਾ ਲੇਖਾ ਮੇਟਣ ਆਇਆ, ਅਗਲਾ ਦਏ ਸਮਝਾ । ਖੇਵਟ ਖੇਟਾ ਬਣ ਕੇ ਆਇਆ, ਪੁਰਖ ਅਬਿਨਾਸ਼ੀ ਇਕ ਮਲਾਹ । ਗੁਰਸਿਖ ਬੇਟੀ ਬੇਟਾ ਆਪਣੇ

ਦਰ ਲਏ ਬਹਾਇਆ, ਨਾਤਾ ਬਿਧਾਤਾ ਦਏ ਜੁੜਾ । ਸਾਧ ਸੰਗਤ ਸਾਚਾ ਹੁਕਮ ਦਏ ਸੁਣਾਇਆ, ਗ਼ਰੀਬ ਨਿਮਾਣੇ ਆਪਣੇ ਗਲੇ ਲਗਾ । ਏਕਾ ਕਾਜ ਏਕਾ ਵਾਰ ਦਏ ਵਖਾਇਆ, ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਆਪ ਵਟਾ ।

★ ੨੯ ਵਿਸਾਖ ੨੦੧੮ ਬਿਕ੍ਰਮੀ ਹਜ਼ੂਰ ਸਾਹਿਬ ਨੂੰ ਸ਼ਬਦ ਭੇਜਿਆ ★

ਸਚਖੰਡ ਨਿਵਾਸੀ ਲੋਕਮਾਤ ਆਇਆ, ਨਿਹਕਲੰਕ ਜਾਮਾ ਧਾਰ । ਗੋਬਿੰਦ ਸੂਰਾ ਨਾਲ ਮਿਲਾਇਆ, ਜੋਧਾ ਸੂਰ ਬਲੀ ਬਲਕਾਰ । ਨੰਦੇੜ ਨਿਵਾਸੀ ਕਿਸੇ ਨਜ਼ਰ ਨਾ ਆਇਆ, ਕਲਜੁਗ ਸੁੱਤੇ ਪੈਰ ਪਸਾਰ । ਸਚ ਸੰਦੇਸ਼ ਰਿਹਾ ਸੁਣਾਇਆ, ਹੋਣਾ ਖ਼ਬਰਦਾਰ । ਇਕ ਨਰੇਸ਼ ਫੇਰਾ ਪਾਇਆ, ਨੌਂ ਖੰਡ ਪ੍ਰਿਥਮੀ ਮਾਰੇ ਮਾਰ । ਪੰਥ ਖ਼ਾਲਸਾ ਭੁਲ ਰਹੇ ਨਾ ਰਾਇਆ, ਕਰਿਆ ਖੇਲ ਆਪ ਕਰਤਾਰ । ਕਰਤਾ ਪੁਰਖ ਕਰਨੀ ਕਰਨੇ ਆਇਆ, ਨਿਹਕਲੰਕਾ ਜਾਮਾ ਪਾ । ਅੰਮ੍ਰਿਤਸਰ ਸਰ ਰਿਹਾ ਸਮਝਾਇਆ, ਸ਼ਬਦ ਠੋਕਰ ਇਕ ਲਗਾ । ਸਭ ਦਾ ਮਾਣ ਦਏ ਗਵਾਇਆ, ਅਭਿਮਾਣ ਸਕੇ ਨਾ ਕੋਇ ਜਣਾ । ਰਾਜ ਰਾਜਾਨਾ ਦਏ ਵਖਾਇਆ, ਏਕਾ ਖੰਡਾ ਨਾਮ ਚਮਕਾ । ਪਹਿਲੀ ਚੇਤਰ ਰਾਸ਼ਟਰਪਤ ਸਮਝਾ ਕੇ ਆਇਆ, ਅੰਤਮ ਤਖ਼ਤੋਂ ਦੇਵੇ ਲਾਹ । ਵੀਹ ਸੌ ਵੀਹ ਬਿਕ੍ਰਮੀ ਪੰਦਰਾਂ ਕੱਤਕ ਆਪਣਾ ਚਰਨ ਲਏ ਟਿਕਾਇਆ, ਦਿਲੀ ਦੁਆਰੇ ਫੇਰਾ ਪਾ । ਨੌਂ ਖੰਡ ਪ੍ਰਿਥਮੀ ਆਪਣਿਆਂ ਚਰਨਾਂ ਹੇਠਾਂ ਲਏ ਦਬਾਇਆ, ਭਰਮ ਭੁੱਲੇ ਕੋਈ ਨਾ । ਏਕਾ ਵਾਰ ਸੰਦੇਸ਼ਾ ਰਿਹਾ ਸੁਣਾਇਆ, ਸ੍ਰਿਸ਼ਟ ਸਬਾਈ ਦਿਓ ਸੁਣਾ । ਗੋਬਿੰਦ ਸੂਰਾ ਗੋਬਿੰਦ ਰੂਪ ਨਿਰਗੁਣ ਧਾਰ ਹੋ ਲੋਕਮਾਤ ਆਇਆ, ਸੰਬਲ ਨਗਰੀ ਬੈਠਾ ਡੇਰਾ ਲਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਏ ਵਖਾ । ਸ੍ਰਿਸ਼ਟ ਸਬਾਈ ਦੇਣਾ ਸੰਦੇਸ਼ਾ, ਨਿਹਕਲੰਕ ਜੋਤ ਜਗਾਈਆ । ਮਾਣ ਗਵਾਏ ਵਿਸ਼ਨ ਬ੍ਰਹਮਾ ਸ਼ਿਵ ਮਹੇਸ਼ਾ, ਕਰੋੜ ਤਤੀਸਾ ਰਹਿਣ ਨਾ ਪਾਈਆ । ਨਿਰਗੁਣ ਨਿਰਵੈਰ ਪੁਰਖ ਅਕਾਲ ਵਟਾਇਆ ਵੇਸਾ, ਦੀਨ ਦਿਆਲ ਲੋਕਮਾਤ ਕਰੇ ਸੱਚੀ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸ਼ਾਹ ਪਾਤਸ਼ਾਹ ਆਪ ਅਖਵਾਈਆ । ਨਿਹਕਲੰਕ ਸੂਰਬੀਰ ਬਲਵਾਨਾ, ਸੋ ਪੁਰਖ ਨਿਰੰਜਣ ਮਾਤ ਆਇਆ । ਹਰਿ ਪੁਰਖ ਨਿਰੰਜਣ ਨੌਜਵਾਨਾ, ਆਦਿ ਜੁਗਾਦਿ ਵੇਸ ਵਟਾਇਆ । ਏਕੰਕਾਰਾ ਖੇਲ ਮਹਾਨਾ, ਜੀਵ ਜੰਤ ਭੇਵ ਨਾ ਰਾਇਆ । ਆਦਿ ਨਿਰੰਜਣ ਨੂਰ ਮਹਾਨਾ, ਜੋਤ ਨੂਰ ਨੂਰ ਰੁਸ਼ਨਾਇਆ । ਸ੍ਰੀ ਭਗਵਾਨ ਦੇਵੇ ਧੁਰ ਫ਼ਰਮਾਨਾ, ਸਚਖੰਡ ਨਿਵਾਸੀ ਭੁਲ ਨਾ ਜਾਇਆ । ਅਬਿਨਾਸ਼ੀ ਕਰਤਾ ਹੋ ਮਿਹਰਬਾਨਾ, ਲੋਕਮਾਤ ਵੇਖ ਵਖਾਇਆ । ਪਾਰਬ੍ਰਹਮ ਬ੍ਰਹਮ ਬੰਨ੍ਹੇ ਗਾਨਾ, ਆਤਮ ਪਰਮਾਤਮ ਲਏ ਪਰਨਾਇਆ । ਜਗਤ ਗਿਆਨੀ ਬਣ ਬੈਠੇ ਨਿਧਾਨਾ, ਹਰਿ ਕਾ ਭੇਵ ਕਿਸੇ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਏਕਾ ਡੰਕਾ ਦਏ ਵਜਾਇਆ । ਏਕਾ ਡੰਕਾ ਨਾਮ ਵਜਾਇਆ, ਹਜ਼ੂਰ ਸਾਹਿਬ ਰਹਿਣਾ ਖ਼ਬਰਦਾਰ । ਜਗਤ ਸ਼ੰਕਾ ਦਏ ਕਢਾਇਆ, ਪੁਰਖ ਅਬਿਨਾਸ਼ੀ ਹੋ ਤਿਆਰ । ਆਦਿ ਅੰਤ ਆਪਣੇ ਹੱਥ ਰਖਾਇਆ, ਮਧ ਖੇਲੇ ਖੇਲ ਸਰਬ ਸੰਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੂਜੀ ਵੇਰ ਆਪਣਾ ਦੱਸੇ ਸਾਰਾ ਹਾਲ । ਦੂਜੀ ਵੇਰ ਪੁਛਣਾ ਹਾਲ, ਹਾਲ ਹਾਲ ਵਿਚ ਸਮਝਾਈਆ । ਤ੍ਰੈਕਾਲ ਦਰਸੀ ਦੱਸੇ ਸਭ

ਨੂੰ ਕਾਲ, ਕੌਣ ਵੇਲੇ ਕਾਲ ਖਾਈਆ । ਜਿਸ ਦੀ ਘਾਲਣਾ ਰਹੇ ਘਾਲ, ਸੋ ਗੋਬਿੰਦ ਆਇਆ ਸੱਚਾ ਮਾਹੀਆ । ਜਿਸ ਦੀ ਦੋ ਸੌ ਪੈਂਸਠ ਸਾਲ ਕਰਦੇ ਰਹੇ ਭਾਲ, ਸੋ ਬੈਠਾ ਸੀਸ ਤਾਜ ਟਿਕਾਈਆ । ਜਗਤ ਅਵੱਲੜੀ ਚਲੀ ਚਾਲ, ਆਪਣਾ ਖੰਡਾ ਹੱਥ ਚਮਕਾਈਆ । ਕਿਸੇ ਪੱਤ ਨਾ ਰਹਿਣ ਦੇਵੇ ਡਾਲ੍ਹ, ਸਿੰਮਲ ਰੁੱਖ ਸਰਬ ਵਖਾਈਆ । ਜਿਸ ਦਾ ਨਾਂ ਰੱਖਿਆ ਮਹਾਕਾਲ, ਸੋ ਮਹਾਕਾਲ ਹੋ ਜਾਈਆ । ਜਿਸ ਨੂੰ ਕਹਿੰਦੇ ਰਹੇ ਦੀਨ ਦਿਆਲ, ਦੀਨਾਂ ਉਤੇ ਰਛਿਆ ਰਿਹਾ ਕਮਾਈਆ । ਜਿਸ ਨੂੰ ਕਹਿੰਦੇ ਕਰਦਾ ਸਰਬ ਪ੍ਰਿਤਪਾਲ, ਸ੍ਰਿਸ਼ਟ ਸਬਾਈ ਵੇਖੇ ਆਪ ਲੋਕਾਈਆ । ਜਿਸ ਨੂੰ ਕਹਿੰਦੇ ਸ਼ਾਹੋਂ ਕਰੇ ਕੰਗਾਲ, ਕੰਗਾਲ ਸ਼ਾਹ ਦਏ ਬਣਾਈਆ । ਗੁਰਸਿਖ ਲੱਖ ਚੁਰਾਸੀ ਵਿਚੋਂ ਲਏ ਭਾਲ, ਆਪ ਆਪਣੀ ਦਇਆ ਕਮਾਈਆ । ਆਪਣੇ ਚਰਨ ਬਠਾਏ ਆਪਣੇ ਲਾਲ, ਲਾਲ ਆਪਣੇ ਭੇਟ ਕਰਾਈਆ । ਸਾਧ ਸੰਗਤ ਹੋਣ ਨਾ ਦੇਣਾ ਵਿੰਗਾ ਵਾਲ, ਸੇਵਾ ਕਰੇ ਬਣ ਬਣ ਜਗਤ ਸੱਚਾ ਮਾਹੀਆ । ਪੰਥ ਖ਼ਾਲਸਾ ਮਾਝਾ ਦਲੇ ਤੇਰੀ ਦਾਲ, ਕਲਜੁਗ ਚੱਕੀ ਆਪ ਚਲਾਈਆ । ਸ਼ਾਹ ਪਾਤਸ਼ਾਹ ਹੋਣ ਬੇਹਾਲ, ਧੀਰਜ ਧੀਰ ਨਾ ਕੋਇ ਧਰਾਈਆ । ਚਾਰੋਂ ਕੁੰਟ ਸਿੰਘ ਸ਼ੇਰ ਤੇਰੀ ਹੋਵੇ ਭਾਲ, ਕਲਜੁਗ ਝੱਲ ਵਿਚ ਸਿੰਘ ਸ਼ੇਰ ਨਜ਼ਰ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੱਚਖੰਡ ਨੰਦੇੜ ਆਪਣਾ ਸੰਦੇਸ਼ ਰਿਹਾ ਪੁਚਾਈਆ ।

ਇੰਦਰ ਸਿੰਘ ਆਸਣ ਇਕ ਲੱਧਾ, ਦੂਸਰ ਓਟ ਨਾ ਕੋਈ ਰਖਾਇੰਦਾ । ਅੱਠੇ ਪਹਿਰ ਪ੍ਰੇਮ ਦੇ ਵਿਚ ਬੱਧਾ, ਹਿਰਦੇ ਹਰੀ ਹਰਿ ਧਿਆਇੰਦਾ । ਆਪੇ ਧੁਰਦਰਗਾਹੀ ਨੇ ਦਿਤਾ ਮਾਤ ਸੱਦਾ, ਸ਼ਬਦ ਸੰਦੇਸ਼ ਇਕ ਪੁਚਾਇੰਦਾ । ਕਾਮ ਕਰੋਧ ਲੋਭ ਮੋਹ ਹੰਕਾਰ ਵਿਚੋਂ ਕੱਢਾ, ਪ੍ਰੇਮ ਪਿਆਰ ਦਾ ਬੰਧਨ ਪਾਇੰਦਾ । ਮਾਤ ਪਿਤ ਭੈਣ ਭਾਈ ਸਾਕ ਸੱਜਣ ਸੈਣ ਛੱਡਾ, ਓਟ ਇਕ ਅਕਾਲ ਰਖਾਇੰਦਾ । ਬਿਰਧ ਜਨਮ ਨੂੰ ਬਣਾਇਆ ਫੇਰ ਨੱਢਾ, ਜਨਮ ਜਨਮ ਦੇ ਵਿਚ ਬਦਲਾਇੰਦਾ । ਆਪੇ ਵਿਸ਼ਨ ਬ੍ਰਹਮਾ ਸ਼ਿਵ ਲੰਘ ਕੇ ਗਏ ਪਾਰ ਹੱਦਾ, ਸਚਖੰਡ ਵਿਚ ਚਰਨ ਟਿਕਾਇੰਦਾ । ਧਰਮ ਨਿਸ਼ਾਨਾ ਹੱਥ ਵਿਚ ਇਕ ਗੱਡਾ, ਪੁਰਖ ਅਕਾਲ ਹੱਥ ਫੜਾਇੰਦਾ । ਅੱਠੇ ਪਹਿਰ ਲਡਾਏ ਸੱਚੀ ਗੋਦ ਲੱਡਾ, ਲਾਡ ਲਾਡਲਾ ਇਕ ਸਮਝਾਇੰਦਾ । ਅੰਮ੍ਰਿਤ ਜਾਮ ਪਿਆਇਆ ਇਕ ਮਦਾ, ਦੂਸਰ ਰਸ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਜਨਮ ਦਾ ਭੇਵ ਖੁਲ੍ਹਾਇੰਦਾ । ਆਪੇ ਪੂਰਬ ਜਨਮ ਦਾ ਲੇਖ ਲਿਖਾਉਣਾ, ਲਿਖਿਆ ਲੇਖੇ ਵਿਚ ਨਾ ਆਈਆ । ਆਪਣੀ ਇਛਿਆ ਆਪਣੇ ਸੰਗ ਰਖਾਉਣਾ, ਇਛਿਆ ਰੂਪ ਨਾ ਕੋਇ ਜਣਾਈਆ । ਆਪਣੀ ਭਿਛਿਆ ਆਪਣੀ ਝੋਲੀ ਪਾਉਣਾ, ਆਪੇ ਭਿਛਿਆ ਕਰੇ ਸਬਾਈਆ । ਆਪਣੀ ਦਛਿਆ ਆਪ ਬੰਧਾਵਨਾ, ਦੂਸਰ ਨਾ ਕੋਈ ਰਖਾਈਆ । ਆਪਣੇ ਚਰਨਾਂ ਆਪ ਬੰਧਾਵਨਾ, ਆਪਣੀ ਹੱਥੀਂ ਬੰਧਨ ਪਾਈਆ । ਆਪਣੀ ਸੇਵਾ ਆਪ ਕਮਾਵਨਾ, ਬਾਂਦੀ ਬਣ ਕੇ ਆਇਆ ਸੱਚਾ ਮਾਹੀਆ । ਫੜ ਕੇ ਚੋਟੀ ਅਖ਼ੀਰ ਇਕ ਚੜ੍ਹਾਵਨਾ, ਪੁਰਖ ਅਬਿਨਾਸ਼ੀ ਦਇਆ ਕਮਾਈਆ । ਹਕੀਰਾਂ ਸ਼ਾਹ ਦਏ ਬਣਾਇਆ, ਸ਼ਹਿਨਸ਼ਾਹ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇੰਦਰ ਇੰਦਰ ਰੂਪ ਸਮਾਈਆ । ਇੰਦਰ ਸਿੰਘ ਸਿੰਘ ਸਾਚਾ ਪਾਇਆ, ਪਾਰਬ੍ਰਹਮ ਬੇਅੰਤ । ਆਪਣੇ ਅੰਗ ਨਾਲ ਅੰਗ ਮਿਲਾਇਆ, ਚੜ੍ਹੇ ਰੰਗ ਬਸੰਤ । ਸਾਚੀ ਸੇਜਾ ਰਿਹਾ ਸੁਹਾਇਆ, ਮਹਿਮਾ ਜਾਣੇ ਨਾ ਕੋਈ ਅਗਣਤ । ਸਾਚੀ ਨਾਰੀ ਸੇਵ ਕਮਾਇਆ, ਪੁਰਖ ਅਬਿਨਾਸ਼ੀ ਵਰਿਆ ਏਕਾ ਕੰਤ । ਸ੍ਰੀ ਭਗਵਾਨ ਪੱਲੂ ਹੱਥ ਫੜਾਇਆ, ਦਿਸ ਨਾ ਆਏ ਜੀਵ ਜੰਤ । ਉਚੇ

੪੮੦
੧੦

ਮੰਦਰ ਲਏ ਬਹਾਇਆ, ਏਕਾ ਜਾਣੇ ਅੰਤਮ ਅੰਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇੰਦਰ ਸਿੰਘ ਪਾਇਆ ਇਕ ਭਗਵੰਤ । ਜਿਸ ਮਿਲਿਆ ਭਗਵੰਤ, ਤਿਸ ਲੇਖਾ ਕਿਆ ਕੋਈ ਜਣਾਇੰਦਾ । ਜਿਸ ਪਾਇਆ ਹਰਿ ਕੰਤ, ਤਿਸ ਸਗਨ ਕਵਣ ਮਨਾਇੰਦਾ । ਕਾਇਆ ਚੋਲੀ ਚੜ੍ਹਨਾ ਰੰਗ ਬਸੰਤ, ਤਿਸ ਲਲਾਰੀ ਕਵਣ ਰੰਗਾਇੰਦਾ । ਜਿਸ ਨਾਮ ਮਿਲਿਆ ਮਨੀਆ ਮੰਤ, ਤਿਸ ਅਠੋਤਰੀ ਮਾਲਾ ਹੱਥ ਕਵਣ ਫੜਾਇੰਦਾ । ਜਿਸ ਦਾ ਨਾਤਾ ਜੁੜਿਆ ਆਦਿ ਅੰਤ, ਤਿਸ ਪੰਡਤ ਪਾਂਧਾ ਕਵਣ ਪੜ੍ਹਾਇੰਦਾ । ਜਿਸ ਬਣਾਈ ਮਾਨਸ ਜਨਮ ਬਣਤ, ਸੋ ਆਪਣੇ ਅੰਗ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿੰਘ ਇੰਦਰ ਮੇਲ ਮਿਲਾਇੰਦਾ ।

ਹਰਿ ਸੰਗਤ ਤੇਰਾ ਸਚ ਅਖਾੜਾ, ਲੋਕਮਾਤ ਵਡਿਆਈਆ । ਨਿਰਗੁਣ ਜੋਤ ਅਕਾਲਣ ਕਰੇ ਖੇਲ ਅਪਾਰਾ, ਰੂਪ ਅਨੂਪ ਧਰਾਈਆ । ਲੱਭਣ ਆਈ ਸਾਚਾ ਲਾੜਾ, ਨੌਂ ਖੰਡ ਪ੍ਰਿਥਮੀ ਵੇਸ ਵਟਾਈਆ । ਸੱਤ ਦੀਪ ਫਿਰ ਫਿਰ ਵੇਖਿਆ ਘਰ ਬਾਰਾ, ਜੂਨ ਅਜੂਨੀ ਫੋਲ ਫੁਲਾਈਆ । ਚਾਰੋਂ ਕੁੰਟ ਦੇ ਦੇ ਲਾਰਾ, ਜੂਠ ਝੂਠ ਰਹੇ ਗੁਣ ਗਾਈਆ । ਮਾਇਆ ਮਮਤਾ ਪਿਆ ਪੁਆੜਾ, ਹਉਮੇ ਹੰਗਤਾ ਰਹੀ ਸਤਾਈਆ । ਝਗੜਾ ਲੱਗਾ ਨਾਰੀ ਨਾਰਾ, ਨਾਰੀ ਖੌਂਤ ਨਾ ਕੋਈ ਰਸਾਈਆ । ਗੁਰਮੁਖ ਵੇਖੇ ਸਚ ਵਿਹਾਰਾ, ਅੰਤਰ ਆਤਮ ਤਾੜੀ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਜੋਤ ਅਕਾਲਣ ਬਣ ਕੇ ਦਾਸਨ, ਲੋਕਮਾਤ ਉਠ ਧਾਈਆ । ਕਰਿਆ ਖੇਲ ਪੁਰਖ ਅਬਿਨਾਸ਼ਨ, ਅਬਿਨਾਸ਼ੀ ਵਡੀ ਵਡਿਆਈਆ । ਨਿਰਗੁਣ ਨੂਰ ਹਰਿ ਹਰਿ ਪਰਕਾਸ਼ਨ, ਪਾਰਬ੍ਰਹਮ ਖੇਲ ਖਿਲਾਈਆ । ਸੰਗ ਨਿਭਾਇਆ ਘਨਕ ਪੁਰ ਵਾਸਨ, ਘਰ ਸਾਚੇ ਵੱਜੀ ਵਧਾਈਆ । ਮੇਰੀ ਕਰਨੀ ਪੂਰੀ ਆਸਨ, ਮੈਂ ਕੱਟਾਂ ਸਦਾ ਜੁਦਾਈਆ । ਨਾ ਅਮਾਵਸ ਨਾ ਪੂਰਨਮਾਸਨ, ਵਦੀ ਸੁਦੀ ਨਾ ਕੋਈ ਰਖਾਈਆ । ਨੌਂ ਨੌਂ ਨਾ ਕੋਈ ਉਦਾਸਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਜੋਤ ਅਕਾਲਣ ਪਾਇਆ ਫੇਰਾ, ਲੋਕਮਾਤ ਕਲਜੁਗ ਅੰਤਮ ਵੇਸ ਵਟਾਇਆ । ਸਿੰਘ ਸ਼ੇਰ ਮਿਲਿਆ ਇਕ ਦਲੇਰਾ, ਦਿਲਬਰ ਆਪਣੇ ਨਾਲ ਬੰਧਾਇਆ । ਕੁਦਰਤ ਕ਼ਾਦਰ ਦਿਤਾ ਗੇੜਾ, ਗੇੜਾ ਆਪਣੇ ਹੱਥ ਰਖਾਇਆ । ਆਪਣਾ ਵੇਖੇ ਖੁਲ੍ਹਾ ਵੇਹੜਾ, ਚਾਰੋਂ ਕੁੰਟ ਨੈਣ ਉਠਾਇਆ । ਬਿਨ ਗੁਰਸਿਖ ਮੇਰਾ ਕੋਈ ਨਾ ਬੰਨ੍ਹੇ ਬੇੜਾ, ਜਗਤ ਦੁਹਾਗਣ ਦਏ ਦੁਹਾਇਆ । ਬਿਨ ਗੁਰਸਿਖ ਕਾਇਆ ਮੈਨੂੰ ਦਿਸੇ ਨਾ ਕੋਈ ਖੇੜਾ, ਜਿਸ ਘਰ ਜਾਵਾਂ ਡੇਰਾ ਲਾਇਆ । ਸਿੰਘ ਇੰਦਰ ਮਿਲਿਆ ਏਕਾ ਏਕ ਵੇਰਾ, ਜਿਸ ਆਪਣਾ ਆਪ ਵਾਰ ਵਖਾਇਆ । ਨਾਤਾ ਤੁਟਾ ਮੇਰਾ ਤੇਰਾ, ਤੇਰਾ ਮੇਰਾ ਰਿਹਾ ਨਾ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਮੇਲ ਮਿਲਾਇਆ । ਗੁਰਸਿਖ ਲੱਭਿਆ ਕੰਤ ਸੁਹਾਗ, ਹਰਿ ਸਖ਼ੀਆਂ ਮੰਗਲ ਗਾਇਆ । ਜੋਤ ਅਕਾਲਣ ਤੇਰਾ ਪੂਰਾ ਹੋਇਆ ਵੈਰਾਗ, ਘਰ ਗੁਰਮੁਖ ਸੱਚਾ ਪਾਇਆ । ਜਨਮ ਜਨਮ ਦਾ ਧੋਇਆ ਦਾਗ਼, ਨਿਰਮਲ ਅੰਮ੍ਰਿਤ ਨੀਰ ਵਹਾਇਆ । ਹੰਸ ਬਣਿਆ ਮਾਤ ਕਾਗ, ਕਾਗੋਂ ਹੰਸ ਉਡਾਇਆ । ਘਰ ਦੀਪਕ ਜੋਤੀ ਜਗੇ ਚਰਾਗ਼, ਨਾਰੀ ਕੰਤ ਰਹੀ ਸੇਜ ਸੁਹਾਇਆ । ਪੁਰਖ ਅਬਿਨਾਸ਼ੀ ਪਕੜੀ ਵਾਗ, ਸਾਚਾ ਘੋੜਾ ਲਏ ਮੰਗਾਇਆ । ਆਪਣੀ ਝੋਲੀ ਡਾਹ ਕੇ ਮੰਗੇ ਲਾਗ, ਦਰ ਬਣ ਦਰਵੇਸ਼ ਮੰਗਣ ਆਇਆ ।

ਇਕੋ ਦੂਲ੍ਹਾ ਲੱਭਿਆ ਸਾਕ, ਜੋਤ ਅਕਾਲਣ ਕਵਾਰੀ ਵੰਨੀ ਲਏ ਗਲ ਲਾਇਆ । ਲੱਗਾ ਹੋਵਣ ਪਾਕੀ ਪਾਕ, ਪਰਵਰਦਿਗਾਰ ਮੇਰੇ ਸਿਰ ਹੱਥ ਟਿਕਾਇਆ । ਤੂੰ ਚੜ੍ਹਨਾ ਮਾਰ ਪਲਾਕ, ਨੀਲੇ ਵਾਲਾ ਤੇਰੀ ਸੇਵ ਕਮਾਇਆ । ਤੇਰੀ ਚਰਨ ਧੂੜ ਚੌਦਾਂ ਲੋਕ ਵੇਖੇ ਖ਼ਾਕ, ਨੇਤਰ ਨੈਣ ਆਪ ਉਠਾਇਆ । ਤੇਰੀ ਦੁਰਮਤ ਮੈਲ ਦਿਤੀ ਕਾਟ, ਆਪ ਆਪਣੇ ਅੰਗ ਲਗਾਇਆ । ਦੋਹਾਂ ਮੁੱਕੀ ਏਕਾ ਘਰ ਵਾਟ, ਸਚਖੰਡ ਆਸਣ ਇਕ ਸੁਹਾਇਆ । ਦੂਸਰ ਵਾਰ ਨਾ ਆਉਣਾ ਵਿਚ ਆਣ ਬਾਟ, ਮਾਤ ਗਰਭ ਨਾ ਫੇਰਾ ਪਾਇਆ । ਕਾਇਆ ਚੋਲਾ ਜਾਣਾ ਪਾਟ, ਅੰਤਮ ਜੋਤੀ ਮੇਲ ਮਿਲਾਇਆ । ਗੁਰਸਿਖ ਕਿਸੇ ਨਾ ਵਿਕੇ ਹਾਟ, ਜਿਸ ਆਪਣੇ ਗਲ ਆਪ ਲਗਾਇਆ । ਮਿਲੇ ਵਡਿਆਈ ਵਿਚ ਮਾਤ, ਕਬੀਰ ਜੁਲਾਹਾ ਦਏ ਸਮਝਾਇਆ । ਮੀਤੜਾ ਲੱਭਿਆ ਕਮਲਾਪਾਤ, ਸਚਖੰਡ ਬੈਠਾ ਆਸਣ ਲਾਇਆ । ਕਲਜੁਗ ਰੈਣ ਅੰਧੇਰੀ ਰਾਤ, ਗੁਰਸਿਖ ਆਪਣੀ ਗੋਦ ਬਹਾਇਆ । ਨਾ ਕੋਈ ਜ਼ਾਤ ਨਾ ਕੋਈ ਪਾਤ, ਜੋਤੀ ਜਾਤਾ ਜਗ ਅਖਵਾਇਆ । ਜਿਸ ਦੀ ਗਾਉਂਦੇ ਆਏ ਗਾਥ, ਆਪਣੀ ਗਾਥਾ ਰਿਹਾ ਸੁਣਾਇਆ । ਵੇਖੇ ਲਹਿਣਾ ਦੇਣਾ ਹੱਥੋ ਹਾਥ, ਅੱਗੋਂ ਲੇਖਾ ਨਾ ਕੋਇ ਰਖਾਇਆ । ਗੁਰਸਿਖ ਤੇਰਾ ਪਿਆਰ ਮਾਰੇ ਠਾਠ, ਅਠਸਠ ਨੀਰ ਰਹੀ ਵਹਾਇਆ । ਤੇਰੇ ਅੰਦਰ ਮੇਰੀ ਨਜਾਤ, ਬਿਨ ਤੇਰੇ ਮੇਰਾ ਨਾਉਂ ਨਾ ਕੋਇ ਸਾਲਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਦੂਲ੍ਹਾ ਇਕ ਸਜਾਇਆ । ਗੁਰਮੁਖ ਦੂਲ੍ਹਾ ਗਿਆ ਸਜ, ਸਤਿ ਪੁਰਖ ਨਿਰੰਜਣ ਆਪ ਸਜਾਇਆ । ਮਾਨਸ ਜਨਮ ਪ੍ਰਭੂ ਲਿਆ ਕਜ, ਸਿਰ ਆਪਣਾ ਹੱਥ ਟਿਕਾਇਆ । ਸਖ਼ੀਆਂ ਮੰਗਲ ਗਾਏ ਗੀਤ ਨਾਦ ਅਨਾਦੀ ਗਿਆ ਵੱਜ, ਛੱਤੀ ਰਾਗ ਭੇਵ ਨਾ ਆਇਆ । ਗ੍ਰਿਹਿ ਮੰਦਰ ਬੈਠਾ ਰਿਹਾ ਗੱਜ, ਉਚੀ ਕੂਕ ਕੂਕ ਸੁਣਾਇਆ । ਜਗਤ ਦੁਆਰਾ ਝੂਠਾ ਤਜ, ਸਚ ਦੁਆਰਾ ਏਕਾ ਪਾਇਆ । ਚਰਨ ਚਰਨੋਦਕ ਪੀਤਾ ਰੱਜ, ਜਗਤ ਤ੍ਰਿਸ਼ਨਾ ਆਪ ਮਿਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੂਲ੍ਹਾ ਲਏ ਸਜਾਇਆ । ਸਾਚਾ ਦੂਲ੍ਹਾ ਚੜ੍ਹੇ ਖ਼ਾਰੇ, ਸਤਿਗੁਰ ਪੂਰਾ ਆਪ ਚੜ੍ਹਾਈਆ । ਜੋਤੀ ਵਰੇ ਨਾਰ ਮੁਟਿਆਰੇ, ਸਾਚਾ ਜੋਬਨ ਇਕ ਹੰਢਾਈਆ । ਮਿਲਿਆ ਮੇਲ ਸਚ ਦੁਆਰੇ, ਦਰ ਦਰਬਾਰ ਵੱਜੀ ਵਧਾਈਆ । ਜੋ ਜਨ ਜਗਤ ਰਹੇ ਕਵਾਰੇ, ਭਗਤ ਭਗਵੰਤ ਲਏ ਪਰਨਾਈਆ । ਵੇਖੋ ਰਚਿਆ ਕਾਜ ਦਿਨ ਦਿਹਾੜੇ, ਸੁੱਤੀ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਲਾੜਾ ਲਏ ਉਠਾਈਆ । ਗੁਰਮੁਖ ਲਾੜਾ ਉਠਿਆ, ਗੁਰ ਸਤਿਗੁਰ ਆਪ ਉਠਾਇਆ । ਮਿਹਰਬਾਨ ਹੋ ਹੋ ਤੁਠਿਆ, ਦੀਨ ਦਿਆਲ ਦਇਆ ਕਮਾਇਆ । ਆਪਣੀ ਗੋਦੀ ਆਪੇ ਚੁੱਕਿਆ, ਲਾਲ ਅਨਮੁਲੜਾ ਆਪੇ ਜਾਇਆ । ਪੁਰਖ ਅਬਿਨਾਸ਼ੀ ਉਠਾਏ ਸੁਤਿਆ, ਸੁੱਤਾ ਮਾਤ ਰਹਿਣ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਸਗਨ ਆਪ ਮਨਾਇਆ । ਸਗਨ ਮਨਾਏ ਚਾੜ੍ਹੇ ਘੋੜੀ, ਹਰਿ ਸਾਚਾ ਦਇਆ ਕਮਾਇੰਦਾ । ਹੌਲੀ ਹੌਲੀ ਜਾਏ ਤੋਰੀ, ਆਪਣੀ ਚਾਲ ਚਲਾਇੰਦਾ । ਆਪੇ ਫੜ ਕੇ ਵਾਗ ਬਣਿਆ ਮੋਹਰੀ, ਆਪੇ ਖੇਲ ਖਿਲਾਇੰਦਾ । ਆਪੇ ਕਰੇ ਜਗ ਤੋਂ ਚੋਰੀ, ਦਿਸ ਕਿਸੇ ਨਾ ਆਇੰਦਾ । ਆਪਣੀ ਰੱਖੀ ਪ੍ਰੇਮ ਲਾਲ ਡੋਰੀ, ਸਾਚੀ ਮੌਲੀ ਤੰਦ ਗੁੰਦਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਸਗਨ ਮਨਾਇੰਦਾ । ਆਪੇ ਬਣ ਬਣ ਭੈਣ ਗੁੰਦੇ ਵਾਗ, ਆਪੇ ਰੋਵੇ ਕਰੇ ਵੈਰਾਗ ਦਏ ਦੁਹਾਈਆ । ਆਪੇ ਸਖ਼ੀਆਂ ਮਾਰ ਵਾਜ, ਆਓ ਸਖ਼ੀ ਵੇਖੋ ਚਾਈਂ ਚਾਈਂਆ । ਜੋਤ ਅਕਾਲਣ ਫੜਦੀ ਵਾਗ, ਨੌਂ ਖੰਡ ਪ੍ਰਿਥਮੀ ਦਹਿ ਦਿਸ਼ਾ


੪੮੨ ੧੦

ਰਹੀ ਫਿਰਾਈਆ । ਮੇਰੇ ਦੂਲ੍ਹੇ ਜੇਹਾ ਦੂਜਾ ਦਿਸੇ ਨਾ ਕੋਈ ਵਿਚ ਜਹਾਨ ਸਾਕ, ਮੇਰੀ ਨਜ਼ਰ ਕਿਸੇ ਵਲ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੂਲ੍ਹਾ ਲਏ ਵਡਿਆਈਆ । ਵਾਹ ਵਾਹ ਦੂਲ੍ਹਾ ਆਪ ਬਣਾਇਆ, ਵੇਖਣਹਾਰਾ ਹਰਿ ਕਰਤਾਰ । ਸਾਚਾ ਸਿਹਰਾ ਆਪ ਗੁੰਦਾਇਆ, ਫੂਲਣ ਬਣ ਕੇ ਮਾਲਣ ਹਾਰ । ਆਪਣੀ ਹੱਥੀਂ ਆਪ ਪਹਿਨਾਇਆ, ਇਕ ਦੂਜੇ ਨਾਲ ਕਰਨ ਪਿਆਰ । ਸਾਚੀ ਸੇਜਾ ਦਏ ਸੁਹਾਇਆ, ਮਿਲਿਆ ਕੰਤ ਭਤਾਰ । ਏਕਾ ਰੰਗ ਦਏ ਚੜ੍ਹਾਇਆ, ਰੰਗ ਮਜੀਠੀ ਏਕੰਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਧੁਰ ਦਰਬਾਰ । ਸਾਚਾ ਦੂਲ੍ਹਾ ਨੌਜਵਾਨ, ਗੁਰਮੁਖ ਵਡੀ ਵਡਿਆਈਆ । ਧੰਨ ਸੁਭਾਗ ਮੈਂ ਨਿਮਾਣੀ ਕਰੀ ਪਰਵਾਨ, ਚਲ ਕੇ ਦੁਆਰੇ ਆਈਆ । ਮੇਰਾ ਵਖਾਇਆ ਲੋਕਮਾਤ ਨਿਸ਼ਾਨ, ਉਚੀ ਕੂਕ ਕੂਕ ਸੁਣਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਮੈਂ ਬੈਠੀ ਰਹੀ ਰਕਾਨ, ਲੱਭਣ ਕਿਸੇ ਘਰ ਨਾ ਜਾਈਆ । ਕਲਜੁਗ ਅੰਤਮ ਨਿਹਕਲੰਕ ਬਲੀ ਬਲਵਾਨ, ਧੁਰ ਫ਼ਰਮਾਨਾ ਇਕ ਸੁਣਾਈਆ । ਸਿੰਘ ਇੰਦਰ ਲੱਭਿਆ ਹਾਣੀ ਹਾਣ, ਬਿਰਧ ਬਾਲ ਜਵਾਨ ਰੂਪ ਨਾ ਕੋਇ ਸਮਝਾਈਆ । ਲੋਕਮਾਤ ਕਰਨੀ ਸਚ ਪਛਾਣ, ਸਚ ਨੁਹਾਰ ਦਏ ਦਰਸਾਈਆ । ਉਹਦੇ ਅੰਦਰ ਬ੍ਰਹਮ ਗਿਆਨ, ਬਾਹਰ ਚਮੜੀ ਤਨ ਲਗਾਈਆ । ਉਹਦੇ ਬਾਹਰ ਜਗਤ ਦੁਕਾਨ, ਅੰਦਰ ਬੈਠਾ ਬੇਪਰਵਾਹੀਆ । ਕੋਈ ਮੰਦਰ ਕੋਈ ਮਸਜਿਦ ਰੱਖਦਾ ਮਾਣ, ਸਿੰਘ ਇੰਦਰ ਉਪਰ ਪੁਰਖ ਅਕਾਲ ਏਕਾ ਓਟ ਤਕਾਈਆ । ਅੰਤ ਕੰਤ ਭਗਵੰਤ ਸੰਤ ਕਰੇ ਪਰਵਾਨ, ਗੁਰਮੁਖ ਤੇਰੀ ਖ਼ੁਸ਼ੀ ਆਪਣੇ ਵਿਚ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਸੰਗ ਸਦਾ ਨਿਭਾਈਆ ।

੪੮੩

## ★ ਪਹਿਲੀ ਜੇਠ ੨੦੧੮ ਬਿਕ੍ਰਮੀ ਜੇਠੂਵਾਲ ਦਰਬਾਰ ★

ਸੋ ਪੁਰਖ ਨਿਰੰਜਣ ਖੇਲ ਖਿਲਾਇੰਦਾ, ਹਰਿ ਜੋਤ ਨੂਰ ਉਜਿਆਰ । ਹਰਿ ਪੁਰਖ ਨਿਰੰਜਣ ਵੇਸ ਵਟਾਇੰਦਾ, ਅਲਖ ਅਗੋਚਰ ਅਗੰਮ ਅਪਾਰ । ਏਕੰਕਾਰਾ ਰੂਪ ਧਰਾਇੰਦਾ, ਅਜੂਨੀ ਰਹਿਤ ਬੇਐਬ ਪਰਵਰਦਿਗਾਰ । ਆਦਿ ਨਿਰੰਜਣ ਡਗਮਗਾਇੰਦਾ, ਨੂਰੀ ਜਲਵਾ ਸਾਂਝਾ ਯਾਰ । ਅਬਿਨਾਸ਼ੀ ਕਰਤਾ ਰੰਗ ਰੰਗਾਇੰਦਾ, ਰੂਪ ਰੰਗ ਨਾ ਰੱਖੇ ਕੋਈ ਕਰਤਾਰ । ਸ੍ਰੀ ਭਗਵਾਨ ਸੰਗ ਨਿਭਾਇੰਦਾ, ਸਗਲਾ ਸਾਥੀ ਧੁਰ ਦਰਬਾਰ । ਪਾਰਬ੍ਰਹਮ ਆਪਣਾ ਕਰਮ ਆਪ ਕਮਾਇੰਦਾ, ਨਿਹਕਰਮੀ ਕਰਮ ਵਿਚਾਰ । ਨਿਰਵੈਰ ਆਪਣੀ ਕਲ ਧਰਾਇੰਦਾ, ਅਕਲ ਕਲ ਹੋ ਤਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸੱਚੀ ਸਰਕਾਰ । ਸਚ ਸਰਕਾਰ ਸੱਚਾ ਸ਼ਹਿਨਸ਼ਾਹ, ਸ਼ਾਹ ਪਾਤਸ਼ਾਹ ਵਡੀ ਵਡਿਆਈਆ । ਸਾਚੇ ਤਖ਼ਤ ਬੈਠ ਅਗੰਮ ਅਥਾਹ, ਅਗੰਮ ਅਗੰਮੜੀ ਕਾਰ ਕਮਾਈਆ । ਧੁਰ ਫ਼ਰਮਾਨਾ ਹੁਕਮ ਜਣਾ, ਸਚ ਸੰਦੇਸ਼ਾ ਆਪ ਅਲਾਈਆ । ਨਰ ਨਰੇਸ਼ ਬਣ ਮਿਹਰਵਾਂ, ਮਿਹਰਵਾਨ ਦਇਆ ਕਮਾਈਆ । ਤਖ਼ਤ ਨਿਵਾਸੀ ਤਖ਼ਤ ਦਏ ਸੁਹਾ, ਸਾਚੇ ਤਖ਼ਤ ਆਸਣ ਲਾਈਆ । ਨਿਰਗੁਣ ਨਿਰਗੁਣ ਵੇਖੇ ਸਾਚਾ ਥਾਂ, ਦਰ ਆਪਣਾ ਆਪ ਸੁਹਾਈਆ । ਆਪਣਾ ਨੂਰ ਆਪ ਪ੍ਰਗਟਾ, ਜੋਤੀ ਜੋਤ ਜੋਤ ਰੁਸ਼ਨਾਈਆ । ਆਪਣੇ ਮੰਦਰ ਸੋਭਾ ਪਾ, ਸਾਚੇ ਧਾਮ ਦਏ ਵਡਿਆਈਆ । ਸਚਖੰਡ ਦੁਆਰਾ ਨਾਉਂ ਧਰਾ, ਸਚਖੰਡ ਨਿਵਾਸੀ ਆਪਣਾ ਬੰਧਨ ਪਾਈਆ । ਚਾਰੋਂ ਕੁੰਟ ਆਪਣਾ ਆਪ ਆਪਣੇ ਰੰਗ

ਰੰਗਾ, ਆਪੇ ਵੇਖੇ ਸੱਚਾ ਮਾਹੀਆ । ਆਪਣੀ ਕਰਨੀ ਆਪ ਕਰਾ, ਕਰੇ ਖੇਲ ਨੂਰ ਇਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਇਛਿਆ ਲਏ ਪ੍ਰਗਟਾਈਆ । ਸਚਖੰਡ ਨਿਵਾਸੀ ਸਤਿਜੁਗ ਸੁਲਤਾਨਾ, ਗਹਿਰ ਗੰਭੀਰ ਅਖਵਾਇਆ । ਸਤਿ ਸਰੂਪ ਨੌਜਵਾਨਾ, ਸ਼ਾਹ ਪਾਤਸ਼ਾਹ ਆਪਣਾ ਨਾਉਂ ਧਰਾਇਆ । ਆਦਿ ਜੁਗਾਦਿ ਨੌਜਵਾਨਾ, ਬਿਰਧ ਬਾਲ ਨਾ ਰੂਪ ਵਟਾਇਆ । ਜੋਧਾ ਸੂਰ ਮਰਦ ਮਰਦ ਮਰਦਾਨਾ, ਬੀਰ ਬੀਰ ਆਪ ਹੋ ਜਾਇਆ । ਨਾਮ ਖੰਡਾ ਚੰਡ ਪਰਚੰਡ ਸਤਿ ਸਰੂਪ ਤੀਰ ਕਮਾਨਾ, ਸਤਿ ਸਤਿਵਾਦੀ ਆਪ ਰਖਾਇਆ । ਨਿਰਗੁਣ ਨਿਰਾਕਾਰ ਨਿਰਵੈਰ ਰਖਾਏ ਇਕ ਨਿਸ਼ਾਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਿਸ਼ਾਨਾ ਦਏ ਸਮਝਾਇਆ । ਸਚ ਨਿਸ਼ਾਨਾ ਨਿਰਾਕਾਰ, ਸਾਚੇ ਤਖ਼ਤ ਆਪ ਲਗਾਈਆ । ਜੋਤੀ ਨੂਰ ਹੋ ਉਜਿਆਰ, ਨੂਰ ਨੁਰਾਨਾ ਡਗਮਗਾਈਆ । ਕਰੇ ਖੇਲ ਸੱਚਾ ਸ਼ਾਹਕਾਰ, ਆਪਣਾ ਘਾੜਤ ਆਪ ਘੜਾਈਆ । ਬਾਢੀ ਬਣੇ ਨਿਰਾਧਾਰ, ਦੂਸਰ ਸੰਗ ਨਾ ਕੋਇ ਰਖਾਈਆ । ਏਕਾ ਮੰਦਰ ਛੱਪਰ ਛੰਨ ਲਏ ਉਸਾਰ, ਦਹਿ ਦਿਸ਼ਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਘਰ ਵਿਚ ਲਏ ਪ੍ਰਗਟਾਈਆ । ਘਰ ਵਿਚ ਘਰ ਉਜਾਲਾ, ਸਚਖੰਡ ਆਪ ਸੁਹਾਇਆ । ਸਚਖੰਡ ਅੰਦਰ ਜੋਤ ਸਰੂਪੀ ਦੀਪ ਮਾਲਾ, ਨੂਰ ਥਿਰ ਘਰ ਆਪ ਟਿਕਾਈਆ । ਨੂਰੀ ਲਲਾਟ ਖੇਲ ਨਿਰਾਲਾ, ਪੁਰਖ ਅਬਿਨਾਸ਼ੀ ਆਪ ਵਖਾਇਆ । ਦੋਹਾਂ ਵਿਚੋਲਾ ਬਣ ਅਕਾਲਾ, ਅਕਲ ਕਲ ਆਪਣਾ ਬੰਧਨ ਪਾਇਆ । ਵਸਣਹਾਰਾ ਆਪਣੀ ਧਰਮ ਸੱਚੀ ਧਰਮਸਾਲਾ, ਧੁਰ ਦੀ ਧਾਰ ਆਪ ਬੰਧਾਇਆ । ਚਲੇ ਚਲਾਏ ਅਵੱਲੜੀ ਚਾਲਾ, ਆਦਿ ਅੰਤ ਭੇਵ ਨਾ ਕਿਸੇ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮੰਦਰ ਆਪ ਸੁਹਾਇਆ । ਸਾਚਾ ਮੰਦਰ ਘਰ ਕਰ ਤਿਆਰ, ਗ੍ਰਿਹ ਆਪਣਾ ਰੰਗ ਰੰਗਾਈਆ । ਆਪਣੇ ਤਖ਼ਤ ਬੈਠ ਸੱਚੀ ਸਰਕਾਰ, ਸਚਖੰਡ ਦੁਆਰਾ ਰਿਹਾ ਸੁਹਾਈਆ । ਚਰਨ ਕਵਲ ਲਗਾਏ ਥਿਰ ਦਰਬਾਰ, ਧੂੜੀ ਧੂੜ ਧੂੜ ਵਖਾਈਆ । ਚਰਨ ਕਵਲ ਆਪਣਾ ਵੇਖੇ ਆਪਣੀ ਵਾਰ, ਨੇਤਰ ਨੈਣ ਨੈਣ ਖੁਲ੍ਹਾਈਆ । ਨੈਣ ਨੈਣ ਵੇਖਣਹਾਰ, ਨਿਰਗੁਣ ਨਿਰਗੁਣ ਇਕ ਸੁਹਾਈਆ । ਕਵਣ ਕਵਣ ਸਾਚੀ ਵਿਚਾਰ, ਪਿਆਰ ਪਿਆਰ ਨਾਲ ਬੰਧਾਈਆ । ਪਿਆਰ ਕਰੇ ਸਚ ਵਿਹਾਰ, ਥਿਰ ਦਰਬਾਰ ਦਏ ਵਡਿਆਈਆ । ਥਿਰ ਦਰਬਾਰ ਬੈਠ ਨਿਰਾਕਾਰ, ਆਪਣੀ ਕਾਰ ਆਪ ਕਰਾਈਆ । ਆਪਣੀ ਇਛਿਆ ਕਰ ਸ਼ਿੰਗਾਰ, ਸਾਚਾ ਰੂਪ ਆਪ ਵਟਾਈਆ । ਤਖ਼ਤ ਨਿਵਾਸੀ ਹੋ ਤਿਆਰ, ਆਪਣਾ ਬਲ ਆਪ ਪ੍ਰਗਟਾਈਆ । ਆਪਣੀ ਭੁਜਾਂ ਲਏ ਪਸਾਰ, ਮਰਦ ਮਰਦਾਨਾ ਸੂਰਬੀਰ ਵਡੀ ਵਡਿਆਈਆ । ਆਪਣਾ ਤੇਜ ਲਏ ਉਭਾਰ, ਨੂਰ ਨੂਰ ਨੂਰ ਰੁਸ਼ਨਾਈਆ । ਆਪਣੇ ਸੀਸ ਰੱਖੇ ਆਪਣੀ ਸਚ ਦਸਤਾਰ, ਏਕਾ ਤਾਜ ਨਾਮ ਰਖਾਈਆ । ਏਕਾ ਕਾਜ ਰਚੇ ਆਪ ਕਰਤਾਰ, ਸਚਖੰਡ ਬਣਤ ਆਪ ਬਣਾਈਆ । ਆਪੇ ਬਣੇ ਭਰਤਾ ਆਪੇ ਪੁਰਖ ਸਮਰਥ ਹੋਏ ਨਿਰਾਕਾਰ, ਆਪ ਆਪਣਾ ਰੰਗ ਰੰਗਾਈਆ । ਆਪੇ ਥਿਰ ਘਰ ਆਪਣਾ ਨੂਰ ਬਣਾਏ ਜੋਤ ਨਾਰ ਮੁਟਿਆਰ, ਜੋਬਨਵੰਤ ਜੋਬਨ ਇਕ ਸਮਝਾਈਆ । ਸਾਚਾ ਮੇਲਾ ਕਰੇ ਕਰਨੇਹਾਰ, ਆਪਣਾ ਬੰਧਨ ਆਪੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸਗਨ ਲਏ ਮਨਾਈਆ । ਸਾਚਾ ਸਗਨ ਹਰਿ ਹਰਿ ਕੰਤ, ਸਚਖੰਡ ਦੁਆਰੇ ਆਪ ਮਨਾਇੰਦਾ । ਥਿਰ ਘਰ ਚੜ੍ਹੇ ਰੂਪ ਬਸੰਤ, ਪੁਰਖ ਅਬਿਨਾਸ਼ੀ ਆਪ ਚੜ੍ਹਾਇੰਦਾ । ਸਚਖੰਡ ਦੁਆਰੇ ਹੋਵੇ ਸਾਚੀ ਮੰਤ, ਸ੍ਰੀ ਭਗਵਾਨ ਆਪ ਜਣਾਇੰਦਾ । ਥਿਰ ਘਰ ਵੇਖੇ ਏਕਾ

ਨਾਰੀ ਰੰਗੇ ਏਕਾ ਰੰਗਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਰੰਗ ਆਪ ਰੰਗਾਇੰਦਾ । ਨਾਰੀ ਕੰਤ ਨਰਾਇਣ , ਸਚਖੰਡ ਦੁਆਰਾ ਇਕ ਵਡਿਆਇਆ । ਥਿਰ ਘਰ ਉਪਜੇ ਇਕ ਵੈਰਾਗ, ਵਾਹ ਵਾਹ ਪੁਰਖ ਅਬਿਨਾਸ਼ੀ ਪਾਇਆ । ਜੋਤੀ ਜਾਤਾ ਜਗਾਏ ਚਿਰਾਗ਼, ਨੂਰ ਜ਼ਹੂਰ ਆਪ ਕਰਾਇਆ । ਆਪੇ ਸੋਇਆ ਆਪੇ ਰਿਹਾ ਜਾਗ, ਵੇਖਣਹਾਰ ਆਪ ਹੋ ਜਾਇਆ । ਆਪੇ ਸੁਣੇ ਆਪੇ ਗਾਏ ਆਪਣਾ ਰਾਗ, ਆਪੇ ਨਾਦੀ ਨਾਦ ਵਜਾਇਆ । ਆਪੇ ਲੇਖਾ ਜਾਣੇ ਅੰਤ ਆਦਿ, ਆਦਿ ਆਪਣਾ ਖੇਲ ਰਚਾਇਆ । ਆਪੇ ਦੇਵੇ ਆਪਣੀ ਦਾਦ, ਸਾਚੀ ਵਸਤ ਝੋਲੀ ਪਾਇਆ । ਆਪਣੇ ਵਿਚੋਂ ਆਇਆ ਕਾਢ, ਧਾਰ ਧਾਰ ਵਿਚੋਂ ਲਏ ਪ੍ਰਗਟਾਇਆ । ਨਾਰੀ ਕੰਤ ਉਪਜੇ ਇਕ ਵੈਰਾਗ, ਸਤਿ ਵੈਰਾਗ ਇਕ ਸਮਝਾਇਆ । ਸੁਤ ਦੁਲਾਰਾ ਹਰਿ ਨਿਰੰਕਾਰਾ ਆਪ ਆਪਣਾ ਆਪੇ ਲਾਧ, ਪੂਤ ਸਪੂਤਾ ਲਏ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣਾ ਘਰ ਵਸਾਇਆ । ਨਿਰਗੁਣ ਵਸਾਇਆ ਘਰ ਮਹੱਲਾ, ਪੁਰਖ ਅਬਿਨਾਸ਼ੀ ਵਡੀ ਵਡਿਆਈਆ । ਲੇਖਾ ਜਾਣੇ ਇਕ ਅਕੱਲਾ, ਦੂਸਰ ਅਵਰ ਨਾ ਸੰਗ ਰਲਾਈਆ । ਵਸਣਹਾਰਾ ਨਿਹਚਲ ਧਾਮ ਅਟੱਲਾ, ਆਪਣੀ ਕਰੇ ਸਚ ਕੁੜਮਾਈਆ । ਆਪਣੇ ਦਰ ਫੜਾਇਆ ਆਪੇ ਪੱਲਾ, ਆਪੇ ਹੋਏ ਸਹਾਈਆ । ਆਪਣੇ ਅੰਤਰ ਆਪੇ ਰਲਾ, ਜੋਤੀ ਜੋਤ ਆਪ ਅਖਵਾਈਆ । ਸਚ ਸੰਦੇਸ਼ ਏਕਾ ਘੱਲਾ, ਏਕਾ ਸ਼ਬਦੀ ਸ਼ਬਦ ਉਠਾਈਆ । ਦੀਪਕ ਜੋਤ ਏਕਾ ਬਲਾ, ਨੂਰ ਨੁਰਾਨਾ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਆਦਿ ਆਪਣੇ ਅੰਤ ਨਾਲ ਮਿਲਾਈਆ । ਆਦਿ ਪੁਰਖ ਹਰਿ ਖੇਲ ਖਿਲਾਇਆ, ਜੋਤੀ ਸ਼ਬਦੀ ਧਾਰ । ਵੰਸੀ ਵਿਸ਼ਨੂੰ ਰੂਪ ਧਰਾਇਆ, ਬ੍ਰਹਮਾ ਕਵਲ ਦਏ ਅਧਾਰ । ਸ਼ੰਕਰ ਸੰਗ ਆਪ ਰਖਾਇਆ, ਲੇਖਾ ਜਾਣੇ ਸੁੰਨ ਅਗੰਮੀ ਧੁਆਂਧਾਰ । ਤਿੰਨਾਂ ਬੰਧਨ ਏਕਾ ਪਾਇਆ, ਹੁਕਮੀ ਹੁਕਮ ਨਾਮ ਵਰਤਾਰ । ਤ੍ਰੈਗੁਣ ਮਾਇਆ ਰੰਗ ਚੜ੍ਹਾਇਆ, ਕਰੇ ਖੇਲ ਸੱਚੀ ਸਰਕਾਰ । ਆਪਣਾ ਮਾਰਗ ਦਏ ਵਖਾਇਆ, ਨੇਤਰ ਨੈਣ ਖੋਲ੍ਹ ਕਿਵਾੜ । ਸਾਚਾ ਨੇਤਰ ਦਏ ਸਮਝਾਇਆ, ਪੰਜ ਤੱਤ ਦਏ ਉਖਾੜ । ਸਾਚਾ ਬੰਧਨ ਦਏ ਪਾਇਆ, ਹੱਡ ਮਾਸ ਨਾੜੀ ਰਕਤ ਬੂੰਦ ਨਾੜ । ਮਨ ਮਤ ਬੁਧ ਦਏ ਟਿਕਾਇਆ, ਕਰੇ ਖੇਲ ਅਪਾਰ । ਆਪਣੀ ਅੰਸ ਆਪਣਾ ਬੰਸ ਆਪੇ ਲਏ ਵਖਾਇਆ, ਆਪ ਆਪਣੀ ਕਿਰਪਾ ਧਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚੀ ਸਰਕਾਰ । ਸਾਚੀ ਖੇਲ ਖਿਲਾਵਣਹਾਰਾ, ਏਕਾ ਰੰਗ ਸਮਾਇਆ । ਤ੍ਰੈ ਤ੍ਰੈ ਮੀਤਾ ਵਸਣਹਾਰਾ ਠਾਂਡੇ ਦਰਬਾਰਾ, ਸਚਖੰਡ ਸਾਚੇ ਆਸਣ ਲਾਇਆ । ਥਿਰ ਘਰ ਖੋਲ੍ਹ ਆਪ ਕਿਵਾੜਾ, ਆਪਣਾ ਬੰਕ ਵਡਿਆਇਆ । ਵਿਸ਼ਨ ਬ੍ਰਹਮਾ ਸ਼ਿਵ ਦਏ ਆਧਾਰਾ, ਏਕਾ ਹੁਕਮ ਸੁਣਾਇਆ । ਲੱਖ ਚੁਰਾਸੀ ਕਰ ਪਿਆਰਾ, ਨਾਰੀ ਨਾਰਾ ਰੂਪ ਧਰਾਇਆ । ਤ੍ਰੈਗੁਣ ਮਾਇਆ ਭਰ ਭੰਡਾਰਾ, ਪੰਚਮ ਜੋੜ ਜੁੜਾਇਆ । ਪੰਜ ਪੰਜ ਮੇਲਾ ਏਕਾ ਵਾਰਾ, ਏਕਾ ਘਰ ਵਸਾਇਆ । ਘਾੜਤ ਘੜੇ ਬਣ ਠਠਿਆਰਾ, ਘਾੜਣ ਘੜਨਹਾਰ ਦਿਸ ਨਾ ਆਇਆ । ਏਕਾ ਸ਼ਬਦ ਏਕਾ ਨਾਅਰਾ, ਇਕ ਜੈਕਾਰਾ ਦਏ ਸੁਣਾਇਆ । ਏਕਾ ਤਤਵ ਏਕਾ ਤੱਤ ਇਕ ਆਧਾਰਾ, ਬ੍ਰਹਮ ਮਤ ਇਕ ਰਖਾਇਆ । ਏਕਾ ਕਮਲਾਪਤ ਕਰੇ ਸਰਬ ਪਿਆਰਾ, ਸ੍ਰਿਸ਼ਟ ਸਬਾਈ ਨਾਰੀ ਰੂਪ ਵਟਾਇਆ । ਜੁਗ ਚੌਕੜੀ ਲਗਾਏ ਮਾਤ ਅਖਾੜਾ, ਨਟੂਆ ਆਪਣਾ ਨਾਚ ਨਚਾਇਆ । ਚਾਰੇ ਜੁਗਾਂ ਖੋਲ੍ਹ ਕਿਵਾੜਾ, ਚਾਰੇ ਵੇਦਾਂ ਬੋਲ ਜੈਕਾਰਾ, ਬ੍ਰਹਮਾ ਵੇਤਾ ਆਪ ਪੜ੍ਹਾਇਆ । ਚਾਰੇ ਬਾਣੀ ਦਏ ਹੁਲਾਰਾ,

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰਾ ਆਪਣੇ ਹੱਥ ਰਖਾਇਆ । ਚਾਰ ਜੁਗ ਦੀ ਸਾਚੀ ਧਾਰ, ਸੋ ਪੁਰਖ ਨਿਰੰਜਣ ਆਪ ਚਲਾਈਆ । ਵੰਡੇ ਵੰਡ ਵੰਡਣਹਾਰ, ਸਾਚੀ ਵੰਡਣ ਇਕ ਸਮਝਾਈਆ । ਸਤਿ ਪੁਰਖ ਲੋਆਂ ਪੁਰੀਆਂ ਮਹੱਲ ਉਸਾਰ, ਜੇਰਜ ਅੰਡ ਉਤਭੁਜ ਸੇਤਜ ਬਣਤ ਬਣਾਈਆ । ਰਵ ਸਸ ਕਰ ਚਮਕਾਰ, ਮੰਡਲ ਮੰਡਪ ਦਏ ਵਡਿਆਈਆ । ਧਰਤ ਧਵਲ ਦਏ ਆਧਾਰ, ਜਲ ਬਿੰਬ ਰੂਪ ਸਮਾਈਆ । ਲੱਖ ਚੁਰਾਸੀ ਕਰ ਪਸਾਰ, ਆਤਮ ਜੋਤ ਨੂਰ ਰੁਸ਼ਨਾਈਆ । ਗ੍ਰਿਹਿ ਗ੍ਰਿਹਿ ਅੰਦਰ ਨਾਦ ਧੁਨਕਾਰ, ਸ਼ਬਦੀ ਰਾਗ ਅਲਾਈਆ । ਘਰ ਘਰ ਅੰਮ੍ਰਿਤ ਕਰ ਤਿਆਰ, ਨਾਭੀ ਕਵਲ ਆਪ ਟਿਕਾਈਆ । ਘਰ ਘਰ ਵੇਖੇ ਬੰਕ ਦੁਆਰ, ਟੇਢੀ ਬੰਕ ਸੁਹਾਈਆ । ਘਰ ਘਰ ਵੇਖੇ ਅੰਧ ਅੰਧਿਆਰ, ਡੂੰਘੀ ਭਵਰੀ ਭੇਵ ਕੋਇ ਨਾ ਪਾਈਆ । ਘਰ ਘਰ ਅੰਦਰ ਨਿਰਗੁਣ ਜੋਤ ਉਜਿਆਰ, ਜੋਤ ਨਿਰੰਜਣ ਸੇਵਾ ਲਾਈਆ । ਘਰ ਘਰ ਅੰਦਰ ਕਰੇ ਪਸਾਰ, ਪਾਰਬ੍ਰਹਮ ਪ੍ਰਭ ਵੰਡ ਵੰਡਾਈਆ । ਘਰ ਘਰ ਅੰਦਰ ਈਸ਼ ਜੀਵ ਖੇਲ ਨਿਆਰ, ਜਗਤ ਜਗਦੀਸ਼ ਰਿਹਾ ਖਿਲਾਈਆ । ਘਰ ਘਰ ਸੇਜਾ ਕਰ ਤਿਆਰ, ਸਾਚੀ ਸੇਜ ਰਿਹਾ ਸੁਹਾਈਆ । ਘਰ ਘਰ ਨਾਰੀ ਕੰਤ ਭਤਾਰ, ਘਰ ਘਰ ਸੁਰਤੀ ਸ਼ਬਦ ਹੰਢਾਈਆ । ਘਰ ਘਰ ਅਕਾਲ ਮੂਰਤੀ ਨੂਰ ਹੋ ਤਿਆਰ, ਨੂਰਤ ਤੂਰਤ ਇਕ ਦਰਸਾਈਆ । ਘਰ ਘਰ ਮੰਦਰ ਸੋਹੇ ਦਰਬਾਰ, ਘਰ ਮਿਲੇ ਸਾਚਾ ਮਾਹੀਆ । ਘਰ ਕਰੇ ਸੱਚਾ ਸ਼ਿੰਗਾਰ, ਗਣਤ ਸੁਣਤ ਆਪ ਪੜ੍ਹਾਈਆ । ਘਰ ਘਰ ਮਿਲੇ ਮਿਲਣੇਹਾਰ, ਮੇਲ ਮਿਲਾਵਾ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਘਾੜਣ ਘੜ, ਘਟ ਘਟ ਅੰਦਰ ਬੈਠਾ ਵੜ, ਆਪਣੇ ਪੌੜੇ ਆਪੇ ਚੜ੍ਹ, ਸਾਚਾ ਮੰਦਰ ਆਪ ਸੁਹਾਈਆ । ਸਾਚਾ ਮੰਦਰ ਸੁਹਾਇਆ, ਕਰ ਕਿਰਪਾ ਗੁਣ ਨਿਧਾਨ । ਆਪਣਾ ਆਸਣ ਆਪੇ ਲਾਇਆ, ਸਾਚੇ ਤਖ਼ਤ ਸ੍ਰੀ ਭਗਵਾਨ । ਆਪਣਾ ਹੁਕਮ ਆਪ ਸੁਣਾਇਆ, ਸ਼ਬਦ ਅਗੰਮੀ ਧੁਰ ਫ਼ਰਮਾਨ । ਬੋਧ ਅਗਾਧ ਆਪ ਅਖਵਾਇਆ, ਲੇਖਾ ਜਾਣੇ ਦੋ ਜਹਾਨ । ਕਾਗਦ ਕ਼ਲਮ ਨਾ ਕੋਇ ਰਖਾਇਆ, ਲੇਖਾ ਜਾਣੇ ਨਾ ਕੋਇ ਨਿਸ਼ਾਨ । ਰੂਪ ਅਨੂਪ ਆਪ ਧਰਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਅਬਿਨਾਸ਼ੀ ਕਰਤਾ ਆਪੇ ਹੋਇਆ ਮਿਹਰਵਾਨ । ਮਿਹਰਵਾਨ ਹੋਇਆ ਹਰਿ ਠਾਕਰ, ਆਪਣੀ ਦਇਆ ਆਪ ਕਮਾਇੰਦਾ । ਕਾਇਆ ਅੰਦਰ ਵਸਿਆ ਸਾਚੇ ਸਾਗਰ, ਸਿੰਧ ਆਪਣਾ ਰੂਪ ਧਰਾਇੰਦਾ । ਲੇਖਾ ਜਾਣੇ ਪੰਜ ਤੱਤ ਗਾਗਰ, ਤ੍ਰੈਗੁਣ ਪਰਦਾ ਆਪ ਹੰਢਾਇੰਦਾ । ਲੱਖ ਚੁਰਾਸੀ ਕਰੇ ਉਜਾਗਰ, ਆਪਣੇ ਧੰਦੇ ਲਾਇੰਦਾ । ਕਰੇ ਖੇਲ ਕਰਤਾ ਕ਼ਾਦਰ, ਕ਼ੁਦਰਤ ਆਪਣੀ ਬਣਤ ਬਣਾਇੰਦਾ । ਆਪਣਾ ਅੱਖਰ ਰੱਖੇ ਦਾਦਰ, ਦਾਰੂਦ ਨਾ ਕਿਸੇ ਜਣਾਇੰਦਾ । ਆਤਮ ਬ੍ਰਹਮ ਪਿਸਰ ਮਾਦਰ, ਆਪ ਆਪਣੀ ਗੋਦ ਸੁਹਾਇੰਦਾ । ਸਿਦਕ ਸਬੂਰੀ ਜਾਏ ਸਾਬਰ, ਸਤਿ ਸੰਤੋਖ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਜੁਗ ਜੁਗ ਆਪਣਾ ਬੰਧਨ ਪਾਇੰਦਾ । ਜੁਗ ਬੰਧਨ ਹਰਿ ਪਾਏ ਗੰਢ, ਆਪਣੀ ਬਣਤ ਬਣਾਈਆ । ਆਪਣਾ ਨਾਉਂ ਆਪੇ ਵੰਡ, ਵਿਸ਼ਨ ਬ੍ਰਹਮਾ ਸ਼ਿਵ ਕਰੇ ਪੜ੍ਹਾਈਆ । ਬਿਨ ਮੇਰੇ ਨਾਉਂ ਸ੍ਰਿਸ਼ਟ ਸਬਾਈ ਦੁਹਾਗਣ ਹੋਏ ਰੰਡ, ਸਾਚਾ ਕੰਤ ਨਾ ਕੋਇ ਹੰਢਾਈਆ । ਲੱਖ ਚੁਰਾਸੀ ਤੁੱਟੀ ਕੋਇ ਨਾ ਦੇਵੇ ਗੰਢ, ਜਨਮ ਜਨਮ ਵਿਚ ਭਵਾਈਆ । ਜੁਗ ਜੁਗ ਦੇਵਣਹਾਰਾ ਦੰਡ, ਇਕ ਇਕੱਲਾ ਸੱਚਾ ਸ਼ਹਿਨਸ਼ਾਹੀਆ । ਕਦੇ ਨਾ ਸੋਏ ਦੇ ਕਰ ਕੰਡ, ਜੋ ਚਰਨ ਧਿਆਨ ਲਗਾਈਆ । ਪਾਵੇ ਸਾਰ ਜੇਰਜ ਅੰਡ, ਉਤਭੁਜ ਸੇਤਜ ਭੁਲ ਨਾ ਜਾਈਆ ।

੪੮੬ ੧੦

੪੮੭ ੧੦

ਵਸਣਹਾਰਾ ਵਿਚ ਬ੍ਰਹਿਮੰਡ, ਲੋਆਂ ਪੁਰੀਆਂ ਚਰਨਾਂ ਹੇਠ ਦਬਾਈਆ । ਜੁਗ ਜੁਗ ਮੇਟੇ ਭੇਖ ਪਖੰਡ, ਕੂੜੀ ਕਿਰਿਆ ਦਏ ਗਵਾਈਆ । ਸਦਾ ਜਣਾਏ ਆਪਣਾ ਪਰਮਾਨੰਦ, ਪਰਮ ਪੁਰਖ ਵਡੀ ਵਡਿਆਈਆ । ਲੋਕਮਾਤ ਅਵਤਾਰ ਗੁਰ ਲੈ ਕੇ ਆਉਣ ਸੁਹਾਗੀ ਛੰਦ, ਧੁਰ ਦੀ ਪੱਲੇ ਗੰਢ ਬੰਧਾਈਆ । ਸਾਧ ਸੰਤ ਖ਼ੁਸ਼ੀ ਕਰਨ ਬੰਦ ਬੰਦ, ਮੇਰਾ ਨਾਉਂ ਰਸਨਾ ਗਾਈਆ । ਮੇਰਾ ਨਾਉਂ ਸੂਰਜ ਚੰਨ, ਕੋਹ ਕਰੋੜੀ ਰਹੇ ਧਿਆਈਆ । ਮਾਤ ਗਰਭ ਜੋ ਆਏ ਸੋ ਭਰਦਾ ਮੇਰਾ ਦੰਡ, ਬਚਿਆ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਦਏ ਸਮਝਾਈਆ । ਹਰਿ ਹਰਿ ਖੇਲ ਖਿਲਾਇਆ, ਨਿਰਗੁਣ ਸਰਗੁਣ ਧਾਰ । ਲੱਖ ਚੁਰਾਸੀ ਰਚਨ ਰਚਾਇਆ, ਕਰਿਆ ਖੇਲ ਅਪਰ ਅਪਾਰ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੰਡ ਵੰਡਾਇਆ, ਕਰੇ ਖੇਲ ਸੱਚੀ ਸਰਕਾਰ । ਗੁਰ ਅਵਤਾਰ ਵੇਸ ਵਟਾਇਆ, ਸ਼ਬਦੀ ਸ਼ਬਦ ਕਰ ਜੈਕਾਰ । ਭਗਤ ਭਗਵੰਤ ਲਏ ਮਨਾਇਆ, ਆਪ ਆਪਣੀ ਕਿਰਪਾ ਧਾਰ । ਸੰਤ ਸਾਜਣ ਲਏ ਮਿਲਾਇਆ, ਸਾਚੀ ਸਿਖਿਆ ਦਏ ਵਿਚਾਰ । ਗੁਰਮੁਖ ਗੁਰ ਗੁਰ ਲਏ ਜਗਾਇਆ, ਮੁਖ ਸਲਾਹੇ ਏਕਾ ਵਾਰ । ਸਿਖ ਸਾਜਣ ਲਏ ਮਿਲਾਇਆ, ਡੁਬਦੇ ਪਾਥਰ ਲਾਏ ਪਾਰ । ਹੰਕਾਰੀਆਂ ਗੜ੍ਹ ਤੁੜਾਇਆ, ਗੜ੍ਹ ਤੋੜੇ ਤੋੜਣਹਾਰ । ਗ਼ਰੀਬ ਨਿਮਾਣਿਆਂ ਗਲੇ ਲਗਾਇਆ, ਜੁਗਾ ਜੁਗੰਤਰ ਸਾਚੀ ਕਾਰ । ਨਿਰਗੁਣ ਕੰਤ ਲੋਕਮਾਤ ਹੰਢਾਇਆ, ਆਪੇ ਆਇਆ ਆਪਣੀ ਵਾਰ । ਵਾਰ ਦੋ ਮੇਲ ਮਿਲਾਇਆ, ਦੋ ਦੋ ਦੋ ਦੋ ਹੋ ਉਜਿਆਰ । ਕਲਜੁਗ ਅੰਤਮ ਰੂਪ ਧਰਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਆਪ ਕਰਤਾਰ । ਹਰਿ ਕਰਤਾਰਾ ਖੇਲ ਖਿਲਾਇੰਦਾ, ਖ਼ਾਲਕ ਖ਼ਲਕ ਰੂਪ ਭਗਵਾਨ । ਆਪਣਾ ਸਤਾਰਾ ਆਪ ਚਮਕਾਇੰਦਾ, ਨਾਤਾ ਤੋੜ ਜ਼ਿਮੀਂ ਅਸਮਾਨ । ਆਪਣਾ ਜੈਕਾਰਾ ਆਪ ਚਲਾਇੰਦਾ, ਜੋਧਾ ਸੂਰਬੀਰ ਬਲੀ ਬਲਵਾਨ । ਆਪਣੀ ਧਾਰਾ ਆਪ ਚਲਾਇੰਦਾ, ਜੁਗ ਚੌਕੜੀ ਮੇਟੇ ਆਪ ਨਿਸ਼ਾਨ । ਗੁਰ ਅਵਤਾਰਾਂ ਮੇਲ ਮਿਲਾਇੰਦਾ, ਪੀਰ ਪੈਗ਼ੰਬਰਾਂ ਵੇਖੇ ਆਪੇ ਆਣ । ਮੁਲਾ ਮੁਸਾਇਕ ਸੇਖ਼ ਆਪ ਜਗਾਇੰਦਾ, ਲੇਖਾ ਜਾਣੇ ਕੁਰਾ ਕ਼ੁਰਾਨ । ਕੁਤਬ ਗੌਂਸ ਆਪ ਰਖਾਇੰਦਾ, ਚਾਰੋਂ ਕੁੰਟ ਵੇਖੇ ਮਾਰ ਧਿਆਨ । ਨੌਂ ਖੰਡ ਪ੍ਰਿਥਮੀ ਬੰਕ ਫੋਲ ਫੁਲਾਇੰਦਾ, ਲੇਖਾ ਜਾਣੇ ਸ਼ਰਅ ਈਮਾਨ । ਚਾਰ ਯਾਰੀ ਸੰਗ ਮੁਹੰਮਦ ਏਕਾ ਕਲਮਾ ਆਪ ਪੜ੍ਹਾਇੰਦਾ, ਏਕਾ ਹੁਕਮ ਧੁਰ ਫ਼ਰਮਾਨ । ਏਕਾ ਤੂਰਤ ਨਾਮ ਵਜਾਇੰਦਾ, ਲੇਖਾ ਜਾਣੇ ਦੋ ਜਹਾਨ । ਸੁਹਬਤ ਜਗਤ ਸਰਬ ਮੁਕਾਇੰਦਾ, ਨਾਤਾ ਤੁੱਟੇ ਬੇਈਮਾਨ । ਉਲਫ਼ਤ ਵਿਚ ਕਦੇ ਨਾ ਆਇੰਦਾ, ਤੀਸ ਬਤੀਸਾ ਗਾਏ ਗਾਇਣ । ਗ਼ਫ਼ਲਤ ਸਭ ਦੀ ਆਪ ਮਿਟਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸ੍ਰੀ ਭਗਵਾਨ । ਭਗਵਾਨ ਖੇਲ ਖਿਲਾਇਆ, ਪੁਰਖ ਅਬਿਨਾਸ਼ੀ ਅਗੰਮ ਅਪਾਰ । ਜੋਤੀ ਜਾਮਾ ਭੇਖ ਵਟਾਇਆ, ਨਿਰਗੁਣ ਨਿਰਵੈਰ ਹੋ ਤਿਆਰ । ਕੋਟਨ ਕੋਟੀ ਜੁਗ ਚੌਕੜੀ ਆਪਣੇ ਚਰਨਾਂ ਹੇਠ ਦਬਾਇਆ, ਕਰੇ ਖੇਲ ਸੱਚੀ ਸਰਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਦੱਸੇ ਆਪ ਅਹਿਵਾਲ । ਸਚ ਹਵਾਲਾ ਦੱਸਣਾ, ਨਿਰਗੁਣ ਸਰਗੁਣ ਧਾਰ । ਸਰਗੁਣ ਅੰਦਰ ਵਸਣਾ, ਨਿਰਗੁਣ ਨੂਰ ਉਜਿਆਰ । ਨਿਰਗੁਣ ਹੋ ਹੋ ਹੱਸਣਾ, ਸਰਗੁਣ ਖ਼ਬਰਦਾਰ । ਕਲਜੁਗ ਵੇਖੇ ਰੈਣ ਅੰਧੇਰੀ ਮੱਸਣਾ, ਚਾਰੋਂ ਕੁੰਟ ਕੁੰਟ ਅੰਧਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚੀ ਸਰਕਾਰ । ਸਾਚੀ ਖੇਲ ਸਤਿ ਸਤਿ ਧਾਰਾ, ਹਰਿ ਸਤਿਗੁਰ

ਆਪ ਚਲਾਈਆ । ਸਤਿ ਸਤਿ ਕਰੇ ਖੇਲ ਨਿਆਰਾ, ਸਤਿ ਸਤਿਵਾਦੀ ਬੇਪਰਵਾਹੀਆ । ਸਤਿ ਸਤਿ ਵਸੇ ਸਭ ਤੋਂ ਬਾਹਰਾ, ਸਤਿ ਸਤਿ ਪਰਗਟ ਆਸਣ ਲਾਈਆ । ਸਤਿ ਸਤਿ ਹੋਏ ਗੁਪਤ ਜ਼ਾਹਰਾ, ਸਤਿ ਸਤਿ ਅੰਦਰ ਬਾਹਰ ਸਮਾਈਆ । ਸਤਿ ਸਤਿ ਪੁਰਖ ਸਤਿ ਸਤਿ ਨਾਰਾ, ਸਤਿ ਸਤਿ ਸਾਚੀ ਸੇਜ ਹੰਢਾਈਆ । ਸਤਿ ਸਤਿ ਘਰ ਸਤਿ ਸਤਿ ਦਰਬਾਰਾ, ਸਤਿ ਸਤਿ ਕਰੇ ਸੱਚਾ ਸ਼ਹਿਨਸ਼ਾਹੀਆ । ਸਤਿ ਸਤਿ ਘਾੜਤ ਘੜੇ ਸੱਚਾ ਠਠਿਆਰਾ, ਸਤਿ ਸਤਿ ਘੜਿਆ ਭੰਨ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਸਾਤਾ ਆਪਣੇ ਨਾਲ ਮਿਲਾਈਆ । ਕਲਜੁਗ ਸਾਤਾ ਹੋਇਆ ਸਿਫ਼ਰਾ, ਸਿਫ਼ਰਾ ਮੂਲ ਨਾ ਕੋਇ ਚੁਕਾਇਆ । ਸਿਫ਼ਰੇ ਨਾਲ ਬੰਧਾਇਆ ਆਪਣਾ ਨਾਤਾ, ਨਾਤਾ ਸਾਤਾ ਜੋੜ ਜੁੜਾਇਆ । ਦੋਹਾਂ ਵਿਚੋਲਾ ਬਣ ਪੁਰਖ ਬਿਧਾਤਾ, ਆਪਣਾ ਖੇਲ ਖਿਲਾਇਆ । ਨਿਰਗੁਣ ਕਰੇ ਸਰਗੁਣ ਪੂਰਾ ਘਾਟਾ, ਸਰਗੁਣ ਘਾਟਾ ਨਿਰਗੁਣ ਕੋਲੋਂ ਮੰਗਣ ਆਇਆ । ਚਾਰੋਂ ਕੁੰਟ ਦਿਸੇ ਖ਼ਾਲੀ ਬਾਟਾ, ਨਾਮ ਭੰਡਾਰਾ ਨਾ ਕੋਇ ਵਰਤਾਇਆ । ਚੌਦਾਂ ਲੋਕ ਫੋਲੇ ਹਾਟਾ, ਚੌਦਾਂ ਤਬਕ ਰਿਹਾ ਕੁਰਲਾਇਆ । ਨੌਂ ਖੰਡ ਪ੍ਰਿਥਮੀ ਚੀਥੜ ਪਾਟਾ, ਤਨ ਸ਼ਿੰਗਾਰ ਨਾ ਕੋਇ ਕਰਾਇਆ । ਲੱਖ ਚੁਰਾਸੀ ਰਸਨਾ ਦੱਸੇ ਨਾ ਸਾਚੀ ਗਾਥਾ, ਗਾ ਗਾ ਰਸਨਾ ਹਰਿ ਨਾ ਕਿਸੇ ਪਾਇਆ । ਜਗਤ ਦਲਿਦ੍ਰ ਕਿਸੇ ਨਾ ਲਾਥਾ, ਜੀਵ ਜੰਤ ਰਹੇ ਕੁਰਲਾਇਆ । ਧਰਨੀ ਰੋਵੇ ਖੁਲ੍ਹਾ ਝਾਟਾ, ਸੀਸ ਮੇਂਢੀ ਨਾ ਕੋਇ ਗੁੰਦਾਇਆ । ਬ੍ਰਹਮ ਰੋਵੇ ਤੇਰੀ ਆਤਮ ਬ੍ਰਹਮ ਖਾਟਾ, ਪਾਰਬ੍ਰਹਮ ਮਿਲਣ ਕਿਸੇ ਨਾ ਆਇਆ । ਚਾਰ ਜੁਗ ਵੇਂਹਦੀ ਰਹੀ ਅਠਸਠ ਤਾਟਾ, ਸੁਰਤ ਸੁਵਾਣੀ ਰੋ ਰੋ ਨੀਰ ਰਹੀ ਵਹਾਇਆ । ਜਿਸ ਨੂੰ ਗੁਰੂ ਅਵਤਾਰ ਕਹਿੰਦੇ ਗਏ ਪਿਤਾ ਮਾਤਾ, ਸੋ ਪੁਰਖ ਹੱਥ ਕਿਸੇ ਨਾ ਆਇਆ । ਜਿਸ ਦੀਆਂ ਗਾਉਂਦੇ ਰਹੇ ਗਾਥਾ, ਗਾ ਗਾ ਰਾਗ ਨਾ ਕਦੇ ਸੁਣਾਇਆ । ਜਿਸ ਦੀਆਂ ਜਗੌਂਦੇ ਰਹੇ ਲਾਟਾਂ, ਜੋਤੀ ਨੂਰ ਨਾ ਕੋਇ ਜਣਾਇਆ । ਜਿਸ ਦੀਆਂ ਤੀਰਥ ਤੱਟਾਂ ਕੱਟਦੇ ਰਹੇ ਵਾਟਾਂ, ਦੁਰਮਤ ਮੈਲ ਨਾ ਕੋਇ ਧਵਾਇਆ । ਜਿਸ ਦੇ ਪਿਛੇ ਕੱਟੀਆਂ ਜਾਗ ਜਾਗ ਕੇ ਰਾਤਾਂ, ਰਾਤੀ ਸੁੱਤਿਆਂ ਘਰ ਨਾ ਫੇਰਾ ਪਾਇਆ । ਜਿਸ ਦੇ ਪਿਛੇ ਬਣੀ ਰਹੀ ਜਗਤ ਨਾਰ ਕਮਜ਼ਾਤਾ, ਸੋ ਕੰਤ ਨਾ ਗੋਦ ਸੁਹਾਇਆ । ਕਲਜੁਗ ਤੇਰੇ ਅੰਤ ਸ੍ਰੀ ਭਗਵੰਤ ਪਾਰਬ੍ਰਹਮ ਪਤਿਪਰਮੇਸ਼ਵਰ ਨਿਰਗੁਣ ਜੋਤ ਗੁਰਸਿਖ ਸੰਤ ਰੰਗ ਪਛਾਤਾ, ਜਿਸ ਅੱਗੇ ਆਪਣਾ ਸੀਸ ਭੇਟ ਚੜ੍ਹਾਇਆ । ਸਿੰਘ ਸ਼ੇਰ ਹੋ ਸ਼ੇਰ ਨੌਂ ਸੌ ਚੁਰਾਨਵੇਂ ਚੌਕੜੀ ਜੁਗ ਦਾ ਪੂਰਾ ਕਰਨ ਆਇਆ ਘਾਟਾ, ਕਿਸੇ ਘਰ ਨਾ ਮੰਗਣ ਜਾਇਆ । ਆਪਣੇ ਹੱਥ ਰਖਾਇਆ ਅੰਮ੍ਰਿਤ ਬਾਟਾ, ਗੁਰਮੁਖਾਂ ਦਏ ਜਾਮ ਪਿਆਇਆ । ਰਾਤੀਂ ਸੁਤਿਆਂ ਜਾ ਜਾ ਪੁਛੇ ਵਾਤਾਂ, ਆਪ ਆਪਣਾ ਪੰਧ ਮੁਕਾਇਆ । ਚਾਰ ਜੁਗ ਲੁਕਿਆ ਰਿਹਾ ਵਿਚ ਜ਼ਾਤਾਂ ਪਾਤਾਂ, ਅੰਤਮ ਪਰਦਾ ਪਾੜ ਵਖਾਇਆ । ਚਾਰ ਜੁਗ ਵਿਕਦਾ ਰਿਹਾ ਵਿਚ ਹਾਟਾਂ, ਆਪਣਾ ਅੱਖਰ ਨਾਮ ਲਿਖਾਇਆ । ਕਲਜੁਗ ਅੰਤਮ ਕਰੇ ਖੇਲ ਪੁਰਖ ਸਮਰਾਥਾ, ਸਾਚੀ ਨਈਆ ਦਏ ਚਲਾਇਆ । ਨਾ ਕੋਈ ਪੂਜਾ ਨਾ ਕੋਈ ਪਾਠਾ, ਨਾ ਕੋਈ ਤੀਰਥ ਨਾ ਕੋਈ ਤਾਟਾ, ਨਾ ਕੋਈ ਵਣਜਾਰਾ ਨਾ ਕੋਈ ਹਾਟਾ, ਨਾ ਕੋਈ ਦਰ ਦਰ ਮੰਗਣ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਏਕਾ ਨਾਉਂ ਦਏ ਜਣਾਇਆ । ਏਕਾ ਨਾਉਂ ਹਰਿ ਚਾਰ ਜੁਗ ਰੰਗ, ਸੋ ਪੁਰਖ ਨਿਰੰਜਣ ਆਪ ਚੜ੍ਹਾਈਆ । ਖੰਡ ਬ੍ਰਹਿਮੰਡ ਵਜਾਏ ਆਪ ਮਰਦੰਗ, ਵਿਸ਼ਨ ਬ੍ਰਹਮਾ ਸ਼ਿਵ ਰਹੇ ਜਸ ਗਾਈਆ । ਗੁਰਸਿਖਾਂ ਅੰਦਰ ਆਪ ਲੰਘ, ਆਪਣਾ ਨਾਮ ਦਏ ਟਿਕਾਈਆ । ਆਪੇ ਸੋਏ ਆਤਮ

੪੮੮
੧੦

ਸੇਜ ਪਲੰਘ, ਗੁਰਸਿਖ ਖੋਜਣ ਬਣ ਨਾ ਜਾਈਆ । ਆਪੇ ਕੱਟਦਾ ਰਹੇ ਭੁੱਖ ਨੰਗ, ਗੁਰਮੁਖ ਤ੍ਰਿਸ਼ਨਾ ਭੁੱਖ ਬੁਝਾਈਆ । ਆਪਣਾ ਮਾਨਸ ਜਨਮ ਕਰਿਆ ਭੰਗ, ਗੁਰਸਿਖ ਮਾਨਸ ਜਨਮ ਲਏ ਤਰਾਈਆ । ਆਪੇ ਬਣ ਕੇ ਛਲਿਆ ਜਲ ਤਰੰਗ, ਗੁਰਸਿਖ ਜਲ ਕਵਲ ਲਏ ਮਹਿਕਾਈਆ । ਆਪੇ ਬਣ ਕੇ ਭੱਜਾ ਕਾਚੀ ਵੰਗ, ਗੁਰਸਿਖ ਕੰਗਣ ਆਪਣੇ ਹੱਥ ਲਟਕਾਈਆ । ਆਪੇ ਖੇਲ ਕਰਿਆ ਵਿਚ ਵਰਭੰਡ, ਪਾਰਬ੍ਰਹਮ ਪ੍ਰਭ ਰੂਪ ਵਟਾਈਆ । ਗੁਰਸਿਖ ਤੇਰੀ ਆਤਮ ਰਹੇ ਨਾ ਰੰਡ, ਜੋ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਸਨਾ ਗਾਈਆ । ਲੱਖ ਚੁਰਾਸੀ ਕੱਟੇ ਫੰਦ, ਜੋ ਇਕ ਵਾਰ ਨੇਤਰ ਦਰਸ਼ਨ ਪਾਈਆ । ਰਾਏ ਧਰਮ ਨਾ ਦੇਵੇ ਡੰਡ, ਚਿਤਰ ਗੁਪਤ ਨਾ ਹਿਸਾਬ ਵਖਾਈਆ । ਲਾੜੀ ਮੌਤ ਨਾ ਮੰਗੇ ਮੰਗ, ਵਟਨਾ ਬੰਦੀ ਨਾ ਕੋਇ ਵਖਾਈਆ । ਜਿਸ ਜਨ ਗਾਇਆ ਬੱਤੀ ਦੰਦ, ਸਤਿਗੁਰ ਪੂਰਾ ਹੋਏ ਸਹਾਈਆ । ਸੋਹੰ ਸ਼ਬਦ ਸੁਹਾਗੀ ਛੰਦ, ਗੁਰਸਿਖ ਨਾ ਮਰੇ ਨਾ ਜਾਈਆ । ਤੇਰੀ ਪੂਜਾ ਕਰਨ ਸੂਰਜ ਚੰਦ, ਵਿਸ਼ਨ ਬ੍ਰਹਮਾ ਸ਼ਿਵ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਆਪਣੇ ਹੱਥ ਰੱਖੀ ਵਡਿਆਈਆ । ਆਪਣੇ ਰੱਖ ਵਡਿਆਈ ਹੱਥ, ਹਰਿ ਕਰਤੇ ਖੇਲ ਖਿਲਾਇਆ । ਲੱਖ ਚੁਰਾਸੀ ਨਾਲੋਂ ਕਰ ਕੇ ਅੱਡ, ਆਪਣਾ ਮੇਲ ਮਿਲਾਇਆ । ਕਲਜੁਗ ਸਾਥ ਦੇਣੇ ਛੱਡ, ਬਿਨ ਸਤਿਗੁਰ ਪੂਰੇ ਨਾ ਕੋਇ ਸਹਾਇਆ । ਜਗਤ ਭੋਗ ਬਲਾਸ ਰਸ ਦਿਸੇ ਹੱਡ, ਅੰਮ੍ਰਿਤ ਰਸ ਨਾ ਕੋਇ ਚਖਾਇਆ । ਦੂਈ ਦਵੈਤੀ ਹਉਮੇ ਹੰਗਤਾ ਵਿਚੋਂ ਦੇਣੀ ਕੱਢ, ਕਾਮ ਕਰੋਧ ਲੋਭ ਮੋਹ ਹੰਕਾਰ ਨੇੜ ਨਾ ਆਇਆ । ਜਗਤ ਤ੍ਰਿਸ਼ਨਾ ਦੇਣੀ ਬੱਧ, ਬੱਧਕ ਫਾਂਦਕੀ ਰਿਹਾ ਧਿਆਨ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਅੰਤ ਆਪਣਾ ਗੇੜਾ ਲਏ ਦਸਾਇਆ । ਘਰ ਵਿਚ ਘਰ ਆਪ ਵਸਾਉਣਾ, ਗੁਰਮੁਖ ਤੇਰਾ ਬੰਕ ਦੁਆਰ । ਸਰਗੁਣ ਅੰਦਰ ਨਿਰਗੁਣ ਡੇਰਾ ਲਾਉਣਾ, ਜੋਤੀ ਜੋਤ ਨੂਰ ਉਜਿਆਰ । ਸ਼ਬਦ ਅਨਾਦ ਧੁਨ ਸਾਚਾ ਗਾਉਣਾ, ਅੱਠੇ ਪਹਿਰ ਸੱਚੀ ਧੁਨਕਾਰ । ਪੰਚਮ ਸਖ਼ੀਆਂ ਗੀਤ ਅਲਾਉਣਾ, ਵਾਹ ਵਾ ਮੰਗਲਾਚਾਰ । ਘਰ ਗੋਬਿੰਦ ਮੀਤ ਮੁਰਾਰਾ ਪੌਣਾ, ਅੰਦਰ ਬੈਠਾ ਸਾਂਝਾ ਯਾਰ । ਬਜਰ ਕਪਾਟੀ ਪਰਦਾ ਲਾਹੁਣਾ, ਦੂਈ ਦਵੈਤੀ ਦੇਵੇ ਪਾੜ । ਆਤਮ ਸੇਜਾ ਆਪ ਸੁਹਾਉਣਾ, ਪਲੰਘ ਰੰਗੀਲਾ ਘੜੇ ਆਪ ਸੱਚੀ ਸਰਕਾਰ । ਬਾਢੀ ਹੋ ਹੋ ਸੇਵ ਕਮਾਉਣਾ, ਸਿੰਘ ਸ਼ੇਰ ਹੋ ਤਿਆਰ । ਏਕਾ ਵਾਰ ਫੜ ਲਟਕਾਉਣਾ, ਉਖੜ ਜਾਏ ਨਾ ਦੂਜੀ ਵਾਰ । ਲੱਖ ਚੁਰਾਸੀ ਵਿਚੋਂ ਗੁਰਸਿਖ ਸੁੱਕਾ ਕਾਠ ਫੜ ਕੇ ਲੌਹਣਾ, ਰੰਦਾ ਮਾਰੇ ਏਕਾ ਵਾਰ । ਆਪਣੇ ਵਿਚ ਜੋੜ ਜੁੜਾਉਣਾ, ਚੂਲ ਚੂਲ ਨਾਲ ਕਰੇ ਪਿਆਰ । ਸਾਚਾ ਸੂਤਰ ਨਾਮ ਲਗਾਉਣਾ, ਤਿੱਖੀ ਰੱਖੀ ਧਾਰ । ਆਪਣੇ ਪ੍ਰੇਮ ਪਿਆਰ ਦੇ ਨਾਲ ਰਲੌਣਾ, ਆਪੇ ਖਿਚੇ ਵਿਚੋਂ ਧਾਰ । ਆਪਣੀ ਆਸਾ ਉਤੇ ਵਿਛੌਣਾ ਪਾਉਣਾ, ਕਿਰਪਾ ਕਰੇ ਸ੍ਰੀ ਭਗਵਾਨ । ਹੱਥ ਫੇਰਕੇ ਟੋਹ ਵਖੌਣਾ, ਗੁਰਮੁਖ ਅੰਗ ਦੁੱਖੇ ਨਾ ਬਾਲ ਅਵਾਣ । ਅੰਤ ਆਪਣੀ ਹੱਥੀਂ ਚੁੱਕ ਵਿਚ ਬਹਾਉਣਾ, ਉਤੇ ਦੇਣਾ ਸਚ ਰੁਮਾਲ । ਨਾਨਕ ਗਾਇਆ ਪੂਰ ਕਰਾਉਣਾ, ਪ੍ਰੇਮ ਪਟੋਲਾ ਦੇਵੇ ਸ਼ਾਹ ਕੰਗਾਲ । ਗੁਰਸਿਖ ਤੇਰੀ ਪੰਜ ਤੱਤ ਦਮਾ ਕੱਟਣਹਾਰ ਆਪ ਅਖਵਾਉਣਾ, ਆਦਿ ਜੁਗਾਦਿ ਕਰੇ ਸਦਾ ਪ੍ਰਿਤਪਾਲ । ਆਪਣੇ ਮੋਢੇ ਕੰਧ ਆਪੇ ਚੁਕਣ ਆਉਣਾ, ਆਪਣੇ ਦਰ ਦੁਆਰੇ ਦੇਵੇ ਮਾਣ । ਵੇਲੇ ਅੰਤ ਜੇ ਗੁਰਸਿਖ ਲੁਕਣ ਲੱਗੇ ਲੁਕਣ ਨਾ ਦੇਣਾ, ਲੱਖ ਚੁਰਾਸੀ ਵਿਚੋਂ ਲੈਣਾ ਭਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,


੪੮੯
੧੦

ਆਪਣੇ ਚਰਨ ਬਖ਼ਸ਼ੇ ਤੇਰਾ ਮਾਣ । ਗੁਰਸਿਖ ਤੇਰਾ ਮਾਣ ਸਚਖੰਡ, ਸਚਖੰਡ ਨਿਵਾਸੀ ਆਪ ਕਰਾਇੰਦਾ । ਨਾਤਾ ਤੋੜ ਭੇਖ ਪਖੰਡ, ਸਾਚਾ ਰੰਗ ਆਪ ਰੰਗਾਇੰਦਾ । ਆਪਣਾ ਨੂਰ ਤੇਰਾ ਚੰਦ, ਤੇਰਾ ਚੰਦ ਲੋਕਮਾਤ ਚਮਕਾਇੰਦਾ । ਤੇਰੀ ਕਿਰਿਆ ਕੂੜ ਆਪਣੀ ਝੋਲੀ ਪਾਏ ਗੰਦ, ਆਪਣਾ ਅੰਮ੍ਰਿਤ ਤੇਰੇ ਮੁਖ ਚੁਆਇੰਦਾ । ਤੇਰੇ ਜਨਮ ਜਨਮ ਦਾ ਦੁੱਖੜਾ ਕੱਟੇ ਬੰਦ ਬੰਦ, ਸੁਹਾਗੀ ਛੰਦ ਤੇਰੇ ਅੰਤਰ ਆਤਮ ਆਪ ਜਣਾਇੰਦਾ । ਤੇਰੀ ਜਨਮ ਜਨਮ ਦੀ ਆਤਮਾ ਸੁਹਾਗਣ ਕਰੇ ਰੰਡ, ਜਗਤ ਰੰਡੇਪਾ ਪੰਧ ਮੁਕਾਇੰਦਾ । ਚਾਰ ਜੁਗ ਗੁਰ ਅਵਤਾਰ ਗੁਰਸਿਖਾਂ ਦੇਂਦੇ ਰਹੇ ਨਾਮ ਗੰਢ, ਸਚ ਸੁਨੇਹੁੜਾ ਆਪ ਘਲਾਇੰਦਾ । ਕਲਜੁਗ ਅੰਤਮ ਆਪਣੇ ਨਾਲ ਕਰੇ ਕਾਰਜ ਅਨੰਦ, ਅਨੰਦ ਅਨੰਦ ਅਨੰਦ ਅਨੰਦ ਵਿਚ ਸਮਾਇੰਦਾ । ਐਥੇ ਓਥੇ ਮੁਕਿਆ ਪੰਧ, ਜਿਸ ਜਨ ਮਿਲਿਆ ਸਾਹਿਬ ਗੁਰੂ ਬਖ਼ਸ਼ੰਦ, ਪਿਛਲਾ ਲੇਖਾ ਆਪਣੇ ਹੱਥੀਂ ਆਪ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਨਿਸ਼ਾਨ ਆਪ ਝੁਲਾਇੰਦਾ ।

### ★ ੭ ਜੇਠ ੨੦੧੯ ਬਿਕ੍ਰਮੀ ਚੇਲਾ ਸਿੰਘ ਦੇ ਘਰ ਜੰਮੂ ★

ਸ਼ਾਹ ਪਾਤਸ਼ਾਹ ਹਰਿ ਨਿਰੰਕਾਰਾ, ਆਦਿ ਜੁਗਾਦਿ ਹਰਿ ਸਮਾਇੰਦਾ । ਇਕ ਅਕੱਲਾ ਖੇਲ ਨਿਆਰਾ, ਅਨਭਵ ਪ੍ਰਕਾਸ਼ ਕਰਾਇੰਦਾ । ਸਾਚੇ ਤਖ਼ਤ ਬੈਠ ਸੱਚੀ ਸਰਕਾਰਾ, ਸ਼ਾਹੋ ਭੂਪ ਏਕਾ ਖੇਲ ਖਿਲਾਇੰਦਾ । ਹੁਕਮੀ ਹੁਕਮ ਵਰਤੇ ਵਰਤਾਰਾ, ਧੁਰ ਫ਼ਰਮਾਨਾ ਆਪ ਸੁਣਾਇੰਦਾ । ਤਖ਼ਤ ਨਿਵਾਸੀ ਨਿਰਗੁਣ ਨਿਰਵੈਰ ਸਭ ਤੋਂ ਵਸੇ ਆਪ ਨਿਆਰਾ, ਭੇਵ ਅਭੇਦਾ ਭੇਵ ਛੁਪਾਇੰਦਾ । ਏਕਾ ਮੰਦਰ ਏਕਾ ਗ੍ਰਿਹਿ ਇਕ ਦੁਆਰਾ, ਇਕ ਇਕੱਲਾ ਸੋਭਾ ਪਾਇੰਦਾ । ਏਕਾ ਸ਼ਬਦ ਨਾਦ ਧੁਨ ਜੈਕਾਰਾ, ਏਕਾ ਰਾਗ ਅਨਾਦਿ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਏਕਾ ਹਰਿ, ਅਗੰਮ ਅਗੰਮੜਾ ਖੇਲ ਖਿਲਾਇੰਦਾ । ਅਗੰਮ ਅਗੰਮੜਾ ਹਰਿ ਸੁਲਤਾਨਾ, ਇਕ ਇਕੱਲਾ ਵਡ ਵਡਿਆਈਆ । ਲੇਖਾ ਜਾਣੇ ਦੋ ਜਹਾਨਾਂ, ਦੋਏ ਦੋਏ ਆਪਣਾ ਰੰਗ ਰੰਗਾਈਆ । ਤਖ਼ਤ ਨਿਵਾਸੀ ਸ੍ਰੀ ਭਗਵਾਨਾ, ਸ਼ਾਹੋ ਭੂਪ ਸੱਚਾ ਸ਼ਹਿਨਸ਼ਾਹੀਆ । ਜੁਗਾ ਜੁਗੰਤਰ ਖੇਲ ਮਹਾਨਾ, ਖੇਲਣਹਾਰ ਇਕ ਅਖਵਾਈਆ । ਜੋਤੀ ਨੂਰ ਨੂਰ ਨੁਰਾਨਾ, ਨੂਰੋ ਨੂਰ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਏਕਾ ਹਰਿ, ਅਕਲ ਕਲ ਆਪਣੇ ਹੱਥ ਰੱਖੇ ਵਡਿਆਈਆ । ਸ਼ਾਹੋ ਭੂਪ ਹਰਿ ਨਿਰੰਕਾਰ, ਸਾਚੇ ਤਖ਼ਤ ਸੋਭਾ ਪਾਇੰਦਾ । ਨਿਰਗੁਣ ਜੋਤ ਨਿਰਗੁਣ ਧਾਰ, ਨਿਰਗੁਣ ਨਿਰਗੁਣ ਆਪ ਪ੍ਰਗਟਾਇੰਦਾ । ਨਿਰਗੁਣ ਅੰਦਰ ਨਿਰਗੁਣ ਬਾਹਰ, ਨਿਰਗੁਣ ਗੁਪਤ ਨਿਰਗੁਣ ਜ਼ਾਹਰ, ਨਿਰਗੁਣ ਨੂਰ ਨੂਰ ਦਰਸਾਇੰਦਾ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਘਰ ਬਾਹਰ, ਨਿਰਗੁਣ ਮਹੱਲ ਅਟਲ ਉਚ ਮਨਾਰ, ਨਿਰਗੁਣ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਭੇਵ ਏਕਾ ਏਕ ਆਪ ਖੁਲ੍ਹਾਇੰਦਾ । ਇਕ ਇਕੱਲਾ ਹਰਿ ਨਿਰੰਕਾਰਾ, ਆਦਿ ਜੁਗਾਦਿ ਸਮਾਇਆ । ਸੱਚਖੰਡ ਸੁਹਾਏ ਸਚ ਦੁਆਰਾ, ਸੋਭਾਵੰਤ ਆਸਣ ਲਾਇਆ , ਰੂਪ ਰੰਗ ਰੇਖ ਵਸੇ ਬਾਹਰਾ, ਅਲਖ ਰੂਪ ਰੰਗ ਨਾ ਕੋਇ ਰੰਗਾਇਆ । ਧਰਤ ਧਵਲ ਨਾ ਕੋਇ ਸਹਾਰਾ, ਖੰਡਾਂ ਬ੍ਰਹਿਮੰਡਾਂ ਲੋਆਂ ਪੁਰੀਆਂ ਪਰਕਾਸ਼ ਨਾ ਕੋਇ ਜਣਾਇਆ ।



੪੯੦
੧੦

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਏਕਾ ਹਰਿ, ਇਕ ਇਕੱਲਾ ਏਕਾ ਰੰਗ ਰੰਗਾਇਆ । ਏਕਾ ਰੰਗ ਹਰਿ ਕਰਤਾਰਾ, ਆਦਿ ਪੁਰਖ ਆਪਣਾ ਆਪ ਰੰਗਾਈਆ । ਸੋ ਪੁਰਖ ਨਿਰੰਜਣ ਹੋ ਉਜਿਆਰਾ, ਹਰਿ ਪੁਰਖ ਨਿਰੰਜਣ ਕਰੇ ਖੇਲ ਬੇਪਰਵਾਹੀਆ । ਏਕੰਕਾਰਾ ਕਰ ਪਸਾਰਾ, ਆਦਿ ਨਿਰੰਜਣ ਨੂਰ ਰੁਸ਼ਨਾਈਆ । ਸ੍ਰੀ ਭਗਵਾਨ ਅਬਿਨਾਸ਼ੀ ਕਰਤਾ ਵਸਣਹਾਰਾ ਠਾਂਡੇ ਦਰਬਾਰਾ, ਸ਼ਾਹ ਪਾਤਸ਼ਾਹ ਵਡੀ ਵਡਿਆਈਆ । ਥਿਰ ਘਰ ਖੋਲ੍ਹੇ ਆਪ ਕਿਵਾੜਾ, ਪਾਰਬ੍ਰਹਮ ਪਤ ਪਰਮੇਸ਼ਵਰ ਆਪਣੀ ਕਲ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਰੂਪ ਅਨੂਪ ਮਹਿਮਾ ਅਕਥ ਕਥੀ ਨਾ ਜਾਈਆ । ਰੂਪ ਅਨੂਪ ਸ਼ਾਹੋ ਭੂਪਾ, ਸੋ ਪੁਰਖ ਨਿਰੰਜਣ ਨਾਉਂ ਧਰਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਸਤਿ ਸਰੂਪਾ, ਆਦਿ ਨਿਰੰਜਣ ਆਪਣੀ ਖੇਲ ਖਿਲਾਇੰਦਾ । ਵਸਣਹਾਰਾ ਚਾਰੇ ਕੂਟਾ, ਏਕੰਕਾਰਾ ਹਰਿ ਨਿਰੰਕਾਰਾ ਦਹਿ ਦਿਸ਼ਾ ਆਪਣੀ ਧਾਰ ਬੰਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਏਕਾ ਹਰਿ, ਆਪਣੀ ਕਲ ਆਪ ਪ੍ਰਗਟਾਇੰਦਾ । ਸੋ ਪੁਰਖ ਨਿਰੰਜਣ ਹਰਿ ਨਿਰੰਕਾਰਾ, ਆਦਿ ਜੁਗਾਦਿ ਸਮਾਇੰਦਾ । ਸਚਖੰਡ ਨਿਵਾਸੀ ਹੋ ਉਜਿਆਰਾ, ਨਿਰਵੈਰ ਰੂਪ ਪ੍ਰਗਟਾਇੰਦਾ । ਅਜੂਨੀ ਰਹਿਤ ਅਗੰਮ ਅਪਾਰਾ, ਅਲਖ ਅਗੋਚਰ ਅਗੰਮ ਅਥਾਹ ਬੇਪਰਵਾਹ ਆਪਣੀ ਖੇਲ ਖਿਲਾਇੰਦਾ । ਆਪਣਾ ਦਰ ਦਰਵੇਸ਼ ਸੁਹਾਏ ਆਪ ਦੁਆਰਾ, ਦਰ ਦਰਬਾਨ ਸੇਵ ਕਮਾਇੰਦਾ । ਆਪਣਾ ਹੁਕਮ ਕਰ ਵਰਤਾਰਾ, ਸ਼ਾਹੋ ਭੂਪ ਬਣ ਸਿਕਦਾਰਾ, ਧੁਰ ਫ਼ਰਮਾਨਾ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਜੁਗਾ ਜੁਗੰਤਰ ਜੁਗ ਕਰਤਾ ਆਪਣਾ ਨਾਉਂ ਧਰਾਇੰਦਾ । ਜੁਗ ਕਰਤਾ ਹਰਿ ਨਾਉਂ ਰੱਖ, ਆਪਣੀ ਖੇਲ ਖਿਲਾਈਆ । ਸਚਖੰਡ ਨਿਵਾਸੀ ਸਚਖੰਡ ਦੁਆਰੇ ਹੋ ਪਰਤੱਖ, ਨੂਰ ਨੂਰ ਨੂਰ ਪ੍ਰਗਟਾਈਆ । ਆਪੇ ਜਾਣੇ ਆਪਣਾ ਪੱਖ, ਥਿਤ ਵਾਰ ਨਾ ਕੋਇ ਵਖਾਈਆ । ਸਰਬ ਕਲ ਆਪੇ ਸਮਰਥ, ਸਮਰਥ ਪੁਰਖ ਵਡੀ ਵਡਿਆਈਆ । ਆਪਣਾ ਨਾਉਂ ਆਪੇ ਰੱਖ, ਨਾਉਂ ਨਿਰੰਕਾਰਾ ਆਪ ਧਰਾਈਆ । ਆਪੇ ਹੋਏ ਕਮਲਾਪਤ, ਨਰ ਨਰਾਇਣ ਬੇਪਰਵਾਹੀਆ । ਆਪੇ ਨਾਰ ਸੁਹਾਗਣ ਮਹਿਮਾ ਜਾਣੇ ਅਕਥ, ਕਥਨੀ ਕਥ ਨਾ ਸਕੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਇਛਿਆ ਆਪ ਪ੍ਰਗਟਾਈਆ । ਆਪਣੀ ਇਛਿਆ ਹਰਿ ਨਿਰੰਕਾਰਾ, ਹਰਿ ਹਰਿ ਆਪ ਪ੍ਰਗਟਾਇੰਦਾ । ਆਪਣੇ ਅੰਦਰ ਕਰ ਪਿਆਰਾ, ਨਿਰਗੁਣ ਸਰਗੁਣ ਆਪਣਾ ਮੇਲ ਮਿਲਾਇੰਦਾ । ਆਪੇ ਨਾਰੀ ਕੰਤ ਭਤਾਰਾ, ਹਰਿ ਹਰਿ ਆਪੇ ਸੇਜ ਹੰਢਾਇੰਦਾ । ਆਪੇ ਸ਼ਬਦ ਨਾਦ ਧੁਨਕਾਰਾ, ਆਪੇ ਨਾਦੀ ਨਾਦ ਵਜਾਇੰਦਾ । ਆਪੇ ਹੋਏ ਸੁਨਣੇਹਾਰਾ, ਗਾਵਤ ਆਪਣਾ ਗੀਤ ਅਲਾਇੰਦਾ । ਆਪੇ ਜਾਣੇ ਭੇਵ ਨਿਆਰਾ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਸਾਚੇ ਮੰਦਰ ਥਿਰ ਦਰਬਾਰਾ, ਗ੍ਰਿਹਿ ਆਪਣੀ ਖੋਜ ਖੁਜਾਇੰਦਾ । ਅਬਿਨਾਸ਼ੀ ਅਚੁਤ ਹੋ ਤਿਆਰਾ, ਸਾਚੀ ਰੁੱਤ ਆਪ ਸੁਹਾਇੰਦਾ । ਆਪ ਉਪਜਾਏ ਆਪਣਾ ਸੁਤ ਸੁਤ ਦੁਲਾਰਾ, ਆਪ ਆਪਣਾ ਬੰਧਨ ਪਾਇੰਦਾ । ਆਪੇ ਦੇਵੇ ਸੁਤ ਹੁਲਾਰਾ, ਦੇਵਣਹਾਰਾ ਦਿਸ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸੁਤ ਆਪ ਪ੍ਰਗਟਾਇੰਦਾ । ਸਾਚਾ ਸੁਤ ਸ਼ਬਦੀ ਧਾਰ, ਹਰਿ ਰੂਪ ਆਪ ਪ੍ਰਗਟਾਈਆ । ਜੋਤੀ ਜਾਤਾ ਬਣ ਬਣ ਨਾਰ, ਨਾਰ ਸੁਹਾਗਣ ਸੋਭਾ ਪਾਈਆ । ਕੰਤ ਕੰਤੂਲਾ ਮੰਗਲਾਚਾਰ, ਘਰ ਮੰਗਲ ਵੱਜੇ ਵਧਾਈਆ । ਸਚਖੰਡ ਨਿਵਾਸੀ ਖੇਲ ਅਪਾਰ, ਖ਼ਾਲਕ ਆਪਣਾ ਆਪ ਕਰਾਈਆ । ਮਾਤ ਪਿਤ

ਬਣ ਸੁਤ ਦੁਲਾਰ, ਪੂਤ ਸਪੂਤਾ ਆਪੇ ਜਾਈਆ । ਧੁਰ ਫ਼ਰਮਾਨਾ ਬੋਲ ਜੈਕਾਰ, ਹੁਕਮੀ ਹੁਕਮ ਇਕ ਵਰਤਾਈਆ । ਤੇਰਾ ਮੇਰਾ ਇਕ ਆਧਾਰ, ਤੇਰਾ ਰੂਪ ਮੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸੁਤ ਦਏ ਸਮਝਾਈਆ । ਸੁਤ ਦੁਲਾਰਾ ਸ਼ਬਦੀ ਹਰਿ ਹਰਿ, ਆਪਣਾ ਆਪ ਪ੍ਰਗਟਾਇੰਦਾ । ਆਪਣੇ ਅੰਦਰ ਆਪੇ ਧਰ ਧਰ, ਆਪ ਆਪਣਾ ਮੇਲ ਮਿਲਾਇੰਦਾ । ਆਪਣੀ ਘਾੜਣ ਆਪੇ ਘੜ ਘੜ, ਹਰਿ ਆਪੇ ਵੇਖ ਵਖਾਇੰਦਾ । ਆਪਣਾ ਲੜ ਆਪੇ ਫੜ ਫੜ, ਏਕਾ ਬੰਧਨ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸੰਗ ਆਪ ਨਿਭਾਇੰਦਾ । ਸਾਚਾ ਸੰਗ ਨਿਭਾਵਣਹਾਰਾ, ਏਕਾ ਰੰਗ ਸਮਾਇਆ । ਏਕਾ ਹੁਕਮ ਇਕ ਵਰਤਾਰਾ, ਧੁਰ ਫ਼ਰਮਾਨਾ ਆਪ ਜਣਾਇਆ । ਏਕਾ ਸ਼ਬਦ ਇਕ ਜੈਕਾਰਾ, ਸਚਖੰਡ ਸੋਭਾ ਪਾਇਆ । ਘਰ ਵਿਚ ਘਰ ਕਰ ਪਸਾਰਾ, ਥਿਰ ਘਰ ਆਪਣੀ ਬਣਤ ਬਣਾਇਆ । ਜੋਤੀ ਨੂਰ ਨੂਰ ਉਜਿਆਰਾ, ਨੂਰ ਨੁਰਾਨਾ ਡਗਮਗਾਇਆ । ਸਚ ਸਿੰਘਾਸਣ ਕਰ ਤਿਆਰਾ, ਪੁਰਖ ਅਬਿਨਾਸ਼ੀ ਆਸਣ ਲਾਇਆ । ਚਰਨ ਕਵਲ ਦਏ ਸਹਾਰਾ, ਥਿਰ ਘਰ ਆਪਣਾ ਚਰਨ ਟਿਕਾਇਆ । ਸ਼ਬਦੀ ਸ਼ਬਦ ਕਰ ਪਸਾਰਾ, ਰੂਪ ਅਨੂਪਾ ਆਪ ਵਟਾਇਆ । ਕਰੇ ਖੇਲ ਕਰਨੇਹਾਰਾ ਆਦਿ ਜੁਗਾਦਿ ਭੇਵ ਕਿਸੇ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮਾਰਗ ਆਪ ਲਗਾਇਆ । ਸਾਚਾ ਮਾਰਗ ਸ਼ਬਦੀ ਸੁੱਤ, ਹਰਿ ਸਾਚਾ ਸਚ ਜਣਾਇੰਦਾ । ਕਰੇ ਖੇਲ ਅਬਿਨਾਸ਼ੀ ਅਚੁਤ, ਪਾਰਬ੍ਰਹਮ ਭੇਵ ਕੋਇ ਨਾ ਪਾਇੰਦਾ । ਆਪੇ ਜਾਣੇ ਆਪਣੀ ਰੁੱਤ, ਥਿਤ ਵਾਰ ਨਾ ਕੋਇ ਵਖਾਇੰਦਾ । ਹਰਿ ਕਾ ਰੂਪ ਪੰਜ ਤੱਤ ਨਾ ਦਿਸੇ ਬੁਤ, ਤਤਵ ਤਤ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸੁਤ ਆਪ ਉਠਾਇੰਦਾ । ਸ਼ਬਦੀ ਸੁਤ ਹਰਿ ਉਠਾਇਆ, ਕਰ ਕਿਰਪਾ ਗੁਣ ਨਿਧਾਨ । ਏਕਾ ਹੁਕਮ ਦਏ ਜਣਾਇਆ, ਆਪ ਆਪਣਾ ਸ੍ਰੀ ਭਗਵਾਨ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਰਚਨ ਰਚਾਇਆ, ਦੇਵਣਹਾਰਾ ਦੇਵੇ ਦਾਨ । ਕਿਰਨੀ ਕਿਰਨ ਲਏ ਪ੍ਰਗਟਾਇਆ, ਏਕਾ ਕਿਰਨ ਦਏ ਮਹਾਨ । ਇਕ ਇਕ ਇਕ ਏਕਾ ਬੰਧਨ ਪਾਇਆ, ਬੰਧਨ ਪਾਏ ਹੋ ਮਿਹਰਵਾਨ । ਜੋਤੀ ਨੂਰ ਨੂਰ ਦਰਸਾਇਆ, ਜੋਤੀ ਜਾਤਾ ਖੇਲ ਮਹਾਨ । ਕਿਲਾ ਕੋਟ ਇਕ ਵਖਾਇਆ, ਸਚਖੰਡ ਦੁਆਰਾ ਸਚ ਮਕਾਨ । ਨਿਰਗੁਣ ਨਿਰਮਲ ਜੋਤ ਜਗਾਇਆ, ਉਚ ਮਹੱਲ ਅਟਲ ਕਰੇ ਖੇਲ ਗੁਣ ਨਿਧਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਦੇਵੇ ਏਕਾ ਦਾਨ । ਸਾਚਾ ਦਾਨ ਦੇਵੇ ਦਾਤਾ, ਸੋ ਪੁਰਖ ਨਿਰੰਜਣ ਵਡ ਵਡਿਆਈਆ । ਹਰਿ ਪੁਰਖ ਨਿਰੰਜਣ ਬਣ ਗਿਆਤਾ, ਸ਼ਬਦੀ ਸੁਤ ਆਪ ਸਮਝਾਈਆ । ਏਕੰਕਾਰਾ ਪਿਤਾ ਮਾਤਾ, ਆਦਿ ਨਿਰੰਜਣ ਹੋਏ ਸਹਾਈਆ । ਅਬਿਨਾਸ਼ੀ ਕਰਤਾ ਸੁਣਾਏ ਗਾਥਾ, ਸ੍ਰੀ ਭਗਵਾਨ ਕਰੇ ਪੜ੍ਹਾਈਆ । ਪਾਰਬ੍ਰਹਮ ਆਦਿ ਜੁਗਾਦਿ ਸਰਬ ਕਲ ਸਮਰਾਥਾ, ਸਮਰਥ ਪੁਰਖ ਵਡੀ ਵਡਿਆਈਆ । ਸ਼ਬਦ ਸੁਤ ਇਕ ਪਛਾਤਾ, ਏਕਾ ਤੱਤ ਦਏ ਜਣਾਈਆ । ਜੋਤੀ ਸ਼ਬਦੀ ਸਾਚਾ ਨਾਤਾ, ਨਿਰਗੁਣ ਨਿਰਗੁਣ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮੇਲਾ ਆਪ ਮਿਲਾਈਆ । ਜੋਤੀ ਸ਼ਬਦੀ ਹਰਿ ਹਰਿ ਮੇਲਾ, ਸੋ ਪੁਰਖ ਨਿਰੰਜਣ ਆਪ ਮਿਲਾਇਆ । ਏਕਾ ਘਰ ਵਸੇ ਗੁਰੂ ਗੁਰ ਚੇਲਾ, ਚੇਲਾ ਰੂਪ ਧਰਾਇਆ । ਹਰਿ ਪੁਰਖ ਨਿਰੰਜਣ ਸੱਜਣ ਸੁਹੇਲਾ, ਏਕੰਕਾਰਾ ਵਿਛੜ ਨਾ ਜਾਇਆ । ਆਦਿ ਨਿਰੰਜਣ ਵਸੇ ਸਦਾ ਨਵੇਲਾ, ਅਬਿਨਾਸ਼ੀ ਕਰਤਾ ਘਟ ਘਟ ਆਪਣਾ ਰੂਪ ਧਰਾਇਆ । ਸ੍ਰੀ ਭਗਵਾਨ

ਆਪੇ ਜਾਣੇ ਆਪਣਾ ਵਕ਼ਤ ਵੇਲਾ, ਪਾਰਬ੍ਰਹਮ ਪ੍ਰਭ ਵੇਖੇ ਥਾਉਂ ਥਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਖਿਲਾਇਆ । ਸ਼ਬਦੀ ਖੇਲ ਖਿਲਾਇੰਦਾ, ਪੁਰਖ ਅਗੰਮ ਅਗੰਮੜੀ ਕਾਰ । ਹੁਕਮੀ ਹੁਕਮ ਆਪ ਸੁਣਾਇੰਦਾ, ਕਰੇ ਕਰਾਏ ਸਚ ਵਿਹਾਰ । ਆਪਣੀ ਇਛਿਆ ਆਪਣੇ ਵਿਚ ਧਰਾਇੰਦਾ, ਆਪ ਆਪਾ ਕਰੇ ਪਿਆਰ । ਆਪਣਾ ਨਾਉਂ ਆਪ ਰਖਾਇੰਦਾ, ਆਪੇ ਵਿਸ਼ਨੂੰ ਹੋ ਆਕਾਰ । ਆਪੇ ਵਿਸ਼ਨ ਰੰਗ ਰੰਗਾਇੰਦਾ, ਵਾਸਤਕ ਖੇਲ ਕਰੇ ਕਰਤਾਰ । ਅਨਭਵ ਆਪਣੀ ਧਾਰ ਬੰਧਾਇੰਦਾ, ਜੋਤੀ ਨੂਰ ਨੂਰ ਉਜਿਆਰ । ਸਾਕਾਰ ਨਿਰਾਕਾਰ ਏਕਾ ਕਲ ਵਰਤਾਇੰਦਾ, ਕਲ ਵੇਖੇ ਵੇਖਣਹਾਰ । ਆਪਣਾ ਜੋਬਨ ਆਪ ਸੁਹਾਇੰਦਾ, ਕਵਲ ਨੈਣ ਨੈਣ ਮੁੰਧਾਰ । ਆਪਣੇ ਅੰਤਰ ਆਪਣਾ ਭੰਡਾਰਾ ਆਪ ਭਰਾਇੰਦਾ, ਆਪੇ ਹੋਏ ਵੇਖਣਹਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚੀ ਸਰਕਾਰ । ਸਚ ਸਰਕਾਰ ਹਰਿ ਸੁਲਤਾਨਾ, ਹਰਿ ਹਰਿ ਜੂ ਖੇਲ ਖਿਲਾਇਆ । ਸਚਖੰਡ ਦੁਆਰੇ ਮਰਦ ਮਰਦਾਨਾ, ਮਰਦਨ ਆਪਣਾ ਆਪ ਵਖਾਇਆ । ਲੇਖਾ ਜਾਣੇ ਦੋ ਜਹਾਨਾਂ, ਦੋਏ ਦੋਏ ਆਪਣਾ ਰੂਪ ਵਟਾਇਆ । ਨਿਰਗੁਣ ਨਿਰਗੁਣ ਬੱਧਾ ਗਾਨਾ, ਸਰਗੁਣ ਸਾਚਾ ਸੰਗ ਨਿਭਾਇਆ । ਸ਼ਬਦੀ ਸ਼ਬਦੀ ਸ਼ਬਦ ਤਰਾਨਾ, ਰਾਗੀ ਰਾਗ ਸੁਣਾਇਆ । ਮੰਦਰ ਮੰਦਰ ਸੋਹੇ ਮਕਾਨਾ, ਥਿਰ ਘਰ ਏਕਾ ਨੂਰ ਜਗਾਇਆ । ਸੋ ਪੁਰਖ ਨਿਰੰਜਣ ਹੋ ਮਿਹਰਬਾਨਾ, ਹਰਿ ਪੁਰਖ ਨਿਰੰਜਣ ਲਏ ਉਠਾਇਆ । ਏਕੰਕਾਰਾ ਦੇਵੇ ਮਾਣਾ, ਆਦਿ ਨਿਰੰਜਣ ਆਪਣਾ ਸੰਗ ਆਪ ਨਿਭਾਇਆ । ਸ੍ਰੀ ਭਗਵਾਨ ਜਾਣੀ ਜਾਣਾ, ਅਬਿਨਾਸ਼ੀ ਕਰਤਾ ਭੇਵ ਖੁਲ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਪਾਰਬ੍ਰਹਮ ਪ੍ਰਭ ਆਪਣਾ ਰੰਗ ਵਖਾਇਆ । ਪਾਰਬ੍ਰਹਮ ਪ੍ਰਭ ਰੰਗ ਨਵੇਲਾ, ਆਪਣਾ ਆਪ ਪ੍ਰਗਟਾਈਆ । ਕਰੇ ਖੇਲ ਇਕ ਅਕੇਲਾ, ਦੂਸਰ ਸੰਗ ਨਾ ਕੋਇ ਵਖਾਈਆ । ਘਰ ਵਿਚ ਮੀਤ ਘਰ ਵਿਚ ਸੱਜਣ ਸੁਹੇਲਾ, ਘਰ ਘਰ ਵਿਚ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਆਪਣੀ ਕਲ ਵਰਤਾਈਆ । ਵਿਸ਼ਨ ਰੂਪ ਵਿਸ਼ਨ ਭਗਵਾਨਾ, ਵਿਸ਼ਨੂੰ ਆਪਣੀ ਖੇਲ ਖਿਲਾਇੰਦਾ । ਆਪੇ ਹੋਏ ਜਾਣੀ ਜਾਣਾ, ਜਾਨਣਹਾਰ ਆਪ ਅਖਵਾਇੰਦਾ । ਆਪਣਾ ਅੰਤਰ ਆਪੇ ਵੇਖ ਮਕਾਨਾ, ਵਸਤ ਅਮੋਲਕ ਆਪ ਪ੍ਰਗਟਾਇੰਦਾ । ਆਪੇ ਜਾਣੇ ਆਪਣਾ ਪੀਣਾ ਖਾਣਾ, ਆਪਣਾ ਰਸ ਆਪ ਧਰਾਇੰਦਾ । ਆਪੇ ਅੰਮ੍ਰਿਤ ਕਰ ਪਰਧਾਨਾ, ਨਿਝਰ ਝਿਰਨਾ ਇਕ ਝਿਰਾਇੰਦਾ । ਆਪੇ ਕਵਲੀ ਕਵਲ ਵਖਾਨਾ, ਕਵਲ ਮੁਖ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਇਛਿਆ ਵਿਚ ਭਰਾਇੰਦਾ । ਵਿਸ਼ਨੂੰ ਇਛਿਆ ਫੁਲ ਕਵਲ, ਪੱਤ ਡਾਲ੍ਹੀ ਆਪ ਮਹਿਕਾਈਆ । ਆਪਣੇ ਅੰਦਰ ਆਪੇ ਮਵਲ, ਆਪਣੀ ਰੁੱਤ ਸੁਹਾਈਆ । ਆਪੇ ਨਿਰਗੁਣ ਹੋਇਆ ਬਵਲ, ਪੂਰਾ ਭੇਵ ਕੋਇ ਨਾ ਪਾਈਆ । ਆਪੇ ਨੂਰ ਇਲਾਹੀ ਅਵਲ, ਏਕਾ ਨੂਰ ਨੂਰ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਖਿਲਾਈਆ । ਆਪੇ ਕਵਲ ਫੁੱਲ ਅੰਮ੍ਰਿਤ ਰਸ, ਰਸ ਰਸੀਆ ਖੇਲ ਖਿਲਾਇੰਦਾ । ਆਪੇ ਵਿਸ਼ਨੂੰ ਅੰਦਰ ਵਸ, ਆਪਣਾ ਰੂਪ ਵਟਾਇੰਦਾ । ਆਪੇ ਬਾਹਰ ਆਇਆ ਨੱਸ, ਸ਼ਾਹੋ ਭੂਪ ਆਪਣਾ ਰੂਪ ਵਟਾਇੰਦਾ । ਆਪੇ ਕਰੇ ਆਪਣਾ ਪੱਖ, ਪਰਕਾਸ਼ ਪਰਕਾਸ਼ ਪਰਕਾਸ਼ ਪਰਕਾਸ਼ ਵਿਚ ਟਿਕਾਇੰਦਾ । ਆਪੇ ਜਾਣੇ ਆਪਣਾ ਜਸ, ਆਪਣੀ ਜਿਹਵਾ ਆਪ ਹਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰ ਆਪ ਬੰਧਾਇੰਦਾ ।

ਵਿਸ਼ਨੂੰ ਅੰਦਰ ਏਕਾ ਧਾਰ, ਹਰਿ ਸਾਚਾ ਸਚ ਪ੍ਰਗਟਾਈਆ । ਤਖ਼ਤ ਨਿਵਾਸੀ ਹੋ ਤਿਆਰ, ਸਾਚੇ ਤਖ਼ਤ ਬੈਠਾ ਸੱਚਾ ਸ਼ਹਿਨਸ਼ਾਹੀਆ । ਚਾਰੇ ਦਿਸ਼ਾ ਪਾਵੇ ਸਾਰ, ਚਤੁਰਭੁਜ ਰੂਪ ਵਟਾਈਆ । ਆਪਣਾ ਹਿੱਸਾ ਏਕੰਕਾਰ, ਏਕਾ ਕਲ ਵਖਾਈਆ । ਏਕਾ ਸੀਸ ਜਗਦੀਸ਼ ਸੁਹਾਏ ਸੱਚੀ ਸਰਕਾਰ, ਏਕਾ ਮੁਖ ਮੁਖ ਸਾਲਾਹੀਆ । ਏਕਾ ਮੁਖ ਲੇਖਾ ਜਾਣੇ ਚਾਰ, ਚਾਰ ਚਾਰ ਨਾਲ ਮਿਲਾਈਆ । ਏਕਾ ਵਿਸ਼ਨੂੰ ਬੰਨ੍ਹੇ ਧਾਰ, ਏਕਾ ਨਿਉਂ ਨਿਉਂ ਸੀਸ ਝੁਕਾਈਆ । ਏਕਾ ਅੰਮ੍ਰਿਤ ਦਏ ਫੁਹਾਰ, ਅੰਮੀਉਂ ਰਸ ਏਕਾ ਰਿਹਾ ਬਰਸਾਈਆ । ਏਕਾ ਪਾਰਬ੍ਰਹਮ ਆਪਣਾ ਕਰੇ ਸਚ ਪਸਾਰ, ਆਪਣੀ ਵੰਡਣ ਵੰਡ ਵੰਡਾਈਆ । ਏਕਾ ਕਵਲ ਕਵਲ ਕਰ ਉਜਿਆਰ, ਕਵਲ ਨੈਣ ਹੋਏ ਸਹਾਈਆ । ਰੂਪ ਅਨੂਪ ਸ਼ਾਹ ਆਧਾਰ, ਆਪ ਆਪਣਾ ਲਏ ਧਰਾਈਆ । ਆਪੇ ਬ੍ਰਹਮ ਕਰ ਪਸਾਰ, ਆਪੇ ਲੇਖਾ ਰਿਹਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੂਰ ਨੂਰ ਲਏ ਧਰਾਈਆ । ਨੂਰੀ ਰੰਗ ਵਿਸ਼ਨ ਵਾਸਤਕ, ਪਾਰਬ੍ਰਹਮ ਪ੍ਰਭ ਆਪ ਰੰਗਾਇਆ । ਪਾਰਬ੍ਰਹਮ ਬ੍ਰਹਮ ਏਕਾ ਮਾਸਤਕ, ਮਸਤਕ ਲੇਖਾ ਲੇਖ ਚੁਕਾਇਆ । ਨਿਰਗੁਣ ਜੋਤ ਨੂਰ ਪਰਕਾਸ਼ਤਕ, ਪਰਕਾਸ਼ ਪਰਕਾਸ਼ ਵਿਚ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮ ਵੇਤਾ ਨਾਉਂ ਧਰਾਇਆ । ਬ੍ਰਹਮ ਵੇਤਾ ਪਾਰਬ੍ਰਹਮ ਮੁਖ, ਵਿਸ਼ਨੂੰ ਜਨਣੀ ਜਨ ਜਣਾਈਆ । ਜੋਤੀ ਨੂਰ ਸਾਚਾ ਸੁਖ, ਸ਼ਬਦੀ ਰਾਮ ਨਾਮ ਪੜ੍ਹਾਈਆ । ਚਾਰ ਕੁੰਟ ਏਕਾ ਮੁਖ, ਚਾਰ ਦਿਸ਼ਾ ਵੰਡ ਵੰਡਾਈਆ । ਨਿਰਗੁਣ ਅੰਦਰ ਨਿਰਗੁਣ ਲੁਕ, ਸਰਗੁਣ ਰੂਪ ਲਏ ਧਰਾਈਆ । ਮਾਤ ਪਿਤਾ ਹਰਿ ਬਣ ਬਣ ਪੁਤ, ਪੂਤ ਸਪੂਤਾ ਗਲੇ ਲਗਾਈਆ । ਅੰਮ੍ਰਿਤ ਆਤਮ ਦੇਵੇ ਘੁਟ, ਰਸਕ ਰਸਕ ਝਿਰਨਾ ਆਪ ਝਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮਾ ਲਏ ਪ੍ਰਗਟਾਈਆ । ਵਿਸ਼ਨ ਬ੍ਰਹਮਾ ਹਰਿ ਪ੍ਰਗਟਾ, ਆਪਣਾ ਦਰਸ ਵਖਾਇਆ । ਨਿਰਗੁਣ ਬਣ ਸੱਚਾ ਸ਼ਹਿਨਸ਼ਾਹ, ਸ਼ਾਹ ਪਾਤਸ਼ਾਹ ਸਾਚੇ ਤਖ਼ਤ ਆਸਣ ਲਾਇਆ । ਚਰਨ ਕਵਲ ਦੱਸੇ ਇਕ ਪਨਾਹ, ਸੀਸ ਜਗਦੀਸ਼ ਹੱਥ ਰਖਾਇਆ । ਆਪਣਾ ਜਣਾਏ ਏਕਾ ਨਾਂ, ਨਾਉਂ ਨਿਰੰਕਾਰ ਆਪ ਅਖਵਾਇਆ । ਆਦਿ ਜੁਗਾਦਿ ਪਕੜੇ ਬਾਂਹ, ਵਿਛੜ ਕਦੇ ਨਾ ਜਾਇਆ । ਨਿਰਗੁਣ ਪਿਤਾ ਨਿਰਗੁਣ ਮਾਂ, ਦਾਈ ਦਾਇਆ ਸੇਵ ਕਮਾਇਆ । ਨਿਰਗੁਣ ਸਦਾ ਸੁਹੇਲਾ ਸਿਰ ਰੱਖੇ ਠੰਡੀ ਛਾਂ, ਭੁਲ ਕਦੇ ਨਾ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਗੁਣ ਦਏ ਸਮਝਾਇਆ । ਏਕਾ ਗੁਣ ਹਰਿ ਸਮਝਾਇੰਦਾ, ਵਿਸ਼ਨੂੰ ਕਰ ਧਿਆਨ । ਤੇਰਾ ਸੰਗ ਆਪ ਨਿਭਾਇੰਦਾ, ਸਗਲਾ ਸੰਗ ਸ੍ਰੀ ਭਗਵਾਨ । ਆਪਣਾ ਮਰਦੰਗ ਤੇਰੇ ਹੱਥ ਫੜਾਇੰਦਾ, ਮੇਰਾ ਮਰਦੰਗ ਦੋ ਜਹਾਨ । ਤੇਰਾ ਚੰਦ ਆਪ ਚੜ੍ਹਾਇੰਦਾ, ਤੇਰਾ ਨੂਰ ਨੂਰ ਮਹਾਨ । ਤੇਰੀ ਕੁੱਖ ਆਪ ਸੁਹਾਇੰਦਾ, ਕੁੱਖ ਸੁਲੱਖਣੀ ਵੇਖੇ ਆਣ । ਨਿਝਰ ਝਿਰਨਾ ਝਿਰੇ ਮਹਾਨ । ਪੱਤ ਡਾਲ੍ਹੀ ਆਪ ਮਹਿਕਾਇੰਦਾ, ਫੁਲ ਫੁਲਵਾੜੀ ਵੇਖੇ ਆਣ । ਤੇਰੇ ਅੰਦਰ ਬੂਟਾ ਲਾਇੰਦਾ, ਪਾਰਬ੍ਰਹਮ ਪ੍ਰਭ ਹੋ ਪਰਧਾਨ । ਬ੍ਰਹਮ ਤੇਰਾ ਅੰਗ ਵਖਾਇੰਦਾ, ਇਕ ਅੰਗੜਾ ਚਤੁਰ ਸੁਜਾਨ । ਸਾਚੇ ਮੰਦਰ ਆਪ ਬਹਾਇੰਦਾ, ਸੋਭਾਵੰਤ ਇਕ ਮਕਾਨ । ਸਾਚਾ ਦਰਸ ਆਪ ਵਖਾਇੰਦਾ, ਦਰਸੀ ਦਰਸ ਦੇਵੇ ਆਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਪਾਏ ਸਾਚੀ ਆਣ । ਸਾਚੀ ਆਣ ਆਦਿ ਅੰਤ, ਵਿਸ਼ਨ ਹਰਿ ਜਣਾਈਆ । ਕਰੇ ਖੇਲ ਸ੍ਰੀ ਭਗਵੰਤ, ਭਗਵਨ ਆਪਣੀ ਧਾਰ ਚਲਾਈਆ । ਮੇਰਾ ਨਾਉਂ ਤੇਰਾ ਮਣੀਆ ਮੰਤ, ਏਕਾ ਨਾਉਂ ਦਏ ਵਡਿਆਈਆ । ਤੇਰੀ ਮਹਿਮਾ

ਹੋਏ ਅਗਣਤ, ਲੇਖਾ ਲੇਖ ਨਾ ਲਿਖਿਆ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਹੁਕਮ ਦਏ ਸਮਝਾਈਆ । ਏਕਾ ਹੁਕਮ ਸਮਝਾਇੰਦਾ, ਹਰਿ ਦਾਤਾ ਬੇਪਰਵਾਹ । ਵਿਸ਼ਨੂੰ ਤੇਰਾ ਰੂਪ ਧਰਾਇੰਦਾ, ਬ੍ਰਹਮਾ ਵੇਤਾ ਆਪੇ ਜਾ । ਆਪਣਾ ਨਾਉਂ ਆਪ ਪ੍ਰਗਟਾਇੰਦਾ, ਨਿਸ਼ਅੱਖਰ ਦਏ ਪੜ੍ਹਾ । ਆਪਣਾ ਧਿਆਨ ਆਪ ਲਗਾਇੰਦਾ, ਗਿਆਨ ਗੋਝ ਦਏ ਵਖਾ । ਏਕਾ ਨੇਤਰ ਏਕਾ ਨੈਣ ਏਕਾ ਅੱਖ ਹਰਿ ਪਰਤਖ ਆਪ ਖੁਲ੍ਹਾਇੰਦਾ, ਆਪਣਾ ਲੇਖਾ ਦਏ ਵਖਾ । ਚਾਰੇ ਕੁੰਟ ਚਾਰੇ ਮੁਖ ਆਪ ਸਾਲਾਹਿੰਦਾ, ਆਪਣਾ ਪਰਦਾ ਆਪ ਉਠਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਰੰਗ ਦਏ ਰੰਗਾ । ਵਿਸ਼ਨੂੰ ਰੰਗ ਹਰਿ ਰੰਗਾਉਣਾ, ਭੁਲ ਰਹੇ ਨਾ ਰਾਈਆ । ਸਤਿ ਭੰਡਾਰਾ ਤੇਰੇ ਅੰਦਰ ਟਿਕਾਉਂਣਾ, ਵਸਤ ਅਮੋਲਕ ਝੋਲੀ ਪਾਈਆ । ਗੁਣ ਔਗੁਣ ਨਾ ਕੋਇ ਜਣਾਉਣਾ, ਗੁਣਵੰਤਾ ਇਕ ਅਖਵਾਈਆ । ਜੁਗਾ ਜੁਗੰਤ ਸੇਵ ਕਮਾਉਣਾ, ਸੇਵਕ ਸੇਵਾ ਸਚ ਸਮਝਾਈਆ । ਧੁਰ ਫ਼ਰਮਾਨਾ ਹੁਕਮ ਜਣੌਣਾ, ਅਭੁਲ ਦਏ ਵਡਿਆਈਆ । ਬ੍ਰਹਮਾ ਵੇਤਾ ਨਾਲ ਰਲੌਣਾ, ਨਿਰਗੁਣ ਸਰਗੁਣ ਕਰੇ ਕੁੜਮਾਈਆ । ਸੁੰਨ ਅਗੰਮੀ ਖੇਲ ਖਿਲਾਉਣਾ, ਧੂਅੰਧਾਰ ਇਕ ਰਖਾਈਆ । ਸ਼ੰਕਰ ਸਾਚਾ ਬੰਧਨ ਪੌਣਾ, ਭੋਲਾ ਨਾਥ ਆਪ ਜਗਾਈਆ । ਤਿੰਨਾਂ ਏਕਾ ਰੰਗ ਰੰਗਾਉਣਾ, ਏਕਾ ਦਰ ਦਏ ਵਡਿਆਈਆ । ਸਚ ਭੰਡਾਰੀ ਇਕ ਬਣਾਉਣਾ, ਹੁਕਮੀ ਹੁਕਮ ਸੁਣਾਈਆ । ਇਕ ਸੰਸਾਰੀ ਆਪ ਰਖੌਣਾ, ਲੱਖ ਚੁਰਾਸੀ ਘਾੜਤ ਲਏ ਘੜਾਈਆ । ਇਕ ਦੀ ਬਾਨ ਆਪ ਲਗੌਣਾ, ਬਾਣ ਨਿਰਬਾਣਾ ਆਪ ਵਖਾਈਆ । ਜੋ ਘੜਿਆ ਸੋ ਭੰਨ ਵਖੌਣਾ, ਥਿਰ ਕੋਇ ਰਹਿਣ ਨਾ ਪਾਈਆ । ਜੁਗ ਚੌਕੜੀ ਆਪ ਸੁਹੌਣਾ, ਬ੍ਰਹਿਮੰਡ ਖੰਡ ਵੇਖ ਵਖਾਈਆ । ਕਿਰਨ ਵਿਚੋਂ ਕਿਰਨ ਕਢੌਣਾ, ਕਿਰਨ ਕਿਰਨ ਕਰੇ ਰੁਸ਼ਨਾਈਆ । ਰਵ ਸਸ ਆਪ ਚਮਕੌਣਾ, ਮੰਡਲ ਮੰਡਪ ਸੋਭਾ ਪਾਈਆ । ਆਪਣੀ ਬਣਤ ਆਪ ਦਰਸਾਉਣਾ, ਤ੍ਰੈਗੁਣ ਆਪਣਾ ਰੂਪ ਵਟਾਈਆ । ਸਾਂਤਕ ਵਿਸ਼ਨੂੰ ਝੋਲੀ ਪਾਉਣਾ, ਰਾਜਸ ਬ੍ਰਹਮਾ ਗੋਦ ਬਹਾਈਆ । ਤਾਮਸ ਸ਼ੰਕਰ ਚਰਨ ਦਬਾਉਣਾ, ਖ਼ਾਕੀ ਖ਼ਾਕ ਖ਼ਾਕ ਉਡਾਈਆ । ਪੰਜਾਂ ਤੱਤਾਂ ਰੰਗ ਵਖਾਉਣਾ, ਆਪ ਆਪਣੀ ਕਿਰਪਾ ਕਰ ਏਕਾ ਲਏ ਧਰਾਈਆ । ਪੰਜ ਪੰਜ ਹਰਿ ਮੇਲ ਮਿਲਾਉਣਾ, ਭੁਲ ਰਹੇ ਨਾ ਰਾਈਆ । ਨਿਰਗੁਣ ਸਰਗੁਣ ਖੇਲ ਖਿਲਾਉਣਾ, ਨਿਰਾਕਾਰ ਸਾਕਾਰ ਰੂਪ ਹੋ ਜਾਈਆ । ਤੱਤ ਸੰਗ ਨਿਤ ਰਖੌਣਾ, ਤਤਵ ਤਤ ਸੋਭਾ ਪਾਈਆ । ਆਪਣਾ ਰੰਗ ਨਾ ਕਿਸੇ ਵਖੌਣਾ, ਨਿਰਗੁਣ ਆਪਣੀ ਵੰਡ ਵੰਡਾਈਆ । ਮਨ ਮਤ ਬੁਧ ਵਿਚ ਟਿਕਾਉਣਾ, ਸਾਚੀ ਘਾੜਤ ਲਏ ਘੜਾਈਆ । ਹੱਡ ਮਾਸ ਨਾੜੀ ਰਤ ਪੁਰਖ ਸਮਰਥ ਜੋੜ ਜੁੜਾਉਣਾ, ਬੂੰਦ ਰਕਤ ਵੇਖੇ ਥਾਉਂ ਥਾਈਂਆ । ਕਮਲਾਪਤ ਆਸਣ ਲਾਉਣਾ, ਸਾਚਾ ਮੰਦਰ ਆਪ ਸੁਹਾਈਆ । ਨੌਂ ਦਰ ਖੋਜ ਖੁਜਾਉਣਾ, ਨੌਂ ਨੌਂ ਆਪਣਾ ਖੇਲ ਖਿਲਾਈਆ । ਘਰ ਵਿਚ ਘਰ ਆਪ ਪ੍ਰਗਟਾਉਣਾ, ਸਚਖੰਡ ਥਿਰ ਘਰ ਰਿਹਾ ਸਮਝਾਈਆ । ਆਪਣਾ ਮਾਰਗ ਆਪੇ ਲਾਉਣਾ, ਟੇਢੀ ਬੰਕ ਆਪ ਉਪਾਈਆ । ਸੁਖਮਨ ਸਾਗਰ ਆਪ ਬਣਾਉਣਾ, ਈੜਾ ਪਿੰਗਲਾ ਦਰ ਬਹਾਈਆ । ਘਰ ਸਰੋਵਰ ਇਕ ਉਪਜਾਉਣਾ, ਵਿਸ਼ਨੂੰ ਅੰਮ੍ਰਿਤ ਜਲ ਭਰਾਈਆ । ਕਵਲ ਨਾਭੀ ਆਪ ਟਿਕਾਉਣਾ, ਬ੍ਰਹਮਾ ਸੇਵ ਕਮਾਈਆ । ਆਪਣਾ ਰਾਗ ਆਪ ਅਲਾਉਣਾ, ਸ਼ਬਦ ਅਗੰਮੀ ਨਾਦ ਵਜਾਈਆ । ਅਨਹਦ ਤਾਲ ਆਪ ਵਜਾਉਣਾ, ਘਰ ਘਰ ਵਿਚ ਕਰੇ ਸ਼ਨਵਾਈਆ । ਅਕਾਲ ਮੂਰਤ ਆਪਣਾ ਭੇਵ ਆਪ ਖੁਲ੍ਹਾਉਣਾ, ਸਾਚੀ ਸੂਰਤ ਨਿਰਗੁਣ ਨੂਰ ਦਏ ਸਮਝਾਈਆ । ਪੰਜ ਤੱਤ ਵਿਕਾਰਾ ਕੂੜੋ ਕੂੜਤ ਮੋਹ ਚੁਕਾਉਣਾ, ਆਸਾ ਤ੍ਰਿਸ਼ਨਾ ਵੇਖੇ ਥਾਉਂ ਥਾਈਂਆ ।

ਬੰਕ ਦੁਆਰੀ ਬੰਕ ਸੁਹਾਉਣਾ, ਬਜਰ ਕਪਾਟੀ ਤੋੜ ਤੁੜਾਉਣਾ, ਆਤਮ ਸੇਜਾ ਦਏ ਵਡਿਆਈਆ । ਸੁਰਤੀ ਬ੍ਰਹਮ ਮੇਲ ਮਿਲਾਉਣਾ, ਆਤਮ ਬ੍ਰਹਮ ਰੰਗ ਚੜ੍ਹਾਉਣਾ, ਈਸ਼ ਜੀਵ ਸੰਗ ਨਿਭਾਉਣਾ, ਜਗਤ ਜਗਦੀਸ਼ ਖੇਲ ਖਿਲਾਈਆ । ਲੱਖ ਚੁਰਾਸੀ ਘਾੜਨ ਘੜ ਆਪਣਾ ਦੀਪਕ ਆਪ ਟਿਕਾਉਣਾ, ਅੰਦਰ ਵੜ ਕੇ ਆਸਣ ਲਾਉਣਾ, ਨੂਰੋ ਨੂਰ ਨੂਰ ਸਮਝਾਈਆ । ਜਲ ਬਿੰਬ ਪ੍ਰਭ ਮੇਲ ਮਿਲਾਉਣਾ, ਜਲ ਥਲ ਮਹੀਅਲ ਆਪਣਾ ਰੰਗ ਵਖਾਈਆ । ਧਰਤ ਧਵਲ ਆਪ ਪ੍ਰਗਟਾਉਣਾ, ਧਰਨ ਧਵਲ ਦਏ ਵਡਿਆਈਆ । ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਵੇਖ ਵਖਾਉਣਾ, ਸਮੁੰਦ ਸਾਗਰ ਜਲ ਜਲ ਧਾਰ ਆਪ ਬਹਾਈਆ । ਕਾਇਆ ਗਾਗਰ ਗੜ੍ਹ ਬਣਾਉਣਾ, ਲੱਖ ਚੁਰਾਸੀ ਰਚਨ ਰਚਾਉਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰੇ ਮੁਖ ਬ੍ਰਹਮਾ ਵੇਤਾ ਏਕਾ ਦਏ ਸਮਝਾਈਆ । ਚਾਰੇ ਮੁਖ ਹਰਿ ਸਮਝਾਇੰਦਾ, ਸ਼ਬਦ ਅਗੰਮੀ ਅਗੰਮੜਾ ਬੋਲ । ਚਾਰੇ ਖਾਣੀ ਵੰਡ ਵੰਡਾਇੰਦਾ, ਅੰਡਜ ਜੇਰਜ ਉਤਭੁਜ ਸੇਤਜ ਰੱਖੇ ਤੇਰੇ ਕੋਲ । ਚਾਰੇ ਬਾਣੀ ਪਰਦਾ ਲਾਹਿੰਦਾ, ਪਰਾ ਪਸੰਤੀ ਮਧਮ ਬੈਖ਼ਰੀ ਵਜਾਏ ਢੋਲ । ਚਾਰੇ ਜੁਗ ਰੰਗ ਰੰਗਾਇੰਦਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰੇ ਅੰਦਰ ਜਾਏ ਮੌਲ । ਚਾਰੇ ਵਰਨ ਆਪ ਬਹਾਇੰਦਾ, ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਪੂਰਾ ਕਰੇ ਕੌਲ । ਪੰਜ ਤੱਤ ਚੋਲਾ ਆਪ ਹੰਢਾਇੰਦਾ, ਨਿਰਗੁਣ ਸਰਗੁਣ ਪਰਗਟ ਹੋਵੇ ਉਪਰ ਧੌਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਸ਼ਕਤੀ ਆਪਣੇ ਅੰਦਰ ਜਾਏ ਮੌਲ । ਆਪਣੇ ਅੰਦਰ ਮੌਲਾ ਰੂਪ, ਹਰਿ ਸਾਚਾ ਆਪ ਕਰਾਈਆ । ਵਿਸ਼ਨ ਬ੍ਰਹਮਾ ਸ਼ਿਵ ਬਣਾਏ ਸਤਿ ਸਰੂਪ, ਸਤਿ ਸਤਿਵਾਦੀ ਸਤੋਗੁਣ ਵਖਾਈਆ । ਏਕਾ ਤਾਗਾ ਏਕਾ ਸੂਤ, ਤਾਣਾ ਪੇਟਾ ਏਕਾ ਪਾਈਆ । ਏਕਾ ਮਾਈ ਏਕਾ ਪੂਤ, ਏਕਾ ਪਿਤਾ ਰਿਹਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮਾ ਸ਼ਿਵ ਲਏ ਉਠਾਈਆ । ਵਿਸ਼ਨ ਬ੍ਰਹਮਾ ਸ਼ਿਵ ਉਠ ਨੇਤਰ ਖੋਲ੍ਹ, ਹਰਿ ਸਾਚੇ ਸਚ ਜਣਾਇਆ । ਸ਼ਬਦ ਅਨਾਦੀ ਵੱਜਿਆ ਢੋਲ, ਪਾਰਬ੍ਰਹਮ ਪ੍ਰਭ ਆਪ ਅਲਾਇਆ । ਸਚ ਵਸਤ ਜੋ ਰੱਖੀ ਕੋਲ, ਤਿੰਨਾਂ ਝੋਲੀ ਦਏ ਭਰਾਇਆ । ਲੱਖ ਚੁਰਾਸੀ ਜਾਣਾ ਮੌਲ, ਘੜ ਘੜ ਭਾਂਡਾ ਦਏ ਵਖਾਇਆ । ਆਦਿ ਜੁਗਾਦਿ ਰਹੇ ਅਡੋਲ, ਜੁਗ ਜੁਗ ਆਪਣਾ ਵੇਸ ਵਟਾਇਆ । ਨਵ ਨੌਂ ਚਾਰ ਕੀਤਾ ਪੂਰਾ ਕੌਲ, ਨਵ ਨੌਂ ਚਾਰ ਚੌਕੜੀ ਜੁਗ ਲੇਖਣਾ ਦਏ ਸੁਹਾਇਆ । ਅੰਤ ਔਧ ਜਾਏ ਪੁਗ, ਥਿਰ ਕੋਇ ਰਹਿਣ ਨਾ ਪਾਇਆ । ਵੇਖਣਹਾਰਾ ਲੋਕ ਪਰਲੋਕ, ਚੌਦਾਂ ਲੋਕਾਂ ਕੁੰਡਾ ਲਏ ਖੁਲ੍ਹਾਇਆ । ਤ੍ਰੈਲੋਕ ਸੁਨਾਵਣਹਾਰਾ ਸਚ ਸਲੋਕ, ਤ੍ਰੈਭਵਨ ਧਨੀ ਆਪਣਾ ਰੂਪ ਲਏ ਪਰਗਟਾਇਆ । ਵਿਸ਼ਨ ਬ੍ਰਹਮਾ ਸ਼ਿਵ ਰੱਖਣੀ ਓਟ, ਹਰਿ ਸਾਚਾ ਰਿਹਾ ਸੁਹਾਇਆ । ਨਵ ਨੌਂ ਚਾਰ ਚੌਕੜੀ ਜੁਗ ਲੱਖ ਚੁਰਾਸੀ ਆਲ੍ਹਣਿਉਂ ਡਿੱਗੇ ਬੋਟ, ਨਾ ਸਕੇ ਕੋਇ ਉਠਾਇਆ । ਗੁਰ ਅਵਤਾਰ ਪੀਰ ਪੈਗੰਬਰ ਔਲੀਏ ਮੁਲਾ ਸ਼ੇਖ਼ ਮੁਸਾਇਕ ਆਵਣ ਕੋਟੀ ਕੋਟ, ਤੱਤ ਗਿਆਨ ਦਏ ਸਮਝਾਇਆ । ਆਦਿ ਪੁਰਖ ਅਬਿਨਾਸ਼ੀ ਕਰਤਾ ਅਜੂਨੀ ਰਹਿਤ ਨਿਰਮਲ ਜੋਤ, ਪੁਰਖ ਅਕਾਲ ਇਕ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਲੇ ਅੰਤ ਹੋਏ ਸਹਾਇਆ । ਵਿਸ਼ਨ ਬ੍ਰਹਮਾ ਸ਼ਿਵ ਸੁਣ ਪੁਕਾਰ, ਨੇਤਰ ਨੈਣਾਂ ਨੀਰ ਵਹਾਇਆ । ਤੂੰ ਸ਼ਾਹ ਪਾਤਸ਼ਾਹ ਏਕੰਕਾਰ, ਸਚ ਤੇਰਾ ਦਰਬਾਰ, ਹਉਂ ਦਰਵੇਸ਼ ਦਰ ਬੈਠੇ ਸੀਸ ਝੁਕਾਇਆ । ਲੱਖ ਚੁਰਾਸੀ ਤੇਰਾ ਹੋਏ ਪਸਾਰ, ਵਿਸ਼ਨ ਬ੍ਰਹਮਾ ਸ਼ਿਵ ਸੇਵਾਦਾਰ, ਜੁਗ ਚੌਕੜੀ ਸੇਵ ਕਮਾਇਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਏ ਵਾਰੋ ਵਾਰ, ਗੁਰ ਅਵਤਾਰ ਪ੍ਰਗਟ ਹੋਏ ਵਿਚ ਸੰਸਾਰ,

੪੯੬
੧੦

ਜੁਗ ਚੌਕੜੀ ਬੰਧਨ ਪਾਇਆ । ਹੁਕਮੀ ਹੁਕਮ ਵਰਤੇ ਵਰਤਾਰ, ਧੁਰ ਫ਼ਰਮਾਨਾ ਸ਼ਬਦ ਜਣਾਇਆ । ਰਵ ਸਸ ਚੋਬਦਾਰ, ਮੰਡਲ ਮੰਡਪ ਕਰਨ ਪੁਕਾਰ, ਗਗਨ ਗਗਨੰਤਰ ਵੇਖਣ ਨੈਣ ਉਘਾੜ, ਚਾਰੋਂ ਕੁੰਟ ਧਿਆਨ ਲਗਾਇਆ । ਕਵਣ ਰੂਪ ਕਰੇਂ ਪਿਆਰ, ਪਰਗਟ ਹੋਵੇਂ ਵਿਚ ਸੰਸਾਰ, ਨਿਰਗੁਣ ਸਰਗੁਣ ਬੰਨ੍ਹੇਂ ਧਾਰ, ਸਰਗੁਣ ਨਿਰਗੁਣ ਲਏਂ ਮਿਲਾਇਆ । ਤੇਰਾ ਰੂਪ ਅਗੰਮ ਅਪਾਰ, ਤੇਰਾ ਲੇਖਾ ਲਿਖ ਨਾ ਸਕੇ ਕੋਇ ਵਿਚ ਸੰਸਾਰ, ਲਿਖਣ ਪੜ੍ਹਨ ਵਿਚ ਕਦੇ ਨਾ ਆਇਆ । ਤੇਰੀ ਮਹਿਮਾ ਗਾਇਨ ਵਾਰੋ ਵਾਰ, ਬ੍ਰਹਮਾ ਵੇਤਾ ਚਾਰੇ ਵੇਦ ਰਿਹਾ ਵਿਚਾਰ, ਚਾਰ ਜੁਗ ਬੰਧਨ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਗੁਣ ਦਏ ਸਮਝਾਇਆ । ਹਰਿ ਸਾਚੇ ਸਚ ਜਣਾਇਆ, ਤ੍ਰੈ ਤ੍ਰੈ ਕਰ ਪਿਆਰ । ਨਵ ਨੌਂ ਚਾਰ ਚੌਕੜੀ ਜੁਗ ਰਹਿਣ ਨਾ ਪਾਇਆ, ਜੁਗ ਬੀਤੇ ਵਾਰੋ ਵਾਰ । ਕੋਟਨ ਕੋਟ ਗੁਰ ਅਵਤਾਰ ਸੇਵ ਕਮਾਇਆ, ਲੇਖਾ ਜਾਨਣ ਧੁਰ ਦਰਬਾਰ । ਕਲਜੁਗ ਅੰਤਮ ਅੰਤ ਹੋਏ ਸਹਾਇਆ, ਨਿਰਗੁਣ ਨਿਰਗੁਣ ਲੈ ਅਵਤਾਰ । ਨਿਹਕਲੰਕਾ ਰੂਪ ਧਰਾਇਆ, ਦਿਸ ਨਾ ਆਏ ਹਰਿ ਕਰਤਾਰ । ਜੋਤੀ ਜੋਤ ਡਗਮਗਾਇਆ, ਸ਼ਬਦੀ ਸ਼ਬਦ ਸ਼ਬਦ ਜੈਕਾਰ । ਦੋ ਜਹਾਨਾਂ ਵੇਖ ਵਖਾਇਆ, ਬ੍ਰਹਿਮੰਡ ਖੰਡ ਪਾਵੇ ਸਾਰ । ਸ਼ਾਸਤਰ ਸਿਮਰਤ ਵੇਦ ਪੁਰਾਨ ਖੋਜ ਖੁਜਾਇਆ, ਦਸ ਅੱਠ ਅਠਾਰਾਂ ਪਾਏ ਸਾਰ । ਖਾਣੀ ਬਾਣੀ ਭੇਵ ਚੁਕਾਇਆ, ਲੇਖਾ ਜਾਣੇ ਅੰਜੀਲ ਕੁਰਾਨ । ਬਾਵਨ ਆਪਣਾ ਸੰਗ ਨਿਭਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਹੋਏ ਜਾਣੀ ਜਾਣ । ਕਲਜੁਗ ਵੇਲਾ ਅੰਤਮ ਔਣਾ, ਨਵ ਨੌਂ ਚਾਰ ਚੌਕੜੀ ਜੁਗ ਰਹਿਣ ਨਾ ਪਾਈਆ । ਪੁਰਖ ਅਬਿਨਾਸ਼ੀ ਜਾਮਾ ਪਾਉਣਾ, ਮਾਤ ਪਿਤ ਨਾ ਕੋਇ ਬਣਾਈਆ । ਭੈਣ ਭਾਈ ਨਾ ਕੋਇ ਅਖਵਾਉਣਾ, ਸਾਕ ਸੱਜਣ ਸੈਣ ਨਾ ਕੋਇ ਅਖਵਾਈਆ । ਦਸ ਮਾਸ ਮਾਤ ਗਰਭ ਨਾ ਡੇਰਾ ਲਾਉਣਾ, ਅਗਨੀ ਤੱਤ ਨਾ ਕੋਇ ਜਣਾਈਆ । ਨਿਰਗੁਣ ਰੂਪ ਨਿਰਗੁਣ ਆਪ ਪ੍ਰਗਟਾਉਣਾ, ਨਿਰਗੁਣ ਨੂਰ ਨਿਰਗੁਣ ਰੁਸ਼ਨਾਈਆ । ਨਿਰਗੁਣ ਡੰਕਾ ਸ਼ਬਦ ਵਜਾਉਣਾ, ਵਿਸ਼ਨ ਬ੍ਰਹਮਾ ਸ਼ਿਵ ਲਏ ਉਠਾਈਆ । ਸਚ ਸੰਦੇਸ਼ਾ ਇਕ ਘਲੌਣਾ, ਧੁਰ ਫ਼ਰਮਾਨਾ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਦਏ ਚੁਕਾਈਆ । ਪੂਰਬ ਲੇਖਾ ਚੁਕਾਵਣਾ, ਹਰਿ ਹਰਿ ਕਿਰਪਾ ਕਰ ਗੁਣ ਨਿਧਾਨ । ਨਵ ਨੌਂ ਚਾਰ ਪਾਰ ਕਰਾਵਣਾ, ਪੁਰਖ ਅਬਿਨਾਸ਼ੀ ਹੋ ਮਿਹਰਵਾਨ । ਸਤਿ ਸਤਿਵਾਦੀ ਸਾਚਾ ਮਾਰਗ ਲਾਵਣਾ, ਨੌਂ ਖੰਡ ਪ੍ਰਿਥਮੀ ਹੋ ਪਰਧਾਨ । ਸੱਤਾਂ ਦੀਪਾਂ ਸਤਿ ਦ੍ਰਿੜਾਵਣਾ, ਸਤਿ ਸਤਿਵਾਦੀ ਇਕ ਗਿਆਨ । ਚਾਰੋਂ ਕੁੰਟ ਵੇਖ ਵਖਾਵਣਾ, ਚਾਰੇ ਵੇਦਾਂ ਪਾਵੇ ਆਣ । ਚਾਰੇ ਵਰਨ ਆਪ ਸਮਝਾਵਣਾ, ਏਕਾ ਦੇਵੇ ਨਾਮ ਨਿਧਾਨ । ਚਾਰੇ ਖਾਣੀ ਬਾਣੀ ਆਪੇ ਗਾਵਣਾ, ਚੌਥੇ ਪਦ ਬੈਠ ਨੌਜਵਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮਾ ਸ਼ਿਵ ਮੇਲੇ ਆਣ । ਵਿਸ਼ਨ ਬ੍ਰਹਮਾ ਸ਼ਿਵ ਹਰਿ ਮੇਲ ਮਿਲੌਣਾ, ਕਲਜੁਗ ਅੰਤਮ ਆਪ ਸਮਝਾਈਆ । ਆਪਣਾ ਪਰਦਾ ਆਪ ਉਠਾਉਣਾ, ਜੋਤੀ ਜੋਤ ਕਰੇ ਰੁਸ਼ਨਾਈਆ । ਤਖ਼ਤ ਨਿਵਾਸੀ ਸਾਚਾ ਤਾਜ ਸੀਸ ਟਿਕਾਉਣਾ, ਪੰਚਮ ਮੁਖ ਸੱਚਾ ਪਾਤਸ਼ਾਹੀਆ । ਜੁਗ ਜੁਗ ਦਾ ਕਰਮ ਮਿਟਾਉਣਾ, ਜਨਮ ਜਨਮ ਵਿਚ ਬਦਲਾਈਆ । ਸਹਿੰਸਾ ਰੋਗ ਦੁੱਖ ਸਭ ਦਾ ਲਾਹੁਣਾ, ਸੁੱਖ ਸਾਗਰ ਇਕ ਵਖਾਈਆ । ਲੋਕ ਪਰਲੋਕ ਏਕਾ ਰੂਪ ਧਰਾਉਣਾ, ਚੌਦਾਂ ਤਬਕ ਦੇਣ ਗਵਾਹੀਆ । ਆਦਿ ਪੁਰਖ ਆਪਣਾ ਰੰਗ ਰੰਗਾਉਣਾ, ਰੰਗ ਰੰਗੀਲਾ ਸੱਚਾ ਮਾਹੀਆ । ਸਤਿਜੁਗ ਸਾਚਾ ਮਾਰਗ ਇਕ ਧਰਾਉਣਾ, ਧਰਨੀ ਧਰਤ ਧਵਲ ਦਏ ਵਡਿਆਈਆ ।

ਊਚਾਂ ਨੀਚਾਂ ਰਾਓ ਰੰਕਾਂ ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਏਕਾ ਧਾਮ ਬਹਾਉਣਾ, ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਨਾ ਕੋਇ ਅਖਵਾਈਆ । ਏਕਾ ਨਾਮ ਸਭ ਨੇ ਗਾਉਣਾ, ਏਕਾ ਅੱਖਰ ਕਰੇ ਪੜ੍ਹਾਈਆ । ਏਕਾ ਇਸ਼ਟ ਸਰਬ ਮਨੌਣਾ, ਇਸ਼ਟ ਦੇਵ ਆਤਮ ਪਰਮਾਤਮ ਪਾਰਬ੍ਰਹਮ ਪ੍ਰਭ ਨਜ਼ਰੀ ਆਈਆ । ਕਲਜੁਗ ਤੇਰਾ ਮਾਤਮ ਆਪ ਕਰੌਣਾ, ਚਾਰੋਂ ਕੁੰਟ ਪਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਹਿਨਸ਼ਾਹ ਸ਼ਾਹ ਪਾਤਸ਼ਾਹ ਹਰਿ ਨਿਰੰਕਾਰਾ ਇਕ ਅਖਵਾਈਆ । ਆਦਿ ਜੁਗਾਦੀ ਏਕਾ ਰਾਜਾ, ਹਰਿ ਸਾਚਾ ਭੂਪ ਅਖਵਾਇੰਦਾ । ਜੁਗਾ ਜੁਗੰਤਰ ਰਚ ਰਚ ਕਾਜਾ, ਲੋਕਮਾਤ ਵੇਖ ਵਖਾਇੰਦਾ । ਸ਼ਬਦ ਅਗੰਮੀ ਨਿਰਭੌ ਨਿਰਭੈ ਚੜ੍ਹਿਆ ਤਾਜਾ, ਅਸਵ ਘੋੜਾ ਆਪ ਦੌੜਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਫਿਰੇ ਭਾਜਾ, ਦਹਿ ਦਿਸ਼ਾ ਵੇਖ ਵਖਾਇੰਦਾ । ਕਲਜੁਗ ਅੰਤਮ ਨਿਰਗੁਣ ਜੋਤ ਧਰੇ ਦੇਸ ਮਾਝਾ, ਸੰਬਲ ਨਗਰ ਰੁੱਤ ਸੁਹਾਇੰਦਾ । ਵੇਦ ਵਿਆਸ ਚਲਾਇਆ ਜਹਾਜ਼ਾ, ਜੀਵ ਜੰਤ ਆਪ ਸਮਝਾਇੰਦਾ । ਪੂਤ ਸਪੂਤਾ ਬ੍ਰਹਿਮਣ ਗੌੜਾ ਆਪਣੀ ਰੱਖੇ ਆਪੇ ਲਾਜਾ, ਦੂਸਰ ਸੰਗ ਨਾ ਕੋਇ ਰਖਾਇੰਦਾ । ਮੁਕੰਦ ਮਨੋਹਰ ਲਖਮੀ ਨਰਾਇਣ ਮੋਹਣ ਮਾਧਵ ਮਾਧਾ, ਮੋਹਣ ਆਪਣਾ ਰੂਪ ਵਟਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਧਰਤ ਧਵਲ ਸੁਣੇ ਫ਼ਰਯਾਦਾ, ਭਗਤ ਭਗਵੰਤ ਵੇਖ ਵਖਾਇੰਦਾ । ਲੱਖ ਚੁਰਾਸੀ ਵਿਚੋਂ ਗੁਰਮੁਖ ਲਾਧਾ, ਹਰਿਜਨ ਸਾਚਾ ਮੇਲ ਮਿਲਾਇੰਦਾ । ਹਰਿ ਕਾ ਭੇਵ ਨਾ ਜਾਣੇ ਕੋਇ ਪੰਡਤ ਪਾਂਧਾ, ਕੋਟਨ ਕੋਟ ਤਿਲਕ ਲਲਾਟ ਮਸਤਕ ਤ੍ਰਿਸੂਲ ਜਗਤ ਸੁਹਾਇੰਦਾ । ਪਾਰਬ੍ਰਹਮ ਅਬਿਨਾਸ਼ੀ ਕਰਤਾ ਆਦਿ ਅੰਤ ਸ੍ਰੀ ਭਗਵੰਤ ਆਪੇ ਜਾਣੇ ਆਪਣੀ ਵਾਟਾ, ਜੁਗ ਚੌਕੜੀ ਪੰਧ ਮੁਕਾਇੰਦਾ । ਕਲਜੁਗ ਅੰਤਮ ਖੇਲ ਕਰੇ ਬਾਜ਼ੀਗਰ ਨਾਟਾ, ਸਵਾਂਗੀ ਆਪਣਾ ਸਵਾਂਗ ਰਚਾਇੰਦਾ । ਹਰਿ ਕਾ ਨਾਉਂ ਕਲਜੁਗ ਵਿਕਿਆ ਹਾਟੋ ਹਾਟਾ, ਹਿਰਦੇ ਹਰਿ ਨਾ ਕੋਇ ਵਸਾਇੰਦਾ । ਝੂਠਾ ਚੀਥੜ ਅੰਤਮ ਪਾਟਾ, ਤਨ ਬਸਤਰ ਨਾਮ ਨਾ ਕੋਇ ਪਹਿਨਾਇੰਦਾ । ਫਿਰ ਫਿਰ ਥੱਕੇ ਤੀਰਥ ਤਾਟਾ, ਆਤਮ ਅੰਤਰ ਸਰ ਸਰੋਵਰ ਨਾ ਕੋਇ ਨੁਹਾਇੰਦਾ । ਕਰ ਕਰ ਥੱਕੇ ਪੂਜਾ ਪਾਠਾ, ਬਜਰ ਕਪਾਟੀ ਨਾ ਕੋਇ ਤੋੜ ਤੁੜਾਇੰਦਾ । ਮਨਾ ਮਨਾ ਥੱਕੇ ਜੋਤ ਲਲਾਟਾ, ਆਤਮ ਜੋਤ ਨਿਰੰਜਣ ਨਾ ਕੋਇ ਜਗਾਇੰਦਾ । ਗੁਰ ਦਰ ਮੰਦਰ ਮਸਜਿਦ ਪਾ ਪਾ ਥੱਕੇ ਝਾਤਾਂ, ਆਤਮ ਤਾਕ ਨਾ ਕੋਇ ਖੁਲ੍ਹਾਇੰਦਾ । ਮਿਲ ਮਿਲ ਥੱਕੇ ਸੱਜਣ ਸਾਕਾਂ, ਸਗਲਾ ਸੰਗ ਨਾ ਕੋਇ ਨਿਭਾਇੰਦਾ । ਪੀ ਪੀ ਥੱਕੇ ਅੰਮ੍ਰਿਤ ਬਾਟਾ, ਅੰਮ੍ਰਿਤ ਜਾਮ ਹੱਥ ਨਾ ਕੋਇ ਫੜਾਇੰਦਾ । ਜਿਸ ਜਨ ਮਿਲੇ ਪੁਰਖ ਸਮਰਾਥਾ, ਦੂਸਰ ਦਰ ਨਾ ਮੰਗਣ ਆਇੰਦਾ । ਘਰ ਮੇਲਾ ਤ੍ਰਿਲੋਕੀ ਨਾਥਾ, ਘਰ ਰਾਮ ਰੂਪ ਧਰਾਇੰਦਾ । ਘਰ ਈਸਾ ਮੂਸਾ ਸੰਗ ਮੁਹੰਮਦ ਦੇਵੇ ਸਾਥਾ, ਘਰ ਸਗਲਾ ਸੰਗ ਵਖਾਇੰਦਾ । ਘਰ ਨਾਨਕ ਗੋਬਿੰਦ ਮੇਟੇ ਅੰਧੇਰੀ ਰਾਤਾ, ਗਿਆਨ ਨੂਰ ਇਕ ਪ੍ਰਗਟਾਇੰਦਾ । ਘਰ ਸ਼ਬਦੀ ਮਿਲੇ ਦਾਤਾ, ਦਿਵਸ ਰੈਣ ਸ਼ਬਦ ਨਾਦ ਧੁਨ ਵਜਾਇੰਦਾ । ਘਰ ਮਿਲੇ ਕਮਲਾਪਾਤਾ, ਸੁਰਤੀ ਨਾਰੀ ਆਪ ਪਰਨਾਇੰਦਾ । ਘਰ ਸਤਿਗੁਰ ਪੁੱਛੇ ਵਾਤਾ, ਦਿਵਸ ਰੈਣ ਸੇਵ ਕਮਾਇੰਦਾ । ਕਲਜੁਗ ਕੂੜ ਕੁੜਿਆਰਾ ਸੋਇਆ ਆਪਣੀ ਖਾਟਾ, ਲੋਕਮਾਤ ਨਾ ਕੋਇ ਉਠਾਇੰਦਾ । ਵਰਨਾਂ ਬਰਨਾਂ ਪਿਆ ਘਾਟਾ, ਸਾਚਾ ਤੋਲ ਨਾ ਕੋਇ ਤੁਲਾਇੰਦਾ । ਏਕਾ ਤੋਲਾ ਹਰਿ ਰਘੁਨਾਥਾ, ਆਦਿ ਅੰਤ ਅਖਵਾਇੰਦਾ । ਜਨ ਭਗਤਾਂ ਪੁਛੇ ਸਦਾ ਵਾਤਾ, ਭੁਲ ਕਦੇ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਧੁਰ ਭਾਣਾ ਆਪਣੇ ਹੱਥ ਰਖਾਇੰਦਾ । ਧੁਰ ਭਾਣਾ ਹੱਥ ਭਗਵਾਨ, ਦੂਸਰ ਅਵਰ ਨਾ

੪੯੮
੧੦

ਕੋਇ ਚਤੁਰਾਈਆ । ਲੱਖ ਚੁਰਾਸੀ ਬਾਲ ਅਵਾਣ, ਭਰਮੇ ਭੁੱਲੀ ਸਰਬ ਲੋਕਾਈਆ । ਮਾਇਆ ਰੁਲੇ ਰਾਜ ਰਾਜਾਨ, ਸ਼ਾਹ ਸੁਲਤਾਨ ਨਾ ਕੋਇ ਵਡਿਆਈਆ । ਕਾਇਆ ਖ਼ਾਲੀ ਦਿਸੇ ਮਕਾਨ, ਹਰਿ ਕਾ ਨਾਉਂ ਨਜ਼ਰ ਨਾ ਆਈਆ । ਵੇਲੇ ਅੰਤ ਸਰਬ ਪਛਤਾਣ, ਜਿਸ ਮਿਲਿਆ ਨਾ ਸੱਚਾ ਮਾਹੀਆ । ਭਾਈ ਭੈਣ ਸਰਬ ਛੱਡ ਜਾਣ, ਸਗਲਾ ਸੰਗ ਨਾ ਕੋਇ ਰਖਾਈਆ । ਉਚੀ ਕੂਕ ਕੂਕ ਕੁਰਲਾਣ, ਰਾਏ ਧਰਮ ਦਏ ਸਜ਼ਾਈਆ । ਚਿਤਰ ਗੁਪਤ ਲੇਖਾ ਮੰਗੇ ਆਣ, ਬੈਠਾ ਨੈਣ ਉਠਾਈਆ । ਲਾੜੀ ਮੌਤ ਕਰੇ ਪਰਵਾਨ, ਵੇਲੇ ਅੰਤ ਲਏ ਪਰਨਾਈਆ । ਜਿਸ ਭੁਲਿਆ ਹਰਿ ਭਗਵਾਨ, ਵੇਲੇ ਅੰਤ ਨਾ ਕੋਇ ਛੁਡਾਈਆ । ਹਰਿਜਨ ਵਿਰਲਾ ਚਤੁਰ ਸੁਜਾਨ, ਰਸਨਾ ਜਿਹਵਾ ਰਿਹਾ ਗਾਈਆ । ਸੋ ਪੁਰਖ ਨਿਰੰਜਣ ਹੋ ਪਰਧਾਨ, ਹੰ ਬ੍ਰਹਮ ਲਏ ਪਰਨਾਈਆ । ਸੋਹੰ ਸ਼ਬਦ ਏਕਾ ਗਾਨ, ਏਕਾ ਕਾਨ ਦਏ ਸੁਣਾਈਆ । ਵਿਸ਼ਨੂੰ ਦੇਵੇ ਹਰਿ ਹਰਿ ਦਾਨ, ਜੀਆ ਦਾਨ ਝੋਲੀ ਪਾਈਆ । ਲੱਖ ਚੁਰਾਸੀ ਸਖ਼ੀਆਂ ਮਿਲੇ ਏਕਾ ਕਾਹਨ, ਗੋਪੀ ਸੁਰਤ ਲਏ ਪਰਨਾਈਆ । ਪੀਆ ਪ੍ਰੀਤਮ ਮੇਲਾ ਸੀਆ ਰਾਮ, ਸਾਢੇ ਤਿੰਨ ਹੱਥ ਸੀਆਂ ਕਰੇ ਕੁੜਮਾਈਆ । ਘਰ ਪੈਗ਼ੰਬਰ ਕਰੇ ਕਲਾਮ, ਆਲਮੀਨ ਵੇਖੇ ਸਰਬ ਲੋਕਾਈਆ । ਘਰ ਸਯਦਾ ਕਰੇ ਸਲਾਮ, ਨਿਉਂ ਨਿਉਂ ਸੀਸ ਝੁਕਾਈਆ । ਜਬਰਾਈਲ ਦਏ ਪੈਗ਼ਾਮ, ਅਸਰਾਈਲ ਰਿਹਾ ਸਮਝਾਈਆ । ਹਜ਼ਾਰਾ ਦਰੂਦ ਇਬਨਉਲਵਕ਼ਤ ਮਿਲੇ ਇਨਾਮ, ਏਕਾ ਰੂਹ ਲਏ ਬਖ਼ਸ਼ਾਈਆ । ਚੌਦਾਂ ਸਦੀਆਂ ਬਣ ਗ਼ੁਲਾਮ, ਚੌਦਾਂ ਤਬਕ ਦਏ ਸਮਝਾਈਆ । ਇਕ ਮੁਹੰਮਦ ਪਕੜੇ ਦਾਮ, ਅੱਲਾ ਰਾਣੀ ਲਏ ਪਰਨਾਈਆ । ਈਸਾ ਮੂਸਾ ਵੇਖੇ ਸ਼ਾਮ, ਬਸਤਰ ਨੀਲ ਤਨ ਛੁਹਾਈਆ । ਜੁਗ ਕਰਤਾ ਕਰੇ ਆਪਣਾ ਕਾਮ, ਬੇਨਜ਼ੀਰ ਸੱਚਾ ਸ਼ਹਿਨਸ਼ਾਹੀਆ । ਜੂਠ ਝੂਠ ਲਾਏ ਅਲਜ਼ਾਮ, ਤਕਦੀਰ ਤਦਬੀਰ ਤਕਸੀਰ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਹੋਏ ਅਜ਼ੀਮਉਲਸ਼ਾਨ, ਸ਼ਹਿਨਸ਼ਾਹ ਆਪ ਅਖਵਾਈਆ । ਸ਼ਹਿਨਸ਼ਾਹ ਸ਼ਾਹੀ ਨੂਰ ਨੁਰਾਨਾ, ਨੂਰੋ ਨੂਰ ਅਖਵਾਇੰਦਾ । ਮੁਕਾਮੇ ਹੱਕ ਵਸੇ ਸਚ ਮਕਾਨਾ, ਹੱਕ ਹਕ਼ੀਕ਼ਤ ਵੇਖ ਵਖਾਇੰਦਾ । ਲਾਸ਼ਰੀਕ ਦੇਵੇ ਇਕ ਪਰਵਾਨਾ, ਉਮਤ ਉਮਤੀ ਆਪ ਫੜਾਇੰਦਾ । ਅਮਾਮ ਅਮਾਮਾਂ ਬੰਨ੍ਹੇ ਗਾਨਾ, ਮੌਲੀ ਤੰਦ ਇਕ ਰਖਾਇੰਦਾ । ਲੇਖਾ ਜਾਣੇ ਦੋ ਜਹਾਨਾਂ, ਲੋਕਮਾਤ ਵੇਸ ਵਟਾਇੰਦਾ । ਸ਼ਬਦ ਅਗੰਮੀ ਸਚ ਤਰਾਨਾ, ਨਾਮ ਸਤਿ ਆਪ ਪੜ੍ਹਾਇੰਦਾ । ਬ੍ਰਹਮ ਮੱਤ ਕਰ ਪਰਧਾਨਾ, ਆਤਮ ਤੱਤ ਇਕ ਵਖਾਇੰਦਾ । ਨਾਨਕ ਗੋਬਿੰਦ ਇਕ ਨਿਸ਼ਾਨਾ, ਏਕਾ ਤੀਰ ਚਲਾਇੰਦਾ । ਏਕਾ ਮਰਦ ਇਕ ਮਰਦਾਨਾ, ਏਕਾ ਮਾਇਆ ਮੋਹ ਮਿਟਾਇੰਦਾ । ਏਕਾ ਮੰਦਰ ਇਕ ਮਕਾਨਾ, ਏਕਾ ਸੰਬਲ ਨਗਰ ਸੁਹਾਇੰਦਾ । ਏਕਾ ਪੁਰਖ ਅਕਾਲ ਸ੍ਰੀ ਭਗਵਾਨਾ, ਦੂਸਰ ਇਸ਼ਟ ਨਾ ਕੋਇ ਜਣਾਇੰਦਾ । ਏਕਾ ਜੋਧਾ ਸੂਰਬੀਰ ਬਲੀ ਬਲਵਾਨਾ, ਨਿਹਕਲੰਕ ਨਾਉਂ ਰਖਾਇੰਦਾ । ਏਕਾ ਕਲਜੁਗ ਮੇਟੇ ਝੂਠ ਨਿਸ਼ਾਨਾ, ਏਕਾ ਸਤਿਜੁਗ ਸਾਚਾ ਮਾਰਗ ਲਾਇੰਦਾ । ਏਕਾ ਖ਼ਾਕ ਮਿਲਾਏ ਰਾਜ ਰਾਜਾਨਾ, ਏਕਾ ਸ਼ਾਹ ਸੁਲਤਾਨਾਂ ਆਪ ਜਗਾਇੰਦਾ । ਏਕਾ ਦੇਵੇ ਧੁਰ ਫ਼ਰਮਾਨਾ, ਧੁਰ ਦੀ ਬਾਣੀ ਬਾਣ ਲਗਾਇੰਦਾ । ਏਕਾ ਨੌਂ ਖੰਡ ਪ੍ਰਿਥਮੀ ਹੋ ਪਰਧਾਨਾ, ਸਚ ਪਰਧਾਨਗੀ ਆਪ ਕਮਾਇੰਦਾ । ਏਕਾ ਲੱਖ ਚੁਰਾਸੀ ਆਪਣੇ ਹੱਥ ਰੱਖੇ ਕਮਾਨਾ, ਚਾਰੋਂ ਕੁੰਟ ਆਪ ਭਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਖੇਲ ਆਪ ਖਿਲਾਇੰਦਾ । ਕਲਜੁਗ ਅੰਤਮ ਖੇਲ ਖਿਲਾਵਣਾ, ਚਾਰ ਕੁੰਟ ਜੈਕਾਰ । ਨਵ ਨਵ ਭੇੜ ਭੜਾਵਣਾ, ਚਾਰ ਚਾਰ ਮਾਰੇ ਮਾਰ । ਸ਼ਬਦ ਖੰਡਾ ਇਕ ਚਮਕਾਵਣਾ,

ਦੋ ਜਹਾਨਾਂ ਲਏ ਹੁਲਾਰ । ਲੋਹਾਰ ਤਰਖ਼ਾਣ ਨਾ ਕਿਸੇ ਘੜਾਵਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਰੇ ਖੇਲ ਸੱਚੀ ਸਰਕਾਰ । ਸੱਚੀ ਸਰਕਾਰ ਸਚ ਦੁਆਰਾ, ਸੋ ਪੁਰਖ ਨਿਰੰਜਣ ਆਪ ਉਪਾਇਆ । ਆਦਿ ਜੁਗਾਦਿ ਕਰ ਪਸਾਰਾ, ਜੁਗ ਜੁਗ ਵੇਖ ਵਖਾਇਆ । ਸਤਿਜੁਗ ਤ੍ਰੇਤਾ ਦੁਆਪਰ ਕਰ ਪਾਰ ਕਿਨਾਰਾ, ਕਲਜੁਗ ਅੰਤਮ ਹੋਏ ਸਹਾਇਆ । ਨਾਤਾ ਤੋੜੇ ਨਾਰ ਵਿਭਚਾਰਾ, ਸਚ ਵਿਹਾਰਾ ਦਏ ਵਖਾਇਆ । ਬੀਸ ਬੀਸਾ ਹਰਿ ਜਗਦੀਸ਼ਾ ਹੋ ਤਿਆਰਾ, ਤ੍ਰੈਗੁਣ ਅਤੀਤਾ ਠਾਂਡਾ ਸੀਤਾ ਆਪਣੀ ਰੀਤਾ ਦਏ ਬਤਾਇਆ । ਹਰ ਘਟ ਅੰਦਰ ਵਸੇ ਚੀਤਾ, ਮੰਦਰ ਵਖਾਏ ਇਕ ਅਨਡੀਠਾ, ਚਾਰ ਦੀਵਾਰ ਨਾ ਕੋਇ ਬਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨੌਂ ਖੰਡ ਪ੍ਰਿਥਮੀ ਘਟ ਘਟ ਅੰਤਰ ਲੱਖ ਚੁਰਾਸੀ ਏਕਾ ਵਾਸਾ, ਏਕਾ ਜੋਤ ਇਕ ਪਰਕਾਸ਼ਾ, ਏਕਾ ਧੀਰ ਇਕ ਧਰਵਾਸਾ, ਏਕਾ ਦਰ ਦਏ ਵਖਾਇਆ ।





ਸੋ ਪੁਰਖ ਨਿਰੰਜਣ ਲਿਖਿਆ ਲੇਖ, ਹੰ ਬ੍ਰਹਮ ਵੱਜੇ ਵਧਾਈਆ । ਸੋਹੰ ਰੂਪ ਆਤਮ ਪਰਮਾਤਮ ਲੈਣਾ ਪੇਖ, ਆਦਿ ਜੁਗਾਦਿ ਬਣਤ ਬਣਾਈਆ । ਮਹਾਰਾਜ ਜਾਣੇ ਨਾ ਕੋਈ ਰੂਪ ਰੇਖ, ਸ਼ੇਰ ਸਿੰਘ ਲੋਕਮਾਤ ਵੱਜੀ ਵਧਾਈਆ । ਵਿਸ਼ਨੂੰ ਦੇਣਾ ਸਦ ਆਦੇਸ਼, ਜਿਸ ਦਾ ਦਿਤਾ ਪੀਣਾ ਖਾਈਆ । ਭਗਵਨ ਜੋਤ ਸਦਾ ਪਰਵੇਸ਼, ਲੱਖ ਚੁਰਾਸੀ ਰਿਹਾ ਸਮਾਈਆ । ਜੁਗਾ ਜੁਗੰਤਰ ਸਚ ਨਰੇਸ਼, ਪੁਰਖ ਅਕਾਲ ਇਕ ਅਖਵਾਈਆ । ਮੁੱਛ ਦਾੜ੍ਹੀ ਨਾ ਦਿਸੇ ਕੇਸ, ਨਾ ਕੋਇ ਮੂੰਡ ਮੁੰਡਾਈਆ । ਜਗਤ ਕਿਰਪਾਨ ਲੈਣੀ ਭੇਟ, ਆਤਮ ਪਰਮਾਤਮ ਭੇਟ ਕਰਾਈਆ । ਪੁਰਖ ਅਬਿਨਾਸ਼ੀ ਬਣਿਆ ਖੇਵਟ ਖੇਟ, ਲੱਖ ਚੁਰਾਸੀ ਬੇੜਾ ਰਿਹਾ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ਉਪਰ ਲੇਖ ਲਿਖਾਈਆ । ਲਿਖਿਆ ਲੇਖ ਉਪਰ ਕਿਰਪਾਨ, ਕਿਰਪਾਨਿਧ ਆਪ ਲਿਖਾਇਆ । ਚਾਰ ਜੁਗ ਜਿਸ ਦਾ ਧਰਦੇ ਰਹੇ ਧਿਆਨ, ਧਿਆਨ ਵਿਚ ਕਦੇ ਨਾ ਆਇਆ । ਸ਼ਾਸਤਰ ਸਿਮਰਤ ਵੇਦ ਪੁਰਾਨ ਜਿਸ ਦਾ ਦੱਸਦੇ ਰਹੇ ਗਿਆਨ, ਗਿਆਨੀ ਗਿਆਨ ਨਾ ਕੋਇ ਸਮਝਾਇਆ । ਗੁਰ ਅਵਤਾਰ ਜਿਸ ਦਾ ਰੱਖਦੇ ਰਹੇ ਮਾਣ, ਸੋ ਪੁਰਖ ਨਿਰੰਜਣ ਖੇਲ ਖਿਲਾਇਆ । ਨਿਰਗੁਣ ਸਰਗੁਣ ਘਰ ਬਣ ਕੇ ਆਇਆ ਮਹਿਮਾਨ, ਔਂਦਾ ਜਾਂਦਾ ਦਿਸ ਨਾ ਆਇਆ । ਰਾਸ਼ਟਰਪਤ ਉਠ ਨਾਦਾਨ, ਪਾਰਬ੍ਰਹਮ ਰਿਹਾ ਸਮਝਾਇਆ । ਨੌਂ ਖੰਡ ਪ੍ਰਿਥਮੀ ਕੋਈ ਨਾ ਦੀਸੇ ਰਾਜ ਰਾਜਾਨ, ਸ਼ਾਹ ਪਾਤਸ਼ਾਹ ਖ਼ਾਕ ਮਿਲਾਇਆ । ਪਰਗਟ ਹੋਵੇ ਏਕਾ ਜੋਧਾ ਸੂਰਬੀਰ ਬਲੀ ਬਲਵਾਨ, ਦੋ ਜਹਾਨਾਂ ਛਤਰ ਸੀਸ ਝੁਲਾਇਆ । ਬ੍ਰਹਿਮੰਡ ਖੰਡ ਬ੍ਰਹਮਾ ਵਿਸ਼ਨ ਸ਼ਿਵ ਕਰੋੜ ਤਤੀਸ ਮੰਨਣ ਆਣ, ਲੱਖ ਚੁਰਾਸੀ ਸੀਸ ਝੁਕਾਇਆ । ਸੋ ਪੁਰਖ ਨਿਰੰਜਣ ਸੱਚਾ ਪਰਧਾਨ, ਸਚ ਪਰਧਾਨਗੀ ਲਏ ਕਮਾਇਆ । ਜਿਸ ਦਾ ਨਾਮ ਧੁਰ ਫ਼ਰਮਾਨ, ਸ੍ਰਿਸ਼ਟ ਸਬਾਈ ਲਏ ਸਮਝਾਇਆ । ਊਚ ਨੀਚ ਰਾਉ ਰੰਕ ਸਰਬ ਮਿਟ ਜਾਣ, ਏਕਾ ਬ੍ਰਹਮ ਸਰਬ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਅੱਖਰ ਉਪਰ ਧਰ, ਜਗਤ ਅੱਖਰ ਵੇਖ ਵਖਾਇਆ । ਜਗਤ ਕਿਰਪਾਨ ਨਾਮ ਖੰਡਾ, ਰਾਸ਼ਟਰਪਤ ਹੱਥ ਫੜਾਇਆ । ਕਰੇ ਖੇਲ ਵਿਚ ਬ੍ਰਹਿਮੰਡਾ, ਜੇਰਜ ਅੰਡਾਂ ਫੋਲ ਫੁਲਾਇਆ । ਤੋੜਣਹਾਰਾ ਵਡ ਘਮੰਡਾ,

ਮਾਣ ਅਭਿਮਾਨ ਦਏ ਮਿਟਾਇਆ । ਜੂਠ ਝੂਠ ਵੱਢੇ ਕੰਡਾਂ, ਮਾਇਆ ਮਮਤਾ ਮੋਹ ਦਏ ਖਪਾਇਆ । ਜਗਤ ਮੇਟੇ ਨਾਰ ਦੁਹਾਗਣ ਰੰਡਾ, ਜਗਤ ਰੰਡੇਪਾ ਦਏ ਚੁਕਾਇਆ । ਇਕ ਕਿਰਪਾਨ ਸ੍ਰਿਸ਼ਟ ਸਬਾਈ ਦੇਵੇ ਗਿਆਨ, ਉਪਰ ਲਿਖਿਆ ਸੋਹੰ ਛੰਦਾ, ਬੰਦੀ ਬੰਦਾ ਬੰਦ ਦਏ ਕਟਾਇਆ । ਕਲਜੁਗ ਜੀਵ ਨਾ ਜਾਣੇ ਅੰਧਾ, ਨੇਤਰ ਗਿਆਨ ਨਾ ਕੋਇ ਖੁਲ੍ਹਾਇਆ । ਜਗਤ ਵਿਕਾਰ ਫਸਿਆ ਝੂਠਾ ਧੰਦਾ, ਧਰਮੀ ਧਰਮ ਨਾ ਕੋਇ ਵਖਾਇਆ । ਗੁਰਮੁਖ ਵਿਰਲਾ ਗੁਰ ਕਾ ਬੰਦਾ, ਗੁਰ ਗੁਰਮੁਖ ਮੇਲ ਮਿਲਾਇਆ । ਨਵ ਨੌਂ ਚੜ੍ਹਿਆ ਚੰਦ ਨੌਂ ਚੰਦਾ, ਚੰਦ ਚਾਂਦਨੀ ਮੁਖ ਸ਼ਰਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਉਂ ਆਪ ਸਮਝਾਇਆ ।

## ★ ੮ ਜੇਠ ੨੦੧੮ ਬਿਕਰਮੀ ਬੀਬੀ ਅਮਰੋ ਦੇਵੀ ਦੇ ਗ੍ਰਿਹ ਜੰਮੂ ★

ਸਤਿ ਪਰਕਾਸ਼ ਸਤਿ ਸਤਿਵਾਦਾ, ਸਤਿ ਸਤਿਵਾਦੀ ਸਤਿ ਜਣਾਈਆ । ਲੇਖਾ ਜਾਣੇ ਬੋਧ ਅਗਾਧਾ, ਅਲਖ ਅਗੋਚਰ ਬੇਪਰਵਾਹੀਆ । ਰੂਪ ਅਨੂਪ ਬ੍ਰਹਮ ਬ੍ਰਹਿਮਾਦਾ, ਪਾਰਬ੍ਰਹਮ ਪ੍ਰਭ ਆਪ ਵਟਾਈਆ । ਸੰਗ ਨਿਭਾਏ ਸੰਤਨ ਸਾਧਾ, ਭਗਤ ਭਗਵੰਤ ਮੇਲ ਮਿਲਾਈਆ । ਵਸਤ ਅਮੋਲਕ ਦੇਵੇ ਦਾਦਾ, ਨਾਮ ਅਨਮੁਲੜਾ ਝੋਲੀ ਪਾਈਆ । ਵੇਸ ਵਟਾਏ ਆਦਿ ਜੁਗਾਦਾ, ਜੁਗਾ ਜੁਗੰਤਰ ਖੇਲ ਖਿਲਾਈਆ । ਸ਼ਬਦ ਵਜਾਏ ਅਨਹਦ ਨਾਦਾ, ਅਨਹਤ ਆਪਣੀ ਤਾਰ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਵੇਖ ਵਖਾਈਆ । ਸ਼ਬਦ ਅਨਾਦ ਸਹਿਜ ਧੁਨਕਾਰਾ, ਗ੍ਰਿਹ ਮੰਦਰ ਹਰਿ ਵਜਾਇੰਦਾ । ਭਗਤ ਵਛਲ ਮੀਤ ਮੁਰਾਰਾ, ਭਗਵਨ ਭਗਤੀ ਵੇਖ ਵਖਾਇੰਦਾ । ਨਿਰਧਨ ਸਰਧਨ ਪਾਵੇ ਸਾਰਾ, ਸਾਰੰਗ ਧਰ ਭਗਵਾਨ ਬੀਠਲੋ ਆਪਣੀ ਖੇਲ ਖਿਲਾਇੰਦਾ । ਅਨਦ ਬਿਨੋਦੀ ਹੋ ਤਿਆਰਾ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਰੰਗ ਰੰਗਾਇੰਦਾ । ਸਗਲ ਸਮਗਰੀ ਕਰ ਪਸਾਰਾ, ਸਚ ਭੰਡਾਰਾ ਹਰਿ ਕਰਤਾਰਾ, ਨਿਰਾਕਾਰਾ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਵੇਖ ਵਖਾਇੰਦਾ । ਸਚ ਭੰਡਾਰਾ ਨਾਮ ਅਮੋਲਕ, ਪੁਰਖ ਅਬਿਨਾਸ਼ੀ ਆਪ ਵਰਤਾਈਆ । ਤ੍ਰੈਗੁਣ ਅਤੀਤਾ ਇਕ ਰਖਾਏ ਸਾਚੀ ਗੋਲਕ, ਘਰ ਮੰਦਰ ਆਪ ਟਿਕਾਈਆ । ਸ਼ਬਦ ਜਣਾਈ ਅਨ ਅਨਬੋਲਤ, ਰਸਨਾ ਜਿਹਵਾ ਨਾ ਕੋਇ ਹਿਲਾਈਆ । ਆਦਿ ਜੁਗਾਦਿ ਰਹੇ ਅਡੋਲਤ, ਅਡੋਲ ਅਡੁਲ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਉਠਾਇਆ । ਹਰਿਜਨ ਸਾਚਾ ਉਠਿਆ, ਹਰਿ ਸਤਿਗੁਰ ਆਪ ਉਠਾਏ । ਨਿਰਵੈਰ ਪੁਰਖ ਏਕਾ ਤੁੱਠਿਆ, ਪਾਰਬ੍ਰਹਮ ਸੱਚੀ ਸਰਨਾਏ । ਨਿਝਰ ਆਤਮ ਦੇਵੇ ਸਾਚਾ ਘੁਟਿਆ, ਅੰਮਿਉਂ ਰਸ ਆਪਣਾ ਆਪ ਪਿਆਏ । ਹਉਮੇ ਹੰਗਤਾ ਮਾਇਆ ਮਮਤਾ ਕੱਢੇ ਵਾਸਨਾ ਖੋਟਿਆ, ਦੂਈ ਦਵੈਤੀ ਰਹਿਣ ਨਾ ਪਾਏ । ਪਕੜ ਉਠਾਏ ਬਹਾਏ ਸਾਚੀ ਚੋਟੀਆ, ਦੋ ਜਹਾਨਾਂ ਪੰਧ ਮੁਕਾਏ । ਪੁਰਖ ਅਕਾਲ ਇਕ ਵਖਾਏ ਸਾਚੀ ਓਟਿਆ, ਦੂਸਰ ਓਟ ਨਾ ਕੋਇ ਜਣਾਏ । ਸਚ ਸੁਹੰਜਣਾ ਬਣਾਏ ਕਿਲਾ ਕੋਟਿਆ, ਕੋਟਨ ਕੋਟੀ ਗੜ੍ਹ ਤੁੜਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਉਠਾਏ । ਹਰਿਜਨ ਸਾਚਾ ਜਾਗਿਆ, ਜਾਗਰਤ ਜੋਤ ਹਰਿ ਜਗਾਏ । ਜਨਮ ਜਨਮ ਦਾ ਧੋਵੇ ਦਾਗ਼ਿਆ, ਦੁਰਮਤ ਮੈਲ ਧਵਾਏ । ਆਤਮ

੫੦੨
੧੦

ਜੋਤ ਦੀਪ ਜਗੇ ਚਿਰਾਗਿਆ, ਬਿਮਲ ਰੂਪ ਦਰਸਾਏ । ਫੜ ਫੜ ਹੰਸ ਬਣਾਏ ਕਾਗਿਆ, ਸੋਹੰ ਹੰਸਾ ਚੋਗ ਚੁਗਾਏ । ਮੇਲ ਮਿਲਾਏ ਮਾਧਵ ਮਾਧਿਆ, ਆਤਮ ਪਰਮਾਤਮ ਏਕਾ ਰੰਗ ਰੰਗਾਏ । ਨਾਮ ਸੁਣਾਏ ਬੋਧ ਅਗਾਧਿਆ, ਸ਼ਬਦ ਅਨਾਦੀ ਨਾਦ ਵਜਾਏ । ਹਰਿਜਨ ਲੱਖ ਚੁਰਾਸੀ ਵਿਚੋਂ ਕਾਢਿਆ, ਬਖ਼ਸ਼ੇ ਚਰਨ ਸਰਨ ਸੱਚੀ ਸਰਨਾਏ । ਲੇਖਾ ਜਾਣੇ ਆਦਿ ਜੁਗਾਦਿਆ, ਜੁਗਾ ਜੁਗੰਤਰ ਰੂਪ ਧਰਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਮਿਲਾਏ । ਹਰਿਜਨ ਮੇਲ ਮਲੰਨਿਆ, ਪੁਰਖ ਪੁਰਖੋਤਮ ਕਰ ਪਿਆਰ । ਦੇਵੇ ਨਾਮ ਸੱਚਾ ਸਚ ਧੰਨਿਆ, ਧੰਨ ਖ਼ਜ਼ੀਨਾ ਏਕੰਕਾਰ । ਲੋਕਮਾਤ ਨਾ ਜਾਏ ਡੰਨਿਆ, ਰਾਏ ਧਰਮ ਨਾ ਕਰੇ ਖ਼ਵਾਰ । ਸਤਿ ਸਤਿਵਾਦ ਚੜ੍ਹਾਏ ਚੰਨਿਆ, ਸੂਰਜ ਚੰਨ ਹੋਏ ਸ਼ਰਮਸਾਰ । ਗੁਰਮੁਖ ਬੇੜਾ ਆਪੇ ਬੰਨ੍ਹਿਆ, ਗੁਰ ਸਤਿਗੁਰ ਚੁੱਕੇ ਭਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਉਭਾਰ । ਹਰਿਜਨ ਸਚ ਉਭਾਰੀਅਨ, ਕਰ ਕਿਰਪਾ ਗੁਣ ਨਿਧਾਨ । ਜੁਗ ਕਰਤਾ ਜੁਗ ਜੁਗ ਪੈਜ ਸਵਾਰੀਅਨ, ਕਰੇ ਕਰਾਏ ਸਚ ਪਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਾਏ ਪਾਰ । ਪਾਰ ਕਿਨਾਰਾ ਡੂੰਘਾ ਸਾਗਰ, ਕਲਜੁਗ ਧਾਰ ਆਪ ਵਖਾਈਆ । ਹਰਿਜਨ ਵੇਖੇ ਕਾਇਆ ਗਾਗਰ, ਗ੍ਰਿਹਿ ਮੰਦਰ ਖੋਜ ਖੁਜਾਈਆ । ਕਰੇ ਕਰਾਏ ਨਿਰਮਲ ਕਰਮ ਉਜਾਗਰ, ਨਿਹਕਰਮੀ ਕਰਮ ਕਮਾਈਆ । ਸੰਤ ਸੁਹੇਲੇ ਦੇਵੇ ਆਦਰ, ਸੇਵਕ ਸੇਵਾ ਆਪ ਕਮਾਈਆ । ਏਕਾ ਰਾਗ ਸੁਣਾਏ ਦਾਦਰ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਦੋ ਜਹਾਨਾਂ ਕਰ ਕਰ ਆਦਰ, ਹਰਿ ਭਗਤ ਦਏ ਵਡਿਆਈਆ । ਲੇਖਾ ਜਾਣੇ ਸਿਦਕ ਸਬੂਰੀ ਸਾਦਰ, ਸਤਿ ਸੰਤੋਖ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਸਚ ਸਮਾਈਆ । ਹਰਿਜਨ ਹਰਿ ਸਮਾਇਆ, ਨਿਰਗੁਣ ਸਰਗੁਣ ਰੂਪ ਅਗੰਮ । ਘਟ ਅੰਤਰ ਡੇਰਾ ਲਾਇਆ, ਨਾ ਮਰੇ ਨਾ ਪਏ ਜੰਮ । ਸੁਰਤੀ ਸ਼ਬਦੀ ਮੇਲ ਮਿਲਾਇਆ, ਆਪ ਆਪਣਾ ਬੇੜਾ ਬੰਨ੍ਹ । ਸਾਚੇ ਮੰਦਰ ਸੋਭਾ ਪਾਇਆ, ਨਾ ਕੋਈ ਸੂਰਜ ਨਾ ਕੋਈ ਚੰਨ । ਜੋਤ ਪਰਕਾਸ਼ ਇਕ ਧਰਾਇਆ, ਸ਼ਬਦੀ ਨਾਦ ਵਜਾਏ ਧੁਨ । ਰਾਗੀ ਨਾਦੀ ਆਪ ਅਖਵਾਇਆ, ਆਪੇ ਜਾਣੇ ਆਪਣਾ ਗੁਣ । ਬ੍ਰਹਮ ਬ੍ਰਹਿਮਾਦੀ ਖੋਜ ਖੁਜਾਇਆ, ਲੱਖ ਚੁਰਾਸੀ ਛਾਣ ਪੁਣ । ਹਰਿਜਨ ਸਾਚੇ ਲਏ ਉਠਾਇਆ, ਜੀਵ ਜਹਾਨਾਂ ਆਪੇ ਚੁਣ । ਆਪ ਆਪਣਾ ਮੇਲ ਮਿਲਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਹਰਿ ਪੁਕਾਰ ਸੁਣ । ਸੁਣੇ ਪੁਕਾਰ ਦੀਨ ਹਰਿ ਦੀਨਨ, ਦੀਨਾ ਨਾਥ ਵਡੀ ਵਡਿਆਈਆ । ਹਰਿਜਨ ਹਰਿ ਹਰਿ ਹੋਏ ਅਧੀਨਨ, ਦਿਵਸ ਰੈਣ ਧਿਆਨ ਲਗਾਈਆ । ਜਗਤ ਵਿਛੋੜਾ ਜਿਉਂ ਜਲ ਮੀਨਨ, ਜਲ ਮੀਨ ਸਦਾ ਤ੍ਰਿਪਤਾਈਆ । ਕਾਇਆ ਚੋਲੀ ਚਾੜ੍ਹੇ ਰੰਗ ਭੀਨਨ, ਰੰਗ ਰਤੜਾ ਸਾਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚਾ ਸੰਗ ਨਿਭਾਈਆ । ਸਗਲਾ ਸੰਗ ਹਰਿ ਰਘੁਨਾਥਾ, ਹਰਿਜਨ ਹਰਿ ਹਰਿ ਆਪ ਨਿਭਾਇੰਦਾ । ਲੇਖਾ ਜਾਣੇ ਮਸਤਕ ਮਾਥਾ, ਪੂਰਬ ਲਹਿਣਾ ਵੇਖ ਵਖਾਇੰਦਾ । ਨਾਮ ਚੜ੍ਹਾਏ ਸਾਚੇ ਰਾਥਾ, ਰਥ ਰਥਵਾਹੀ ਸੇਵ ਕਮਾਇੰਦਾ । ਜਨਮ ਜਨਮ ਦਾ ਪੂਰਾ ਕਰੇ ਘਾਟਾ, ਜਿਸ ਜਨ ਆਪਣਾ ਦਰਸ ਦਖਾਇੰਦਾ । ਆਵਣ ਜਾਵਣ ਚੁੱਕੇ ਵਾਟਾ, ਦੋ ਜਹਾਨਾਂ ਪੰਧ ਮੁਕਾਇੰਦਾ । ਸਖਾ ਸਖਾਈ ਬਣੇ ਪਿਤਾ ਮਾਤਾ, ਗੁਰਸਿਖ ਆਪਣੀ ਗੋਦ ਸੁਹਾਇੰਦਾ । ਮੇਟੇ ਰੈਣ ਅੰਧੇਰੀ ਰਾਤਾ, ਅੰਧ ਅਗਿਆਨ ਗਵਾਇੰਦਾ । ਉਤਮ ਕਰੇ ਹਰਿਜਨ ਜ਼ਾਤਾ, ਜ਼ਾਤ

ਅਜ਼ਾਤੀ ਵੇਖ ਵਖਾਇੰਦਾ । ਦਰਸ ਦਖਾਏ ਇਕ ਇਕਾਂਤਾ, ਨਿਰਗੁਣ ਜੋਤ ਡਗਮਗਾਇੰਦਾ । ਏਕਾ ਨਾਉਂ ਏਕਾ ਗਾਥਾ, ਏਕਾ ਅੱਖਰ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਇੰਦਾ । ਹਰਿਜਨ ਸਾਚੇ ਵੇਖਣਹਾਰਾ, ਜਗਤ ਜਗਦੀਸ਼ਰ ਆਪ ਅਖਵਾਈਆ । ਕਲਜੁਗ ਅੰਤਮ ਲੈ ਅਵਤਾਰਾ, ਨਿਰਗੁਣ ਆਪਣਾ ਰੂਪ ਵਟਾਈਆ । ਸਾਕਤ ਨਿੰਦਕ ਦੁਸ਼ਟ ਲੇਖਾ ਜਾਣੇ ਦੁਰਾਚਾਰਾ, ਅਭੁਲ ਭੁਲ ਕਦੇ ਨਾ ਜਾਈਆ । ਗੁਰਮੁਖ ਗੁਰਸਿਖ ਆਤਮ ਅੰਤਰ ਕਰੇ ਪੁਕਾਰਾ, ਦਿਵਸ ਰੈਣ ਸਦਾ ਬਿਲਲਾਈਆ । ਹਰਿਜਨ ਹਰਿ ਕਾ ਲੇਖਾ ਕਾਗਦ ਕ਼ਲਮ ਨਾ ਲਿਖਣਹਾਰਾ, ਬਨਾਸਪਤ ਦੇਵੇ ਸਚ ਗਵਾਹੀਆ । ਸੱਤ ਸਮੁੰਦਰ ਰੋਵੇ ਜ਼ਾਰੋ ਜ਼ਾਰਾ, ਮਸ ਆਪਣਾ ਰੂਪ ਵਟਾਈਆ । ਹਰਿਜਨ ਮੇਲਾ ਧੁਰ ਦਰਬਾਰਾ, ਧੁਰ ਦੀ ਬਾਣੀ ਆਪ ਪੜ੍ਹਾਈਆ । ਇਕ ਇਕੱਲਾ ਏਕੰਕਾਰਾ, ਅਕਲ ਕਲ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖੇ ਥਾਉਂ ਥਾਈਂਆ । ਹਰਿਜਨ ਵੇਖੇ ਥਾਨ ਥਨੰਤਰ, ਨਵ ਨਵ ਫੇਰਾ ਪਾਇਆ । ਵੇਸ ਵਟਾਏ ਗਗਨ ਗਗਨੰਤਰ ਘਟ ਘਟ ਆਪਣਾ ਨੂਰ ਧਰਾਇਆ । ਸ਼ਬਦ ਅਗੰਮੀ ਏਕਾ ਮੰਤਰ, ਲੱਖ ਚੁਰਾਸੀ ਆਪ ਪੜ੍ਹਾਇਆ । ਸਤਿ ਸਤਿਵਾਦ ਬਣਾਏ ਬਣਤਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਭੇਵ ਖੁਲ੍ਹਾਇਆ । ਗੁਰਮੁਖ ਭੇਵ ਖੁਲ੍ਹਾਇੰਦਾ, ਖ਼ਾਲਕ ਖ਼ਲਕ ਰੂਪ ਮਿਹਰਵਾਨ । ਦੇਵੀ ਦੇਵ ਆਪ ਅਖਵਾਇੰਦਾ, ਇਸ਼ਟ ਦੇਵ ਸ੍ਰੀ ਭਗਵਾਨ । ਅਲਖ ਨਿਰੰਜਣ ਸੇਵ ਕਮਾਇੰਦਾ । ਅਲਖ ਅਗੋਚਰ ਹੋ ਮਿਹਰਵਾਨ । ਨਾਮ ਅੰਜਨ ਆਪਣੇ ਹੱਥ ਰਖਾਇੰਦਾ, ਦੇਵਣਹਾਰਾ ਦੋ ਜਹਾਨ । ਦਰਦ ਦੁੱਖ ਭੈ ਭੰਜਨ ਆਪਣਾ ਖੇਲ ਖਿਲਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਸੱਚਾ ਮਾਣ । ਭੈ ਭੰਜਨ ਭਵ ਸਾਗਰ ਤਰਿਆ, ਹਰਿ ਸਤਿਗੁਰ ਵਡ ਵਡਿਆਈਆ । ਗੁਰਮੁਖ ਗੁਰਸਿਖ ਭੈ ਭਿਆਨਕ ਵਿਚ ਨਾ ਡਰਿਆ, ਨਿਰਭੌ ਭੈ ਆਪ ਚੁਕਾਈਆ । ਇਕ ਨੁਹਾਏ ਸਾਚੇ ਸਰਿਆ, ਸਰ ਸਰੋਵਰ ਇਕ ਵਖਾਈਆ । ਹਰਿਜਨ ਹਰਿ ਹਰਿ ਆਪ ਆਪਣੇ ਜੇਹਾ ਕਰਿਆ, ਦੁਰਮਤ ਮੈਲ ਧਵਾਈਆ । ਨਾਰੀ ਪੁਰਖ ਏਕਾ ਵਰਿਆ, ਏਕਾ ਘਰ ਵੱਜੀ ਵਧਾਈਆ । ਨਾਮ ਪੱਲੂ ਸਾਚਾ ਫੜਿਆ, ਛੁੱਟ ਕਦੇ ਨਾ ਜਾਈਆ । ਸਾਚੇ ਪੌੜੇ ਆਪੇ ਚੜ੍ਹਿਆ, ਚੌਥੇ ਦਰ ਮਿਲੇ ਵਡਿਆਈਆ । ਪੰਚਮ ਮੇਲਾ ਸਾਚੇ ਘਰਿਆ, ਛੇਵੇਂ ਛੱਪਰ ਛੰਨ ਨਾ ਕੋਇ ਛੁਹਾਈਆ । ਸੱਤਵੇਂ ਸਤਿ ਸਤਿਵਾਦੀ ਨਰ ਨਰਿਆ, ਨਰ ਨਰਾਇਣ ਸੱਚਾ ਸ਼ਹਿਨਸ਼ਾਹੀਆ । ਅੱਠਾਂ ਤੱਤਾਂ ਵਿਚ ਨਾ ਅੜਿਆ, ਨੌਂ ਦੁਆਰ ਨਾ ਫੇਰਾ ਪਾਈਆ । ਆਪਣਾ ਘਾੜਨ ਆਪੇ ਘੜਿਆ, ਘੜੇ ਵੇਖੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਵਰ, ਸੁਰਤੀ ਸ਼ਬਦੀ ਮੇਲ ਮਿਲਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਵਖਾਏ ਆਪਣਾ ਘਰ, ਬੰਕ ਦੁਆਰੀ ਬੰਕ ਖੁਲ੍ਹਾਈਆ । ਗੁਰਸਿਖਾਂ ਭਾਰ ਚੁਕਿਆ ਪੀਠ, ਗੁਰਸਿਖਾਂ ਆਪ ਸਮਝਾਈਆ । ਕਰੇ ਖੇਲ ਸਾਹਿਬ ਅਨਡੀਠ, ਅਨਡਿਠੜੀ ਰੀਤ ਚਲਾਈਆ । ਜਿਸ ਬਖ਼ਸ਼ੇ ਹਿਰਦੇ ਅੰਦਰ ਪ੍ਰੀਤ, ਅਤੀਤ ਵੇਖੇ ਥਾਉਂ ਥਾਈਂਆ । ਹਰਿਜਨ ਮੀਤਾ ਠੰਡਾ ਸੀਤ, ਸਤਿ ਸਤਿਵਾਦੀ ਬੇਪਰਵਾਹੀਆ । ਗੁਰਸਿਖ ਗੁਰਮੁਖ ਬਦਲ ਨਾ ਜਾਏ ਤੇਰੀ ਨੀਤ, ਤੇਰਾ ਦੁਖੜਾ ਗੁਰ ਸਤਿਗੁਰ ਆਪਣੀ ਪੀਠ ਉਠਾਈਆ । ਤੇਰੀ ਕਾਇਆ ਕਰੇ ਪਤਤ ਪੁਨੀਤ, ਆਪਣੀ ਕਾਇਆ ਧਾਰ ਵਹਾਈਆ । ਅਚਰਜ ਚਲਾਈ ਮਾਤ ਰੀਤ, ਦੂਸਰ ਅਵਰ ਨਾ ਕੋਇ ਵਡਿਆਈਆ । ਏਕਾ ਰੰਗ ਸਮਾਇਆ ਹਸਤ ਕੀਟ,

ਊਚ ਨੀਚ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਮ ਨਸਤਰ ਇਕ ਵਖਾਈਆ । ਨਾਮ ਨਸਤਰ ਗੁਰਸਿਖ ਹੱਥ, ਗੁਰ ਗੁਰ ਆਪ ਫੜਾਇੰਦਾ । ਆਪਣੇ ਵਿਚੋਂ ਕੱਢੇ ਗੁਰਮੁਖ ਪਿਆਰ ਰਤ, ਰਤੀ ਰਤ ਨਾ ਕੋਇ ਜਣਾਇੰਦਾ । ਬੀਜ ਬੀਜਿਆ ਆਪਣੇ ਵਤ, ਫੁਲ ਫੁਲਵਾੜੀ ਆਪ ਮਹਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਕਮਲਾਪਤ, ਕਵਲ ਮੁਖ ਗੁਰਮੁਖ ਆਪ ਉਲਟਾਇੰਦਾ । ਗੁਰਸਿਖ ਚੀਰੇ ਚਾਰ ਧਾਰ, ਗੇੜਾ ਗੇੜੇ ਵਿਚ ਰਖਾਈਆ । ਕਰੇ ਖੇਲ ਗੁਪਤ ਜ਼ਾਹਰ, ਅੰਦਰ ਬਾਹਰ ਰੰਗ ਸਮਾਈਆ । ਹਰਿਜਨ ਹਿਰਦਾ ਹਰਿ ਵਿਚਾਰ, ਹਿਰਦਾ ਹਰਿ ਆਪ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਪੀਠ ਆਪੇ ਰਿਹਾ ਕਟਾਈਆ । ਆਪਣੀ ਪੀਠ ਦੇਵੇ ਕੱਟ, ਗੁਰਮੁਖ ਸੇਵ ਲਗਾਇਆ, ਅੰਦਰ ਵਖਾਇਆ ਆਪਣਾ ਹੱਟ, ਹੱਟ ਹਟਵਾਣਾ ਬੈਠਾ ਡੇਰਾ ਲਾਇਆ । ਕਰੇ ਖੇਲ ਪੁਰਖ ਸਮਰਥ, ਦਰਦੀ ਦਰਦੀਆਂ ਦਰਦ ਵੰਡਾਇਆ । ਆਪਣਾ ਆਪ ਦੇਵੇ ਕੱਟ, ਗੁਰਸਿਖ ਦੁਖੜਾ ਨੇੜ ਕਦੇ ਨਾ ਆਇਆ । ਆਪਣਾ ਪਰੇਮ ਗੁਰਸਿਖ ਮੇਟੇ ਫੱਟ, ਸਚ ਜਰਾਹ ਰੂਪ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪਣੇ ਵਿਚ ਰਖਾਇਆ ।



## ★ ੮ ਜੇਠ ੨੦੧੮ ਬਿਕ੍ਰਮੀ ਤੇਜਭਾਨ ਦੇ ਗ੍ਰਹਿ ਸ਼ੇਖ਼ਸਰ ਜੰਮੂ ★

੫੦੪

ਆਦਿ ਜੁਗਾਦੀ ਏਕਾ ਹਰਿ, ਸੋ ਪੁਰਖ ਨਿਰੰਜਣ ਖੇਲ ਖਿਲਾਇੰਦਾ । ਸਚਖੰਡ ਦੁਆਰਾ ਏਕਾ ਘਰ, ਹਰਿ ਪੁਰਖ ਨਿਰੰਜਣ ਆਸਣ ਲਾਇੰਦਾ । ਏਕੰਕਾਰਾ ਏਕਾ ਵਰ, ਇਕ ਇਕੱਲਾ ਰੂਪ ਧਰਾਇੰਦਾ । ਆਦਿ ਨਿਰੰਜਣ ਨੂਰ ਨੁਰਾਨਾ ਹਰਿ ਮਿਹਰਵਾਨਾ ਨਿਰਭੌ ਚੁਕਾਏ ਆਪਣਾ ਡਰ, ਭੈ ਭੌ ਨਾ ਕੋਇ ਰਖਾਇੰਦਾ । ਅਬਿਨਾਸ਼ੀ ਕਰਤਾ ਨਿਰਗੁਣ ਨਿਰਵੈਰ ਆਪਣਾ ਘਾੜਨ ਆਪੇ ਘੜ, ਆਪਣੀ ਬਣਤ ਆਪ ਬਣਾਇੰਦਾ । ਸ੍ਰੀ ਭਗਵਾਨ ਲੇਖਾ ਜਾਣੇ ਨਾਰੀ ਨਰ, ਨਰ ਨਰਾਇਣ ਵੇਸ ਵਟਾਇੰਦਾ । ਪਾਰਬ੍ਰਹਮ ਪਤਿਪਰਮੇਸ਼ਵਰ ਆਪਣੇ ਮੰਦਰ ਆਪੇ ਵੜ, ਸਚ ਦੁਆਰੇ ਸੋਭਾ ਪਾਇੰਦਾ । ਪਰਕਾਸ਼ ਅੰਦਰ ਪਰਕਾਸ਼ ਕਰ, ਰੂਪ ਅਨੂਪ ਆਪ ਵਟਾਇੰਦਾ । ਸ਼ਾਹੋ ਭੂਪ ਸਿਕਦਾਰ ਬਣ, ਤਖ਼ਤ ਨਿਵਾਸੀ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਖੇਲ ਆਪ ਖਿਲਾਇੰਦਾ । ਆਦਿ ਜੁਗਾਦੀ ਏਕਾ ਹਰਿ, ਸੋ ਪੁਰਖ ਨਿਰੰਜਣ ਵਡੀ ਵਡਿਆਈਆ । ਆਪਣੀ ਕਰਨੀ ਆਪੇ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹਿਆ । ਆਪਣੇ ਮੰਦਰ ਆਪੇ ਵੜ, ਆਪ ਆਪਣਾ ਮੇਲ ਮਿਲਾਈਆ । ਆਪਣਾ ਨੂਰ ਆਪੇ ਧਰ, ਜੋਤੀ ਜੋਤ ਜੋਤ ਰੁਸ਼ਨਾਈਆ । ਆਪਣੀ ਕਰਨੀ ਆਪੇ ਕਰ, ਕਰਤਾ ਪੁਰਖ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਬੇਪਰਵਾਹੀਆ । ਆਦਿ ਪੁਰਖ ਹਰਿ ਹਰਿ, ਹਰਿ ਹਰੀ ਹਰਿ ਆਪਣੀ ਖੇਲ ਖਿਲਾਇੰਦਾ । ਲੇਖਾ ਜਾਣੇ ਆਪਣੇ ਦਰ ਦਰ, ਦਰ ਦਰਵੇਸ਼ ਫੇਰਾ ਪਾਇੰਦਾ । ਸਚ ਸਿੰਘਾਸਣ ਪੁਰਖ ਅਬਿਨਾਸ਼ਣ ਆਪੇ ਚੜ੍ਹ ਚੜ੍ਹ, ਸ਼ਾਹੋ ਭੂਪ ਰਾਜ ਰਾਜਾਨ ਸ਼ਾਹ ਸੁਲਤਾਨ ਆਪ ਅਖਵਾਇੰਦਾ । ਆਪਣਾ ਵੇਸ ਆਪੇ ਕਰ ਕਰ, ਰੂਪ ਅਨੂਪ ਆਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਏਕਾ ਹਰਿ,

ਹਰਿ ਆਪਣਾ ਰੰਗ ਰੰਗਾਇੰਦਾ । ਆਦਿ ਜੁਗਾਦੀ ਹਰਿ ਰੰਗ ਰਾਤਾ, ਸੋ ਪੁਰਖ ਨਿਰੰਜਣ ਵਡੀ ਵਡਿਆਈਆ । ਇਕ ਇਕੱਲਾ ਪੁਰਖ ਬਿਧਾਤਾ ਬੇਅੰਤ ਸੱਚਾ ਸ਼ਹਿਨਸ਼ਾਹੀਆ । ਨਾ ਕੋਈ ਪਿਤਾ ਨਾ ਕੋਈ ਮਾਤਾ, ਸਗਲਾ ਸੰਗ ਨਾ ਕੋਇ ਰਖਾਈਆ । ਨਾ ਕੋਈ ਵਰਨ ਨਾ ਕੋਈ ਜ਼ਾਤਾ, ਰੂਪ ਰੰਗ ਰੇਖ ਨਾ ਕੋਇ ਵਖਾਈਆ । ਨਾ ਕੋਈ ਪੂਜਾ ਨਾ ਕੋਈ ਪਾਠਾ, ਨਾ ਕੋਈ ਕਰੇ ਹਰਿ ਪੜ੍ਹਾਈਆ । ਆਦਿ ਜੁਗਾਦਿ ਕਰੇ ਖੇਲ ਇਕ ਸਮਰਾਥਾ, ਸਮਰਥ ਭੇਵ ਕੋਇ ਨਾ ਪਾਈਆ । ਲੇਖਾ ਜਾਣੇ ਆਦਿ ਜੁਗਾਦਾ, ਆਦਿ ਜੁਗਾਦਿ ਆਪਣੇ ਵਿਚ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਭੇਵ ਆਪ ਖੁਲ੍ਹਾਈਆ । ਸੋ ਪੁਰਖ ਨਿਰੰਜਣ ਭੇਵ ਖੁਲੌਣਾ, ਹਰਿ ਸਾਚਾ ਖੇਲ ਖਿਲਾਇੰਦਾ । ਅਜੂਨੀ ਰਹਿਤ ਵੇਸ ਵਟੌਣਾ, ਵੇਸ ਅਨੇਕ ਆਪ ਕਰਾਇੰਦਾ । ਸਚਖੰਡ ਦੁਆਰੇ ਸੋਭਾ ਪੌਣਾ, ਥਿਰ ਘਰ ਆਪਣਾ ਚਰਨ ਟਿਕਾਇੰਦਾ । ਸਤਿ ਸਤਿਵਾਦੀ ਸਤਿ ਕਰੌਣਾ, ਸਾਚਾ ਮਾਰਗ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਏਕਾ ਹਰਿ, ਦੂਸਰ ਅਵਰ ਨਾ ਕੋਇ ਜਣਾਇੰਦਾ । ਦੂਸਰ ਅਵਰ ਨਾ ਕੋਏ ਧਾਰ, ਇਕ ਇਕੱਲਾ ਏਕੰਕਾਰਿਆ । ਸਚਖੰਡ ਦੁਆਰੇ ਹੋ ਉਜਿਆਰ, ਨਿਰਗੁਣ ਜੋਤ ਕਰੇ ਉਜਿਆਰਿਆ । ਤਖ਼ਤ ਨਿਵਾਸੀ ਬਣ ਸ਼ਾਹ ਸਿਕਦਾਰ, ਸ਼ਾਹ ਪਾਤਸ਼ਾਹ ਨਾਉਂ ਧਰਾ ਰਿਹਾ । ਹੁਕਮੀ ਹੁਕਮ ਸਚ ਵਰਤਾਰ, ਧੁਰ ਫ਼ਰਮਾਨਾ ਆਪ ਅਲਾ ਲਿਆ । ਆਪਣਾ ਨਾਉਂ ਰੱਖ ਨਿਰੰਕਾਰ, ਨਿਰਭੌ ਆਪਣੀ ਖੇਲ ਖਿਲਾ ਲਿਆ । ਆਪੇ ਕੰਤ ਸੁਹਾਗੀ ਬਣ ਬਣ ਨਾਰ, ਸੇਜ ਸੁਹੰਜਣੀ ਆਪ ਹੰਢਾ ਲਿਆ । ਆਪੇ ਪੂਤ ਸਪੂਤਾ ਜਾਏ ਦੁਲਾਰ, ਦਾਈ ਦਾਇਆ ਰੂਪ ਧਰਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣੀ ਰਚਨਾ ਆਪ ਰਚਾ ਲਿਆ । ਸਚਖੰਡ ਦੁਆਰੇ ਘਾੜਨ ਘੜ, ਸੋ ਪੁਰਖ ਨਿਰੰਜਣ ਖੇਲ ਖਿਲਾਇਆ । ਨਿਰਗੁਣ ਅੰਦਰ ਨਿਰਗੁਣ ਵੜ, ਨਿਰਗੁਣ ਮੇਲ ਮਿਲਾਇਆ । ਨਿਰਗੁਣ ਪੱਲੂ ਨਿਰਗੁਣ ਫੜ, ਨਿਰਗੁਣ ਸੰਗ ਰਖਾਇਆ । ਨਿਰਗੁਣ ਦੁਆਰ ਨਿਰਗੁਣ ਦਰ, ਦਰ ਦਰਵੇਸ਼ ਨਿਰਗੁਣ ਸੀਸ ਝੁਕਾਇਆ । ਨਿਰਗੁਣ ਸ਼ਾਹੋ ਭੂਪ ਬਣ ਰਾਜ ਰਾਜਾਨ, ਸ਼ਾਹ ਪਾਤਸ਼ਾਹ ਸੀਸ ਆਪਣਾ ਤਾਜ ਟਿਕਾਇਆ । ਨਿਰਗੁਣ ਜੋਤ ਸ੍ਰੀ ਭਗਵਾਨ, ਭਗਵਨ ਆਪਣੀ ਖੇਲ ਖਿਲਾਇਆ । ਨਿਰਗੁਣ ਜੋਧਾ ਸੂਰਬੀਰ ਬਲਵਾਨ, ਬਲ ਆਪਣਾ ਆਪ ਪ੍ਰਗਟਾਇਆ । ਨਿਰਗੁਣ ਲੇਖਾ ਜਾਣੇ ਦੋ ਜਹਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਆਪਣੇ ਹੱਥ ਰਖਾਇਆ । ਆਦਿ ਪੁਰਖ ਆਦਿ ਆਪਣੇ ਹੱਥ ਰੱਖ, ਦੂਸਰ ਅਵਰ ਨਾ ਕੋਇ ਜਣਾਈਆ । ਸਚਖੰਡ ਦੁਆਰੇ ਹੋ ਪ੍ਰਤੱਖ, ਨੂਰੋ ਨੂਰ ਨੂਰ ਰੁਸ਼ਨਾਈਆ । ਅਲਖ ਅਗੋਚਰ ਅਗੰਮ ਅਥਾਹ ਅਕਥਨਾ ਅਕਥ, ਮਹਿਮਾ ਕਥ ਕਥੀ ਨਾ ਜਾਈਆ । ਆਪ ਚਲਾਏ ਆਪਣਾ ਰਥ, ਰਥ ਰਥਵਾਹੀ ਦਿਸ ਨਾ ਆਈਆ । ਆਪਣੇ ਅੰਤਰ ਆਪ ਪ੍ਰਗਟਾਏ ਆਪਣੀ ਵਥ, ਨਾਮ ਅਮੋਲਕ ਆਪ ਧਰਾਈਆ । ਆਪੇ ਗਾਏ ਆਪਣਾ ਜਸ, ਥਿਰ ਘਰ ਸਾਚੇ ਵੱਜੇ ਵਧਾਈਆ । ਨਾ ਕੋਈ ਰਵ ਨਾ ਕੋਈ ਸਸ, ਮੰਡਲ ਮੰਡਪ ਨਾ ਕੋਇ ਵਖਾਈਆ । ਕੋਹ ਕਰੋੜੀ ਰਿਹਾ ਨਾ ਨੱਸ, ਪਾਂਧੀ ਪੰਧ ਨਾ ਕੋਇ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣੇ ਘਰ ਦਏ ਵਡਿਆਈਆ । ਹਰਿ ਘਰ ਸੋਭਾਵੰਤ, ਸੋ ਪੁਰਖ ਨਿਰੰਜਣ ਆਪ ਸੁਹਾਇਆ । ਪੁਰਖ ਅਬਿਨਾਸ਼ੀ ਏਕਾ ਕੰਤ, ਕੰਤ ਕੰਤੂਹਲਾ ਸੋਭਾ ਪਾਇਆ । ਏਕਾ ਰੰਗ ਵਖਾਏ ਬਸੰਤ, ਰੰਗ ਰੰਗੀਲਾ ਆਪ ਰੰਗਾਇਆ । ਤ੍ਰੈਗੁਣ ਅਤੀਤਾ ਬਣਾਏ ਬਣਤ,

ਘਾੜਤ ਘਾੜਨ ਲਏ ਘੜਾਇਆ । ਠਾਂਡਾ ਸੀਤਾ ਇਕ ਇਕੰਤ, ਸਚ ਸਿੰਘਾਸਣ ਆਸਣ ਲਾਇਆ । ਆਪਣਾ ਨਾਉਂ ਮਣੀਆ ਮੰਤ, ਨਾਮ ਨਿਧਾਨਾ ਆਪੇ ਗਾਇਆ । ਆਪੇ ਜਾਣੇ ਆਦਿ ਅੰਤ, ਮਧ ਆਪਣਾ ਖੇਲ ਖਿਲਾਇਆ । ਆਪਣਾ ਖੇਲ ਕਰੇ ਬੇਅੰਤ, ਬੇਪਰਵਾਹ ਹਰਿ ਰਘੁਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮਾਰਗ ਆਪ ਲਗਾਇਆ । ਆਪਣਾ ਮਾਰਗ ਹਰਿ ਹਰਿ ਲਾ, ਨਿਰਗੁਣ ਸਰਗੁਣ ਵੇਸ ਵਟਾਇਆ । ਆਪਣੀ ਕੁੱਖੜੀ ਸੋਭਾ ਪਾ, ਆਪਣਾ ਦੁੱਖ ਆਪ ਮਿਟਾਇਆ । ਆਪਣਾ ਮੁਖ ਉਜਲ ਆਪ ਕਰਾ, ਆਪੇ ਵਿਸ਼ਵ ਧਾਰ ਬੰਧਾਇਆ । ਆਪਣਾ ਅੰਮ੍ਰਿਤ ਆਪ ਚੁਆ, ਆਪੇ ਕਵਲ ਨਾਭ ਖਲ੍ਹਾਇਆ । ਫੁਲ ਫੁਲਵਾੜੀ ਆਪੇ ਲਾ, ਬ੍ਰਹਮ ਵੇਤਾ ਸੁਤ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਗੁਣ ਦਏ ਵਖਾਇਆ । ਹਰਿ ਗੁਣਵੰਤਾ ਗੁਣ ਨਿਧਾਨ, ਆਪਣੀ ਮਹਿਮਾ ਆਪ ਜਣਾਈਆ । ਸਾਚੇ ਤਖ਼ਤ ਬੈਠ ਸ੍ਰੀ ਭਗਵਾਨ, ਸ਼ਾਹ ਸੁਲਤਾਨ ਵਡੀ ਵਡਿਆਈਆ । ਵਿਸ਼ਨ ਬ੍ਰਹਮਾ ਦੇਵੇ ਇਕ ਗਿਆਨ, ਨਿਸ਼ਅੱਖਰ ਕਰੇ ਪੜ੍ਹਾਈਆ । ਮੇਰਾ ਹੁਕਮ ਸੱਚਾ ਫ਼ਰਮਾਨ, ਧੁਰ ਫ਼ਰਮਾਨਾ ਆਪ ਅਲਾਈਆ । ਚਰਨ ਕਵਲ ਕਵਲ ਚਰਨ ਬਖ਼ਸ਼ੇ ਇਕ ਧਿਆਨ, ਚਰਨ ਸਰਨ ਸੱਚੀ ਸਰਨਾਈਆ । ਜੁਗ ਚੌਕੜੀ ਖੇਲ ਮਹਾਨ, ਲੱਖ ਚੁਰਾਸੀ ਬੰਧਨ ਪਾਈਆ । ਮੇਲ ਮਿਲਾਏ ਰਵ ਸਸ ਸੂਰਜ ਚੰਨ ਭਾਨ, ਤੇਜ ਤੇਜ ਵਿਚ ਚਮਕਾਈਆ । ਏਕਾ ਨਾਦ ਸ਼ਬਦ ਧੁਨਕਾਨ, ਹਰਿ ਨਿਰੰਕਾਰਾ ਆਪ ਸੁਣਾਈਆ । ਕੋਟਨ ਰੂਪ ਕਰ ਪਰਧਾਨ, ਤ੍ਰੈਗੁਣ ਮੇਲਾ ਸਹਿਜ ਸੁਭਾਈਆ । ਪੰਚਮ ਵੇਖੇ ਹਰਿ ਹਰਿ ਆਣ, ਪੰਚਮ ਵੱਜਦੀ ਰਹੇ ਵਧਾਈਆ । ਘਾੜਤ ਘੜੇ ਸ੍ਰੀ ਭਗਵਾਨ, ਵਿਸ਼ਨ ਬ੍ਰਹਮਾ ਸੇਵ ਲਗਾਈਆ । ਸ਼ੰਕਰ ਬਾਲਾ ਵੇਖੇ ਨਾਦਾਨ, ਏਕਾ ਤੱਤ ਦਏ ਸਮਝਾਈਆ । ਏਕਾ ਹੁਕਮ ਏਕਾ ਗਾਨ, ਏਕਾ ਘਰ ਦਏ ਵਡਿਆਈਆ । ਏਕਾ ਪੀਣ ਏਕਾ ਖਾਣ, ਏਕਾ ਤ੍ਰਿਸ਼ਨਾ ਤ੍ਰਿਪਤ ਕਰਾਈਆ । ਲੱਖ ਚੁਰਾਸੀ ਤੇਰਾ ਪਕਵਾਨ, ਭਸਮੜ ਰੂਪ ਨਾ ਕੋਇ ਵਟਾਈਆ । ਪਾਰਬ੍ਰਹਮ ਪ੍ਰਭ ਦੇਵੇ ਦਾਨ, ਜੀਵਣ ਜੁਗਤ ਇਕ ਸਮਝਾਈਆ । ਵਿਸ਼ਨ ਬ੍ਰਹਮਾ ਸ਼ਿਵ ਤੇਰੀ ਦੁਕਾਨ, ਤ੍ਰੈ ਤ੍ਰੈ ਲੋਕ ਦਏ ਵਖਾਈਆ । ਚੌਦਾਂ ਹੱਟ ਕਰ ਕਲਿਆਣ, ਆਪਣਾ ਪਰਦਾ ਦਏ ਚੁਕਾਈਆ । ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਬਣਾਏ ਮਕਾਨ, ਪਵਣ ਪਵਣਾਂ ਵਿਚ ਸਮਾਈਆ । ਮਨ ਮਤ ਬੁਧ ਦਏ ਗਿਆਨ, ਤਤਵ ਤਤ ਇਕ ਦਰਸਾਈਆ । ਨਵ ਨੌਂ ਚਾਰ ਖੇਲ ਮਹਾਨ, ਜੁਗ ਚੌਕੜੀ ਬੰਧਨ ਪਾਈਆ । ਲੇਖਾ ਜਾਣੇ ਧਰਤ ਧਵਲ ਜ਼ਿਮੀਂ ਅਸਮਾਨ, ਸਮੁੰਦ ਸਾਗਰ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਗੁਣ ਦਏ ਵਖਾਈਆ । ਆਦਿ ਪੁਰਖ ਹਰਿ ਸ਼ਬਦ ਜਣਾਇਆ, ਧੁਰ ਦੀ ਬਾਣੀ ਬਾਣ ਅਲ੍ਹਾ । ਆਪਣਾ ਭੇਵ ਆਪ ਖੁਲ੍ਹਾਇਆ, ਨਿਰਗੁਣ ਨਿਰਗੁਣ ਲਏ ਸਮਝਾ । ਨਵ ਨੌਂ ਚਾਰ ਸੇਵ ਕਮਾਇਆ, ਜੁਗ ਚੌਕੜੀ ਵੇਸ ਵਟਾ । ਚਾਰੋਂ ਕੁੰਟ ਵੰਡ ਵੰਡਾਇਆ, ਚਾਰੇ ਲੇਖਾ ਰਿਹਾ ਗਣਾ । ਚਾਰੇ ਵੇਦ ਰਹੇ ਜਸ ਗਾਇਆ, ਚਾਰ ਵਰਨਾਂ ਰਾਗ ਅਲਾ । ਚਾਰੇ ਬਾਣੀ ਭੇਵ ਖੁਲ੍ਹਾਇਆ, ਚਾਰੇ ਜੁਗ ਏਕਾ ਰੰਗ ਰੰਗਾ । ਨੌਂ ਨੌਂ ਗੇੜਾ ਦਏ ਦਵਾਇਆ, ਨਵ ਖੰਡ ਚਰਨਾਂ ਹੇਠ ਦਬਾ । ਗੁਰ ਅਵਤਾਰ ਸੇਵ ਕਮਾਇਆ, ਪੰਜ ਤੱਤ ਕਾਇਆ ਚੋਲਾ ਜਗਤ ਹੰਢਾ । ਭਗਤ ਭਗਵੰਤ ਲਏ ਉਠਾਇਆ, ਨਿਰਮਲ ਜੋਤੀ ਜੋਤ ਟਿਕਾ । ਸੰਤ ਸਾਜਣ ਲਏ ਮਿਲਾਇਆ, ਸਤਿ ਸਤਿਵਾਦੀ ਦਰਸ ਦਿਖਾ । ਗੁਰਮੁਖ ਗੁਰ ਗੁਰ ਗੋਦ ਬਹਾਇਆ, ਗੁਰ ਗੁਰ ਗਿਆਨ ਇਕ ਦ੍ਰਿੜਾ । ਗੁਰਸਿਖ ਸਾਚਾ ਸੰਗ ਨਿਭਾਇਆ, ਸਾਚੀ ਸਿਖਿਆ ਇਕ

ਦਰਸਾ । ਲੱਖ ਚੁਰਾਸੀ ਫੋਲ ਫੁਲਾਇਆ, ਘਟ ਘਟ ਆਪਣਾ ਆਸਣ ਲਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਬੰਧਨ ਦਏ ਤੁੜਾਇਆ, ਤੋੜਨਹਾਰਾ ਬੇਪਰਵਾਹ । ਕੋਟਨ ਰੂਪ ਅਨੂਪ ਵਟਾਇਆ, ਕਰੇ ਖੇਲ ਸੱਚਾ ਸ਼ਹਿਨਸ਼ਾਹ । ਸ਼ਾਹ ਕੰਗਾਲ ਆਪ ਅਖਵਾਇਆ, ਨਿਰਧਨ ਸਰਧਨ ਵੇਸ ਵਟਾ । ਸ੍ਰਿਸ਼ਟ ਸਬਾਈ ਮੂਲ ਚੁਕਾਇਆ, ਲੇਖਾ ਆਪਣੀ ਗਣਤ ਗਣਾ । ਅਬਿਨਾਸ਼ੀ ਕਰਤਾ ਭੁਲ ਕਦੇ ਨਾ ਜਾਇਆ, ਅਭੁਲ ਇਕ ਬੇਪਰਵਾਹ । ਨਵ ਨੌਂ ਆਪਣੇ ਕੰਡੇ ਤੋਲ ਤੁਲਾਇਆ, ਨਾਮ ਕੰਡਾ ਹੱਥ ਉਠਾ । ਬ੍ਰਹਿਮੰਡਾਂ ਖੰਡਾਂ ਖੋਜ ਖੁਜਾਇਆ, ਲੋਆਂ ਪੁਰੀਆਂ ਫੇਰਾ ਪਾ । ਜੇਰਜ ਅੰਡਾਂ ਵੇਖ ਵਖਾਇਆ, ਉਤਭੁਜ ਸੇਤਜ ਪਰਦਾ ਦਏ ਚੁਕਾ । ਜੁਗ ਚੌਕੜੀ ਪੰਧ ਮੁਕਾਇਆ, ਗੇੜਾ ਗੇੜੇ ਵਿਚ ਰਖਾ । ਕਲਜੁਗ ਅੰਤਮ ਵੇਸ ਵਟਾਇਆ, ਗੁਰ ਅਵਤਾਰ ਦੇਣ ਸਲਾਹ । ਪੁਰਖ ਅਬਿਨਾਸ਼ੀ ਨਿਰਗੁਣ ਨਿਰਵੈਰ ਜੋਤੀ ਜਾਮਾ ਵੇਸ ਵਟਾਇਆ, ਦੋ ਜਹਾਨਾਂ ਬਣੇ ਮਲਾਹ । ਪੂਰਬ ਜਨਮਾਂ ਵੇਖ ਵਖਾਇਆ, ਪੂਰਬ ਲਹਿਣਾ ਵੇਖੇ ਥਾਉਂ ਥਾਂ । ਥਾਨ ਥਨੰਤਰ ਆਪਣੇ ਰੰਗ ਰੰਗਾਇਆ, ਜਗਤ ਬਸੰਤਰ ਦਏ ਬੁਝਾ । ਏਕਾ ਮੰਤਰ ਨਾਮ ਦ੍ਰਿੜਾਇਆ, ਏਕਾ ਅੱਖਰ ਦਏ ਪੜ੍ਹਾ । ਸੋ ਪੁਰਖ ਨਿਰੰਜਣ ਮੇਲ ਮਿਲਾਇਆ, ਹੰ ਬ੍ਰਹਮ ਮੇਲ ਮਿਲਾ । ਆਤਮ ਅੰਤਰ ਲੇਖ ਚੁਕਾਇਆ, ਨਿਜ ਆਤਮ ਖੋਜ ਖੁਜਾ । ਸਾਚੀ ਸੇਜਾ ਸੋਭਾ ਪਾਇਆ, ਜਗਤ ਦੁਆਰਾ ਪੰਧ ਮੁਕਾ । ਅਨਹਦ ਨਾਦੀ ਨਾਦ ਵਜਾਇਆ, ਧੁਨ ਆਤਮਕ ਦਏ ਸੁਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭਾਣਾ ਦਏ ਵਖਾ । ਹਰਿ ਭਾਣਾ ਬਲਵਾਨ, ਵਿਸ਼ਨੂੰ ਬ੍ਰਹਮਾ ਸ਼ਿਵ ਹਰਿ ਜਣਾਈਆ । ਜੁਗ ਚੌਕੜੀ ਝੁੱਲੇ ਮਾਤ ਨਿਸ਼ਾਨ, ਲੋਕ ਪਰਲੋਕ ਵੱਜੇ ਵਧਾਈਆ । ਕਰੇ ਖੇਲ ਦੋ ਜਹਾਨ, ਦੋਏ ਦੋਏ ਰੂਪ ਆਪ ਪ੍ਰਗਟਾਈਆ । ਨਿਰਗੁਣ ਸਰਗੁਣ ਗੁਣ ਨਿਧਾਨ, ਗੁਣ ਅਵਗੁਣ ਆਪਣੇ ਵਿਚ ਰਖਾਈਆ । ਨਾਮ ਜਣਾਏ ਧੁਰ ਫ਼ਰਮਾਨ, ਸਚ ਸੰਦੇਸ਼ਾ ਆਪ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਸ ਅਨੇਕਾ ਆਪ ਧਰਾਈਆ । ਵੇਸ ਅਨੇਕਾ ਇਕ ਇਕੱਲਾ, ਆਦਿ ਜੁਗਾਦਿ ਧਰਾਇੰਦਾ । ਵਸਣਹਾਰਾ ਸਚਖੰਡ ਦੁਆਰਾ ਸਚ ਮਹੱਲਾ , ਸਚਖੰਡ ਨਿਵਾਸੀ ਆਪਣਾ ਰੰਗ ਰੰਗਾਇੰਦਾ । ਜੋਤੀ ਨੂਰ ਨੂਰੀ ਅੱਲਾ, ਇਲਾਹੀ ਨੂਰ ਆਪ ਅਖਵਾਇੰਦਾ । ਆਪਣਾ ਨੂਰ ਕਰ ਬਿਸਮਿਲਾ, ਬਿਸਮਿਲ ਆਪਣੀ ਧਾਰ ਚਲਾਏ ਇਲਲਿਲਾ, ਆਲਮੀਨ ਵੇਖ ਵਖਾਇੰਦਾ । ਏਕਾ ਕਲਮਾ ਏਕਾ ਚਿਲਾ, ਇਕ ਅਮਾਮ ਹੱਥ ਉਠਾਇੰਦਾ । ਚੌਦਾਂ ਲੋਕ ਵੇਖੇ ਟਿੱਲਾ, ਚੌਦਾਂ ਤਬਕਾਂ ਫੇਰਾ ਪਾਇੰਦਾ । ਲੇਖਾ ਜਾਣੇ ਬਸਤਰ ਨੀਲਾ, ਨੀਲੀ ਧਾਰ ਪਾਰ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਰੰਗ ਆਪ ਵਖਾਇੰਦਾ । ਆਪਣੇ ਰੰਗ ਹਰਿ ਰੰਗ ਰਾਤਾ, ਰੰਗ ਰੰਗੀਲਾ ਸਾਚਾ ਮਾਹੀਆ । ਲੇਖਾ ਜਾਣੇ ਦਿਵਸ ਰਾਤਾ, ਦਾਈ ਦਾਇਆ ਸੇਵ ਕਮਾਈਆ । ਪਰਮ ਪੁਰਖ ਬਣ ਪੁਰਖ ਬਿਧਾਤਾ, ਪੁਰਖ ਪੁਰਖੋਤਮ ਖੇਲ ਖਿਲਾਈਆ । ਜੁਗ ਚੌਕੜੀ ਸੁਣੌਂਦਾ ਆਇਆ ਆਪਣੀ ਗਾਥਾ, ਗੁਰ ਅਵਤਾਰ ਸੇਵਾ ਲਾਈਆ । ਭਗਤਾਂ ਬਣਿਆ ਪਿਤਾ ਮਾਤਾ, ਸਾਚੇ ਸੰਤਾਂ ਗੋਦ ਬਹਾਈਆ । ਗੁਰਮੁਖਾਂ ਦੇਵੇ ਨਾਮ ਦਾਤਾ, ਗੁਰਸਿਖ ਖ਼ਾਲੀ ਕੋਇ ਰਹਿਣ ਨਾ ਪਾਈਆ । ਨਾਤਾ ਤੋੜੇ ਜ਼ਾਤਾਂ ਪਾਤਾਂ, ਵਰਨ ਗੋਤ ਨਾ ਕੋਇ ਵਡਿਆਈਆ । ਮਨ ਮਤ ਕੱਢੇ ਨਾਰ ਕਮਜ਼ਾਤਾ, ਕੰਤ ਸੁਹਾਗ ਦਏ ਵਖਾਈਆ । ਜਨਮ ਜਨਮ ਦਾ ਪੂਰਾ ਕਰੇ ਘਾਟਾ, ਸਤਿ ਪੁਰਖ ਨਿਰੰਜਣ ਹੱਥ ਵਡਿਆਈਆ । ਅੰਮ੍ਰਿਤ ਆਤਮ ਦੇਵੇ ਬਾਟਾ, ਨਿਝਰ ਝਿਰਨਾ ਆਪ ਝਿਰਾਈਆ । ਚਰਨ ਕਵਲ ਵਖਾਏ ਸਾਚਾ ਹਾਟਾ, ਚੌਦਾਂ ਲੋਕ ਸੀਸ ਝੁਕਾਈਆ । ਆਤਮ

ਸੇਜ ਸੁਹਾਏ ਸਾਚੀ ਖਾਟਾ, ਬ੍ਰਹਮ ਪਾਰਬ੍ਰਹਮ ਮਿਲਾਈਆ । ਹਰਿਜਨ ਹਰਿ ਹਰਿ ਜੋੜੇ ਨਾਤਾ, ਨਾ ਕੋਈ ਤੋੜੇ ਤੋੜ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਅੰਤ ਆਪਣੀ ਖੇਲ ਖਿਲਾਈਆ । ਆਦਿ ਅੰਤ ਹਰਿ ਖੇਲ ਖਿਲੌਣਾ, ਭੇਵ ਕੋਇ ਨਾ ਪਾਇੰਦਾ । ਵਿਸ਼ਨੂੰ ਉਠ ਉਠ ਰਾਹ ਤਕੌਣਾ, ਬ੍ਰਹਮਾ ਨੇਤਰ ਨੈਣ ਉਠਾਇੰਦਾ । ਸ਼ੰਕਰ ਹੱਥ ਤ੍ਰਿਸੂਲ ਸੂਟੌਣਾ, ਬਾਸ਼ਕ ਤਸ਼ਕਾ ਵੇਖ ਵਖਾਇੰਦਾ । ਕਰੋੜ ਤਤੀਸਾ ਮੰਗਲ ਗੌਣਾ, ਸੁਰਪਤ ਰਾਜਾ ਇੰਦ ਨਾਲ ਰਲਾਇੰਦਾ । ਪੁਰਖ ਅਬਿਨਾਸ਼ੀ ਰੂਪ ਧਰੌਣਾ, ਗਣ ਗੰਧਰਬ ਸਰਬ ਜਸ ਗਾਇੰਦਾ । ਕਿਨਰ ਜਛਪ ਨਾਚ ਨਚੌਣਾ, ਦਰ ਘਰ ਸਾਚਾ ਇਕ ਸੁਹਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਜੋਤੀ ਨੂਰ ਇਕ ਚਮਕੌਣਾ, ਰਵ ਸਸ ਸੀਸ ਝੁਕਾਇੰਦਾ । ਸ਼ਬਦ ਅਨਾਦੀ ਏਕਾ ਗੌਣਾ, ਚਾਰੇ ਵੇਦ ਮੁਖ ਸਾਲਾਹਿੰਦਾ । ਪਰਾਨੀ ਪਰਾਨ ਮੇਲ ਮਿਲੌਣਾ, ਪੁਰਾਨ ਅਠਾਰਾਂ ਰੰਗ ਰੰਗਾਇੰਦਾ । ਏਕਾ ਮੰਤਰ ਗਿਆਨ ਦ੍ਰਿੜੌਣਾ, ਅਠਾਰਾਂ ਧਿਆਏ ਗੀਤਾ ਵੇਖ ਵਖਾਇੰਦਾ । ਏਕਾ ਸੁਰਤੀ ਰਾਮ ਮਿਲੌਣਾ, ਜਨਕ ਸਪੁਤਰੀ ਭੇਵ ਚੁਕਾਇੰਦਾ । ਏਕਾ ਬੰਸਰੀ ਨਾਮ ਵਜੌਣਾ, ਮੁਕੰਦ ਮਨੋਹਰ ਲਖਮੀ ਨਰਾਇਣ ਆਪਣੀ ਖੇਲ ਖਿਲਾਇੰਦਾ । ਗੋਪੀ ਨਾਥ ਦਿਸ ਨਾ ਔਣਾ, ਤ੍ਰਿਲੋਕੀ ਨੰਦਨ ਤ੍ਰੈਗੁਣ ਆਪਣਾ ਨਾਚ ਨਚਾਇੰਦਾ । ਕਲਮਾ ਹੱਕ ਆਪ ਪੜ੍ਹੌਣਾ, ਮੁਕਾਮੇ ਹੱਕ ਖੋਜ ਖੁਜਾਇੰਦਾ । ਸ਼ਰਅ ਸ਼ਰੀਅਤ ਇਕ ਸਮਝੌਣਾ, ਲਾਸ਼ਰੀਕ ਰੂਪ ਧਰਾਇੰਦਾ । ਖ਼ਲਕ ਖ਼ੁਦਾਈ ਆਪ ਉਠੌਣਾ, ਮਖ਼ਲੂਕ ਸ਼ਕੂਕ ਇਕ ਜਣਾਇੰਦਾ । ਏਕਾ ਮੰਤਰ ਸਤਿ ਕਰੌਣਾ, ਨਾਮ ਸਤਿ ਆਪ ਵਖਾਇੰਦਾ । ਏਕਾ ਗੁਰ ਗੁਰ ਮੇਲ ਮਿਲੌਣਾ, ਵਾਹ ਵਾ ਗੁਰ ਗੁਰ ਆਪ ਉਪਾਇੰਦਾ । ਨਿਰਗੁਣ ਸਰਗੁਣ ਵੇਸ ਧਰੌਣਾ, ਸਰਗੁਣ ਨਿਰਗੁਣ ਵਿਚ ਛੁਪਾਇੰਦਾ । ਨਿਰਗੁਣ ਸਰਗੁਣ ਫੇਰ ਪ੍ਰਗਟੌਣਾ, ਸਰਗੁਣ ਨਿਰਗੁਣ ਬੰਧਨ ਪਾਇੰਦਾ । ਸ਼ਬਦ ਅਨਾਦੀ ਨਾਦ ਵਜੌਣਾ, ਨੌਂ ਖੰਡ ਪ੍ਰਿਥਮੀ ਆਪ ਸੁਣਾਇੰਦਾ । ਸੱਤਾਂ ਦੀਪਾਂ ਰਾਹ ਵਖੌਣਾ, ਭੇਵ ਅਭੇਦ ਆਪ ਜਣਾਇੰਦਾ । ਨਿਰਗੁਣ ਨਿਰਗੁਣ ਘਰ ਘਰ ਅੰਦਰ ਫੇਰਾ ਪੌਣਾ, ਕਾਇਆ ਬੰਕ ਫੋਲ ਫੁਲਾਇੰਦਾ । ਲੱਖ ਚੁਰਾਸੀ ਵਿਚੋਂ ਗੁਰਮੁਖ ਸਾਚਾ ਆਪ ਉਠੌਣਾ, ਆਪ ਆਪਣਾ ਮੇਲ ਮਿਲਾਇੰਦਾ । ਸਚਖੰਡ ਦੁਆਰੇ ਫੜ ਬਹੌਣਾ, ਅਧਵਿਚਕਾਰ ਨਾ ਕੋਇ ਅਟਕਾਇੰਦਾ । ਰਾਏ ਧਰਮ ਦਾ ਲੇਖ ਚੁਕੌਣਾ, ਚਿਤਰ ਗੁਪਤ ਨਾ ਹਿਸਾਬ ਵਖਾਇੰਦਾ । ਲਾੜੀ ਮੌਤ ਨਾ ਅੰਤ ਪਰਨੌਣਾ, ਜਿਸ ਜਨ ਆਪਣਾ ਦਰਸ ਦਿਖਾਇੰਦਾ । ਫੜ ਫੜ ਕਾਗੋਂ ਹੰਸ ਬਣੌਣਾ, ਸੋਹੰ ਹੰਸਾ ਮਾਣਕ ਮੋਤੀ ਚੋਗ ਚੁਗਾਇੰਦਾ । ਵਿਸ਼ਨੂੰ ਬੰਸਾ ਇਕ ਬਣੌਣਾ, ਸ੍ਰੀ ਭਗਵਾਨ ਸੇਵ ਕਮਾਇੰਦਾ । ਦੋ ਜਹਾਨਾਂ ਏਕਾ ਨਾਉਂ ਗੌਣਾ, ਲੱਖ ਚੁਰਾਸੀ ਆਪ ਪੜ੍ਹਾਇੰਦਾ । ਸਚ ਸੰਦੇਸ਼ਾ ਦੇਵੇ ਉਨੰਜਾ ਪਵਣਾ, ਪਵਣ ਸਵਾਸੀ ਵੇਖ ਵਖਾਇੰਦਾ । ਹਰਿ ਕਾ ਭਾਣਾ ਜਾਣੇ ਕਵਣਾ, ਹਰਿ ਕਾ ਭੇਵ ਨਾ ਕੋਇ ਜਣਾਇੰਦਾ । ਜਨ ਭਗਤਾਂ ਕੱਟੇ ਅਵਣਾ ਗਵਣਾ, ਅਵਣ ਗਵਣ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਅੰਤ ਆਪਣਾ ਬੰਧਨ ਪਾਇੰਦਾ । ਆਦਿ ਅੰਤ ਹਰਿ ਹਰਿ ਬੰਧਨ, ਲੱਖ ਚੁਰਾਸੀ ਬੰਧ ਬੰਧਾਈਆ । ਹਰਿਜਨ ਮਸਤਕ ਲਾਏ ਨਾਮ ਚੰਦਨ, ਤਿਲਕ ਲਲਾਟੀ ਵੇਖ ਵਖਾਈਆ । ਏਕਾ ਦੇਵੇ ਪਰਮਾਨੰਦਨ, ਨਿਜਾਨੰਦ ਸਹਿਜ ਸੁਖਦਾਈਆ । ਨਾਮ ਜਣਾਏ ਸੁਹਾਗੀ ਛੰਦਨ, ਗੀਤ ਗੋਬਿੰਦ ਇਕ ਅਲਾਈਆ । ਮਨਮੁਖ ਜੀਵ ਭਾਗਾਂ ਮੰਦਨ, ਮਨ ਕਾ ਭਰਮ ਨਾ ਕੋਇ ਚੁਕਾਈਆ । ਸਤਿਗੁਰ ਪੂਰਾ ਸਦਾ ਬਖ਼ਸ਼ੰਦਨ, ਬਖ਼ਸ਼ਿਸ਼ ਆਪਣੇ ਹੱਥ ਰਖਾਈਆ । ਲੱਖ ਚੁਰਾਸੀ ਤੋੜੇ ਫੰਦਨ, ਜੋ ਜਨ ਰਹੇ ਸ਼ਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਆਦਿ ਅੰਤ ਸ੍ਰੀ ਭਗਵੰਤ, ਸਾਚੇ ਸੰਤ ਲਏ ਮਿਲਾਈਆ । ਸਾਚੇ ਸੰਤਨ ਹਰਿ ਹਰਿ ਮੇਲਾ, ਜੁਗ ਕਰਤਾ ਆਪ ਕਰਾਈਆ । ਜੁਗਾ ਜੁਗੰਤਰ ਗੁਰੂ ਗੁਰ ਚੇਲਾ, ਗੁਰ ਚੇਲਾ ਰੂਪ ਵਟਾਈਆ । ਸਦਾ ਸਹਾਈ ਸੱਜਣ ਸੁਹੇਲਾ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਆਪੇ ਜਾਣੇ ਆਪਣਾ ਵਕ਼ਤ ਵੇਲਾ, ਥਿਤ ਵਾਰ ਨਾ ਕੋਇ ਵਖਾਈਆ । ਵਸਣਹਾਰਾ ਧਾਮ ਨਵੇਲਾ, ਕਲਜੁਗ ਅੰਤਮ ਨਿਰਗੁਣ ਜੋਤ ਕਰੇ ਰੁਸ਼ਨਾਈਆ । ਅਚਰਜ ਖੇਲ ਆਪੇ ਖੇਲਾ, ਖ਼ਾਲਕ ਵੇਖੇ ਖ਼ਲਕ ਖ਼ੁਦਾਈਆ । ਜੋਤ ਨਿਰੰਜਣ ਚਾੜ੍ਹੇ ਤੇਲਾ, ਨੂਰ ਜ਼ਹੂਰ ਸਗਨ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖੇ ਥਾਉਂ ਥਾਈਂਆ । ਹਰਿਜਨ ਹਰਿ ਹਰਿ ਜਾਣਦਾ, ਜੁਗਾ ਜੁਗੰਤਰ ਕਾਰ । ਭਗਤ ਵਛਲ ਖੇਲ ਸ੍ਰੀ ਭਗਵਾਨ ਦਾ, ਖੇਲੇ ਖੇਲ ਅਗੰਮ ਅਪਾਰ । ਲੇਖਾ ਜਾਣੇ ਗੁਣ ਨਿਧਾਨ ਦਾ, ਗੁਣ ਨਿਧਾਨ ਸੱਚੀ ਸਰਕਾਰ । ਗੁਰਮੁਖ ਵਿਰਲਾ ਹਰਿ ਰੰਗ ਮਾਣਦਾ, ਜਿਸ ਜਨ ਬਖ਼ਸ਼ੇ ਚਰਨ ਪਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਕਰੇ ਕਰਾਏ ਸਾਚੀ ਕਾਰ । ਸਾਚੀ ਕਾਰ ਕਰਦਾ ਆਇਆ, ਜੁਗਾ ਜੁਗੰਤਰ ਬੇਪਰਵਾਹ । ਭਗਤ ਭਗਵੰਤ ਵਰਦਾ ਆਇਆ, ਥਿਰ ਘਰ ਸਾਚੇ ਕਰੇ ਸਾਲਾਹ । ਸੰਤ ਸੁਹੇਲੇ ਫੜਦਾ ਆਇਆ, ਨਾਮ ਬੰਧਨ ਏਕਾ ਪਾ । ਲੱਖ ਚੁਰਾਸੀ ਵਿਚੋਂ ਕਢਦਾ ਆਇਆ, ਸ਼ਬਦ ਸਰੂਪੀ ਬਣ ਮਲਾਹ । ਆਪਣੇ ਅੰਦਰ ਆਪੇ ਧਰਦਾ ਆਇਆ, ਆਪਣੀ ਹੱਥੀਂ ਕੁੰਡਾ ਲਾਹ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਲਏ ਉਠਾ । ਹਰਿਜਨ ਹਰਿ ਹਰਿ ਆਪ ਉਠੌਣਾ, ਦਿਵਸ ਰੈਣ ਪਰਭਾਤ । ਆਤਮ ਦੀਆ ਜੋਤ ਜਗੌਣਾ, ਦਰਸ ਦਿਖਾਏ ਇਕ ਇਕਾਂਤ । ਸਾਢੇ ਤਿੰਨ ਹੱਥ ਸੀਆਂ ਤੇਰਾ ਵਕਤ ਚੁਕੌਣਾ, ਪੁਰਖ ਅਬਿਨਾਸ਼ੀ ਬਣਿਆ ਪਿਤ ਮਾਤ । ਸਤਿਜੁਗ ਨੀਹਾਂ ਮਾਤ ਲਗੌਣਾ, ਸਤਿ ਸਤਿਵਾਦੀ ਦੇਵੇ ਦਾਤ । ਸਾਚਾ ਬੀਆ ਬੀਜ ਬਜੌਣਾ, ਫੁੱਲ ਫੁਲਵਾੜੀ ਵੇਖੇ ਡਾਲ ਪਾਤ । ਅੰਮ੍ਰਿਤ ਫਲ ਇਕ ਲਗੌਣਾ, ਚਾਰ ਵਰਨ ਬਣਾਏ ਏਕਾ ਜ਼ਾਤ । ਏਕਾ ਦੂਜਾ ਭੇਵ ਮਿਟੌਣਾ, ਕਲਜੁਗ ਮਿਟੇ ਅੰਧੇਰੀ ਰਾਤ । ਘਟ ਘਟ ਅੰਤਰ ਹਰਿ ਹਰਿ ਨਜ਼ਰੀ ਔਣਾ, ਰਸਨਾ ਜਿਹਵਾ ਗਾਏ ਸਾਚੀ ਗਾਥ । ਮਨ ਕਾ ਮਣਕਾ ਆਪ ਭਵੌਣਾ, ਮਨ ਮਨ ਹੀ ਅੰਦਰ ਮਾਰੇ ਝਾਤ । ਜਨ ਜਨ ਕਾ ਰੂਪ ਆਪ ਵਟੌਣਾ, ਜਨ ਜਨਨੀ ਵੇਖੇ ਖਾਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਸਚ ਨਜਾਤ । ਦੇਵੇ ਨਜਾਤ ਸਤਿਗੁਰ ਪੂਰਾ, ਸੂਤਰਧਾਰੀ ਵਡ ਵਡਿਆਈਆ । ਨਾਤਾ ਤੋੜੇ ਕੂੜੋ ਕੂੜਾ, ਕੂੜੀ ਕਿਰਿਆ ਰਹਿਣ ਨਾ ਪਾਈਆ । ਜਿਸ ਜਨ ਚਰਨ ਬਖ਼ਸ਼ੇ ਮਸਤਕ ਸਾਚੀ ਧੂੜਾ, ਜੋਤ ਲਲਾਟ ਕਰੇ ਰੁਸ਼ਨਾਈਆ । ਘਟ ਅੰਦਰ ਨੂਰੋ ਨੂਰਾ, ਅਗਿਆਨ ਅੰਧੇਰ ਦਏ ਗਵਾਈਆ । ਦਰ ਮੇਲਾ ਸੂਰਬੀਰ ਸੂਰਨ ਸੂਰਾ, ਜੋਧਾ ਸੂਰਬੀਰ ਆਪ ਅਖਵਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਹਾਜ਼ਰ ਹਜ਼ੂਰਾ, ਨਾ ਮਰੇ ਨਾ ਜਾਈਆ । ਸਮਰਥ ਪੁਰਖ ਸਰਬ ਕਲਾ ਭਰਪੂਰਾ, ਅਕਲ ਕਲ ਹਰਿ ਵਡਿਆਈਆ । ਗੁਰਮੁਖਾਂ ਵਸੇ ਨੇੜਨ ਦੂਰਾ, ਦੂਰ ਨੇੜ ਨਾ ਕੋਇ ਜਣਾਈਆ । ਚਤੁਰ ਸੁਘੜ ਬਣਾਏ ਮੂਰਖ ਮੂੜ੍ਹਾ, ਜਿਸ ਸਿਰ ਆਪਣਾ ਹੱਥ ਟਿਕਾਈਆ । ਤੇਜ ਭਾਨ ਤੇਰਾ ਤੇਜ ਨੂਰਾ, ਨੂਰ ਨੁਰਾਨਾ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੂਆ ਦੂਆ ਏਕਾ, ਏਕਾ ਰੰਗ ਰੰਗਾਈਆ । ਦੂਆ ਏਕਾ ਏਕ ਰੰਗ, ਨਿਰਗੁਣ ਸਰਗੁਣ ਮੇਲ ਮਿਲਾਇਆ । ਨਿਰਗੁਣ ਸੇਜਾ ਆਤਮ ਪਲੰਘ, ਸਰਗੁਣ ਸਾਚੀ ਰਿਹਾ

ਹੰਢਾਇਆ । ਹਰਿ ਕਾ ਨਾਉਂ ਨਾਮ ਮਰਦੰਗ, ਗ੍ਰਿਹਿ ਮੰਦਰ ਆਪ ਵਜਾਇਆ, ਜਗਤ ਦੁਆਰਾ ਮੁਕਿਆ ਪੰਧ, ਘਰ ਘਰ ਪਰਮੇਸ਼ਵਰ ਪਾਇਆ । ਕਾਇਆ ਸੀਤਲ ਖ਼ੁਸ਼ੀ ਬੰਦ ਬੰਦ, ਬੰਦੀ ਛੋੜ ਦਇਆ ਕਮਾਇਆ । ਆਦਿ ਅੰਤ ਨੰਗੀ ਹੋਏ ਨਾ ਕੰਡ, ਗੁਰ ਸਤਿਗੁਰ ਹੋਏ ਸਹਾਇਆ । ਨਾਤਾ ਤੁਟਾ ਜੇਰਜ ਅੰਡ, ਉਤਭੁਜ ਸੇਤਜ ਮੋਹ ਚੁਕਾਇਆ । ਚਰਨਾਂ ਹੇਠ ਦਬਾਇਆ ਆਪ ਬ੍ਰਹਿਮੰਡ, ਪਾਰਬ੍ਰਹਮ ਪ੍ਰਭ ਵੇਖ ਵਖਾਇਆ । ਗੌਣਾ ਗੀਤ ਸੁਹਾਗੀ ਛੰਦ, ਆਤਮ ਪਰਮਾਤਮ ਲਏ ਪਰਨਾਇਆ । ਲੇਖਾ ਚੁੱਕੇ ਬੱਤੀ ਦੰਦ, ਤੀਸ ਬਤੀਸਾ ਖੋਜ ਖੁਜਾਇਆ । ਜਗਤ ਜੁਗਤ ਜੋਗ ਜੁਗਾ ਜੁਗੰਤਰ ਗਿਆ ਹੰਢ, ਥਿਰ ਕੋਇ ਰਹਿਣ ਨਾ ਪਾਇਆ । ਗੁਰਮੁਖ ਗੁਰਸਿਖ ਗੁਰ ਸਤਿਗੁਰ ਮਿਲਿਆ ਸਦਾ ਬਖ਼ਸ਼ੰਦ, ਬਖ਼ਸ਼ਿਸ਼ ਆਪਣੀ ਦਏ ਕਰਾਇਆ । ਦਿਵਸ ਰੈਣ ਪਰਮਾਨੰਦ, ਚਿੰਤਾ ਸੋਗ ਰੋਗ ਦੁੱਖ ਨੇੜ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਦੇਵੇ ਬ੍ਰਹਮ ਗਿਆਨ, ਬ੍ਰਹਮ ਵੇਤਾ ਆਪਣੇ ਰੰਗ ਰੰਗਾਇਆ ।

★ ੯ ਜੇਠ ੨੦੧੮ ਬਿਕ੍ਰਮੀ ਸ਼ਿਵ ਸਿੰਘ ਦੇ ਗ੍ਰਿਹਿ ਸ਼ੇਖ਼ਸਰ ਜੰਮੂ ★

ਮਾਣਸ ਜਨਮ ਲੇਖਾ ਚੁੱਕੇ ਮਾਨਵ, ਹਰਿਜਨ ਹਰਿ ਹਰਿ ਦਇਆ ਕਮਾਇੰਦਾ । ਹਰਿਜਨ ਮੇਲੇ ਰੂਪ ਧਰ ਧਰ ਬਾਵਨ, ਬਲ ਆਪਣਾ ਆਪ ਵਖਾਇੰਦਾ । ਦੋ ਜਹਾਨਾਂ ਬਣੇ ਜਾਮਨ, ਧੁਰਦਰਗਾਹੀ ਸੇਵ ਕਮਾਇੰਦਾ । ਨਿਰਗੁਣ ਸਰਗੁਣ ਫੜਾਏ ਦਾਮਨ, ਏਕਾ ਪੱਲੂ ਆਪ ਵਖਾਇੰਦਾ । ਕਲਜੁਗ ਕੂੜ ਕੁੜਿਆਰਾ ਮੇਟੇ ਰਾਵਣ, ਰਾਮ ਰਾਮਾ ਖੇਲ ਖਿਲਾਇੰਦਾ । ਅੰਮ੍ਰਿਤ ਮੇਘ ਬਰਸੇ ਸਾਵਣ, ਨਿਝਰ ਝਿਰਨਾ ਆਪ ਝਿਰਾਇੰਦਾ । ਲੇਖਾ ਚੁੱਕੇ ਆਵਣ ਜਾਵਣ, ਆਵਣ ਜਾਵਣ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਾਣਸ ਜਨਮ ਲੇਖੇ ਲਾਇੰਦਾ । ਮਾਣਸ ਜਨਮ ਚੁੱਕੇ ਲੇਖਾ, ਗੁਰ ਸਤਿਗੁਰ ਆਪ ਚੁਕਾਈਆ । ਹਰਿਜਨ ਹਰਿ ਹਰਿ ਆਪਣੇ ਨੇਤਰ ਪੇਖਾ, ਜਗਤ ਨੈਣ ਨਾ ਕੋਇ ਵਡਿਆਈਆ । ਸੇਵਕ ਸੇਵਾ ਜਾਣੇ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼ਾ, ਦਰ ਦਰਵੇਸ਼ਾ ਫੇਰਾ ਪਾਈਆ । ਵੇਸ ਅਨੇਕ ਕਰਿਆ ਵੇਸਾ, ਅਨਕ ਕਲ ਬੇਪਰਵਾਹੀਆ । ਹਰਿਜਨ ਹਰਿ ਹਰਿ ਸਦਾ ਸਦ ਆਦੇਸਾ, ਨਿਵ ਨਿਵ ਆਪਣਾ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਾਣਸ ਜਨਮ ਲੇਖੇ ਲਾਈਆ । ਮਾਣਸ ਜਨਮ ਲੇਖੇ ਗਿਆ ਲੱਗ, ਹਰਿ ਸੱਜਣ ਆਪ ਲਗਾਇਆ । ਮਿਲਿਆ ਮੇਲ ਸੂਰੇ ਸਰਬਗ, ਦਰ ਘਰ ਸਾਚੇ ਸੋਭਾ ਪਾਇਆ । ਤ੍ਰੈਕਾਲ ਦਰਸੀ ਤ੍ਰੈਗੁਣ ਮੇਟੇ ਅੱਗ, ਅਗਨੀ ਤੱਤ ਨਾ ਕੋਇ ਜਲਾਇਆ । ਹੰਸ ਸਰੋਵਰ ਨੁਹਾਏ ਕਗ, ਕਬੁਧ ਡੂਮਣੀ ਮੇਟ ਮਿਟਾਇਆ । ਜਾਮ ਪਿਆਏ ਅੰਮ੍ਰਿਤ ਮਦਿ, ਨਾਮ ਪਿਆਲਾ ਹੱਥ ਉਠਾਇਆ । ਜਗਤ ਵਿਕਾਰਾ ਦੇਵੇ ਬੱਧ, ਬੱਧਕ ਆਪਣੇ ਗਲੇ ਲਗਾਇਆ । ਸੱਜਣ ਸੁਹੇਲੇ ਹਰਿ ਹਰਿ ਸੱਦ, ਸਚ ਸੰਦੇਸ਼ਾ ਨਾਮ ਸੁਣਾਇਆ । ਜਗਤ ਜੰਜਾਲ ਵਿਚੋਂ ਕੱਢ, ਆਪ ਆਪਣਾ ਬੰਧਨ ਪਾਇਆ । ਨਾਤਾ ਤੁੱਟਾ ਅੰਧੇਰੀ ਖੱਡ, ਡੂੰਘਾ ਸਾਗਰ ਵਹਿਣ ਨਾ ਕੋਇ ਵਹਾਇਆ । ਨਿਰਵੈਰ ਜਣਾਈ ਵਿਸ਼ਨੂੰ ਯਦ, ਬੰਸ ਸਰਬੰਸਾ ਆਪ ਬਣਾਇਆ । ਜਗਤ ਵਾਸਨਾ ਪਾਰ ਕਿਨਾਰਾ ਹੱਦ, ਹਰਿ ਮੰਦਰ ਹਰਿਜਨ ਹਰਿ ਹਰਿ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਾਣਸ ਜਨਮ

ਦਏ ਸਮਝਾਇਆ । ਮਾਣਸ ਜਨਮ ਨਵ ਨਵ ਧਾਰ, ਨਿਰਗੁਣ ਸਰਗੁਣ ਆਪ ਚਲਾਈਆ । ਇਕ ਇਕ ਖੇਲ ਕਰੇ ਸਰਕਾਰ, ਦੋਏ ਦੋਏ ਰੂਪ ਅਨੂਪ ਵਟਾਈਆ । ਤੀਜਾ ਲੋਇਣ ਖੋਲ੍ਹ ਕਿਵਾੜ, ਚੌਥੇ ਪਦ ਕਰੇ ਰਸਾਈਆ । ਪੰਚਮ ਮੇਲਾ ਪੁਰਖ ਨਾਰ, ਨਾਰੀ ਕੰਤ ਆਪ ਹੋ ਜਾਈਆ । ਛੇਵੇਂ ਛੱਪਰ ਛੰਨ ਤੋਂ ਵਸਿਆ ਬਾਹਰ, ਮਹੱਲ ਅਟਲ ਬੈਠਾ ਆਸਣ ਲਾਈਆ । ਸਤਵੇਂ ਸਤਿ ਪੁਰਖ ਨਿਰੰਜਣ ਸਾਂਝਾ ਯਾਰ, ਲੱਖ ਚੁਰਾਸੀ ਵੇਖ ਵਖਾਈਆ । ਅੱਠਾਂ ਤੱਤਾਂ ਦਏ ਆਧਾਰ, ਆਪ ਆਪਣੀ ਦਇਆ ਕਮਾਈਆ । ਨੌਂ ਦਰ ਲੇਖਾ ਜਾਣੇ ਸਰਬ ਸੰਸਾਰ, ਨਵ ਨੌਂ ਲੇਖਾ ਆਪਣੇ ਹੱਥ ਰਖਾਈਆ । ਦਹਿ ਦਿਸ਼ਾ ਕਰੇ ਵਿਚਾਰ, ਦਹਿ ਸਿਰ ਰਾਵਣ ਮਾਰ ਹੰਕਾਰ, ਆਤਮ ਬ੍ਰਹਮ ਦਏ ਆਧਾਰ, ਨਿਰਗੁਣ ਜੋਤੀ ਜੋਤ ਮਿਲਾਈਆ । ਕਾਇਆ ਕੰਚਨ ਕੋਟ ਗੜ੍ਹ ਵੇਖੇ ਵੇਖਣਹਾਰ, ਡੂੰਘੀ ਕੰਦਰ ਜਗਤ ਭਵਰੀ ਸਾਗਰ ਤਰੇ ਤਰਨੇਹਾਰ, ਆਰ ਪਾਰ ਆਪਣੇ ਹੱਥ ਰਖਾਈਆ । ਗੁਰਮੁਖ ਸੱਜਣ ਲਏ ਉਭਾਰ, ਜੋਤੀ ਜਾਤਾ ਹਰਿ ਨਿਰੰਕਾਰ, ਜੀਵਣ ਜੁਗਤ ਭਗਤ ਭੁਗਤ ਆਪਣੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਾਣਸ ਲੇਖਾ ਦਏ ਚੁਕਾਈਆ । ਮਾਣਸ ਲੇਖਾ ਆਪ ਚੁਕੌਣਾ, ਹਰਿਜਨ ਸਾਚਾ ਮੇਲ ਮਿਲਾਇਆ । ਜਨਮ ਮਰਨ ਦਾ ਰੋਗ ਮਿਟੌਣਾ, ਚਿੰਤਾ ਸੋਗ ਨਾ ਕੋਇ ਵਖਾਇਆ । ਸੋਹੰ ਸਾਚਾ ਜਾਪ ਜਪੌਣਾ, ਪਾਰਬ੍ਰਹਮ ਬ੍ਰਹਮ ਪਾਰਬ੍ਰਹਮ ਏਕਾ ਰੰਗ ਰੰਗਾਇਆ । ਦੁਰਮਤ ਮੈਲ ਧੋ ਨਿਰਮਲ ਆਪ ਕਰੌਣਾ, ਅੰਮ੍ਰਿਤ ਜਲ ਸਿੰਚ ਹਰਿਆ ਆਪ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਾਣਸ ਜਨਮ ਵੇਖ ਵਖਾਇਆ । ਮਾਣਸ ਜਨਮ ਲੱਖ ਚੁਰਾਸੀ ਧਾਰਾ, ਚਾਰ ਖਾਣੀ ਵੰਡ ਵੰਡਾਈਆ । ਨਵ ਨੌਂ ਜਨਮ ਵਿਚ ਸੰਸਾਰਾ, ਅਜਨਮਾ ਰੂਪ ਵਟਾਈਆ । ਗੁਣ ਅਵਗੁਣ ਕਰੇ ਨਾ ਕੋਇ ਵਿਚਾਰਾ, ਸੰਸਾ ਰੋਗ ਨਾ ਕੋਇ ਮੁਕਾਈਆ । ਲੇਖਾ ਲਿਖਤ ਜਾਣੇ ਨਾ ਜੀਵ ਗਵਾਰਾ, ਲਿਖਣਹਾਰਾ ਦਿਸ ਨਾ ਆਈਆ । ਵਾਕ ਭਵਿਖਤ ਨਾ ਕਰੇ ਕੋਇ ਵਿਚਾਰਾ, ਪੜ੍ਹ ਪੜ੍ਹ ਥੱਕੀ ਸਰਬ ਲੋਕਾਈਆ । ਬਿਨ ਸਤਿਗੁਰ ਪੂਰੇ ਕੋਇ ਨਾ ਉਤਰੇ ਪਾਰਾ, ਕੂੜੀ ਕਿਰਿਆ ਕਲਜੁਗ ਬੰਧਨ ਇਕ ਵਖਾਈਆ । ਸਰਬ ਜੀਆਂ ਦਾ ਇਕ ਦਾਤਾਰਾ, ਸੋ ਪੁਰਖ ਨਿਰੰਜਣ ਸੱਚਾ ਸ਼ਹਿਨਸ਼ਾਹੀਆ । ਕਲਜੁਗ ਪਰਗਟੇ ਅੰਤਮ ਵਾਰਾ, ਨਿਹਕਲੰਕਾ ਨਾਉਂ ਰਖਾਈਆ । ਦੂਸਰ ਤੱਕੇ ਨਾ ਕੋਇ ਸਹਾਰਾ, ਸੀਸ ਜਗਦੀਸ਼ ਨਾ ਕਿਸੇ ਝੁਕਾਈਆ । ਕਰੇ ਖੇਲ ਸਭ ਤੋਂ ਨਿਆਰਾ, ਨਿਰਵੈਰ ਰੂਪ ਵਟਾਈਆ । ਏਕਾ ਹੁਕਮੀ ਹੁਕਮ ਵਰਤੇ ਵਰਤਾਰਾ, ਹੁਕਮੇ ਅੰਦਰ ਰੱਖੇ ਸਰਬ ਲੋਕਾਈਆ । ਏਕਾ ਖੰਡਾ ਨਾਮ ਤੇਜ਼ ਕਟਾਰਾ, ਬ੍ਰਹਿਮੰਡਾਂ ਆਪ ਚਮਕਾਈਆ । ਹਰਿਜਨ ਸਾਚੇ ਕਰੇ ਪਿਆਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਾਣਸ ਲੇਖਾ ਆਪਣੇ ਹੱਥ ਰਖਾਈਆ । ਮਾਣਸ ਮਾਨੁਖ ਉਤਮ ਜ਼ਾਤ, ਲੱਖ ਚੁਰਾਸੀ ਆਪ ਜਣਾਇੰਦਾ । ਆਦਿ ਅੰਤ ਪੁੱਛੇ ਵਾਤ, ਸੰਤ ਸਤਿਗੁਰ ਵੇਖ ਵਖਾਇੰਦਾ । ਜਿਸ ਜਨ ਜਣਾਏ ਆਪਣੀ ਗਾਥ, ਆਪਣਾ ਪਰਦਾ ਆਪ ਉਠਾਇੰਦਾ । ਇਕ ਦੁਆਰਾ ਵਖਾਏ ਸਾਚਾ ਹਾਟ, ਵਣਜ ਵਣਜਾਰਾ ਏਕਾ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਾਣਸ ਜਨਮ ਆਪਣੇ ਲੇਖੇ ਧਰ, ਧਰਨੀ ਧਰਤ ਧਵਲ ਆਪ ਸੁਹਾਇੰਦਾ । ਮਾਣਸ ਜਨਮ ਧਰਨੀ ਦਾਤ, ਧਵਲ ਵਡੀ ਵਡਿਆਈਆ । ਪੂਤ ਸਪੂਤਾ ਬਖ਼ਸ਼ੇ ਕਮਲਾਪਾਤ, ਕਵਲ ਨੈਣ ਨੈਣ ਮਟਕਾਈਆ । ਉਤਮ ਰੱਖੇ ਆਪਣੀ ਜ਼ਾਤ, ਜੋਤੀ ਜਾਤਾ ਇਕ ਸ਼ਹਿਨਸ਼ਾਹੀਆ । ਸੰਤ ਕੰਤ ਭਗਵੰਤ ਪੁਛੇ ਵਾਤ, ਆਦਿ ਅੰਤ ਵਿਸਰ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ


੫੧੧
੧੦

ਕਰ, ਹਰਿਜਨ ਵੇਖੇ ਬੇਪਰਵਾਹੀਆ । ਹਰਿਜਨ ਵੇਖ ਮਾਣਸ ਜਨਮ, ਪੂਰਬ ਲੇਖਾ ਆਪ ਮੁਕਾਈਆ । ਨਵ ਨੌਂ ਵੇਖੇ ਕਿਰਿਆ ਕਰਮ, ਕਰਮ ਕਾਂਡ ਆਪ ਸਮਝਾਈਆ । ਸਤਿ ਸੰਤੋਖ ਏਕਾ ਧਰਮ, ਧੁਰ ਦੀ ਬਾਣੀ ਬਾਣ ਲਗਾਈਆ । ਬਿਨ ਹਰਿ ਅਵਰ ਨਾ ਕੋਇ ਬਰਨ, ਜਗਤ ਬਰਨ ਨਾ ਕੋਇ ਲੜਾਈਆ । ਜਿਸ ਜਨ ਬਖ਼ਸ਼ੇ ਸਾਚੀ ਸਰਨ, ਗ੍ਰਿਹ ਮੰਦਰ ਇਕ ਵਖਾਈਆ । ਨਾਤਾ ਤੁਟੇ ਜਨਮ ਮਰਨ, ਮਰਨ ਜਨਮ ਵਿਚ ਨਾ ਆਈਆ । ਕਿਰਪਾ ਕਰੇ ਕਰਨੀ ਕਰਨ, ਕਰਨੀ ਕਰਤਾ ਕਿਰਤ ਕਮਾਈਆ । ਗੁਰਮੁਖ ਗੁਰਸਿਖ ਹਰਿਜਨ ਹਰਿ ਭਗਤ ਸਚ ਦੁਆਰੇ ਵੜਨ, ਸਚਖੰਡ ਦੁਆਰਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਾਣਸ ਜਨਮ ਪੰਧ ਮੁਕਾਈਆ । ਮਾਣਸ ਜਨਮ ਮੁਕੇ ਪੰਧ, ਪਾਂਧੀ ਪੰਧ ਨਾ ਕੋਇ ਵਖਾਇੰਦਾ । ਰਸਨਾ ਗੌਣਾ ਏਕਾ ਛੰਦ, ਛੰਦ ਸੁਹਾਗੀ ਆਪ ਜਣਾਇੰਦਾ । ਰਸਨ ਤਜੌਣਾ ਜਗਤ ਵਿਕਾਰਾ ਗੰਦ, ਮਾਇਆ ਮਮਤਾ ਮੋਹ ਮਿਟਾਇੰਦਾ । ਇਕ ਜਣਾਏ ਪਰਮਾਨੰਦ, ਨਿਜ ਆਤਮ ਵੇਖ ਵਖਾਇੰਦਾ । ਮਾਣਸ ਜਨਮ ਖ਼ੁਸ਼ੀ ਕਰਾਏ ਬੰਦ ਬੰਦ, ਬੰਦੀਖ਼ਾਨਾ ਤੋੜ ਤੁੜਾਇੰਦਾ । ਘਰ ਨਿਰਗੁਣ ਨੂਰ ਚੜ੍ਹਾਏ ਚੰਦ, ਜੋਤੀ ਨੂਰ ਨੂਰ ਚਮਕਾਇੰਦਾ । ਹਰਿਜਨ ਹਰਿ ਹਰਿ ਸਦਾ ਬਖ਼ਸ਼ੰਦ, ਕਰ ਬਖ਼ਸ਼ਿਸ਼ ਪਾਰ ਕਰਾਇੰਦਾ । ਮਾਣਸ ਜਨਮ ਨਾ ਹੋਏ ਭੰਗ, ਜਿਸ ਸਿਰ ਆਪਣਾ ਹੱਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਦੇਵੇ ਜੀਆ ਦਾਨ, ਆਤਮ ਪਰਮਾਤਮ ਆਪਣਾ ਬੰਧਨ ਪਾਇੰਦਾ ।



੫੧੨
੧੦

ਹੇਰਾ ਫੇਰਾ ਚੁਕਿਆ ਵਕਤ, ਹਰਿ ਸਤਿਗੁਰ ਆਪ ਚੁਕਾਈਆ । ਨਾਤਾ ਤੋੜੇ ਨਾਲੋਂ ਜਗਤ, ਜੁਗਤ ਆਪਣੇ ਹੱਥ ਰਖਾਈਆ । ਗੁਰਸਿਖ ਬਣਾਏ ਸਾਚੇ ਭਗਤ, ਭਗਤੀ ਸੇਵਾ ਆਪ ਕਮਾਈਆ । ਲੇਖੇ ਲਾਏ ਬੂੰਦ ਰਕਤ, ਪਾਰਬ੍ਰਹਮ ਬੇਪਰਵਾਹੀਆ । ਦਾਸੀ ਦਾਸ ਆਦਿ ਸ਼ਕਤ, ਦਰ ਦਰ ਘਰ ਘਰ ਫੇਰੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਲੇਖਾ ਦਏ ਸਮਝਾਈਆ । ਹੇਰਾ ਫੇਰਾ ਚੁੱਕਿਆ, ਚੁਕਾਵਣਹਾਰ ਕਰਤਾਰ । ਗੁਰਮੁਖ ਸਾਚਾ ਵੇਲਾ ਢੁੱਕਿਆ, ਹਰਿਜਨ ਮੇਲੇ ਆਪਣੀ ਵਾਰ । ਸਿੰਘ ਸ਼ੇਰ ਸ਼ੇਰ ਹੋ ਕੇ ਬੁੱਕਿਆ, ਨਵਖੰਡ ਮਾਰ ਭਬਕਾਰ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਜੋ ਰਿਹਾ ਲੁਕਿਆ, ਅੰਤਮ ਪਰਗਟ ਹੋਇਆ ਵਿਚ ਸੰਸਾਰ । ਆਵਣ ਜਾਵਣ ਹੇਰਾ ਫੇਰਾ ਪੈਂਡਾ ਮੁਕਿਆ, ਹਰਿ ਜੂ ਹਰਿ ਹਰਿ ਪਾਵੇ ਸਾਰ । ਮਾਤ ਗਰਭ ਨਾ ਹੋਏ ਉਲਟਾ ਰੁੱਖਿਆ, ਜਿਸ ਜਨ ਦੇਵੇ ਦਰਸ ਦੀਦਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਉਧਾਰ । ਹੇਰਾ ਫੇਰਾ ਚੁਕਿਆ ਵੇਲਾ, ਵੇਲਾ ਵਕ਼ਤ ਆਪ ਜਣਾਈਆ । ਪਾਰਬ੍ਰਹਮ ਅਬਿਨਾਸ਼ੀ ਕਰਤਾ ਸੱਜਣ ਸੁਹੇਲਾ, ਸਤਿ ਸਤਿਵਾਦੀ ਸਾਚੀ ਦਇਆ ਕਮਾਈਆ । ਏਕਾ ਰੰਗ ਰੰਗਾਏ ਗੁਰੂ ਗੁਰ ਚੇਲਾ, ਗੁਰ ਚੇਲਾ ਰੂਪ ਧਰਾਈਆ । ਸਚਖੰਡ ਨਿਵਾਸੀ ਵਸਣਹਾਰਾ ਧਾਮ ਨਵੇਲਾ, ਹਰਿਜਨ ਸਾਚੇ ਧਾਮ ਬਹਾਈਆ । ਆਵਣ ਜਾਵਣ ਧਰਮ ਰਾਏ ਦੀ ਕੱਟੇ ਜੇਲਾ, ਬਖ਼ਸ਼ੇ ਚਰਨ ਸ਼ਰਨ ਸੱਚੀ ਸਰਨਾਈਆ । ਜੋਤ ਨਿਰੰਜਣ ਚਾੜ੍ਹੇ ਤੇਲਾ, ਗ੍ਰਿਹ ਮੰਦਰ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਉਠਾਈਆ । ਹੇਰਾ ਫੇਰਾ ਜਗਤ ਮੁਕਾਇਆ, ਹਰਿ ਸੱਜਣ ਦਇਆ ਕਮਾਇੰਦਾ । ਹਰਿਜਨ ਸਾਚਾ ਆਪ ਜਗਾਇਆ, ਆਪ ਆਪਣਾ

ਰੰਗ ਰੰਗਾਇੰਦਾ । ਆਤਮ ਪਰਮਾਤਮ ਜੋੜ ਜੁੜਾਇਆ, ਨਿਜ ਆਤਮ ਖੋਜ ਖੁਜਾਇੰਦਾ । ਬਾਤਨ ਜਮਾਲ ਆਪ ਦਰਸਾਇਆ, ਨੂਰੋ ਨੂਰ ਨੂਰ ਦਰਸਾਇੰਦਾ । ਸ਼ਬਦ ਅਗੰਮੀ ਬੰਧਨ ਪਾਇਆ, ਰੂਪ ਰੰਗ ਰੇਖ ਨਾ ਕੋਇ ਵਖਾਇੰਦਾ । ਮਸਤਕ ਟਿੱਕਾ ਚੰਦਨ ਨਾਮ ਲਗਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਖਿਲਾਇੰਦਾ । ਹੇਰਾ ਫੇਰਾ ਗਿਆ ਮੁਕ, ਸੋ ਪੁਰਖ ਨਿਰੰਜਣ ਆਪ ਮੁਕਾਈਆ । ਗੁਰਮੁਖ ਗੁਰ ਗੁਰ ਆਪਣੀ ਗੋਦੀ ਚੁਕ, ਦਰਗਹਿ ਸਾਚੀ ਦਏ ਬਹਾਈਆ । ਨਿਰਗੁਣ ਨਿਰਵੈਰ ਰਿਹਾ ਤੁਠ, ਅਤੋਟ ਅਤੁੱਟ ਵਡੀ ਵਡਿਆਈਆ । ਹਰਿਜਨ ਬਣਾਏ ਸਾਚੇ ਸੁਤ, ਅਬਿਨਾਸ਼ੀ ਅਚੁਤ ਸੇਵ ਕਮਾਈਆ । ਜਗਤ ਸੁਹੰਜਣੀ ਹੋਈ ਰੁੱਤ, ਪਤ ਡਾਲੀ ਫੁੱਲ ਮਹਿਕਾਈਆ । ਲੇਖਾ ਜਾਣੇ ਕਾਇਆ ਪੰਜ ਤੱਤ ਬੁੱਤ, ਤ੍ਰੈਗੁਣ ਵੇਖੇ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਹੇਰਾ ਫੇਰਾ ਮੁੱਕਿਆ ਪੰਧ, ਪਾਂਧੀ ਆਪਣਾ ਪੰਧ ਮੁਕਾਇੰਦਾ । ਹਰਿਜਨ ਹਰਿ ਹਰਿ ਸਦਾ ਬਖ਼ਸ਼ੰਦ, ਬਖ਼ਸ਼ਿਸ਼ ਆਪਣੇ ਹੱਥ ਰਖਾਇੰਦਾ । ਏਥੇ ਓਥੇ ਦੋ ਜਹਾਨ ਨੰਗੀ ਹੋਣ ਨਾ ਦੇਵੇ ਕੰਡ, ਸੀਸ ਜਗਦੀਸ਼ ਹੱਥ ਰਖਾਇੰਦਾ । ਲੇਖਾ ਜਾਣੇ ਜੀਉ ਪਿੰਡ, ਬ੍ਰਹਿਮੰਡ ਖੋਜ ਖੁਜਾਇੰਦਾ । ਅੰਮ੍ਰਿਤ ਧਾਰਾ ਬਖ਼ਸ਼ੇ ਸਾਗਰ ਸਿੰਧ, ਨਿਝਰ ਝਿਰਨਾ ਆਪ ਝਿਰਾਇੰਦਾ । ਗੁਰਸਿਖ ਬਣਾਏ ਸਾਚੀ ਬਿੰਦ, ਸੁਤ ਅਨਾਦੀ ਨਾਉਂ ਧਰਾਇੰਦਾ । ਰਾਹ ਤੱਕੇ ਕਰੋੜ ਤਤੀਸਾ ਸੁਰਪਤ ਰਾਜਾ ਇੰਦ, ਵਿਸ਼ਨ ਬ੍ਰਹਮਾ ਸ਼ਿਵ ਧਿਆਨ ਲਗਾਇੰਦਾ । ਦਾਤਾ ਦਾਨੀ ਗ੍ਰਿਹ ਮੰਦਰ ਗੁਣੀ ਗਹਿੰਦ, ਗੁਰਮੁਖ ਆਪਣੇ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗ ਫੰਦਨ ਆਪ ਕਟਾਇੰਦਾ । ਹੇਰਾ ਫੇਰਾ ਜਗਤ ਰਾਹ, ਜਾਗਰਤ ਜੋਤ ਜੋਤ ਰੁਸ਼ਨਾਈਆ । ਸਾਹਿਬ ਸਤਿਗੁਰ ਸਚ ਸੁਲਤਾਨਾ ਬਣ ਮਲਾਹ, ਭਵ ਸਾਗਰ ਪਾਰ ਕਰਾਈਆ । ਸ਼ਬਦੀ ਸ਼ਬਦ ਸੁਤ ਸਲਾਹ, ਨਿਸ਼ਅੱਖਰ ਨਾਮ ਪੜ੍ਹਾਈਆ । ਗ਼ਰੀਬ ਨਿਮਾਣਿਆਂ ਪਕੜੇ ਬਾਂਹ, ਜਿਸ ਜਨ ਆਪਣੀ ਬੂਝ ਬੁਝਾਈਆ । ਸਦਾ ਸੁਹੇਲਾ ਇਕ ਅਕੇਲਾ ਸੀਸ ਜਗਦੀਸ਼ ਦੇਵੇ ਠੰਡੀ ਛਾਂ, ਸਮਰਥ ਆਪਣੀ ਦਇਆ ਕਮਾਈਆ । ਜਨ ਭਗਤਾਂ ਬਣੇ ਪਿਤਾ ਮਾਂ, ਜੁਗਾ ਜੁਗੰਤਰ ਵੇਸ ਵਟਾਈਆ । ਫੜ ਫੜ ਹੰਸ ਬਣਾਏ ਕਾਂ, ਕਾਗੋਂ ਹੰਸ ਉਡਾਈਆ । ਨਿਥਾਵਿਆਂ ਦੇਵੇ ਸਾਚਾ ਥਾਂ, ਦਰਗਹਿ ਸਾਚੀ ਧਾਮ ਸੁਹਾਈਆ । ਕਰੇ ਕਰਾਏ ਸਚ ਨਿਆਂ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਡੁੱਬਦੇ ਪਾਥਰ ਲਏ ਤਰਾ, ਜਿਸ ਪਾਹਨ ਚਰਨ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੇਰਾ ਫੇਰਾ ਦਏ ਚੁਕਾਈਆ । ਹੇਰਾ ਫੇਰਾ ਕਰੇ ਨਾ ਕ਼ਾਦਰ, ਕੁਦਰਤ ਆਪਣੀ ਖੇਲ ਖਿਲਾਈਆ । ਆਦਿ ਜੁਗਾਦੀ ਏਕਾ ਸਾਬਰ, ਸਿਦਕ ਸਬੂਰੀ ਸਚ ਸਮਝਾਈਆ । ਏਕੰਕਾਰਾ ਪਿਦਰ ਮਾਦਰ, ਰੂਪ ਅਨੂਪ ਆਪ ਦਰਸਾਈਆ । ਆਪਣਾ ਨਾਉਂ ਸੁਣਾਏ ਦਾਦਰ, ਦਰੂਦ ਇਕ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਸਮਝਾਈਆ । ਹੇਰਾ ਫੇਰੀ ਜਗਤ ਅਖਾੜਾ, ਹਰਿ ਸਾਚਾ ਆਪ ਲਗਾਇੰਦਾ । ਨਵ ਖੰਡ ਪ੍ਰਿਥਮੀ ਅਗਨੀ ਜੋਤ ਲਗਾਏ ਬਹੱਤਰ ਨਾੜਾ, ਤਤਵ ਤਤ ਆਪ ਪਰਗਟਾਇੰਦਾ । ਚਾਰ ਕੁੰਟ ਹਾਹਾਕਾਰ, ਧੀਰਜ ਧੀਰ ਨਾ ਕੋਇ ਧਰਾਇੰਦਾ । ਝੂਠ ਝੂਠ ਵੇਖ ਪਸਾਰਾ, ਕਰੇ ਖੇਲ ਹਰਿ ਕਰਨੇਹਾਰਾ, ਆਪਣੀ ਕਲ ਆਪ ਵਰਤਾਇੰਦਾ । ਕਲਜੁਗ ਰੋਵੇ ਜ਼ਾਰੋ ਜ਼ਾਰਾ, ਉਚੀ ਕੂਕੇ ਕਰੇ ਪੁਕਾਰਾ, ਚਾਰੋਂ ਕੁੰਟ ਨੈਣ ਉਠਾਇੰਦਾ । ਨਾ ਕੋਈ ਦੀਸੇ ਮੀਤ ਮੁਰਾਰਾ, ਨਾਤਾ ਤੁਟਾ ਸੰਗ ਮੁਹੰਮਦ ਚਾਰ ਯਾਰਾ, ਅੱਲਾ ਰਾਣੀ ਨੈਣ ਸ਼ਰਮਾਇੰਦਾ । ਈਸਾ

ਮੂਸਾ ਰਾਹ ਤੱਕੇ ਪਰਵਰਦਿਗਾਰਾ, ਖ਼ਲਕ ਖ਼ੁਦਾਈ ਸਾਂਝੇ ਯਾਰਾ, ਕਰੇ ਖੇਲ ਅਗੰਮ ਅਪਾਰਾ, ਅਲਖ ਅਗੋਚਰ ਬੇਪਰਵਾਹੀਆ । ਨੌਬਤ ਵਜਾਏ ਆਪਣੀ ਵਾਰਾ, ਸੁਹਬਤ ਵੇਖੇ ਵਿਚ ਸੰਸਾਰਾ, ਉਲਫ਼ਤ ਜਗਤ ਨਾ ਕੋਇ ਵਡਿਆਈਆ । ਚਾਰੋਂ ਕੁੰਟ ਧੂਅੰਧਾਰਾ, ਸਚ ਸੁੱਚ ਨਾ ਕੋਇ ਉਜਿਆਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਘਰ ਵੇਖੇ ਸਰਬ ਲੋਕਾਈਆ । ਹੇਰਾ ਫੇਰਾ ਜਗਤ ਲੋਕਾਇਆ, ਲੁਕ ਲੁਕ ਹਰਿ ਹਰਿ ਖੇਲ ਖਿਲਾਇੰਦਾ । ਆਪਣਾ ਪਰਦਾ ਆਪ ਛੁਪਾਇਆ, ਨੇਤਰ ਲੋਚਣ ਨੈਣ, ਦਿਸ ਕਿਸੇ ਨਾ ਆਇੰਦਾ । ਕਲਜੁਗ ਕੂੜ ਕੁੜਿਆਰਾ ਕੂੜੇ ਧੰਦੇ ਲਾਇਆ, ਸਚ ਸੁੱਚ ਨਾ ਕੋਇ ਜਣਾਇੰਦਾ । ਆਤਮ ਅੰਧੇ ਸਾਚਾ ਮਾਰਗ ਨਾ ਕਿਸੇ ਵਖਾਇਆ, ਖ਼ਾਕੀ ਬੰਦੇ ਖ਼ਾਕ ਮਿਲਾਇੰਦਾ । ਚੰਦ ਨੌਂ ਚੰਦ ਨਾ ਕਿਸੇ ਚੜ੍ਹਾਇਆ, ਚਾਰੋਂ ਕੁੰਟ ਅੰਧੇਰਾ ਛਾਇੰਦਾ । ਸਦ ਬਖ਼ਸ਼ੰਦ ਫੇਰਾ ਪਾਇਆ, ਭੇਵ ਅਭੇਦ ਆਪ ਛੁਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੇਰਾ ਫੇਰਾ ਜਗਤ ਜਣਾਇੰਦਾ । ਹੇਰਾ ਫੇਰਾ ਜਗਤ ਜੁਗ ਕਾਰ, ਸੋ ਪੁਰਖ ਨਿਰੰਜਣ ਆਪ ਕਰਾਈਆ । ਹੰਕਾਰੀਆਂ ਦੇਵੇ ਗੜ੍ਹ ਹੰਕਾਰ, ਆਸ਼ਾ ਤ੍ਰਿਸ਼ਨਾ ਨਾਲ ਮਿਲਾਈਆ । ਮਾਇਆ ਮਮਤਾ ਕਰੇ ਸ਼ਿੰਗਾਰ, ਕਾਮ ਕਰੋਧ ਲੋਭ ਮੋਹ ਹੰਕਾਰ ਤਨ ਬਸਤਰ ਇਕ ਪਹਿਨਾਈਆ । ਜੂਠ ਝੂਠ ਕੱਜਲ ਧਾਰ, ਲੱਖ ਚੁਰਾਸੀ ਕਰੇ ਵਿਚਾਰ, ਨਵ ਨੌਂ ਆਪਣਾ ਰੰਗ ਰੰਗਾਈਆ । ਭਰਮੇ ਭੁੱਲੇ ਜੀਵ ਗਵਾਰ, ਘਟ ਘਟ ਅੰਦਰ ਹੋਏ ਵਿਭਚਾਰ, ਸਤਿ ਸਰੂਪ ਨਾ ਕੋਇ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹੇਰਾ ਫੇਰਾ ਵੇਖੇ ਸਰਬ ਲੋਕਾਈਆ । ਹੇਰਾ ਫੇਰਾ ਜਗਤ ਨਾਤਾ, ਤ੍ਰੈਗੁਣ ਬੰਧਨ ਪਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਬੈਠਾ ਰਹੇ ਇਕ ਇਕਾਂਤਾ, ਅਕਲ ਕਲ ਆਪਣੀ ਖੇਲ ਖਿਲਾਇੰਦਾ । ਰੂਪ ਵਟਾਏ ਬਹੁਬਿਧ ਭਾਂਤਾ, ਰੰਗ ਰੇਖ ਨਾ ਕੋਇ ਵਖਾਇੰਦਾ । ਸ਼ਬਦ ਅਗੰਮੀ ਗਾਏ ਗਾਥਾ, ਗਾਵਣਹਾਰਾ ਦਿਸ ਨਾ ਆਇੰਦਾ । ਲੱਖ ਚੁਰਾਸੀ ਚਲਾਏ ਰਾਥਾ, ਰਥ ਰਥਵਾਹੀ ਸੇਵ ਕਮਾਇੰਦਾ । ਜੀਵ ਜੰਤ ਲਹਿਣਾ ਦੇਣਾ ਜਾਣੇ ਮਸਤਕ ਮਾਥਾ, ਪੂਰਬ ਜਨਮ ਫੋਲ ਫੁਲਾਇੰਦਾ । ਜਿਸ ਜਨ ਜਣਾਏ ਆਪਣੀ ਪੂਜਾ ਪਾਠਾ, ਇਸ਼ਟ ਦੇਵ ਆਪ ਅਖਵਾਇੰਦਾ । ਲਹਿਣਾ ਦੇਣਾ ਚੁੱਕੇ ਤੀਰਥ ਤਾਟਾ, ਸਰ ਸਰੋਵਰ ਆਪ ਨੁਹਾਇੰਦਾ । ਭਾਗ ਲਗਾਏ ਕਾਇਆ ਮਾਟਾ, ਘਰ ਮੰਦਰ ਸੋਭਾ ਪਾਇੰਦਾ । ਨਿਰਗੁਣ ਜੋਤ ਜਗਾਏ ਲਲਾਟਾ, ਅੰਧ ਅੰਧੇਰ ਮਿਟਾਇੰਦਾ । ਆਤਮ ਸੁਹਾਏ ਸਾਚੀ ਖਾਟਾ, ਸੋ ਪੁਰਖ ਨਿਰੰਜਣ ਆਸਣ ਲਾਇੰਦਾ । ਜਨਮ ਜਨਮ ਦੀ ਚੁੱਕੇ ਵਾਟਾ, ਜਿਸ ਜਨ ਆਪਣੀ ਬੂਝ ਬੁਝਾਇੰਦਾ । ਹੇਰਾ ਫੇਰਾ ਨਾ ਆਏ ਘਾਟਾ, ਸਾਚੇ ਘਾਟ ਆਪ ਚੜ੍ਹਾਇੰਦਾ । ਲਹਿਣਾ ਦੇਣਾ ਚੁਕਾਏ ਹਾਥੋ ਹਾਥਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮਾਰਗ ਆਪ ਵਖਾਇੰਦਾ । ਆਪਣਾ ਮਾਰਗ ਲਾਏ ਸਿਧ, ਸਿਧ ਸਾਧਕ ਸੇਵ ਲਗਾਈਆ । ਆਪੇ ਜਾਣੇ ਆਪਣੀ ਬਿਧ, ਦੂਸਰ ਅਵਰ ਨਾ ਕੋਇ ਜਣਾਈਆ । ਚਰਨ ਦਾਸੀ ਨਵ ਨਵ ਨਿਧ, ਦਸ ਅੱਠ ਬੈਠੀ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਵਡਿਆਈਆ । ਅੱਠ ਦਸ ਦਾਸੀ ਦਾਸ, ਸੇਵਕ ਸੇਵਾ ਸਚ ਜਣਾਇੰਦਾ । ਨਵ ਨੌਂ ਰੱਖੇ ਚਰਨ ਦਾਸ, ਚਰਨ ਚਰਨਾਂ ਹੇਠ ਦਬਾਇੰਦਾ । ਆਤਮ ਜੋਤ ਬ੍ਰਹਮ ਪਰਕਾਸ਼, ਪਾਰਬ੍ਰਹਮ ਸਮਝਾਇੰਦਾ । ਨਿਜ ਘਰ ਆਤਮ ਨਿਜ ਨਿਜ ਵਾਸ, ਨਿਜ ਨੇਤਰ ਵੇਖ ਵਖਾਇੰਦਾ । ਪਰਦਾ ਚੁੱਕੇ ਪ੍ਰਿਥਮੀ ਆਕਾਸ਼, ਗਗਨ ਮੰਡਲ ਸੋਭਾ ਪਾਇੰਦਾ । ਰਵ ਸਸ ਰੱਖਣ ਆਸ, ਨੇਤਰ ਨੈਣ ਸਰਬ ਉਠਾਇੰਦਾ । ਕਰੇ ਖੇਲ ਪੁਰਖ

੫੧੪
੧੦

ਅਬਿਨਾਸ਼, ਅਬਿਨਾਸ਼ੀ ਕਰਤਾ ਰੂਪ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚਾ ਖੇਲ ਖਿਲਾਇੰਦਾ । ਸਾਚਾ ਖੇਲ ਸਤਿਗੁਰ ਘਰ, ਗੁਰ ਗੁਰਮੁਖ ਆਪ ਕਰਾਈਆ । ਨਿਰਭੌ ਚੁਕਾਏ ਭੈ ਡਰ, ਜਗਤ ਭਿਆਨਕ ਰੂਪ ਨਾ ਕੋਇ ਵਟਾਈਆ । ਅੰਮ੍ਰਿਤ ਸਰ ਨੁਹਾਏ ਆਤਮਕ ਸਰ, ਸਰੋਵਰ ਸਾਚਾ ਇਕ ਵਖਾਈਆ । ਆਦਿ ਜੁਗਾਦਿ ਨਾ ਹੋਵੇ ਬੰਦ ਦਰ, ਦਰ ਦਰਵਾਜ਼ਾ ਇਕ ਖੁਲ੍ਹਾਈਆ । ਕਾਗੋਂ ਹੰਸ ਦੇਵੇ ਕਰ, ਦੁਰਮਤ ਮੈਲ ਧਵਾਈਆ । ਸੁਰਤੀ ਮਿਲੇ ਸ਼ਬਦੀ ਵਰ, ਸ਼ਬਦ ਸੁਰਤ ਹੋਏ ਕੁੜਮਾਈਆ । ਦੋਹਾਂ ਵਿਚੋਲਾ ਆਪੇ ਬਣ, ਨਿਰਗੁਣ ਸਰਗੁਣ ਵੇਖੇ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੇਰਾ ਫੇਰੀ ਦਏ ਮਿਟਾਈਆ । ਹੇਰਾ ਫੇਰਾ ਮੁਕਾਵਣ ਖ਼ਾਤਰ, ਨਿਰਗੁਣ ਨਿਰਗੁਣ ਰੂਪ ਧਰਾਇਆ । ਕਲਜੁਗ ਜੀਵ ਜੋ ਬੈਠੇ ਬਣ ਬਣ ਚਾਤਰ, ਮਾਇਆ ਮਮਤਾ ਮੋਹ ਭੁਲਾਇਆ । ਗੁਰਮੁਖਾਂ ਦੇਵੇ ਘਰ ਘਰ ਆਦਰ, ਰਾਤੀਂ ਸੁਤਿਆਂ ਲਏ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਸੇਵਾ ਆਪ ਕਮਾਇਆ । ਹੇਰਾ ਫੇਰਾ ਕਰੇ ਗੋਬਿੰਦ, ਆਪਣਾ ਬੰਧਨ ਆਪੇ ਪਾਈਆ । ਜਗਤ ਰਖਾਏ ਅੱਠੇ ਪਹਿਰ ਵਿਚ ਚਿੰਦ, ਗੁਰਮੁਖ ਆਪਣਾ ਰੰਗ ਵਖਾਈਆ । ਮਨਮੁਖ ਲਗਾਏ ਆਪਣੀ ਨਿੰਦ, ਗੁਰਸਿਖ ਗਾਵਣ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੇਰਾ ਫੇਰੀ ਆਪਣੀ ਬਣਤ ਬਣਾਈਆ । ਹੇਰਾ ਫੇਰਾ ਹਰਿ ਕਾ ਕੰਮ, ਬਿਨ ਹੇਰਾ ਫੇਰੀ ਹਰਿ ਕੰਮ ਕਿਸੇ ਨਾ ਆਇੰਦਾ । ਕਿਸੇ ਦੇਵੇ ਪਵਣ ਸਵਾਸ ਦਮ, ਕਿਸੇ ਦੇ ਦੇ ਦਮ ਬਾਹਰ ਕਢਾਇੰਦਾ । ਕਰੇ ਖੇਲ ਹੱਡ ਮਾਸ ਨਾੜੀ ਚੰਮ, ਪੰਜ ਤੱਤ ਕਾਇਆ ਜੋੜ ਜੁੜਾਇੰਦਾ । ਲੇਖਾ ਜਾਣੇ ਖ਼ੁਸ਼ੀ ਗ਼ਮ, ਹਰਖ ਸੋਗ ਬੰਧਨ ਪਾਇੰਦਾ । ਆਪੇ ਘੜੇ ਆਪੇ ਲਏ ਭੰਨ, ਘੜਣ ਭੰਨਣਹਾਰ ਆਪ ਅਖਵਾਇੰਦਾ । ਆਪੇ ਦੇਵਣਹਾਰਾ ਡੰਨ, ਰਾਏ ਧਰਮ ਸੇਵ ਲਗਾਇੰਦਾ । ਆਪੇ ਗੁਰਸਿਖ ਉਪਜਾਏ ਸਾਚੇ ਜਨ, ਜਨ ਜਨਨੀ ਸੇਵ ਕਮਾਇੰਦਾ । ਆਪੇ ਰਾਗ ਸੁਣਾਏ ਕੰਨ, ਨਾਦ ਅਨਾਦੀ ਨਾਦ ਵਜਾਇੰਦਾ । ਆਪੇ ਮਨ ਕਾ ਮਣਕਾ ਫੇਰੇ ਮਨ, ਮਨ ਮਨੂਆ ਆਪ ਬੰਧਾਇੰਦਾ । ਆਪੇ ਜੋਤ ਨਿਰੰਜਣ ਚਾੜ੍ਹੇ ਚੰਨ, ਪਰਕਾਸ਼ ਪਰਕਾਸ਼ ਸਮਾਇੰਦਾ । ਆਪੇ ਹੋਏ ਆਤਮ ਅੰਨ੍ਹ, ਅੰਧ ਅੰਧੇਰ ਆਪ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵੇਸ ਆਪ ਵਟਾਇੰਦਾ । ਹੇਰਾ ਫੇਰਾ ਜਗਤ ਜਲਾਇਆ, ਅਗਨੀ ਤੱਤ ਲਗਾਈਆ । ਹੇਰਾ ਫੇਰਾ ਭਗਤ ਤਰਾਇਆ, ਲੱਖ ਚੁਰਾਸੀ ਵਿਚੋਂ ਲਏ ਉਠਾਈਆ । ਹੇਰਾ ਫੇਰਾ ਜੁਗ ਉਲਟਾਇਆ, ਜੁਗ ਕਰਤਾ ਸੱਚਾ ਸ਼ਹਿਨਸ਼ਾਹੀਆ । ਹੇਰਾ ਫੇਰਾ ਗੁਰਮੁਖ ਆਪਣੇ ਰੰਗ ਰੰਗਾਇਆ, ਰੰਗ ਮਜੀਠੀ ਇਕ ਚੜ੍ਹਾਈਆ । ਹੇਰਾ ਫੇਰਾ ਮਨਮੁਖ ਜੀਵ ਲੱਖ ਚੁਰਾਸੀ ਗੇੜਾ ਪਾਇਆ, ਜੂਨ ਅਜੂਨੀ ਖੇਲ ਖਿਲਾਈਆ । ਹੇਰਾ ਫੇਰਾ ਸੰਤ ਸਾਜਣ ਲਏ ਤਰਾਇਆ, ਆਪ ਆਪਣਾ ਦਰਸ ਦਿਖਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਦੋਹਾਂ ਵਿਚੋਲਾ ਬਣ ਕੇ ਆਇਆ, ਲੋਕਮਾਤ ਵੇਖ ਵਖਾਈਆ । ਸੋ ਪੁਰਖ ਨਿਰੰਜਣ ਢੋਲਾ ਏਕਾ ਗਾਇਆ, ਸਾਚਾ ਬੋਲਾ ਬੋਲ ਅਲਾਈਆ । ਮਨਮੁਖਾਂ ਸੁਣ ਸੁਣ ਰੌਲਾ ਪਾਇਆ, ਗੁਰਮੁਖ ਵਿਰਲਾ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਪਾਰ ਕਰਾਈਆ । ਹਰਿਜਨ ਸਾਚਾ ਉਤਰੇ ਪਾਰ, ਸਤਿਗੁਰ ਪੂਰਾ ਪਾਰ ਕਰਾਇੰਦਾ । ਮਾਣਸ ਜਨਮ ਦੇਵੇ ਪੈਜ ਸਵਾਰ, ਮਾਣਸ ਆਪਣੇ ਲੇਖੇ ਲਾਇੰਦਾ । ਵਰਨ ਬਰਨ ਤੋਂ ਕਰੇ ਬਾਹਰ, ਆਤਮ ਬ੍ਰਹਮ ਇਕ ਦ੍ਰਿੜਾਇੰਦਾ । ਨਿਰਗੁਣ ਕਰਮ ਕਰੇ ਵਿਚਾਰ,

ਨਿਹਕਰਮੀ ਆਪ ਅਖਵਾਇੰਦਾ । ਸਾਚਾ ਧਰਮ ਵਿਚ ਸੰਸਾਰ, ਗੁਰ ਚਰਨ ਧਿਆਨ ਜਣਾਇੰਦਾ । ਏਕਾ ਅੱਖਰ ਓਅੰਕਾਰ, ਨਿਰੰਕਾਰ ਆਪ ਪੜ੍ਹਾਇੰਦਾ । ਸੋ ਪੁਰਖ ਨਿਰੰਜਣ ਜੀਵ ਆਧਾਰ, ਹੰ ਜੀਵ ਰੂਪ ਵਟਾਇੰਦਾ । ਈਸ਼ ਜੀਵ ਖੇਲ ਨਿਆਰ, ਜਗਦੀਸ਼ ਵੇਖ ਵਖਾਇੰਦਾ । ਸੋਹੰ ਰੂਪ ਸਤਿ ਪਿਆਰ, ਆਤਮ ਪਰਮਾਤਮ ਜੋੜ ਜੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੇਰਾ ਫੇਰਾ ਆਪ ਕਰਾਇੰਦਾ । ਕਰ ਕਰ ਹੇਰ ਫੇਰ ਗੁਰਮੁਖ ਜੋੜ ਜੁੜਾਇਆ, ਪੁਰਖ ਅਬਿਨਾਸ਼ੀ ਬਣ ਮਲਾਹ । ਸ਼ਬਦ ਅਗੰਮੀ ਘੋੜ ਚੜ੍ਹਾਇਆ, ਸਤਿ ਸਤਿਵਾਦੀ ਘੋੜਾ ਰਿਹਾ ਦੌੜਾ । ਨਵ ਨੌਂ ਆਪਣਾ ਫੇਰਾ ਪਾਇਆ, ਬ੍ਰਹਿਮੰਡਾਂ ਖੰਡਾਂ ਚਰਨਾਂ ਹੇਠ ਦਬਾ । ਸਾਚਾ ਮਾਰਗ ਇਕ ਵਖਾਇਆ, ਦੋ ਜਹਾਨਾਂ ਪਰਦਾ ਲਾਹ । ਮਨਮੁਖ ਦਿਸ ਕਿਸੇ ਨਾ ਆਇਆ, ਕੋਟਨ ਕੋਟ ਬੈਠੇ ਰਾਹ ਤਕਾ । ਕੋਟਨ ਕੋਟ ਰਹੇ ਜਸ ਗਾਇਆ, ਰਸਨਾ ਜਿਹਵਾ ਸੇਵ ਕਮਾ । ਕੋਟਨ ਕੋਟ ਬੈਠੇ ਸੀਸ ਝੁਕਾਇਆ, ਦਰ ਦਰਵੇਸ਼ ਗਲ ਵਿਚ ਪੱਲੂ ਪਾ । ਕੋਟਨ ਕੋਟ ਨੇਤਰ ਨੈਣ ਰਹੇ ਸ਼ਰਮਾਇਆ, ਨਿਵਣ ਸੋ ਅੱਖਰ ਏਕਾ ਗੀਤ ਗਿਆ ਸਮਾ । ਕੋਟਨ ਕੋਟ ਪੱਥਰ ਪੂਜ ਬੈਠੇ ਤਿਲਕ ਲਗਾਇਆ । ਪ੍ਰਭ ਮਿਲਿਆ ਨਾ ਬੇਪਰਵਾਹ । ਕਲਜੁਗ ਅੰਤਮ ਦਇਆ ਕਮਾਇਆ, ਪਰਗਟ ਹੋਏ ਸੱਚਾ ਸ਼ਹਿਨਸ਼ਾਹ । ਔਂਦਾ ਜਾਂਦਾ ਦਿਸ ਨਾ ਆਇਆ, ਆਪਣਾ ਮਾਰਗ ਕਿਸੇ ਨਾ ਦਏ ਜਣਾ । ਸਤਿਜੁਗ ਤ੍ਰੇਤਾ ਦੁਆਪਰ ਵਿਛੜਿਆਂ ਕਲਜੁਗ ਲਏ ਮਿਲਾਇਆ, ਪੂਰਬ ਲੇਖਾ ਪੰਧ ਮੁਕਾ । ਵਰਨ ਬਰਨ ਨਾ ਕੋਇ ਰਖਾਇਆ, ਜ਼ਾਤ ਪਾਤ ਨਾਤਾ ਦਏ ਤੁੜਾ । ਹਰਿਜਨ ਸਾਚੇ ਲਏ ਜਗਾਇਆ, ਜਾਗਰਤ ਜੋਤ ਇਕ ਵਖਾ । ਕਾਗਦ ਕਲਮ ਭੇਵ ਨਾ ਰਾਇਆ, ਚਾਰੇ ਵੇਦ ਰਹੇ ਜਸ ਗਾ । ਪੁਰਖ ਅਬਿਨਾਸ਼ੀ ਹੋਏ ਸਹਾਇਆ । ਸਤਿ ਸਰੂਪ ਅਨੂਪ ਰੂਪ ਧਰਾ । ਹਰਿਜਨ ਸਾਚਾ ਮੇਲ ਮਿਲਾਇਆ, ਪੰਜ ਤੱਤ ਕਾਇਆ ਖੇੜਾ ਦਏ ਵਸਾ । ਅੰਤਰ ਆਪਣਾ ਡੇਰਾ ਲਾਇਆ, ਸੇਜ ਸੁਹੰਜਣੀ ਸੋਭਾ ਪਾ । ਅੰਮ੍ਰਿਤ ਮੇਘ ਇਕ ਵਰਸਾਇਆ, ਕਵਲ ਨਾਭੀ ਫੁੱਲ ਖਿਲਾ । ਅਨਹਦ ਨਾਦੀ ਨਾਦ ਵਜਾਇਆ, ਤਾਲ ਤਲਵਾੜਾ ਆਪ ਉਠਾ । ਬੋਧ ਅਗਾਧੀ ਸ਼ਬਦ ਸੁਣਾਇਆ, ਲੇਖਾ ਲਿਖ ਸਕੇ ਕੋਇ ਨਾ । ਬ੍ਰਹਮ ਪਾਰਬ੍ਰਹਮ ਮਿਲਾਇਆ, ਏਕਾ ਮੰਦਰ ਦਏ ਬਹਾ । ਸੀਸ ਜਗਦੀਸ਼ ਹੱਥ ਰਖਾਇਆ, ਹੱਥ ਚੁੱਕੇ ਕਦੇ ਨਾ । ਨਾਮ ਹਦੀਸ ਇਕ ਪੜ੍ਹਾਇਆ, ਨਾਉਂ ਨਿਰੰਕਾਰਾ ਆਪ ਜਣਾ । ਬੀਸ ਬੀਸਾ ਪੰਧ ਮੁਕਾਇਆ, ਹੇਰਾ ਫੇਰਾ ਦੇਵੇ ਡੇਰਾ ਢਾਹ । ਸੰਝ ਸਵੇਰਾ ਇਕ ਕਰਾਇਆ, ਸੂਰਜ ਚੰਨ ਕਰ ਰੁਸ਼ਨਾ । ਚਾਰ ਵਰਨਾਂ ਬੇੜਾ ਦਏ ਬੰਨ੍ਹਾਇਆ, ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਬਣਾਏ ਭੈਣ ਭਰਾ । ਨੌਂ ਖੰਡ ਪ੍ਰਿਥਮੀ ਖੇੜਾ ਦਏ ਵਸਾਇਆ, ਸੱਤਾਂ ਦੀਪਾਂ ਪਕੜੇ ਬਾਂਹ । ਏਕਾ ਮੰਤਰ ਦਏ ਸੁਣਾਇਆ, ਸੋਹੰ ਢੋਲਾ ਆਪੇ ਗਾ । ਜਗਤ ਵਿਚੋਲਾ ਵੇਸ ਵਟਾਇਆ, ਚਾਰੋਂ ਕੁੰਟ ਫੇਰੀ ਪਾ । ਪਰਦਾ ਉਹਲਾ ਦਏ ਉਠਾਇਆ, ਨਜ਼ਰੀ ਆਏ ਆਪੇ ਰਾਮ ਖ਼ੁਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹ । ਬੇਪਰਵਾਹ ਖੇਲ ਖਿਲੌਣਾ, ਹੇਰਾ ਫੇਰਾ ਜਗਤ ਮੁਕਾਈਆ । ਨਵ ਨੌਂ ਚਾਰ ਏਕਾ ਰੰਗ ਰੰਗੌਣਾ, ਰੂਪ ਰੰਗ ਰੇਖ ਇਕ ਬਣਾਈਆ । ਸਾਚਾ ਨਾਮ ਮਰਦੰਗ ਵਜੌਣਾ, ਘਟ ਘਟ ਸੁਣੇ ਸਰਬ ਲੋਕਾਈਆ । ਅਸਵ ਘੋੜੇ ਤੰਗ ਕਸੌਣਾ, ਸੋਲਾਂ ਕਲੀਆਂ ਆਸਣ ਪਾਈਆ । ਬ੍ਰਹਿਮੰਡ ਖੰਡ ਆਪ ਦੁੜੌਣਾ, ਲੋਆਂ ਪੁਰੀਆਂ ਵੇਖ ਵਖਾਈਆ । ਜੇਰਜ ਅੰਡ ਆਪ ਉਠੌਣਾ, ਉਤਭੁਜ ਸੇਤਜ ਦਏ ਹਿਲਾਈਆ । ਭੁੱਖ ਨੰਗ ਜਗਤ ਮਿਟੌਣਾ, ਦੁਖੀਆਂ ਦੁੱਖ ਰਹੇ ਨਾ ਰਾਈਆ । ਆਤਮ ਸੁਖ ਇਕ ਉਪਜੌਣਾ, ਘਰ ਵੱਜਦੀ

੫੧੬
੧੦

ਰਹੇ ਵਧਾਈਆ । ਸੋਹੰ ਸ਼ਬਦ ਸਭ ਨੇ ਗੌਣਾ, ਭੁਲ ਰਹੇ ਨਾ ਰਾਈਆ । ਸੀਸ ਜਗਦੀਸ਼ ਸਰਬ ਝੁਕੌਣਾ, ਸਾਚਾ ਸਯਦਾ ਸਾਚੇ ਮਾਹੀਆ । ਕਲਮਾ ਅਮਾਮ ਆਪ ਪੜ੍ਹੌਣਾ, ਨਬੀ ਰਸੂਲ ਦੇਣ ਗਵਾਹੀਆ । ਕੁਤਬ ਗੌਂਸ ਸ਼ੇਖ਼ ਮੁਲਾ ਮੁਸਾਇਕ ਪੀਰ ਸਰਨੀ ਲੌਣਾ, ਸਰਨਗਤ ਇਕ ਵਖਾਈਆ । ਬੁਰਜ ਹੰਕਾਰੀ ਸਭ ਦਾ ਢੌਣਾ, ਮਾਣ ਅਭਿਮਾਣ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਹੇਰਾ ਫੇਰਾ ਖੇਲੇ ਖੇਲ, ਜਗਤ ਅਵੱਲੜੀ ਚਾਲ ਚਲਾਈਆ ।

## ★ ੧੦ ਜੇਠ ੨੦੧੯ ਬਿਕ੍ਰਮੀ ਫ਼ਰੰਗੀ ਰਾਮ ਦੇ ਗ੍ਰਹਿ ਤੂਤਾਂ ਵਾਲੀ ਜੰਮੂ ★

ਹਰਿ ਠਾਕਰ ਸਤਿਗੁਰ ਦੀਨ ਦਿਆਲ, ਦੀਨਨ ਦਇਆ ਆਪ ਕਮਾਇੰਦਾ । ਲੇਖਾ ਜਾਣੇ ਜਗਤ ਜੰਜਾਲ, ਤ੍ਰੈਭਵਨ ਧਨੀ ਵੇਖ ਵਖਾਇੰਦਾ । ਨਾਤਾ ਤੋੜੇ ਕਾਲ ਮਹਾਕਾਲ, ਧਰਮਸਾਲ ਇਕ ਸੁਹਾਇੰਦਾ । ਲੱਖ ਚੁਰਾਸੀ ਕਰ ਕਰ ਭਾਲ, ਹਰਿਜਨ ਹਰਿ ਹਰਿ ਵੇਖ ਵਖਾਇੰਦਾ । ਹਰਿ ਭਗਤ ਉਠਾਏ ਸਾਚੇ ਲਾਲ, ਲਾਲ ਅਨਮੁਲੜਾ ਆਪ ਉਪਾਇੰਦਾ । ਚਰਨ ਪ੍ਰੀਤੀ ਸਾਚੀ ਨੀਤੀ ਦਸੇ ਘਾਲ, ਘਾਲੀ ਘਾਲ ਲੇਖੇ ਲਾਇੰਦਾ । ਏਥੇ ਓਥੇ ਹੋਏ ਹੱਲ ਸਵਾਲ, ਪੱਟੀ ਅਵਰ ਨਾ ਕੋਇ ਪੜ੍ਹਾਇੰਦਾ । ਦੀਪਕ ਜੋਤੀ ਏਕਾ ਬਾਲ, ਅਗਿਆਨ ਅੰਧੇਰ ਚੁਕਾਇੰਦਾ । ਸ਼ਬਦ ਸਰੂਪੀ ਦੇਵੇ ਸਤਿ ਦੋਸ਼ਾਲ, ਨਾਮ ਪਰਦਾ ਹੱਥ ਉਠਾਇੰਦਾ । ਫਲ ਲਗਾਏ ਕਾਇਆ ਡਾਲ੍ਹ, ਪੱਤ ਡਾਲ੍ਹੀ ਆਪ ਮਹਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੀਨਨ ਆਪਣੇ ਰੰਗ ਰੰਗਾਇੰਦਾ । ਦੀਨ ਦਿਆਲ ਸਰਬ ਗੁਣਵੰਤਾ, ਹਰਿ ਸਵਾਮੀ ਵਡੀ ਵਡਿਆਈਆ । ਹਰਿਜਨ ਵੇਖੇ ਸਾਜਣ ਸੰਤਾਂ, ਸਤਿਗੁਰ ਸਾਹਿਬ ਸੱਚਾ ਬੇਪਰਵਾਹੀਆ । ਨਾਮ ਜਣਾਏ ਮਣੀਆ ਮੰਤਾ, ਨਿਸ਼ਅੱਖਰ ਕਰੇ ਪੜ੍ਹਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਮਹਿਮਾ ਅਕਥ ਅਗਣਤ ਅਗਣਤਾ, ਲੇਖਾ ਲਿਖਤ ਵਿਚ ਨਾ ਆਈਆ । ਜਿਸ ਜਨ ਬਣਾਏ ਸਾਚੀ ਬਣਤਾ, ਜੁਗ ਜੁਗ ਬੇੜਾ ਬੰਨ੍ਹ ਤਰਾਈਆ । ਆਤਮ ਅੰਤਰ ਗੜ੍ਹ ਤੋੜੇ ਹਉਮੇ ਹੰਗਤਾ, ਮਾਇਆ ਮਮਤਾ ਮੋਹ ਚੁਕਾਈਆ । ਮੇਲ ਮਿਲਾਵਾ ਸਾਚੀ ਸੰਗਤਾ, ਸਤਿਗੁਰ ਬਖ਼ਸ਼ੇ ਸਚ ਸਰਨਾਈਆ । ਲੇਖਾ ਜਾਣੇ ਨਾਨਕ ਅੰਗਦਾ, ਅੰਗੀਕਾਰ ਆਪ ਅਖਵਾਈਆ । ਗੁਰਮੁਖ ਦੂਸਰ ਦਰ ਨਾ ਕੋਇ ਮੰਗਦਾ, ਮੰਗਣ ਦਰ ਨਾ ਕੋਇ ਜਾਈਆ । ਨਾਤਾ ਤੁੱਟੇ ਭੁੱਖ ਨੰਗ ਦਾ, ਤ੍ਰਿਸ਼ਨਾ ਤ੍ਰਿਪਤ ਆਪ ਕਰਾਈਆ । ਕਰੇ ਖੇਲ ਸੂਰੇ ਸਰਬੰਗ ਦਾ, ਸੂਰਬੀਰ ਸੱਚਾ ਸ਼ਹਿਨਸ਼ਾਹੀਆ । ਗੁਰਮੁਖ ਵਿਰਲੇ ਨਾਲ ਮੰਨਦਾ, ਲੱਖ ਚੁਰਾਸੀ ਭਰਮੇ ਰਿਹਾ ਭੁਲਾਈਆ । ਜੋ ਘੜਿਆ ਸੋ ਭੰਨਦਾ, ਭੰਨਣਹਾਰਾ ਦਿਸ ਨਾ ਆਈਆ । ਜੀਵ ਜੰਤ ਆਪੇ ਡੰਨਦਾ, ਸਾਧ ਸੰਤ ਲਏ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਨ ਦਿਆਲ ਠਾਕਰ ਸਵਾਮੀ ਹਰਿ ਕਰਤਾ ਆਪਣੇ ਹੱਥ ਰੱਖੇ ਵਡਿਆਈਆ । ਦੀਨ ਦਿਆਲ ਸ੍ਰੀ ਭਗਵਾਨਾ, ਘਰ ਸਾਚੇ ਸੋਭਾ ਪਾਇੰਦਾ । ਭਗਤ ਵਛਲ ਨੌਜਵਾਨਾ, ਆਦਿ ਜੁਗਾਦਿ ਵੇਖ ਵਖਾਇੰਦਾ । ਸ਼ਬਦ ਅਨਾਦੀ ਸਤਿ ਤਰਾਨਾ, ਧੁਰ ਦੀ ਬਾਣੀ ਆਪ ਅਲਾਇੰਦਾ । ਲੇਖਾ ਜਾਣੇ ਦੋ ਜਹਾਨਾਂ, ਨਿਰਗੁਣ ਸਰਗੁਣ ਵੇਸ ਵਟਾਇੰਦਾ, ਨਾਮ ਨਿਧਾਨਾ ਹਰਿ ਫ਼ਰਮਾਨਾ ਹਰਿਜਨ ਸਾਚੇ ਆਪ ਸੁਣਾਇੰਦਾ । ਏਕਾ ਰਾਗ ਇਕ ਤਰਾਨਾ, ਏਕਾ ਨਾਦ ਧੁਨ ਵਜਾਇੰਦਾ । ਏਕਾ ਮੰਦਰ ਇਕ ਮਕਾਨਾ, ਏਕਾ

ਬੰਕ ਸੁਹਾਇੰਦਾ । ਗੁਰਮੁਖਾਂ ਹੋਏ ਆਪ ਮਿਹਰਵਾਨਾ, ਮਿਹਰਵਾਨ ਦਇਆ ਕਮਾਇੰਦਾ । ਆਤਮ ਦੇਵੇ ਜੀਆ ਦਾਨਾ, ਜੀਵਣ ਦਾਤਾ ਆਪ ਅਖਵਾਇੰਦਾ । ਸੁਰਤੀ ਮਿਲੇ ਗੋਪੀ ਕਾਹਨਾ, ਸ਼ਬਦੀ ਮੇਲਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਨ ਦਿਆਲ ਠਾਕਰ ਆਪਣਾ ਨਾਉਂ ਧਰਾਇੰਦਾ । ਦੀਨ ਦਿਆਲ ਹਰਿ ਹਰਿ ਠਾਕਰ, ਜਗਤ ਠਗੌਰੀ ਕੋਇ ਨਾ ਪਾਈਆ । ਏਕਾ ਨਾਮ ਰਤੀ ਰਤਨਾਗਰ, ਰਤੀ ਰਤ ਵੇਖ ਵਖਾਈਆ । ਨਵ ਨੌਂ ਵੇਖੇ ਜਗਤ ਸਾਗਰ, ਭਵਰੀ ਭਵਰ ਰਿਹਾ ਸਮਾਈਆ । ਗੁਰਮੁਖ ਵਿਰਲੇ ਕਰੇ ਕਰਮ ਉਜਾਗਰ, ਜਿਸ ਜਨ ਆਪਣੀ ਬੂਝ ਬੁਝਾਈਆ । ਨਾਮ ਵਣਜਾਰਾ ਕਰਾਏ ਵਣਜ ਸਚ ਸੌਦਾਗਰ, ਵਸਤ ਅਮੋਲਕ ਇਕ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੀਨ ਦਿਆਲ ਦਇਆ ਕਮਾਈਆ । ਦੀਨ ਦਿਆਲ ਸ੍ਰੀ ਭਗਵੰਤ, ਸੋ ਪੁਰਖ ਨਿਰੰਜਣ ਖੇਲ ਖਿਲਾਇੰਦਾ । ਹਰਿਜਨ ਮੇਲਾ ਹਰਿ ਹਰਿ ਕੰਤ, ਕੰਤ ਸੁਹਾਗੀ ਵੇਖ ਵਖਾਇੰਦਾ । ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਉਤਰ ਕਦੇ ਨਾ ਜਾਇੰਦਾ । ਲੇਖਾ ਜਾਣੇ ਆਦਿ ਅੰਤ, ਮਧ ਆਪਣੀ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਨਨ ਆਪਣੇ ਰੰਗ ਰੰਗਾਇੰਦਾ । ਦੀਨਨ ਰੰਗੇ ਹਰਿ ਹਰਿ ਰੰਗ, ਰੰਗ ਅਨਡਿਠੜਾ ਆਪ ਚੜ੍ਹਾਈਆ । ਘਟ ਘਟ ਉਪਜਾਏ ਨਾਮ ਤਰੰਗ, ਤੁਰੀਆ ਰਾਗ ਨਾਦ ਸੁਣਾਈਆ । ਨਿਜ ਆਤਮ ਉਪਜਾਏ ਪਰਮਾਨੰਦ, ਨਿਜਾਨੰਦ ਸਹਿਜ ਸੁਖਦਾਈਆ । ਸੋ ਪੁਰਖ ਨਿਰੰਜਣ ਅਲਾਏ ਏਕਾ ਛੰਦ, ਹੰ ਬ੍ਰਹਮ ਕਰੇ ਪੜ੍ਹਾਈਆ । ਆਵਣ ਜਾਵਣ ਚੁੱਕੇ ਪੰਧ, ਲੱਖ ਚੁਰਾਸੀ ਗੇੜ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਨਨ ਆਪਣੇ ਅੰਗ ਲਗਾਈਆ । ਦੀਨਨ ਦੀਨ ਲਗਾਏ ਅੰਗ, ਦੀਨਾ ਨਾਥ ਵਡੀ ਵਡਿਆਈਆ । ਕਰੇ ਖੇਲ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਨਵ ਨੌਂ ਵਜਾਏ ਮਰਦੰਗ, ਗ੍ਰਿਹ ਗ੍ਰਿਹ ਰਿਹਾ ਸੁਣਾਈਆ । ਹਰਿਜਨ ਮੰਦਰ ਆਪੇ ਲੰਘ, ਖੇਵਟ ਖੇਟਾ ਖਾਟ ਵੇਖੇ ਬੇਪਰਵਾਹੀਆ । ਨਾਤਾ ਤੁੱਟੇ ਬੱਤੀ ਦੰਦ, ਰਸਨਾ ਜਿਹਵਾ ਨਾ ਕੋਇ ਵਡਿਆਈਆ । ਨਿਰਗੁਣ ਨਿਰਵੈਰ ਚੜ੍ਹਾਏ ਚੰਦ, ਨੂਰ ਨੁਰਾਨਾ ਨੂਰ ਰੁਸ਼ਨਾਈਆ । ਬੰਦੀਤੋੜ ਤੋੜੇ ਬੰਦ, ਬੰਦੀਖ਼ਾਨਾ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਨ ਦਿਆਲ ਦੀਨਨ ਆਪਣੀ ਗੋਦ ਬਹਾਈਆ । ਦੀਨਨ ਦਇਆ ਕਮਾਇੰਦਾ, ਹਰਿ ਸੱਜਣ ਮੀਤ ਮੁਰਾਰ । ਕਲਜੁਗ ਵਿਛੜੇ ਮੇਲ ਮਿਲਾਇੰਦਾ, ਜੁਗ ਕਰਤਾ ਕਰ ਪਿਆਰ । ਭਾਂਡਾ ਭਰਮ ਭੌ ਭੰਨਾਇੰਦਾ, ਗੜ੍ਹ ਤੋੜ ਜਗਤ ਹੰਕਾਰ । ਸਾਚਾ ਮੰਦਰ ਇਕ ਵਖਾਇੰਦਾ, ਨਾਤਾ ਤੋੜ ਸਰਬ ਸੰਸਾਰ । ਕਿਲਾ ਕੋਟ ਇਕ ਸੁਹਾਇੰਦਾ, ਛੱਪਰ ਛੰਨ ਦਏ ਆਧਾਰ । ਨਿਰਗੁਣ ਜੋਤ ਜੋਤ ਜਗਾਇੰਦਾ, ਜੋਤੀ ਜਾਤਾ ਪਰਵਰਦਿਗਾਰ । ਮਾਣਕ ਮੋਤੀ ਗੁਰਮੁਖ ਆਪ ਉਠਾਇੰਦਾ, ਸੁਰਤੀ ਸੋਈ ਲਏ ਉਠਾਲ । ਅਕਾਲ ਮੂਰਤ ਨਜ਼ਰੀ ਆਇੰਦਾ, ਦੀਨਾ ਬੰਧਪ ਦੀਨ ਦਿਆਲ । ਸਚ ਮਹੂਰਤ ਇਕ ਸਮਝਾਇੰਦਾ, ਥਿਤ ਵਾਰ ਕਰੇ ਵਿਚਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਭਾਲ । ਹਰਿਜਨ ਸਾਚਾ ਭਾਲਿਆ, ਭਰਮ ਭੁਲੇਖਾ ਕੱਢ । ਦੇਵੇ ਨਾਮ ਇਕ ਸੁਖਾਲਿਆ, ਜਗਤ ਤ੍ਰਿਸ਼ਨਾ ਦੇਵੇ ਵੱਢ । ਤ੍ਰੈਗੁਣ ਮਾਇਆ ਤੋੜ ਜੰਜਾਲਿਆ, ਨਾਮ ਨਿਸ਼ਾਨਾ ਦੇਵੇ ਗੱਡ । ਦਿਵਸ ਰੈਣ ਕਰੇ ਪ੍ਰਿਤਪਾਲਿਆ, ਹੋਏ ਸਹਾਈ ਅੰਧੇਰੀ ਖੱਡ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਿਵਸ ਰੈਣ ਲਡਾਏ ਲਡ । ਦਿਵਸ ਰੈਣ ਵੇਖ ਪਰਭਾਤ, ਘੜੀ ਪਲ ਖੇਲ ਖਿਲਾਈਆ । ਗੁਰਮੁਖ ਤੇਰੀ

ਉਤਮ ਜ਼ਾਤ, ਜੋਤੀ ਜਾਤਾ ਆਪ ਬਣਾਈਆ । ਸਾਚਾ ਮੇਲਾ ਹਰਿ ਰਘੁਨਾਥ, ਰਘਵੰਸ ਆਪ ਮਿਲਾਈਆ । ਲੇਖਾ ਜਾਣੇ ਤ੍ਰਿਲੋਕੀ ਨਾਥ, ਤ੍ਰੈ ਤ੍ਰੈ ਸੰਸਾ ਦਏ ਮੁਕਾਈਆ । ਏਕਾ ਮੰਦਰ ਏਕਾ ਪੂਜਾ ਪਾਠ, ਇਸ਼ਟ ਗੁਰ ਦੇਵ ਇਕ ਸਮਝਾਈਆ । ਏਕਾ ਤੀਰਥ ਸਰੋਵਰ ਤਾਟ, ਤਟ ਕਿਨਾਰਾ ਇਕ ਵਡਿਆਈਆ । ਏਕਾ ਆਦਿ ਜੁਗਾਦਿ ਚਲੇ ਸਾਥ, ਵਿਛੜ ਕਦੇ ਨਾ ਜਾਈਆ । ਏਕਾ ਲਹਿਣਾ ਦੇਣਾ ਚੁਕਾਏ ਮਸਤਕ ਮਾਥ, ਬਿਧਨਾ ਲੇਖਾ ਵੇਖੇ ਥਾਉਂ ਥਾਈਂਆ । ਇਕ ਚੜ੍ਹਾਏ ਸਾਚੇ ਰਾਥ, ਰਥ ਰਥਵਾਹੀ ਸੇਵ ਕਮਾਈਆ । ਏਕਾ ਲੇਖਾ ਜਾਣੇ ਤੱਤ ਆਠ, ਨੌਂ ਦਰ ਏਕਾ ਖੋਜ ਖੁਜਾਈਆ । ਏਕਾ ਮਾਣਸ ਜਨਮ ਪੂਰਾ ਕਰੇ ਘਾਟ, ਸਾਚਾ ਤੋਲਾ ਤੋਲ ਤੁਲਾਈਆ । ਏਕਾ ਨੇੜੇ ਰੱਖੇ ਵਾਟ, ਦੂਰ ਦੁਰਾਡਾ ਪੰਧ ਮੁਕਾਈਆ । ਏਕਾ ਪੁਛੇ ਅੰਤਮ ਵਾਤ, ਸਾਕ ਸੱਜਣ ਸੈਣ ਨਾ ਕੋਇ ਸਹਾਈਆ । ਏਕਾ ਮੇਟੇ ਅੰਧੇਰੀ ਰਾਤ, ਸੰਝ ਸਵੇਰ ਏਕਾ ਰੰਗ ਵਖਾਈਆ । ਏਕਾ ਮੇਲਾ ਕਮਲਾਪਾਤ, ਨਾਰੀ ਕੰਤ ਲਏ ਪਰਨਾਈਆ । ਏਕਾ ਵਰ ਸਤਿ ਸੁਹਾਗ, ਸੁਹਾਗੀ ਰੁੱਤ ਆਪ ਸਮਝਾਈਆ । ਏਕਾ ਹੰਸ ਬਣਾਏ ਕਾਗ, ਸਰ ਸਰੋਵਰ ਆਪ ਨੁਹਾਈਆ । ਏਕਾ ਜਨਮ ਜਨਮ ਦਾ ਧੋਵੇ ਦਾਗ਼, ਦੁਰਮਤ ਮੈਲ ਦਏ ਧਵਾਈਆ । ਇਕ ਉਪਜਾਏ ਵੈਰਾਗ ਅਨਰਾਗ, ਆਪਣੀ ਤਾਰ ਸਤਾਰ ਹਿਲਾਈਆ । ਗੁਰਮੁਖ ਤੇਰੇ ਵਡ ਵਡ ਭਾਗ, ਤੇਰੀ ਵਡਿਆਈ ਹਰਿ ਜਸ ਗਾਈਆ । ਤੇਰਾ ਨਾਮ ਜਗਤ ਚਿਰਾਗ਼, ਤੇਰੀ ਜੋਤ ਨੂਰ ਰੁਸ਼ਨਾਈਆ । ਤੇਰਾ ਨਾਉਂ ਆਦਿ ਜੁਗਾਦਿ, ਵੇਦ ਸ਼ਾਸਤਰ ਸਿਮਰਤ ਰਹੇ ਜਸ ਗਾਈਆ । ਤੇਰਾ ਮੇਲ ਮੋਹਣ ਮਾਧਵ ਮਾਧ, ਮੁਕੰਦ ਮਨੋਹਰ ਲਖਮੀ ਨਰਾਇਣ ਆਪਣੇ ਗਲੇ ਲਗਾਈਆ । ਤੇਰਾ ਰੂਪ ਸੰਤਨ ਸਾਧ, ਤੇਰਾ ਘਰ ਭਗਤ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਨ ਦਿਆਲ ਸਰਬ ਗੁਣਵੰਤਾ, ਲੇਖਾ ਜਾਣੇ ਆਦਿ ਅੰਤਾ, ਹਰਿਜਨ ਸਾਚੇ ਲਏ ਮਿਲਾਈਆ । ਮੇਲ ਮਿਲਾਵਾ ਹਰਿ ਹਰਿ ਸੱਜਣ, ਧੁਰ ਮਸਤਕ ਵੇਖ ਵਖਾਇਆ । ਦੋ ਜਹਾਨਾਂ ਵਾਲੀ ਆਇਆ ਪਰਦੇ ਕੱਜਣ, ਨਿਰਗੁਣ ਨਿਰਗੁਣ ਰੂਪ ਧਰਾਇਆ । ਏਥੇ ਓਥੇ ਸਾਚਾ ਸੱਜਣ, ਸਗਲਾ ਸੰਗ ਵਖਾਇਆ । ਚਰਨ ਧੂੜ ਕਰਾਏ ਮਜਨ, ਸਾਚਾ ਮਜਨ ਇਕ ਸਮਝਾਇਆ । ਕਲਜੁਗ ਜੀਵ ਤ੍ਰੈਗੁਣ ਮਾਇਆ ਦਝਣ, ਅਗਨੀ ਅੱਗ ਇਕ ਲਗਾਇਆ । ਜੋ ਘੜਿਆ ਸੋ ਅੰਤਮ ਭੱਜਣ, ਥਿਰ ਕੋਇ ਰਹਿਣ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਨ ਦਿਆਲ ਹੋਏ ਸਹਾਇਆ । ਦੀਨ ਦਿਆਲ ਸਦਾ ਸਹਾਇਕ, ਸਿਫ਼ਤੀ ਸਿਫ਼ਤ ਵਡੀ ਵਡਿਆਈਆ । ਸਰਬ ਜੀਆਂ ਦਾ ਏਕਾ ਨਾਇਕ, ਨਾਇਕਾ ਵੇਖੇ ਸ੍ਰਿਸ਼ਟ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਚਰਜ ਰੀਤ ਬਿਨ ਗੁਰੂਦੁਆਰ ਮੰਦਰ ਮਸੀਤ ਮਾਤ ਚਲਾਈਆ ।

★ ੧੦ ਜੇਠ ੨੦੧੮ ਬਿਕ੍ਰਮੀ ਸਰਦਾਰ ਸਿੰਘ ਮੇਹਰ ਸਿੰਘ ਕਿਰਪਾ ਰਾਮ ਦੇ ਗ੍ਰਿਹ ਸ਼ੇਖ਼ਸਰ ਜੰਮੂ ★

ਗੁਰਮੁਖ ਤਸਵੀਰ ਹਰਿ ਹਰਿ ਤਸਬੀ, ਮੁਤੱਅਸਬ ਜਗਤ ਦਏ ਮੁਕਾਈਆ । ਪਾਏ ਨਾਮ ਜ਼ੰਜੀਰ ਲੇਖਾ ਚੁੱਕੇ ਫ਼ਾਰਸੀ ਅਰਬੀ, ਏਕਾ ਅੱਖਰ ਨਾਮ ਵਡਿਆਈਆ । ਅੰਮ੍ਰਿਤ ਆਤਮ ਬਖ਼ਸ਼ੇ ਨੀਰ ਨਾਤਾ ਤੁਟੇ ਗਰਮੀ ਸਰਦੀ, ਸਾਂਤਕ ਸਤਿ ਸਤਿ ਵਰਤਾਈਆ । ਚੋਟੀ ਚਾੜ੍ਹੇ ਫੜ ਅਖ਼ੀਰ,

ਸੁਰਤ ਸੁਵਾਣੀ ਹੋਏ ਬਰਦੀ, ਏਕਾ ਬੰਧਨ ਗੁਰ ਗੁਰ ਪਾਈਆ । ਹਉਮੇ ਹੰਗਤਾ ਕੱਢੇ ਪੀੜ, ਜਗਤ ਵੈਰਾਗਣ ਫਿਰੇ ਡਰਦੀ, ਨਾਮ ਖੰਡਾ ਇਕ ਵਖਾਈਆ । ਹਰਿਜਨ ਹਰਿ ਹਰਿ ਦੇਵੇ ਧੀਰ, ਬੂਝ ਬੁਝਾਏ ਆਪਣੇ ਘਰ ਦੀ, ਘਰ ਘਰ ਵਿਚ ਮੇਲ ਮਿਲਾਈਆ । ਦੇਵੇ ਬਦਲ ਤਕਦੀਰ, ਤਦਬੀਰ ਕਲਾ ਰੱਖੇ ਸਦਾ ਚੜ੍ਹਦੀ, ਤਕਸੀਰ ਆਪ ਮਿਟਾਈਆ । ਜਗਤ ਮੌਤ ਬਣ ਦੁਹਾਗਣ ਲੱਖ ਚੁਰਾਸੀ ਨਾਲ ਜੋ ਰਹੀ ਲੜਦੀ, ਹਰਿਜਨ ਤੇਰੇ ਚਰਨਾਂ ਹੇਠ ਦਬਾਈਆ । ਵੇਖੋ ਖੇਲ ਪੁਰਖ ਅਕਾਲ ਏਕਾ ਨਰ ਦੀ, ਸ੍ਰਿਸ਼ਟ ਸਬਾਈ ਵੇਖੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੁਸੱਵਿਰ ਬਣੇ ਸਾਚਾ ਮਾਹੀਆ । ਬਣੇ ਮੁਸੱਵਿਰ ਤਖ਼ਤ ਨਿਵਾਸੀ, ਸ਼ਾਹ ਪਾਤਸ਼ਾਹ ਰੂਪ ਵਟਾਇੰਦਾ । ਕਰੇ ਖੇਲ ਪੁਰਖ ਅਬਿਨਾਸ਼ੀ, ਪੁਰਖ ਪੁਰਖੋਤਮ ਵੇਖ ਵਖਾਇੰਦਾ । ਨੂਰ ਨੁਰਾਨਾ ਘਨਕ ਪੁਰ ਵਾਸੀ, ਘਨ ਆਪਣਾ ਰੂਪ ਧਰਾਇੰਦਾ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਬਣਿਆ ਰਿਹਾ ਬਨਵਾਸੀ, ਅੰਤਮ ਆਪਣਾ ਰੂਪ ਪ੍ਰਗਟਾਇੰਦਾ । ਦੋ ਜਹਾਨਾਂ ਵੇਖੇ ਖੇਲ ਤਮਾਸ਼ੀ, ਆਪਣਾ ਖੇਲ ਖਿਲਾਇੰਦਾ । ਹਰਿਜਨ ਹਰਿ ਹਰਿ ਪੂਰੀ ਕਰੇ ਆਸੀ, ਆਸ ਨਿਰਾਸ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੂਪ ਆਪ ਧਰਾਇੰਦਾ । ਆਪੇ ਮੁਸੱਵਿਰ ਦਏ ਧਰਵਾਸਾ, ਤਸਵੀਰ ਤਸਵੀਰ ਵਿਚ ਬਣਾਈਆ । ਕਾਇਆ ਬੰਕ ਕਰ ਪਰਕਾਸ਼ਾ, ਗੜ੍ਹ ਮੰਦਰ ਖੋਜ ਖੁਜਾਈਆ । ਨਿਜ ਆਤਮ ਨਿਜ ਘਰ ਕਰ ਕਰ ਵਾਸਾ, ਨਿਜ ਨੇਤਰ ਦਏ ਖੁਲ੍ਹਾਈਆ । ਲੇਖਾ ਚੁੱਕੇ ਪਵਣ ਸਵਾਸਾ, ਪਵਣ ਪਵਣਾ ਮੇਲ ਮਿਲਾਈਆ । ਭਗਤ ਭਗਵੰਤ ਬਣਿਆ ਰਹੇ ਦਾਸੀ ਦਾਸਾ, ਜਨ ਹਰਿ ਤੇਰੀ ਸੇਵ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਦਏ ਖੁਲ੍ਹਾਈਆ । ਖਿੱਚੇ ਤਸਵੀਰ ਬਣ ਮੁਸੱਵਿਰ, ਤਾਲਬ ਤਲਬ ਆਪ ਰਖਾਇੰਦਾ । ਕਰੇ ਖੇਲ ਗਹਿਰ ਗੁਣ ਗਵਰ, ਗੁਣ ਨਿਧਾਨ ਵੇਖ ਵਖਾਇੰਦਾ । ਦੂਸਰ ਕੋਇ ਨਾ ਜਾਣੇ ਅਵਰ, ਭੇਵ ਅਭੇਦ ਨਾ ਕੋਇ ਖੁਲ੍ਹਾਇੰਦਾ । ਲਹਿਣਾ ਚੁੱਕੇ ਕਾਇਆ ਕਵਰ, ਡੂੰਘੀ ਭਵਰੀ ਫੋਲ ਫੁਲਾਇੰਦਾ । ਮਾਣਸ ਜਨਮ ਜਾਏ ਸਵਰ, ਜਿਸ ਜਨ ਅੰਤਰ ਮੇਲ ਮਿਲਾਇੰਦਾ । ਅੱਠੇ ਪਹਿਰ ਬਣਿਆ ਰਹੇ ਭਵਰ, ਗੁਰਮੁਖ ਫੁੱਲ ਆਪ ਮਹਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਰੰਗ ਆਪ ਸਮਾਇੰਦਾ । ਗੁਰਮੁਖ ਆਪਣੇ ਅੰਦਰ ਵਾੜ, ਅੰਦਰ ਬਾਹਰ ਆਪ ਹੋ ਜਾਈਆ । ਕਰੇ ਖੇਲ ਅਪਰ ਅਪਾਰ, ਅਲਖ ਅਗੋਚਰ ਬੇਪਰਵਾਹੀਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਗੌਂਦੇ ਰਹੇ ਗੁਰ ਅਵਤਾਰ, ਰਸਨਾ ਜਿਹਵਾ ਮਾਤ ਹਿਲਾਈਆ । ਬੇਅੰਤ ਬੇਅੰਤ ਬੇਅੰਤ ਰਹੇ ਪੁਕਾਰ, ਨਿਉਂ ਨਿਉਂ ਬੈਠੇ ਸੀਸ ਝੁਕਾਈਆ । ਸਚਖੰਡ ਵਸੇ ਇਕ ਨਿਰੰਕਾਰ, ਦਰ ਦਰਬਾਰੇ ਸੋਭਾ ਪਾਈਆ । ਤਖ਼ਤ ਨਿਵਾਸੀ ਹਰਿ ਸਿਕਦਾਰ, ਧੁਰ ਫ਼ਰਮਾਨਾ ਹੁਕਮ ਜਣਾਈਆ । ਥਿਰ ਘਰ ਵੇਖੇ ਆਪ ਕਿਵਾੜ, ਬੰਦ ਦੁਆਰਾ ਆਪ ਖੁਲ੍ਹਾਈਆ । ਨਾ ਕੋਈ ਪੁਰਖ ਨਾ ਕੋਈ ਨਾਰ, ਨਰ ਨਰਾਇਣ ਵਡੀ ਵਡਿਆਈਆ । ਮਹੱਲ ਅਟਲ ਉਚ ਮਨਾਰ, ਸ਼ਾਹ ਪਾਤਸ਼ਾਹ ਬੈਠਾ ਆਸਣ ਲਾਈਆ । ਨਾ ਕੋਈ ਦੀਸੇ ਚੋਬਦਾਰ, ਜਗਦੀਸ਼ ਸੀਸ ਨਾ ਕੋਇ ਝੁਕਾਈਆ । ਨਿਰਗੁਣ ਨਿਰਗੁਣ ਹੋ ਉਜਿਆਰ, ਨੂਰ ਨੁਰਾਨਾ ਡਗਮਗਾਈਆ । ਸਰਗੁਣ ਕਰੇ ਆਪਣੀ ਕਾਰ, ਦੋਏ ਦੋਏ ਆਪਣਾ ਖੇਲ ਖਿਲਾਈਆ । ਜੁਗ ਜੁਗ ਇਸ਼ਟ ਧਰੇ ਵਿਚ ਸੰਸਾਰ, ਜੀਵ ਦ੍ਰਿਸ਼ਟ ਆਪ ਸਮਝਾਈਆ । ਬਣੇ ਵਸ਼ਿਸ਼ਟ ਰਾਮਾ ਉਧਾਰ, ਰਾਮ ਰਾਮ ਆਪ ਅਖਵਾਈਆ । ਕਰੇ ਕਾਮ ਡੂੰਘੀ ਗਾਰ, ਨਿਹਕਰਮੀ ਕਰਮ ਵਡਿਆਈਆ । ਬਣੇ ਸ਼ਾਮ ਮੀਤ ਮੁਰਾਰ,

੫੨੦
੧੦

ਘਨੱਯਾ ਬੰਸਰੀ ਇਕ ਉਠਾਈਆ । ਨੱਯਾ ਚਲਾਏ ਵਿਚ ਸੰਸਾਰ, ਸਾਚਾ ਸੱਯਾ ਸਾਚਾ ਮਾਹੀਆ । ਬਹੀਆਂ ਪਕੜੇ ਗਿਰਵਰ ਗਿਰਧਾਰ, ਆਪ ਆਪਣੇ ਅੰਗ ਲਗਾਈਆ । ਆਦਿ ਸ਼ਕਤ ਮੱਯਾ ਵੇਖੇ ਏਕਾ ਵਾਰ, ਏਕਾ ਰੂਪ ਅਨੂਪ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਧਾਰ ਬੰਧਾਈਆ । ਨਿਰਗੁਣ ਸਰਗੁਣ ਇਸ਼ਟ ਦੇਵ, ਦੇਵ ਆਤਮਾ ਆਪ ਅਖਵਾਇੰਦਾ । ਸਰਬ ਗੁਣਵੰਤਾ ਜਾਣੇ ਸਾਚੀ ਸੇਵ, ਸੇਵਕ ਸੇਵਾ ਨਾਮ ਪ੍ਰਗਟਾਇੰਦਾ । ਹੰ ਬ੍ਰਹਮ ਲਗਾਏ ਸੇਵ, ਸੋਇਮ ਆਪਣੀ ਕਲ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੂਪ ਆਪ ਪ੍ਰਗਟਾਇੰਦਾ । ਰੂਪ ਅਨੂਪਾ ਸਰਗੁਣ ਧਾਰ, ਪੰਜ ਤੱਤ ਦਏ ਵਡਿਆਈਆ । ਗੁਰ ਗੁਰ ਹਰਿ ਹਰਿ ਲੈ ਅਵਤਾਰ, ਹਰਿ ਹਰਿ ਗੁਰ ਗੁਰ ਰੂਪ ਵਖਾਈਆ । ਪੀਰ ਪੈਗ਼ੰਬਰ ਹੋ ਉਜਿਆਰ, ਨਬੀ ਰਸੂਲ ਵੇਖ ਵਖਾਈਆ । ਕਲਮਾ ਕਲਾਮ ਕਰ ਉਜਿਆਰ, ਉਚੀ ਕੂਕ ਕੂਕ ਅਲਾਈਆ । ਸਾਚੇ ਮੰਦਰ ਖੋਲ੍ਹ ਕਿਵਾੜ, ਏਕਾ ਹੁਜਰਾ ਦਏ ਵਖਾਈਆ । ਨੌਬਤ ਵੱਜੇ ਸਾਂਝੇ ਯਾਰ, ਸਾਖਯਾਤ ਆਪ ਵਜਾਈਆ । ਸੋਹਬਤ ਜਾਣੇ ਸਰਬ ਸੰਸਾਰ, ਲੇਖਾ ਲਿਖੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਇਸ਼ਟ ਗੁਰ ਵਡਿਆਈਆ । ਇਸ਼ਟ ਗੁਰ ਸਰਬ ਗੁਣ ਦਾਤਾ, ਸਰਗੁਣ ਰੂਪ ਧਰਾਇੰਦਾ । ਗੁਰ ਗੁਰ ਵੇਖੇ ਏਕੋ ਜ਼ਾਤਾ, ਏਕਾ ਬ੍ਰਹਮ ਸਰਬ ਵਖਾਇੰਦਾ । ਏਕਾ ਨਾਮ ਨਰਾਇਣ ਨਾਤਾ, ਬਿਧਾਤਾ ਜੋੜ ਜੁੜਾਇੰਦਾ । ਏਕਾ ਗ੍ਰਹਿ ਏਕਾ ਖਾਟਾ, ਏਕਾ ਮੰਦਰ ਸੋਭਾ ਪਾਇੰਦਾ । ਏਕਾ ਨਾਮ ਅਨਾਦੀ ਅਨਹਦ ਵਾਜਾ, ਅੰਤਰ ਆਤਮ ਆਪ ਵਜਾਇੰਦਾ । ਏਕਾ ਬੋਧ ਇਕ ਅਗਾਧਾ, ਏਕਾ ਸ਼ਬਦ ਰਾਗ ਸੁਣਾਇੰਦਾ । ਏਕਾ ਸਦਾ ਸਦ ਵਿਸਮਾਦਾ, ਬਿਸਮਿਲ ਆਪਣਾ ਰੂਪ ਵਖਾਇੰਦਾ । ਏਕਾ ਖੇਲੇ ਖੇਲ ਆਦਿ ਜੁਗਾਦਾ, ਜੁਗ ਜੁਗ ਆਪਣੀ ਧਾਰ ਚਲਾਇੰਦਾ । ਗੁਰਮੁਖ ਵਿਰਲਾ ਲੱਖ ਚੁਰਾਸੀ ਵਿਚੋਂ ਕਾਢਾ, ਜਿਸ ਜਨ ਆਪਣਾ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੁਰ ਆਪਣਾ ਖੇਲ ਖਿਲਾਇੰਦਾ । ਗੁਰ ਗੁਰ ਖੇਲ ਜਗਤ ਜੁਗ, ਜਾਗਰਤ ਜੋਤ ਜੋਤ ਰੁਸ਼ਨਾਈਆ । ਕਲਜੁਗ ਔਧ ਰਹੀ ਪੁਗ, ਨਵ ਨੌਂ ਲੇਖਾ ਰਿਹਾ ਮੁਕਾਈਆ । ਨਾ ਕੋਈ ਹਰਖ ਨਾ ਕੋਈ ਸੋਗ, ਚਿੰਤਾ ਦੁੱਖ ਨਾ ਕੋਇ ਜਣਾਈਆ । ਲੇਖਾ ਜਾਣੇ ਚੌਦਾਂ ਲੋਕ, ਪਰਲੋਕ ਵੇਖੇ ਥਾਉਂ ਥਾਈਂਆ । ਵਿਸ਼ਨ ਬ੍ਰਹਮਾ ਸ਼ਿਵ ਸੁਣਾਏ ਇਕ ਸਲੋਕ, ਭੁਲ ਰਹੇ ਨਾ ਰਾਈਆ । ਲੱਖ ਚੁਰਾਸੀ ਦੇਵੇ ਝੋਕ, ਆਪਣੀ ਬਣਤ ਆਪ ਬਣਾਈਆ । ਅੰਤ ਨਵ ਖੰਡ ਮਿਟਾਏ ਕਿਲਾ ਕੋਟ, ਕੋਟੀ ਕੋਟ ਗੜ੍ਹ ਤੁੜਾਈਆ । ਤਨ ਨਗਾਰੇ ਲਾਏ ਏਕਾ ਚੋਟ, ਗੁਰਮੁਖ ਵਿਰਲਾ ਮਾਤ ਉਠਾਈਆ । ਜੋਤੀ ਸ਼ਬਦੀ ਪਾਰਬ੍ਰਹਮ ਬ੍ਰਹਮ ਓਤ ਪੋਤ, ਪੂਤ ਸਪੂਤਾ ਏਕਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਗੁਰਮੁਖ ਆਪ ਉਪਾਈਆ । ਓਤ ਪੋਤ ਗੁਰਮੁਖ ਨਾਤਾ, ਗੁਰ ਗੁਰ ਮੇਲ ਮਿਲਾਇਆ, ਨਵ ਨੌਂ ਚਾਰ ਤੋੜਿਆ ਜਗਤ ਨਾਤਾ, ਜੁਗ ਜੁਗ ਆਪਣਾ ਖੇਲ ਖਿਲਾਇਆ । ਦਰ ਦਰ ਘਰ ਘਰ ਦੇਵੇ ਸਾਥਾ, ਸਗਲਾ ਸੰਗ ਨਿਭਾਇਆ । ਚੌਕੜੀ ਜੁਗ ਪੁਛਦਾ ਆਇਆ ਵਾਤਾ, ਵੇਸ ਅਨੇਕਾ ਰੂਪ ਵਟਾਇਆ । ਚਾਰ ਚਾਰ ਜਣੌਂਦਾ ਆਇਆ ਆਪਣੀ ਗਾਥਾ, ਆਪ ਆਪਣਾ ਨਾਉਂ ਧਰਾਇਆ । ਕਲਜੁਗ ਅੰਤਮ ਕਰੇ ਖੇਲ ਪੁਰਖ ਸਮਰਾਥਾ, ਸਮਰਥ ਪੁਰਖ ਸੱਚਾ ਸ਼ਹਿਨਸ਼ਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਵਡਿਆਇਆ । ਹਰਿਜਨ ਸਾਚੇ ਤੇਰੀ ਸਚ ਤਸਵੀਰ, ਹਰਿ ਸਾਚੇ

ਵਿਚ ਸਮਾਈਆ । ਕਿਸੇ ਹੱਥ ਨਾ ਆਏ ਪੀਰ ਫ਼ਕੀਰ, ਪੀਰ ਪੈਗ਼ੰਬਰ ਬੈਠੇ ਰਾਹ ਤਕਾਈਆ । ਕਬੀਰ ਕੁਰਲਾਇਆ ਗੰਗਾ ਸੁਟਿਆ ਮਾਰ ਜ਼ੰਜੀਰ, ਤੇਰਾ ਅਖ਼ੀਰ ਤੇਰੇ ਹੱਥ ਵਡਿਆਈਆ । ਤੇਰਾ ਚਰਨ ਚਰਨੋਦਕ ਸਾਚਾ ਨੀਰ, ਹਉਂ ਜਲ ਮੀਨ ਰਹੀ ਤੜਫਾਈਆ । ਮੈਂ ਬਿਰਹੋਂ ਵੈਰਾਗਣ ਮਰਾਂ ਵਿਛੋੜੇ ਤੇਰੀ ਪੀੜ, ਤੇਰਾ ਵਿਛੋੜਾ ਸਹਿ ਨਾ ਸਕਾਂ ਰਾਈਆ । ਏਕਾ ਮਾਰ ਆਪਣੀ ਸਚ ਜ਼ੰਜੀਰ, ਜਗਤ ਜ਼ੰਜੀਰ ਦੇ ਤੁੜਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਕਿਰਪਾ ਕਰੇ ਵਡ ਪੀਰਨ ਪੀਰ, ਦਸਤਗੀਰ ਹੋਏ ਸਹਾਈਆ । ਆਪਣੀ ਆਪ ਬਦਲੀ ਤਕਬੀਰ, ਤਦਬੀਰ ਦਿਸ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਦਏ ਖੁਲ੍ਹਾਈਆ । ਸਚ ਤਸਵੀਰ ਰਵਿਦਾਸ ਚਮਰੇਟਾ, ਏਕਾ ਇਸ਼ਟ ਰਖਾਇੰਦਾ । ਵੇਖਣਹਾਰਾ ਗੰਗਾ ਤੱਟ ਬੇਟਾ, ਹੱਥ ਕਸੀਰਾ ਇਕ ਜਣਾਇੰਦਾ । ਲੇਖਾ ਜਾਣੇ ਮਾਂ ਪਿਓ ਬੇਟਾ, ਪਿਤਾ ਪੂਤ ਖੇਲ ਖਿਲਾਇੰਦਾ । ਠੱਗਾਂ ਚੋਰਾਂ ਦੇਵੇ ਨੇਤਾ, ਘਰ ਆਇਆਂ ਮਾਣ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਇੰਦਾ । ਆਇਆ ਠਗ ਤਾਰਿਆ ਬ੍ਰਾਹਮਣ, ਬ੍ਰਹਮ ਆਪਣਾ ਰੂਪ ਦਰਸਾਈਆ । ਰਵਿਦਾਸ ਚਮਾਰਾ ਬਣਿਆ ਜ਼ਾਮਨ, ਜ਼ਾਮਨੀ ਆਪਣੀ ਇਕ ਵਖਾਈਆ । ਪਾਰਬ੍ਰਹਮ ਪ੍ਰਭ ਪਕੜੇ ਦਾਮਨ, ਦੋਹਾਂ ਵਿਚੋਲਾ ਏਕਾ ਮਾਹੀਆ । ਕਲਜੁਗ ਮੇਟੇ ਰੈਣ ਅੰਧੇਰੀ ਸ਼ਾਮਨ, ਨੌਂ ਨੌਂ ਜਨਮ ਲੇਖੇ ਲਾਈਆ । ਆਪਣਾ ਚਰਨ ਕਵਲ ਵਖਾਏ ਸੱਚਾ ਘਰ ਗਰਾਮਨ, ਘਰ ਏਕਾ ਦਏ ਵਡਿਆਈਆ । ਅੰਮ੍ਰਿਤ ਮੇਘ ਬਰਸੇ ਸਾਵਣ, ਅਗਨੀ ਤੱਤ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪ ਮੁਕਾਈਆ । ਠਗ ਬ੍ਰਾਹਮਣ ਰਲਿਆ ਚੋਰ, ਚੋਰ ਠੱਗਾਂ ਸੰਗ ਰਲਾਇਆ । ਰਵਿਦਾਸ ਤੱਕਿਆ ਅੰਧ ਘੋਰ, ਜੀਵਾਂ ਜੰਤਾਂ ਭੇਵ ਨਾ ਰਾਇਆ । ਪੁਰਖ ਅਬਿਨਾਸ਼ੀ ਚੜ੍ਹਿਆ ਘੋੜ, ਦੋ ਜਹਾਨਾਂ ਵੇਖ ਵਖਾਇਆ । ਭਗਤਨ ਲੱਗੀ ਦਰਸ਼ਨ ਔੜ, ਦੇ ਦਰਸ਼ਨ ਤ੍ਰਿਖ਼ਾ ਬੁਝਾਇਆ । ਠੱਗਾਂ ਰਾਮ ਨਾਮ ਲਾਗਾ ਕੌੜ, ਜਗਤ ਤ੍ਰਿਸ਼ਨਾ ਮੋਹ ਵਧਾਇਆ । ਦੋਹਾਂ ਵਿਚੋਲਾ ਬਣ ਬਣ ਠਗ ਠਗੌਰੀ ਰਿਹਾ ਹੋੜ, ਚਰਨ ਧੂੜੀ ਕੋਟਨ ਕੋਟ ਕੰਗਣ ਰੂਪ ਵਟਾਇਆ । ਕਲਜੁਗ ਅੰਤਮ ਜਾਏ ਬੌਹੜ, ਏਕਾ ਹੁਕਮ ਦਏ ਸੁਣਾਇਆ । ਮੇਰਾ ਭੇਵ ਬ੍ਰਾਹਮਣ ਗੌੜ, ਪੂਤ ਸਪੂਤਾ ਸ਼ਬਦੀ ਜਾਇਆ । ਮੇਰਾ ਨਾਉਂ ਨਾ ਜਾਣੇ ਕੋਈ ਅਵਰ, ਅਵਰਾ ਲੇਖ ਨਾ ਕੋਇ ਲਿਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਵੇਖ ਵਖਾਇਆ । ਆਪਣਾ ਆਪ ਵੇਖਣਹਾਰਾ, ਭਗਤਨ ਦੇਵੇ ਜਗਤ ਵਡਿਆਈਆ । ਬਣ ਮੁਸੱਵਿਰ ਖਿੱਚੇ ਤਸਵੀਰ ਵਿਚ ਸੰਸਾਰਾ, ਸ੍ਰਿਸ਼ਟ ਇਸ਼ਟ ਦਏ ਬਦਲਾਈਆ । ਗੁਰਮੁਖ ਗੁਰ ਗੁਰ ਹੋ ਉਜਿਆਰਾ, ਚਾਰ ਕੁੰਟ ਕਰੇ ਰੁਸ਼ਨਾਈਆ । ਰਾਹ ਤੱਕੇ ਪਰਵਰਦਿਗਾਰਾ, ਨੇਤਰ ਨੈਣ ਨੈਣ ਉਠਾਈਆ । ਕਵਣ ਮੰਜ਼ਲ ਕਵਣ ਮਕਸੂਦ ਕੌਣ ਸੋਹੇ ਦਵਾਰਾ, ਕਵਣ ਪਾਂਧੀ ਪੰਧ ਮੁਕਾਈਆ । ਕਵਣ ਗਾਏ ਬੰਸਰੀ ਅਸਮ ਹਜ਼ਾਰਾ, ਦਰੂਦ ਨੂਰ ਨੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਤੇਰੀ ਤਸਵੀਰ, ਆਪਣਾ ਬੰਧਨ ਪਾਏ ਜ਼ੰਜੀਰ, ਡੋਰ ਆਪਣੇ ਹੱਥ ਰਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਖੇਲ ਬੇਨਜ਼ੀਰ, ਨਿਗਹ ਦਿਸ ਕਿਸੇ ਨਾ ਆਈਆ ।

## ★ ੧੦ ਜੇਠ ੨੦੧੮ ਬਿਕ੍ਰਮੀ ਸ਼ਾਹਨੀ ਦੇ ਘਰ ਸ਼ੇਖ਼ਸਰ ਜੰਮੂ ★

ਦੀਨਨ ਹਰਿ ਦਿਆਲ, ਦਇਆਨਿਧ ਦਇਆ ਕਮਾਇੰਦਾ । ਸ਼ਾਹ ਕੰਗਾਲ ਕਰੇ ਪ੍ਰਿਤਪਾਲ, ਪ੍ਰਿਤਪਾਲਕ ਸੇਵ ਕਮਾਇੰਦਾ । ਹਰਿਜਨ ਵੇਖੇ ਹਰਿ ਹਰਿ ਲਾਲ, ਅਨਮੁਲੜੇ ਰਤਨ ਆਪ ਉਪਾਇੰਦਾ । ਕਾਇਆ ਕੁੱਲੀ ਸੁਰਤ ਸੰਭਾਲ, ਗੁਣਵੰਤ ਗੁਣ ਵਖਾਇੰਦਾ । ਜਗਤ ਤੋੜ ਜਗਤ ਜੰਜਾਲ, ਜੀਵਣ ਜੁਗਤ ਆਪ ਸਮਝਾਇੰਦਾ । ਦੇਵੇ ਨਾਮ ਸੱਚਾ ਧਨ ਮਾਲ, ਸਤਿ ਖ਼ਜ਼ੀਨਾ ਆਪ ਭਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਦਰ ਘਰ ਘਰ ਖੇਲ ਖਿਲਾਇੰਦਾ । ਗ਼ਰੀਬ ਨਿਮਾਣਿਆਂ ਬਣ ਬਣ ਚਾਕਰ, ਸੇਵਕ ਸੇਵਾ ਸੇਵ ਕਮਾਈਆ । ਭਗਤ ਵਛਲ ਹਰਿ ਹਰਿ ਠਾਕਰ, ਹਰਿਜਨ ਸਾਚੇ ਆਪ ਠਕਰਾਈਆ । ਕਿਰਪਾ ਕਰੇ ਕਰੀਮ ਕ਼ਾਦਰ, ਕ਼ੁਦਰਤ ਕ਼ਾਦਰ ਵੇਖ ਵਖਾਈਆ । ਹਰਿਜਨ ਹਰਿ ਹਰਿ ਅੰਮ੍ਰਿਤ ਸਿੰਧ ਬਖ਼ਸ਼ੇ ਸਾਗਰ, ਸਰ ਸਰੋਵਰ ਇਕ ਨੁਹਾਈਆ । ਭਾਗ ਲਗਾਏ ਕਾਇਆ ਗਾਗਰ, ਕੰਚਨ ਆਪਣਾ ਰੂਪ ਦਰਸਾਈਆ । ਆਦਿ ਨਿਰੰਜਣ ਫੜ ਫੜ ਦੇਵੇ ਆਦਰ, ਦਰ ਸਾਚੇ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਬੇਪਰਵਾਹੀਆ । ਨਿਰਧਨ ਮਿਲਿਆ ਗਿਰਵਰ ਗਿਰਧਾਰ, ਗ੍ਰਿਹ ਮੰਦਰ ਵੱਜੇ ਵਧਾਈਆ । ਚਾਰ ਕੁੰਟ ਜੈ ਜੈਕਾਰ, ਧੁਨ ਨਾਦ ਸ਼ਬਦ ਸ਼ਨਵਾਈਆ । ਵੇਖੇ ਵਿਗਸੇ ਪਾਵੇ ਸਾਰ, ਇਕ ਇਕੱਲਾ ਫੇਰਾ ਪਾਈਆ । ਜਗਤ ਜਲੰਦਾ ਲਏ ਤਾਰ, ਸਿਰ ਆਪਣਾ ਹੱਥ ਟਿਕਾਈਆ । ਸਦ ਬਖ਼ਸ਼ਿੰਦਾ ਏਕੰਕਾਰ, ਅਭੁਲ ਭੁਲ ਕਦੇ ਨਾ ਜਾਈਆ । ਲੇਖਾ ਜਾਣੇ ਨਰ ਨਾਰ, ਨਰ ਨਰਾਇਣ ਬੇਪਰਵਾਹੀਆ । ਗ਼ਰੀਬ ਨਿਮਾਣੇ ਤਨ ਸ਼ਿੰਗਾਰ, ਮਾਣਕ ਮੋਤੀ ਆਪ ਬਣਾਈਆ । ਘਟ ਜੋਤੀ ਨੂਰ ਹੋਏ ਉਜਿਆਰ, ਬਿਮਲ ਜੋਤ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰੀ ਹਰਿ ਹਰਿਜਨ ਵੇਖੇ ਥਾਉਂ ਥਾਈਂਆ । ਹਰੀ ਹਰਿ ਹਰਿ ਨਿਰੰਕਾਰਾ, ਵਿਸ਼ਨੂੰ ਵੰਸੀ ਖੇਲ ਖਿਲਾਇੰਦਾ । ਸਤਿ ਸਤਿਵਾਦੀ ਹੋ ਉਜਿਆਰਾ, ਬ੍ਰਹਮ ਬ੍ਰਹਿਮਾਦੀ ਖੋਜ ਖੁਜਾਇੰਦਾ । ਆਤਮ ਬ੍ਰਹਮ ਖੋਲ੍ਹ ਕਿਵਾੜਾ, ਪਾਰਬ੍ਰਹਮ ਪਰਦਾ ਲਾਹਿੰਦਾ । ਸਾਚਾ ਮੰਦਰ ਇਕ ਦੁਆਰਾ, ਘਰ ਮੰਦਰ ਆਪ ਸੁਹਾਇੰਦਾ । ਏਕਾ ਸੱਜਣ ਮੀਤ ਮੁਰਾਰਾ, ਹਰਿ ਹਰਿ ਆਪਣਾ ਭੇਵ ਖੁਲ੍ਹਾਇੰਦਾ । ਨਿਰਧਨ ਸਰਧਨ ਦਏ ਆਧਾਰਾ, ਨਿਮਾਣ ਨਿਮਾਣਿਆਂ ਮਾਣ ਰਖਾਇੰਦਾ । ਏਥੇ ਓਥੇ ਬਣ ਸਹਾਰਾ, ਦੋ ਜਹਾਨਾਂ ਪਾਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰੀ ਹਰਿ ਆਪਣਾ ਮੇਲ ਮਿਲਾਇੰਦਾ । ਹਰੀ ਹਰਿ ਹਰਿ ਗੋਬਿੰਦ, ਗੋਬਿੰਦ ਆਪਣਾ ਖੇਲ ਖਿਲਾਈਆ । ਜਨਮ ਮਰਨ ਦੀ ਮੇਟੇ ਚਿੰਦ, ਚਿੰਤਾ ਚਿਖਾ ਰਹੇ ਨਾ ਰਾਈਆ । ਦਾਤਾ ਦਾਨੀ ਗੁਣੀ ਗਹਿੰਦ, ਗਹਿਰ ਗੰਭੀਰ ਦਇਆ ਕਮਾਈਆ । ਲੇਖਾ ਜਾਣੇ ਜੀਉ ਪਿੰਡ, ਬਿਰਧ ਬਾਲ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਜੋਬਨ ਨਾਮ ਚੜ੍ਹਾਈਆ । ਹਰਿ ਜੋਬਨ ਨਾਉਂ ਅਨਮੁਲੜਾ, ਰੰਗ ਰਾਤਾ ਆਪ ਚੜ੍ਹਾਈਆ । ਗੁਰਮੁਖਾਂ ਵਖਾਏ ਦੁਆਰਾ ਖੁਲ੍ਹੜਾ, ਦਰ ਦਰ ਆਪ ਖੁਲ੍ਹਾਈਆ । ਪਾਰ ਕਰਾਏ ਦਇਆ ਕਮਾਏ ਜੋ ਜਨ ਦਰ ਆਏ ਭੁਲੜਾ, ਸੀਸ ਜਗਦੀਸ਼ ਲੇਖੇ ਲਾਈਆ । ਤ੍ਰੈਗੁਣ ਤੱਤ ਨਾ ਮਾਇਆ ਰੁਲੜਾ, ਅਗਨੀ ਹਵਣ ਨਾ ਕੋਇ ਜਲਾਈਆ । ਮਾਨਸ ਬੂਟਾ ਕਦੇ ਨਾ ਹੁਲੜਾ, ਪੱਤ ਡਾਲ੍ਹੀ ਫੁੱਲ ਮਹਿਕਾਈਆ । ਹਰਿਜਨ ਹਰੀ ਦੁਆਰੇ ਫਲਿਆ ਫੁਲੜਾ, ਅੰਮ੍ਰਿਤ ਫਲ ਇਕ ਲਗਾਈਆ । ਦੇਵੇ ਵਡਿਆਈ ਸਾਚੀ ਕੁਲੜਾ, ਜਿਸ ਦਰ ਬੈਠੀ ਏਕਾ ਪਾਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਿਰਧ ਬਾਲ ਰੂਪ ਧਰਾਈਆ । ਬਿਰਧ ਅਵਸਥਾ ਨਾਤਾ ਤੋੜ, ਬਾਲੀ ਬੁਧ ਰਖਾਇੰਦਾ । ਜਨਮ ਜਨਮ ਵਿਚ ਰੱਖੇ ਮੋੜ, ਜਨਮ ਅਮੋਲਕ ਇਕ ਸਮਝਾਇੰਦਾ । ਲੱਖ ਚੁਰਾਸੀ ਦੇਵੇ ਹੋੜ, ਜਮ ਕੀ ਫਾਸੀ ਫੰਦ ਕਟਾਇੰਦਾ । ਆਪਣੇ ਅੱਗੇ ਆਪੇ ਤੋਰ, ਆਪਣਾ ਬੰਧਨ ਹਰਿ ਹਰਿ ਪਾਇੰਦਾ । ਮਾਨਸ ਜਨਮ ਫੜੇ ਹੱਥ ਡੋਰ, ਡੋਰੀ ਆਪਣੇ ਹੱਥ ਰਖਾਇੰਦਾ । ਲੇਖਾ ਚੁੱਕੇ ਤੇਰ ਮੇਰ, ਮੇਰ ਤੇਰ ਨਾ ਕੋਇ ਜਣਾਇੰਦਾ । ਬਾਲੀ ਬੁਧ ਪਾਏ ਸ਼ੋਰ, ਨੇਤਰ ਨੀਰ ਇਕ ਵਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੋਤੀ ਜੋਤ ਜੋਤ ਜਗਾਇੰਦਾ । ਜੋਤੀ ਜੋਤ ਜਾਗਰਤ ਧਾਰ, ਜਗਤ ਜੁਗਤ ਨਾਤਾ ਤੁਟੇ, ਨਾਤਾ ਬੰਨ੍ਹੇ ਵਿਚ ਸੰਸਾਰ, ਨਾਤਾ ਬਿਧਾਤਾ ਵੇਖ ਵਖਾਈਆ । ਏਕਾ ਮੰਦਰ ਇਕ ਦੁਆਰ, ਏਕਾ ਰੂਪ ਦਰਸ ਨਿਰੰਕਾਰ, ਏਕਾ ਕੂਟ ਦਿਸ਼ਾ ਚਾਰ ਵਿਚਾਰ, ਚਾਰ ਚਾਰ ਮੁਖ ਸਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਧਨ ਮਿਲਿਆ ਏਕਾ ਦਰ, ਠਾਕਰ ਸਵਾਮੀ ਲਏ ਫੜ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੀਵ ਜੀਵ ਲੋਕ ਲੋਕ ਜੀਵ ਆਪਣਾ ਖੇਲ ਖਿਲਾਈਆ ।

## ★ ੧੦ ਜੇਠ ੨੦੧੮ ਬਿਕ੍ਰਮੀ ਗੂਹੜਾ ਰਾਮ ਦੇ ਘਰ ਸ਼ੇਖ਼ਸਰ ਜੰਮੂ ★



ਭਿੰਨੀ ਰੈਣੜੀਏ ਤੇਰੀ ਠੰਡੀ ਪੌਣ, ਗੁਰਮੁਖਾਂ ਰਹੀ ਜਗਾਈਆ । ਹਰਿ ਕਾ ਰੂਪ ਜਾਣੇ ਕੌਣ, ਬਿਨ ਗੁਰਮੁਖ ਨਜ਼ਰ ਕਿਸੇ ਨਾ ਆਈਆ । ਮਨਮੁਖ ਗੂਹੜੀ ਨੀਂਦੇ ਸੌਣ, ਸੋਇਆਂ ਮਾਤ ਨਾ ਕੋਇ ਉਠਾਈਆ । ਲਾੜੀ ਮੌਤ ਭੰਨੇ ਧੌਣ, ਧਰਨੀ ਧਰਤ ਦਏ ਟਿਕਾਈਆ । ਗੁਰਮੁਖ ਗੁਰ ਗੁਰ ਹਰਿ ਹਰਿ ਰਸਨਾ ਜਿਹਵਾ ਗੌਣ, ਹਿਰਦੇ ਰਾਮ ਨਾਮ ਵਸਾਈਆ । ਦੂਰ ਦੁਰਾਡੇ ਚਲ ਮਨਾਉਣ, ਨੇਤਰ ਲੋਚਣ ਦਰਸ਼ਨ ਪਾਈਆ । ਸਚਖੰਡ ਨਿਵਾਸੀ ਲੋਕਮਾਤ ਅਖਵੌਣ, ਜਿਸ ਮਿਲਿਆ ਬੇਪਰਵਾਹੀਆ । ਕਲਜੁਗ ਮੇਟ ਮਿਟਾਏ ਝੂਠਾ ਰੌਣ, ਰਾਮ ਰਾਮਾ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਿੰਨੜੀ ਰੈਣ ਦਏ ਵਡਿਆਈਆ । ਭਿੰਨੜੀ ਰੈਣ ਚੜ੍ਹਿਆ ਚਾਅ, ਹਰਿ ਸੰਗਤ ਦਰਸ਼ਨ ਪਾਇਆ । ਪੁਰਖ ਅਬਿਨਾਸ਼ੀ ਮਿਲਿਆ ਇਕ ਮਲਾਹ, ਲੋਕਮਾਤ ਮੇਲ ਮਿਲਾਇਆ । ਆਪਣਾ ਨਾਉਂ ਦੇਵੇ ਸਚ ਸਲਾਹ, ਸਾਚਾ ਸੋਹਲਾ ਆਪੇ ਗਾਇਆ । ਵਿਛੋੜਾ ਕਟੇ ਦੋ ਜਹਾਂ, ਦੋ ਜਹਾਨਾਂ ਵੇਖ ਵਖਾਇਆ । ਗ਼ਰੀਬ ਨਿਮਾਣਿਆਂ ਪਕੜੇ ਬਾਂਹ, ਆਪ ਆਪਣੀ ਸੇਵਾ ਲਾਇਆ । ਨਿਰਧਨ ਸਰਧਨ ਬਣੇ ਪਿਤਾ ਮਾਂ, ਹਰਿਜਨ ਸੱਚੇ ਗੋਦ ਉਠਾਇਆ । ਨਿਥਾਵਿਆਂ ਦੇਵੇ ਸਾਚਾ ਥਾਂ, ਦਰਗਹਿ ਸਾਚੀ ਧਾਮ ਉਪਾਇਆ । ਸਚਖੰਡ ਦੁਆਰੇ ਕਰੇ ਸਚ ਨਿਆਂ, ਸਚ ਸਿੰਘਾਸਣ ਆਸਣ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਿੰਨੜੀ ਰੈਣ ਦਏ ਵਡਿਆਇਆ । ਭਿੰਨੜੀ ਰੈਣ ਉਠ ਉਠ ਜਾਗ, ਹਰਿ ਸਤਿਗੁਰ ਆਪ ਜਗਾਇੰਦਾ । ਕਲਜੁਗ ਅੰਤਮ ਲੱਗਾ ਭਾਗ, ਲੋਕਮਾਤ ਖੇਲ ਖਿਲਾਇੰਦਾ । ਤੇਰਾ ਅੰਧੇਰਾ ਦੀਪਕ ਜੋਤ ਜਗੇ ਚਰਾਗ਼, ਤੇਲ ਬਾਤੀ ਨਾ ਕੋਇ ਰਖਾਇੰਦਾ । ਦੁਰਮਤ ਤੇਰਾ ਧੋਵੇ ਦਾਗ਼, ਆਪ ਆਪਣੇ ਰੰਗ ਰੰਗਾਇੰਦਾ । ਤੇਰਾ ਮੇਲਾ ਹਰਿਜਨ ਕੰਤ ਸੁਹਾਗ, ਸੁਹਾਗੀ ਸੁਤ ਆਪ ਸੁਹਾਇੰਦਾ । ਲੇਖਾ ਜਾਣੇ ਜੁਗਾਦਿ ਆਦਿ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਤਿੰਨ ਸੌ ਸੱਠ ਵਿਚੋਂ ਆਪੇ

ਕਾਢ, ਆਪਣਾ ਲੇਖਾ ਆਪ ਸਮਝਾਇੰਦਾ । ਤੇਰੇ ਮੰਦਰ ਵੱਜੇ ਨਾਦ, ਤੇਰਾ ਰਾਗ ਆਪ ਅਲਾਇੰਦਾ । ਤੇਰਾ ਪ੍ਰੀਤਮ ਮਾਧਵ ਮਾਧ, ਮੋਹਣ ਆਪਣਾ ਰੂਪ ਧਰਾਇੰਦਾ । ਤੇਰਾ ਮੇਲਾ ਸੰਤਨ ਸਾਧ, ਹਰਿ ਸੰਗਤ ਵੇਖ ਵਖਾਇੰਦਾ । ਕਲਜੁਗ ਅੰਤਮ ਸੁਣੇ ਤੇਰੀ ਫ਼ਰਿਯਾਦ, ਤੇਰਾ ਰੋਣਾ ਆਪਣੀ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਿੰਨੜੀ ਰੈਣ ਆਪ ਵਡਿਆਇੰਦਾ । ਭਿੰਨੜੀ ਰੈਣ ਉਠ ਉਠ ਨੇਤਰ ਖੋਲ੍ਹ, ਹਰਿ ਸਾਚਾ ਸਚ ਦ੍ਰਿੜਾਈਆ । ਤੇਰੇ ਘਰ ਵੱਜੇ ਢੋਲ, ਹਰਿਜਨ ਸਾਚੇ ਵੇਖ ਵਖਾਈਆ । ਤੇਰਾ ਤੇਰੇ ਮੰਦਰ ਰਿਹਾ ਬੋਲ, ਤੇਰਾ ਤੇਰੀ ਕਰੇ ਸ਼ਨਵਾਈਆ । ਤੇਰਾ ਚੁੱਕੇ ਪਰਦਾ ਓਹਲ, ਸਾਚਾ ਰੂਪ ਦਏ ਦਰਸਾਈਆ । ਤੇਰੇ ਰੰਗ ਜਾਏ ਮੌਲ, ਮੌਲਾ ਆਪਣਾ ਰੂਪ ਵਟਾਈਆ । ਤੇਰਾ ਅੰਮ੍ਰਿਤ ਭਰੇ ਕਵਲ, ਸਾਚਾ ਸਰ ਆਪ ਸੁਹਾਈਆ । ਤੇਰੀ ਵਡਿਆਈ ਉਪਰ ਧਵਲ, ਧਰਨੀ ਧਰਤ ਵੇਖ ਵਖਾਈਆ । ਤੇਰਾ ਭੇਵ ਨਾ ਜਾਣੇ ਕੋਇ ਪੰਡਤ ਪਾਂਧਾ ਰੌਲ, ਗ੍ਰਿਹਿ ਫੜ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੀ ਵੰਡ ਇਕ ਰਖਾਈਆ । ਭਿੰਨੜੀ ਰੈਣ ਤੇਰੀ ਵੰਡੇ ਵੰਡ, ਸੋ ਪੁਰਖ ਨਿਰੰਜਣ ਵੰਡਣ ਆਇਆ । ਤੇਰਾ ਮਾਣ ਰੱਖੇ ਵਿਚ ਬ੍ਰਹਿਮੰਡ, ਬ੍ਰਹਿਮੰਡ ਤੇਰੀ ਧਾਰ ਜਣਾਇਆ । ਤੇਰਾ ਨਾਤਾ ਛੁਟਾ ਦੁਹਾਗਣ ਰੰਡ, ਸੁਹਾਗੀ ਕੰਤ ਇਕ ਮਨਾਇਆ । ਤੇਰਾ ਮੋਹ ਤੁਟਾ ਝੂਠ ਪਖੰਡ, ਮਾਇਆ ਤਨ ਰਹੇ ਨਾ ਰਾਇਆ । ਤੇਰਾ ਵਿਛੋੜਾ ਚੁੱਕਾ ਪੰਧ, ਦੂਰ ਦੁਰਾਡਾ ਪੰਧ ਮੁਕਾਇਆ । ਤੇਰੇ ਘਰ ਸੁਹਾਗੀ ਛੰਦ, ਹਰਿਜਨ ਸਾਚੇ ਬਹਿ ਬਹਿ ਗਾਇਆ । ਤੇਰਾ ਅੰਧੇਰਾ ਗੁਰਮੁਖਾਂ ਪਰਮਾਨੰਦ, ਸੂਰਜ ਚੰਨ ਰਿਹਾ ਸੀਸ ਝੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਿੰਨੜੀ ਰੈਣ ਆਪ ਸਲਾਹਿਆ । ਭਿੰਨੜੀ ਰੈਣ ਕਰੇ ਪੁਕਾਰ, ਨੇਤਰ ਨੈਣ ਨੀਰ ਵਹਾਈਆ । ਖੁਲ੍ਹੜੇ ਕੇਸ ਰੋਵੇ ਜ਼ਾਰੋ ਜ਼ਾਰ, ਜਗਦੀਸ਼ ਅੱਗੇ ਸੀਸ ਝੁਕਾਈਆ । ਤੂੰ ਸਾਹਿਬ ਸਤਿਗੁਰ ਸੁਣ ਪੁਕਾਰ, ਮੈਂ ਕੁਚੱਜੀ ਕਮਲੀ ਕਾਰ ਕਿਸੇ ਨਾ ਆਈਆ । ਮੇਰਾ ਨਾਤਾ ਜੁੜਿਆ ਸੰਗ ਚੋਰ ਯਾਰ, ਰਾਤੀ ਸੁਤਿਆਂ ਲੁੱਟ ਲੁੱਟ ਝੂਠਾ ਧਨ ਬੰਧਾਈਆ । ਕਲਜੁਗ ਸੰਤ ਸੁੱਤੇ ਪੈਰ ਪਸਾਰ, ਕਲਜੁਗ ਮਾਇਆ ਬੇਅੰਤ ਪਾਈਆ । ਤੂੰ ਰਾਖਾ ਹੋ ਸਿਰਜਣਹਾਰ, ਮੇਰੀ ਪਤਿ ਨਾ ਕੋਇ ਰਖਾਈਆ । ਮੇਰਾ ਵਸਦਾ ਘਰ ਦਿਤਾ ਉਜਾੜ, ਭਰਮੇ ਭੁੱਲੀ ਸਰਬ ਲੋਕਾਈਆ । ਕਲਜੁਗ ਅਗਨੀ ਦਿਤਾ ਸਾੜ, ਰਤੀ ਰਤ ਰਹਿਣ ਨਾ ਪਾਈਆ । ਕਰੀ ਕਿਰਪਾ ਕੀਤਾ ਦਰਸ ਦੀਦਾਰ, ਮੈਂ ਬੈਰਾਗਣ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਅਗਨੀ ਅੱਗ ਬੁਝਾਈਆ । ਹਰਿ ਸਤਿਗੁਰ ਦਇਆ ਕਮਾਇੰਦਾ, ਸ਼ਬਦ ਸੰਦੇਸ਼ਾ ਇਕ ਸੁਣਾ । ਤੇਰਾ ਦਰਦ ਦੁੱਖ ਮਿਟਾਇੰਦਾ, ਦਰਦੀ ਦਰਦ ਲਏ ਵੰਡਾ । ਲੋਕਮਾਤ ਕਲਜੁਗ ਅੰਤਮ ਗੁਰਮੁਖ ਸਾਚੇ ਆਪ ਜਗਾਇੰਦਾ, ਏਕਾ ਨਾਮ ਦਏ ਪੜ੍ਹਾ । ਜੂਠ ਝੂਠ ਮੇਟ ਮਿਟਾਇੰਦਾ, ਮਾਇਆ ਮਮਤਾ ਕਰੇ ਸਵਾਹ । ਵਰਨਾ ਬਰਨਾ ਆਪ ਖਪਾਇੰਦਾ, ਊਚਾਂ ਨੀਚਾਂ ਭੇਵ ਚੁਕਾ । ਰਾਓ ਰੰਕਾਂ ਆਪਣਾ ਧਾਮ ਵਖਾਇੰਦਾ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹ । ਧੁਰ ਫ਼ਰਮਾਨਾ ਹੁਕਮ ਸੁਣਾਇੰਦਾ, ਬ੍ਰਹਮ ਪਾਰਬ੍ਰਹਮ ਵੇਖੇ ਏਕਾ ਥਾਂ । ਆਪਣਾ ਪਰਦਾ ਆਪ ਉਠਾਇੰਦਾ, ਜੋਤੀ ਨੂਰ ਕਰੇ ਰੁਸ਼ਨਾ । ਹਰਿਜਨ ਸਾਚੇ ਵੇਖ ਵਖਾਇੰਦਾ, ਏਕਾ ਪੱਲੂ ਨਾਮ ਫੜਾ । ਵਰਨਾਂ ਬਰਨਾਂ ਏਕਾ ਰੰਗ ਰੰਗਾਇੰਦਾ । ਹਰਿ ਸੰਗਤ ਬਣਾਏ ਭੈਣ ਭਰਾ । ਤੇਰਾ ਫੇਰ ਮੇਲ ਮਿਲਾਇੰਦਾ, ਕਲਜੁਗ ਨਾਤਾ ਦਏ ਜੁੜਾ । ਸੰਗਤ ਤੇਰੇ ਸੰਗ ਰਖਾਇੰਦਾ, ਤੇਰਾ ਦੁੱਖ ਦਏ ਗਵਾ । ਤੇਰਾ ਦੁੱਖ ਹਰਿ ਸੰਗਤ ਚਰਨਾ ਹੇਠ ਦਬਾਇੰਦਾ, ਸਿਰ ਆਪਣਾ ਹੱਥ ਟਿਕਾ । ਭਿੰਨੜੀ

੫੨੫
੧੦

ਰੈਣ ਮੇਲ ਮਿਲਾਇੰਦਾ, ਗੁਰਸਿਖਾਂ ਮੇਲਾ ਸਹਿਜ ਸੁਭਾ । ਕਲਜੁਗ ਅੰਤਮ ਖੇਲ ਖਿਲਾਇੰਦਾ, ਚਾਰ ਜੁਗ ਦੇ ਮੇਲੇ ਵਿਛੜੇ ਮੇਲੇ ਭੈਣ ਭਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਿੰਨੜੀ ਰੈਣ ਦਏ ਸਮਝਾ । ਭਿੰਨੜੀ ਰੈਣ ਸੁਣਿਆ ਬੋਲਾ, ਨਿਉਂ ਨਿਉਂ ਸੀਸ ਝੁਕਾਈਆ । ਕਵਣ ਦੁਆਰੇ ਬੈਠਾ ਤੋਲਾ, ਤੇਰੇ ਹੱਥ ਵਡੀ ਵਡਿਆਈਆ । ਮੈਂ ਸੁਣਨ ਆਈ ਤੇਰਾ ਢੋਲਾ, ਸਚ ਸੰਦੇਸ਼ ਸੁਣ ਸਾਚੇ ਮਾਹੀਆ । ਮੇਰਾ ਚੁੱਕੇ ਪਰਦਾ ਉਹਲਾ, ਦੂਈ ਦਵੈਤ ਰਹਿਣ ਨਾ ਪਾਈਆ । ਕਿਸ਼ਨਾ ਸੁਖਲਾ ਪਖ ਆਪੇ ਫੋਲਾ, ਅੰਧ ਅੰਧੇਰ ਵੇਖ ਵਖਾਈਆ । ਠਗ ਚੋਰ ਪਾਵਣ ਰੌਲਾ, ਗੁਰਮੁਖ ਬੈਠੇ ਧਿਆਨ ਲਗਾਈਆ । ਸਚ ਵਸਤ ਹਰਿ ਤੇਰੇ ਕੋਲਾ, ਦੂਸਰ ਅਵਰ ਨਜ਼ਰ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਿੰਨੜੀ ਰੈਣ ਏਕਾ ਮੰਗ ਮੰਗਾਈਆ । ਮੰਗੇ ਮੰਗ ਭਿੰਨੜੀ ਰੈਣ, ਦੋਏ ਜੋੜ ਚਰਨ ਨਿਮਸਕਾਰ । ਪੁਰਖ ਅਬਿਨਾਸ਼ੀ ਮੰਨ ਮੇਰਾ ਕਹਿਣ, ਤੇਰੇ ਚਰਨ ਜਾਵਾਂ ਬਲਿਹਾਰ । ਹਰਿ ਸੰਗਤ ਲੇਖਾ ਮੇਰਾ ਚੁੱਕੇ ਲੈਣ ਦੇਣ, ਲੈਣਾ ਦੇਣਾ ਰਹੇ ਨਾ ਵਿਚ ਸੰਸਾਰ । ਤੇਰੇ ਗੁਰਮੁਖ ਲਾੜੀ ਮੌਤ ਨਾ ਖਾਏ ਡਾਇਨ, ਲਏ ਜਨਮ ਨਾ ਦੂਜੀ ਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਣਾ ਵਰ ਸੱਚੀ ਸਰਕਾਰ । ਭਿੰਨੜੀ ਰੈਣ ਹਰਿ ਦੇਵੇ ਵਰ, ਹਰਿ ਸੰਗਤ ਮਾਣ ਰਖਾਈਆ । ਹਰਿਜਨ ਚੁੱਕੇ ਮੌਤ ਡਰ, ਕਾਲ ਗਰਾਸ ਨਾ ਕੋਇ ਖਾਈਆ । ਸਦਾ ਸੁਹੇਲਾ ਖੁਲ੍ਹਾ ਰੱਖੇ ਦਰ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਹਰਿਜਨ ਸਾਚੇ ਲਏ ਫੜ, ਨਾਰੀ ਪੁਰਸ਼ ਏਕਾ ਰੰਗ ਰੰਗਾਈਆ । ਅਧਵਿਚਕਾਰ ਨਾ ਜਾਏ ਕੋਈ ਰੁੜ੍ਹ, ਜੋ ਜਨ ਰਸਨਾ ਜਿਹਵਾ ਸੋਹੰ ਗਾਈਆ । ਸਚ ਭੰਡਾਰਾ ਦੇਵੇ ਭਰ, ਜੋ ਜਨ ਚਰਨ ਸੀਸ ਝੁਕਾਈਆ । ਆਪਣੀ ਕਰਨੀ ਜਾਏ ਕਰ, ਨਾ ਕੋਈ ਮੇਟੇ ਮੇਟ ਮਿਟਾਈਆ । ਆਦਿ ਜੁਗਾਦ ਨਾ ਜਾਏ ਮਰ, ਜਗ ਕਰਤਾ ਬੇਪਰਵਾਹੀਆ । ਦਰਸ ਵਖਾਏ ਅੱਗੇ ਖੜ੍ਹ, ਗੁਰਮੁਖਾਂ ਵੇਖ ਵਖਾਈਆ । ਜਿਸ ਜਨ ਫੜਾਇਆ ਆਪਣਾ ਲੜ, ਆਦਿ ਅੰਤ ਛੁੱਟ ਕਦੇ ਨਾ ਜਾਈਆ । ਭਿੰਨੜੀ ਰੈਣ ਤੇਰਾ ਘਾੜਨ ਘੜ, ਤੇਰਾ ਰੂਪ ਅਨੂਪ ਵਟਾਈਆ । ਤੇਰੇ ਅੰਤਰ ਆਪਣਾ ਮੰਤਰ ਕਿਰਪਾ ਕਰ, ਤੇਰੀ ਬਸੰਤਰ ਦਏ ਬੁਝਾਈਆ । ਤੇਰੀ ਦੁਰਮਤ ਮੈਲ ਧੋਵੇ ਆਪਣੇ ਸਰ, ਸਰ ਸਰੋਵਰ ਇਕ ਨੁਹਾਈਆ । ਤੇਰਾ ਵਸਦਾ ਰਹੇ ਸਦਾ ਜਨ ਘਰ, ਘਰ ਸੱਜਣ ਮੇਲ ਮਿਲਾਈਆ । ਉਠ ਉਦਮ ਆਹਰ ਕਰ, ਹਰਿ ਸੰਗਤ ਆਈ ਚਾਈਂ ਚਾਈਂਆ । ਨਿਵ ਨਿਵ ਸੀਸ ਜਗਦੀਸ਼ ਹਰਿ ਸੰਗਤ ਪ੍ਰੇਮ ਕਰ, ਪ੍ਰੇਮ ਰੁਤੜੀ ਏਕਾ ਰੰਗ ਵਖਾਈਆ । ਨਿਰਭਉ ਚੁਕਾਏ ਤੇਰਾ ਡਰ, ਭੈ ਭਿਆਨਕ ਹੋਏ ਸਹਾਈਆ । ਝੱਖੜ ਝਾਂਜਾ ਝੁੱਲੇ ਵਿਚ ਸੰਸਾਰ, ਕਲਜੁਗ ਝੂਠੇ ਬਿਰਛ ਬਿਰਖ ਦਏ ਉਖੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਿੰਨੜੀ ਰੈਣ ਇਕ ਮਨਾਈਆ । ਭਿੰਨੜੀ ਰੈਣ ਮੰਨਿਆ ਮਨ, ਹਰਿ ਹਰਿ ਦਰਸ਼ਨ ਪਾਇਆ । ਗੁਰਮੁਖ ਵੇਖਿਆ ਚੜ੍ਹਿਆ ਚੰਨ, ਘਰ ਸਾਚੇ ਹੋਇਆ ਰੁਸ਼ਨਾਇਆ । ਲੋਕ ਪਰਲੋਕ ਕਹਿੰਦੀ ਫਿਰੇ ਧੰਨ ਧੰਨ, ਧੰਨ ਧੰਨ ਹਰਿ ਹਰਿ ਸ਼ੁਕਰ ਮਨਾਇਆ । ਚਾਰ ਜੁਗ ਜੋ ਦੇਂਦਾ ਆਇਆ ਡੰਨ, ਅੱਜ ਸਿੱਖੀ ਗੁਰਮੁਖ ਸਾਚੇ ਮੇਲ ਮਿਲਾਇਆ । ਚਾਰ ਵਰਨ ਜੋ ਰਾਗ ਸੁਣੌਂਦਾ ਆਇਆ ਕੰਨ, ਅੱਜ ਸੰਦੇਸ਼ਾ ਰਿਹਾ ਸੁਣਾਇਆ । ਲੱਖ ਚੁਰਾਸੀ ਜੋ ਘੜ ਘੜ ਰਿਹਾ ਭੰਨ, ਅੱਜ ਭੱਜੇ ਠੀਕਰ ਆਪ ਆਪਣੀ ਹੱਥੀਂ ਜੋੜ ਜੁੜਾਇਆ । ਜੁਗ ਜੁਗ ਜੋ ਬੇੜਾ ਰਿਹਾ ਬੰਨ੍ਹ, ਅੱਜ ਬੇੜਾ ਨਾਮ ਰਿਹਾ ਵਖਾਇਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਠਗ ਚੋਰ ਰਾਤੀ ਸੁਤਿਆਂ ਮੇਰੇ ਘਰ ਲੌਂਦੇ ਰਹੇ ਸੰਨ੍ਹ । ਜੂਠਾ ਝੂਠਾ ਖੇਲ ਰਚਾਇਆ ।

ਕਲਜੁਗ ਅੰਤਮ ਪਾਰਬ੍ਰਹਮ ਅਬਿਨਾਸ਼ੀ ਕਰਤਾ ਸੁਣ ਬੇਨੰਤੀ ਗਿਆ ਮੰਨ, ਨਿਰਗੁਣ ਆਪਣਾ ਰੂਪ ਧਰਾਇਆ । ਗੁਰਸਿਖਾਂ ਅੰਦਰ ਚਾੜ੍ਹੇ ਸਾਚਾ ਚੰਨ, ਅੰਧੇਰਾ ਲੋਕਮਾਤ ਰਹਿਣ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਿੰਨੜੀ ਰੈਣ ਵੇਖ ਵਖਾਇਆ । ਭਿੰਨੜੀ ਰੈਣ ਨੇਤਰ ਪੇਖ, ਹਰਿ ਹਰਿ ਖ਼ੁਸ਼ੀ ਮਨਾਈਆ । ਤੂੰ ਸਾਹਿਬ ਸਤਿਗੁਰ ਲਿਖਣਹਾਰਾ ਲੇਖ, ਤੇਰੇ ਹੱਥ ਮੇਰੀ ਵਡਿਆਈਆ । ਜੋਤੀ ਜਾਮਾ ਧਰਿਆ ਭੇਖ, ਤੇਰਾ ਰੂਪ ਨਜ਼ਰ ਕਿਸੇ ਨਾ ਆਈਆ । ਮੁੱਛ ਦਾੜ੍ਹੀ ਨਾ ਤੇਰੇ ਕੇਸ, ਨਾ ਕੋਈ ਮੂੰਡ ਮੁੰਡਾਈਆ । ਜੇ ਕੋਈ ਆਖੇ ਗੁਰੂ ਦਸ਼ਮੇਸ਼, ਭੁਲ ਰਹੇ ਨਾ ਰਾਈਆ । ਜੇ ਕੋਈ ਵੇਖੇ ਕਰਿਆ ਖੇਲ ਵਿਸ਼ਨ ਮਹੇਸ਼, ਸ਼ੰਕਰ ਆਪਣਾ ਰੂਪ ਵਟਾਈਆ । ਜੇ ਕੋਈ ਵੇਖੇ ਰਾਮਾ ਕ੍ਰਿਸ਼ਨਾ ਕਰੇ ਆਦੇਸ਼, ਸੀਤਾ ਸੁਰਤੀ ਲਏ ਪਰਨਾਈਆ । ਜੇ ਕੋਈ ਕਹੇ ਈਸਾ ਮੂਸਾ ਸਤ ਸਮੁੰਦਰ ਮੰਨਿਆ ਨਰ ਨਰੇਸ਼, ਦਰ ਦਰਵੇਸ਼ ਆਪਣੀ ਅਲਖ ਜਗਾਈਆ । ਲੱਖ ਚੁਰਾਸੀ ਸੁੱਤੀ ਨਿਰਗੁਣ ਰਿਹਾ ਵੇਖ, ਆਪਣਾ ਨੈਣ ਇਕ ਉਠਾਈਆ । ਗੁਰਮੁਖ ਗੁਰਸਿਖ ਹਰਿਜਨ ਸੱਜਣ ਆਪਣੇ ਬਸਤਰ ਲਏ ਲਪੇਟ, ਸਚ ਦੋਸ਼ਾਲਾ ਹੱਥ ਉਠਾਈਆ । ਮੈਂ ਬਣ ਨਿਮਾਣੀ ਹੱਥ ਰੱਖਾਂ ਗੁਰਸਿਖਾਂ ਪੈਰਾਂ ਹੇਠ, ਮੇਰੀ ਤਕਦੀਰ ਦਏ ਬਦਲਾਈਆ । ਨੌਂ ਖੰਡ ਪ੍ਰਿਥਮੀ ਧੁੱਪ ਲੱਗੇ ਜੇਠ, ਗੁਰਮੁਖ ਅੰਮ੍ਰਿਤ ਮੇਘ ਬਰਸਾਈਆ । ਕਲਜੁਗ ਅੰਤਮ ਕਰਨ ਆਇਆ ਹੇਤ, ਰੂਪ ਅਨੂਪ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਰੁਤੜੀ ਦਏ ਸੁਹਾਈਆ । ਸਾਚੀ ਰੁਤੜੀ ਰੁੱਤ ਬਸੰਤ, ਭਿੰਨੜੀ ਰੈਣ ਵੱਜੇ ਵਧਾਈਆ । ਨਾਰੀ ਨਰ ਮਿਲਿਆ ਹਰਿ ਹਰਿ ਕੰਤ, ਕੰਤ ਕੰਤੂਹਲ ਖ਼ੁਸ਼ੀ ਮਨਾਈਆ । ਭੇਵ ਨਾ ਪਾਏ ਜੀਵ ਜੰਤ, ਖਾਣੀ ਚਾਰ ਰਹੀ ਕੁਰਲਾਈਆ । ਲੇਖਾ ਜਾਣੇ ਆਦਿ ਅੰਤ, ਇਕ ਇਕੱਲਾ ਸੱਚਾ ਸ਼ਹਿਨਸ਼ਾਹੀਆ । ਜਿਸ ਬਣਾਈ ਮੇਰੀ ਬਣਤ, ਸੂਰਜ ਚੰਨ ਰਿਹਾ ਭੁਆਈਆ । ਘੜੀ ਪਲ ਗਿਣਤੀ ਕਰੇ ਅਗਣਤ, ਲੇਖਾ ਆਪਣਾ ਨਾ ਕਿਸੇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰੈਣ ਭਿੰਨੜੀ ਆਪ ਵਖਾਈਆ । ਭਿੰਨੀ ਰੈਨੜੀਏ ਤੇਰਾ ਰੰਗ ਅਨੂਪਾ, ਤ੍ਰੈਗੁਣ ਮੂਲ ਚੁਕਾਇਆ । ਭਿੰਨੀ ਰੈਨੜੀਏ ਤੇਰਾ ਸਤਿ ਸਰੂਪਾ, ਸਤਿ ਸਤਿਵਾਦੀ ਵੇਖਣ ਆਇਆ । ਭਿੰਨੀ ਰੈਨੜੀਏ ਤੇਰਾ ਤੱਤ ਅੰਗੀਠਾ, ਅਗਨੀ ਤੱਤ ਦਏ ਬੁਝਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਵਣ ਪਵਣਾਂ ਵੇਖ ਵਖਾਇਆ । ਭਿੰਨੀ ਰੈਨੜੀਏ ਤੇਰੀ ਪਵਣਾ ਧਾਰ, ਅੰਨ ਪਾਣੀ ਸਮਾਈਆ । ਮੰਗਣ ਮੰਗ ਤੇਰਾ ਖੇਲ ਅਪਾਰ, ਬ੍ਰਹਿਮੰਡ ਖੰਡ ਤੇਰੀ ਵੰਡ ਵੰਡਾਈਆ । ਲੱਖ ਚੁਰਾਸੀ ਤੇਰਾ ਆਧਾਰ, ਜੀਵ ਜੰਤ ਰਹੇ ਜਸ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਮੂਲ ਦਏ ਵਖਾਈਆ । ਤੇਰਾ ਮੂਲ ਸਦਾ ਅਨਡਿਠ, ਆਲਸ ਨਾਮ ਰਖਾਈਆ । ਨੀਂਦਰ ਅੰਦਰ ਕਰੇ ਹਿਤ, ਵਿਛੜੇ ਲਏ ਮਿਲਾਈਆ । ਤੇਰਾ ਰੂਪ ਨਾ ਸਕੇ ਕੋਈ ਵੇਖ, ਨੇਤਰ ਖੋਲ੍ਹੇ ਸਰਬ ਲੋਕਾਈਆ । ਜਿਸ ਜਨ ਕਿਰਪਾ ਕਰੇ ਸਦਾ ਹਮੇਸ਼, ਸੋ ਜਨ ਤੇਰੇ ਰੰਗ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਿੰਨੜੀ ਰੈਣ ਇਕ ਵਡਿਆਈਆ । ਭਿੰਨੜੀ ਰੈਣ ਆਲਸ ਨਿੰਦਰਾ, ਜਗਤ ਵਿਹਾਰ ਚਲਾਇਆ । ਗੋਪੀ ਕਾਹਨ ਖੇਲੇ ਖੇਲ ਜਿਉਂ ਬਣ ਬਿੰਦਰਾ, ਰੂਪ ਅਨੂਪ ਧਰਾਇਆ । ਆਸਣ ਸਿੰਘਾਸਣ ਸੋਹੇ ਕਰੋੜ ਤੇਤੀਸਾ ਸੁਰਪਤ ਰਾਜਾ ਇੰਦਰਾ, ਇੰਦਰ ਇੰਦਰਾਸਨ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਿੰਨੜੀ ਰੈਣ ਤੇਰਾ ਰੰਗ, ਗੁਰਮੁਖਾਂ ਦਏ ਜਣਾਇਆ । ਕਲਜੁਗ ਆਲਸ ਨਿੰਦਰਾ ਰੂਪ, ਜੀਵ ਜੰਤ ਸਵਾਈਆ ।

ਗੁਰਮੁਖ ਵੇਖੇ ਚਾਰੇ ਕੂਟ, ਕਵਣ ਦੁਆਰੇ ਹਰਿ ਹਰਿ ਫੇਰਾ ਪਾਈਆ । ਅੱਠੇ ਪਹਿਰ ਮੰਗੇ ਮੰਗ ਮੇਰਾ ਨਾਤਾ ਤੁਟੇ ਜੂਠ ਝੂਠ, ਸਚ ਸੁੱਚ ਹੋਏ ਕੁੜਮਾਈਆ । ਮੈਂ ਸਾਹਿਬ ਸਤਿਗੁਰ ਦਾ ਬਣਾਂ ਸੱਚਾ ਪੂਤ, ਕਪੂਤ ਆਖੇ ਨਾ ਕੋਇ ਲੋਕਾਈਆ । ਮੇਰਾ ਤਾਣਾ ਪੇਟਾ ਏਕਾ ਸੂਤ, ਪਾਰਬ੍ਰਹਮ ਪ੍ਰਭ ਮੇਰੀ ਬ੍ਰਹਮ ਬਣਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਆਲਸ ਦਏ ਸਮਝਾਈਆ । ਏਕਾ ਆਲਸ ਝੂਠੀ ਮਾਇਆ, ਮਮਤਾ ਮੋਹ ਰਖਾਈਆ । ਸ੍ਰਿਸ਼ਟ ਸਬਾਈ ਪਾਈ ਛਾਇਆ, ਨਾ ਕੋਈ ਸਕੇ ਸੀਸ ਉਠਾਈਆ । ਗੁਰਮੁਖ ਵਿਰਲਾ ਆਪ ਜਗਾਇਆ, ਜਿਸ ਜਨ ਆਪਣੀ ਬੂਝ ਬੁਝਾਈਆ । ਠਗ ਚੋਰ ਲਏ ਤਰਾਇਆ, ਚੋਰਾਂ ਠੱਗਾਂ ਆਪਣੇ ਲੇਖੇ ਲਾਈਆ । ਆਪਣਾ ਕੌਲ ਦਏ ਸਮਝਾਇਆ, ਕੀਤਾ ਕੌਲ ਭੁਲ ਨਾ ਜਾਈਆ । ਏਕਾ ਬਚਨ ਆਪ ਸਮਝਾਇਆ, ਆਲਸ ਨਿੰਦਰਾ ਦਏ ਵਖਾਈਆ । ਭਿੰਨੜੀ ਰੈਣ ਮੇਲ ਮਿਲਾਇਆ, ਮਿਲਿਆ ਮੇਲ ਸਾਚੇ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੀਂਦਰਾ ਤੇਰਾ ਰੂਪ ਗੁਰਮੁਖ ਸਾਚੇ ਦਏ ਵਖਾਈਆ । ਨੀਂਦਰ ਸਾਚਾ ਰੂਪ, ਗੁਰ ਗੁਰਮੁਖ ਦਰਸ਼ਨ ਪਾਇਆ । ਸਿੰਘ ਤਾਰਾ ਤ੍ਰੈ ਜਨਮ ਬਣਿਆ ਰਿਹਾ ਅਵਧੂਤ, ਖ਼ਾਕੀ ਖ਼ਾਕ ਤਨ ਰਮਾਇਆ । ਤ੍ਰੈ ਜਨਮ ਫਿਰਦਾ ਰਿਹਾ ਚਾਰੇ ਕੂਟ, ਹਰਿ ਕਾ ਮੰਦਰ ਨਜ਼ਰ ਨਾ ਆਇਆ । ਸੱਤਵੇਂ ਜਾਮੇ ਤੱਤ ਬੱਧਾ ਆਪਣੇ ਸੂਤ, ਏਕਾ ਗੰਢੀ ਗੰਢ ਪਵਾਇਆ । ਅਠਵੇਂ ਜਾਮੇਂ ਸੁਣਿਆ ਜੋ ਗਿਆ ਰੂਠ, ਮਸਤਕ ਟਿੱਕਾ ਧੂੜੀ ਲਾਇਆ । ਨੌਵੇਂ ਜਨਮ ਬਣਾਇਆ ਪੂਤ ਸਪੂਤ, ਪੂਰਬ ਲਹਿਣਾ ਆਪ ਚੁਕਾਇਆ । ਆਲਸ ਨਿੰਦਰਾ ਵਿਚ ਦੇ ਆਪਣਾ ਸਬੂਤ, ਰਾਤੀ ਸੁਤਿਆਂ ਲਏ ਮਿਲਾਇਆ । ਨੀਂਦਰ ਤੇਰਾ ਸਾਚਾ ਰੂਪ, ਆਪਣਾ ਪ੍ਰੇਮ ਦਏ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਿੰਨੜੀ ਰੈਣ ਆਪਣੇ ਅੰਗ ਲਗਾਇਆ । ਲੱਗੀ ਅੰਗ ਆਸਾ ਪੂਰ, ਹਰਿ ਸੰਗਤ ਜੋੜ ਜੁੜਾਇਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਮਿਲਿਆ ਹਾਜ਼ਰ ਹਜ਼ੂਰ, ਦੂਰ ਨੇੜਾ ਪੰਧ ਮੁਕਾਇਆ । ਜਗਤ ਹੰਕਾਰ ਨਾ ਤੁੱਟਾ ਗ਼ਰੂਰ, ਮਾਣ ਅਭਿਮਾਨ ਆਪ ਚੁਕਾਇਆ । ਗੁਰਮੁਖ ਤੇਰਾ ਦਰਸ਼ਨ ਕਰ ਮੇਰੀ ਆਤਮ ਚੜ੍ਹਿਆ ਸਤਿ ਸਰੂਰ, ਭਿੰਨੜੀ ਰੈਣ ਸ਼ੁਕਰ ਮਨਾਇਆ । ਚਾਰ ਜੁਗ ਤੇਰੇ ਵਿਛੋੜੇ ਕੀਤਾ ਚੂਰ ਚੂਰ, ਬਲਹੀਣ ਬਲ ਨਾ ਕੋਇ ਧਰਾਇਆ । ਮੇਰਾ ਨਾਤਾ ਤੁੱਟਾ ਕੂੜੋ ਕੂੜ, ਹਰਿ ਸੰਗਤ ਤੇਰਾ ਦਰਸ਼ਨ ਪਾਇਆ । ਮੈਂ ਚਤੁਰ ਸੁਘੜ ਸੁਵਾਣੀ ਬਣ ਮੂੜ੍ਹ, ਮੇਰੇ ਮਨ ਕਾ ਭੌ ਮਿਟਾਇਆ । ਮੈਂ ਬਣ ਸਵਾਲਣ ਮੰਗਾਂ ਧੂੜ, ਚਰਨ ਧੂੜ ਵਸਤ ਅਮੋਲਕ ਇਕ ਵਰਤਾਇਆ । ਤੇਰਾ ਹੀਲਾ ਮੇਰੀ ਚੋਲੀ ਰੰਗਣ ਗੂੜ੍ਹ, ਸਾਚੀ ਕਫ਼ਨੀ ਵੇਖ ਵਖਾਇਆ । ਮੈਂ ਮਿਲ ਕੇ ਜਾਣਾ ਜ਼ਰੂਰ, ਘਰ ਤੇਰੇ ਸੱਜਣ ਆਇਆ । ਕਲਜੁਗ ਦੂਰ ਦੁਰਾਡਾ ਰਿਹਾ ਘੂਰ, ਨੇਤਰ ਨੈਣ ਉਠਾਇਆ । ਚੌਦਾਂ ਸਦੀਆਂ ਬੰਨ੍ਹ ਕੇ ਰੱਖਿਆ ਪਾ ਪਾ ਜੂੜ, ਅੰਤਮ ਸੰਗਲ ਦਏ ਕਟਾਇਆ । ਚਾਰ ਕੁੰਟ ਤੇਰਾ ਜਲਵਾ ਤੱਕਾਂ ਨੂਰੋ ਨੂਰ, ਮੇਰਾ ਅੰਧੇਰਾ ਰਹੇ ਨਾ ਰਾਇਆ । ਤੂੰ ਸਰਬ ਕਲਾ ਭਰਪੂਰ, ਲੋਕਮਾਤ ਮਾਤਲੋਕ ਵਿਚ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਸੌਣਾ ਮੇਰਾ ਘਰ, ਏਕਾ ਮੰਗ ਮੰਗਾਇਆ । ਮੰਗੇ ਵਰ ਸੱਜਣ ਮੀਤ, ਗੁਰਮੁਖ ਮੇਲ ਮਿਲਾਈਆ । ਸਤਿਜੁਗ ਚਲੌਣੀ ਸਾਚੀ ਰੀਤ, ਵਾਹ ਵਾ ਤੇਰੀ ਵਡੀ ਵਡਿਆਈਆ । ਮਿਲ ਸੰਗਤ ਗਾਵਾਂ ਤੇਰੇ ਗੀਤ, ਤੇਰਾ ਨਾਮ ਇਕ ਅਲਾਈਆ । ਤੇਰੀ ਚਰਨ ਨਿਭੇ ਪ੍ਰੀਤ, ਸਚ ਪ੍ਰੀਤੀ ਇਕ ਵਖਾਈਆ । ਤੇਰਾ ਰੂਪ ਹਸਤ ਕੀਟ, ਘਟ ਘਟ ਤੂੰ ਹੀ ਨਜ਼ਰੀ ਆਈਆ । ਮੈਂ ਜੂਠਾ ਝੂਠਾ ਪੀਸਣ ਲਿਆ

੫੨੮
੧੦

ਪੀਸ, ਕਲਜੁਗ ਚੱਕੀ ਨਾ ਜਾਏ ਚਲਾਈਆ । ਦੇਣਾ ਦਰਸ ਸਾਹਿਬ ਅਨਡੀਠ, ਮੈਂ ਨੱਢੀ ਬੈਠੀ ਰਾਹ ਤਕਾਈਆ । ਸਦਾ ਸੁਹੇਲੇ ਵਸਣਾ ਚੀਤ, ਚਿਤ ਵਿਤ ਠਗੌਰੀ ਕੋਇ ਨਾ ਪਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਤੇਰੀ ਰੱਖੀ ਉਡੀਕ, ਕੋਟਨ ਕੋਟ ਕਾਲ ਬਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਦਏ ਵਖਾਈਆ । ਸਾਚਾ ਮਾਰਗ ਦੇਣਾ ਦੱਸ, ਹਰਿ ਜੂ ਹਰਿ ਹਰਿ ਆਪ ਸੁਣਾਇੰਦਾ । ਘਟ ਘਟ ਅੰਦਰ ਆਪੇ ਵਸ, ਆਪਣਾ ਭੇਵ ਖੁਲ੍ਹਾਇੰਦਾ । ਤੇਰਾ ਅੰਧੇਰਾ ਮੇਟੇ ਰੈਣ ਮਸ, ਸਤਿਜੁਗ ਸਾਚਾ ਚੰਨ ਚੜ੍ਹਾਇੰਦਾ । ਹਰਿਜਨ ਮੇਲੇ ਨੱਸ ਨੱਸ, ਮੇਲ ਮਿਲਾਵਾ ਆਪਣੇ ਹੱਥ ਰਖਾਇੰਦਾ । ਕਰੇ ਪਰਕਾਸ਼ ਕੋਟਨ ਰਵ ਸਸ, ਨੂਰਨ ਨੂਰਨ ਨੂਰ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਿੰਨੜੀ ਰੈਣ ਕਰੇ ਵਸ, ਆਪਣਾ ਹੁਕਮ ਆਪ ਸੁਣਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਾਮ ਰਾਮਾ ਰਸੀਆ ਰਸ, ਰਸ ਏਕਾ ਨਾਮ ਚਖਾਇੰਦਾ ।

### ★ ੧੧ ਜੇਠ ੨੦੧੮ ਬਿਕ੍ਰਮੀ ਰਾਮ ਚੰਦ ਦੇ ਗ੍ਰਿਹ ਪਿੰਡ ਦੇਵਾ ਜੰਮੂ ★

ਰਾਮ ਪ੍ਰਗਟਿਓ ਰਾਮ ਮੇਲਾ, ਚੰਦ ਚਕੋਰ ਪ੍ਰੀਤ ਨਿਭਾਈਆ । ਰਾਮ ਗੁਰੂ ਰਾਮ ਚੇਲਾ, ਰਾਮ ਇਸ਼ਟ ਦੇਵ ਮਨਾਈਆ । ਰਾਮ ਸਾਹਿਬ ਰਾਮ ਸੱਜਣ ਸੁਹੇਲਾ, ਰਾਮ ਰਾਮ ਨਾਮ ਪੜ੍ਹਾਈਆ । ਰਾਮ ਮੇਲਾ ਇਕ ਇਕੇਲਾ, ਰਾਮ ਰਾਮਾ ਹੋਏ ਸਹਾਈਆ । ਰਾਮ ਵਸੇ ਸਰਬ ਨਵੇਲਾ, ਰਾਮ ਹਰਿ ਘਟ ਆਸਣ ਲਾਈਆ । ਰਾਮ ਜਾਣੇ ਆਪਣਾ ਵੇਲਾ, ਰਾਮ ਥਿਤ ਵਾਰ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਰੰਗ ਆਪ ਸਮਾਈਆ । ਰਾਮ ਸੱਜਣ ਰਾਮ ਮੀਤ, ਰਾਮ ਰਾਮ ਅਧਾਰਿਆ । ਰਾਮ ਗਾਏ ਰਾਮ ਗੀਤ, ਰਾਮ ਮੇਲਾ ਵਿਚ ਸੰਸਾਰਿਆ । ਰਾਮ ਕਰੇ ਪਤਿਤ ਪੁਨੀਤ, ਪਤਿਤ ਪਾਪੀ ਰਾਮ ਅਧਾਰਿਆ । ਰਾਮ ਹੋਏ ਠੰਡਾ ਸੀਤ, ਰਾਮ ਅਗਣਤ ਤਤ ਨਿਵਾਰਿਆ । ਰਾਮ ਵਸੇ ਹਸਤ ਕੀਟ, ਰਾਮ ਰਾਮ ਰੂਪ ਉਜਿਆਰਿਆ । ਰਾਮ ਕਰੇ ਖੇਲ ਅਨਡੀਠ, ਰਾਮ ਰਾਮ ਵੇਖ ਵਖਾ ਰਿਹਾ । ਰਾਮ ਸ੍ਰਿਸ਼ਟ ਸਬਾਈ ਰਿਹਾ ਜੀਤ, ਹਰਿਜਨ ਸਾਚੇ ਰਾਮ ਉਪਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਖਿਲਾ ਲਿਆ । ਰਾਮ ਗੋਬਿੰਦ ਨਾਮ ਰੰਗ, ਰੰਗ ਰੰਗੀਲਾ ਆਪ ਚੜ੍ਹਾਈਆ । ਰਾਮ ਸੂਰਾ ਰਾਮ ਸਰਬੰਗ, ਰਾਮ ਰਾਮ ਨਿਉਂ ਨਿਉਂ ਸੀਸ ਝੁਕਾਈਆ । ਰਾਮ ਸ਼ਬਦ ਰਾਮ ਮਰਦੰਗ, ਰਾਮ ਰਾਮਾ ਰਿਹਾ ਵਜਾਈਆ । ਰਾਮ ਰਾਮਾ ਦੇਵੇ ਪਰਮਾਨੰਦ, ਆਤਮ ਰਾਮ ਵੇਖ ਵਖਾਈਆ । ਰਾਮ ਗਾਏ ਸੁਹਾਗੀ ਛੰਦ, ਵਾਹ ਵਾ ਰਾਮ ਵੱਜੀ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵੇਸ ਆਪ ਵਟਾਈਆ । ਰਾਮ ਰੰਗ ਰਾਮ ਰੂਪ ਰਾਮ ਰੇਖ, ਰਾਮ ਰਾਮ ਵਿਚ ਸਮਾਈਆ । ਰਾਮ ਰਾਮਾ ਧਰ ਧਰ ਭੇਖ, ਧਰਨੀ ਧਰਤ ਧਵਲ ਦਏ ਵਡਿਆਈਆ । ਰਾਮ ਲਿਖਣਹਾਰਾ ਲੇਖ, ਹਰਿ ਰਾਮਾ ਦਏ ਬੁਝਾਈਆ । ਆਦਿ ਜੁਗਾਦੀ ਸਦਾ ਆਦੇਸ਼, ਨਿਉਂ ਨਿਉਂ ਸੀਸ ਝੁਕਾਈਆ । ਤ੍ਰੈ ਤ੍ਰੈ ਲੇਖਾ ਜਾਣੇ ਬ੍ਰਹਮਾ ਵਿਸ਼ਨ ਮਹੇਸ਼, ਮਹੇਸ਼ਵਰ ਆਪਣੀ ਖੇਲ ਖਿਲਾਈਆ । ਰਸਨਾ ਜਿਹਵਾ ਗਾਏ ਸ਼ੇਸ਼, ਸਹੰਸਰ ਮੁਖ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਆਪਣਾ ਬਲ ਆਪ ਵਖਾਈਆ । ਆਪੇ ਰਾਮ ਬਲ ਬਲ ਬਾਵਨ, ਬਲਧਾਰੀ ਆਪ ਅਖਵਾਇੰਦਾ । ਆਪੇ ਦੁਸ਼ਟ ਹੰਕਾਰੀ ਮਾਰੇ ਰਾਵਨ, ਲੰਕਾ ਗੜ੍ਹ ਆਪ ਤੁੜਾਇੰਦਾ । ਆਪੇ ਭਗਤ ਵਛਲ ਹੋਏ ਜ਼ਾਮਨ, ਭਗਵਨ ਭਗਤ ਦਇਆ ਕਮਾਇੰਦਾ । ਆਪੇ ਮੇਟਣਹਾਰਾ ਅੰਧੇਰੀ ਸ਼ਾਮਨ, ਸਾਚਾ ਚੰਦ ਆਪ ਚੜ੍ਹਾਇੰਦਾ । ਜੁਗਾ ਜੁਗੰਤਰ ਪਕੜੇ ਦਾਮਨ, ਦਾਮਨਗੀਰ ਖੇਲ ਖਿਲਾਇੰਦਾ । ਲੇਖਾ ਜਾਣੇ ਕਾਇਆ ਨਗਰ ਗਰਾਮਨ, ਕਾਇਆ ਖੇੜਾ ਫੋਲ ਫੁਲਾਇੰਦਾ । ਲਹਿਣਾ ਚੁੱਕੇ ਸ਼ੂਦਰ ਵੈਸ਼ ਛੱਤ੍ਰੀ ਬ੍ਰਹਿਮਣ, ਬ੍ਰਹਮ ਆਪਣਾ ਰੂਪ ਦਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਸੰਗ ਆਪ ਨਿਭਾਇੰਦਾ । ਸਾਚਾ ਸੰਗ ਰਮਈਆ ਰਾਮ, ਰਾਮ ਰਾਮ ਰਾਮ ਨਿਭਾਈਆ । ਪੂਰਨ ਕਰੇ ਹਰਿ ਹਰਿ ਕਾਮ, ਆਦਿ ਜੁਗਾਦਿ ਵਡੀ ਵਡਿਆਈਆ । ਹਰਿਜਨ ਪਿਆਏ ਅੰਮ੍ਰਿਤ ਜਾਮ, ਨਿਝਰ ਝਿਰਨਾ ਆਪ ਝਿਰਾਈਆ । ਜਗਤ ਅੰਧੇਰਾ ਮੇਟੇ ਸ਼ਾਮ, ਸਾਚਾ ਨੂਰ ਕਰ ਰੁਸ਼ਨਾਈਆ । ਸ਼ਬਦ ਅਗੰਮੀ ਮਾਰੇ ਬਾਣ, ਚਿੱਲਾ ਤੀਰ ਕਮਾਨ ਉਠਾਈਆ । ਲੇਖਾ ਜਾਣੇ ਚਤੁਰ ਸੁਘੜ ਸੁਜਾਨ, ਅਭੁਲ ਭੁਲ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਰਾਮ ਉਪਾਇਆ ਰਾਮ ਰਾਜ, ਰਾਮ ਰਾਮ ਵੱਜੀ ਵਧਾਈਆ । ਸਤਿਜੁਗ ਤ੍ਰੇਤਾ ਦੁਆਪਰ ਚਲ ਆਇਆ ਬਣ , ਕਲਜੁਗ ਅੰਤਮ ਵੇਖ ਵਖਾਈਆ । ਨਿਰਗੁਣ ਸਰਗੁਣ ਦੇਵੇ ਦਾਜ, ਨਾਮ ਭੰਡਾਰਾ ਇਕ ਵਰਤਾਈਆ । ਨਾਤਾ ਤੋੜੇ ਜਗਤ ਲਾਜ, ਲੋਕ ਲਾਜ ਰਹਿਣ ਨਾ ਪਾਈਆ । ਜਗਤ ਮੁਲੰਮਾ ਲਾਹੇ ਪਾਜ, ਕੰਚਨ ਰੂਪ ਆਪ ਵਟਾਈਆ । ਕਿਰਪਾ ਕਰੇ ਗ਼ਰੀਬ ਨਿਵਾਜ਼, ਗ਼ਰੀਬ ਨਿਮਾਣੇ ਗਲੇ ਲਗਾਈਆ । ਸਚ ਚੜ੍ਹਾਏ ਇਕ ਜਹਾਜ਼, ਨਾਮ ਨਈਆ ਰਾਮ ਰਖਾਈਆ । ਸ਼ਬਦ ਅਗੰਮੀ ਮਾਰੇ ਅਵਾਜ਼, ਸੋਈ ਸੁਰਤ ਮਾਤ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਘਰ ਦਏ ਵਡਿਆਈਆ । ਏਕਾ ਘਰ ਵਸਿਆ ਰਾਮ, ਰਾਮ ਰੂਪ ਅਖਵਾਇੰਦਾ । ਹੱਡ ਮਾਸ ਨਾੜੀ ਨਾ ਦਿਸੇ ਚਾਮ, ਹੱਡ ਮਾਸ ਨਾੜੀ ਰਤ ਮੇਲ ਮਿਲਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਕਿਸੇ ਨਾ ਲਏ ਆਣ, ਲੱਖ ਚੁਰਾਸੀ ਹੁਕਮ ਸੁਣਾਇੰਦਾ । ਸ਼ਬਦ ਅਨਾਦ ਧੁਰ ਫ਼ਰਮਾਨ, ਧੁਰ ਦੀ ਬਾਣੀ ਬਾਣ ਲਗਾਇੰਦਾ । ਜਨ ਭਗਤਾਂ ਦੇਵੇ ਸਾਚਾ ਮਾਣ, ਮਾਣ ਨਿਮਾਣਿਆਂ ਆਪ ਹੋ ਆਇੰਦਾ । ਨੌਂ ਖੰਡ ਪ੍ਰਿਥਮੀ ਵਿਚੋਂ ਲਏ ਪਛਾਣ, ਜਿਸ ਜਨ ਆਪਣਾ ਬੰਧਨ ਪਾਇੰਦਾ । ਕੋਟਨ ਕੋਟ ਰਸਨਾ ਜਿਹਵਾ ਗਾਣ, ਰਾਮ ਨਜ਼ਰ ਕਿਸੇ ਨਾ ਆਇੰਦਾ । ਲੱਖ ਚੁਰਾਸੀ ਬੈਠੀ ਬਣ ਅਨਜਾਣ, ਬੁੱਧ ਬਬੇਕ ਨਾ ਕੋਇ ਕਰਾਇੰਦਾ । ਮਾਇਆ ਮਮਤਾ ਮੋਹ ਹੋਈ ਬਲਵਾਨ, ਦਰ ਦਰ ਘਰ ਘਰ ਡੰਕ ਵਜਾਇੰਦਾ । ਨਾਤਾ ਜੁੜਿਆ ਪੰਜ ਸ਼ੈਤਾਨ, ਕਾਮ ਕਰੋਧ ਲੋਭ ਮੋਹ ਹੰਕਾਰ ਸਰਬ ਹਲਕਾਇੰਦਾ । ਜੂਠ ਝੂਠ ਬੇਈਮਾਨ, ਸਾਚਾ ਧਰਮ ਨਾ ਕੋਇ ਧਰਾਇੰਦਾ । ਆਸਾ ਤ੍ਰਿਸ਼ਨਾ ਭਰੀ ਨਾ ਖਾਣ, ਮਤ ਮੋਹ ਨਾ ਕੋਇ ਛੁਡਾਇੰਦਾ । ਪੜ੍ਹ ਪੜ੍ਹ ਵਿਦਿਆ ਥੱਕੇ ਵੇਦ ਪੁਰਾਣ, ਆਤਮ ਬ੍ਰਹਮ ਨਾ ਕੋਇ ਦ੍ਰਿੜਾਇੰਦਾ । ਹਵਣ ਧੂਪ ਕਰੇ ਜਹਾਨ, ਸਚ ਸਮਗਰੀ ਹੱਥ ਨਾ ਕੋਇ ਰਖਾਇੰਦਾ । ਰਾਮ ਰਾਮ ਕਰਨ ਪਰਨਾਮ, ਰਾਮ ਸੀਸ ਜਗਦੀਸ਼ ਨਾ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਰਾਮ ਸਰਬ ਸਮਾਇੰਦਾ । ਏਕਾ ਰਾਮ ਸਰਬ ਸਮਾਇਆ, ਦਸਰਥ ਬੇਟਾ ਰਾਮ ਅਖਵਾਈਆ । ਏਕਾ ਰਾਮ ਘਟ ਘਟ ਆਸਣ ਲਾਇਆ, ਏਕਾ ਬੈਠਾ ਮੁਖ ਛੁਪਾਈਆ । ਏਕਾ ਹਰਿਜਨ ਲਏ ਜਗਾਇਆ, ਜੁਗਾ ਜੁਗੰਤਰ ਵੇਖ ਵਖਾਈਆ । ਏਕਾ ਆਪਣਾ ਨਾਉਂ ਦਏ ਦ੍ਰਿੜਾਇਆ, ਏਕਾ ਨਾਮ ਕਰੇ

ਪੜ੍ਹਾਈਆ । ਏਕਾ ਮੰਦਰ ਦਏ ਵਖਾਇਆ, ਉਚ ਅਟਲ ਮਨਾਰ ਸੁਹਾਈਆ । ਏਕਾ ਜੋਤੀ ਜੋਤ ਦਏ ਜਗਾਇਆ, ਨਿਰਗੁਣ ਜੋਤ ਨੂਰ ਰੁਸ਼ਨਾਈਆ । ਏਕਾ ਕਿਲਾ ਕੋਟ ਦਏ ਬਣਾਇਆ, ਚਾਰ ਦੀਵਾਰ ਨਾ ਕੋਇ ਰਖਾਈਆ । ਏਕਾ ਸ਼ਬਦ ਨਗਾਰੇ ਚੋਟ ਦਏ ਲਗਾਇਆ, ਲੱਖ ਚੁਰਾਸੀ ਸੋਈ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਰਾਮ ਰਾਮ ਸਮਝਾਈਆ । ਏਕਾ ਰਾਮ ਰਾਮ ਜੀ ਦਾਸ, ਦਾਸੀ ਦਾਸ ਸੇਵ ਕਮਾਇੰਦਾ । ਏਕਾ ਹਰਿਜਨ ਵਸੇ ਪਾਸ, ਆਦਿ ਜੁਗਾਦਿ ਵਿਛੜ ਨਾ ਜਾਇੰਦਾ । ਏਕਾ ਦੇਵੇ ਪਵਣ ਸਵਾਸ, ਪਵਣ ਪਵਣ ਖੇਲ ਖਿਲਾਇੰਦਾ । ਏਕਾ ਲੇਖਾ ਜਾਣੇ ਦਸ ਦਸ ਮਾਸ, ਮਾਤ ਗਰਭ ਵੇਖ ਵਖਾਇੰਦਾ । ਏਕਾ ਦੇਵੇ ਸਾਸ ਗਰਾਸ, ਏਕਾ ਆਲਸ ਨਿੰਦਰਾ ਮੋਹ ਚੁਕਾਇੰਦਾ । ਏਕਾ ਕਾਇਆ ਮੰਡਲ ਪਾਵੇ ਰਾਸ, ਗੋਪੀ ਕਾਹਨ ਆਪ ਨਚਾਇੰਦਾ । ਏਕਾ ਨਿਰਮਲ ਜੋਤ ਕਰੇ ਪਰਕਾਸ਼, ਅਗਿਆਨ ਅੰਧੇਰ ਚੁਕਾਇੰਦਾ । ਏਕਾ ਲੇਖਾ ਜਾਣੇ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਸੋਭਾ ਪਾਇੰਦਾ । ਏਕਾ ਵਿਸ਼ਨ ਬ੍ਰਹਮਾ ਸ਼ਿਵ ਕਰੇ ਦਾਸੀ ਦਾਸ, ਸੇਵਕ ਸੇਵਾ ਸਚ ਸਮਝਾਇੰਦਾ । ਏਕਾ ਆਦਿ ਜੁਗਾਦਿ ਨਾ ਜਾਏ ਵਿਨਾਸ, ਜੁਗ ਜੁਗ ਆਪਣਾ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਾਮ ਰਾਮਾ ਵੇਖ ਵਖਾਇੰਦਾ । ਰਾਮ ਚੰਦ ਵੇਖਿਆ ਰਾਮ ਰਾਮਾ ਕਥ ਕਥੀ ਨਾ ਜਾਈਆ । ਹਰਿਜਨ ਲਿਖਣਹਾਰਾ ਲੇਖ, ਲੇਖਾ ਲੇਖੇ ਰਿਹਾ ਵਖਾਈਆ । ਮੁੱਛ ਦਾੜ੍ਹੀ ਨਾ ਦਿਸੇ ਕੇਸ, ਸੋ ਰਾਮ ਸਰਬ ਗੋਸਾਈਆਂ । ਤਿਸ ਅੱਗੇ ਚਲੇ ਨਾ ਕੋਈ ਕਿਸੇ ਪੇਸ਼, ਲੱਖ ਚੁਰਾਸੀ ਘੜੇ ਭੰਨੇ ਘੜਨ ਭੰਨਣਹਾਰ ਆਪ ਅਖਵਾਈਆ । ਜਨ ਭਗਤਾਂ ਦੇਵੇ ਸਚ ਸੰਦੇਸ਼, ਏਕਾ ਰਾਮ ਨਾਮ ਵਡਿਆਈਆ । ਦਾਤਾ ਦਾਨੀ ਵਡ ਮਰਗੇਸ਼, ਨਰ ਨਰੇਸ਼ ਸੱਚਾ ਸ਼ਹਿਨਸ਼ਾਹੀਆ । ਟਿੱਲੇ ਪਰਬਤ ਰਿਹਾ ਵੇਖ, ਡੂੰਘੀ ਕੰਦਰ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਉਠਾਈਆ । ਰਾਮ ਪਾਇਆ ਰਾਮ ਰਘੁਨਾਥ, ਰਘਪਤ ਆਪਣੀ ਦਇਆ ਕਮਾਇੰਦਾ । ਦੀਨਾਂ ਬੰਧਪ ਦੀਨਾਂ ਸਾਥ, ਦੀਨਣ ਆਪਣਾ ਸੰਗ ਨਿਭਾਇੰਦਾ । ਸਗਲ ਵਸੂਰੇ ਜਾਇਣ ਲਾਥ, ਜਿਸ ਜਨ ਆਪਣਾ ਦਰਸ ਵਖਾਇੰਦਾ । ਏਕਾ ਰਾਮ ਏਕਾ ਪੂਜਾ ਪਾਠ, ਇਸ਼ਟ ਦੇਵ ਇਕ ਹੋ ਜਾਇੰਦਾ । ਏਕਾ ਤੀਰਥ ਏਕਾ ਤਾਟ, ਸਰ ਸਰੋਵਰ ਇਕ ਨੁਹਾਇੰਦਾ । ਇਕ ਦੁਆਰਾ ਏਕਾ ਹਾਟ, ਏਕਾ ਮੰਦਰ ਸੋਭਾ ਪਾਇੰਦਾ । ਏਕਾ ਭੂਸ਼ਨ ਏਕਾ ਖਾਟ, ਏਕਾ ਬਸਤਰ ਆਪ ਸੁਹਾਇੰਦਾ । ਏਕਾ ਪਾਂਧੀ ਏਕਾ ਵਾਟ, ਏਕਾ ਪੰਧ ਆਪ ਮੁਕਾਇੰਦਾ । ਨਾ ਕੋਈ ਵਰਨ ਨਾ ਕੋਈ ਜ਼ਾਤ, ਨਿਰਗੁਣ ਆਪਣਾ ਖੇਲ ਖਿਲਾਇੰਦਾ । ਸਰਬ ਜੀਆਂ ਦਾ ਕਮਲਾਪਾਤ, ਕਵਲ ਨੈਣ ਰੂਪ ਧਰਾਇੰਦਾ । ਹਰਿਜਨ ਮੇਲਾ ਹਰਿ ਹਰਿ ਮਾਈ ਬਾਪ, ਪਿਤਾ ਪੂਤ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵੇਲਾ ਆਪ ਸੁਹਾਇੰਦਾ । ਰਾਮ ਪਾਇਆ ਰਾਮ ਰਘਵੰਸ, ਭੇਵ ਕੋਇ ਨਾ ਜਾਣਿਆ । ਲੇਖਾ ਜਾਣੇ ਕੋਟਨ ਕੋਟ ਜਨਮ ਸਹੰਸ, ਸਹੰਸਰ ਰੂਪ ਸ੍ਰੀ ਭਗਵਾਨਿਆ । ਆਪੇ ਜਾਣੇ ਆਪਣਾ ਬੰਸ, ਸਰਬੰਸ ਕਰ ਪਰਧਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਦਰ ਕਰੇ ਪਰਵਾਨਿਆ । ਦਰ ਪਰਵਾਨ ਕਰੇ ਰਾਮ, ਰਾਮ ਚੰਦ ਵਡਿਆਈਆ । ਕਵਲ ਚਰਨ ਚਰਨ ਕਵਲ ਬਖ਼ਸ਼ੇ ਇਕ ਧਿਆਨ, ਬੰਦੀ ਬੰਦ ਬੰਦ ਬੰਧਨ ਦਏ ਤੁੜਾਈਆ । ਆਤਮ ਅੰਤਰ ਇਕ ਗਿਆਨ, ਗੀਤ ਸੁਹਾਗੀ ਛੰਦ ਸੁਣਾਈਆ । ਚਤੁਰ ਸੁਘੜ ਬਣਾਏ ਬਾਲ ਅਵਾਣ, ਜਿਸ ਜਨ ਆਪਣੀ ਦਇਆ ਕਮਾਈਆ । ਨਾਤਾ ਤੁੱਟੇ ਜੀਵ ਜਹਾਨ,

ਹਰਿ ਸੰਗਤ ਮੇਲ ਮਿਲਾਈਆ । ਅੰਮ੍ਰਿਤ ਆਤਮ ਪੀਣ ਖਾਣ, ਰਸਨਾ ਰਸ ਨਾ ਕੋਇ ਵਖਾਈਆ । ਸਾਚੇ ਮੰਦਰ ਹੋ ਪਰਧਾਨ, ਕਾਇਆ ਬੰਕ ਦਏ ਵਡਿਆਈਆ । ਰਾਮ ਨਾਮ ਸੁਣਾਏ ਏਕਾ ਕਾਨ, ਏਕਾ ਅੱਖਰ ਕਰੇ ਪੜ੍ਹਾਈਆ । ਏਕਾ ਵਸਤ ਦੇਵੇ ਦਾਨ, ਅਤੋਟ ਅਤੁਟ ਰਖਾਈਆ । ਏਕਾ ਰਾਜ ਰਾਜ ਰਾਜਾਨ, ਰਾਮ ਰਾਜਾ ਇਕ ਹੋ ਜਾਈਆ । ਏਕਾ ਸ਼ਾਹ ਇਕ ਸੁਲਤਾਨ, ਸ਼ਾਹ ਪਾਤਸ਼ਾਹ ਇਕ ਅਖਵਾਈਆ । ਏਕਾ ਤਖ਼ਤ ਬਹੇ ਹੋ ਮਿਹਰਬਾਨ, ਦੀਨਨ ਆਪਣੀ ਦਇਆ ਕਮਾਈਆ । ਏਕਾ ਸਚ ਝੁਲਾਏ ਨਿਸ਼ਾਨ, ਸਤਿ ਸਤਿਵਾਦੀ ਧਾਰ ਬੰਧਾਈਆ । ਏਕਾ ਲੇਖਾ ਜਾਣੇ ਦੋ ਜਹਾਨ, ਦੋਏ ਦੋਏ ਆਪਣਾ ਰੂਪ ਵਟਾਈਆ । ਏਕਾ ਭਗਤ ਭਗਵੰਤ ਕਰੇ ਪਰਵਾਨ, ਭਗਤਨ ਭਗਤੀ ਲੇਖੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਏਕਾ ਚਿੱਲਾ ਦਏ ਵਖਾਈਆ । ਰਾਮ ਚਿੱਲਾ ਨਾਮ ਕਮਾਨ, ਤੀਰ ਤੁਫ਼ੰਗ ਉਠਾਇੰਦਾ । ਰਾਮ ਸੂਰਾ ਨਾਮ ਬਲਵਾਨ, ਜੋਧਾ ਆਪਣਾ ਮਰਦੰਗ ਵਜਾਇੰਦਾ । ਰਾਮ ਭਗਵਨ ਨਾਮ ਦਾਨ, ਭਗਤਨ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮੰਦਰ ਆਪ ਸੁਹਾਇੰਦਾ । ਹਰਿ ਮੰਦਰ ਹਰਿ ਸੁਹੰਜਣਾ, ਸੋਭਾਵੰਤ ਸੁਹਾਏ ਰਾਮ । ਆਦਿ ਜੁਗਾਦੀ ਦਰਦ ਦੁੱਖ ਭੈ ਭੰਜਨਾ, ਜਨ ਭਗਤਾਂ ਪੂਰ ਕਰਾਏ ਕਾਮ । ਨੇਤਰ ਨਾਮ ਨਰਾਇਣ ਪਾਏ ਅੰਜਨਾ, ਜਗਤ ਅੰਧੇਰੀ ਮੇਟੇ ਸ਼ਾਮ । ਦੀਨਾਂ ਨਾਥ ਦਰਦ ਦੁੱਖ ਭੈ ਭੰਜਨਾ, ਹਰਿਜਨ ਪਕੜੇ ਆਪਣਾ ਦਾਮ । ਦੋ ਜਹਾਨ ਰੱਖੇ ਲੱਜਨਾ, ਚਰਨ ਕਵਲ ਕਵਲ ਚਰਨ ਦੇਵੇ ਮਾਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਚੰਦ ਕਰੇ ਪਰਧਾਨ । ਸਾਚਾ ਚੰਦ ਸੀਤਲ ਧਾਰ, ਕਿਰਨ ਕਿਰਨ ਟਪਕਾਈਆ । ਲੋਕਮਾਤ ਦਏ ਆਧਾਰ, ਨੂਰ ਨੂਰ ਵਿਚ ਸਮਾਈਆ । ਅੱਠੇ ਪਹਿਰ ਇਕ ਗੁਲਜ਼ਾਰ, ਦਿਵਸ ਰੈਣ ਨਾ ਕੋਇ ਜਣਾਈਆ । ਰਸਨਾ ਗਾਏ ਏਕਾ ਰਾਮ, ਰਾਮ ਅੱਖਰ ਲਏ ਪੜ੍ਹਾਈਆ । ਏਕਾ ਰਾਮ ਇਕ ਅਵਤਾਰ, ਇਕ ਦਰਬਾਰ ਦਏ ਸਮਝਾਈਆ । ਏਕਾ ਖੇੜਾ ਕਰ ਤਿਆਰ, ਏਕਾ ਮੰਦਰ ਦਏ ਬਹਾਈਆ । ਏਕਾ ਬੇੜਾ ਲਾਵੇ ਪਾਰ, ਭਵ ਸਾਗਰ ਹੋਏ ਸਹਾਈਆ । ਏਕਾ ਰਾਹ ਤੱਕੇ ਸਾਚੇ ਯਾਰ, ਨੇਤਰ ਨੈਣ ਨੈਣ ਉਠਾਈਆ । ਏਕਾ ਉਠ ਉਠ ਵੇਖੇ ਵਾਰੋ ਵਾਰ, ਵੇਖਣਹਾਰਾ ਦਿਸ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਾਮ ਰਾਮ ਰਹੇ ਸ਼ਰਨਾਈਆ । ਰਾਮ ਰਾਜਾ ਰਾਮ ਸਰਨਾਗਤ, ਰਾਮ ਰਾਮ ਨਿਮਸਕਾਰਿਆ । ਰਾਮ ਰੱਖੇ ਹਰਿਜਨ ਪਤ, ਰਾਮ ਰਾਮ ਲਏ ਅਧਾਰਿਆ । ਰਾਮ ਧੀਰਜ ਰਾਮ ਜਤ, ਰਾਮ ਸਤਿ ਸੰਤੋਖ ਸੁਣਾ ਰਿਹਾ । ਰਾਮ ਪੂਜਾ ਰਾਮ ਪਾਠ, ਰਾਮ ਰਸਨਾ ਜਿਹਵਾ ਕਰੇ ਪੁਕਾਰਿਆ । ਰਾਮ ਸਰੋਵਰ ਰਾਮ ਠਾਠ, ਤੱਟ ਕਿਨਾਰਾ ਰਾਮ ਅਖਵਾ ਰਿਹਾ । ਰਾਮ ਪਿਤਾ ਰਾਮ ਮਾਤ, ਪੂਤ ਸਪੂਤਾ ਰਾਮ ਜਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਾਮ ਰਾਮ ਮੇਲ ਮਿਲਾ ਲਿਆ । ਰਾਮ ਅੰਦਰ ਰਾਮ ਵੜਿਆ, ਰੰਗ ਆਪਣਾ ਆਪ ਰੰਗਾਈਆ । ਰਾਮ ਪੌੜ੍ਹੇ ਰਾਮ ਚੜ੍ਹਿਆ, ਰਾਮ ਰਾਮ ਵੇਖ ਵਖਾਈਆ । ਰਾਮ ਦੂਆ ਰਾਮ ਤ੍ਰੀਆ, ਰਾਮ ਰਾਮ ਕਰੇ ਪੜ੍ਹਾਈਆ । ਰਾਮ ਰੂਪ ਰਾਮ ਘੜਿਆ, ਵੇਖਣਹਾਰ ਰਾਮ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਰਾਮ ਦਏ ਵਡਿਆਈਆ । ਰਾਮ ਸੇਵਕ ਰਾਮ ਸੇਵਾਦਾਰ, ਰਾਮ ਸੇਵਾ ਰਾਮ ਕਮਾਈਆ । ਰਾਮ ਰੰਗ ਸਰਬ ਸੰਸਾਰ, ਰੰਗ ਰੰਗੀਲਾ ਰਾਮ ਅਖਵਾਈਆ । ਰਾਮ ਹਰਿਜਨ ਸਾਚੇ ਕਰੇ ਪਿਆਰ, ਹਰਿਜਨ ਸਾਚਾ ਰਾਮ ਸਮਾਈਆ । ਜਗਤ ਕ਼ਬੀਲਾ ਅਪਰ

ਅਪਾਰ, ਗੁਰਮੁਖ ਹਰਿ ਹਰਿ ਹਰਿਜਨ ਆਪ ਉਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਸੇਵਾ ਆਪਣੇ ਲੇਖੇ ਪਾਈਆ । ਰਾਮ ਸੇਵਾ ਰਾਮ ਕਰ ਕਰ, ਚੰਦ ਚਕੋਰ ਮਸਤਾਨਿਆ । ਰਾਮ ਵੇਖੇ ਰਾਮ ਘਰ ਘਰ, ਦੂਰ ਦੁਰਾਡਾ ਪੰਧ ਮੁਕਾਨਿਆ । ਰਾਮ ਚੁਕਾਏ ਰਾਮ ਡਰ ਡਰ, ਨਿਰਭਉ ਭੈ ਨਾ ਕੋਇ ਵਖਾਨਿਆ । ਰਾਮ ਲੇਖਾ ਚੁਕਾਏ ਰਾਮ ਰਾਮ, ਰਾਮ ਰਾਮ ਕਰੇ ਪਰਵਾਨਿਆ । ਰਾਮ ਅਗਨੀ ਰਾਮ ਸੜ ਸੜ, ਰਾਮ ਲੇਖਾ ਜਾਣੇ ਦੋ ਜਹਾਨਿਆਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸ੍ਰੀ ਭਗਵਾਨਿਆ । ਰਾਮ ਸੇਵਾ ਰਾਮ ਦੁਆਰ, ਰਾਮ ਰਾਮ ਰਹੀ ਜਸ ਗਾਈਆ । ਰਾਮ ਸ਼ਾਹ ਰਾਮ ਭਿਖਾਰ, ਰਾਮ ਮੰਗੇ ਦੇਵਣਹਾਰ ਰਾਮ ਅਖਵਾਈਆ । ਰਾਮ ਭਿਖਕ ਰਾਮ ਦਰਵੇਸ਼ ਰਾਮ ਸ਼ਾਹ ਸੁਲਤਾਨ, ਸ਼ਾਹ ਪਾਤਸ਼ਾਹ ਰਾਮ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਭੰਡਾਰ ਇਕ ਵਖਾਈਆ । ਰਾਮ ਭੰਡਾਰ ਰਾਮ ਵਰਤਾਰਾ, ਰਾਮ ਆਪਣੀ ਮੰਗ ਮੰਗਾਈਆ । ਰਾਮ ਵਸਤ ਹਰਿ ਏਕਾ ਥਾਰਾ, ਦੂਸਰ ਵਸਤ ਨਾ ਕੋਈ ਰਖਾਈਆ । ਰਾਮ ਰਾਮ ਦਏ ਕਰ ਪਿਆਰਾ, ਪੀਆ ਪ੍ਰੀਤਮ ਇਕ ਜਣਾਈਆ । ਰਾਮ ਕੰਤ ਰਾਮ ਨਾਰਾ, ਰਾਮ ਰਾਮ ਲਏ ਪਰਨਾਈਆ । ਰਾਮ ਸੇਜਾ ਰਾਮ ਸੁੱਤਾ ਪੈਰ ਪਸਾਰਾ, ਰਾਮ ਭਤਾਰਾ ਖ਼ੁਸ਼ੀ ਮਨਾਈਆ । ਰਾਮ ਰੂਪ ਰਾਮ ਸ਼ਿੰਗਾਰਾ, ਰਾਮ ਨੇਤਰ ਨੈਣ ਰਿਹਾ ਮਟਕਾਈਆ । ਰਾਮ ਨੂਰ ਰਾਮ ਉਜਿਆਰਾ, ਰਾਮ ਜੋਤ ਜੋਤ ਰੁਸ਼ਨਾਈਆ । ਰਾਮ ਦੂਲ੍ਹਾ ਰਾਮ ਦੂਲ੍ਹਣ ਰਾਮ ਵਿਚੋਲਾ ਬਣ ਸੰਸਾਰਾ, ਰਾਮ ਰਾਮ ਕਰੇ ਕੁੜਮਾਈਆ । ਰਾਮ ਅੰਮ੍ਰਿਤ ਬਖ਼ਸ਼ੇ ਠੰਡਾ ਠਾਰਾ, ਅੰਮ੍ਰਿਤ ਧਾਰਾ ਰਾਮ ਚੁਆਈਆ । ਸੌਹਰੇ ਪੇਈਏ ਰਾਮ ਪਿਆਰਾ, ਲੇਖਾ ਜਾਣੇ ਵਾਰੋ ਵਾਰਾ, ਆਵਣ ਜਾਵਣ ਆਪਣਾ ਖੇਲ ਖਿਲਾਈਆ । ਚੰਦ ਚਕੋਰ ਦਏ ਸਹਾਰਾ, ਆਲਸ ਨਿੰਦਰਾ ਕਰ ਖਵਾਰਾ, ਨੈਣ ਨੈਣ ਲਏ ਮਿਲਾਈਆ । ਜਿਸ ਜਨ ਖੋਲ੍ਹੇ ਬੰਦ ਕਿਵਾੜਾ, ਅੱਠੇ ਪਹਿਰ ਸ਼ਬਦ ਅਗੰਮੀ ਵੱਜੇ ਤਾੜਾ, ਅਨਹਦ ਨਾਦ ਨਾਦ ਵਜਾਈਆ । ਮੰਦਰ ਸੋਹੇ ਬੰਕ ਦੁਆਰਾ, ਹੋਏ ਪਰਕਾਸ਼ ਡੂੰਘੀ ਗਾਰਾ, ਸਾਚਾ ਚੰਦ ਚੰਦ ਚੜ੍ਹਾਈਆ । ਚੇਤਨ ਮਿਲੇ ਰੂਪ ਨਿਰੰਕਾਰਾ, ਬਾਤਨ ਸੁਣੇ ਆਪ ਪੁਕਾਰਾ, ਅੰਤਰ ਮੰਦਰ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਰਾਮ ਏਕਾ ਚੰਦ, ਇਕ ਚਕੋਰ ਰੂਪ ਧਰਾਈਆ । ਰਾਮ ਚੰਦ ਮਾਤ ਚਕੋਰ, ਨੇਤਰ ਨੈਣ ਉਠਾਇਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਆਪਣਾ ਨੇਤਰ ਆਪੇ ਖੋਲ੍ਹ, ਵੇਖਣਹਾਰਾ ਵੇਖਣ ਆਇਆ । ਤ੍ਰੇਤਾ ਦੁਆਪਰ ਰਿਹਾ ਅਨਭੋਲ, ਕਲਜੁਗ ਭੇਵ ਚੁਕਾਇਆ । ਕਲਜੁਗ ਕੰਢੀ ਬੈਠਾ ਅਡੋਲ, ਅਡੋਲ ਲਏ ਮਿਲਾਇਆ । ਸਾਚੇ ਕੰਡੇ ਤੋਲੇ ਤੋਲ, ਏਕਾ ਵੱਟਾ ਨਾਮ ਰਖਾਇਆ । ਜਗਤ ਪੱਥਰਾਂ ਵਿਚੋਂ ਲਏ ਫੋਲ, ਮਾਣਕ ਮੋਤੀ ਹੀਰਾ ਲਾਲ ਅਨਮੁਲੜਾ ਆਪਣੇ ਹੱਥ ਰਖਾਇਆ । ਸਦਾ ਸੁਹੇਲਾ ਰੱਖੇ ਕੋਲ, ਆਪ ਆਪਣੇ ਰੰਗ ਰੰਗਾਇਆ । ਰਾਮ ਅੰਦਰ ਰਾਮ ਗਿਆ ਮੌਲ, ਫੁੱਲ ਫੁਲਵਾੜੀ ਆਪ ਮਹਿਕਾਇਆ । ਰਾਮ ਵਜੌਣਾ ਰਾਮ ਢੋਲ, ਰਾਮ ਰਾਮਾ ਘਰ ਮੇਂ ਪਾਇਆ । ਜਿਸ ਦੇ ਗੌਂਦੇ ਰਹੇ ਬੋਲ, ਸੋ ਬੋਲ ਸੁਨਾਵਣ ਆਪਣੀ ਸੇਵ ਕਮਾਈਆ । ਆਂਢ ਗੁਆਂਢ ਨਾ ਰਹੇ ਅਨਭੋਲ, ਪੁਰਖ ਅਬਿਨਾਸ਼ੀ ਵੇਸ ਵਟਾਇਆ । ਕਰ ਕਿਰਪਾ ਪਰਦਾ ਜਾਏ ਖੋਲ੍ਹ, ਜਿਸ ਜਨ ਨੇਤਰ ਦਰਸ਼ਨ ਪਾਇਆ । ਹਰਿ ਨਾਮ ਵਸਤ ਅਮੋਲ, ਰਾਮ ਰਾਮ ਰਿਹਾ ਵਰਤਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਦੇਵੇ ਆਪਣਾ ਦਾਨ, ਆਪ ਆਪਣਾ ਰੰਗ ਰੰਗਾਇਆ ।

## ★ ੧੧ ਜੇਠ ੨੦੧੮ ਬਿਕ੍ਰਮੀ ਮਲੂਕਾ ਰਾਮ ਦੇ ਘਰ ਪਿੰਡ ਦੇਵਾ ਜੰਮੂ ★

ਏਕਾ ਓਟ ਰਾਖੇ ਹਰਿ, ਹਰਿ ਬਿਨ ਅਵਰ ਨਾ ਕੋਇ ਤਰਾਇੰਦਾ । ਨਿਰਭਉ ਚੁਕਾਏ ਜਗਤ ਡਰ, ਭੈ ਭਿਆਨਕ ਨਾ ਕੋਇ ਵਖਾਇੰਦਾ । ਸੱਚਾ ਵਖਾਏ ਏਕਾ ਘਰ, ਦਰ ਦਰਵਾਜ਼ਾ ਆਪ ਖੁਲ੍ਹਾਇੰਦਾ । ਹਰਿਜਨ ਬਣਾਏ ਸਾਚੇ ਸਰ, ਅੰਮ੍ਰਿਤ ਸਰੋਵਰ ਤਾਲ ਭਰਾਇੰਦਾ । ਕਰ ਕਿਰਪਾ ਜਨ ਵਿਰਲੇ ਫੜ, ਨਾਮ ਡੋਰੀ ਬੰਧਨ ਪਾਇੰਦਾ । ਡੂੰਘੀ ਭਵਰੀ ਆਪੇ ਵੜ, ਕਾਇਆ ਕਵਰੀ ਫੋਲ ਫੁਲਾਇੰਦਾ । ਲੇਖਾ ਜਾਣੇ ਚੋਟੀ ਜੜ੍ਹ, ਮਧ ਆਪਣਾ ਰੰਗ ਰੰਗਾਇੰਦਾ । ਸਰਨ ਸਰਨਾਈ ਸਰਨਗਤ ਜੋ ਜਨ ਜਾਏ ਪੜ, ਪਰਮ ਪੁਰਖ ਵੇਖ ਵਖਾਇੰਦਾ । ਲੇਖਾ ਚੁੱਕੇ ਨਾਰੀ ਨਰ, ਨਰ ਨਰਾਇਣ ਲੇਖ ਮਿਟਾਇੰਦਾ । ਨਾ ਜਨਮੇ ਨਾ ਜਾਏ ਮਰ, ਲੱਖ ਚੁਰਾਸੀ ਫੰਦ ਕਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਓਟ ਇਕ ਸਮਝਾਇੰਦਾ । ਏਕਾ ਓਟ ਅਲਖ ਅਪਾਰ, ਲੇਖਾ ਲੇਖ ਨਾ ਲਿਖਿਆ ਜਾਈਆ । ਡੁਬਦੇ ਪਾਹਿਨ ਲਾਏ ਪਾਰ, ਪਰਬਤ ਚੋਟੀ ਆਪ ਤਰਾਈਆ । ਦੇਵੇ ਨਾਮ ਗੁਣ ਨਿਧਾਨ, ਗੁਣ ਅੰਤਰ ਕਹਿਣ ਨਾ ਜਾਈਆ । ਲੇਖਾ ਜਾਣੇ ਬਿਰਧ ਬਾਲ ਨੌਜਵਾਨ, ਹਰ ਘਟ ਆਪਣਾ ਖੇਲ ਖਿਲਾਈਆ । ਹਰਿਜਨ ਵਿਰਲਾ ਚਤੁਰ ਸੁਜਾਨ, ਜਿਸ ਜਨ ਦਰ ਘਰ ਬੂਝ ਬੁਝਾਈਆ । ਆਤਮ ਜੋਤੀ ਨੂਰ ਮਹਾਨ, ਦੀਆ ਦੀਪਕ ਆਪ ਟਿਕਾਈਆ । ਸ਼ਬਦੀ ਸ਼ਬਦ ਧੁਰ ਫ਼ਰਮਾਨ, ਸਚ ਸੰਦੇਸ਼ਾ ਸਤਿ ਸੁਣਾਈਆ । ਏਕਾ ਓਟ ਸ੍ਰੀ ਭਗਵਾਨ, ਦੂਸਰ ਦਰ ਨਾ ਮੰਗਣ ਜਾਈਆ । ਕਿਲਾ ਕੋਟ ਵਿਚ ਜਹਾਨ, ਗੁਰ ਚਰਨ ਵਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਘਰ ਦਏ ਵਖਾਈਆ । ਏਕਾ ਓਟ ਨਾਮ ਸਹਾਰਾ, ਸਹਿੰਸਾ ਰੋਗ ਰਹਿਣ ਨਾ ਪਾਈਆ । ਏਕਾ ਰਾਮ ਦਏ ਆਧਾਰਾ, ਏਕਾ ਘਰ ਦਏ ਵਸਾਈਆ । ਇਕ ਵਖਾਏ ਪਾਰ ਕਿਨਾਰਾ, ਮੰਝਧਾਰ ਨਾ ਕੋਇ ਰੁੜ੍ਹਾਈਆ । ਏਕਾ ਖੋਲ੍ਹੇ ਬੰਦ ਕਿਵਾੜਾ, ਦੂਈ ਦਵੈਤੀ ਪਰਦਾ ਦਏ ਉਠਾਈਆ । ਏਕਾ ਮੇਟੇ ਅਗਨੀ ਤੱਤ ਹਾੜ੍ਹਾ, ਸੀਤਲ ਸਾਂਤਕ ਧਾਰ ਚੁਆਈਆ । ਏਕਾ ਜੋਤ ਪਰਕਾਸ਼ ਕਰੇ ਬਹੱਤਰ ਨਾੜਾ, ਅਗਿਆਨ ਅੰਧੇਰ ਮਿਟਾਈਆ । ਏਕਾ ਸਖ਼ੀਆਂ ਗਾਏ ਮੰਗਲਾਚਾਰਾ, ਗੀਤ ਗੋਬਿੰਦ ਇਕ ਅਲਾਈਆ । ਏਕਾ ਮੰਦਰ ਸੁਹਾਏ ਸਚ ਦੁਆਰਾ, ਸੋਭਾਵੰਤ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੀਸ ਜਗਦੀਸ਼ ਹੱਥ ਰਖਾਈਆ । ਏਕਾ ਓਟ ਸ੍ਰੀ ਭਗਵਾਨ, ਭਗਵਨ ਏਕਾ ਰੰਗ ਰੰਗਾਇੰਦਾ । ਆਦਿ ਜੁਗਾਦਿ ਸਦਾ ਮਿਹਰਵਾਨ, ਹਰਿਜਨ ਸਾਚੇ ਵੇਖ ਵਖਾਇੰਦਾ । ਲੇਖਾ ਜਾਣੇ ਗੋਪੀ ਕਾਹਨ, ਕਾਹਨ ਆਪ ਨਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਖੇਲ ਖਿਲਾਇੰਦਾ । ਏਕਾ ਓਟ ਪੁਰਖ ਸਮਰਥ, ਦੂਸਰ ਦਰ ਨਾ ਮੰਗਣ ਜਾਈਆ । ਕਾਇਆ ਚੋਲੀ ਚਲਾਏ ਰਥ, ਰਥ ਰਥਵਾਹੀ ਸੇਵ ਕਮਾਈਆ । ਨਾਮ ਅਨਮੁਲ ਦੇਵੇ ਵਥ, ਵਸਤ ਅਮੋਲਕ ਝੋਲੀ ਪਾਈਆ । ਆਪਣੀ ਮਹਿੰਮਾ ਸੁਣਾਏ ਅਕਥ, ਰਸਨਾ ਜਿਹਵਾ ਕਥ ਨਾ ਸਕੇ ਰਾਈਆ । ਲੇਖਾ ਜਾਣੇ ਰਾਮਾ ਦਸਰਥ, ਦਹਿਸਰ ਰਾਵਣ ਆਪੇ ਘਾਈਆ । ਨਾਤਾ ਤੋੜੇ ਤੱਤ ਅੱਠ, ਨੌਂ ਦਰ ਵੇਖੇ ਥਾਉਂ ਥਾਈਂਆ । ਏਕਾ ਰੂਪ ਬਣਾਏ ਸਤਿ, ਸਤਿ ਸਤਿਵਾਦੀ ਏਕਾ ਰੂਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਓਟ ਹਰਿ ਚਰਨ ਸਰਨ, ਸਰਨ ਚਰਨ ਇਕ ਜਣਾਈਆ । ਏਕਾ ਓਟ ਪੁਰਖ ਅਕਾਲ, ਅਕਲ ਕਲ ਆਪਣੀ ਖੇਲ ਖਿਲਾਇੰਦਾ । ਦੀਨਾਂ ਬੰਧਪ ਦੀਨ ਦਿਆਲ,

ਦੀਨਾਂ ਅਨਾਥਾਂ ਦਇਆ ਕਮਾਇੰਦਾ । ਕਾਇਆ ਮੰਦਰ ਵਖਾਏ ਸੱਚੀ ਧਰਮਸਾਲ, ਘਰ ਠਾਕਰ ਮੇਲ ਮਿਲਾਇੰਦਾ । ਜਗਤ ਨਾਤਾ ਤੋੜ ਜੰਜਾਲ, ਜਾਗਰਤ ਜੋਤ ਨੂਰ ਜਗਾਇੰਦਾ । ਹਰਿਜਨ ਵੇਖੇ ਆਪਣੇ ਲਾਲ, ਪੂਤ ਸਪੂਤਾ ਗਲੇ ਲਗਾਇੰਦਾ । ਲੱਖ ਚੁਰਾਸੀ ਵਿਚੋਂ ਭਾਲ, ਮਾਣਕ ਮੋਤੀ ਆਪ ਉਠਾਇੰਦਾ । ਲੇਖਾ ਜਾਣੇ ਸ਼ਾਹ ਕੰਗਾਲ, ਊਚ ਨੀਚ ਏਕਾ ਰੰਗ ਸਮਾਇੰਦਾ । ਸ਼ਬਦ ਸਰੂਪੀ ਬਣ ਦਲਾਲ, ਦਿਲਬਰ ਦਲੀਲ ਗੁਰਮੁਖ ਆਪ ਬਦਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਮਰੀਦਾਂ ਹਾਲ, ਹਾਲ ਮਰੀਦਾਂ ਆਪ ਸੁਣਾਇੰਦਾ । ਏਕਾ ਓਟ ਪੁਰਖ ਅਬਿਨਾਸ਼ਾ, ਅਬਿਨਾਸ਼ੀ ਪੁਰਖ ਖੇਲ ਖਿਲਾਇੰਦਾ । ਏਕਾ ਘਰ ਮੰਡਲ ਰਾਸਾ, ਏਕਾ ਰੂਪ ਅਨੂਪ ਧਰਾਇੰਦਾ । ਏਕਾ ਹਰਿ ਇਕ ਭਰਵਾਸਾ, ਧੀਰਜ ਧੀਰ ਇਕ ਧਰਾਇੰਦਾ । ਏਕਾ ਚਰਨ ਕਵਲ ਦਏ ਦਿਲਾਸਾ, ਏਕਾ ਹੁਕਮੀ ਹੁਕਮ ਸੁਣਾਇੰਦਾ । ਲੇਖੇ ਲਾਏ ਪਵਣ ਸਵਾਸਾ, ਪਵਣ ਪਵਣੀ ਆਪ ਸੁਹਾਇੰਦਾ । ਜਨ ਭਗਤਾਂ ਪੂਰੀ ਕਰੇ ਆਸਾ, ਜੋ ਜਨ ਹਰਿ ਹਰਿ ਓਟ ਰਖਾਇੰਦਾ । ਨਾਤਾ ਤੋੜੇ ਦਹਿ ਦਿਸ਼ ਮਾਸਾ, ਮਾਤ ਗਰਭ ਫੰਦ ਕਟਾਇੰਦਾ । ਨਿਜ ਆਤਮ ਨਿਜ ਘਰ ਨਿਜ ਗ੍ਰਿਹਿ ਕਰ ਕਰ ਵਾਸਾ, ਤੀਜੇ ਨੇਤਰ ਆਪ ਖੁਲ੍ਹਾਇੰਦਾ । ਭਗਤ ਵਛਲ ਪੂਰੀ ਕਰੇ ਆਸਾ, ਜਗਤ ਰਾਸ ਸਰਬ ਗਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਓਟ ਏਕਾ ਦਰ ਵਖਾਇੰਦਾ । ਏਕਾ ਦਰ ਇਕ ਦਰਬਾਰਾ, ਦਰ ਦਰਵਾਜ਼ਾ ਇਕ ਖੁਲ੍ਹਾਈਆ । ਏਕਾ ਨਾਮ ਇਕ ਜੈਕਾਰਾ, ਏਕਾ ਢੋਲਾ ਰਿਹਾ ਸੁਣਾਈਆ । ਏਕਾ ਵਣਜ ਇਕ ਵਪਾਰਾ, ਏਕਾ ਹੱਟ ਰਿਹਾ ਖੁਲ੍ਹਾਈਆ । ਏਕਾ ਵਸਤ ਇਕ ਭੰਡਾਰਾ, ਏਕਾ ਰਾਮ ਰਿਹਾ ਵਰਤਾਈਆ । ਏਕਾ ਮੰਗੇ ਮੰਗਣਹਾਰਾ, ਜਿਸ ਜਨ ਆਪਣੀ ਦਇਆ ਕਮਾਈਆ । ਦੇਵੇ ਵਸਤ ਵਸਤ ਹਰਿ ਥਾਰਾ, ਤ੍ਰੈਗੁਣ ਅਤੀਤਾ ਸਾਚਾ ਮਾਹੀਆ । ਏਕਾ ਓਟ ਇਕ ਸਹਾਰਾ, ਏਕਾ ਏਕ ਹੋਏ ਸਹਾਈਆ । ਕਲਜੁਗ ਅੰਤਮ ਕਰੇ ਪਾਰ ਕਿਨਾਰਾ, ਨਈਆ ਨਾਮ ਆਪ ਚੜ੍ਹਾਈਆ । ਸੋਹੰ ਸ਼ਬਦ ਹਰਿ ਜੈਕਾਰਾ, ਬ੍ਰਹਮ ਪਾਰਬ੍ਰਹਮ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਸਚ ਪੜ੍ਹਾਈਆ ।

## ★ ੧੧ ਜੇਠ ੨੦੧੮ ਬਿਕ੍ਰਮੀ ਸਰਦਾਰ ਸਿੰਘ ਦੇ ਘਰ ਪਿੰਡ ਸਰਦਾਰੀ ਜੰਮੂ ★

ਪੁਰਖ ਅਗੰਮ ਖੇਲ ਖਿਲਾਉਣਾ, ਖੇਲੇ ਖੇਲ ਬੇਪਰਵਾਹੀਆ । ਅਲਖ ਅਗੋਚਰ ਰੂਪ ਵਟਾਉਣਾ, ਅਲਖ ਅਲਖਣਾ ਨਾਮ ਧਰਾਈਆ । ਸਚਖੰਡ ਦੁਆਰਾ ਇਕ ਸੁਹਾਉਣਾ, ਸਚਖੰਡ ਨਿਵਾਸੀ ਸੋਭਾ ਪਾਈਆ । ਨਿਰਮਲ ਜੋਤੀ ਜੋਤ ਜਗਾਉਣਾ, ਨੂਰੋ ਨੂਰ ਨੂਰ ਧਰਾਈਆ । ਤਖ਼ਤ ਨਿਵਾਸੀ ਸਾਚਾ ਤਖ਼ਤ ਸੁਹਾਉਣਾ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਰਾਜ ਰਾਜਾਨ ਆਪ ਅਖਵਾਉਣਾ, ਭੂਪਤ ਭੂਪ ਵਡੀ ਵਡਿਆਈਆ । ਸੀਸ ਜਗਦੀਸ਼ ਤਾਜ ਸੁਹਾਉਣਾ, ਰਾਜ ਜੋਗ ਸਮਝਾਈਆ । ਦਰ ਦਰਬਾਨ ਇਕ ਅਖਵਾਉਣਾ, ਸ਼ਬਦੀ ਸ਼ਬਦ ਰੂਪ ਧਰਾਈਆ । ਧੁਰ ਫ਼ਰਮਾਨਾ ਹੁਕਮ ਸੁਣਾਉਣਾ, ਹੁਕਮੀ ਹੁਕਮ ਆਪ ਵਰਤਾਈਆ । ਬ੍ਰਹਿਮੰਡ ਖੰਡ ਰਚਨ ਰਚੌਣਾ, ਗਗਨ ਮੰਡਲ ਲਏ ਉਪਾਈਆ । ਵਿਸ਼ਨ ਬ੍ਰਹਮਾ ਸ਼ਿਵ ਧਰੌਣਾ,

ਤ੍ਰੈ ਤ੍ਰੈ ਏਕਾ ਗੁਣ ਸਮਝਾਈਆ । ਏਕਾ ਮੰਦਰ ਆਪ ਬਹਾਉਣਾ, ਏਕਾ ਘਰ ਵੱਜੇ ਵਧਾਈਆ । ਏਕਾ ਰਾਗ ਨਾਦ ਸੁਣਾਉਣਾ, ਏਕਾ ਧੁਨ ਕਰੇ ਸਨਵਾਈਆ । ਏਕਾ ਮਾਰਗ ਹਰਿ ਵਖਾਉਣਾ, ਸੋ ਪੁਰਖ ਨਿਰੰਜਣ ਆਪ ਜਣਾਈਆ । ਹਰਿ ਪੁਰਖ ਨਿਰੰਜਣ ਭੇਵ ਖੁਲ੍ਹਾਉਣਾ, ਭੇਵ ਅਭੇਦ ਰਹਿਣ ਨਾ ਪਾਈਆ । ਏਕੰਕਾਰਾ ਪਰਦਾ ਲਾਉਣਾ, ਆਪ ਆਪਣਾ ਰੂਪ ਵਟਾਈਆ । ਆਦਿ ਨਿਰੰਜਣ ਡਗਮਗਾਉਣਾ, ਜਲਵਾ ਨੂਰ ਨੂਰ ਇਲਾਹੀਆ । ਸ੍ਰੀ ਭਗਵਾਨ ਧਾਮ ਸੁਹਾਉਣਾ, ਸਚਖੰਡ ਵੱਜੇ ਵਧਾਈਆ । ਅਬਿਨਾਸ਼ੀ ਕਰਤਾ ਖੇਲ ਖਿਲਾਉਣਾ, ਖੇਲੇ ਖੇਲ ਹਰਿ ਘਟ ਥਾਈਆ । ਪਾਰਬ੍ਰਹਮ ਪ੍ਰਭ ਡੰਕ ਵਜਾਉਣਾ, ਆਪਣਾ ਨਾਉਂ ਆਪ ਪਰਗਟਾਈਆ । ਆਪਣੀ ਧਾਰਾ ਆਪ ਰਖੌਣਾ, ਵਿਸ਼ਨੂੰ ਆਪਣੀ ਕਲ ਰਖਾਈਆ । ਆਪਣਾ ਅੰਮ੍ਰਿਤ ਆਪ ਉਪਜਾਉਣਾ, ਨਾਭੀ ਕਵਲ ਆਪ ਸਮਾਈਆ । ਆਪਣਾ ਬ੍ਰਹਮ ਆਪ ਰਖਾਉਣਾ, ਬ੍ਰਹਮ ਵੇਤਾ ਏਕਾ ਜਾਈਆ । ਆਪਣਾ ਰਾਗ ਆਪ ਅਲਾਉਣਾ, ਚਾਰੇ ਵੇਦਾਂ ਕਰੇ ਪੜ੍ਹਾਈਆ । ਆਪਣਾ ਸੰਗ ਆਪ ਨਿਭਾਉਣਾ, ਤ੍ਰੈ ਤ੍ਰੈ ਏਕਾ ਬੰਧਨ ਪਾਈਆ । ਸੁੰਨ ਅਗੰਮੀ ਵੇਖ ਵਖਾਉਣਾ, ਧੂਆਂਧਾਰ ਕਰੇ ਰੁਸ਼ਨਾਈਆ । ਸਾਚੀ ਬਿੰਦ ਆਪ ਉਪਜਾਉਣਾ, ਸ਼ੰਕਰ ਮੇਲਾ ਸਹਿਜ ਸੁਭਾਈਆ । ਸੋ ਪੁਰਖ ਨਿਰੰਜਣ ਢੋਲਾ ਏਕਾ ਗਾਉਣਾ, ਹੰ ਬ੍ਰਹਮ ਕਰੇ ਪੜ੍ਹਾਈਆ । ਨਿਰਗੁਣ ਨਿਰਵੈਰ ਤੋਲਾ ਇਕ ਅਖਵਾਉਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮਾਰਗ ਆਪ ਵਖਾਈਆ । ਸਾਚਾ ਮਾਰਗ ਹਰਿ ਨਿਰੰਕਾਰਾ, ਨਿਰਗੁਣ ਸਰਗੁਣ ਆਪ ਲਗਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰ ਤਿਆਰਾ, ਤ੍ਰੈ ਤ੍ਰੈ ਏਕਾ ਬੰਧਨ ਪਾਇੰਦਾ । ਏਕਾ ਵਸਤ ਦਏ ਹਰਿ ਥਾਰਾ, ਤ੍ਰੈਗੁਣ ਆਪਣਾ ਰੰਗ ਰੰਗਾਇੰਦਾ । ਏਕਾ ਹੁਕਮ ਸਚ ਵਰਤਾਰਾ, ਧੁਰ ਫ਼ਰਮਾਨਾ ਆਪ ਸੁਣਾਇੰਦਾ । ਲੱਖ ਚੁਰਾਸੀ ਘਾੜਨ ਘੜ ਅਪਾਰਾ, ਨੌਂ ਨੌਂ ਆਪਣਾ ਰੰਗ ਰੰਗਾਇੰਦਾ । ਪੰਜ ਤੱਤ ਮੇਲੇ ਆਪਣੀ ਵਾਰਾ, ਆਪ ਆਪਣੀ ਕਿਰਪਾ ਕਰ ਖੇਲ ਖਿਲਾਇੰਦਾ । ਮਨ ਮਤ ਬੁਧ ਦਏ ਸਹਾਰਾ, ਘਰ ਘਰ ਵਿਚ ਆਪ ਉਪਾਇੰਦਾ । ਨੌਂ ਦਰ ਖੋਲ੍ਹੇ ਆਪ ਕਿਵਾੜਾ, ਡੂੰਘੀ ਭਵਰੀ ਭੇਵ ਚੁਕਾਇੰਦਾ । ਲੇਖਾ ਜਾਣੇ ਡੂੰਘੀ ਗਾਰਾ, ਟੇਢੀ ਬੰਕ ਖੇਲ ਖਿਲਾਇੰਦਾ । ਘਰ ਮੰਦਰ ਸੁਹਾਏ ਇਕ ਦੁਆਰਾ, ਚਾਰ ਦੀਵਾਰ ਨਾ ਕੋਇ ਬਣਾਇੰਦਾ । ਏਕਾ ਨਾਮ ਸ਼ਬਦ ਧੁਨਕਾਰਾ, ਅਨਹਦ ਸਾਚਾ ਤਾਲ ਵਜਾਇੰਦਾ । ਅੰਮ੍ਰਿਤ ਸਰੋਵਰ ਠੰਡਾ ਠਾਰਾ, ਘਰ ਸਾਚੇ ਆਪ ਟਿਕਾਇੰਦਾ । ਜੋਤ ਨਿਰੰਜਣ ਨੂਰ ਉਜਿਆਰਾ, ਘਰ ਦੀਪਕ ਆਪ ਜਗਾਇੰਦਾ । ਆਪੇ ਜਾਣੇ ਬੰਦ ਕਿਵਾੜਾ, ਬਜਰ ਕਪਾਟੀ ਆਪ ਖੁਲ੍ਹਾਇੰਦਾ । ਆਤਮ ਬ੍ਰਹਮ ਕਰ ਪਸਾਰਾ, ਪਾਰਬ੍ਰਹਮ ਪ੍ਰਭ ਵੇਖ ਵਖਾਇੰਦਾ । ਈਸ਼ ਜੀਵ ਬੰਨ੍ਹੇ ਧਾਰਾ, ਜਗਦੀਸ਼ ਸੰਗ ਨਿਭਾਇੰਦਾ । ਦਸਮ ਦੁਆਰੀ ਹੋ ਤਿਆਰਾ, ਨਿਰਗੁਣ ਆਪਣਾ ਆਸਣ ਲਾਇੰਦਾ । ਲੇਖਾ ਜਾਣੇ ਧੂਆਂਧਾਰਾ, ਸੁੰਨ ਸਮਾਧ ਆਪ ਖੁਲ੍ਹਾਇੰਦਾ । ਅਲਖ ਅਗੋਚਰ ਅਗੰਮ ਅਪਾਰਾ, ਲੱਖ ਚੁਰਾਸੀ ਕਰ ਪਸਾਰਾ, ਘਟ ਘਟ ਆਪਣੀ ਜੋਤ ਜਗਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਸੇਵਾਦਾਰਾ, ਜੁਗਾ ਜੁਗੰਤਰ ਲਾਏ ਸਾਚੀ ਕਾਰਾ, ਕਰਤਾ ਪੁਰਖ ਕਾਰ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਧੰਦੇ ਆਪੇ ਲਾਇੰਦਾ । ਲੱਖ ਚੁਰਾਸੀ ਕਰ ਪਸਾਰ, ਹਰਿ ਘਾੜਨ ਘੜਤ ਘੜਾਈਆ । ਤ੍ਰੈਗੁਣ ਮਾਇਆ ਦਏ ਆਧਾਰ, ਪੰਜ ਤੱਤ ਕਰੇ ਕੁੜਮਾਈਆ । ਚਾਰੇ ਖਾਣੀ ਪਾਵੇ ਸਾਰ, ਅੰਡਜ ਜੇਰਜ ਵੰਡ ਵੰਡਾਈਆ । ਉਤਭੁਜ ਸੇਤਜ ਹੋਇਆ ਖ਼ਬਰਦਾਰ, ਆਪ ਆਪਣਾ ਮੂਲ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਬੰਧਨ ਆਪੇ ਪਾਈਆ । ਲੱਖ ਚੁਰਾਸੀ ਬੰਧਨ

੫੩੬
੧੦

ਪਾਇਆ, ਦਿਸ ਕਿਸੇ ਨਾ ਆਇੰਦਾ । ਜਨਮ ਮਰਨ ਖੇਲ ਰਚਾਇਆ, ਆਵਣ ਜਾਵਣ ਵੇਖ ਵਖਾਇੰਦਾ । ਪਾਰਬ੍ਰਹਮ ਪ੍ਰਭ ਰੂਪ ਧਰਾਇਆ, ਰੂਪ ਰੰਗ ਰੇਖ ਨਾ ਕੋਇ ਰਖਾਇੰਦਾ । ਕਾਗਦ ਕਲਮ ਭੇਵ ਨਾ ਰਾਇਆ, ਲਿਖ ਲਿਖ ਲੇਖ ਨਾ ਕੋਇ ਮੁਕਾਇੰਦਾ । ਦੋ ਜਹਾਨਾਂ ਵੇਸ ਵਟਾਇਆ, ਵੇਸ ਅਨੇਕਾ ਆਪ ਕਰਾਇੰਦਾ । ਤ੍ਰਿਲੋਕੀ ਨੰਦਨ ਇਕ ਵਖਾਇਆ, ਲੋਕ ਪਰਲੋਕ ਆਪ ਸੁਹਾਇੰਦਾ । ਚੌਦਾਂ ਲੋਕਾਂ ਹੱਟ ਜਣਾਇਆ, ਤ੍ਰੈਭਵਨ ਰੰਗ ਰੰਗਾਇੰਦਾ । ਨੌਂ ਖੰਡ ਪ੍ਰਿਥਮੀ ਕਿਲਾ ਕੋਟ ਵਸਾਇਆ, ਸੱਤਾਂ ਦੀਪਾਂ ਡੇਰਾ ਲਾਇੰਦਾ । ਜ਼ਿਮੀਂ ਅਸਮਾਨਾਂ ਭੇਵ ਚੁਕਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਖਿਲਾਇੰਦਾ । ਲੱਖ ਚੁਰਾਸੀ ਖੇਲ ਖਿਲਾਇਆ, ਨਿਰਗੁਣ ਸਰਗੁਣ ਰੂਪ ਧਰਾਇੰਦਾ । ਪੁਰਖ ਅਬਿਨਾਸ਼ੀ ਵੇਖ ਵਖਾਇਆ, ਸਚਖੰਡ ਦੁਆਰੇ ਬੈਠਾ ਆਸਣ ਲਾਈਆ । ਆਪਣੀ ਵੰਡ ਰਿਹਾ ਵੰਡਾਇਆ, ਤ੍ਰੈਗੁਣ ਤ੍ਰੈ ਤ੍ਰੈ ਰਿਹਾ ਸਮਝਾਈਆ । ਨਵ ਨੌਂ ਚਾਰ ਖੇੜਾ ਦਏ ਵਸਾਇਆ । ਲੋਕਮਾਤ ਵੱਜੇ ਵਧਾਈਆ । ਜੁਗ ਚੌਕੜੀ ਵੇਖ ਵਖਾਇਆ, ਵੇਖਣਹਾਰਾ ਸੱਚਾ ਸ਼ਹਿਨਸ਼ਾਹੀਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਏਕਾ ਡੋਰ ਬੰਧਾਇਆ । ਨਾਮ ਡੋਰੀ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਵੇਖ ਵਖਾਈਆ । ਜੁਗ ਚੌਕੜੀ ਖੇਲ ਖਿਲਾਇਆ, ਖੇਲਣਹਾਰ ਕਰਤਾਰ । ਨਿਰਗੁਣ ਸਰਗੁਣ ਰੂਪ ਧਰਾਇਆ, ਜੁਗ ਜੁਗ ਲਏ ਮਾਤ ਅਵਤਾਰ । ਭਗਤ ਭਗਵੰਤ ਵੇਖ ਵਖਾਇਆ, ਸੰਤ ਸਾਜਣ ਲਏ ਉਭਾਰ । ਗੁਰਮੁਖ ਗੁਰ ਗੁਰ ਗੋਦ ਬਹਾਇਆ, ਗੁਰਸਿਖ ਸਾਚੇ ਲਾਏ ਪਾਰ । ਹਰਿਜਨ ਹਰਿ ਹਰਿ ਮੰਦਰ ਦਏ ਵਖਾਇਆ, ਕਾਇਆ ਮੰਦਰ ਖੋਲ੍ਹ ਕਿਵਾੜ । ਘਰ ਘਰ ਅੰਮ੍ਰਿਤ ਦਏ ਪਿਆਇਆ, ਨਾਭੀ ਕਵਲੀ ਕਰ ਫਲਹਾਰ ।
੫੩੭ ਘਰ ਘਰ ਦੀਪਕ ਜੋਤੀ ਦਏ ਜਗਾਇਆ, ਜੋਤ ਨਿਰੰਜਣ ਕਰ ਉਜਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮਾ ੫੩੭
੧੦ ਸ਼ਿਵ ਕਰੇ ਖ਼ਬਰਦਾਰ । ਵਿਸ਼ਨ ਬ੍ਰਹਮਾ ਸ਼ਿਵ ਹਰਿ ਜਣਾਇੰਦਾ, ਸ਼ਬਦ ਅਨਾਦ ਅਗੰਮੀ ਬੋਲ । ਲੱਖ ਚੁਰਾਸੀ ਤੇਰਾ ਨਾਮ ਰਖਾਇੰਦਾ, ਜਗਤ ਜਗ ਵਜਾਏ ਢੋਲ । ਜੁਗ ਚੌਕੜੀ ਵੰਡ ਵੰਡਾਇੰਦਾ, ਤੋਲਣਹਾਰਾ ਤੋਲੇ ਸਾਚਾ ਤੋਲ । ਗੁਰ ਅਵਤਾਰ ਸੇਵਾ ਲਾਇੰਦਾ, ਆਦਿ ਜੁਗਾਦਿ ਭੰਡਾਰਾ ਖੋਲ੍ਹ । ਏਕਾ ਨਾਮ ਆਪ ਵਰਤਾਇੰਦਾ, ਅਤੋਟ ਅਤੁਟ ਰੱਖੇ ਅਤੋਲ । ਜਨ ਭਗਤਾਂ ਝੋਲੀ ਪਾਇੰਦਾ, ਨਿਜ ਆਤਮ ਅੰਦਰ ਬੋਲ । ਜੁਗ ਜੁਗ ਗੇੜਾ ਆਪਣੇ ਹੱਥ ਰਖਾਇੰਦਾ, ਸਚਖੰਡ ਬੈਠਾ ਰਹੇ ਅਡੋਲ । ਕੋਟਨ ਕੋਟੀ ਜੀਵ ਉਪਾਇੰਦਾ, ਲੱਖ ਚੁਰਾਸੀ ਆਪੇ ਫੋਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਆਪਣਾ ਕੌਲ । ਆਪਣਾ ਕੌਲ ਕਰ ਕਰਤਾਰ, ਏਕਾ ਮੀਤ ਆਪ ਅਖਵਾਈਆ । ਨੌਂ ਸੌ ਚੁਰਾਨਵੇ ਜੁਗ ਚੌਕੜੀ ਕਰ ਪਸਾਰ, ਲੋਕਮਾਤ ਵੇਖ ਵਖਾਈਆ । ਜੁਗ ਜੁਗ ਲਹਿਣਾ ਦੇਣਾ ਚੁਕਾਏ ਗੁਰ ਅਵਤਾਰ, ਦੇ ਤੱਤ ਗਿਆਨ ਸਮਝਾਈਆ । ਏਕਾ ਬਖ਼ਸ਼ੇ ਚਰਨ ਧਿਆਨ, ਜੋ ਲੋਕਮਾਤ ਵਿਚ ਆਈਆ । ਅੱਠੇ ਪਹਿਰ ਮੰਗੇ ਦਾਨ, ਸੀਸ ਜਗਦੀਸ਼ ਰਿਹਾ ਝੁਕਾਈਆ । ਆਪੇ ਬਣਿਆ ਰਹੇ ਸਾਚਾ ਕਾਹਨ, ਦਰ ਘਰ ਸਾਚੇ ਬੈਠਾ ਸੱਚਾ ਸ਼ਹਿਨਸ਼ਾਹੀਆ । ਦੇਵਣਹਾਰਾ ਦੇਵੇ ਧੁਰ ਫ਼ਰਮਾਨ, ਧੁਰ ਦੀ ਬਾਣੀ ਆਪ ਅਲਾਈਆ । ਜੁਗ ਜੁਗ ਵੇਖੇ ਕਾਇਆ ਹੱਟ ਦੁਕਾਨ, ਬ੍ਰਹਮ ਪਾਰਬ੍ਰਹਮ ਮਿਲਾਈਆ । ਲੇਖਾ ਜਾਣੇ ਸੀਆ ਰਾਮ, ਰਾਮ ਰੂਪ ਆਪ ਰਘੁਰਾਈਆ । ਰੂਪ ਧਰਾਏ ਘਨਈਆ ਕਾਹਨ, ਕਾਹਨਾ ਬੰਸਰੀ ਨਾਮ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਬੰਧਨ ਪਾਈਆ । ਜੁਗ ਜੁਗ

ਗੇੜਾ ਹਰਿ ਸਮਰਥ, ਆਪਣਾ ਖੇਲ ਖਿਲਾਇਆ । ਲੱਖ ਚੁਰਾਸੀ ਪਾਏ ਨੱਥ, ਚਾਰੋਂ ਕੁੰਟ ਆਪ ਭਵਾਇਆ । ਵਸਣਹਾਰਾ ਘਟ ਘਟ, ਹਰ ਘਟ ਆਪਣਾ ਰੂਪ ਧਰਾਇਆ । ਕਰੇ ਖੇਲ ਬਾਜ਼ੀਗਰ ਨਟ, ਸਵਾਂਗੀ ਆਪਣਾ ਸਵਾਂਗ ਰਚਾਇਆ । ਜੁਗ ਚੌਕੜੀ ਮੇਟੇ ਫੱਟ, ਗੁਰ ਅਵਤਾਰ ਰੂਪ ਧਰਾਇਆ । ਆਪ ਖੁਲ੍ਹਾਏ ਨਾਮ ਹੱਟ, ਸਚ ਵਣਜਾਰਾ ਵੇਸ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਅਬਿਨਾਸ਼ੀ ਕਰਤਾ, ਆਪਣਾ ਭੇਵ ਦਏ ਖੁਲ੍ਹਾਇਆ । ਆਦਿ ਪੁਰਖ ਹਰਿ ਭੇਵ ਅਵੱਲਾ, ਸੋ ਪੁਰਖ ਨਿਰੰਜਣ ਦਏ ਸਮਝਾਈਆ । ਹਰਿ ਪੁਰਖ ਨਿਰੰਜਣ ਇਕ ਇਕੱਲਾ, ਏਕੰਕਾਰਾ ਰੰਗ ਸਮਾਈਆ । ਆਪਣੇ ਦੀਪਕ ਆਪੇ ਬੱਲਾ, ਆਦਿ ਨਿਰੰਜਣ ਕਰ ਰੁਸ਼ਨਾਈਆ । ਅਬਿਨਾਸ਼ੀ ਕਰਤਾ ਵਸਣਹਾਰਾ ਜਲਾ ਥਲਾ, ਸ੍ਰੀ ਭਗਵਾਨ ਹਰ ਘਟ ਰਿਹਾ ਸਮਾਈਆ । ਪਾਰਬ੍ਰਹਮ ਸਚ ਸਿੰਘਾਸਣ ਮੱਲਾ, ਸਚਖੰਡ ਦੁਆਰੇ ਸੋਭਾ ਪਾਈਆ । ਸ਼ਬਦ ਸਰੂਪੀ ਫੜਿਆ ਭੱਲਾ, ਲੋਆਂ ਪੁਰੀਆਂ ਰਿਹਾ ਡਰਾਈਆ । ਨੌਂ ਸੌ ਚੁਰਾਨਵੇ ਜੁਗ ਚੌਕੜੀ ਕਰਦਾ ਰਿਹਾ ਵਲ ਛਲਾ, ਅਛਲ ਛਲ ਆਪਣੀ ਖੇਲ ਖਿਲਾਈਆ । ਗੁਰ ਅਵਤਾਰਾਂ ਫੜਾਉਂਦਾ ਰਿਹਾ ਪੱਲਾ, ਏਕਾ ਪੱਲੂ ਨਾਮ ਵਡਿਆਈਆ । ਆਪੇ ਵਸੇ ਨਿਹਚਲ ਧਾਮ ਅਟੱਲਾ, ਉਚ ਮਹੱਲ ਸੋਭਾ ਪਾਈਆ । ਸਚ ਸੰਦੇਸ਼ ਜੁਗਾ ਜੁਗੰਤਰ ਘੱਲਾ, ਜੁਗ ਜੁਗ ਆਪਣਾ ਹੁਕਮ ਸੁਣਾਈਆ । ਕਲਜੁਗ ਅੰਤਮ ਆਵੇ ਇਕ ਇਕੱਲਾ, ਨਿਹਕਲੰਕਾ ਨਾਉਂ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ ਰਿਹਾ ਸੁਣਾਈਆ । ਸਚ ਸੰਦੇਸ਼ ਹਰਿ ਹਰਿ ਭੇਜ, ਆਪਣਾ ਭੇਵ ਖੁਲ੍ਹਾਇੰਦਾ । ਨਿਹਕਲੰਕਾ ਨਿਰਗੁਣ ਤੇਜ, ਨਿਰਵੈਰ ਰੂਪ ਵਟਾਇੰਦਾ । ਆਤਮ ਬ੍ਰਹਮ ਮਾਣੇ ਸੇਜ, ਦੂਜਾ ਬਸਤਰ ਨਾ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਭੇਵ ਆਪ ਚੁਕਾਇੰਦਾ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਪਰਦਾ ਰੱਖ, ਤ੍ਰੈਗੁਣ ਮਾਇਆ ਰੂਪ ਵਟਾਈਆ । ਜੁਗ ਜੁਗ ਪੰਜ ਤੱਤ ਚੋਲਾ ਸਾੜਦਾ ਰਿਹਾ ਵਿਚ ਕੱਖ, ਅਗਨੀ ਅੱਗ ਭੇਟ ਚੜ੍ਹਾਈਆ । ਕਦੀ ਬਣੇ ਬੇਟਾ ਰਾਮ ਦਸਰਥ, ਕਦੀ ਨੰਦ ਜਸੋਧਾ ਦਏ ਵਡਿਆਈਆ । ਕਦੀ ਤ੍ਰਿਪਤਾ ਰੱਖੇ ਪਤ, ਕਦੀ ਗੁਜਰੀ ਮਿਲੇ ਵਧਾਈਆ । ਕਲਜੁਗ ਅੰਤਮ ਪਰਗਟ ਹੋਏ ਆਪ ਸਮਰਥ, ਨਾ ਕੋਈ ਪਿਤਾ ਨਾ ਕੋਈ ਮਾਈਆ । ਆਪਣਾ ਮਾਰਗ ਦੋ ਜਹਾਨਾਂ ਜਾਏ ਦੱਸ, ਭੁਲ ਰਹੇ ਨਾ ਰਾਈਆ । ਸਤਿਜੁਗ ਬਣਾਏ ਏਕਾ ਮੱਠ, ਸਾਚਾ ਮੰਦਰ ਦਏ ਵਖਾਈਆ । ਨਾਤਾ ਤੁੱਟੇ ਅਠਸਠ, ਗੰਗਾ ਗੁਦਾਵਰੀ ਜਮਨਾ ਸੁਰਸਤੀ ਗੁਰਮੁਖ ਕਾਇਆ ਵਿਚ ਬਹਾਈਆ । ਜੋਤ ਜਗਾਏ ਲਟ ਲਟ, ਲਾਟਾਂ ਵਾਲੀ ਘਰ ਮਨਾਈਆ । ਜਿਸ ਦੇ ਅੱਗੇ ਟੇਕਦੇ ਰਹੇ ਮਥ, ਸੋ ਮੱਥਾ ਟੇਕਣ ਗੁਰਮੁਖਾਂ ਦੁਆਰੇ ਆਈਆ । ਜਿਸ ਦੀ ਕਰਦੇ ਰਹੇ ਪੂਜਾ ਪਾਠ, ਸੋ ਗੁਰਮੁਖਾਂ ਨਾਮ ਰਿਹਾ ਧਿਆਈਆ । ਜਿਸ ਦੀ ਬਹਿੰਦੇ ਰਹੇ ਸਾਇਆ ਹੇਠ, ਸੋ ਸਾਇਆ ਮੰਗੇ ਸੱਚਾ ਸ਼ਹਿਨਸ਼ਾਹੀਆ । ਸੁਹਾਏ ਰੁਤੜੀ ਮਹੀਨਾ ਜੇਠ, ਭਿੰਨੜੀ ਰੈਣ ਨਾਲ ਰਲਾਈਆ । ਹਰਿ ਸੰਗਤ ਹਰਿ ਜੀ ਨੇਤਰ ਲੈਣਾ ਪੇਖ, ਘਰ ਮਿਲਿਆ ਸਾਚਾ ਮਾਹੀਆ । ਸ਼ਾਹ ਪਾਤਸ਼ਾਹ ਨਰ ਨਰੇਸ਼, ਸੀਸ ਜਗਦੀਸ਼ ਤਾਜ ਸੁਹਾਈਆ । ਦਰ ਖੜੇ ਬ੍ਰਹਮਾ ਵਿਸ਼ਨ ਮਹੇਸ਼, ਦੋਏ ਦੋਏ ਬੈਠੇ ਸੀਸ ਝੁਕਾਈਆ । ਗੁਰਮੁਖ ਤੇਰੇ ਦਰ ਕਰੇ ਆਦੇਸ਼, ਤੇਰੇ ਘਰ ਮਿਲੇ ਵਡਿਆਈਆ । ਤੇਰੀ ਮਹਿੰਮਾ ਗਾਏ ਸਹੰਸਰ ਮੁਖ ਸ਼ੇਸ਼, ਦੋਏ ਸਹੰਸਰ ਜਿਹਵਾ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਦਏ ਖੁਲ੍ਹਾਈਆ । ਭੇਵ ਖੁਲ੍ਹਾਏ ਹਰਿ ਨਿਰੰਕਾਰਾ, ਨਿਰਗੁਣ ਰੂਪ ਧਰਾਇਆ । ਕਾਗਦ ਕ਼ਲਮ ਨਾ

ਲਿਖਣਹਾਰਾ, ਚਾਰੇ ਵੇਦ ਰਿਹਾ ਸਮਝਾਇਆ । ਪੁਰਾਨ ਅਠਾਰਾਂ ਕਰੇ ਪੁਕਾਰਾ, ਊਚੀ ਕੂਕ ਕੂਕ ਅਲਾਇਆ । ਗੀਤਾ ਗਿਆਨ ਬੋਲ ਜੈਕਾਰਾ, ਏਕਾ ਭਗਤ ਭਗਵੰਤ ਸਮਝਾਇਆ । ਅੰਜੀਲ ਕੁਰਾਨ ਮਾਰਨ ਨਾਅਰਾ, ਤੀਸ ਬਤੀਸ ਹਦੀਸ ਪੜ੍ਹਾਇਆ । ਖਾਣੀ ਬਾਣੀ ਕਰੇ ਨਿਮਸਕਾਰਾ, ਨਿਉਂ ਨਿਉਂ ਆਪਣਾ ਸੀਸ ਝੁਕਾਇਆ । ਉਚ ਅਗੰਮ ਅਥਾਹ ਬੇਪਰਵਾਹ ਪਰਵਰਦਿਗਾਰਾ, ਮੁਕਾਮੇ ਹੱਕ ਡੇਰਾ ਲਾਇਆ । ਸਚਖੰਡ ਵਸੇ ਏਕੰਕਾਰਾ, ਨਿਰਗੁਣ ਨੂਰ ਕਰ ਰੁਸ਼ਨਾਇਆ । ਜੁਗ ਚੌਕੜੀ ਘਲਦਾ ਰਿਹਾ ਅਵਤਾਰਾ, ਧੁਰ ਫ਼ਰਮਾਨਾ ਹੁਕਮ ਸੁਣਾਇਆ । ਕਲਜੁਗ ਅੰਤਮ ਆਏ ਸੱਚੀ ਸਰਕਾਰਾ, ਸ਼ਾਹ ਪਾਤਸ਼ਾਹ ਆਪਣਾ ਨਾਉਂ ਧਰਾਇਆ । ਊਚਾਂ ਨੀਚਾਂ ਕਰੇ ਪਿਆਰਾ, ਰਾਓ ਰੰਕਾਂ ਗਲੇ ਲਗਾਇਆ । ਜੂਠ ਝੂਠ ਮੇਟੇ ਵਿਚ ਸੰਸਾਰਾ, ਸਚ ਸੁੱਚ ਦਏ ਵਰਤਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਆਪਣਾ ਪਰਦਾ ਦਏ ਉਠਾਇਆ, ਹਰਿ ਪਰਦਾ ਮਾਤ ਚੁਕਾਉਣਾ, ਚੁੱਕੇ ਅੰਧੇਰੀ ਰਾਤ । ਸਤਿਜੁਗ ਸਾਚਾ ਚੰਦ ਚੜ੍ਹਾਉਣਾ, ਅੱਠੇ ਪਹਿਰ ਰਹੇ ਪਰਭਾਤ, ਦੂਈ ਦਵੈਤੀ ਮੇਟ ਮਿਟਾਉਣਾ, ਮਾਇਆ ਮਮਤਾ ਤੋੜੇ ਨਾਤ । ਸ਼ਰਅ ਸ਼ਰੀਅਤ ਇਕ ਵਖਾਉਣਾ, ਏਕਾ ਸ਼ਬਦ ਦੇਵੇ ਦਾਤ । ਏਕਾ ਰਾਮ ਨਜ਼ਰੀ ਆਉਣਾ, ਏਕਾ ਗਾਏ ਸਾਚੀ ਗਾਥ । ਏਕਾ ਮੰਤਰ ਸਚ ਦ੍ਰਿੜਾਉਣਾ, ਇਕ ਉਤਾਰੇ ਸਾਚੇ ਘਾਟ । ਏਕਾ ਮੰਦਰ ਹਰਿ ਸੁਹਾਉਣਾ, ਨਿਰਗੁਣ ਜੋਤ ਜਗੇ ਲਲਾਟ । ਚਾਰ ਵਰਨ ਏਕਾ ਰੰਗ ਰੰਗਾਉਣਾ, ਸ਼ੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਮਿਲੇ ਮੇਲ ਹਰਿ ਕਮਲਾਪਾਤ । ਏਕਾ ਬਸਤਰ ਸਚ ਸੁਹਾਉਣਾ, ਏਕਾ ਉਤਮ ਰੱਖੇ ਜ਼ਾਤ, ਮਾਤ ਪਿਤ ਇਕ ਬਨਾਵਣਾ, ਏਕਾ ਰੂਪ ਭੈਣ ਭਰਾਤ । ਏਕਾ ਸਿਖਿਆ ਸਿਖ ਸਮਝਾਵਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਆਰ ਪਾਰ ਘਾਟ । ਆਰ ਪਾਰ ਹਰਿ ਖੇਲ ਨਿਆਰਾ, ਦੋ ਜਹਾਨਾਂ ਵੇਖ ਵਖਾਈਆ । ਹਰਿਜਨ ਸਾਚੇ ਕਰ ਪਿਆਰਾ, ਦਰ ਘਰ ਸਾਚੇ ਲਏ ਮਿਲਾਈਆ । ਰਾਤੀ ਸੁਤਿਆਂ ਪਾਵੇ ਸਾਰਾ, ਗੁਰਮੁਖ ਸੋਏ ਆਪ ਉਠਾਈਆ । ਦੁਰਮਤ ਮੈਲ ਧੋਏ ਹਰਿ ਕਰਤਾਰਾ, ਅੰਮ੍ਰਿਤ ਸਿੰਚ ਹਰਾ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਵੇਖ ਵਖਾਈਆ । ਹਰਿਜਨ ਤੇਰਾ ਲਹਿਣਾ ਚਾਰ ਜੁਗ, ਜੁਗ ਚੌਕੜੀ ਹਰਿ ਚੁਕਾਇੰਦਾ । ਲੱਖ ਚੁਰਾਸੀ ਬੈਠਾ ਲੁਕ, ਦਿਸ ਕਿਸੇ ਨਾ ਆਇੰਦਾ । ਗੁਰਸਿਖਾਂ ਮੇਟੇ ਤ੍ਰਿਸ਼ਨਾ ਭੁੱਖ, ਕਾਇਆ ਤ੍ਰਿਪਤ ਆਪ ਕਰਾਇੰਦਾ । ਸਫਲ ਕਰਾਏ ਮਾਤ ਕੁੱਖ, ਦਸ ਦਸ ਮਾਸ ਫੰਦ ਕਟਾਇੰਦਾ । ਨਾਤਾ ਤੁੱਟੇ ਉਲਟਾ ਰੁੱਖ, ਲੱਖ ਚੁਰਾਸੀ ਬੰਧਨ ਕੋਇ ਨਾ ਪਾਇੰਦਾ । ਉਜਲ ਕਰੇ ਮਾਤ ਮੁਖ, ਜਿਸ ਜਨ ਆਪਣਾ ਨਾਮ ਦ੍ਰਿੜਾਇੰਦਾ । ਹਰਿਆ ਬੂਟਾ ਨਾ ਜਾਏ ਸੁੱਕ, ਗੁਰ ਸਤਿਗੁਰ ਮਾਤ ਲਗਾਇੰਦਾ । ਗੁਰਮੁਖ ਸੱਜਣ ਸੁਹੇਲੇ ਉਠ, ਵੇਲਾ ਗਿਆ ਹੱਥ ਨਾ ਆਇੰਦਾ । ਸ਼ਾਹ ਪਾਤਸ਼ਾਹ ਗ਼ਰੀਬ ਨਿਮਾਣਿਆਂ ਉਤੇ ਗਿਆ ਤੁਠ, ਜਗਤ ਗ਼ਰੀਬੀ ਆਪ ਹੰਢਾਇੰਦਾ । ਅੰਮ੍ਰਿਤ ਜਾਮ ਪਿਆਏ ਘੁੱਟ, ਸਚ ਪਿਆਲਾ ਹੱਥ ਉਠਾਇੰਦਾ । ਆਪ ਸੁਹਾਏ ਸਾਚੀ ਰੁੱਤ, ਸੁਹੰਜਣੀ ਰੁੱਤ ਆਪ ਵਖਾਇੰਦਾ । ਕਰੇ ਖੇਲ ਅਬਿਨਾਸ਼ੀ ਅਚੁਤ, ਪਾਰਬ੍ਰਹਮ ਪ੍ਰਭ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੇ ਰੰਗ ਰੰਗਾਇੰਦਾ । ਹਰਿਜਨ ਰੰਗ ਚੜ੍ਹਿਆ ਮਜੀਠ, ਗੁਰ ਸਤਿਗੁਰ ਆਪ ਚੜ੍ਹਾਈਆ । ਕਾਇਆ ਕਰੇ ਪਤਤ ਪੁਨੀਤ, ਪਤਤ ਪਾਪੀ ਲਏ ਤਰਾਈਆ । ਇਕ ਸੁਣਾਏ ਸੁਹਾਗੀ ਗੀਤ, ਸੋਹੰ ਸ਼ਬਦ ਸਚ ਪੜ੍ਹਾਈਆ । ਕਲਜੁਗ ਮਿਟੇ ਸਤਿਜੁਗ ਚਲੇ

ਸਾਚੀ ਰੀਤ, ਸਤਿ ਸਤਿਵਾਦੀ ਆਪ ਚਲਾਈਆ । ਨਾਤਾ ਤੁਟੇ ਦੇਹੁਰਾ ਮੰਦਰ ਗੁਰਦੁਆਰ ਮਸੀਤ, ਘਰ ਘਰ ਵਜਦੀ ਰਹੇ ਵਧਾਈਆ । ਅੰਮ੍ਰਿਤ ਮਿਲੇ ਠਾਂਡਾ ਸੀਤ, ਅਗਨੀ ਤੱਤ ਨਾ ਕੋਇ ਲਗਾਈਆ । ਏਕਾ ਰੂਪ ਨਜ਼ਰੀ ਆਏ ਹਸਤ ਕੀਟ, ਊਚ ਨੀਚ ਨਾ ਕੋਇ ਅਖਵਾਈਆ । ਹਰਿ ਚਰਨ ਵਖਾਏ ਸਚ ਪ੍ਰੀਤ, ਪੀਆ ਪ੍ਰੀਤਮ ਲਏ ਮਿਲਾਈਆ । ਸਦੀ ਬੀਸਵੀਂ ਰਹੀ ਬੀਤ, ਬੀਸ ਬੀਸਾ ਵੇਖ ਵਖਾਈਆ । ਗੁਰਮੁਖ ਗੁਰਸਿਖ ਕਰੇ ਅਤੀਤ, ਤ੍ਰੈ ਭਵਨ ਦਇਆ ਕਮਾਈਆ । ਮਿਠਾ ਕਰੇ ਕੌੜਾ ਰੀਠ, ਵਿਖ ਅੰਮ੍ਰਿਤ ਰੂਪ ਬਣਾਈਆ । ਮਾਨਸ ਜਨਮ ਜਨ ਜਾਏ ਜੀਤ, ਹਰਿਜਨ ਰਹੇ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਉਠਾਈਆ । ਹਰਿਜਨ ਉਠ ਉਠ ਜਾਗ, ਹਰਿ ਸਤਿਗੁਰ ਆਪ ਜਗਾਇੰਦਾ । ਆਤਮ ਅੰਤਰ ਇਕ ਵੈਰਾਗ, ਬ੍ਰਿਹੋਂ ਨਿਰਾਲਾ ਤੀਰ ਲਗਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਤੇਰੀ ਭੁਲ ਨਾ ਜਾਏ ਯਾਦ, ਕਲਜੁਗ ਅੰਤਮ ਵੇਖ ਵਖਾਇੰਦਾ । ਮਾਨਸ ਜਨਮ ਸੁਣ ਫ਼ਰਿਆਦ, ਅਜੂਨੀ ਰਹਿਤ ਤੇਰੀ ਜੂਨ ਕਟਾਇੰਦਾ । ਲੱਖ ਚੁਰਾਸੀ ਵਿਚੋਂ ਕਾਢ, ਆਪ ਆਪਣੇ ਗਲੇ ਲਗਾਇੰਦਾ । ਦਰਗਹਿ ਸਾਚੀ ਦੇਵੇ ਦਾਦ, ਦਰ ਦੁਆਰਾ ਇਕ ਖੁਲ੍ਹਾਇੰਦਾ । ਤੇਰੇ ਰੂਪ ਰਹੇ ਵਿਸਮਾਦ, ਬਿਸਮਲ ਆਪਣਾ ਰੂਪ ਰਖਾਇੰਦਾ । ਤੇਰਾ ਨਾਮ ਵਜਾਏ ਨਾਦ, ਤੁਰੀਆ ਰਾਗ ਆਪ ਸੁਣਾਇੰਦਾ । ਤੇਰਾ ਮੇਲਾ ਮੋਹਨ ਮਾਧਵ ਮਾਧ, ਮੋਹਨ ਆਪਣੀ ਖੇਲ ਖਿਲਾਇੰਦਾ । ਤੇਰਾ ਲੇਖਾ ਆਦਿ ਜੁਗਾਦਿ, ਜੁਗਾ ਜੁਗੰਤਰ ਆਪ ਚੁਕਾਇੰਦਾ । ਤੇਰਾ ਲੇਖਾ ਆਪਣੇ ਹੱਥ ਰੱਖੇ ਹਿਸਾਬ, ਚਿਤਰ ਗੁਪਤ ਨਾ ਵੇਖ ਵਖਾਇੰਦਾ । ਤੇਰਾ ਦਾਤਾ ਇਕ ਨਵਾਬ, ਸ਼ਾਹ ਪਾਤਸ਼ਾਹ ਨਾਉਂ ਧਰਾਇੰਦਾ । ਤੇਰੀ ਏਕਾ ਮਾਤਾ ਏਕਾ ਬਾਪ, ਆਦਿ ਜੁਗਾਦਿ ਗੋਦ ਬਹਾਇੰਦਾ । ਤੇਰਾ ਵਧਦਾ ਰਹੇ ਪਰਤਾਪ, ਅੰਸ ਬੰਸ ਆਪ ਸੁਹਾਇੰਦਾ । ਕਲਜੁਗ ਨਾਤਾ ਬੁੱਢੇ ਕਾਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਰਲਾਇੰਦਾ । ਹਰਿਜਨ ਰਲਿਆ ਹਰਿ ਹਰਿ ਜੋਤ, ਜੋਤੀ ਜੋਤ ਜੋਤ ਰੁਸ਼ਨਾਈਆ । ਗੁਰਸਿਖ ਨਾ ਕੋਈ ਵਰਨ ਨਾ ਕੋਈ ਗੋਤ, ਆਤਮ ਬ੍ਰਹਮ ਸਰਬ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਗੁਰਮੁਖ ਗੁਰਸਿਖ ਹਰਿਜਨ ਹਰਿ ਭਗਤ ਹਰਿ ਮੰਦਰ ਲਏ ਮਿਲਾਈਆ । ਹਰਿ ਮੰਦਰ ਦੁਆਰਾ ਸਚਖੰਡ, ਹਰਿ ਚਰਨ ਕਵਲ ਦਰਸਾਇਆ । ਲੇਖ ਚੁਕਾਏ ਵਿਚ ਵਰਭੰਡ, ਵਰਭੰਡੀ ਫੋਲ ਫੁਲਾਇਆ । ਨਾਤਾ ਤੋੜ ਤੋੜ ਬ੍ਰਹਿਮੰਡ, ਬ੍ਰਹਿਮੰਡ ਮੂਲ ਚੁਕਾਇਆ । ਇਕ ਜਣਾਏ ਪਰਮਾਨੰਦ, ਪਰਮ ਪੁਰਖ ਮੇਲ ਮਿਲਾਇਆ । ਜਿਸ ਜਨ ਗਾਇਆ ਬੱਤੀ ਦੰਦ ਤੀਸ ਬਤੀਸਾ ਦਏ ਸੁਹਾਇਆ । ਲੱਖ ਚੁਰਾਸੀ ਮੇਟੇ ਪੰਧ, ਜਨਮ ਮਰਨ ਦਏ ਮਿਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਤ ਜੁਗ ਜਨਮ ਜਨ ਵਿਛੜੇ, ਕਰ ਕਿਰਪਾ ਲਏ ਮਿਲਾਇਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਲੁਕਿਆ ਰਿਹਾ ਕਰਤਾਰ, ਨਿਰਗੁਣ ਰੂਪ ਨਾ ਮਾਤ ਧਰਾਈਆ । ਕਲਜੁਗ ਅੰਤਮ ਕਰਿਆ ਖੇਲ ਅਪਾਰ, ਜਨ ਭਗਤਾਂ ਦਏ ਵਡਿਆਈਆ । ਤੇਜ ਭਾਨ ਖੇਡਣ ਗਿਆ ਸ਼ਿਕਾਰ, ਸਿੰਘ ਸ਼ੇਰ ਕਲਜੁਗ ਜੂਹ ਵਿਚੋਂ ਲਿਆ ਭਜਾਈਆ । ਅਗੋਂ ਮਿਲਿਆ ਚੇਲਾ ਸਿੰਘ ਸਰਦਾਰ, ਸਰਦਾਰੀ ਬੈਠਾ ਆਸਣ ਲਾਈਆ । ਦੋਹਾਂ ਘੇਰਿਆ ਅੱਧ ਵਿਚਕਾਰ, ਆਂਢ ਗੁਆਂਢਣਾਂ ਰਿਹਾ ਸੁਣਾਈਆ । ਭੱਜ ਨਾ ਜਾਏ ਜੋ ਠੱਗਦਾ ਰਿਹਾ ਸੰਸਾਰ, ਆਇਆ ਘੇਰੇ ਪੌਣੀ ਫਾਹੀਆ । ਚਾਰੋਂ ਕੁੰਟ ਉਠੇ

ਸਿਖ ਬਲਕਾਰ, ਆਪਣਾ ਬਲ ਆਪ ਧਰਾਈਆ । ਉਚੀ ਕੂਕ ਕੂਕ ਕਰਨ ਪੁਕਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਤੇਰੀ ਜੈ, ਤੇਰਾ ਬੰਧਨ ਪਾਈਆ । ਹੌਸਲਾ ਧਰਿਆ ਨਾਰੀ ਨਰ, ਬਿਰਧ ਬਾਲ ਜਵਾਨ ਨਾਲ ਰਲਾਈਆ । ਪ੍ਰੇਮ ਫੜੀ ਹੱਥ ਕਟਾਰ, ਤਿੱਖਾ ਚਿੱਲਾ ਤੀਰ ਨਿਰਾਲਾ ਹੱਥ ਉਠਾਈਆ । ਮਾਰ ਕੇ ਆਏ ਪਹਿਲੀ ਛਾਲ, ਉਚੇ ਟਿੱਲੇ ਪਰਬਤ ਢਾਈਆ । ਪੁਰਖ ਅਬਿਨਾਸ਼ੀ ਹੋਇਆ ਬੇਹਾਲ, ਚਾਰੋਂ ਕੁੰਟ ਰਾਹ ਖੇੜਾ ਨਜ਼ਰ ਕਿਤੇ ਨਾ ਆਈਆ । ਕੌਣ ਬਣੇ ਮੇਰਾ ਦਲਾਲ, ਗੁਰਮੁਖਾਂ ਕੋਲੋਂ ਲਏ ਛੁਡਾਈਆ । ਵਾਜ ਮਾਰੀ ਆਪ ਮਹਾਕਾਲ, ਉਠ ਤੇਰੀ ਵਾਰੀ ਮਾਤ ਆਈਆ । ਮਹਾਕਾਲ ਨੇਤਰ ਰੋਵੇ, ਘਾਲ ਨਾ ਸਕੇ ਤੇਰੀ ਘਾਲ, ਤੇਰਾ ਸੰਗ ਨਾ ਕੋਇ ਰਖਾਈਆ । ਜੁਗ ਚੌਕੜੀ ਮੈਂ ਵੇਂਹਦਾ ਰਿਹਾ ਤੇਰੀ ਅਵੱਲੜੀ ਚਾਲ, ਨਿਰਗੁਣ ਸਰਗੁਣ ਰੂਪ ਧਰ ਧਰ, ਜੀਵਾਂ ਜੰਤਾਂ ਭਰਮੇ ਰਿਹਾ ਭੁਲਾਈਆ । ਅੱਜ ਤੇਰੀ ਨਾ ਮਾਟੀ ਨਾ ਦਿਸੇ ਖਾਲਨਾ ਗਗਨ ਮਸਤਕ ਕੂਟਾਂ ਦਿਸੇ ਬਾਲ, ਚੋਟੀ ਜੜ੍ਹ ਨਜ਼ਰ ਕੋਇ ਨਾ ਆਈਆ । ਤੇਰਾ ਰੂਪ ਨਜ਼ਰ ਆਏ ਤੇਰੇ ਗੁਰਸਿਖ ਬਾਲ, ਤੇਰੇ ਦੁਆਰੇ ਬੈਠੇ ਘੇਰਾ ਪਾਈਆ । ਐਥੇ ਪਹੁੰਚ ਨਾ ਸਕੇ ਕਾਲ ਮਹਾਕਾਲ, ਦੋ ਜਹਾਨ ਪਈ ਦੁਹਾਈਆ । ਇਹਨਾਂ ਗ਼ਰੀਬ ਨਿਮਾਣਿਆਂ ਲਿਆ ਤੇਰਾ ਧਨ ਮਾਲ, ਤੇਰਾ ਖ਼ਜ਼ਾਨਾ ਹੋਰ ਹੱਥ ਕਿਸੇ ਨਾ ਆਈਆ । ਚਾਰੋਂ ਕੁੰਟ ਵਸਣ ਸ਼ਾਹ ਕੰਗਾਲ, ਨਾਮ ਵਸਤ ਹੱਟ ਨਾ ਕੋਇ ਵਿਕਾਈਆ । ਗੁਰਮੁਖਾਂ ਪਾਇਆ ਤੇਰੇ ਚੌਗਿਰਦ ਜੰਜਾਲ, ਜਾਲ ਏਕਾ ਰਿਹਾ ਵਿਛਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਸ਼ਿਕਾਰੀ ਵੇਖੇ ਸੱਚਾ ਮਾਹੀਆ । ਜਗਤ ਸ਼ਿਕਾਰੀ ਖੇਡਿਆ ਸ਼ਿਕਾਰ, ਮਨ ਕਾ ਸਹਿੰਸਾ ਭੌ ਗਵਾਇਆ । ਵਾਰ ਕੀਤਾ ਪਹਿਲੀ ਵਾਰ, ਕੀਤਾ ਵਾਰ ਖ਼ਾਲੀ ਰਹੇ ਨਾ ਰਾਇਆ । ਅੱਧਵਿਚਕਾਰ ਫੜਿਆ ਨਿਰੰਕਾਰ, ਅੱਗਾ ਪਿੱਛਾ ਦਿਸ ਕਿਸੇ ਨਾ ਆਇਆ । ਗੁਰਸਿਖ ਖਿਚਨ ਵਾਰੋ ਵਾਰ, ਆਪਣਾ ਆਪਣਾ ਜ਼ੋਰ ਲਗਾਇਆ । ਭੱਜ ਨਾ ਸਕੇ ਗਿਰਵਰ ਗਿਰਧਾਰ, ਚਾਰੋਂ ਕੁੰਟ ਗ੍ਰਿਹਿ ਮੰਦਰ ਬੰਦ ਰਖਾਇਆ । ਅੰਤਮ ਆਪਣੀ ਮੰਨੇ ਹਾਰ, ਗੁਰਸਿਖਾਂ ਅੱਗੇ ਸੀਸ ਝੁਕਾਇਆ । ਗੁਰਮੁਖ ਤੇਰਾ ਨਾਉਂ ਹੋਏ ਉਜਿਆਰ, ਜਿਸ ਸਤਿਗੁਰ ਸੱਚਾ ਪਾਇਆ । ਕੋਟਨ ਕੋਟ ਭਾਂਡੇ ਘੜਦਾ ਰਿਹਾ ਬਣ ਘੁਮਿਆਰ, ਤੇਰਾ ਠਠਿਆਰ ਤੇਰੀ ਸੇਵ ਕਮਾਇਆ । ਤੂੰ ਸਾਹਿਬ ਸੱਚਾ ਮੀਤ ਮੁਰਾਰ, ਤੇਰਾ ਪਰਵਾਰ ਮੇਰਾ ਰੂਪ ਵਟਾਇਆ । ਹਰਿ ਸੰਗਤ ਤੇਰਾ ਲਗਦਾ ਰਹੇ ਦਰਬਾਰ, ਗੁਰ ਸਤਿਗੁਰ ਆਪਣੇ ਘੇਰੇ ਵਿਚ ਰਖਾਇਆ । ਵਾਹ ਵਾ ਸ਼ਿਕਾਰੀ ਖੇਲਿਆ ਸ਼ਿਕਾਰ, ਸ਼ਿਕਰਾ ਬਾਜ਼ ਚਿੜੀਆਂ ਆਪਣੇ ਪੰਜੇ ਵਿਚ ਫਸਾਇਆ । ਉਲਟੀ ਖੇਲ ਕਰੀ ਕਰਤਾਰ, ਗੁਰਸਿਖ ਆਪਣਾ ਸੀਸ ਤਾਜ ਟਿਕਾਇਆ । ਆਪੇ ਨਿਉਂ ਨਿਉਂ ਕਰੇ ਨਿਮਸਕਾਰ, ਗੁਰਸਿਖ ਤੇਰੀ ਵਡ ਵਡਿਆਇਆ । ਤੇਰਾ ਦਰ ਠਾਂਡਾ ਦਰਬਾਰ, ਸਚਖੰਡ ਬੈਠਾ ਰੂਪ ਵਟਾਇਆ । ਲੇਖੇ ਲੱਗਾ ਪੁਰਖ ਨਾਰ, ਜੋ ਜਨ ਸਰਨਾਈ ਆਇਆ । ਮਨ ਕੀ ਵਾਸਨਾ ਮਨ ਵਿਚ ਦੇਵੇ ਮਾਰ, ਮਨ ਮਨ ਹੀ ਆਪ ਲਪਟਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਆਪਣਾ ਬੰਧਨ ਗੁਰਮੁਖ ਤੇਰੀ ਪ੍ਰੇਮ ਡੋਰੀ ਨਾਲ ਬੰਧਾਇਆ ।

ਚਰਨ ਧੂੜ ਗੁਰਮੁਖ ਪਵਿਤ, ਪੁਨੀਤ ਦਏ ਵਡਿਆਈਆ । ਜੁਗ ਜੁਗ ਮੰਗੇ ਸਤਿਗੁਰ ਕਰ ਕਰ ਹਿੱਤ, ਲੱਖ ਚੁਰਾਸੀ ਵਿਚੋਂ ਗੁਰਸਿਖ ਆਪ ਰਖਾਈਆ । ਰੂਪ ਧਰਾਏ ਨਿਤ ਨਵਿਤ, ਧਰੂ ਪ੍ਰਹਿਲਾਦ ਦਏ ਵਡਿਆਈਆ । ਤਾਰਾ ਸਿੰਘ ਹਰਿ ਖੇਲ ਅਨਡਿਠ, ਅਨਡਿਠੜੀ ਖੇਲ ਖਿਲਾਈਆ ।

ਹਰਿਜਨ ਚੁੱਕੇ ਉਪਰ ਆਪਣੀ ਪਿੱਠ, ਗੁਰਸਿਖ ਤੇਰਾ ਭਾਰ ਖ਼ੁਸ਼ੀਆਂ ਨਾਲ ਉਠਾਈਆ । ਮਾਨਸ ਜਨਮ ਲੈਣਾ ਜਿਤ, ਜਗ ਜੀਵਨ ਦਾਤਾ ਜੁਗਤੀ ਰਿਹਾ ਬਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੂੜੀ ਖ਼ਾਕ ਸੱਜਣ ਆਪ ਬਰਸਾਈਆ । ਧੂੜੀ ਖ਼ਾਕ ਉਡੇ ਧੂੜ, ਧੁਰਦਰਗਾਹ ਆਪ ਸੁਹਾਇੰਦਾ । ਗੁਰਸਿਖ ਧੂੜ ਕਰੇ ਅੰਧੇਰਾ ਦੂਰ, ਨੂਰ ਨੂਰ ਚਮਕਾਇੰਦਾ । ਨੂਰ ਅੰਤਰ ਹਰਿ ਹਜ਼ੂਰ, ਹਰਿ ਆਪਣਾ ਰੂਪ ਵਟਾਇੰਦਾ । ਆਸਾ ਮਨਸਾ ਕਰ ਕਰ ਪੂਰ, ਪੂਰੀ ਆਸਾ ਆਪਣੀ ਆਪ ਵਖਾਇੰਦਾ । ਨਾ ਨੇੜੇ ਨਾ ਵਸੇ ਦੂਰ, ਗੁਰਮੁਖ ਤੇਰੇ ਅੰਦਰ ਡੇਰਾ ਲਾਇੰਦਾ । ਕਲਜੁਗ ਅੰਤਮ ਮਿਲ ਕੇ ਜਾਏ ਜ਼ਰੂਰ, ਆਪਣਾ ਮੇਲਾ ਆਪ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਧੂੜ ਨੂਰ ਦਰਸਾਇੰਦਾ ।

## ★ ੧੨ ਜੇਠ ੨੦੧੮ ਬਿਕ੍ਰਮੀ ਪ੍ਰੇਮ ਚੰਦ ਦੇ ਘਰ ਪਿੰਡ ਸਰਦਾਰੀ ਜੰਮੂ ★

ਮਾਨਸ ਜਨਮ ਸਤਿ ਪ੍ਰੇਮ, ਪਰਮ ਪੁਰਖ ਸਰਨਾਈਆ । ਸਤਿ ਪੁਰਖ ਨਿਰੰਜਣ ਜਾਣੇ ਏਕਾ ਸਾਚਾ ਨੇਮ, ਨਿਤ ਨਵਿਤ ਵੇਖ ਵਖਾਈਆ । ਲੇਖਾ ਜਾਣੇ ਕੁੰਟ ਹੇਮ, ਪਰਬਤ ਆਪਣੇ ਰੰਗ ਰੰਗਾਈਆ । ਸੇਵਾ ਜਾਣੇ ਬਾਨਰ ਬੇਨ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜੁਗ ਜੁਗ ਚੁਕਾਏ ਲਹਿਣ ਦੇਣ, ਲਹਿਣਾ ਦੇਣਾ ਆਪ ਮੁਕਾਇਆ । ਜਨ ਭਗਤਾਂ ਸਦਾ ਸਦ ਦਰਸ਼ਨ ਦੇਵੇ ਨੈਣ, ਨੈਣ ਅਣਿਆਲਾ ਆਪ ਖੁਲ੍ਹਾਈਆ । ਏਕਾ ਨਾਉਂ ਸੁਣਾਏ ਸਾਚਾ ਕਹਿਣ, ਸਾਚਾ ਨਾਉਂ ਸਿਫ਼ਤ ਸਾਲਾਹੀਆ । ਏਕਾ ਮੇਲਾ ਹਰਿ ਸੰਗਤ ਬਹਿਣ, ਬਿਨ ਹਰਿਜਨ ਅਵਰ ਨਾ ਕੋਇ ਭਾਈਆ । ਏਕਾ ਮੰਦਰ ਵਸੇ ਰਹਿਣ, ਹਰਿ ਮੰਦਰ ਦਏ ਵਡਿਆਈਆ । ਏਕਾ ਬਸਤਰ ਪਾਏ ਗਹਿਣ, ਭੂਸ਼ਨ ਨਾਮ ਆਪ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਰੰਗ ਸਮਾਈਆ । ਏਕਾ ਪ੍ਰੇਮ ਹਰਿ ਗੁਰਦੇਵਾ, ਲੋਕਮਾਤ ਵੇਖ ਵਖਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਅਲਖ ਅਭੇਵਾ, ਅਲਖ ਅਲਖਣਾ ਵੇਸ ਵਟਾਈਆ । ਭਗਤਨ ਬਖ਼ਸ਼ੇ ਭਗਤੀ ਸੇਵਾ, ਸੇਵਾ ਰੂਪ ਨਜ਼ਰ ਕਿਸੇ ਨਾ ਆਈਆ । ਲੇਖਾ ਜਾਣੇ ਆਤਮਾ ਦੇਵਾ, ਦੇਵ ਅਤਮਾ ਵੇਖ ਵਖਾਈਆ । ਫਲ ਖਵਾਏ ਅੰਮ੍ਰਿਤ ਮੇਵਾ, ਅੰਮਿਉਂ ਰਸ ਆਪਣਾ ਰਸ ਚੁਆਈਆ । ਟਿੱਕਾ ਲਾਏ ਮਸਤਕ ਥੇਵਾ, ਕੌਸਤਕ ਮਣੀਆਂ ਮਾਣ ਗਵਾਈਆ । ਨਾਮ ਜਣਾਏ ਰਸਨਾ ਜਿਹਵਾ, ਏਕਾ ਅੱਖਰ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਤਾ ਇਕ ਸਮਝਾਈਆ । ਸਾਚਾ ਨਾਤਾ ਪ੍ਰੇਮ ਹਰਿ, ਚਰਨ ਚਰਨ ਕਵਲ ਵਡਿਆਈਆ । ਚੁੱਕੇ ਰੋਗ ਮਰਨ ਡਰਨ, ਚਿੰਤਾ ਸੋਗ ਨਾ ਕੋਇ ਰਖਾਈਆ । ਨੇਤਰ ਖੋਲ੍ਹੇ ਹਰਨ ਫਰਨ, ਨਿਝ ਨੇਤਰ ਕਰ ਰੁਸ਼ਨਾਈਆ । ਸਤਿਗੁਰ ਸਾਹਿਬ ਤਰਨੀ ਤਰਨ, ਤਾਰਨਹਾਰ ਇਕ ਹੋ ਜਾਈਆ । ਕਿਰਪਾ ਕਰੇ ਹਰਿ ਕਰਨੀ ਕਰਨ, ਕਰਤਾ ਪੁਰਖ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਖਿਲਾਈਆ । ਹਰਿ ਪ੍ਰੇਮ ਸਚ ਸੰਜੋਗ, ਜੁਗਾ ਜੁਗੰਤਰ ਆਪ ਜਣਾਇੰਦਾ । ਹਰਿ ਪ੍ਰੇਮ ਆਤਮ ਰਸ ਭੋਗ, ਭੋਗੀ ਭੋਗ ਆਪ ਭੁਗਾਇੰਦਾ । ਹਰਿ ਪ੍ਰੇਮ ਮੁੱਕੇ ਵਿਯੋਗ, ਸਹਿੰਸਾ ਰੋਗ ਜਗਤ ਚੁਕਾਇੰਦਾ । ਹਰਿ ਪ੍ਰੇਮ ਸੁਣੇ ਸਚ ਸਲੋਕ, ਰਾਮ ਨਾਮਾ ਆਪ ਪੜ੍ਹਾਇੰਦਾ । ਹਰਿ ਪ੍ਰੇਮ ਲੇਖਾ

੫੪੨
੧੦

ਚੁੱਕੇ ਚੌਦਾਂ ਲੋਕ, ਲੋਕ ਪਰਲੋਕ ਪਾਰ ਕਰਾਇੰਦਾ । ਹਰਿ ਪ੍ਰੇਮ ਨਾਤਾ ਤੁੱਟੇ ਝੂਠ ਕਿਲਾ ਕੋਟ, ਸਚਖੰਡ ਦੁਆਰਾ ਸੋਭਾ ਪਾਇੰਦਾ । ਹਰਿ ਪ੍ਰੇਮ ਜਗੇ ਨਿਰਮਲ ਜੋਤ, ਜੋਤੀ ਜੋਤ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਦਰ ਆਪ ਸੁਹਾਇੰਦਾ । ਹਰਿ ਪ੍ਰੇਮ ਸਚ ਪਿਆਰ, ਪੀਆ ਪ੍ਰੀਤਮ ਆਪ ਜਣਾਈਆ । ਹਰਿ ਪ੍ਰੇਮ ਭਗਤ ਭੰਡਾਰ, ਭਗਵਨ ਭਗਤੀ ਝੋਲੀ ਪਾਈਆ । ਹਰਿ ਪ੍ਰੇਮ ਤਨ ਸ਼ਿੰਗਾਰ, ਸੋਲਾਂ ਇਛਿਆ ਰੰਗ ਰੰਗਾਈਆ । ਹਰਿ ਪ੍ਰੇਮ ਠਾਂਡਾ ਦਰਬਾਰ, ਦਰ ਘਰ ਸਾਚੇ ਸੋਭਾ ਪਾਈਆ । ਹਰਿ ਪ੍ਰੇਮ ਮੰਗਲਾਚਾਰ, ਮਿਲ ਮਿਲ ਸਖ਼ੀਆਂ ਮੰਗਲ ਗਾਈਆ । ਹਰਿ ਪ੍ਰੇਮ ਨਾਤਾ ਤੁੱਟੇ ਸਰਬ ਸੰਸਾਰ, ਨਾਤਾ ਬਿਧਾਤਾ ਜੋੜ ਜੁੜਾਈਆ । ਹਰਿ ਪ੍ਰੇਮ ਹਰਿਜਨ ਹਰਿ ਕਰੇ ਨਿਮਸਕਾਰ, ਨਿਵਣ ਸੁ ਅੱਖਰ ਇਕ ਸਮਝਾਈਆ । ਹਰਿ ਪ੍ਰੇਮ ਲੇਖਾ ਜਾਣੇ ਆਰ ਪਾਰ ਕਿਨਾਰ, ਮੰਝਧਾਰ ਰਹਿਣ ਨਾ ਪਾਈਆ । ਹਰਿ ਪ੍ਰੇਮ ਮੇਲੇ ਸਾਚੇ ਯਾਰ, ਸੱਥਰ ਯਾਰੜਾ ਇਕ ਹੰਢਾਈਆ । ਹਰਿ ਪ੍ਰੇਮ ਲੇਖਾ ਚੁਕਾਏ ਪੁਰਖ ਨਾਰ, ਨਰ ਨਰਾਇਣ ਦਏ ਵਡਿਆਈਆ । ਹਰਿ ਪ੍ਰੇਮ ਮਾਨਸ ਜਨਮ ਜਾਏ ਪੈਜ ਸਵਾਰ, ਮਾਨਵ ਆਪਣੇ ਲੇਖੇ ਪਾਈਆ । ਹਰਿ ਪ੍ਰੇਮ ਕਾਗਦ ਕ਼ਲਮ ਨਾ ਲਿਖਣਹਾਰ, ਸੱਤ ਸਮੁੰਦਰ ਮਸ ਬਨਾਸਪਤ ਰੋ ਰੋ ਦਏ ਦੁਹਾਈਆ । ਹਰਿ ਪ੍ਰੇਮ ਸਭ ਤੋਂ ਵਸੇ ਬਾਹਰ, ਬਿਨ ਗੁਰਮੁਖ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੂਪ ਦਏ ਦਰਸਾਈਆ । ਹਰਿ ਪ੍ਰੇਮ ਆਤਮ ਰੰਗ, ਰੰਗ ਰੰਗੀਲਾ ਆਪ ਜਣਾਇੰਦਾ । ਹਰਿ ਪ੍ਰੇਮ ਸੁਹਾਏ ਸਚ ਪਲੰਘ, ਪਾਵਾ ਚੂਲ ਨਾ ਕੋਇ ਬਣਾਇੰਦਾ । ਹਰਿ ਪ੍ਰੇਮ ਵਜਾਏ ਨਾਮ ਮਰਦੰਗ, ਤਾਰ ਸਤਾਰ ਨਾ ਕੋਇ ਹਿਲਾਇੰਦਾ । ਹਰਿ ਪ੍ਰੇਮ ਪੰਜ ਵਿਕਾਰਾ ਕਰੇ ਖੰਡ ਖੰਡ, ਕਾਮ ਕਰੋਧ ਲੋਭ ਮੋਹ ਹੰਕਾਰ ਨੇੜ ਨਾ ਆਇੰਦਾ । ਹਰਿ ਪ੍ਰੇਮ ਸਾਚੇ ਮੰਦਰ ਪਾਏ ਵੰਡ, ਘਰ ਘਰ ਵਿਚ ਵੇਖ ਵਖਾਇੰਦਾ । ਹਰਿ ਪ੍ਰੇਮ ਉਪਜਾਏ ਪਰਮਾਨੰਦ, ਨਿਜਾਨੰਦ ਆਪ ਸਮਾਇੰਦਾ । ਹਰਿ ਪ੍ਰੇਮ ਖ਼ੁਸ਼ੀ ਕਰਾਏ ਬੰਦ ਬੰਦ, ਹਰਖ ਸੋਗ ਨਾ ਕੋਇ ਰਖਾਇੰਦਾ । ਹਰਿ ਪ੍ਰੇਮ ਢਾਏ ਝੂਠੀ ਕੰਧ, ਭਾਂਡਾ ਭਰਮ ਭੌ ਭੰਨਾਇੰਦਾ । ਹਰਿ ਪੇਮ ਚੜ੍ਹਾਏ ਸਾਚਾ ਚੰਦ, ਅੰਧ ਅੰਧੇਰਾ ਮਾਤ ਗਵਾਇੰਦਾ । ਹਰਿ ਪ੍ਰੇਮ ਮਿਲੇ ਹਰਿ ਬਖ਼ਸ਼ੰਦ, ਬਖ਼ਸ਼ਣਹਾਰਾ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਉਂ ਆਪ ਪ੍ਰਗਟਾਇੰਦਾ । ਹਰਿ ਪ੍ਰੇਮ ਮਿਲੇ ਹਰਿ ਨਾਮਾ, ਜਨਮ ਜਨਮ ਦੀ ਮੈਲ ਗਵਾਈਆ । ਹਰਿ ਪ੍ਰੇਮ ਪੂਰਨ ਹੋਏ ਕਾਮਾ, ਕਾਮ ਕਾਮਨੀ ਰਹਿਣ ਨਾ ਪਾਈਆ । ਹਰਿ ਪ੍ਰੇਮ ਵੱਜੇ ਦਮਾਮਾ, ਅਨਡਿਠ ਤਾਲ ਵਜਾਈਆ । ਹਰਿ ਪ੍ਰੇਮ ਪਰਕਾਸ਼ ਹੋਏ ਕੋਟਨ ਭਾਨਾ, ਜੋਤ ਨੂਰ ਨੂਰ ਰੁਸ਼ਨਾਈਆ । ਹਰਿ ਪ੍ਰੇਮ ਮਿਲੇ ਸਾਚਾ ਕਾਹਨਾ, ਗੋਪੀ ਸੁਰਤੀ ਲਏ ਪਰਨਾਈਆ । ਹਰਿ ਪ੍ਰੇਮ ਘਰ ਆਏ ਰਾਮਾ, ਸੀਤਾ ਸਤਿਵੰਤੀ ਲਏ ਉਠਾਈਆ । ਹਰਿ ਪ੍ਰੇਮ ਹੋਏ ਅੰਤਰਜਾਮਾ, ਅੰਤਰ ਪਰਦਾ ਦਏ ਖੁਲ੍ਹਾਈਆ । ਹਰਿ ਪ੍ਰੇਮ ਵਸੇ ਨਗਰ ਗਰਾਮਾ, ਸਾਚਾ ਖੇੜਾ ਮਿਲੇ ਵਡਿਆਈਆ । ਹਰਿ ਪ੍ਰੇਮ ਹਰਿਜਨ ਮਿਲੇ ਸਾਚਾ ਮਾਣਾ, ਮਾਣ ਨਿਮਾਣਿਆਂ ਆਪ ਦਵਾਈਆ । ਹਰਿ ਪ੍ਰੇਮ ਮੰਨੇ ਭਾਣਾ, ਸੋ ਭਾਣੇ ਵਿਚ ਸਮਾਈਆ । ਹਰਿ ਪ੍ਰੇਮ ਦੇਵੇ ਸ਼ਬਦ ਬਬਾਨਾ, ਹਰਿਜਨ ਸਾਚੇ ਲਏ ਚੜ੍ਹਾਈਆ । ਹਰਿ ਪ੍ਰੇਮ ਚੁਕਾਏ ਆਵਣ ਜਾਣਾ, ਆਵਣ ਜਾਵਣ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਅੱਖਰ ਰਿਹਾ ਪੜ੍ਹਾਈਆ । ਹਰਿ ਕਾ ਪ੍ਰੇਮ ਏਕਾ ਅੱਖਰ, ਲਿਖਣ ਪੜ੍ਹਨ ਵਿਚ ਨਾ ਆਇਆ । ਹਰਿ ਕਾ ਪ੍ਰੇਮ ਵਖਾਏ ਸੱਥਰ, ਸਾਚਾ ਸੱਥਰ ਇਕ ਰਖਾਇਆ । ਹਰਿ ਕਾ ਪ੍ਰੇਮ


੫੪੩
੧੦

ਬਜਰ ਕਪਾਟੀ ਤੋੜੇ ਪੱਥਰ, ਪ੍ਰੇਮ ਨਿਸ਼ਾਨਾ ਇਕ ਲਗਾਇਆ । ਹਰਿ ਕਾ ਪ੍ਰੇਮ ਨੇਤਰ ਨੀਰ ਵਰੋਲੇ ਅੱਥਰ, ਜੋਤੀ ਲੰਬੂ ਏਕਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪ੍ਰੇਮ ਪ੍ਰੇਮ ਰੂਪ ਵਟਾਇਆ । ਪਾਰਬ੍ਰਹਮ ਪ੍ਰੇਮ ਪੁਰਖ ਪੁਰਖ ਦਾਤਾ ਸਰਬ ਗੁਣਵੰਤ, ਸਚ ਸੁੱਚ ਕਰੇ ਜਣਾਈਆ । ਅਲਖ ਅਗੋਚਰ ਆਦਿ ਜੁਗਾਦ ਬੇਅੰਤ, ਸ੍ਰੀ ਭਗਵੰਤ ਵਡੀ ਵਡਿਆਈਆ । ਨਰ ਨਰਾਇਣ ਸਾਚੇ ਧਾਮ ਸੋਭਾਵੰਤ, ਮਹੱਲ ਅਟਲ ਉਚ ਮਨਾਰ ਕਰੇ ਰੁਸ਼ਨਾਈਆ । ਗੁਰਮੁਖ ਸੁਹਾਗਣ ਨਾਰ ਭਤਾਰ ਮਿਲੇ ਹਰਿ ਹਰਿ ਕੰਤ, ਕੰਤ ਸੁਹਾਗ ਇਕ ਸਮਝਾਈਆ । ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਆਦਿ ਜੁਗਾਦਿ ਉਤਰ ਨਾ ਜਾਈਆ । ਰਸਨਾ ਜਿਹਵਾ ਮਣੀਆ ਮੰਤ, ਧਨ ਜੋਬਨ ਨਾਮ ਝੋਲੀ ਪਾਈਆ । ਗੀਤ ਗੋਬਿੰਦ ਸੁਹਾਗੀ ਛੰਤ, ਸੌਹਰੇ ਪੇਈਏ ਸਦਾ ਜਸ ਗਾਈਆ । ਗੜ੍ਹ ਤੋੜੇ ਹਉਮੇ ਹੰਗਤ, ਖ਼ਿਮਾ ਗ਼ਰੀਬੀ ਇਕ ਦਰਸਾਈਆ । ਲੱਖ ਚੁਰਾਸੀ ਵਿਚੋਂ ਕੱਢੇ ਜੀਵ ਜੰਤ, ਜੀਵ ਆਤਮਾ ਮੇਲ ਮਿਲਾਈਆ । ਆਪਣਾ ਲੇਖਾ ਮੇਟੇ ਤੁਰੰਤ, ਦੂਜਾ ਲੇਖਾ ਨਾ ਕੋਇ ਵਖਾਈਆ । ਗੁਰਸਿਖ ਗੁਰਮੁਖ ਗੁਰ ਗੁਰ ਉਪਜਾਏ ਸਾਚੇ ਸੰਤ, ਜਿਸ ਆਪਣਾ ਦਰਸ ਵਖਾਈਆ । ਲੋਕ ਪਰਲੋਕ ਬਣਾਏ ਬਣਤ, ਸਾਚਾ ਘਾੜਨ ਘੜਤ ਘੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਖਿਲਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਗੁਰੂ ਗੁਰ ਚੇਲ ਚੇਲਾ ਗੁਰ ਗੁਰ ਚੇਲਾ ਏਕਾ ਰੰਗ ਸਮਾਈਆ ।



੫੪੪ ੧੦

## ★ ੧੨ ਜੇਠ ੨੦੧੮ ਬਿਕ੍ਰਮੀ ਰਾਮ ਲਾਲ ਦੇ ਘਰ ਸਰਦਾਰੀ ਜੰਮੂ ★

ਹਰਿ ਪ੍ਰੇਮ ਭੰਡਾਰਾ ਏਕਾ ਖੁਲ੍ਹਾ, ਖ਼ਾਲਕ ਖ਼ਲਕ ਆਪ ਵਰਤਾਈਆ । ਆਦਿ ਜੁਗਾਦਿ ਰੱਖੇ ਖੁਲ੍ਹਾ, ਦਰ ਦਰਬਾਰਾ ਆਪ ਸੁਹਾਈਆ । ਜੁਗਾ ਜੁਗੰਤਰ ਨਾ ਲਾਏ ਕੋਇ ਮੁੱਲਾ, ਕ਼ੀਮਤ ਕਰਤਾ ਨਾ ਕੋਇ ਚੁਕਾਈਆ । ਦੇਵੇ ਵਡਿਆਈ ਜੋ ਦਰ ਆਏ ਭੁੱਲਾ, ਅਭੁਲ ਸੱਚਾ ਸ਼ਹਿਨਸ਼ਾਹੀਆ । ਗੁਰਮੁਖ ਬੂਟਾ ਲੋਕਮਾਤ ਫਲਿਆ ਫੁਲਾ, ਪੱਤ ਡਾਲੀ ਆਪ ਮਹਿਕਾਈਆ । ਮਨਮੁਖ ਜੀਵ ਅੰਤਮ ਹੁੱਲਾ, ਸਿੰਮਲ ਰੁਖ ਰਿਹਾ ਵਖਾਈਆ । ਹਰਿਜਨ ਭਾਗ ਲਗਾਏ ਸਾਚੀ ਕੁੱਲਾ, ਧੰਨ ਧੰਨ ਜਣੇਂਦੀ ਮਾਈਆ । ਮਨਮੁਖ ਅੰਤ ਕਰਾਏ ਨਾ ਕੋਈ ਸੁਲਾਹ, ਗੁਰ ਸਤਿਗੁਰ ਨਾ ਮੇਲ ਮਿਲਾਈਆ । ਤ੍ਰੈਗੁਣ ਮਾਇਆ ਭੀਤਰ ਰੁੱਲਾ, ਚਾਰੇ ਕੰਨੀਆਂ ਚਿਕੜ ਰਿਹਾ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਰਤਨ ਨਾਮ ਵਖਾਈਆ । ਹਰਿ ਪ੍ਰੇਮ ਨਾਮ ਰਤਨ ਅਮੋਲਕ, ਅਮੁਲ ਅਮੁਲ ਜਣਾਇੰਦਾ । ਹਰਿਜਨ ਰੱਖੇ ਕਾਇਆ ਗੋਲਕ, ਦੂਸਰ ਦਰ ਨਾ ਕੋਇ ਸੁਹਾਇੰਦਾ । ਗੁਰਮੁਖ ਵੇਖੇ ਸਦਾ ਅਡੋਲਤ, ਅਡੋਲ ਅਤੁਲ ਦਇਆ ਕਮਾਇੰਦਾ । ਨਾਮ ਜਣਾਏ ਅਨ ਅਨਬੋਲਤ, ਅਨਬੋਲਤ ਖੇਲ ਖਿਲਾਇੰਦਾ । ਬੀਸ ਬੀਸਾ ਏਕਾ ਦਿਤੀ ਮੋਹਲਤ, ਅੱਗੇ ਲੇਖਾ ਨਾ ਕੋਇ ਵਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਖਿਲਾਇੰਦਾ । ਏਕਾ ਮੋਹਲਤ ਦਏ ਤਾਰੀਕ, ਜਗਤ ਤਾਰੀਖ ਆਪ ਜਣਾਈਆ । ਪਰਗਟ ਹੋਏ ਲਾਸ਼ਰੀਕ, ਸ਼ਰੀਕਤ ਮੇਟੇ ਖ਼ਲਕ ਖ਼ੁਦਾਈਆ । ਆਪਣੀ ਰੱਖੇ ਇਕ ਤੌਫ਼ੀਕ਼, ਖ਼ੁਦੀ ਖ਼ੁਦਾਏ ਦਏ ਮਿਟਾਈਆ । ਮੁਰਸ਼ਦ ਮਰੀਦ ਬਣੇ ਰਫ਼ੀਕ, ਉਲਫ਼ਤ ਆਪਣੀ ਦਏ ਵਡਿਆਈਆ । ਨਾਤਾ ਤੋੜੇ ਝੂਠ ਫ਼ਰੀਕ,

ਫ਼ਿਰਕਾ ਕੋਇ ਨਜ਼ਰ ਨਾ ਆਈਆ । ਆਪਣੀ ਮਾਰੇ ਸਤਿ ਲੀਕ, ਸੱਤਾਂ ਦੀਪਾਂ ਲਕੀਰ ਦਏ ਗਵਾਈਆ । ਨੌਂ ਨੌਂ ਚਲਾਏ ਸਾਚੀ ਰੀਤ, ਪਤਿਤ ਪੁਨੀਤ ਬੇਪਰਵਾਹੀਆ । ਆਪਣੀ ਜਣਾਏ ਸਚ ਪ੍ਰੀਤ, ਪ੍ਰੇਮ ਨੇਮ ਇਕ ਸਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਰੂਪ ਅਨੂਪ ਧਰਾਈਆ । ਹਰਿ ਹਰਿ ਪ੍ਰੇਮ ਸਦਾ ਵਡਭਾਗ, ਵਡਭਾਗੀ ਭਾਗ ਲਗਾਇੰਦਾ । ਜਨਮ ਜਨਮ ਦਾ ਧੋਵੇ ਦਾਗ਼, ਜੋ ਜਨ ਹਰਿ ਹਰਿ ਪ੍ਰੇਮ ਕਮਾਇੰਦਾ । ਅੰਤਰ ਉਪਜੇ ਇਕ ਵੈਰਾਗ, ਵੈਰਾਗੀ ਵੈਰਾਗ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਧਰਮ ਇਕ ਸਮਝਾਇੰਦਾ । ਸਚ ਪ੍ਰੇਮ ਹਰਿ ਹਰਿ, ਧਰਮੀ ਧਰਮ ਰਖਾਇੰਦਾ । ਨਿਹਕਰਮੀ ਕਰਮ ਆਪਣਾ ਕਰ ਕਰ, ਕੁਕਰਮੀ ਕਰਮ ਮਿਟਾਇੰਦਾ । ਰੂਪ ਜਣਾਏ ਏਕਾ ਨਰ ਨਰ, ਨਰ ਨਰਾਇਣ ਵੇਖ ਵਖਾਇੰਦਾ । ਸੰਤ ਸੁਹੇਲੇ ਸਾਚੇ ਫੜ ਫੜ, ਆਪਣਾ ਬੰਧਨ ਪਾਇੰਦਾ । ਡੂੰਘੀ ਭਵਰੀ ਆਪੇ ਵੜ ਵੜ, ਕਾਇਆ ਕੰਦਰ ਫੋਲ ਫੁਲਾਇੰਦਾ । ਟੇਢੀ ਬੰਕ ਆਪੇ ਚੜ੍ਹ ਚੜ੍ਹ, ਆਪਣਾ ਪੰਧ ਆਪ ਮੁਕਾਇੰਦਾ । ਜੋਤੀ ਨੂਰ ਏਕਾ ਧਰ ਧਰ, ਗ੍ਰਿਹ ਮੰਦਰ ਆਪ ਸੁਹਾਇੰਦਾ । ਸੁਰਤੀ ਨਾਰੀ ਆਪੇ ਵਰ ਵਰ, ਸ਼ਬਦੀ ਕੰਤ ਮਨਾਇੰਦਾ । ਮੰਗਲਾਚਾਰ ਆਪੇ ਕਰ ਕਰ, ਆਪਣਾ ਰਾਗ ਸੁਣਾਇੰਦਾ । ਅੰਮ੍ਰਿਤ ਸਰੋਵਰ ਠਰ ਠਰ, ਆਪਣੀ ਅਗਨੀ ਆਪ ਬੁਝਾਇੰਦਾ । ਆਪਣਾ ਪ੍ਰੇਮ ਆਪੇ ਕਰ ਕਰ, ਆਪ ਆਪਣਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਸਾਚਾ ਆਪ ਵਡਿਆਇੰਦਾ । ਪ੍ਰੇਮ ਪੁਰਖ ਪ੍ਰੇਮ ਨਾਰੀ, ਪਰਮ ਪੁਰਖ ਦਏ ਵਡਿਆਈਆ । ਪ੍ਰੇਮ ਮੇਟੇ ਜਗਤ ਵਿਭਚਾਰੀ, ਵਿਭਚਾਰ ਰਹਿਣ ਨਾ ਪਾਈਆ । ਪ੍ਰੇਮ ਦੇਵੇ ਸਤਿ ਆਧਾਰੀ, ਨਾਮ ਆਧਾਰ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਘਰ ਦਏ ਵਡਿਆਈਆ । ਸਾਚੇ ਘਰ ਪ੍ਰੇਮ ਆਪਣਾ ਉਤਪੰਨਾ, ਹਰਿ ਹਰਿ ਆਪ ਕਰਾਈਆ । ਹਰਿਜਨ ਜਗਾਏ ਜਿਉਂ ਜਟ ਧੰਨਾ, ਭੋਲੇ ਭਾ ਹਰਿ ਗੋਬਿੰਦ ਮਿਲਾਈਆ । ਦਰਸ਼ਨ ਦੇਵੇ ਵਿਚ ਛੱਪਰ ਛੰਨਾ, ਮਹੱਲ ਅਟਲ ਨਾ ਕੋਇ ਵਡਿਆਈਆ । ਸਚ ਸੁਨੇਹੜਾ ਏਕਾ ਘੱਲਾ, ਸੋਏ ਜਨ ਆਪ ਉਠਾਈਆ । ਲੱਭਦਾ ਫਿਰੇ ਜੰਗਲ ਜੂਹ ਉਜਾੜ ਝੱਲਾ, ਉਚੇ ਟਿੱਲੇ ਪਰਬਤ ਫੇਰਾ ਪਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਰਿਹਾ ਇਕੱਲਾ, ਸੱਚਖੰਡ ਦੁਆਰੇ ਨਿਰਗੁਣ ਜੋਤ ਕਰ ਰੁਸ਼ਨਾਈਆ । ਕਲਜੁਗ ਅੰਤਮ ਕਰਿਆ ਖੇਲ ਅਵੱਲਾ, ਅਵਲ ਅੱਲਾ ਨੂਰ ਵੇਖ ਵਖਾਈਆ । ਨੂਰੀ ਨੂਰ ਫੜਾਏ ਪੱਲਾ, ਨੂਰ ਨੂਰ ਨਾਲ ਮਿਲਾਈਆ । ਜਲਵਾ ਜਲਾਲ ਅਛਲ ਅਛੱਲਾ, ਸਚ ਮਹੱਲਾ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਮੰਦਰ ਸੋਭਾ ਪਾਈਆ । ਪ੍ਰੇਮ ਪਿਆਰਾ ਪ੍ਰੇਮ ਨਾਥ, ਅਨਾਥ ਅਨਾਥਾਂ ਦਇਆ ਕਮਾਇੰਦਾ । ਸਖਾ ਸੁਹੇਲਾ ਦੇਵੇ ਸਾਥ, ਸਗਲਾ ਸੰਗ ਆਪ ਨਿਭਾਇੰਦਾ । ਲੇਖਾ ਜਾਣੇ ਰਘੁਪਤ ਰਘੁਨਾਥ, ਰਘੁਪਤੀ ਰੂਪ ਵਟਾਇੰਦਾ । ਜੋਤੀ ਜਾਤਾ ਤ੍ਰਿਲੋਕੀ ਨਾਥ, ਤ੍ਰੈ ਤ੍ਰੈ ਆਪਣਾ ਵੇਸ ਧਰਾਇੰਦਾ । ਗਹਿਰ ਗੰਭੀਰ ਅਕਥਨਾ ਕਾਥ, ਕਥ ਕਥ ਆਪਣੀ ਕਥਾ ਸੁਣਾਇੰਦਾ । ਨਿਰਗੁਣ ਸਰਗੁਣ ਚੜ੍ਹਿਆ ਰਾਥ, ਜਗਤ ਰਥ ਆਪ ਚਲਾਇੰਦਾ । ਜੁਗ ਜੁਗ ਲੇਖਾ ਲਿਖਦਾ ਰਿਹਾ ਮਾਥ, ਮਸਤਕ ਲਹਿਣਾ ਭੇਵ ਛੁਪਾਇੰਦਾ । ਬੰਧਨ ਪਾਉਂਦਾ ਰਿਹਾ ਤੱਤ ਆਠ, ਅੱਠ ਤੱਤ ਖੇਲ ਖਿਲਾਇੰਦਾ । ਨਾਤਾ ਜੋੜਦਾ ਰਿਹਾ ਹੱਡ ਮਾਸ, ਨਾੜੀ ਰਤ ਰਕਤ ਬੂੰਦ ਮੇਲ ਮਿਲਾਇੰਦਾ । ਖੇਲ ਖੇਲਦਾ ਰਿਹਾ ਜ਼ਾਤ ਪਾਤ, ਵਰਨ ਬਰਨ ਬੰਧਨ ਪਾਇੰਦਾ । ਕਲਜੁਗ ਅੰਤਮ ਹੋ ਇਕਾਂਤ, ਨਿਰਗੁਣ ਆਪਣਾ ਰੂਪ ਹਰਿ ਵਟਾਇੰਦਾ । ਆਪੇ ਬੈਠਾ ਰਹੇ ਸ਼ਾਂਤ, ਸ੍ਰਿਸ਼ਟ

੫੪੫
੧੦

ਸਬਾਈ ਅਗਨ ਜਲਾਇੰਦਾ । ਜਨ ਭਗਤਾਂ ਦੇਵੇ ਦਾਤ, ਪ੍ਰੇਮ ਪਿਆਰ ਝੋਲੀ ਪਾਇੰਦਾ । ਲੱਖ ਚੁਰਾਸੀ ਕਰੇ ਘਾਤ, ਘਾਓ ਆਪਣਾ ਆਪ ਲਗਾਇੰਦਾ । ਨਵ ਨੌਂ ਚਾਰ ਮੇਟੇ ਅੰਧੇਰੀ ਰਾਤ, ਅੰਧ ਅੰਧੇਰਾ ਆਪ ਗਵਾਇੰਦਾ । ਧਰਮ ਰਾਏ ਦਾ ਪੂਰਾ ਕਰੇ ਖਾਤ, ਖਾਤਾ ਅੰਤਮ ਆਪ ਭਰਾਇੰਦਾ । ਗੁਰਮੁਖਾਂ ਪੁੱਛੇ ਵਾਤ, ਸੋਏ ਲੋਕਮਾਤ ਜਗਾਇੰਦਾ । ਨਾਤਾ ਤੋੜ ਜ਼ਾਤ ਪਾਤ, ਜੋਤੀ ਜਾਤਾ ਰੰਗ ਰੰਗਾਇੰਦਾ । ਇਕ ਵਖਾਏ ਪਿਤਾ ਮਾਤ, ਏਕਾ ਪੂਤ ਗੋਦ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਮੇਲ ਮਿਲਾਇੰਦਾ । ਹਰਿਜਨ ਮੇਲਾ ਪ੍ਰੇਮ ਬੰਧਨ, ਬੰਦੀ ਛੋੜ ਆਪ ਲਗਾਈਆ । ਗੁਰਮੁਖ ਮਹਿਕਾਏ ਜਿਉਂ ਬਣ ਚੰਦਨ, ਚੰਦਨ ਵਾਸ ਆਪ ਹੋ ਜਾਈਆ । ਘਰ ਘਰ ਦੇਵੇ ਪਰਮਾਨੰਦਨ, ਪਰਮ ਪੁਰਖ ਮਿਲਾਈਆ । ਦੋਏ ਜੋੜ ਕਰੇ ਜਨ ਬੰਦਨ, ਡੰਡੌਤ ਆਪਣੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਏਕਾ ਕਰੇ ਪ੍ਰੇਮ ਸਖ਼ਾਵਤ, ਸਾਚੀ ਭਿਛਿਆ ਝੋਲੀ ਪਾਈਆ । ਸਾਚੀ ਭਿਛਿਆ ਪ੍ਰੇਮ ਸਖਾਵਤ, ਸਖ਼ੀ ਸਰਵਰ ਝੋਲੀ ਪਾਇੰਦਾ । ਚਾਰ ਕੁੰਟ ਦੇਵੇ ਏਕਾ ਦਾਵਤ, ਏਕਾ ਹੁਕਮੀ ਹੁਕਮ ਸੁਣਾਇੰਦਾ । ਨੌਂ ਖੰਡ ਪ੍ਰਿਥਮੀ ਕਰ ਬਗ਼ਾਵਤ, ਬਗ਼ਲੀ ਸ਼ਾਹ ਸੁਲਤਾਨਾਂ ਹੱਥ ਰਖਾਇੰਦਾ । ਲੇਖਾ ਚੁਕਾਏ ਨਿੰਦਕ ਸਾਕਤ, ਦੁਸ਼ਟ ਦੁਰਾਚਾਰ ਰਹਿਣ ਨਾ ਪਾਇੰਦਾ । ਰਹਿਣ ਨਾ ਪਾਏ ਕੋਈ ਨਾਸਤਕ ਆਸਤਕ ਆਪਣਾ ਰੂਪ ਵਟਾਇੰਦਾ । ਨੇਤਰ ਰੋਵੇ ਵਿਸ਼ਨੂੰ ਸੇਜਾ ਬਾਸ਼ਕ, ਸਾਗੋਂ ਪਾਂਗ ਨਾ ਸੋਭਾ ਪਾਇੰਦਾ । ਤੇਰਾ ਰੂਪ ਏਕਾ ਵਾਸਤਕ, ਵਿਸ਼ਵ ਤੇਰੀ ਧਾਰ ਜਣਾਇੰਦਾ । ਏਕਾ ਨੂਰ ਕਰੇ ਪਰਕਾਸ਼ਤ, ਏਕਾ ਸ਼ਬਦ ਨਾਦ ਵਜਾਇੰਦਾ । ਏਕਾ ਪ੍ਰੇਮ ਰੱਖੇ ਸਾਬਤ, ਦੂਜਾ ਨੇਮ ਨਾ ਕੋਇ ਜਣਾਇੰਦਾ । ਏਕਾ ਬਣੇ ਹਰਿ ਹਰਿ ਕਾਤਬ, ਆਪਣਾ ਲੇਖਾ ਆਪ ਲਿਖਾਇੰਦਾ । ਜਾਮਾ ਪਾਇਆ ਕਲਜੁਗ ਪਲਟਨ ਬਾਬਤ, ਬਵਰਾ ਰੂਪ ਆਪ ਧਰਾਇੰਦਾ । ਦੋ ਜਹਾਨਾਂ ਜਾਣੇ ਆਕਬਤ, ਆਲਮ ਇਲਮਾ ਪਰਦਾ ਨਾ ਕੋਇ ਉਠਾਇੰਦਾ । ਕਰੇ ਖੇਲ ਹੱਕ ਜਨਾਬਤ, ਜਨਾਬ ਆਪ ਆਪਣੇ ਹੱਥ ਰਖਾਇੰਦਾ । ਕਿਸੇ ਹੱਥ ਨਾ ਆਏ ਵਿਚ ਕਿਤਾਬਤ, ਲਿਖ ਲਿਖ ਲੇਖ ਨਾ ਕੋਈ ਸਮਝਾਇੰਦਾ । ਜਨ ਭਗਤਾਂ ਕਰੇ ਅੰਤ ਸਵਾਗਤ, ਫੂਲਨਹਾਰ ਗਲ ਪਹਿਨਾਇੰਦਾ । ਆਪਣੇ ਘਰ ਨਾ ਮੰਗੇ ਕੋਈ ਲਾਗਤ, ਲੱਗੀ ਪ੍ਰੀਤ ਤੋੜ ਨਿਭਾਇੰਦਾ । ਹਰਿਜਨ ਤੇਰੀ ਕਰੇ ਸਦਾ ਸਦਾਕਤ, ਸਿਦਕ ਸਬੂਰੀ ਤੇਰੇ ਸੰਗ ਰਖਾਇੰਦਾ । ਤੇਰੇ ਹੁਜਰੇ ਬਹਿ ਬਹਿ ਕਰੇ ਇਬਾਦਤ, ਇਬਨਉਲਵਕਤ ਆਪਣਾ ਖੇਲ ਖਿਲਾਇੰਦਾ । ਏਕਾ ਕਰੇ ਵਾਇਜ਼ ਵਾਹਦ ਦੋ ਜਹਾਨ ਵਕਾਲਤ, ਵਕੀਲ ਦਲੀਲ ਨਾ ਕੋਇ ਜਣਾਈਆ । ਵਰਨ ਬਰਨ ਊਚ ਨੀਚ ਰਹਿਣ ਨਾ ਦੇਵੇ ਵਿਚ ਮਿਲਾਵਟ, ਦੂਸਰ ਇਸ਼ਟ ਨਾ ਕੋਇ ਰਖਾਈਆ । ਏਕਾ ਮੰਦਰ ਕਰੇ ਸਜਾਵਟ, ਹਰਿਜਨ ਤੇਰੇ ਬੰਕ ਸੋਭਾ ਪਾਈਆ । ਜਗਤ ਬਾਢੀ ਨਾ ਬਣਾਏ ਕੋਇ ਬਣਾਵਟ, ਹਰਿ ਮੰਦਰ ਏਕਾ ਏਕ ਸੁਹਾਈਆ । ਅੱਠੇ ਪਹਿਰ ਗਾਇਣ ਗਾਏ ਗਾਵਤ, ਗਾਵਣਹਾਰਾ ਆਲਸ ਨਿੰਦਰਾ ਵਿਚ ਨਾ ਆਈਆ । ਨਿਰਗੁਣ ਸਰਗੁਣ ਬਣਿਆ ਮਹਾਵਤ, ਚਿਉਂਟੀ ਹਸਤ ਏਕਾ ਰਿਹਾ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰੇਮ ਪੱਤਣ ਦਏ ਬਣਾਈਆ । ਪ੍ਰੇਮ ਪੱਤਣ ਗੁਰਸਿਖ ਕਿਨਾਰਾ, ਗੁਰ ਗੁਰ ਬੇੜਾ ਆਪ ਚਲਾਈਆ । ਆਇਆ ਵੇਖਣ ਏਕੰਕਾਰਾ, ਅਕਲ ਕਲ ਆਪਣਾ ਰੂਪ ਧਰਾਈਆ । ਨੌਂ ਨੌਂ ਵੇਖੇ ਵੇਖਣਹਾਰਾ, ਸ੍ਰਿਸ਼ਟ ਸਬਾਈ ਫੋਲ ਫੁਲਾਈਆ । ਲੱਖ ਚੁਰਾਸੀ ਜੂਠ ਝੂਠ ਬੱਧਾ ਭਾਰਾ, ਲੋਕਮਾਤ ਰਹੇ ਕੁਰਲਾਈਆ । ਕੋਇ ਨਾ ਦਿਸੇ ਮੀਤ ਮੁਰਾਰਾ, ਸਗਲਾ ਸੰਗ

ਨਾ ਕੋਇ ਨਿਭਾਈਆ । ਨਾਤਾ ਛੁਟਾ ਨਾਰੀ ਨਾਰਾ, ਨਾਰੀ ਕੰਤ ਦਏ ਦੁਹਾਈਆ । ਚਾਰ ਕੁੰਟ ਨਾ ਦਿਸੇ ਕੋਇ ਸਹਾਰਾ, ਚਾਰ ਯਾਰੀ ਰਹੀ ਸ਼ਰਮਾਈਆ । ਨੇਤਰ ਨੈਣ ਨਾ ਕੋਇ ਉਜਿਆਰਾ, ਜਗਤ ਨੇਤਰ ਨਜ਼ਰ ਨਾ ਆਈਆ । ਧੀਆਂ ਪੁਤ ਝੂਠਾ ਪਿਆਰਾ, ਅੰਤਮ ਸੰਗ ਨਾ ਕੋਇ ਨਿਭਾਈਆ । ਖੁਲੜੇ ਕੇਸ ਰੋਵੇ ਜ਼ਾਰੋ ਜ਼ਾਰਾ, ਸੀਸ ਮੇਂਢੀ ਨਾ ਕੋਇ ਗੁੰਦਾਈਆ । ਹਾਏ ਹਾਏ ਕਰਨ ਪੁਕਾਰਾ, ਧੀਰਜ ਧੀਰ ਨਾ ਕੋਇ ਧਰਾਈਆ । ਚਾਰੋਂ ਕੁੰਟ ਸਮੁੰਦਰ ਖਾਰਾ, ਕਲਜੁਗ ਘਾਟੀ ਪਾਰ ਨਾ ਕੋਇ ਵਖਾਈਆ । ਚਿਕੜ ਭਰੀਆਂ ਖੁਬਣ ਵਿਚ ਗਾਰਾ, ਸਾਰੰਗ ਸਾਰ ਨਾ ਕੋਇ ਜਣਾਈਆ । ਮਾਨਸ ਜਨਮ ਆਈ ਹਾਰਾ, ਹਾਰ ਜਿਤ ਨਾ ਰੂਪ ਵਟਾਈਆ । ਪੁਰਖ ਅਬਿਨਾਸ਼ੀ ਲਾਇਆ ਇਕ ਅਖਾੜਾ, ਬ੍ਰਹਿਮੰਡ ਖੰਡ ਰਿਹਾ ਨਚਾਈਆ । ਗੁਰਮੁਖ ਵਿਰਲਾ ਕੀਆ ਪਿਆਰਾ, ਜਿਸ ਜਨ ਆਪਣੀ ਬੂਝ ਬੁਝਾਈਆ । ਮੇਲ ਮਿਲਾਇਆ ਸਤਾਰਾਂ ਹਾੜਾ, ਵਦੀ ਸੁਦੀ ਨਾ ਕੋਇ ਰਖਾਈਆ । ਆਪਣਾ ਖ਼ੂਨ ਕੀਆ ਗਾੜ੍ਹਾ, ਗੁਰਮੁਖਾਂ ਜੜ੍ਹ ਲਗਾਈਆ । ਸੇਵਾ ਕਰੇ ਕਰਨੇਹਾਰਾ, ਬਾਢੀ ਆਪਣਾ ਰੂਪ ਵਟਾਈਆ । ਤਿੱਖਾ ਫੜਿਆ ਏਕਾ ਆਰਾ, ਦੋ ਧਾਰਾ ਚੀਰ ਪਵਾਈਆ । ਸੂਤਰ ਲਾਏ ਏਕਾ ਵਾਰਾ, ਕਾਲੀ ਤੰਦਨ ਤੰਦ ਹਿਲਾਈਆ । ਦੋ ਜਹਾਨਾਂ ਕਰੇ ਖਵਾਰਾ, ਖ਼ਾਕੀ ਖ਼ਾਕ ਖ਼ਾਕ ਉਡਾਈਆ । ਆਪੇ ਮੱਲੇ ਆਪਣਾ ਪਾਰ ਕਿਨਾਰਾ, ਪੱਤਨ ਬੈਠਾ ਸਾਚਾ ਮਾਹੀਆ । ਚੱਪੂ ਨਾਮ ਲਾਏ ਸਹਾਰਾ, ਵੰਝ ਮੁਹਾਨਾ ਰਿਹਾ ਵਖਾਈਆ । ਖੇਵਟ ਖੇਟਾ ਬਣ ਸੰਸਾਰਾ, ਸਾਚਾ ਬੇੜਾ ਆਪ ਚਲਾਈਆ । ਭਗਤ ਜਨਾਂ ਹਰਿ ਮਾਂ ਪਿਓ ਬੇਟਾ ਆਦਿ ਜੁਗਾਦਿ ਕਰੇ ਵਿਹਾਰਾ, ਜਗਤ ਬਿਉਹਾਰੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਪੱਤਣ ਰਿਹਾ ਵਖਾਈਆ । ਏਕਾ ਪੱਤਣ ਲੱਗਾ ਡੇਰਾ, ਕੰਢਾ ਨਜ਼ਰ ਵਿਚ ਨਾ ਆਈਆ । ਪਰਗਟ ਹੋਇਆ ਸਿੰਘ ਸ਼ੇਰ ਦਲੇਰਾ, ਦੋ ਜਹਾਨ ਵੱਜੇ ਵਧਾਈਆ । ਆਪ ਵਸਾਏ ਆਪਣਾ ਖੇੜਾ, ਸਚਖੰਡ ਦੁਆਰਾ ਸੋਭਾ ਪਾਈਆ । ਕਲਜੁਗ ਦੇਵੇ ਲੱਖ ਚੁਰਾਸੀ ਗੇੜਾ, ਰਾਏ ਧਰਮ ਦਰ ਵਖਾਈਆ । ਗੁਰਮੁਖ ਵਿਰਲੇ ਚਾਓ ਘਨੇਰਾ, ਜਿਸ ਭਰਵਾਸਾ ਰਿਹਾ ਵਖਾਈਆ । ਨਾਤਾ ਤੁਟਾ ਮੇਰਾ ਤੇਰਾ, ਮੈਂ ਤੂੰ ਨਾ ਕੋਇ ਸਮਝਾਈਆ । ਤੂੰ ਠਾਕਰ ਹਉਂ ਸੇਵਕ ਤੇਰਾ, ਚਾਕਰ ਚਾਕਰੀ ਇਕ ਸਮਝਾਈਆ । ਤੂੰ ਪਾਤਨ ਬੈਠਾ ਕਰੇ ਮਿਹਰਾ, ਮਿਹਰਵਾਨ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਨਈਆ ਪਾਰ ਲੰਘਾਈਆ । ਜਗਤ ਨਈਆ ਦੇਵੇ ਨੌਕਾ, ਗੁਣ ਅਵਗੁਣ ਨਾ ਕੋਇ ਜਣਾਇੰਦਾ । ਪ੍ਰਭ ਮਿਲਣ ਦਾ ਅੰਤਮ ਮੌਕਾ, ਵੇਲਾ ਗਿਆ ਹੱਥ ਨਾ ਆਇੰਦਾ । ਚਾਰ ਵਰਨ ਮਾਰਗ ਦੱਸਿਆ ਸੌਖਾ, ਜੋਗ ਅਭਿਆਸ ਨਾ ਕੋਇ ਕਰਾਇੰਦਾ । ਨਿਰਗੁਣ ਨਿਰਵੈਰ ਨਾ ਦੇਵੇ ਧੋਖਾ, ਆਪਣਾ ਮੇਲ ਆਪ ਮਿਲਾਇੰਦਾ । ਨਾ ਕੋਈ ਪੜ੍ਹੇ ਜਗਤ ਪੋਥਾ, ਸੰਧਿਆ ਧੂਪ ਨਾ ਕੋਈ ਧੁਖਾਇੰਦਾ । ਜਲ ਧਾਰ ਨਾ ਮਾਰੇ ਕੋਈ ਗੋਤਾ, ਅੰਮ੍ਰਿਤ ਧਾਰ ਆਪ ਵਹਾਇੰਦਾ । ਮਲ ਖ਼ਾਕ ਨਾ ਬਣੇ ਕੋਈ ਗਧਾ ਖੋਤਾ, ਚਰਨ ਧੂੜੀ ਮਸਤਕ ਟਿੱਕਾ ਲਾਇੰਦਾ । ਤਨ ਕਟਾਏ ਨਾ ਕੋਈ ਪੋਟਾ ਪੋਟਾ, ਮਨ ਕਾ ਮਾਣ ਆਪ ਮਿਟਾਇੰਦਾ । ਸਤਵੇਂ ਅੱਠਵੇਂ ਜਗਾਏ ਨਾ ਕੋਈ ਜੋਤਾ, ਆਤਮ ਜੋਤ ਡਗਮਗਾਇੰਦਾ । ਪੀਰ ਫ਼ਕੀਰ ਨਾ ਦੇਵੇ ਕੋਈ ਰੋਟਾ, ਪਕਵਾਨ ਆਪਣੇ ਪੇਟੇ ਪਾਇੰਦਾ । ਧਨ ਮੰਗੇ ਨਾ ਹਰਿ ਦਰ ਕੋਈ ਗਹਿਣਾ ਗੋਟਾ, ਨਾਮ ਧਨ ਇਕ ਵਖਾਇੰਦਾ । ਨੌਂ ਖੰਡ ਪ੍ਰਿਥਮੀ ਕਿਸੇ ਘਰ ਨਾ ਰਹਿਣ ਦੇਵੇ ਹੁੱਕਾ ਲੋਟਾ, ਅਗਨੀ ਕੋਇਲਾ ਨਾ ਕੋਇ ਧੁਖਾਇੰਦਾ । ਦੀਰਘ ਰੋਗ ਨਾ ਰੱਖੇ ਵਾਸਨਾ ਅੰਦਰ ਖੋਟਾ, ਸਚ ਸੁੱਚ ਇਕ ਸਮਝਾਇੰਦਾ । ਗੁਰਮੁਖ ਕੋਇ ਨਾ ਰਹੇ ਸੋਤਾ,

ਸਤਿਗੁਰ ਪੂਰਾ ਆਪ ਜਗਾਇੰਦਾ । ਸ਼ਬਦ ਅਗੰਮੀ ਫੜਿਆ ਸੋਟਾ, ਲੱਖ ਚੁਰਾਸੀ ਆਪ ਸਮਝਾਇੰਦਾ । ਸ਼ਬਦੀ ਪੂਤ ਸ਼ਬਦੀ ਪੋਤਾ, ਓਤ ਪੋਤ ਆਪ ਬਣਾਇੰਦਾ । ਆਪਣੇ ਜੇਹਾ ਆਪੇ ਹੋਤਾ, ਦੂਸਰ ਅਵਰ ਨਾ ਕੋਇ ਵਖਾਇੰਦਾ । ਬਿਨ ਹਰਿ ਪ੍ਰੇਮ ਖ਼ਾਲੀ ਦਿਸੇ ਲੂਠਾ, ਪੰਜ ਤੱਤ ਕੰਮ ਕਿਸੇ ਨਾ ਆਇੰਦਾ । ਬਿਨ ਸਤਿਗੁਰ ਪੂਰੇ ਮਾਨਸ ਜਨਮ ਥੋਥਾ, ਆਈ ਥੁੜ ਪੂਰ ਨਾ ਕੋਇ ਕਰਾਇੰਦਾ । ਪੁਰਖ ਅਬਿਨਾਸ਼ੀ ਕਿਸੇ ਨਾ ਦਿਸੇ ਮੰਦਰ ਮਸਜਿਦ ਕੋਠਾ, ਜਨ ਭਗਤਾਂ ਅੰਦਰ ਡੇਰਾ ਲਾਇੰਦਾ । ਗੁਰਸਿਖ ਬਨ ਜਾਏ ਨਾ ਬੰਨ੍ਹ ਲੰਗੋਟਾ, ਅਗਨੀ ਧੂਣੀ ਨਾ ਕੋਇ ਤਪਾਇੰਦਾ । ਜਾਂਦੇ ਪੁੱਤਰ ਵੇਖ ਨਾ ਕੋਇ ਰੋਵਣ ਰੋਤਾ, ਰੋਵਣ ਧੋਵਣ ਮੂਲ ਚੁਕਾਇੰਦਾ । ਪੰਡਤ ਬ੍ਰਹਿਮਣ ਕੋਇ ਨਾ ਦੇਵੇ ਨਿਉਤਾ, ਜਗਤ ਝੇੜਾ ਨਾ ਕੋਇ ਮਿਟਾਇੰਦਾ । ਲੇਖਾ ਜਾਣੇ ਕੋਟਨ ਕੋਟਾ, ਕੋਟਨ ਕੋਟ ਆਪਣੀ ਖੇਲ ਖਿਲਾਇੰਦਾ । ਗੁਰਸਿਖਾਂ ਦੇਵੇ ਨਿਰਮਲ ਜੋਤਾ, ਜੋਤੀ ਜਾਤਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਪ੍ਰੇਮ ਪੱਤਣ ਇਕ ਵਖਾਇੰਦਾ । ਪ੍ਰੇਮ ਪੱਤਣ ਬੈਠਾ ਮਾਹੀ, ਮਾਹੀਗੀਰ ਖੇਲ ਖਿਲਾਇੰਦਾ । ਜਨਮ ਜਨਮ ਦੀ ਮੇਟੇ ਸ਼ਾਹੀ, ਦੁਰਮਤ ਮੈਲ ਧਵਾਇੰਦਾ । ਲੱਖ ਚੁਰਾਸੀ ਕੱਟ ਜੰਜਾਲਾ ਮੇਟੇ ਫਾਹੀ, ਫਾਂਦੀ ਫੰਦ ਨਾ ਕੋਇ ਪਵਾਇੰਦਾ । ਆਉਂਦੇ ਜਾਂਦੇ ਵੇਖੇ ਰਾਹੀ, ਕਲਜੁਗ ਗੇੜਾ ਆਪ ਗੜਾਇੰਦਾ । ਗੁਰਮੁਖਾਂ ਮਿਲੇ ਚਾਈਂ ਚਾਈਂ, ਜੁਗ ਜੁਗ ਵੇਸ ਧਰਾਇੰਦਾ । ਗ਼ਰੀਬ ਨਿਮਾਣਿਆਂ ਪਕੜੇ ਬਾਹੀਂ, ਆਪਣੇ ਗਲੇ ਲਗਾਇੰਦਾ । ਨਿਥਾਵਿਆਂ ਦੇਵੇ ਸਾਚਾ ਥਾਈਂ, ਦਰਗਹਿ ਸਾਚੀ ਧਾਮ ਬਹਾਇੰਦਾ । ਸੀਸ ਜਗਦੀਸ਼ ਰੱਖੇ ਠੰਡੀ ਛਾਈਂ, ਮਹੀਨਾ ਜੇਠ ਨਾ ਅਗਨ ਤਪਾਇੰਦਾ । ਕਰੇ ਪ੍ਰੇਮ ਜੀਵਾਂ ਗਵਾਲਾ ਬਣ ਬਣ ਗਾਈਂ, ਬਨ ਬਿੰਦਰਾ ਵੇਖ ਵਖਾਇੰਦਾ । ਗੋਬਿੰਦ ਮੇਲਾ ਸਹਿਜ ਸੁਭਾਈ, ਗੁਰ ਗੁਰ ਸਾਜਣ ਮੇਲ ਮਿਲਾਇੰਦਾ । ਹੱਥੀਂ ਪੁੱਟਿਆ ਬੂਟਾ ਕਾਹੀ, ਜੂਠ ਝੂਠ ਜੜ੍ਹ ਉਖੜਾਇੰਦਾ । ਮੇਲ ਮਿਲਾਇਆ ਝੀਵਰ ਛੀਂਬੇ ਨਾਈ, ਕਲਜੁਗ ਅੰਤਮ ਪੂਰ ਕਰਾਇੰਦਾ । ਕਰਨ ਆਇਆ ਸਚ ਨਿਆਈਂ, ਸ਼ਾਹ ਪਾਤਸ਼ਾਹ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਪੱਤਣ ਏਕਾ ਘਾਟ, ਏਕਾ ਪੁਰਖ ਪੁਰਖ ਸਮਰਾਥ, ਏਕਾ ਦੇਵਣਹਾਰਾ ਦਾਤ, ਏਕਾ ਵਸਤ ਰਿਹਾ ਵਰਤਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਪਿਤ ਮਾਤ, ਆਏ ਸਰਨ ਆਪਣੇ ਕੰਠ ਲਏ ਲਗਾਈਆ ।

ਲਾਏ ਘਾਟ ਸਾਚੇ ਪੱਤਣ, ਪਾਣੀ ਪਾਣੀ ਫੋਲ ਫੁਲਾਈਆ । ਤ੍ਰੈਕਾਲ ਦਰਸੀ ਆਇਆ ਰੱਖਣ, ਤ੍ਰੈ ਤ੍ਰੈ ਨਾਤਾ ਦਏ ਤੁੜਾਈਆ । ਗੁਰਮੁਖ ਵਿਰੋਲੇ ਸਾਚਾ ਮੱਖਣ, ਲੱਖ ਚੁਰਾਸੀ ਛਾਛ ਰਿਹਾ ਵਖਾਈਆ । ਲੇਖਾ ਜਾਣੇ ਉੱਤਰ ਪੂਰਬ ਪੱਛਮ ਦੱਖਣ, ਦਹਿ ਦਿਸ਼ਾ ਵੇਖ ਵਖਾਈਆ । ਨੌਂ ਖੰਡ ਪ੍ਰਿਥਮੀ ਭਾਂਡੇ ਦਿਸੇ ਸੱਖਣ, ਸਚ ਵਸਤ ਨਾ ਕੋਇ ਟਿਕਾਈਆ । ਕਰੇ ਖੇਲ ਦੀਪ ਲੱਖਣ, ਕੁਸ਼ਾ ਕਰੋਚ ਰੂਪ ਧਰਾਈਆ । ਸਲਮਲ ਸਾਨ ਪਰਦੇ ਢਕਣ, ਜੰਬੂ ਦੇਸ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਘਰ ਰਿਹਾ ਸਮਝਾਈਆ । ਏਕਾ ਪੱਤਣ ਹਰਿ ਹਰਿ ਘਾਟ, ਜਗਤ ਘਾਟੀ ਆਪ ਚੜ੍ਹਾਇੰਦਾ । ਹਰਿਜਨ ਰੱਖੇ ਆਪਣੇ ਸਾਥ, ਸਗਲਾ ਸਾਥੀ ਸੰਗ ਵਖਾਇੰਦਾ । ਜਨ ਜਨਣੀ ਕਰੇ ਦਾਸੀ ਦਾਸ, ਪੁੱਤਰ ਮਾਤ ਵੇਖ ਵਖਾਇੰਦਾ । ਲਹਿਣਾ ਚੁਕਾਏ ਪ੍ਰਿਥਮੀ ਆਕਾਸ਼, ਆਕਾਸ਼ ਆਕਾਸ਼ਾਂ ਉਪਰ ਖੇਲ ਖਿਲਾਇੰਦਾ । ਹਰਿਜਨ ਕਰੇ ਦਾਸੀ ਦਾਸ, ਦਾਸ ਇਕ ਰਖਾਇੰਦਾ । ਆਪਣੇ ਮੰਦਰ ਕਰ ਪਰਕਾਸ਼, ਪਾਰ ਕਿਨਾਰਾ ਇਕ ਸਮਝਾਇੰਦਾ । ਬਿਨ ਗੁਰਮੁਖ ਕਰੇ ਨਾ ਕੋਇ ਨਿਵਾਸ,

ਦੂਸਰ ਰਾਹ ਨਾ ਕੋਇ ਜਣਾਇੰਦਾ । ਕੋਟਨ ਕੋਟ ਰੱਖੀ ਬੈਠੇ ਆਸ, ਕਵਣ ਵੇਲਾ ਪੁਰਖ ਅਬਿਨਾਸ਼ੀ ਰੂਪ ਮਾਤ ਧਰਾਇੰਦਾ । ਕੋਟਨ ਕੋਟ ਗਾਇਨ ਰਸਨ ਸਵਾਸ, ਸਵਾਸ ਸਵਾਸਾਂ ਵਿਚ ਸਮਾਇੰਦਾ । ਕੋਟਨ ਕੋਟ ਮਲ ਮਲ ਧੂੜੀ ਖ਼ਾਕ, ਤਨ ਖ਼ਾਕੀ ਖ਼ਾਕ ਵਖਾਇੰਦਾ । ਕੋਟਨ ਕੋਟ ਉਚੇ ਟਿੱਲੇ ਪਰਬਤ ਚੜ੍ਹ ਚੜ੍ਹ ਰਹੇ ਝਾਕ, ਨੇਤਰ ਨੈਣ ਸਰਬ ਉਠਾਇੰਦਾ । ਕੋਟਨ ਕੋਟ ਘਰ ਛਡ ਛਡ ਗਏ ਸੱਜਣ ਸਾਕ, ਜੰਗਲ ਜੂਹ ਉਜਾੜ ਪਹਾੜ ਡੇਰਾ ਲਾਇੰਦਾ । ਕੋਟਨ ਕੋਟ ਬੈਠੇ ਉਪਰ ਤੀਰਥ ਤਾਟ, ਸਿਲ ਪੂਜਸ ਵਕ਼ਤ ਲੰਘਾਇੰਦਾ । ਕੋਟਨ ਕੋਟ ਖੋਲ੍ਹੀ ਬੈਠੇ ਹਾਟ, ਜਗਤ ਵਣਜਾਰਾ ਜਗਤ ਵਣਜ ਵੇਖ ਵਖਾਇੰਦਾ । ਕੋਟਨ ਕੋਟ ਬਸਤਰ ਭੂਸ਼ਨ ਪਾ ਪਾ ਸੁੱਤੇ ਖਾਟ, ਪਲੰਘ ਰੰਗੀਲਾ ਸਚ ਵਖਾਇੰਦਾ । ਕੋਟਨ ਕੋਟ ਬਣ ਬਣ ਬੈਠੇ ਨਾਥ, ਕੰਨ ਪਾਟੇ ਨਾਦ ਵਜਾਇੰਦਾ । ਕੋਟਨ ਕੋਟ ਪੜ੍ਹ ਪੜ੍ਹ ਥੱਕੇ ਗਾਥ, ਗੀਤਾ ਗਿਆਨ ਜਗਤ ਦ੍ਰਿੜਾਇੰਦਾ । ਕੋਟਨ ਕੋਟ ਮਸਤਕ ਲਾ ਲਾ ਬੈਠੇ ਜਗਤ ਲਲਾਟ, ਤ੍ਰਿਸੂਲ ਰੂਪ ਕੋਟ ਵਟਾਇੰਦਾ । ਕੋਟਨ ਕੋਟ ਚੰਦਨ ਲਾਇਨ ਮਸਤਕ ਮਾਥ, ਆਪਣਾ ਨਿਮ ਰੂਪ ਨਾ ਕੋਇ ਵਕਾਇੰਦਾ । ਕੋਟਨ ਕੋਟ ਫਸੇ ਵਿਚ ਜ਼ਾਤ ਪਾਤ, ਹਰਿ ਕਾ ਰੂਪ ਨਜ਼ਰ ਕਿਸੇ ਨਾ ਆਇੰਦਾ । ਕੋਟਨ ਕੋਟ ਦੇਂਦੇ ਫਿਰਨ ਨਜਾਤ, ਆਪਣਾ ਪੱਲੂ ਨਾ ਕੋਇ ਛੁਡਾਇੰਦਾ । ਕੋਟਨ ਕੋਟ ਬਣ ਬਣ ਬੈਠੇ ਪਿਤ ਮਾਤ, ਸਾਚਾ ਪੂਤ ਨਾ ਕੋਇ ਬਣਾਇੰਦਾ । ਕੋਟਨ ਕੋਟ ਸੁੱਤੇ ਅੰਧੇਰੀ ਰਾਤ, ਸਾਚਾ ਚੰਦ ਨਾ ਕੋਇ ਚੜ੍ਹਾਇੰਦਾ । ਕੋਟਨ ਕੋਟ ਕਰ ਕਰ ਥੱਕੇ ਵਾਟ, ਦੋ ਜਹਾਨਾਂ ਪੰਧ ਨਾ ਕੋਇ ਮੁਕਾਇੰਦਾ । ਕੋਟਨ ਕੋਟ ਦੇਵਣ ਦਾਨ ਹੱਥੇ ਹਾਥ, ਆਤਮ ਦਾਨ ਨਾ ਕੋਇ ਕਰਾਇੰਦਾ । ਕੋਟਨ ਕੋਟ ਸੀਸ ਝੁਕੌਣ ਤ੍ਰਿਲੋਕੀ ਨਾਥ, ਨਾਥ ਤ੍ਰਿਲੋਕੀ ਦਰਸ ਕੋਇ ਨਾ ਪਾਇੰਦਾ । ਕੋਟਨ ਕੋਟ ਸੀਸ ਝੁਕਾਉਣ ਰਾਮ ਰਘੁਨਾਥ, ਰਘੁਪਤ ਰਗਬੰਸ ਮੇਲ ਨਾ ਕੋਇ ਮਿਲਾਇੰਦਾ । ਕੋਟਨ ਕੋਟ ਕਰ ਕਰ ਬੈਠੇ ਆਪਣਾ ਘਾਤ, ਸੂਲੀ ਮਨਸੂਰ ਹੱਥ ਨਾ ਕੋਇ ਉਠਾਇੰਦਾ । ਕੋਟਨ ਕੋਟ ਚੜ੍ਹ ਚੜ੍ਹ ਗਏ ਬਰਾਤ, ਸਾਚਾ ਲਾੜਾ ਨਜ਼ਰ ਕਿਸੇ ਨਾ ਆਇੰਦਾ । ਕੋਟਨ ਕੋਟੀ ਸਾਕ ਸੱਜਣ ਬਣਾਇਆ ਨਾਤ, ਨਾਤਾ ਬਿਧਾਤਾ ਨਾ ਕੋਇ ਜੁੜਾਇੰਦਾ । ਕੋਟਨ ਕੋਟੀ ਇਕ ਦੂਜੇ ਦੀ ਪੁਛਣ ਵਾਤ, ਆਪਣਾ ਵੇਲਾ ਹੱਥ ਕਿਸੇ ਨਾ ਆਇੰਦਾ । ਕੋਟਨ ਕੋਟੀ ਰਾਹ ਤੱਕਣ ਕਮਲਾਪਾਤ, ਕਵਲ ਨੈਣ ਮੁਖ ਨਾ ਕਿਸੇ ਦਿਖਲਾਇੰਦਾ । ਜਿਸ ਜਨ ਕਿਰਪਾ ਕਰੇ ਆਪ ਦੇਵੇ ਦਰਸ ਦਾਤ, ਦੇ ਦਰਸ ਤ੍ਰਿਖਾ ਮਿਟਾਇੰਦਾ । ਅੱਠੇ ਪਹਿਰ ਕਰੇ ਪ੍ਰਭਾਤ, ਸੰਧਿਆ ਰੂਪ ਨਾ ਕੋਇ ਸਮਝਾਇੰਦਾ । ਪਾਰ ਕਿਨਾਰਾ ਰੱਖੇ ਘਾਟ, ਜਿਸ ਜਨ ਆਪਣਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲ ਆਪਣੇ ਦਰ, ਬੰਕ ਦੁਆਰੀ ਬੰਕ ਸੁਹਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਜਿਸ ਜਨ ਫੜਾਏ ਆਪਣਾ ਲੜ, ਫੜਾਇਆ ਪੱਲੂ ਨਾ ਫਿਰ ਛੁਡਾਇੰਦਾ ।

ਪਾਰ ਕਿਨਾਰਾ ਹੋਇਆ ਜਗ, ਹਰਿ ਭਗਤ ਮਿਲੀ ਵਡਿਆਈਆ । ਮਿਲਿਆ ਮੇਲ ਉਪਰ ਸ਼ਾਹ ਰਗ, ਹਰਿ ਸਤਿਗੁਰ ਦਇਆ ਕਮਾਈਆ । ਭਰ ਪਿਆਲਾ ਜਾਮ ਪਿਆਇਆ ਨਾਮ ਮਦਿ, ਸਤਿ ਸਰੂਰ ਇਕ ਵਖਾਈਆ । ਹੰਸ ਬਣਾਇਆ ਬਗਲਾ ਬਗ, ਜਗ ਝੇੜਾ ਰਹਿਣ ਨ ਪਾਈਆ । ਸ਼ਬਦ ਬੰਧਾਇਆ ਏਕਾ ਤਗ, ਸਾਚਾ ਸਗਣ ਮਨਾਈਆ । ਬੰਕ ਦੁਆਰਾ ਖੁਲ੍ਹਾਇਆ ਅਧਵਿਚਕਾਰ ਭੇਵ ਚੁਕਾਇਆ । ਅੱਗੇ ਸੁਣਾਏ ਸ਼ਬਦ

ਅਨਹਦ, ਨਾਦ ਅਨਾਦ ਵਜਾਈਆ । ਜਗਤ ਵਾਸਨਾ ਵਿਚੋਂ ਕੱਢ, ਆਪਣੇ ਦਰ ਬਹਾਈਆ । ਨਾਤਾ ਤੁੱਟਾ ਅੰਧੇਰੀ ਖੱਡ, ਸਾਚੇ ਘਰ ਵੱਜੇ ਵਧਾਈਆ । ਪੁਰਖ ਅਬਿਨਾਸ਼ੀ ਲਿਆ ਸੱਦ, ਸਦੜੇ ਤੱਤ ਪਵਣ ਰਿਹਾ ਸਮਝਾਈਆ । ਆਪ ਬਣਾਣੀ ਆਪਣੀ ਯਦ, ਹਰਿਜਨ ਸਾਚੇ ਆਪ ਧਰਾਈਆ । ਗੁਰਮੁਖ ਭਾਰ ਲਿਆ ਲੱਦ, ਸੀਸ ਜਗਦੀਸ਼ ਉਠਾਈਆ । ਲੇਖਾ ਚੁੱਕੇ ਨਾੜੀ ਹੱਡ, ਰਕਤ ਬੂੰਦ ਵੇਖ ਵਖਾਈਆ । ਲੋਕਮਾਤ ਲੱਖ ਚੁਰਾਸੀ ਵਿਚੋਂ ਕਰੇ ਅੱਡ, ਆਪਣੇ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਹੋਏ ਸਹਾਈਆ । ਹਰਿਜਨ ਸੁਹਾਇਆ ਹਰਿ ਰੰਗ, ਰੰਗ ਰੰਗੀਲਾ ਏਕਾ ਮਾਹੀਆ । ਨਿਜ ਘਰ ਉਪਜਾਇਆ ਪਰਮਾਨੰਦ, ਪ੍ਰੀਤਮ ਪ੍ਰੇਮ ਪ੍ਰੇਮ ਵਖਾਈਆ । ਨਾਤਾ ਤੁੱਟਾ ਮਦਿਰਾ ਮਾਸ ਗੰਦ, ਘਰ ਸਾਚੇ ਵੱਜੇ ਵਧਾਈਆ । ਨਾਮ ਧਨ ਪਾਇਆ ਏਕਾ ਛੰਦ, ਸੁਣ ਸੁਣ ਤਨ ਮਨ ਹਰਾ ਕਰਾਈਆ । ਖ਼ੁਸ਼ੀ ਹੋਏ ਬੰਦ ਬੰਦ, ਬੰਦਨਾ ਦੋਏ ਜੋੜ ਸਮਝਾਈਆ । ਜਗਤ ਪਾਂਧੀ ਮੁੱਕੇ ਪੰਧ, ਆਵਣ ਜਾਵਣ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਦਾ ਬਖ਼ਸ਼ੰਦ, ਪਤਿਤ ਪਾਵਣ ਪਤਿਤ ਪੁਨੀਤ ਲਏ ਕਰਾਈਆ ।

ਸਚ ਦੁਆਰ ਮਿਟਿਆ ਦੁੱਖ, ਦਰਦੀ ਦਰਦ ਆਪ ਗਵਾਇੰਦਾ । ਜਗਤ ਤ੍ਰਿਸ਼ਨਾ ਚੁੱਕੀ ਭੁੱਖ, ਤ੍ਰਿਸ਼ਨਾ ਤ੍ਰਿਪਤ ਆਪ ਵਖਾਇੰਦਾ । ਹਰਿਜਨ ਲੇਖੇ ਲੱਗਾ ਸਾਚਾ ਸਤਿ, ਸਤ ਅਪਰਾਧ ਸਰਬ ਮਿਟਾਇੰਦਾ । ਕਿਰਪਾ ਕਰ ਅਬਿਨਾਸ਼ੀ ਅਚੁਤ, ਚੇਤਨ ਆਪਣੇ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰੀ ਹਰਿ ਸਾਚਾ ਖੇਲ ਖਿਲਾਇੰਦਾ । ਹਰੀ ਹਰਿ ਹਰਿ ਪਾਇਆ, ਗੁਰ ਸਤਿਗੁਰ ਗਹਿਰ ਗੰਭੀਰ । ਮਨ ਮਣਕਾ ਭੌ ਚੁਕਾਇਆ, ਤਨ ਮਨ ਹੋਇਆ ਠਾਂਡਾ ਅੰਮ੍ਰਿਤ ਮਿਲਿਆ ਸਾਚਾ ਸੀਰ । ਹਉਮੇ ਮਤੀ ਰੋਗ ਗਵਾਇਆ, ਦੂਈ ਦਵੈਤੀ ਕੱਟ ਜ਼ੰਜੀਰ । ਹਿਜਰ ਜਿਗਰ ਫ਼ਿਰਾਕ ਵਖਾਇਆ, ਪੁਰਖ ਅਬਿਨਾਸ਼ੀ ਬੇਨੀਜ਼ਰ । ਹਜ਼ਰਤ ਹਾਜ਼ਰ ਦਇਆ ਕਮਾਇਆ, ਹਜ਼ੂਰ ਪੀਰਨ ਪੀਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਾਤਾ ਦਾਨੀ ਗੁਣੀ ਗਹੀਰ । ਗੁਣੀ ਗਹੀਰਾ ਰਾਮ ਰਮਈਆ, ਰੂਪ ਅਨੂਪ ਖੇਲ ਖਿਲਾਇੰਦਾ । ਸਰਬ ਜੀਆਂ ਦਾ ਸਾਚਾ ਸਈਆ, ਸਗਲਾ ਸੰਗ ਰਖਾਇੰਦਾ । ਤ੍ਰੈਭਵਣ ਧਨੀ ਚਲਾਏ ਏਕਾ ਨਈਆ, ਨਈਆ ਨਾਮ ਆਪ ਰਖਾਇੰਦਾ । ਚਾਰ ਵਰਨ ਬਹਾਏ ਫੜ ਫੜ ਬਹੀਆ, ਸਾਚਾ ਬੇੜਾ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੀ ਸੇਵ ਕਮਾਇੰਦਾ । ਸਾਚਾ ਬੇੜਾ ਸ੍ਰੀ ਭਗਵਾਨ, ਭਗਤਨ ਆਪ ਚਲਾਈਆ । ਨਿਰਧਨ ਨਿਰਗੁਣ ਕਰ ਪਰਵਾਨ, ਮਾਣ ਨਿਮਾਣਿਆਂ ਹੋਏ ਸਹਾਈਆ । ਏਕਾ ਮੰਦਰ ਵਖਾਏ ਸਚ ਮਕਾਨ, ਬੰਕ ਦੁਆਰਾ ਖੋਲ੍ਹ ਵਖਾਈਆ । ਏਕਾ ਘਰ ਹੋਏ ਮਿਹਰਵਾਨ, ਮਿਹਰਵਾਨ ਬੇਪਰਵਾਹੀਆ । ਏਕਾ ਬਖ਼ਸ਼ੇ ਚਰਨ ਧਿਆਨ, ਧਿਆਨ ਚਰਨ ਇਕ ਲਗਾਈਆ । ਏਕਾ ਰਾਗ ਸੁਣਾਏ ਕਾਨ, ਸੋਹੰ ਸੋ ਸ਼ਬਦ ਪੜ੍ਹਾਈਆ । ਅਨਡਿਠ ਰੂਪ ਸ੍ਰੀ ਭਗਵਾਨ, ਅਨਡਿਠੜੀ ਕਾਰ ਕਮਾਈਆ । ਗੁਰਮੁਖ ਸਾਚੇ ਲਏ ਪਛਾਣ, ਜਗਤ ਜਲੰਦੇ ਲਏ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਹਰਿ ਹਰਿ ਹੋਏ ਸਹਾਈਆ । ਸਦਾ ਸਹਾਈ ਹਰਿ ਹਰਿ, ਗੁਰਮੁਖ ਗੇੜਾ ਆਪ ਚੁਕਾਇੰਦਾ । ਦਰ ਦਰਵੇਸ਼ ਬਣੇ ਦਰ ਦਰ, ਦਰ ਦਰ ਆਪਣਾ

੫੫੦
੧੦

ਵੇਸ ਵਟਾਇੰਦਾ । ਸੰਤ ਸੁਹੇਲੇ ਗੁਰੂ ਗੁਰ ਚੇਲੇ ਫੜ ਫੜ, ਏਕਾ ਫੰਦਨ ਆਪਣਾ ਬੰਧਨ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਇੰਦਾ । ਹਰਿਜਨ ਵੇਖੇ ਆਪਣੇ ਨੈਣ, ਲੋਚਣ ਨੈਣ ਆਪ ਖੁਲ੍ਹਾਈਆ । ਚੌਥੇ ਪਦ ਇਕੱਠੇ ਬਹਿਣ, ਹਰਿ ਮੇਲਾ ਸਹਿਜ ਸੁਭਾਈਆ । ਛੇਵੇਂ ਬਣ ਛੱਪਰ ਛੰਨ ਵਸੇ ਸਾਰੇ ਕਹਿਣ, ਸਤਿ ਸਤਿਵਾਦੀ ਬੈਠਾ ਆਸਣ ਲਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਨਿਰਗੁਣ ਸਰਗੁਣ ਚੁਕਾਏ ਲਹਿਣ ਦੇਣ, ਹਰਿਜਨ ਲੇਖਾ ਲੇਖੇ ਪਾਈਆ । ਲਾੜੀ ਮੌਤ ਨਾ ਖਾਏ ਡਾਇਨ, ਡੰਕਾ ਕਾਲ ਨਾ ਕੋਇ ਵਜਾਈਆ । ਗੁਰਸਿਖਾਂ ਗੁਰ ਸਤਿਗੁਰ ਅੰਤਮ ਆਏ ਲੈਣ, ਆਪ ਆਪਣਾ ਦਰਸ ਵਖਾਈਆ । ਹਰਿਜਨ ਸ਼ਬਦ ਬਬਾਣੇ ਉਠ ਉਠ ਬਹਿਣ, ਸਤਿਗੁਰ ਪੂਰਾ ਆਪ ਉਠਾਈਆ । ਰਸਨਾ ਜਿਹਵਾ ਗੁਣ ਏਕਾ ਕਹਿਣ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਚਰਨ ਸੱਚੀ ਸਰਨਾਈਆ ।

ਹਰਿ ਸਰਨ ਮਿਟੇ ਰੋਗ, ਚਿੰਤਾ ਸੋਗ ਨਾ ਕੋਇ ਜਣਾਈਆ । ਹਰਿ ਚਰਨ ਮਿਲੇ ਜੋਗ, ਸਾਚਾ ਜੋਗ ਨਾਮ ਵਡਿਆਈਆ । ਹਰਿ ਚਰਨ ਮੇਟੇ ਲੋਕ ਪਰਲੋਕ, ਲੋਕ ਪਰਲੋਕ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰੀ ਜਨ ਹਰਿਜਨ ਲਏ ਉਪਾਈਆ । ਹਰਿ ਚਰਨ ਸਾਚੀ ਦਰਗਾਹ, ਦਰਗਾਹ ਸਾਚੀ ਆਪ ਜਣਾਇੰਦਾ । ਹਰਿ ਚਰਨ ਨਿਥਾਵਿਆਂ ਦੇਵੇ ਥਾਂ, ਥਾਨ ਥਨੰਤਰ ਆਪ ਸੁਹਾਇੰਦਾ । ਹਰਿ ਚਰਨ ਸਦਾ ਸਦਾ ਰੱਖੇ ਠੰਡੀ ਛਾਂ, ਅਗਨੀ ਤੱਤ ਨਾ ਕੋਇ ਵਖਾਇੰਦਾ । ਹਰਿ ਚਰਨ ਲੇਖਾ ਚੁਕਾਏ ਦੋ ਜਹਾਂ, ਦੋ ਜਹਾਨਾਂ ਵਾਲੀ ਆਪਣੇ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਹਰਿ ਹਰਿ ਵੇਖ ਵਖਾਇੰਦਾ । ਹਰਿ ਚਰਨ ਸਚ ਬਬਾਨਾ, ਜਨ ਭਗਤ ਦਏ ਸਮਝਾਈਆ । ਹਰਿ ਚਰਨ ਬਿਨਾ ਜੀ ਨਾ ਸਕੇ ਕੋਈ ਰਾਜਾ ਰਾਣਾ, ਲੋਕਮਾਤ ਮਿਲੇ ਨਾ ਕਿਸੇ ਵਡਿਆਈਆ । ਹਰਿ ਚਰਨ ਬਿਨ ਗੁਰਸਿਖ ਨਾ ਕਿਸੇ ਪਛਾਣਾ, ਆਪਣੀ ਬੂਝ ਨਾ ਕਿਸੇ ਬੁਝਾਈਆ । ਹਰਿ ਚਰਨ ਪੌਣਾ ਪਦ ਨਿਰਬਾਣਾ, ਨਿਰਬਾਣ ਪਦ ਇਕ ਵਖਾਈਆ । ਹਰਿ ਚਰਨ ਮਿਲੇ ਵਿਸ਼ਨੂੰ ਭਗਵਾਨਾ, ਵਿਸ਼ਵ ਪੁਰਾਨ ਆਪਣਾ ਰੂਪ ਧਰਾਈਆ । ਹਰਿ ਚਰਨ ਕਰੇ ਸਦਾ ਕਲਿਆਨਾ, ਕਾਲ ਗਰਾਸ ਨਾ ਅੰਤ ਖਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਰੱਖੇ ਆਪਣੇ ਭਾਣਾ, ਲੱਖ ਚੁਰਾਸੀ ਨਿੰਦਕ ਨਿੰਦਿਆ ਮੁਖ ਵਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਦਰ ਕਰੇ ਪਰਵਾਨਾ, ਰਾਏ ਧਰਮ ਨਾ ਕੋਇ ਵਖਾਈਆ ।

ਪੀਰੇ ਘਰ ਆਇਆ ਪੀਰ, ਜਗਤ ਪੀੜ ਦਏ ਮਿਟਾਈਆ । ਨੰਦੂ ਤੇਰਾ ਕੱਟ ਜ਼ੰਜੀਰ, ਅਨੰਦ ਦਏ ਵਖਾਈਆ । ਤੇਰਾ ਛੱਪਰ ਛੰਨ ਸੁਹਾਏ ਬੇਨਜ਼ੀਰ, ਆਪਣੀ ਨਜ਼ਰ ਆਪ ਰਖਾਈਆ । ਤੇਰੀ ਬਦਲ ਦੇਵੇ ਤਕਦੀਰ, ਤਦਬੀਰ ਆਪਣੇ ਹੱਥ ਰਖਾਈਆ । ਤੇਰੀ ਮੇਟੇ ਪਿਛਲੀ ਤਕਸੀਰ, ਲਿਖਿਆ ਲੇਖਾ ਦਏ ਗਵਾਈਆ । ਤੇਰੇ ਘਰ ਆਇਆ ਮੁਰਸ਼ਦ ਤੇਰੀ ਟੁੱਟੀ ਗੰਢੇ ਜ਼ੰਜੀਰ, ਕੁੰਡੀ ਕੁੰਡੀ ਨਾਲ ਮਿਲਾਈਆ । ਤੇਰੇ ਦਰ ਤੇਰੇ ਬਿਰਛ ਵਹਾਵਣ ਨੀਰ, ਰੋ ਰੋ ਦੇਣ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੁਲਾਰੀ ਦੁਲ੍ਹਾ ਰਿਹਾ ਮੁਕਾਈਆ । ਤੇਰੇ

ਘਰ ਲੁਕਿਆ ਪੀਰ, ਮੁਲਾ ਰੂਪ ਵਟਾਇਆ । ਨਾਮ ਉਹਦਾ ਸ਼ਮਸ ਫ਼ਕੀਰ, ਜਿਸ ਕੁਲਾ ਖ਼ਾਕ ਰਲਾਇਆ । ਹੀਜੜਾ ਬਣ ਕੇ ਫਿਰਦਾ ਰਿਹਾ ਅੰਦਰ ਬਾਹਰ ਚੋਟੀ ਚੜ੍ਹ ਵੇਖੇ ਅਖ਼ੀਰ, ਚਾਰੋਂ ਕੁੰਟ ਨੈਣ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਦਏ ਸਮਝਾਇਆ । ਪਹਿਲੇ ਸਾਲ ਆਇਆ ਪੀਰ, ਪੀਰ ਪੀਰ ਪੀਰ ਅੱਗੇ ਸੀਸ ਨਿਵਾਇੰਦਾ । ਦੂਜੀ ਵਾਰ ਹੋਇਆ ਦਿਲਗੀਰ, ਅਸਲਾਮਾ ਅਲੈਕਮ ਅਲੈਕਮ ਸਲਾਮ ਆਪ ਸੁਣਾਇੰਦਾ । ਤੀਜੀ ਵਾਰ ਕੱਟੇ ਭੀੜ, ਭੀੜਾ ਰਾਹ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਜਣਾਇੰਦਾ । ਉਠ ਮੁੱਲਾ ਹੋ ਜਾ ਦੂਰ, ਹਰਿ ਸਤਿਗੁਰ ਆਪ ਜਣਾਇੰਦਾ । ਗ਼ਰੀਬ ਨਿਮਾਣੇ ਕੀਤੇ ਚੂਰੋ ਚੂਰ, ਰੰਗ ਰੰਗ ਜਗਤ ਨਿਭਾਇੰਦਾ । ਅਜ ਦੇਵਣ ਆਇਆ ਆਪਣੀ ਚਰਨ ਧੂੜ, ਪਿਛਲਾ ਦੁੱਖ ਸਰਬ ਮਿਟਾਇੰਦਾ । ਕਾਇਆ ਚੋਲੀ ਚਾੜ੍ਹ ਕੇ ਜਾਏ ਰੰਗ ਗੂੜ੍ਹ, ਦੂਜੀ ਵਾਰ ਉਤਰ ਕਦੇ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਗ਼ਰੀਬ ਨਿਮਾਣੇ ਗਲੇ ਲਗਾਇੰਦਾ । ਗ਼ਰੀਬ ਨਿਮਾਣਿਆਂ ਦੇਵੇ ਸੁਖ, ਦੁੱਖ ਦਰਦ ਰਹਿਣ ਨਾ ਪਾਈਆ । ਮੂੰਹ ਦੇ ਭਾਰ ਡਿੱਗੇ ਪੈਣ ਉਠ, ਨਾਮ ਸਹਾਰਾ ਇਕ ਰਖਾਈਆ । ਜਿਸ ਦਾ ਘਰ ਠੱਗਾਂ ਚੋਰਾਂ ਲਿਆ ਲੁੱਟ, ਉਜੜਿਆ ਖੇੜਾ ਦਏ ਵਸਾਈਆ । ਲਗਾਏ ਭਾਗ ਪੋਤਰਾ ਪੁੱਤ, ਪੂਤ ਸਪੂਤ ਹੋਏ ਸਹਾਈਆ । ਤੇਰੀ ਵੇਖੇ ਆਣ ਰੁੱਤ, ਹਰਿ ਸੰਗਤ ਸੰਗ ਰਖਾਈਆ । ਸੇਵਾ ਕਰੇ ਅਬਿਨਾਸ਼ੀ ਅਚੁਤ, ਤੇਰਾ ਪਰਸ਼ਾਦ ਗੁਰਸਿਖਾਂ ਦਏ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੀਰ ਪੀਰਾਂ ਦਏ ਸਮਝਾਈਆ । ਪੀਰ ਪੀਰਾਂ ਸਮਝਾਵਣ ਆਇਆ, ਪੀਰਾਂ ਪੀਰੀ ਹੋਈ ਦੂਰ । ਤੇਰਾ ਪੰਧ ਮੁਕਾਵਣ ਆਇਆ, ਤੋੜੇ ਨਾਤਾ ਜਗਤ ਗ਼ਰੂਰ । ਤੇਰਾ ਫੰਦ ਤੁੜਾਵਣ ਆਇਆ, ਵਡ ਦਾਤਾ ਸੂਰਨ ਸੂਰ । ਤੇਰੀ ਝੂਠੀ ਕੰਧ ਢਾਹਵਣ ਆਇਆ, ਤੇਰਾ ਆਪਣੀ ਹੱਥੀਂ ਕੱਟੇ ਜੂੜ । ਭਾਗਾਂ ਮੰਦੇ ਫਿਰ ਉਠਾਵਣ ਆਇਆ, ਭਾਗ ਲਿਖੇ ਆਪਣੇ ਹੱਥ ਹਜ਼ੂਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਛੱਪਰ ਛੰਨ ਰੱਖ ਕੇ ਜਾਏ ਆਪਣਾ ਨੂਰ । ਛੱਪਰ ਛੰਨ ਸੋਹਿਆ ਬੰਕ, ਬੰਕ ਦੁਆਰੀ ਆਪ ਸੁਹਾਇਆ । ਗ਼ਰੀਬ ਨਿਮਾਣਾ ਲਾਇਆ ਕੰਠ, ਆਪ ਆਪਣੀ ਗੋਦ ਬਹਾਇਆ । ਤੇਰਾ ਦੁਆਰਾ ਧਾਮ ਬੈਕੁੰਠ, ਬੈਕੁੰਠ ਨਿਵਾਸੀ ਵੇਖਣ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਸਨਦ ਆਪਣੀ ਹੱਥੀਂ ਦਏ ਲਿਖਾਇਆ । ਲਿਖ ਸੰਨਦ ਕਰੇ ਤਸਦੀਕ, ਸਾਚੀ ਮੋਹਰ ਨਾਮ ਲਗਾਈਆ । ਲਾਸਾਨੀ ਮਿਲਿਆ ਲਾਸ਼ਰੀਕ, ਹੱਕ ਹਕੂਕ ਜਣਾਈਆ । ਸਦਾ ਵਸੇ ਤੇਰੇ ਨਜ਼ਦੀਕ, ਨਾਨਾ ਰੂਪ ਆਪ ਪ੍ਰਗਟਾਈਆ । ਭੁਲ ਨਾ ਜਾਣਾ ਜਗਤ ਪ੍ਰੀਤ, ਸਚ ਪ੍ਰੀਤੀ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਬਿਰਧ ਬਾਲ ਆਪਣੇ ਰੰਗ ਵਖਾਈਆ ।

ਹਰਿ ਸਤਿਗੁਰ ਏਕਾ ਲੱਧਾ, ਨੌਂ ਖੰਡ ਪ੍ਰਿਥਮੀ ਫੋਲ ਫੁਲਾਈਆ । ਤਨ ਮਨ ਜਿਸ ਆਪਣੇ ਚਰਨ ਬੱਧਾ, ਤਿਸ ਸਾਹਿਬ ਵਡੀ ਵਡਿਆਈਆ । ਪਾਰ ਕਰਾਣ ਝੂਠੀ ਹੱਦਾ, ਘਰ ਆਪਣਾ ਬੂਝ ਬੁਝਾਈਆ । ਝੂਠੀ ਮਾਇਆ ਵਿਚੋਂ ਕੱਢਾ, ਏਕਾ ਮਾਰਗ ਦਏ ਵਖਾਈਆ । ਲੋਕਮਾਤ ਮਾਰ ਝਾਤ

੫੫੨ ੧੦

ਘਰ ਘਰ ਦੇਵਣ ਆਇਆ ਸੱਦਾ, ਸੇਵਕ ਸਾਚੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਏਕ ਆਪਣੀ ਕਲ ਧਰਾਈਆ । ਹਰਿ ਸਤਿਗੁਰ ਪਾਇਆ ਸਰਬ ਗੁਣਵੰਤ, ਨਿਰਗੁਣ ਦਾਤਾ ਬੇਪਰਵਾਹ । ਜਿਸ ਜਨ ਬਣਾਈ ਬਣਤ, ਸੋ ਦੇਵੇ ਸਚ ਸਲਾਹ । ਸੁਹਾਗ ਹੰਢਾਉਣਾ ਏਕਾ ਕੰਤ, ਪੁਰਖ ਅਬਿਨਾਸ਼ੀ ਵੇਖ ਵਖਾ । ਰਸਨਾ ਗੌਣਾ ਏਕਾ ਛੰਤ, ਸੋਹੰ ਸ਼ਬਦ ਰਿਹਾ ਪੜ੍ਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਹੋਏ ਆਪ ਸਹਾ । ਸਦਾ ਸਹਾਈ ਸ੍ਰੀ ਭਗਵਾਨਾ, ਹਰ ਘਟ ਆਪਣਾ ਖੇਲ ਖਿਲਾਇੰਦਾ । ਭਗਤ ਵਛਲ ਗੁਣ ਨਿਧਾਨਾ, ਜੁਗਾ ਜੁਗੰਤਰ ਵੇਸ ਵਟਾਇੰਦਾ । ਹਰਿਜਨ ਹਰਿ ਹਰਿ ਹਰੀ ਦੁਆਰ ਕਰ ਪਰਵਾਨਾ, ਆਪ ਆਪਣਾ ਮੇਲ ਮਿਲਾਇੰਦਾ । ਆਵਣ ਜਾਵਣ ਪਤਿਤ ਪਾਵਣ ਚੁਕਾਏ ਕਾਨਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਬਾਣਾ ਆਪ ਧਰਾਇੰਦਾ ।

ਸਤਿਗੁਰ ਸਾਚੀ ਦੇਣੀ ਭਿਖ, ਗੁਰਸਿਖ ਨਿਰਧਨ ਮੰਗ ਮੰਗਾਈਆ । ਆਪਣੀ ਹੱਥੀਂ ਲੇਖਾ ਦੇਣਾ ਲਿਖ, ਲਿਖਿਆ ਲੇਖ ਨਾ ਕੋਇ ਮਿਟਾਈਆ । ਸੁਤਿਆਂ ਤਾਰਦਾ ਔਂਦਾ ਗੁਰਸਿਖ, ਗੁਰਮੁਖਾਂ ਦੇਵੇਂ ਮਾਣ ਵਡਿਆਈਆ । ਮੈਂ ਨਿਮਾਣੀ ਅੰਦਰ ਭਰੀ ਵਿਸ, ਵਿਖ ਅੰਮ੍ਰਿਤ ਦਏ ਬਣਾਈਆ । ਤੇਰਾ ਦਰਸ ਪਾਇਆ ਜਿਸ, ਸੋ ਕਾਗ ਹੰਸ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਬਖ਼ਸ਼ ਸੱਚੀ ਸਰਨਾਈਆ । ਗੁਰਸਿਖ ਮਾਂਗੇ ਏਕਾ ਵਸਤ, ਅਤੋਟ ਅਤੁਟ ਹਰਿ ਵਰਤਾਈਆ । ਦੇਵਣਹਾਰ ਦਸਤ ਬਦਸਤ, ਦਸਤਬਰਦਾਰ ਕਰੇ ਸਰਬ ਲੋਕਾਈਆ । ਨਾਮ ਖ਼ੁਮਾਰੀ ਦੇਵੇ ਮਸਤ, ਅਲਮਸਤ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਨਣ ਦਾਤਾ ਇਕ ਅਖਵਾਈਆ । ਦੀਨਣ ਦੇਵੇ ਨਾਮ ਸੁਨੇਹੜਾ, ਸਖ਼ਾ ਸਿਖਾਂ ਆਪ ਵਰਤਾਇੰਦਾ । ਚਰਨ ਚਰਨੋਦਕ ਇਕ ਆਧਾਰਾ, ਸਾਂਤਕ ਸੀਤਲ ਸਤਿ ਸਤਿ ਕਰਾਇੰਦਾ । ਹਰਿ ਸੰਗਤ ਮਿਲਿਆ ਏਕਾ ਵਾਰਾ, ਮੰਗਤ ਮੰਗ ਪੂਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਣ ਨਿਮਾਣਿਆਂ ਆਪ ਹੋ ਆਇੰਦਾ ।

ਹਰਿ ਭਗਤਨ ਜੁਗ ਜੁਗ ਤਾਰਦਾ, ਤਾਰਨਹਾਰਾ ਇਕ ਭਗਵਾਨ । ਫੜ ਫੜ ਬਾਹੋਂ ਪਾਰ ਉਤਾਰਦਾ, ਲੇਖਾ ਜਾਣੇ ਦੋ ਜਹਾਨ । ਨਿਰਗੁਣ ਸਰਗੁਣ ਪੈਜ ਸਵਾਰਦਾ, ਜੁਗਾ ਜੁਗੰਤਰ ਹੋ ਮਿਹਰਵਾਨ । ਗੜ੍ਹ ਤੋੜ ਝੂਠ ਹੰਕਾਰ ਦਾ, ਸਚ ਸੁੱਚ ਦੇਵੇ ਇਕ ਨਿਸ਼ਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਜਣਾਏ ਧੁਰ ਫ਼ਰਮਾਨ । ਜੁਗ ਜੁਗ ਭਗਤਨ ਉਪਾਇਆ, ਪਰਮ ਪੁਰਖ ਬੇਪਰਵਾਹ । ਨਿਰਗੁਣ ਜੋਤ ਕਰ ਰੁਸ਼ਨਾਇਆ, ਸਤਿ ਸਰੂਪ ਦਏ ਵਖਾ । ਆਪਣਾ ਪਰਦਾ ਆਪ ਉਠਾਇਆ, ਆਪਣਾ ਭੇਵ ਦਏ ਚੁਕਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਵੇਸ ਵਟਾਇਆ । ਜੁਗ ਜੁਗ ਵੇਸ ਅਵੱਲੜਾ, ਹਰਿ ਕਰਤਾ ਆਪ ਕਰਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਜਨ ਭਗਤਾਂ ਫੜਾਉਂਦਾ ਆਇਆ ਪਲੜਾ, ਨਿਰਵੈਰ ਆਪਣਾ ਖੇਲ ਖਿਲਾਇੰਦਾ । ਕਲਜੁਗ ਅੰਤਮ ਸਚ ਸਿੰਘਾਸਣ ਪੁਰਖ ਅਬਿਨਾਸ਼ੀ ਏਕਾ

ਮਲੜਾ, ਸੋਭਾਵੰਤ ਸੋਭਾ ਪਾਇੰਦਾ । ਸਚ ਸੰਦੇਸ਼ ਨਰ ਨਰੇਸ਼ ਸੋ ਪੁਰਖ ਨਿਰੰਜਣ ਹੰ ਬ੍ਰਹਮ ਏਕਾ ਘਲੜਾ, ਸੋਹੰ ਸ਼ਬਦ ਨਾਉਂ ਧਰਾਇੰਦਾ । ਲੱਖ ਚੁਰਾਸੀ ਕਰੇ ਅਛਲ ਅਛਲੜਾ, ਵਲ ਛਲਧਾਰੀ ਆਪਣਾ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜਾਤਾ ਪੁਰਖ ਬਿਧਾਤਾ, ਹਰਿਜਨ ਆਪਣੇ ਰੰਗ ਰੰਗਾਇੰਦਾ । ਜੋਤੀ ਜਾਤਾ ਪੁਰਖ ਬਿਧਾਤਾ ਪਾਰਬ੍ਰਹਮ, ਪਤਿਪਰਮੇਸ਼ਵਰ ਵਡੀ ਵਡਿਆਈਆ । ਲੇਖਾ ਜਾਣੇ ਅਲਖ ਅਗੋਚਰ ਅਗੰਮ, ਬੇਪਰਵਾਹ ਭੇਵ ਨਾ ਰਾਈਆ । ਹਰਿਜਨ ਚੜ੍ਹਾਏ ਸਾਚੇ ਚੰਨ, ਲੋਕਮਾਤ ਕਰ ਰੁਸ਼ਨਾਈਆ । ਆਦਿ ਅੰਤ ਬੇੜਾ ਦੇਵੇ ਬੰਨ੍ਹ, ਬੰਨ੍ਹਣਹਾਰ ਸਹਿਜ ਸੁਖਦਾਈਆ । ਜਨਣੀ ਵੇਖੇ ਸਾਚਾ ਜਨ, ਦਾਈ ਦਾਇਆ ਰੂਪ ਧਰਾਈਆ । ਆਪ ਬਹਾਏ ਤ੍ਰੈਗੁਣ ਅਗਨ, ਅਗਨੀ ਤੱਤ ਆਪ ਮਿਟਾਈਆ । ਜੋਤੀ ਜੋਤ ਵਖਾਏ ਮਘਨ, ਮਹਵ ਆਪਣੇ ਰੰਗ ਸਮਾਈਆ । ਹਰਿ ਸਰਨਾਈ ਜੋ ਜਨ ਲੱਗਣ, ਲਾਗਤ ਲਾਗਤ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਸਮਝਾਈਆ । ਹਰਿ ਸਮਝਾਇਆ ਆਤਮ ਰਾਮ, ਅੰਤਰਗਤ ਜਣਾਇੰਦਾ । ਲੇਖਾ ਜਾਣੇ ਏਕਾ ਸ਼ਾਮ, ਘਟ ਬੰਸਰੀ ਨਾਮ ਵਜਾਇੰਦਾ । ਪੀਰ ਪੈਗੰਬਰ ਸਚ ਕਲਾਮ, ਹਰਿ ਅਮਾਮ ਆਪ ਸੁਣਾਇੰਦਾ । ਨਾਨਕ ਜਣਾਇਆ ਸਤਿਨਾਮ, ਨਾਮ ਸਤਿ ਆਪ ਪੜ੍ਹਾਇੰਦਾ । ਗੋਬਿੰਦ ਖੇੜਾ ਵਸਿਆ ਗਰਾਮ, ਬੰਕ ਦੁਆਰਾ ਆਪ ਸੁਹਾਇੰਦਾ । ਕਲਜੁਗ ਮੇਟੇ ਅੰਧੇਰੀ ਸ਼ਾਮ, ਸ਼ਾਹ ਪਾਤਸ਼ਾਹ ਵੇਸ ਵਟਾਇੰਦਾ । ਜਨ ਭਗਤਾਂ ਦੇਵੇ ਏਕਾ ਜਾਮ, ਅੰਮ੍ਰਿਤ ਆਤਮ ਆਪ ਪਿਆਇੰਦਾ । ਅੰਤਮ ਪੂਰਾ ਕਰ ਕੇ ਜਾਏ ਕਾਮ, ਕਾਮ ਕਾਮਨ ਸਰਬ ਗਵਾਇੰਦਾ । ਨਵ ਨੌਂ ਚਾਰ ਏਕਾ ਕਰੇ ਪੀਣ ਖਾਣ, ਏਕਾ ਰਸਨਾ ਰਸ ਵਖਾਇੰਦਾ । ਮਾਨਸ ਮਾਨੁੱਖ ਏਕਾ ਪਹਿਨਣ ਤਨ ਹੰਡਾਨ, ਏਕਾ ਬਸਤਰ ਆਪ ਸਜਾਇੰਦਾ । ਏਕਾ ਮੰਗਲ ਮਿਲ ਮਿਲ ਸਾਰੇ ਗਾਣ, ਏਕਾ ਵਿਦਿਆ ਆਪ ਪੜ੍ਹਾਇੰਦਾ । ਏਕਾ ਮਿਲੇ ਸਾਚਾ ਕਾਹਨ, ਏਕਾ ਕਵਲ ਨੈਣ ਮਟਕਾਇੰਦਾ । ਏਕਾ ਸੁਰਤ ਸੰਭਾਲੇ ਆਣ, ਮੂਰਤ ਅਕਾਲ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਸ੍ਰੀ ਭਗਵਾਨ, ਹਰਿਜਨ ਹਰਿ ਦਰ ਦੇਵੇ ਮਾਣ, ਅਭਿਮਾਨ ਰੂਪ ਨਾ ਕੋਇ ਧਰਾਇੰਦਾ ।

ਅੰਮ੍ਰਿਤ ਭਰਿਆ ਨਾਮ ਭੰਡਾਰਾ, ਭਰ ਭਰ ਪਿਆਲਾ ਜਾਮ ਪਿਆਈਆ । ਨਿਰਗੁਣ ਸਰਗੁਣ ਬਣਿਆ ਆਪ ਵਰਤਾਰਾ, ਚਾਰ ਵਰਨ ਰਿਹਾ ਵਰਤਾਈਆ । ਏਕਾ ਰੰਗ ਰੰਗੇ ਸਰਬ ਸੰਸਾਰਾ, ਕਸੁੰਬੜਾ ਰੰਗ ਦਏ ਮਿਟਾਈਆ । ਏਕਾ ਦਰ ਖੋਲ੍ਹੇ ਦੁਆਰਾ, ਦਰ ਦਰਬਾਰ ਇਕ ਵਖਾਈਆ । ਏਕਾ ਰੂਪ ਨਜ਼ਰੀ ਆਏ ਹਰਿ ਨਿਰੰਕਾਰਾ, ਨਿਰੰਕਾਰ ਬੇਪਰਵਾਹੀਆ । ਏਕਾ ਸ਼ਬਦ ਨਾਦ ਜੈਕਾਰਾ, ਕਲਮਾ ਨਬੀ ਇਕ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਭੰਡਾਰਾ ਆਪ ਵਖਾਈਆ । ਸਚ ਭੰਡਾਰ ਵਡ ਭੰਡਾਰੀ, ਆਦਿ ਅੰਤ ਵਰਤਾਇੰਦਾ । ਜੁਗਾ ਜੁਗੰਤਰ ਬਣ ਸੰਸਾਰੀ, ਸੰਸਾਰ ਖੇਲ ਖਿਲਾਇੰਦਾ । ਨਿਰਗੁਣ ਸਰਗੁਣ ਬਣਿਆ ਰਿਹਾ ਬਿਓਹਾਰੀ, ਆਪਣਾ ਵਿਹਾਰ ਆਪ ਚਲਾਇੰਦਾ । ਕੁਦਰਤ ਕਰਤਾ ਕਰੇ ਕਾਰੀ, ਕੁਦਰਤ ਕ਼ਾਦਰ ਵੇਖ ਵਖਾਇੰਦਾ । ਖ਼ਾਲਕ ਖ਼ਲਕ ਕਰ ਪਨਿਹਾਰੀ, ਮਖ਼ਲੂਕ ਸੇਵ ਲਗਾਇੰਦਾ । ਹਰਿਜਨ ਹਰਿ ਹਰਿ ਦੇਵੇ ਨਾਮ ਸੱਚੀ ਸਿਕਦਾਰੀ, ਸਾਚੇ ਤਖ਼ਤ ਬਹਾਇੰਦਾ । ਮੇਲ ਮਿਲਾਏ ਏਕਾ ਵਾਰੀ, ਏਕੰਕਾਰਾ ਅੰਗ ਲਗਾਇੰਦਾ । ਸਤਿਗੁਰ ਚਰਨ ਜਨ ਸਦ ਬਲਿਹਾਰੀ,

੫੫੪
੧੦

ਬਲਿਹਾਰੀ ਗੁਰ ਚਰਨ ਦਰਸ਼ਨ ਪਾਇੰਦਾ । ਹਉਂ ਘੋਲੀ ਹਉਂ ਜਾਵਾਂ ਵਾਰੀ, ਵਾਰ ਆਪਣਾ ਆਪ ਵਖਾਇੰਦਾ । ਜਨ ਭਗਤਾਂ ਪੈਜ ਰਿਹਾ ਸਵਾਰੀ, ਜੁਗ ਜੁਗ ਪੈਜ ਰਖਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਇਕ ਆਧਾਰੀ, ਭੰਡਾਰੀ ਆਪਣਾ ਭੰਡਾਰਾ ਆਪ ਵਰਤਾਇੰਦਾ ।

## ★ ੧੨ ਜੇਠ ੨੦੧੯ ਬਿਕ੍ਰਮੀ ਕਥਾ ਸਿੰਘ ਜੀਵਨ ਸਿੰਘ ਦੇ ਘਰ ਪਿੰਡ ਮੋਇਲ ਜੰਮੂ ★

ਸੋ ਪੁਰਖ ਨਿਰੰਜਣ ਸਰਬ ਗੁਣਵੰਤ, ਆਦਿ ਜੁਗਾਦਿ ਵਡੀ ਵਡਿਆਈਆ । ਹਰਿ ਪੁਰਖ ਨਿਰੰਜਣ ਮਹਿਮਾ ਅਗਣਤ, ਅਲਖ ਅਲਖਣਾ ਲਿਖਿਆ ਨਾ ਜਾਈਆ । ਏਕੰਕਾਰਾ ਸੋਭਾਵੰਤ, ਦਰ ਘਰ ਸਾਚੇ ਸੋਭਾ ਪਾਈਆ । ਆਦਿ ਨਿਰੰਜਣ ਨੂਰ ਨੁਰਾਨਾ ਸਾਚਾ ਕੰਤ, ਜੋਤੀ ਜੋਤ ਜੋਤ ਰੁਸ਼ਨਾਈਆ । ਅਬਿਨਾਸ਼ੀ ਕਰਤਾ ਬਣਾਏ ਆਪਣੀ ਬਣਤ, ਸਾਚਾ ਘਾੜਨ ਲਏ ਘੜਾਈਆ । ਸ੍ਰੀ ਭਗਵਾਨ ਆਪੇ ਗਾਏ ਆਪਣਾ ਮੰਤ, ਨਿਸ਼ ਅੱਖਰ ਆਪ ਪ੍ਰਗਟਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਲੇਖਾ ਜਾਣੇ ਆਦਿ ਅੰਤ, ਅੰਤ ਆਦਿ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਰੂਪ ਆਪ ਪ੍ਰਗਟਾਈਆ । ਨਿਰਗਣ ਰੂਪ ਹਰਿ ਨਿਰੰਕਾਰਾ, ਅਜੂਨੀ ਰਹਿਤ ਆਪ ਧਰਾਇੰਦਾ । ਆਪਣੀ ਇਛਿਆ ਭਰ ਭੰਡਾਰਾ, ਸਾਚੀ ਭਿਛਿਆ ਪੂਰ ਕਰਾਇੰਦਾ । ਆਪਣਾ ਖੋਲ੍ਹ ਆਪ ਦੁਆਰਾ, ਸਚਖੰਡ ਸਾਚਾ ਨਾਉਂ ਧਰਾਇੰਦਾ । ਨਿਰਮਲ ਦੀਆ ਕਰ ਉਜਿਆਰਾ, ਨੂਰ ਨੁਰਾਨਾ ਡਗਮਗਾਇੰਦਾ । ਸ਼ਾਹੋ ਭੂਪ ਬਣ ਸਿਕਦਾਰਾ, ਸਾਚੇ ਤਖ਼ਤ ਸੋਭਾ ਪਾਇੰਦਾ । ਹੁਕਮੀ ਹੁਕਮ ਕਰ ਵਰਤਾਰਾ, ਧੁਰ ਫ਼ਰਮਾਨਾ ਆਪ ਜਣਾਇੰਦਾ । ਸ਼ਬਦ ਅਨਾਦੀ ਸੁਤ ਦੁਲਾਰਾ, ਪੂਤ ਸਪੂਤਾ ਏਕਾ ਜਾਇੰਦਾ । ਕਰੇ ਖੇਲ ਅਗੰਮ ਅਪਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਰੂਪ ਆਪ ਪ੍ਰਗਟਾਇੰਦਾ । ਆਪਣਾ ਰੂਪ ਆਪੇ ਧਰ, ਹਰਿ ਹਰਿ ਆਪੇ ਵੇਖ ਵਖਾਈਆ । ਆਪੇ ਪੁਰਖ ਨਾਰੀ ਨਰ, ਨਰ ਨਰਾਇਣ ਵਡੀ ਵਡਿਆਈਆ । ਆਪੇ ਵਸੇ ਆਪਣੇ ਘਰ, ਸਚਖੰਡ ਦੁਆਰਾ ਸੋਭਾ ਪਾਈਆ । ਆਪੇ ਘਾੜਣ ਲਏ ਘੜ, ਘਰ ਘਰ ਵਿਚ ਲਏ ਪ੍ਰਗਟਾਈਆ । ਲੇਖਾ ਜਾਣੇ ਥਿਰ ਦਰ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸਾ ਜੋਤ ਪਰਕਾਸ਼ਾ ਥਿਰ ਘਰ ਵੇਖੇ ਪੁਰਖ ਅਬਿਨਾਸ਼ਾ, ਆਪਣਾ ਸ਼ਬਦ ਆਪਣਾ ਰੂਪ ਧਰਾਈਆ । ਹਰਿ ਕਾ ਰੂਪ ਸਦਾ ਅਬਿਨਾਸ਼, ਆਦਿ ਅੰਤ ਖੇਲ ਖਿਲਾਇੰਦਾ । ਥਿਰ ਘਰ ਸਾਚੇ ਕਰ ਪਰਕਾਸ਼, ਨੂਰੋ ਨੂਰ ਨੂਰ ਪ੍ਰਗਟਾਇੰਦਾ । ਨਿਰਗੁਣ ਅੰਦਰ ਨਿਰਗੁਣ ਕਰ ਕਰ ਵਾਸ, ਨਿਰਗੁਣ ਆਪਣੀ ਕਲ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚਾ ਆਪ ਸੁਹਾਇੰਦਾ । ਦਰ ਘਰ ਸਾਚਾ ਥਿਰ ਦਰਬਾਰਾ, ਏਕੰਕਾਰ ਆਪ ਸੁਹਾਈਆ । ਸ਼ਬਦੀ ਸ਼ਬਦ ਸੁਤ ਦੁਲਾਰਾ, ਪੂਤ ਸਪੂਤਾ ਇਕ ਉਠਾਈਆ । ਏਕਾ ਹੁਕਮ ਧੁਰ ਫ਼ਰਮਾਨਾ, ਧੁਰਦਰਗਾਹੀ ਆਪ ਜਣਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਭੇਵ ਖੁਲ੍ਹਾਏ ਏਕਾ ਵਾਰਾ, ਰਵ ਸਸ ਨੂਰ ਚਮਕਾਈਆ । ਜੋਤੀ ਜਾਤਾ ਹੋ ਉਜਿਆਰਾ, ਨਿਰਗੁਣ ਸਰਗੁਣ ਮੇਟੇ ਧਾੜਾ, ਵਿਸ਼ਨ ਬ੍ਰਹਮਾ ਸ਼ਿਵ ਕਰ ਪਸਾਰਾ, ਤ੍ਰੈਗੁਣ ਮੇਲਾ ਸਹਿਜ ਸੁਭਾਈਆ । ਏਕਾ ਹੁਕਮ ਇਕ ਵਰਤਾਰਾ, ਏਕਾ ਕਰਤਾ ਕਰਨੇਹਾਰਾ, ਏਕਾ ਕੁਦਰਤ ਵੇਖੇ ਅਗੰਮ ਅਪਾਰਾ, ਕ਼ਾਦਰ ਆਪਣੀ ਖੇਲ ਖਿਲਾਈਆ । ਏਕਾ ਵਸਤ ਨਾਮ ਸਚ ਸਤਾਰਾ, ਏਕਾ ਵੰਡੇ ਸਚ ਭੰਡਾਰਾ, ਏਕਾ

ਦੇਵਣਹਾਰ ਸੰਸਾਰਾ, ਵਡ ਸੰਸਾਰੀ ਇਕ ਅਖਵਾਈਆ । ਏਕਾ ਜਲ ਥਲ ਮਹੀਅਲ ਪਾਵੇ ਸਾਰਾ, ਏਕਾ ਗਗਨ ਮੰਡਲ ਹੋਏ ਉਜਿਆਰਾ, ਏਕਾ ਜ਼ਿਮੀਂ ਅਸਮਾਨ ਲਾਏ ਅਖਾੜਾ, ਨਟੂਆ ਆਪਣਾ ਸਵਾਂਗ ਵਰਤਾਈਆ । ਏਕਾ ਲੱਖ ਚੁਰਾਸੀ ਘਾੜਣ ਘੜੇ ਬਣ ਠਠਿਆਰਾ, ਏਕਾ ਪੰਜ ਤੱਤ ਮੇਲਾ ਕਰੇ ਏਕਾ ਦਵਾਰਾ, ਏਕਾ ਮਨ ਮਤ ਬੁਧ ਦਏ ਸਹਾਰਾ, ਏਕਾ ਜੂਨੀ ਜੂਨ ਉਪਾਈਆ । ਏਕਾ ਵੰਡਣ ਵੰਡ ਵੰਡੇ ਗਿਰਧਾਰਾ, ਉਤਭੁਜ ਸੇਤਜ ਜੇਰਜ ਅੰਡ ਰੂਪ ਕਰੇ ਪਸਾਰਾ, ਈਸ਼ ਜੀਵ ਰੂਪ ਧਰਾਈਆ । ਏਕਾ ਬ੍ਰਹਮ ਹੋਏ ਆਧਾਰਾ, ਪਾਰਬ੍ਰਹਮ ਕਰੇ ਖੇਲ ਆਪਣੀ ਵਾਰਾ, ਨੂਰ ਜ਼ਹੂਰ ਆਪ ਧਰਾਈਆ । ਏਕਾ ਸ਼ਬਦ ਨਾਦ ਧੁਨਕਾਰਾ, ਏਕਾ ਗਾਵੇ ਗਾਵਣਹਾਰਾ, ਸਚਖੰਡ ਬੈਠਾ ਸਾਚਾ ਮਾਹੀਆ । ਥਿਰ ਘਰ ਖੋਲ੍ਹੇ ਬੰਦ ਕਿਵਾੜਾ, ਪਵਣ ਪਵਣੀ ਦਏ ਸਹਾਰਾ, ਘਟ ਘਟ ਆਪਣਾ ਰੂਪ ਧਰਾਈਆ । ਲੇਖਾ ਜਾਣੇ ਲਿਖਣਹਾਰਾ, ਵਿਸ਼ਨ ਬ੍ਰਹਮਾ ਸ਼ਿਵ ਸੇਵਾਦਾਰਾ, ਦਰ ਸੇਵਕ ਸੇਵਾ ਸਚ ਸਮਝਾਈਆ । ਆਦਿ ਪੁਰਖ ਹੋ ਉਜਿਆਰਾ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਜੇਰਜ ਅੰਡਾਂ ਕਰ ਪਸਾਰਾ, ਤ੍ਰੈਭਵਣ ਆਪਣਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਦਾਤਾ ਬੇਪਰਵਾਹ, ਆਪਣੀ ਕਾਰ ਆਪ ਕਮਾਈਆ । ਲੱਖ ਚੁਰਾਸੀ ਦੁਕਾਨ ਕਿਰਿਆ, ਕਿਰਤਮ ਆਪਣੀ ਖੇਲ ਖਿਲਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਆਪੇ ਫੜਿਆ, ਹੁਕਮੀ ਹੁਕਮ ਆਪ ਸੁਣਾਇੰਦਾ । ਘਟ ਘਟ ਅੰਦਰ ਆਪੇ ਵੜਿਆ, ਨਿਰਗੁਣ ਸਰਗੁਣ ਮੇਲ ਮਿਲਾਇੰਦਾ । ਜੋਤੀ ਜਾਤਾ ਪੁਰਖ ਬਿਧਾਤਾ ਨਾਉਂ ਰਖਾਏ ਨਰਾਇਣ ਨਰਿਆ, ਨਰ ਹਰਿ ਆਪਣਾ ਬਲ ਜਣਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਪੁਰਖ ਅਬਿਨਾਸ਼ੀ ਆਪਣਾ ਅੱਖਰ ਆਪੇ ਪੜ੍ਹਿਆ, ਬ੍ਰਹਮਾ ਵੇਤਾ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਏਕਾ ਹਰਿ, ਸਚਖੰਡ ਦੁਆਰਾ ਖੋਲ੍ਹ ਦਰ, ਦਰਵਾਜ਼ਾ ਆਪ ਸੁਹਾਇੰਦਾ । ਦਰ ਦਰਵਾਜ਼ਾ ਹਰਿ ਹਰਿ ਖੋਲ੍ਹ, ਲੱਖ ਚੁਰਾਸੀ ਦਏ ਜਣਾਈਆ । ਘਟ ਘਟ ਅੰਦਰ ਆਪੇ ਬੋਲ, ਆਪਣੀ ਬੂਝ ਬੁਝਾਈਆ । ਏਕਾ ਕੰਡਾ ਤੋਲੇ ਤੋਲ, ਤੋਲਣਹਾਰਾ ਸੱਚਾ ਸ਼ਹਿਨਸ਼ਾਹੀਆ । ਆਦਿ ਜੁਗਦਿ ਰਹੇ ਅਡੋਲ, ਥਿਰ ਘਰ ਆਪਣਾ ਆਸਣ ਲਾਈਆ । ਏਕਾ ਵਸਤ ਰੱਖੇ ਕੋਲ, ਜੀਵਾਂ ਜੰਤਾਂ ਆਪ ਵਰਤਾਈਆ । ਭਾਗ ਲਗਾਏ ਉਪਰ ਧਰਨੀ ਧਰਤ ਧਵਲ, ਧਵਲਾ ਆਪਣਾ ਭਾਰ ਉਠਾਈਆ । ਲੱਖ ਚੁਰਾਸੀ ਬਖ਼ਸ਼ੇ ਅੰਮ੍ਰਿਤ ਆਤਮ ਕਵਲ, ਨਾਭੀ ਕਵਲ ਆਪ ਟਿਪਕਾਈਆ । ਬ੍ਰਹਮ ਰੂਪ ਹੋ ਹੋ ਰਿਹਾ ਮਵਲ, ਪਾਰਬ੍ਰਹਮ ਪੱਤ ਡਾਲੀ ਆਪਣਾ ਆਪ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਘਾੜਣ ਘੜ, ਵਿਸ਼ਨ ਬ੍ਰਹਮਾ ਸ਼ਿਵ ਏਕਾ ਤੱਤ ਜਣਾਈਆ । ਏਕਾ ਤੱਤ ਹਰਿ ਗਿਆਨ, ਹਰਿ ਹਰਿ ਆਪਣਾ ਆਪ ਜਣਾਇੰਦਾ । ਏਕਾ ਰੂਪ ਸ੍ਰੀ ਭਗਵਾਨ, ਰੂਪ ਰੰਗ ਆਪ ਵਖਾਇੰਦਾ । ਏਕਾ ਮੰਦਰ ਸਚ ਮਕਾਨ, ਸਚਖੰਡ ਦੁਆਰੇ ਸੋਭਾ ਪਾਇੰਦਾ । ਏਕਾ ਵੇਖੇ ਮਾਰ ਧਿਆਨ, ਦੋ ਜਹਾਨਾਂ ਵੇਖ ਵਖਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਸੁਣਨ ਸਾਚੇ ਕਾਨ, ਪੁਰਖ ਅਬਿਨਾਸ਼ੀ ਰਾਗ ਅਲਾਇੰਦਾ । ਲੱਖ ਚੁਰਾਸੀ ਕਰ ਪਰਧਾਨ, ਲੋਕਮਾਤ ਨਾਚ ਨਚਾਇੰਦਾ । ਜੁਗਾ ਜੁਗੰਤਰ ਖੇਲ ਕਰੇ ਮਹਾਨ, ਜੁਗ ਚੌਕੜੀ ਵੰਡ ਵੰਡਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਦੇਵੇ ਦਾਨ, ਜੀਆ ਦਾਨ ਝੋਲੀ ਪਾਇੰਦਾ । ਕਰੇ ਖੇਲ ਹਰਿ ਮਹਾਨ, ਭੇਵ ਅਭੇਦਾ ਆਪ ਛੁਪਾਇੰਦਾ । ਨੌਂ ਸੌ ਚਰਾਨਵੇ ਚੌਕੜੀ ਜੁਗ ਦੇਵੇ ਧੁਰ ਫ਼ਰਮਾਨ, ਗੁਰ ਅਵਤਾਰ ਮਾਤ ਪ੍ਰਗਟਾਇੰਦਾ । ਭਗਤ ਭਗਵੰਤ ਮਿਲਾਏ ਆਣ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਸੰਤ ਸਾਜਣ ਲਏ ਪਛਾਣ,

੫੫੬
੧੦

ਦੂਈ ਦਵੈਤੀ ਪਰਦਾ ਲਾਇੰਦਾ । ਗੁਰਮੁਖਾਂ ਬਖ਼ਸ਼ੇ ਚਰਨ ਧਿਆਨ, ਚਰਨ ਚਰਨੋਦਕ ਮੁਖ ਚੁਆਇੰਦਾ । ਗੁਰਸਿਖ ਨੇਤਰ ਲੋਚਣ ਦਰਸ਼ਨ ਪੇਖੇ ਆਣ, ਨਿਜ ਨੇਤਰ ਆਪ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗੰਤਰ ਜੁਗ ਕਰਤਾ ਵੇਸ ਵਟਾਇੰਦਾ । ਜੁਗ ਜੁਗ ਵੇਸ ਵਟਾਇਆ, ਅਲਖ ਅਗੋਚਰ ਅਗੰਮ ਅਪਾਰ । ਗੁਰ ਗੁਰ ਆਪਣਾ ਨਾਉਂ ਧਰਾਇਆ, ਸ਼ਬਦੀ ਨਾਮ ਬੋਲ ਜੈਕਾਰ । ਜੀਵਾਂ ਜੰਤਾਂ ਮਾਰਗ ਲਾਇਆ, ਏਕਾ ਮਾਰਗ ਏਕੰਕਾਰ । ਸ਼ੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਆਪ ਸਮਝਾਇਆ, ਆਤਮ ਬ੍ਰਹਮ ਕਰ ਉਜਿਆਰ । ਪਾਰਬ੍ਰਹਮ ਹਰ ਘਟ ਵੇਖ ਵਖਾਇਆ, ਡੂੰਘੀ ਕਵਰੀ ਪਾਵੇ ਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚੀ ਸਰਕਾਰ । ਜੁਗ ਜੁਗ ਖੇਲ ਖਿਲਾਇਆ, ਸਤਿਜੁਗ ਤ੍ਰੇਤਾ ਦੁਆਪਰ ਉਤਰੇ ਪਾਰ । ਕਲਜੁਗ ਅੰਤਮ ਵੇਖ ਵਖਾਇਆ, ਇਕ ਇਕੱਲਾ ਏਕੰਕਾਰ । ਜੋਤੀ ਜਾਮਾ ਰੂਪ ਧਰਾਇਆ ਨਿਹਕਲੰਕ ਸੱਚੀ ਸਰਕਾਰ । ਕੋਟਨ ਕੋਟੀ ਜੀਵ ਵੇਖ ਵਖਾਇਆ, ਆਪ ਆਪਣੀ ਕਿਰਪਾ ਧਾਰ । ਗੁਰਮੁਖ ਸਾਚੇ ਲਏ ਜਗਾਇਆ, ਆਲਸ ਨਿੰਦਰਾ ਜਗਤ ਨਿਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਬਖ਼ਸ਼ੇ ਚਰਨ ਪਿਆਰ । ਚਰਨ ਪਿਆਰ ਜਗਤ ਜੁਗ ਜੀਉਣ, ਜੁਗ ਦਾਤਾ ਆਪ ਸਮਝਾਈਆ । ਗੁਰਮੁਖ ਨਾਮ ਨਿਧਾਨ ਪਿਆਉਣ, ਅੰਮਿਉਂ ਰਸ ਆਪਣਾ ਆਪ ਚਖਾਈਆ । ਬਲਿਹਾਰੀ ਬਲਿਹਾਰ ਗੁਰ ਥਿਉਣ, ਥਾਨ ਥਨੰਤਰ ਦਏ ਵਡਿਆਈਆ । ਸਾਚਾ ਬੀਜ ਕਾਇਆ ਬਿਉਣ, ਪੱਤ ਡਾਲੀ ਆਪ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਸਮਝਾਈਆ । ਹਰਿਜਨ ਹਰਿ ਹਰਿ ਆਪ ਜਣਾਇਆ, ਜਾਗਰਤ ਜੋਤ ਜਗਾ । ਕਾਇਆ ਮੰਦਰ ਵੇਖ ਵਖਾਇਆ, ਨੌਂ ਦਰ ਖੋਜ ਖੁਜਾ । ਮਾਇਆ ਮਮਤਾ ਮੋਹ ਮਿਟਾਇਆ, ਹਉਮੇ ਹੰਗਤਾ ਗੜ੍ਹ ਤੁੜਾ । ਦਰ ਦਰ ਮੰਗਤਾ ਲੇਖੇ ਪਾਇਆ, ਏਕਾ ਵਸਤ ਦਏ ਵਰਤਾ । ਸਾਚੀ ਸੰਗਤ ਮੇਲ ਮਿਲਾਇਆ, ਸਗਲਾ ਸੰਗ ਆਪ ਰਖਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਤਮ ਬ੍ਰਹਮ ਦਏ ਦਿੜ੍ਹਾ । ਆਤਮ ਬ੍ਰਹਮ ਕਾਇਆ ਮੰਦਰ, ਹਰਿ ਸਾਚਾ ਸਚ ਜਣਾਈਆ । ਮਿਟੇ ਅੰਧੇਰਾ ਡੂੰਘੀ ਕੰਦਰ, ਅਗਿਆਨ ਅੰਧੇਰ ਗਵਾਈਆ । ਬਜਰ ਕਪਾਟੀ ਤੋੜੇ ਜੰਦਰ, ਦੂਈ ਦਵੈਤੀ ਪਰਦਾ ਦਏ ਉਠਾਈਆ । ਮਨੂਆ ਮਨ ਬੰਨ੍ਹੇ ਬੰਦਰ, ਦਹਿ ਦਿਸ਼ ਨਾ ਉਠ ਉਠ ਧਾਈਆ । ਕਰੇ ਪਰਕਾਸ਼ ਅੰਧੇਰੇ ਖੰਡਰ, ਜੋਤੀ ਜੋਤ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਦਏ ਵਡਿਆਈਆ । ਹਰਿਜਨ ਅੰਦਰ ਜੋਤ ਪਰਕਾਸ਼, ਨੂਰੋ ਨੂਰ ਨੂਰ ਧਰਾਇੰਦਾ । ਮੇਲ ਮਿਲਾਵਾ ਪੁਰਖ ਅਬਿਨਾਸ਼, ਪੁਰਖ ਅਬਿਨਾਸ਼ੀ ਮੇਲ ਮਿਲਾਇੰਦਾ । ਲੇਖਾ ਜਾਣੇ ਸਰਬ ਗੁਣਤਾਸ, ਗੁਣਵੰਤਾ ਗੁਣ ਵਖਾਇੰਦਾ । ਜਨਮ ਜਨਮ ਦੀ ਪੂਰੀ ਕਰੇ ਆਸ, ਜਿਸ ਜਨ ਆਪਣੇ ਰੰਗ ਰੰਗਾਇੰਦਾ । ਆਵਣ ਜਾਵਣ ਕਰੇ ਬੰਦ ਖਲਾਸ, ਜਮ ਕੀ ਫਾਸੀ ਫੰਦ ਕਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਮਿਲਾਇੰਦਾ । ਜਮ ਕੀ ਫਾਸੀ ਤੋੜੇ ਫੰਦ, ਸਤਿਗੁਰ ਪੂਰੇ ਹੱਥ ਵਡਿਆਈਆ । ਨਾਮ ਡੋਰੀ ਦੇਵੇ ਬੰਨ੍ਹ, ਬੰਨ੍ਹਣਹਾਰ ਬੇਪਰਵਾਹੀਆ । ਏਕਾ ਰਾਗ ਸੁਣਾਏ ਕੰਨ, ਸ਼ਬਦੀ ਨਾਦ ਵਜਾਈਆ । ਭਰਮ ਭੁਲੇਖਾ ਕੱਢੇ ਜਨ, ਜਿਸ ਸਿਰ ਆਪਣਾ ਹੱਥ ਟਿਕਾਈਆ । ਕਰੇ ਪਰਕਾਸ਼ ਕਾਇਆ ਤਨ, ਅੰਧ ਅੰਧੇਰ ਰਹਿਣ ਨਾ ਪਾਈਆ । ਭਾਂਡਾ ਭਰਮ ਭੌ ਦੇਵੇ ਭੰਨ, ਸਾਖਿਆਤ ਰੂਪ ਵਟਾਈਆ । ਦਿਸ ਨਾ ਆਏ ਜੀਵ ਅੰਨ੍ਹ, ਨੇਤਰ ਦਿਬ ਨਾ ਕੋਇ ਖੁਲ੍ਹਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਜਗਾਈਆ । ਜਾਗਰਤ ਜੋਤ ਜਗਾਏ ਜਗਦੀਸ਼ਰ, ਈਸ਼ ਜੀਵ ਉਠਾਇਆ । ਲੇਖਾ ਜਾਣੇ ਭਗਤ ਤਪੀਸ਼ਰ, ਤਪੋ ਬਨ ਨਾ ਕੋਇ ਤਪਾਇਆ । ਮੇਲ ਮਿਲਾਇਆ ਹਰਿ ਰਖੀਸ਼ਰ, ਰੇਖ ਲਿਖੀ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਤਰ ਨਾਮ ਦ੍ਰਿੜਾਇਆ । ਸਾਚਾ ਮੰਤਰ ਨਾਮ ਜਨ ਏਕ, ਦੂਸਰ ਅਵਰ ਨਾ ਕੋਇ ਵਡਿਆਈਆ । ਆਦਿ ਜੁਗਾਦਿ ਕਰੇ ਬੁੱਧ ਬਬੇਕ, ਜਿਸ ਜਨ ਆਪਣੀ ਬੂਝ ਬੁਝਾਈਆ । ਤ੍ਰੈਗੁਣ ਮਾਇਆ ਨਾ ਲਾਏ ਸੇਕ, ਅਗਨੀ ਤੱਤ ਨਾ ਕੋਇ ਜਲਾਈਆ । ਜੂਠ ਝੂਠ ਨਾ ਕਰੇ ਭੇਖ, ਸਚ ਸੁੱਚ ਵੱਜੇ ਵਧਾਈਆ । ਨਿਜ ਘਰ ਬੈਠਾ ਰਿਹਾ ਵੇਖ, ਨਿਜ ਆਤਮ ਤਾੜੀ ਲਾਈਆ । ਆਦਿ ਜੁਗਾਦਿ ਰਹੇ ਹਮੇਸ਼, ਸਤਿਗੁਰ ਪੂਰਾ ਸੋ ਅਖਵਾਈਆ । ਮੁਛ ਦਾੜ੍ਹੀ ਨਾ ਰੱਖੇ ਕੇਸ, ਸੀਸ ਜਗਦੀਸ਼ ਨਾ ਮੂੰਡ ਮੁੰਡਾਈਆ । ਆਤਮ ਬ੍ਰਹਮ ਦਏ ਆਦੇਸ਼, ਪਾਰਬ੍ਰਹਮ ਸੱਚੀ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰੀਜਨ ਹਰਿ ਹਰਿ ਲਏ ਸਮਝਾਈਆ । ਹਰੀ ਹਰਿ ਹਰਿ ਹਰਿ ਪੇਖਣਾ, ਪੇਖਤ ਦੀਨ ਦਿਆਲ । ਨਿਜ ਆਤਮ ਅੰਦਰ ਵੇਖਣਾ, ਕਾਇਆ ਬੈਠਾ ਸੱਚੀ ਧਰਮਸਾਲ । ਦੇਵੇ ਨਾਮ ਸ਼ਬਦ ਸੰਦੇਸ਼ਣਾ, ਅਨਹਦ ਵਜਾਏ ਤਾਲ । ਜੋਤੀ ਜੋਤ ਹੋ ਪਰਵੇਸ਼ਣਾ, ਜਲਵਾ ਨੂਰ ਦਏ ਜਮਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਹਰਿਜਨ ਸਾਚੇ ਲਏ ਭਾਲ । ਜੁਗ ਜੁਗ ਹਰਿਜਨ ਭਾਲਦਾ, ਨਿਰਗੁਣ ਸਰਗੁਣ ਵੇਖ ਵਿਚਾਰ । ਲੇਖਾ ਜਾਣੇ ਸ਼ਾਹ ਕੰਗਾਲ ਦਾ, ਊਚ ਨੀਚ ਦਏ ਆਧਾਰ । ਚਾਰੇ ਵਰਨਾਂ ਸੁਰਤ ਸੰਭਾਲਦਾ, ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਕਰੇ ਪਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਰਗੁਣ ਨਿਰਗੁਣ ਲਏ ਅਵਤਾਰ । ਨਿਰਗੁਣ ਗੁਰ ਨਿਰਗੁਣ ਅਵਤਾਰਾ, ਸ਼ਾਹ ਪਾਤਸ਼ਾਹ ਨਿਰਗੁਣ ਅਖਵਾਈਆ । ਨਿਰਗੁਣ ਸ਼ਾਹ ਨਿਰਗੁਣ ਸਿਕਦਾਰਾ, ਨਿਰਗੁਣ ਸ਼ਹਿਨਸ਼ਾਹ ਵਡੀ ਵਡਿਆਈਆ । ਨਿਰਗੁਣ ਭਗਤ ਸਤਿ ਭੰਡਾਰਾ, ਨਿਰਗੁਣ ਸੰਤ ਸਾਜਣ ਲਏ ਮਿਲਾਈਆ । ਨਿਰਗੁਣ ਗੁਰਮੁਖ ਕਰੇ ਉਜਿਆਰਾ, ਨਿਰਗੁਣ ਗੁਰਸਿਖ ਲਏ ਤਰਾਈਆ । ਨਿਰਗੁਣ ਲੇਖਾ ਜਾਣੇ ਆਪਣੀ ਵਾਰਾ, ਥਿਤ ਵਾਰ ਨਾ ਕੋਇ ਵਖਾਈਆ । ਨਿਰਗੁਣ ਭੇਵ ਨਾ ਪਾਏ ਵੇਦ ਚਾਰਾ, ਪੁਰਾਨ ਅਠਾਰਾਂ ਰਹੇ ਜਸ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਵਡ ਦੇਵੀ ਦੇਵ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਭਗਤ ਭਗਵੰਤ ਦਏ ਜਣਾਈਆ । ਭਗਤ ਭਗਵੰਤ ਸਦਾ ਅਭੇਦ, ਭੇਵ ਨਾ ਕੋਇ ਰਖਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਲਿਖ ਲਿਖ ਥੱਕੇ ਲੇਖ, ਲੇਖਾ ਲੇਖ ਨਾ ਪੂਰ ਕਰਾਈਆ । ਕਲਜੁਗ ਅੰਤਮ ਨਰ ਹਰਿ ਨਰਾਇਣ ਹਰਿਜਨ ਸਾਚੇ ਲਏ ਵੇਖ, ਰੂਪ ਅਨੂਪ ਆਪ ਧਰਾਈਆ । ਮੇਲ ਮਿਲਾਵਾ ਦਸ ਦਸਮੇਸ਼, ਦਰ ਘਰ ਸਾਚੇ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ ਹਰਿਜਨ ਸਾਚਾ ਸੰਗ ਨਿਭਾਈਆ ।

ਬਾਰਸ਼ ਹੋਏ ਨਾ ਮਿਟੇ ਪਿਆਸ, ਕਰੋੜ ਛਿਆਨਵੇਂ ਰਿਹਾ ਕੁਰਲਾਈਆ । ਮੇਘ ਮੇਘਲਾ ਦਾਸੀ ਦਾਸ, ਬੈਠੇ ਸੀਸ ਝੁਕਾਈਆ । ਰਾਹ ਤੱਕੇ ਪ੍ਰਿਥਮੀ ਆਕਾਸ਼, ਨੇਤਰ ਨੈਣ ਉਠਾਈਆ । ਜਿਸ ਜਨ ਅੰਦਰ ਸਤਿਗੁਰ ਪੂਰਾ ਕਰੇ ਵਾਸ, ਤਿਸ ਤ੍ਰਿਸ਼ਨਾ ਜਗਤ ਰਹਿਣ ਨਾ ਪਾਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਘ ਦਏ ਸਮਝਾਈਆ । ਸਾਚਾ ਮੇਘ ਅੰਮ੍ਰਿਤ ਧਾਰ, ਗੁਰ ਸਤਿਗੁਰ ਆਪ ਬਰਸਾਇੰਦਾ । ਜਿਸ ਜਨ ਕਿਰਪਾ ਕਰੇ ਅਪਾਰ, ਜਗਤ ਤ੍ਰਿਸ਼ਨਾ ਭੁੱਖ ਮਿਟਾਇੰਦਾ । ਮਿੰਟ ਸਕਿੰਟ ਨਾ ਕਰੇ ਵਿਚਾਰ, ਘੰਟੇ ਪਹਿਰ ਨਾ ਕੋਇ ਰਖਾਇੰਦਾ । ਛਿੰਨ ਭੰਗਰ ਜਾਏ ਤਾਰ, ਜਿਸ ਆਪਣਾ ਦਰਸ ਵਖਾਇੰਦਾ । ਅੱਜ ਮੀਂਹ ਵਰਸੇ ਜੇ ਮੂਸਲਾ ਧਾਰ, ਘੰਟੇ ਦੋ ਘੰਟੇ ਅੰਦਰ ਬਾਹਰ ਪਿੰਡ ਵਿਚੋਂ ਆਪ ਕਢਾਇੰਦਾ । ਸੁੱਕੀ ਧਰਤੀ ਰੋਵੇ ਫੇਰ ਜ਼ਾਰੋ ਜ਼ਾਰ, ਜਗਤ ਤਪਸ਼ ਨਾ ਕੋਇ ਬੁਝਾਇੰਦਾ । ਉਤੇ ਹੇਠੇ ਕੂੜੇ ਕੁੜਿਆਰ, ਸਾਚਾ ਧਰਮ ਨਾ ਕੋਇ ਕਮਾਇੰਦਾ । ਨਾਰੀ ਨਰ ਹੋਇਆ ਵਿਭਚਾਰ, ਕਾਮ ਕਰੋਧ ਲੋਭ ਮੋਹ ਹੰਕਾਰ ਸਰਬ ਸਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਤ੍ਰਿਸ਼ਨਾ ਤ੍ਰਿਸ਼ਨਾ ਵਿਚ ਭਰਾਇੰਦਾ । ਲੱਗੀ ਅੱਗ ਕਾਇਆ ਤਨ, ਮੇਘ ਮੀਂਹ ਨਾ ਸਕੇ ਬੁਝਾਈਆ । ਸਤਿਗੁਰ ਪੂਰਾ ਜਿਸ ਦਰਸ ਦੇਵੇ ਉਪਰ ਸ਼ਾਹ ਰਗ, ਤਿਸ ਤ੍ਰਿਸ਼ਨਾ ਤ੍ਰਿਪਤ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਘ ਮੇਘ ਆਪ ਬਰਸਾਈਆ । ਮੇਘ ਵਰਸਾਏ ਮੇਘ ਨਾਥ, ਮੇਘਨ ਰੂਪ ਵਟਾਇਆ । ਲਖ ਲਖ ਘੱਲੇ ਜਗਤ ਪਾਤ, ਆਪਣਾ ਲਿਖਿਆ ਨਾ ਕੋਇ ਵਖਾਇਆ । ਕਾਇਆ ਅੰਦਰ ਅੰਧੇਰੀ ਰਾਤ, ਸਾਚਾ ਚੰਦ ਨਾ ਕੋਇ ਚੜ੍ਹਾਇਆ । ਪੱਟੀ ਪੜ੍ਹੀ ਨਾ ਕਿਸੇ ਜਮਾਤ, ਹਰਫ਼ ਅਲਿਫ਼ ਨਜ਼ਰ ਨਾ ਆਇਆ । ਨੁਕਤਾ ਨੂਨ ਨਾ ਮਿਲੀ ਸੌਗਾਤ, ਹਮਜ਼ਾ ਹਵਸ ਨਾ ਕੋਇ ਮਿਟਾਇਆ । ਜੋ ਜਨ ਅੰਦਰ ਵੇਖੇ ਮਾਰ ਝਾਤ, ਹਰਿ ਮੰਦਰ ਸਤਿਗੁਰ ਏਕਾ ਮੇਘ ਰਿਹਾ ਬਰਸਾਇਆ । ਕਲਜੁਗ ਅਗਨੀ ਬੁਝੇ ਆਗ, ਦੂਜੀ ਤਪਸ਼ ਨਾ ਕੋਇ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੋਇਲ ਏਕਾ ਰੰਗ ਰੰਗਾਇੰਦਾ । ਮੋਇਲ ਹੋਏ ਸਾਂਤਕ ਸਤਿ, ਜੋ ਜਨ ਆਏ ਸਰਨਾਈਆ । ਜਿਸ ਮੇਲ ਮਿਲਾਏ ਕਮਲਾਪਤ, ਤਿਸ ਅੰਤਰ ਮੇਘ ਬਰਸਾਈਆ । ਤਿਸ ਉਬਲੇ ਬਹੱਤਰ ਨਾੜ ਨਾ ਰਤ, ਰਤੀ ਰਤ ਨਾ ਕੋਇ ਸੁਕਾਈਆ । ਚਾਰੋਂ ਕੁੰਟ ਵੇਖੇ ਕਾਲੀ ਘਟ, ਜਗਤ ਅੰਧੇਰਾ ਛਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਨਘੋਰ ਬਾਦਲ ਰਿਹਾ ਵਖਾਈਆ । ਘਨਘੋਰ ਬਾਦਲ ਪਾਏ ਸ਼ੋਰ, ਅਨਹਦ ਸੇਵਾ ਨਾਲ ਕਮਾਈਆ । ਗੁਰਮੁਖ ਆਤਮ ਨਾਚੇ ਮੋਰ, ਪੰਖੀ ਪੰਖੜੀਆਂ ਆਪ ਰਖਾਈਆ । ਪਵਣ ਠੰਡੀ ਪਾਏ ਜ਼ੋਰ, ਉਨੰਜਾ ਪਵਣ ਆਪ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਘ ਗੁਰਸਿਖ ਕਾਇਆ ਅੰਦਰ ਆਪ ਬਰਸਾਈਆ । ਅੰਮ੍ਰਿਤ ਮੇਘ ਬਰਸੇ ਸਾਂਤਕ ਸਤਿ, ਬੂੰਦਾ ਬਾਂਦੀ ਆਪ ਲਗਾਈਆ । ਜਿਸ ਜਨ ਦੇਵੇ ਧੀਰਜ ਜਤ, ਸੋ ਜਨ ਸਾਚਾ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅਗਨੀ ਕਲਜੁਗ ਰਿਹਾ ਜਲਾਈਆ । ਕਲਜੁਗ ਆਪਣਾ ਤਪੇ ਅੰਗਿਆਰ, ਤ੍ਰੈਗੁਣ ਤਪਾਇਆ । ਪੰਜ ਤੱਤ ਬਣਾ ਭਠਿਆਲ, ਜੋਤੀ ਲੰਬੂ ਏਕਾ ਲਾਇਆ । ਨਵ ਨੌਂ ਚਾਰ ਹੋਇਆ ਬੇਹਾਲ, ਰਾਜ ਰਾਜਾਨ ਰਿਹਾ ਕੁਰਲਾਇਆ । ਜਿਸ ਜਨ ਉਪਰ ਹੋਏ ਆਪ ਮਿਹਰਵਾਨ, ਤਿਸ ਜਨ ਸਾਚਾ ਮੇਘ ਦਏ ਬਰਸਾਇਆ । ਜਲ ਮੀਨ ਕਰੇ ਪਰਵਾਨ, ਮੀਨ ਜਲ ਹੋਏ ਸਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਮ੍ਰਿਤ ਮੇਘ ਦੇਵੇ ਬਰਸ, ਗੁਰਸਿਖਾਂ ਹਿਰਦੇ ਅੰਦਰ ਵਸ, ਜਗਤ ਤਪਸ਼ ਰਹਿਣ ਨਾ ਪਾਇਆ ।

★ ੧੨ ਜੇਠ ੨੦੧੮ ਬਿਕ੍ਰਮੀ ਦੇਵਾ ਸਿੰਘ ਦੇ ਘਰ ਪਿੰਡ ਧੰਗਾਲੀ ਜੰਮੂ ★

ਦਸ ਅੱਠ ਹਰਿ ਹਰਿ ਧਾਰ, ਲੋਕਮਾਤ ਹਰਿ ਚਲਾਇੰਦਾ । ਅੱਠ ਦਸ ਕਰ ਪਿਆਰ, ਦਸ ਅੱਠ ਖੇਲ ਖਿਲਾਇੰਦਾ । ਦਸ ਅੱਠ ਅਗੰਮ ਅਪਾਰ, ਨਿਰਗੁਣ ਸਰਗੁਣ ਮੇਲ ਮਿਲਾਇੰਦਾ । ਅੱਠ ਦਸ ਇਕ ਜੈਕਾਰ, ਦਰ ਘਰ ਸਾਚੇ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵੇਲਾ ਆਪ ਸੁਹਾਇੰਦਾ । ਅੱਠ ਦਸ ਖੇਲ ਅਵੱਲਾ, ਪੁਰਖ ਅਬਿਨਾਸ਼ੀ ਆਪ ਕਰਾਈਆ । ਏਕੰਕਾਰਾ ਇਕ ਇਕੱਲਾ, ਦੂਜੀ ਕੁਦਰਤ ਵੇਖ ਵਖਾਈਆ । ਸਚ ਸਿੰਘਾਸਣ ਏਕਾ ਮੱਲਾ, ਚੌਥੇ ਪਦ ਦਏ ਵਡਿਆਈਆ । ਹਰਿ ਸ਼ਬਦ ਸੰਦੇਸ਼ ਏਕਾ ਘੱਲਾ, ਛੇਵੇਂ ਛੇ ਘਰ ਫੋਲੇ ਫੋਲ ਫੁਲਾਈਆ । ਸਤਵੇਂ ਜੋਤੀ ਸ਼ਬਦੀ ਆਪੇ ਰਲਾ, ਨੂਰ ਨੁਰਾਨਾ ਡਗਮਗਾਈਆ । ਅੱਠਾਂ ਤੱਤਾਂ ਫੜਾਇਆ ਪੱਲਾ, ਮਨ ਮਤ ਬੁਧ ਆਪਣਾ ਬੰਧਨ ਪਾਈਆ । ਨੌਂ ਦੁਆਰ ਮਚਾਏ ਹੱਲਾ, ਨੌਂ ਖੰਡ ਪ੍ਰਿਥਮੀ ਵੇਖ ਵਖਾਈਆ । ਦਸਵੇਂ ਫੜਾਏ ਆਪਣਾ ਪੱਲਾ, ਦਸਮ ਦੁਆਰੀ ਕੁੰਡਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਸ ਅੱਠ ਵੇਖ ਵਖਾਈਆ । ਦਸਮ ਦੁਆਰੀ ਹਰਿ ਨਿਰੰਕਾਰਾ, ਏਕਾ ਰੰਗ ਸਮਾਇੰਦਾ । ਨੌਂ ਨੌਂ ਕਰੇ ਖੁਆਰਾ, ਆਦਿ ਜੁਗਾਦਿ ਵੇਸ ਵਟਾਇੰਦਾ । ਅੱਠਾਂ ਤੱਤਾਂ ਦਏ ਸਹਾਰਾ, ਆਪ ਆਪਣਾ ਰੰਗ ਰੰਗਾਇੰਦਾ । ਸਤਿ ਸਤਿਵਾਦੀ ਵਸਣਹਾਰਾ ਸਚਖੰਡ ਸਚ ਦਰਬਾਰਾ, ਛੇਵੇਂ ਛੱਪਰ ਛੰਨ ਨਾ ਕੋਇ ਛੁਹਾਇੰਦਾ । ਪੰਚਮ ਨਾਦ ਸ਼ਬਦ ਧੁਨਕਾਰਾ, ਚਾਰ ਕੁੰਟ ਆਪ ਸੁਣਾਇੰਦਾ । ਤਿੰਨਾਂ ਲੋਕਾਂ ਹੋ ਉਜਿਆਰਾ, ਦੋ ਜਹਾਨਾਂ ਖੇਲ ਖਿਲਾਇੰਦਾ । ਇਕ ਇਕੱਲਾ ਕਰਨੇਹਾਰਾ, ਕਰਤਾ ਪੁਰਖ ਆਪਣਾ ਨਾਉਂ ਧਰਾਇੰਦਾ । ਦੋਏ ਰੂਪ ਪਰਗਟ ਹੋ ਵਿਚ ਸੰਸਾਰਾ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਤ੍ਰੈਗੁਣ ਮਾਇਆ ਰੰਗ ਵੇਖੇ ਆਪ ਨਿਰੰਕਾਰਾ, ਲੱਖ ਚੁਰਾਸੀ ਭੇਵ ਚੁਕਾਇੰਦਾ । ਚਾਰ ਵਰਨਾਂ ਕਰੇ ਖ਼ਬਰਦਾਰਾ, ਪੰਚਮ ਮੇਲਾ ਆਪ ਮਿਲਾਇੰਦਾ । ਅਠਵੇਂ ਸ਼ਾਸਤਰ ਸਿਮਰਤ ਵਸੇ ਬਾਹਰਾ, ਸਤਿ ਸੰਤੋਖ ਸਤਿ ਸਤਿਵਾਦੀ ਆਪਣਾ ਗਿਆਨ ਦ੍ਰਿੜਾਇੰਦਾ । ਅੱਠਾਂ ਤੱਤਾਂ ਵੇਖ ਕਿਨਾਰਾ, ਨੌਂ ਨਿਧ ਆਪਣਾ ਮੂਲ ਚੁਕਾਇੰਦਾ । ਦਸਮ ਦੁਆਰੀ ਸਚ ਅਖਾੜਾ, ਹਰਿ ਨਿਰੰਕਾਰਾ ਆਪ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅੱਠ ਦਸ ਆਪਣਾ ਭੇਵ ਚੁਕਾਇੰਦਾ । ਦਸ ਅੱਠ ਹਰਿ ਮੇਲ ਮੇਲਣਾ, ਮੇਲਣਹਾਰ ਆਪ ਅਖਵਾਇੰਦਾ । ਦਸ ਦੁਆਰੇ ਭਰੇ ਸੂਰਜ ਚੰਨਾ, ਅੱਠ ਤੱਤ ਨਾ ਕੋਇ ਉਪਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਪੁਰਖ ਅਬਿਨਾਸ਼ੀ ਘਟ ਘਟ ਵਾਸੀ ਏਕੰਕਾਰਾ ਹਰਿ ਨਿਰੰਕਾਰਾ ਦੋ ਜਹਾਨਾਂ ਫਿਰੇ ਨਸਿਆ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਪਣਾ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਸ ਅੱਠ ਆਪਣਾ ਰੰਗ ਰੰਗਾਇੰਦਾ । ਦਸਮ ਦੁਆਰੀ ਹਰਿ ਹਰਿ ਰੰਗ, ਸੋ ਪੁਰਖ ਨਿਰੰਜਣ ਆਪ ਰੰਗਾਇਆ । ਗੁਰਮੁਖ ਮੇਲ ਸੂਰਾ ਸਰਬੰਗ, ਦਰ ਸਾਚੇ ਲਏ ਬਹਾਇਆ । ਨਾਦੀ ਨਾਦ ਵਜਾਏ ਮਰਦੰਗ, ਤਾਰ ਸਤਾਰ ਹਿਲਾਇਆ । ਜੋਤੀ ਨੂਰ ਚੜ੍ਹਾਏ ਚੰਦ, ਚੰਦ ਚਾਂਦਨੀ ਆਪਣੇ ਵਿਚ ਛੁਪਾਇਆ । ਗੀਤ ਸੁਣਾਏ ਸੁਹਾਗੀ ਛੰਦ, ਸੋ ਪੁਰਖ ਨਿਰੰਜਣ ਆਪ ਪੜ੍ਹਾਇਆ । ਹੰ ਬ੍ਰਹਮ ਵਖਾਏ ਪਰਮਾਨੰਦ, ਅਨੰਦ ਅਨੰਦ ਆਪਣਾ ਰੂਪ ਆਪ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਸਮ ਦੁਆਰੀ ਵੇਖ ਵਖਾਇਆ । ਦਸਮ ਦੁਆਰੀ ਗੁਰਸਿਖ ਮੰਦਰ, ਹਰਿ ਸਤਿਗੁਰ ਵੇਖ ਵਖਾਈਆ । ਅੱਠ ਤੱਤ ਵਸਿਆ ਡੂੰਘੀ ਕੰਦਰ, ਆਪ ਆਪਣਾ ਪਰਦਾ ਪਾਈਆ । ਕੋਟਨ ਕੋਟ ਲੱਭਦੇ

ਫਿਰਦੇ ਗੋਰਖ ਮਛੰਦਰ, ਉਚੇ ਟਿੱਲੇ ਪਰਬਤ ਫੇਰਾ ਪਾਈਆ । ਅਗਿਆਨ ਅੰਧੇਰ ਨਾ ਤੋੜੇ ਕੋਇ ਜੰਦਰ, ਬਜਰ ਕਪਾਟ ਨਾ ਕੋਇ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਦਸਮ ਦੁਆਰੀ ਨਾਤਾ ਜੋੜ, ਹਰਿਜਨ ਹਰਿ ਹਰਿ ਮੇਲ ਮਿਲਾਇੰਦਾ । ਧੁਰਦਰਗਾਹੀ ਲੋਕਮਾਤ ਆਇਆ ਦੌੜ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਦੋ ਜਹਾਨਾਂ ਲਾਇਆ ਏਕਾ ਪੌੜ, ਏਕਾ ਡੰਡਾ ਹੱਥ ਰਖਾਇੰਦਾ । ਲੱਖ ਚੁਰਾਸੀ ਵੇਖੇ ਰੀਠਾ ਮਿੱਠਾ ਕੌੜ, ਜੀਵ ਜੰਤ ਵੇਖ ਵਖਾਇੰਦਾ । ਗੁਰਮੁਖ ਵਿਰਲੇ ਗੁਰ ਗੁਰ ਰੂਪ ਜਾਏ ਬੌਹੜ, ਰੂਪ ਅਨੂਪ ਆਪ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਤਮ ਪਰਦਾ ਆਪ ਉਠਾਇੰਦਾ । ਆਤਮ ਪਰਦਾ ਗੁਰਸਿਖ ਜਾਏ ਉਠ, ਹਰਿ ਸਤਿਗੁਰ ਆਪ ਉਠਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਰਿਹਾ ਤੁਠ, ਭਿੰਨੜੀ ਰੈਣ ਨਾਲ ਮਿਲਾਈਆ । ਪੰਜ ਤੱਤ ਲੇਖੇ ਲਾਏ ਕਾਇਆ ਬੁਤ, ਮਨ ਮਤ ਬੁਧ ਦਏ ਸਮਝਾਈਆ । ਸਦਾ ਬਸੰਤੀ ਰੱਖੇ ਰੁੱਤ, ਚੇਤਨ ਚੇਤ ਰੂਪ ਜਗਾਈਆ । ਹਰਿਜਨ ਬਣਾਏ ਸਾਚੇ ਸੁੱਤ, ਆਪੇ ਬਣੇ ਪਿਤਾ ਮਾਈਆ । ਅੰਮ੍ਰਿਤ ਆਤਮ ਰਸ ਦੇਵੇ ਘੁੱਟ, ਭਰ ਪਿਆਲਾ ਜਾਮ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦਸਮ ਦੁਆਰੀ ਦਏ ਬਹਾਈਆ । ਹਰਿਜਨ ਤੇਰਾ ਦਸਮ ਦੁਆਰਾ, ਸੋ ਪੁਰਖ ਨਿਰੰਜਣ ਆਪ ਖੁਲ੍ਹਾਇੰਦਾ । ਤੇਰੇ ਅੰਦਰ ਬਾਹਰ ਆਵੇ ਵਾਰੋ ਵਾਰਾ, ਆਉਂਦਾ ਜਾਂਦਾ ਦਿਸ ਨਾ ਆਇੰਦਾ । ਹਰਿਜਨ ਰਹੇ ਨਾ ਮਾਤ ਕਵਾਰਾ, ਗੁਰ ਸਤਿਗੁਰ ਆਪ ਪਰਨਾਇੰਦਾ । ਘਰ ਵਖਾਏ ਉਚ ਮਨਾਰਾ, ਅਟਲ ਮਹੱਲ ਸੁਹਾਇੰਦਾ । ਤਖ਼ਤ ਬੈਠ ਏਕੰਕਾਰਾ, ਏਕਾ ਰੰਗ ਜਣਾਇੰਦਾ । ਜਗਤ ਮੇਟੇ ਧੁਆਂਧਾਰਾ, ਅਗਿਆਨ ਅੰਧੇਰ ਚੁਕਾਇੰਦਾ । ਨਿਰਮਲ ਦੀਆ ਕਰ ਉਜਿਆਰਾ, ਜੋਤੀ ਜੋਤ ਡਗਮਗਾਇੰਦਾ । ਅਨਹਦ ਸ਼ਬਦ ਸੱਚੀ ਧੁਨਕਾਰਾ, ਘਰ ਮੰਗਲ ਆਪ ਸੁਣਾਇੰਦਾ । ਜਿਸ ਜਨ ਰਾਤੀਂ ਸੁਤਿਆਂ ਦੇਵੇ ਦਰਸ ਦੀਦਾਰਾ, ਦਸਮ ਦੁਆਰਾ ਮੇਲ ਮਿਲਾਇੰਦਾ । ਟੇਢੀ ਬੰਕ ਨਾ ਫਸੇ ਹਰਿ ਕਰਤਾਰਾ, ਈੜਾ ਪਿੰਗਲ ਅਧਵਿਚਕਾਰ ਨਾ ਕੋਇ ਰਖਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰੇ ਨਿਮਸਕਾਰਾ, ਕਰੋੜ ਤਤੀਸਾ ਸੀਸ ਝੁਕਾਇੰਦਾ । ਗੁਰਸਿਖ ਤੇਰਾ ਠਾਂਡਾ ਦਰਬਾਰਾ, ਗੁਰ ਸਤਿਗੁਰ ਆਪ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਸਮ ਦਵਾਰੀ ਖੇਲ ਖਿਲਾਇੰਦਾ । ਦਸਮ ਦਵਾਰੀ ਸਾਚਾ ਰੂਪ, ਸੋ ਪੁਰਖ ਨਿਰੰਜਣ ਆਪ ਜਣਾਈਆ । ਹੋਏ ਪਰਕਾਸ਼ ਚਾਰੇ ਕੂਟ, ਦਹਿ ਦਿਸ਼ਾ ਵੱਜੇ ਵਧਾਈਆ । ਨਾਤਾ ਤੁੱਟੇ ਜੂਠ ਝੂਠ, ਸਚ ਸੁੱਚ ਕਰੇ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਸਮ ਦਵਾਰੀ ਦਰ ਖੁਲ੍ਹਾਈਆ । ਦਸਮ ਦਵਾਰੀ ਖੁਲ੍ਹਿਆ ਦਰ, ਗੁਰ ਸਤਿਗੁਰ ਸੱਜਣ ਪਾਇਆ । ਪੁਰਖ ਅਬਿਨਾਸ਼ੀ ਮਿਲਿਆ ਵਰ, ਬ੍ਰਹਮ ਪਾਰਬ੍ਰਹਮ ਲਏ ਪਰਨਾਇਆ । ਨਾਰੀ ਨਰਾਇਣ ਫੜਾਏ ਲੜ, ਏਕਾ ਪੱਲੂ ਹੱਥ ਰਖਾਇਆ । ਸਾਚੇ ਮੰਦਰ ਜਾਏ ਚੜ੍ਹ, ਸਚ ਸਿੰਘਾਸਣ ਸੋਭਾ ਪਾਇਆ । ਆਪਣੀ ਕਿਰਪਾ ਦੇਵੇ ਕਰ, ਗੁਰਮੁਖ ਸੱਜਣ ਨਾਲ ਮਿਲਾਇਆ । ਅੰਮ੍ਰਿਤ ਨੁਹਾਏ ਸਾਚੇ ਸਰ, ਸਰ ਸਰੋਵਰ ਇਕ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਲੇਖਾ ਦਏ ਚੁਕਾਇਆ । ਜਗਤ ਲੇਖਾ ਅਠਸਠ ਨੀਰ, ਤੀਰਥ ਅਠਾਠ ਵੇਖ ਵਖਾਈਆ । ਬਾਰਾਂ ਪ੍ਰਵਿਸ਼ਟੇ ਘਤ ਵਹੀਰ, ਨੌਂ ਨੌਂ ਆਇਆ ਫੇਰਾ ਪਾਈਆ । ਜਿਹੜੀ ਗੰਗਾ ਕੱਟਦੀ ਰਹੀ ਜ਼ੰਜੀਰ, ਆਪਣੇ ਚਰਨਾਂ ਨਾਲ ਮਿਲਾਈਆ । ਜਿਹੜੀ ਜਮਨਾ ਦੇਂਦੀ ਰਹੀ ਸੀਰ, ਆਪਣੇ ਪੇਟੇ ਰਿਹਾ ਰਖਾਈਆ । ਜਿਹੜੀ ਗੋਦਾਵਰੀ

ਕੱਟਦੀ ਰਹੀ ਭੀੜ, ਆਪਣਾ ਬੰਧਨ ਪਾਈਆ । ਜਿਹੜੀ ਸੁਰਸਤੀ ਤ੍ਰਬੈਣੀ ਰਹੀ ਚੀਰ, ਆਪਣੀ ਨੈਣੀ ਵੇਖ ਲਏ ਪਰਨਾਈਆ । ਚਾਰੋਂ ਕੁੰਟ ਘੱਤ ਵਹੀਰ, ਹਰਿ ਵੇਖੇ ਥਾਉਂ ਥਾਈਆ । ਉਚੇ ਟਿੱਲੇ ਪਰਬਤ ਖਿੱਚੇ ਨੀਰ, ਕੈਲਾਸ਼ ਪਰਬਤ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਠਸਠ ਲੇਖਾ ਦਏ ਮੁਕਾਈਆ । ਅਠਸਠ ਲੇਖਾ ਮੁਕਿਆ, ਤੀਰਥ ਤੱਟ ਨਾ ਕੋਇ ਵਡਿਆਈਆ । ਸਿੰਘ ਸ਼ੇਰ ਏਕਾ ਬੁੱਕਿਆ, ਜੰਗਲ ਜੂਹ ਉਜਾੜ ਪਹਾੜ ਪਈ ਦੁਹਾਈਆ । ਕਲਜੁਗ ਵੇਲਾ ਅੰਤਮ ਢੁਕਿਆ, ਲੱਖ ਚੁਰਾਸੀ ਨੇਤਰ ਨੈਣਾਂ ਨੀਰ ਵਹਾਈਆ । ਸਚ ਸੁੱਚ ਬੈਠਾ ਲੁਕਿਆ, ਜੂਠ ਝੂਠ ਹੋਈ ਰੁਸ਼ਨਾਈਆ । ਮਾਇਆ ਮਮਤਾ ਭਾਰ ਸਭ ਨੇ ਚੁੱਕਿਆ, ਸੀਸ ਜਗਦੀਸ਼ ਨਾ ਕੋਇ ਝੁਕਾਈਆ । ਸਾਚਾ ਅੰਮ੍ਰਿਤ ਥਾਂ ਥਾਂ ਸੁੱਕਿਆ, ਦੁਰਮਤ ਮੈਲ ਨਾ ਕੋਇ ਧੁਆਈਆ । ਕਲਜੁਗ ਅੰਤਮ ਪਾਰਬ੍ਰਹਮ ਪਰਮੇਸ਼ਵਰ ਏਕਾ ਉਠਿਆ, ਬਲਧਾਰੀ ਬਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਰੂਪ ਵਟਾਈਆ । ਅਠਸਠ ਤੀਰਥ ਕਰਿਆ ਬੰਦ, ਬੰਦੀਖ਼ਾਨਾ ਹਰਿ ਜਣਾਇੰਦਾ । ਜੋ ਜਨ ਰਸਨਾ ਸੋਹੰ ਗਾਏ ਛੰਦ, ਪਰਮਾਨੰਦ ਆਪ ਜਣਾਇੰਦਾ । ਖ਼ੁਸ਼ੀ ਕਰੇ ਬੰਦ ਬੰਦ, ਸਾਚਾ ਸੰਗ ਆਪ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਰੋਵਰ ਇਕ ਵਖਾਇੰਦਾ । ਸਚ ਸਰੋਵਰ ਸਾਚਾ ਮਾਣ, ਹਰਿ ਸਤਿਗੁਰ ਆਪ ਦਵਾਈਆ । ਜਿਸ ਦੁਆਰੇ ਚਰਨ ਟਿਕਾਏ ਆਣ, ਸੋ ਦੁਆਰਾ ਲਏ ਪ੍ਰਗਟਾਈਆ । ਅਠਸਠ ਸਾਲ ਗੁਣ ਨਾ ਜਣਾਏ ਗੁਣ ਨਿਧਾਨ, ਗੁਣਵੰਤਾ ਗੁਣ ਛੁਪਾਈਆ । ਅਠਾਨਵੇਂ ਸਾਲ ਹੋਏ ਪਰਧਾਨ, ਅੰਮ੍ਰਿਤ ਸੋਮਾ ਦਏ ਫੁਟਾਈਆ । ਚਾਰ ਵਰਨ ਕਰਨ ਅਸ਼ਨਾਨ, ਚਲ ਚਲ ਆਵਣ ਵਾਹੋ ਦਾਹੀਆ । ਜੋ ਏਕਾ ਚੁਲ ਕਰੇ ਪਾਣ, ਅੰਧ ਅੰਧੇਰ ਦਏ ਗਵਾਈਆ । ਸਾਖਿਆਤ ਰੂਪ ਨਜ਼ਰ ਆਏ ਭਗਵਾਨ, ਸਾਚੇ ਤਖ਼ਤ ਸਾਚਾ ਮਾਹੀਆ । ਜੋ ਇਸ਼ਟ ਦੇਵ ਮੰਨਦੇ ਰਹੇ ਕ੍ਰਿਸ਼ਨਾ ਕਾਹਨ, ਤਿਸ ਕ੍ਰਿਸ਼ਨਾ ਰੂਪ ਵਖਾਈਆ । ਜੋ ਸੀਸ ਝੁਕਾਉਂਦੇ ਰਹੇ ਰਮਈਆ ਰਾਮ, ਤਿਸ ਰਾਮ ਰੂਪ ਦਰਸਾਈਆ । ਜੋ ਨਾਨਕ ਗੋਬਿੰਦ ਕਰਦੇ ਰਹੇ ਪਰਨਾਮ, ਤਿਸ ਨਾਨਕ ਗੋਬਿੰਦ ਰੂਪ ਦਏ ਵਖਾਈਆ । ਜੋ ਈਸਾ ਮੂਸਾ ਸੁਣਦੇ ਰਹੇ ਕਲਾਮ, ਤਿਸ ਮੁਰਸ਼ਦ ਮੁਰੀਦ ਆਪਣਾ ਰੂਪ ਜਣਾਈਆ । ਜੋ ਦੇਂਦੇ ਰਹੇ ਸਦ ਪੈਗ਼ਾਮ, ਪੈਗ਼ੰਬਰ ਆਪਣੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰਾ ਦਏ ਵਡਿਆਈਆ । ਸਚ ਦੁਆਰਾ ਸੋਹੇ ਭੂਮੀ, ਹਰਿ ਭੂਮਿਕਾ ਆਪ ਸੁਹਾਇੰਦਾ । ਚਲ ਕੇ ਆਉਂਣ ਏਸ਼ੀਅਨ ਰੋਮੀ, ਯੂਰੀਪੀਅਨ ਸੀਸ ਝੁਕਾਇੰਦਾ । ਨਿਉਂ ਨਿਉਂ ਨਿਮਸਕਾਰ ਕਰੇ ਚੀਨੀ, ਨੇਤਰ ਨੈਣ ਸਰਬ ਮੀਟਾਇੰਦਾ । ਪੁਰਖ ਅਬਿਨਾਸ਼ੀ ਆਪਣੀ ਵੰਡ ਆਪੇ ਕੀਨੀ, ਦੂਸਰ ਸੰਗ ਨਾ ਕੋਇ ਰਖਾਇੰਦਾ । ਜੋ ਸਯਦਾ ਕਰਦੇ ਰਹੇ ਮੱਕਾ ਮਦੀਨੀ, ਸਾਚਾ ਕਾਅਬਾ ਇਕ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰਾ ਆਪ ਵਡਿਆਇੰਦਾ । ਸਚ ਦੁਆਰਾ ਸੁਹਾਏ ਤੱਟ, ਹਰਿ ਗੋਬਿੰਦ ਘਾਟ ਬਣਾਈਆ । ਨਿਰਗੁਣ ਨਿਰਵੈਰ ਹੋ ਪਰਗਟ, ਪਰਗਟ ਅਪਣੀ ਖੇਲ ਖਿਲਾਈਆ । ਅੰਮ੍ਰਿਤ ਸਰੋਵਰ ਦੇਵੇ ਝਟ, ਸਰ ਅੰਮ੍ਰਿਤ ਆਪ ਭਰਾਈਆ । ਚਾਰ ਵਰਨਾਂ ਮੇਟੇ ਦਵੈਤੀ ਫਟ, ਤੀਜਾ ਲੋਇਣ ਦਏ ਖੁਲ੍ਹਾਈਆ । ਉਚਾਂ ਨੀਚਾਂ ਵਖਾਏ ਏਕਾ ਹੱਟ, ਰਾਓ ਰੰਕ ਵਣਜ ਕਰਾਈਆ । ਚਾਰੋਂ ਕੁੰਟ ਬਹਿ ਬਹਿ ਸੋਹੰ ਸ਼ਬਦ ਰਸਨਾ ਲੈਣ ਰਟ, ਮਨ ਕਾ ਮਣਕਾ ਆਪ ਭੁਆਈਆ । ਪੁਰਖ ਅਬਿਨਾਸ਼ੀ ਰੂਪ ਵਖਾਏ ਆਪਣਾ ਘਟ ਘਟ, ਘਟ ਬੈਠਾ ਡੇਰਾ ਲਾਈਆ । ਕਰੇ ਖੇਲ ਸਦਾ ਸਮਰਥ, ਸਮਰਥ

ਪੁਰਖ ਬੇਪਰਵਾਹੀਆ । ਆਪ ਬਣਾਏ ਤੀਰਥ ਤਟ, ਰੂਪ ਅਨੂਪ ਆਪ ਦਰਸਾਈਆ । ਦਰ ਦੁਆਰ ਕਿਸੇ ਨਾ ਤੁੱਟੇ ਧੀਰਜ ਜਤ, ਨਾਰੀ ਨਰ ਨਾ ਕੋਇ ਤਕਾਈਆ । ਨਾਰੀ ਵੇਖੇ ਏਕਾ ਕਮਲਾਪਤ, ਦੁਹਾਗਨ ਰੂਪ ਨਾ ਕੋਇ ਧਰਾਈਆ । ਆਤਮ ਧੀਰਜ ਸਾਚਾ ਸਤਿ, ਸਤਿਵਾਦੀ ਦਏ ਵਖਾਈਆ । ਕਾਮ ਕਰੋਧ ਨਾ ਉਬਲੇ ਰਤ, ਮਾਇਆ ਮਮਤਾ ਨਾ ਹੋਏ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਦਰ ਦਏ ਵਡਿਆਈਆ । ਸਾਚੇ ਦਰ ਹਰਿ ਹਰਿ ਮੰਦਰ ਆਪ ਉਪਾ, ਚਾਰ ਕੁੰਟ ਜਣਾਈਆ । ਸੋ ਪੁਰਖ ਨਿਰੰਜਣ ਦਇਆ ਕਮਾ, ਆਪਣਾ ਰੂਪ ਆਪ ਧਰਾਈਆ । ਹਰਿ ਪੁਰਖ ਨਿਰੰਜਣ ਵੇਸ ਵਟਾ, ਆਪਣੀ ਕਲ ਆਪ ਵਖਾਈਆ । ਏਕੰਕਾਰਾ ਬਲ ਰਖਾ, ਸੂਰਬੀਰ ਨਾਉਂ ਜਣਾਈਆ । ਆਦਿ ਨਿਰੰਜਣ ਜੋਤ ਜਗਾ, ਨੂਰ ਨੁਰਾਨਾ ਡਗਮਗਾਈਆ । ਅਬਿਨਾਸ਼ੀ ਕਰਤਾ ਸੇਜ ਸੁਹਾ, ਆਪਣਾ ਜੋਬਨ ਰਿਹਾ ਹੰਢਾਈਆ । ਸ੍ਰੀ ਭਗਵਾਨ ਆਪਣੀ ਪਕੜੇ ਆਪੇ ਬਾਂਹ, ਸਗਲਾ ਸੰਗ ਆਪ ਨਿਭਾਈਆ । ਪਾਰਬ੍ਰਹਮ ਆਪੇ ਜਾਣੇ ਆਪਣਾ ਨਾਂ, ਨਾਉਂ ਨਿਰੰਕਾਰਾ ਆਪ ਅਖਵਾਈਆ । ਅਗੰਮ ਅਗੰਮੜਾ ਵਸੇ ਸਾਚੇ ਥਾਂ, ਸਚਖੰਡ ਦੁਆਰਾ ਬਣਤ ਬਣਾਈਆ । ਥਿਰ ਘਰ ਘਾੜਨ ਲਏ ਘੜਾ, ਘਰ ਘਰ ਵਿਚ ਲਏ ਪਰਗਟਾਈਆ । ਸਾਚੇ ਤਖ਼ਤ ਬੈਠ ਸੱਚਾ ਸ਼ਹਿਨਸ਼ਾਹ, ਆਪਣੀ ਇਛਿਆ ਆਪ ਵਖਾਈਆ । ਆਪਣੀ ਇਛਿਆ ਵਿਸ਼ਨੂੰ ਝੋਲੀ ਦੇਵੇ ਪਾ, ਰੂਪ ਅਨੂਪ ਆਪ ਅਖਵਾਈਆ । ਵਿਸ਼ਨੂੰ ਬੈਠਾ ਸੀਸ ਝੁਕਾ, ਦੋਏ ਜੋੜ ਰਿਹਾ ਸਰਨਾਈਆ । ਤੂੰ ਦਾਤਾ ਬੇਪਰਵਾਹ, ਹਉਂ ਦਰਵੇਸ਼ ਭਿਖਕ ਭਿਖਾਰੀ ਏਕਾ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੇ ਰੰਗ ਰੰਗਾਈਆ । ਵਿਸ਼ਨੂੰ ਮੰਗੇ ਏਕਾ ਮੰਗ, ਹਰਿ ਅੱਗੇ ਸੀਸ ਝੁਕਾਇਆ । ਤੂੰ ਸਾਹਿਬ ਸੂਰਾ ਸਰਬੰਗ, ਤੇਰਾ ਦਰ ਮੋਹੇ ਭਾਇਆ । ਏਕਾ ਬਖ਼ਸ਼ ਆਪਣਾ ਅਨੰਦ, ਅਨੰਦ ਅਨੰਦ ਅਨੰਦ ਵਿਚ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਵਰ ਸੱਚਾ ਸ਼ਹਿਨਸ਼ਾਹਿਆ । ਮੇਰਾ ਅਨੰਦ ਸਾਚੀ ਧਾਰ, ਚਰਨ ਕਵਲ ਸੱਚੀ ਵਖਾਈਆ । ਵਿਚੋਂ ਫੁੱਟੇ ਸਚ ਪਿਆਰ, ਅੰਮ੍ਰਿਤ ਰੂਪ ਇਕ ਰਖਾਈਆ । ਤੇਰੇ ਅੰਦਰ ਧਰੇ ਨਿਰੰਕਾਰ, ਤੇਰਾ ਭੰਡਾਰ ਦਏ ਭਰਾਈਆ । ਸਾਚਾ ਕਵਲ ਕਰ ਤਿਆਰ, ਆਪਣੀ ਹੱਥੀਂ ਬੰਦ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਤ ਅਮੋਲਕ ਇਕ ਜਣਾਈਆ । ਵਸਤ ਅਮੋਲਕ ਅੰਮ੍ਰਿਤ ਰਸ, ਸੋ ਪੁਰਖ ਨਿਰੰਜਣ ਆਪ ਜਣਾਇਆ । ਵਿਸ਼ਨੂੰ ਝੋਲੀ ਪਾਇਆ ਹੱਸ ਹੱਸ, ਨਿਉਂ ਨਿਉਂ ਸੀਸ ਜਗਦੀਸ਼ ਝੁਕਾਇਆ । ਮੇਰੀ ਪੂਰੀ ਹੋਈ ਆਸ, ਤ੍ਰਿਸ਼ਨਾ ਹੋਰ ਨਾ ਕੋਇ ਵਖਾਇਆ । ਹਉਂ ਸੇਵਕ ਬਣਿਆ ਦਾਸ, ਤੇਰੀ ਸਾਚੀ ਸੇਵ ਕਮਾਇਆ । ਤੇਰਾ ਨੂਰ ਮੇਰਾ ਪਰਕਾਸ਼, ਮੇਰੀ ਜੋਤ ਤੇਰਾ ਤੇਜ ਸਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰਸ ਦਏ ਚਖਾਇਆ । ਅੰਮ੍ਰਿਤ ਰਸ ਹਰਿ ਹਰਿ ਚੱਖਣਾ, ਵਿਸ਼ਨੂੰ ਧਾਰ ਹਰਿ ਵਹਾਈਆ । ਤੇਰਾ ਭੰਡਾਰ ਨਾ ਹੋਏ ਸਖਣਾ, ਪਾਰਬ੍ਰਹਮ ਆਪ ਰਖਾਈਆ । ਤੇਰੇ ਅੰਦਰ ਵਿਰੋਲੇ ਮੱਖਣਾ, ਅੰਮ੍ਰਿਤ ਰਿੜਕੇ ਸੱਚਾ ਸ਼ਹਿਨਸ਼ਾਹੀਆ । ਕਵਲ ਰੂਪ ਹੋਏ ਪਰਦੱਖਣਾ, ਪਾਰਬ੍ਰਹਮ ਬ੍ਰਹਮ ਆਪਣਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮ ਵੇਤਾ ਲਏ ਉਪਾਈਆ । ਬ੍ਰਹਮ ਵੇਤਾ ਉਪਾਇਆ, ਕਵਲ ਕਵਲਾ ਕਰ ਉਜਿਆਰ । ਵਿਸ਼ਨੂੰ ਵੇਖ ਹਰਿ ਜਸ ਗਾਇਆ, ਤੇਰੀ ਮਹਿਮਾ ਅਪਰ ਅਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਆਪ ਨਿਰੰਕਾਰ । ਬ੍ਰਹਮਾ ਉਤਪਤ ਪਾਰਬ੍ਰਹਮ

੫੬੩
੧੦

੫੬੪
੧੦

ਕਰ ਕਰ, ਸੁਤ ਸੁਤ ਸਾਚਾ ਵੇਖ ਵਖਾਈਆ । ਏਕਾ ਦੇਵੇ ਸਾਚਾ ਵਰ, ਵਰ ਦਾਤਾ ਇਕ ਅਖਵਾਈਆ । ਇਕ ਖੁਲ੍ਹਾਏ ਹਰਿ ਹਰਿ ਦਰ, ਦਰਵਾਜ਼ਾ ਆਪ ਜਣਾਈਆ । ਬਣਤ ਬਣਾਈ ਘਾੜਣ ਘੜ ਘੜ, ਮਾਤ ਪਿਤ ਨਾ ਕੋਇ ਵਖਾਈਆ । ਆਪਣੀ ਡੋਰੀ ਬੱਧਾ ਫੜ ਫੜ, ਏਕਾ ਬੰਧਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਦਏ ਦਰਸਾਈਆ । ਆਪਣਾ ਰੰਗ ਹਰਿ ਦਰਸਾਇਆ, ਨਿਰਗੁਣ ਜੋਤ ਨੂਰ ਉਜਿਆਰਾ । ਬ੍ਰਹਮੇ ਉਠ ਉਠ ਦਰਸ਼ਨ ਪਾਇਆ, ਪਾਇਆ ਪੁਰਖ ਅਗੰਮ ਅਪਾਰਾ । ਵਿਸ਼ਨੂੰ ਵੇਖ ਵੇਖ ਖ਼ੁਸ਼ੀ ਮਨਾਇਆ, ਘਰ ਮਿਲਿਆ ਮੀਤ ਮੁਰਾਰਾ । ਸਚ ਭੰਡਾਰ ਹਰਿ ਵਰਤਾਇਆ, ਅੰਮ੍ਰਿਤ ਠੰਡਾ ਠਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਧੁਰ ਦਰਬਾਰਾ । ਬ੍ਰਹਮੇ ਲੱਗੀ ਬ੍ਰਹਮ ਪਿਆਸ, ਚਾਰ ਕੁੰਟ ਵੇਖ ਵਖਾਈਆ । ਕੋਈ ਵਸਤ ਨਾ ਦਿਸੇ ਪਾਸ, ਨੇਤਰ ਨੈਣ ਨਜ਼ਰ ਕੋਇ ਨਾ ਆਈਆ । ਨਾ ਕੋਈ ਪ੍ਰਿਥਮੀ ਨਾ ਆਕਾਸ਼, ਗਗਨ ਮੰਡਲ ਨਾ ਕੋਇ ਵਖਾਈਆ । ਨਾ ਕੋਈ ਮੰਡਲ ਨਾ ਕੋਈ ਰਾਸ, ਗੋਪੀ ਕਾਹਨ ਨਾ ਕੋਇ ਨਚਾਈਆ । ਇਕ ਇਕੱਲਾ ਹੋਇਆ ਨਿਰਾਸ, ਆਸਾ ਆਸਾ ਵਿਚ ਪ੍ਰਗਟਾਈਆ । ਪੁਰਖ ਅਬਿਨਾਸ਼ੀ ਮੇਰੀ ਪੂਰੀ ਕਰ ਆਸ, ਦੋਏ ਜੋੜ ਸੀਸ ਝੁਕਾਈਆ । ਮੈਂ ਸੇਵਕ ਤੇਰਾ ਦਾਸ, ਬਾਲੀ ਬੁਧ ਰਖਾਈਆ । ਤੇਰਾ ਨੂਰ ਮੇਰਾ ਪਰਕਾਸ਼, ਮੇਰੀ ਜੋਤ ਤੇਰੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮੇ ਦੇਵੇ ਏਕਾ ਵਰ, ਤੇਰੀ ਪਿਆਸ ਦਏ ਬੁਝਾਈਆ । ਤੇਰੀ ਪਿਆਸ ਹਰਿ ਬੁਝਾਏ, ਚਰਨ ਚਰਨ ਨਾਲ ਰਗੜਾਈਆ । ਅੰਮ੍ਰਿਤ ਵਿਚੋਂ ਧਾਰ ਵਹਾਏ, ਤੇਰੇ ਸੀਸ ਟਿਕਾਈਆ । ਤੇਰੇ ਸੀਸ ਮੁਖ ਖੁਲ੍ਹਾਏ, ਮੁਖ ਮੁਖੜਾ ਦਏ ਵਡਿਆਈਆ । ਬੂੰਦ ਬੂੰਦੀ ਆਪ ਟਪਕਾਏ, ਝਿਰਨਾ ਝਿਰਨਾ ਆਪ ਵਹਾਈਆ । ਰਸਕ ਰਸਕ ਤੇਰੇ ਅੰਦਰ ਜਾਏ, ਤੇਰੀ ਪਿਆਸ ਦਏ ਮਿਟਾਈਆ । ਸਾਚੀ ਵਸਤ ਇਕ ਵਖਾਏ, ਅੰਮ੍ਰਿਤ ਅੰਮਿਉਂ ਰਸ ਆਪ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਅੰਮ੍ਰਿਤ ਆਪ ਬਣਾਈਆ । ਸਾਚਾ ਅੰਮ੍ਰਿਤ ਚਰਨ ਰਗੜ, ਆਪਣੇ ਵਿਚੋਂ ਆਪ ਪ੍ਰਗਟਾਇਆ । ਆਪੇ ਮੁਖ ਲਗਾਇਆ ਗਰੜ, ਲੋਕਮਾਤ ਪੁਚਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮਾ ਏਕਾ ਜਲ ਵਖਾਇਆ । ਵਿਸ਼ਨੂੰ ਬ੍ਰਹਮਾ ਪੀ ਅੰਮ੍ਰਿਤ ਰਸ, ਹਰਿ ਨਿਉਂ ਨਿਉਂ ਨਿਮਸਕਾਰਿਆ । ਦਾਸੀ ਦਾਸ ਹੋਏ ਵਸ, ਚਰਨ ਕਵਲ ਜਾਇਣ ਬਲਿਹਾਰਿਆ । ਪਾਰਬ੍ਰਹਮ ਸਾਡੀ ਪੂਰੀ ਕੀਤੀ ਆਸ, ਤ੍ਰਿਸ਼ਨਾ ਰੋਗ ਭੁੱਖ ਨਿਵਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੌਣ ਸੋਹੇ ਤੇਰਾ ਦਰ, ਜਿਸ ਘਰ ਅੰਮ੍ਰਿਤ ਆਪ ਬਣਾ ਲਿਆ । ਅੰਮ੍ਰਿਤ ਬਣਾਇਆ ਆਪਣੇ ਘਰ, ਵਿਸ਼ਨ ਬ੍ਰਹਮਾ ਤੇਰੀ ਝੋਲੀ ਪਾਈਆ । ਨੌਂ ਸੌ ਚੁਰਾਨਵੇਂ ਚੌਕੜੀ ਦੇਵੇ ਏਕਾ ਵਰ, ਲੋਕਮਾਤ ਕਰੇ ਕੁੜਮਾਈਆ । ਤੀਰਥ ਤਟ ਬਣਾਏ ਸਰ, ਗੁਰ ਅਵਤਾਰ ਸੇਵ ਲਗਾਈਆ । ਜਲ ਧਾਰ ਵਹਾਏ ਉਪਰ ਥਲ, ਜਲ ਥਲ ਮਹੀਅਲ ਆਪ ਸਮਾਈਆ । ਭਗਤ ਭਗਵੰਤ ਲਏ ਫੜ, ਸਾਚੇ ਸੰਤਾਂ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਮ੍ਰਿਤ ਆਪਣੀ ਵੰਡ ਵੰਡਾਈਆ । ਅੰਮ੍ਰਿਤ ਵੰਡ ਵਿਚ ਬ੍ਰਹਿਮੰਡ, ਜੇਰਜ ਅੰਡ ਆਪ ਧਰਾਇੰਦਾ । ਵੇਖ ਵਖਾਏ ਨੌਂ ਖੰਡ, ਦੀਪ ਸੱਤ ਮੇਲ ਮਿਲਾਇੰਦਾ । ਜੁਗ ਚੌਕੜੀ ਏਕਾ ਦੇਵੇ ਆਪਣੀ ਗੰਢ, ਲੋਕਮਾਤ ਨਾ ਕੋਇ ਖੁਲ੍ਹਾਇੰਦਾ । ਬਿਨ ਹਰਿ ਭਗਤ ਨਾ ਪਾਵੇ ਕਿਸੇ ਠੰਡ, ਲੱਖ ਚੁਰਾਸੀ ਅਗਨ ਜਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਅੰਮ੍ਰਿਤ ਲੋਕਮਾਤ ਸਮਾਇੰਦਾ । ਚਾਰ ਜੁਗ ਅੰਮ੍ਰਿਤ ਤੀਰਥ ਤਟ, ਜਗਤ ਕਿਨਾਰੇ ਆਪ ਭੁਆਈਆ । ਸ਼ੱਤ੍ਰੀ ਬ੍ਰਹਿਮਣ ਵੇਚਣ ਹੱਟ, ਹੱਟ ਜੀਵਾਂ ਜੰਤਾਂ ਠਗੌਰੀ ਪਾਈਆ । ਗਲ ਜਨੇਊ ਪਾ ਪਾ ਗਟ, ਕੰਨਾਂ ਨਾਲ ਲਟਕਾਈਆ । ਗੁੰਬੀ ਪੰਬੀ ਪੈਸੇ ਲੈਣ ਵਟ, ਸਰੋਵਰ ਬੈਠੇ ਆਸਣ ਲਾਈਆ । ਮਾਇਆ ਮਮਤਾ ਰਹੇ ਚੱਟ, ਵਿਖ ਅੰਮ੍ਰਿਤ ਰੂਪ ਬਣਾਈਆ । ਦੂਈ ਦਵੈਤੀ ਲੱਗਾ ਫੱਟ, ਧੀਰਜ ਧੀਰ ਨਾ ਕੋਇ ਧਰਾਈਆ । ਧੀਆਂ ਭੈਣਾਂ ਲੱਥੇ ਪੱਤ, ਜਗਤ ਸਰੋਵਰ ਦਏ ਦੁਹਾਈਆ । ਨੱਕੋਂ ਸੁਹਾਗ ਲੱਥੀ ਨੱਥ, ਗੰਗਾ ਗੋਦਾਵਰੀ ਰੋ ਰੋ ਨੀਰ ਵਹਾਈਆ । ਕਲਜੁਗ ਜੀਵਾਂ ਲਾਹੀ ਮੇਰੀ ਪਤ, ਨਾਰੀ ਪੁਰਸ਼ ਨੰਗੇ ਰਹੇ ਤਾਰੀਆਂ ਲਾਈਆ । ਮੇਰੇ ਹੱਥ ਚੂੜਾ ਦਿਸੇ ਨਾ ਪੁਰਖ ਸਮਰਥ, ਰਵਦਾਸ ਚਮਾਰਾ ਏਕਾ ਵਾਰ ਗਿਆ ਲੁੱਟ, ਦੂਸਰ ਵਾਰ ਪਰਤ ਮੁੜ ਨਾ ਆਈਆ । ਮੈਂ ਆਪਣਾ ਦਮ ਬੈਠੀ ਘੁੱਟ, ਉਚੀ ਸਾਹ ਨਾ ਲੈਂਦੀ ਮੇਰੇ ਨੈਣਾਂ ਸ਼ਰਮ ਸ਼ਰਮਾਈਆ । ਕਲਜੁਗ ਜੀਵ ਮੇਰਾ ਜੋਬਨ ਗਏ ਲੁੱਟ, ਖੁਲੀ ਮੇਂਢੀ ਚਾਰੋਂ ਕੁੰਟ ਦਿਆਂ ਦੁਹਾਈਆ । ਮੇਰੇ ਕੰਤ ਸੁਹਾਗੀ ਪੁਰਖ ਅਕਾਲ ਏਕਾ ਵਾਰ ਉਠ, ਮੈਂ ਬੈਠੀ ਰਾਹ ਤਕਾਈਆ । ਮੇਰੀ ਵੱਢੀ ਗਈ ਨੱਕ ਗੁੱਤ, ਕਾਲਿਖ ਟਿੱਕਾ ਮੁਖ ਲੱਗੀ ਝੂਠੀ ਸ਼ਾਹੀਆ । ਲੱਗੇ ਕਰਨ ਉਪਰ ਅੱਧ ਤੇਰੇ ਸੁਤ ਜੋ ਬੈਠੇ ਸੰਤ ਰੂਪ ਵਟਾਈਆ । ਦਿਨ ਦਿਹਾੜੇ ਪਈ ਲੁੱਟ, ਲੁੱਟੀ ਜਾਏ ਜਗਤ ਲੋਕਾਈਆ । ਤੀਰਥ ਤੱਟਾਂ ਭਾਗ ਗਿਆ ਨਿਖੁੱਟ, ਤੇਰਾ ਭਾਗ ਨਾ ਕੋਇ ਕਢਾਈਆ । ਤੂੰ ਚੜ੍ਹ ਕੇ ਬੈਠਾ ਕੇਹੜੀ ਚੋਟ, ਤੇਰੀ ਚੋਟੀ ਮੋਹੇ ਨਜ਼ਰ ਨਾ ਆਈਆ । ਮੈਂ ਵਾਸਤਾ ਪਾ ਪਾ ਥੱਕੀ ਅੱਗੇ ਸ਼ੰਕਰ ਜੋ ਬੰਨ੍ਹ ਬੱਨ੍ਹ ਬੈਠਾ ਲੰਗੋਟ, ਹੱਥ ਤ੍ਰਿਸੂਲ ਉਠਾਈਆ । ਮੈਂ ਵਿਸ਼ਨੂੰ ਅੱਗੇ ਦੱਸਿਆ ਆਪਣਾ ਓਤ ਪੋਤ, ਆਪਣੀ ਗੰਢ ਆਪ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਦਰ ਏਕਾ ਮੰਗ ਮੰਗਾਈਆ । ਏਕਾ ਮੰਗ ਅੰਮ੍ਰਿਤ ਧਾਰ, ਨਵ ਨੌਂ ਚਾਰ ਝੋਲੀ ਡਾਹੀਆ । ਕਿਰਪਾ ਕਰ ਅਗੰਮ ਅਪਾਰ, ਦਰ ਦਵਾਰ ਤੇਰੇ ਚਲ ਆਈਆ । ਮੈਂ ਸੁਣਿਆ ਤੂੰ ਸੁਣਦਾ ਸਚ ਪੁਕਾਰ, ਅਭੁਲ ਭੁਲ ਕਦੇ ਨਾ ਜਾਈਆ । ਤੇਰਾ ਭਾਣਾ ਵਰਤੇ ਵਿਚ ਸੰਸਾਰ, ਭਾਣੇ ਵਿਚ ਸਰਬ ਲੋਕਾਈਆ । ਤੂੰ ਲੇਖ ਲਿਖਾਇਆ ਵੇਦ ਚਾਰ, ਬ੍ਰਹਮਾ ਕਰ ਪੜ੍ਹਾਈਆ । ਪੁਰਾਨ ਅਠਾਰਾਂ ਦਿਤਾ ਆਧਾਰ, ਵੇਦ ਵਿਆਸਾ ਇਕ ਸਮਝਾਈਆ । ਗੋਬਿੰਦ ਰਖਾਇਆ ਇਕ ਬਲਕਾਰ, ਪੂਤ ਸਪੂਤਾ ਜਾਈਆ । ਲਿਖਿਆ ਲੇਖ ਅਪਰ ਅਪਾਰ, ਨਾ ਕੋਈ ਮੇਟੇ ਮੇਟ ਮਿਟਾਈਆ । ਲੱਖ ਚੁਰਾਸੀ ਹੋਏ ਖਵਾਰ, ਕਲਜੁਗ ਅੰਤ ਅੰਧੇਰਾ ਛਾਈਆ । ਮਾਤਾ ਪੁੱਤਰ ਕਰੇ ਪਿਆਰ, ਵਿਭਚਾਰ ਰੂਪ ਵਟਾਈਆ । ਗੁਰਸਿਖ ਗੁਰ ਨਾ ਕਰੇ ਪਿਆਰ, ਬੈਠਣ ਮੁਖ ਭਵਾਈਆ । ਸੰਤ ਮਿਲੇ ਨਾ ਕੰਤ ਭਤਾਰ, ਸਾਚੀ ਸੇਜ ਨਾ ਕੋਇ ਸੁਹਾਈਆ । ਭਗਤ ਮਿਲਣਾ ਭਗਵੰਤ ਯਾਰ, ਸੱਥਰ ਯਾਰ ਨਾ ਕੋਇ ਹੰਢਾਈਆ । ਗੁਰਮੁਖ ਸੋਹੇ ਨਾ ਕੋਇ ਗੁਰ ਦਰਬਾਰ, ਘਰ ਘਰ ਧੂਣੀਆਂ ਰਹੇ ਤਾਈਆ । ਗੁਰਸਿਖ ਗੁਰ ਚਰਨ ਨਾ ਮੰਗੇ ਧੂੜ ਛਾਰ, ਮਾਇਆ ਮਮਤਾ ਮੋਹ ਹਲਕਾਈਆ । ਪੁਰਖ ਅਬਿਨਾਸ਼ੀ ਪਾਵੇ ਸਾਰ, ਆਦਿ ਅੰਤ ਵਡੀ ਵਡਿਆਈਆ । ਆਪਣੀ ਇਛਿਆ ਆਪਣਾ ਬਲ ਆਪੇ ਧਾਰ, ਅਛਲ ਅਛੱਲ ਖੇਲ ਖਿਲਾਈਆ । ਮਹਾਂਬਲੀ ਉਤਰੇ ਆਪਣੀ ਵਾਰ, ਨਾਨਕ ਰਸਨਾ ਜਿਹਵਾ ਗਿਆ ਗਾਈਆ । ਨਿਹਕਲੰਕ ਪਰਗਟ ਹੋਵੇ ਵਿਚ ਸੰਸਾਰ, ਨੂਰ ਨੂਰ ਆਪ ਧਰਾਈਆ । ਸ਼ਬਦ ਡੰਕਾ ਵੱਜੇ ਕਰਾਏ ਖ਼ਬਰਦਾਰ, ਦੋ ਜਹਾਨਾਂ ਆਪ ਜਗਾਈਆ । ਕਲਜੁਗ ਕੂੜੀ ਕਿਰਿਆ ਮਾਰੇ ਮਾਰ, ਨੌਂ ਖੰਡ ਪ੍ਰਿਥਮੀ ਫੇਰਾ ਪਾਈਆ । ਗੰਗਾ ਗੋਦਾਵਰੀ

ਸੁਰਸਤੀ ਜਮਨਾ ਵਿਹਾਏ ਏਕਾ ਵਾਰ, ਹਰਿਜਨ ਸਾਚੇ ਨਾਲ ਮਿਲਾਈਆ । ਤ੍ਰਬੈਣੀ ਚਰਨ ਛੁਹਾਏ ਏਕੰਕਾਰ, ਰਵਦਾਸ ਚਮਾਰਾ ਸੇਵ ਕਮਾਈਆ । ਗੋਦਾਵਰੀ ਬਖ਼ਸ਼ੇ ਚਰਨ ਛਾਰ, ਗੋਬਿੰਦ ਆਪਣਾ ਚਰਨ ਟਿਕਾਈਆ । ਅਠਸਠ ਨੀਰ ਆਪਣੇ ਖਿਚ ਲਿਆਏ ਸਚ ਦੁਆਰ, ਸਤਿ ਕੋਇ ਰਹਿਣ ਨਾ ਪਾਈਆ । ਅੰਮ੍ਰਿਤ ਭਰ ਹਰਿ ਭੰਡਾਰ, ਚਾਰੋਂ ਕੁੰਟ ਆਪਣਾ ਰਾਹ ਵਖਾਈਆ । ਗੁਰਸਿਖ ਵੇਖੇ ਵਿਛੜੇ ਯਾਰ, ਚਾਰ ਜੁਗ ਦਾ ਪੂਰਬ ਲਹਿਣਾ ਆਪ ਚੁਕਾਈਆ । ਸ਼ੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਨਾ ਕਰੇ ਵਿਚਾਰ, ਊਚਾਂ ਨੀਚਾਂ ਰਾਓ ਰੰਕਾਂ ਏਕਾ ਘਰ ਵਖਾਈਆ । ਸਾਚਾ ਅੰਮ੍ਰਿਤ ਕਰ ਤਿਆਰ, ਆਪਣੀ ਹੱਥੀਂ ਆਪ ਵਰਤਾਈਆ । ਵਿਸ਼ਨ ਬ੍ਰਹਮਾ ਸ਼ਿਵ ਆਉਣ ਚਲ ਭਿਖਾਰ, ਨਿਉਂ ਨਿਉਂ ਹਰਿ ਹਰਿ ਅੱਗੇ ਸੀਸ ਝੁਕਾਈਆ । ਏਕਾ ਬੂੰਦ ਬਖ਼ਸ਼ ਠੰਡੀ ਠਾਰ, ਚਾਰ ਜੁਗ ਦੀ ਅਗਨ ਬੁਝਾਈਆ । ਅੱਗੋਂ ਬੋਲੇ ਹਰਿ ਨਿਰੰਕਾਰ, ਦੇ ਮਤ ਰਿਹਾ ਸਮਝਾਈਆ । ਪਹਿਲਾਂ ਰੱਖਿਆ ਗੁਰਸਿਖਾਂ ਦਾ ਵਾਰ, ਅਪਣੀ ਹੱਥੀਂ ਦਏ ਪਿਆਈਆ । ਫਿਰ ਬ੍ਰਹਮਾ ਵਿਸ਼ਨ ਸ਼ਿਵ ਤੇਰੀ ਆਤਮ ਦਏ ਸਹਾਰ, ਆਪਣੇ ਚਰਨ ਕਵਲ ਸਮਝਾਈਆ । ਆਦਿ ਪੁਰਖ ਅੰਤ ਆਪਣਾ ਖੇਲ ਕਰੇ ਕਰਤਾਰ, ਭਗਵਨ ਆਪਣੀ ਦਇਆ ਕਮਾਈਆ । ਜਿਸ ਅੰਮ੍ਰਿਤ ਰਸ ਮਿਲਿਆ ਏਕਾ ਵਾਰ, ਜਨਮ ਮਰਨ ਰਹਿਣ ਨਾ ਪਾਈਆ । ਨਾਤਾ ਤੁੱਟੇ ਸਰਬ ਸੰਸਾਰ, ਸਤਿਗੁਰ ਮਿਲਿਆ ਸੱਚਾ ਮਾਹੀਆ । ਗੁਰਮੁਖ ਉਚੀ ਕੂਕ ਕੂਕ ਕਰੇ ਪੁਕਾਰ, ਕਲਜੁਗ ਜੀਵਾਂ ਦਏ ਸਮਝਾਈਆ । ਅੰਤਮ ਆਇਆ ਬਖ਼ਸ਼ਣਹਾਰ, ਬਖ਼ਸ਼ਸ਼ ਆਪਣੇ ਹੱਥ ਰਖਾਈਆ । ਬਾਲ ਅਞਾਣੇ ਜਾਏ ਤਾਰ, ਗੁਰਸਿਖ ਆਪਣੀ ਗੋਦ ਉਠਾਈਆ । ਰਾਖੇ ਪਤਿ ਰੱਖਣਹਾਰ, ਪ੍ਰੇਮ ਪਟੋਲਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਅੰਮ੍ਰਿਤ ਆਪ ਪਰਗਟਾਈਆ । ਅੰਮ੍ਰਿਤ ਆਤਮ ਹਰਿਜਨ ਦੀਆ, ਦੇਵਣਹਾਰ ਗੋਪਾਲ । ਨਾਤਾ ਤੁੱਟੇ ਸਾਢੇ ਤਿੰਨ ਹੱਥ ਸੀਆ, ਜਨਮ ਮਰਨ ਨਾ ਹੋਏ ਜ਼ਵਾਲ । ਨਾਮ ਨਿਧਾਨਾ ਜਿਸ ਜਨ ਪੀਆ, ਪੁਰਖ ਅਬਿਨਾਸ਼ੀ ਕਰੇ ਪ੍ਰਿਤਪਾਲ । ਗੁਰਸਿਖਾਂ ਪਿਆਏ ਕਰ ਕਰ ਆਪਣਾ ਹੀਆ, ਗੁਰਮੁਖ ਸਾਚੇ ਲੋਕਮਾਤ ਵਿਚੋਂ ਭਾਲ । ਨਿਰਮਲ ਕਰੇ ਜੀਆ, ਨਾਤਾ ਤੋੜ ਜਗਤ ਜੰਜਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਆਪ ਆਪਣੇ ਜਿਹਾ ਕੀਆ, ਪੂਰਨ ਜੋਤ ਜੋਤ ਜਗਾਈ ਬੇਮਿਸਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਗੁਰਸਿਖਾਂ ਬਣਿਆ ਮਾਤ ਦਲਾਲ । ਬਣਿਆ ਦਲਾਲ ਕਰਿਆ ਮੇਲਾ, ਵਿਛੜਿਆਂ ਮੇਲ ਮਿਲਾਈਆ । ਏਕਾ ਰੰਗ ਰੰਗਾਏ ਗੁਰੂ ਗੁਰ ਚੇਲਾ, ਚੇਲਾ ਗੁਰ ਰੰਗ ਵਟਾਈਆ । ਬ੍ਰਹਮ ਪਾਰਬ੍ਰਹਮ ਮਿਲਿਆ ਸੱਜਣ ਸੁਹੇਲਾ, ਵਾਹ ਵਾਹ ਘਰ ਵਜਦੀ ਰਹੇ ਵਧਾਈਆ । ਕਰੇ ਖੇਲ ਇਕ ਅਕੇਲਾ, ਅਕਲ ਕਲ ਆਪਣਾ ਰੂਪ ਵਟਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਸੁਹਾਏ ਤੇਰਾ ਵੇਲਾ, ਆਪਣਾ ਵੇਲਾ ਵਕ਼ਤ ਨਾ ਕੋਇ ਰਖਾਈਆ ।

★ ੧੩ ਜੇਠ ੨੦੧੯ ਬਿਕ੍ਰਮੀ ਫੱਗਾ ਸਿੰਘ ਦੇ ਗ੍ਰਿਹ ਪਿੰਗਾਲੀ ਜੰਮੂ ★

ਜੀਵ ਜਗਤ ਹੈਜੋਬਨ ਜਵਾਨੀ, ਲੋਕਮਾਤ ਹੰਢਾਈਆ । ਵਰਨ ਬਰਨ ਰਾਓ ਰੰਕ ਦਿਸੇ ਫ਼ਾਨੀ, ਅੰਤ ਕੋਇ ਰਹਿਣ ਨਾ ਪਾਈਆ । ਥਿਰ



੫੬੬
੧੦

੫੬੭
੧੦

ਨਾ ਰਹੇ ਰਾਜਾ ਰਾਣੀ, ਰਈਅਤ ਰੰਗ ਨਾ ਕੋਇ ਵਖਾਈਆ । ਜੁਗ ਜੁਗ ਚਲਦੀ ਰਹੇ ਕਹਾਣੀ, ਚਾਰ ਕੁੰਟ ਵਡਿਆਈਆ । ਗੁਰਮੁਖ ਵਿਰਲੇ ਮਿਲੇ ਨਾਮ ਨਿਸ਼ਾਨੀ, ਹਰਿ ਸਤਿਗੁਰ ਆਪ ਦਵਾਈਆ । ਸ਼ਬਦ ਜਣਾਏ ਸਾਚੀ ਬਾਣੀ, ਏਕਾ ਅੱਖਰ ਕਰ ਪੜ੍ਹਾਈਆ । ਭੇਵ ਨਾ ਪਾਏ ਕੋਈ ਵਿਦਵਾਨੀ, ਵਿਦਿਆ ਵਿਦਤ ਸਾਰ ਨਾ ਰਾਈਆ । ਭਗਤ ਵਛਲ ਗੁਣ ਨਿਧਾਨੀ, ਗੁਣਵੰਤਾ ਬੇਪਰਵਾਹੀਆ । ਹਰਿਜਨ ਬਖ਼ਸ਼ੇ ਚਰਨ ਧਿਆਨੀ, ਕਵਲ ਚਰਨ ਸੱਚੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਈਆ । ਜੀਵ ਜਗਤ ਜੋਬਨ ਰੰਗ, ਲੋਕਮਾਤ ਹੰਢਾਇੰਦਾ । ਜਗਤ ਸੇਜਾ ਵੇਖ ਪਲੰਘ, ਝੂਠੇ ਬਸਤਰ ਆਸਣ ਲਾਇੰਦਾ । ਤੰਬੂਰ ਸਤਾਰ ਵਜਾਏ ਮਰਦੰਗ, ਪ੍ਰੀਤ ਗੀਤ ਗਾਇੰਦਾ । ਭੈਣਾਂ ਭਈਆ ਗਾਏ ਛੰਦ, ਸਾਕ ਸੱਜਣ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਖਿਲਾਇੰਦਾ । ਜਗਤ ਜੋਬਨ ਜੀਵ ਜੰਤ, ਲੋਕਮਾਤ ਹੰਢਾਈਆ । ਨਾਤਾ ਜੁੜਿਆ ਨਾਰੀ ਕੰਤ, ਕੰਤ ਨਾਰ ਖ਼ੁਸ਼ੀ ਮਨਾਈਆ । ਜਗਤ ਵਾਸਨਾ ਬਣਾਉਂਦੇ ਰਹੇ ਬਣਤ, ਛੱਪਰ ਛੰਨ ਛੁਹਾਈਆ । ਆਪਣਾ ਵੇਲਾ ਨਾ ਕੋਈ ਜਾਣਾਏ ਅੰਤ, ਅੰਤ ਕੌਣ ਹੋਏ ਸਹਾਈਆ । ਮਿਲ ਮਿਲ ਸਖ਼ੀਆਂ ਗਾਉਂਦੇ ਰਹੇ ਛੰਦ, ਜੀਵਣ ਢੋਲਾ ਕੋਇ ਨਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਰਖਾਈਆ । ਜਗਤ ਜੋਬਨ ਮਸਤ ਅਲਮਸਤ, ਲੱਖ ਚੁਰਾਸੀ ਖੇਲ ਖਿਲਾਇੰਦਾ । ਰੂਪ ਰੰਗ ਕੀਟ ਹਸਤ, ਜੂਨ ਅਜੂਨੀ ਆਪ ਵਖਾਇੰਦਾ । ਭੂਸ਼ਨ ਤਨ ਪਹਿਨਾਏ ਸੁਹਾਏ ਬਸਤ, ਜਗਤ ਸ਼ਿੰਗਾਰ ਕਰਾਇੰਦਾ । ਖਾਣਾ ਪੀਣਾ ਪਹਿਨਣ ਦੇਵੇ ਰਸਤ, ਜਗਤ ਧਰਵਾਸ ਧਰਾਇੰਦਾ । ਸਾਜਣ ਮੀਤ ਮਿਲਾਏ ਦਸਤ, ਏਕਾ ਦੂਜਾ ਬੰਧਨ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਖੇਲ ਆਪ ਖਿਲਾਇੰਦਾ । ਜਗਤ ਜੋਬਨ ਜੋਰੂ ਜ਼ਰ, ਚਾਰ ਕੁੰਟ ਵਡਿਆਈਆ । ਘਰ ਘਰ ਖ਼ੁਸ਼ੀਆਂ ਰਹੇ ਕਰ, ਜਗਤ ਵਾਸਨਾ ਸੰਗ ਮਿਲਾਈਆ । ਏਕਾ ਭੁੱਲਿਆ ਅਬਿਨਾਸ਼ੀ ਹਰਿ, ਜਿਸ ਜਨ ਬਣਤ ਬਣਾਈਆ । ਨਿਰਭੌ ਚੁੱਕਿਆ ਭੈ ਡਰ, ਭਿਆਨਕ ਆਪਣਾ ਮੁਖ ਛੁਪਾਈਆ । ਜੀਵ ਜਗਤ ਆਪਣੀ ਕਰਨੀ ਰਹੇ ਕਰ, ਸਾਚੀ ਕਿਰਤ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਬੰਧਨ ਏਕਾ ਪਾਈਆ । ਜਗਤ ਬੰਧਨ ਜਗਤ ਕੁਟੰਬ, ਕੂੜ ਕੁੜਿਆਰਾ ਖੇਲ ਖਿਲਾਇਆ । ਨਾਤਾ ਬਿਧਾਤਾ ਪਾਏ ਬੰਦ, ਬੰਦੀ ਬੰਦ ਨਾ ਕੋਇ ਤੁੜਾਇਆ । ਹੱਸ ਹੱਸ ਮੇਲਾ ਬੱਤੀ ਦੰਦ, ਨੇਤਰ ਨੈਣਾਂ ਦਰਸ਼ਨ ਪਾਇਆ । ਕੋਇ ਨਾ ਗਾਏ ਸੁਹਾਗੀ ਛੰਦ, ਹਿਰਦੇ ਹਰਿ ਨਾ ਕੋਇ ਵਸਾਇਆ । ਕੋਈ ਉਪਜੇ ਜੇਰਜ ਅੰਡ, ਉਤਭੁਜ ਸੇਤਜ ਕੋਇ ਧਰਾਇਆ । ਪਾਰਬ੍ਰਹਮ ਪ੍ਰਭ ਵੰਡੀ ਵੰਡ, ਲੱਖ ਚੁਰਾਸੀ ਖੇਲ ਖਿਲਾਇਆ, ਮਾਨਸ ਜਨਮ ਹੋ ਬਖ਼ਸ਼ਿੰਦ, ਆਪਣਾ ਭੇਵ ਚੁਕਾਇਆ । ਧਰ ਧਰ ਨੂਰ ਨਿਰਗੁਣ ਚੰਦ, ਸਾਚਾ ਚੰਦ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵੇਸ ਆਪ ਵਖਾਇਆ । ਜਗਤ ਜੋਬਨ ਚੰਦ ਚਕੋਰ, ਏਕਾ ਰੰਗ ਸਮਾਈਆ । ਝੂਠਾ ਨਾਤਾ ਬੱਧੀ ਡੋਰ, ਮਾਇਆ ਮਮਤਾ ਸੰਗ ਰਖਾਈਆ । ਕਰੇ ਵਾਸ ਅੰਧ ਘੋਰ, ਪਰਕਾਸ਼ ਨਾ ਕੋਇ ਧਰਾਈਆ । ਅੰਦਰ ਰੱਖੇ ਪੰਜ ਚੋਰ, ਦਿਵਸ ਰੈਣ ਲੁੱਟ ਲੁੱਟ ਰਹੇ ਖਾਈਆ । ਕੋਈ ਨਾ ਸਕੇ ਮਾਤ ਹੋੜ, ਆਪਣਾ ਬਲ ਨਾ ਕੋਇ ਵਖਾਈਆ । ਜਗਤ ਵਾਸਨਾ ਰੱਖੀ ਲੋੜ, ਜਗਤ ਜੁਗਤ ਕਰਨ ਕੁੜਮਾਈਆ । ਬਿਨ ਸਵਾਂਗ ਵਜਾਇਣ ਢੋਲ, ਚਾਰ ਕੁੰਟ ਸ਼ਨਵਾਈਆ । ਆਪਣਾ ਮੰਦਰ

ਨਾ ਸਕੇ ਕੋਇ ਫੋਲ, ਪਰਦਾ ਸਕੇ ਨਾ ਕੋਇ ਉਠਾਈਆ । ਕੌਣ ਵਸਤ ਜਨ ਮਿਲੀ ਅਨਤੋਲ, ਤੇਰੇ ਹੱਟ ਰਖਾਈਆ । ਕੌਣ ਕੰਡੇ ਤੋਲੇ ਤੋਲ, ਧੜੀ ਸੇਰ ਨਾ ਵੱਟਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੀਵਣ ਜਗਤ ਦਏ ਵਡਿਆਈਆ । ਜੀਵਣ ਜਗਤ ਜੋਬਨ ਮਲਾਹ, ਲੋਕਮਾਤ ਬੇੜਾ ਰਿਹਾ ਚਲਾਈਆ । ਰੂਪ ਰੰਗ ਦਏ ਸਾਲਾਹ, ਕਾਮ ਕਾਮਨਾ ਖੇਲ ਖਿਲਾਈਆ । ਮਾਪਿਆਂ ਖ਼ੁਸ਼ੀ ਖ਼ੁਸ਼ੀ ਰਖਿਆ ਏਕਾ ਨਾਂ, ਨਾਂ ਲੈ ਲੈ ਰਹੇ ਜਸ ਗਾਈਆ । ਕੋਈ ਨਰਾਇਣ ਕੋਈ ਰਾਮ ਕਹੇ ਮਾਂ, ਕੋਈ ਕ੍ਰਿਸ਼ਨ ਅਵਾਜ਼ ਲਗਾਈਆ । ਕੋਈ ਨਾਨਕ ਸੱਦਾ ਦੇਵੇ ਥਾਂ ਥਾਂ, ਕੋਈ ਗੋਬਿੰਦ ਰਿਹਾ ਸੁਣਾਈਆ । ਬਿਨ ਗੋਬਿੰਦ ਖ਼ਾਲੀ ਦਿਸਣ ਸਾਰੇ ਥਾਂ, ਝੂਠੀ ਖ਼ਾਕ ਨਜ਼ਰੀ ਆਈਆ । ਪੰਜ ਤੱਤ ਦਿਸੇ ਨਿਸ਼ਾਂ, ਹੱਡ ਮਾਸ ਨਾੜੀ ਰਤ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਤਨ ਵੇਖ ਵਖਾਈਆ । ਜਗਤ ਜੀਵ ਜੋਬਨ ਆਸ, ਜੁਗ ਜੁਗ ਇਕ ਰਖਾਇੰਦਾ । ਆਪਣਾ ਨੂਰ ਕਰ ਪਰਕਾਸ਼, ਚਾਰੋਂ ਕੁੰਟ ਚਮਕਾਇੰਦਾ । ਸ਼ਾਹ ਪਾਤਸ਼ਾਹ ਬਣ ਬਣ ਗ਼ਰੀਬ ਨਿਮਾਣਿਆਂ ਕਰੇ ਦਾਸੀ ਦਾਸ, ਦਾਸ ਰੂਪ ਨਾ ਆਪ ਵਟਾਇੰਦਾ । ਗ਼ਰੀਬ ਨਿਮਾਣਾ ਬਣ ਬਣ ਬਣਿਆ ਰਹੇ ਨਿਰਾਸ, ਆਸਾ ਪੂਰ ਨਾ ਕੋਇ ਕਰਾਇੰਦਾ । ਲੇਖਾ ਗਿਣ ਗਿਣ ਥੱਕੇ ਪਵਣ ਸਵਾਸ, ਲੇਖਾ ਲੇਖ ਨਾ ਕੋਇ ਰਖਾਇੰਦਾ । ਨੇਤਰ ਉਠ ਉਠ ਤੱਕੇ ਪ੍ਰਿਥਮੀ ਆਕਾਸ਼, ਗਗਨ ਮੰਡਲ ਵੇਖ ਵਖਾਇੰਦਾ । ਸੂਰਜ ਚੰਨ ਵੇਖ ਪਰਕਾਸ਼, ਆਪਣਾ ਜਗਤ ਕਾਜ ਰਚਾਇੰਦਾ । ਰੈਣ ਅੰਧੇਰੀ ਅਮਾਵਸ ਮਾਸ, ਸੋਇਆ ਵਕਤ ਗਵਾਇੰਦਾ । ਅੱਠੇ ਪਹਿਰ ਰਹੇ ਪਰਭਾਸ, ਜੂਹ ਉਜਾੜ ਜੰਗਲ ਫੇਰਾ ਪਾਇੰਦਾ । ਡੂੰਘੀ ਕੰਦਰ ਸੋਚ ਹੌਕਾ ਭਰੇ ਏਕਾ ਕਾਸ਼, ਹਾਏ ਹਾਏ ਸਰਬ ਕੁਰਲਾਇੰਦਾ । ਨਾਤਾ ਜੁੜਿਆ ਮਾਸ ਮਾਸ, ਮਾਸ ਮਾਸ ਖੇਲ ਖਿਲਾਇੰਦਾ । ਪਿਤਾ ਪੁਤ ਕਹੇ ਸ਼ਾਬਾਸ਼, ਜੋਰੂ ਜ਼ਰ ਜੋ ਘਰ ਲਿਆਇੰਦਾ । ਲੁੱਟੇ ਧਨ ਜੋ ਹਾਥੋ ਹਾਥ, ਤਿਸ ਜਗਤ ਵਡਿਆਇੰਦਾ । ਕੋਈ ਨਾ ਜਾਣੇ ਪੈਂਡਾ ਘਾਟ, ਘਾਟਾ ਨਜ਼ਰ ਕਿਸੇ ਨਾ ਆਇੰਦਾ । ਕੋਈ ਨਾ ਜਾਣੇ ਵਿਕਣਾ ਅੰਤਮ ਹਾਟ, ਸਾਚਾ ਸ਼ਾਹ ਲੇਖਾ ਨਾ ਕਦੇ ਮੁਕਾਇੰਦਾ । ਹੋਏ ਗ਼ਾਫ਼ਲ ਸੁੱਤਾ ਖਾਟ, ਜਗਤ ਵਿਛੌਣਾ ਆਪ ਵਛਾਇੰਦਾ । ਮੂਰਖ ਮੁਗਧ ਭੁੱਲਾ ਲੱਖ ਚੁਰਾਸੀ ਫਿਰਨਾ ਆਣ ਬਾਟ, ਮੁੜ ਮੁੜ ਗੇੜਾ ਗਰਭਵਾਸ ਵਖਾਇੰਦਾ । ਫਸਿਆ ਰਿਹਾ ਜ਼ਾਤ ਪਾਤ, ਆਪਣੀ ਜ਼ਾਤ ਸਫਾਤ ਨਾ ਕੋਇ ਕਰਾਇੰਦਾ । ਵੇਂਹਦਾ ਰਿਹਾ ਆਫ਼ਤਾਬ, ਮਸ਼ਰਕ ਮਗ਼ਰਬ ਰੂਪ ਵਟਾਇੰਦਾ । ਨਾ ਕੋਈ ਜਾਣੇ ਪੁੰਨ ਸਵਾਬ, ਸੁਹਬਤ ਜਗਤ ਸਰਬ ਸਾਲਾਹਿੰਦਾ । ਏਕਾ ਵੇਖੇ ਮਾਈ ਬਾਪ, ਜਨਮ ਜਨਮ ਜੋ ਮਾਤ ਦਵਾਇੰਦਾ । ਕੋਈ ਨਾ ਜਾਣੇ ਆਪਣਾ ਘਾਟ, ਪਾਰ ਕਿਨਾਰਾ ਨਾ ਕੋਈ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਜੋਬਨ ਜਗਤ ਵਾਸ ਜੁਗ ਜੁਗ ਆਪ ਧਰਾਇੰਦਾ । ਜਗਤ ਜੋਬਨ ਚੜ੍ਹਿਆ ਚਾਅ, ਨਿਵ ਨਿਵ ਖ਼ੁਸ਼ੀ ਮਨਾਈਆ । ਆਪਣੀਆਂ ਭੁਜਾਂ ਲਏ ਉਠਾ, ਆਪਣਾ ਬਲ ਆਪ ਵਖਾਈਆ । ਨਜ਼ਰ ਨਾ ਆਏ ਬੇਪਰਵਾਹ, ਜਿਸ ਜਨ ਬਣਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਜੁਗ ਗੇੜਾ ਆਪ ਚਲਾਈਆ । ਜਗਤ ਜੁਗ ਗੇੜਾ ਗੇੜ, ਲੱਖ ਚੁਰਾਸੀ ਕੋਲੂ ਚੱਕੀ ਚੱਕ ਭੁਆਈਆ । ਲੇਖਾ ਜਾਣੇ ਨਗਰ ਖੇੜ, ਜੁਗਾ ਜੁਗੰਤਰ ਬੇਪਰਵਾਹੀਆ । ਆਪ ਉਪਾਏ ਆਪੇ ਦਏ ਨਬੇੜ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਏਕਾ ਵਾਰ ਜੜ੍ਹ ਦਏ ਉਖੇੜ, ਬੂਟਾ ਕੋਇ ਨਜ਼ਰ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਉਲਟਾ ਬਿਰਛ ਦਏ ਸਮਝਾਈਆ ।

੫੬੯
੧੦

ਉਲਟਾ ਬਿਰਛ ਮਾਨਸ ਜ਼ਾਤ, ਪੁਰਖ ਅਬਿਨਾਸ਼ੀ ਆਪ ਸਮਝਾਇੰਦਾ । ਦਸ ਦਸ ਮਾਸ ਰੱਖਿਆ ਵਾਸ, ਗਰਭ ਜੂਨੀ ਆਪ ਭਵਾਇੰਦਾ । ਅੱਠੇ ਪਹਿਰ ਦੇਵੇ ਧਰਵਾਸ, ਆਪ ਆਪਣੀ ਦਇਆ ਕਮਾਇੰਦਾ । ਘਟ ਅੰਦਰ ਵਖਾਏ ਪ੍ਰਿਥਮੀ ਆਕਾਸ਼, ਨੂਰ ਨੁਰਾਨਾ ਨੂਰ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਕਰਮ ਆਪ ਕਮਾਇੰਦਾ । ਆਪਣਾ ਕਰਮ ਕਮਾਵਣਹਾਰਾ, ਜੜ੍ਹ ਚੋਟੀ ਨਾ ਕੋਇ ਜਣਾਇੰਦਾ । ਫਲ ਲਗਾਏ ਅਧਵਿਚਕਾਰਾ, ਮਾਤ ਗਰਭ ਆਪ ਟਿਕਾਇੰਦਾ । ਲੇਖਾ ਜਾਣੇ ਅੰਦਰ ਬਾਹਰਾ, ਗੁਪਤ ਜ਼ਾਹਰਾ ਵੇਖ ਵਖਾਇੰਦਾ । ਪੰਜ ਤੱਤ ਕਾਇਆ ਕਰ ਉਜਿਆਰਾ, ਤਨ ਮਾਟੀ ਖੇਲ ਖਿਲਾਇੰਦਾ । ਜੋਬਨ ਜਵਾਨੀ ਵਿਚ ਸੰਸਾਰਾ, ਬਾਲ ਜਵਾਨਾ ਰੂਪ ਵਟਾਇੰਦਾ । ਤਤਵ ਤਤ ਭਰ ਭੰਡਾਰਾ, ਆਸਾ ਤ੍ਰਿਸ਼ਨਾ ਸੰਗ ਰਖਾਇੰਦਾ । ਕਾਮ ਕਰੋਧ ਲੋਭ ਮੋਹ ਹੰਕਾਰਾ, ਤਨ ਬਸਤਰ ਆਪ ਸਜਾਇੰਦਾ । ਲੱਖ ਚੁਰਾਸੀ ਕਰ ਪਿਆਰਾ, ਜਗਤ ਵਾਸਨਾ ਮੇਲ ਮਿਲਾਇੰਦਾ । ਮਰੇ ਮਰ ਜੰਮੇ ਵਾਰੋ ਵਾਰਾ, ਜਨਮ ਮਰਨ ਵੇਖ ਵਖਾਇੰਦਾ । ਈਸ਼ ਜੀਵ ਜੀਵ ਈਸ਼ ਨਾ ਦੇਵੇ ਕੋਈ ਸਹਾਰਾ, ਜਗਦੀਸ਼ ਮੁਖ ਛੁਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰਾ ਆਪ ਵਖਾਇੰਦਾ । ਲੱਖ ਚੁਰਾਸੀ ਚਲੇ ਧਾਰ, ਜੁਗ ਜੁਗ ਗੇੜਾ ਆਪ ਦਵਾਈਆ । ਆਪ ਉਪਾਏ ਆਪੇ ਲਏ ਸੰਘਾਰ, ਮਾਰਨਹਾਰਾ ਦਿਸ ਨਾ ਆਈਆ । ਰੋਗ ਸੋਗ ਚਿੰਤਾ ਦੁੱਖ ਅਨਿਕ ਪਰਕਾਰ ਰੱਖੇ ਬੁਖਾਰ, ਦੁੱਖ ਦਰਦ ਪੀੜ ਨਾਲ ਰਲਾਈਆ । ਤਨ ਮਾਸ ਹਾਡੀ ਰਤ ਸੁੱਕੇ ਵਿਚ ਸੰਸਾਰ, ਅਗਨੀ ਤੱਤ ਤੱਤ ਜਲਾਈਆ । ਨੇਤਰਹੀਣ ਕਰੇ ਖਿਚੇ ਜੋਤ ਆਪ ਕਰਤਾਰ, ਜੋਤੀ ਜੋਤ ਨਾ ਕੋਈ ਰੁਸ਼ਨਾਈਆ । ਸ਼ਾਹ ਸੁਲਤਾਨਾ ਕਰ ਖੁਆਰ, ਅੰਤਮ ਬਿਸਤਰ ਮਰਗ ਦਏ ਵਖਾਈਆ । ਚਾਰੋਂ ਕੁੰਟ ਰੋਵਣ ਜ਼ਾਰੋ ਜ਼ਾਰ, ਧੀਰਜ ਧੀਰ ਨਾ ਕੋਇ ਧਰਾਈਆ । ਪਰਾਣ ਪਾਵੇ ਨਾ ਕੋਈ ਸਾਰ, ਵੇਖ ਪਰਾਣੀ ਸੁੱਤਾ ਸੇਜ ਹੰਢਾਈਆ । ਵੇਲੇ ਅੰਤਮ ਕੱਢਣ ਬਾਹਰ, ਯਾਰ ਸੰਗ ਨਾ ਕੋਇ ਨਿਭਾਈਆ । ਸਾਕ ਸੱਜਣ ਭੈਣ ਭਾਈ ਧੀਆਂ ਪੁੱਤਰ ਧੱਕਾ ਦੇਵਣ ਮਾਰ, ਅੱਧਵਿਚਕਾਰ ਮੁਖੜਾ ਦੇਣ ਭਵਾਈਆ । ਦੂਜੀ ਵਾਰ ਨਾ ਆਏ ਫੇਰਾ ਮਾਰ, ਜਿਨ ਭੂਤ ਪ੍ਰੇਤ ਰਹੇ ਕੁਰਲਾਈਆ । ਅੰਤਮ ਲੇਖਾ ਕਟੇ ਵਿਚ ਸੰਸਾਰ, ਪੰਜ ਤੱਤ ਕਾਇਆ ਨਜ਼ਰ ਨਾ ਆਈਆ । ਰੂਹ ਨਿਮਾਣੀ ਕਰੇ ਗਿਰਿਆਜ਼ਾਰ, ਵੇਲੇ ਅੰਤ ਨਾ ਕੋਇ ਛੁਡਾਈਆ । ਇਕ ਘਰ ਛੱਡਿਆ ਦੂਜੇ ਘਰ ਦਿਤਾ ਵਾੜ, ਬੰਧਨ ਬੈਠਾ ਏਕਾ ਪਾਈਆ । ਕਦੇ ਪੁਰਖ ਕਦੇ ਨਾਰ, ਕਦੇ ਵੇਸਵਾ ਰੂਪ ਧਰਾਈਆ । ਕਦੇ ਹੀਜੜਾ ਬਣੇ ਵਿਚ ਸੰਸਾਰ, ਲਾਨਤ ਦੋ ਜਹਾਨ ਵਖਾਈਆ । ਕਦੇ ਪੰਛੀ ਪੰਖੀ ਬਣ ਬਣ ਮਾਰੇ ਉਡਾਰ, ਕਦੇ ਜਲ ਧਾਰਾ ਡੇਰਾ ਲਾਈਆ । ਕਦੇ ਦੁਸ਼ਟਾਂ ਅੰਦਰ ਕਰ ਪਸਾਰ, ਆਪਣੀ ਜੂਨ ਰਿਹਾ ਵਖਾਈਆ । ਪੁਰਖ ਅਬਿਨਾਸ਼ੀ ਖੇਲ ਨਿਆਰ, ਭੇਵ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਅਚਰਜ ਰੀਤ ਚਲਾਈਆ । ਅਚਰਜ ਰੀਤ ਹਰਿ ਨਿਰੰਕਾਰ, ਜੁਗ ਜੁਗ ਆਪ ਚਲਾਇੰਦਾ । ਭਗਤ ਭਗਵੰਤ ਲਏ ਉਭਾਰ, ਸਾਚੇ ਸੰਤ ਮੇਲ ਮਿਲਾਇੰਦਾ । ਗੁਰਮੁਖਾਂ ਖੋਲ੍ਹੇ ਬੰਦ ਕਿਵਾੜ, ਆਪ ਆਪਣੀ ਬੂਝ ਬੁਝਾਇੰਦਾ । ਗੁਰਸਿਖਾਂ ਬਖ਼ਸ਼ੇ ਚਰਨ ਪਿਆਰ, ਚਰਨ ਚਰਨੋਦਕ ਮੁਖ ਚੁਆਇੰਦਾ । ਸਤਿਜੁਗ ਤ੍ਰੇਤਾ ਦੁਆਪਰ ਲੈ ਅਵਤਾਰ, ਆਪ ਆਪਣਾ ਮਾਰਗ ਲਾਇੰਦਾ । ਕਿਰਿਆ ਕਰਮ ਦੱਸ ਸੰਸਾਰ, ਰਾਮ ਨਾਮ ਇਕ ਸਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਧੰਦੇ ਆਪ ਲਗਾਇੰਦਾ । ਸਾਚਾ ਧੰਦਾ ਜੁਗ ਜੁਗ ਕਾਰ, ਜਨ ਭਗਤਾਂ

ਆਪ ਜਣਾਈਆ । ਅੱਠੇ ਪਹਿਰ ਇਕ ਧਿਆਨ, ਏਕਾ ਗੁਰ ਸਮਝਾਈਆ । ਏਕਾ ਦੇਵੇ ਧੁਰ ਫ਼ਰਮਾਨ, ਸ਼ਬਦ ਸ਼ਬਦੀ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਭਗਤ ਭਗਵੰਤ ਆਪਣੀ ਸੇਵਾ ਲਾਈਆ । ਜੁਗ ਜੁਗ ਆਪਣੀ ਸੇਵਾ ਲਾ, ਆਪਣਾ ਨਾਮ ਜਪਾਇੰਦਾ । ਵੇਲੇ ਅੰਤ ਹੋਏ ਸਹਾ, ਲੋਕਮਾਤ ਆਪ ਤਰਾਇੰਦਾ । ਸਾਚੇ ਬੇੜੇ ਲਏ ਚੜ੍ਹਾ, ਏਕਾ ਬੇੜਾ ਨਾਮ ਰਖਾਇੰਦਾ । ਖੇਵਟ ਖੇਟਾ ਬਣ ਮਲਾਹ, ਦੋ ਜਹਾਨਾਂ ਆਪ ਵਖਾਇੰਦਾ । ਗੁਰਮੁਖ ਵਿਰਲੇ ਲਏ ਤਰਾ, ਜਿਸ ਜਨ ਆਪਣੀ ਦਇਆ ਕਮਾਇੰਦਾ । ਲੱਖ ਚੁਰਾਸੀ ਵਿਚੋਂ ਬਾਹਰ ਕਢਾ, ਆਪ ਆਪਣਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣੀ ਧਾਰ ਬੰਧਾਇੰਦਾ । ਕਲਜੁਗ ਅੰਤਮ ਬੰਨ੍ਹੇ ਧਾਰ, ਨਿਰਗੁਣ ਜੋਤ ਨੂਰ ਰੁਸ਼ਨਾਈਆ । ਗੁਰਮੁਖਾਂ ਕਰੇ ਸਚ ਪਿਆਰ, ਹਰਿਜਨ ਸਾਚੇ ਲਏ ਮਿਲਾਈਆ । ਆਪੇ ਲੱਭੇ ਆਪਣੀ ਵਾਰ, ਦੂਰ ਦੁਰਾਡਾ ਫੇਰਾ ਪਾਈਆ । ਦੇਵੇ ਦਰਸ ਦਰ ਦੀਦਾਰ, ਦੀਦ ਈਦ ਚੰਦ ਚੜ੍ਹਾਈਆ । ਏਕਾ ਨਾਮ ਕਰਾਏ ਜੈਕਾਰ, ਸੋਹੰ ਸ਼ਬਦ ਆਪ ਸੁਣਾਈਆ । ਆਤਮ ਪਰਮਾਤਮ ਮੇਲਾ ਮੇਲੇ ਆਪ ਕਰਤਾਰ, ਮਿਲਿਆ ਮੇਲ ਵਿਛੜ ਨਾ ਜਾਈਆ । ਜਗਤ ਜੋਬਨ ਕਰ ਖਵਾਰ, ਆਪਣਾ ਜੋਬਨ ਲਏ ਹੰਢਾਈਆ । ਬਿਰਧ ਬਾਲ ਜਵਾਨਾ ਜਾਏ ਤਾਰ, ਜਗਤ ਬੜੇਪਾ ਪੰਧ ਮੁਕਾਈਆ । ਅੰਤਮ ਦੇਵੇ ਦਰਸ ਆਪ ਨਿਰੰਕਾਰ, ਘਰ ਘਰ ਹਰਿਜਨ ਫੇਰਾ ਪਾਈਆ । ਕਰਿਆ ਤਰਸ ਸਿਰਜਣਹਾਰ, ਦੀਨਣ ਦੀਨ ਹੋਏ ਸਹਾਈਆ । ਗੁਰਮੁਖ ਸਾਚੇ ਲਏ ਸੰਭਾਲ, ਵੇਲੇ ਅੰਤ ਗੋਦ ਬਹਾਈਆ । ਹੋਣ ਦੇਵੇ ਨਾ ਵਿੰਗਾ ਵਾਲ, ਰਾਏ ਧਰਮ ਨਾ ਦਏ ਸਜ਼ਾਈਆ । ਆਪਣਾ ਫਲ ਵੇਖੇ ਆਪਣੇ ਡਾਲ੍ਹ, ਅੰਮ੍ਰਿਤ ਫਲ ਆਪ ਲਗਾਈਆ । ਨਾਤਾ ਤੋੜ ਕਾਲ ਮਹਾਕਾਲ, ਧਰਮਸਾਲ ਇਕ ਵਖਾਈਆ । ਸਾਚੇ ਮੰਦਰ ਦੀਨ ਦਿਆਲ, ਸਚ ਸਿੰਘਾਸਣ ਸੋਭਾ ਪਾਈਆ । ਹਰਿਜਨ ਮੇਲੇ ਆਪਣੇ ਲਾਲ, ਲਾਲ ਅਨਮੁਲੜੇ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਆਪ ਵਖਾਈਆ । ਆਪਣੇ ਲਾਲ ਆਪ ਉਠਾਏ, ਨਿਤ ਨਿਤ ਸੇਵ ਕਮਾਇੰਦਾ । ਦਰਸ ਦੀਦਾਰੀ ਦਰਸ ਵਖਾਏ, ਦਰਸ ਦਰਸ ਆਪ ਕਰਾਇੰਦਾ । ਸੰਸਾਰੀ ਹਿਰਸ ਸਰਬ ਮਿਟਾਏ, ਅਰਸ਼ ਫ਼ਰਸ਼ ਪੰਧ ਮੁਕਾਇੰਦਾ । ਅੰਮ੍ਰਿਤ ਮੇਘ ਬਰਸ ਅਗਨੀ ਤੱਤ ਬੁਝਾਏ, ਸਾਂਤਕ ਸਤਿ ਸਤਿ ਵਰਤਾਇੰਦਾ । ਬ੍ਰਹਮ ਮਤ ਇਕ ਵਖਾਏ, ਸਾਚਾ ਮਾਰਗ ਆਪ ਜਣਾਇੰਦਾ । ਗੁਰਸਿਖ ਗੁਰ ਗੁਰ ਕਮਲਾਪਤਿ ਏਕਾ ਰੰਗ ਸਮਾਏ, ਜੋਤੀ ਜੋਤ ਜੋਤ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਧਾਮ ਬਹਾਇੰਦਾ । ਹਰਿਜਨ ਦੇਵੇ ਸਾਚਾ ਧਾਮ, ਬੈਕੁੰਠ ਨਿਵਾਸੀ ਦਇਆ ਕਮਾਇੰਦਾ । ਮੇਲ ਮਿਲਾਵਾ ਜਿਉਂ ਸੀਤਾ ਰਾਮ, ਸੁਰਤੀ ਸੀਤਾ ਰਾਮ ਮਿਲਾਇੰਦਾ । ਜੋੜ ਜੁੜਾਏ ਕ੍ਰਿਸ਼ਨਾ ਕਾਹਨ, ਘਨਈਆ ਆਪਣੇ ਰੰਗ ਰੰਗਾਇੰਦਾ । ਏਕਾ ਮੰਦਰ ਇਕ ਮਕਾਨ, ਪੂਜਾ ਪਾਠ ਇਕ ਕਰਾਇੰਦਾ । ਆਵਣ ਜਾਵਣ ਮੇਟੇ ਜੀਵ ਜਹਾਨ, ਜੀਵ ਈਸ਼ ਵਿਚ ਸਮਾਇੰਦਾ । ਅੰਮ੍ਰਿਤ ਬਖ਼ਸ਼ੇ ਪੀਣ ਖਾਣ, ਅੰਤਰ ਜਾਮ ਪਿਆਇੰਦਾ । ਹਰਿਜਨ ਮਿਲੇ ਸ੍ਰੀ ਭਗਵਾਨ, ਭਗਵਨ ਆਪਣਾ ਮੇਲ ਮਿਲਾਇੰਦਾ । ਜਗਤ ਕਟੁੰਬ ਨਾ ਰੋਵੇ ਦੇਵੇ ਕੋਇ ਮੁਕਾਣ, ਪੁਰਖ ਅਬਿਨਾਸ਼ੀ ਆਪਣਾ ਖੇਲ ਖਿਲਾਇੰਦਾ । ਜਿਸ ਉਪਜਾਇਆ ਤਿਸ ਕਰਿਆ ਪਰਵਾਨ, ਪਿਤਾ ਪੂਤ ਆਪਣੇ ਗਲੇ ਲਗਾਇੰਦਾ । ਜੂਠੇ ਝੂਠੇ ਸਾਕ ਸੱਜਣ ਸੈਣ ਲੋਕਮਾਤ ਰਹਿ ਜਾਣ, ਸਗਲਾ ਸੰਗ ਨਾ ਕੋਇ ਨਿਭਾਇੰਦਾ । ਬਿਨ ਸਤਿਗੁਰ ਪੂਰੇ ਕੋਇ ਨਾ ਚੜ੍ਹਾਏ ਸਚ ਬਬਾਨ, ਧੁਰ ਧਾਮ ਨਾ

ਕੋਇ ਪੁਚਾਇੰਦਾ । ਗੁਰਸਿਖ ਵੇਲੇ ਅੰਤ ਖ਼ੁਸ਼ੀ ਸਰਬ ਮਨਾਣ, ਘਰ ਕੰਤ ਸੁਹਾਗੀ ਆਇੰਦਾ । ਹੋਏ ਧੰਨ ਭਾਗ ਛੁਟਿਆ ਜਹਾਨ, ਘਰ ਸਾਚਾ ਨਜ਼ਰੀ ਆਇੰਦਾ । ਨਾ ਕੋਈ ਸੂਰਜ ਚੰਦ ਤੇਜ ਕਰੇ ਰਵ ਸਸ ਭਾਨ, ਜੋਤੀ ਨੂਰ ਡਗਮਗਾਇੰਦਾ । ਤ੍ਰਿਸ਼ਨਾ ਮੁੱਕੀ ਪੀਣ ਖਾਣ, ਅੰਮ੍ਰਿਤ ਫਲ ਇਕ ਖਵਾਇੰਦਾ । ਅੱਠੇ ਪਹਿਰ ਏਕਾ ਗਾਣ, ਏਕਾ ਨਾਦ ਧੁਨ ਵਜਾਇੰਦਾ । ਚਾਰੋਂ ਕੁੰਟ ਨਜ਼ਰ ਆਏ ਸ੍ਰੀ ਭਗਵਾਨ, ਜੋਤੀ ਜੋਤ ਡਗਮਗਾਇੰਦਾ । ਗੁਰਸਿਖ ਗੁਰ ਗੁਰ ਮਿਲਿਆ ਆਣ, ਗੁਰ ਸਤਿਗੁਰ ਮੇਲ ਮਿਲਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੀਵਣ ਜੁਗਤ ਭੁਗਤ ਭਗਤ ਭਗਵੰਤ ਆਪਣੇ ਹੱਥ ਰਖਾਇੰਦਾ ।



ਸਤਿਗੁਰ ਪੂਰਾ ਦਇਆ ਕਰੇ, ਦਇਆਵਾਨ ਅਖਵਾਈਆ । ਦੁੱਖ ਦਲਿਦ੍ਰ ਜਗਤ ਹਰੇ, ਹਰਿ ਚਰਨ ਮਿਲੀ ਵਡਿਆਈਆ । ਖ਼ਾਲੀ ਭੰਡਾਰੇ ਆਪ ਭਰੇ, ਦੇਂਦਿਆਂ ਤੋਟ ਨਾ ਆਈਆ । ਕੱਖੋਂ ਲੱਖ ਆਪ ਕਰੇ, ਕਰਤਾ ਕ਼ੀਮਤ ਆਪੇ ਪਾਈਆ । ਖੋਟੇ ਖਰੇ ਕਰੇ ਆਪਣੇ ਦਰੇ, ਨਾਮ ਟਕਸਾਲ ਲਏ ਟਣਕਾਈਆ । ਜੀਵਣ ਮੁਕਤ ਦੇਵੇ ਵਰੇ, ਵਰ ਮੁਕਤੀ ਦਾਸੀ ਰੂਪ ਵਖਾਈਆ । ਆਪਣੀ ਹੱਥੀਂ ਪੱਲੂ ਫੜੇ, ਦਾਮਨਗੀਰ ਬੇਪਰਵਾਹੀਆ । ਦੇਵਣ ਦੇਣ ਆਇਆ ਘਰੇ, ਘਰ ਦੇ ਕੇ ਜਾਏ ਸਾਚਾ ਮਾਹੀਆ । ਨਿਰਭੌ ਚੁਕਾਏ ਜਗਤ ਡਰੇ, ਡਰ ਭੈ ਕੋਇ ਰਹਿਣ ਨਾ ਪਾਈਆ । ਸੁੱਕੇ ਕਾਸ਼ਟ ਕਰੇ ਹਰੇ, ਹਰਿਆਵਲ ਆਪਣਾ ਰੰਗ ਰੰਗਾਈਆ । ਗੁਰਸਿਖ ਗੁਰਚਰਨ ਲਾਗ ਨਾ ਮਾਤ ਫਿਰੇ, ਫਾਂਦਕੀ ਫੰਦ ਦਏ ਤੁੜਾਈਆ । ਕਲਜੁਗ ਬਾਜ਼ੀ ਲਾਈ ਸਿਰ ਧੜੇ, ਧੜ ਚਾਰੋਂ ਕੁੰਟ ਬੈਠਾ ਰਾਹ ਤਕਾਈਆ । ਗੁਰਮੁਖ ਵਿਰਲਾ ਬਲ ਧਰੇ, ਗੁਰ ਸਤਿਗੁਰ ਓਟ ਤਕਾਈਆ । ਸਤਿਗੁਰ ਪੂਰਾ ਕਲਜੁਗ ਕੂੜਾ ਆਪ ਫੜੇ, ਗੁਰਸਿਖਾਂ ਚਰਨਾਂ ਹੇਠ ਰਖਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਗੁਰਸਿਖ ਰੱਖਦਾ ਆਇਆ ਆਪਣੇ ਧੜੇ, ਲੱਖ ਚੁਰਾਸੀ ਜੀਵ ਜੰਤ ਲੜਾਈਆ । ਆਪ ਸੁਖੀ ਵਸਦਾ ਰਹੇ ਆਪਣੇ ਘਰੇ, ਗੁਰਮੁਖਾਂ ਸਾਚਾ ਸੁਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਦਲਿਦ੍ਰ ਦਏ ਗਵਾਈਆ । ਜਗਤ ਦਲਿਦ੍ਰ ਹੋਏ ਦੂਰ, ਦੁਖੀ ਦਰਦ ਰਹਿਣ ਨਾ ਪਾਈਆ । ਸਤਿਗੁਰ ਪੂਰਾ ਕੱਢੇ ਘੂਰ, ਨਾਮ ਡਰਾਵਾ ਇਕ ਰਖਾਈਆ । ਜੂਠ ਝੂਠ ਰੋਵੇ ਕੂੜ, ਕੂੜ ਕੁੜਿਆਰਾ ਦਏ ਦੁਹਾਈਆ । ਸਚ ਸੁੱਚ ਮਿਲੀ ਜਿਸ ਮਸਤਕ ਲਾਈ ਧੂੜ, ਮੈਨੂੰ ਬਾਹਰ ਦਿਤਾ ਕਢਾਈਆ । ਮੈਂ ਕਰਦਾ ਰਿਹਾ ਗਰੂਰ, ਆਪਣਾ ਬਲ ਆਪਣੇ ਵਿਚ ਟਿਕਾਈਆ । ਘਰ ਘਰ ਮਚੌਂਦਾ ਰਿਹਾ ਫ਼ਤੂਰ, ਫ਼ਤਵਾ ਆਪਣਾ ਏਕਾ ਲਾਈਆ । ਜਗਤ ਵਿਕਾਰਾ ਸਚ ਸਰੂਰ, ਜੀਵਾਂ ਜੰਤਾਂ ਰਿਹਾ ਸਮਝਾਈਆ । ਮੈਂ ਜਾਣਿਆਂ ਹਰਿ ਬੈਠਾ ਦੂਰ, ਨੇੜੇ ਨਜ਼ਰ ਕਿਸੇ ਨਾ ਆਈਆ । ਕਲਜੁਗ ਅੰਤਮ ਗੁਰਸਿਖਾਂ ਫੜਿਆ ਆਪ ਹਜ਼ੂਰ, ਹਜ਼ੂਰ ਹਾਜ਼ਰ ਛੁਪ ਕਦੇ ਨਾ ਜਾਈਆ । ਜਨ ਭਗਤਾਂ ਘਰ ਸੇਵਾ ਕਰੇ ਬਣ ਮਜਦੂਰ, ਮੁਜਰਤ ਮੰਗਣ ਫੇਰ ਕਦੇ ਨਾ ਆਈਆ । ਗੁਰਸਿਖ ਤੇਰਾ ਮੰਗੇ ਏਕਾ ਪ੍ਰੇਮ ਜੋਤੀ ਨੂਰ, ਤੇਰੇ ਨੂਰ ਵੇਖੇ ਸਰਬ ਲੋਕਾਈਆ । ਤੇਰਾ ਦਰਸ ਰੱਖੇ ਸਦਾ ਸਰੂਰ, ਅੱਠੇ ਪਹਿਰ ਏਕਾ ਰੰਗ ਰੰਗਾਈਆ । ਗੁਰਮੁਖ ਤੇਰਾ ਭੰਡਾਰਾ ਸਦਾ ਭਰਪੂਰ, ਹਰਿ ਸਤਿਗੁਰ ਆਪ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਾਤਾ ਦਾਨੀ ਇਕ ਵਰਤਾਈਆ ।

## ★ ੧੩ ਜੇਠ ੨੦੧੮ ਬਿਕ੍ਰਮੀ ਇੰਦਰ ਸਿੰਘ ਦੇ ਘਰ ਪਿੰਡ ਧਗਾਲੀ ਜੰਮੂ ★

ਹਰਿ ਸੁਹਾਏ ਛੱਪਰੀ ਛੰਨ, ਕਰੋੜ ਛਿਆਨਵੇ ਸੇਵ ਲਗਾਈਆ । ਕਰੋੜ ਤੇਤੀਸਾ ਕਹੇ ਧੰਨ ਧੰਨ, ਵਾਹ ਵਾ ਤੇਰੀ ਵਡਿਆਈਆ । ਵਿਸ਼ਨ ਬ੍ਰਹਮਾ ਸ਼ਿਵ ਰਹੇ ਮੰਨ, ਨਿਉਂ ਨਿਉਂ ਸੀਸ ਝੁਕਾਈਆ । ਗਣ ਗੰਧਰਬ ਸੁਨਣ ਰਾਗ ਲਾ ਲਾ ਕੰਨ, ਇਕ ਧਿਆਨ ਲਗਾਈਆ । ਪੁਰਖ ਅਬਿਨਾਸ਼ੀ ਲੋਕਮਾਤ ਪਰਗਟਾਇਆ ਏਕਾ ਜਨ, ਹਰਿਜਨ ਸਾਚਾ ਨਾਉਂ ਧਰਾਈਆ । ਨੌਂ ਖੰਡ ਪ੍ਰਿਥਮੀ ਕਰੇ ਧੰਨ ਧੰਨ, ਧੰਨ ਤੇਰੀ ਵਡਿਆਈਆ । ਆਦਿ ਜੁਗਾਦਿ ਜੁਗਾ ਜੁਗੰਤਰ ਠੱਗਾਂ ਚੋਰਾਂ ਦੇਂਦਾ ਆਇਆ ਡੰਨ, ਗੁਰਮੁਖ ਸਾਚੇ ਲਏ ਤਰਾਈਆ । ਗ਼ਰੀਬ ਨਿਮਾਣਿਆਂ ਬੇੜਾ ਬੰਨ੍ਹ, ਜੁਗਾ ਜੁਗੰਤਰ ਆਪ ਚਲਾਈਆ । ਮਨਮੁਖ ਹਰਿ ਕਾ ਨਾਉਂ ਸੁਣ ਨਾ ਸਕੇ ਕੰਨ, ਹਰਿ ਸਤਿਗੁਰ ਅਪਣੀ ਬਣਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸਾਚਾ ਖੇਲ ਹਰਿ ਨਿਰੰਕਾਰਾ, ਕੋਹ ਕਰੋੜੀ ਵੇਖ ਵਖਾਇੰਦਾ । ਅਲਖ ਅਗੋਚਰ ਅਗੰਮ ਅਥਾਹ ਬੇਪਰਵਾਹ ਬੇਐਬ ਪਰਵਰਦਿਗਾਰਾ, ਦੋ ਜਹਾਨਾ ਵੇਖ ਵਖਾਇੰਦਾ । ਸ਼ਾਹੋ ਭੂਪ ਸੁਲਤਾਨ ਰਾਜ ਰਾਜਾਨ ਸ੍ਰੀ ਭਗਵਾਨ ਬਣ ਸਿਕਦਾਰਾ, ਸਚ ਨਾਮ ਨਿਸ਼ਾਨ ਹੱਥ ਰਖਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਦੇਵੇ ਇਕ ਹੁਲਾਰਾ, ਸ਼ਬਦ ਹਲੂਣਾ ਏਕਾ ਲਾਇੰਦਾ । ਲੱਖ ਚੁਰਾਸੀ ਹੋ ਉਜਿਆਰਾ, ਘਟ ਘਟ ਅੰਦਰ ਕਰ ਪਸਾਰਾ, ਅੰਦਰ ਮੰਦਰ ਵੇਖ ਵਖਾਇੰਦਾ । ਲੇਖਾ ਜਾਣੇ ਡੂੰਘੀ ਗਾਰਾ, ਪਵਣ ਮਸਾਨੀ ਧੂਆਂਧਾਰਾ, ਸੁੰਨ ਸਮਾਧ ਆਪ ਸਮਾਇੰਦਾ । ਗਗਨ ਮੰਡਲ ਇਕ ਅਖਾੜਾ, ਨਾਚ ਨਚਾਏ ਰਵ ਸਸ ਸਤਾਰਾ, ਸਾਚੀ ਸੇਵਾ ਆਪ ਸਮਝਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਵਿਸ਼ਨੂੰ ਦੇਵੇ ਇਕ ਭੰਡਾਰਾ, ਹਰਿਜਨ ਬਣੇ ਜਗਤ ਲਿਖਾਰਾ, ਸ਼ੰਕਰ ਕਰੇ ਅੰਤ ਸ਼ਿੰਗਾਰਾ, ਸਾਚਾ ਹੁਕਮ ਆਪ ਜਣਾਈਆ । ਨਿਰਗੁਣ ਸਰਗੁਣ ਖੇਲ ਅਪਾਰਾ, ਆਦਿ ਆਦਿ ਆਵੇ ਜਾਵੇ ਵਾਰੋ ਵਾਰਾ, ਨਾਰੀ ਕੰਤ ਬਣ ਭਤਾਰਾ, ਸੇਜ ਸੁਹੰਜਣੀ ਆਪ ਹੰਢਾਈਆ । ਪੂਤ ਸਪੂਤਾ ਕਰ ਪਿਆਰਾ, ਚਾਰੇ ਕੂਟਾਂ ਪਾਵੇ ਸਾਰਾ, ਦਹਿ ਦਿਸ਼ਾ ਵੇਖ ਵਖਾਈਆ । ਰਾਤੀ ਰੁੱਤੀ ਜਾਣੇ ਥਿਤ ਵਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਿਰਪਾ ਕਰ ਕਿਰਪਾ ਕਰੇ ਬੇਪਰਵਾਹੀਆ । ਬੇਪਰਵਾਹ ਕਿਰਪਾ ਕਰ, ਕਰੋੜ ਛਿਆਨਵੇਂ ਆਪ ਸਮਝਾਇੰਦਾ । ਇੰਦਰ ਇੰਦਰਾਸਣ ਆਪੇ ਚੜ੍ਹ, ਸਚ ਸਿੰਘਾਸਣ ਸੋਭਾ ਪਾਇੰਦਾ । ਬ੍ਰਹਿਮੰਡ ਖੰਡ ਡੋਰੀ ਆਪਣੇ ਹੱਥ ਫੜ, ਆਦਿ ਜੁਗਾਦਿ ਭੁਆਇੰਦਾ । ਨਿਰਗੁਣ ਨਿਰਵੈਰ ਪੁਰਖ ਅਕਾਲ ਦੀਨ ਦਿਆਲ ਸਮਰਥ ਆਪਣਾ ਘਾੜਨ ਘੜ, ਸਾਚਾ ਬਾਢੀ ਆਪਣਾ ਨਾਉਂ ਆਪ ਧਰਾਇੰਦਾ । ਦਰ ਦਰਵਾਜ਼ਾ ਦਰ ਦਰਵੇਸ਼ ਖੋਲ੍ਹੇ ਦਰ, ਦਰ ਘਰ ਸਾਚੇ ਸੋਭਾ ਪਾਇੰਦਾ । ਨਰ ਨਰੇਸ਼ ਬਣੇ ਨਰਾਇਣ ਨਰ, ਨਰ ਹਰਿ ਬਨਵਾਰੀ ਆਪਣਾ ਰੂਪ ਧਰਾਇੰਦਾ । ਜਾਗਰਤ ਜੋਤ ਜੋਤ ਉਜਾਲਾ ਏਕਾ ਕਰ, ਦੀਨ ਦਿਆਲਾ ਹਰਿ ਗੋਪਾਲਾ ਨੂਰ ਨੂਰ ਆਪਣਾ ਆਪ ਪਰਗਟਾਇੰਦਾ । ਆਪਣਾ ਅੰਸ ਬੰਸ ਬਣਾਏ ਕਾਲ ਮਹਾਕਾਲਾ, ਸਾਚਾ ਮੰਦਰ ਇਕ ਸੁਹਾਨਾ, ਸਚਖੰਡ ਦੁਆਰੇ ਆਸਣ ਲਾਇੰਦਾ । ਰੂਪ ਅਨੂਪ ਸ੍ਰੀ ਭਗਵਾਨਾ, ਦੇਵੇ ਪਰਕਾਸ਼ ਕੋਟਨ ਭਾਨਾ, ਆਦਿ ਜੁਗਾਦੀ ਖੇਲ ਮਹਾਨਾ, ਜੁਗਾ ਜੁਗੰਤਰ ਖੇਲ ਖਿਲਾਇੰਦਾ । ਨਿਰਗੁਣ ਸਰਗੁਣ ਗੋਪੀ ਕਾਹਨਾ, ਕਰੇ ਖੇਲ ਮਰਦ ਮਰਦਾਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਛੱਪਰ ਛੰਨ ਆਪ ਵਡਿਆਇੰਦਾ । ਛੱਪਰ ਛੰਨ ਲੱਗੇ ਭਾਗ, ਹਰਿ ਛੱਪਰ ਛੰਨ ਨਾਮ ਖਾਣ ਹੰਸ ਬਣਾਏ ਫੜ


੫੭੨
੧੦

ਫੜ ਕਾਗ, ਪੁਰਖ ਅਬਿਨਾਸ਼ੀ ਦਇਆ ਕਮਾਈਆ । ਜੋਤੀ ਜਗਾਏ ਇਕ ਚਿਰਾਗ, ਤੇਲ ਬਾਤੀ ਨਾ ਕੋਇ ਟਿਕਾਈਆ । ਅੱਠੇ ਪਹਿਰ ਦਏ ਵੈਰਾਗ, ਆਤਮ ਧੁਨ ਇਕ ਵਜਾਈਆ । ਖੋਲ੍ਹ ਵਖਾਏ ਸੁੰਨ ਸਮਾਧ, ਸੁੰਨ ਅਗੰਮੀ ਡੇਰਾ ਢਾਈਆ । ਡੂੰਘੀ ਭਵਰੀ ਆਪੇ ਕਾਢ, ਸਚ ਮਹੱਲੇ ਲਏ ਬਹਾਈਆ । ਲੇਖਾ ਜਾਣੇ ਆਦਿ ਜੁਗਾਦਿ, ਜੁਗਾ ਜੁਗੰਤਰ ਭੁਲ ਨਾ ਜਾਈਆ । ਜੋਤੀ ਜਾਤਾ ਹੋ ਵਿਸਮਾਦ, ਬਿਸਮਿਲ ਆਪਣਾ ਖੇਲ ਖਿਲਾਈਆ । ਭਗਤਨ ਦੇਵੇ ਏਕਾ ਦਾਦ, ਵਸਤ ਅਮੋਲਕ ਝੋਲੀ ਪਾਈਆ । ਅੰਤਮ ਸੁਣ ਸੁਣ ਗ਼ਰੀਬ ਨਿਮਾਣਿਆਂ ਹਰਿ ਫ਼ਰਿਆਦ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਗੁਰਮੁਖ ਗੁਰਸਿਖ ਆਪੇ ਲਾਧ, ਆਪ ਆਪਣਾ ਬੰਧਨ ਪਾਈਆ । ਮੇਟ ਮਿਟਾਏ ਵਾਦ ਵਿਵਾਦ, ਕੂੜੀ ਕਿਰਿਆ ਰਹੇ ਨਾ ਰਾਈਆ । ਸ਼ਬਦ ਸੁਣਾਏ ਬੋਧ ਅਗਾਧ, ਅਗਾਧ ਬੋਧ ਆਪ ਅਖਵਾਈਆ । ਰੂਪ ਧਰਾਏ ਮੋਹਣ ਮਾਧਵ ਮਾਧ, ਮੋਹਣੀ ਰੂਪ ਨਜ਼ਰ ਨਾ ਆਈਆ । ਤੁਰੀਆ ਰਾਗ ਵਜਾਏ ਨਾਦ, ਸੋਵਤ ਜਾਗਤ ਖੇਲ ਖਿਲਾਈਆ । ਲੇਖਾ ਜਾਣੇ ਬ੍ਰਹਮ ਬ੍ਰਹਿਮਾਦ, ਪਾਰਬ੍ਰਹਮ ਬੇਪਰਵਾਹੀਆ । ਹਰਿਜਨ ਸੰਤ ਸੁਹੇਲੇ ਲੱਖ ਚੁਰਾਸੀ ਵਿਚੋਂ ਕਾਢ, ਚਰਨ ਦੁਆਰੇ ਆਪ ਬਹਾਈਆ । ਬਾਲ ਅੰਞਾਣੇ ਲਡਾਵੇ ਲਾਡ, ਮਾਤਾ ਪਿਤਾ ਰੂਪ ਧਰਾਈਆ । ਗੁਰਮੁਖ ਨਾਰੀ ਮੇਲੇ ਕੰਤ ਸੁਹਾਗ, ਕੰਤ ਕੰਤੂਹਲ ਸੱਚਾ ਸ਼ਹਿਨਸ਼ਾਹੀਆ । ਕਰੋੜ ਤੇਤੀਸਾ ਕਰਨ ਯਾਦ, ਸੁਰਪਤ ਰਾਜਾ ਇੰਦ ਨਾਲ ਰਲਾਈਆ । ਵਿਸ਼ਨ ਬ੍ਰਹਮਾ ਸ਼ਿਵ ਮੰਗਣ ਮਾਂਗ, ਦੋਏ ਜੋੜ ਸੀਸ ਝੁਕਾਈਆ । ਪੁਰਖ ਅਬਿਨਾਸ਼ੀ ਰੂਪ ਵਟਾਇਆ ਸਵਾਂਗੀ ਆਪਣਾ ਸਵਾਂਗ, ਲੇਖਾ ਅਲਖ ਨਾ ਲਖਿਆ ਜਾਈਆ । ਸੋ ਪੁਰਖ ਨਿਰੰਜਣ ਆਪ ਚੜ੍ਹਾਈ ਆਪਣੀ ਕਾਂਗ, ਹੰ ਬ੍ਰਹਮ ਲਏ ਰੁੜ੍ਹਾਈਆ । ਚਾਰ ਜੁਗ ਸਤਿਜੁਗ ਤ੍ਰੇਤਾ ਦੁਆਪਰ ਗੁਰਮੁਖਾਂ ਰੱਖੀ ਤਾਂਘ, ਕਲਜੁਗ ਅੰਤਮ ਪੂਰ ਕਰਾਈਆ । ਧੰਨ ਵਡਿਆਈ ਵਡ ਵਡ ਭਾਗ, ਗੁਰਮੁਖ ਸੋਇਆ ਗਿਆ ਜਾਗ, ਸਤਿਗੁਰ ਪੂਰਾ ਆਪ ਜਗਾਈਆ । ਮਾਇਆ ਮਮਤਾ ਡੱਸੇ ਨਾ ਨਾਗ, ਹਉਮੇ ਹੰਗਤਾ ਨਾ ਰੋਗ ਸਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖ ਸਾਚੇ ਲਏ ਫੜ, ਮਨਮੁਖਾਂ ਰਿਹਾ ਦੁਰਕਾਈਆ । ਕਰੋੜ ਛਿਆਨਵੇਂ ਕਰ ਪੁਕਾਰ, ਨੇਤਰ ਰੋ ਰੋ ਨੀਰ ਵਹਾਇੰਦਾ । ਤੇਰੀ ਛੱਪਰ ਹਰਿ ਨਿਰੰਕਾਰ, ਗੁਰਮੁਖ ਵਿਰਲਾ ਪਾਇੰਦਾ । ਮੈਂ ਕੰਗਾਲ, ਤੇਰਾ ਮੰਗਾਂ ਦਰਸ ਦੀਦਾਰ, ਕੋਟਨ ਕੋਟ ਕਾਲ ਬੀਤੇ ਤੇਰਾ ਦਰਸ ਨਜ਼ਰ ਨਾ ਆਇੰਦਾ । ਕਰ ਤਰਸ ਦੀਨ ਦਿਆਲ, ਮੈਂ ਹੋਇਆ ਅੰਤ ਬੇਹਾਲ, ਮੇਰਾ ਦਰਦ ਨਾ ਕੋਇ ਵੰਡਾਇੰਦਾ । ਜਗਤ ਅਵੱਲੜੀ ਚਲੀ ਚਾਲ, ਵਸੇਂ ਸਚਖੰਡ ਸੱਚੀ ਧਰਮਸਾਲ, ਲੋਕਮਾਤ ਨਜ਼ਰ ਕਿਸੇ ਨਾ ਆਇੰਦਾ । ਗੁਰਮੁਖ ਵਿਰਲੇ ਲਏ ਭਾਲ, ਸ਼ਬਦ ਸਰੂਪੀ ਬਣ ਦਲਾਲ, ਜਗਤ ਵਣਜਾਰਾ ਨਾਉਂ ਧਰਾਇੰਦਾ । ਹਰਿ ਹਰਿ ਫੁਲਵਾੜੀ ਲਾਏ ਪਤ ਡਾਲ੍ਹ, ਅੰਮ੍ਰਿਤ ਫਲ ਵੇਖੇ ਆਣ, ਗੁਰਮੁਖ ਸਾਚੇ ਆਪ ਉਪਾਇੰਦਾ । ਗੁਰਸਿਖਾਂ ਪਿਛੇ ਘਾਲਣ ਰਿਹਾ ਘਾਲ, ਨੂਰੀ ਜਲਵਾ ਨੂਰ ਜਲਾਲ, ਜਾਗਰਤ ਜੋਤ ਰੂਪ ਵਟਾਇੰਦਾ । ਹਰਿਜਨ ਤੇਰਾ ਹਲ ਕਰੇ ਸਵਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੱਟੀ ਪੜ੍ਹਾਏ ਸਾਚੀ ਧਰਮਸਾਲ, ਪਾਂਧਾ ਨਜ਼ਰ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਫੜ, ਗੁਰਮੁਖ ਮੇਲੇ ਆਪਣੇ ਘਰ, ਮਨਮੁਖ ਕੋਇ ਰਹਿਣ ਨਾ ਪਾਇੰਦਾ । ਕਰੋੜ ਛਿਆਨਵੇ ਉਠ ਉਠ ਵੇਖ, ਪੁਰਖ ਅਬਿਨਾਸ਼ੀ ਦਇਆ ਕਮਾਈਆ । ਰੂਪ ਰੰਗ ਨਾ ਦਿਸੇ ਰੇਖ, ਲੋਕਮਾਤ ਵੱਜੀ ਵਧਾਈਆ । ਗੁਰਸਿਖ ਸੱਜਣ ਰਿਹਾ ਪੇਖ, ਪੇਖਤ ਪੇਖਤ ਆਪਣੀ


੫੭੩
੧੦

ਤ੍ਰਿਖਾ ਬੁਝਾਈਆ । ਨਾਲ ਰਖਾਏ ਬ੍ਰਹਮਾ ਵਿਸ਼ਨ ਮਹੇਸ਼, ਪਿਛੇ ਚਲਣ ਵਾਹੋ ਦਾਹੀਆ । ਚਿਤਰ ਗੁਪਤ ਨਿਉਂ ਨਿਉਂ ਲਿਖੇ ਮੇਟਦਾ ਜਾਏ ਲੇਖ, ਲੇਖਾ ਕੋਇ ਰਹਿਣ ਨਾ ਪਾਈਆ । ਮੰਗੇ ਮੰਗ ਦਰ ਦਸਮੇਸ਼, ਪੁਰਖ ਅਕਾਲ ਹੋ ਸਹਾਈਆ । ਮੈਂ ਆਪਣਾ ਆਪ ਕੀਤਾ ਤੇਰੇ ਪੇਸ਼, ਤੇਰਾ ਰੂਪ ਸਰਬ ਲੋਕਾਈਆ । ਬਿਨ ਤੇਰੇ ਨਾਉਂ ਚਿੜੀਆਂ ਚੁਗਿਆ ਖੇਤ, ਖ਼ਾਲੀ ਸ੍ਰਿਸ਼ਟ ਰਿਹਾ ਵਖਾਈਆ । ਰੁੱਤ ਬਸੰਤ ਨਾ ਦਿਸੇ ਮਹੀਨਾ ਚੇਤ, ਫੁੱਲ ਫੁਲਵਾੜੀ ਨਾ ਕੋਇ ਮਹਿਕਾਈਆ । ਕਿਰਪਾ ਕਰ ਹਰਿ ਨੇਤਰ ਨੇਤ, ਨਿਤ ਨਵਿਤ ਤੇਰੀ ਵਡਿਆਈਆ । ਮੈਂ ਬੇੜਾ ਚਲਾਇਆ ਤੂੰ ਬਣ ਖੇਵਟ ਖੇਟ, ਵੇਲਾ ਅੰਤ ਦਏ ਦੁਹਾਈਆ । ਤੂੰ ਪਿਤਾ ਹਉਂ ਤੇਰਾ ਬੇਟ, ਪਿਤਾ ਪੂਤ ਇਕ ਸਰਨਾਈਆ । ਗ਼ਰੀਬ ਨਿਮਾਣਿਆਂ ਆਪਣੀ ਹੱਥੀਂ ਲਿਖਦੇ ਲੇਖ, ਲੇਖਾ ਲਿਖਿਆ ਹੱਥ ਕਿਸੇ ਨਾ ਆਈਆ । ਫੜ ਪੱਲਾ ਲੈ ਜਾ ਆਪਣੇ ਦੇਸ, ਤੇਰਾ ਦੇਸ ਮੋਹੇ ਭਾਈਆ । ਤੂੰ ਵਸਦਾ ਰਹੀਂ ਸਦਾ ਹਮੇਸ਼, ਆਦਿ ਜੁਗਾਦਿ ਤੇਰੀ ਵਡੀ ਵਡਿਆਈਆ । ਤੇਰੀ ਪੁਕਾਰ ਕਰੇ ਕੇਸ਼ਵ ਕੇਸ਼, ਉਚੀ ਕੂਕ ਕੂਕੇ ਦਏ ਦੁਹਾਈਆ । ਤੂੰ ਸ਼ਾਹ ਪਾਤਸ਼ਾਹ ਸਚ ਸੁਲਤਾਨਾ ਨਰ ਨਰੇਸ਼, ਆਦਿ ਜੁਗਾਦਿ ਸੱਚੀ ਤੇਰੀ ਪਾਤਸ਼ਾਹੀਆ । ਮੈਂ ਆਪਣਿਆਂ ਗੁਰਸਿਖਾਂ ਤੇਰੇ ਦੁਆਰੇ ਲਵਾਂ ਵੇਖ, ਮੇਰੀ ਸੇਵਾ ਤੇਰੇ ਲੇਖੇ ਲੱਗੇ, ਮੈਂ ਲੱਖ ਲੱਖ ਸ਼ੁਕਰ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਹੁਕਮ ਦਏ ਸੁਣਾਈਆ । ਏਕਾ ਹੁਕਮ ਹਰਿ ਸੁਣਾਇਆ, ਗੋਬਿੰਦ ਮੀਤ ਜਗਾ । ਤੇਰਾ ਦੇਣਾ ਭੁਲ ਨਾ ਜਾਇਆ, ਦਿਤਾ ਸੁਨੇਹੜਾ ਸੱਥਰ ਸੂਲਾਂ ਹੇਠ ਵਿਛਾ । ਅੰਤਮ ਪੂਰਾ ਦਏ ਕਰਾਇਆ, ਕਲਜੁਗ ਅੰਤਮ ਫੇਰਾ ਪਾ । ਗੁਰਸਿਖ ਲੁਕਿਆ ਰਹੇ ਨਾ ਰਾਇਆ, ਜੋ ਸਰਸੇ ਦਿਤਾ ਰੁੜ੍ਹਾ । ਅੰਤਮ ਕੰਢੇ ਦਏ ਲਗਾਇਆ, ਆਪਣੇ ਬੇੜੇ ਆਪ ਚੜ੍ਹਾ । ਸਾਚੇ ਖੰਡੇ ਪਾਹੁਲ ਛਕਾਇਆ, ਅੰਮ੍ਰਿਤ ਖੰਡਾ ਵਿਚ ਫਿਰਾ । ਨਾਮ ਖੰਡਾ ਇਕ ਰਖਾਇਆ, ਲੋਹਾਰ ਤਰਖਾਣ ਸਕੇ ਨਾ ਕੋਇ ਘੜਾ । ਦੋ ਜਹਾਨਾਂ ਨਜ਼ਰ ਕਿਸੇ ਨਾ ਆਇਆ, ਕੋਟਨ ਕੋਟ ਜੀਵ ਰਹੇ ਨੈਣ ਉਠਾ । ਤੇਰਾ ਅੰਤਮ ਵੇਲਾ ਦਏ ਸੁਹਾਇਆ, ਸਿਰ ਤੇਰੇ ਹੱਥ ਟਿਕਾ । ਆਪਣਾ ਰੂਪ ਤੇਰੇ ਵਿਚ ਟਿਕਾਇਆ, ਤੇਰਾ ਰੂਪ ਆਪਣਾ ਲਏ ਵਟਾ । ਕਲਜੁਗ ਜੀਵਾਂ ਭਰਮ ਭੁਲੇਖਾ ਪਾਇਆ, ਪੰਜ ਤੱਤ ਚੋਲਾ ਹਰਿ ਜੂ ਦਿਸੇ ਨਾ । ਏਕਾ ਸੋਹਲਾ ਆਪਣਾ ਰਿਹਾ ਗਾਇਆ, ਸਾਚਾ ਢੋਲਾ ਰਿਹਾ ਜਣਾ । ਗੁਰਮੁਖ ਵਿਰਲੇ ਉਹਲਾ ਪਰਦਾ ਦਏ ਚੁਕਾਇਆ, ਜਿਸ ਜਨ ਆਪਣਾ ਮੇਲ ਲਏ ਮਿਲਾ । ਸਾਚਾ ਤੋਲਾ ਬਣ ਕੇ ਆਇਆ, ਸਾਚਾ ਕੰਡਾ ਹੱਥ ਰਖਾ । ਗੁਰਮੁਖ ਸਾਚੇ ਆਪਣੇ ਕੰਡੇ ਲਏ ਤੁਲਾਇਆ, ਏਕਾ ਵੱਟਾ ਨਾਮ ਰਖਾ, ਮਨਮੁਖ ਮੂੜ੍ਹੇ ਦਏ ਰੁੜ੍ਹਾਇਆ, ਕਲਜੁਗ ਅੰਤਮ ਧੱਕਾ ਲਾ । ਵੇਲੇ ਅੰਤ ਨਾ ਸਕੇ ਕੋਇ ਬਚਾਇਆ, ਰਾਏ ਧਰਮ ਦਏ ਸਜ਼ਾ । ਕਰੋੜ ਛਿਆਨਵੇ ਗੁਰਸਿਖ ਤੇਰੇ ਚਰਨਾਂ ਰਾਹ ਤਕਾਇਆ । ਤੇਰੇ ਅੰਤਰ ਆਤਮਾ ਮੰਗੇ ਠੰਡਾ ਸਾਹ । ਤੇਰੇ ਪਵਣ ਸਵਾਸ ਹਰਿ ਜੂ ਰਿਹਾ ਸਮਾਇਆ, ਮੇਰੀ ਬੰਦ ਖਲਾਸ ਦਏ ਕਰਾ । ਕਲਜੁਗ ਜੀਵ ਕਰ ਕਰ ਹਾਸ ਵਕ਼ਤ ਚੁਕਾਇਆ, ਅੰਤਮ ਪੈਣਾ ਏਕਾ ਫਾਹ । ਸਾਕ ਸੱਜਣ ਨਾ ਸਕੇ ਕੋਇ ਬਚਾਇਆ, ਮਾਤ ਪਿਤ ਨਾ ਹੋਏ ਸਹਾ । ਨਾਰੀ ਕੰਤ ਨਾ ਸੰਗ ਰਖਾਇਆ, ਪੁਤਰ ਧੀਆਂ ਰੋਵਣ ਮਾਰਨ ਧਾ । ਲਾੜੀ ਮੌਤ ਲਏ ਪਰਨਾਇਆ, ਲਾਲ ਮਹਿੰਦੀ ਹੱਥ ਰੰਗਾ । ਸੂਹਾ ਵੇਸ ਲਏ ਕਰਾਇਆ, ਨੇਤਰ ਕਜਲਾ ਪਾ । ਆਪਣੀ ਮੇਂਢੀ ਲਏ ਗੁੰਦਾਇਆ, ਤੇਰੀ ਨਾਰ ਖੁਲੜੀ ਗੁੱਤ ਦਏ ਰਖਾ । ਘਰ ਘਰ ਸਿਆਪਾ ਦੇਵੇ ਪਾਇਆ, ਨਾ ਕੋਈ ਸਕੇ ਧੀਰ ਧਰਾ । ਲੱਖ ਚੁਰਾਸੀ ਜੂਨ ਭਵਾਇਆ, ਜੁਗ ਜੁਗ ਗੇੜਾ ਗੇੜ ਰਖਾ । ਜਿਸ ਜਨ ਹਰਿ

੫੭੪
੧੦

ਹਰਿ ਰਸਨਾ ਗਾਇਆ, ਪੁਰਖ ਅਬਿਨਾਸ਼ੀ ਹੋਏ ਸਹਾ । ਕਲਜੁਗ ਅੰਤਮ ਦਇਆ ਕਮਾਇਆ, ਸੋਹੰ ਮੰਤਰ ਇਕ ਪੜ੍ਹਾ । ਜੰਤਰ ਤੰਤਰ ਕੋਈ ਨੇੜ ਨਾ ਆਇਆ, ਜਗਤ ਬਸੰਤਰ ਰੂਪ ਦਏ ਵਟਾ । ਸਾਚੀ ਬਣਤਰ ਆਪ ਬਣਾਇਆ, ਵਿਸ਼ਨ ਬ੍ਰਹਮਾ ਸ਼ਿਵ ਸੇਵ ਲਗਾ । ਗਗਨ ਗਗਨੰਤਰ ਪਾਰ ਕਰਾਇਆ, ਗਗਨ ਮੰਡਲ ਦਏ ਠੁਕਰਾ । ਸਾਚੇ ਮੰਦਰ ਦਏ ਬਹਾਇਆ, ਨਿਰਗੁਣ ਜੋਤ ਕਰ ਰੁਸ਼ਨਾ । ਸੂਰਜ ਚੰਦ ਨਾ ਕੋਇ ਚੜ੍ਹਾਇਆ, ਕਰੇ ਖੇਲ ਬੇਪਰਵਾਹ । ਪੁਰਖ ਅਬਿਨਾਸ਼ੀ ਸਚ ਸਿੰਘਾਸਣ ਡੇਰਾ ਲਾਇਆ, ਸਾਚੇ ਤਖ਼ਤ ਬਹੇ ਸੱਚਾ ਸ਼ਹਿਨਸ਼ਾਹ । ਹਰਿਜਨ ਸਾਚੇ ਲਏ ਮਿਲਾਇਆ, ਆਪਣੇ ਚਰਨ ਦੇਵੇ ਸਚ ਪਨਾਹ । ਦਾਮਨਗੀਰ ਦਾਮਨ ਲਏ ਫੜਾਇਆ, ਦਾਮਨ ਦਾਮਨ ਨਾਲ ਬੰਧਾ । ਧੁਰ ਦਾ ਜ਼ਾਮਨ ਕਲਜੁਗ ਅੰਤਮ ਵੇਖਣ ਆਇਆ, ਨਿਹਕਲੰਕਾ ਨਾਉਂ ਰਖਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਛੱਪਰ ਛੰਨ ਰਿਹਾ ਸੁਹਾ । ਛੱਪਰ ਛੰਨ ਸੋਭਾਵੰਤ, ਸੋਭਨੀਕ ਕਰਾਈਆ । ਹਰਿ ਸਖ਼ੀਆਂ ਮੇਲਾ ਹਰਿ ਜੂ ਕੰਤ, ਹਰਿ ਮੰਗਲ ਏਕਾ ਗਾਈਆ । ਚਾਰ ਕੁੰਟ ਰੁੱਤ ਬਸੰਤ, ਗੁਰਸਿਖ ਪੰਖੜੀਆਂ ਆਪ ਮਹਿਕਾਈਆ । ਹਰਿ ਸੂਰਾ ਗੂੰਜੇ ਆਦਿ ਅੰਤ, ਹਰਿਜਨ ਤੇਰੀ ਮਹਿਕ ਸਾਚਾ ਰਸ ਚਖ ਚਖ ਤ੍ਰਿਪਤ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਮਾਲੀ ਬਣ ਬਣ ਆਈਆ । ਜਗਤ ਮਾਲੀ ਬਣੇ ਬਨ ਮਾਲਣ, ਜੋਤ ਅਕਾਲਣ ਦਇਆ ਕਮਾਈਆ । ਸਿਰ ਤੇ ਖਾਰੀ ਚਲੀ ਭਾਲਣ, ਜੰਗਲ ਜੂਹ ਉਜਾੜ ਪਹਾੜ ਫੇਰਾ ਪਾਈਆ । ਘਰ ਘਰ ਵਜਾਉਂਦੀ ਫਿਰੇ ਆਪਣਾ ਤਾਲਣ, ਬਿਨ ਗੁਰਸਿਖ ਸੁਣਨ ਕੋਇ ਨਾ ਪਾਈਆ । ਮਨਮੁਖ ਜੀਵ ਕੱਢਣ ਗਾਲਣ, ਚੁਗਲੀ ਨਿੰਦਿਆ ਮੁਖ ਵਖਾਈਆ । ਧੰਨ ਵਡਿਆਈ ਗੁਰਮੁਖ ਜੋ ਘਾਲ ਘਾਲਣ, ਘਾਲ ਘਾਲੀ ਲੇਖੇ ਪਾਈਆ । ਕਲਜੁਗ ਅੰਤਮ ਬਣ ਸਵਾਲਣ, ਏਕਾ ਮੰਗ ਮੰਗਣ ਆਈਆ । ਮੈਂ ਅੰਞਾਣੀ ਬਾਲ ਅੰਞਾਣ, ਲੋਕਮਾਤ ਬਿਨ ਗੁਰਸਿਖ ਮੇਰੀ ਪਤ ਨਾ ਕੋਇ ਰਖਾਈਆ । ਨੌਂ ਖੰਡ ਪ੍ਰਿਥਮੀ ਹੱਡੀਆਂ ਹੋਇਆ ਬਾਲਣ, ਮੇਰੀ ਜੋਤੀ ਲੰਬੂ ਲਾਈਆ । ਮੈਂ ਤੇਰੀ ਕਰਾਂ ਸਦਾ ਪ੍ਰਿਤਪਾਲਣ, ਪ੍ਰਿਤਪਾਲਕ ਰੂਪ ਵਟਾਈਆ । ਤੇਰੀ ਸੁਗੰਧ ਮੈਂ ਭਰਾਂ ਖਾਰੀ ਫੁੱਲ ਮਾਲਣ, ਧੁਰ ਦਰਬਾਰੇ ਆਪ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਸੱਚੇ ਏਕਾ ਮਾਣ, ਮਹੱਲ ਮੰਦਰ ਵਖਾਏ ਇਕ ਮਕਾਨ, ਏਕਾ ਬੈਠਾ ਆਸਣ ਲਾਈਆ ।

ਆਉਂਦਾ ਜਾਂਦਾ ਜਗਤ ਨਾ ਦਿਸੇ, ਭੁੱਲੀ ਸਰਬ ਲੋਕਾਈਆ । ਗੁਰਮੁਖਾਂ ਵੰਡਾਏ ਆਪਣੇ ਹਿੱਸੇ, ਸਤਿਗੁਰ ਪੂਰਾ ਵੰਡ ਵੰਡਾਈਆ । ਸਾਚੀ ਸਿਖਿਆ ਜੋ ਜਨ ਸਿਖੇ, ਸਿਖੀ ਸਿਖਿਆ ਵਿਚ ਰਖਾਈਆ । ਆਪਣਾ ਲੇਖਾ ਆਪਣੀ ਹੱਥੀਂ ਲਿਖੇ, ਲਿਖਿਆ ਲੇਖ ਨਾ ਕੋਇ ਮਿਟਾਈਆ । ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ਲਗਾਏ ਏਥੇ ਓਥੇ, ਪਰਗਟ ਹੋ ਹੋ ਦਰਸ ਵਖਾਈਆ । ਪੰਜ ਤੱਤ ਕਾਇਆ ਚੋਲੀ ਪਤਾ ਨਾ ਲੱਗੇ ਲੁਕਿਆ ਕਿਹੜੀ ਵਿਥੇ, ਦਿਨ ਰਾਤ ਬਣ ਮਨੁੱਖ ਜਗਤ ਵਿਹਾਰਾ ਗਾਏ ਕਿੱਸੇ, ਆਪਣਾ ਭੇਵ ਆਪਣੇ ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਬੈਠਾ ਮੁਖ ਛੁਪਾਈਆ । ਜਗਤ ਦਿਸੇ ਨਾ ਹਰਿ ਨਿਰੰਕਾਰਾ, ਰੂਪ ਰੰਗ ਨਾ ਕੋਇ ਜਣਾਈਆ । ਗੁਰਮੁਖਾਂ

ਕਰੇ ਸਚ ਪਿਆਰਾ, ਆਪਾ ਧਰ ਆਪਣੀ ਖ਼ਾਕ ਖ਼ਾਕੀ ਖ਼ਾਕ ਮਿਲਾਈਆ । ਹੱਡ ਮਾਸ ਨਾੜੀ ਰਤ ਨਾ ਰੱਖਿਆ ਗਾਰਾ, ਤਤਵ ਤਤ ਨਾ ਕੋਇ ਵਡਿਆਈਆ । ਜਗਤ ਵੇਂਹਦਿਆਂ ਸੜ ਗਿਆ ਵਿਚ ਸੰਸਾਰਾ, ਅਗਨੀ ਭੇਟ ਆਪਣਾ ਆਪ ਕਰਾਈਆ । ਆਪਣਾ ਰੂਪ ਧਰ ਨਿਰਾਕਾਰਾ, ਨਿਰਗੁਣ ਅਚਰਜ ਖੇਲ ਰਚਾਈਆ । ਕਰਿਆ ਕੌਲ ਪੂਰਾ ਕਰੇ ਆਪ ਆਪਣੀ ਵਾਰਾ, ਕੀਤਾ ਕੌਲ ਭੁਲ ਨਾ ਜਾਈਆ । ਗੋਬਿੰਦ ਕੀਤਾ ਇਕ ਪਿਆਰਾ, ਪਿਆਰਾ ਪਿਆਰ ਵਿਛੜ ਨਾ ਜਾਈਆ । ਫੇਰ ਬੋਲਿਆ ਆਪਣਾ ਸਚ ਜੈਕਾਰਾ, ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਨਾਉਂ ਰਖਾਈਆ । ਅੰਦਰ ਵੜ ਹੋਇਆ ਜ਼ਾਹਰਾ, ਆਪ ਆਪਣੀ ਕਲ ਧਰਾਈਆ । ਲੋਕਮਾਤ ਬਣਾਇਆ ਸਚਖੰਡ ਦੁਆਰਾ, ਸਾਚੇ ਤਖ਼ਤ ਸੋਭਾ ਪਾਈਆ । ਕਰਿਆ ਕੰਮ ਜਗਤ ਵਿਹਾਰਾ, ਬਣ ਤਰਖਾਣ ਸਾਚਾ ਸੂਤਰ ਮਾਤ ਲਗਾਈਆ । ਗਵਾਰ ਜੱਟ ਹੱਥ ਫੜਾਇਆ ਕੁਹਾੜਾ, ਤਿਖੀ ਧਾਰ ਆਪ ਰਖਾਈਆ । ਚੀਰ ਚੀਰ ਕੀਆ ਦੋ ਫਾੜਾ, ਅੱਧਵਿਚਕਾਰਾ ਆਪਣਾ ਆਪ ਛੁਪਾਈਆ । ਨਾਰੀ ਅੰਦਰ ਲੁਕਿਆ ਸਾਚਾ ਲਾੜਾ, ਸਾਚੀ ਪ੍ਰੀਤ ਇਕ ਵਖਾਈਆ । ਆਵੇ ਜਾਵੇ ਦਿਨ ਦਿਹਾੜਾ, ਆਉਂਦਾ ਜਾਂਦਾ ਨਜ਼ਰ ਕਿਸੇ ਨਾ ਆਈਆ । ਗੁਰਸਿਖ ਉਚੀ ਕੂਕ ਕਰੇ ਪੁਕਾਰਾ, ਸਚ ਜੈਕਾਰਾ ਏਕਾ ਵਾਰਾ ਲਾਈਆ । ਮਹਾਂਬਲੀ ਉਤਰੇ ਅਵਤਾਰਾ, ਸਨਮੁਖ ਆਪਣਾ ਦਰਸ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਬੰਧਨ ਆਪੇ ਪਾਈਆ । ਕਰਿਆ ਕੌਲ ਕਰਨਾ ਪੂਰਾ, ਆਪਣਾ ਤਨ ਤਜਾਇਆ । ਪਰਗਟ ਹੋਏ ਹਾਜ਼ਰ ਹਜ਼ੂਰਾ, ਬੇੜਾ ਬੰਨ ਵਖਾਇਆ । ਗੁਰਸਿਖ ਪਕੜੇ ਨੇੜੇ ਦੂਰਾ, ਪੂਰਬ ਜਨਮ ਵੇਖ ਵਖਾਇਆ । ਸੋ ਸਤਿਗੁਰ ਸਾਹਿਬ ਸੱਚਾ ਪੂਰਾ, ਜੋ ਵਿਛੜੇ ਲਏ ਮਿਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਰੰਗ ਵਖਾਇਆ । ਗੁਰਸਿਖ ਇਕ ਕਰਨਾ ਚਰਨ ਧਿਆਨ, ਕਰਮ ਕਾਂਡ ਰਹਿਣ ਨਾ ਪਾਈਆ । ਨਾਤਾ ਤੁਟੇ ਪੰਜ ਸ਼ੈਤਾਨ, ਮਾਇਆ ਮਮਤਾ ਨਾ ਹੋਏ ਹਲਕਾਈਆ । ਮੰਗਣ ਜਾਣਾ ਨਾ ਕਿਸੇ ਦੁਕਾਨ, ਦੂਸਰ ਹੱਟ ਨਾ ਕੋਇ ਵਖਾਈਆ । ਪੂਜਾ ਕਰੇ ਨਾ ਮੜ੍ਹੀ ਮਸਾਨ, ਦੇਵੀ ਦੇਵ ਨਾ ਕੋਇ ਰਖਾਈਆ । ਬ੍ਰਹਮਾ ਵਿਸ਼ਨ ਸ਼ਿਵ ਨਾ ਕਰਨ ਗਿਆਨ, ਏਕਾ ਅੱਖਰ ਰਿਹਾ ਸੁਣਾਈਆ । ਤੇਰੇ ਦੁਆਰ ਸੇਵਾ ਕਰੇ ਪਵਣ ਪਾਨੀ ਬਣ ਮਸਾਨ, ਜ਼ਮੀਨ ਅਸਮਾਨ ਤੇਰੀ ਧੂੜ ਖ਼ਾਕ ਰਮਾਈਆ । ਤੇਰਾ ਸੋਹਲਾ ਮੇਰਾ ਗਾਣ, ਰਸਨਾ ਜਿਹਵਾ ਏਕਾ ਰਸ ਵਖਾਈਆ । ਤੇਰਾ ਮੰਦਰ ਮੇਰਾ ਮਕਾਨ, ਤੇਰਾ ਕੂੜਾ ਹੂੰਝ ਵਖਾਈਆ । ਤੇਰੇ ਕੁਕਰਮ ਆਪਣੀ ਝੋਲੀ ਪਾਏ ਆਣ, ਏਕਾ ਵਾਰ ਕਰੇ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖਾਂ ਦੇਵੇ ਸਾਚਾ ਵਰ, ਚਰਨ ਧਿਆਨ ਇਕ ਸਮਝਾਈਆ । ਚਰਨ ਧਿਆਨ ਰੱਖਣੀ ਆਸ, ਜਗਤ ਆਸਾ ਸਰਬ ਮਿਟਾਈਆ । ਜਨਮ ਜਨਮ ਦੀ ਮੇਟੇ ਪਿਆਸ, ਅੰਮ੍ਰਿਤ ਆਤਮ ਰਸ ਚਖਾਈਆ । ਗੁਰਸਿਖ ਤੇਰੇ ਅੰਦਰ ਕਰੇ ਵਾਸ, ਗੁਰਸਿਖ ਲੱਭਣ ਕਿਤੇ ਨਾ ਜਾਈਆ । ਤੇਰੀ ਕਾਇਆ ਜੰਗਲ ਜੂਹ ਉਜਾੜ ਪਹਾੜ ਜੋ ਦਿਸੇ ਪਰਭਾਸ, ਸਾਚੀ ਰੁੱਤ ਦਏ ਸੁਹਾਈਆ । ਤੇਰਾ ਕਟੇ ਜਮ ਕਾ ਫਾਸ, ਜਮ ਕਾ ਦੂਤ ਨੇੜ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਦਇਆ ਕਮਾਈਆ ।

ਮੰਨ ਪੰਖੀ ਕੀ ਮਾਰੇ ਉਡਾਰ, ਦਹਿ ਦਿਸ਼ ਉਠ ਉਠ ਮੂਲ ਨਾ ਧਾਈਆ । ਡੰਡਾ ਘੜਿਆ ਬਣ ਤਰਖਾਣ, ਪਿਛੇ ਜੱਟ ਹੱਥ ਫੜਾਈਆ । ਮਾਰਨ ਲੱਗਾ ਨਾ ਪੁਛੇ ਵਾਰ, ਆਂਢ ਗੁਆਂਢ ਰਿਹਾ ਡਰਾਈਆ । ਪੰਜ ਤੱਤ ਲਾਗੇ ਰੋਵਣ ਜ਼ਾਰੋ ਜ਼ਾਰ, ਸਾਡੀ ਵਾਰੀ ਨੇੜੇ ਆਈਆ । ਪਤਾ ਨਹੀਂ ਕਿਸ ਤਰਾਂ ਕਰੇ ਖੁਆਰ, ਨਾ ਕਿਸੇ ਦੀ ਮੰਨੇ ਨਾ ਕੋਈ ਸੁਣੇ, ਆਪਣਾ ਬਲ ਆਪ ਰਖਾਈਆ । ਹਾਏ ਹਾਏ ਹਾਏ ਕਰੇ ਪੁਕਾਰ, ਮੈਂ ਭੁੱਲਾ ਵਿਚ ਸੰਸਾਰ, ਤੂੰ ਬਖ਼ਸ਼ ਬਖ਼ਸ਼ਣਹਾਰ, ਮੈਂ ਤੇਰੇ ਗੁਰਸਿਖਾਂ ਦੀ ਚਰਨ ਧੂੜ ਛਾਰ, ਖ਼ਾਕੀ ਖ਼ਾਕ ਮਸਤਕ ਟਿੱਕਾ ਲਾਈਆ । ਲੱਖ ਚੁਰਾਸੀ ਅੰਦਰ ਵੜ ਵੜ ਕਰਦਾ ਰਿਹਾ ਹੰਕਾਰ, ਸਾਧਾਂ ਸੰਤਾਂ ਮਾਰਦਾ ਰਿਹਾ ਮਾਰ, ਆਪਣੀ ਵਾਸਨਾ ਵਿਚ ਫਸਾਈਆ । ਮੇਰਾ ਰੂਪ ਨਿਰਾਕਾਰ, ਤੇਰੀ ਜੋਤ ਮੇਰਾ ਸ਼ਿੰਗਾਰ, ਤੇਰੀ ਅੰਸ ਮੈਂ ਅਖਵਾਈਆ । ਤੇਰਾ ਬੰਸ ਗੁਰਸਿਖ ਸਾਚਾ ਪਰਵਾਰ, ਮੈਂ ਇਕ ਇਕੱਲਾ ਮੰਨ ਕੇ ਬੈਠਾ ਹਾਰ, ਮੇਰੀ ਪੇਸ਼ ਕੋਈ ਨਾ ਜਾਈਆ । ਤੂੰ ਬਖ਼ਸ਼ ਹਰਿ ਬਖ਼ਸ਼ਣਹਾਰ, ਢਹਿ ਢਹਿ ਮੰਗੇ ਮੰਗ ਭਿਖਾਰ, ਨਿਉਂ ਨਿਉਂ ਚਰਨ ਕਵਲ ਕਰੇ ਨਿਮਸਕਾਰ, ਮਨ ਮਨੂਆ ਸੀਸ ਝੁਕਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਆਪਣੇ ਦਰ ਕਰੇ ਪਰਵਾਨ, ਮਨ ਮਤ ਬੁਧ ਰਹਿਣ ਦੇਵੇ ਨਾ ਕੋਇ ਚਤੁਰਾਈਆ ।

★ ੧੪ ਜੇਠ ੨੦੧੮ ਸੰਤ ਰਾਮ ਦੇ ਘਰ ਪਿੰਡ ਬਾਣੀਆਂ ਜੰਮੂ ★



ਜੁਗ ਜੁਗ ਰਾਹ ਤੱਕੇ ਧਰਤ, ਧਰਨੀ ਆਪਣੇ ਨੈਣ ਉਠਾਈਆ । ਕਵਣ ਵੇਲਾ ਪਾਰਬ੍ਰਹਮ ਪ੍ਰਭ ਆਏ ਪਰਤ, ਮੇਰੇ ਉਪਰ ਚਰਨ ਟਿਕਾਈਆ । ਮੇਰਾ ਮੇਟੇ ਸੋਗ ਹਰਖ, ਚਿੰਤਾ ਦੁੱਖ ਦਏ ਗਵਾਈਆ । ਲੱਖ ਚੁਰਾਸੀ ਕਰੇ ਪਰਖ, ਹਰਿਜਨ ਸਾਚੇ ਲਏ ਜਗਾਈਆ । ਲੇਖਾ ਜਾਣੇ ਅਰਸ਼ ਫ਼ਰਸ਼, ਗਗਨ ਗਗਨੰਤਰ ਖੋਜ ਖੁਜਾਈਆ । ਗ਼ਰੀਬ ਨਿਮਾਣਿਆਂ ਉਤੇ ਕਰੇ ਤਰਸ, ਸਿਰ ਆਪਣਾ ਹੱਥ ਟਿਕਾਈਆ । ਅੰਮ੍ਰਿਤ ਮੇਘ ਦੇਵੇ ਬਰਸ, ਮੇਰਾ ਅਗਨ ਤੱਤ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਹੋਏ ਆਣ ਸਹਾਈਆ । ਜੁਗ ਜੁਗ ਧਰਨੀ ਤੱਕੇ ਰਾਹ, ਨੇਤਰ ਨੈਣ ਨੈਣ ਉਠਾਈਆ । ਕਵਣ ਸੋ ਵੇਲਾ ਕਿਰਪਾ ਕਰੇ ਬੇਪਰਵਾਹ, ਲੋਕਮਾਤ ਲਏ ਅੰਗੜਾਈਆ । ਮੇਰਾ ਦਰਦ ਦੁੱਖ ਦਏ ਮਿਟਾ, ਦੁਖੀਆਂ ਜੀਵਾਂ ਹੋਏ ਸਹਾਈਆ । ਸਾਚਾ ਸੁਖ ਦਏ ਉਪਜਾ, ਆਪਣਾ ਚਰਨ ਕਵਲ ਟਿਕਾਈਆ । ਉਜਲ ਮੁਖ ਦਏ ਕਰਾ, ਕਾਲਖ ਟਿੱਕਾ ਲਾਹੇ ਮੁਖ ਲੱਗੀ ਛਾਹੀਆ । ਸਫ਼ਲ ਕੁੱਖ ਮੇਰੀ ਲਏ ਕਰਾ, ਹਰਿਜਨ ਸਾਚੇ ਲਏ ਉਠਾਈਆ । ਅੰਮ੍ਰਿਤ ਜਾਮ ਦਏ ਪਿਆ, ਮੇਰੀ ਤ੍ਰਿਸ਼ਨਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਹੋਏ ਸਹਾਈਆ । ਧਰਨੀ ਧਵਲ ਕਰੇ ਪੁਕਾਰ, ਨੇਤਰ ਨੈਣਾਂ ਨੀਰ ਵਹਾਇਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਜੁਗ ਜੁਗ ਤੇਰਾ ਰਾਹ ਤਕਾਇਆ । ਮੈਂ ਤੱਕਾਂ ਵਾਰੋ ਵਾਰ, ਆਦਿ ਜੁਗਾਦਿ ਵਿਸਰ ਨਾ ਜਾਇਆ । ਤੇਰੇ ਚਰਨਾਂ ਸਚ ਪਿਆਰ, ਤੇਰਾ ਵਿਛੋੜਾ ਨਾ ਮੋਹੇ ਸਖਾਇਆ । ਗਲ ਪੱਲਾ ਰਹੀ ਡਾਰ, ਦੋਏ ਜੋੜ ਸੀਸ ਝੁਕਾਇਆ । ਕਰ ਕਿਰਪਾ ਆਪ ਕਰਤਾਰ, ਤੁਧ ਬਿਨ ਅਵਰ ਨਾ ਕੋਇ ਤਰਾਇਆ । ਮੈਂ ਡੂੰਘੀ ਭਵਰੀ ਡੁੱਬੀ ਗ਼ਾਰ, ਚਾਰੋਂ ਕੁੰਟ ਕਲਜੁਗ ਚਿਕੜ ਨਜ਼ਰੀ ਆਇਆ । ਕੋਇ ਨਾ ਦਰਦੀ ਦਰਦ ਵੰਡੇ ਵਿਚ ਸੰਸਾਰ, ਲੱਖ ਚੁਰਾਸੀ ਜੀਵ ਜੰਤ ਬੈਠੇ ਮੁਖ ਭਵਾਇਆ । ਨਿਰਗੁਣ ਜੋਤ ਕਰ ਉਜਿਆਰ, ਹਰਿਜਨ ਸਾਚੇ

੫੭੭
੧੦

ਲਏ ਉਭਾਰ, ਮੇਰਾ ਦੁੱਖੜਾ ਦਏ ਮਿਟਾਇਆ । ਪੁਰਖ ਅਬਿਨਾਸ਼ੀ ਹੋ ਤਿਆਰ, ਕਿਰਪਾ ਕਰੀ ਆਪ ਨਿਰੰਕਾਰ, ਨਿਰਗੁਣ ਨਿਰਗੁਣ ਵੇਸ ਵਟਾਇਆ । ਸੰਤ ਸੁਹੇਲੇ ਕਰ ਤਿਆਰ, ਜੁਗਾਂ ਜੁਗਾਂ ਦੇ ਮੇਲੇ ਵਿਛੜੇ ਯਾਰ, ਆਪ ਆਪਣਾ ਬੰਧਨ ਪਾਇਆ । ਏਕਾ ਦੇਵੇ ਨਾਮ ਆਧਾਰ, ਕਾਇਆ ਮੰਦਰ ਸਤਿ ਜੈਕਾਰ, ਸਾਚਾ ਢੋਲਾ ਇਕ ਸੁਣਾਇਆ । ਆਤਮ ਪਰਮਾਤਮ ਕਰ ਪਿਆਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੌਲਾ ਕਰੇ ਧਰਨੀ ਭਾਰ, ਧਰਤ ਧਵਲ ਤੇਰੀ ਸੁਣ ਪੁਕਾਰ, ਹਰਿ ਸਾਚਾ ਦਇਆ ਕਮਾਈਆ । ਨਿਰਗੁਣ ਨਿਰਗੁਣ ਲੈ ਅਵਤਾਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਸਰਗੁਣ ਮੀਤਾ ਹੋ ਤਿਆਰ, ਠਾਂਡਾ ਸੀਤਾ ਖੇਲ ਖਿਲਾਈਆ । ਇਕ ਅਤੀਤਾ ਬਖ਼ਸ਼ਣਹਾਰ, ਬਖ਼ਸ਼ਿਸ਼ ਬਖ਼ਸ਼ੇ ਸਾਚਾ ਮਾਹੀਆ । ਲੱਖ ਚੁਰਾਸੀ ਕਰ ਵਿਚਾਰ, ਹਰਿਜਨ ਸਾਚੇ ਲਏ ਮਿਲਾਈਆ । ਲੇਖਾ ਜਾਣੇ ਧੁਰ ਦਰਬਾਰ, ਲੋਆਂ ਪੁਰੀਆਂ ਖੋਜ ਖੁਜਾਈਆ । ਵਿਸ਼ਨ ਬ੍ਰਹਮਾ ਸ਼ਿਵ ਗਾਇਣ ਆਪਣੀ ਵਾਰ, ਕਰੋੜ ਤੇਤੀਸਾ ਸੁਰਪਤ ਰਾਜਾ ਇੰਦ ਰਿਹਾ ਸਾਲਾਹੀਆ । ਗਣ ਗੰਧਰਬ ਜੈ ਜੈਕਾਰ, ਕਿਨਰ ਜਛਪ ਨਾਚ ਨਚਾਈਆ । ਪਰਗਟ ਹੋਇਆ ਹਰਿ ਨਿਰੰਕਾਰ, ਰਵ ਸਸ ਸੀਸ ਝੁਕਾਈਆ । ਬਰਖ਼ਾ ਲਾਇਣ ਗੁਰ ਅਵਤਾਰ, ਚਾਰ ਜੁਗ ਦਾ ਰੰਗ ਵਖਾਈਆ । ਭਗਤਨ ਫੜ ਫੜ ਫੂਲਣਹਾਰ, ਦਰ ਦਰ ਆਇਣ ਸੀਸ ਝੁਕਾਈਆ । ਸੰਤਨ ਸੰਗ ਅੰਮ੍ਰਿਤ ਠੰਡਾ ਠਾਰ, ਇਕ ਪਿਆਲਾ ਰਹੇ ਵਖਾਈਆ । ਗੁਰਮੁਖਾਂ ਮਿਲੇ ਸਾਂਝਾ ਯਾਰ, ਵਰਨ ਗੋਤ ਨਾ ਕੋਇ ਬਣਾਈਆ । ਗੁਰਸਿਖ ਸਾਚੇ ਲਏ ਉਭਾਰ, ਦੇ ਮਤ ਆਪ ਸਮਝਾਈਆ । ਧਰਨੀ ਤੇਰਾ ਧਵਲ ਅਧਾਰ, ਧਵਲ ਕਰੇ ਕੁੜਮਾਈਆ । ਚਰਨ ਛੁਹਾਏ ਏਕਾ ਵਾਰ, ਇਕ ਇਕੱਲਾ ਸੱਚਾ ਮਾਹੀਆ । ਛੱਪਰ ਛੰਨ ਸੋਹੇ ਬੰਕ ਦੁਆਰ, ਬੰਕ ਦੁਆਰੀ ਦਏ ਵਡਿਆਈਆ । ਹਰਿ ਭਗਤਾਂ ਕਰੇ ਸਦਾ ਪਿਆਰ, ਜੁਗ ਜੁਗ ਆਪਣਾ ਵੇਸ ਧਰਾਈਆ । ਲੱਖ ਚੁਰਾਸੀ ਵਿਚੋਂ ਲਏ ਉਭਾਰ, ਮਾਣਕ ਮੋਤੀ ਆਪ ਉਠਾਈਆ । ਵਾਸਨਾ ਖੋਟੀ ਕਰੇ ਖੁਆਰ, ਕੂੜੀ ਕਿਰਿਆ ਦਏ ਗਵਾਈਆ । ਏਕਾ ਬ੍ਰਹਮ ਦਏ ਵਿਚਾਰ, ਪਾਰਬ੍ਰਹਮ ਸੱਚੀ ਸਰਨਾਈਆ । ਹਰਿਜਨ ਮੇਲਾ ਹਰਿ ਹਰਿ ਵਿਚ ਸੰਸਾਰ, ਦੂਸਰ ਸੰਗ ਨਾ ਕੋਈ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਮਾਣ ਮਾਣ ਵਡਿਆਈਆ । ਧਰਨੀ ਤੇਰਾ ਸਾਚਾ ਮਾਣ, ਹਰਿ ਚਰਨ ਕਵਲ ਛੁਹਾਇਆ । ਆਦਿ ਜੁਗਾਦਿ ਮੇਲਾ ਸ੍ਰੀ ਭਗਵਾਨ, ਨਿਰਗੁਣ ਸਰਗੁਣ ਸੰਗ ਨਿਭਾਇਆ । ਤੇਰੇ ਉਪਰ ਝੁਲਾਏ ਸਚ ਨਿਸ਼ਾਨ, ਸਤਿ ਸਤਿਵਾਦੀ ਆਪ ਉਠਾਇਆ । ਲੱਖ ਚੁਰਾਸੀ ਜੀਵ ਮੇਟੇ ਬੇਈਮਾਨ, ਨਾਤਾ ਸ਼ੈਤਾਨ ਦਏ ਤੁੜਾਇਆ । ਭਗਤ ਭਗਵੰਤ ਵੇਖੇ ਆਣ, ਆਪ ਆਪਣਾ ਰੂਪ ਵਟਾਇਆ । ਤੇਰੀ ਬੇਨੰਤੀ ਕਰ ਪਰਵਾਨ, ਬਾਵਣ ਆਪਣਾ ਖੇਲ ਖਿਲਾਇਆ । ਸਚ ਸੁਗੰਧੀ ਹਰਿ ਮਿਹਰਵਾਨ, ਗੁਰਸਿਖ ਆਤਮਾ ਵਾਸਨਾ ਦਏ ਭਰਾਇਆ । ਬੰਦੀਖ਼ਾਨਾ ਤੋੜੇ ਬੰਦੀ ਵਿਚ ਜਹਾਨ, ਬੰਧਨ ਕੋਇ ਰਹਿਣ ਨਾ ਪਾਇਆ । ਸਾਚਾ ਛੰਦਨ ਗੌਣਾ ਏਕਾ ਗਾਣ, ਸੋਹੰ ਸ਼ਬਦ ਨਾਮ ਵਖਾਇਆ । ਵਿਸ਼ਨ ਬ੍ਰਹਮਾ ਸ਼ਿਵ ਕਰਨ ਧਿਆਨ, ਧਿਆਨ ਧਿਆਨ ਵਿਚ ਰਖਾਇਆ । ਲੇਖਾ ਜਾਣੇ ਸ੍ਰੀ ਭਗਵਾਨ, ਨਾਨਾ ਆਪਣਾ ਰੂਪ ਵਟਾਇਆ । ਸੋ ਪੁਰਖ ਨਿਰੰਜਣ ਚਤੁਰ ਸੁਜਾਨ, ਹਰਿ ਪੁਰਖ ਨਿਰੰਜਣ ਚਤੁਰਭੁਜ ਆਪ ਅਖਵਾਇਆ । ਏਕੰਕਾਰਾ ਬਲੀ ਬਲਵਾਨ, ਆਦਿ ਨਿਰੰਜਣ ਜੋਤ ਨੂਰ ਸਵਾਇਆ । ਸ੍ਰੀ ਭਗਵਾਨ ਖੇਲੇ ਖੇਲ ਮਹਾਨ, ਅਬਿਨਾਸ਼ੀ ਕਰਤਾ ਭੇਵ ਕਿਸੇ ਨਾ ਪਾਇਆ । ਪਾਰਬ੍ਰਹਮ ਪ੍ਰਭ ਨੌਜਵਾਨ, ਨਾ ਮਰੇ ਨਾ ਜਾਇਆ । ਆਦਿ ਸ਼ਕਤ ਕਰ ਪਰਧਾਨ, ਸਾਚੇ ਮੰਦਰ ਦਏ ਵਡਿਆਇਆ । ਸਚਖੰਡ ਦੁਆਰਾ ਇਕ


੫੭੮ ੧੦

ਮਕਾਨ, ਸਤਿ ਸਤਿਵਾਦੀ ਆਸਣ ਲਾਇਆ । ਸ਼ਾਹੋ ਭੂਪ ਬਣ ਰਾਜ ਰਾਜਾਨ, ਸ਼ਾਹ ਸੁਲਤਾਨ ਆਪਣਾ ਖੇਲ ਖਿਲਾਈਆ । ਹੁਕਮੀ ਹੁਕਮ ਧੁਰ ਫ਼ਰਮਾਨ, ਧੁਰ ਫ਼ਰਮਾਨਾ ਆਪ ਸੁਣਾਇਆ । ਸ਼ਬਦੀ ਸ਼ਬਦ ਕਰ ਪਰਵਾਨ, ਸੁਤ ਦੁਲਾਰਾ ਏਕਾ ਜਾਇਆ । ਮਾਤਾ ਪਿਤਾ ਬਣ ਮਿਹਰਵਾਨ, ਦਾਈ ਦਾਇਆ ਆਪ ਹੋ ਜਾਇਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਵੇਖੇ ਮਾਰ ਧਿਆਨ, ਅੰਸ ਬੰਸ ਸਰਬੰਸ ਆਪਣਾ ਰੰਗ ਰੰਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮਾ ਸ਼ਿਵ ਦੇਵੇ ਦਾਨ, ਤ੍ਰੈਗੁਣ ਅਤੀਤਾ ਠਾਂਡਾ ਸੀਤਾ ਸਾਚੀ ਵਸਤ ਅਮੋਲਕ ਏਕਾ ਗੋਲਕ ਆਪ ਭਰਾਇਆ । ਸ਼ਬਦ ਜਣਾਏ ਹਰਿ ਅਨਬੋਲਤ, ਰਸਨਾ ਜਿਹਵਾ ਨਾ ਕੋਇ ਹਿਲਾਇਆ । ਨਾਦ ਅਨਾਦੀ ਸਤਿ ਭੰਡਾਰਾ ਖੋਲਤ, ਸੰਸਾਰੀ ਆਪਣਾ ਕਰਮ ਕਮਾਇਆ । ਆਦਿ ਜੁਗਾਦਿ ਰਹੇ ਅਡੋਲਤ, ਅਡੋਲ ਅਡੁਲ ਆਪਣਾ ਖੇਲ ਖਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਰਚਨਾ ਆਪ ਰਚਾਇਆ । ਸਾਚੀ ਰਚਨਾ ਹਰਿ ਹਰਿ ਰਚ, ਲੱਖ ਚੁਰਾਸੀ ਖੇਲ ਰਚਾਇਆ । ਨਿਰਗੁਣ ਅੰਦਰ ਵੜਿਆ ਸੱਚ, ਰੂਪ ਅਨੂਪ ਆਪ ਧਰਾਇਆ । ਕਾਇਆ ਮਾਟੀ ਭਾਗ ਲਗਾਏ ਕੱਚ, ਕੰਚਨ ਆਪਣਾ ਗੜ੍ਹ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਕਾਰਨ ਕਰ, ਜਲ ਜਲ ਆਪਣਾ ਰੂਪ ਵਟਾਇਆ । ਜਲ ਬਿੰਬ ਹਰਿ ਖੇਲ ਨਿਆਰਾ, ਆਪਣੀ ਦਇਆ ਆਪ ਕਮਾਈਆ । ਆਪੇ ਧਰਨੀ ਕਰ ਪਸਾਰਾ, ਧਵਲ ਰੂਪ ਵਟਾਈਆ । ਆਪੇ ਧਵਲ ਚੁੱਕੇ ਭਾਰਾ, ਤ੍ਰੈ ਤ੍ਰੈ ਲੇਖਾ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਤੇਰਾ ਬਣਾਏ ਮਾਤ ਘਰ, ਲੱਖ ਚੁਰਾਸੀ ਉਪਰ ਧਰ, ਤੇਰਾ ਬੰਕ ਸੁਹਾਈਆ । ਲੱਖ ਚੁਰਾਸੀ ਤੇਰੇ ਅੰਦਰ, ਹਰਿ ਹਰਿ ਆਪ ਟਿਕਾਇੰਦਾ । ਨੌਂ ਖੰਡ ਬਣੇ ਤੇਰਾ ਮੰਦਰ, ਨੌਂ ਦੁਆਰੇ ਵੇਖ ਵਖਾਇੰਦਾ । ਲੇਖਾ ਜਾਣੇ ਹਰਿਜਨ ਕੰਦਰ, ਭਗਤਨ ਭੇਵ ਅਭੇਦਾ ਆਪ ਛੁਪਾਇੰਦਾ । ਆਪੇ ਕਰੇ ਅੰਤਮ ਖੰਡਰ, ਆਪਣਾ ਖੇੜਾ ਆਪੇ ਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਲੱਖ ਚੁਰਾਸੀ ਅੰਦਰ ਧਰ, ਸਾਚਾ ਮੰਦਰ ਆਪ ਸੁਹਾਇੰਦਾ । ਧਰਨੀ ਧਰਤ ਧਵਲ ਦੇਵੇ ਦਾਤ, ਨਵ ਨੌਂ ਵੰਡ ਆਪ ਵੰਡਾਈਆ । ਤੇਰਾ ਮੇਲਾ ਕਮਲਾਪਾਤ, ਪਾਰਬ੍ਰਹਮ ਸੱਚੀ ਸਰਨਾਈਆ । ਜੁਗਾ ਜੁਗੰਤਰ ਪੁਛੇ ਵਾਤ, ਭੁਲ ਕਦੇ ਨਾ ਜਾਈਆ । ਤੇਰੀ ਪੱਟੀ ਇਕ ਜਮਾਤ, ਏਕਾ ਅੱਖਰ ਦਏ ਸਮਝਾਈਆ । ਬਿਨ ਚਰਨ ਕਵਲ ਹੋਰ ਨਾ ਮਾਰਨੀ ਕਿਤੇ ਝਾਤ, ਨੇਤਰ ਨੈਣ ਕਿਸੇ ਪਾਸੇ ਨਾ ਉਠਾਈਆ । ਤੇਰਾ ਬਣੇ ਕੰਤ ਸੁਹਾਗ, ਆਪਣੀ ਸਚ ਬਰਾਤ ਬਣਾਈਆ । ਤੇਰੀ ਸੁਹੰਜਣੀ ਹੋਏ ਰਾਤ, ਭਿੰਨੜੀ ਰੈਣ ਮੇਲ ਮਿਲਾਈਆ । ਤੇਰਾ ਸਗਨ ਮਨਾਏ ਆਪਣੀ ਗਾਥ, ਨਾਉਂ ਨਿਰੰਕਾਰਾ ਆਪ ਜਣਾਈਆ । ਤੇਰਾ ਮਸਤਕ ਟਿੱਕਾ ਬਿੰਦੀ ਲਾਏ ਮਾਥ, ਜੋਤ ਲਲਾਟ ਆਪ ਧਰਾਈਆ । ਤੇਰਾ ਵਖਾਏ ਏਕਾ ਸਾਥ, ਸਗਲਾ ਸੰਗ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧਰਨੀ ਦੇਵੇ ਧਵਲ ਵਡਿਆਈਆ । ਧਰਨੀ ਦੇਵੇ ਇਕ ਧਰਵਾਸ, ਏਕਾ ਹੁਕਮ ਸੁਣਾਇਆ । ਤੇਰੇ ਅੰਦਰ ਲੱਖ ਚੁਰਾਸੀ ਕਰ ਪਰਕਾਸ਼, ਆਪਣਾ ਖੇਲ ਖਿਲਾਇਆ । ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਪਾਵੇ ਰਾਸ, ਸਿੰਧ ਸਾਗਰ ਵੇਖ ਵਖਾਇਆ । ਤੇਰੇ ਉਪਰ ਰੱਖੇ ਇਕ ਆਕਾਸ਼, ਆਪਣਾ ਪਰਦਾ ਆਪ ਰਖਾਇਆ । ਉਪਰ ਵਸੇ ਸ਼ਾਹੋ ਸ਼ਾਬਾਸ, ਦਿਸ ਕਿਸੇ ਨਾ ਆਇਆ । ਵਿਸ਼ਨ ਬ੍ਰਹਮਾ ਸ਼ਿਵ ਕਰ ਕਰ ਦਾਸ, ਆਪਣਾ ਗੁਣ ਦਏ ਜਣਾਇਆ । ਸਚਖੰਡ ਦੁਆਰਾ

ਇਕ ਪਰਕਾਸ਼, ਪਾਰਬ੍ਰਹਮ ਪ੍ਰਭ ਆਪ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਹੁਕਮ ਜਣਾਇਆ । ਧੁਰ ਫ਼ਰਮਾਨਾ ਸਚ ਸੰਦੇਸ਼, ਹਰਿ ਸਾਚਾ ਸਚ ਸੁਣਾਈਆ । ਤੇਰੇ ਅੰਦਰ ਅੰਡਜ ਜੇਰਜ ਉਤਭੁਜ ਸੇਤਜ ਕਰੇ ਪਰਵੇਸ, ਚਾਰੇ ਖਾਣੀ ਆਪ ਉਪਾਈਆ । ਤੇਰੇ ਉਪਰ ਦੇਵੇ ਸਚ ਸੰਦੇਸ਼, ਪਰਾ ਬਸੰਤੀ ਮਧਮ ਬੈਖਰੀ ਬਾਣੀ ਆਪੇ ਗਾਈਆ । ਤੇਰੇ ਉਪਰ ਕਰੇ ਵੇਸ, ਵੇਸ ਅਨੇਕ ਰੂਪ ਵਟਾਈਆ । ਤੇਰੇ ਉਪਰ ਤਖ਼ਤ ਨਿਵਾਸੀ ਬਣ ਬਣ ਬਹੇ ਨਰ ਨਰੇਸ਼, ਤਖ਼ਤ ਤਾਜ ਆਪ ਸੁਹਾਈਆ । ਤੇਰੇ ਦਰ ਫਿਰੇ ਕਰ ਕਰ ਭੇਖ, ਦਰ ਦਰਵੇਸ਼ਾ ਰੂਪ ਵਟਾਈਆ । ਤੇਰੇ ਮੰਦਰ ਲੱਖ ਚੁਰਾਸੀ ਲੁਕਿਆ ਵੇਖ, ਲੁਕ ਲੁਕ ਆਪਣਾ ਮੁਖ ਛੁਪਾਈਆ । ਤੇਰੇ ਮੰਦਰ ਆਪੇ ਵਸੇ ਵੇਖਣਹਾਰਾ ਦਹਿ ਦਿਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਗੁਣ ਦਏ ਜਣਾਈਆ । ਸੁਣਿਆ ਗੁਣ ਹਰਿ ਭਗਵੰਤ, ਧਰਨੀ ਦੋਏ ਦੋਏ ਜੋੜ ਕਰੇ ਨਿਮਸਕਾਰ । ਤੂੰ ਸਾਹਿਬ ਸੱਚਾ ਕੰਤ, ਮੈਂ ਔਗੁਣ ਭਰੀ ਤੇਰੀ ਨਾਰ । ਮੇਰੀ ਚੋਲੀ ਚਾੜ੍ਹ ਰੰਗ ਬਸੰਤ, ਦੁਰਮਤ ਮੈਲ ਦੇ ਉਤਾਰ । ਮੇਰੀ ਤੋੜ ਹਉਮੇ ਹੰਗਤ, ਨਿਵਣ ਸੋ ਅੱਖਰ ਕਰ ਵਿਚਾਰ । ਮੈਂ ਆਪਣੀ ਗੋਦੀ ਰੱਖਾਂ ਜੀਵ ਜੰਤ, ਚੁੱਕਾਂ ਸਭ ਦਾ ਭਾਰ । ਤੇਰੀ ਕਰਦੀ ਰਹਿਵਾਂ ਮੰਨਤ, ਨੇਤਰ ਨੈਣ ਨੈਣ ਉਠਾਲ । ਕਰ ਕਿਰਪਾ ਭੇਜੀਂ ਆਪਣੇ ਸੰਤ, ਮੇਰੇ ਨਾਲ ਕਰਨ ਪਿਆਰ । ਮੇਰਾ ਲੇਖਾ ਰੱਖੀਂ ਆਪਣੇ ਹੱਥ ਅੰਤ, ਦੂਸਰ ਹੱਥ ਨਾ ਦਈਂ ਵਖਾਲ । ਮੈਂ ਮਹਿੰਮਾ ਗਾਵਾਂ ਤੇਰੀ ਅਗਣਤ, ਤੂੰ ਦਾਤਾ ਬੇਮਿਸਾਲ । ਮੈਨੂੰ ਸੁਣਾਉਣਾ ਇਕ ਛੰਤ, ਮੇਰਾ ਤੋੜੇ ਸਦਾ ਜੰਜਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੋਈ ਦੀਨਨ ਦੀਨ ਦਿਆਲ । ਦੀਨ ਦਿਆਲ ਕਿਰਪਾਨਿਧ, ਕਰ ਕਿਰਪਾ ਠਾਕਰ ਮੇਰਿਆ । ਮੇਰਾ ਕਾਰਜ ਕਰਨਾ ਸਿਧ, ਮੈਂ ਵਸਾਂ ਤੁਧ ਬਿਨ ਘੁੱਪ ਅੰਧੇਰਿਆ । ਆਪਣੇ ਮਿਲਣ ਦੀ ਆਪ ਬਣਾਉਣੀ ਬਿਧ, ਤੇਰਾ ਪੈਂਡਾ ਮੈਂ ਨਾ ਜਾਣਾ ਦੂਰ ਨੇੜਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰ ਕਿਰਪਾ ਕਰ ਮਿਹਰਿਆ । ਮਿਹਰਵਾਨ ਹਰਿ ਦਇਆ ਕਮਾ, ਆਪਣੀ ਬੂਝ ਬੁਝਾਈਆ । ਤੇਰੇ ਸਿਰ ਹੱਥ ਦਏ ਟਿਕਾ, ਪੁਰਖ ਅਬਿਨਾਸ਼ੀ ਬੇਪਰਵਾਹੀਆ । ਤੇਰੀ ਲੱਜਿਆ ਰੱਖੇ ਸ਼ਰਮ ਹਯਾ, ਜੁਗ ਜੁਗ ਵੇਸ ਵਟਾਈਆ । ਜੀਵ ਜੰਤ ਭੁੱਲੇ ਮਾਰਗ ਦਏ ਪਾ, ਜੋ ਤੇਰੀ ਪਤ ਰਹੇ ਗਵਾਈਆ । ਦੁਸ਼ਟ ਦੁਰਾਚਾਰ ਦਏ ਖਪਾ, ਦੇਵੇ ਦੰਡ ਸੱਚਾ ਸ਼ਹਿਨਸ਼ਾਹੀਆ । ਤੇਰਾ ਰੰਡੇਪਾ ਦਏ ਕਟਾ, ਕੰਤ ਸੁਹਾਗੀ ਮੇਲ ਮਿਲਾਈਆ । ਜੁਗ ਜੁਗ ਤੇਰਾ ਜਨੇਪਾ ਦੇਵੇ ਪਾ, ਹਰਿਜਨ ਸਾਚੇ ਤੇਰੀ ਗੋਦ ਵਖਾਈਆ । ਤੇਰਾ ਸਚ ਰੂਪ ਦਏ ਵਟਾ, ਕਰੇ ਸੇਵਾ ਬੇਪਰਵਾਹੀਆ । ਤੇਰਾ ਪੱਖ ਕਰੇ ਖ਼ੁਦਾ, ਖ਼ਾਲਕ ਵੇਖੇ ਥਾਉਂ ਥਾਈਆ । ਆਦਿ ਜੁਗਾਦਿ ਨਾ ਹੋਏ ਜੁਦਾ, ਸਖ਼ਾ ਸੁਹੇਲਾ ਸੰਗ ਨਿਭਾਈਆ । ਚਰਨਾਂ ਉਪਰ ਹੋਣਾ ਤੂੰ ਇਕ ਫ਼ਿਦਾ, ਫਿਤਰਤ ਤੇਰੀ ਇਕ ਵਖਾਈਆ । ਚਰਨ ਕਵਲ ਤੇਰੇ ਉਪਰ ਦਏ ਟਿਕਾ, ਤੇਰਾ ਜਨਮ ਅਜਨਮ ਲਏ ਬਦਲਾਈਆ । ਕਦਮ ਕਦਮ ਵੇਖੇ ਤੇਰਾ ਥਾਂ, ਜਿਸ ਘਰ ਗੁਰਮੁਖ ਸਾਚੇ ਲਏ ਪ੍ਰਗਟਾਈਆ । ਗੁਰਮੁਖਾਂ ਬਣੇ ਤੂੰ ਸਾਚੀ ਮਾਂ, ਆਪਣੀ ਗੋਦ ਅੰਮ੍ਰਿਤ ਸਾਚਾ ਸੀਰ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗਾ ਜੁਗੰਤਰ ਦੇਵੇ ਵਰ, ਤੇਰਾ ਲੇਖਾ ਦਏ ਮੁਕਾਈਆ । ਜੁਗ ਜੁਗ ਲੇਖ ਲਖਾਉਂਦਾ ਆਇਆ, ਨਿਰਗੁਣ ਸਰਗੁਣ ਜਾਮਾ ਧਾਰ । ਦੁਸ਼ਟ ਹੰਕਾਰੀ ਖਪਾਉਂਦਾ ਆਇਆ, ਨਾਮ ਖੰਡਾ ਫੜ ਕਟਾਰ । ਰਾਵਨ ਗੜ੍ਹ ਤੁੜਾਉਂਦਾ ਆਇਆ, ਰਾਮਾ ਰੂਪ ਹੋ ਉਜਿਆਰ । ਕੰਸ ਹੰਕਾਰੀ ਖਪਾਉਂਦਾ ਆਇਆ, ਕਾਹਨਾ ਕ੍ਰਿਸ਼ਨਾ ਮੀਤ ਮੁਰਾਰ ।

ਦੀਨਾਂ ਦਰਦ ਵੰਡਾਉਂਦਾ ਆਇਆ, ਨਾਨਕ ਗੋਬਿੰਦ ਖੇਲ ਸੱਚੀ ਸਰਕਾਰ । ਕਲਜੁਗ ਅੰਤਮ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਪਰ ਅਪਾਰ । ਕਲਜੁਗ ਅੰਤਮ ਖੇਲ ਖਿਲਾਉਣਾ, ਖ਼ਾਲਕ ਖ਼ਲਕ ਹਰਿ ਵੇਖ ਵਖਾਈਆ । ਸ੍ਰਿਸ਼ਟ ਸਬਾਈ ਤੇਰਾ ਹੌਲਾ ਭਾਰ ਕਰਾਉਣਾ, ਧਰਤੀ ਦੇਵੇ ਮਾਣ ਵਡਿਆਈਆ । ਧਰਤ ਆਪਣਾ ਚਰਨ ਟਿਕਾਉਣਾ, ਪੁਰਖ ਅਬਿਨਾਸ਼ੀ ਰੂਪ ਵਟਾਈਆ । ਪਹਿਲਾਂ ਗੁਰਸਿਖ ਮਾਤ ਜਗਾਉਣਾ, ਆਪਣੇ ਆਉਣ ਦੀ ਬਿਧ ਦਏ ਸਮਝਾਈਆ । ਜਿਸ ਦੁਆਰੇ ਗੁਰਸਿਖ ਵਸਾਉਣਾ, ਤਿਸ ਦੁਆਰੇ ਫੇਰਾ ਪਾਈਆ । ਲੱਖ ਚੁਰਾਸੀ ਨਜ਼ਰ ਨਾ ਆਉਣਾ, ਅਚਰਜ ਖੇਲ ਬਣਾਈਆ । ਹਰਿਜਨ ਹਰਿ ਹਰਿ ਮੇਲ ਮਿਲਾਉਣਾ, ਮੇਲ ਮਿਲਾਵਾ ਸਹਿਜ ਸੁਭਾਈਆ । ਧਰਤੀ ਤੇਰੇ ਰੰਗ ਤੇਰਾ ਰੂਪ ਰੰਗਾਉਣਾ, ਤੇਰੀ ਦੁਰਮਤ ਦਏ ਗਵਾਈਆ । ਸੋ ਪੁਰਖ ਨਿਰੰਜਣ ਹੰ ਬ੍ਰਹਮ ਏਕਾ ਛੰਦ ਸੁਣਾਉਣਾ, ਸੋਹੰ ਸ਼ਬਦ ਢੋਲਾ ਗਾਈਆ । ਪਿਛਲਾ ਪੈਂਡਾ ਪੰਧ ਮੁਕਾਉਣਾ, ਅੱਗੇ ਮਾਰਗ ਦੇਵੇ ਲਾਈਆ । ਸਾਚਾ ਸੁੱਖ ਇਕ ਵਖਾਉਣਾ, ਦੁੱਖ ਦਰਦ ਦਏ ਗਵਾਈਆ । ਸਤਿਜੁਗ ਸਾਚਾ ਮਾਣ ਰਖੌਣਾ, ਔਗੁਣ ਮੇਟੇ ਸਰਬ ਲੋਕਾਈਆ । ਹਰਿਜਨ ਸਾਚੇ ਮੇਲ ਮਿਲਾਉਣਾ, ਭਗਤ ਭਗਵੰਤ ਵੇਖੇ ਥਾਉਂ ਥਾਈਆ । ਤੇਰੀ ਗੋਦ ਆਪ ਬਹਾਉਣਾ, ਸਾਚੀ ਗੋਦ ਦਏ ਸੁਹਾਈਆ । ਸੋਹੰ ਸ਼ਬਦ ਸਭ ਨੇ ਗਾਉਣਾ, ਪਾਰਬ੍ਰਹਮ ਬ੍ਰਹਮ ਵੇਖੇ ਚਾਈਂ ਚਾਈਂਆ । ਚਾਰ ਕੁੰਟ ਹਰਿ ਹਰਿ ਨਜ਼ਰੀ ਆਉਣਾ, ਦੂਸਰ ਇਸ਼ਟ ਨਾ ਕੋਇ ਧਰਾਈਆ । ਪੰਖ ਪਖੇਰੂ ਪੰਛੀ ਉਡ ਉਡ ਸੀਸ ਝੁਕਾਉਣਾ, ਮਛ ਕੱਛ ਰਹਿਣ ਸਰਨਾਈਆ । ਦਹਿ ਦਿਸ਼ਾ ਲੱਖ ਚੁਰਾਸੀ ਜੀਵ ਜੰਤ ਰਾਹ ਤਕਾਉਣਾ, ਕੌਣ ਸੁ ਵੇਲਾ ਮਿਲੇ ਸਾਚਾ ਮਾਹੀਆ । ਪਾਰਬ੍ਰਹਮ ਪਤਿਪਰਮੇਸ਼ਵਰ ਨਿਹਕਰਮੀ ਸਾਚਾ ਕਰਮ ਕਮਾਉਣਾ, ਏਕਾ ਵਾਰ ਸਭ ਦਾ ਪਰਦਾ ਦਏ ਉਠਾਈਆ । ਜਿਸ ਪੇਖੇ ਤਿਸ ਨਜ਼ਰੀ ਆਉਣਾ, ਨਜ਼ਰੀ ਨਜ਼ਰ ਨਿਹਾਲ ਆਪ ਕਰਾਈਆ । ਧਰਨੀ ਤੇਰਾ ਲੇਖਾ ਆਪਣੇ ਹੱਥ ਰਖਾਉਣਾ, ਧਵਲ ਤੇਰੀ ਮਾਣ ਵਡਿਆਈਆ । ਧਵਲ ਤੇਰਾ ਮੂਲ ਚੁਕਾਉਣਾ, ਅਮਲ ਗੁਣ ਅਮਲ ਵੇਖੇ ਬੇਪਰਵਾਹੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਭ ਨੇ ਗਾਉਣਾ, ਬ੍ਰਹਿਮੰਡ ਖੰਡ ਪੁਰੀ ਲੋਅ ਗਗਨ ਪਾਤਾਲ ਅਰਸ਼ ਫ਼ਰਸ਼ ਜ਼ਿਮੀਂ ਅਸਮਾਨ ਵੱਜੇ ਇਕ ਵਧਾਈਆ ।



## ★ ੧੪ ਜੇਠ ੨੦੧੮ ਬਿਕ੍ਰਮੀ ਅਨੰਤ ਰਾਮ ਦੇ ਘਰ ਪਿੰਡ ਬਾਣੀਆਂ ਜੰਮੂ ★

ਜਿਸ ਲੇਖਾ ਤਿਸ ਪਾਏ ਸਾਰ, ਮਨ ਮਨਸਾ ਪੂਰ ਕਰਾਇੰਦਾ । ਜਿਸ ਸੰਸਾ ਤਿਸ ਦਏ ਨਿਵਾਰ, ਜੋ ਜਨ ਆਸ ਰਖਾਇੰਦਾ । ਕਰ ਕਿਰਪਾ ਜਨ ਲਾਏ ਪਾਰ, ਕਿਰਪਾਨਿਧ ਦਇਆ ਕਮਾਇੰਦਾ । ਆਤਮ ਅੰਤਰ ਦਏ ਵਿਚਾਰ, ਆਤਮ ਬ੍ਰਹਮ ਬੁਝਾਇੰਦਾ । ਹਉਮੇ ਹੰਗਤਾ ਤੋੜ ਹੰਕਾਰ, ਜੂਠ ਝੂਠ ਮੋਹ ਚੁਕਾਇੰਦਾ । ਹਰਿਜਨ ਹਰਿ ਹਰਿ ਇਕ ਪਿਆਰ, ਸਚ ਪ੍ਰੀਤੀ ਇਕ ਵਖਾਇੰਦਾ । ਜੁਗਾ ਜੁਗੰਤਰ ਸਾਚੀ ਕਾਰ, ਗੁਰਦੇਵ ਇਸ਼ਟ ਆਪਣਾ ਰੂਪ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਨਰੰਗ ਆਪਣੀ ਖੇਲ ਖਿਲਾਇੰਦਾ । ਅਨਰੰਗ ਹਰਿ ਪੁਰਖ ਬਿਧਾਤਾ, ਭੇਵ ਅਭੇਵ ਨਾ ਕੋਇ ਜਣਾਈਆ । ਬੈਠਾ ਰਹੇ ਇਕ ਇਕਾਂਤਾ, ਸਚਖੰਡ ਦੁਆਰੇ ਸੋਭਾ ਪਾਈਆ । ਜਨ ਭਗਤਾਂ ਮੇਲੇ ਆਪਣਾ ਨਾਤਾ, ਰੂਪ ਅਨੂਪ ਧਰਾਈਆ । ਸਚ ਜਣਾਏ ਸਾਚੀ ਗਾਥਾ, ਘਟ ਮੰਦਰ ਕਰੇ ਪੜ੍ਹਾਈਆ । ਹੋਏ ਸਹਾਈ ਰਘੁਪਤ ਰਘੁਨਾਥਾ, ਰਘੁਬੰਸ ਵਡੀ ਵਡਿਆਈਆ ।

ਮੇਲ ਮਿਲਾਵਾ ਰਾਮਾ ਪੂਤ ਸਪੂਤਾ ਦਸਰਾਥਾ, ਦਹਿਸਰ ਰਾਵਨ ਮਨ ਹੰਕਾਰ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਲੇਖਾ ਦਏ ਵਖਾਈਆ । ਜਿਸ ਲੇਖਾ ਤਿਸ ਮੇਲਿਆ, ਕਰ ਕਿਰਪਾ ਗੁਣ ਨਿਧਾਨ । ਏਕਾ ਦਰ ਵਖਾਏ ਗੁਰੂ ਗੁਰ ਚੇਲਿਆ, ਗੁਰ ਚੇਲਾ ਰੂਪ ਸ੍ਰੀ ਭਗਵਾਨ । ਪਾਰਬ੍ਰਹਮ ਅਬਿਨਾਸ਼ੀ ਕਰਤਾ ਨਿਰਗੁਣ ਸਰਗੁਣ ਸੱਜਣ ਸੁਹੇਲਿਆ, ਜੀਆ ਆਤਮ ਦੇਵੇ ਜੀਆ ਦਾਨ । ਰਾਏ ਧਰਮ ਦੀ ਕਟੇ ਜੇਲਿਆ, ਚਿਤਰ ਗੁਪਤ ਲੇਖਾ ਮੰਗੇ ਨਾ ਆਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਹਰਿ ਹਰਿ ਲਏ ਪਛਾਣ । ਜਿਸ ਲੇਖਾ ਤਿਸ ਮੁਕਿਆ ਪੰਧ, ਲੱਖ ਚੁਰਾਸੀ ਪੰਧ ਨਾ ਕੋਇ ਰਖਾਈਆ । ਹਰਿਜਨ ਤਜਿਆ ਮਦਿਰਾ ਮਾਸ ਗੰਦ, ਮਧਰ ਨੈਣ ਦਰਸ ਵਖਾਈਆ । ਆਤਮ ਉਪਜਾਏ ਪਰਮਾਨੰਦ, ਨਿਜ ਆਤਮ ਕਰੇ ਰਸਾਈਆ । ਦੂਈ ਦਵੈਤੀ ਢਾਏ ਕੰਧ, ਭਾਂਡਾ ਭਰਮ ਭੌ ਭੰਨਾਈਆ । ਗੀਤ ਸੁਣਾਏ ਸੁਹਾਗੀ ਛੰਦ, ਸੋਹੰ ਅੱਖਰ ਕਰੇ ਪੜ੍ਹਾਈਆ । ਖ਼ੁਸ਼ੀ ਕਰਾਏ ਬੰਦ ਬੰਦ, ਬੰਦੀਖ਼ਾਨਾ ਮਾਤਲੋਕ ਰਹਿਣ ਨਾ ਪਾਈਆ । ਕਰੇ ਪਰਕਾਸ਼ ਅੰਧੇਰੇ ਅੰਧ, ਜੋਤ ਨਿਰੰਜਣ ਕਰ ਰੁਸ਼ਨਾਈਆ । ਜਗਤ ਵਿਹਾਰਾ ਕਰੇ ਖੰਡ ਖੰਡ, ਜਿਸ ਜਨ ਆਪਣੀ ਬੂਝ ਬੁਝਾਈਆ । ਰਾਏ ਧਰਮ ਨਾ ਦੇਵੇ ਦੰਡ, ਲੇਖਾ ਲੇਖ ਦਏ ਮੁਕਾਈਆ । ਪੁਰਖ ਅਬਿਨਾਸ਼ੀ ਸਦਾ ਬਖ਼ਸ਼ੰਦ, ਹਰਿਜਨ ਹਰਿ ਹਰਿ ਲਏ ਬਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗੰਤਰ ਅਗਨੀ ਤੱਤ ਹੋਏ ਸਹਾਈਆ । ਜਿਸ ਲੇਖਾ ਤਿਸ ਪਾਇਆ ਮਾਣ, ਹਰਿ ਸੱਜਣ ਮੇਲ ਮਿਲਾਇਆ । ਸ਼ਬਦ ਅਗੰਮੀ ਸੁਣਿਆ ਫ਼ਰਮਾਨ, ਸਤਿ ਸਤਿ ਆਪ ਸੁਣਾਇਆ । ਤੀਰ ਅਨਿਯਾਲਾ ਵੱਜਾ ਬਾਣ, ਗੁਰ ਸ਼ਬਦੀ ਬਾਣ ਚਲਾਇਆ । ਸੱਬ ਲੱਬੇ ਪੰਜ ਸ਼ੈਤਾਨ, ਹਿੰਸਾ ਰੂਪ ਨਾ ਕੋਇ ਵਟਾਇਆ । ਅੰਮ੍ਰਿਤ ਸੋਮਾ ਫੁੱਟੇ ਵਿਚ ਕਾਇਆ ਮਕਾਨ, ਨਿਝਰ ਝਿਰਨਾ ਦਏ ਝਿਰਾਇਆ । ਸਤਿ ਸੰਤੋਖ ਦੇਵੇ ਪੀਣ ਖਾਣ, ਧੀਰਜ ਧੀਰ ਇਕ ਧਰਾਇਆ । ਹਰਖ ਸੋਗ ਮਿਟੇ ਜਹਾਨ, ਜਿਸ ਜਨ ਸਤਿਗੁਰ ਪੂਰਾ ਗਾਇਆ । ਅੰਤਮ ਮੋਖ ਮੁਕਤ ਚਰਨ ਚੁੰਮੇ ਆਣ, ਹਰਿਜਨ ਤੇਰੇ ਦਰ ਸੀਸ ਝੁਕਾਇਆ । ਤੇਰਾ ਨਾਤਾ ਜੁੜਿਆ ਇਕ ਭਗਵਾਨ, ਦੂਸਰ ਓਟ ਨਾ ਕੋਇ ਤਕਾਇਆ । ਅੰਤਮ ਵੇਲੇ ਮੇਲੇ ਆਣ, ਸ਼ਬਦ ਬਬਾਨੇ ਲਏ ਚੜ੍ਹਾਇਆ । ਸਚਖੰਡ ਵਸਾਏ ਸਚ ਮਕਾਨ, ਥਿਰ ਘਰ ਆਸਣ ਇਕ ਰਖਾਇਆ । ਆਵਣ ਜਾਵਣ ਚੁੱਕੇ ਕਾਨ, ਮਾਤ ਗਰਭ ਦਸ ਦਸ ਮਾਸ ਨਾ ਫੇਰ ਤਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਲੇਖਾ ਤਿਸ ਆਪ ਚੁਕਾਇਆ ।

ਬਿਨ ਮਰਨ ਜਨਮ ਬਦਲਾਏ, ਗੁਰ ਸਤਿਗੁਰ ਹੱਥ ਵਡਿਆਈਆ । ਪਿਛਲਾ ਲੇਖਾ ਦਏ ਮੁਕਾਏ, ਅਗਲਾ ਲੇਖਾ ਆਪ ਬਣਾਈਆ । ਆਪਣੀ ਹੱਥੀਂ ਕ਼ਲਮ ਫਰਾਏ ਨਾ ਕੋਈ ਮੇਟੇ ਮੇਟ ਮਿਟਾਈਆ । ਨਿਹਕਰਮੀ ਸਚ ਕਰਮ ਕਮਾਏ, ਕਰਮ ਕਾਂਡ ਦਏ ਖਪਾਈਆ । ਵਰਨ ਬਰਨ ਇਕ ਰਖਾਏ, ਬ੍ਰਹਮ ਪਾਰਬ੍ਰਹਮ ਸਰਨਾਈਆ । ਸਾਚਾ ਜਨਮ ਫਿਰ ਦਵਾਏ, ਜਿਸ ਜਨ ਆਪਣੀ ਬੂਝ ਬੁਝਾਈਆ । ਸੁਰਤੀ ਸ਼ਬਦੀ ਲਏ ਮਿਲਾਏ, ਸ਼ਬਦ ਸੁਰਤ ਹੋਏ ਕੁੜਮਾਈਆ । ਅਕਾਲ ਮੂਰਤ ਨਜ਼ਰੀ ਆਏ, ਨਿਰਗੁਣ ਆਪਣਾ ਦਰਸ ਵਖਾਈਆ । ਨਾਦ ਤੂਰਤ ਇਕ ਵਜਾਏ, ਰਾਗੀ ਰਾਗ ਆਪ ਸੁਣਾਈਆ ।

ਪੂਰਬ ਮਨਸਾ ਦਏ ਚੁਕਾਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਤਰਾਈਆ । ਮਾਨਸ ਜਨਮ ਦਏ ਬਦਲਾ, ਜਿਸ ਜਨ ਆਪਣੀ ਦਇਆ ਕਮਾਇੰਦਾ । ਹਿਰਦੇ ਅੰਦਰ ਹਰਿ ਵਸਾ, ਜੂਠਾ ਝੂਠਾ ਮੋਹ ਚੁਕਾਇੰਦਾ । ਸਾਚੇ ਮਾਰਗ ਦੇਵੇ ਲਾ, ਸਤੋ ਗੁਣ ਇਕ ਸਮਝਾਇੰਦਾ । ਕਲਜੁਗ ਅਗਨੀ ਤੱਤ ਦਏ ਮਿਟਾ, ਸਾਚਾ ਸੁਤ ਇਕ ਰਖਾਇੰਦਾ । ਬ੍ਰਹਮ ਮਤ ਝੋਲੀ ਪਾ, ਮਨ ਮਤ ਗਵਾਇੰਦਾ । ਏਕਾ ਘਰ ਦਏ ਵਖਾ, ਥਿਰ ਦਰਬਾਰਾ ਆਪ ਸੁਹਾਇੰਦਾ । ਹਰਿਜਨ ਹਰਿ ਹਰਿ ਲਏ ਮਿਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨਮ ਜਨਮ ਵਿਚ ਮਿਟਾਇੰਦਾ । ਜਨਮ ਮੇਟਿਆ ਦੁੱਖ, ਭਾਂਡਾ ਭਰਮ ਭੌ ਭੰਨਾਇਆ । ਘਰ ਉਪਜੇ ਸਾਚਾ ਸੁਖ, ਗੁਰ ਸਤਿਗੁਰ ਸੱਜਣ ਪਾਇਆ । ਮਾਤ ਗਰਭ ਨਾ ਹੋਵੇ ਉਲਟਾ ਰੁਖ, ਆਵਣ ਜਾਵਣ ਰਹੇ ਨਾ ਰਾਇਆ । ਸੁਫਲ ਹੋਏ ਜਨਣੀ ਕੁੱਖ, ਜਿਸ ਜਨ ਹਰਿ ਹਰਿ ਅੰਗ ਲਗਾਇਆ । ਮਾਨਸ ਦੇਹੀ ਲੇਖੇ ਲਾਏ ਮਾਨੁਖ, ਮਨ ਮਣਕਾ ਦਏ ਭਵਾਇਆ । ਅੰਮ੍ਰਿਤ ਜਾਮ ਪਿਆਏ ਘੁਟ, ਸਰ ਸਰੋਵਰ ਇਕ ਨੁਹਾਇਆ । ਆਵਣ ਜਾਵਣ ਜਾਏ ਛੁਟ, ਜਮ ਕਾ ਭੌ ਚੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਾਨਸ ਮਾਨਸ ਲਏ ਤਰਾਇਆ । ਮਾਨਸ ਪਾਇਆ ਹਰਿ, ਹਰਿ ਮੇਲਾ ਮੇਲ ਮਿਲਾਈਆ । ਘਰ ਵਿਚ ਵੇਖੇ ਆਪਣਾ ਘਰ, ਘਰ ਘਰ ਵਿਚ ਵੱਜੇ ਵਧਾਈਆ । ਨਿਰਭੌ ਚੁਕਾਏ ਝੂਠਾ ਡਰ, ਭੈ ਆਪਣਾ ਇਕ ਸਮਝਾਈਆ । ਗੁਰਮੁਖ ਜੀਵਤ ਜਾਏ ਮਰ, ਨਾਤਾ ਜਗਤ ਮੋਹ ਤੁੜਾਈਆ । ਹਰਿ ਚਰਨ ਸਰਨਾਈ ਜਾਏ ਪੜ, ਜਨਮ ਜਨਮ ਲਏ ਬਦਲਾਈਆ । ਹਰਿ ਸੰਗਤ ਬਹੇ ਏਕਾ ਵਾਰ ਰਲ, ਕਾਗ ਹੰਸ ਰੂਪ ਹੋ ਜਾਈਆ । ਸਚ ਸਿੰਘਾਸਣ ਲਏ ਮੱਲ, ਆਸਣ ਪੁਰਖ ਅਬਿਨਾਸ਼ਣ ਸੋਭਾ ਪਾਈਆ । ਦੀਪਕ ਜੋਤ ਜਾਏ ਜਲ, ਅਗਿਆਨ ਅੰਧੇਰ ਮਿਟਾਈਆ । ਭਾਗ ਲਗਾਏ ਕਾਇਆ ਮਾਟੀ ਖੱਲ, ਪੰਜ ਤੱਤ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੂਈ ਦਵੈਤੀ ਮੇਟੇ ਸਲ, ਏਕਾ ਰੰਗ ਰੰਗਾਈਆ । ਮਿਟੇ ਸਲ ਚੁੱਕੇ ਬੰਧਨ, ਪਾਇਆ ਹਰਿ ਨਿਰੰਕਾਰਾ । ਉਪਜੇ ਘਰ ਪਰਮਾਨੰਦਨ, ਸੋਹੇ ਬੰਕ ਦੁਆਰਾ । ਆਤਮ ਮਹਿਕਾਏ ਵਾਂਗ ਚੰਦਨ, ਸਚ ਸੁਗੰਧੀ ਵਿਚ ਸੰਸਾਰਾ । ਸਾਹਿਬ ਦਿਆਲ ਸਦਾ ਬਖ਼ਸ਼ੰਦਨ, ਹਰਿ ਬਖ਼ਸ਼ਸ਼ ਕਰੇ ਬਖ਼ਸ਼ਣਹਾਰਾ । ਪਹਿਲਾ ਜਨਮ ਕਰੇ ਖੰਡਣ, ਦੂਜਾ ਜਨਮ ਗੁਰੂ ਦੁਆਰਾ । ਗੁਰ ਮਾਤ ਗੁਰ ਪਿਤ ਗੁਰ ਸਦਾ ਸਦਾ ਤੋੜੇ ਫੰਦਨ, ਕਰ ਕਿਰਪਾ ਪਾਰ ਉਤਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਾਨਸ ਜਨਮ ਹਰਿਜਨ ਆਪ ਸਵਾਰਾ । ਸਚ ਸੁਲਤਾਨ ਸੱਚੀ ਸਰਕਾਰ, ਸਤਿ ਪੁਰਖ ਨਿਰੰਜਣ ਆਪ ਬਣਾਇੰਦਾ । ਸਾਚੇ ਤਖ਼ਤ ਬੈਠ ਨਿਰੰਕਾਰ, ਸਾਚਾ ਅਦਲ ਆਪ ਕਮਾਇੰਦਾ । ਜੁਗਾ ਜੁਗੰਤਰ ਹੋ ਉਜਿਆਰ, ਲੱਖ ਚੁਰਾਸੀ ਮੂਲ ਚੁਕਾਇੰਦਾ । ਕਲਜੁਗ ਅੰਤਮ ਖੇਲ ਅਪਾਰ, ਨਿਰਗੁਣ ਆਪਣਾ ਆਪ ਕਰਾਇੰਦਾ । ਤਖ਼ਤ ਨਿਵਾਸੀ ਬਣ ਸਿਕਦਾਰ, ਲੋਕਮਾਤ ਫੇਰਾ ਪਾਇੰਦਾ । ਚਾਰ ਜੁਗ ਦੀ ਵੇਖੇ ਕਾਰ, ਗੁਰ ਅਵਤਾਰ ਜੋ ਮਾਤ ਘਲਾਇੰਦਾ । ਭੁਲ ਨਾ ਜਾਏ ਅਭੁਲ ਸਿਰਜਣਹਾਰ, ਆਪਣਾ ਲੇਖਾ ਆਪ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਇੰਦਾ । ਸਾਚਾ ਭੇਵ ਜਣਾਇਆ, ਪੁਰਖ ਅਬਿਨਾਸ਼ੀ ਬੇਪਰਵਾਹ । ਸਚਖੰਡ ਨਿਵਾਸੀ ਹੁਕਮ ਸੁਣਾਇਆ, ਧੁਰ ਫ਼ਰਮਾਨਾ ਆਪ ਉਪਾ । ਆਪਣਾ ਮਾਰਗ ਆਪੇ ਲਾਇਆ, ਆਪੇ ਦਏ ਸਲਾਹ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਖੇਲ ਖਿਲਾ । ਨਿਰਗੁਣ ਚਲਾਇਆ

੫੮੩
੧੦

ਆਪਣਾ ਮਿਸ਼ਨ, ਲੱਖ ਚੁਰਾਸੀ ਬਣਤ ਬਣਾਈਆ । ਹੁਕਮ ਨਾਲ ਬਣਾਏ ਰਾਮਾ ਕ੍ਰਿਸ਼ਨ, ਜੁਗ ਜੁਗ ਵੇਸ ਵਟਾਈਆ । ਲੇਖਾ ਜਾਣੇ ਬ੍ਰਹਮਾ ਮਹੇਸ਼ ਵਿਸ਼ਨ, ਪਾਰਬ੍ਰਹਮ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲਾ ਇਕ ਜਣਾਈਆ । ਸਾਚਾ ਲਾ ਸ੍ਰੀ ਭਗਵਾਨ, ਏਕਾ ਏਕ ਬਣਾਇਆ । ਲੱਖ ਚੁਰਾਸੀ ਮੇਰਾ ਨਾਂ, ਨਾਉਂ ਨਿਰੰਕਾਰਾ ਆਪ ਸੁਣਾਇਆ । ਪੁਰੀਆਂ ਲੋਆਂ ਹੋਏ ਸਹਾ, ਜਲ ਥਲ ਮਹੀਅਲ ਫੇਰਾ ਪਾਇਆ । ਨੌਂ ਖੰਡ ਪ੍ਰਿਥਮੀ ਵੇਖੇ ਥਾਂ ਥਾਂ, ਗਗਨ ਗਗਨੰਤਰ ਫੋਲ ਫੁਲਾਇਆ । ਆਦਿ ਜੁਗਾਦਿ ਕਰੇ ਸਚ ਨਿਆਂ, ਸਾਚੇ ਤਖ਼ਤ ਆਪ ਸੁਹਾਇਆ । ਠਗ ਚੋਰ ਕੋਈ ਛੱਡੇ ਨਾ, ਜੋ ਬੈਠੇ ਮੁਖ ਭਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਆਪ ਲਗਾਇਆ । ਸਾਚਾ ਮਾਰਗ ਹਰਿ ਅਦਾਲਤ, ਹਰਿ ਵੱਡਾ ਆਪ ਕਰਾਈਆ । ਜੁਗ ਜੁਗ ਕਰੇ ਸਚ ਵਕਾਲਤ, ਭਗਵਨ ਭਗਤੀ ਰੂਪ ਤਰਾਈਆ । ਏਕਾ ਨਾਮ ਦਏ ਜ਼ਮਾਨਤ, ਜ਼ਿਮਨੀ ਹੋਰ ਨਾ ਕੋਇ ਲਿਖਾਈਆ । ਨਿਰਗੁਣ ਸਰਗੁਣ ਕਰੇ ਸਫ਼ਾਰਸ਼, ਦੂਸਰ ਮੰਗੇ ਨਾ ਕੋਇ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਬੈਠਾ ਵੇਖ ਵਖਾਈਆ । ਸਚਖੰਡ ਵਖਾਏ ਧਰਮ ਰਾਜ, ਲੋਕਮਾਤ ਵੱਜੇ ਵਧਾਈਆ । ਨਿਰਗੁਣ ਰਚ ਰਚ ਆਪਣਾ ਕਾਜ, ਲੱਖ ਚੁਰਾਸੀ ਖੇਲ ਖਿਲਾਈਆ । ਬਣ ਹਲਕਾਰਾ ਗੁਰ ਅਵਤਾਰਾ ਮਾਰਦਾ ਰਿਹਾ ਵਾਜ, ਹਰਿਜਨ ਸਚੇ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਹੁਕਮ ਚਲਾਈਆ । ਜੁਗ ਜੁਗ ਹੁਕਮ ਚਲਾਏ ਹੁਕਮਰਾਨ, ਹਾਕਮ ਆਪਣਾ ਨਾਉਂ ਧਰਾਇੰਦਾ । ਫੜ ਫੜ ਮੇਟੇ ਪੰਜ ਸ਼ੈਤਾਨ, ਬੇਈਮਾਨ ਕੋਈ ਰਹਿਣ ਨਾ ਪਾਇੰਦਾ । ਇਕ ਜਣਾਏ ਸਚ ਨਜ਼ਾਮ, ਅਮਾਮ ਅਮਾਮਾ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਸਾਚਾ ਖੇਲ ਖਿਲਾਇੰਦਾ । ਸਤਿਜੁਗ ਸਾਚਾ ਸਚ ਵਿਹਾਰਾ, ਸ਼ਾਹ ਪਾਤਸ਼ਾਹ ਆਪ ਕਰਾਈਆ । ਨਿਰਗੁਣ ਨਿਰਵੈਰ ਬਣ ਸਿਕਦਾਰਾ, ਸਾਚਾ ਹੁਕਮ ਚਲਾਈਆ । ਬ੍ਰਹਮਾ ਵਿਸ਼ਨ ਸ਼ਿਵ ਕਰ ਪਨਿਹਾਰਾ, ਸਾਚੀ ਸੇਵ ਸਮਝਾਈਆ । ਲੋਕਮਾਤ ਕੱਢੇ ਆਪ ਵਗਾਰਾ, ਨਿਰਗੁਣ ਸਰਗੁਣ ਰੂਪ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸਾਚਾ ਖੇਲ ਕਰਨੇਹਾਰਾ, ਏਕਾ ਰੂਪ ਧਰਾਇੰਦਾ । ਰਾਮ ਰਮਈਆ ਹੋ ਤਿਆਰਾ, ਰਾਵਣ ਗੜ੍ਹ ਤੁੜਾਇੰਦਾ । ਝੂਠਾ ਛੱਡਿਆ ਤਖ਼ਤ ਸੰਸਾਰਾ, ਸਾਚਾ ਤਖ਼ਤ ਆਪਣੇ ਅੰਦਰ ਆਸਣ ਲਾਇੰਦਾ । ਏਕਾ ਪ੍ਰੇਮ ਕੀਆ ਪਿਆਰਾ, ਹਨੂਮੰਤ ਨਾਉਂ ਧਰਾਇੰਦਾ । ਏਕਾ ਚਰਨ ਕਵਲ ਕੀਆ ਪਿਆਰਾ, ਲਕਸ਼ਮਨ ਆਪਣਾ ਮਾਣ ਦਵਾਇੰਦਾ । ਏਕਾ ਸੀਤਾ ਦਏ ਸਹਾਰਾ, ਸਿਰ ਆਪਣਾ ਹੱਥ ਟਿਕਾਇੰਦਾ । ਏਕਾ ਭਰਤ ਬਣਾਏ ਵਣਜਾਰਾ, ਰਾਜ ਜੋਗ ਆਪ ਸਮਝਾਇੰਦਾ । ਏਕਾ ਖੇਲੇ ਖੇਲ ਜੰਗਲ ਜੂਹ ਉਜਾੜ ਪਹਾੜਾ, ਜੀਵ ਜੰਤ ਰਈਅਤ ਆਪਣੀ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣੀ ਧਾਰ ਬੰਧਾਇੰਦਾ । ਸਾਚੀ ਧਾਰ ਬੰਨ੍ਹਣਹਾਰਾ ਸਾਚਾ ਕਮਿਸ਼ਨ ਆਪ ਬਣਾਈਆ । ਆਪੇ ਬਣੇ ਸਾਚਾ ਸ਼ਿਸ਼ਨ, ਜਜ ਹੋਰ ਨਾ ਕੋਇ ਬਣਾਈਆ । ਰੂਪ ਵਖਾਏ ਕਾਹਨਾ ਕ੍ਰਿਸ਼ਨ, ਦੋਏ ਦੋਏ ਲੇਖਾ ਆਪ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਰੂਪ ਧਰਾਈਆ । ਜੁਗ ਜੁਗ ਰੂਪ ਅਵੱਲੜਾ, ਹਰਿ ਸਾਚਾ ਸਚ ਧਰਾਇੰਦਾ । ਕਰੇ ਖੇਲ ਇਕ ਅਨਮੁਲੜਾ, ਅਕਲ ਕਲ ਆਪ ਅਖਵਾਇੰਦਾ । ਸ਼ਬਦੀ ਜੋਤੀ ਪਵਣੀ ਆਪੇ ਰਲੜਾ, ਪਾਣੀ ਪਵਣ

ਆਪ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਸ ਵਟਾਇੰਦਾ । ਕਲਜੁਗ ਅੰਤਮ ਵੇਸ ਅਪਾਰਾ, ਸੋ ਪੁਰਖ ਨਿਰੰਜਣ ਆਪ ਕਰਾਈਆ । ਲੋਕਮਾਤ ਬਣਾਏ ਸਚਖੰਡ ਦੁਆਰਾ, ਨਿਰਗੁਣ ਆਪਣੀ ਜੋਤ ਜਗਾਈਆ । ਹੁਕਮੀ ਹੁਕਮ ਕਰੇ ਵਰਤਾਰਾ, ਸਚ ਸੰਦੇਸ਼ਾ ਇਕ ਸੁਣਾਈਆ । ਵਿਸ਼ਨ ਬ੍ਰਹਮਾ ਸ਼ਿਵ ਲਿਆਏ ਚਰਨ ਦੁਆਰਾ, ਦਰ ਦਰਬਾਨ ਲਏ ਬਹਾਈਆ । ਚਿਤਰ ਗੁਪਤ ਉਠਾਏ ਲਿਖਾਰਾ, ਲੱਖ ਚੁਰਾਸੀ ਲਿਖਿਆ ਨਾਲ ਲਿਆਈਆ । ਰਾਏ ਧਰਮ ਵਖਾਏ ਆਪਣੀ ਧਾਰਾ, ਜੋ ਰਖਿਆ ਲਾ ਬਣਾਈਆ । ਜਮ ਜਮਦੂਤ ਆਇਨ ਵਾਰੋ ਵਾਰਾ, ਆਪਣਾ ਜਬੂੜਾ ਹੱਥ ਉਠਾਈਆ । ਪੁਰਖ ਅਬਿਨਾਸ਼ੀ ਏਕਾ ਦੱਸੇ ਧਾਮ ਨਿਆਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਸ਼ਹਿਨਸ਼ਾਹੀਆ । ਸਾਚਾ ਹੁਕਮ ਹਰਿ ਫ਼ਰਮਾਨ, ਆਪਣਾ ਆਪ ਸੁਣਾਇੰਦਾ । ਕੱਠੇ ਹੋਣਾ ਸਚ ਮਕਾਨ, ਸਚ ਮਕਾਨਾ ਇਕ ਬਣਾਇੰਦਾ । ਸੰਬਲ ਨਗਰੀ ਸਤਿ ਨਿਸ਼ਾਨ, ਪੁਰਖ ਅਬਿਨਾਸ਼ੀ ਡੇਰਾ ਲਾਇੰਦਾ । ਸੇਵਾ ਕਰੇ ਗੋਬਿੰਦ ਜਵਾਨ, ਗੋਬਿੰਦ ਆਪਣਾ ਬਲ ਰਖਾਇੰਦਾ । ਰਾਮਾ ਕ੍ਰਿਸ਼ਨ ਹੋਏ ਪਰਧਾਨ, ਸਚ ਪਰਧਾਨਗੀ ਆਪ ਕਮਾਇੰਦਾ । ਚਾਰ ਜੁਗ ਦਾ ਵੇਖੇ ਨਿਸ਼ਾਨ, ਨਿਸ਼ਾਨਾ ਆਪਣੇ ਹੱਥ ਰਖਾਇੰਦਾ । ਮੇਲ ਮਿਲਾਏ ਗੋਪੀ ਕਾਹਨ, ਸੀਤਾ ਰਾਮ ਵਿਛੜ ਨਾ ਜਾਇੰਦਾ । ਈਸਾ ਮੂਸਾ ਸੱਚੇ ਦਰ ਦਰਬਾਨ, ਦਰ ਦਰਵੇਸ਼ ਆਪ ਸਦਾਇੰਦਾ । ਮੁਹੰਮਦ ਪਕੜੇ ਚਾਰ ਯਾਰੀ ਕਰੇ ਪਰਵਾਨ, ਯਾਰ ਯਾਰੀ ਸੰਗ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਅਦਾਲਤ ਆਪ ਸੁਹਾਇੰਦਾ । ਸਚ ਅਦਾਲਤ ਬਣਾਏ ਸੋਭਾਵੰਤ, ਸਚਖੰਡ ਨਿਵਾਸ ਵੱਜੀ ਵਧਾਈਆ । ਕਰੇ ਖੇਲ ਸ੍ਰੀ ਭਗਵੰਤ, ਕਲਜੁਗ ਅੰਤਮ ਬੇਪਰਵਾਹੀਆ । ਲੱਖ ਚੁਰਾਸੀ ਵੇਖੇ ਜੀਵ ਜੰਤ, ਭੁਲ ਕੋਇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਜਣਾਈਆ । ਆਪਣਾ ਹੁਕਮ ਜਣਾਏ ਹਰਿ ਹਰਿ, ਕਲਜੁਗ ਅੰਤਮ ਵਾਰੀ ਆਈਆ । ਜਗਤ ਵਕਾਰੀ ਆਪੇ ਫੜ ਫੜ, ਏਕਾ ਭੌ ਰਖਾਈਆ । ਜੁਗ ਜੁਗ ਗੁਰ ਅਵਤਾਰ ਮਨਮੁਖ ਮੁਕੌਂਦੇ ਰਹੇ ਲੜ ਲੜ, ਤੀਰ ਕਮਾਨ ਤਲਵਾਰ ਹੱਥ ਉਠਾਈਆ । ਕਲਜੁਗ ਅੰਤਮ ਸ਼ਾਹ ਪਾਤਸ਼ਾਹ ਸਾਚੇ ਤਖ਼ਤ ਬੈਠਾ ਚੜ੍ਹ, ਏਕਾ ਹੁਕਮ ਦਏ ਸੁਣਾਈਆ । ਹੁਕਮੇ ਅੱਗੇ ਕੋਇ ਨਾ ਸਕੇ ਅੜ, ਗੁਰ ਅਵਤਾਰ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਦਏ ਸਮਝਾਈਆ । ਧੁਰ ਫ਼ਰਮਾਨਾ ਸੁਣਾਏ ਸਚ ਨਿਸ਼ਾਨ, ਹਰਿ ਸਾਚਾ ਆਪ ਪਰਗਟਾਈਆ । ਲੇਖਾ ਜਾਣੇ ਦੋ ਜਹਾਨ, ਭੇਵ ਅਭੇਦਾ ਆਪ ਖੁਲ੍ਹਾਈਆ । ਵੇਖ ਵਖਾਏ ਆਦਿ ਸ਼ਕਤ ਭਗਵਾਨ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਅਸ਼ਟਭੁਜ ਵੇਖੇ ਮਾਰ ਧਿਆਨ, ਸਿੰਘ ਸ਼ੇਰ ਸ਼ੇਰ ਵਡੀ ਵਡਿਆਈਆ । ਚਾਰ ਜੁਗ ਜੋ ਦੱਸਦਾ ਆਇਆ ਕਹਾਣ, ਆਪਣਾ ਨਾਉਂ ਮਾਤ ਪ੍ਰਗਟਾਈਆ । ਅੰਤਮ ਕਰੇ ਪੁਣ ਛਾਣ, ਲੇਖਾ ਲੇਖਾ ਲਏ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਪਹਿਲਾ ਮੁਕਦਮਾ ਦੀਵਾਨੀ ਲਏ ਚਲਾਈਆ । ਜਗਤ ਮੁਕੱਦਮਾ ਚਲੇ ਦੀਵਾਨੀ, ਸੋ ਪੁਰਖ ਨਿਰੰਜਣ ਆਪ ਚਲਾਇੰਦਾ । ਰਾਜ ਰਾਜਾਨਾਂ ਆਈ ਹਾਨੀ, ਸਾਚਾ ਪਾਤਸ਼ਾਹ ਨਾ ਕੋਇ ਅਖਵਾਇੰਦਾ । ਮਾਇਆਧਾਰੀ ਪਹਿਲੋਂ ਦੇਣ ਕੁਰਬਾਨੀ, ਗਰੀਬ ਨਿਮਾਣੇ ਗਲੇ ਲਗਾਇੰਦਾ । ਉਚੇ ਮੰਦਰ ਮੇਟੇ ਨਿਸ਼ਾਨੀ, ਕੁੱਲੀ ਕੱਖਾਂ ਆਪ ਪ੍ਰਗਟਾਇੰਦਾ । ਲੱਖ ਚੁਰਾਸੀ ਵੇਖੇ ਜਵਾਨੀ, ਜੋਬਨ ਮਾਤ ਨਾ ਕੋਇ ਹੰਢਾਇੰਦਾ । ਦਰ ਬੱਧੇ ਦੇਵੇ ਠੰਡਾ ਕੋਇ ਨਾ ਪਾਣੀ, ਹੱਥ ਸੀਰ ਨਾ ਕੋਇ ਫੜਾਇੰਦਾ । ਜੋ

ਝੂਠੀ ਰਸਨਾ ਪੜ੍ਹਦੇ ਰਹੇ ਬਾਣੀ, ਅੰਤਮ ਬਾਣ ਨਿਰਾਲਾ ਲਾਇੰਦਾ । ਕਿਸੇ ਸੇਜ ਨਾ ਮਿਲੇ ਰਾਜੇ ਰਾਣੀ, ਸ਼ਾਹ ਸੁਲਤਾਨਾ ਖ਼ਾਕ ਮਿਲਾਇੰਦਾ । ਕੋਈ ਦਲੀਲ ਨਾ ਦੇਵੇ ਜਗਤ ਵਿਦਵਾਨੀ, ਜਗਤ ਵਿਦਿਆ ਨਾ ਕੋਇ ਰਖਾਇੰਦਾ । ਬਣ ਵਿਚੋਲਾ ਨਾ ਮਾਰੇ ਭਾਨੀ, ਦੂਸਰ ਅੰਗ ਨਾ ਕੋਇ ਲਗਾਇੰਦਾ । ਲੇਖਾ ਵੇਖਾ ਚਾਰ ਖਾਣੀ, ਧਰਮ ਰਾਏ ਨਾਲ ਰਲਾਇੰਦਾ । ਚਿਤਰ ਗੁਪਤ ਸਭ ਦਾ ਹੋਇਆ ਜਾਨ ਜਾਣੀ, ਇਕ ਇਕ ਲੇਖਾ ਆਪ ਸੁਣਾਇੰਦਾ । ਕਲਜੁਗ ਜੀਵਾਂ ਨਾਤਾ ਬੱਧਾ ਮਾਤ ਪਿਤ ਭੈਣ ਭਾਈ ਨਾਨਾ ਨਾਨੀ, ਨਿਰਗੁਣ ਨਾਮ ਨਾ ਕੋਇ ਧਰਾਇੰਦਾ । ਮਾਇਆ ਰਾਣੀ ਘਰ ਘਰ ਹੋਈ ਪਰਧਾਨੀ, ਮਾਇਆ ਮਮਤਾ ਮੋਹ ਨਾਚ ਨਚਾਇੰਦਾ । ਤੇਰਾ ਦੇਣਾ ਨਾ ਸਕੇ ਕੋਇ ਪਛਾਣੀ, ਮਕਰੂਜ਼ ਕ਼ਰਜ਼ ਨਾ ਕੋਇ ਲਾਹਿੰਦਾ । ਕਲਜੁਗ ਅੰਤਮ ਵੇਖੇ ਆਪ ਸ੍ਰੀ ਭਗਵਾਨੀ ਜੋਤੀ ਜਾਮਾ ਭੇਖ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਖਿਲਾਇੰਦਾ । ਦੀਵਾਨੀ ਦਾਵਾ ਹੋਣਾ ਦਾਇਰ, ਹਾੜ ਸਤਾਰਾਂ ਹਰਿ ਸਮਝਾਈਆ । ਬਚਿਆ ਰਹੇ ਨਾ ਕੋਈ ਨਗਰ ਖੇੜਾ ਪਿੰਡ ਸ਼ਹਿਰ, ਸ਼ਾਹ ਪਾਤਸ਼ਾਹ ਵੇਖੇ ਥਾਉਂ ਥਾਈਆ । ਨੌਂ ਖੰਡ ਪ੍ਰਿਥਮੀ ਚਲੇ ਏਕਾ ਮੋਹਰ, ਏਕਾ ਹੁਕਮ ਦਏ ਸੁਣਾਈਆ । ਲੁਕਿਆ ਰਹੇ ਨਾ ਕੋਈ ਅਮੀਰ ਤਮੀਰ, ਹੁਕਮਰਾਨ ਸਾਚਾ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਮਕਦਮ ਆਪਣੇ ਦਰ ਬੁਲਾਈਆ । ਜਗਤ ਮੁਕੱਦਮ ਆਇਣ ਦਰ, ਹਰਿ ਸਾਚਾ ਸਚ ਬੁਲਾਇੰਦਾ । ਲਿਖੀ ਡਾਇਰੀ ਜੋ ਘਰ ਘਰ, ਆਪਣਾ ਹਿਸਾਬ ਵਖਾਇੰਦਾ । ਆਪਣੀ ਕੀਤੀ ਲੈਣ ਭਰ, ਤੇਰਾ ਇਨਸਾਫ਼ ਮੋਹਿ ਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਅਦਾਲਤ ਆਪ ਲਗਾਇੰਦਾ । ਸਚ ਅਦਾਲਤ ਕਰੇ ਸੁਲਤਾਨਾ, ਮਜਿਸਟਰੇਟ ਆਪ ਅਖਵਾਈਆ । ਏਕਾ ਵਾਰ ਦੇਵੇ ਧੁਰ ਫ਼ਰਮਾਨਾ, ਆਪਣੀ ਹੱਥੀਂ ਭਰਾਏ ਹਰਿ ਤਲਬਾਨਾ, ਤਲਬ ਸਾਰੇ ਲਏ ਕਰਾਈਆ । ਦਸ ਬੀਸ ਤੀਸ ਨਾ ਕਰੇ ਕਿਸੇ ਜੁਰਮਾਨਾ, ਜੁਰਮ ਆਪਣਾ ਆਪਣੇ ਹੱਥ ਰਖਾਈਆ । ਨਾ ਕੋਈ ਸਫ਼ਾਰਸ਼ ਆਏ ਚਲ ਮਕਾਨਾ, ਦਰ ਦਵਾਰਾ ਨਜ਼ਰ ਕਿਸੇ ਨਾ ਆਈਆ । ਗੁਰ ਅਵਤਾਰਾਂ ਆਪਣੇ ਦਰ ਆਪੇ ਸੱਦੇ ਅੱਗੇ ਕੱਢ ਵਖਾਏ ਪਰਵਾਨਾ, ਸਾਚਾ ਨਾਉਂ ਕਿਸੇ ਕੋਇ ਨਜ਼ਰ ਨਾ ਆਈਆ । ਲੱਖ ਚੁਰਾਸੀ ਗੌਂਦੀ ਰਹੀ ਗਾਨਾ, ਜਗਤ ਤਾਲ ਰੂਪ ਵਟਾਈਆ । ਕਿਸੇ ਮਿਲਿਆ ਨਾ ਸ੍ਰੀ ਭਗਵਾਨਾ, ਜੋ ਅੰਤ ਲਏ ਛੁਡਾਈਆ । ਕਲਜੁਗ ਜੀਵ ਬੱਧਾ ਦੋ ਜਹਾਨਾਂ, ਦੋਏ ਦੋਏ ਲੇਖਾ ਰਿਹਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਅਦਾਲਤ ਰਿਹਾ ਕਰਾਈਆ । ਸਾਚੀ ਅਦਾਲਤ ਕਰੇ ਹਮੇਸ਼, ਪਾਰਬ੍ਰਹਮ ਵਡੀ ਵਡਿਆਈਆ । ਕਲਜੁਗ ਅੰਤਮ ਫੌਜਦਾਰੀ ਚਲਿਆ ਕੇਸ, ਨੌਂ ਖੰਡ ਪ੍ਰਿਥਮੀ ਪਈ ਲੜਾਈਆ । ਸਾਲਸ ਬਣੇ ਗੁਰ ਦਸਮੇਸ, ਦੂਸਰ ਅਵਰ ਨਾ ਕੋਇ ਵਡਿਆਈਆ । ਮੁਜਰਮ ਬਣਾਏ ਮਸਾਇਕ ਮੁੱਲਾ ਸ਼ੇਖ਼, ਪੀਰ ਦਸਤਗੀਰ ਨਾਲ ਰਲਾਈਆ । ਅੱਲਾ ਰਾਣੀ ਰਹੇ ਵੇਖ, ਮਸਜਦ ਅੰਦਰ ਬੈਠੀ ਮੁਖ ਛੁਪਾਈਆ । ਚਾਰ ਯਾਰ ਬਣਨ ਦਰਵੇਸ਼, ਏਕਾ ਹੁਕਮ ਸੁਣਾਈਆ । ਹਾੜ ਸਤਾਰਾਂ ਫੜ ਕੇ ਕਰਨੀ ਪੇਸ਼, ਪੁਰਖ ਅਬਿਨਾਸ਼ੀ ਏਕਾ ਪੇਸ਼ੀ ਰਿਹਾ ਵਖਾਈਆ । ਅੱਧੀ ਰਾਤ ਹਾੜ ਸਤਾਰਾ ਚਲ ਕੇ ਆਏ ਨਿਰਗੁਣ ਨਾਨਕ ਮੋਢੇ ਧਰ ਕੇ ਖੂੰਡੀ ਖੇਸ, ਰੂਪ ਅਨੂਪ ਵਟਾਈਆ । ਅੱਲਾ ਰਾਣੀ ਤੇਰੀ ਅਦਾਲਤ ਮੈਂ ਲਈ ਵੇਖ, ਆਪਣੀ ਹੱਥੀਂ ਚੱਕੀ ਚਲਾਈਆ । ਗ਼ਰੀਬ ਨਿਮਾਣਿਆਂ ਹੱਥਾਂ ਪੈਰਾਂ ਪਾਏ ਛੇਕ, ਤੇਰਿਆਂ ਸ਼ੇਖ਼ਾਂ ਦਿਤੀ ਸਜ਼ਾਈਆ । ਬਾਲ ਅਵਾਣੇ ਝੂਜੇ ਖੇਤ, ਆਪਣਾ ਆਪ ਗਏ ਕਟਾਈਆ । ਛੋਟੇ ਬਾਲੇ ਨੀਆਂ ਹੇਠਾਂ ਵੇਖ, ਤੇਰੀ ਰਤੀ ਰਤ

ਤਰਸ ਨਾ ਆਈਆ । ਤੂੰ ਬਣ ਦੁਹਾਗਣ ਗੁਰਮੁਖਾਂ ਖਾ ਖਾ ਭਰਿਆ ਆਪਣਾ ਪੇਟ, ਹਰਿਜਨ ਸਾਚੇ ਚਰਖੜੀਆਂ ਉਤੇ ਭਵਾਈਆ । ਕਿਸੇ ਪਵਾਈ ਸੀਸ ਤੱਤੀ ਰੇਤ, ਕਿਸੇ ਦੇਗਾਂ ਵਿਚ ਉਬਲਾਈਆ । ਤੇਰੇ ਚਾਰ ਯਾਰ ਤੇਰਾ ਖੇਲ ਰਹੇ ਵੇਖ, ਨਾਲ ਮੁਹੰਮਦ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸਚ ਅਦਾਲਤ ਆਪਣੀ ਆਪ ਰਖਾਈਆ । ਸਚ ਅਦਾਲਤ ਕਰੇ ਜੱਜ, ਸਾਚੀ ਜੱਜੀ ਗੁਰਸਿਖ ਤੇਰੇ ਅੰਦਰ ਬਣਾਈਆ । ਤੇਰਾ ਮੱਕਾ ਕਾਅਬਾ ਵੇਖਿਆ ਹੁੰਦਾ ਹੱਜ, ਸ਼ਰਅ ਸ਼ਰੀਅਤ ਫੋਲ ਫੋਲਾਈਆ । ਤੇਰਾ ਪਰਦਾ ਸਕੇ ਨਾ ਕੋਇ ਕਜ, ਹੋਈ ਦੁਹਾਗਣ ਦੇਵੇ ਮਾਤ ਦੁਹਾਈਆ । ਤੇਰਾ ਉਚਾ ਹੁਜਰਾ ਜਾਣਾ ਭੱਜ, ਤੇਰੀ ਮਿਹਰਾਬ ਨਜ਼ਰ ਕੋਇ ਨਾ ਆਈਆ । ਹੁਣ ਵੇਲਾ ਜੇ ਕੋਈ ਸੱਦਣਾ ਤੇ ਲੈ ਸੱਦ, ਸਦੀ ਚੌਧਵੀਂ ਰਹੀ ਵਿਹਾਈਆ । ਚੌਦਾਂ ਸਦੀਆਂ ਜੋ ਦੱਬਦੀ ਰਹੀ ਧਰਤੀ ਵਿਚ ਹੱਡ, ਤੇਰੀਆਂ ਹੱਡੀਆਂ ਦਏ ਸੁਕਾਈਆ । ਮਾਣਸ ਘਤਦੀ ਰਹੀ ਡੂੰਘੀ ਖੱਡ, ਆਪਣਾ ਹੁਕਮ ਚਲਾਈਆ । ਅੱਜ ਬਾਂਧੀ ਬੱਧੀ ਹੋ ਜਾਈਂ ਅੱਡ, ਤੇਰਾ ਸੰਗ ਨਾ ਕੋਇ ਨਿਭਾਈਆ । ਚਾਰ ਯਾਰ ਤੈਨੂੰ ਜਾਇਣ ਛੱਡ, ਆਪਣੀ ਹੱਥੀਂ ਬੰਧਨ ਪਾਈਆ । ਪੀਰ ਪੈਗ਼ੰਬਰਾਂ ਸ਼ਾਹ ਸੁਲਤਾਨਾਂ ਜੋ ਦਵੈਤ ਪਿਆਈ ਮਦਿ, ਏਕਾ ਵਾਰ ਬਾਹਰ ਦਏ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਤਖ਼ਤ ਬੈਠ ਸੱਚਾ ਸ਼ਹਿਨਸ਼ਾਹੀਆ । ਸ਼ਾਹ ਪਾਤਸ਼ਾਹ ਸੋਹੇ ਤਖ਼ਤ, ਤਖ਼ਤ ਸੁਹਾਨਾ ਆਪ ਬਣਾਈਆ । ਗੋਬਿੰਦ ਜਾਣੇ ਏਕਾ ਵਕ਼ਤ, ਜਿਸ ਹਰਿ ਹਰਿ ਆਪ ਬੁਝਾਈਆ । ਲੱਖ ਚੁਰਾਸੀ ਵਿਚੋਂ ਹਰਿਜਨ ਕੱਢੇ ਸਾਚੇ ਭਗਤ, ਭਾਰਤ ਖੰਡ ਵੱਜੀ ਵਧਾਈਆ । ਨੌਂ ਨੌਂ ਤੇਰਾ ਲੇਖਾ ਚੁੱਕੇ ਬੂੰਦ ਰਕਤ, ਰਕਤ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਦਏ ਸੁਣਾਈਆ । ਸਾਚਾ ਹੁਕਮ ਸੁਣਾਇਆ ਦਸ ਦਸਮੇਸ, ਹਰਿ ਸ਼ਬਦੀ ਸ਼ਬਦ ਅਲਾਇੰਦਾ । ਕਲਜੁਗ ਅੰਤਮ ਲੱਖ ਚੁਰਾਸੀ ਲੇਖਾ ਏਕਾ ਵਾਰ ਕਰਨਾ ਪੇਸ਼, ਬਾਕੀ ਕੋਇ ਰਹਿਣ ਨਾ ਪਾਈਆ । ਪੁਰਖ ਅਬਿਨਾਸ਼ੀ ਏਕਾ ਨੇਤਰ ਲਏ ਪੇਖ, ਵਰਕਾ ਵਰਕਾ ਨਾ ਕੋਇ ਉਲਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭੇਵ ਹਾੜ ਸਤਾਰਾਂ ਦਏ ਖੁਲ੍ਹਾਈਆ ।

### ★ ੧੪ ਜੇਠ ੨੦੧੮ ਬਿਕ੍ਰਮੀ ਧੰਗਾਲੀ ਕਰਤਾਰ ਸਿੰਘ ਦੇ ਘਰ ਜੰਮੂ ★

ਕਾਇਆ ਗਠੜੀ ਕੰਡਾ ਬੋਹਰ, ਨਜ਼ਰ ਕਿਸੇ ਨਾ ਆਇੰਦਾ । ਰੈਣ ਅੰਧੇਰੀ ਚੁੱਭੇ ਘੋਰ, ਵੇਖ ਕੋਇ ਨਾ ਪਾਇੰਦਾ । ਨਾਲ ਰਲਾਏ ਪੰਜ ਚੋਰ, ਚੋਰੀ ਚੋਰ ਸਦ ਕਮਾਇੰਦਾ । ਜੀਵ ਕੁਰਲਾਏ ਪਾਏ ਸ਼ੋਰ, ਦੁੱਖ ਦਰਦ ਨਾ ਕੋਇ ਮਿਟਾਇੰਦਾ । ਬਿਨ ਸਤਿਗੁਰ ਪੂਰੇ ਸਾਰ ਨਾ ਪਾਏ ਕੋਈ ਹੋਰ, ਨਸਤਰ ਨਾਮ ਨਾ ਕੋਇ ਲਗਾਇੰਦਾ । ਅੰਤਮ ਚਲੇ ਜਗਤ ਕੋਹੜ, ਰੋਗੀ ਰੋਗ ਵਿਚ ਫਸਾਇੰਦਾ । ਜਿਸ ਜਨ ਸਤਿਗੁਰ ਪੂਰਾ ਜਾਏ ਬੌਹੜ, ਕਾਇਆ ਕੰਡਾ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਡੂੰਘੀ ਭਵਰੀ ਫੋਲ ਫੋਲਾਇੰਦਾ । ਕਲਜੁਗ ਕੰਡਾ ਤਿੱਖੀ ਧਾਰ, ਜੀਵਾਂ ਜੰਤਾਂ ਰਿਹਾ ਤੜਫਾਈਆ । ਕਦੇ ਆਰ ਕਦੇ ਪਾਰ, ਅਧਵਿਚਕਾਰ ਨਜ਼ਰ ਕਿਸੇ ਨਾ ਆਈਆ । ਮਨਮੁਖ ਰੋਵਣ ਜ਼ਾਰੋ ਜ਼ਾਰ, ਦਿਵਸ

ਰੈਣ ਚੈਨ ਨਾ ਪਾਈਆ । ਨਾ ਕੋਈ ਖਿਚੇ ਕੱਢੇ ਬਾਹਰ, ਹੱਥ ਕਿਸੇ ਨਾ ਆਈਆ । ਚਾਰੋਂ ਕੁੰਟ ਫਿਰਨ ਦੁਖਿਆਰ, ਅਠਸਠ ਬੈਠੇ ਫੇਰਾ ਪਾਈਆ । ਮੰਦਰ ਮਸਜਦ ਗੁਰਦਵਾਰ ਕਰ ਪੁਕਾਰ, ਆਪਣਾ ਦੁੱਖ ਰਹੇ ਸੁਣਾਈਆ । ਡੂੰਘੀ ਨਸਤਰ ਕੋਈ ਨਾ ਦੇਵੇ ਮਾਰ, ਜਰਾਮ ਦਿਸ ਕੋਇ ਨਾ ਆਈਆ । ਹਾਏ ਹਾਏ ਕਰੇ ਸਰਬ ਸੰਸਾਰ, ਧੀਰਜ ਧੀਰ ਨਾ ਕੋਇ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਾਇਆ ਗਠੜੀ ਹੰਕਾਰੀ ਸੂਲ ਇਕ ਲਗਾਈਆ । ਹੰਕਾਰੀ ਸੂਲ ਤਿਖਾ ਮੁਖ, ਮਨਮੁਖਾਂ ਰਹੀ ਜਲਾਈਆ । ਅੱਠੇ ਪਹਿਰ ਧੂੰਆਂ ਰਿਹਾ ਧੁਖ, ਦਰਦੀ ਦਰਦ ਨਾ ਕੋਇ ਮਿਟਾਈਆ । ਚਾਰੇ ਕੁੰਟ ਵੇਖਣ ਉਠ ਉਠ, ਕੌਣ ਹੋਏ ਆਣ ਸਹਾਈਆ । ਖਾਣਾ ਪੀਣਾ ਗਿਆ ਛੁੱਟ, ਚਿੰਤਾ ਸੋਗ ਵੱਜੀ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਖਿਲਾਈਆ । ਕਾਇਆ ਗਠੜੀ ਵੇਖਣਹਾਰਾ, ਏਕਾ ਰੰਗ ਸਮਾਇੰਦਾ । ਜੁਗਾ ਜੁਗੰਤਰ ਹੋ ਉਜਿਆਰਾ, ਲੋਕਮਾਤ ਵੇਸ ਵਟਾਇੰਦਾ । ਭਗਤਨ ਮੇਲਾ ਵਿਚ ਸੰਸਾਰਾ, ਜੰਗਲ ਜੂਹ ਉਜਾੜ ਪਹਾੜਾ ਫੋਲ ਫੋਲਾਇੰਦਾ । ਨਾਮ ਦੇਵੇ ਇਕ ਸਹਾਰਾ, ਸਾਚਾ ਬਸਤਰ ਤਨ ਛੁਹਾਇੰਦਾ । ਕੰਡਾ ਚੁੱਭੇ ਨਾ ਵਿਚ ਸੰਸਾਰਾ, ਜਗਤ ਦੁੱਖ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਪਾਰ ਕਰਾਇੰਦਾ । ਕੱਢੇ ਕੰਡਾ ਵਖਾਏ ਕੰਢਾ, ਕੰਢੀ ਆਪਣਾ ਡੇਰਾ ਲਾਈਆ । ਤ੍ਰੈਭਵਣ ਧਨੀ ਵੰਡਾਏ ਵੰਡਾ, ਤ੍ਰੈ ਤ੍ਰੈ ਦੇਸਾ ਵੇਖ ਵਖਾਈਆ । ਖੋਜ ਖੋਜਾਏ ਬ੍ਰਹਮ ਬ੍ਰਹਿਮੰਡਾ, ਪਾਰਬ੍ਰਹਮ ਬੇਪਰਵਾਹੀਆ । ਭੇਵ ਚੁਕਾਏ ਜੇਰਜ ਅੰਡਾ, ਉਤਭੁਜ ਸੇਤਜ ਰੂਪ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਕੰਢਾ ਦਏ ਵਖਾਈਆ । ਸਾਚਾ ਕੰਢਾ ਹਰਿ ਕਿਨਾਰਾ, ਕੰਢੀ ਪੱਤਣ ਆਪਣਾ ਲਾਇੰਦਾ । ਪੁਰਖ ਅਗੰਮੜਾ ਹੋ ਉਜਿਆਰਾ, ਅਗੰਮੜੀ ਧਾਰ ਚਲਾਇੰਦਾ । ਲੱਖ ਚੁਰਾਸੀ ਪਾਵੇ ਸਾਰਾ, ਜੀਵਾਂ ਜੰਤਾਂ ਵੇਖ ਵਖਾਇੰਦਾ । ਹਰਿਜਨ ਵਿਰਲਾ ਕਰ ਪਿਆਰਾ, ਆਪ ਆਪਣਾ ਮੇਲ ਮਿਲਾਇੰਦਾ । ਦੀਨਾਂ ਅਨਾਥਾਂ ਦਏ ਸਹਾਰਾ, ਦੀਨਨ ਆਪਣੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਿਨਾਰਾ ਆਪ ਸੁਹਾਇੰਦਾ । ਸਚ ਕਿਨਾਰਾ ਅੰਤਮ ਘਾਟ, ਸੋ ਪੁਰਖ ਨਿਰੰਜਣ ਆਪ ਬਣਾਈਆ । ਕੰਢੀ ਬੈਠਾ ਕੱਟੇ ਵਾਟ, ਦੂਰ ਦੁਰਾਡਾ ਪੰਧ ਮੁਕਾਈਆ । ਕਾਇਆ ਗਠੜੀ ਵੇਖੇ ਆਣ ਬਾਟ, ਡੂੰਘੀ ਭਵਰੀ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਈਆ । ਕਾਇਆ ਗਠੜੀ ਗੰਢ ਖੋਲ੍ਹ, ਆਪਣਾ ਪਰਦਾ ਦਏ ਚੁਕਾਈਆ । ਸੂਲਾ ਸੱਥਰ ਵਖਾਏ ਕੋਲ, ਯਾਰੜਾ ਸੱਚਾ ਮਾਹੀਆ । ਉਪਰ ਸੁੱਤਾ ਰਹੇ ਅਡੋਲ, ਕੰਡਾ ਕੋਇ ਚੁਭਣ ਨਾ ਪਾਈਆ । ਏਕਾ ਨਾਮ ਸੁਣਾਏ ਬੋਲ, ਅਨਬੋਲਤ ਸ਼ਬਦ ਅਲਾਈਆ । ਕੰਡੇ ਸੰਗ ਜਾਏ ਮੌਲ, ਪੱਤ ਡਾਲ੍ਹੀ ਫੁਲ ਮਹਿਕਾਈਆ । ਗੁਰਮੁਖ ਸਾਚੇ ਰੱਖੇ ਅਡੋਲ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਕੰਡਾ ਫੁੱਲ ਏਕਾ ਘਰ, ਹਰਿ ਹਰਿ ਆਪ ਉਪਾਇੰਦਾ । ਫੁਲ ਤੋੜੇ ਮਾਲਣ ਬਣ, ਆਪਣੀ ਖਾਰੀ ਆਪ ਟਿਕਾਇੰਦਾ । ਹਾਰ ਪਰੋਏ ਫੁੱਲ ਕਹੇ ਧੰਨ, ਸਾਚੇ ਹੱਟ ਆਪ ਵਕਾਇੰਦਾ । ਛੈਲ ਛਬੀਲਾ ਹਰਿਜਨ ਪਾਏ ਗਲ ਚੜ੍ਹੇ ਚੰਨ, ਜੋਬਨ ਨੂਰ ਨਾਲ ਮਿਲਾਇੰਦਾ । ਕੰਡਾ ਕਿਸੇ ਨਾ ਆਵੇ ਕੰਮ, ਹੱਥੋ ਹੱਥ ਨਾ ਕੋਇ ਤੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਮਲਾਇੰਦਾ । ਕੰਡਾ ਬਣਨ ਮਨਮੁਖ ਜੀਵ, ਸਤਿਗੁਰ

ਪੂਰਾ ਹੱਥ ਨਾ ਲਾਈਆ । ਗੁਰਮੁਖਾਂ ਉਤੋਂ ਰਿਹਾ ਥੇਵ, ਪਾਰਬ੍ਰਹਮ ਵਡੀ ਵਡਿਆਈਆ । ਆਪਣੀ ਹੱਥੀਂ ਵੇਚਿਆ ਮੇਵ, ਫਲ ਪਾਕੀ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਹਰਿ ਹਰਿ ਮਹਿਕਾਈਆ । ਸਾਚਾ ਫੁਲ ਹਰਿਜਨ ਮੀਤ, ਘਰ ਪੰਖੜੀਆਂ ਆਪ ਖੁਲ੍ਹਾਈਆ । ਹੋ ਹੋ ਭਵਰਾ ਗਾਏ ਗੀਤ, ਵਾਸਨਾ ਸੁਗੰਧ ਵਿਚ ਮਿਲਾਈਆ । ਗੁਰਸਿਖ ਫੁੱਲ ਬੈਠਾ ਰਹੇ ਅਤੀਤ, ਘਰ ਆਪਣੇ ਸੋਭਾ ਪਾਈਆ । ਗੁਰ ਸਤਿਗੁਰ ਨਿਭਾਵਣ ਆਏ ਆਪਣੀ ਪ੍ਰੀਤ, ਕਲਜੁਗ ਕਾਲਾ ਭੌਰਾ ਦਿਸ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਫੁਲ ਲਏ ਮਹਿਕਾਈਆ । ਕਲਜੁਗ ਕੰਡਾ ਲੱਗਾ ਟਾਹਣੀ, ਪੱਤ ਡਾਲ੍ਹੀ ਮੁਖ ਛੁਪਾਇਆ । ਕੋਇ ਨਾ ਮਿਲਿਆ ਸਾਚਾ ਹਾਣੀ, ਸਾਚਾ ਸੰਗ ਨਾ ਕੋਇ ਰਖਾਇਆ । ਨਾ ਜੋਬਨ ਨਾ ਕੋਇ ਜਵਾਨੀ, ਸਾਚੇ ਦਰ ਨਾ ਕੋਇ ਬਹਾਇਆ । ਕੋਈ ਹੱਥ ਨਾ ਲਾਏ ਰਾਜਾ ਰਾਣੀ, ਦੂਰ ਦੁਰਾਡਾ ਦਏ ਦੁਰਕਾਇਆ । ਉਪਰ ਛਿੜਕੇ ਨਾ ਕੋਈ ਪਾਣੀ, ਸੀਤਲ ਧਾਰ ਨਾ ਕੋਇ ਵਹਾਇਆ । ਕਲਜੁਗ ਅੰਤਮ ਰੋਵੇ ਕਰੇ ਪਛੋਤਾਨੀ, ਨੇਤਰ ਨੈਣਾਂ ਨੀਰ ਵਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਨਮੁਖਾਂ ਦਏ ਆਪ ਸਜ਼ਾਇਆ । ਮਨਮੁਖ ਕੰਡਾ ਮਨਮੁਖ ਰਿਹਾ ਚੁਭ, ਕਲਜੁਗ ਆਪਣੀ ਖੇਲ ਖਿਲਾਈਆ । ਅੰਦਰੇ ਅੰਦਰ ਰਿਹਾ ਖੁਭ, ਰੋ ਰੋ ਹਾਲ ਸੁਣਾਈਆ । ਮੇਰੀ ਕੋਈ ਨਾ ਲਵੇ ਸੁਧ, ਨਾ ਹੋਏ ਕੋਇ ਸਹਾਈਆ । ਮੇਰੀ ਮਾਰੀ ਗਈ ਬੁੱਧ, ਏਕਾ ਭੁਲਿਆ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਆਪੇ ਪਾਈਆ । ਕਲਜੁਗ ਕੰਡਾ ਤਿਖੀ ਧਾਰ, ਜੀਵਾਂ ਜੰਤਾਂ ਰਿਹਾ ਸਤਾਈਆ । ਰਾਹ ਖੇੜੇ ਜਾਂਦਿਆਂ ਮਾਰੇ ਮਾਰ, ਰਾਤੀ ਸੁੱਤਿਆਂ ਦਏ ਜਗਾਈਆ । ਕੋਈ ਨਾ ਸਕੇ ਸੁਰਤ ਸੰਭਾਲ, ਮਨ ਮਤ ਬੈਠੀ ਪਰਦਾ ਪਾਈਆ । ਫਲ ਫੁਲਵਾੜੀ ਨਾ ਦਿਸੇ ਡਾਲ, ਕੰਡਾ ਖ਼ਾਰ ਸੀਸ ਉਠਾਈਆ । ਕਾਇਆ ਗਠੜੀ ਨਾ ਸਕੇ ਕੋਇ ਸੰਭਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਨਮੁਖਾਂ ਦਏ ਸਜ਼ਾਈਆ । ਗੁਰਮੁਖ ਸਾਚਾ ਅਨਮੁਲੜਾ ਫੁੱਲ, ਪੁਰਖ ਅਬਿਨਾਸ਼ੀ ਆਪਣੇ ਹੱਥ ਰਖਾਈਆ । ਬਣ ਬਣ ਮਾਲਨ ਪਾਵੇ ਮੁੱਲ, ਅਮੁਲ ਵਡੀ ਵਡਿਆਈਆ । ਸਾਚੇ ਕੰਡੇ ਤੋਲੇ ਤੋਲ, ਤੋਲਾ ਬਣੇ ਸੱਚਾ ਸ਼ਹਿਨਸ਼ਾਹੀਆ । ਆਪਣੇ ਹੱਥ ਰਖਾਏ ਅਡੋਲ, ਡੋਲ ਕਦੇ ਨਾ ਜਾਈਆ । ਸਦਾ ਸਦਾ ਸਦ ਰੱਖੇ ਕੋਲ, ਆਪ ਆਪਣਾ ਰੰਗ ਚੜ੍ਹਾਈਆ । ਵਾਸਨਾ ਅੰਦਰ ਸੁਗੰਧੀ ਜਾਏ ਮੌਲ, ਸੁਗੰਧ ਵਾਸਨਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਦਰ ਧਰਿਆ ਸਾਚਾ ਕਵਲ, ਅੰਮ੍ਰਿਤ ਮੇਘ ਆਪ ਬਰਸਾਈਆ । ਅੰਮ੍ਰਿਤ ਮੇਘ ਬਰਸੇ ਬਰਖਾ, ਮੇਘ ਮੇਘਲਾ ਖੇਲ ਖਿਲਾਇੰਦਾ । ਨਾ ਕੋਈ ਸੋਗ ਨਾ ਕੋਈ ਹਰਖਾ, ਚਿੰਤਾ ਦੁੱਖ ਨਾ ਕੋਇ ਜਣਾਇੰਦਾ । ਏਕਾ ਦੇਵੇ ਦਰਸੀ ਦਰਸਾ, ਦੇ ਦਰਸ ਦਰਦ ਮਿਟਾਇੰਦਾ । ਸੰਸਾਰੀ ਮੇਟੇ ਹਿਰਸ ਹਿਰਸਾ, ਹਵਸ ਹੋਰ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚਾ ਫੁੱਲ ਮਹਿਕਾਇੰਦਾ । ਹਰਿਜਨ ਸਾਚਾ ਫੁੱਲ ਮਾਣਕ ਮੋਤੀ, ਘਰ ਸਾਚੇ ਆਪ ਟਿਕਾਈਆ । ਜਗਦੀ ਰਹੇ ਨਿਰਮਲ ਜੋਤੀ, ਜੋਤ ਨੂਰ ਰੁਸ਼ਨਾਈਆ । ਮਿਲੇ ਮੇਲ ਇਕ ਇਕਲੋਤੀ, ਇਕ ਇਕੱਲਾ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਅੰਗ ਲਗਾਈਆ । ਹਰਿਜਨ ਫੁੱਲ ਫੁਲਣਹਾਰ, ਇਕ ਇਕ ਮੇਲ ਮਿਲਾਇਆ । ਹਰਿ ਮੰਦਰ ਕਰੇ ਸਚ ਸ਼ੰਗਾਰ, ਦਰ ਸਾਚੇ ਭੇਟ ਚੜ੍ਹਾਇਆ । ਵਾਸਨਾ ਸੁਗੰਧ ਆਏ ਏਕਾ ਵਾਰ, ਵਾਸਨਾ

ਵਾਸਨਾ ਵਿਚ ਸਮਾਇਆ । ਮੁਕੇ ਪੰਧ ਸਰਬ ਸੰਸਾਰ, ਦਰ ਘਰ ਸਾਚੇ ਆਸਣ ਲਾਇਆ । ਨਾ ਕੋਈ ਪੱਤ ਨਾ ਕੋਈ ਡਾਲ੍ਹ, ਨਾ ਕੋਈ ਕੰਡਾ ਸਾਥ ਰਖਾਇਆ । ਪੁਰਖ ਅਬਿਨਾਸ਼ੀ ਹੋ ਦਿਆਲ, ਆਪਣੀ ਖਾਰੀ ਆਪੇ ਪਾਇਆ । ਸਚਖੰਡ ਦਵਾਰ ਰੱਖੇ ਸੰਭਾਲ, ਕਾਇਆ ਗਠੜੀ ਪਰੇ ਸੁਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲੇ ਆਪਣੇ ਘਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਾਲ ਲਾਲਾਂ ਵਿਚ ਰਖਾਇਆ ।



### ★ ੧੪ ਜੇਠ ੨੦੧੮ ਬਿਕ੍ਰਮੀ ਕਰਮ ਸਿੰਘ ਦੇ ਘਰ ਧੰਗਾਲੀ ਜੰਮੂ ★

ਗੁਰਸਿਖ ਸੱਚਾ ਸਾਹ ਸਵਾਰਾ, ਸ਼ਬਦ ਘੋੜੇ ਤੰਗ ਕਸਾਈਆ । ਚਰਨ ਰਕਾਬੇ ਦੇਵੇ ਆਪਣੀ ਵਾਰਾ, ਸਚ ਸਿੰਘਾਸਣ ਸੋਭਾ ਪਾਈਆ । ਨੌਂ ਖੰਡ ਪ੍ਰਿਥਮੀ ਖੇਲ ਨਿਆਰਾ, ਖ਼ਾਲਕ ਖ਼ਲਕ ਵਿਚ ਕਰਾਈਆ । ਹਰਿਜਨ ਫਿਰੇ ਵਿਚ ਸੰਸਾਰਾ, ਚਾਰ ਕੁੰਟ ਭੁਆਈਆ । ਲੋਆਂ ਪੁਰੀਆਂ ਬੋਲ ਜੈਕਾਰਾ, ਘਟ ਘਟ ਰਿਹਾ ਸੁਣਾਈਆ । ਕਰੋੜ ਤੇਤੀਸਾ ਦਏ ਹੁਲਾਰਾ, ਸੁਰਪਤ ਰਾਜਾ ਇੰਦ ਉਠਾਈਆ । ਛੋਟਾ ਬਾਲਾ ਹੋ ਤਿਆਰਾ, ਦਰ ਆਇਆ ਵਾਹੋ ਦਾਹੀਆ । ਪੁਰਖ ਅਬਿਨਾਸ਼ੀ ਕਰ ਸ਼ੰਗਾਰਾ, ਸਾਚੇ ਅਸਵ ਦਿਤਾ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਵਾਰੀ ਇਕ ਅਖਵਾਈਆ । ਗੁਰਸਿਖ ਅਸਵਾਰ ਹੋਏ ਸਵਾਰ, ਅਸਵ ਆਪਣਾ ਆਪ ਦੌੜਾਈਆ । ਪਵਣ ਉਨੰਜਾ ਨਾ ਪਾਵੇ ਸਾਰ, ਕੋਹ ਕਰੋੜੀ ਲੇਖਾ ਲਿਖ ਨਾ ਸਕੇ ਰਾਈਆ । ਸਾਹਿਬ ਸੁਲਤਾਨ ਦਏ ਸਹਾਰ, ਸ਼ਾਹ ਪਾਤਸ਼ਾਹ ਦਇਆ ਕਮਾਈਆ । ਸ਼ੰਕਰ ਛੱਪਰ ਛੰਨ ਲਏ ਉਠਾਲ, ਸੋਇਆ ਅੰਤ ਰਹਿਣ ਨਾ ਪਾਈਆ । ਗੁਰਸਿਖ ਬਾਲਾ ਆਇਆ ਬਣ ਜਵਾਨ, ਸੂਰਬੀਰ ਨਾਉਂ ਧਰਾਈਆ । ਨਾਲ ਲਿਆਇਆ ਸਤ ਰੰਗ ਨਿਸ਼ਾਨ, ਸਤਿ ਸਤਿ ਪੁਰਖ ਨਿਰੰਜਣ ਬਣਤ ਬਣਾਈਆ । ਸ੍ਰਿਸ਼ਟ ਸਬਾਈ ਦਏ ਗਿਆਨ, ਏਕਾ ਗੁਣ ਸਮਝਾਈਆ । ਪਰਗਟ ਹੋਇਆ ਸ੍ਰੀ ਭਗਵਾਨ, ਗੁਰਮੁਖਾਂ ਦਏ ਵਡਿਆਈਆ । ਨਵ ਨੌਂ ਚਾਰ ਚੁਕਾਏ ਕਾਣ, ਆਪਣੀ ਕੀਤੀ ਆਪ ਉਲਟਾਈਆ । ਆਪਣਾ ਬਣਾਏ ਫੇਰ ਵਿਧਾਨ, ਸਾਚੀ ਬਣਤ ਆਪ ਬਣਾਈਆ । ਸਚ ਸਿੰਘਾਸਣ ਬਹਿ ਦੇਵੇ ਫ਼ਰਮਾਨ, ਧੁਰ ਫ਼ਰਮਾਨ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਸਾਚੇ ਘੋੜੇ ਲਏ ਚੜ੍ਹਾਈਆ । ਗੁਰਮੁਖ ਘੋੜੇ ਗਿਆ ਚੜ੍ਹ, ਸਤਿ ਪੁਰਖ ਨਿਰੰਜਣ ਆਪ ਚੜ੍ਹਾਇਆ । ਪੁਰੀ ਬ੍ਰਹਮ ਗਿਆ ਵੜ, ਪਾਰਬ੍ਰਹਮ ਪ੍ਰਭ ਮੇਲ ਮਿਲਾਇਆ । ਬ੍ਰਹਮਾ ਵੇਖੇ ਉਠ ਉਠ ਖੜ, ਕੌਣ ਦਵਾਰੇ ਮੇਰੇ ਆਇਆ । ਮੈਂ ਲੱਖ ਚੁਰਾਸੀ ਘਾੜਨ ਰਿਹਾ ਘੜ, ਮੇਰਾ ਘਾੜਨ ਕੌਣ ਭੰਨ ਵਖਾਇਆ । ਮੈਂ ਵਿਦਿਆ ਆਪਣੀ ਗਿਆ ਪੜ੍ਹ, ਵੇਦ ਸ਼ਾਸਤਰ ਰੂਪ ਧਰਾਇਆ । ਕੌਣ ਮੇਰਾ ਕੀਤਾ ਦੇਵੇ ਹਰਿ, ਹਾਰ ਜਿਤ ਕੌਣ ਦਏ ਵਖਾਇਆ । ਮੈਂ ਨਿਰਭੌ ਹੋ ਕੇ ਚੁਕਾਇਆ ਡਰ, ਆਪਣੇ ਘਰ ਆਸਣ ਲਾਇਆ । ਮੈਂ ਅਨਭੋਲ ਲਿਆ ਫੜ, ਪੁਰਖ ਅਬਿਨਾਸ਼ੀ ਤੇਰਾ ਭੇਵ ਕਿਸੇ ਨਾ ਪਾਇਆ । ਤੇਰਾ ਗੁਰਸਿਖ ਤੇਰਾ ਅੱਖਰ ਆਇਆ ਪੜ੍ਹ, ਮੇਰਾ ਅੱਖਰ ਦਿਤਾ ਮਿਟਾਇਆ । ਮੈਂ ਸਰਨ ਸਰਨਾਈ ਡਿਗਾ ਦਰ, ਵਾਹ ਵਾ ਤੇਰਾ ਸ਼ੁਕਰ ਮਨਾਇਆ । ਮੇਰੀ ਆਪਣੇ ਘਰ ਲਾਉਣੀ ਜੜ੍ਹ, ਲੱਖ ਚੁਰਾਸੀ ਦੇਣੀ ਜੜ੍ਹ ਉਖੜਾਇਆ । ਮੇਰਾ ਨੂਰ ਆਪਣੇ

ਅੰਦਰ ਲੈਣਾ ਧਰ, ਲੱਖ ਚੁਰਾਸੀ ਨੂਰ ਅਗਨੀ ਤੱਤ ਜਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਘੋੜੇ ਆਪ ਬਹਾਇਆ । ਗੁਰਸਿਖ ਚੜ੍ਹ ਚੜ੍ਹ ਘੋੜੇ ਚੜ੍ਹਿਆ ਚਾ, ਵਾਗ ਆਪਣੇ ਹੱਥ ਉਠਾਈਆ । ਪੁਰਖ ਅਬਿਨਾਸ਼ੀ ਦਏ ਸਲਾਹ, ਸਾਚਾ ਰਾਹ ਦਏ ਵਖਾਈਆ । ਇੰਦਰ ਸ਼ੰਕਰ ਫੜ ਫੜ ਬਾਂਹ, ਆਪਣੀ ਗੋਦ ਬਹਾਈਆ । ਬ੍ਰਹਮੇ ਏਕਾ ਅੱਖਰ ਦਏ ਸੁਣਾ, ਅੰਤ ਆਖਰ ਕਰੇ ਪੜ੍ਹਾਈਆ । ਹੁਕਮ ਮਿਲਿਆ ਧੁਰ ਦਰਗਾਹ, ਵੇਲਾ ਸਭ ਦਾ ਰਿਹਾ ਚੁਕਾਈਆ । ਸਚਖੰਡ ਨਿਵਾਸੀ ਲੋਕਮਾਤ ਪਰਗਟ ਹੋਇਆ ਸੱਚਾ ਸ਼ਹਿਨਸ਼ਾਹ, ਦੋ ਜਹਾਨਾਂ ਸ਼ਹਿਨਸ਼ਾਹੀ ਦਏ ਬਦਲਾਈਆ । ਆਪਣੇ ਹੁਕਮਰਾਨ ਆਪਣੇ ਹੁਕਮ ਦਏ ਬਹਾ, ਹੁਕਮੀ ਹੁਕਮ ਆਪ ਸੁਣਾਈਆ । ਆਦਿ ਜੁਗਾਦਿ ਕਰਦਾ ਆਇਆ ਸਚ ਨਿਆਂ ਹਰਿ ਕਾ ਭੇਵ ਕੋਇ ਨਾ ਪਾਈਆ । ਗੁਰਸਿਖ ਬਹਾਏ ਸਾਚੇ ਥਾਂ, ਥਾਂਨ ਥਨੰਤਰ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਆਪਣੇ ਘੋੜੇ ਆਪ ਚੜ੍ਹਾਈਆ । ਗੁਰਸਿਖ ਚੜ੍ਹਿਆ ਘੋੜ ਕਸ ਪਲਾਣਾ, ਸ਼ਬਦ ਪਲਾਕ ਇਕ ਲਗਾਇੰਦਾ । ਮਿਟੌਂਦਾ ਜਾਏ ਰਾਜਾ ਰਾਣਾ, ਸ਼ਾਹ ਸੁਲਤਾਨਾ ਖਾਕ ਮਿਲਾਇੰਦਾ । ਗੌਂਦਾ ਜਾਏ ਏਕਾ ਗਾਣਾ, ਵਿਸ਼ਨੂੰ ਭਗਵਾਨ ਆਪ ਪੜ੍ਹਾਇੰਦਾ । ਦਰਗਹਿ ਸਾਚੀ ਮਿਲਿਆ ਸਚ ਟਿਕਾਣਾ, ਰਾਹ ਵਿਚ ਨਾ ਕੋਇ ਅਟਕਾਇੰਦਾ । ਸਤਿ ਸਰੂਪੀ ਸਚ ਬਬਾਣਾ, ਸਾਚਾ ਘੋੜਾ ਰੂਪ ਵਟਾਇੰਦਾ । ਪੁਰਖ ਅਬਿਨਾਸ਼ੀ ਹੋ ਮਿਹਰਵਾਨਾ, ਆਪ ਆਪਣਾ ਦਰ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਅਸਵ ਜਿਸ ਚੜ੍ਹਾਇੰਦਾ । ਅਸਵ ਘੋੜਾ ਸਾਚਾ ਰਾਕੀ, ਸੋ ਪੁਰਖ ਨਿਰੰਜਣ ਆਪ ਬਣਾਇਆ । ਗੁਰਮੁਖਾਂ ਵਖਾਏ ਖੋਲ੍ਹ ਆਤਮ ਤਾਕੀ, ਆਪਣਾ ਪਰਦਾ ਆਪ ਉਠਾਇਆ । ਕਿਸੇ ਦਿਸ ਨਾ ਆਵੇ ਜੀਵ ਖ਼ਾਕੀ, ਦੋਏ ਦੋਏ ਲੋਚਣ ਦਰਸ ਕਿਸੇ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਸਾਚਾ ਰਾਹ ਰਿਹਾ ਵਖਾਇਆ । ਸਾਚਾ ਰਾਕੀ ਹਰਿ ਕਾ ਨਾਉਂ, ਹਰਿਜਨ ਸਾਚੇ ਆਪ ਚੜ੍ਹਾਈਆ । ਫਿਰ ਫਿਰ ਵੇਖੇ ਨਗਰ ਖੇੜੇ ਗਰਾਉਂ, ਟਿੱਲੇ ਪਰਬਤ ਫੋਲ ਫੋਲਾਈਆ । ਗੁਰਸਿਖ ਫੜ ਫੜ ਚੜ੍ਹਾਏ ਬਾਹੋਂ, ਮਨਮੁਖ ਨੇੜ ਕੋਇ ਨਾ ਆਈਆ । ਅੱਗੇ ਪਿਛੇ ਫਿਰੇ ਸਿਰ ਰੱਖੇ ਠੰਡੀ ਛਾਉਂ, ਠਗ ਚੋਰ ਯਾਰ ਲੁਟ ਕੋਇ ਨਾ ਜਾਈਆ । ਕਰੇ ਪਿਆਰ ਜਿਉਂ ਬਾਲਕ ਮਾਉਂ, ਪਿਤਾ ਪੂਤ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਘੋੜਾ ਇਕ ਰਖਾਈਆ । ਸਾਚਾ ਘੋੜਾ ਚਾਰ ਪੌੜ, ਚਾਰ ਯੁਗਾਂ ਆਪ ਲਗਾਇੰਦਾ । ਜੁਗਾ ਜੁਗੰਤਰ ਰਿਹਾ ਦੌੜ, ਆਪਣਾ ਪੰਧ ਆਪ ਮੁਕਾਇੰਦਾ । ਅੰਤਮ ਭੰਨੇ ਰੀਠਾ ਕੌੜ, ਕਲਜੁਗ ਜੀਵ ਵੇਖ ਵਖਾਇੰਦਾ । ਗੁਰਸਿਖ ਘਰ ਜਾਏ ਬੌਹੜ, ਆਪ ਆਪਣਾ ਸੀਸ ਝੁਕਾਇੰਦਾ । ਹਰਿਜਨ ਉਠਾਏ ਆਪਣੀ ਮੌਰ, ਆਪਣੀ ਪੀਠ ਭਾਰ ਰਖਾਇੰਦਾ । ਨੌਂ ਖੰਡ ਪ੍ਰਿਥਮੀ ਵੇਖੇ ਕਰ ਕਰ ਗ਼ੌਰ, ਕੋਈ ਗੈਰ ਮੇਰੇ ਸੰਗ ਰਹਿਣ ਨਾ ਪਾਇੰਦਾ । ਬ੍ਰਹਿਮੰਡਾਂ ਕਰ ਕੇ ਆਇਆ ਸੈਰ, ਲੋਕਮਾਤ ਵੇਖ ਵਖਾਇੰਦਾ । ਚਾਰ ਕੁੰਟ ਵਰਤੇ ਕਹਿਰ, ਸਾਂਤਕ ਸਤਿ ਨਾ ਕੋਇ ਕਰਾਇੰਦਾ । ਕਲਜੁਗ ਪਾਪਾਂ ਵਗੇ ਹੜ ਗਹਰ, ਧੀਰਜ ਧੀਰ ਨਾ ਕੋਇ ਧਰਾਇੰਦਾ । ਪਿਤਾ ਪੁੱਤਰ ਪਿਆ ਵੈਰ, ਭਾਈ ਭਾਈ ਨਾ ਮੇਲ ਮਿਲਾਇੰਦਾ । ਭੈਣ ਭਰਾਵਾਂ ਦੇਵੇ ਜ਼ਹਿਰ, ਮਾਇਆ ਮਮਤਾ ਖੇਲ ਖਿਲਾਇੰਦਾ । ਨਾਰੀ ਕੰਤ ਭੁਲਾਏ ਕਰ ਕਰ ਹੇਰ ਫੇਰ, ਸਚ ਸੁੱਚ ਨਾ ਕੋਇ ਜਣਾਇੰਦਾ । ਕਲਜੁਗ ਅੰਤਮ ਪਰਗਟ ਹੋਇਆ ਸਿੰਘ ਸ਼ੇਰ ਦਲੇਰ, ਲੱਖ ਚੁਰਾਸੀ ਵੇਖ ਵਖਾਇੰਦਾ । ਆਪਣਾ ਘੋੜਾ ਫੜ ਲਿਆਇਆ ਘੇਰ, ਗੁਰਸਿਖਾਂ ਹੱਥ ਫੜਾਇੰਦਾ ।



੫੯੧
੧੦

ਚੜ੍ਹਨਾ ਛੇਤੀ ਨਾ ਲਾਉਣੀ ਦੇਰ, ਵੇਲਾ ਗਿਆ ਹੱਥ ਨਾ ਆਇੰਦਾ । ਚਾਰੋਂ ਕੁੰਟ ਹੋਣਾ ਹਨੇਰ, ਰਾਹ ਖੇੜਾ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਅਸਵਾਰ ਆਪ ਕਰਾਇੰਦਾ । ਗੁਰਸਿਖ ਅਸਵਾਰ ਉਠ ਕਮਰਕਸ, ਕਲਜੁਗ ਵੇਲਾ ਅੰਤਮ ਆਈਆ । ਸਤਿਗੁਰ ਮਾਰਗ ਰਿਹਾ ਦੱਸ, ਸਾਚਾ ਮਾਰਗ ਇਕ ਸਮਝਾਈਆ । ਕਿਸੇ ਨਾ ਰਹਿਣਾ ਕਿਸੇ ਦੇ ਵਸ, ਸਗਲਾ ਸੰਗ ਨਾ ਕੋਇ ਰਖਾਈਆ । ਗੁਰਸਿਖ ਗੁਰ ਗੁਰ ਮਿਲੇ ਹੱਸ ਹੱਸ, ਬਾਕੀ ਰੋਵੇ ਸਰਬ ਲੋਕਾਈਆ । ਹੁਣ ਕਹਿੰਦੇ ਮੂਰਖ ਮੂਰਖਾਂ ਨਾਲ ਗਏ ਫਸ, ਮੂਰਖ ਬਣਿਆ ਬੇਪਰਵਾਹੀਆ । ਮੂਰਖਾਂ ਕੋਲੋਂ ਦੂਰ ਦੁਰਾਡਾ ਗਿਆ ਨੱਸ, ਮੂਰਖ ਆਪਣਾ ਰੂਪ ਛੁਪਾਈਆ । ਜਿਸ ਜਨ ਹਿਰਦੇ ਅੰਦਰ ਗਿਆ ਵਸ, ਸਾਚੀ ਸੂਰਤ ਦਏ ਵਖਾਈਆ । ਅੰਤਮ ਪੂਰੀ ਕਰੇ ਆਸ, ਨਿਰਾਸਾ ਕੋਇ ਰਹਿਣ ਨਾ ਪਾਈਆ । ਗੁਰਸਿਖਾਂ ਦੇਵੇ ਆਪ ਸ਼ਾਬਾਸ਼, ਜੋ ਘੋੜਿਆਂ ਉਪਰ ਬੈਠੇ ਆਸਣ ਲਾਈਆ । ਲੇਖਾ ਚੁੱਕੇ ਪ੍ਰਿਥਮੀ ਆਕਾਸ਼, ਆਕਾਸ਼ ਆਕਾਸ਼ਾਂ ਪਾਰ ਕਰਾਈਆ । ਜਿਥੇ ਰੱਖੇ ਆਪਣਾ ਵਾਸ, ਗੁਰਮੁਖ ਰੱਖੇ ਚਰਨ ਕਵਲ ਸੱਚੀ ਸਰਨਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਣ ਬਣ ਦਾਸੀ ਦਾਸ ਕਰੇ ਬੰਦ ਖਲਾਸ, ਖ਼ਲਾਸਾ ਆਪਣਾ ਨਾ ਕਿਸੇ ਸਮਝਾਈਆ ।

## ★ ੧੪ ਜੇਠ ੨੦੧੮ ਬਿਕ੍ਰਮੀ ਮੇਲਾ ਰਾਮ ਦੇ ਘਰ ਧੰਗਾਲੀ ਜੰਮੂ ★

ਤਾਰਾ ਸਿੰਘ ਦਾ ਘੋੜਾ ਹਿਨਕੇ ਮੰਗੇ ਦਾਣਾ, ਸ਼ੋਰ ਰਿਹਾ ਮਚਾਈਆ । ਪਹਿਲੋਂ ਖਾਵਾਂ ਰਾਜਾ ਰਾਣਾ, ਸ਼ਾਹ ਸੁਲਤਾਨਾਂ ਦਿਆਂ ਖਪਾਈਆ । ਫੇਰ ਢਾਵਾਂ ਉਚ ਮਕਾਨਾ, ਉਚਾ ਟਿੱਲਾ ਕੋਇ ਰਹਿਣ ਨਾ ਪਾਈਆ । ਫਿਰ ਮਿਟਾਵਾਂ ਝੂਠਾ ਗਾਣਾ, ਧੀਆਂ ਭੈਣਾਂ ਜੋ ਨਾਚ ਰਹੇ ਕਰਾਈਆ । ਫਿਰ ਮਿਟਾਵਾਂ ਪੀਣਾ ਖਾਣਾ, ਮਦਿਰਾ ਮਾਸ ਜੋ ਜਨ ਰਸਨ ਰਹੇ ਲਗਾਈਆ । ਫੇਰ ਵਰਤਾ ਆਪਣਾ ਭਾਣਾ, ਹੋਣੀ ਨਾਰ ਪੁਰਖ ਅਬਿਨਾਸ਼ੀ ਅੱਗੇ ਸੀਸ ਝੁਕਾਈਆ । ਤੂੰ ਸ਼ਾਹ ਪਾਤਸ਼ਾਹ ਸੱਚਾ ਸੁਲਤਾਨਾ, ਤੇਰੇ ਚਲਾਂ ਹੁਕਮ ਰਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਇਕ ਰਖਾਈਆ । ਸਾਚੀ ਸੇਵਾ ਮੇਰੀ ਰੱਖ, ਗੁਰਸਿਖ ਅਸਵ ਮੰਗ ਮੰਗਾਇੰਦਾ । ਗੁਰਮੁਖ ਆਪਣੇ ਲੋਕਮਾਤ ਕਰ ਪਰਤੱਖ, ਮੈਂ ਘਰ ਘਰ ਵੇਖ ਵਖਾਇੰਦਾ । ਮੇਰਾ ਆਸਣ ਰਹੇ ਨਾ ਸਖ, ਗੁਰਸਿਖ ਸਾਚੇ ਆਪ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਮੰਗ ਮੰਗਾਇੰਦਾ । ਏਕਾ ਮੰਗ ਮੰਗੇ ਘੋੜਾ, ਹਰਿ ਹਰਿ ਅੱਗੇ ਸੀਸ ਝੁਕਾਈਆ । ਗੁਰਸਿਖ ਮਿਲੇ ਮੇਲ ਮੇਰਾ ਜੋੜਾ, ਲੋਕਮਾਤ ਵੱਜੇ ਵਧਾਈਆ । ਮੈਂ ਚਾਈਂ ਚਾਈਂ ਆਵਾਂ ਦੌੜਾ, ਤੇਰਾ ਚਰਨ ਰਾਹ ਤਕਾਈਆ । ਵੇਖੀਂ ਦਰ ਕਰੀਂ ਨਾ ਸੌੜਾ, ਭੁਲ ਕਦੇ ਨਾ ਜਾਈਆ । ਮੈਂ ਅੱਖੀਂ ਵੇਖ ਕੇ ਚਲਿਆ ਤੇਰੇ ਸੱਸੇ ਉਪਰ ਹੋੜਾ, ਸੱਸਾ ਤੇਰਾ ਕਿਲਾ ਨਿਰਗੁਣ ਸਰਗੁਣ ਵਿਚ ਬਹਾਈਆ । ਹੰ ਬ੍ਰਹਮ ਲਗਾਇਆ ਪੌੜਾ, ਪਹਿਲਾ ਪੌੜਾ ਦਵਾਂ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਆਸ ਪੂਰ ਕਰਾਈਆ । ਸਤਿਗੁਰ ਪੂਰਾ ਦੀਨ ਦਿਆਲ, ਦਇਆਵਾਨ ਦਇਆ ਕਮਾਇੰਦਾ । ਉਠ ਜਾ ਵੇਖ ਮੇਰੇ ਗੁਰਸਿਖ ਲਾਲ, ਲੋਕਮਾਤ ਰਾਹ ਦਸਾਇੰਦਾ । ਜੁਗ ਜੁਗ ਬੈਠੇ ਬਣ ਕੰਗਾਲ, ਝੂਠਾ ਧਨ ਨਾ ਕੋਇ ਰਖਾਇੰਦਾ । ਮੈਂ ਸੌਦਾ ਕਰਾਂ ਬਣ ਦਲਾਲ, ਰਸੀਦ ਆਪਣੇ ਹੱਥ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਏਕਾ ਦਰ ਸਮਝਾਇੰਦਾ । ਅਸਵ ਘੋੜਾ ਕਰੇ ਨਿਮਸਕਾਰ ਪੁਰਖ ਅਬਿਨਾਸ਼ੀ ਹੋ ਮਿਹਰਵਾਨ । ਆਪਣੇ ਪ੍ਰੇਮ ਮੈਨੂੰ ਸ਼ੰਗਾਰ, ਦੇ ਸੱਚਾ ਏਕਾ ਦਾਨ । ਮੈਂ ਜਾਵਾਂ ਵਿਚ ਸੰਸਾਰ, ਗੁਰਮੁਖ ਵੇਖਾਂ ਨੌਜਵਾਨ । ਸਿੰਘ ਤਾਰਾ ਰਿਹਾ ਪੁਕਾਰ, ਅੱਠੇ ਪਹਿਰ ਵੇਖੇ ਮਾਰ ਧਿਆਨ । ਮੈਂ ਫੜ ਕਰਾਂ ਅਸਵਾਰ, ਆਪਣੇ ਉਪਰ ਚੁੱਕਾ ਭਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਗੁਰਸਿਖ ਬਖ਼ਸ਼ਣਾ ਸ਼ਾਹ ਅਸਵਾਰ । ਹਰਿ ਘੋੜਾ ਨੌਜਵਾਨ ਅੱਗੇ ਆਏ ਖੜ, ਸੋਲਾਂ ਕਲੀਆਂ ਆਸਣ ਪਾਈਆ । ਸਿੰਘ ਤਾਰਾ ਬਿਰਧ ਅਵਸਥਾ ਵੇਖ ਨਾ ਜਾਏ ਡਰ, ਆਪਣਾ ਮੁਖ ਲਏ ਭਵਾਈਆ । ਮੈਂ ਨਿਉਂ ਨਿਉਂ ਨਿਉਂ ਅੱਗੇ ਕਰਾਂ ਆਪਣਾ ਧੜ, ਚਰਨ ਧੂੜ ਮਸਤਕ ਟਿੱਕਾ ਲਾਈਆ । ਮੇਰਾ ਕੋਈ ਨਾ ਫਰਕੇ ਫਰ, ਸੀਲ ਸੰਤੋਖ ਇਕ ਜਣਾਈਆ । ਤੂੰ ਕਰ ਕਿਰਪਾ ਦਿਤਾ ਧਰ, ਮੈਂ ਆਵਾਂ ਵਾਹੋ ਦਾਹੀਆ । ਤੇਰਾ ਪੁਚਾਵਾਂ ਤੇਰੇ ਘਰ, ਤੇਰਾ ਤੇਰੀ ਸੇਵ ਕਮਾਈਆ । ਹੋਏ ਸੁਭਾਗ ਮਿਲੇ ਹਰਿ ਦਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਘੋੜੇ ਉਪਰ ਆਪ ਚੜ੍ਹਾਈਆ । ਮਾਰੇ ਪੌੜ ਖੋਪਰੀ ਲੱਥੇ, ਦੂਈ ਦਵੈਤੀ ਦਏ ਮਿਟਾਈਆ । ਕਰੇ ਪਰਕਾਸ਼ ਜਗਤ ਰਥੇ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਮੇਲ ਮਿਲਾਏ ਜਿਉਂ ਜਟ ਧੰਨੇ, ਭੋਲੇ ਭਾਉ ਹੋਏ ਸਹਾਈਆ । ਸਤਿਗੁਰ ਪੂਰਾ ਏਕਾ ਮੰਨੇ, ਰੁੱਸੀ ਰਹੇ ਸਰਬ ਲੋਕਾਈਆ । ਭਾਗ ਲਗਾਵੇ ਛੱਪਰ ਛੰਨੇ, ਨਾਮ ਛੱਪਰ ਛੰਨ ਆਪ ਛੁਹਾਈਆ । ਬਣ ਬਾਢੀ ਦੂਸਰ ਨਾਲ ਕਦੇ ਨਾ ਮੰਨੇ, ਦੂਜਾ ਘਰ ਨਾ ਕੋਇ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਦਬਾਈਆ । ਪਹਿਲਾ ਪੌੜ ਮਸਤਕ ਉਤੇ ਦਏ ਰੱਖ, ਉਪਰ ਆਪਣਾ ਭਾਰ ਰਖਾਈਆ । ਘਰ ਵਿਚੋਂ ਘਰ ਕਰ ਪਰਤੱਖ, ਘਰ ਆਪਣਾ ਦਏ ਵਖਾਈਆ । ਸਾਚੀ ਵਸਤ ਫੜਾਏ ਹੱਥ, ਨਾਮ ਅਮੋਲਕ ਬੇਪਰਵਾਹੀਆ । ਮਹਿਮਾ ਸੁਣਾਏ ਅਕਥਨਾ ਅਕਥ, ਰਸਨਾ ਜਿਹਵਾ ਨਾ ਕੋਇ ਹਿਲਾਈਆ । ਆਪਣਾ ਮਾਰਗ ਜਾਏ ਦੱਸ, ਭਰਮ ਭੁਲੇਖਾ ਸਰਬ ਕਢਾਈਆ । ਸਾਚਾ ਨੂਰ ਕਰ ਪਰਕਾਸ਼, ਅੰਧ ਅੰਧੇਰਾ ਦਏ ਮਿਟਾਈਆ । ਆਤਮ ਸੇਜਾ ਕਰ ਭੋਗ ਬਲਾਸ, ਗੁਰਮੁਖ ਗੁਰ ਗੁਰ ਨਾਰੀ ਕੰਤ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਮੇਲ ਮਿਲਾਈਆ । ਸਾਚਾ ਪੌੜ ਰੱਖੇ ਚੋਟੀ, ਦਇਆਵਾਨ ਦਇਆ ਕਮਾਇੰਦਾ । ਜਗਤ ਕੱਢੇ ਵਾਸਨਾ ਖੋਟੀ, ਵਾਹ ਵਾ ਆਪਣਾ ਰੰਗ ਰੰਗਾਇੰਦਾ । ਗੁਰਸਿਖ ਨਾ ਖਾਏ ਮਾਸ ਬੋਟੀ, ਮਦਿਰਾ ਪਾਣ ਨਾ ਕੋਇ ਪਿਆਇੰਦਾ । ਕਰ ਕਿਰਪਾ ਪਰਗਟਾਏ ਨਿਰਮਲ ਜੋਤੀ, ਜੋਤ ਜੋਤ ਜਗਾਇੰਦਾ । ਗੁਰਸਿਖ ਆਤਮ ਰਹੇ ਨਾ ਸੋਤੀ, ਸੋਈ ਸੁਵਾਣੀ ਆਪ ਉਠਾਇੰਦਾ । ਫੜਕੇ ਆਇਆ ਏਕਾ ਸੋਟੀ, ਸੋਹੰ ਡੰਡਾ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਖਿਲਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਗੁਰਸਿਖ ਘਰ ਘਰ ਵੇਖ ਵਖਾਇੰਦਾ ।

ਬਾਲੀ ਬੁਧ ਬ੍ਰਹਮ ਵਿਚਾਰ, ਹਰਿ ਸਰਨ ਸੱਚੀ ਸਰਨਾਈਆ । ਪੁਰਖ ਅਬਿਨਾਸ਼ੀ ਪਾਏ ਸਾਰ, ਬਾਲ ਅਵਸਥਾ ਦਏ ਵਡਿਆਈਆ । ਘਟ ਨੂਰ ਹੋਏ ਉਜਿਆਰ, ਸੂਝ ਬੂਝ ਆਪ ਜਣਾਈਆ । ਕਲਜੁਗ ਮਾਇਆ ਪੋਹ ਨਾ ਸਕੇ ਵਿਚ ਸੰਸਾਰ, ਜਗਤ ਧਰੋ ਨਾ ਕੋਇ ਕਮਾਈਆ । ਏਕਾ

ਮੋਹ ਬਖ਼ਸ਼ੇ ਸੰਗਤ ਪਿਆਰ, ਮਾਤ ਪਿਤ ਵਖਾਏ ਸਰਬ ਭੈਣ ਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਛੋਟੀ ਬਾਲੀ ਗੋਦ ਬਹਾਈਆ । ਛੋਟੀ ਬਾਲੀ ਬਾਲ ਅਵਾਣ, ਤਨ ਮਨ ਚਾਉ ਘਨੇਰਾ । ਘਰ ਮਿਲੇ ਮੇਰਾ ਸ੍ਰੀ ਭਗਵਾਨ, ਦਰ ਆਏ ਪਾਏ ਫੇਰਾ । ਮੇਰਾ ਮਾਣਸ ਜਨਮ ਕਰੇ ਪਰਵਾਨ, ਚੁੱਕੇ ਜਮ ਕਾ ਝੇੜਾ । ਬ੍ਰਹਮ ਦੇਵੇ ਜੀਆ ਦਾਨ, ਪਾਰਬ੍ਰਹਮ ਕਰ ਕਰ ਆਪਣੀ ਮਿਹਰਾਂ । ਚਰਨ ਧੂੜੀ ਕਰਾਏ ਸੱਚਾ ਅਸ਼ਨਾਨ, ਦਰਸ ਵਖਾਏ ਨੇਰਨ ਨੇਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਚੁਕਾਏ ਮੇਰਾ ਤੇਰਾ । ਬਾਲ ਅਵਾਣੀ ਸੁਘੜ ਸੁਚੱਜੀ, ਤਨ ਮਨ ਵੈਰਾਗਿਆ । ਚਾਈਂ ਚਾਈਂ ਫਿਰੇ ਭੱਜੀ, ਮੇਰਾ ਘਰ ਹੋਏ ਸੁਭਾਗਿਆ । ਮੇਰੀਆਂ ਪਕੜੇ ਦੋਏ ਬਾਂਹੀ, ਬਿਨ ਮਾਤ ਪਿਤ ਰੱਖੇ ਲਾਜਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਦਰਸ ਗ਼ਰੀਬ ਨਵਾਜਿਆ । ਬਾਲ ਅਵਾਣੀ ਉਤਮ ਜ਼ਾਤ, ਮਿਲੀ ਮਾਣ ਵਡਿਆਈਆ । ਪੁਰਖ ਅਬਿਨਾਸ਼ੀ ਦੇ ਕੇ ਜਾਏ ਨਾਮ ਦਾਤ, ਸੌਹਰੇ ਪੇਈਏ ਸਦਾ ਸੰਗ ਰਖਾਈਆ । ਆਵੇ ਜਾਵੇ ਪੁਛੇ ਵਾਤ, ਨਿਤ ਨਵਿਤ ਫੇਰਾ ਪਾਈਆ । ਬਣਿਆ ਰਹੇ ਪਿਤਾ ਮਾਤ, ਬਾਲ ਅਵਾਣੀ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕੋ ਗੱਲ ਲੱਗੀ ਚੰਗੀ, ਜੇਹੜੀ ਆਖੇ ਪਾਤਸ਼ਾਹ ਮੇਰੇ ਘਰ ਫੇਰਾ ਪਾਈਆ ।

## ★ ੧੪ ਜੇਠ ੨੦੧੮ ਬਿਕ੍ਰਮੀ ਲਛਮਣ ਸਿੰਘ ਦੇ ਘਰ ਧੰਗਾਲੀ ਜੰਮੂ ★

ਆਦਿ ਅੰਤ ਹਰਿ ਕਾ ਰੰਗ, ਸੋ ਪੁਰਖ ਨਿਰੰਜਣ ਆਪ ਰਖਾਇੰਦਾ । ਜੁਗਾ ਜੁਗੰਤਰ ਨਾਮ ਮਰਦੰਗ, ਹਰਿ ਪੁਰਖ ਨਿਰੰਜਣ ਆਪ ਵਜਾਇੰਦਾ । ਦੋ ਜਹਾਨਾਂ ਸਚ ਪਲੰਘ, ਏਕੰਕਾਰਾ ਆਪ ਹੰਢਾਇੰਦਾ । ਮੇਟ ਮਿਟਾਏ ਅੰਧੇਰਾ ਅੰਧ, ਆਦਿ ਨਿਰੰਜਣ ਜੋਤ ਜਗਾਇੰਦਾ । ਅਬਿਨਾਸ਼ੀ ਕਰਤਾ ਗਾਏ ਸੁਹਾਗੀ ਛੰਦ, ਆਪਣਾ ਨਾਉਂ ਆਪ ਧਰਾਇੰਦਾ । ਸ੍ਰੀ ਭਗਵਾਨਾ ਕਰੇ ਪਰਕਾਸ਼ ਬਿਨ ਸੂਰਜ ਚੰਦ, ਘਰ ਸਾਚੇ ਸੋਭਾ ਪਾਇੰਦਾ । ਪਾਰਬ੍ਰਹਮ ਆਪੇ ਜਾਣੇ ਆਪਣਾ ਅਨੰਦ, ਸਤਿ ਸਰੂਪ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰ ਆਪ ਰਖਾਇੰਦਾ । ਸੋ ਪੁਰਖ ਨਿਰੰਜਣ ਸਾਚੀ ਧਾਰ, ਸਚਖੰਡ ਦਵਾਰ ਬਣਾਈਆ । ਥਿਰ ਘਰ ਆਪਣਾ ਕਰ ਪਸਾਰ, ਚਰਨ ਕਵਲ ਟਿਕਾਈਆ । ਸੁੰਨ ਅਗੰਮੀ ਖੋਲ੍ਹ ਕਿਵਾੜ, ਧੂਆਂਧਾਰ ਵਖਾਈਆ । ਆਪਣੀ ਇਛਿਆ ਕਰ ਵਿਚਾਰ, ਸਾਚੀ ਭਿਛਿਆ ਜੋਤ ਰੁਸ਼ਨਾਈਆ । ਦੀਵਾ ਬਾਤੀ ਇਕ ਉਜਿਆਰ, ਕਮਲਾਪਾਤੀ ਲਏ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਖਿਲਾਈਆ । , ਸੋ ਪੁਰਖ ਨਿਰੰਜਣ ਨਾਉਂ ਧਰਾਇੰਦਾ । ਆਪ ਪਰਗਟਾਏ ਆਪਣੀ ਜਾਤੀ, ਨਿਰਗੁਣ ਆਪਣਾ ਰੂਪ ਵਟਾਇੰਦਾ । ਨਾ ਕੋਈ ਦਿਵਸ ਨਾ ਕੋਈ ਰਾਤੀ, ਥਿਤ ਵਾਰ ਨਾ ਵੰਡ ਵੰਡਾਇੰਦਾ । ਨਾ ਸੰਧਿਆ ਨਾ ਕਰੇ ਪਰਭਾਤੀ, ਵੇਲਾ ਵਕਤ ਨਾ ਕੋਇ ਜਣਾਇੰਦਾ । ਨਾ ਪਿਤਾ ਨਾ ਕੋਇ ਮਾਤੀ, ਦਾਈ ਦਾਇਆ ਨਾ ਕੋਇ ਅਖਵਾਇੰਦਾ । ਨਾ ਕੋਈ ਮੰਦਰ ਨਾ ਕੋਈ ਹਾਟੀ, ਵਣਜ ਵਣਜਾਰਾ ਨਾ ਕੋਇ ਜਣਾਇੰਦਾ । ਨਾ ਕੋਈ ਤੀਰਥ ਨਾ ਕੋਈ ਤਾਟੀ, ਸਰੋਵਰ ਸਰ ਨਾ ਕੋਇ ਭਰਾਇੰਦਾ । ਇਕ ਇਕੱਲਾ ਖੇਲੇ ਖੇਲ ਕਮਲਾਪਾਤੀ, ਪੁਰਖ ਅਬਿਨਾਸ਼ੀ ਆਪਣਾ ਘਰ ਸੁਹਾਇੰਦਾ । ਜੋਤੀ ਜੋਤ


੫੯੪
੧੦

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਬੰਕ ਆਪ ਬਣਾਇੰਦਾ । ਸਾਚਾ ਬੰਕ ਹਰਿ ਦਵਾਰਾ, ਚਾਰ ਦੀਵਾਰ ਨਾ ਕੋਇ ਰਖਾਈਆ । ਛੱਪਰ ਛੰਨ ਨਾ ਕੋਇ ਸਹਾਰਾ, ਮਹੱਲ ਅਟਲ ਉਚ ਦਏ ਵਡਿਆਈਆ । ਦੀਵਾ ਬਾਤੀ ਨਾ ਕੋਇ ਉਜਿਆਰਾ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਸੂਰਜ ਚੰਨ ਨਾ ਕੋਇ ਸਤਾਰਾ, ਕਿਰਨ ਕਿਰਨ ਨਾ ਕੋਇ ਪਰਗਟਾਈਆ । ਵਿਸ਼ਨ ਬ੍ਰਹਮਾ ਸ਼ਿਵ ਨਾ ਕੋਇ ਅਖਾੜਾ, ਲੱਖ ਚੁਰਾਸੀ ਨਾਚ ਨਾ ਕੋਇ ਨਚਾਈਆ । ਸਾਧ ਸੰਤ ਨਾ ਗੁਰ ਅਵਤਾਰਾ, ਰੂਪ ਰੰਗ ਰੇਖ ਨਾ ਕੋਇ ਵਖਾਈਆ । ਪੂਜਾ ਪਾਠ ਨਾ ਕੋਇ ਜੈਕਾਰਾ, ਨਾਦ ਧੁੰਨ ਨਾ ਕੋਇ ਵਜਾਈਆ । ਮੰਦਰ ਮਸਜਦ ਨਾ ਕੋਈ ਗੁਰਦਵਾਰਾ, ਠਾਕਰ ਸ਼ਿਵਦਵਾਲਾ ਮਠ ਨਾ ਕੋਇ ਬਣਾਈਆ । ਤ੍ਰੈਗੁਣ ਮਾਇਆ ਨਾ ਕੋਇ ਪਸਾਰਾ, ਪੰਜ ਤੱਤ ਮੇਲਾ ਨਾ ਕੋਇ ਮਿਲਾਈਆ । ਨਾ ਕੋਈ ਨਾਰੀ ਕੰਤ ਭਤਾਰਾ, ਸੇਜ ਸੁਹੰਜਣੀ ਨਾ ਕੋਇ ਸੁਹਾਈਆ । ਪੂਤ ਸਪੂਤਾ ਨਾ ਸੁਤ ਦੁਲਾਰਾ, ਮਾਤਾ ਕੁੱਖ ਨਾ ਕੋਇ ਵਡਿਆਈਆ । ਸ਼ਾਹ ਪਾਤਸ਼ਾਹ ਨਾ ਕੋਇ ਸਿਕਦਾਰਾ, ਰਈਅਤ ਸੀਸ ਨਾ ਕੋਇ ਝੁਕਾਈਆ । ਧਰਤ ਧਵਲ ਨਾ ਕੋਇ ਪਸਾਰਾ, ਜਲ ਬਿੰਬ ਨਾ ਕੋਇ ਵਡਿਆਈਆ । ਸਮੁੰਦ ਸਾਗਰ ਨਾ ਮਿਠਾ ਖਾਰਾ, ਉਜਾੜ ਪਹਾੜ ਨਾ ਕੋਇ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਸਾਚੀ ਬਣਤ ਬਣਾਈਆ । ਸਚਖੰਡ ਦਵਾਰਾ ਸਚ ਬਣਾ, ਹਰਿ ਆਪਣੀ ਸੇਵ ਕਮਾਇੰਦਾ । ਆਪ ਆਪਣਾ ਵਿਚ ਟਿਕਾ, ਨਿਰਗੁਣ ਨੂਰ ਧਰਾਇੰਦਾ । ਇਕ ਇਕੱਲਾ ਕਰ ਰੁਸ਼ਨਾ, ਦਰ ਘਰ ਸਾਚੇ ਸੋਭਾ ਪਾਇੰਦਾ । ਸਚ ਮਹੱਲਾ ਲਏ ਵਸਾ, ਆਪਣਾ ਪਰਕਾਸ਼ ਆਪ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਆਪ ਸੁਹਾਇੰਦਾ । ਸਚਖੰਡ ਦਵਾਰਾ ਹਰਿ ਸੁਹਾਇੰਦਾ, ਨਿਰਗੁਣ ਜੋਤ ਜਗਾ । ਆਪਣੀ ਇਛਿਆ ਆਪ ਪਰਗਟਾਇੰਦਾ, ਬੇਅੰਤ ਬੇਪਰਵਾਹ । ਅਗੰਮ ਅਗੰਮੜੀ ਖੇਲ ਖਿਲਾਇੰਦਾ, ਅਲਖ ਅਲਖਨਾ ਅਲਖ ਜਗਾ । ਆਪਣੀ ਰਚਨਾ ਆਪ ਰਚਾਇੰਦਾ, ਸਚ ਸਿੰਘਾਸਣ ਲਏ ਸਜਾ । ਸਾਚੀ ਘਾੜਤ ਆਪ ਘੜਾਇੰਦਾ, ਬਾਢੀ ਬਣੇ ਹਰਿ ਮਿਹਰਵਾਂ । ਲੰਮਾ ਚੌੜਾ ਭੇਵ ਕੋਇ ਨਾ ਪਾਇੰਦਾ, ਦਿਸ ਨਾ ਆਏ ਕਿਸੇ ਨਿਸ਼ਾਂ । ਆਪਣੇ ਮੰਦਰ ਆਪੇ ਡਾਹਿੰਦਾ, ਆਪੇ ਆਸਣ ਲਏ ਵਿਛਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਦਏ ਵਡਿਆ । ਸਚ ਸਿੰਘਾਸਣ ਹਰਿ ਵਛਾਇਆ, ਆਪਣੀ ਸੇਜ ਆਪ ਸੁਹਾਈਆ । ਆਪੇ ਵੇਖ ਵੇਖ ਖ਼ੁਸ਼ੀ ਮਨਾਇਆ, ਸਚਖੰਡ ਵੱਜੇ ਵਧਾਈਆ । ਮੇਰਾ ਸਾਨੀ ਦੂਜਾ ਕੋਇ ਨਜ਼ਰ ਨਾ ਆਇਆ, ਇਕ ਇਕੱਲਾ ਬੈਠਾ ਖੇਲ ਖਿਲਾਈਆ । ਆਪਣਾ ਮਤਾ ਆਪ ਪਕਾਇਆ, ਆਪੇ ਦਏ ਸਲਾਹੀਆ । ਆਪਣਾ ਵੱਡਾ ਨਾਉਂ ਵਡਿਆਇਆ, ਵਡਿਆਈ ਆਪਣੇ ਹੱਥ ਰਖਾਈਆ । ਆਪਣਾ ਬਲ ਲਏ ਧਰਾਇਆ, ਬਲ ਧਾਰੀ ਬੇਪਰਵਾਹੀਆ । ਆਪਣਾ ਘਰ ਲਏ ਵਸਾਇਆ, ਸਚਖੰਡ ਦਵਾਰ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਇਛਿਆ ਆਪ ਪਰਗਟਾਈਆ । ਆਪਣੀ ਇਛਿਆ ਬਣਿਆ ਰਾਜਾ, ਸ਼ਾਹ ਪਾਤਸ਼ਾਹ ਨਾਉਂ ਧਰਾਇੰਦਾ । ਆਪਣੀ ਇਛਿਆ ਸਾਜਨ ਸਾਜਾ, ਦਿਸ ਕਿਸੇ ਨਾ ਆਇੰਦਾ । ਆਪਣੀ ਇਛਿਆ ਰਚਿਆ ਕਾਜਾ, ਆਪ ਆਪਣਾ ਖੇਲ ਖਿਲਾਇੰਦਾ । ਆਪਣੀ ਇਛਿਆ ਆਪਣੀ ਰੱਖੇ ਲਾਜਾ, ਹਰਿ ਆਪਣੀ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੂਪ ਆਪ ਵਟਾਇੰਦਾ । ਆਪਣੀ ਇਛਿਆ ਹਰਿ ਬਲ ਧਾਰ, ਸਚਖੰਡ ਦਵਾਰ ਸੁਹਾਈਆ । ਸ਼ਹਿਨਸ਼ਾਹ ਬਣ ਸੱਚੀ ਸਰਕਾਰ, ਆਪਣੀ ਘਾੜਤ ਲਏ ਘੜਾਈਆ । ਨਿਰਗੁਣ

ਸੀਸ ਨਿਰਗੁਣ ਜਗਦੀਸ ਨਿਰਗੁਣ ਕਰ ਵਿਚਾਰ, ਨਿਰਗੁਣ ਵੇਖੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਇਛਿਆ ਆਪ ਸਮਝਾਈਆ । ਆਪਣੀ ਇਛਿਆ ਦੱਸੇ ਸ਼ਾਹ, ਪਾਤਸ਼ਾਹ ਆਪਣਾ ਭੇਵ ਖੁਲ੍ਹਾਇੰਦਾ । ਬਿਨ ਹੁਕਮ ਨਾ ਚਲੇ ਕੋਈ ਰਾਹ, ਮਾਰਗ ਕੋਇ ਨਜ਼ਰ ਨਾ ਆਇੰਦਾ । ਬਣ ਪਾਤਸ਼ਾਹ ਝੱਲੇ ਨਾ ਕੋਈ ਦਬਾ, ਸੀਸ ਨਾ ਕੋਈ ਝੁਕਾਇੰਦਾ । ਬਣ ਸ਼ਹਿਨਸ਼ਾਹ ਦੇਵੇ ਨਾ ਕੋਇ ਸਜ਼ਾ, ਹੁਕਮਰਾਨ ਨਾ ਕੋਇ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਆਪ ਆਪ ਸਮਝਾਇੰਦਾ । ਬਣ ਪਾਤਸ਼ਾਹ ਕਰਾਂ ਮੈਂ ਰਾਜ, ਪੁਰਖ ਅਕਾਲ ਆਪਣਾ ਮਤਾ ਪਕਾਈਆ । ਆਪਣਾ ਘਾੜਤ ਘੜ ਘੜ ਸਿਰ ਰੱਖਾਂ ਸਾਚਾ ਤਾਜ, ਸ਼ਹਿਨਸ਼ਾਹ ਫੇਰ ਅਖਵਾਈਆ । ਪਾਤਸ਼ਾਹ ਬਣ ਰੱਖਾਂ ਲਾਜ, ਲੱਜਿਆ ਮੇਰੀ ਮੋਹੇ ਭਾਈਆ । ਧੁਰ ਫ਼ਰਮਾਨਾ ਮਾਰਾਂ ਵਾਜ, ਆਪਣਾ ਹੁਕਮ ਸੁਣਾਈਆ । ਸਚ ਸਿੰਘਾਸਣ ਬਣੇ ਸਾਚੋ ਸਾਚ, ਛੈਲ ਛਬੀਲਾ ਆਪ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਦੇਵੇ ਆਪਣਾ ਵਰ, ਬਿਨ ਤਾਜ ਪਾਤਸ਼ਾਹ ਕੋਇ ਨਜ਼ਰ ਨਾ ਆਈਆ । ਕਵਣ ਰੂਪ ਘਾੜਤ ਘੜੇ ਨਿਰੰਕਾਰਾ, ਸੀਸ ਤਾਜ ਬਣਾਈਆ । ਆਪਣੀ ਇਛਿਆ ਕਰੇ ਵਿਚਾਰਾ, ਆਪ ਆਪਣਾ ਫੋਲ ਫੋਲਾਈਆ । ਮੇਰਾ ਖੇਲ ਹੋਏ ਅਪਰ ਅਪਾਰਾ, ਅਪਰੰਪਰ ਹੱਥ ਵਡਿਆਈਆ । ਮੈਂ ਸਭ ਤੋਂ ਉਪਰ ਵਸਾਂ ਧਾਮ ਨਿਆਰਾ, ਉਚੀ ਮੇਰੀ ਸ਼ਹਿਨਸ਼ਾਹੀਆ । ਥੱਲੇ ਰੱਖੇ ਸਚਖੰਡ ਦਵਾਰਾ, ਜਿਸ ਦਵਾਰੇ ਆਸਣ ਲਵਾਂ ਲਗਾਈਆ । ਦੂਜਾ ਖੋਲ੍ਹਾਂ ਫੇਰ ਕਿਵਾੜਾ, ਥਿਰ ਘਰ ਸਾਚਾ ਨਾਉਂ ਧਰਾਈਆ । ਤੀਜੇ ਪਾਵਾਂ ਆਪੇ ਸਾਰਾ, ਸੁੰਨ ਅਗੰਮ ਵੇਖ ਵਖਾਈਆ । ਚੌਥੇ ਘਰ ਹੋ ਉਜਿਆਰਾ, ਅੰਧ ਅੰਧੇਰ ਦਵਾਂ ਗਵਾਈਆ । ਚਾਰੇ ਮੁਖ ਮੇਰਾ ਸਹਾਰਾ, ਆਪਣਾ ਰੰਗ ਲਵਾਂ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਤਾਜ ਲਏ ਘੜਾਈਆ । ਸਾਚਾ ਤਾਜ ਉਤਮ ਧਾਰ, ਉਚ ਮਹੱਲ ਅਟਲ ਸੁਹਾਇਆ । ਚਾਰੇ ਮੁਖ ਚਾਰ ਦੀਵਾਰ, ਪੁਰਖ ਅਬਿਨਾਸ਼ੀ ਘਾੜਤ ਲਏ ਘੜਾਇਆ । ਸੀਸ ਰੱਖ ਸੱਚੀ ਸਰਕਾਰ, ਆਪਣਾ ਹੁਕਮ ਦਏ ਸੁਣਾਇਆ । ਆਪਣੇ ਅੰਦਰੋਂ ਆਪੇ ਕੱਢੇ ਆਪਣੀ ਸ਼ਬਦੀ ਧਾਰ, ਪਹਿਲਾ ਮੁਖ ਆਪ ਸਲਾਹਿਆ । ਦੂਜੀ ਬਣ ਮਾਤ ਪਿਤ ਕੁੱਖ ਕਰ ਤਿਆਰ, ਵਿਸ਼ਨੂੰ ਵਿਸ਼ਵ ਆਪੇ ਜਾਇਆ । ਤੀਜੇ ਦਰ ਪਾਵੇ ਸਾਰ, ਬ੍ਰਹਮਾ ਵੇਤਾ ਫੁੱਲ ਖਲਾਇਆ । ਚੌਥੇ ਘਰ ਖੋਲ੍ਹ ਕਿਵਾੜ, ਭੋਲਾ ਨਾਥ ਆਪ ਉਠਾਇਆ । ਚਾਰੇ ਮੁਖ ਪਾਵੇ ਸਾਰ, ਨਿਰਗੁਣ ਨਿਰਗੁਣ ਵੇਸ ਵਟਾਇਆ । ਪੰਚਮ ਮੁਖ ਸੱਚੀ ਸਰਕਾਰ, ਆਪਣਾ ਰੂਪ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਤਾਜ ਲਏ ਘੜਾਇਆ । ਸਾਚਾ ਤਾਜ ਘਾੜਨ ਘੜ, ਚਾਰ ਮੁਖ ਦਏ ਵਡਿਆਈਆ । ਪੰਚਮ ਅੰਦਰ ਬੈਠਾ ਵੜ, ਪੁਰਖ ਅਬਿਨਾਸ਼ੀ ਸੇਜ ਵਛਾਈਆ । ਵਿਸ਼ਨੂੰ ਦੇਵੇ ਏਕਾ ਵਰ, ਸਚ ਭੰਡਾਰ ਆਪ ਭਰਾਈਆ । ਬ੍ਰਹਮਾ ਖੋਲ੍ਹੇ ਆਪੇ ਦਰ, ਚਾਰੇ ਵੇਦ ਕਰੇ ਪੜ੍ਹਾਈਆ । ਚਾਰੇ ਮੁਖ ਚਾਰੋਂ ਕੁੰਟ ਕਰ, ਹਰਿ ਹਰਿ ਜਸ ਰਿਹਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਚਮ ਤਾਜ ਦਏ ਵਡਿਆਈਆ । ਚਾਰ ਮੁਖ ਚਾਰ ਜੁਗ, ਹਰਿ ਸਾਚੇ ਖੇਲ ਖਿਲਾਇਆ । ਚਾਰੇ ਵੇਦ ਕਰੇ ਸੁਧ, ਚਾਰੇ ਬਾਣੀ ਆਪ ਪੜ੍ਹਾਇਆ । ਚਾਰੇ ਵਰਨ ਭੇਵ ਖੁਲ੍ਹਾਏ ਗੁਝ, ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਪਰਦਾ ਦਏ ਉਠਾਇਆ । ਚਾਰ ਯਾਰੀ ਲਏ ਲੁੱਟ, ਚਾਰੋਂ ਕੁੰਟ ਫੇਰਾ ਪਾਇਆ । ਏਕਾ ਤਾਜ ਰੱਖੇ ਮੁੱਖ, ਜੁਗ ਚੌਕੜੀ ਹੁਕਮ ਸੁਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਮੰਦਰ

ਸੋਭਾ ਪਾਇਆ । ਸਾਚੇ ਮੰਦਰ ਹਰਿ ਜਗਦੀਸ, ਤਖ਼ਤ ਤਾਜ ਆਪ ਸੁਹਾਈਆ । ਏਕਾ ਹੁਕਮ ਇਕ ਹਦੀਸ, ਲੱਖ ਚੁਰਾਸੀ ਕਰੇ ਪੜ੍ਹਾਈਆ । ਲੇਖਾ ਜਾਣੇ ਰਾਗ ਛਤੀਸ, ਤੀਸ ਬਤੀਸ ਵੇਖ ਵਖਾਈਆ । ਜੁਗ ਚੌਕੜੀ ਪੀਸਣ ਰਿਹਾ ਪੀਸ, ਮਾਇਆ ਮਮਤਾ ਚੱਕੀ ਆਪ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਤਾਜ ਦਏ ਵਡਿਆਈਆ । ਸਾਚਾ ਤਾਜ ਨਿਰਗੁਣ ਰੰਗ, ਹਰਿ ਸਾਚਾ ਆਪ ਰੰਗਾਇੰਦਾ । ਸਾਚੇ ਤਖ਼ਤ ਬੈਠੇ ਸੂਰਾ ਸਰਬੰਗ, ਸਚ ਸਿੰਘਾਸਣ ਸੋਭਾ ਪਾਇੰਦਾ । ਨਾਮ ਵਜਾਏ ਇਕ ਮਰਦੰਗ, ਲੋਆਂ ਪੁਰੀਆਂ ਆਪ ਸੁਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਮੰਗਣ ਮੰਗ, ਨਿਉਂ ਨਿਉਂ ਸੀਸ ਸਰਬ ਝੁਕਾਇੰਦਾ । ਕੌਣ ਵੇਲਾ ਨਿਰਗੁਣ ਜੋਤ ਲੋਕਮਾਤ ਚੜ੍ਹਾਏ ਆਪਣਾ ਚੰਦ, ਚੰਦ ਚਾਂਦਨੀ ਮੁਖ ਸ਼ਰਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਮੰਗ ਮੰਗਾਇੰਦਾ । ਪੁਰਖ ਅਬਿਨਾਸ਼ੀ ਦਇਆ ਕਮਾ, ਏਕਾ ਗੁਣ ਸਮਝਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰ ਧਿਆਨ, ਹਰਿ ਸਾਚਾ ਰਿਹਾ ਜਣਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਬੀਤ ਜਾਣ, ਨਿਰਗੁਣ ਸਰਗੁਣ ਨਾਚ ਨਚਾਈਆ । ਲੋਕਮਾਤ ਗੁਰ ਅਵਤਾਰ ਕਰ ਪਰਧਾਨ, ਨਾਮ ਪਰਧਾਨਗੀ ਹੱਥ ਫੜਾਈਆ । ਬਣ ਬਣ ਆਵਣ ਹੁਕਮਰਾਨ, ਮੇਰਾ ਸੰਦੇਸਾ ਦੇਣ ਸੁਣਾਈਆ । ਕਲਜੁਗ ਅੰਤਮ ਜੀਵ ਜੰਤ ਸਰਬ ਭੁਲ ਜਾਣ, ਗੁਰ ਕਾ ਸ਼ਬਦ ਨਾ ਕੋਇ ਕਮਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਅੰਤਮ ਹੋਏ ਆਪ ਮਿਹਰਵਾਨ, ਲੋਕਮਾਤ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਰਿਹਾ ਖੁਲ੍ਹਾਈਆ । ਬ੍ਰਹਮਾ ਵਿਸ਼ਨ ਸ਼ਿਵ ਹਰਿ ਜਣਾਏ, ਭੁਲ ਰਹੇ ਨਾ ਰਾਈਆ । ਕਲਜੁਗ ਅੰਤਮ ਨਿਰਗੁਣ ਜੋਤੀ ਜੋਤ ਜਗਾਏ, ਪਾਰਬ੍ਰਹਮ ਪ੍ਰਭ ਬੇਪਰਵਾਹੀਆ । ਨਿਹਕਲੰਕਾ ਜਾਮਾ ਪਾਏ, ਗੁਰ ਅਵਤਾਰ ਦੇਣ ਗਵਾਹੀਆ । ਸਚਖੰਡ ਦਵਾਰਾ ਲੋਕਮਾਤ ਬਣਾਏ, ਘਰ ਸਾਚਾ ਆਪ ਸੁਹਾਈਆ । ਆਪਣਾ ਰੂਪ ਦਏ ਦਰਸਾਏ, ਆਦਿ ਆਦਿ ਜੋ ਲਿਆ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਚੁਕਾਈਆ । ਆਦਿ ਪੁਰਖ ਆਦਿ ਰੂਪ ਧਰਾਇਆ, ਪੰਚਮ ਮੁਖ ਤਾਜ ਸੁਹਾਇੰਦਾ । ਅੰਤਮ ਨਿਰਗੁਣ ਬਣ ਕੇ ਆਇਆ, ਲੋਕਮਾਤ ਵੇਸ ਵਟਾਇੰਦਾ । ਆਪਣੀ ਸਮਗਰੀ ਨਾਲ ਲੈ ਕੇ ਆਇਆ, ਸਚ ਭੰਡਾਰਾ ਆਪਣੇ ਹੱਥ ਰਖਾਇੰਦਾ । ਸਾਚਾ ਘਾੜਨ ਘੜ ਕੇ ਆਇਆ, ਜਗਤ ਸੁਨਿਆਰ ਨਾ ਕੋਇ ਘੜਾਇੰਦਾ । ਪੰਚਮ ਮੁਖ ਆਪਣੇ ਹੱਥ ਫੜ ਕੇ ਆਇਆ, ਆਪ ਆਪਣਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤ ਆਪਣਾ ਖੇਲ ਖਿਲਾਇੰਦਾ । ਅੰਤਮ ਖੇਲ ਹਰਿ ਕਰਾਉਣਾ, ਸੀਸ ਜਗਦੀਸ ਤਾਜ ਟਿਕਾਈਆ । ਜੋ ਘੜਿਆ ਸੋ ਭੰਨ ਵਖਾਉਣਾ, ਹੁਕਮੀ ਹੁਕਮ ਕਰੇ ਜਣਾਈਆ । ਝੂਠੀ ਰਈਅਤ ਬੰਨ੍ਹ ਵਖੌਣਾ, ਏਕਾ ਬੰਧਨ ਪਾਈਆ । ਕਲਜੁਗ ਫਾਸ ਗਲ ਲਟਕਾਉਣਾ, ਨਾ ਸਕੇ ਕੋਇ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਾਹ ਪਾਤਸ਼ਾਹ ਆਪ ਹੋ ਜਾਈਆ । ਸ਼ਾਹ ਪਾਤਸ਼ਾਹ ਬਣੇ ਹਰਿ ਰਾਜਾ, ਹਾਕਮ ਹੁਕਮ ਆਪ ਸੁਣਾਇੰਦਾ । ਦੋ ਜਹਾਨਾਂ ਰਚਿਆ ਕਾਜਾ, ਚੌਦਾਂ ਲੋਕਾਂ ਵੇਖ ਵਖਾਇੰਦਾ । ਚੌਦਾਂ ਤਬਕਾਂ ਖੋਲ੍ਹੇ ਪਾਜਾ, ਤ੍ਰੈਭਵਣ ਪਰਦਾ ਆਪ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮੰਦਰ ਆਪ ਸੁਹਾਇੰਦਾ । ਸਾਚਾ ਮੰਦਰ ਹਰਿ ਨਿਰੰਕਾਰਾ, ਅਚਰਜ ਆਪ ਬਣਾਈਆ । ਆਦਿ ਬਣਾਇਆ ਸਚਖੰਡ ਦਵਾਰਾ, ਨਜ਼ਰ ਕਿਸੇ ਨਾ ਆਈਆ । ਅੰਤਮ ਕਰੇ

ਪੰਜ ਤੱਤ ਪਸਾਰਾ, ਰੂਪ ਰੰਗ ਰੇਖ ਨਾ ਕੋਇ ਜਣਾਈਆ । ਗੋਬਿੰਦ ਬਨਿਆ ਮਾਤ ਲਿਖਾਰਾ, ਲੱਖ ਚੁਰਾਸੀ ਗਿਆ ਸਮਝਾਈਆ । ਨਾਨਕ ਉਚੀ ਬੋਲ ਜੈਕਾਰਾ, ਏਕਾ ਗੁਣ ਗਿਆ ਵਖਾਈਆ । ਵੇਦ ਵਿਆਸਾ ਕਰ ਪੁਕਾਰਾ, ਉਚੀ ਉਚੀ ਅਲਾਈਆ । ਮਹਾਂਬਲੀ ਉਤਰੇ ਆਪਣੀ ਵਾਰਾ, ਮਾਤ ਪਿਤ ਨਾ ਕੋਇ ਜਾਈਆ । ਸ਼ਬਦ ਅਗੰਮੀ ਬੋਲ ਜੈਕਾਰਾ, ਆਪਣਾ ਨਾਅਰਾ ਦਏ ਸੁਣਾਈਆ । ਪੁਰਖ ਅਕਾਲ ਵਸੇ ਧਾਮ ਨਿਆਰਾ, ਸੰਬਲ ਆਪਣਾ ਆਸਣ ਲਾਈਆ । ਸੰਬਲ ਨਗਰ ਗੋਬਿੰਦ ਮੀਤ ਮੁਰਾਰਾ, ਦੂਸਰ ਅਵਰ ਨਾ ਕੋਇ ਜਣਾਈਆ । ਮਾਤ ਪਿਤ ਪੂਤ ਜਿਸ ਵਾਰਾ, ਆਪਣੀ ਸੇਵ ਸਚ ਕਮਾਈਆ । ਲਹੂ ਮਿਝ ਬਣਾਇਆ ਇੱਟਾਂ ਗਾਰਾ, ਜਗਤ ਮਹੱਲ ਦਏ ਵਖਾਈਆ । ਅੰਤਮ ਤਜ ਸਰਬ ਪਰਵਾਰਾ, ਪੁਰਖ ਅਕਾਲ ਇਕ ਮਨਾਈਆ । ਏਕਾ ਫਤਿਹ ਬੋਲ ਜੈਕਾਰਾ, ਸ੍ਰਿਸ਼ਟ ਸਬਾਈ ਗਿਆ ਸਮਝਾਈਆ । ਕਲਜੁਗ ਆਵੇ ਅੰਤਮ ਦੁਲਾਰਾ, ਨਿਹਕਲੰਕ ਕਰੇ ਰੁਸ਼ਨਾਈਆ । ਪਿਤਾ ਪੂਤ ਸੋਹੇ ਇਕ ਦਵਾਰਾ, ਘਰ ਵੱਜਦੀ ਰਹੇ ਵਧਾਈਆ । ਸੀਸ ਜਗਦੀਸ ਕਲਗੀ ਤੋੜਾ ਸੋਹੇ ਸੀਸ ਸੱਚੀ ਸਰਕਾਰਾ, ਜੋਤੀ ਜੋੜਾ ਸ਼ਬਦ ਮਿਲਾਈਆ । ਦੋ ਜਹਾਨ ਕਰੇ ਨਿਮਸਕਾਰਾ, ਗੁਰ ਅਵਤਾਰ ਸੀਸ ਝੁਕਾਈਆ । ਭਗਤ ਭਗਵੰਤ ਦਰ ਬਣਨ ਭਿਖਾਰਾ, ਸੰਤਨ ਆਪਣੀ ਝੋਲੀ ਰਹੇ ਵਖਾਈਆ । ਗੁਰਮੁਖ ਮੰਗਣ ਚਰਨ ਧੂੜੀ ਛਾਰਾ, ਮਸਤਕ ਟਿੱਕਾ ਇਕ ਰਮਾਈਆ । ਗੁਰਮੁਖ ਗੁਰਸਿਖ ਮੰਗਣ ਦਰਸ ਦੀਦਾਰਾ, ਨੇਤਰ ਨੈਣ ਨੈਣ ਉਠਾਈਆ । ਕਲਜੁਗ ਰੋਵੇ ਜ਼ਾਰੋ ਜ਼ਾਰਾ, ਉਠ ਉਠ ਦਏ ਦੁਹਾਈਆ । ਪੁਰਖ ਅਬਿਨਾਸ਼ੀ ਕਰੇ ਖੇਲ ਨਿਆਰਾ, ਸ਼ਾਹ ਪਾਤਸ਼ਾਹ ਆਪ ਹੋ ਜਾਈਆ । ਗੁਰਸਿਖ ਵੇਖੇ ਬਾਲ ਅਵਾਣਾ, ਕਵਣ ਕੂਟੇ ਬੈਠਾ ਆਸਣ ਲਾਈਆ । ਜੁਗਾ ਜੁਗੰਤਰ ਜੋ ਮੰਨਦਾ ਰਿਹਾ ਭਾਣਾ, ਦੁਖ ਸੁਖ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਗੁਰ ਗੁਰ ਲਏ ਮਿਲਾਈਆ । ਗੁਰਮੁਖ ਮਿਲਿਆ ਗੁਰ, ਗੁਰ ਗੋਬਿੰਦ ਖੇਲ ਖਿਲਾਇਆ । ਲੇਖਾ ਲਿਖ ਲਿਖ ਦੱਸੇ ਧੁਰ, ਧੁਰ ਮਸਤਕ ਵੇਖ ਵਖਾਇਆ । ਚਰਨ ਪ੍ਰੀਤੀ ਗਈ ਜੁੜ, ਪੁਰਖ ਅਬਿਨਾਸ਼ੀ ਜੋੜ ਜੁੜਾਇਆ । ਨਿਰਗੁਣ ਚੜ੍ਹ ਕੇ ਆਇਆ ਆਪਣੇ ਘੋੜ, ਸਾਚਾ ਅਸਵ ਰਿਹਾ ਦੌੜਾਇਆ । ਜਨਮ ਜਨਮ ਦੀ ਬੁਝਾਏ ਔੜ, ਅੰਮ੍ਰਿਤ ਮੇਘ ਆਪ ਬਰਸਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਤਰਾਇਆ । ਤਾਰਨਹਾਰਾ ਹਰਿ ਗੋਬਿੰਦ, ਗੋਬਿੰਦ ਮਹਿਮਾ ਕਥੀ ਨਾ ਜਾਈਆ । ਜੁਗਾ ਜੁਗੰਤਰ ਮੇਟੇ ਚਿੰਦ, ਚਿੰਤਾ ਰੋਗ ਨਾ ਕੋਇ ਸਤਾਈਆ । ਲੇਖਾ ਜਾਣੇ ਗੁਣੀ ਗਹਿੰਦ, ਗਹਿਰ ਗੰਭੀਰ ਸੱਚਾ ਸ਼ਹਿਨਸ਼ਾਹੀਆ । ਗੁਰਸਿਖ ਬਣਾਏ ਆਪਣੀ ਬਿੰਦ, ਨਾਦੀ ਸੁਤ ਨਾਉਂ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਲੇਖਾ ਜਾਣੇ ਥਾਉਂ ਥਾਈਂਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤਖ਼ਤ ਨਿਵਾਸੀ ਸ਼ਾਹੋ ਸਾਬਾਸ਼ੀ ਪੁਰਖ ਅਬਿਨਾਸ਼ੀ ਘਟ ਘਟ ਵਾਸੀ ਹਰਿਜਨ ਪੂਰੀ ਕਰੇ ਆਸੀ, ਆਸਾ ਤ੍ਰਿਸਨਾ ਜਨਮ ਜਨਮ ਦੀ ਪੂਰ ਕਰਾਈਆ ।

### ★ ੧੫ ਜੇਠ ੨੦੧੮ ਬਿਕ੍ਰਮੀ ਬੀਬੀ ਗੁਰਦਈ ਦੇ ਘਰ ਧੰਗਾਲੀ ਜੰਮੂ ★

ਸਚਖੰਡ ਦਵਾਰਾ ਹਰਿ ਹਰਿ ਖ਼ਾਲਕ, ਘਰ ਸਾਚਾ ਸਚ ਸੁਹਾਇੰਦਾ । ਨੂਰੀ ਨੂਰ ਬਣ ਬਣ ਪਾਲਕ, ਪ੍ਰਿਤਪਾਲਕ ਵੇਖ ਵਖਾਇੰਦਾ । ਮੁਰਸ਼ਦ

ਮੁਰੀਦ ਵੇਖੇ ਬਾਲਕ, ਆਪਣਾ ਪਰਦਾ ਆਪ ਉਠਾਇੰਦਾ । ਨਿਰਗੁਣ ਸਰਗੁਣ ਬਣ ਬਣ ਸਾਲਸ, ਲੋਕਮਾਤ ਸਤਿ ਕਮਾਇੰਦਾ । ਪੀਰ ਪੈਗ਼ੰਬਰ ਲਾਏ ਆਲਸ, ਸਚ ਸਵੰਬਰ ਆਪ ਰਚਾਇੰਦਾ । ਜਗਤ ਮਿਟਾਏ ਝੂਠੀ ਨਾਲਸ਼, ਨਾਅਰਾ ਹੱਕ ਇਕ ਲਗਾਇੰਦਾ । ਜੀਵ ਬਣਾਏ ਜਨ ਖ਼ਾਲਸ, ਸਾਚਾ ਮੰਤਰ ਨਾਮ ਦ੍ਰਿੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰ ਕਿਰਪਾ ਵੇਖ ਵਖਾਇੰਦਾ । ਖ਼ਾਲਕ ਖ਼ਲਕ ਰੂਪ ਭਗਵਾਨ, ਮਖ਼ਲੂਕ ਆਪਣੀ ਬਣਤ ਬਣਾਈਆ । ਸ਼ਾਹ ਪਾਤਸ਼ਾਹ ਰਹੀਮ ਰਹਿਮਾਨ, ਰਹਿਮਤ ਆਪਣੀ ਸੇਵ ਕਮਾਈਆ । ਸਾਬਰ ਸਿਦਕ ਸਬਰ ਈਮਾਨ, ਸੋਭਤ ਹਰਿ ਹਰਿ ਵਡ ਵਡਿਆਈਆ । ਕੁਦਰਤ ਕ਼ਾਦਰ ਕਰਤਾ ਵੇਖ ਨਿਸ਼ਾਨ, ਜਗਤ ਨਿਸ਼ਾਨਾ ਆਪ ਝੁਲਾਈਆ । ਸ਼ਬਦ ਅਗੰਮੀ ਧੁਰ ਪੈਗ਼ਾਮ, ਅਲਾਹੀ ਕਲਾਮ ਆਪ ਸੁਣਾਈਆ । ਆਬੇ ਹਯਾਤ ਮਦਿ ਪਿਆਲਾ ਜਾਮ, ਕਾਇਆ ਕਾਅਬਾ ਆਪ ਪਿਆਈਆ । ਨਗਰ ਖੇੜਾ ਵੇਖ ਗਰਾਮ, ਗਿਰਹਾ ਆਪਣੀ ਫੋਲ ਫੋਲਾਈਆ । ਪੰਜ ਤੱਤ ਕਾਇਆ ਵੇਖੇ ਨਜਾਮ, ਨਜਮੋ ਨਸਕ ਆਪ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਾਹ ਪਾਤਸ਼ਾਹ ਹਰਿ ਤੌਫੀਕ, ਖ਼ਾਲਕ ਆਪਣਾ ਬਲ ਰਖਾਇੰਦਾ । ਮੁਰਸ਼ਦ ਮੁਰੀਦ ਬਣ ਰਫ਼ੀਕ, ਸਗਲਾ ਸੰਗ ਨਿਭਾਇੰਦਾ । ਆਦਿ ਜੁਗਾਦਿ ਲਾਸ਼ਰੀਕ, ਵਾਹਵਾ ਆਪਣਾ ਨਾਉਂ ਧਰਾਇੰਦਾ । ਪੀਰ ਪੈਗ਼ੰਬਰ ਰੱਖ ਉਡੀਕ, ਨੇਤਰ ਨੈਣ ਸਰਬ ਤਰਸਾਇੰਦਾ । ਆਪਣਾ ਅੱਖਰ ਲਿਖੇ ਬਾਰੀਕ, ਲਿਖਣ ਪੜ੍ਹਨ ਵਿਚ ਨਾ ਆਇੰਦਾ । ਆਪ ਚਲਾਏ ਆਪਣੀ ਰੀਤ, ਕੂਰਾ ਕਾਇਆ ਫੋਲ ਫੋਲਾਇੰਦਾ । ਕਾਦਰ ਕੁਦਰਤ ਦੱਸ ਹਦੀਸ, ਕਲਮਾ ਨਬੀ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਰੰਗ ਆਪ ਸਮਾਇੰਦਾ । ਮਹਿਬਾਨ ਬੀਦੋ ਰੰਗ ਅਪਾਰਾ, ਅਲਾਹੀ ਨੂਰ ਆਪ ਰੰਗਾਇੰਦਾ । ਬੀ ਖ਼ੈਰ ਯਾ ਅੱਲਾ ਏਕਾ ਨਾਅਰਾ, ਨੂਰ ਅਲਾਹੀ ਆਪ ਲਗਾਇੰਦਾ । ਹੱਕ ਮੁਕਾਮੇ ਹੋ ਉਜਿਆਰਾ, ਸਾਚੀ ਨੌਬਤ ਨਾਮ ਵਜਾਇੰਦਾ । ਗ਼ਫ਼ਲਤ ਲਾਹੇ ਸਰਬ ਸੰਸਾਰਾ, ਉਲਫ਼ਤ ਆਪਣੀ ਆਪ ਜਣਾਇੰਦਾ । ਸਾਚਾ ਹੁਜਰਾ ਕਰ ਤਿਆਰਾ, ਸਾਚਾ ਸਯਦਾ ਆਪ ਕਰਾਇੰਦਾ । ਸਚ ਮਹਿਰਾਬੇ ਕਰ ਪਸਾਰਾ, ਸਚ ਮਸੱਲੇ ਹੇਠ ਵਿਛਾਇੰਦਾ । ਨੂਰੀ ਅੱਲਾ ਖੇਲ ਨਿਆਰਾ, ਨਿਰਗੁਣ ਧਾਰਾ ਆਪ ਚਲਾਇੰਦਾ । ਬਿਸਮਲ ਰੂਪ ਕਰ ਪਸਾਰਾ, ਇਸਮ ਆਪਣਾ ਆਪ ਦ੍ਰਿੜਾਇੰਦਾ । ਆਜ਼ਮ ਹੋ ਸ਼ਾਹ ਸਿਕਦਾਰਾ, ਸ਼ਖ਼ਸ਼ੀਅਤ ਅਵਰ ਨਾ ਕੋਇ ਜਣਾਇੰਦਾ । ਤਅਜ਼ੀਮ ਅਜ਼ੀਮ ਕਰ ਉਜਿਆਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਚੁਕਾਇੰਦਾ । ਭੇਵ ਚੁਕਾਏ ਪਰਵਰਦਿਗਾਰ, ਖ਼ਾਕੀ ਖ਼ਾਕ ਨਾ ਕੋਇ ਵਖਾਇੰਦਾ । ਅੱਲਾ ਹੂ ਹੂ ਬੋਲ ਜੈਕਾਰ, ਨਾਅਰਾ ਹੱਕ ਹੱਕ ਲਗਾਇੰਦਾ । ਸ਼ਾਹ ਨਵਾਬ ਬਣ ਸਿਕਦਾਰ, ਰੂਪ ਅਨੂਪ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਰੰਗ ਆਪ ਸਮਾਇੰਦਾ । ਰੰਗ ਰੰਗੀਲਾ ਸ਼ਾਹ ਨਵਾਬ, ਸ਼ਹਿਨਸ਼ਾਹ ਵਡੀ ਵਡਿਆਈਆ । ਸਾਚੇ ਤਖ਼ਤ ਬੈਠ ਜਨਾਬ, ਜ਼ੋਰ ਜ਼ਬਰ ਆਪ ਵਖਾਈਆ । ਸੀਸ ਨਵਾਇਣ ਕੋਟਨ ਕੋਟ ਮਾਹਤਾਬ, ਆਫ਼ਤਾਬ ਨੈਣ ਨਾ ਕੋਇ ਉਠਾਈਆ । ਨਿਰਗੁਣ ਵਜਾਏ ਨਿਰਗੁਣ ਰਬਾਬ, ਸਤਿ ਸਤਾਰ ਆਪ ਹਲਾਈਆ । ਆਪਣਾ ਬਣੇ ਆਪ ਅਹਿਬਾਬ, ਸੰਗਮ ਸਾਚਾ ਮੇਲ ਮਿਲਾਈਆ । ਆਪੇ ਗਾਏ ਸਦਾਏ ਬਾਂਗ, ਉਚੀ ਕੂਕ ਕੂਕ ਸੁਣਾਈਆ । ਆਪੇ ਵਰਤੇ ਆਪਣਾ ਸਵਾਂਗ, ਸਵਾਂਗੀ ਆਪਣਾ ਰੂਪ ਵਟਾਈਆ । ਆਪੇ ਰੱਖੇ ਮਿਲਣ ਦੀ ਸਾਚੀ ਤਾਂਘ, ਜੁਗ ਜੁਗ ਆਪਣਾ

ਨੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਲਾਹੀ ਨੂਰ ਆਪ ਧਰਾਈਆ । ਅਲਾਹੀ ਨੂਰ ਬਿਸਮਲ ਧਾਰ, ਸੋ ਪੁਰਖ ਨਿਰੰਜਣ ਆਪ ਧਰਾਇੰਦਾ । ਇਲ ਲਿੱਲਾ ਰੂਪ ਸੱਚੀ ਸਰਕਾਰ, ਇਸ਼ਟ ਦੇਵ ਆਪ ਪਰਗਟਾਇੰਦਾ । ਐਨਲਹਕ ਬੋਲ ਜੈਕਾਰ, ਹੱਕ ਹਕ਼ੀਕਤ ਵੇਖ ਵਖਾਇੰਦਾ । ਮੰਗੇ ਦਰਸ ਇਕ ਦੀਦਾਰ, ਦੀਦ ਈਦ ਚੰਦ ਚੜ੍ਹਾਇੰਦਾ । ਬਕਰੀਦ ਨਾ ਦੱਸੇ ਕੋਇ ਵਿਹਾਰ, ਛੁਰੀ ਹੱਥ ਨਾ ਕੋਇ ਫੜਾਇੰਦਾ । ਪੀਰ ਪੈਗ਼ੰਬਰ ਕਰ ਉਜਿਆਰ, ਲੋਕਮਾਤ ਹੁਕਮ ਜਣਾਇੰਦਾ । ਜੀਵਾਂ ਜੰਤਾਂ ਦਏ ਅਧਾਰ, ਸਾਬਤ ਈਮਾਨ ਇਕ ਵਖਾਇੰਦਾ । ਸ਼ਰਅ ਸ਼ਰੀਅਤ ਹੱਕ ਪਿਆਰ, ਨਿਰਗੁਣ ਨਿਰਗੁਣ ਆਪ ਵਖਾਇੰਦਾ । ਲਾ ਹੱਕ ਖੇਲੇ ਖੇਲ ਅਗੰਮ ਅਪਾਰ, ਰੂਪ ਅਨੂਪ ਧਰਾਇੰਦਾ । ਜੁਗ ਜੁਗ ਹੁਕਮ ਦੇਵੇ ਹੁਕਮਰਾਨ, ਹਾਕਮ ਹੁਕਮ ਆਪ ਸੁਣਾਇੰਦਾ । ਲੋਕਮਾਤ ਕਰ ਪਰਧਾਨ, ਚੌਦਾਂ ਤਬਕ ਵੰਡ ਵੰਡਾਇੰਦਾ । ਚੌਦਾਂ ਸਦੀਆਂ ਦੱਸੇ ਨਿਸ਼ਾਨ, ਧਰਤ ਧਵਲ ਆਪ ਝੁਲਾਇੰਦਾ । ਏਕਾ ਹੁਕਮ ਧੁਰ ਫ਼ਰਮਾਨ, ਤੀਸ ਬਤੀਸ ਆਪ ਸੁਣਾਇੰਦਾ । ਕਲਮਾ ਕਲਾਮ ਹਦੀਸ ਕ਼ੁਰਾਨ, ਸ਼ਰਅ ਸ਼ਰਾਇਤ ਆਪ ਵਖਾਇੰਦਾ । ਅੰਤਮ ਲੇਖਾ ਮੰਗੇ ਆਣ, ਇਕ ਮੁਹੰਮਦ ਹਰਿ ਸਮਝਾਇੰਦਾ । ਚਾਰ ਯਾਰੀ ਬਣੇ ਨਾਦਾਨ, ਜਗਤ ਨਿਧਾਨਾ ਵੇਖ ਵਖਾਇੰਦਾ । ਨਿਰਗੁਣ ਆਏ ਵਿਚ ਜਹਾਨ, ਸਰਗੁਣ ਸਭ ਦਾ ਪਰਦਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਖ਼ੁਦ ਖ਼ੁਦਾਵੰਦ ਆਪ ਅਖਵਾਇੰਦਾ । ਖ਼ੁਦਾਵੰਦ ਖ਼ਾਲਕ ਮਖ਼ਲੂਕ ਰੰਗ, ਰੰਗ ਰੰਗੀਲਾ ਸਾਚਾ ਮਾਹੀਆ । ਮੁਕਾਮੇ ਹੱਕ ਇਕ ਪਲੰਘ, ਆਲਮੀਨ ਆਪ ਟਿਕਾਈਆ । ਉਪਰ ਬੈਠ ਸੂਰਾ ਸਰਬੰਗ, ਏਕਾ ਅਲਿਫ਼ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੂਰ ਨੂਰ ਨੂਰ ਨੂਰ ਅਲਾਹੀਆ । ਨੂਰ ਅਲਾਹੀ ਜਲਵਾ ਜਲਾਲ, ਜਾਗਰਤ ਜੋਤ ਆਪ ਜਗਾਇੰਦਾ । ਆਪਣਾ ਉਪਜਾਏ ਆਪ ਖ਼ਿਆਲ, ਆਪਣਾ ਮਤਾ ਆਪ ਪਕਾਇੰਦਾ । ਕੌਣ ਖੇਲ ਹੱਕ ਹਲਾਲ, ਹੱਕ ਹਕ਼ੀਕ਼ਤ ਵੇਖ ਵਖਾਇੰਦਾ । ਕਵਣ ਪਾਇਆ ਮਾਇਆ ਜਾਲ, ਕਵਣ ਬੰਧਨ ਰੂਪ ਵਟਾਇੰਦਾ । ਕੌਣ ਪੁੱਠੀ ਲੁਹਾਏ ਖਾਲ, ਸ਼ਮਸ਼ ਤਬਰੇਜ਼ ਕੌਣ ਅਖਵਾਇੰਦਾ । ਕਵਣ ਮਨਸੂਰ ਸੂਲੀ ਚੜ੍ਹੇ ਹੋ ਬੇਹਾਲ, ਫ਼ਤਵਾ ਸ਼ਰੀਅਤ ਕਵਣ ਲਗਾਇੰਦਾ । ਕਵਣ ਤੱਕੇ ਨੂਰੀ ਇਕ ਜਲਾਲ, ਭੈ ਅਵਰ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੁਰਸ਼ਦ ਮੁਰੀਦ ਮੇਲ ਮਿਲਾਇੰਦਾ । ਮੁਰਸ਼ਦ ਮੁਰੀਦ ਮੇਲਾ ਸਚ ਦਰਗਾਹ, ਦਰਗਹਿ ਸਾਚੀ ਆਪ ਜਣਾਈਆ । ਖ਼ਾਲਕ ਦੇਵੇ ਸਦ ਪਨਾਹ, ਸਿਰ ਆਪਣਾ ਹੱਥ ਟਿਕਾਈਆ । ਕਰ ਕਿਰਪਾ ਬਖ਼ਸ਼ੇ ਸਰਬ ਗੁਨਾਹ, ਜੋ ਸਯਦਾ ਸੀਸ ਝੁਕਾਈਆ । ਪੰਚਮ ਰੰਗ ਦਏ ਰੰਗਾ, ਪੰਚਮ ਵੇਲਾ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਬੰਧਨ ਆਪੇ ਪਾਈਆ । ਏਕਾ ਬੰਧਨ ਜਗਤ ਨਮਾਜ਼, ਨਮਾਜ਼ੀ ਆਪਣਾ ਖੇਲ ਖਿਲਾਇੰਦਾ । ਵੁਜ਼ੂ ਕਰਾਏ ਸੁਣਾਏ ਬਾਂਗ, ਵਾਹਦ ਆਪਣਾ ਰਾਗ ਅਲਾਇੰਦਾ । ਸਵਾਂਗੀ ਵਰਤੇ ਆਪਣਾ ਸਵਾਂਗ, ਭੇਵ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਸੁਣਾਇੰਦਾ । ਸਾਚਾ ਹੁਕਮ ਹਰਿ ਸਮਰਥ, ਦੀਨ ਅਲਾਹੀ ਆਪ ਜਣਾਇੰਦਾ । ਕੰਨਾਂ ਉਪਰ ਰਖਾਏ ਹੱਥ, ਤੋਬਾ ਤੋਬਾ ਸਰਬ ਸਮਝਾਇੰਦਾ । ਫਿਰ ਸੀਸ ਝੁਕਾਏ ਨੀਵਾਂ ਕਰੇ ਮੱਥ, ਜਗਤ ਗੁਨਾਹ ਸਰਬ ਬਖ਼ਸ਼ਾਇੰਦਾ । ਡੌਲਿਆਂ ਉਪਰ ਰੱਖੇ ਹੱਥ, ਮਾਣ ਅਭਿਮਾਨ ਨਾ ਕੋਇ ਜਣਾਇੰਦਾ । ਗੋਡਿਆਂ ਉਪਰ ਜਾਏ ਢੱਠ, ਕੀਤੀ ਭੁਲ ਬਖ਼ਸ਼ਾਇੰਦਾ । ਧਰਤੀ ਖ਼ਾਕ ਰੱਖੇ ਨੱਕ,

੬੦੧
੧੦

ਲੋਕਲਾਜ ਸਰਬ ਗਵਾਇੰਦਾ । ਹਉਂ ਬੰਦਾ ਤੇਰਾ ਪਾਕੀ ਪਾਕ, ਖ਼ਾਕੀ ਖ਼ਾਕ ਡੇਰਾ ਢਾਹਿੰਦਾ । ਬਣ ਸਾਚਾ ਸੱਜਣ ਸਾਕ, ਤੇਰਾ ਨਾਤਾ ਮੋਹਿ ਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸ਼ਰੀਅਤ ਇਕ ਜਣਾਇੰਦਾ । ਸਚ ਸ਼ਰੀਅਤ ਸਚ ਨਿਮਾਜ਼, ਨਿਵਨ ਸੋ ਅੱਖਰ ਆਪ ਜਣਾਈਆ । ਮਿਲੇ ਮੇਲ ਗ਼ਰੀਬ ਨਵਾਜ਼, ਗ਼ਰੀਬ ਨਿਮਾਣੀ ਗਲੇ ਲਗਾਈਆ । ਕੂੜ ਕੁੜਿਆਰਾ ਧੋਵੇ ਦਾਗ਼, ਮਾਟੀ ਲੋਟਾ ਦਏ ਗਵਾਹੀਆ । ਵਿਚ ਰਖਾਇਆ ਏਕਾ ਆਬ, ਜੂਠੀ ਝੂਠੀ ਮੈਲ ਮਿਟਾਈਆ । ਨੇਤਰ ਮੇਟ ਅੰਤਰ ਮੰਗੇ ਆਬੇਹਯਾਤ, ਨਾਭ ਕਵਲ ਧਿਆਨ ਲਗਾਈਆ । ਸੁਨ ਸਮਾਧ ਸੁਣਾਏ ਬਾਂਗ, ਹੁਜਰੇ ਬਹਿ ਬਹਿ ਸਾਚਾ ਮਾਹੀਆ । ਦਿਵਸ ਰੈਣ ਰਹੇ ਯਾਦ, ਭੁਲ ਕਦੇ ਨਾ ਜਾਈਆ । ਸੋਵਤ ਜਾਗਤ ਸੁਣ ਫ਼ਰਯਾਦ, ਆਲਸ ਨਿੰਦਰਾ ਹੋਏ ਸਹਾਈਆ । ਏਕਾ ਦੇਵੇ ਸਾਚੀ ਦਾਦ, ਸਚ ਕਲਾਮ ਬੇਪਰਵਾਹੀਆ । ਜਗਤ ਜਹਾਨਾ ਛੁੱਟੇ ਸਾਕ, ਸਾਕਤ ਕੋਇ ਨਜ਼ਰ ਨਾ ਆਈਆ । ਮੁਰਸ਼ਦ ਹੋਏ ਪਾਕੀ ਪਾਕ, ਮੁਰੀਦ ਦੀਦ ਈਦ ਚੰਦ ਰੁਸ਼ਨਾਈਆ । ਜਮਾਲ ਬਾਤਨੀ ਮਾਰੇ ਝਾਕ, ਜਲਵਾ ਨੂਰ ਨੂਰ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੀਰਨ ਪੀਰ ਆਪ ਹੋ ਜਾਈਆ । ਪੀਰਨ ਪੀਰਾ ਬੇਪਰਵਾਹ, ਬੇਐਬ ਨਾਮ ਖ਼ੁਦਾਇਆ । ਮੁਰਸ਼ਦ ਵੇਖੇ ਥਾਉਂ ਥਾਂ, ਮੱਕਾ ਕਾਅਬਾ ਕਾਇਆ ਕੁਦਰਤ ਵੇਖ ਵਖਾਇਆ । ਜਿਸ ਜਨ ਜਣਾਏ ਆਪਣਾ ਨਾਂ, ਘਰ ਘਰ ਮੇਲਾ ਲਏ ਮਿਲਾਇਆ । ਵਰਨ ਬਰਨ ਕੋਈ ਜਾਣੇ ਨਾ, ਮੁਸਲਿਮ ਹਿੰਦੂ ਸਿਖ ਈਸਾਈ ਏਕਾ ਘਰ ਬਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਦਿ ਜੁਗਾਦਿ ਸਦਾ ਮਿਹਰਬਾਨ, ਮਹਿਬਾਨ ਆਪਣਾ ਰੂਪ ਧਰਾਇਆ । ਦਰਗਹਿ ਸਾਚੀ ਝੁਲਾਏ ਸਚ ਨਿਸ਼ਾਨ ਲੋਕਮਾਤ ਕਰੇ ਆਪ ਨਿਆਂ, ਜੁਗ ਚੌਕੜੀ ਵੇਖ ਵਖਾਇਆ । ਕੋਈ ਰਹਿਣ ਨਾ ਦੇਵੇ ਜੋ ਖਾਏ ਸੂਰ ਗਾਂ, ਏਕਾ ਖੰਡਾ ਨਾਮ ਚਮਕਾਇਆ । ਸਰਬ ਜੀਆਂ ਦਾ ਪਿਤਾ ਹਰਿ ਹਰਿ ਮਾਂ, ਲੱਖ ਚੁਰਾਸੀ ਜੀਵ ਜੰਤ ਪੂਤ ਸਪੂਤ ਆਪ ਉਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਖ਼ਾਲਕ ਖ਼ਲਕ ਕਰੇ ਸਫ਼ਾਇਆ ।

ਰਾਮ ਨਾਮ ਸਚ ਫੁਲਵਾੜੀ, ਲੋਕਮਾਤ ਉਪਾਈਆ । ਹਰਿਜਨ ਰੱਖੀ ਇਕ ਕਿਆਰੀ, ਲੱਖ ਚੁਰਾਸੀ ਪਤਝੜ ਰਿਹਾ ਵਖਾਈਆ । ਮਿਲੇ ਮੇਲ ਜੋਤ ਨਿਰੰਕਾਰੀ, ਜੋਤੀ ਜੋਤ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਫਲ ਫੁੱਲ ਵੇਖ ਵਖਾਈਆ । ਫਲ ਫੁੱਲ ਲੱਗੇ ਡਾਲ੍ਹ, ਪਤ ਡਾਲ੍ਹੀ ਆਪ ਸੁਹਾਇੰਦਾ । ਸਚ ਬਾਗ਼ੀਚਾ ਸਚਖੰਡ ਸੱਚੀ ਧਰਮਸਾਲ, ਘਰ ਸਾਚੇ ਆਪ ਲਗਾਇੰਦਾ । ਅੰਮ੍ਰਿਤ ਰਸ ਦਏ ਪਿਆਲ, ਰਸ ਰਸੀਆ ਮੁਖ ਚੁਆਇੰਦਾ । ਸੁਣੇ ਮੁਰੀਦਾਂ ਆਪੇ ਹਾਲ, ਹਾਲ ਮੁਰੀਦਾਂ ਆਪੇ ਗਾਇੰਦਾ । ਕਰੇ ਖੇਲ ਮਹਾਕਾਲ, ਡੌਰੂ ਮਰਦੰਗ ਨਾਮ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਫੁਲਵਾੜੀ ਆਪ ਮਹਿਕਾਇੰਦਾ । ਜਨ ਫੁਲਵਾੜੀ ਰਹੀ ਮਹਿਕ, ਕਲੀ ਕਲੀ ਆਪ ਮਹਿਕਾਈਆ । ਕੰਡਿਆਂ ਅੰਦਰ ਰਹੀ ਟਹਿਕ, ਰੂਪ ਰੰਗ ਰਹੀ ਵਖਾਈਆ । ਲੱਖ ਚੁਰਾਸੀ ਰਹੀ ਸਹਿਕ, ਸਿਰ ਦਿਸੇ ਨਾ ਕੋਇ ਸਹਾਈਆ । ਪੁਰਖ ਅਬਿਨਾਸ਼ੀ ਸਾਚਾ ਨਾਇਕ, ਨਰ ਨਰਾਇਣ ਆਪਣਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

੬੦੨
੧੦

ਕਰ, ਪੰਖੜੀਆਂ ਵੇਖੇ ਥਾਉਂ ਥਾਈਂਆ । ਪੰਖੜੀਆਂ ਲਾਈ ਬਹਾਰ, ਰੁੱਤ ਰੁੱਤੜੀ ਮਾਤ ਸੁਹਾਈਆ । ਗੁਰਮੁਖ ਵਿਰਲਾ ਵਿਰਲਾ ਦਿਸੇ ਵਿਚ ਸੰਸਾਰ, ਲੱਖ ਚੁਰਾਸੀ ਜੀਵ ਜੰਤ ਕੋਟਨ ਕੋਟ ਰੂਪ ਧਰਾਈਆ । ਬਿਨ ਸਤਿਗੁਰ ਉਤਰੇ ਨਾ ਕੋਇ ਪਾਰ, ਮੰਝਧਾਰ ਬੇੜਾ ਰਿਹਾ ਰੁੜ੍ਹਾਈਆ । ਰਸਨਾ ਖਾ ਖਾ ਥੱਕੀ ਮੁਰਦਾਰ, ਮੁਰਦਾ ਸਭ ਨੂੰ ਦਏ ਕਰਾਈਆ । ਜੇਹਵਾ ਲਕ ਲਕ ਹੋਏ ਹਲਕਾਰ, ਹਲਕ ਸਭ ਦਾ ਦਏ ਸੁਕਾਈਆ । ਜੂਠ ਝੂਠ ਉਚੀ ਕੂਕ ਕੂਕ ਕਰੇ ਪੁਕਾਰ, ਜੂਠੇ ਝੂਠੇ ਭਾਂਡੇ ਭੰਨ ਵਖਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਰਿਹਾ ਲਲਕਾਰ, ਕਾਮੀ ਕਰੋਧੀ ਕੁਸ਼ਟੀ ਕੋਇ ਰਹਿਣ ਨਾ ਪਾਈਆ । ਅਚਰਜ ਖੇਲ ਕੀਆ ਕਰਤਾਰ, ਲੇਖਾ ਲਿਖ ਨਾ ਸਕੇ ਕੋਇ ਰਾਈਆ । ਜਿਸ ਮਸਤਕ ਤਿਸ ਲਿਆ ਭਾਲ, ਭਾਗ ਆਪਣੀ ਵੰਡ ਵੰਡਾਈਆ । ਜਗ ਜੀਵਣ ਦਾਤਾ ਚੁਕਾਏ ਭੈ ਕਾਲ, ਭੌ ਅਵਰ ਨਾ ਕੋਇ ਵਖਾਈਆ । ਏਕਾ ਨਾਮ ਦੇਵੇ ਸੱਚਾ ਧਨ ਮਾਲ, ਸਾਚੇ ਮੰਦਰ ਆਪ ਟਿਕਾਈਆ । ਸੋਹੰ ਸ਼ਬਦ ਸ਼ਾਹ ਕਰੇ ਕੰਗਾਲ, ਕੰਗਾਲੋਂ ਸ਼ਾਹ ਆਪ ਬਣਾਈਆ । ਗੁਰਸਿਖ ਗੁਰਮੁਖ ਹਰਿਜਨ ਹਰਿਭਗਤ ਚਰਨ ਪ੍ਰੀਤੀ ਨਿਭੇ ਨਾਲ, ਜੋ ਜਨ ਚਰਨ ਧਿਆਨ ਲਗਾਈਆ । ਆਪ ਉਠਾਏ ਆਪਣੇ ਬਾਲ ਅਵਾਣ, ਬਿਰਧ ਬਾਲ ਜਵਾਨ ਏਕਾ ਰੂਪ ਵਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਆਇਆ ਘਰ ਦੇਵੇ ਮਾਣ, ਘਰ ਘਰ ਵਿਚ ਹੋਏ ਸਹਾਈਆ ।

## ★ ੧੫ ਜੇਠ ੨੦੧੮ ਬਿਕ੍ਰਮੀ ਜਗਤ ਸਿੰਘ ਬੇਲਾ ਸਿੰਘ ਦੇ ਘਰ ਧੰਗਾਲੀ ਜੰਮੂ ★

ਅਗੰਮ ਅਥਾਹ ਹਰਿ ਇਕ ਇਕੇਲਾ, ਅਕਲ ਕਲ ਆਪਣੀ ਖੇਲ ਖਿਲਾਇੰਦਾ । ਆਦਿ ਜੁਗਾਦਿ ਜਾਣੇ ਆਪਣਾ ਵੇਲਾ, ਥਿਤ ਵਾਰ ਨਾ ਕੋਈ ਲਿਖਾਇੰਦਾ । ਵਸਣਹਾਰਾ ਧਾਮ ਨਵੇਲਾ, ਨਿਹਕਰਮੀ ਕਰਮ ਕਮਾਇੰਦਾ । ਕਲਜੁਗ ਅੰਤਮ ਧਰਤ ਧਵਲ ਵੇਖੇ ਜੰਗਲ ਜੂਹ ਬੇਲਾ, ਡੂੰਘੀ ਕੰਦਰ ਫੋਲ ਫੋਲਾਇੰਦਾ । ਰੂਪ ਵਟਾਏ ਗੁਰੂ ਗੁਰ ਚੇਲਾ, ਸ਼ੇਰ ਸਿੰਘ ਰੂਪ ਵਟਾਇੰਦਾ । ਆਪ ਕਰ ਕਰ ਆਪਣਾ ਮੇਲਾ, ਦਰ ਘਰ ਸਾਚੇ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਕਲਜੁਗ ਝੱਲ ਵੇਖ ਵਖਾਇੰਦਾ । ਕਲਜੁਗ ਝੱਲ ਮਾਰੇ ਭਬਕ, ਸਿੰਘ ਸ਼ੇਰ ਰੂਪ ਵਟਾਈਆ । ਚੌਦਾਂ ਲੋਕ ਰਹੇ ਤਭਕ, ਥਰਥਰਾਹਟ ਵਿਚ ਸਰਬ ਲੋਕਾਈਆ । ਚਾਰ ਵਰਨ ਭੁਲਿਆ ਸਬਕ, ਸੰਥਾ ਸਚ ਨਾ ਕੋਇ ਪੜ੍ਹਾਈਆ । ਸਾਬਤ ਦਿਸੇ ਵਿਰਲਾ ਭਗਤ, ਜਿਸ ਆਪਣੀ ਬੂਝ ਬੁਝਾਈਆ । ਖ਼ਾਲੀ ਠੂਠਾ ਦਿਸੇ ਜਗਤ, ਸਚ ਸੁੱਚ ਨਾ ਕੋਈ ਰਖਾਈਆ । ਅਗਨੀ ਅੱਗ ਬੂੰਦ ਰਕਤ, ਤਤਵ ਤਤ ਜਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੰਗਲ ਜੂਹ ਉਜਾੜ ਫੇਰਾ ਪਾਈਆ । ਜੰਗਲ ਜੂਹ ਫਿਰੇ ਸ਼ੇਰ ਸਿੰਘ, ਦੋ ਜਹਾਨਾਂ ਫੇਰਾ ਪਾਈਆ । ਸ਼ਾਹੋ ਭੂਪ ਬਣ ਮਰਗਿੰਦ, ਪਾਰਬ੍ਰਹਮ ਪ੍ਰਭ ਡੰਕ ਵਜਾਈਆ । ਚਾਰ ਜੁਗ ਹੇਰੀ ਫੇਰੀ ਕਰਦਾ ਆਇਆ ਨਾਰਦ ਫੜਿਆ ਬੋਦੀ ਸੁਣੇ ਕਿੰਗ, ਦਹਿ ਦਿਸ਼ ਨਾ ਉਠ ਉਠ ਧਾਈਆ । ਲੇਖਾ ਚੁਕਾਵਣ ਆਇਆ ਸਪਤ ਸਰਿੰਗ, ਬੇਅੰਤ ਬੇਪਰਵਾਹੀਆ । ਲੱਖ ਚੁਰਾਸੀ ਜੀਵ ਜੰਤ ਜਿਸ ਦੀ ਕਰਦਾ ਨਿੰਦ, ਸੋ ਨਿੰਦਕ ਦਏ ਮੁਕਾਈਆ । ਸਤਿ ਸਾਗਰ ਸਰੋਵਰ ਜਲ ਖਿਚੇ ਸਿੰਧ, ਖ਼ਾਲੀ ਭਾਂਡੇ ਦਏ ਕਰਾਈਆ । ਤਖ਼ਤੋਂ ਲਾਹੇ ਸੁਰਪਤ ਰਾਜਾ ਇੰਦ, ਸ਼ੰਕਰ ਨਾਉਂ ਨਾ ਕੋਈ ਵਡਿਆਈਆ । ਮੇਰੀ ਮੇਟੇ ਅੰਤਮ ਚਿੰਤ,

ਚਿਤਮਨ ਆਪ ਰਿਹਾ ਕਰਾਈਆ । ਖੜਗ ਖੰਡਾ ਫੜ ਗੋਬਿੰਦ, ਏਕਾ ਨਾਮ ਰਿਹਾ ਚਮਕਾਈਆ । ਲੱਖ ਚੁਰਾਸੀ ਅਧਵਿਚਕਾਰ ਅੜੀ ਰਹਿਣ ਨਾ ਦੇਵੇ ਕਿਸੇ ਜਿੰਦ, ਅੱਗੇ ਹੋ ਨਾ ਕੋਈ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਜੰਗਲ ਵੇਖ ਵਖਾਈਆ । ਕਲਜੁਗ ਜੰਗਲ ਉਚੇ ਟਿੱਲੇ ਪਰਬਤ, ਚੋਟੀ ਖਾਈ ਆਪ ਵਖਾਈਆ । ਲੱਖ ਚੁਰਾਸੀ ਭਰੀ ਗ਼ੁਰਬਤ, ਗ਼ਫਲਤ ਸਭ ਦੇ ਉਪਰ ਛਾਈਆ । ਕੋਈ ਨਾ ਜਾਣੇ ਹਾਲ ਇਬਰਤ, ਦੀਨ ਦੁਨੀ ਨਾ ਕੋਈ ਜਣਾਈਆ । ਅੰਤਮ ਵੇਖੇ ਸਭ ਦੀ ਫ਼ਿਤਰਤ, ਫ਼ਾਤਿਆ ਏਕਾ ਵਾਰ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਜੂਹ ਫੋਲ ਫੋਲਾਈਆ । ਕਲਜੁਗ ਜੂਹ ਵੜਿਆ ਸ਼ੇਰ, ਜੰਬੁਕ ਕੋਇ ਰਹਿਣ ਨਾ ਪਾਈਆ । ਪੰਖੀ ਪੰਛੀ ਲਿਆਏ ਘੇਰ, ਏਕਾ ਗਰਜ ਨਾਮ ਲਗਾਈਆ । ਚਾਰ ਪਾਏ ਗੁੰਗ ਮੁਖ ਹੋਵਣ ਢੇਰ, ਨਿਉਂ ਨਿਉਂ ਸੀਸ ਝੁਕਾਈਆ । ਮਾਨਸ ਮਾਨੁਖ ਦੇਵੇ ਗੇੜ, ਗੇੜਾ ਆਪਣਾ ਆਪ ਚਲਾਈਆ । ਸ਼ਾਹ ਸੁਲਤਾਨਾਂ ਦੇਵੇ ਭੇੜ, ਪਿੱਛੇ ਹੋਏ ਆਪ ਭਜਾਈਆ । ਸਭ ਦਾ ਲੇਖਾ ਦਏ ਨਬੇੜ, ਬਾਕੀ ਕੋਇ ਰਹਿਣ ਨਾ ਪਾਈਆ । ਏਕਾ ਖਾਤੇ ਲੱਖ ਚੁਰਾਸੀ ਸੁੱਟੇ ਭੇੜ, ਮੈਂ ਮੈਂ ਵਾਜ ਨਾ ਕੋਇ ਲਗਾਈਆ । ਹੀਜੜਿਆਂ ਬਣਾਏ ਏਕਾ ਹੇੜ, ਚਾਰੋਂ ਕੁੰਟ ਵੇਖ ਵਖਾਈਆ । ਕਲਜੁਗ ਤਾਣਾ ਦਏ ਉਧੇੜ, ਤੰਦੀ ਤੰਦ ਆਪ ਤੁੜਾਈਆ । ਜ਼ਿਮੀਂ ਅਸਮਾਨਾ ਸ਼ੌਹ ਦਰਯਾ ਏਕਾ ਵਾਰ ਦੇਵੇ ਰੇੜ੍ਹ, ਆਪ ਆਪਣਾ ਬਲ ਰਖਾਈਆ । ਆਪਣਾ ਖੇਲ ਕਰੇ ਆਪਣੀ ਵੇਰ, ਵੇਰਵਾ ਪਹਿਲੇ ਦਏ ਜਣਾਈਆ । ਭਰਮ ਭੁਲੇਖਾ ਨਾ ਰੱਖੇ ਕੋਇ ਦਲੇਰ, ਭੈ ਜਗਤ ਨਾ ਕੋਇ ਰਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਧ ਸੰਤ ਕਲਜੁਗ ਜੋਤੀ ਖਿਚੀ ਏਕਾ ਵੇਰ, ਲੈ ਨਲੇਰ ਫਿਰਿਆ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੰਗਲ ਬੇਲਾ ਆਪੇ ਢੂੰਡੇ ਢੂੰਡਨਹਾਰਾ ਇਕ ਅਖਵਾਈਆ । ਜੰਗਲ ਬੇਲਾ ਆਪੇ ਫੋਲੇ, ਡੂੰਘੀ ਕੰਦਰ ਫੇਰਾ ਪਾਈਆ । ਉਚੀ ਕੂਕ ਆਪਣੀ ਗਰਜ ਆਪੇ ਬੋਲੇ, ਛੱਤੀ ਰਾਗ ਤਰਜ਼ ਸਮਝ ਨਾ ਰਾਈਆ । ਤੁਰਦਾ ਫਿਰਦਾ ਦਿਸੇ ਓਹਲੇ, ਨਜ਼ਰ ਕਿਸੇ ਨਾ ਆਈਆ । ਚਾਰੋਂ ਕੁੰਟ ਨੌਂ ਖੰਡ ਪ੍ਰਿਥਮੀ ਜੀਵ ਜੰਤ ਪਾਇਣ ਰੌਲੇ, ਕਲਜੁਗ ਵੇਲਾ ਨੇੜੇ ਰਿਹਾ ਆਈਆ । ਪੁਰਖ ਅਬਿਨਾਸ਼ੀ ਭਾਰ ਕਰੇ ਹੌਲੇ, ਜੂਠਾ ਝੂਠਾ ਭਾਰ ਮਿਟਾਈਆ । ਕਰ ਕੇ ਗਿਆ ਆਪਣੇ ਕੌਲੇ, ਕੀਤਾ ਕੌਲ ਪੂਰ ਕਰਾਈਆ । ਗੁਰ ਗੋਬਿੰਦ ਫਰਕਨ ਡੌਲੇ, ਆਪਣਾ ਬਲ ਲਏ ਧਰਾਈਆ । ਸਿੰਘ ਸ਼ੇਰ ਸ਼ੇਰ ਸਿੰਘ ਵਸੇ ਏਕਾ ਚੋਲੇ, ਚੋਲਾ ਆਪਣਾ ਲਏ ਬਦਲਾਈਆ । ਗੋਬਿੰਦ ਗਾਏ ਸਾਚੇ ਢੋਲੇ, ਏਕਾ ਢੋਲਾ ਸਾਚਾ ਮਾਹੀਆ । ਗੁਰੂ ਚੇਲਾ ਇਕ ਦੂਜੇ ਦੇ ਬਣਨ ਵਿਚੋਲੇ, ਵਿਚੋਲਾ ਗੁਰ ਆਪ ਹੋ ਜਾਈਆ । ਗੁਰ ਗੁਰਸਿਖ ਇਕ ਦੂਜੇ ਦੇ ਬਣਨ ਤੋਲੇ, ਸਾਚਾ ਕੰਡਾ ਇਕ ਉਠਾਈਆ । ਗੁਰੂ ਗੁਰਸਿਖ ਇਕ ਦੂਜੇ ਦੇ ਵਸਣ ਓਹਲੇ, ਕਦੀ ਗੁਰੂ ਕਦੀ ਸਿਖ ਰੂਪ ਵਟਾਈਆ । ਪੰਜ ਤੱਤ ਕਾਇਆ ਵੇਖ ਜੀਵ ਜੰਤ ਸਭ ਰਸਨਾ ਕਹਿਣ ਪੂਰਨ ਬੋਲੇ, ਪੂਰਨ ਮੰਦਰ ਪੂਰਨ ਲੁਕਿਆ ਬੇਪਰਵਾਹੀਆ । ਆਪਣੀ ਧਰਤੀ ਆਪੇ ਮੌਲੇ, ਸਾਚੇ ਮੰਦਰ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿੰਘ ਸ਼ੇਰ ਜੰਗਲ ਬੇਲੇ ਫਿਰੇ ਚਾਈਂ ਚਾਈਆ । ਚਾਈਂ ਚਾਈਂ ਹਰਿ ਵੇਖੇ ਢਕ, ਸਿੰਘ ਸ਼ੇਰ ਰੂਪ ਵਟਾਇਆ । ਉਚੇ ਟਿੱਲੇ ਮੰਦਰ ਮਸਜਦ ਗੁਰੂਦਵਾਰਾ ਰਿਹਾ ਤੱਕ, ਕੌਣ ਦਵਾਰ ਸੋਭਾ ਪਾਇਆ । ਵਿਭਚਾਰ ਥਾਂ ਥਾਂ ਰਿਹਾ ਨੱਸ, ਨਾਰੀ ਪੁਰਸ਼ ਨਾ ਕੋਇ ਹੰਢਾਇਆ । ਕਾਮ ਕਰੋਧ ਰਿਹਾ ਹੱਸ, ਮਾਇਆ ਮਮਤਾ ਨਾਚ ਨਚਾਇਆ । ਸਾਚਾ ਮਾਰਗ ਨਾ ਰਿਹਾ

੬੦੩ ੧੦

ਕੋਈ ਦੱਸ, ਮਕਤਬ ਕਰੇ ਨਾ ਕੋਇ ਪੜ੍ਹਾਇਆ । ਪੁਰਖ ਅਬਿਨਾਸ਼ੀ ਦੂਰ ਦੁਰਾਡਾ ਆਇਆ ਨੱਸ, ਲੋਕਮਾਤ ਵੇਸ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੰਗਲ ਬੇਲਾ ਫੋਲ ਫੋਲਾਇਆ । ਆਇਆ ਨੱਸ ਪੁਰਖ ਸਮਰਥ, ਕਲਜੁਗ ਅੰਤਮ ਕਰ ਕਰ ਧਾਈਆ । ਮੰਦਰ ਮਸਜਦ ਮਠ ਸ਼ਿਵਦਵਾਲੇ ਦਿਸਣ ਸੱਖ, ਹਰਿ ਕਾ ਨਾਮ ਨਜ਼ਰ ਨਾ ਆਈਆ । ਨਿਰਗੁਣ ਨਿਰਵੈਰ ਪੁਰਖ ਅਕਾਲ ਦੀਨ ਦਿਆਲ ਆਪ ਉਠਾਈ ਆਪਣੀ ਅੱਖ, ਚਾਰੋਂ ਕੁੰਟ ਵੇਖ ਵਖਾਈਆ । ਨਿਗਹ ਪਾਈ ਕੁੱਲੀ ਕੱਖ, ਹਰਿਜਨ ਬੈਠੇ ਧਿਆਨ ਲਗਾਈਆ । ਜਗਤ ਜਹਾਨੋਂ ਹੋਏ ਵੱਖ, ਸ੍ਰਿਸ਼ਟ ਸਬਾਈ ਤਜ ਲੋਕਾਈਆ । ਮਾਇਆ ਵਲੋਂ ਖ਼ਾਲੀ ਹੱਥ, ਅੰਦਰ ਭੰਡਾਰ ਨਾਮ ਰਖਾਈਆ । ਪ੍ਰਭ ਮਿਲਣ ਦਾ ਰੱਖਿਆ ਹਠ, ਤਾਹਨੇ ਮੇਹਣੇ ਦੇਵੇ ਜਗਤ ਲੋਕਾਈਆ । ਉਸ ਨੂੰ ਕੀ ਦੱਸਣਾ ਜੋ ਵਸੇ ਘਟ ਘਟ, ਅੰਦਰੇ ਅੰਦਰ ਧਿਆਈਆ । ਸਾਡੀ ਲੱਜ ਪਤ ਲਏ ਰੱਖ, ਚੋਟੀ ਮੁੰਨੇ ਸਰਬ ਲੋਕਾਈਆ । ਸਾਡਾ ਆਏ ਕਮਲਾਪਤਿ, ਕੋਝੀ ਕਮਲੀ ਲਏ ਗਲ ਲਾਈਆ । ਲੱਖ ਚੁਰਾਸੀ ਵੱਢੇ ਨੱਕ ਗੁੱਤ, ਦਰ ਦਰ ਦਏ ਫਿਰਾਈਆ । ਘਰ ਘਰ ਕਰੇ ਖ਼ਾਲੀ ਠੁਠ, ਮੰਗਿਆ ਭਿਖ ਕੋਇ ਨਾ ਪਾਈਆ । ਅਪਰਾਧੀ ਗੁਨਾਹਗਾਰ ਤੇਰੇ ਸੁਤ, ਕਰ ਕਿਰਪਾ ਲਏ ਤਰਾਈਆ । ਤੇਰੇ ਚਰਨ ਸੁਹੰਜਣੀ ਰੁੱਤ, ਬਸੰਤ ਇਕ ਵਖਾਈਆ । ਤੂੰ ਸਾਹਿਬ ਸੁਲਤਾਨ ਸਾਚੇ ਤੁਠ, ਤੇਰੀ ਰਹਿਮਤ ਸਾਡੀ ਸ਼ਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੰਗਲ ਬੇਲਾ ਵੇਖੇ ਥਾਉਂ ਥਾਈਂਆ । ਜੰਗਲ ਬੇਲਾ ਡੂੰਘੀ ਗਾਰ, ਰਾਹ ਖੇੜਾ ਨਜ਼ਰ ਨਾ ਆਇੰਦਾ । ਚਾਰੋਂ ਕੁੰਟ ਹਾਹਾਕਾਰ, ਹਰਿ ਕਾ ਨਾਮ ਨਾ ਕੋਇ ਧਿਆਇੰਦਾ । ਰੰਗ ਰਲੀਆਂ ਜੋਬਨ ਮਾਣੇ ਸੰਸਾਰ, ਤਨ ਸ਼ੰਗਾਰ ਸਰਬ ਸੁਹਾਇੰਦਾ । ਜੂਠਾ ਝੂਠਾ ਨੈਣਾਂ ਕੱਜਲ ਕਰੇ ਪਿਆਰ, ਮਾਇਆ ਮਮਤਾ ਮੋਹ ਸੀਸ ਗੁੰਦਾਇੰਦਾ । ਉਚੇ ਟਿੱਲੇ ਮੰਦਰ ਕਰ ਪਸਾਰ, ਕਾਮ ਕਾਮਨੀ ਸੇਜ ਹੰਢਾਇੰਦਾ । ਹਰਿ ਕਾ ਮੰਦਰ ਨਾ ਪਾਵੇ ਕੋਈ ਸਾਰ, ਨੇਤਰ ਨੈਣ ਦਰਸ ਨਾ ਕੋਇ ਪਾਇੰਦਾ । ਜਿਸ ਜਨ ਕਿਰਪਾ ਕਰੇ ਆਪ ਨਿਰੰਕਾਰ, ਦੁਬਧਾ ਮੈਲ ਆਪ ਧਵਾਇੰਦਾ । ਨਿਰਗੁਣ ਬਣ ਜਗਤ ਲਲਾਰ, ਨਾਮ ਲਲਾਰੀ ਖੇਲ ਖਿਲਾਇੰਦਾ । ਹਰਿਜਨ ਰੰਗੇ ਏਕਾ ਵਾਰ, ਰੰਗ ਚਲੂਲ ਆਪ ਚੜ੍ਹਾਇੰਦਾ । ਉਤਰ ਨਾ ਜਾਏ ਦੂਜੀ ਵਾਰ, ਸਾਚੀ ਭੱਠੀ ਆਪੇ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿੰਘ ਸ਼ੇਰ ਸ਼ੇਰ ਰੂਪ ਵਟਾਇੰਦਾ । ਸਿੰਘ ਸ਼ੇਰ ਮਾਰ ਗਰਜ, ਗਗਨ ਮੰਡਲ ਹਿਲਾਈਆ । ਨੌਂ ਸੌ ਚੁਰਾਨਵੇ ਚੌਕੜੀ ਦੀ ਪੂਰੀ ਕਰਨ ਆਇਆ ਗ਼ਰਜ, ਆਪਣਾ ਖੇਲ ਆਪ ਖਿਲਾਈਆ । ਨਿਰਭਉ ਨਿਰਵੈਰ ਨਿਰਾਕਾਰ ਆਵੇ ਜਾਵੇ ਕੋਇ ਨਾ ਸਕੇ ਵਰਜ, ਦੂਸਰ ਹੁਕਮ ਨਾ ਕੋਇ ਸੁਣਾਈਆ । ਆਪਣੇ ਘਰ ਆਪਣਾ ਪੂਰਾ ਕਰੇ ਫ਼ਰਜ, ਫਾਜਲ ਬਣ ਸੱਚਾ ਸ਼ਹਿਨਸ਼ਾਹੀਆ । ਕਲਜੁਗ ਵੇਲੇ ਅੰਤ ਕਿਸੇ ਦੀ ਸੁਣੇ ਨਾ ਕੋਈ ਅਰਜ਼, ਅਰਜ਼ੀ ਲੇਖ ਨਾ ਕੋਇ ਲਿਖਾਈਆ । ਆਪਣਾ ਪਹਿਲੇ ਕੀਤਾ ਹਰਜ, ਤਨ ਮਾਟੀ ਅਗਨੀ ਭੇਟ ਚੜ੍ਹਾਈਆ । ਕਰਿਆ ਖੇਲ ਫੇਰ ਅਸਚਰਜ, ਅਚਰਜ ਲੀਲ੍ਹਾ ਆਪ ਰਚਾਈਆ । ਬਿਨ ਹੱਡ ਮਾਸ ਨਾੜੀ ਰਤ ਆਪਣੇ ਨਾਮ ਗਾਈ ਤਰਜ਼, ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੈਕਾਰ ਲਗਾਈਆ । ਗੋਬਿੰਦ ਲਾਹੁਣ ਆਇਆ ਕਰਜ਼, ਲਹਿਣਾ ਆਪਣਾ ਭੁਲ ਨਾ ਜਾਈਆ । ਪੁਰਖ ਅਕਾਲ ਦੀਨ ਦਿਆਲ ਵਾਸਾ ਕਦੇ ਨਾ ਕਰੇ ਜੇਰਜ ਮਾਤ ਗਰਭ, ਦਸ ਦਸ ਮਾਸ ਨਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਏਕਾ ਗਰਜ ਰਹੀ ਗੂੰਜ, ਦੋ ਜਹਾਨ ਆਪ ਗੂੰਜਾਈਆ ।

ਆਪਣਾ ਆਪ ਆਪੇ ਗਿਆ ਜੂਝ, ਤਨ ਰੂਪ ਨਾ ਕੋਇ ਵਖਾਈਆ । ਆਪਣੀ ਕਾਇਆ ਕਿਰਿਆ ਕੂੜਾ ਹੂੰਝ, ਧਰਤੀ ਧਵਲ ਖ਼ਾਕ ਉਡਾਈਆ । ਆਪਣਾ ਬਸਤਰ ਸਾਫ਼ ਕਰਿਆ ਪੂੰਝ ਪੂੰਝ, ਨਿਰਗੁਣ ਆਪਣੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੂਪ ਆਪ ਵਟਾਈਆ । ਆਪਣਾ ਬਸਤਰ ਕਰਿਆ ਸਾਫ਼, ਸਾਚਾ ਪਲੰਘ ਦਏ ਸੁਹਾਈਆ । ਪੁਰਖ ਅਬਿਨਾਸ਼ੀ ਕਰੇ ਇਨਸਾਫ਼, ਮੁਨਸਫ਼ ਆਪਣਾ ਆਪ ਹੋ ਜਾਈਆ । ਆਦਿ ਜੁਗਾਦਿ ਨਾ ਹੋਏ ਗੁਸਤਾਖ, ਗੁਸਤਾਖੀ ਸਭ ਦੀ ਦਏ ਮਿਟਾਈਆ । ਕਰਿਆ ਕੌਲ ਜੋ ਪਹਿਲੀ ਵਿਸਾਖ, ਸਤਾਰਾਂ ਸੌ ਛਪੰਜਾ ਬਿਕ੍ਰਮੀ ਦਏ ਸਮਝਾਈਆ । ਤੇਰੀ ਫੁਲਵਾੜੀ ਲਏ ਰਾਖ, ਪਤ ਡਾਲ੍ਹੀ ਮਾਤ ਮਹਿਕਾਈਆ । ਆਪਣਾ ਰੂਪ ਵਟਾਏ ਸਾਖਿਆਤ, ਪੁਰਖ ਅਕਾਲ ਸੱਚਾ ਸ਼ਹਿਨਸ਼ਾਹੀਆ । ਤੇਰਾ ਬਣੇ ਪਿਤਾ ਮਾਤ, ਆਪਣੀ ਗੋਦ ਲਏ ਬਹਾਈਆ । ਚਾਰ ਵਰਨ ਤੋੜੇ ਜ਼ਾਤ ਪਾਤ, ਊਚ ਨੀਚ ਰਹਿਣ ਨਾ ਪਾਈਆ । ਮਨ ਮਤ ਦਿਸੇ ਨਾ ਨਾਰ ਕਮਜ਼ਾਤ, ਜਗਤ ਦੁਹਾਗਣ ਦਏ ਦੁਹਾਈਆ । ਗੋਬਿੰਦ ਤੇਰਾ ਬਸਤਰ ਸੁਹਾਏ ਖਾਟ, ਤੇਰੀ ਕਾਇਆ ਸੇਜ ਹੰਢਾਈਆ । ਉਪਰ ਚੜ੍ਹੇ ਪੁਰਖ ਸਮਰਾਥ, ਸਮਰਥ ਆਪਣਾ ਆਸਣ ਲਾਈਆ । ਆਪਣੀ ਮਹਿਮਾ ਗਾਏ ਅਕਥ, ਕਥਨੀ ਕਥ ਨਾ ਸਕੇ ਕੋਇ ਰਾਈਆ । ਤੇਰਾ ਭੂਪਤ ਦੇਵੇ ਦੱਸ, ਆਪਣਾ ਪਰਦਾ ਆਪ ਚੁਕਾਈਆ । ਜਿਸ ਖੇੜਾ ਕੀਤਾ ਭੱਠ, ਸੱਥਰ ਆਪ ਉਠਾਈਆ । ਤਿਸ ਅੰਦਰ ਵੜਿਆ ਨੱਠ, ਦਿਸ ਕਿਸੇ ਨਾ ਆਈਆ । ਲੋਕ ਪਰਲੋਕ ਗਾਏ ਜਸ, ਹਰਿ ਸਤਿਗੁਰ ਸੱਚਾ ਮਾਹੀਆ । ਅੰਤਮ ਪੂਰੀ ਕਰੇ ਆਸ, ਸਗਲਾ ਸੰਗ ਨਿਭਾਈਆ । ਸਿੰਘ ਸ਼ੇਰ ਸੁੱਤਾ ਰਹੇ ਨਾ ਵਿਚ ਪਰਭਾਸ, ਲੋਕਮਾਤ ਲਏ ਅੰਗੜਾਈਆ । ਸਿੰਘ ਬਣੇ ਪੁਰਖ ਅਬਿਨਾਸ਼, ਏਕਾ ਆਪਣਾ ਬਲ ਧਰਾਈਆ । ਲੇਖਾ ਵੇਖੇ ਪ੍ਰਿਥਮੀ ਆਕਾਸ਼, ਆਕਾਸ਼ ਆਕਾਸ਼ਾਂ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੰਗਲ ਜੂਹ ਗਿਆ ਵੜ, ਉਚੇ ਟਿੱਲੇ ਵੇਖ ਵਖਾਈਆ । ਜੰਗਲ ਜੂਹ ਕਰ ਕਰ ਪਾਰ, ਡੂੰਘਾ ਸਾਗਰ ਵੇਖ ਵਖਾਈਆ । ਡੂੰਘਾ ਸਾਗਰ ਜਲ ਜਲ ਧਾਰ, ਸਮੁੰਦ ਖਾਈ ਰੂਪ ਬਣਾਈਆ । ਖਾਈ ਵੇਖੇ ਆਪ ਨਿਰੰਕਾਰ, ਧਰਨੀ ਧਰਤ ਫੋਲ ਫੋਲਾਈਆ । ਧਰਨੀ ਹਿਤ ਕਰ ਪਿਆਰ, ਨਿਤ ਨਵਿਤ ਰੂਪ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਡੂੰਘੀ ਭਵਰੀ ਵੇਖ ਵਖਾਈਆ । ਡੂੰਘੀ ਭਵਰ ਸਾਗਰ ਸਿੰਧ, ਸਮੁੰਦ ਸਾਗਰ ਆਪ ਵਰੋਲਿਆ । ਪੁਰਖ ਅਬਿਨਾਸ਼ੀ ਗੁਣੀ ਗਹਿੰਦ, ਮਛ ਕਛ ਅੰਦਰ ਵੜ ਵੜ ਬੋਲਿਆ । ਲੇਖਾ ਜਾਣੇ ਚੁਰਾਸੀ ਲੱਖ, ਨਾ ਕੋਈ ਰੱਖੇ ਪਰਦਾ ਉਹਲਿਆ । ਜਲ ਜੀਵ ਜਲ ਕਰੇ ਭੱਖ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਿੰਘ ਸ਼ੇਰ ਏਕਾ ਬੋਲਿਆ । ਏਕਾ ਸਿੰਘ ਮਾਰੇ ਲਲਕਾਰਾ, ਲਲਕਰਾ ਆਪਣੀ ਆਪ ਸੁਣਾਈਆ । ਜਲ ਜਲ ਰੋਵੇ ਡੂੰਘੀ ਗਾਰਾ, ਨੇਤਰ ਨੈਣਾਂ ਨੀਰ ਵਹਾਈਆ । ਤੇਰੇ ਚਰਨ ਕਵਲ ਇਕ ਸਹਾਰਾ, ਤੇਰਾ ਚਰਨ ਕਵਲ ਮੇਰੀ ਬੂੰਦ ਟਪਕਾਈਆ । ਬਿਨ ਤੁਧ ਦਿਸੇ ਨਾ ਕੋਇ ਕਿਨਾਰਾ, ਚਾਰੋਂ ਕੁੰਟ ਅੰਧੇਰਾ ਛਾਈਆ । ਮੈਂ ਲੁਕਿਆ ਰਿਹਾ ਵਿਚ ਸੰਸਾਰਾ, ਮੇਰੀ ਸਾਰ ਕਿਸੇ ਨਾ ਪਾਈਆ । ਕੋਈ ਤਾਰੂ ਲੱਗਾ ਨਾ ਪਾਰ ਕਿਨਾਰਾ, ਅਨਤਾਰੂ ਵੇਖੀ ਸਰਬ ਲੋਕਾਈਆ । ਪੁਰਖ ਅਬਿਨਾਸ਼ੀ ਤੇਰਾ ਇਕ ਸਹਾਰਾ, ਹਉਂ ਨਿਉਂ ਨਿਉਂ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਬਖ਼ਸ਼ ਸੱਚੀ ਸਰਨਾਈਆ । ਸਿੰਘ ਸ਼ੇਰ ਤੇਰੀ ਹੌਗਜ, ਦਿਵਸ ਰੈਣ ਰਹੀ ਡਰਾਈਆ । ਮੈਂ ਲੁਕ ਲੁਕ ਵੇਖੀ ਡੂੰਘੀ ਕੰਦਰ,

ਡੂੰਘੀ ਗਾਰ ਚੈਨ ਜ਼ਰਾ ਨਾ ਆਈਆ । ਮੇਰੇ ਅੰਦਰ ਕੋਟਨ ਕੋਟ ਜੀਵ ਪੋਰਗੰਦ, ਆਪਣਾ ਸੀਸ ਰਹੇ ਲੁਕਾਈਆ । ਮੇਰੀ ਛਾਤੀ ਚੜ੍ਹ ਚੜ੍ਹ ਆਪਣੀ ਲਾਹੁਣ ਨੀਂਦਰ, ਦੁੱਖ ਸੁੱਖ ਵਿਚ ਬਦਲਾਈਆ । ਮੈਂ ਜਾਣਿਆ ਤੂੰ ਆਉਣਾ ਸ਼ੀਘਰ, ਵੇਖੀਂ ਲੱਖ ਚੁਰਾਸੀ ਜੰਤ ਉਪਾਈਆ । ਮੈਨੂੰ ਰੋਗ ਦੀਰਘ, ਤੇਰਾ ਵਿਛੋੜਾ ਸਹਿ ਨਾ ਸਕਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਬਖ਼ਸ਼ ਚਰਨ ਸੱਚੀ ਸਰਨਾਈਆ । ਸਿੰਘ ਸ਼ੇਰ ਤੇਰਾ ਰੂਪ, ਮਹਿਮਾ ਅਕਥ ਕਥੀ ਨਾ ਜਾਈਆ । ਮੇਰਾ ਵਸੇਰਾ ਚਾਰੇ ਕੂਟ, ਤੇਰੀ ਸੇਵ ਕਮਾਈਆ । ਤੂੰ ਕਿਰਪਾ ਕਰ ਦਿਤਾ ਅੰਮ੍ਰਿਤ ਘੁੱਟ, ਸਾਗਰ ਸਾਗਰਾਂ ਵਿਚ ਸਮਾਈਆ । ਤੇਰੀ ਕਿਰਪਾ ਉਪਰ ਜਾਵਾਂ ਉਠ, ਮੇਘ ਮੇਘਲਾ ਰੂਪ ਵਟਾਈਆ । ਤੇਰੀ ਪਵਣ ਮੇਰੀ ਧਾਰ ਦੇਵੇ ਸੁੱਟ, ਧਰਨੀ ਧਰਤ ਧਵਲ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੋਏ ਜੋੜ ਸੀਸ ਝੁਕਾਈਆ । ਦੋਏ ਜੋੜ ਕਰੇ ਨਿਮਸਕਾਰਾ, ਨੇਤਰ ਨੀਰ ਵਹਾਇਆ । ਮੈਂ ਸੁਣਿਆ ਤੂੰ ਹੋਇਆ ਜ਼ਾਹਰਾ, ਜਿਸ ਗੁਪਤ ਭੇਵ ਰਖਾਇਆ । ਬ੍ਰਹਿਮੰਡਾਂ ਖੰਡਾਂ ਲੋਆਂ ਪੁਰੀਆਂ ਜ਼ਿਮੀਂ ਅਸਮਾਨਾਂ ਡੂੰਘੀ ਗਾਰਾ, ਸਿੰਧ ਸਾਗਰਾਂ ਕਰਨਾ ਪਾਰ ਕਿਨਾਰਾ, ਬਚਿਆ ਕੋਇ ਰਹਿਣ ਨਾ ਪਾਇਆ । ਸਿੰਘ ਸ਼ੇਰ ਹੋ ਦਲੇਰ ਆਇਆ ਵਿਚ ਸੰਸਾਰਾ, ਸਾਚੀ ਕਾਰਾ ਲਏ ਕਮਾਇਆ । ਗੁਰਮੁਖ ਵਿਰਲਾ ਭਗਤ ਕਰੇ ਪਿਆਰਾ, ਜਿਸ ਸਿਰ ਆਪਣਾ ਹੱਥ ਟਿਕਾਇਆ । ਸਾਚੀਆਂ ਸਖ਼ੀਆਂ ਬਾਹਰ ਕੱਢੇ ਚਿਕੜ ਖੁਬੀਆਂ ਗਾਰਾ, ਕਲਜੁਗ ਦੁਰਮਤ ਮੈਲ ਧਵਾਇਆ । ਨਰ ਨਰਾਇਣ ਮੇਲੇ ਕੰਤ ਭਤਾਰਾ, ਸੁਰਤ ਸੁਵਾਣੀ ਲਏ ਪਰਨਾਇਆ । ਅਨਹਦ ਵਾਜਾ ਵੱਜੇ ਤਾਲ ਵਜਾਏ ਅਗੰਮ ਅਪਾਰਾ, ਤਾਲ ਤਲਵਾੜਾ ਨਾ ਕੋਇ ਰਖਾਇਆ । ਏਥੇ ਓਥੇ ਕਰੇ ਸ਼ੰਗਾਰਾ, ਰੂਪ ਅਨੂਪ ਆਪ ਧਰਾਇਆ । ਘਾੜਤ ਘੜੇ ਬਣ ਸੁਨਿਆਰਾ, ਸਾਚਾ ਜੇਵਰ ਨਾਮ ਰਖਾਇਆ । ਬਸਤਰ ਭੂਸ਼ਨ ਸਜਾਏ ਏਕਾ ਵਾਰਾ, ਪੁਰਖ ਅਬਿਨਾਸ਼ੀ ਸੇਵ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਹੋਏ ਸਹਾਇਆ । ਮੈਂ ਸੁਣਿਆ ਤੂੰ ਗਹਿਰ ਗੰਭੀਰ, ਸਮੁੰਦ ਸਾਗਰ ਰਿਹਾ ਕੁਰਲਾਈਆ । ਬਿਨ ਤੁਧ ਕੋਈ ਨਾ ਦੇਵੇ ਧੀਰ, ਮੇਰੀ ਸਾਰ ਕਿਸੇ ਨਾ ਆਈਆ । ਰਸਨਾ ਗਾਉਂਦੇ ਰਹੇ ਪੀਰ ਫ਼ਕੀਰ, ਮੁੱਲਾ ਸ਼ੇਖ਼ ਮਸਾਇਕ ਮੇਰੇ ਮਣਕੇ ਤਸਬੀ ਰਹੇ ਗਲ ਲਟਕਾਈਆ । ਮੇਰੇ ਮੋਤੀ ਮਾਇਆਧਾਰੀ ਮਾਰਨ ਜ਼ੰਜੀਰ, ਨਾ ਸਕੇ ਕੋਇ ਤੁੜਾਈਆ । ਹੀਰੇ ਲਾਲ ਪੰਨੇ ਜਵਾਹਰ ਮੇਰਾ ਸੀਰ, ਸ਼ਾਹ ਪਾਤਸ਼ਾਹ ਪੀ ਪੀ ਆਪਣਾ ਰਸ ਰਸਾਈਆ । ਕਰੋੜ ਛਿਆਨਵੇ ਮੰਗੇ ਮੇਰਾ ਨੀਰ, ਅੱਠੇ ਪਹਿਰ ਧਿਆਨ ਲਗਾਈਆ । ਨਦੀ ਨਾਲੇ ਦੂਰ ਦੁਰਾਡੇ ਜੋ ਪੈਂਡਾ ਆਵਣ ਚੀਰ, ਆਪਣੇ ਅੰਦਰ ਲਵਾਂ ਬਹਾਈਆ । ਮੈਂ ਸਭ ਦੀ ਮੇਟਾਂ ਪੀੜ, ਮੇਰੀ ਪੀੜ ਨਾ ਕੋਇ ਮਿਟਾਈਆ । ਮੈਂ ਸੁਣਿਆ ਕਲਜੁਗ ਅੰਤ ਆਇਆ ਅਖ਼ੀਰ, ਪਰਗਟ ਹੋਇਆ ਸੱਚਾ ਸ਼ਹਿਨਸ਼ਾਹੀਆ । ਗੋਬਿੰਦ ਚਿੱਟੇ ਉਤੇ ਖਿਚੀ ਕਾਲੀ ਲਕੀਰ, ਲਿਖਿਆ ਲੇਖ ਨਾ ਕੋਇ ਮਿਟਾਈਆ । ਦੇ ਮਸਤਕ ਧੂੜ ਬਦਲੇ ਮੇਰੀ ਤਕ਼ਸੀਰ, ਪੁਰਖ ਅਬਿਨਾਸ਼ੀ ਹੋ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਗੁਣ ਰਿਹਾ ਸਮਝਾਈਆ । ਏਕਾ ਗੁਣ ਹਰਿ ਸਮਝਾਏ, ਸਿੰਧ ਸਾਗਰ ਆਪ ਉਠਾਇੰਦਾ । ਮੈਂ ਆਪਣੀ ਵਸਤ ਗੁਰਸਿਖਾਂ ਪਾਈ ਥਾਏ, ਆਪਣੇ ਹੱਥ ਨਾ ਕੁਛ ਰਖਾਇੰਦਾ । ਉਠ ਜਾ ਲੱਗ ਗੁਰਸਿਖਾਂ ਪਾਏ, ਤੇਰਾ ਸਗਲਾ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਸੁਣਾਇੰਦਾ । ਸੁਣਿਆ ਹੁਕਮ ਧੁਰ ਫ਼ਰਮਾਨਾ, ਸਰੋਵਰ ਨਿਉਂ ਨਿਉਂ ਕਰੇ ਨਿਮਸਕਾਰਿਆ । ਪੁਰਖ ਅਬਿਨਾਸ਼ੀ ਦੱਸ

ਸਚ ਟਿਕਾਣਾ, ਜਿਸ ਘਰ ਤੇਰਾ ਗੁਰਮੁਖ ਬੈਠਾ ਇਕ ਪਿਆਰਿਆ । ਮੈਂ ਕਿਹੜੇ ਰਸਤੇ ਜਾਣਾ, ਰਾਹ ਖੇੜਾ ਨਾ ਅਜੇ ਵਿਚਾਰਿਆ । ਮੈਂ ਘਰ ਕੇਹੜੇ ਮਾਰਗ ਆਣਾ, ਰਾਹ ਦੱਸ ਏਕੰਕਾਰਿਆ । ਰਾਹ ਵਿਚ ਫੜੇ ਨਾ ਰਾਜਾ ਰਾਣਾ, ਦੁਸ਼ਟ ਹੰਕਾਰੀ ਕਰ ਸੰਘਾਰਿਆ । ਮੈਂ ਹੋਇਆ ਮਾਣ ਨਿਮਾਣਾ, ਤੇਰੇ ਚਰਨ ਜਾਵਾਂ ਪਨਿਹਾਰਿਆ । ਸਦਾ ਸਦ ਮੰਨਾਂ ਤੇਰਾ ਭਾਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਹੁਕਮ ਆਪ ਜਣਾ ਰਿਹਾ । ਏਕਾ ਘਰ ਸਚ ਟਿਕਾਣਾ, ਸੋ ਪੁਰਖ ਨਿਰੰਜਣ ਆਪ ਜਣਾਈਆ । ਇਕ ਇਕੱਲਾ ਬਹੇ ਸ੍ਰੀ ਭਗਵਾਨਾ, ਸਾਚੇ ਤਖ਼ਤ ਸੋਭਾ ਪਾਈਆ । ਲੇਖਾ ਜਾਣੇ ਦੋ ਜਹਾਨਾਂ, ਦੋ ਜਹਾਨਾਂ ਵਾਲੀ ਆਪ ਅਖਵਾਈਆ । ਗੁਰਸਿਖ ਇਕੱਠੇ ਕਰੇ ਇਕ ਮਕਾਨਾ, ਸੰਬਲ ਨਗਰੀ ਸਾਚਾ ਖੇੜਾ ਵਖਾਈਆ । ਹਾੜ ਸਤਾਰਾਂ ਚਲ ਕੇ ਆਉਣਾ ਦੱਸੇ ਸਚ ਟਿਕਾਣਾ, ਭੁਲ ਕਦੇ ਨਾ ਜਾਈਆ । ਸਚ ਦਰਬਾਰਾ ਇਕ ਲਗਾਉਣਾ, ਚਾਰ ਜੁਗ ਦੀ ਵੇਖੇ ਪਿਛਲੀ ਸ਼ਾਹੀਆ । ਜੋ ਗੁਰ ਅਵਤਾਰ ਸਰਬ ਬੁਲਾਉਣਾ, ਪੀਰ ਪੈਗ਼ੰਬਰ ਕੋਇ ਰਹਿਣ ਨਾ ਪਾਈਆ । ਭਗਤ ਭਗਵੰਤ ਦਰ ਰਖਾਣਾ, ਸੰਤ ਸਾਜਨ ਹੋਏ ਸਹਾਈਆ । ਗੁਰਸਿਖ ਦੇਵੇ ਚਰਨ ਟਿਕਾਣਾ, ਮਸਤਕ ਧੂੜੀ ਟਿੱਕਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿੰਘ ਸ਼ੇਰ ਸ਼ੇਰ ਸਿੰਘ ਰੂਪ ਵਟਾਈਆ ।



ਜਨਮ ਕਰਮ ਪੂਰਬ ਗੁਰਦੇਵ, ਲਹਿਣਾ ਲੇਖ ਵੇਖ ਵਖਾਇੰਦਾ । ਪੰਖੀ ਪੰਛੀ ਜਿਸ ਬਣ ਬਣ ਕੀਤੀ ਸੇਵ, ਤਿਸ ਲੇਖਾ ਮੂਲ ਚੁਕਾਇੰਦਾ । ਜਿਸ ਅੰਮ੍ਰਿਤ ਨਾਉਂ ਰਸਿਆ ਜਿਹਵ, ਤਿਸ ਆਪਣੇ ਹੱਥ ਰਖਾਇੰਦਾ । ਤ੍ਰੈ ਤ੍ਰੈ ਨੌਂ ਲੇਖ ਅਭੇਵ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਮੂਲ ਚੁਕਾਇੰਦਾ । ਤ੍ਰੈ ਤ੍ਰੈ ਜਨਮ ਪੰਖੀ ਪੰਖ, ਪੰਖੇਰੂ ਰੂਪ ਵਟਾਈਆ । ਤ੍ਰੈ ਤ੍ਰੈ ਜਨਮ ਪੰਛੀ ਬਣ, ਨਿਤ ਉਠ ਦਰਸ਼ਨ ਵੇਖੇ ਗੁਰ ਗੁਰ ਸਾਚੇ ਮਾਹੀਆ । ਨੌਂ ਨੌਂ ਵਾਰ ਰਾਗ ਸੁਣਿਆ ਕੰਨ, ਗੁਰਮੁਖ ਗੀਤ ਅਲਾਈਆ । ਅਨਬੋਲਤ ਵਜਾਏ ਆਣ ਮਨ, ਰਸਨਾ ਗੁਣ ਕਹਿਣ ਨਾ ਜਾਈਆ । ਮਾਨਸ ਜਨਮ ਮਿਲੇ ਕਹਾਂ ਧੰਨ ਧੰਨ, ਧੰਨ ਧੰਨ ਤੇਰੀ ਵਡਿਆਈਆ । ਨੇਤਰ ਨੈਣ ਵੇਖਾਂ ਸਤਿ ਸਰੂਪੀ ਚੰਨ, ਚੰਦ ਚਾਂਦਨੀ ਸੋਭਾ ਪਾਈਆ । ਸਾਹਿਬ ਸਤਿਗੁਰ ਜਾਏ ਮੰਨ, ਸੁਣ ਪੁਕਾਰ ਮੇਰੀ ਕਾਇਆ ਦਏ ਪਲਟਾਈਆ । ਰਾਏ ਹਰਿ ਹਰਿ ਰਾਏ ਹੋ ਕਰ ਧਿਆਨ, ਪੰਖੀ ਭਾਖਿਆ ਬੂਝ ਬੁਝਾਈਆ । ਪੰਛੀ ਤੇਰਾ ਹੋਵੇ ਪਾਰ ਕਿਨਾਰ, ਆਤਮ ਤ੍ਰਿਸਨ ਬੁਝਾਈਆ । ਨੌਂ ਜਨਮ ਹੋਰ ਮਿਲਣੇ ਵਿਚ ਸੰਸਾਰ, ਬਨ ਬਨ ਫੇਰਾ ਪਾਈਆ । ਮਾਨਸ ਬਣੀ ਅੰਤਮ ਵਾਰ, ਇਕ ਨਿਸ਼ਾਨੀ ਦਏ ਸਮਝਾਈਆ । ਤੇਰੀ ਰਸਨਾ ਤੋਤਲੀ ਮੁਖ ਵਿਚ ਪਾਏ ਘੁੰਮਘਾਰ, ਤੋਤਾ ਤੂ ਹੀ ਤੂ ਹੀ ਅਲਾਈਆ । ਫੇਰ ਮਿਲੇ ਸਰਬ ਜੀਆਂ ਦਾ ਸਾਂਝਾ ਯਾਰ, ਲੱਖ ਚੁਰਾਸੀ ਜੋ ਰਿਹਾ ਖੇਲ ਖਿਲਾਈਆ । ਤੇਰਾ ਲਾਹੇ ਅੰਤ ਉਧਾਰ, ਤੇਰੀ ਆਸਾ ਪੂਰ ਕਰਾਈਆ । ਮੇਰੀ ਆਸਾ ਕਰੇ ਪਿਆਰ, ਆਸਾ ਸ਼ਬਦੀ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਜਨਮ ਕਰਮ ਕਰਮ ਜਨਮ ਪੂਰਬ ਆਪਣਾ ਲਹਿਣਾ ਆਪ ਚੁਕਾਈਆ ।

ਤੁਰਕ ਪਠਾਣੀ ਗੁਰ ਗੁਰ ਵੇਸ, ਵੇਸ ਅਨੇਕ ਕਰਾਇੰਦਾ । ਲੇਖਾ ਜਾਣੇ ਦਸ ਦਸਮੇਸ਼, ਦਹਿ ਦਿਸ਼ਾ ਫੋਲ ਫੋਲਾਈਆ । ਜਿਸ ਲੇਖਾ ਲਿਖਿਆ

ਧੁਰ ਮਸਤਕ ਰੇਖ, ਮੇਲ ਮਿਲਾਵਾ ਅੰਤ ਕਰਾਇੰਦਾ । ਅੱਜ ਖੁਲ੍ਹੜੇ ਕੇਸ, ਰੂਪ ਅਨੂਪ ਧਰਾਇੰਦਾ । ਨੇਤਰ ਨੈਣ ਕਮਾਇਆ ਏਕਾ ਵਾਰ ਵੇਖ, ਦਰਦੀ ਦਰਦ ਦਰਦ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਆਪ ਵਖਾਇੰਦਾ । ਨੇਤਰ ਵਿਗਸੇ ਨੈਣਾਂ ਨੀਰ, ਆਤਮ ਆਹ ਜਣਾਈਆ । ਤੂੰ ਸਾਹਿਬ ਮੇਰਾ ਉਚਾ ਪੀਰ, ਪੀਰ ਪੀਰਾਂ ਤੇਰੀ ਵਡਿਆਈਆ । ਨੇਤਰ ਪੇਖਿਆ ਸ਼ਾਹ ਬਣਿਆ ਫ਼ਕੀਰ, ਪਾਤਸ਼ਾਹ ਜਿਸ ਸੱਚੀ ਸ਼ਹਿਨਸ਼ਾਹੀਆ । ਦੋਏ ਜੋੜ ਮੇਰੀ ਕੱਟ ਜ਼ੰਜੀਰ, ਤੇਰੀ ਜ਼ੰਜੀਰ ਮੇਰੇ ਤਨ ਮਨ ਰਹੀ ਭਾਈਆ । ਕਰ ਕਿਰਪਾ ਦਿਤਾ ਬਚਨ ਅਖ਼ੀਰ, ਕਲਜੁਗ ਅੰਤਮ ਮਿਲੇ ਸੱਚਾ ਮਾਹੀਆ । ਲੱਖ ਚੁਰਾਸੀ ਤੇਰੀ ਕੱਟੇ ਪੀੜ, ਆਪਣੀ ਫਾਸੀ ਗਲ ਵਿਚ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲੇਖੇ ਰਿਹਾ ਪਾਈਆ ।

ਹਰਿ ਕਾ ਨਾਉਂ ਹਰਿ ਕਾ ਰੰਗ, ਹਰਿਜਨ ਹਰਿ ਹਰਿ ਆਪ ਚੜ੍ਹਾਈਆ । ਹਰਿ ਕਾ ਸ਼ਬਦ ਹਰਿ ਮਰਦੰਗ, ਹਰ ਘਟ ਘਟ ਆਪ ਵਜਾਈਆ । ਹਰਿ ਕਾ ਮੰਦਰ ਹਰਿ ਪਲੰਘ, ਹਰਿ ਬੈਠਾ ਆਸਣ ਲਾਈਆ । ਹਰਿ ਭਿਖਾਰੀ ਹਰਿ ਦਰਵੇਸ਼ ਰਿਹਾ ਮੰਗ, ਅਲਖ ਅਲਖਨਾ ਆਪਣੀ ਅਲਖ ਜਗਾਈਆ । ਹਰਿ ਦਾਤਾ ਹਰਿ ਸੂਰਾ ਸਰਬੰਗ, ਦੇਵਣਹਾਰ ਹਰਿ ਅਖਵਾਈਆ । ਸਰਬ ਜੀਆਂ ਜਗ ਪੂਰੀ ਕਰੇ ਮੰਗ, ਜੋ ਜਨ ਧਿਆਨ ਲਗਾਈਆ । ਦੂਰ ਦੁਰਾਡਾ ਚੁੱਕੇ ਪੰਧ, ਪਾਂਧੀ ਪੰਧ ਨਾ ਕੋਇ ਵਖਾਈਆ । ਜਿਸ ਜਨ ਸੁਣਾਏ ਸੁਹਾਗੀ ਛੰਦ, ਸੋਹੰ ਅੱਖਰ ਕਰੇ ਪੜ੍ਹਾਈਆ । ਆਪ ਰਖਾਏ ਪਰਮਾਨੰਦ, ਮਹਾਰਾਜ ਸ਼ੇਰ ਵਿਸ਼ਨੂੰ ਭਗਵਾਨ ਵਡੀ ਵਡਿਆਈਆ ।

ਜਗਤ ਕਾਮਨਾ ਪੂਰੀ ਆਸ, ਕਰ ਕਿਰਪਾ ਪੂਰ ਕਰਾਈਆ । ਬਖ਼ਸ਼ਸ਼ ਬਖ਼ਸ਼ੇ ਚਰਨ ਨਿਵਾਸ, ਸਚ ਦਵਾਰਾ ਇਕ ਸਮਝਾਈਆ । ਜਗਤ ਜੰਜਾਲਾ ਕਰੇ ਬੰਦ ਖਲਾਸ, ਬੰਧਨ ਕੋਇ ਰਹਿਣ ਨਾ ਪਾਈਆ । ਹਰਿਜਨ ਰੱਖੇ ਆਪਣੇ ਦਾਸ, ਦਾਸੀ ਦਾਸ ਆਪ ਸਮਝਾਈਆ । ਘਟ ਮੰਦਰ ਕਰ ਪਰਕਾਸ਼, ਅਗਿਆਨ ਅੰਧੇਰ ਚੁਕਾਈਆ । ਗੁਰ ਸਤਿਗੁਰ ਸਦਾ ਪਾਸ, ਵਿਛੜ ਕਦੇ ਨਾ ਜਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਜੀਵਣ ਦੇਵੇ ਜੀਆ ਦਾਨ, ਵਸਤ ਅਮੋਲਕ ਆਪ ਵਰਤਾਈਆ ।

ਜਗਤ ਰੋਵੇ ਜਗਤ ਪਿਆਰ, ਨੈਣਾਂ ਨੀਰ ਵਹਾਈਆ । ਗੁਰਸਿਖ ਰੋਵੇ ਬਿਨ ਗੁਰ ਦੀਦਾਰ, ਜਗਤ ਵਿਛੋੜਾ ਸਹਿ ਨਾ ਸਕੇ ਰਾਈਆ । ਜਗਤ ਰੋਵੇ ਵੇਖ ਮੁਰਦਾਰ, ਜਗਤ ਕੁਟੰਬ ਰੂਪ ਵਟਾਈਆ । ਗੁਰਸਿਖ ਰੋਵੇ ਗੁਰਸਿਖ ਵਿਛੜਨ ਯਾਰ, ਜਨ ਵਿਛੋੜਾ ਮੂਲ ਨਾ ਭਾਈਆ । ਸਤਿਗੁਰ ਕਿਰਪਾ ਦੇਵੇ ਤਾਰ, ਦਿਵਸ ਰੈਣ ਵਿਛੜੇ ਨਾ ਵਿਚ ਸੰਸਾਰ, ਆਦਿ ਅੰਤ ਕਰੇ ਪਿਆਰ, ਛੁਪ ਕਦੇ ਨਾ ਜਾਈਆ । ਅੰਦਰ ਵੜ ਕੇ ਬੈਠਾ ਸਚ ਮਨਾਰ, ਸਿੰਘਾਸਣ ਆਸਣ ਆਪ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਏਕਾ ਰੋਣਾ ਰਿਹਾ ਸਮਝਾਈਆ ।


੬੦੮
੧੦

ਜਗਤ ਰੋਣ ਤੋਂ ਡਰੇ ਜਗ, ਦੁੱਖ ਦਰਦ ਸੋਗ ਰਖਾਈਆ । ਗੁਰਮੁਖ ਰੋਵੇ ਘਰ ਮਿਲੇ ਹਰਿ, ਬਿਨ ਗੁਰ ਦਰ ਨਾ ਸੋਭਾ ਪਾਈਆ । ਸਤਿਗੁਰ ਪੂਰਾ ਕਿਰਪਾ ਦੇਵੇ ਕਰ, ਦਿਵਸ ਰੈਣ ਵਜਾਏ ਸਤਾਰ, ਦਾਤਾਰ ਆਪਣੀ ਦਇਆ ਕਮਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿੰਘ ਦੇਵਾ ਸਫਲ ਕਰੇ ਸੇਵਾ, ਅੰਮ੍ਰਿਤ ਫਲ ਖਵਾਏ ਮੇਵਾ, ਧਾਮ ਨਿਹਚਲ ਨਿਹਕੇਵਾ ਏਕਾ ਏਕ ਵਖਾਈਆ । ਮਨ ਵੈਰਾਗ ਤਨ ਭਇਆ ਅਨੰਦ, ਤਨ ਕਾ ਭਓ ਗਵਾਇਆ । ਗ੍ਰਿਹ ਚੜ੍ਹਿਆ ਨੂਰੀ ਚੰਦ, ਚੜ੍ਹਿਆ ਚੰਦ ਛੁਪ ਨਾ ਜਾਇਆ । ਕਿਸ਼ਨਾ ਸੁਖਲਾ ਨਾ ਕੋਇ ਵੰਡ, ਏਕਾ ਰੰਗ ਰੰਗਾਇਆ । ਸਦਾ ਸੁਹੇਲਾ ਦੇਵੇ ਪਰਮਾਨੰਦ, ਪਾਰਖੂ ਆਪਣੀ ਕਸਵੱਟੀ ਆਪ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਵਸਾਏ ਆਪਣੇ ਘਰ, ਘਰ ਮੇਲਾ ਸਹਿਜ ਸਭਾਇਆ ।

★ ੧੫ ਜੇਠ ੨੦੧੮ ਬਿਕ੍ਰਮੀ ਗਿਆਨ ਚੰਦ ਦੇ ਗ੍ਰਿਹ ਪਿੰਡ ਖੈਰਵਾਲਾ ਜੰਮੂ ★

ਸੋ ਪੁਰਖ ਨਿਰੰਜਣ ਅਗੰਮ ਅਪਾਰਾ, ਆਦਿ ਜੁਗਾਦਿ ਖੇਲ ਖਿਲਾਇੰਦਾ । ਨਿਰਗੁਣ ਜੋਤ ਨੂਰ ਕਰ ਉਜਿਆਰਾ, ਨੂਰ ਨੁਰਾਨਾ ਡਗਮਗਾਇੰਦਾ । ਸਚਖੰਡ ਸੁਹਾਏ ਸਚ ਦਵਾਰਾ, ਦਰ ਘਰ ਸਾਚੇ ਸੋਭਾ ਪਾਇੰਦਾ । ਥਿਰ ਘਰ ਖੋਲ੍ਹ ਆਪ ਕਿਵਾੜਾ, ਆਪਣਾ ਰੂਪ ਆਪ ਪਰਗਟਾਇੰਦਾ । ਸੁੰਨ ਅਗੰਮੀ ਧੁੰਆਂਧਾਰ, ਰੂਪ ਅਨੂਪ ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਧਾਰ ਆਪ ਬੰਧਾਇੰਦਾ । ਸੋ ਪੁਰਖ ਨਿਰੰਜਣ ਬੰਨ੍ਹੇ ਧਾਰ, ਮਹਿਮਾ ਗਣਤ ਗਣੀ ਨਾ ਜਾਈਆ । ਹਰਿ ਪੁਰਖ ਨਿਰੰਜਣ ਹੋ ਉਜਿਆਰ, ਏਕੰਕਾਰਾ ਰੂਪ ਵਟਾਈਆ । ਜੋਤ ਨਿਰੰਜਣ ਕਰ ਪਸਾਰ, ਆਦਿ ਨਿਰੰਜਣ ਕਰੇ ਰੁਸ਼ਨਾਈਆ । ਅਬਿਨਾਸ਼ੀ ਕਰਤਾ ਆਪ ਆਪਣਾ ਕਰ ਪਸਾਰ, ਅਨਭਵ ਆਪਣਾ ਰੂਪ ਧਰਾਈਆ । ਸ੍ਰੀ ਭਗਵਾਨਾ ਆਪੇ ਪਾਏ ਆਪਣੀ ਸਾਰ, ਪ੍ਰਿਤਪਾਲਕ ਬੇਪਰਵਾਹੀਆ । ਪਾਰਬ੍ਰਹਮ ਪ੍ਰਭ ਅਕਾਲ ਕਲ ਪਸਾਰ, ਆਪ ਆਪਣਾ ਵੇਖ ਵਖਾਈਆ । ਸਚਖੰਡ ਦਵਾਰਾ ਕਰ ਤਿਆਰ, ਆਪਣੀ ਘਾੜਤ ਲਏ ਘੜਾਈਆ । ਛੱਪਰ ਛੰਨ ਨਾ ਕੋਇ ਪਸਾਰ, ਚਾਰ ਦੀਵਾਰ ਨਾ ਕੋਇ ਬਣਾਈਆ । ਨਿਰਗੁਣ ਜੋਤੀ ਕਰ ਉਜਿਆਰ, ਨੂਰ ਨੂਰ ਵਿਚ ਸਮਾਈਆ । ਆਪਣੀ ਇਛਿਆ ਭਰ ਭੰਡਾਰ, ਸਾਚੀ ਵਸਤ ਲਏ ਪਰਗਟਾਈਆ । ਸਚ ਸਿੰਘਾਸਣ ਕਰ ਤਿਆਰ, ਪਾਵਾ ਚੂਲ ਨਾ ਕੋਇ ਰਖਾਈਆ । ਪੁਰਖ ਅਬਿਨਾਸ਼ੀ ਆਪ ਰਖਾਏ ਠਾਂਡੇ ਦਰਬਾਰ, ਧੁਰ ਦਰਬਾਰਾ ਆਪ ਸੁਹਾਈਆ । ਸ਼ਾਹੋ ਭੂਪ ਬਣ ਸਿਕਦਾਰ, ਸ਼ਹਿਨਸ਼ਾਹ ਆਪਣਾ ਨਾਉਂ ਰਖਾਈਆ । ਹੁਕਮੀ ਹੁਕਮ ਕਰ ਵਰਤਾਰ, ਧੁਰ ਫ਼ਰਮਾਨਾ ਆਪ ਪਰਗਟਾਈਆ । ਨਿਰਗੁਣ ਨਿਰਗੁਣ ਬਣ ਜੋਤ ਸੇਵਾਦਾਰ, ਦਰ ਦਰਵੇਸ਼ ਸੇਵ ਕਮਾਈਆ । ਏਕਾ ਮੰਦਰ ਏਕਾ ਘਰ ਇਕ ਮਹੱਲ ਅਟਲ ਉਚ ਮੁਨਾਰ, ਆਪ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੁਰਖ ਅਗੰਮੜਾ ਅਗੰਮੜੀ ਖੇਲ ਆਪ ਖਿਲਾਈਆ । ਖੇਲ ਅਗੰਮੜਾ ਹਰਿ ਨਿਰੰਕਾਰਾ, ਨਿਰਗੁਣ ਆਪਣਾ ਆਪ ਕਰਾਇੰਦਾ । ਅਜੂਨੀ ਰਹਿਤ ਹੋ ਉਜਿਆਰਾ, ਅਨਭਵ ਪਰਕਾਸ਼ ਆਪ ਧਰਾਇੰਦਾ । ਸਾਚੇ ਮੰਦਰ ਕਰ ਪਸਾਰਾ, ਸੋਭਾਵੰਤ ਆਪ ਸੁਹਾਇੰਦਾ । ਸ੍ਰੀ ਭਗਵੰਤ ਖੇਲ ਨਿਆਰਾ, ਦਿਸ ਕਿਸੇ ਨਾ ਆਇੰਦਾ । ਤਖ਼ਤ ਨਿਵਾਸੀ ਸਾਚੇ ਤਖ਼ਤ ਬਹੇ ਸੱਚੀ ਸਰਕਾਰਾ, ਸ਼ਾਹ ਪਾਤਸ਼ਾਹ

ਆਪਣਾ ਰੂਪ ਵਟਾਇੰਦਾ । ਸੀਸ ਜਗਦੀਸ ਤਾਜ ਅਪਾਰਾ, ਪੰਚਮ ਮੁਖ ਰੁਖ਼ ਬਦਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਆਪ ਸੁਹਾਇੰਦਾ । ਸਚਖੰਡ ਦਵਾਰਾ ਸੋਭਾਵੰਤ, ਸੋ ਪੁਰਖ ਨਿਰੰਜਣ ਆਪ ਸੁਹਾਈਆ । ਕਰੇ ਖੇਲ ਸ੍ਰੀ ਭਗਵੰਤ, ਰੂਪ ਅਨੂਪ ਆਪ ਧਰਾਈਆ । ਵੇਸ ਵਟਾਏ ਨਾਰੀ ਕੰਤ, ਨਰ ਨਰਾਇਣ ਖੇਲ ਖਿਲਾਈਆ । ਆਪਣੀ ਮਹਿਮਾ ਜਾਣੇ ਅਗਣਤ, ਲੇਖਾ ਲੇਖ ਨਾ ਕੋਇ ਵਖਾਈਆ । ਆਦਿ ਬਣਾਏ ਆਪਣੀ ਬਣਤ, ਮਾਤ ਪਿਤ ਨਾ ਕੋਇ ਵਖਾਈਆ । ਆਪ ਜਣਾਏ ਆਪਣਾ ਮੰਤ, ਨਿਸ਼ਅੱਖਰ ਕਰ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗੰਮ ਅਗੰਮੜਾ ਰੂਪ ਧਰਾਈਆ । ਅਗੰਮ ਅਗੰਮੜਾ ਰੂਪ ਨਿਰੰਕਾਰਾ, ਨਿਰਗੁਣ ਆਪਣਾ ਆਪ ਧਰਾਇੰਦਾ । ਨਿਰਗੁਣ ਨਾਰੀ ਕੰਤ ਭਤਾਰਾ, ਨਿਰਗੁਣ ਸਾਚੀ ਸੇਜ ਹੰਢਾਇੰਦਾ । ਨਿਰਗੁਣ ਅੰਦਰ ਨਿਰਗੁਣ ਬਾਹਰਾ, ਨਿਰਗੁਣ ਗੁਪਤ ਨਿਰਗੁਣ ਜ਼ਾਹਰਾ, ਨਿਰਗੁਣ ਨਜ਼ਰ ਕਿਸੇ ਨਾ ਆਇੰਦਾ । ਨਿਰਗੁਣ ਪੂਤ ਸਪੂਤਾ ਸੁਤ ਦੁਲਾਰਾ, ਵਿਸ਼ਨ ਬ੍ਰਹਮਾ ਸ਼ਿਵ ਆਪ ਉਪਾਇੰਦਾ । ਨਿਰਗੁਣ ਸ਼ਬਦ ਨਾਦ ਧੁੰਨਕਾਰਾ, ਨਾਦ ਅਨਾਦੀ ਨਾਦ ਸੁਣਾਇੰਦਾ । ਨਿਰਗੁਣ ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਲਾਏ ਸਚ ਅਖਾੜਾ, ਆਪ ਆਪਣਾ ਖੇਲ ਖਿਲਾਇੰਦਾ । ਨਿਰਗੁਣ ਤ੍ਰੈ ਤ੍ਰੈ ਮੇਲਾ ਅਪਰ ਅਪਾਰਾ, ਪੰਚਮ ਜੋੜਾ ਜੋੜ ਜੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗੰਮ ਅਗੰਮੜਾ ਰੂਪ ਵਟਾਇੰਦਾ । ਰੂਪ ਅਗੰਮੜਾ ਖੇਲ ਸੰਸਾਰ, ਹਰਿ ਸਾਚਾ ਬਣਤ ਬਣਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰ ਤਿਆਰ, ਏਕਾ ਗੁਣ ਦਏ ਸਮਝਾਈਆ । ਤ੍ਰੈਗੁਣ ਮਾਇਆ ਦੇ ਭੰਡਾਰ, ਪੰਚਮ ਵਸਤ ਝੋਲੀ ਪਾਈਆ । ਆਪਣੀ ਕਿਰਪਾ ਕਰ ਆਕਾਰ, ਮਨ ਮਤ ਬੁਧ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਘਾੜਨ ਘੜ, ਏਕਾ ਤੱਤ ਦਏ ਸਮਝਾਈਆ । ਏਕਾ ਤੱਤ ਸ਼ਬਦ ਗਿਆਨ, ਵਿਸ਼ਨ ਬ੍ਰਹਮਾ ਸ਼ਿਵ ਹਰਿ ਜਣਾਇੰਦਾ । ਏਕਾ ਹਰਿ ਸ੍ਰੀ ਭਗਵਾਨ, ਦੂਸਰ ਅਵਰ ਨਾ ਕੋਇ ਰਖਾਇੰਦਾ । ਏਕਾ ਮੰਦਰ ਸਚ ਮਕਾਨ, ਸਚਖੰਡ ਦਵਾਰਾ ਆਪ ਸੁਹਾਇੰਦਾ । ਏਕਾ ਹੁਕਮ ਧੁਰ ਫ਼ਰਮਾਨ, ਸਚ ਸੰਦੇਸਾ ਆਪ ਅਲਾਇੰਦਾ । ਏਕਾ ਰਾਜਾ ਰਾਜ ਰਾਜਾਨ, ਸ਼ਾਹ ਪਾਤਸ਼ਾਹ ਇਕ ਅਖਵਾਇੰਦਾ । ਏਕਾ ਬੈਠੇ ਤਖ਼ਤ ਤਖ਼ਤ ਨਿਵਾਸੀ ਹੋ ਮਿਹਰਵਾਨ, ਸਾਚਾ ਤਾਜ ਸੀਸ ਟਿਕਾਇੰਦਾ । ਏਕਾ ਲੱਖ ਚੁਰਾਸੀ ਬਣੇ ਕਾਹਨ, ਰੂਪ ਅਨੂਪ ਆਪ ਧਰਾਇੰਦਾ । ਏਕਾ ਰੂਪ ਹੋਏ ਰਾਮ, ਰਾਮ ਨਾਮ ਆਪਣਾ ਖੇਲ ਖਿਲਾਇੰਦਾ । ਏਕਾ ਅੰਮ੍ਰਿਤ ਦੇਵੇ ਜਾਮ, ਨਿਝਰ ਝਿਰਨਾ ਆਪ ਝਿਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮਾ ਸ਼ਿਵ ਦੇਵੇ ਵਰ, ਲੱਖ ਚੁਰਾਸੀ ਰੂਪ ਧਰਾਇੰਦਾ । ਲੱਖ ਚੁਰਾਸੀ ਘਾੜਨ ਘੜਿਆ, ਵਿਸ਼ਨ ਬ੍ਰਹਮਾ ਸ਼ਿਵ ਸੇਵ ਕਮਾਈਆ । ਪੁਰਖ ਅਬਿਨਾਸ਼ੀ ਅੰਦਰ ਵੜਿਆ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਘਰ ਵਿਚ ਘਰ ਆਪੇ ਧਰਿਆ, ਵੇਖੇ ਦਿਸੇ ਨਾ ਕਿਸੇ ਲੋਕਾਈਆ । ਜੋਤੀ ਜਾਤਾ ਉਪਰ ਚੜ੍ਹਿਆ, ਆਉਂਦਾ ਜਾਂਦਾ ਦਿਸ ਨਾ ਆਈਆ । ਨਿਰਵੈਰ ਪੁਰਖ ਆਪਣੀ ਵਿਦਿਆ ਆਪੇ ਪੜ੍ਹਿਆ, ਏਕਾ ਅੱਖਰ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਆਪਣੀ ਖੇਲ ਖਿਲਾਈਆ । ਆਦਿ ਆਦਿ ਹਰਿ ਖੇਲ ਅਪਾਰਾ, ਤ੍ਰੈ ਤ੍ਰੈ ਮੇਲਾ ਮੇਲ ਮਿਲਾਇੰਦਾ । ਵਿਸ਼ਨੂੰ ਦੇਵੇ ਇਕ ਭੰਡਾਰਾ, ਵਸਤ ਅਮੋਲਕ ਝੋਲੀ ਪਾਇੰਦਾ । ਬ੍ਰਹਮਾ ਤੇਰਾ ਬ੍ਰਹਮ ਪਸਾਰਾ, ਲੱਖ ਚੁਰਾਸੀ ਜੀਵ ਵਖਾਇੰਦਾ । ਸ਼ੰਕਰ ਤੇਰਾ ਅੰਤ ਕਿਨਾਰਾ, ਜੋ ਘੜਿਆ ਭੰਨ ਵਖਾਇੰਦਾ । ਤਿੰਨਾਂ

ਵਿਚੋਲਾ ਹਰਿ ਨਿਰੰਕਾਰਾ, ਥਿਰ ਘਰ ਸਾਚੇ ਸੋਭਾ ਪਾਇੰਦਾ । ਹੁਕਮੀ ਹੁਕਮ ਹੁਕਮ ਵਰਤਾਰਾ, ਹਾਕਮ ਆਪਣਾ ਹੁਕਮ ਸੁਣਾਇੰਦਾ । ਰਾਤੀ ਰੁੱਤੀ ਸੁਹੰਤੀ ਵਾਰਾ, ਘੜੀ ਪਲ ਨਾ ਕੋਇ ਰਖਾਇੰਦਾ । ਸੂਰਜ ਚੰਨ ਨਾ ਕੋਈ ਸਿਤਾਰਾ, ਮੰਡਲ ਮੰਡਪ ਨਾ ਕੋਇ ਵਡਿਆਇੰਦਾ । ਜ਼ਿਮੀਂ ਅਸਮਾਨ ਨਾ ਕੋਇ ਪਸਾਰਾ, ਜੰਗਲ ਜੂਹ ਨਾ ਕੋਇ ਸੁਹਾਇੰਦਾ । ਸਿੰਧ ਸਾਗਰ ਨਾ ਕੋਇ ਕਿਨਾਰਾ, ਜਲ ਬਿੰਬ ਨਾ ਕੋਇ ਰਖਾਇੰਦਾ । ਆਦਿ ਪੁਰਖ ਇਕ ਇਕੱਲਾ ਸਚ ਮਹੱਲਾ ਬੈਠ ਨਿਰੰਕਾਰਾ, ਏਕਾ ਹੁਕਮੀ ਹੁਕਮ ਵਰਤਾਇੰਦਾ । ਜੋਤੀ ਨੂਰ ਨੂਰ ਉਜਿਆਰਾ, ਦੂਸਰ ਰੂਪ ਨਾ ਕੋਇ ਰਖਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਆਕਾਰਾ, ਆਪ ਸੁਣਾਏ ਸਾਚੀ ਧਾਰਾ, ਧੁਰ ਫ਼ਰਮਾਨਾ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਬਾਣ ਆਪਣੇ ਹੱਥ ਰਖਾਇੰਦਾ । ਤ੍ਰੈ ਤ੍ਰੈ ਮੇਲਾ ਏਕਾ ਰੰਗ, ਸੋ ਪੁਰਖ ਨਿਰੰਜਣ ਆਪ ਰੰਗਾਈਆ । ਪਾਰਬ੍ਰਹਮ ਸੂਰਾ ਸਰਬੰਗ, ਸ੍ਰੀ ਭਗਵਾਨ ਸੱਚਾ ਸ਼ਹਿਨਸ਼ਾਹੀਆ । ਅਬਿਨਾਸ਼ੀ ਕਰਤਾ ਵਜਾਏ ਮਰਦੰਗ, ਏਕਾ ਢੋਲਾ ਰਿਹਾ ਸੁਣਾਈਆ । ਆਦਿ ਨਿਰੰਜਣ ਚਾੜ੍ਹੇ ਚੰਦ, ਨੂਰੋ ਨੂਰ ਨੂਰ ਰੁਸ਼ਨਾਈਆ । ਏਕੰਕਾਰਾ ਵਸੇ ਸੰਗ, ਵਿਛੜ ਕਦੇ ਨਾ ਜਾਈਆ । ਹਰਿ ਪੁਰਖ ਨਿਰੰਜਣ ਪੂਰੀ ਕਰੇ ਮੰਗ, ਭੰਡਾਰਾ ਅਤੋਟ ਅਤੁਟ ਵਰਤਾਈਆ । ਸੋ ਪੁਰਖ ਨਿਰੰਜਣ ਵਸਣਹਾਰਾ ਸਚਖੰਡ, ਸਚਖੰਡ ਦਵਾਰੇ ਸੋਭਾ ਪਾਈਆ । ਪੁਰੀਆ ਲੋਆਂ ਦੇਵੇ ਇਕ ਅਨੰਦ, ਅਨੰਦ ਮੰਗਲ ਇਕ ਵਖਾਈਆ । ਇਕ ਸੁਣਾਏ ਸਾਚਾ ਛੰਦ, ਹੰ ਬ੍ਰਹਮ ਕਰੇ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਕਰ ਪਸਾਰਾ, ਆਪੇ ਵੇਖੇ ਵੇਖਣਹਾਰਾ, ਦੂਸਰ ਸੰਗ ਨਾ ਕੋਇ ਰਲਾਈਆ । ਲੱਖ ਚੁਰਾਸੀ ਕਰ ਤਿਆਰ, ਸੋ ਪੁਰਖ ਨਿਰੰਜਣ ਸਚ ਜਣਾਇੰਦਾ । ਆਪਣੀ ਘਾੜਤ ਘੜੇ ਅਪਾਰ, ਘੜਨਹਾਰਾ ਦਿਸ ਨਾ ਆਇੰਦਾ । ਵੰਡਣ ਵੰਡ ਵੰਡੇ ਨਿਰੰਕਾਰ, ਅੰਡਜ ਜੇਰਜ ਉਤਭੁਜ ਸੇਤਜ ਚਾਰੇ ਖਾਣੀ ਬੰਧਨ ਪਾਇੰਦਾ । ਚਾਰੇ ਖਾਣੀ ਬੋਲ ਬੋਲ ਜੈਕਾਰ, ਧੁਰ ਦੀ ਬਾਣੀ ਆਪ ਸੁਣਾਇੰਦਾ । ਪਰਾ ਪਸੰਤੀ ਏਕਾ ਧਾਰ, ਮਧਮ ਬੈਖਰੀ ਭੇਵ ਖੁਲ੍ਹਾਇੰਦਾ । ਰਾਗੀ ਨਾਦੀ ਵਜਾਏ ਸਤਾਰ, ਅਨਹਦ ਆਪਣਾ ਤਾਲ ਰਖਾਇੰਦਾ । ਬੋਧ ਅਗਾਧੀ ਏਕਾ ਕਾਰ, ਨਿਸ਼ਅੱਖਰ ਆਪ ਪੜ੍ਹਾਇੰਦਾ । ਬ੍ਰਹਮਾ ਵੇਤਾ ਨਿਉਂ ਨਿਉਂ ਕਰੇ ਨਿਮਸਕਾਰ, ਦਰ ਆਏ ਸੀਸ ਝੁਕਾਇੰਦਾ । ਤੂੰ ਦਾਤਾ ਬੇਐਬ ਪਰਵਰਦਿਗਾਰ, ਤੇਰਾ ਭੇਵ ਕੋਇ ਨਾ ਪਾਇੰਦਾ । ਬਣ ਭਿਖਾਰੀ ਮੰਗਾਂ ਬਣ ਭਿਖਾਰ, ਅੱਗੇ ਆਪਣੀ ਝੋਲੀ ਡਾਹਿੰਦਾ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਵਸਤ ਅਮੋਲਕ ਝੋਲੀ ਪਾਇੰਦਾ । ਆਪਣਾ ਨੇਤਰ ਦਏ ਉਘਾੜ, ਨਿਜ ਨੇਤਰ ਆਪ ਖੁਲ੍ਹਾਇੰਦਾ । ਲੇਖ ਜਣਾਏ ਵੇਦ ਚਾਰ, ਚਾਰੇ ਵੇਦਾਂ ਵੰਡ ਵੰਡਾਇੰਦਾ । ਲੋਕਮਾਤ ਕਰ ਪਿਆਰ, ਸਾਚਾ ਹੁਕਮ ਆਪ ਸੁਣਾਇੰਦਾ । ਚਾਰੇ ਜੁਗ ਹੋਣ ਉਜਿਆਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣਾ ਬੰਧਨ ਪਾਇੰਦਾ । ਚਾਰ ਵਰਨ ਹੋਏ ਪਰਧਾਨ, ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਤੇਰੀ ਗੋਦ ਸੁਹਾਇੰਦਾ । ਲੇਖਾ ਜਾਣੇ ਸ੍ਰੀ ਭਗਵਾਨ, ਦੂਸਰ ਹੱਥ ਨਾ ਕੋਇ ਰਖਾਇੰਦਾ । ਨਿਰਗੁਣ ਸਰਗੁਣ ਕਰੇ ਖੇਲ ਮਹਾਨ, ਜੋਤੀ ਜੋਤ ਜੋਤ ਜਗਾਇੰਦਾ । ਸ਼ਬਦ ਅਨਾਦੀ ਲੈ ਫ਼ਰਮਾਨ, ਵੇਸ ਅਨੇਕਾ ਆਪ ਵਟਾਇੰਦਾ । ਨਿਤ ਨਵਿਤ ਖੇਲੇ ਖੇਲ ਸ੍ਰੀ ਭਗਵਾਨ, ਖੇਲਣਹਾਰਾ ਆਪ ਅਖਵਾਇੰਦਾ । ਭਗਤਾਂ ਦੇਵੇ ਭਗਤੀ ਦਾਨ, ਸਾਚੀ ਸਿਖਿਆ ਆਪ ਸਮਝਾਇੰਦਾ । ਸੰਤਾਂ ਦੇਵੇ ਨਾਮ ਨਿਧਾਨ, ਨਾਮ ਅਮੋਲਾ ਝੋਲੀ ਪਾਇੰਦਾ । ਗੁਰਮੁਖਾਂ ਦੇਵੇ ਬ੍ਰਹਮ ਗਿਆਨ, ਆਪਣਾ ਭੇਵ ਖੁਲ੍ਹਾਇੰਦਾ । ਗੁਰਸਿਖਾਂ ਦੇਵੇ ਚਰਨ ਧੂੜ ਅਸ਼ਨਾਨ, ਨਿਰਗੁਣ ਸਰਗੁਣ ਰੂਪ

ਵਟਾਇੰਦਾ । ਲੇਖਾ ਜਾਣੇ ਦੋ ਜਹਾਨ, ਬ੍ਰਹਿਮੰਡਾਂ ਖੰਡਾਂ ਵੇਖ ਵਖਾਇੰਦਾ । ਆਪਣਾ ਨਾਉਂ ਕਰ ਪਰਧਾਨ, ਲੋਕਮਾਤ ਆਪ ਉਪਾਇੰਦਾ । ਨੌਂ ਖੰਡ ਪ੍ਰਿਥਮੀ ਵਖਾਏ ਸਚ ਨਿਸ਼ਾਨ, ਧਰਮ ਨਿਸ਼ਾਨਾ ਇਕ ਝੁਲਾਇੰਦਾ । ਸੱਤਾਂ ਦੀਪਾਂ ਪਾਏ ਆਣ, ਸਤਿ ਸਤਿਵਾਦੀ ਖੇਲ ਖਿਲਾਇੰਦਾ । ਛੱਤੀ ਰਾਗ ਗਾਏ ਗਾਣ, ਨਾਰਦ ਸੁਰਸਤੀ ਸੁਤ ਸੇਵਾ ਲਾਇੰਦਾ । ਆਪੇ ਬਣਿਆ ਰਹੇ ਬੇਪਹਿਚਾਣ, ਦਿਸ ਕਿਸੇ ਨਾ ਆਇੰਦਾ । ਜਿਸ ਜਨ ਕਿਰਪਾ ਕਰੇ ਹੋ ਮਿਹਰਵਾਨ, ਤਿਸ ਆਪਣਾ ਪਰਦਾ ਲਾਹਿੰਦਾ । ਵਿਸ਼ਨ ਬ੍ਰਹਮਾ ਸ਼ਿਵ ਦੇਵੇ ਦਾਨ, ਭੰਡਾਰ ਅਤੋਟ ਅਤੁਟ ਵਰਤਾਇੰਦਾ । ਨੌਂ ਸੌ ਚੁਰਾਨਵੇ ਚੌਕੜੀ ਜੁਗ ਝੁਲਦਾ ਰਹੇ ਨਿਸ਼ਾਨ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਸੇਵਾ ਲਾਏ ਗੁਰ ਅਵਤਾਰ, ਧੁਰ ਫ਼ਰਮਾਨਾ ਹੁਕਮ ਸੁਣਾਇੰਦਾ । ਸਤਿਜੁਗ ਬੰਨ੍ਹੇ ਸਾਚੀ ਧਾਰ, ਦਸ ਅੱਠ ਵੇਸ ਵਟਾਇੰਦਾ । ਤ੍ਰੇਤਾ ਤੇਰਾ ਪਾਰ ਕਿਨਾਰ, ਤ੍ਰੈਗੁਣ ਅਤੀਤਾ ਆਪ ਕਰਾਇੰਦਾ । ਰਾਮ ਸੀਤਾ ਖੇਲ ਨਿਆਰ, ਰੂਪ ਅਨੂਪ ਆਪ ਵਟਾਇੰਦਾ । ਲੰਕਾ ਤੋੜ ਗੜ੍ਹ ਹੰਕਾਰ, ਜੂਠਾ ਝੂਠਾ ਖੇਲ ਮਿਟਾਇੰਦਾ । ਰਾਵਨ ਦਹਿਸਰ ਕਰ ਸੰਘਾਰ, ਸ਼ਾਹ ਭਬੀਖਨ ਆਪ ਉਠਾਇੰਦਾ । ਏਕਾ ਬਖ਼ਸ਼ੇ ਚਰਨ ਧੂੜੀ ਛਾਰ, ਮਸਤਕ ਟਿੱਕਾ ਆਪ ਲਗਾਇੰਦਾ । ਗ਼ਰੀਬ ਨਿਮਾਣੇ ਲਏ ਉਭਾਰ, ਕੁੱਲੀ ਕੱਖਾਂ ਫੇਰਾ ਪਾਇੰਦਾ । ਜਗਤ ਨਿਤਾਣੇ ਲਏ ਤਾਰ, ਆਪ ਆਪਣੇ ਗਲੇ ਲਗਾਇੰਦਾ । ਭੋਗ ਲਗਾਏ ਸੱਚੀ ਸਰਕਾਰ, ਜੂਠੇ ਸੁੱਚੇ ਰੂਪ ਵਟਾਇੰਦਾ । ਕਰੇ ਖੇਲ ਵਿਚ ਸੰਸਾਰ, ਅਛਲ ਅਛੱਲ ਆਪਣਾ ਰੂਪ ਧਰਾਇੰਦਾ । ਰੂਪ ਅਨੂਪਾ ਹਰਿ ਨਿਰੰਕਾਰ, ਜੁਗ ਜੁਗ ਆਪਣਾ ਨਾਉਂ ਵਟਾਇੰਦਾ । ਲੇਖਾ ਜਾਣੇ ਦੋਏ ਦੋਏ ਧਾਰ, ਛੱਤ੍ਰੀ ਬ੍ਰਹਿਮਣ ਰੰਗ ਰੰਗਾਇੰਦਾ । ਦੋਏ ਦੋਏ ਵੇਖੇ ਏਕਾ ਕਾਰ, ਕਰਤਾ ਕਰਨੀ ਆਪ ਕਮਾਇੰਦਾ । ਵੇਦ ਵਿਆਸਾ ਕਰ ਉਜਿਆਰ, ਕਵਾਰੀ ਕੰਨਿਆ ਭਾਗ ਲਗਾਇੰਦਾ । ਏਕਾ ਹੁਕਮ ਦੇਵੇ ਸਰਕਾਰ, ਸ਼ਾਹ ਪਾਤਸ਼ਾਹ ਭੇਵ ਚੁਕਾਇੰਦਾ । ਦਸ ਅਠ ਖੋਲ੍ਹ ਕਿਵਾੜ, ਇਕ ਧਿਆਨ ਲਗਾਇੰਦਾ । ਪੁਰਾਨ ਅਠਾਰਾਂ ਕਰ ਵਿਚਾਰ, ਲੱਖ ਚਾਰ ਹਜ਼ਾਰ ਸਤਾਰਾਂ ਸਲੋਕ ਗਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਿਸ਼ਨ ਬ੍ਰਹਮਾ ਸ਼ਿਵ ਹੁਕਮ ਸੁਣਾਇੰਦਾ । ਬ੍ਰਹਮਾ ਤੇਰਾ ਬ੍ਰਹਮ ਗਿਆਨ, ਪਾਰਬ੍ਰਹਮ ਦਏ ਦਰਸਾਈਆ । ਤੇਰਾ ਰੂਪ ਵਿਚ ਜਹਾਨ, ਲੱਖ ਚੁਰਾਸੀ ਦਏ ਪਰਗਟਾਈਆ । ਤੇਰਾ ਮੰਦਰ ਪੰਜ ਮਕਾਨ, ਤ੍ਰੈਗੁਣ ਤਰੰਗਾ ਦਏ ਝੁਲਾਈਆ । ਏਕਾ ਦੇਵੇ ਧੁਰ ਫ਼ਰਮਾਨ, ਸਚ ਸੰਦੇਸਾ ਆਪ ਜਣਾਈਆ । ਸਰਬ ਜੀਆਂ ਦਾ ਏਕਾ ਰਾਮ, ਪੁਰਖ ਅਬਿਨਾਸ਼ੀ ਇਕ ਅਖਵਾਈਆ । ਏਕਾ ਨਗਰ ਖੇੜਾ ਗਰਾਮ, ਏਕਾ ਮੰਦਰ ਦਏ ਵਡਿਆਈਆ । ਏਕਾ ਰਵ ਸਸ ਭਾਨ, ਏਕਾ ਕਿਰਨ ਨੂਰ ਰੁਸ਼ਨਾਈਆ । ਫਿਰ ਏਕਾ ਦੇਵਣਹਾਰਾ ਜੀਆ ਦਾਨ, ਜੀਵਣ ਜੁਗਤ ਆਪਣੇ ਹੱਥ ਰਖਾਈਆ । ਏਕਾ ਪਰਗਟ ਹੋਵੇ ਸਾਚਾ ਕਾਹਨ, ਏਕਾ ਬੰਸਰੀ ਨਾਮ ਵਜਾਈਆ । ਏਕਾ ਗਵਾਲਾ ਬਣੇ ਘਨਈਆ ਸ਼ਾਮ, ਏਕਾ ਬਨ ਬਨ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣੀ ਧਾਰ ਵਖਾਈਆ । ਜੁਗ ਜੁਗ ਧਾਰ ਹਰਿ ਨਿਰੰਕਾਰਾ, ਵਿਸ਼ਨ ਭੇਵ ਖੁਲ੍ਹਾਇੰਦਾ । ਵਿਸ਼ਵ ਰੂਪ ਸਰਬ ਸੰਸਾਰਾ, ਤੇਰੀ ਗੋਦ ਬਹਾਇੰਦਾ । ਤੇਰਾ ਰਿਜ਼ਕ ਜਗਤ ਭੰਡਾਰਾ, ਲੱਖ ਚੁਰਾਸੀ ਝੋਲੀ ਪਾਇੰਦਾ । ਘਰ ਘਰ ਵੇਤਾ ਕਰ ਪਿਆਰਾ, ਸਾਚੀ ਸੇਵਾ ਆਪ ਸਮਝਾਇੰਦਾ । ਜੁਗ ਜੁਗ ਆਵੇ ਵਾਰੋ ਵਾਰਾ, ਲੋਕਮਾਤ ਵੇਸ ਵਟਾਇੰਦਾ । ਲੱਖ ਚੁਰਾਸੀ ਪਾਵੇ ਸਾਰਾ, ਘਟ ਘਟ ਅੰਦਰ ਫੋਲ ਫੋਲਾਇੰਦਾ । ਲੇਖਾ ਜਾਣਾ ਪੁਰਖ ਨਾਰਾ, ਪੁਰਖ ਪੁਰਖੋਤਮ ਆਪਣਾ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਸਾਚਾ ਖੇਲ ਆਪ ਖਿਲਾਇੰਦਾ । ਸਾਚਾ ਖੇਲ ਸ਼ੰਕਰ ਧਾਰ, ਹਰਿ ਹਰਿ ਆਪ ਜਣਾਈਆ । ਕਾਹਨਾ ਕ੍ਰਿਸ਼ਨਾ ਹੋ ਤਿਆਰ, ਵਿਸ਼ਨ ਬ੍ਰਹਮਾ ਸ਼ਿਵ ਵੇਖ ਵਖਾਈਆ । ਤਿੰਨਾਂ ਸੰਦੇਸਾ ਏਕਾ ਵਾਰ, ਏਕਾ ਘਰ ਪੁਚਾਈਆ । ਸ੍ਰਿਸ਼ਟ ਸਬਾਈ ਹੋਈ ਵਿਭਚਾਰ, ਹਰਿ ਕਾ ਨਾਮ ਨਾ ਕੋਇ ਧਿਆਈਆ । ਘਰ ਘਰ ਹੋਇਆ ਗੜ੍ਹ ਹੰਕਾਰ, ਹਉਮੇ ਹੰਗਤਾ ਜ਼ੋਰ ਵਧਾਈਆ । ਸ਼ਾਹ ਸੁਲਤਾਨ ਗ਼ਰੀਬ ਨਿਮਾਣਿਆਂ ਮਾਰਨ ਮਾਰ, ਸਿਰ ਹੱਥ ਨਾ ਕੋਇ ਰਖਾਈਆ । ਪੰਚਮ ਰੋਵਣ ਜ਼ਾਰੋ ਜ਼ਾਰ, ਮੁਕਟ ਬੈਣ ਤੇਰੇ ਅੱਗੇ ਸੀਸ ਝੁਕਾਈਆ । ਬਿਦਰ ਸੁਦਾਮਾ ਕਰੇ ਪੁਕਾਰ, ਨੇਤਰ ਨੈਣਾਂ ਨੀਰ ਵਹਾਈਆ । ਧਰਨੀ ਦਏ ਨਾ ਕੋਇ ਅਧਾਰ, ਹੌਲਾ ਭਾਰ ਨਾ ਕੋਇ ਕਰਾਈਆ । ਕਰ ਕਿਰਪਾ ਏਕਾ ਵਾਰ, ਤੇਰੇ ਹੱਥ ਸਰਬ ਵਡਿਆਈਆ । ਸੋਲਾਂ ਇਛਿਆ ਤੇਰੀ ਕਾਰ, ਸੋਲਾਂ ਕਲ ਤੇਰੀ ਰੁਸ਼ਨਾਈਆ । ਚੌਦਾਂ ਲੋਕ ਤੇਰਾ ਅਧਾਰ, ਤ੍ਰੈਭਵਣ ਧਨੀ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੁਸ਼ਟ ਹੰਕਾਰੀ ਦਏ ਖਪਾਈਆ । ਦੁਸ਼ਟ ਹੰਕਾਰੀ ਮੁਕਿਆ ਪੰਧ, ਸੋ ਪੁਰਖ ਨਿਰੰਜਣ ਆਪ ਮੁਕਾਇਆ । ਕਰਿਆ ਖੇਲ ਸੂਰੇ ਸਰਬੰਗ, ਰੂਪ ਅਨੂਪ ਆਪ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗੰਤਰ ਜਗ ਕਰਤਾ ਖੇਲ ਖਿਲਾਇਆ । ਜਗ ਕਰਤਾ ਖੇਲ ਖਿਲਾਇੰਦਾ, ਹਰਿ ਵੱਡਾ ਵਡ ਵਡਿਆਈਆ । ਕਲਜੁਗ ਅੰਤਮ ਰੂਪ ਵਟਾਇੰਦਾ, ਲੋਕਮਾਤ ਜਨਮ ਦਵਾਈਆ । ਜੂਠ ਝੂਠ ਨਾਲ ਲਿਆਇੰਦਾ, ਮਾਇਆ ਮਮਤਾ ਕਰ ਕੁੜਮਾਈਆ । ਏਕਾ ਮੰਗਣ ਮੰਗ ਮੰਗਾਇੰਦਾ, ਢਹਿ ਪਿਆ ਹਰਿ ਸ਼ਰਨਾਈਆ । ਮੇਰਾ ਲੇਖਾ ਵੇਦ ਵਿਆਸ ਲਿਖਾਇੰਦਾ, ਚਾਰ ਲੱਖ ਬੱਤੀ ਹਜ਼ਾਰ ਸਾਲ ਗਣਾਈਆ । ਮੈਂ ਦੁੱਖ ਨਾ ਮਾਤ ਉਠਾਇੰਦਾ, ਤੇਰਾ ਵਿਛੋੜਾ ਝੱਲਿਆ ਨਾ ਜਾਈਆ । ਮੈਂ ਏਕਾ ਸੁਖ ਰਖਾਇੰਦਾ, ਨੇਤਰ ਨੈਣਾਂ ਤੇਰਾ ਦਰਸਨ ਪਾਈਆ । ਮੈਂ ਉਠ ਉਠ ਰਾਹ ਤਕਾਇੰਦਾ, ਕਿਰਪਾ ਕਰੇ ਮੇਰਾ ਮਾਹੀਆ । ਮੈਂ ਢੋਲਾ ਤੇਰਾ ਗਾਇੰਦਾ, ਭੁਲ ਕਦੇ ਨਾ ਜਾਈਆ । ਤੇਰਾ ਰੂਪ ਵਿਚੋਲਾ ਵਿਚ ਰਖਾਇੰਦਾ, ਮੇਰਾ ਫੰਦ ਦਏ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਮੇਰੇ ਹੱਥ ਰਖਾਈਆ । ਪੁਰਖ ਅਬਿਨਾਸ਼ੀ ਦਿਸੇ ਵਿਚੋਲਾ, ਕਲਜੁਗ ਆਪ ਜਣਾਇਆ । ਤੇਰਾ ਸੰਗ ਨਿਭਾਏ ਬਣ ਕੇ ਮੌਲਾ, ਮੌਲਾ ਰੂਪ ਵਟਾਇਆ । ਪਰਗਟ ਹੋਏ ਉਪਰ ਧੌਲਾ, ਧਰਨੀ ਧਵਲ ਦਏ ਸੁਹਾਇਆ । ਈਸਾ ਮੂਸਾ ਪਾਏ ਚੋਲਾ, ਆਪ ਆਪਣਾ ਰੰਗ ਰੰਗਾਇਆ । ਤੇਰੇ ਅੰਧੇਰੇ ਵਿਚੋਂ ਕੱਢੇ ਮੁਹੰਮਦ ਕਰ ਕਰ ਉਹਲਾ, ਆਪਣਾ ਪਰਦਾ ਦਏ ਉਠਾਇਆ । ਪੁਰਖ ਅਕਾਲ ਬਣੇ ਤੋਲਾ, ਸਾਚਾ ਕੰਡਾ ਇਕ ਵਖਾਇਆ । ਏਕਾ ਬੋਲੇ ਸਾਚਾ ਬੋਲਾ, ਨਾਅਰਾ ਹੱਕ ਆਪ ਸੁਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਸਾਚੇ ਦਏ ਸਮਝਾਇਆ । ਕਲਜੁਗ ਸੇਜ ਹਰਿ ਸੁਹਾਇਆ, ਭੁਲ ਰਹੇ ਨਾ ਰਾਈਆ । ਤੇਰਾ ਵਿਚੋਲਾ ਆਪ ਬਣਾਇਆ, ਮੁਹੰਮਦ ਸੰਗ ਸੰਗ ਨਿਭਾਈਆ । ਕਲਜੁਗ ਢੋਲਾ ਦਏ ਸੁਹਾਇਆ, ਉਚੀ ਕੂਕ ਕੂਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਭਾਰ ਲਏ ਵੰਡਾਈਆ । ਤੇਰਾ ਕਰੇ ਹੌਲਾ ਭਾਰ, ਦੂਰ ਦੁਰਾਡਾ ਪੰਧ ਮੁਕਾਈਆ । ਐਨਲਹੱਕ ਬੋਲ ਜੈਕਾਰ, ਮੁਕਾਮੇ ਹੱਕ ਦਏ ਸੁਣਾਈਆ । ਜਲਵਾ ਨੂਰ ਕਰ ਉਜਿਆਰ, ਨੂਰ ਅਲਾਹੀ ਆਪ ਅਖਵਾਈਆ । ਕੋਹਤੂਰ ਸੁਣੇ ਪੁਕਾਰ, ਆਪਣਾ ਭੇਵ ਆਪ ਚੁਕਾਈਆ । ਆਪੇ ਕਰੇ ਸਚ ਗੁਫ਼ਤਾਰ, ਗੁਫ਼ਤਮ ਆਪਣਾ ਰੂਪ ਧਰਾਈਆ । ਮੁਹੰਮਦ ਖੋਲ੍ਹੇ ਆਪ ਕਿਵਾੜ, ਅਹਿਮਦ ਕਰੇ ਆਪ ਰਸਾਈਆ । ਏਕਾ ਇਛਿਆ ਬਣਾਏ ਨਾਰ, ਨਾਰ ਸੁਹਾਗਣ ਕਰ ਕੁੜਮਾਈਆ । ਅੱਲਾ

ਰਾਣੀ ਕਰ ਮੁਟਿਆਰ, ਸੰਗ ਮੁਹੰਮਦ ਦਏ ਪਰਨਾਈਆ । ਦੋਹਾਂ ਮੇਲਾ ਕਰ ਵਿਚ ਸੰਸਾਰ, ਉਮਤ ਉਮਤੀ ਵੇਸ ਵਟਾਈਆ । ਨਬੀ ਰਸੂਲਾਂ ਕਰੇ ਖ਼ਬਰਦਾਰ, ਮੁੱਲਾਂ ਸ਼ੇਖ਼ ਮਸਾਇਕ ਲਏ ਜਗਾਈਆ । ਦੇਵੇ ਹੁਕਮ ਸੱਚੀ ਸਰਕਾਰ, ਚੌਦਾਂ ਚੌਦਾਂ ਕੁੰਡਾ ਲਾਹੀਆ । ਚੌਦਾਂ ਤਬਕ ਖੇਲ ਨਿਆਰ, ਚੌਦਾਂ ਸਦੀਆਂ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਪੰਧ ਦਏ ਮੁਕਾਈਆ । ਕਲਜੁਗ ਤੇਰਾ ਪੰਧ ਮੁਕਾਉਣਾ, ਲੱਖ ਚਾਰ ਰਹਿਣ ਨਾ ਪਾਈਆ । ਵਰਨਾਂ ਬਰਨਾਂ ਭੇੜ ਭੜਾਉਣਾ, ਕਾਮ ਕਰੋਧ ਲੋਭ ਮੋਹ ਹੰਕਾਰ ਹੋਏ ਹਲਕਾਈਆ । ਆਸਾ ਤ੍ਰਿਸਨਾ ਨਾਚ ਨਚਾਉਣਾ, ਹਉਮੇ ਹੰਗਤਾ ਕਰੇ ਖਵਾਰੀਆ । ਉਚਾਂ ਨੀਚਾਂ ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਝਗੜਾ ਪਾਉਣਾ, ਸਚ ਸਲਾਹ ਨਾ ਕੋਇ ਵਖਾਈਆ । ਹਿੰਦੂ ਮੁਸਲਿਮ ਫੜ ਫੜਾਉਣਾ, ਖ਼ਾਲਕ ਖ਼ਲਕ ਵੇਖੇ ਬੇਪਰਵਾਹੀਆ । ਕਲਮਾ ਅਮਾਮ ਆਪ ਸੁਣਾਉਣਾ, ਕਲਾਮ ਅਲਾਹੀ ਕਰ ਰੁਸ਼ਨਾਈਆ । ਮੱਕਾ ਕਾਅਬਾ ਫੇਰਾ ਪਾਉਣਾ, ਦੋ ਦੋ ਆਬਾ ਜੋੜ ਜੁੜਾਈਆ । ਕ਼ੁਦਰਤ ਕ਼ਾਦਰ ਖੇਲ ਖਿਲਾਉਣਾ, ਮਖ਼ਲੂਕ ਆਪਣੇ ਧੰਦੇ ਲਾਈਆ । ਸਚ ਈਮਾਨ ਨਾ ਕਿਸੇ ਜਣਾਉਣਾ, ਇਲਮ ਆਲਮ ਨਾ ਕੋਇ ਪੜ੍ਹਾਈਆ । ਤੁਲਬਾ ਤਾਲਬ ਸਰਬ ਵਖਾਉਣਾ, ਤਾਲੀਮ ਤਾਜ਼ੀਮ ਨਾ ਕੋਇ ਜਣਾਈਆ । ਦੂਈ ਦਵੈਤੀ ਘਰ ਵਸਾਉਣਾ, ਸਾਂਤਕ ਸਤਿ ਨਾ ਕੋਇ ਕਰਾਈਆ । ਨਿਰਗੁਣ ਸਰਗੁਣ ਰੂਪ ਵਟਾਉਣਾ, ਲੋਕਮਾਤ ਕਰ ਰੁਸ਼ਨਾਈਆ । ਪੰਜ ਤੱਤ ਚੋਲਾ ਆਪ ਹੰਢਾਉਣਾ, ਨਾਨਕ ਨਾਮ ਧਰਾਈਆ । ਸਾਚਾ ਮੰਤਰ ਨਾਮ ਦ੍ਰਿੜਾਉਣਾ, ਨਾਮ ਸਤਿ ਕਰੇ ਪੜ੍ਹਾਈਆ । ਸੋਹੰ ਢੋਲਾ ਆ ਆ ਗਾਉਣਾ, ਮਿਲਿਆ ਬੇਪਰਵਾਹੀਆ । ਹਿੰਦੂ ਮੁਸਲਿਮ ਏਕਾ ਰੰਗ ਰੰਗਾਉਣਾ, ਏਕਾ ਅਲਿਫ਼ ਨੂਰ ਦਰਸਾਈਆ । ਘਟ ਘਟ ਅੰਦਰ ਮੱਕਾ ਕਾਅਬਾ ਨਜ਼ਰੀ ਆਉਣਾ, ਸਾਚਾ ਹੁਜ਼ਰਾ ਦਏ ਜਣਾਈਆ । ਬਾਂਗ ਸਦਾ ਇਕ ਸੁਣਾਉਣਾ, ਘਰ ਮੰਦਰ ਨਾਦ ਵਜਾਈਆ । ਭਰਮ ਭੁਲੇਖਾ ਦੂਰ ਕਢਾਉਣਾ, ਸ਼ਾਹ ਪਾਤਸ਼ਾਹ ਨਾ ਚਲੇ ਕੋਇ ਚਤੁਰਾਈਆ । ਚਾਰੇ ਕੁੰਟਾਂ ਫੇਰਾ ਪਾਉਣਾ, ਚਾਰੇ ਵਰਨ ਕਰੇ ਜਣਾਈਆ । ਪੁਰਖ ਅਬਿਨਾਸ਼ੀ ਇਕ ਮਨਾਉਣਾ, ਸੀਸ ਜਗਦੀਸ ਝੁਕਾਈਆ । ਅੰਤਮ ਢੋਲਾ ਇਕ ਸੁਣਾਉਣਾ, ਸ੍ਰਿਸ਼ਟ ਸਬਾਈ ਆਪੇ ਗਾਈਆ । ਕਲਜੁਗ ਵੇਲਾ ਅੰਤਮ ਆਉਣਾ, ਪੁਰਖ ਅਬਿਨਾਸ਼ੀ ਹੋਏ ਸਹਾਈਆ । ਨਿਹਕਲੰਕਾ ਜਾਮਾ ਪਾਉਣਾ, ਮਾਤ ਪਿਤ ਨਾ ਕੋਇ ਭੈਣ ਭਾਈਆ । ਸਾਚੇ ਮੰਦਰ ਚਰਨ ਟਿਕਾਉਣਾ, ਹਰਿ ਕਾ ਮੰਦਰ ਨਜ਼ਰ ਕਿਸੇ ਨਾ ਆਈਆ । ਗੁਰਮੁਖ ਸਾਚੇ ਮੇਲ ਮਿਲਾਉਣਾ, ਹਰਿ ਭਗਤਾਂ ਦਏ ਵਡਿਆਈਆ । ਚਾਰ ਵਰਨਾਂ ਏਕਾ ਰੰਗ ਰੰਗਾਉਣਾ, ਊਚ ਨੀਚ ਨਾ ਕੋਇ ਰਖਾਈਆ । ਆਤਮ ਬ੍ਰਹਮ ਸਰਬ ਦ੍ਰਿੜਾਉਣਾ, ਈਸ਼ ਜੀਵ ਮੇਲ ਮਿਲਾਈਆ । ਨਿਹਕਰਮੀ ਆਪਣਾ ਕਰਮ ਕਮੌਣਾ, ਕਰਮ ਕਾਂਡ ਦਏ ਗਵਾਈਆ । ਸਾਚਾ ਧਰਮ ਇਕ ਰਖੌਣਾ, ਨੌਂ ਖੰਡ ਪ੍ਰਿਥਮੀ ਕਰ ਰੁਸ਼ਨਾਈਆ । ਆਪਣਾ ਢੋਲਾ ਆਪੇ ਗੌਣਾ, ਨਾ ਪਿਛਲੀ ਕੋਈ ਪੜ੍ਹਾਈਆ । ਸਭ ਦਾ ਦਾਤਾ ਆਪ ਅਖਵੌਣਾ, ਘਰ ਘਰ ਦੇਵੇ ਰਿਜ਼ਕ ਸਬਾਈਆ । ਵਿਸ਼ਨ ਬ੍ਰਹਮਾ ਸ਼ਿਵ ਉਠੌਣਾ, ਸੋਇਆ ਕੋਇ ਰਹਿਣ ਨਾ ਪਾਈਆ । ਏਕਾ ਲੇਖਾ ਦਰ ਵਖੌਣਾ, ਲੇਖਾ ਲੇਖ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਹਰਿ ਖੇਲ ਕਰ, ਆਪਣੀ ਕ਼ੁਦਰਤ ਵੇਖ ਵਖਾਈਆ । ਕ਼ੁਦਰਤ ਵੇਖੇ ਹਰਿ ਹਰਿ ਕ਼ਾਦਰ, ਕਰੀਮ ਆਪਣਾ ਨਾਮ ਧਰਾਇੰਦਾ । ਰਾਗ ਸੁਣਾਏ ਏਕਾ ਦਾਦਰ, ਹਜ਼ਾਰਾ ਦਰੂਦ ਪੜ੍ਹਾਇੰਦਾ । ਜੰਤਾਂ ਜੀਵਾਂ ਵੇਖੇ ਮਾਦਰ, ਲੱਖ ਚੁਰਾਸੀ ਫੋਲ ਫੋਲਾਇੰਦਾ । ਆਪ ਉਠਾਏ ਸੁਤ ਤੇਗ਼ ਬਹਾਦਰ, ਗੁਜਰੀ ਕੁੱਖ ਆਪ ਸੁਹਾਇੰਦਾ ।

੬੧੪ ੧੦

ਦਰਗਹਿ ਦੇਵੇ ਸਾਚਾ ਆਦਰ, ਪੁਰਖ ਅਕਾਲ ਖ਼ੁਸ਼ੀ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਖਿਲਾਇੰਦਾ । ਕਲਜੁਗ ਖੇਲ ਹਰਿ ਅਵੱਲਾ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਆਦਿ ਜੁਗਾਦੀ ਇਕ ਇਕੱਲਾ, ਜੁਗ ਜੁਗ ਵੇਸ ਵਟਾਇੰਦਾ । ਸਚ ਸੰਦੇਸ ਗੁਰ ਅਵਤਾਰਾਂ ਘੱਲਾ, ਲੋਕਮਾਤ ਅਲਾਇੰਦਾ । ਨਿਰਗੁਣ ਸਰਗੁਣ ਫੜਾਏ ਪੱਲਾ, ਏਕਾ ਬੰਧਨ ਨਾਮ ਪਾਇੰਦਾ । ਵਸਣਹਾਰਾ ਨਿਹਚਲ ਧਾਮ ਅਟੱਲਾ, ਮਹੱਲ ਅਟਲ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਏਕਾ ਹਰਿ, ਆਪਣਾ ਰੂਪ ਧਰਾਇੰਦਾ । ਆਦਿ ਜੁਗਾਦਿ ਹਰਿ ਹਰਿ ਨਰਾਇਣ, ਨਿਰਗੁਨ ਆਪਣਾ ਖੇਲ ਖਿਲਾਈਆ । ਦੋ ਜਹਾਨ ਵੇਖੇ ਆਪਣੇ ਨੈਣ, ਨੇਤਰ ਲੋਚਨ ਆਪ ਖੁਲ੍ਹਾਈਆ । ਜਨ ਭਗਤਾਂ ਚੁਕਾਏ ਲੈਣ ਦੇਣ, ਜੁਗਾ ਜੁਗੰਤਰ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣੀ ਬਣਤ ਆਪ ਬਣਾਈਆ । ਆਦਿ ਪੁਰਖ ਹਰਿ ਖੇਲ ਖਿਲਾਇਆ, ਖੇਲਣਹਾਰ ਦਿਸ ਨਾ ਆਇੰਦਾ । ਜੋਧਾ ਸੂਰਾ ਇਕ ਜਗਾਇਆ, ਸੂਰਬੀਰ ਨਾਉਂ ਧਰਾਇੰਦਾ । ਜੋਤੀ ਨੂਰ ਡਗਮਗਾਇਆ, ਦੀਵਾ ਬਾਤੀ ਨਾ ਕੋਈ ਰਖਾਇੰਦਾ । ਏਕਾ ਅੱਖਰ ਪੜ੍ਹਕੇ ਆਇਆ, ਲੱਖ ਚੁਰਾਸੀ ਆਪ ਪੜ੍ਹਾਇੰਦਾ । ਸਾਚੇ ਪੌੜੇ ਚੜ੍ਹਕੇ ਆਇਆ, ਜੀਵਾਂ ਜੰਤਾਂ ਆਪ ਚੜ੍ਹਾਇੰਦਾ । ਮਾਤ ਪਿਤਾ ਏਕਾ ਮੰਨ ਕੇ ਆਇਆ, ਪੁਰਖ ਅਕਾਲ ਪਿਤਾ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਰੰਗ ਆਪ ਰੰਗਾਇੰਦਾ । ਹਰਿ ਰੰਗ ਗੋਬਿੰਦ ਪਿਆਰ, ਗੋਬਿੰਦ ਨਗਰੀ ਆਪ ਚੜ੍ਹਾਈਆ । ਗੋਬਿੰਦ ਮੇਲਾ ਏਕੰਕਾਰ, ਓਅੰਕਾਰ ਵੇਖ ਵਖਾਈਆ । ਸਚ ਸਨੇਹੜਾ ਮਿੱਤਰ ਪਿਆਰ, ਸੱਥਰ ਸੂਲਾਂ ਰਿਹਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਬੇਪਰਵਾਹੀਆ । ਸਚ ਸੰਦੇਸਾ ਇਕ ਸੁਣਾਇਆ, ਗੋਬਿੰਦ ਆਪਣਾ ਰਾਗ ਅਲਾਈਆ । ਤੇਰਾ ਲੇਖਾ ਰਹੇ ਨਾ ਰਾਇਆ, ਬੰਸ ਸਰਬੰਸਾ ਭੇਟ ਚੜ੍ਹਾਈਆ । ਮੈਂ ਨੇਤਰ ਪੇਖ ਤੇਰਾ ਦਰਸ਼ਨ ਪਾਇਆ, ਤੇਰੇ ਦਰ ਵੱਜੇ ਵਧਾਈਆ । ਚਾਰੇ ਜੁਗ ਤੇਰੀ ਗੋਦ ਬਹਾਇਆ, ਚਾਰੇ ਸੁਤ ਲਏ ਪਰਗਟਾਈਆ । ਤੇਰਾ ਨਾਮ ਓੜਣ ਪਰਦਾ ਇਕ ਰਖਾਇਆ, ਦੋ ਜਹਾਨ ਉਤਰ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਵੇਲਾ ਕਵਣ ਵਕ਼ਤ ਕਵਣ ਘਰ ਵੱਜੇ ਵਧਾਈਆ । ਹਰਿ ਸੰਦੇਸਾ ਸਚ ਜਣਾਇੰਦਾ, ਪੁਰਖ ਅਗੰਮੜਾ ਆਪੇ ਬੋਲ । ਕਲਜੁਗ ਵੇਲਾ ਅੰਤ ਵਖਾਇੰਦਾ, ਏਕਾ ਢਈਆ ਤੋਲੇ ਤੋਲ । ਤੇਰਾ ਨਗਰ ਆਪ ਸੁਹਾਇੰਦਾ, ਸਦ ਵਸੇ ਤੇਰੇ ਕੋਲ । ਸਾਢੇ ਤਿੰਨ ਹੱਥ ਤੇਰੀ ਬਣਤ ਬਣਾਇੰਦਾ, ਸੰਬਲ ਦਵਾਰੇ ਜਾਏ ਮੌਲ । ਜਗਤ ਅਡੰਬਰ ਵੇਖ ਵਖਾਇੰਦਾ, ਅੰਤ ਕੀਤਾ ਪੂਰਾ ਕਰੇ ਕੌਲ । ਲੱਖ ਚੁਰਾਸੀ ਸਵੰਬਰ ਆਪ ਰਚਾਇੰਦਾ, ਲੱਗੇ ਅਖਾੜਾ ਉਪਰ ਧੌਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਇਕ ਅਨਮੋਲ । ਖੇਲ ਅਨਮੋਲਾ ਹਰਿ ਕਰੌਣਾ, ਕਲਜੁਗ ਅੰਤਮ ਦਏ ਸਮਝਾਈਆ । ਗੋਬਿੰਦ ਤੇਰਾ ਰੂਪ ਵਟੌਣਾ, ਰੂਪ ਰੰਗ ਰੇਖ ਨਜ਼ਰ ਕਿਸੇ ਨਾ ਆਈਆ । ਤੇਰਾ ਨਾਮ ਮਰਦੰਗ ਵਜੌਣਾ, ਸੁਣੇ ਸਰਬ ਲੋਕਾਈਆ । ਰਾਮਾ ਕ੍ਰਿਸ਼ਨਾ ਸੰਗ ਨਿਭੌਣਾ, ਵਿਛੜ ਕਦੇ ਨਾ ਜਾਈਆ । ਈਸਾ ਮੂਸਾ ਦਰ ਮੰਗੌਣਾ, ਸੰਗ ਮੁਹੰਮਦ ਚਾਰ ਯਾਰ ਲੇਖਾ ਕੋਇ ਰਹਿਣ ਨਾ ਪਾਈਆ । ਤੇਈ ਅਵਤਾਰਾਂ ਹੁਕਮ ਸੁਣੌਣਾ, ਹੁਕਮੀ ਹੁਕਮ ਕਰੇ ਜਣਾਈਆ । ਏਕਾ ਜੋਤੀ ਦਸ ਦਸ ਰੂਪ ਦਸੌਣਾ, ਪੰਜ ਤੱਤ ਕਾਇਆ ਚੋਲਾ ਜਗਤ ਹੰਢਾਈਆ । ਅੰਤਮ

ਆਪਣਾ ਮੇਲ ਮਿਲੌਣਾ, ਲੇਖਾ ਕੋਇ ਰਹਿਣ ਨਾ ਪਾਈਆ । ਸਚਖੰਡ ਦਵਾਰਾ ਲੋਕਮਾਤ ਪਰਗਟੌਣਾ, ਸੰਬਲ ਵੱਜੇ ਸਚ ਵਧਾਈਆ । ਪੁਰਖ ਅਬਿਨਾਸ਼ੀ ਆਸਣ ਲੌਣਾ, ਸਚ ਸਿੰਘਾਸਣ ਸੋਭਾ ਪਾਈਆ । ਸੀਸ ਜਗਦੀਸ ਤਾਜ ਟਿਕੌਣਾ, ਪੰਚਮ ਮੁਖ ਕਰ ਰੁਸ਼ਨਾਈਆ । ਇਕ ਹਦੀਸ ਜਗਤ ਪੜ੍ਹੌਣਾ, ਸ਼ਰਅ ਸ਼ਰੀਅਤ ਇਕ ਸਮਝਾਈਆ । ਵੇਦ ਸ਼ਾਸਤਰ ਸਿਮਰਤ ਪੁਰਾਨ ਅਠਾਰਾਂ ਆਪਣੀ ਝੋਲੀ ਪੌਣਾ, ਗੀਤਾ ਗਿਆਨ ਦਏ ਦ੍ਰਿੜਾਈਆ । ਅੰਜੀਲ ਕ਼ੁਰਾਨ ਵੇਖ ਵਖੌਣਾ, ਬੀਸ ਤੀਸ ਪਰਦਾ ਦਏ ਉਠਾਈਆ । ਖਾਣੀ ਬਾਣੀ ਭੇਵ ਚੁਕੌਣਾ, ਚਾਰ ਕੁੰਟ ਫੇਰਾ ਪਾਈਆ । ਸ਼ਾਹ ਸੁਲਤਾਨਾਂ ਖ਼ਾਕ ਮਿਲੌਣਾ, ਰਾਜ ਰਾਜਾਨ ਰਹਿਣ ਕੋਈ ਨਾ ਪਾਈਆ । ਚਾਰ ਵਰਨਾਂ ਏਕਾ ਰੰਗ ਰੰਗੌਣਾ, ਬਰਨ ਅਠਾਰਾਂ ਦਏ ਗਵਾਈਆ । ਏਕਾ ਅੱਖਰ ਰਾਮ ਪੜ੍ਹੌਣਾ, ਏਕਾ ਫ਼ਤਿਹ ਵਾਹਿਗੁਰੂ ਆਪ ਗਜਾਈਆ । ਏਕਾ ਮੰਤਰ ਨਾਮ ਸਤਿ ਆਪ ਦ੍ਰਿੜੌਣਾ, ਏਕਾ ਆਦਿ ਸ਼ਕਤ ਜੈ ਜੈਕਾਰ ਰਿਹਾ ਵਖਾਈਆ । ਏਕਾ ਅਸ਼ਟਭੁਜ ਰੂਪ ਵਟੌਣਾ, ਅਨੂਪ ਆਪ ਧਰਾਈਆ । ਏਕਾ ਬਿਸਮਲ ਆਪਣਾ ਆਪ ਕਰੌਣਾ, ਬਿਸਮਲ ਵੇਖੇ ਸਰਬ ਲੋਕਾਈਆ । ਏਕਾ ਕਿਲਾ ਕੋਟ ਸੁਹੌਣਾ, ਨੌਂ ਖੰਡ ਪ੍ਰਿਥਮੀ ਦਏ ਵਡਿਆਈਆ । ਏਕਾ ਡੰਕਾ ਨਾਮ ਵਜੌਣਾ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਦਏ ਉਠਾਈਆ । ਸੂਰਜ ਚੰਨ ਏਕਾ ਗੌਣਾ, ਅੰਤਰ ਆਤਮ ਇਕ ਲਿਵ ਲਾਈਆ । ਵਿਸ਼ਨ ਬ੍ਰਹਮਾ ਸ਼ਿਵ ਪੰਧ ਮੁਕੌਣਾ, ਗੇੜਾ ਗੇੜੇ ਵਿਚ ਭਵਾਈਆ । ਕਲਜੁਗ ਠੂਠਾ ਭੰਨ ਵਖੌਣਾ, ਕੂੜੀ ਕਿਰਿਆ ਦਏ ਮਿਟਾਈਆ । ਗੁਰਸਿਖ ਵਿਰਲਾ ਆਪ ਜਗੌਣਾ, ਜਿਸ ਜਨ ਆਪਣੀ ਦਇਆ ਕਮਾਈਆ । ਨਿਰਗੁਣ ਸਰਗੁਣ ਦਰਸ ਵਖੌਣਾ, ਸਰਗੁਣ ਨਿਰਗੁਣ ਰੂਪ ਵਟਾਈਆ । ਮਾਇਆ ਮਮਤਾ ਮੋਹ ਚੁਕੌਣਾ, ਦੂਈ ਦਵੈਤੀ ਦਏ ਖਪਾਈਆ । ਕਾਇਆ ਚੋਲੀ ਰੰਗ ਚੜ੍ਹੌਣਾ, ਉਤਰ ਕਦੇ ਨਾ ਜਾਈਆ । ਨੌਂ ਦਵਾਰੇ ਪਾਰ ਕਰਾਉਣਾ, ਸੁਖਮਨ ਟੇਢੀ ਬੰਕ ਅਧਵਿਚਕਾਰ ਨਾ ਕੋਇ ਰਖਾਈਆ । ਈੜਾ ਪਿੰਗਲ ਫੜ ਦਬਾਉਣਾ, ਪੰਜੇ ਵਿਕਾਰ ਸਕੇ ਨਾ ਸਿਰ ਉਠਾਈਆ । ਅੰਮ੍ਰਿਤ ਜਾਮ ਇਕ ਪਿਆਉਣਾ, ਨਿਝਰ ਝਿਰਨਾ ਦਏ ਝਿਰਾਈਆ । ਬਜਰ ਕਪਾਟੀ ਤੋੜ ਤੁੜਾਉਣਾ, ਦਸਮ ਦਵਾਰ ਦਏ ਖੁਲ੍ਹਾਈਆ । ਆਤਮ ਸੇਜਾ ਭਾਗ ਲਗਾਉਣਾ, ਅਨਹਦ ਰਾਗ ਸੁਣਾਈਆ । ਸੁਰਤੀ ਸ਼ਬਦੀ ਮੇਲ ਮਿਲਾਉਣਾ, ਨਾਰ ਕੰਤ ਰੂਪ ਵਟਾਈਆ । ਸੇਜ ਸੁਹੰਜਣੀ ਆਸਣ ਲਾਉਣਾ, ਏਕਾ ਰੰਗ ਵਖਾਈਆ । ਮਿਲ ਮਿਲ ਆਪਣਾ ਦੁਖ ਵੰਡਾਉਣਾ, ਜਗਤ ਦੁਖੜਾ ਦਏ ਗਵਾਈਆ । ਆਪਣਾ ਸੁਖ ਆਪ ਦਰਸਾਉਣਾ, ਘਰ ਘਰ ਵਿਚ ਦਇਆ ਕਮਾਈਆ । ਵਿਸ਼ਨ ਬ੍ਰਹਮਾ ਸ਼ਿਵ ਸੀਸ ਝੁਕਾਉਣਾ, ਪਾਰਬ੍ਰਹਮ ਤੇਰੀ ਸੱਚੀ ਸਰਨਾਈਆ । ਗੁਰਮੁਖ ਤੇਰਾ ਸੰਗ ਨਿਭਾਉਣਾ, ਹਰਿਜਨ ਵਿਛੜ ਕਦੇ ਨਾ ਜਾਈਆ । ਲੱਖ ਚੁਰਾਸੀ ਡੰਨ ਲਗਾਉਣਾ, ਡੰਨੀ ਜਾਏ ਸਰਬ ਲੋਕਾਈਆ । ਚਿਤਰ ਗੁਪਤ ਹਿਸਾਬ ਵਖਾਉਣਾ, ਲਿਖ ਲਿਖ ਲੇਖਾ ਅੱਗੇ ਦਏ ਧਰਾਈਆ । ਰਾਏ ਧਰਮ ਫੜ ਫੜ ਬੰਧ ਬੰਧਾਉਣਾ, ਏਕਾ ਬੰਧਨ ਦੇਵੇ ਪਾਈਆ । ਲਾੜੀ ਮੌਤ ਹੁਕਮ ਸੁਣਾਉਣਾ, ਲੱਖ ਚੁਰਾਸੀ ਲਏ ਪਰਨਾਈਆ । ਕਲਜੁਗ ਤੇਰਾ ਸੰਗ ਨਿਭਾਉਣਾ, ਕੀਤਾ ਕੌਲ ਭੁਲ ਨਾ ਜਾਈਆ । ਚੌਦਾਂ ਤਬਕਾਂ ਫੋਲ ਫੋਲਾਉਣਾ, ਜ਼ਿਮੀਂ ਅਸਮਾਨਾਂ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਅੰਤਮ ਆਦਿ ਪੁਰਖ ਅਬਿਨਾਸ਼ੀ ਕਰਤਾ ਆਪਣੀ ਖੇਲ ਖਿਲਾਈਆ । ਆਪਣਾ ਖੇਲ ਕਰੇ ਕਰਤਾਰਾ, ਕ਼ੁਦਰਤ ਕ਼ਾਦਰ ਵੇਖ ਵਖਾਈਆ । ਦੋ ਜਹਾਨਾਂ ਪਾਵੇ ਸਾਰਾ, ਰੂਪ ਅਨੂਪ ਆਪ ਧਰਾਈਆ । ਕਾਗਦ ਕ਼ਲਮ ਨਾ ਲਿਖਣਹਾਰਾ, ਲਿਖ ਲਿਖ ਲੇਖਾ ਨਾ ਕੋਇ ਸਮਝਾਈਆ । ਚਾਰ ਜੁਗ ਨਿਤ

੬੧੬
੧੦

ਨਵਿਤ ਆਉਂਦੇ ਰਹੇ ਗੁਰ ਅਵਤਾਰਾ, ਸਚ ਸੰਦੇਸਾ ਲੋਕਮਾਤ ਸੁਣਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਕਰਿਆ ਖੇਲ ਅਪਰ ਅਪਾਰਾ, ਵੇਦ ਕਤੇਬ ਭੇਵ ਨਾ ਆਈਆ । ਬੇਅੰਤ ਬੇਅੰਤ ਬੇਅੰਤ ਕਹੇ ਸਰਬ ਸੰਸਾਰਾ, ਬੇਅੰਤ ਸੱਚੀ ਸ਼ਹਿਨਸ਼ਾਹੀਆ । ਕਲਜੁਗ ਅੰਤਮ ਪਰਗਟ ਹੋਵੇ ਵਿਚ ਸੰਸਾਰਾ, ਨਿਰਗੁਣ ਆਪਣਾ ਰੂਪ ਵਟਾਈਆ । ਸੰਤ ਸੁਹੇਲੇ ਗੁਰ ਗੁਰ ਚੇਲੇ ਮੇਲੇ ਇਕ ਦਵਾਰਾ, ਦਰ ਦਰਵਾਜ਼ਾ ਗ਼ਰੀਬ ਨਿਵਾਜਾ ਆਪਣਾ ਆਪ ਖੁਲ੍ਹਾਈਆ । ਏਕਾ ਨਾਮ ਕਰੇ ਜੈਕਾਰਾ, ਚਾਰੇ ਵਰਨਾਂ ਦਏ ਸਹਾਰਾ, ਆਤਮ ਬ੍ਰਹਮ ਸੁਣੇ ਪੁਕਾਰਾ, ਈਸ਼ ਜੀਵ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਆਦਿ ਜੁਗਾਦਿ ਜੁਗਾ ਜੁਗੰਤਰ ਸ਼ਾਹ ਪਾਤਸ਼ਾਹ ਬੇਪਰਵਾਹ, ਅਗੰਮ ਅਥਾਹ ਅਲਖ ਅਗੋਚਰ ਅਗੰਮ ਅਗੰਮੜਾ ਅਗੰਮੜੀ ਕਾਰ ਕਮਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਹਰਿ ਹਰਿ ਹਰੀ ਦਵਾਰ ਹਰਿਭਗਤ ਦਏ ਵਡਿਆਈਆ ।

★ ੧੯ ਜੇਠ ੨੦੧੮ ਬਿਕ੍ਰਮੀ ਪ੍ਰੇਮੋ ਦੇਵੀ ਦੇ ਘਰ ਪਿੰਡ ਖ਼ੈਰਵਾਲਾ ਜੰਮੂ ★

ਜਨਮ ਕਰਮ ਨਾ ਕੋਇ ਬੰਧਨ, ਬੰਦੀਖਾਨਾ ਨਾ ਕੋਇ ਰਖਾਇੰਦਾ । ਜਿਸ ਜਨ ਮਸਤਕ ਲਾਏ ਚੰਦਨ, ਨਿਮ ਵਾਸਨਾ ਮੇਟ ਮਿਟਾਇੰਦਾ । ਨਾਮ ਨਿਧਾਨ ਟਿਕਾਏ ਪਰਮਾਨੰਦਨ, ਨਿਜ ਘਰ ਸਾਚੇ ਸੋਭਾ ਪਾਇੰਦਾ । ਸਾਹਿਬ ਠਾਕਰ ਦੀਨ ਦਿਆਲ ਭੈ ਭੰਜਨ, ਭਵਸਾਗਰ ਪਾਰ ਕਰਾਇੰਦਾ । ਨੇਤਰ ਗਿਆਨ ਦੇਵੇ ਅੰਜਨ, ਅੰਧ ਅੰਧੇਰ ਚੁਕਾਇੰਦਾ । ਸਤਿਗੁਰ ਮਿਲੇ ਸਾਚਾ ਸੱਜਣ, ਹਰੀ ਹਰਿ ਆਪਣਾ ਦਰ ਸੁਹਾਇੰਦਾ । ਜੁਗਾ ਜੁਗੰਤਰ ਪਰਦਾ ਕੱਜਣ, ਪੁਰਖ ਅਬਿਨਾਸ਼ੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਰੰਗ ਰੰਗਾਇੰਦਾ । ਦੀਨਾਂ ਨਾਥ ਸ੍ਰੀ ਭਗਵੰਤ, ਭਗਵਨ ਆਪਣਾ ਖੇਲ ਖਿਲਾਇੰਦਾ । ਸਰਬ ਜੀਆਂ ਬਿਧ ਜਾਣੇ ਅੰਤ, ਆਦਿ ਆਪਣਾ ਮੂਲ ਧਰਾਇੰਦਾ । ਜਿਸ ਜਨ ਬਣਾਈ ਤੇਰੀ ਬਣਤ, ਲੇਖਾ ਆਪਣੇ ਹੱਥ ਰਖਾਇੰਦਾ । ਆਪ ਸੁਣਾਏ ਸੁਹਾਗੀ ਛੰਤ, ਛੰਦ ਸੁਹਾਗੀ ਇਕ ਜਣਾਇੰਦਾ । ਗੜ੍ਹ ਟੁੱਟੇ ਹਉਮੇ ਹੰਗਤ, ਹੰ ਬ੍ਰਹਮ ਸਰਬ ਦਰਸਾਇੰਦਾ । ਮੇਲ ਮਿਲਾਵਾ ਸਾਚੀ ਸੰਗਤ, ਸੰਗ ਸਗਲਾ ਇਕ ਰਖਾਇੰਦਾ । ਲੇਖਾ ਚੁੱਕੇ ਭੁੱਖ ਨੰਗਤ, ਧੁਰ ਦਾ ਲੇਖਾ ਆਪ ਸਮਝਾਇੰਦਾ । ਗੁਰਚਰਨ ਦਵਾਰਾ ਸਾਚਾ ਜੰਨਤ, ਸਚਖੰਡ ਨਿਵਾਸੀ ਸਚਖੰਡ ਦਵਾਰੇ ਸੋਭਾ ਪਾਇੰਦਾ । ਹਰਿਜਨ ਸਦਾ ਰਹੇ ਮੰਗਤ, ਏਕਾ ਭਿਛਿਆ ਮੰਗ ਮੰਗਾਇੰਦਾ । ਨਰ ਹਰਿ ਨਰਾਇਣ ਕਾਇਆ ਚੋਲੀ ਚਾੜ੍ਹੇ ਰੰਗਤ, ਰੰਗ ਮਜੀਠੀ ਇਕ ਰੰਗਾਇੰਦਾ । ਮਾਨਸ ਜਨਮ ਨਾ ਹੋਏ ਭੰਗਤ, ਜਨਮ ਜਨਮਾਂ ਲੇਖੇ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਮੇਲੇ ਆਪਣੇ ਘਰ, ਸੋ ਜਨ ਵਿਛੜ ਕਦੇ ਨਾ ਜਾਇੰਦਾ ।

ਖਾਣਾ ਪੀਣਾ ਜਿਸ ਦਾ ਓਢਣ, ਭੂਸ਼ਨ ਬਸਤਰ ਦਏ ਵਡਿਆਈਆ । ਜੀਵ ਗੁਣ ਨਾ ਜਾਣੇ ਮਾਤਲੋਕਨ, ਅਵਗੁਣ ਰਹੇ ਖੇਲ ਖਿਲਾਈਆ ।

ਜਿਸ ਜਨ ਕਿਰਪਾ ਕਰੇ ਸੁਣਾਏ ਸਚ ਸਲੋਕਨ, ਸੋਲਾਂ ਸ਼ੰਗਾਰ ਦਏ ਵਖਾਈਆ । ਲੇਖਾ ਚੁਕਾਏ ਕੋਟ ਕੋਟਨ, ਜੋ ਜਨ ਦੂਰ ਦੁਰਾਡਾ ਪੰਧ ਮੁਕਾਈਆ । ਏਕਾ ਦਰ ਵਖਾਏ ਕਰ ਸੰਬੋਧਨ, ਸੋਭਾਵੰਤ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਾਟੀ ਖ਼ਾਕੀ ਵੇਖ ਵਖਾਈਆ । ਤਨ ਮਾਟੀ ਖ਼ਾਕੀ ਬਸਤਰ ਅੰਗ, ਹੱਡ ਮਾਸ ਨਾੜੀ ਜੋੜ ਜੁੜਾਈਆ । ਸਾਹਿਬ ਸੁਲਤਾਨ ਸੂਰਾ ਸਰਬੰਗ, ਤ੍ਰੈਗੁਣ ਮੇਲਾ ਪੰਚਮ ਚੇਲਾ, ਗ੍ਰਿਹ ਮੰਦਰ ਵੇਖ ਵਖਾਈਆ । ਜੋਤ ਅਕਾਲੀ ਖੇਲ ਨਿਰਾਲੀ ਸ਼ਬਦ ਨਾਦ ਧੁਨ ਵਜਾਏ ਸੱਜਣ ਸੁਹੇਲਾ, ਗਹਿਰ ਗੰਭੀਰ ਬੇਪਰਵਾਹੀਆ । ਘਟ ਭੀਤਰ ਕਰਾਏ ਆਪਣਾ ਮੇਲਾ, ਦਰਸ ਵਖਾਏ ਇਕ ਇਕੇਲਾ, ਅਕਲ ਕਲ ਆਪਣਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਨ ਬਸਤਰ ਵੇਖ ਵਖਾਈਆ । ਤਨ ਬਸਤਰ ਸੱਚਾ ਨਾਮ ਦੋਸ਼ਾਲਾ, ਆਦਿ ਅੰਤ ਉਤਰ ਨਾ ਜਾਈਆ । ਹਰਿ ਸੱਜਣ ਦੇਵੇ ਦੀਨ ਦਿਆਲਾ, ਕਰ ਕਿਰਪਾ ਆਪ ਉਪਾਈਆ । ਏਕਾ ਰੰਗ ਰੰਗਾਏ ਸ਼ਾਹ ਕੰਗਾਲਾ, ਰੂਪ ਅਨੂਪ ਇਕ ਦਰਸਾਈਆ । ਨਾਮ ਨਿਹਕਰਮੀ ਕਾਮੀ ਪਾਏ ਮਾਲਾ, ਨਿਹਕਰਮੀ ਕਰਮ ਕਮਾਈਆ । ਜੀਵਣ ਜਗਤ ਤੋੜ ਜੰਜਾਲਾ, ਜੀਵਣ ਜੁਗਤ ਆਪ ਸਮਝਾਈਆ । ਸਚ ਦਵਾਰਾ ਸੱਚੀ ਧਰਮਸਾਲਾ, ਘਰ ਹਰਿ ਮੰਦਰ ਦਏ ਵਖਾਈਆ । ਦੀਪਕ ਪਰਕਾਸ਼ ਇਕ ਉਜਾਲਾ, ਬਾਤੀ ਤੇਲ ਨਾ ਕੋਇ ਪਾਈਆ । ਅੱਠੇ ਪਹਿਰ ਖੇਲ ਨਿਰਾਲਾ, ਜਿਸ ਜਨ ਮਿਲਿਆ ਸਾਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਬਸਤਰ ਭੂਸ਼ਨ ਸਾਰ ਤਨ ਪਹਿਨਾਏ ਆਪ ਨਿਰੰਕਾਰ, ਦੁਰਮਤ ਮੈਲ ਨਾ ਲੱਗੇ ਰਾਈਆ । ਦੁਰਮਤ ਮੈਲ ਨਾ ਲੱਗੇ ਤਨ, ਪਤਿਤ ਪੁਨੀਤ ਆਪ ਕਰਾਇੰਦਾ । ਬੁਧ ਬਿਬੇਕ ਨਿਰਮਲ ਮਨ, ਮਨ ਵਾਸਨਾ ਆਪ ਖਪਾਇੰਦਾ । ਨਿਰਧਨ ਦੇਵੇ ਨਾਮ ਧਨ, ਸਚ ਭੰਡਾਰ ਆਪ ਵਰਤਾਇੰਦਾ । ਅੰਧ ਅੰਧੇਰ ਚੜ੍ਹਾਏ ਚੰਨ, ਸਤਿ ਪਰਕਾਸ਼ ਕਰਾਇੰਦਾ । ਜੋ ਜਨ ਸਤਿਗੁਰ ਕਹਿਣਾ ਜਾਏ ਮੰਨ, ਜਨਮ ਮਰਨ ਵਿਚ ਨਾ ਆਇੰਦਾ । ਰਸਨਾ ਕਹੇ ਧੰਨ ਧੰਨ, ਧੁਰ ਲੇਖਾ ਮਸਤਕ ਭਾਗ ਵੰਡ ਵੰਡਾਇੰਦਾ । ਹਰਿ ਦਾਤਾ ਦਾਨੀ ਬੇੜਾ ਦੇਵੇ ਬੰਨ੍ਹ, ਡੁਬਦਾ ਬੇੜਾ ਆਪ ਤਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਰਾਗ ਸੁਣਾਏ ਕੰਨ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਪਰਮਾਤਮ ਪਰਮਾਤਮ ਆਤਮ ਈਸ਼ ਜੀਵ ਜੀਵ ਈਸ਼ ਜਗਦੀਸ ਸਾਚਾ ਮੇਲ ਮਿਲਾਇੰਦਾ ।

ਕੂੜਾ ਕਰਕਟ ਕਰ ਕਰ ਸਾਫ਼, ਘਰ ਮੰਦਰ ਆਪ ਸੁਹਾਇਆ । ਹਰਿਜਨ ਰੱਖੇ ਏਕਾ ਆਸ, ਨੇਤਰ ਨੈਣ ਉਠਾਇਆ । ਪ੍ਰਭ ਮੇਟੇ ਮੇਰੀ ਲੱਗੀ ਪਿਆਸ, ਅੰਮ੍ਰਿਤ ਜਾਮ ਪਿਆਇਆ । ਅਵਗੁਣ ਮੇਰੇ ਕਰੇ ਮੁਆਫ਼, ਮਾਨਸ ਜਨਮ ਅਮੋਲਕ ਪਾਇਆ । ਬਣ ਮਾਨਸ ਜੋ ਰਿਹਾ ਗੁਸਤਾਖ, ਭੁਲ ਹਰਿ ਕਾ ਨਾਉਂ ਭੁਲਾਇਆ । ਕਰ ਕਿਰਪਾ ਕਲ ਮੇਰੀ ਰਾਖ, ਰਾਏ ਧਰਮ ਨਾ ਦਏ ਸਜ਼ਾਇਆ । ਦਰਸ ਵਖਾਏ ਰੂਪ ਸਾਖ, ਸਾਖਿਆਤ ਆਪਣਾ ਰੂਪ ਵਟਾਇਆ । ਲਹਿਣਾ ਦੇਣ ਚੁਕਾਏ ਮਸਤਕ ਮਾਥ, ਲੇਖਾ ਮਸਤਕ ਆਪ ਮੁਕਾਇਆ । ਰਾਮ ਨਾਮ ਚੜ੍ਹਾਏ ਸਾਚੇ ਰਾਥ, ਰਥ ਰਥਵਾਹੀ ਕਾਹਨਾ ਕ੍ਰਿਸ਼ਨਾ ਰੂਪ ਧਰਾਇਆ । ਲੇਖਾ ਆਪਣਾ ਚੁੱਕੇ ਸੀਆਂ ਸਾਢੇ ਤਿੰਨ ਤਿੰਨ ਹਾਥ, ਰਵਦਾਸ ਚਮਾਰਾ ਲੇਖਾ ਲਿਖਤ ਆਪ ਲਿਖਾਇਆ । ਗੁਰਸਿਖ ਕਿਸੇ ਨਾ ਵਿਕੇ ਹਾਟ, ਕਰਤਾ ਕੀਮਤ ਆਪੇ ਪਾਇਆ । ਆਪੇ ਪਾਰ ਲਗਾਏ ਆਪਣੇ ਤਾਟ, ਅਧਵਿਚਕਾਰ ਨਾ ਕੋਇ ਰੁੜ੍ਹਾਇਆ । ਏਥੇ ਓਥੇ

ਦੇਵੇ ਸਾਥ, ਸਗਲਾ ਸੰਗ ਆਪ ਰਖਾਇਆ । ਹੋਏ ਸਹਾਈ ਤ੍ਰਿਲੋਕੀ ਨਾਥ, ਤ੍ਰੈਲੋਕੀ ਨੰਦਨ ਰੂਪ ਧਰਾਇਆ । ਮੇਲ ਮਿਲਾਵਾ ਰਾਮ ਰਾਮਾ ਪੂਤ ਸਪੂਤਾ ਦਸਰਾਥ, ਮਨ ਰਾਵਨ ਦਏ ਖਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਕੂੜੀ ਕਿਰਿਆ ਦੇਵੇ ਹਰ, ਕੂੜ ਕੁੜਿਆਰਾ ਰਹਿਣ ਨਾ ਪਾਇਆ । ਕੂੜੀ ਕਿਰਿਆ ਜਾਏ ਛੁਟ, ਨਾਤਾ ਜਗਤ ਮੋਹ ਚੁਕਾਇਆ । ਸਚ ਸੁੱਚ ਸੋਮਾਂ ਪਏ ਫੁੱਟ, ਘਟ ਮੰਦਰ ਨੀਰ ਵਹਾਇਆ । ਜਾਮ ਪਿਆਏ ਏਕਾ ਘੁੱਟ, ਅੰਮ੍ਰਿਤ ਸੀਰ ਮੁਖ ਚੁਆਇਆ । ਮਾਨਸ ਭਾਗ ਨਾ ਜਾਏ ਨਿਖੁਟ, ਅਮੋਲਾ ਜਨਮ ਨਾ ਬਿਰਥਾ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਬਖ਼ਸ਼ੇ ਏਕਾ ਓਟ, ਜਗਤ ਵਾਸਨਾ ਕੱਢੇ ਖੋਟ, ਤਨ ਨਗਾਰੇ ਲਗਾਏ ਚੋਟ, ਅਨਾਦ ਅਨਾਦੀ ਸ਼ਬਦ ਬ੍ਰਹਿਮਾਦੀ ਬ੍ਰਹਮ ਮੇਲਾ ਮੇਲ ਮਿਲਾਇੰਦਾ ।

ਪਤਿਤ ਪੁਨੀਤ ਕਰੇ ਹਰਿ ਠਾਕਰ, ਠੋਕਰ ਨਾਮ ਇਕ ਲਗਾਇੰਦਾ । ਅੰਮ੍ਰਿਤ ਸਰੋਵਰ ਸਿੰਧ ਸਾਗਰ, ਸਿੰਧ ਆਪਣਾ ਨਾਉਂ ਜਣਾਇੰਦਾ । ਲੇਖਾ ਜਾਣੇ ਕਾਇਆ ਗਾਗਰ, ਗਾਗਰ ਆਪਣਾ ਜਲ ਭਰਾਇੰਦਾ । ਕਾਇਆ ਚੋਲੀ ਚਾੜ੍ਹੇ ਰੰਗ ਰਤੀ ਰਤਨਾਗਰ, ਰੰਗ ਅਨਮੋਲਾ ਆਪ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੁਰਮਤ ਮੈਲ ਜਿਸ ਧਵਾਇੰਦਾ । ਦੁਰਮਤ ਮੈਲ ਉਤਾਰੇ ਆਪ, ਆਪਣਾ ਰੰਗ ਵਖਾਈਆ । ਜਿਸ ਜਨ ਬਣੇ ਮਾਈ ਬਾਪ, ਤਿਸ ਸਾਚੀ ਗੋਦ ਸੁਹਾਈਆ । ਤ੍ਰੈਗੁਣ ਮਾਇਆ ਨਾ ਚੜ੍ਹੇ ਤਾਪ, ਅਗਨ ਤੱਤ ਨਾ ਕੋਇ ਸਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਆਪਣਾ ਰੰਗ ਰੰਗਾਈਆ । ਰੰਗ ਰੰਗਾਏ ਠਾਕਰ ਗੁਰਦੇਵਾ, ਪਾਰਬ੍ਰਹਮ ਵਡੀ ਵਡਿਆਈਆ । ਜਿਸ ਜਨ ਬਖ਼ਸ਼ੇ ਆਪਣੀ ਸੇਵਾ, ਸੇਵਕ ਰੂਪ ਵਖਾਈਆ । ਅੰਮ੍ਰਿਤ ਫਲ ਖਵਾਵੇ ਮੇਵਾ, ਕਾਇਆ ਜਾਮੇ ਵਿਚ ਟਿਕਾਈਆ । ਲੇਖਾ ਜਾਣੇ ਅਲਖ ਅਭੇਵਾ, ਜੀਵ ਜੰਤ ਭੇਵ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਹਰਿ ਹਰਿ ਵੇਖ ਵਖਾਈਆ । ਵੇਖੇ ਨੈਣ ਨੰਦ ਬਲਿਹਾਰੀ, ਅਨਦ ਬਨੋਦ ਖੇਲ ਖਿਲਾਇੰਦਾ । ਕਵਲ ਨੈਣ ਮੁਕਟ ਮੁਰਾਰੀ, ਮਧੁਰ ਬੈਣ ਆਪ ਹੋ ਜਾਇੰਦਾ । ਸਾਕ ਸੈਣ ਬਣ ਸੰਸਾਰੀ, ਸਗਲਾ ਸੰਗ ਵਖਾਇੰਦਾ । ਜਿਸ ਜਨ ਕਿਰਪਾ ਆਪਣੀ ਧਾਰੀ, ਧਾਰਨ ਮਾਤਲੋਕ ਬਦਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਤਾਰੇ ਵਾਰੋ ਵਾਰੀ, ਵੇਲਾ ਵਕਤ ਆਪਣੇ ਹੱਥ ਰਖਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੀਆਂ ਜੰਤਾਂ ਕਰਦਾ ਆਇਆ ਦਾਰੀ, ਦੁਖ ਸੁਖ ਵਿਚ ਬਦਲਾਇੰਦਾ ।

### ★ ੧੬ ਜੇਠ ੨੦੧੮ ਬਿਕ੍ਰਮੀ ਦੌਲਤ ਸਿੰਘ ਦੇ ਘਰ ਨਵਾਂ ਚੱਕ ਜੰਮੂ ★

ਆਦਿ ਜੁਗਾਦਿ ਖੇਲ ਬ੍ਰਹਿਮੰਡ, ਪਾਰਬ੍ਰਹਮ ਪ੍ਰਭ ਰਚਨ ਰਚਾਇੰਦਾ । ਰਵ ਸਸ ਨੂਰ ਨੁਰਾਨਾ ਚੰਦ, ਨਿਰਗੁਣ ਨਿਰਵੈਰ ਆਪ ਉਪਾਇੰਦਾ । ਧਾਮ ਅਵੱਲਾ ਸਚਖੰਡ, ਖੰਡ ਨਿਵਾਸੀ ਆਪ ਸੁਹਾਇੰਦਾ । ਸਤਿ ਸਰੂਪਾ ਇਕ ਪਲੰਘ, ਪੁਰਖ ਅਕਾਲਾ ਆਪ ਰਖਾਇੰਦਾ । ਉਪਰ ਬੈਠ ਸੂਰਾ

ਸਰਬੰਗ, ਸ਼ਾਹ ਪਾਤਸ਼ਾਹ ਹੁਕਮ ਸੁਣਾਇੰਦਾ । ਨਾਮ ਵਜਾਏ ਇਕ ਮਰਦੰਗ, ਰਾਗ ਅਨਾਦੀ ਨਾਦ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਖੇਲ ਆਪ ਖਿਲਾਇੰਦਾ । ਸਚਖੰਡ ਨਿਵਾਸੀ ਖੇਲ ਅਪਾਰਾ, ਸੋ ਪੁਰਖ ਨਿਰੰਜਣ ਵਡੀ ਵਡਿਆਈਆ । ਹਰਿ ਪੁਰਖ ਨਿਰੰਜਣ ਕਰ ਪਸਾਰਾ, ਮੰਡਲ ਮੰਡਪ ਲਏ ਉਪਾਈਆ । ਏਕੰਕਾਰਾ ਬੰਨ੍ਹੇ ਧਾਰਾ, ਸੂਰਜ ਚੰਨ ਆਪ ਚਮਕਾਈਆ । ਆਦਿ ਨਿਰੰਜਣ ਜੋਤ ਉਜਿਆਰਾ, ਨੂਰ ਨੁਰਾਨਾ ਡਗਮਗਾਈਆ । ਥਿਰ ਘਰ ਸਾਚਾ ਖੋਲ੍ਹ ਕਿਵਾੜਾ, ਸ੍ਰੀ ਭਗਵਾਨ ਰਿਹਾ ਸੁਹਾਈਆ । ਪਾਰਬ੍ਰਹਮ ਪ੍ਰਭ ਕਰ ਪਸਾਰਾ, ਰੂਪ ਅਨੂਪ ਆਪ ਧਰਾਈਆ । ਸੇਵਕ ਸੇਵਾ ਜਣਾਏ ਵਿਸ਼ਨ ਬ੍ਰਹਮਾ ਸ਼ਿਵ ਸੱਚੀ ਸਰਕਾਰਾ, ਭੇਵ ਅਭੇਦਾ ਆਪ ਖੁਲ੍ਹਾਈਆ । ਘਾੜਨ ਘੜੇ ਅਗੰਮ ਅਪਾਰਾ, ਲੱਖ ਚੁਰਾਸੀ ਬਣਤ ਬਣਾਈਆ । ਨਿਰਗੁਣ ਸਰਗੁਣ ਬੰਨ੍ਹੇ ਧਾਰਾ, ਤ੍ਰੈ ਤ੍ਰੈ ਮੇਲਾ ਸਹਿਜ ਸੁਭਾਈਆ । ਏਕਾ ਹੁਕਮ ਇਕ ਫ਼ਰਮਾਨਾ, ਧੁਰ ਦੀ ਬਾਣ ਆਪ ਚਲਾਈਆ । ਸ਼ਾਹ ਪਾਤਸ਼ਾਹ ਬਣ ਸਾਚਾ ਰਾਣਾ, ਸ਼ਹਿਨਸ਼ਾਹ ਕਰੇ ਸੱਚੀ ਸ਼ਹਿਨਸ਼ਾਹੀਆ । ਵੰਡੇ ਵੰਡ ਦੋ ਜਹਾਨਾਂ, ਲੋਆਂ ਪੁਰੀਆਂ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਅਬਿਨਾਸ਼ੀ ਕਰਤਾ ਆਪਣਾ ਹੁਕਮ ਆਪ ਵਰਤਾਈਆ । ਸਾਚਾ ਹੁਕਮ ਹਰਿ ਨਿਰੰਕਾਰਾ, ਲੱਖ ਚੁਰਾਸੀ ਆਪ ਜਣਾਇੰਦਾ । ਤ੍ਰੈ ਤ੍ਰੈ ਮੇਲਾ ਵਿਚ ਸੰਸਾਰਾ, ਪੰਚਮ ਆਪਣਾ ਬੰਧਨ ਪਾਇੰਦਾ । ਅਜੂਨੀ ਰਹਿਤ ਹੋ ਉਜਿਆਰਾ, ਅਨਭਵ ਆਪਣਾ ਰੂਪ ਧਰਾਇੰਦਾ । ਏਕਾ ਤੂਰਤ ਨਾਦ ਜੈਕਾਰਾ, ਤੁਰੀਆ ਰਾਗ ਆਪ ਸੁਣਾਇੰਦਾ । ਭਗਤ ਭਗਵੰਤ ਲੇਖਾ ਜਾਣੇ ਵਿਚ ਸੰਸਾਰਾ, ਬ੍ਰਹਮ ਪਾਰਬ੍ਰਹਮ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਬੰਧਨ ਆਪ ਵਖਾਇੰਦਾ । ਬੰਧਨ ਪਾਏ ਹਰਿ ਕਰਤਾਰ, ਏਕਾ ਡੋਰ ਨਾਮ ਰਖਾਈਆ । ਵੰਡਨ ਵੰਡ ਵੰਡੇ ਸੰਸਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਰੂਪ ਵਟਾਈਆ । ਜੁਗਾ ਜੁਗੰਤਰ ਹੋ ਉਜਿਆਰ, ਲੋਕਮਾਤ ਵੇਸ ਵਟਾਈਆ । ਸੰਤ ਸੁਹੇਲੇ ਲਏ ਉਭਾਰ, ਆਪ ਆਪਣੀ ਬੂਝ ਬੁਝਾਈਆ । ਏਕਾ ਬਖ਼ਸ਼ੇ ਚਰਨ ਪਿਆਰ, ਚਰਨ ਚਰਨੋਦਕ ਮਸਤਕ ਛਾਰ ਧੂੜੀ ਇਕ ਰਮਾਈਆ । ਸਤਿਜੁਗ ਤ੍ਰੇਤਾ ਦੁਆਪਰ ਕਰਿਆ ਪਾਰ, ਲੇਖਾ ਜਾਣੇ ਗੁਰ ਅਵਤਾਰ, ਗੁਰਮੁਖ ਨਾਦ ਵੇਦ ਸਮਝਾਈਆ । ਕਲਜੁਗ ਅੰਤਮ ਹੋ ਉਜਿਆਰ, ਕਰੇ ਖੇਲ ਸੱਚੀ ਸਰਕਾਰ, ਸ਼ਾਹ ਪਾਤਸ਼ਾਹ ਆਪਣਾ ਰੂਪ ਵਟਾਈਆ । ਪਰਗਟ ਹੋਵੇ ਵਿਚ ਸੰਸਾਰ, ਦਿਸ ਨਾ ਆਏ ਨਿਰਾਕਾਰ, ਨੌਂ ਖੰਡ ਪ੍ਰਿਥਮੀ ਲੱਖ ਚੁਰਾਸੀ ਜੀਵ ਜੰਤ ਭੇਵ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗੰਤਰ, ਆਪ ਬਣਾਏ ਆਪਣੀ ਬਣਤਰ, ਲੋਕਮਾਤ ਬੁਝਾਏ ਲੱਗੀ ਬਸੰਤਰ, ਅੰਮ੍ਰਿਤ ਮੇਘ ਆਪ ਬਰਸਾਈਆ । ਕਲਜੁਗ ਅੰਤਮ ਖੇਲ ਅਪਾਰਾ, ਨਿਰਗੁਣ ਨਿਰਗੁਣ ਆਪ ਉਪਾਈਆ । ਸਤਿ ਪੁਰਖ ਨਿਰੰਜਣ ਲੈ ਅਵਤਾਰਾ, ਨਿਹਕਲੰਕਾ ਨਾਉਂ ਰਖਾਈਆ । ਏਕਾ ਡੰਕਾ ਨਾਦ ਧੁੰਨਕਾਰਾ, ਲੋਆਂ ਪੁਰੀਆਂ ਬ੍ਰਹਮੰਡਾਂ ਖੰਡਾਂ ਜੇਰਜ ਅੰਡਾਂ ਆਪ ਸੁਣਾਈਆ । ਲੱਖ ਚੁਰਾਸੀ ਸੁੱਤੀ ਪੈਰ ਪਸਾਰਾ, ਕਲਜੁਗ ਗੂੜ੍ਹੀ ਨੀਂਦ ਸਵਾਈਆ । ਚਾਰੋਂ ਕੁੰਟ ਹੋਇਆ ਵਿਭਚਾਰਾ, ਜੂਠ ਝੂਠ ਵੱਜੀ ਵਧਾਈਆ । ਗੁਰ ਕਾ ਸ਼ਬਦ ਨਾ ਕਿਸੇ ਵਿਚਾਰਾ, ਮਨ ਕਾ ਮਣਕਾ ਨਾ ਕੋਇ ਭਵਾਈਆ । ਨਜ਼ਰ ਨਾ ਆਏ ਕਿਸੇ ਸਚ ਦਰਬਾਰਾ, ਜਗਤ ਦਵਾਰੇ ਰਹੇ ਫੇਰੀਆਂ ਪਾਈਆ । ਕਾਇਆ ਮੇਟੇ ਨਾ ਅੰਧ ਅੰਧਿਆਰਾ, ਜੋਤ ਨਿਰੰਜਣ ਨਾ ਕੋਇ ਜਗਾਈਆ । ਅਨਹਦ ਸ਼ਬਦ ਨਾ ਸੁਣੇ ਕੋਇ ਧੁੰਨਕਾਰਾ, ਘਰ ਸਖ਼ੀਆਂ ਮਿਲ ਮਿਲ ਮੰਗਲ ਕੋਇ ਨਾ ਗਾਈਆ । ਕਿਸੇ


੬੨੦ ੧੦

ਨਾ ਮਿਲਿਆ ਮੀਤ ਮੁਰਾਰਾ, ਦਰ ਆਏ ਨਾ ਸੱਚਾ ਮਾਹੀਆ । ਨੇਤਰ ਰੋਵੇ ਸਰਬ ਸੰਸਾਰਾ, ਕਲਜੁਗ ਰੈਣ ਅੰਧੇਰੀ ਛਾਈਆ । ਚਾਰੋਂ ਕੁੰਟ ਦਿਸੇ ਵਿਕਾਰਾ, ਧੁੰਆਂਧਾਰ ਸਰਬ ਲੋਕਾਈਆ । ਗੁਰਮੁਖ ਵਿਰਲਾ ਪਾਵੇ ਸਾਰਾ, ਜਿਸ ਜਨ ਆਪਣੀ ਬੂਝ ਬੁਝਾਈਆ । ਬਜਰ ਕਪਾਟੀ ਖੋਲ੍ਹ ਕਿਵਾੜਾ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਆਤਮ ਸੇਜਾ ਕਰ ਪਿਆਰਾ, ਸੁਰਤੀ ਸ਼ਬਦੀ ਲਏ ਮਿਲਾਈਆ । ਪਾਰਬ੍ਰਹਮ ਬ੍ਰਹਮ ਵੇਖਣਹਾਰਾ, ਹਰਿਜਨ ਹਰਿ ਹਰਿ ਵੇਖੇ ਥਾਉਂ ਥਾਈਆ । ਸਾਕਤ ਨਿੰਦਕ ਦੁਸ਼ਟ ਦੁਰਾਚਾਰਾ, ਕਲਜੁਗ ਮਾਇਆ ਅਗਨ ਜਲਾਈਆ । ਕਾਮ ਕਰੋਧ ਲੋਭ ਮੋਹ ਹੰਕਾਰਾ, ਉਚੀ ਕੂਕ ਕੂਕ ਦਏ ਦੁਹਾਈਆ । ਕਿਸੇ ਦਿਸੇ ਨਾ ਹਰਿ ਨਿਰੰਕਾਰਾ, ਮੁੱਲਾ ਸ਼ੇਖ਼ ਮਸਾਇਕ ਪੀਰ ਪੰਡਤ ਪਾਂਧੇ ਗ੍ਰੰਥੀ ਪੰਥੀ ਦੇਣ ਦੁਹਾਈਆ । ਆਪੇ ਵਸਿਆ ਸਭ ਤੋਂ ਬਾਹਰਾ, ਕਰੇ ਖੇਲ ਅਗੰਮ ਅਪਾਰਾ, ਅਲਖ ਅਗੋਚਰ ਅਗੰਮ ਅਥਾਹ ਜਨ ਭਗਤਾਂ ਬਣੇ ਆਪ ਮਲਾਹ, ਸ਼ਬਦੀ ਸ਼ਬਦ ਦੇਵੇ ਸਚ ਸਲਾਹ, ਏਕਾ ਮੰਤਰ ਨਾਮ ਪੜ੍ਹਾਈਆ । ਕਲਜੁਗ ਅੰਤਮ ਪਕੜੇ ਬਾਂਹ, ਸਦਾ ਸੁਹੇਲਾ ਸਿਰ ਰੱਖੇ ਠੰਡੀ ਛਾਂ, ਗੁਰਸਿਖ ਸਾਚੇ ਗੋਦ ਬਹਾਏ ਜਿਉਂ ਬਾਲਕ ਮਾਂ, ਅਗਨੀ ਤੱਤ ਲੱਗਣ ਨਾ ਪਾਈਆ । ਫੜ ਫੜ ਹੰਸ ਬਣਾਏ ਕਾਂ, ਸੋਹੰ ਮਣੀਆਂ ਮਾਣਕ ਮੋਤੀ ਚੋਗ ਦਏ ਚੁਗਾ, ਸਚ ਸਰੋਵਰ ਆਪ ਨੁਹਾਈਆ । ਹਿਰਦਾ ਸੋਧ ਅਗਾਧ ਬੋਧ ਦਏ ਸਮਝਾ, ਨਿਰਗੁਣ ਸਰਗੁਣ ਹੋ ਸਹਾ, ਸਾਰੰਗ ਧਰ ਭਗਵਾਨ ਬੀਠਲੋ ਰੰਗ ਰੰਗੀਲਾ ਸਾਚਾ ਮਾਹੀ ਬੇਪਰਵਾਹੀਆ । ਗੁਰਮੁਖ ਸੱਜਣ ਲਏ ਮਿਲਾਈ, ਜਨਮ ਜਨਮ ਦੀ ਧੋਵੇ ਸ਼ਾਹੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਅਬਿਨਾਸ਼ੀ ਕਰਤਾ ਜੁਗ ਜੁਗ ਹਰਿਜਨ ਸਾਚੇ ਲਏ ਮਿਲਾਈਆ । ਹਰਿਜਨ ਮੇਲਾ ਆਤਮ ਅੰਤਰ, ਗੁਰ ਸਤਿਗੁਰ ਆਪ ਮਿਲਾਇੰਦਾ । ਸ਼ਬਦ ਅਨਾਦੀ ਏਕਾ ਮੰਤਰ, ਬਿਨ ਰਸਨਾ ਜਿਹਵਾ ਆਪ ਪੜ੍ਹਾਇੰਦਾ । ਸੋਭਾਵੰਤ ਹੋਏ ਥਾਨ ਥਨੰਤਰ, ਦਰ ਸਾਚਾ ਆਪ ਸੁਹਾਇੰਦਾ । ਕਾਇਆ ਮੰਦਰ ਅੰਦਰ ਵੇਖੇ ਗਗਨ ਗਗਨੰਤਰ, ਰਵ ਸਸ ਆਪ ਚਮਕਾਇੰਦਾ । ਆਪ ਬਣਾਏ ਆਪਣੀ ਬਣਤਰ, ਹਰਿਜਨ ਸਾਚਾ ਘਾੜਨ ਆਪ ਘੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਅੰਦਰ ਵੜ, ਸਾਚੀ ਚੋਟੀ ਬੈਠਾ ਚੜ੍ਹ, ਸ਼ਬਦ ਸਿੰਘਾਸਣ ਪੁਰਖ ਅਬਿਨਾਸ਼ਨ ਆਤਮ ਸੇਜਾ ਆਪਣਾ ਆਸਣ ਲਾਇੰਦਾ । ਆਤਮ ਸੇਜਾ ਸਚ ਪਲੰਘ, ਪੁਰਖ ਅਬਿਨਾਸ਼ੀ ਆਪ ਵਖਾਇੰਦਾ । ਘਰ ਵਿਚ ਘਰ ਵਜਾਏ ਮਰਦੰਗ, ਅਨਹਦ ਨਾਦ ਆਪ ਵਜਾਇੰਦਾ । ਪਰਗਟ ਹੋ ਸੂਰਾ ਸਰਬੰਗ, ਨਿਰਗੁਣ ਆਪਣਾ ਖੇਲ ਖਿਲਾਇੰਦਾ । ਹਰਿਜਨ ਮੇਲਾ ਗੁਰ ਗੁਰ ਚੇਲਾ ਆਵਣ ਜਾਵਣ ਚੁੱਕੇ ਪੰਧ, ਲੱਖ ਚੁਰਾਸੀ ਫੰਦ ਕਟਾਇੰਦਾ । ਜੋ ਜਨ ਗਾਏ ਸੋਹੰ ਰਸਨਾ ਸੁਹਾਗੀ ਛੰਦ, ਅੱਠੇ ਪਹਿਰ ਪਰਮਾਨੰਦ, ਮਦਿਰਾ ਮਾਸ ਤਜੇ ਗੰਦ, ਕੂੜੀ ਕਿਰਿਆ ਮੇਟ ਮਿਟਾਇੰਦਾ । ਦੂਈ ਦਵੈਤੀ ਢਾਏ ਕੰਧ, ਤ੍ਰੈਗੁਣ ਤੋੜੇ ਲੱਗਾ ਜੰਦ, ਨਾਮ ਖੰਡਾ ਇਕ ਚਮਕਾਇੰਦਾ । ਪੰਚ ਵਿਕਾਰਾ ਕਰੇ ਖੰਡ ਖੰਡ, ਕਰੇ ਪਰਕਾਸ਼ ਅੰਧੇਰਾ ਅੰਧ, ਜੋਤੀ ਜਾਤਾ ਪੁਰਖ ਬਿਧਾਤਾ ਮੇਟਣਹਾਰਾ ਅੰਧੇਰੀ ਰਾਤਾ, ਨੂਰੋ ਨੂਰ ਡਗਮਗਾਇੰਦਾ । ਨਾਮ ਅਮੁਲਾ ਦੇਵੇ ਦਾਤਾ, ਸਤਿ ਸਰੂਪ ਸੁਣਾਏ ਗਾਥਾ, ਲਹਿਣਾ ਦੇਣ ਚੁਕਾਏ ਹੱਥੋ ਹਾਥਾ, ਜਗਤ ਉਧਾਰ ਨਾ ਕੋਇ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਰਬ ਕਲ ਆਪੇ ਸਮਰਾਥਾ, ਸਮਰਥ ਪੁਰਖ ਆਪਣਾ ਨਾਉਂ ਧਰਾਇੰਦਾ । ਸਗਲ ਵਸੂਰਾ ਹਰਿਜਨ ਲਾਥਾ, ਜੋ ਜਨ ਦਰਸ਼ਨ ਪਾਇੰਦਾ । ਜਨਮ ਜਨਮ ਦਾ ਪੂਰਾ ਕਰੇ ਘਾਟਾ, ਘਾਟਾ ਫੇਰ ਨਾ ਕੋਇ ਵਖਾਇੰਦਾ । ਅੰਤਮ ਪੂਰੀ ਕਰੇ ਆਸਾ, ਆਸਾ ਮਨਸਾ

੬੨੧
੧੦

ਵਿਚ ਬਦਲਾਇੰਦਾ । ਚਰਨ ਕਵਲ ਬਖ਼ਸ਼ੇ ਧਰਵਾਸਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਹਰਿਜਨ ਸਾਚੇ ਆਪਣੇ ਮੰਦਰ ਆਪ ਬਹਾਇੰਦਾ ।

★ ੧੬ ਜੇਠ ੨੦੧੮ ਬਿਕ੍ਰਮੀ ਪੂਰਨ ਚੰਦ ਸ਼ੰਕਰ ਦਾਸ ਪ੍ਰੇਮੀ ਦੇਵੀ ਮਲਕ ਕੈਂਪ ਜੰਮੂ ★

ਨਿਰਗੁਣ ਰੂਪ ਨਿਰਾਕਾਰਾ, ਨਿਰਵੈਰ ਹਰਿ ਅਖਵਾਇੰਦਾ । ਨਿਰਗੁਣ ਜੋਤ ਨੂਰ ਉਜਿਆਰਾ, ਨੂਰ ਨੁਰਾਨਾ ਡਗਮਗਾਇੰਦਾ । ਨਿਰਗੁਣ ਵਸੇ ਧਾਮ ਨਿਆਰਾ, ਸਚਖੰਡ ਦਵਾਰਾ ਆਪ ਸੁਹਾਇੰਦਾ । ਸ਼ਾਹੋ ਭੂਪ ਬਣ ਸਿਕਦਾਰਾ, ਸ਼ਹਿਨਸ਼ਾਹ ਆਪਣਾ ਨਾਉਂ ਪਰਗਟਾਇੰਦਾ । ਨਿਰਗੁਣ ਖੇਲ ਕਰੇ ਅਗੰਮ ਅਪਾਰਾ, ਸਰਗੁਣ ਆਪਣੀ ਧਾਰ ਚਲਾਇੰਦਾ । ਸਰਗੁਣ ਰੂਪ ਗੁਰ ਅਵਤਾਰਾ, ਪੰਜ ਤੱਤ ਚੋਲਾ ਆਪ ਹੰਢਾਇੰਦਾ । ਧੁਰ ਦਰਬਾਰ ਸੱਚੀ ਸਰਕਾਰਾ, ਧੁਰ ਦੀ ਕਾਰ ਆਪ ਕਮਾਇੰਦਾ । ਸਚ ਸੰਦੇਸਾ ਹਰਿ ਨਿਰੰਕਾਰਾ, ਗੁਰ ਗੁਰ ਬਾਣ ਬਾਣ ਲਗਾਇੰਦਾ । ਨਾਦ ਅਨਾਦੀ ਨਾਦ ਜੈਕਾਰਾ, ਅਗੰਮ ਅਗੰਮੜਾ ਆਪ ਪਰਗਟਾਇੰਦਾ । ਜੁਗਾ ਜੁਗੰਤਰ ਸਚ ਸਹਾਰਾ, ਏਕਾ ਮੰਤਰ ਨਾਮ ਦ੍ਰਿੜਾਇੰਦਾ । ਸਾਚਾ ਸੰਤ ਭਗਤ ਭਗਵੰਤ, ਸੋ ਪੁਰਖ ਨਿਰੰਜਣ ਆਪ ਜਣਾਈਆ । ਮੇਲ ਮਿਲਾਵਾ ਨਾਰੀ ਕੰਤ, ਨਰ ਨਰਾਇਣ ਖ਼ੁਸ਼ੀ ਮਨਾਈਆ । ਨਿਰਗੁਣ ਦਵਾਰ ਆਏ ਵਿਚ ਜੀਵ ਜੰਤ, ਭਗਤਨ ਦੇਵੇ ਮਾਣ ਵਡਿਆਈਆ । ਗੜ੍ਹ ਤੋੜੇ ਹਉਮੇ ਹੰਗਤ, ਹਰਿ ਕਾ ਰੂਪ ਸਰਬ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਆਦਿ ਅੰਤ, ਮਧ ਆਪਣੀ ਖੇਲ ਖਿਲਾਈਆ । ਮਧ ਖੇਲ ਸ੍ਰੀ ਭਗਵਾਨਾ, ਜੁਗਾ ਜੁਗੰਤਰ ਆਪ ਖਿਲਾਇੰਦਾ । ਸਾਚੇ ਸੰਤਾਂ ਦੇਵੇ ਨਾਮ ਨਿਧਾਨਾ, ਨਾਮ ਅਨਮੋਲਾ ਝੋਲੀ ਪਾਇੰਦਾ । ਆਤਮ ਅੰਤਰ ਸਚ ਤਰਾਨਾ, ਤਾਰ ਸਤਾਰ ਆਪ ਹਿਲਾਇੰਦਾ । ਏਕਾ ਰਾਗ ਏਕਾ ਗਾਨਾ, ਗੀਤ ਸੁਹਾਗੀ ਇਕ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਦਰਬਾਰੇ ਕਰ ਪਰਵਾਨਾ, ਆਪ ਆਪਣਾ ਬੰਧਨ ਪਾਇੰਦਾ । ਸਾਚਾ ਬੰਧਨ ਗੁਰਮੁਖ ਸਤਿਗੁਰ ਜੋੜ, ਧੁਰ ਸੰਜੋਗੀ ਆਪ ਬੰਧਾਈਆ । ਸ਼ਬਦ ਚੜ੍ਹਾਏ ਸਾਚੇ ਘੋੜ, ਵਾਗਾਂ ਆਪਣੇ ਹੱਥ ਰਖਾਈਆ । ਅਗੰਮ ਅਗੰਮੜਾ ਜਾਏ ਬੌਹੜ, ਦੂਰ ਦੁਰਾਡਾ ਪੰਧ ਮੁਕਾਈਆ । ਦੋ ਜਹਾਨਾਂ ਲਾਏ ਏਕਾ ਪੌੜ, ਸਾਚਾ ਡੰਡਾ ਹੱਥ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿੱਠਾ ਕਰੇ ਰੀਠਾ ਕੌੜ, ਅੰਮ੍ਰਿਤ ਫਲ ਖਵਾਈਆ । ਅੰਮ੍ਰਿਤ ਫਲ ਗੁਰਸਿਖ ਚਖ, ਆਤਮ ਹਰਿ ਰੰਗ ਜਾਣਿਆ । ਆਪਣਾ ਆਪ ਕੀਤਾ ਵੱਖ, ਚਲੇ ਹਰਿ ਸਦ ਭਾਣਿਆ । ਨਾਤਾ ਤੁਟਾ ਕਿਸ਼ਨਾ ਸੁਖਲਾ ਪਖ, ਜੋਤ ਨੂਰ ਜਗੇ ਮਹਾਨਿਆ । ਕੀਮਤ ਚੱਕੀ ਕਰੋੜੀ ਕਖ, ਅਲਖਣਾ ਅਲਖ ਦੇਵੇ ਮਾਣਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੂਠ ਝੂਠ ਲੱਥਾ ਸੱਥਰ ਸਬ, ਸਾਚਾ ਸੱਥਰ ਯਾਰ ਹੰਢਾਨਿਆਂ । ਸਾਚਾ ਸੱਥਰ ਪੁਰਖ ਅਕਾਲ, ਨਿਰਗੁਣ ਆਪਣਾ ਆਪ ਜਣਾਈਆ । ਦੀਨਾਂ ਬੰਧਪ ਦੀਨ ਦਿਆਲ, ਦਇਆ ਨਿਧ ਗਹਿਰ ਗੁਣ ਸਾਗਰ ਸ਼ਾਹ ਪਾਤਸ਼ਾਹ ਵਡੀ ਵਡਿਆਈਆ । ਦੋ ਜਹਾਨਾਂ ਬਣ ਦਲਾਲ, ਲੋਕ ਪਰਲੋਕ ਵੇਖ ਵਖਾਈਆ । ਨਾਤਾ ਤੋੜ ਕਾਲ ਮਹਾਕਾਲ, ਸਾਚੇ ਮੰਦਰ ਆਪ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਚਲੇ ਅਵੱਲੜੀ ਚਾਲ, ਨਿਰਗੁਣ ਸਰਗੁਣ ਰੂਪ ਧਰਾਈਆ । ਸਰਗੁਣ ਰੂਪ ਸਰਬ ਇਸ਼ਟ, ਪੰਜ ਤੱਤ ਕਾਇਆ ਖੇਲ ਖਿਲਾਇੰਦਾ । ਗੁਰ ਗੁਰ ਰੂਪ ਖੋਲ੍ਹਣਹਾਰਾ ਦ੍ਰਿਸ਼ਟ,

ਦੀਰਘ ਰੋਗ ਆਪ ਗਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਲ ਮਿਲਾਵਾ ਜਿਉਂ ਰਾਮਾ ਵਸ਼ਿਸ਼ਟ, ਵਿਸ਼ਵ ਆਪਣੇ ਰੰਗ ਰੰਗਾਇੰਦਾ । ਸਾਚਾ ਰੰਗ ਹਰਿ ਭਗਵਾਨ, ਭਗਤਨ ਆਪ ਚੜ੍ਹਾਈਆ । ਦੇਵਣਹਾਰਾ ਬ੍ਰਹਮ ਗਿਆਨ, ਬ੍ਰਹਮ ਵਿਦਿਆ ਇਕ ਪੜ੍ਹਾਈਆ । ਸਚਖੰਡ ਵਖਾਏ ਸਚ ਨਿਸ਼ਾਨ, ਸਾਚੇ ਮੰਦਰ ਆਪ ਝੁਲਾਈਆ । ਲੋਆਂ ਪੁਰੀਆਂ ਪਾਵੇ ਆਣ, ਬ੍ਰਹਿਮੰਡ ਖੰਡ ਏਕਾ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਹੋ ਪਰਧਾਨ, ਹਰਿ ਭਗਤ ਲਏ ਜਗਾਈਆ । ਆਪ ਜਗਾਏ ਨਿਰਗੁਣ ਦਾਤਾ, ਆਪਣਾ ਭੇਵ ਆਪ ਖੁਲ੍ਹਾਇੰਦਾ । ਸਾਚੇ ਸੰਤਾਂ ਮੇਟੇ ਅੰਧੇਰੀ ਰਾਤਾ, ਅੰਧ ਅੰਧੇਰ ਨਾ ਕੋਇ ਰਖਾਇੰਦਾ । ਨਾਮ ਅਨਾਮੀ ਸੁਣਾਏ ਸਾਚੀ ਗਾਥਾ, ਸਾਚਾ ਮੰਤਰ ਆਪ ਪੜ੍ਹਾਇੰਦਾ । ਏਕਾ ਘਰ ਵਖਾਏ ਪੂਜਾ ਪਾਠਾ, ਸਚ ਸਮਗਰੀ ਇਕ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਸਰੋਵਰ ਤੀਰਥ ਤਾਟਾ, ਸਾਚਾ ਮਜਨ ਆਪ ਕਰਾਇੰਦਾ । ਸਾਚਾ ਮਜਨ ਗੁਰਮੁਖ ਗੁਰਦੇਵ, ਗੁਰ ਗੁਰ ਆਪ ਕਰਾਈਆ । ਅਗੰਮ ਅਥਾਹ ਅਲਖ ਅਭੇਵ, ਅਲਖ ਅਗੋਚਰ ਸੱਚਾ ਸ਼ਹਿਨਸ਼ਾਹੀਆ । ਏਕਾ ਬਖ਼ਸ਼ੇ ਸਾਚੀ ਸੇਵ, ਸਾਚਾ ਮਾਰਗ ਦਏ ਜਣਾਈਆ । ਆਤਮ ਬ੍ਰਹਮ ਆਤਮ ਮੇਵ, ਆਤਮ ਫਲ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਚੁਕਾਏ ਭੇਵ, ਪਰਦਾ ਕੋਇ ਰਹਿਣ ਨਾ ਪਾਈਆ । ਪਰਦਾ ਗੁਰਸਿਖ ਜਾਏ ਲਥ, ਹਰਿ ਹਰਿ ਸਾਚਾ ਆਪ ਚੁਕਾਈਆ । ਇਕ ਇਕੱਲਾ ਦੇਵੇ ਵਥ, ਵਸਤ ਅਮੋਲਕ ਆਪ ਵਰਤਾਈਆ । ਵਸਣਹਾਰਾ ਘਟ ਘਟ, ਘਟ ਘਟ ਅੰਤਰ ਰੂਪ ਦਰਸਾਈਆ । ਜੋਤ ਜਗਾਏ ਲਟ ਲਟ, ਨਿਰਗੁਣ ਨੂਰ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਤਮ ਵਖਾਏ ਸਾਚੀ ਖਾਟ, ਸਾਚੀ ਸੇਜਾ ਸੋਭਾ ਪਾਈਆ । ਸਾਚੀ ਸੇਜਾ ਹਰਿ ਨਰਾਇਣ, ਨਿਰਗੁਣ ਆਪਣਾ ਆਸਣ ਲਾਇੰਦਾ । ਰਸਨਾ ਕੋਇ ਨਾ ਸਕੇ ਕਹਿਣ, ਜੋ ਜਨ ਦਰਸ਼ਨ ਪਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਬਣੇ ਸਾਕ ਸੱਜਣ ਸੈਣ, ਨਾਤਾ ਬਿਧਾਤਾ ਜੋੜ ਜੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਚੁਕਾਏ ਲਹਿਣ ਦੇਣ, ਪੂਰਬ ਲੇਖਾ ਵੇਖ ਵਖਾਇੰਦਾ । ਪੂਰਬ ਲੇਖਾ ਗੁਰ ਗੁਰ ਮੀਤ, ਜੁਗਾ ਜੁਗੰਤਰ ਵੇਖ ਵਖਾਇੰਦਾ । ਵਸਣਹਾਰਾ ਧੁਰ ਦਰਬਾਰੇ ਠਾਂਡੇ ਸੀਤ, ਸੀਤਲ ਧਾਰਾ ਆਪ ਰਖਾਇੰਦਾ । ਏਕਾ ਰੰਗ ਰੰਗਾਏ ਹਸਤ ਕੀਟ, ਸਤਿਗੁਰ ਪੂਰਾ ਸੋ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਅਵੱਲੜੀ ਚਲਾਏ ਰੀਤ, ਪਤਿਤ ਪੁਨੀਤ ਆਪ ਕਰਾਇੰਦਾ । ਪਤਿਤ ਪੁਨੀਤ ਕਰੇ ਭਗਤ ਭਗਵੰਤ, ਜਨਮ ਜਨਮ ਦੀ ਮੈਲ ਧਵਾਈਆ । ਆਪਣੀ ਮਹਿਮਾ ਜਣਾਏ ਅਗਣਤ, ਵੇਦ ਕਤੇਬ ਭੇਵ ਨਾ ਪਾਈਆ । ਆਪਣਾ ਦ੍ਰਿੜਾਏ ਆਪੇ ਮੰਤ, ਮੰਤਰ ਰਾਮ ਨਾਮ ਦਰਸਾਈਆ । ਲੇਖਾ ਜਾਣੇ ਸਾਚੇ ਸੰਤ, ਸਹਿਸਾ ਦਏ ਚੁਕਾਈਆ । ਸਹਿਸਾ ਰੋਗ ਰਹੇ ਨਾ ਅੰਤ, ਮਿਲੇ ਕੰਤ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚੜ੍ਹੇ ਰੰਗ ਇਕ ਬਸੰਤ, ਫੁਲ ਫੁਲਵਾੜੀ ਆਪ ਮਹਿਕਾਈਆ । ਫੁਲ ਫੁਲਵਾੜੀ ਗੁਰਮੁਖ ਰੰਗ, ਹਰਿ ਸਤਿਗੁਰ ਆਪ ਰੰਗਾਇੰਦਾ । ਦੋ ਜਹਾਨਾਂ ਵੇਖੇ ਲੰਘ, ਲੋਕਮਾਤ ਫੇਰਾ ਪਾਇੰਦਾ । ਸਾਹਿਬ ਸੁਲਤਾਨ ਸੂਰਾ ਸਰਬੰਗ, ਬ੍ਰਹਮ ਵੇਤਾ ਖੇਲ ਖਿਲਾਇੰਦਾ । ਦੂਈ ਦਵੈਤੀ ਢਾਏ ਕੰਧ, ਭਾਂਡਾ ਭਰਮ ਭਉ ਭੰਨਾਇੰਦਾ । ਭਾਂਡਾ ਭਰਮ ਭੌ ਦੇਵੇ ਭੰਨ, ਗੁਰਸਿਖ ਦਏ ਵਡਿਆਈਆ । ਹਰਿਜਨ ਚਾੜ੍ਹੇ ਸਾਚਾ ਚੰਨ, ਲੋਕਮਾਤ ਕਰੇ ਰੁਸ਼ਨਾਈਆ ।

ਜਨਣੀ ਜਣੇ ਏਕਾ ਜਨ, ਧੰਨ ਧੰਨ ਜਣੇਂਦੀ ਮਾਈਆ । ਹਰਿ ਕਾ ਰਾਗ ਸੁਣੇ ਕੰਨ, ਦੂਸਰ ਅਵਰ ਨਾ ਕੋਇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਾਏ ਧਰਮ ਨਾ ਦੇਵੇ ਡੰਨ, ਵੇਲੇ ਅੰਤ ਨਾ ਕੋਇ ਸਜ਼ਾਈਆ । ਜੋਤੀ ਜਾਤਾ ਸ੍ਰੀ ਭਗਵਾਨ, ਥਿਰ ਘਰ ਸਾਚੇ ਸੋਭਾ ਪਾਇੰਦਾ । ਨਿਰਗੁਣ ਸਰਗੁਣ ਹੋ ਪਰਧਾਨ, ਗੁਰ ਸਤਿਗੁਰ ਰੂਪ ਵਟਾਇੰਦਾ । ਭਗਤਨ ਦੇਵੇ ਇਕ ਗਿਆਨ, ਆਪਣੀ ਬੂਝ ਬੁਝਾਇੰਦਾ । ਸੰਤਨ ਦੇਵੇ ਨਾਮ ਦਾਨ, ਨਾਮ ਨਾਮਾ ਆਪ ਅਖਵਾਇੰਦਾ । ਗੁਰਮੁਖਾਂ ਵਖਾਏ ਸਚ ਨਿਸ਼ਾਨ, ਧਰਮ ਨਿਸ਼ਾਨਾ ਇਕ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਬਣਾਏ ਚਤੁਰ ਸੁਘੜ ਸੁਜਾਨ, ਮੂਰਖ ਮੂੜ੍ਹੇ ਆਪਣੇ ਧੰਦੇ ਲਾਇੰਦਾ । ਮੂਰਖ ਮੂੜ੍ਹਾ ਜਨਮ ਸੁਹਾਉਣਾ, ਗੁਰਸਿਖ ਗੁਰ ਗੁਰ ਦਏ ਵਡਿਆਈਆ । ਗੁਰਮੁਖ ਹਰਿ ਹਰਿ ਆਪ ਪਛਾਣਾ, ਲੱਖ ਚੁਰਾਸੀ ਫੋਲ ਫੋਲਾਈਆ । ਸੰਤਨ ਦੇਵੇ ਬ੍ਰਹਮ ਗਿਆਨਾ, ਆਤਮ ਵਿਦਿਆ ਇਕ ਪੜ੍ਹਾਈਆ । ਭਗਤਨ ਮੇਲ ਸ੍ਰੀ ਭਗਵਾਨਾ, ਭਗਵਨ ਹੋਏ ਸਦਾ ਸਹਾਈਆ । ਗੁਰ ਸਤਿਗੁਰ ਵਸੇ ਇਕ ਮਕਾਨਾ, ਥਿਰ ਘਰ ਵਜਦੀ ਰਹੇ ਵਧਾਈਆ । ਸੋ ਪੁਰਖ ਨਿਰੰਜਣ ਹੋ ਪਰਧਾਨਾ, ਨਿਰਗੁਣ ਨਿਰਾਕਾਰ ਆਪਣੀ ਖੇਲ ਖਿਲਾਈਆ । ਗੁਰ ਗੁਰ ਦੇਵੇ ਮਾਤ ਪਰਵਾਨਾ, ਜੁਗ ਜੁਗ ਆਪਣਾ ਹੁਕਮ ਸੁਣਾਈਆ । ਭਗਤਨ ਗਾਇਣ ਸਾਚਾ ਗਾਣਾ, ਰਸਨਾ ਜਿਹਵਾ ਹਰਿ ਜਸ ਗਾਈਆ । ਸੰਤਨ ਕਰੇ ਪਰਕਾਸ਼ ਕੋਟਨ ਭਾਨਾ, ਜੋਤ ਨਿਰੰਜਣ ਕਰੇ ਰੁਸ਼ਨਾਈਆ । ਗੁਰਮੁਖਾਂ ਅੰਮ੍ਰਿਤ ਆਤਮ ਦੇਵੇ ਪੀਣਾ ਖਾਣਾ, ਤ੍ਰਿਸਨਾ ਭੁੱਖ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖਾਂ ਚੁੱਕੇ ਆਵਣ ਜਾਵਣ ਕਾਨਾ, ਲੱਖ ਚੁਰਾਸੀ ਫੰਦ ਕਟਾਈਆ । ਲੱਖ ਚੁਰਾਸੀ ਕੱਟੇ ਫੰਦ, ਗੁਰਸਿਖਾਂ ਦਇਆ ਕਮਾਇੰਦਾ । ਗੁਰਮੁਖ ਗਾਏ ਬੱਤੀ ਦੰਦ, ਸਾਚੀ ਸੇਵਾ ਆਪ ਲਗਾਇੰਦਾ । ਸੰਤ ਸੁਹੇਲੇ ਚੜ੍ਹੇ ਚੰਦ, ਚੰਨ ਚਾਂਦਨੀ ਆਪ ਚਮਕਾਇੰਦਾ । ਭਗਤਨ ਦੇਵੇ ਪਰਮਾਨੰਦ, ਪਰਮ ਪੁਰਖ ਦਇਆ ਕਮਾਇੰਦਾ । ਗੁਰ ਗੁਰ ਰੂਪ ਸਦਾ ਬਖ਼ਸ਼ੰਦ, ਸਰਗੁਣ ਨਿਰਗੁਣ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਰਹੇ ਸਦਾ ਅਖੰਡ, ਸਚਖੰਡ ਦਵਾਰੇ ਸੋਭਾ ਪਾਇੰਦਾ । ਸਚਖੰਡ ਨਿਵਾਸੀ ਏਕਾ ਹਰਿ, ਗੁਰ ਗੁਰ ਆਪਣਾ ਰੂਪ ਵਟਾਈਆ । ਭਗਤ ਸੁਹੇਲੇ ਲਏ ਫੜ, ਸੋਏ ਸੰਤ ਆਪ ਜਗਾਈਆ । ਗੁਰਮੁਖਾਂ ਅੰਦਰ ਜਾਏ ਵੜ, ਗੁਰਸਿਖ ਲਏ ਉਠਾਈਆ । ਉਠੇ ਗੁਰਸਿਖ ਜਾਏ ਜਾਗ, ਜਿਸ ਜਨ ਨੇਤਰ ਨੈਣ ਖੁਲ੍ਹਾਇੰਦਾ । ਗੁਰਮੁਖਾਂ ਪਕੜੇ ਆਪੇ ਵਾਗ, ਚਾਰੋਂ ਕੁੰਟ ਫੇਰਾ ਪਾਇੰਦਾ । ਸੰਤਨ ਧੋਵੇ ਦੁਰਮਤ ਦਾਗ਼, ਨਿਰਮਲ ਰੂਪ ਆਪ ਵਖਾਇੰਦਾ । ਭਗਤਨ ਮੇਲਾ ਕੰਤ ਸੁਹਾਗ, ਸਾਚੇ ਮੰਦਰ ਸੋਭਾ ਪਾਇੰਦਾ । ਗੁਰ ਗੁਰ ਦੇਵੇ ਸ਼ਬਦ ਵੈਰਾਗ, ਵੈਰਾਗੀ ਸ਼ਬਦ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੁਰਖ ਅਬਿਨਾਸ਼ਾ ਨਿਰਗੁਣ ਨੂਰ ਪਰਕਾਸ਼ਾ ਸਚਖੰਡ ਲਗਾਏ ਭਾਗ, ਥਿਰ ਘਰ ਆਪਣਾ ਆਸਣ ਲਾਇੰਦਾ । ਥਿਰ ਘਰ ਆਸਣ ਹਰਿ ਮਿਹਰਵਾਨ, ਸੋ ਪੁਰਖ ਨਿਰੰਜਣ ਆਪ ਲਗਾਈਆ । ਗੁਰ ਸਤਿਗੁਰ ਦਾਤਾ ਨੌਜਵਾਨ, ਲੋਕਮਾਤ ਵੇਸ ਵਟਾਈਆ । ਲੱਖ ਚੁਰਾਸੀ ਵਿਚੋਂ ਰਖਾਏ ਏਕਾ ਕਾਨ, ਭਗਤ ਭਗਵੰਤ ਦਏ ਵਡਿਆਈਆ । ਸੰਤਨ ਸਤਿ ਸਰੂਪੀ ਦਾਨ, ਸਾਂਤਕ ਸਤਿ ਸਤਿ ਵਰਤਾਈਆ । ਗੁਰਮੁਖਾਂ ਪਾਏ ਏਕਾ ਆਣ, ਧੁਰ ਫ਼ਰਮਾਨਾ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖਾਂ ਬਖ਼ਸ਼ੇ ਚਰਨ ਧਿਆਨ, ਚਰਨ ਕਵਲ ਸੱਚੀ ਸਰਨਾਈਆ । ਸਚ ਸਰਨਾਈ

ਗੁਰਚਰਨ, ਗੁਰਸਿਖਾਂ ਸਿਖ ਸਮਝਾਇੰਦਾ । ਗੁਰਮੁਖ ਖੁਲ੍ਹੇ ਹਰਨ ਫਰਨ, ਲੋਚਣ ਨੈਣ ਆਪ ਖੁਲ੍ਹਾਇੰਦਾ । ਸੰਤ ਸਾਜਨ ਸਾਚੀ ਤਰਨੀ ਤਰਨ, ਭਵ ਸਾਗਰ ਪਾਰ ਕਰਾਇੰਦਾ । ਭਗਤ ਭਗਵੰਤ ਲੜ ਏਕਾ ਫੜਨ, ਛੁੱਟ ਕਦੇ ਨਾ ਜਾਇੰਦਾ । ਗੁਰ ਸਤਿਗੁਰ ਚੁਕਾਏ ਮਰਨ ਡਰਨ, ਲੱਖ ਚੁਰਾਸੀ ਭੇਵ ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਅੰਦਰ ਸਾਰੇ ਵੜਨ, ਨਿਰੰਕਾਰ ਨਿਰਾਕਾਰ ਜਿਸ ਜਨ ਆਪਣਾ ਮੇਲ ਮਿਲਾਇੰਦਾ । ਜਿਸ ਜਨ ਮੇਲ ਕਰੇ ਕਰਤਾਰਾ, ਤਿਸ ਜਨ ਦਏ ਵਡਿਆਈਆ । ਸਰਗੁਣ ਰੂਪ ਵਿਚ ਸੰਸਾਰਾ, ਜੁਗਾ ਜੁਗੰਤਰ ਖੇਲ ਖਿਲਾਈਆ । ਭਗਤ ਸੰਤ ਵਖਾਏ ਇਕ ਦਵਾਰਾ, ਗੁਰਮੁਖ ਸਾਚੇ ਨਾਲ ਰਲਾਈਆ । ਗੁਰਸਿਖ ਖਿਚੇ ਵਾਰੋ ਵਾਰਾ, ਅਭੁਲ ਭੁਲ ਕਦੇ ਨਾ ਜਾਈਆ । ਏਕਾ ਦੇਵੇ ਨਾਮ ਆਧਾਰਾ, ਵਸਤ ਅਮੋਲਕ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਨਿਰਗੁਣ ਪੁਰਖ ਅਕਾਲ, ਆਪੇ ਗੁਰ ਗੁਰ ਰੂਪ ਦਿਆਲ, ਆਪੇ ਭਗਤ ਵਛਲ ਕ੍ਰਿਪਾਲ ,ਆਪੇ ਸੰਤਾਂ ਰਿਹਾ ਸੁਰਤ ਸੰਭਾਲ, ਆਪੇ ਗੁਰਮੁਖ ਵੇਖੇ ਬਾਲ ਅਵਾਣ, ਆਪੇ ਗੁਰਸਿਖਾਂ ਦੇਵੇ ਮਾਣ, ਲੋਕਮਾਤ ਵੇਖ ਵਖਾਈਆ । ਲੋਕਮਾਤ ਵੇਖਣਹਾਰਾ, ਨਿਰਗੁਣ ਆਪਣਾ ਰੂਪ ਵਟਾਇੰਦਾ । ਸਰਗੁਣ ਖੇਲ ਕਰੇ ਅਗੰਮ ਅਪਾਰਾ, ਪੰਜ ਤੱਤ ਕਾਇਆ ਚੋਲਾ ਆਪ ਹੰਢਾਇੰਦਾ । ਤ੍ਰੈਗੁਣ ਅਤੀਤਾ ਠਾਂਡਾ ਸੀਤਾ, ਕਿਸੇ ਹੱਥ ਨਾ ਆਏ ਮੰਦਰ ਮਸੀਤਾ, ਗੁਰੂ ਦਵਾਰ ਨਾ ਆਸਣ ਲਾਇੰਦਾ । ਹਰ ਘਟ ਅੰਦਰ ਵੜਿਆ, ਆਪਣੇ ਪੌੜੇ ਆਪੇ ਚੜ੍ਹਿਆ, ਆਪਣੀ ਵਿਦਿਆ ਆਪੇ ਪੜ੍ਹਿਆ, ਸ੍ਰਿਸ਼ਟ ਸਬਾਈ ਆਪ ਪੜ੍ਹਾਇੰਦਾ । ਦਰ ਦਰ ਘਰ ਘਰ ਦਰਸ਼ਨ ਦੇਵੇ ਨਰ ਨਰ ਹਰਿਆ, ਜਿਸ ਜਨ ਉਪਰ ਕਿਰਪਾ ਕਰਿਆ, ਕਰ ਕਿਰਪਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਦਾਤਾ ਨਿਰਾਕਾਰ, ਗੁਰ ਗੁਰ ਲੈ ਮਾਤ ਅਵਤਾਰ, ਭਗਤਨ ਪਾਵੇ ਸਾਚੀ ਸਾਰ, ਸੰਤਨ ਦੇਵੇ ਨਾਮ ਅਧਾਰ, ਗੁਰਮੁਖ ਮੇਲੇ ਕਰ ਪਿਆਰ, ਗੁਰਸਿਖ ਆਪਣੀ ਗੋਦ ਬਹਾਇੰਦਾ । ਗੁਰਸਿਖ ਗੋਦੀ ਲਏ ਚੁੱਕ, ਗੁਰਮੁਖ ਆਪਣੇ ਕੰਧ ਉਠਾਈਆ । ਹਰਿ ਸੰਤਨ ਬੂਟਾ ਜਾਏ ਨਾ ਸੁੱਕ, ਸਾਚਾ ਮਾਲੀ ਮਾਤ ਲਗਾਈਆ । ਭਗਤ ਨਿਸ਼ਾਨਾ ਨਾ ਜਾਏ ਉਕ, ਸ਼ਬਦ ਨਿਰਾਲਾ ਤੀਰ ਚਲਾਈਆ । ਗੁਰ ਸਤਿਗੁਰ ਮਾਤ ਜਾਏ ਤੁੱਠ, ਭੰਡਾਰ ਅਤੋਟ ਅਤੁੱਟ ਵਰਤਾਈਆ । ਨਿਰਗੁਣ ਰੂਪ ਅਬਿਨਾਸ਼ੀ ਅਚੁਤ, ਸਚਖੰਡ ਵਸੇ ਸੱਚਾ ਸ਼ਹਿਨਸ਼ਾਹੀਆ । ਜੁਗ ਜੁਗ ਸੁਹਾਏ ਆਪਣੀ ਰੁੱਤ, ਸਤਿਜੁਗ ਤ੍ਰੇਤਾ ਦੁਆਪਰ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਏਕਾ ਏਕ ਅਖਵਾਈਆ । ਏਕਾ ਨਿਰਗੁਣ ਏਕਾ ਸਰਗੁਣ, ਏਕਾ ਸਰਬ ਸਮਾਇਆ । ਏਕਾ ਨਿਰਧਨ ਏਕਾ ਸਰਧਨ, ਏਕਾ ਨੂਰ ਜੋਤ ਜਗਾਇਆ । ਏਕਾ ਮਰਦ ਏਕਾ ਮਰਦਨ, ਮਰਦ ਮਰਦਾਨਾ ਇਕ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਰਗੁਣ ਸਰਗੁਣ ਆਪਣਾ ਰੂਪ ਵਟਾਇਆ । ਨਿਰਗੁਣ ਪੀਤਾ ਸਰਗੁਣ ਜਾਮਾ, ਸਰਗੁਣ ਆਪਣਾ ਤੱਤ ਚਲਾਈਆ । ਸਰਗੁਣ ਜੋਤ ਏਕਾ ਰਾਮਾ, ਰੂਪ ਰੰਗ ਰੇਖ ਨਾ ਕੋਇ ਵਖਾਈਆ । ਨਿਰਗੁਣ ਕਰੇ ਆਪਣਾ ਕਾਮਾ, ਸਰਗੁਣ ਆਪੇ ਧੰਦੇ ਲਾਈਆ । ਸਰਗੁਣ ਰੂਪ ਜਗਤ ਪਛਾਨਾ, ਨਿਰਗੁਣ ਨਜ਼ਰ ਕਿਸੇ ਨਾ ਆਈਆ । ਪੰਜ ਤੱਤ ਅੰਦਰ ਲੁਕਿਆ ਸਾਚਾ ਕਾਹਨਾ, ਲੱਖ ਚੁਰਾਸੀ ਗੋਪੀ ਕਾਹਨ ਨਚਾਈਆ । ਚਾਰੋਂ ਕੁੰਟ ਹੋਏ ਪਰਧਾਨਾ, ਦਹਿ ਦਿਸ਼ਾ ਫੇਰੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਕਲਜੁਗ ਤੇਰੀ ਅੰਤਮ ਵਰ, ਨਿਰਗੁਣ ਸਰਗੁਣ ਸਰਗੁਣ ਨਿਰਗੁਣ, ਆਪਣਾ ਰੰਗ ਰੰਗਾਈਆ । ਸਰਗੁਣ ਤਜਿਆ ਆਪਣਾ ਰੰਗ, ਨਿਰਗੁਣ ਰੂਪ ਵਟਾਇਆ । ਨਿਰਗੁਣ ਵਸਿਆ ਸਰਗੁਣ ਆਤਮ ਸੇਜ ਪਲੰਘ, ਸਚ ਸਿੰਘਾਸਣ ਸੋਭਾ ਪਾਇਆ । ਸਰਗੁਣ ਅੰਦਰ ਵੱਜੇ ਮਰਦੰਗ, ਨਿਰਗੁਣ ਨਿਰਵੈਰ ਰਿਹਾ ਵਜਾਇਆ । ਗੀਤ ਅਗੰਮੀ ਗਾਏ ਛੰਦ, ਸੋ ਪੁਰਖ ਨਿਰੰਜਣ ਆਪ ਅਲਾਇਆ । ਹੰ ਬ੍ਰਹਮ ਜਣਾਏ ਪਰਮਾਨੰਦ, ਨਿਜ ਆਤਮ ਆਪ ਸੁਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਸੋਹੰ ਰੂਪ ਵਟਾਇਆ । ਸੋ ਪੁਰਖ ਨਿਰੰਜਣ ਨਿਰਗੁਣ ਨਿਰਾਕਾਰ, ਹੰ ਬ੍ਰਹਮ ਜੀਵ ਅਖਵਾਈਆ । ਲੱਖ ਚੁਰਾਸੀ ਖੇਲ ਨਿਆਰ, ਚਾਰੇ ਖਾਣੀ ਆਪ ਬਣਾਈਆ । ਚਾਰੇ ਜੁਗ ਕਰ ਵਿਚਾਰ, ਜੁਗ ਚੌਕੜੀ ਬੰਧਨ ਪਾਈਆ । ਕਲਜੁਗ ਅੰਤਮ ਹੋ ਤਿਆਰ, ਨਿਰਗੁਣ ਵੇਖੇ ਥਾਉਂ ਥਾਈਆ । ਗੁਰ ਗੁਰ ਸੁਣੇ ਆਪ ਪੁਕਾਰ, ਸਚ ਦਰਬਾਰੇ ਸੋਭਾ ਪਾਈਆ । ਭਗਤ ਸੰਤ ਪੁੱਛੇ ਵਾਰੋ ਵਾਰ, ਲੁਕਿਆ ਕੋਇ ਰਹਿਣ ਨਾ ਪਾਈਆ । ਗੁਰਮੁਖ ਸੁਣਾਇਣ ਆਪਣਾ ਹਾਲ, ਨੇਤਰ ਨੈਣਾਂ ਨੀਰ ਵਹਾਈਆ । ਗੁਰਸਿਖ ਘਾਲਨ ਰਹੇ ਘਾਲ, ਘਾਲੀ ਘਾਲ ਵੇਖ ਵਖਾਈਆ । ਪੁਰਖ ਅਬਿਨਾਸ਼ੀ ਏਕਾ ਵੇਖੇ ਬੈਠ ਸੱਚੀ ਧਰਮਸਾਲ, ਧਰਮਸਾਲ ਇਕ ਬਣਾਈਆ । ਕਲਜੁਗ ਅੰਤਮ ਆਪਣਾ ਹੱਲ ਕਰੇ ਸਵਾਲ, ਬਾਕੀ ਕੋਇ ਰਹੇ ਨਾ ਰਾਈਆ । ਫੜ ਕੇ ਲਿਆਏ ਕਾਲ ਮਹਾਕਾਲ, ਚਰਨ ਦਵਾਰੇ ਲਏ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਏਕਾ ਥਿਤ ਦਏ ਜਣਾਈਆ । ਏਕਾ ਥਿਤ ਸਤਾਰਾਂ ਹਾੜ, ਕਾਲ ਮਹਾਕਾਲ ਹੁਕਮ ਸੁਣਾਇੰਦਾ । ਲੋਕਮਾਤ ਲੱਗਣਾ ਸਚ ਅਖਾੜ, ਪੁਰਖ ਅਬਿਨਾਸ਼ੀ ਆਪ ਲਗਾਇੰਦਾ । ਲੱਖ ਚੁਰਾਸੀ ਵੇਖੇ ਜੰਗਲ ਜੂਹ ਉਜਾੜ ਪਹਾੜ, ਡੂੰਘੀ ਕੰਦਰ ਫੋਲ ਫੋਲਾਇੰਦਾ । ਨੌਂ ਸੌ ਚੁਰਾਨਵੇ ਚੌਕੜੀ ਜੁਗ ਤੇਰਾ ਰੂਪ ਦਿਤਾ ਸ਼ੰਗਾਰ, ਆਪਣੀ ਹੱਥੀ ਬੰਧਨ ਪਾਇੰਦਾ । ਲੱਖ ਚੁਰਾਸੀ ਤੇਰਾ ਆਹਾਰ, ਤੇਰੇ ਅੰਦਰ ਸਰਬ ਟਿਕਾਇੰਦਾ । ਮਹਾਕਾਲ ਰੂਪ ਕਰਤਾਰ, ਦੀਨ ਦਿਆਲ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮੇਲਾ ਆਪ ਮਿਲਾਇੰਦਾ । ਸਾਚੇ ਵਾਰ ਆਉਣਾ ਚਲ, ਨਿਹਚਲ ਧਾਮ ਦਏ ਜਣਾਈਆ । ਵਿਸ਼ਨ ਬ੍ਰਹਮਾ ਸ਼ਿਵ ਜਾਣਾ ਨਾਲ ਰਲ, ਸਗਲਾ ਸੰਗ ਰਖਾਈਆ । ਤੇਈ ਅਵਤਾਰ ਇਕ ਦੂਜੇ ਦਾ ਫੜਨ ਲੜ, ਆਵਣ ਵਾਹੋ ਦਾਹੀਆ । ਗੁਰ ਗੁਰ ਦਸ ਸਨੇਹੁੜਾ ਦਿਤਾ ਘੱਲ, ਸਚ ਸੰਦੇਸ ਸੁਣਾਈਆ । ਭਗਤ ਸੰਤ ਰਾਹ ਤੱਕਣ ਅੱਜ ਕਿ ਕਲ, ਕਵਣ ਸੁਹੇਲਾ ਮਿਲੇ ਸਾਚਾ ਮਾਹੀਆ । ਗੁਰਮੁਖ ਵਕਤ ਲੰਘਾਇਣ ਕਰ ਕਰ ਵਲ ਛਲ, ਕਲਜੁਗ ਅਛਲ ਅਛਲ ਖੇਲ ਖਿਲਾਈਆ । ਗੁਰਸਿਖ ਮਨਮੁਖਾਂ ਨਾਲ ਕਰ ਨਾ ਸਕੇ ਗੱਲ, ਸਚ ਸੁੱਚ ਕਿਸੇ ਦਰ ਨਜ਼ਰ ਨਾ ਆਈਆ । ਪਾਰਬ੍ਰਹਮ ਪਤਿਪਰਮੇਸ਼ਵਰ ਸ਼ਬਦ ਖੰਡਾਂ ਫੜਿਆ ਏਕਾ ਭਲ, ਨਵ ਨੌਂ ਚਾਰ ਰਿਹਾ ਡਰਾਈਆ । ਈਸਾ ਮੂਸਾ ਜਾਏ ਹੁਲ, ਸੰਗ ਮੁਹੰਮਦ ਚਾਰ ਯਾਰ ਦੇਣ ਦੁਹਾਈਆ । ਦਰੋਹੀ ਖ਼ੁਦਾ ਨਬੀ ਰਸੂਲ ਜਿਸ ਵਰਤੀ ਆਪਣੀ ਕਲ, ਅਕਲ ਕਲ ਆਪ ਅਖਵਾਈਆ । ਸਿੰਘ ਸ਼ੇਰ ਵੜਿਆ ਆਪਣੀ ਝਲ, ਨੌਂ ਖੰਡ ਪ੍ਰਿਥਮੀ ਦਏ ਉਲਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਲਿਆਏ ਫੜ, ਜੋ ਸਰਗੁਣ ਨਿਰਗੁਣ ਰੂਪ ਗਏ ਵਟਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭਾਣਾ ਆਪੇ ਕਰ, ਕਰਨੀ ਕਰਤਾ ਆਪ ਅਖਵਾਈਆ ।

★ ੧੬ ਜੇਠ ੨੦੧੮ ਬਿਕ੍ਰਮੀ ਭਾਗ ਸਿੰਘ ਦੇ ਘਰ ਮਲਕ ਕੈਂਪ ਜੰਮੂ ★



ਸਿਮਰੋ ਸਿਮਰ ਸਿਮਰ ਸੁਖ ਪਾਵੇ, ਹਰਿ ਨਾਮ ਵਡੀ ਵਡਿਆਈਆ । ਮਨ ਕਾ ਭਰਮ ਸਰਬ ਗਵਾਵੇ, ਮਨ ਮਨਸਾ ਰਹੇ ਨਾ ਰਾਈਆ । ਗੁਰਚਰਨ ਸਦਾ ਧਿਆਵੇ, ਮਿਲੇ ਮਾਣ ਵਡਿਆਈਆ । ਆਤਮ ਅੰਤਰ ਆਪਣਾ ਪਰਦਾ ਲਾਹਵੇ, ਦੂਈ ਦਵੈਤ ਰਹਿਣ ਨਾ ਪਾਈਆ । ਹੰਸ ਬਣੇ ਜੀਓ ਕਾਉਂ, ਕਾਗ ਹੰਸ ਰੂਪ ਵਖਾਈਆ । ਏਕਾ ਵੇਖੋ ਪਿਤਾ ਮਾਉਂ, ਪਾਰਬ੍ਰਹਮ ਬੇਪਰਵਾਹੀਆ । ਸਦਾ ਸੁਹੇਲਾ ਸਿਰ ਰੱਖੇ ਠੰਡੀ ਛਾਉਂ, ਸਿਰ ਆਪਣਾ ਹੱਥ ਟਿਕਾਈਆ । ਵੇਲੇ ਅੰਤ ਪਕੜੇ ਬਾਹੋਂ, ਰਾਏ ਧਰਮ ਨਾ ਦਏ ਸਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸਿਮਰਨ ਦਏ ਸਮਝਾਈਆ । ਏਕਾ ਸਿਮਰਨ ਹਰਿ ਕਾ ਨਾਮ, ਹਰਿ ਨਾਮਾ ਰੰਗ ਰੰਗਾਇੰਦਾ । ਲੇਖੇ ਲੱਗੇ ਕਾਇਆ ਮਾਟੀ ਚਾਮ, ਪੰਜ ਤੱਤ ਚੋਲਾ ਵੇਖ ਵਖਾਇੰਦਾ । ਭਾਗ ਲਗਾਏ ਨਗਰ ਖੇੜਾ ਗਰਾਮ, ਤੇਰੇ ਤਨ ਬੰਧਨ ਆਪ ਕਟਾਇੰਦਾ । ਡੂੰਘੀ ਕੰਦਰ ਮੇਟੇ ਅੰਧੇਰੀ ਸ਼ਾਮ, ਨਿਰਗੁਣ ਸਾਚਾ ਚੰਦ ਚੜ੍ਹਾਇੰਦਾ । ਸਿਮਰਤ ਸਿਮਰਤ ਸਿਮਰਤ ਮੇਲਾ ਰਾਮ, ਰਾਮ ਰਮਈਆ ਨਜ਼ਰੀ ਆਇੰਦਾ । ਆਸਾ ਮਨਸਾ ਪੂਰੇ ਕਰੇ ਕਾਮ, ਕਾਮ ਕਰੋਧ ਲੋਭ ਮੋਹ ਹੰਕਾਰ ਰਹਿਣ ਨਾ ਪਾਇੰਦਾ । ਕਰੇ ਪਰਕਾਸ਼ ਕੋਟਨ ਭਾਣ, ਜੋਤ ਨਿਰੰਜਣ ਡਗਮਗਾਇੰਦਾ । ਇਕ ਵਖਾਏ ਸਚ ਅਸਥਾਨ, ਸਾਚਾ ਮੰਦਰ ਆਪ ਸੁਹਾਇੰਦਾ । ਪੁਰਖ ਅਗੰਮਾ ਬੈਠ ਸ੍ਰੀ ਭਗਵਾਨ, ਸਚ ਸਿੰਘਾਸਣ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸਿਮਰਨ ਇਕ ਸਮਝਾਇੰਦਾ । ਸਾਚਾ ਸਿਮਰਨ ਬੁਧ ਬਿਬੇਕ, ਤਨ ਮਨ ਏਕਾ ਰੰਗ ਰੰਗਾਈਆ । ਤ੍ਰੈਗੁਣ ਮਾਇਆ ਨਾ ਲੱਗੇ ਸੇਕ, ਮਮਤਾ ਮੋਹ ਰਹੇ ਨਾ ਰਾਈਆ । ਸਤਿਗੁਰ ਚਰਨ ਏਕਾ ਟੇਕ, ਦੂਸਰ ਓਟ ਨਾ ਕੋਇ ਰਖਾਈਆ । ਲੇਖਾ ਜਾਣੇ ਲਿਖਿਆ ਲੇਖ, ਲੇਖ ਅਲੇਖ ਦਏ ਸਮਝਾਈਆ । ਆਪੇ ਮੇਟਣਹਾਰਾ ਰੇਖ, ਭੇਵ ਅਭੇਦਾ ਆਪ ਖੁਲ੍ਹਾਈਆ । ਨਿਜ ਨੇਤਰ ਨਿਜ ਆਤਮ ਨਿਜ ਘਰ ਸੱਜਣ ਲੈਣਾ ਵੇਖ, ਹਰਿ ਸਿਮਰਨ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਤੱਤ ਦਏ ਸਮਝਾਈਆ । ਸਿਮਰ ਸਿਮਰ ਮਿਟੇ ਕਲੇਸ਼, ਕਲਕਾਤੀ ਰਹਿਣ ਨਾ ਪਾਈਆ । ਲੇਖਾ ਜਾਣੇ ਆਦਿ ਜੁਗਾਦਿ ਜੁਗਾ ਜੁਗੰਤਰ ਹਮੇਸ਼, ਭੁਲ ਕਦੇ ਨਾ ਜਾਈਆ । ਸੇਵ ਲਗਾਏ ਵਿਸ਼ਨ ਬ੍ਰਹਮਾ ਮਹੇਸ਼, ਸ਼ੰਕਰ ਆਪਣੀ ਧਾਰ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਮਰਤ ਨਾਮ ਵਡੀ ਵਡਿਆਈਆ । ਸਿਮਰਤ ਨਾਮ ਹਰਿ ਜਗਦੀਸ, ਜਗਦੀਸਰ ਜਨ ਸਮਝਾਇੰਦਾ । ਮੇਲ ਮਿਲਾਵਾ ਜੀਵ ਈਸ਼, ਬ੍ਰਹਮ ਪਾਰਬ੍ਰਹਮ ਵਖਾਇੰਦਾ । ਨਾਤਾ ਤੁੱਟੇ ਰਾਗ ਛਤੀਸ, ਦੰਦ ਬਤੀਸ ਨਾ ਕੋਇ ਗਾਇੰਦਾ । ਏਕਾ ਕਲਮਾ ਇਕ ਹਦੀਸ, ਏਕਾ ਏਕ ਸ਼ਰਾਇਤ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸਿਮਰਨ ਆਪ ਰਖਾਇੰਦਾ । ਸਾਚਾ ਸਿਮਰਨ ਜਿਹਵਾ ਰਸ, ਰਸ ਰਸੀਆ ਆਪ ਵਖਾਇੰਦਾ । ਜਿਸ ਜਨ ਹਿਰਦੇ ਜਾਏ ਵਸ, ਰੂਪ ਅਨੂਪ ਆਪ ਪਰਗਟਾਇੰਦਾ । ਤੀਰ ਨਿਰਾਲਾ ਮਾਰੇ ਕਸ, ਸ਼ਬਦ ਅਣਿਆਲਾ ਆਪ ਚਲਾਇੰਦਾ । ਰੈਣ ਅੰਧੇਰੀ ਮੇਟੇ ਮਸ, ਨੂਰੀ ਚੰਦ ਆਪ ਚਮਕਾਇੰਦਾ । ਦਰਸ ਵਖਾਏ ਨਠ ਨਠ, ਜਿਸ ਜਨ ਆਪਣਾ ਸਿਮਰਨ ਬੰਧਨ ਪਾਇੰਦਾ । ਨਜ਼ਰੀ ਆਏ ਘਟ ਘਟ, ਚਾਰ ਖਾਣੀ ਆਪਣੀ ਜੋਤ ਜਗਾਇੰਦਾ । ਲੇਖੇ ਲਾਏ ਰਤੀ ਰਤ, ਜੋ ਜਨ ਹਰਿ ਹਰਿ ਚਰਨ ਧਿਆਨ ਰਖਾਇੰਦਾ । ਏਕਾ ਦੇਵੇ ਬ੍ਰਹਮ ਮਤ, ਪਾਰਬ੍ਰਹਮ

ਬ੍ਰਹਮ ਆਪ ਪੜ੍ਹਾਇੰਦਾ । ਮੇਲ ਮਿਲਾਵਾ ਕਮਲਾਪਤਿ, ਕਵਲ ਨੈਣ ਸਾਚੇ ਰੰਗ ਆਪ ਸੁਹਾਇੰਦਾ । ਸਿਮਰਤ ਸਿਮਰਤ ਸਿਮਰਤ ਸਗਲ ਵਸੂਰੇ ਜਾਇਣ ਲਥ, ਸਹਿੰਸਾ ਰੋਗ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸਿਮਰਨ ਆਪ ਬਣਾਇੰਦਾ । ਸਾਚਾ ਸਿਮਰਨ ਗੁਰ ਕੀ ਧਾਰ, ਗੁਰ ਬਿਨ ਸਿਮਰਨ ਕਰਨ ਕੋਇ ਨਾ ਜਾਈਆ । ਸਾਚਾ ਸਿਮਰਨ ਗੁਰ ਚਰਨ ਪਿਆਰ, ਗੁਰ ਇਸ਼ਟ ਦੇਵ ਦਏ ਵਡਿਆਈਆ । ਸਾਚਾ ਸਿਮਰਨ ਹਰਿਜਨ ਹਰਿ ਹਰਿ ਕਰੇ ਪਿਆਰ, ਆਦਿ ਜੁਗਾਦਿ ਮਿਲੇ ਵਡਿਆਈਆ । ਸਾਚਾ ਸਿਮਰਨ ਨਾਤਾ ਤੋੜੇ ਪੰਚ ਵਿਕਾਰ, ਜੂਠ ਝੂਠ ਰਹਿਣ ਨਾ ਪਾਈਆ । ਸਾਚਾ ਸਿਮਰਨ ਮਾਇਆ ਮਮਤਾ ਤੋੜੇ ਜਗਤ ਜੰਜਾਲ, ਕੂੜੀ ਕਿਰਿਆ ਦਏ ਮਿਟਾਈਆ । ਸਾਚਾ ਸਿਮਰਨ ਗੁਰਮੁਖ ਪਾਏ ਵਿਰਲਾ ਲਾਲ, ਜਿਸ ਜਨ ਆਪਣੀ ਦਇਆ ਕਮਾਈਆ । ਲੱਖ ਚੁਰਾਸੀ ਹੋਈ ਬੇਹਾਲ, ਹਰਿ ਕਾ ਸਿਮਰਨ ਹੱਥ ਕਿਸੇ ਨਾ ਆਈਆ । ਨੇਤਰ ਰੋਵਣ ਸ਼ਾਹ ਕੰਗਾਲ, ਰਾਜ ਰਾਜਾਨ ਦੇਣ ਦੁਹਾਈਆ । ਫਲ ਨਾ ਦਿਸੇ ਕਿਸੇ ਡਾਲ੍ਹ, ਪੱਤ ਡਾਲ੍ਹੀ ਨਾ ਕੋਇ ਮਹਿਕਾਈਆ । ਜੂਠੀ ਝੂਠੀ ਘਾਲਨ ਰਹੇ ਘਾਲ, ਸਾਚੀ ਘਾਲ ਨਾ ਕੋਇ ਵਖਾਈਆ । ਸਭ ਦੇ ਸਿਰ ਤੇ ਕੂਕੇ ਕਾਲ, ਵੇਲੇ ਅੰਤ ਨਾ ਕੋਇ ਸਹਾਈਆ । ਨਾਤਾ ਜੁੜਿਆ ਝੂਠਾ ਧੰਨ ਮਾਲ, ਮਾਇਆ ਮਮਤਾ ਮੋਹ ਰਖਾਈਆ । ਬਿਨ ਸਤਿਗੁਰ ਪੂਰੇ ਕੋਇ ਨਾ ਕਰੇ ਪ੍ਰਿਤਪਾਲ, ਸਾਚਾ ਸਿਮਰਨ ਨਾ ਦਏ ਬਣਾਈਆ । ਸਿਮਰਤ ਸਿਮਰਤ ਸਿਮਰਤ ਹੋਏ ਨਿਹਾਲ, ਜਿਸ ਜਨ ਆਪਣਾ ਦਰਸ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਦਏ ਸਮਝਾਈਆ । ਸਿਮਰੋ ਸਿਮਰ ਸਿਮਰ ਸੁਖ ਪਾਓ । ਤਿੰਨ ਕਲੇਸ਼ ਮਨ ਮਾਹੇ ਮਿਟਾਓ, ਹਉਮੇ ਸਹਿੰਸਾ ਰੋਗ ਚੁਕਾਓ । ਘਰ ਪ੍ਰੀਤਮ ਏਕਾ ਪਾਓ । ਦੂਜੇ ਦਰ ਨਾ ਮੰਗਣ ਜਾਓ । ਨਿਰਵੈਰ ਪੁਰਖ ਨਿਰਾਕਾਰ ਆਦਿ ਜੁਗਾਦਿ ਅਜੂਨੀ ਰਹਿਤ ਦਰਦ ਦੁੱਖ ਭੰਜਨ ਸੀਸ ਜਗਦੀਸ ਇਕ ਝੁਕਾਓ । ਰਾਮ ਨਾਮ ਜਿਹਵਾ ਰਸਨਾ ਰਸ ਪੁਰਖ ਅਬਿਨਾਸ਼ੀ ਦੇਵੇ ਹੱਸ ਹੱਸ, ਹਰਿ ਕਾ ਮੰਦਰ ਇਕ ਧਿਆਓ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਆਪਣਾ ਦਰ, ਦਰ ਘਰ ਸਾਚਾ ਇਕ ਜਣਾਓ । ਸਾਚਾ ਅੰਮ੍ਰਿਤ ਹਰਿ ਹਰਿ ਬਾਣ, ਸਿਮਰਤ ਨਾਮ ਧਿਆਈਆ । ਏਥੇ ਓਥੇ ਚੁਕੇ ਕਾਣ, ਦੋ ਜਹਾਨ ਹੋਏ ਸਹਾਈਆ । ਏਕਾ ਦੇਵੇ ਸਤਿ ਬਬਾਣ, ਹਰਿਜਨ ਸਾਚੇ ਲਏ ਚੜ੍ਹਾਈਆ । ਵਿਸ਼ਨ ਬ੍ਰਹਮਾ ਸ਼ਿਵ ਵੇਖੇ ਮਾਰ ਧਿਆਨ, ਨੇਤਰ ਲੋਚਣ ਨੈਣ ਉਠਾਈਆ । ਕਰੇ ਖੇਲ ਸ੍ਰੀ ਭਗਵਾਨ, ਬੇਪਰਵਾਹ ਸੱਚਾ ਸ਼ਹਿਨਸ਼ਾਹੀਆ । ਗੁਣਵੰਤਾ ਦੇਵੇ ਗੁਣ ਨਿਧਾਨ, ਏਕਾ ਨਾਮ ਵਸਤ ਅਮੋਲਕ ਆਪ ਵਰਤਾਈਆ । ਜੁਗਾ ਜੁਗੰਤਰ ਸੰਤ ਸੁਹੇਲੇ ਲਏ ਪਛਾਨ, ਭਗਤਨ ਵੇਖੇ ਥਾਉਂ ਥਾਈਆ । ਗੁਰਮੁਖ ਮੇਲਾ ਚਤੁਰ ਸੁਜਾਨ, ਚਾਤ੍ਰਿਕ ਤ੍ਰਿਖਾ ਦਏ ਬੁਝਾਈਆ । ਗੁਰਸਿਖਾਂ ਚੁਕਾਏ ਜਮ ਕੀ ਕਾਣ, ਸਿਰ ਆਪਣਾ ਹੱਥ ਟਿਕਾਈਆ । ਏਕਾ ਸਰਨ ਹਰਿ ਭਗਵਾਨ, ਦੂਸਰ ਅਵਰ ਨਾ ਕੋਇ ਚਤੁਰਾਈਆ । ਲੱਖ ਚੁਰਾਸੀ ਰਸਨਾ ਜਿਹਵਾ ਸਾਰੇ ਗਾਣ, ਗਾ ਗਾ ਥੱਕੀ ਸਰਬ ਲੋਕਾਈਆ । ਬਿਨ ਸਤਿਗੁਰ ਪੂਰੇ ਨਾ ਦੇਵੇ ਕੋਇ ਬ੍ਰਹਮ ਗਿਆਨ, ਆਤਮ ਤਾਕ ਨਾ ਕੋਇ ਖੁਲ੍ਹਾਈਆ । ਨਿਰਮਲ ਜੋਤ ਨਾ ਜਗੇ ਮਹਾਨ, ਜੋਤੀ ਨੂਰ ਨਾ ਕੋਇ ਰੁਸ਼ਨਾਈਆ । ਸੁਣ ਸੁਣ ਰਾਗ ਥੱਕੇ ਕਾਨ, ਅਨਹਦ ਨਾਦ ਨਾ ਕੋਇ ਵਜਾਈਆ । ਹਰਿ ਕਾ ਸਿਮਰਨ ਨਾ ਸਕੇ ਕੋਇ ਪਛਾਨ, ਜਗਤ ਨੇਤਰ ਨਜ਼ਰ ਨਾ ਆਈਆ । ਜਿਸ ਜਨ ਉਪਰ ਹੋਏ ਆਪ ਮਿਹਰਵਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸਿਮਰਨ ਝੋਲੀ ਪਾਈਆ । ਸਾਚਾ ਸਿਮਰਨ

ਝੋਲੀ ਰੱਖ, ਹਰਿਜਨ ਝੋਲੀ ਆਪ ਭਰਾਇੰਦਾ । ਆਪਣਾ ਮਾਰਗ ਆਪੇ ਦੱਸ, ਆਪੇ ਰਾਹ ਚਲਾਇੰਦਾ । ਆਪੇ ਨਿਰਗੁਣ ਹੋ ਪਰਤੱਖ, ਸਰਗੁਣ ਮੇਲ ਮਿਲਾਇੰਦਾ । ਲੱਖ ਚੁਰਾਸੀ ਨਾਲੋਂ ਕਰੇ ਵੱਖ, ਜਿਸ ਜਨ ਆਪਣਾ ਨਾਮ ਜਪਾਇੰਦਾ । ਆਦਿ ਅੰਤ ਲਏ ਰੱਖ, ਸਗਲਾ ਸੰਗ ਨਿਭਾਇੰਦਾ । ਜਨ ਭਗਤਾਂ ਕਰਦਾ ਆਇਆ ਪੱਖ, ਏਕਾ ਨਾਮ ਵੰਡ ਵੰਡਾਇੰਦਾ । ਅੰਤਮ ਲਹਿਣਾ ਦੇਣਾ ਚੁਕਾਏ ਸੀਆਂ ਸਾਢੇ ਤਿੰਨ ਤਿੰਨ ਹੱਥ, ਆਵਣ ਜਾਵਣ ਫੰਦ ਕਟਾਇੰਦਾ । ਸ਼ਬਦ ਜਣਾਏ ਮਹਿਮਾ ਅਕਥ, ਕਥਨੀ ਕਥ ਨਾ ਕੋਇ ਵਖਾਇੰਦਾ । ਜਿਸ ਜਨ ਚੜ੍ਹਾਏ ਨਾਮ ਰਥ, ਪਾਰ ਕਿਨਾਰਾ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਤਰ ਆਪ ਦ੍ਰਿੜਾਇੰਦਾ । ਸਾਚਾ ਮੰਤਰ ਨਮੋ ਗੁਰਦੇਵ ਸਤਿ, ਵਸਤ ਰੂਪ ਨਾ ਕੋਇ ਵਟਾਈਆ । ਏਕਾ ਮੰਦਰ ਏਕਾ ਅੰਦਰ ਏਕਾ ਵਾਰ ਦੇਵੇ ਘਤ, ਅਤੋਟ ਅਤੁਟ ਆਪ ਰਖਾਈਆ । ਨਾੜ ਬਹੱਤਰ ਨਾ ਉਬਲੇ ਰਤ, ਸਾਂਤਕ ਸਤਿ ਆਪ ਕਰਾਈਆ । ਸਤਿ ਸੰਤੋਖ ਦੇਵੇ ਧੀਰਜ ਜਤ, ਕਾਮ ਕਰੋਧ ਨਾ ਹੋਏ ਹਲਕਾਈਆ । ਚਰਨ ਕਵਲ ਬੰਧਾਏ ਆਪਣੇ ਨਤ, ਨਾਤਾ ਬਿਧਾਤਾ ਜੋੜ ਜੁੜਾਈਆ । ਬੀਜ ਬੀਜੇ ਸਾਚੇ ਵਤ, ਅੰਮ੍ਰਿਤ ਫਲ ਆਪ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਮ ਰਿਹਾ ਸਮਝਾਈਆ । ਏਕਾ ਨਾਮ ਡੂੰਘਾ ਸਾਗਰ, ਜੀਵ ਜੰਤ ਭੇਵ ਕੋਇ ਨਾ ਪਾਇੰਦਾ । ਪੰਜ ਤੱਤ ਰੱਖਿਆ ਕਾਇਆ ਗਾਗਰ, ਸਾਚੇ ਮੰਦਰ ਆਪ ਟਿਕਾਇੰਦਾ । ਗੁਰਮੁਖ ਵਿਰਲਾ ਬਣੇ ਸੌਦਾਗਰ, ਜਿਸ ਜਨ ਆਪਣਾ ਵਣਜ ਕਰਾਇੰਦਾ । ਕਰੇ ਖੇਲ ਕਰਤਾ ਕਰੀਮ ਕ਼ਾਦਰ, ਕ਼ੁਦਰਤ ਆਪਣੇ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸਿਮਰਨ ਇਕ ਰਖਾਇੰਦਾ । ਸਾਚਾ ਸਿਮਰਨ ਆਦਿ ਜੁਗਾਦਿ, ਹਰਿ ਸਤਿਗੁਰ ਵੰਡ ਵੰਡਾਈਆ । ਭਗਤਨ ਦੇਵੇ ਸਾਚੀ ਦਾਦ, ਧਰੂ ਪ੍ਰਹਿਲਾਦ ਰਹੇ ਜਸ ਗਾਈਆ । ਸ਼ਬਦ ਅਗੰਮੀ ਵੱਜੇ ਨਾਦ, ਤੁਰੀਆ ਨਾਦ ਆਪ ਸੁਣਾਈਆ । ਆਪਣੀ ਧੁੰਨ ਆਪਣੇ ਵਿਚੋਂ ਕਾਢ, ਬ੍ਰਹਮਾਦਿ ਦਏ ਸੁਣਾਈਆ । ਲੇਖਾ ਜਾਣੇ ਬੋਧ ਅਗਾਧ, ਚਾਰ ਵੇਦ ਭੇਵ ਨਾ ਆਈਆ । ਪੁਰਾਣ ਅਠਾਰਾਂ ਰਹੇ ਵਿਸਮਾਦ, ਹਰਿ ਕਾ ਲੇਖ ਨਾ ਲਿਖਿਆ ਜਾਈਆ । ਸ਼ਾਸਤਰ ਸਿਮਰਤ ਕਰਨ ਫ਼ਰਿਯਾਦ, ਅਲਖ ਅਗੋਚਰ ਅਗੰਮ ਅਥਾਹ ਬੇਪਰਵਾਹ ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਗੀਤਾ ਗਿਆਨ ਅਠਾਰਾਂ ਧਿਆਏ ਕਰੇ ਯਾਦ, ਏਕਾ ਅਰਜਨ ਹਰੀ ਹਰਿ ਆਪ ਸਮਝਾਈਆ । ਸਿਮਰਤ ਵੇਖੇ ਵਾਦ ਵਿਵਾਦ, ਸਿਮਰਨ ਏਕਾ ਤੱਤ ਜਣਾਈਆ । ਈਸਾ ਮੂਸਾ ਲਾਹੇ ਨਕ਼ਾਬ, ਪਰਦਾ ਕੋਇ ਰਹਿਣ ਨਾ ਪਾਈਆ । ਕਰੇ ਖੇਲ ਹੱਕ ਜਨਾਬ, ਮੁਕਾਮੇ ਹੱਕ ਰੂਪ ਧਰਾਈਆ । ਪਰਵਰਦਿਗਾਰ ਦੇਵੇ ਦਾਦ, ਨੂਰ ਅਲਾਹੀ ਨੂਰ ਚਮਕਾਈਆ । ਸੰਗ ਮੁਹੰਮਦ ਕਰੇ ਲਾਡ, ਚਾਰ ਯਾਰੀ ਮੇਲ ਮਿਲਾਈਆ । ਏਕਾ ਨਾਮ ਖ਼ੁਦਾਈ ਵਖਾਏ ਵਾਹਦ, ਸਾਚਾ ਸਿਮਰਨ ਦਏ ਜਣਾਈਆ । ਕਲਮਾ ਕਲਾਮ ਸਚ ਅਮਾਮ ਸੁਣਾਏ ਯਾਦ, ਯਾਦ ਸਿਮਰ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸਿਮਰਨ ਆਪਣਾ ਆਪਣੇ ਹੱਥ ਰਖਾਈਆ । ਏਕਾ ਸਿਮਰਨ ਸਤਿ ਨਾਮ, ਨਾਨਕ ਨਿਰਗੁਣ ਪਾਇਆ । ਇਕ ਪਿਆਲਾ ਪੀਤਾ ਜਾਮ, ਮਧੁਰ ਰਸ ਆਪ ਵਖਾਇਆ । ਇਕ ਸੁਣਿਆ ਸਚ ਪੈਗ਼ਾਮ, ਲੱਖ ਚੁਰਾਸੀ ਆਪ ਸੁਣਾਇਆ । ਏਕਾ ਵੇਖਿਆ ਹਰਿ ਗਰਾਮ, ਸਚਖੰਡ ਦਵਾਰਾ ਸੋਭਾ ਪਾਇਆ । ਲੋਕਮਾਤ ਹੋ ਪਰਧਾਨ, ਨੌਂ ਖੰਡ ਪ੍ਰਿਥਮੀ ਵੇਖ ਵਖਾਇਆ । ਸਰਬ ਜੀਆਂ ਦਾ ਇਕ ਭਗਵਾਨ, ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਆਪ ਸਮਝਾਇਆ । ਆਤਮ ਬ੍ਰਹਮ ਇਕ

ਗਿਆਨ, ਦੂਜੀ ਵਿਦਿਆ ਨਾ ਕੋਇ ਪੜ੍ਹਾਇਆ । ਏਕਾ ਜੋਤੀ ਨੂਰ ਮਹਾਨ, ਗੋਬਿੰਦ ਮੇਲਾ ਸਹਿਜ ਸੁਭਾਇਆ । ਪੰਚਮ ਮੀਤਾ ਸਚ ਨਿਸ਼ਾਨ, ਸਚ ਨਿਸ਼ਾਨਾ ਹੱਥ ਉਠਾਇਆ । ਊਚਾਂ ਨੀਚਾਂ ਰਾਓ ਰੰਕਾਂ ਵੇਖੇ ਮਾਰ ਧਿਆਨ, ਅੰਮ੍ਰਿਤ ਆਤਮ ਜਾਮ ਪਿਆਇਆ । ਏਕਾ ਸਿਮਰਨ ਪੁਰਖ ਅਕਾਲ, ਆਪ ਬਣਾਏ ਦੀਨ ਦਿਆਲ, ਦੂਜੀ ਵੰਡ ਨਾ ਕੋਇ ਵੰਡਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸਿਮਰਨ ਆਪਣੇ ਹੱਥ ਰਖਾਇਆ । ਸਿਮਰਨ ਸਿਮਰਨ ਸਿਮਰ ਸਿਮਰ ਸੁਖ ਪਾਈਏ, ਏਕਾ ਨਾਮ ਅਨਮੋਲ । ਬਿਨ ਰਸਨਾ ਜਿਹਵਾ ਗਾਈਏ, ਨਿਸ਼ ਅੱਖਰ ਅੰਦਰ ਬੋਲ । ਜੀਵ ਜਗਤ ਨਾ ਕਦੇ ਸੁਣਾਈਏ, ਹਰਿ ਕਾ ਨਾਮ ਸਦਾ ਅਡੋਲ । ਗੁਰ ਦਰ ਗੁਰ ਘਰ ਸਦਾ ਸਦ ਮਿਲ ਮਿਲ ਗਾਈਏ, ਕਾਇਆ ਅੰਦਰ ਜਾਏ ਮੌਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਉਪਰ ਧਵਲ । ਸਿਮਰ ਸਿਮਰ ਸੁਖ ਪਾਵਨਾ, ਸਹਿਜ ਸੁਖ ਗੁਰ ਮੀਤ । ਹਰਿਜਨ ਸਾਚਾ ਵੇਖ ਵਖਾਵਣਾ, ਹਰਿ ਹਰਿ ਬੈਠਾ ਇਕ ਅਤੀਤ । ਕਾਇਆ ਮੰਦਰ ਬੰਕ ਸੁਹਾਵਣਾ, ਹੋਏ ਪਤਿਤ ਪੁਨੀਤ । ਨਰ ਹਰਿ ਨਰਾਇਣ ਏਕਾ ਗਾਵਣਾ, ਸਦ ਵਸੇ ਧਾਮ ਅਨਡੀਠ । ਬਿਨ ਗੁਰ ਨੇਤਰ ਦਿਸ ਕਿਸੇ ਨਾ ਆਵਨਾ, ਆਦਿ ਜੁਗਾਦੀ ਚਲੀ ਰੀਤ । ਸਤਿਗੁਰ ਪੂਰੇ ਪਰਦਾ ਲਾਹਵਣਾ, ਘਰ ਮੰਦਰ ਵਖਾਏ ਸਚ ਮਸੀਤ । ਸ਼ਬਦ ਅਨਾਦੀ ਨਾਦ ਵਜਾਵਨਾ, ਅਨਹਦ ਗਾਏ ਆਪਣਾ ਗੀਤ । ਸੁਰਤੀ ਸ਼ਬਦੀ ਮੇਲ ਮਿਲਾਵਨਾ, ਇਕ ਜਣਾਏ ਸਚ ਪ੍ਰੀਤ । ਕਾਇਆ ਬੰਕ ਆਪ ਸੁਹਾਵਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਮਰਤ ਦੇਵੇ ਨਾਮ ਅਨਡੀਠ । ਸਿਮਰ ਸਿਮਰ ਸੁਖ ਪਾਵੇ ਜਨ, ਧੰਨ ਧੰਨ ਜਨੇਂਦੀ ਮਾਈਆ । ਹਰਿ ਕਾ ਸਿਮਰਨ ਬੇੜਾ ਦੇਵੇ ਬੰਨ੍ਹ, ਸੌਹ ਦਰਯਾਏ ਨਾ ਕੋਇ ਰੁੜ੍ਹਾਈਆ । ਹਰਿ ਸਿਮਰਨ ਰਾਏ ਧਰਮ ਨਾ ਦੇਵੇ ਡੰਨ, ਚਿਤਰ ਗੁਪਤ ਨਾ ਹਿਸਾਬ ਵਖਾਈਆ । ਹਰਿ ਸਿਮਰਨ ਅਗਨੀ ਤੱਤ ਨਾ ਜਲੇ ਤਨ, ਤ੍ਰੈਗੁਣ ਲੇਖਾ ਰਹੇ ਨਾ ਰਾਈਆ । ਹਰਿ ਸਿਮਰਨ ਭਾਂਡਾ ਭਰਮ ਭੌ ਦੇਵੇ ਭੰਨ, ਭੈ ਭਿਆਨਕ ਹੋਏ ਸਹਾਈਆ । ਹਰਿ ਸਿਮਰਨ ਕਰੇ ਪਰਕਾਸ਼ ਅੰਧੇਰੇ ਅੰਧ, ਜੋਤੀ ਨੂਰ ਰੁਸ਼ਨਾਈਆ । ਹਰਿ ਸਿਮਰਨ ਢਾਏ ਦੂਈ ਦਵੈਤੀ ਝੂਠੀ ਕੰਧ, ਸ੍ਰਿਸ਼ਟ ਸਬਾਈ ਏਕਾ ਰੂਪ ਵਖਾਈਆ । ਹਰਿ ਸਿਮਰਨ ਉਪਜਾਏ ਪਰਮਾਨੰਦ, ਨਿਜਾਨੰਦ ਵੱਜੇ ਵਧਾਈਆ । ਹਰਿ ਸਿਮਰਨ ਰਸਨਾ ਤਜੇ ਝੂਠਾ ਗੰਦ, ਬਿਨ ਹਰਿ ਨਾਮੇ ਫਲ ਨਾ ਕੋਇ ਖਾਈਆ । ਹਰਿ ਸਿਮਰਨ ਸਦਾ ਪੁਨੀਤ ਜਨ, ਪਤਿਤ ਪਾਪੀ ਲਏ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਮਰਤ ਏਕਾ ਕੂਟ ਵਖਾਈਆ । ਏਕਾ ਕੂਟ ਏਕਾ ਦਿਸ਼ਾ, ਏਕਾ ਘਰ ਸੁਹਾਇੰਦਾ । ਏਕਾ ਹਰਿ ਪਾਏ ਹਿੱਸਾ, ਦੂਸਰ ਸੰਗ ਨਾ ਕੋਇ ਰਖਾਇੰਦਾ । ਜਗਤ ਤ੍ਰਿਸਨਾ ਮੇਟੇ ਤ੍ਰਿਖਾ, ਆਸਾ ਮਨਸਾ ਪੂਰ ਕਰਾਇੰਦਾ । ਜਿਸ ਜਨ ਸਿਮਰਨ ਪਾਏ ਲੇਖਾ, ਦੂਸਰ ਦਰ ਨਾ ਮੰਗਣ ਜਾਇੰਦਾ । ਗੁਰਮੁਖ ਵਿਰਲਾ ਸਿਖੇ ਸਾਚੀ ਸਿੱਖਾ, ਲੱਖ ਚੁਰਾਸੀ ਜੀਵ ਸਰਬ ਕੁਰਲਾਇੰਦਾ । ਹਰਿ ਕਾ ਸਿਮਰਨ ਡਾਹਡਾ ਤਿਖਾ, ਤਿਖੀ ਧਾਰ ਬਣਾਇੰਦਾ । ਨਾ ਕੋਈ ਵੇਖੇ ਵੱਡਾ ਨਿੱਕਾ, ਬਿਰਧ ਬਾਲ ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਆਪ ਉਠਾਇੰਦਾ । ਗੁਰਮੁਖ ਉਠ ਸਿਮਰੋ ਨਾਮ, ਸਿਮਰਨ ਵੇਲਾ ਆਈਆ । ਕਾਇਆ ਮਾਟੀ ਕਿਸੇ ਨਾ ਕਾਮ, ਝੂਠੀ ਕਾਇਆ ਪੂਜ ਪੁਜਾਈਆ । ਮਦਿਰਾ ਪੀ ਪੀ ਥੱਕਾ ਜਾਮ, ਅੰਮ੍ਰਿਤ ਰਸ ਨਾ ਕੋਇ ਚਖਾਈਆ । ਭੋਗੀ ਭੋਗ ਭੋਗਿਆ ਕਾਮ, ਕਾਮਨ ਤ੍ਰਿਸਨ ਨਾ ਕੋਇ ਗਵਾਈਆ । ਘਰ ਮਿਲਿਆ ਨਾ ਘਨੱਯਾ ਸ਼ਾਮ, ਬੰਸਰੀ

੬੩੦ ੧੦

ਨਾਮ ਨਾ ਕਿਸੇ ਵਜਾਈਆ । ਸੁਰਤੀ ਸੀਤਾ ਨਾ ਪਾਇਆ ਰਾਮ, ਬਣ ਬਣ ਬੈਠੀ ਦਏ ਦੁਹਾਈਆ । ਮਨ ਹੰਕਾਰੀ ਰਾਵਣ ਬਣਿਆ ਵਿਚ ਜਵਾਨ, ਆਪਣਾ ਬਲ ਰਿਹਾ ਵਖਾਈਆ । ਬਿਨ ਹਰਿ ਕੇ ਸਿਮਰਨ ਦੂਸਰ ਅਵਰ ਨਾ ਕੋਇ ਬਾਣ, ਜੋ ਲੰਕਾ ਗੜ੍ਹ ਦਏ ਤੁੜਾਈਆ । ਆਪਣੀ ਸੁਵਾਣੀ ਆਪੇ ਲਏ ਪਛਾਣ, ਸਮੁੰਦ ਸਾਗਰ ਖਾਈ ਪਾਰ ਕਰਾਈਆ । ਜਿਸ ਜਨ ਦੇਵੇ ਆਪਣਾ ਨਾਮ, ਸਿਮਰਨ ਸਾਚਾ ਦਏ ਸਮਝਾਈਆ । ਬਿਨ ਸਤਿਗੁਰ ਪੂਰੇ ਜੀਵਣ ਕਿਸੇ ਨਾ ਕਾਮ, ਲੱਖ ਚੁਰਾਸੀ ਗੇੜੇ ਵਿਚ ਰਖਾਈਆ । ਕਲਜੁਗ ਭੁੱਲੇ ਜੀਵ ਨਾਦਾਨ, ਹਰਿ ਕਾ ਭੇਵ ਕੋਇ ਨਾ ਪਾਈਆ । ਨੌਂ ਖੰਡ ਪ੍ਰਿਥਮੀ ਹੋਣਾ ਅੰਤ ਵੈਰਾਨ, ਜੋ ਦੀਸੇ ਦਿਸ ਨਾ ਆਈਆ । ਉਚ ਮਹੱਲੇ ਬੈਠੇ ਚੜ੍ਹ ਮਕਾਨ, ਏਕਾ ਭੁੱਲਿਆ ਰਾਮ ਸਾਚਾ ਮਾਹੀਆ । ਵੇਸਵਾ ਰੂਪ ਪੀਣ ਖਾਣ, ਜਗਤ ਵਿਭਚਾਰ ਰਹੇ ਹੰਢਾਈਆ । ਮਾਤ ਪੁੱਤਰ ਕਰੇ ਧਿਆਨ, ਭੈਣ ਭਈਆ ਰਹੀ ਤਕਾਈਆ । ਏਕਾ ਭੁੱਲਿਆ ਸ੍ਰੀ ਭਗਵਾਨ, ਸਾਚਾ ਮਾਰਗ ਨਜ਼ਰ ਨਾ ਆਈਆ । ਜਿਸ ਜਨ ਸਿਮਰਨ ਦੇਵੇ ਦਾਨ, ਸਿਮਰਤ ਆਪਣਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਮ ਆਪ ਸਮਝਾਈਆ । ਸਿਮਰੇ ਨਾਮ ਸਗਲ ਕਲੇਸ਼ ਜਾਏ ਲਥ, ਹਰਿ ਸਤਿਗੁਰ ਆਪ ਮਿਟਾਈਆ । ਏਕਾ ਪੂਜਾ ਏਕਾ ਪਾਠ, ਏਕਾ ਮੰਤਰ ਦਏ ਦ੍ਰਿੜਾਈਆ । ਇਕ ਕਿਨਾਰਾ ਤੀਰਥ ਤਾਟ, ਏਕਾ ਘਾਟ ਦਏ ਵਖਾਈਆ । ਇਕ ਸੁਣਾਏ ਸਾਚੀ ਗਾਥ, ਸੋ ਪੁਰਖ ਨਿਰੰਜਣ ਆਪ ਸੁਣਾਈਆ । ਹੰ ਬ੍ਰਹਮ ਚੜ੍ਹਾਏ ਆਪਣੇ ਰਾਥ, ਰਥ ਰਥਵਾਹੀ ਸੇਵ ਕਮਾਈਆ । ਲੇਖਾ ਜਾਣੇ ਤ੍ਰਿਲੋਕੀ ਨਾਥ, ਚੌਦਾਂ ਲੋਕ ਖੋਜ ਖੋਜਾਈਆ । ਮਾਤ ਧਰਾਏ ਤੱਤ ਆਠ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਮੇਲ ਮਿਲਾਈਆ । ਲਹਿਣਾ ਦੇਣਾ ਚੁੱਕੇ ਜ਼ਾਤ ਪਾਤ, ਜੋ ਜਨ ਰਸਨਾ ਰਾਮ ਵਸਾਈਆ । ਸਾਚਾ ਰਾਮ ਗ਼ਰੀਬ ਨਿਮਾਣਿਆਂ ਦੇਵੇ ਸਾਥ, ਬੇਰ ਭੀਲਣੀ ਆਪਣੇ ਮੁਖ ਪਾਈਆ । ਮੁਕੰਦ ਮਨੋਹਰ ਲੱਖਮੀ ਨਰਾਇਣ ਨਿਤਾਣ ਨਿਤਾਣਿਆਂ ਦੇਵੇ ਸਾਥ, ਬਿਦਰ ਸੁਦਾਮਾ ਗਲੇ ਲਗਾਈਆ । ਪੰਚਮ ਲਹਿਣਾ ਚੁਕਿਆ ਮਾਥ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਸਿਮਰਿਆ ਤਿਸ ਆਪਣਾ ਮੇਲ ਮਿਲਾਈਆ । ਸਿਮਰੋ ਰਾਮ ਹਰੀ ਹਰਿ ਨਰਾਇਣ, ਹਰਿਜਨ ਹਰਿ ਹਰਿ ਆਪ ਜਣਾਇੰਦਾ । ਦਰਸਨ ਪੇਖੋ ਆਪਣੇ ਨੈਣ, ਲੋਚਣ ਤੀਜਾ ਆਪ ਖੁਲ੍ਹਾਇੰਦਾ । ਚੌਥੇ ਘਰ ਮਿਲ ਮਿਲ ਬਹਿਣ, ਚੌਥਾ ਪਦ ਆਪ ਸਮਝਾਇੰਦਾ । ਪੰਚਮ ਚੁੱਕੇ ਲਹਿਣ ਦੇਣ, ਹਿਸਾਬ ਕਿਤਾਬ ਨਾ ਕੋਇ ਰਖਾਇੰਦਾ । ਛੇਵੇਂ ਮਿਲੇ ਸਾਕ ਸੱਜਣ ਸੈਣ, ਹਰਿ ਸਗਲਾ ਸੰਗ ਰਖਾਇੰਦਾ । ਸੱਤਵੇਂ ਸਤਿ ਸਤਿਵਾਦੀ ਆਏ ਲੈਣ, ਜੋ ਜਨ ਹਰਿ ਹਰਿ ਨਾਮ ਧਿਆਇੰਦਾ । ਸੰਤ ਸਤਿਗੁਰ ਧਾਮ ਇਕੱਠੇ ਬਹਿਣ, ਸਚਖੰਡ ਦਵਾਰਾ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਮੰਦਰ ਆਪ ਚੜ੍ਹਾਇੰਦਾ । ਸਾਚਾ ਮੰਦਰ ਉਚ ਅਟੱਲਾ, ਰਾਮ ਰਾਮਾ ਵੰਡ ਵੰਡਾਈਆ । ਆਦਿ ਜੁਗਾਦੀ ਬੈਠਾ ਇਕ ਇਕੱਲਾ, ਸਚ ਸਿੰਘਾਸਣ ਆਸਣ ਲਾਈਆ । ਸ਼ਬਦ ਸੰਦੇਸ ਜਨ ਭਗਤਾਂ ਆਪੇ ਘੱਲਾ, ਆਪਣਾ ਨਾਉਂ ਦਏ ਪਰਗਟਾਈਆ । ਪੰਜ ਤੱਤ ਕਾਇਆ ਚੋਲੇ ਰਲਾ, ਨਿਰਗੁਣ ਸਰਗੁਣ ਰੂਪ ਧਰਾਈਆ । ਸ੍ਰਿਸ਼ਟ ਸਬਾਈ ਭੁਲਾਏ ਕਰ ਕਰ ਵਲ ਛਲਾ, ਭੇਵ ਅਭੇਦ ਨਾ ਕੋਇ ਖੁਲ੍ਹਾਈਆ । ਗੁਰਮੁਖਾਂ ਸਚ ਸਿੰਘਸਣ ਮੱਲਾ, ਆਤਮ ਸੇਜਾ ਸੋਭਾ ਪਾਈਆ । ਦੀਪਕ ਜੋਤੀ ਏਕਾ ਬਲਾ, ਜੋਤ ਨਿਰੰਜਣ ਕਰੇ ਰੁਸ਼ਨਾਈਆ । ਦਰ ਦਰਵੇਸ਼ ਆਪੇ ਖਲਾ, ਦਰ ਦਰਬਾਨ ਰੂਪ ਵਟਾਈਆ । ਜਿਸ ਜਨ ਫੜਾਇਆ ਆਪਣਾ ਨਾਮ ਪੱਲਾ, ਦੋ ਜਹਾਨ ਵਿਛੜ ਕਦੇ ਨਾ ਜਾਈਆ । ਕਲਜੁਗ

੬੩੨ ੧੦

ਜੀਵ ਅੰਤਮ ਹੋਇਆ ਝੱਲਾ, ਵਿਸਰਿਆ ਏਕਾ ਹਰਿ ਰਘੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਸਾਚਾ ਵਰ, ਏਕਾ ਵਰ ਨਾਮ ਰਖਾਈਆ । ਰਾਮ ਨਾਮ ਪਾਇਆ ਵਰ ਘਰ, ਘਰ ਘਰ ਵਿਚ ਵੱਜੀ ਵਧਾਈਆ । ਸਿਮਰਤ ਸਿਮਰਤ ਸਿਮਰਤ ਚੁੱਕਿਆ ਡਰ, ਡਰ ਭੈ ਨਾ ਕੋਇ ਰਖਾਈਆ । ਮੇਲ ਮਿਲਾਇਆ ਪੁਰਖ ਨਰ, ਨਰ ਨਰਾਇਣ ਦਇਆ ਕਮਾਈਆ । ਬੰਦ ਕਿਵਾੜਾ ਖੋਲ੍ਹਿਆ ਦਰ, ਘਰ ਮੰਦਰ ਬੂਝ ਬੁਝਾਈਆ । ਆਪਣੇ ਪੌੜੇ ਜਾਣਾ ਚੜ੍ਹ, ਸਾਚਾ ਡੰਡਾ ਹੱਥ ਫੜਾਈਆ । ਅਧਵਿਚਕਾਰ ਨਾ ਜਾਏ ਅੜ, ਜੋ ਹਰਿ ਹਰਿ ਨਾਮ ਧਿਆਈਆ । ਸਤਿਗੁਰ ਪੂਰਾ ਹਾਜ਼ਰ ਹਜ਼ੂਰਾ ਕਾਇਆ ਬੰਕ ਡੂੰਘੀ ਭਵਰੀ ਲਏ ਫੜ, ਆਪ ਆਪਣਾ ਮੇਲ ਮਿਲਾਈਆ । ਨਾਤਾ ਤੋੜੇ ਸੀਸ ਧੜ, ਜਗਦੀਸ ਦਇਆ ਕਮਾਈਆ । ਬ੍ਰਹਮ ਪਾਰਬ੍ਰਹਮ ਜਾਏ ਰਲ, ਜੋਤੀ ਜਾਤਾ ਏਕਾ ਰੰਗ ਸਮਾਈਆ । ਏਕਾ ਸਿਮਰਨ ਆਏ ਕੰਮ, ਦੂਸਰ ਵਸਤ ਸੰਗ ਕੋਇ ਨਾ ਜਾਈਆ । ਕਲਜੁਗ ਜੀਵ ਵੇਲਾ ਅੰਤਮ ਮੰਨ, ਸੋਇਆਂ ਰੈਣ ਰਹੀ ਵਿਹਾਈਆ । ਨਾਤਾ ਤੁਟੇ ਅੰਤਮ ਛੱਪਰੀ ਛੰਨ, ਜਗਤ ਮੰਦਰ ਨਾ ਕੋਇ ਸਹਾਈਆ । ਜੂਠਾ ਝੂਠਾ ਦਿਸੇ ਧਨ ਧਨ, ਨਾਰ ਸੁਹਾਗਣ ਕੰਤ ਨਾ ਕੋਇ ਹੰਢਾਈਆ । ਗੁਰ ਕਾ ਸ਼ਬਦ ਸੁਣ ਲੈ ਕੰਨ, ਏਕਾ ਰਾਗ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਬੇੜਾ ਆਪ ਚਲਾਈਆ । ਜੁਗ ਜੁਗ ਬੇੜਾ ਆਪ ਚਲਾਇੰਦਾ, ਸਤਿਜੁਗ ਤ੍ਰੇਤਾ ਦੁਆਪਰ ਧਾਰ । ਕਲਜੁਗ ਅੰਤਮ ਰੂਪ ਵਟਾਇੰਦਾ, ਨਿਹਕਲੰਕਾ ਨੂਰ ਉਜਿਆਰ । ਸ਼ਬਦ ਡੰਕਾ ਇਕ ਵਜਾਇੰਦਾ, ਸ੍ਰਿਸ਼ਟ ਸਬਾਈ ਕਰੇ ਖ਼ਬਰਦਾਰ । ਰਾਓ ਰੰਕਾਂ ਆਪ ਜਗਾਇੰਦਾ, ਸ਼ਾਹ ਸੁਲਤਾਨਾ ਦਏ ਹੁਲਾਰ । ਸੋਇਆ ਕੋਇ ਰਹਿਣ ਨਾ ਪਾਇੰਦਾ, ਨਿਰਗੁਣ ਸਰਗੁਣ ਲੈ ਅਵਤਾਰ । ਕਾਲ ਮਹਾਕਾਲ ਆਪਣੇ ਨਾਲ ਰਖਾਇੰਦਾ, ਹੁਕਮੀ ਹੁਕਮ ਕਰੇ ਵਰਤਾਰ । ਵਿਸ਼ਨ ਬ੍ਰਹਮਾ ਸ਼ਿਵ ਆਪ ਜਗਾਇੰਦਾ, ਕਰੋੜ ਤੇਤੀਸਾ ਸੁਰਪਤ ਰਾਜਾ ਇੰਦ ਦਏ ਆਧਾਰ । ਲੋਕਮਾਤ ਵੇਖ ਵਖਾਇੰਦਾ, ਡੂੰਘਾ ਸਾਗਰ ਭਵਰੀ ਖਾਰ । ਲੱਖ ਚੁਰਾਸੀ ਖੇਲ ਖਿਲਾਇੰਦਾ, ਅੰਡਜ ਜੇਰਜ ਉਤਭੁਜ ਸੇਤਜ ਕਰਮੀ ਕਰਮ ਲਏ ਵਿਚਾਰ । ਕਾਗਦ ਕ਼ਲਮ ਨਾ ਲੇਖ ਲਿਖਾਇੰਦਾ, ਸਮੁੰਦਰ ਮਸ ਬਨਾਸਪਤ ਕਰੇ ਨਾ ਕੋਇ ਕਾਰ । ਚੌਦਾਂ ਭਾਰ ਨਾ ਵੰਡ ਵੰਡਾਇੰਦਾ, ਚੌਦਾਂ ਤਬਕਾਂ ਮਾਰੇ ਮਾਰ । ਏਕਾ ਖੰਡਾ ਨਾਮ ਹੱਥ ਉਠਾਇੰਦਾ, ਤਿਖੀ ਰੱਖੇ ਧਾਰ । ਬ੍ਰਹਿਮੰਡਾਂ ਆਪ ਚਮਕਾਇੰਦਾ, ਦੋ ਜਹਾਨਾਂ ਹੋ ਉਜਿਆਰ । ਗਗਨ ਪਾਤਾਲਾਂ ਵੇਖ ਵਖਾਇੰਦਾ, ਪ੍ਰਿਥਮੀ ਆਕਾਸ਼ ਵੇਖੇ ਅਖਾੜ । ਗੁਰਮੁਖ ਵਿਰਲੇ ਆਪ ਤਰਾਇੰਦਾ, ਜਿਸ ਜਨ ਦੇਵੇ ਨਾਮ ਆਧਾਰ । ਸਿਮਰ ਸਿਮਰ ਸਿਮਰ ਵਿਰਲਾ ਸੁਖ ਪਾਇੰਦਾ, ਜਿਸ ਹਿਰਦੇ ਵਸੇ ਆਪ ਨਿਰੰਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਵੇਸ ਹਰਿ, ਹਰਿਜਨ ਸਾਚੇ ਲਏ ਫੜ, ਨਾ ਕੋਈ ਸੀਸ ਨਾ ਕੋਈ ਧੜ, ਆਪਣਾ ਅੱਖਰ ਆਪੇ ਪੜ੍ਹ, ਆਪਣੀ ਵਿਦਿਆ ਆਪ ਜਣਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਕਰਨੀ ਆਪੇ ਕਰ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਸਚਖੰਡ ਨਿਵਾਸੀ ਸਚ ਸਿੰਘਾਸਣ ਬੈਠਾ ਚੜ੍ਹ, ਪੁਰਖ ਅਬਿਨਾਸ਼ੀ ਆਪਣਾ ਰੂਪ ਧਰਾਇੰਦਾ ।

੬੩੩ ੧੦

## ★ ੧੭ ਜੇਠ ੨੦੧੮ ਬਿਕ੍ਰਮੀ ਸਾਹਿਬ ਸਿੰਘ ਰਸਾਲ ਸਿੰਘ ਦੇ ਗ੍ਰਿਹ ਮਨਾਵਰ ਜੰਮੂ ★

ਸਤਿਜੁਗ ਤ੍ਰੇਤਾ ਦੁਆਪਰ ਉਤਰਿਆ ਪਾਰ, ਕਲਜੁਗ ਅੰਤਮ ਵੇਖ ਵਖਾਈਆ । ਜੁਗਾ ਜੁਗੰਤਰ ਖੇਲ ਅਪਾਰ, ਨਿਰਗੁਣ ਸਰਗੁਣ ਰੂਪ ਧਰਾਈਆ । ਗੁਰ ਗੁਰ ਲੈ ਮਾਤ ਅਵਤਾਰ, ਲੱਖ ਚੁਰਾਸੀ ਜੀਵਾਂ ਜੰਤਾਂ ਏਕਾ ਮੰਤਰ ਨਾਮ ਦ੍ਰਿੜਾਈਆ । ਕਲਜੁਗ ਅੰਤਮ ਖੇਲ ਅਪਾਰ, ਪੁਰਖ ਅਬਿਨਾਸ਼ੀ ਆਪ ਕਰਾਈਆ । ਪੰਜ ਤੱਤ ਕਾਇਆ ਚੋਲਾ ਕਰ ਪਸਾਰ, ਸਿੰਘ ਸ਼ੇਰ ਨਾਉਂ ਰਖਾਈਆ । ਅੰਤਮ ਨਾਤਾ ਤੋੜ ਸਰਬ ਸੰਸਾਰ, ਜੋਤੀ ਜੋਤ ਜੋਤ ਮਿਲਾਈਆ । ਸਚਖੰਡ ਨਿਵਾਸੀ ਸਾਚੇ ਤਖ਼ਤ ਬੈਠ ਸੱਚੀ ਸਰਕਾਰ, ਸਚ ਸਿੰਘਾਸਣ ਆਸਣ ਸੋਭਾ ਪਾਈਆ । ਇਕ ਇਕੱਲਾ ਅਗੰਮ ਅਪਾਰ, ਅਲਖ ਅਗੋਚਰ ਅਗੰਮ ਅਥਾਹ ਬੇਪਰਵਾਹ ਬੇਅੰਤ ਠਾਕਰ ਸਵਾਮੀ ਨਿਹਕਰਮੀ ਆਪਣਾ ਕਰਮ ਕਮਾਈਆ । ਜੋਤੀ ਜਾਤਾ ਪੁਰਖ ਬਿਧਾਤਾ ਏਕੰਕਾਰਾ ਹਰਿ ਨਿਰੰਕਾਰਾ, ਆਪਣਾ ਮੰਦਰ ਆਪ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਖਿਲਾਈਆ । ਕਰੇ ਖੇਲ ਸ੍ਰੀ ਭਗਵਾਨਾ, ਰੂਪ ਅਨੂਪ ਵਟਾਇੰਦਾ । ਸਿੰਘ ਸ਼ੇਰ ਪੰਜ ਤੱਤ ਮਕਾਨਾ, ਕਲਜੁਗ ਅੰਤਮ ਮੇਟ ਮਿਟਾਇੰਦਾ । ਨਿਰਗੁਣ ਘਰ ਨਿਰਗੁਣ ਹੋ ਪਰਧਾਨਾ, ਨਿਰਗੁਣ ਆਪਣੇ ਰੰਗ ਸਮਾਇੰਦਾ । ਪਾਰਬ੍ਰਹਮ ਪੁਰਖ ਸੁਲਤਾਨਾ, ਸ਼ਾਹ ਪਾਤਸ਼ਾਹ ਆਪਣਾ ਖੇਲ ਖਿਲਾਇੰਦਾ । ਲੇਖਾ ਜਾਣੇ ਦੋ ਜਹਾਨਾ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਗਗਨ ਪਾਤਾਲਾਂ ਜ਼ਿਮੀਂ ਅਸਮਾਨਾਂ ਉਤਭੁਜ ਸੇਤਜ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਵੇਸ ਵਟਾਇੰਦਾ । ਵੇਸ ਵਟਾਏ ਹਰਿ ਕਰਤਾਰਾ, ਰੂਪ ਅਨੂਪ ਵਟਾਈਆ । ਸ਼ੇਰ ਸਿੰਘ ਹਰਿ ਕਾ ਨਾਉਂ ਵਡ ਬਲਕਾਰਾ, ਸਿੰਘ ਸ਼ੇਰ ਹਰਿ ਆਪ ਅਖਵਾਈਆ । ਰੂਪ ਰੰਗ ਰੇਖ ਨਾ ਦਿਸੇ ਵਿਚ ਸੰਸਾਰਾ, ਤਤਵ ਤਤ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਬਲ ਆਪ ਧਰਾਈਆ । ਸ਼ਾਹ ਪਾਤਸ਼ਾਹ ਹਰਿ ਸਾਚਾ ਸ਼ੇਰ, ਸਿੰਘ ਆਪਣਾ ਰੂਪ ਧਰਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਲੱਖ ਚੁਰਾਸੀ ਰਿਹਾ ਘੇਰ, ਸਾਚਾ ਘੇਰਾ ਏਕਾ ਪਾਇੰਦਾ । ਗੁਰ ਗੋਬਿੰਦ ਰੂਪ ਹਰਿ ਸ਼ਬਦ ਦਲੇਰ, ਸ਼ਬਦ ਗੋਬਿੰਦ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਚੁਕਾਇੰਦਾ । ਹਰਿ ਕਾ ਸ਼ਬਦ ਗੋਬਿੰਦ ਧਾਰ, ਗੋਬਿੰਦ ਸ਼ਬਦ ਆਪ ਬਣਾਈਆ । ਨਾਨਕ ਨਿਰਗੁਣ ਪਾਏ ਸਾਰ, ਨਿਰਵੈਰ ਪੁਰਖ ਇਕ ਸਾਲਾਹੀਆ । ਅਜੂਨੀ ਰਹਿਤ ਕਰ ਪਿਆਰ, ਅਨਭਵ ਪਰਕਾਸ਼ ਧਰਾਈਆ । ਏਕਾ ਜੋਤੀ ਨੌਂ ਨੌਂ ਦਵਾਰ, ਨੌਂ ਨੌਂ ਲੇਖਾ ਦਏ ਚੁਕਾਈਆ । ਨੌਂ ਖੰਡ ਪ੍ਰਿਥਮੀ ਹੋ ਉਜਿਆਰ, ਏਕਾ ਡੰਕਾ ਸ਼ਬਦ ਵਜਾਈਆ । ਏਕਾ ਸੁਤ ਕਰੇ ਵਿਚਾਰ, ਨਾਮ ਸਤਿ ਵੇਖ ਵਖਾਈਆ । ਦਸ ਦਸ ਰੂਪ ਆਪ ਕਰਤਾਰ, ਆਪਣਾ ਭੇਵ ਦਏ ਖੁਲ੍ਹਾਈਆ । ਪੁਰਖ ਅਕਾਲਾ ਦੀਨ ਦਿਆਲਾ ਭਗਤ ਭਗਵੰਤ ਪਾਏ ਸਾਰ, ਦੁਸ਼ਟ ਦਮਨ ਦਏ ਵਡਿਆਈਆ । ਹੇਮ ਕੁੰਟ ਨਿਰਾਕਾਰ ਸਾਕਾਰ ਲਏ ਉਠਾਲ, ਬਾਲ ਅਵਾਣਾ ਆਪ ਸਮਝਾਈਆ । ਪੂਤ ਸਪੂਤਾ ਬਣ ਦਲਾਲ, ਗੁਜਰੀ ਵਖਾਏ ਏਕਾ ਲਾਲ, ਤੇਗ਼ ਬਹਾਦਰ ਦਏ ਵਡਿਆਈਆ । ਆਤਮ ਅੰਤਰ ਜੋਤ ਮਸਾਲ, ਬੇਮਿਸਾਲ ਆਪ ਜਗਾਈਆ । ਪਿਤਾ ਬਣਿਆ ਆਪ ਕਿਰਪਾਲ, ਤੱਤਵ ਗੁਣ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਜ ਤੱਤ ਕਾਇਆ ਅੰਦਰ ਵੜ, ਆਪਣਾ ਰੂਪ ਆਪ ਪਰਗਟਾਈਆ । ਪੰਜ ਤੱਤ ਕਾਇਆ ਚੋਲਾ ਗੁਰ ਗੋਬਿੰਦ, ਸੋ ਪੁਰਖ ਨਿਰੰਜਣ ਆਪ ਹੰਢਾਇੰਦਾ ।

ਹਰਿ ਪੁਰਖ ਨਿਰੰਜਣ ਮੇਟੇ ਸਗਲੀ ਚਿੰਦ, ਏਕੰਕਾਰਾ ਖੇਲ ਖਿਲਾਇੰਦਾ । ਆਦਿ ਨਿਰੰਜਣ ਜੋਤ ਜਗਾਏ ਸਾਚਾ ਚੰਦ, ਗੁਜਰੀ ਚੰਦ ਆਪ ਵਡਿਆਇੰਦਾ । ਅਬਿਨਾਸ਼ੀ ਕਰਤਾ ਆਪ ਬਣਾਏ ਆਪਣੀ ਬਿੰਦ, ਸ੍ਰੀ ਭਗਵਾਨ ਗੋਦ ਉਠਾਇੰਦਾ । ਪਾਰਬ੍ਰਹਮ ਸਦਾ ਬਖ਼ਸ਼ੰਦ, ਆਪਣੀ ਬਖ਼ਸ਼ਸ਼ ਆਪ ਕਰਾਇੰਦਾ । ਦਾਤਾ ਦਾਨੀ ਗੁਣੀ ਗਹਿੰਦ, ਗਹਿਰ ਗੰਭੀਰ ਪੰਜ ਤੱਤ ਕਾਇਆ ਵੇਖ ਸ਼ਰੀਰ, ਅੰਦਰ ਮੰਦਰ ਆਪਣਾ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਗੋਬਿੰਦ ਮੇਲਾ ਮੇਲ ਮਿਲਾਇੰਦਾ । ਗੋਬਿੰਦ ਮੇਲਾ ਹਰਿ ਨਿਰੰਕਾਰਾ, ਏਕਾ ਦੂਜਾ ਭੌ ਚੁਕਾਈਆ । ਪਿਤਾ ਪੂਤ ਇਕ ਆਧਾਰਾ, ਪੂਤ ਸਪੂਤਾ ਗੋਦ ਉਠਾਈਆ । ਏਕਾ ਜਾਮ ਏਕਾ ਨਾਮ ਏਕਾ ਅੰਮ੍ਰਿਤ ਠੰਡਾ ਠਾਰਾ, ਭਰ ਪਿਆਲਾ ਆਪ ਪਿਆਈਆ । ਏਕਾ ਦਰ ਇਕ ਦਰਬਾਰਾ, ਇਕ ਘਰ ਬਾਰਾ ਰਿਹਾ ਵਖਾਈਆ । ਸਾਚੇ ਤਖ਼ਤ ਬਹੇ ਸੱਚੀ ਸਰਕਾਰਾ, ਸ਼ਾਹ ਪਾਤਸ਼ਾਹ ਆਪ ਅਖਵਾਈਆ । ਸ਼ਬਦ ਅਗੰਮੀ ਬੋਲ ਜੈਕਾਰਾ, ਏਕਾ ਵਾਰ ਦਏ ਸੁਣਾਈਆ । ਤੇਰਾ ਮੇਰਾ ਸੰਗ ਨਿਆਰਾ, ਲੱਖ ਚੁਰਾਸੀ ਵੇਖ ਨਾ ਸਕੇ ਕੋਇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਚੇਲਾ ਰੂਪ ਧਰਾਈਆ । ਚੇਲਾ ਗੁਰ ਖੇਲ ਅਵੱਲਾ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਗੋਬਿੰਦ ਮੇਲਾ ਇਕ ਇਕੱਲਾ, ਦਿਸ ਕਿਸੇ ਨਾ ਆਇੰਦਾ । ਸਰਗੁਣ ਅੰਦਰ ਨਿਰਗੁਣ ਫੜਿਆ ਪੱਲਾ, ਨਿਰਗੁਣ ਸਰਗੁਣ ਆਪਣੇ ਰੰਗ ਸਮਾਇੰਦਾ । ਵਸਣਹਾਰਾ ਨਿਹਚਲ ਧਾਮ ਅਟੱਲਾ, ਗੋਬਿੰਦ ਖੇੜਾ ਆਪ ਸੁਹਾਇੰਦਾ । ਸਚ ਸੰਦੇਸ ਏਕਾ ਘੱਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਆਪ ਰੰਗਾਇੰਦਾ । ਰੰਗ ਰੰਗਾਏ ਹਰਿ ਕਰਤਾਰਾ, ਏਕਾ ਰੰਗ ਮਜੀਠ ਚੜ੍ਹਾਈਆ । ਉਤਰ ਨਾ ਜਾਏ ਵਿਚ ਸੰਸਾਰਾ, ਅਨਡੀਠ ਰੀਤ ਚਲਾਈਆ । ਠਾਂਡਾ ਸੀਤ ਸਤਿ ਦਰਬਾਰਾ, ਸਚਖੰਡ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਗੁਰ ਲਿਖਿਆ ਧੁਰ, ਧੁਰ ਲੇਖਾ ਆਪ ਜਣਾਈਆ । ਧੁਰ ਧੁਰ ਲੇਖ ਸ੍ਰੀ ਭਗਵਾਨਾ, ਗੁਰ ਗੋਬਿੰਦ ਆਪ ਜਣਾਇੰਦਾ । ਖੇਲੇ ਖੇਲ ਵਿਚ ਜਹਾਨਾ, ਦੋ ਜਹਾਨੀ ਖੇਲ ਖਿਲਾਇੰਦਾ । ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਊਚ ਨੀਚ ਰਾਓ ਰੰਕ ਰਾਜ ਰਾਜਾਨ, ਸ਼ਾਹ ਸੁਲਤਾਨ ਕਰ ਪਰਵਾਨਾ, ਏਕਾ ਏਕ ਦਰ ਵਖਾਇੰਦਾ । ਅੰਮ੍ਰਿਤ ਆਤਮ ਪੀਣਾ ਖਾਣਾ, ਸੱਚਾ ਖੰਡਾ ਨਾਮ ਫਰਾਨਾ, ਏਕਾ ਰਸੀਆ ਰਸ ਵਖਾਇੰਦਾ । ਅੰਦਰ ਮੰਦਰ ਅਨਹਦ ਗਾਣਾ, ਧੁਰ ਦਾ ਨਾਦੀ ਨਾਦ ਵਜਾਣਾ, ਬ੍ਰਹਮ ਨਾਦ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਏਕਾ ਗੁਣ ਸਮਝਾਇੰਦਾ । ਏਕਾ ਗੁਣ ਗੁਰ ਗੋਬਿੰਦ, ਸੋ ਪੁਰਖ ਨਿਰੰਜਣ ਆਪ ਜਣਾਈਆ । ਲੇਖਾ ਜਾਣੇ ਸ੍ਰਿਸ਼ਟ ਹਿੰਦ, ਹਿੰਦ ਸ੍ਰਿਸ਼ਟ ਰੂਪ ਧਰਾਈਆ । ਗੁਰਮੁਖ ਬਣਾਏ ਆਪਣੀ ਬਿੰਦ, ਪੰਚਮ ਮੇਲਾ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਹਰਿ ਖੇਲ ਖਿਲਾਇਆ, ਗੋਬਿੰਦ ਡੰਕਾ ਇਕ ਵਜਾਇੰਦਾ । ਫਤਿਹ ਜੈਕਾਰਾ ਇਕ ਲਗਾਇਆ, ਵਾਹਵਾ ਗੁਰੂ ਆਪ ਸੁਣਾਇੰਦਾ । ਪੁਰਖ ਅਕਾਲ ਇਕ ਸਮਝਾਇਆ, ਸ੍ਰਿਸ਼ਟ ਸਬਾਈ ਬੂਝ ਬੁਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੁਰ ਖੇਲ ਆਪ ਖਿਲਾਇੰਦਾ । ਗੁਰ ਗੁਰ ਖੇਲ ਖਿਲਾਇਆ, ਪੁਰੀ ਅਨੰਦ ਵੱਜੀ ਵਧਾਈਆ । ਅੰਤਮ ਲੇਖਾ ਦਏ ਚੁਕਾਇਆ, ਸਰਸਾ ਪਾਰ ਕਰਾਈਆ । ਗੜ੍ਹੀ ਚਮਕੌਰ ਡੇਰਾ ਲਾਇਆ, ਧੁਰ ਫ਼ਰਮਾਨਾ ਆਪ ਜਣਾਈਆ । ਸੂਲਾਂ ਸੱਥਰ ਦਏ ਸਵਾਇਆ, ਸਚ ਸੰਦੇਸਾ ਇਕ ਜਣਾਈਆ ।

੬੩੪
੧੦

ਯਾਰੜਾ ਸੱਥਰ ਮਾਤ ਹੰਢਾਇਆ, ਤੇਰੇ ਦਰ ਵੱਜੇ ਵਧਾਈਆ । ਪੁਰਖ ਅਬਿਨਾਸ਼ੀ ਦਇਆ ਕਮਾਇਆ, ਆਦਿ ਜੁਗਾਦਿ ਹੋਏ ਸਹਾਈਆ । ਪੂਤ ਸਪੂਤ ਗੋਦ ਬਹਾਇਆ, ਏਕਾ ਰੰਗ ਰਿਹਾ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਅੱਖਰ ਦਏ ਪੜ੍ਹਾਈਆ । ਏਕਾ ਅੱਖਰ ਸ੍ਰੀ ਭਗਵੰਤ, ਗੁਰ ਗੋਬਿੰਦ ਆਪ ਜਣਾਇੰਦਾ । ਤੇਰਾ ਨਾਉਂ ਸਾਚਾ ਮੰਤ, ਲੱਖ ਚੁਰਾਸੀ ਆਪ ਸਮਝਾਇੰਦਾ । ਤੇਰਾ ਰੂਪ ਤੇਰਾ ਕੰਤ, ਤੇਰੀ ਸੇਜ ਹੰਢਾਇੰਦਾ । ਤੇਰਾ ਚੋਲਾ ਇਕ ਬਸੰਤ, ਪਾਰਬ੍ਰਹਮ ਆਪ ਰਖਾਇੰਦਾ । ਕਲਜੁਗ ਤੇਰਾ ਵੇਖੇ ਅੰਤ, ਰੂਪ ਅਨੂਪ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ ਇਕ ਸੁਣਾਇੰਦਾ । ਸਚ ਸੰਦੇਸਾ ਹਰਿ ਸੁਣਾਇਆ, ਗੁਰ ਗੋਬਿੰਦ ਦਏ ਵਡਿਆਈਆ । ਤੇਰੀ ਸੂਲਾਂ ਸੱਥਰ ਆਪਣੇ ਲੇਖੇ ਲਾਇਆ, ਲਿਖਿਆ ਲੇਖਾ ਭੁਲ ਕਦੇ ਨਾ ਜਾਈਆ । ਕਲਜੁਗ ਅੰਤਮ ਵੇਖ ਵਖਾਇਆ, ਤੇਰਾ ਨਾਉਂ ਕਰੇ ਰੁਸ਼ਨਾਈਆ । ਤੇਰੇ ਨਗਰ ਡੇਰਾ ਲਾਇਆ, ਸੰਬਲ ਵੱਜੇ ਵਧਾਈਆ । ਤੇਰਾ ਰੂਪ ਸ਼ਬਦੀ ਲਏ ਬਣਾਇਆ, ਦੂਜੀ ਵਾਰ ਜੰਮੇ ਨਾ ਕੋਇ ਮਾਈਆ । ਪੁਰਖ ਅਕਾਲ ਤੇਰੇ ਸਿਰ ਹੱਥ ਟਿਕਾਇਆ, ਸਮਰਥ ਦਏ ਗਵਾਹੀਆ । ਸਤਿਗੁਰ ਪੂਰਾ ਮਾਤ ਗਰਭ ਵਿਚ ਕਦੇ ਨਾ ਆਇਆ, ਜਨਮ ਮਰਨ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਦਏ ਜਣਾਈਆ । ਗੁਰ ਗੋਬਿੰਦ ਸੁਣ ਸੰਦੇਸ, ਹਰਿ ਹਰਿ ਸੀਸ ਝੁਕਾਇਆ । ਤੂੰ ਦਾਤਾ ਦਾਨੀ ਨਰ ਨਰੇਸ਼, ਆਦਿ ਅੰਤ ਤੇਰੀ ਵਡਿਆਇਆ । ਕੋਟਨ ਕੋਟ ਤੇਰੇ ਦਰ ਖੜੇ ਵਿਸ਼ਨ ਬ੍ਰਹਮਾ ਮਹੇਸ਼, ਬੈਠੇ ਸੀਸ ਝੁਕਾਇਆ । ਤੇਰੀ ਮਹਿਮਾ ਗਾਏ ਸਹੰਸਰ ਮੁਖ ਸ਼ੇਸ਼, ਦੋ ਸਹੰਸਰ ਜਿਹਵਾ ਹਿਲਾਇਆ । ਸਤਿ ਪੁਰਖ ਨਿਰੰਜਣ ਤੇਰੇ ਦਰ ਸਦਾ ਆਦੇਸ, ਤੇਰਾ ਅੰਤ ਕਿਸੇ ਨਾ ਪਾਇਆ । ਕਵਣ ਤੇਰਾ ਵੇਲਾ ਕਵਣ ਰੰਗ ਮੈਂ ਲਵਾਂ ਵੇਖ, ਕਵਣ ਥਾਨ ਦਏ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮੇਲਾ ਲਏ ਮਿਲਾਇਆ । ਪੁਰਖ ਅਬਿਨਾਸ਼ ਸੁਣਾਇੰਦਾ, ਗੁਰ ਗੋਬਿੰਦ ਕਰ ਧਿਆਨ । ਸਾਢੇ ਤਿੰਨ ਹੱਥ ਮੰਦਰ ਇਕ ਬਣਾਇੰਦਾ, ਤੇਰਾ ਨਾਮ ਝੁਲਾਏ ਸਚ ਨਿਸ਼ਾਨ । ਸ਼ਬਦੀ ਤੇਰਾ ਡੰਕ ਵਜਾਇੰਦਾ, ਸ਼ਬਦ ਰੂਪ ਨੌਜਵਾਨ । ਆਪਣਾ ਨਾਮ ਤੇਰਾ ਖੰਡਾ ਮਾਤ ਚਮਕਾਇੰਦਾ, ਨਾ ਕੋਈ ਘੜੇ ਲੋਹਾਰ ਤਰਖਾਨ । ਪੁਰਖ ਅਕਾਲ ਤੇਰਾ ਸੰਗ ਨਿਭਾਇੰਦਾ, ਸਿੰਘ ਸ਼ੇਰ ਬੁੱਕੇ ਵਿਚ ਜੰਗਲ ਜੂਹ ਬੀਆਬਾਨ । ਲੱਖ ਚੁਰਾਸੀ ਆਪ ਡਰਾਇੰਦਾ, ਮੇਟ ਮਿਟਾਏ ਰਾਜ ਰਾਜਾਨ । ਸ਼ਾਹ ਸੁਲਤਾਨਾਂ ਖ਼ਾਕ ਮਿਲਾਇੰਦਾ, ਗੋਬਿੰਦ ਸੂਰਾ ਬਣੇ ਇਕ ਹੁਕਮਰਾਨ । ਗੋਬਿੰਦ ਰੂਪ ਨਜ਼ਰ ਕਿਸੇ ਨਾ ਆਇੰਦਾ, ਗੁਰਮੁਖ ਵਿਰਲਾ ਕਰੇ ਪਹਿਚਾਨ । ਰੂਪ ਰੰਗ ਰੇਖ ਨਾ ਕੋਇ ਰਖਾਇੰਦਾ, ਕਲਜੁਗ ਅੰਤਮ ਲੱਖ ਚੁਰਾਸੀ ਹੋਈ ਹੈਰਾਨ । ਲਿਖਣ ਪੜ੍ਹਨ ਵਿਚ ਨਾ ਆਇੰਦਾ, ਚਾਰੇ ਵੇਦ ਪੁਰਾਨ ਅਠਾਰਾਂ ਸ਼ਾਸਤਰ ਸਿਮਰਤ ਅੰਜੀਲ ਕੁਰਾਨਾ ਦਿਸੇ ਨਾ ਕੋਇ ਨਿਸ਼ਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਸੂਰਾ ਏਕਾ ਸ਼ਬਦ ਉਠਾਏ ਬਲੀ ਬਲਵਾਨ । ਹਰਿ ਸ਼ਬਦ ਸੂਰਬੀਰ ਸੁਲਤਾਨਾ, ਗੋਬਿੰਦ ਰੂਪ ਵਟਾਈਆ । ਗੋਬਿੰਦ ਮਹਾਂਬਲੀ ਨੌਜਵਾਨਾ, ਨਾ ਮਰੇ ਨਾ ਜਾਈਆ । ਏਕਾ ਚਿੱਲਾ ਫੜੇ ਤੀਰ ਕਮਾਨਾ, ਤਿਖੀ ਮੁਖੀ ਧਾਰ ਰਖਾਈਆ । ਮਾਰੇ ਮਾਰ ਦੋ ਜਹਾਨਾ, ਵਿਸ਼ਨ ਬ੍ਰਹਮਾ ਸ਼ਿਵ ਪਏ ਦੁਹਾਈਆ । ਕਰੋੜ ਤੇਤੀਸ ਸਰਬ ਕੁਰਲਾਨਾ, ਸੁਰਪਤ ਰਾਜਾ ਇੰਦ ਨੇਤਰ ਨੈਣਾਂ ਨੀਰ ਵਹਾਈਆ । ਕਲਜੁਗ ਅੰਤ ਕਰੇ ਵੈਰਾਨਾ, ਨਿਰਗੁਣ ਜੋਤ ਹਰਿ ਰੁਸ਼ਨਾਈਆ । ਨਿਹਕਲੰਕ ਰੱਖੇ ਨਾਉਂ ਸ੍ਰੀ ਭਗਵਾਨਾ, ਭਗਵਨ ਆਪਣਾ ਭੇਵ ਚੁਕਾਈਆ । ਗੋਬਿੰਦ ਮਰਦ

ਮਰਦ ਮਰਦਾਨਾ, ਸਚ ਮਰਦਾਨਗੀ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਸੂਰਾ ਮੇਲਾ ਹਰਿ, ਦੂਜਾ ਅਵਰ ਨਾ ਕੋਇ ਵਖਾਈਆ । ਦੂਜਾ ਅਵਰ ਨਾ ਕੋਈ ਦੋਆ, ਇਕ ਇਕੱਲਾ ਖੇਲ ਖਿਲਾਇੰਦਾ । ਗੋਬਿੰਦ ਗੋਬਿੰਦ ਜੇਹਾ ਹੋਇਆ, ਗੋਬਿੰਦ ਗੋਬਿੰਦ ਵਿਚ ਸਮਾਇੰਦਾ । ਨਾ ਜਨਮੇ ਨਾ ਕਦੇ ਮੋਆ, ਜਨਮ ਮਰਨ ਵਿਚ ਨਾ ਆਇੰਦਾ । ਆਲਸ ਨਿੰਦਰਾ ਵਿਚ ਕਦੇ ਨਾ ਸੋਇਆ, ਸੋ ਗੁਰ ਗੋਬਿੰਦ ਨਾਉਂ ਧਰਾਇੰਦਾ । ਕਲਜੁਗ ਅੰਤਮ ਲੈ ਕੇ ਆਇਆ ਢੋਆ, ਲੱਖ ਚੁਰਾਸੀ ਆਪ ਉਠਾਇੰਦਾ । ਨਾਨਕ ਬੀਜ ਏਕਾ ਬੋਇਆ, ਚਾਰ ਵਰਨਾਂ ਮੇਲ ਮਿਲਾਇੰਦਾ । ਦੁਰਮਤ ਮੈਲ ਸਭ ਦੀ ਧੋਇਆ, ਜੋ ਜਨ ਰਸਨਾ ਜਿਹਵਾ ਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਗੋਬਿੰਦ ਆਪ ਮਿਲਾਇੰਦਾ । ਗੋਬਿੰਦ ਆਇਆ ਲੋਕਮਾਤ ਜਗ, ਨੇਤਰ ਨਜ਼ਰ ਕਿਸੇ ਨਾ ਆਈਆ । ਪਟਨੇ ਵਾਲਾ ਵਸੇ ਉਪਰ ਸ਼ਾਹ ਰਗ, ਨੌਂ ਦਵਾਰੇ ਪੰਧ ਮੁਕਾਈਆ । ਅੱਠੇ ਪਹਿਰ ਜੋਤ ਰਹੀ ਜਗ, ਅੰਧ ਅੰਧੇਰ ਚੁਕਾਈਆ । ਕਲਜੁਗ ਜੀਵ ਬਣੇ ਕੱਗ, ਹਰਿ ਕਾ ਨਾਮ ਆਤਮ ਰਸ ਨਾ ਕੋਇ ਖਾਈਆ । ਤ੍ਰੈਗੁਣ ਅਗਨੀ ਰਹੇ ਮਘ, ਪੰਜ ਤੱਤ ਕਾਇਆ ਹੋਈ ਹਲਕਾਈਆ । ਗੁਰ ਗੋਬਿੰਦ ਕੋਲੋਂ ਹੋ ਕੇ ਬੈਠੇ ਅੱਡ, ਘਰ ਮਿਲੇ ਨਾ ਸਾਚਾ ਮਾਹੀਆ । ਗੁਰ ਗੋਬਿੰਦ ਗੁਰਸਿਖਾਂ ਸਦਾ ਸਦਾ ਲਡਾਏ ਲਾਡ, ਆਪ ਆਪਣੀ ਗੋਦ ਬਹਾਈਆ । ਪਟਨੇ ਵਾਲਾ ਜਿਸ ਜਨ ਰੱਖਿਆ ਯਾਦ, ਤਿਸ ਮੇਲੇ ਸਹਿਜ ਸੁਭਾਈਆ । ਆਦਿ ਜੁਗਾਦਿ ਗੁਰ ਸ਼ਬਦ ਸੁਣੇ ਫ਼ਰਿਯਾਦ, ਸ਼ਬਦੀ ਗੁਰ ਪੰਜ ਤੱਤ ਕਾਇਆ ਚੋਲਾ ਜਗਤ ਮਾਤ ਹੰਢਾਈਆ । ਗੁਰ ਕਾ ਨਾਉਂ ਅਗੰਮੀ ਨਾਦ, ਗੋਬਿੰਦ ਤਾਰ ਸਤਾਰ ਨਾ ਕੋਇ ਹਿਲਾਈਆ । ਗੋਬਿੰਦ ਵਸੇ ਸਦਾ ਬ੍ਰਹਿਮਾਦਿ, ਘਟ ਘਟ ਆਪਣਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਟਨੇ ਵਾਲਾ ਦਏ ਸਮਝਾਈਆ । ਪਟਨੇ ਵਾਲਾ ਕਲਗੀ ਧਰ, ਕਲ ਕਲਕੀ ਅਵਤਾਰ ਅਖਵਾਇੰਦਾ । ਪੁਰਖ ਅਬਿਨਾਸ਼ੀ ਲਿਆ ਵਰ, ਘਰ ਸਾਚਾ ਮੇਲ ਮਿਲਾਇੰਦਾ । ਰੂਪ ਨਾ ਕੋਇ ਨਾਰੀ ਨਰ, ਨਰ ਨਰਾਇਣ ਜੋਤ ਧਰਾਇੰਦਾ । ਸਚ ਮਹੱਲੇ ਬੈਠਾ ਚੜ੍ਹ, ਤਖ਼ਤ ਨਿਵਾਸੀ ਸਾਚੇ ਤਖ਼ਤ ਆਸਣ ਲਾਇੰਦਾ । ਸ਼ੇਰ ਰੂਪ ਹੋ ਨਾ ਜਾਏ ਡਰ, ਸਿੰਘ ਆਪਣੀ ਭਬਕ ਵਖਾਇੰਦਾ । ਆਪਣੀ ਕਰਨੀ ਆਪੇ ਕਰ, ਕਰਤਾ ਪੁਰਖ ਖੇਲ ਖਿਲਾਇੰਦਾ । ਗੁਰ ਗੋਬਿੰਦ ਵਸੇ ਘਰ ਘਰ, ਕਾਇਆ ਖੇੜਾ ਆਸਣ ਲਾਇੰਦਾ । ਜੋ ਜਨ ਜੀਂਵਦਿਆਂ ਹੀ ਜਾਏ ਮਰ, ਤਿਸ ਗੁਰ ਆਪਣਾ ਬੰਧਨ ਪਾਇੰਦਾ । ਬਜਰ ਕਪਾਟੀ ਖੋਲ੍ਹ ਕਿਵਾੜ, ਆਪਣਾ ਮੰਦਰ ਆਪ ਵਖਾਇੰਦਾ । ਰਾਤੀਂ ਸੁੱਤਿਆਂ ਦਰਸ ਦਿਖਾਏ ਅੱਗੇ ਖੜ੍ਹ, ਆਲਸ ਨਿੰਦਰਾ ਆਪ ਮਿਟਾਇੰਦਾ । ਕਲਗੀ ਤੋੜਾ ਸੀਸ ਜਗਦੀਸ ਸਾਚੇ ਧਰ, ਨੀਲਾ ਨੀਲੀ ਧਾਰੋਂ ਪਾਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਆਪਣਾ ਰੂਪ ਰਖਾਇੰਦਾ । ਗੋਬਿੰਦ ਰੰਗ ਰੰਗ ਗੁਰ ਗੋਬਿੰਦ, ਗੋਬਿੰਦ ਗੋਬਿੰਦ ਮੇਲ ਮਿਲਾਈਆ । ਗੋਬਿੰਦ ਦਾਤਾ ਗੁਣੀ ਗਹਿੰਦ, ਗੋਬਿੰਦ ਗਹਿਰ ਗੰਭੀਰ ਸਮਾਈਆ । ਗੋਬਿੰਦ ਮੇਟੇ ਸਗਲੀ ਚਿੰਦ, ਗੋਬਿੰਦ ਏਕਾ ਰੰਗ ਰੰਗਾਈਆ । ਗੋਬਿੰਦ ਕਰਾਏ ਆਪਣੀ ਨਿੰਦ, ਨਿੰਦਕ ਨਿੰਦਿਆ ਮੁਖ ਸਾਲਾਹੀਆ । ਜਿਸ ਜਨ ਹੋਏ ਆਪ ਬਖ਼ਸ਼ੰਦ, ਅੰਮ੍ਰਿਤ ਧਾਰਾ ਸਾਗਰ ਸਿੰਧ ਆਪ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਆਪ ਉਠਾਈਆ । ਪਟਨੇ ਵਾਲਾ ਸ਼ਾਹ ਸੁਲਤਾਨਾ, ਏਕਾ ਗੁਰ ਅਖਵਾਇੰਦਾ । ਲੱਖ ਚੁਰਾਸੀ ਵੇਖੇ ਮਾਰ ਧਿਆਨਾ, ਬਚਿਆ ਕੋਇ ਰਹਿਣ ਨਾ ਪਾਇੰਦਾ । ਸਚਖੰਡ

੬੩੬
੧੦

ਝੁਲਾਏ ਧਰਮ ਨਿਸ਼ਾਨਾ, ਅਧਰਮ ਰੂਪ ਨਾ ਕੋਇ ਬਣਾਇੰਦਾ । ਸਚ ਸੰਦੇਸਾ ਧੁਰ ਫ਼ਰਮਾਨਾ, ਆਪਣਾ ਨਾਉਂ ਆਪ ਪਰਗਟਾਇੰਦਾ । ਹਰਿਜਨ ਸਾਚੇ ਸੁਣਾਏ ਸਾਚਾ ਗਾਨਾ, ਨਾਦ ਅਨਾਦੀ ਨਾਦ ਵਜਾਇੰਦਾ । ਅਨਹਦ ਸ਼ਬਦ ਖੇਲ ਮਹਾਨਾ, ਅਨਹਤ ਆਪਣਾ ਭੇਵ ਚੁਕਾਇੰਦਾ । ਆਤਮ ਸੇਜਾ ਕਰ ਪਰਵਾਨਾ, ਸਾਚਾ ਬੰਕ ਸੁਹਾਇੰਦਾ । ਸਰਗੁਣ ਅੰਦਰ ਨਿਰਗੁਣ ਹੋ ਪਰਧਾਨਾ, ਗੋਬਿੰਦ ਆਪਣਾ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਟਨੇ ਵਾਲਾ ਸਾਚਾ ਮਾਹੀ, ਘਟ ਘਟ ਅੰਦਰ ਬੈਠਾ ਸੇਜ ਵਿਛਾਈ, ਗੁਰਮੁਖ ਵਿਰਲੇ ਨਜ਼ਰੀ ਆਈ, ਦੂਸਰ ਦਿਸ ਕਿਸੇ ਨਾ ਆਇੰਦਾ । ਨਾ ਦੀਸੇ ਨਾ ਦੇਖਿਆ, ਦੇਖਣਹਾਰਾ ਗੋਪਾਲ । ਗੁਰ ਗੋਬਿੰਦ ਤੇਰੀ ਕੋਈ ਕਿਆ ਕਰੇ ਪਰੀਖਿਆ, ਤੇਰਾ ਖੇਲ ਬੇਮਿਸਾਲ । ਗੁਰਸਿਖਾਂ ਕੋਲੋਂ ਮੰਗੀ ਭਿਖਿਆ, ਪੰਜ ਪਿਆਰੇ ਬਣਾਏ ਦਲਾਲ । ਏਕਾ ਰੰਗ ਰੰਗਾਇਆ ਹਸਤ ਕੀਟਿਆ, ਇਕ ਵਖਾਈ ਸੱਚੀ ਧਰਮਸਾਲ । ਅੰਮ੍ਰਿਤ ਜਾਮ ਪਿਆਏ ਅਨਡੀਠਿਆ, ਪ੍ਰੇਮ ਪਤਾਸਾ ਦੇਵੇਂ ਡਾਲ । ਹੋਏ ਸਰੂਰ ਏਕਾ ਵਾਰ ਪੀਤਿਆਂ, ਆਤਮ ਅੰਦਰ ਵਖਾਏਂ ਸਾਚਾ ਲਾਲ । ਕਲਜੁਗ ਅੰਤਮ ਤੇਰੀ ਅਚਰਜ ਰੀਤਿਆ, ਸ਼ਬਦੀ ਰੂਪ ਗੁਰ ਗੋਬਿੰਦ ਮਿਲੇ ਵਡਿਆਈ ਗੁਜਰੀ ਲਾਲ । ਦਰ ਠਾਂਡੇ ਵਸੇਂ ਸੀਤਿਆ, ਸਚਖੰਡ ਸੱਚੀ ਧਰਮਸਾਲ । ਪਤਿਤ ਪਾਪੀ ਕਰੇਂ ਪੁਨੀਤਿਆ, ਜਿਸ ਜਨ ਦੇਵੇਂ ਦਰਸ ਦਿਖਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਵਸੇ ਏਕਾ ਘਰ, ਆਪਣੀ ਘਾਲਨ ਸਾਚੀ ਘਾਲ ।

੬੩੭ ੧੦

ਖਿਮਾਂ ਗ਼ਰੀਬੀ ਠਾਕਰ ਘਰ, ਹਰਿ ਠਾਕਰ ਸਚ ਸਮਝਾਇੰਦਾ । ਨਿਵਣ ਸੋ ਅੱਖਰ ਵੇਸ ਕਰ, ਹਰਿ ਕੰਤ ਮੇਲ ਮਿਲਾਇੰਦਾ । ਆਵਣ ਜਾਵਣ ਚੁੱਕੇ ਡਰ, ਨਿਰਭੌ ਭੈ ਅਵਰ ਨਾ ਕੋਇ ਰਖਾਇੰਦਾ । ਗੁਰਮੁਖ ਨਾਰੀ ਏਕਾ ਵਾਰੀ ਲਏ ਵਰ, ਕੰਤ ਸੁਹਾਗ ਆਪਣਾ ਰੰਗ ਰੰਗਾਇੰਦਾ । ਕਾਇਆ ਚੋਲੀ ਰੰਗ ਜਾਏ ਚੜ੍ਹ, ਸ਼ਬਦ ਲਲਾਰੀ ਆਪ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖਿਮਾਂ ਗ਼ਰੀਬੀ ਆਪਣੇ ਰੂਪ ਸਮਾਇੰਦਾ । ਖਿਮਾਂ ਗ਼ਰੀਬੀ ਹਰਿ ਕਾ ਭਾਓ, ਹਰਿ ਭਗਤਨ ਝੋਲੀ ਪਾਇੰਦਾ । ਏਕਾ ਮਾਰਗ ਦੱਸੇ ਸੱਚਾ ਰਾਹੋ, ਹਰਿ ਮੰਤਰ ਨਾਮ ਦ੍ਰਿੜਾਇੰਦਾ । ਫੜ ਫੜ ਹੰਸ ਬਣਾਏ ਕਾਉਂ, ਸੋਹੰ ਹੰਸਾ ਮਾਣਕ ਮੋਤੀ ਚੋਗ ਚੁਗਾਇੰਦਾ । ਸਦਾ ਸੁਹੇਲਾ ਬਣੇ ਪਿਤਾ ਮਾਉਂ, ਗੁਰਸਿਖ ਬਾਲ ਅਵਾਣੇ ਗੋਦ ਬਹਾਇੰਦਾ । ਇਕ ਇਕੇਲਾ ਸਿਰ ਦੇਵੇ ਠੰਡੀ ਛਾਉਂ, ਗੋਬਿੰਦ ਸੂਰਾ ਸੇਵ ਕਮਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਕਰੇ ਸਚ ਨਿਆਉਂ, ਸਚ ਅਦਾਲਤ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖਿਮਾਂ ਗ਼ਰੀਬੀ ਵੇਖ ਵਖਾਇੰਦਾ । ਖਿਮਾਂ ਗ਼ਰੀਬੀ ਡੂੰਘਾ ਸਾਗਰ, ਹਾਥ ਕਿਸੇ ਨਾ ਆਈਆ । ਜਿਸ ਜਨ ਨਿਰਮਲ ਕਰਮ ਕਰੇ ਉਜਾਗਰ, ਤਿਸ ਜਨ ਖਿਮਾਂ ਗ਼ਰੀਬੀ ਦਏ ਸਮਝਾਈਆ । ਅੰਮ੍ਰਿਤ ਜਾਮ ਪਿਆਏ ਕਾਇਆ ਗਾਗਰ, ਨਿਝਰ ਝਿਰਨਾ ਆਪ ਝਿਰਾਈਆ । ਕਰੇ ਮਿਹਰ ਹਰਿ ਕਰਤਾ ਕ਼ਾਦਰ, ਕਰੀਮ ਰਹੀਮ ਸੱਚੀ ਸਰਨਾਈਆ । ਖਿਮਾਂ ਗ਼ਰੀਬੀ ਹੰਡਾਈ ਗੁਰ ਤੇਗ਼ ਬਹਾਦਰ, ਸੀਸ ਜਗਦੀਸ ਭੇਟ ਚੜ੍ਹਾਈਆ । ਸਿਦਕ ਸਬੂਰੀ ਰੱਖਿਆ ਸਾਬਰ, ਦਰ ਘਰ ਸਾਚੇ ਸੋਭਾ ਪਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਦੇਵੇ ਆਦਰ, ਜਿਸ ਜਨ ਖਿਮਾਂ ਗ਼ਰੀਬੀ ਇਕ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

੬੩੭ ੧੦

ਯਾਚਕ ਏਕਾ ਦਾਨ ਝੋਲੀ ਪਾਈਆ । ਖਿਮਾਂ ਗ਼ਰੀਬੀ ਗੁਰ ਚਰਨ ਦੇਵ, ਦੇਵ ਇਸ਼ਟ ਆਤਮਾ ਮੇਲ ਮਿਲਾਇੰਦਾ । ਅਲਖ ਅਗੋਚਰ ਅਭੇਦ ਅਭੇਵ, ਆਪਣਾ ਪਰਦਾ ਆਪ ਉਠਾਇੰਦਾ । ਅੰਮ੍ਰਿਤ ਰਸ ਦੇਵੇ ਮੇਵ, ਫਲ ਅੰਮ੍ਰਿਤ ਆਪ ਖਵਾਇੰਦਾ । ਗੁਰਸਿਖ ਖਿਮਾਂ ਗ਼ਰੀਬੀ ਹਰਿ ਸਤਿਗੁਰ ਸੇਵ, ਬਿਨ ਸਤਿਗੁਰ ਪਾਰ ਨਾ ਕੋਇ ਕਰਾਇੰਦਾ । ਬਿਨ ਹਰਿ ਨਾਮੇ ਕਿਸੇ ਨਾ ਕੰਮ ਰਸਨਾ ਜੇਹਵ, ਰਸਨਾ ਰਸ ਕੰਮ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਆਤਮ ਵਰ, ਖਿਮਾਂ ਗ਼ਰੀਬੀ ਇਕ ਸਿਖਾਇੰਦਾ । ਖਿਮਾਂ ਗ਼ਰੀਬੀ ਸਿਖਿਆ ਸਿਖ, ਗੁਰਮੁਖ ਲਏ ਵਡਿਆਈਆ । ਜਨਮ ਜਨਮ ਦੀ ਮਿਟੇ ਤ੍ਰਿਖ, ਤ੍ਰਿਸਨਾ ਤ੍ਰਿਪਤ ਆਪ ਕਰਾਈਆ । ਕਿਸੇ ਹੱਥ ਨਾ ਆਵੇ ਮੁਨ ਰਿਖ, ਜਪੀ ਤਪੀ ਹਠੀ ਸਤੀ ਰਹੇ ਕੁਰਲਾਈਆ । ਕਿਸੇ ਨੇਤਰ ਜਗਤ ਨਾ ਆਵੇ ਦਿਸ, ਚਾਰੋਂ ਕੁੰਟ ਨੈਣ ਉਠਾਈਆ । ਚਾਰ ਜੁਗ ਗੁਰਮੁਖਾਂ ਵੰਡਾਇਆ ਹਿੱਸ, ਸਾਚਾ ਹਿੱਸਾ ਇਕ ਰਖਾਈਆ । ਸੋ ਸਾਹਿਬ ਸਤਿਗੁਰ ਦੇਵੇ ਤਿਸ, ਜਿਸ ਧੁਰ ਮਸਤਕ ਲੇਖ ਲਿਖਾਈਆ । ਆਪਣਾ ਨਾਮ ਪੜ੍ਹਾਏ ਅੱਖਰ ਨਿਸ਼, ਨਿਸ਼ਅੱਖਰ ਕਰੇ ਪੜ੍ਹਾਈਆ । ਸਤਿ ਸਰੂਪੀ ਆਏ ਦਿਸ, ਸਵੱਛ ਸਰੂਪੀ ਰੂਪ ਧਰਾਈਆ । ਹਰਿਜਨ ਲੇਖਾ ਆਪੇ ਲਿਖ, ਪੂਰਬ ਲੇਖਾ ਲੇਖੇ ਲਾਈਆ । ਸ੍ਰਿਸ਼ਟ ਸਬਾਈ ਜਾਣੇ ਮਿਥ, ਥਿਰ ਕੋਇ ਰਹਿਣ ਨਾ ਪਾਈਆ । ਸਤਿਗੁਰ ਪੂਰਾ ਦੇਵੇ ਕਦੇ ਨਾ ਪਿਠ, ਜੋ ਜਨ ਰਹੇ ਸਰਨਾਈਆ । ਦੋ ਜਹਾਨਾਂ ਬਣੇ ਖੇਵਟ ਖੇਟ, ਭਵ ਸਾਗਰ ਲਏ ਤਰਾਈਆ । ਸ਼ਬਦ ਦੋਸ਼ਾਲੇ ਲਏ ਲਪੇਟ, ਪ੍ਰੇਮ ਪਟੋਲਾ ਉਪਰ ਪਾਈਆ । ਗੁਰਸਿਖ ਤੇਰਾ ਚਿੜੀਆਂ ਚੁਗਣ ਨਾ ਕਾਇਆ ਖੇਤ, ਫੁਲ ਫੁਲਵਾੜੀ ਆਪ ਮਹਿਕਾਈਆ । ਗੁਰ ਸਤਿਗੁਰ ਪੂਰਾ ਗੋਬਿੰਦ ਗੁਰਸਿਖਾਂ ਸੰਗ ਕਰੇ ਹੇਤ, ਨਿਤ ਨਵਿਤ ਭੁਲ ਨਾ ਜਾਈਆ । ਗੁਰਸਿਖ ਹੋਏ ਚੇਤਨ ਚੇਤ, ਚੇਤਨ ਚਿਤ ਖਿਮਾਂ ਗ਼ਰੀਬੀ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਰੰਗ ਦਏ ਰੰਗਾਈਆ । ਖਿਮਾਂ ਗ਼ਰੀਬੀ ਗੁਰ ਗੁਰ ਚਰਨ, ਮਸਤਕ ਧੂੜੀ ਟਿੱਕਾ ਲਾਇਆ । ਨੇਤਰ ਖੋਲ੍ਹੇ ਹਰਨ ਫਰਨ, ਧੁਰ ਦਾ ਲੇਖਾ ਦਏ ਚੁਕਾਇਆ । ਨਾਤਾ ਤੁਟੇ ਜਨਮ ਮਰਨ, ਲੱਖ ਚੁਰਾਸੀ ਫੰਦ ਕਟਾਇਆ । ਕਿਰਪਾ ਕਰੇ ਹਰਿ ਕਰਨੀ ਕਰਨ, ਕਰਤਾ ਪੁਰਖ ਦਇਆ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਮਿਲਾਇਆ । ਖਿਮਾਂ ਗ਼ਰੀਬੀ ਗੁਰ ਗੁਰ ਮੇਲਾ, ਗੁਰ ਸਤਿਗੁਰ ਦਏ ਵਡਿਆਈਆ । ਚਾਕਰ ਚਾਕਰੀ ਚਾਕਰ ਲੇਖੇ ਲਾਏ ਗੁਰ ਗੁਰ ਚੇਲਾ, ਚੇਲਾ ਗੁਰ ਰੂਪ ਵਟਾਈਆ । ਸਤਿਗੁਰ ਸਾਜਨ ਸੱਜਣ ਸੁਹੇਲਾ, ਮੀਤ ਮੁਰਾਰਾ ਇਕ ਅਖਵਾਈਆ । ਸਦਾ ਸਦਾ ਸਦ ਵਸੇ ਨਵੇਲਾ, ਅਨਡਿਠੜਾ ਧਾਮ ਆਪ ਸੁਹਾਈਆ । ਆਪੇ ਜਾਣੇ ਆਪਣਾ ਵਕ਼ਤ ਵੇਲਾ, ਥਿਤ ਵਾਰ ਨਾ ਕੋਈ ਵਖਾਈਆ । ਕਲਜੁਗ ਅੰਤਮ ਪਾਰਬ੍ਰਹਮ ਪ੍ਰਭ ਆਪੇ ਖੇਲਾ, ਗੋਬਿੰਦ ਸ਼ਬਦ ਰੂਪ ਵਟਾਈਆ । ਜਨ ਭਗਤਾਂ ਲੱਖ ਚੁਰਾਸੀ ਕੱਟੇ ਧਰਮ ਰਾਏ ਦੀ ਜੇਲਾ, ਸਚਖੰਡ ਨਿਵਾਸੀ ਸਚਖੰਡ ਦਵਾਰੇ ਦਏ ਬਹਾਈਆ । ਨਿਵਣ ਸੁ ਅੱਖਰ ਖਿਮਾਂ ਗ਼ਰੀਬੀ ਸਿਖਣ ਏਕਾ ਵੇਲਾ, ਦੂਜੀ ਸਤਰ ਪੜ੍ਹਨ ਕਿਤੇ ਨਾ ਜਾਈਆ । ਪੁਰਖ ਨਿਰੰਜਣ ਸ਼ੇਰ ਸਿੰਘ ਹੋ ਹੋ ਬੁੱਕੇ ਵਿਚ ਕਲਜੁਗ ਜੰਗਲ ਜੂਹ ਉਜਾੜ ਬੇਲਾ, ਗੋਬਿੰਦ ਖੰਡਾ ਤੀਰ ਕਮਾਨ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਰੰਗ ਆਪੇ ਰਿਹਾ ਵਖਾਈਆ । ਧੰਨ ਕਮਾਈ ਭਗਤ ਜਨ, ਜਿਨ ਹਰਿ ਹਰਿ ਸੱਜਣ ਪਾਇਆ । ਧੰਨ ਕਮਾਈ ਸੰਤ ਜਨ, ਜਿਸ ਸਤਿਗੁਰ ਮੇਲ ਮਿਲਾਇਆ । ਧੰਨ ਕਮਾਈ ਭਗਤ ਜਨ, ਜਿਨ ਮਨ ਕਾ ਭੌ ਚੁਕਾਇਆ ।

ਧੰਨ ਕਮਾਈ ਭਗਤ ਜਨ, ਜਿਨ ਸਹਿੰਸਾ ਰੋਗ ਮਿਟਾਇਆ । ਦੋ ਜਹਾਨਾਂ ਵਿਚੋਲਾ ਆਪੇ ਬਣ, ਪੁਰਖ ਅਬਿਨਾਸ਼ੀ ਖੇਲ ਖਿਲਾਇਆ । ਗੋਬਿੰਦ ਬੇੜਾ ਦੇਵੇ ਬੰਨ੍ਹ, ਮੰਝਧਾਰ ਪਾਰ ਕਰਾਇਆ । ਸਾਚੇ ਘਰ ਬਹਾਏ ਨਾ ਕੋਈ ਛੱਪਰ ਛੰਨ, ਸੂਰਜ ਚੰਦ ਨਾ ਕੋਈ ਚੜ੍ਹਾਇਆ । ਸਚਖੰਡ ਨਿਵਾਸਾ ਪੁਰਖ ਅਬਿਨਾਸ਼ਾ ਆਪ ਆਪਣੇ ਗੁਰਮੁਖ ਸਾਚੇ ਲੜ ਲਏ ਬੰਨ੍ਹ, ਪੱਲੂ ਏਕਾ ਨਾਮ ਫੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਕਹੇ ਧੰਨ ਵਡਿਆਈ, ਜਿਸ ਮਿਲਿਆ ਹਰਿ ਰਘੁਰਾਈ, ਜਗਤ ਵਿਸਰੀ ਦਾਤ ਪਰਾਈ, ਪੁਰਖ ਪਰਖੋਤਮ ਏਕਾ ਪਾਇਆ । ਵਾਕ ਭਵਿਖਤ ਸਚ ਸੰਦੇਸਾ, ਲਹਿਣਾ ਦੇਣਾ ਦਏ ਚੁਕਾਈਆ । ਲਹਿਣਾ ਦੇਣਾ ਚੁਕਾਏ ਬ੍ਰਹਮਾ ਵਿਸ਼ਨ ਮਹੇਸ਼ਾ, ਸੁਰਪਤ ਰਾਜਾ ਇੰਦ ਰਹਿਣ ਨਾ ਪਾਈਆ । ਨੌਂ ਖੰਡ ਪ੍ਰਿਥਮੀ ਚੁਕੇ ਲੇਖਾ, ਸੱਤ ਦੀਪ ਦੇਣ ਦੁਹਾਈਆ । ਲੱਖ ਚੁਰਾਸੀ ਚਲੇ ਨਾ ਕੋਈ ਪੇਸ਼ਾ, ਸ਼ਾਹ ਸੁਲਤਾਨ ਖ਼ਾਕ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ ।

## ★ ੧੭ ਜੇਠ ੨੦੧੮ ਬਿਕ੍ਰਮੀ ਫ਼ਰੰਗੀ ਰਾਮ ਦੇ ਘਰ ਪਿੰਡ ਝੰਡੇ ਜੰਮੂ ★

ਨਿਰਗੁਣ ਜੁਗ ਜੁਗ ਰੂਪ ਵਟਾਇੰਦਾ, ਸਰਗੁਣ ਆਪਣਾ ਵੇਸ ਕਰਾ । ਲੱਖ ਚੁਰਾਸੀ ਵੇਖ ਵਖਾਇੰਦਾ, ਜੀਵ ਜੰਤ ਹਰ ਘਟ ਥਾਂ । ਏਕਾ ਦੂਜਾ ਅੱਖਰ ਪੜ੍ਹਾਇੰਦਾ, ਰਾਮ ਨਾਮ ਦ੍ਰਿੜਾ । ਪੰਜ ਤੱਤ ਕਾਇਆ ਚੋਲਾ ਭਾਗ ਲਗਾਇੰਦਾ, ਜੋਤ ਨਿਰੰਜਣ ਡਗਮਗਾ । ਅਨਹਦ ਸ਼ਬਦ ਨਾਦ ਵਜਾਇੰਦਾ, ਡੂੰਘੀ ਭਵਰੀ ਖੇਲ ਖਿਲਾ । ਸਾਚਾ ਸਾਗਰ ਆਪ ਭਰਾਇੰਦਾ, ਅੰਮ੍ਰਿਤ ਕਵਲ ਫੁਲ ਧਰਾ । ਗੁਰਮੁਖ ਵਿਰਲੇ ਮਾਤ ਜਗਾਇੰਦਾ, ਭਗਤਨ ਆਪਣੀ ਬੂਝ ਬੁਝਾ । ਨਰ ਹਰਿ ਨਰਾਇਣ ਮੇਲ ਮਿਲਾਇੰਦਾ, ਮੇਲ ਮਿਲਾਵਾ ਏਕਾ ਥਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹ । ਜੁਗ ਜੁਗ ਵੇਸ ਅਵੱਲੜਾ, ਹਰਿ ਸਾਚਾ ਆਪ ਵਟਾਈਆ । ਜਨ ਭਗਤਾਂ ਫੜਾਏ ਪਲੜਾ, ਰਾਮ ਨਾਮ ਪੱਲੇ ਗੰਢ ਬੰਧਾਈਆ । ਸਚ ਸੰਦੇਸ ਏਕਾ ਘਲੜਾ, ਜੁਗਾ ਜੁਗੰਤਰ ਨਾਦ ਸੁਣਾਈਆ । ਬ੍ਰਹਮ ਪਾਰਬ੍ਰਹਮ ਆਪੇ ਰਲੜਾ, ਈਸ਼ ਜੀਵ ਰੂਪ ਵਟਾਈਆ । ਸਚ ਸਿੰਘਾਸਣ ਏਕਾ ਮਲੜਾ, ਆਤਮ ਸੇਜਾ ਆਪ ਸੁਹਾਈਆ । ਪੰਜ ਤੱਤ ਵਸਾਏ ਕਾਇਆ ਮਹੱਲੜਾ, ਘਰ ਘਰ ਵਿਚ ਬਣਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਵੇਸ ਕਰਾਈਆ । ਜੁਗ ਜੁਗ ਖੇਲ ਹਰਿ ਭਗਤਨ ਮੀਤਾ, ਏਕਾ ਭਗਤੀ ਭਗਤ ਦ੍ਰਿੜਾਇੰਦਾ । ਹਰਿ ਕਾ ਨਾਮ ਵਖਾਏ ਠੰਡਾ ਸੀਤਾ, ਘਰ ਮੰਦਰ ਆਪ ਟਿਕਾਇੰਦਾ । ਪਤਿਤ ਪਾਪੀ ਕਰੇ ਪੁਨੀਤਾ, ਰਸਨਾ ਜਿਹਵਾ ਜੋ ਜਨ ਗਾਇੰਦਾ । ਏਕਾ ਰੰਗ ਵਖਾਏ ਹਸਤ ਕੀਟਾ, ਊਚ ਨੀਚ ਨਾ ਕੋਈ ਵਖਾਇੰਦਾ । ਅੰਮ੍ਰਿਤ ਰਸ ਦੇਵੇ ਮੀਠਾ, ਅਮਿਉਂ ਰਸ ਪਿਆਲਾ ਆਪ ਪਿਆਇੰਦਾ । ਸਦਾ ਸੁਹੇਲਾ ਵਸੇ ਚੀਤਾ, ਵਿਛੜ ਕਦੇ ਨਾ ਜਾਇੰਦਾ । ਏਕਾ ਅੱਖਰ ਮਾਣ ਰਖਾਏ ਅਠਾਰਾਂ ਧਿਆਏ ਗੀਤਾ, ਏਕਾ ਭਗਤ ਭਗਵੰਤ ਮੇਲ ਮਿਲਾਇੰਦਾ । ਜੁਗਾ ਜੁਗੰਤਰ ਆਪ ਚਲਾਏ ਆਪਣੀ ਰੀਤਾ, ਵੇਸ ਅਨੇਕ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਅਲਖ ਅਗੰਮ ਆਪਣੀ ਖੇਲ ਖਿਲਾਇੰਦਾ । ਅਲਖ ਅਗੰਮ ਹਰਿ ਹਰਿ ਧਾਰ, ਸੋ ਪੁਰਖ

ਨਿਰੰਜਣ ਆਪ ਚਲਾਈਆ । ਹਰਿ ਪੁਰਖ ਨਿਰੰਜਣ ਹੋ ਉਜਿਆਰ, ਨਿਰਾਕਾਰ ਆਪਣਾ ਖੇਲ ਖਿਲਾਈਆ । ਏਕੰਕਾਰਾ ਵਸੇ ਧਾਮ ਨਿਆਰ, ਜੋਤੀ ਜਾਤਾ ਪੁਰਖ ਬਿਧਾਤਾ ਏਕਾ ਨੂਰ ਕਰੇ ਰੁਸ਼ਨਾਈਆ । ਸ੍ਰੀ ਭਗਵਾਨ ਖੋਲ੍ਹ ਕਿਵਾੜ, ਸਾਚੇ ਮੰਦਰ ਬੈਠ ਸੱਚੀ ਸਰਕਾਰ, ਸਚ ਸਿੰਘਾਸਣ ਆਸਣ ਲਾਈਆ । ਅਬਿਨਾਸ਼ੀ ਕਰਤਾ ਵਸਣਹਾਰਾ ਠਾਂਡੇ ਦਰਬਾਰ, ਆਦਿ ਜੁਗਾਦਿ ਜੁਗਾ ਜੁਗੰਤਰ ਨਾ ਮਰੇ ਨਾ ਜਾਈਆ । ਪਾਰਬ੍ਰਹਮ ਪ੍ਰਭ ਪਾਵੇ ਸਾਰ, ਬ੍ਰਹਮ ਵੇਤਾ ਕਰੇ ਤਿਆਰ, ਲੱਖ ਚੁਰਾਸੀ ਲੇਖਾ ਆਪ ਲਿਖਾਈਆ । ਵਿਸ਼ਨੂੰ ਖੇਵਟ ਖੇਟਾ ਹੋ ਉਜਿਆਰ, ਸ਼ੰਕਰ ਆਤਮ ਬੰਨ੍ਹੇ ਧਾਰ, ਸਭ ਦਾ ਬੇੜਾ ਆਪ ਉਠਾਈਆ । ਸਤਿਜੁਗ ਤ੍ਰੇਤਾ ਹੋ ਉਜਿਆਰ, ਦੁਆਪਰ ਜਾਣੇ ਆਪਣੀ ਕਾਰ, ਕੁਦਰਤ ਕਰਤਾ ਵੇਖ ਵਖਾਈਆ । ਰਾਮ ਨਾਮ ਕਰ ਪਸਾਰ, ਜੀਵਾਂ ਜੰਤਾਂ ਦਏ ਆਧਾਰ, ਸਾਚੇ ਭਗਤਾਂ ਮੇਲ ਮਿਲਾਈਆ । ਹਉਮੇ ਹੰਗਤਾ ਗੜ੍ਹ ਤੋੜ ਹੰਕਾਰ, ਦੁਸ਼ਟ ਹੰਕਾਰੀ ਦੇਵੇ ਮਾਰ, ਨਿਵਣ ਸੁ ਅੱਖਰ ਇਕ ਸਮਝਾਈਆ । ਮਾਇਆ ਮਮਤਾ ਮੋਹ ਚੁੱਕੇ ਸੰਸਾਰ, ਦੁਖ ਦਲਿਦ੍ਰ ਦਏ ਨਿਵਾਰ, ਹਰਖ ਸੋਗ ਚਿੰਤਾ ਕੋਈ ਰਹਿਣ ਨਾ ਪਾਈਆ । ਕਾਗ ਰਲੇ ਹੰਸਾ ਡਾਰ, ਜਿਸ ਜਨ ਰਾਮ ਨਾਮ ਕੀਆ ਪਿਆਰ, ਘਰ ਸੋਹੇ ਬੰਕ ਦਵਾਰ, ਸੀਤਾ ਸੁਰਤੀ ਰਾਮ ਲਏ ਬੰਧਾਈਆ । ਏਕਾ ਮੇਲਾ ਏਕਾ ਵਾਰ, ਨਾਰੀ ਕੰਤ ਕੰਤ ਭਤਾਰ, ਸਾਚੀ ਸੇਜਾ ਸੁੱਤਾ ਪੈਰ ਪਸਾਰ, ਘਰ ਮਿਲਿਆ ਸਾਚਾ ਮਾਹੀਆ । ਦੁੱਖੜਾ ਦੱਸੇ ਰੋਵੇ ਜ਼ਾਰੋ ਜ਼ਾਰ, ਮੁਖੜਾ ਹੱਸੇ ਕਰ ਦਰਸ ਨਿਰੰਕਾਰ, ਜਗਤ ਵਿਛੋੜਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਈਸ਼ ਜੀਵ ਜਗਤ ਜਗਦੀਸ਼ਰ ਆਪਣਾ ਬੰਧਨ ਪਾਈਆ । ਜੁਗ ਜੁਗ ਖੇਲ ਹਰਿ ਨਿਰੰਕਾਰਾ, ਲੋਕਮਾਤ ਆਪ ਕਰਾਇੰਦਾ । ਏਕਾ ਨਾਮ ਨਾਮ ਜੈਕਾਰਾ, ਤ੍ਰੈਭਵਣ ਧਨੀ ਆਪ ਲਗਾਇੰਦਾ । ਚੌਦਾਂ ਲੋਕਾਂ ਦਏ ਸਹਾਰਾ, ਆਪ ਆਪਣਾ ਰੰਗ ਰੰਗਾਇੰਦਾ । ਕਾਗਦ ਕਲਮ ਨਾ ਲਿਖਣਹਾਰਾ, ਵੇਦ ਕਤੇਬ ਸਰਬ ਜਸ ਗਾਇੰਦਾ । ਨਿਰਗੁਣ ਵਸੇ ਸਭ ਤੋਂ ਬਾਹਰਾ, ਨਿਰਾਕਾਰ ਆਪਣਾ ਨਾਉਂ ਧਰਾਇੰਦਾ । ਸੱਜਣ ਸੁਹੇਲਾ ਵਿਚ ਸੰਸਾਰਾ, ਸਾਖਿਆਤ ਜਾਗਰਤ ਜੋਤ ਆਪ ਜਗਾਇੰਦਾ । ਆਪਣਾ ਨਾਉਂ ਧਰ ਗੁਰ ਅਵਤਾਰਾ, ਹਰਿਜਨ ਸਾਚੇ ਮੇਲ ਮਿਲਾਇੰਦਾ । ਆਪੇ ਖੋਲ੍ਹੇ ਬੰਦ ਕਿਵਾੜਾ, ਬਜਰ ਕਪਾਟੀ ਤੋੜ ਤੁੜਾਇੰਦਾ । ਪਾਵੇ ਸਾਰ ਡੂੰਘੀ ਗਾਰਾ, ਸੁਖਮਨ ਟੇਢੀ ਬੰਕ ਵੇਖ ਵਖਾਇੰਦਾ । ਅੰਮ੍ਰਿਤ ਸਰੋਵਰ ਠਾਂਡਾ ਠਾਰਾ, ਨਿਜ ਘਰ ਰੱਖੇ ਵਸਤ ਹਰਿ ਨਿਰੰਕਾਰਾ, ਹਰਿਜਨ ਵਿਰਲੇ ਮਾਤ ਪਿਆਇੰਦਾ । ਆਤਮ ਬ੍ਰਹਮ ਬ੍ਰਹਮ ਵਿਚਾਰਾ, ਪਾਰਬ੍ਰਹਮ ਪ੍ਰਭ ਦਏ ਸਹਾਰਾ, ਏਕਾ ਮੇਲਾ ਏਕਾ ਰੰਗ, ਏਕਾ ਸੇਜਾ ਇਕ ਪਲੰਘ, ਏਕਾ ਮੰਦਰ ਆਪ ਸੁਹਾਇੰਦਾ । ਦੀਵਾ ਬਾਤੀ ਕਰ ਉਜਿਆਰਾ, ਆਪੇ ਵੇਖੇ ਵੇਖਣਹਾਰਾ, ਨੇਤਰ ਲੋਚਣ ਨੈਣ ਨਾ ਕੋਈ ਖੁਲ੍ਹਾਇੰਦਾ । ਭਗਤਨ ਵਖਾਏ ਇਕ ਦਵਾਰਾ, ਮਹੱਲ ਅਟਲ ਉਚ ਮੁਨਾਰਾ, ਛੱਪਰ ਛੰਨ ਨਾ ਕੋਈ ਛੁਹਾਇੰਦਾ । ਸਚਖੰਡ ਨਿਵਾਸੀ ਵਸੇ ਸਚਖੰਡ ਦਵਾਰਾ, ਰੂਪ ਰੰਗ ਰੇਖ ਤੋਂ ਵਸੇ ਬਾਹਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕੱਲਾ ਏਕੰਕਾਰ, ਆਦਿ ਜੁਗਾਦੀ ਕਰ ਪਸਾਰ, ਲੱਖ ਚੁਰਾਸੀ ਵੇਖਣਹਾਰ, ਵਿਸ਼ਨ ਬ੍ਰਹਮਾ ਸ਼ਿਵ ਪਾਵੇ ਸਾਰ, ਤ੍ਰੈਗੁਣ ਅਤੀਤਾ ਠੰਡਾ ਸੀਤਾ ਪੰਚਮ ਨਾਤਾ ਪੁਰਖ ਬਿਧਾਤਾ ਲੋਕਮਾਤ ਜੋੜ ਜੁੜਾਇੰਦਾ । ਜੁਗ ਜੁਗ ਵੇਸ ਸ੍ਰੀ ਭਗਵਾਨ, ਲੋਕਮਾਤ ਧਰਾਇੰਦਾ । ਸਤਿਜੁਗ ਸਾਚਾ ਕਰ ਪਰਵਾਨ, ਵਾਰ ਅਠਾਰਾਂ ਰੂਪ ਵਟਾਇੰਦਾ । ਤ੍ਰੇਤਾ ਰੂਪ ਬਲੀ ਬਲਵਾਨ, ਦੋਏ ਦੋਏ ਰੰਗ ਆਪ ਰੰਗਾਇੰਦਾ । ਦੁਆਪਰ ਲੇਖਾ ਵਿਚ ਜਹਾਨ, ਪੁਰਖ ਅਬਿਨਾਸ਼ੀ ਆਪ ਲਿਖਾਇੰਦਾ । ਦੂਆ ਏਕਾ ਧਰ ਧਿਆਨ, ਵੇਦ

ਵਿਆਸਾ ਦਏ ਗਿਆਨ, ਕ੍ਰਿਸ਼ਨਾ ਕਾਹਨਾ ਰਥ ਚਲਾਇੰਦਾ । ਭਗਤ ਭਗਵੰਤ ਕਰੇ ਪਰਵਾਨ, ਬਾਲ ਅਵਾਣੇ ਵੇਖੇ ਬਾਲ, ਗ਼ਰੀਬ ਨਿਮਾਣੇ ਗਲੇ ਲਗਾਇੰਦਾ । ਅੰਤਮ ਸਭ ਨੂੰ ਖਾਏ ਕਾਲ, ਮਹਾਕਾਲ ਆਪਣਾ ਖੇਲ ਖਿਲਾਇੰਦਾ । ਰਥ ਰਥਵਾਹੀ ਬਣੇ ਵਿਚ ਬੀਆਬਾਨ, ਮਹਾਂਸਾਰਥੀ ਏਕਾ ਰਥ ਚਲਾਇੰਦਾ । ਜੁਗ ਜੁਗ ਖੇਲ ਸ੍ਰੀ ਭਗਵਾਨ, ਚੌਦਾਂ ਹੱਟਾਂ ਵੇਖੇ ਆਪ ਮਕਾਨ, ਘਰ ਘਰ ਮੰਦਰ ਫੋਲ ਫੋਲਾਇੰਦਾ । ਕਲਜੁਗ ਅੰਤਮ ਹੋ ਮਿਹਰਵਾਨ, ਆਪਣਾ ਖੇਲ ਖਿਲਾਇੰਦਾ । ਈਸਾ ਮੂਸਾ ਕਰ ਪਰਧਾਨ, ਕਾਲਾ ਸੂਸਾ ਤਨ ਪਹਿਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਮੰਤਰ ਰਾਮ ਨਾਮ ਦ੍ਰਿੜਾਇੰਦਾ । ਏਕਾ ਮੰਤਰ ਮੁਕਾਮੇ ਹੱਕ, ਹਰਿ ਸਾਚਾ ਆਪ ਜਣਾਈਆ । ਲਾਸ਼ਰੀਕ ਪਰਵਰਦਿਗਾਰ ਉਚ ਮਹੱਲੇ ਬੈਠਾ ਰਿਹਾ ਤੱਕ, ਆਪਣਾ ਮਾਰਗ ਆਪ ਲਗਾਈਆ । ਸਰਬ ਕਲਾ ਹਰਿ ਜੂ ਸਮਰਥ, ਮਹਿਮਾ ਅਕਥਨਾ ਅਕਥ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਮ ਮਾਤ ਧਰਾਈਆ । ਏਕਾ ਨਾਮ ਹੱਕ ਜੈਕਾਰਾ, ਜੰਤ ਆਪਣੀ ਵੇਖ ਵਖਾਇੰਦਾ । ਲਾਸ਼ਰੀਕ ਪਰਵਰਦਿਗਾਰਾ, ਨੂਰ ਇਲਾਹੀ ਜਲਵਾ ਨੂਰ ਆਪ ਰਖਾਇੰਦਾ । ਖ਼ਾਲਕ ਖ਼ਲਕ ਪਾਵੇ ਸਾਰਾ, ਮਖ਼ਲੂਕ ਏਕਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਅੱਖਰ ਮਾਤ ਧਰਾਇੰਦਾ । ਏਕਾ ਅੱਖਰ ਅਲਿਫ਼ ਆਲਮੀਨ, ਉਲਫ਼ਤ ਆਪਣੀ ਆਪ ਜਣਾਈਆ । ਏਕਾ ਦਏ ਤਾਲੀਮ ਤਾਜ਼ੀਮ, ਤਾਲਬ ਤਾਲਬਾ ਆਪ ਪੜ੍ਹਾਈਆ । ਆਪਣੀ ਸ਼ਾਨ ਰੱਖੇ ਅਜ਼ੀਮ, ਆਜ਼ਮ ਆਪਣਾ ਨਾਉਂ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਖੇਲ ਖਿਲਾਈਆ । ਕਲਜੁਗ ਰਾਣੀ ਅੱਲਾ, ਬਿਸਮਿਲ ਆਪਣਾ ਰੂਪ ਧਰਾਇੰਦਾ । ਵਸਣਹਾਰਾ ਇਕ ਅਕੱਲਾ, ਵੇਸ ਅਨੇਕ ਆਪ ਵਟਾਇੰਦਾ । ਨੂਰ ਇਲਾਹੀ ਸਚ ਸੰਦੇਸ ਏਕਾ ਘੱਲਾ, ਕਲਮਾ ਅਮਾਮ ਆਪ ਪੜ੍ਹਾਇੰਦਾ । ਸੰਗ ਮੁਹੰਮਦ ਚਾਰ ਯਾਰ ਫੜਾਏ ਪੱਲਾ, ਏਕਾ ਡੋਰੀ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਰਾਮ ਏਕਾ ਨਾਮ ਏਕਾ ਦੇਵੇ ਸਚ ਪੈਗ਼ਾਮ ਸਚ ਸੰਦੇਸਾ ਆਪ ਸੁਣਾਇੰਦਾ । ਇਕ ਪੈਗ਼ਾਮ ਇਕ ਹਦੀਸ, ਏਕਾ ਹਰਿ ਪੜ੍ਹਾਈਆ । ਏਕਾ ਰਾਗ ਤੀਸ ਬਤੀਸ, ਰਸਨਾ ਜਿਹਵਾ ਇਕ ਸੁਣਾਈਆ । ਏਕਾ ਲੇਖਾ ਜਾਣੇ ਬੀਸ ਇਕੀਸ, ਭੇਵ ਅਭੇਦ ਆਪ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਮ ਦਏ ਵਡਿਆਈਆ । ਏਕਾ ਨਾਮ ਹਰਿ ਕਾ ਸਤਿ, ਸਤਿ ਸਤਿਵਾਦੀ ਆਪ ਰਖਾਇੰਦਾ । ਏਕਾ ਦੇਵੇ ਬ੍ਰਹਮ ਮਤ, ਸਾਚੀ ਮਤ ਆਪ ਜਣਾਇੰਦਾ । ਏਕਾ ਬੀਜ ਬੀਜੇ ਸਾਚੇ ਵਤ, ਕਾਇਆ ਕਿਆਰੀ ਸਿੰਚ ਹਰੀ ਕਰਾਇੰਦਾ । ਨਾੜ ਬਹੱਤਰ ਨਾ ਉਬਲੇ ਰਤ, ਅੰਮ੍ਰਿਤ ਮੇਘ ਆਪ ਬਰਸਾਇੰਦਾ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਦਿ ਜੁਗਾਦਿ ਜੁਗਾ ਜੁਗੰਤਰ ਇਕ ਦੂਜੇ ਕੋਲ ਰਹੇ ਵਸ, ਏਕਾ ਬੰਧਨ ਆਪਣਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਮੰਤਰ ਨਾਮ ਦ੍ਰਿੜਾ, ਆਪਣਾ ਪਰਦਾ ਦਏ ਉਠਾ, ਸਚ ਸਮਗਰੀ ਝੋਲੀ ਪਾ, ਸਾਚਾ ਹਵਨ ਇਕ ਵਖਾਇੰਦਾ । ਸਾਚਾ ਹਵਨ ਆਤਮ ਜੋਤ, ਜੋਤੀ ਜੋਤ ਲਟ ਲਟ ਜਗਾਈਆ । ਦੂਈ ਦਵੈਤੀ ਕੱਢੇ ਖੋਟ, ਸਚ ਸੁਗੰਧੀ ਦਏ ਪਾਈਆ । ਰਾਮ ਨਾਮ ਪਾਏ ਅਤੋਟ, ਤੋਟ ਰਹੇ ਨਾ ਰਾਈਆ । ਆਪੇ ਵੇਖੇ ਚੜ੍ਹਕੇ ਚੋਟ, ਉਚੀ ਚੋਟੀ ਬੈਠਾ ਆਸਣ ਲਾਈਆ । ਨਾ ਕੋਈ ਵਰਨ ਨਾ ਕੋਈ ਗੋਤ, ਜ਼ਾਤ ਪਾਤ ਨਾ ਕੋਈ ਰਖਾਈਆ । ਨਾ ਕੋਈ ਕਿਲਾ ਨਾ ਕੋਈ ਕੋਟ, ਜਨ ਭਗਤਾਂ ਅੰਦਰ ਡੇਰਾ ਲਾਈਆ । ਇਕ

ਨਗਾਰਾ ਵਜਾਏ ਚੋਟ, ਸ਼ਬਦ ਅਗੰਮੀ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਆਪਣਾ ਨਾਮ ਬੁਝਾਈਆ । ਏਕਾ ਨਾਮ ਸੱਚਾ ਸੁਧਾਖਰ, ਹਰਿ ਸਾਚਾ ਆਪ ਉਪਾਇੰਦਾ । ਨਾਤਾ ਤੋੜੇ ਕਾਇਆ ਪਾਥਰ, ਝੂਠੀ ਹਾਟੀ ਵੇਖ ਵਖਾਇੰਦਾ । ਨੇਤਰ ਨੀਰ ਵਰੋਲੇ ਆਬਰ, ਨੈਣਾਂ ਨੀਰ ਆਪ ਦਰਸਾਇੰਦਾ । ਲੇਖਾ ਜਾਣੇ ਡੂੰਘਾ ਸਾਗਰ, ਕਾਇਆ ਗਾਗਰ ਫੋਲ ਫੋਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਆਪਣਾ ਨਾਉਂ ਸਮਝਾਇੰਦਾ । ਏਕਾ ਨਾਉਂ ਨਾਨਕ ਧਾਰ, ਨਿਰਗੁਣ ਮਾਤ ਚਲਾਈਆ । ਚਾਰ ਵਰਨਾਂ ਕਰੇ ਇਕ ਪਿਆਰ, ਊਚ ਨੀਚ ਨਾ ਕੋਈ ਵਖਾਈਆ । ਏਕਾ ਘਰ ਵਸੇ ਰਾਮਾ ਕ੍ਰਿਸ਼ਨਾ ਹੋ ਉਜਿਆਰ, ਦੂਸਰ ਦਰ ਨਾ ਕੋਈ ਵਡਿਆਈਆ । ਏਕਾ ਮੂਸਾ ਈਸਾ ਬੰਨ੍ਹੇ ਬੇੜਾ ਵਿਚ ਸੰਸਾਰ, ਏਕਾ ਮੁਹੰਮਦ ਰਿਹਾ ਉਠਾਈਆ । ਸਾਕਤ ਨਿੰਦਕ ਦੁਸ਼ਟ ਦੁਰਾਚਾਰ ਕਰੇ ਖ਼ਵਾਰ, ਹਰਿਜਨ ਸਾਚੇ ਲਏ ਤਰਾਈਆ । ਏਕਾ ਜੋਤੀ ਦਸ ਅਵਤਾਰ, ਗੋਬਿੰਦ ਏਕਾ ਢੋਲਾ ਗਾਈਆ । ਪੁਰਖ ਅਕਾਲ ਸਦ ਕਰੇ ਪ੍ਰਿਤਪਾਲ, ਆਦਿ ਜੁਗਾਦਿ ਜੁਗਾ ਜੁਗੰਤਰ ਰੂਪ ਅਨੂਪਾ ਸ਼ਾਹੋ ਭੂਪਾ ਸਤਿ ਸਰੂਪਾ ਆਪ ਵਟਾਈਆ । ਸਤਿਜੁਗ ਤ੍ਰੇਤਾ ਦੁਆਪਰ ਕਰਿਆ ਖੇਲ ਅਗੰਮ ਅਪਾਰ, ਬੋਧ ਗਿਆਨ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਸਾਚੇ ਨਾਉਂ ਦਏ ਵਡਿਆਈਆ । ਸਾਚਾ ਨਾਉਂ ਹਰਿ ਨਿਰੰਕਾਰਾ, ਏਕਾ ਏਕ ਰਖਾਇੰਦਾ । ਜੁਗ ਜੁਗ ਲੋਕਮਾਤ ਕਰ ਪਸਾਰਾ, ਨਾਦ ਅਨਾਦੀ ਨਾਦ ਵਜਾਇੰਦਾ । ਕਲਜੁਗ ਵੇਖੇ ਖੇਲ ਨਿਆਰਾ, ਨੌਂ ਖੰਡ ਪ੍ਰਿਥਮੀ ਸੱਤ ਦੀਪ ਚਾਰ ਵਰਨ ਅਠਾਰਾਂ ਬਰਨ ਜ਼ਾਤ ਪਾਤ ਸਰਬ ਕੁਰਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਨਾਉਂ ਪਰਗਟਾਇੰਦਾ । ਕਲਜੁਗ ਅੰਤਮ ਕਾਲੀ ਧਾਰ, ਚਾਰ ਕੁੰਟ ਅੰਧੇਰੀ ਛਾਈਆ । ਕੋਈ ਕਹੇ ਰਾਮ ਅਵਤਾਰ, ਕੋਈ ਕ੍ਰਿਸ਼ਨਾ ਰਹੇ ਮਨਾਈਆ । ਕੋਈ ਅਸ਼ਟਭੁਜ ਕਰੇ ਨਿਮਸਕਾਰ, ਕੋਈ ਵਿਸ਼ਨੂੰ ਸੀਸ ਝੁਕਾਈਆ । ਕੋਈ ਬ੍ਰਹਮਾ ਰਿਹਾ ਪੁਕਾਰ, ਕੋਈ ਸ਼ੰਕਰ ਭੇਟ ਚੜ੍ਹਾਈਆ । ਕੋਈ ਚਤੁਰਭੁਜ ਬੋਲ ਜੈਕਾਰ, ਕੋਈ ਆਦਿ ਸ਼ਕਤ ਮਨਾਈਆ । ਕੋਈ ਭੈਰੋਂ ਕਰੇ ਪਿਆਰ, ਕੋਈ ਗੌਰਜਾਂ ਰਾਹ ਤਕਾਈਆ । ਕੋਈ ਕਹੇ ਈਸਾ ਮੂਸਾ ਪੈਗ਼ੰਬਰ ਖ਼ੁਦਾਈ ਯਾਰ, ਖ਼ਾਲਕ ਖ਼ਲਕ ਵਿਚ ਸਮਾਈਆ । ਕੋਈ ਕਹੇ ਸੰਗ ਮੁਹੰਮਦ ਚਾਰ ਯਾਰ, ਸਭ ਦਾ ਬੇੜਾ ਪਾਰ ਕਰਾਈਆ । ਕੋਈ ਕਹੇ ਨਾਨਕ ਅਵਤਾਰ, ਸਤਿਨਾਮ ਮੰਤਰ ਰਿਹਾ ਦ੍ਰਿੜਾਈਆ । ਕੋਈ ਕਹੇ ਗੋਬਿੰਦ ਸੂਰਬੀਰ ਬਲਕਾਰ, ਜੋਧਾ ਬਲੀ ਮਾਤ ਅਖਵਾਈਆ । ਗੁਰ ਕਾ ਸ਼ਬਦ ਨਾ ਸਕੇ ਕੋਈ ਵਿਚਾਰ, ਭੁੱਲੀ ਸਰਬ ਲੋਕਾਈਆ । ਕਾਇਆ ਗੜ੍ਹ ਹਉਮੇ ਰੋਗ ਨਾ ਸਕੇ ਨਿਵਾਰ, ਮਾਇਆ ਮਮਤਾ ਨਾ ਮੋਹ ਚੁਕਾਈਆ । ਮਨ ਰਾਵਣ ਨਾ ਸਕੇ ਮਾਰ, ਮਿਲੇ ਰਾਮ ਨਾ ਬੇਪਰਵਾਹੀਆ । ਰਾਧਾ ਸੁਰਤੀ ਕਰੇ ਨਾ ਸਚ ਪਿਆਰ, ਸਵਾਮੀ ਕ੍ਰਿਸ਼ਨ ਨਜ਼ਰ ਨਾ ਆਈਆ । ਆਦਿ ਸ਼ਕਤ ਨਾ ਜੋਤ ਉਜਿਆਰ, ਅਸ਼ਟਭੁਜ ਭਵਾਨੀ ਬੈਠੀ ਮੁਖ ਭਵਾਈਆ । ਵਿਸ਼ਨੂੰ ਦੇਵੇ ਨਾ ਕੋਈ ਭੰਡਾਰ, ਸ਼ੰਕਰ ਰਿਹਾ ਤ੍ਰਿਸੂਲ ਸੁਟਾਈਆ । ਬ੍ਰਹਮਾ ਬ੍ਰਹਮ ਨਾ ਲਏ ਅਧਾਰ, ਚਾਰੇ ਵੇਦ ਗਏ ਭੁਲਾਈਆ । ਬਾਵਨ ਮੰਗੇ ਨਾ ਬਲ ਦਵਾਰ, ਬਲ ਰੂਪ ਨਾ ਕੋਈ ਵਟਾਈਆ । ਧਰੂ ਪ੍ਰਹਿਲਾਦ ਦਿਸੇ ਨਾ ਕੋਈ ਵਿਚ ਸੰਸਾਰ, ਨਰ ਸਿੰਘ ਆਵੇ ਵਾਹੋ ਦਾਹੀਆ । ਕਲਮਾ ਕਲਾਮ ਨਾ ਕਰੇ ਕੋਈ ਵਿਚਾਰ, ਚਾਰ ਕੁੰਟ ਅੰਧੇਰਾ ਛਾਈਆ । ਨਾਤਾ ਤੁਟਾ ਮੁਹੰਮਦ ਯਾਰ, ਅਹਿਮਦ ਮੇਲ ਨਾ ਕੋਈ ਵਖਾਈਆ । ਨਾਨਕ ਕਰੇ ਨਾ ਕੋਈ ਪਿਆਰ, ਚਾਰ ਵਰਨ ਏਕਾ ਨਜ਼ਰ ਕਿਸੇ ਨਾ ਆਈਆ ।


੬੪੨
੧੦

ਦੂਈ ਦਵੈਤੀ ਤਨ ਵਿਕਾਰ, ਸਾਚਾ ਰੂਪ ਨਾ ਕੋਈ ਦਰਸਾਈਆ । ਗੋਬਿੰਦ ਕਰੇ ਨਾ ਕੋਈ ਅਧਾਰ, ਮਨਮੁਖ ਬੈਠੇ ਮੁਖ ਭਵਾਈਆ । ਛੱਤ੍ਰੀ ਬ੍ਰਹਮਣ ਸ਼ੂਦਰ ਵੈਸ਼ ਏਕਾ ਰੰਗ ਦਿਸੇ ਨਾ ਕਿਸੇ ਵਿਚ ਸੰਸਾਰ, ਭਰਮੇ ਭੁੱਲੀ ਸਰਬ ਲੋਕਾਈਆ । ਸਰਬ ਜੀਆਂ ਦਾ ਇਕ ਦਾਤਾਰ, ਆਦਿ ਪੁਰਖ ਅਖਵਾਈਆ । ਕਲਜੁਗ ਅੰਤਮ ਵੇਖ ਵਿਚਾਰ, ਆਪਣੀ ਇਛਿਆ ਆਪ ਪਰਗਟਾਈਆ । ਪਰਗਟ ਹੋ ਵਿਚ ਸੰਸਾਰ, ਨਿਹਕਰਮੀ ਕਰਮ ਕਮਾਈਆ । ਨਿਰਗੁਣ ਜੋਤ ਕਰੇ ਉਜਿਆਰ, ਜੋਤੀ ਜਾਮਾ ਭੇਸ ਵਟਾਈਆ । ਚਾਰ ਵਰਨਾਂ ਦਏ ਆਧਾਰ, ਏਕਾ ਅੱਖਰ ਕਰ ਪੜ੍ਹਾਈਆ । ਸੋਹੰ ਸ਼ਬਦ ਸਚ ਜੈਕਾਰ, ਆਤਮ ਪਰਮਾਤਮ ਦਏ ਮਿਲਾਈਆ । ਹਿੰਦੂ ਮੁਸਲਿਮ ਸਿਖ ਈਸਾਈ ਨਾ ਕੋਈ ਵਿਚਾਰ, ਏਕਾ ਰੰਗ ਰਿਹਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਮ ਦਏ ਵਡਿਆਈਆ । ਏਕਾ ਨਾਮ ਹਰਿ ਪਸਾਰਾ, ਰਾਮ ਰਾਮ ਜਣਾਇੰਦਾ । ਏਕਾ ਕ੍ਰਿਸ਼ਨ ਰੂਪ ਅਵਤਾਰਾ, ਸੋਲਾਂ ਕਲ ਧਰਾਇੰਦਾ । ਏਕਾ ਐਨਲਹਕ ਨਾਅਰਾ, ਮੁਕਾਮੇ ਹਕ ਸੁਣਾਇੰਦਾ । ਏਕਾ ਨਾਮ ਸਤਿ ਅਖਾੜਾ, ਲੋਕਮਾਤ ਜਣਾਇੰਦਾ । ਏਕਾ ਫ਼ਤਿਹ ਡੰਕ ਜੈਕਾਰਾ, ਜੋ ਜਨ ਕਾਇਆ ਤਨ ਪੰਜ ਸ਼ੈਤਾਨ ਮਿਟਾਇੰਦਾ । ਏਕਾ ਪੁਰਖ ਅਗੰਮ ਅਪਾਰਾ, ਹਰੀ ਹਰਿ ਨਰਾਇਣ ਆਪਣਾ ਨਾਉਂ ਧਰਾਇੰਦਾ । ਏਕਾ ਵਿਸ਼ਨੂੰ ਦਏ ਭੰਡਾਰਾ, ਸ੍ਰਿਸ਼ਟ ਸਬਾਈ ਰਿਜ਼ਕ ਪੁਚਾਇੰਦਾ । ਏਕਾ ਬ੍ਰਹਮ ਬ੍ਰਹਮ ਪਸਾਰਾ, ਬ੍ਰਹਮ ਲੇਖਾ ਆਪ ਰਖਾਇੰਦਾ । ਏਕਾ ਸ਼ੰਕਰ ਕਰੇ ਸ਼ੰਗਾਰਾ, ਜੋ ਘੜਿਆ ਭੰਨ ਵਖਾਇੰਦਾ । ਏਕਾ ਨਾਮ ਰਾਮ ਸਹਾਰਾ, ਵੇਲੇ ਅੰਤਮ ਸੰਗ ਰਖਾਇੰਦਾ । ਬਿਨ ਹਰਿ ਨਾਮੇ ਕੋਇ ਨਾ ਉਤਰੇ ਪਾਰਾ, ਕਲਜੁਗ ਧਾਰਾ ਸਰਬ ਰੁੜ੍ਹਾਇੰਦਾ । ਸਰਬ ਜੀਆਂ ਦਾ ਇਕ ਦਰਬਾਰਾ, ਸਚਖੰਡ ਦਵਾਰਾ ਆਪ ਵਖਾਇੰਦਾ । ਸੋਹੰ ਸ਼ਬਦ ਸਤਿ ਸਤਿਵਾਦੀ ਨਾਅਰਾ, ਸਤਿਜੁਗ ਧਾਰ ਆਪ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਅਬਿਨਾਸ਼ੀ ਕਰਤਾ, ਜੁਗ ਜੁਗ ਆਪਣਾ ਰੂਪ ਵਟਾਇੰਦਾ । ਕਲਜੁਗ ਅੰਤਮ ਰੂਪ ਧਰ, ਨਿਹਕਲੰਕ ਨਾਉਂ ਰਖਾਈਆ । ਸੰਤ ਸੁਹੇਲੇ ਲਏ ਫੜ, ਹਰਿ ਭਗਤ ਦਏ ਵਡਿਆਈਆ । ਗੁਰਮੁਖਾਂ ਅੰਦਰ ਆਪੇ ਵੜ, ਆਪ ਆਪਣਾ ਪਰਦਾ ਦਏ ਚੁਕਾਈਆ । ਗੁਰਸਿਖ ਨਹਾਏ ਸਾਚੇ ਸਰ, ਸਰ ਅੰਮ੍ਰਿਤ ਸਰੋਵਰ ਆਪ ਨੁਹਾਈਆ । ਦੂਈ ਦਵੈਤੀ ਚੁੱਕੇ ਡਰ, ਸ਼ਰਅ ਸ਼ਰੀਅਤ ਇਕ ਜਣਾਈਆ । ਪੁਰਖ ਅਬਿਨਾਸ਼ੀ ਸਰਨ ਸਰਨਾਈ ਜਾਣਾ ਪੜ, ਸਰਨਗਤ ਇਕ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੀਵ ਜੰਤ ਸਾਧ ਸੰਤ, ਭਗਤ ਭਗਵੰਤ ਆਦਿ ਅੰਤ ਏਕਾ ਰੰਗ ਰਖਾਈਆ । ਏਕਾ ਰੰਗ ਹਰਿ ਚਲੂਲ, ਚਾਰ ਵਰਨ ਚੜ੍ਹਾਇੰਦਾ । ਹਰਿਜਨ ਹਰਿ ਹਰਿ ਨਾ ਜਾਏ ਭੂਲ, ਅਭੁਲ ਆਪ ਸਮਝਾਇੰਦਾ । ਮਾਨਸ ਜਨਮ ਲੱਖ ਚੁਰਾਸੀ ਮੂਲ, ਵੇਲਾ ਗਿਆ ਹੱਥ ਨਾ ਆਇੰਦਾ । ਹਰਿਜਨ ਵਿਰਲਾ ਹਰਿ ਨਾਮ ਪੰਘੂੜਾ ਲਏ ਝੂਲ, ਪੁਰਖ ਅਬਿਨਾਸ਼ੀ ਆਪ ਝੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੋਤੀ ਜੋਤ ਮੇਲ ਮਿਲਾਇੰਦਾ । ਜੋਤੀ ਜੋਤ ਮੇਲ ਮਿਲੰਨਾ, ਮਿਲੇ ਮੇਲ ਗਿਰਵਰ ਗਿਰਧਾਰਿਆ । ਦੁੱਖ ਦਰਦ ਦਾ ਡੇਰਾ ਭੰਨਾ, ਜਿਸ ਮਿਲਿਆ ਰਾਮ ਅਵਤਾਰਿਆ । ਸੁਣਿਆ ਰਾਗ ਸੰਦੇਸਾ ਕੰਨਾ, ਗੀਤਾ ਗਿਆਨ ਗੋਝ ਵਿਚਾਰਿਆ । ਹਰਿਜਨ ਵਿਰਲਾ ਮਾਤ ਮੰਨਾ, ਲੱਖ ਚੁਰਾਸੀ ਤਪੇ ਵਾਂਗ ਅੰਗਿਆਰਿਆ । ਰਾਏ ਧਰਮ ਅੰਤ ਦੇਵੇ ਡੰਨਾ, ਜੀਵ ਜੰਤ ਜੋ ਫਿਰੇ ਮਾਤ ਹੰਕਾਰਿਆ । ਹਰਿ ਬਿਨ ਬੇੜਾ ਕਿਸੇ ਨਾ ਬੰਨ੍ਹਾ, ਹਰਿ ਭਗਤ ਕੂਕ ਕੂਕ ਪੁਕਾਰਿਆ । ਭੋਲੇ ਭਾਓ ਮਿਲੇ ਜਿਉਂ ਜੱਟ ਧੰਨਾ, ਸਿਲ ਪੂਜਸ ਪਰਗਟ ਹੋਏ ਹਰਿ ਨਿਰੰਕਾਰਿਆ ।

੬੪੩
੧੦

ਕਲਜੁਗ ਜੀਵ ਨਾ ਜਾਣੇ ਅੰਨ੍ਹਾ, ਨੇਤਰ ਨੈਣ ਨਾ ਕਿਸੇ ਖੁਲ੍ਹਾ ਲਿਆ । ਕਾਮੀ ਕਰੋਧੀ ਫਿਰੇ ਭੰਨਾ, ਮਾਇਆ ਮਮਤਾ ਮੋਹ ਵਿਚਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਚਾਰ ਵਰਨਾਂ ਦੇਵੇ ਇਕ ਸਹਾਰਿਆ । ਚਾਰ ਵਰਨਾਂ ਇਕ ਗਿਆਨ, ਏਕਾ ਮਤ ਸਮਝਾਈਆ । ਚਾਰ ਵਰਨਾਂ ਇਕ ਧਿਆਨ, ਏਕਾ ਦਰ ਵਖਾਈਆ । ਚਾਰ ਵਰਨਾਂ ਇਕ ਭਗਵਾਨ, ਹਰ ਘਟ ਬੈਠਾ ਆਸਣ ਲਾਈਆ । ਚਾਰ ਵਰਨਾਂ ਦੇਵੇ ਬ੍ਰਹਮ ਪਛਾਨ, ਆਤਮ ਬ੍ਰਹਮ ਆਪ ਵਖਾਈਆ । ਚਾਰ ਵਰਨਾਂ ਕਰੇ ਪਰਵਾਨ, ਜੋ ਜਨ ਰਹੇ ਸਰਨਾਈਆ । ਚਾਰ ਵਰਨਾਂ ਇਕ ਦਾਨ, ਰਾਮ ਨਾਮ ਇਕ ਵਰਤਾਈਆ । ਚਾਰ ਵਰਨ ਏਕਾ ਕਾਹਨ, ਲੱਖ ਚੁਰਾਸੀ ਗੋਪੀ ਆਪ ਨਚਾਈਆ । ਚਾਰ ਵਰਨ ਇਕ ਮਕਾਨ, ਹਰਿ ਮੰਦਰ ਦਏ ਵਖਾਈਆ । ਹਰਿ ਮੰਦਰ ਗੁਰਮੁਖ ਵਿਰਲਾ ਸਕੇ ਪਛਾਣ, ਜਿਸ ਜਨ ਆਤਮ ਬੂਝ ਬੁਝਾਈਆ । ਇੱਟਾਂ ਗਾਰਾ ਨਾ ਬਣਾਏ ਕੋਈ ਦੁਕਾਨ, ਗੁਰਮੁਖ ਤੇਰੇ ਅੰਦਰ ਡੇਰਾ ਲਾਈਆ । ਤੇਰਾ ਮੇਲ ਹੋਏ ਮਿਹਰਵਾਨ, ਮੇਲ ਮਿਲਾਵਾ ਸਹਿਜ ਸੁਭਾਈਆ । ਆਵਣ ਜਾਵਣ ਚੁੱਕੇ ਕਾਨ, ਜਮ ਕਾ ਭੈ ਨਾ ਕੋਈ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਚਾਰ ਵਰਨ ਦੇਵੇ ਏਕਾ ਸਰਨ ਨੇਤਰ ਲੋਚਣ ਨੈਣ ਖੋਲ੍ਹੇ ਹਰਨ ਫਰਨ, ਆਤਮ ਦਰਸੀ ਆਪਣਾ ਦਰਸ ਦਿਖਾਈਆ । ਆਤਮ ਦਰਸੀ ਦੇਵੇ ਦਰਸ, ਹਰਿਜਨ ਹਉਮੈਂ ਰੋਗ ਨਿਵਾਰ, ਖੋਟੇ ਖਰੇ ਲਏ ਪਰਖ, ਲੋਕਮਾਤ ਵੇਖ ਵਿਚ ਸੰਸਾਰ, ਹਰਿ ਭਗਤਾਂ ਉਪਰ ਕਰੇ ਤਰਸ, ਮਨਮੁਖ ਦੇਵੇ ਅਗਨ ਸਾੜ । ਨਾ ਸੋਗ ਨਾ ਕੋਈ ਹਰਖ, ਹਰਖ ਸੋਗ ਤੋਂ ਵਸਿਆ ਬਾਹਰ । ਲੇਖਾ ਜਾਣੇ ਅਰਸ਼ ਫ਼ਰਸ਼, ਕਾਇਆ ਕੁਰਾ ਕਰੇ ਵਿਚਾਰ । ਜਿਸ ਜਨ ਬਣਾਈ ਤੇਰੀ ਘੜਤ, ਘੜੇ ਭੰਨੇ ਹਰਿ ਭੰਨਣਹਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਲਏ ਉਭਾਰ । ਹਰਿਜਨ ਹਰਿ ਉਭਾਰਦਾ, ਚਾਰ ਵਰਨ ਜਗ ਮੀਤ । ਏਕਾ ਦਰ ਵਖਾਏ ਸੱਚੀ ਸਰਕਾਰ ਦਾ, ਸ਼ਾਹ ਪਾਤਸ਼ਾਹ ਬੈਠਾ ਪਤਿਤ ਪੁਨੀਤ । ਗੁਣ ਅਵਗੁਣ ਨਾ ਕੋਈ ਵਿਚਾਰਦਾ, ਜਿਸ ਜਨ ਦੇਵੇ ਨਾਮ ਅਨਡੀਠ । ਕੋਝੇ ਕਮਲੇ ਪਾਰ ਉਤਾਰਦਾ, ਆਦਿ ਜੁਗਾਦੀ ਸਾਚੀ ਰੀਤ । ਲੇਖਾ ਜਾਣੇ ਦੋ ਜਹਾਨ ਦਾ, ਵਿਸ਼ਨੂੰ ਭਗਵਾਨ ਬੈਠਾ ਅਤੀਤ । ਸੋਹੰ ਸ਼ਬਦ ਇਕ ਵਖਾਣ ਦਾ, ਲੱਖ ਚੁਰਾਸੀ ਪਰਖੇ ਨੀਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵਸੇ ਤੇਰੇ ਘਰ, ਸਚ ਮਹੱਲੇ ਬੈਠਾ ਚੜ੍ਹ, ਕਿਸੇ ਹੱਥ ਨਾ ਆਏ ਗੁਰ ਦਰ ਮੰਦਰ ਮਸੀਤ ।



★ ੧੭ ਜੇਠ ੨੦੧੮ ਬਿਕ੍ਰਮੀ ਸਾਈਂ ਦਾਸ ਦੇ ਘਰ ਪਿੰਡ ਝੰਡੇ ਤਹਸੀਲ ਅਖਨੂਰ ਜ਼ਿਲਾ ਜੰਮੂ ★

ਚਰਨ ਧੂੜ ਗੁਰ ਸਤਿਗੁਰ ਮਜਨ, ਜਨਮ ਜਨਮ ਮੈਲ ਗਵਾਈਆ । ਅਗਨੀ ਅੱਗ ਛੁਡਾਏ ਸਾਚਾ ਸੱਜਣ, ਸੀਤਲ ਸਤਿ ਸਾਂਤ ਕਰਾਈਆ । ਦੀਨਾਂ ਨਾਥ ਦਰਦ ਦੁੱਖ ਭੈ ਭੰਜਨ, ਭਵ ਸਾਗਰ ਆਪ ਤਰਾਈਆ । ਨੇਤਰ ਨਾਮ ਨਰਾਇਣ ਪਾਏ ਅੰਜਨ, ਜਗਤ ਅੰਧੇਰ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਸ਼ ਕਰੇ ਸੱਚੀ ਸਰਨਾਈਆ । ਸਰਨ ਸਰਨਾਈ ਹਰਿ ਸਰਨਾਗਤ, ਸਰਨ ਚਰਨ ਆਪ ਬਹਾਇੰਦਾ । ਲੇਖਾ ਚੁਕਾਏ ਜਗਤ ਮਨਮਤ, ਗੁਰਮਤ ਏਕਾ ਰਾਹ ਵਖਾਇੰਦਾ । ਸਤਿ ਸੰਤੋਖ ਧੀਰਜ ਜਤ, ਹਠ ਤਪ ਆਪ ਕਰਾਇੰਦਾ । ਚਰਨ ਕਵਲ ਬੰਧਾਏ

ਨਤ, ਜਗ ਵਿਛੜੇ ਜੋੜ ਜੁੜਾਇੰਦਾ । ਮਾਰਗ ਪਰਮਾਰਥ ਏਕਾ ਦੱਸ, ਸੋਹੰ ਮੰਤਰ ਸਚ ਸਮਝਾਇੰਦਾ । ਲੋਕਮਾਤ ਚਲਾਇਆ ਰਥ, ਰਥ ਰਥਵਾਹੀ ਸੇਵ ਕਮਾਇੰਦਾ । ਹਰਿਜਨ ਸਾਜਨ ਕਰ ਇਕੱਠ, ਬੇੜਾ ਆਪਣਾ ਆਪ ਬਣਾਇੰਦਾ । ਏਕਾ ਚੱਪੂ ਏਕਾ ਵਾਰ ਦੇਵੇ ਘਤ, ਡੂੰਘੇ ਸਾਗਰ ਆਪ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਰਨ ਕਵਲ ਇਕ ਦਰਸਾਇੰਦਾ । ਚਰਨ ਕਵਲ ਗੁਰ ਠਾਂਡਾ ਦਰਬਾਰਾ, ਅੰਮ੍ਰਿਤ ਮੇਘ ਧਾਰ ਬਰਸਾਈਆ । ਜਗਤ ਵਿਕਾਰ ਨਾ ਤਪੇ ਅੰਗਿਆਰਾ, ਕੂੜੀ ਕਿਰਿਆ ਨਾ ਕੋਈ ਵਖਾਈਆ । ਮਮਤਾ ਮੋਹ ਨਾ ਕੋਈ ਵਿਕਾਰਾ, ਜੂਠ ਝੂਠ ਨਾ ਕੋਇ ਵਡਿਆਈਆ । ਏਕਾ ਮੰਦਰ ਇਕ ਦਵਾਰਾ, ਏਕਾ ਠਾਕਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਚਰਨ ਦਏ ਸਮਝਾਈਆ । ਹਰਿ ਠਾਕਰ ਬ੍ਰਹਮ ਬ੍ਰਾਹਮਣ, ਬ੍ਰਹਮ ਵਿਦਿਆ ਇਕ ਪੜ੍ਹਾਇੰਦਾ । ਸਤਿ ਸਰੂਪੀ ਬਣ ਬਣ ਜ਼ਾਮਨ, ਸਗਲਾ ਸੰਗ ਆਪ ਨਿਭਾਇੰਦਾ । ਨਾਮ ਨਿਧਾਨ ਫੜਾਏ ਦਾਮਨ, ਦਾਮਨਗੀਰ ਖੇਲ ਖਿਲਾਇੰਦਾ । ਲੇਖਾ ਜਾਣੇ ਦੋ ਜਹਾਨਨ, ਦੋਏ ਦੋਏ ਲੇਖਾ ਆਪ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਰਨ ਕਵਲ ਆਪ ਮਿਲਾਇੰਦਾ । ਚਰਨ ਕਵਲ ਗੁਰ ਸਾਚੀ ਧੂੜ, ਧੁਰ ਮਸਤਕ ਮਿਲੇ ਵਡਿਆਈਆ । ਚਤੁਰ ਸੁਘੜ ਬਣਾਏ ਮੂਰਖ ਮੂੜ੍ਹ, ਬੁਧ ਬਿਬੇਕ ਆਪ ਕਰਾਈਆ । ਨਾਤਾ ਤੋੜੇ ਕੂੜੋ ਕੂੜ, ਸਚ ਸੁੱਚ ਇਕ ਵਖਾਈਆ । ਜੋਤੀ ਜਾਤਾ ਬਖ਼ਸ਼ੇ ਨੂਰ, ਜੋਤ ਨਿਰੰਜਣ ਕਰ ਰੁਸ਼ਨਾਈਆ । ਹੋਏ ਪਰਕਾਸ਼ ਜਿਉਂ ਕੋਹਤੂਰ, ਜਲਵਾ ਆਪਣਾ ਆਪ ਵਖਾਈਆ । ਹਰਿਜਨ ਹਰਿ ਹਰਿ ਸਦਾ ਹਜ਼ੂਰ, ਵਿਛੜ ਕਦੇ ਨਾ ਜਾਈਆ । ਜਨਮ ਜਨਮ ਆਸਾ ਮਨਸਾ ਪੂਰ, ਜਗਤ ਤ੍ਰਿਸਨਾ ਭੁੱਖ ਮਿਟਾਈਆ । ਵਸਣਹਾਰਾ ਨੇੜੇ ਦੂਰ, ਨਿਜ ਘਰ ਬੈਠਾ ਸੇਜ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਚਰਨ ਹਰਿਜਨ ਮੇਲ ਮਿਲਾਈਆ । ਹਰਿ ਚਰਨ ਮੇਲਾ ਗੁਰ ਗੁਰ ਰੰਗ, ਗੁਰਮਤੀ ਗੁਰ ਮਿਲਾਇੰਦਾ । ਆਤਮ ਸੇਜ ਰੰਗੀਲਾ ਪਲੰਘ, ਸ਼ਬਦ ਸਿੰਘਾਸਣ ਸੋਭਾ ਪਾਇੰਦਾ । ਅਨਹਦ ਨਾਦ ਅਗੰਮੀ ਮਰਦੰਗ, ਧੁਰ ਫ਼ਰਮਾਨਾ ਆਪ ਸੁਣਾਇੰਦਾ । ਕਰੇ ਪਰਕਾਸ਼ ਬਿਨ ਸੂਰਜ ਚੰਨ, ਜੋਤ ਉਜਾਲਾ ਆਪ ਰਖਾਇੰਦਾ । ਜਗਤ ਸੁਣਾਏ ਸੁਹਾਗੀ ਛੰਦ, ਬਿਨ ਰਸਨਾ ਜਿਹਵਾ ਗਾਇੰਦਾ । ਹਰਿਜਨ ਆਪ ਉਪਜਾਏ ਪਰਮਾਨੰਦ, ਅਨੰਦ ਆਪਣਾ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਚਰਨ ਕਵਲ ਹਰਿਜਨ ਦੇਵੇ ਬੰਨ੍ਹ, ਏਕਾ ਆਪਣਾ ਬੰਧਨ ਪਾਇੰਦਾ । ਬੰਧਨ ਬੰਧ ਪਾਏ ਨਾਮ ਡੋਰ, ਸਾਚਾ ਵਟ ਆਪ ਚੜ੍ਹਾਈਆ । ਅੰਦਰ ਵੜ ਵੜ ਵੇਖੇ ਪੰਜ ਚੋਰ, ਚੋਰੀ ਚੋਰ ਖੇਲ ਖਿਲਾਈਆ । ਵੇਖ ਵਖਾਏ ਅੰਧ ਘੋਰ, ਘੁੱਪ ਅੰਧੇਰਾ ਫੇਰਾ ਪਾਈਆ । ਸ਼ਬਦ ਰਖਾਏ ਸਾਚਾ ਘੋੜ, ਘਰ ਘਰ ਆਪੇ ਰਿਹਾ ਦੌੜਾਈਆ । ਮਨਮਤ ਨਾ ਪਾਏ ਸ਼ੋਰ, ਹਿੰਸਾ ਹਿੱਸਾ ਨਾ ਕੋਈ ਵੰਡਾਈਆ । ਜਿਸ ਜਨ ਆਪਣੇ ਸੰਗ ਲਏ ਤੋਰ, ਤਿਸ ਆਪਣੇ ਰੰਗ ਰੰਗਾਈਆ । ਚਰਨ ਕਵਲ ਪ੍ਰੀਤੀ ਸਾਚੀ ਜੋੜ, ਜੀਵਣ ਜੁਗਤ ਦਏ ਜਣਾਈਆ । ਸੋਹੰ ਸ਼ਬਦ ਚੁਕਾਏ ਤੋਰ ਮੋਰ, ਸੋਹੰ ਰੂਪ ਸਰਬ ਸ੍ਰਿਸ਼ਟ ਲੋਕਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਜੈਕਾਰਾ ਏਕਾ ਬੋਲ, ਗੁਰਮੁਖ ਗੁਰਸਿਖ ਹਰਿ ਭਗਤ ਹਰਿਜਨ ਤੇਰਾ ਹੋਏ ਅੰਤ ਸਹਾਈਆ ।


੬੪੫
੧੦

ਗੁਰਮੁਖ ਗੁਰ ਸਦਾ ਅਧੀਨ, ਨਿਰਧਨ ਰੂਪ ਰਖਾਇੰਦਾ । ਗੁਰਮੁਖ ਗੁਰ ਮੇਲ ਜਿਉਂ ਜਲ ਮੀਨ, ਮੀਨ ਆਪਣੀ ਗਤ ਬਣਾਇੰਦਾ । ਗੁਰਮੁਖ ਗੁਰ ਸਦਾ ਵਸਣ ਲੋਕ ਪਾਰ ਤੀਨ, ਤ੍ਰੈ ਤ੍ਰੈ ਲੇਖਾ ਆਪ ਚਮਕਾਇੰਦਾ । ਗੁਰਮੁਖ ਗੁਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਰੰਗ ਰੰਗਾਏ ਏਕਾ ਵਖਾਏ ਸਾਚਾ ਦੀਨ, ਦੀਨ ਦੁਨੀ ਵੇਖ ਵਖਾਇੰਦਾ । ਗੁਰਮੁਖ ਗੁਰ ਹਰਿ ਹਰਿ ਧਾਰ, ਹਰਿ ਸਾਚਾ ਆਪ ਪੜ੍ਹਾਈਆ । ਜਗਤ ਜੁਗਤ ਜਗ ਕਰ ਵਿਚਾਰ, ਸਾਚਾ ਜੋੜਾ ਜੋੜ ਜੁੜਾਈਆ । ਗ੍ਰਹਿ ਮੰਦਰ ਕਰ ਪਸਾਰ, ਘਟ ਆਸਣ ਦਏ ਸੁਹਾਈਆ । ਦੀਵਾ ਬਾਤੀ ਕਰ ਉਜਿਆਰ, ਕਮਲਾਪਾਤੀ ਵੇਖ ਵਖਾਈਆ । ਸਾਚਾ ਸਾਕੀ ਭਰ ਪਿਆਲ, ਨਾਮ ਪਿਆਲਾ ਦਏ ਪਿਲਾਈਆ । ਖੋਲ੍ਹੇ ਤਾਕ ਬੰਦ ਕਿਵਾੜ, ਆਪਣਾ ਪਰਦਾ ਆਪ ਉਠਾਈਆ । ਦਰਸ ਦਿਖਾਏ ਏਕਾ ਵਾਰ, ਏਕਾ ਦ੍ਰਿਸ਼ਟ ਦਏ ਖਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਗੁਰ ਗੁਰ ਰੂਪ ਸਮਾਈਆ । ਗੁਰਸਿਖ ਗੁਰ ਰੂਪ ਸਮਾਇਆ, ਗੁਰ ਗੁਰ ਰੂਪ ਆਪ ਵਟਾਈਆ । ਗੁਰਸਿਖ ਗੁਰ ਸਾਚਾ ਪਾਇਆ, ਗੁਰ ਸਾਚਾ ਸਿਖ ਉਪਜਾਈਆ । ਗੁਰਸਿਖ ਮਸਤਕ ਲੇਖ ਲਿਖਾਇਆ, ਗੁਰ ਗੁਰ ਲੇਖਾ ਰਿਹਾ ਮੁਕਾਈਆ । ਗੁਰਸਿਖ ਦਰਸ਼ਨ ਨੇਤਰ ਪੇਖ ਦਰਸ਼ਨ ਪਾਇਆ, ਗੁਰ ਗੁਰ ਦਰਸ ਰਿਹਾ ਵਖਾਈਆ । ਗੁਰਸਿਖ ਵਿਚੋਲਾ ਇਕ ਬਣਾਇਆ, ਗੁਰ ਸਤਿਗੁਰ ਨਾ ਮਰੇ ਨਾ ਜਾਈਆ । ਜਿਸ ਨੇ ਢੋਲਾ ਸਾਚਾ ਗਾਇਆ, ਹੰ ਬ੍ਰਹਮ ਵੱਜੇ ਵਧਾਈਆ । ਪਾਰਬ੍ਰਹਮ ਬ੍ਰਹਮ ਹੋਏ ਸੁਹਾਇਆ, ਸਗਲੀ ਚਿੰਤ ਮਿਟਾਈਆ । ਕਰੇ ਖੇਲ ਬਣ ਬਣ ਦਾਈ ਦਾਇਆ, ਨਜ਼ਰ ਕਿਸੇ ਨਾ ਆਈਆ । ਹਰਿਜਨ ਸਾਚੇ ਲਏ ਮਿਲਾਇਆ, ਗੁਰਸਿਖ ਗੁਰ ਗੁਰ ਆਪਣੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮੇਲ ਮਿਲਾਏ ਏਕਾ ਘਰ, ਘਰ ਮੰਦਰ ਇਕ ਵਡਿਆਈਆ । ਘਰ ਮੰਦਰ ਗੁਰ ਚਰਨ ਦਵਾਰਾ, ਸਚਖੰਡ ਨਿਵਾਸੀ ਆਪ ਜਣਾਇੰਦਾ । ਬਿਨ ਗੁਰ ਉਤਰੇ ਨਾ ਕੋਈ ਪਾਰਾ, ਗੁਰ ਸਗਲਾ ਸੰਗ ਨਿਭਾਇੰਦਾ । ਜੁਗਾ ਜੁਗੰਤਰ ਹੋ ਉਜਿਆਰਾ, ਲੋਕਮਾਤ ਖੇਲ ਖਿਲਾਇੰਦਾ । ਕਲਜੁਗ ਅੰਤਮ ਕਰੇ ਪਾਰ ਕਿਨਾਰਾ, ਆਪਣਾ ਘਾਟ ਆਪਣਾ ਪੱਤਣ ਆਪ ਬਣਾਇੰਦਾ । ਸੰਤ ਸੁਹੇਲੇ ਫੜ ਫੜ ਮੇਲੇ ਦਰ ਦਵਾਰਾ, ਜਗਤ ਵਿਛੋੜਾ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਵਖਾਏ ਆਪਣਾ ਘਰ ਬਾਰਾ, ਚਰਨ ਕਵਲ ਦਏ ਸਹਾਰਾ, ਧੂੜੀ ਮਸਤਕ ਟਿੱਕਾ ਲਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਦਾ ਇਕ ਦਾਤਾਰਾ, ਦਰਦ ਦੁਖੀਆਂ ਆਪ ਵੰਡਾਇੰਦਾ ।

★ ੧੭ ਜੇਠ ੨੦੧੮ ਧਰਮ ਚੰਦ ਦੇ ਘਰ ਪਿੰਡ ਬਾਲੇ ਵਾਲ ਜੰਮੂ ★

ਸੋ ਪੁਰਖ ਨਿਰੰਜਣ ਸਦਾ ਮਿਹਰਵਾਨ, ਆਦਿ ਅੰਤ ਖੇਲ ਖਿਲਾਇੰਦਾ । ਹਰਿ ਪੁਰਖ ਨਿਰੰਜਣ ਰੂਪ ਮਹਾਨ, ਰੂਪ ਅਨੂਪ ਆਪ ਪਰਗਟਾਇੰਦਾ । ਏਕੰਕਾਰਾ ਵਸਣਹਾਰਾ ਸਚ ਮਕਾਨ, ਸਚਖੰਡ ਦਵਾਰੇ ਸੋਭਾ ਪਾਇੰਦਾ । ਆਦਿ ਨਿਰੰਜਣ ਨੂਰ ਨੁਰਾਨ, ਜੋਤ ਉਜਾਲਾ ਆਪ ਕਰਾਇੰਦਾ । ਸ੍ਰੀ ਭਗਵਾਨ ਲੇਖਾ ਜਾਣੇ ਦੋ ਜਹਾਨ, ਅਬਿਨਾਸ਼ੀ ਕਰਤਾ ਵੇਖ ਵਖਾਇੰਦਾ । ਪਾਰਬ੍ਰਹਮ ਪ੍ਰਭ ਸਚ ਨਿਸ਼ਾਨ, ਸਚ ਦਵਾਰੇ ਆਪ ਝੁਲਾਇੰਦਾ । ਥਿਰ

ਘਰ ਸਾਚੇ ਹੋ ਪਰਧਾਨ, ਆਪ ਆਪਣਾ ਰੰਗ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਆਪਣਾ ਵੇਸ ਵਟਾਇੰਦਾ । ਆਦਿ ਪੁਰਖ ਵਡ ਹਰਿ ਦਾਨਾ, ਆਪਣੀ ਦਇਆ ਕਮਾਈਆ । ਸਚਖੰਡ ਦਵਾਰੇ ਹੋ ਪਰਧਾਨਾ, ਸਾਚੇ ਤਖ਼ਤ ਸੋਭਾ ਪਾਈਆ । ਏਕਾ ਹੁਕਮ ਧੁਰ ਫ਼ਰਮਾਨਾ, ਆਪਣੀ ਇਛਿਆ ਆਪ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਖਿਲਾਈਆ । ਜੋਤ ਸ਼ਬਦ ਹਰਿ ਹਰਿ ਧਾਰ, ਨਿਰਗੁਣ ਖੇਲ ਖਿਲਾਇਆ । ਅਲਖ ਅਗੋਚਰ ਅਗੰਮ ਅਪਾਰ, ਅਗੰਮ ਅਗੰਮੜਾ ਵੇਸ ਵਟਾਇਆ । ਸਚ ਸਿੰਘਾਸਣ ਪੁਰਖ ਨਾਰ, ਸੇਜ ਸੁਹੰਜਣੀ ਆਪ ਹੰਢਾਇਆ । ਪੂਤ ਸਪੂਤਾ ਦਏ ਅਧਾਰ, ਨਿਸ਼ਅੱਖਰ ਰੂਪ ਵਟਾਇਆ । ਵਿਸ਼ਨ ਬ੍ਰਹਮਾ ਸ਼ਿਵ ਕਰ ਤਿਆਰ, ਤ੍ਰੈ ਤ੍ਰੈ ਮੇਲਾ ਇਕ ਮਿਲਾਇਆ । ਤ੍ਰੈਗੁਣ ਦੇਵੇ ਵਸਤ ਭੰਡਾਰ, ਪੰਜ ਤੱਤ ਝੋਲੀ ਆਪ ਭਰਾਇਆ । ਲੱਖ ਚੁਰਾਸੀ ਕਰ ਪਸਾਰ, ਘਟ ਘਟ ਆਸਣ ਲਾਇਆ । ਘਰ ਵਿਚ ਘਰ ਖੇਲ ਨਿਆਰ, ਸਾਚਾ ਮੰਦਰ ਆਪ ਉਪਾਇਆ । ਨਿਰਗੁਣ ਬਾਤੀ ਕਰ ਉਜਿਆਰ, ਕਮਲਾ ਪਾਤੀ ਆਪ ਟਿਕਾਇਆ । ਸਰ ਸਰੋਵਰ ਭਰ ਭੰਡਾਰ, ਕਵਲ ਨਾਭੀ ਜਲ ਰਖਾਇਆ । ਧੁੰਨ ਅਨਾਦ ਸੱਚੀ ਧੁੰਨਕਾਰ, ਅਨਹਦ ਨਾਦ ਅਲਾਇਆ । ਡੂੰਘੀ ਭਵਰੀ ਖੇਲ ਅਪਾਰ, ਸੁਖਮਨ ਟੇਢੀ ਬੰਕ ਬਣਾਇਆ । ਈੜਾ ਪਿੰਗਲ ਪਹਿਰੇਦਾਰ, ਦਰ ਦਵਾਰੇ ਆਪ ਸੁਹਾਇਆ । ਕਰੇ ਖੇਲ ਅਪਰ ਅਪਾਰ, ਘਰ ਘਰ ਮੇਲਾ ਭੇਵ ਨਾ ਰਾਇਆ । ਪੰਚ ਵਿਕਾਰਾ ਭਰ ਭੰਡਾਰ, ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਇਆ । ਆਸਾ ਤ੍ਰਿਸਨਾ ਦਏ ਅਧਾਰ, ਮਾਇਆ ਮਮਤਾ ਮੋਹ ਨਾਲ ਮਿਲਾਇਆ । ਹਉਮੇਂ ਹੰਗਤਾ ਗੜ੍ਹ ਬਣ ਹੰਕਾਰ, ਪੰਜ ਤੱਤ ਖੇੜਾ ਆਪ ਸੁਹਾਇਆ । ਨਿਰਗੁਣ ਸਰਗੁਣ ਕਰੇ ਵਿਚਾਰ, ਨਿਰਗੁਣ ਆਪਣਾ ਮੁਖ ਛੁਪਾਇਆ । ਆਤਮ ਬ੍ਰਹਮ ਹੋ ਉਜਿਆਰ, ਪਾਰਬ੍ਰਹਮ ਪ੍ਰਭ ਵੇਸ ਵਟਾਇਆ । ਈਸ਼ ਜੀਵ ਖੇਲ ਨਿਆਰ, ਜਗਦੀਸ ਆਪ ਖਿਲਾਇਆ । ਆਪਣੀ ਇਛਿਆ ਸੁਰਤੀ ਦਏ ਭੰਡਾਰ ਵਸਤ ਅਮੋਲਕ ਝੋਲੀ ਪਾਇਆ । ਲੱਖ ਚੁਰਾਸੀ ਖੇਲ ਨਿਆਰ, ਨਿਰਗੁਣ ਸਰਗੁਣ ਆਪ ਖਿਲਾਇਆ । ਏਕਾ ਹੁਕਮ ਸੱਚੀ ਸਰਕਾਰ, ਧੁਰ ਫ਼ਰਮਾਨਾ ਸ਼ਬਦ ਸੁਣਾਇਆ । ਲਿਖਣ ਪੜ੍ਹਨ ਤੋਂ ਵਸੇ ਬਾਹਰ, ਲੇਖਾ ਲੇਖ ਨਾ ਕੋਈ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਨਾਉਂ ਲਏ ਪਰਗਟਾਇਆ । ਏਕਾ ਨਾਉਂ ਹਰਿ ਪਰਗਟਾ, ਨਾਉਂ ਨਿਰੰਕਾਰਾ ਆਪ ਅਖਵਾਇੰਦਾ । ਆਪਣਾ ਬੇੜਾ ਆਪ ਚਲਾ, ਖੇਵਟ ਖੇਟਾ ਆਪ ਹੋ ਜਾਇੰਦਾ । ਆਪਣਾ ਮਾਰਗ ਆਪੇ ਲਾ, ਹਰਿ ਹਰਿ ਆਪੇ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਗੁਰ ਆਪ ਸਮਝਾਇੰਦਾ । ਏਕਾ ਗੁਰ ਹਰਿ ਸ਼ਬਦ ਧਾਰ, ਦੂਸਰ ਗੁਰ ਨਾ ਕੋਈ ਵਡਿਆਈਆ । ਆਦਿ ਜੁਗਾਦਿ ਜੁਗ ਜੁਗ ਲੋਕਮਾਤ ਹੋ ਉਜਿਆਰ, ਵੇਸ ਅਨੇਕਾ ਰੂਪ ਵਟਾਈਆ । ਪੰਜ ਤੱਤ ਕਰੇ ਪਿਆਰ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਖੇਲ ਖਿਲਾਈਆ । ਆਤਮ ਬ੍ਰਹਮ ਪਾਰਬ੍ਰਹਮ ਲੇਖਾ ਏਕਾ ਘਰ ਬਾਰ, ਗੁਰ ਚੇਲਾ ਰੂਪ ਧਰਾਈਆ । ਏਕਾ ਨਾਦ ਸ਼ਬਦ ਧੁਨਕਾਰ, ਧੁਰ ਫ਼ਰਮਾਨਾ ਆਪ ਸੁਣਾਈਆ । ਲੱਖ ਚੁਰਾਸੀ ਜੀਵਾਂ ਜੰਤਾਂ ਕਰੇ ਖ਼ਬਰਦਾਰ, ਸੋਈ ਸੁਰਤੀ ਸਰਬ ਉਠਾਈਆ । ਭਗਤ ਭਗਵੰਤ ਲਏ ਅਧਾਰ, ਸਾਚੇ ਸੰਤ ਮੇਲ ਮਿਲਾਈਆ । ਗੁਰਮੁਖਾਂ ਖੋਲ੍ਹੇ ਬੰਦ ਕਿਵਾੜ, ਬਜਰ ਕਪਾਟੀ ਤੋੜ ਤੁੜਾਈਆ । ਗੁਰਸਿਖ ਅੰਮ੍ਰਿਤ ਆਤਮ ਪਿਆਏ ਠੰਡਾ ਠਾਰ, ਨਿਝਰ ਝਿਰਨਾ ਆਪ ਝਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣੀ ਵੰਡ ਵੰਡਾਈਆ ।

ਜੁਗ ਜੁਗ ਵੰਡ ਪੁਰਖ ਸਮਰਥ, ਲੋਕਮਾਤ ਆਪ ਵੰਡਾਇੰਦਾ । ਲੱਖ ਚੁਰਾਸੀ ਚਲਾਏ ਰਥ, ਘਟ ਘਟ ਆਪਣਾ ਆਸਣ ਲਾਇੰਦਾ । ਸਤਿ ਸਰੂਪੀ ਪਾਈ ਨਥ, ਚਾਰੋਂ ਕੁੰਟ ਆਪ ਭਵਾਇੰਦਾ । ਸ਼ਬਦ ਅਗੰਮੀ ਏਕਾ ਦੱਸ, ਏਕਾ ਰਾਹ ਵਖਾਇੰਦਾ । ਹਿਰਦੇ ਅੰਦਰ ਆਪੇ ਵਸ, ਹਰਿਜਨ ਸਾਚੇ ਮੇਲ ਮਿਲਾਇੰਦਾ । ਤੀਰ ਨਿਰਾਲਾ ਮਾਰੇ ਕਸ, ਤਿਖੀ ਮੁੱਖੀ ਆਪ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣਾ ਨਾਉਂ ਆਪ ਧਰਾਇੰਦਾ । ਸਾਚਾ ਨਾਉਂ ਹਰਿ ਨਿਰੰਕਾਰਾ, ਸਤਿਜੁਗ ਤ੍ਰੇਤਾ ਆਪ ਉਪਜਾਈਆ । ਰਾਮਾ ਕ੍ਰਿਸ਼ਨਾ ਹੋ ਉਜਿਆਰਾ, ਦੁਸ਼ਟ ਹੰਕਾਰੀ ਦਏ ਖਪਾਈਆ । ਏਕਾ ਇਸ਼ਟ ਦ੍ਰਿਸ਼ਟ ਵਿਚ ਸੰਸਾਰਾ, ਜੀਵਾਂ ਜੰਤਾਂ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਈਆ । ਭੇਵ ਅਵੱਲਾ ਇਕ ਇਕੱਲਾ, ਸੋ ਪੁਰਖ ਨਿਰੰਜਣ ਆਪ ਖੁਲ੍ਹਾਇੰਦਾ । ਕਲਜੁਗ ਵੇਖੇ ਜਗਤ ਮਹੱਲਾ, ਲੋਕਮਾਤ ਵੇਸ ਵਟਾਇੰਦਾ । ਨਾਉਂ ਰਖਾਏ ਨੂਰੀ ਅੱਲਾ, ਅਲਾਹੀ ਨੂਰ ਆਪ ਹੋ ਜਾਇੰਦਾ । ਮੁਕਾਮੇ ਹੱਕ ਪਰਵਰਦਿਗਾਰ ਸਚ ਮਹੱਲਾ ਏਕਾ ਮੱਲਾ, ਸਚ ਸਿੰਘਾਸਣ ਸੋਭਾ ਪਾਇੰਦਾ । ਸ਼ਬਦ ਸੰਦੇਸ਼ ਅਲਾਹੀ ਕਲਾਮ ਸਚ ਅਮਾਮ ਏਕਾ ਘੱਲਾ, ਕਾਇਨਾਤ ਆਪ ਸੁਣਾਇੰਦਾ । ਪੀਰ ਪੈਗ਼ੰਬਰ ਮੁੱਲਾ ਸ਼ੇਖ਼ ਮੁਸਾਇਕ ਪੀਰ ਫੜਾਏ ਪੱਲਾ, ਵਾਹਿਦ ਆਪਣਾ ਰੂਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਮੁਰਸ਼ਦ ਰੂਪ ਵਟਾਇੰਦਾ । ਏਕਾ ਮੁਰਸ਼ਦ ਬਿਸਮਲ ਧਾਰ, ਰੂਪ ਰੰਗ ਰੇਖ ਨਾ ਕੋਈ ਵਖਾਈਆ । ਮੁਕਾਮੇ ਹੱਕ ਬੈਠਾ ਸਾਂਝਾ ਯਾਰ, ਸ਼ਰਅ ਸ਼ਰੀਅਤ ਇਕ ਜਣਾਈਆ । ਸਚ ਤੌਫ਼ੀਕ ਪਰਵਰਦਿਗਾਰ, ਮਹਿਬਾਨ ਬੀਦੋ ਬੀ ਖ਼ੈਰ ਯਾ ਅੱਲਾ ਵਡਿਆਈਆ । ਚੌਦਾਂ ਤਬਕਾਂ ਹੋ ਉਜਿਆਰ, ਇਕ ਸੰਦੇਸ ਨਰ ਨਰੇਸ਼ ਦਰ ਮੁਹੰਮਦ ਦਏ ਪੁਚਾਈਆ । ਜਬਰਾਈਲ ਮੇਕਾਈਲ ਅਸਰਾਫ਼ੀਲ ਅਜ਼ਰਾਈਲ ਬਣ ਹੰਕਾਰ, ਸਚ ਸੰਦੇਸਾ ਇਕ ਸੁਣਾਈਆ । ਏਕਾ ਨਾਦ ਸ਼ਬਦ ਧੁੰਨਕਾਰ, ਏਕਾ ਮੁਰਸ਼ਦ ਵਿਚ ਸੰਸਾਰ, ਮੁਰੀਦ ਏਕਾ ਰੂਪ ਦਰਸਾਈਆ । ਏਕਾ ਜੋਤੀ ਜੋਤ ਉਜਿਆਰ, ਵਰਨ ਗੋਤ ਤੇ ਵਸੇ ਬਾਹਰ, ਨਿਰਗੁਣ ਸਰਗੁਣ ਖੇਲ ਖਿਲਾਈਆ । ਨਾਨਕ ਪੰਜ ਤੱਤ ਆਕਾਰ, ਸ਼ਬਦ ਜਣਾਏ ਸੱਚੀ ਧੁੰਨਕਾਰ, ਨਾਮ ਸਤਿ ਕਰੇ ਪੜ੍ਹਾਈਆ । ਬ੍ਰਹਮ ਮਤ ਸਰਬ ਸੰਸਾਰ, ਹਰ ਘਟ ਦਿਸੇ ਓਅੰਕਾਰ, ਏਕੰਕਾਰਾ ਆਪਣਾ ਰੂਪ ਦਰਸਾਈਆ । ਜੋਤੀ ਜਾਤਾ ਪੁਰਖ ਬਿਧਾਤਾ ਭੇਵ ਅਭੇਦਾ ਇਕ ਇਕਾਂਤਾ, ਏਕਾ ਮੰਦਰ ਸੋਭਾ ਪਾਈਆ । ਚਾਰ ਵਰਨਾਂ ਏਕਾ ਨਾਤਾ, ਛੱਤ੍ਰੀ ਬ੍ਰਾਹਿਮਣ ਸ਼ੂਦਰ ਵੈਸ਼ ਰਾਓ ਰੰਕ ਰਾਜ ਰਾਜਾਨ ਸ਼ਾਹ ਸੁਲਤਾਨ ਏਕਾ ਘਰ ਵਖਾਈਆ । ਮਨਮਤ ਜਗਤ ਨਾਰ ਦੁਹਾਗਣ ਕਮਜ਼ਾਤਾ, ਚਾਰੋਂ ਕੁੰਟ ਕੂਕੇ ਦਏ ਦੁਹਾਈਆ । ਏਕਾ ਨਾਮ ਏਕਾ ਗਾਥਾ, ਏਕਾ ਸ਼ਬਦ ਦਏ ਸਮਝਾਈਆ । ਏਕਾ ਪੂਜਾ ਏਕਾ ਪਾਠਾ, ਏਕਾ ਇਸ਼ਟ ਦਏ ਵਖਾਈਆ । ਏਕਾ ਰਾਮ ਨਿਭਾਏ ਸਗਲਾ ਸਾਥਾ, ਵਿਛੜ ਕਦੇ ਨਾ ਜਾਈਆ । ਏਕਾ ਕ੍ਰਿਸ਼ਨਾ ਚਲਾਏ ਰਾਥਾ, ਰਥ ਰਥਵਾਹੀ ਸੇਵ ਕਮਾਈਆ । ਏਕਾ ਈਸਾ ਮੂਸਾ ਸਯਦਾ ਨਿਉਂ ਨਿਉਂ ਕਰੇ ਮਾਥਾ, ਸੀਸ ਜਗਦੀਸ ਇਕ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਏਕਾ ਗੁਰ ਦਏ ਵਡਿਆਈਆ । ਏਕਾ ਗੁਰ ਹਰਿ ਸਮਝਾਇੰਦਾ, ਨਿਰਗੁਣ ਨਾਨਕ ਮੇਲ ਮਿਲਾ । ਸ਼ਬਦੀ ਡੰਕ ਮਾਤ ਵਜਾਇੰਦਾ, ਜੀਵਾਂ ਜੰਤਾਂ ਦੇਵੇ ਸਚ ਸਲਾਹ । ਹਰਿ ਕਾ ਨਾਮ ਜੋ ਜਨ ਧਿਆਇੰਦਾ, ਪੁਰਖ ਅਬਿਨਾਸ਼ੀ ਵੇਲੇ ਅੰਤ ਹੋਏ ਸਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਜੋਤ ਦਸ ਦਸ ਜਾਮੇ ਰੂਪ ਲਏ ਵਟਾ । ਏਕਾ ਜੋਤ ਜੋਤ

ਜਗਾ, ਜੋਤੀ ਜਾਤਾ ਖੇਲ ਖਿਲਾਇੰਦਾ । ਗੋਬਿੰਦ ਪੂਤ ਸਪੂਤਾ ਆਪ ਉਠਾ, ਪੁਰਖ ਅਕਾਲ ਦਇਆ ਕਮਾਇੰਦਾ । ਧੁਰ ਫ਼ਰਮਾਨਾ ਹੁਕਮ ਜਣਾ, ਸਾਚੀ ਸੇਵਾ ਸਚ ਲਗਾਇੰਦਾ । ਏਕਾ ਅੰਮ੍ਰਿਤ ਦਏ ਪਿਆ, ਸਚ ਪਿਆਲਾ ਹੱਥ ਰਖਾਇੰਦਾ । ਦੀਨ ਦਿਆਲਾ ਸਿਰ ਹੱਥ ਟਿਕਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵੇਸ ਆਪ ਧਰਾਇੰਦਾ । ਸੁਤ ਦੁਲਾਰਾ ਗੋਬਿੰਦ ਜਾਇਆ, ਪੁਰਖ ਅਕਾਲ ਦਇਆ ਕਮਾਈਆ । ਏਕਾ ਹੁਕਮ ਧੁਰ ਸੁਣਾਇਆ, ਜੀਵਾਂ ਜੰਤਾਂ ਸੇਵ ਕਮਾਈਆ । ਜੀਵਾਂ ਜੰਤਾਂ ਏਕਾ ਅੰਕ ਮਿਲਾਇਆ, ਦੂਈ ਦਵੈਤੀ ਨਾ ਕੋਈ ਰਖਾਈਆ । ਝੀਵਰ ਛੀਂਬੇ ਫੜ ਕੇ ਏਕਾ ਧਾਮ ਬਹਾਇਆ, ਜ਼ਾਤ ਪਾਤ ਨਾ ਕੋਈ ਰਖਾਈਆ । ਏਕਾ ਅੰਮ੍ਰਿਤ ਦਏ ਪਿਆਇਆ, ਅੰਮਿਉਂ ਰਸ ਅੰਮ੍ਰਿਤ ਆਤਮ ਆਪ ਚੁਆਈਆ । ਏਕਾ ਗੁਰ ਦਏ ਸਮਝਾਇਆ, ਪੁਰਖ ਅਕਾਲ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਸੇਵਾ ਮਾਤ ਲਗਾਈਆ । ਗੋਬਿੰਦ ਸੇਵਾ ਹਰਿ ਨਿਰੰਕਾਰਾ, ਲੋਕਮਾਤ ਲਗਾਇੰਦਾ । ਸਾਚਾ ਪੰਥ ਕਰ ਤਿਆਰਾ, ਚਾਰ ਵਰਨਾਂ ਏਕਾ ਘਰ ਬਹਾਇੰਦਾ । ਦੂਤ ਦੁਸ਼ਟ ਕਰ ਸੰਘਾਰਾ, ਗ਼ਰੀਬ ਨਿਮਾਣੇ ਗਲੇ ਲਗਾਇੰਦਾ । ਮੁਸਲਿਮ ਹਿੰਦੂ ਨਾ ਕੋਇ ਵਿਚਾਰਾ, ਆਪ ਆਪਣਾ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦਿਤਾ ਸਾਚਾ ਵਰ, ਸਾਚਾ ਪੰਥ ਆਪ ਬਣਾਇੰਦਾ । ਸਾਚਾ ਪੰਥ ਉਤਮ ਜ਼ਾਤ, ਚਾਰ ਵਰਨ ਬਣਾਇਆ । ਪੁਰਖ ਅਕਾਲ ਨਿਭਾਏ ਸਾਥ, ਗੋਬਿੰਦ ਮੇਲਾ ਸਹਿਜ ਸੁਭਾਇਆ । ਏਕਾ ਅੱਖਰ ਏਕਾ ਗਾਥ, ਏਕਾ ਵਿਦਿਆ ਲਏ ਪੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਵਖਾਇਆ ਏਕਾ ਘਰ, ਸਾਚਾ ਮੰਦਰ ਆਪ ਖੁਲ੍ਹਾਇਆ । ਸਾਚਾ ਮੰਦਰ ਹਰਿ ਹਰਿ ਖੋਲ੍ਹ, ਏਕਾ ਗੁਰੂ ਦਏ ਵਡਿਆਈਆ । ਏਕਾ ਗੁਰ ਸਦਾ ਅਤੋਲ, ਕਿਸੇ ਤੋਲ ਨਾ ਤੋਲਿਆ ਜਾਈਆ । ਏਕਾ ਗੁਰ ਆਦਿ ਜੁਗਾਦਿ ਰਿਹਾ ਬੋਲ, ਜੁਗਾ ਜੁਗੰਤਰ ਆਪਣਾ ਹੁਕਮ ਸੁਣਾਈਆ । ਏਕਾ ਗੁਰ ਆਦਿ ਜੁਗਾਦਿ ਰਹੇ ਅਡੋਲ, ਨਾ ਮਰੇ ਨਾ ਜਾਈਆ । ਏਕਾ ਗੁਰੂ ਵਸੇ ਸਭ ਦੇ ਕੋਲ, ਵਿਛੜ ਕਦੇ ਨਾ ਜਾਈਆ । ਏਕਾ ਗੁਰੂ ਹਰ ਘਟ ਰਿਹਾ ਮੌਲ, ਰੂਪ ਰੇਖ ਨਾ ਕੋਈ ਵਖਾਈਆ । ਏਕਾ ਗੁਰੂ ਪੂਰਾ ਕਰੇ ਆਪਣਾ ਕੀਤਾ ਕੌਲ, ਜਨ ਭਗਤਾਂ ਹੋਏ ਸਹਾਈਆ । ਏਕਾ ਗੁਰੂ ਲੇਖਾ ਜਾਣੇ ਧਰਨੀ ਧਰਤ ਧੌਲ, ਜ਼ਿਮੀਂ ਅਸਮਾਨਾਂ ਵੇਖ ਵਖਾਈਆ । ਏਕਾ ਗੁਰੂ ਦੇਵੇ ਸਾਚੀ ਪਾਹੁਲ, ਪੁਰਖ ਅਕਾਲ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਗੁਰੂ ਦਏ ਸਮਝਾਈਆ । ਸਾਚਾ ਗੁਰੂ ਸ਼ਬਦ ਗੁਰਦੇਵ, ਦੂਸਰ ਅਵਰ ਨਾ ਕੋਈ ਵਡਿਆਈਆ । ਹਰਿਜਨ ਸਾਚਾ ਰਸਨਾ ਰਸ ਖਾਏ ਸਾਚਾ ਮੇਵ, ਅੰਮ੍ਰਿਤ ਰਸ ਆਪ ਚਖਾਈਆ । ਪਤਿਤ ਪਵਿਤ ਹੋਏ ਜੇਹਵ, ਗੁਣ ਅਵਗੁਣ ਨਾ ਕੋਈ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੁਰਖ ਅਕਾਲਾ ਦੀਨ ਦਿਆਲਾ ਏਕਾ ਪੰਥ ਆਪ ਪਰਗਟਾਈਆ । ਸਾਚਾ ਪੰਥ ਹੋਇਆ ਪਰਕਾਸ਼, ਚਾਰੇ ਵਰਨ ਮੇਲ ਮਿਲਾਇਆ । ਗੋਬਿੰਦ ਬਣਿਆ ਦਾਸੀ ਦਾਸ, ਪੰਚਾਂ ਅੱਗੇ ਸੀਸ ਝੁਕਾਇਆ । ਪੁਰਖ ਅਕਾਲ ਮਾਈ ਬਾਪ, ਸਦਾ ਸੁਹੇਲਾ ਸੀਸ ਹੱਥ ਟਿਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਗ੍ਰੰਥ ਦਏ ਸਮਝਾਇਆ । ਸਾਚਾ ਗ੍ਰੰਥ ਗੁਰੂ ਪੁਰਖ ਅਕਾਲਾ, ਨਿਸ਼ਅੱਖਰ ਆਪਣਾ ਨਾਉਂ ਜਣਾਈਆ । ਛੱਤੀ ਰਾਗ ਗਲ ਵਿਚ ਪਾਏ ਬੈਠੇ ਹਰਿ ਹਰਿ ਮਾਲਾ, ਦਿਵਸ ਰੈਣ ਰਹੇ ਜਸ ਗਾਈਆ । ਚੌਦਾਂ ਸੌ ਤੀਹ ਅੰਕ ਗਾਏ ਗੁਣ ਹਰਿ ਗੋਪਾਲਾ, ਨਾਨਕ ਅੰਗਦ ਅਮਰਦਾਸ

ਰਾਮਦਾਸ ਗਿਆ ਜਸ ਗਾਈਆ । ਅਰਜਨ ਦੱਸਿਆ ਰਾਹ ਸੁਖਾਲਾ, ਆਪ ਆਪਣੀ ਬੂਝ ਬੁਝਾਈਆ । ਏਕਾ ਗੁਰੂ ਵਸੇ ਸੱਚੀ ਧਰਮਸਾਲਾ, ਕਾਇਆ ਮੰਦਰ ਡੇਰਾ ਲਾਈਆ । ਪੜ੍ਹ ਪੜ੍ਹ ਤੋੜਨਾ ਜਗਤ ਜੰਜਾਲਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਏਕਾ ਗੁਰੂ ਅਖਵਾਈਆ । ਸਾਚਾ ਗੁਰੂ ਕਿਸੇ ਦਰ ਨਾ ਹੋਏ ਬੰਦ, ਦੂਸਰ ਓਟ ਨਾ ਕੋਈ ਰਖਾਈਆ । ਗੁਰੂ ਗ੍ਰੰਥ ਪਾਰਬ੍ਰਹਮ ਅਬਿਨਾਸ਼ੀ ਕਰਤੇ ਦੇ ਗਾਏ ਛੰਦ, ਗੁਰ ਗੁਰ ਸੇਵਾ ਆਪ ਕਮਾਈਆ । ਨਾਨਕ ਗਾਇਆ ਬੱਤੀ ਦੰਦ, ਤੇਗ਼ ਬਹਾਦਰ ਅੰਤ ਮੰਨੀ ਸਰਨਾਈਆ । ਗੋਬਿੰਦ ਪੁਰਖ ਅਕਾਲ ਦਾ ਚੜ੍ਹਿਆ ਚੰਦ, ਮਾਤਾ ਗੁਜਰੀ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਤੱਤ ਸ਼ਬਦ ਗਿਆਨ, ਗੁਰੂ ਗ੍ਰੰਥ ਜਗਤ ਗੁਰ ਮਹਾਨ, ਜੋ ਪੜ੍ਹ ਪੜ੍ਹ ਵਿਚਾਰੇ ਤਿਸ ਮਾਰਗ ਦੇਵੇ ਲਾਈਆ । ਗੋਬਿੰਦ ਲੇਖਾ ਕਿਤੇ ਨਾ ਲਿਖਿਆ, ਦੋਹਰਾ ਕਲਜੁਗ ਜੀਵ ਬਣਾਈਆ । ਸਤਿਗੁਰ ਪੂਰਾ ਕਿਸੇ ਦਵਾਰੇ ਲੈਣ ਨਾ ਜਾਏ ਸਿਖਿਆ, ਲਿਖਿਆ ਲੇਖ ਨਾ ਪੜ੍ਹੇ ਵਿਚ ਲੋਕਾਈਆ । ਗੋਬਿੰਦ ਗੁਰੂ ਗੁਰ ਏਕਾ ਵੇਖਿਆ, ਨਾ ਮਰੇ ਨਾ ਜਾਈਆ । ਮੁੱਛ ਦਾੜ੍ਹੀ ਨਾ ਕੋਈ ਕੇਸਿਆ, ਨਾ ਕੋਈ ਮੁੰਡ ਮੁੰਡਾਈਆ । ਆਦਿ ਜੁਗਾਦਿ ਰਹੇ ਹਮੇਸ਼ਿਆ, ਜਿਸ ਦਾ ਗੁਰ ਅਵਤਾਰ ਗਾਏ ਜਸ ਗਾਈਆ । ਸੀਸ ਝੁਕਾਇਨ ਬ੍ਰਹਮਾ ਵਿਸ਼ਨ ਮਹੇਸ਼ਿਆ, ਦਰ ਦਰ ਬੈਠੇ ਅਲਖ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਗੁਰ ਦਏ ਵਡਿਆਈਆ । ''ਸਭ ਸਿਖਨ ਕੋ ਹੁਕਮ ਹੈ, ਗੁਰੂ ਮਾਨਿਓ ਗ੍ਰੰਥ'' ।



ਗੁਰਸਿਖ ਸੱਚਾ ਜਾਣੀਏ, ਜਿਸ ਆਤਮ ਜੋਤ ਉਜਿਆਰ । ਗੁਰਸਿਖ ਸੱਚਾ ਜਾਣੀਏ, ਜਿਸ ਆਤਮ ਬ੍ਰਹਮ ਵਿਚਾਰ । ਗੁਰਸਿਖ ਸੱਚਾ ਜਾਣੀਏ, ਜਿਸ ਘਰ ਅੰਦਰ ਅਨਹਦ ਸ਼ਬਦ ਵੱਜੇ ਧੁੰਨਕਾਰ । ਗੁਰਸਿਖ ਸੱਚਾ ਜਾਣੀਏ, ਜਿਸ ਅੰਮ੍ਰਿਤ ਮਿਲੇ ਭੰਡਾਰ । ਗੁਰਸਿਖ ਸੱਚਾ ਜਾਣੀਏ, ਜਿਸ ਨਾਤਾ ਤੁੱਟੇ ਕਾਮ ਕਰੋਧ ਲੋਭ ਮੋਹ ਹੰਕਾਰ । ਗੁਰਸਿਖ ਸੱਚਾ ਜਾਣੀਏ, ਨਾਤਾ ਤੋੜੇ ਸਰਬ ਸੰਸਾਰ । ਸਤਿਗੁਰ ਸੱਚਾ ਸੋ ਵਖਾਨੀਏ, ਗੁਰਸਿਖਾਂ ਕਰੇ ਪਿਆਰ । ਗੁਰਸਿਖ ਸੱਚਾ ਜਾਣੀਏ, ਜਿਸ ਮਿਲਿਆ ਹਰਿ ਭਗਵਾਨ । ਗੁਰਮੁਖ ਸਾਚਾ ਜਾਣੀਏ, ਜਿਸ ਮਿਟੇ ਮਾਣ ਅਭਿਮਾਨ । ਗੁਰਸਿਖ ਸੱਚਾ ਜਾਣੀਏ, ਏਕਾ ਰਾਗ ਸੁਣੇ ਅਨਾਦੀ ਕਾਨ । ਸਤਿਗੁਰ ਸੱਚਾ ਜਾਣੀਏ, ਲੱਖ ਚੁਰਾਸੀ ਵਿਚੋਂ ਲਏ ਪਛਾਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਨੌਜਵਾਨ । ਗੁਰਸਿਖ ਸੱਚਾ ਜਾਣੀਏ, ਗੁਰ ਗੋਬਿੰਦ ਚਾੜ੍ਹੇ ਰੰਗ । ਗੁਰਸਿਖ ਸੱਚਾ ਜਾਣੀਏ, ਆਤਮ ਸੇਜਾ ਵਛਾਏ ਪਲੰਘ । ਗੁਰਸਿਖ ਸੱਚਾ ਜਾਣੀਏ, ਘਰ ਸੁਣੇ ਨਾਦ ਮਰਦੰਗ । ਗੁਰਸਿਖ ਸੱਚਾ ਜਾਣੀਏ, ਆਪਣੇ ਮੰਦਰ ਆਪੇ ਜਾਏ ਲੰਘ । ਗੁਰਸਿਖ ਸੱਚਾ ਜਾਣੀਏ, ਦੂਈ ਦਵੈਤੀ ਢਾਵੇ ਕੰਧ । ਗਰਮੁਖ ਸੱਚਾ ਜਾਣੀਏ, ਏਕਾ ਗਾਏ ਸੁਹਾਗੀ ਛੰਦ । ਗੁਰਸਿਖ ਸੱਚਾ ਜਾਣੀਏ, ਸਦਾ ਗਾਏ ਪਰਮਾਨੰਦ । ਸਤਿਗੁਰ ਪੂਰਾ ਜਾਣੀਏ, ਆਦਿ ਜੁਗਾਦਿ ਹੋਏ ਬਖ਼ਸ਼ੰਦ । ਪੁਰਖ ਅਕਾਲ ਇਕ ਵਖਾਨੀਏ, ਹਰਿਜਨ ਮੇਟੇ ਤੇਰੀ ਚਿੰਦ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਗੁਣੀ ਗਹਿੰਦ ।

੬੫੦ ੧੦

## "ਗੁਰੂ ਗ੍ਰੰਥ ਜੀ ਮਾਨਿਉਂ, ਪਰਗਟ ਗੁਰਾਂ ਦੀ ਦੇਹ" :

ਦੇਹ ਉਪਜੇ ਪੰਜ ਤੱਤ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮੇਲ ਮਿਲਾਇਆ । ਦੇਹ ਅੰਦਰ ਰੱਖੇ ਬੁੱਧ ਮਨ ਮਤ, ਕਾਮ ਕਰੋਧ ਲੋਭ ਮੋਹ ਹੰਕਾਰ ਨਾਲ ਰਲਾਇਆ । ਗੁਰੂ ਗ੍ਰੰਥ ਅੰਦਰ ਏਕਾ ਧੀਰਜ ਸੰਤੋਖ ਜਤ ਸਤਿ, ਜੂਠ ਝੂਠ ਨਜ਼ਰ ਨਾ ਆਇਆ । ਹਰਿ ਕਾ ਸ਼ਬਦ ਮਹਿਮਾ ਅਕਥ, ਲਿਖ ਲਿਖ ਲੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਗੁਰੂ ਸ਼ਬਦ ਇਕ ਜਣਾਇਆ । ਸ਼ਬਦ ਗੁਰੂ ਗੁਰ ਬਦਲੇ ਚੋਲਾ, ਪੰਜ ਤੱਤ ਕਾਇਆ ਆਪ ਹੰਢਾਈਆ । ਮਨਮੁਖ ਜੀਵਾਂ ਕੋਲੋਂ ਕਰੇ ਓਹਲਾ, ਗੁਰਸਿਖਾਂ ਸਾਖਿਆਤ ਨਜ਼ਰੀ ਆਈਆ । ਸਾਹਿਬ ਸਤਿਗੁਰ ਆਦਿ ਜੁਗਾਦਿ ਸੁਣਾਏ ਆਪਣਾ ਢੋਲਾ, ਢੋਲਕ ਛੈਣਾ ਨਾ ਕੋਈ ਵਜਾਈਆ । ਨਿਰਗੁਣ ਸਰਗੁਣ ਬਣ ਬਣ ਤੋਲਾ, ਨਾਮ ਕੰਡੇ ਲਏ ਤੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਵਰਨ ਸਿਖ ਦਏ ਬਣਾਈਆ । ਸੋ ਸਿਖ ਜੋ ਸਿਖਿਆ ਕਰੇ ਪਰਵਾਨ, ਨਾਨਕ ਨਿਰਗੁਣ ਸਰਗੁਣ ਕਰੇ ਪੜ੍ਹਾਈਆ । ਚਾਰ ਵਰਨ ਵੇਖੇ ਕਰ ਧਿਆਨ, ਅੰਦਰ ਬੈਠਾ ਸੱਚਾ ਮਾਹੀਆ । ਅੱਠੇ ਪਹਿਰ ਰਹੇ ਨਿਗਹਬਾਨ, ਦਿਵਸ ਰੈਣ ਸੇਵ ਕਮਾਈਆ । ਨਾਤਾ ਤੁਟੇ ਹਿੰਦੂ ਸਿਖ ਮੁਸਲਮਾਨ, ਆਤਮ ਬ੍ਰਹਮ ਘਟ ਘਟ ਨਜ਼ਰੀ ਆਈਆ । ਤਿਸ ਗੋਬਿੰਦ ਸੂਰਾ ਮਿਲੇ ਆਣ, ਗੁਰੂ ਗ੍ਰੰਥ ਦਏ ਗਵਾਹੀਆ । ਗੁਰ ਕਾ ਸ਼ਬਦ ਜਿਸ ਲਿਆ ਪਹਿਚਾਨ, ਖੋਜਨ ਬਣ ਖੰਡ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਮ ਦਏ ਵਡਿਆਈਆ ।



## "ਜਾਂ ਕਾ ਹਿਰਦਾ ਸੁੱਧ ਹੈ, ਖੋਜ ਸ਼ਬਦ ਮੇਂ ਲੇ" :

ਬਿਨ ਸਤਿਗੁਰ ਪੂਰੇ ਹਿਰਦਾ ਨਾ ਹੋਏ ਸੁੱਧ, ਲੱਖ ਚੁਰਾਸੀ ਹੋਏ ਹਲਕਾਈਆ । ਮਨ ਵਾਸਨਾ ਦਹਿ ਦਿਸ਼ਾ ਰਹੀ ਕੁੱਦ, ਮਨ ਪੰਛੀ ਫੜ ਕੇ ਹੱਥ ਨਾ ਕੋਈ ਵਖਾਈਆ । ਮਤ ਮਤਵਾਲੀ ਆਪਣਾ ਆਪ ਬੈਠੀ ਲੁੱਟ, ਕਲਜੁਗ ਠਗ ਚੋਰ ਯਾਰ ਗਏ ਲੁਟਾਈਆ । ਬੁਧ ਨਿਮਾਣੀ ਨਾ ਸਕੇ ਉਠ, ਕੂੜੀ ਕਿਰਿਆ ਰਹੀ ਦਬਾਈਆ । ਪੜ੍ਹ ਪੜ੍ਹ ਥੱਕੇ ਆਲਣਿਉਂ ਡਿਗੇ ਬੋਟ, ਸਾਚੇ ਘਰ ਨਾ ਕੋਈ ਬਹਾਈਆ । ਜੋ ਜਨ ਸਤਿਗੁਰ ਪੂਰੇ ਦੀ ਰੱਖੇ ਏਕਾ ਓਟ, ਅੱਠੇ ਪਹਿਰ ਧਿਆਨ ਲਗਾਈਆ । ਘਰ ਮੰਦਰ ਵਜਾਏ ਸ਼ਬਦ ਨਗਾਰੇ ਚੋਟ, ਅਨਹਦ ਨਾਦੀ ਨਾਦ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸ਼ਬਦ ਦਏ ਸਮਝਾਈਆ । ਸ਼ਬਦੇ ਅੰਦਰ ਹਰਿ ਹਰਿ ਖੋਜ, ਗੁਰ ਸ਼ਬਦੀ ਮੇਲ ਮਿਲਾਇਆ । ਬਿਨ ਸਤਿਗੁਰ ਮਾਣੇ ਨਾ ਸਾਚੀ ਮੌਜ, ਸਤਿਗੁਰ ਰਸ ਨਾ ਕਿਸੇ ਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਿਰਦਾ ਸੰਤਨ ਦਏ ਸਮਝਾਇਆ । ਹਰਿ ਸੰਤਨ ਹਿਰਦਾ ਉਪਰ ਨੌਂ ਦਵਾਰ, ਨੇਤਰ ਨੈਣ ਆਪ ਖੁਲ੍ਹਾਈਆ । ਖੋਜਤ ਖੋਜਤ ਪਾਵੇ ਸਾਰ, ਜਿਸ ਜਨ ਆਪਣੀ ਦਇਆ ਕਮਾਈਆ । ਪੜ੍ਹ ਪੜ੍ਹ ਥੱਕੇ ਜੀਵ ਗਵਾਰ, ਜਗਤ ਵਾਸਨਾ ਨਾ ਕੋਈ ਮਿਟਾਈਆ । ਅੰਦਰ ਵੜ ਨਾ ਦਰਸ਼ਨ ਪਾਇਆ, ਘਰ ਮਿਲਿਆ ਨਾ ਮੀਤ ਮੁਰਾਰ, ਗੋਬਿੰਦ ਬੈਠਾ ਮੁਖ ਛੁਪਾਈਆ । ਗੁਰੂ ਗ੍ਰੰਥ ਗੁਰ ਕਹੇ ਪੁਕਾਰ, ਨਿਵਣ ਸੁ ਅੱਖਰ ਸਾਚੀ ਜੁਗਤ ਚਾਕਰੀ ਇਕ ਵਖਾਈਆ ।

ਏਕਾ ਕੰਤ ਸਰਬ ਭਤਾਰ, ਲੱਖ ਚੁਰਾਸੀ ਨਾਰੀ ਰੂਪ ਵਖਾਈਆ । ਗੁਰੂ ਗ੍ਰੰਥ ਗੁਰ ਠਾਂਡਾ ਦਰਬਾਰ, ਚਾਰ ਵਰਨਾਂ ਏਕਾ ਨੈਣ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੈ ਭੌ ਗੁਰ ਗੁਰ ਏਕਾ ਰੂਪ ਜਣਾਈਆ ।

ਗੁਰ ਪੀਰ ਸਦਾ ਜਗ ਮੰਗਦਾ, ਗੁਰਸਿਖਾਂ ਕੋਲੋਂ ਸਚ ਪਿਆਰ । ਔਂਦਾਂ ਜਾਂਦਾ ਕਦੇ ਨਾ ਸੰਗਦਾ, ਜੁਗ ਜੁਗ ਲਏ ਮਾਤ ਅਵਤਾਰ । ਹਰਿਜਨ ਕਾਇਆ ਮੰਦਰ ਆਪੇ ਲੰਘਦਾ, ਦੂਈ ਦਵੈਤੀ ਪਰਦਾ ਪਾੜ, ਕਰੇ ਖੇਲ ਸੂਰੇ ਸਰਬੰਗ ਦਾ, ਸ਼ਾਹ ਪਾਤਸ਼ਾਹ ਸਚੀ ਸਰਕਾਰ । ਬਿਨ ਸਿਖਾਂ ਗੁਰੂ ਕਿਸੇ ਨਾ ਕੰਮ ਦਾ, ਧ੍ਰਿਗ ਜੀਵਨ ਸੰਸਾਰ । ਮਾਇਆ ਮਮਤਾ ਖੇਲ ਭੇਖ ਪਖੰਡ ਦਾ, ਠਗ ਚੋਰ ਰਹੇ ਪੁਕਾਰ । ਗੁਰ ਸਤਿਗੁਰ ਸ਼ਾਹ ਰਗ ਉਪਰ ਵਸਦਾ, ਗੁਰਮੁਖ ਮੇਲੇ ਦਸਮ ਦਵਾਰ । ਨਾਤਾ ਤੋੜੇ ਭੁੱਖ ਨੰਗ ਦਾ, ਏਕਾ ਬਖਸ਼ੇ ਨਾਮ ਭੰਡਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗਾ ਜੁਗੰਤ ਲੋਕਮਾਤ ਆਏ ਬੱਧਾ, ਨਿਤ ਨਵਿਤ ਗੁਰਮੁਖਾਂ ਕੋਲੋਂ ਮੰਗੇ ਭਿਖਿਆ ਧੂੜੀ ਛਾਰ । ਜਗਤ ਸਾਗਰ ਔਜੜ ਰਾਹ, ਕਿਨਾਰਾ ਕਿਸੇ ਨਜ਼ਰ ਨਾ ਆਈਆ । ਏਕਾ ਭੁੱਲਿਆ ਬੇਪਰਵਾਹ, ਸ੍ਰਿਸ਼ਟ ਸਬਾਈ ਆਪ ਭੁਲਾਈਆ । ਨਵ ਨੌਂ ਨੌਂ ਦਏ ਹਲਾ, ਚਾਰ ਚਾਰ ਦਏ ਉਠਾਈਆ । ਏਕਾ ਸਿਫ਼ਰਾ ਆਪ ਅਖਵਾ, ਹਾਸਲ ਬਾਕੀ ਨਾ ਕੋਈ ਬਚਾਈਆ । ਜਗ ਖੇੜਾ ਜਗਤ ਦੇਵੇ ਢਾਹ, ਏਕਾ ਢਾਹ ਲਗਾਈਆ । ਗੁਰਸਿਖਾਂ ਦੇਵੇ ਸਚ ਸਲਾਹ, ਮਾਰਗ ਸਾਚਾ ਇਕ ਜਣਾਈਆ । ਕਲਜੁਗ ਅੰਤਮ ਬਣੇ ਮਲਾਹ, ਸਾਗਰ ਡੂੰਘਰ ਲਏ ਤਰਾਈਆ । ਚੱਪੂ ਲਾਏ ਆਪਣੇ ਨਾਂ, ਸੋਹੰ ਨਾਉਂ ਵਡੀ ਵਡਿਆਈਆ । ਪਾਵੇ ਸਾਰ ਥਲ ਅਸਗਾਹ, ਪਾਰਬ੍ਰਹਮ ਬੇਪਰਵਾਹੀਆ । ਨਿਥਾਵਿਆਂ ਦੇਵੇ ਸਾਚਾ ਥਾਂ, ਦਰਗਹਿ ਸਾਚੀ ਧਾਮ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਸਾਗਰ ਪਾਰ ਕਰਾਈਆ । ਡੂੰਘਾਂ ਸਾਗਰ ਭਵਰ ਸਮੁੰਦ, ਸ੍ਰਿਸ਼ਟ ਸਬਾਈ ਘੁੰਮਣ ਘੇਰ ਰਖਾਈਆ । ਬਚਿਆ ਰਹੇ ਨਾ ਸੁਰਪਤ ਇੰਦ, ਸ਼ੰਕਰ ਪੱਲੂ ਨਾ ਸਕੇ ਛੁਡਾਈਆ । ਬ੍ਰਹਮ ਮੇਟੇ ਆਪਣੀ ਚਿੰਦ, ਚਿੰਤਾ ਜਗਤ ਦਏ ਮਿਟਾਈਆ । ਪਰਗਟ ਹੋਇਆ ਗਹਿਰ ਗੰਭੀਰ ਗੁਣੀ ਗਹਿੰਦ, ਰੂਪ ਅਨੂਪ ਆਪ ਧਰਾਈਆ । ਹਰਿਜਨ ਉਪਜਾਏ ਸਾਚੀ ਬਿੰਦ, ਜਗ ਆਪਣਾ ਸੰਗ ਰਖਾਈਆ । ਵਿਸ਼ਟਾ ਕੀਟ ਲਗਾਏ ਨਿੰਦ, ਜੂਨ ਅਜੂਨੀ ਆਪ ਭਵਾਈਆ । ਹਰਿਜਨ ਹਰਿ ਸਦਾ ਬਖ਼ਸ਼ੰਦ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਿਨ ਕੀਤੀ ਪਾਰ ਲੰਘਾਈਆ । ਬਿਨ ਕੀਤੀ ਜਨ ਉਤਰੇ ਪਾਰ, ਕਰਮ ਕਾਂਡ ਨਾ ਕੋਈ ਵਖਾਈਆ । ਪੂਜਾ ਪਾਠ ਨਾ ਕੋਈ ਵਿਚਾਰ, ਗਿਆਨ ਧਿਆਨ ਨਾ ਕੋਈ ਦ੍ਰਿੜ੍ਹਾਈਆ । ਅਠਸਠ ਤੀਰਥ ਨਾ ਕੋਈ ਅਸ਼ਨਾਨ, ਸਰੋਵਰ ਸਰ ਨਾ ਕੋਈ ਰਖਾਈਆ । ਖਾਣੀ ਬਾਣੀ ਨਾ ਸੁਣਾਏ ਕੋਈ ਕਾਨ, ਰਸਨਾ ਜਿਹਵਾ ਨਾ ਕੋਈ ਪੜ੍ਹਾਈਆ । ਏਕਾ ਬਖ਼ਸ਼ੇ ਚਰਨ ਧਿਆਨ, ਚਰਨ ਕਵਲ ਸੱਚੀ ਸਰਨਾਈਆ । ਆਤਮ ਅੰਤਰ ਬ੍ਰਹਮ ਗਿਆਨ, ਆਤਮ ਬ੍ਰਹਮ ਆਪ ਸਮਝਾਈਆ । ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੈ ਜੈਕਾਰ ਕੋਟਨ ਕੋਟ ਕੋਟ ਜਨਮ ਦੇ ਦੇਵੇ ਪਾਪ ਗਵਾਈਆ ।

## ★ ੧੮ ਜੇਠ ੨੦੧੮ ਬਿਕਰਮੀ ਗੁਰਦਿਤ ਸਿੰਘ ਦੇ ਘਰ ਜੰਮੂ ★

ਜੈ ਜੈਕਾਰ ਮਿਟੇ ਸੰਤਾਪ, ਸਾਤਕ ਸਤਿ ਸਤਿ ਕਰਾਈਆ । ਜਨਮ ਜਨਮ ਦਾ ਲੱਥੇ ਪਾਪ, ਦੁਰਮਤ ਮੈਲ ਧੁਆਈਆ । ਤ੍ਰੈਗੁਣ ਮਾਇਆ ਨਾ ਚੜ੍ਹੇ ਤਾਪ, ਅਗਨੀ ਅੱਗ ਨਾ ਕੋਈ ਜਲਾਈਆ । ਮਾਇਆ ਡਸਨੀ ਡੱਸੇ ਨਾ ਸਾਂਪ, ਮੋਹ ਮਮਤਾ ਨਾ ਕੋਈ ਰਖਾਈਆ । ਜਿਸ ਜਨ ਬੁਝਾਏ ਆਪਣਾ ਆਪ, ਦਰ ਘਰ ਸਾਚੇ ਮੇਲ ਮਿਲਾਈਆ । ਨਜ਼ਰੀ ਆਏ ਮਾਈ ਬਾਪ, ਪੁਰਖ ਅਕਾਲ ਸੱਚਾ ਸ਼ਹਿਨਸ਼ਾਹੀਆ । ਚਰਨ ਕਵਲ ਬੰਧਾਏ ਨਾਤ, ਨਾਤਾ ਅਵਰ ਨਾ ਕੋਈ ਰਖਾਈਆ । ਏਕਾ ਨਾਮ ਜਣਾਏ ਗਾਥ, ਸੋ ਪੁਰਖ ਨਿਰੰਜਣ ਬੇਪਰਵਾਹੀਆ । ਲਹਿਣਾ ਦੇਣਾ ਚੁਕਾਏ ਹੱਥੋ ਹਾਥ, ਮਾਨਸ ਜਨਮ ਲੇਖੇ ਲਾਈਆ । ਸਰਬ ਕਲ ਆਪੇ ਸਮਰਾਥ, ਕਿਸੇ ਦਰ ਨਾ ਮੰਗਣ ਜਾਈਆ । ਹੋਏ ਸਹਾਈ ਅਨਾਥਾਂ ਨਾਥ, ਨਾਥ ਅਨਾਥਾਂ ਗਲੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਚੜ੍ਹਾਏ ਆਪਣੇ ਰਾਥ, ਚੜ੍ਹਿਆ ਰਥ ਫਿਰ ਉਤਰ ਕਦੇ ਨਾ ਜਾਈਆ । ਜੈ ਜੈਕਾਰ ਜੈ ਗੁਰਦੇਵ, ਜੈਜੈਵੰਤੀ ਸੀਸ ਝੁਕਾਈਆ । ਜੈ ਜੈਕਾਰ ਅਲਖ ਅਭੇਦ, ਵਿਸ਼ਨ ਬ੍ਰਹਮਾ ਸ਼ਿਵ ਰਹੇ ਜਸ ਗਾਈਆ । ਜੈ ਜੈਕਾਰ ਸਦਾ ਨਿਹਕੇਵ, ਨਿਹਚਲ ਧਾਮ ਬੈਠਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੈ ਜੈਕਾਰ ਇਕ ਸਮਝਾਈਆ । ਜੈ ਜੈਕਾਰ ਏਕਾ ਪੁਰਖ, ਦੂਸਰ ਅਵਰ ਨਾ ਕੋਈ ਜਣਾਇੰਦਾ । ਨਾ ਕੋਈ ਸੋਗ ਨਾ ਕੋਈ ਹਰਖ, ਸੋ ਪੁਰਖ ਨਿਰੰਜਣ ਹਰਖ ਸੋਗ ਵਿਚ ਕਦੇ ਨਾ ਆਇੰਦਾ । ਹਰਿਜਨ ਹਰਿਭਗਤ ਸਦਾ ਸੁਹੇਲਾ ਲਏ ਪਰਖ, ਨਾਮ ਕਸਵੱਟੀ ਇਕ ਲਗਾਇੰਦਾ । ਮਨਮੁਖਾਂ ਉਤੇ ਕਦੇ ਨਾ ਕਰੇ ਤਰਸ, ਜੋ ਜਨ ਹਰਿ ਨਾਮ ਭੁਲਾਇੰਦਾ । ਗੁਰਮੁਖਾਂ ਦੇਵੇ ਸਦਾ ਦਰਸ, ਨਿਤ ਨਵਿਤ ਫੇਰਾ ਪਾਇੰਦਾ । ਅੰਮ੍ਰਿਤ ਦੇਵੇ ਬਰਸ, ਅਗਨੀ ਤੱਤ ਬੁਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲੇ ਆਪਣੇ ਘਰ, ਘਰ ਮੰਦਰ ਗ੍ਰਿਹ ਗ਼ਰੀਬ ਨਿਵਾਜ਼ਾ ਬੰਦ ਦਰਵਾਜ਼ਾ ਆਪ ਖੁਲ੍ਹਾਇੰਦਾ । ਸੰਸਾ ਰੋਗ ਮਿਟੇ ਸੰਸਾਰ, ਸੁਖ ਸਾਗਰ ਇਕ ਵਖਾਈਆ । ਹਰਿਜਨ ਹਰਿ ਕਰੇ ਪਿਆਰ, ਕਾਇਆ ਗਾਗਰ ਭਾਗ ਲਗਾਈਆ । ਦੁਖ ਦਲਿਦ੍ਰ ਜਗਤ ਦਏ ਨਵਾਰ, ਸਿੰਧ ਸਾਗਰ ਪਾਰ ਤਰਾਈਆ । ਛਲ ਛਿਦਰ ਨਾ ਮਾਰੇ ਮਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਆਪਣੀ ਦਇਆ ਕਮਾਈਆ । ਛਲ ਛਿਦਰ ਨਾ ਕਰੇ ਖ਼ਵਾਰੀ, ਕ੍ਰਿਪਾ ਕਰੇ ਆਪ ਨਿਰੰਕਾਰਾ । ਗ਼ਰੀਬ ਨਿਮਾਣਿਆਂ ਪਾਵੇ ਸਾਰੀ, ਨੇਤਰ ਵੇਖੇ ਵੇਖਣਹਾਰਾ । ਜਗਤ ਜੰਜਾਲ ਕੱਟ ਬੀਮਾਰੀ, ਏਕਾ ਬਖ਼ਸ਼ੇ ਚਰਨ ਪਿਆਰਾ । ਨਾਮ ਚੜ੍ਹਾਏ ਰਾਮ ਖ਼ੁਮਾਰੀ, ਰਾਮ ਨਾਮ ਇਕ ਉਰਧਾਰਾ । ਮਾਣਸ ਜਨਮ ਨਾ ਜਾਏ ਹਾਰੀ, ਜੋ ਜਨ ਆਇਣ ਚਰਨ ਦਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਹਕੀਮ ਏਕਾ ਕਰੇ ਕਾਇਆਦਾਰੀ, ਦਰਦ ਦੁਖ ਦਲਿੱਦਰ ਜਗਤ ਅੰਤ ਮਿਟਾਇੰਦਾ ।

## ੧੯ ਜੇਠ ੨੦੧੯ ਬਿਕ੍ਰਮੀ ਸਰਦਾਰ ਸਿੰਘ ਦੇ ਗ੍ਰਹਿ ਛੰਬ ਜੰਮੂ

ਮਾਨਸ ਜਨਮ ਜਗਤ ਅਨਮੋਲਾ, ਲੱਖ ਚੁਰਾਸੀ ਦਏ ਕਟਾਈਆ । ਜੁਗਤ ਜਗਤ ਜਗ ਬਦਲਿਆ ਚੋਲਾ, ਪੰਚਮ ਤੱਤ ਵੱਜੇ ਵਧਾਈਆ । ਆਤਮ ਬ੍ਰਹਮ ਬ੍ਰਹਮ ਪਾਰਬ੍ਰਹਮ ਵਸੇ ਕਰ ਕਰ ਉਹਲਾ, ਦਿਸ ਕਿਸੇ ਨਾ ਆਈਆ । ਸ਼ਬਦ ਅਗੰਮੀ ਨਾਦ ਅਨਾਦ ਵਜਾਏ ਢੋਲਾ, ਗ੍ਰਹਿ ਮੰਦਰ ਆਪ ਸੁਣਾਈਆ । ਨਾਮ ਨਿਧਾਨਾ ਬੋਲੇ ਬੋਲਾ, ਸਚ ਜੈਕਾਰਾ ਇਕ ਲਗਾਈਆ । ਜਿਸ ਜਨ ਪਰਦਾ ਹਰਿ ਜੂ ਖੋਲ੍ਹਾ, ਤਿਸ ਮੰਦਰ ਦਏ ਵਖਾਈਆ । ਨਵ ਨੌਂ ਜਗਤ ਵਾਸਨਾ ਪਿਆ ਰੌਲਾ, ਆਸਾ ਤ੍ਰਿਸਨਾ ਨਾ ਕੋਇ ਬੁਝਾਈਆ । ਨਿਰਗੁਣ ਸਰਗੁਣ ਅੰਦਰ ਮੌਲਾ, ਮੌਲਾ ਆਪਣਾ ਰੂਪ ਧਰਾਈਆ । ਅੰਮ੍ਰਿਤ ਭਰੇ ਨਾਭੀ ਕਵਲਾ, ਨਿਝਰ ਝਿਰਨਾ ਆਪ ਝਿਰਾਈਆ । ਨੂਰ ਵਖਾਏ ਅਵਲ ਅੱਲਾ, ਇਲਾਹੀ ਨੂਰ ਆਪ ਹੋ ਜਾਈਆ । ਕਲਮਾ ਕਲਾਮ ਫੜਾਏ ਪੱਲਾ, ਏਕਾ ਨਾਮ ਦਏ ਵਡਿਆਈਆ । ਹਰਿਜਨ ਹਿਰਦੇ ਅੰਦਰ ਹਰਿ ਹਰਿ ਆਪੇ ਰਲਾ, ਰੂਪ ਰੰਗ ਰੇਖ ਨਾ ਕੋਇ ਵਖਾਈਆ । ਲੱਖ ਚੁਰਾਸੀ ਜੀਵ ਜੰਤ ਪਾਵੇ ਸਾਰ ਇਕ ਇਕੱਲਾ, ਅਲਖ ਅਗੋਚਰ ਬੇਪਰਵਾਹ ਅਗੰਮ ਅਥਾਹ ਆਪਣੀ ਬਣਤ ਬਣਾਈਆ । ਵਸਣਹਾਰ ਸਚਖੰਡ ਦਵਾਰ ਸਚ ਮਹੱਲਾ, ਨਿਰਗੁਣ ਜੋਤ ਜੋਤ ਰੁਸ਼ਨਾਈਆ । ਸਚ ਸਿੰਘਾਸਣ ਏਕਾ ਮੱਲਾ, ਸੋਭਾਵੰਤ ਆਪ ਸੁਹਾਈਆ । ਧਾਮ ਰਖਾਏ ਉਚ ਅਟੱਲਾ, ਅਸਥਲ ਆਪਣੀ ਦਇਆ ਕਮਾਈਆ । ਸਚ ਸੰਦੇਸ ਜੁਗਾ ਜੁਗੰਤਰ ਘੱਲਾ, ਨਿਰਗੁਣ ਨਿਰਵੈਰ ਪੁਰਖ ਅਕਾਲ ਦੀਨ ਦਿਆਲ, ਅਜੂਨੀ ਰਹਿਤ ਆਪਣਾ ਨਾਉਂ ਪਰਗਟਾਈਆ । ਜੀਵ ਜਗਤ ਭੁਲਾਏ ਕਰ ਕਰ ਵਲ ਛਲਾ, ਅਛਲ ਅਛੱਲ ਖੇਲ ਖਿਲਾਈਆ । ਗੁਰਮੁਖ ਵਿਰਲੇ ਮਿਟੇ ਦੂਈ ਦਵੈਤੀ ਸਲਾ, ਬਣ ਸਾਲਸ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਹਰਿ ਹਰਿ ਲਏ ਮਿਲਾਈਆ । ਹਰਿਜਨ ਮੇਲਾ ਕਾਇਆ ਗੜ੍ਹ, ਗੁਰ ਸਤਿਗੁਰ ਆਪ ਮਿਲਾਇੰਦਾ । ਡੂੰਘੀ ਭਵਰੀ ਜਾਏ ਵੜ, ਪੰਜ ਤੱਤ ਕਾਇਆ ਵੇਖ ਵਖਾਇੰਦਾ । ਸਾਚੇ ਮੰਦਰ ਜਾਏ ਚੜ੍ਹ, ਆਪਣਾ ਮਾਰਗ ਆਪ ਸੁਹਾਇੰਦਾ । ਸੁਰਤ ਸੁਵਾਣੀ ਲਏ ਫੜ, ਸ਼ਬਦ ਹਾਣੀ ਮੇਲ ਮਿਲਾਇੰਦਾ । ਅੰਮ੍ਰਿਤ ਨੁਹਾਏ ਸਾਚੇ ਸਰ, ਦੁਰਮਤ ਮੈਲ ਧਵਾਇੰਦਾ । ਆਪ ਵਖਾਏ ਆਪਣਾ ਘਰ, ਬਜਰ ਕਪਾਟੀ ਤੋੜ ਤੁੜਾਇੰਦਾ । ਨਿਰਭੌ ਚੁਕਾਏ ਭੈ ਡਰ, ਪੰਚ ਵਿਕਾਰਾ ਨਾ ਕੋਇ ਡਰਾਇੰਦਾ । ਤ੍ਰੈਗੁਣ ਅਗਨੀ ਜਾਏ ਸੜ, ਮਾਇਆ ਮਮਤਾ ਮੋਹ ਮਿਟਾਇੰਦਾ । ਮੇਲ ਮਿਲਾਏ ਨਰਾਇਣ ਨਰ, ਨਰ ਨਾਰੀ ਏਕਾ ਰੰਗ ਰੰਗਾਇੰਦਾ । ਘਰ ਵਿਚ ਘਰ ਮਿਲੇ ਹਰਿ, ਹਰਿ ਜੂ ਹਰਿ ਮੰਦਰ ਸੋਭਾ ਪਾਇੰਦਾ । ਆਤਮ ਸੇਜਾ ਬੈਠਾ ਕਿਰਪਾ ਕਰ, ਕਿਰਪਾਨਿਧ ਠਾਕਰ ਗਹਿਰ ਗੰਭੀਰ ਗੁਣੀ ਗੁਣਵੰਤ ਗੁਣ ਅਵਗੁਣ ਨਾ ਕੋਇ ਜਣਾਇੰਦਾ । ਹਰਿਜਨ ਮੇਲੇ ਸਾਚੇ ਸੰਤ, ਸਤਿ ਸਤਿਵਾਦੀ ਆਪ ਅਖਵਾਇੰਦਾ । ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਰੰਗ ਮਜੀਠੀ ਆਪ ਵਖਾਇੰਦਾ । ਜਨ ਬਣਾਏ ਸਾਚੀ ਬਣਤ, ਜਨ ਜਨਨੀ ਲੇਖੇ ਪਾਇੰਦਾ । ਮੇਲ ਮਿਲਾਵਾ ਅੰਤਮ ਅੰਤ, ਜੋਤੀ ਜੋਤ ਆਪ ਸਮਾਇੰਦਾ । ਸਰਬ ਜੀਆਂ ਦਾ ਹਰਿ ਹਰਿ ਕੰਤ, ਲੱਖ ਚੁਰਾਸੀ ਆਪ ਪਰਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਾਇਆ ਮੰਦਰ ਵੇਖੇ ਖੜ, ਹਰਿਜਨ ਹਰਿ ਹਰਿ ਬੰਕ ਸੁਹਾਇੰਦਾ । ਕਾਇਆ ਮੰਦਰ ਅਨਹਦ ਧੁਨ, ਧੁਨ ਅਨਾਦੀ ਆਪ ਰਖਾਇੰਦਾ । ਸਰਬ ਜੀਆਂ ਪੁਕਾਰ ਰਿਹਾ ਸੁਣ, ਸੁੰਨ ਅਗੰਮ ਆਪ ਸਮਾਇੰਦਾ । ਹਰਿਜਨ ਸਾਚੇ ਲਏ ਚੁਣ, ਜਨਮ ਕਰਮ ਵੇਖ ਵਖਾਇੰਦਾ । ਲੇਖਾ ਜਾਣੇ

ਰਿਖ ਮੁਨ, ਜੋਗੀ ਜਪੀ ਤਪੀ ਜਤੀ ਸਤੀ ਹਠੀ ਭੇਵ ਨਾ ਕੋਇ ਛੁਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਾਇਆ ਮੰਦਰ ਸਾਚਾ ਘਰ, ਹਰਿ ਮੰਦਰ ਆਪ ਬਣਾਇੰਦਾ । ਹਰਿ ਮੰਦਰ ਹਰਿ ਸੋਭਾਵੰਤ, ਘਰ ਘਰ ਵਿਚ ਵੱਜੇ ਵਧਾਈਆ । ਪਾਰਬ੍ਰਹਮ ਮਿਲਿਆ ਪੂਰਨ ਭਗਵੰਤ, ਪੂਰਨ ਗੁਰ ਵਡੀ ਵਡਿਆਈਆ । ਲੱਖ ਚੁਰਾਸੀ ਨਾਤਾ ਤੁੱਟਾ ਜੀਵ ਜੰਤ, ਜਾਗਰਤ ਜੋਤ ਇਕ ਜਗਾਈਆ । ਗੜ੍ਹ ਤੁਟਾ ਹਉਮੇ ਹੰਗਤ, ਆਸਾ ਤ੍ਰਿਸਨਾ ਨਾ ਕੋਇ ਵਖਾਈਆ । ਸਾਹਿਬ ਸੁਲਤਾਨ ਬਣਾਈ ਬਣਤ, ਬਸਨ ਬਨਵਾਰੀ ਦਇਆ ਕਮਾਈਆ । ਭਗਤਨ ਮੇਲਾ ਸ੍ਰੀ ਭਗਵੰਤ, ਭਗਵਨ ਹੋਏ ਆਪ ਸਹਾਈਆ । ਏਕਾ ਨਾਦ ਏਕਾ ਸ਼ਬਦ ਏਕਾ ਮੰਤ, ਏਕਾ ਮੰਤਰ ਨਾਮ ਦ੍ਰਿੜਾਈਆ । ਕਾਇਆ ਮੰਦਰ ਆਪ ਸੁਣਾਏ ਸੁਹਾਗੀ ਛੰਤ, ਲਿਖਣ ਪੜ੍ਹਨ ਵਿਚ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੰਦਰ ਆਪੇ ਵੜ, ਦਰ ਦਰਵਾਜ਼ਾ ਗ਼ਰੀਬ ਨਿਵਾਜ਼ਾ ਪੁਰਖ ਅਗੰਮਾ ਆਪ ਖੁਲ੍ਹਾਈਆ । ਦਰ ਦਰਵਾਜ਼ਾ ਜਾਏ ਖੁਲ੍ਹ, ਜਿਸ ਜਨ ਸਤਿਗੁਰ ਦਇਆ ਕਮਾਇੰਦਾ । ਦੇਵੇ ਨਾਮ ਸ਼ਬਦ ਅਨਮੁਲ, ਕਰਤਾ ਕ਼ੀਮਤ ਕੋਇ ਨਾ ਲਾਇੰਦਾ । ਚਰਨ ਪ੍ਰੀਤੀ ਹਰਿਜਨ ਜਾਏ ਘੁਲ, ਘੋਲੀ ਘੋਲ ਵੇਖ ਵਖਾਇੰਦਾ । ਭਾਗ ਲਗਾਏ ਸਾਚੀ ਕੁਲ, ਗੁਰਮੁਖ ਸਾਚੇ ਆਪ ਰਖਾਇੰਦਾ । ਨਾਮ ਕੰਡੇ ਤੋਲੇ ਤੋਲ, ਤੋਲਣਹਾਰਾ ਇਕ ਹੋ ਜਾਇੰਦਾ । ਹਰਿਜਨ ਹਰਿ ਭਗਤ ਆਪ ਬਣਾਏ ਸਾਚੇ ਫੁਲ, ਫੁਲ ਫੁਲਵਾੜੀ ਮਾਤ ਮਹਿਕਾਇੰਦਾ । ਆਦਿ ਜੁਗਾਦਿ ਸਦਾ ਅਭੁਲ, ਭੁੱਲੇ ਜੀਵ ਮਾਰਗ ਲਾਇੰਦਾ । ਹਰਿ ਕਾ ਭਗਤ ਨਾ ਜਾਏ ਰੁਲ, ਹਰਿ ਸਤਿਗੁਰ ਆਪਣੀ ਗੋਦ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਾਇਆ ਮੰਦਰ ਵੇਖੇ ਦਰ, ਦਰ ਮੰਦਰ ਆਪ ਸੁਹਾਇੰਦਾ । ਦਰ ਮੰਦਰ ਸਚ ਨਿਸ਼ਾਨਾ, ਸੋ ਪੁਰਖ ਨਿਰੰਜਣ ਆਪ ਵਖਾਈਆ । ਘਰ ਮੰਦਰ ਬੈਠਾ ਸ੍ਰੀ ਭਗਵਾਨਾ, ਤਖ਼ਤ ਨਿਵਾਸੀ ਸਾਚੇ ਤਖ਼ਤ ਸੋਭਾ ਪਾਈਆ । ਇਕ ਜਣਾਏ ਧੁਰ ਫ਼ਰਮਾਨਾ, ਧੁਰ ਦੀ ਬਾਣੀ ਬਾਣ ਲਗਾਈਆ । ਨਾਦ ਅਨਾਦੀ ਸਚ ਤਰਾਨਾ, ਤੁਰੀਆ ਰਾਗ ਆਪ ਸੁਣਾਈਆ । ਜਾਗਰਤ ਰੂਪ ਖੇਲੇ ਖੇਲ ਮਹਾਨਾ, ਆਲਸ ਨਿੰਦਰਾ ਵਿਚ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖੇ ਸਾਚਾ ਦਰ, ਘਰ ਮੰਦਰ ਵੱਜੇ ਵਧਾਈਆ । ਘਰ ਮੰਦਰ ਢੋਲ ਵੱਜੇ ਮਰਦੰਗ, ਸਤਿਗੁਰ ਪੂਰਾ ਆਪ ਵਜਾਈਆ । ਆਤਮ ਅੰਤਰ ਉਪਜਾਏ ਪਰਮਾਨੰਦ, ਨਿਜਾਨੰਦ ਆਪ ਸਮਾਈਆ । ਜੋਤ ਨਿਰੰਜਣ ਚਾੜ੍ਹੇ ਚੰਦ, ਸੂਰਜ ਚੰਨ ਨਾ ਕੋਇ ਰੁਸ਼ਨਾਈਆ । ਏਕਾ ਗਾਏ ਸੁਹਾਗੀ ਛੰਦ, ਗੀਤ ਗੋਬਿੰਦ ਆਪ ਅਲਾਈਆ । ਸਾਹਿਬ ਦਿਆਲ ਠਾਕਰ ਸਵਾਮੀ ਸਦਾ ਬਖ਼ਸ਼ੰਦ, ਬਖ਼ਸ਼ਣਹਾਰ ਇਕ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲੇ ਆਪਣੇ ਦਰ, ਦਰ ਸੁਹੰਜਣਾ ਜਗੇ ਜੋਤ ਆਦਿ ਨਿਰੰਜਣਾ, ਦੀਵਾ ਬਾਤੀ ਨਾ ਕੋਇ ਰਖਾਈਆ । ਦੀਵਾ ਬਾਤੀ ਨਾ ਕੋਇ ਤੇਲ, ਚਾਰ ਦੀਵਾਰ ਨਾ ਕੋਇ ਜਣਾਇੰਦਾ । ਨਿਰਗੁਣ ਕਰੇ ਅਗੰਮੜਾ ਖੇਲ, ਅਗੰਮੜੀ ਕਾਰ ਕਮਾਇੰਦਾ । ਸ਼ਬਦੀ ਸੁਰਤੀ ਸੁਰਤੀ ਸ਼ਬਦੀ ਆਪੇ ਮੇਲ, ਮੇਲ ਮਿਲਾਵਾ ਆਪਣੇ ਹੱਥ ਰਖਾਇੰਦਾ । ਨਿਰਗੁਣ ਸਰਗੁਣ ਸੱਜਣ ਸੁਹੇਲ, ਸਰਗੁਣ ਨਿਰਗੁਣ ਸੰਗ ਨਿਭਾਇੰਦਾ । ਲੇਖਾ ਜਾਣੇ ਗੁਰੂ ਗੁਰ ਚੇਲ, ਚੇਲਾ ਗੁਰ ਆਪ ਹੋ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸੱਜਣ ਲਏ ਵਰ, ਆਪਣਾ ਬੰਧਨ ਏਕਾ ਪਾਇੰਦਾ ।

★ ੧੮ ਜੇਠ ੨੦੧੮ ਬਿਕ੍ਰਮੀ ਗੁਰਦਿਤ ਸਿੰਘ ਸੰਸਾਰ ਸਿੰਘ ਦੇ ਗ੍ਰਿਹ ਛੰਬ ਜੰਮੂ ★

ਕਲਜੁਗ ਜੀਵ ਉਠ ਉਠ ਜਾਗ, ਚਾਰੋਂ ਕੁੰਟ ਅੰਧੇਰਾ ਛਾਇੰਦਾ । ਵਰਨਾਂ ਬਰਨਾਂ ਲੱਗੀ ਆਗ, ਧੀਰਜ ਧੀਰ ਨਾ ਕੋਇ ਧਰਾਇੰਦਾ । ਸੰਤ ਸਾਧ ਬਣੇ ਕਾਗ, ਹੰਸ ਰੂਪ ਨਾ ਕੋਇ ਵਟਾਇੰਦਾ । ਸਾਚੇ ਮੰਦਰ ਦਿਸੇ ਨਾ ਕੋਇ ਚਿਰਾਗ਼, ਦੀਵਾ ਬਾਤੀ ਤੇਲ ਰਖਾਇੰਦਾ । ਸ਼ਬਦ ਨਾਦ ਨਾ ਵੱਜੇ ਸੱਚਾ ਨਾਦ, ਢੋਲਕ ਛੈਣਾ ਸਰਬ ਖੜਕਾਇੰਦਾ । ਨਾਮ ਦੇਵੇ ਨਾ ਕੋਈ ਦਾਦ, ਪੜ੍ਹ ਪੜ੍ਹ ਸਰਬ ਜੀਵ ਸੁਣਾਇੰਦਾ । ਆਤਮ ਵੇਖੇ ਨਾ ਕੋਇ ਬ੍ਰਹਮ ਬ੍ਰਹਿਮਾਦ, ਨੇਤਰ ਨੈਣ ਜਗਤ ਵੇਖ ਵਖਾਇੰਦਾ । ਆਪਣਾ ਜਾਣੇ ਨਾ ਕੋਇ ਸਵਾਦ, ਰਸਨਾ ਰਸ ਸਰਬ ਚਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਜੀਵ ਆਪ ਜਗਾਇੰਦਾ । ਕਲਜੁਗ ਜੀਵ ਉਠ ਉਠਣ ਵੇਲਾ, ਵੇਲਾ ਵਕ਼ਤ ਗਿਆ ਹੱਥ ਨਾ ਆਈਆ । ਜੂਠਾ ਝੂਠਾ ਸਾਕ ਸੱਜਣ ਭਾਈ ਭੈਣ ਮੇਲਾ, ਸਗਲਾ ਸੰਗ ਨਾ ਕੋਇ ਨਿਭਾਈਆ । ਪੁਰਖ ਅਬਿਨਾਸ਼ੀ ਇਕ ਇਕੇਲਾ, ਆਦਿ ਜੁਗਾਦਿ ਦਇਆ ਕਮਾਈਆ । ਲੱਖ ਚੁਰਾਸੀ ਧਰਮ ਰਾਏ ਦੀ ਕੱਟੇ ਜੇਲਾ, ਵੇਲੇ ਅੰਤ ਨਾ ਦਏ ਸਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਕਲਜੁਗ ਜੀਵ ਉਠ ਜਾਗ, ਚਾਰੋਂ ਕੁੰਟ ਅੰਧੇਰਾ ਛਾਇੰਦਾ । ਤੇਰੇ ਤਨ ਦੁਰਮਤ ਮੈਲ ਲੱਗਾ ਦਾਗ਼, ਲੋਕਮਾਤ ਨਾ ਕੋਇ ਧਵਾਇੰਦਾ । ਤੇਰਾ ਨਾਤਾ ਛੁਟਾ ਕੰਤ ਸੁਹਾਗ, ਦੁਹਾਗਣ ਰੂਪ ਮਾਤ ਵਟਾਇੰਦਾ । ਤੇਰੇ ਅੰਦਰ ਤ੍ਰੈਗੁਣ ਆਗ, ਅੰਮ੍ਰਿਤ ਮੇਘ ਨਾ ਕੋਇ ਬਰਸਾਇੰਦਾ । ਮਾਇਆ ਡੱਸਣੀ ਡੱਸੇ ਨਾਗ, ਤ੍ਰਿਸਨਾ ਜਗਤ ਨਾ ਕੋਇ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੰਦੇਸ ਇਕ ਸੁਣਾਇੰਦਾ । ਕਲਜੁਗ ਜੀਵ ਉਠ ਨੇਤਰ ਖੋਲ੍ਹ, ਨੇਤਰ ਨੈਣ ਇਕ ਜਣਾਈਆ । ਪੰਚ ਵਿਕਾਰਾ ਪਿਆ ਘੋਲ, ਤ੍ਰੈਗੁਣ ਕਰੇ ਲੜਾਈਆ । ਜੂਠ ਝੂਠ ਵਜਾਏ ਢੋਲ, ਮਾਇਆ ਮਮਤਾ ਮੋਹ ਨਾਲ ਰਲਾਈਆ । ਸਚ ਵਸਤ ਨਾ ਕਿਸੇ ਕੋਲ, ਸ਼ਾਹ ਪਾਤਸ਼ਾਹ ਖ਼ਾਲੀ ਹੱਥ ਰਹੇ ਵਖਾਈਆ । ਅੰਤਮ ਲੁੱਟੇ ਜਾਣ ਸਰਬ ਅਨਭੋਲ, ਆਪਣਾ ਭੇਵ ਨਾ ਹਰਿ ਕਿਸੇ ਜਣਾਈਆ । ਕੋਈ ਦੱਸ ਨਾ ਸਕੇ ਪੰਡਤ ਪਾਂਧਾ ਰੌਲ, ਹਰਿ ਕਾ ਹਿਸਾਬ ਨਾ ਕੋਇ ਲਗਾਈਆ । ਮਨਮੁਖਤਾ ਕਰੇ ਜਗਤ ਮਖ਼ੌਲ, ਗੁਰਮੁਖ ਵਿਰਲਾ ਕੋਇ ਸਾਲਾਹੀਆ । ਹੌਲਾ ਕਰੇ ਭਾਰ ਧਰਤ ਧੌਲ, ਧਰਨੀ ਦਇਆ ਆਪ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਬਣਤ ਆਪ ਬਣਾਈਆ । ਕਲਜੁਗ ਜੀਵ ਉਠ ਆਤਮ ਅੰਧ, ਨੇਤਰ ਨੈਣ ਨੈਣ ਉਜਿਆਰਿਆ । ਚਾਰ ਵਰਨ ਨਾ ਮੁੱਕਿਆ ਅਜੇ ਪੰਧ, ਅਠਾਰਾਂ ਬਰਨ ਹੋਇਆ ਹੰਕਾਰਿਆ । ਹਉਮੇ ਹੰਗਤਾ ਚੁੱਕੀ ਪੰਡ, ਸੀਸ ਜਗਦੀਸ ਨਾ ਕਿਸੇ ਨਿਮਸਕਾਰਿਆ । ਦੂਈ ਦਵੈਤ ਨਾ ਢੱਠੀ ਕੰਧ, ਕੰਚਨ ਗੜ੍ਹ ਨਾ ਕਿਸੇ ਸਵਾਰਿਆ । ਪੰਚ ਵਿਕਾਰ ਨਾ ਹੋਇਆ ਖੰਡ, ਸਾਚਾ ਧਰਮ ਨਾ ਕੋਇ ਜੈਕਾਰਿਆ । ਚਾਰੋਂ ਕੁੰਟ ਪਾਇਣ ਵੰਡ, ਏਕਾ ਰੂਪ ਨਜ਼ਰ ਕਿਸੇ ਨਾ ਆ ਰਿਹਾ । ਆਤਮ ਬ੍ਰਹਮ ਨਾ ਚੜ੍ਹੇ ਕੋਇ ਚੰਦ, ਚੰਦ ਚਾਂਦ ਨਾ ਕੋਇ ਵਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਜੀਵ ਆਪ ਸਮਝਾ ਰਿਹਾ । ਕਲਜੁਗ ਜੀਵ ਖੋਲ੍ਹ ਨੇਤਰ, ਗ਼ਫ਼ਲਤ ਨੀਂਦ ਦਏ ਮਿਟਾਈਆ । ਤੇਰਾ ਚੁਗਿਆ ਜਾਣਾ ਕਾਇਆ ਖੇਤਰ, ਨਾ ਸਕੇ ਕੋਇ ਬਚਾਈਆ । ਰਾਸ਼ਟਰਪਤ ਉਠਾਇਆ ਮਹੀਨਾ ਚੇਤਰ, ਦੇ ਮਤ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ ਇਕ

ਜਣਾਈਆ । ਸਚ ਸੰਦੇਸਾ ਹਰਿ ਭਗਵਾਨਾ, ਸ਼ਬਦੀ ਸ਼ਬਦ ਸੁਣਾਇੰਦਾ । ਕਲਜੁਗ ਅੰਤਮ ਖੇਲ ਮਹਾਨਾ, ਨਿਰਗੁਣ ਨਿਰਵੈਰ ਆਪ ਕਰਾਇੰਦਾ । ਸਚਖੰਡ ਨਿਵਾਸੀ ਸਚਖੰਡ ਦਵਾਰੇ ਹੋ ਪਰਧਾਨਾ, ਸੋ ਪੁਰਖ ਨਿਰੰਜਣ ਰੂਪ ਵਟਾਇੰਦਾ । ਹਰਿ ਪੁਰਖ ਨਿਰੰਜਣ ਬਣ ਮਰਦ ਮਰਦਾਨਾ, ਏਕੰਕਾਰਾ ਆਪਣਾ ਬਲ ਧਰਾਇੰਦਾ । ਆਦਿ ਨਿਰੰਜਣ ਪਾਵੇ ਸਾਰ ਦੋ ਜਹਾਨਾਂ, ਅਬਿਨਾਸ਼ੀ ਕਰਤਾ ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਵੇਖ ਵਖਾਇੰਦਾ । ਸ੍ਰੀ ਭਗਵਾਨ ਝੁਲਾਏ ਸਚ ਨਿਸ਼ਾਨਾ, ਸਤਿ ਨਿਸ਼ਾਨਾ ਇਕ ਜਣਾਇੰਦਾ । ਪਾਰਬ੍ਰਹਮ ਪ੍ਰਭ ਹੋ ਪਰਧਾਨਾ, ਸਚ ਪਰਧਾਨਗੀ ਆਪ ਕਮਾਇੰਦਾ । ਲੱਖ ਚੁਰਾਸੀ ਦਏ ਪਰਵਾਨਾ, ਆਤਮ ਬ੍ਰਹਮ ਸਰਬ ਜਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਸੁਣਾਏ ਏਕਾ ਗਾਣਾ, ਹੁਕਮੀ ਹੁਕਮ ਆਪ ਅਲਾਇੰਦਾ । ਨੌਂ ਖੰਡ ਪ੍ਰਿਥਮੀ ਵੇਖੇ ਮਾਰ ਧਿਆਨਾ, ਸੱਤਾਂ ਦੀਪਾਂ ਫੇਰੀ ਪਾਇੰਦਾ । ਕਾਲ ਮਹਾਕਾਲ ਉਠਾਏ ਨੌਜਵਾਨਾ, ਸੋਇਆ ਕੋਇ ਰਹਿਣ ਨਾ ਪਾਇੰਦਾ । ਰਾਏ ਧਰਮ ਬਖ਼ਸ਼ੇ ਚਰਨ ਧਿਆਨਾ, ਚਰਨ ਕਵਲ ਇਕ ਵਖਾਇੰਦਾ । ਚਿਤਰ ਗੁਪਤ ਹੋਏ ਨਿਮਾਣਾ, ਨਿਉਂ ਨਿਉਂ ਸੀਸ ਝੁਕਾਇੰਦਾ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਕਰੇ ਖੇਲ ਸ੍ਰੀ ਭਗਵਾਨਾ, ਲੋਕਮਾਤ ਵੇਸ ਵਟਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਜਿਸ ਤੋੜਿਆ ਮਾਣਾ, ਮਾਣ ਅਭਿਮਾਨ ਸਰਬ ਗਵਾਇੰਦਾ । ਸ਼ਬਦ ਅਗੰਮੀ ਫੜੇ ਤੀਰ ਕਮਾਨਾ, ਚਿੱਲਾ ਆਪਣੇ ਹੱਥ ਉਠਾਇੰਦਾ । ਚੰਡ ਪਰਚੰਡ ਬ੍ਰਹਿਮੰਡ ਆਪ ਚਮਕਾਨਾ, ਤਿਖੀ ਧਾਰ ਆਪ ਬਣਾਇੰਦਾ । ਤਖ਼ਤੋਂ ਲਾਹੇ ਰਾਜਾ ਰਾਣਾ, ਸ਼ਾਹ ਸੁਲਤਾਨਾਂ ਖ਼ਾਕ ਮਿਲਾਇੰਦਾ । ਵੇਦ ਕਤੇਬ ਸ਼ਾਸਤਰ ਸਿਮਰਤ ਆਪੇ ਵੇਖੇ ਮਾਰ ਧਿਆਨਾ, ਭੇਵ ਅਭੇਦ ਆਪਣਾ ਪਰਦਾ ਆਪ ਉਠਾਇੰਦਾ । ਅੰਜੀਲ ਕੁਰਾਨਾ ਖੇਲੇ ਖੇਲ ਮਹਾਨਾ, ਤੀਸ ਬਤੀਸਾ ਕਰਾਏ ਇਕ ਹਦੀਸਾ, ਹਜ਼ਰਤ ਆਪਣਾ ਰੂਪ ਵਟਾਇੰਦਾ । ਖਾਣੀ ਬਾਣੀ ਲਏ ਬਿਆਨਾ, ਪੁਰਖ ਅਬਿਨਾਸ਼ੀ ਸ਼ਾਹ ਸੁਲਤਾਨਾ, ਸਾਚੇ ਤਖ਼ਤ ਬੈਠ ਰਾਜ ਰਾਜਾਨਾ, ਸ਼ਾਹ ਪਾਤਸ਼ਾਹ ਆਪਣਾ ਨਾਉਂ ਧਰਾਇੰਦਾ । ਕਲਜੁਗ ਅੰਤਮ ਪਰਗਟੇ ਜੋਧਾ ਸੂਰ ਬਲੀ ਬਲਵਾਨਾ, ਏਕਾ ਡੰਕਾ ਨਾਮ ਵਜਾਨਾ, ਲੋਆਂ ਪੁਰੀਆਂ ਆਪ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਤਖ਼ਤ ਨਿਵਾਸੀ ਸ਼ਾਹੋ ਸ਼ਾਬਾਸ਼ੀ ਪੁਰਖ ਅਬਿਨਾਸ਼ੀ, ਸਾਚਾ ਹੁਕਮ ਆਪ ਸੁਣਾਇੰਦਾ । ਸਾਚਾ ਹੁਕਮ ਧੁਰ ਫ਼ਰਮਾਨਾ, ਸ਼ਬਦ ਅਗੰਮੀ ਆਪ ਜਣਾਈਆ । ਕਰੇ ਖੇਲ ਸ੍ਰੀ ਭਗਵਾਨਾ, ਕਲਜੁਗ ਅੰਤਮ ਵੇਸ ਵਟਾਈਆ । ਨੌਂ ਖੰਡ ਪ੍ਰਿਥਮੀ ਵੇਖੇ ਮਾਰ ਧਿਆਨਾ, ਲੱਖ ਚੁਰਾਸੀ ਫੋਲ ਫੋਲਾਈਆ । ਚਾਰ ਕੁੰਟ ਕਰੇ ਵੈਰਾਨਾ, ਉਪਰ ਆਪਣਾ ਨਾਉਂ ਕਰਾਈਆ । ਜੂਠਾ ਝੂਠਾ ਮੇਟ ਨਿਸ਼ਾਨਾ, ਸਚ ਸੁੱਚ ਲਏ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੁਰਖ ਅਗੰਮਾ ਅਗੰਮੜੀ ਖੇਲ ਖਿਲਾਈਆ । ਅਗੰਮ ਅਗੰਮੜਾ ਖੇਲ ਅਵੱਲਾ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਲੇਖਾ ਜਾਣੇ ਰਾਣੀ ਅੱਲਾ, ਇਲਾਹੀ ਨੂਰ ਆਪ ਹੋ ਆਇੰਦਾ । ਸਚ ਸੰਦੇਸ ਸੰਗ ਮੁਹੰਮਦ ਚਾਰ ਯਾਰ ਏਕਾ ਘੱਲਾ, ਚੌਦਾਂ ਤਬਕਾਂ ਹੁਕਮ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਬੀ ਰਸੂਲਾਂ ਆਪ ਉਠਾਇੰਦਾ । ਹਰਿ ਕਾ ਨਾਮ ਸਤਿ ਵਸਤ ਅਮੋਲਕ, ਜੀਵ ਜੰਤ ਜਗਤ ਵਡਿਆਈਆ । ਰਾਮ ਨਾਮ ਵਸੌਣਾ ਕਾਇਆ ਗੋਲਕ, ਘਰ ਮੰਦਰ ਆਪ ਟਿਕਾਈਆ । ਦਰ ਸੁਣਨਾ ਨਾਦ ਅਨਹਦ ਢੋਲਕ, ਦੂਸਰ ਸਾਜ ਨਾ ਕੋਇ ਵਡਿਆਈਆ । ਗੁਰ ਸ਼ਬਦ ਸੁਣਾਏ ਅਨਬੋਲਤ, ਰਸਨਾ ਜਿਹਵਾ ਨਾ ਕੋਇ ਹਲਾਈਆ । ਗੁਰਸਿਖ ਵਿਰਲਾ ਰਹੇ ਅਡੋਲਤ, ਲੱਖ ਚੁਰਾਸੀ ਰਿਹਾ ਡੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਮ ਦਏ

ਵਡਿਆਈਆ । ਏਕਾ ਨਾਮ ਹਰਿ ਕਾ ਰੰਗ, ਰੰਗ ਰੰਗੀਲਾ ਆਪ ਜਣਾਇੰਦਾ । ਏਕਾ ਰਾਮ ਸਦਾ ਸੰਗ, ਵਿਛੜ ਕਦੇ ਨਾ ਜਾਇੰਦਾ । ਏਕਾ ਨਾਮ ਦਏ ਅਨੰਦ, ਅਨੰਦ ਆਤਮ ਆਪ ਵਖਾਇੰਦਾ । ਏਕਾ ਰਾਮ ਕੱਟੇ ਫੰਦ, ਲੱਖ ਚੁਰਾਸੀ ਫੰਦ ਕਟਾਇੰਦਾ । ਏਕਾ ਨਾਮ ਚਾੜ੍ਹੇ ਚੰਦ, ਸੂਰਜ ਚੰਦ ਨਾ ਕੋਇ ਚਮਕਾਇੰਦਾ । ਏਕਾ ਰਾਮ ਸਦਾ ਬਖ਼ਸ਼ੰਦ, ਬਖ਼ਸ਼ਸ਼ ਆਪਣੇ ਹੱਥ ਰਖਾਇੰਦਾ । ਏਕਾ ਨਾਮ ਮਿਟਾਏ ਜੂਠ ਝੂਠ ਗੰਦ, ਅੰਮ੍ਰਿਤ ਆਤਮ ਰਸ ਚਖਾਇੰਦਾ । ਏਕਾ ਰਾਮ ਜਾਏ ਤੁਠ, ਜਨਮ ਮਰਨ ਮਰਨ ਜੰਮਣ ਗੇੜ ਕਟਾਇੰਦਾ । ਕਲਜੁਗ ਅੰਤਮ ਪਾਰਬ੍ਰਹਮ ਅਬਿਨਾਸ਼ੀ ਕਰਤੇ ਪਾਈ ਨਾਮ ਲੁੱਟ, ਕਲਜੁਗ ਜੀਵ ਲੁੱਟਣ ਕੋਇ ਨਾ ਆਇੰਦਾ । ਜਗਤ ਤ੍ਰਿਸਨਾ ਮਾਇਆ ਮਮਤਾ ਭਾਗ ਗਏ ਨਿਖੁੱਟ, ਪੂਰਾ ਭਾਗ ਨਾ ਕੋਇ ਵੰਡ ਵੰਡਾਇੰਦਾ । ਰਾਮ ਨਾਲੋਂ ਨਾਤਾ ਗਿਆ ਤੁੱਟ, ਸੀਤਾ ਸੁਰਤੀ ਰਾਮ ਨਾਲ ਨਾ ਕੋਇ ਪਰਨਾਇੰਦਾ । ਸਚਖੰਡ ਦਵਾਰਾ ਗਿਆ ਛੁੱਟ, ਲੱਖ ਚੁਰਾਸੀ ਗੇੜਾ ਗੇੜ ਵਖਾਇੰਦਾ । ਅੰਤਮ ਅੰਤ ਨਿਰਗੁਣ ਸਰਗੁਣ ਕਹੇ ਉਠ, ਉਠ ਉਠ ਆਪਣਾ ਰਾਹ ਵਖਾਇੰਦਾ । ਕਰਿਆ ਖੇਲ ਪਾਰਬ੍ਰਹਮ ਅਬਿਨਾਸ਼ੀ ਅਚੁਤ, ਚਿਤ ਵਿਤ ਠਗੌਰੀ ਨਾ ਕੋਇ ਰਖਾਇੰਦਾ । ਆਪ ਸੁਹਾਏ ਸਾਚੀ ਰੁੱਤ, ਫੁਲ ਫੁਲਵਾੜੀ ਆਪ ਜਣਾਇੰਦਾ । ਹਰਿਜਨ ਬਣਾਏ ਸਾਚੇ ਸੁਤ, ਪੂਤ ਸਪੂਤਾ ਗਲੇ ਲਗਾਇੰਦਾ । ਬਿਨ ਹਰਿ ਨਾਮੇ ਖ਼ਾਲੀ ਦਿਸੇ ਕਾਇਆ ਬੁੱਤ, ਸਾਚਾ ਮੰਦਰ ਨਾ ਕੋਇ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਮੰਤਰ ਨਾਮ ਦ੍ਰਿੜਾਇੰਦਾ । ਰਾਮ ਨਾਮ ਏਕਾ ਜਨ ਮੰਤਰ, ਮਨ ਮਤ ਬੁਧ ਦਏ ਵਡਿਆਈਆ । ਸਰਬ ਜੀਆਂ ਬਿਧ ਜਾਣੇ ਅੰਤਰ, ਘਟ ਘਟ ਬੈਠਾ ਸੇਜ ਹੰਢਾਈਆ । ਵੇਸ ਵਟਾਏ ਜੁਗਾ ਜੁਗੰਤਰ, ਜੁਗ ਜੁਗ ਵੇਸ ਆਪ ਕਰਾਈਆ । ਹਰਿ ਭਗਤ ਬਣਾਏ ਸਾਚੀ ਬਣਤਰ, ਭਗਤ ਭਗਵੰਤ ਲਏ ਮਿਲਾਈਆ । ਲੇਖਾ ਜਾਣੇ ਗਗਨ ਗਗਨੰਤਰ, ਕਾਇਆ ਗਗਨ ਮੰਡਲ ਫੋਲ ਫੋਲਾਈਆ । ਤ੍ਰੈਗੁਣ ਅਤੀਤਾ ਠਾਂਡਾ ਸੀਤਾ ਪ੍ਰਭ ਸਾਚਾ ਆਪ ਬੁਝਾਏ ਲੱਗੀ ਬਸੰਤਰ, ਅੰਮ੍ਰਿਤ ਮੇਘ ਇਕ ਬਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਮ ਆਪ ਪਰਗਟਾਈਆ । ਨਾਮ ਪਰਗਟਾਏ ਰਾਮਾ, ਰਾਮ ਰਾਮ ਰੂਪ ਵਟਾਇੰਦਾ । ਕਰੇ ਖੇਲ ਦੋ ਜਹਾਨਾਂ, ਦੋ ਜਹਾਨਾਂ ਵੇਖ ਵਖਾਇੰਦਾ । ਸਤਿ ਧਰਮ ਦਾ ਇਕ ਨਿਸ਼ਾਨਾ, ਸ਼ਾਹ ਸੁਲਤਾਨਾ ਆਪ ਉਠਾਇੰਦਾ । ਛੱਤ੍ਰੀ ਬ੍ਰਾਹਿਮਣ ਸ਼ੂਦਰ ਵੈਸ਼ ਆਪ ਬਹਾਏ ਇਕ ਮਕਾਨਾ, ਊਚ ਨੀਚ ਨਾ ਕੋਇ ਜਣਾਇੰਦਾ । ਏਕਾ ਰਾਗ ਇਕ ਤਰਾਨਾ, ਏਕਾ ਇਸ਼ਟ ਦੇਵ ਗੁਰ ਵਖਾਇੰਦਾ । ਏਕਾ ਹੁਕਮ ਇਕ ਫ਼ਰਮਾਨਾ, ਏਕਾ ਧੁਰ ਦੀਬਾਣ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਲੱਖ ਚੁਰਾਸੀ ਜੀਵ ਜੰਤ ਸਾਧ ਸੰਤ, ਸ੍ਰੀ ਭਗਵੰਤ ਏਕਾ ਵਾਰ ਉਠਾਇੰਦਾ । ਏਕਾ ਵਾਰ ਹੁਕਮ ਸਰਕਾਰ, ਸਤਿਗੁਰ ਸੱਚਾ ਆਪ ਜਣਾਈਆ । ਸੋ ਪੁਰਖ ਨਿਰੰਜਣ ਨਿਰਾਕਾਰ, ਨਿਰਵੈਰ ਖੇਲ ਖਿਲਾਈਆ । ਅਜੂਨੀ ਰਹਿਤ ਕਰ ਪਸਾਰ, ਜੂਨ ਅਜੂਨੀ ਵੇਖ ਵਖਾਈਆ । ਕਲਜੁਗ ਅੰਤਮ ਲੱਖ ਚੁਰਾਸੀ ਸੁੱਤੀ ਪੈਰ ਪਸਾਰ, ਨੇਤਰ ਨੈਣ ਨਾ ਕੋਇ ਖੁਲ੍ਹਾਈਆ । ਹਰਿ ਕੰਤ ਨਾ ਕਰੇ ਕੋਇ ਪਿਆਰ, ਜਗਤ ਦੁਹਾਗਣ ਰੈਣ ਵਿਹਾਈਆ । ਸਾਚਾ ਧਰਮ ਨਾ ਸਕੇ ਕੋਇ ਵਿਚਾਰ, ਜਗਤ ਅਧਰਮ ਵੰਡ ਵੰਡਾਈਆ । ਜੋ ਜਨ ਹਰਿ ਕੀ ਪਾਏ ਸਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਰੰਗ ਦਏ ਰੰਗਾਈਆ । ਸੰਸਾਰ ਸਿੰਘ ਛੁਟਿਆ ਸੰਸਾਰ, ਹਰਿ ਸੰਸਾਰੀ ਸਤਿਗੁਰ ਪਾਇਆ । ਨਿਹਕਰਮੀ ਕਰਮ ਕਰੇ ਵਿਚਾਰ, ਜਨਮ ਕਰਮ ਆਪਣੇ ਲੇਖੇ ਪਾਇਆ । ਏਕਾ

ਨੇਤਰ ਦਏ ਉਘਾੜ, ਜਗਤ ਲੋਚਣ ਬੰਦ ਰਖਾਇਆ । ਇਕ ਵਖਾਏ ਮੰਦਰ ਦਵਾਰ, ਹਰਿ ਮੰਦਰ ਆਪ ਉਪਾਇਆ । ਏਕਾ ਜੋਤ ਕਰੇ ਉਜਿਆਰ, ਜੋਤ ਨਿਰੰਜਣ ਕਰੇ ਰੁਸ਼ਨਾਇਆ । ਏਕਾ ਨਾਦ ਸ਼ਬਦ ਧੁੰਨਕਾਰ, ਅਨਹਦ ਨਾਦ ਦਏ ਸੁਣਾਇਆ । ਏਕਾ ਅੰਮ੍ਰਿਤ ਠੰਡਾ ਠਾਰ, ਘਰ ਅੰਮ੍ਰਿਤ ਦਏ ਪਿਆਇਆ । ਏਕਾ ਮੇਲਾ ਧੁਰ ਦਰਬਾਰ, ਗੁਰ ਚੇਲਾ ਵੇਖ ਵਖਾਇਆ । ਪਾਇਆ ਪੁਰਖ ਅਗੰਮੜਾ ਯਾਰ, ਲੇਖਾ ਕੋਇ ਰਹੇ ਨਾ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਤਰਾਇਆ । ਹਰਿਜਨ ਸੰਸਾਰ ਸਾਗਰ ਉਤਰਿਆ ਪਾਰ, ਸਤਿਗੁਰ ਪੂਰਾ ਆਪ ਲੰਘਾਈਆ । ਸਾਚਾ ਬੇੜਾ ਕਰ ਤਿਆਰ, ਨਿਰਗੁਣ ਦਾਤਾ ਲਏ ਚੜ੍ਹਾਈਆ । ਸ਼ੌਹ ਦਰਯਾਏ ਨਾ ਰੱਖੇ ਅਧਵਿਚਕਾਰ, ਡੂੰਘੀ ਭਵਰ ਨਾ ਕੋਇ ਭਵਾਈਆ । ਕਾਗਦ ਕ਼ਲਮ ਨਾ ਲਿਖਣਹਾਰ, ਹਰਿਜਨ ਤੇਰੀ ਵਡ ਵਡਿਆਈਆ । ਸੱਤ ਸਮੁੰਦਰ ਮਸ ਰੋਵੇ ਜ਼ਾਰੋ ਜ਼ਾਰ, ਭਗਤ ਕਬੀਰਾ ਦਏ ਗਵਾਹੀਆ । ਬਨਾਸਪਤ ਨਾ ਬਣੇ ਲਿਖਾਰ, ਲਿਖ ਲਿਖ ਲੇਖ ਨਾ ਕੋਇ ਸਮਝਾਈਆ । ਗੁਰਸਿਖ ਤੇਰੀ ਮਹਿਮਾ ਅਪਰ ਅਪਾਰ, ਤੇਰਾ ਰੰਗ ਤੇਰਾ ਰੇਖ ਤੇਰਾ ਲੇਖ ਤੇਰਾ ਸਤਿਗੁਰ ਆਪ ਵਟਾਈਆ । ਤੇਰਾ ਨੇਤਰ ਤੇਰਾ ਨੈਣ ਤੇਰਾ ਤੈਨੂੰ ਲਏ ਵੇਖ, ਤੇਰੇ ਮੰਦਰ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਦਏ ਮਾਣ ਵਡਿਆਈਆ । ਸੰਸਾਰ ਸਾਗਰ ਵਿਚ ਖੇਲ੍ਹੇ ਜਾਗ, ਵੈਰਾਗ ਇਕ ਉਪਜਾਇਆ । ਸੋਇਆ ਜਨ ਗਿਆ ਜਾਗ, ਗੁਰ ਸਤਿਗੁਰ ਆਪ ਜਗਾਇਆ । ਚਰਨ ਧੂੜ ਕਰਾਇਆ ਮਜਨ ਮਾਘ, ਦੁਰਮਤ ਮੈਲ ਧਵਾਇਆ । ਫੜ ਕੇ ਹੰਸ ਬਣਾਇਆ ਕਾਗ, ਸੋਹੰ ਹੰਸਾ ਮਾਣਕ, ਮੋਤੀ ਚੋਗ ਚੁਗਾਇਆ । ਆਦਿ ਅੰਤ ਰੱਖੇ ਲਾਜ, ਜਿਉਂ ਬਿਦਰ ਸੁਦਾਮਾ ਹੋਏ ਸਹਾਇਆ । ਹੱਥ ਆਪਣੇ ਰੱਖੇ ਵਾਗ, ਦੋ ਜਹਾਨਾਂ ਲਏ ਉਠਾਇਆ । ਮੇਟ ਮਿਟਾਵੇ ਵਾਦ ਵਿਵਾਦ, ਮਨ ਕਾ ਮਣਕਾ ਲਏ ਭਵਾਇਆ । ਘਰ ਘਰ ਮੇਲਾ ਕੰਤ ਸੁਹਾਗ, ਸਾਚੇ ਮੰਦਰ ਆਪ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚਾ ਆਪਣੇ ਰੰਗ ਰੰਗਾਇਆ । ਸੰਸਾਰ ਚੜ੍ਹਾਏ ਸੰਸਾਰੀ ਰੰਗ, ਸਾਗਰ ਸਿੰਧ ਪਾਰ ਕਰਾਈਆ । ਆਵਣ ਜਾਵਣ ਲੱਖ ਚੁਰਾਸੀ ਜਮ ਕੀ ਫਾਸੀ ਤੁਟਾ ਫੰਦ, ਫਾਂਦੀ ਹੋਰ ਨਾ ਕੋਇ ਵਖਾਈਆ । ਇਕ ਉਪਜਾਇਆ ਆਪਣਾ ਅਨੰਦ, ਅਨੰਦ ਮੰਗਲ ਆਪ ਸੁਣਾਈਆ । ਸਦਾ ਸੁਹੇਲਾ ਇਕ ਇਕੇਲਾ ਕਦੇ ਨਾ ਦੇਵੇ ਕੰਡ, ਕਰਵਟ ਆਪਣੀ ਰਿਹਾ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵਿਚ ਸਮਾਈਆ । ਹਰਿਜਨ ਅੰਦਰ ਹਰਿ ਸਮਾਇਆ, ਨਿਰਗੁਣ ਸਰਗੁਣ ਰੂਪ ਧਰਾ । ਸਾਚੇ ਆਸਣ ਡੇਰਾ ਲਾਇਆ, ਸਚ ਸਿੰਘਾਸਣ ਸੇਜ ਵਿਛਾ । ਬ੍ਰਹਮ ਪਾਰਬ੍ਰਹਮ ਮਿਲਾਇਆ, ਮੇਲਾ ਕਰੇ ਸਹਿਜ ਸੁਭਾ । ਚੇਲਾ ਗੁਰ ਏਕਾ ਧਾਮ ਬਹਾਇਆ, ਚੇਲਾ ਗੁਰ ਆਪ ਅਖਵਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਫੜ, ਆਪਣਾ ਬੰਧਨ ਏਕਾ ਪਾ । ਬੰਧਨ ਪਾਏ ਹਰਿ ਨਿਰੰਕਾਰਾ, ਲੋਕਲਾਜ ਮਾਤ ਤਜਾਈਆ । ਆਂਢ ਗਵਾਂਢ ਕਹੇ ਭੁੱਲਿਆ ਫਿਰੇ ਸੰਸਾਰਾ, ਸੰਸਾਰੀ ਦੇਵੇ ਜਗਤ ਵਡਿਆਈਆ । ਏਕਾ ਬਖ਼ਸ਼ੇ ਨਾਮ ਅਤੁਟ ਭੰਡਾਰਾ, ਅਤੋਟ ਅਤੁਟ ਆਪ ਵਰਤਾਈਆ । ਗੁਰਸਿਖਾਂ ਘਰ ਬਣੇ ਵਣਜਾਰਾ, ਦਰ ਦਰਵੇਸ਼ ਫੇਰੀ ਪਾਈਆ । ਸਚ ਪ੍ਰੀਤੀ ਮੰਗੇ ਬਣ ਭਿਖਾਰਾ, ਅੱਗੇ ਆਪਣੀ ਝੋਲੀ ਡਾਹੀਆ । ਦਰਸ ਦਿਖਾਏ ਰਾਮ ਅਵਤਾਰਾ, ਰਾਮ ਰਾਮਾ ਰੂਪ ਵਟਾਈਆ । ਮੁਕੰਦ ਮਨੋਹਰ ਲੱਖਮੀ ਨਰਾਇਣ ਕਾਹਨਾ ਕ੍ਰਿਸ਼ਨਾ ਹੋ ਉਜਿਆਰਾ, ਘਰ ਬੰਸਰੀ ਨਾਮ ਵਜਾਈਆ । ਏਕਾ ਮਧੁਰ

ਧੁਨ ਸੁਣੇ ਸੁਣਨੇਹਾਰਾ, ਕਵਲ ਨੈਣ ਨੈਣ ਮਟਕਾਈਆ । ਸਾਵਲ ਸੁੰਦਰ ਰੂਪ ਅਪਾਰਾ, ਮੁਕਟ ਬੈਣ ਆਪ ਟਿਕਾਈਆ । ਰਾਤੀ ਸੁੱਤਿਆ ਦਏ ਦੀਦਾਰਾ, ਬਾਹੋਂ ਪਕੜ ਆਪ ਉਠਾਈਆ । ਘਰ ਮਿਲਿਆ ਹਰਿ ਨਿਰੰਕਾਰਾ, ਮਿਲਿਆ ਮੇਲ ਵਿਛੜ ਨਾ ਜਾਈਆ । ਜਿਉਂ ਭਾਗ ਲਗਾਏ ਬਿਦਰ ਸੁਦਾਮਾ ਜਾਏ ਦਵਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਈਆ । ਹਰਿਜਨ ਵੇਖਣ ਆਪਣੀ ਅੱਖ, ਗੁਰ ਸਤਿਗੁਰ ਅੱਖ ਖੁਲ੍ਹਾਈਆ । ਅੱਠੇ ਪਹਿਰ ਰਹੇ ਪਰਤੱਖ, ਨਿਰਗੁਣ ਸਰਗੁਣ ਰੂਪ ਵਟਾਈਆ । ਜਿਸ ਜਨ ਆਪਣਾ ਮਾਰਗ ਦੇਵੇ ਦੱਸ, ਨਾਤਾ ਜਗਤ ਦਏ ਤੁੜਾਈਆ । ਸਾਕ ਸੱਜਣ ਰਹੇ ਹੱਸ, ਹੱਸ ਹੱਸ ਆਪਣਾ ਵਕ਼ਤ ਗਵਾਈਆ । ਹਰਿਜਨ ਹਰਿ ਹਰਿ ਇਕ ਦੂਜੇ ਦੇ ਹੋਏ ਵਸ, ਏਕਾ ਘਰ ਵਸਣ ਦਿਸ ਕਿਸੇ ਨਾ ਆਈਆ । ਕਲਜੁਗ ਜੀਵ ਰੈਣ ਅੰਧੇਰੀ ਮਸ, ਸਾਚਾ ਚੰਦ ਨਾ ਕੋਇ ਚਮਕਾਈਆ । ਕਾਇਆ ਖੇੜਾ ਹੋਏ ਭੱਠ, ਤ੍ਰੈਗੁਣ ਅਗਨੀ ਤੱਤ ਜਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਪਾਰ ਕਰਾਈਆ । ਹਰਿਜਨ ਉਤਰੇ ਪਾਰ ਕਿਨਾਰਾ, ਤਰਨੀ ਬੈਤਰਨੀ ਆਪ ਤਰਾਈਆ । ਰਾਏ ਧਰਮ ਕਰੇ ਨਿਮਸਕਾਰਾ, ਗੁਰਮੁਖ ਤੇਰੇ ਚਰਨਾਂ ਸੀਸ ਝੁਕਾਈਆ । ਚਿੱਤਰ ਗੁਪਤ ਨਾ ਬਣੇ ਲਿਖਾਰਾ, ਦੋਏ ਜੋੜ ਰਹੇ ਸ਼ਰਮਾਈਆ । ਕਾਲ ਨਾ ਆਏ ਚਲ ਦਵਾਰਾ, ਲਾੜੀ ਮੌਤ ਨਾ ਕਰੇ ਕੁੜਮਾਈਆ । ਮਹਾਕਾਲ ਹੋਏ ਰਖਵਾਰਾ, ਸਦਾ ਸੁਹੇਲਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਤੇਰੇ ਧਾਮ ਦਏ ਵਡਿਆਈਆ । ਗੁਰਸਿਖ ਧਾਮ ਸਚ ਮਹੱਲਾ, ਸਚਖੰਡ ਦਵਾਰਾ ਇਕ ਸਮਝਾਈਆ । ਪੁਰਖ ਅਬਿਨਾਸ਼ੀ ਬੈਠਾ ਇਕ ਇਕੱਲਾ, ਸਚ ਸਿੰਘਾਸਣ ਆਸਣ ਲਾਈਆ । ਜਿਸ ਜਨ ਫੜਾਏ ਲੋਕਮਾਤ ਸ਼ਬਦੀ ਪੱਲਾ, ਏਕਾ ਨਾਮ ਗੰਢ ਦਵਾਈਆ । ਅੰਤਮ ਬਿਠਾਏ ਨਿਹਚਲ ਧਾਮ ਅਟੱਲਾ, ਉਚ ਅਗੰਮ ਆਪ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਦਵਾਰਾ ਦਏ ਚਮਕਾਈਆ । ਹਰਿ ਕਾ ਦਵਾਰਾ ਸਚਖੰਡ, ਸਚਖੰਡ ਨਿਵਾਸੀ ਖੇਲ ਖਿਲਾਇੰਦਾ । ਥਿਰ ਘਰ ਵੰਡੀ ਆਪਣੀ ਵੰਡ, ਆਪਣੇ ਚਰਨ ਟਿਕਾਇੰਦਾ । ਚਰਨ ਦਵਾਰਾ ਰੱਖੇ ਉਪਰ ਬ੍ਰਹਿਮੰਡ, ਕੋਟਨ ਕੋਟ ਬ੍ਰਹਿਮੰਡ ਚਰਨਾਂ ਹੇਠ ਦਬਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਦਰ ਬਹਾਇੰਦਾ । ਦਰ ਸਾਚਾ ਠਾਂਡਾ ਦਰਬਾਰਾ, ਦਰ ਘਰ ਵੱਜੇ ਵਧਾਈਆ । ਨਾਤਾ ਤੁਟਿਆ ਜਗਤ ਸੰਸਾਰਾ, ਸੰਸਾਰ ਸਾਗਰ ਪਾਰ ਕਰਾਈਆ । ਘਰ ਮੰਦਰ ਹੋਏ ਉਜਿਆਰਾ, ਗ੍ਰਿਹ ਜੋਤ ਨੂਰ ਰੁਸ਼ਨਾਈਆ । ਹਰਿ ਮੰਦਰ ਹਰਿ ਪਸਾਰਾ, ਘਟ ਭੀਤਰ ਰਿਹਾ ਸਮਾਈਆ । ਆਤਮ ਬ੍ਰਹਮ ਪਾਵੇ ਸਾਰਾ, ਪਾਰਬ੍ਰਹਮ ਬੇਪਰਵਾਹੀਆ । ਸੇਜ ਸੁਹੰਜਣੀ ਸੁੱਤਾ ਪੈਰ ਪਸਾਰਾ, ਅਗੰਮ ਅਥਾਹ ਸੱਚਾ ਸ਼ਹਿਨਸ਼ਾਹੀਆ । ਜਿਸ ਨੇ ਕੀਆ ਆਦਿ ਪਸਾਰਾ, ਅੰਤ ਆਪੇ ਵੇਖਣ ਆਈਆ । ਨੌਂ ਸੌ ਚੁਰਾਨਵੇਂ ਜੁਗ ਚੌਕੜੀ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਔਂਦੇ ਰਹੇ ਵਾਰੋ ਵਾਰਾ, ਜੁਗ ਜੁਗ ਆਪਣਾ ਗੇੜ ਚਲਾਈਆ । ਹੁਕਮ ਅੰਦਰ ਹੁਕਮ ਸੁਣਾਵਣ ਗੁਰ ਪੀਰ ਅਵਤਾਰਾ, ਲੋਕਮਾਤ ਪੰਜ ਤੱਤ ਕਾਇਆ ਚੋਲਾ ਜਗਤ ਹੰਢਾਈਆ । ਹਰਿ ਕਾ ਨਾਮ ਵਜਾਵਣ ਸਚ ਨਗਾਰਾ, ਜੀਵਾਂ ਜੰਤਾਂ ਆਪ ਸੁਣਾਈਆ । ਬ੍ਰਹਮਾ ਲਿਖ ਲਿਖ ਥੱਕਾ ਵੇਦ ਚਾਰਾ, ਵੇਦ ਵਿਆਸਾ ਅਠਾਰਾਂ ਪੁਰਾਨ ਰਿਹਾ ਸਮਝਾਈਆ । ਗੀਤਾ ਗਿਆਨ ਸਚ ਭੰਡਾਰਾ, ਕਾਹਨਾ ਕ੍ਰਿਸ਼ਨਾ ਏਕਾ ਅਰਜਣ ਤੱਤ ਜਣਾਈਆ । ਅੰਜੀਲ ਕੁਰਾਨਾ ਭੇਵ ਨਿਆਰਾ, ਏਕਾ ਮਸਲਾ ਆਪ ਪੜ੍ਹਾਈਆ । ਨਾਨਕ ਨਿਰਗੁਣ ਬੋਲ ਜੈਕਾਰਾ, ਪੁਰਖ ਅਕਾਲ ਰਿਹਾ

ਵਡਿਆਈਆ । ਹਰਿ ਕਾ ਨਾਉਂ ਸਤਿ ਭੰਡਾਰਾ, ਚਾਰ ਵਰਨ ਰਿਹਾ ਸਮਝਾਈਆ । ਗੋਬਿੰਦ ਬਣ ਬਣ ਲਿਖਾਰਾ, ਅੰਤਮ ਲੇਖਾ ਗਿਆ ਸਮਝਾਈਆ । ਪੁਰਖ ਅਕਾਲ ਸਾਂਝਾ ਯਾਰਾ, ਵਰਨ ਗੋਤ ਨਾ ਕੋਇ ਰਖਾਈਆ । ਕਲਜੁਗ ਅੰਤਮ ਨਿਹਕਲੰਕ ਆਏ ਬਲੀ ਬਲਕਾਰਾ, ਜੋਤੀ ਜਾਮਾ ਭੇਖ ਵਟਾਈਆ । ਸੰਬਲ ਨਗਰ ਵਸੇ ਧਾਮ ਨਿਆਰਾ, ਕਿਸੇ ਮੰਦਰ ਮਸਜਦ ਗੁਰੂਦਵਾਰ ਨਾ ਡੇਰਾ ਲਾਈਆ । ਗੁਰਮੁਖਾਂ ਕਰੇ ਸਚ ਪਿਆਰਾ, ਪੂਰਬ ਲਹਿਣਾ ਵੇਖ ਵਖਾਈਆ । ਦੇਵੇ ਦਰਸ ਦੀਦ ਦੀਦਾਰਾ, ਦੀਦ ਈਦ ਆਪ ਮਨਾਈਆ । ਕੁਦਰਤ ਕ਼ਾਦਰ ਵੇਖਣਹਾਰਾ, ਮੁਰਸ਼ਦ ਮੁਰੀਦ ਲਏ ਉਠਾਈਆ । ਰਾਮ ਭਗਤ ਹਰਿ ਰਾਮ ਪਿਆਰਾ, ਰਾਮ ਰਾਮਾ ਲਏ ਜਗਾਈਆ । ਪੁਰਖ ਅਬਿਨਾਸ਼ ਖੇਲ ਤਮਾਸ਼ ਜੁਗਾ ਜੁਗੰਤਰ ਕਰੇ ਕਰਾਏ ਕਰਨੇਹਾਰਾ, ਕਰਤਾ ਪੁਰਖ ਆਪ ਅਖਵਾਈਆ । ਜਿਸ ਜਨ ਨਾਤਾ ਤੋੜੇ ਸਰਬ ਸੰਸਾਰਾ, ਤਿਸ ਜਨ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਫੜ, ਕਾਇਆ ਮੰਦਰ ਪੌੜੇ ਏਕਾ ਚੜ੍ਹ, ਨਾਮ ਬੰਧਨ ਸਾਚਾ ਪਾਈਆ । ਨਾਮ ਬੰਧਨ ਪਾਇਆ ਹਰਿ, ਹਰਿ ਹਰਿਜਨ ਬੰਧ ਵਖਾਇਆ । ਜਗਤ ਜੁਗਤ ਚੁਕਾਇਆ ਡਰ, ਭਗਤ ਭਗਵੰਤ ਮੇਲ ਮਿਲਾਇਆ । ਅੰਮ੍ਰਿਤ ਨੁਹਾਏ ਸਾਚੇ ਸਰ, ਕਾਇਆ ਗਾਗਰ ਤਾਲ ਭਰਾਇਆ । ਗੁਰਮੁਖ ਆਦਿ ਜੁਗਾਦਿ ਨਾ ਜਨਮੇ ਨਾ ਜਾਏ ਮਰ, ਜਿਸ ਜਨ ਆਪਣਾ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਖੇਲ ਮਹਾਨ, ਜੁਗਾ ਜੁਗੰਤਰ ਹੋ ਪਰਧਾਨ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਰੰਗ ਵਖਾਇਆ ।

੬੬੧ ੧੦

★ ੧੮ ਜੇਠ ੨੦੧੮ ਬਿਕ੍ਰਮੀ ਸਰਦਾਰ ਚੰਦ ਦੇ ਗ੍ਰਿਹ ਛੰਬ ਜੰਮੂ ★

ਹਰਿ ਨਾਉਂ ਸਚ ਵੈਰਾਗ, ਤਨ ਮਨ ਹਰਿਆ ਆਪ ਕਰਾਇੰਦਾ । ਸੋਵਤ ਜੀਵ ਜਾਏ ਜਾਗ, ਜਾਗਰਤ ਮਤ ਇਕ ਰਖਾਇੰਦਾ । ਹੋਏ ਵਡਿਆਈ ਵਡ ਵਡ ਭਾਗ, ਵਡ ਭਾਗੀ ਭੇਵ ਚੁਕਾਇੰਦਾ । ਹੰਸ ਬਣੇ ਕਬੁਧ ਕਾਗ, ਡੂਮਣੀ ਸੁਧ ਆਪ ਕਰਾਇੰਦਾ । ਰਸਨਾ ਤਜੇ ਜਗਤ ਸਵਾਦ, ਰਾਮ ਨਾਮ ਸਾਚਾ ਰਸ ਇਕ ਵਖਾਇੰਦਾ । ਸਤਿ ਭੰਡਾਰ ਦੇਵੇ ਦਾਤ, ਵਸਤ ਅਮੋਲਕ ਝੋਲੀ ਪਾਇੰਦਾ । ਡੂੰਘੀ ਭਵਰੀ ਆਪੇ ਕਾਢ, ਸਾਚੇ ਸਾਗਰ ਪਾਰ ਕਰਾਇੰਦਾ । ਜਨਮ ਜਨਮ ਦਾ ਧੋਵੇ ਦਾਗ਼, ਨਿਰਮਲ ਬਿਮਲ ਸਰਬ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰ ਘਟ ਆਪਣਾ ਰੰਗ ਰੰਗਾਇੰਦਾ । ਹਰ ਘਟ ਅੰਦਰ ਹਰਿ ਹਰਿ ਵਾਸਾ, ਆਤਮ ਬ੍ਰਹਮ ਜੋਤ ਜਗਾਈਆ । ਜਿਸ ਜਨ ਬਖ਼ਸ਼ੇ ਚਰਨ ਭਰਵਾਸਾ, ਤਿਸ ਅੰਮ੍ਰਿਤ ਫਲ ਖਵਾਈਆ । ਅੰਮ੍ਰਿਤ ਫਲ ਹਰਿ ਕਾ ਨਾਉਂ ਸ਼ਾਹੋ ਸ਼ਾਬਾਸ਼ਾ, ਲੋਕਮਾਤ ਹੱਥ ਕਿਸੇ ਨਾ ਆਈਆ । ਕਾਇਆ ਖ਼ਾਲੀ ਦਿਸੇ ਕਾਸਾ, ਜਲ ਅੰਮ੍ਰਿਤ ਨਾ ਕੋਇ ਭਰਾਈਆ । ਹਰਿਜਨ ਹਰਿਭਗਤ ਨਾ ਹੋਏ ਕਦੇ ਨਿਰਾਸਾ, ਜਿਸ ਜਨ ਏਕਾ ਓਟ ਤਕਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਨਿਜ ਆਤਮ ਕਰੇ ਵਾਸਾ, ਸੁਰਤ ਸ਼ਬਦ ਮੇਲ ਮਿਲਾਈਆ । ਦਿਵਸ ਰੈਣ ਪਾਏ ਰਾਸਾ, ਗੋਪੀ ਕਾਹਨ ਆਪ ਨਚਾਈਆ । ਪੂਰੀ ਕਰੇ ਆਸਾ, ਜੋ ਜਨ ਰਹੇ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਖੇਲਣਹਾਰਾ

ਦਿਸ ਨਾ ਆਈਆ । ਤਨ ਮਨ ਰੰਗ ਅਵੱਲੜਾ, ਰੰਗਣਹਾਰ ਕਰਤਾਰ । ਹਰਿਜਨ ਹਰੀ ਹਰਿ ਆਪ ਫੜਾਏ ਏਕਾ ਪਲੜਾ, ਨਾਮ ਨਾਮਾ ਦਏ ਉਜਿਆਰ । ਜਗ ਜੀਵਣ ਦਾਤਾ ਦੇਵੇ ਰਾਹ ਸੁਖੱਲੜਾ, ਹਰਿ ਚਰਨ ਸਰਨ ਸੱਚਾ ਪਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਦਲਿਦ੍ਰ ਦਏ ਨਿਵਾਰ । ਜਗਤ ਦਲਿਦ੍ਰ ਦੁੱਖ ਭਰਮ ਭੌ ਨਾਸੇ, ਰੋਗ ਸੋਗ ਰਹਿਣ ਨਾ ਪਾਈਆ । ਜੋ ਜਨ ਚਰਨ ਕਵਲ ਰੱਖੇ ਸਚ ਧਰਵਾਸੇ, ਧਰਨੀ ਧਵਲ ਦਏ ਵਡਿਆਈਆ । ਜੋਤੀ ਜਾਤਾ ਜੋਤ ਕਰੇ ਪਰਕਾਸ਼ੇ, ਅੰਧ ਅੰਧੇਰ ਦਏ ਮਿਟਾਈਆ । ਜਨਮ ਮਰਨ ਕਰੇ ਬੰਦ ਖ਼ਲਾਸੇ, ਲੱਖ ਚੁਰਾਸੀ ਗੇੜ ਮੁਕਾਈਆ । ਗੁਰਸਿਖ ਜੀਵੇ ਗੁਰ ਭਰਵਾਸੇ, ਗੁਰ ਸਤਿਗੁਰ ਹੋਏ ਸਹਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਜ ਆਤਮ ਨਿਜ ਘਰ ਰੱਖੇ ਵਾਸੇ, ਕਾਇਆ ਬਸਤਰ ਚੋਲਾ ਤਨ ਹੰਢਾਈਆ ।

ਗੌਣਾ ਗੁਣ ਗਹਿਰ ਗੰਭੀਰ, ਸਾਂਤਕ ਸਤਿ ਵਰਤਾਈਆ । ਨਿਰਮਲ ਬੁੱਧੀ ਸ਼ਾਂਤ ਸਰੀਰ, ਮਨ ਵਾਸਨਾ ਦਏ ਮਿਟਾਈਆ । ਅੰਮ੍ਰਿਤ ਨਿਝਰ ਬਰਖੇ ਸੀਰ, ਸਾਚਾ ਨੀਰ ਮੁਖ ਚੁਆਈਆ । ਜਗਤ ਦੁਖੜਾ ਮਿਟੇ ਪੀੜ, ਆਤਮ ਸੁਖ ਇਕ ਵਖਾਈਆ । ਏਕਾ ਰੰਗ ਵਖਾਏ ਹਸਤ ਕੀਟ, ਊਚ ਨੀਚ ਭੇਵ ਮਿਟਾਈਆ । ਲੋਕਮਾਤ ਬੰਨ੍ਹੇ ਬੀੜ, ਜਿਸ ਮਿਲਿਆ ਹਰਿ ਰਘੁਰਾਈਆ । ਕੱਟੇ ਰੋਗ ਦੀਰਘ ਦੀਰ, ਧੀਰਜ ਆਪਣੀ ਦਏ ਬੰਧਾਈਆ । ਲੱਖ ਚੁਰਾਸੀ ਨਾ ਰਹੇ ਜ਼ੰਜੀਰ, ਜਮ ਫਾਸ ਦਏ ਮਿਟਾਈਆ । ਫੜ ਫੜ ਚੋਟੀ ਚਾੜ੍ਹੇ ਅਖ਼ੀਰ, ਜਿਸ ਜਨ ਦੇਵੇ ਨਾਮ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਧਨ ਸਰਧਨ ਵੇਖ ਵਖਾਈਆ । ਹਰਿ ਕਾ ਨਾਉਂ ਹਰਿ ਰੰਗ ਰਾਸ, ਰਸਨਾ ਜੇਹਵਾ ਗੁਣ ਨਾ ਕੋਇ ਵਖਾਇੰਦਾ । ਜਿਸ ਦੇਵੇ ਤਿਸ ਬੁਝੇ ਪਿਆਸ, ਤਨ ਮਨ ਸਿੰਚ ਹਰਾ ਕਰਾਇੰਦਾ । ਲੇਖਾ ਲਿਖ ਲਿਖ ਗਿਆ ਵੇਦ ਵਿਆਸ, ਵਿਆਖਿਆ ਰੂਪ ਨਾ ਕੋਇ ਵਟਾਇੰਦਾ । ਪਰਮ ਪੁਰਖ ਨਿਰਗੁਣ ਜੋਤ ਪਰਕਾਸ਼, ਅਬਿਨਾਸ਼ੀ ਕਰਤਾ ਆਪਣਾ ਖੇਲ ਕਰਾਇੰਦਾ । ਜਿਸ ਘਰ ਜਿਸ ਗ੍ਰਿਹਿ ਮੰਦਰ ਪਾਵੇ ਰਾਸ, ਤਿਸ ਮੰਡਲ ਆਪ ਸੁਹਾਇੰਦਾ । ਸਦਾ ਸੁਹੇਲਾ ਵਸੇ ਪਾਸ, ਆਪਣਾ ਸੰਗ ਰਖਾਇੰਦਾ । ਹੋਏ ਸਹਾਈ ਜੰਗਲ ਜੂਹ ਉਜਾੜ ਪਹਾੜ ਵਿਚ ਪਰਭਾਸ, ਸਮੁੰਦ ਸਾਗਰ ਡੂੰਘੀ ਕੰਦਰ ਵੇਖ ਵਖਾਇੰਦਾ । ਜਨ ਭਗਤਾਂ ਕਰੇ ਬੰਦ ਖ਼ਲਾਸ਼, ਬੰਦੀ ਤੋੜ ਬੰਦ ਕਟਾਇੰਦਾ । ਲਹਿਣਾ ਦੇਣ ਚੁਕਾਏ ਦਸ ਦਸ ਮਾਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਆਪ ਵਖਾਇੰਦਾ । ਰੰਗ ਵਖਾਏ ਹਰਿ ਨਿਰੰਕਾਰਾ, ਰੂਪ ਅਨੂਪ ਆਪ ਦਰਸਾਈਆ । ਹਉਮੇ ਹੰਗਤਾ ਤੋੜ ਗੜ੍ਹ ਹੰਕਾਰਾ, ਹੰ ਬ੍ਰਹਮ ਨਜ਼ਰੀ ਆਈਆ । ਸੋਇਮ ਰੂਪ ਸੱਚੀ ਸਰਕਾਰਾ, ਸੋ ਪੁਰਖ ਨਿਰੰਜਣ ਸੱਚਾ ਸ਼ਹਿਨਸ਼ਾਹੀਆ । ਸੋਹੰ ਸ਼ਬਦ ਆਦਿ ਜੁਗਾਦਿ ਨਿਰਗੁਣ ਸਰਗੁਣ ਨਾਅਰਾ, ਵਿਸ਼ਨ ਬ੍ਰਹਮਾ ਸ਼ਿਵ ਰਹੇ ਜਸ ਗਾਈਆ । ਚਾਰ ਵੇਦ ਕਰਨ ਪੁਕਾਰਾ, ਆਤਮ ਪਰਮਾਤਮ ਬ੍ਰਹਮ ਪਾਰਬ੍ਰਹਮ ਬੰਸ ਸਰਬੰਸ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਸ਼ਬਦ ਅਧਾਰਾ ਏਕਾ ਨਾਮ ਝੋਲੀ ਪਾਈਆ । ਮਿਲੇ ਮੀਤ ਹਰਿ ਰਾਮ ਪਿਆਰਾ, ਰਮੱਯਾ ਆਪਣਾ ਖੇਲ ਖਿਲਾਈਆ । ਕਾਗਦ ਕ਼ਲਮ ਨਾ ਲਿਖਣਹਾਰਾ, ਲੇਖਾ ਲਿਖੇ ਨਾ ਕੋਇ ਸ਼ਾਹੀਆ । ਜਨ ਭਗਤਾਂ ਹਰਿ ਕਰੇ ਪਿਆਰਾ, ਜੁਗ ਜੁਗ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕ਼ੁਦਰਤ ਕ਼ਾਦਰ ਕਰਤਾ ਆਪਣਾ ਰੰਗ ਵਖਾਈਆ ।

ਸਤਿ ਪੁਰਖ ਨਿਰੰਜਣ ਸ਼ਾਹ ਸੁਲਤਾਨਾ, ਸ਼ਾਹ ਪਾਤਸ਼ਾਹ ਵਡੀ ਵਡਿਆਈਆ । ਸੋ ਪੁਰਖ ਨਿਰੰਜਣ ਸਦ ਮਿਹਰਵਾਨਾ, ਹਰਿ ਪੁਰਖ ਨਿਰੰਜਣ ਖੇਲ ਬੇਪਰਵਾਹੀਆ । ਏਕੰਕਾਰਾ ਨੌਜਵਾਨਾ, ਆਦਿ ਨਿਰੰਜਣ ਸਗਲਾ ਸੰਗ ਨਿਭਾਈਆ । ਅਬਿਨਾਸ਼ੀ ਕਰਤਾ ਮਰਦ ਮਰਦਾਨਾ, ਸ੍ਰੀ ਭਗਵਾਨ ਨਿਰਗੁਣ ਆਪਣਾ ਰੂਪ ਵਖਾਈਆ । ਪਾਰਬ੍ਰਹਮ ਪ੍ਰਭ ਖੇਲ ਮਹਾਨਾ, ਦਿਸ ਕਿਸੇ ਨਾ ਆਈਆ । ਸਾਚਾ ਮੰਦਰ ਇਕ ਸੁਹਾਨਾ, ਸਚਖੰਡ ਦਏ ਵਡਿਆਈਆ । ਚਾਰ ਦੀਵਾਰ ਨਾ ਕੋਇ ਰਖਾਨਾ, ਛੱਪਰ ਛੰਨ ਨਾ ਕੋਇ ਛੁਹਾਈਆ । ਦੀਵਾ ਬਾਤੀ ਨਾ ਕੋਇ ਟਿਕਾਨਾ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਕਰੇ ਖੇਲ ਹੋਏ ਨਿਗਹਬਾਨਾ, ਆਪ ਆਪਣਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮੰਦਰ ਆਪ ਸੁਹਾਈਆ । ਸਾਚਾ ਮੰਦਰ ਸਚਖੰਡ ਦਵਾਰਾ, ਸੋ ਪੁਰਖ ਨਿਰੰਜਣ ਆਪ ਸੁਹਾਇੰਦਾ । ਹਰਿ ਪੁਰਖ ਨਿਰੰਜਣ ਅਲਖ ਅਗੋਚਰ ਅਗੰਮ ਅਪਾਰਾ, ਰੂਪ ਰੰਗ ਰੇਖ ਨਾ ਕੋਇ ਰਖਾਇੰਦਾ । ਏਕੰਕਾਰਾ ਕਰ ਪਸਾਰਾ, ਆਪਣੀ ਧਾਰਾ ਆਪ ਚਲਾਇੰਦਾ । ਆਦਿ ਨਿਰੰਜਣ ਨੂਰ ਉਜਿਆਰਾ, ਜੋਤ ਉਜਾਲਾ ਆਪ ਕਰਾਇੰਦਾ । ਸ੍ਰੀ ਭਗਵਾਨ ਵਸਣਹਾਰਾ ਠਾਂਡੇ ਦਰਬਾਰਾ, ਦਰ ਘਰ ਸਾਚੇ ਸੋਭਾ ਪਾਇੰਦਾ । ਅਬਿਨਾਸ਼ੀ ਕਰਤਾ ਆਪੇ ਕਰੇ ਆਪਣੀ ਕਾਰਾ, ਕਰਤਾ ਪੁਰਖ ਆਪਣੀ ਖੇਲ ਆਪ ਖਿਲਾਇੰਦਾ । ਪਾਰਬ੍ਰਹਮ ਨਿਰਗੁਣ ਨਿਰਵੈਰ ਪੁਰਖ ਅਕਾਲ ਅਜੂਨੀ ਰਹਿਤ ਕਰੇ ਖੇਲ ਨਿਆਰਾ, ਅਨਭਵ ਪਰਕਾਸ਼ ਧਰਾਇੰਦਾ । ਸਚਖੰਡ ਦਵਾਰਾ ਕਰ ਪਸਾਰਾ, ਆਪਣੀ ਬਣਤ ਆਪ ਬਣਾਇੰਦਾ । ਨਿਰਗੁਣ ਇਛਿਆ ਨਿਰਗੁਣ ਭਿਛਿਆ ਨਿਰਗੁਣ ਦੇਵੇ ਭੰਡਾਰਾ, ਨਿਰਗੁਣ ਝੋਲੀ ਅੱਗੇ ਡਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਆਪਣੀ ਖੇਲ ਆਪ ਖਿਲਾਇੰਦਾ । ਆਪਣੀ ਇਛਿਆ ਸਚ ਭੰਡਾਰਾ, ਸੋ ਪੁਰਖ ਨਿਰੰਜਣ ਆਪ ਉਪਾਈਆ । ਹਰਿ ਪੁਰਖ ਨਿਰੰਜਣ ਬਣ ਵਰਤਾਰਾ, ਏਕੰਕਾਰਾ ਝੋਲੀ ਰਿਹਾ ਭਰਾਈਆ । ਆਦਿ ਨਿਰੰਜਣ ਪਾਵੇ ਸਾਰਾ, ਅਬਿਨਾਸ਼ੀ ਕਰਤਾ ਵੇਖ ਵਖਾਈਆ । ਸ੍ਰੀ ਭਗਵਾਨ ਦਏ ਸਹਾਰਾ, ਪਾਰਬ੍ਰਹਮ ਪ੍ਰਭ ਖ਼ੁਸ਼ੀ ਮਨਾਈਆ । ਸਚ ਸੁਹਾਏ ਸਚਖੰਡ ਸੋਭਾਵੰਤ ਮਹੱਲ ਅਟਲ ਉਚ ਮਨਾਰਾ, ਨਿਰਗੁਣ ਆਪਣਾ ਰੂਪ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਇਛਿਆ ਆਪ ਦਰਸਾਈਆ । ਆਪਣੀ ਇਛਿਆ ਹਰਿ ਨਿਰੰਕਾਰ, ਆਪ ਆਪਾ ਵਿਚ ਪਰਗਟਾਇੰਦਾ । ਨਿਰਗੁਣ ਨਿਰਗੁਣ ਕਰ ਵਿਚਾਰ, ਸਾਚੀ ਬਣਤ ਆਪ ਬਣਾਇੰਦਾ । ਨਿਰਗੁਣ ਬਾਢੀ ਬਣ ਤਰਖਾਣ, ਸਾਚਾ ਘਾੜਤ ਆਪ ਘੜਾਇੰਦਾ । ਸਚ ਸਿੰਘਾਸਣ ਕਰ ਤਿਆਰ, ਪਾਵਾ ਚੂਲ ਨਾ ਕੋਇ ਰਖਾਇੰਦਾ । ਆਪੇ ਹੋਏ ਵੇਖਣਹਾਰ, ਵੇਖਣਹਾਰਾ ਦਿਸ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਸਿੰਘਾਸਣ ਸੋਭਾਵੰਤ, ਆਪ ਸੁਹਾਏ ਸ੍ਰੀ ਭਗਵੰਤ, ਸਚਖੰਡ ਦਵਾਰੇ ਆਪ ਰਖਾਇੰਦਾ । ਸਚ ਸਿੰਘਾਸਣ ਹਰਿ ਸੁਹੰਜਣਾ, ਦਰ ਘਰ ਸਾਚੇ ਆਪ ਸੁਹਾਈਆ । ਕਰੇ ਖੇਲ ਆਦਿ ਨਿਰੰਜਣਾ, ਆਦਿ ਪੁਰਖ ਵਡੀ ਵਡਿਆਈਆ । ਨਿਰਭੈ ਹੋਏ ਭੈ ਭੰਜਣਾ, ਭੌ ਅਵਰ ਨਾ ਕੋਇ ਜਣਾਈਆ । ਆਪੇ ਬਣੇ ਆਪਣਾ ਸਾਚਾ ਸੱਜਣਾ, ਸਗਲਾ ਸੰਗ ਆਪ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਿੰਘਾਸਣ ਦਏ ਵਡਿਆਈਆ । ਸਚ ਸਿੰਘਾਸਣ ਕਰ ਤਿਆਰ, ਹਰਿ ਸਾਚਾ ਵੇਖ ਵਖਾਇੰਦਾ । ਕਵਣ ਰੂਪ ਕਰਾਂ ਅਪਰ ਅਪਾਰ, ਰੂਪ ਅਨੂਪ ਕਵਣ ਵਟਾਇੰਦਾ । ਕਵਣ ਭੂਪ ਬਣਾਂ ਸ਼ਾਹ ਸਿਕਦਾਰ, ਸ਼ਾਹ ਪਾਤਸ਼ਾਹ ਆਪਣਾ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ

੬੬੩
੧੦

ਸੁਣਾਇੰਦਾ । ਆਪੇ ਹੁਕਮ ਧੁਰ ਫ਼ਰਮਾਨਾ, ਹਰਿ ਸਾਚਾ ਆਪ ਜਣਾਈਆ । ਆਪੇ ਭੂਪ ਆਪੇ ਰਾਣਾ, ਆਪੇ ਕਰੇ ਸਾਚੀ ਸ਼ਾਹੀਆ । ਆਪੇ ਦਰ ਆਪ ਦਰਬਾਨਾ, ਦਰਵੇਸ਼ ਆਪਣਾ ਨਾਉਂ ਧਰਾਈਆ । ਸਾਚਾ ਤਖ਼ਤ ਆਪ ਸੁਹਾਨਾ, ਤਖ਼ਤ ਨਿਵਾਸੀ ਡੇਰਾ ਲਾਈਆ । ਸਚਖੰਡ ਦਵਾਰਾ ਸਚ ਮਕਾਨਾ, ਪੁਰਖ ਅਬਿਨਾਸ਼ੀ ਵੇਖ ਵਖਾਈਆ । ਨਾ ਕੋਈ ਰਾਗ ਨਾ ਕੋਈ ਗਾਣਾ, ਤਾਰ ਸਤਾਰ ਨਾ ਕੋਇ ਹਿਲਾਈਆ । ਇਕ ਇਕੱਲਾ ਸ੍ਰੀ ਭਗਵਾਨਾ, ਸਚ ਮਹੱਲਾ ਆਪ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਿੰਘਾਸਣ ਆਪ ਸੁਹਾਈਆ । ਸਚ ਸਿੰਘਾਸਣ ਸਚਖੰਡ ਦਵਾਰਾ, ਹਰਿ ਸਾਚਾ ਆਪ ਸੁਹਾਇੰਦਾ । ਉਪਰ ਬੈਠ ਹਰਿ ਨਿਰੰਕਾਰਾ, ਆਪਣਾ ਹੁਕਮ ਆਪ ਵਰਤਾਇੰਦਾ । ਆਪਣੀ ਇਛਿਆ ਸਚ ਭੰਡਾਰਾ, ਆਪਣੇ ਹੱਥ ਰਖਾਇੰਦਾ । ਨਾ ਕੋਈ ਦੂਸਰ ਮੀਤ ਮੁਰਾਰਾ, ਸਗਲਾ ਸੰਗ ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਬਣਤ ਆਪ ਬਣਾਇੰਦਾ । ਸਾਚੀ ਬਣਤ ਹਰਿ ਭਗਵਾਨ, ਸ਼ਾਹ ਪਾਤਸ਼ਾਹ ਆਪ ਬਣਾਈਆ । ਸੋ ਪੁਰਖ ਨਿਰੰਜਣ ਹੋ ਪਰਧਾਨ, ਆਪਣਾ ਮੁਖ ਲਏ ਖੁਲ੍ਹਾਈਆ । ਹਰਿ ਪੁਰਖ ਨਿਰੰਜਣ ਗਾਏ ਗਾਨ, ਨਿਰੰਕਾਰਾ ਸੁਣ ਸੁਣ ਖ਼ੁਸ਼ੀ ਮਨਾਈਆ । ਆਦਿ ਨਿਰੰਜਣ ਕਰੇ ਪਰਵਾਨ, ਅਬਿਨਾਸ਼ੀ ਕਰਤਾ ਲੇਖੇ ਪਾਈਆ । ਪੰਚਮ ਰੂਪ ਨੌਜਵਾਨ, ਪੰਚਮ ਧਾਰ ਲਏ ਪਰਗਟਾਈਆ । ਪੰਚਮ ਮੁਖ ਇਕ ਨਿਸ਼ਾਨ, ਨਿਰਗੁਣ ਆਪਣਾ ਆਪ ਉਪਾਈਆ । ਸੀਸ ਰੱਖ ਸ੍ਰੀ ਭਗਵਾਨ, ਜਗਦੀਸ ਖ਼ੁਸ਼ੀ ਮਨਾਈਆ । ਤਖ਼ਤ ਨਿਵਾਸੀ ਰਾਜ ਰਾਜਾਨ, ਇਕ ਇਕੱਲਾ ਆਪ ਅਖਵਾਈਆ । ਪੰਚਮ ਮੁਖ ਕਰ ਪਰਧਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਇਛਿਆ ਰਚਨਾ ਰੂਪ ਵਖਾਈਆ । ਪੰਚਮ ਮੁਖ ਕਰ ਪਰਧਾਨਾ, ਹਰਿ ਪੰਚਮ ਖੇਲ ਖਿਲਾਇਆ । ਇਕ ਇਕੱਲਾ ਨੌਜਵਾਨਾ, ਨਿਰਗੁਣ ਆਪਣਾ ਰੂਪ ਧਰਾਇਆ । ਏਕਾ ਨਾਦ ਇਕ ਤਰਾਨਾ, ਸ਼ਬਦ ਅਨਾਦੀ ਏਕਾ ਗਾਇਆ । ਏਕਾ ਮੰਦਰ ਇਕ ਮਕਾਨਾ, ਏਕਾ ਘਰ ਵਸਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਆਪ ਰੰਗਾਇਆ । ਆਪਣਾ ਰੰਗ ਆਪੇ ਰੰਗ, ਸੋ ਪੁਰਖ ਨਿਰੰਜਣ ਖੇਲ ਖਿਲਾਇੰਦਾ । ਹਰਿ ਪੁਰਖ ਨਿਰੰਜਣ ਸੁਹਾਏ ਸਚ ਪਲੰਘ, ਸਤਿ ਸੁਹੰਜਣੀ ਸੇਜ ਹੰਢਾਇੰਦਾ । ਏਕੰਕਾਰਾ ਵਜਾਏ ਮਰਦੰਗ, ਸਚ ਮਰਦੰਗਾ ਹੱਥ ਉਠਾਇੰਦਾ । ਆਦਿ ਨਿਰੰਜਣ ਸੂਰਾ ਸਰਬੰਗ, ਸੂਰਬੀਰ ਭੇਵ ਨਾ ਆਇੰਦਾ । ਸ੍ਰੀ ਭਗਵਾਨ ਸਦਾ ਬਖ਼ਸ਼ੰਦ, ਆਪਣੀ ਬਖ਼ਸ਼ਸ਼ ਆਪਣੇ ਹੱਥ ਰਖਾਇੰਦਾ । ਅਬਿਨਾਸ਼ੀ ਕਰਤਾ ਗੁਣੀ ਗਹਿੰਦ, ਗਹਿਰ ਗੰਭੀਰ ਖੇਲ ਖਿਲਾਇੰਦਾ । ਪਾਰਬ੍ਰਹਮ ਆਪ ਉਪਾਏ ਆਪਣੀ ਬਿੰਦ, ਨਾਰੀ ਕੰਤ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਰਚਨਾ ਆਪ ਉਪਾਇੰਦਾ । ਨਾਰੀ ਕੰਤ ਬਣ ਭਤਾਰ, ਸਚਖੰਡ ਦਵਾਰ ਸੋਭਾ ਪਾਇੰਦਾ । ਕਰੇ ਖੇਲ ਅਗੰਮ ਅਪਾਰ, ਅਗੰਮੜੀ ਖੇਲ ਆਪ ਕਰਾਇੰਦਾ । ਨਿਰਗੁਣ ਪੁਰਖ ਨਿਰਗੁਣ ਨਾਰ, ਨਿਰਗੁਣ ਨਿਰਗੁਣ ਸੇਜ ਹੰਢਾਇੰਦਾ । ਨਿਰਗੁਣ ਇਛਿਆ ਭਿਛਿਆ ਭਰ ਭੰਡਾਰ, ਸਾਚੀ ਵਸਤ ਹੱਥ ਰਖਾਇੰਦਾ । ਨਿਰਗੁਣ ਘਰ ਵਿਚ ਘਰ ਕਰੇ ਤਿਆਰ, ਸਚਖੰਡ ਅੰਦਰ ਥਿਰ ਘਰ ਦਵਾਰਾ ਆਪ ਪਰਗਟਾਇੰਦਾ । ਦਾਈ ਦਾਇਆ ਆਪਣਾ ਬਣੇ ਆਪ ਨਿਰੰਕਾਰ, ਆਪਣੀ ਸੇਵਾ ਆਪ ਕਮਾਇੰਦਾ । ਆਪਣੇ ਅੰਦਰੋਂ ਜੋਤੀ ਸੁਤ ਕਢੇ ਬਾਹਰ, ਸ਼ਬਦੀ ਨਾਉਂ ਧਰਾਇੰਦਾ । ਥਿਰ ਘਰ ਸਾਚੇ ਕਰ ਪਸਾਰ, ਸਿਰ ਆਪਣਾ ਹੱਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਬੰਸ ਆਪ ਸੁਹਾਇੰਦਾ ।

ਸੁਤ ਦੁਲਾਰਾ ਹਰਿ ਨਿਰੰਕਾਰਾ, ਆਪਣਾ ਆਪ ਉਪਾਈਆ । ਥਿਰ ਘਰ ਦੇਵੇ ਆਪ ਹੁਲਾਰਾ, ਚਾਰ ਕੁੰਟ ਆਪ ਜਣਾਈਆ । ਪਿਤਾ ਪੂਤ ਕਰ ਪਿਆਰਾ, ਏਕਾ ਗੁਣ ਦਏ ਸਮਝਾਈਆ । ਤੇਰਾ ਰੰਗ ਅਪਰ ਅਪਾਰਾ, ਦਿਸ ਕਿਸੇ ਨਾ ਆਈਆ । ਤੇਰਾ ਮਰਦੰਗ ਵੱਜੇ ਨਗਾਰਾ, ਸਚਖੰਡ ਨਿਵਾਸੀ ਆਪ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸ਼ਬਦ ਦਏ ਵਡਿਆਈਆ । ਏਕਾ ਸ਼ਬਦ ਸ਼ਬਦ ਹਰਿ ਸਾਰ, ਹਰਿ ਸਾਚੇ ਆਪ ਉਪਾਇਆ । ਏਕਾ ਪੁਰਖ ਪੁਰਖ ਹਰਿ ਨਾਰ, ਏਕਾ ਕੰਤ ਸੁਹਾਗ ਹੰਢਾਇਆ । ਏਕਾ ਮੰਦਰ ਇਕ ਦਵਾਰ, ਏਕਾ ਬੈਠਾ ਆਸਣ ਲਾਇਆ । ਏਕਾ ਹੁਕਮ ਇਕ ਵਰਤਾਰ, ਏਕਾ ਰਿਹਾ ਸੀਸ ਝੁਕਾਇਆ । ਏਕਾ ਸ਼ਾਹ ਪਾਤਸ਼ਾਹ ਸੱਚੀ ਸਰਕਾਰ, ਏਕਾ ਦਰ ਦਰਬਾਨ ਸੇਵ ਕਮਾਇਆ । ਏਕਾ ਨਿਉਂ ਨਿਉਂ ਕਰੇ ਸਦਾ ਨਿਮਸਕਾਰ, ਏਕਾ ਵੇਖੇ ਸਹਿਜ ਸੁਭਾਇਆ । ਆਦਿ ਪੁਰਖ ਹਰਿ ਹੋ ਤਿਆਰ, ਸਚਖੰਡ ਆਪਣਾ ਰੂਪ ਧਰਾਇਆ । ਸਚਖੰਡ ਨਿਵਾਸੀ ਖੋਲ੍ਹ ਕਿਵਾੜ, ਥਿਰ ਘਰ ਘਾੜਤ ਲਏ ਘੜਾਇਆ । ਥਿਰ ਘਰ ਅੰਦਰ ਸ਼ਬਦ ਦੁਲਾਰਾ ਵਾੜ, ਆਪਣਾ ਹੁਕਮ ਦਏ ਸੁਣਾਇਆ । ਤੇਰਾ ਮੇਰਾ ਇਕ ਵਿਹਾਰ, ਏਕਾ ਰਾਹ ਜਣਾਇਆ । ਭੁਲ ਨਾ ਜਾਣਾ ਬਣ ਗਵਾਰ, ਬਾਲੀ ਬੁਧ ਨਾ ਕੋਇ ਰਖਾਇਆ । ਤੇਰੇ ਸਿਰ ਹੱਥ ਰੱਖੇ ਆਪ ਨਿਰੰਕਾਰ, ਸੀਸ ਜਗਦੀਸ ਹੋਏ ਸਹਾਇਆ । ਤੇਰਾ ਰਥ ਚਲੇ ਅਪਾਰ, ਰਥ ਰਥਵਾਹੀ ਆਪ ਚਲਾਇਆ । ਤੇਰੀ ਮਹਿਮਾ ਅਕਥ ਗਾਏ ਅਗੰਮ ਅਪਾਰ, ਆਪਣਾ ਲੇਖਾ ਦਏ ਸਮਝਾਇਆ । ਦੇਵੇ ਵਸਤ ਇਕ ਹਰਿ ਥਾਰ, ਅਤੋਟ ਅਤੁਟ ਰਖਾਇਆ । ਤੇਰਾ ਅੰਤਰ ਮੇਰਾ ਪਿਆਰ, ਮੇਰਾ ਮੰਤਰ ਤੇਰਾ ਰੂਪ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਆਪੇ ਚੜ੍ਹ, ਥਿਰ ਘਰ ਵੇਖੇ ਹਰਿ ਜੂ ਖੜ, ਸ਼ਬਦੀ ਸੁਤ ਆਪ ਸਮਝਾਇਆ । ਸ਼ਬਦ ਸੁਤ ਹਰਿ ਸਮਝਾ, ਆਪਣਾ ਭੇਵ ਚੁਕਾਇੰਦਾ । ਨਿਰਗੁਣ ਗੁਰੂ ਨਿਰਗੁਣ ਚੇਲਾ ਨਿਰਗੁਣ ਬਣੇ ਮਲਾਹ, ਨਿਰਗੁਣ ਬੇੜਾ ਆਪ ਚਲਾਇੰਦਾ । ਨਿਰਗੁਣ ਸਿਫ਼ਤ ਨਿਰਗੁਣ ਸਾਲਾਹ, ਨਿਰਗੁਣ ਵੇਖੇ ਹਰ ਘਟ ਥਾਂ, ਅਪਣਾ ਪਰਦਾ ਆਪ ਉਠਾਇੰਦਾ । ਨਿਰਗੁਣ ਪਿਤਾ ਨਿਰਗੁਣ ਮਾਂ, ਨਿਰਗੁਣ ਰਖਾਏ ਸਾਚਾ ਨਾਂ, ਨਾਉਂ ਨਿਰੰਕਾਰਾ ਆਪ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਥਿਰ ਘਰ ਵਾਸਾ ਪੁਰਖ ਅਬਿਨਾਸ਼ਾ, ਸੁਤ ਦੁਲਾਰਾ ਕਰ ਕਰ ਵਾਸਾ, ਸਾਚੀ ਸੇਵਾ ਇਕ ਵਖਾਇੰਦਾ । ਸਾਚੀ ਸੇਵਾ ਹਰਿ ਨਿਰੰਕਾਰ, ਸੁਤ ਦੁਲਾਰੇ ਆਪ ਜਣਾਈਆ । ਤੇਰਾ ਕਰਾਂ ਅਗੰਮ ਪਸਾਰ, ਆਪਣੇ ਹੱਥ ਰੱਖਾਂ ਵਡਿਆਈਆ । ਤੇਰਾ ਰੂਪ ਧਰਾਂ ਸੰਸਾਰ, ਰੂਪ ਅਨੂਪ ਆਪ ਧਰਾਈਆ । ਆਪਣੇ ਅੰਦਰੋਂ ਕੱਢਾਂ ਬਾਹਰ, ਆਪੇ ਬਣਾਂ ਪਿਤਾ ਮਾਈਆ । ਆਪੇ ਵਿਸ਼ਨ ਹੋਏ ਉਜਿਆਰ, ਨਿਰਾਕਾਰ ਸਾਕਾਰ ਰੂਪ ਅਖਵਾਈਆ । ਆਪੇ ਅੰਮ੍ਰਿਤ ਚਰਨ ਕਵਲ ਦੇਵੇ ਠੰਡੀ ਠਾਰ, ਆਪਣਾ ਝਿਰਨਾ ਆਪ ਝਿਰਾਈਆ । ਆਪੇ ਫੁਲ ਖਿੜੇ ਗੁਲਜ਼ਾਰ, ਕਵਲ ਫੁਲ ਆਪ ਮਹਿਕਾਈਆ । ਆਪੇ ਪਾਰਬ੍ਰਹਮ ਆਪਣੀ ਵੰਡ ਵੰਡੇ ਆਪਣੀ ਵਾਰ, ਵੰਡਣਹਾਰਾ ਆਪ ਹੋ ਜਾਈਆ । ਆਪੇ ਵਿਸ਼ਨੂੰ ਨਾਭੀ ਦੇਵੇ ਪਾੜ, ਮੁਖ ਆਪਣਾ ਬਾਹਰ ਕਢਾਈਆ । ਆਪੇ ਪੰਖੜੀਆਂ ਵੇਖੇ ਖਿੜੇ ਗੁਲਜ਼ਾਰ, ਪੱਤ ਡਾਲ੍ਹੀ ਆਪ ਮਹਿਕਾਈਆ । ਆਪੇ ਪਾਰਬ੍ਰਹਮ ਬ੍ਰਹਮ ਲਏ ਉਭਾਰ, ਬ੍ਰਹਮ ਵੇਤਾ ਨਾਉਂ ਧਰਾਈਆ । ਆਪੇ ਕਰੇ ਖੇਲ ਖੇਲਣਹਾਰ, ਸੁੰਨ ਅਗੰਮ ਧੁੰਆਂਧਾਰ ਆਪ ਰਖਾਈਆ । ਆਪੇ ਸ਼ੰਕਰ ਪਾਵੇ ਸਾਰ, ਆਪ ਆਪਣਾ ਹੁਕਮ ਜਣਾਈਆ । ਸ਼ਬਦ ਸੁਤ ਤੇਰਾ ਇਕ ਆਧਾਰ, ਸ਼ਾਹ ਪਾਤਸ਼ਾਹ ਆਪ ਜਣਾਈਆ । ਤੇਰਾ ਹੁਕਮ ਧੁਰ ਫ਼ਰਮਾਨ,

ਧੁਰ ਦੀ ਬਾਣੀ ਬਾਣ ਲਗਾਈਆ । ਕਰੇ ਕਰਾਏ ਕਰਤਾ ਪੁਰਖ ਸੁਜਾਨ, ਕੁਦਰਤ ਰੂਪ ਆਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੋਤੀ ਜਾਤਾ ਪੁਰਖ ਬਿਧਾਤਾ, ਬੈਠਾ ਰਹੇ ਇਕ ਇਕਾਂਤਾ, ਆਦਿ ਪੁਰਖ ਅਬਿਨਾਸ਼ੀ ਕਰਤਾ ਆਪਣਾ ਬੰਧਨ ਆਪੇ ਪਾਈਆ । ਵਿਸ਼ਨ ਬ੍ਰਹਮਾ ਸ਼ਿਵ ਹਰਿ ਉਪਜਾ, ਸ਼ਬਦੀ ਸ਼ਬਦ ਬੰਧਨ ਪਾਇੰਦਾ । ਏਕਾ ਰੂਪ ਦਏ ਦਰਸਾ, ਰੂਪ ਅਨੂਪ ਆਪ ਜਣਾਇੰਦਾ । ਏਕਾ ਨੈਣ ਦਏ ਖੁਲ੍ਹਾ, ਆਪਣਾ ਪਰਦਾ ਆਪ ਚੁਕਾਇੰਦਾ । ਏਕਾ ਮੰਦਰ ਦਏ ਵਖਾ, ਥਿਰ ਘਰ ਆਪਣਾ ਰੰਗ ਰੰਗਾਇੰਦਾ । ਇਕ ਮਹੱਲਾ ਦਏ ਜਣਾ, ਸਚਖੰਡ ਦਵਾਰੇ ਸੋਭਾ ਪਾਇੰਦਾ । ਇਕ ਸਿੰਘਾਸਣ ਦਏ ਸੁਹਾ, ਸ਼ਾਹ ਪਾਤਸ਼ਾਹ ਆਸਣ ਲਾਇੰਦਾ । ਏਕਾ ਸੀਸ ਦਏ ਜਣਾ, ਪੰਚਮ ਮੁਖ ਤਾਜ ਸੁਹਾਇੰਦਾ । ਏਕਾ ਹੁਕਮ ਦਏ ਵਰਤਾ, ਆਪਣਾ ਭਾਣਾ ਵਡ ਵਡਿਆਇੰਦਾ । ਤਿੰਨਾਂ ਵਿਚੋਲਾ ਬਣ ਬੇਪਰਵਾਹ, ਧੁਰ ਫ਼ਰਮਾਨਾ ਆਪ ਸੁਣਾਇੰਦਾ । ਆਪ ਆਪਣਾ ਨਾਉਂ ਜਣਾ, ਭੇਵ ਅਭੇਦ ਆਪ ਖੁਲ੍ਹਾਇੰਦਾ । ਸਾਚੀ ਸੇਵਾ ਸਚ ਰਖਾ, ਸਤਿ ਸਤਿਵਾਦੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਧਾਰਾ ਆਪ ਜਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਸਾਚੀ ਧਾਰ, ਸੋ ਪੁਰਖ ਨਿਰੰਜਣ ਆਪ ਜਣਾਈਆ । ਸ਼ਬਦ ਮੇਲਾ ਅਪਰ ਅਪਾਰ, ਮੇਲ ਮਿਲਾਵਾ ਏਕਾ ਥਾਂ ਕਰਾਈਆ । ਨਿਰਗੁਣ ਨਿਰਗੁਣ ਕਰੇ ਪਿਆਰ, ਸਰਗੁਣ ਸਰਗੁਣ ਬੰਧਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਵਸਣਹਾਰਾ ਸਾਚੇ ਘਰ, ਦਰ ਦਰਵਾਜ਼ਾ ਗ਼ਰੀਬ ਨਿਵਾਜਾ, ਸਚਖੰਡ ਦਵਾਰਾ ਹਰਿ ਨਿਰੰਕਾਰਾ ਆਪਣਾ ਆਪ ਖੁਲ੍ਹਾਈਆ । ਸਚਖੰਡ ਦਵਾਰਾ ਹਰਿ ਹਰਿ ਖੋਲ੍ਹ, ਸਚ ਸਿੰਘਾਸਣ ਆਸਣ ਲਾਇੰਦਾ । ਆਪਣਾ ਮੰਤਰ ਆਪੇ ਬੋਲ, ਬ੍ਰਹਮਾ ਵਿਸ਼ਨ ਸ਼ਿਵ ਪੜ੍ਹਾਇੰਦਾ । ਏਕਾ ਅੱਖਰ ਰੱਖੇ ਕੋਲ, ਨਿਸ਼ਅੱਖਰ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣਾ ਮਾਰਗ ਆਪੇ ਲਾਇੰਦਾ । ਸਾਚਾ ਮਾਰਗ ਹਰਿ ਹਰਿ ਦੱਸ, ਵਿਸ਼ਨ ਕਰੇ ਪੜ੍ਹਾਈਆ । ਬ੍ਰਹਮੇ ਬ੍ਰਹਮ ਹੋਇਆ ਵਸ, ਪਾਰਬ੍ਰਹਮ ਸਮਝਾਈਆ । ਸ਼ੰਕਰ ਮੇਲਾ ਹੱਸ ਹੱਸ, ਘਰ ਵਜਦੀ ਰਹੇ ਵਧਾਈਆ । ਤਿੰਨਾਂ ਬੰਨ੍ਹੇ ਏਕਾ ਡੋਰੀ ਕਸ, ਸ਼ਬਦ ਡੋਰ ਹਰਿ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਦਿ ਪੁਰਖ ਅਬਿਨਾਸ਼ੀ ਆਦਿ ਰਚਨਾ ਆਪ ਰਚਾਈਆ । ਵਿਸ਼ਨੂੰ ਤੇਰੀ ਸਾਚੀ ਕਾਰ, ਹਰਿ ਸਾਚਾ ਸਚ ਸਮਝਾਇੰਦਾ । ਏਕਾ ਅਤੁੱਟ ਦਏ ਭੰਡਾਰ, ਵਸਤ ਅਮੋਲਕ ਝੋਲੀ ਪਾਇੰਦਾ । ਬ੍ਰਹਮਾ ਤੇਰਾ ਬ੍ਰਹਮ ਪਸਾਰ, ਪਾਰਬ੍ਰਹਮ ਪ੍ਰਭ ਹੁਕਮ ਸੁਣਾਇੰਦਾ । ਸ਼ੰਕਰ ਤੇਰਾ ਖੇਲ ਨਿਆਰ, ਜੋ ਘੜਿਆ ਭੰਨ ਵਖਾਇੰਦਾ । ਤਿੰਨਾਂ ਵਿਚੋਲਾ ਸਿਰਜਣਹਾਰ ਸਾਚੀ ਸੇਵ ਸਮਝਾਇੰਦਾ । ਸਾਚੇ ਤਖ਼ਤ ਬੈਠ ਸੱਚੀ ਸਰਕਾਰ, ਹੁਕਮ ਹਾਕਮ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਆਪ ਅਲਾਇੰਦਾ । ਧੁਰ ਫ਼ਰਮਾਨ ਸ੍ਰੀ ਭਗਵੰਤ, ਆਪਣਾ ਆਪ ਜਣਾਈਆ । ਵਿਸ਼ਨ ਬ੍ਰਹਮਾ ਸ਼ਿਵ ਬਣਾਈ ਬਣਤ, ਮਾਤ ਪਿਤ ਨਾ ਕੋਇ ਅਖਵਾਈਆ । ਆਪਣੀ ਮਹਿਮਾ ਗਣਾਏ ਅਗਣਤ, ਅਲਖ ਅਲਖਣਾ ਲੇਖ ਨਾ ਲਿਖਿਆ ਜਾਈਆ । ਇਕ ਸੁਣਾਏ ਸਾਚਾ ਮੰਤ, ਲਿਖਣ ਪੜ੍ਹਨ ਵਿਚ ਨਾ ਆਈਆ । ਲੱਖ ਚੁਰਾਸੀ ਬਣੌਣੀ ਬਣਤ, ਤ੍ਰੈਗੁਣ ਆਪਣੀ ਵੰਡ ਵੰਡਾਈਆ । ਪੰਜ ਤੱਤ ਮਿਲਾਵਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਗੁਣ ਦਏ ਸਮਝਾਈਆ । ਲੱਖ ਚੁਰਾਸੀ ਘਾੜਨ ਘੜਨਾ, ਹਰਿ ਸਾਚਾ ਸਚ ਸਮਝਾਇੰਦਾ । ਇਕ ਦੂਜੇ ਦਾ ਲੜ ਫੜਨਾ, ਸਗਲਾ ਸੰਗ

ਇਕ ਵਖਾਇੰਦਾ । ਤ੍ਰੈਗੁਣ ਮਾਇਆ ਜੜਤ ਜੜਨਾ, ਪੰਚਮ ਮੇਲਾ ਮੇਲ ਮਿਲਾਇੰਦਾ । ਪੁਰਖ ਅਬਿਨਾਸ਼ ਅਚਰਜ ਖੇਲ ਆਪੇ ਕਰਨਾ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੀ ਵੰਡ ਵੰਡਾਇੰਦਾ । ਘਟ ਘਟ ਅੰਦਰ ਆਪੇ ਵੜਨਾ, ਜੋਤੀ ਜਾਤਾ ਏਕਾ ਜੋਤ ਡਗਮਗਾਇੰਦਾ । ਸ਼ਬਦ ਅਨਾਦਿ ਏਕਾ ਧਰਨਾ, ਘਟ ਘਟ ਮੰਦਰ ਤਾਲ ਵਜਾਇੰਦਾ । ਅੰਮ੍ਰਿਤ ਸਰੋਵਰ ਏਕਾ ਤਰਨਾ, ਕਵਲ ਨਾਭ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਸਚ ਸੰਦੇਸ਼ ਆਪ ਸੁਣਾਇੰਦਾ । ਸਚ ਸੰਦੇਸਾ ਸੁਣ ਕੰਨ, ਸੋ ਪੁਰਖ ਨਿਰੰਜਣ ਆਪ ਜਣਾਇਆ । ਵਿਸ਼ਨ ਬ੍ਰਹਮਾ ਸ਼ਿਵ ਕਹਿਣ ਧੰਨ ਧੰਨ, ਦਰ ਬੈਠੇ ਸੀਸ ਝੁਕਾਇਆ । ਲੱਖ ਚੁਰਾਸੀ ਘਾੜਨ ਘੜਨਾ ਤੇਰਾ ਜਨਨੀ ਜਨ, ਧੰਨ ਧੰਨ ਜਣੇਂਦੀ ਮਾਇਆ । ਪਾਰਬ੍ਰਹਮ ਪਤਿਪਰਮੇਸ਼ਵਰ ਸਾਡਾ ਬੇੜਾ ਦੇਣਾ ਬੰਨ, ਦੂਸਰ ਦਰ ਨਾ ਕੋਈ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਇਆ । ਵਿਸ਼ਨ ਬ੍ਰਹਮਾ ਸ਼ਿਵ ਕਰਨ ਨਿਮਸਕਾਰ, ਦੋਏ ਦੋਏ ਜੋੜ ਸੀਸ ਝੁਕਾਈਆ । ਤੂੰ ਸਾਹਿਬ ਦਾਤਾ ਬੇਐਬ ਪਰਵਰਦਿਗਾਰ, ਤੇਰਾ ਰੂਪ ਅਨੂਪ ਨਜ਼ਰ ਕਿਸੇ ਨਾ ਆਈਆ । ਤੂੰ ਵਸਣਹਾਰਾ ਸਚਖੰਡ ਠਾਂਡੇ ਦਰਬਾਰ, ਦਰ ਘਰ ਸਾਚੇ ਦਏ ਵਧਾਈਆ । ਹਉਂ ਭਿਖਕ ਮੰਗਦੇ ਬਣ ਭਿਖਾਰ, ਅੱਗੇ ਆਪਣੀ ਝੋਲੀ ਡਾਹੀਆ । ਤੇਰਾ ਹੁਕਮ ਵਰਤੇ ਵਿਚ ਸੰਸਾਰ, ਲੱਖ ਚੁਰਾਸੀ ਘਾੜਤ ਲਏ ਘੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਵੇਲਾ ਕਵਣ ਵਕਤ ਲੋਕਮਾਤ ਆਪਣੀ ਵੇਖੇ ਸਰਬ ਲੋਕਾਈਆ । ਪੁਰਖ ਅਬਿਨਾਸ਼ੀ ਦਇਆ ਕਮਾ, ਏਕਾ ਤੱਤ ਜਣਾਇੰਦਾ । ਲੱਖ ਚੁਰਾਸੀ ਘਾੜਨ ਘੜਾ, ਤ੍ਰੈਗੁਣ ਬੰਧਨ ਪਾਇੰਦਾ । ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮੇਲ ਮਿਲਾ, ਕਾਇਆ ਬੰਕ ਸੁਹਾਇੰਦਾ । ਚਾਰੇ ਖਾਣੀ ਵੰਡ ਵੰਡਾ, ਚਾਰੇ ਬਾਣੀ ਆਪ ਪਰਗਟਾਇੰਦਾ । ਚਾਰੇ ਜੁਗ ਖੇਲ ਖਿਲਾ, ਚਾਰੇ ਵਰਨ ਰੰਗ ਰੰਗਾਇੰਦਾ । ਚਾਰ ਵੇਦ ਦਏ ਪੜ੍ਹਾ, ਬ੍ਰਹਮਾ ਵੇਤਾ ਆਪ ਸਮਝਾਇੰਦਾ । ਚਾਰੇ ਕੂਟਾਂ ਫੇਰਾ ਪਾ, ਆਪਣਾ ਹੁਕਮ ਸੁਣਾਇੰਦਾ । ਜੁਗ ਚੌਕੜੀ ਵੇਸ ਵਟਾ, ਨਿਰਗੁਣ ਸਰਗੁਣ ਮੇਲ ਮਿਲਾਇੰਦਾ । ਧੁਰ ਸੰਦੇਸਾ ਦਏ ਸੁਣਾ, ਗੁਰ ਅਵਤਾਰ ਸੇਵ ਲਗਾਇੰਦਾ । ਨੌਂ ਸੌ ਚੁਰਾਨਵੇ ਚੌਕੜੀ ਜੁਗ ਖੇਲ ਖਿਲਾ, ਖ਼ਾਲਕ ਆਪਣੇ ਰੰਗ ਰੰਗਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦਰ ਧਿਆ, ਹਰਿ ਸਾਚਾ ਪਰਦਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਭੇਵ ਆਪ ਖੁਲ੍ਹਾਇੰਦਾ । ਆਪਣਾ ਭੇਵ ਖੁਲ੍ਹਾਵਣਹਾਰਾ, ਏਕਾ ਸ਼ਬਦ ਕਰੇ ਜਣਾਈਆ । ਜੁਗ ਜੁਗ ਆਵਾਂ ਵਾਰੋ ਵਾਰਾ, ਲੋਕਮਾਤ ਕਰਾਂ ਰੁਸ਼ਨਾਈਆ । ਨੌਂ ਨੌਂ ਵੇਖਾਂ ਵਿਚ ਸੰਸਾਰਾ, ਕੋਟਨ ਕੋਟ ਰੂਪ ਧਰਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਅੰਤਮ ਕਰੇ ਪਾਰ ਕਿਨਾਰਾ, ਥਿਰ ਕੋਈ ਰਹਿਣ ਨਾ ਪਾਈਆ । ਵਿਸ਼ਨੂੰ ਤੇਰੀ ਪਾਵੇ ਸਾਰਾ, ਵਿਸ਼ਨ ਆਪਣਾ ਖੇਲ ਖਿਲਾਈਆ । ਬ੍ਰਹਮਾ ਤੈਨੂੰ ਦਏ ਸਹਾਰਾ, ਤੇਰਾ ਬ੍ਰਹਮ ਰੂਪ ਵੇਖ ਵਖਾਈਆ । ਸ਼ੰਕਰ ਤੇਰਾ ਵੇਖੇ ਅਖਾੜਾ, ਨੌਂ ਖੰਡ ਪ੍ਰਿਥਮੀ ਵੰਡ ਵੰਡਾਈਆ । ਨਿਰਗੁਣ ਨੂਰ ਜੋਤ ਕਰੇ ਉਜਿਆਰਾ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਮਧ ਆਪਣੀ ਖੇਲ ਖਿਲਾਈਆ । ਮਧ ਖੇਲ ਹਰਿ ਕਰਤਾਰ, ਜੁਗ ਚੌਕੜੀ ਆਪ ਖਿਲਾਇੰਦਾ । ਜੁਗਾ ਜੁਗੰਤਰ ਪਾਵੇ ਸਾਰ, ਦੋ ਜਹਾਨਾਂ ਵੇਖ ਵਖਾਇੰਦਾ । ਚੋਦਾਂ ਲੋਕ ਹੱਟ ਖੋਲ੍ਹ ਕਿਵਾੜ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਪਣਾ ਹੁਕਮ ਵਰਤਾਇੰਦਾ । ਗਗਨ ਪਾਤਾਲਾ ਦਏ ਅਧਾਰ, ਜ਼ਿਮੀਂ ਅਸਮਾਨਾ

ਫੋਲ ਫੋਲਾਇੰਦਾ । ਸੇਵਾ ਲਾਏ ਰਵ ਸਸ ਸੂਰਜ ਚੰਦ ਸਤਾਰ, ਕੋਹ ਕਰੋੜੀ ਚਲਤ ਅੰਤ ਕੋਈ ਨਾ ਪਾਇੰਦਾ । ਲੇਖਾ ਜਾਣੇ ਜੰਗਲ ਜੂਹ ਉਜਾੜ ਪਹਾੜ, ਡੂੰਘੀ ਕੰਦਰ ਆਸਣ ਲਾਇੰਦਾ । ਸਮੁੰਦ ਸਾਗਰ ਵਰੋਲੇ ਆਪਣੀ ਵਾਰ, ਰਤਨ ਅਮੋਲਕ ਬਾਹਰ ਕਢਾਇੰਦਾ । ਸਾਚੀ ਗੋਲਕ ਕਰ ਤਿਆਰ, ਧਰਨੀ ਧਰਤ ਧਵਲ ਆਪ ਟਿਕਾਇੰਦਾ । ਨਾਮ ਅਮੋਲਕ ਵਿਚ ਸੰਸਾਰ, ਜੁਗ ਜੁਗ ਆਪਣਾ ਆਪ ਵਰਤਾਇੰਦਾ । ਆਦਿ ਜੁਗਾਦਿ ਰਹੇ ਅਡੋਲਤ, ਲੱਖ ਚੁਰਾਸੀ ਆਪ ਡੁਲਾਇੰਦਾ । ਜਨ ਭਗਤਾਂ ਮੇਲ ਮਿਲਾਏ ਹਰਿ ਅਨਬੋਲਤ, ਰਸਨਾ ਜਿਹਵਾ ਨਾ ਕੋਈ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮਾ ਦੇਵੇ ਏਕਾ ਵਰ, ਸ਼ਿਵ ਆਪਣੇ ਅੰਗ ਲਗਾਇੰਦਾ । ਨਵ ਨੌਂ ਚਾਰ ਉਤਰੇ ਪਾਰ, ਹਰਿ ਸਾਚਾ ਸਚ ਸੁਹਾਇੰਦਾ । ਸੋ ਪੁਰਖ ਨਿਰੰਜਣ ਹੋ ਤਿਆਰ, ਹਰਿ ਪੁਰਖ ਨਿਰੰਜਣ ਨਾਲ ਮਿਲਾਇੰਦਾ । ਏਕੰਕਾਰਾ ਖੇਲ ਅਪਾਰ, ਆਦਿ ਨਿਰੰਜਣ ਡਗਮਗਾਇੰਦਾ । ਅਬਿਨਾਸ਼ੀ ਕਰਤਾ ਖ਼ਬਰਦਾਰ, ਸ੍ਰੀ ਭਗਵਾਨ ਡਗਮਗਾਇੰਦਾ । ਪਾਰਬ੍ਰਹਮ ਪ੍ਰਭ ਹੋ ਤਿਆਰ, ਬ੍ਰਹਮ ਬ੍ਰਹਮ ਹਰ ਘਟ ਵੇਖ ਵਖਾਇੰਦਾ । ਵਿਸ਼ਨੂੰ ਤੇਰੇ ਵੇਖੇ ਭੰਡਾਰ, ਲੱਖ ਚੁਰਾਸੀ ਫੋਲ ਫੋਲਾਇੰਦਾ । ਸ਼ੰਕਰ ਤੇਰੀ ਵੇਖੇ ਤਿਖੀ ਧਾਰ, ਤ੍ਰਿਸੂਲ ਹੱਥ ਫੜਾਇੰਦਾ । ਬਾਸ਼ਕ ਤਸ਼ਕਾ ਤੇਰਾ ਸ਼ੰਗਾਰ, ਤੇਰੇ ਕੰਠ ਪਹਿਨਾਇੰਦਾ । ਜਟਾ ਜੂਟ ਤੇਰੀ ਵਿਚਾਰ, ਪੁਰਖ ਅਬਿਨਾਸ਼ੀ ਵੇਸ ਵਟਾਇੰਦਾ । ਚਾਰੋਂ ਕੁੰਟ ਪਾਵੇ ਸਾਰ, ਦਹਿ ਦਿਸ਼ਾ ਫੇਰਾ ਪਾਇੰਦਾ । ਆਪਣਾ ਕੀਤਾ ਕੌਲ ਭੁਲ ਨਾ ਜਾਏ ਹਰਿ ਨਿਰੰਕਾਰ, ਸ਼ਬਦੀ ਆਪਣਾ ਰੂਪ ਵਟਾਇੰਦਾ । ਜੋਤੀ ਜਾਤਾ ਆਪੇ ਵੇਖੇ ਖੇਲ ਤਮਾਸ਼ਾ, ਪ੍ਰਿਥਮੀ ਆਕਾਸ਼ਾ ਆਪਣਾ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਆਦਿ ਅੰਤ ਆਪਣੇ ਹੱਥ ਰਖਾਇੰਦਾ । ਆਦਿ ਅੰਤ ਹਰਿ ਆਪਣੇ ਰੱਖਿਆ ਹੱਥ, ਵੇਦ ਕਤੇਬ ਭੇਵ ਨਾ ਰਾਈਆ । ਜੁਗ ਚੌਕੜੀ ਚਲਾਇਆ ਰਥ, ਰਥਵਾਹੀ ਸੇਵ ਕਮਾਈਆ । ਨਾਮ ਅਮੋਲਕ ਦੇ ਦੇ ਵਥ, ਗੁਰ ਅਵਤਾਰ ਸੇਵ ਕਮਾਈਆ । ਮਾਰਗ ਲਾ ਲਾ ਅਠਸਠ, ਤੀਰਥ ਤਟ ਦਏ ਵਡਿਆਈਆ । ਬਣਾ ਬਣਾ ਮੰਦਰ ਮਸਜਦ ਗੁਰੂਦਵਾਰਾ ਮੱਠ, ਸ਼ਿਵਦਵਾਲਾ ਜਗਤ ਸਮਝਾਈਆ । ਭਗਤਾਂ ਦੇਵੇ ਏਕਾ ਮਤ, ਬ੍ਰਹਮ ਮਤ ਆਪ ਸਮਝਾਈਆ । ਨਾੜ ਬਹੱਤਰ ਨਾ ਉਬਲੇ ਰਤ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਕੋਇ ਹਲਕਾਈਆ । ਏਕਾ ਬਖ਼ਸ਼ੇ ਧੀਰਜ ਜਤ, ਸਤਿ ਸੰਤੋਖ ਝੋਲੀ ਪਾਈਆ । ਚਰਨ ਕਵਲ ਬੰਧਾਏ ਸਾਚਾ ਨਤ, ਜਗਤ ਨਾਤਾ ਤੋੜ ਤੁੜਾਈਆ । ਜੋਤ ਜਗਾਏ ਲਟ ਲਟ, ਅੰਧ ਅੰਧੇਰਾ ਦਏ ਗਵਾਈਆ । ਅੰਮ੍ਰਿਤ ਵਖਾਏ ਕਾਇਆ ਮਟ, ਸਚ ਪਿਆਲਾ ਹੱਥ ਰਖਾਈਆ । ਸ਼ਬਦ ਅਗੰਮੀ ਮਾਰੇ ਸੱਟ, ਬਜਰ ਕਪਾਟੀ ਦਏ ਤੁੜਾਈਆ । ਸੁਣਾਏ ਰਾਗ ਏਕਾ ਅਨਹਦ, ਤਾਰ ਸਤਾਰ ਨਾ ਕੋਇ ਹਿਲਾਈਆ । ਨਾਮ ਪਿਆਲਾ ਪਿਆਏ ਮਦਿ, ਨਸ਼ਾ ਉਤਰ ਕਦੇ ਨਾ ਜਾਈਆ । ਸੰਤ ਸੁਹੇਲੇ ਘਰ ਵਿਚ ਸੱਦ, ਆਪ ਆਪਣਾ ਮੇਲ ਮਿਲਾਈਆ । ਲੱਖ ਚੁਰਾਸੀ ਵਿਚੋਂ ਕੱਢ, ਸਾਚੇ ਮੰਦਰ ਲਏ ਬਹਾਈਆ । ਵਿਸ਼ਨ ਬ੍ਰਹਮਾ ਸ਼ਿਵ ਲਡਾਏ ਲਡ, ਆਪ ਆਪਣੀ ਦਇਆ ਕਮਾਈਆ । ਆਪ ਸੁਹਾਏ ਆਪਣੀ ਯੱਦ, ਵਿਸ਼ਨੂੰ ਵੰਸੀ ਆਪ ਅਖਵਾਈਆ । ਦੋ ਜਹਾਨਾਂ ਜਾਣੇ ਹੱਦ, ਆਰ ਪਾਰ ਕਿਨਾਰਾ ਆਪੇ ਰਿਹਾ ਬਣਾਈਆ । ਆਪੇ ਵਸੇ ਸਚਖੰਡ, ਆਪੇ ਲੋਕਮਾਤ ਫੇਰਾ ਪਾਈਆ । ਆਪੇ ਵੇਖੇ ਲੱਖ ਚੁਰਾਸੀ ਨਾਰ ਦੁਹਾਗਣ ਜੀਵ ਰੰਡ, ਆਪੇ ਗੁਰਮੁਖ ਲਏ ਮਿਲਾਈਆ । ਆਪੇ ਦੇਵਣਹਾਰਾ ਦੰਡ, ਜੁਗ ਜੁਗ ਆਪਣਾ ਹੁਕਮ ਸੁਣਾਈਆ । ਆਪੇ ਮੇਟੇ ਭੇਖ ਪਖੰਡ, ਖ਼ਾਲਕ ਖ਼ਲਕ ਰੂਪ ਵਟਾਈਆ । ਆਪੇ ਲੇਖਾ ਜਾਣੇ ਸਰਬ ਬ੍ਰਹਿਮੰਡ,

ਲੋਆਂ ਪੁਰੀਆਂ ਫੋਲ ਫੋਲਾਈਆ । ਆਪੇ ਪਰਦਾ ਲਾਹੇ ਜੇਰਜ ਅੰਡ, ਉਤਭੁਜ ਸੇਤਜ ਆਪਣੀ ਰਚਨ ਰਚਾਈਆ । ਆਪੇ ਸੁੱਤਾ ਦੇ ਕਰ ਕੰਡ, ਆਪਣੀ ਕਰਵਟ ਨਾ ਲਏ ਬਦਲਾਈਆ । ਆਪੇ ਕਰੇ ਖੰਡ ਖੰਡ, ਜੋ ਘੜਿਆ ਸੋ ਭੰਨ ਵਖਾਈਆ । ਆਪੇ ਲੇਖਾ ਜਾਣੇ ਸੂਰਜ ਚੰਦ, ਕਿਰਨ ਕਿਰਨ ਰੁਸ਼ਨਾਈਆ । ਆਪੇ ਚੌਦਾਂ ਚੌਦਾਂ ਬੇੜਾ ਬੰਨ੍ਹ, ਆਪੇ ਸੋਲਾਂ ਸੋਲਾਂ ਬੰਧਨ ਪਾਈਆ । ਆਪੇ ਹੋਏ ਕੱਲਰ ਕੰਧ, ਆਪੇ ਸ਼ੌਹ ਦਰਯਾਏ ਦਏ ਰੁੜ੍ਹਾਈਆ । ਆਪ ਸੁਣਾਏ ਸੁਹਾਗੀ ਛੰਦ, ਵਿਸ਼ਨ ਬ੍ਰਹਮਾ ਸ਼ਿਵ ਕਰੇ ਪੜ੍ਹਾਈਆ । ਅੰਤ ਮੁਕਾਏ ਲੋਕਮਾਤ ਪੰਧ, ਜੁਗ ਚੌਕੜੀ ਆਪਣੇ ਵਿਚ ਖਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਸਾਚੇ ਹਰਿ, ਆਪਣਾ ਭੇਵ ਆਪ ਜਣਾਈਆ । ਭੇਵ ਜਣਾਇਆ ਸ੍ਰੀ ਭਗਵਾਨ, ਸ਼ਬਦ ਅਨਾਦੀ ਬੋਲ । ਨਵ ਨੌਂ ਚਾਰ ਖੇਲ ਮਹਾਨ, ਕਰੇ ਕਰਾਏ ਬੈਠ ਅਡੋਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗੰਤਰ ਲੱਖ ਚੁਰਾਸੀ ਤੋਲੇ ਆਪਣੇ ਤੋਲ । ਸਾਚਾ ਤੋਲ ਤੋਲਣਹਾਰਾ, ਏਕਾ ਹੁਕਮ ਸੁਣਾਇੰਦਾ । ਕਲਜੁਗ ਅੰਤਮ ਆਏ ਵਿਚ ਸੰਸਾਰਾ, ਨੌਂ ਸੌ ਚੁਰਾਨਵੇ ਚੌਕੜੀ ਜੁਗ ਪੰਧ ਮੁਕਾਇੰਦਾ । ਲੇਖਾ ਲਿਖੇ ਅਪਰ ਅਪਾਰਾ, ਵੇਦ ਵਿਆਸਾ ਆਪ ਜਣਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਖੇਲ ਨਿਆਰਾ, ਕਲਜੁਗ ਆਪਣਾ ਰੰਗ ਰੰਗਾਇੰਦਾ । ਹੱਕ ਹਕ਼ੀਕਤ ਬੋਲ ਜੈਕਾਰਾ, ਲਾਸ਼ਰੀਕ ਖੇਲ ਖਿਲਾਇੰਦਾ । ਨਾਨਕ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਏਕਾ ਨਾਮ ਬਣੇ ਵਰਤਾਰਾ, ਚਾਰ ਵਰਨਾਂ ਆਪ ਵਰਤਾਇੰਦਾ । ਅੰਤਮ ਬੋਲੇ ਏਕਾ ਨਾਅਰਾ, ਉਚੀ ਕੂਕ ਕੂਕ ਸੁਣਾਇੰਦਾ । ਮਹਾਂਬਲੀ ਹਰਿ ਕਰਤਾਰਾ, ਦੂਸਰ ਅਵਰ ਨਾ ਕੋਇ ਰਖਾਇੰਦਾ । ਆਪੇ ਉਤਰੇ ਆਪਣੀ ਵਾਰਾ, ਮਾਤ ਪਿਤ ਨਾ ਕੋਇ ਜਾਇੰਦਾ । ਏਕਾ ਜੋਤੀ ਦਸ ਅਵਤਾਰਾ, ਗੁਰ ਗੋਬਿੰਦ ਰੰਗ ਚੜ੍ਹਾਇੰਦਾ । ਪੁਰਖ ਅਕਾਲ ਸੁਤ ਦੁਲਾਰਾ, ਸਿੰਘ ਰੂਪ ਆਪ ਵਟਾਇੰਦਾ । ਚਾਰ ਵਰਨਾਂ ਕਰੇ ਪਿਆਰਾ, ਅੰਮ੍ਰਿਤ ਜਾਮ ਪਿਆਇੰਦਾ । ਖੜਗ ਖੰਡਾ ਤੇਜ਼ ਕਟਾਰਾ, ਚੰਡ ਪਰਚੰਡ ਆਪ ਚਮਕਾਇੰਦਾ । ਪੰਚਮ ਮੀਤਾ ਪੰਚਮ ਆਧਾਰਾ, ਪੰਚਮ ਮੋਹ ਮਿਟਾਇੰਦਾ । ਸਚ ਭੰਡਾਰਾ ਅੰਮ੍ਰਿਤ ਠੰਡਾ ਠਾਰਾ, ਅੰਮਿਉਂ ਰਸ ਆਪਣਾ ਮੁਖ ਚੁਆਇੰਦਾ । ਅੰਤਮ ਬੋਲ ਤੋਲ ਅਡੋਲ ਕਹੇ ਸਰਬ ਸੰਸਾਰਾ, ਭੇਵ ਅਭੇਵ ਆਪ ਮਿਟਾਇੰਦਾ । ਪੁਰਖ ਅਬਿਨਾਸ਼ੀ ਆਦਿ ਜੁਗਾਦਿ ਜੁਗਾ ਜੁਗੰਤਰ ਲੋਕਮਾਤ ਮਾਰ ਝਾਤ ਲੱਖ ਚੁਰਾਸੀ ਪਾਵੇ ਸਾਰਾ, ਭੁਲ ਕਦੇ ਨਾ ਜਾਇੰਦਾ । ਕਲਜੁਗ ਅੰਤਮ ਆਏ ਕਿਨਾਰਾ, ਲੱਖ ਚਾਰ ਬੱਤੀ ਹਜ਼ਾਰ ਨਾ ਉਤਰੇ ਪਾਰਾ, ਮੰਝਧਾਰ ਆਪ ਰੁੜ੍ਹਾਇੰਦਾ । ਜੀਵਾਂ ਜੰਤਾਂ ਕਰ ਵਿਭਚਾਰਾ, ਨਾਰ ਕੰਤ ਨਾ ਕਰੇ ਪਿਆਰਾ, ਮਾਤ ਪਿਤ ਸੇਵ ਨਾ ਕੋਇ ਕਮਾਇੰਦਾ । ਚਾਰੋਂ ਕੁੰਟ ਗੜ੍ਹ ਹੰਕਾਰਾ, ਜੂਠ ਝੂਠ ਲਗਾਏ ਨਾਅਰਾ, ਸਚ ਸੁੱਚ ਨਜ਼ਰ ਕੋਇ ਨਾ ਆਇੰਦਾ । ਪਾਰਬ੍ਰਹਮ ਪਤਿਪਰਮੇਸ਼ਵਰ ਅੰਤਮ ਪਰਗਟ ਹੋਵੇ ਮਹਾਂਬਲੀ ਨਿਹਕਲੰਕ ਨਰਾਇਣ ਨਰ ਅਵਤਾਰਾ, ਜੋਤੀ ਜੋਤ ਜੋਤ ਜਗਾਇੰਦਾ । ਸੰਬਲ ਨਗਰ ਵਸੇ ਧਾਮ ਨਿਆਰਾ, ਮਹੱਲ ਅਟਲ ਸੁਹਾਏ ਇਕ ਚੁਬਾਰਾ, ਸਾਢੇ ਤਿੰਨ ਹੱਥ ਬਣਤ ਬਣਾਇੰਦਾ । ਸ਼ਬਦ ਅਗੰਮੀ ਬੋਲ ਜੈਕਾਰਾ, ਲੋਆਂ ਪੁਰੀਆਂ ਕਰੇ ਖ਼ਬਰਦਾਰਾ, ਚੌਦਾਂ ਤਬਕਾਂ ਦਏ ਹੁਲਾਰਾ, ਜ਼ਿਮੀਂ ਅਸਮਾਨਾ ਵੇਖੇ ਪਾੜਾ, ਗਗਨ ਪਾਤਾਲਾਂ ਆਪ ਉਠਾਇੰਦਾ । ਸ਼ਾਹ ਸੁਲਤਾਨਾਂ ਮਾਰੇ ਮਾਰਾ, ਚਾਰੇ ਵਰਨਾਂ ਕਰੇ ਖ਼ਵਾਰਾ, ਅਠਾਰਾਂ ਬਰਨਾਂ ਹਾਹਾਕਾਰਾ, ਜ਼ਾਤ ਪਾਤ ਨਾ ਕੋਇ ਰਖਾਇੰਦਾ । ਏਕਾ ਮੰਤਰ ਜੈ ਜੈਕਾਰਾ, ਆਤਮ ਪਰਮਾਤਮ ਮੇਲ ਮਿਲਾਏ ਵਿਚ ਸੰਸਾਰਾ, ਸਾਚਾ ਮੰਦਰ ਕਰ ਪਿਆਰਾ, ਕਾਇਆ ਬੰਕ ਆਪ ਸੁਹਾਇੰਦਾ । ਏਕਾ ਗੁਰ ਇਕ ਅਵਤਾਰਾ, ਆਵੇ

੬੬੯
੧੦

ਜਾਵੇ ਵਾਰੋ ਵਾਰਾ, ਹਰਿਜਨ ਸਾਚੇ ਵੇਖ ਵਖਾਇੰਦਾ । ਕਾਗਦ ਕਲਮ ਨਾ ਲਿਖਣਹਾਰਾ, ਹਰਿ ਕਾ ਭੇਵ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਅਬਿਨਾਸ਼ੀ ਕਰਤਾ ਅੰਤ ਆਪਣਾ ਖੇਲ ਖਿਲਾਇੰਦਾ । ਕਲਜੁਗ ਅੰਤਮ ਖੇਲ ਖਿਲੌਣਾ, ਪਾਰਬ੍ਰਹਮ ਵਡੀ ਵਡਿਆਈਆ । ਨਿਰਵੈਰ ਆਪਣਾ ਨਾਉਂ ਧਰੌਣਾ, ਮੂਰਤ ਅਕਾਲ ਸਰਬ ਦਏ ਦਰਸਾਈਆ । ਅਨਭਵ ਪਰਕਾਸ਼ ਆਪ ਕਰੌਣਾ, ਅਨਭਵ ਹਰਿਜਨ ਦਏ ਖੁਲ੍ਹਾਈਆ । ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਏਕਾ ਘਰ ਬਹੌਣਾ, ਜ਼ਾਤ ਪਾਤ ਊਚ ਨੀਚ ਨਾ ਕੋਇ ਰਖਾਈਆ । ਘਟ ਘਟ ਅੰਦਰ ਦੀਪ ਜੋਤ ਜਗੌਣਾ, ਅੰਧ ਅੰਧੇਰ ਦਏ ਮਿਟਾਈਆ । ਫੜ ਫੜ ਕਾਗ ਹੰਸ ਬਣੌਣਾ, ਸੋਹੰ ਹੰਸਾ ਚੋਗ ਚੁਗਾਈਆ । ਏਕਾ ਜੋਗ ਸਚ ਸਮਝੌਣਾ, ਸੰਗਮ ਤੀਰਥ ਇਕ ਵਖਾਈਆ । ਸਭ ਦਾ ਰੋਗ ਹਉਮੇਂ ਦੁੱਖ ਮਿਟੌਣਾ, ਮਾਇਆ ਮਮਤਾ ਮੋਹ ਦਏ ਮਿਟਾਈਆ । ਸ਼ਬਦ ਸਲੋਕ ਇਕ ਸੁਣੌਣਾ, ਬ੍ਰਹਮ ਪਾਰਬ੍ਰਹਮ ਕਰੇ ਪੜ੍ਹਾਈਆ । ਚੌਦਾਂ ਲੋਕ ਰੰਗ ਲਗੌਣਾ, ਤ੍ਰੈਭਵਣ ਵੱਜੇ ਵਧਾਈਆ । ਅਵਣ ਗਵਣ ਫੰਦ ਮਿਟੌਣਾ, ਜਮ ਫਾਸ ਰਹਿਣ ਨਾ ਪਾਈਆ । ਸਰਬ ਗੁਣ ਤਾਸ ਨਜ਼ਰੀ ਔਣਾ, ਗੁਣਵੰਤਾ ਇਕ ਸ਼ਹਿਨਸ਼ਾਹੀਆ । ਸਤਿਜੁਗ ਸਾਚਾ ਮਾਰਗ ਲੌਣਾ, ਸਤਿ ਧਰਮ ਇਕ ਦ੍ਰਿੜਾਈਆ । ਕਲਜੁਗ ਅਗਨੀ ਅੱਗ ਬੁਝੌਣਾ, ਤਤਵ ਤਤ ਆਪ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤ ਸ੍ਰੀ ਭਗਵੰਤ ਆਪਣਾ ਭੇਵ ਦਏ ਖੁਲ੍ਹਾਈਆ ।

੬੭੦

## ★ ੧੯ ਜੇਠ ੨੦੧੮ ਬਿਕ੍ਰਮੀ ਧੰਨੋ ਦੇਵੀ ਦੇ ਗ੍ਰਿਹ ਛੰਬ ਜੰਮੂ ★

ਗਿਆਨ ਨੇਤਰ ਨਾਮ ਅੰਜਣ, ਗੁਰ ਸਤਿਗੁਰ ਸੱਜਣ ਪਾਇੰਦਾ । ਚਰਨ ਧੂੜ ਸਰੋਵਰ ਮਜਨ, ਗ੍ਰਿਹ ਮੰਦਰ ਆਪ ਕਰਾਇੰਦਾ । ਦੀਨਾਂ ਨਾਥ ਦਰਦ ਦੁੱਖ ਭੈ ਭੰਜਨ, ਭਵ ਸਾਗਰ ਪਾਰ ਕਰਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਪਰਦੇ ਕੱਜਣ, ਹਰਿ ਕਾ ਨਾਉਂ ਪਰਦਾ ਇਕ ਰਖਾਇੰਦਾ । ਜਗਤ ਵਿਕਾਰ ਜੋ ਜਨ ਤਜਣ, ਤ੍ਰੈਗੁਣ ਅਤੀਤਾ ਮੇਲ ਮਿਲਾਇੰਦਾ । ਗੜ੍ਹ ਹੰਕਾਰੀ ਭਾਂਡੇ ਭੱਜਣ, ਹਉਮੇ ਗੜ੍ਹ ਆਪ ਤੁੜਾਇੰਦਾ । ਜਗਤ ਤ੍ਰਿਸਨਾ ਗੁਰਮੁਖ ਨਾ ਦਝਣ, ਅੰਮ੍ਰਿਤ ਮੇਘ ਆਪ ਬਰਸਾਇੰਦਾ । ਇਕ ਚੜ੍ਹਾਏ ਸਚ ਜਹਾਜ਼ਨ, ਏਕਾ ਬੇੜਾ ਹੱਥ ਰਖਾਇੰਦਾ । ਹਰਿਜਨ ਮੇਲੇ ਹਰਿ ਗ਼ਰੀਬ ਨਿਵਾਜ਼ਣ, ਗ਼ਰੀਬ ਨਿਮਾਣੇ ਗਲੇ ਲਗਾਇੰਦਾ । ਅਸਵ ਘੋੜਾ ਦੇਵੇ ਤਾਜਣ, ਸ਼ਬਦੀ ਆਪਣਾ ਨਾਉਂ ਦੌੜਾਇੰਦਾ । ਲੋਕਮਾਤ ਜੁਗਾ ਜੁਗੰਤਰ ਰਚ ਰਚ ਕਾਜਣ, ਕੁਦਰਤ ਕ਼ਾਦਰ ਵੇਖ ਵਖਾਇੰਦਾ । ਸ਼ਾਹੋ ਭੂਪ ਬਣ ਵਡ ਵਡ ਰਾਜਨ, ਸ਼ਾਹ ਸੁਲਤਾਨਾਂ ਆਪ ਖਪਾਇੰਦਾ । ਏਕਾ ਮਰਦੰਗ ਵਜਾਏ ਸਾਚਾ ਨਾਦਨ, ਬ੍ਰਹਿਮੰਡ ਖੰਡ ਆਪ ਸੁਣਾਇੰਦਾ । ਲੇਖਾ ਜਾਣੇ ਅੰਤ ਆਦਿਨ, ਆਦਿ ਅੰਤ ਆਪਣੀ ਖੇਲ ਖਿਲਾਇੰਦਾ । ਰਚਨਾ ਰਚ ਰਚ ਬ੍ਰਹਮ ਬ੍ਰਹਿਮਾਦਨ, ਪਾਰਬ੍ਰਹਮ ਪ੍ਰਭ ਵੇਖ ਵਖਾਇੰਦਾ । ਸ਼ਬਦ ਜਣਾਈ ਬੋਧ ਅਗਾਧਨ, ਬੋਧ ਅਗਾਧਾ ਭੇਵ ਚੁਕਾਇੰਦਾ । ਥਿਰ ਘਰ ਨਿਵਾਸੀ ਸਚਖੰਡ ਸੁਹਾਏ ਇਕ ਸਿੰਘਾਸਣ, ਸੋਭਾਵੰਤ ਸੋਭਾ ਪਾਇੰਦਾ । ਨਿਰਗੁਣ ਜੋਤ ਜੋਤ ਪਰਕਾਸ਼ਨ, ਨੂਰੋ ਨੂਰ ਡਗਮਗਾਇੰਦਾ । ਹੁਕਮੀ ਹੁਕਮ ਸ਼ਾਹੋ ਸ਼ਾਬਾਸ਼ਨ, ਧੁਰ ਫ਼ਰਮਾਨਾ ਹੁਕਮ ਸੁਣਾਇੰਦਾ । ਲੇਖਾ ਜਾਣੇ ਪ੍ਰਿਥਮੀ ਆਕਾਸ਼ਨ, ਪ੍ਰਿਥਮੀ ਆਕਾਸ਼ ਖੇਲ ਖਿਲਾਇੰਦਾ । ਜਨ ਭਗਤਾਂ ਪੂਰੀ ਕਰੇ ਆਸਣ, ਆਸਾ

ਤ੍ਰਿਸਨਾ ਮੇਟ ਮਿਟਾਇੰਦਾ । ਨਿਜ ਆਤਮ ਕਰ ਕਰ ਵਾਸਨ, ਵਾਸਦੇਵ ਆਪਣਾ ਰੂਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚਾ ਆਪ ਸੁਹਾਇੰਦਾ । ਦਰ ਘਰ ਸੁਹਾਏ ਸੋਭਾਵੰਤ, ਸੋ ਸੁਹੰਜਣਾ ਰੂਪ ਵਟਾਈਆ । ਪਾਰਬ੍ਰਹਮ ਪ੍ਰਭ ਬੇਅੰਤ, ਬੇਅੰਤ ਆਪਣੀ ਕਲ ਧਰਾਈਆ । ਹਰਿਜਨ ਵੇਖੇ ਸਾਚੇ ਸੰਤ, ਸਤਿ ਸਤਿਵਾਦੀ ਵੇਖ ਵਖਾਈਆ । ਏਕਾ ਨਾਮ ਦ੍ਰਿੜਾਏ ਮਣੀਆ ਮੰਤ, ਮਨ ਕਾ ਭੌ ਸਰਬ ਚੁਕਾਈਆ । ਦੇਵੇ ਵਡਿਆਈ ਵਿਚ ਜੀਵ ਜੰਤ, ਜੰਤ ਜੀਵ ਕਰ ਰੁਸ਼ਨਾਈਆ । ਨਾਮ ਵਾਸਨਾ ਦਏ ਸੁਗੰਤ, ਸੁਗੰਧ ਆਪਣੀ ਮਹਿਕ ਵਖਾਈਆ । ਤੱਤ ਵਿਚੋਲਾ ਬਣਾਏ ਬਣਤ, ਚੋਲਾ ਕਾਇਆ ਆਪ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਖਿਲਾਈਆ । ਕਾਇਆ ਚੋਲਾ ਪੰਜ ਤੱਤ, ਨਿਰਗੁਣ ਸਰਗੁਣ ਆਪ ਉਪਾਇੰਦਾ । ਬੀਜ ਬੀਜੇ ਸਾਚੇ ਵਤ, ਪੱਤ ਡਾਲ੍ਹੀ ਆਪ ਮਹਿਕਾਇੰਦਾ । ਫੁਲ ਫੁਲਵਾੜੀ ਲਾਏ ਹੱਡ ਮਾਸ ਨਾੜੀ ਰਤ, ਲਾਲ ਗੁਲਾਲਾ ਰੰਗ ਚੜ੍ਹਾਇੰਦਾ । ਆਪੇ ਵੇਖੇ ਪੁਰਖ ਸਮਰਥ, ਨੇਤਰ ਨੈਣ ਆਪ ਖੁਲ੍ਹਾਇੰਦਾ । ਆਪਣੀ ਰਚਨਾ ਆਪੇ ਰਚ, ਆਪਣਾ ਬੰਕ ਆਪ ਸੁਹਾਇੰਦਾ । ਆਪੇ ਅੰਦਰ ਵੜੇ ਸੱਚ, ਸੁੱਚ ਆਪਣੀ ਧਾਰ ਬੰਧਾਇੰਦਾ । ਭਾਗ ਲਗਾਏ ਕਾਇਆ ਕੱਚ, ਕੰਚਨ ਆਪਣਾ ਗੜ੍ਹ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵੇਸ ਆਪ ਧਰਾਇੰਦਾ । ਕਾਇਆ ਮੰਦਰ ਵੇਸ ਅਵੱਲਾ, ਵਾਹਵਾ ਸਤਿਗੁਰ ਆਪ ਬਣਾਈਆ । ਘਰ ਵਿਚ ਘਰ ਧਾਮ ਅਟੱਲਾ, ਉਚ ਮੁਨਾਰਾ ਦਏ ਵਡਿਆਈਆ । ਆਤਮ ਸੇਜਾ ਆਸਣ ਮੱਲਾ, ਸਚ ਸਿੰਘਾਸਣ ਸੋਭਾ ਪਾਈਆ । ਜੋਤੀ ਨੂਰ ਆਪੇ ਰਲਾ, ਨੂਰ ਨੁਰਾਨਾ ਡਗਮਗਾਈਆ । ਸਚ ਸੰਦੇਸ ਏਕਾ ਘੱਲਾ, ਅਨਹਦ ਨਾਦ ਨਾਦ ਵਜਾਈਆ । ਬ੍ਰਹਮ ਫੜਾਏ ਆਪੇ ਪੱਲਾ, ਪਾਰਬ੍ਰਹਮ ਪ੍ਰਭ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦ ਆਪ ਖੁਲ੍ਹਾਈਆ । ਪਾਰਬ੍ਰਹਮ ਪ੍ਰਭ ਮੇਲ ਮਿਲਾਨਾ, ਬ੍ਰਹਮ ਆਪਣੇ ਰੰਗ ਰੰਗਾਇੰਦਾ । ਸਾਚਾ ਖੇਲ ਕਰੇ ਸ੍ਰੀ ਭਗਵਾਨਾ, ਭਗਵਨ ਆਪਣਾ ਰੂਪ ਧਰਾਇੰਦਾ । ਸਤਿ ਰਖਾਏ ਇਕ ਨਿਸ਼ਾਨਾ, ਨਾਮ ਨਿਸ਼ਾਨਾ ਹੱਥ ਉਠਾਇੰਦਾ । ਲੋਕਮਾਤ ਹੋ ਪਰਧਾਨਾ, ਡੰਕਾ ਡੌਰੂ ਆਪ ਵਜਾਇੰਦਾ । ਗੁਰਮੁਖ ਸਾਚਾ ਵੇਖੇ ਚਤੁਰ ਸੁਜਾਨਾ, ਜਿਸ ਜਨ ਆਪਣੀ ਬੂਝ ਬੁਝਾਇੰਦਾ । ਏਕਾ ਬਖ਼ਸ਼ੇ ਪਦ ਨਿਰਬਾਨਾ, ਨਿਰਭੈ ਆਪਣਾ ਮੇਲ ਮਿਲਾਇੰਦਾ । ਸਤਿ ਸਤਿਵਾਦੀ ਬੰਨ੍ਹੇ ਗਾਨਾ, ਜੁਗ ਜੁਗ ਸਾਚਾ ਸਗਨ ਮਨਾਇੰਦਾ । ਨਾਰੀ ਨਰ ਨਰਾਇਣ ਕੰਤ ਕਰੇ ਇਕ ਪਰਵਾਨਾ, ਧੁਰ ਫ਼ਰਮਾਨਾ ਸ਼ਬਦ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਆਪੇ ਕਰ, ਵਾਹ ਵਾ ਗੁਰ ਗੁਰ ਵੇਖ ਵਖਾਇੰਦਾ । ਗੁਰ ਪੇਖਤ ਗੁਰ ਭਏ ਨਿਹਾਲ, ਗੁਰ ਸੇਵਕ ਸੇਵ ਕਮਾਈਆ । ਗੁਰ ਸਾਹਿਬ ਗੁਰ ਦੀਨ ਦਿਆਲ, ਗੁਰ ਦੇਵੀ ਦੇਵ ਅਖਵਾਈਆ । ਗੁਰ ਕਾਲ ਗੁਰ ਮਹਾਕਾਲ, ਗੁਰ ਲੱਖ ਚੁਰਾਸੀ ਦਏ ਮੁਕਾਈਆ । ਗੁਰ ਮੰਦਰ ਗੁਰ ਧਰਮਸਾਲ, ਗੁਰ ਪੂਜਾ ਪਾਠ ਵਖਾਈਆ । ਗੁਰ ਸ਼ਾਹ ਗੁਰ ਕੰਗਾਲ, ਗੁਰ ਸ਼ਾਹ ਪਾਤਸ਼ਾਹ ਰੂਪ ਧਰਾਈਆ । ਗੁਰ ਠਗ ਗੁਰ ਦਲਾਲ, ਗੁਰ ਠੱਗੀ ਦਲਾਲੀ ਆਪ ਕਮਾਈਆ । ਗੁਰ ਅੱਗ ਗੁਰ ਦੀਪਕ ਜੋਤੀ ਦੇਵੇ ਬਾਲ, ਗੁਰ ਅਗਨੀ ਤੱਤ ਬੁਝਾਈਆ । ਗੁਰ ਅੰਮ੍ਰਿਤ ਗੁਰ ਵਿਖ ਆਪਣਾ ਰੂਪ ਦਏ ਵਖਾਲ, ਗੁਰਸਿਖ ਗੁਰ ਨਿਉਂ ਨਿਉਂ ਸੀਸ ਝੁਕਾਈਆ । ਗੁਰ ਤ੍ਰਿਸਨਾ ਗੁਰ ਭੁੱਖ, ਗੁਰ ਦਰ ਦਰ ਘਰ ਘਰ ਫੇਰੀ ਪਾਈਆ । ਗੁਰ ਸ਼ਬਦ ਗੁਰ ਲੇਖਾ ਲਿਖ, ਲਿਖਿਆ ਲੇਖਾ ਦਏ ਮਿਟਾਈਆ । ਗੁਰਮੁਖ ਵਿਰਲਾ

ਗੁਰ ਗੁਰ ਲਏ ਪੇਖ, ਜਿਸ ਜਨ ਆਪਣਾ ਨੈਣ ਦਰਸਾਈਆ । ਜੀਵ ਜਗਤ ਜਨ ਜਾਣੇ ਭੇਖ, ਹਰਿ ਕਾ ਭੇਵ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੁਰਸਿਖ ਗੁਰ ਮੰਦਰ ਬੈਠੇ ਏਕਾ ਧਾਮ ਸੁਹਾਈਆ ।

★ ੧੯ ਜੇਠ ੨੦੧੮ ਬਿਕ੍ਰਮੀ ਈਸ਼ਰ ਸਿੰਘ ਦੇ ਗ੍ਰਹਿ ਪਿੰਡ ਦੜ ਜੰਮੂ ★

ਸ਼ਾਹਾਂ ਸਿਰ ਸ਼ਾਹ, ਸੋ ਪੁਰਖ ਨਿਰੰਜਣ ਹਰਿ ਅਖਵਾਇੰਦਾ । ਦੋ ਜਹਾਨਾਂ ਬਣ ਮਲਾਹ, ਹਰਿ ਪੁਰਖ ਨਿਰੰਜਣ ਸੇਵ ਕਮਾਇੰਦਾ । ਨਾਮ ਨਿਧਾਨਾ ਆਪ ਉਪਾ, ਏਕੰਕਾਰਾ ਨਾਉਂ ਨਿਰੰਕਾਰਾ ਆਪ ਦ੍ਰਿੜਾਇੰਦਾ । ਆਦਿ ਨਿਰੰਜਣ ਨੂਰ ਧਰਾ, ਜੋਤੀ ਜਾਤਾ ਪੁਰਖ ਬਿਧਾਤਾ ਨੂਰੋ ਨੂਰ ਨੂਰ ਪਰਗਟਾਇੰਦਾ । ਅਬਿਨਾਸ਼ੀ ਕਰਤਾ ਦੇਵਣਹਾਰਾ ਸਚ ਸਲਾਹ, ਸਾਚਾ ਮਾਰਗ ਇਕ ਜਣਾਇੰਦਾ । ਸ੍ਰੀ ਭਗਵਾਨ ਵੇਖਣਹਾਰਾ ਥਾਉਂ ਥਾਂ, ਅਭੁਲ ਭੁਲ ਕੋਇ ਨਾ ਜਾਇੰਦਾ । ਪਾਰਬ੍ਰਹਮ ਪ੍ਰਭ ਬੇਅੰਤ ਬੇਪਰਵਾਹ, ਅਗੰਮ ਅਥਾਹ ਨਿਰਗੁਣ ਨਿਰਵੈਰ ਪੁਰਖ ਅਕਾਲ ਅਜੂਨੀ ਰਹਿਤ ਆਪਣਾ ਰੰਗ ਆਪ ਰੰਗਾਇੰਦਾ । ਸਚਖੰਡ ਦਵਾਰਾ ਸਚ ਮਹੱਲਾ ਇਕ ਸੁਹਾ, ਨਿਹਚਲ ਧਾਮ ਅਟੱਲਾ ਬੈਠਾ ਆਸਣ ਲਾ, ਸਚ ਸਿੰਘਾਸਣ ਸੋਭਾ ਪਾਇੰਦਾ । ਥਿਰ ਘਰ ਸਾਚੇ ਚਰਨ ਟਿਕਾ, ਹਰਿ ਮੰਦਰ ਹਰਿ ਹਰਿ ਦਏ ਸੁਹਾ, ਨਿਰਗੁਣ ਨਿਰਾਕਾਰ ਨਿਰਵੈਰ ਅਨਭਵ ਪਰਕਾਸ਼ ਕਰਾਇੰਦਾ । ਰਾਜ ਰਾਜਾਨਾ ਸ਼ਾਹ ਪਾਤਸ਼ਾਹ, ਧੁਰ ਫ਼ਰਮਾਨਾ ਹੁਕਮ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਰਾਜ ਰਾਜਾਨਾ ਨਾਉਂ ਧਰਾਇੰਦਾ । ਰਾਜ ਰਾਜਾਨਾ ਹਰਿ ਨਿਰੰਕਾਰਾ, ਦੂਸਰ ਅਵਰ ਨਾ ਕੋਇ ਜਣਾਈਆ । ਸਾਚੇ ਤਖ਼ਤ ਬਹੇ ਸੱਚੀ ਸਰਕਾਰਾ, ਦੋ ਜਹਾਨਾਂ ਮਾਰਗ ਲਾਈਆ । ਸ਼ਬਦ ਅਨਾਦ ਧੁਰ ਫ਼ਰਮਾਨਾ, ਬੋਧ ਅਗਾਧ ਕਰੇ ਪੜ੍ਹਾਈਆ । ਏਕਾ ਰਾਗ ਇਕ ਤਰਾਨਾ, ਤਾਰ ਸਿਤਾਰ ਇਕ ਹਿਲਾਈਆ । ਏਕਾ ਮੰਦਰ ਇਕ ਮਕਾਨਾ, ਏਕਾ ਬੰਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਾਹ ਪਾਤਸ਼ਾਹ ਆਪਣੇ ਹੱਥ ਰੱਖੇ ਵਡਿਆਈਆ । ਸ਼ਾਹ ਪਾਤਸ਼ਾਹ ਸ੍ਰੀ ਭਗਵਾਨ, ਦਰ ਘਰ ਸਾਚੇ ਸੋਭਾ ਪਾਇੰਦਾ । ਸਤਿ ਸਰੂਪੀ ਸਤਿ ਨਿਸ਼ਾਨ, ਸਤਿ ਸਤਿਵਾਦੀ ਆਪ ਝੁਲਾਇੰਦਾ । ਆਪਣਾ ਖੇਲ ਕਰੇ ਮਹਾਨ, ਖੇਲਣਹਾਰਾ ਦਿਸ ਨਾ ਆਇੰਦਾ । ਪੂਤ ਸਪੂਤਾ ਕਰ ਪਰਵਾਨ, ਏਕਾ ਹੁਕਮ ਸੁਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰ ਪਰਧਾਨ, ਤ੍ਰੈਗੁਣ ਮੇਲਾ ਪੰਚਮ ਚੇਲਾ ਸਾਚਾ ਬੰਧਨ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਾਹ ਪਾਤਸ਼ਾਹ ਆਪਣਾ ਖੇਲ ਖਿਲਾਇੰਦਾ । ਸ਼ਾਹ ਪਾਤਸ਼ਾਹ ਸ੍ਰੀ ਭਗਵੰਤ, ਤਖ਼ਤ ਨਿਵਾਸੀ ਸਾਚੇ ਤਖ਼ਤ ਸੋਭਾ ਪਾਇੰਦਾ । ਲੇਖਾ ਜਾਣੇ ਜੁਗਾ ਜੁਗੰਤ, ਜੁਗ ਕਰਤਾ ਕੁਦਰਤ ਕਾਦਰ ਆਪਣਾ ਖੇਲ ਖਿਲਾਇੰਦਾ । ਆਪਣੀ ਮਹਿਮਾ ਆਪੇ ਜਣਾਏ ਬੇਅੰਤ, ਬੇਅੰਤ ਆਪਣਾ ਨਾਉਂ ਰਖਾਇੰਦਾ । ਸਾਚਾ ਧਾਮ ਇਕ ਸੁਹੰਤ, ਸਚਖੰਡ ਦਵਾਰੇ ਆਸਣ ਲਾਇੰਦਾ । ਵੇਸ ਵਟਾਏ ਜੁਗਾ ਜੁਗੰਤ, ਨਿਰਗੁਣ ਸਰਗੁਣ ਰੂਪ ਧਰਾਇੰਦਾ । ਲੱਖ ਚੁਰਾਸੀ ਬਣਾਏ ਬਣਤ, ਘਾੜਨ ਘੜਤ ਆਪ ਘੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਾਹ ਪਾਤਸ਼ਾਹ ਸ਼ਾਹ ਸੁਲਤਾਨਾ, ਹਰਿ ਜੂ ਹਰਿ ਹਰਿ ਮਰਦ ਮਰਦਾਨਾ, ਸਚ ਮਰਦਾਨਗੀ ਆਪ ਕਮਾਇੰਦਾ । ਮਰਦ ਮਰਦਾਨਾ ਪੁਰਖ ਅਬਿਨਾਸ਼, ਵਡ ਦਾਤਾ ਬੇਪਰਵਾਹੀਆ । ਸਾਚੇ ਮੰਦਰ

ਸਾਚੇ ਮੰਡਲ ਪਾਵੇ ਰਾਸ, ਰੂਪ ਅਨੂਪ ਆਪ ਵਟਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਨਾ ਜਾਏ ਵਿਨਾਸ, ਆਪਣੀ ਕਲ ਆਪ ਧਰਾਈਆ । ਹਰ ਘਟ ਅੰਦਰ ਰੱਖੇ ਵਾਸ, ਲੱਖ ਚੁਰਾਸੀ ਰਿਹਾ ਸਮਾਈਆ । ਲੇਖਾ ਜਾਣੇ ਪ੍ਰਿਥਮੀ ਆਕਾਸ਼, ਗਗਨ ਮੰਡਲ ਮੰਡਪ ਆਪਣਾ ਰੰਗ ਵਖਾਈਆ । ਕਰੇ ਵਸੇਰਾ ਜੰਗਲ ਜੂਹ ਉਜਾੜ ਪਰਭਾਸ, ਸਮੁੰਦ ਸਾਗਰ ਡੂੰਘੀ ਕੰਦਰ ਗਹਿਰ ਗੰਭੀਰ ਗੁਣਵੰਤਾ ਆਪਣਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹ, ਏਕੰਕਾਰਾ ਆਪਣਾ ਹੁਕਮ ਆਪ ਵਰਤਾਈਆ । ਸਾਚਾ ਹੁਕਮ ਧੁਰ ਫ਼ਰਮਾਨ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਏਕਾ ਨਾਉਂ ਕਰ ਪਰਧਾਨ, ਲੋਕਮਾਤ ਡੰਕ ਵਜਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦੇ ਗਿਆਨ, ਗਿਆਨ ਨੇਤਰ ਆਪ ਖੁਲ੍ਹਾਇੰਦਾ । ਲੇਖਾ ਲਿਖ ਲਿਖ ਘੱਲੇ ਪਰਵਾਨ, ਸਚ ਪਰਵਾਨਾ ਹੱਥ ਫੜਾਇੰਦਾ । ਆਤਮ ਬ੍ਰਹਮ ਬ੍ਰਹਮ ਨਿਸ਼ਾਨ, ਪਾਰਬ੍ਰਹਮ ਪ੍ਰਭ ਵੰਡ ਵੰਡਾਇੰਦਾ । ਸਰਬ ਜੀਆਂ ਏਕਾ ਹੁਕਮਰਾਨ, ਲੱਖ ਚੁਰਾਸੀ ਰੱਯਤ ਆਪੇ ਪਰਗਟਾਇੰਦਾ । ਆਤਮ ਜੀਆ ਦੇਵੇ ਦਾਨ, ਦਾਤਾ ਦਾਨੀ ਏਕਾ ਵਸਤ ਅਮੋਲਕ ਝੋਲੀ ਪਾਇੰਦਾ । ਏਕਾ ਨੂਰ ਜੋਤੀ ਜੋਤ ਕਰੇ ਪਰਕਾਸ਼ ਕੋਟਨ ਭਾਨ, ਕਾਇਆ ਕੰਚਨ ਗੜ੍ਹ ਸੁਹਾਇੰਦਾ । ਆਤਮ ਰਾਮ ਸਾਚਾ ਕਾਹਨ, ਸਾਚੇ ਮੰਦਰ ਵਸੇ ਮਕਾਨ, ਆਤਮ ਸੇਜਾ ਨਿਰਗੁਣ ਪਲੰਘ ਆਪਣਾ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਾਜ ਰਾਜਾਨਾ ਸ਼ਾਹ ਸੁਲਤਾਨਾ ਆਦਿ ਜੁਗਾਦੀ ਨੌਜਵਾਨਾ, ਬਿਰਧ ਬਾਲ ਨਾ ਰੂਪ ਵਟਾਇੰਦਾ । ਬਿਰਧ ਬਾਲ ਨਾ ਹਰਿ ਕਾ ਰੂਪ, ਏਕਾ ਰੰਗ ਸਮਾਈਆ । ਵਸਣਹਾਰਾ ਚਾਰੇ ਕੂਟ, ਦਹਿ ਦਿਸ਼ਾ ਫੇਰਾ ਪਾਈਆ । ਲੱਖ ਚੁਰਾਸੀ ਤਾਣਾ ਤਣਿਆ ਏਕਾ ਤਾਣਾ ਪੇਟਾ ਸੂਤ, ਏਕਾ ਪਾਣ ਲਏ ਚੜ੍ਹਾਈਆ । ਫੁਲ ਫੁਲਵਾੜੀ ਏਕਾ ਵਕਤ ਆਪ ਸੁਹਾਏ ਸਾਚੀ ਰੁੱਤ, ਕਵਲ ਕਵਲਾ ਆਪ ਖਿਲਾਈਆ । ਲੇਖਾ ਜਾਣੇ ਪੰਜ ਤੱਤ ਬੁੱਤ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਆਪਣੀ ਵੰਡ ਵੰਡਾਈਆ । ਕਰੇ ਖੇਲ ਅਬਿਨਾਸ਼ੀ ਅਚੁਤ, ਹੁਕਮੀ ਹੁਕਮ ਆਪ ਫਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਸਿਰ ਸ਼ਾਹਾਂ ਸ਼ਾਹ ਆਪ ਹੋ ਜਾਈਆ । ਸ਼ਾਹ ਸ਼ਾਹਾਨਾ ਹਰਿ ਗੋਬਿੰਦ, ਸੂਰਬੀਰ ਖੇਲ ਖਿਲਾਇੰਦਾ । ਹਰਖ ਸੋਗ ਨਾ ਕੋਈ ਚਿੰਦ, ਚਿੰਤਾ ਚਿਖਾ ਨਾ ਕੋਇ ਰਖਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਉਪਜਾਏ ਆਪਣੀ ਬਿੰਦ, ਲੱਖ ਚੁਰਾਸੀ ਆਪਣਾ ਬੰਧਨ ਪਾਇੰਦਾ । ਆਸਾ ਤ੍ਰਿਸਨਾ ਪੂਰੀ ਕਰੇ ਸੁਰਪਤ ਰਾਜਾ ਇੰਦ, ਕਰੋੜ ਤੇਤੀਸਾ ਖੇਲ ਖਿਲਾਇੰਦਾ । ਗਹਿਰ ਗੰਭੀਰ ਗੁਣੀ ਗਹੀਰ ਸਾਗਰ ਸਿੰਧ, ਪੁਰਖ ਅਬਿਨਾਸ਼ੀ ਆਪਣਾ ਡੂੰਘਰ ਹਾਥ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਹੁਕਮ ਸਚ ਸੰਦੇਸ ਨਰ ਨਰੇਸ਼ ਰਿਹਾ ਘਲ, ਜੁਗ ਜੁਗ ਮਾਤ ਆਪ ਸੁਣਾਇੰਦਾ । ਜੁਗ ਜੁਗ ਮਾਤ ਹਰਿ ਕਾ ਨਾਉਂ, ਲੋਕਮਾਤ ਵੱਜੇ ਵਧਾਈਆ । ਦੇਵੇ ਸੰਦੇਸਾ ਏਕਾ ਥਾਉਂ, ਥਾਨ ਥਨੰਤਰ ਇਕ ਸੁਹਾਈਆ । ਲੱਖ ਚੁਰਾਸੀ ਬਣੇ ਪਿਤਾ ਮਾਉਂ, ਬਾਲ ਅਞਾਣੇ ਗੋਦ ਉਠਾਈਆ । ਹਰਿਜਨ ਹਰਿਭਗਤ ਭਗਵਨ ਫੜੇ ਆਪੇ ਬਾਹੋਂ, ਲੇਖਾ ਅਲੇਖ ਵੇਖ ਵਖਾਈਆ । ਸਿਰ ਰੱਖੇ ਸਦਾ ਠੰਡੀ ਛਾਉਂ, ਸਮਰਥ ਪੁਰਖ ਵਡ ਵਡਿਆਈਆ । ਅੰਮ੍ਰਿਤ ਜਾਮ ਪਿਆਏ ਨਿਝਰ ਝਿਰਨਾ ਰਸ ਹੰਸ ਬਣਾਏ ਕਾਉਂ, ਕਾਗੋਂ ਹੰਸ ਆਪ ਉਡਾਈਆ । ਨਿਥਾਂਵਿਆਂ ਦੇਵੇ ਸਾਚਾ ਥਾਉਂ, ਦਰਗਹਿ ਸਾਚੀ ਧਾਮ ਸੁਹਾਈਆ । ਜੁਗਾ ਜੁਗੰਤਰ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਲੋਕਮਾਤ ਕਰੇ ਸਚ ਨਿਆਉਂ, ਗੁਰ ਅਵਤਾਰ ਆਪਣਾ ਰੂਪ ਧਰਾਈਆ । ਜੋਤੀ ਜੋਤ ਸਰੂਪ

੬੭੩
੧੦

੬੭੪
੧੦

ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਤਖ਼ਤ ਬੈਠਾ ਸੱਚਾ ਸ਼ਹਿਨਸ਼ਾਹੀਆ । ਸਾਚਾ ਤਖ਼ਤ ਸੁਹੰਜਣਾ, ਸੋ ਪੁਰਖ ਨਿਰੰਜਣ ਆਪ ਸੁਹਾਇੰਦਾ । ਜੁਗਾ ਜੁਗੰਤਰ ਕਰੇ ਖੇਲ ਦਰਦ ਦੁੱਖ ਭੈ ਭੰਜਣਾ, ਦੀਨਾਂ ਨਾਥਾਂ ਦਰਦ ਦੁੱਖ ਆਪ ਵੰਡਾਇੰਦਾ । ਸੰਤ ਸੁਹੇਲਾ ਵੇਖੇ ਸੱਜਣਾ, ਸਤਿਗੁਰ ਸਾਜਨ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਹੁਕਮ ਏਕਾ ਹਾਕਮ, ਹਰਿ ਫ਼ਰਮਾਨਾ ਇਕ ਰਖਾਇੰਦਾ । ਇਕ ਫ਼ਰਮਾਨਾ ਧੁਰ ਦੀ ਧਾਰ, ਪੁਰਖ ਅਬਿਨਾਸ਼ੀ ਆਪ ਜਣਾਈਆ । ਸਤਿਜੁਗ ਤ੍ਰੇਤਾ ਦੁਆਪਰ ਕਰਦਾ ਆਇਆ ਸਚ ਵਿਹਾਰ, ਨਿਰਗੁਣ ਸਰਗੁਣ ਰੂਪ ਧਰਾਈਆ । ਕਲਜੁਗ ਅੰਤਮ ਖੇਲ ਅਪਾਰ, ਖੇਲ ਅਵੱਲਾ ਇਕ ਇਕੱਲਾ ਕਰੇ ਕਰਾਏ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਾਹ ਸ਼ਾਹਾਨਾ ਰੂਪ ਵਟਾਈਆ । ਸ਼ਾਹ ਸ਼ਾਹਾਨਾ ਰੂਪ ਧਰ, ਹਰਿ ਸਾਚਾ ਖੇਲ ਖਿਲਾਇੰਦਾ । ਨਾਉਂ ਰਖਾਏ ਨਰਾਇਣ ਨਰ, ਨਰ ਹਰਿ ਨਰਾਇਣ ਆਪ ਹੋ ਆਇੰਦਾ । ਆਪਣੀ ਕਰਨੀ ਆਪੇ ਕਰ, ਕਰਤਾ ਪੁਰਖ ਹੁਕਮ ਵਰਤਾਇੰਦਾ । ਸਾਚੇ ਮੰਦਰ ਰਿਹਾ ਚੜ੍ਹ, ਉਚਾ ਟਿੱਲਾ ਆਪ ਸੁਹਾਇੰਦਾ । ਛੱਪਰ ਛੰਨ ਨਾ ਕੋਇ ਦਿਸੇ ਚਾਰ ਦੀਵਾਰ, ਬਾਙੀ ਬਣਤ ਨਾ ਕੋਇ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਕਲਜੁਗ ਅੰਤਮ ਵੇਸ ਅਵੱਲਾ, ਨਿਹਕਲੰਕਾ ਨਾਉਂ ਰਖਾਈਆ । ਕਲਜੁਗ ਸਤਿਜੁਗ ਫੜਾਏ ਆਪਣਾ ਪੱਲਾ, ਕਲਜੁਗ ਸਤਿਜੁਗ ਰੂਪ ਵਟਾਈਆ । ਸਚ ਸੰਦੇਸ ਏਕਾ ਘੱਲਾ, ਗੋਬਿੰਦ ਹਾਲ ਮੁਰੀਦਾਂ ਰਿਹਾ ਸੁਣਾਈਆ । ਸੂਲਾਂ ਸੱਥਰ ਜਗਤ ਸਿੰਘਾਸਣ ਏਕਾ ਮੱਲਾ, ਏਕਾ ਘਰ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗੰਤਰ ਦੋ ਜਹਾਨ ਕਰੇ ਸੱਚੀ ਸ਼ਹਿਨਸ਼ਾਹੀਆ । ਕਲਜੁਗ ਅੰਤਮ ਸੱਚਾ ਸ਼ਾਹ, ਸ਼ਾਹ ਸੁਤਲਾਨਾ ਹੁਕਮ ਜਣਾਇੰਦਾ । ਚਾਰੋਂ ਕੁੰਟ ਅੰਧੇਰਾ ਗਿਆ ਛਾ, ਸਾਚਾ ਚੰਦ ਨਾ ਕੋਇ ਚੜ੍ਹਾਇੰਦਾ । ਚਾਰੇ ਵਰਨ ਰਹੇ ਕੁਰਲਾ, ਬਰਨ ਅਠਾਰਾਂ ਧੀਰ ਨਾ ਕੋਇ ਧਰਾਇੰਦਾ । ਗੁਰ ਕਾ ਸ਼ਬਦ ਨਾ ਸਕੇ ਕੋਇ ਕਮਾ, ਆਤਮ ਅੰਤਰ ਨਾ ਕੋਇ ਵਸਾਇੰਦਾ । ਗੋਬਿੰਦ ਸੂਰਾ ਕਿਸੇ ਮਿਲੇ ਨਾ, ਨੇਤਰ ਲੋਚਣ ਨੈਣ ਨਾ ਕੋਇ ਖੁਲ੍ਹਾਇੰਦਾ । ਨਾਨਕ ਪੱਲਾ ਨਾ ਲਏ ਫੜਾ, ਨਾਮ ਸਤਿ ਸਤਿ ਘਰ ਨਾ ਕੋਇ ਵਖਾਇੰਦਾ । ਕਲਜੁਗ ਡੂੰਘੀ ਭਵਰੀ ਲੱਖ ਚੁਰਾਸੀ ਗੋਤਾ ਰਹੀ ਲਾ, ਇਸ਼ਟ ਦੇਵ ਨਾ ਕੋਇ ਰਖਾਇੰਦਾ । ਨਿਰਗੁਣ ਜੋਤ ਨਾ ਸਕੇ ਕੋਇ ਜਗਾ, ਆਤਮ ਪਰਦਾ ਨਾ ਕੋਇ ਉਠਾਇੰਦਾ । ਕਾਇਆ ਸਰੋਵਰ ਸਕੇ ਨਾ ਕੋਇ ਨਹਾ, ਅਠਸਠ ਨੀਰ ਸਰਬ ਕੁਰਲਾਇੰਦਾ । ਕਾਇਆ ਮੰਦਰ ਦਰ ਦਰਵਾਜ਼ਾ ਨਾ ਸਕੇ ਕੋਇ ਖੁਲ੍ਹਾ, ਗੁਰਦਵਾਰਾ ਨਜ਼ਰ ਕਿਸੇ ਨਾ ਆਇੰਦਾ । ਪੜ੍ਹ ਪੜ੍ਹ ਥੱਕੇ ਭੁੱਲਿਆ ਬੇਪਰਵਾਹ, ਪੜ੍ਹੌਣ ਵਾਲਾ ਦਿਸ ਕਿਸੇ ਨਾ ਆਇੰਦਾ । ਮਾਇਆ ਮਮਤਾ ਮੋਹ ਬੰਧਨ ਬੈਠੇ ਪਾ, ਕਾਮ ਕਰੋਧ ਲੋਭ ਮੋਹ ਹੰਕਾਰ ਘਰ ਘਰ ਆਸਣ ਲਾਇੰਦਾ । ਪਰਮਾਨੰਦਨ ਬੈਠੇ ਗਵਾ, ਜਗਤ ਮਦਿ ਜਗਤ ਵਿਕਾਰ ਜਗਤ ਸੰਗ ਨਿਭਾਇੰਦਾ । ਪੁਰਖ ਅਬਿਨਾਸ਼ੀ ਵੇਖਣਹਾਰਾ ਥਾਉਂ ਥਾਂ, ਨਵ ਖੰਡ ਸਤ ਦੀਪ ਫੋਲ ਫੋਲਾਇੰਦਾ । ਨਾਤਾ ਤੁਟਾ ਪੁੱਤਰ ਮਾਂ, ਪਿਤਾ ਪੂਤ ਨਾ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੁਰਖ ਅਬਿਨਾਸ਼ੀ ਏਕਾ ਹਰਿ, ਕਲਜੁਗ ਅੰਤਮ ਧੁਰ ਫ਼ਰਮਾਨਾ ਆਪ ਸੁਣਾਇੰਦਾ । ਕਲਜੁਗ ਅੰਤਮ ਅੰਧ ਅੰਧਿਆਰਾ, ਚਾਰੋਂ ਕੁੰਟ ਅੰਧੇਰਾ ਛਾਈਆ । ਵੇਦ ਵਿਆਸਾ ਬਣ ਲਿਖਾਰਾ, ਲੇਖਾ ਲਿਖ ਲਿਖ ਗਿਆ ਸਮਝਾਈਆ । ਨਾਨਕ ਸਤਿਗੁਰ ਬੋਲ ਜੈਕਾਰਾ, ਪੁਰਖ ਅਕਾਲ ਏਕਾ ਰਾਹ ਤਕਾਈਆ । ਮਹਾਂਬਲੀ ਉਤਰੇ ਵਿਚ ਸੰਸਾਰਾ,

ਨਿਹਕਲੰਕਾ ਨਾਉਂ ਰਖਾਈਆ । ਗੋਬਿੰਦ ਕੂਕੇ ਕਰੇ ਪੁਕਾਰਾ, ਪੁਰਖ ਅਕਾਲ ਅੱਗੇ ਸੀਸ ਝੁਕਾਈਆ । ਪਿਤਾ ਪੂਤ ਇਕ ਪਿਆਰਾ, ਏਕਾ ਮੰਦਰ ਬਹਿ ਬਹਿ ਕਰਨ ਸਾਲਾਹੀਆ । ਕਲਜੁਗ ਦਿਸੇ ਧੂੰਆਂਧਾਰਾ, ਸਾਚਾ ਚੰਦ ਨਾ ਕੋਇ ਚੜ੍ਹਾਈਆ । ਗੁਰਮੁਖ ਗੁਰਸਿਖ ਹਰਿਭਗਤ ਹਰਿਜਨ ਸਾਚੇ ਸੰਤ ਰੋਵਣ ਜ਼ਾਰੋ ਜ਼ਾਰਾ, ਅੱਠੇ ਪਹਿਰ ਧਿਆਨ ਲਗਾਈਆ । ਮੂਰਖ ਮੂੜ੍ਹੇ ਕਲਜੁਗ ਧੰਦੇ ਲੱਗੇ ਜੀਵ ਗਵਾਰਾ, ਭੋਗ ਬਲਾਸ ਰੰਗ ਰਲੀਆਂ ਰਹੇ ਮਨਾਈਆ । ਕਿਸੇ ਨਾ ਦਿਸੇ ਪਾਰ ਕਿਨਾਰਾ, ਡੂੰਘੇ ਸਾਗਰ ਡੁੱਬਾ ਸੰਸਾਰਾ, ਸ਼ੌਹ ਦਰਯਾ ਬੇੜਾ ਰਿਹਾ ਚਲਾਈਆ । ਪੁਰਖ ਅਬਿਨਾਸ਼ੀ ਪਾਵੇ ਸਾਰਾ, ਨਿਰਗੁਣ ਨਿਰਗੁਣ ਹੋ ਉਜਿਆਰਾ, ਗੋਬਿੰਦ ਮੀਤਾ ਨਾਲ ਪਿਆਰਾ, ਲੋਕਮਾਤ ਕਰੇ ਰੁਸ਼ਨਾਈਆ । ਜੋਤੀ ਜਾਮਾ ਸ਼ਾਹ ਸਿਕਦਾਰਾ, ਸੰਬਲ ਨਗਰ ਧਾਮ ਨਿਆਰਾ, ਸਚ ਸਿੰਘਾਸਣ ਸੋਹੇ ਸੋਭਾਵੰਤ ਇਕ ਇਕੱਲਾ ਏਕੰਕਾਰਾ, ਨਜ਼ਰ ਕਿਸੇ ਨਾ ਆਈਆ । ਸ਼ਬਦ ਖੰਡਾ ਤੇਜ਼ ਕਟਾਰਾ, ਚੰਡ ਪਰਚੰਡ ਰਖਾਏ ਆਪਣੀ ਵਾਰਾ, ਲੁਹਾਰ ਤਰਖਾਣ ਨਾ ਕੋਇ ਘੜਾਈਆ । ਨੌਂ ਖੰਡ ਪ੍ਰਿਥਮੀ ਮਾਰੇ ਮਾਰਾ, ਲੱਖ ਚੁਰਾਸੀ ਕਰੇ ਖਵਾਰਾ, ਰਾਜ ਰਾਜਾਨਾਂ ਖ਼ਾਕ ਮਿਲਾਈਆ । ਏਕਾ ਹੁਕਮ ਵਰਤੇ ਵਰਤਾਰਾ, ਹਰਿ ਕਾ ਨਾਉਂ ਸ਼ਾਹੀ ਲਸ਼ਕਰ ਸਭ ਤੋਂ ਭਾਰਾ, ਨਾ ਮਰੇ ਨਾ ਜਾਈਆ । ਕਲਜੁਗ ਅੰਤਮ ਦਰ ਦਵਾਰਾ, ਅਸ਼ਟਭੁਜ ਕਰੇ ਨਿਮਸਕਾਰਾ, ਸਿੰਘ ਸਿੰਘਾਸਣ ਆਸਣ ਲਾਈਆ । ਚੱਕਰ ਸੁਦਰਸ਼ਨ ਏਕਾ ਚੱਕਰ ਲਗਾਏ ਸਰਬ ਸੰਸਾਰਾ, ਹਰਿ ਕਾ ਤੇਜ ਨਜ਼ਰ ਕਿਸੇ ਨਾ ਆਈਆ । ਵਾਹ ਵਾ ਗੁਰ ਸਤਿਗੁਰ ਕਰੇ ਖੇਲ ਅਪਾਰਾ, ਪਾਰਬ੍ਰਹਮ ਪ੍ਰਭ ਬੇਪਰਵਾਹੀਆ । ਗੁਰਮੁਖ ਵਿਰਲੇ ਬਖ਼ਸ਼ੇ ਏਕਾ ਦਰ ਦਵਾਰਾ, ਦਰ ਦਰਵਾਜ਼ਾ ਕਾਇਆ ਬੰਕ ਖੁਲ੍ਹਾਈਆ । ਦਿਵਸ ਰੈਣ ਰੈਣ ਦਿਵਸ ਅੱਠੇ ਪਹਿਰ ਘੜੀ ਪਲ ਨਜ਼ਰੀ ਆਏ ਨਰ ਨਿਰੰਕਾਰਾ, ਨਿਰਗੁਣ ਜੋਤ ਜੋਤ ਜੋਤ ਰੁਸ਼ਨਾਈਆ । ਸਰਬ ਜੀਆਂ ਦਾ ਸਾਂਝਾ ਯਾਰਾ, ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਆਪਣੇ ਗਲੇ ਲਗਾਈਆ । ਸ਼ਾਹ ਪਾਤਸ਼ਾਹ ਸੱਚੀ ਸਰਕਾਰਾ, ਸ਼ਹਿਨਸ਼ਾਹ ਏਕੰਕਾਰਾ ਇਕ ਇਕੱਲਾ ਜੁਗਾ ਜੁਗੰਤਰ ਰਾਜ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਅੰਤ ਆਦਿ ਆਪਣੇ ਹੱਥ ਰੱਖੇ ਵਡਿਆਈਆ ।



### ★ ੧੯ ਜੇਠ ੨੦੧੮ ਬਿਕ੍ਰਮੀ ਲੱਭੂ ਰਾਮ ਦੇ ਗ੍ਰਿਹ ਪਿੰਡ ਜੌੜੀਆਂ ਜੰਮੂ ★

ਹਰਿ ਸਤਿਗੁਰ ਸਦਾ ਮਿਹਰਵਾਨ, ਕਰਮ ਧਰਮ ਨਾ ਕੋਇ ਜਣਾਇੰਦਾ । ਹਰਿ ਸਤਿਗੁਰ ਸਦਾ ਮਿਹਰਵਾਨ, ਜੀਆ ਦਾਨ ਝੋਲੀ ਪਾਇੰਦਾ । ਹਰਿ ਸਤਿਗੁਰ ਸਦਾ ਮਿਹਰਵਾਨ, ਹਰਿਜਨ ਸਾਚੇ ਮੇਲ ਮਿਲਾਇੰਦਾ । ਹਰਿ ਸਤਿਗੁਰ ਸਦਾ ਮਿਹਰਵਾਨ, ਏਕਾ ਮੰਤਰ ਨਾਮ ਦ੍ਰਿੜ੍ਹਾਇੰਦਾ । ਹਰਿ ਸਤਿਗੁਰ ਸਦਾ ਮਿਹਰਵਾਨ, ਕਾਇਆ ਚੋਲੀ ਰੰਗ ਬਸੰਤੀ ਇਕ ਚੜ੍ਹਾਇੰਦਾ । ਹਰਿ ਸਤਿਗੁਰ ਸਦਾ ਮਿਹਰਵਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਘਰ ਆਪ ਵਖਾਇੰਦਾ । ਗੁਰਸਿਖ ਸਦਾ ਦੀਨਨ ਦੀਨ, ਦੋਏ ਜੋੜ ਕਰੇ ਨਿਮਸਕਾਰਿਆ । ਗੁਰਸਿਖ ਸਦਾ ਜਿਉਂ ਜਲ ਮੀਨ, ਜਲ ਮੀਨ ਗੁਰ ਗੁਰ ਰੂਪ ਸਮਾ ਰਿਹਾ । ਗੁਰਸਿਖ ਸਦਾ ਗੁਰ ਅਧੀਨ, ਦੋਏ ਦੋਏ ਜੋੜ ਕਰੇ ਨਿਮਸਕਾਰਿਆ । ਗੁਰਸਿਖ ਸਦਾ ਠਾਂਡਾ ਕਰੇ ਸੀਨ, ਨੇਤਰ ਲੋਚਣ ਦਰਸ਼ਨ ਪਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਆਪਣੇ ਰੰਗ ਰੰਗਾ

ਰਿਹਾ । ਹਰਿ ਸਤਿਗੁਰ ਸਾਚਾ ਸਰਬ ਗੁਣਵੰਤ, ਗੁਣਵੰਤਾ ਬੇਪਰਵਾਹੀਆ । ਹਰਿਜਨ ਉਠਾਏ ਸਾਚਾ ਸੰਤ, ਸਤਿ ਸੁਮੱਤ ਆਪ ਬੁਝਾਈਆ । ਆਪ ਜਣਾਏ ਆਪਣੀ ਮਿਤ ਗਤ, ਭੇਵ ਅਭੇਦ ਆਪ ਖੁਲ੍ਹਾਈਆ । ਵਸਤ ਅਮੋਲਕ ਸਾਚੇ ਖਾਤੇ ਦੇਵੇ ਘਤ, ਕਾਇਆ ਬੰਕ ਦਏ ਵਡਿਆਈਆ । ਅੰਮਿਉਂ ਰਸ ਨਿਝਰ ਆਤਮ ਦਏ ਝੱਟ, ਅੰਮ੍ਰਿਤ ਮੇਘ ਬਰਸਾਈਆ । ਲੇਖੇ ਲਾਏ ਰਤੀ ਰਤ, ਅਗਨੀ ਤੱਤ ਦਏ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸਤਿਗੁਰ ਹੋਏ ਸਹਾਈਆ । ਗੁਰਸਿਖ ਸਦਾ ਕਰੇ ਅਰਦਾਸ, ਨਿਉਂ ਨਿਉਂ ਆਪਣਾ ਸੀਸ ਝੁਕਾਈਆ । ਗੁਰ ਸਤਿਗੁਰ ਵਸਣਾ ਸਦਾ ਪਾਸ, ਤੇਰਾ ਵਿਛੋੜਾ ਸਹਿ ਨਾ ਸਕਾਂ ਰਾਈਆ । ਨਿਰਗੁਣ ਜੋਤ ਕਰ ਪਰਕਾਸ਼, ਅੰਧ ਅੰਧੇਰਾ ਦੇ ਗਵਾਈਆ । ਨਿਜ ਘਰ ਆਤਮ ਕਰ ਕਰ ਵਾਸ, ਘਰ ਸਾਚੇ ਦੇ ਵਡਿਆਈਆ । ਤੇਰਾ ਨਾਉਂ ਸਰਬ ਗੁਣ ਤਾਸ, ਮੇਰੀ ਆਸਾ ਮਨਸਾ ਪੂਰ ਕਰਾਈਆ । ਲੋਕਮਾਤ ਨਾ ਹੋਏ ਨਿਰਾਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਮਾਣ ਵਡਿਆਈਆ । ਸਤਿਗੁਰ ਪੂਰਾ ਸ੍ਰੀ ਭਗਵਾਨਾ, ਆਦਿ ਜੁਗਾਦਿ ਅਖਵਾਇੰਦਾ । ਏਕਾ ਦੇਵੇ ਨਾਮ ਨਿਧਾਨਾ, ਵਸਤ ਅਨਮੁਲੜੀ ਝੋਲੀ ਪਾਇੰਦਾ । ਗਾਇਨ ਗਾਇਤਰੀ ਨਾਦ ਤਰਾਨਾ, ਧੁਨ ਅਨਾਦੀ ਮੰਤਰ ਆਪ ਸੁਣਾਇੰਦਾ । ਪੂਜਾ ਪਾਠ ਸਚ ਅਸ਼ਨਾਨਾ, ਇਸ਼ਟ ਦੇਵ ਆਪ ਰਖਾਇੰਦਾ । ਸਾਚਾ ਮੰਦਰ ਸਚ ਮਕਾਨਾ, ਘਟ ਭੀਤਰ ਆਪ ਵਖਾਇੰਦਾ । ਜੋਤੀ ਨੂਰ ਨੂਰ ਮਹਾਨਾ, ਸਾਚੇ ਮੰਦਰ ਆਪ ਜਗਾਇੰਦਾ । ਪਵਣ ਹਵਨ ਇਕ ਕਰਾਨਾ, ਸਚ ਸੁਗੰਧੀ ਵਿਚ ਸਮਾਇੰਦਾ । ਸਰਬ ਜੀਆਂ ਹਰਿ ਬੀਨਾ ਦਾਨਾ, ਦਾਨਾ ਬੀਨਾ ਆਪ ਅਖਵਾਇੰਦਾ । ਹਰਿਜਨ ਕਰੇ ਦਰ ਪਰਵਾਨਾ, ਦਰ ਘਰ ਸਾਚੇ ਆਪ ਮਿਲਾਇੰਦਾ । ਰੂਪ ਅਨੂਪ ਸੱਯਾ ਕਾਹਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸਤਿਗੁਰ ਦਇਆ ਕਮਾਇੰਦਾ । ਗੁਰਸਿਖ ਗੁਰ ਗੁਰ ਰੱਖੇ ਆਸ, ਨੇਤਰ ਨੈਣ ਨੈਣ ਬਿਗਸਾਈਆ । ਕਵਣ ਸੌ ਵੇਲਾ ਬੁਝੇ ਪਿਆਸ, ਨੇਤਰ ਲੋਚਣ ਦਰਸ਼ਨ ਪਾਈਆ । ਹੋਏ ਸਹਾਈ ਵਿਚ ਪਰਭਾਸ, ਕਾਇਆ ਖੇੜਾ ਦਏ ਵਸਾਈਆ । ਪਾਰ ਕਰਾਏ ਪ੍ਰਿਥਮੀ ਆਕਾਸ਼, ਗਗਨ ਮੰਡਲ ਚਰਨਾਂ ਹੇਠ ਦਬਾਈਆ । ਆਪ ਆਪਣਾ ਕਰੇ ਦਾਸੀ ਦਾਸ, ਦੂਸਰ ਸੇਵ ਨਾ ਕੋਇ ਜਣਾਈਆ । ਏਕਾ ਬਖ਼ਸ਼ੇ ਚਰਨ ਨਿਵਾਸ, ਚਰਨ ਕਵਲ ਸੱਚੀ ਸਰਨਾਈਆ । ਮਨ ਵਾਸਨਾ ਨਾ ਹੋਏ ਉਦਾਸ, ਚਿੰਤਾ ਸੋਗ ਰਹੇ ਨਾ ਰਾਈਆ । ਅੱਠੇ ਪਹਿਰ ਇਕ ਸਵਾਸ, ਗੁਰ ਗੁਰ ਮੰਤਰ ਨਾਮ ਦ੍ਰਿੜਾਈਆ । ਕਾਇਆ ਮੰਦਰ ਸਾਚੀ ਰਾਸ, ਗੋਪੀ ਕਾਹਨ ਆਪ ਨਚਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਆਪਣੇ ਨੇਤਰ ਪੇਖੇ ਆਪ, ਨਿਜ ਨੇਤਰ ਦਏ ਖੁਲ੍ਹਾਈਆ । ਤ੍ਰੈਗੁਣ ਮਾਇਆ ਨਾ ਚੜ੍ਹੇ ਤਾਪ, ਕਾਇਆ ਰੋਗ ਨਾ ਕੋਇ ਜਣਾਈਆ । ਭਾਗ ਲਗਾਏ ਸਾਚੀ ਖਾਟ, ਆਤਮ ਸੇਜਾ ਦਏ ਸੁਹਾਈਆ । ਲਹਿਣਾ ਦੇਣ ਚੁਕਾਏ ਆਨ ਬਾਟ, ਮਾਤ ਗਰਭ ਫੇਰ ਨਾ ਆਈਆ । ਗੁਰਸਿਖ ਵਿਕਾਏ ਆਪਣੇ ਹਾਟ, ਕਰਤਾ ਕੀਮਤ ਆਪੇ ਪਾਈਆ । ਆਪ ਉਤਾਰੇ ਸਾਚੇ ਘਾਟ, ਸਚ ਕਿਨਾਰਾ ਇਕ ਵਖਾਈਆ । ਸਦਾ ਸੁਹੇਲਾ ਸਦ ਵਸੇ ਪਾਸ, ਦਿਵਸ ਰੈਣ ਆਪਣਾ ਰੰਗ ਰੰਗਾਈਆ । ਦਰਸ ਦਿਖਾਏ ਬਹੁ ਬਿਧ ਭਾਂਤ, ਰੂਪ ਅਨੂਪ ਆਪ ਵਟਾਈਆ । ਬੈਠਾ ਰਹੇ ਇਕ ਇਕਾਂਤ, ਸਚਖੰਡ ਦਵਾਰੇ ਆਸਣ ਲਾਈਆ । ਬੰਦ ਕਿਵਾੜਾ ਖੋਲ੍ਹੇ ਤਾਕ, ਜਿਸ ਜਨ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਗੁਰ ਗੁਰ ਮੇਲ ਮਿਲਾਈਆ । ਸਤਿਗੁਰ ਪੂਰਾ ਸ਼ਾਹੋ ਸ਼ਾਬਾਸ਼ਾ, ਸ਼ਾਹ ਸੁਲਤਾਨ ਹਰਿ ਅਖਵਾਇੰਦਾ । ਜੁਗ ਜੁਗ ਵੇਖੇ ਮਾਤ ਤਮਾਸ਼ਾ,

ਲੱਖ ਚੁਰਾਸੀ ਖੇਲ ਖਿਲਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਬ੍ਰਹਿਮੰਡ ਖੰਡ ਆਪਣਾ ਨੂਰ ਕਰੇ ਪਰਕਾਸ਼ਾ, ਨੂਰ ਨੂਰ ਵਿਚ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਬੰਧਾਏ ਆਪਣੇ ਲੜ, ਗੁਰ ਸਤਿਗੁਰ ਏਕਾ ਬੰਧਨ ਨਾਮ ਪਾਇੰਦਾ । ਗੁਰਸਿਖ ਬੰਧਨ ਨਾਮ ਜ਼ੰਜੀਰ, ਨੇਤਰ ਦਿਸ ਕਿਸੇ ਨਾ ਆਈਆ । ਮਨ ਪੰਖੀ ਫੜ ਫੜ ਬੰਨ੍ਹੇ ਚੋਟੀ ਚਾੜ੍ਹੇ ਅਖ਼ੀਰ, ਪੰਖੀ ਉਡ ਨਾ ਦਹਿ ਦਿਸ਼ ਧਾਈਆ । ਲੇਖਾ ਜਾਣੇ ਸ਼ਾਹ ਹਕੀਰ, ਸ਼ਹਿਨਸ਼ਾਹ ਸੱਚਾ ਸ਼ਹਿਨਸ਼ਾਹੀਆ । ਰੂਪ ਧਰਾਏ ਬੇਨਜ਼ੀਰ, ਰੰਗ ਰੇਖ ਨਾ ਕੋਇ ਵਖਾਈਆ । ਕ਼ਲਮ ਸ਼ਾਹੀ ਖਿਚੇ ਲਕੀਰ, ਜਗਤ ਮੁਸੱਵਰ ਆਪਣੀ ਤਸਵੀਰ ਦਏ ਵਖਾਈਆ । ਲਿਖ ਲਿਖ ਲੇਖਾ ਘੱਲਿਆ ਗੁਰ ਅਵਤਾਰ ਪੀਰ, ਪੀਰ ਪੈਗ਼ੰਬਰ ਆਪ ਸੁਣਾਈਆ । ਜਨ ਭਗਤਾਂ ਕੋਲ ਆਏ ਘਤ ਵਹੀਰ, ਜੁਗ ਜੁਗ ਆਪਣਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲੇ ਆਪਣੇ ਘਰ ਹਰਿ ਸਤਿਗੁਰ ਦਇਆ ਕਮਾਈਆ । ਗੁਰਸਿਖ ਰੱਖੀ ਏਕਾ ਟੇਕ, ਪ੍ਰਭ ਮਿਲਣ ਕਾ ਚਾਓ । ਕਰੇ ਕਰਾਏ ਬੁਧ ਬਿਬੇਕ, ਗ਼ਰੀਬ ਨਿਮਾਣੇ ਪਕੜੇ ਬਾਂਹੋਂ । ਜਗਤ ਮਾਇਆ ਨਾ ਲਾਏ ਸੇਕ, ਵੇਖੇ ਥਾਈਂ ਥਾਉਂ । ਪੂਰਬ ਜਨਮਾਂ ਵੇਖੇ ਲੇਖ, ਕਰੇ ਕਰਾਏ ਸਚ ਨਿਆਉਂ । ਚਾਰ ਵਰਨਾਂ ਵਖਾਏ ਏਕਾ ਦੇਸ, ਸਾਚਾ ਨਗਰ ਖੇੜਾ ਕਾਇਆ ਗਰਾਉਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਮੇਲੇ ਆਪਣੇ ਘਰ, ਘਰ ਮੇਲਾ ਬੇਪਰਵਾਹੋ । ਹਰਿ ਸਤਿਗੁਰ ਦੀਨ ਦਿਆਲ ਦਇਆਨਿਧ ਠਾਕਰ, ਦੀਨਨ ਆਪਣੇ ਅੰਗ ਲਗਾਇੰਦਾ । ਕ਼ਾਦਰ ਕਰੀਮ ਕਰਤਾ ਕ਼ਾਦਰ, ਕ਼ੁਦਰਤ ਆਪਣੇ ਸੰਗ ਰਖਾਇੰਦਾ । ਲੇਖਾ ਜਾਣੇ ਪਿਦਰ ਮਾਦਰ, ਪਿਸਰ ਬਰਾਦਰ ਆਪਣਾ ਰੂਪ ਵਟਾਇੰਦਾ । ਗੁਰਮੁਖ ਵਿਰਲਾ ਜਗਤ ਬਹਾਦਰ, ਜੋ ਜਨ ਲੋਕਲਾਜ ਤਜਾਇੰਦਾ । ਏਕਾ ਨਾਮ ਵਣਜ ਬਣੇ ਕਰੇ ਸਚ ਸੌਦਾਗਰ, ਸਚ ਵਣਜਾਰਾ ਹੱਟ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸਤਿਗੁਰ ਵੇਖ ਵਖਾਇੰਦਾ । ਗੁਰਸਿਖ ਗੁਰ ਗੁਰ ਏਕਾ ਓਟ, ਹਰਿ ਮਤੀ ਆਪ ਸਮਝਾਇੰਦਾ । ਤਨ ਨਗਾਰੇ ਲੱਗੇ ਚੋਟ, ਅਨਹਦ ਨਾਦੀ ਨਾਦ ਵਜਾਇੰਦਾ । ਜਗਤ ਵਾਸਨਾ ਕੱਢੇ ਖੋਟ, ਸਚ ਸੁੱਚ ਮੇਲ ਮਿਲਾਇੰਦਾ । ਆਪ ਉਠਾਏ ਆਲ੍ਹਣਿਉਂ ਡਿਗੇ ਬੋਟ, ਸਚ ਦਵਾਰੇ ਆਪ ਸੁਹਾਇੰਦਾ । ਮੇਲ ਮਿਲਾਵਾ ਨਿਰਮਲ ਜੋਤ, ਨਿਰਗੁਣ ਸਰਗੁਣ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਗੁਰ ਗੁਰ ਵੇਖੇ ਏਕਾ ਘਰ, ਦਰ ਘਰ ਸਾਚਾ ਆਪ ਵਡਿਆਇੰਦਾ । ਹਰਿ ਸਤਿਗੁਰ ਸੱਚਾ ਦੀਨਾ ਨਾਥ, ਦੋ ਜਹਾਨ ਖੇਲ ਖਿਲਾਈਆ । ਭਗਤ ਭਗਵੰਤ ਵਸੇ ਸਾਥ, ਸਗਲਾ ਸੰਗ ਰਖਾਈਆ । ਰੂਪ ਅਨੂਪ ਤ੍ਰਿਲੋਕੀ ਨਾਥ, ਚੌਦਾਂ ਭਵਨ ਰਿਹਾ ਜਗਾਈਆ । ਆਤਮ ਪਰਮਾਤਮ ਸਾਚੀ ਗਾਥ, ਵਿਸ਼ਨ ਬ੍ਰਹਮਾ ਸ਼ਿਵ ਕਰੇ ਪੜ੍ਹਾਈਆ । ਸਗਲ ਵਿਸੂਰੇ ਜਾਇਣ ਲਾਥ, ਜੋ ਜਨ ਹਰਿ ਹਰਿ ਨੇਤਰ ਲੋਚਣ ਦਰਸ਼ਨ ਪਾਈਆ । ਇਕ ਚੜ੍ਹਾਏ ਸਾਚੇ ਰਾਥ, ਮਹਾਂਸਾਰਥੀ ਸਾਚੀ ਸੇਵ ਕਮਾਈਆ । ਲਹਿਣਾ ਚੁਕੇ ਸੀਆਂ ਸਾਢੇ ਤਿੰਨ ਹੱਥ, ਹਥਕੜੀ ਰਾਏ ਧਰਮ ਨਾ ਦਏ ਲਗਾਈਆ । ਚਿਤਰ ਗੁਪਤ ਨਾ ਪਾਏ ਨੱਥ, ਲੇਖਾ ਅੱਗੇ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲੇ ਆਪਣੇ ਘਰ, ਘਰ ਸਾਚਾ ਇਕ ਰਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਤਮ ਜੀਆ ਦੇਵੇ ਦਾਨ, ਜੀਵਨ ਜੁਗਤ ਜਗਤ ਜਗ ਭਗਤ ਭਗਵੰਤ ਅੰਤ ਅਪਣੇ ਹੱਥ ਰਖਾਈਆ ।

ਗੁਰ ਸੱਜਣ ਗੁਰ ਮੀਤ, ਗੁਰਦੇਵ ਦੀਨ ਦਿਆਲਾ । ਗੁਰ ਠਾਂਡਾ ਗੁਰ ਸੀਤ, ਗੁਰ ਸਦਾ ਸਦਾ ਰਖਵਾਲਾ । ਗੁਰ ਗੁਰਦੇਵ ਵਸੇ ਸਦਾ ਚੀਤ, ਗੁਰ ਦੱਸੇ ਧਾਮ ਨਿਰਾਲਾ । ਗੁਰ ਪਤਿਤ ਕਰੇ ਪੁਨੀਤ, ਗੁਰ ਤਨ ਪਹਿਨਾਏ ਆਤਮ ਅੰਤਰ ਸੋਹੰ ਸੱਚੀ ਮਾਲਾ । ਗੁਰ ਚਲਾਏ ਜੁਗ ਜੁਗ ਰੀਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਦੱਸੇ ਰਾਹ ਸੁਖਾਲਾ । ਗੁਰ ਪ੍ਰੇਮ ਗੁਰ ਪਿਆਰ, ਪੀਆ ਪ੍ਰੀਤਮ ਗੁਰ ਅਖਵਾਈਆ । ਗੁਰ ਪੁਰਖ ਗੁਰ ਨਾਰ, ਗੁਰ ਨਰ ਨਰਾਇਣ ਵਡੀ ਵਡਿਆਈਆ । ਗੁਰ ਮੰਦਰ ਗੁਰ ਦਰਬਾਰ, ਗੁਰ ਦਰ ਘਰ ਸੋਭਾ ਪਾਈਆ । ਗੁਰ ਸ਼ਬਦ ਤੂਰ ਮੰਗਲਾਚਾਰ, ਗੁਰ ਗੀਤ ਗੋਬਿੰਦ ਸੁਣਾਈਆ । ਗੁਰ ਗੁਰਸਿਖ ਅੰਦਰ ਆਪਣੀ ਵਸਤ ਦੇਵੇ ਡਾਰ, ਨਾਮ ਨਿਧਾਨ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਮੁਖ ਗੁਰ ਗੁਰਮੁਖਾਂ ਰਿਹਾ ਸਾਲਾਹੀਆ ।

★ ੧੯ ਜੇਠ ੨੦੧੮ ਬਿਕਰਮੀ ਮੰਗਤ ਰਾਮ ਦੇ ਗ੍ਰਿਹਿ ਜੰਮੂ ★

ਗੁਰ ਦਾਤਾ ਗਹਿਰ ਗੰਭੀਰ, ਵੱਡੀ ਵਡ ਵਡਿਆਈਆ । ਗੁਰ ਕਾਇਆ ਠਾਂਡਾ ਕਰੇ ਸਰੀਰ, ਅੰਮ੍ਰਿਤ ਜਾਮ ਪਿਆਈਆ । ਗੁਰ ਹਉਮੇ ਕੱਢੇ ਪੀੜ, ਰੋਗ ਸੋਗ ਚਿੰਤ ਮਿਟਾਈਆ । ਗੁਰ ਅੰਮ੍ਰਿਤ ਬਖ਼ਸ਼ੇ ਸੀਰ, ਨਿਝਰ ਝਿਰਨਾ ਆਪ ਝਿਰਾਈਆ । ਗੁਰ ਚੋਟੀ ਚਾੜ੍ਹੇ ਫੜ ਅਖ਼ੀਰ, ਸੁਰਤੀ ਸ਼ਬਦੀ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲੇ ਆਪਣੇ ਦਰ, ਦਰਵਾਜ਼ਾ ਬੰਦ ਖੁਲ੍ਹਾਈਆ । ਗੁਰ ਬੰਦ ਕਿਵਾੜਾ ਖੋਲ੍ਹੇ ਤਾਕ, ਬਜਰ ਕਪਾਟੀ ਤੋੜ ਤੁੜਾਇੰਦਾ । ਗੁਰ ਕਾਇਆ ਮੰਦਰ ਅੰਦਰ ਵਖਾਏ ਸਾਚਾ ਹਾਟ, ਨਾਮ ਖ਼ਜ਼ਾਨਾ ਆਪ ਭਰਾਇੰਦਾ । ਗੁਰ ਅਨਹਦ ਸ਼ਬਦ ਵਜਾਏ ਨਾਦ, ਤਾਲ ਤਲਵਾੜਾ ਆਪ ਸੁਣਾਇੰਦਾ । ਗੁਰ ਮੇਟ ਮਿਟਾਏ ਵਾਦ ਵਿਵਾਦ, ਵਿਖ ਅੰਮ੍ਰਿਤ ਆਪ ਬਣਾਇੰਦਾ । ਗੁਰ ਲੱਖ ਚੁਰਾਸੀ ਵਿਚੋਂ ਲਏ ਕਾਢ, ਜਿਸ ਸਿਰ ਆਪਣਾ ਹੱਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਬ੍ਰਹਮ ਗੁਰ ਬ੍ਰਹਿਮਾਦ ਗੁਰ ਆਦਿ ਗੁਰ ਜੁਗਾਦਿ, ਗੁਰਦੇਵ ਨਮੋ ਨਿਮਸਕਾਰ, ਗੁਰ ਗੁਰ ਗੁਰਮੁਖ ਏਕਾ ਰੰਗ ਸਮਾਇੰਦਾ ।

ਗੁਰ ਦਾਤਾ ਗੁਰ ਦਾਨੀ, ਗੁਰ ਦੇਵਣਹਾਰ ਦੀਨ । ਗੁਰ ਪਰਮ ਪੁਰਖ ਸੁਲਤਾਨੀ, ਗੁਰ ਗੁਰਮੁਖ ਅੰਦਰ ਲੀਨ । ਗੁਰ ਵਿਦਤ ਵਿਦਿਆ ਵਿਦਵਾਨੀ, ਗੁਰ ਅੱਖਰ ਅੱਖਰ ਰਿਹਾ ਚੀਨ । ਗੁਰ ਗੁਰਮੁਖਾਂ ਵਖਾਏ ਇਕ ਨਿਸ਼ਾਨੀ, ਨਾਤਾ ਤੋੜ ਤੱਤ ਤੀਨ । ਗੁਰ ਗੁਰਸਿਖਾਂ ਬਖ਼ਸ਼ ਚਰਨ ਧਿਆਨੀ, ਚਰਨ ਕਵਲ ਗੁਰਸਿਖ ਲਿਵ ਲੀਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਸਾਗਰ ਆਪੇ ਜਲ ਆਪੇ ਗੁਰਸਿਖ ਹੋਏ ਮੀਨ ।

ਗੁਰ ਸੱਜਣ ਗੁਰ ਸਾਕ ਸੈਣਾ, ਭੈਣ ਭਾਈ ਬੰਧਪ ਗੁਰ ਅਖਵਾਇੰਦਾ । ਗੁਰ ਦਰਸ ਗੁਰਮੁਖ ਪੇਖੇ ਨੈਣਾਂ, ਗੁਰ ਗੁਰ ਹੀ ਵਿਚ ਸਮਾਇੰਦਾ ।

ਗੁਰ ਕਾ ਸ਼ਬਦ ਗੁਰ ਕਾ ਕਹਿਣਾ, ਗੁਰਸਿਖ ਵਿਰਲਾ ਝੋਲੀ ਪਾਇੰਦਾ । ਗੁਰ ਚੁਕਾਏ ਲਹਿਣਾ ਦੇਣਾ, ਗੁਰ ਪਿਛਲਾ ਮੂਲ ਹੱਥ ਫੜਾਇੰਦਾ । ਗੁਰ ਤਨ ਪਹਿਨਾਏ ਸਾਚਾ ਗਹਿਣਾ, ਨਾਮ ਭੂਸ਼ਨ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਾਇਆ ਕੰਚਨ ਕੋਟ ਆਪ ਵਡਿਆਇੰਦਾ । ਗੁਰ ਮੇਟੇ ਜਗਤ ਅੰਦੇਸ, ਅੰਦੇਸਾ ਕੋਇ ਰਹੇ ਨਾ ਰਾਈਆ । ਗੁਰ ਸਦਾ ਸਹਾਈ ਰਹੇ ਹਮੇਸ਼, ਹਰਿਜਨ ਸਾਚੇ ਪੈਜ ਰਖਾਈਆ । ਗੁਰ ਵੇਖਣਹਾਰਾ ਰਿਹਾ ਵੇਖ, ਵੇਖੇ ਵਿਗਸੇ ਦਏ ਗਵਾਹੀਆ । ਗੁਰ ਮੇਟਣਹਾਰਾ ਰੇਖ, ਗੁਰ ਅਗਲਾ ਲੇਖਾ ਦਏ ਲਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਘਾਟ ਵਖਾਏ, ਘਾਟਾ ਕੋਇ ਰਹਿਣ ਨਾ ਪਾਈਆ ।

## ★ ੧੯ ਜੇਠ ੨੦੧੮ ਬਿਕ੍ਰਮੀ ਹਰਨਾਮ ਸਿੰਘ ਦੇ ਗ੍ਰਿਹ ਚੜ੍ਹਦਾ ਗਰਾਮ ਜੰਮੂ ★

ਸੋ ਪੁਰਖ ਨਿਰੰਜਣ ਸ਼ਾਹ ਸੁਲਤਾਨਾ, ਸਚਖੰਡ ਦਵਾਰੇ ਸੋਭਾ ਪਾਇੰਦਾ । ਤਖ਼ਤ ਨਿਵਾਸੀ ਹਰਿ ਭਗਵਾਨਾ, ਅਨਭਵ ਆਪਣੀ ਖੇਲ ਖਿਲਾਇੰਦਾ । ਜੋਤੀ ਨੂਰ ਨੂਰ ਮਹਾਨਾ, ਜਲਵਾ ਨੂਰ ਡਗਮਗਾਇੰਦਾ । ਲੇਖਾ ਜਾਣੇ ਦੋ ਜਹਾਨਾ, ਰੂਪ ਅਨੂਪ ਆਪ ਧਰਾਇੰਦਾ । ਨਾਮ ਜਣਾਏ ਧੁਰ ਫ਼ਰਮਾਨਾ, ਸ਼ਬਦ ਅਗੰਮੀ ਨਾਦ ਵਜਾਇੰਦਾ । ਮੁਕਾਮੇ ਹੱਕ ਇਕ ਟਿਕਾਣਾ, ਪਰਵਰਦਿਗਾਰ ਡੇਰਾ ਲਾਇੰਦਾ । ਲਾਸ਼ਰੀਕ ਸਚ ਨਿਸ਼ਾਨਾ, ਵਾਹਦ ਆਪਣਾ ਨਾਉਂ ਰਖਾਇੰਦਾ । ਰਾਮ ਰੂਪ ਹੋ ਪਰਧਾਨਾ, ਸਾਚਾ ਹੁਕਮ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਏਕਾ ਹਰਿ, ਆਪਣਾ ਵੇਸ ਆਪ ਧਰਾਇੰਦਾ । ਆਦਿ ਪੁਰਖ ਇਕ ਇਕੱਲਾ, ਦਰਗਹਿ ਸਾਚੀ ਸੋਭਾ ਪਾਈਆ । ਵਸਣਹਾਰਾ ਧਾਮ ਉਚ ਅਟਲ ਮਹੱਲਾ, ਸਚ ਮਹੱਲਾ ਆਪ ਉਪਾਈਆ । ਆਪੇ ਜਲਵਾ ਨੂਰ ਇਲਾਹੀ ਘੱਲਾ, ਆਲਮੀਨ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਕਰੇ ਖੇਲ ਬੇਪਰਵਾਹ, ਪਾਰਬ੍ਰਹਮ ਵਡੀ ਵਡਿਆਈਆ । ਸਚ ਮਹੱਲਾ ਦਏ ਵਸਾ, ਨੂਰ ਨੁਰਾਨਾ ਹੱਕ ਖ਼ੁਦਾਈਆ । ਏਕਾ ਹੁਕਮ ਦਏ ਸੁਣਾ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਇਕ ਸਦਾ ਦਏ ਲਗਾ, ਸਾਬਰ ਆਪਣਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚੇ ਵਸੇ ਸਾਚਾ ਮਾਹੀਆ । ਦਰ ਘਰ ਸਾਚਾ ਹਰਿ ਸੁਹਾਇੰਦਾ, ਇਕ ਇਕੱਲਾ ਆਸਣ ਲਾ । ਜਲਵਾ ਨੂਰ ਆਪਣਾ ਆਪ ਡਗਮਗਾਇੰਦਾ, ਨੂਰ ਇਲਾਹੀ ਇਕ ਖ਼ੁਦਾ । ਦੂਸਰ ਅਵਰ ਨਾ ਸੰਗ ਰਖਾਇੰਦਾ, ਨਾ ਕੋਈ ਨਾਤਾ ਜੋੜ ਜੁੜਾ । ਜੁਗ ਜੁਗ ਆਪਣਾ ਵੇਸ ਵਟਾਇੰਦਾ, ਨਿਰਗੁਣ ਸਰਗੁਣ ਰੂਪ ਧਰਾ । ਰਾਮ ਰਹੀਮ ਰਹਿਮਾਨ ਆਪ ਅਖਵਾਇੰਦਾ, ਉਲਫ਼ਤ ਜਾਣੇ ਦੋ ਜਹਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੁਰਖ ਅਕਾਲ ਏਕਾ ਹਰਿ ਏਕਾ ਵਸੇ ਸਾਚੇ ਥਾਂ । ਸਾਚਾ ਧਾਮ ਸਚ ਟਿਕਾਣਾ, ਹਰਿ ਸਾਚਾ ਸਚ ਬਣਾਈਆ । ਜੁਗਾ ਜੁਗੰਤਰ ਹੋ ਮਿਹਰਵਾਨਾ, ਲੋਕਮਾਤ ਵੇਸ ਵਟਾਈਆ । ਪੰਜ ਤੱਤ ਦੇਵੇ ਇਕ ਗਿਆਨਾ, ਏਕਾ ਰਾਮ ਨਾਮ ਕਰੇ ਪੜ੍ਹਾਈਆ । ਏਕਾ ਬ੍ਰਹਮ ਕਰੇ ਪਰਧਾਨਾ, ਆਤਮ ਜੋਤ ਜੋਤ ਕਰ ਰੁਸ਼ਨਾਈਆ । ਏਕਾ ਰਾਗ ਇਕ ਤਰਾਨਾ, ਏਕਾ ਨਾਦ ਦਏ ਵਜਾਈਆ । ਏਕਾ ਮੰਦਰ ਇਕ ਮਕਾਨਾ, ਏਕਾ ਘਰ ਦਏ ਵਖਾਈਆ । ਏਕਾ ਠਾਕਰ ਅਬਿਨਾਸ਼ੀ ਸ਼ਾਹ ਸੁਲਤਾਨਾ, ਸਾਚੇ ਤਖ਼ਤ

ਸੋਭਾ ਪਾਈਆ । ਏਕਾ ਰਾਮ ਇਕ ਭਗਵਾਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਵੇਸ ਵਟਾਈਆ । ਜੁਗ ਜੁਗ ਵੇਸ ਹਰਿ ਵਟੰਦੜਾ, ਪਾਰਬ੍ਰਹਮ ਕਰਤਾਰ । ਜੁਗ ਚੌਕੜੀ ਵੇਖ ਵਖੰਦੜਾ, ਸਤਿਜੁਗ ਤ੍ਰੇਤਾ ਹੋ ਉਜਿਆਰ । ਲੰਕਾ ਗੜ੍ਹ ਆਪ ਤੁੜੰਦੜਾ, ਰਾਵਣ ਮਾਰੇ ਦੁਸ਼ਟ ਹੰਕਾਰ । ਗ਼ਰੀਬ ਨਿਮਾਣੇ ਗਲ ਲਗੰਦੜਾ, ਸਮਰਥ ਪੁਰਖ ਕਰ ਪਿਆਰ । ਕਾਗਦ ਕ਼ਲਮ ਭੇਵ ਲਖੰਦੜਾ, ਲਿਖ ਲਿਖ ਥੱਕੇ ਵੇਦ ਚਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਜੁਗ ਜੁਗ ਪਾਵੇ ਸਾਚੀ ਸਾਰ । ਜੁਗ ਜੁਗ ਸਾਰ ਸਮਾਲਦਾ, ਨਿਰਗੁਣ ਸਰਗੁਣ ਹੋ ਉਜਿਆਰ । ਸਤਿਜੁਗ ਤ੍ਰੇਤਾ ਪਾਰ ਉਤਾਰਦਾ, ਦੁਆਪਰ ਖੇਲ ਕਰੇ ਨਿਰੰਕਾਰ । ਕਾਹਨਾ ਕ੍ਰਿਸ਼ਨਾ ਕਰੇ ਖੇਲ ਅਗੰਮ ਅਪਾਰ ਦਾ, ਸੋਲਾਂ ਕਲ ਹੋ ਉਜਿਆਰ । ਸੋਲਾਂ ਸ਼ੰਗਾਰ ਸੱਚੀ ਸਰਕਾਰ ਦਾ, ਮੁਕਟ ਬੈਣ ਮੀਤ ਮੁਰਾਰ । ਹੋਏ ਸਖਾਈ ਸਦਾ ਮਿੱਤਰ ਗ਼ਰੀਬ ਨਿਮਾਣੇ ਤਾਰਦਾ, ਬਿਦਰ ਸੁਦਾਮਾ ਦਏ ਆਧਾਰ । ਪੰਚਮ ਮੇਲਾ ਏਕਾ ਧੁਰ ਦਰਬਾਰ ਦਾ, ਲੇਖਾ ਜਾਣੇ ਲਿਖਣਹਾਰ । ਭਗਤ ਭਗਵੰਤ ਇਕ ਪਛਾਣਦਾ, ਏਕਾ ਦੇਵੇ ਬ੍ਰਹਮ ਗਿਆਨ । ਏਕਾ ਅੱਖਰ ਗੁਣ ਨਿਧਾਨ ਦਾ, ਅਠਾਰਾਂ ਧਿਆਏ ਗੀਤਾ ਗੁਣ ਦਏ ਵਖਾਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਜੁਗ ਜੁਗ ਖੇਲੇ ਖੇਲ ਸ੍ਰੀ ਭਗਵਾਨ । ਸਤਿਜੁਗ ਤ੍ਰੇਤਾ ਦੁਆਪਰ ਪਾਰ ਕਰਾਇਆ, ਥਿਰ ਕੋਇ ਰਹਿਣ ਨਾ ਪਾਈਆ । ਰਾਮਾ ਕ੍ਰਿਸ਼ਨਾ ਰੂਪ ਧਰਾਇਆ, ਵਿਸ਼ਨ ਬ੍ਰਹਮਾ ਸ਼ਿਵ ਮੇਲ ਮਿਲਾਈਆ । ਨਾਰਦ ਮੀਤਾ ਏਕਾ ਰੰਗ ਰੰਗਾਇਆ, ਏਕਾ ਰੰਗਣ ਦਏ ਚੜ੍ਹਾਈਆ । ਵੇਦ ਵਿਆਸਾ ਭੇਵ ਖੁਲ੍ਹਾਇਆ, ਪੁਰਾਨ ਅਠਾਰਾਂ ਹਰਿ ਜਸ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਕਲਜੁਗ ਖੇਲ ਹਰਿ ਅਵੱਲਾ, ਨਿਰਾਕਾਰ ਆਪ ਕਰਾਇੰਦਾ । ਈਸਾ ਮੂਸਾ ਫੜਾਏ ਪੱਲਾ, ਸਾਚਾ ਦਾਮਨ ਹੱਥ ਰਖਾਇੰਦਾ । ਕਲਮਾ ਅਮਾਮ ਏਕਾ ਘੱਲਾ, ਸਚ ਸੰਦੇਸ ਆਪ ਸੁਣਾਇੰਦਾ । ਆਪਣਾ ਰੂਪ ਪਰਗਟਾਏ ਨੂਰ ਇਲਾਹੀ ਅੱਲਾ, ਬਿਸਮਲ ਆਪਣੀ ਖੇਲ ਖਿਲਾਇੰਦਾ । ਹੱਕ ਹਕ਼ੀਕ਼ਤ ਸਚ ਮੁਸੱਲਾ, ਸ਼ਰਅ ਸ਼ਰੀਅਤ ਆਪ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗੰਤਰ ਰੂਪ ਅਨੂਪ ਆਪ ਧਰਾਇੰਦਾ । ਇਲਾਹੀ ਨੂਰ ਨੂਰ ਅਲਾਹ ਪਰਵਦਿਗਾਰ, ਦਰ ਘਰ ਸਾਚਾ ਆਪ ਸੁਹਾਇੰਦਾ । ਮੁਕਾਮੇ ਹੱਕ ਖੇਲ ਅਪਾਰ, ਖੇਲਣਹਾਰਾ ਦਿਸ ਨਾ ਆਇੰਦਾ । ਅੱਲਾ ਹੂ ਅੰਨਾ ਹੂ ਬੋਲ ਜੈਕਾਰ, ਹੂ ਹੂ ਆਪਣਾ ਰੰਗ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੇਐਬ ਖ਼ੁਦਾਈ ਪਰਵਰਦਿਗਾਰ, ਵਸਣਹਾਰਾ ਠਾਂਡੇ ਦਰਬਾਰ, ਸਚ ਦਰਬਾਰ ਆਪ ਸੁਹਾਇੰਦਾ । ਸਚ ਦਰਬਾਰਾ ਖ਼ਾਲਕ ਖ਼ਲਕ, ਏਕਾ ਏਕ ਵਖਾਇੰਦਾ । ਲੇਖਾ ਜਾਣੇ ਆਪਣੇ ਫ਼ਲਕ, ਆਪਣਾ ਪਰਦਾ ਆਪ ਉਠਾਇੰਦਾ । ਜ਼ਿਮੀਂ ਅਸਮਾਨਾ ਬਣਾਏ ਬਣਤ, ਆਪਣਾ ਘਾੜਨ ਆਪ ਘੜਾਇੰਦਾ । ਆਪੇ ਜਾਣੇ ਆਪਣੀ ਉਮਤ, ਨਬੀ ਰਸੂਲ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵੇਸ ਆਪ ਵਟਾਇੰਦਾ । ਵੇਸ ਅਵੱਲਾ ਸਚ ਮਹੱਲਾ, ਸ਼ਾਹ ਸੁਲਤਾਨ ਆਪ ਕਰਾਈਆ । ਮੁਹੰਮਦ ਨੂਰ ਆਪੇ ਰੱਲਾ, ਨੂਰੋ ਨੂਰ ਡਗਮਗਾਈਆ । ਸਚ ਸੰਦੇਸ ਏਕਾ ਘੱਲਾ, ਜਬਰਾਈਲ ਮੇਕਾਈਲ ਅਸਰਾਫੀਲ ਅਜ਼ਰਾਈਲ ਸੇਵ ਕਮਾਈਆ । ਕਲਾਮ ਇਲਾਹੀ ਫੜਾਇਆ ਪੱਲਾ, ਸਚ ਹਦੀਸ ਇਕ ਸੁਣਾਈਆ । ਤੀਸ ਬਤੀਸ ਆਪੇ ਰੱਲਾ, ਸ਼ਰਅ ਸ਼ਰੀਅਤ ਦਏ ਵਡਿਆਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਅਹਿਬਾਬ ਇਕ ਰਬਾਬ ਰਿਹਾ ਵਜਾਈਆ । ਇਕ ਰਬਾਬ ਇਕ ਸਤਾਰ, ਨਿਰਗੁਣ ਤਾਰ ਤਾਰ ਹਿਲਾਇੰਦਾ । ਅਮਾਮ ਅਮਾਮਾਂ ਹੋ ਉਜਿਆਰ, ਨੂਰ ਨੂਰ ਨੂਰ ਦਰਸਾਇੰਦਾ । ਮੁੱਲਾਂ ਸ਼ੇਖ਼ ਮਸਾਇਕ ਪੀਰ ਦਸਤਗੀਰ ਆਪੇ ਕਰੇ ਖ਼ਬਰਦਾਰ, ਸਚ ਸੰਦੇਸਾ ਆਪ ਸੁਣਾਇੰਦਾ । ਹੱਕ ਬਹੱਕ ਪਾਵੇ ਸਾਰ, ਹੁਕਮ ਆਪਣਾ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਮੁਹੰਮਦ ਦੇਵੇ ਵਰ, ਸਾਚਾ ਮੇਲਾ ਆਪ ਮਿਲਾਇੰਦਾ । ਸਚ ਮੁਹੰਮਦ ਸਚ ਵਿਹਾਰਾ, ਖ਼ੁਦਾਵੰਦ ਕਰੀਮ ਆਪ ਕਰਾਈਆ । ਚੋਦਾਂ ਤਬਕ ਤੇਰਾ ਹੁਲਾਰਾ, ਚੌਦਸ ਚੋਦਾਂ ਚੰਦ ਚੜ੍ਹਾਈਆ । ਚੌਦਾਂ ਸਦ ਤੇਰਾ ਜੈਕਾਰਾ, ਲੋਕਮਾਤ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗੰਤਰ ਪੀਰ ਪੈਗ਼ੰਬਰ ਸੇਵਾ ਲਾਈਆ । ਪੀਰ ਪੈਗ਼ੰਬਰ ਸੇਵਾਦਾਰ, ਖ਼ਾਲਕ ਖ਼ਲਕ ਵੇਖ ਵਖਾਇੰਦਾ । ਰਹਿਮਤ ਕਰੇ ਆਪ ਰਹਿਮਾਨ, ਰਾਜ਼ਕ ਰਹੀਮ ਨਾਉਂ ਧਰਾਇੰਦਾ । ਕਲਮਾ ਕਲਾਮ ਕਰ ਤਿਆਰ, ਕਾਤਬ ਆਪਣਾ ਲੇਖ ਲਿਖਾਇੰਦਾ । ਕ਼ੁਦਰਤ ਵੇਖੇ ਆਪਣੀ ਵਾਰ, ਵੇਸ ਅਵੱਲਾ ਰਾਣੀ ਅੱਲਾ ਰੂਪ ਅਨੂਪ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਜੁਗ ਜੁਗ ਆਪਣਾ ਨਾਉਂ ਪਰਗਟਾਇੰਦਾ । ਜੁਗ ਜੁਗ ਨਾਉਂ ਰਖੰਦੜਾ, ਬੇਐਬ ਪਰਵਰਦਿਗਾਰ । ਨਾਨਕ ਜੋਤੀ ਜੋਤ ਜਗੰਦੜਾ, ਏਕਾ ਨਾਦ ਸੁਣਾਏ ਸੱਚੀ ਧੁੰਨਕਾਰ । ਏਕਾ ਮੰਤਰ ਨਾਮ ਰਖੰਦੜਾ, ਚਾਰ ਕੁੰਟ ਜੈ ਜੈਕਾਰ । ਹਿੰਦੂ ਮੁਸਲਿਮ ਏਕਾ ਰੰਗ ਰੰਗੰਦੜਾ, ਊਚ ਨੀਚ ਨਾ ਕੋਇ ਵਿਚਾਰ । ਤਟ ਤੀਰਥ ਵੇਖ ਵਖੰਦੜਾ, ਗੰਗਾ ਗੋਦਾਵਰੀ ਜਮਨਾ ਸੁਰਸਤੀ ਪਾਵੇ ਸਾਰ । ਮੱਕਾ ਮਦੀਨਾ ਚਰਨ ਛੁਹੰਦੜਾ, ਗਲ ਤਸਬੀ ਅਪਰ ਅਪਾਰ । ਨੀਲਾ ਚੋਲਾ ਆਪ ਰਗੰਦੜਾ, ਸੇਲੀ ਟੋਪੀ ਕਰ ਵਿਚਾਰ । ਉਲਫ਼ਤ ਖ਼ੁਦਾ ਖ਼ੁਦ ਆਪਣੀ ਆਪ ਰਖੰਦੜਾ, ਆਪੇ ਹੋਏ ਰੱਖਣਹਾਰ । ਬੰਦਾ ਬੰਦਗੀ ਇਕ ਸਖੰਦੜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਆਪ ਨਿਰੰਕਾਰ । ਨਿਰੰਕਾਰ ਹਰਿ ਖੇਲ ਖਿਲਾਇਆ, ਨਾਨਕ ਨਿਰਗੁਣ ਦਇਆ ਕਮਾ । ਸਤਿ ਨਾਮ ਮੰਤਰ ਇਕ ਜਣਾਇਆ, ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਦਏ ਸੁਣਾ । ਹਿੰਦੂ ਮੁਸਲਿਮ ਏਕਾ ਰੰਗ ਰੰਗਾਇਆ, ਦੂਈ ਦਵੈਤ ਨਾ ਕੋਇ ਜਣਾ । ਹਰ ਘਟ ਅੰਦਰ ਹਰਿ ਜੂ ਆਸਣ ਲਾਇਆ, ਕੋਈ ਆਖੇ ਰਾਮ ਕੋਈ ਕਹੇ ਖ਼ੁਦਾ । ਨਿਰਗੁਣ ਪੁਰਖ ਅਕਾਲ ਏਕਾ ਪਾਇਆ, ਪੰਜ ਤੱਤ ਨਾਨਕ ਰਿਹਾ ਸਮਝਾ । ਏਕਾ ਜੋਤ ਦਸ ਦਸ ਰੂਪ ਧਰਾਇਆ, ਗੋਬਿੰਦ ਲੇਖਾ ਦਏ ਲਿਖਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹ । ਗੋਬਿੰਦ ਲੇਖਾ ਅਪਰ ਅਪਾਰਾ, ਊਚ ਨੀਚ ਦਏ ਵਡਿਆਈਆ । ਵੇਖ ਵਖਾਏ ਸੰਗ ਮੁਹੰਮਦ ਚਾਰ ਯਾਰਾ, ਨਬੀ ਰਸੂਲ ਨਾਲ ਮਿਲਾਈਆ । ਚੌਦਾਂ ਤਬਕਾਂ ਖੋਲ੍ਹ ਕਿਵਾੜਾ, ਚੌਦਾਂ ਹੱਟ ਦਏ ਜਣਾਈਆ । ਕਲਜੁਗ ਅੰਤਮ ਹੋਵੇ ਅੰਧ ਅੰਧਿਆਰਾ, ਚਾਰੋਂ ਕੁੰਟ ਅੰਧੇਰਾ ਛਾਈਆ । ਨਾਤਾ ਤੁਟੇ ਮੀਤ ਮੁਰਾਰਾ, ਸਾਕ ਸੱਜਣ ਨਾ ਕੋਇ ਅਖਵਾਈਆ । ਵਰਨ ਬਰਨ ਰੋਵਣ ਜ਼ਾਰੋ ਜ਼ਾਰਾ, ਉਚੀ ਕੂਕਣ ਦੇਣ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵੇਸ ਆਪ ਵਟਾਈਆ । ਕਲਜੁਗ ਅੰਤਮ ਕੂਕ ਪੁਕਾਰ, ਚਾਰ ਕੁੰਟ ਕੁਰਲਾਇਆ । ਹਿੰਦੂ ਸਿੱਖ ਈਸਾਈ ਮੁਸਲਿਮ ਰੋਵਣ ਜ਼ਾਰੋ ਜ਼ਾਰ, ਧੀਰਜ ਧੀਰ ਨਾ ਕੋਇ ਧਰਾਇਆ । ਕਿਸੇ ਨਜ਼ਰ ਨਾ ਆਇਆ ਸਾਂਝਾ ਯਾਰ, ਪਾਕੀ ਪਾਕ ਇਕ ਖ਼ੁਦਾਇਆ । ਏਕਾ ਰਾਮ ਕਰੇ ਪਿਆਰ, ਹਰ ਘਟ ਬੈਠਾ ਆਸਣ ਲਾਇਆ । ਏਕਾ

੬੯੧
੧੦

ਕ੍ਰਿਸ਼ਨਾ ਦਏ ਆਧਾਰ, ਮੁਕੰਦ ਮਨੋਹਰ ਲੱਖਮੀ ਨਰਾਇਣ ਸੀਸ ਤਾਜ ਜਗਦੀਸ ਸੁਹਾਇਆ । ਏਕਾ ਨਾਨਕ ਕਰੇ ਪਿਆਰ, ਘਟ ਘਟ ਮੰਤਰ ਨਾਮ ਦ੍ਰਿੜਾਇਆ । ਏਕਾ ਗੋਬਿੰਦ ਬੋਲੇ ਫ਼ਤਿਹ ਜੈਕਾਰ, ਸਾਚਾ ਡੰਕਾ ਨਾਮ ਵਜਾਇਆ । ਪੁਰਖ ਅਕਾਲ ਸ੍ਰਿਸ਼ਟ ਸਬਾਈ ਕਰੇ ਪਿਆਰ, ਜ਼ਾਤ ਪਾਤ ਨਾ ਕੋਇ ਰਖਾਇਆ । ਦੀਨ ਮਜ਼੍ਹਬ ਵੇਖੇ ਇਸਲਾਮ, ਨੂਰ ਇਲਾਹੀ ਸਚ ਕਲਾਮ ਕਲਮਾ ਆਪਣਾ ਆਪ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਖੇਲ ਖਿਲਾਇਆ । ਜੁਗ ਜੁਗ ਖੇਲ ਖਿਲਾਇੰਦਾ, ਇਕ ਇਕੱਲਾ ਬੇਪਰਵਾਹ । ਹੱਕ ਹਕ਼ੀਕ਼ਤ ਵੇਖ ਵਖਾਇੰਦਾ, ਲਾਸ਼ਰੀਕ ਇਕ ਖ਼ੁਦਾ । ਸ਼ਿਰਕਤ ਵਿਚ ਕਦੇ ਨਾ ਆਇੰਦਾ, ਗ਼ਫ਼ਲਤ ਵਿਚ ਸਕੇ ਨਾ ਕੋਇ ਭੁੱਲਾ । ਮੁਰਸ਼ਦ ਮੁਰੀਦ ਆਪਣੇ ਰੰਗ ਰੰਗਾਇੰਦਾ, ਏਕਾ ਮਾਰਫਤ ਦਏ ਸਮਝਾ । ਭਗਤ ਭਗਵੰਤ ਆਪ ਉਠਾਇੰਦਾ, ਰਾਮ ਰਾਮਾ ਮੇਲ ਮਿਲਾ । ਕਾਹਨਾ ਕ੍ਰਿਸ਼ਨਾ ਸੰਗ ਰਖਾਇੰਦਾ, ਜਗਤ ਵਿਛੋੜਾ ਫੰਦ ਕਟਾ । ਨਾਨਕ ਜੋਤੀ ਜੋਤ ਜਗਾਇੰਦਾ, ਜਾਤਾ ਆਪਣਾ ਰੰਗ ਵਖਾ । ਗੋਬਿੰਦ ਡੰਕਾ ਇਕ ਵਜਾਇੰਦਾ, ਮੂਰਖ ਮੁਗਧਾਂ ਰਿਹਾ ਸਮਝਾ । ਪੁਰਖ ਅਕਾਲ ਪਾਰਬ੍ਰਹਮ ਪਤਿਪਰਮੇਸ਼ਵਰ ਸਰਬ ਜੀਆਂ ਦਾ ਇਕੋ ਦਾਤਾ, ਏਕਾ ਜਲਵਾ ਨੂਰ ਹਰਿ ਖ਼ੁਦਾ । ਏਕੋ ਦਾਤਾ ਦੇਵਣਹਾਰਾ, ਘਟ ਘਟ ਜੀਆਂ ਰਿਜ਼ਕ ਸਬਾਈਆ । ਜੁਗਾ ਜੁਗੰਤਰ ਲੈ ਅਵਤਾਰਾ, ਗੁਰ ਪੀਰ ਅਵਤਾਰ ਆਪ ਅਖਵਾਈਆ । ਸਤਿਜੁਗ ਤ੍ਰੇਤਾ ਦੁਆਪਰ ਕਰਿਆ ਪਾਰਾ, ਕਲਜੁਗ ਅੰਤਮ ਵੇਸ ਵਟਾਈਆ । ਲੇਖਾ ਜਾਣੇ ਸੰਗ ਮੁਹੰਮਦ ਚਾਰ ਯਾਰਾ, ਈਸਾ ਮੂਸਾ ਕਾਲਾ ਸੂਸਾ ਮੁਖ ਨਕ਼ਾਬ ਤਨ ਵੇਖੇ ਬਸਤਰ ਸ਼ਾਹੀਆ । ਕਰੇ ਖੇਲ ਹਰਿ ਬੇਤਾਬ ਫੜ ਪਿਆਲਾ ਹਯਾਤ ਆਬ, ਆਬੇ ਹਯਾਤ ਆਪਣੇ ਹੱਥ ਰਖਾਈਆ । ਕਾਇਆ ਵੇਖੇ ਮੱਕਾ ਕਾਅਬ, ਸਾਚਾ ਹੁਜਰਾ ਆਪ ਸੁਹਾਈਆ । ਉਚ ਮਹਿਰਾਬੇ ਦਏ ਆਵਾਜ਼, ਸਾਚੀ ਬਾਂਗ ਆਪ ਸੁਣਾਈਆ । ਇਕ ਸਦਾ ਵਜਾਏ ਨਾਦ, ਨਿਉਂ ਨਿਉਂ ਸਯਦਾ ਆਪ ਝੁਕਾਈਆ । ਸਚ ਮੁਸੱਲਾ ਮੇਟੇ ਵਾਦ ਵਿਵਾਦ, ਧਰਤ ਧਵਲ ਆਪ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਚੌਦਾਂ ਚੌਦਾਂ ਫੋਲ ਫੋਲਾਈਆ । ਚੌਦਾਂ ਲੋਕ ਚੌਦਾਂ ਤਬਕ, ਚੌਦਸ ਚੌਦਾਂ ਫੋਲ ਫੋਲਾਇੰਦਾ । ਚੌਦਾਂ ਸਲੋਕ ਚੌਦਾਂ ਸਬਕ, ਚੌਦਾਂ ਵਿਦਿਆ ਆਪ ਪੜ੍ਹਾਇੰਦਾ । ਚੌਦਾਂ ਮੋਖ ਚੌਦਾਂ ਹਰਖ ਚੌਦਾਂ ਸੋਗ, ਚੌਦਾਂ ਚਿੰਤਾ ਦੁੱਖ ਮਿਟਾਇੰਦਾ । ਚੌਦਸ ਚੌਦਾਂ ਦੇਵੇ ਝੋਕ, ਧੁਰ ਫ਼ਰਮਾਨਾ ਹੁਕਮ ਸੁਣਾਇੰਦਾ । ਨਾਮ ਖ਼ੁਦਾਈ ਕਿਲਾ ਕੋਟ, ਚਾਰ ਦੀਵਾਰ ਨਾ ਕੋਇ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਅੰਤਮ ਆਪਣਾ ਵੇਸ ਧਰਾਇੰਦਾ । ਕਲਜੁਗ ਅੰਤਮ ਵੇਸ ਅਵੱਲੜਾ, ਸੋ ਪੁਰਖ ਨਿਰੰਜਣ ਆਪ ਕਰਾਈਆ । ਕਰੇ ਖੇਲ ਇਕ ਇਕੱਲੜਾ, ਅਕਲ ਕਲ ਵਡੀ ਵਡਿਆਈਆ । ਲੱਖ ਚੁਰਾਸੀ ਸਚ ਸੰਦੇਸ ਏਕਾ ਘਲੜਾ, ਭੁਲ ਕੋਇ ਨਾ ਜਾਈਆ । ਜਗਤ ਅੰਧੇਰ ਏਕਾ ਝੁਲੜਾ, ਰਾਜ ਰਾਜਾਨ ਸ਼ਾਹ ਸੁਲਤਾਨ ਬੈਠੇ ਪਤ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸਾ ਨਰ ਨਰੇਸ਼ਾ ਏਕਾ ਏਕ ਜਣਾਈਆ । ਧੁਰ ਸੰਦੇਸਾ ਅੰਤਮ ਕਲ, ਕਲਕਾਤੀ ਆਪ ਜਣਾਇੰਦਾ । ਉਚੇ ਮੰਦਰ ਖ਼ਾਕ ਜਾਇਣ ਰਲ, ਖ਼ਾਕੀ ਖ਼ਾਕ ਸਰਬ ਵਖਾਇੰਦਾ । ਬਿਨ ਹਰਿ ਨਾਮੇ ਦਿਸੇ ਨਾ ਕੋਇ ਫਲ, ਪੱਤ ਡਾਲ੍ਹੀ ਨਜ਼ਰ ਨਾ ਕੋਇ ਵਖਾਇੰਦਾ । ਜੂਠਾ ਝੂਠਾ ਬੂਟਾ ਜਾਣਾ ਹੁਲ, ਸਿਮਲ ਫਲ ਨਾ ਕੋਇ ਲਗਾਇੰਦਾ । ਮਾਇਆ ਮਮਤੇ ਤੇਰਾ ਕੋਇ ਨਾ ਪੈਣਾ ਮੁੱਲ, ਰਾਏ ਧਰਮ ਡੰਨ ਲਗਾਇੰਦਾ । ਪੁਰਖ ਅਬਿਨਾਸ਼ੀ ਆਪ ਬਣਾਈ ਸਾਚੀ

ਕੁਲ, ਹਰਿਜਨ ਸਾਚੇ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲ ਅੰਤਮ ਵੇਖ ਵਖਾਇੰਦਾ । ਕਲਜੁਗ ਵੇਲਾ ਅੰਤਮ ਆਇਆ, ਹੱਕ ਮੁਹੰਮਦ ਲਏ ਅੰਗੜਾਈਆ । ਚਾਰ ਯਾਰ ਲਏ ਬੁਲਾਇਆ, ਏਕਾ ਮਤਾ ਪਕਾਈਆ । ਇਲਾਹੀ ਨੂਰ ਅੱਲਾ ਰਾਣੀ ਜ਼ੋਰ ਵਖਾਇਆ, ਜ਼ੋਰੂ ਜ਼ਰ ਲਏ ਪਰਗਟਾਈਆ । ਜਗਤ ਅਡੰਬਰ ਦਏ ਦੁਹਾਇਆ, ਸਚ ਪੈਗ਼ੰਬਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਖਿਲਾਈਆ । ਸਚ ਪੈਗ਼ੰਬਰ ਵੇਖਣ ਆਇਆ, ਖ਼ਾਲਕ ਖ਼ਲਕ ਮਖ਼ਲੂਕਾਤ । ਲੱਖ ਚੁਰਾਸੀ ਬੰਧਨ ਤੋੜਨ ਆਇਆ, ਵੇਲੇ ਅੰਤਮ ਏਕਾ ਵਾਰ ਕਰੇ ਮੁਲਾਕਾਤ । ਮਸਤਕ ਟਿੱਕਾ ਚੰਦਨ ਲਾਵਣ ਆਇਆ, ਨਾਤਾ ਤੋੜ ਜ਼ਾਤ ਪਾਤ । ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਹਿੰਦੂ ਮੁਸਲਿਮ ਸਿਖ ਈਸਾਈ ਏਕਾ ਰੰਗ ਰੰਗਾਇਆ, ਏਕਾ ਕਲਮਾ ਦੇਵੇ ਅੰਤ ਨਜਾਤ । ਗ਼ੁਰਬਤ ਸਭ ਦੀ ਦਏ ਮਿਟਾਇਆ, ਵੇਲੇ ਅੰਤ ਕਰੇ ਵਫ਼ਾਤ । ਸਾਚੀ ਸੁਹਬਤ ਦਏ ਸੁਣਾਇਆ, ਸ੍ਰਿਸ਼ਟ ਸਬਾਈ ਇਕ ਜਮਾਤ । ਏਕਾ ਰਾਮ ਸਚ ਖ਼ੁਦਾਇਆ, ਏਕਾ ਸੱਚੀ ਜ਼ਾਤ । ਏਕਾ ਤਾਲਬ ਤੁਲਬਾ ਲਏ ਪੜ੍ਹਾਇਆ, ਏਕਾ ਕ਼ਲਮ ਇਕ ਦਵਾਤ । ਏਕਾ ਕਾਗ਼ਜ਼ ਲੇਖ ਲਿਖਾਇਆ, ਏਕਾ ਵੇਖਣਹਾਰਾ ਮਾਰ ਝਾਤ । ਏਕਾ ਸਾਬਤ ਸੂਰਤ ਲਏ ਪਰਗਟਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਹਰਿ ਕਮਲਾਪਾਤ । ਏਕਾ ਸੂਰਤ ਸਿਫ਼ਤ ਸਾਲਾਹ, ਨਜ਼ਰ ਕਿਸੇ ਨਾ ਆਈਆ । ਬੇਪਰਵਾਹ ਬਣਿਆ ਆਪ ਮਲਾਹ, ਕਲਜੁਗ ਬੇੜਾ ਆਪ ਚਲਾਈਆ । ਗੜ੍ਹ ਹੰਕਾਰੀ ਦੇਵੇ ਢਾਹ, ਹਉਮੇ ਹੰਗਤਾ ਰੋਗ ਮਿਟਾਈਆ । ਏਕਾ ਵਿਦਿਆ ਦਏ ਪੜ੍ਹਾ, ਚਾਰ ਵਰਨ ਭੈਣਾਂ ਭਾਈਆ । ਸਾਚੀ ਸੰਗਤ ਲਏ ਮਿਲਾ, ਰਾਓ ਰੰਕ ਨਾ ਕੋਇ ਵਡਿਆਈਆ । ਖ਼ਾਲਕ ਖ਼ਲਕ ਵੇਖੇ ਆਪ ਖ਼ੁਦਾ, ਖ਼ੁਦੀ ਤਕੱਬਰ ਮੇਟ ਮਿਟਾਈਆ । ਮੁਰੀਦ ਮੁਰਸ਼ਦ ਨਾ ਹੋਇਣ ਕਦੇ ਜੁਦਾ, ਫ਼ਿਤਰਤ ਏਕਾ ਰੰਗ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਆਪਣਾ ਲੇਖਾ ਦਏ ਚੁਕਾਈਆ । ਕਲਜੁਗ ਅੰਤਮ ਲੇਖ ਚੁਕੌਣਾ, ਧਰਤੀ ਧਵਲ ਦਏ ਵਡਿਆਈਆ । ਵੇਦ ਵਿਆਸਾ ਲਿਖਿਆ ਪੂਰ ਕਰੌਣਾ, ਲੇਖਾ ਲੇਖ ਰਹੇ ਨਾ ਰਾਈਆ । ਈਸਾ ਰਾਹ ਇਕ ਤਕੌਣਾ, ਸਦੀ ਬੀਸਵੀਂ ਦਏ ਦੁਹਾਈਆ । ਮੁਹੰਮਦ ਨਾਅਰਾ ਪੂਰ ਕਰੌਣਾ, ਐਨਲਹਕ ਹੱਕ ਇਕ ਜਣਾਈਆ । ਚੌਦਾਂ ਤਬਕਾਂ ਪੰਧ ਮੁਕੌਣਾ, ਸਦੀ ਚੌਧਵੀਂ ਨਾਲ ਮਿਲਾਈਆ । ਚਾਰ ਕੁੰਟ ਵੇਖ ਵਖੌਣਾ, ਉੱਤਰ ਪੂਰਬ ਪੱਛਮ ਦੱਖਣ ਆਪਣਾ ਫੇਰਾ ਪਾਈਆ । ਨਵ ਨੌਂ ਖੇਲ ਖਿਲੌਣਾ, ਚਾਰ ਚਾਰ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪਣੇ ਹੱਥ ਰਖਾਈਆ । ਲਿਖਿਆ ਲੇਖ ਵੇਦ ਵਿਆਸ, ਕਲਜੁਗ ਅੰਤਮ ਆਇੰਦਾ । ਨਿਹਕਲੰਕ ਕਰੇ ਜੋਤ ਪਰਕਾਸ਼, ਜੋਤੀ ਨੂਰ ਡਗਮਗਾਇੰਦਾ । ਏਕਾ ਈਸਾ ਲਿਖਿਆ ਖ਼ਤਾਬ, ਮੁਖ਼ਾਤਬ ਹੋਰ ਨਾ ਕੋਇ ਕਰਾਇੰਦਾ । ਏਕਾ ਮੁਹੰਮਦ ਬੁਝਾਏ ਪਿਆਸ, ਅਮਾਮ ਮੈਂਹਦੀ ਰੂਪ ਧਰਾਇੰਦਾ । ਅਹਿਮਦ ਹੋਏ ਆਪੇ ਦਾਸ, ਆਪ ਆਪਣਾ ਪਰਦਾ ਲਾਹਿੰਦਾ । ਆਪੇ ਨਾਨਕ ਲੇਖਾ ਜਾਣੇ ਸ਼ਾਹੋ ਸ਼ਾਬਾਸ, ਮਹਾਂਬਲੀ ਆਪਣਾ ਰੂਪ ਵਟਾਇੰਦਾ । ਆਪੇ ਗੋਬਿੰਦ ਜੋਤ ਕਰੇ ਪਰਕਾਸ਼, ਜੋਤੀ ਜਾਤਾ ਮੇਲ ਮਿਲਾਇੰਦਾ । ਆਪੇ ਸੰਬਲ ਨਗਰੀ ਰੱਖੇ ਵਾਸ, ਸਚ ਸਿੰਘਾਸਣ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਰਗੁਣ ਨੂਰ ਨੂਰ ਅਲਾਹ ਆਪੇ ਬਣੇ ਜਗਤ ਮਲਾਹ, ਅੰਤਮ ਬੇੜਾ ਆਪ ਚਲਾਇੰਦਾ । ਕਲਜੁਗ ਬੇੜਾ ਅੰਤ ਚਲੌਣਾ, ਚਾਰ ਵਰਨ ਰਿਹਾ ਸਮਝਾਈਆ ।

੬੮੩
੧੦

ਮੁਰਸ਼ਦ ਮੁਰੀਦ ਲੇਖੇ ਲੌਣਾ, ਭਗਤ ਭਗਵੰਤ ਲਏ ਮਿਲਾਈਆ । ਸਾਚੇ ਸੰਤਾਂ ਦਰ ਬਹੌਣਾ, ਸਚਖੰਡ ਦਵਾਰਾ ਇਕ ਬਣਾਈਆ । ਗੁਰਮੁਖ ਸਾਚੇ ਅੰਗ ਲਗੌਣਾ, ਆਪ ਆਪਣੀ ਗੋਦ ਉਠਾਈਆ । ਗੁਰਸਿਖ ਸਾਚੇ ਚਰਨ ਬਹੌਣਾ, ਚਰਨ ਕਵਲ ਸੱਚੀ ਸਰਨਾਈਆ । ਮੁੱਲਾਂ ਸ਼ੇਖ਼ ਰੰਗ ਚੜ੍ਹੌਣਾ, ਕਾਇਆ ਤਸਬੀ ਮਨ ਕਾ ਮਣਕਾ ਆਪ ਭਵਾਈਆ । ਮਸਾਇਕ ਆਪਣਾ ਖੇਲ ਖਿਲੌਣਾ, ਸਾਚਾ ਚੰਦ ਕਰ ਰੁਸ਼ਨਾਈਆ । ਉਮਤ ਏਕਾ ਆਇਤ ਪੜ੍ਹੌਣਾ, ਇਕ ਸ਼ਰੀਅਤ ਦਏ ਵਖਾਈਆ । ਸਭ ਦਾ ਪਿਤਾ ਖ਼ੁਦਾ ਬਣੌਣਾ, ਈਸਾ ਮੂਸਾ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਕੂੜਾ ਕੱਪੜ ਦੇਵੇ ਲਾਹੀਆ । ਕੂੜਾ ਕੱਪੜ ਦੇਣਾ ਪਾੜ, ਜੂਠ ਝੂਠ ਰਹਿਣ ਨਾ ਪਾਇਆ । ਕਲਜੁਗ ਅਗਨੀ ਤਪੇ ਨਾ ਹਾੜ, ਹਾੜ ਸਤਾਰਾਂ ਦਿਵਸ ਸੁਹਾਇਆ । ਚਾਰੋਂ ਕੁੰਟ ਵੇਖ ਵਖਾਏ ਜੰਗਲ ਜੂਹ ਉਜਾੜ ਪਹਾੜ, ਉਚੇ ਟਿੱਲੇ ਪਰਬਤ ਸਮੁੰਦ ਸਾਗਰ ਫੋਲ ਫੋਲਾਇਆ । ਲੱਖ ਚੁਰਾਸੀ ਜੀਵ ਜੰਤ ਟੋਹੇ ਨਾੜ ਨਾੜ, ਨਾੜ ਬਹੱਤਰ ਫੋਲ ਫੋਲਾਇਆ । ਕਰੇ ਖੇਲ ਪਰਵਰਦਿਗਾਰ, ਪਾਰਬ੍ਰਹਮ ਬੇਪਰਵਾਹਿਆ । ਨਿੰਦਕ ਦੁਸ਼ਟ ਮਾਰੇ ਦੁਰਾਚਾਰ, ਹੰਕਾਰੀ ਗੜ੍ਹ ਦਏ ਤੁੜਾਇਆ । ਚਾਰ ਕੁੰਟ ਜੀਵ ਜੰਤ ਰੋਵਣ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਇਆ । ਹੱਕ ਨਾ ਕਰਿਆ ਕਿਸੇ ਪਿਆਰ, ਸਚ ਪੈਗ਼ੰਬਰ ਦਿਸ ਕਿਸੇ ਨਾ ਆਇਆ । ਰਾਮ ਨਾ ਮਿਲਿਆ ਰਾਮ ਦਰਬਾਰ, ਕ੍ਰਿਸ਼ਨ ਕਾਹਨ ਸੰਗ ਨਾ ਕੋਇ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਰੂਪ ਲਏ ਧਰਾਇਆ । ਆਪਣਾ ਰੂਪ ਧਰਾਏ ਸੂਰਾ ਸਰਬੰਗ, ਰਾਮ ਰਾਮਾ ਆਪ ਅਖਵਾਈਆ । ਆਪਣਾ ਵਜਾਏ ਸਚ ਮਰਦੰਗ, ਦੋ ਜਹਾਨਾਂ ਆਪ ਉਠਾਈਆ । ਨੌਂ ਖੰਡ ਪ੍ਰਿਥਮੀ ਵੇਖੇ ਬਣ ਮਲੰਗ, ਘਰ ਘਰ ਆਪਣਾ ਫੇਰਾ ਪਾਈਆ । ਕਵਣ ਸਾਜਨ ਸੁੱਤਾ ਆਪਣੀ ਆਤਮ ਸੇਜ ਪਲੰਘ, ਕਵਣ ਘਰ ਘਰ ਧੱਕੇ ਰਿਹਾ ਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਅਮਾਮ ਅਮਾਮਾਂ ਆਪ ਅਖਵਾਈਆ । ਹੋਏ ਅਮਾਮ ਅਮਾਮ ਮੈਂਹਦੀ, ਮਹਿਮਾ ਗਣਤ ਗਣੀ ਨਾ ਜਾਈਆ । ਕਰੇ ਖੇਲ ਦਿਸ਼ਾ ਲਹਿੰਦੀ, ਆਪਣਾ ਹਿੱਸਾ ਆਪ ਵੰਡਾਈਆ । ਉਮਤ ਨਬੀ ਰਸੂਲ ਰਸਨਾ ਕਹਿੰਦੀ, ਸਦੀ ਚੌਧਵੀਂ ਦਏ ਦੁਹਾਈਆ । ਸ੍ਰਿਸ਼ਟ ਸਬਾਈ ਇਕ ਦੂਜੇ ਦੇ ਨਾਲ ਖਹਿੰਦੀ, ਨਾ ਕੋਈ ਪੱਲਾ ਸਕੇ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਅੰਜੀਲ ਕੁਰਾਨ ਵੇਖ ਵਖਾਈਆ । ਅੰਜੀਲ ਕੁਰਾਨਾ ਹਰਿ ਮਿਹਰਵਾਨਾ, ਭੇਵ ਅਭੇਦ ਜਣਾਇੰਦਾ । ਏਕਾ ਚੌਕਾ ਵੇਖ ਤਰਾਨਾ, ਚੌਕਾ ਏਕਾ ਮੁਖ ਛੁਪਾਇੰਦਾ । ਏਕਾ ਮਰਦ ਇਕ ਮਰਦਾਨਾ, ਮਿਹਰਵਾਨ ਇਕ ਅਖਵਾਇੰਦਾ । ਏਕਾ ਤਸਬੀ ਏਕਾ ਗਾਣਾ, ਏਕਾ ਵਾਅਜ਼ ਇਕ ਅਲਾਇੰਦਾ । ਏਕਾ ਰਾਮ ਇਕ ਭਗਵਾਨਾ, ਏਕਾ ਨਿਉਂ ਨਿਉਂ ਸੀਸ ਝੁਕਾਇੰਦਾ । ਏਕਾ ਨਾਨਕ ਗੋਬਿੰਦ ਦਏ ਪਰਵਾਨਾ, ਏਕਾ ਹੁਕਮੀ ਹੁਕਮ ਸੁਣਾਇੰਦਾ । ਸਭ ਦਾ ਦਾਤਾ ਸ਼ਾਹ ਸੁਲਤਾਨਾ, ਪੁਰਖ ਅਬਿਨਾਸ਼ੀ ਆਪ ਅਖਵਾਇੰਦਾ । ਕਲਜੁਗ ਅੰਤਮ ਪਹਿਰਿਆ ਬਾਣਾ, ਨਾਉਂ ਨਿਰੰਕਾਰਾ ਆਪ ਪਰਗਟਾਇੰਦਾ । ਸੋਹੰ ਸ਼ਬਦ ਸਾਚਾ ਗਾਣਾ, ਆਤਮ ਪਰਮਾਤਮ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਆਪੇ ਲਾਇੰਦਾ । ਸਾਚਾ ਮਾਰਗ ਆਪ ਲਗੌਣਾ, ਲੋਕਮਾਤ ਵੱਜੇ ਵਧਾਈਆ । ਸੰਮਤ ਸੰਮਤੀ ਪੰਧ ਮੁਕੌਣਾ, ਵੇਲਾ ਵਕਤ ਰਿਹਾ ਜਣਾਈਆ । ਸ਼ਮਸ ਤਬਰੇਜ਼ ਬੈਠਾ ਨਾ ਕਿਸੇ ਫੇਰ ਤਕੌਣਾ,

੬੮੪
੧੦

ਖਲੜੀ ਖੱਲ ਨਾ ਕੋਇ ਲੁਹਾਈਆ । ਸਿਦਕ ਈਮਾਨ ਇਕ ਜਣੌਣਾ, ਜੰਨਤ ਲੋਕਮਾਤ ਦਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਆਪਣਾ ਜਲਵਾ ਦਏ ਵਖਾਈਆ । ਸਾਚਾ ਜਲਵਾ ਜਲਵਾ ਜਲਾਲ, ਨੂਰੋ ਨੂਰ ਆਪ ਦਰਸਾਇੰਦਾ । ਤ੍ਰੈਕਾਲ ਦਰਸੀ ਤ੍ਰੈਗੁਣ ਮਾਇਆ ਤੋੜ ਜੰਜਾਲ, ਹਰਿਜਨ ਸਾਚੇ ਮੇਲ ਮਿਲਾਇੰਦਾ । ਨਜ਼ਰੀ ਆਏ ਦੀਨਾਂ ਨਾਥ ਗੋਪਾਲ, ਨਾਥ ਅਨਾਥਾਂ ਦਇਆ ਕਮਾਇੰਦਾ । ਨਾਤਾ ਤੋੜੇ ਕਾਲ ਮਹਾਕਾਲ, ਲੱਖ ਚੁਰਾਸੀ ਗੇੜ ਕਟਾਇੰਦਾ । ਹਰਿਜਨ ਸਾਚੇ ਲਏ ਭਾਲ, ਪੂਰਬ ਕਰਮਾਂ ਵੇਖ ਵਖਾਇੰਦਾ । ਪਾਰਬ੍ਰਹਮ ਪ੍ਰਭ ਬਣ ਦਲਾਲ, ਸਚ ਦਲਾਲੀ ਮਾਤ ਕਮਾਇੰਦਾ । ਵੇਖਣਹਾਰਾ ਹੱਕ ਹਲਾਲ, ਹਿਕਮਤ ਅਵਰ ਨਾ ਕੋਇ ਜਣਾਇੰਦਾ । ਲਹਿਣਾ ਚੁਕਾਏ ਸ਼ਾਹ ਕੰਗਾਲ, ਸ਼ਾਹ ਪਾਤਸ਼ਾਹ ਆਪਣੇ ਭਾਣੇ ਸਦ ਰਖਾਇੰਦਾ । ਏਕਾ ਵਸਤ ਦੇਵੇ ਧਨ ਮਾਲ, ਨਾਮ ਖ਼ਜ਼ਾਨਾ ਆਪ ਲੁਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੋਲ੍ਹੇ ਏਕਾ ਦਰ, ਦਰ ਦਰਵਾਜ਼ਾ ਗ਼ਰੀਬ ਨਿਵਾਜ਼ਾ ਏਕਾ ਏਕ ਰਖਾਇੰਦਾ । ਏਕਾ ਦਰ ਇਕ ਦਰਵਾਜ਼ਾ, ਏਕਾ ਬੈਠਾ ਆਸਣ ਲਾਈਆ । ਏਕਾ ਗ਼ਰੀਬ ਇਕ ਨਵਾਜ਼ਾ, ਏਕਾ ਨਵਾਜ਼ਸ਼ ਰਿਹਾ ਵਖਾਈਆ । ਏਕਾ ਏਕ ਜਿਸ ਸਾਜਣ ਸਾਜਾ, ਏਕਾ ਖ਼ਾਲਕ ਇਕ ਖ਼ੁਦਾਈਆ । ਏਕਾ ਰਾਜਨ ਏਕਾ ਰਾਜਾ, ਏਕਾ ਸ਼ਾਹ ਪਾਤਸ਼ਾਹ ਆਪਣਾ ਨਾਉਂ ਧਰਾਈਆ । ਏਕਾ ਬ੍ਰਹਮ ਸਰਬ ਪਰਕਾਸ਼ਾ, ਪਾਰਬ੍ਰਹਮ ਕਰੇ ਰੁਸ਼ਨਾਈਆ । ਏਕਾ ਚਲਾਏ ਸਚ ਜਹਾਜ਼ਾ, ਜੁਗ ਜੁਗ ਬੇੜਾ ਆਪਣੇ ਹੱਥ ਟਿਕਾਈਆ । ਕਲਜੁਗ ਅੰਤਮ ਰਚਿਆ ਕਾਜਾ, ਨੌਂ ਖੰਡ ਪ੍ਰਿਥਮੀ ਵੇਖੇ ਸਰਬ ਲੋਕਾਈਆ । ਭਾਗ ਲਗਾਇਆ ਦੇਸ ਮਾਝਾ, ਮਹਿਖਾਸੁਰ ਵੇਖੇ ਆਪਣੀ ਬਾਈਆ । ਵਿਸ਼ਨ ਬ੍ਰਹਮਾ ਸ਼ਿਵ ਨਿਵਾਜ਼ਾ, ਭੁਲ ਰਹੇ ਨਾ ਰਾਈਆ । ਕਰੋੜ ਤੇਤੀਸਾ ਦੇਵੇ ਦਾਜਾ, ਸੁਰਪਤ ਰਾਜਾ ਇੰਦ ਨਾਲ ਰਲਾਈਆ । ਕਰੇ ਖੇਲ ਸ਼ਾਹ ਨਵਾਬਾ, ਚਰਨ ਘੋੜੇ ਦੇ ਰਕਾਬਾ, ਏਕਾ ਦੁਲਦੁਲ ਰਿਹਾ ਦੌੜਾਈਆ ।

ਨਜ਼ਰ ਨਾ ਆਏ ਆਫ਼ਤਾਬਾ, ਚੰਦ ਚਾਂਦਨੀ ਰੂਪ ਨਾ ਕੋਇ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤ ਦੇਵੇ ਕਰ, ਸਤਿਜੁਗ ਸਾਚਾ ਮਾਰਗ ਲਾਈਆ । ਸਤਿਜੁਗ ਸਾਚਾ ਮਾਰਗ ਧਰਨਾ, ਧਰਨੀ ਦਏ ਵਡਿਆਈਆ । ਚਾਰ ਵਰਨ ਰੰਗ ਏਕਾ ਕਰਨਾ, ਏਕਾ ਰੂਪ ਦਰਸਾਈਆ । ਨੇਤਰ ਖੋਲ੍ਹੇ ਹਰਨਾ ਫਰਨਾ, ਨਿਜ ਨੇਤਰ ਦਏ ਖੁਲ੍ਹਾਈਆ । ਏਕਾ ਅੱਖਰ ਸਭ ਨੇ ਪੜ੍ਹਨਾ, ਏਕਾ ਕਰੇ ਪੜ੍ਹਾਈਆ । ਏਕਾ ਮੰਦਰ ਸਭ ਨੇ ਵੜਨਾ, ਏਕਾ ਮਸਜਦ ਦਏ ਵਖਾਈਆ । ਏਕਾ ਸਯਦਾ ਸਭ ਨੇ ਕਰਨਾ, ਏਕਾ ਰਾਮ ਰਹੇ ਮਨਾਈਆ । ਏਕਾ ਭੌ ਸਭ ਨੇ ਡਰਨਾ, ਦੂਸਰ ਭੈ ਨਾ ਕੋਇ ਜਣਾਈਆ । ਏਕਾ ਪੌੜੇ ਸਭ ਨੇ ਚੜ੍ਹਨਾ, ਸਾਚਾ ਪੌੜਾ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਆਪ ਜਣਾਈਆ । ਸਾਚਾ ਮਾਰਗ ਲਾਵਣਾ, ਖ਼ਾਲਕ ਖ਼ਲਕ ਰੂਪ ਕਰਤਾਰ । ਜੂਠਾ ਝੂਠਾ ਪੰਧ ਮੁਕਾਵਣਾ, ਸਚ ਸੁੱਚ ਕਰ ਉਜਿਆਰ । ਮਾਇਆ ਮਮਤਾ ਮੋਹ ਚੁਕਾਵਣਾ, ਆਤਮ ਅੰਤਰ ਦਏ ਅਧਾਰ । ਮੁਰਸ਼ਦ ਮੁਰੀਦ ਆਪ ਮਿਲਾਵਣਾ, ਗੁਰ ਗੁਰ ਮੇਲਾ ਸਿਖ ਵਿਚ ਸੰਸਾਰ । ਸਾਚਾ ਚੇਲਾ ਆਪ ਤਰਾਵਣਾ, ਜਿਸ ਦੇਵੇ ਨਾਮ ਆਧਾਰ । ਗਿਆ ਵੇਲਾ ਹੱਥ ਕਿਸੇ ਨਾ ਆਵਣਾ, ਰਾਹ ਤੱਕੇ ਸੰਗ ਮੁਹੰਮਦ ਚਾਰ ਯਾਰ । ਅੱਲਾ ਰਾਣੀ ਨੈਣ ਉਠਾਵਣਾ, ਚਾਰੋਂ ਕੁੰਟ ਵੇਖੇ ਸਚ ਨੁਹਾਰ । ਮੀਆਂ ਆਪਣਾ ਰੂਪ ਧਰਾਵਣਾ, ਬੇਐਬ ਪਰਵਰਦਿਗਾਰ । ਫਿਰ ਅਮਾਮਾਂ ਅਮਾਮ ਆਪ ਅਖਵਾਵਣਾ, ਜੋਤੀ ਨੂਰ ਨੂਰ ਉਜਿਆਰ । ਕਲਮਾ ਕਲਾਮ ਇਕ ਸਖਾਵਣਾ, ਏਕਾ ਬੋਲੇ ਹੱਕ ਜੈਕਾਰ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਦੇਵੇ ਧਰ, ਸ੍ਰਿਸ਼ਟ ਸਬਾਈ ਕਰ ਪਿਆਰ । ਸ੍ਰਿਸ਼ਟ ਸਬਾਈ ਸਚ ਪਿਆਰ, ਇਕ ਇਕੱਲਾ ਆਪ ਕਰਾਇੰਦਾ । ਨਾਮ ਮਰਦੰਗ ਵਜਾਏ ਸਤਾਰ, ਕੂਕ ਪੁਕਾਰ ਆਪ ਸੁਣਾਇੰਦਾ । ਸੂਰਜ ਚੰਦ ਸਤਾਰ ਕਰੇ ਪਰਕਾਸ਼, ਨੂਰ ਨੁਰਾਨਾ ਡਗਮਗਾਇੰਦਾ । ਲੇਖਾ ਜਾਣੇ ਪ੍ਰਿਥਮੀ ਆਕਾਸ਼, ਕਾਇਨਾਤ ਵੇਖ ਵਖਾਇੰਦਾ । ਆਪ ਆਪਣੇ ਕਰੇ ਤਲਾਸ਼, ਬਣ ਖੰਡ ਫੇਰੀ ਪਾਇੰਦਾ । ਆਪਣੇ ਮੰਦਰ ਕਰੇ ਵਾਸ, ਸਾਚਾ ਕਾਅਬਾ ਆਪ ਸੁਹਾਇੰਦਾ । ਆਬ ਹਯਾਤ ਬੁਝਾਏ ਪਿਆਸ, ਅੰਮ੍ਰਿਤ ਜਾਮ ਆਪ ਉਠਾਇੰਦਾ । ਸਰਬ ਜੀਆਂ ਸਦ ਵਸੇ ਪਾਸ, ਵਿਛੜ ਕਦੇ ਨਾ ਜਾਇੰਦਾ । ਜੋ ਮਿਲਣ ਦੀ ਰੱਖੇ ਆਸ, ਇਸ਼ਟ ਦੇਵ ਦੇਵ ਇਸ਼ਟ ਆਪ ਪਰਗਟਾਇੰਦਾ । ਰਾਮਾ ਕ੍ਰਿਸ਼ਨਾ ਈਸਾ ਮੂਸਾ ਸੰਗ ਮੁਹੰਮਦ ਖੇਲੇ ਖੇਲ ਤਮਾਸ਼, ਨਾਨਕ ਗੋਬਿੰਦ ਰੂਪ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਹਰਿ ਸੱਜਣ ਮੀਤ ਆਪਣਾ ਨਾਉਂ ਧਰਾਇੰਦਾ ।

### ★ ੨੦ ਜੇਠ ੨੦੧੮ ਬਿਕਰਮੀ ਪਾਰੋ ਦੇਵੀ ਦੇ ਗ੍ਰਿਹ ★

ਅੰਦਰ ਬਾਹਰ ਘਰ ਗ੍ਰਿਹ ਹੱਡ ਮਾਸ ਨਾੜੀ ਕਾਇਆ ਪਿੰਜਰ ਹੋਏ ਪਵਿਤ, ਪਤਿਤ ਉਧਾਰਨ ਦਇਆ ਕਮਾਈਆ । ਅੰਮ੍ਰਿਤ ਆਤਮ ਨਿਝਰ ਰਸ ਕਿਰਪਾ ਨਿਧ ਠਾਕਰ ਦੇਵੇ ਮਿਤ, ਸਿੰਚ ਹਰਿਆ ਬੂਟਾ ਆਪ ਕਰਾਈਆ । ਰੁੱਤ ਬਸੰਤੀ ਫੁਲ ਫੁਲਵਾੜੀ ਸੋਹੇ ਮਹੀਨਾ ਚੇਤ, ਪੱਤ ਡਾਲ੍ਹੀ ਆਪ ਮਹਿਕਾਈਆ । ਨਾਤਾ ਤੋੜ ਜਿਨ ਭੂਤ ਪ੍ਰੇਤ, ਸ਼ਬਦ ਹੇਤ ਇਕ ਜਣਾਈਆ । ਦੁਖ ਸੁਖ ਆਪੇ ਵੇਖ, ਦੁਖ ਸੁਖ ਵਿਚ ਬਦਲਾਈਆ । ਸਦਾ ਸਦਾ ਸਦ ਰੱਖੇ ਛਾਇਆ ਹੇਠ, ਸਿਰ ਆਪਣਾ ਹੱਥ ਟਿਕਾਈਆ । ਅਗਨੀ ਅੱਗ ਨਾ ਲੱਗੇ ਜੇਠ, ਹਾੜ ਤਪਸ਼ ਨਾ ਕੋਇ ਤਪਾਈਆ । ਲੇਖਾ ਚੁਕਾਏ ਪਿਛਲੀ ਰੇਖ, ਅਗਲਾ ਲੇਖ ਦਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਘਰ ਮੰਦਰ ਗ੍ਰਿਹ ਕਰੇ ਨਾਮ ਰੁਸ਼ਨਾਈਆ ।

### ★ ੨੦ ਜੇਠ ੨੦੧੮ ਬਿਕ੍ਰਮੀ ਕੱਥਾ ਸਿੰਘ ਦੇ ਗ੍ਰਿਹ ਚੜ੍ਹਦਾ ਗਰਾਮ ਜੰਮੂ ★

ਸਤਿਗੁਰ ਕਿਰਪਾ, ਅੰਧ ਵਿਨਾਸੇ । ਸਤਿਗੁਰ ਕਿਰਪਾ, ਜੋਤ ਪਰਕਾਸ਼ੇ । ਸਤਿਗੁਰ ਕਿਰਪਾ, ਭਰਮ ਭੌ ਨਾਸੇ । ਸਤਿਗੁਰ ਕਿਰਪਾ, ਹੋਏ ਬੰਦ ਖ਼ੁਲਾਸੇ । ਸਤਿਗੁਰ ਕਿਰਪਾ, ਕੱਟੇ ਜਮ ਕੀ ਫਾਸੇ । ਸਤਿਗੁਰ ਕਿਰਪਾ, ਗੁਰ ਸਤਿਗੁਰ ਚਰਨ ਕਵਲ ਕਰੇ ਨਿਵਾਸੇ । ਸਤਿਗੁਰ ਕਿਰਪਾ, ਦਸ ਦਸ ਮਾਸ ਮਾਤ ਗਰਭ ਕਦੇ ਨਾ ਫਾਸੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸ਼ਾਹੋ ਸ਼ਾਬਾਸੇ । ਸਤਿਗੁਰ ਕਿਰਪਾ, ਭਏ ਅਨੰਦ । ਸਤਿਗੁਰ ਕਿਰਪਾ, ਮੁਖ ਸਾਲਾਹਣ ਬੱਤੀ ਦੰਦ । ਸਤਿਗੁਰ ਕਿਰਪਾ, ਰਸਨ ਤਜਾਏ ਮਦਿਰਾ ਮਾਸ ਗੰਦ । ਸਤਿਗੁਰ ਕਿਰਪਾ, ਹਰਿਜਨ ਗਾਏ ਸੁਹਾਗੀ ਛੰਦ । ਸਤਿਗੁਰ ਕਿਰਪਾ, ਖ਼ੁਸ਼ੀ ਹੋਏ ਬੰਦ ਬੰਦ । ਸਤਿਗੁਰ ਕਿਰਪਾ, ਲੇਖਾ ਚੁੱਕੇ ਜੇਰਜ ਅੰਡ ।

ਸਤਿਗੁਰ ਕਿਰਪਾ, ਮਾਣਸ ਜੀਵਣ ਜਗਤ ਚੁੱਕੇ ਪੰਧ । ਸਤਿਗੁਰ ਕਿਰਪਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਦਾ ਸਦਾ ਬਖ਼ਸ਼ੰਦ । ਸਤਿਗੁਰ ਕਿਰਪਾ ਕਿਰਪਾਨਿਧ, ਹਰਿਜਨ ਦਇਆ ਕਮਾਇੰਦਾ । ਕਰਤਾ ਕਾਰਜ ਕਰੇ ਸਿਧ, ਜੁਗਤ ਆਪਣੇ ਹੱਥ ਰਖਾਇੰਦਾ । ਆਪਣੇ ਮਿਲਣ ਦੀ ਆਪੇ ਬਿਧ, ਜੁਗਾ ਜੁਗੰਤਰ ਆਪ ਬਣਾਇੰਦਾ । ਘਰ ਉਪਜਾਏ ਨੌਂ ਨਿਧ, ਅਠਾਰਾਂ ਸਿਧ ਦਰ ਫਿਰਾਇੰਦਾ । ਦਾਤਾ ਦਾਨੀ ਗੁਣੀ ਗਹਿੰਦ, ਵਸਤ ਅਮੋਲਕ ਨਾਮ ਅਨਮੁੱਲਾ ਝੋਲੀ ਪਾਇੰਦਾ । ਹਰਿਜਨ ਬਣਾਏ ਸਾਚੀ ਬਿੰਦ, ਪੂਤ ਸਪੂਤਾ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸੱਚਾ ਸਾਚੇ ਮਾਰਗ ਆਪੇ ਲਾਇੰਦਾ । ਸਾਚਾ ਮਾਰਗ ਹਰਿ ਨਿਰੰਕਾਰਾ, ਏਕਾ ਏਕ ਜਣਾਈਆ । ਸਤਿਗੁਰ ਚਰਨ ਜਗਤ ਸਹਾਰਾ, ਬਿਨ ਸਤਿਗੁਰ ਪਾਰ ਨਾ ਕੋਇ ਕਰਾਈਆ । ਲੱਖ ਚੁਰਾਸੀ ਡੂੰਘੀ ਮੰਝਧਾਰਾ, ਡੂੰਘੀ ਭਵਰੀ ਪਾਰ ਨਾ ਕੋਇ ਕਰਾਈਆ । ਕਲਜੁਗ ਤੇਰਾ ਅੰਤ ਕਿਨਾਰਾ, ਆਪੇ ਵੇਖੇ ਵੇਖਣਹਾਰਾ, ਪੁਰਖ ਅਕਾਲ ਵਡੀ ਵਡਿਆਈਆ । ਜਿਸ ਜਨ ਦਏ ਨਾਮ ਆਧਾਰਾ, ਸੋਹੰ ਸ਼ਬਦ ਸਤਿ ਜੈਕਾਰਾ, ਆਤਮ ਪਰਮਾਤਮ ਮੇਲ ਮਿਲਾਈਆ । ਇਕ ਵਖਾਏ ਹਰਿ ਮੰਦਰ ਸੱਚਾ ਗੁਰੁਦਵਾਰਾ, ਕਾਇਆ ਮੰਦਰ ਅੰਦਰ ਕੁੰਡਾ ਲਾਹੀਆ । ਠਾਕਰ ਸਵਾਮੀ ਹੋਏ ਉਜਿਆਰਾ, ਪੀਰ ਪੈਗ਼ੰਬਰ ਬੇਪਰਵਾਹੀਆ । ਜਿਸ ਜਨ ਦੇਵੇ ਆਪ ਸਹਾਰਾ, ਸਿਰ ਆਪਣਾ ਹੱਥ ਟਿਕਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਦਾ ਇਕ ਦਾਤਾਰਾ, ਦੇਵਣਹਾਰ ਇਕ ਅਖਵਾਈਆ ।



੬੮੭ ੧੦

### ★ ੨੦ ਜੇਠ ੨੦੧੮ ਬਿਕਰਮੀ ਮੰਗਾ ਰਾਮ ਦੇ ਗ੍ਰਿਹ ★

ਡੂੰਘਾ ਸਾਗਰ ਕਲਜੁਗ ਭਵਰ, ਕੂੜ ਕੁੜਿਆਰਾ ਘੁੰਮਣ ਘੇਰ ਰਿਹਾ ਵਖਾਈਆ । ਮਾਣਸ ਜਨਮ ਨਾ ਜਾਏ ਸਵਰ, ਬਿਨ ਸਤਿਗੁਰ ਨਾ ਕੋਇ ਸਹਾਈਆ । ਜਗਤ ਨਾਤਾ ਮੜ੍ਹੀ ਕ਼ਬਰ, ਗੋਰ ਘੋਰ ਰਿਹਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੇ ਆਪ ਜਗਾਈਆ । ਹਰਿਜਨ ਜਾਗ ਵਕਤ ਸੁਹੇਲਾ, ਹਰਿ ਸਤਿਗੁਰ ਮੇਲ ਮਿਲਾਇਆ । ਸਮਰਥ ਸੁਹਾਇਆ ਸਾਚਾ ਵੇਲਾ, ਘਰ ਸੁਹੰਜਣਾ ਸੋਭਾ ਪਾਇਆ । ਕਰੇ ਖੇਲ ਇਕ ਇਕੇਲਾ, ਕਲ ਧਾਰੀ ਰੂਪ ਵਟਾਇਆ । ਦੁਖ ਦਲਿਦ੍ਰ ਕੱਟੇ ਧਰਮ ਰਾਏ ਦੀ ਜੇਲਾ, ਜੀਵਣ ਮੁਕਤ ਆਪ ਵਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੂੰਦ ਰਕਤ ਰਕਤ ਬੂੰਦ ਲੇਖੇ ਲੇਖਾ ਲਵੇ ਲਗਾਇਆ ।

### ★ ੨੦ ਜੇਠ ੨੦੧੮ ਬਿਕਰਮੀ ਦੇਵਾਂ ਦੇਵੀ ਦੇ ਗ੍ਰਿਹ ★

ਪੱਲੂ ਫੜ ਫੜਾਏ ਦਾਮਨ, ਦਾਮਨਗੀਰ ਹਰਿ ਅਖਵਾਇੰਦਾ । ਪੱਲੂ ਫੜ ਬਣੇ ਜ਼ਾਮਨ, ਦੋ ਜਹਾਨਾਂ ਜ਼ਾਮਨ ਆਪ ਹੋ ਜਾਇੰਦਾ । ਪੱਲੂ ਫੜ ਵਖਾਏ ਗਰਾਮਨ, ਘਰ ਆਪਣਾ ਆਪ ਵਖਾਇੰਦਾ । ਪੱਲੂ ਫੜ ਮਿਟਾਏ ਸ਼ਾਮਨ, ਸਿਰ ਆਪਣਾ ਹੱਥ ਰਖਾਇੰਦਾ । ਪੱਲੂ ਫੜ ਮਾਰੇ ਸ਼ਬਦ ਨਿਸ਼ਾਨਨ, ਤੀਰ ਨਿਸ਼ਾਨਾ ਇਕ ਚਲਾਇੰਦਾ । ਪੱਲੂ ਫੜ ਮੇਟੇ ਜਗਤ ਸ਼ੈਤਾਨਨ, ਹੁਕਮੀ ਹੁਕਮ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੇ ਰੰਗ ਰੰਗਾਇੰਦਾ । ਪੱਲੂ ਫੜਾਇਆ ਫੜਿਆ ਪੱਲਾ, ਪਲਕ ਆਪਣੀ ਆਪ ਬਦਲਾਈਆ । ਜੋਤੀ ਦੀਪ ਦੀਪਕ ਜੋਤ ਆਪੇ ਬਲਾ, ਘਰ ਆਪਣੇ ਆਪਣੀ ਕਰ ਰੁਸ਼ਨਾਈਆ । ਨਾਮ ਸੰਦੇਸ ਸਚ ਸਨੇਹੁੜਾ ਏਕਾ ਘੱਲਾ, ਏਕਾ ਏਕ ਕਰੇ ਸ਼ਨਵਾਈਆ । ਗੁਰਸਿਖਾਂ ਅੰਦਰ ਆਪੇ ਰਲਾ, ਰਲ ਮਿਲ ਆਪਣਾ ਝਟ ਲੰਘਾਈਆ । ਲੋਕਮਾਤ ਖ਼ੁਸ਼ ਨਾ ਹੋਏ ਰਹਿ ਕੇ ਕੱਲਾ, ਪੱਲਾ ਪੱਲੇ ਨਾਲ ਬੰਧਾਈਆ । ਵਸਣਹਾਰਾ ਨਿਹਚਲ ਧਾਮ ਅਟੱਲਾ, ਅਟਲ ਪਦਵੀ ਗੁਰਮੁਖਾਂ ਰਿਹਾ ਦਵਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਾਵੇ ਸਾਰ ਜਲਾਂ ਥਲਾਂ, ਜਲ ਥਲ ਡੂੰਘਰ ਕਿਨਾਰਾ ਘਾਟ ਸਮੁੰਦ ਸਾਗਰ ਵੇਖ ਵਖਾਈਆ ।

★ ੨੦ ਜੇਠ ੨੦੧੮ ਬਿਕ੍ਰਮੀ ਕੇਸਰ ਸਿੰਘ ਦੇ ਗ੍ਰਿਹਿ ਪਿੰਡ ਝੱਮਾਂ ਜੰਮੂ ★

ਆਦਿ ਪੁਰਖ ਹਰਿ ਖੇਲ ਅਪਾਰਾ, ਆਪਣਾ ਖੇਲ ਖਿਲਾਇੰਦਾ । ਸਚਖੰਡ ਥਿਰ ਘਰ ਖੋਲ੍ਹ ਕਿਵਾੜਾ, ਗਗਨ ਮੰਡਲ ਆਪ ਉਪਾਇੰਦਾ । ਰਵ ਸਸ ਕਰ ਪਰਕਾਸ਼ ਸੂਰਜ ਚੰਨ ਸਤਾਰਾ, ਨੂਰੋ ਨੂਰ ਨੂਰ ਧਰਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰ ਪਸਾਰਾ, ਜੋਤੀ ਜੋਤ ਜੋਤ ਜਗਾਇੰਦਾ । ਇਛਿਆ ਭਿਛਿਆ ਦੇਵੇ ਭੰਡਾਰਾ, ਸਾਚੀ ਵਸਤ ਆਪ ਵਰਤਾਇੰਦਾ । ਤ੍ਰੈ ਪੰਜ ਸਤਿ ਸਹਾਰਾ, ਸਾਚਾ ਰੰਗ ਚੜ੍ਹਾਇੰਦਾ । ਜਲ ਜਲ ਰੂਪ ਬਿੰਬ ਬਿੰਬ ਧਾਰਾ, ਬਿਮਲ ਆਪ ਵਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਖਿਲਾਇੰਦਾ । ਜਲ ਬਿੰਬ ਜਲ ਜਲ ਧਾਰ, ਜਲ ਜਲ ਰੂਪ ਆਪ ਸਮਾਈਆ । ਆਕਾਸ਼ ਆਕਾਸ਼ ਆਕਾਸ਼ ਉਜਿਆਰ, ਆਕਾਸ਼ ਪਰਕਾਸ਼ ਆਪ ਧਰਾਈਆ । ਕਰੇ ਖੇਲ ਅਗੰਮ ਅਪਾਰ, ਅਗੰਮ ਅਗੰਮੜੀ ਚਾਲ ਚਲਾਈਆ । ਵਿਸ਼ਨ ਬ੍ਰਹਮਾ ਸ਼ਿਵ ਬਣ ਭਿਖਾਰ, ਬੈਠੇ ਸੀਸ ਝੁਕਾਈਆ । ਵਿਸ਼ਨ ਮੰਗੇ ਏਕਾ ਵਾਰ, ਝੋਲੀ ਅੱਗੇ ਡਾਹੀਆ । ਏਕਾ ਦੇਣਾ ਸਤਿ ਵਰਤਾਰ, ਸਤਿ ਸਤਿਵਾਦੀ ਦਇਆ ਕਮਾਈਆ । ਬ੍ਰਹਮਾ ਕਰੇ ਗਿਰਿਆਜ਼ਾਰ, ਪਾਰਬ੍ਰਹਮ ਤੇਰੀ ਸੱਚੀ ਸਰਨਾਈਆ । ਏਕਾ ਵਸਤ ਦੇ ਆਧਾਰ, ਵਸਤ ਅਮੋਲਕ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਦਇਆ ਆਪ ਕਮਾਈਆ । ਵਿਸ਼ਨੂੰ ਮੰਗੇ ਮੰਗ ਸਚ ਭੰਡਾਰਾ, ਸਤਿ ਸਤਿਵਾਦੀ ਝੋਲੀ ਪਾਇੰਦਾ । ਬ੍ਰਹਮਾ ਮੰਗੇ ਬ੍ਰਹਮ ਪਸਾਰਾ, ਲੱਖ ਚੁਰਾਸੀ ਰੰਗ ਰੰਗਾਇੰਦਾ । ਸ਼ੰਕਰ ਮੰਗੇ ਇਕ ਅਖਾੜਾ, ਲੇਖਾ ਲੇਖ ਸਰਬ ਮੁਕਾਇੰਦਾ । ਪੁਰਖ ਅਬਿਨਾਸ਼ੀ ਹੋਇਆ ਖ਼ਬਰਦਾਰਾ, ਦੋ ਜਹਾਨਾਂ ਵੇਖ ਵਖਾਇੰਦਾ । ਉਪਰ ਜੋਤ ਨੂਰ ਉਜਿਆਰਾ, ਜਲ ਧਾਰਾ ਚਰਨਾਂ ਹੇਠ ਵਖਾਇੰਦਾ । ਅਧਵਿਚਕਾਰ ਬ੍ਰਹਿਮੰਡ ਪਸਾਰਾ, ਲੋਆਂ ਪੁਰੀਆਂ ਗਗਨ ਪਾਤਾਲ ਸੂਰਜ ਚੰਨ ਆਪ ਚੜ੍ਹਾਇੰਦਾ । ਵਿਸ਼ਨੂੰ ਭੰਡਾਰ ਮਿਲੇ ਕਵਣ ਦਵਾਰਾ, ਕਵਣ ਵਸਤ ਰੰਗ ਰੰਗਾਇੰਦਾ । ਬ੍ਰਹਮਾ ਲੱਖ ਚੁਰਾਸੀ ਦੇਵੇ ਕਵਣ ਸਹਾਰਾ, ਕਵਣ ਸੇਜ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਇਛਿਆ ਆਪ ਪਰਗਟਾਇੰਦਾ । ਆਪਣੀ ਇਛਿਆ ਹਰਿ ਨਿਰੰਕਾਰਾ, ਆਪੇ ਆਪ ਪਰਗਟਾਈਆ । ਆਪਣੀ ਚਰਨ ਧੂੜ ਲਾਹੇ ਛਾਰਾ, ਜਲ ਉਪਰ ਆਪ ਟਿਕਾਈਆ । ਧਵਲ ਧਰਤ ਹੋਈ ਉਜਿਆਰਾ, ਆਪਣਾ ਰੂਪ ਲਏ ਪਰਗਟਾਈਆ । ਚਾਰੋਂ ਕੁੰਟ ਕਰੇ ਪਸਾਰਾ, ਬਣ ਬਣ ਤਾਰੂ ਤਾਰੀਆਂ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ


੬੮੮
੧੦

ਕਿਰਪਾ ਕਰ, ਧਰਨੀ ਦਏ ਆਪ ਵਡਿਆਈਆ । ਧਰਨੀ ਰੱਖੀ ਉਪਰ ਜਲ, ਪੁਰਖ ਅਬਿਨਾਸ਼ੀ ਦਇਆ ਕਮਾ । ਕਰਿਆ ਖੇਲ ਸੂਰੇ ਪਰਬਲ, ਆਪ ਆਪਣਾ ਰੰਗ ਰਮਾ । ਆਪਣਾ ਸੁਹਾਇਆ ਨਿਹਚਲ ਧਾਮ ਅਟਲ, ਸਚਖੰਡ ਨਿਵਾਸੀ ਸਹਿਜ ਸੁਭਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਲ ਧਰਨੀ ਮੇਲਾ ਦਿਤਾ ਮਿਲਾ । ਜਲ ਉਪਰ ਧਰਨੀ ਪਾਇਆ ਭਾਰ, ਜਲ ਕੂਕੇ ਦਏ ਦੁਹਾਈਆ । ਪਾਰਬ੍ਰਹਮ ਮੈਂ ਤੇਰੀ ਅੰਸ ਤੂੰ ਪਿਤਾ ਮੀਤ ਮੁਰਾਰ, ਮੇਰਾ ਹੋਣਾ ਸਦਾ ਸਹਾਈਆ । ਮੇਰਾ ਰਸ ਠੰਡਾ ਠਾਰ, ਤੇਰਾ ਪ੍ਰੇਮ ਮੇਰੀ ਧਾਰ ਵਹਾਈਆ । ਤੇਰੇ ਚਰਨ ਕਵਲ ਕਰਾਂ ਨਿਮਸਕਾਰ, ਤੇਰੀ ਧੂੜੀ ਆਪਣੇ ਵਿਚ ਸਮਾਈਆ । ਮੇਰਾ ਕਰ ਹੌਲਾ ਭਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਬਖ਼ਸ਼ ਸੱਚੀ ਸਰਨਾਈਆ । ਹੌਲਾ ਕਰ ਭਾਰ ਮੇਰਾ, ਜਲ ਜਲ ਆਖ ਸੁਣਾਇਆ । ਸਦਾ ਸਦਾ ਮੇਰੇ ਮਨ ਚਾਓ ਘਨੇਰਾ, ਤੇਰੇ ਚਰਨਾਂ ਦਰਸ਼ਨ ਪਾਇਆ । ਮੇਰਾ ਉਜੜਦਾ ਜਾਏ ਖੇੜਾ, ਸਾਚਾ ਘਰ ਨਾ ਕੋਇ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੋਏ ਦੋਏ ਬੈਠਾ ਮੰਗ ਮੰਗਾਇਆ । ਪੁਰਖ ਅਬਿਨਾਸ਼ੀ ਦਇਆ ਕਮਾ, ਏਕਾ ਗੁਣ ਸਮਝਾਇੰਦਾ । ਬ੍ਰਹਮਾ ਝੋਲੀ ਬੈਠਾ ਡਾਹ, ਨਿਉਂ ਨਿਉਂ ਸੀਸ ਝੁਕਾਇੰਦਾ । ਲੱਖ ਚੁਰਾਸੀ ਧਰਾਂ ਕੇਹੜੇ ਥਾਂ, ਕਵਣ ਘਰ ਟਿਕਾਇੰਦਾ । ਮੈਂ ਕਰਨਹਾਰਾ ਸਚ ਨਿਆਂ, ਸਭ ਦੀ ਆਸਾ ਪੂਰ ਕਰਾਇੰਦਾ । ਤੇਰੀ ਫੜਾਈ ਏਕਾ ਬਾਂਹ, ਸਗਲਾ ਸੰਗ ਆਪ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਗੁਣ ਇਕ ਜਣਾਇੰਦਾ । ਸੁਣਿਆ ਗੁਣ ਸ੍ਰੀ ਭਗਵਾਨ, ਜਲ ਜਲ ਦਏ ਦੁਹਾਈਆ । ਤੂੰ ਦਾਤਾ ਵਡ ਮਿਹਰਵਾਨ, ਸਾਚੇ ਸਚ ਤੇਰੀ ਵਡਿਆਈਆ । ਮੈਂ ਮੰਨਾਂ ਤੇਰੀ ਆਣ, ਨਿਉਂ ਨਿਉਂ ਸੀਸ ਝੁਕਾਈਆ । ਤੂੰ ਦੀਆ ਮੈਨੂੰ ਦਾਨ, ਮੈਂ ਅੱਗੇ ਝੋਲੀ ਡਾਹੀਆ । ਲੱਖ ਚੁਰਾਸੀ ਤੇਰੀ ਹੋਏ ਪਰਧਾਨ, ਬਿਨ ਮੇਰੇ ਰਹਿ ਸਕੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਵਸਤ ਤੇਰੀ ਤੇਰੇ ਅੱਗੇ ਮੰਗ ਮੰਗਾਈਆ । ਤੇਰੀ ਵਸਤ ਮੰਗਾਂ ਨਿਰੰਕਾਰ, ਤੂੰ ਸ਼ਾਹ ਸੁਲਤਾਨ ਅਖਵਾਇੰਦਾ । ਮੈਂ ਸਦਾ ਸਦਾ ਰਿਹਾ ਠੰਡਾ ਠਾਰ, ਮੇਰਾ ਤੱਤ ਨਾ ਕੋਇ ਬਦਲਾਇੰਦਾ । ਧਰਨੀ ਧਰਤ ਮੇਰੇ ਅੰਦਰ ਨਾ ਵਾੜ, ਮੇਰਾ ਘਰ ਨਾ ਸੋਭਾ ਪਾਇੰਦਾ । ਮੇਰੇ ਦੁੱਖ ਹੋਇਆ ਨਾੜ ਨਾੜ, ਸੁਖ ਕੋਇ ਨਜ਼ਰ ਨਾ ਆਇੰਦਾ । ਲੱਖ ਚੁਰਾਸੀ ਇਸ ਦੇ ਉਤੇ ਲਾਏ ਅਖਾੜ, ਲੋਕਮਾਤ ਨਾਚ ਨਚਾਇੰਦਾ । ਤੇਰਾ ਚਲੇ ਉਪਰ ਵਿਹਾਰ, ਲੇਖਾ ਲੇਖ ਨਾ ਕੋਇ ਲਿਖਾਇੰਦਾ । ਜੁਗ ਚੌਕੜੀ ਕਰਨੀ ਕਾਰ, ਸਾਚਾ ਬੰਧਨ ਇਕ ਰਖਾਇੰਦਾ । ਚਾਰ ਜੁਗ ਵੱਜੇ ਤੇਰੀ ਸਤਾਰ, ਵਿਸ਼ਨ ਬ੍ਰਹਮਾ ਸ਼ਿਵ ਵਜਾਇੰਦਾ । ਚੌਥਾ ਜੁਗ ਚੌਥੀ ਵਾਰ, ਚੌਥਾ ਹਿੱਸਾ ਏਕਾ ਏਕ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਿਨ ਤੁਧ ਅਵਰ ਕੋਇ ਨਾ ਪਾਰ ਲੰਘਾਇੰਦਾ । ਕਿਰਪਾ ਕਰ ਗੁਣ ਨਿਧਾਨ, ਮੈਂ ਆਇਆ ਚਲ ਦਵਾਰ । ਮੇਰੀ ਮਿੰਨਤ ਕਰ ਪਰਵਾਨ, ਮੈਂ ਰੋ ਰੋ ਕਰਾਂ ਪੁਕਾਰ । ਤੇਰਾ ਲੇਖਾ ਦੋ ਜਹਾਨ, ਸਾਹਿਬ ਸੱਚੀ ਸਰਕਾਰ । ਚੌਥਾ ਹਿੱਸਾ ਵੰਡ ਧਰਨੀ ਦੇ ਇਕ ਮਕਾਨ, ਤਿੰਨ ਹਿੱਸੇ ਦਿਸੇ ਮੇਰਾ ਪਰਵਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੇ ਉਤੇ ਪਰਦਾ ਨਾ ਕੋਇ ਡਾਰ । ਧਰਨੀ ਪਰਦਾ ਮੇਰੇ ਉਤੇ ਨਾ ਰੱਖ, ਮੈਂ ਨਿਤ ਉਠ ਤੇਰਾ ਦਰਸ਼ਨ ਪਾਈਆ । ਮੈਂ ਆਪਣਾ ਆਪ ਕਰਾਂ ਵੱਖ, ਆਪਣੀ ਵੱਖਰੀ ਧਾਰ ਚਲਾਈਆ । ਤੂੰ ਕਰਨਾ ਮੇਰਾ ਪੱਖ, ਹੋਣਾ ਆਣ ਸਹਾਈਆ । ਮੇਰੇ ਅੰਦਰ ਭਰਨਾ ਆਪਣਾ ਰਸ, ਪ੍ਰੇਮ ਰਸ ਇਕ ਸਮਝਾਈਆ । ਮੈਂ

ਉਡ ਉਡ ਤੇਰੇ ਦਵਾਰੇ ਆਵਾਂ ਨੱਸ, ਤੇਰੀ ਸੀਤਲ ਧਾਰ ਆਪਣੇ ਸੀਸ ਪਵਾਈਆ । ਤੂੰ ਮਿਲਣਾ ਅੱਗੋਂ ਹੱਸ ਹੱਸ, ਮੇਰੀ ਆਸਾ ਪੂਰ ਕਰਾਈਆ । ਮੇਰਾ ਦਵਾਰਾ ਜਾਏ ਨਾ ਖਸ, ਦਰ ਦਰਵਾਜ਼ਾ ਦੇ ਖੁਲ੍ਹਾਈਆ । ਮੈਂ ਕਰ ਕੇ ਆਇਆ ਹੱਠ, ਖ਼ਾਲੀ ਹੱਥ ਮੁੜ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਵਸਤ ਮੇਰੀ ਝੋਲੀ ਪਾਈਆ । ਪੁਰਖ ਅਬਿਨਾਸ਼ੀ ਦੀਨ ਦਿਆਲਾ, ਆਪਣੀ ਦਇਆ ਕਮਾਇੰਦਾ । ਜਲ ਜਲ ਦੇਵੇ ਰਾਹ ਸੁਖਾਲਾ, ਮਾਰਗ ਇਕ ਵਖਾਇੰਦਾ । ਤੇਰਾ ਰੂਪ ਰੱਖਾਂ ਨਿਰਾਲਾ, ਧਰਤੀ ਵਿਚ ਨਾ ਕਦੇ ਮਿਲਾਇੰਦਾ । ਤੇਰਾ ਤੋੜਾਂ ਆਪ ਜੰਜਾਲਾ, ਜੰਜਾਲ ਹੋਰ ਨਾ ਕੋਇ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਆਪ ਰੰਗਾਇੰਦਾ । ਆਪਣਾ ਰੰਗ ਰੰਗੇ ਕਰਤਾਰ, ਏਕਾ ਗੁਣ ਦਏ ਸਮਝਾਈਆ । ਤੂੰ ਔਣਾ ਚਲ ਦਵਾਰ, ਚਰਨ ਕਵਲ ਸੱਚੀ ਸਰਨਾਈਆ । ਤੂੰ ਉਠੀਂ ਬੰਨ੍ਹ ਬੰਨ੍ਹ ਧਾਰ, ਤੇਰੀ ਧਾਰ ਦਿਆਂ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਵਰ ਦੇਵੇ ਝੋਲੀ ਪਾਈਆ । ਸਾਚਾ ਵਰ ਝੋਲੀ ਪਾਇਆ, ਘਰ ਆਪਣੇ ਖ਼ੁਸ਼ੀ ਮਨਾਇੰਦਾ । ਆਪਣਾ ਹਿੱਸਾ ਲਿਆ ਵੰਡਾਇਆ, ਲੁੱਟ ਕੋਇ ਨਾ ਜਾਇੰਦਾ । ਆਪਣਾ ਜ਼ੋਰ ਰਿਹਾ ਧਰਾਇਆ, ਆਪਣਾ ਬਲ ਪਰਗਟਾਇੰਦਾ । ਪ੍ਰਭ ਮਿਲਣ ਦੀ ਆਸ ਰਖਾਇਆ, ਉਪਰ ਨੈਣ ਉਠਾਇੰਦਾ । ਚਾਰ ਜੁਗ ਦਾ ਗੇੜਾ ਵੇਖ ਵਖਾਇਆ, ਜੁਗ ਜੁਗ ਬੰਧਨ ਲਾਹਿੰਦਾ । ਪਾਰਬ੍ਰਹਮ ਤੇਰਾ ਰਾਹ ਮੋਹੇ ਇਕ ਭਾਇਆ, ਦੂਸਰ ਮਾਰਗ ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਤ ਅਮੋਲਕ ਆਪ ਵਰਤਾਇੰਦਾ । ਜਲ ਜਲ ਪਾਇਆ ਹਰਿ ਘਰ ਵਰ , ਧਰਨੀ ਆਪਣੀ ਲਏ ਅੰਗੜਾਈਆ । ਮੈਂ ਕਿਉਂ ਸੁੱਤੀ ਪੈਰ ਪਸਾਰ, ਖ਼ਾਲੀ ਹੱਥ ਦਏ ਦੁਹਾਈਆ । ਨਜ਼ਰ ਨਾ ਆਏ ਕੋਈ ਕੰਤ ਭਤਾਰ, ਨਾਰ ਦੁਹਾਗਣ ਨੈਣ ਸ਼ਰਮਾਈਆ । ਜਿਸ ਕੀਤਾ ਮੇਰਾ ਪਸਾਰ, ਸੋ ਮਾਹੀ ਨਜ਼ਰ ਕਿਤੇ ਨਾ ਆਈਆ । ਜਿਸ ਧੂੜੀ ਲਾਹੀ ਛਾਰ, ਜਲ ਉਪਰ ਦਿਤਾ ਟਿਕਾਈਆ । ਤਿਸ ਵੇਖਾਂ ਨੈਣ ਉਠਾਲ, ਨਜ਼ਰ ਆਵੇ ਸਾਚਾ ਮਾਹੀਆ । ਕਰ ਕਿਰਪਾ ਮੈਨੂੰ ਆਪਣੇ ਧਾਮ ਦਏ ਬਠਾਲ, ਫੇਰ ਸਕੇ ਨਾ ਕੋਇ ਉਠਾਈਆ । ਮੇਰਾ ਵਿੰਗਾ ਨਾ ਹੋਏ ਵਾਲ, ਖੁਲ੍ਹੀ ਮੀਂਢੀ ਨਾ ਵੇਖ ਵਖਾਈਆ । ਲੱਖ ਚੁਰਾਸੀ ਮੇਰੀ ਗੋਦੀ ਦਏ ਬਹਾਲ, ਮੈਂ ਸਾਚੀ ਸੇਵ ਕਮਾਈਆ । ਮੈਂ ਲੇਖਾ ਜਾਣਾਂ ਸ਼ਾਹ ਕੰਗਾਲ, ਸ਼ਾਹ ਪਾਤਸ਼ਾਹ ਮੇਰੇ ਨਾਲ ਮਿਲਾਈਆ । ਮੈਂ ਤਣ ਤਣ ਪਾਵਾਂ ਆਪਣਾ ਜਾਲ, ਤ੍ਰੈਗੁਣ ਆਪਣੇ ਸੰਗ ਨਿਭਾਈਆ । ਮੈਂ ਧੂੜੀ ਬਣ ਬਣ ਉਡਾਂ ਮਾਰ ਉਛਾਲ, ਪਵਣ ਪਵਣਾਂ ਵਿਚ ਸਮਾਈਆ । ਕਰਾਂ ਦਰਸ ਦੀਨ ਦਿਆਲ, ਸਾਚੇ ਤਖ਼ਤ ਬੈਠਾ ਸੱਚਾ ਸ਼ਹਿਨਸ਼ਾਹੀਆ । ਜਾ ਜਾ ਦੱਸਾਂ ਆਪਣਾ ਹਾਲ, ਸਚ ਸੰਦੇਸਾ ਆਪ ਸੁਣਾਈਆ । ਮੇਰੀ ਪ੍ਰੀਤੀ ਨਿਭ ਜਾਏ ਮੇਰੇ ਮਾਹੀ ਨਾਲ, ਵਿਛੋੜਾ ਸਹਿ ਨਾ ਸਕਾਂ ਰਾਈਆ । ਨਿਤ ਨਿਤ ਘਾਲਾਂ ਤੇਰੀ ਘਾਲ, ਘਾਲਣ ਏਕਾ ਵਾਰ ਦੇ ਸਮਝਾਈਆ । ਜੁਗ ਜੁਗ ਵੇਖਾਂ ਤੇਰੀ ਚਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਬੈਠੀ ਸੀਸ ਝੁਕਾਈਆ । ਪੁਰਖ ਅਬਿਨਾਸ਼ੀ ਸਚ ਜਣਾਇਆ, ਏਕਾ ਹੁਕਮ ਸੁਣਾਇੰਦਾ । ਤੇਰਾ ਹਿੱਸਾ ਤੇਰੀ ਝੋਲੀ ਪਾਇਆ, ਏਕਾ ਚੌਕਾ ਮੂਲ ਚੁਕਾਇੰਦਾ । ਆਪਣੇ ਮਿਲਣ ਦੀ ਬਿਧ ਵਖਾਇਆ, ਏਕਾ ਗੁਣ ਰਖਾਇੰਦਾ । ਤੇਰਾ ਤੱਤ ਆਪਣੇ ਤੱਤ ਨਾਲ ਤਪਾਇਆ, ਤਤਵ ਤਤ ਆਪ ਜਲਾਇੰਦਾ । ਤੇਰੀ ਰਤ ਅਪਣੀ ਰਤ ਰੰਗ ਰੰਗਾਇਆ, ਰੰਗ ਰਤੜਾ ਆਪ ਅਖਵਾਇੰਦਾ । ਤੇਰੀ ਗੋਦ ਚਾਰ ਖਾਣੀ ਦਏ ਬਹਾਇਆ, ਲੇਖਾ

ਲਿਖਤ ਨਾ ਕੋਇ ਜਣਾਇੰਦਾ । ਤੇਰਾ ਜੇਠਾ ਪੁਤ ਏਕਾ ਲਏ ਪਰਗਟਾਇਆ, ਪਰਬਤ ਆਪਣਾ ਰੂਪ ਟਿਕਾਇੰਦਾ । ਤੇਰੀ ਕੁੱਖੋਂ ਬਾਹਰ ਕਢਾਇਆ, ਆਪਣਾ ਰਾਹ ਜਣਾਇੰਦਾ । ਵਧ ਵਧ ਅੱਗੇ ਕਦਮ ਰਖਾਇਆ, ਦੋ ਜਹਾਨਾਂ ਪੈਂਡਾ ਆਪ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧਰਨੀ ਦਿਤਾ ਏਕਾ ਵਰ, ਏਕਾ ਗੁਣ ਰਖਾਇੰਦਾ । ਜਲ ਸੁਣਿਆ ਧਰਤੀ ਮੰਗੀ ਮੰਗ, ਪ੍ਰਭ ਚਰਨ ਮੰਗੀ ਸਰਨਾਈਆ । ਪੁਰਖ ਅਬਿਨਾਸ਼ੀ ਮਾਣੀ ਸੇਜ ਇਕ ਪਲੰਘ, ਵਸਤ ਅਮੋਲਕ ਇਕ ਵਰਤਾਈਆ । ਆਪਣਾ ਚਾੜ੍ਹਿਆ ਸਾਚਾ ਰੰਗ, ਉਤਰ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਚਰਜ ਖੇਲ ਬਣਾਈਆ । ਧਰਨੀ ਖ਼ਾਕ ਅੰਦਰ ਉਤਪਤ ਕਰੇ ਪਰਬਤ, ਉਚੀ ਚੋਟੀ ਆਪ ਬਣਾਈਆ । ਆਪਣੀ ਬਦਲੇ ਆਪੇ ਕਰਵਟ, ਦੂਸਰ, ਭੇਸ ਨਾ ਕਿਸੇ ਜਣਾਈਆ । ਆਪਣੇ ਵਿਚੋਂ ਕਰ ਕੇ ਆਪਾ ਪਰਗਟ, ਆਪਣੀ ਗੋਦੀ ਲਏ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਉਚੀ ਚੋਟੀ ਰਿਹਾ ਚੜ੍ਹਾਈਆ । ਧਰਨੀ ਸੁਤ ਸੁਤ ਦੁਲਾਰਾ, ਪ੍ਰਭ ਮਿਲਣ ਦੀ ਆਸ ਰਖਾਈਆ । ਉਚਾ ਟਿੱਲਾ ਪਰਬਤ ਮੁਨਾਰਾ, ਉਠ ਉਠ ਆਪਣਾ ਪੰਧ ਮੁਕਾਈਆ । ਕਵਣ ਵੇਲਾ ਮਿਲੇ ਮੇਲ ਹਰਿ ਨਿਰੰਕਾਰਾ, ਘਰ ਸਾਚੇ ਵੱਜੇ ਵਧਾਈਆ । ਹਰਿ ਕਾ ਭੇਵ ਨਾ ਕਿਸੇ ਵਿਚਾਰਾ, ਪੁਰਖ ਅਬਿਨਾਸ਼ੀ ਖੇਲ ਖਿਲਾਈਆ । ਜਲ ਜਲ ਧਰੇ ਆਪਣਾ ਬਲ ਅਪਾਰਾ, ਬਲ ਆਪਣਾ ਆਪ ਰਖਾਈਆ । ਹਿੱਸੇ ਤਿੰਨ ਵੰਡ ਆਈ ਮੇਰੀ ਮੈਂ ਤੇਰੇ ਨਾਲੋਂ ਵਸਾਂ ਨਿਆਰਾ, ਤੇਰੇ ਵਿਚ ਛੁਪ ਕਦੇ ਨਾ ਜਾਈਆ । ਮੈਂ ਤੇਰੇ ਪਰਬਤ ਤਨ ਆਪੇ ਪਾੜਾਂ, ਚੀਰ ਚੀਰ ਆਪਣਾ ਚੀਰ ਪਵਾਈਆ । ਉਚੀ ਚੋਟੀ ਚੜ੍ਹ ਕੇ ਤੇਰੇ ਵਿਚੋਂ ਪੁਕਾਰਾਂ, ਮੈਂ ਪਹਿਲੋਂ ਮਿਲਣਾ ਸਾਚੇ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੋਹਾਂ ਮਾਰਗ ਏਕਾ ਲਾਈਆ । ਪਰਬਤ ਕਹੇ ਮੈਂ ਉਪਰ ਚੜ੍ਹਨਾ, ਆਪਣਾ ਬਲ ਆਪ ਰਖਾਇੰਦਾ । ਜਲ ਕਹੇ ਮੈਂ ਤੇਰੇ ਨਾਲੋਂ ਪਹਿਲਾਂ ਵੜਨਾ, ਆਪਣਾ ਜ਼ੋਰ ਲਗਾਇੰਦਾ । ਪੁਰਖ ਅਬਿਨਾਸ਼ੀ ਦੋਹਾਂ ਵਿਚੋਲਾ ਬਣ ਕੇ ਖੇਲ ਆਪਣਾ ਕਰਨਾ, ਉਪਰ ਦੋਹਾਂ ਆਪਣਾ ਪਰਦਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧਰਨੀ ਅੰਦਰ ਜਲ ਜਲ ਧਰਨੀ ਵਿਚ ਰਖਾਇੰਦਾ । ਜਲ ਧਰਨੀ ਲਾ ਲਾ ਜ਼ੋਰ, ਆਪਣਾ ਪੰਧ ਰਹੇ ਮੁਕਾਈਆ । ਅੱਗੇ ਦਿਸੇ ਅੰਧ ਘੋਰ, ਜਗਤ ਸਮੇਰੂ ਦਏ ਦੁਹਾਈਆ । ਕੈਲਾਸ਼ ਪਰਬਤ ਆਪਣੀ ਛੱਡ ਕੇ ਬੈਠਾ ਡੋਰ, ਗੁੱਡੀ ਹੋਰ ਨਾ ਕੋਇ ਚੜ੍ਹਾਈਆ । ਜਲ ਜਲ ਪਾ ਪਾ ਬੈਠਾ ਆਪਣਾ ਸ਼ੋਰ, ਉਚੇ ਟਿੱਲੇ ਆਪਣੀ ਧਾਰ ਵਹਾਈਆ । ਅੰਤਮ ਹੋਏ ਕਮਜ਼ੋਰ, ਹਰਿ ਕਾ ਅੰਤ ਕੋਇ ਨਾ ਪਾਈਆ । ਦੋਵੇਂ ਨਿਉਂ ਨਿਉਂ ਮੰਗਣ ਨਾਤਾ ਤੁਟਾ ਮੋਰ ਤੋਰ, ਬਿਨ ਤੁਧ ਕੋਇ ਨਾ ਕਰੇ ਸਾਡੀ ਰਸਾਈਆ । ਪੁਰਖ ਅਬਿਨਾਸ਼ੀ ਚੜ੍ਹਕੇ ਆਇਆ ਘੋੜ, ਆਪਣਾ ਚਰਨ ਦਏ ਛੁਹਾਈਆ । ਜਲ ਧਾਰਾ ਧਰਤੀ ਵਲ ਦੇਵੇ ਰੋਹੜ, ਉਪਰੋਂ ਨੀਚੇ ਆਪ ਵਹਾਈਆ । ਪਾਥਰ ਪਾਹਨ ਨਾਲ ਦੇਵੇ ਤੋੜ, ਇਕ ਦੂਜੇ ਦਾ ਮੇਲ ਮਿਲਾਈਆ । ਉਚੀ ਪੌਂਦੇ ਆਵਣ ਸ਼ੋਰ, ਲੱਖ ਚੁਰਾਸੀ ਜੀਵ ਜੰਤ ਸਮਝਾਈਆ । ਉਤੇ ਦਿਸੇ ਅੰਧੇਰਾ ਘੋਰ, ਚੋਟੀ ਚੜ੍ਹਨ ਕੋਇ ਨਾ ਪਾਈਆ । ਕਿਸੇ ਨਾ ਚਲੇ ਕੋਈ ਜ਼ੋਰ, ਤਾਕਤ ਬਲ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੋਹਾਂ ਵਾਗ ਆਪ ਭਵਾਈਆ । ਦੋਹਾਂ ਵਾਗਾਂ ਆਪੇ ਮੋੜ, ਲੋਕਮਾਤ ਰਾਹ ਚਲਾਇੰਦਾ । ਇਕ ਦੂਜੇ ਨਾਲ ਜੋੜਿਆ ਜੋੜ, ਬਿਰਹੋਂ ਵਿਛੋੜਾ ਆਪ ਕਟਾਇੰਦਾ । ਇਕ ਦੂਜੇ ਦੀ ਸਦਾ ਲੋੜ, ਸਗਲਾ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ

੬੯੧
੧੦

ਹਰਿ, ਆਪ ਆਪਣੀ ਕਿਰਪਾ ਕਰ, ਜਲ ਜਲ ਰੂਪ ਆਪ ਸਮਾਇੰਦਾ । ਜਲ ਜਲ ਰੂਪ ਨਦੀਆਂ ਨਾਲੇ, ਨੀਰ ਨੀਰ ਬਰਸਾਇਆ । ਉਚੇ ਟਿੱਲੇ ਪਰਬਤ ਵੇਖੇ ਕਾਲੇ, ਏਕਾ ਬੰਧਨ ਬੰਧ ਬੰਧਾਇਆ । ਆਪ ਚਲਾਈ ਅਵੱਲੜੀ ਚਾਲੇ, ਭੇਵ ਕਿਸੇ ਨਾ ਆਇਆ । ਆਦਿ ਜੁਗਾਦਿ ਕਰੇ ਪ੍ਰਿਤਪਾਲੇ, ਪ੍ਰਿਤਪਾਲਕ ਨਾਉਂ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੋਹਾਂ ਏਕਾ ਤੱਤ ਵਖਾਇਆ । ਦੋਹਾਂ ਵੇਖਿਆ ਏਕਾ ਰੰਗ, ਘਰ ਸਾਚੇ ਖ਼ੁਸ਼ੀ ਮਨਾਈਆ । ਪਰਬਤ ਪਾਣੀ ਮੰਗਣ ਮੰਗ, ਪ੍ਰਭ ਅੱਗੇ ਝੋਲੀ ਡਾਹੀਆ । ਜੁਗ ਚੌਕੜੀ ਸਾਡਾ ਬਣਿਆ ਰਹੇ ਸੰਗ, ਮਿਲ ਮਿਲ ਤੇਰਾ ਰਹੇ ਜਸ ਗਾਈਆ । ਕਵਣ ਵੇਲਾ ਹੋਏ ਬਖ਼ਸ਼ੰਦ, ਫਿਰ ਦਰਸ਼ਨ ਦੇਵੇਂ ਸੱਚੇ ਮਾਹੀਆ । ਸਾਡਾ ਚਲਦਿਆਂ ਚਲਦਿਆਂ ਮੁੱਕੇ ਨਾ ਪੰਧ, ਕੋਟਨ ਕੋਟ ਕਾਲ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦਰ ਦਏ ਸਮਝਾਈਆ । ਪਾਹਨ ਪੱਥਰ ਕਰੇ ਪੁਕਾਰ, ਪ੍ਰਭ ਅੱਗੇ ਸੀਸ ਝੁਕਾਇਆ । ਤੁਧ ਬਿਨ ਕੋਇ ਨਾ ਪਾਏ ਮੇਰੀ ਸਾਰ, ਮੈਂ ਮੂਰਖ ਕੰਮ ਕਿਸੇ ਨਾ ਆਇਆ । ਜੇ ਕੋਈ ਮੇਰੇ ਉਪਰ ਚਲੇ ਮੈਂ ਠੋਕਰ ਦੇਵਾਂ ਮਾਰ, ਸਾਚਾ ਸੰਗ ਨਾ ਕੋਇ ਰਖਾਇਆ । ਜੇ ਕੋਈ ਚੁੱਕੇ ਮੇਰਾ ਭਾਰ, ਮੂੰਹ ਦੇ ਭਾਰ ਦਿਆਂ ਸੁਟਾਇਆ । ਜੇ ਕੋਈ ਕਰੇ ਮੇਰਾ ਪਿਆਰ, ਖ਼ਾਲੀ ਹੱਥ ਦਿਆਂ ਵਖਾਇਆ । ਨਾ ਕਿਛ ਅੰਦਰ ਨਾ ਕਿਛ ਬਾਹਰ, ਨਾ ਕੋਈ ਸੰਗ ਰਖਾਇਆ । ਏਕਾ ਬਖ਼ਸ਼ ਚਰਨ ਪ੍ਰੀਤੀ ਬਖ਼ਸ਼ਣਹਾਰ, ਤੁਧ ਬਿਨ ਅਵਰ ਨਾ ਕੋਇ ਸਹਾਇਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਸਾਚਾ ਵਰ ਏਕਾ ਝੋਲੀ ਪਾਇਆ । ਸੁਣ ਕਾਲੇ ਪੱਥਰ ਕਾਲੇ ਰੰਗ, ਤੇਰਾ ਤੇਰੇ ਉਪਰ ਦਇਆ ਕਮਾਈਆ । ਤੇਰੇ ਤਨ ਪਹਿਨਾਏ ਏਕਾ ਵੰਗ, ਨਜ਼ਰ ਕਿਸੇ ਨਾ ਆਈਆ । ਤੇਰਾ ਰੂਪ ਆਪਣੇ ਲਾਏ ਅੰਗ, ਅੰਗੀਕਾਰ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਮਾਣ ਵਡਿਆਈਆ । ਦੇਵੇ ਵਡਿਆਈ ਸਾਚਾ ਹਰਿ, ਸਿਰ ਆਪਣਾ ਹੱਥ ਰਖਾਇੰਦਾ । ਪੱਥਰ ਪਾਹਨ ਪੂਜਣ ਘਰ ਘਰ, ਠਾਕਰ ਠਾਕਰ ਰੂਪ ਵਟਾਇੰਦਾ । ਹੱਥ ਮੂੰਹ ਨੱਕ ਤੇਰਾ ਲੈਣ ਘੜ, ਭੁਜਾਂ ਲਿੰਗ ਨਾਲ ਰਲਾਇੰਦਾ । ਮਾਣਸ ਅੱਗੇ ਲੈਣ ਧਰ, ਸਿਲ ਪੂਜਸ ਪੂਜ ਪੁਜਾਇੰਦਾ । ਮਸਤਕ ਟਿੱਕਾ ਲਾਲ ਦੇਣ ਧਰ, ਲਾਲ ਲਾਲਾ ਰੰਗ ਚੜ੍ਹਾਇੰਦਾ । ਤੂੰ ਕੋਲੋਂ ਮੇਰਿਉਂ ਮੰਗਿਆ ਵਰ, ਤੇਰਾ ਮਾਣ ਮਾਣ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੋਕਮਾਤ ਤੇਰਾ ਮਾਣ ਵਡਿਆਇੰਦਾ । ਪਾਥਰ ਪਾਹਨ ਕਰੇ ਪੁਕਾਰ, ਨੇਤਰ ਰੋ ਰੋ ਨੀਰ ਵਹਾਈਆ । ਬਿਨ ਤੁਧ ਚਰਨ ਨਾ ਮੈਨੂੰ ਕੋਈ ਹੋਰ ਮਾਣ, ਪੂਜਾ ਪਾਠ ਨਾ ਮੋਹੇ ਭਾਈਆ । ਤੇਰਾ ਦਰਸ ਮੰਗਾਂ ਸ੍ਰੀ ਭਗਵਾਨ, ਦੇ ਦਰਸ ਮੈਂ ਕਿਸੇ ਥਾਂ ਨਾ ਤ੍ਰਿਪਤ ਕਰਾਈਆ । ਮੇਰਾ ਨਾ ਕੁਛ ਪੀਣ ਨਾ ਕੁਛ ਖਾਣ, ਨਾ ਕੋਈ ਰਸਨਾ ਬੋਲੇ ਜ਼ਬਾਨ ਨਾ ਤੇਰਾ ਭੇਵ ਸਕਾਂ ਜਣਾਈਆ । ਤੂੰ ਪਰਦਾ ਪਾਇਆ ਕਿਉਂ ਜਹਾਨ, ਭਰਮ ਭੁਲੇਖਾ ਵਸਿਆ ਮਾਤ ਲੋਕਾਈਆ । ਪੱਥਰ ਕਦੇ ਨਾ ਬਣਿਆ ਕਾਹਨ, ਪੱਥਰ ਕਦੇ ਨਾ ਬਣਿਆ ਭਗਵਾਨ, ਭਗਵਨ ਤੇਰਾ ਰੂਪ ਤੋਹੇ ਭਾਈਆ । ਮੈਂ ਮੂਰਖ ਮੁਗਧ ਅਵਾਣ, ਮੇਰਾ ਨੱਕ ਮੂੰਹ ਹੱਥ ਘੜਨ ਤਰਖਾਨ, ਹੱਥ ਵਿਚ ਤਿਖੀ ਤੇਸੀ ਉਠਾਈਆ । ਫਿਰ ਚੁੱਕ ਕੇ ਚਾਰ ਦੀਵਾਰੀ ਅੰਦਰ ਟਿਕਾਣ, ਜਿਥੇ ਬਹਾਵਣ ਓਥੇ ਬੈਠਾ ਰਹਾਂ, ਉਠ ਉਠ ਦਿਸ਼ਾ ਨਾ ਕਿਸੇ ਜਾਈਆ । ਨਾ ਕੋਈ ਖਾਵਾਂ ਪੀਆਂ ਪਕਵਾਨ, ਨਾ ਕੋਈ ਨਹਾਵਾਂ ਨਹਾਨ, ਜੇ ਕੋਈ ਨੁਹਾਵੇ ਆਪਣੇ ਉਪਰੋਂ ਬਾਹਰ ਬਾਹਰ ਧਾਰ ਦਿਆਂ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੈਂ ਪੱਥਰ ਤੁਧ ਬਿਨ ਲੱਥਾ


੬੯੨ ੧੦

ੱਸਬਰ, ਮੇਰੀ ਸੇਜ ਨਾ ਕੋਇ ਸੁਹਾਈਆ । ਮੈਂ ਪਾਥਰ ਘੜਿਆ ਬੁੱਤ, ਜਗ ਮੰਦਰ ਆਪ ਟਿਕਾਇਆ । ਮੈਂ ਰਾਹ ਤੱਕਾਂ ਤੇਰਾ ਅਬਿਨਾਸ਼ੀ ਅਚੁਤ, ਦੂਸਰ ਸਕਾਂ ਕੀ ਰਾਹ ਵਖਾਇਆ । ਮੈਂ ਰੱਖਾਂ ਤੇਰੀ ਓਟ, ਮੇਰੀ ਓਟ ਕੋਈ ਕਿਆ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਮੇਰੇ ਹੱਥ ਟਿਕਾਇਆ । ਪੁਰਖ ਅਬਿਨਾਸ਼ੀ ਦਇਆ ਕਮਾ, ਸਿਰ ਆਪਣਾ ਹੱਥ ਟਿਕਾਇੰਦਾ । ਚਾਰ ਜੁਗ ਤੇਰਾ ਰੂਪ ਧਰਾ, ਲੋਕਮਾਤ ਖੇਲ ਖਿਲਾਇੰਦਾ । ਕਲਜੁਗ ਅੰਤਮ ਵੇਲਾ ਜਾਏ ਆ, ਤੇਰਾ ਪਿਛਲਾ ਪੰਧ ਮੁਕਾਇੰਦਾ । ਨਿਰਗੁਣ ਮੇਲਾ ਨਿਰਗੁਣ ਲਏ ਕਰਾ, ਨਜ਼ਰ ਕਿਸੇ ਨਾ ਆਇੰਦਾ । ਜਲ ਉਠਿਆ ਪੁਰਖ ਅਬਿਨਾਸ਼ੀ ਪਾਹਨ ਪੱਥਰ ਰਿਹਾ ਸਮਝਾ, ਮੈਂ ਭੁਲ ਭੁੱਲ ਵਕਤ ਲੰਘਾਇੰਦਾ । ਦਰ ਆ ਕੇ ਉਚੀ ਮਾਰੀ ਧਾਹ, ਨੇਤਰ ਨੈਣਾਂ ਨੀਰ ਵਹਾਇੰਦਾ । ਕਵਣ ਸੋ ਵੇਲਾ ਕਵਣ ਵਕਤ ਮੇਰੀ ਪਕੜੇ ਬਾਂਹ, ਚਾਰ ਜੁਗ ਮੇਰੀ ਰਫ਼ਤਾਰ ਨਾ ਕੋਇ ਬਦਲਾਇੰਦਾ । ਪੁਰਖ ਅਬਿਨਾਸ਼ੀ ਏਕਾ ਦੇਣੀ ਸਚ ਸਲਾਹ, ਤੇਰੀ ਸੀਤਲ ਧਾਰ ਮੇਰਾ ਚੰਨ ਨਜ਼ਰੀ ਆਇੰਦਾ । ਠੰਡਾ ਚੰਨ ਆਬ ਨਾਲ ਦੇਣਾ ਮਿਲਾ, ਮਿਲਿਆ ਮੇਲ ਵਿਛੜ ਕਦੇ ਨਾ ਜਾਇੰਦਾ । ਕਰ ਕਿਰਪਾ ਮੇਰਾ ਨਾਉਂ ਦੇਣਾ ਪਰਗਟਾ, ਲੋਕਮਾਤ ਜੀਵ ਜੰਤ ਸਮਝਾਇੰਦਾ । ਮੈਂ ਤੱਕਾਂ ਤੇਰਾ ਰਾਹ, ਨਿਤ ਉਠ ਉਠ ਧਿਆਨ ਲਗਾਇੰਦਾ । ਪਾਥਰ ਮੇਲਾ ਸਹਿਜ ਸੁਭਾ, ਆਪਣੇ ਹੇਠਾਂ ਸੱਥਰ ਵਿਛਾਇੰਦਾ । ਉਤੋਂ ਨੱਠਾ ਜਾਵਾਂ ਵਾਹੋ ਦਾਹ, ਹੱਥ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਅੱਗੇ ਤੇਰੇ ਵਾਸਤਾ ਪਾਇੰਦਾ । ਪੁਰਖ ਅਬਿਨਾਸ਼ੀ ਹੋ ਮਿਹਰਵਾਨ, ਏਕਾ ਹੁਕਮ ਸੁਣਾਇਆ । ਠਾਂਡੇ ਚੰਨ ਦਿਆਂ ਦਾਨ, ਆਬ ਰੂਪ ਵਟਾਇਆ । ਲੋਕਮਾਤ ਕਰਾਂ ਪਰਧਾਨ, ਤੇਰਾ ਨਾਉਂ ਧਰਾਇਆ । ਪਾਥਰ ਪਾਹਨ ਕਰ ਪਰਵਾਨ, ਆਪਣੇ ਰੰਗ ਰੰਗਾਇਆ । ਜੀਵ ਜੰਤ ਸਾਰੇ ਗਾਨ, ਤੇਰਾ ਨਾਉਂ ਚੰਨ ਆਬ ਰਖਾਇਆ । ਤੇਰੇ ਕੰਢੇ ਆਸ਼ਕ ਮਾਸ਼ੂਕ ਮੌਜਾਂ ਮਾਣ, ਰੰਗ ਆਪਣਾ ਜਾਣ ਵਖਾਇਆ । ਇਕ ਦੂਜੇ ਦਾ ਕਰਨ ਧਿਆਨ, ਨੇਤਰ ਨੈਣ ਨੈਣ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਗੁਣ ਦਏ ਸਮਝਾਇਆ । ਤੇਰਾ ਕੰਢਾ ਆਸ਼ਕ ਮਾਸ਼ੂਕ, ਮਾਰਫਤ ਰੂਪ ਵਟਾਈਆ । ਸੋਹਣੀ ਮਾਰੇ ਏਕਾ ਕੂਕ, ਮਹੀਵਾਲ ਦਏ ਦੁਹਾਈਆ । ਬਿਰਹੋਂ ਅਗਨੀ ਰਹੀ ਫੂਕ, ਸੀਤਲ ਧਾਰ ਨਾ ਕੋਇ ਵਗਾਈਆ । ਇਕ ਦੂਜੇ ਦੀ ਕਰਨ ਉਡੀਕ, ਕਵਣ ਵੇਲਾ ਮਿਲੇ ਸਾਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਪਰਦਾ ਦਏ ਉਠਾਈਆ । ਜਗਤ ਮਾਸ਼ੂਕ ਇਕ ਦੂਜੇ ਦੇ ਚਾਕਰ, ਹਰਿ ਕਾ ਧਿਆਨ ਨਾ ਕੋਇ ਲਗਾਇੰਦਾ । ਮੰਗੀ ਮੰਗ ਜਲ ਪਾਹਨ ਪਾਥਰ, ਕਵਣ ਬਿਧ ਹਰਿ ਪੂਰ ਕਰਾਇੰਦਾ । ਚੌਥਾ ਜੁਗ ਆਏ ਆਖ਼ਰ, ਵੇਲਾ ਵਕਤ ਆਪ ਸੁਹਾਇੰਦਾ । ਤੇਰਾ ਮਾਣ ਰਖਾਏ ਜਿਉਂ ਸੁਧਾ ਸਰ, ਸ਼ੁਧੀ ਆਪਣੀ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵੇਲਾ ਵਕਤ ਆਪ ਜਣਾਇੰਦਾ । ਕਲਜੁਗ ਵੇਲਾ ਅੰਤਮ ਔਣਾ, ਪਾਰਬ੍ਰਹਮ ਸਮਝਾਈਆ । ਪਾਥਰ ਪਾਹਨ ਆਪ ਤਰੌਣਾ, ਜਲ ਬਿੰਬ ਦਏ ਵਡਿਆਈਆ । ਚਾਰ ਜੁਗ ਦੇ ਵਿਛੜੇ ਹਰਿ ਹਰਿਜਨ ਸਾਚੇ ਮੇਲ ਮਿਲੌਣਾ, ਮਿਲ ਕੇ ਆਏ ਸਾਚਾ ਮਾਹੀਆ । ਤੇਰੇ ਕੰਢੇ ਚਰਨ ਟਿਕੌਣਾ, ਕੰਢੀ ਵੇਖੇ ਬੇਪਰਵਾਹੀਆ । ਗੁਰਮੁਖ ਸਾਚੇ ਤੇਰੇ ਸੰਗ ਰਖੌਣਾ, ਤੇਰੀ ਜਗਤ ਪਿਆਸ ਬੁਝਾਈਆ । ਗੁਰਸਿਖਾਂ ਧੂੜ ਤੇਰੇ ਵਿਚ ਛੁਹੌਣਾ, ਤੇਰਾ ਜੁਗ ਯੁਗ ਦਾ ਪੰਧ ਮੁਕਾਈਆ । ਆਪ ਵੇਖ ਵੇਖ ਖ਼ੁਸ਼ੀ ਮਨੌਣਾ, ਕੀਤਾ ਕੌਲ ਪੂਰ ਕਰਾਈਆ । ਦੋਹਾਂ ਢੋਲਾ

ਏਕਾ ਗੌਣਾ, ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੈ ਜੈਕਾਰ ਕਰਾਈਆ । ਤੇਰਾ ਨੀਰ ਸੱਤ ਸਮੁੰਦਰ ਵਿਚ ਸਮੌਣਾ, ਸਮੁੰਦ ਸਾਗਰ ਦਏ ਵਡਿਆਈਆ । ਆਪਣਾ ਨਾਮ ਤੇਰੀ ਧਾਰ ਵਿਚ ਲੁਕੌਣਾ, ਗੁਰਸਿਖਾਂ ਪਿਆਰ ਤੇਰੇ ਵਿਚ ਰਖਾਈਆ । ਬਤਾਲੀ ਲੱਖ ਜੀਵ ਜੰਤ ਜੂਨੀ ਅੰਮ੍ਰਿਤ ਰਸ ਮੁਖ ਚਵੌਣਾ, ਆਪਣਾ ਖੇਲ ਆਪ ਖਿਲਾਈਆ । ਘਟ ਘਟ ਅੰਦਰ ਏਕਾ ਨੂਰ ਨਜ਼ਰੀ ਔਣਾ, ਮਛ ਕਛ ਬੈਠਣ ਸੀਸ ਝੁਕਾਈਆ । ਪਾਤਾਲ ਪਾਤਾਲ ਪਾਤਾਲਾਂ ਸੋਹੰ ਢੋਲਾ ਸਭ ਨੇ ਗੌਣਾ, ਜਲ ਜਲ ਅੰਦਰ ਪੱਥਰ ਪਾਹਨ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਓਟ ਤਕਾਈਆ । ਆਦਿ ਅੰਤ ਸ੍ਰੀ ਭਗਵਾਨ, ਆਪਣਾ ਲੇਖ ਚੁਕਾਏ ਆਣ, ਲੇਖਾ ਰਹਿਣ ਨਾ ਦੇਵੇ ਰਾਈਆ ।

## ★ ੨੦ ਜੇਠ ੨੦੧੮ ਬਿਕਰਮੀ ਬੀਬੀ ਬੰਤੀ ਦੇ ਗ੍ਰਿਹ ★

ਸਮੁੰਦ ਸਾਗਰ ਵੇਖੇ ਸਿੰਧ, ਸਾਚੀ ਧਾਰ ਚਲਾਈਆ । ਜੀਵ ਉਪਾਏ ਆਪਣੀ ਬਿੰਦ, ਜੰਤ ਦਏ ਵਡਿਆਈਆ । ਦਾਤਾ ਦਾਨੀ ਗੁਣੀ ਗਹਿੰਦ, ਗਹਿਰ ਗੰਭੀਰ ਬੇਪਰਵਾਹੀਆ । ਦਿਆਲ ਠਾਕਰ ਸਦਾ ਬਖ਼ਸ਼ੰਦ, ਬਖ਼ਸ਼ਣਹਾਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਲ ਜਲ ਰੂਪ ਆਪ ਸਮਾਈਆ । ਜਲ ਜਲ ਧਾਰ ਹਰਿ ਨਿਰੰਕਾਰਾ, ਡੂੰਘੇ ਸਾਗਰ ਆਸਣ ਲਾਇੰਦਾ । ਕਰੇ ਕਰਾਏ ਸਾਚੀ ਕਾਰਾ, ਭੇਵ ਕੋਇ ਨਾ ਪਾਇੰਦਾ । ਜੁਗਾ ਜੁਗੰਤਰ ਨਾਮ ਜੈਕਾਰਾ, ਸਤਿ ਸਤਿਵਾਦੀ ਆਪ ਕਰਾਇੰਦਾ । ਕਰੇ ਖੇਲ ਅਪਰ ਅਪਾਰਾ, ਲੇਖਾ ਲਿਖਤ ਵਿਚ ਨਾ ਆਇੰਦਾ । ਕਲਜੁਗ ਅੰਤਮ ਕਰਾਇਆ ਸਾਚਾ ਵਣਜ ਵਪਾਰਾ, ਗੁਰਮੁਖ ਧੂੜੀ ਚਰਨ ਧਵਾਇੰਦਾ । ਮੇਲ ਮਿਲਾਇਆ ਵਿਛੜੇ ਯਾਰਾ, ਸਗਲਾ ਸੰਗ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੀਵ ਜੰਤ ਸਰਬ ਤਰਾਇੰਦਾ । ਮਿਲਿਆ ਮੇਲ ਵਿਛੜੇ ਮੀਤ, ਜਗਤ ਵਿਛੋੜਾ ਹਰਿ ਕਟਾਇਆ । ਮਿਲ ਮਿਲ ਗਾਇਆ ਏਕਾ ਗੀਤ, ਉਪਰ ਪਾਹਨ ਆਸਣ ਲਾਇਆ । ਪਾਰਬ੍ਰਹਮ ਚਲਾਈ ਅਚਰਜ ਰੀਤ, ਪੰਜ ਤੱਤ ਜਲ ਧਾਰਾ ਰੂਪ ਵਖਾਇਆ । ਧਾਰ ਰੁੜ੍ਹਾਈ ਏਕਾ ਸੀਤ, ਸੀਤਲ ਆਪਣਾ ਵੇਸ ਵਟਾਇਆ । ਨਿਰਗੁਣ ਹੋ ਹੋ ਵਸਿਆ ਚੀਤ, ਚੇਤਨ ਰੂਪ ਦਰਸਾਇਆ । ਸੀਸ ਟਿਕਾਇਆ ਪੀਤੰਬਰ ਪੀਤ, ਜਗਦੀਸ ਹੋਏ ਸਹਾਇਆ । ਸੱਤ ਸਮੁੰਦਰ ਦੇਣੀ ਇਕ ਹਦੀਸ, ਸੋਹੰ ਅਜਪਾ ਜਾਪ ਕਰਾਇਆ । ਪ੍ਰਭ ਵੇਖਣ ਆਏ ਬੀਸ ਬੀਸ, ਭੁਲ ਕੋਇ ਨਾ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਚਰਜ ਆਪਣਾ ਖੇਲ ਖਿਲਾਇਆ । ਅਚਰਜ ਖੇਲ ਸਰਬ ਗੁਣਵੰਤ, ਜਲ ਜਲ ਧਾਰਾ ਆਪ ਕਰਾਈਆ । ਨਾਲ ਰਲਾਏ ਗੁਰਮੁਖ ਸਾਚੇ ਸੰਤ, ਦਰ ਘਰ ਸਾਚੇ ਮੇਲ ਮਿਲਾਈਆ । ਕਿਰਪਾ ਕਰੀ ਸ੍ਰੀ ਭਗਵੰਤ, ਸਾਚੇ ਘਾਟ ਦਏ ਵਡਿਆਈਆ । ਆਪ ਜਣਾਇਆ ਆਪਣਾ ਮੰਤ, ਕਰੋੜ ਤੇਤੀਸਾ ਦਰਸ ਰਹੇ ਨੈਣ ਬਿਗਸਾਈਆ । ਵਿਸ਼ਨ ਬ੍ਰਹਮਾ ਸ਼ਿਵ ਗੁਣ ਗਾਇਣ ਬੇਅੰਤ ਬੇਅੰਤ, ਵਾਹ ਵਾ ਤੇਰੀ ਵਡੀ ਵਡਿਆਈਆ । ਜਿਸ ਉਧਾਰੇ ਬਤਾਲੀ ਲੱਖ ਜੀਵ ਜੰਤ, ਅਜੂਨੀ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਮੁੰਦ ਸਾਗਰ ਰਿਹਾ ਸਮਾਈਆ । ਸਮੁੰਦ ਸਾਗਰ ਹਰਿ ਸਮਾਇਆ, ਨਿਰਗੁਣ ਦਾਤਾ ਬੇਪਰਵਾਹ । ਡੂੰਘੇ ਡੂੰਘਰ ਆਸਣ ਲਾਇਆ, ਜਾਣੇ ਥਲ ਅਸਗਾਹ । ਸਾਚਾ ਹੁਕਮ ਰਿਹਾ ਸੁਣਾਇਆ, ਭੁੱਲੇ ਕੋਇ ਨਾ । ਏਕਾ

ਅੱਖਰ ਨਾਮ ਦ੍ਰਿੜਾਇਆ, ਸੋ ਪੁਰਖ ਨਿਰੰਜਣ ਰਿਹਾ ਜਪਾ । ਹੰ ਬ੍ਰਹਮ ਸਰਬ ਉਪਾਇਆ, ਆਤਮ ਜੀਵ ਰੂਪ ਵਟਾ । ਕਲਜੁਗ ਅੰਤਮ ਸਭ ਦੀ ਜੂਨੀ ਦਏ ਪਲਟਾਇਆ, ਆਪ ਆਪਣੀ ਬਣਤ ਬਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਡੇਰਾ ਕੰਢੇ ਲਾ ਝਨਾ । ਕੰਢੇ ਡੇਰਾ ਲੱਗਾ ਚਨਾਬ, ਚੰਨ ਆਬ ਹੋਈ ਰੁਸ਼ਨਾਈਆ । ਜਿਉਂ ਪੁੱਤ ਵਿਛੜਿਆ ਮਿਲਿਆ ਮਾਈ ਬਾਪ, ਘਰ ਵੱਜੀ ਸਚ ਵਧਾਈਆ । ਚਾਰ ਜੁਗ ਦੇ ਲੱਥੇ ਤਾਪ, ਜੋ ਮਨਮੁਖ ਜੀਵ ਦੁਰਮਤ ਮੈਲ ਵਿਚ ਧਵਾਈਆ । ਹਰਿ ਸੰਗਤ ਮਿਲ ਹੋਇਆ ਪਾਕੀ ਪਾਕ, ਪਤਤ ਰੂਪ ਨਾ ਕੋਇ ਰਖਾਈਆ । ਧੰਨ ਭਾਗ ਮਿਲਿਆ ਗੁਰਸਿਖ ਸੱਜਣ ਸਾਕ, ਜਿਸ ਲੈਣ ਦੇਣ ਦੀ ਆਸ ਨਾ ਕੋਇ ਰਖਾਈਆ । ਆਏ ਚਲ ਮੇਰੇ ਘਾਟ, ਚਰਨ ਧੂੜੀ ਮੇਰੀ ਝੋਲੀ ਪਾਈਆ । ਮੈਂ ਹੋ ਨਿਮਾਣਾ ਵਿਕਾਂ ਗੁਰਸਿਖ ਹਾਟ, ਮੇਰੀ ਕੀਮਤ ਲੋਕਮਾਤ ਨਾ ਕੋਇ ਚੁਕਾਈਆ । ਮੇਰਾ ਖ਼ੁਸ਼ੀ ਅੰਦਰ ਜਾਮਾ ਗਿਆ ਪਾਟ, ਬਿਨ ਜਾਮੇ ਹਰਿ ਕਾ ਦਰਸ਼ਨ ਪਾਈਆ । ਮੈਂ ਤੱਕ ਕੇ ਵੇਖਿਆ ਏਕਾ ਨਿਰਮਲ ਜੋਤ ਜਗੇ ਮੇਰੇ ਕੰਢੇ ਘਾਟ, ਮੇਰੀ ਡੂੰਘੀ ਭਵਰ ਕਰੇ ਰੁਸ਼ਨਾਈਆ । ਮੈਂ ਫੜਨ ਲੱਗਾ ਕੋਈ ਨਾ ਆਈ ਹਾਥ, ਚਨਾਬ ਰੋ ਰੋ ਨੀਰ ਵਹਾਈਆ । ਕਵਣ ਗੁਣ ਮੇਰਾ ਦਿਤਾ ਸਾਥ, ਅਵਗੁਣ ਭਰਿਆ ਸਦਾ ਗੁਨਾਹੀਆ । ਮੇਰੇ ਅੰਦਰ ਸਾਧਾਂ ਸੰਤਾਂ ਕੀਤੇ ਪਾਪ, ਕਵਾਰ ਕੰਨਿਆ ਵੇਸਵਾ ਰੂਪ ਵਟਾਈਆ । ਮੇਰੇ ਅੰਦਰ ਵੜ ਵੜ ਝੂਠਾ ਜਪਿਆ ਜਾਪ, ਮਨ ਮਤ ਮੈਲ ਨਾ ਕੋਇ ਧਵਾਈਆ । ਮੇਰੀ ਸੇਜਾ ਸੁੰਞੀ ਚਾਰ ਜੁਗ ਰਹੀ ਖਾਟ, ਬਿਨ ਗੁਰਸਿਖ ਚਰਨ ਨਾ ਕੋਇ ਟਿਕਾਈਆ । ਮੈਂ ਦੂਰ ਦੁਰਾਡਾ ਮੁਕੌਂਦਾ ਆਇਆ ਵਾਟ, ਤੇਰਾ ਪੰਧ ਮੇਰੇ ਲੇਖੇ ਵਿਚ ਨਾ ਆਈਆ । ਕਰ ਕਿਰਪਾ ਮੇਰਾ ਦਿਤਾ ਸਾਥ, ਨਾਥ ਅਨਾਥਾਂ ਹੋਇਆ ਸਹਾਈਆ । ਕਰ ਦਰਸ ਮੇਰੇ ਸਗਲ ਵਿਸੂਰੇ ਗਏ ਲਾਥ, ਗੁਰਸਿਖ ਮਿਲਿਆ ਜਿਉਂ ਭਾਈਆਂ ਭਾਈਆ । ਮੈਂ ਚੜ੍ਹ ਕੇ ਜਾਣਾ ਤੇਰੇ ਰਾਥ, ਤੇਰਾ ਢੋਲਾ ਗਾਈਆ । ਮੈਂ ਸੱਤ ਸਮੁੰਦਰ ਲੈ ਕੇ ਜਾਵਾਂ ਤੇਰਾ ਨਾਉਂ ਸਾਥ, ਜਾ ਕੇ ਬਹਵਾਂ ਜਿਉਂ ਸੌਹਰਿਆਂ ਘਰ ਜਵਾਈਆ । ਕਿਰਪਾ ਕਰੀ ਆਪ ਰਘੁਨਾਥ, ਮੇਰੀ ਰਗ ਰਗ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗੰਤਰ, ਜਨ ਭਗਤਾਂ ਦਏ ਜਗਤ ਵਡਿਆਈਆ । ਸੱਤ ਸਮੁੰਦਰ ਜਾ ਕੇ ਬਹਿਣਾ, ਆਪਣਾ ਨੈਣ ਉਠਾਈਆ । ਜਾ ਕੇ ਪੁੱਛਾਂ ਕੀ ਦੱਸਣਾ ਕੀ ਕਹਿਣਾ, ਸੁਣਨ ਕਹਿਣ ਦੀ ਗੱਲ ਕੋਈ ਕਹੀ ਨਾ ਜਾਈਆ । ਜਿਸ ਨੂੰ ਆਦਿ ਜੁਗਾਦਿ ਕਹਿੰਦੇ ਆਏ ਨਰ ਨਰਾਇਣਾ, ਲੋਕਮਾਤ ਆਇਆ ਫੇਰੀ ਪਾਈਆ । ਸਭ ਨੇ ਭਾਣਾ ਉਸ ਦਾ ਸਹਿਣਾ, ਭੁਲ ਕੋਇ ਨਾ ਜਾਈਆ । ਸਾਗਰਾਂ ਅੰਦਰ ਉਸ ਨੇ ਰਹਿਣਾ, ਆਪ ਆਪਣਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸੱਤ ਸਾਗਰ ਉਠ ਕਰਨ ਵਿਚਾਰ, ਏਹ ਕੀ ਹਾਲ ਸੁਣਾਇਆ । ਅਸੀਂ ਸੁੱਤੇ ਪੈਰ ਪਸਾਰ, ਕਵਣ ਸਕੇ ਸਾਨੂੰ ਉਠਾਇਆ । ਕੋਟਨ ਕੋਟ ਨਦੀਆਂ ਨਾਲੇ ਆਪਣੇ ਵਿਚ ਸਮਾਏ ਸਾਡਾ ਭਰਿਆ ਨਾ ਅਜੇ ਭੰਡਾਰ, ਸਾਡੀ ਤ੍ਰਿਸਨਾ ਨਾ ਕੋਇ ਬੁਝਾਇਆ । ਸਚਖੰਡ ਵਸੇ ਸਦਾ ਨਿਰੰਕਾਰ, ਸਚਖੰਡ ਬੈਠਾ ਆਸਣ ਲਾਇਆ । ਚੰਨ ਆਬ ਕਹੇ ਹੋਣਾ ਖ਼ਬਰਦਾਰ, ਮੈਂ ਗੁਰਸਿਖਾਂ ਮਿਲ ਨੇਤਰ ਨੈਣ ਪੇਖ ਕੇ ਆਇਆ । ਜਿਸ ਨੂੰ ਕਹਿੰਦੇ ਸਾਂਝਾ ਯਾਰ, ਨਿਰਗੁਣ ਜੋਤ ਕਰੇ ਰੁਸ਼ਨਾਇਆ । ਠਰਦੇ ਸਮੁੰਦਰ ਦੇਵੇ ਸਾੜ, ਏਕਾ ਆਪਣਾ ਨੈਣ ਉਠਾਇਆ । ਮੈਂ ਸਨੇਹੁੜਾ ਦੇਣ ਆਇਆ ਔਣਾ ਚਲ ਸੱਚੇ ਦਰਬਾਰ, ਹਾੜ ਸਤਾਰਾਂ ਦਿਵਸ ਸੁਹਾਇਆ । ਪੁਰਖ ਅਬਿਨਾਸ਼ੀ ਦੇ

ਜਹਾਨਾਂ ਲੌਣਾ ਇਕ ਅਖਾੜ, ਲੁਕਿਆ ਕੋਇ ਰਹਿਣ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਖੇਲ ਆਪਣੇ ਹੱਥ ਰਖਾਇਆ ।

ਇਕ ਵਾਰ ਜੇ ਲੌਂਦੋਂ ਚੁੱਭੀ, ਪ੍ਰਭ ਦ੍ਰਿਸ਼ਟ ਦਏ ਖੁਲ੍ਹਾਈਆ । ਲੱਖ ਚੁਰਾਸੀ ਦਿਸਦੀ ਖੁੱਬੀ, ਚਿੱਕੜ ਗਾਰੇ ਵਿਚ ਫਸਾਈਆ । ਚਾਰੋਂ ਕੁੰਟ ਰੋਵੇ ਉਚੀ ਕੂਕ ਭੁੱਬੀਂ, ਨੇਤਰ ਨੈਣਾਂ ਨੀਰ ਵਹਾਈਆ । ਕਿਸੇ ਦੀ ਸੁੱਧ ਦਿਸੇ ਨਾ ਬੁੱਧੀ, ਮਲੇਛ ਸਰਬ ਜਣਾਈਆ । ਕਾਲ ਕਲੰਦਰ ਪਾਵੇ ਲੁੱਡੀ, ਆਪਣਾ ਨਾਚ ਨਚਾਈਆ । ਮਾਇਆ ਮਮਤਾ ਚੜ੍ਹੀ ਗੁੱਡੀ, ਜੂਠ ਝੂਠ ਡੋਰੀ ਹੱਥ ਫੜਾਈਆ । ਨਾਤਾ ਤੁਟਿਆ ਵਦੀ ਸੁਦੀ, ਚੰਨ ਆਬ ਚੰਨ ਆਪਣਾ ਰੂਪ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵੇਲਾ ਕਰ ਠੱਗੀ, ਤਾਰਾ ਸਿੰਘ ਕੋਲੋਂ ਲਿਆ ਬਚਾਈਆ । ਏਹ ਠੱਗੀ ਦੱਸੀ ਚਮਿਆਰ ਰਵਦਾਸ, ਗੰਗਾ ਰੱਖ ਲਾਜ । ਮੇਰਾ ਕੰਗਣ ਤੇਰੇ ਪਾਸ, ਨਾ ਕੋਈ ਮੁਲੰਮਾ ਤੇ ਨਾ ਕੋਈ ਪਾਜ । ਬ੍ਰਹਿਮਣ ਗੰਗਾ ਏਕਾ ਮੰਗੇ ਮੇਰਾ ਪਿਛਲਾ ਲਹਿਣਾ ਹੋਏ ਖ਼ਲਾਸ, ਮੇਰੀ ਪੂਰੀ ਕਰਨੀ ਆਸ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਵਦਾਸ ਕੋਲੋਂ ਧਰਵਾਇਆ ਇਕ ਧਰਵਾਸ । ਰਵਦਾਸ ਕਹੇ ਸੁਣ ਮੇਰੇ ਮੀਤ, ਧੰਨ ਤੇਰੀ ਵਡਿਆਈਆ । ਰਾਜ ਰਾਜਾਨਾਂ ਘਰ ਤੂੰ ਗਾਇਆ ਮੇਰਾ ਗੀਤ, ਮੈਂ ਕੰਗਲੇ ਕਵਣ ਵਡਿਆਈਆ । ਮੈਂ ਕਿਸੇ ਨਾ ਜਾਵਾਂ ਮੰਦਰ ਮਸੀਤ, ਗੁਰਦਵਾਰ ਸ਼ਿਵਦਵਾਲੇ ਮਠ ਸੀਸ ਨਾ ਕਿਸੇ ਝੁਕਾਈਆ । ਇਕੋ ਗਾਵਾਂ ਗੋਬਿੰਦ ਦੇ ਗੀਤ, ਹਰੀ ਓਮ ਹਰੀ ਓਮ ਹਰੀ ਓਮ ਰਿਹਾ ਸੁਣਾਈਆ । ਗੰਗਾ ਮੇਰੀ ਬਦਲੀ ਰੀਤ, ਆਪਣਾ ਕੰਗਣ ਤੇਰੀ ਝੋਲੀ ਪਾਈਆ । ਤੇਰੀ ਕੰਗਣ ਬਦਲੀ ਨੀਤ, ਮਾਇਆ ਮੋਹ ਵਿਚ ਫਸਾਈਆ । ਤੂੰ ਆਇਆ ਬਣ ਕੇ ਕੀਟ, ਢਹਿ ਪਿਆ ਸਰਨਾਈਆ । ਮਾਣਸ ਜਨਮ ਲਿਆ ਜੀਤ, ਭਗਤ ਭਗਵੰਤ ਦਏ ਮਿਲਾਈਆ । ਕਲਜੁਗ ਅੰਤਮ ਔਣਾ ਲੋਕਮਾਤ ਠੀਕ, ਕਾਇਆ ਠੀਕਰ ਵੇਖ ਵਖਾਈਆ । ਬਿਕ੍ਰਮੀ ਸੰਮਤ ਦੱਸੇ ਸਚ ਤਰੀਕ, ਬੀਸ ਅਠਾਰਾਂ ਦਏ ਗਵਾਹੀਆ । ਰਵਦਾਸ ਠਗ ਵਸਣ ਇਕ ਦੂਜੇ ਦੇ ਨਜ਼ਦੀਕ, ਪੁਰਖ ਅਬਿਨਾਸ਼ੀ ਖੇਲ ਖਿਲਾਈਆ । ਤੇਰਾ ਤਨ ਗੰਗਾ ਨਹਾ ਹੋਇਆ ਪੁਨੀਤ, ਤੇਰੀ ਮਤ ਬੁਧ ਸੁਧ ਰਹੀ ਨਾ ਰਾਈਆ । ਅੰਤਮ ਤੇਰੀ ਨੀਤ ਕਰਨੀ ਠੀਕ, ਜਗਤ ਜਲ ਤੇਰੇ ਤਨ ਲੱਗਣ ਨਾ ਪਾਈਆ । ਤੇਰੇ ਨਾਲ ਤੇਰਾ ਲਾਸ਼ਰੀਕ, ਦੂਈ ਦਵੈਤ ਨਾ ਜਿਸ ਰਖਾਈਆ । ਗੁਰਮੁਖ ਗੁਰਸਿਖ ਤੇਰੇ ਨਾਲ ਰੱਖਣ ਪ੍ਰੀਤ, ਹੱਸ ਹੱਸ ਆਪਣਾ ਰੰਗ ਵਖਾਈਆ । ਜਲ ਧਾਰ ਕਰ ਪਿਆਰ ਤੇਰੇ ਚਰਨ ਅੰਮ੍ਰਿਤ ਪੀਵੇ ਲਾ ਕੇ ਡੀਕ, ਰਵਦਾਸ ਵੇਖੇ ਨੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਲੇਖ ਮੁਕਾਇਆ, ਅੱਗੇ ਲੇਖਾ ਰਹੇ ਨਾ ਰਾਈਆ । ਨੌਂ ਨੌਂ ਜਨਮ ਦਾ ਗੇੜ ਚੁਕਾਇਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਨੂਰ ਦਏ ਦਰਸਾਈਆ । ਚਰਨ ਧੂੜ ਤੇਰਾ ਮਜਨ, ਤੇਰੀ ਦੁਰਮਤ ਮੈਲ ਗਿਆ ਧਵਾਈਆ । ਤੇਰੇ ਨਾਲ ਵਸੇ ਤੇਰਾ ਸੱਜਣ, ਨਹਾਵਣ ਕਿਸ ਦਵਾਰੇ ਜਾਈਆ । ਗੁਰੂ ਗੁਰ ਚੇਲਾ ਏਕਾ ਧਾਮ ਸੱਜਣ, ਅੰਦਰ ਵੜ ਕੇ ਵੇਖ ਨਾ ਸਕੇ ਕੋਈ, ਗੋਬਿੰਦ ਮੇਲਾ ਰਿਹਾ ਮਿਲਾਈਆ । ਜਿਸ ਦਾ ਪਰਦਾ ਆਪ ਆਇਆ ਕੱਜਣ, ਤਿਸ ਮੈਲ ਨਾ ਲਾਗੇ ਰਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ

ਧੂੜੀ ਏਕਾ ਵਾਰ ਦਿਤਾ ਸਾਚਾ ਮਜਨ, ਸਾਚਾ ਸਰੋਵਰ ਏਕਾ ਵਾਰ ਨੁਹਾਈਆ ।

★ ੨੦ ਜੇਠ ੨੦੧੮ ਬਿਕ੍ਰਮੀ ਸ਼ਿਵ ਰਾਮ ਦੇ ਗ੍ਰਹਿ ਅੰਬਾ ਰਾਏ ਜੰਮੂ ★

ਉਚੇ ਟਿੱਲੇ ਰਾਹ ਤੱਕਣ ਪਰਬਤ, ਪਾਰਬ੍ਰਹਮ ਸੱਚੀ ਸਰਨਾਈਆ । ਕਰ ਕਿਰਪਾ ਬਦਲੇ ਆਪਣੀ ਕਰਵਟ, ਨਿਰਗੁਣ ਨਿਰਵੈਰ ਲਏ ਅੰਗੜਾਈਆ । ਲੋਕਮਾਤ ਮੇਟੇ ਝੂਠੀ ਗ਼ੁਰਬਤ, ਸਚ ਸਲਾਹ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੋਏ ਆਣ ਸਹਾਈਆ । ਰਾਹ ਤੱਕਣ ਟਿੱਲੇ ਪੱਥਰ, ਨੇਤਰ ਨੈਣ ਉਠਾਇਆ । ਨੇਤਰ ਨੀਰ ਵਰੋਲਣ ਅੱਥਰ, ਨੈਣ ਨੈਣ ਬਿਗਸਾਇਆ । ਕਵਣ ਵੇਲਾ ਹੰਢਾਏ ਸਾਡਾ ਸੱਥਰ, ਸਾਡੇ ਸੀਸ ਚਰਨ ਛੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲੇਖੇ ਲਏ ਲਗਾਇਆ । ਰਾਹ ਤੱਕਣ ਟਿੱਲੇ ਡੂੰਘਰ ਜਗਤ ਪਹਾੜ, ਆਸਾ ਆਸ ਰਖਾਈਆ । ਕਵਣ ਵੇਲਾ ਕਰੇ ਪਿਆਰ, ਪਾਰਬ੍ਰਹਮ ਬੇਪਰਵਾਹੀਆ । ਚਰਨ ਧੂੜੀ ਦੇਵੇ ਛਾਰ, ਸੀਸ ਜਗਦੀਸ ਮਸਤਕ ਟਿੱਕਾ ਲਾਈਆ । ਪੂਰਬ ਲੇਖਾ ਦਏ ਨਵਾਰ, ਨਿਰਵਿਘਨ ਆਪਣੀ ਖੇਲ ਖਿਲਾਈਆ । ਅਗਨੀ ਤੱਤ ਬੁਝਾਏ ਹਾੜ, ਜੁਗਾ ਜੁਗੰਤਰ ਰਹੀ ਤਪਾਈਆ । ਏਕਾ ਬਖ਼ਸ਼ੇ ਠਾਂਡਾ ਦਰਬਾਰ, ਚਰਨ ਕਵਲ ਸਰਨਾਈਆ । ਉਚੇ ਹੋ ਹੋ ਗਏ ਹਾਰ, ਹਰਿ ਚਰਨ ਛੋਹ ਨਾ ਸਕੇ ਰਾਈਆ । ਕਿਰਪਾ ਕਰੇ ਆਪ ਨਿਰੰਕਾਰ, ਦਰ ਆਵੇ ਫੇਰਾ ਪਾਈਆ । ਚੁੰਮ ਚੁੰਮ ਚਰਨ ਹੋਈਏ ਬਲਹਾਰ, ਤ੍ਰਿਸਨਾ ਭੁੱਖ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਲ ਪਾਥਰ ਲਏ ਤਰਾਈਆ । ਸਿਲ ਪਾਥਰ ਵੇਖੇ ਇੱਟਾਂ ਰੋੜਾ, ਕੰਕਰ ਕੰਕਰ ਚਰਨ ਛੁਹਾਈਆ । ਏਕਾ ਗੁਣ ਸਮਝਾਏ ਵ਼ਕਤ ਰਹਿ ਗਿਆ ਥੋੜਾ, ਸਭ ਦਾ ਲੇਖਾ ਲਏ ਮੁਕਾਈਆ । ਸੱਸੇ ਉਪਰ ਰੱਖਿਆ ਹੋੜਾ, ਨਿਰਗੁਣ ਸਰਗੁਣ ਰੂਪ ਵਟਾਈਆ । ਜੰਗਲ ਜੂਹਾਂ ਫਿਰੇ ਦੌੜਾ, ਚਾਲ ਨਿਰਾਲੀ ਇਕ ਵਖਾਈਆ । ਵੇਲੇ ਅੰਤਮ ਆਪੇ ਬੌਹੜਾ, ਹੋਏ ਸਦਾ ਸਹਾਈਆ । ਜਿਉਂ ਰਾਮ ਪਾਥਰ ਸੰਗ ਪਾਥਰ ਜੋੜਾ, ਰਾਮ ਨਾਮ ਦਏ ਵਡਿਆਈਆ । ਕਲਜੁਗ ਅੰਤਮ ਆਪ ਚੁਕਾਏ ਤੋਰਾ ਮੇਰਾ, ਏਕਾ ਚਰਨ ਧੂੜ ਲਗਾਏ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਣੇ ਪੁਕਾਰ ਜਗਤ ਪਾਥਰ ਕਮਲਾਪਾਤੀ ਆਪਣਾ ਫੇਰਾ ਪਾਈਆ । ਜਗਤ ਪੱਥਰ ਬਣੇ ਗਵਾਹ, ਜੀਵਾਂ ਜੰਤਾਂ ਮਾਤ ਸਮਝਾਇੰਦਾ । ਪਾਰਬ੍ਰਹਮ ਪ੍ਰਭ ਇਕ ਮਲਾਹ, ਬੇੜਾ ਪਾਰ ਕਰਾਇੰਦਾ । ਮਾਣਸ ਮਾਨੁਖ ਲਏ ਤਰਾ, ਜੋ ਜਨ ਸਰਨਾਈ ਆਇੰਦਾ । ਘਟ ਘਟ ਅੰਦਰ ਬਜਰ ਕਪਾਟੀ ਪੱਥਰ ਦਿਤਾ ਟਿਕਾ, ਬਿਨ ਸਤਿਗੁਰ ਪਰਦਾ ਕੋਇ ਨਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਪਾਥਰ ਵੇਖੇ ਸੱਥਰ, ਸਾਚੀ ਸੇਜ ਆਪ ਹੰਢਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਲੇਖਾ ਜਾਣੇ ਕਠਨ, ਗੁਰਮੁਖਾਂ ਲੇਖਾ ਆਪ ਮੁਕਾਇੰਦਾ ।

## ★ ੨੦ ਜੇਠ ੨੦੧੮ ਬਿਕ੍ਰਮੀ ਓਮ ਪਰਕਾਸ਼ ਦੇ ਗ੍ਰਿਹ ਜੰਮੂ ★

ਪਾਥਰ ਪਾਹਨ ਤਾਰਨਹਾਰਾ, ਏਕੰਕਾਰਾ ਦਇਆ ਕਮਾਇੰਦਾ । ਜਲ ਥਲ ਮਹੀਅਲ ਖੇਲ ਨਿਆਰਾ, ਅਲਖ ਅਗੋਚਰ ਆਪ ਕਰਾਇੰਦਾ । ਜੰਗਲ ਜੂਹ ਉਜਾੜ ਪਹਾੜਾ, ਡੂੰਘੀ ਕੰਦਰ ਵੇਖ ਵਖਾਇੰਦਾ । ਸਮੁੰਦ ਸਾਗਰ ਪਾਵੇ ਸਾਰਾ, ਭੇਵ ਅਭੇਦਾ ਭੇਵ ਖੁਲ੍ਹਾਇੰਦਾ । ਜ਼ਿਮੀਂ ਅਸਮਾਨਾਂ ਦਏ ਸਹਾਰਾ, ਗਗਨ ਮੰਡਲ ਖੇਲ ਖਿਲਾਇੰਦਾ । ਜੋਤ ਪਰਕਾਸ਼ ਰਵ ਸਸ ਸਤਾਰਾ, ਰੂਪ ਅਨੂਪ ਆਪ ਧਰਾਇੰਦਾ । ਬ੍ਰਹਿਮੰਡ ਖੰਡ ਹੋ ਉਜਿਆਰਾ, ਜੋਤੀ ਜਾਤਾ ਪੁਰਖ ਬਿਧਾਤਾ ਆਪਣੇ ਰੰਗ ਸਮਾਇੰਦਾ । ਥਿਰ ਘਰ ਵਾਸੀ ਥਿਰ ਘਰ ਖੋਲ੍ਹ ਕਿਵਾੜਾ, ਚਰਨ ਕਵਲ ਆਪ ਟਿਕਾਇੰਦਾ । ਸਚਖੰਡ ਸਚ ਮਨਾਰਾ ਹਰਿ ਨਿਰੰਕਾਰਾ, ਊਚ ਮਹੱਲ ਅਟਲ ਆਪ ਉਪਾਇੰਦਾ । ਨਿਰਗੁਣ ਦੀਆ ਬਾਤੀ ਕਰ ਉਜਿਆਰਾ, ਸਾਚੇ ਮੰਦਰ ਆਪ ਟਿਕਾਇੰਦਾ । ਵੇਖੇ ਵਿਗਸੇ ਵੇਖਣਹਾਰਾ, ਦੂਸਰ ਅਵਰ ਨਾ ਕੋਇ ਸੰਗ ਰਖਾਇੰਦਾ । ਕਰੇ ਖੇਲ ਅਗੰਮ ਅਪਾਰਾ, ਅਲਖ ਅਲਖਨਾ ਆਪਣੀ ਅਲਖ ਜਗਾਇੰਦਾ । ਦਰ ਦਰਵੇਸ਼ ਬਣ ਭਿਖਾਰਾ, ਦਰ ਘਰ ਆਪਣਾ ਆਪ ਸੁਹਾਇੰਦਾ । ਸ਼ਾਹੋ ਭੂਪ ਬਣ ਵਣਜਾਰਾ, ਵਸਤ ਅਮੋਲਕ ਝੋਲੀ ਪਾਇੰਦਾ । ਏਕਾ ਨਾਮ ਸਤਿ ਵਰਤਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਰੰਗ ਆਪ ਸਮਾਇੰਦਾ । ਉਚੇ ਟਿੱਲੇ ਪਰਬਤ ਜੰਗਲ ਜੂਹ ਉਜਾੜ ਪਹਾੜ, ਡੂੰਘੇ ਸਾਗਰ ਫੋਲ ਫੋਲਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਹੋ ਉਜਿਆਰ, ਨਿਰਗੁਣ ਨਿਰਵੈਰ ਪੁਰਖ ਅਕਾਲ ਪਾਰਬ੍ਰਹਮ ਪਤਿਪਰਮੇਸ਼ਵਰ ਆਪਣੀ ਕਲ ਆਪ ਧਰਾਈਆ । ਜਗਤ ਜੁਗ ਚਲੇ ਅਵੱਲੜੀ ਚਾਲ, ਵਸਣਹਾਰਾ ਸਚਖੰਡ ਸੱਚੀ ਧਰਮਸਾਲ, ਭੇਵ ਅਭੇਦਾ ਅਛੱਲ ਅਛੇਦਾ ਆਪਣੇ ਵਿਚ ਸਮਾਈਆ । ਨਿਰਗੁਣ ਸਰਗੁਣ ਬਣ ਦਲਾਲ, ਖੇਲੇ ਖੇਲ ਵਿਚ ਜਹਾਨ, ਜਾਗਰਤ ਜੋਤ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅੰਤ ਸ੍ਰੀ ਭਗਵੰਤ, ਪਾਰਬ੍ਰਹਮ ਆਪਣੀ ਧਾਰ ਆਪ ਚਲਾਈਆ । ਸਾਚੀ ਧਾਰ ਹਰਿ ਨਿਰੰਕਾਰ, ਲੋਕਮਾਤ ਆਪ ਚਲਾਇੰਦਾ । ਸੋ ਪੁਰਖ ਨਿਰੰਜਣ ਹੋ ਉਜਿਆਰ, ਹਰਿ ਪੁਰਖ ਨਿਰੰਜਣ ਖੇਲ ਖਿਲਾਇੰਦਾ । ਏਕੰਕਾਰਾ ਵਸਣਹਾਰਾ ਠਾਂਡੇ ਦਰਬਾਰ, ਆਦਿ ਨਿਰੰਜਣ ਅਜੂਨੀ ਰਹਿਤ ਜੋਤੀ ਨੂਰ ਡਗਮਗਾਇੰਦਾ । ਅਬਿਨਾਸ਼ੀ ਕਰਤਾ ਇਕ ਇਕੱਲਾ ਮੀਤ ਮੁਰਾਰ, ਆਪ ਆਪਣਾ ਸੰਗ ਨਿਭਾਇੰਦਾ । ਸ੍ਰੀ ਭਗਵਾਨ ਕਰੇ ਕਰਾਏ ਆਪਣੀ ਕਾਰ, ਕਰਤਾ ਪੁਰਖ ਆਪਣੀ ਕਰਨੀ ਆਪ ਕਰਾਇੰਦਾ । ਪਾਰਬ੍ਰਹਮ ਆਪਣੀ ਇਛਿਆ ਆਪੇ ਕਰ ਵਿਚਾਰ, ਆਪਣੀ ਵੰਡ ਵੰਡਾਇੰਦਾ । ਏਕਾ ਸੁਤ ਇਕ ਦੁਲਾਰ, ਸ਼ਬਦ ਸ਼ਬਦੀ ਨਾਉਂ ਉਪਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਿੰਘਾਸਣ ਆਪ ਸੁਹਾਇੰਦਾ । ਸ਼ਬਦੀ ਸ਼ਬਦ ਸਚ ਵਿਹਾਰਾ, ਹਰਿ ਸਾਚਾ ਆਪ ਕਰਾਈਆ । ਨਿਰਗੁਣ ਨਿਰਗੁਣ ਕਰ ਪਿਆਰਾ, ਨਿਰਗੁਣ ਮੇਲ ਮਿਲਾਈਆ । ਨਿਰਗੁਣ ਮੰਦਰ ਨਿਰਗੁਣ ਦਵਾਰਾ, ਨਿਰਗੁਣ ਬੈਠਾ ਆਸਣ ਲਾਈਆ । ਨਿਰਗੁਣ ਜੋਤ ਨਿਰਗੁਣ ਅਕਾਰਾ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਨਿਰਗੁਣ ਹੁਕਮ ਨਿਰਗੁਣ ਫ਼ਰਮਾਨਾ, ਸਾਚਾ ਗਾਣਾ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗੰਤਰ ਜੁਗ ਕਰਤਾ ਸੱਚਾ ਸ਼ਹਿਨਸ਼ਾਹੀਆ । ਧੁਰ ਫ਼ਰਮਾਨਾ ਸਚ ਸੰਦੇਸ, ਨਿਰਵੈਰ ਪੁਰਖ ਆਪ ਸੁਣਾਇੰਦਾ । ਹੁਕਮ ਜਣਾਏ ਵਿਸ਼ਨ ਬ੍ਰਹਮ ਮਹੇਸ਼, ਏਕਾ ਮੰਤਰ ਨਾਮ ਦ੍ਰਿੜਾਇੰਦਾ । ਆਪਣੇ ਨੇਤਰ ਆਪੇ ਲਏ ਵੇਖ, ਦੂਸਰ ਨੈਣ ਨਾ ਕੋਇ ਜਣਾਇੰਦਾ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣਾ ਬੰਧਨ ਆਪੇ ਪਾਇੰਦਾ । ਤ੍ਰੈ ਤ੍ਰੈ ਬੰਧਨ ਏਕਾ ਰੰਗ, ਤ੍ਰੈਗੁਣ ਅਤੀਤਾ ਆਪ ਰਖਾਈਆ । ਸਾਹਿਬ ਸੁਲਤਾਨ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਵਡੀ ਵਡਿਆਈਆ । ਇਕ ਵਜਾਏ ਨਾਮ ਮਰਦੰਗ, ਨਾਉਂ ਨਿਰੰਕਾਰਾ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣਾ ਭੇਵ ਆਪ ਜਣਾਈਆ । ਆਪਣਾ ਭੇਵ ਹਰਿ ਜਣਾਇੰਦਾ, ਨਿਸ਼ਅੱਖਰ ਆਖਰ ਬੋਲ । ਸਾਚਾ ਮਾਰਗ ਇਕ ਰਖਾਇੰਦਾ, ਆਦਿ ਜੁਗਾਦਿ ਅਡੋਲ । ਲੋਕਮਾਤ ਵੇਸ ਵਟਾਇੰਦਾ, ਲੱਖ ਚੁਰਾਸੀ ਆਪੇ ਮੌਲ । ਹਰ ਘਟ ਆਪਣਾ ਡੇਰਾ ਲਾਇੰਦਾ, ਸਦਾ ਸੁਹੇਲਾ ਵਸੇ ਕੋਲ । ਨਵ ਨੌਂ ਆਪਣਾ ਖੇਲ ਖਿਲਾਇੰਦਾ, ਚਾਰ ਚਾਰ ਆਪੇ ਬੋਲ । ਸਾਚਾ ਮਰਦੰਗ ਢੋਲ ਵਜਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਆਪ ਅਨਮੋਲ । ਖੇਲ ਅਨਮੋਲਾ ਹਰਿ ਕਰਤਾਰਾ, ਕ਼ੁਦਰਤ ਕ਼ਾਦਰ ਆਪ ਵਖਾਈਆ । ਵਸਣਹਾਰਾ ਜੰਗਲ ਜੂਹ ਉਜਾੜ ਪਹਾੜਾ, ਪੱਥਰ ਪਾਹਨ ਵੇਖ ਵਖਾਈਆ । ਮੇਲ ਮਿਲਾਵਾ ਜਲ ਜਲ ਧਾਰਾ, ਬਿੰਬ ਰੂਪ ਅਨੂਪ ਵਟਾਈਆ । ਸਤਿਜੁਗ ਤ੍ਰੇਤਾ ਦੁਆਪਰ ਕਰਿਆ ਖੇਲ ਨਿਆਰਾ, ਖੇਲਣਹਾਰਾ ਦਿਸ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਵੇਖ ਵਖਾਈਆ । ਪਰਬਤ ਪੱਥਰ ਰੋਵਣ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਈਆ । ਜਲ ਜਲ ਕਰੇ ਇਕ ਪੁਕਾਰ, ਕੂਕ ਕੂਕ ਸੁਣਾਈਆ । ਚਾਰੋਂ ਕੁੰਟ ਧੂੰਆਂਧਾਰ, ਸਾਚਾ ਚੰਦ ਨਾ ਕੋਇ ਚੜ੍ਹਾਈਆ । ਸਮੇਰੂ ਵੇਖ ਵੇਖ ਆਪਣਾ ਬਲ ਗਿਆ ਹਾਰ, ਬਲ ਅਵਰ ਨਾ ਕੋਇ ਰਖਾਈਆ । ਕਰੋੜ ਛਿਆਨਵੇ ਬਰਖ ਬਰਖ ਧਾਰ, ਆਪਣਾ ਆਪ ਰਹੇ ਮਿਟਾਈਆ । ਸਾਂਤਕ ਕਰੇ ਨਾ ਕੋਇ ਸੰਸਾਰ, ਕਲਜੁਗ ਅਗਨੀ ਤੱਤ ਤਪਾਈਆ । ਹੇਮ ਕੁੰਡ ਖੜ ਤੇਰਾ ਕੀਤਾ ਦੀਦਾਰ, ਸਾਚੇ ਪਾਥਰ ਆਸਣ ਲਾਈਆ । ਪਰਬਤ ਤੇਰਾ ਸਚ ਪਿਆਰ, ਭੁਲ ਕਦੇ ਨਾ ਜਾਈਆ । ਦੋਹਾਂ ਵਿਚੋਲਾ ਹਰਿ ਨਿਰੰਕਾਰ, ਵੇਖੇ ਥਾਉਂ ਥਾਈਂਆ । ਲਹਿਣਾ ਦੇਣਾ ਦੇਵੇ ਕ਼ਰਜ਼ ਉਤਾਰ, ਜੁਗ ਜੁਗ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਪੱਥਰ ਪਾਹਨ ਪਰਬਤ ਉਚਾ ਟਿੱਲਾ, ਹਰਿ ਘਾੜਤ ਘੜਨ ਘੜਾਇੰਦਾ । ਇਕ ਇਕੱਲਾ ਕੱਟੇ ਆਪਣਾ ਛਿਲਾ, ਦਰ ਸਾਚਾ ਆਸਣ ਲਾਇੰਦਾ । ਪਾਰਬ੍ਰਹਮ ਪਤਿਪਰਮੇਸ਼ਵਰ ਏਕਾ ਮਿਲਾ, ਸਤਿ ਸਰੂਪੀ ਦਰਸ ਦਿਖਾਇੰਦਾ । ਮੇਰਾ ਨਾਉਂ ਤੇਰਾ ਕੋਟ ਕਿਲਾ, ਸਾਚਾ ਗੜ੍ਹ ਸਮਝਾਇੰਦਾ । ਆਪ ਜਣਾਏ ਸਾਚਾ ਵੇਲਾ, ਵਕ਼ਤ ਆਪਣੇ ਹੱਥ ਰਖਾਇੰਦਾ । ਤੇਰਾ ਰੂਪ ਹੋਏ ਚੇਲਾ, ਗੁਰ ਆਪਣਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਉਪਰ ਪਾਥਰ ਦਇਆ ਕਮਾਇੰਦਾ । ਪਾਥਰ ਉਪਰ ਦੁਸ਼ਟ ਦਮਨ, ਆਸਣ ਸਿੰਘਾਸਣ ਵਛਾਈਆ । ਪਰਬਤ ਹਰਿਆ ਹੋਇਆ ਚਮਨ, ਪਤ ਡਾਲ੍ਹੀ ਰਿਹਾ ਮਹਿਕਾਈਆ । ਸਚ ਸੁਗੰਧੀ ਮਿਲਿਆ ਹਵਨ, ਪਵਣ ਪਵਣ ਸਮਾਈਆ । ਭੇਖਾ ਧਾਰੀ ਮਿਲਿਆ ਬਾਵਨ, ਰੂਪ ਅਨੂਪ ਕਰਾਈਆ । ਆਪ ਫੜਾਏ ਆਪਣਾ ਦਾਮਨ, ਆਪਣੀ ਗੋਦ ਬਹਾਈਆ । ਤੇਰਾ ਤੇਰਾ ਬਣੇ ਜ਼ਾਮਨ, ਸਾਚੀ ਜ਼ਾਮਨੀ ਇਕ ਰਖਾਈਆ । ਤੇਰਾ ਰੂਪ ਮੇਟੇ ਅੰਧੇਰਾ ਸ਼ਾਮਨ, ਅੰਧ ਅੰਧੇਰਾ ਦਏ ਗਵਾਈਆ । ਤੇਰਾ ਨਾਮ ਮੇਟੇ ਕਾਮਨੀ ਕਾਮਨ, ਕੂੜੀ ਕਿਰਿਆ ਦਏ ਖਪਾਈਆ । ਜਿਸ ਪਾਹਨ ਕੋ ਪੂਜਣ ਬ੍ਰਾਹਮਣ, ਸੋ ਪਾਹਨ ਤੇਰੇ ਚਰਨ ਹੇਠ ਦਬਾਈਆ । ਕਰੇ ਖੇਲ ਸ੍ਰੀ ਭਗਵਾਨਨ, ਆਪ ਆਪਣਾ ਪਰਦਾ ਲਾਹੀਆ । ਤੇਰਾ ਝੁਲਾਏ ਸਚ ਨਿਸ਼ਾਨਨ, ਦੋ ਜਹਾਨ

੭੦੦

ਆਪ ਉਠਾਈਆ । ਤੇਰਾ ਕਰੇ ਪਰਕਾਸ਼ ਕੋਟਨ ਭਾਨਨ, ਰਵ ਸਸ ਸੀਸ ਝੁਕਾਈਆ । ਤੇਰਾ ਬੇੜਾ ਬੰਨ੍ਹੇ ਬਾਨ੍ਹਣ, ਏਕਾ ਗੰਢ ਰਖਾਈਆ । ਤੇਰਾ ਨਗਰ ਖੇੜਾ ਵਸੇ ਗਰਾਮਨ, ਸਾਚਾ ਬੰਕ ਦਏ ਸੁਹਾਈਆ । ਤੇਰਾ ਰੂਪ ਵਟਾਏ ਬਾਲ ਅਵਾਣਨ, ਬਾਲ ਬਾਲਾ ਆਪ ਵਖਾਈਆ । ਤੇਰੀ ਗੁਜਰੀ ਤੇਰਾ ਕਰੇ ਪਾਲਣ, ਨੀਰ ਸੀਰ ਪਿਆਈਆ । ਲੋਕਮਾਤ ਜਾਣਾ ਬਣ ਕੇ ਸਾਚਾ ਕਾਹਨਨ, ਚਾਰ ਵਰਨ ਰਹੇ ਸਰਨਾਈਆ । ਤੇਰਾ ਰੂਪ ਨਾ ਕੋਇ ਪਛਾਨਣ, ਜਗਤ ਵਿਦਿਆ ਭੇਵ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਵਰ ਰਿਹਾ ਸਮਝਾਈਆ । ਸਾਚਾ ਵਰ ਸੁਣ ਸੰਦੇਸ, ਨਿਉਂ ਨਿਉਂ ਨਿਮਸਕਾਰਿਆ । ਤੂੰ ਸਾਹਿਬ ਮੇਰੀ ਸਦਾ ਆਦੇਸ, ਤੇਰੇ ਚਰਨ ਜਾਵਾਂ ਬਲਹਾਰਿਆ । ਕਵਣ ਰੂਪ ਧਰਾਂ ਵੇਸ, ਲੋਕਮਾਤ ਹੋ ਉਜਿਆਰਿਆ । ਮੇਰਾ ਆਪਣੀ ਹੱਥੀਂ ਲਿਖ ਲੇਖ, ਤੇਰਾ ਲੇਖਾ ਨਾ ਕੋਇ ਮਿਟਾ ਰਿਹਾ । ਪੁਰਖ ਅਬਿਨਾਸ਼ੀ ਖੋਲ੍ਹਿਆ ਆਪਣਾ ਭੇਤ, ਨਿਰਗੁਣ ਸਰਗੁਣ ਰੂਪ ਵਖਾ ਲਿਆ । ਤੇਰਾ ਰੂਪ ਜਣਾਏ ਨਾਲ ਰਲਾਏ ਮੁੱਛ ਦਾੜ੍ਹੀ ਕੇਸ, ਖੰਡਾ ਖੜਗ ਨਾਮ ਪਹਿਨਾ ਲਿਆ । ਤੇਰਾ ਨਾਉਂ ਧਰਾਏ ਦਸ ਦਸਮੇਸ, ਦਹਿ ਦਿਸ਼ਾ ਵੇਖ ਵਖਾ ਲਿਆ । ਤੇਰੇ ਸੀਸ ਕਲਗੀ ਤੋੜਾ ਟਿਕਾਏ ਬਣਾਏ ਨਰ ਨਰੇਸ਼, ਸਾਚਾ ਤਾਜ ਇਕ ਵਖਾ ਲਿਆ । ਤੇਰੀ ਤਾਬੇ ਕੋਟਨ ਕੋਟ ਬ੍ਰਹਮਾ ਵਿਸ਼ਨ ਮਹੇਸ਼, ਕਰੋੜ ਤੇਤੀਸਾ ਸੀਸ ਝੁਕਾ ਲਿਆ । ਤੇਰੇ ਮੰਦਰ ਅੰਦਰ ਮੇਰਾ ਨੂਰ ਪਰਵੇਸ਼, ਜੋਤੀ ਜੋਤ ਹੋਏ ਉਜਾਲਿਆ । ਮੈਂ ਤੇਰਾ ਜੋਬਨ ਲਵਾਂ ਵੇਖ, ਜਿਉਂ ਪਿਤਾ ਪੂਤ ਬਾਲ ਅਵਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦਿਤਾ ਧੁਰ ਫ਼ਰਮਾਨਿਆ । ਧੁਰ ਫ਼ਰਮਾਨਾ ਹਰਿ ਜਣਾਇਆ, ਆਪਣੀ ਦਇਆ ਕਮਾਇੰਦਾ । ਪਾਥਰ ਸੁਣ ਸੁਣ ਖ਼ੁਸ਼ੀ ਮਨਾਇਆ, ਜਿਸ ਉਪਰ ਚਰਨ ਟਿਕਾਇੰਦਾ । ਪਕੜ ਚਰਨ ਅੱਗੇ ਝੋਲੀ ਡਾਹਿਆ, ਹੋਏ ਨਿਮਾਣਾ ਸੀਸ ਝੁਕਾਇੰਦਾ । ਸਾਲ ਬਹੱਤਰ ਤੇਰਾ ਭਾਰ ਉਠਾਇਆ, ਮੁਖੋਂ ਸੀ ਨਾ ਕਦੇ ਸੁਣਾਇੰਦਾ । ਤੂੰ ਮੇਰੇ ਉਤੇ ਬਹਿ ਬਹਿ ਹਰਿ ਗੁਣ ਗਾਇਆ, ਹਰਿ ਤੇਰੇ ਰੰਗ ਸਮਾਇੰਦਾ । ਪੁਰਖ ਅਬਿਨਾਸ਼ੀ ਤੇਰੇ ਦਰ ਤੇਰਾ ਬਣ ਕੇ ਆਇਆ, ਤੂੰ ਕਿਉਂ ਮੇਰਾ ਪੱਲਾ ਛੁਡਾਇੰਦਾ । ਮੈਂ ਤੇਰਾ ਵਿਛੋੜਾ ਸਹਿ ਨਾ ਸਕਾ ਰਾਇਆ, ਨੇਤਰ ਨੈਣਾਂ ਨੀਰ ਵਹਾਇੰਦਾ । ਹੋਏ ਨਿਮਾਣਾ ਗਲ ਵਿਚ ਪੱਲਾ ਪਾਇਆ, ਧੂੜੀ ਟਿੱਕਾ ਮਸਤਕ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਚੀ ਮੰਗ ਆਪ ਮੰਗਾਇੰਦਾ । ਦੇਵੇ ਵਰ ਦੁਸ਼ਟ ਦਮਨ, ਦਾਮਨਗੀਰ ਏਕਾ ਏਕ ਬਣਾਈਆ । ਮੈਂ ਧਰ ਕੇ ਰੂਪ ਤੇਰੇ ਉਤੇ ਕਰਾਂ ਹਵਨ, ਪੁਰਖ ਅਕਾਲ ਤੇਰੇ ਨਾਲ ਦਿਆਂ ਮਿਲਾਈਆ । ਨੈਣਾਂ ਦੇਵੀ ਮੇਰਾ ਭੇਵ ਜਾਣੇ ਕਵਣ, ਕਵਣ ਖੇਲ ਮਾਤ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਹੁਕਮ ਰਿਹਾ ਸੁਣਾਈਆ । ਸੁਣ ਹੁਕਮ ਨਾ ਪੱਥਰ ਮੰਨੇ, ਮਿਲ ਵਿਛੜਨਾ ਮੋਹੇ ਮੂਲ ਨਾ ਭਾਈਆ । ਮੇਰੀ ਰੱਖਣੀ ਲਾਜ ਜਿਉਂ ਜੱਟ ਧੰਨੇ, ਮੇਰਾ ਮੇਰਾ ਰੂਪ ਵਟਾਈਆ । ਲੱਖ ਚੁਰਾਸੀ ਜੀਵ ਜੰਤ ਕਲਜੁਗ ਅੰਤਮ ਹੋਇਣ ਅੰਨ੍ਹੇ, ਭੇਵ ਕੋਇ ਨਾ ਪਾਈਆ । ਮੇਰਾ ਸਾਹਿਬ ਮੇਰੇ ਉਪਰ ਮੰਨੇ, ਦੀਨਨ ਉਤੇ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਗੁਣ ਦੇ ਵਡਿਆਈਆ । ਏਕਾ ਗੁਣ ਸਮਝਾਇੰਦਾ, ਨਿਰਗੁਣ ਸਰਗੁਣ ਲੈ ਅਵਤਾਰ । ਗੋਬਿੰਦ ਮੇਲਾ ਮੇਲ ਮਿਲਾਇੰਦਾ, ਮੇਲਣਹਾਰਾ ਏਕੰਕਾਰ । ਆਪਣਾ ਵੇਲਾ ਵਕਤ ਆਪ ਸੁਹਾਇੰਦਾ, ਲੱਖ ਚੁਰਾਸੀ ਪਾਵੇ ਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੱਸੇ ਸਚ ਵਿਹਾਰ । ਸਚ ਵਿਹਾਰਾ

ਹਰਿ ਨਿਰੰਕਾਰਾ, ਆਪਣਾ ਆਪ ਜਣਾਈਆ । ਲੇਖਾ ਜਾਣੇ ਗੋਬਿੰਦ ਸੁਤ ਸੁਤ ਦੁਲਾਰਾ, ਪੁਰਖ ਅਕਾਲ ਬੇਪਰਵਾਹੀਆ । ਇਕ ਵਜਾਏ ਨਾਮ ਨਗਾਰਾ, ਡੰਕਾ ਫਤਿਹ ਇਕ ਸੁਣਾਈਆ । ਚਾਰ ਵਰਨਾਂ ਕਰੇ ਪਿਆਰਾ, ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਏਕਾ ਧਾਮ ਬਹਾਈਆ । ਪੰਚਮ ਮੀਤਾ ਹੋ ਉਜਿਆਰਾ, ਪੰਚਮ ਦੇਵੇ ਨਾਮ ਵਡਿਆਈਆ । ਅੰਮ੍ਰਿਤ ਆਤਮ ਠੰਡਾ ਠਾਰਾ, ਭਰ ਪਿਆਲਾ ਜਾਮ ਪਿਆਈਆ । ਖੰਡਾ ਫੇਰੇ ਅਪਰ ਅਪਾਰਾ, ਅਜੱਪਾ ਜਾਪ ਵਿਚ ਸਮਾਈਆ । ਮਿੱਠਾ ਪਾਏ ਗੁਰਸਿਖਾਂ ਦਏ ਆਧਾਰਾ, ਚਰਨ ਕਵਲ ਸੱਚੀ ਸਰਨਾਈਆ । ਪੁਰਖ ਅਕਾਲ ਬੋਲ ਜੈਕਾਰਾ, ਏਕਾ ਫਤਹਿ ਦਏ ਸੁਣਾਈਆ । ਸ਼ਸਤਰ ਬਸਤਰ ਤਨ ਸ਼ਿੰਗਾਰਾ, ਪੰਚਮ ਪੰਚਮ ਰੰਗ ਰੰਗਾਈਆ । ਪੰਚਮ ਨਾਤਾ ਤੋੜੇ ਕਾਮ ਕਰੋਧ ਲੋਭ ਮੋਹ ਹੰਕਾਰਾ, ਪੰਚਮ ਨਾਦ ਸ਼ਬਦ ਧੁੰਨ ਕਰੇ ਸ਼ਨਵਾਈਆ । ਪੰਚਮ ਖੋਲ੍ਹੇ ਬੰਦ ਕਿਵਾੜਾ, ਪੰਚਮ ਆਤਮ ਜੋਤ ਨੂਰ ਰੁਸ਼ਨਾਈਆ । ਪੰਚਮ ਸੁਣਾਏ ਇਕ ਨਗਾਰਾ, ਅਨਹਦ ਆਪਣਾ ਰਾਗ ਅਲਾਈਆ । ਪੰਚਮ ਵਖਾਏ ਇਕ ਅਖਾੜਾ, ਗੋਪੀ ਕਾਹਨ ਆਪ ਨਚਾਈਆ । ਪੰਚਮ ਬੋਲ ਸਚ ਜੈਕਾਰਾ, ਏਕਾ ਰੂਪ ਦਏ ਦਰਸਾਈਆ । ਪੰਚਮ ਅੱਗੇ ਮੰਗੇ ਮੰਗ ਬਣ ਭਿਖਾਰਾ, ਆਪਣੀ ਝੋਲੀ ਅੱਗੇ ਡਾਹੀਆ । ਗੁਰ ਚੇਲਾ ਰੂਪ ਧਰ ਸੰਸਾਰਾ, ਸੁਤ ਦੁਲਾਰਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲੇਖਾ ਰਿਹਾ ਜਣਾਈਆ । ਤੇਰਾ ਲੇਖਾ ਸਾਚੇ ਪੱਥਰ ਮੀਤ, ਗੁਰ ਸਤਿਗੁਰ ਆਪ ਚੁਕਾਵਣਾ । ਤੇਰੀ ਲੱਗੀ ਸਚ ਪ੍ਰੀਤ, ਲੱਗੀ ਪ੍ਰੀਤੀ ਤੋੜ ਨਿਭਾਵਣਾ । ਕਰੇ ਖੇਲ ਆਪ ਅਨਡੀਠ, ਨੇਤਰ ਨਜ਼ਰ ਕਿਸੇ ਨਾ ਆਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਰੰਗ ਆਪ ਸਮਾਵਣਾ । ਆਪਣੇ ਰੰਗ ਹਰਿ ਸਮਾਏ, ਮਹਿਮਾ ਅਕਥ ਕਥੀ ਨਾ ਜਾਈਆ । ਗੋਬਿੰਦ ਮੇਲਾ ਇਕ ਬਣਾਏ, ਸਿੰਘ ਰੂਪ ਵਟਾਈਆ । ਸੱਜਣ ਸੁਹੇਲਾ ਸੰਗ ਨਿਭਾਏ, ਲੋਕਮਾਤ ਵੱਜੇ ਵਧਾਈਆ । ਆਪਣਾ ਵੇਲਾ ਆਪਣੇ ਹੱਥ ਰਖਾਏ, ਬੇਪਰਵਾਹ ਸੱਚਾ ਸ਼ਹਿਨਸ਼ਾਹੀਆ । ਉਚੇ ਟਿੱਲੇ ਦੇਵੇ ਢਾਹੇ, ਪੁਰੀ ਅਨੰਦ ਨਾ ਕੋਇ ਵਡਿਆਈਆ । ਸਰਸਾ ਲੇਖਾ ਆਪ ਮੁਕਾਏ, ਗੜ੍ਹੀ ਚਮਕੌਰ ਵੇਖ ਵਖਾਈਆ । ਸਗਲਾ ਸੰਗ ਸਰਬ ਤਜਾਏ, ਬੰਧਨ ਕੋਇ ਰਹਿਣ ਨਾ ਪਾਈਆ । ਹੇਮ ਕੁੰਟ ਵਾਲਾ ਵੇਲਾ ਤੇਰੇ ਚੇਤੇ ਦਏ ਕਰਾਏ, ਚੇਤਨ ਤੇਰਾ ਰੂਪ ਕਰਾਈਆ । ਪੁਰਖ ਅਕਾਲ ਸੁਤ ਦੁਲਾਰਾ ਸੂਲਾਂ ਸੱਥਰ ਹੇਠ ਵਿਛਾਏ, ਪਾਖਰ ਤੇਰਾ ਸਰਹਾਣਾ ਲਏ ਬਣਾਈਆ । ਆਪਣਾ ਤਪ ਤੇਰੇ ਤਪਦੇ ਹਿਰਦੇ ਦਏ ਠਰਾਏ, ਆਪਣਾ ਖ਼ੂਨ ਤੇਰੀਆਂ ਨੀਹਾਂ ਵਿਚ ਦਬਾਈਆ । ਫੇਰ ਸਨੇਹੁੜਾ ਸਚ ਸੁਣਾਏ, ਸੁਣਨੇਹਾਰਾ ਏਕਾ ਮਾਹੀਆ । ਸਥਰ ਤੇਰਾ ਰਿਹਾ ਹੰਢਾਏ, ਜਗਤ ਸੇਜ ਨਾ ਕੋਇ ਵਡਿਆਈਆ । ਪੁਰਖ ਅਬਿਨਾਸ਼ੀ ਹੋਏ ਸਹਾਏ, ਰੂਪ ਅਨੂਪ ਆਪ ਵਟਾਈਆ । ਗੋਬਿੰਦ ਗੁਰ ਗੁਰ ਗਲੇ ਲਗਾਏ, ਆਪ ਆਪਣੀ ਗੋਦ ਬਹਾਈਆ । ਤੇਰਾ ਮੇਲਾ ਸਹਿਜ ਸੁਭਾਏ, ਦਰ ਘਰ ਸਾਚੇ ਵੱਜੇ ਵਧਾਈਆ । ਤੇਰਾ ਆਸਣ ਸਿੰਘਾਸਣ ਨਵੇਲਾ ਰਿਹਾ ਵਿਛਾਏ, ਸਾਚੀ ਬਣਤ ਆਪ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਗੁਣ ਦਏ ਵਖਾਈਆ । ਸੁਣਾਇਆ ਹਾਲ ਮਿੱਤਰ ਪਿਆਰੇ, ਲਿਖਣ ਪੜ੍ਹਨ ਵਿਚ ਨਾ ਆਇਆ । ਕਿਰਪਾ ਕਰੇ ਆਪ ਨਿਰੰਕਾਰੇ, ਸੁਣ ਸੁਣ ਆਪਣੇ ਰੰਗ ਵਖਾਇਆ । ਤੇਰਾ ਨੂਰ ਹੋਏ ਉਜਿਆਰੇ, ਤੇਰੀ ਜੋਤ ਕਰੇ ਰੁਸ਼ਨਾਇਆ । ਤੇਰਾ ਖ਼ੂਨ ਡਲਕਾਂ ਮਾਰੇ, ਨੌਂ ਖੰਡ ਪ੍ਰਿਥਮੀ ਦਏ ਹਿਲਾਇਆ । ਤੇਰਾ ਮੰਦਰ ਬਣੇ ਇਕ ਨੌਂ ਦਵਾਰੇ, ਸੰਬਲ ਨਗਰੀ ਨਾਉਂ ਰਖਾਇਆ । ਵਿਚ ਵਸੇ ਵਸਣਹਾਰੇ, ਵਸਣਹਾਰਾ ਆਪਣਾ ਮੁਖ ਛੁਪਾਇਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਸੁਣਾਇਆ । ਸਚ ਸੰਦੇਸ ਸੁਣਾਇਆ ਕਰਤਾਰ, ਏਕਾ ਸ਼ਬਦ ਨਾਦ ਵਜਾਈਆ । ਗੋਬਿੰਦ ਸੂਰਾ ਹੋਇਆ ਖ਼ਬਰਦਾਰ, ਸਿੰਘ ਆਪਣਾ ਬਲ ਧਰਾਈਆ । ਤੇਰਾ ਖੇਲ ਅਗੰਮ ਅਪਾਰ, ਲੇਖਾ ਲਿਖ ਨਾ ਸਕੇ ਕੋਇ ਰਾਈਆ । ਤੇਰਾ ਕਰਾਂ ਅੰਤ ਦਰਸ ਦੀਦਾਰ, ਨੇਤਰ ਨੈਣ ਨੈਣ ਬਿਗਸਾਈਆ । ਤੇਰਾ ਰੂਪ ਵੇਖਾਂ ਵਿਚ ਸੰਸਾਰ, ਜੋਤ ਜੋਤ ਤੇਰੀ ਰੁਸ਼ਨਾਈਆ । ਤੇਰਾ ਮੰਦਰ ਧਾਮ ਨਿਆਰ, ਇੱਟ ਗਾਰਾ ਨਾ ਕੋਇ ਲਗਾਈਆ । ਛੱਪਰ ਛੰਨ ਨਾ ਕੋਇ ਸਹਾਰ, ਚਾਰ ਦੀਵਾਰ ਨਾ ਕੋਇ ਬਣਾਈਆ । ਕਰੇ ਖੇਲ ਅਪਰ ਅਪਾਰ, ਮਹਿਮਾ ਗਣਤ ਗਣੀ ਨਾ ਜਾਈਆ । ਤੇਰਾ ਰੂਪ ਨਿਹਕਲੰਕ ਨਰਾਇਣ ਨਰ ਹੋਏ ਅਵਤਾਰ, ਨਾ ਕੋਈ ਜਨਮੇ ਪਿਤਾ ਮਾਈਆ । ਮੈਂ ਵਸਾਂ ਤੇਰੇ ਸਚ ਸਦਾ ਦਰਬਾਰ, ਵਿਛੜ ਕਦੇ ਨਾ ਜਾਈਆ । ਤੇਰਾ ਸੰਦੇਸਾ ਦੇਵਾਂ ਸਰਬ ਸੰਸਾਰ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਵਿਸ਼ਨ ਬ੍ਰਹਮਾ ਸ਼ਿਵ ਜਗਾਈਆ । ਸਰਬ ਜੀਆਂ ਦਾ ਤੂੰ ਸਾਂਝਾ ਯਾਰ, ਬੇਐਬ ਨਾਉਂ ਖ਼ੁਦਾਈਆ । ਖ਼ਾਲਕ ਖ਼ਲਕ ਕਰੇ ਪਿਆਰ, ਮਖ਼ਲੂਕ ਤੇਰੀ ਸਰਬ ਰੁਸ਼ਨਾਈਆ । ਤੇਰਾ ਕਰ ਦਰਸ ਦੀਦਾਰ, ਦੀਦ ਈਦ ਚੰਦ ਹੋਏ ਰੁਸ਼ਨਾਈਆ । ਲੱਖ ਚੁਰਾਸੀ ਪਾਵੇਂ ਸਾਰ, ਨਵ ਨੌਂ ਆਪਣੀ ਬਣਤ ਬਣਾਈਆ । ਚਾਰ ਚਾਰ ਕਰੇ ਵਿਚਾਰ, ਚਾਰ ਜੁਗ ਦਾ ਪੰਧ ਮੁਕਾਈਆ । ਚਾਰ ਵੇਦ ਚਾਰ ਵਰਨ ਚਾਰ ਖਾਣੀ ਚਾਰ ਬਾਣੀ ਏਕਾ ਕਰੇਂ ਸਚ ਵਿਹਾਰ, ਸਾਚਾ ਮਾਰਗ ਇਕ ਵਖਾਈਆ । ਲੱਖ ਚੁਰਾਸੀ ਦੇਵੇਂ ਬ੍ਰਹਮ ਵਿਚਾਰ, ਆਤਮ ਵਿਦਿਆ ਤੇਰੀ ਪੜ੍ਹਾਈਆ । ਤੀਰ ਨਿਸ਼ਾਨਾ ਮਾਰੇਂ ਏਕਾ ਵਾਰ, ਸਾਚਾ ਚਿੱਲਾ ਨਾਮ ਚੜ੍ਹਾਈਆ । ਚੰਡ ਪਰਚੰਡ ਫੜੇ ਤੇਜ਼ ਕਟਾਰ, ਬ੍ਰਹਿਮੰਡ ਦਏ ਹਿਲਾਈਆ । ਵੰਡੇ ਵੰਡ ਅੰਤਮ ਵਾਰ, ਲੱਖ ਚਾਰ ਲੇਖਾ ਮੁੱਕੇ ਬੱਤੀ ਹਜ਼ਾਰ, ਪੂਰਾ ਸਕੇ ਨਾ ਕੋਇ ਕਰਾਈਆ । ਸਮੁੰਦ ਸਾਗਰ ਪੱਥਰ ਪਾਹਨ ਜੋ ਰੋਵਣ ਜ਼ਾਰੋ ਜ਼ਾਰ, ਦੇ ਦਰਸ ਅੰਤ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲਹਿਣਾ ਰਿਹਾ ਮੁਕਾਈਆ । ਪੂਰਬ ਲਹਿਣਾ ਮੁਕਾਵਣ ਆਇਆ, ਨਿਰਗੁਣ ਸਰਗੁਣ ਲੈ ਅਵਤਾਰ । ਜੋਤੀ ਜੋਤ ਭੇਖ ਵਟਾਇਆ, ਰੂਪ ਅਨੂਪ ਅਗੰਮ ਅਪਾਰ । ਕਿਲਾ ਕੋਟ ਨਾ ਕੋਇ ਬਣਾਇਆ, ਕਿਸੇ ਵਸੇ ਮੰਦਰ ਨਾ ਗੁਰੂਦਵਾਰ । ਸਚ ਸਿੰਘਾਸਣ ਸੋਭਾ ਪਾਇਆ, ਸਚਖੰਡ ਨਿਵਾਸੀ ਇਕ ਇਕੱਲਾ ਏਕੰਕਾਰ । ਤਖ਼ਤ ਨਿਵਾਸੀ ਹੁਕਮ ਸੁਣਾਇਆ, ਆਪ ਆਪਣੀ ਕਿਰਪਾ ਧਾਰ । ਲੋਕਮਾਤ ਵੇਖ ਵਖਾਇਆ, ਲੱਖ ਚੁਰਾਸੀ ਜਗਤ ਪਸਾਰ । ਭਗਤ ਭਗਵੰਤ ਲਏ ਉਠਾਇਆ, ਸੰਤ ਸੁਹੇਲੇ ਕਰ ਪਿਆਰ । ਗੁਰਮੁਖਾਂ ਆਪਣੇ ਅੰਗ ਲਗਾਇਆ, ਗੁਰਸਿਖਾਂ ਬਖ਼ਸ਼ੇ ਚਰਨ ਪਿਆਰ । ਗੁਰਸਿਖਾਂ ਅੰਦਰ ਬਜਰ ਕਪਾਟੀ ਪਾਥਰ ਦਏ ਤੁੜਾਇਆ, ਨਾਮ ਖੰਡਾ ਏਕਾ ਮਾਰ । ਉਪਰ ਆਪਣਾ ਆਸਣ ਲਾਇਆ, ਆਤਮ ਸੇਜਾ ਕਰ ਤਿਆਰ । ਸ਼ਬਦ ਅਨਾਦੀ ਰਿਹਾ ਗਾਇਆ, ਅੱਠੇ ਪਹਿਰ ਇਕ ਗੁਫ਼ਤਾਰ । ਸਾਚਾ ਇਸ਼ਟ ਰਿਹਾ ਮਨਾਇਆ, ਜੋਤੀ ਨੂਰ ਨੂਰ ਉਜਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗ ਪਾਥਰ ਤੋੜੇ ਮਾਤ ਹੰਕਾਰ । ਜਗਤ ਪਾਥਰ ਤੁੱਟਣਾ, ਗੁਰਸਿਖ ਵਿਰਲੇ ਮਿਲੇ ਵਡਿਆਈਆ । ਸਾਰੇ ਘਰ ਘਰ ਸੁਖਦੇ ਸੁਖਣਾ, ਮਿਲੇ ਗੋਬਿੰਦ ਸੱਚਾ ਮਾਹੀਆ । ਉਜਲ ਹੋਏ ਨਾ ਕਿਸੇ ਮੁਖਣਾ, ਆਤਮ ਅੰਤਰ ਆਪਣਾ ਆਪ ਵਸ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਪੱਥਰ ਰਿਹਾ ਵਖਾਈਆ । ਪਾਥਰ ਲੇਖਾ ਜਾਣਾ ਮੁੱਕ, ਹਰਿ ਸਤਿਗੁਰ ਆਪ ਮੁਕਾਏ । ਗੁਰਸਿਖਾਂ ਅੰਦਰੋਂ ਪਰਦਾ ਚੁੱਕ, ਜਲਵਾ ਨੂਰ ਆਪ ਦਰਸਾਏ । ਪਰਗਟ ਹੋਏ ਜੋ ਬੈਠਾ ਲੁੱਕ, ਆਪ ਆਪਣੀ ਦਇਆ ਕਮਾਏ ।

ਹੇਮ ਕੁੰਟ ਜੋ ਬੈਠਾ ਰਿਹਾ ਕਰ ਕਰ ਚੁੱਪ, ਕਲਜੁਗ ਅੰਤਮ ਆਪਣਾ ਨਾਉਂ ਸ਼ਬਦ ਡੰਕ ਵਜਾਏ । ਨਾਲ ਰਖਾਏ ਗੋਬਿੰਦ ਸੁਤ, ਸੁਤ ਦੁਲਾਰਾ ਵਿਛੜ ਕਦੇ ਨਾ ਜਾਏ । ਕਰੇ ਖੇਲ ਅਬਿਨਾਸ਼ੀ ਅਚੁਤ, ਪਾਰਬ੍ਰਹਮ ਬੇਪਰਵਾਹੇ । ਸਚ ਸੁਹੰਜਣੀ ਸੋਹੇ ਰੁੱਤ, ਪੱਤ ਡਾਲ੍ਹੀ ਆਪ ਮਹਿਕਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਾਹਨ ਪਾਥਰ ਵੇਖ ਵਖਾਏ । ਪਾਹਨ ਪਾਥਰ ਚੁੱਕਿਆ, ਕਾਇਆ ਬੰਕ ਗੜ੍ਹ ਦਵਾਰ । ਗੋਬਿੰਦ ਸੂਰਾ ਏਕਾ ਉਠਿਆ, ਸ਼ਸਤਰ ਬਸਤਰ ਪਹਿਨ ਕਟਾਰ । ਇਕ ਵਖਾਏ ਸਾਚਾ ਕਿਲਾ ਕੋਟਿਆ, ਨਾਮ ਸਰੂਪੀ ਚਾਰ ਦੀਵਾਰ । ਜੋ ਜਨ ਰੱਖੇ ਮੇਰੀ ਓਟਿਆ, ਦੇਵਾਂ ਦਰਸ ਖੋਲ੍ਹ ਕਿਵਾੜ । ਕਲਜੁਗ ਜੀਵ ਆਹਲਣਿਉਂ ਡਿਗੇ ਬੋਟਿਆ, ਨਾ ਸਕੇ ਕੋਇ ਉਠਾਲ । ਆਸਾ ਤ੍ਰਿਸਨਾ ਮਾਇਆ ਮਮਤਾ ਭਰੀ ਨਾ ਕਿਸੇ ਪੋਟਿਆ, ਆਸਣ ਲਾ ਲਾ ਬੈਠੇ ਧਰਮਸਾਲ । ਗੁਰਮੁਖ ਵਿਰਲੇ ਤਨ ਨਗਾਰੇ ਲੱਗੇ ਚੋਟਿਆ, ਲੇਖਾ ਚੁੱਕੇ ਸ਼ਾਹ ਕੰਗਾਲ । ਜਿਸ ਜਨ ਅੰਦਰੋਂ ਕੱਢੇ ਖੋਟਿਆ, ਦੇਵੇ ਨਾਮ ਸੱਚਾ ਧੰਨ ਮਾਲ । ਨਿਰਮਲ ਨੂਰ ਜਗਾਏ ਜੋਤਿਆ, ਜੋਤੀ ਜਾਤਾ ਪੁਰਖ ਅਕਾਲ । ਨਾ ਕੋਈ ਵਰਨ ਨਾ ਕੋਈ ਗੋਤਿਆ, ਘਟ ਘਟ ਅੰਦਰ ਰਿਹਾ ਸਮਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸ੍ਰੀ ਭਗਵਾਨ । ਸ੍ਰੀ ਭਗਵਾਨ ਖੇਲ ਅਵੱਲਾ, ਕਲਜੁਗ ਅੰਤਮ ਆਪ ਕਰਾਈਆ । ਸਚ ਸਿੰਘਾਸਣ ਪੁਰਖ ਅਬਿਨਾਸ਼ਨ ਬੈਠ ਇਕੱਲਾ, ਧੁਰ ਫ਼ਰਮਾਨਾ ਸ਼ਬਦ ਜਣਾਈਆ । ਗੁਰ ਗੋਬਿੰਦ ਸੂਰਾ ਹਾਜ਼ਰ ਹਜ਼ੂਰਾ ਗੁਰਮੁਖਾਂ ਫੜੇ ਆਪੇ ਪੱਲਾ, ਆਪਣਾ ਪੱਲਾ ਗੁਰਮੁਖਾਂ ਰਿਹਾ ਫੜਾਈਆ । ਜੋਤੀ ਸ਼ਬਦੀ ਸ਼ਬਦੀ ਜੋਤੀ ਧਾਰ ਆਪੇ ਰੱਲਾ, ਪੰਜ ਤੱਤ ਨਾ ਕੋਇ ਰਖਾਈਆ । ਸ੍ਰਿਸ਼ਟ ਸਬਾਈ ਭੁਲਾਏ ਕਰ ਕਰ ਵਲ ਛਲਾ, ਅਛਲ ਛਲ ਧਾਰੀ ਆਪਣਾ ਰੂਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਰਗੁਣ ਨਿਰਵੈਰ ਪੁਰਖ ਅਕਾਲ ਦੀਨ ਦਿਆਲ ਦੀਨਨ ਹੋਏ ਆਪ ਸਹਾਈਆ । ਦੀਨ ਦਿਆਲ ਦਇਆ ਨਿਧ ਠਾਕਰ, ਪਾਰਬ੍ਰਹਮ ਬੇਅੰਤਿਆ । ਅੰਮ੍ਰਿਤ ਧਾਰ ਵਹਾਏ ਡੂੰਘਾ ਸਾਗਰ, ਗੁਰਮੁਖ ਵਿਰਲਾ ਪੀਵੇ ਸੰਤ ਆ । ਨਿਰਮਲ ਕਰਮ ਹੋਏ ਉਜਾਗਰ, ਮਿਲੇ ਮੇਲ ਸ੍ਰੀ ਭਗਵੰਤਿਆ । ਸਾਚੇ ਘਰ ਬਣੇ ਸੌਦਾਗਰ, ਨਾਮ ਵਣਜ ਇਕ ਰਖੰਤਿਆ । ਲੇਖਾ ਜਾਣੇ ਕਰਤਾ ਕ਼ਾਦਰ, ਜੁਗ ਜੁਗ ਵੇਸ ਅਨੇਕ ਵਟੰਤਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਦੇਵੇ ਵਡਿਆਈ ਗੁਰ ਤੇਗ਼ ਬਹਾਦਰ, ਜਿਸ ਆਪਣਾ ਖ਼ੂਨ ਗੁਰਮੁਖ ਚੋਲੀ ਚਾੜ੍ਹਿਆ ਰੰਗ ਬਸੰਤਿਆ । ਸੰਸਾਰ ਚੋਲੀ ਚੜ੍ਹਿਆ ਰੰਗ ਬਸੰਤ, ਗੁਰ ਸਤਿਗੁਰ ਆਪ ਚੜ੍ਹਾਈਆ । ਹੋਏ ਸਹਾਈ ਕਲਜੁਗ ਅੰਤ, ਸੁਤ ਦੁਲਾਰਾ ਲਏ ਮਿਲਾਈਆ । ਪੱਲਾ ਫੜਾਏ ਸ੍ਰੀ ਭਗਵੰਤ, ਛੁੱਟ ਕਦੇ ਨਾ ਜਾਈਆ । ਮਿਲੇ ਵਡਿਆਈ ਵਿਚ ਜੀਵ ਜੰਤ, ਅਜੂਨੀ ਰਹਿਤ ਹੋਏ ਸਹਾਈਆ । ਗੁਰਸਿਖ ਨਾਰ ਸੁਹਾਗਣ ਮਿਲੇ ਹਰਿ ਹਰਿ ਕੰਤ, ਘਰ ਵੱਜੇ ਨਾਮ ਵਧਾਈਆ । ਸਾਚੀ ਸੇਜ ਸੁਹਾਏ ਸੋਭਾਵੰਤ, ਆਸਣ ਸਿੰਘਾਸਣ ਡੇਰਾ ਲਾਈਆ । ਕਲਜੁਗ ਲਹਿਣਾ ਦੇਣ ਚੁਕਾਏ ਅੰਤ, ਲੇਖਾ ਕੋਇ ਰਹੇ ਨਾ ਰਾਈਆ । ਲੱਖ ਚੁਰਾਸੀ ਏਕਾ ਦੇਵੇ ਨਾਮ ਮਣੀਆ ਮੰਤ, ਅੱਖਰ ਵੱਖਰ ਕਰੇ ਪੜ੍ਹਾਈਆ । ਸੋ ਪੁਰਖ ਨਿਰੰਜਣ ਤੋੜੇ ਗੜ੍ਹ ਹਉਮੇਂ ਹੰਗਤ, ਹੰ ਬ੍ਰਹਮ ਦਏ ਦਰਸਾਈਆ । ਸੋਹੰ ਰੂਪ ਸਾਚਾ ਰੰਗ ਜਿਉਂ ਨਾਨਕ ਚਾੜ੍ਹੇ ਅੰਗਦ, ਰੰਗਿਆ ਰੰਗ ਉਤਰ ਨਾ ਜਾਈਆ । ਮਾਣਸ ਜਨਮ ਨਾ ਹੋਏ ਭੰਗਤ, ਜੋ ਜਨ ਆਤਮ ਪਰਮਾਤਮ ਵਿਚ ਸਮਾਈਆ । ਧੰਨ ਵਡਿਆਈ ਗੁਰਮੁਖਾਂ ਬਣਾਈ ਸਾਚੀ ਸੰਗਤ, ਹਰਿ ਜਸ ਹਰਿ ਮੰਦਰ ਕਾਇਆ ਅੰਦਰ ਬਹਿ ਬਹਿ ਰਹੇ ਗਾਈਆ । ਦੂਸਰ

ਦਰ ਨਾ ਜਾਏ ਮੰਗਤ, ਜਿਸ ਜਨ ਸਤਿਗੁਰ ਮਿਲਿਆ ਪੁਰਖ ਅਕਾਲ ਬੇਪਰਵਾਹੀਆ । ਜਨਮ ਜਨਮ ਦੀ ਗਵਾਏ ਭੁੱਖ ਨੰਗਤ, ਕਰਮ ਕੁਕਰਮਾਂ ਮੈਲ ਧਵਾਈਆ । ਹਰਿ ਕਾ ਭੇਵ ਨਾ ਜਾਣੇ ਕੋਈ ਪਾਂਧਾ ਪੰਡਤ, ਪੜ੍ਹ ਪੜ੍ਹ ਵਿਦਿਆ ਥੱਕੀ ਸਰਬ ਲੋਕਾਈਆ । ਹਰਿ ਕਾ ਰੂਪ ਸਦਾ ਅਖੰਡਤ, ਖੰਡ ਖੰਡ ਨਾ ਕੋਇ ਕਰਾਈਆ । ਨਾਨਕ ਗੋਬਿੰਦ ਵੰਡੀ ਏਕਾ ਵੰਡਤ, ਚਾਰ ਵਰਨਾਂ ਝੋਲੀ ਪਾਈਆ । ਨਾਮ ਸਤਿ ਲੋਕਮਾਤ ਲਿਖ ਕੇ ਦਿਤੀ ਸਾਚੀ ਮੰਨਤ, ਸਾਚੇ ਸੰਤਾਂ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗੰਤਰ ਲੇਖਾ ਜਾਣੇ ਸਰਬ ਘਟ ਅੰਤਰ, ਤ੍ਰੈਗੁਣ ਅਤੀਤਾ ਠਾਂਡਾ ਸੀਤਾ ਪਤਿਤ ਪੁਨੀਤਾ ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਭਗਵੰਤ ਅੰਤ ਕੰਤ ਆਪਣਾ ਮੇਲ ਮਿਲਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੀ ਖੇਲ ਖਿਲਾਈਆ ।

## ★ ੨੧ ਜੇਠ ੨੦੧੮ ਬਿਕ੍ਰਮੀ ਅੰਗਰੇਜ਼ ਸਿੰਘ ਦੇ ਗ੍ਰਹਿ ਨਵੀਂ ਬਸਤੀ ਜੰਮੂ ★

ਸਚਖੰਡ ਨਿਵਾਸੀ ਸ੍ਰੀ ਭਗਵਾਨ, ਸਚ ਸਿੰਘਾਸਣ ਸੋਭਾ ਪਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਖੇਲ ਮਹਾਨ, ਨਿਰਗੁਣ ਨਿਰਵੈਰ ਪੁਰਖ ਅਕਾਲ ਦੀਨ ਦਿਆਲ ਆਪ ਕਰਾਇੰਦਾ । ਸਤਿ ਸਤਿਵਾਦੀ ਸਤਿ ਨਿਸ਼ਾਨ, ਇਕ ਇਕੱਲਾ ਏਕੰਕਾਰ, ਸਚ ਦਵਾਰੇ ਆਪ ਝੁਲਾਇੰਦਾ । ਜੋਤੀ ਨੂਰ ਕਰ ਉਜਿਆਰ, ਆਪ ਉਪਜਾਏ ਠਾਂਡੇ ਦਰਬਾਰ, ਥਿਰ ਘਰ ਸਾਚਾ ਆਪ ਸੁਹਾਇੰਦਾ । ਕਮਲਾਪਾਤੀ ਮੀਤ ਮੁਰਾਰ, ਆਪੇ ਵਸੇ ਵਸਣਹਾਰ, ਦੂਸਰ ਸੰਗ ਨਾ ਕੋਇ ਰਖਾਇੰਦਾ । ਆਪਣੀ ਇਛਿਆ ਭਰ ਭੰਡਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਕਰਾਇੰਦਾ । ਕਰੇ ਖੇਲ ਪੁਰਖ ਅਬਿਨਾਸ਼ਾ, ਪਾਰਬ੍ਰਹਮ ਵਡੀ ਵਡਿਆਈਆ । ਸਾਚੇ ਮੰਡਲ ਪਾਵੇ ਰਾਸਾ, ਅਗੰਮ ਅਥਾਹ ਆਪਣੀ ਖੇਲ ਖਿਲਾਈਆ । ਨਿਰਗੁਣ ਜੋਤ ਨੂਰ ਪਰਕਾਸਾ, ਨੂਰ ਨੁਰਾਨਾ ਡਗਮਗਾਈਆ । ਆਦਿ ਜੁਗਾਦਿ ਆਪਣੀ ਪੂਰੀ ਕਰੇ ਆਪੇ ਆਸਾ, ਦਾਤਾ ਦਾਨੀ ਸ਼ਾਹ ਸੁਲਤਾਨ ਆਪ ਅਖਵਾਈਆ । ਥਿਰ ਘਰ ਸਾਚੇ ਕਰ ਨਿਵਾਸਾ, ਹਰਿ ਮੰਦਰ ਦਏ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕੱਲਾ ਖੇਲ ਖਿਲਾਈਆ । ਇਕ ਇਕੱਲਾ ਪੁਰਖ ਸਮਰਥ, ਦਰ ਘਰ ਸਾਚੇ ਸੋਭਾ ਪਾਇੰਦਾ । ਜੁਗਾ ਜੁਗੰਤਰ ਮਹਿਮਾ ਅਕਥ, ਨਾਮ ਭੰਡਾਰਾ ਆਪ ਵਰਤਾਇੰਦਾ । ਨਿਰਗੁਣ ਸਰਗੁਣ ਚਲਾਏ ਰਥ, ਰਥ ਰਥਵਾਹੀ ਦਿਸ ਨਾ ਆਇੰਦਾ । ਸ਼ਬਦ ਅਗੰਮੀ ਜਣਾਏ ਗਾਥ, ਮੰਤਰ ਅੰਤਰ ਆਪ ਪੜ੍ਹਾਇੰਦਾ । ਤ੍ਰੈਗੁਣ ਮੀਤਾ ਦੇਵੇ ਸਾਥ, ਤ੍ਰੈ ਤ੍ਰੈ ਏਕਾ ਰੰਗ ਵਖਾਇੰਦਾ । ਏਕਾ ਸ਼ਬਦ ਨਾਦ ਧੁਨ ਪੂਜਾ ਪਾਠ, ਏਕਾ ਮੰਦਰ ਹਰਿ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕੱਲਾ ਵੇਸ ਵਟਾਇੰਦਾ । ਜੁਗ ਜੁਗ ਵੇਸ ਹਰਿ ਨਿਰੰਕਾਰਾ, ਨਿਰਗੁਣ ਸਰਗੁਣ ਕਰੇ ਰੁਸ਼ਨਾਈਆ । ਲੋਕਮਾਤ ਹੋ ਉਜਿਆਰਾ, ਲੱਖ ਚੁਰਾਸੀ ਵੇਖ ਵਖਾਈਆ । ਏਕਾ ਨਾਮ ਸ਼ਬਦ ਜੈਕਾਰਾ, ਚਾਰ ਕੁੰਟ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਕਰਤਾ ਆਪਣੀ ਕੁਦਰਤ ਵੇਖ ਵਖਾਈਆ । ਕੁਦਰਤ ਕ਼ਾਦਰ ਵੇਖਣਹਾਰਾ, ਬੇਐਬ ਨਾਉਂ ਧਰਾਇੰਦਾ । ਹੁਕਮੀ ਹੁਕਮ ਵਰਤੇ ਵਰਤਾਰਾ, ਧੁਰ ਫ਼ਰਮਾਨਾ ਆਪ ਜਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਬਣੇ ਪਨਹਾਰਾ, ਸਾਚੀ ਸੇਵਾ ਸੇਵਕ ਇਕ ਜਣਾਇੰਦਾ । ਚਾਰ ਖਾਣੀ

ਬਣ ਵਰਤਾਰਾ, ਚਾਰੇ ਬਾਣੀ ਝੋਲੀ ਪਾਇੰਦਾ । ਚਾਰ ਜੁਗ ਆਪਣੀ ਕਾਰਾ, ਚਾਰੇ ਵੇਦ ਮੁਖ ਸਾਲਾਹਿੰਦਾ । ਚਾਰੋਂ ਕੁੰਟ ਇਕ ਜੈਕਾਰਾ, ਚਾਰ ਵਰਨਾਂ ਆਪ ਸੁਣਾਇੰਦਾ । ਚੌਥੇ ਘਰ ਚੌਥੇ ਪਦ ਆਪੇ ਵਸੇ ਵਸਣਹਾਰਾ, ਸਚ ਸਿੰਘਾਸਣ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਮੰਤਰ ਏਕਾ ਨਾਉਂ, ਏਕਾ ਵਸੇ ਹਰ ਘਟ ਥਾਉਂ, ਇਸ਼ਟ ਦੇਵ ਇਕ ਅਖਵਾਇੰਦਾ । ਏਕਾ ਇਸ਼ਟ ਦੇਵ ਆਤਮ, ਪਰਮ ਪੁਰਖ ਬੇਪਰਵਾਹੀਆ । ਲੱਖ ਚੁਰਾਸੀ ਖੇਲ ਪਰਮ ਪਰਮਾਤਮ, ਪਾਰਬ੍ਰਹਮ ਵਡੀ ਵਡਿਆਈਆ । ਨਿਰਗੁਣ ਜੋਤ ਉਤਮ ਜਾਤਮ, ਜੋਤੀ ਜਾਤਾ ਵਰਨ ਗੋਤ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਵੇਸ ਵਟਾਈਆ । ਜੁਗ ਜੁਗ ਵੇਸ ਅਵੱਲੜਾ, ਨਿਰਗੁਣ ਸਰਗੁਣ ਧਾਰ । ਵਸਣਹਾਰਾ ਨਿਹਚਲ ਧਾਮ ਅਟੱਲੜਾ, ਲੋਕਮਾਤ ਹੋਏ ਉਜਿਆਰ । ਸਤਿਜੁਗ ਤ੍ਰੇਤਾ ਦੁਆਪਰ ਵੇਖ ਵਖੰਦੜਾ, ਕਰੇ ਖੇਲ ਅਗੰਮ ਅਪਾਰ । ਜਨ ਭਗਤਾਂ ਫੜਾਏ ਨਾਮ ਪਲੜਾ, ਦਿਸ ਨਾ ਆਏ ਵਿਚ ਸੰਸਾਰ । ਸੰਤਾਂ ਅੰਦਰ ਆਪੇ ਰਲੜਾ, ਜੋਤੀ ਨੂਰ ਕਰ ਪਿਆਰ । ਗੁਰਮੁਖਾਂ ਸਚ ਸੰਦੇਸ ਏਕਾ ਘੱਲੜਾ, ਸ਼ਬਦ ਅਨਾਦ ਸੱਚੀ ਧੁੰਨਕਾਰ । ਗੁਰਸਿਖਾਂ ਦੱਸੇ ਰਾਹ ਸੁਖੱਲੜਾ, ਜੁਗ ਜੁਗ ਪਾਵੇ ਸਾਰ । ਸਚ ਸਿੰਘਾਸਣ ਏਕਾ ਮਲੜਾ, ਸਚਖੰਡ ਸੱਚਾ ਦਵਾਰ । ਲੱਖ ਚੁਰਾਸੀ ਵੇਖ ਵਖੰਦੜਾ, ਵੇਖਣਹਾਰਾ ਏਕੰਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਪਰ ਅਪਾਰ । ਅਪਰ ਅਪਾਰਾ ਹਰਿ ਹਰਿ ਖੇਲ, ਅਨਭਵ ਪਰਕਾਸ਼ ਕਰਾਇੰਦਾ । ਦੀਪਕ ਜੋਤ ਜਗਾਏ ਬਿਨ ਬਾਤੀ ਤੇਲ, ਸਾਚੇ ਮੰਦਰ ਆਪ ਟਿਕਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਹਰਿਜਨ ਸਾਜਣ ਲਏ ਮੇਲ, ਮੇਲ ਮਿਲਾਵਾ ਆਪਣੇ ਹੱਥ ਰਖਾਇੰਦਾ । ਅਚਰਜ ਕਰੇ ਆਪਣਾ ਖੇਲ, ਵੇਦ ਕਤੇਬ ਸ਼ਾਸਤਰ ਸਿਮਰਤ ਭੇਵ ਕੋਇ ਨਾ ਪਾਇੰਦਾ । ਗੁਰ ਅਵਤਾਰ ਰਸਨਾ ਗਾਇਣ ਜਿਹਵ, ਜਿਹਵਾ ਰਸ ਇਕ ਵਖਾਇੰਦਾ । ਹੁਕਮੇ ਅੰਦਰ ਲਾਏ ਸੇਵ, ਸਾਚਾ ਹੁਕਮ ਧੁਰ ਫ਼ਰਮਾਨਾ ਆਪ ਸੁਣਾਇੰਦਾ । ਪਾਰਬ੍ਰਹਮ ਪਤਿਪਰਮੇਸ਼ਵਰ ਅਲਖ ਅਭੇਵ, ਅਗੰਮ ਅਥਾਹ ਬੇਪਰਵਾਹ ਦਿਸ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਸਾਚੀ ਕਾਰ, ਕਰੇ ਕਰਾਏ ਕਰਨੇਹਾਰ, ਕਰਤਾ ਪੁਰਖ ਆਪਣੀ ਕਲ ਧਰਾਇੰਦਾ । ਕਰਤਾ ਪੁਰਖ ਕਲ ਧਰ, ਸੋ ਪੁਰਖ ਨਿਰੰਜਣ ਵੇਖ ਵਖਾਈਆ । ਹਰਿ ਪੁਰਖ ਨਿਰੰਜਣ ਨਰਾਇਣ ਨਰ, ਸ਼ਾਹ ਪਾਤਸ਼ਾਹ ਵਡੀ ਵਡਿਆਈਆ । ਏਕੰਕਾਰਾ ਸਚ ਸਿੰਘਾਸਣ ਬੈਠਾ ਚੜ੍ਹ, ਤਖ਼ਤ ਨਿਵਾਸੀ ਸ਼ਾਹ ਪਾਤਸ਼ਾਹ ਬੇਪਰਵਾਹੀਆ । ਆਦਿ ਨਿਰੰਜਣ ਆਪਣੇ ਮੰਦਰ ਆਪੇ ਬੈਠਾ ਵੜ, ਜੋਤ ਉਜਾਲਾ ਨੂਰ ਕਰਾਈਆ । ਅਬਿਨਾਸ਼ੀ ਕਰਤਾ ਆਪਣਾ ਘਾੜਨ ਆਪੇ ਘੜ, ਮਾਤ ਪਿਤ ਨਾ ਕੋਇ ਰਖਾਈਆ । ਸ੍ਰੀ ਭਗਵਾਨ ਸਾਚੇ ਮੰਦਰ ਆਪਣੀ ਵਿਦਿਆ ਆਪੇ ਪੜ੍ਹ, ਨਿਸ਼ਅੱਖਰ ਕਰੇ ਪੜ੍ਹਾਈਆ । ਪਾਰਬ੍ਰਹਮ ਆਪਣਾ ਫੜਿਆ ਆਪੇ ਲੜ, ਸਗਲਾ ਸੰਗ ਆਪ ਰਖਾਈਆ । ਸਚਖੰਡ ਨਿਵਾਸਾ ਖੇਲ ਅਬਿਨਾਸ਼ਾ ਥਿਰ ਘਰ ਮੰਦਰ ਉਚ ਅਟੱਲਾ, ਵਸਣਹਾਰਾ ਇਕ ਇਕੱਲਾ, ਬੇਅੰਤ ਆਪਣੀ ਕਲ ਆਪ ਧਰਾਈਆ । ਜੁਗਾ ਜੁਗੰਤਰ ਖੇਲ ਅਵੱਲਾ, ਸਤਿਜੁਗ ਤ੍ਰੇਤਾ ਦੁਆਪਰ ਫੜਾਏ ਆਪਣਾ ਪੱਲਾ, ਜਨ ਭਗਤਾਂ ਵੇਖ ਵਖਾਈਆ । ਰਾਮ ਨਾਮ ਸੰਦੇਸ ਏਕਾ ਘੱਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦੂਸਰ ਅਵਰ ਨਾ ਕੋਇ ਚਤੁਰਾਈਆ । ਸਤਿਜੁਗ ਤ੍ਰੇਤਾ ਦੁਆਪਰ ਖੇਲ ਅਪਾਰਾ, ਨਿਰਗੁਣ ਸਰਗੁਣ ਆਪ ਕਰਾਇੰਦਾ । ਕਰੇ ਖੇਲ ਅਗੰਮ ਅਪਾਰਾ,

ਲੱਖ ਚੁਰਾਸੀ ਵੇਖ ਵਖਾਇੰਦਾ । ਜੰਗਲ ਜੂਹ ਉਜਾੜ ਪਹਾੜਾ, ਡੂੰਘੀ ਕੰਦਰ ਸਮੁੰਦ ਸਾਗਰ ਵੇਖ ਵਖਾਇੰਦਾ । ਸ਼ਬਦ ਅਗੰਮੀ ਨਾਦ ਜੈਕਾਰਾ,
ਬ੍ਰਹਿਮਾਦਿ ਆਪ ਸੁਣਾਇੰਦਾ । ਲੋਆਂ ਪੁਰੀਆਂ ਦਏ ਹੁਲਾਰਾ, ਬ੍ਰਹਿਮੰਡ ਖੰਡ ਆਪ ਜਗਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦਏ ਸਹਾਰਾ, ਏਕਾ ਮੰਤਰ
ਨਾਮ ਦ੍ਰਿੜਾਇੰਦਾ । ਏਕਾ ਖੋਲ੍ਹ ਬੰਦ ਕਿਵਾੜਾ, ਸਾਚਾ ਦਰ ਇਕ ਦਰਸਾਇੰਦਾ । ਏਕਾ ਮੇਲਾ ਏਕਾ ਦਰ ਆਪ ਕਰਾਏ ਕਰਨੇਹਾਰਾ, ਆਪਣਾ
ਰੰਗ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਅਬਿਨਾਸ਼ੀ ਕਰਤਾ ਨਿਹਚਲ ਧਾਮ ਇਕ ਸੁਹਾਇੰਦਾ ।
ਨਿਹਚਲ ਧਾਮ ਉਚ ਅਟੱਲਾ, ਸੋ ਪੁਰਖ ਨਿਰੰਜਣ ਆਪ ਸੁਹਾਇੰਦਾ । ਸਚ ਸਿੰਘਾਸਣ ਏਕਾ ਮੱਲਾ, ਪਾਰਬ੍ਰਹਮ ਪ੍ਰਭ ਚਰਨ ਟਿਕਾਇੰਦਾ । ਸ਼ਾਹ
ਸੁਲਤਾਨ ਰਾਜ ਰਾਜਾਨ ਸਚ ਸੰਦੇਸ ਏਕਾ ਘੱਲਾ, ਧੁਰ ਫ਼ਰਮਾਨਾ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ
ਜੁਗ ਆਪਣਾ ਰੰਗ ਰੰਗਾਇੰਦਾ । ਜੁਗ ਜੁਗ ਰੰਗ ਹਰਿ ਨਿਰੰਕਾਰਾ, ਨਿਰਗੁਣ ਸਰਗੁਣ ਆਪ ਰੰਗਾਈਆ । ਸਤਿਜੁਗ ਸਾਚੀ ਬੰਨ੍ਹ ਬੰਨ੍ਹ ਧਾਰਾ,
ਸਤਿ ਸਤਿਵਾਦੀ ਵੇਖ ਵਖਾਈਆ । ਏਕਾ ਆਠਾ ਕਰ ਪਿਆਰਾ, ਦੋਹਾਂ ਮੇਲਾ ਸਹਿਜ ਸੁਭਾਈਆ । ਦੋਏ ਦੋਏ ਸਾਚੀ ਕਰੇ ਕਾਰਾ, ਤ੍ਰੇਤਾ ਤੇਰਾ
ਰੂਪ ਵਟਾਈਆ । ਆਪੇ ਜਾਣੇ ਅੰਤ ਕਿਨਾਰਾ, ਮਧ ਆਪਣੀ ਖੇਲ ਖਿਲਾਈਆ । ਨਰ ਨਰੇਸ਼ ਸੱਚੀ ਸਰਕਾਰਾ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ ।
ਏਕਾ ਹੁਕਮ ਇਕ ਵਰਤਾਰਾ, ਵੇਖਣਹਾਰ ਇਕ ਹੋ ਜਾਈਆ । ਸਤਿਜੁਗ ਤ੍ਰੇਤਾ ਰਿਹਾ ਨਾ ਵਿਚ ਸੰਸਾਰਾ, ਅੰਤਮ ਪੰਧ ਮੁਕਾਈਆ । ਦੁਆਪਰ
ਦੋਏ ਦੋਏ ਕਰ ਪਸਾਰਾ, ਲੋਚਣ ਨੈਣ ਨਾ ਕੋਇ ਵਡਿਆਈਆ । ਲੇਖਾ ਲਿਖੇ ਅਗੰਮ ਅਪਾਰਾ, ਪੁਰਾਨ ਪੁਰਾਨੀ ਇਹ ਸਮਝਾਈਆ । ਏਕਾ ਤੱਤ
ਗਿਆਨ ਜੈਕਾਰਾ, ਬ੍ਰਹਮ ਮਤ ਇਕ ਸਮਝਾਈਆ । ਏਕਾ ਪੁਰਖ ਮੀਤ ਮੁਰਾਰਾ, ਏਕਾ ਭਗਵਨ ਵੇਸ ਵਟਾਈਆ । ਏਕਾ ਰਥ ਰਥਵਾਹੀ ਬਣੇ
ਸੰਸਾਰਾ, ਸਮੁੰਦ ਸਾਗਰ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣੇ ਰੰਗ ਸਮਾਈਆ । ਸਤਿਜੁਗ
ਤ੍ਰੇਤਾ ਦੁਆਪਰ ਰੰਗਿਆ ਰੰਗ, ਦਿਸ ਕਿਸੇ ਨਾ ਆਇਆ । ਨਿਰਗੁਣ ਸਰਗੁਣ ਆਤਮ ਸੇਜ ਮਾਣ ਪਲੰਘ, ਹਰਿਜਨ ਸਾਚੇ ਆਪ ਉਠਾਇਆ ।
ਜਨ ਭਗਤਾਂ ਅੰਦਰ ਬਹਿ ਬਹਿ ਵਜਾਏ ਮਰਦੰਗ, ਨਾਦ ਅਨਾਦੀ ਨਾਦ ਸੁਣਾਇਆ । ਮੇਟ ਮਿਟਾਏ ਅੰਧੇਰਾ ਅੰਧ, ਨਿਰਗੁਣ ਜੋਤ ਕਰ ਰੁਸ਼ਨਾਇਆ ।
ਭਰਮ ਭੁਲੇਖਾ ਦੂਈ ਦਵੈਤੀ ਢਾਹੇ ਕੰਧ, ਸਾਚਾ ਚੰਦ ਇਕ ਚਮਕਾਇਆ । ਆਤਮ ਉਪਜਾਏ ਪਰਮਾਨੰਦ, ਨਿਜਾਨੰਦ ਆਪਣਾ ਰਸ ਚਖਾਇਆ ।
ਪੰਚ ਵਿਕਾਰਾ ਕਰੇ ਖੰਡ ਖੰਡ, ਨਾਮ ਸ਼ਸਤਰ ਹੱਥ ਫੜਾਇਆ । ਸੁਰਤ ਸੁਵਾਣੀ ਨਾ ਹੋਏ ਰੰਡ, ਹਰਿ ਜੂ ਹਰਿ ਹਰਿ ਕੰਤ ਮੇਲ ਮਿਲਾਇਆ ।
ਨਾਤਾ ਤੁਟੇ ਜੇਰਜ ਅੰਡ, ਉਤਭੁਜ ਸੇਤਜ ਬੰਧ ਨਾ ਕੋਇ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ
ਮੇਲਾ, ਲੇਖਾ ਜਾਣੇ ਗੁਰੂ ਗੁਰ ਚੇਲਾ, ਚੇਲਾ ਗੁਰ ਆਪ ਅਖਵਾਇਆ । ਸਤਿਜੁਗ ਤ੍ਰੇਤਾ ਦੁਆਪਰ ਉਤਰਿਆ ਆਪਣੇ ਘਾਟ, ਜਨ ਭਗਤਾਂ ਮਿਲੇ
ਵਡਿਆਈਆ । ਲੱਖ ਚੁਰਾਸੀ ਕੋਇ ਨਾ ਨਿਭਿਆ ਸਾਥ, ਜੋ ਘੜਿਆ ਭੰਨ ਵਖਾਈਆ । ਕਰੇ ਖੇਲ ਰਾਮ ਰਾਮਾ ਤ੍ਰਿਲੋਕੀ ਨਾਥ, ਚੌਦਾਂ ਲੋਕਾਂ
ਕੁੰਡਾ ਲਾਹੀਆ । ਗੁਰਮੁਖ ਵਿਰਲੇ ਸੁਣਾਏ ਆਪਣੀ ਸਾਚੀ ਗਾਥ, ਏਕਾ ਰਾਮ ਨਾਮ ਪੜ੍ਹਾਈਆ । ਏਕਾ ਜੋਤ ਕਰੇ ਪਰਕਾਸ਼, ਜੋਤ ਨਿਰੰਜਣ
ਕਰ ਰੁਸ਼ਨਾਈਆ । ਏਕਾ ਅੰਮ੍ਰਿਤ ਆਤਮ ਦੇਵੇ ਦਾਤ, ਨਿਝਰ ਝਿਰਨਾ ਕਵਲ ਮੁਖ ਭਰਾਈਆ । ਏਕਾ ਦਰਸ ਦਿਖਾਏ ਬੈਠਾ ਰਹੇ ਇਕਾਂਤ, ਆਦਿ

੭੦੬ ੧੦

ਜੁਗਾਦਿ ਨਾ ਮਰੇ ਨਾ ਜਾਈਆ । ਚਰਨ ਪ੍ਰੀਤੀ ਦੇਵੇ ਸਚ ਸੁਗ਼ਾਤ, ਜਨ ਭਗਤਾਂ ਏਕਾ ਵਸਤ ਝੋਲੀ ਪਾਈਆ । ਹਰਿਜਨ ਸਗਲ ਵਿਸੂਰੇ ਜਾਇਣ ਲਾਥ, ਹਰਿ ਹਰਿ ਨੇਤਰ ਲੋਚਣ ਨੈਣ ਨਜ਼ਰੀ ਆਈਆ । ਲਹਿਣਾ ਦੇਣਾ ਚੁੱਕੇ ਪੂਜਾ ਪਾਠ, ਜਿਸ ਮਿਲਿਆ ਬੇਪਰਵਾਹੀਆ । ਨਿਰਮਲ ਜੋਤ ਜਗਾਏ ਲਲਾਟ, ਅੰਧ ਅੰਧੇਰਾ ਦਏ ਮਿਟਾਈਆ । ਲੇਖਾ ਜਾਣੇ ਤੱਤ ਆਠ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਵੇਖੇ ਥਾਉਂ ਥਾਈਂਆ । ਰੈਣ ਅੰਧੇਰੀ ਮਿਟੇ ਰਾਤ, ਸਾਚਾ ਚੰਦ ਕਰੇ ਰੁਸ਼ਨਾਈਆ । ਹਰਿ ਭਗਤਾਂ ਵਖਾਏ ਅੱਠੇ ਪਹਿਰ ਪਰਭਾਤ, ਪਰਭਾਤੀ ਵੇਲਾ ਆਪਣਾ ਆਪ ਜਣਾਈਆ । ਹਰਿਜਨ ਤੇਰੀ ਕੋਈ ਨਾ ਦਿਸੇ ਜ਼ਾਤ, ਤੇਰਾ ਆਤਮ ਬ੍ਰਹਮ ਪਾਰਬ੍ਰਹਮ ਆਪਣੀ ਅੰਸ ਬਣਾਈਆ । ਹਰਿ ਠਾਕਰ ਤੇਰਾ ਪਿਤਾ ਮਾਤ, ਤੂੰ ਬਾਲਕ ਰੂਪ ਵਟਾਈਆ । ਚਰਨ ਕਵਲ ਬੰਧਾਇਆ ਤੇਰਾ ਨਾਤ, ਸਤਿਜੁਗ ਤ੍ਰੇਤਾ ਦੁਆਪਰ ਪਾਇਆ ਬੰਧਨ, ਏਕਾ ਡੋਰੀ ਨਾਮ ਰਖਾਈਆ । ਮਸਤਕ ਟਿੱਕਾ ਲਾਇਆ ਚੰਦਨ, ਨਿਮ ਵਾਸ ਰਹਿਣ ਨਾ ਪਾਈਆ । ਘਰ ਦਰਸ ਵਖਾਏ ਤ੍ਰਿਲੋਕੀ ਨੰਦਨ, ਲੋਚਣ ਨੈਣ ਆਪ ਖੁਲ੍ਹਾਈਆ । ਇਕ ਸੁਣਾਏ ਸੁਹਾਗੀ ਛੰਦਨ, ਹਰਿ ਕਾ ਢੋਲਾ ਆਪੇ ਗਾਈਆ । ਹਰਿ ਕਾ ਨਾਮ ਨਾ ਹੋਏ ਖੰਡਨ, ਖੰਡ ਖੰਡ ਕਰੇ ਸਰਬ ਲੋਕਾਈਆ । ਦਏ ਸਹਾਰਾ ਬ੍ਰਹਿਮਾਦ ਬ੍ਰਹਿਮੰਡਨ, ਬ੍ਰਹਮ ਵਿਦਿਆ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਭਗਤਾਂ ਆਪ ਮਿਲਾਈਆ । ਸਾਚੇ ਭਗਤਾਂ ਮੇਲਿਆ ਮੇਲਾ, ਘਰ ਸਾਚੇ ਵੱਜੇ ਵਧਾਈਆ । ਰੰਗ ਰੰਗਾਏ ਸੱਜਣ ਸੁਹੇਲਾ, ਰੰਗ ਰੰਗੀਲਾ ਸੱਚਾ ਮਾਹੀਆ । ਆਪ ਜਣਾਏ ਆਪਣਾ ਵੇਲਾ, ਥਿਤ ਵਾਰ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਾਂ ਦੇਵੇ ਸਚ ਸੰਦੇਸ, ਸਤਿਜੁਗ ਤ੍ਰੇਤਾ ਦੁਆਪਰ ਇਕ ਆਦੇਸ, ਤ੍ਰੈਗੁਣ ਭਿੰਨ ਨਾ ਕੋਈ ਰੂਪ ਰੇਖ ਨਾ ਦਿਸੇ ਚਿਨ੍ਹ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸਾਚਾ ਖੇਲ ਹਰਿ ਖਲੌਣਾ, ਤ੍ਰੈ ਤ੍ਰੈ ਆਪਣਾ ਮੂਲ ਚੁਕਾਇੰਦਾ । ਕਲਜੁਗ ਲੋਕਮਾਤ ਰਖੌਣਾ, ਲੱਖ ਚੁਰਾਸੀ ਮੇਲ ਮਿਲਾਇੰਦਾ । ਨੌਂ ਖੰਡ ਪ੍ਰਿਥਮੀ ਕਿਲਾ ਕੋਟ ਬਣੌਣਾ, ਜਗਤ ਮੰਦਰ ਆਪ ਸੁਹਾਇੰਦਾ । ਮਾਇਆ ਮਮਤਾ ਮੋਹ ਹੰਕਾਰ ਭੰਡਾਰ ਇਕ ਵਰਤੌਣਾ, ਏਕਾ ਭਿਛਿਆ ਝੋਲੀ ਪਾਇੰਦਾ । ਜੂਠਾ ਝੂਠਾ ਡੌਰੂ ਹੱਥ ਫੜੌਣਾ, ਚਾਰੇ ਕੁੰਟਾਂ ਡੰਕ ਵਜਾਇੰਦਾ । ਈਸਾ ਮੂਸਾ ਸੰਗ ਰਲੌਣਾ, ਸੰਗ ਮੁਹੰਮਦ ਚਾਰ ਯਾਰ ਕਲਮਾ ਨਬੀ ਆਪ ਪੜ੍ਹਾਇੰਦਾ । ਐਨਲਹਕ ਨਾਅਰਾ ਲੌਣਾ, ਹੂ ਹੂ ਆਪਣੀ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣੇ ਰੰਗ ਸਮਾਇੰਦਾ । ਜੁਗ ਜੁਗ ਰੰਗ ਹਰਿ ਅਵੱਲਾ, ਨਿਰਗੁਣ ਸਰਗੁਣ ਦਏ ਚੜ੍ਹਾਈਆ । ਲੇਖਾ ਜਾਣੇ ਰਾਣੀ ਅੱਲਾ, ਆਲਮਗੀਰ ਬੇਪਰਵਾਹੀਆ । ਧਰਤ ਧਵਲ ਵੇਖੇ ਮਸੱਲਾ, ਨਿਉਂ ਨਿਉਂ ਸਯਦਾ ਸੀਸ ਝੁਕਾਈਆ । ਆਪ ਫੜਾਏ ਆਪਣਾ ਪੱਲਾ, ਦਾਮਨਗੀਰ ਸੱਚਾ ਸ਼ਹਿਨਸ਼ਾਹੀਆ । ਸਚ ਸੰਦੇਸ ਏਕਾ ਘੱਲਾ, ਏਕਾ ਗੁਣ ਦਏ ਸਮਝਾਈਆ । ਨੂਰੋ ਨੂਰ ਸਚ ਸਿੰਘਾਸਣ ਬੈਠਾ ਮੱਲਾ, ਮੁਕਾਮੇ ਹੱਕ ਇਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਆਪ ਸੁਣਾਈਆ । ਸਚ ਸੰਦੇਸਾ ਹਰਿ ਪੈਗ਼ਾਮ, ਏਕਾ ਕਲਮਾ ਆਪ ਜਣਾਇੰਦਾ । ਏਕਾ ਕਾਸਦ ਇਕ ਗ਼ੁਲਾਮ, ਧੁਰ ਫ਼ਰਮਾਨਾ ਇਕ ਸੁਣਾਇੰਦਾ । ਏਕਾ ਮੁਰਸ਼ਦ ਇਕ ਅਮਾਮ, ਸਿਰ ਅਮਾਮਾਂ ਆਪ ਹੋ ਜਾਇੰਦਾ । ਏਕਾ ਲੇਖਾ ਜਾਣੇ ਦੋ ਜਹਾਨ, ਆਪਣਾ ਪਰਦਾ ਆਪ ਚੁਕਾਇੰਦਾ । ਏਕਾ ਮੁਹੰਮਦ ਦੇਵੇ ਗਿਆਨ, ਨੇਤਰ ਨੈਣ ਆਪ ਵਖਾਇੰਦਾ । ਚੌਦਾਂ ਤਬਕਾਂ ਹੱਕ ਨਿਸ਼ਾਨ, ਹੱਕ ਹਕੀਕਤ ਮੇਲ ਮਿਲਾਇੰਦਾ ।

ਮੇਰਾ ਨਾਉਂ ਆਲਮੀਨ ਸ਼ਰਅ ਕੁਰਾਨ, ਕਾਇਆ ਕੁਰਾ ਖੋਜ ਖੋਜਾਇੰਦਾ । ਸਾਚਾ ਹੁਜਰਾ ਸਚ ਮਕਾਨ, ਏਕਾ ਕਾਅਬਾ ਨਜ਼ਰੀ ਆਇੰਦਾ । ਤੇਰੀ ਵੰਡੇ ਵੰਡ ਹੋ ਮਿਹਰਵਾਨ, ਮਹਿਬਾਨ ਬੀਦੋ ਆਪਣਾ ਖੇਲ ਖਿਲਾਇੰਦਾ । ਬੀ ਖ਼ੈਰ ਯਾ ਅੱਲਾ ਸ਼ਾਹ ਸੁਲਤਾਨ, ਨਵਾਬ ਨਵਾਬਾਂ ਸਿਰ ਆਪ ਅਖਵਾਇੰਦਾ । ਲੋਕਮਾਤ ਤੇਰਾ ਰੂਪ ਬਣਾਏ ਹੁਕਮਰਾਨ, ਹੁਕਮ ਹਾਕਮ ਆਪ ਸੁਣਾਇੰਦਾ । ਚੌਦਾਂ ਸਦ ਰਹਿਣਾ ਪਰਧਾਨ, ਜਗਤ ਪਰਧਾਨਗੀ ਹੱਥ ਫੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਰੰਗ ਵਖਾਇੰਦਾ । ਆਪਣਾ ਰੰਗ ਹਰਿ ਨਿਰੰਕਾਰਾ, ਆਦਿ ਜੁਗਾਦਿ ਵਖਾਈਆ । ਨਿਰਗੁਣ ਸਰਗੁਣ ਕਰ ਪਿਆਰਾ, ਪੰਜ ਤੱਤ ਕਾਇਆ ਚੋਲਾ ਨਾਨਕ ਵੇਖੇ ਸਾਚਾ ਮਾਹੀਆ । ਏਕਾ ਵਸਤ ਸਤਿ ਭੰਡਾਰਾ, ਨਾਮ ਸਤਿ ਝੋਲੀ ਪਾਈਆ । ਪਾਇਆ ਪੁਰਖ ਅਗੰਮ ਅਪਾਰਾ, ਆਦਿ ਜੁਗਾਦਿ ਵਿਛੜ ਨਾ ਜਾਈਆ । ਨਿਰਗੁਣ ਸਰਗੁਣ ਦੋਵੇਂ ਧਾਰਾ, ਸਰਗੁਣ ਨਿਰਗੁਣ ਆਪਣੀ ਖੇਲ ਖਿਲਾਈਆ । ਚਾਰ ਕੁੰਟ ਬੋਲ ਇਕ ਜੈਕਾਰਾ, ਚਾਰ ਵਰਨਾਂ ਕਰੇ ਪੜ੍ਹਾਈਆ । ਏਕਾ ਜੋਤੀ ਦਸ ਅਵਤਾਰਾ, ਗੋਬਿੰਦ ਗੀਤ ਸੁਹਾਗੀ ਏਕਾ ਗਾਈਆ । ਪੁਰਖ ਅਕਾਲ ਪਿਤਾ ਪਿਆਰਾ, ਹਉਂ ਬਾਲਕ ਸੇਵ ਕਮਾਈਆ । ਹੁਕਮੀ ਹੁਕਮ ਵਰਤੇ ਵਰਤਾਰਾ, ਚਾਰ ਵਰਨ ਏਕਾ ਰੰਗ ਰੰਗਾਈਆ । ਪੰਚਮ ਦੇਵੇ ਸਾਚੀ ਧਾਰਾ, ਅੰਮ੍ਰਿਤ ਆਤਮ ਮੁਖ ਚੁਆਈਆ । ਪੁਰਖ ਅਕਾਲ ਵਖਾਏ ਸਚ ਦਵਾਰਾ, ਸਚਖੰਡ ਵੱਜੇ ਵਧਾਈਆ । ਪਿਤਾ ਪੂਤ ਏਕਾ ਘਰ ਵਸਣੇਹਾਰਾ, ਕਲਜੁਗ ਅੰਤਮ ਕਰੇ ਸਾਲਾਹੀਆ । ਚਾਰੋਂ ਕੁੰਟ ਅੰਧ ਅੰਧਿਆਰਾ, ਸਾਚਾ ਚੰਦ ਨਾ ਕੋਇ ਚੜ੍ਹਾਈਆ । ਸ਼ਾਹ ਸੁਲਤਾਨ ਰਾਜ ਰਾਜਾਨ ਕੋਈ ਨਾ ਜਾਣੇ ਧਰਮ ਦਵਾਰਾ, ਭਰਮੇ ਭੁੱਲੀ ਸਰਬ ਲੋਕਾਈਆ । ਪਾਰਬ੍ਰਹਮ ਆਦਿ ਜੁਗਾਦਿ ਜੁਗਾ ਜੁਗੰਤਰ ਜੀਵ ਜੰਤ ਪਾਵੇ ਸਾਰਾ, ਸਾਧ ਸੰਤ ਪੂਰਨ ਭਗਵੰਤ ਭਗਤਨ ਲਏ ਤਰਾਈਆ । ਨੌਂ ਖੰਡ ਪ੍ਰਿਥਮੀ ਚਾਰ ਵਰਨ ਨੇਤਰ ਰੋਵਣ ਜ਼ਾਰੋ ਜ਼ਾਰਾ, ਉਚੀ ਕੂਕਣ ਦੇਣ ਦੁਹਾਈਆ । ਆਤਮ ਬ੍ਰਹਮ ਨਾ ਕਿਸੇ ਵਿਚਾਰਾ, ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਪਈ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਜਨ ਭਗਤਾਂ ਹੋਏ ਸਹਾਈਆ । ਜਨ ਭਗਤਾਂ ਹੋਏ ਸਦਾ ਸਹਾਏ, ਪਾਰਬ੍ਰਹਮ ਵਡੀ ਵਡਿਆਈਆ । ਕਲਜੁਗ ਅੰਤਮ ਵੇਖ ਵਖਾਏ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਨਿਰਗੁਣ ਜੋਤੀ ਜਾਮਾ ਪਾਏ, ਸਰਗੁਣ ਰੂਪ ਨਜ਼ਰ ਨਾ ਆਈਆ । ਨਿਹਕਲੰਕਾ ਨਾਉਂ ਰਖਾਏ, ਜੋਤੀ ਜੋਤ ਜੋਤ ਰੁਸ਼ਨਾਈਆ । ਸ਼ਬਦ ਡੰਕਾ ਇਕ ਵਜਾਏ, ਵਿਸ਼ਨ ਬ੍ਰਹਮਾ ਸ਼ਿਵ ਰਿਹਾ ਉਠਾਈਆ । ਕਰੋੜ ਤੇਤੀਸਾ ਸੀਸ ਝੁਕਾਏ, ਸੁਰਪਤ ਰਾਜਾ ਇੰਦ ਰਹੇ ਸ਼ਰਮਾਈਆ । ਨੌਂ ਖੰਡ ਪ੍ਰਿਥਮੀ ਵੇਖ ਵਖਾਏ, ਸੱਤਾਂ ਦੀਪਾਂ ਫੇਰਾ ਪਾਈਆ । ਲੱਖ ਚੁਰਾਸੀ ਚਾਰੇ ਖਾਣੀ ਫੋਲ ਫੋਲਾਏ, ਅੰਡਜ ਜੇਰਜ ਉਤਭੁਜ ਸੇਤਜ ਪਰਦਾ ਆਪ ਚੁਕਾਈਆ । ਹਰਿਜਨ ਵੇਖੇ ਜੋ ਜਨ ਰਸਨਾ ਜਿਹਵਾ ਰਹੇ ਧਿਆਏ, ਆਤਮ ਅੰਤਰ ਇਕ ਲਿਵ ਲਾਈਆ । ਜੁਗ ਜੁਗ ਵਿਛੜੇ ਲਏ ਮਿਲਾਏ, ਆਪ ਆਪਣੀ ਬੂਝ ਬੁਝਾਈਆ । ਆਪਣਾ ਰੰਗ ਦਏ ਚੜ੍ਹਾਏ, ਰੰਗ ਮਜੀਠੀ ਉਤਰ ਨਾ ਜਾਈਆ । ਏਕਾ ਸ਼ਬਦ ਨਾਦ ਵਜਾਏ, ਧੁੰਨ ਆਤਮਕ ਕਰੇ ਸ਼ਨਵਾਈਆ । ਪੰਚਮ ਮਿਲ ਮਿਲ ਮੰਗਲ ਗਾਏ, ਕਾਇਆ ਬੰਕ ਹੋਏ ਸਹਾਈਆ । ਅੰਮ੍ਰਿਤ ਸਰੋਵਰ ਜਾਮ ਪਿਆਏ, ਇਕ ਪਿਆਲਾ ਰਿਹਾ ਵਖਾਈਆ । ਆਤਮ ਸੇਜਾ ਡੇਰਾ ਲਾਏ, ਬਜਰ ਕਪਾਟੀ ਤੋੜ ਤੁੜਾਈਆ । ਸੁਰਤੀ ਸ਼ਬਦੀ ਮੇਲ ਮਿਲਾਏ, ਮੇਲ ਮਿਲਾਵਾ ਸਹਿਜ ਸੁਭਾਈਆ । ਦਰ ਘਰ ਸਾਚੇ ਸੋਭਾ ਪਾਏ, ਦਸਮ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ



੭੦੮ ੧੦

੭੦੯ ੧੦

ਕਿਰਪਾ ਕਰ, ਜੁਗ ਜੁਗ ਜਨ ਭਗਤਾਂ ਲਏ ਤਰਾਈਆ । ਕਲਜੁਗ ਅੰਤਮ ਗੁਰਸਿਖ ਤਰਾਏ, ਦੀਨ ਦਿਆਲ ਹਰਿ ਠਾਕਰ । ਆਪ ਆਪਣੀ ਬੂਝ ਬੁਝਾਏ, ਕਿਰਪਾ ਕਰੇ ਗਹਿਰ ਗੰਭੀਰ ਗੁਣ ਸਾਗਰ । ਤ੍ਰੈਗੁਣ ਮਾਇਆ ਪਰਦਾ ਲਾਹੇ, ਏਕਾ ਦੇਵੇ ਨਾਮ ਰਤੀ ਰਤਨਾਗਰ । ਦਰ ਘਰ ਸਾਚੇ ਵਣਜ ਕਰਾਏ, ਗੁਰਮੁਖ ਬਣਾਏ ਇਕ ਸੌਦਾਗਰ । ਵਸਤ ਅਮੋਲਕ ਝੋਲੀ ਪਾਏ, ਆਪ ਟਿਕਾਏ ਕਾਇਆ ਗਾਗਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਸਾਚਾ ਆਦਰ । ਹਰਿਜਨ ਸਾਚਾ ਆਪ ਉਠਾਇਆ, ਕਿਰਪਾ ਕਰ ਸ੍ਰੀ ਭਗਵਾਨ । ਆਤਮ ਅੰਤਰ ਬ੍ਰਹਮ ਗਿਆਨ ਦ੍ਰਿੜਾਇਆ, ਨਾਤਾ ਤੁੱਟਾ ਜਗਤ ਜਹਾਨ । ਸਾਚਾ ਮੰਤਰ ਇਕ ਪੜ੍ਹਾਇਆ, ਸੋ ਪੁਰਖ ਨਿਰੰਜਣ ਹੋ ਮਿਹਰਵਾਨ । ਹੰ ਬ੍ਰਹਮ ਹਰ ਘਟ ਨਜ਼ਰੀ ਆਇਆ, ਸੋਹੰ ਧਾਰ ਦੋ ਜਹਾਨ । ਚਾਰ ਵਰਨ ਪੁਰਖ ਅਬਿਨਾਸ਼ੀ ਇਕ ਸਮਾਇਆ, ਘਟ ਘਟ ਅੰਦਰ ਜੋਤ ਮਹਾਨ । ਵਰਨ ਗੋਤ ਨਾ ਕੋਇ ਰਖਾਇਆ, ਸ੍ਰਿਸ਼ਟ ਸਬਾਈ ਦਾ ਏਕਾ ਕਾਹਨ । ਲੱਖ ਚੁਰਾਸੀ ਲਏ ਪਰਨਾਇਆ, ਜੋ ਚਰਨ ਕਵਲ ਧਰੇ ਧਿਆਨ । ਊਚ ਨੀਚ ਨਾ ਕੋਇ ਵਖਾਇਆ, ਏਕਾ ਰੰਗ ਰੰਗਾਏ ਰਾਜ ਰਾਜਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਹਰਿਜਨ ਸਾਚੇ ਕਰੇ ਪਰਵਾਨ । ਕਲਜੁਗ ਅੰਤਮ ਕਰ ਪਰਵਾਨ, ਆਪਣਾ ਭੇਵ ਖੁਲ੍ਹਾਈਆ । ਸੋਹੰ ਦੇਵੇ ਸ਼ਬਦ ਗਿਆਨ, ਆਤਮ ਪਰਮਾਤਮ ਮੇਲ ਮਿਲਾਈਆ । ਏਕਾ ਧੁੰਨ ਨਾਦ ਸੁਣਾਏ ਕਾਨ, ਕਾਇਆ ਮੰਦਰ ਅੰਦਰ ਆਪ ਵਜਾਈਆ । ਅੰਮ੍ਰਿਤ ਬਖ਼ਸ਼ੇ ਪੀਣ ਖਾਣ, ਰਸਨਾ ਰਸ ਨਾ ਕੋਇ ਚਖਾਈਆ । ਭਾਗ ਲਗਾਏ ਸਾਢੇ ਤਿੰਨ ਹੱਥ ਮਕਾਨ, ਬੰਕ ਦਵਾਰੀ ਸੋਭਾ ਪਾਈਆ । ਧਰਮ ਝੁਲਾਏ ਇਕ ਨਿਸ਼ਾਨ, ਜਗਤ ਨੇਤਰ ਦਿਸ ਨਾ ਆਈਆ । ਗੁਰਮੁਖ ਵਿਰਲਾ ਚਤੁਰ ਸੁਜਾਨ, ਜਿਸ ਜਨ ਆਪਣੀ ਬੂਝ ਬੁਝਾਈਆ । ਦਰ ਘਰ ਸਾਚੇ ਦੇਵੇ ਮਾਣ, ਮਿਲੇ ਮਾਣ ਵਡਿਆਈਆ । ਇਕ ਵਖਾਏ ਪਦ ਨਿਰਬਾਣ, ਨਿਰਭੈ ਹੋਏ ਸਹਾਈਆ । ਜਨ ਭਗਤਾਂ ਚੁਕਾਏ ਆਵਣ ਜਾਵਣ ਕਾਣ, ਲੱਖ ਚੁਰਾਸੀ ਫੰਦ ਕਟਾਈਆ । ਏਕਾ ਦੇਵੇ ਨਾਮ ਬਬਾਣ, ਹਰਿਜਨ ਸਾਚੇ ਲਏ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਭਗਤਾਂ ਪੈਜ ਰਖਾਈਆ । ਜੁਗ ਜੁਗ ਰੱਖੇ ਪੈਜ, ਦਇਆ ਕਮਾਇੰਦਾ । ਕਲਜੁਗ ਹਰਿਜਨ ਮੇਲੇ ਸਹਿਜ ਸਹਿਜ, ਚੋਰੀ ਚੋਰੀ ਮੇਲ ਮਿਲਾਇੰਦਾ । ਸ਼ਬਦ ਸੰਦੇਸਾ ਪਹਿਲੋਂ ਦੇਵੇ ਭੇਜ, ਕਾਇਆ ਸੁਰਤੀ ਸੋਈ ਆਪ ਉਠਾਇੰਦਾ । ਫੇਰ ਵਖਾਏ ਜੋਤੀ ਤੇਜ, ਜੋਤ ਨਿਰੰਜਣ ਡਗਮਗਾਇੰਦਾ । ਫੇਰ ਮੇਟੇ ਪਿਛਲਾ ਲੇਖ, ਅਗਲਾ ਲੇਖਾ ਆਪਣੇ ਹੱਥ ਰਖਾਇੰਦਾ । ਹਰਿਜਨ ਆਪਣੇ ਨੇਤਰ ਆਪੇ ਲਏ ਪੇਖ, ਜਗਤ ਲੋਚਣ ਬੰਦ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਹਰਿਜਨ ਆਪਣੇ ਰੰਗ ਰੰਗਾਇੰਦਾ । ਕਲਜੁਗ ਅੰਤਮ ਰੰਗਿਆ ਰੰਗ, ਗੁਰਸਿਖਾਂ ਕਾਇਆ ਆਪ ਰੰਗਾਈਆ । ਅੰਦਰ ਵੜ ਸੂਰਾ ਸਰਬੰਗ, ਨਿਰਗੁਣ ਸਰਗੁਣ ਲਏ ਜਗਾਈਆ । ਆਤਮ ਸੇਜਾ ਸੁਹਾਏ ਪਲੰਘ, ਸਚ ਸਿੰਘਾਸਣ ਸੋਭਾ ਪਾਈਆ । ਇਕ ਵਜਾਏ ਨਾਦ ਮਰਦੰਗ, ਅਨਹਦ ਸਾਚੀ ਸੇਵਾ ਲਾਈਆ । ਆਪੇ ਢਾਏ ਝੂਠੀ ਕੰਧ, ਭਾਂਡਾ ਭਰਮ ਭੌ ਭੰਨਾਈਆ । ਮਾਇਆ ਮਮਤਾ ਮੋਹ ਕਰੇ ਖੰਡ ਖੰਡ, ਜੂਠ ਝੂਠ ਰਹਿਣ ਨਾ ਪਾਈਆ । ਸੁਖਮਨ ਤੇਰਾ ਮੇਟੇ ਪੰਧ, ਟੇਢੀ ਧਾਰ ਨਾ ਕੋਇ ਅਟਕਾਈਆ । ਈੜਾ ਪਿੰਗਲ ਹੱਸ ਹੱਸ ਸੁਣੌਣ ਛੰਦ, ਗੁਰਸਿਖ ਮਿਲਿਆ ਭਾਈਆਂ ਭਾਈਆ । ਪਾਰਬ੍ਰਹਮ ਸਦਾ ਬਖ਼ਸ਼ੰਦ, ਬ੍ਰਹਮ ਲੇਖਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣਾ ਰੰਗ ਵਖਾਈਆ । ਕਲਜੁਗ ਰੰਗ ਬੇਅੰਤ, ਭੇਵ ਕਿਸੇ ਨਾ ਆਇਆ । ਭਰਮੇ ਭੁੱਲੇ ਜੀਵ ਜੰਤ, ਧੀਰਜ ਜਤ ਨਾ ਕੋਇ ਰਖਾਇਆ । ਮਾਇਆ ਰੁੱਲੇ ਸਾਧ ਸੰਤ, ਸਤਿ ਜੋਗ ਨਾ ਕੋਇ ਕਮਾਇਆ । ਗੜ੍ਹ ਬਣਿਆ ਹਉਮੇ ਹੰਗਤ, ਹੰ ਬ੍ਰਹਮ ਨਾ ਕੋਇ ਸਮਾਇਆ । ਸਾਚੇ ਦਰ ਨਾ ਬਣਿਆ ਕੋਇ ਮੰਗਤ, ਜੂਠੀ ਝੂਠੀ ਝੋਲੀ ਭਿਛਿਆ ਰਹੇ ਵਖਾਇਆ । ਰੂਪ ਨਾ ਬਣਿਆ ਸਾਚੀ ਸੰਗਤ, ਜ਼ਾਤ ਪਾਤ ਨਾ ਭੇਤ ਮਿਟਾਇਆ । ਆਪਣੀ ਆਪਣੀ ਕਰਦੇ ਰਹੇ ਮੰਨਤ, ਪਾਰਬ੍ਰਹਮ ਪਤਿਪਰਮੇਸ਼ਵਰ ਸੀਸ ਨਾ ਕਿਸੇ ਝੁਕਾਇਆ । ਕਲਜੁਗ ਲੇਖਾ ਲਏ ਅੰਤ, ਬਚਿਆ ਕੋਇ ਰਹੇ ਨਾ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਲੱਖ ਚੁਰਾਸੀ ਦਏ ਸਜ਼ਾਇਆ । ਲੱਖ ਚੁਰਾਸੀ ਲਾਏ ਡੰਨ, ਜੋ ਬੈਠੇ ਰਾਮ ਭੁਲਾਈਆ । ਜੋ ਘੜਿਆ ਸੋ ਦੇਵੇ ਭੰਨ, ਸ਼ੰਕਰ ਤ੍ਰਿਸੂਲ ਰਿਹਾ ਵਖਾਈਆ । ਢਾ ਢਾ ਢੇਰੀ ਕਰੇ ਹੰਕਾਰੀ ਮਨ, ਮਨ ਵਾਸਨਾ ਦਏ ਖਪਾਈਆ । ਗੁਰਮੁਖ ਚੜ੍ਹਾਏ ਸਾਚੇ ਚੰਨ, ਨੂਰ ਨੂਰ ਕਰ ਰੁਸ਼ਨਾਈਆ । ਜੋ ਭਾਣਾ ਰਹੇ ਮੰਨ, ਲੱਖ ਚੁਰਾਸੀ ਵਿਚੋਂ ਬੈਠੇ ਆਪਣਾ ਮੁਖ ਛੁਪਾਈਆ । ਰਸਨਾ ਕਹਿਣ ਧੰਨ ਧੰਨ, ਵਾਹਵਾ ਤੇਰੀ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਿਸ ਸੱਜਣ ਲਏ ਮਿਲਾਈਆ । ਸੋ ਸੱਜਣ ਮਿਲਣਾ ਗੁਰ, ਜਿਸ ਮਸਤਕ ਲੇਖ ਲਿਖਾਇਆ । ਸਤਿਗੁਰ ਚੜ੍ਹਿਆ ਸਾਚੇ ਘੋੜ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਫੇਰੀ ਪਾਇਆ । ਨਿਰਗੁਣ ਹੋ ਹੋ ਰਿਹਾ ਦੌੜ, ਔਂਦਾਂ ਜਾਂਦਾ ਦਿਸ ਨਾ ਆਇਆ । ਲੱਖ ਚੁਰਾਸੀ ਵੇਖੇ ਰੀਠਾ ਕੌੜ, ਅੰਮ੍ਰਿਤ ਫਲ ਫੋਲ ਫੋਲਾਇਆ । ਜਨ ਭਗਤਾਂ ਆਪੇ ਜਾਏ ਬੌਹੜ, ਸਿਰ ਆਪਣਾ ਹੱਥ ਟਿਕਾਇਆ । ਨਾਤਾ ਤੋੜੇ ਮੜ੍ਹੀ ਗੋਰ, ਖ਼ਾਕੀ ਖ਼ਾਕ ਨਾ ਕੋਇ ਰਮਾਇਆ । ਆਪ ਆਪਣੇ ਸੰਗ ਲਏ ਤੋਰ, ਏਕਾ ਪੱਲੂ ਨਾਮ ਫੜਾਇਆ । ਕਲਜੁਗ ਅੰਧੇਰਾ ਪਾਰ ਕਰਾਏ ਘੋਰ, ਪੰਜ ਚੋਰ ਸ਼ੋਰ ਨਾ ਕੋਇ ਮਚਾਇਆ । ਨਾਮ ਅਗੰਮੀ ਬੱਧੀ ਡੋਰ, ਦੋ ਜਹਾਨ ਟੁੱਟ ਨਾ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗੰਤਰ ਹਰਿ ਭਗਤ ਲਏ ਮਿਲਾਇਆ । ਹਰਿ ਭਗਤਨ ਮੇਲਾ ਹਰਿ ਭਗਵੰਤ, ਹਰੀ ਹਰਿ ਆਪਣਾ ਮੇਲ ਮਿਲਾਇੰਦਾ । ਜੋਤੀ ਜਾਤਾ ਬਣਾਏ ਬਣਤ, ਜੁਗਤ ਆਪਣੇ ਹੱਥ ਰਖਾਇੰਦਾ । ਹਰਿਜਨ ਮੇਲਾ ਨਾਰੀ ਕੰਤ, ਕੰਤ ਸੁਹਾਗ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਹਰਿਜਨ ਮੇਲੇ ਆਪਣੇ ਘਰ, ਘਰ ਸੁਹੰਜਣਾ ਆਦਿ ਨਿਰੰਜਣਾ ਨਿਰਗੁਣ ਸਰਗੁਣ ਏਕਾ ਬੰਕ ਵਖਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤਨ ਦੇਵੇ ਸਾਚਾ ਦਾਨ, ਦਾਤਾ ਦਾਨੀ ਨਾਮ ਵਸਤ ਅਮੋਲਕ ਕਾਇਆ ਗੋਲਕ ਆਪ ਟਿਕਾਇੰਦਾ ।

## ★ ੨੧ ਜੇਠ ੨੦੧੮ ਬਿਕ੍ਰਮੀ ਬੀਬੀ ਕੇਸਰੀ ਦੇ ਗ੍ਰਿਹ ਰਾਣੀ ਬਾਗ਼ ਜੰਮੂ ★

ਜਿਉਂ ਜਿਉਂ ਲੇਖ ਤਿਉਂ ਮੁਕਦਾ, ਪੂਰਬ ਕਰਮ ਰਹਿਣ ਨਾ ਪਾਈਆ । ਜਿਉਂ ਜਿਉਂ ਹੁਕਮ ਤਿਵੇਂ ਤਿਵ ਗੁਰਸਿਖ ਝੁਕਦਾ, ਬਿਨ ਹੁਕਮ ਨਾ ਕੋਇ ਝੁਕਾਈਆ । ਜਿਉਂ ਜਿਉਂ ਵੇਲਾ ਤਿਉਂ ਤਿਉਂ ਪੈਂਡਾ ਮੁਕਦਾ, ਪਾਂਧੀ ਪੰਧ ਆਪ ਮੁਕਾਈਆ । ਜਿਉਂ ਜਿਉਂ ਨਿਸ਼ਾਨਾ ਤਿਉਂ ਤਿਉਂ ਤੀਰ ਸ਼ਬਦ

ਨਾ ਉਕਦਾ, ਆਤਮ ਨਿਸ਼ਾਨ ਰਿਹਾ ਬਣਾਈਆ । ਜਿਸ ਸਮੇਂ ਸਤਿਗੁਰ ਪੂਰਾ ਉਠਦਾ, ਗੁਰਮੁਖ ਸਾਚੇ ਨਾਲ ਮਿਲਾਈਆ । ਗ਼ਰੀਬ ਨਿਮਾਣਿਆਂ ਉਪਰ ਆਪੇ ਤੁਠਦਾ, ਖਿਮਾਂ ਗ਼ਰੀਬੀ ਆਪ ਹੰਢਾਈਆ । ਵਿਸ਼ਨ ਬ੍ਰਹਮਾ ਸ਼ਿਵ ਸੱਦ ਸੱਦ ਤਿੰਨਾਂ ਕੋਲੋਂ ਪੁਛਦਾ, ਗੁਰਸਿਖ ਗੁਰਮੁਖ ਹਰਿਜਨ ਕਵਣ ਕੂਟੇ ਡੇਰਾ ਲਾਈਆ । ਪਾਵੇ ਸਾਰ ਰੂਪ ਧਰ ਮਾਣਸ ਮਨੁਖ ਦਾ, ਨਵ ਨੌਂ ਫੋਲ ਫੋਲਾਈਆ । ਮਾਣਸ ਏਕਾ ਜ਼ਾਤ ਬੂਟਾ ਉਲਟਾ ਰੁੱਖ ਦਾ, ਮਾਤ ਗਰਭ ਉਲਟਾ ਵੇਖ ਵਖਾਈਆ । ਦੱਸ ਮਾਸ ਧੂੰਆਂ ਧੁਖਦਾ, ਅਗਨੀ ਅੱਗ ਅਗਨ ਕੁੰਡ ਤਪਾਈਆ । ਜਿਸ ਕੋਲੋਂ ਸਾਹਿਬ ਸਤਿਗੁਰ ਰੁਸਦਾ, ਜੂਨੀ ਜੂਨ ਦਏ ਭੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਲਹਿਣਾ ਆਪ ਮੁਕਾਈਆ । ਜਿਸ ਲਹਿਣਾ ਤਿਸ ਹਰਿ ਜੂ ਦੇਣਾ, ਲੇਖਾ ਲੇਖ ਰਹੇ ਨਾ ਰਾਈਆ । ਨੇਤਰ ਦਰਸ ਦਿਖਾਏ ਆਪਣੇ ਨੈਣਾਂ, ਆਪ ਆਪਣੀ ਅੱਖ ਖੁਲ੍ਹਾਈਆ । ਸ਼ਬਦ ਸੁਣਾਏ ਸਾਚਾ ਕਹਿਣਾ, ਏਕਾ ਅੱਖਰ ਕਰੇ ਪੜ੍ਹਾਈਆ । ਨਾਮ ਪਹਿਨਾਏ ਤਨ ਸਾਚਾ ਗਹਿਣਾ, ਕਾਇਆ ਕੰਚਨ ਰੂਪ ਵਟਾਈਆ । ਹਰਿ ਸੰਗਤ ਵਿਚ ਮਿਲ ਕੇ ਬਹਿਣਾ, ਹਰਿ ਜੂ ਹਰਿ ਹਰਿ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਏਕਾ ਏਕ ਅਖਵਾਈਆ । ਏਕਾ ਏਕ ਦੇਵਣ ਯੋਗ, ਪਾਰਬ੍ਰਹਮ ਹਰਿ ਅਖਵਾਇੰਦਾ । ਨਾਤਾ ਤੋੜ ਜਗਤ ਵਿਯੋਗ, ਹਰਿਜਨ ਸਾਚੇ ਮੇਲ ਮਿਲਾਇੰਦਾ । ਚਰਨ ਕਵਲ ਕਰਾਏ ਧੁਰ ਸੰਜੋਗ, ਆਪ ਆਪਣੇ ਰੰਗ ਰੰਗਾਇੰਦਾ । ਦਰਸ ਦਿਖਾਏ ਇਕ ਅਮੋਘ, ਰੂਪ ਅਨੂਪ ਆਪ ਵਟਾਇੰਦਾ । ਸੋਹੰ ਸ਼ਬਦ ਚੁਗਾਏ ਸਾਚੀ ਚੋਗ, ਹੰਸਾ ਕਾਗ ਰੂਪ ਵਟਾਇੰਦਾ । ਲੇਖਾ ਚੁਕੇ ਤੀਨ ਲੋਕ, ਤ੍ਰੈਗੁਣ ਬੰਧਨ ਆਪ ਮੁਕਾਇੰਦਾ । ਇਕ ਵਖਾਏ ਸਾਚੀ ਓਟ, ਦੂਸਰ ਸੀਸ ਨਾ ਕੋਇ ਝੁਕਾਇੰਦਾ । ਜਗਤ ਵਾਸਨਾ ਕੱਢੇ ਖੋਟ, ਆਤਮ ਬ੍ਰਹਮ ਗਿਆਨ ਦ੍ਰਿੜਾਇੰਦਾ । ਨਿਰਮਲ ਨੂਰ ਜਗਾਏ ਜੋਤ, ਜਿਸ ਜਨ ਆਪਣੀ ਦਇਆ ਕਮਾਇੰਦਾ । ਬੰਦ ਕਿਵਾੜਾ ਖੁਲ੍ਹੇ ਸੋਤ, ਦੂਈ ਦਵੈਤੀ ਪਰਦਾ ਆਪ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਲਹਿਣਾ ਝੋਲੀ ਪਾਇੰਦਾ । ਹਰਿਜਨ ਲਹਿਣਾ ਝੋਲੀ ਪਾ, ਹਰਿ ਹਰਿ ਸਾਚਾ ਖ਼ੁਸ਼ੀ ਮਨਾਈਆ । ਗੁਰਮੁਖ ਮਿਲਿਆ ਸੱਚਾ ਸ਼ਾਹ, ਜਿਸ ਦਾ ਦਿਤਾ ਕਰਜ਼ਾ ਲਾਹੀਆ । ਨਾਲ ਬਣਾਏ ਹਰਿ ਸੰਗਤ ਗਵਾਹ, ਅਭੁਲ ਭੁਲ ਕਦੇ ਨਾ ਜਾਈਆ । ਜਗਤ ਵਿਛੜੇ ਮੇਲੇ ਆ, ਮਿਲਿਆ ਮੇਲ ਵਿਛੜ ਨਾ ਜਾਈਆ । ਆਪ ਜਪਾਏ ਆਪਣਾ ਨਾਂ, ਗੁਰਸਿਖਾਂ ਨਾਮ ਆਪੇ ਗਾਈਆ । ਬਣ ਸੁਹੇਲਾ ਪਕੜੇ ਬਾਂਹ, ਜਿਉਂ ਸੱਜਣ ਮੀਤ ਗੁਸਾਈਆ । ਨਥਾਵਿਆਂ ਦੇਵੇ ਚਰਨ ਕਵਲ ਸਾਚਾ ਥਾਂ, ਥਾਨ ਥਨੰਤਰ ਇਕ ਸੁਹਾਈਆ । ਗੁਰਮੁਖ ਬਾਲ ਅਵਾਣੇ ਗੋਦ ਬਿਠਾਏ ਜਿਉਂ ਬਾਲਕ ਮਾਂ, ਪਿਤਾ ਪੂਤ ਆਪ ਹੋ ਜਾਈਆ । ਸਦਾ ਸੁਹੇਲਾ ਸਮਰਥ ਰੱਖੇ ਠੰਡੀ ਛਾਂ, ਅਗਨੀ ਅੱਗ ਨਾ ਕੋਇ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਕਰਮ ਪੂਰਬ ਜਨਮ ਲੇਖਾ ਲੇਖੇ ਲਾਈਆ । ਲੇਖਾ ਲੇਖੇ ਲਾਏ ਹਰਿ ਨਿਰੰਕਾਰਾ, ਹਰਿਜਨ ਸਾਚਾ ਮੇਲ ਮਿਲਾਈਆ । ਤੁਟਾ ਫੰਦ ਅੰਤਮ ਵਾਰਾ, ਫਾਂਸੀ ਗਲ ਨਾ ਕੋਇ ਲਟਕਾਈਆ । ਲੇਖਾ ਮੰਗੇ ਨਾ ਕੋਇ ਆਏ ਦਵਾਰਾ, ਹਿਸਾਬ ਕਿਤਾਬ ਨਾ ਕੋਇ ਜਣਾਈਆ । ਗੁਰ ਸਤਿਗੁਰ ਪਾਵੇ ਸਾਚੀ ਸਾਰਾ, ਜਿਸ ਕਾਇਆ ਚੋਲਾ ਬਣਤ ਬਣਾਈਆ । ਦੇਵੇ ਦਰਸ ਅਗੰਮ ਅਪਾਰਾ, ਰੂਪ ਅਨੂਪ ਆਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲੇਖੇ ਲਏ ਲਗਾਈਆ । ਲੇਖਾ ਲੇਖੇ ਜਾਏ ਲੱਗ, ਜਿਸ ਜਨ ਹਰਿ ਹਰਿ ਆਪ ਲਗਾਇੰਦਾ । ਦਰਸ ਦਿਖਾਏ ਸੂਰਾ ਸਰਬੱਗ,

੭੧੧
੧੦

ਸੁਰ ਨਰ ਮੁਨ ਜਨ ਆਪਣੇ ਦਰ ਬਹਾਇੰਦਾ । ਤ੍ਰੈਗੁਣ ਅਗਨੀ ਬੁਝੇ ਅੱਗ, ਤਤਵ ਤਤ ਸਰਬ ਮਿਟਾਇੰਦਾ । ਹੰਸ ਬਣਾਏ ਫੜ ਫੜ ਕੱਗ, ਕਾਗ ਹੰਸ ਰੂਪ ਵਟਾਇੰਦਾ । ਮਾਣਕ ਮੋਤੀ ਹੀਰਾ ਬਣੇ ਸੁੱਚਾ ਨਗ, ਜਿਸ ਜਨ ਆਪਣੇ ਸੀਸ ਟਿਕਾਇੰਦਾ । ਅੰਤ ਕਾਲ ਅਧਵਿਚਕਾਰ ਨਾ ਜਾਏ ਛੱਡ, ਪਾਰ ਕਿਨਾਰਾ ਆਪ ਵਖਾਇੰਦਾ । ਲੱਖ ਚੁਰਾਸੀ ਨਾਲੋਂ ਕਰੇ ਅੱਡ, ਸਾਚੇ ਮੰਦਰ ਆਪ ਬਹਾਇੰਦਾ । ਇਕ ਸੁਣਾਏ ਸਾਚਾ ਨਾਦ, ਨਾਮ ਨਿਧਾਨਾ ਆਪੇ ਗਾਇੰਦਾ । ਮੇਟ ਮਿਟਾਏ ਵਾਦ ਵਿਵਾਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲਹਿਣਾ ਆਪ ਮੁਕਾਇੰਦਾ । ਲਹਿਣਾ ਮੁੱਕੇ ਜਗਤ ਜੁਗ, ਜੁਗ ਚਾਰ ਆਰਜਾ ਬੀਤ ਬਿਤਾਈਆ । ਸੰਤ ਸੁਹੇਲੇ ਗੁਰੂ ਗੁਰਮੁਖ ਗੁਰ ਗੁਰ ਚੁਗ, ਚੁਣ ਚੁਣ ਆਪਣੇ ਸੰਗ ਮਿਲਾਈਆ । ਜਿਉਂ ਜਿਉਂ ਔਧ ਰਹੀ ਪੁਗ, ਘੜੀ ਪੱਲ ਲੇਖਾ ਵੇਖੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਮਿਲਾਈਆ । ਹਰਿਜਨ ਮੇਲਾ ਏਕਾ ਘਰ, ਘਰ ਸੰਗਤ ਰੂਪ ਵਟਾਇਆ । ਪੁਰਖ ਅਬਿਨਾਸ਼ੀ ਅੰਦਰ ਬੈਠਾ ਵੜ, ਘਟ ਘਟ ਆਪਣਾ ਆਸਣ ਲਾਇਆ । ਇਕ ਦੂਜੇ ਦਾ ਫੜਾਏ ਲੜ, ਸਾਕ ਸੱਜਣ ਸੈਣ ਭਾਈ ਭੈਣ ਮੀਤ ਮੁਰਾਰਾ ਗੁਰਮੁਖ ਇਕ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚਾ ਸੰਗ ਨਿਭਾਇਆ । ਸਾਧ ਸੰਗਤ ਸਾਚਾ ਸੰਗ, ਗੁਰ ਸਤਿਗੁਰ ਸੰਗ ਨਿਭਾਈਆ । ਨੇਤਰ ਪੇਖ ਚੜ੍ਹੇ ਰੰਗ, ਮਨ ਮਲੰਗ ਉਠ ਨਾ ਦਹਿ ਦਿਸ਼ ਧਾਈਆ । ਸੁਹਾਏ ਸੁਹੰਜਣੀ ਸੇਜ ਪਲੰਘ, ਆਤਮ ਅੰਤਰ ਆਪ ਵਿਛਾਈਆ । ਉਪਰ ਬੈਠ ਸੂਰਾ ਸਰਬੰਗ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਫੜਾਏ ਸਾਚਾ ਲੜ, ਹਰਿ ਸੰਗਤ ਸੰਗ ਰਖਾਈਆ । ਹਰਿ ਸੰਗਤ ਹਰੀ ਦਵਾਰ, ਹਰਿ ਕੀ ਪੌੜੀ ਆਪ ਚੜ੍ਹਾਇੰਦਾ । ਅੰਮ੍ਰਿਤ ਜਲ ਵਹਾਏ ਧਾਰ, ਡੂੰਘੀ ਧਾਰ ਆਪ ਰਖਾਇੰਦਾ । ਸ਼ੰਕਰ ਵੇਖ ਕਰੇ ਪਿਆਰ, ਵਾਹਵਾ ਹਰਿ ਹਰਿ ਖੇਲ ਖਿਲਾਇੰਦਾ । ਕਲਜੁਗ ਅੰਤਮ ਹੋ ਉਜਿਆਰ, ਪਤਤ ਪਵਿਤ ਪਤਤ ਪੁਨੀਤਾ ਆਪਣਾ ਦਰ ਵਖਾਇੰਦਾ । ਜਗਤ ਨਿਮਾਣੇ ਜਾਏ ਤਾਰ, ਠਾਂਡਾ ਸੀਤਾ ਸਤਿ ਸੰਤੋਖ ਦਇਆ ਨਿਧ ਦੀਨ ਦਿਆਲ ਠਾਕਰ ਸਿਰ ਆਪਣਾ ਹੱਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਹਰਿ ਸੰਗਤ ਮੇਲਾ, ਆਪ ਕਰਾਏ ਸੱਜਣ ਸੁਹੇਲਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਬੰਧਨ ਆਪੇ ਪਾਇੰਦਾ ।

### ★ ੨੧ ਜੇਠ ੨੦੧੮ ਬਿਕ੍ਰਮੀ ਸਰਦਾਰਾ ਸਿੰਘ ਦੇ ਗ੍ਰਿਹ ਪਿੰਡ ਸੀੜ ਜੰਮੂ ।★

ਸੋ ਪੁਰਖ ਨਿਰੰਜਣ ਸਾਹਿਬ ਸੁਲਤਾਨ, ਨਿਰਗੁਣ ਅਨੁਭਵ ਰੂਪ ਰਖਾਇੰਦਾ । ਸਚਖੰਡ ਵਸੇ ਸਚ ਮਕਾਨ, ਤਖ਼ਤ ਨਿਵਾਸੀ ਸੋਭਾ ਪਾਇੰਦਾ । ਥਿਰ ਘਰ ਜੋਤ ਨੂਰ ਮਹਾਨ, ਨੂਰ ਨੁਰਾਨਾ ਡਗਮਗਾਇੰਦਾ । ਆਪਣੀ ਇਛਿਆ ਨਾਮ ਪਰਧਾਨ, ਧੁਰ ਫ਼ਰਮਾਨਾ ਨਾਦ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਆਪਣਾ ਖੇਲ ਖਿਲਾਇੰਦਾ । ਆਦਿ ਪੁਰਖ ਹਰਿ ਖੇਲ ਨਿਆਰਾ, ਰੂਪ ਅਨੂਪ ਆਪ ਧਰਾਇੰਦਾ । ਸੋ ਪੁਰਖ ਨਿਰੰਜਣ ਹੋ ਉਜਿਆਰਾ, ਹਰਿ ਪੁਰਖ ਨਿਰੰਜਣ ਭੇਵ ਚੁਕਾਇੰਦਾ । ਏਕੰਕਾਰਾ ਵਸਣਹਾਰਾ ਉਚ ਅਟਲ ਮੁਨਾਰਾ, ਸਾਚੇ ਮੰਦਰ ਸੋਭਾ ਪਾਇੰਦਾ ।

ਆਦਿ ਨਿਰੰਜਣ ਜੋਤ ਨੂਰ ਕਰ ਉਜਿਆਰਾ, ਦੀਵਾ ਬਾਤੀ ਨਾ ਕੋਇ ਰਖਾਇੰਦਾ । ਅਬਿਨਾਸ਼ੀ ਕਰਤਾ ਆਪਣਾ ਖੋਲ੍ਹ ਕਿਵਾੜਾ, ਥਿਰ ਘਰ ਸਾਚਾ ਰੰਗ ਰੰਗਾਇੰਦਾ । ਸ੍ਰੀ ਭਗਵਾਨ ਨਾਦ ਅਨਾਦੀ ਬੋਲ ਜੈਕਾਰਾ, ਨਾਉਂ ਨਿਰੰਕਾਰਾ ਆਪ ਪਰਗਟਾਇੰਦਾ । ਪਾਰਬ੍ਰਹਮ ਪ੍ਰਭ ਆਪ ਆਪਣਾ ਕਰ ਪਸਾਰਾ, ਨਿਰਗੁਣ ਨਿਰਾਕਾਰ ਵੇਖ ਵਖਾਇੰਦਾ । ਸਚ ਸਿੰਘਾਸਣ ਸਾਚੇ ਤਖ਼ਤ ਬੈਠ ਸੱਚੀ ਸਰਕਾਰਾ, ਸ਼ਾਹੋ ਭੂਪ ਆਪਣਾ ਹੁਕਮ ਵਰਤਾਇੰਦਾ । ਦਰ ਦਰਵੇਸ਼ ਬਣ ਭਿਖਾਰਾ, ਅਲਖ ਅਗੋਚਰ ਆਪਣੀ ਅਲਖ ਜਗਾਇੰਦਾ । ਨਿਉਂ ਨਿਉਂ ਕਰੇ ਆਪ ਨਿਮਸਕਾਰਾ, ਸੀਸ ਜਗਦੀਸ ਆਪ ਝੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਏਕਾ ਹਰਿ, ਆਪਣਾ ਹੁਕਮ ਆਪ ਚਲਾਇੰਦਾ । ਆਦਿ ਪੁਰਖ ਪੁਰਖ ਅਕਾਲ, ਅਕਲ ਕਲ ਵਡੀ ਵਡਿਆਈਆ । ਸਚਖੰਡ ਵਸੇ ਸੱਚੀ ਧਰਮਸਾਲ, ਦੂਸਰ ਬੰਕ ਨਾ ਕੋਇ ਸੁਹਾਈਆ । ਆਪਣਾ ਦੀਪਕ ਆਪੇ ਬਾਲ, ਸਾਚੇ ਮੰਦਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਆਪਣਾ ਖੇਲ ਖਿਲਾਈਆ । ਆਦਿ ਪੁਰਖ ਹਰਿ ਖੇਲ ਅਵੱਲਾ, ਇਕ ਇਕੱਲਾ ਆਪ ਕਰਾਇੰਦਾ । ਸਚਖੰਡ ਦਵਾਰੇ ਵਸੇ ਸਚ ਮਹੱਲਾ, ਦਰ ਘਰ ਸਾਚੇ ਸੋਭਾ ਪਾਇੰਦਾ । ਆਪਣੇ ਨੂਰ ਆਪੇ ਬੱਲਾ, ਨੂਰ ਨੁਰਾਨਾ ਡਗਮਗਾਇੰਦਾ । ਸਚ ਸੰਦੇਸ਼ ਆਪੇ ਘੱਲਾ, ਧੁਰ ਫ਼ਰਮਾਨਾ ਹੁਕਮ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਸਿੰਘਾਸਣ ਆਪੇ ਚੜ੍ਹ, ਰਾਜ ਰਾਜਾਨ ਆਪ ਅਖਵਾਇੰਦਾ । ਸ਼ਾਹੋ ਭੂਪ ਹਰਿ ਰਾਜਨ ਰਾਜਾ, ਸ਼ਾਹ ਪਾਤਸ਼ਾਹ ਬੇਪਰਵਾਹੀਆ । ਆਪਣਾ ਸਾਜਣ ਆਪੇ ਸਾਜਾ, ਨਾ ਕੋਈ ਪਿਤਾ ਨਾ ਕੋਈ ਮਾਈਆ । ਆਪ ਸੁਣਾਏ ਆਪਣਾ ਵਾਜਾ, ਨਾਦ ਧੁੰਨ ਆਪ ਉਪਾਈਆ । ਆਪੇ ਰਚਿਆ ਆਪਣਾ ਕਾਜਾ, ਥਿਰ ਘਰ ਸਾਚੇ ਦਏ ਵਧਾਈਆ । ਆਪੇ ਰੱਖੇ ਆਪਣੀ ਲਾਜਾ, ਆਪ ਆਪਣੀ ਬਣਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਚੁਕਾਈਆ । ਆਪਣਾ ਭੇਵ ਹਰਿ ਚੁਕਾਇੰਦਾ, ਨਿਰਗੁਣ ਰੂਪ ਰੂਪ ਅਗੰਮ । ਆਪਣਾ ਖੇਲ ਆਪ ਖਿਲਾਇੰਦਾ, ਆਪਣੀ ਇਛਿਆ ਆਪੇ ਪਿਆ ਜੰਮ । ਆਪਣਾ ਮੰਦਰ ਆਪ ਸੁਹਾਇੰਦਾ, ਆਪੇ ਬੇੜਾ ਰਿਹਾ ਬੰਨ੍ਹ । ਆਪਣੀ ਜੋਤ ਆਪ ਜਗਾਇੰਦਾ, ਨਾ ਕੋਈ ਸੂਰਜ ਨਾ ਕੋਈ ਚੰਨ । ਆਪਣਾ ਵੇਸ ਆਪ ਵਟਾਇੰਦਾ, ਨਾ ਕੋਈ ਜਨਨੀ ਜਣੇ ਜਨ । ਆਪਣਾ ਬਲ ਆਪ ਧਰਾਇੰਦਾ, ਪੁਰਖ ਅਗੰਮਾ ਹੋ ਪਰਬਲ । ਆਪਣੀ ਇਛਿਆ ਆਪ ਪਰਗਟਾਇੰਦਾ, ਆਪਣੇ ਅੰਦਰ ਮਾਰ ਉਛੱਲ । ਆਪਣੀ ਵਸਤ ਆਪ ਵਰਤਾਇੰਦਾ, ਸਚ ਸੰਦੇਸਾ ਏਕਾ ਘਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ ਆਪਣਾ ਖੇਲ ਆਪ ਖਿਲਾਇੰਦਾ । ਆਦਿ ਪੁਰਖ ਹਰਿ ਖੇਲ ਅਪਾਰਾ, ਲੇਖਾ ਲਿਖ ਨਾ ਸਕੇ ਕੋਇ ਰਾਈਆ । ਸਚਖੰਡ ਨਿਵਾਸੀ ਹੋ ਉਜਿਆਰਾ, ਸਚਖੰਡ ਬੈਠਾ ਸੇਜ ਸੁਹਾਈਆ । ਆਪੇ ਨਾਰੀ ਬਣ ਬਣ ਕੰਤ ਭਤਾਰਾ, ਆਪਣਾ ਸੰਗ ਨਿਭਾਈਆ । ਆਪ ਉਪਾਏ ਸੁਤ ਦੁਲਾਰਾ, ਆਪਣੀ ਵੰਡ ਵੰਡਾਈਆ । ਆਪੇ ਵਿਸ਼ਨ ਬ੍ਰਹਮਾ ਸ਼ਿਵ ਕਰ ਉਜਿਆਰਾ, ਤ੍ਰੈ ਤ੍ਰੈ ਲੇਖਾ ਦਏ ਗਣਾਈਆ । ਆਪੇ ਤ੍ਰੈਗੁਣ ਮਾਇਆ ਬਣ ਵਰਤਾਰਾ, ਆਪੇ ਪੰਚਮ ਤੱਤ ਕਰੇ ਕੁੜਮਾਈਆ । ਆਪੇ ਬ੍ਰਹਿਮੰਡ ਖੰਡ ਕਰ ਪਸਾਰਾ, ਲੋਆਂ ਪੁਰੀਆਂ ਕਰੇ ਰੁਸ਼ਨਾਈਆ । ਆਪੇ ਰਵ ਸਸ ਜੋਤੀ ਨੂਰ ਦੇਵੇ ਸਾਚੀ ਧਾਰਾ, ਮੰਡਲ ਮੰਡਪ ਆਪ ਸੁਹਾਈਆ । ਆਪੇ ਜਲ ਥਲ ਮਹੀਅਲ ਲਾਏ ਅਖਾੜਾ, ਆਪ ਆਪਣਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਝੋਲੀ ਆਪ ਭਰਾਈਆ । ਆਪਣੀ

੭੧੩
੧੦

ਇਛਿਆ ਝੋਲੀ ਭਰ, ਹਰਿ ਸਾਚਾ ਖੇਲ ਖਿਲਾਇੰਦਾ । ਆਪਣੀ ਗੋਦੀ ਸ਼ਬਦ ਧਰ, ਸ਼ਬਦ ਗੋਦ ਵਿਸ਼ਨ ਬਹਾਇੰਦਾ । ਵਿਸ਼ਨ ਅੰਦਰ ਅੰਮ੍ਰਿਤ ਧਰ, ਕਵਲ ਨਾਭ ਖਿਲਾਇੰਦਾ । ਕਵਲ ਅੰਦਰ ਬ੍ਰਹਮ ਵੜ, ਪਾਰਬ੍ਰਹਮ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਹਰਿ ਹਰਿ ਆਪਣਾ ਖੇਲ ਖਿਲਾਇਆ, ਮਹਿਮਾ ਅਕਥ ਅਕਥ ਰਖਾਇੰਦਾ । ਦਾਈ ਦਾਇਆ ਬਣ ਬਣ ਸੇਵ ਕਮਾਇਆ, ਦਿਸ ਕਿਸੇ ਨਾ ਆਇੰਦਾ । ਵਿਸ਼ਨ ਬ੍ਰਹਮਾ ਆਪੇ ਜਾਇਆ, ਸਾਚੀ ਗੋਦ ਸੁਹਾਇੰਦਾ । ਏਕਾ ਅੱਖਰ ਦਏ ਪੜ੍ਹਾਇਆ, ਦੂਜਾ ਹੋਰ ਨਾ ਕੋਇ ਵਖਾਇੰਦਾ । ਕਾਗਦ ਕਲਮ ਨਾ ਰੱਖੇ ਸ਼ਾਹਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਆਪਣੀ ਰਚਨਾ ਵੇਖ ਵਖਾਇੰਦਾ । ਏਕਾ ਵਿਸ਼ਨ ਵਿਸ਼ਵ ਧਾਰ, ਹਰਿ ਆਪਣਾ ਨੂਰ ਧਰਾਇੰਦਾ । ਜੋਤੀ ਜਾਤਾ ਪੁਰਖ ਬਿਧਾਤਾ ਹੋ ਉਜਿਆਰ, ਆਪ ਆਪਣਾ ਮੇਲ ਮਿਲਾਇੰਦਾ । ਕਮਲਾਪਾਤਾ ਦੇਵੇ ਸਾਥਾ, ਸਗਲਾ ਸੰਗ ਨਿਭਾਇੰਦਾ । ਆਪ ਸੁਣਾਏ ਆਪਣੀ ਗਾਥਾ, ਏਕਾ ਮੰਤਰ ਨਾਮ ਦ੍ਰਿੜਾਇੰਦਾ । ਇਕ ਰਖਾਏ ਸਾਚਾ ਹਾਟਾ, ਚਰਨ ਦਵਾਰ ਸੋਭਾ ਪਾਇੰਦਾ । ਨਿਰਗੁਣ ਜੋਤ ਨੂਰ ਲਲਾਟਾ, ਏਕਾ ਨੂਰ ਡਗਮਗਾਇੰਦਾ । ਸਾਚੇ ਤਖ਼ਤ ਬੈਠਾ ਪੁਰਖ ਅਬਿਨਾਸ਼ਾ, ਨਿਰਗੁਣ ਆਪਣਾ ਨੂਰ ਵਖਾਇੰਦਾ । ਵਿਸ਼ਨੂੰ ਨਿਉਂ ਨਿਉਂ ਟੇਕੇ ਮਾਥਾ, ਪ੍ਰਭ ਅੱਗੇ ਸੀਸ ਝੁਕਾਇੰਦਾ । ਸਾਹਿਬ ਸੁਲਤਾਨ ਸਰਬ ਕਲ ਸਮਰਾਥਾ, ਆਪਣੀ ਕਲ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਰਚਨਾ ਆਪਣੇ ਹੱਥ ਰਖਾਇੰਦਾ । ਆਪਣੀ ਰਚਨਾ ਹਰਿ ਨਿਰੰਕਾਰਾ, ਨਿਰਗੁਣ ਨਿਰਵੈਰ ਆਪ ਰਚਾਈਆ । ਸਾਕਾਰ ਖੇਲ ਅਗੰਮ ਅਪਾਰਾ, ਭੇਵ ਅਭੇਦ ਆਪ ਚੁਕਾਈਆ । ਏਕਾ ਮੰਦਰ ਸਚ ਦਵਾਰਾ, ਸਚ ਸਾਚਾ ਦਏ ਵਖਾਈਆ । ਏਕਾ ਹੁਕਮ ਇਕ ਵਰਤਾਰਾ, ਏਕਾ ਗੁਣ ਦਏ ਸਮਝਾਈਆ । ਏਕਾ ਵਸਤ ਇਕ ਭੰਡਾਰਾ, ਏਕਾ ਰਿਹਾ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਮਾਰਗ ਰਿਹਾ ਵਖਾਈਆ । ਸਾਚਾ ਮਾਰਗ ਹਰਿ ਜਣਾਇੰਦਾ, ਵਿਸ਼ਨ ਬ੍ਰਹਮਾ ਕਰ ਤਿਆਰ । ਨੂਰ ਨੂਰ ਆਪ ਧਰਾਇੰਦਾ, ਨਿਰਗੁਣ ਆਪਣਾ ਕਰ ਆਧਾਰ । ਆਪਣਾ ਦਰਸ ਆਪ ਵਖਾਇੰਦਾ, ਸਵੱਛ ਸਰੂਪੀ ਹੋ ਉਜਿਆਰ । ਆਪਣਾ ਲੇਖ ਆਪ ਪੜ੍ਹਾਇੰਦਾ, ਲਿਖਿਆ ਲੇਖ ਅਪਰ ਅਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਤੱਤ ਵਿਚਾਰ । ਏਕਾ ਤੱਤ ਸ਼ਬਦ ਗਿਆਨਾ, ਨਾਉਂ ਨਿਰੰਕਾਰਾ ਆਪ ਦ੍ਰਿੜਾਈਆ । ਏਕਾ ਬੰਨ੍ਹੇ ਸਾਚਾ ਗਾਨਾ, ਪੁਰਖ ਅਬਿਨਾਸ਼ੀ ਸਗਨ ਮਨਾਈਆ । ਏਕਾ ਰਾਗ ਇਕ ਤਰਾਨਾ, ਏਕਾ ਨਾਦ ਰਿਹਾ ਵਜਾਈਆ । ਏਕਾ ਮੰਦਰ ਇਕ ਮਕਾਨਾ, ਏਕਾ ਘਰ ਰਿਹਾ ਵਖਾਈਆ । ਏਕਾ ਸਾਹਿਬ ਇਕ ਸੁਲਤਾਨਾ, ਸ਼ਾਹੋ ਭੂਪ ਇਕ ਵਡਿਆਈਆ । ਏਕਾ ਹੁਕਮ ਇਕ ਫ਼ਰਮਾਨਾ, ਏਕਾ ਏਕ ਰਿਹਾ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਆਪਣਾ ਭੇਵ ਚੁਕਾਈਆ । ਆਦਿ ਪੁਰਖ ਚੁੱਕਿਆ ਭੇਵ, ਆਪਣਾ ਭੇਵ ਆਪ ਖੁਲ੍ਹਾਇੰਦਾ । ਆਦਿ ਜੁਗਾਦਿ ਰਹੇ ਸਦਾ ਨਿਹਕੇਵ, ਨਿਹਚਲ ਧਾਮ ਆਸਣ ਲਾਇੰਦਾ । ਵਿਸ਼ਨ ਤੇਰੀ ਸਾਚੀ ਸੇਵ, ਸੇਵਕ ਰੂਪ ਆਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਆਪ ਵਖਾਇੰਦਾ । ਵਿਸ਼ਨ ਤੇਰਾ ਸਾਚਾ ਰੰਗ, ਸੋ ਪੁਰਖ ਨਿਰੰਜਣ ਆਪ ਰੰਗਾਈਆ । ਤੇਰੇ ਅੰਤਰ ਸਚ ਪਲੰਘ, ਸਚ ਸਿੰਘਾਸਣ ਸੋਭਾ ਪਾਈਆ । ਤੇਰੀ ਕਵਲੀ ਇਕ ਤਰੰਗ, ਕਵਲ ਫੁੱਲ ਮਹਿਕਾਈਆ । ਤੇਰੇ ਬਾਹਰ ਪਰਮਾਨੰਦ, ਅਨੰਦ ਅਨੰਦ

ਸਮਾਈਆ । ਤੇਰਾ ਰੂਪ ਨਿਰਗੁਣ ਚੰਦ, ਸਾਚਾ ਚੰਦ ਦਏ ਵਖਾਈਆ । ਤੇਰਾ ਮੁਖ ਖੋਲ੍ਹੇ ਬੰਦ, ਬੰਦੀਖਾਨਾ ਦਏ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਗੁਣ ਦਏ ਵਖਾਈਆ । ਏਕਾ ਗੁਣ ਸ੍ਰੀ ਭਗਵਾਨ, ਹਰਿ ਸਾਚਾ ਸਚ ਜਣਾਇੰਦਾ । ਤੇਰਾ ਰੂਪ ਅਨੂਪ ਮਹਾਨ, ਪਾਰਬ੍ਰਹਮ ਆਪ ਪਰਗਟਾਇੰਦਾ । ਤੇਰਾ ਨਾਉਂ ਸਚ ਨਿਸ਼ਾਨ, ਇਕ ਇਕੱਲਾ ਆਪ ਉਠਾਇੰਦਾ । ਵਸਤ ਅਮੋਲਕ ਦੇਵੇ ਦਾਨ, ਤੇਰੀ ਝੋਲੀ ਆਪ ਭਰਾਇੰਦਾ । ਬ੍ਰਹਮਾ ਵੇਤਾ ਕਰ ਪਰਵਾਨ, ਤੇਰਾ ਸੰਗ ਮਿਲਾਇੰਦਾ । ਦੋਹਾਂ ਵਿਚੋਲਾ ਨੌਜਵਾਨ, ਬਿਰਧ ਬਾਲ ਨਾ ਰੂਪ ਵਟਾਇੰਦਾ । ਏਕਾ ਹੁਕਮ ਕਰੇ ਫ਼ਰਮਾਨ, ਅਭੁਲ ਭੁਲ ਕਦੇ ਨਾ ਜਾਇੰਦਾ । ਵੇਖਣਹਾਰਾ ਸੁੰਨ ਅਗੰਮੀ ਸੁੰਞ ਮਸਾਣ, ਆਪ ਆਪਣਾ ਨੈਣ ਖੁਲ੍ਹਾਇੰਦਾ । ਆਪਣੀ ਇਛਿਆ ਪਰਗਟ ਕਰੇ ਆਪ ਮਿਹਰਵਾਨ, ਆਪਣਾ ਅੰਗ ਅੰਗ ਨਾਲ ਮਿਲਾਇੰਦਾ । ਸ਼ੰਕਰ ਲੇਖਾ ਇਕ ਵਖਾਣ, ਸਾਚਾ ਬੰਧਨ ਆਪੇ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਆਪ ਉਠਾਇੰਦਾ । ਹਰਿ ਪਰਦਾ ਆਪ ਚੁਕਾਇੰਦਾ, ਵਿਸ਼ਨ ਬ੍ਰਹਮਾ ਸ਼ਿਵ ਕਰ ਤਿਆਰ । ਵਸਤ ਅਮੋਲਕ ਆਪ ਵਰਤਾਇੰਦਾ, ਤ੍ਰੈਗੁਣ ਮਾਇਆ ਤੱਤ ਭੰਡਾਰ । ਲੱਖ ਚੁਰਾਸੀ ਘਾੜਨ ਇਕ ਘੜਾਇੰਦਾ, ਭਾਂਡੇ ਘੜੇ ਆਪ ਠਠਿਆਰ । ਸਾਚੀ ਭੱਠੀ ਆਪ ਤਪਾਇੰਦਾ, ਅਗਨੀ ਤੱਤ ਕਰ ਉਜਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਬਖ਼ਸ਼ੇ ਸਾਚੀ ਕਾਰ । ਸਾਚੀ ਕਾਰ ਕਰਤਾ ਪੁਰਖ, ਵਿਸ਼ਨ ਬ੍ਰਹਮਾ ਸ਼ਿਵ ਜਣਾਈਆ । ਨਾ ਕੋਈ ਸੋਗ ਨਾ ਕੋਈ ਹਰਖ, ਲੱਖ ਚੁਰਾਸੀ ਲਏ ਪਰਗਟਾਈਆ । ਏਕਾ ਦੱਸੇ ਆਪਣੀ ਪਰਖ, ਨਿਰਗੁਣ ਜੋਤ ਨੂਰ ਰੁਸ਼ਨਾਈਆ । ਆਪ ਬਹਾਏ ਚਰਨ ਧੂੜੀ ਫ਼ਰਸ਼, ਅਰਸ਼ ਆਪਣਾ ਰੰਗ ਵਖਾਈਆ । ਆਦਿ ਜੁਗਾਦਿ ਨਾ ਕਰਨਾ ਤਰਸ, ਤ੍ਰੈ ਤ੍ਰੈ ਵੇਖੇ ਥਾਉਂ ਥਾਈਂਆ । ਆਪ ਵਖਾਏ ਆਪਣਾ ਦਰਸ, ਤਿੰਨਾਂ ਪੂਰੀ ਆਸ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਘਾੜਨ ਲਏ ਘੜਾਈਆ । ਲੱਖ ਚੁਰਾਸੀ ਘਾੜਨ ਘੜਨਾ, ਹਰਿ ਸਾਚਾ ਸਚ ਜਣਾਇੰਦਾ । ਵਿਸ਼ਨੂੰ ਭੰਡਾਰਾ ਏਕਾ ਭਰਨਾ, ਬ੍ਰਹਮਾ ਬ੍ਰਹਮ ਰੂਪ ਧਰਾਇੰਦਾ । ਸ਼ੰਕਰ ਅੰਤਮ ਖੇਲ ਕਰਨਾ, ਜੋ ਘੜਿਆ ਭੰਨ ਵਖਾਇੰਦਾ । ਸਭ ਦੇ ਅੰਦਰ ਹਰਿ ਜੂ ਵੜਨਾ, ਨਿਰਗੁਣ ਆਪਣਾ ਰੂਪ ਵਟਾਇੰਦਾ । ਆਪਣੇ ਪੌੜੇ ਆਪੇ ਚੜ੍ਹਨਾ, ਸਾਚਾ ਮੰਦਰ ਇਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਖੇਲ ਖਿਲਾਇੰਦਾ । ਲੱਖ ਚੁਰਾਸੀ ਖੇਲ ਖਿਲੌਣਾ, ਪੁਰਖ ਅਕਾਲ ਦਏ ਵਡਿਆਈਆ । ਵਿਸ਼ਨੂੰ ਤੇਰਾ ਬੰਸ ਬਣੌਣਾ, ਬੰਸਾਵਲੀ ਆਪ ਹੋ ਜਾਈਆ । ਬ੍ਰਹਮੇ ਤੇਰਾ ਬ੍ਰਹਮ ਧਰੌਣਾ, ਪਾਰਬ੍ਰਹਮ ਕਰੇ ਰੁਸ਼ਨਾਈਆ । ਸ਼ੰਕਰ ਤੇਰਾ ਸੰਗ ਨਿਭੌਣਾ, ਵਿਛੜ ਕਦੇ ਨਾ ਜਾਈਆ । ਸਾਚੀ ਸੇਵਾ ਇਕ ਸਮਝੌਣਾ, ਸਾਚਾ ਮਾਰਗ ਰਿਹਾ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਗੁਣ ਦਏ ਵਖਾਈਆ । ਏਕਾ ਗੁਣ ਹਰਿ ਕਰਤਾਰਾ, ਤ੍ਰੈ ਤ੍ਰੈ ਆਪ ਜਣਾਇੰਦਾ । ਲੱਖ ਚੁਰਾਸੀ ਬ੍ਰਹਮ ਪਸਾਰਾ, ਪਾਰਬ੍ਰਹਮ ਪ੍ਰਭ ਖੇਲ ਖਿਲਾਇੰਦਾ । ਜੋਤੀ ਜਾਤਾ ਹੋ ਉਜਿਆਰਾ, ਘਟ ਘਟ ਨੂਰ ਨੂਰ ਡਗਮਗਾਇੰਦਾ । ਆਪਣਾ ਹੁਕਮ ਸੁਣਾਏ ਸੱਚੀ ਸਰਕਾਰਾ, ਘਟ ਅਨਹਦ ਨਾਦ ਵਜਾਇੰਦਾ । ਆਪਣਾ ਸਿੰਘਾਸਣ ਲਾਏ ਅਪਰ ਅਪਾਰਾ, ਆਤਮ ਸੇਜਾ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮਾ ਸ਼ਿਵ ਸਾਚੀ ਸੇਵਾ ਲਾਇੰਦਾ । ਸਾਚੀ ਸੇਵਾ ਕਰ ਪਰਵਾਨ, ਵਿਸ਼ਨ ਬ੍ਰਹਮਾ ਸ਼ਿਵ ਸੀਸ ਝੁਕਾਇਆ । ਤੂੰ ਦਾਤਾ ਦਾਨੀ ਸ੍ਰੀ ਭਗਵਾਨ, ਹਉਂ ਭਿੱਖਕ

ਭਿਖਾਰੀ ਦਰ ਤੇ ਆਇਆ । ਲੱਖ ਚੁਰਾਸੀ ਦਿਤਾ ਦਾਨ, ਵਸਤ ਅਮੋਲਕ ਝੋਲੀ ਪਾਇਆ । ਕਵਣ ਰੂਪ ਲੋਕਮਾਤ ਹੋਏ ਪਰਧਾਨ, ਕਵਣ ਹਿੱਸਾ ਵੰਡ ਵੰਡਾਇਆ । ਕਵਣ ਵਖਾਏ ਸਚ ਨਿਸ਼ਾਨ, ਸਚ ਨਿਸ਼ਾਨਾ ਕਵਣ ਉਠਾਇਆ । ਕਵਣ ਸੁਣਾਏ ਸਾਚਾ ਗਾਨ, ਕਵਣ ਨਾਉਂ ਨਾਉਂ ਪਰਗਟਾਇਆ । ਕਵਣ ਇਸ਼ਟ ਕਰੇ ਧਿਆਨ, ਕਵਣ ਨਿਗਹਬਾਨ ਹੋਏ ਸਹਾਇਆ । ਕਵਣ ਬਖ਼ਸ਼ੇ ਸਾਚਾ ਮਾਣ, ਕਵਣ ਗਲੇ ਲਏ ਲਗਾਇਆ । ਕਵਣ ਅੰਤਮ ਮੇਲੇ ਆਣ, ਵਿਛੋੜਾ ਦਏ ਕਟਾਇਆ । ਏਕਾ ਦੇਣਾ ਸਚ ਫ਼ਰਮਾਨ, ਹਉਂ ਦਰ ਬੈਠੇ ਮੰਗਣ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਸਚ ਸੰਦੇਸਾ ਆਪ ਸੁਣਾਇਆ । ਸਚ ਸੰਦੇਸਾ ਸ੍ਰੀ ਭਗਵਾਨਾ, ਵਿਸ਼ਨ ਬ੍ਰਹਮਾ ਸ਼ਿਵ ਆਪ ਸੁਣਾਈਆ । ਸੋ ਪੁਰਖ ਨਿਰੰਜਣ ਹੋਏ ਪਰਧਾਨਾ, ਨੂਰ ਨੂਰ ਰੁਸ਼ਨਾਈਆ । ਹੰ ਬ੍ਰਹਮ ਵੇਖੇ ਲੱਖ ਚੁਰਾਸੀ ਜੀਵ ਜਹਾਨਾ, ਬ੍ਰਹਮ ਆਪਣੀ ਵੰਡ ਵੰਡਾਈਆ । ਆਪਣਾ ਨਾਉਂ ਵਖਾਏ ਸਚ ਨਿਸ਼ਾਨਾ, ਆਦਿ ਜੁਗਾਦਿ ਝੁਲਾਈਆ । ਅੰਮ੍ਰਿਤ ਆਤਮ ਦੇਵੇ ਪੀਣਾ ਖਾਣਾ, ਤ੍ਰਿਸਨਾ ਭੁੱਖ ਮਿਟਾਈਆ । ਨਾਦ ਅਨਾਦਿ ਸੁਣਾਏ ਗਾਨਾ, ਘਟ ਮੰਦਰ ਆਪ ਵਜਾਈਆ । ਘਰ ਘਰ ਪਰਗਟ ਹੋਵੇ ਸਾਚਾ ਕਾਹਨਾ, ਨਿਰਗੁਣ ਨੂਰ ਕਰ ਰੁਸ਼ਨਾਈਆ । ਆਤਮ ਬ੍ਰਹਮ ਕਰੇ ਪਰਵਾਨਾ, ਆਪਣੀ ਗੋਦ ਬਹਾਈਆ । ਚਰਨ ਕਵਲ ਬਖ਼ਸ਼ੇ ਇਕ ਧਿਆਨਾ, ਹਰਿ ਸਰਨ ਸੱਚੀ ਸਰਨਾਈਆ । ਚਾਰ ਖਾਣੀ ਵੰਡ ਵੰਡਾਨਾ, ਅੰਡਜ ਜੇਰਜ ਉਤਭੁਜ ਸੇਤਜ ਨਾਉਂ ਰਖਾਈਆ । ਚਾਰੇ ਬਾਣੀ ਸੁਣਾਏ ਗਾਨਾ, ਪਰਾ ਪਸੰਤੀ ਮਧਮ ਬੈਖਰੀ ਆਪੇ ਗਾਈਆ । ਚਾਰੇ ਜੁਗ ਕਰੇ ਪਰਧਾਨਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਾਉਂ ਰਖਾਈਆ । ਚਾਰੇ ਵਰਨ ਵਖਾਏ ਨਿਸ਼ਾਨਾ, ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਰੂਪ ਵਟਾਈਆ । ਅਠਾਰਾਂ ਬਰਨ ਦੇਵੇ ਮਾਣਾ, ਵਰਨ ਅਵਰਨ ਆਪੇ ਹੋ ਜਾਈਆ । ਗੁਰ ਗੁਰ ਰੂਪ ਪਹਿਨੇ ਬਾਣਾ, ਜੋਤੀ ਜੋਤ ਕਰ ਰੁਸ਼ਨਾਈਆ । ਭਗਤਾਂ ਸੁਣਾਏ ਸਚ ਤਰਾਨਾ, ਲੱਖ ਚੁਰਾਸੀ ਵਿਚੋਂ ਲਏ ਜਗਾਈਆ । ਸੰਤਾਂ ਦੇਵੇ ਨਾਮ ਨਿਧਾਨਾ, ਵਸਤ ਅਮੋਲਕ ਝੋਲੀ ਪਾਈਆ । ਗੁਰਮੁਖ ਵੇਖੇ ਮਾਰ ਧਿਆਨਾ, ਆਲਸ ਨਿੰਦਰਾ ਵਿਚ ਨਾ ਆਈਆ । ਗੁਰਸਿਖਾਂ ਵਖਾਏ ਇਕ ਮਕਾਨਾ, ਹਰਿ ਚਰਨ ਸੱਚੀ ਸਰਨਾਈਆ । ਜੁਗ ਜੁਗ ਆਵੇ ਜਾਵੇ ਖੇਲੇ ਖੇਲ ਦੋ ਜਹਾਨਾ, ਨਿਰਗੁਣ ਸਰਗੁਣ ਰੂਪ ਵਟਾਈਆ । ਆਪਣਾ ਦੇਵੇ ਨਾਮ ਪਰਵਾਨਾ, ਅਵਤਾਰ ਗੁਰ ਸੰਦੇਸ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮਾ ਸ਼ਿਵ ਆਪ ਸਮਝਾਈਆ । ਤਿੰਨਾਂ ਸੁਣਿਆ ਹਰਿ ਸੁਣਾਇਆ, ਨਿਉਂ ਨਿਉਂ ਕਰਨ ਨਿਮਸਕਾਰਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੰਡ ਵੰਡਾਇਆ, ਕਵਣ ਰੂਪ ਆਏ ਹਰਿ ਨਿਰੰਕਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੱਸਣਾ ਖੋਲ੍ਹ ਕਿਵਾੜਾ । ਖੋਲ੍ਹ ਕਿਵਾੜ ਹਰਿ ਸੁਣਾਇੰਦਾ, ਧੁਰ ਫ਼ਰਮਾਨਾ ਬੋਲ ਜੈਕਾਰ । ਸਤਿਜੁਗ ਸਤਿ ਸਤਿ ਵਰਤਾਇੰਦਾ, ਬ੍ਰਹਮ ਮਤ ਕਰ ਪਿਆਰ । ਰਤੀ ਰਤ ਰਤ ਰੰਗਾਇੰਦਾ, ਨਾਮ ਰਤ ਤਨ ਸ਼ੰਗਾਰ । ਸਾਚਾ ਰਥ ਆਪ ਚਲਾਇੰਦਾ, ਰਥ ਰਥਵਾਹੀ ਹੋ ਤਿਆਰ । ਨਿਰਗੁਣ ਸਰਗੁਣ ਰੂਪ ਵਟਾਇੰਦਾ, ਵਾਰ ਅਠਾਰਾਂ ਲਏ ਅਵਤਾਰ । ਸਿਰ ਬਾਵਨ ਤਾਜ ਟਿਕਾਇੰਦਾ, ਆਪ ਆਪਣੀ ਕਿਰਪਾ ਧਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਜਣਾਏ ਆਪਣੀ ਕਾਰ । ਸਤਿਜੁਗ ਅੰਤਮ ਪਾਰ ਕਰੌਣਾ, ਤ੍ਰੇਤਾ ਮਾਤ ਲਏ ਪਰਗਟਾਈਆ । ਦੋਏ ਦੋਏ ਰੂਪ ਜਾਮਾ ਪੌਣਾ, ਮਹਿਮਾ ਅਨੂਪ ਆਪਣੀ ਆਪ ਵਖਾਈਆ । ਗੜ੍ਹ ਹੰਕਾਰੀ ਤੋੜ ਤੁੜੌਣਾ, ਆਤਮ ਦਰਸੀ ਲਏ ਮਿਲਾਈਆ । ਸਾਚਾ ਮਾਰਗ ਇਕ ਰਖੌਣਾ,


੭੧੬
੧੦

੭੧੭
੧੦

ਚਾਰ ਵਰਨ ਵਰਨ ਸਰਨਾਈਆ । ਅੰਤਮ ਅੰਤ ਪੰਧ ਮੁਕੌਣਾ, ਥਿਰ ਲੇਖਾ ਦਏ ਚੁਕਾਈਆ । ਦੁਆਪਰ ਦੋਏ ਦੋਏ ਜੋਗ ਕਮੌਣਾ, ਲੋਕਮਾਤ ਕਰ ਰੁਸ਼ਨਾਈਆ । ਏਕਾ ਮੰਤਰ ਨਾਮ ਦ੍ਰਿੜ੍ਹੌਣਾ, ਏਕਾ ਭਗਤ ਦਏ ਸਮਝਾਈਆ । ਦੁਸ਼ਟ ਹੰਕਾਰੀ ਮੇਟ ਮਿਟੌਣਾ, ਹਰਿ ਭਗਤਨ ਦਏ ਵਡਿਆਈਆ । ਕਲਜੁਗ ਸੱਬਰ ਕੂੜ ਵਿਛੌਣਾ, ਚਾਰ ਕੁੰਟ ਵੇਖ ਵਖਾਈਆ । ਬੋਧ ਗਿਆਨਾ ਮੁਖ ਛੁਪੌਣਾ, ਅਗਾਧ ਬੋਧ ਨਾ ਕੋਇ ਵਖਾਈਆ । ਕਾਲਾ ਸੂਸਾ ਰੰਗ ਰੰਗੌਣਾ, ਈਸਾ ਮੂਸਾ ਤਨ ਪਹਿਨਾਈਆ । ਇਕ ਹਦੀਸਾ ਆਪ ਪੜ੍ਹੌਣਾ, ਸੰਗ ਮੁਹੰਮਦ ਚਾਰ ਯਾਰ ਏਕਾ ਕਲਮਾ ਦਏ ਸੁਣਾਈਆ । ਮੁਕਾਮੇ ਹੱਕ ਡੇਰਾ ਲੌਣਾ, ਹੱਕ ਹਕ਼ੀਕਤ ਵੇਖ ਵਖਾਈਆ । ਲਾਸ਼ਰੀਕ ਖੇਲ ਖਿਲੌਣਾ, ਪਰਵਰਦਿਗਾਰ ਸੱਚੀ ਸ਼ਹਿਨਸ਼ਾਹੀਆ । ਨਬੀ ਰਸੂਲ ਮੁੱਲਾਂ ਸ਼ੇਖ਼ ਮੁਸਾਇਕ ਆਪ ਪੜ੍ਹੌਣਾ, ਇਕ ਹਦੀਸ ਦਏ ਜਣਾਈਆ । ਚੌਦਾਂ ਚੌਦਾਂ ਕੁੰਡਾ ਆਪੇ ਲੌਹਣਾ, ਚੌਦਾਂ ਤਬਕ ਕਰੇ ਰਸਾਈਆ । ਚੌਦਾਂ ਸਦੀਆਂ ਝੋਲੀ ਪੌਣਾ, ਏਕਾ ਵੰਡ ਵੰਡਾਈਆ । ਨਾਨਕ ਨਿਰਗੁਣ ਜੋਤ ਜਗੌਣਾ, ਪੰਜ ਤੱਤ ਕਾਇਆ ਚੋਲਾ ਕਰੇ ਰੁਸ਼ਨਾਈਆ । ਨਾਮ ਸਤਿ ਇਕ ਦ੍ਰਿੜ੍ਹੌਣਾ, ਏਕਾ ਗੁਣ ਵਖਾਈਆ । ਏਕਾ ਜੋਤੀ ਜੋਤ ਡਗਮਗੌਣਾ, ਗੋਬਿੰਦ ਮੇਲਾ ਸਾਚੇ ਮਾਹੀਆ । ਕਲਜੁਗ ਅੰਤਮ ਪੰਧ ਮੁਕੌਣਾ, ਲੋਕਮਾਤ ਰਹਿਣ ਨਾ ਪਾਈਆ । ਵਿਸ਼ਨ ਬ੍ਰਹਮਾ ਸ਼ਿਵ ਧਿਆਨ ਲਗੌਣਾ, ਹਰਿ ਸਾਚਾ ਸਚ ਜਣਾਈਆ । ਨੌਂ ਨੌਂ ਖੇੜਾ ਆਪ ਵਸੌਣਾ, ਨੌਂ ਨਵ ਫੇਰਾ ਪਾਈਆ । ਚਾਰ ਜੁਗ ਦਾ ਭੇਖ ਮਿਟੌਣਾ, ਨਾਮ ਖੰਡਾ ਇਕ ਚਮਕਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਗੁਰ ਅਵਤਾਰ ਜੁਗ ਜੁਗ ਆਪਣੀ ਸੇਵਾ ਲੌਣਾ, ਧੁਰ ਫ਼ਰਮਾਨਾ ਆਪ ਸੁਣਾਈਆ । ਕੋਟਨ ਕੋਟ ਰਾਮ ਕ੍ਰਿਸ਼ਨ ਪਰਗਟੌਣਾ, ਸੀਸ ਤਾਜ ਟਿਕਾਈਆ । ਕੋਟਨ ਕੋਟ ਰਾਵਣ ਹੰਕਾਰੀ ਮਾਰ ਮੁਕੌਣਾ, ਏਕਾ ਚਿੱਲਾ ਤੀਰ ਕਮਾਨ ਉਠਾਈਆ । ਪੁਰਖ ਅਬਿਨਾਸ਼ੀ ਵੇਖ ਵਖੌਣਾ, ਸਾਚੇ ਤਖ਼ਤ ਬੈਠਾ ਸਾਚਾ ਮਾਹੀਆ । ਆਦਿ ਜੁਗਾਦਿ ਜੁਗਾ ਜੁਗੰਤਰ ਕਲਜੁਗ ਨੇਤਰ ਨਜ਼ਰ ਨਾ ਔਣਾ, ਧੂੰਆਂਧਾਰ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮਾ ਸ਼ਿਵ ਏਕਾ ਤੱਤ ਸਮਝਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰ ਧਿਆਨ, ਹਰਿ ਸਾਚਾ ਸਚ ਜਣਾਇੰਦਾ । ਆਦਿ ਪੁਰਖ ਪ੍ਰਭ ਦਿਤਾ ਦਾਨ, ਸਾਚੀ ਝੋਲੀ ਆਪ ਭਰਾਇੰਦਾ । ਲੱਖ ਚੁਰਾਸੀ ਕਰ ਪਰਧਾਨ, ਲੋਕਮਾਤ ਨਾਚ ਨਚਾਇੰਦਾ । ਸ਼ਾਹੋ ਭੂਪ ਬਣ ਰਾਜ ਰਾਜਾਨ, ਸਾਚਾ ਅਦਲ ਆਪ ਕਮਾਇੰਦਾ । ਹੱਥ ਫੜਾਏ ਕਮਾਨ, ਰਾਏ ਧਰਮ ਚਿਤਰ ਗੁਪਤ ਲੇਖਾ ਸਰਬ ਲਿਖਾਇੰਦਾ । ਲਾੜੀ ਮੌਤ ਕਰੇ ਪਰਵਾਨ, ਜੀਵ ਜੰਤ ਅੰਤ ਪਰਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵੇਲਾ ਆਪਣਾ ਵਕ਼ਤ ਆਪਣੇ ਹੱਥ ਰਖਾਇੰਦਾ । ਵੇਲਾ ਵਕ਼ਤ ਸੱਚੀ ਸਰਕਾਰ, ਤੇਰਾ ਤੇਰੇ ਹੱਥ ਵਡਿਆਈਆ । ਹਉਂ ਮੰਗਦੇ ਬਣ ਭਿਖਾਰ, ਦਰ ਦਵਾਰ ਦਰ ਦਰਵੇਸ਼ ਸੀਸ ਝੁਕਾਈਆ । ਤੂੰ ਅੰਤਮ ਕਰਨਾ ਸੱਚਾ ਪਿਆਰ, ਭੁਲ ਕਦੇ ਨਾ ਜਾਈਆ । ਤੇਰਾ ਨਾਤਾ ਅਪਰ ਅਪਾਰ, ਨਾ ਕੋਈ ਤੋੜੇ ਤੋੜ ਤੁੜਾਈਆ । ਤੇਰੀ ਗਾਥਾ ਗਾਈਏ ਏਕੰਕਾਰ, ਤੇਰਾ ਨਾਉਂ ਜੈਕਾਰ ਲਗਾਈਆ । ਵਿਸ਼ਨੂੰ ਤੇਰਾ ਰੂਪ ਅਪਾਰ, ਸੀਸ ਜਗਦੀਸ ਰਿਹਾ ਸਮਝਾਈਆ । ਬ੍ਰਹਮਾ ਤੇਰੀ ਮੇਰੀ ਗ਼ੁਫ਼ਤਾਰ, ਚਾਰ ਵੇਦ ਕਰੇ ਪੜ੍ਹਾਈਆ । ਸ਼ੰਕਰ ਤੇਰਾ ਮੇਲਾ ਕੰਤ ਭਤਾਰ, ਨਾਰੀ ਨਿਰਗੁਣ ਨੂਰ ਆਪ ਪਰਨਾਈਆ । ਅੰਤਮ ਵੇਲਾ ਕਰੇ ਕਲਿਆਣ, ਕਲ ਕਾਤੀ ਵੇਖੇ ਥਾਉਂ ਥਾਈਂਆ । ਨਵ ਨੌਂ ਚੁਕੇ ਝੂਠ ਦੁਕਾਨ, ਮਾਇਆ ਮਮਤਾ ਰਹਿਣ ਨਾ ਪਾਈਆ । ਹਉਮੇਂ ਹੰਗਤਾ ਮਿਟੇ ਨਿਸ਼ਾਨ, ਜੂਠ ਝੂਠ ਡੰਕ ਨਾ ਕੋਇ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਵੇਲਾ ਅੰਤ ਰਿਹਾ ਦਰਸਾਈਆ । ਵੇਲਾ ਅੰਤਮ ਕਲਜੁਗ ਔਣਾ, ਨਵ ਨੌਂ ਚਾਰ ਪੰਧ ਮੁਕਾਈਆ । ਪੁਰਖ ਅਬਿਨਾਸ਼ੀ ਰੂਪ ਧਰੌਣਾ, ਨਿਰਗੁਣ ਜੋਤ ਕਰ ਰੁਸ਼ਨਾਈਆ । ਪੂਰਬ ਲੇਖਾ ਪੂਰ ਕਰੌਣਾ, ਗੁਰ ਅਵਤਾਰ ਗਏ ਸਮਝਾਈਆ । ਨਿਹਕਲੰਕ ਹਰਿ ਆਪ ਅਖਵੌਣਾ, ਨਾ ਕੋਈ ਪਿਤਾ ਨਾ ਕੋਈ ਮਾਈਆ । ਸ਼ਬਦ ਨਗਾਰਾ ਡੰਕ ਵਜੌਣਾ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਪ ਸੁਣਾਈਆ । ਸ਼ਾਹ ਸੁਲਤਾਨਾਂ ਖ਼ਾਕ ਮਿਲੌਣਾ, ਰਾਜ ਰਾਜਾਨ ਨਜ਼ਰ ਕੋਇ ਨਾ ਆਈਆ । ਚਾਰ ਵਰਨਾਂ ਪੰਧ ਮੁਕੌਣਾ, ਏਕਾ ਰੂਪ ਸਰਬ ਦਰਸਾਈਆ । ਏਕਾ ਮੰਤਰ ਨਾਮ ਦ੍ਰਿੜੌਣਾ, ਸੋ ਪੁਰਖ ਨਿਰੰਜਣ ਕਰੇ ਸਚ ਪੜ੍ਹਾਈਆ । ਆਤਮ ਬ੍ਰਹਮ ਨਜ਼ਰੀ ਔਣਾ, ਬ੍ਰਹਮ ਮੇਲਾ ਸਹਿਜ ਸੁਭਾਈਆ । ਅਠਸਠ ਤੀਰਥ ਪੰਧ ਮੁਕੌਣਾ, ਨਿਝਰ ਝਿਰਨਾ ਦਏ ਝਿਰਾਈਆ । ਅੰਮ੍ਰਿਤ ਤਾਲ ਆਪ ਭਰੌਣਾ, ਕਵਲ ਨਾਭ ਖਿਲਾਈਆ । ਸਾਚਾ ਰਾਗ ਇਕ ਸੁਣੌਣਾ, ਅਨਹਦ ਨਾਦ ਵਜਾਈਆ । ਛੱਤੀ ਰਾਗ ਮੁਖ ਸ਼ਰਮੌਣਾ, ਹਰਿ ਕਾ ਭੇਵ ਕੋਇ ਨਾ ਪਾਈਆ । ਬਰਨ ਅਠਾਰਾਂ ਮੇਟ ਮਿਟੌਣਾ, ਜ਼ਾਤ ਪਾਤ ਨਾ ਕੋਇ ਰਖਾਈਆ । ਕਲਮਾ ਅਮਾਮ ਇਕ ਪੜ੍ਹੌਣਾ, ਆਲਮੀਨ ਸਰਬ ਲੋਕਾਈਆ । ਰਾਮ ਰਮੱਯਾ ਨਜ਼ਰੀ ਔਣਾ, ਘਟ ਘਟ ਰਾਮਾ ਆਸਣ ਲਾਈਆ । ਕਾਹਨਾ ਕ੍ਰਿਸ਼ਨਾ ਵੇਖ ਵਖੌਣਾ, ਕਾਇਆ ਮੰਡਲ ਰਾਸ ਰਚਾਈਆ । ਈਸਾ ਮੂਸਾ ਲੜ ਫੜੌਣਾ, ਮੁਕਾਮੇ ਹੱਕ ਕਰ ਰਸਾਈਆ । ਮੁਹੰਮਦ ਪੰਧ ਆਪ ਮੁਕੌਣਾ, ਚੌਦਾਂ ਸਦੀਆਂ ਵੇਖ ਵਖਾਈਆ । ਅਮਾਮ ਮੈਂਹਦੀ ਰੂਪ ਧਰੌਣਾ, ਸ਼ਾਹ ਸੁਲਤਾਨ ਬੇਪਰਵਾਹੀਆ । ਨਾਨਕ ਨਿਰਗੁਣ ਨਜ਼ਰੀ ਔਣਾ, ਗੋਬਿੰਦ ਜੋਤ ਜੋਤ ਰੁਸ਼ਨਾਈਆ । ਸਰਬ ਜੀਆਂ ਦਾ ਸਾਂਝਾ ਯਾਰ ਪੁਰਖ ਅਕਾਲ ਆਪ ਅਖਵੌਣਾ, ਵਿਸ਼ਨ ਬ੍ਰਹਮਾ ਸ਼ਿਵ ਏਕਾ ਗੁਣ ਦਏ ਸਮਝਾਈਆ । ਸਤਿ ਸਤਿ ਸਾਂਤਕ ਸਤਿ ਵਰਤੌਣਾ, ਅਸਤਿ ਦਏ ਮਿਟਾਈਆ । ਹਿੰਸਾ ਰੋਗ ਨਾ ਕਿਸੇ ਸਤੌਣਾ, ਦੂਈ ਦਵੈਤ ਨਾ ਕੋਇ ਰਖਾਈਆ । ਲੱਖ ਚੁਰਾਸੀ ਏਕਾ ਹਰਿ ਕਾ ਨਾਮ ਚੋਗ ਚੁਗੌਣਾ, ਸੋਹੰ ਹੰਸਾ ਮਾਣਕ ਮੋਤੀ ਆਪ ਰਖਾਈਆ । ਕਾਇਆ ਮੰਦਰ ਅੰਦਰ ਇਕ ਸੁਹੌਣਾ, ਨਿਰਗੁਣ ਦੀਵਾ ਬਾਤੀ ਕਰ ਰੁਸ਼ਨਾਈਆ । ਪਤਿਪਰਮੇਸ਼ਵਰ ਨਜ਼ਰੀ ਔਣਾ, ਬਜਰ ਕਪਾਟੀ ਤੋੜ ਤੁੜਾਈਆ । ਸੁਰਤ ਸੁਵਾਣੀ ਹਾਣੀ ਸ਼ਬਦ ਮਿਲੌਣਾ, ਮਿਲਿਆ ਮੇਲ ਵਿਛੜ ਨਾ ਜਾਈਆ । ਇਕ ਦੂਜੇ ਦੇ ਗਲ ਵਿਚ ਪੱਲਾ ਪੌਣਾ, ਗੁਰਸਿਖ ਗੁਰ ਗੁਰ ਏਕਾ ਰੰਗ ਰੰਗਾਈਆ । ਮੁਰੀਦ ਮੁਰਸ਼ਦ ਬੰਨ੍ਹ ਵਖੌਣਾ, ਏਕਾ ਡੋਰੀ ਹੱਥ ਫੜਾਈਆ । ਚੰਦ ਨੌਂਚੰਦੀ ਆਪ ਚੜ੍ਹੌਣਾ, ਚੌਦਸ ਰੈਣ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ ਕਲਜੁਗ ਤੇਰੀ ਅੰਤਮ ਵਰ, ਲੱਖ ਚੁਰਾਸੀ ਏਕਾ ਬ੍ਰਹਮ ਗਿਆਨ ਦ੍ਰਿੜਾਈਆ । ਲੱਖ ਚੁਰਾਸੀ ਏਕਾ ਬ੍ਰਹਮ, ਈਸ਼ ਜੀਵ ਆਪ ਉਪਾਇੰਦਾ । ਆਪੇ ਦੇਵੇ ਪਵਣ ਸਵਾਸੀ ਦਮ, ਪਵਣ ਉਨੰਜਾ ਖੇਲ ਖਿਲਾਇੰਦਾ । ਆਪੇ ਰੂਪ ਵਟਾਏ ਪੰਜ ਤੱਤ ਹੱਡ ਮਾਸ ਨਾੜੀ ਚੰਮ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਜੋੜ ਜੁੜਾਇੰਦਾ । ਆਪ ਦੇਵਣਹਾਰਾ ਨਾਮ ਧੰਨ, ਸਚ ਖ਼ਜ਼ਾਨਾ ਆਪ ਵਰਤਾਇੰਦਾ । ਆਪੇ ਦੇਵਣਹਾਰਾ ਡੰਨ, ਨਾਮ ਖੰਡਾ ਹੱਥ ਉਠਾਇੰਦਾ । ਆਪੇ ਜੋ ਘੜਿਆ ਸੋ ਦੇਵੇ ਭੰਨ, ਘੜਨ ਭੰਨਣਹਾਰ ਭੇਵ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਾਚਾ ਖੇਲ ਆਪ ਖਿਲਾਇੰਦਾ । ਸਾਚਾ ਖੇਲ ਖੇਲੇ ਖ਼ਾਲਕ, ਖ਼ਲਕਤ ਆਪਣੀ ਵੇਖ ਵਖਾਈਆ । ਬਿਰਧ ਬਾਲ ਨਾ ਦਿਸੇ ਰੂਪ ਬਾਲਕ, ਬਾਲ ਜੋਬਨ ਵੇਖ ਕੋਇ ਨਾ ਪਾਈਆ । ਨਿਰਗੁਣ ਸਰਗੁਣ ਬਣ ਕੇ ਆਇਆ ਸਾਲਸ, ਪਾਰਬ੍ਰਹਮ ਵਡੀ ਵਡਿਆਈਆ । ਲੱਖ


੭੧੮
੧੦

ਚੁਰਾਸੀ ਜੀਵ ਕਰੇ ਖ਼ਾਲਸ, ਜ਼ਾਤ ਪਾਤ ਮੇਟ ਮਿਟਾਈਆ । ਗੁਰਸਿਖਾਂ ਮੇਟੇ ਝੂਠੀ ਨਿੰਦਰਾ ਆਲਸ, ਜਗਤ ਦਲਿਦ੍ਰ ਦਏ ਗਵਾਈਆ । ਜਨਮ ਜਨਮ ਦੀ ਲਾਹੇ ਕਾਲਖ, ਜਿਸ ਜਨ ਆਪਣਾ ਦਰਸ ਦਿਖਾਈਆ । ਪਤਿਪਰਮੇਸ਼ਵਰ ਬਣ ਕੇ ਆਇਆ ਪਾਰਖ, ਨਾਮ ਕਸਵਟੀ ਹੱਥ ਉਠਾਈਆ । ਲੋਕਮਾਤ ਹੱਟ ਨਾ ਬਣਾਇਆ ਨਾ ਕੋਈ ਦੇਵੇ ਆੜ੍ਹਤ, ਤੋਲਾ ਨਜ਼ਰ ਕੋਇ ਨਾ ਆਈਆ । ਚਾਰ ਦੀਵਾਰੀ ਇੱਟਾਂ ਪੱਥਰ ਘਾੜਤ, ਅੰਦਰ ਵਸੇ ਨਾ ਸਾਚਾ ਮਾਹੀਆ । ਆਤਮ ਅੰਤਰ ਪੂਜਾ ਪਾਠ ਵੇਖੇ ਘਿਰਤ, ਸਾਚਾ ਹਵਨ ਆਪ ਦਰਸਾਈਆ । ਲੱਖ ਚੁਰਾਸੀ ਲਿਖ ਲਿਖ ਲੇਖ ਥੱਕੀ ਇਬਾਰਤ, ਲਿਖ ਲਿਖ ਲੇਖਾ ਨਾ ਕੋਇ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਦਾਤਾ ਇਕ ਅਖਵਾਈਆ । ਨਿਰਗੁਣ ਦਾਤਾ ਜੀਵ ਜੰਤ, ਜੋਤੀ ਜਾਤਾ ਹਰਿ ਅਖਵਾਇੰਦਾ । ਪਾਰਬ੍ਰਹਮ ਪੂਰਨ ਭਗਵੰਤ, ਪਤਿਪਰਮੇਸ਼ਵਰ ਖੇਲ ਖਿਲਾਇੰਦਾ । ਮੁਕੰਦ ਮਨੋਹਰ ਲਖਮੀ ਨਰਾਇਣ ਆਦਿ ਅੰਤ, ਰੂਪ ਅਨੂਪ ਆਪ ਧਰਾਇੰਦਾ । ਹਰਿਜਨ ਮੇਲੇ ਸਾਚੇ ਸੰਤ, ਸਤਿ ਸਤਿਵਾਦੀ ਵੇਖ ਵਖਾਇੰਦਾ । ਹੋਏ ਮਿਲਾਵਾ ਜਿਉਂ ਨਾਰ ਕੰਤ, ਸਾਚੀ ਸੇਜਾ ਸੋਭਾ ਪਾਇੰਦਾ । ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਸਾਚੀ ਸੇਵਾ ਆਪ ਕਮਾਇੰਦਾ । ਆਪਣੀ ਮਹਿਮਾ ਜਣਾਏ ਅਗਣਤ, ਆਪਣੀ ਵਿਦਿਆ ਆਪ ਸਿਖਾਇੰਦਾ । ਆਪੇ ਗੁਰੂ ਆਪੇ ਅੱਖਰ ਆਪੇ ਮੰਤ, ਆਪੇ ਪੜ੍ਹ ਪੜ੍ਹ ਨਾਦ ਵਜਾਇੰਦਾ । ਕਲਜੁਗ ਅੰਤਮ ਚਾਰ ਵਰਨ ਇਕ ਬਣਾਏ ਸਾਚੀ ਸੰਗਤ, ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਪੰਧ ਮੁਕਾਇੰਦਾ । ਹਰਿਜਨ ਸਾਚਾ ਆਤਮ ਬੋਧ ਸਾਚਾ ਪੰਡਤ, ਜਿਸ ਜਨ ਬ੍ਰਹਮ ਗਿਆਨ ਦ੍ਰਿੜ੍ਹਾਇੰਦਾ । ਝੂਠੀ ਮਾਇਆ ਕਰੇ ਖੰਡਤ, ਖੰਡਾ ਨਾਮ ਵਿਚ ਫਿਰਾਇੰਦਾ । ਮੁਰੀਦਾਂ ਵਖਾਏ ਮੁਰਸ਼ਦ ਜੰਨਤ, ਚਰਨ ਦਵਾਰਾ ਇਕ ਵਡਿਆਇੰਦਾ । ਗੜ੍ਹ ਤੋੜੇ ਹਉਮੈਂ ਹੰਗਤ, ਸਾਚੀ ਸਿਖਿਆ ਇਕ ਸਮਝਾਇੰਦਾ । ਹਰਿਜਨ ਦੂਜੇ ਦਰ ਨਾ ਜਾਏ ਮੰਗਤ, ਜਿਸ ਜਨ ਪੁਰਖ ਅਬਿਨਾਸ਼ੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਵਿਸ਼ਨ ਬ੍ਰਹਮਾ ਸ਼ਿਵ ਏਕਾ ਘਰ ਵਖਾਇੰਦਾ । ਏਕਾ ਘਰ ਦਰ ਦਰਵਾਜ਼ਾ, ਪੁਰਖ ਅਬਿਨਾਸ਼ੀ ਆਪ ਖੁਲ੍ਹਾਈਆ । ਗ਼ਰੀਬ ਨਿਮਾਣਿਆਂ ਪਾਏ ਸਾਰ ਗ਼ਰੀਬ ਨਿਵਾਜ਼ਾ, ਦੀਨਨ ਆਪਣੀ ਦਇਆ ਕਮਾਈਆ । ਏਕਾ ਨਾਮ ਚਲਾਏ ਸਚ ਜਹਾਜ਼ਾ, ਚਾਰ ਵਰਨ ਲਏ ਚੜ੍ਹਾਈਆ । ਨੌਂ ਖੰਡ ਪ੍ਰਿਥਮੀ ਫਿਰੇ ਭਾਜਾ, ਸੱਤਾਂ ਦੀਪਾਂ ਫੇਰਾ ਪਾਈਆ । ਫੜ ਫੜ ਬੰਨ੍ਹੇ ਸ਼ਾਹ ਨਵਾਬਾ, ਰਾਜਨ ਰਾਜ ਬਚਿਆ ਕੋਇ ਰਹਿਣ ਨਾ ਪਾਈਆ । ਅਸਵ ਘੋੜੇ ਚੜ੍ਹਿਆ ਤਾਜਾ, ਨੀਲਾ ਨੀਲੀ ਧਾਰੋਂ ਪਾਰ ਕਰਾਈਆ । ਨਾਲ ਰਖਾਇਆ ਅਨਹਦ ਵਾਜਾ, ਗੁਰਮੁਖਾਂ ਅੰਦਰ ਰਿਹਾ ਵਜਾਈਆ । ਅੰਤਮ ਅੰਤ ਰੱਖੇ ਲਾਜਾ, ਜੋ ਜਨ ਬੈਠੇ ਧਿਆਨ ਲਗਾਈਆ । ਮਨਮੁਖ ਜੀਵਾਂ ਖੋਲ੍ਹੇ ਪਾਜਾ, ਕਾਮ ਕਰੋਧ ਲੋਭ ਮੋਹ ਹੰਕਾਰ ਜੋ ਬੈਠੇ ਮਨ ਲਗਾਈਆ । ਏਕਾ ਭੁੱਲਿਆ ਜਿਸ ਜਨ ਸਾਜਣ ਸਾਜਾ, ਸ਼ਾਹ ਪਾਤਸ਼ਾਹ ਨਜ਼ਰ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਹਿਣ ਨਰ, ਪਾਰਬ੍ਰਹਮ ਪੁਰਖ ਸੁਲਤਾਨਾ, ਜਨ ਭਗਤਾਂ ਬੰਨ੍ਹੇ ਸਾਚਾ ਗਾਨਾ, ਨਾਮ ਨਿਸ਼ਾਨੀ ਹੱਥ ਉਠਾਈਆ । ਨਾਮ ਨਿਸ਼ਾਨੀ ਬੰਨ੍ਹੇ ਤੰਦ, ਸਤਿਗੁਰ ਪੂਰਾ ਦਇਆ ਕਮਾਇੰਦਾ । ਗੁਰਮੁਖ ਚੜ੍ਹਾਏ ਸਾਚੇ ਚੰਦ, ਲੋਕਮਾਤ ਆਪ ਚਮਕਾਇੰਦਾ । ਚਾਰ ਵਰਨ ਸੁਣਾਇਆ ਸੁਹਾਗੀ ਛੰਦ, ਸਾਚਾ ਮੰਗਲ ਆਪੇ ਗਾਇੰਦਾ । ਗੁਰਮੁਖ ਵਿਰਲਾ ਪਾਏ ਪਰਮਾਨੰਦ, ਮਨਮੁਖ ਮਦਿਰਾ ਮਾਸ ਮੁਖ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਕੂੜੀ ਕਿਰਿਆ ਮੇਟ ਮਿਟਾਇੰਦਾ । ਕੂੜੀ ਕਿਰਿਆ ਟੁੱਟੇ ਨਾਤਾ, ਜੂਠ ਝੂਠ ਰਹਿਣ ਨਾ ਪਾਈਆ । ਕਲਜੁਗ ਛੁਪੇ ਅੰਧੇਰੀ ਰਾਤਾ, ਚਾਰ ਕੁੰਟ ਅੰਧੇਰਾ ਦਏ ਮਿਟਾਈਆ । ਭੇਵ ਚੁਕਾਏ ਜ਼ਾਤਾਂ ਪਾਤਾਂ, ਏਕਾ ਬ੍ਰਹਮ ਦਏ ਦਰਸਾਈਆ । ਏਕਾ ਨਾਮ ਸੁਣਾਏ ਸਾਚੀ ਗਾਥਾ, ਘਟ ਘਟ ਅੰਦਰ ਕਰੇ ਪੜ੍ਹਾਈਆ । ਏਕਾ ਮੰਦਰ ਏਕਾ ਪੂਜਾ ਪਾਠਾ, ਇਸ਼ਟ ਦੇਵ ਇਕ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਤਿਜੁਗ ਸਾਚਾ ਮਾਤ ਦੇਵੇ ਧਰ, ਆਪਣੀ ਹੱਥੀਂ ਬੂਟਾ ਲਾਈਆ । ਕਲਜੁਗ ਪੈਂਡਾ ਮੁਕਣਾ, ਲੇਖਾ ਅੰਤਮ ਵਾਰ । ਸਤਿਜੁਗ ਸਾਚਾ ਉਠਣਾ, ਪੁਰਖ ਅਬਿਨਾਸ਼ੀ ਲਏ ਉਠਾਲ । ਦੋਹਾਂ ਭਾਰ ਆਪੇ ਚੁੱਕਣਾ, ਕਰੇ ਖੇਲ ਸੱਚੀ ਸਰਕਾਰ । ਸ਼ੇਰ ਹੋ ਹੋ ਲੋਕਮਾਤ ਝੱਲ ਵਿਚ ਬੁੱਕਣਾ, ਸਿੰਘ ਮਾਰੇ ਇਕ ਲਲਕਾਰ । ਵਿਸ਼ਨੂੰ ਤੇਰਾ ਅੰਤਮ ਲੇਖਾ ਮੁਕਣਾ, ਮੁਕਾਵਣਹਾਰ ਆਪ ਨਿਰੰਕਾਰ । ਨਵ ਨੌਂ ਚਾਰ ਜੋ ਸੁੱਖੀ ਸੁੱਖਣਾ, ਅੰਤਮ ਭਰੇ ਭੰਡਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਹਰਿਜਨ ਹਰਿਭਗਤ ਗੁਰਮੁਖ ਗੁਰਸਿਖ ਸੱਜਣ ਲਾਏ ਪਾਰ ।

### ★ ੨੨ ਜੇਠ ੨੦੧੮ ਬਿਕ੍ਰਮੀ ਮਾਈ ਲਛਮੀ ਦੇ ਗ੍ਰਿਹ ਪਿੰਡ ਸੀੜ ਜੰਮੂ ★

ਸੁਰਤ ਸੁਵਾਣੀ ਜਗਤ ਵੈਰਾਨੀ, ਪੰਜ ਤੱਤ ਅੰਤਰ ਰਹੀ ਕੁਰਲਾਈਆ । ਕਵਣ ਦੇਵੇ ਅੰਮ੍ਰਿਤ ਪਾਣੀ, ਠੰਡਾ ਜਲ ਪਿਆਈਆ । ਕਵਣ ਸੁਣਾਏ ਅਗੰਮੀ ਬਾਣੀ, ਅਨਹਦ ਸ਼ਬਦ ਨਾਦ ਵਜਾਈਆ । ਕਵਣ ਸੁਣਾਏ ਅਕਥ ਕਹਾਣੀ, ਆਪਣੀ ਮਹਿਮਾ ਆਪ ਗਣਾਈਆ । ਕਵਣ ਵਖਾਏ ਪਦ ਨਿਰਬਾਣੀ, ਨਿਰਭੈ ਰੂਪ ਕਰਾਈਆ । ਕਵਣ ਬਣਾਏ ਸਾਚੀ ਰਾਣੀ, ਘਰ ਸਾਚਾ ਸਗਨ ਮਨਾਈਆ । ਕਵਣ ਮਿਲਾਏ ਸਾਚਾ ਹਾਣੀ, ਘਰ ਸ਼ਬਦੀ ਬੇਪਰਵਾਹੀਆ । ਜਗਤ ਵਿਹੂਣੀ ਹੋਈ ਨਿਮਾਣੀ, ਬਲ ਆਪਣਾ ਨਜ਼ਰ ਕੋਇ ਨਾ ਆਈਆ । ਮਨ ਮਤ ਬੁਧ ਹੋਈ ਨਾਦਾਨੀ, ਨਿਰਗੁਣ ਰੂਪ ਨਾ ਸਕੇ ਕੋਇ ਦਰਸਾਈਆ । ਅਠਸਠ ਫਿਰ ਫਿਰ ਵੇਖਿਆ ਪਾਣੀ, ਦੁਰਮਤ ਮੈਲ ਨਾ ਕੋਇ ਧਵਾਈਆ । ਵੜ ਵੜ ਵੇਖਿਆ ਚਾਰ ਖਾਣੀ, ਆਪਣਾ ਆਸਣ ਲਾਈਆ । ਕੋਈ ਨਾ ਦੱਸੇ ਸਚ ਨਿਸ਼ਾਨੀ, ਘਰ ਸਾਚਾ ਨਾ ਕੋਇ ਵਖਾਈਆ । ਮੈਂ ਸੁਣਿਆ ਪਾਰਬ੍ਰਹਮ ਪਤਿਪਰਮੇਸ਼ਵਰ ਇਕ ਸੱਚਾ ਸੁਲਤਾਨੀ, ਆਦਿ ਜੁਗਾਦਿ ਜੁਗਾ ਜੁਗੰਤਰ ਜਗਤ ਨਿਮਾਣੀ ਲਏ ਤਰਾਈਆ । ਨੌਂ ਖੰਡ ਪ੍ਰਿਥਮੀ ਆਈ ਹਾਨੀ, ਮੇਰੀ ਸਾਰ ਕੋਇ ਨਾ ਪਾਈਆ । ਕੋਇ ਨਾ ਮਿਲਿਆ ਸੱਚਾ ਜਾਨੀ, ਦਿਲਬਰ ਦਰਦ ਨਾ ਕੋਇ ਵੰਡਾਈਆ । ਕਰ ਕਿਰਪਾ ਵਡ ਮਿਹਰਵਾਨੀ, ਦਰ ਤੇਰੇ ਸੀਸ ਝੁਕਾਈਆ । ਕੋਝੀ ਕਮਲੀ ਕਰ ਪਰਵਾਨੀ, ਨਾਮ ਪਰਵਾਨਾ ਹੱਥ ਫੜਾਈਆ । ਤੇਰਾ ਨਾਉਂ ਮੇਰੇ ਤਨ ਸੋਹੇ ਗਾਨੀ, ਮਨ ਕਾ ਮਣਕਾ ਦਏ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਵਿਹੂਣੀ ਰਹੀ ਕੁਰਲਾਈਆ । ਸੁਰਤੀ ਰੋਵੇ ਧਾਹਾਂ ਮਾਰ, ਉਚੀ ਕੂਕ ਕੂਕ ਪੁਕਾਰਿਆ । ਮੇਰਾ ਵਾਸਾ ਡੂੰਘੀ ਗਾਰ, ਕੋਈ ਦਿਸੇ ਨਾ ਪਾਰ ਕਿਨਾਰਿਆ । ਮੇਰਾ ਨਾਤਾ ਜੁੜਿਆ ਪੰਚਮ ਯਾਰ, ਕਾਮ ਕਰੋਧ ਲੋਭ ਮੋਹ ਹੰਕਾਰ ਫਿਰੇ ਬਲਕਾਰਿਆ । ਆਸਾ ਤ੍ਰਿਸਨਾ ਵੇਖਿਆ ਜਗਤ ਪਿਆਰ, ਮਾਇਆ ਮਮਤਾ ਮੋਹ ਬੰਧਨ ਇਕ ਰਖਾ ਲਿਆ । ਜੂਠਾ ਝੂਠਾ ਵੇਖ ਵਣਜਾਰ, ਸਾਚਾ ਹੱਟ ਨਜ਼ਰ ਕੋਇ

ਨਾ ਆ ਰਿਹਾ । ਮੈਂ ਫਿਰ ਫਿਰ ਥੱਕੀ ਸਰਬ ਸੰਸਾਰ, ਸਾਚਾ ਸੰਗ ਨਾ ਕੋਇ ਨਿਭਾ ਰਿਹਾ । ਪੱਲਾ ਛੁਡਾਇਆ ਚਾਰ ਯਾਰ, ਮੁਹੰਮਦ ਅਪਣਾ ਮੁਖ ਭਵਾ ਰਿਹਾ । ਅਹਿਮਦ ਕਰੇ ਨਾ ਕੋਇ ਗੁਫ਼ਤਾਰ, ਦੀਦ ਸ਼ੁਨੀਦ ਨਾ ਕੋਇ ਕਰਾ ਰਿਹਾ । ਕਰ ਰਹਿਮਤ ਕਰੇ ਨਾ ਕੋਇ ਪਿਆਰ, ਸੁਹਬਤ ਕੋਇ ਨਾ ਸਚ ਜਣਾ ਰਿਹਾ । ਮੈਂ ਆਪਣਾ ਆਪ ਗਈ ਹਾਰ, ਮਾਣ ਤਾਣ ਨਾ ਕੋਇ ਰਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੁਧ ਬਿਨ ਅਵਰ ਨਾ ਕੋਇ ਤਰਾ ਰਿਹਾ । ਸੁਰਤ ਸੁਵਾਣੀ ਨੇਤਰ ਨੈਣਾਂ, ਨੀਰ ਨੀਰ ਵਹਾਈਆ । ਮੈਂ ਮਿਲ ਮਿਲ ਥੱਕੀ ਸਾਕ ਸੱਜਣ ਭਾਈ ਭੈਣਾਂ, ਸਗਲਾ ਸੰਗ ਨਾ ਕੋਇ ਨਿਭਾਈਆ । ਮੇਰਾ ਚੁੱਕਿਆ ਲੋਕਮਾਤ ਨਾ ਲਹਿਣਾ ਦੇਣਾ, ਹੌਲਾ ਭਾਰ ਨਾ ਕੋਇ ਕਰਾਈਆ । ਮੈਂ ਮੰਨਦੀ ਰਹੀ ਮਨ ਦਾ ਕਹਿਣਾ, ਮਨ ਚਾਰੋਂ ਕੁੰਟ ਭਵਾਈਆ । ਮੈਂ ਮਾਇਆ ਮਮਤਾ ਪਾਇਆ ਗਹਿਣਾ, ਕੂੜੀ ਨਾਰ ਵੇਸ ਵਟਾਈਆ । ਜੂਠ ਝੂਠ ਕੱਜਲ ਪਾਇਆ ਨੈਣਾਂ, ਕਲਜੁਗ ਰਹੀ ਮਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਬਖ਼ਸ਼ ਸੱਚੀ ਸਰਨਾਈਆ । ਸੁਰਤ ਸੁਵਾਣੀ ਰੋ ਰੋ ਮਾਰੇ ਕੂਕ, ਕੂਕ ਕੂਕ ਦੁਹਾਈਆ । ਤ੍ਰੈਗੁਣ ਅਗਨੀ ਰਹੀ ਫੂਕ, ਸਾਂਤਕ ਸਤਿ ਨਾ ਕੋਇ ਕਰਾਈਆ । ਆਵਣ ਜਾਵਣ ਨਾ ਚੁੱਕੇ ਚੂਕ, ਗੇੜਾ ਗੇੜ ਨਾ ਕੋਇ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਗੁਣ ਦੇ ਜਣਾਈਆ । ਸੁਰਤ ਸੁਵਾਣੀ ਆਸਾ ਮੰਦ, ਚਾਰ ਕੁੰਟ ਵੇਖ ਵਖਾਇਆ । ਮੈਂ ਦੁਹਾਗਣ ਭਾਗਾਂਮੰਦ, ਮੇਰਾ ਰੰਗ ਨਾ ਕਿਸੇ ਰੰਗਾਇਆ । ਡੂੰਘੀ ਕੰਦਰ ਵੜ ਕੇ ਬੈਠੀ ਨਾ ਕੋਈ ਸੂਰਜ ਨਾ ਕੋਈ ਚੰਦ, ਪਰਕਾਸ਼ ਪਰਕਾਸ਼ ਨਾ ਕੋਇ ਧਰਾਇਆ । ਪੰਜ ਤੱਤ ਕਾਇਆ ਕੋਠੜੀ ਕਰਿਆ ਬੰਦ, ਆਪਣਾ ਦਰ ਦਰਵਾਜ਼ਾ ਆਪੇ ਬੰਦ ਰਖਾਇਆ । ਚਾਰੋਂ ਕੁੰਟ ਮੇਰੇ ਕੰਧ, ਮਾਇਆ ਮਮਤਾ ਪਰਦਾ ਪਾਇਆ । ਮੈਂ ਨਿਮਾਣੀ ਹੋਈ ਨੰਗ, ਸੀਸ ਪੱਲੂ ਨਾ ਕੋਇ ਰਖਾਇਆ । ਮੇਰਾ ਵਾਸਾ ਕਰਿਆ ਵਿਚ ਗੰਦ, ਜਗਤ ਨੇਤਰ ਦਿਸ ਕਿਸੇ ਨਾ ਆਇਆ । ਮੈਂ ਮੰਗਾਂ ਮੰਗ ਕਵਣ ਸੁਣਾਏ ਸੁਹਾਗੀ ਛੰਦ, ਮੇਰਾ ਦੁੱਖੜਾ ਦਏ ਮਿਟਾਇਆ । ਮੇਰੀ ਟੁੱਟੀ ਦੇਵੇ ਗੰਢ, ਗੰਢਣਹਾਰ ਗੋਪਾਲ ਕਵਣ ਸਿੰਘਾਸਣ ਸੋਭਾ ਪਾਇਆ । ਮੇਰਾ ਆਵਣ ਜਾਵਣ ਚੁਕਾਏ ਪੰਧ, ਸਾਚਾ ਮਾਰਗ ਦਏ ਵਖਾਇਆ । ਮੇਰਾ ਚੁੱਕੇ ਅੰਧੇਰਾ ਅੰਧ, ਏਕਾ ਨੂਰ ਕਰੇ ਰੁਸ਼ਨਾਇਆ । ਮੈਂ ਸੁਣਿਆ ਸਦਾ ਬਖ਼ਸ਼ੰਦ, ਸਰਨ ਪੜ੍ਹੇ ਦੀ ਲਾਜ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਮੇਰੇ ਹੱਥ ਰਖਾਇਆ । ਸੁਰਤ ਸੁਵਾਣੀ ਕਰ ਪੁਕਾਰ, ਖੁਲ੍ਹੜੇ ਕੇਸ ਰਹੀ ਵਖਾਈਆ । ਮੈਂ ਨਿਮਾਣੀ ਡਿਗੀ ਮੂੰਹ ਦੇ ਭਾਰ, ਕਲਜੁਗ ਸਕੇ ਨਾ ਕੋਇ ਉਠਾਈਆ । ਉਤੋਂ ਧੱਕਾ ਰਹੇ ਮਾਰ, ਸਗਲਾ ਸੰਗ ਨਾ ਕੋਇ ਨਿਭਾਈਆ । ਮੈਂ ਫਿਰ ਫਿਰ ਥੱਕੀ ਚਾਰ ਕੁੰਟ ਨੌਂ ਖੰਡ ਪ੍ਰਿਥਮੀ ਵਿਚ ਸੰਸਾਰ, ਪੱਲਾ ਨਾਮ ਨਾ ਕੋਇ ਫੜਾਈਆ । ਮੁੱਲਾ ਸ਼ੇਖ਼ ਮੁਸਾਇਕ ਪੀਰ ਪੈਗ਼ੰਬਰ ਦਸਤਗੀਰ ਹੋਏ ਦਸਤ ਬਰਦਾਰ, ਦਾਮਨਗੀਰ ਨਾ ਕੋਇ ਅਖਵਾਈਆ । ਪੰਡਤ ਪਾਂਧੇ ਥੱਕੇ ਮਾਂਦੇ ਅਠਸਠ ਤੀਰਥ ਨੀਰ ਕਰ ਵਿਚਾਰ, ਸਾਚਾ ਸੀਰ ਨਾ ਕੋਇ ਪਿਲਾਈਆ । ਗ੍ਰੰਥੀ ਪੰਥੀ ਗਏ ਹਾਰ ਨਜ਼ਰ ਨਾ ਆਏ ਸਤਿ ਕਰਤਾਰ, ਨਾਨਕ ਗੋਬਿੰਦ ਮੇਲ ਨਾ ਕੋਇ ਮਿਲਾਈਆ । ਮੰਦਰ ਮਸਜਦ ਗੁਰੂਦਵਾਰ ਨਾਰ ਵੇਸਵਾ ਬਣਿਆ ਸੰਸਾਰ, ਵਿਭਚਾਰ ਰਹੇ ਕਮਾਈਆ । ਨਜ਼ਰ ਨਾ ਆਏ ਕਿਸੇ ਸਚ ਦਰਬਾਰ, ਜੂਠੇ ਝੂਠੇ ਮਾਇਆ ਲੂਠੇ ਅਗਨੀ ਤੱਤ ਰਹੇ ਤਪਾਈਆ । ਮੱਕਾ ਕਾਅਬਾ ਦੋ ਦੋ ਆਬਾ ਫਿਰ ਕੇ ਆਈ ਮਿਲੇ ਨਾ ਸਾਂਝਾ ਯਾਰ, ਜਿਸ ਅੱਗੇ ਦੁੱਖੜਾ ਦਿਆਂ ਸੁਣਾਈਆ । ਵਿਸ਼ਨੂੰ ਬ੍ਰਹਮਾ

ਸ਼ਿਵ ਨੇਤਰ ਤੱਕ ਤੱਕ ਹੋਈ ਘਾਇਲ, ਕੀਤੀ ਘਾਲ ਪੂਰੀ ਨਾ ਕੋਇ ਕਰਾਈਆ । ਚੌਦਾਂ ਲੋਕ ਵੇਖਿਆ ਹੱਟ ਕੋਈ ਨਾ ਲੱਭੇ ਸਚ ਦਲਾਲ, ਸਚ ਦਲਾਲੀ ਨਾ ਕੋਇ ਕਰਾਈਆ । ਜਾ ਜਾ ਪੁਛਿਆ ਕਾਲ ਮਹਾਕਾਲ, ਆਪਣਾ ਹਾਲ ਸੁਣਾਈਆ । ਅੰਤਮ ਹੋਏ ਸਾਰੇ ਬੇਹਾਲ, ਸੀਸ ਸਕੇ ਨਾ ਕੋਇ ਉਠਾਈਆ । ਰਾਏ ਧਰਮ ਅੱਗੇ ਰੱਖਿਆ ਇਕ ਸਵਾਲ, ਕਵਣ ਫੰਦ ਦਏ ਕਟਾਈਆ । ਚਿਤਰ ਗੁਪਤ ਕੋਲੋਂ ਪੁਛਿਆ ਹਾਲ, ਮੇਰਾ ਲੇਖਾ ਕਵਣ ਮੁਕਾਈਆ । ਕਲਜੁਗ ਅੰਤਮ ਸਾਰੇ ਦੱਸਣ ਬਿਨ ਪਾਰਬ੍ਰਹਮ ਪਤਿਪਰਮੇਸ਼ਵਰ ਕੋਇ ਨਾ ਸਕੇ ਤੇਰੀ ਸੁਰਤ ਸੰਭਾਲ, ਸੁਰਤੀ ਸੁਰਤ ਨਾ ਕੋਇ ਉਠਾਈਆ । ਅਸੀਂ ਖ਼ਾਲੀ ਹੱਥ ਹੋਏ ਕੰਗਾਲ, ਹਰਿ ਕਾ ਨਾਮ ਹੱਥ ਨਾ ਕੋਇ ਵਖਾਈਆ । ਅੰਤਮ ਪਰਗਟ ਹੋਏ ਇਕ ਅਕਾਲ, ਸਭ ਦਾ ਮਾਣ ਦਏ ਗਵਾਈਆ । ਕੋਈ ਰਹਿਣ ਨਾ ਦੇਵੇ ਅਠਸਠ ਤੀਰਥ ਤਾਲ, ਗੰਗਾ ਗੋਦਾਵਰੀ ਜਮਨਾ ਸੁਰਸਤੀ ਆਪਣੇ ਚਰਨਾਂ ਵਿਚ ਦਬਾਈਆ । ਉਚੇ ਟਿੱਲੇ ਪਰਬਤ ਡੂੰਘੇ ਸਾਗਰ ਵੇਖੇ ਆਪ ਸੰਭਾਲ, ਜੰਗਲ ਜੂਹ ਉਜਾੜ ਪਹਾੜ ਫੇਰਾ ਪਾਈਆ । ਦਇਆ ਕਰੇ ਦੀਨ ਦਿਆਲ, ਹਰਿ ਠਾਕਰ ਸੱਚਾ ਸ਼ਹਿਨਸ਼ਾਹੀਆ । ਹਰਿਜਨ ਵੇਖੇ ਸਾਚੇ ਲਾਲ, ਲਾਲ ਅਨਮੁਲੜੇ ਆਪ ਬਣਾਈਆ । ਅੰਦਰੇ ਅੰਦਰ ਕਰੇ ਸੰਭਾਲ, ਔਦਾਂ ਜਾਂਦਾ ਦਿਸ ਨਾ ਆਈਆ । ਘਰ ਦੀਪਕ ਜੋਤ ਦੇਵੇ ਬਾਲ, ਤੇਰੇ ਮੰਦਰ ਕਰੇ ਰੁਸ਼ਨਾਈਆ । ਹਾਲ ਮੁਰੀਦਾਂ ਸੁਣੇ ਬੇਹਾਲ, ਗੋਬਿੰਦ ਲੇਖਾ ਲੇਖੇ ਪਾਈਆ । ਤ੍ਰੈਗੁਣ ਅਤੀਤਾ ਤੋੜੇ ਤੇਰਾ ਜੰਜਾਲ, ਤ੍ਰੈਗੁਣ ਮਾਇਆ ਫੰਦ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਰਤੀ ਸੁਰਤ ਲਏ ਮਿਲਾਈਆ ।

੭੨੨

ਗੁਰਮੁਖ ਗੁਰ ਗੁਰ ਤੇਰੀ ਸੁਰਤ, ਹਰਿ ਆਪਣੇ ਰੰਗ ਰੰਗਾਇੰਦਾ । ਮੇਲ ਮਿਲਾਵਾ ਅਕਾਲ ਮੂਰਤ, ਮੂਰਤ ਅਕਾਲ ਆਪ ਅਖਵਾਇੰਦਾ । ਘਟ ਨਾਦ ਵਜਾਏ ਸਾਚੀ ਤੂਰਤ, ਤੁਰੀਆ ਰਾਗ ਸੁਣਾਇੰਦਾ । ਨਜ਼ਰ ਨਾ ਆਏ ਜੋ ਦਿਸੇ ਦੂਰਤ, ਦੂਰ ਨੇੜਾ ਪੰਧ ਮੁਕਾਇੰਦਾ । ਆਸਾ ਮਨਸਾ ਸਦ ਸਦ ਪੂਰਤ, ਆਸ ਨਰਾਸ ਨਾ ਕੋਇ ਕਰਾਇੰਦਾ । ਹਜ਼ਰਤ ਸਦਾ ਹਾਜ਼ਰ ਹਜ਼ੂਰਤ, ਹਰਿ ਕੇ ਪੌੜੇ ਆਪ ਚੜ੍ਹਾਇੰਦਾ । ਚਤੁਰ ਸੁਘੜ ਬਣਾਏ ਮੂਰਖ ਮੂੜ੍ਹਤ, ਜਿਸ ਜਨ ਆਪਣੀ ਦਇਆ ਕਮਾਇੰਦਾ । ਨਾਤਾ ਤੋੜੇ ਕੂੜੇ ਕੂੜਤ, ਸਚ ਸੁੱਚ ਇਕ ਵਖਾਇੰਦਾ । ਸੁਰਤ ਸੁਵਾਣੀ ਤੇਰੀ ਪੂਰੀ ਕਰੇ ਜ਼ਰੂਰਤ, ਜ਼ਰ ਜੋਬਨ ਤੇਰਾ ਵੇਖ ਵਖਾਇੰਦਾ । ਤੇਰਾ ਪਰਕਾਸ਼ ਵੇਖੇ ਆਪਣਾ ਨੂਰਤ, ਨੂਰ ਨੁਰਾਨਾ ਆਪ ਚਮਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਰੰਗ ਵਖਾਇੰਦਾ । ਸੁਰਤ ਸੁਵਾਣੀ ਤੇਰੀ ਸੁਣ ਪੁਕਾਰ, ਹਰਿ ਸਤਿਗੁਰ ਦਇਆ ਕਮਾਈਆ । ਗੁਰਸਿਖ ਕਾਇਆ ਅੰਦਰ ਵਾੜ, ਤੇਰਾ ਦੁਖੜਾ ਦਏ ਮਿਟਾਈਆ । ਕਰ ਪਰਕਾਸ਼ ਬਹੱਤਰ ਨਾੜ, ਲੋਅ ਦੀਪ ਪਾਤਾਲ ਮੰਡਲ ਤੇਰੀ ਨਜ਼ਰੀ ਆਈਆ । ਤੇਰੀ ਅਗਨੀ ਤਪੇ ਨਾ ਹਾੜ, ਹਾੜ ਸਤਾਰਾਂ ਤੇਰੀ ਅੱਗ ਬੁਝਾਈਆ । ਤੇਰਾ ਮਿਲਾਏ ਸੱਚਾ ਲਾੜ, ਏਕਾ ਦੂਲ੍ਹਾ ਦਏ ਵਡਿਆਈਆ । ਤੂੰ ਸੁਹਾਗਣ ਬਣਨਾ ਨਾਰ, ਹੱਥੀਂ ਮੈਂਹਦੀ ਲਾਲ ਰੰਗਾਈਆ । ਬਸਤਰ ਦੇਵੇ ਅਪਰ ਅਪਾਰ, ਸਾਚਾ ਭੂਸ਼ਨ ਤਨ ਸੁਹਾਈਆ । ਨੇਤਰ ਨੈਣ ਕਜਲਾ ਪਾਏ ਨਾਮ ਅਪਾਰ, ਦੋ ਜਹਾਨਾਂ ਆਪ ਮਟਕਾਈਆ । ਨੱਥ ਸੁਹਾਗ ਕਰੇ ਸ਼ੰਗਾਰ, ਨਾਮ ਡੋਰੀ ਆਪ ਲਟਕਾਈਆ । ਸੀਸ ਗੁੰਦੇ ਵਿਚ ਸੰਸਾਰ, ਖੁਲ੍ਹੀ ਗੁਤ ਨਾ ਫੇਰ ਵਖਾਈਆ । ਸਖ਼ੀਆਂ ਸੁਣਾਏ ਮੰਗਲਾਚਾਰ, ਘਰ ਗੀਤ ਗੋਬਿੰਦ ਅਲਾਈਆ । ਏਕਾ ਦਿਵਸ ਦਏ ਵਿਚਾਰ, ਹਾੜ ਸਤਾਰਾਂ ਸਾਹ ਸੁਧਾਈਆ । ਗੁਰਮੁਖ ਸਖ਼ੀਆਂ ਵਰੇ ਏਕਾ ਵਾਰ, ਪਾਰਬ੍ਰਹਮ ਪ੍ਰਭ ਬੇਪਰਵਾਹੀਆ । ਨਾਤਾ ਤੋੜੇ ਸਰਬ ਸੰਸਾਰ, ਸਾਚਾ ਬੰਧਨ ਏਕਾ ਪਾਈਆ । ਘਰ ਮੇਲਾ

ਕੰਤ ਭਤਾਰ, ਘਰ ਸੁਹੰਜਣੀ ਸੇਜ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਰਤ ਸੁਵਾਣੀ ਮੇਲੇ ਸਾਚਾ ਹਾਣੀ, ਸ਼ਬਦੀ ਸ਼ਬਦ ਕਰੇ ਕੁੜਮਾਈਆ । ਸ਼ਬਦੀ ਸੁਰਤੀ ਹਰਿ ਹਰਿ ਮੇਲਾ, ਹਰਿਜਨ ਹਰਿ ਜੂ ਹਰਿ ਮੰਦਰ ਆਪ ਕਰਾਇੰਦਾ । ਏਕਾ ਘਰ ਵਸੇ ਗੁਰੂ ਗੁਰ ਚੇਲਾ, ਗੁਰ ਚੇਲਾ ਆਪਣਾ ਖੇਲ ਖਿਲਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਸੱਜਣ ਸੁਹੇਲਾ, ਸਤਿਗੁਰ ਸਾਚਾ ਸੰਗ ਨਿਭਾਇੰਦਾ । ਆਪੇ ਜਾਣੇ ਆਪਣਾ ਵੇਲਾ, ਥਿਤ ਵਾਰ ਨਾ ਕੋਇ ਰਖਾਇੰਦਾ । ਕਰੇ ਖੇਲ ਇਕ ਇਕੇਲਾ, ਅਕਲ ਕਲ ਧਾਰੀ ਭੇਵ ਨਾ ਆਇੰਦਾ । ਵਸਣਹਾਰਾ ਧਾਮ ਨਵੇਲਾ, ਹਰ ਘਟ ਆਪਣੀ ਜੋਤ ਜਗਾਇੰਦਾ । ਕਲਜੁਗ ਅੰਤਮ ਜੰਗਲ ਜੂਹ ਉਜਾੜ ਪਹਾੜ ਵੇਖੇ ਬੇਲਾ, ਸ਼ੇਰ ਸਿੰਘ ਸਿੰਘ ਸ਼ੇਰ ਰੂਪ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਰਤ ਸੁਵਾਣੀ ਆਪ ਬਚਾਇੰਦਾ । ਸਿੰਘ ਸ਼ੇਰ ਮਾਰੇ ਭਬਕ, ਕਲਜੁਗ ਅੰਤਮ ਵੇਖ ਵਖਾਈਆ । ਏਕਾ ਵਾਰ ਹਿਲਾਏ ਚੌਦਾਂ ਤਬਕ, ਚੌਦਾਂ ਲੋਕ ਦਏ ਦੁਹਾਈਆ । ਲੱਖ ਚੁਰਾਸੀ ਦੇਵੇ ਏਕਾ ਸਬਕ, ਏਕਾ ਸੰਖਿਆ ਦਏ ਪੜ੍ਹਾਈਆ । ਪਿਛਲਾ ਲੇਖਾ ਕਰੇ ਜ਼ਬਤ, ਜ਼ਾਬਰ ਆਪਣਾ ਜ਼ੋਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਹੋਏ ਸਦਾ ਸਹਾਈਆ । ਸੁਰਤ ਸੁਵਾਣੀ ਸੁਰਤ ਸੰਭਾਲੇ, ਚਾਰ ਕੁੰਟ ਉਠ ਧਾਇਆ । ਆਪੇ ਕੱਟੇ ਜਗਤ ਜੰਜਾਲੇ, ਜਗਤ ਜੰਜਾਲ ਰਹੇ ਨਾ ਰਾਇਆ । ਗੁਰਮੁਖਾਂ ਦੱਸੇ ਰਾਹ ਸੁਖਾਲੇ, ਸਾਚਾ ਮਾਰਗ ਏਕਾ ਲਾਇਆ । ਫੜ ਫੜ ਸ਼ਾਹ ਬਣਾਏ ਕੰਗਾਲੇ, ਕੰਗਾਲੋਂ ਸ਼ਾਹ ਆਪ ਕਰਾਇਆ । ਹਰਿਜਨ ਵਸੇ ਤੇਰੇ ਨਾਲੇ, ਸਦਾ ਸੁਹੇਲਾ ਸੰਗ ਨਿਭਾਇਆ । ਮਨਮੁਖਾਂ ਮੁਖ ਹੋਏ ਕਾਲੇ, ਹਰਿ ਕਾ ਰੂਪ ਨਜ਼ਰ ਕਿਸੇ ਨਾ ਆਇਆ । ਪੱਤ ਨਾ ਦਿਸੇ ਕਿਸੇ ਡਾਲੇ, ਪੱਤਝੜ ਕਲਜੁਗ ਰਿਹਾ ਵਖਾਇਆ । ਬਿਨ ਹਰਿ ਨਾਮੇ ਪੰਜ ਤੱਤ ਕਾਇਆ ਭਾਂਡੇ ਹੋਏ ਖ਼ਾਲੇ, ਵਸਤ ਅਮੋਲਕ ਵਿਚ ਨਾ ਕੋਇ ਟਿਕਾਇਆ । ਕਲਜੁਗ ਅੰਤਮ ਚਲੀ ਅਵੱਲੜੀ ਚਾਲੇ, ਚਾਲ ਨਿਰਾਲੀ ਇਕ ਰਖਾਇਆ । ਵਸਣਹਾਰਾ ਵਸੇ ਸੱਚੀ ਧਰਮਸਾਲੇ, ਧਰਮ ਦਵਾਰਾ ਇਕ ਬਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਵੇਸ ਵਖਾਇਆ । ਸੁਰਤ ਸੁਵਾਣੀ ਵੇਖੇ ਵੇਸ, ਹਰਿ ਸਤਿਗੁਰ ਰੂਪ ਧਰਾਇਆ । ਜਿਸ ਨੂੰ ਮੰਨਦੇ ਰਹੇ ਬ੍ਰਹਮਾ ਵਿਸ਼ਨ ਮਹੇਸ਼, ਸ਼ੰਕਰ ਨਿਉਂ ਨਿਉਂ ਸੀਸ ਝੁਕਾਇਆ । ਜਿਸ ਨੂੰ ਕਰੋੜ ਤੇਤੀਸਾ ਕਰੇ ਆਦੇਸ, ਸੁਰਪਤ ਰਿਹਾ ਧਿਆਨ ਲਗਾਇਆ । ਜਿਸ ਨੂੰ ਗੁਰ ਅਵਤਾਰ ਕਹਿੰਦੇ ਰਹੇ ਰਹੇ ਹਮੇਸ਼, ਨਾ ਮਰੇ ਨਾ ਜਾਇਆ । ਜਿਸ ਦਾ ਦਰਸ਼ਨ ਕਰ ਕਰ ਆਪਣਾ ਆਪ ਰਹੇ ਪੇਖ, ਪੇਖਤ ਪੇਖਤ ਪੇਖਤ ਨਜ਼ਰੀ ਆਇਆ । ਜਿਸ ਨੂੰ ਕਹਿੰਦੇ ਮਿਲਿਆ ਮੇਲ ਗੁਰ ਦਸਮੇਸ, ਪੁਰਖ ਅਕਾਲ ਵਡ ਵਡਿਆਇਆ । ਪੁਰਖ ਅਕਾਲ ਨਾ ਦਾੜ੍ਹੀ ਨਾ ਮੁੱਛ ਕੇਸ, ਸੀਸ ਜਗਦੀਸ ਨਾ ਕੋਇ ਮੁੰਡਾਇਆ । ਘਟ ਘਟ ਅੰਤਰ ਆਪੇ ਜਾਣੇ ਆਪਣਾ ਲੇਖ, ਲਿਖ ਲਿਖ ਲੇਖਾ ਆਪ ਸੁਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਰਤੀ ਸੁਰਤ ਲਏ ਜਗਾਇਆ । ਸੁਰਤੀ ਸੁਰਤ ਸ਼ਬਦ ਜਗਾ, ਏਕਾ ਹੁਕਮ ਸੁਣਾਈਆ । ਜੁਗ ਵਿਛੜੇ ਜਗ ਲਏ ਮਿਲਾ, ਜਾਗਰਤ ਜੋਤ ਕਰ ਰੁਸ਼ਨਾਈਆ । ਕਾਗੋਂ ਹੰਸ ਲਏ ਬਣਾ, ਹੰਸ ਕਾਗ ਆਪ ਬਣਾਈਆ । ਸਹੰਸਾ ਵਿਚੋਂ ਗੁਰਮੁਖ ਵਿਰਲਾ ਲਏ ਪਰਗਟਾ, ਜਿਸ ਜਨ ਆਪਣੀ ਬੂਝ ਬੁਝਾਈਆ । ਮੂਰਖ ਮੂੜ੍ਹੇ ਝੂਠੇ ਧੰਦੇ ਦੇਵੇ ਲਾ, ਨਿੰਦਕ ਨਿੰਦਿਆ ਮੁਖ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸੁਰਤੀ ਲਏ ਪਰਨਾਈਆ । ਗੁਰਮੁਖ ਸੁਰਤੀ ਹਰਿ ਸਤਿਗੁਰ ਪਾਇਆ, ਮਿਟਿਆ ਮਾਣ

੭੨੩
੧੦

ਅਭਮਾਨ । ਮਨ ਕਾ ਭੈ ਰਹੇ ਨਾ ਰਾਇਆ, ਨਿਰਭੌ ਘਰ ਵਿਚ ਕਰੇ ਆਪ ਪਰਵਾਨ । ਪੰਜਾਂ ਕੋਲੋਂ ਡਰ ਡਰ ਜੋ ਵਕ਼ਤ ਲੰਘਾਇਆ, ਕਰ ਕਿਰਪਾ ਨਾਤਾ ਤੋੜੇ ਪੰਜ ਸ਼ੈਤਾਨ । ਗੁਰ ਦਰ ਮੰਦਰ ਮਸਜਦ ਵੜ ਵੜ ਜੋ ਬੈਠੀ ਰਹੀ ਰਾਹ ਤਕਾਇਆ, ਕਵਣ ਵੇਲਾ ਮਿਲੇ ਭਗਵਾਨ । ਪੁਰਖ ਅਬਿਨਾਸ਼ੀ ਖੇਲ ਰਚਾਇਆ, ਕਿਰਪਾ ਕਰੀ ਗੁਣ ਨਿਧਾਨ । ਮੈਂ ਕੋਝੀ ਕਮਲੀ ਜਗਤ ਵਿਹੂਣੀ ਆਪ ਉਠਾਇਆ, ਚਰਨ ਧੂੜੀ ਦੇਵੇ ਦਾਨ । ਜਨਮ ਜਨਮ ਦੀ ਮੈਲ ਗਵਾਇਆ, ਆਪਣੇ ਦਰ ਕਰੇ ਪਰਵਾਨ । ਜਗਤ ਕੁਚੱਜੀ ਗਲੇ ਲਗਾਇਆ, ਪੁਰਖ ਅਬਿਨਾਸ਼ੀ ਹੋ ਮਿਹਰਵਾਨ । ਮੈਂ ਆਈ ਭੱਜੀ ਹਰਿ ਦਰਸ਼ਨ ਪਾਇਆ, ਪਾਇਆ ਪੁਰਖ ਪੁਰਖ ਸੁਲਤਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲੇ ਆਪੇ ਆਣ । ਹਰਿਜਨ ਸੁਰਤੀ ਚੁੱਕਿਆ ਪੰਧ, ਲੱਖ ਚੁਰਾਸੀ ਗੇੜ ਨਾ ਕੋਇ ਭਵਾਈਆ । ਪੁਰਖ ਅਕਾਲ ਸੁਣਾਇਆ ਏਕਾ ਛੰਦ, ਆਤਮ ਪਰਮਾਤਮ ਲਏ ਮਿਲਾਈਆ । ਤੇਰੀ ਨੰਗੀ ਹੋਣ ਨਾ ਦੇਵੇ ਕੰਡ, ਉਪਰ ਪਰਦਾ ਆਪ ਰਖਾਈਆ । ਤੇਰਾ ਵਾਸਾ ਕੱਢੇ ਵਿਚੋਂ ਬ੍ਰਹਿਮੰਡ, ਆਪ ਆਪਣਾ ਮੇਲ ਮਿਲਾਈਆ । ਸਾਚੇ ਘਰ ਵਖਾਏ ਪਰਮਾਨੰਦ, ਪਰਮ ਪੁਰਖ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸੁਰਤੀ ਰੰਗ ਸਮਾਈਆ । ਗੁਰਮੁਖ ਸੁਰਤੀ ਮੇਲ ਮਿਲੰਨਾ, ਮਿਲਿਆ ਸ੍ਰੀ ਭਗਵਾਨ । ਆਵਣ ਜਾਵਣ ਬੇੜਾ ਭੰਨਾ, ਪੈਂਡਾ ਮੁਕਿਆ ਦੋ ਜਹਾਨ । ਕਰੇ ਵਸੇਰਾ ਬਿਨ ਛੰਪਰ ਛੰਨਾ, ਨਾ ਕੋਈ ਮੰਦਰ ਨਾ ਮਕਾਨ । ਪੈਜ ਰਖਾਏ ਜਿਉਂ ਜੱਟ ਧੰਨਾ, ਪਰਮ ਪੁਰਖ ਹਰਿ ਸੁਲਤਾਨ । ਸਾਹਿਬ ਸਤਿਗੁਰ ਏਕਾ ਮੰਨਾ, ਗੁਰਮੁਖ ਸੁਰਤੀ ਕਰੇ ਪਰਵਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਹਰਿ ਜੂ ਮੇਲੇ ਆਣ । ਹਰਿ ਮਿਲਿਆ ਵਰ ਪਾਇਆ ਪਾਰਬ੍ਰਹਮ, ਪਰਮ ਪੁਰਖ ਸੁਲਤਾਨਾ । ਹਰਖ ਸੋਗ ਨਾ ਕੋਇ ਗ਼ਮ, ਚਿੰਤਾ ਰੋਗ ਨਾ ਕੋਇ ਵਖਾਨਾ । ਹੱਡ ਮਾਸ ਨਾੜੀ ਤਨ ਪੰਜ ਤੱਤ ਨਾ ਕੋਇ ਕੰਮ, ਜੋਤੀ ਜੋਤ ਜੋਤ ਸਮਾਨਾ । ਨਾਦ ਅਨਾਦੀ ਏਕਾ ਰਾਗ ਸੁਣੇ ਬਿਨ ਕੰਨ, ਰਸਨਾ ਜਿਹਵਾ ਨਾ ਕੋਇ ਰਖਾਨਾ । ਵੇਖੇ ਪਰਕਾਸ਼ ਬਿਨ ਸੂਰਜ ਚੰਨ, ਜੋਤੀ ਜੋਤ ਡਗਮਗਾਨਾ । ਗੁਰਸਿਖਾਂ ਸਤਿਗੁਰ ਬੇੜਾ ਦੇਵੇ ਬੰਨ੍ਹ, ਸਚਖੰਡ ਬਹਾਏ ਦੇਵੇ ਸ਼ਬਦ ਬਬਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸੁਰਤੀ ਦੇਵੇ ਦਾਨ, ਅਕਾਲ ਮੂਰਤੀ ਹੋ ਮਿਹਰਵਾਨ, ਸਚਖੰਡ ਵਖਾਏ ਇਕ ਨਿਸ਼ਾਨ, ਆਪ ਆਪਣੇ ਵਿਚ ਮਿਲਾਨਾ ।



★ ੨੨ ਜੇਠ ੨੦੧੯ ਬਿਕ੍ਰਮੀ ਪੁੰਨੂ ਰਾਮ ਦੇ ਗ੍ਰਿਹਿ ਚਕਰੋਈ ਜੰਮੂ ★

ਮਨ ਇਛਿਆ ਪੂਰਨ ਆਸ, ਆਸ ਆਸਾ ਵਿਚ ਸਮਾਈਆ । ਲੇਖਾ ਜਾਣੇ ਪਵਣ ਸਵਾਸ, ਸਵਾਸ ਸਵਾਸ ਆਪ ਚਲਾਈਆ । ਨਿਜ ਘਰ ਆਤਮ ਕਰ ਕਰ ਵਾਸ, ਵਾਸ ਨਿਵਾਸਾ ਧਾਮ ਸੁਹਾਈਆ । ਭਾਗ ਲਗਾਏ ਤਨ ਪਰਭਾਸ, ਪੱਤ ਡਾਲ੍ਹੀ ਆਪ ਮਹਿਕਾਈਆ । ਬੰਦੀ ਛੋੜ ਕਰੇ ਬੰਦ ਖ਼ਲਾਸ, ਬੰਧਨ ਬੰਧ ਨਾ ਕੋਇ ਰਖਾਈਆ । ਦੇ ਦਰਸ ਬੁਝਾਏ ਪਿਆਸ, ਤ੍ਰਿਸਨਾ ਤ੍ਰਿਖਾ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਭੁਲ ਕਦੇ ਨਾ ਜਾਈਆ । ਅਭੁਲ ਸਾਹਿਬ ਗੁਰ ਕਰਤਾਰ, ਹਰੀ ਹਰਿ ਨਰ ਨਰਾਇਣ ਰੂਪ ਅਖਵਾਇੰਦਾ ।

ਜਨਮ ਕਰਮ ਪੂਰਬ ਰਿਹਾ ਵਿਚਾਰ, ਵਰਨ ਬਰਨ ਨਾ ਕੋਇ ਜਣਾਇੰਦਾ । ਲਹਿਣਾ ਦੇਵੇ ਕਰਜ਼ ਉਤਾਰ, ਮਕਰੂਜ਼ ਆਪਣਾ ਫ਼ਰਜ਼ ਨਿਭਾਇੰਦਾ । ਜਗਤ ਤ੍ਰਿਸਨਾ ਦਏ ਨਵਾਰ, ਰੋਗ ਸੋਗ ਦੁਖ ਮਿਟਾਇੰਦਾ । ਆਤਮ ਸੁਖ ਇਕ ਪਿਆਰ, ਪ੍ਰੇਮ ਪਿਆਲਾ ਜਾਮ ਪਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਜੁਗਤ ਰੱਖੇ ਆਪਣੇ ਹੱਥ, ਸਮਰਥ ਆਪਣਾ ਖੇਲ ਖਿਲਾਇੰਦਾ ।

★ ੨੨ ਜੇਠ ੨੦੧੮ ਬਿਕ੍ਰਮੀ ਮਾਇਆ ਦੇਵੀ ਦੇ ਗ੍ਰਿਹ ਸੀੜ ਜੰਮੂ ★

ਸੁਰਤੀ ਮਿਲੇ ਹਰਿ ਗੋਬਿੰਦ, ਗੋਬਿੰਦ ਮੇਲਾ ਆਪ ਮਿਲਾਈਆ । ਸਰਬ ਦੁਖੜਾ ਲੱਥੇ ਚਿੰਦ, ਚਿੰਤਾ ਚਿਖਾ ਨਾ ਕੋਇ ਤਪਾਈਆ । ਅੰਮ੍ਰਿਤ ਬਖ਼ਸ਼ੇ ਸਾਗਰ ਸਿੰਧ, ਚਰਨ ਕਵਲ ਸੱਚੀ ਸਰਨਾਈਆ । ਮੇਲ ਮਿਲਾਏ ਗੁਣੀ ਗਹਿੰਦ, ਗਹਿਰ ਗਵਰ ਬੇਪਰਵਾਹੀਆ । ਆਦਿ ਜੁਗਾਦਿ ਸਦਾ ਬਖ਼ਸ਼ੰਦ, ਬਖ਼ਸ਼ਣਹਾਰ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਆਪਣੇ ਮੇਲ ਮਿਲਾਈਆ । ਮਿਲਿਆ ਮੇਲ ਹਰਿ ਨਿਰੰਕਾਰ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਵਿਚ ਸਮਾਇਆ । ਕਿਰਪਾ ਕਰੀ ਪੁਰਖ ਅਪਾਰ, ਪਾਰਬ੍ਰਹਮ ਬ੍ਰਹਮ ਆਪਣੇ ਰੰਗ ਰੰਗਾਇਆ । ਖੇਲੇ ਖੇਲ ਵਿਚ ਸੰਸਾਰ, ਸੰਸਾਰ ਸਾਗਰ ਦਏ ਤਰਾਇਆ । ਗੁਰਸਿਖ ਸਦਾ ਜਗਤ ਵਲੋਂ ਗਏ ਹਾਰ, ਮਾਣਸ ਜਿਤ ਸਤਿਗੁਰ ਹੱਥ ਰਖਾਇਆ । ਝੂਠ ਅਡੰਬਰ ਮੋਹ ਵਿਹਾਰ, ਮਾਇਆ ਸਵੰਬਰ ਇਕ ਰਚਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,
੭੨੫ ਆਪ ਬਹਾਏ ਆਪਣੇ ਅੰਬਰ, ਅੰਮ੍ਰਿਤ ਜਾਮ ਇਕ ਪਿਆਇਆ । ਮਿਲਿਆ ਮੇਲ ਸ੍ਰੀ ਭਗਵਾਨ, ਘਰ ਸਾਚੇ ਮਿਲੀ ਵਡਿਆਈਆ । ਧਰਮ ਵਖਾਏ ੭੨੫
ਇਕ ਨਿਸ਼ਾਨ, ਸਤਿ ਸਤਿਵਾਦੀ ਆਪ ਝੁਲਾਈਆ । ਝੁਲਦਾ ਦਿਸੇ ਦੋ ਜਹਾਨ, ਜਿਸ ਜਨ ਆਪਣੀ ਬੂਝ ਬੁਝਾਈਆ । ਨਵ ਨੌਂ ਲੇਖਾ ਜਾਣੇ ਸਾਚਾ ਕਾਹਨ, ਰੂਪ ਅਨੂਪ ਆਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਆਪ ਰਖਾਈਆ । ਮਿਲਿਆ ਹਰਿ ਭਗਵੰਤ, ਹਰਿ ਸੱਜਣ ਸੱਚਾ ਪਾਇਆ । ਹੋਈ ਸੁਹਾਗਣ ਲੱਧਾ ਕੰਤ, ਨੱਢੀ ਲੇਖੇ ਲਏ ਲਗਾਇਆ । ਚਾੜ੍ਹਿਆ ਰੰਗ ਇਕ ਬਸੰਤ, ਚੋਲੀ ਕਾਇਆ ਵੇਖ ਵਖਾਇਆ । ਮੇਰੀ ਪੂਰੀ ਹੋਈ ਮੰਨਤ, ਮੇਰਾ ਲੇਖਾ ਲੇਖੇ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਮੇਰੇ ਹੱਥ ਟਿਕਾਇਆ । ਮਿਲਿਆ ਹਰਿ ਸੱਚਾ ਸ਼ਹਿਨਸ਼ਾਹ, ਆਦਿ ਜੁਗਾਦਿ ਸੱਚੀ ਸ਼ਹਿਨਸ਼ਾਹੀਆ । ਏਕਾ ਅੱਖਰ ਦਿਤਾ ਪੜ੍ਹਾ, ਦੂਜੀ ਵਿਦਿਆ ਨਾ ਕੋਇ ਸਿਖਾਈਆ । ਏਕਾ ਮਾਰਗ ਦਿਤਾ ਦਿਖਾ, ਆਪਣਾ ਪਰਦਾ ਆਪ ਉਠਾਈਆ । ਏਕਾ ਘਰ ਦਿਤਾ ਸੁਹਾ, ਬੰਕ ਦਵਾਰ ਮਿਲੇ ਵਡਿਆਈਆ । ਏਕਾ ਵਾਰ ਝੋਲੀ ਦਿਤਾ ਪਾ, ਸਦਾ ਸੁਹੇਲਾ ਨਾ ਮਰੇ ਨਾ ਜਾਈਆ । ਆਪਣੀ ਹੱਥੀਂ ਪਕੜੇ ਮੇਰੀ ਬਾਂਹ, ਨਾ ਸਕੇ ਕੋਇ ਛੁਡਾਈਆ । ਲੈ ਕੇ ਜਾਏ ਸਚਖੰਡ ਦਵਾਰੇ ਸਾਚੇ ਥਾਂ, ਥਾਨ ਥਨੰਤਰ ਆਪ ਸੁਹਾਈਆ । ਨਾਤਾ ਤੁਟੇ ਪਿਤਾ ਮਾਂ, ਭੈਣ ਭਾਈ ਸੰਗ ਨਾ ਕੋਇ ਵਖਾਈਆ । ਚਾਰੋਂ ਕੁੰਟ ਨਜ਼ਰੀ ਆਏ ਇਕ ਮਿਹਰਬਾਂ, ਨੂਰੋ ਨੂਰ ਨੂਰ ਰੁਸ਼ਨਾਈਆ । ਦਰ ਆਇਆ ਘਰ ਦੇਵੇ ਮਾਣ, ਨਿਮਾਣਿਆਂ ਹੋਏ ਸਹਾਈਆ । ਧੰਨ ਵਡਿਆਈ ਲੱਖ ਚੁਰਾਸੀ ਵਿਚੋਂ ਕਰ ਪਛਾਣ, ਆਪ ਆਪਣੀ ਗੋਦ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਲ ਮਿਲਾਵਾ ਆਪਣੇ

ਹੱਥ ਰਖਾਈਆ । ਮਿਲਿਆ ਹਰਿ ਸੱਚਾ ਬਨਵਾਰੀ, ਬਨ ਖੰਡ ਮੇਰੀ ਸਾਰ ਸਮਾਲ ਦਾ । ਚਾਰ ਜੁਗ ਮੈਂ ਰਹੀ ਕੁਆਰੀ, ਸਾਚਾ ਕੰਤ ਕੋਇ ਨਾ ਮਿਲਿਆ ਜੋ ਜਲਵਾ ਨੂਰੀ ਨੂਰ ਵਖਾਲ ਦਾ । ਆਪਣੇ ਦਰ ਕਰੇ ਪਿਆਰੀ, ਲੇਖਾ ਚੁਕਾਏ ਏਕਾ ਵਾਰ ਸਾਚਾ ਵਸਲ ਅਹਿਬਾਬ ਮੀਤ ਮੁਰਾਰ ਦਾ । ਜੰਗਲ ਜੂਹਾਂ ਰਹੀ ਪੁਕਾਰੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਪੁਰਖ ਅਕਾਲ ਦਾ । ਮਿਲਿਆ ਹਰਿ ਪੁਰਖ ਅਕਾਲਾ, ਕਾਲਖ ਟਿੱਕਾ ਦਏ ਧੁਆਈਆ । ਏਕਾ ਪਾਏ ਸਾਚੀ ਗਲ ਮਾਲਾ, ਆਪ ਆਪਣਾ ਘਾੜਤ ਲਏ ਘੜਾਈਆ । ਸਾਚਾ ਮਾਰਗ ਦਏ ਸੁਖਾਲਾ, ਆਤਮ ਪਰਮਾਤਮ ਆਪਣੇ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਤੋੜਿਆ ਜਗਤ ਜੰਜਾਲਾ, ਬਾਕੀ ਕੋਇ ਰਹਿਣ ਨਾ ਪਾਈਆ । ਪਾਇਆ ਹਰਿ ਛੁੱਟਾ ਜਗ, ਲੱਖ ਲੱਖ ਖ਼ੁਸ਼ੀ ਮਨਾਈਆ । ਪਾਰਬ੍ਰਹਮ ਤੇਰੇ ਸੇਵਾਂ ਪਗ, ਤੇਰੀ ਸੱਚੀ ਸਰਨ ਸਰਨਾਈਆ । ਲੱਖ ਚੁਰਾਸੀ ਅੰਦਰ ਤਪੀ ਤੰਦੂਰ ਅੱਗ, ਹੱਡੀਆਂ ਬਾਲਣ ਵੇਖ ਵਖਾਈਆ । ਮੇਰੇ ਸੱਜਣ ਬਣ ਬਣ ਮੈਨੂੰ ਗਏ ਠਗ, ਘਰ ਵਿਚ ਠਗੌਰੀ ਪਾਈਆ । ਮੇਰਾ ਧੀਰਜ ਸਤਿ ਸੰਤੋਖ ਦਾ ਤੁੱਟਾ ਤਗ, ਜਤ ਤੱਤ ਨਾ ਕੋਇ ਵਖਾਈਆ । ਮੈਂ ਤੇਰੇ ਅੰਗ ਗਈ ਲੱਗ, ਅੰਗੀਕਾਰ ਕਰ ਸੱਚੇ ਮਾਹੀਆ । ਤੂੰ ਸਾਹਿਬ ਸੂਰਾ ਸਰਬੰਗ, ਨਿਰਮਲ ਨਿਰਮਲ ਨਿਰਮਲ ਰੂਪ ਰਖਾਈਆ । ਮੈਂ ਨਿਮਾਣੀ ਭਾਗਾਂ ਮੰਦ, ਮੰਗਤੀ ਦਰ ਦਵਾਰੇ ਬੈਠੀ ਸੀਸ ਝੁਕਾਈਆ । ਤੇਰਾ ਰੂਪ ਸਦਾ ਸੈਭੰ, ਗੁਰ ਪ੍ਰਸਾਦ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚੇ ਦੇਣੀ ਥਾਈਆ । ਮਿਲਿਆ ਹਰਿ ਸੱਚਾ ਦਾਤਾ, ਦੀਨਨ ਨਾਥ ਦਇਆ ਕਮਾਇੰਦਾ । ਇਕ ਸੁਣਾਈ ਸਾਚੀ ਗਾਥਾ, ਸੋਹੰ ਅੱਖਰ ਆਪ ਪੜ੍ਹਾਇੰਦਾ । ਮੇਟੀ ਰੈਣ ਅੰਧੇਰੀ ਰਾਤਾ, ਪਰਕਾਸ਼ ਪਰਕਾਸ਼ ਆਪ ਵਖਾਇੰਦਾ । ਚਰਨ ਕਵਲ ਬੰਧਾਇਆ ਨਾਤਾ, ਸਾਚਾ ਬੰਧਨ ਪਾਇੰਦਾ । ਇਕ ਖੁਲ੍ਹਾਇਆ ਆਪਣਾ ਹਾਟਾ, ਦੂਜੇ ਹੱਟ ਨਾ ਕੋਇ ਵਿਕਾਇੰਦਾ । ਪਾਇਆ ਪੁਰਖ ਪੁਰਖ ਸਮਰਾਥਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੇ ਵਿਚ ਟਿਕਾਇੰਦਾ । ਆਪਣੇ ਅੰਦਰ ਆਪੇ ਰੱਖ, ਆਪਣਾ ਬੰਕ ਆਪ ਸੁਹਾਈਆ । ਆਪਣਾ ਮਾਰਗ ਆਪੇ ਦੱਸ, ਆਪੇ ਰਿਹਾ ਚਲਾਈਆ । ਹਿਰਦੇ ਅੰਦਰ ਆਪੇ ਵਸ, ਹਰਿ ਕਾ ਨਾਮ ਕਰੇ ਪੜ੍ਹਾਈਆ । ਤੀਰ ਨਿਰਾਲਾ ਮਾਰਿਆ ਕਸ, ਆਰ ਪਾਰ ਆਪ ਵਖਾਈਆ । ਗੁਰਮੁਖ ਪੂਰੀ ਕਰੇ ਆਸ, ਆਸਾ ਮਨਸਾ ਪੂਰ ਕਰਾਈਆ । ਪਰਗਟ ਹੋ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਵੇਖੇ ਥਾਉਂ ਥਾਈਂਆ । ਜਨਮ ਜਨਮ ਦੀ ਬੁਝਾਏ ਪਿਆਸ, ਤ੍ਰਿਸਨਾ ਤ੍ਰਿਖਾ ਰਹੇ ਨਾ ਰਾਈਆ । ਸਾਚੀ ਸਖ਼ੀਆਂ ਸਾਚਾ ਕਾਹਨ ਮਿਲ ਮਿਲ ਪਾਏ ਰਾਸ, ਮੰਡਲ ਮੰਡਪ ਦਏ ਵਡਿਆਈਆ । ਅੰਤਮ ਕਰ ਬੰਦ ਖ਼ਲਾਸ, ਮੰਦਰ ਦਏ ਵਖਾਈਆ । ਗੁਰਮੁਖ ਤੇਰਾ ਰੂਪ ਬ੍ਰਹਮ ਪਰਕਾਸ਼, ਪਾਰਬ੍ਰਹਮ ਵਿਚ ਸਮਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਪ੍ਰਿਥਮੀ ਆਕਾਸ਼, ਆਕਾਸ਼ ਆਕਾਸ਼ਾਂ ਉਪਰ ਆਪਣਾ ਡੇਰਾ ਲਾਈਆ ।



★ ੨੨ ਜੇਠ ੨੦੧੮ ਬਿਕ੍ਰਮੀ ਦੇਵੀ ਸਿੰਘ ਦੇ ਗ੍ਰਿਹਿ ਮੱਘੋਵਾਲੀ ਜੰਮੂ ★

ਨਿਰਗੁਣ ਰੂਪ ਸ੍ਰੀ ਭਗਵਾਨ, ਸੋ ਪੁਰਖ ਨਿਰੰਜਣ ਨਾਉਂ ਧਰਾਇੰਦਾ । ਸਰਗੁਣ ਰੂਪ ਅਨੂਪ ਮਹਾਨ, ਗੁਰ ਗੁਰ ਆਪਣਾ ਖੇਲ ਖਿਲਾਇੰਦਾ ।

ਸਾਚਾ ਨਾਮ ਕਰ ਪਰਧਾਨ, ਭਗਤਨ ਝੋਲੀ ਆਪ ਭਰਾਇੰਦਾ । ਸੰਤਨ ਦੇਵੇ ਬ੍ਰਹਮ ਗਿਆਨ, ਆਪਣਾ ਪਰਦਾ ਆਪ ਉਠਾਇੰਦਾ । ਗੁਰਮੁਖਾਂ ਰਾਗ ਸੁਣਾਏ ਕਾਨ, ਅਨਹਦ ਨਾਦੀ ਨਾਦ ਵਜਾਇੰਦਾ । ਗੁਰਸਿਖ ਬਣਾਏ ਚਤੁਰ ਸੁਜਾਨ, ਜਿਸ ਜਨ ਆਪਣੀ ਬੂਝ ਬੁਝਾਇੰਦਾ । ਵੇਖਣਹਾਰਾ ਪੰਜ ਤੱਤ ਕਾਇਆ ਮਕਾਨ, ਗੜ੍ਹ ਬੰਕ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਕਰਾਇੰਦਾ । ਨਿਰਗੁਣ ਰੂਪ ਹਰਿ ਪੁਰਖ ਨਿਰੰਜਣ, ਆਦਿ ਜੁਗਾਦਿ ਵਡੀ ਵਡਿਆਈਆ । ਸਰਗੁਣ ਰੂਪ ਦਰਦ ਦੁਖ ਭੈ ਭੰਜਨ, ਗੁਰ ਗੁਰ ਨਾਉਂ ਪਰਗਟਾਈਆ । ਜਨ ਭਗਤਾਂ ਨੇਤਰ ਪਾਏ ਨਾਮ ਅੰਜਨ, ਸਾਚੇ ਸੰਤਾਂ ਕਰੇ ਸਚ ਰੁਸ਼ਨਾਈਆ । ਗੁਰਮੁਖ ਮੇਲੇ ਸਾਚੇ ਸੱਜਣ, ਦਰ ਘਰ ਸਾਚੇ ਵੱਜੇ ਵਧਾਈਆ । ਗੁਰਸਿਖਾਂ ਕਰਾਏ ਏਕਾ ਮੱਜਨ, ਦੁਰਮਤ ਮੈਲ ਰਹਿਣ ਨਾ ਪਾਈਆ । ਲੱਖ ਚੁਰਾਸੀ ਭਾਂਡੇ ਭੱਜਣ, ਭੰਨਣਹਾਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੂਪ ਆਪ ਵਟਾਈਆ । ਨਿਰਗੁਣ ਰੂਪ ਏਕੰਕਾਰ, ਅਕਲ ਕਲਾ ਅਖਵਾਇੰਦਾ । ਸਰਗੁਣ ਰੂਪ ਵਿਚ ਸੰਸਾਰ, ਗੁਰ ਗੁਰ ਸ਼ਬਦੀ ਡੰਕ ਵਜਾਇੰਦਾ । ਭਗਤਨ ਸਾਚਾ ਦਏ ਆਧਾਰ, ਏਕਾ ਮੰਤਰ ਨਾਮ ਦ੍ਰਿੜਾਇੰਦਾ । ਸੰਤਨ ਖੋਲ੍ਹੇ ਬੰਦ ਕਿਵਾੜ, ਆਪ ਆਪਣਾ ਮੇਲ ਮਿਲਾਇੰਦਾ । ਗੁਰਮੁਖ ਸਾਚੇ ਪੌੜੇ ਦੇਵੇ ਚਾੜ੍ਹ, ਸਾਚਾ ਮੰਦਰ ਆਪ ਸੁਹਾਇੰਦਾ । ਗੁਰਸਿਖ ਕਰੇ ਪਰਕਾਸ਼ ਨਾੜ ਨਾੜ, ਜੋਤੀ ਜਾਤਾ ਜੋਤ ਜਗਾਇੰਦਾ । ਲੱਖ ਚੁਰਾਸੀ ਪਾਵੇ ਸਾਰ, ਭੇਵ ਅਭੇਦ ਅਭੇਵ ਖਲ੍ਹਾਇੰਦਾ । ਜੁਗਾ ਜੁਗੰਤਰ ਸਾਚੀ ਕਾਰ, ਜੁਗ ਕਰਤਾ ਆਪ ਕਰਾਇੰਦਾ । ਵਸਣਹਾਰਾ ਠਾਂਡੇ ਦਰਬਾਰ, ਬ੍ਰਹਿਮੰਡ ਖੰਡ ਆਪਣਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰੂਪ ਅਨੂਪ ਆਪ ਧਰਾਇੰਦਾ । ਨਿਰਗੁਣ ਰੂਪ ਨਿਰੰਜਣ ਆਦਿ, ਆਦਿ ਪੁਰਖ ਬੇਪਰਵਾਹੀਆ । ਗੁਰ ਗੁਰ ਵੇਸ ਕਰੇ ਵਿਚ ਬ੍ਰਹਿਮਾਦ, ਬ੍ਰਹਮ ਨਾਦ ਇਕ ਵਜਾਈਆ । ਭਗਤਨ ਦੇਵੇ ਸਾਚੀ ਦਾਦ, ਵਸਤ ਅਮੋਲਕ ਝੋਲੀ ਪਾਈਆ । ਸੰਤ ਸੁਹੇਲੇ ਆਪੇ ਲਾਧ, ਆਪ ਆਪਣਾ ਮੇਲ ਮਿਲਾਈਆ । ਗੁਰਮੁਖਾਂ ਮੇਟੇ ਵਾਦ ਵਿਵਾਦ, ਮਾਇਆ ਮਮਤਾ ਮੋਹ ਚੁਕਾਈਆ । ਗੁਰਸਿਖਾਂ ਲੱਖ ਚੁਰਾਸੀ ਵਿਚੋਂ ਲਏ ਕਾਢ, ਦਰ ਘਰ ਸਾਚਾ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਨਿਰਗੁਣ ਰੂਪ ਸ੍ਰੀ ਭਗਵਾਨ, ਇਕ ਇਕੱਲਾ ਸੋਭਾ ਪਾਇੰਦਾ । ਗੁਰ ਗੁਰ ਰੂਪ ਵਿਚ ਜਹਾਨ, ਸਰਗੁਣ ਆਪਣਾ ਵੇਸ ਵਟਾਇੰਦਾ । ਭਗਤਨ ਵਸੇ ਕਾਇਆ ਮੰਦਰ ਸਚ ਮਕਾਨ, ਆਤਮ ਸੇਜਾ ਆਸਣ ਲਾਇੰਦਾ । ਸੰਤਨ ਏਕਾ ਰਾਗ ਸੁਣਾਏ ਕਾਨ, ਰਸਨਾ ਜਿਹਵਾ ਨਾ ਕੋਇ ਹਿਲਾਇੰਦਾ । ਗੁਰਮੁਖਾਂ ਵਖਾਏ ਪਦ ਨਿਰਬਾਣ, ਸਾਚੇ ਮੰਦਰ ਆਪ ਬਹਾਇੰਦਾ । ਗੁਰਸਿਖ ਮਿਲਾਏ ਏਕਾ ਕਾਹਨ, ਆਪ ਆਪਣਾ ਰੂਪ ਧਰਾਇੰਦਾ । ਲੇਖਾ ਜਾਣੇ ਦੋ ਜਹਾਨ, ਦੋ ਜਹਾਨਾਂ ਵਾਲੀ ਆਪਣਾ ਪਰਦਾ ਆਪ ਚੁਕਾਇੰਦਾ । ਕਰੇ ਪਰਕਾਸ਼ ਕੋਟਨ ਭਾਨ, ਰਵ ਸਸ ਨੂਰ ਧਰਾਇੰਦਾ । ਚੌਦਾਂ ਲੋਕ ਹੱਟ ਦੁਕਾਨ, ਵੰਡਣਹਾਰਾ ਵੰਡ ਵੰਡਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਵੇਖੇ ਮਾਰ ਧਿਆਨ, ਕਰੋੜ ਤੇਤੀਸਾ ਭੇਵ ਚੁਕਾਇੰਦਾ । ਸੁਰਪਤ ਰਾਜਾ ਇੰਦ ਕਰ ਪਰਵਾਨ, ਧੁਰ ਫ਼ਰਮਾਨਾ ਹੁਕਮ ਸੁਣਾਇੰਦਾ । ਤ੍ਰੈਗੁਣ ਮਾਇਆ ਕਰ ਪਰਧਾਨ, ਪੰਚਮ ਜੋੜ ਜੁੜਾਇੰਦਾ । ਦੇਵਣਹਾਰਾ ਦੇਵੇ ਦਾਨ, ਲੱਖ ਚੁਰਾਸੀ ਘਾੜਤ ਆਪ ਘੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਬਲ ਆਪ ਰਖਾਇੰਦਾ । ਨਿਰਗੁਣ ਰੂਪ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਹਰਿ ਅਖਵਾਇੰਦਾ ।

ਗੁਰ ਗੁਰ ਵੇਖੇ ਖੇਲ ਤਮਾਸ਼, ਸਰਗੁਣ ਕਾਇਆ ਚੋਲਾ ਆਪ ਹੰਢਾਇੰਦਾ । ਭਗਤਨ ਪੂਰੀ ਕਰੇ ਆਸ, ਸਵੱਛ ਸਰੂਪੀ ਰੂਪ ਧਰਾਇੰਦਾ । ਸੰਤਨ ਅੰਦਰ ਪਾਵੇ ਰਾਸ, ਗੋਪੀ ਕਾਹਨ ਆਪ ਨਚਾਇੰਦਾ । ਗਰਮੁਖਾਂ ਦੇਵੇ ਜੋਤ ਪਰਕਾਸ਼, ਜੋਤ ਨਿਰੰਜਣ ਦੀਪ ਜਗਾਇੰਦਾ । ਗੁਰਸਿਖਾਂ ਕਰੇ ਬੰਦ ਖ਼ਲਾਸ, ਆਪਣਾ ਬੰਧਨ ਆਪ ਪਾਇੰਦਾ । ਆਦਿ ਜੁਗਾਦਿ ਨਾ ਹੋਏ ਵਿਨਾਸ, ਜਨਮ ਮਰਨ ਨਾ ਕੋਇ ਰਖਾਇੰਦਾ । ਸਾਚੇ ਤਖ਼ਤ ਬਹੇ ਸ਼ਾਹੋ ਸ਼ਾਬਾਸ਼, ਸਚ ਸਿੰਘਾਸਣ ਆਸਣ ਲਾਇੰਦਾ । ਨਿਰਮਲ ਜੋਤ ਇਕ ਪਰਕਾਸ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਸੰਗ ਆਪ ਨਿਭਾਇੰਦਾ । ਨਿਰਗੁਣ ਰੂਪ ਪਾਰਬ੍ਰਹਮ, ਨਾ ਮਰੇ ਨਾ ਜਾਈਆ । ਗੁਰ ਗੁਰ ਰੂਪ ਕਰੇ ਸਾਚਾ ਕੰਮ, ਸਰਗੁਣ ਤਤਵ ਤਤ ਸਮਾਈਆ । ਭਗਤਨ ਬੇੜਾ ਦੇਵੇ ਬੰਨ੍ਹ, ਜੁਗ ਜੁਗ ਵੇਖ ਵਖਾਈਆ । ਸੰਤਨ ਦੇਵੇ ਨਾਮ ਧਨ, ਠਗ ਚੋਰ ਯਾਰ ਲੁੱਟ ਕੋਇ ਨਾ ਜਾਈਆ । ਗੁਰਮੁਖਾਂ ਰਾਗ ਸੁਣਾਏ ਕੰਨ, ਤਾਰ ਸਤਾਰ ਨਾ ਕੋਇ ਹਿਲਾਈਆ । ਗੁਰਸਿਖ ਚੜ੍ਹਾਏ ਸਾਚੇ ਚੰਨ, ਜੋਤ ਨੂਰ ਨੂਰ ਸਵਾਈਆ । ਜੁਗ ਜੁਗ ਬੇੜਾ ਰਿਹਾ ਬੰਨ੍ਹ, ਬੇਅੰਤ ਬੇਪਰਵਾਹੀਆ । ਵਸਣਹਾਰਾ ਬਿਨ ਛੱਪਰੀ ਛੰਨ, ਸਚਖੰਡ ਦਵਾਰੇ ਬੈਠਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਵੇਸ ਵਟਾਈਆ । ਨਿਰਗੁਣ ਰੂਪ ਪੁਰਖ ਅਕਾਲਾ, ਅਕਲ ਕਲ ਵਡੀ ਵਡਿਆਈਆ । ਸਰਗੁਣ ਰੂਪ ਦੀਨ ਦਿਆਲਾ, ਲੋਕਮਾਤ ਕਰੇ ਰੁਸ਼ਨਾਈਆ । ਆਪੇ ਜਾਣੇ ਆਪਣੀ ਅਵੱਲੜੀ ਚਾਲਾ, ਦਿਸ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਤੱਤ ਏਕਾ ਏਕ ਜਣਾਈਆ । ਨਿਰਗੁਣ ਸਰਗੁਣ ਵਿਸ਼ਨ ਧਾਰ, ਵਿਸ਼ਵ ਆਪ ਕਰਾਇੰਦਾ । ਨਿਰਗੁਣ ਸਰਗੁਣ ਬ੍ਰਹਮ ਪਸਾਰ, ਬ੍ਰਹਮ ਵੇਤਾ ਵੰਡ ਵੰਡਾਇੰਦਾ । ਨਿਰਗੁਣ ਸਰਗੁਣ ਸ਼ੰਕਰ ਉਜਿਆਰ, ਸਹਿੰਸਾ ਅਵਰ ਨਾ ਕੋਇ ਜਣਾਇੰਦਾ । ਤਿੰਨਾਂ ਵਿਚੋਲਾ ਏਕੰਕਾਰ, ਆਪ ਆਪਣਾ ਮੇਲ ਮਿਲਾਇੰਦਾ । ਸ਼ਬਦ ਢੋਲਾ ਅਪਰ ਅਪਾਰ, ਸਚ ਸੰਦੇਸਾ ਆਪ ਸੁਣਾਇੰਦਾ । ਬਣ ਬਣ ਤੋਲਾ ਸੱਚਾ ਤੋਲੇ ਤੋਲਣਹਾਰ, ਏਕਾ ਕੰਡਾ ਹੱਥ ਉਠਾਇੰਦਾ । ਵਸਤ ਅਮੋਲਕ ਦੇਵੇ ਡਾਰ, ਤ੍ਰੈ ਤ੍ਰੈ ਏਕਾ ਰੂਪ ਦਰਸਾਇੰਦਾ । ਸਾਚਾ ਮੇਲਾ ਵਿਚ ਸੰਸਾਰ, ਮੇਲਣਹਾਰਾ ਆਪ ਮਿਲਾਇੰਦਾ । ਤ੍ਰੈਗੁਣ ਅਤੀਤਾ ਤ੍ਰੈਗੁਣ ਵਸੇ ਬਾਹਰ, ਦਿਸ ਕਿਸੇ ਨਾ ਆਇੰਦਾ । ਲੱਖ ਚੁਰਾਸੀ ਪਾਵੇ ਸਾਰ, ਘਾੜਨ ਘੜਤ ਆਪ ਘੜਾਇੰਦਾ । ਜੁਗ ਜੁਗ ਕਰੇ ਸਚ ਵਿਹਾਰ, ਲੋਕਮਾਤ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵੇਸ ਆਪ ਕਰਾਇੰਦਾ । ਨਿਰਗੁਣ ਵੇਸ ਕਰੇ ਕਰਤਾਰਾ, ਅਚਰਜ ਆਪਣੀ ਖੇਲ ਖਿਲਾਈਆ । ਸਰਗੁਣ ਰੂਪ ਕਰ ਪਸਾਰਾ, ਵਿਸ਼ਨ ਬ੍ਰਹਮਾ ਸ਼ਿਵ ਸੇਵ ਲਗਾਈਆ । ਲੱਖ ਚੁਰਾਸੀ ਬਣ ਠਠਿਆਰਾ, ਘੜੇ ਭਾਂਡੇ ਦਏ ਧਰਾਈਆ । ਨਿਰਗੁਣ ਸਰਗੁਣ ਸਚ ਵਿਹਾਰਾ, ਪੁਰਖ ਅਬਿਨਾਸ਼ੀ ਆਪ ਕਰਾਈਆ । ਜੋਤੀ ਜਾਤਾ ਜੋਤ ਕਰ ਉਜਿਆਰਾ, ਆਪਣੀ ਵੰਡਣ ਰਿਹਾ ਵਖਾਈਆ । ਘਟ ਘਟ ਅੰਤਰ ਬ੍ਰਹਮ ਪਸਾਰਾ, ਈਸ਼ ਜੀਵ ਰੂਪ ਧਰਾਈਆ । ਜੁਗ ਜੁਗ ਪਾਵਣ ਆਏ ਸਾਰਾ, ਦੇ ਮਤ ਰਿਹਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਖੇਲ ਖਿਲਾਈਆ । ਨਿਰਗੁਣ ਸਰਗੁਣ ਖੇਲ ਆਪਰਾ, ਹਰਿ ਸਤਿਗੁਰ ਆਪ ਕਰਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਵੇਖਿਆ ਵਾਰੋ ਵਾਰਾ, ਰੂਪ ਅਨੂਪ ਆਪ ਵਟਾਇੰਦਾ । ਕਲਜੁਗ ਅੰਤਮ ਹੋਏ ਉਜਿਆਰਾ, ਨਿਹਕਲੰਕਾ ਨਾਉਂ ਰਖਾਇੰਦਾ । ਸ਼ਬਦ ਡੰਕਾ ਅਗੰਮ ਅਪਾਰਾ,

ਦੋ ਜਹਾਨਾਂ ਆਪ ਸੁਣਾਇੰਦਾ । ਜਨ ਭਗਤਾਂ ਕਰੇ ਖ਼ਬਰਦਾਰਾ, ਸੋਇਆ ਕੋਇ ਰਹਿਣ ਨਾ ਪਾਇੰਦਾ । ਸਾਚੇ ਸੰਤਾਂ ਦੇਵੇ ਇਕ ਹੁਲਾਰਾ, ਸ਼ਬਦ ਹਲੂਣਾ ਇਕ ਲਗਾਇੰਦਾ । ਗੁਰਮੁਖਾਂ ਮੇਟੇ ਪੰਚਮ ਧਾੜਾ, ਝੂਠਾ ਨਾਤਾ ਤੋੜ ਤੁੜਾਇੰਦਾ । ਗੁਰਸਿਖਾਂ ਬਖ਼ਸ਼ੇ ਚਰਨ ਪਿਆਰਾ, ਚਰਨ ਚਰਨੋਦਕ ਮੁਖ ਚੁਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਖ ਵਖਾਇੰਦਾ । ਕਲਜੁਗ ਅੰਤਮ ਨਿਰਗੁਣ ਧਾਰ, ਪੁਰਖ ਅਬਿਨਾਸ਼ੀ ਆਪ ਚਲਾਈਆ । ਸਰਗੁਣ ਪਾਵੇ ਸਾਚੀ ਸਾਰ, ਸਾਰੰਗ ਧਰ ਭਗਵਾਨ ਬੀਠਲੋ ਸਾਚਾ ਮਾਹੀਆ । ਭਗਤ ਭਗਵੰਤ ਲਏ ਉਠਾਲ, ਆਪ ਆਪਣੇ ਰੰਗ ਰੰਗਾਈਆ । ਲੇਖਾ ਜਾਣੇ ਸ਼ਾਹ ਕੰਗਾਲ, ਰਾਓ ਰੰਕ ਨਾ ਕੋਇ ਵਡਿਆਈਆ । ਸਾਚੇ ਸੰਤ ਦਏ ਜਮਾਲ, ਨੂਰੀ ਜਲਵਾ ਆਪ ਵਖਾਈਆ । ਗੁਰਮੁਖਾਂ ਸੁਰਤ ਰਿਹਾ ਸੰਭਾਲ, ਸੁਰਤੀ ਮੇਲਾ ਸਹਿਜ ਸੁਭਾਈਆ । ਗੁਰਸਿਖਾਂ ਚਲੇ ਨਾਲ ਨਾਲ, ਕਲਜੁਗ ਕੂੜਾ ਪੰਧ ਮੁਕਾਈਆ । ਸ਼ਬਦ ਸਰੂਪੀ ਬਣ ਦਲਾਲ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਵੇਖ ਵਖਾਈਆ । ਨਾਤਾ ਤੋੜ ਕਾਲ ਮਹਾਕਾਲ, ਦੀਨ ਦਿਆਲ ਮੇਲ ਮਿਲਾਈਆ । ਹਰਿਜਨ ਵੇਖੇ ਸਾਚੇ ਲਾਲ, ਲਾਲ ਅਨਮੁਲੜੇ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੀ ਖੇਲ ਖਿਲਾਈਆ । ਨਿਰਗੁਣ ਦਾਤਾ ਬੇਪਰਵਾਹ, ਬੇਐਬ ਨਾਮ ਖ਼ੁਦਾਇਆ । ਸਰਗੁਣ ਬਣੇ ਜਗਤ ਮਲਾਹ, ਜੁਗ ਜੁਗ ਵੇਸ ਵਟਾਇਆ । ਭਗਤਾਂ ਦੇਵੇ ਸਚ ਸਲਾਹ, ਏਕਾ ਮੰਤਰ ਨਾਮ ਦ੍ਰਿੜਾਇਆ । ਸੰਤਨ ਬੇੜੇ ਲਏ ਚੜ੍ਹਾ, ਸਾਚਾ ਬੇੜਾ ਆਪ ਚਲਾਇਆ । ਗੁਰਮੁਖ ਸੱਜਣ ਲਏ ਮਿਲਾ, ਆਪ ਆਪਣਾ ਮੇਲ ਕਰਾਇਆ । ਗੁਰਸਿਖ ਸੋਏ ਲਏ ਉਠਾ, ਜਾਗਤ ਸੋਵਤ ਏਕਾ ਰੂਪ ਦਰਸਾਇਆ । ਕਲਜੁਗ ਅੰਧੇਰਾ ਦਏ ਮਿਟਾ, ਸਾਚਾ ਨੂਰ ਕਰ ਰੁਸ਼ਨਾਇਆ । ਗੀਤ ਸੁਹਾਗੀ ਦਏ ਸੁਣਾ, ਆਤਮ ਪਰਮਾਤਮ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਹੋਏ ਸਹਾਇਆ । ਨਿਰਗੁਣ ਸਰਗੁਣ ਸਦਾ ਸੁਹੇਲਾ, ਜੁਗ ਜੁਗ ਸੇਵ ਕਮਾਇੰਦਾ । ਸਰਗੁਣ ਨਿਰਗੁਣ ਏਕਾ ਮੇਲਾ, ਏਕਾ ਦਰ ਬਹਾਇੰਦਾ । ਨਿਰਗੁਣ ਸਰਗੁਣ ਗੁਰੂ ਗੁਰ ਚੇਲਾ, ਗੁਰ ਚੇਲਾ ਵੇਖ ਵਖਾਇੰਦਾ । ਨਿਰਗੁਣ ਸਰਗੁਣ ਕੱਟੇ ਰਾਏ ਧਰਮ ਦੀ ਜੇਲਾ, ਲੱਖ ਚੁਰਾਸੀ ਫੰਦ ਮੁਕਾਇੰਦਾ । ਨਿਰਗੁਣ ਸਰਗੁਣ ਜਾਣੇ ਤੇਰਾ ਵਕਤ ਵੇਲਾ, ਥਿਤ ਵਾਰ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੋਏ ਦੋਏ ਧਾਰ ਆਪ ਵਖਾਇੰਦਾ । ਦੋਏ ਦੋਏ ਧਾਰ ਹਰਿ ਕਰਤਾਰਾ, ਜੁਗ ਜੁਗ ਮਾਤ ਚਲਾਈਆ । ਕਾਗਦ ਕ਼ਲਮ ਨਾ ਲਿਖਣਹਾਰਾ, ਵੇਦ ਕਤੇਬ ਰਹੇ ਜਸ ਗਾਈਆ । ਸ਼ਾਸਤਰ ਸਿਮਰਤ ਕਰੇ ਪੁਕਾਰਾ, ਪੁਰਾਨ ਅਠਾਰਾਂ ਭੇਵ ਖੁਲ੍ਹਾਈਆ । ਅਠ ਦਸ ਵੇਖੇ ਇਕ ਕਿਨਾਰਾ, ਗਿਆਨ ਧਿਆਨ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਈਆ । ਵੇਦ ਪੁਰਾਨਾਂ ਗਾਇਆ ਜਸ, ਹਰਿ ਸੱਚਾ ਸੱਚੀ ਵਡਿਆਈਆ । ਗੁਰ ਅਵਤਾਰ ਮਿਲ ਮਿਲ ਰਹੇ ਹੱਸ, ਘਰ ਮਿਲਿਆ ਸਾਚਾ ਮਾਹੀਆ । ਭਗਤ ਭਗਵੰਤ ਦਵਾਰੇ ਰਹੇ ਨੱਸ, ਜੁਗ ਜੁਗ ਪੰਧ ਮੁਕਾਈਆ । ਸੰਤਾਂ ਹਿਰਦੇ ਰਿਹਾ ਵਸ, ਜੀਵਾਂ ਜੰਤਾਂ ਕਰਨ ਸੁਣਾਈਆ । ਗੁਰਮੁਖਾਂ ਹੰਕਾਰੀ ਬੁਰਜ ਜਾਏ ਢੱਠ, ਹੰਗਤਾ ਗੜ੍ਹ ਨਜ਼ਰ ਨਾ ਆਈਆ । ਗੁਰਸਿਖਾਂ ਗੇੜੇ ਉਲਟੀ ਲੱਠ, ਮਨ ਕਾ ਮਣਕਾ ਆਪ ਭਵਾਈਆ । ਨਜ਼ਰੀ ਆਏ ਘਟ ਘਟ, ਲੱਖ ਚੁਰਾਸੀ ਰਿਹਾ ਸਮਾਈਆ । ਸਰਬ ਜੀਆਂ ਦਾ ਕਮਲਾਪਤ, ਕਵਲ ਨੈਣ ਬੇਪਰਵਾਹੀਆ । ਜਿਸ ਦੀ ਹੱਡ ਮਾਸ ਨਾੜੀ

੭੨੯
੧੦

ਨਾ ਕੋਈ ਰਤ, ਤਤਵ ਤਤ ਨਾ ਕੋਇ ਰਖਾਈਆ । ਸਰਬ ਕਲਾ ਸਦਾ ਸਮਰਥ, ਨਿਰਗੁਣ ਸਰਗੁਣ ਵੇਖ ਵਖਾਈਆ । ਕਲਜੁਗ ਅੰਤਮ ਹੋ ਪਰਗਟ, ਨਿਹਕਲੰਕਾ ਨਾਉਂ ਧਰਾਈਆ । ਪਾਵੇ ਸਾਰ ਚੌਦਾਂ ਹੱਟ, ਚੌਦਾਂ ਤਬਕਾਂ ਭੇਵ ਖੁਲ੍ਹਾਈਆ । ਕਰੇ ਖੇਲ ਬਾਜ਼ੀਗਰ ਨਟ, ਸਵਾਂਗੀ ਆਪਣਾ ਸਾਂਗ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਹੋਏ ਸਹਾਈਆ । ਨਿਰਗੁਣ ਸਰਗੁਣ ਹੋਏ ਸਹਾਇਆ, ਦਿਸ ਕਿਸੇ ਨਾ ਆਇੰਦਾ । ਸਤਿਜੁਗ ਤ੍ਰੇਤਾ ਦੁਆਪਰ ਪਾਰ ਕਰਾਇਆ, ਕਲਜੁਗ ਅੰਤਮ ਵੇਖ ਵਖਾਇੰਦਾ । ਰੂਪ ਅਨੂਪਾ ਆਪ ਧਰਾਇਆ, ਵੇਸ ਅਨੇਕਾ ਆਪ ਵਟਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਸੇਵਾ ਲਾਇਆ, ਸਾਚੀ ਸੇਵਾ ਇਕ ਜਣਾਇੰਦਾ । ਚਾਰ ਜੁਗ ਦਾ ਲੇਖਾ ਰਿਹਾ ਮੰਗਾਇਆ, ਵੇਖਣਹਾਰ ਆਪ ਹੋ ਜਾਇੰਦਾ । ਸਾਚਾ ਹੁਕਮ ਇਕ ਸੁਣਾਇਆ, ਧੁਰ ਫ਼ਰਮਾਨਾ ਆਪ ਅਲਾਇੰਦਾ । ਦਿਵਸ ਦਿਹਾੜਾ ਇਕ ਮਨਾਇਆ, ਹਾੜ ਸਤਾਰਾਂ ਦਿਵਸ ਸੁਹਾਇੰਦਾ । ਚਾਰ ਵੇਦ ਜੋ ਵਿਦਿਤ ਗਾਇਆ, ਅਵਦਿਤ ਪਰਦਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਆਪੇ ਬਣ, ਆਪਣੀ ਚਾਲ ਚਲਾਇੰਦਾ । ਨਿਰਗੁਣ ਸਰੁਗਣ ਹਰਿ ਹਰਿ ਚਾਲੀ, ਚਲਣਹਾਰ ਆਪ ਅਖਵਾਈਆ । ਆਪੇ ਹੋਵੇ ਆਦਿ ਸ਼ਕਤ ਭਵਾਨੀ, ਚਤੁਰਭੁਜ ਆਪਣਾ ਨਾਉਂ ਧਰਾਈਆ । ਆਪੇ ਸਿੰਘ ਕਰੇ ਅਸਵਾਰ ਇਕ ਵਖਾਏ ਸਚ ਨਿਸ਼ਾਨੀ, ਅਸ਼ਟਭੁਜ ਰੂਪ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਰੰਗ ਰੰਗਾਈਆ । ਨਿਰਗੁਣ ਸਰਗੁਣ ਹਰਿ ਹਰਿ ਰੰਗ, ਜੁਗ ਜੁਗ ਖੇਲ ਖਿਲਾਇੰਦਾ । ਆਪ ਰਾਮਾ ਬਣੇ ਸਰਬੰਗ, ਦੁਸ਼ਟ ਹੰਕਾਰੀ ਮੇਟ ਮਿਟਾਇੰਦਾ । ਆਪੇ ਮੁਕੰਦ ਮਨੋਹਰ ਸੁਤ ਸਦਾਏ ਨੰਦਾ ਨੰਦ, ਅਨੰਦ ਆਪ ਜਣਾਇੰਦਾ । ਆਪੇ ਜੁਗ ਜੁਗ ਮੇਟੇ ਪੰਧ, ਗੇੜਾ ਗੇੜ ਆਪ ਵਖਾਇੰਦਾ । ਆਪੇ ਕਲਮਾ ਅਮਾਮ ਬੋਲੇ ਛੰਦ, ਨਾਅਰਾ ਹੱਕ ਆਪ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਵੇਸ ਵਟਾਇੰਦਾ । ਆਪੇ ਵਸੇ ਧਾਮ ਸਤਿ, ਸਤਿ ਪੁਰਖ ਨਿਰੰਜਣ ਨਾਉਂ ਧਰਾਇੰਦਾ । ਆਪੇ ਲੇਖਾ ਜਾਣੇ ਪੰਜ ਤੱਤ, ਨਾਨਕ ਚੋਲਾ ਆਪ ਹੰਢਾਇੰਦਾ । ਆਪੇ ਦੇਵੇ ਬ੍ਰਹਮ ਮਤ, ਗੁਰਮਤ ਆਪਣੀ ਖੇਲ ਖਿਲਾਇੰਦਾ । ਆਪੇ ਲੇਖੇ ਲਾਏ ਗੋਬਿੰਦ ਰਤ, ਬੰਸ ਸਰਬੰਸਾ ਆਪ ਸੁਹਾਇੰਦਾ । ਆਪੇ ਸਰਗੁਣ ਨਿਰਗੁਣ ਬੰਧਾਏ ਨੱਤ, ਸਾਚਾ ਨਾਤਾ ਜੋੜ ਜੁੜਾਇੰਦਾ । ਕਲਜੁਗ ਅੰਤਮ ਕਰੇ ਖੇਲ ਪੁਰਖ ਸਮਰਥ, ਪਿਛਲਾ ਲੇਖਾ ਪੂਰ ਕਰਾਇੰਦਾ । ਅਗਲੀ ਮਹਿਮਾ ਜਣਾਏ ਅਕਥ, ਕਥਨੀ ਕਥ ਨਾ ਕੋਇ ਵਖਾਇੰਦਾ । ਸਤਿਜੁਗ ਚਲਾਏ ਸਾਚਾ ਰਥ, ਧਰਨੀ ਧਰਤ ਧਵਲ ਵਡਿਆਇੰਦਾ । ਝੂਠਾ ਖੇੜਾ ਕਰੇ ਭੱਠ, ਕਲਜੁਗ ਲੋਕਮਾਤ ਰਹਿਣ ਨਾ ਪਾਇੰਦਾ । ਲੇਖਾ ਮੁੱਕੇ ਬੱਤੀ ਹਜ਼ਾਰ ਚਾਰ ਲੱਖ, ਲਿਖ ਲਿਖ ਆਪਣਾ ਲੇਖ ਵਖਾਇੰਦਾ । ਕਲਜੁਗ ਜੀਵਾਂ ਮੁੱਲ ਨਾ ਪੈਣਾ ਕੌਡੀ ਕੱਖ, ਕੱਖੋਂ ਹੱਟ ਆਪ ਵਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਆਪ ਤਰਾਇੰਦਾ । ਨਿਰਗੁਣ ਸਰਗੁਣ ਤਾਰਨਹਾਰਾ, ਤ੍ਰੈਗੁਣ ਅਤੀਤਾ ਬੇਪਰਵਾਹੀਆ । ਜੁਗਾ ਜੁਗੰਤਰ ਲੈ ਅਵਤਾਰਾ, ਲੋਕਮਾਤ ਵੇਸ ਵਟਾਈਆ । ਭਗਤ ਭਗਵੰਤ ਦਏ ਸਹਾਰਾ, ਧਰੂ ਪ੍ਰਹਿਲਾਦ ਗਲੇ ਲਗਾਈਆ । ਜਗਤ ਨਿਮਾਣੀ ਪਾਵੇ ਸਾਰਾ, ਜੂਠੇ ਬੇਰਾਂ ਮੁਖ ਰਖਾਈਆ । ਬਿਦਰ ਸੁਦਾਮਾ ਲਾਇਆ ਪਾਰ ਕਿਨਾਰਾ, ਮੰਝਧਾਰ ਨਾ ਕੋਇ ਰੁੜ੍ਹਾਈਆ । ਐਨਲਹੱਕ ਬੋਲ ਜੈਕਾਰਾ, ਮੁਰੀਦ ਮੁਰਸ਼ਦ ਮਿਲਿਆ ਸਾਚੇ ਮਾਹੀਆ । ਨਾਨਕ ਨਿਰਗੁਣ

ਦਏ ਆਧਾਰਾ, ਅੰਗਦ ਅੰਗੀਕਾਰ ਕਰਾਈਆ । ਗੋਬਿੰਦ ਬਣਿਆ ਸੁਤ ਦੁਲਾਰਾ, ਪੁਰਖ ਅਕਾਲ ਏਕਾ ਓਟ ਰਖਾਈਆ । ਸਤਿਜੁਗ ਤ੍ਰੇਤਾ ਦੁਆਪਰ ਕਰਦਾ ਆਇਆ ਸਚ ਵਿਹਾਰਾ, ਕਲਜੁਗ ਅੰਤਮ ਆਪਣੇ ਹੱਥ ਰਖਾਈਆ । ਗਾ ਗਾ ਗਏ ਗੁਰ ਅਵਤਾਰਾ, ਜੀਵਾਂ ਜੰਤਾਂ ਮਾਤ ਸਮਝਾਈਆ । ਪਰਗਟ ਹੋਵੇ ਨਿਹਕਲੰਕ ਨਰਾਇਣ ਬਲੀ ਬਲਕਾਰਾ, ਰੂਪ ਰੰਗ ਰੇਖ ਨਾ ਕੋਈ ਰਖਾਈਆ । ਚੰਡ ਪਰਚੰਡ ਨਾ ਕੋਇ ਸਹਾਰਾ, ਤੀਰ ਕਮਾਨ ਨਾ ਕੋਈ ਉਠਾਈਆ । ਸ਼ਾਹੀ ਫ਼ੌਜ ਨਾ ਲਸ਼ਕਰ ਭਾਰਾ, ਸਗਲਾ ਸੰਗ ਨਾ ਕੋਇ ਜਣਾਈਆ । ਇਕ ਇਕੱਲਾ ਹੋ ਉਜਿਆਰਾ, ਨੌਂ ਖੰਡ ਪ੍ਰਿਥਮੀ ਲੱਖ ਚੁਰਾਸੀ ਵੇਖੇ ਥਾਉਂ ਥਾਈਂਆ । ਪਾਵੇ ਸਾਰ ਜੰਗਲ ਜੂਹ ਉਜਾੜ ਪਹਾੜਾ, ਉਚੇ ਟਿੱਲੇ ਪਰਬਤ ਸਮੁੰਦ ਸਾਗਰ ਫੋਲ ਫੋਲਾਈਆ । ਉਚੀ ਕੂਕ ਬੋਲੇ ਇਕ ਜੈਕਾਰਾ, ਸੋ ਪੁਰਖ ਨਿਰੰਜਣ ਆਪਣਾ ਨਾਉਂ ਆਪ ਧਰਾਈਆ । ਹੰ ਬ੍ਰਹਮ ਕਰੇ ਪਾਰ ਕਿਨਾਰਾ, ਪੱਤਣ ਆਇਆ ਸਾਚਾ ਮਾਹੀਆ । ਹਰਿਜਨ ਸੱਜਣ ਲਏ ਉਭਾਰਾ, ਹਰਿ ਕੇ ਪੌੜੇ ਆਪ ਚੜ੍ਹਾਈਆ । ਅੰਮ੍ਰਿਤ ਆਤਮ ਬਖ਼ਸ਼ੇ ਠੰਡੀ ਠਾਰਾ, ਨਿਝਰ ਝਿਰਨਾ ਆਪ ਝਿਰਾਈਆ । ਨਿਰਗੁਣ ਜੋਤ ਕਰ ਉਜਿਆਰਾ, ਜੋਤ ਨਿਰੰਜਣ ਕਰੇ ਰੁਸ਼ਨਾਈਆ । ਮੇਟ ਮਿਟਾਏ ਧੂੰਆਂਧਾਰਾ, ਅੰਧ ਅੰਧੇਰ ਰਹਿਣ ਨਾ ਪਾਈਆ । ਕਾਇਆ ਮੰਦਰ ਵਖਾਏ ਸੱਚਾ ਗੁਰੂਦਵਾਰਾ, ਅੰਦਰ ਵਸੇ ਸੱਚਾ ਸ਼ਹਿਨਸ਼ਾਹੀਆ । ਏਕਾ ਰਾਗ ਸੁਣਾਏ ਅਨਹਦ ਸੱਚੀ ਧੁੰਨਕਾਰਾ, ਧੁੰਨ ਆਤਮਕ ਆਪ ਪਰਗਟਾਈਆ । ਦੇਵੇ ਦਰਸ ਅਗੰਮ ਅਪਾਰਾ, ਸਵੱਛ ਸਰੂਪ ਆਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਹਰਿਜਨ ਮੇਲੇ ਥਾਉਂ ਥਾਈਂਆ । ਥਾਨ ਥਨੰਤਰ ਫੋਲਿਆ, ਲੋਆਂ ਪੁਰੀਆਂ ਬ੍ਰਹਿਮੰਡ ਖੰਡ । ਗੁਰਮੁਖ ਵਿਰਲਾ ਆਪ ਟਟੋਲਿਆ, ਜ਼ਿਮੀਂ ਅਸਮਾਨਾਂ ਮੁਕਾ ਪੰਧ । ਅੰਦਰ ਵੜ ਵੜ ਆਪੇ ਬੋਲਿਆ, ਆਪ ਸੁਣਾਇਆ ਸੁਹਾਗੀ ਛੰਦ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵਖਾਏ ਪਰਮਾਨੰਦ । ਪਰਮਾਨੰਦ ਨਿਜ ਸਾਚੀ ਧਾਰ, ਅਨੰਦ ਅਨੰਦ ਸਮਾਈਆ । ਹਰਿਜਨ ਵਿਰਲਾ ਪਾਵੇ ਸਾਰ, ਜਿਸ ਜਨ ਆਪਣੀ ਬੂਝ ਬੁਝਾਈਆ । ਲੱਖ ਚੁਰਾਸੀ ਸੁੱਤੀ ਪੈਰ ਪਸਾਰ, ਇਸ਼ਟ ਦੇਵ ਨਜ਼ਰ ਕਿਸੇ ਨਾ ਆਈਆ । ਕਾਇਆ ਗੜ੍ਹ ਬਣਿਆ ਕਾਮ ਕਰੋਧ ਲੋਭ ਮੋਹ ਹੰਕਾਰ, ਆਸਾ ਤ੍ਰਿਸਨਾ ਕੂਕੇ ਦਏ ਦੁਹਾਈਆ । ਸੁਰਤ ਸੁਆਣੀ ਰੋਵੇ ਜ਼ਾਰੋ ਜ਼ਾਰਾ, ਨੇਤਰ ਨੈਣਾ ਨੀਰ ਵਹਾਈਆ । ਕਵਣ ਮਿਲਾਏ ਮੇਰਾ ਪ੍ਰੀਤਮ ਪਿਆਰਾ, ਮੇਰਾ ਦੁਖੜਾ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੰਦੇਸ ਇਕ ਸੁਣਾਈਆ । ਪ੍ਰੀਤਮ ਪਿਆਰਾ ਪੀਆ ਪ੍ਰੀਤਮ, ਪਰਮ ਪੁਰਖ ਅਖਵਾਇਆ । ਤੇਰਾ ਰੂਪ ਕਰੇ ਸੀਤਲ, ਸੀਤਲ ਧਾਰ ਮੁਖ ਚੁਆਇਆ । ਤੇਰਾ ਕੰਚਨ ਰੂਪ ਬਣਾਏ ਝੂਠਾ ਪੀਤਲ, ਨਾਮ ਕਸਵਟੀ ਏਕਾ ਲਾਇਆ । ਮਿਲੇ ਭਗਵਾਨ ਸਾਚਾ ਬੀਠਲ, ਬੀਠਲੋ ਭਗਵਾਨ ਨਾਮੇ ਹਰਿ ਜਸ ਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਉਠਾਇਆ । ਹਰਿਜਨ ਵਿਰਲਾ ਉਠਿਆ, ਲੋਕਮਾਤ ਲਏ ਅੰਗੜਾਈਆ । ਗੁਰ ਸਤਿਗੁਰ ਸਾਹਿਬ ਸਾਚਾ ਤੁਠਿਆ, ਰਾਮ ਨਾਮ ਕਰੇ ਪੜ੍ਹਾਈਆ । ਅੰਮ੍ਰਿਤ ਜਾਮ ਦੇਵੇ ਘੁੱਟਿਆ, ਜਿਉਂ ਅਰਜਣ ਕ੍ਰਿਸ਼ਨ ਹੋਏ ਸਹਾਈਆ । ਲੋਕਮਾਤ ਨਾ ਜਾਏ ਲੁੱਟਿਆ, ਕਾਇਆ ਰਥ ਚਲਾਏ ਸੱਚਾ ਰਥਵਾਹੀਆ । ਕਲਜੁਗ ਸੋਮਾਂ ਏਕਾ ਫੁਟਿਆ, ਪੁਰਖ ਅਬਿਨਾਸ਼ੀ ਦਇਆ ਕਮਾਈਆ । ਗੁਰਮੁਖ ਵਿਰਲੇ ਦੇਵੇ ਘੁੱਟਿਆ, ਲੱਖ ਚੁਰਾਸੀ ਮਰੇ ਤਿਹਾਈਆ । ਆਪ ਸੁਹਾਏ ਸਾਚੀ ਰੁਤਿਆ, ਰੁੱਤ ਬਸੰਤ ਆਪ ਮਹਿਕਾਈਆ । ਹਰਿਜਨ

ਮੇਲੇ ਜੁਗ ਜੁਗਾ ਦਾ ਰੁੱਸਿਆ, ਜਨਮ ਅਜਨਮ ਮੇਟ ਮਿਟਾਈਆ । ਵਿਸ਼ਨ ਬ੍ਰਹਮਾ ਸ਼ਿਵ ਦਰ ਆ ਆ ਪੁਛਿਆ, ਪ੍ਰਭ ਅੱਗੇ ਸੀਸ ਝੁਕਾਈਆ । ਕਵਣ ਕੂਟੇ ਤੇਰਾ ਗੁਰਮੁਖ ਲੁਕਿਆ, ਜੋ ਜਸ ਰਿਹਾ ਤੇਰਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਦਏ ਸਮਝਾਈਆ । ਗੁਰਮੁਖ ਸਾਚਾ ਹਰਿ ਸਮਝਾਇੰਦਾ, ਆਪ ਆਪਣੀ ਦਇਆ ਕਮਾ । ਚਾਰ ਵਰਨ ਜੋ ਤਜਾਇੰਦਾ, ਜ਼ਾਤ ਪਾਤ ਰਿਹਾ ਮਿਟਾ । ਅੱਠੇ ਪਹਿਰ ਧਿਆਨ ਲਗਾਇੰਦਾ, ਮਾਇਆ ਮਮਤਾ ਮੋਹ ਚੁਕਾ । ਹੰਸਾ ਰੂਪ ਨਾ ਕੋਇ ਜਣਾਇੰਦਾ, ਹੰਸ ਬਣ ਕੇ ਬੈਠਾ ਕਾਂ । ਵਿਸ਼ਨੂੰ ਵੰਸ ਜੋ ਅਖਵਾਇੰਦਾ, ਪੁਰਖ ਅਬਿਨਾਸ਼ੀ ਪਿਤਾ ਮਾਂ । ਹਰਿਜਨ ਸਾਚੇ ਸੋ ਉਪਜਾਇੰਦਾ, ਜਿਸ ਦੇਵੇ ਬ੍ਰਹਮ ਗਿਆਨ । ਕਲਜੁਗ ਅੰਤਮ ਆਪਣੇ ਧੰਦੇ ਲਾਇੰਦਾ, ਏਕਾ ਧੰਦਾ ਆਤਮ ਰਾਮ ਪਛਾਣ । ਮੂਰਖ ਮੂੜ੍ਹੇ ਪਾਪੀ ਗੰਦੇ ਦਰ ਦੁਰਕਾਇੰਦਾ, ਲੱਖ ਚੁਰਾਸੀ ਵੇਖੇ ਜਗਤ ਦੁਕਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਕਰੇ ਖੇਲ ਵਡ ਮਿਹਰਵਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ।



★ ੨੨ ਜੇਠ ੨੦੧੮ ਬਿਕ੍ਰਮੀ ਦੌਲਤ ਰਾਮ ਦੇ ਗ੍ਰਿਹ ਕੋਟਲੀ ਰਾਈਆਂ ਜੰਮੂ ★

ਪਾਰਬ੍ਰਹਮ ਪ੍ਰਭ ਖੇਲ ਨਿਆਰਾ, ਨਿਰਵੈਰ ਆਪ ਕਰਾਇੰਦਾ । ਲੱਖ ਚੁਰਾਸੀ ਬ੍ਰਹਮ ਪਸਾਰਾ, ਈਸ਼ ਜੀਵ ਵੇਸ ਵਟਾਇੰਦਾ । ਏਕਾ ਮੰਦਰ ਇਕ ਦਵਾਰਾ, ਏਕਾ ਘਰ ਹਰਿ ਸੁਹਾਇੰਦਾ । ਏਕਾ ਨਾਦ ਸ਼ਬਦ ਜੈਕਾਰਾ, ਏਕਾ ਰਾਗੀ ਰਾਗ ਸੁਣਾਇੰਦਾ । ਏਕਾ ਅੰਮ੍ਰਿਤ ਰਸ ਠੰਡਾ ਠਾਰਾ, ਨਿਝਰ ਝਿਰਨਾ ਆਪ ਝਿਰਾਇੰਦਾ । ਏਕਾ ਸੁਤ ਇਕ ਅਖਾੜਾ, ਏਕਾ ਆਪਣਾ ਖੇਲ ਖਿਲਾਇੰਦਾ । ਏਕਾ ਨੂਰ ਇਕ ਉਜਿਆਰਾ, ਜੋਤੀ ਜਾਤਾ ਇਕ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਦਰ ਆਪ ਸੁਹਾਇੰਦਾ । ਏਕਾ ਮੰਦਰ ਸ੍ਰੀ ਭਗਵਾਨ, ਲੱਖ ਚੁਰਾਸੀ ਅੰਦਰ ਆਪ ਬਣਾਈਆ । ਮਾਣਸ ਮਾਨੁਖ ਕਰ ਪਰਧਾਨ, ਆਤਮ ਰਾਮ ਦਏ ਜਣਾਈਆ । ਸਤਿ ਸਰੂਪੀ ਸਤਿ ਨਿਸ਼ਾਨ, ਘਟ ਅੰਦਰ ਦਏ ਵਖਾਈਆ । ਆਤਮ ਬ੍ਰਹਮ ਹੋ ਪਰਧਾਨ, ਸਾਚੀ ਸੇਜਾ ਸੋਭਾ ਪਾਈਆ । ਏਕਾ ਗਾਏ ਗੋਬਿੰਦ ਗਾਨ, ਏਕਾ ਰਾਮ ਨਾਮ ਪੜ੍ਹਾਈਆ । ਏਕਾ ਵੇਖੇ ਖੇਲ ਮਹਾਨ, ਵੇਖਣਹਾਰ ਆਪ ਹੋ ਜਾਈਆ । ਏਕਾ ਦੇਵੇ ਧੁਰ ਫ਼ਰਮਾਨ, ਸਚ ਸੰਦੇਸਾ ਆਪ ਸੁਣਾਈਆ । ਏਕਾ ਬਣੇ ਸਾਚਾ ਕਾਹਨ, ਲੱਖ ਚੁਰਾਸੀ ਗੋਪੀ ਇਕ ਹੰਢਾਈਆ । ਏਕਾ ਮਾਰੇ ਸਾਚਾ ਬਾਣ, ਤੀਰ ਨਿਰਾਲਾ ਇਕ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕੱਲਾ ਏਕੰਕਾਰਾ ਅਚਰਜ ਖੇਲ ਆਪ ਖਿਲਾਈਆ । ਏਕਾ ਦਾਤਾ ਏਕਾ ਦਾਨ, ਆਦਿ ਜੁਗਾਦਿ ਹਰਿ ਵਰਤਾਇੰਦਾ । ਏਕਾ ਨੂਰ ਗੁਣ ਨਿਧਾਨ, ਰੂਪ ਅਨੂਪ ਇਕ ਦਰਸਾਇੰਦਾ । ਏਕਾ ਜੋਤ ਸ੍ਰੀ ਭਗਵਾਨ, ਘਟ ਘਟ ਅੰਦਰ ਆਪ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਇੰਦਾ । ਏਕਾ ਵਰਨ ਏਕਾ ਗੋਤ, ਏਕਾ ਬ੍ਰਹਮ ਕਰੇ ਜਣਾਈਆ । ਏਕਾ ਨੂਰ ਨਿਰਮਲ ਜੋਤ,

ਜੋਤੀ ਜੋਤ ਜੋਤ ਰੁਸ਼ਨਾਈਆ । ਏਕਾ ਕਿਲਾ ਏਕਾ ਕੋਟ, ਕਾਇਆ ਬੰਕ ਇਕ ਵਖਾਈਆ । ਇਕ ਨਗਾਰਾ ਏਕਾ ਚੋਟ, ਏਕਾ ਸ਼ਬਦ ਤਾਲ ਵਜਾਈਆ । ਏਕਾ ਕੱਢਣਹਾਰਾ ਖੋਟ, ਮਾਇਆ ਮਮਤਾ ਮੋਹ ਮਿਟਾਈਆ । ਏਕਾ ਦੇਵਣਹਾਰ ਭੰਡਾਰ ਅਤੋਟ, ਨਾਮ ਵਸਤ ਅਮੋਲਕ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕੱਲਾ ਸੱਚਾ ਸ਼ਹਿਨਸ਼ਾਹੀਆ । ਇਕ ਇਕੱਲਾ ਸੱਚਾ ਸ਼ਹਿਨਸ਼ਾਹ, ਸਚਖੰਡ ਨਿਵਾਸੀ ਸਾਚੇ ਤਖ਼ਤ ਸੋਭਾ ਪਾਇੰਦਾ । ਧੁਰ ਫ਼ਰਮਾਨਾ ਇਕ ਜਣਾ, ਲੋਕਮਾਤ ਮਾਰਗ ਲਾਇੰਦਾ । ਜਨ ਭਗਤਾਂ ਦੇਵੇ ਸਚ ਸਲਾਹ, ਏਕਾ ਮੰਤਰ ਨਾਮ ਦ੍ਰਿੜਾਇੰਦਾ । ਬਜਰ ਕਪਾਟੀ ਦਏ ਤੁੜਾ, ਅਨਭਵ ਪਰਕਾਸ਼ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਲ ਆਪ ਵਰਤਾਇੰਦਾ । ਇਕ ਇਕੱਲਾ ਅਕਲ ਕਲਧਾਰ, ਜੁਗ ਜੁਗ ਆਪਣੀ ਖੇਲ ਖਿਲਾਇੰਦਾ । ਚਾਰ ਵਰਨਾਂ ਕਰ ਸਚ ਪਿਆਰ, ਊਚ ਨੀਚ ਨਾ ਕੋਇ ਰਖਾਇੰਦਾ । ਜ਼ਾਤ ਪਾਤ ਵਸਿਆ ਬਾਹਰ, ਸੋ ਪੁਰਖ ਨਿਰੰਜਣ ਆਪਣਾ ਨਾਉਂ ਧਰਾਇੰਦਾ । ਕਮਲਾਪਾਤ ਮੀਤ ਮੁਰਾਰ, ਹਰ ਘਟ ਆਪਣਾ ਰੰਗ ਰੰਗਾਇੰਦਾ । ਠਾਂਡਾ ਮੰਦਰ ਇਕ ਦਰਬਾਰ, ਦਰ ਦਰਵਾਜ਼ਾ ਆਪ ਖੁਲ੍ਹਾਇੰਦਾ । ਗ਼ਰੀਬ ਨਿਵਾਜ਼ਾ ਗ਼ਰੀਬ ਨਿਮਾਣਿਆਂ ਪਾਏ ਸਾਰ, ਜੁਗਾ ਜੁਗੰਤਰ ਮੇਲ ਮਿਲਾਇੰਦਾ । ਚਰਨ ਕਵਲ ਦਏ ਆਧਾਰ, ਚਰਨ ਚਰਨੋਦਕ ਮੁਖ ਚੁਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕੱਲਾ ਆਪਣੇ ਰੰਗ ਰੰਗਾਇੰਦਾ । ਇਕ ਇਕੱਲਾ ਸਾਚਾ ਰੰਗ, ਹਰਿਜਨ ਸਾਚੇ ਆਪ ਰੰਗਾਈਆ । ਆਤਮ ਸੇਜਾ ਵੇਖ ਪਲੰਘ, ਨਿਰਗੁਣ ਬੈਠਾ ਆਸਣ ਲਾਈਆ । ਸ਼ਬਦ ਨਾਦ ਧੁੰਨ ਮਰਦੰਗ, ਅਨਹਦ ਨਾਦੀ ਨਾਦ ਵਜਾਈਆ । ਪੰਜ ਵਿਕਾਰਾ ਕਰੇ ਭੰਗ, ਹਉਮੇ ਹੰਗਤਾ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕੱਲਾ ਵਸਣਹਾਰਾ ਸਚ ਮਹੱਲਾ, ਹਰਿਜਨ ਸਾਚੇ ਲਏ ਮਿਲਾਈਆ । ਇਕ ਇਕੱਲਾ ਸ੍ਰੀ ਭਗਵੰਤ, ਆਦਿ ਜੁਗਾਦਿ ਦਇਆ ਕਮਾਇੰਦਾ । ਹਰਿਜਨ ਮੇਲੇ ਨਾਰੀ ਕੰਤ, ਨਰ ਨਰਾਇਣ ਵੇਖ ਵਖਾਇੰਦਾ । ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਉਤਰ ਕਦੇ ਨਾ ਜਾਇੰਦਾ । ਨਾਮ ਜਣਾਏ ਮਣੀਆ ਮੰਤ, ਮਨ ਕਾ ਮਣਕਾ ਆਪ ਭਵਾਇੰਦਾ । ਗੜ੍ਹ ਤੋੜੇ ਹਉਮੇ ਹੰਗਤ, ਹੰ ਬ੍ਰਹਮ ਇਕ ਦਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਇੰਦਾ । ਹੰ ਬ੍ਰਹਮ ਹਰਿ ਪਸਾਰਾ, ਲੱਖ ਚੁਰਾਸੀ ਰੂਪ ਵਟਾਈਆ । ਕਰੇ ਖੇਲ ਅਗੰਮ ਅਪਾਰਾ, ਅਲਖ ਅਗੋਚਰ ਬੇਪਰਵਾਹੀਆ । ਜੁਗਾ ਜੁਗੰਤਰ ਲੈ ਅਵਤਾਰਾ, ਨਿਰਗੁਣ ਸਰਗੁਣ ਵੇਸ ਧਰਾਈਆ । ਭਗਤ ਭਗਵੰਤ ਦਏ ਸਹਾਰਾ, ਭਗਵਨ ਆਪਣੀ ਦਇਆ ਕਮਾਈਆ । ਸੰਤ ਬਣਾਏ ਸਚ ਦੁਲਾਰਾ, ਪੂਤ ਸਪੂਤਾ ਗਲੇ ਲਗਾਈਆ । ਗੁਰਮੁਖਾਂ ਦੇਵੇ ਨਾਮ ਭੰਡਾਰਾ, ਨਾਮ ਨਾਮਾ ਝੋਲੀ ਪਾਈਆ । ਗੁਰਸਿਖਾਂ ਬਖ਼ਸ਼ੇ ਚਰਨ ਕਵਲ ਦਵਾਰਾ, ਸਰਨ ਚਰਨ ਸੱਚੀ ਸਰਨਾਈਆ । ਸਤਿਜੁਗ ਤ੍ਰੇਤਾ ਦੁਆਪਰ ਕਰ ਕਰ ਪਾਰ ਕਿਨਾਰਾ, ਕਲਜੁਗ ਅੰਤਮ ਵੇਖ ਵਖਾਈਆ । ਨੌਂ ਖੰਡ ਪ੍ਰਿਥਮੀ ਧੂੰਆਂਧਾਰਾ, ਸਾਚਾ ਚੰਦ ਨਾ ਕੋਇ ਚੜ੍ਹਾਈਆ । ਸ਼ਾਹ ਸੁਲਤਾਨ ਰਾਜ ਰਾਜਾਨ ਨੇਤਰ ਰੋਵਣ ਜ਼ਾਰੋ ਜ਼ਾਰਾ, ਲੱਖ ਚੁਰਾਸੀ ਧੀਰ ਨਾ ਕੋਇ ਧਰਾਈਆ । ਚਾਰ ਵਰਨ ਲੱਗਾ ਅਖਾੜਾ, ਬਰਨ ਅਠਾਰਾਂ ਕਰੇ ਲੜਾਈਆ । ਮਨ ਮਤ ਮਾਰੇ ਉਚਾ ਨਾਅਰਾ, ਕੂਕ ਕੂਕ ਰਹੀ ਸੁਣਾਈਆ । ਬੁਧ ਨਿਮਾਣੀ ਕੱਢੇ ਹਾੜਾ, ਨਿਉਂ ਨਿਉਂ ਬੈਠੀ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੁਦਰਤ ਕ਼ਾਦਰ ਵੇਖ ਵਖਾਈਆ । ਕੁਦਰਤ ਕ਼ਾਦਰ ਹਰਿ ਮਹੱਲਾ, ਲੋਕਮਾਤ ਆਪ ਵਸਾਇੰਦਾ ।


੭੩੩ ੧੦

ਮੁਕਾਮੇ ਹੱਕ ਬੈਠ ਇਕੱਲਾ, ਚੌਦਾਂ ਲੋਕ ਵੇਖ ਵਖਾਇੰਦਾ । ਸਚ ਸੰਦੇਸ ਕਲਮਾ ਅਮਾਮ ਆਪੇ ਘੱਲਾ, ਨਰ ਨਰੇਸ਼ ਸਰਬ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕੱਲਾ ਅਕਲ ਕਲ ਆਪ ਅਖਵਾਇੰਦਾ । ਇਕ ਇਕੱਲਾ ਅਕਲ ਕਲ ਧਾਰੀ, ਨਿਰਗੁਣ ਨਿਰਵੈਰ ਅਖਵਾਈਆ । ਕਲਜੁਗ ਅੰਤਮ ਕਰੇ ਖੇਲ ਨਿਆਰੀ, ਰੂਪ ਅਨੂਪ ਵਟਾਈਆ । ਗੁਰਮੁਖਾਂ ਕਰੇ ਸਾਚੀ ਕਾਰੀ, ਦੁਬਧਾ ਮੈਲ ਧਵਾਈਆ । ਇਕ ਵਖਾਏ ਮਹੱਲ ਅਟਾਰੀ, ਸਾਚੇ ਮੰਦਰ ਕਰ ਰੁਸ਼ਨਾਈਆ । ਹਉਮੇ ਦੇਵੇ ਕੱਟ ਬੀਮਾਰੀ, ਚਿੰਤਾ ਦੁੱਖ ਨਾ ਲਾਗੇ ਰਾਈਆ । ਚਾਰ ਵਰਨਾਂ ਵਖਾਏ ਇਕ ਸਿਕਦਾਰੀ, ਸ਼ਾਹ ਪਾਤਸ਼ਾਹ ਇਕ ਬੈਠਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਬੰਧਨ ਆਪੇ ਪਾਈਆ । ਏਕਾ ਬੰਧਨ ਹਰਿ ਕਰਤਾਰਾ, ਲੱਖ ਚੁਰਾਸੀ ਪਾਇੰਦਾ । ਲੱਖ ਲੱਖ ਗੇੜਾ ਵਿਚ ਸੰਸਾਰਾ, ਜੂਨ ਅਜੂਨੀ ਆਪ ਭਵਾਇੰਦਾ । ਗੁਰਮੁਖ ਮਨਮੁਖ ਆਪ ਚਲਾਏ ਦੋਵੇਂ ਧਾਰਾ, ਮਾਣਸ ਮਾਨੁਖ ਖੇਲ ਖਿਲਾਇੰਦਾ । ਆਪੇ ਡੋਬੇ ਆਪੇ ਹੋਏ ਤਾਰਨਹਾਰਾ, ਸਾਚਾ ਬੇੜਾ ਆਪ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਉਠਾਇੰਦਾ । ਹਰਿਜਨ ਸਾਚਾ ਉਠੇ ਮੀਤ, ਹਰਿ ਸੱਜਣ ਆਪ ਉਠਾਈਆ । ਏਕਾ ਗਾਏ ਸੁਹਾਗੀ ਗੀਤ, ਗੀਤ ਗੋਬਿੰਦ ਇਕ ਅਲਾਈਆ । ਕਰੇ ਕਰਾਏ ਪਤਤ ਪੁਨੀਤ, ਪਤਤ ਪਾਪੀ ਲਏ ਤਰਾਈਆ । ਹਰਿ ਦਰਸ ਦਿਖਾਏ ਬਿਨ ਮੰਦਰ ਗੁਰੂਦਵਾਰ ਮਸੀਤ, ਕਾਇਆ ਅੰਦਰ ਕਰ ਰੁਸ਼ਨਾਈਆ । ਏਕਾ ਰੰਗ ਵਖਾਏ ਹਸਤ ਕੀਟ, ਊਚ ਨੀਚ ਨਾ ਕੋਇ ਜਣਾਈਆ । ਸਦੀ ਚੌਧਵੀ ਰਹੀ ਬੀਤ, ਬੀਸ ਬੀਸਾ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕੱਲਾ ਵੇਖ ਵਖਾਈਆ । ਇਕ ਇਕੱਲਾ ਵੇਖਣਹਾਰਾ, ਹਰਿਜਨ ਸਾਚੇ ਆਪ ਮਿਲਾਇੰਦਾ । ਜੁਗਾ ਜੁਗੰਤਰ ਖੇਲ ਨਿਆਰਾ, ਜੁਗ ਕਰਤਾ ਆਪ ਕਰਾਇੰਦਾ । ਕਲਜੁਗ ਅੰਤਮ ਪਾਵੇ ਸਾਰਾ, ਪੂਰਬ ਕਰਮਾਂ ਵੇਖ ਵਖਾਇੰਦਾ । ਕਾਗਦ ਕ਼ਲਮ ਨਾ ਲਿਖਣਹਾਰਾ, ਲਿਖ ਲਿਖ ਲੇਖ ਨਾ ਕੋਇ ਜਣਾਇੰਦਾ । ਜਿਸ ਜਨ ਕਿਰਪਾ ਕਰੇ ਆਪ ਨਿਰੰਕਾਰਾ, ਜਨਮ ਅਜਨਮ ਨਾ ਕੋਇ ਜਣਾਇੰਦਾ । ਆਪੇ ਮੇਲੇ ਆਪਣੇ ਸਚ ਦਵਾਰਾ, ਦਰ ਦਰਵਾਜ਼ਾ ਆਪ ਖੁਲ੍ਹਾਇੰਦਾ । ਦਰਸ ਦਿਖਾਏ ਗੁਪਤ ਜ਼ਾਹਰਾ, ਅੰਦਰ ਬਾਹਰ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੇ ਰੰਗ ਵਖਾਇੰਦਾ । ਹਰਿ ਰੰਗ ਰਾਤਾ ਗੁਰਮੁਖ ਗੁਰ ਗੁਰ, ਲੋਕਮਾਤ ਮਿਲੇ ਵਡਿਆਈਆ । ਮਿਲੇ ਮੇਲ ਸੰਜੋਗੀ ਧੁਰ ਧੁਰ, ਧੁਰ ਮੇਲਾ ਆਪ ਮਿਲਾਈਆ । ਸੁਰਤੀ ਸ਼ਬਦੀ ਬਹੇ ਜੁੜ ਜੁੜ, ਸੁਰਤ ਸ਼ਬਦ ਹੋਏ ਕੁੜਮਾਈਆ । ਪੈਂਡਾ ਮੁਕਾਏ ਨਾ ਕੋਇ ਤੁਰ ਤੁਰ, ਗੁਰਮੁਖ ਪਾਂਧੀ ਬਣੇ ਨਾ ਕੋਇ ਰਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮੇਲਾ ਆਪ ਕਰਾਈਆ । ਆਪਣਾ ਮੇਲਾ ਦੇਵੇ ਕਰ, ਮੇਲਣਹਾਰ ਸ੍ਰੀ ਭਗਵਾਨ । ਚੇਲਾ ਗੁਰ ਆਪੇ ਬਣ, ਵਖਾਏ ਧਰਮ ਨਿਸ਼ਾਨ । ਚਾਰ ਵਰਨ ਜਾਇਣ ਹਰ, ਹਰਿਜਨ ਵਿਰਲਾ ਹੋਏ ਪਰਵਾਨ । ਨਿਰਭੌ ਚੁਕਾਏ ਝੂਠਾ ਡਰ, ਇਕ ਫੜਾਏ ਨਾਮ ਨਿਧਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕੱਲਾ ਵਸਣਹਾਰਾ ਸਚ ਮਹੱਲਾ, ਇਕ ਇਕ ਗੁਰਮੁਖ ਕਰੇ ਪਰਵਾਨ । ਇਕ ਪਰਵਾਨਾ ਇਕ ਫ਼ਰਮਾਨਾ, ਏਕਾ ਹੁਕਮੀ ਹੁਕਮ ਫਿਰਾਇੰਦਾ । ਏਕਾ ਪੁਰਖ ਇਕ ਸੁਲਤਾਨਾ, ਏਕਾ ਸ਼ਾਹ ਵਡ ਮਿਹਰਵਾਨਾ, ਏਕਾ ਰਾਜ ਜੋਗ ਕਮਾਇੰਦਾ । ਏਕਾ ਬੰਨ੍ਹੇ ਸਾਚਾ ਗਾਨਾ, ਇਕ ਵਜਾਏ ਨਾਦ ਤਰਾਨਾ, ਏਕਾ ਸਾਂਤਕ ਸਤਿ ਕਰਾਇੰਦਾ । ਏਕਾ ਵੇਖੇ ਦੋ ਜਹਾਨਾਂ,

੭੩੪
੧੦

ਜੁਗ ਜੁਗ ਲੋਕਮਾਤ ਹੋ ਪਰਧਾਨਾ, ਨਿਰਗੁਣ ਸਰਗੁਣ ਖੇਲ ਖਿਲਾਇੰਦਾ । ਕਲਜੁਗ ਅੰਤਮ ਜਨ ਭਗਤਾਂ ਦੇਵੇ ਇਕ ਪਰਵਾਨਾ, ਉਪਰ ਆਪਣਾ ਲੇਖ ਲਿਖਾਇੰਦਾ । ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਾ, ਵਿਸ਼ਵ ਆਪਣਾ ਰੂਪ ਧਰਾਇੰਦਾ ।

ਦਸ ਅੱਠ ਅਠਾਰਾਂ, ਪੁਰਾਨ ਅਠਾਰਾਂ ਦੇਣ ਗਵਾਹੀਆ । ਵੇਦ ਵਿਆਸਾ ਬਣ ਲਿਖਾਰਾ, ਸ੍ਰਿਸ਼ਟ ਸਬਾਈ ਗਿਆ ਸਮਝਾਈਆ । ਲਿਖਿਆ ਲੇਖਾ ਚਾਰ ਲੱਖ ਹਜ਼ਾਰ ਸਤਾਰਾਂ, ਸਲੋਕ ਸਲੋਕ ਆਪ ਉਪਾਈਆ । ਕਲਜੁਗ ਆਯੂ ਲੱਖ ਚਾਰ ਬੱਤੀ ਹਜ਼ਾਰਾ, ਵੇਦ ਸ਼ਾਸਤਰ ਰਹੇ ਫ਼ਰਮਾਈਆ । ਕਰਮ ਕੁਕਰਮ ਨਾ ਕਿਸੇ ਵਿਚਾਰਾ, ਨਿਹਕਰਮੀ ਆਪਣੇ ਹੱਥ ਰੱਖੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਸ ਅੱਠ ਆਪਣਾ ਖੇਲ ਖਿਲਾਈਆ । ਦਸ ਅੱਠ ਅਠਾਰਾਂ ਸ਼ਬਦ ਗਿਆਨ, ਅਰਜਣ ਗੀਤਾ ਕਰੇ ਪੜ੍ਹਾਈਆ । ਕਾਹਨਾ ਕ੍ਰਿਸ਼ਨਾ ਹੋ ਮਿਹਰਵਾਨ, ਏਕਾ ਭਗਤ ਦਏ ਵਡਿਆਈਆ । ਆਤਮ ਅੰਤਰ ਬਖ਼ਸ਼ੇ ਬ੍ਰਹਮ ਗਿਆਨ, ਬ੍ਰਹਮ ਨੇਤਾ ਬ੍ਰਹਮ ਵੇਤਾ ਆਪਣਾ ਭੇਵ ਖੁਲ੍ਹਾਈਆ । ਚੌਦਾਂ ਲੋਕ ਵਖਾਏ ਕਾਇਆ ਹੱਟ ਮਕਾਨ, ਆਪਣਾ ਪਰਦਾ ਆਪ ਉਠਾਈਆ । ਕਰੇ ਕਰਾਏ ਸ੍ਰੀ ਭਗਵਾਨ, ਦੂਸਰ ਅਵਰ ਨਾ ਕੋਇ ਚਤੁਰਾਈਆ । ਦਸ ਅੱਠ ਵੇਖੇ ਮੈਦਾਨ, ਅਠਾਰਾਂ ਦਿਵਸ ਕਰੇ ਲੜਾਈਆ । ਦੁਆਪਰ ਤੇਰਾ ਮੇਟੇ ਨਿਸ਼ਾਨ, ਨਿਸ਼ਾਨਾ ਆਪਣਾ ਇਕ ਵਖਾਈਆ । ਰਥ ਰਥਵਾਹੀ ਬਣੇ ਆਪ ਭਗਵਾਨ, ਭਗਤਨ ਸੇਵਾ ਸਚ ਕਮਾਈਆ । ਵੇਦ ਵਿਆਸਾ ਲੇਖਾ ਕਰੇ ਪਰਵਾਨ, ਧੁਰ ਪਰਵਾਨਾ ਲੋਕਮਾਤ ਸੁਣਾਈਆ । ਕਲਜੁਗ ਅੰਤਮ ਪਰਗਟ ਹੋਵੇ ਨਿਹਕਲੰਕ ਬਲੀ ਬਲਵਾਨ, ਬਲ ਆਪਣਾ ਆਪ ਰਖਾਈਆ । ਬੀਸ ਬੀਸਾ ਗੁਣ ਨਿਧਾਨ, ਬੀਸ ਬੀਸ ਦਏ ਵਡਿਆਈਆ । ਅਠ ਦਸ ਹੋਏ ਨੌਜਵਾਨ, ਸਾਲ ਅਠਾਰਵੇਂ ਖ਼ੁਸ਼ੀ ਮਨਾਈਆ । ਸੰਮਤ ਬਿਕ੍ਰਮੀ ਕਰ ਪਰਧਾਨ, ਆਪਣੀ ਧਾਰ ਆਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਚੁਕਾਈਆ । ਬਿਕ੍ਰਮੀ ਵੀਹ ਸੌ ਅਠਾਰਾਂ, ਹਰਿ ਸਾਚੇ ਖੇਲ ਖਿਲਾਇਆ । ਦਿੱਲੀ ਦਰਬਾਰ ਲਗਾਇਆ ਨਾਅਰਾ, ਰਾਸ਼ਟਰਪਤ ਆਪ ਜਗਾਇਆ । ਚਾਰ ਕੁੰਟ ਹੋਏ ਖ਼ੁਆਰਾ, ਧੀਰਜ ਧੀਰ ਨਾ ਕੋਇ ਧਰਾਇਆ । ਪੁਰਖ ਅਬਿਨਾਸ਼ੀ ਵਰਤੇ ਆਪਣੀ ਕਾਰਾ, ਹੁਕਮੀ ਹੁਕਮ ਇਕ ਜਣਾਇਆ । ਸ਼ਾਹ ਸੁਲਤਾਨਾਂ ਮਾਰੇ ਮਾਰਾ, ਰਾਜ ਰਾਜਾਨਾਂ ਦਏ ਮਿਟਾਇਆ । ਕਲਜੁਗ ਤੋੜੇ ਗੜ੍ਹ ਹੰਕਾਰਾ, ਏਕਾ ਖੰਡਾਂ ਨਾਮ ਚਮਕਾਇਆ । ਬ੍ਰਹਿਮੰਡਾਂ ਪਾਵੇ ਸਾਰਾ, ਵਿਸ਼ਨ ਬ੍ਰਹਮਾ ਸ਼ਿਵ ਆਪ ਉਠਾਇਆ । ਜੇਰਜ ਅੰਡ ਦਏ ਹੁਲਾਰਾ, ਉਤਭੁਜ ਸੇਤਜ ਫੋਲ ਫੋਲਾਇਆ । ਕਰੋੜ ਛਿਆਨਵੇ ਏਕਾ ਵਰਤੇ ਆਪ ਵਰਤਾਰਾ, ਧੁਰ ਦੀ ਧਾਰਾ ਆਪ ਜਣਾਇਆ । ਅੰਮ੍ਰਿਤ ਮੇਘ ਬਰਸੇ ਠੰਡਾ ਠਾਰਾ, ਨੌਂ ਖੰਡ ਆਪਣਾ ਰੂਪ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਮਤ ਅਠਾਰਾਂ ਦਏ ਹੁਲਾਰਾ, ਸੋਇਆ ਕੋਇ ਰਹਿਣ ਨਾ ਪਾਇਆ । ਸੰਮਤ ਅਠਾਰਾਂ ਖੇਲ ਅਵੱਲਾ, ਹਰਿ ਸਾਚਾ ਆਪ ਕਰਾਈਆ । ਸੰਮਤ ਉਨੀ ਵੇਖੇ ਰਾਣੀ ਅੱਲਾ, ਸੁੱਤੀ ਰਾਣੀ ਆਪ ਜਗਾਈਆ । ਸੰਗ ਮੁਹੰਮਦ ਚਾਰ ਯਾਰ ਜੋ ਫੜਿਆ ਪੱਲਾ, ਫੜਿਆ ਪੱਲੂ ਦਏ ਛੁਡਾਈਆ । ਚਾਰੋਂ ਕੁੰਟ ਏਕਾ ਹੱਲਾ, ਏਕਾ ਨਾਅਰਾ ਦਏ ਲਗਾਈਆ । ਉਮਤ ਰਸੂਲ ਕਰੇ ਬਿਸਮਿੱਲਾ, ਬਿਸਮਲ ਆਪਣੀ ਧਾਰ ਵਹਾਈਆ । ਲੇਖਾ ਜਾਣੇ ਬੂਰਾ ਕੱਕਾ ਬਿੱਲਾ, ਦੂਰ ਦੁਰਾਡਾ ਪੰਧ ਮੁਕਾਈਆ । ਸਦੀ ਚੌਧਵੀਂ

ਪੂਰਾ ਕਰੇ ਛਿਲਾ, ਅੰਤਮ ਲਹਿਣਾ ਦਏ ਚੁਕਾਈਆ । ਚੌਦਾਂ ਤਬਕ ਏਕਾ ਵਾਰ ਹਿਲਾ, ਮੁਹੰਮਦ ਬੈਠਾ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਵਿਚ ਉਨੀਸਾ, ਰਾਜ ਰਾਜਾਨਾ ਖ਼ਾਲੀ ਖ਼ੀਸਾ, ਮਾਇਆ ਰਾਣੀ ਸੰਗ ਨਾ ਕੋਇ ਰਖਾਈਆ । ਬੀਸ ਬੀਸਾ ਖੇਲ ਅਪਾਰਾ, ਹਰਿ ਸਤਿਗੁਰ ਆਪ ਕਰਾਇੰਦਾ । ਚਾਰੇ ਕੁੰਟ ਕਰ ਖ਼ੁਆਰਾ, ਧੁੰਆਂਧਾਰ ਸਰਬ ਵਖਾਇੰਦਾ । ਏਕਾ ਨਿਰਗੁਣ ਜੋਤ ਕਰ ਉਜਿਆਰਾ, ਨੌਂ ਖੰਡ ਪ੍ਰਿਥਮੀ ਨੂਰ ਟਿਕਾਇੰਦਾ । ਚਾਰ ਵਰਨਾਂ ਏਕਾ ਕਰੇ ਸਚ ਪਿਆਰਾ, ਸਾਚਾ ਮਾਰਗ ਆਪੇ ਲਾਇੰਦਾ । ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਕੋਈ ਨਾ ਰਹੇ ਵਿਚ ਸੰਸਾਰਾ, ਆਤਮ ਬ੍ਰਹਮ ਸਰਬ ਦ੍ਰਿੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੀਸ ਬੀਸਾ ਹਰਿ ਜਗਦੀਸਾ, ਸ਼ਾਹ ਪਾਤਸ਼ਾਹ ਹੁਕਮ ਆਪਣਾ ਆਪ ਸੁਣਾਇੰਦਾ । ਸਾਚਾ ਹੁਕਮ ਧੁਰ ਫ਼ਰਮਾਨਾ, ਹਰਿ ਸ਼ਬਦੀ ਸ਼ਬਦ ਜਣਾਈਆ । ਵੀਹ ਸੌ ਬੀਸ ਬਿਕ੍ਰਮੀ ਕੋਈ ਨਾ ਰਹੇ ਰਾਜਾ ਰਾਣਾ, ਸਿਰ ਤਾਜ ਨਾ ਕੋਇ ਟਿਕਾਈਆ । ਸਭ ਨੂੰ ਮੰਨਣਾ ਪਏ ਹਰਿ ਕਾ ਭਾਣਾ, ਹਰਿ ਭਾਣਾ ਮੇਟ ਨਾ ਸਕੇ ਕੋਇ ਰਾਈਆ । ਕਲਜੁਗ ਜੀਵ ਉਠ ਨਾਦਾਨਾ, ਵੇਲਾ ਅੰਤਮ ਆਈਆ । ਦਿਵਸ ਰੈਣ ਰੈਣ ਦਿਵਸ ਸਿਮਰੋ ਸ੍ਰੀ ਭਗਵਾਨਾ, ਬਿਨ ਭਗਵਨ ਪਾਰ ਨਾ ਕੋਇ ਕਰਾਈਆ । ਜੂਠ ਝੂਠ ਮਾਇਆ ਮਮਤਾ ਆਸਾ ਤ੍ਰਿਸਨਾ ਜਗਤ ਮਿਟਾਨਾ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਹੋਏ ਹਲਕਾਈਆ । ਕਾਇਆ ਮੰਦਰ ਅੰਦਰ ਸੁਣਨਾ ਗਾਣਾ, ਸਤਿਗੁਰ ਪੂਰਾ ਅੰਦਰੇ ਅੰਦਰ ਰਿਹਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੀਸ ਬੀਸਾ ਹਰਿ ਜਗਦੀਸ਼ਾ, ਚਾਰ ਵਰਨ ਏਕਾ ਸਰਨ, ਊਚ ਨੀਚ ਰਾਓ ਰੰਕ ਰਾਜ ਰਾਜਾਨ ਸ਼ਾਹ ਸੁਲਤਾਨ, ਏਕਾ ਬਖ਼ਸ਼ੇ ਸੱਚੀ ਸ਼ਾਹੀਆ । ਸਰਬ ਜੀਆਂ ਏਕਾ ਭਗਵਾਨ, ਸ੍ਰਿਸ਼ਟ ਸਬਾਈ ਦਏ ਸਮਝਾਈਆ ।



੭੩੬ ੧੦

## ★ ੨੨ ਜੇਠ ੨੦੧੮ ਬਿਕ੍ਰਮੀ ਪਰਕਾਸ਼ ਚੰਦ ਦੇ ਗ੍ਰਿਹ ਮੱਘੋਵਾਲੀ ਜੰਮੂ ★

ਸੋ ਪੁਰਖ ਨਿਰੰਜਣ ਆਦਿ ਅੰਤ, ਨਿਰਗੁਣ ਆਪਣਾ ਰੂਪ ਰਖਾਇੰਦਾ । ਸਚਖੰਡ ਦਵਾਰਾ ਸੋਭਾਵੰਤ, ਦਰ ਘਰ ਸਾਚੇ ਆਸਣ ਲਾਇੰਦਾ । ਮੇਲ ਮਿਲਾਵਾ ਨਾਰੀ ਕੰਤ, ਕੰਤ ਸੁਹਾਗ ਆਪ ਹੰਢਾਇੰਦਾ । ਨਾਮ ਨਿਧਾਨਾ ਸਾਚਾ ਮੰਤ, ਨਰ ਨਿਰੰਕਾਰਾ ਆਪ ਪਰਗਟਾਇੰਦਾ । ਆਪਣੀ ਮਹਿਮਾ ਜਾਣੇ ਅਗਣਤ, ਆਪਣਾ ਲੇਖਾ ਅਲਖ ਆਪ ਗਣਾਇੰਦਾ । ਅਗੰਮ ਅਗੋਚਰ ਹੋ ਬੇਅੰਤ, ਬੇਪਰਵਾਹ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਾਕਾਰ ਆਪ ਅਖਵਾਇੰਦਾ । ਨਿਰਾਕਾਰ ਹਰਿ ਭਗਵਾਨਾ, ਦਰ ਘਰ ਸਾਚੇ ਸੋਭਾ ਪਾਇੰਦਾ । ਤਖ਼ਤ ਨਿਵਾਸੀ ਵਡ ਮਿਹਰਵਾਨਾ, ਸ਼ਾਹ ਪਾਤਸ਼ਾਹ ਦਇਆ ਕਮਾਇੰਦਾ । ਆਪਣੀ ਇਛਿਆ ਕਰ ਪਰਵਾਨਾ, ਆਪਣੀ ਧਾਰਾ ਆਪ ਬੰਧਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦੇਵੇ ਦਾਨਾ, ਵਸਤ ਅਮੋਲਕ ਆਪ ਵਰਤਾਇੰਦਾ । ਤ੍ਰੈ ਤ੍ਰੈ ਮੇਲਾ ਸ੍ਰੀ ਭਗਵਾਨਾ, ਏਕਾ ਰੰਗ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਤ੍ਰੈ ਤ੍ਰੈ ਮੇਲਾ ਹਰਿ ਭਗਵੰਤ, ਸਾਚਾ ਜੋੜ ਜੁੜਾਈਆ । ਪੰਜ ਤੱਤ ਬਣਾਏ ਆਪੇ ਬਣਤ, ਸਾਚਾ ਘਾੜਨ ਲਏ ਘੜਾਈਆ । ਲੇਖਾ ਜਾਣੇ ਆਦਿ ਅੰਤ, ਮਧ ਆਪਣੀ ਰਚਨ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

੭੩੭ ੧੦

ਕਰ, ਲੱਖ ਚੁਰਾਸੀ ਲਏ ਉਪਾਈਆ । ਲੱਖ ਚੁਰਾਸੀ ਹਰਿ ਹਰਿ ਧਾਰ, ਵਿਸ਼ਨ ਬ੍ਰਹਮਾ ਸ਼ਿਵ ਖੇਲ ਖਿਲਾਇੰਦਾ । ਲੋਕਮਾਤ ਕਰ ਉਜਿਆਰ, ਘਟ ਘਟ ਆਪਣਾ ਆਸਣ ਲਾਇੰਦਾ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਕਰੇ ਖੇਲ ਅਗੰਮ ਅਪਾਰ, ਜੋਤੀ ਜਾਤਾ ਜਗਮਗਾਇੰਦਾ । ਵੇਸ ਅਵੱਲਾ ਏਕੰਕਾਰ, ਅਕਲ ਕਲ ਧਾਰੀ ਆਪ ਕਰਾਇੰਦਾ । ਵੰਡੇ ਵੰਡ ਵਿਚ ਸੰਸਾਰ, ਸਾਚੀ ਵੰਡਨ ਆਪੇ ਪਾਇੰਦਾ । ਚਾਰ ਚਾਰ ਚਾਰ ਹੋ ਉਜਿਆਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰ ਆਪ ਬੰਧਾਇੰਦਾ । ਚਾਰ ਚਾਰ ਹਰਿ ਵੰਡੇ ਵੰਡ, ਵੰਡਣਹਾਰ ਬੇਪਰਵਾਹੀਆ । ਖੇਲੇ ਖੇਲ ਵਿਚ ਬ੍ਰਹਿਮੰਡ, ਬ੍ਰਹਿਮੰਡ ਖੇਲ ਖਿਲਾਈਆ । ਚਾਰੇ ਵੇਦ ਇਕ ਅਨੰਦ, ਅਨੰਦ ਅਨੰਦ ਵਿਚ ਸਮਾਈਆ । ਚਾਰੇ ਬਾਣੀ ਸੁਣਾਏ ਛੰਦ, ਗੀਤ ਗੋਬਿੰਦ ਆਪ ਅਲਾਈਆ । ਚਾਰੇ ਜੁਗ ਕਰੇ ਖੰਡ, ਸਾਚਾ ਹਿੱਸਾ ਆਪ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਈਆ । ਚਾਰ ਜੁਗ ਖੇਲ ਨਿਰੰਕਾਰਾ, ਨਿਰਗੁਣ ਸਰਗੁਣ ਆਪ ਕਰਾਇੰਦਾ । ਗੁਰ ਗੁਰ ਰੂਪ ਧਰ ਅਵਤਾਰਾ, ਲੋਕਮਾਤ ਵੇਖ ਵਖਾਇੰਦਾ । ਸ਼ਬਦ ਅਨਾਦ ਸੱਚੀ ਧੁੰਨਕਾਰਾ, ਧੁਰ ਨਾਦੀ ਨਾਦ ਵਜਾਇੰਦਾ । ਚਾਰੋਂ ਕੁੰਟ ਹੋ ਉਜਿਆਰਾ, ਰੂਪ ਅਨੂਪ ਆਪ ਦਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵੇਸ ਆਪ ਧਰਾਇੰਦਾ । ਜੁਗ ਜੁਗ ਵੇਸ ਸ੍ਰੀ ਭਗਵਾਨਾ, ਲੋਕਮਾਤ ਧਰਾਈਆ । ਪਰਗਟ ਹੋ ਹੋ ਵਾਲੀ ਦੋ ਜਹਾਨਾਂ, ਤ੍ਰੈ ਤ੍ਰੈ ਆਪਣਾ ਖੇਲ ਖਿਲਾਈਆ । ਸੋਭਾਵੰਤ ਕਰੇ ਮਕਾਨਾ, ਜਿਸ ਘਟ ਆਪਣੀ ਜੋਤ ਜਗਾਈਆ । ਨਾਮ ਅਨਮੁਲੜਾ ਦੇਵੇ ਦਾਨਾ, ਕਰਤਾ ਕੀਮਤ ਕੋਇ ਨਾ ਲਾਈਆ । ਸਤਿ ਸੰਤੋਖੀ ਬੰਨ੍ਹੇ ਗਾਨਾ, ਧੀਰਜ ਜਤ ਆਪ ਧਰਾਈਆ । ਰਾਗ ਅਗੰਮੀ ਸੁਣਾਏ ਗਾਣਾ, ਤਾਰ ਸਤਾਰ ਨਾ ਕੋਇ ਹਿਲਾਈਆ । ਹੁਕਮੀ ਹੁਕਮ ਸੁਣਾਏ ਧੁਰ ਫ਼ਰਮਾਨਾ, ਗੁਰ ਅਵਤਾਰ ਸੇਵ ਕਮਾਈਆ । ਸਾਚੇ ਤਖ਼ਤ ਬੈਠ ਸ੍ਰੀ ਭਗਵਾਨਾ, ਸਚ ਸਿੰਘਾਸਣ ਆਪ ਸੁਹਾਈਆ । ਸ਼ਾਹੋ ਭੂਪ ਬਣ ਰਾਜ ਰਾਜਾਨਾ, ਸੀਸ ਜਗਦੀਸ ਤਾਜ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵੇਸ ਆਪ ਵਟਾਈਆ । ਗੁਰ ਅਵਤਾਰ ਹਰਿ ਹਰਿ ਵੇਸ, ਨਿਰਗੁਣ ਸਰਗੁਣ ਖੇਲ ਖਿਲਾਇੰਦਾ । ਆਦਿ ਜੁਗਾਦਿ ਰਹੇ ਹਮੇਸ਼, ਜੁਗਾ ਜੁਗੰਤਰ ਵੇਖ ਵਖਾਇੰਦਾ । ਸ਼ਬਦ ਜਣਾਏ ਸਚ ਸੰਦੇਸ, ਲੱਖ ਚੁਰਾਸੀ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਬੰਧਨ ਆਪੇ ਪਾਇੰਦਾ । ਜੁਗ ਜੁਗ ਬੰਧਨ ਹਰਿ ਨਿਰੰਕਾਰਾ, ਨਿਰਗੁਣ ਸਰਗੁਣ ਆਪੇ ਪਾਈਆ । ਸਰਗੁਣ ਦੇਵੇ ਨਾਮ ਆਧਾਰਾ, ਨਿਰਗੁਣ ਜੋਤ ਨੂਰ ਰੁਸ਼ਨਾਈਆ । ਨਿਰਗੁਣ ਵਸੇ ਧਾਮ ਨਿਆਰਾ, ਸਰਗੁਣ ਵੇਖੇ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੁਰ ਆਪਣਾ ਸੰਗ ਰਖਾਈਆ । ਗੁਰ ਗੁਰ ਸੰਗ ਪੰਜ ਤੱਤ, ਤਤਵ ਤਤ ਆਪ ਜਣਾਇੰਦਾ । ਹੱਡ ਮਾਸ ਨਾੜੀ ਰੰਗੇ ਰਤ, ਰੰਗ ਸਾਚਾ ਆਪ ਚੜ੍ਹਾਇੰਦਾ । ਇਕ ਵਖਾਏ ਬ੍ਰਹਮ ਮਤ, ਪਾਰਬ੍ਰਹਮ ਆਪ ਪੜ੍ਹਾਇੰਦਾ । ਮੇਲ ਮਿਲਾਏ ਕਮਲਾਪਤ, ਕਵਲ ਨੈਣ ਦਰਸ ਦਿਖਾਇੰਦਾ । ਸਾਚੇ ਮੰਦਰ ਵਸੇ ਨਾ ਕੋਈ ਦੀਵਾਰ ਨਾ ਕੋਈ ਛੱਤ, ਛੱਪਰ ਛੰਨ ਨਾ ਕੋਇ ਛੁਹਾਇੰਦਾ । ਸਾਚੇ ਤਖ਼ਤ ਬਹੇ ਸਮਰਥ, ਸਮਰਥ ਪੁਰਖ ਵੇਖ ਵਖਾਇੰਦਾ । ਆਪਣੀ ਮਹਿਮਾ ਜਾਣੇ ਅਕਥ, ਜੁਗਾ ਜੁਗੰਤਰ ਆਪ ਸੁਣਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਚਲਾਇਆ ਰਥ, ਭਗਤ ਭਗਵੰਤ ਆਪ ਚੜ੍ਹਾਇੰਦਾ । ਸਾਚੇ ਸੰਤਾਂ ਨਿਭਾਏ ਸਾਥ, ਸਗਲਾ ਸੰਗ ਆਪ ਹੋ ਜਾਇੰਦਾ । ਗੁਰਮੁਖਾਂ ਲਹਿਣਾ ਦੇਣਾ ਚੁਕਾਏ

੭੩੮
੧੦

ਮਸਤਕ ਮਾਥ, ਪੂਰਬ ਜਨਮਾਂ ਵੇਖ ਵਖਾਇੰਦਾ । ਗੁਰਸਿਖ ਉਤਾਰੇ ਸਾਚੇ ਘਾਟ, ਪਾਰ ਕਿਨਾਰਾ ਇਕ ਰਖਾਇੰਦਾ । ਜੁਗ ਚੌਕੜੀ ਮੇਟਦਾ ਆਇਆ ਵਾਟ, ਥਿਰ ਕੋਇ ਰਹਿਣ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਰਚਨਾ ਆਪੇ ਵੇਖ ਵਖਾਇੰਦਾ । ਜੁਗ ਜੁਗ ਖੇਲ ਕਰੇ ਅਪਾਰਾ, ਨਿਰਗੁਣ ਸਰਗੁਣ ਰੂਪ ਧਰਾਈਆ । ਬ੍ਰਹਮਾ ਸੁਤ ਦਏ ਆਧਾਰਾ, ਏਕਾ ਏਕਾ ਰੰਗ ਵਖਾਈਆ । ਬਰਾਹ ਦੇਵੇ ਚਰਨ ਪਿਆਰਾ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਵੇਸ ਕਰਾਈਆ । ਜੁਗ ਜੁਗ ਵੇਸ ਹਰਿ ਨਿਰੰਕਾਰ, ਯਗੈ ਪੁਰਖ ਰੂਪ ਵਟਾਇੰਦਾ । ਹਾਵ ਗ਼ਰੀਵ ਦਏ ਆਧਾਰ, ਨਰ ਨਰਾਇਣ ਖੇਲ ਖਿਲਾਇੰਦਾ । ਕਪਲ ਮੁਨ ਹੋ ਉਜਿਆਰ, ਦੱਤਾ ਤ੍ਰੈ ਆਪ ਸਮਝਾਇੰਦਾ । ਰਿਖਪ ਵਖਾਏ ਇਕ ਦਵਾਰ, ਪਿਰਥੂ ਸਾਚੀ ਸੇਵ ਲਗਾਇੰਦਾ । ਮਤਸ ਰੂਪ ਅਗੰਮ ਅਪਾਰ, ਕਛਪ ਮੰਦਰਾ ਪਿਠ ਉਠਾਇੰਦਾ । ਧਨੰਤਰ ਦੇਵੇ ਇਕ ਆਧਾਰ, ਏਕਾ ਮੰਤਰ ਨਾਮ ਦ੍ਰਿੜਾਇੰਦਾ । ਹੰਸਾ ਰੂਪ ਅਪਰ ਅਪਾਰ, ਸੁਤ ਬ੍ਰਹਮਾ ਆਪ ਸਮਝਾਇੰਦਾ । ਨਰ ਸਿੰਘ ਖੇਲ ਕਰੇ ਕਰਤਾਰ, ਭਗਤ ਪ੍ਰਹਿਲਾਦ ਆਪ ਉਠਾਇੰਦਾ । ਗਜ ਡੁਬਦਾ ਲਾਏ ਪਾਰ, ਜਗਤ ਬੰਧਨ ਆਪ ਤੁੜਾਇੰਦਾ । ਹਰੀ ਹਰਿ ਹੋ ਉਜਿਆਰ, ਆਪਣਾ ਭੇਵ ਆਪ ਚੁਕਾਇੰਦਾ । ਧਰੂ ਵਖਾਏ ਸਚ ਦਵਾਰ, ਨਰ ਹਰਿ ਨਰਾਇਣ ਆਪਣਾ ਰੂਪ ਪਰਗਟਾਇੰਦਾ । ਕਰੇ ਖੇਲ ਵਾਰੋ ਵਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਲ ਬਾਵਣ ਆਪਣੇ ਰੰਗ ਸਮਾਇੰਦਾ । ਜੁਗ ਜੁਗ ਖੇਲ ਹਰਿ ਕਰਤਾਰਾ, ਸਤਿਜੁਗ ਤ੍ਰੇਤਾ ਧਾਰ ਵਖਾਈਆ । ਪਰਸ ਪਰਮ ਕਰ ਉਜਿਆਰਾ, ਰਾਮ ਰਘੁਬੰਸ ਹੋਏ ਸਹਾਈਆ । ਰਘੁਪਤ ਵੇਖੇ ਖੇਲ ਅਪਾਰਾ, ਰਘੂ ਆਪਣਾ ਨਾਉਂ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੋਏ ਦੋਏ ਚੰਦਨ ਚੰਦ ਚੜ੍ਹਾਈਆ । ਸਤਿਜੁਗ ਤ੍ਰੇਤਾ ਉਤਰਿਆ ਪਾਰ, ਦੁਆਪਰ ਆਪਣਾ ਖੇਲ ਖਿਲਾਇੰਦਾ । ਵੇਦ ਵਿਆਸਾ ਦਏ ਆਧਾਰ, ਕਵਾਰੀ ਕੰਨਿਆ ਭਾਗ ਲਗਾਇੰਦਾ । ਏਕਾ ਅੱਖਰ ਲਹਿਣਾ ਦੇਣਾ ਚੁਕਾਏ ਵਿਚ ਸੰਸਾਰ, ਨਿਸ਼ਅੱਖਰ ਆਪ ਪੜ੍ਹਾਇੰਦਾ । ਬ੍ਰਹਮਾ ਵੇਤਾ ਕਰੇ ਪਿਆਰ, ਚਾਰੇ ਵੇਦ ਮੁਖ ਸਾਲਾਹਿੰਦਾ । ਨਾਰਦ ਮੁਨ ਦਏ ਸਹਾਰ, ਕਿੰਗ ਨਾਦ ਆਪ ਵਜਾਇੰਦਾ । ਸੁਰਸਤੀ ਵੇਖੇ ਵੇਖਣਹਾਰ, ਰਾਗੀ ਰਾਗ ਆਪ ਅਲਾਇੰਦਾ । ਮਾਤਲੋਕ ਬਸਤੀ ਕਰ ਉਜਿਆਰ, ਨਿਰਗੁਣ ਸਰਗੁਣ ਆਸਣ ਲਾਇੰਦਾ । ਏਕਾ ਆਠਾ ਬੰਨ੍ਹੇ ਭਾਰ, ਇਕ ਅਠ ਭੇਵ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੁਰਾਨ ਅਠਾਰਾਂ ਆਪ ਜਣਾਇੰਦਾ । ਇਕ ਅੱਠ ਹਰਿ ਖੇਲ ਭਗਵਾਨ, ਸ੍ਰੀ ਭਗਵਾਨ ਆਪ ਕਰਾਈਆ । ਇਕ ਇਕੱਲਾ ਨੌਜਵਾਨ, ਨਾ ਮਰੇ ਨਾ ਜਾਈਆ । ਇਕ ਇਕੱਲਾ ਦੇਵੇ ਧੁਰ ਫ਼ਰਮਾਨ, ਧੁਰ ਦੀ ਬਾਣੀ ਆਪ ਪੜ੍ਹਾਈਆ । ਇਕ ਇਕੱਲਾ ਵਸੇ ਸਚ ਮਕਾਨ, ਸਚ ਮਹੱਲ ਸੋਭਾ ਪਾਈਆ । ਇਕ ਇਕੱਲਾ ਰਾਜ ਰਾਜਾਨ, ਸ਼ਾਹ ਪਾਤਸ਼ਾਹ ਇਕ ਅਖਵਾਈਆ । ਇਕ ਇਕੱਲਾ ਵਾਲੀ ਦੋ ਜਹਾਨ, ਦੋ ਜਹਾਨਾਂ ਵੇਖ ਵਖਾਈਆ । ਇਕ ਇਕੱਲਾ ਸਾਚਾ ਕਾਹਨ, ਸੀਸ ਜਗਦੀਸ ਤਾਜ ਟਿਕਾਈਆ । ਅੱਠਾਂ ਤੱਤਾਂ ਕਰੇ ਪਰਵਾਨ, ਅੱਠ ਤੱਤ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਵੇਖੇ ਥਾਉਂ ਥਾਈਂਆ । ਮਨ ਮਤ ਬੁਧ ਜਗਤ ਪਸਾਰਾ, ਵਿਦਿਆ ਵਿਦਿਤ ਕਰੇ ਪੜ੍ਹਾਈਆ । ਨਿਰਗੁਣ ਵਸੇ ਸਭ ਤੋਂ ਬਾਹਰਾ, ਦਿਸ ਕਿਸੇ ਨਾ ਆਈਆ । ਜੁਗਾ ਜੁਗੰਤਰ ਲੈ ਅਵਤਾਰਾ, ਲੋਕਮਾਤ ਕਰੇ ਰੁਸ਼ਨਾਈਆ ।

ਆਪਣੀ ਇਛਿਆ ਸੋਲਾਂ ਕਰੇ ਸ਼ੰਗਾਰਾ, ਸੋਲਾਂ ਸ਼ੰਗਾਰ ਸੋਲਾਂ ਕਲਾ ਵਿਚ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਵਲ ਨੈਣ ਨੈਣ ਮਟਕਾਈਆ । ਸਤਿਜੁਗ ਤ੍ਰੇਤਾ ਦੁਆਪਰ ਕੀਆ ਪਾਰ ਕਿਨਾਰਾ, ਦੋ ਦੋ ਮੇਲਾ ਸਹਿਜ ਸੁਭਾਈਆ । ਕਲਜੁਗ ਵੇਖੇ ਮਾਤ ਅਖਾੜਾ, ਬੋਧ ਬੋਧ ਬੋਧ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਰੰਗ ਰੰਗਾਈਆ । ਜੁਗ ਜੁਗ ਸੰਗ ਕਰੇ ਹਰਿ ਕਰਤਾ, ਭੇਵ ਕੋਇ ਨਾ ਪਾਇੰਦਾ । ਜੁਗਾ ਜੁਗੰਤਰ ਆਦਿ ਅੰਤ ਕਦੇ ਨਾ ਮਰਦਾ, ਮਰਨ ਜਨਮ ਵਿਚ ਕਦੇ ਨਾ ਆਇੰਦਾ । ਨਿਰਭੌ ਭੈ ਰੱਖੇ ਕਦੇ ਨਾ ਡਰਦਾ, ਭਿਆਨਕ ਆਪਣੀ ਖੇਲ ਖਿਲਾਇੰਦਾ । ਲੱਖ ਚੁਰਾਸੀ ਏਕਾ ਵਾਰ ਵਰਦਾ, ਬਚਿਆ ਕੋਇ ਰਹਿਣ ਨਾ ਪਾਇੰਦਾ । ਜੋ ਘੜਿਆ ਸੋ ਆਪੇ ਭੰਨਦਾ, ਘੜਨ ਭੰਨਣਹਾਰ ਆਪ ਅਖਵਾਇੰਦਾ । ਆਪਣੇ ਮੰਦਰ ਆਪੇ ਵੜਦਾ, ਔਂਦਾ ਜਾਂਦਾ ਦਿਸ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਭੇਵ ਚੁਕਾਇੰਦਾ । ਜੁਗ ਜੁਗ ਭੇਵ ਚੁਕਾਏ ਨਰ ਹਰਿ, ਨਰਾਇਣ ਵਡੀ ਵਡਿਆਈਆ । ਸਰਗੁਣ ਅੰਦਰ ਜੋਤ ਧਰ ਧਰ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਆਪਣੇ ਪੌੜੇ ਆਪੇ ਚੜ੍ਹ ਚੜ੍ਹ, ਆਪੇ ਵੇਖੇ ਸਰਬ ਲੋਕਾਈਆ । ਆਪਣੀ ਵਿਦਿਆ ਆਪੇ ਪੜ੍ਹ ਪੜ੍ਹ, ਜੀਵ ਜੰਤ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨੂਰ ਜ਼ਹੂਰ ਆਪ ਦਰਸਾਈਆ । ਨੂਰ ਜ਼ਹੂਰ ਕਰਤਾ ਕਰੀਮ, ਕੁਦਰਤ ਕ਼ਾਦਰ ਵਿਚ ਸਮਾਇੰਦਾ । ਏਕਾ ਅਲਿਫ਼ ਕਰੇ ਤਕਸੀਮ, ਦੋ ਜਹਾਨਾਂ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਖੇਲ ਖਿਲਾਇੰਦਾ । ਜੁਗ ਜੁਗ ਖੇਲ ਜੋਤੀ ਧਾਰ, ਜੁਗਤ ਜਗਤ ਵਡਿਆਈਆ । ਗੁਰ ਗੁਰ ਰੂਪ ਵਿਚ ਸੰਸਾਰ, ਪੰਜ ਤੱਤ ਚੋਲਾ ਆਪ ਹੰਢਾਈਆ । ਇਕ ਇਕੱਲਾ ਹੋਇਆ ਖ਼ਬਰਦਾਰ, ਦੂਜੀ ਕੁਦਰਤ ਲਏ ਜਗਾਈਆ । ਤੀਜੇ ਖੋਲ੍ਹ ਨੈਣ ਕਿਵਾੜ, ਚੌਥੇ ਪਦ ਕਰੇ ਰਸਾਈਆ । ਪੰਚਮ ਮੇਟੇ ਅਗਨੀ ਹਾੜ, ਛੇਵੇਂ ਛੱਪਰ ਛੰਨ ਨਾ ਕੋਇ ਜਣਾਈਆ । ਸਤਵੇਂ ਸਤਿ ਸਤਿਵਾਦੀ ਬੈਠਾ ਨਿਰਾਕਾਰ, ਅੱਠਾਂ ਤੱਤਾਂ ਪੰਧ ਮੁਕਾਈਆ । ਨੌਵੇਂ ਪਾਰ ਕਰੇ ਜਗਤ ਦਵਾਰ, ਦਸਵੇਂ ਆਪਣੀ ਜੋਤ ਜਗਾਈਆ । ਏਕਾ ਜੋਤ ਦਸ ਅਵਤਾਰ, ਹਰਿ ਮੰਦਰ ਰੂਪ ਗਏ ਵਟਾਈਆ । ਜਗਤ ਵਾਸਨਾ ਨਾ ਕੋਇ ਪਿਆਰ, ਆਸਾ ਤ੍ਰਿਸਨਾ ਨਾ ਕੋਇ ਜਣਾਈਆ । ਜੀਵਾਂ ਜੰਤਾਂ ਦੇ ਦੇ ਨਾਮ ਆਧਾਰ, ਪੁਰਖ ਅਕਾਲ ਗਏ ਸਮਝਾਈਆ । ਰਸਨਾ ਗੌਣਾ ਕਰ ਪਿਆਰ, ਵੇਲੇ ਅੰਤ ਹੋਏ ਸਹਾਈਆ । ਜੁਗ ਚੌਕੜੀ ਕਰੇ ਸਾਚੀ ਕਾਰ, ਜੁਗ ਜੁਗ ਗੇੜਾ ਆਪ ਭਵਾਈਆ । ਹੁਕਮੇ ਅੰਦਰ ਰੱਖੇ ਗੁਰ ਪੀਰ ਅਵਤਾਰ, ਸਚ ਸੰਦੇਸਾ ਸ਼ਬਦ ਸੁਣਾਈਆ । ਕਲਜੁਗ ਸਤਿਜੁਗ ਅੰਤਮ ਮੇਲਾ ਕਰੇ ਆਪ ਨਿਰੰਕਾਰ, ਦੂਸਰ ਸੰਗ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮਰਦੰਗ ਆਪ ਵਜਾਈਆ । ਕਲਜੁਗ ਅੰਤਮ ਵੱਜੇ ਮਰਦੰਗ, ਗੁਰ ਗੁਰੂ ਸਰਬ ਸਾਲਾਹਿੰਦਾ । ਪਰਗਟ ਹੋਏ ਸੂਰਾ ਸਰਬੰਗ, ਰੂਪ ਰੇਖ ਰੰਗ ਨਾ ਕੋਇ ਰਖਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਗਗਨ ਪਾਤਾਲਾਂ ਆਪੇ ਆਏ ਲੰਘ, ਦੋ ਜਹਾਨਾਂ ਪਾਰ ਕਰਾਇੰਦਾ । ਆਪ ਸੁਹਾਏ ਸਾਚੀ ਸੇਜ ਇਕ ਪਲੰਘ, ਸਚ ਸਿੰਘਾਸਣ ਸੋਭਾ ਪਾਇੰਦਾ । ਸਾਚੇ ਘੋੜੇ ਕਸੇ ਤੰਗ, ਸੋਲਾਂ ਕਲੀਆਂ ਆਸਣ ਲਾਇੰਦਾ । ਏਕਾ ਵਾਰ ਵੇਖੇ ਨੌਂ ਖੰਡ, ਸੱਤਾਂ ਦੀਪਾਂ ਚਰਨਾਂ ਹੇਠ ਦਬਾਇੰਦਾ । ਚੌਦਾਂ ਲੋਕ ਸੁਣਾਏ ਸਾਚਾ ਛੰਦ, ਅੱਖਰ ਵੱਖਰ ਆਪ ਪੜ੍ਹਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦੇਵੇ ਇਕ ਅਨੰਦ, ਅਨੰਦ

ਅਨੰਦ ਅਨੰਦ ਮੰਗਲ ਆਪ ਸੁਣਾਇੰਦਾ । ਸਤਿ ਪਰਕਾਸ਼ ਕਰਾਏ ਸੂਰਜ ਚੰਦ, ਸੂਰਜ ਚੰਦ ਸੀਸ ਝੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੂਪ ਆਪ ਧਰਾਇੰਦਾ । ਕਲਜੁਗ ਅੰਤਮ ਰੂਪ ਅਗੰਮ, ਸੋ ਪੁਰਖ ਨਿਰੰਜਣ ਆਪ ਧਰਾਈਆ । ਨਾ ਮਰੇ ਨਾ ਪਏ ਜੰਮ, ਹਰਖ ਸੋਗ ਨਾ ਕੋਇ ਰਖਾਈਆ । ਨਾ ਖ਼ੁਸ਼ੀ ਨਾ ਕੋਇ ਗ਼ਮ, ਚਿੰਤਾ ਰੂਪ ਨਾ ਕੋਇ ਵਟਾਈਆ । ਬੁਧ ਮਤ ਨਾ ਕੋਇ ਮਨ, ਪੰਜ ਤੱਤ ਨਾ ਕੋਇ ਰਖਾਈਆ । ਹੱਥ ਮੂੰਹ ਨਾ ਨੱਕ ਕੰਨ, ਪੈਰੀਂ ਚਲ ਨਾ ਪੰਧ ਮੁਕਾਈਆ । ਮਾਤ ਪਿਤ ਨਾ ਜਨਨੀ ਜਨ, ਸਾਕ ਸੱਜਣ ਸੈਣ ਨਾ ਕੋਇ ਭਾਈਆ । ਮਾਲ ਖ਼ਜ਼ਾਨਾ ਨਾ ਕੋਇ ਧੰਨ, ਦੌਲਤ ਹੱਥ ਨਾ ਕੋਇ ਰਖਾਈਆ । ਨਾ ਕੋਈ ਛੱਪਰੀ ਨਾ ਕੋਈ ਛੰਨ, ਮੰਦਰ ਮਠ ਨਾ ਕੋਇ ਬਣਾਈਆ । ਨਾ ਕੋਈ ਘੜੇ ਨਾ ਦੇਵੇ ਭੰਨ, ਨਾ ਕੋਈ ਸਕੇ ਡੰਨ ਲਗਾਈਆ । ਨਾ ਕੋਈ ਕਰੇ ਖੰਨ ਖੰਨ, ਨਾ ਕੋਈ ਵੰਡਨ ਵੰਡ ਵੰਡਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਕਲਜੁਗ ਅੰਤਮ ਨਿਰਗੁਣ ਚੜ੍ਹੇ ਸਾਚਾ ਚੰਨ, ਜਗਤ ਅੰਧੇਰਾ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਆਪ ਉਠਾਈਆ । ਕਲਜੁਗ ਪਰਦਾ ਚੁੱਕਣਾ, ਕਲ ਕਲਕੀ ਲੈ ਅਵਤਾਰ । ਚਾਰੋਂ ਕੁੰਟ ਸਿੰਘ ਸ਼ੇਰ ਹੋ ਹੋ ਬੁੱਕਣਾ, ਪੁਰਖ ਅਬਿਨਾਸ਼ੀ ਖੇਲ ਅਪਾਰ । ਸ਼ਬਦ ਅਗੰਮੀ ਹੋ ਹੋ ਉਠਣਾ, ਨਵ ਨੌਂ ਕਰੇ ਜੈਕਾਰ । ਜੂਠਾ ਝੂਠਾ ਧਨ ਸਭ ਦਾ ਲੁੱਟਣਾ, ਰਹਿਣ ਨਾ ਪਾਏ ਵਿਚ ਸੰਸਾਰ । ਮਾਇਆ ਮਮਤਾ ਬੂਟਾ ਸੁੱਕਣਾ, ਜਲ ਸਿੰਚ ਨਾ ਕਰੇ ਕੋਇ ਪਿਆਰ । ਕਾਮ ਕਰੋਧ ਫੜ ਫੜ ਕੁੱਟਣਾ, ਸ਼ਬਦ ਖੰਡਾ ਏਕਾ ਮਾਰ । ਜਨ ਭਗਤਾਂ ਉਪਰ ਆਪੇ ਤੁੱਠਣਾ, ਦੇਵੇ ਦਰਸ ਦਰਸ ਦੀਦਾਰ । ਅੰਮ੍ਰਿਤ ਜਾਮ ਪਿਆਏ ਘੁਟਨਾ, ਕਾਇਆ ਕਰੇ ਠੰਡੀ ਠਾਰ । ਲੱਖ ਚੁਰਾਸੀ ਫੜ ਫੜ ਕੁਸਣਾ, ਏਕਾ ਮਾਰੇ ਮਾਰਨਹਾਰਾ ਮਾਰ । ਰਾਏ ਧਰਮ ਸਭ ਨੂੰ ਪੁੱਛਣਾ, ਕਿਉਂ ਭੁਲਿਆ ਹਰਿ ਨਿਰੰਕਾਰ । ਹਰਿ ਕਾ ਤੀਰ ਨਿਸ਼ਾਨਾ ਕਦੇ ਨਾ ਉਕਣਾ, ਗੋਬਿੰਦ ਚਿੱਲੇ ਰਿਹਾ ਚਾੜ੍ਹ । ਬੀਸ ਅਠਾਰਾਂ ਏਕਾ ਚੁੱਕਣਾ, ਦੋ ਜਹਾਨਾਂ ਮਾਰੇ ਮਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਨਾਉਂ ਰੱਖੇ ਨਿਹਕਲੰਕ ਨਰਾਇਣ ਨਰ ਅਵਤਾਰ । ਰੱਖਿਆ ਨਾਉਂ ਨਿਹਕਲੰਕ, ਨਾਨਕ ਗੋਬਿੰਦ ਗਏ ਜਸ ਗਾਈਆ । ਵੇਦ ਵਿਆਸਾ ਵੇਖੇ ਅੰਤ, ਪਾਰਬ੍ਰਹਮ ਦਏ ਵਖਾਈਆ । ਈਸਾ ਮੇਲੇ ਸਾਚਾ ਕੰਤ, ਬੈਠਾ ਓਟ ਤਕਾਈਆ । ਮੁਹੰਮਦ ਚੌਦਾਂ ਸਦੀਆਂ ਗਣੇ ਗਣਤ, ਲਿਖ ਲਿਖ ਲੇਖਾ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਉਂ ਕਰੇ ਰੁਸ਼ਨਾਈਆ । ਨਿਹਕਲੰਕ ਨਾਉਂ ਸੁਲਤਾਨਾ, ਸੋ ਪੁਰਖ ਨਿਰੰਜਣ ਆਪ ਰਖਾਇੰਦਾ । ਜੋਧਾ ਸੂਰਬੀਰ ਬਲੀ ਬਲਵਾਨਾ, ਬਾਵਨ ਆਪਣਾ ਰੂਪ ਧਰਾਇੰਦਾ । ਰਾਮਾ ਰਾਮ ਰਾਮ ਮਰਦਾਨਾ, ਰਾਵਣ ਗੜ੍ਹ ਹੰਕਾਰ ਤੁੜਾਇੰਦਾ । ਕਾਹਨਾ ਕ੍ਰਿਸ਼ਨ ਕ੍ਰਿਸ਼ਨ ਪਰਧਾਨਾ, ਰਥ ਰਥਵਾਹੀ ਰਥ ਚਲਾਇੰਦਾ । ਈਸਾ ਮੂਸਾ ਬੱਧਾ ਗਾਨਾ, ਸਾਚਾ ਸਗਨ ਮਨਾਇੰਦਾ । ਹੱਥੀਂ ਫੜੇ ਮੁਹੰਮਦ ਗ਼ੁਲਾਮਾ, ਏਕਾ ਬੰਧਨ ਹਰਿ ਹਰਿ ਪਾਇੰਦਾ । ਅੱਲਾ ਰਾਣੀ ਤੋੜੇ ਮਾਣਾ, ਸ਼ਬਦ ਨਿਸ਼ਾਨਾ ਇਕ ਚਲਾਇੰਦਾ । ਚਾਰੋਂ ਕੁੰਟ ਵੇਖੇ ਮਾਰ ਧਿਆਨਾ, ਦਹਿ ਦਿਸ਼ਾ ਫੋਲ ਫੋਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਨਰ ਹਰਿ ਆਪਣਾ ਖੇਲ ਖਿਲਾਇੰਦਾ । ਨਿਹਕਲੰਕ ਪੁਰਖ ਅਬਿਨਾਸ਼ਾ, ਅਬਿਨਾਸ਼ੀ ਆਪਣੀ ਧਾਰ ਚਲਾਈਆ । ਜੋਤੀ ਜੋਤ ਜੋਤ ਪਰਕਾਸ਼ਾ, ਪਰਕਾਸ਼ ਪਰਕਾਸ਼ ਰੂਪ ਧਰਾਈਆ । ਆਦਿ ਜੁਗਾਦਿ ਨਾ ਕਦੇ ਵਿਨਾਸਾ, ਜੁਗ ਜੁਗ ਆਪਣੀ ਚਾਲ ਚਲਾਈਆ ।

ਕਲਜੁਗ ਵੇਖੇ ਖੇਲ ਤਮਾਸ਼ਾ, ਲੱਖ ਚੁਰਾਸੀ ਨਾਚ ਨਚਾਈਆ । ਗੁਰਮੁਖ ਵਿਰਲਾ ਪ੍ਰਭ ਮਿਲਣ ਦੀ ਰੱਖੇ ਆਸਾ, ਨਿਜ ਆਤਮ ਬੈਠਾ ਧਿਆਨ ਲਗਾਈਆ । ਸਤਿਗੁਰ ਪੂਰਾ ਦੇਵੇ ਸਚ ਭਰਵਾਸਾ, ਭਾਂਡਾ ਭਰਮ ਭੌ ਭੰਨਾਈਆ । ਅੰਮ੍ਰਿਤ ਭਰੇ ਕਾਇਆ ਕਾਸਾ, ਸਚ ਪਿਆਲਾ ਹੱਥ ਫੜਾਈਆ । ਨਿਜ ਮੰਦਰ ਕਰ ਕਰ ਵਾਸਾ, ਨਿਜ ਗ੍ਰਿਹਿ ਦਏ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਹਰਿਜਨ ਲਏ ਉਠਾਈਆ । ਜੁਗ ਜੁਗ ਹਰਿਜਨ ਮਿਲੰਨਾ, ਹਰਿ ਮੇਲੇ ਬੇਪਰਵਾਹ । ਸ਼ੌਹ ਦਰਯਾਏ ਬੇੜਾ ਬੰਨ੍ਹਾ, ਬੇੜਾ ਬੰਨ੍ਹੇ ਬਣ ਮਲਾਹ । ਏਕਾ ਰਾਗ ਸੁਣਾਇਆ ਕੰਨਾ, ਰਾਗ ਅਨਾਦੀ ਧੁੰਨ ਵਜਾ । ਏਕਾ ਜੋਤ ਚੜ੍ਹਾਇਆ ਚੰਨਾ, ਜੋਤ ਨਿਰੰਜਣ ਕਰ ਰੁਸ਼ਨਾ । ਏਕਾ ਪੁਰਖ ਅਬਿਨਾਸ਼ੀ ਮੰਨਾ, ਗੁਰਮੁਖ ਸੱਚੇ ਲਏ ਮਨਾ । ਮਨਮੁਖ ਜੀਵ ਆਤਮ ਅੰਨ੍ਹਾ, ਹਰਿ ਕਾ ਭੇਵ ਨਾ ਸਕੇ ਪਾ । ਰਾਏ ਧਰਮ ਦਏ ਡੰਨਾ, ਦੇਵੇ ਡੰਨ ਅੰਤ ਸਜ਼ਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹ । ਬੇਪਰਵਾਹ ਖੇਲ ਖਿਲੌਣਾ, ਕਲਜੁਗ ਅੰਤਮ ਵੇਖ ਵਖਾਈਆ । ਹਰਿਜਨ ਹਰਿ ਹਰਿ ਮੇਲ ਮਿਲੌਣਾ, ਦਰ ਦਰ ਘਰ ਘਰ ਫੇਰਾ ਪਾਈਆ । ਮਨਮੁਖ ਜੀਵਾਂ ਗੂੜ੍ਹੀ ਨੀਂਦ ਸਵੌਣਾ, ਉਪਰ ਪੱਲੂ ਏਕਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਤਰਾਈਆ । ਤਾਰਨ ਕੋ ਏਕਾ ਗੁਰੂਦੇਵ, ਸਦਾ ਸਦਾ ਨਿਮਸਕਾਰ । ਬਿਰਥਾ ਜਾਏ ਨਾ ਹਰਿਜਨ ਸੇਵ, ਲੇਖੇ ਲਾਏ ਅਗੰਮ ਅਪਾਰ । ਅੰਮ੍ਰਿਤ ਫਲ ਦੇਵੇ ਸਾਚਾ ਮੇਵ, ਰਸ ਅਮੋਲਾ ਵਿਚ ਸੰਸਾਰ । ਕਿਰਪਾ ਕਰੇ ਅਲਖ ਅਭੇਵ, ਨਿਹਕੇਵ ਸੱਚੀ ਸਰਕਾਰ । ਦੇਵੇ ਵਡਿਆਈ ਵਿਚ ਦੇਵੀ ਦੇਵ, ਦੇਵ ਦੇਵਾ ਆਪ ਨਿਰੰਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਜਾਏ ਤਾਰ । ਤਾਰਨਹਾਰਾ ਇਕ ਗੋਪਾਲ, ਆਦਿ ਜੁਗਾਦਿ ਤਰਾਇੰਦਾ । ਹਰਿਜਨ ਵੇਖੇ ਸਾਚੇ ਲਾਲ, ਬਾਲ ਅਵਾਣੇ ਗੋਦ ਉਠਾਇੰਦਾ । ਇਕ ਵਖਾਏ ਸੱਚੀ ਧਰਮਸਾਲ, ਚਰਨ ਦਵਾਰੇ ਆਪ ਬਹਾਇੰਦਾ । ਤ੍ਰੈਗੁਣ ਮਾਇਆ ਤੋੜ ਜੰਜਾਲ, ਪੰਚਮ ਨਾਤਾ ਮੋਹ ਮਿਟਾਇੰਦਾ । ਏਕਾ ਮਾਰਗ ਦੱਸੇ ਸੁਖਾਲ, ਸਤਿਜੁਗ ਸਾਚਾ ਰਾਹ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਪਾਰ ਕਰਾਇੰਦਾ । ਸਤਿਜੁਗ ਸਾਚਾ ਮਾਰਗ ਦੱਸ, ਸੋਹੰ ਸ਼ਬਦ ਕਰੇ ਪੜ੍ਹਾਈਆ । ਹੰ ਬ੍ਰਹਮ ਤੀਰ ਨਿਰਾਲਾ ਮਾਰੇ ਕਸ, ਸੋ ਮੁਖੀ ਤਿਖੀ ਆਪ ਕਰਾਈਆ । ਹਿਰਦੇ ਅੰਦਰ ਜਾਏ ਵਸ, ਨਾ ਕੋਈ ਸਕੇ ਬਾਹਰ ਕਢਾਈਆ । ਆਪਣਾ ਅੰਮ੍ਰਿਤ ਚੁਆਏ ਰਸ, ਰਸ ਰਸੀਆ ਸਾਚਾ ਮਾਹੀਆ । ਪੂਰੀ ਕਰੇ ਹਰਿਜਨ ਆਸ, ਨਿਰਾਸਾ ਕੋਇ ਰਹਿਣ ਨਾ ਪਾਈਆ । ਜਿਸ ਜਨ ਚਰਨ ਕਵਲ ਕਰਾਏ ਦਾਸ, ਰਾਤੀਂ ਸੁਤਿਆ ਦਰਸ ਦਿਖਾਈਆ । ਆਤਮ ਦੀਆ ਦੀਪਕ ਜੋਤ ਕਰ ਪਰਕਾਸ਼, ਆਪਣਾ ਰੂਪ ਦਏ ਸਮਝਾਈਆ । ਉਠਤ ਬੈਠਤ ਸੋਵਤ ਜਾਗਤ ਵਸੇ ਪਾਸ, ਆਲਸ ਨਿੰਦਰਾ ਨਾ ਕੋਇ ਜਣਾਈਆ । ਏਥੇ ਓਥੇ ਦੋ ਜਹਾਨਾਂ ਬਣਿਆ ਰਹੇ ਸਾਲਸ, ਸਚ ਅਦਾਲਤ ਹੋਏ ਸਹਾਈਆ । ਚਾਰ ਵਰਨ ਗੁਰਸਿਖ ਬਣਾਏ ਸਾਚਾ ਖ਼ਾਲਸ, ਗੋਬਿੰਦ ਗੁਰ ਗਿਆ ਲਿਖਾਈਆ । ਚਲਣ ਨਾ ਦੇਵੇ ਕਿਸੇ ਦੀ ਨਾਲਸ਼, ਸ਼ਬਦ ਖੰਡਾ ਰਿਹਾ ਚਮਕਾਈਆ । ਜਨ ਭਗਤਾਂ ਦੇਵੇ ਸਾਚੀ ਢਾਰਸ, ਇਕ ਦਵਾਰਾ ਆਪ ਵਖਾਈਆ । ਮਨਮੁਖ ਤੇਰੀ ਦੇਵੇ ਨਾ ਕੋਇ ਜ਼ਮਾਨਤ, ਵੇਲੇ ਅੰਤ ਨਾ ਕੋਇ ਛੁਡਾਈਆ । ਪਾਰਬ੍ਰਹਮ ਪੁਰਖ ਅਬਿਨਾਸ਼ੀ ਲੋਕਮਾਤ ਲਗੌਣੀ ਇਕ ਅਦਾਲਤ, ਵਿਸ਼ਨ ਬ੍ਰਹਮਾ ਸ਼ਿਵ ਗੁਰ ਅਵਤਾਰ ਦਰ ਬਹਾਈਆ । ਨਾ ਕੋਈ ਲਾਅ ਨਾ ਵਕਾਲਤ, ਨਾ ਕੋਈ ਦਲੀਲ ਦਏ ਗਵਾਹੀਆ । ਆਦਿ

ਜੁਗਾਦਿ ਸਦਾ ਸਲਾਮਤ, ਸਾਚੇ ਤਖ਼ਤ ਬੈਠ ਕਰੇ ਸੱਚੀ ਸ਼ਹਿਨਸ਼ਾਹੀਆ । ਕੂੜੀ ਰਹਿਣ ਨਾ ਦੇਵੇ ਕੋਈ ਅਲਾਮਤ, ਆਲਸ ਵੇਖੇ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਉਠਾਈਆ । ਸਚ ਅਦਾਲਤ ਹਰਿ ਨਿਰੰਕਾਰਾ, ਤਖ਼ਤ ਨਿਵਾਸੀ ਆਪ ਕਰਾਇੰਦਾ । ਲੇਖਾ ਜਾਣੇ ਵਾਰੋ ਵਾਰਾ, ਜੁਗ ਜੁਗ ਪੰਧ ਮੁਕਾਇੰਦਾ । ਨਵ ਨੌਂ ਚਾਰ ਉਤਰੇ ਪਾਰਾ, ਨੌਂ ਸੌ ਚੁਰਾਨਵੇ ਚੌਕੜੀ ਜੁਗ ਨੇਤਰ ਨੈਣਾਂ ਰੋ ਰੋ ਨੀਰ ਵਹਾਇੰਦਾ । ਚਾਰ ਕੁੰਟ ਨਾ ਕੋਇ ਸਹਾਰਾ, ਸਗਲਾ ਸੰਗ ਨਾ ਕੋਇ ਰਖਾਇੰਦਾ । ਪੰਡਤ ਪਾਂਧਾ ਨਾ ਕੋਈ ਪਾਵੇ ਸਾਰਾ, ਤੀਰਥ ਤਟ ਕਿਨਾਰਾ ਨਾ ਕੋਇ ਜਣਾਇੰਦਾ । ਮੁੱਲਾਂ ਸ਼ੇਖ਼ ਮੁਸਾਇਕ ਸਚ ਨਾ ਸੁਣਾਏ ਕੋਇ ਨਾਅਰਾ, ਹੱਕ ਹਕ਼ੀਕ਼ਤ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਜੋਤੀ ਜਾਮਾ ਮਾਤ ਧਰ, ਲੱਖ ਚੁਰਾਸੀ ਜੀਵ ਜੰਤ ਜਲ ਥਲ ਮਹੀਅਲ ਵੇਖ ਵਖਾਇੰਦਾ । ਗੁਰਸਿਖ ਗੁਰਮੁਖ ਹਰਿਜਨ ਹਰਿ ਭਗਤ ਦੂਈ ਦਵੈਤੀ ਮੇਟੇ ਸਲ, ਸਲ ਆਪਣਾ ਆਪ ਲਗਾਇੰਦਾ । ਦਰਸ ਦਿਖਾਏ ਘੜੀ ਘੜੀ ਪਲ ਪਲ, ਵੇਲਾ ਵਕ਼ਤ ਨਾ ਕੋਇ ਜਣਾਇੰਦਾ । ਜਿਸ ਜਨ ਅੰਦਰ ਗਿਆ ਰਲ, ਰਲ ਮਿਲ ਆਪਣਾ ਝਟ ਲੰਘਾਇੰਦਾ । ਲੱਖ ਚੁਰਾਸੀ ਕਰਿਆ ਵਲ, ਵਲ ਛਲ ਧਾਰੀ ਆਪਣੀ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਦੀਪਕ ਆਪੇ ਬਲ, ਗੁਰਸਿਖ ਤੇਰਾ ਦੀਆ ਦੀਪਕ ਆਪ ਜਗਾਇੰਦਾ । ਗੁਰਸਿਖ ਦੀਪਕ ਜਾਏ ਜਗ, ਜੋਤੀ ਜਾਤਾ ਆਪ ਜਗਾਈਆ । ਦਰਸ ਦਿਖਾਏ ਉਪਰ ਸ਼ਾਹ ਰਗ, ਸ਼ਹਿਨਸ਼ਾਹ ਸੱਚਾ ਸ਼ਹਿਨਸ਼ਾਹੀਆ । ਆਪਣੇ ਮੰਦਰ ਟਿਕਾਏ ਆਪਣਾ ਪਗ, ਨੌਂ ਦਵਾਰੇ ਪਾਰ ਕਰਾਈਆ । ਮਾਰ ਠੋਕਰ ਵਜਾਏ ਤਾਲ ਅਨਹਦ, ਨਾਦ ਅਨਾਦੀ ਆਪ ਸੁਣਾਈਆ । ਆਪਣਾ ਰਾਗ ਆਪਣੇ ਵਿਚੋਂ ਕੱਢ, ਗੁਰਮੁਖਾਂ ਵਿਚ ਟਿਕਾਈਆ । ਲੱਖ ਚੁਰਾਸੀ ਨਾਲੋਂ ਕਰ ਕਰ ਅੱਡ, ਆਪਣਾ ਰੰਗ ਵਖਾਈਆ । ਅੰਤ ਕਾਲ ਨਾ ਜਾਏ ਛੱਡ, ਸੰਤ ਭਗਵੰਤ ਹੋਏ ਸਹਾਈਆ । ਪਾਰ ਕਰਾਏ ਤ੍ਰੈਭਵਨ ਹੱਦ, ਤ੍ਰੈਭਵਨ ਧਨੀ ਆਪਣੀ ਸੇਵ ਕਮਾਈਆ । ਗੁਰਮੁਖ ਬਣਾਏ ਸਾਚੀ ਯੱਦ, ਵਿਸ਼ਵ ਵੰਸ ਇਕ ਰਖਾਈਆ । ਚਰਨ ਦਵਾਰੇ ਆਪਣੇ ਸੱਦ, ਸਚਖੰਡ ਦਵਾਰ ਦਏ ਵਡਿਆਈਆ । ਬਾਲਕ ਲਡਾਏ ਪਿਤਾ ਲਾਡ, ਪੂਤ ਖ਼ੁਸ਼ੀ ਮਨਾਈਆ । ਨਾਤਾ ਤੁਟਾ ਬ੍ਰਹਮ ਬ੍ਰਹਿਮਾਦ, ਮਿਲੀ ਪਾਰਬ੍ਰਹਮ ਸੱਚੀ ਸਰਨਾਈਆ । ਗੁਰਮੁਖ ਤੇਰੀ ਹਰਿ ਗਾਏ ਸਦਾ ਗਾਥ, ਗਾਵਣਹਾਰਾ ਗਾ ਗਾ ਆਪਣੀ ਖ਼ੁਸ਼ੀ ਮਨਾਈਆ । ਬਿਨ ਹਰਿ ਭਗਤ ਹਰਿ ਦਾ ਕੋਈ ਨਾ ਦੇਵੇ ਸਾਥ, ਜੁਗ ਜੁਗ ਇਕੱਲਾ ਬੈਠਾ ਗੁਰਮੁਖ ਵੇਖੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਫੜ, ਕਾਇਆ ਮੰਦਰ ਅੰਦਰ ਚੜ੍ਹ ਆਪਣਾ ਬੰਧਨ ਆਪੇ ਪਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਗਨੀ ਹਵਨ ਨਾ ਜਾਏ ਸੜ, ਮੜ੍ਹੀ ਗੋਰ ਨਾ ਕੋਇ ਦਬਾਈਆ । ਦੇਵੇ ਦਰਸ ਦੀਦਾਰ, ਦਇਆ ਕਮਾਇੰਦਾ । ਡੂੰਘੇ ਸਾਗਰ ਲਾਏ ਪਾਰ, ਭਵਰੀ ਭਵਰ ਨਾ ਕੋਇ ਰੁੜ੍ਹਾਇੰਦਾ । ਚਰਨ ਕਵਲ ਵਖਾਏ ਸਚ ਪਿਆਰ, ਮਾਣਸ ਜਨਮ ਜਨਮ ਸਮਝਾਇੰਦਾ । ਫੜ ਫੜ ਦੁਤਰ ਦੇਵੇ ਤਾਰ, ਦੁਤਰ ਤਰਿਆ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੂਪ ਆਪ ਜਣਾਇੰਦਾ । ਆਪਣਾ ਦੇਵੇ ਹਰਿ ਜੀ ਦਰਸ, ਦਰਸੀ ਦਰਸ ਆਪ ਕਰਾਇੰਦਾ । ਗੁਰਸਿਖ ਮੇਟੇ ਤੇਰੀ ਹਰਸ, ਹਵਸ ਹੋਰ ਨਾ ਕੋਇ ਜਣਾਇੰਦਾ । ਗ਼ਰੀਬ ਨਿਮਾਣਿਆਂ ਉਪਰ ਕਰੇ ਤਰਸ, ਜੋ ਜਨ ਧਿਆਨ ਲਗਾਇੰਦਾ । ਸਤਿਗੁਰ

ਪੂਰਾ ਗੁਰਸਿਖ ਤੇਰੀ ਕਦੇ ਨਾ ਕਰੇ ਪਰਖ, ਪਰੀਖਿਆ ਵਿਚ ਕੋਇ ਨਾ ਆਇੰਦਾ । ਅੱਗੇ ਰਹਿਣਾ ਸਦਾ ਨਧੜਕ, ਨਿਰਭੈ ਸਿਰ ਆਪਣਾ ਹੱਥ ਰਖਾਇੰਦਾ । ਜਗਤ ਤ੍ਰਿਸਨਾ ਜੋ ਰਹੀ ਭੜਕ, ਅਗਨੀ ਅੱਗ ਆਪ ਬੁਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਸਾਚਾ ਵਰ, ਆਸਾ ਮਨਸਾ ਮਨਸਾ ਆਸਾ ਆਪੇ ਪੂਰ ਕਰਾਇੰਦਾ ।

### ★ ੨੩ ਜੇਠ ੨੦੧੮ ਬਿਕ੍ਰਮੀ ਪਿਆਰਾ ਸਿੰਘ ਸੇਵਾ ਸਿੰਘ ਦੇ ਗ੍ਰਿਹਿ ਕਲੋਏ ਜੰਮੂ ★

ਸਾਜਨ ਘਰ ਸਾਜਨ ਆਏ, ਸੁਹੰਜਣੀ ਘੜੀ ਸੁਹਾਈਆ । ਰਾਜਨ ਘਰ ਰਾਜਨ ਆਏ, ਰਾਜਨ ਰਾਜ ਮੇਲ ਮਿਲਾਈਆ । ਨਵਾਬਨ ਘਰ ਨਵਾਬਨ ਆਏ, ਸ਼ਾਹ ਨਵਾਬ ਸੱਚਾ ਸ਼ਹਿਨਸ਼ਾਹੀਆ । ਗ਼ਰੀਬ ਨਿਵਾਜ਼ਨ ਘਰ ਗ਼ਰੀਬ ਨਿਵਾਜ਼ਾ ਆਏ, ਰੂਪ ਅਨੂਪ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੱਜਣ ਸੰਗ ਰਖਾਈਆ । ਸੱਜਣ ਘਰ ਸੱਜਣ ਪਾਇਆ, ਘਰ ਸਾਚੀ ਵੱਜੇ ਵਧਾਈਆ । ਗ੍ਰਿਹਿ ਮੰਦਰ ਬਹਿ ਬਹਿ ਮੰਗਲ ਗਾਇਆ, ਗੀਤ ਗੋਬਿੰਦ ਅਲਾਈਆ । ਜਗਤ ਸੰਗਲ ਕੱਟ ਵਖਾਇਆ, ਤੁੱਟੀ ਝੂਠੀ ਫਾਹੀਆ । ਜਿਉਂ ਤੰਦਲ ਛੀਨ ਹਰਿ ਜੀ ਆਇਆ, ਲੇਖਾ ਲੇਖੇ ਲੇਖਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੱਜਣ ਸ਼ਹਿਨਸ਼ਾਹੀਆ । ਸੱਜਣ ਘਰ ਸੱਜਣ ਰੰਗ, ਰੰਗ ਰੰਗੀਲਾ ਆਪ ਚੜ੍ਹਾਇੰਦਾ । ਸੱਜਣ ਕੋਲੋਂ ਸੱਜਣ ਮੰਗੇ ਮੰਗ, ਵਸਤ ਅਮੋਲਕ ਇਕ ਜਣਾਇੰਦਾ । ਸੱਜਣ ਕੋਲ ਸੱਜਣ ਬਹੇ ਚੜ੍ਹ ਰੰਗੀਲੇ ਪਲੰਘ, ਸੇਜ ਸੁਹੰਜਣੀ ਇਕ ਸੁਹਾਇੰਦਾ । ਸੱਜਣ ਘਰ ਵਜਾਏ ਸੱਜਣ ਨਾਮ ਮਰਦੰਗ, ਸੱਚ ਤਰਾਨਾ ਰਾਗ ਸੁਣਾਇੰਦਾ । ਸੱਜਣ ਗਾਏ ਸੱਜਣ ਛੰਦ, ਸਾਚਾ ਢੋਲਾ ਆਪ ਸੁਣਾਇੰਦਾ । ਸੱਜਣ ਵੇਖੇ ਸੱਜਣ ਨੂਰ ਚੰਦ, ਚੰਦ ਚਾਂਦਨਾ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੱਜਣ ਦਇਆ ਕਮਾਇੰਦਾ । ਹਰਿ ਸੱਜਣ ਸੱਚਾ ਪਾਤਸ਼ਾਹ, ਪਾਰਬ੍ਰਹਮ ਕਰਤਾਰ । ਜੁਗ ਜੁਗ ਬਣੇ ਮਾਤ ਮਲਾਹ, ਹਰਿਜਨ ਬੇੜਾ ਲਾਏ ਪਾਰ । ਸ਼ਬਦ ਸਰੂਪੀ ਇਕ ਸਲਾਹ, ਦੇਵੇ ਨਾਮ ਆਧਾਰ । ਨੇਤਰ ਦਰਸੀ ਦਰਸ ਕਰਾ, ਕਾਇਆ ਕਰੇ ਠੰਡੀ ਠਾਰ । ਜਗਤ ਹਰਸ ਦਏ ਮਿਟਾ, ਚਰਨ ਕਵਲ ਬਖ਼ਸ਼ੇ ਇਕ ਆਧਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਜਣ ਸੱਜਣ ਕਰੇ ਪਿਆਰ । ਸੱਜਣ ਮੀਤ ਸੱਜਣ ਮੁਰਾਰਾ, ਸੱਜਣ ਸਗਲਾ ਸੰਗ ਨਿਭਾਈਆ । ਸੱਜਣ ਜੋਧਾ ਬੀਰ ਬਲੀ ਬਲਕਾਰਾ, ਸੱਜਣ ਬਲਹੀਣ ਆਪ ਹੋ ਜਾਈਆ । ਸੱਜਣ ਸ਼ਾਹੋ ਭੂਪ ਸਿਕਦਾਰਾ, ਸੱਜਣ ਰੱਯਤ ਨਾਮ ਵਟਾਈਆ । ਸੱਜਣ ਗੁਰ ਪੀਰ ਅਵਤਾਰਾ, ਸੱਜਣ ਗੁਰਸਿਖ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਜਣ ਸਾਜਣ ਲਏ ਮਿਲਾਈਆ । ਸੱਜਣ ਸਾਜਨ ਪਾਇਆ, ਸਜਿਆ ਸਚ ਦਰਬਾਰ । ਘਰ ਰਾਜਨ ਰਾਜ ਆਇਆ, ਸ਼ਾਹ ਪਾਤਸ਼ਾਹ ਸੱਚੀ ਸਰਕਾਰ । ਆਪਣਾ ਕਾਜਨ ਆਪ ਰਚਾਇਆ, ਆਪੇ ਹੋਏ ਵੇਖਣਹਾਰ । ਆਪਣਾ ਜਹਾਜ਼ਨ ਆਪ ਚਲਾਇਆ, ਗੁਰਮੁਖ ਸਾਚੇ ਲਏ ਚਾੜ੍ਹ । ਚਾਰੋਂ ਕੁੰਟ ਫੇਰਾ ਪਾਇਆ, ਨਵ ਨੌਂ ਫਿਰੇ ਬਣ ਭਿਖਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੱਜਣ ਖੇਲ ਅਪਾਰ । ਸੱਜਣ ਚੋਰ ਸੱਜਣ ਠੱਗ, ਸੱਜਣ ਰਸਨਾ ਜੇਹਵਾ ਗਾਈਆ । ਸੱਜਣ ਵਸੇ ਉਪਰ ਸ਼ਾਹ ਰਗ,

੭੪੪

ਸੱਜਣ ਬੈਠਾ ਮੁਖ ਛੁਪਾਈਆ । ਸੱਜਣ ਕਰੇ ਖੇਲ ਸੂਰਾ ਸਰਬੱਗ, ਸੱਜਣ ਅੰਧ ਅੰਧੇਰ ਬੈਠਾ ਆਸਣ ਲਾਈਆ । ਸੱਜਣ ਹੰਸ ਬਣਾਏ ਕਗ, ਸਾਚੀ ਨਾਮ ਚੋਗ ਚੁਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੱਜਣ ਵੇਖ ਵਖਾਈਆ । ਸੱਜਣ ਰਾਜਾ ਸੱਜਣ ਭੂਪ, ਰਾਜ ਰਾਜਾਨ ਆਪ ਅਖਵਾਇੰਦਾ । ਸੱਜਣ ਵਸੇ ਚਾਰੇ ਕੂਟ, ਦਹਿ ਦਿਸ਼ਾ ਆਪ ਸਮਾਇੰਦਾ । ਹਰਿ ਸੱਜਣ ਨਾਤਾ ਤੋੜੇ ਜੂਠ ਝੂਠ, ਸਚ ਸੁੱਚ ਆਪ ਦ੍ਰਿੜਾਇੰਦਾ । ਹਰਿ ਸੱਜਣ ਸੱਜਣ ਉਪਰ ਜਾਏ ਤੁਠ, ਆਪ ਆਪਣੀ ਦਇਆ ਕਮਾਇੰਦਾ । ਹਰਿ ਸੱਜਣ ਸੱਜਣ ਦੇਵੇ ਨਾਮ ਘੁਟ, ਭਰ ਪਿਆਲਾ ਹੱਥ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੱਜਣ ਮੰਗ ਮੰਗਾਇੰਦਾ । ਸੱਜਣ ਮੰਗੇ ਸੱਜਣ ਦੇਵੇ, ਸੱਜਣ ਸੱਜਣ ਝੋਲੀ ਆਪ ਭਰਾਈਆ । ਸੱਜਣ ਪੁਰਖ ਅਲਖ ਅਭੇਵੇ, ਸਾਜਨ ਗੁਰਮੁਖ ਰੂਪ ਵਟਾਈਆ । ਸਾਜਨ ਗਾਏ ਰਸਨਾ ਜਿਹਵੇ, ਸੱਜਣ ਵੇਖੇ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਜਨ ਸੱਜਣ ਮੇਲਾ ਮੇਲੇ ਚਾਈਂ ਚਾਈਆ । ਸੱਜਣ ਮੇਲਾ ਚੜ੍ਹਿਆ ਚਾ, ਹਰਿ ਸੱਜਣ ਖ਼ੁਸ਼ੀ ਮਨਾਇੰਦਾ । ਘਰ ਸੱਜਣ ਸੱਜਣ ਗਿਆ ਆ, ਕਲਜੁਗ ਅੰਤਮ ਫੇਰਾ ਪਾਇੰਦਾ । ਹਰਿਜਨ ਸਾਚੇ ਲਏ ਉਠਾ, ਸਿਰ ਆਪਣਾ ਹੱਥ ਰਖਾਇੰਦਾ । ਹਰਿ ਸੰਗਤ ਰੱਖੇ ਨਾਲ ਗਵਾਹ, ਦੂਜੀ ਸ਼ਹਾਦਤ ਨਾ ਕੋਇ ਜਣਾਇੰਦਾ । ਮਾਣਸ ਜਨਮ ਜਨਮ ਦਏ ਬਦਲਾ, ਜਿਸ ਜਨ ਆਪਣੇ ਚਰਨ ਲਗਾਇੰਦਾ । ਕਰਮ ਕਰਮ ਦਾ ਰੋਗ ਦਏ ਗਵਾ, ਨਿਹਕਰਮੀ ਕਰਮ ਕਮਾਇੰਦਾ । ਧਰਮ ਧਰਮ ਦਾ ਭਰਮ ਦਏ ਮਿਟਾ, ਸਾਚਾ ਧਰਮ ਇਕ ਵਖਾਇੰਦਾ । ਚਾਰ ਵਰਨ ਬਣਾਏ ਭੈਣ ਭਰਾ, ਊਚ ਨੀਚ ਨਾ ਕੋਇ ਜਣਾਇੰਦਾ । ਆਤਮ ਬ੍ਰਹਮ ਸਰਬ ਟਿਕਾ, ਲੱਖ ਚੁਰਾਸੀ ਖੇਲ ਖਿਲਾਇੰਦਾ । ਹਰ ਘਟ ਅੰਦਰ ਆਸਣ ਲਾ, ਜੋਤੀ ਨੂਰ ਡਗਮਗਾਇੰਦਾ । ਹਰਿਜਨ ਮੇਲਾ ਸਹਿਜ ਸੁਭਾ, ਘਰ ਸਾਚੇ ਆਪ ਮਿਲਾਇੰਦਾ । ਇਕ ਇਕੇਲਾ ਪਕੜੇ ਬਾਂਹ, ਜਗਤ ਵਿਛੋੜਾ ਪੰਧ ਕਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੱਜਣ ਪਾਰ ਕਰਾਇੰਦਾ । ਹਰਿ ਸੱਜਣ ਬੈਠਾ ਪਾਰ ਪੱਤਣ, ਸੱਜਣ ਤੇਰਾ ਰਾਹ ਤਕਾਈਆ । ਆਪੇ ਆਏ ਮਾਰਗ ਦੱਸਣ, ਆਪੇ ਫੜ ਫੜ ਰਾਹੇ ਪਾਈਆ । ਆਪੇ ਆਏ ਹਿਰਦੇ ਵਸਣ, ਹਰਿ ਕੀ ਪੌੜੀ ਆਪ ਚੜ੍ਹਾਈਆ । ਆਪੇ ਆਏ ਪੰਚ ਵਿਕਾਰਾ ਮਥਨ, ਨਾਮ ਮਧਾਣਾ ਨਾਲ ਰਲਾਈਆ । ਆਪੇ ਆਏ ਗੁਰਸਿਖਾਂ ਨਾਉਂ ਕਥਨ, ਕਥ ਕਥ ਲੋਕਮਾਤ ਲੇਖਾ ਦਏ ਬਣਾਈਆ । ਆਪੇ ਆਏ ਹਰਿਜਨ ਸਾਚੇ ਰੱਖਣ, ਦੋ ਜਹਾਨਾਂ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਜਨ ਮੀਤ ਇਕ ਗੋਸਾਈਆ । ਸਾਜਨ ਮੀਤ ਇਕ ਗੋਸਾਈਂ, ਗਹਿਰ ਗੰਭੀਰ ਸਮਾਇਆ । ਹਰਿ ਸੱਜਣ ਵੇਖੇ ਥਾਉਂ ਥਾਈਂ, ਥਾਨ ਥਨੰਤਰ ਫੋਲ ਫੋਲਾਇਆ । ਏਕਾ ਸਿਖਿਆ ਰਿਹਾ ਸਮਝਾਈ, ਸਾਚਾ ਮੰਤਰ ਨਾਮ ਦ੍ਰਿੜਾਇਆ । ਕਾਗੋਂ ਹੰਸ ਰਿਹਾ ਬਣਾਈ, ਸਾਚੀ ਚੋਗ ਨਾਮ ਚੁਗਾਇਆ । ਚਲ ਦਵਾਰੇ ਆਇਆ ਚਾਈਂ ਚਾਈਂ, ਚਾਓ ਘਨੇਰਾ ਹਰਿ ਸੰਗਤ ਰਿਹਾ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਜਣ ਸਾਚੇ ਖੇਲ ਕਰਾਇਆ । ਚਾਓ ਘਨੇਰਾ ਸੰਗਤ ਰੂਪ, ਸਚ ਭਰਵਾਸਾ ਆਪ ਜਣਾਈਆ । ਤੇਰਾ ਮੇਰਾ ਏਕਾ ਰੂਪ, ਸੋਹੰ ਸਾਚੀ ਕਰੇ ਪੜ੍ਹਾਈਆ । ਸੱਜਣ ਵਸੇ ਚਾਰੇ ਕੂਟ, ਖ਼ਾਲੀ ਦਿਸ਼ਾ ਨਜ਼ਰ ਕੋਇ ਨਾ ਆਈਆ । ਹਰਿ ਸੱਜਣ ਤਾਣਾ ਪੇਟਾ ਹੋਏ ਸੂਤ, ਸੂਤਰਧਾਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਜਨ ਸਾਜਨ ਲਏ ਤਰਾਈਆ । ਸਾਜਨ ਤਾਰੇ

ਕਿਰਪਾ ਕਰ, ਕਰ ਕਿਰਪਾ ਪਾਰ ਕਰਾਈਆ । ਸਾਜਨ ਮੇਲੇ ਏਕਾ ਹਰਿ, ਦਰ ਘਰ ਸਾਚਾ ਸੋਭਾ ਪਾਈਆ । ਸਾਜਨ ਮਿਲੇ ਚੁੱਕੇ ਡਰ, ਭੈ ਅਵਰ ਨਾ ਕੋਇ ਰਖਾਈਆ । ਸਾਜਨ ਆਏ ਏਕਾ ਨਰ, ਨਰ ਨਰਾਇਣ ਵਡੀ ਵਡਿਆਈਆ । ਸਾਜਨ ਸਚ ਪਲੰਘੇ ਬੈਠੇ ਚੜ੍ਹ, ਸਾਜਨ ਸਾਚੀ ਸੇਜ ਵਿਛਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਟ ਸੱਜਣ ਇਕ ਬਹਾਈਆ । ਘਟ ਸੱਜਣ ਹਰਿ ਮੀਤ, ਏਕੰਕਾਰਾ ਨਾਉਂ ਰਖਾਇੰਦਾ । ਨਾਦ ਅਨਾਦ ਸੁਣਾਏ ਗੀਤ, ਅਨਹਦ ਰਾਗ ਅਲਾਇੰਦਾ । ਕਾਇਆ ਮੰਦਰ ਦੇਹੁਰਾ ਗੁਰੂਦਵਾਰ ਮਸੀਤ, ਸਾਚਾ ਬੰਕ ਆਪ ਜਣਾਇੰਦਾ । ਸਤਿਜੁਗ ਚਲੇ ਸਾਚੀ ਰੀਤ, ਪਾਰਬ੍ਰਹਮ ਪ੍ਰਭ ਆਪ ਚਲਾਇੰਦਾ । ਸੁਰਤ ਸ਼ਬਦ ਕਰੇ ਪਤਤ ਪੁਨੀਤ, ਪਤਤ ਪਾਵਨ ਦਇਆ ਕਮਾਇੰਦਾ । ਕਾਇਆ ਕਰੇ ਠੰਡੀ ਸੀਤ, ਸਾਂਤਕ ਸਤਿ ਸਤਿ ਵਖਾਇੰਦਾ । ਦਰਸ ਦਿਖਾਏ ਇਕ ਅਤੀਤ, ਤਖ਼ਤ ਨਿਵਾਸੀ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੱਜਣ ਸੱਜਣ ਸੰਗ ਰਖਾਇੰਦਾ । ਸੱਜਣ ਸੰਗ ਦੋ ਜਹਾਨ, ਦੋ ਜਹਾਨਾਂ ਵੇਖ ਵਖਾਈਆ । ਸੱਜਣ ਮੇਲਾ ਗੋਪੀ ਕਾਹਨ, ਗੋਪੀ ਕਾਹਨ ਰੂਪ ਵਟਾਈਆ । ਸੱਜਣ ਮੇਲਾ ਵੇਖ ਵਖਾਏ ਸ੍ਰੀ ਭਗਵਾਨ, ਭਗਵਨ ਆਪਣਾ ਰੂਪ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਜਨ ਸਾਜਨ ਲਏ ਰਲਾਈਆ । ਸਾਜਨ ਰਲਿਆ ਸਾਜਨ ਸੰਗ, ਸਗਲਾ ਸੰਗ ਤਜਾਇਆ । ਆਤਮ ਉਪਜਿਆ ਪਰਮਾਨੰਦ, ਹਰਖ ਸੋਗ ਮਿਟਾਇਆ । ਨਹਾਵਣ ਨਹਾਤਾ ਆਤਮ ਗੰਗ, ਸਰ ਸਰੋਵਰ ਇਕ ਸੁਹਾਇਆ । ਸ਼ਬਦ ਅਗੰਮੀ ਸੁਣਿਆ ਛੰਦ, ਸੁਣ ਸੁਣ ਆਪਣਾ ਆਪ ਭੁਲਾਇਆ । ਨਿਰਗੁਣ ਜੋਤ ਚੜ੍ਹਿਆ ਚੰਦ, ਸੂਰਜ ਚੰਦ ਮੁਖ ਸ਼ਰਮਾਇਆ । ਖ਼ੁਸ਼ੀ ਹੋਇਆ ਬੰਦ ਬੰਦ, ਘਰ ਸੱਜਣ ਸੱਚਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸੱਜਣ ਹੋਏ ਸਹਾਇਆ । ਸੱਜਣ ਸਾਚਾ ਪੁਰਖ ਸਮਰਥ, ਸਾਵਲ ਸੁੰਦਰ ਰੂਪ ਕਰਾਈਆ । ਹਰਿ ਸੱਜਣ ਚਲਾਏ ਸਾਚਾ ਰਥ, ਜੁਗ ਜੁਗ ਵਡੀ ਵਡਿਆਈਆ । ਹਰਿ ਸੱਜਣ ਮਹਿਮਾ ਸਦਾ ਅਕਥ, ਕਥਨੀ ਕਥ ਨਾ ਸਕੇ ਰਾਈਆ । ਹਰਿ ਸੱਜਣ ਸਾਚਾ ਮਾਰਗ ਰਿਹਾ ਦੱਸ, ਕਲਜੁਗ ਜੀਵ ਭੁਲ ਨਾ ਜਾਈਆ । ਚਾਰੋਂ ਕੁੰਟ ਅੰਧੇਰਾ ਰੈਣ ਮਸ, ਅੰਧਘੋਰ ਰਿਹਾ ਵਖਾਈਆ । ਗੁਰਮੁਖ ਡਰਦੇ ਕਹਿਣ ਬਸ ਬਸ, ਕਲਜੁਗ ਵਿਚ ਰਹਿਣਾ ਅਵਰ ਹੋਰ ਨਾ ਭਾਈਆ । ਕਲਜੁਗ ਕੋਲੋਂ ਡਰ ਕੇ ਆਏ ਨੱਸ, ਤੇਰੇ ਚਰਨ ਓਟ ਤਕਾਈਆ । ਹਰਿ ਸਤਿਗੁਰ ਸੱਜਣ ਅੱਗੋਂ ਮਿਲਿਆ ਹੱਸ, ਫੜ ਬਾਹੋਂ ਗਲੇ ਲਗਾਈਆ । ਮੈਂ ਪਿਆਰ ਤੁਹਾਡੇ ਵਿਚ ਗਿਆ ਫਸ, ਗੁਰਸਿਖ ਤੇਰਾ ਬੰਧਨ ਤੁਟ ਕਦੇ ਨਾ ਜਾਈਆ । ਮੈਂ ਗੌਂਦਾ ਰਹਾਂ ਸਦਾ ਜਸ, ਹਰਿਜਨ ਤੇਰੀ ਵਡ ਵਡਿਆਈਆ । ਤੇਰਾ ਪ੍ਰੇਮ ਪੀਵਾਂ ਏਕਾ ਰਸ, ਆਪਣਾ ਰਸ ਤੇਰੇ ਮੁਖ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਜਨ ਸਾਜਨ ਹੋਏ ਸਹਾਈਆ । ਸੱਜਣ ਸਾਹਿਬ ਸਰਬ ਗੁਣਵੰਤ, ਪੁਰਖ ਅਬਿਨਾਸ਼ੀ ਪਾਇਆ । ਗੜ੍ਹ ਤੁਟਾ ਹਉਮੇ ਹੰਗਤ, ਹੰ ਬ੍ਰਹਮ ਨਜ਼ਰੀ ਆਇਆ । ਘਰ ਮਿਲਿਆ ਬੋਧ ਅਗਾਧਾ ਏਕਾ ਪੰਡਤ, ਬ੍ਰਹਮ ਵਿਦਿਆ ਰਿਹਾ ਪੜ੍ਹਾਇਆ । ਕਲਜੁਗ ਵਸ ਨਾ ਪਾਇਆ ਕਿਸੇ ਸੰਤ, ਜੋ ਝੂਠੇ ਧੰਦੇ ਦਏ ਲਗਾਇਆ । ਧੰਨ ਸੁਭਾਗ ਮਿਲਿਆ ਹਰਿ ਕੰਤ, ਹਰਿ ਸੱਜਣ ਮੇਲ ਮਿਲਾਇਆ । ਮੇਰੀ ਲੱਗੀ ਪ੍ਰੀਤੀ ਨਿਭੇ ਅੰਤ, ਵਿਛੋੜਾ ਕੋਇ ਰਹੇ ਨਾ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਜਣ ਸੱਜਣ ਦਏ ਸਲਾਹਿਆ । ਸਾਜਨ ਦੇਵੇ ਸਚ ਸਲਾਹ, ਗੁਰਸਿਖ ਸੱਜਣ ਆਪ ਸਮਝਾਈਆ । ਬੇੜਾ ਲੈ ਕੇ ਆਇਆ

੭੪੫
੧੦

ਧੁਰ ਮਲਾਹ, ਕਲਜੁਗ ਨੱਯਾ ਵਿਚ ਟਿਕਾਈਆ । ਹਰਿਜਨ ਸਾਚੇ ਲਏ ਚੜ੍ਹਾ, ਨਾ ਵੇਖੇ ਭੈਣਾਂ ਭਾਈਆ । ਆਪਣਾ ਮਾਰਗ ਦਏ ਲਗਾ, ਸਾਚਾ ਮਾਰਗ ਇਕ ਰਖਾਈਆ । ਜਨਮ ਜਨਮ ਜਨਮ ਦਏ ਬਦਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਦੇਵੇ ਮਾਣ ਵਡਿਆਈਆ । ਗੁਰਸਿਖ ਵਡਿਆਈ ਸਚ ਜਜਮਾਨ, ਤੇਰੀ ਉਚੀ ਕੁਲ ਰਖਾਈਆ । ਬਣ ਨਿਮਾਣਾ ਫਿਰੇ ਭਗਵਾਨ, ਦਰ ਦਰ ਭਿਖਿਆ ਮੰਗ ਮੰਗਾਈਆ । ਪ੍ਰੇਮ ਪ੍ਰੀਤੀ ਦੇਣਾ ਦਾਨ, ਸਾਚੀ ਵਸਤ ਇਕ ਜਣਾਈਆ । ਅੱਠੇ ਪਹਿਰ ਗੁਰਸਿਖ ਤੇਰਾ ਰਹੇ ਧਿਆਨ, ਤੇਰਾ ਮੁਖੜਾ ਛੁੱਪ ਕਦੇ ਨਾ ਜਾਈਆ । ਚਾਰੋਂ ਕੁੰਟ ਜਾਂ ਵੇਖਾਂ ਹੋ ਮਿਹਰਵਾਨ, ਹਰਿਜਨ ਸਾਚਾ ਏਕਾ ਰੂਪ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਹਰਿ ਸੱਜਣ ਸਾਜਨ ਅੰਤ ਮਿਲਣਾ, ਜਗਤ ਵਿਛੋੜਾ ਰਹਿਣ ਨਾ ਪਾਈਆ । ਨੌਂ ਖੰਡ ਪ੍ਰਿਥਮੀ ਲੋਕਮਾਤ ਹਿਲਣਾ, ਪੁਰਖ ਅਬਿਨਾਸ਼ਾ ਆਪ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੱਜਣ ਹਰਿ ਮੀਤ, ਗੁਰਮੁਖ ਗੁਰਸਿਖ ਪ੍ਰੀਤ ਆਪ ਨਿਭਾਈਆ ।

★ ੨੩ ਜੇਠ ੨੦੧੮ ਬਿਕ੍ਰਮੀ ਮੰਗਲ ਸਿੰਘ ਦੇ ਗ੍ਰਹਿ ਨਵੀਂ ਬਸਤੀ ਜੰਮੂ ★

ਬਾਸ਼ਕ ਸੇਜਾ ਏਕਾ ਆਸਣ, ਦੇਵੇ ਮਾਣ ਵਡਿਆਈਆ । ਸਾਂਗੋ ਪਾਂਗ ਵਿਸ਼ਨ ਸਿੰਘਾਸਣ, ਸਾਚੀ ਰਚਨ ਰਚਾਈਆ । ਆਪ ਬਣਾਏ ਪੁਰਖ ਅਬਿਨਾਸ਼ਨ, ਪਾਰਬ੍ਰਹਮ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੁਹੰਜਣੀ ਸੇਜ ਵਡਿਆਈਆ । ਸੁਹੰਜਣੀ ਸੇਜ ਹਰਿ ਸੁਹਾਏ, ਚਰਨ ਕਵਲ ਟਿਕਾਈਆ । ਆਤਮ ਪਰਦਾ ਦਏ ਉਠਾਏ, ਏਕਾ ਗੁਣ ਵਖਾਈਆ । ਰਸਨਾ ਜਿਹਵਾ ਹਰਿ ਗੁਣ ਗਾਏ, ਸਹੰਸਰ ਮੁਖ ਸਾਲਾਹੀਆ । ਦੋਏ ਸਹੰਸਰ ਜਿਹਵਾ ਹਿਲਾਏ, ਆਦਿ ਜੁਗਾਦਿ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਮੁਖ ਦੋਏ ਜਿਹਵਾ, ਜਿਹਵਾ ਗੁਣ ਆਪ ਜਣਾਈਆ । ਜਿਹਵਾ ਗੁਣ ਹਰਿ ਨਿਰੰਕਾਰਾ, ਏਕਾ ਮੁਖ ਰਖਾਇੰਦਾ । ਏਕਾ ਮੁਖ ਦੋ ਦੋ ਧਾਰਾ, ਦੋ ਧਾਰੀ ਆਪ ਚਲਾਇੰਦਾ । ਏਕਾ ਰਸਨਾ ਹਰਿ ਨਿਰੰਕਾਰਾ, ਦੂਜੀ ਰਸਨਾ ਵਿਸ਼ਨ ਪੁਕਾਰਾ, ਵਾਹ ਵਾ ਆਪਣਾ ਰੰਗ ਰੰਗਾਇੰਦਾ । ਸਾਂਗੋ ਪਾਂਗ ਦਏ ਹੁਲਾਰਾ, ਨਿਰਗੁਣ ਸਰਗੁਣ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਚਾਲ ਆਪ ਚਲਾਇੰਦਾ । ਸਾਂਗੋ ਪਾਂਗ ਸੇਜਾ ਬਾਸ਼ਕ, ਬਾਸ਼ਕ ਆਪਣਾ ਖੇਲ ਖਿਲਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਉਪਰ ਆਸ਼ਕ, ਆਸ਼ਕ ਮਾਸ਼ੂਕ ਆਪ ਹੋ ਜਾਈਆ । ਨਾ ਕੋਈ ਨਿੰਦਰਾ ਨਾ ਕੋਈ ਆਲਸ, ਅੱਠੇ ਪਹਿਰ ਨੈਣ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੋਏ ਜਿਹਵਾ ਗੁਣ ਸਮਝਾਈਆ । ਦੋਏ ਜੇਹਵਾ ਹਰਿ ਨਿਰੰਕਾਰਾ, ਬਾਸ਼ਕ ਮੁਖ ਰਖਾਇੰਦਾ । ਪਹਿਲੀ ਜੇਹਵਾ ਕਰ ਪਸਾਰਾ, ਆਪ ਆਪਣਾ ਗੁਣ ਵਖਾਇੰਦਾ । ਦੂਜੀ ਜੇਹਵਾ ਦਏ ਭੰਡਾਰਾ, ਵਸਤ ਅਮੋਲਕ ਝੋਲੀ ਪਾਇੰਦਾ । ਨਿਰਗੁਣ ਸਰਗੁਣ ਨਿਰਾਕਾਰ ਸਾਕਾਰ ਵਿਸ਼ਵ ਧਾਰਾ, ਆਪ ਆਪਣਾ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਆਪ ਉਠਾਇੰਦਾ । ਰਸਨਾ ਜੇਹਵਾ ਏਕੰਕਾਰ, ਇਕ ਇਕ ਕਰ ਧਿਆਈਆ । ਦੂਜੀ ਬੋਲੇ ਜੈ ਜੈਕਾਰ, ਵਿਸ਼ਨੂੰ ਤੇਰੀ ਵਡ ਵਡਿਆਈਆ । ਸਹੰਸ ਗੁਣ ਵਿਚਾਰ, ਗੁਣ ਅਵਗੁਣ ਕਹਿਣ ਨਾ

ਪਾਈਆ । ਬੇਅੰਤ ਬੇਅੰਤ ਬੇਅੰਤ ਤੇਰਾ ਖੇਲ ਕਰਤਾਰ, ਲੇਖਾ ਲਿਖ ਨਾ ਸਕੇ ਕੋਇ ਰਾਈਆ । ਮੇਰੇ ਉਪਰ ਚਰਨ ਕਵਲ ਧਰ ਖੋਲ੍ਹਿਆ ਮੇਰਾ ਕਿਵਾੜ, ਜੈਂਹ ਵੇਖਾਂ ਤੂ ਹੀ ਨਜ਼ਰੀ ਆਈਆ । ਮੇਰੇ ਉਪਰ ਲਾ ਆਸਣ ਪਾਇਆ ਭਾਰ, ਵਿਸ਼ਨੂੰ ਆਪਣੀ ਦਇਆ ਕਮਾਈਆ । ਨਿਰਗੁਣ ਸਰਗੁਣ ਵਸੇ ਰੰਗ ਨਿਰੰਕਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਗੁਣ ਆਪ ਜਣਾਈਆ । ਵਿਸ਼ਨ ਗੁਣ ਹਰਿ ਜਣਾ, ਭਗਵਨ ਦਇਆ ਕਮਾਇੰਦਾ । ਬਾਸ਼ਕ ਰਸਨਾ ਆਪੇ ਗਾ, ਆਪਣਾ ਨਾਉਂ ਵਡਿਆਇੰਦਾ । ਆਪਣਾ ਪਰਦਾ ਦਏ ਚੁਕਾ, ਭੇਵ ਅਭੇਦ ਆਪ ਖੁਲ੍ਹਾਇੰਦਾ । ਕੋਟਨ ਕੋਟ ਆਪਣੇ ਨਾਉਂ ਜਣਾ, ਦਿਵਸ ਰੈਣ ਰਸਨਾ ਜੇਹਵਾ ਆਪ ਚਲਾਇੰਦਾ । ਗਾ ਗਾ ਥੱਕਾ ਅੰਤ ਨਾ ਸਕੇ ਪਾ, ਨਿਉਂ ਨਿਉਂ ਸੀਸ ਝੁਕਾਇੰਦਾ । ਤੂੰ ਸ਼ਹਿਨਸ਼ਾਹ ਸੱਚਾ ਪਾਤਸ਼ਾਹ, ਹਉਂ ਸੇਵਕ ਮੰਗ ਮੰਗਾਇੰਦਾ । ਕੀ ਮੰਗਾਂ ਕੁਛ ਜਾਣਾਂ ਨਾ, ਤੇਰਾ ਅੰਤ ਕਿਸੇ ਨਾ ਆਇੰਦਾ । ਮੈਂ ਜਪਦਾ ਰਹਾਂ ਸਦ ਤੇਰਾ ਨਾਂ, ਨਾਉਂ ਨਿਰੰਕਾਰਾ ਆਪ ਸਾਲਾਹਿੰਦਾ । ਕਵਣ ਵੇਲਾ ਮੇਰੀ ਪਕੜੇਂ ਬਾਂਹ, ਮੈਂ ਤੇਰੀ ਓਟ ਰਖਾਇੰਦਾ । ਕਵਣ ਵੇਲਾ ਮੇਰਾ ਦੇਵੇਂ ਪੰਧ ਮੁਕਾ, ਮੇਰੀ ਘਾਲ ਲੇਖੇ ਲਾਇੰਦਾ । ਕਵਣ ਵੇਲਾ ਆਪਣੇ ਚਰਨਾਂ ਲਏ ਬਹਾ, ਸਿਰ ਆਪਣਾ ਹੱਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੋਏ ਜੋੜ ਸੀਸ ਝੁਕਾਇੰਦਾ । ਪੁਰਖ ਅਬਿਨਾਸ਼ੀ ਹੋ ਮਿਹਰਵਾਨ, ਏਕਾ ਸ਼ਬਦ ਜਣਾਇੰਦਾ । ਨਿਰਗੁਣ ਨਜ਼ਰ ਨਾ ਆਏ ਸ੍ਰੀ ਭਗਵਾਨ, ਸਰਗੁਣ ਵਿਸ਼ਨੂੰ ਵੇਖ ਵਖਾਇੰਦਾ । ਵਿਸ਼ਨੂੰ ਉਪਰ ਆਸਣ ਲਾਏ ਆਣ, ਸਾਂਗੋ ਪਾਂਗ ਸੇਜ ਹੰਢਾਇੰਦਾ । ਸਚਖੰਡ ਵਸੇ ਹਰਿ ਮਿਹਰਵਾਨ, ਆਪ ਆਪਣਾ ਘਰ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਭੇਵ ਖੁਲ੍ਹਾਇੰਦਾ । ਭੇਵ ਖੁਲ੍ਹਾਏ ਹਰਿ ਭਗਵਾਨ, ਬਾਸ਼ਕ ਏਕਾ ਗੁਣ ਜਣਾਈਆ । ਵਿਸ਼ਨੂੰ ਦਰ ਕਰ ਪਰਵਾਨ, ਤੇਰਾ ਰੰਗ ਵਖਾਈਆ । ਤੇਰੀ ਜੇਹਵਾ ਗਾਏ ਗਾਨ, ਦੋ ਦੋ ਰੰਗ ਵਖਾਈਆ । ਪਹਿਲਾ ਨਾਉਂ ਜਾਣੇ ਭਗਵਾਨ, ਦੂਜਾ ਵਿਸ਼ਨੂੰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਦਏ ਸਮਝਾਈਆ । ਪਹਿਲੀ ਜਿਹਵਾ ਗਾਏ ਸੋ, ਸੋ ਪੁਰਖ ਨਿਰੰਜਣ ਹਰਿ ਵਡਿਆਇੰਦਾ । ਆਪਣਾ ਬੀਜ ਆਪੇ ਬੋ, ਹਰਿ ਆਪੇ ਵੇਖ ਵਖਾਇੰਦਾ । ਆਪਣੇ ਜੇਹਾ ਆਪੇ ਹੋ, ਆਪ ਆਪਣਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਪੁਰਖ ਨਿਰੰਜਣ ਆਪਣੀ ਖੇਲ ਖਿਲਾਇੰਦਾ । ਦੂਜੀ ਜਿਹਵਾ ਗਾਏ ਹੰ, ਸਾਕਾਰ ਦਏ ਵਡਿਆਈਆ । ਵਿਸ਼ਨੂੰ ਵਿਸ਼ਵ ਪਏ ਜੰਮ, ਮਾਤ ਪਿਤ ਨਾ ਕੋਇ ਜਣਾਈਆ । ਇਕ ਇਕੱਲਾ ਬੇੜਾ ਬੰਨ੍ਹ, ਸਾਚਾ ਬੇੜਾ ਆਪ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੋਏ ਜੇਹਵਾ ਦਏ ਮਿਲਾਈਆ । ਦੋਏ ਜਿਹਵਾ ਏਕ ਮੁਖ, ਇਕ ਦੂਜੇ ਨਾਲ ਮੇਲ ਮਿਲਾਇੰਦਾ । ਦੋਹਾਂ ਮੇਲਾ ਏਕਾ ਕੁੱਖ, ਏਕਾ ਗੋਦ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਹੁਕਮ ਸੁਣਾਇੰਦਾ । ਦੋਏ ਜਿਹਵਾ ਧੁਰ ਫ਼ਰਮਾਨਾ, ਹਰਿ ਸਾਚਾ ਸਚ ਜਣਾਈਆ । ਇਕ ਸੁਣਾਵਾ ਸਾਚਾ ਗਾਣਾ, ਭੁਲ ਕਦੇ ਨਾ ਜਾਈਆ । ਸੋਹੰ ਰੂਪ ਵਿਸ਼ਨੂੰ ਭਗਵਾਨਾ, ਬਾਸ਼ਕ ਹਰਿ ਹਰਿ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਤ ਅਮੋਲਕ ਝੋਲੀ ਪਾਈਆ । ਸਾਚੀ ਵਸਤ ਲੈ ਲੈ ਦਾਤ, ਬਾਸ਼ਕ ਬਹਿ ਬਹਿ ਖ਼ੁਸ਼ੀ ਮਨਾਇੰਦਾ । ਹਰਿ ਹਰਿ ਮਿਲਿਆ ਕਮਲਾਪਾਤ, ਘਰ ਸਾਚੇ ਮੇਲ ਮਿਲਾਇੰਦਾ । ਆਪ ਸੁਣਾਈ ਆਪਣੀ ਗਾਥ, ਆਪਣਾ ਅੱਖਰ

ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਵੇਲਾ ਬਣ ਬਣ ਸੱਜਣ ਸੁਹੇਲਾ, ਮੇਰਾ ਸਾਥ ਨਿਭਾਇੰਦਾ । ਪੁਰਖ ਅਬਿਨਾਸ਼ੀ ਦਇਆ ਕਮਾ, ਏਕਾ ਗੁਣ ਜਣਾਈਆ । ਲੱਖ ਚੁਰਾਸੀ ਜੁਗ ਚੌਕੜੀ ਖੇਲ ਖਿਲਾ, ਕੋਟਨ ਕੋਟ ਕਾਲ ਬਿਤਾਈਆ । ਅੰਤਮ ਅੰਤ ਆਪਣਾ ਆਪ ਲਏ ਪਰਗਟਾ, ਨਿਰਾਕਾਰ ਸਾਕਾਰ ਏਕਾ ਰੰਗ ਵਖਾਈਆ । ਵਿਸ਼ਨੂੰ ਭਗਵਾਨ ਨਾਉਂ ਧਰਾ, ਜੋਤੀ ਜਾਤਾ ਖੇਲ ਖਿਲਾਈਆ । ਤੇਰੀ ਦੋਏ ਦੋਏ ਜੇਹਵਾ ਲੇਖਾ ਦਏ ਜਣਾ, ਬਾਕੀ ਕੋਇ ਰਹਿਣ ਨਾ ਪਾਈਆ । ਤੇਰਾ ਮੇਲਾ ਲਏ ਮਿਲਾ, ਮੇਲਣਹਾਰ ਆਪ ਹੋ ਜਾਈਆ । ਏਕਾ ਥਿਤ ਵੰਡ ਵੰਡਾ, ਵਦੀ ਸੁਦੀ ਨਾ ਨਾਲ ਰਲਾਈਆ । ਲੇਖਾ ਲੇਖ ਕੋਈ ਜਾਣੇ ਨਾ, ਲਿਖ ਲਿਖ ਲੇਖ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦਏ ਮਾਣ ਵਡਿਆਈਆ । ਦੋਏ ਸਹੰਸਰ ਜਿਹਵਾ ਲੱਗੇ ਭਾਗ, ਹਰਿ ਸਾਚਾ ਆਪ ਜਣਾਇੰਦਾ । ਬਿਨ ਤੇਲ ਬਾਤੀ ਜਗੇ ਚਿਰਾਗ਼, ਲੋਕਮਾਤ ਡਗਮਗਾਇੰਦਾ । ਵਿਸ਼ਨੂੰ ਭਗਵਾਨ ਜਾਏ ਜਾਗ, ਆਪ ਆਪਣਾ ਰੂਪ ਵਟਾਇੰਦਾ । ਤੇਰੀ ਵੇਖੇ ਸਾਂਗੋ ਪਾਂਗ, ਸੇਜ ਸੁਹੰਜਣੀ ਆਪ ਉਪਾਇੰਦਾ । ਲੇਖਾ ਜਾਣੇ ਕਾਲਾ ਨਾਗ, ਕਲ ਕਲ ਆਪਣੀ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਆਸਣ ਆਪ ਸੁਹਾਇੰਦਾ । ਤੇਰੀ ਸੇਜ ਸਾਂਗੋ ਪਾਂਗ, ਹਰਿ ਸਾਚਾ ਆਪ ਸੁਹਾਈਆ । ਆਪਣਾ ਕਰ ਕਰ ਆਪੇ ਸਵਾਂਗ, ਸਵਾਂਗੀ ਰਚਨਾ ਆਪ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਜ ਦਏ ਸੁਹਾਈਆ । ਸਾਚੀ ਸੇਜ ਆਪ ਬਣਾ, ਪੰਜ ਤੱਤ ਕਾਇਆ ਅੰਦਰ ਆਪ ਟਿਕਾਇੰਦਾ । ਵਿਸ਼ਨੂੰ ਰੂਪ ਆਪ ਪਰਗਟਾ, ਆਪਣਾ ਆਸਣ ਉਪਰ ਲਾਇੰਦਾ । ਭਗਵਨ ਜੋਤੀ ਜੋਤ ਜਗਾ, ਦੀਪਕ ਦੀਆ ਡਗਮਗਾਇੰਦਾ । ਸਾਚੇ ਤਖ਼ਤ ਬੈਠੇ ਸੱਚਾ ਸ਼ਹਿਨਸ਼ਾਹ, ਤੇਰਾ ਆਸਣ ਸਿੰਘਾਸਣ ਵੇਖ ਵਖਾਇੰਦਾ । ਜੁਗ ਜੁਗ ਦਾ ਤੇਰਾ ਗਾਇਆ ਲੇਖੇ ਲਏ ਪਾ, ਦੋਏ ਦੋਏ ਜੇਹਵਾ ਸੇਵ ਕਮਾਇੰਦਾ । ਕਲਜੁਗ ਅੰਤਮ ਆਪਣਾ ਨਾਉਂ ਲਏ ਪਰਗਟਾ, ਤੇਰਾ ਲੇਖਾ ਮੂਲ ਚੁਕਾਇੰਦਾ । ਬਿਨ ਰਸਨਾ ਜੇਹਵਾ ਲਏ ਗਾ, ਨਜ਼ਰ ਕਿਸੇ ਨਾ ਆਇੰਦਾ । ਸੋਹੰ ਨਾਮ ਆਪ ਜਪਾ, ਆਪਣਾ ਮਾਰਗ ਆਪ ਵਖਾਇੰਦਾ । ਤੇਰਾ ਲੇਖਾ ਲੇਖੇ ਪਾ, ਤੇਰਾ ਪੰਧ ਚੁਕਾਇੰਦਾ । ਏਕਾ ਥਿਤ ਰਿਹਾ ਸਮਝਾ, ਭੁਲ ਕੋਇ ਨਾ ਜਾਇੰਦਾ । ਦੂਆ ਰੂਪ ਆਪ ਬਣਾ, ਨਿਰਗੁਣ ਸਰਗੁਣ ਧਾਰ ਚਲਾਇੰਦਾ । ਸਿਫ਼ਰਾ ਆਪਣਾ ਖੇਲ ਖਿਲਾ, ਦਿਸ ਕਿਸੇ ਨਾ ਆਇੰਦਾ । ਏਕਾ ਇਕ ਇਕੱਲਾ ਸੱਚਾ ਸ਼ਹਿਨਸ਼ਾਹ, ਧੁਰ ਫ਼ਰਮਾਨਾ ਹੁਕਮ ਸੁਣਾਇੰਦਾ । ਆਠਾ ਅੱਠਾਂ ਤੱਤਾਂ ਲੇਖਾ ਦਏ ਚੁਕਾ, ਲੇਖਾ ਲੇਖ ਨਾ ਕੋਇ ਜਣਾਇੰਦਾ । ਬੀਸ ਅਠਾਰਾਂ ਮੇਲ ਮਿਲਾ, ਆਪਣਾ ਕੀਤਾ ਵੇਖ ਵਖਾਇੰਦਾ । ਏਕਾ ਸਾਤਾ ਮੇਲੇ ਸਹਿਜ ਸੁਭਾ, ਇਕ ਇਕੱਲਾ ਸਤਿ ਸਤਿਵਾਦੀ ਆਪਣਾ ਰੰਗ ਰੰਗਾਇੰਦਾ । ਜਗਤ ਅਗਨੀ ਤਪਤ ਦਏ ਬੁਝਾ, ਕਲਜੁਗ ਕੂੜ ਕੁੜਿਆਰਾ ਸਰਬ ਜਲਾਇੰਦਾ । ਵੀਹ ਸੌ ਅਠਾਰਾਂ ਬਿਕ੍ਰਮੀ ਸਤਾਰਾਂ ਹਾੜ ਦਏ ਸਮਝਾ, ਬਾਸ਼ਕ ਤੇਰਾ ਲੇਖਾ ਆਪਣੇ ਦਰ ਚੁਕਾਇੰਦਾ । ਤੇਰੀ ਸੇਜ ਦਏ ਬਦਲਾ, ਸੰਬਲ ਨਗਰੀ ਆਸਣ ਲਾਇੰਦਾ । ਸਾਂਗੋ ਪਾਂਗ ਆਪ ਹੰਢਾ, ਸਾਢੇ ਤਿੰਨ ਹੱਥ ਕਾਇਆ ਮੰਦਰ ਅੰਦਰ ਆਪ ਸੁਹਾਇੰਦਾ । ਆਪਣੀ ਨਵੀਂ ਰਚਨਾ ਫੇਰ ਲਏ ਰਚਾ, ਆਦਿ ਜੁਗਾਦਿ ਰਚ ਰਚ ਵੇਖੇ ਵੇਖ ਵੇਖ ਆਪੇ ਢਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਕਰੇ ਵਿਹਾਰ, ਸਚ ਸਚ ਘਰ ਸਾਚਾ ਆਪ ਸੁਹਾਇੰਦਾ ।

੭੫੮
੧੦

## ★ ੨੩ ਜੇਠ ੨੦੧੮ ਬਿਕ੍ਰਮੀ ਚੇਲਾ ਸਿੰਘ ਦੇ ਗ੍ਰਿਹ ਜੰਮੂ ★

ਸ਼ਾਹ ਪਾਤਸ਼ਾਹ ਹਰਿ ਸੁਲਤਾਨਾ, ਤਖ਼ਤ ਨਿਵਾਸੀ ਤਖ਼ਤ ਸੁਹਾਇੰਦਾ । ਸ਼ਾਹੋ ਭੂਪ ਬਣ ਰਾਜ ਰਾਜਾਨਾ, ਸਚ ਸਿੰਘਾਸਣ ਆਸਣ ਲਾਇੰਦਾ । ਸਚਖੰਡ ਸੁਹਾਏ ਇਕ ਮਕਾਨਾ, ਦਰ ਘਰ ਸਾਚਾ ਸੋਭਾ ਪਾਇੰਦਾ । ਥਿਰ ਘਰ ਜੋਤ ਜਗਾਏ ਨੂਰ ਮਹਾਨਾ, ਨੂਰ ਨੁਰਾਨਾ ਡਗਮਗਾਇੰਦਾ । ਕਰੇ ਖੇਲ ਸ੍ਰੀ ਭਗਵਾਨਾ, ਅਨਭਵ ਆਪਣੀ ਧਾਰ ਚਲਾਇੰਦਾ । ਸੋ ਪੁਰਖ ਨਿਰੰਜਣ ਹੋ ਮਿਹਰਵਾਨਾ, ਹਰਿ ਪੁਰਖ ਨਿਰੰਜਣ ਸੰਗ ਮਿਲਾਇੰਦਾ । ਏਕੰਕਾਰਾ ਵਡ ਬਲਵਾਨਾ, ਆਦਿ ਨਿਰੰਜਣ ਖੇਲ ਖਿਲਾਇੰਦਾ । ਸ੍ਰੀ ਭਗਵਾਨਾ ਨੌਜਵਾਨਾ, ਰੂਪ ਅਨੂਪ ਆਪ ਧਰਾਇੰਦਾ । ਅਬਿਨਾਸ਼ੀ ਕਰਤਾ ਆਪ ਆਪਣਾ ਬਲ ਰਖਾਨਾ, ਬਲ ਧਾਰੀ ਭੇਵ ਕੋਇ ਨਾ ਪਾਇੰਦਾ । ਪਾਰਬ੍ਰਹਮ ਅਲਖ ਅਗੋਚਰ ਅਗੰਮ ਅਥਾਹ ਰੂਪ ਅਨੂਪ ਮਹਾਨਾ, ਮਹਿਮਾ ਕਥ ਨਾ ਕੋਇ ਜਣਾਇੰਦਾ । ਆਦਿ ਜੁਗਾਦਿ ਧੁਰ ਫ਼ਰਮਾਨਾ, ਸਚ ਸੰਦੇਸਾ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਅਜੂਨੀ ਰਹਿਤ ਆਪਣੀ ਧਾਰਾ ਆਪ ਚਲਾਇੰਦਾ । ਅਜੂਨੀ ਰਹਿਤ ਪੁਰਖ ਅਕਾਲਾ, ਅਗੰਮ ਅਥਾਹ ਬੇਪਰਵਾਹੀਆ । ਸਚਖੰਡ ਵਸੇ ਸੱਚੀ ਧਰਮਸਾਲਾ, ਸਾਚਾ ਮੰਦਰ ਆਪ ਸੁਹਾਈਆ । ਨਿਰਗੁਣ ਜੋਤ ਜੋਤ ਉਜਾਲਾ, ਨੂਰੋ ਨੂਰ ਡਗਮਗਾਈਆ । ਕਰੇ ਖੇਲ ਦੀਨ ਦਿਆਲਾ, ਦਇਆਨਿਧ ਬੇਪਰਵਾਹੀਆ । ਚਲੇ ਚਲਾਏ ਅਵੱਲੜੀ ਚਾਲਾ, ਵੇਖ ਨਾ ਸਕੇ ਕੋਇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਨਭਵ ਪਰਕਾਸ਼ ਆਪਣਾ ਆਪ ਧਰਾਈਆ । ਅਨਭਵ ਪਰਕਾਸ਼ ਹਰਿ ਭਗਵਾਨਾ, ਆਪਣਾ ਆਪ ਧਰਾਇੰਦਾ । ਦੀਵਾ ਬਾਤੀ ਇਕ ਮਹਾਨਾ, ਬਿਨ ਤੇਲ ਬਾਤੀ ਆਪ ਜਗਾਇੰਦਾ । ਸਾਚਾ ਤਖ਼ਤ ਇਕ ਸੁਹਾਨਾ, ਤਖ਼ਤ ਨਿਵਾਸੀ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਦਿ ਆਦਿ ਆਪਣਾ ਤਖ਼ਤ ਆਪੇ ਸੋਭਾ ਪਾਇੰਦਾ । ਸਾਚਾ ਤਖ਼ਤ ਰਾਜ ਰਾਜਾਨਾ, ਸ਼ਾਹ ਪਾਤਸ਼ਾਹ ਹਰਿ ਆਪ ਸੁਹਾਈਆ । ਸ਼ਾਹੋ ਭੂਪ ਬਣ ਸੁਲਤਾਨਾ, ਵਡ ਮਿਹਰਵਾਨਾ ਆਸਣ ਲਾਈਆ । ਉਚ ਅਗੰਮ ਅਥਾਹ ਮਹੱਲ ਅਟਲ ਉਚ ਮਹਾਨਾ, ਅਗੰਮ ਅਗੰਮੜਾ ਆਪ ਉਪਾਈਆ । ਅਲਖ ਅਲਖਨਾ ਇਕ ਤਰਾਨਾ, ਆਪ ਆਪਣੀ ਅਲਖ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨੂਰ ਆਪ ਧਰਾਈਆ । ਆਪਣਾ ਨੂਰ ਆਪੇ ਰੱਖ, ਆਪ ਆਪਣਾ ਖੇਲ ਖਿਲਾਇੰਦਾ । ਨਿਰਗੁਣ ਨਿਰਗੁਣ ਹੋ ਪਰਤੱਖ, ਜੋਤੀ ਜੋਤ ਡਗਮਗਾਇੰਦਾ । ਕਰੇ ਖੇਲ ਪੁਰਖ ਸਮਰਥ, ਸਮਰਥ ਆਪਣੀ ਧਾਰ ਬਨ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ ਸਚ ਸਿੰਘਾਸਣ ਇਕ ਸੁਹਾਇੰਦਾ । ਸਚ ਸਿੰਘਾਸਣ ਸੋਭਾਵੰਤ, ਸੋ ਪੁਰਖ ਨਿਰੰਜਣ ਆਪ ਸੁਹਾਈਆ । ਆਦਿ ਜੁਗਾਦਿ ਮਹਿਮਾ ਅਗਣਤ, ਹਰਿ ਪੁਰਖ ਨਿਰੰਜਣ ਕਥਨੀ ਕਥ ਨਾ ਸਕੇ ਰਾਈਆ । ਏਕੰਕਾਰਾ ਸਾਚਾ ਸੱਜਣ, ਜੁਗਾ ਜੁਗੰਤਰ ਸਾਚਾ ਸੰਗ ਨਿਭਾਈਆ । ਆਦਿ ਨਿਰੰਜਣ ਆਪੇ ਹੋਏ ਸਰੋਵਰ ਮਜਨ, ਅੰਮ੍ਰਿਤ ਰੂਪ ਆਪ ਸੁਹਾਈਆ । ਸ੍ਰੀ ਭਗਵਾਨ ਪਰਦੇ ਕੱਜਣ, ਏਕਾ ਪੱਲੂ ਹੱਥ ਉਠਾਈਆ । ਅਬਿਨਾਸ਼ੀ ਕਰਤਾ ਰੱਖਣਹਾਰਾ ਲੱਜਣ, ਲਾਜਾਵੰਤ ਇਕ ਸ਼ਹਿਨਸ਼ਾਹੀਆ । ਪਾਰਬ੍ਰਹਮ ਆਪਣਾ ਖੇਲ ਕਰੇ ਘੜਨ ਭੰਨਣ, ਘੜਨ ਭੰਨਣਹਾਰ ਆਪਣਾ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਏਕਾ ਹਰਿ, ਸਾਚੇ ਤਖ਼ਤ ਆਸਣ ਲਾਇੰਦਾ । ਸਾਚਾ

ਤਖ਼ਤ ਹਰਿ ਸੁਹਾਇਆ, ਆਦਿ ਪੁਰਖ ਆਸਣ ਲਾਈਆ । ਨਿਰਵੈਰ ਆਪਣਾ ਖੇਲ ਖਿਲਾਇਆ, ਮੂਰਤ ਅਕਾਲ ਡਗਮਗਾਈਆ । ਸਾਚੀ ਤੂਰਤ ਨਾਦ ਵਜਾਇਆ, ਆਪਣੀ ਇਛਿਆ ਆਪ ਸੁਣਾਈਆ । ਆਸਾ ਪੂਰਤ ਆਪ ਅਖਵਾਇਆ, ਮਨਸਾ ਕੋਇ ਰਹਿਣ ਨਾ ਪਾਈਆ । ਆਪੇ ਰਾਓ ਆਪੇ ਰੰਕ, ਰਾਜ ਰਾਜਾਨਾ ਆਪਣਾ ਖੇਲ ਖਿਲਾਇਆ । ਆਪੇ ਦਵਾਰ ਆਪੇ ਬੰਕ, ਆਪੇ ਵਜਾਏ ਨਾਮ ਡੰਕ, ਸਾਚਾ ਮਰਦੰਗਾ ਹੱਥ ਉਠਾਇਆ । ਆਪੇ ਨਾਰੀ ਆਪੇ ਕੰਤ, ਆਪੇ ਸੇਜਾ ਸੋਭਾਵੰਤ, ਪਾਰਬ੍ਰਹਮ ਪਤਿਪਰਮੇਸ਼ਵਰ ਸਚਖੰਡ ਦਵਾਰਾ ਹਰਿ ਨਿਰੰਕਾਰਾ ਆਪ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੇ ਕਿਲੇ ਕੋਟ ਅੰਦਰ ਵੜ, ਆਪ ਆਪਣਾ ਵੇਸ ਵਟਾਇਆ । ਵੇਸ ਅਵੱਲਾ ਇਕ ਇਕੱਲਾ, ਆਦਿ ਪੁਰਖ ਆਪ ਕਰਾਈਆ । ਵਸਣਹਾਰਾ ਨਿਹਚਲ ਧਾਮ ਅਟੱਲਾ, ਮਹੱਲ ਅਟਲ ਦਏ ਵਡਿਆਈਆ । ਆਪਣੀ ਜੋਤੀ ਆਪੇ ਰੱਲਾ, ਜੋਤੀ ਜਾਤਾ ਪੁਰਖ ਬਿਧਾਤਾ ਆਪਣਾ ਰੂਪ ਆਪ ਧਰਾਈਆ । ਬੈਠਾ ਰਹੇ ਇਕ ਇਕਾਂਤਾ, ਸਰਬ ਜੀਆਂ ਦਾ ਏਕਾ ਦਾਤਾ, ਦਾਤਾ ਦਾਨੀ ਆਪ ਅਖਵਾਈਆ । ਰੂਪ ਧਰਾਏ ਬਹੁ ਬਿਧ ਭਾਂਤਾ, ਕਰੇ ਖੇਲ ਪੁਰਖ ਸਮਰਾਥਾ, ਮਹਿਮਾ ਅਕਥ ਕਥੀ ਨਾ ਜਾਈਆ । ਆਪ ਆਪਣਾ ਬੰਧੇ ਨਾਤਾ, ਉਤਮ ਰੱਖੇ ਆਪਣੀ ਜ਼ਾਤਾ, ਜ਼ਾਤ ਪਾਤ ਨਾ ਕੋਇ ਵਡਿਆਈਆ । ਆਪ ਸੁਣਾਏ ਆਪਣੀ ਗਾਥਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਸ਼ੱਖਰ ਕਰੇ ਪੜ੍ਹਾਈਆ । ਨਿਸ਼ੱਖਰ ਹਰਿ ਨਾ ਨਾਉਂ, ਲਿਖਣ ਪੜ੍ਹਨ ਵਿਚ ਨਾ ਆਈਆ । ਆਪ ਵਸਾਏ ਸਾਚਾ ਥਾਉਂ, ਥਾਨ ਥਨੰਤਰ ਦਏ ਵਡਿਆਈਆ । ਕਰੇ ਖੇਲ ਅਗੰਮ ਅਥਾਹੋ, ਬੇਪਰਵਾਹ ਸੱਚਾ ਸ਼ਹਿਨਸ਼ਾਹੀਆ । ਆਪੇ ਪਿਤਾ ਆਪੇ ਮਾਉਂ, ਆਪੇ ਬਾਲਕ ਰੂਪ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਆਦਿ ਆਪਣਾ ਵੇਸ ਆਪੇ ਰਿਹਾ ਵਟਾਈਆ । ਆਦਿ ਵੇਸ ਵਟਾਇਆ, ਨਿਰਗੁਣ ਰੂਪ ਅਗੰਮ । ਅਨਭਵ ਪਰਕਾਸ਼ ਕਰਾਇਆ, ਮਾਤ ਗਰਭ ਨਾ ਪਿਆ ਜੰਮ । ਜੋਤੀ ਜੋਤ ਨੂਰ ਰੁਸ਼ਨਾਇਆ, ਕਰਿਆ ਖੇਲ ਅਲਖ ਅਲਖਨੇ ਏਕਾ ਕੰਮ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਬੇੜਾ ਆਪੇ ਬੰਨ੍ਹ । ਹਰਿ ਬੇੜਾ ਬੰਨ੍ਹ ਚਲਾਇੰਦਾ, ਨਿਰਗੁਣ ਨਿਰਗੁਣ ਕਰ ਪਿਆਰ । ਨਿਰਗੁਣ ਨਿਰਗੁਣ ਵੇਖ ਵਖਾਇੰਦਾ, ਨਿਰਗੁਣ ਹੋਏ ਵੇਖਣਹਾਰ । ਨਿਰਗੁਣ ਨਾਰੀ ਕੰਤ ਰੂਪ ਵਟਾਇੰਦਾ, ਨਿਰਗੁਣ ਮਾਣੇ ਸੇਜ ਭਤਾਰ । ਨਿਰਗੁਣ ਸਚਖੰਡ ਦਵਾਰੇ ਸੋਭਾ ਪਾਇੰਦਾ, ਨਿਰਗੁਣ ਜੋਤ ਨੂਰ ਉਜਿਆਰ । ਨਿਰਗੁਣ ਸ਼ਬਦੀ ਧਾਰ ਵਹਾਇੰਦਾ, ਨਾਦ ਅਨਾਦੀ ਇਕ ਜੈਕਾਰ । ਨਿਰਗੁਣ ਵਿਸ਼ਨ ਬ੍ਰਹਮਾ ਸ਼ਿਵ ਉਪਜਾਇੰਦਾ, ਸੁਤ ਦੁਲਾਰੇ ਕਰ ਤਿਆਰ । ਨਿਰਗੁਣ ਤ੍ਰੈਗੁਣ ਮਾਇਆ ਵੰਡ ਵੰਡਾਇੰਦਾ, ਆਪ ਆਪਣੀ ਕਿਰਪਾ ਧਾਰ । ਨਿਰਗੁਣ ਪੰਜ ਤੱਤ ਘਾੜਨ ਆਪ ਘੜਾਇੰਦਾ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਕਰ ਆਕਾਰ । ਨਿਰਗੁਣ ਸੂਰਜ ਚੰਦ ਚੜ੍ਹਾਇੰਦਾ, ਕਿਰਨ ਕਿਰਨ ਕਰ ਪਸਾਰ । ਨਿਰਗੁਣ ਮੰਡਲ ਮੰਡਪ ਆਪ ਬਣਾਇੰਦਾ, ਲੋਆਂ ਪੁਰੀਆਂ ਦਏ ਸਹਾਰ । ਨਿਰਗੁਣ ਕਰੋੜ ਤੇਤੀਸਾ ਖੇਲ ਖਿਲਾਇੰਦਾ, ਨਿਰਗੁਣ ਸੁਰਪਤ ਰਾਜਾ ਇੰਦ ਕਰੇ ਖ਼ਬਰਦਾਰ । ਨਿਰਗੁਣ ਗਣ ਗੰਧਰਬ ਨਾਚ ਕਰਾਇੰਦਾ, ਕਿੰਨਰ ਯੱਛਪ ਲਏ ਉਠਾਲ । ਨਿਰਗੁਣ ਰਾਏ ਧਰਮ ਸੇਵ ਲਗਾਇੰਦਾ, ਨਿਰਗੁਣ ਚਿਤਰ ਗੁਪਤ ਸਾਚੇ ਲਏ ਬਹਾਲ । ਨਿਰਗੁਣ ਲਾੜੀ ਮੌਤ ਆਪ ਉਠਾਇੰਦਾ, ਨਿਰਗੁਣ ਮਾਰਗ ਦੱਸੇ ਸਾਚੇ ਕਾਲ । ਨਿਰਗੁਣ ਮਹਾਕਾਲ ਆਪਣੇ ਰੰਗ ਰੰਗਾਇੰਦਾ, ਕਰੇ ਖੇਲ ਦੀਨ ਦਿਆਲ । ਆਦਿ ਆਪਣੀ ਰਚਨਾ ਆਪ ਰਚਾਇੰਦਾ, ਸਚਖੰਡ ਬੈਠ ਸੱਚੀ ਧਰਮਸਾਲ ।

ਸਚ ਸੰਦੇਸਾ ਸਰਬ ਸੁਣਾਇੰਦਾ, ਭੁਲ ਨਾ ਜਾਣਾ ਬਣ ਨਾਦਾਨ । ਲੋਆਂ ਪੁਰੀਆਂ ਵੰਡ ਵੰਡਾਇੰਦਾ, ਬ੍ਰਹਿਮੰਡਾਂ ਖੰਡਾਂ ਕਰ ਧਿਆਨ । ਵਿਸ਼ਨ ਏਕਾ ਹੁਕਮ ਸੁਣਾਇੰਦਾ, ਘਰ ਘਰ ਰਿਜ਼ਕ ਪੁਚੌਣਾ ਆਣ । ਬ੍ਰਹਮਾ ਬ੍ਰਹਮ ਆਪ ਪਰਗਟਾਇੰਦਾ, ਲੱਖ ਚੁਰਾਸੀ ਦੇਵੇ ਦਾਨ । ਸ਼ੰਕਰ ਹੱਥ ਤ੍ਰਿਸੂਲ ਫੜਾਇੰਦਾ, ਬਣਿਆ ਰਹੇ ਨਾ ਕੋਇ ਮਕਾਨ । ਜੋ ਘੜਿਆ ਭੰਨ ਵਖਾਇੰਦਾ, ਮੇਟੇ ਜਗਤ ਨਿਸ਼ਾਨ । ਲੱਖ ਚੁਰਾਸੀ ਰਾਹ ਚਲਾਇੰਦਾ, ਪੁਰਖ ਅਬਿਨਾਸ਼ੀ ਹੋ ਮਿਹਰਵਾਨ । ਪੰਜ ਤੱਤ ਕਾਇਆ ਜੋੜ ਜੁੜਾਇੰਦਾ, ਹੱਡ ਮਾਸ ਨਾੜੀ ਰਤ ਬੂੰਦ ਕਰ ਪਰਵਾਨ । ਨੌਂ ਦਰ ਦਵਾਰੇ ਖੋਲ੍ਹ ਖੁਲ੍ਹਾਇੰਦਾ, ਜਗਤ ਵਾਸਨਾ ਦੇਵੇ ਦਾਨ । ਕਾਮ ਕਰੋਧ ਲੋਭ ਮੋਹ ਹੰਕਾਰ ਨਾਲ ਰਲਾਇੰਦਾ, ਮਾਇਆ ਮਮਤਾ ਦੇਵੇ ਮਾਣ । ਆਸਾ ਤ੍ਰਿਸਨਾ ਬੰਧਨ ਪਾਇੰਦਾ, ਹਉਮੇ ਹੰਗਤਾ ਇਕ ਨਿਸ਼ਾਨ । ਮਨ ਮਤ ਬੁਧ ਵਿਚ ਟਿਕਾਇੰਦਾ, ਜੋਤੀ ਨੂਰ ਨੂਰ ਮਹਾਨ । ਘਰ ਘਰ ਵਿਚ ਖੇਲ ਖਿਲਾਇੰਦਾ, ਖੇਲਣਹਾਰਾ ਨੌਜਵਾਨ । ਆਪਣਾ ਮੰਦਰ ਆਪ ਬਣਾਇੰਦਾ, ਪਾਰਬ੍ਰਹਮ ਸ਼ਾਹ ਸੁਲਤਾਨ । ਸਾਚਾ ਮਾਰਗ ਆਪ ਰਖਾਇੰਦਾ, ਟੇਢੀ ਬੰਕ ਖੇਲ ਮਹਾਨ । ਈੜਾ ਪਿੰਗਲ ਸੇਵ ਕਮਾਇੰਦਾ, ਅੱਠੇ ਪਹਿਰ ਵੇਖੇ ਆਣ । ਆਪਣਾ ਅੰਮ੍ਰਿਤ ਆਪਣੇ ਅੰਦਰ ਆਪ ਛੁਪਾਇੰਦਾ, ਕਵਲ ਨਾਭੀ ਖੇਲ ਮਹਾਨ । ਨਾਦ ਅਨਾਦੀ ਧੁੰਨ ਆਪ ਵਜਾਇੰਦਾ, ਅਨਹਦ ਨਾਦੀ ਰਾਗ ਸੁਣਾਏ ਕਾਨ । ਆਤਮ ਸੇਜਾ ਆਪ ਵਿਛਾਇੰਦਾ, ਸਾਚੀ ਸੇਜਾ ਸੋਏ ਸ੍ਰੀ ਭਗਵਾਨ । ਬਜਰ ਕਪਾਟੀ ਪਰਦਾ ਅੱਗੇ ਲਾਇੰਦਾ, ਨਾ ਕੋਈ ਤੋੜੇ ਤੋੜ ਤੁੜਾਨ । ਆਤਮ ਬ੍ਰਹਮ ਰੂਪ ਪਰਗਟਾਇੰਦਾ, ਈਸ਼ ਜੀਵ ਖੇਲ ਮਹਾਨ । ਬ੍ਰਹਮਾ ਵੇਤਾ ਇਕ ਪੜ੍ਹਾਇੰਦਾ, ਬੋਧ ਅਗਾਧਾ ਦੇਵੇ ਦਾਨ । ਚਾਰੇ ਮੁਖ ਆਪ ਖੁਲ੍ਹਾਇੰਦਾ, ਚਾਰੇ ਕੂਟ ਵਖਾਏ ਨਿਸ਼ਾਨ । ਚਾਰੇ ਵੇਦਾਂ ਆਪ ਜਣਾਇੰਦਾ, ਚਾਰੇ ਬਾਣੀ ਗਾਏ ਗਾਨ । ਚਾਰੇ ਵਰਨਾਂ ਵੰਡ ਵੰਡਾਇੰਦਾ, ਚਾਰੇ ਜੁਗ ਕਰੇ ਪਰਧਾਨ । ਚਾਰੇ ਕੂਟ ਵੇਖ ਵਖਾਇੰਦਾ, ਚੌਥੇ ਪਦ ਬੈਠ ਸ੍ਰੀ ਭਗਵਾਨ । ਸਾਚੀ ਵੰਡਣ ਆਪਣੇ ਹੱਥ ਰਖਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸ੍ਰੀ ਭਗਵਾਨ । ਸਾਚੀ ਵੰਡਣ ਹਰਿ ਹਰਿ ਵੰਡਦਾ, ਲੇਖਾ ਲਿਖਤ ਕੋਇ ਨਾ ਜਾਣਿਆ । ਲੇਖਾ ਜਾਣੇ ਕੋਟਨ ਬ੍ਰਹਿਮੰਡ ਦਾ, ਬ੍ਰਹਿਮੰਡ ਨੂਰ ਸ੍ਰੀ ਭਗਵਾਨ । ਰੂਪ ਵਟਾਏ ਜੇਰਜ ਅੰਡ ਦਾ, ਉਤਭੁਜ ਸੇਤਜ ਦੇਵੇ ਦਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਅਬਿਨਾਸ਼ੀ ਕਰਤਾ ਵਡ ਮਿਹਰਵਾਨ । ਮਿਹਰਵਾਨ ਹੋਇਆ ਨਿਰੰਕਾਰਾ, ਆਪਣੀ ਦਇਆ ਆਪ ਕਮਾਈਆ । ਲੱਖ ਚੁਰਾਸੀ ਕਰ ਤਿਆਰਾ, ਵਿਸ਼ਨ ਬ੍ਰਹਮਾ ਸ਼ਿਵ ਸੇਵ ਲਗਾਈਆ । ਆਤਮ ਬ੍ਰਹਮ ਇਕ ਭੰਡਾਰਾ, ਈਸ਼ ਜੀਵ ਆਪ ਵਰਤਾਈਆ । ਕਾਇਆ ਮੰਦਰ ਕਰ ਤਿਆਰਾ, ਘਟ ਘਟ ਬੈਠਾ ਆਸਣ ਲਾਈਆ । ਨਿਰਗੁਣ ਜੋਤੀ ਜੋਤ ਉਜਿਆਰਾ, ਜੋਤ ਨਿਰੰਜਣ ਡਗਮਗਾਈਆ । ਅਨਹਦ ਨਾਦ ਸ਼ਬਦ ਧੁੰਨਕਾਰਾ, ਧੁਨ ਅਨਾਦੀ ਨਾਦ ਵਜਾਈਆ । ਸ਼ਬਦ ਸੁਣਾਏ ਧੁਰ ਫ਼ਰਮਾਨਾ, ਬੋਧ ਅਗਾਧ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਖਿਲਾਈਆ । ਚਾਰ ਜੁਗ ਹਰਿ ਖੇਲ ਖਿਲੌਣਾ, ਨਿਰਗੁਣ ਸਰਗੁਣ ਰੂਪ ਧਰਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖ ਵਖੌਣਾ, ਪਾਂਧੀ ਆਪਣਾ ਪੰਧ ਮੁਕਾਈਆ । ਗੁਰ ਅਵਤਾਰ ਨਾਉਂ ਧਰੌਣਾ, ਜੋਤੀ ਜੋਤ ਕਰ ਰੁਸ਼ਨਾਈਆ । ਨਾਮ ਡੰਕਾ ਇਕ ਵਜੌਣਾ, ਚਾਰ ਕੁੰਟ ਸ਼ਨਵਾਈਆ । ਹਉਮੇ ਹੰਗਤਾ ਗੜ੍ਹ ਤੁੜੌਣਾ, ਮਾਇਆ ਮਮਤਾ ਮੋਹ ਚੁਕਾਈਆ । ਸਾਚੇ ਸੰਤਾਂ ਮੇਲ ਮਿਲੌਣਾ, ਸਤਿ ਦਵਾਰਾ ਇਕ ਵਖਾਈਆ । ਧੁਰ ਫ਼ਰਮਾਨਾ ਇਕ ਸੁਣੌਣਾ, ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਗੁਰ ਅਵਤਾਰ ਸੇਵਾ ਲਾਈਆ । ਗੁਰ ਅਵਤਾਰ ਸੇਵਾ ਲਾ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਲੱਖ ਚੁਰਾਸੀ ਜੀਵ ਜੰਤ ਦਏ ਸਮਝਾ, ਰਾਮ ਨਾਮ ਆਪ ਪਰਗਟਾਇੰਦਾ । ਏਕਾ ਡੰਕਾ ਦਏ ਵਜਾ, ਡੰਕਾ ਡੌਰੂ ਆਪਣੇ ਹੱਥ ਰਖਾਇੰਦਾ । ਰਾਜ ਰਾਜਾਨਾ ਦਏ ਉਠਾ, ਸੋਇਆ ਕੋਇ ਰਹਿਣ ਨਾ ਪਾਇੰਦਾ । ਰਾਓ ਰੰਕਾਂ ਬੂਝ ਦਏ ਬੁਝਾ, ਆਪ ਆਪਣਾ ਭੇਵ ਖੁਲ੍ਹਾਇੰਦਾ । ਜੁਗ ਜੁਗ ਸ਼ੰਕਾ ਦਏ ਮਿਟਾ, ਸੰਸਾ ਰੋਗ ਨਾ ਕੋਇ ਰਖਾਇੰਦਾ । ਏਕਾ ਅੰਕ ਦਏ ਸਮਝਾ, ਔਕੜ ਅਵਰ ਨਾ ਕੋਇ ਲਗਾਇੰਦਾ । ਨਿਸ਼ਅੱਖਰ ਅੱਖਰ ਦਏ ਪੜ੍ਹਾ, ਪੱਟੀ ਲੇਖ ਨਾ ਕੋਇ ਕਰਾਇੰਦਾ । ਕਾਗਦ ਕ਼ਲਮ ਨਾ ਕੋਈ ਸ਼ਾਹ, ਰੂਪ ਰੰਗ ਨਾ ਕੋਇ ਵਖਾਇੰਦਾ । ਆਪਣੀ ਕਿਰਪਾ ਕਰੇ ਬੇਪਰਵਾਹ, ਆਪਣਾ ਪਰਦਾ ਆਪ ਚੁਕਾਇੰਦਾ । ਜੋਤੀ ਨੂਰ ਡਗਮਗਾ, ਜੋਤ ਉਜਾਲਾ ਆਪ ਕਰਾਇੰਦਾ । ਸਾਚੇ ਤਖ਼ਤ ਬੈਠਾ ਸੱਚਾ ਸ਼ਹਿਨਸ਼ਾਹ, ਧੁਰ ਫ਼ਰਮਾਨਾ ਹੁਕਮ ਸੁਣਾਇੰਦਾ । ਜੁਗ ਜੁਗ ਗੁਰ ਅਵਤਾਰ ਬੈਠੇ ਸੀਸ ਝੁਕਾ, ਚਰਨ ਕਵਲ ਧਿਆਨ ਲਗਾਇੰਦਾ । ਪੁਰਖ ਅਬਿਨਾਸ਼ੀ ਸੀਸ ਜਗਦੀਸ ਦੇਵੇ ਹੱਥ ਟਿਕਾ, ਲੋਕਮਾਤ ਆਪ ਵਡਿਆਇੰਦਾ । ਸਤਿਜੁਗ ਤ੍ਰੇਤਾ ਦੁਆਪਰ ਪੰਧ ਮੁਕਾ, ਕਲਜੁਗ ਅੰਤਮ ਵੇਖ ਵਖਾਇੰਦਾ । ਜੁਗ ਚੌਕੜੀ ਗੇੜਾ ਰਿਹਾ ਦਿਵਾ, ਨੌਂ ਸੌ ਚੁਰਾਨਵੇਂ ਚੌਕੜੀ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਮੰਦਰ ਆਸਣ ਲਾਇੰਦਾ । ਸਾਚੇ ਮੰਦਰ ਹਰਿ ਜੂ ਚੜ੍ਹਿਆ, ਸਚ ਸਿੰਘਾਸਣ ਸੋਭਾ ਪਾਈਆ । ਉਚੇ ਟਿੱਲੇ ਆਪੇ ਖੜ੍ਹਿਆ, ਅਗੰਮ ਅਥਾਹ ਬੇਪਰਵਾਹੀਆ । ਆਪਣਾ ਅੱਖਰ ਆਪੇ ਪੜ੍ਹਿਆ, ਆਦਿ ਜੁਗਾਦਿ ਲੋਕਮਾਤ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਜੁਗ ਜੁਗ ਆਪਣੀ ਧਾਰ ਬੰਨ੍ਹਾਈਆ । ਨਵ ਨੌਂ ਚਾਰ ਚੁੱਕੇ ਧਾਰ, ਜੁਗ ਚੌਕੜੀ ਰਹਿਣ ਨਾ ਪਾਈਆ । ਚਾਰ ਜੁਗ ਦਾ ਖੇਲ ਨਿਆਰ, ਖ਼ਾਲਕ ਖ਼ਲਕ ਵੇਖ ਵਖਾਈਆ । ਮੁਕਾਮੇ ਹੱਕ ਹੋ ਉਜਿਆਰ, ਪਰਵਰਦਿਗਾਰ ਨੂਰ ਇਲਾਹੀਆ । ਹੱਕ ਹਕ਼ੀਕ਼ਤ ਬੋਲ ਜੈਕਾਰ, ਕਲਮਾ ਅਮਾਮ ਆਪ ਸੁਣਾਈਆ । ਕਾਇਨਾਤ ਕਰੇ ਖ਼ਬਰਦਾਰ, ਕਾਇਆ ਕਾਅਬਾ ਫੋਲ ਫੋਲਾਈਆ । ਦੋ ਦੋ ਆਬਾ ਕਰ ਪਿਆਰ, ਆਬੇ ਹਯਾਤ ਦਏ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਹਰਿ ਖੇਲ ਖਿਲਾਇਆ, ਖੇਲਣਹਾਰ ਕਰਤਾਰ । ਕਲਜੁਗ ਅੰਤਮ ਨੂਰ ਧਰਾਇਆ, ਜੋਤੀ ਜੋਤ ਜੋਤ ਉਜਿਆਰ । ਸਭ ਦਾ ਲੇਖਾ ਵੇਖ ਵਖਾਇਆ, ਵੇਖਣਹਾਰਾ ਹੋਇਆ ਖ਼ਬਰਦਾਰ । ਲਿਖ ਲਿਖ ਸੰਦੇਸਾ ਰਿਹਾ ਸੁਣਾਇਆ, ਦੋ ਜਹਾਨਾਂ ਕਰੇ ਬੇਦਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਆਪਣੀ ਥਿਤ ਵਾਰ । ਥਿਤ ਵਾਰ ਹਰਿ ਸਚ ਵਿਹਾਰਾ, ਕਲਜੁਗ ਅੰਤਮ ਕਰੇ ਜਣਾਈਆ । ਵੀਹ ਸੌ ਅਠਾਰਾਂ ਬਿਕ੍ਰਮੀ ਸਤਾਰਾਂ ਹਾੜ੍ਹਾ, ਲਿਖਿਆ ਲੇਖ ਨਾ ਕੋਇ ਮਿਟਾਈਆ । ਦਰ ਬਹਾਏ ਤੇਈ ਅਵਤਾਰਾ, ਭਗਤ ਅਠਾਰਾਂ ਸੰਗ ਮਿਲਾਈਆ । ਵਿਸ਼ਨ ਬ੍ਰਹਮਾ ਸ਼ਿਵ ਖਿਚ ਲਿਆਏ ਚਰਨ ਦਵਾਰਾ, ਕਰੋੜ ਤੇਤੀਸਾ ਸੁਰਪਤ ਰਾਜਾ ਇੰਦ ਨਿਉਂ ਨਿਉਂ ਸੀਸ ਝੁਕਾਈਆ । ਈਸਾ ਮੂਸਾ ਸੰਗ ਮੁਹੰਮਦ ਚਾਰ ਯਾਰ ਕਰਨ ਪੁਕਾਰਾ, ਅੱਲਾ ਰਾਣੀ ਨੇਤਰ ਨੈਣਾਂ ਨੀਰ ਵਹਾਈਆ । ਨਾਨਕ ਗੋਬਿੰਦ ਗੁਰ ਦਏ ਹੁਲਾਰਾ, ਸਿੰਘ ਆਪਣਾ ਬਲ ਰਖਾਈਆ । ਏਕਾ ਹੁਕਮ ਧੁਰ ਫ਼ਰਮਾਨਾ, ਧੁਰਦਰਗਾਹੀ ਰਿਹਾ ਸੁਣਾਈਆ । ਨੌਂ ਖੰਡ ਪ੍ਰਿਥਮੀ ਬੰਨ੍ਹੇ ਰਾਜਾ ਰਾਣਾ, ਬਚਿਆ ਕੋਇ ਰਹਿਣ ਨਾ ਪਾਈਆ । ਅਠਸਠ ਤੀਰਥ ਹੋਏ ਸੁਹਾਣਾ, ਤਟ ਕਿਨਾਰਾ ਵੇਖ ਵਖਾਈਆ । ਗੁਰਦਰ ਮੰਦਰ ਮਸਜਦ ਮਠ ਮੁਖ ਖੁਲ੍ਹਾਨਾ,

੭੫੨
੧੦

ਖੁਲ੍ਹਿਆ ਕੋਇ ਰਹਿਣ ਨਾ ਪਾਈਆ । ਪਾਰਬ੍ਰਹਮ ਅਬਿਨਾਸ਼ੀ ਅਚੁਤ ਆਪਣਾ ਵਕਤ ਆਪ ਸੁਹਾਨਾ, ਆਪਣੇ ਹੱਥ ਰੱਖ ਵਡਿਆਈਆ । ਸਾਚਾ ਤਖ਼ਤ ਇਕ ਲਗਾਣਾ, ਤਖ਼ਤ ਨਿਵਾਸੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸਚ ਸੰਦੇਸਾ ਹਰਿ ਨਿਰੰਕਾਰਾ, ਸ਼ਬਦੀ ਸ਼ਬਦ ਜਣਾਈਆ । ਸਮੁੰਦ ਸਾਗਰ ਆਇਣ ਵਾਰੋ ਵਾਰਾ, ਕਲਜੁਗ ਪੈਂਡਾ ਅੰਤ ਮੁਕਾਈਆ । ਧਰਨੀ ਧਰਤ ਧਵਲ ਧੌਲ ਕਰੇ ਨਿਮਸਕਾਰਾ, ਨਿਉਂ ਨਿਉਂ ਆਪਣਾ ਸੀਸ ਝੁਕਾਈਆ । ਬਾਸ਼ਕ ਦੋ ਸਹੰਸਰ ਜੇਹਵਾ ਲਾਏ ਨਾਅਰਾ, ਚਾਰ ਕੁੰਟ ਸੁਣਾਈਆ । ਬਣੇ ਭਿਖਾਰੀ ਰਵ ਸਸ ਸਿਤਾਰਾ, ਮੰਡਲ ਮੰਡਪ ਨਾ ਕੋਇ ਵਡਿਆਈਆ । ਕਰੇ ਖੇਲ ਅਗੰਮ ਅਪਾਰਾ, ਬੋਧ ਅਗਾਧ ਸੱਚਾ ਸ਼ਹਿਨਸ਼ਾਹੀਆ । ਨਾਦ ਵਜਾਏ ਏਕਾ ਵਾਰਾ, ਲੋਆਂ ਪੁਰੀਆਂ ਆਪ ਸੁਣਾਈਆ । ਬ੍ਰਹਮ ਬ੍ਰਹਿਮਾਦ ਕਰੇ ਖ਼ਬਰਦਾਰਾ, ਘਟ ਘਟ ਆਪਣਾ ਹੁਕਮ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਥਾਉਂ ਥਾਈਆ । ਥਾਨ ਥਨੰਤਰ ਵੇਖਣਹਾਰਾ, ਨਿਰਗੁਣ ਰੂਪ ਸਮਾਇਆ । ਕਲਜੁਗ ਅੰਤਮ ਲੈ ਅਵਤਾਰਾ, ਨਿਹਕਲੰਕਾ ਨਾਉਂ ਧਰਾਇਆ । ਸੰਬਲ ਨਗਰੀ ਧਾਮ ਨਿਆਰਾ, ਏਕੰਕਾਰਾ ਬੈਠਾ ਆਸਣ ਲਾਇਆ । ਗੋਬਿੰਦ ਮਿਲਿਆ ਮੀਤ ਮੁਰਾਰਾ, ਫ਼ਤਿਹ ਡੰਕਾ ਇਕ ਵਜਾਇਆ । ਚਾਰੋਂ ਕੁੰਟ ਕਰੇ ਖ਼ਵਾਰਾ, ਦਹਿ ਦਿਸ਼ਾ ਦਏ ਹਿਲਾਇਆ । ਗੁਰਮੁਖ ਵਿਰਲੇ ਪਾਵੇ ਸਾਰਾ, ਪੂਰਬ ਲਹਿਣਾ ਆਪ ਚੁਕਾਇਆ । ਦੇਣਾ ਦੇਵੇ ਦੇਵਣਹਾਰਾ, ਕੀਤਾ ਕੌਲ ਭੁਲ ਨਾ ਜਾਇਆ । ਜੋ ਰੁੜ੍ਹ ਗਏ ਸਰਸੇ ਧਾਰਾ, ਸੰਸਾਰ ਸਾਗਰ ਪਾਰ ਕਰਾਇਆ । ਅਰਸ਼ ਫ਼ਰਸ਼ ਤੇ ਪਾਰ ਕਿਨਾਰਾ, ਦੇ ਦਰਸ ਮੇਲ ਮਿਲਾਇਆ । ਕਰੇ ਤਰਸ ਸਿਰਜਣਹਾਰਾ, ਤ੍ਰੈਗੁਣ ਨਾਤਾ ਤੋੜ ਤੁੜਾਇਆ । ਘਰ ਮਿਲਿਆ ਪੁਰਖ ਅਪਾਰਾ, ਮੰਗਣ ਦਰ ਨਾ ਦੂਜੇ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਚ ਅਦਾਲਤ ਇਕ ਵਖਾਇਆ । ਸਚ ਅਦਾਲਤ ਏਕੰਕਾਰ, ਲੋਕਮਾਤ ਲਗਾਈਆ । ਨਾ ਕੋਈ ਵਕਾਲਤ ਕਰੇ ਵਿਚ ਸੰਸਾਰ, ਲਾ ਸ਼ਰੀਅਤ ਦਏ ਮਿਟਾਈਆ । ਨਾ ਕੋਈ ਜ਼ਮਾਨਤ ਕਿਸੇ ਦੇਵੇ ਗੁਨਾਹਗਾਰ, ਅਵਗੁਣ ਸਕੇ ਨਾ ਕੋਇ ਬਖ਼ਸ਼ਾਈਆ । ਪੁਰਖ ਅਬਿਨਾਸ਼ੀ ਬੰਨ੍ਹੇ ਠਗ ਚੋਰ ਯਾਰ, ਰਾਏ ਧਰਮ ਹੱਥ ਫੜਾਈਆ । ਰਾਜ ਰਾਜਾਨਾ ਮਾਰੇ ਮਾਰ, ਜੋ ਬੈਠੇ ਪਤ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਮੰਗੇ ਨਾਮ ਗਵਾਹੀਆ । ਨਾਮ ਗਵਾਹੀ ਮੰਗੇ ਸ਼ਹਾਦਤ, ਹਰਿ ਸੱਚਾ ਸਚ ਸੁਲਤਾਨਾ । ਲੇਖੇ ਲੱਗੇ ਇਕ ਇਬਾਦਤ, ਦੂਜਾ ਸੰਗ ਨਾ ਕੋਇ ਰਖਾਨਾ । ਸਗਲਾ ਸੰਗੀ ਨਾ ਕਰੇ ਕੋਇ ਰਫ਼ਾਕਤ, ਨਾਤਾ ਤੁਟੇ ਵਿਚ ਜਹਾਨਾ । ਚਾਰੋਂ ਕੁੰਟ ਨਜ਼ਰ ਆਇਣ ਨਿੰਦਕ ਦੁਸ਼ਟ ਸਾਕਤ, ਮਿਲੇ ਮੇਲ ਨਾ ਸ੍ਰੀ ਭਗਵਾਨਾ । ਮਨ ਹੰਕਾਰੀ ਚਾੜ੍ਹੇ ਰਾਕਟ, ਏਕਾ ਭੁੱਲਿਆ ਰਾਮ ਰਹੀਮ ਸੱਚਾ ਸੁਲਤਾਨਾ । ਪ੍ਰਭ ਭੰਨੇ ਸਭ ਦੀ ਆਕੜ, ਕਰੇ ਖੇਲ ਖੇਲ ਮਹਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਬਲੀ ਬਲਵਾਨਾ । ਬਲਧਾਰੀ ਬਲ ਬਾਵਣ ਆਇਆ, ਬਲ ਵੇਖੇ ਸਰਬ ਲੋਕਾਈਆ । ਰਘਵੰਸ ਹਰਿ ਰਾਮਾ ਆਇਆ, ਜੋ ਰਾਵਣ ਲੰਕਾ ਗੜ੍ਹ ਤੁੜਾਈਆ । ਹਰਿ ਕਾਹਨਾ ਕ੍ਰਿਸ਼ਨਾ ਰੂਪ ਧਰਾਇਆ, ਕੰਸ ਕੇਸਾਂ ਪਕੜ ਗਿਰਾਈਆ । ਹਰਿ ਈਸਾ ਮੂਸਾ ਵੇਖ ਵਖਾਇਆ, ਕਾਲੀ ਕਮਲੀ ਵੇਖੇ ਲੱਗੀ ਸ਼ਾਹੀਆ । ਹਰਿ ਨਾਨਕ ਨਿਰਗੁਣ ਖੇਲ ਖਿਲਾਇਆ, ਸਰਗੁਣ ਨਾਮ ਸਤਿ ਵੱਜੀ ਵਧਾਈਆ । ਚਾਰੇ ਵਰਨਾਂ ਗਲੇ ਲਗਾਇਆ, ਊਚ ਨੀਚ ਨਾ ਕੋਇ ਰਖਾਈਆ । ਗੋਬਿੰਦ

ਡੰਕਾ ਇਕ ਵਜਾਇਆ, ਵਾਹਿਗੁਰੂ ਫ਼ਤਿਹ ਆਪ ਗਜਾਈਆ । ਕਲਜੁਗ ਵੇਲਾ ਅੰਤ ਦਏ ਸੁਹਾਇਆ, ਨਿਰਗੁਣ ਜੋਤ ਨੂਰ ਰੁਸ਼ਨਾਈਆ । ਨਿਹਕਲੰਕ ਨਾਉਂ ਰਖਾਇਆ, ਨਾ ਮਰੇ ਨਾ ਜਾਈਆ । ਗੁਰਮੁਖ ਸਾਚੇ ਲਏ ਮਿਲਾਇਆ, ਆਪ ਆਪਣਾ ਪਰਦਾ ਲਾਹੀਆ । ਏਕਾ ਮੰਤਰ ਨਾਮ ਪੜ੍ਹਾਇਆ, ਚਾਰ ਵਰਨਾਂ ਤੱਤ ਗਿਆਨ ਦ੍ਰਿੜਾਈਆ । ਸੋ ਪੁਰਖ ਨਿਰੰਜਣ ਆਪ ਅਖਵਾਇਆ, ਹੰ ਬ੍ਰਹਮ ਸਰਬ ਲੋਕਾਈਆ । ਸੋਹੰ ਨਿਰਗੁਣ ਸਰਗੁਣ ਧਾਰ ਚਲਾਇਆ, ਬਿਨ ਸੋਹੰ ਲੱਖ ਚੁਰਾਸੀ ਨਜ਼ਰ ਰੂਪ ਨਾ ਆਈਆ । ਸੋਹੰ ਵਿਸ਼ਨੂੰ ਭਗਵਾਨ ਆਪਣਾ ਅੰਕ ਲਗਾਇਆ, ਚਾਰ ਜੁਗ ਵੱਜੇ ਵਧਾਈਆ । ਗੁਰਸਿਖ ਗੁਰਮੁਖ ਹਰਿਜਨ ਹਰਿਭਗਤ ਹਰਿ ਪੰਧ ਮੁਕਾਇਆ, ਲੱਖ ਚੁਰਾਸੀ ਗੇੜ ਕਟਾਈਆ । ਨਾਮ ਰਾਮ ਅਨਾਦੀ ਛੰਦ ਸੁਣਾਇਆ, ਸ਼ੰਕਰ ਬਰਨ ਨਾ ਕੋਇ ਜਣਾਈਆ । ਅਨੰਦ ਅਨੰਦ ਅਨੰਦ ਮੰਗਲ ਆਪੇ ਗਾਇਆ, ਪਰਮਾਨੰਦ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਹਰਿਜਨ ਸੱਜਣ ਗੋਦ ਬਹਾਈਆ । ਹਰਿਜਨ ਸੱਜਣ ਗੋਦੀ ਬਹਿਣਾ, ਸਤਿ ਪੁਰਖ ਨਿਰੰਜਣ ਆਪ ਬਹਾਇੰਦਾ । ਏਕਾ ਦਰਸ ਦਿਖਾਏ ਨੈਣਾਂ, ਲੋਚਣ ਨੇਤਰ ਆਪ ਖੁਲ੍ਹਾਇੰਦਾ । ਹਰਿ ਸੰਗਤ ਵਿਚ ਮਿਲ ਕੇ ਰਹਿਣਾ, ਜ਼ਾਤ ਪਾਤ ਮੇਟ ਮਿਟਾਇੰਦਾ । ਨਾਮ ਨਿਰੰਤਰ ਪੌਣਾ ਗਹਿਣਾ, ਪੁਰਖ ਅਬਿਨਾਸ਼ੀ ਆਪ ਘੜਾਇੰਦਾ । ਗੁਰ ਚਰਨ ਦਵਾਰਾ ਚੁੱਕੇ ਲਹਿਣਾ ਦੇਣਾ, ਪੂਰਬ ਲੇਖ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਆਪ ਤਰਾਇੰਦਾ । ਗੁਰਮੁਖ ਵਿਰਲਾ ਤਰੇ ਸਿਖ, ਤਾਰਨਹਾਰਾ ਜਿਸ ਤਰਾਈਆ । ਧੁਰ ਮਸਤਕ ਲੇਖਾ ਦਿਤਾ ਲਿਖ, ਲਿਖਿਆ ਲੇਖ ਨਾ ਕੋਇ ਮਿਟਾਈਆ । ਸ੍ਰਿਸ਼ਟ ਸਬਾਈ ਦਿਸੇ ਮਿਥ, ਮਿਥਿਆ ਦਿਸੇ ਅੰਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੱਜਣ ਲਏ ਜਗਾਈਆ । ਗੁਰਮੁਖ ਵਿਰਲਾ ਜਾਗਿਆ, ਜਿਸ ਜਗਾਏ ਆਪ ਨਿਰੰਕਾਰ । ਮਾਨਸ ਜਨਮ ਵਡ ਵਡ ਭਾਗਿਆ, ਘਰ ਮਿਲਿਆ ਗੋਬਿੰਦ ਮੀਤ ਮੁਰਾਰ । ਹੰਸ ਰੂਪ ਵਟਾਇਆ ਕਾਗਿਆ, ਕਾਗ ਰਲਿਆ ਹੰਸਾਂ ਡਾਰ । ਦੀਪਕ ਜੋਤ ਜਗੇ ਚਿਰਾਗ਼ਿਆ, ਬਿਨ ਤੇਲ ਬਾਤੀ ਹੋਏ ਉਜਿਆਰ । ਮਨ ਉਪਜੇ ਇਕ ਵੈਰਾਗਿਆ, ਮਨ ਮਤ ਜਾਏ ਹਾਰ । ਸਤਿਗੁਰ ਮਿਲੇ ਕੰਤ ਸੁਹਾਗਿਆ, ਗੁਰਸਿਖ ਹੋਏ ਸੁਲਖਣੀ ਨਾਰ । ਦੁਰਮਤ ਮੈਲ ਧੋਵੇ ਦਾਗ਼ਿਆ, ਕਾਇਆ ਕਰੇ ਠੰਡੀ ਠਾਰ । ਲੱਖ ਚੁਰਾਸੀ ਵਿਚੋਂ ਕਾਢਿਆ, ਜਨਮ ਮਰਨ ਗੇੜ ਨਿਵਾਰ । ਪਾਰ ਕਰਾਏ ਬ੍ਰਹਮ ਬ੍ਰਹਿਮਾਦਿਆ, ਇਕ ਬਹਾਏ ਚਰਨ ਦਵਾਰ । ਲੱਖ ਚੁਰਾਸੀ ਵਿਚੋਂ ਮਾਣਕ ਮੋਤੀ ਗੁਰਸਿਖ ਹੀਰਾ ਏਕਾ ਲਾਧਿਆ, ਜਿਸ ਨੂੰ ਵਿਸ਼ਨ ਬ੍ਰਹਮਾ ਸ਼ਿਵ ਨਿਉਂ ਨਿਉਂ ਕਰਨ ਨਿਮਸਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਗੁਰਸਿਖ ਸਾਚੇ ਦੇਵੇ ਪਾਰ ਉਤਾਰ । ਉਤਾਰੇ ਪਾਰ ਆਪਣੇ ਘਾਟ, ਮੰਜਧਾਰ ਨਾ ਕੋਇ ਰੁੜ੍ਹਾਈਆ । ਨਾਤਾ ਤੁਟੇ ਚੌਦਾਂ ਲੋਕ ਚੌਦਾਂ ਹਾਟ, ਚੌਦਾਂ ਵਿਦਿਆ ਪੰਧ ਮੁਕਾਈਆ । ਸਚ ਸਿੰਘਾਸਣ ਦੇਵੇ ਖਾਟ, ਪੁਰਖ ਅਬਿਨਾਸ਼ਨ ਸੇਜ ਵਿਛਾਈਆ । ਗੁਰਸਿਖ ਤੇਰਾ ਨਾਤਾ ਤੋੜ ਆਨ ਬਾਟ, ਬਖ਼ਸ਼ੇ ਚਰਨ ਸਰਨ ਸੱਚੀ ਸਰਨਾਈਆ । ਕਲਜੁਗ ਮਿਟੇ ਅੰਧੇਰੀ ਰਾਤ, ਘਰ ਚੰਦ ਹੋਏ ਰੁਸ਼ਨਾਈਆ । ਮਿਲੇ ਅਗੰਮੀ ਸਾਚੀ ਦਾਤ, ਸੋਹੰ ਵਸਤ ਅਮੋਲਕ ਝੋਲੀ ਪਾਈਆ । ਮੇਲ ਮਿਲਾਵਾ ਕਮਲਾਪਾਤ, ਕਵਲ ਨੈਣ ਹੋਏ ਸਹਾਈਆ । ਨਾ ਕੋਈ ਜ਼ਾਤ ਨਾ ਕੋਈ ਪਾਤ, ਨਾ ਕੋਈ ਵਰਨ ਬਰਨ ਵੰਡ ਵੰਡਾਈਆ । ਆਪੇ ਬੈਠਾ ਆਪਣੇ



੭੫੪ ੧੦

ਘਾਟ, ਗੁਰਮੁਖ ਸਾਚੇ ਪਾਰ ਕਰਾਈਆ । ਸਮਰਥ ਪੁਰਖ ਪੁਰਖ ਅਬਿਨਾਸ਼, ਅਬਿਨਾਸ਼ੀ ਆਪਣੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਦੇਵੇ ਨਾਮ ਦਾਨ, ਤਿਸ ਜਨ ਜਨਮ ਮਰਨ ਮਰਨ ਜਨਮ ਗੇੜ ਕਟਾਈਆ । ਜਨਮ ਮਰਨ ਹਰਿ ਕੱਟੇ ਫੰਦ, ਫਾਂਦੀ ਫੰਦਨ ਕੋਇ ਨਾ ਪਾਇਆ । ਜਿਸ ਜਨ ਗਾਇਆ ਬੱਤੀ ਦੰਦ, ਤਿਸ ਸੱਜਣ ਲਏ ਮਿਲਾਇਆ । ਜਿਸ ਤਜਿਆ ਰਸਨਾ ਮਦਿਰਾ ਮਾਸ ਗੰਦ, ਤਿਸ ਗੋਬਿੰਦ ਹੋਏ ਸਹਾਇਆ । ਜਿਸ ਵਸਾਇਆ ਪੁਰੀ ਅਨੰਦ, ਗੁਰਸਿਖ ਤੇਰਾ ਕਾਇਆ ਖੇੜਾ ਦਏ ਵਸਾਇਆ । ਜਿਨ ਤੇਰੇ ਪਿਛੇ ਨੀਹਾਂ ਹੇਠ ਦਬਾਏ ਚੰਦ, ਤੇਰਾ ਚੰਦ ਦਏ ਚਮਕਾਇਆ । ਜਿਸ ਨੂੰ ਕਹਿੰਦੇ ਗੁਜਰੀ ਨੰਦ, ਵੇਲਾ ਗੁਜ਼ਰਿਆ ਆਪਣਾ ਵਕ਼ਤ ਰਿਹਾ ਸੁਹਾਇਆ । ਪੁਰਖ ਅਕਾਲ ਨਾਲ ਮਿਲ ਮਿਲ ਗਾਏ ਆਪਣਾ ਛੰਦ, ਪੂਤ ਸਪੂਤਾ ਖ਼ੁਸ਼ੀ ਮਨਾਇਆ । ਹੱਥ ਫੜ ਚੰਡ ਪਰਚੰਡ, ਨਾਮ ਖੰਡਾ ਰਿਹਾ ਚਮਕਾਇਆ । ਨੌਂ ਖੰਡ ਪ੍ਰਿਥਮੀ ਕਰਨੀ ਖੰਡ ਖੰਡ, ਘਰ ਘਰ ਆਪਣਾ ਫੇਰਾ ਪਾਇਆ, ਕਿਸੇ ਕੂਟੇ ਰਹਿਣ ਨਾ ਦੇਣਾ ਭੇਖ ਪਖੰਡ, ਜੂਠਾ ਝੂਠਾ ਨਾਤਾ ਤੋੜ ਤੁੜਾਇਆ । ਮੈਂ ਕੱਚੇ ਭੰਨਾਂ ਅੰਡ, ਜੇਹੜੇ ਬੈਠੇ ਪੁਰਖ ਅਕਾਲ ਭੁਲਾਇਆ । ਮਾਛੂਵਾੜੇ ਪਾਈ ਵੰਡ, ਭੁਲ ਕਦੇ ਨਾ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਗੁਰਸਿਖਾਂ ਅੰਦਰ ਜਾਏ ਵੜ, ਸੁਰਤ ਸੁਵਾਣੀ ਲਏ ਫੜ, ਆਪਣਾ ਪ੍ਰੇਮ ਬੰਧਨ ਆਪੇ ਪਾਇਆ । ਕਲਜੁਗ ਜੀਵ ਕਾਚੇ ਬਿਰਖ ਜਾਇਣ ਝੜ, ਪੱਤ ਡਾਲ੍ਹੀ ਨਜ਼ਰ ਕੋਇ ਨਾ ਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਖੇਲ ਵੇਖੇ ਸਚ ਸਿੰਘਾਸਣ ਖੜ, ਅਬਿਨਾਸ਼ੀ ਆਪਣੇ ਆਸਣ ਆਪ ਸੁਹਾਇਆ । ਗੁਰਸਿਖ ਨਿਰਭੌ ਕਰ ਚੁਕਾਇਆ ਡਰ, ਭੈ ਅਵਰ ਨਾ ਕੋਇ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੇ ਵਿਚ ਮਿਲਾਇਆ ।

### ★ ੨੪ ਜੇਠ ੨੦੧੮ ਬਿਕ੍ਰਮੀ ਰਸੀਆ ਰਾਮ ਦੇ ਗ੍ਰਿਹਿ ਬਦੀਪੁਰ ਜੰਮੂ ★

ਹਰਿਜਨ ਹਰਿ ਹਰਿ ਆਤਮ ਰਸ, ਪ੍ਰੇਮ ਪਿਆਰ ਇਕ ਜਣਾਇੰਦਾ । ਹਿਰਦੇ ਅੰਦਰ ਵਸ ਵਸ, ਰੂਪ ਅਨੂਪ ਆਪ ਵਖਾਇੰਦਾ । ਤੀਰ ਨਿਰਾਲਾ ਮਾਰੇ ਕਸ ਕਸ, ਤਿਖੀ ਮੁਖੀ ਨਾਮ ਰਖਾਇੰਦਾ । ਮਾਰਗ ਆਪਣਾ ਦੱਸ ਦੱਸ, ਦੇ ਮਤ ਤੱਤ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਮ੍ਰਿਤ ਰਸ ਇਕ ਚਖਾਇੰਦਾ । ਅੰਮ੍ਰਿਤ ਰਸ ਸਦਾ ਅਨਡੀਠਾ, ਦਿਸ ਕਿਸੇ ਨਾ ਆਇੰਦਾ । ਗੁਰਮੁਖ ਵਿਰਲਾ ਜਾਣੇ ਮੀਠਾ, ਜਿਸ ਬਿਨ ਰਸਨਾ ਜੇਹਵਾ ਚਖਾਇੰਦਾ । ਕਰੇ ਕਰਾਏ ਠਾਂਡਾ ਸੀਤਾ, ਅਗਨੀ ਤੱਤ ਬੁਝਾਇੰਦਾ । ਘਰ ਮਿਲਾਏ ਪਰਮ ਪੁਰਖ ਮੀਤਾ, ਗੁਰ ਸਤਿਗੁਰ ਰੰਗ ਚੜ੍ਹਾਇੰਦਾ । ਮਾਣਸ ਮਾਨੁਖ ਪਰਖੇ ਨੀਤਾ, ਨਿਤ ਨਿਤ ਵੇਸ ਵਟਾਇੰਦਾ । ਅੱਖਰ ਪੜ੍ਹਾਏ ਸਾਚੀ ਗੀਤਾ, ਗਿਆਨ ਗੋਝ ਆਪ ਖੁਲ੍ਹਾਇੰਦਾ । ਹੰ ਰੰਗਾਏ ਹਸਤ ਕੀਟਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਸ ਆਤਮ ਆਪ ਚਖਾਇੰਦਾ । ਆਤਮ ਰਸ ਹਰਿਜਨ ਚਖ, ਚੇਤਨ ਰੂਪ ਹੋ ਜਾਈਆ । ਲੱਖ ਚੁਰਾਸੀ ਨਾਲੋਂ ਹੋ ਹੋ ਵੱਖ, ਆਪਣਾ ਮੰਦਰ ਆਪ ਸੁਹਾਈਆ । ਰਾਹ ਤੱਕੇ ਹੋਏ ਪ੍ਰਭੂ ਪਰਤਖ,

ਪੀਆ ਪ੍ਰੀਤਮ ਦਰਸ ਦਿਖਾਈਆ । ਜਗਤ ਲੱਜਿਆ ਲਏ ਰੱਖ, ਮਨ ਵਾਸਨਾ ਦਏ ਮਿਟਾਈਆ । ਮੇਰੀ ਖੋਲ੍ਹੇ ਆਪਣੀ ਅੱਖ, ਜਗਤ ਨੇਤਰ ਮਾਣ ਗਵਾਈਆ । ਭਾਗ ਲਗਾਏ ਕੁੱਲੀ ਕੱਖ, ਸਾਚਾ ਬੰਕ ਦਏ ਸੁਹਾਈਆ । ਜਨਮ ਜਨਮ ਦੀ ਪੂਰੀ ਕਰੇ ਆਸ, ਤ੍ਰਿਸਨਾ ਤ੍ਰਿਖਾ ਬੁਝਾਈਆ । ਬਣ ਕੇ ਕਾਹਨ ਪਾਏ ਰਾਸ, ਸਾਚੀ ਗੋਪੀ ਨਾਲ ਮਿਲਾਈਆ । ਭਾਗ ਲਗਾਏ ਜੰਗਲ ਜੂਹ ਪਰਭਾਸ, ਪੱਤ ਡਾਲ੍ਹੀ ਆਪ ਮਹਿਕਾਈਆ । ਜੀਵੰਦਿਆਂ ਕਰੇ ਬੰਦ ਖ਼ਲਾਸ, ਮਰਿਆਂ ਫੰਦ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਮ੍ਰਿਤ ਜਾਮ ਇਕ ਪਿਆਈਆ । ਅੰਮ੍ਰਿਤ ਜਾਮ ਆਤਮ ਮਦਿ, ਮਧਰ ਨੈਣ ਆਪ ਪਿਆਇੰਦਾ । ਹਰਿਜਨ ਹਰਿ ਹਰਿ ਆਪੇ ਸਦ, ਘਰ ਘਰ ਵੇਖ ਵਖਾਇੰਦਾ । ਜਗਤ ਕਰਾਏ ਪਾਰ ਹੱਦ, ਜੁਗਤ ਜੁਗ ਸਮਝਾਇੰਦਾ । ਨਾਮ ਸੁਣਾਏ ਏਕਾ ਨਦ, ਸਾਚਾ ਰਾਗ ਅਲਾਇੰਦਾ । ਲੇਖਾ ਚੁੱਕੇ ਬ੍ਰਹਮ ਬ੍ਰਹਿਮਾਦ, ਬ੍ਰਹਮ ਮੇਲਾ ਆਪ ਕਰਾਇੰਦਾ । ਹੋਏ ਸਹਾਈ ਆਦਿ ਜੁਗਾਦਿ, ਜੁਗ ਜੁਗ ਵੇਸ ਵਟਾਇੰਦਾ । ਰੱਖੇ ਲਾਜ ਸੰਤ ਸਾਧ, ਸਾਜਨ ਮੀਤ ਸੇਵ ਕਮਾਇੰਦਾ । ਜੋ ਜਨ ਹਿਰਦੇ ਅੰਤਰ ਰਹੇ ਅਰਾਧ, ਤਿਸ ਜਨ ਏਕਾ ਰੰਗ ਰੰਗਾਇੰਦਾ । ਜਗਤ ਜੰਜਾਲੇ ਵਿਚੋਂ ਕਾਢ, ਜਮ ਕੀ ਫਾਸੀ ਫੰਦ ਕਟਾਇੰਦਾ । ਮੇਟ ਮਿਟਾਏ ਵਾਦ ਵਿਵਾਦ, ਵਿਖ ਅੰਮ੍ਰਿਤ ਰੂਪ ਬਣਾਇੰਦਾ । ਦਇਆ ਕਰੇ ਮੋਹਣ ਮਾਧਵ ਮਾਧ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਮ੍ਰਿਤ ਰਸ ਇਕ ਵਖਾਇੰਦਾ । ਅੰਮ੍ਰਿਤ ਰਸ ਹਰਿ ਨਿਰੰਕਾਰਾ, ਹਰਿਜਨ ਸਾਚੇ ਸਚ ਜਣਾਈਆ । ਆਦਿ ਜੁਗਾਦੀ ਦੇਵਣਹਾਰਾ, ਜੁਗ ਜੁਗ ਆਪ ਵਰਤਾਈਆ । ਅਤੋਟ ਅਤੁਟ ਰੱਖੇ ਭੰਡਾਰਾ, ਦਿਸ ਕਿਸੇ ਨਾ ਆਈਆ । ਸਤਿ ਸੰਤੋਖੀ ਠੰਡਾ ਠਾਰਾ, ਅਗਨੀ ਤੱਤ ਨਾ ਕੋਇ ਤਪਾਈਆ ।



ਹਰਿਜਨ ਦੇਵੇ ਕਰ ਪਿਆਰਾ, ਪ੍ਰੇਮ ਪਿਆਲਾ ਜਾਮ ਪਿਆਈਆ । ਅੱਠੇ ਪਹਿਰ ਰਹੇ ਖ਼ੁਮਾਰਾ, ਨਸ਼ਾ ਉਤਰ ਕਦੇ ਨਾ ਜਾਈਆ । ਰਾਹ ਤੱਕੇ ਏਕਾ ਮੀਤ ਮੁਰਾਰਾ, ਨੇਤਰ ਨੈਣ ਨੈਣ ਉਠਾਈਆ । ਮਿਲ ਸੱਜਣ ਸਾਂਝੇ ਯਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਰਸ ਦਏ ਵਡਿਆਈਆ । ਏਕਾ ਰਸ ਵਡ ਵਡਿਆਇੰਦਾ, ਹਰਿ ਵੱਡਾ ਵਡ ਵਡਿਆਈ । ਧਰੂ ਪ੍ਰਹਿਲਾਦ ਰਿਹਾ ਚਖਾਇੰਦਾ, ਬਲ ਰਸਨਾ ਮੁਖ ਲਗਾਈ । ਅਮਰੀਕ ਚਰਨੋਦਕ ਮੁਖ ਲਗਾਇੰਦਾ, ਮਿਲਿਆ ਮੇਲ ਹਰਿ ਗੋਸਾਈਂ । ਜਨਕ ਪੀ ਪੀ ਖ਼ੁਸ਼ੀ ਮਨਾਇੰਦਾ, ਅੱਠੇ ਪਹਿਰ ਵੱਜੇ ਵਧਾਈ । ਹਰੀ ਚੰਦ ਹਰਿ ਹਰਿ ਹਰਿ ਜਸ ਗਾਇੰਦਾ, ਰਾਜ ਜੋਗ ਇਕ ਰਖਾਈ । ਬਿਦਰ ਘਰ ਭੋਗ ਲਗਾਇੰਦਾ, ਕਰੇ ਖੇਲ ਬੇਪਰਵਾਹੀ । ਸੁਦਾਮਾ ਤੰਦਲ ਮੁਖ ਰਖਾਇੰਦਾ, ਭਗਵਨ ਨਿਉਂ ਨਿਉਂ ਸੀਸ ਝੁਕਾਈ । ਜੈ ਦੇਵ ਏਕਾ ਅੱਖਰ ਆਪ ਪੜ੍ਹਾਇੰਦਾ, ਦੇ ਮਤ ਰਿਹਾ ਸਮਝਾਈ । ਨਾਮਾ ਆਪਣੇ ਰੰਗ ਰੰਗਾਇੰਦਾ, ਭੋਗ ਲਗਾਏ ਬੇਪਰਵਾਹੀ । ਰੂਪ ਅਨੂਪ ਆਪ ਵਟਾਇੰਦਾ, ਸੈਣ ਤਾਰੇ ਬਣ ਬਣ ਸ਼ਾਹੀ । ਕਬੀਰਾ ਆਪਣਾ ਖੇਲ ਖਿਲਾਇੰਦਾ, ਬਨਾਰਸ ਥੇਟਾ ਬਣੇ ਰਾਹੀ । ਰਵਦਾਸ ਚਮਾਰਾ ਸੇਵ ਲਗਾਇੰਦਾ, ਪਾਹਨ ਗੰਢੇ ਫੜ ਫੜ ਪਾਹੀ । ਗਨਕਾ ਪੂਤਨਾ ਖੇਲ ਖਿਲਾਇੰਦਾ, ਅਜਾਮਲ ਲੇਖਾ ਲਿਖੇ ਨਾਹੀਂ । ਬੱਧਕ ਆਪਣੇ ਅੰਗ ਲਗਾਇੰਦਾ, ਤੀਰ ਨਿਸ਼ਾਨਾ ਭੁੱਲੇ ਨਾਹੀਂ । ਜੁਗ ਜੁਗ ਜਿਸ ਜਨ ਆਪਣਾ ਰਸ ਚਖਾਇੰਦਾ, ਜਗਤ ਤ੍ਰਿਸਨਾ ਦਏ ਮਿਟਾਈ । ਕਾਗੋਂ ਹੰਸ ਆਪ ਉਡਾਇੰਦਾ, ਮਾਣਕ ਮੋਤੀ ਚੋਗ ਚੁਗਾਈ । ਹਉਮੇ ਹੰਗਤਾ ਰੋਗ ਗਵਾਇੰਦਾ, ਦੁਰਮਤ ਮੈਲ ਧੋਵੇ ਲੱਗੀ ਸ਼ਾਹੀ । ਸਚ ਸੰਜੋਗ ਆਪ ਰਖਾਇੰਦਾ, ਪਾਰਬ੍ਰਹਮ ਪ੍ਰਭ ਬੇਪਰਵਾਹੀ । ਕਲਜੁਗ ਅੰਤਮ ਰੂਪ ਵਟਾਇੰਦਾ, ਹਰਿਜਨ ਵੇਖੇ ਥਾਉਂ ਥਾਈਂ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਮ੍ਰਿਤ ਏਕਾ ਰਿਹਾ ਵਖਾਈ । ਅੰਮ੍ਰਿਤ ਰਸ ਸਚ ਪਿਆਲਾ, ਹਰਿ ਜਿਸ ਜਨ ਆਪ ਪਿਆਈਆ । ਕਰ ਕਿਰਪਾ ਦੇਵੇ ਦੀਨ ਦਿਆਲਾ, ਦੀਨਨ ਰੱਛਿਆ ਆਪ ਕਮਾਈਆ । ਵਰਨ ਬਰਨ ਜਗ ਤੋੜ ਜੰਜਾਲਾ, ਜਾਗਰਤ ਜੋਤ ਇਕ ਸਮਝਾਈਆ । ਨਾਤਾ ਤੋੜ ਸ਼ਾਹ ਕੰਗਾਲਾ, ਆਤਮ ਬ੍ਰਹਮ ਦਏ ਸਮਝਾਈਆ । ਸਰਬ ਜੀਆਂ ਕਰੇ ਪ੍ਰਿਤਪਾਲਾ, ਵਡ ਦਾਤਾ ਬੇਪਰਵਾਹੀਆ । ਜੁਗਾ ਜੁਗੰਤਰ ਖੇਲ ਨਿਰਾਲਾ, ਜੁਗ ਕਰਤਾ ਆਪ ਕਰਾਈਆ । ਕਲਜੁਗ ਅੰਤਮ ਦੱਸੇ ਰਾਹ ਸੁਖਾਲਾ, ਸੁਖ ਸਾਗਰ ਦਏ ਸਮਝਾਈਆ । ਸੋਹੰ ਪਾਏ ਜਗ ਸਾਚੀ ਮਾਲਾ, ਆਤਮ ਪਰਮਾਤਮ ਰੰਗ ਰੰਗਾਈਆ । ਲੇਖਾ ਚੁੱਕੇ ਕਾਲ ਮਹਾਕਾਲਾ, ਕਾਲ ਗਰਾਸ ਨਾ ਅੰਤਮ ਖਾਈਆ । ਫਲ ਲਗਾਏ ਸਾਚੇ ਡਾਲਾ, ਪੱਤ ਡਾਲ੍ਹੀ ਆਪ ਮਹਿਕਾਈਆ । ਅੰਮ੍ਰਿਤ ਰਸ ਨਿਝਰ ਧਾਰ ਏਕਾ ਦੇਵੇ ਸਤਿ ਪਿਆਲਾ, ਰਾਮ ਨਾਮ ਜਾਮ ਪਿਆਈਆ । ਹਰਿਜਨ ਲੇਖੇ ਲੱਗੇ ਘਾਲਾ, ਜੋ ਜਨ ਜਨ ਕੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਰਸ ਦਏ ਉਪਾਈਆ । ਰਸ ਉਪਾਇਆ ਆਤਮ ਧਾਰ, ਤ੍ਰੈਗੁਣ ਭੇਵ ਕੋਇ ਨਾ ਪਾਇੰਦਾ । ਅੰਤਰ ਆਤਮ ਕਰ ਪਿਆਰ, ਤ੍ਰੈਗੁਣ ਅਤੀਤਾ ਆਪ ਪਿਆਇੰਦਾ । ਅੰਤਰ ਅੰਦਰ ਕਰੇ ਠੰਡਾ ਠਾਰ, ਤ੍ਰੈਗੁਣ ਅਗਨੀ ਤੱਤ ਬੁਝਾਇੰਦਾ । ਅੰਦਰ ਮੰਦਰ ਕਰੇ ਬਹਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਆਪਣਾ ਰਸ ਚਖਾਇੰਦਾ । ਪੀ ਰਸ ਮਿਲੇ ਰਾਮ, ਰਸ ਰਾਮ ਰੂਪ ਵਟਾਈਆ । ਜਗਤ ਨੇਹਫਲ ਦਿਸੇ ਕਾਮ, ਹਰਿ ਚਰਨ ਦਿਸੇ ਸੱਚੀ ਸਰਨਾਈਆ । ਸਤਿ ਪਿਆਲਾ ਪੀਤਾ ਜਾਮ, ਜਮ ਕਾ ਫਾਸ ਰਹਿਣ ਨਾ ਪਾਈਆ । ਜਿਸ ਜਨ ਹਰਿ ਜੂ ਹਰਿ ਹਰਿ ਮਿਲੇ ਆਣ, ਤਿਸ ਭਗਤ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਰਸ ਰਾਮ ਆਪ ਚਖਾਈਆ । ਚੱਖ ਰਸ ਹੋਇਆ ਸਾਂਤ, ਜਿਸ ਅੰਮ੍ਰਿਤ ਹਰਿ ਹਰਿ ਪਾਇਆ । ਅੰਤਰ ਅੰਤਰ ਰਹੇ ਇਕਾਂਤ, ਗ੍ਰਿਹ ਮੰਦਰ ਆਪ ਸੁਹਾਇਆ । ਏਕਾ ਰੰਗ ਰੰਗਾਏ ਦਿਵਸ ਰਾਤ, ਘੜੀ ਪਲ ਨਾ ਕੋਇ ਜਣਾਇਆ । ਰਸ ਰਾਮ ਸੁਣਾਏ ਸਾਚੀ ਗਾਥ, ਅੱਖਰ ਆਪਣਾ ਆਪ ਪੜ੍ਹਾਇਆ । ਲੇਖਾ ਜਾਣੇ ਮਸਤਕ ਮਾਥ, ਪੂਰਬ ਲਹਿਣਾ ਵੇਖ ਵਖਾਇਆ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਰਸ ਆਪ ਸਾਲਾਹਿਆ । ਹਰਿ ਰਸ ਸਾਲਾਹ ਸਾਲਾਹਵਣ ਯੋਗ, ਕਰੋੜ ਤੇਤੀਸਾ ਕਲਜੁਗ ਰਹੇ ਬਿਲਲਾਈਆ । ਨਾਮ ਨਿਧਾਨ ਜਿਸ ਜਨ ਪੀਤਾ, ਵਿਸ਼ਨ ਬ੍ਰਹਮਾ ਸ਼ਿਵ ਰਹੇ ਜਸ ਗਾਈਆ । ਮਿਲ ਰਾਮ ਹੋਇਆ ਠੰਡਾ ਸੀਤਾ, ਜਿਉਂ ਸੀਤਾ ਰਾਮ ਮਿਲ ਮਿਲ ਖ਼ੁਸ਼ੀ ਮਨਾਈਆ । ਧਾਮ ਵਖਾਏ ਇਕ ਅਨਡੀਠਾ, ਸਚ ਸਿੰਘਾਸਣ ਸੋਭਾ ਪਾਈਆ । ਬੈਠਾ ਰਹੇ ਇਕ ਅਤੀਤਾ, ਪਾਰਬ੍ਰਹਮ ਬੇਪਰਵਾਹੀਆ । ਆਦਿ ਜੁਗਾਦਿ ਸਦਾ ਸੁਹੇਲਾ ਸਾਜਣ ਮੀਤਾ, ਵਿਛੜ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਵਖਾਏ ਆਪਣਾ ਘਰ, ਸਾਚਾ ਰਸ ਮੁਖ ਚੁਆਈਆ । ਸਾਚਾ ਰਸ ਮੁਖਾਰ ਬਿੰਦ, ਬੂੰਦ ਬੂੰਦ ਆਪ ਟਪਕਾਇੰਦਾ । ਕਾਇਆ ਗਾਗਰ ਬਣਾਏ ਸਾਗਰ ਸਿੰਧ, ਸਰੋਵਰ ਸਾਚਾ ਤਾਲ ਭਰਾਇੰਦਾ । ਕਿਰਪਾ ਕਰੇ ਗਹਿਰ ਗੰਭੀਰ ਗੁਣੀ ਗਹਿੰਦ, ਗੋਬਿੰਦ ਆਪਣੇ ਰੰਗ ਰੰਗਾਇੰਦਾ । ਹਰਿਜਨ ਮੇਟੇ ਸਗਲੀ ਚਿੰਦ, ਚਿੰਤਾ ਚਿਖਾ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਮ੍ਰਿਤ ਮੇਘ ਆਪ ਬਰਸਾਇੰਦਾ । ਅੰਮ੍ਰਿਤ ਮੇਘ ਬਰਸੇ ਘਨਘੋਰ, ਕਿਰਪਾਨਿਧ ਦਇਆ ਕਮਾਈਆ । ਸਾਂਤਕ ਸਤਿ ਕਰਾਏ ਪੰਜ

ਚੋਰ, ਤ੍ਰਿਸਨਾ ਤ੍ਰਿਪਤ ਕਰਾਈਆ । ਕਾਇਆ ਮੰਦਰ ਅੰਦਰ ਸ਼ਬਦ ਅਨਾਦ ਬੋਲੇ ਏਕਾ ਮੋਰ, ਮਾਇਆ ਮਮਤਾ ਮੋਹ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਖਿਲਾਈਆ । ਅੰਮ੍ਰਿਤ ਰਸ ਸਾਚਾ ਰੰਗ, ਹਰਿਜਨ ਸਾਚੇ ਆਪ ਚੜ੍ਹਾਇੰਦਾ । ਕਿਰਪਾ ਕਰੇ ਸੂਰਾ ਸਰਬੰਗ, ਜੁਗ ਜੁਗ ਆਪਣੀ ਸੇਵ ਕਮਾਇੰਦਾ । ਕਾਇਆ ਅੰਦਰ ਵਖਾਏ ਸਚ ਅਨੰਦ, ਅਨੰਦ ਆਪਣਾ ਰੂਪ ਵਟਾਇੰਦਾ । ਸਚ ਪਰਕਾਸ਼ ਚੜ੍ਹਾਏ ਚੰਦ, ਝੂਠ ਅੰਧੇਰਾ ਅੰਧ ਗਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਦੇਵੇ ਏਕਾ ਰਸ, ਪ੍ਰੇਮ ਵਸਤ ਝੋਲੀ ਪਾਇੰਦਾ । ਪ੍ਰੇਮ ਰਸ ਸਰਬ ਸਿਰਤਾਜ, ਤਾਜਗੀਰ ਸੀਸ ਝੁਕਾਈਆ । ਭਗਤ ਭਗਵੰਤ ਦੇਵੇ ਸੱਚਾ ਰਾਜ, ਦਰਗਹਿ ਸਾਚੀ ਧਾਮ ਬਹਾਈਆ । ਬਿਨ ਪ੍ਰੇਮ ਨਾ ਹੋਏ ਕੋਈ ਪੂਰਾ ਕਾਜ, ਭਗਤ ਭਗਵੰਤ ਦੇਣ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਏਕਾ ਵਰ, ਰਸੀਆ ਰਾਮ ਰਾਮ ਰਸ ਕਾਇਆ ਅੰਦਰ ਰਸਿਕ ਰਸਿਕ ਝਿਰਨਾ ਰਿਹਾ ਝਿਰਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਬਖ਼ਸ਼ੇ ਚਰਨ ਸਰਨ ਸਰਨ ਚਰਨ ਸੱਚੀ ਸਰਨਾਈਆ ।

## ★ ਪਹਿਲੀ ਹਾੜ ੨੦੧੮ ਬਿਕ੍ਰਮੀ ਜੇਠੂਵਾਲ ਦਰਬਾਰ ਵਿਚ ਦਇਆ ਹੋਈ ★



ਸੋ ਪੁਰਖ ਨਿਰੰਜਣ ਖੇਲ ਖਿਲਾਇੰਦਾ, ਆਦਿ ਜੁਗਾਦੀ ਸਾਚੀ ਧਾਰ । ਹਰਿ ਪੁਰਖ ਨਿਰੰਜਣ ਵੇਸ ਵਟਾਇੰਦਾ, ਰੂਪ ਰੰਗ ਰੇਖ ਨਾ ਕੋਇ ਵਿਚਾਰ । ਏਕੰਕਾਰਾ ਨਾਉਂ ਧਰਾਇੰਦਾ, ਜੋਤੀ ਜਾਤਾ ਹੋ ਉਜਿਆਰ । ਆਦਿ ਨਿਰੰਜਣ ਡਗਮਗਾਇੰਦਾ, ਨੂਰ ਨੂਰਾਨਾ ਬੇਐਬ ਪਰਵਰਦਿਗਾਰ । ਅਬਿਨਾਸ਼ੀ ਕਰਤਾ ਖੇਲ ਖਿਲਾਇੰਦਾ, ਅਲਖ ਅਗੋਚਰ ਅਗੰਮ ਅਪਾਰ । ਸ੍ਰੀ ਭਗਵਾਨ ਸਾਚੇ ਧਾਮ ਸੋਭਾ ਪਾਇੰਦਾ, ਅਜੂਨੀ ਰਹਿਤ ਪੁਰਖ ਅਕਾਲ । ਪਾਰਬ੍ਰਹਮ ਪ੍ਰਭ ਆਪਣੇ ਰੰਗ ਸਮਾਇੰਦਾ, ਇਕ ਇਕੱਲਾ ਹੋ ਤਿਆਰ । ਆਪਣੀ ਰਚਨਾ ਆਪ ਰਚਾਇੰਦਾ, ਘਾੜਨ ਘੜੇ ਅਪਰ ਅਪਾਰ । ਦੂਸਰ ਸੰਗ ਨਾ ਕੋਇ ਰਖਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਖੇਲ ਨਿਆਰ । ਆਦਿ ਜੁਗਾਦੀ ਖੇਲ ਨਿਆਰਾ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਸਾਚਾ ਮੰਦਰ ਕਰ ਤਿਆਰਾ, ਨਿਰਗੁਣ ਧਾਰਾ ਜੋਤ ਜਗਾਇੰਦਾ । ਨਾਉਂ ਰਖਾਏ ਅਪਰ ਅਪਾਰਾ, ਸਚਖੰਡ ਦਵਾਰ ਆਪ ਵਡਿਆਇੰਦਾ । ਸਿੰਘਾਸਣ ਪੁਰਖ ਅਬਿਨਾਸ਼ਨ ਲਗਾਏ ਆਪ ਕਰਤਾਰਾ, ਕਰਨੀ ਕਰਤਾ ਆਪ ਕਮਾਇੰਦਾ । ਸ਼ਾਹੋ ਭੂਪ ਹਰਿ ਬਣ ਸਿਕਦਾਰਾ, ਰਾਜ ਰਾਜਾਨਾ ਆਪ ਅਖਵਾਇੰਦਾ । ਤਖ਼ਤ ਨਿਵਾਸੀ ਹੁਕਮੀ ਹੁਕਮ ਵਰਤੇ ਵਰਤਾਰਾ, ਧੁਰ ਫ਼ਰਮਾਨਾ ਆਪ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਸਾਚੀ ਰਚਨਾ ਆਪ ਰਚਾਇੰਦਾ । ਆਦਿ ਜੁਗਾਦੀ ਪੁਰਖ ਅਗੰਮ, ਅਗੰਮੜਾ ਖੇਲ ਕਰਾਈਆ । ਆਪਣੀ ਇਛਿਆ ਆਪੇ ਜੰਮ, ਆਪਣੀ ਬਣਤ ਆਪ ਬਣਾਈਆ । ਨਾ ਕੋਈ ਪਵਣ ਸਵਾਸੀ ਦਮ, ਰਸਨਾ ਜੇਹਵਾ ਨਾ ਕੋਇ ਹਿਲਾਈਆ । ਨਾ ਕੋਈ ਛੱਪਰ ਨਾ ਕੋਈ ਛੰਨ, ਚਾਰ ਦੀਵਾਰ ਨਾ ਕੋਇ ਰਖਾਈਆ । ਨਾ ਕੋਈ ਘੜੇ ਨਾ ਕੋਈ ਦੇਵੇ ਭੰਨ, ਘੜਨ ਭੰਨਣਹਾਰ ਸਮਰਥ ਇਕ ਇਕੱਲਾ ਬੇਪਰਵਾਹੀਆ । ਨਾ ਕੋਈ ਸੂਰਜ ਨਾ ਕੋਈ ਚੰਨ, ਮੰਡਲ ਮੰਡਪ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ

੭੫੮
੧੦

ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਏਕਾ ਮੰਦਰ ਦਏ ਵਡਿਆਈਆ । ਸਾਚਾ ਮੰਦਰ ਹਰਿ ਨਿਰੰਕਾਰਾ, ਏਕਾ ਆਪ ਸੁਹਾਇੰਦਾ । ਸਚਖੰਡ ਸਾਚਾ ਖੋਲ੍ਹ ਕਿਵਾੜਾ, ਗ੍ਰਿਹਿ ਮੰਦਰ ਵੇਖ ਵਖਾਇੰਦਾ । ਨਿਰਗੁਣ ਜੋਤੀ ਨਿਰਾਕਾਰਾ, ਨਿਰਵੈਰ ਆਪ ਪਰਗਟਾਇੰਦਾ । ਅਜੂਨੀ ਰਹਿਤ ਕਰ ਪਸਾਰਾ, ਅਨਭਵ ਪਰਕਾਸ਼ ਆਪ ਕਰਾਇੰਦਾ । ਜੋਧਾ ਸੂਰਬੀਰ ਬਲੀ ਬਣ ਬਲਕਾਰਾ, ਆਪਣਾ ਬਲ ਆਪ ਧਰਾਇੰਦਾ । ਨਾ ਕੋਈ ਖੜਗ ਖੰਡਾ ਕਟਾਰਾ, ਚਿੱਲਾ ਤੀਰ ਕਮਾਨ ਨਾ ਕੋਇ ਰਖਾਇੰਦਾ । ਆਪਣੀ ਇਛਿਆ ਕਰ ਵਰਤਾਰਾ, ਸਾਚੀ ਭਿਛਿਆ ਆਪਣੀ ਝੋਲੀ ਪਾਇੰਦਾ । ਸਚ ਸਿੰਘਾਸਣ ਕਰ ਤਿਆਰਾ, ਤ੍ਰੈਗੁਣ ਅਤੀਤਾ ਠਾਂਡਾ ਸੀਤਾ, ਸਚ ਸਿੰਘਾਸਣ ਆਸਣ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਦਰ ਘਰ ਸਾਚਾ ਆਪ ਸੁਹਾਇੰਦਾ । ਦਰ ਘਰ ਸਾਚਾ ਹਰਿ ਸੁਹੰਜਣਾ, ਸੋ ਪੁਰਖ ਨਿਰੰਜਣ ਆਪ ਸੁਹਾਈਆ । ਕਰੇ ਖੇਲ ਦਰਦ ਦੁੱਖ ਭੈ ਭੰਜਣਾ, ਪਾਰਬ੍ਰਹਮ ਬੇਪਰਵਾਹੀਆ । ਆਪਣੇ ਗ੍ਰਿਹਿ ਆਪ ਨਹਾਏ ਆਪਣਾ ਮਜਨਾ, ਸਰ ਸਰੋਵਰ ਆਪਣੇ ਆਪ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਆਪਣਾ ਭੇਵ ਅਭੇਦ ਆਪੇ ਰਿਹਾ ਖੁਲ੍ਹਾਈਆ । ਭੇਵ ਅਭੇਦ ਆਪ ਖੁਲ੍ਹਾਇੰਦਾ, ਇਕ ਇਕੱਲਾ ਹੋ ਉਜਿਆਰ । ਸੋ ਪੁਰਖ ਨਿਰੰਜਣ ਨਾਉਂ ਧਰਾਇੰਦਾ, ਹਰਿ ਪੁਰਖ ਨਿਰੰਜਣ ਮੀਤ ਮੁਰਾਰ । ਏਕੰਕਾਰਾ ਖੇਲ ਖਿਲਾਇੰਦਾ, ਆਦਿ ਨਿਰੰਜਣ ਕਰ ਪਸਾਰ । ਸ੍ਰੀ ਭਗਵਾਨ ਵੇਖ ਵਖਾਇੰਦਾ, ਅਬਿਨਾਸ਼ੀ ਕਰਤਾ ਪਾਵੇ ਸਾਰ । ਪਾਰਬ੍ਰਹਮ ਵੰਡ ਵੰਡਾਇੰਦਾ, ਆਪ ਆਪਣੀ ਕਿਰਪਾ ਧਾਰ । ਸਚਖੰਡ ਦਵਾਰਾ ਆਪ ਸੁਹਾਇੰਦਾ, ਸਚਖੰਡ ਵਸੇ ਇਕ ਇਕੱਲਾ ਕਰ ਪਸਾਰ । ਜੋਤੀ ਜੋਤ ਡਗਮਗਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਆਪੇ ਵੜ, ਆਪਣਾ ਰੂਪ ਆਪ ਧਰਾਇੰਦਾ । ਸਚਖੰਡ ਦਵਾਰੇ ਆਪੇ ਵੜਿਆ, ਸੋ ਪੁਰਖ ਨਿਰੰਜਣ ਵਡੀ ਵਡਿਆਈਆ । ਸਾਚੇ ਤਖ਼ਤ ਆਪ ਚੜ੍ਹਿਆ, ਹਰਿ ਪੁਰਖ ਨਿਰੰਜਣ ਸੱਚਾ ਸ਼ਹਿਨਸ਼ਾਹੀਆ । ਆਪਣਾ ਘਾੜਨ ਆਪੇ ਘੜਿਆ, ਏਕੰਕਾਰ ਆਪਣੀ ਕਲ ਆਪ ਵਰਤਾਈਆ । ਆਪਣਾ ਪੱਲੂ ਆਪੇ ਫੜਿਆ, ਆਦਿ ਨਿਰੰਜਣ ਬੇਪਰਵਾਹੀਆ । ਆਪਣਾ ਅੱਖਰ ਆਪੇ ਪੜ੍ਹਿਆ, ਨਿਸ਼ਅੱਖਰ ਸ੍ਰੀ ਭਗਵਾਨ ਕਰੇ ਪੜ੍ਹਾਈਆ । ਆਪ ਸੁਹਾਏ ਆਪਣਾ ਬੰਕ ਦਵਾਰ ਸਾਚਾ ਗੜ੍ਹਿਆ, ਅਬਿਨਾਸ਼ੀ ਕਰਤਾ ਸੋਭਾ ਪਾਈਆ । ਪਾਰਬ੍ਰਹਮ ਪ੍ਰਭ ਆਪੇ ਵੇਖੇ ਆਪਣਾ ਦਰਿਆ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਨਾ ਪੁਰਖ ਨਾਰੀ ਨਰ ਨਰਾਇਣ ਨਰ ਹਰਿਆ, ਇਕ ਇਕੱਲਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਅੰਦਰ ਆਪੇ ਵੜ, ਆਪਣਾ ਸਿੰਘਾਸਣ ਆਪ ਸੁਹਾਈਆ । ਸਚ ਸਿੰਘਾਸਣ ਹਰਿ ਨਿਰੰਕਾਰਾ, ਸਚਖੰਡ ਦਵਾਰ ਆਪ ਸੁਹਾਇੰਦਾ । ਤਖ਼ਤ ਨਿਵਾਸੀ ਬਣ ਸਿਕਦਾਰਾ, ਆਪਣੀ ਧਾਰਾ ਆਪ ਚਲਾਇੰਦਾ । ਏਕਾ ਹੁਕਮ ਇਕ ਵਰਤਾਰਾ, ਏਕਾ ਏਕ ਸੀਸ ਝੁਕਾਇੰਦਾ । ਏਕਾ ਦਰ ਦਰਬਾਨ ਕਰੇ ਨਿਮਸਕਾਰਾ, ਏਕਾ ਨਿਉਂ ਨਿਉਂ ਸੀਸ ਝੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਆਪੇ ਵੜ, ਸਚ ਸਿੰਘਾਸਣ ਆਪ ਵਡਿਆਇੰਦਾ । ਸਚ ਸਿੰਘਾਸਣ ਸੋਭਾਵੰਤ, ਸੋ ਪੁਰਖ ਨਿਰੰਜਣ ਦਏ ਵਡਿਆਈਆ । ਉਪਰ ਬੈਠ ਸ੍ਰੀ ਭਗਵੰਤ, ਅਚਰਜ ਖੇਲ ਆਪ ਖਿਲਾਈਆ । ਆਪੇ ਨਾਰੀ ਆਪੇ ਕੰਤ, ਕੰਤ ਕੰਤੂਹਲ ਸੇਜ ਹੰਢਾਈਆ । ਆਪੇ ਮਣੀਆ ਆਪੇ ਮੰਤ, ਆਪੇ ਨਾਉਂ ਨਿਰੰਕਾਰਾ ਲਏ ਪਰਗਟਾਈਆ । ਆਪੇ ਕਰੇ

ਖੇਲ ਬੇਅੰਤ, ਬੇਅੰਤ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਸੁਣਾਈਆ । ਸਾਚਾ ਹੁਕਮ ਧੁਰ ਫ਼ਰਮਾਨਾ, ਸਚਖੰਡ ਦਵਾਰੇ ਆਪ ਸੁਣਾਇੰਦਾ । ਸ਼ਾਹੋ ਭੂਪ ਬਣ ਏਕਾ ਰਾਣਾ, ਸ਼ਾਹ ਪਾਤਸ਼ਾਹ ਇਕ ਅਖਵਾਇੰਦਾ । ਏਕਾ ਨਾਦ ਇਕ ਤਰਾਨਾ, ਏਕਾ ਰਾਗ ਅਲਾਇੰਦਾ । ਏਕਾ ਨੂਰ ਨੂਰ ਮਹਾਨਾ, ਨੂਰ ਨੁਰਾਨਾ ਡਗਮਗਾਇੰਦਾ । ਏਕਾ ਖੇਲੇ ਖੇਲ ਸ੍ਰੀ ਭਗਵਾਨਾ, ਆਪਣੀ ਕਲ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਿੰਘਾਸਣ ਉਪਰ ਚੜ੍ਹ, ਆਪਣਾ ਹੁਕਮ ਆਪ ਸੁਣਾਇੰਦਾ । ਸਾਚਾ ਹੁਕਮ ਧੁਰ ਦਰਬਾਰ, ਸ਼ਾਹ ਪਾਤਸ਼ਾਹ ਆਪ ਸੁਣਾਈਆ । ਆਪੇ ਦਰ ਦਰਵੇਸ਼ ਬਣ ਭਿਖਾਰ, ਜਗਦੀਸ਼ ਸੀਸ ਆਪ ਝੁਕਾਈਆ । ਆਪੇ ਕਰਨੀ ਕਰਤਾ ਕਰੇ ਵਿਚਾਰ, ਲੇਖਾ ਲੇਖ ਨਾ ਲਿਖਿਆ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣੀ ਰਚਨਾ ਆਪ ਰਿਹਾ ਰਚਾਈਆ । ਸੋ ਪੁਰਖ ਨਿਰੰਜਣ ਰਚਨ ਰਚਾਇੰਦਾ, ਆਦਿ ਪੁਰਖ ਅਗੰਮ ਅਥਾਹ । ਨਾਰੀ ਕੰਤ ਆਪ ਅਖਵਾਇੰਦਾ, ਸਾਚੇ ਮੰਦਰ ਸੋਭਾ ਪਾ । ਸਾਚਾ ਮੰਦਰ ਆਪ ਵਡਿਆਇੰਦਾ, ਸਚਖੰਡ ਦਵਾਰਾ ਬਣਤ ਬਣਾ । ਦੀਪਕ ਜੋਤ ਇਕ ਜਗਾਇੰਦਾ, ਜੋਤੀ ਨੂਰ ਨੂਰ ਰੁਸ਼ਨਾ । ਏਕਾ ਨਾਦ ਨਾਦ ਵਜਾਇੰਦਾ, ਨਾਦ ਅਨਾਦੀ ਬੇਪਰਵਾਹ । ਆਪਣੀ ਇਛਿਆ ਆਪ ਧਰਾਇੰਦਾ, ਆਪੇ ਬਣੇ ਸਚ ਮਲਾਹ । ਆਪਣਾ ਬੇੜਾ ਆਪ ਚਲਾਇੰਦਾ, ਖੇਵਟ ਖੇਟਾ ਕਰ ਸਲਾਹ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਰੀ ਕੰਤ ਆਪ ਆਪਣਾ ਰੂਪ ਰਿਹਾ ਹੰਢਾ । ਨਾਰੀ ਕੰਤ ਹਰਿ ਕਰਤਾਰਾ, ਨਰ ਨਰਾਇਣ ਵਡੀ ਵਡਿਆਈਆ । ਸਚਖੰਡ ਦਵਾਰੇ ਖੇਲ ਅਪਾਰਾ, ਅਲਖ ਅਲਖਨਾ ਆਪ ਕਰਾਈਆ । ਅਗੰਮ ਅਗੰਮੜਾ ਹੋ ਤਿਆਰਾ, ਅਗੰਮੜੀ ਧਾਰ ਆਪ ਪਰਗਟਾਈਆ । ਬਿਨ ਨਾੜੀ ਚਮੜੇ ਕਰ ਉਜਿਆਰਾ, ਜੋਤੀ ਜੋਤ ਰੁਸ਼ਨਾਈਆ । ਮਾਤ ਪਿਤ ਨਾ ਕੋਇ ਸਹਾਰਾ, ਰਕਤ ਬੂੰਦ ਨਾ ਮੇਲ ਮਿਲਾਈਆ । ਪੁਰਖ ਅਬਿਨਾਸ਼ੀ ਹੋ ਉਜਿਆਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਦਏ ਖੁਲ੍ਹਾਈਆ । ਹਰਿ ਸਾਚਾ ਭੇਵ ਖੁਲ੍ਹਾਇੰਦਾ, ਅਲਖ ਅਗੋਚਰ ਅਗੰਮ ਅਪਾਰ । ਸਚਖੰਡ ਦਵਾਰੇ ਆਸਣ ਲਾਇੰਦਾ, ਨਿਰਗੁਣ ਨੂਰ ਨੂਰ ਉਜਿਆਰ । ਜੋਤੀ ਜਾਤਾ ਡਗਮਗਾਇੰਦਾ, ਇਕ ਇਕੱਲਾ ਬੇਐਬ ਪਰਵਰਦਿਗਾਰ । ਮੁਕਾਮੇ ਹੱਕ ਹੱਕ ਸਾਲਾਹਿੰਦਾ, ਸ਼ਾਹ ਸੁਲਤਾਨਾ ਮੀਤ ਮੁਰਾਰ । ਆਪਣਾ ਮੰਦਰ ਆਪ ਵਡਿਆਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਪਰ ਅਪਾਰ । ਖੇਲ ਅਪਾਰਾ ਹਰਿ ਨਿਰੰਕਾਰਾ, ਘਰ ਘਰ ਵਿਚ ਆਪ ਕਰਾਈਆ । ਸਚਖੰਡ ਅੰਦਰ ਥਿਰ ਘਰ ਖੋਲ੍ਹੇ ਬੰਦ ਕਿਵਾੜਾ, ਆਪਣਾ ਚਰਨ ਆਪ ਟਿਕਾਈਆ । ਏਕਾ ਦੇਵੇ ਵਸਤ ਹਰਿ ਥਾਰਾ, ਵਸਤ ਅਮੋਲਕ ਆਪ ਵਰਤਾਈਆ । ਨਾਰੀ ਕੰਤ ਕਰ ਪਸਾਰਾ, ਸੁਤ ਦੁਲਾਰਾ ਵੇਖ ਵਖਾਈਆ । ਸ਼ਬਦੀ ਸ਼ਬਦ ਕਰ ਪਸਾਰਾ, ਜੋਤੀ ਮਾਤ ਮਾਤ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸ਼ਬਦ ਸੁਤ ਉਪਜਾਈਆ । ਨਿਰਗੁਣ ਮਾਤਾ ਨਿਰਗੁਣ ਪਿਤਾ, ਨਿਰਗੁਣ ਸ਼ਬਦ ਉਪਾਇਆ । ਨਿਰਗੁਣ ਦਾਤਾ ਆਦਿ ਜੁਗਾਦੀ ਕਰੇ ਹਿਤਾ, ਏਕਾ ਰੰਗ ਸਮਾਇਆ । ਨਿਰਗੁਣ ਨਿਰਵੈਰ ਨਿਰਾਕਾਰ ਵੰਡਾਇਆ ਹਿੱਸਾ, ਦੂਸਰ ਸੰਗ ਨਾ ਕੋਇ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਸੁਤ ਦੁਲਾਰਾ ਇਕ ਬਹਾਇਆ । ਸ਼ਬਦ ਦੁਲਾਰਾ ਵਸੇ ਥਿਰ ਘਰ, ਪੁਰਖ ਅਬਿਨਾਸ਼ੀ ਆਪ ਵਸਾਈਆ । ਅਬਿਨਾਸ਼ੀ

ਕਰਤਾ ਸਚਖੰਡ ਦਵਾਰੇ ਬੈਠਾ ਚੜ੍ਹ, ਧੁਰ ਫ਼ਰਮਾਨਾ ਹੁਕਮ ਸੁਣਾਈਆ । ਮੇਰਾ ਭਾਣਾ ਲੈਣਾ ਜਰ, ਤੇਰਾ ਤੇਰੀ ਕਰੇ ਵਡਿਆਈਆ । ਚਰਨ ਕਵਲ ਤੇਰੇ ਸੀਸ ਧਰ, ਜਗਦੀਸ ਹੋਇ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸ਼ਬਦ ਦਏ ਵਡਿਆਈਆ । ਸ਼ਬਦ ਦੁਲਾਰਾ ਉਠਿਆ, ਥਿਰ ਘਰ ਖੋਲ੍ਹ ਕਿਵਾੜ । ਪਾਰਬ੍ਰਹਮ ਪਤਿਪਰਮੇਸ਼ਵਰ ਏਕਾ ਤੁਠਿਆ, ਬਖ਼ਸ਼ੇ ਚਰਨ ਪਿਆਰ । ਚਰਨ ਚਰਨੋਦਕ ਦੇਵੇ ਘੁਟਿਆ, ਆਦਿ ਜੁਗਾਦਿ ਰੱਖੇ ਠੰਡਾ ਠਾਰ । ਦੇਵੇ ਨਾਮ ਧੰਨ ਅਤੁਟਿਆ, ਸਾਚਾ ਨਾਮ ਇਕ ਭੰਡਾਰ । ਮੇਲਾ ਕਰੇ ਸਾਚੀ ਜੋਤ ਆ, ਜੋਤ ਸ਼ਬਦ ਇਕ ਪਿਆਰ । ਨਾ ਕੋਈ ਕਿਲਾ ਨਾ ਕੋਈ ਕੋਟ ਆ, ਵਸਾਂ ਤੇਰੇ ਚਰਨ ਸੱਚੇ ਦਰਬਾਰ । ਤੇਰੇ ਨਗਾਰੇ ਲੱਗੇ ਚੋਟ ਆ, ਮੈਂ ਹੋਵਾਂ ਖ਼ਬਰਦਾਰ । ਤੇਰਾ ਬੰਸ ਬਣਾਵਾਂ ਓਤ ਪੋਤ ਆ, ਸ਼ਾਹ ਪਾਤਸ਼ਾਹ ਸੱਚੀ ਸਰਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸੁਤ ਦੁਲਾਰਾ, ਬਣੇ ਭਿਖਾਰ । ਸੁਤ ਦੁਲਾਰਾ ਬਣ ਭਿਖਾਰੀ, ਪ੍ਰਭ ਅੱਗੇ ਸੀਸ ਝੁਕਾਇੰਦਾ । ਤੂੰ ਸ਼ਾਹ ਪਾਤਸ਼ਾਹ ਜੋਤ ਨਿਰੰਕਾਰੀ, ਨਿਰਗੁਣ ਦਾਤਾ ਇਕ ਅਖਵਾਇੰਦਾ । ਮੈਂ ਬਾਲ ਨਾਦਾਨਾ ਆਇਆ ਚਲ ਦਵਾਰੀ, ਆਪਣੀ ਝੋਲੀ ਅੱਗੇ ਡਾਹਿੰਦਾ । ਤੂੰ ਸਾਹਿਬ ਸੁਲਤਾਨ ਵਡ ਦਾਤਾਰੀ, ਤੇਰਾ ਭੰਡਾਰਾ ਨਿਖੁਟ ਕਦੇ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਉਂ ਬਾਲ ਨਾਦਾਨਾ, ਤੂੰ ਸ੍ਰੀ ਭਗਵਾਨਾ, ਦੇ ਆਪਣਾ ਦਾਨਾ, ਭਿੱਖਕ ਭਿਖਿਆ ਮੰਗ ਮੰਗਾਇੰਦਾ । ਸੋ ਪੁਰਖ ਨਿਰਜੰਣ ਹੋ ਮਿਹਰਵਾਨ, ਸੁਤ ਸ਼ਬਦੀ ਦਏ ਵਡਿਆਈਆ । ਮੇਰਾ ਰੂਪ ਤੇਰਾ ਨਿਸ਼ਾਨ, ਤੇਰਾ ਨਿਸ਼ਾਨ ਇਕ ਉਠਾਈਆ । ਮੇਰਾ ਬੰਸ ਤੇਰੀ ਸੰਤਾਨ, ਸਾਚਾ ਮਾਰਗ ਇਕ ਧਰਾਈਆ । ਤੇਰਾ ਮੇਲਾ ਸਾਚੇ ਕਾਹਨ, ਘਰ ਸਾਚੇ ਵੱਜੇ ਵਧਾਈਆ । ਆਦਿ ਜੁਗਾਦਿ ਰੱਖਾਂ ਤੇਰਾ ਮਾਣ, ਸੀਸ ਤੇਰੇ ਹੱਥ ਟਿਕਾਈਆ । ਏਕਾ ਦੇਵਾਂ ਸੱਚਾ ਦਾਨ, ਝੋਲੀ ਤੇਰੀ ਪਾਈਆ । ਤੇਰੇ ਅੰਤਰ ਵੜਾਂ ਆਣ, ਦਿਸ ਕਿਸੇ ਨਾ ਆਈਆ । ਮੇਰਾ ਰੂਪ ਨਾ ਸਕੇ ਕੋਇ ਪਛਾਣ, ਰੇਖ ਰੰਗ ਨਾ ਕੋਇ ਜਣਾਈਆ । ਸਦ ਵਸਾਂ ਬਿਨ ਮਕਾਨ, ਮਹਿਮਾ ਗਣਤ ਗਣੀ ਨਾ ਜਾਈਆ । ਸੁਤ ਦੁਲਾਰਾ ਸਤਿ ਕਰ ਪਰਵਾਨ, ਸਤਿ ਸਤਿ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਬੈਠਾ ਸਾਚਾ ਹਰਿ, ਆਪਣਾ ਪਰਦਾ ਆਪ ਉਠਾਈਆ । ਸੁਤ ਦੁਲਾਰਾ ਵਰ ਘਰ ਪਾ, ਪ੍ਰਭ ਅੱਗੇ ਸੀਸ ਝੁਕਾਇੰਦਾ । ਪਾਰਬ੍ਰਹਮ ਤੇਰੀ ਸਚ ਸਰਨਾ, ਸਰਨਗਤ ਇਕ ਤਕਾਇੰਦਾ । ਤੂੰ ਹੀ ਪਿਤਾ ਤੂੰ ਹੀ ਮਾਂ, ਹਉਂ ਬਾਲਕ ਨਾਉਂ ਰਖਾਇੰਦਾ । ਸਦਾ ਸਿਰ ਰੱਖੀਂ ਠੰਡੀ ਛਾਂ, ਤੇਰੀ ਓਟ ਇਕ ਤਕਾਇੰਦਾ । ਜੁਗ ਜੁਗ ਪਕੜੀਂ ਮੇਰੀ ਬਾਂਹ, ਤੁਧ ਬਿਨ ਅਵਰ ਨਾ ਕੋਇ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਗੁਣ ਆਪ ਸਮਝਾਇੰਦਾ । ਏਕਾ ਗੁਣ ਹਰਿ ਨਿਰੰਕਾਰਾ, ਸ਼ਬਦ ਸੁਤ ਕਰੇ ਜਣਾਈਆ । ਸ਼ਬਦੀ ਸ਼ਬਦ ਕਰਾਂ ਪਸਾਰਾ, ਤੇਰੇ ਹੱਥ ਮੇਰੀ ਵਡਿਆਈਆ । ਮੇਰਾ ਖੇਲ ਅਪਰ ਅਪਾਰਾ, ਭੇਵ ਅਭੇਦ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਆਪਣਾ ਮਤਾ ਪਕਾਈਆ । ਥਿਰ ਘਰ ਸਾਚਾ ਮਤਾ ਪਕਾਇਆ, ਸੁਤ ਦੁਲਾਰਾ ਬਾਲ ਉਠਾਲ । ਤੇਰੀ ਗੋਦੀ ਗੋਦ ਸੁਹਾਇਆ, ਕਿਰਪਾ ਕਰੇ ਆਪ ਕਿਰਪਾਲ । ਤੇਰੀ ਜੋਤੀ ਜੋਤ ਮਿਲਾਇਆ, ਦੀਪਕ ਦੀਆ ਆਪੇ ਬਾਲ । ਤੇਰੇ ਮੰਦਰ ਭਾਗ ਲਗਾਇਆ, ਵੇਖ ਵਖਾਏ ਸੱਚੀ ਧਰਮਸਾਲ । ਆਪਣਾ ਨੂਰ ਆਪ ਟਿਕਾਇਆ, ਜਲਵਾ ਰਖਾਏ ਬੇਮਿਸਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

੭੬੧
੧੦

ਕਰ, ਦੇਵੇ ਵਰ ਸਾਚੇ ਲਾਲ । ਲਾਲ ਦੁਲਾਰੇ ਸਾਚੇ ਸੁੱਤ, ਪੁਰਖ ਅਬਿਨਾਸ਼ੀ ਆਪ ਜਣਾਈਆ । ਕਿਰਪਾ ਕਰੇ ਅਬਿਨਾਸ਼ੀ ਅਚੁਤ, ਤੇਰਾ ਤੇਰੀ ਰੱਖੇ ਵਡਿਆਈਆ । ਤੇਰੀ ਵੇਖੇ ਸੁਹੰਜਣੀ ਰੁੱਤ, ਪੱਤ ਡਾਲ੍ਹੀ ਆਪ ਮਹਿਕਾਈਆ । ਤੇਰੇ ਅੰਤਰ ਆਪਣਾ ਰੂਪ ਅਨਰੂਪ ਸਤਿ ਸਰੂਪ ਜਗਾਏ ਨਿਰਮਲ ਜੋਤ, ਜੋਤ ਨੂਰ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਖੇਲ ਦਏ ਵਖਾਈਆ । ਸ਼ਬਦ ਸੁਤ ਤੇਰਾ ਖੇਲ ਖਿਲੌਣਾ, ਆਦਿ ਪੁਰਖ ਸਮਝਾਇਆ । ਨਿਰਾਕਾਰ ਸਾਕਾਰ ਰੂਪ ਵਟੌਣਾ, ਭੇਵ ਅਭੇਦ ਖੁਲ੍ਹਾਇਆ । ਵਿਸ਼ਨੂੰ ਆਪਣਾ ਰੰਗ ਚੜ੍ਹੌਣਾ, ਆਪੇ ਪਿਤਾ ਆਪੇ ਮਾਇਆ । ਅੰਮ੍ਰਿਤ ਨਾਭੀ ਆਪ ਟਿਕੌਣਾ, ਸਰ ਸਰੋਵਰ ਇਕ ਧਰਾਇਆ । ਨਾਭੀ ਕਵਲ ਫੁੱਲ ਖਲ੍ਹੌਣਾ, ਕਰੇ ਖੇਲ ਬੇਪਰਵਾਹਿਆ । ਪਾਰਬ੍ਰਹਮ ਪ੍ਰਭ ਵੰਡ ਵੰਡੌਣਾ, ਆਪਣਾ ਹਿੱਸਾ ਆਪ ਕਰਾਇਆ । ਬ੍ਰਹਮ ਰੂਪ ਆਪ ਰਖੌਣਾ, ਬ੍ਰਹਮ ਵੇਤਾ ਆਪੇ ਜਾਇਆ । ਥਿਰ ਘਰ ਸਾਚਾ ਆਪ ਸੁਹੌਣਾ, ਜੋਤੀ ਨੂਰ ਕਰ ਰੁਸ਼ਨਾਇਆ । ਸੁੰਨ ਅਗੰਮੀ ਖੇਲ ਖਿਲੌਣਾ, ਧੂੰਆਂਧਾਰ ਨਾ ਕੋਇ ਰਖਾਇਆ । ਸ਼ੰਕਰ ਆਪਣਾ ਰੰਗ ਰੰਗੌਣਾ, ਅੰਗੀਕਾਰ ਹੋਏ ਖ਼ੁਦਾਇਆ । ਏਕਾ ਦਰਸ ਕਰ ਕਰ ਤਰਸ ਆਪ ਦਰਸੌਣਾ, ਨੇਤਰ ਨੈਣ ਨੈਣ ਦਰਸਾਇਆ । ਤਿੰਨਾਂ ਤੇਰੀ ਝੋਲੀ ਪੌਣਾ, ਸਾਚੀ ਗੋਦ ਬਹਾਇਆ । ਆਪਣਾ ਹੁਕਮ ਆਪ ਸੁਣੌਣਾ, ਧੁਰ ਫ਼ਰਮਾਨਾ ਸ਼ਬਦ ਘਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਦੁਲਾਰਾ ਰਿਹਾ ਉਠਾਇਆ । ਵਿਸ਼ਨ ਬ੍ਰਹਮਾ ਸ਼ਿਵ ਤੇਰੀ ਝੋਲੀ ਪਾ, ਪ੍ਰਭ ਸਾਚਾ ਖੇਲ ਖਿਲਾਈਆ । ਤ੍ਰੈਗੁਣ ਮਾਇਆ ਲਏ ਉਪਾ, ਇਕ ਇਕ ਨਾਲ ਜੋੜ ਜੁੜਾਈਆ । ਵਿਸ਼ਨੂੰ ਬੈਠਾ ਸੀਸ ਝੁਕਾ, ਦੋਏ ਜੋੜ ਮੰਗੇ ਸਰਨਾਈਆ । ਬ੍ਰਹਮਾ ਨੇਤਰ ਨੈਣਾਂ ਰਿਹਾ ਰਾਹ ਤਕਾ, ਚਾਰੋਂ ਕੁੰਟ ਨੈਣ ਉਠਾਈਆ । ਸ਼ੰਕਰ ਬੈਠਾ ਧਿਆਨ ਲਗਾ, ਆਤਮ ਅੰਤਰ ਇਕ ਲਿਵ ਲਾਈਆ । ਤਿੰਨਾਂ ਵਿਚੋਲਾ ਬੇਪਰਵਾਹ, ਦੂਸਰ ਭੇਵ ਨਾ ਕੋਇ ਜਣਾਈਆ । ਆਪਣਾ ਲੇਖਾ ਦਏ ਸਮਝਾ, ਸੁਤ ਦੁਲਾਰੇ ਭੁਲ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਗੁਣ ਦਏ ਵਡਿਆਈਆ । ਏਕਾ ਗੁਣ ਨਿਰਾਕਾਰ, ਸਾਕਾਰ ਆਪ ਜਣਾਇੰਦਾ । ਵਿਸ਼ਨੂੰ ਦੇਵੇ ਵਿਸ਼ਵ ਭੰਡਾਰ, ਵਾਸਤਕ ਦਾਤਾ ਆਪ ਅਖਵਾਇੰਦਾ । ਬ੍ਰਹਮਾ ਵੇਤਾ

ਸ਼ੰਕਰ ਸੰਸਾ ਆਪ ਨਿਵਾਰ, ਏਕਾ ਰੰਗ ਸੂਰਾ ਸਰਬੰਗ ਆਪ ਜਣਾਇੰਦਾ । ਏਕਾ ਸ਼ਬਦ ਜਣਾਏ ਮਰਦੰਗ, ਤੁਰੀਆ ਰਾਗ ਨਾਦ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣੀ ਰਚਨਾ ਆਪ ਦਰਸਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਆਪੇ ਧਰ, ਹਰਿ ਸਾਚਾ ਖੇਲ ਖਿਲਾਈਆ । ਆਪਣੀ ਇਛਿਆ ਆਪ ਕਰ, ਆਪਣੀ ਕਿਰਨ ਜੋਤ ਵੰਡ ਵੰਡਾਈਆ । ਏਕਾ ਕਿਰਨ ਇਕ ਇਕ ਇਕ ਨਾਲ ਲੜ ਫੜ, ਇਕ ਇਕ ਨਾਲ ਗੰਢ ਪਵਾਈਆ । ਸੂਰਜ ਚੰਨ ਰਵ ਸਸ ਪਰਕਾਸ਼ ਕਰ, ਮੰਡਲ ਮੰਡਪ ਦਏ ਵਡਿਆਈਆ । ਗਗਨ ਗਗਨੰਤਰ ਖੇਲ ਕਰ, ਜਲ ਬਿੰਬ ਰੂਪ ਸਮਾਈਆ । ਆਪਣੀ ਚਰਨ ਧੂੜ ਜਲ ਉਪਰ ਧਰ, ਧਰਨੀ ਧਰਤ ਧਵਲ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਸਾਚੇ ਸੁਤ ਸਾਚੇ ਸ਼ਬਦ ਤੇਰੀ ਰਚਨਾ ਆਪ ਰਚਾਈਆ । ਆਪਣੀ ਰਚਨਾ ਰਚ ਕਰਤਾਰ, ਆਪਣੀ ਖੇਲ ਕਰੇ ਕਰਤਾਰਾ । ਏਕਾ ਸ਼ਬਦ ਇਕ ਭੰਡਾਰ, ਏਕਾ ਹੋਏ ਹਰਿ ਵਰਤਾਰਾ । ਏਕਾ ਮੰਦਰ ਇਕ ਦਵਾਰ, ਏਕਾ ਵਸੇ ਸਚਖੰਡ ਸੱਚੀ ਸਰਕਾਰਾ । ਏਕਾ ਹੁਕਮ ਇਕ ਵਰਤਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਕਰਾਏ ਸਾਚੀ

ਕਾਰਾ । ਵਿਸ਼ਨ ਬ੍ਰਹਮਾ ਸ਼ਿਵ ਦਏ ਵਡਿਆਈ, ਪਾਰਬ੍ਰਹਮ ਬੇਪਰਵਾਹਿਆ । ਤ੍ਰੈਗੁਣ ਵਸਤ ਝੋਲੀ ਪਾਈ, ਤ੍ਰੈ ਤ੍ਰੈ ਮੇਲਾ ਸਹਿਜ ਸੁਭਾਇਆ । ਏਕਾ ਤੱਤ ਦਏ ਜਣਾਈ, ਤਤਵ ਤਤ ਆਪ ਸਮਝਾਇਆ । ਏਕਾ ਸ਼ਬਦ ਕਰੇ ਪੜ੍ਹਾਈ, ਨਿਸ਼ਅੱਖਰ ਕਰੇ ਪੜ੍ਹਾਇਆ । ਨਾ ਕੋਈ ਕ਼ਲਮ ਨਾ ਕੋਈ ਸ਼ਾਹੀ, ਲੇਖਾ ਲਿਖ ਨਾ ਕੋਇ ਵਖਾਇਆ । ਆਦਿ ਅੰਤ ਪਾਰਬ੍ਰਹਮ ਤੇਰੀ ਦੇਵੇ ਨਾ ਕੋਇ ਗਵਾਹੀ, ਭੇਵ ਅਭੇਦਾ ਆਪਣੇ ਵਿਚ ਰਖਾਇਆ । ਵਿਸ਼ਨ ਬ੍ਰਹਮਾ ਸ਼ਿਵ ਬੈਠੇ ਸੀਸ ਝੁਕਾਈ, ਚਰਨ ਧਿਆਨ ਲਗਾਇਆ । ਪਾਰਬ੍ਰਹਮ ਪ੍ਰਭ ਰਿਹਾ ਸਮਝਾਈ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਰੰਗ ਵਖਾਇਆ । ਹਰਿ ਸਾਚਾ ਸਚ ਜਣਾਇੰਦਾ, ਸਾਚੇ ਸਾਚੀ ਕਾਰ । ਵਿਸ਼ਨ ਬ੍ਰਹਮਾ ਸ਼ਿਵ ਤੇਰੀ ਸੇਵ ਲਗਾਇੰਦਾ, ਹੁਕਮੀ ਹੁਕਮ ਹੁਕਮ ਵਰਤਾਰ । ਵਿਸ਼ਨੂੰ ਤੇਰੀ ਝੋਲੀ ਇਕ ਭਰਾਇੰਦਾ, ਦੇਵੇ ਅਤੁਟ ਭੰਡਾਰ । ਬ੍ਰਹਮਾ ਬ੍ਰਹਮ ਰੂਪ ਤੇਰਾ ਸਰਬ ਦਰਸਾਇੰਦਾ, ਬ੍ਰਹਮ ਜੋਤੀ ਇਕ ਆਕਾਰ । ਆਪਣੀ ਵਿਦਿਆ ਇਕ ਵਖਾਇੰਦਾ, ਆਪਣੇ ਘਰ ਕਰ ਪਿਆਰ । ਆਪਣਾ ਰੂਪ ਆਪ ਸਮਝਾਇੰਦਾ, ਸੋ ਪੁਰਖ ਨਿਰੰਜਣ ਹੋ ਉਜਿਆਰ । ਹੰ ਤੇਰਾ ਨਾਉਂ ਵਟਾਇੰਦਾ, ਪਾਰਬ੍ਰਹਮ ਬ੍ਰਹਮ ਕਰੇ ਖੇਲ ਅਪਾਰ । ਸੋਹੰ ਰਚਨਾ ਆਪ ਰਚਾਇੰਦਾ, ਗੁਣਵੰਤਾ ਆਪ ਨਿਰੰਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚੇ ਦਰਬਾਰ । ਬ੍ਰਹਮ ਜਣਾਈ ਪਾਰਬ੍ਰਹਮ, ਬ੍ਰਹਮ ਵੇਤਾ ਕਰੇ ਪੜ੍ਹਾਈਆ । ਸ਼ਬਦੀ ਸ਼ਬਦ ਸੁਤ ਦੁਲਾਰਾ ਪਿਆ ਜੰਮ, ਨਾ ਕੋਈ ਪਿਤਾ ਨਾ ਕੋਈ ਮਾਈਆ । ਆਦਿ ਜੁਗਾਦਿ ਕਰੇ ਆਪਣਾ ਕੰਮ, ਸਚ ਸੰਦੇਸ ਹਰਿ ਸੁਣਾਈਆ । ਨਰ ਨਰੇਸ਼ ਬੇੜਾ ਦੇਵੇ ਬੰਨ੍ਹ, ਸਚਖੰਡ ਬੈਠਾ ਸੱਚਾ ਸਚ ਸਲਾਹੀਆ । ਏਕਾ ਰਾਗ ਸੁਣਨਾ ਕੰਨ, ਬਿਨ ਰਸਨਾ ਜੇਹਵਾ ਗਾਈਆ । ਸਦਾ ਕਹਿਣਾ ਧੰਨ ਧੰਨ, ਪੁਰਖ ਅਕਾਲ ਤੇਰੀ ਵਡਿਆਈਆ । ਤੂ ਹੀ ਜਨਨੀ ਤੂ ਹੀ ਜਨ, ਤੇਰੀ ਗੋਦ ਸਦਾ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮੇ ਦੇਵੇ ਏਕਾ ਵਰ, ਏਕਾ ਗੁਣ ਰਿਹਾ ਵਖਾਈਆ । ਬ੍ਰਹਮੇ ਤੇਰਾ ਬ੍ਰਹਮ ਪਸਾਰਾ, ਪਾਰਬ੍ਰਹਮ ਪ੍ਰਭ ਆਪ ਜਣਾਇੰਦਾ । ਲੱਖ ਚੁਰਾਸੀ ਖੇਲ ਅਪਾਰਾ, ਲਿਖ ਲਿਖ ਲਿਖਣਹਾਰਾ ਆਪ ਵਖਾਇੰਦਾ । ਪੰਚਮ ਮੇਲਾ ਏਕਾ ਧਾਰਾ, ਪੰਚਮ ਪੰਚਮ ਜੋੜ ਜੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪਣਾ ਗੁਣ ਆਪ ਵਖਾਇੰਦਾ । ਲੱਖ ਚੁਰਾਸੀ ਖੇਲ ਅਵੱਲਾ, ਹਰਿ ਸਾਚਾ ਸਚ ਕਰਾਈਆ । ਵਸਣਹਾਰਾ ਧਾਮ ਉਚ ਅਟਲ ਮਹੱਲਾ, ਨਿਰਗੁਣ ਦਾਤਾ ਬੇਪਰਵਾਹੀਆ । ਸਚ ਸਿੰਘਾਸਣ ਏਕਾ ਮੱਲਾ, ਸੋਭਾਵੰਤ ਸੋਹੇ ਸੱਚਾ ਸ਼ਹਿਨਸ਼ਾਹੀਆ । ਵਿਸ਼ਨ ਬ੍ਰਹਮਾ ਸ਼ਿਵ ਫੜਾਇਆ ਆਪਣਾ ਪੱਲਾ, ਏਕਾ ਪੱਲੂ ਨਾਮ ਫੜਾਈਆ । ਸਚ ਸੰਦੇਸ ਧੁਰ ਫ਼ਰਮਾਨਾ ਏਕਾ ਘੱਲਾ, ਏਕਾ ਅੱਖਰ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮਾ ਦੇਵੇ ਏਕਾ ਵਰ, ਪਾਰਬ੍ਰਹਮ ਸੱਚਾ ਪਾਤਸ਼ਾਹੀਆ । ਸਾਚਾ ਵਰ ਹਰਿ ਦੇਵਣਹਾਰਾ, ਏਕਾ ਰੰਗ ਰੰਗਾਇੰਦਾ । ਬ੍ਰਹਮੇ ਦੇਵੇ ਨਾਮ ਹੁਲਾਰਾ, ਨਾਮ ਨਾਮਾ ਝੋਲੀ ਪਾਇੰਦਾ । ਆਪੇ ਖੋਲ੍ਹੇ ਆਪਣਾ ਬੰਦ ਕਿਵਾੜਾ, ਆਪਣਾ ਨੂਰ ਆਪ ਦਰਸਾਇੰਦਾ । ਆਪੇ ਜੋਤੀ ਜਾਤਾ ਹੋ ਉਜਿਆਰਾ, ਨੂਰ ਨੁਰਾਨਾ ਡਗਮਗਾਇੰਦਾ । ਆਪੇ ਸ਼ਬਦ ਨਾਦ ਧੁੰਨਕਾਰਾ, ਅਨਹਦ ਨਾਦੀ ਨਾਦ ਵਜਾਇੰਦਾ । ਆਪੇ ਸੁਣੇ ਸੁਣਨੇਹਾਰਾ, ਸੁੰਨ ਸਮਾਧ ਆਪ ਸਮਾਇੰਦਾ । ਬ੍ਰਹਮਾ ਵੇਖੇ ਨੈਣ ਉਘਾੜਾ, ਚਾਰੋਂ ਕੁੰਟ ਨਜ਼ਰ ਕੋਇ ਨਾ ਆਇੰਦਾ । ਦਹਿ ਦਿਸ਼ਾ ਨਾ ਕਰਾਏ ਪਸਾਰਾ, ਸੂਰਜ ਚੰਨ ਨਾ ਕੋਇ ਸਤਾਰਾ, ਜ਼ਿਮੀਂ ਅਸਮਾਨ ਜੰਗਲ ਜੂਹ ਉਜਾੜ ਨਾ ਕੋਇ ਪਹਾੜਾ,

ਸਮੁੰਦ ਸਾਗਰ ਰੂਪ ਨਾ ਕੋਇ ਧਰਾਇੰਦਾ । ਕਵਣ ਨਾਦ ਵਜਾਏ ਮੇਰੇ ਮੰਦਰ ਹਰੀ ਦਵਾਰਾ, ਕਵਣ ਰਾਗ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣਾ ਭੇਵ ਆਪ ਖੁਲ੍ਹਾਇੰਦਾ । ਪਾਰਬ੍ਰਹਮ ਪ੍ਰਭ ਦਇਆ ਕਮਾ, ਭੇਵ ਅਭੇਦ ਖੁਲ੍ਹਾਇਆ । ਸਵੱਛ ਸਰੂਪੀ ਰੂਪ ਧਰਾ, ਆਪਣਾ ਨੂਰ ਆਪ ਪਰਗਟਾਇਆ । ਆਪਣਾ ਪਰਦਾ ਦੇਵੇ ਲਾਹ, ਆਪ ਆਪਣੇ ਰੰਗ ਰੰਗਾਇਆ । ਆਪਣਾ ਅੱਖਰ ਦਏ ਪੜ੍ਹਾ, ਸਾਚੀ ਵਿਦਿਆ ਇਕ ਜਣਾਇਆ । ਚਾਰੇ ਮੁੱਖਾਂ ਰਿਹਾ ਸਾਲਾਹ, ਚਾਰੇ ਕੂਟਾਂ ਵੇਖ ਵਖਾਇਆ । ਚਾਰੇ ਵੇਦਾਂ ਰਿਹਾ ਗਾ, ਗਾ ਆਪਣੀ ਸੇਵ ਕਮਾਇਆ । ਅੰਤਮ ਬੈਠਾ ਸੀਸ ਝੁਕਾ, ਪਾਰਬ੍ਰਹਮ ਤੇਰੀ ਸਚ ਸੱਚੀ ਸਰਨਾਇਆ । ਆਦਿ ਜੁਗਾਦਿ ਬਣਨਾ ਜਗਤ ਮਲਾਹ, ਬਿਨ ਤੁਧ ਬੇੜਾ ਨਾ ਕੋਇ ਚਲਾਇਆ । ਜੁਗ ਜੁਗ ਦੇਂਦੇ ਰਹਿਣਾ ਸਚ ਸਲਾਹ, ਆਪਣਾ ਮੰਤਰ ਨਾਮ ਪੜ੍ਹਾਇਆ । ਮੈਂ ਨਿਮਾਣਾ ਭੁਲ ਨਾ ਜਾ, ਬਾਲੀ ਬੁੱਧ ਸੁਧ ਨਾ ਰਾਇਆ । ਤੇਰੇ ਅੱਗੇ ਝੋਲੀ ਬੈਠਾ ਡਾਹ, ਏਕਾ ਵਸਤ ਦੇ ਵਰਤਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮੇ ਦੇਵੇ ਏਕਾ ਵਰ, ਸਾਚਾ ਹੁਕਮ ਸੁਣਾਇਆ । ਬ੍ਰਹਮੇ ਸੁਣ ਕਰ ਧਿਆਨ, ਹਰਿ ਸਾਚਾ ਸਚ ਜਣਾਇੰਦਾ । ਮੇਰਾ ਨਾਉਂ ਤੇਰਾ ਗਿਆਨ, ਤੇਰਾ ਗਿਆਨ ਜਗਤ ਪੜ੍ਹਾਇੰਦਾ । ਚਾਰੇ ਵੇਦ ਵੇਦ ਵਖਾਣ, ਵਿਆਖਿਆ ਰੂਪ ਨਾ ਕੋਇ ਦਰਸਾਇੰਦਾ । ਕਰੇ ਖੇਲ ਸ੍ਰੀ ਭਗਵਾਨ, ਭਗਵਨ ਆਪਣੀ ਧਾਰ ਚਲਾਇੰਦਾ । ਤੇਰੀ ਵੰਡਣ ਵੰਡੇ ਵੰਡ ਵਿਚ ਜਹਾਨ, ਸਾਚਾ ਹਿੱਸਾ ਆਪ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਸੁਤ ਸ਼ਬਦ ਤੇਰੇ ਨਾਲ ਮਿਲਾਇੰਦਾ । ਸੁਤ ਸ਼ਬਦ ਤੇਰਾ ਸਾਚਾ ਸੰਗ, ਵਿਸ਼ਨ ਬ੍ਰਹਮਾ ਸ਼ਿਵ ਸਗਲਾ ਸੰਗ ਨਿਭਾਈਆ । ਏਕਾ ਨਾਮ ਵਜੌਣਾ ਮਰਦੰਗ, ਸਚ ਮਰਦੰਗਾ ਇਕ ਫੜਾਈਆ । ਆਦਿ ਜੁਗਾਦਿ ਤੇਰੀ ਪੁਰੀ ਆਵਾਂ ਲੰਘ, ਪੂਰੀ ਪੂਰਨ ਆਸ ਕਰਾਈਆ । ਚਰਨ ਭਿਖਾਰ ਬਣ ਨਾ ਜਾਵਾਂ ਸੰਗ, ਬਿਨ ਹਰਿ ਚਰਨ ਨਾ ਹੋਰ ਕੋਇ ਸਰਨਾਈਆ । ਸਚਖੰਡ ਦਵਾਰ ਬੈਠਾ ਸੂਰਾ ਸਰਬੰਗ, ਚਰਨ ਥਿਰ ਘਰ ਰਿਹਾ ਟਿਕਾਈਆ । ਬ੍ਰਹਮੇ ਮੰਗੀ ਤੇਰੀ ਪੂਰੀ ਕਰੇ ਮੰਗ, ਲੱਖ ਚੁਰਾਸੀ ਤੇਰੀ ਝੋਲੀ ਪਾਈਆ । ਪੰਜ ਤੱਤ ਦੇਵੇ ਗੰਢ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਨਾਲ ਮਿਲਾਈਆ । ਮਨ ਮਤ ਬੁਧ ਚਾੜ੍ਹੇ ਰੰਗ, ਨਿਰਗੁਣ ਆਪਣਾ ਰੰਗ ਰੰਗਾਈਆ । ਕਰੇ ਖੇਲ ਸੂਰਾ ਸਰਬੰਗ, ਸੂਰਬੀਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਘਾੜਨ ਲਏ ਘੜਾਈਆ । ਲੱਖ ਚੁਰਾਸੀ ਘਾੜਨ ਘੜਨਾ, ਹਰਿ ਸਾਚਾ ਸਚ ਜਣਾਇੰਦਾ । ਤ੍ਰੈਗੁਣ ਮੇਲਾ ਏਕਾ ਕਰਨਾ, ਰਜੋ ਤਮੋ ਸਤੋ ਏਕਾ ਬੰਧਨ ਪਾਇੰਦਾ । ਪੰਜ ਤੱਤ ਆਪੇ ਵਰਨਾ, ਸਾਚਾ ਪੱਲੂ ਆਪ ਬੰਧਾਇੰਦਾ । ਰਕਤ ਬੂੰਦ ਮੇਲ ਕਰਨਾ, ਨਾਰੀ ਕੰਤ ਤੇਰਾ ਸੰਗ ਨਿਭਾਇੰਦਾ । ਧਰਨੀ ਉਪਰ ਆਪੇ ਧਰਨਾ, ਧਰਤ ਧਵਲ ਵੰਡ ਵੰਡਾਇੰਦਾ । ਜਲ ਬਿੰਬ ਆਪੇ ਵੜਨਾ, ਨਜ਼ਰ ਕਿਸੇ ਨਾ ਆਇੰਦਾ । ਆਪਣਾ ਭਾਣਾ ਆਪੇ ਕਰਨਾ, ਸਦ ਭਾਣੇ ਵਿਚ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਵਾਰ ਏਕਾ ਹੁਕਮ ਸੁਣਾਇੰਦਾ । ਏਕਾ ਹੁਕਮ ਹਰਿ ਜਣਾਇਆ, ਲੱਖ ਚੁਰਾਸੀ ਰਚਨ ਰਚਾਈਆ । ਵਿਸ਼ਨ ਬ੍ਰਹਮਾ ਸ਼ਿਵ ਸੇਵ ਕਮਾਇਆ, ਭੁਲ ਕਦੇ ਨਾ ਜਾਈਆ । ਰਵ ਸਸ ਤੇਰਾ ਸੰਗ ਨਿਭਾਇਆ, ਮੰਡਲ ਮੰਡਪ ਕਰੇ ਛਾਇਆ, ਧਰਨੀ ਧਵਲ ਹੇਠ ਵਿਛਾਈਆ । ਜਲ ਜਲ ਆਪਣਾ ਰੂਪ ਵਖਾਇਆ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਰਚਨ ਰਚਾਈਆ । ਜੇਰਜ ਅੰਡਾਂ ਵੰਡ ਵੰਡਾਇਆ, ਉਤਭੁਜ ਸੇਤਜ ਤੇਰੀ ਝੋਲੀ

ਪਾਈਆ । ਚਾਰੇ ਖਾਣੀ ਨਾਉਂ ਧਰਾਇਆ, ਚਾਰੇ ਵੇਦ ਦੇਣ ਗਵਾਹੀਆ । ਆਪਣਾ ਨਾਉਂ ਦਏ ਸਮਝਾਇਆ, ਆਦਿ ਮੇਰੀ ਧਾਰ ਜੋਤ ਨਿਰਾਕਾਰ ਨੂਰੋ ਨੂਰ ਨੂਰ ਗਵਾਈਆ । ਮੇਰੇ ਅੰਤਰ ਮੇਰੀ ਗ਼ੁਫ਼ਤਾਰ, ਮੇਰੇ ਮੰਦਰ ਮੇਰੀ ਸਤਾਰ, ਮੇਰਾ ਰਾਗ ਇਕ ਅਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਦਏ ਖੁਲ੍ਹਾਇਆ । ਮੇਰਾ ਰਾਗ ਮੇਰੀ ਸਤਾਰ, ਦਿਸ ਕਿਸੇ ਨਾ ਆਈਆ । ਮੇਰਾ ਮੰਦਰ ਮੇਰਾ ਦਵਾਰ, ਬਾਢੀ ਬਣਤ ਨਾ ਕੋਇ ਬਣਾਈਆ । ਮੇਰਾ ਘਰ ਸੱਚਾ ਘਰ ਬਾਰ, ਸੂਰਜ ਚੰਦ ਨਾ ਕੋਇ ਰੁਸ਼ਨਾਈਆ । ਮੇਰੀ ਕਿਰਨ ਕਿਰਨ ਪਸਾਰ, ਇਕ ਇਕ ਇਕ ਨਾਲ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣਾ ਗੁਣ ਦਏ ਸਮਝਾਈਆ । ਸਾਚਾ ਗੁਣ ਹਰਿ ਨਿਰੰਕਾਰਾ, ਆਪਣਾ ਆਪ ਜਣਾਇੰਦਾ । ਲੱਖ ਚੁਰਾਸੀ ਜਗਤ ਵਿਹਾਰਾ, ਭਗਵੰਤ ਖੇਲ ਖਿਲਾਇੰਦਾ । ਆਪਣਾ ਨਾਮ ਕਰ ਉਜਿਆਰਾ, ਜੋਤੀ ਧਾਰਾ ਸ਼ਬਦ ਪਰਗਟਾਇੰਦਾ । ਸ਼ਬਦੀ ਧਾਰ ਪਰਾ ਪਸੰਤੀ ਖੇਲ ਨਿਆਰਾ, ਦਿਸ ਕਿਸੇ ਨਾ ਆਇੰਦਾ । ਮਧਮ ਬੈਖਰੀ ਗਾਏ ਗਾਨਾ, ਲੱਖ ਚੁਰਾਸੀ ਜੀਵ ਜੰਤ ਸਮਝਾਇੰਦਾ । ਕਰੇ ਖੇਲ ਸ੍ਰੀ ਭਗਵਾਨਾ, ਚਾਰੇ ਖਾਣੀ ਚਾਰੇ ਬਾਣੀ ਵੰਡ ਵੰਡਾਇੰਦਾ । ਚਾਰੇ ਬਾਣੀ ਵੰਡਣ ਵੰਡ, ਹਰਿ ਸਾਚਾ ਖੇਲ ਖਿਲਾਈਆ । ਉਤਭੁਜ ਸੇਤਜ ਜੇਰਜ ਅੰਡ, ਆਪਣੀ ਰਚਨਾ ਆਪ ਵਖਾਈਆ । ਆਪਣਾ ਬੇੜਾ ਆਪੇ ਬੰਨ੍ਹ, ਖੇਵਟ ਖੇਟਾ ਨਾਉਂ ਰਖਾਈਆ । ਕਰੇ ਖੇਲ ਦੋ ਜਹਾਨ, ਦੋ ਜਹਾਨਾਂ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹਿੱਸਾ ਦਏ ਸਮਝਾਈਆ । ਸਾਚਾ ਹਿੱਸਾ ਲੋਕਮਾਤ, ਬ੍ਰਹਮਾ ਵਿਸ਼ਨ ਸ਼ਿਵ ਜਣਾਇੰਦਾ । ਚਾਰ ਜੁਗ ਦੇਵੇ ਦਾਤ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਝੋਲੀ ਪਾਇੰਦਾ । ਚਾਰ ਵਰਨ ਬੰਨ੍ਹੇ ਨਾਤ, ਅਠਾਰਾਂ ਬਰਨ ਖੇਲ ਖਿਲਾਇੰਦਾ । ਚਾਰੋਂ ਕੁੰਟ ਵੇਖੇ ਮਾਰ ਝਾਤ, ਚਾਰ ਯਾਰੀ ਰੰਗ ਰੰਗਾਇੰਦਾ । ਚਾਰ ਵੇਦ ਲਿਖੇ ਕ਼ਲਮ ਦਵਾਤ, ਜਗਤ ਸ਼ਾਹੀ ਰੂਪ ਵਟਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਗਾਇਣ ਗਾਥ, ਏਕਾ ਅੱਖਰ ਨਾਮ ਪੜ੍ਹਾਇੰਦਾ । ਆਪਣੀ ਪੰਜ ਤੱਤ ਦੇਵੇ ਦਾਤ, ਕਾਇਆ ਕੰਚਨ ਗੜ੍ਹ ਸੁਹਾਇੰਦਾ । ਆਤਮ ਬ੍ਰਹਮ ਉਤਮ ਜ਼ਾਤ, ਈਸ਼ ਜੀਵ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਅੰਦਰ ਵੜ, ਸਚ ਸਿੰਘਾਸਣ ਪੁਰਖ ਅਬਿਨਾਸ਼ਨ ਬ੍ਰਹਮ ਆਪਣਾ ਖੇਲ ਖਿਲਾਇੰਦਾ । ਪੰਜ ਤੱਤ ਹਰਿ ਮਾਤ ਵਡਿਔਣਾ, ਲੋਕਮਾਤ ਵੱਜੇ ਵਧਾਈਆ । ਲੱਖ ਚੁਰਾਸੀ ਰੂਪ ਧਰੌਣਾ, ਨੌਂ ਦਸ ਗਿਆਰਾਂ ਬੀਸ ਤੀਸ ਚਾਰ ਕਰੇ ਕੁੜਮਾਈਆ । ਮਾਣਸ ਮਾਨੁਖ ਆਪ ਜਣੌਣਾ, ਮਾਨਵ ਆਪਣਾ ਰੰਗ ਰੰਗਾਈਆ । ਨਾਦ ਸ਼ਬਦ ਧੁੰਨ ਵਿਚ ਟਿਕੌਣਾ, ਅਨਹਦ ਤਾਰ ਸਤਾਰ ਹਲਾਈਆ । ਆਤਮ ਸੇਜਾ ਪਲੰਘ ਵਿਛੌਣਾ, ਆਤਮ ਬ੍ਰਹਮ ਆਸਣ ਲਾਈਆ । ਨੂਰ ਜ਼ਹੂਰ ਇਕ ਕਰੌਣਾ, ਜੋਤੀ ਜੋਤ ਕਰ ਰੁਸ਼ਨਾਈਆ । ਬਿਨ ਤੇਲ ਬਾਤੀ ਦੀਪ ਟਿਕੌਣਾ, ਆਦਿ ਜੁਗਾਦਿ ਸਾਚੀ ਸੇਵ ਕਮਾਈਆ । ਬਜਰ ਕਪਾਟੀ ਪਰਦਾ ਲੌਣਾ, ਆਪ ਆਪਣਾ ਮੁਖ ਛੁਪਾਈਆ । ਘਰ ਵਿਚ ਘਰ ਖੇਲ ਖਿਲੌਣਾ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਕਾਮ ਕਰੋਧ ਲੋਭ ਮੋਹ ਹੰਕਾਰ ਨਾਲ ਰਲੌਣਾ, ਆਸਾ ਤ੍ਰਿਸਨਾ ਬੰਧਨ ਪਾਈਆ । ਹਉਮੇ ਹੰਗਤਾ ਗੜ੍ਹ ਬਣੌਣਾ, ਮਾਇਆ ਮਮਤਾ ਜੋੜ ਜੁੜਾਈਆ । ਏਕਾ ਵਸਤ ਅਮੋਲਕ ਆਪਣੇ ਹੱਥ ਰਖੌਣਾ, ਗੁਰਮੁਖ ਵਿਰਲੇ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਜੁਗ ਦੀ ਵਾਰਤਾ ਦਏ ਸਮਝਾਈਆ । ਚਾਰ ਜੁਗ ਦਾ ਲੇਖਾ ਨਿਰਗੁਣ ਧਾਰ, ਲਿਖ ਲਿਖ ਲੇਖ ਨਾ ਕੋਇ ਵਖਾਇੰਦਾ ।

ਚਾਰੇ ਵੇਦ ਕਰਨ ਪੁਕਾਰ, ਉਚੀ ਕੂਕ ਕੂਕ ਸਰਬ ਸੁਣਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਕਰਨ ਨਿਮਸਕਾਰ, ਨਿਉਂ ਨਿਉਂ ਸੀਸ ਸਰਬ ਝੁਕਾਇੰਦਾ । ਪੁਰਖ ਅਬਿਨਾਸ਼ੀ ਦੇਵੇ ਧੁਰ ਫ਼ਰਮਾਨ, ਸਚ ਸੰਦੇਸਾ ਇਕ ਜਣਾਇੰਦਾ । ਚਾਰ ਜੁਗ ਕਰੇ ਖੇਲ ਮਹਾਨ, ਬ੍ਰਹਮਾ ਸੁਤ ਆਪ ਪਰਗਟਾਇੰਦਾ । ਸਨਕ ਸਨੰਦਨ ਸਨਾਤਨ ਸੰਤ ਕੁਮਾਰ ਦੇਵੇ ਮਾਣ, ਬਰਾਹ ਰੂਪ ਆਪ ਧਰਾਇੰਦਾ । ਯਗੈ ਪੁਰਸ਼ ਕਰ ਪਰਵਾਨ, ਹਾਵ ਗ਼ਰੀਵ ਦੇਵੇ ਨਿਸ਼ਾਨ, ਨਰ ਨਰਾਇਣ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਪੰਜ ਤੱਤ ਚੋਲਾ ਆਪ ਵਡਿਆਇੰਦਾ । ਪੰਜ ਤੱਤ ਚੋਲਾ ਕਾਇਆ ਗੜ੍ਹ, ਬੰਕ ਦਵਾਰੀ ਆਪ ਸੁਹਾਈਆ । ਨਿਰਗੁਣ ਸਰਗੁਣ ਅੰਦਰ ਵੜ, ਜੋਤੀ ਜੋਤ ਜੋਤ ਮਿਲਾਈਆ । ਅਵਤਾਰ ਗੁਰ ਆਪਣਾ ਖੇਲ ਕਰ, ਲੱਖ ਚੁਰਾਸੀ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਕਪਲ ਮੁਨ ਦਤਾ ਤ੍ਰੈ ਰਿਖਪ ਦੇਵ ਏਕਾ ਬੂਝ ਬੁਝਾਈਆ । ਪਿਰਥੂ ਦੇਵੇ ਏਕਾ ਮਤ, ਮਤਸ ਆਪ ਸਮਝਾਇਆ । ਮਿੰਦਰਾ ਕਛਪ ਉਪਰ ਰੱਖ, ਸੱਤ ਸਰੋਵਰ ਫੋਲ ਫੋਲਾਇਆ । ਮੋਹਣੀ ਰੂਪ ਕਰੇ ਅਲਖਨਾ ਅਲਖ, ਚੌਦਾਂ ਪਰਦਾ ਆਪ ਉਠਾਇਆ । ਧਨੰਤਰ ਧਰਨੀ ਵਿਚੋਂ ਕੱਢੇ ਰਤ, ਰਤੀ ਰਤ ਤੋਲ ਤੁਲਾਇਆ । ਹੰਸਾ ਦੇਵੇ ਪ੍ਰੇਮ ਮਤ, ਬ੍ਰਹਮਾ ਸੁਤ ਆਪ ਸਮਝਾਇਆ । ਨਰ ਸਿੰਘ ਆਪੇ ਹੋ ਉਤਪਤ, ਬਲ ਬਾਵਨ ਆਪ ਤਰਾਇਆ । ਨਰ ਨਰਾਇਣ ਹੋ ਪਰਗਟ, ਧਰੂ ਪ੍ਰਹਿਲਾਦ ਗਲੇ ਲਗਾਇਆ । ਹਰੀ ਹਰਿ ਗਜ ਲਏ ਪਤ ਰੱਖ, ਸਤਿਜੁਗ ਸਾਚਾ ਸੰਗ ਨਿਭਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮਾ ਵਿਸ਼ਨ ਸ਼ਿਵ ਰਿਹਾ ਸਮਝਾਇਆ । ਵਿਸ਼ਨ ਬ੍ਰਹਮਾ ਸ਼ਿਵ ਧਿਆਨ ਲਗੌਣਾ, ਹਰਿ ਸਾਚਾ ਸਚ ਜਣਾਈਆ । ਸਤਿਜੁਗ ਸਾਚਾ ਪਾਰ ਕਰੌਣਾ, ਥਿਰ ਕੋਇ ਰਹਿਣ ਨਾ ਪਾਈਆ । ਜੋ ਘੜ੍ਹਿਆ ਸੋ ਭੰਨ ਵਖੌਣਾ, ਆਪਣੀ ਚਲੇ ਮਾਤ ਰਜ਼ਾਈਆ । ਤ੍ਰੇਤਾ ਮਾਤ ਧਰੌਣਾ, ਤ੍ਰੈਗੁਣ ਅਤੀਤਾ ਵੇਖੇ ਮਾਤ ਸ਼ਾਹੀਆ । ਬ੍ਰਹਿਮਣ ਛੱਤ੍ਰੀ ਸੰਗ ਨਿਭੌਣਾ, ਸ਼ੂਦਰ ਵੈਸ਼ ਕਰੇ ਪੜ੍ਹਾਈਆ । ਰਘੁਪਤ ਰਾਮਾ ਰਘੁਬੰਸ ਸੁਹੌਣਾ, ਚਾਰ ਕੁੰਟ ਕਰੇ ਰੁਸ਼ਨਾਈਆ । ਗ਼ਰੀਬ ਨਿਮਾਣਿਆਂ ਗਲੇ ਲਗੌਣਾ, ਹੰਕਾਰੀਆਂ ਗੜ੍ਹ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮਾ ਸ਼ਿਵ ਰਿਹਾ ਸਮਝਾਈਆ । ਸੁਣ ਸ਼ਿਵ ਉਠ ਬਲ ਧਾਰ, ਹਰਿ ਸਾਚਾ ਸਚ ਜਣਾਇੰਦਾ । ਸਾਚੀ ਸੇਵਾ ਅਪਰ ਅਪਾਰ, ਜੁਗ ਕਰਤਾ ਆਪ ਲਗਾਇੰਦਾ । ਆਦਿ ਜੁਗਾਦੀ ਸਾਚੀ ਕਾਰ, ਪੁਰਖ ਅਬਿਨਾਸ਼ੀ ਆਪ ਕਰਾਇੰਦਾ । ਅਸ਼ਟਭੁਜ ਦਏ ਸਹਾਰ, ਸੰਖ ਚੱਕਰ ਗਦਾ ਆਪ ਭਵਾਇੰਦਾ । ਚਤੁਰਭੁਜ ਕਰ ਪਸਾਰ, ਰੂਪ ਅਨੂਪ ਆਪ ਵਟਾਇੰਦਾ । ਕਰੇ ਕਰਾਏ ਸਾਚੀ ਕਾਰ, ਸਤਿਜੁਗ ਤ੍ਰੇਤਾ ਖੇਲ ਕਰਾਇੰਦਾ । ਦੁਆਪਰ ਲੇਖਾ ਅਪਰ ਅਪਾਰ, ਦੋਏ ਦੋਏ ਆਪਣਾ ਮੂਲ ਮੁਕਾਇੰਦਾ । ਵੇਦ ਵਿਆਸਾ ਵੇਖ ਵਿਚਾਰ, ਏਕਾ ਰੰਗ ਰੰਗਾਇੰਦਾ । ਏਕਾ ਅੱਖਰ ਭਰ ਭੰਡਾਰ, ਬਾਰਾਂ ਅੱਖਰੀ ਸੰਗ ਨਿਭਾਇੰਦਾ । ਬ੍ਰਹਮਾ ਨਾਰਦ ਦਏ ਸਹਾਰ, ਸੁਰਸਤੀ ਛੱਤੀ ਰਾਗ ਆਪ ਅਲਾਇੰਦਾ । ਪੁਰਾਨ ਅਠਾਰਾਂ ਕਰ ਤਿਆਰ, ਲੱਖ ਚਾਰ ਸਤਾਰਾਂ ਹਜ਼ਾਰ ਸਲੋਕ ਗਣਾਇੰਦਾ । ਅੰਤਮ ਲੇਖਾ ਲਿਖੇ ਅਪਾਰ, ਭੇਵ ਅਭੇਦ ਆਪ ਖੁਲ੍ਹਾਇੰਦਾ । ਕਾਹਨਾ ਕ੍ਰਿਸ਼ਨਾ ਰੂਪ ਅਪਾਰ, ਨਾਮ ਬੰਸਰੀ ਨਾਮ ਵਜਾਇੰਦਾ । ਸਾਚੀ ਸਖ਼ੀਆਂ ਮੰਗਲਾਚਾਰ, ਅਨੰਦ ਮੰਗਲ ਆਪੇ ਗਾਇੰਦਾ । ਮੰਡਲ ਰਾਸ ਰਚੀ ਸੰਸਾਰ, ਸਵਾਂਗੀ ਸਾਂਗ ਨਟੂਆਂ ਨਟ ਖੇਲ ਖਿਲਾਇੰਦਾ । ਲੱਖ ਚੁਰਾਸੀ ਪਾਵੇ ਸਾਰ, ਜੀਵ ਜੰਤ ਆਤਮ ਬ੍ਰਹਮ ਫੋਲ ਫੋਲਾਇੰਦਾ । ਭਗਤ ਭਗਵੰਤ ਲਏ

ਉਧਾਰ, ਚਰਨ ਚਰਨੋਦਕ ਮਸਤਕ ਟਿੱਕਾ ਧੂੜੀ ਇਕ ਲਗਾਇੰਦਾ। ਏਕਾ ਸ਼ਬਦ ਦਏ ਗਿਆਨ, ਗੀਤਾ ਅਠਾਰਾਂ ਧਿਆਏ ਜਣਾਇੰਦਾ। ਦੁਆਪਰ ਮੇਟੇ ਆਪ ਨਿਸ਼ਾਨ, ਕਲਜੁਗ ਸਾਚਾ ਮਾਤ ਲਗਾਇੰਦਾ। ਏਕਾ ਬੁੱਧ ਗੁਣ ਨਿਧਾਨ, ਬੁੱਧ ਬਿਬੇਕੀ ਆਪ ਕਰਾਇੰਦਾ। ਈਸਾ ਮੂਸਾ ਦੇ ਫ਼ਰਮਾਨ, ਲੋਕਮਾਤ ਆਪ ਪਰਗਟਾਇੰਦਾ। ਮੁਕਾਮੇ ਹੱਕ ਗੁਣ ਨਿਧਾਨ, ਹੱਕ ਹਕ਼ੀਕ਼ਤ ਨਾਅਰਾ ਇਕ ਲਗਾਇੰਦਾ। ਲਾਸ਼ਰੀਕ ਆਪਣਾ ਖੇਲ ਖਿਲਾਇੰਦਾ। ਮਹਿਬਾਨ ਬੀਦੋ ਸਚ ਨਿਸ਼ਾਨ, ਬੀ ਖ਼ੈਰ ਯਾ ਅੱਲਾ ਇਲਾਹੀ ਨੂਰ ਡਗਮਗਾਇੰਦਾ। ਚੌਦਾਂ ਤਬਕ ਵੇਖੇ ਮਾਰ ਧਿਆਨ, ਸੰਗ ਮੁਹੰਮਦ ਇਕ ਨਿਸ਼ਾਨ, ਐਨਲਹਕ ਨਾਅਰਾ ਆਪ ਸੁਣਾਇੰਦਾ। ਤਾਲਬ ਤੁਲਬਾ ਪੜ੍ਹਾਏ ਇਕ ਈਮਾਨ, ਸ਼ਰਅ ਸ਼ਰੀਅਤ ਇਕ ਕ਼ੁਰਾਨ, ਕਾਇਆ ਕਾਅਬਾ ਦੋ ਦੋ ਆਬਾ ਸਾਚਾ ਮੱਕਾ ਇਕ ਵਖਾਇੰਦਾ। ਸਾਚੇ ਹੁਜ਼ਰੇ ਹੱਕ ਨਵਾਬਾ, ਇਕ ਇਕੱਲਾ ਬੈਠਾ ਵਜਾਏ ਰਬਾਬਾ, ਤਾਰ ਸਤਾਰ ਨਾ ਕੋਇ ਹਿਲਾਇੰਦਾ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮਾ ਸ਼ਿਵ ਦੇਵੇ ਵਰ, ਜੁਗ ਜੁਗ ਸਾਚੀ ਖੇਲ ਖਿਲਾਇੰਦਾ। ਕਲਜੁਗ ਖੇਲ ਖਿਲਾਵਣਾ, ਹਰਿ ਸਾਚਾ ਸਚ ਜਣਾਇੰਦਾ। ਨਿਰਗੁਣ ਜੋਤੀ ਜੋਤ ਜਗਾਵਣਾ, ਜੋਤੀ ਜੋਤ ਰੂਪ ਧਰਾਇੰਦਾ। ਨਿਰਗੁਣ ਸਰਗੁਣ ਮੇਲ ਮਿਲਾਵਣਾ, ਸਰਗੁਣ ਨਿਰਗੁਣ ਰੂਪ ਵਟਾਇੰਦਾ। ਏਕਾ ਅੱਖਰ ਨਾਮ ਪੜ੍ਹਾਵਣਾ, ਸਤਿ ਨਾਮ ਆਪ ਪੜ੍ਹਾਇੰਦਾ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਫ਼ਰਮਾਨਾ ਹਰਿ ਜਣਾਇੰਦਾ। ਧੁਰ ਫ਼ਰਮਾਨਾ ਸ੍ਰੀ ਭਗਵੰਤ, ਏਕਾ ਏਕ ਜਣਾਈਆ। ਨਾਰੀ ਮਿਲੇ ਸਾਚਾ ਕੰਤ, ਸਾਚਾ ਰੰਗ ਆਪ ਰੰਗਾਈਆ। ਪੰਜ ਤੱਤ ਚੋਲੀ ਚੜ੍ਹੇ ਰੰਗ ਬਸੰਤ, ਉਤਰ ਕਦੇ ਨਾ ਜਾਈਆ। ਸੋਹੰ ਰੂਪ ਸ੍ਰੀ ਭਗਵੰਤ,
੭੬੭ ੭੬੭
ਬ੍ਰਹਮ ਪਾਰਬ੍ਰਹਮ ਦਏ ਸਮਝਾਈਆ। ਨਾਨਕ ਸਤਿਗੁਰ ਗਾਏ ਮਣੀਆ ਮੰਤ, ਦਿਵਸ ਰੈਣ ਵਿਸਰ ਕਦੇ ਨਾ ਜਾਈਆ। ਲੱਖ ਚੁਰਾਸੀ ਪੜ੍ਹਾਏ ਜੀਵ ਜੰਤ, ਨਾਮ ਸਤਿ ਇਕ ਸਮਝਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਏਕਾ ਜੋਤੀ ਜੋਤ ਕਰੇ ਰੁਸ਼ਨਾਈਆ। ਏਕਾ ਜੋਤੀ ਜੋਤ ਉਜਾਲਾ, ਜੋਤੀ ਜਾਤਾ ਆਪ ਕਰਾਇੰਦਾ। ਦੀਨਾਂ ਬੰਧਪ ਦੀਨ ਦਿਆਲਾ, ਦੀਨਾਂ ਨਾਥਾਂ ਦਰਦ ਵੰਡਾਇੰਦਾ। ਆਦਿ ਜੁਗਾਦਿ ਸਦਾ ਪ੍ਰਿਤਪਾਲਾ, ਪ੍ਰਿਤਪਾਲਕ ਸੇਵ ਕਮਾਇੰਦਾ। ਵਸਣਹਾਰਾ ਸਚਖੰਡ ਸੱਚੀ ਧਰਮਸਾਲਾ, ਲੋਕਮਾਤ ਵੇਖ ਵਖਾਇੰਦਾ। ਏਕਾ ਜੋਤ ਨੂਰ ਨੂਰ ਨਿਰਾਲਾ, ਦਸ ਦਸ ਰੂਪ ਆਪ ਧਰਾਇੰਦਾ। ਦਸਵੇਂ ਘਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੇ ਰੰਗ ਰੰਗਾਇੰਦਾ। ਦਸਵਾਂ ਘਰ ਦਹਿ ਦਸਮੇਸ, ਦਹਿ ਦਿਸ਼ਾ ਵੰਡ ਵੰਡਾਈਆ। ਪਾਰਬ੍ਰਹਮ ਪਤਿਪਰਮੇਸ਼ਵਰ ਰਹੇ ਹਮੇਸ਼, ਨਾ ਮਰੇ ਨਾ ਜਾਈਆ। ਬ੍ਰਹਮਾ ਵਿਸ਼ਨ ਸ਼ਿਵ ਸਦਾ ਕਰਨ ਆਦੇਸ਼, ਨਿਉਂ ਨਿਉਂ ਆਪਣਾ ਸੀਸ ਝੁਕਾਈਆ। ਸਾਂਗੋ ਪਾਂਗ ਸੇਜ ਸੁਹਾਏ ਸ਼ੇਸ਼, ਦੋਏ ਸਹੰਸਰ ਜੇਹਵਾ ਆਪ ਹਿਲਾਈਆ। ਆਪੇ ਹੋਏ ਰਿਖੀ ਕੇਸ਼, ਗੋਵਰਧਨ ਧਾਰ ਭੇਵ ਨਾ ਰਾਈਆ। ਆਪੇ ਸਤਿਨਾਮ ਦਏ ਆਦੇਸ਼, ਅਜੂਨੀ ਰਹਿਤ ਵਡੀ ਵਡਿਆਈਆ। ਆਪੇ ਜੁਗ ਜੁਗ ਕਰੇ ਵੇਸ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਲੋਕਮਾਤ ਰਿਹਾ ਵੰਡਾਈਆ। ਆਪੇ ਮੁੱਛ ਦਾੜ੍ਹੀ ਜਾਣੇ ਕੇਸ, ਆਪੇ ਬੈਠਾ ਮੂੰਡ ਮੁੰਡਾਈਆ। ਆਪੇ ਸ਼ਾਹ ਪਾਤਸ਼ਾਹ ਬਣੇ ਨਰੇਸ਼, ਸਾਚੇ ਤਖ਼ਤ ਸੋਭਾ ਪਾਈਆ। ਚਾਰ ਜੁਗ ਜੋ ਦੇਂਦਾ ਰਿਹਾ ਸੰਦੇਸ, ਗੁਰ ਅਵਤਾਰ ਸੇਵਾ ਲਾਈਆ। ਨੌਂ ਸੌ ਚੁਰਾਨਵੇਂ ਚੌਕੜੀ ਜੁਗ ਯੁਗ ਔਂਦੇ ਰਹੇ ਧਰ ਧਰ ਭੇਸ, ਕਾਇਆ ਚੋਲਾ ਤੱਤ ਬਦਲਾਈਆ। ਸਚ ਸਿੰਘਾਸਣ ਪੁਰਖ ਅਬਿਨਾਸ਼ਨ ਸਚਖੰਡ

ਦਵਾਰੇ ਬੈਠ ਇਕ ਇਕੱਲਾ ਵੇਖ, ਨੇਤਰ ਨੈਣ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮਾ ਸ਼ਿਵ ਦਿਤਾ ਏਕਾ ਵਰ, ਜੁਗ ਚੌਕੜੀ ਦਏ ਸਮਝਾਈਆ । ਜੁਗ ਚੌਕੜੀ ਗੁਰ ਅਵਤਾਰ, ਹਰਿ ਸਾਚੀ ਸੇਵਾ ਲਾਇੰਦਾ । ਭਗਤਾਂ ਦੇਵੇ ਨਾਮ ਭੰਡਾਰ, ਸਾਚੀ ਭਗਤੀ ਝੋਲੀ ਪਾਇੰਦਾ । ਸੰਤਾਂ ਦੇਵੇ ਇਕ ਆਧਾਰ, ਆਤਮ ਬ੍ਰਹਮ ਤੱਤ ਸਤਿ ਸਮਝਾਇੰਦਾ । ਗੁਰਮੁਖ ਸਾਚੇ ਲਏ ਉਭਾਰ, ਏਕਾ ਮੰਤਰ ਨਾਮ ਪੜ੍ਹਾਇੰਦਾ । ਗੁਰਸਿਖਾਂ ਬਖ਼ਸ਼ੇ ਚਰਨ ਧੂੜੀ ਛਾਰ, ਦੁਰਮਤ ਮੈਲ ਆਪ ਧਵਾਇੰਦਾ । ਚਲੇ ਚਲਾਏ ਅਵੱਲੜੀ ਕਾਰ, ਭੇਵ ਅਭੇਦ ਨਾ ਕੋਇ ਰਖਾਇੰਦਾ । ਕਾਗਦ ਕ਼ਲਮ ਨਾ ਲਿਖਣਹਾਰ, ਧਰੂ ਪ੍ਰਹਿਲਾਦ ਰਸਨਾ ਜੇਹਵਾ ਸਰਬ ਗਾਇੰਦਾ । ਬਲ ਬਾਵਣ ਹੋ ਤਿਆਰ, ਦੁਰਬਾਸ਼ਾ ਮਾਣ ਗਵਾਇੰਦਾ । ਅਮਰੀਕ ਲਾਏ ਪਾਰ, ਜਨਕ ਆਪਣੇ ਰੰਗ ਸਮਾਇੰਦਾ । ਹਰੀ ਚੰਦ ਦੇਵੇ ਠਾਰ, ਸੀਤਲ ਸਤਿ ਸਤਿ ਕਰਾਇੰਦਾ । ਬਿਦਰ ਸੁਦਾਮਾ ਦਏ ਆਧਾਰ, ਆਪ ਆਪਣੀ ਗੋਦ ਬਹਾਇੰਦਾ । ਦਰੋਪਤ ਲੱਜਿਆ ਰੱਖੇ ਵਿਚ ਸੰਸਾਰ, ਜੈ ਦੇਵ ਮੰਤਰ ਨਾਮ ਪੜ੍ਹਾਇੰਦਾ । ਬੇਣੀ ਸਧਨਾ ਕਰੇ ਪਾਰ, ਸੈਣ ਸੇਵ ਆਪ ਕਮਾਇੰਦਾ । ਅਜਾਮਲ ਪਾਪੀ ਦੇਵੇ ਦਰਸ ਆਪ ਨਿਰੰਕਾਰ, ਗਨਕਾ ਆਪਣਾ ਨਾਮ ਪੜ੍ਹਾਇੰਦਾ । ਪਾਪਣ ਪੂਤਨਾ ਕਰੇ ਉਧਾਰ, ਬੱਧਕ ਆਪਣੇ ਗਲੇ ਲਗਾਇੰਦਾ । ਕਬੀਰ ਜੋਲਾਹਾ ਉਚੀ ਕੂਕ ਕੂਕ ਕਰੇ ਪੁਕਾਰ, ਬਿਨ ਹਰਿ ਕੋਇ ਨਾ ਪਾਰ ਕਰਾਇੰਦਾ । ਸਚਖੰਡ ਵਸੇ ਮੇਰਾ ਨਿਰੰਕਾਰ, ਜਿਸ ਦਾ ਰੰਗ ਮੇਰਾ ਖ਼ਾਕੀ ਤਨ ਰੰਗਾਇੰਦਾ । ਮੇਰੇ ਅੰਦਰ ਕਰੇ ਗੁਫ਼ਤਾਰ, ਏਕਾ ਰਾਗ ਸੁਣਾਇੰਦਾ । ਅੱਠੇ ਪਹਿਰ ਮਿਲੇ ਸੱਚਾ ਯਾਰ, ਸਿਦਕ ਸਬੂਰੀ ਨਾਲ ਹੰਢਾਇੰਦਾ । ਪਾਨਹਾ ਗੰਢੇ ਰਵਦਾਸ ਚਮਾਰ, ਬਨਾਰਸ ਥੇਟਾ ਆਪਣਾ ਖੇਲ ਖਿਲਾਇੰਦਾ । ਕੰਗਣ ਠਗ ਚੋਰ ਦੇਵੇ ਤਾਰ, ਜਿਸ ਜਨ ਆਪਣਾ ਦਰਸ ਦਿਖਾਇੰਦਾ । ਭਗਤ ਭਗਵੰਤ ਮੇਲਾ ਵਿਚ ਸੰਸਾਰ, ਦੂਸਰ ਦਿਸ ਕਿਸੇ ਨਾ ਆਇੰਦਾ । ਕਰੇ ਖੇਲ ਅਗੰਮ ਅਪਾਰ, ਪੁਰਖ ਅਕਾਲਾ ਦੀਨ ਦਿਆਲਾ ਵਸਣਹਾਰਾ ਸਚਖੰਡ ਸੱਚੀ ਧਰਮਸਾਲਾ ਜੁਗ ਜੁਗ ਜੁਗਾ ਜੁਗੰਤਰ ਲੋਕਮਾਤ ਬੁਝਾਏ ਲੱਗੀ ਬਸੰਤਰ, ਗੁਰ ਗੁਰ ਭੇਜੇ ਸ਼ਬਦ ਅਵਤਾਰ । ਸਾਚਾ ਗੁਰ ਹਰਿ ਕਾ ਸ਼ਬਦ, ਪੰਜ ਤੱਤ ਚੋਲੇ ਵਿਚ ਰਖਾਇੰਦਾ । ਕੋਈ ਕੀਮਤ ਨਾ ਚੁਕਾਏ ਅਰਬ ਖਰਬ, ਨੀਲਮ ਨੀਲ ਨਾ ਕੋਇ ਵਖਾਇੰਦਾ । ਹਰਿ ਕਾ ਨਾਉਂ ਸਮਾਏ ਵਿਚ ਸਰਬ, ਸਰਬ ਵਿਆਪੀ ਆਪ ਹੋ ਜਾਇੰਦਾ । ਨਾ ਕੋਈ ਜ਼ੇਰ ਨਾ ਕੋਈ ਜ਼ਰਬ, ਨਾ ਕੋਈ ਅੱਖਰ ਰੂਪ ਵਟਾਇੰਦਾ । ਨਾ ਕੋਈ ਨੁਕਤਾ ਨਾ ਕੋਈ ਹਰਫ਼, ਨਾ ਕੋਈ ਵਿਦਿਆ ਹਰਿ ਪੜ੍ਹਾਇੰਦਾ । ਨਾ ਕੋਈ ਸਿੰਮਤ ਨਾ ਕੋਈ ਤਰਫ਼, ਨਾ ਕੋਈ ਕੋਟ ਹਿੱਸਾ ਪਾਇੰਦਾ । ਜੁਗ ਜੁਗ ਜਨ ਭਗਤਾਂ ਉਪਰ ਆਪਣਾ ਕਰੇ ਤਰਸ, ਆਪਣਾ ਦਰਸ ਆਪ ਕਰਾਇੰਦਾ । ਲੇਖਾ ਜਾਣੇ ਅਰਸ਼ ਫ਼ਰਸ਼ ਕਾਇਆ ਕੁਰਾ ਵੇਖ ਵਖਾਇੰਦਾ । ਕਾਇਨਾਤ ਮੇਟੇ ਹਰਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮੇ ਸ਼ਿਵ ਦੇਵੇ ਏਕਾ ਵਰ, ਆਪਣਾ ਭੇਵ ਆਪ ਜਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਹਰਿ ਹਰਿ ਰੰਗ, ਨਵ ਨੌਂ ਚਾਰ ਮਾਤ ਚੜ੍ਹਾਈਆ । ਚਾਰ ਵੇਦ ਮੰਗੀ ਮੰਗ, ਚਾਰ ਜੁਗ ਚਾਰ ਵਰਨ ਕਰਨ ਪੜ੍ਹਾਈਆ । ਚਾਰੇ ਬਾਣੀ ਵਜਾਏ ਮਰਦੰਗ, ਚਾਰੇ ਖਾਣੀ ਦਏ ਸਮਝਾਈਆ । ਚਾਰੋਂ ਕੁੰਟ ਆਪੇ ਲੰਘ, ਦਹਿ ਦਿਸ਼ਾ ਫੇਰਾ ਪਾਈਆ । ਭੇਵ ਖੁਲ੍ਹਾਏ ਪਾਰਬ੍ਰਹਮ, ਪੁਰੀ ਲੋਅ ਆਕਾਸ਼ ਡੇਰਾ ਲਾਈਆ । ਗਗਨ ਗਗਨੰਤਰ ਆਪੇ ਲੰਘ, ਸੁੰਨ ਸਮਾਧ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਵੇਖ ਵਖਾਈਆ । ਵਿਸ਼ਨ ਬ੍ਰਹਮਾ ਸ਼ਿਵ ਤੇਰੀ

ਰਚਨ ਰਚਾ, ਜੁਗ ਚਾਰ ਚੌਕੜੀ ਖੇਲ ਖਿਲਾਵਣਾ । ਨੌਂ ਸੌ ਚੁਰਾਨਵੇ ਚੌਕੜੀ ਜੁਗ ਗੇੜਾ ਆਪ ਦਿਵਾ, ਗੁਰ ਅਵਤਾਰ ਸੇਵ ਲਗਾਵਣਾ । ਆਪਣਾ ਮੰਤਰ ਨਾਮ ਪੜ੍ਹਾ, ਜੀਵਾਂ ਜੰਤਾਂ ਝੋਲੀ ਪਾਵਣਾ । ਕਲਜੁਗ ਅੰਤਮ ਕਰੇ ਖੇਲ ਬੇਪਰਵਾਹ, ਦਿਸ ਕਿਸੇ ਨਾ ਆਵਣਾ । ਆਪਣਾ ਰੂਪ ਆਪ ਲਏ ਪਰਗਟਾ, ਆਪਣੇ ਭੇਵ ਆਪ ਖੁਲ੍ਹਾਵਣਾ । ਪੂਤ ਸਪੂਤਾ ਬ੍ਰਹਿਮਣ ਗੌੜਾ, ਆਪਣਾ ਬੰਸ ਲਏ ਬਣਾ, ਵੇਦ ਵਿਆਸਾ ਲਿਖਿਆ ਲੇਖ ਆਪ ਸਮਝਾਵਣਾ । ਸੰਬਲ ਨਗਰ ਡੇਰਾ ਲਏ ਲਗਾ, ਗੁਰ ਗੋਬਿੰਦ ਮੇਲਾ ਸਹਿਜ ਸੁਭਾ, ਸਾਚਾ ਖੇੜਾ ਆਪ ਵਸਾਵਣਾ । ਮਹਾਂਬਲੀ ਉਤਰੇ ਆ, ਨਾ ਕੋਈ ਭੈਣ ਤੇ ਨਾ ਭਰਾ, ਮਾਤ ਪਿਤ ਨਾ ਗੋਦ ਬਹਾਵਣਾ । ਨਾ ਕੋਈ ਵਿਦਿਆ ਸਕੇ ਪੜ੍ਹਾ, ਨਾ ਕੋਈ ਗਿਆਨ ਸਕੇ ਦ੍ਰਿੜਾ, ਮਨ ਮਤ ਬੁਧ ਨਾ ਕੋਇ ਰਖਾਵਣਾ । ਆਦਿ ਪੁਰਖ ਅਬਿਨਾਸ਼ੀ ਕਰਤਾ ਆਪਣਾ ਖੇਲ ਕਰੇ ਬੇਪਰਵਾਹ, ਇਸ਼ਟ ਹੋਰ ਨਾ ਕੋਇ ਮਨਾਵਣਾ । ਨਿਹਕਲੰਕਾ ਨਾਉਂ ਰਖਾ, ਲੋਕਮਾਤ ਜੋਤੀ ਜਾਮਾ ਵੇਸ ਵਟਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਵਿਸ਼ਨ ਬ੍ਰਹਮਾ ਸ਼ਿਵ ਭੁਲ ਨਾ ਜਾਵਣਾ । ਵਿਸ਼ਨ ਬ੍ਰਹਮਾ ਸ਼ਿਵ ਦੋਏ ਜੋੜ ਕਰ ਨਿਮਸਕਾਰ, ਬੈਠੇ ਧਿਆਨ ਲਗਾਈਆ । ਕਰ ਕਿਰਪਾ ਵਡ ਦਾਤਾਰ, ਤੂੰ ਦਾਤਾ ਦਾਨੀ ਬੇਪਰਵਾਹੀਆ । ਹਉਂ ਮਾਂਗੇਂ ਚਰਨ ਧੂੜ ਤੇਰੀ ਛਾਰ, ਮਸਤਕ ਟਿੱਕਾ ਇਕ ਲਗਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਲੱਖ ਚੁਰਾਸੀ ਵੇਖ ਤੇਰਾ ਪਸਾਰ, ਜੁਗ ਚੌਕੜੀ ਖੇਲ ਖਿਲਾਈਆ । ਗੁਰ ਪੀਰ ਔਣ ਅਵਤਾਰ, ਜਗਤ ਸੰਦੇਸ ਤੇਰਾ ਸੁਣਾਈਆ । ਭਗਤ ਭਗਵੰਤ ਕਰਨ ਜੈ ਜੈਕਾਰ, ਸੰਤ ਅੰਤਰ ਆਤਮ ਇਕ ਲਿਵ ਲਾਈਆ । ਗੁਰਮੁਖ ਅੰਮ੍ਰਿਤ ਨਿਝਰ ਝਿਰਨਾ ਰਸ ਪੀਵਣ ਠੰਡਾ ਠਾਰ, ਅਮਿਉਂ ਰਸ ਏਕਾ ਬੂੰਦ ਬਰਸਾਈਆ । ਗੁਰਸਿਖ ਮੰਗੇ ਦਰਸ ਦੀਦਾਰ, ਨੇਤਰ ਨੈਣ ਨੈਣ ਬਿਗਸਾਈਆ । ਕਵਣ ਵੇਲਾ ਦਰਸ ਦੇਵੇਂ ਘਰ ਆਣ, ਸਾਡੀ ਕੱਟੇਂ ਅੰਤ ਜੁਦਾਈਆ । ਤੇਰਾ ਕਰੀਏ ਦਰਸ ਦੀਦਾਰ, ਤੇਰੀ ਜੋਤੀ ਜੋਤ ਹੋਏ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰਾ ਲੇਖਾ ਲਿਖਿਆ ਕੋਇ ਨਾ ਜਾਈਆ । ਤੇਰਾ ਲੇਖ ਕਿਸੇ ਨਾ ਲਿਖਣਾ, ਚਾਰ ਜੁਗ ਸਕੇ ਨਾ ਕੋਇ ਜਣਾ । ਤੇਰਾ ਰੂਪ ਕਿਸੇ ਨਾ ਦਿਸਣਾ, ਤੂੰ ਨਿਰਗੁਣ ਦਾਤਾ ਬੇਪਰਵਾਹ । ਤੇਰਾ ਖੇਲ ਸਦ ਰਹੇ ਮਿਥਣਾ, ਕਰੇ ਕਰਾਏ ਆਪ ਨਿਆਂ । ਹਉਂ ਭਿਖਾਰੀ ਮੰਗਦੇ ਭਿਖਣਾ, ਅੱਗੇ ਤੇਰੇ ਝੋਲੀ ਡਾਹ । ਤੂੰ ਦੇਵੇ ਸਾਚੀ ਸਿਖਣਾ, ਸਿਖੀ ਸਿਖਿਆ ਭੁਲ ਕਦੇ ਨਾ ਜਾ । ਸਾਡਾ ਲੇਖਾ ਆਪਣੇ ਵਿਚ ਲਿਖਣਾ, ਲਿਖਿਆ ਲੇਖ ਨਾ ਸਕੇ ਕੋਇ ਮਿਟਾ । ਤੇਰਾ ਰੂਪ ਕਵਣ ਵੇਲੇ ਦਿਸਣਾ, ਦਰਸ਼ਨ ਕਰੀਏ ਆ । ਚਾਰ ਜੁਗ ਲੱਖ ਚੁਰਾਸੀ ਅੰਦਰ ਭਰੀ ਵਿਸਨਾ, ਕਾਮ ਕਰੋਧ ਲੋਭ ਹੰਕਾਰ ਬੈਠਾ ਡੇਰਾ ਲਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਹੁਕਮ ਸੁਣਾ । ਹਰਿ ਸਾਚਾ ਹੁਕਮ ਸੁਣਾਇੰਦਾ, ਸ਼ਬਦ ਅਗੰਮੀ ਬੋਲ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਸੇਵ ਲਗਾਇੰਦਾ, ਤਖ਼ਤ ਨਿਵਾਸੀ ਬੈਠ ਅਡੋਲ । ਲੱਖ ਚੁਰਾਸੀ ਖੇਲ ਖਿਲਾਇੰਦਾ, ਆਦਿ ਜੁਗਾਦੀ ਤੋਲੇ ਆਪਣਾ ਤੋਲ । ਕਲਜੁਗ ਅੰਤਮ ਏਕਾ ਕੰਡਾ ਨਾਮ ਰਖਾਇੰਦਾ, ਸਤਿਗੁਰ ਨਾਨਕ ਰੱਖੇ ਕੋਲ । ਤੇਰਾਂ ਤੇਰਾਂ ਧਾਰ ਚਲਾਇੰਦਾ, ਤੇਰਾ ਤੇਰੇ ਅੰਦਰ ਜਾਏ ਮੌਲ । ਧਰਨੀ ਹੌਲਾ ਭਾਰ ਕਰਾਇੰਦਾ, ਉਪਰ ਬੋਲੇ ਨਾਮ ਸਤਿ ਬੋਲ । ਏਕਾ ਓਟ ਪੁਰਖ ਅਕਾਲ ਰਖਾਇੰਦਾ, ਕਰੇ ਖੇਲ ਕਾਇਆ ਚੋਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਇੰਦਾ । ਕਲਜੁਗ ਵੇਲਾ ਅੰਤਮ ਔਣਾ, ਹਰਿ ਸਾਚਾ ਰੂਪ ਧਰਾਈਆ । ਨਿਹਕਲੰਕ ਨਾਉਂ ਰਖੌਣਾ, ਸ਼ਬਦ

ਡੰਕਾ ਇਕ ਉਠਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਏਕਾ ਹੁਕਮ ਸੁਣੌਣਾ, ਭੁਲ ਕੋਇ ਨਾ ਜਾਈਆ । ਗੋਬਿੰਦ ਮੇਲਾ ਮੇਲ ਮਿਲੌਣਾ, ਸਿੰਘ ਆਪਣਾ ਬਲ ਧਰਾਈਆ । ਸੰਬਲ ਆਸਣ ਸਚ ਸੁਹੌਣਾ, ਸਚ ਸਿੰਘਾਸਣ ਦਏ ਵਡਿਆਈਆ । ਲੋਕਮਾਤ ਸਚਖੰਡ ਬਣੌਣਾ, ਏਕਾ ਕ੍ਰਿਸ਼ਨ ਗਿਆ ਸਮਝਾਈਆ । ਇਕ ਦਿਨ ਇਕ ਸਾਲ ਰੰਗ ਰੰਗੌਣਾ, ਕਲਜੁਗ ਕੂੜੀ ਧੋਵੇ ਸ਼ਾਹੀਆ । ਅਠਾਰਾਂ ਦਿਵਸ ਦੁਆਪਰ ਤੇਲ ਚੜ੍ਹੌਣਾ, ਸਾਲ ਅਠਾਰਾਂ ਕਲਜੁਗ ਅੰਤਮ ਵੱਜੇ ਵਧਾਈਆ । ਪੁਰਖ ਅਬਿਨਾਸ਼ੀ ਸਚ ਦਰਬਾਰ ਇਕ ਲਗੌਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਦਏ ਵਖਾਈਆ । ਸਚ ਦਰਬਾਰ ਲਗੌਣਾ ਲੋਕਮਾਤ, ਕਲਜੁਗ ਅੰਤਮ ਵੱਜੇ ਵਧਾਈਆ । ਪੁਰਖ ਅਬਿਨਾਸ਼ੀ ਵੇਖੇ ਮਾਰ ਝਾਤ, ਨੌਂ ਖੰਡ ਪ੍ਰਿਥਮੀ ਸਰਬ ਲੋਕਾਈਆ । ਕਲਜੁਗ ਵੇਖੇ ਅੰਧੇਰੀ ਰਾਤ, ਚਾਰੋਂ ਕੁੰਟ ਅੰਧੇਰਾ ਛਾਈਆ । ਚਾਰ ਵਰਨ ਵੇਖੇ ਜ਼ਾਤ ਪਾਤ, ਅਠਾਰਾਂ ਬਰਨ ਪਰਦਾ ਲਾਹੀਆ । ਅਠਸਠ ਤੀਰਥ ਵੇਖੇ ਘਾਟ, ਜਮਨਾ ਗੰਗਾ ਸੁਰਸਤੀ ਗੋਦਾਵਰੀ ਫੇਰਾ ਪਾਈਆ । ਚਾਰ ਅਠਾਰਾਂ ਵੇਖੇ ਪੂਜਾ ਪਾਠ, ਇਸ਼ਟ ਦੇਵ ਥਾਉਂ ਥਾਈਆ । ਮਸਤਕ ਵੇਖੇ ਤਿਲਕ ਲਲਾਟ, ਤ੍ਰਿਸੂਲ ਕਵਣ ਰਖਾਈਆ । ਲੱਖ ਚੁਰਾਸੀ ਵੇਖੇ ਕਾਇਆ ਹਾਟ, ਪੰਜ ਤੱਤ ਚੋਲਾ ਫੋਲ ਫੋਲਾਈਆ । ਪਰਦਾ ਲਾਹੇ ਚੌਦਾਂ ਹਾਟ, ਚੌਦਾਂ ਤਬਕਾਂ ਚਰਨ ਛੁਹਾਈਆ । ਆਤਮ ਸੇਜਾ ਵੇਖੇ ਖਾਟ, ਕਵਣ ਬੈਠਾ ਸੇਜ ਸੁਹਾਈਆ । ਕਰੇ ਖੇਲ ਪੁਰਖ ਸਮਰਾਥ, ਸੰਮਤ ਅਠਾਰਾਂ ਦਏ ਗਵਾਹੀਆ । ਇਕ ਇਕੱਲਾ ਆਪੇ ਚੜ੍ਹੇ ਆਪਣੇ ਘਾਟ, ਦੂਸਰ ਨਜ਼ਰ ਕੋਇ ਨਾ ਆਈਆ । ਸਤਿ ਸਤਿਵਾਦੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਸੱਤ ਦਏ ਗਣਾਈਆ । ਇਕ ਇਕੱਲਾ ਏਕੰਕਾਰ, ਦੂਜੇ ਸ਼ਬਦ ਧਾਰ ਬਣਾਇੰਦਾ । ਤੀਜੇ ਨਿਰਗੁਣ ਸਰਗੁਣ ਕਰ ਆਕਾਰ, ਚੌਥੇ ਪਦ ਮੇਲ ਮਿਲਾਇੰਦਾ । ਪੰਚਮ ਨਾਦ ਸ਼ਬਦ ਧੁੰਨਕਾਰ, ਘਰ ਘਰ ਵਿਚ ਆਪ ਸੁਣਾਇੰਦਾ । ਛੇਵੇਂ ਛੱਪਰ ਛੰਨ ਨਾ ਕੋਇ ਪਸਾਰ, ਸਤਿ ਸਤਿਵਾਦੀ ਸਪਤਮ ਸਚਖੰਡ ਦਵਾਰੇ ਆਸਣ ਲਾਇੰਦਾ । ਅੱਠਾਂ ਤੱਤਾਂ ਖੇਲ ਨਿਆਰ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਮੇਲ ਮਿਲਾਇੰਦਾ । ਨੌਂ ਦਵਾਰੇ ਖੋਲ੍ਹ ਕਿਵਾੜ, ਲੱਖ ਚੁਰਾਸੀ ਰਚਨਾ ਵੇਖ ਵਖਾਇੰਦਾ । ਦਸਮ ਦਵਾਰੀ ਬ੍ਰਹਮ ਪਸਾਰ, ਆਤਮ ਬ੍ਰਹਮ ਆਪ ਧਰਾਇੰਦਾ । ਦਸ ਇਕ ਗਿਆਰਾ ਹੋ ਤਿਆਰ, ਇਕ ਇਕ ਨਾਲ ਜੋੜ ਜੁੜਾਇੰਦਾ । ਇਕ ਦੋ ਦੂਜੀ ਕੁਦਰਤ ਕਰ ਪਿਆਰ, ਇਕ ਤਿੰਨ ਤ੍ਰੈਗੁਣ ਮਾਇਆ ਫੰਦਨ ਆਪ ਕਟਾਇੰਦਾ । ਇਕ ਚਾਰ ਚੌਦਾਂ ਲੋਕਾਂ ਕਰੇ ਪਾਰ, ਇਕ ਪੰਜ ਦਸ ਪੰਜ ਲੇਖ ਮੂਲ ਚੁਕਾਇੰਦਾ । ਇਕ ਛੇ ਸੋਲਾਂ ਕਰ ਸ਼ੰਗਾਰ, ਸੋਲਾਂ ਇਛਿਆ ਭਰੇ ਭੰਡਾਰ, ਸੋਲਾਂ ਕਲਾਂ ਮਾਤ ਅਵਤਾਰ, ਆਪਣੇ ਹੁਕਮੇ ਆਪ ਘਲਾਇੰਦਾ । ਇਕ ਸੱਤ ਸਭ ਤੋਂ ਵਸੇ ਬਾਹਰ, ਨਾਨਕ ਅੰਗਦ ਅਮਰਦਾਸ ਰਾਮਦਾਸ ਰਸਨਾ ਜੇਹਵਾ ਗਾਇੰਦਾ । ਅਰਜਣ ਲੇਖਾ ਲੇਖ ਲਿਖਾਰ, ਸ਼ਬਦੀ ਸ਼ਬਦ ਕਰ ਪਿਆਰ, ਲੱਖ ਚੁਰਾਸੀ ਏਕਾ ਰੰਗ ਰੰਗਾਇੰਦਾ । ਹਰਿਗੋਬਿੰਦ ਮੇਲਾ ਇਕ ਨਿਰੰਕਾਰ, ਨਿਰਗੁਣ ਸਰਗੁਣ ਕਰੇ ਵਿਚਾਰ, ਦੋਏ ਖੰਡੇ ਦੋਏ ਧਾਰ, ਭੇਵ ਕੋਇ ਨਾ ਪਾਇੰਦਾ । ਹਰਿਰਾਏ ਪਾਇਆ ਹਰਿ ਕਾ ਦਵਾਰ, ਹਰਿਕਿਸ਼ਨ ਬੋਲੇ ਇਕ ਜੈਕਾਰ, ਗੁਰ ਤੇਗ਼ ਬਹਾਦਰ ਆਪ ਆਪਣਾ ਮੇਲ ਮਿਲਾਇੰਦਾ । ਨਾਤਾ ਤੋੜ ਨੌਂ ਦਵਾਰ, ਨੌਂ ਖੰਡ ਪ੍ਰਿਥਮੀ ਹੋਇਆ ਪਾਰ, ਨੌਂ ਅਠਾਰਾਂ ਚਰਨਾਂ ਹੇਠ ਲਤਾੜ, ਸਚਖੰਡ ਮਿਲਿਆ ਹਰਿ ਨਿਰੰਕਾਰ, ਦੂਸਰ ਅਵਰ ਨਾ ਕੋਇ ਜਣਾਇੰਦਾ । ਦਸਵੇਂ ਘਰ ਦਸ ਪਸਾਰ, ਜੋਤ ਜਗੀ ਹਰਿ ਦੁਲਾਰ, ਮੰਦਰ ਵਸਿਆ ਇਕ ਘਰ ਬਾਰ, ਦੀਵਾ ਬਾਤੀ ਨਾ ਕੋਇ ਟਿਕਾਇੰਦਾ ।

ਏਕਾ ਪੁਰਖ ਪੁਰਖ ਅਕਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਗੁਣ ਆਪ ਸਮਝਾਇੰਦਾ । ਏਕਾ ਜੋਤੀ ਦਸ ਅਵਤਾਰਾ, ਤਿੰਨ ਪੰਜ ਲੇਖਾ ਗਏ ਗਣਾਈਆ । ਸੋਲਾਂ ਕਲਾਂ ਕ੍ਰਿਸ਼ਨਾ ਅਵਤਾਰਾ, ਕਾਹਨ ਆਪਣਾ ਰੂਪ ਵਟਾਈਆ । ਸੁਰਤੀ ਕਰੇ ਸਚ ਪਿਆਰਾ, ਨਾਮ ਬੰਸਰੀ ਇਕ ਸੁਣਾਈਆ । ਏਕਾ ਰਾਮ ਇਕ ਅਵਤਾਰ ਏਕਾ ਦਹਿ ਸਿਰ ਦਏ ਆਧਾਰਾ, ਏਕਾ ਦਸਰਥ ਸੁਤ ਦੁਲਾਰਾ, ਏਕਾ ਘਟ ਘਟ ਕਰੇ ਪਸਾਰਾ, ਏਕਾ ਰਚਨਾ ਰਿਹਾ ਰਚਾਈਆ । ਕਲਜੁਗ ਅੰਤਮ ਭੇਵ ਖੋਲ੍ਹੇ ਆਪ ਨਿਰੰਕਾਰਾ, ਪੈਂਤੀਸ ਅੱਖਰੀ ਦਏ ਸਮਝਾਈਆ । ਪੈਂਤੀ ਅੱਖਰ ਗੁਰਦੇਵ, ਗੁਰ ਤਿੰਨ ਪੰਜ ਜੋੜ ਜੁੜਾਇਆ । ਕਰ ਕਰ ਹਰਿ ਹਰਿ ਹਰਿ ਸਾਚੀ ਸੇਵ, ਨਰ ਹਰਿ ਸਾਚਾ ਪਾਇਆ । ਪਾਰਬ੍ਰਹਮ ਪ੍ਰਭ ਅਲਖ ਅਭੇਵ, ਦੇਵਾ ਦੇਵ ਆਪ ਅਖਵਾਇਆ । ਸਦਾ ਵਸੇ ਧਾਮ ਅਟਲ ਨਿਹਚਲ ਨਿਹਕੇਵ, ਧਾਮ ਅਵੱਲਾ ਆਪ ਅਖਵਾਇਆ । ਗੁਰ ਬਾਣੀ ਸ਼ਬਦ ਮਿਲਾਇਆ ਸਾਚਾ ਹਾਣੀ, ਅੰਮ੍ਰਿਤ ਪਿਆਏ ਠੰਡਾ ਪਾਣੀ, ਨਿਝਰ ਝਿਰਨਾ ਆਪ ਝਿਰਾਇਆ । ਪੈਂਤੀਸ ਅੱਖਰ ਬਣੀ ਰਾਣੀ, ਮਹਿਮਾ ਗਾਏ ਅਕਥ ਕਹਾਣੀ, ਕਥਨੀ ਕਥ ਨਾ ਸਕੇ ਰਾਇਆ । ਇਕ ਸੱਤ ਖੇਲ ਮਹਾਨੀ, ਦਸ ਸੱਤ ਚੜ੍ਹੀ ਜਵਾਨੀ, ਈਸ਼ਵਰ ਅੱਖਰ ਬਾਵਨ ਧਾਰ ਕਰੇ ਕੁਰਬਾਨੀ, ਬਾਵਨ ਆਪਣਾ ਰੂਪ ਆਪ ਛੁਪਾਇਆ । ਬਾਵਨ ਸਾਲ ਕਲਜੁਗ ਖ਼ਾਕ ਛਾਣੀ, ਲੱਖ ਚੁਰਾਸੀ ਵੇਖਿਆ ਜੀਵ ਪ੍ਰਾਣੀ, ਰਸਨਾ ਪੜ੍ਹਦੇ ਹਰਿ ਕੀ ਬਾਣੀ, ਅੰਤਰ ਆਤਮ ਨਾ ਕੋਇ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਸੱਤ ਦਏ ਵਡਿਆਈਆ । ਇਕ ਸੱਤ ਸਤਾਰਾਂ ਅੱਖਰ ਬਾਵਨ, ਨਿਰਗੁਣ ਆਪਣੇ ਹੱਥ ਰਖਾਇੰਦਾ । ਜਿਸ ਨੇ ਫੜ ਕੇ ਮਾਰਿਆ ਰਾਵਣ, ਤਿਸ ਰਾਮ ਆਪਣੇ ਵਿਚ ਸਮਾਇੰਦਾ । ਜਿਸ ਨੂੰ ਗੌਂਦੇ ਕ੍ਰਿਸ਼ਨਾ ਕਾਹਨਨ, ਸੋ ਕਾਹਨ ਆਪਣੀ ਗੋਦ ਬਹਾਇੰਦਾ । ਜਿਸ ਨੂੰ ਅੱਲਾ ਮੀਆਂ ਕਹਿ ਕਹਿ ਦੇਂਦੇ ਜ਼ਾਮਨ, ਸੋ ਸਾਚੀ ਜ਼ਾਮਨੀ ਆਪਣੇ ਹੱਥ ਰਖਾਇੰਦਾ । ਜਿਸ ਨੂੰ ਸਤਿਗੁਰ ਨਾਨਕ ਗੋਬਿੰਦ ਕਹਿੰਦੇ ਮੇਟੇ ਅੰਧੇਰੀ ਸ਼ਾਮਨ, ਜਗਤ ਅੰਧੇਰਾ ਆਪ ਮੁਕਾਇੰਦਾ । ਇਕ ਸੱਤ ਕਰੇ ਪਰਵਾਨਨ, ਸਚ ਪਰਵਾਨਗੀ ਆਪਣੇ ਹੱਥ ਰਖਾਇੰਦਾ । ਪਾਰਬ੍ਰਹਮ ਪ੍ਰਭ ਗੁਣ ਨਿਧਾਨਨ, ਸ਼ਾਹ ਸੁਲਤਾਨ ਦਇਆ ਕਮਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਗੁਰੂਆਂ ਪੀਰਾਂ ਸਾਧਾਂ ਸੰਤਾਂ ਆਪੇ ਹੋਏ ਜਾਨਨ, ਜਾਨਣਹਾਰ ਆਪ ਹੋ ਜਾਇੰਦਾ । ਕਲਜੁਗ ਅੰਤਮ ਖੇਲ ਮਹਾਨਨ, ਨਿਹਕਲੰਕਾ ਨਾਉਂ ਰਖਾਇੰਦਾ । ਪਰਗਟ ਹੋਏ ਸ੍ਰੀ ਭਗਵਾਨਨ, ਪਰਗਟ ਆਪਣਾ ਰੂਪ ਧਰਾਇੰਦਾ । ਸ਼ਬਦ ਮਾਰੇ ਤੀਰ ਨਿਰਾਲਨ, ਅਣਿਆਲਾ ਤੀਰ ਆਪ ਚਲਾਇੰਦਾ । ਕਰੇ ਖੇਲ ਜੋਤ ਅਕਾਲਣ, ਅਕਾਲ ਪੁਰਖ ਵੇਖ ਵਖਾਇੰਦਾ । ਲੋਕਮਾਤ ਆਏ ਬਣ ਬਣ ਮਾਲਣ, ਲੱਖ ਚੁਰਾਸੀ ਬੂਟਾ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਵਿਸ਼ਨ ਬ੍ਰਹਮਾ ਸ਼ਿਵ ਵਖਾਏ ਆਪਣਾ ਘਰ, ਬੰਦ ਕਿਵਾੜਾ ਆਪ ਖੁਲ੍ਹਾਇੰਦਾ । ਸਤਾਰਾਂ ਅੱਖਰ ਨਿਰਗੁਣ ਧਾਰ, ਇਕ ਸੱਤ ਮੇਲ ਮਿਲਾਇਆ । ਵੀਹ ਸੌ ਬਿਕ੍ਰਮੀ ਕਰ ਪਿਆਰ, ਨਿਰਗੁਣ ਨੂਰ ਜੋਤ ਰੁਸ਼ਨਾਇਆ । ਕਲਜੁਗ ਵੇਖੀ ਅਗਨੀ ਹਾੜ, ਤ੍ਰੈਗੁਣ ਮਾਇਆ ਤੱਤ ਜਲਾਇਆ । ਚਾਰੋਂ ਕੁੰਟ ਤਪੇ ਝੂਠ ਅੰਗਿਆਰ, ਅੰਮ੍ਰਿਤ ਮੇਘ ਨਾ ਕੋਇ ਬਰਸਾਇਆ । ਤੀਰਥ ਤਟ ਹੋਏ ਖ਼ਵਾਰ, ਨਾਰੀ ਨਰ ਨੰਗੇ ਰਹੇ ਤਾਰੀਆਂ ਲਾਇਆ । ਗੁਰ ਦਰ ਮੰਦਰ ਮਸਜਦ ਮਠ ਹਾਹਾਕਾਰ, ਸਤਿ ਸੰਤੋਖ ਨਾ ਕੋਈ ਜਣਾਇਆ । ਹਰਿ ਕਾ ਰੂਪ ਨਜ਼ਰ ਨਾ ਆਏ ਜੀਵ ਗਵਾਰ, ਮਾਇਆ ਮਮਤਾ ਮੋਹ ਵਧਾਇਆ । ਕਾਇਆ ਗੋਲਕ ਧਰੇ ਨਾ ਕੋਇ ਨਾਮ ਆਧਾਰ, ਝੂਠੀ ਗੋਲਕ ਰਹੇ

੭੭੧
੧੦

ਭਰਾਇਆ । ਲੱਖ ਚੁਰਾਸੀ ਵਿਸਰਿਆ ਕਰਤਾਰ, ਕੁਦਰਤ ਕਾਦਰ ਖੇਲ ਖਿਲਾਇਆ । ਅੰਤਮ ਪਾਵੇ ਆਪੇ ਸਾਰ, ਜਿਸ ਜਨ ਬ੍ਰਹਮਾ ਵਿਸ਼ਨ ਸ਼ਿਵ ਸੇਵਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮਾ ਸਿਵ ਦਏ ਸਮਝਾਇਆ । ਵਿਸ਼ਨ ਬ੍ਰਹਮਾ ਸ਼ਿਵ ਸਮਝਾਏ, ਪੁਰਖ ਅਬਿਨਾਸ਼ੀ ਦਇਆ ਕਮਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਤੇਰੀ ਸੇਵਾ ਲਾਏ, ਜੁਗ ਜੁਗ ਲੋਕਮਾਤ ਖੇਲ ਖਿਲਾਈਆ । ਕਲਜੁਗ ਵੇਲਾ ਅੰਤਮ ਆਏ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਵੀਹ ਸੌ ਅਠਾਰਾਂ ਬਿਕ੍ਰਮੀ ਥਿਤ ਵਾਰ ਗਣਾਏ, ਹਾੜ ਸਤਾਰਾਂ ਸਾਹ ਸੁਧਾਈਆ । ਸਾਚਾ ਤਖ਼ਤ ਲੋਕਮਾਤ ਬਣਾਏ, ਪੁਰਖ ਅਬਿਨਾਸ਼ੀ ਆਸਣ ਲਾਈਆ । ਪੰਚਮ ਮੁਖ ਤਾਜ ਟਿਕਾਏ, ਸੱਤ ਰੰਗ ਨਿਸ਼ਾਨਾ ਦਏ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਦਾਲਤ ਵਕਾਲਤ ਆਪੇ ਆਪ ਕਰਾਈਆ । ਕਰੇ ਅਦਾਲਤ ਸੱਚਾ ਸ਼ਹਿਨਸ਼ਾਹ, ਸਾਚੇ ਤਖ਼ਤ ਆਸਣ ਲਾਇੰਦਾ । ਤੇਈ ਅਵਤਾਰਾਂ ਲਏ ਬੁਲਾ, ਸ਼ਬਦ ਸਨੇਹੁੜਾ ਇਕ ਘਲਾਇੰਦਾ । ਜੋਤੀ ਜੋਤ ਵਿਚੋਂ ਲਏ ਪਰਗਟਾ, ਨੂਰ ਨੁਰਾਨਾ ਡਗਮਗਾਇੰਦਾ । ਅਠਾਰਾਂ ਭਗਤ ਵਿਚ ਬਹਾ, ਆਪਣਾ ਹੁਕਮ ਆਪ ਸੁਣਾਇੰਦਾ । ਈਸਾ ਮੂਸਾ ਸੰਗ ਮੁਹੰਮਦ ਚਾਰ ਯਾਰ ਅੱਲਾ ਰਾਣੀ ਪਰਦਾ ਲਏ ਚੁਕਾ, ਮੁਖ ਨਕ਼ਾਬ ਨਾ ਕੋਇ ਧਰਾਇੰਦਾ । ਨਾਨਕ ਗੋਬਿੰਦ ਏਕਾ ਜੋਤੀ ਜੋਤ ਕਰੇ ਰੁਸ਼ਨਾ, ਆਪ ਆਪਣਾ ਮੇਲ ਮਿਲਾਇੰਦਾ । ਕਾਲ ਮਹਾਕਾਲ ਲਏ ਉਠਾ, ਸੋਇਆ ਕੋਇ ਰਹਿਣ ਨਾ ਪਾਇੰਦਾ । ਰਾਏ ਧਰਮ ਦਰ ਦਰਵਾਜ਼ਿਉਂ ਬਾਹਰ ਲਏ ਖਲਾ, ਧੁਰ ਫ਼ਰਮਾਨਾ ਹੁਕਮ ਸੁਣਾਇੰਦਾ । ਚਿਤਰ ਗੁਪਤ ਲੱਖ ਚੁਰਾਸੀ ਲਿਖਿਆ ਲੇਖ ਆਪਣਾ ਭਾਰ ਲਏ ਉਠਾ, ਲਿਖਿਆ ਲੇਖ ਸਰਬ ਵਖਾਇੰਦਾ । ਲਾੜੀ ਮੌਤ ਸਗਨ ਮਨਾ, ਲਾਲ ਮਹਿੰਦੀ ਹੱਥ ਰਖਾਇੰਦਾ । ਸਾਚੇ ਤਖ਼ਤ ਬੈਠ ਸੱਚਾ ਸ਼ਹਿਨਸ਼ਾਹ, ਵਿਸ਼ਨ ਬ੍ਰਹਮਾ ਸ਼ਿਵ ਚਰਨਾਂ ਹੇਠ ਰਖਾਇੰਦਾ । ਇਕ ਫ਼ਰਮਾਨਾ ਦਏ ਸੁਣਾ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਕਵਣ ਧਾਰ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੌਂ ਸੌ ਚੁਰਾਨਵੇਂ ਚੌਕੜੀ ਜੁਗ ਦਾ ਪਿਛਲਾ ਲੇਖਾ ਆਪ ਮੁਕਾਇੰਦਾ । ਤੇਈ ਅਵਤਾਰ ਦੱਸਣ ਸਲਾਹ, ਜੁਗ ਜੁਗ ਜੋ ਰਹੇ ਮਾਤ ਕਰਾਈਆ । ਭਗਤ ਭਗਵੰਤ ਬਣਾਏ ਗਵਾਹ, ਜੋ ਗਏ ਸਿਰ ਆਪਣਾ ਭਾਰ ਉਠਾਈਆ । ਸੰਤਾਂ ਪੁੱਛੇ ਏਕਾ ਰਾਹ, ਕਿਸ ਬਿਧ ਮਿਲੇ ਸੱਚਾ ਮਾਹੀਆ । ਅੱਲਾ ਰਾਣੀ ਗਲ ਵਿਚ ਪੱਲਾ ਲਏ ਪਾ, ਨੇਤਰ ਨੈਣਾਂ ਨੀਰ ਵਹਾਈਆ । ਬਿਸਮਲ ਤੇਰਾ ਰੂਪ ਖ਼ੁਦਾ, ਤੇਰੇ ਉਤੋਂ ਹੋਇਆ ਨਾ ਕੋਇ ਫ਼ਿਦਾ, ਫ਼ਿਤਰਤ ਕਿਸੇ ਨਜ਼ਰ ਨਾ ਆਈਆ । ਸੰਗ ਮੁਹੰਮਦ ਚਾਰ ਯਾਰ ਨੇਤਰ ਨੈਣ ਨਾ ਸਕੇ ਕੋਇ ਉਠਾ, ਤੀਸ ਬਤੀਸ ਸ਼ਰਅ ਹਦੀਸ ਆਲਮੀਨ ਕਵਣ ਪੜ੍ਹਾਈਆ । ਨਾਨਕ ਨਿਰਗੁਣ ਪਕੜੇ ਨਾ ਕਿਸੇ ਦੀ ਬਾਂਹ, ਜੋ ਚਾਰ ਵਰਨ ਮੇਲਾ ਗਏ ਭੁਲਾਈਆ । ਗੋਬਿੰਦ ਗੋਦ ਨਾ ਸਕੇ ਉਠਾ, ਜੋ ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਵੰਡ ਵੰਡਾਈਆ । ਸਰਬ ਜੀਆਂ ਦਾ ਦਾਤਾ ਏਕਾ ਬੇਪਰਵਾਹ, ਕਰੇ ਖੇਲ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਗੁਰ ਅਵਤਾਰਾਂ ਕੋਲੋਂ ਲੇਵੇ ਜੀਵਾਂ ਜੰਤਾਂ ਆਪ ਸਫ਼ਾਈਆ । ਸਚ ਦਰਬਾਰ ਲਗਾਵਣਾ, ਕਲਜੁਗ ਤੇਰੀ ਅੰਤਮ ਵਾਰ । ਨਵ ਨੌਂ ਚਾਰ ਦਾ ਪੰਧ ਮੁਕਾਵਣਾ, ਪੁਰਖ ਅਬਿਨਾਸ਼ੀ ਹੋ ਤਿਆਰ । ਵਿਸ਼ਨ ਬ੍ਰਹਮਾ ਸ਼ਿਵ ਆਪਣੀ ਜੋਤ ਮਿਲਾਵਣਾ, ਕਰ ਕਿਰਪਾ ਹਰਿ ਕਰਤਾਰ । ਕਰੋੜ ਤੇਤੀਸਾ ਭੇਵ ਚੁਕਾਵਣਾ, ਸੁਰਪਤ ਰਾਜਾ ਇੰਦ ਦਏ ਆਧਾਰ । ਗੁਰਮੁਖ ਸਾਚੇ ਆਪ ਉਠਾਵਣਾ, ਸਾਚੇ ਸੰਤਾਂ ਕਰੇ ਪਿਆਰ । ਆਪ ਆਪਣੇ ਰੰਗ ਰੰਗਾਵਣਾ, ਰੰਗ ਚਾੜ੍ਹੇ ਅਪਰ

੭੭੩ ੧੦

ਅਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਆਪ ਕਰਤਾਰ । ਨਾ ਕੋਈ ਦਿਵਸ ਨਾ ਕੋਈ ਰਾਤ, ਘੜੀ ਪਲ ਨਾ ਵੰਡ ਵੰਡਾਈਆ । ਨਿਰਗੁਣ ਬੈਠਾ ਇਕ ਇਕਾਂਤ, ਜੋਤੀ ਜੋਤ ਜੋਤ ਰੁਸ਼ਨਾਈਆ । ਨਾ ਕੋਈ ਪੂਜਾ ਨਾ ਕੋਈ ਪਾਠ, ਨਾ ਕੋਈ ਰਸਨਾ ਗਾਥ ਸੁਣਾਈਆ । ਨਾ ਕੋਈ ਤਨ ਨੱਕ ਮੂੰਹ ਦਿਸੇ ਹਾਥ, ਨੇਤਰ ਨੈਣ ਨਾ ਕੋਇ ਰਖਾਈਆ । ਨਾ ਕੋਈ ਮਜ਼੍ਹਬ ਨਾ ਕੋਈ ਜ਼ਾਤ, ਨਾ ਕੋਈ ਚਿਨ੍ਹ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਦਿਨ ਦਏ ਸਮਝਾਈਆ । ਨਿਰਗੁਣ ਦਿਨ ਆਦਿ ਜੁਗਾਦਿ, ਦਿਵਸ ਰੂਪ ਨਾ ਕੋਇ ਵਟਾਇਆ । ਖੇਲੇ ਖੇਲ ਬ੍ਰਹਮ ਬ੍ਰਹਿਮਾਦ, ਪਾਰਬ੍ਰਹਮ ਬੇਪਰਵਾਹਿਆ । ਜੁਗਾ ਜੁਗੰਤਰ ਵਜਾਏ ਨਾਦ, ਅਨਾਦੀ ਧੁਨ ਸੁਣਾਇਆ । ਜੋ ਜਨ ਰਹੇ ਜਾਗ, ਤਿਸ ਜਨ ਅੱਠੇ ਪਹਿਰ ਦਿਨ ਵਖਾਇਆ । ਸ਼ਬਦ ਜਣਾਈ ਬੋਧ ਅਗਾਧ, ਬੋਧ ਅਗਾਧਾ ਭੇਵ ਖੁਲ੍ਹਾਇਆ । ਮੇਟ ਮਿਟਾਏ ਵਾਦ ਵਿਵਾਦ, ਵਿਖ ਅੰਮ੍ਰਿਤ ਰੂਪ ਬਣਾਇਆ । ਜਿਸ ਜਨ ਮਿਲਿਆ ਮੋਹਣ ਮਾਧਵ ਮਾਧ, ਕੋਈ ਮੰਗ ਨਾ ਅਵਰ ਮੰਗਾਇਆ । ਨਾ ਕੋਈ ਦਿਵਸ ਰੈਣ ਪਰਭਾਤ, ਵੇਲਾ ਵਕ਼ਤ ਨਾ ਕੋਇ ਜਣਾਇਆ । ਹਰਿ ਸੰਤਾਂ ਸਦਾ ਰੱਖੇ ਸਾਥ, ਵਿਛੜ ਕਦੇ ਨਾ ਜਾਇਆ । ਜਿਸ ਜਨ ਚੜ੍ਹਾਏ ਆਪਣੇ ਰਾਥ, ਬਣ ਰਥਵਾਹੀ ਸੇਵ ਕਮਾਇਆ । ਸਗਲ ਵਸੂਰੇ ਜਾਇਣ ਲਾਥ, ਜਿਸ ਜਨ ਆਪਣਾ ਦਰਸ ਦਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦਿਨ ਦਏ ਸਮਝਾਇਆ । ਹਰਿ ਕਾ ਦਿਵਸ ਨਾ ਕੋਈ ਸੂਰਜ ਨਾ ਕੋਈ ਚੰਨ, ਨਾ ਕੋਈ ਨੂਰ ਕਰੇ ਰੁਸ਼ਨਾਈਆ । ਨਾ ਕੋਈ ਰਾਗ ਨਾ ਕੋਈ ਕੰਨ, ਨਾ ਕੋਈ ਸੁਣੇ ਨਾ ਕਰੇ ਸ਼ਨਵਾਈਆ । ਨਾ ਕੋਈ ਆਵੇ ਜਾਵੇ ਬੇੜਾ ਦੇਵੇ ਬੰਨ੍ਹ, ਨਾ ਬਣੇ ਕੋਇ ਮਲਾਹੀਆ । ਜਿਸ ਦਾ ਭਾਂਡਾ ਭਰਮ ਭੌ ਦੇਵੇ ਭੰਨ, ਅੱਠੇ ਪਹਿਰ ਏਕਾ ਰੰਗ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦਿਵਸ ਦਏ ਸਮਝਾਈਆ । ਸਾਚਾ ਦਿਵਸ ਸਾਚਾ ਚਾਨਣ, ਚੰਦ ਚਾਂਦਨੀ ਆਪ ਚਮਕਾਈਆ । ਜਿਸ ਜਨ ਆਤਮ ਅੰਤਰ ਦੇਵੇ ਬ੍ਰਹਮ ਗਿਆਨਨ, ਬ੍ਰਹਮ ਵਿਦਿਆ ਇਕ ਪੜ੍ਹਾਈਆ । ਚਰਨ ਕਵਲ ਬਖ਼ਸ਼ੇ ਇਕ ਧਿਆਨਨ, ਚਰਨ ਕਵਲ ਸੱਚੀ ਸਰਨਾਈਆ । ਸੋ ਜਨ ਦਿਵਸ ਰਾਤ ਏਕਾ ਰੰਗ ਮਾਨਣ, ਚਾਰ ਦਿਨ ਨਾ ਕੋਇ ਵਡਿਆਈਆ । ਚਾਰ ਦਿਨ ਚਾਰ ਯੁਗ, ਚਾਰ ਕੁੰਟ ਕੁਰਲਾਇਆ । ਗੁਰਮੁਖ ਔਧ ਗਈ ਪੁਗ, ਕਾਇਆ ਗੋਰ ਮੜ੍ਹੀ ਨਾ ਕੋਇ ਦਬਾਇਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਸਚਖੰਡ ਦਵਾਰ ਜੋ ਬੈਠਾ ਰਿਹਾ ਲੁਕ, ਕਲਜੁਗ ਅੰਤਮ ਨਿਰਗੁਣ ਜੋਤ ਫੇਰਾ ਪਾਇਆ । ਜਿਸ ਜਨ ਰਖਾਏ ਆਪਣੀ ਓਟ, ਤਿਸ ਜਨ ਦਿਵਸ ਰੈਣ ਨਜ਼ਰ ਕੋਇ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦਿਵਸ ਆਪਣੇ ਵਿਚ ਸਮਾਇਆ । ਸਾਚਾ ਦਿਵਸ ਆਤਮ ਘਰ, ਆਠ ਪਹਿਰ ਰੁਸ਼ਨਾਈਆ । ਚਾਰ ਜੁਗ ਦਾ ਦਏ ਵਰ, ਵਰ ਦਾਤਾ ਏਕਾ ਵਾਰ ਝੋਲੀ ਪਾਈਆ । ਜਿਸ ਜਨ ਚੁਕਾਏ ਭੌ ਭੈ ਡਰ, ਰਾਏ ਧਰਮ ਨਾ ਦਏ ਸਜ਼ਾਈਆ । ਦਰਸ ਦਿਖਾਏ ਅੱਗੇ ਖੜ੍ਹ, ਨਿਰਗੁਣ ਜੋਤ ਜੋਤ ਰੁਸ਼ਨਾਈਆ । ਕਰ ਦਰਸ਼ਨ ਮਨ ਵਾਸਨਾ ਜਾਏ ਮਰ, ਮਨ ਕੀ ਚਿੰਦਾ ਰਹੇ ਨਾ ਰਾਈਆ । ਜਿਧਰ ਪੇਖੇ ਨਜ਼ਰੀ ਆਵੇ ਹਰੀ ਹਰਿ, ਹਰਿ ਬਿਨ ਅਵਰ ਨਾ ਕੋਇ ਦਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਮੇਲੇ ਆਪਣੇ ਘਰ, ਆਪਣਾ ਦਿਨ ਦਏ ਸਮਝਾਈਆ । ਆਪਣਾ ਦਿਵਸ ਹਰਿ ਸਮਝਾਏ, ਗੁਰਸਿਖਾਂ ਦਇਆ ਕਮਾ । ਆਪਣਾ ਦੀਪ ਗੁਰਸਿਖ ਅੰਦਰ ਜਗਾਏ,

ਅਗਿਆਨ ਅੰਧੇਰ ਮਿਟਾ । ਅੱਠੇ ਪਹਿਰ ਧੁਨ ਨਾਦ ਵਜਾਏ, ਅਨਹਦ ਤਾਰ ਹਿਲਾ । ਅੱਗੇ ਹੋ ਹੋ ਨਜ਼ਰੀ ਆਏ, ਰੂਪ ਅਨੂਪ ਵਖਾ । ਮਨ ਕਾ ਮਣਕਾ ਦਏ ਫਿਰਾਏ, ਸੁਰਤੀ ਸੁਰਤ ਸ਼ਬਦ ਮਿਲਾ । ਅਕਾਲ ਮੂਰਤ ਅਕਾਲ ਨਜ਼ਰੀ ਆਏ, ਦਿਵਸ ਰੈਣ ਨਾ ਕੋਈ ਪਰਭਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਵੰਡ ਨਿਰਗੁਣ ਰਿਹਾ ਸਮਾ । ਆਇਆ ਅਨੰਦ ਰਸਨਾ ਉਤੇ, ਅੰਦਰ ਰਸ ਰਹਿਣ ਨਾ ਪਾਈਆ । ਕਲਜੁਗ ਜੀਵ ਗ਼ਾਫ਼ਲ ਸੁੱਤੇ, ਸੋਇਆ ਰੈਣ ਵਿਹਾਈਆ । ਪਾਰਬ੍ਰਹਮ ਆਇਆ ਅਬਿਨਾਸ਼ੀ ਅਚੁਤੇ, ਜਿਸ ਵੱਡੀ ਵਡ ਵਡਿਆਈਆ । ਗੁਰਮੁਖ ਗੁਰਸਿਖ ਹਰਿਭਗਤ ਹਰਿਜਨ ਵਿਰਲਾ ਉਠੇ, ਜਿਸ ਸਤਿਗੁਰ ਪੂਰਾ ਆਪ ਉਠਾਈਆ । ਦਿਆਲ ਠਾਕਰ ਸਵਾਮੀ ਜਿਸ ਜਨ ਉਪਰ ਤੁੱਠੇ, ਕਲਜੁਗ ਆਲਸ ਨਿੰਦਰਾ ਦਏ ਮਿਟਾਈਆ । ਗੁਰ ਗੋਬਿੰਦ ਸੂਰਾ ਅੰਮ੍ਰਿਤ ਜਾਮ ਪਿਆਏ ਘੁਟੇ, ਕਾਇਆ ਬਾਟੇ ਵਿਚ ਟਿਕਾਈਆ । ਆਵਣ ਜਾਵਣ ਲੱਖ ਚੁਰਾਸੀ ਛੁੱਟੇ, ਰਾਏ ਧਰਮ ਨਾ ਦਏ ਸਜ਼ਾਈਆ । ਗੁਰਸਿਖ ਤੇਰਾ ਸੂਰਜ ਅੱਠੇ ਪਹਿਰ ਸੁਹਾਏ ਤੇਰੀ ਰੁੱਤੇ, ਦਿਵਸ ਰੈਣ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਨੰਦ ਅਨੰਦ ਅਨੰਦ ਗੁਰਮੁਖ ਹਿਰਦੇ ਵਿਚ ਸਮਾਈਆ । ਅਨੰਦ ਆਇਆ ਗੁਰ ਪਾਇਆ, ਘਰ ਸਾਚੇ ਮਿਲਿਆ ਮੇਲ । ਮਨ ਸਹਿੰਸਾ ਭੌ ਚੁਕਾਇਆ, ਦੀਪਕ ਜਗਿਆ ਬਿਨ ਬਾਤੀ ਤੇਲ । ਸਹਿੰਸਾ ਰੋਗ ਮਿਟਾਇਆ, ਅਚਰਜ ਪਾਰਬ੍ਰਹਮ ਦਾ ਖੇਲ । ਜਿਸ ਵਿਛੜੇ ਆਣ ਮਿਲਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗੰਤਰ ਜਨ ਭਗਤਾਂ ਸੱਜਣ ਸੁਹੇਲ । ਆਲਸ ਨਿੰਦਰਾ ਲੱਥਾ ਦੁੱਖ, ਸਤਿਗੁਰ ਪੂਰਾ ਆਪ ਮਿਟਾਈਆ । ਜਗਤ ਤ੍ਰਿਸਨਾ ਮਿਟੀ ਭੁੱਖ, ਗੁਰ ਸਤਿਗੁਰ ਆਪ ਗਵਾਈਆ । ਸਫ਼ਲ ਹੋਏ ਮਾਤ ਕੁੱਖ, ਧੰਨ ਧੰਨ ਜਣੇਂਦੀ ਮਾਈਆ । ਦਰਸ ਦਿਖਾਏ ਜੋ ਬੈਠਾ ਲੁਕ, ਹਰਿ ਗੋਬਿੰਦ ਸੱਚਾ ਮਾਹੀਆ । ਆਪਣੇ ਕੋਲੋਂ ਆਪੇ ਪੁਛ, ਵੇਲਾ ਵਕ਼ਤ ਦਏ ਸਮਝਾਈਆ । ਗੜ੍ਹੀ ਚਮਕੌਰ ਜੋ ਗਿਆ ਰੁੱਸ, ਕਲਜੁਗ ਅੰਤਮ ਲਏ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਲਸ ਨਿੰਦਰਾ ਦਏ ਗਵਾਈਆ । ਨਿੰਦਰਾ ਆਲਸ ਹੋਏ ਦੂਰ, ਗੁਰਸਿਖ ਨੇੜ ਰਹਿਣ ਨਾ ਪਾਈਆ । ਸਤਿਗੁਰ ਪੂਰਾ ਹਾਜ਼ਰ ਹਜ਼ੂਰ, ਦਿਵਸ ਰੈਣ ਦਰਸ ਵਖਾਈਆ । ਜੋਤੀ ਜਲਵਾ ਆਤਮ ਕੋਹਤੂਰ, ਪੰਚ ਵਿਕਾਰ ਭਸਮ ਦਏ ਕਰਾਈਆ । ਆਸਾ ਮਨਸਾ ਕਰੇ ਪੂਰ, ਪੂਰਨ ਪੁਰਖ ਵਡੀ ਵਡਿਆਈਆ । ਨਾਤਾ ਤੋੜੇ ਕੂੜੇ ਕੂੜ, ਕੂੜੀ ਕਿਰਿਆ ਦਏ ਮਿਟਾਈਆ । ਜਿਸ ਜਨ ਮਸਤਕ ਲਾਏ ਚਰਨ ਧੂੜ, ਜਨਮ ਜਨਮ ਦੀ ਮੈਲ ਧਵਾਈਆ । ਚਤੁਰ ਸੁਘੜ ਬਣਾਏ ਮੂਰਖ ਮੂੜ੍ਹ, ਗੁਣ ਅਵਗੁਣ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਆਪ ਰੰਗਾਈਆ । ਆਲਸ ਨਿੰਦਰਾ ਜਾਏ ਲਥ, ਗੁਰ ਸਤਿਗੁਰ ਦਇਆ ਕਮਾਇੰਦਾ । ਸਦਾ ਸੁਹੇਲਾ ਸਿਰ ਰੱਖੇ ਹੱਥ, ਦਿਵਸ ਰੈਣ ਸੇਵ ਕਮਾਇੰਦਾ । ਸ਼ਬਦ ਡੋਰੀ ਪਾਏ ਨੱਥ, ਵਾਗ ਆਪਣੇ ਹੱਥ ਉਠਾਇੰਦਾ । ਜਗਤ ਵਿਕਾਰਾ ਤੁਟਾ ਹਠ, ਮਨ ਕਾ ਮਾਣ ਅਭਿਮਾਨ ਮਿਟਾਇੰਦਾ । ਬਹੱਤਰ ਨਾੜ ਨਾ ਉਬਲੇ ਰਤ, ਅੰਮ੍ਰਿਤ ਜਾਮ ਇਕ ਪਿਆਇੰਦਾ । ਇਕ ਸਮਝਾਈ ਸਾਚੀ ਮਤ, ਚਾਰ ਵਰਨ ਨਾਨਕ ਗੋਬਿੰਦ ਗੋਦ ਬਹਾਇੰਦਾ । ਸਰਬ ਜੀਆਂ ਦਾ ਕਮਲਾਪਤ, ਨਰਾਇਣ ਨੈਣ ਨਾ ਕੋਇ ਉਠਾਇੰਦਾ । ਸਤਿਗੁਰ ਪੂਰਾ ਪਹਿਲੋਂ ਗੁਰਸਿਖਾਂ ਚਰਨੀ ਆਪ ਜਾਏ ਢੱਠ, ਫਿਰ ਗੁਰਸਿਖਾਂ ਆਪਣੇ ਚਰਨ ਲਗਾਇੰਦਾ । ਏਕਾ ਦੇਵੇ ਬ੍ਰਹਮ ਮਤ, ਮਨ ਮਤ ਜਗਤ ਚੁਕਾਇੰਦਾ । ਧੀਰਜ ਸੰਤੋਖ ਦੇਵੇ ਸਾਚਾ ਸਤਿ,

੭੭੫
੧੦

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਦਲਿਦ੍ਰ ਆਪ ਮੁਕਾਇੰਦਾ । ਜਗਤ ਦਲਿਦ੍ਰ ਦੇਵੇ ਹੋੜ, ਦੀਨਾਂ ਨਾਥ ਦਇਆ ਕਮਾਈਆ । ਗੁਰਸਿਖ ਚਾੜ੍ਹੇ ਆਪਣੇ ਘੋੜ, ਸਾਚਾ ਘੋੜਾ ਨਾਮ ਵਖਾਈਆ । ਸਚਖੰਡ ਵਿਚੋਂ ਆਇਆ ਦੌੜ, ਲੋਕਮਾਤ ਮਿਲੇ ਚਾਈਂ ਚਾਈਆ । ਜਨਮ ਜਨਮ ਦੀ ਬੁਝਾਏ ਲੱਗੀ ਔੜ, ਦੇ ਦਰਸ ਤ੍ਰਿਪਤ ਕਰਾਈਆ । ਜਗਤ ਤ੍ਰਿਸਨਾ ਦੇਵੇ ਹੋੜ, ਮਨ ਵਾਸਨਾ ਨਾ ਕੋਇ ਸਤਾਈਆ । ਟੁੱਟੀ ਗੰਢੇ ਦੇਵੇ ਜੋੜ, ਜੁੜਿਆ ਜੋੜ ਨਾ ਕੋਇ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਲਸ ਨਿੰਦਰਾ ਦਏ ਸਮਝਾਈਆ । ਆਲਸ ਨਿੰਦਰਾ ਗੁਰਸਿਖ ਰੰਗ, ਸਤਿਗੁਰ ਪੂਰਾ ਆਪ ਚੜ੍ਹਾਇੰਦਾ । ਮਨਮੁਖਾਂ ਸਦਾ ਛੱਡੇ ਸੰਗ, ਕੰਨ ਨਿੰਦਿਆ ਨਾ ਕੋਇ ਸੁਣਾਇੰਦਾ । ਸੋਵਤ ਜਾਗਤ ਪ੍ਰਭ ਆਤਮ ਸੇਜਾ ਮਾਣੇ ਪਲੰਘ, ਗੁਰਸਿਖ ਆਸਣ ਸਿੰਘਾਸਣ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਪਨ ਸਖੋਪਤ ਜਾਗਰਤ ਤੁਰੀਆ ਏਕਾ ਰੰਗ ਵਖਾਇੰਦਾ । ਤੁਰੀਆ ਨਾਦ ਵੱਜੇ ਹਰਿ ਧੁਨ, ਵਜਾਵਣਹਾਰਾ ਦਿਸ ਨਾ ਆਈਆ । ਗੁਰਮੁਖ ਪੁਕਾਰ ਰਿਹਾ ਹਰਿ ਸੁਣ, ਸੁਣਨਹਾਰਾ ਮੁਖ ਛੁਪਾਈਆ । ਲੱਖ ਚੁਰਾਸੀ ਵਿਚੋਂ ਹਰਿ ਸੱਜਣ ਆਪੇ ਚੁਣ, ਸਤਿਗੁਰ ਪੂਰਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਜਨਮ ਦਏ ਵਡਿਆਈਆ । ਪੂਰਬ ਜਨਮ ਜਗਤ ਵਿਛੋੜਾ ਹਰਿ ਸਤਿਗੁਰ ਆਪ ਕਰਾਇਆ । ਕਲਜੁਗ ਅੰਤਮ ਸੱਸੇ ਉਪਰ ਲਾਇਆ ਹੋੜਾ, ਨਿਰਗੁਣ ਸਰਗੁਣ ਮੇਲ ਮਿਲਾਇਆ । ਏਕਾ ਢੱਯਾ ਛੁਪਿਆ ਰਿਹਾ ਬਣ ਕੇ ਕੋਰਾ, ਆਪਣਾ ਪਰਦਾ ਨਾ ਸਕੇ ਉਠਾਇਆ । ਆਇਆ ਵਕਤ ਆਇਆ ਦੌੜਾ, ਆਪ ਆਪਣਾ ਪੰਧ ਮੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮੇਲਾ ਆਪ ਮਿਲਾਇਆ । ਮਿਲਿਆ ਮੇਲਾ ਸਚ ਦਰਬਾਰ, ਧੁਰ ਦਰਬਾਰੀ ਆਪ ਮਿਲਾਈਆ । ਕਲਗੀ ਤੋੜਾ ਵਟਾਂਦਰਾ ਹੋਇਆ ਦਸਤਾਰ, ਦਸਤ ਬਦਸਤੀ ਹੱਥ ਫੜਾਈਆ । ਆਪਣੀ ਖਿਚ ਨਾਮ ਕਟਾਰ, ਤਨ ਗਾਤਰੇ ਵਿਚ ਲਟਕਾਈਆ । ਦੋ ਹੱਥਾਂ ਦਾ ਦੇ ਪਿਆਰ, ਸਿੰਘ ਸੰਗਤ ਇਕ ਸਮਝਾਈਆ । ਤੇਰਾ ਮੇਰਾ ਰਿਹਾ ਉਧਾਰ, ਕੀਤਾ ਕੌਲ ਭੁਲ ਨਾ ਜਾਈਆ । ਨਾਤਾ ਤੋੜ ਸਰਬ ਸੰਸਾਰ, ਅੰਤਮ ਆਪਣਾ ਮੇਲ ਮਿਲਾਈਆ । ਤੇਰਾ ਕ਼ਰਜ਼ਾ ਦਏ ਉਤਾਰ, ਆਪਣਾ ਲਹਿਣਾ ਆਪਣੀ ਝੋਲੀ ਪਾਈਆ । ਤੇਰੀ ਨੀਂਦਰ ਵਿਚ ਮਿਲੇ ਤੇਰਾ ਨਿਰੰਕਾਰ, ਜਿਸ ਜਗਤ ਨੀਂਦ ਤੇਰੀ ਲਾਹੀਆ । ਜਿਸ ਕੱਢਿਆ ਵਿਚੋਂ ਹੰਕਾਰ, ਕਰੇ ਪਿਆਰ ਸੱਚਾ ਸ਼ਹਿਨਸ਼ਾਹੀਆ । ਕਾਲਾ ਰੰਗ ਦਏ ਉਤਾਰ, ਕਾਲੀ ਮੇਟੇ ਛਾਹੀਆ । ਪਹਿਲੋਂ ਬਦਲੀ ਆਪਣੇ ਨਾਲ ਦਸਤਾਰ, ਹੁਣ ਦਸਤਾਰ ਜਗਤ ਨਾਲ ਦਿਤੀ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਤੇਰੀ ਨਿੰਦਰਾ ਵੇਖ ਵਖਾਈਆ । ਗੁਰਸਿਖ ਤੇਰੀ ਨਿੰਦਰਾ ਆਲਸ, ਮੰਗੇ ਗੁਰ ਚਰਨ ਧਿਆਨਾ । ਸਤਿਗੁਰ ਪੂਰਾ ਬਣੇ ਸਾਲਸ, ਦੇਵੇ ਏਕਾ ਧੁਰ ਫ਼ਰਮਾਨਾ । ਕਲਜੁਗ ਅੰਤਮ ਚਾਰ ਵਰਨ ਬਣੌਣਾ ਖ਼ਾਲਸਾ ਖ਼ਾਲਸ, ਊਚ ਨੀਚ ਰਾਓ ਰੰਕ ਸਰਬ ਮਿਟ ਜਾਣਾ । ਕਿਸੇ ਦੀ ਰਹਿਣ ਨਾ ਦੇਵੇ ਕੋਇ ਨਾਲਸ਼, ਚਰਨਾਂ ਹੇਠ ਦਬਾਏ ਰਾਜਾ ਰਾਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੋਧਾ ਸੂਰਬੀਰ ਬਲੀ ਬਲਵਾਨਾ ।

## ★ ੧੬ ਹਾੜ ੨੦੧੮ ਬਿਕ੍ਰਮੀ ਦਰਬਾਰ ਵਿਚ ਦਇਆ ਹੋਈ ਜੇਠੂਵਾਲ ★

ਕੁਦਰਤ ਖੇਲ ਵੇਖੇ ਹਰਿ ਕ਼ਾਦਰ, ਬੇਐਬ ਐਬ ਖ਼ੁਦਾਇਆ । ਫ਼ਕੀਰ ਹਕੀਰ ਸ਼ਾਹ ਬਣਿਆ ਗਦਾਗਰ, ਦਰ ਦਰਵੇਸ਼ ਦਰ ਦਰ ਫੇਰੀ ਪਾਇਆ । ਸਿਦਕ ਸਬੂਰੀ ਰੱਖੇ ਸਾਬਰ, ਸਾਦਰ ਕਰੀਮ ਆਪਣਾ ਕਰਮ ਕਮਾਇਆ । ਕਲਮਾ ਅਮਾਮ ਜਾਣੇ ਦਾਦਰ, ਹਜ਼ਾਰਾ ਦਰੂਦ ਆਪ ਪੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਸਤ ਬਦਸਤ ਤੇਗ਼ ਵੇਖ ਵਖਾਇਆ । ਦਸਤ ਬਦਸਤ ਖੇਲ ਅਵੱਲਾ, ਦਹਿ ਦਿਸ਼ਾ ਆਪ ਕਰਾਈਆ । ਆਲਮੀਨ ਅੱਲਾ ਹੂ ਅੱਲਾ, ਹੱਕ ਮੁਸੱਲਾ ਇਕ ਵਿਛਾਈਆ । ਨੂਰ ਜਲਾਲ ਏਕਾ ਜਲਵਾ, ਜੋਬਨ ਜ਼ਹੂਰ ਵਡੀ ਵਡਿਆਈਆ । ਕ਼ਾਦਰ ਕੁਦਰਤ ਵੇਖੇ ਬਿਸਮਿੱਲਾ, ਬਿਸਮਲ ਆਪਣਾ ਖੇਲ ਵਖਾਈਆ । ਚੌਦਾਂ ਤਬਕ ਕੱਢਿਆ ਚਿੱਲਾ, ਚੱਕਰ ਚਿਹਨ ਨਾ ਕੋਇ ਜਣਾਈਆ । ਲੇਖਾ ਜਾਣੇ ਕੋਹਤੂਰ ਸਿਲਾ, ਸਾਲਬ ਸਲਬ ਬੇਪਰਵਾਹੀਆ । ਪੀਰ ਪੈਗ਼ੰਬਰ ਮਹਿਬੂਬ ਆਪੇ ਮਿਲਾ, ਮਹਿਵ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖ਼ਾਲਕ ਵੇਖੇ ਖ਼ਲਕ ਖ਼ੁਦਾਈਆ । ਖ਼ਾਲਕ ਖ਼ਲਕ ਖੇਲ ਮਖ਼ਲੂਕ, ਮਾਲਕ ਮੌਲਾ ਖੇਲ ਖਿਲਾਇੰਦਾ । ਨਾਬੀਨਾ ਨਾਦਾਨ ਵਸੇ ਕਲਬੂਤ, ਕਲਮਾ ਕਲਾਮ ਕੁਰਾ ਕੁਰਾਨ ਆਪ ਜਣਾਇੰਦਾ । ਦਰ ਦਰਵੇਸ਼ ਫਿਰੇ ਆਪਣੀ ਕੂਟ, ਬੇਦਰ ਦਰਦ ਵੰਡਾਇੰਦਾ । ਸਚ ਈਮਾਨ ਅਮਾਮ ਵਖਾਏ ਸਬੂਤ, ਸਾਬਤ ਆਪਣਾ ਰੂਪ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੂਰ ਨੁਰਾਨਾ ਵੇਸ ਵਟਾਇੰਦਾ । ਨੂਰ ਨੁਰਾਨਾ ਅਜ਼ੀਮ ਆਜ਼ਮ, ਬੇਐਬ ਪਰਵਰਦਿਗਾਰਿਆ । ਦੇਵੇ ਤਾਲੀਮ ਤਾਜ਼ੀਮ ਕਾਇਨਾਤ ਏਕਾ ਬਾਤਨ, ਆਲਮ ਉਲਮਾ ਖੇਲ ਖਿਲਾ ਰਿਹਾ । ਵੇਸ ਵਟਾਏ ਬਣ ਬਣ ਮਕਤੂਲ ਕਾਤਲ, ਰੂਪ ਅਨੂਪ ਆਪ ਧਰਾ ਰਿਹਾ । ਲੇਖਾ ਜਾਣੇ ਧਾਮ ਮੁਕੱਦਸ ਬਾਤਲ, ਬੈਤਲ ਆਪਣਾ ਖੇਲ ਖਿਲਾ ਰਿਹਾ । ਵੇਸ ਵਟਾਏ ਆਪ ਰਸਾਤਲ, ਤਲਾਤਲ ਦਿਸ ਕਿਸੇ ਨਾ ਆ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਦਰਵੇਸ਼ ਨਾਉਂ ਰਖਾ ਲਿਆ । ਦਰ ਦਰਵੇਸ਼ ਪਰਵਰਦਿਗਾਰ, ਅਲਖ ਅਗੰਮ ਵਡੀ ਵਡਿਆਈਆ । ਕਲਮਾ ਕਲਾਮ ਕਰ ਤਿਆਰ, ਕੁਦਰਤ ਕ਼ਾਦਰ ਦਏ ਸਮਝਾਈਆ । ਅਮਾਮ ਅਮਾਮਾ ਦੇਵੇ ਪੈਗ਼ਾਮ, ਪੀਰ ਪੈਗ਼ੰਬਰ ਕਰ ਪੜ੍ਹਾਈਆ । ਇਕ ਸੰਦੇਸਾ ਸਚ ਸਲਾਮ, ਅਲੈਕਮ ਆਪਣਾ ਹੁਕਮ ਜਣਾਈਆ । ਲੇਖਾ ਜਾਣੇ ਮੂਲ ਬਨਾਮ, ਹਰਫ਼ ਸਤਰ ਨਾ ਕੋਇ ਵਡਿਆਈਆ । ਚੌਦਾਂ ਤਬਕ ਵੇਖ ਗ਼ੁਲਾਮ, ਗ਼ਫ਼ਲਤ ਵੇਖੇ ਥਾਉਂ ਥਾਈਆ । ਕਾਲਾ ਸੂਸਾ ਜਗਤ ਨਜ਼ਾਮ, ਸਚ ਤਾਲੀਮ ਨਾ ਕੋਇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਦਰਵੇਸ਼ ਵੇਸ ਵਟਾਈਆ । ਦਰ ਦਰਵੇਸ਼ ਪਰਵਰਦਿਗਾਰਾ, ਚੌਦਾਂ ਹੱਟ ਫੇਰਾ ਪਾਇੰਦਾ । ਚੌਦਾਂ ਤਬਕ ਕੂਕ ਪੁਕਾਰਾ, ਹੂ ਹੂ ਨਾਅਰਾ ਸਰਬ ਲਗਾਇੰਦਾ । ਤੂ ਹੀ ਤੂੰ ਨਾ ਦਿਸੇ ਮੀਤ ਮੁਰਾਰਾ, ਤੇਰਾ ਤਸਵੱਰ ਨਾ ਕੋਇ ਜਣਾਇੰਦਾ । ਤੇਰਾ ਹੱਕ ਨਾ ਦਿਸੇ ਕੋਇ ਨਾਅਰਾ, ਬਾਂਗ ਸਦਾ ਨਾ ਕੋਇ ਸੁਣਾਇੰਦਾ । ਮੱਕਾ ਕਾਅਬਾ ਹੁਜਰਾ ਦਿਸੇ ਨਾ ਕੋਇ ਮਨਾਰਾ, ਮਹਿਰਾਬ ਰੰਗ ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵੇਸ ਆਪ ਧਰਾਇੰਦਾ । ਵੇਸ ਧਰਾਏ ਹੱਕ ਜਾਨਬ ਜਨਾਬ, ਆਪਣਾ ਵੇਸ ਵਟਾਈਆ । ਲੇਖਾ ਜਾਣੇ ਆਬੀ ਆਬ, ਹਯਾਤ ਆਪਣੇ ਰੰਗ ਸਮਾਈਆ । ਆਪੇ ਕਾਤਬ ਆਪੇ ਹੋਏ ਮੁਖ਼ਾਤਬ ਆਪੇ ਦਏ ਜਵਾਬ, ਲਾਜਵਾਬ ਲਾਸ਼ਰੀਕ ਆਪ ਹੋ ਜਾਈਆ । ਆਪੇ ਸ਼ਾਹ

ਬਣ ਨਵਾਬ, ਸ਼ਾਹ ਪਾਤਸ਼ਾਹ ਨਾਉਂ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਈਆ । ਕਰਾਏ ਖੇਲ ਇਲਾਹੀ ਅੱਲਾ, ਐਨਲਹਕ ਵੇਖ ਵਖਾਇੰਦਾ । ਮੁਕਾਮੇ ਹੱਕ ਹੱਕ ਉਚਾ ਟਿੱਲਾ, ਦਰ ਦਰਵੇਸ਼ ਦਰ ਸੁਹਾਇੰਦਾ । ਆਪਣੇ ਨੂਰ ਜ਼ਹੂਰ ਹੋਇਆ ਬਿਸਮਿੱਲਾ, ਬਿਸਮਿਲ ਆਪਣੀ ਧਾਰ ਬੰਧਾਇੰਦਾ । ਆਪਣੀ ਜ਼ਾਤ ਆਪੇ ਮਿਲਾ ਦੂਸਰ ਰੰਗ ਨਾ ਕੋਇ ਵਖਾਇੰਦਾ । ਆਪ ਸੁਹਾਏ ਆਪਣਾ ਟਿੱਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਬੰਧਨ ਆਪ ਤੁੜਾਇੰਦਾ । ਬੰਧਨ ਤੋੜੇ ਬੰਦੀ ਬੰਦ, ਬੰਦਗੀ ਆਪਣੀ ਵਿਚ ਸਮਾਈਆ । ਲੇਖਾ ਜਾਣੇ ਨਵਚੰਦੀ ਚੰਦ, ਚੌਦਸ ਆਪਣਾ ਹੁਕਮ ਵਰਤਾਈਆ । ਆਦਿ ਜੁਗਾਦਿ ਮੁਕਾਏ ਪੰਧ, ਜੁਗ ਜੁਗ ਬਣ ਬਣ ਪਾਂਧੀ ਰਾਹੀਆ । ਗਹਿਰ ਗੰਭੀਰ ਸੁਣਾਏ ਛੰਦ, ਨਿਰਗੁਣ ਸਰਗੁਣ ਕਰ ਰੁਸ਼ਨਾਈਆ । ਆਕਬਤ ਉਕਬ ਜਣਾਏ ਪਰਮਾਨੰਦ, ਉਲਫ਼ਤ ਆਰਫ ਨਾ ਕੋਇ ਵਖਾਈਆ । ਦਰ ਦਰਵੇਸ਼ ਨਰ ਨਰੇਸ਼ ਵੇਖੇ ਸੇਜ ਪਲੰਘ, ਸਚ ਸਿੰਘਾਸਣ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਕਰਤਾ ਆਪ ਅਖਵਾਈਆ । ਜੁਗ ਕਰਤਾ ਹਰਿ ਕਰਨੇਹਾਰਾ, ਭੇਵ ਅਭੇਦ ਰਖਾਇੰਦਾ । ਜਗਤ ਜੁਗ ਹੋ ਉਜਿਆਰਾ, ਜਾਗਰਤ ਜੋਤ ਡਗਮਗਾਇੰਦਾ । ਤ੍ਰੈ ਤ੍ਰੈ ਲੇਖਾ ਪਾਰ ਕਿਨਾਰਾ, ਪੰਚਮ ਪੰਚਮ ਮੋਹ ਤੁੜਾਇੰਦਾ । ਗੁਰ ਅਵਤਾਰ ਲੈ ਸਹਾਰਾ, ਏਕੰਕਾਰਾ ਓਟ ਤਕਾਇੰਦਾ । ਭਗਤ ਭਗਵੰਤ ਬੋਲ ਜੈਕਾਰਾ, ਏਕਾ ਨਾਅਰਾ ਨਾਮ ਸੁਣਾਇੰਦਾ । ਸੰਤ ਕੰਤ ਇਕ ਦਵਾਰਾ, ਘਰ ਸਾਚਾ ਆਪ ਵਡਿਆਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਰਿਆ ਪਾਰ ਕਿਨਾਰਾ, ਕਲਜੁਗ ਆਪਣਾ ਵੇਖ ਵਖਾਇੰਦਾ । ਸਚ ਸੰਦੇਸ ਧੁਰ ਦਰਬਾਰਾ, ਨਰ ਨਰੇਸ਼ ਆਪ ਜਣਾਇੰਦਾ । ਕਾਲਾ ਸੂਸਾ ਕਰ ਤਿਆਰਾ, ਮਾਟੀ ਖ਼ਾਕੀ ਪਰਦਾ ਪਾਇੰਦਾ । ਅੰਤਰ ਜਲਵਾ ਨੂਰ ਉਜਿਆਰਾ, ਪਰਕਾਸ਼ ਪਰਕਾਸ਼ ਵਿਚ ਟਿਕਾਇੰਦਾ । ਨਾਦ ਧੁਨ ਸੱਚੀ ਧੁਨਕਾਰਾ, ਬਾਂਗ ਸਦਾ ਆਪ ਸੁਣਾਇੰਦਾ । ਆਪਣਾ ਖੋਲ੍ਹ ਬੰਦ ਕਿਵਾੜਾ, ਨੂਰੀ ਜਲਵਾ ਆਪ ਦਰਸਾਇੰਦਾ । ਆਬੇ ਹਯਾਤ ਠੰਡੀ ਠਾਰਾ, ਅੰਮ੍ਰਿਤ ਮੇਘ ਬਰਸਾਇੰਦਾ । ਆਪਣਾ ਨੂਰ ਕਰ ਪਸਾਰਾ, ਜੋਤੀ ਜੋਤ ਡਗਮਗਾਇੰਦਾ । ਕਾਗਦ ਕ਼ਲਮ ਨਾ ਲਿਖਣਹਾਰਾ, ਆਇਤ ਸ਼ਰਾਇਤ ਨਾ ਕੋਇ ਰਖਾਇੰਦਾ । ਲਾਸ਼ਰੀਕ ਹੋ ਤਿਆਰਾ, ਆਪ ਆਪਣਾ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਸੰਦੇਸ ਆਪ ਸੁਣਾਇੰਦਾ । ਸਚ ਸੰਦੇਸਾ ਹਰਿ ਕਰਤਾਰ, ਕਿਰਪਾਨਿਧ ਆਪ ਜਣਾਈਆ । ਪੀਰ ਪੀਰਾਂ ਬਣ ਸਿਕਦਾਰ, ਸ਼ਾਹ ਪਾਤਸ਼ਾਹ ਬਣੇ ਸੱਚਾ ਸ਼ਹਿਨਸ਼ਾਹੀਆ । ਗੁਫ਼ਤਮ ਕਰੇ ਸੱਚੀ ਗੁਫ਼ਤਾਰ, ਸਤਾਰ ਅਵਰ ਨਾ ਕੋਇ ਹਿਲਾਈਆ । ਅਹਿਬਾਬ ਰਬਾਬ ਵਜਾਏ ਆਪਣੀ ਵਾਰ, ਬੇਪਰਵਾਹ ਵਡੀ ਵਡਿਆਈਆ । ਤਾਲਬ ਤੁਲਬਾ ਕਰੇ ਤਲਬਗਾਰ, ਤਾਲੀਮ ਤਾਜ਼ੀਮ ਅਜ਼ੀਮ ਇਕ ਸੁਣਾਈਆ । ਨਫ਼ਰ ਨਫ਼ਰਤ ਕਰੇ ਸਰਬ ਸੰਸਾਰ, ਨਫ਼ਸ ਹਵਸ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦਰ ਦਏ ਸਮਝਾਈਆ । ਏਕਾ ਦਰ ਹਰਿ ਦਰਵੇਸ਼, ਦੀਨਾਂ ਨਾਥ ਆਪ ਜਣਾਇੰਦਾ । ਆਦਿ ਜੁਗਾਦਿ ਰਹੇ ਹਮੇਸ਼, ਜੁਗਾ ਜੁਗੰਤਰ ਆਪ ਸੁਹਾਇੰਦਾ । ਆਪਣਾ ਖੇਲ ਆਪੇ ਰਿਹਾ ਵੇਖ, ਦੂਸਰ ਅਵਰ ਨਾ ਸੰਗ ਰਲਾਇੰਦਾ । ਨੂਰੀ ਨੂਰ ਮੁੱਛ ਦਾੜ੍ਹੀ ਨਾ ਕੋਈ ਕੇਸ, ਮੂੰਡ ਮੂੰਡ ਨਾ ਰੂਪ ਵਟਾਇੰਦਾ । ਬੇਐਬ ਵਸੇ ਆਪਣੇ ਦੇਸ, ਆਪਣੀ ਵਰੇਸ ਨਾ ਕਿਸੇ ਜਣਾਇੰਦਾ । ਪੀਰ ਪੈਗ਼ੰਬਰ ਨਾ ਕੋਈ ਜਾਣੇ ਮੁੱਲਾਂ ਸ਼ੇਖ਼, ਸ਼ਖ਼ਸੀਅਤ ਭੇਦ ਨਾ ਕੋਇ ਜਣਾਇੰਦਾ । ਤਸਬੀ ਤਕਵਾ ਨਾ ਕੋਈ ਸਕੇ ਵੇਖ, ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਇੰਦਾ । ਸਾਚਾ ਹੁਕਮ ਹਰਿ ਵਰਤਾਰਾ, ਨਿਰਗੁਣ ਨਿਰਵੈਰ ਆਪ ਵਰਤਾਈਆ । ਖ਼ਾਲਕ ਖ਼ਲਕ ਦੇ ਸਹਾਰਾ, ਦੀਦ ਈਦ ਵੰਡ ਵੰਡਾਈਆ । ਚੰਦ ਭਾਨ ਸੂਰਜ ਮੰਡਲ ਵੰਡ ਸਤਾਰਾ, ਨੀਲ ਬਸਤਰ ਰੰਗ ਰੰਗਾਈਆ । ਹਰਖ ਸੋਗ ਵਸੇ ਬਾਹਰਾ, ਚਿੰਤਾ ਦੁੱਖ ਨਾ ਕੋਇ ਰਖਾਈਆ । ਲੋਕ ਪਰਲੋਕ ਇਕ ਜੈਕਾਰਾ, ਨਾਮ ਮਰਦੰਗਾ ਮਰਦੰਗ ਵਜਾਈਆ । ਕਲਜੁਗ ਖੇਲ ਕਰੇ ਨਿਆਰਾ, ਰੂਪ ਅਨੂਪ ਆਪ ਵਟਾਈਆ । ਜਗਤ ਰਸੂਲ ਬਣ ਵਣਜਾਰਾ, ਏਕਾ ਹੁਕਮ ਕਰੇ ਕ਼ਬੂਲ ਸੀਸ ਜਗਦੀਸ ਆਪ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਇਸਮ ਦਏ ਸਮਝਾਈਆ । ਏਕਾ ਇਸਮ ਹਰਿ ਕਰਤਾਰ, ਉਸਤਤ ਨਿੰਦਾ ਨਾ ਕੋਇ ਵਡਿਆਈਆ । ਕਾਇਆ ਜਿਸਮ ਨਾ ਕੋਇ ਵਿਚਾਰ, ਤਨ ਮਾਟੀ ਖ਼ਾਕ ਨਾ ਕੋਇ ਵਡਿਆਈਆ । ਜੋਤ ਨੂਰ ਅਗੰਮੀ ਧਾਰ, ਜ਼ਹੂਰ ਜਲਵਾ ਹਰਿ ਰੁਸ਼ਨਾਈਆ । ਸ਼ਬਦ ਨਾਦ ਧੁੰਨ ਜੈਕਾਰ, ਏਕਾ ਹੁਕਮ ਸੱਚੀ ਸ਼ਨਵਾਈਆ । ਸਚ ਪੈਗ਼ੰਬਰ ਕਰੇ ਖ਼ਬਰਦਾਰ, ਸਚ ਕਲਮਾ ਇਕ ਜਣਾਈਆ । ਆਇਤ ਸ਼ਰਾਇਤ ਰਖਾਏ ਪਰਵਰਦਿਗਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਕਰੇ ਕਰਮ ਪੜ੍ਹਾਈਆ । ਸਚ ਪੜ੍ਹਾਈ ਪੀਰਨ ਪੀਰ, ਸ਼ਾਹ ਪਾਤਸ਼ਾਹ ਆਪ ਕਰਾਇੰਦਾ । ਤਤਵ ਤਤ ਦਏ ਧੀਰ, ਤੀਰ ਨਿਰਾਲਾ ਆਪ ਲਗਾਇੰਦਾ । ਜਗਤ ਸ਼ਰਅ ਪਾ ਜ਼ੰਜੀਰ, ਆਪ ਆਪਣਾ ਹੁਕਮ ਵਰਤਾਇੰਦਾ । ਚੌਦਾਂ ਲੋਕ ਚੌਦਾਂ ਤਬਕ ਵਖਾਏ ਚੋਟੀ ਅਖ਼ੀਰ, ਅੱਗੇ ਲੇਖਾ ਨਾ ਕੋਇ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਕਲਮਾ ਆਪ ਪੜ੍ਹਾਇੰਦਾ । ਸਾਚਾ ਕਲਮਾ ਆਲਮੀਨ, ਏਕਾ ਬਿਸਮਲ ਰੂਪ ਵਖਾਈਆ । ਮੇਰਾ ਮੇਰੀ ਕਰੇ ਤੌਹੀਨ, ਕਲ ਵੇਖੇ ਸਰਬ ਲੋਕਾਈਆ । ਕਲਮਾ ਅਸਵ ਨਾ ਕੋਈ ਪਾਏ ਜ਼ੀਨ, ਸ਼ਾਹਸਵਾਰ ਕੋਇ ਨਜ਼ਰ ਨਾ ਆਈਆ । ਜਗਤ ਝਗੜਾ ਮਜ਼੍ਹਬ ਦੀਨ, ਇਸਲਾਮ ਅਮਾਮ ਨਾ ਕੋਇ ਵਖਾਈਆ । ਸ਼ਰਅ ਸ਼ਰੀਅਤ ਵਸ ਕੀਨ, ਵਸਲ ਜੁਮਾਲ ਮਹਿਬੂਬ ਨਾ ਦੇਵੇ ਕੋਇ ਵਖਾਈਆ । ਅੱਖਰ ਜਾਣੇ ਨਾ ਕੋਇ ਸੀਨ, ਤ੍ਰੈ ਮੁਖ ਦੇਣ ਸਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਵੇਸ ਧਰਾਈਆ । ਵੇਸ ਧਰਾਏ ਹਰਿ ਕਰਤਾਰਾ, ਭੇਵ ਕੋਇ ਨਾ ਪਾਇੰਦਾ । ਇਕ ਅਮਾਮ ਪੈਗ਼ੰਬਰ ਸਹਾਰਾ, ਰਸੂਲ ਨਬੀ ਆਪ ਪੜ੍ਹਾਇੰਦਾ । ਕਾਤਬ ਕਰਤਾ ਬਣ ਲਿਖਾਰਾ, ਹੱਕ ਹਕੀਕਤ ਆਪ ਜਣਾਇੰਦਾ । ਸਚ ਈਮਾਨ ਵਿਚ ਸੰਸਾਰਾ, ਹੁਕਮ ਹਾਕਮ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਬੰਧਨ ਆਪੇ ਪਾਇੰਦਾ । ਬੰਧਨ ਪਾਏ ਹਰਿ ਕਰਤਾਰ, ਜੁਗਾ ਜੁਗੰਤਰ ਖੇਲ ਖਿਲਾਈਆ । ਕਾਲੀ ਅਲਫ਼ੀ ਤਨ ਸ਼ੰਗਾਰ, ਨੀਲ ਬਸਤਰ ਬਨ ਬਨਵਾਰੀ ਰੂਪ ਅਨੂਪ ਧਰਾਈਆ । ਸਚ ਮੁਸੱਲਾ ਪਰਵਰਦਿਗਾਰ, ਧਰਨੀ ਧਰਤ ਧਵਲ ਦਏ ਹੁਲਾਰ, ਖ਼ਾਕੀ ਖ਼ਾਕ ਆਸਣ ਲਾਈਆ । ਕਲਮਾ ਕਲਾਮ ਸਚ ਗੁਫ਼ਤਾਰ, ਡੂੰਘੀ ਕੰਦਰ ਕਰ ਪਿਆਰ, ਦਰ ਦਰਵਾਜ਼ਾ ਬੰਦ ਖੁਲ੍ਹਾਈਆ । ਮੱਕਾ ਕਾਅਬਾ ਖੇਲ ਨਿਆਰ, ਦੋ ਦੋ ਆਬਾ ਮੀਤ ਮੁਰਾਰ, ਦਰ ਦਰਵੇਸ਼ਾ ਨਰ ਨਰੇਸ਼ਾ ਸਚ ਸਿੰਘਾਸਣ ਪੁਰਖ ਅਬਿਨਾਸ਼ਨ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਲਖ ਅਗੋਚਰ ਅਗੰਮ ਅਥਾਹ, ਕਰੇ ਖੇਲ ਬੇਪਰਵਾਹ, ਦੂਸਰ ਅਵਰ ਨਾ ਕੋਇ ਵਡਿਆਈਆ । ਬੇਪਰਵਾਹ ਇਲਾਹੀ ਅੱਲਾ, ਆਪ ਆਪਣਾ ਖੇਲ ਖਿਲਾਇੰਦਾ । ਸਚ ਸਿੰਘਾਸਣ ਆਪੇ ਮੱਲਾ, ਉਚੇ ਟਿੱਲੇ ਸੋਭਾ ਪਾਇੰਦਾ । ਆਪਣੇ ਨੂਰ ਆਪੇ ਰੱਲਾ, ਜੋਤੀ ਜੋਤ ਡਗਮਗਾਇੰਦਾ । ਆਪਣਾ ਸੰਦੇਸ ਆਪੇ ਘੱਲਾ,

ਨਰ ਨਰੇਸ਼ ਆਪ ਸੁਣਾਇੰਦਾ । ਆਪਣਾ ਫੜਾਏ ਆਪੇ ਪੱਲਾ, ਪੀਰ ਪੈਗ਼ੰਬਰ ਆਪ ਉਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਅੰਤਮ ਵੇਖ ਵਖਾਇੰਦਾ । ਕਲਜੁਗ ਖੇਲ ਹਰਿ ਕਰਤਾਰਾ, ਇਕ ਇਕੱਲਾ ਆਪ ਕਰਾਈਆ । ਏਕਾ ਹੁਕਮ ਇਕ ਵਰਤਾਰਾ, ਏਕਾ ਬਣਤ ਜਣਾਈਆ । ਏਕਾ ਅਲਫ਼ੀ ਇਕ ਸ਼ੰਗਾਰਾ, ਏਕਾ ਬਸਤਰ ਤਨ ਛੁਹਾਈਆ । ਏਕਾ ਕਾਤਬ ਬਣੇ ਲਿਖਾਰਾ, ਨਾ ਕੋਈ ਲਿਖੇ ਕ਼ਲਮ ਸ਼ਾਹੀਆ । ਉਚੀ ਕੂਕ ਕੂਕ ਕਰਨ ਪੁਕਾਰਾ, ਏਕਾ ਨਾਅਰਾ ਨਾਮ ਲਗਾਈਆ । ਹੁਕਮੀ ਹੁਕਮ ਵਰਤੇ ਵਰਤਾਰਾ, ਅਭੁਲ ਬੇਪਰਵਾਹੀਆ । ਈਸਾ ਮੂਸਾ ਕਰ ਤਿਆਰਾ, ਤਨ ਸ਼ੰਗਾਰਾ ਆਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਅਲਿਫ਼ ਦਏ ਵਡਿਆਈਆ । ਏਕਾ ਅਲਫ਼ੀ ਏਕਾ ਅਲਫ਼, ਹਰਿ ਸਾਚਾ ਆਪ ਜਣਾਇੰਦਾ । ਪੀਰ ਪੈਗ਼ੰਬਰ ਚੁੱਕਣ ਹਲਫ਼, ਸੀਸ ਜਗਦੀਸ ਆਪ ਨਿਵਾਇੰਦਾ । ਲੇਖਾ ਜਾਣੇ ਆਪਣੀ ਤਰਫ਼, ਕੂਟ ਦਿਸ਼ਾ ਨਾ ਕੋਇ ਜਣਾਇੰਦਾ । ਵਸਣਹਾਰਾ ਅਰਸ਼ ਫ਼ਰਸ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਸੰਗ ਆਪ ਨਿਭਾਇੰਦਾ । ਅਰਸ਼ ਫ਼ਰਸ਼ ਖੇਲ ਖ਼ੁਦਾਵੰਦ, ਵੇਖੇ ਖ਼ਲਕ ਬੇਪਰਵਾਹੀਆ । ਆਫ਼ਤਾਬ ਵੇਖੇ ਚੰਦ, ਕਰ ਤਲੂਹ ਕਰੇ ਰੁਸ਼ਨਾਈਆ । ਹੁਕਮੀ ਹੁਕਮ ਧੁਰ ਫ਼ਰਮਾਨਾ ਅਗੰਮੀ ਛੰਦ, ਕਲਮਾ ਕਲਾਮ ਆਪ ਪੜ੍ਹਾਈਆ । ਪੀਰ ਪੈਗ਼ੰਬਰ ਗਾਇਣ ਬੱਤੀ ਦੰਦ, ਰਸਨਾ ਜੇਹਵਾ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪਣੇ ਵਿਚ ਰਖਾਈਆ । ਹਰਿ ਹਰਿ ਭੇਵ ਅਵੱਲੜਾ, ਆਦਿ ਜੁਗਾਦੀ ਕਾਰ । ਆਪਣਾ ਆਸਣ ਸਚ ਸਿੰਘਾਸਣ ਆਪੇ ਮਲੜਾ, ਸਾਚੇ ਤਖ਼ਤ ਬਹੇ ਸੱਚੀ ਸਰਕਾਰ । ਸਚ ਸੰਦੇਸ ਏਕਾ ਘਲੜਾ, ਪੀਰਨ ਪੀਰ ਕਰ ਖ਼ਬਰਦਾਰ । ਆਪ ਫੜਾਏ ਆਪਣਾ ਪਲੜਾ, ਦਇਆ ਕਮਾਏ ਸਾਂਝਾ ਯਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਸੁਣਾਏ ਸੱਚੀ ਗੁਫ਼ਤਾਰ । ਸਚ ਗੁਫ਼ਤਾਰ ਸੁਣਾਏ ਸ਼ੁਨੀਦ, ਦੀਦ ਈਦ ਚੰਦ ਚੜ੍ਹਾਈਆ । ਹੱਕ ਪਿਆਰ ਮੇਰੀ ਬਕਰੀਦ, ਬਈਦ ਸਈਦ ਕਰੇ ਜਣਾਈਆ । ਈਸਾ ਮੂਸਾ ਕਰ ਤਾਈਦ, ਤਸਬੀ ਕਲਮੇ ਨਾਲ ਰਲਾਈਆ । ਸ਼ਰਅ ਸ਼ਰੀਅਤ ਹੱਕ ਰਸੀਦ, ਰਾਸਤਾ ਬਰਾਸਤਾ ਰੂਪ ਵਟਾਈਆ । ਮੇਰਾ ਕਲਮਾ ਕਰੇ ਸ਼ਹੀਦ, ਤੀਰ ਤਲਵਾਰ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਆਪ ਸੁਣਾਈਆ । ਧੁਰ ਫ਼ਰਮਾਨ ਸਚ ਸੰਦੇਸਾ ਸ਼ਾਹ ਪਾਤਸ਼ਾਹ ਆਪ ਸੁਣਾਇੰਦਾ । ਈਸਾ ਮੂਸਾ ਕਾਲਾ ਵੇਸਾ, ਵੇਸ ਅਨੇਕ ਰਖਾਇੰਦਾ । ਸੰਗ ਮੁਹੰਮਦ ਚੁੱਕੇ ਲੇਖਾ, ਚੌਦਾਂ ਤਬਕ ਫੋਲ ਫੋਲਾਇੰਦਾ । ਚੌਦਸ ਚੌਦਾਂ ਰੱਖਿਆ ਸਾਇਆ ਹੇਠਾਂ, ਸੀਸ ਆਪਣਾ ਹੱਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵੇਲਾ ਆਪਣੇ ਹੱਥ ਰਖਾਇੰਦਾ । ਸਾਚਾ ਵੇਲਾ ਸ੍ਰੀ ਭਗਵਾਨ, ਆਪਣੇ ਹੱਥ ਰਖਾਈਆ । ਈਸਾ ਮੂਸਾ ਦੇਵੇ ਧੁਰ ਫ਼ਰਮਾਨ, ਪੰਜ ਤੱਤ ਕਰੇ ਜਣਾਈਆ । ਅੰਤਰ ਕੱਢੇ ਪੰਜ ਸ਼ੈਤਾਨ, ਪੰਜ ਵਕ਼ਤ ਇਕ ਈਮਾਨ, ਪੰਜ ਵਕ਼ਤ ਕਰੇ ਪੜ੍ਹਾਈਆ । ਏਕਾ ਰਾਗ ਸੁਣਾਏ ਕਾਨ, ਰਾਗ ਧੁੰਨ ਇਕ ਵਜਾਈਆ । ਮੇਰੀ ਸਿਫ਼ਤ ਤੇਰੀ ਕ਼ੁਰਾਨ, ਤੇਰਾ ਇਸ਼ਕ ਮੇਰੀ ਵਡਿਆਈਆ । ਤੂੰ ਮਾਸ਼ੂਕ ਬਣ ਨਾਦਾਨ, ਨੇਤਰ ਨੈਣ ਰਾਹ ਤਕਾਈਆ । ਮੈਂ ਵੇਖਾਂ ਕਰਾਂ ਤੇਰੀ ਪਛਾਣ, ਭੁਲ ਕਦੇ ਨਾ ਜਾਈਆ । ਮੇਰਾ ਵਾਸਾ ਵਿਚ ਜਹਾਨ, ਚੌਦਾਂ ਲੋਕ ਮੇਰੇ ਚਰਨ ਸੇਵ ਕਮਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਗੁਰ ਅਵਤਾਰ, ਪੀਰ ਪੈਗ਼ੰਬਰ ਮੇਰਾ ਨਾਉਂ ਸਦਾ ਸਦ ਗਾਣ, ਏਕਾ ਅਲਿਫ਼ ਕਰਾਂ

ਪੜ੍ਹਾਈਆ । ਮੇਰਾ ਕਾਅਬਾ ਸਚ ਨਿਸ਼ਾਨ, ਮੈਂ ਵਸਾਂ ਇਕ ਅਮਾਮ ਦੂਸਰ ਅਵਰ ਨਾ ਕੋਇ ਰਖਾਈਆ । ਮੇਰਾ ਹੁਕਮ ਤੇਰਾ ਪੈਗ਼ਾਮ, ਕਲਜੁਗ ਗਾਵੇ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਜੀਲ ਕ਼ੁਰਾਨ ਦਏ ਵਡਿਆਈਆ । ਅੰਜੀਲ ਆਜ਼ਮ ਨੂਰ ਦਰਸਾਇਆ, ਏਕਾ ਹੁਕਮ ਜਣਾਇੰਦਾ । ਮੁਰਸ਼ਦ ਮੁਰੀਦ ਫੜ ਉਠਾਇਆ, ਠੋਕਰ ਕਲਮਾ ਨਾਮ ਲਗਾਇੰਦਾ । ਜਲਵਾ ਜਲਾਲ ਨੂਰ ਬੇਮਿਸਾਲ ਆਪ ਵਖਾਇਆ, ਪਰਦਾ ਆਪਣਾ ਆਪ ਚੁਕਾਇੰਦਾ । ਸਯਦਾ ਸੀਸ ਜਗਦੀਸ ਝੁਕਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਦਰ ਆਪ ਖੁਲ੍ਹਾਇਆ । ਦਰ ਦਰਵਾਜ਼ਾ ਖੋਲ੍ਹਿਆ, ਖੋਲ੍ਹੇ ਬੰਦ ਕਿਵਾੜ । ਮੁਰਸ਼ਦ ਮੁਰੀਦਾਂ ਅੰਦਰ ਬੋਲਿਆ, ਕਿਰਪਾ ਕਰ ਅਪਰ ਅਪਾਰ । ਪੰਜ ਤੱਤ ਕਾਇਆ ਚੋਲਾ ਆਪੇ ਫੋਲਿਆ, ਦੂਈ ਦਵੈਤੀ ਪਰਦਾ ਪਾੜ । ਡੂੰਘੀ ਕੰਦਰ ਗਾਏ ਢੋਲਿਆ, ਬੇਐਬ ਪਰਵਰਦਿਗਾਰ । ਮੈਂ ਹਰ ਘਟ ਅੰਦਰ ਮੌਲਿਆ, ਮੌਲਾ ਰੂਪ ਮੇਰਾ ਸੰਸਾਰ । ਮੈਂ ਆਪਣੇ ਕੰਡੇ ਆਪਾ ਤੋਲਿਆ, ਇਕ ਇਕੱਲਾ ਤੋਲਾ ਬਣਿਆ ਤੋਲਣਹਾਰ । ਲੋਕਮਾਤ ਦਸਾਵਾਂ ਇਕ ਵਿਚੋਲਿਆ, ਕਾਇਆ ਚੋਲਾ ਕਰ ਤਿਆਰ । ਆਪਣਾ ਰੱਖਾਂ ਪਰਦਾ ਓਹਲਿਆ, ਨੇਤਰ ਨੈਣ ਨਾ ਪਾਵੇ ਕੋਇ ਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਜਣਾਏ ਆਪਣੀ ਕਾਰ । ਸਾਚੀ ਕਾਰ, ਈਸਾ ਮੂਸਾ ਈਸ਼ਰ ਹਰਿ ਜਣਾਈਆ । ਜਗਦੀਸ਼ਰ ਕਰੇ ਸਚ ਵਿਹਾਰ, ਤਪੀਸ਼ਵਰ ਕੋਇ ਰਹਿਣ ਨਾ ਪਾਈਆ । ਦਰ ਦਰਵੇਸ਼ ਬਣੇ ਭਿਖਾਰ, ਦਰਦੀਆਂ ਦਰਦ ਆਪ ਵੰਡਾਈਆ । ਚੌਦਾਂ ਲੋਕਾਂ ਚਰਨਾਂ ਹੇਠ ਲਤਾੜ, ਚੌਦਾਂ ਤਬਕਾਂ ਠੋਕਰ ਦਏ ਲਗਾਈਆ । ਚਾਰੋਂ ਕੁੰਟ ਵੇਖੇ ਜੰਗਲ ਜੂਹ ਉਜਾੜ ਪਹਾੜ, ਪਰਬਤ ਟਿੱਲੇ ਫੋਲ ਫੋਲਾਈਆ । ਕਵਣ ਕਾਅਬੇ ਬੈਠਾ ਰਾਹ ਤਕੇ ਪਰਵਰਦਿਗਾਰ, ਨੇਤਰ ਨੈਣ ਨੈਣ ਉਠਾਈਆ । ਕਵਣ ਡੂੰਘੀ ਕੰਦਰ ਲੁਕਿਆ ਵਿਚ ਅੰਧਿਆਰ, ਚੌਧਵੀ ਚੰਦ ਨਾ ਕੋਇ ਚੜ੍ਹਾਈਆ । ਕਵਣ ਅਲਿਫ਼ ਕਰੇ ਦਰਕਾਰ, ਕਵਣ ਹਲਫ਼ੀਆ ਹਲਫ਼ ਉਠਾਈਆ । ਭੁਲ ਨਾ ਜਾਣਾ ਵਿਚ ਸੰਸਾਰ, ਸਾਹਿਬ ਸੁਲਤਾਨ ਰਿਹਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਮਾਰਗ ਰਿਹਾ ਲਗਾਈਆ । ਸੁਣ ਫ਼ਰਮਾਨ ਸੀਸ ਝੁਕਾਇਆ, ਨੇਤਰ ਨੈਣ ਸ਼ਰਮਾ । ਤੂੰ ਸਾਹਿਬ ਮੇਰਾ ਖ਼ੁਦਾਇਆ, ਹਉਂ ਮੰਗਾਂ ਤੇਰੀ ਪਨਾਹ । ਤੇਰਾ ਸਯਦਾ ਇਕ ਰਖਾਇਆ, ਦੋਏ ਦੋਏ ਜੋੜ ਕਰਾਂ ਸਰਨਾ । ਤੂੰ ਪਰਦਾ ਮੇਰਾ ਉਠਾਇਆ, ਜਲਵਾ ਆਪਣਾ ਨੂਰ ਧਰਾ । ਮੈਂ ਅਗਨੀ ਸੜਦਾ ਠੰਡਾ ਠਾਰ ਕਰਾਇਆ, ਆਬ ਹਯਾਤ ਪਿਆ । ਮੇਰਾ ਕਾਇਆ ਮਕਬਰਾ ਜੰਨਤ ਰੂਪ ਵਟਾਇਆ, ਦਰਸ ਤੇਰਾ ਨੂਰੀ ਏਕਾ ਪਾ । ਮੈਂ ਗਲ ਵਿਚ ਪੱਲੂ ਪਾਇਆ, ਮੇਰੇ ਬਖ਼ਸ਼ੀਂ ਸਰਬ ਗੁਨਾਹ । ਆਦਿ ਜੁਗਾਦਿ ਬਖ਼ਸ਼ੰਦੜ ਤੇਰਾ ਨਾਉਂ ਸੁਣਾਇਆ, ਤੂੰ ਸਭ ਦਾ ਸਾਂਝਾ ਪੀਰ ਖ਼ੁਦਾ । ਤੇਰੀ ਖ਼ਲਕ ਤੇਰਾ ਨਾਉਂ ਵਡਿਆਇਆ, ਮੈਂ ਬਣ ਬਣ ਰਹਿਬਰ ਤੇਰਾ ਢੋਲਾ ਦਿਆਂ ਸੁਣਾ । ਤੂੰ ਰਹਿਮਤ ਕਰ ਮੇਰੇ ਤੇ ਸਾਈਆ, ਤੇਰੀ ਰਹਿਮਤ ਮੇਰੀ ਪਕੜੇ ਬਾਂਹ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਦੇਣੀ ਠੰਡੀ ਛਾਂ । ਮੰਗੇ ਮੰਗ ਬਣ ਪੈਗ਼ੰਬਰ, ਸੀਸ ਸੀਸ ਝੁਕਾਈਆ । ਪੰਜ ਤੱਤ ਰਚਿਆ ਮੇਰਾ ਸਵੰਬਰ, ਮੇਰੀ ਆਸਾ ਤੇਰੀ ਦਾਸੀ ਦਾਸਾ ਬਣ ਬਣ ਸੇਵਕ ਸੇਵ ਕਮਾਈਆ । ਤੇਰੇ ਹੁਕਮੇ ਅੰਦਰ ਵੇਖਾਂ ਤੇਰਾ ਅਡੰਬਰ, ਵਡ ਸਾਹਿਬ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਗੁਣ ਸਮਝਾਈਆ । ਏਕਾ ਗੁਣ ਹਰਿ ਸਮਝੌਣਾ, ਈਸਾ ਮੂਸਾ ਮੰਗ ਮੰਗਾਇੰਦਾ ।

ਕਵਣ ਵੇਲਾ ਅੰਤਮ ਔਣਾ, ਦਰ ਦਰਵੇਸ਼ ਮੇਲ ਮਿਲਾਇੰਦਾ । ਕਵਣ ਕੁਟੇ ਆਸਣ ਲੌਣਾ, ਕਵਣ ਹੁਜਰਾ ਸੋਭਾ ਪਾਇੰਦਾ । ਕਵਣ ਨਗਾਰਾ ਚੋਟ ਲਗੌਣਾ, ਕਵਣ ਵੇਲਾ ਵਕਤ ਵਖਾਇੰਦਾ । ਕਵਣ ਕਲਮਾ ਨਬੀ ਰਸੂਲਾਂ ਗੌਣਾ, ਤੇਰਾ ਨਾਉਂ ਸਰਬ ਸਾਲਾਹਿੰਦਾ । ਕਵਣ ਵੇਲਾ ਵਿਛੜਿਆਂ ਮੇਲ ਮਿਲੌਣਾ, ਜਗਤ ਵਿਛੋੜਾ ਪੰਧ ਮੁਕਾਇੰਦਾ । ਕਵਣ ਵੇਲਾ ਘਰ ਮਾਹੀ ਸਾਚਾ ਪੌਣਾ, ਮਿਲਿਆ ਮੇਲ ਨਾ ਕੋਇ ਤੁੜਾਇੰਦਾ । ਏਕਾ ਅੱਖਰ ਨਿਸ਼ ਆਪਣਾ ਆਪ ਸਮਝੌਣਾ, ਹਉਂ ਅਧੀਨ ਪਰਬੀਨ ਮੰਗ ਮੰਗਾਇੰਦਾ । ਕਵਣ ਮਕਤਬ ਆਪਣਾ ਸਬਕ ਪੜ੍ਹੌਣਾ, ਕਾਗਦ ਕ਼ਲਮ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਉਂ ਸਾਚੀ ਮੰਗ ਮੰਗਾਇੰਦਾ । ਮੰਗੇ ਮੰਗ ਬਣ ਪਾਖ਼ਾਕ, ਖ਼ਾਕੀ ਖ਼ਾਕ ਮਾਣ ਗਵਾਇੰਦਾ । ਮੇਰੀ ਤ੍ਰਿਸਨਾ ਤੇਰਾ ਨਾਤ, ਤੇਰਾ ਨਾਤਾ ਮੇਰੀ ਜ਼ਾਤ, ਦੂਸਰ ਰੂਪ ਨਾ ਕੋਇ ਵਖਾਇੰਦਾ । ਤੁਧ ਬਿਨ ਅਵਰ ਨਾ ਦਿਸੇ ਕੋਇ ਵਿਚ ਕਾਇਨਾਤ, ਚਾਰੋਂ ਕੁੰਟ ਵੇਖ ਵਖਾਇੰਦਾ । ਮੇਰੀ ਉਮਤ ਤੇਰੀ ਦਾਤ, ਤੇਰੀ ਦਾਤ ਮੋਹੇ ਵਰਤਾਇੰਦਾ । ਕਵਣ ਵੇਲਾ ਦਏ ਨਿਜਾਤ, ਜਗਤ ਬੰਧਨ ਤੋੜ ਤੁੜਾਇੰਦਾ । ਚੌਦਾਂ ਤਬਕ ਰਖਾਇਆ ਹਾਟ, ਬਣ ਵਣਜਾਰਾ ਸੇਵ ਕਮਾਇੰਦਾ । ਚੌਦਾਂ ਸਦੀਆਂ ਖੱਟੀ ਖਾਟ, ਨਵ ਨੌਂ ਫੇਰਾ ਪਾਇੰਦਾ । ਚੌਧਵੀਂ ਚੰਦ ਨਾ ਦਿਸੇ ਅੰਧੇਰੀ ਰਾਤ, ਅੰਧ ਅੰਧੇਰ ਨਾ ਕੋਇ ਮਿਟਾਇੰਦਾ । ਕਰ ਕਿਰਪਾ ਕਰਨਾ ਪਾਕੀ ਪਾਕ, ਤੂੰ ਪਤਿਤ ਪੁਨੀਤ ਆਪ ਤਰਾਇੰਦਾ । ਹਉਂ ਮੰਗਾਂ ਤੇਰੀ ਖਾਟ, ਤੇਰਾ ਵਿਛੋੜਾ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਵੇਲਾ ਅੰਤਮ ਦਿਸ ਕਿਸੇ ਨਾ ਆਇੰਦਾ । ਪਾਰਬ੍ਰਹਮ ਪ੍ਰਭ ਦਇਆ ਕਮਾ, ਧੀਰਜ ਧੀਰ ਦਏ ਸਲਾਹੀਆ । ਆਦਿ ਜੁਗਾਦੀ ਬੇਪਰਵਾਹ, ਜੁਗ ਜੁਗ ਆਪਣਾ ਵੇਸ ਧਰਾਈਆ । ਕਲਜੁਗ ਅੰਤਮ ਬਣੇ ਮਲਾਹ, ਨੂਰ ਜ਼ਹੂਰ ਕਰ ਰੁਸ਼ਨਾਈਆ । ਕਾਗ਼ਜ਼ ਕਲਮ ਨਾ ਰੱਖੇ ਕੋਈ ਸ਼ਾਹ, ਜਗਤ ਵਿਦਿਆ ਨਾ ਕੋਇ ਪੜ੍ਹਾਈਆ । ਆਪਣਾ ਮਾਰਗ ਆਪੇ ਲਏ ਚਲਾ, ਦੋ ਜਹਾਨਾਂ ਫੇਰਾ ਪਾਈਆ । ਪੀਰ ਪੈਗ਼ੰਬਰ ਗੁਰ ਅਵਤਾਰਾਂ ਸਾਧਾਂ ਸੰਤਾਂ ਭਗਤਾਂ ਦੇਵੇ ਇਕ ਸਲਾਹ, ਸਲਾਹਗੀਰ ਆਪ ਹੋ ਜਾਈਆ । ਸਭ ਦਾ ਪਰਦਾ ਦਏ ਉਠਾ, ਮੁਖ ਨਕ਼ਾਬ ਨਾ ਕੋਇ ਰਖਾਈਆ । ਅਮਾਮ ਅਮਾਮਾਂ ਪਰਗਟ ਹੋਏ ਆਪ ਖ਼ੁਦਾ, ਖ਼ੁਦੀ ਸਭ ਦੀ ਦਏ ਗਵਾਈਆ । ਏਕਾ ਥਿਤ ਵਾਰ ਦਏ ਜਣਾ, ਭੁਲ ਰਹੇ ਨਾ ਰਾਈਆ । ਕਲਜੁਗ ਅੰਤਮ ਆਵੇ ਹਰਿ ਸੱਚਾ ਸ਼ਹਿਨਸ਼ਾਹ, ਨਿਹਕਲੰਕਾ ਨਾਉਂ ਰਖਾਈਆ । ਬੀਸ ਲੇਖਾ ਦਏ ਸਮਝਾ, ਇਕ ਅੱਠ ਦਏ ਵਡਿਆਈਆ । ਦੋਆ ਦੋ ਜਹਾਨਾਂ ਬਣੇ ਗਵਾਹ, ਸਿਫ਼ਰਾ ਮੂਲ ਨਾ ਕੋਇ ਰਖਾਈਆ । ਏਕਾ ਆਪਣਾ ਨੂਰ ਧਰਾ, ਅਠ ਤੱਤ ਕਰੇ ਕੁੜਮਾਈਆ । ਇਕ ਇਕੱਲਾ ਹਰਿ ਖ਼ੁਦਾ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸੱਤ ਤਬਕ ਚਰਨਾਂ ਹੇਠ ਦਬਾ, ਸੱਤਾਂ ਬਖ਼ਸ਼ੇ ਚਰਨ ਧੂੜ ਮਸਤਕ ਸੱਚੀ ਸ਼ਾਹੀਆ । ਏਕਾ ਸਾਤਾ ਮੇਲ ਮਿਲਾ, ਦਸ ਸੱਤ ਦਏ ਵਡਿਆਈਆ । ਪੰਜਾਂ ਤੱਤਾਂ ਮੂਲ ਚੁਕਾ, ਊੜਾ ਐੜਾ ਈੜੀ ਸੱਸਾ ਹਾਹਾ ਪੰਚਮ ਰੰਗ ਆਪ ਰੰਗਾਈਆ । ਹਾਹੇ ਅੱਗੇ ਕੰਨਾ ਲਾ, ਸਰਗੁਣ ਰੂਪ ਵਖਾਈਆ । ਸਭ ਦੀ ੜਾੜ ਦਏ ਮਿਟਾ, ਜਿਉਂ ਪੈਂਤੀਸ ਅੱਗੇ ੜਾੜਾ ਆਪਣਾ ਅੰਕ ਨਾ ਕੋਇ ਜਣਾਈਆ । ਈਸਾ ਮੂਸਾ ਅੰਤਮ ਲਹਿਣਾ ਦਏ ਮੁਕਾ, ਕ਼ਾਦਰ ਕਰੀਮ ਭੁਲ ਕਦੇ ਨਾ ਜਾਈਆ । ਵੇਲੇ ਅੰਤ ਚਰਨ ਦਵਾਰ ਲਏ ਬੁਲਾ, ਸਚ ਸੰਦੇਸ ਸੁਣਾਈਆ । ਧੁਰ ਫ਼ਰਮਾਨਾ ਜੋ ਦਿਤਾ ਸੁਣਾ ਤੇਰੀ ਸੇਵ ਲਗਾਈਆ । ਅੰਤਮ ਘਰ ਘਰ ਵੇਖੇ ਜਾ, ਕਵਣ ਕਰੇ ਤੇਰੀ ਪੜ੍ਹਾਈਆ । ਤੇਰੀ ਰਾਣੀ ਤੇਰੇ ਨਾਲ

ਕਰੇ ਕਵਣ ਨਿਕਾਹ, ਕਵਣ ਬੈਠੀ ਮੁਖ ਭਵਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਲੋਕਮਾਤ ਬੀਸ ਅਠਾਰਾਂ ਹਾੜ ਸਤਾਰਾਂ ਸਚ ਅਦਾਲਤ, ਲਏ ਲਗਾ, ਨਾ ਮੰਗੇ ਕੋਈ ਗਵਾਹੀਆ । ਆਪਣੇ ਗਲ ਵਿਚ ਅਲਫ਼ੀ ਪਾ, ਸਭ ਦੀ ਅਲਫ਼ੀ ਦਏ ਉਠਾਈਆ । ਦੋ ਹਰਫ਼ੀ ਗੱਲ ਦਏ ਮੁਕਾ, ਦੂਸਰ ਕਰੇ ਨਾ ਕੋਇ ਪੜ੍ਹਾਈਆ । ਫ਼ਾਰਸ਼ੀ ਅਰਬੀ ਜੋ ਲੇਖਾ ਦਿਤਾ ਲਗਾ, ਅਰਸ਼ੀ ਆਪਣੀ ਰਹਿਮਤ ਆਪ ਕਮਾਈਆ । ਆਪਣੀ ਬਰਦੀ ਆਪਣੇ ਚਰਨਾਂ ਵਿਚ ਲਏ ਬਹਾ, ਅੰਤਮ ਮੇਟੇ ਝੂਠੀ ਸ਼ਾਹੀਆ । ਚਾਰ ਕੁੰਟ ਆਪਣਾ ਨਾਅਰਾ ਦਏ ਸੁਣਾ, ਗੁਰ ਅਵਤਾਰਾਂ ਆਦਿ ਜੁਗਾਦਿ ਜੋ ਰਿਹਾ ਸੁਣਾਈਆ । ਸੋਹੰ ਰੂਪ ਬੇਪਰਵਾਹ, ਸੋ ਪੁਰਖ ਨਿਰੰਜਣ ਸੱਚਾ ਸ਼ਹਿਨਸ਼ਾਹੀਆ । ਹੰ ਰੂਪ ਮਖ਼ਲੂਕ ਵੇਖੇ ਆਪੇ ਖ਼ੁਦਾ, ਖ਼ਾਲਕ ਖ਼ਲਕ ਏਕਾ ਰੰਗ ਵਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਾਵੀ ਭਰਮ ਦਏ ਵਖਾਈਆ । ਹਰਿ ਲਗਾਏ ਸਚ ਅਦਾਲਤ, ਅਦਲੀ ਅਦਲ ਕਮਾਈਆ । ਅਬਿਨਾਸ਼ੀ ਠਾਕਰ ਕਰੇ ਵਕਾਲਤ, ਵਕੀਲ ਦਲੀਲ ਨਾ ਕੋਇ ਰਖਾਈਆ । ਪਾਰਬ੍ਰਹਮ ਪ੍ਰਭ ਬਣੇ ਸਾਲਸ, ਦੋ ਜਹਾਨਾਂ ਸੱਚਾ ਸ਼ਹਿਨਸ਼ਾਹੀਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਨਾ ਆਇਆ ਵਿਚ ਆਲਸ, ਸਭ ਦਾ ਲੇਖਾ ਆਪਣੀ ਝੋਲੀ ਰਿਹਾ ਵਖਾਈਆ । ਜੁਗਾ ਜੁਗਾਂ ਦੀ ਵੇਖੇ ਨਾਲਸ਼, ਅਭੁਲ ਭੁਲ ਕਦੇ ਨਾ ਜਾਈਆ । ਕਲਜੁਗ ਅੰਤਮ ਗੋਬਿੰਦ ਲੇਖਾ ਗੋਬਿੰਦ ਵੇਖੇ ਖ਼ਾਲਸ, ਖ਼ਾਲਸ ਆਪਣਾ ਰੂਪ ਪਰਗਟਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਲੱਖ ਚੁਰਾਸੀ ਜੀਵ ਜੰਤ ਦੁਰਮਤ ਮੈਲ ਵੇਖੇ ਕਾਲਖ, ਜਗਤ ਟਿੱਕਾ ਨਾ ਸਕੇ ਕੋਇ ਧਵਾਈਆ । ਵਿਸ਼ਨ ਬ੍ਰਹਮਾ ਸ਼ਿਵ ਇੰਦਰ ਇੰਦਰਾਸਣ ਛੱਡ ਸਿੰਘਾਸਣ ਨੇਤਰ ਨੈਣ ਛਹਿਬਰ ਕਰਨ ਬਾਰਸ਼, ਕਰੋੜ ਛਿਆਨਵੇਂ ਸੀਸ ਝੁਕਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਚਾਰ ਜੁਗ ਚਾਰ ਵੇਦ ਚਾਰ ਵਰਨ ਚਾਰ ਖਾਣੀ ਚਾਰ ਬਾਣੀ ਕਿਸੀ ਦੀ ਮੰਨੇ ਨਾ ਕੋਈ ਸਫ਼ਾਰਸ਼, ਜੁਗ ਜੁਗ ਲੇਖਾ ਸਭ ਦਾ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਏਕਾ ਧੁੰਨ ਨਾਦ ਵਜਾਈਆ । ਚਾਰ ਜੁਗ ਦਾ ਸਤਿ ਦਰਬਾਰਾ, ਸੋ ਪੁਰਖ ਨਿਰੰਜਣ ਆਪ ਲਗਾਈਆ । ਚਾਰ ਜੁਗ ਦਾ ਵੇਖ ਵਰਤਾਰਾ, ਹਰਿ ਪੁਰਖ ਨਿਰੰਜਣ ਦਇਆ ਕਮਾਈਆ । ਚਾਰ ਜੁਗ ਦਾ ਕਰ ਪਸਾਰਾ, ਏਕੰਕਾਰਾ ਵੇਸ ਵਟਾਈਆ । ਚਾਰ ਜੁਗ ਦਾ ਵੇਖ ਅਖਾੜਾ, ਆਦਿ ਨਿਰੰਜਣ ਕਰੇ ਰੁਸ਼ਨਾਈਆ । ਚਾਰ ਜੁਗ ਦੀ ਹਾਹਾਕਾਰਾ, ਸ੍ਰੀ ਭਗਵਾਨ ਕਰੇ ਸ਼ਨਵਾਈਆ । ਚਾਰ ਜੁਗ ਦਾ ਮੇਟੇ ਵਿਭਚਾਰਾ, ਅਬਿਨਾਸ਼ੀ ਕਰਤਾ ਹੋਏ ਸਹਾਈਆ । ਚਾਰ ਜੁਗ ਦਾ ਲੇਖਾ ਜਾਣੇ ਗੁਰ ਅਵਤਾਰਾ, ਪਾਰਬ੍ਰਹਮ ਬੇਪਰਵਾਹੀਆ । ਨਿਰਗੁਣ ਸਰਗੁਣ ਕਰੇ ਖੇਲ ਆਪ ਅਪਾਰਾ, ਲੋਕਮਾਤ ਵੱਜੀ ਵਧਾਈਆ । ਬੀਸ ਬਿਕ੍ਰਮੀ ਸੰਨ ਅਠਾਰਾਂ ਹਾੜ ਸਤਾਰਾਂ ਕਰੇ ਵਿਹਾਰਾ, ਬਿਉਹਾਰੀ ਆਪਣਾ ਵਿਵਹਾਰ ਵਖਾਈਆ । ਸੱਚਾ ਹੁਕਮ ਸੱਚਾ ਵਰਤਾਰਾ, ਸੱਚਾ ਸ਼ਹਿਨਸ਼ਾਹ ਸਾਚੀ ਖੇਲ ਆਪ ਕਰਾਈਆ । ਚਾਰ ਜੁਗ ਬੇਅੰਤ ਬੇਅੰਤ ਬੇਅੰਤ ਜਿਸ ਨੂੰ ਕਹਿ ਕਹਿ ਗਏ ਪੁਕਾਰਾ, ਸੋ ਆਪਣਾ ਭੇਵ ਆਪ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ ।

★ ੧੭ ਹਾੜ ੨੦੧੮ ਬਿਕ੍ਰਮੀ ਦਰਬਾਰ ਵਿਚ ਦਇਆ ਹੋਈ ਜੇਠੂਵਾਲ ★

ਸੋ ਪੁਰਖ ਨਿਰੰਜਣ ਅਗੰਮ ਅਪਾਰਾ, ਆਦਿ ਆਦਿ ਬੇਪਰਵਾਹੀਆ । ਹਰਿ ਪੁਰਖ ਨਿਰੰਜਣ ਹੋ ਉਜਿਆਰਾ, ਰੂਪ ਅਨੂਪ ਆਪ ਧਰਾਈਆ । ਏਕੰਕਾਰਾ ਕਰ ਪਸਾਰਾ, ਆਪ ਆਪਣਾ ਵੇਸ ਵਟਾਈਆ । ਆਦਿ ਨਿਰੰਜਣ ਜੋਤ ਜੋਤੀ ਧਾਰਾ, ਨਿਰਾਕਾਰ ਆਪ ਅਖਵਾਈਆ । ਅਬਿਨਾਸ਼ੀ ਕਰਤਾ ਅਲਖ ਅਲਖਨਾ ਬੋਲ ਜੈਕਾਰਾ, ਆਪਣਾ ਨਾਅਰਾ ਆਪ ਲਗਾਈਆ । ਸ੍ਰੀ ਭਗਵਾਨ ਠਾਂਡਾ ਦਰਬਾਰਾ, ਦਰ ਘਰ ਸਾਚਾ ਆਪ ਸੁਹਾਈਆ । ਪਾਰਬ੍ਰਹਮ ਪ੍ਰਭ ਹੋ ਤਿਆਰਾ, ਆਪਣਾ ਰੰਗ ਆਪ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਪਰਕਾਸ਼ ਆਪ ਪਰਗਟਾਈਆ । ਸਚ ਪਰਕਾਸ਼ ਹਰਿ ਨਿਰੰਕਾਰਾ, ਨਿਰਗੁਣ ਨਿਰਾਕਾਰ ਆਪ ਕਰਾਇੰਦਾ । ਆਪਣੀ ਉਪਾਈ ਆਪੇ ਧਾਰਾ, ਆਪ ਆਪਣਾ ਵੇਖ ਵਖਾਇੰਦਾ । ਆਪਣੀ ਇਛਿਆ ਬਣ ਭੰਡਾਰਾ, ਸਚ ਵਰਤਾਰਾ ਆਪ ਹੋ ਜਾਇੰਦਾ । ਸਾਚੀ ਵਸਤ ਵਸਤ ਹਰਿ ਥਾਰਾ, ਅਨਦ੍ਰਿਸ਼ਟ ਆਪ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਲ ਆਪ ਰਖਾਇੰਦਾ । ਆਪੇ ਕਰੇ ਆਪਣੀ ਕਲ, ਅਕਲ ਕਲ ਬੇਪਰਵਾਹੀਆ । ਆਪਣਾ ਧਾਮ ਵਖਾਏ ਅਟੱਲ, ਅਚੱਲ ਵਡੀ ਵਡਿਆਈਆ । ਆਪਣਾ ਆਸਣ ਆਪੇ ਮੱਲ, ਸਚ ਸਿੰਘਾਸਣ ਦਏ ਸਾਲਾਹੀਆ । ਆਪਣੇ ਨੂਰ ਆਪੇ ਰਲ, ਜੋਤੀ ਜੋਤ ਜੋਤ ਜਗਾਈਆ । ਆਪਣੇ ਦੀਪਕ ਆਪੇ ਬਲ, ਆਪੇ ਕਰੇ ਸਚ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਆਪਣੀ ਖੇਲ ਖਿਲਾਈਆ । ਆਦਿ ਪੁਰਖ ਹਰਿ ਖੇਲ ਖਿਲਾਇਆ, ਖੇਲਣਹਾਰ ਇਕ ਇਕੱਲਾ । ਰੂਪ ਰੰਗ ਨਾ ਕੋਇ ਜਣਾਇਆ, ਵਸਿਆ ਸਚ ਮਹੱਲਾ । ਮਾਤ ਪਿਤ ਨਾ ਕੋਇ ਬਣਾਇਆ, ਆਪਣਾ ਫੜਿਆ ਆਪੇ ਪੱਲਾ । ਸਾਚਾ ਮੰਦਰ ਇਕ ਸੁਹਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਹੋਇਆ ਅਛਲ ਅਛੱਲਾ । ਅਛਲ ਅਛੱਲ ਖੇਲ ਨਿਰੰਕਾਰ, ਅਚਰਜ ਰਚਨਾ ਆਪ ਰਚਾਈਆ । ਆਪਣੀ ਇਛਿਆ ਭਰ ਭੰਡਾਰ, ਵਸਤ ਅਮੋਲ ਆਪ ਵਰਤਾਈਆ । ਦੇਵਣਹਾਰਾ ਬਣ ਵਰਤਾਰ, ਦਾਨੀ ਆਪਣਾ ਨਾਉਂ ਰਖਾਈਆ । ਆਪੇ ਬਾਢੀ ਬਣ ਕਰਤਾਰ, ਆਪਣੀ ਰਚਨਾ ਆਪ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਆਪਣਾ ਘਾੜਨ ਲਏ ਘੜਾਈਆ । ਆਦਿ ਪੁਰਖ ਹਰਿ ਘਾੜਨ ਘੜਤ, ਘੜਨਹਾਰਾ ਆਪ ਘੜਾਇੰਦਾ । ਆਪੇ ਜਾਣੇ ਆਪਣੀ ਜੜਤ, ਦੂਸਰ ਸੰਗ ਨਾ ਕੋਇ ਰਖਾਇੰਦਾ । ਆਪਣੀ ਕਰ ਆਪੇ ਕਿਰਤ, ਕਰਤਾ ਪੁਰਖ ਆਪ ਹੋ ਜਾਇੰਦਾ । ਆਪਣੀ ਕਰਵਟ ਆਪੇ ਪਰਤ, ਆਪ ਆਪਣਾ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਆਪਣਾ ਘਰ ਸੁਹਾਇੰਦਾ । ਆਦਿ ਪੁਰਖ ਹਰਿ ਏਕਾ ਘਰ, ਧੁਰ ਦਰਬਾਰਾ ਆਪ ਸੁਹਾਈਆ । ਨਿਰਗੁਣ ਨਿਰਵੈਰ ਨਿਰਾਕਾਰ ਪੁਰਖ ਅਕਾਲ ਅੰਦਰ ਬੈਠਾ ਵੜ, ਰੂਪ ਰੰਗ ਨਾ ਰੇਖ ਕੋਇ ਜਣਾਈਆ । ਆਪਣੇ ਪੌੜੇ ਆਪੇ ਚੜ੍ਹ, ਸਚ ਮਹੱਲਾ ਦਏ ਵਸਾਈਆ । ਆਪਣੇ ਦਵਾਰ ਆਪੇ ਖੜ, ਆਪੇ ਲੇਵਣਹਾਰ ਅੰਗੜਾਈਆ । ਆਪਣੀ ਕਰਨੀ ਆਪੇ ਕਰ, ਕਰੇ ਖੇਲ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮੰਦਰ ਆਪ ਉਪਾਈਆ । ਹਰਿ ਹਰਿ ਮੰਦਰ ਏਕਾ ਖੰਡ, ਸਚ ਸਚ ਬਣਾਇਆ । ਅਕਾਲ ਅਕਾਲ ਵੰਡੀ ਵੰਡ, ਵੰਡਣਹਾਰ ਆਪ ਅਖਵਾਇਆ । ਵਿਚ ਰਖਾਇਆ ਆਪਣਾ ਅਨੰਦ, ਅਨੰਦ ਰੂਪ ਆਪ ਹੋ ਜਾਇਆ । ਚਾਰੋਂ ਕੁੰਟ

੭੮੩
੧੦

ਨਾ ਕੋਈ ਕੰਧ, ਜਿਸ ਘਰ ਆਪਣਾ ਆਪ ਉਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮੰਦਰ ਆਪ ਵਡਿਆਇਆ । ਸਾਚਾ ਮੰਦਰ ਸੋਭਾਵੰਤ, ਸੋ ਪੁਰਖ ਨਿਰੰਜਣ ਇਕ ਬਣਾਈਆ । ਸਚ ਦਵਾਰੇ ਬੈਠਾ ਇਕ ਇਕੰਤ, ਅਕਲ ਕਲ ਆਪਣੀ ਖੇਲ ਖਿਲਾਈਆ । ਆਪਣੀ ਇਛਿਆ ਆਪੇ ਬਣਿਆ ਮੰਗਤ, ਬਣ ਭਿਖਾਰੀ ਝੋਲੀ ਅੱਗੇ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰ ਆਪ ਸਮਝਾਈਆ । ਸਚ ਦਵਾਰ ਕਰ ਤਿਆਰ, ਨਿਰਗੁਣ ਨਿਰਗੁਣ ਵੇਖ ਵਖਾਇੰਦਾ । ਆਪਣੇ ਅੰਦਰ ਫਿਰੇ ਆਪਣੀ ਵਾਰ, ਚਾਰ ਦੀਵਾਰ ਨਾ ਕੋਇ ਬਣਾਇੰਦਾ । ਨਿਰਗੁਣ ਜੋਤੀ ਕਰ ਉਜਿਆਰ, ਨੂਰੋ ਨੂਰ ਡਗਮਗਾਇੰਦਾ । ਅਗੰਮ ਅਗੰਮੜਾ ਕਰ ਪਸਾਰ, ਅਲਖ ਅਲਖਨਾ ਵੇਖ ਵਖਾਇੰਦਾ । ਨਾ ਕੋਈ ਦੂਸਰ ਦਿਸੇ ਧਾਰ, ਧਾਰ ਧਾਰ ਵਿਚ ਸਮਾਇੰਦਾ । ਆਪਣਾ ਬਲ ਇਕ ਵਿਚਾਰ, ਆਪੇ ਵੇਖ ਵਖਾਇੰਦਾ । ਇਕ ਇਕੱਲਾ ਹੋ ਤਿਆਰ, ਸਚ ਮਹੱਲਾ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਇਛਿਆ ਆਪ ਵਖਾਇੰਦਾ । ਇਕ ਇਕੱਲਾ ਇਛਿਆ ਰੱਖ, ਆਪਣੀ ਇਛਿਆ ਆਪ ਪਰਗਟਾਈਆ । ਨਿਰਗੁਣ ਹੋਇਆ ਘਰ ਪਰਤਖ, ਘਰ ਨਿਰਗੁਣ ਵੱਜੇ ਵਧਾਈਆ । ਆਪੇ ਮੇਲਾ ਆਪੇ ਵੱਖ, ਵਿਛੋੜਾ ਬੰਧਨ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਦਾਤ ਆਪ ਜਣਾਈਆ । ਆਪਣੀ ਦਾਤ ਹਰਿ ਕਰਤਾਰ, ਆਪੇ ਬੂਝ ਬੁਝਾਇੰਦਾ । ਰੂਪ ਰੰਗ ਤੋਂ ਵਸਾ ਬਾਹਰ, ਰੇਖ ਭੇਖ ਨਾ ਕੋਇ ਵਟਾਇੰਦਾ । ਆਪਣਾ ਬਲ ਆਪੇ ਰੱਖੇ ਸੰਭਾਲ, ਦੂਸਰ ਜ਼ੋਰ ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਖਿਲਾਇੰਦਾ । ਆਪਣਾ ਬਲ ਆਪੇ ਕਰ, ਆਪਣੀ ਦਇਆ ਕਮਾਈਆ । ਕਵਣ ਦਵਾਰਾ ਵਸਾ ਘਰ, ਕਵਣ ਦਰ ਮਿਲੇ ਵਡਿਆਈਆ । ਇਕ ਇਕੱਲਾ ਨਿਰਭੌ ਹੋਏ ਭੈ ਨਾ ਰੱਖਾ ਕੋਈ ਡਰ, ਬੇਪਰਵਾਹ ਰੂਪ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਈਆ । ਸਾਚਾ ਹੁਕਮ ਹਰਿ ਨਿਰੰਕਾਰਾ, ਆਪਣਾ ਆਪ ਜਣਾਇੰਦਾ । ਮੇਰਾ ਸੋਹੇ ਸਚ ਦਵਾਰਾ, ਘਰ ਸਾਚਾ ਆਪ ਬਣਾਇੰਦਾ । ਇਕ ਇਕੱਲਾ ਵਸਣਹਾਰਾ ਸਚ ਮਹੱਲਾ ਕਰੇ ਖੇਲ ਅਗੰਮ ਅਪਾਰਾ, ਅਗੰਮ ਆਪਣੀ ਚਾਲ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਆਪ ਰੰਗਾਇੰਦਾ । ਆਪਣਾ ਰੰਗ ਰੰਗੇ ਭਗਵਾਨਾ, ਆਪਣੀ ਦਇਆ ਆਪ ਕਮਾਈਆ । ਮੇਰਾ ਉਪਜੇ ਸਚ ਨਿਸ਼ਾਨਾ, ਮੈਂ ਵੇਖਾਂ ਚਾਈਂ ਚਾਈਆ । ਮੈਂ ਧਰਾਂ ਰੂਪ ਮਰਦ ਮਰਦਾਨਾ, ਆਪ ਆਪਣਾ ਬਲ ਵਖਾਈਆ । ਮੈਂ ਵਸਾਂ ਸਚ ਮਕਾਨਾ, ਸਚਖੰਡ ਹੋਏ ਰੁਸ਼ਨਾਈਆ । ਮੈਂ ਹੋਵਾਂ ਨੌਜਵਾਨਾ, ਜੋਬਨ ਆਪਣਾ ਆਪ ਹੰਢਾਈਆ । ਮੈਂ ਬਣਾਂ ਸਚ ਸੁਲਤਾਨਾ, ਸ਼ਾਹ ਸੁਲਤਾਨ ਨਾਉਂ ਰਖਾਈਆ । ਮੈਂ ਪਹਿਰਾਂ ਆਪਣਾ ਬਾਣਾ, ਨਿਰਬਾਣ ਮੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਜਣਾਈਆ । ਆਪਣਾ ਹੁਕਮ ਧੁਰ ਫ਼ਰਮਾਨਾ, ਧੁਰ ਦਰਬਾਰੀ ਆਪ ਜਣਾਇੰਦਾ । ਸ਼ਾਹੋ ਭੂਪ ਬਣ ਹਰਿ ਸਾਚਾ ਰਾਣਾ, ਸ਼ਾਹ ਪਾਤਸ਼ਾਹ ਨਾਉਂ ਧਰਾਇੰਦਾ । ਮੈਂ ਸਾਚਾ ਤਖ਼ਤ ਸੁਹਾਨਾ, ਤਖ਼ਤ ਨਿਵਾਸੀ ਆਪ ਅਖਵਾਇੰਦਾ । ਮੈਂ ਚਲਾਂ ਆਪਣੇ ਭਾਣਾ, ਸਾਚਾ ਭਾਣਾ ਆਪ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਦਰ ਆਪ ਸੁਹਾਇੰਦਾ । ਸਾਚਾ ਮੰਦਰ ਸੋਭਾ ਸੋਹੇ, ਸੋ ਪੁਰਖ ਨਿਰੰਜਣ ਆਪ ਸੁਹਾਈਆ । ਹਰਿ ਪੁਰਖ ਨਿਰਜੰਣ ਆਪਣਾ ਨੂਰ ਕਰੇ ਲੋਏ,

੭੮੪ ੧੦

ਪਰਕਾਸ਼ ਪਰਕਾਸ਼ ਵਿਚ ਟਿਕਾਈਆ । ਏਕੰਕਾਰਾ ਆਪਣੇ ਦਰ ਆਪੇ ਲੈ ਆਏ ਢੋਏ, ਦਰ ਘਰ ਸਾਚਾ ਸਗਨ ਮਨਾਈਆ । ਆਦਿ ਨਿਰੰਜਣ ਆਪਣੇ ਜੇਹਾ ਆਪੇ ਹੋਏ, ਆਪ ਆਪਣਾ ਰੂਪ ਧਰਾਈਆ । ਅਬਿਨਾਸ਼ੀ ਕਰਤਾ ਆਪੇ ਜਾਣੇ ਆਪਣੀ ਸੋਏ, ਹੁਕਮ ਹਾਕਮ ਆਪ ਸੁਣਾਈਆ । ਸ੍ਰੀ ਭਗਵਾਨ ਆਪਣੀ ਸੇਜਾ ਆਪੇ ਸੋਹੇ, ਸਾਚੇ ਤਖ਼ਤ ਆਪੇ ਆਸਣ ਲਾਈਆ । ਪਾਰਬ੍ਰਹਮ ਆਪ ਆਪਣਾ ਆਪਣੇ ਉਤੇ ਮੋਹੇ, ਆਪ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚਾ ਆਪ ਸੁਹਾਈਆ । ਦਰ ਘਰ ਸਚ ਸੁਹਾਇਆ, ਸੋ ਪੁਰਖ ਨਿਰੰਜਣ ਮਿਹਰਵਾਨ । ਸਚਖੰਡ ਆਸਣ ਆਪ ਲਗਾਇਆ, ਪਾਰਬ੍ਰਹਮ ਪ੍ਰਭ ਨੌਜਵਾਨ । ਆਪਣੀ ਇਛਿਆ ਆਪ ਪਰਗਟਾਇਆ, ਆਪੇ ਵੇਖੇ ਮਾਰ ਧਿਆਨ । ਇਕ ਇਕੱਲਾ ਏਕਾ ਘਰ ਬੈਠਾ ਡੇਰਾ ਲਾਇਆ, ਨਿਰਗੁਣ ਰੂਪ ਨੌਜਵਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਉਪਰ ਹੋਇਆ ਆਪ ਮਿਹਰਵਾਨ । ਮਿਹਰਵਾਨ ਹੋਇਆ ਨਿਰੰਕਾਰ, ਆਪਣੀ ਦਇਆ ਆਪ ਕਮਾਈਆ । ਸਚ ਸਿੰਘਾਸਣ ਕਰ ਤਿਆਰ, ਪੁਰਖ ਅਬਿਨਾਸ਼ਨ ਆਸਣ ਲਾਈਆ । ਸ਼ਾਹ ਪਾਤਸ਼ਾਹ ਬਣ ਸਾਚਾ ਦਾਤਾਰ, ਰਾਜਨ ਰਾਜ ਵਡ ਵਡਿਆਈਆ । ਹੁਕਮੀ ਹੁਕਮ ਧੁਰ ਫ਼ਰਮਾਨਾ, ਤਖ਼ਤ ਨਿਵਾਸੀ ਆਪ ਸੁਣਾਈਆ । ਆਦਿ ਜੁਗਾਦਿ ਵਰਤੇ ਭਾਣਾ, ਭਾਣਾ ਮੇਰਾ ਮੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਤਖ਼ਤ ਇਕ ਬਣਾਈਆ । ਸਾਚਾ ਤਖ਼ਤ ਤਖ਼ਤ ਨਿਵਾਸਾ, ਸ਼ਾਹ ਪਾਤਸ਼ਾਹ ਇਕ ਬਣਾਇੰਦਾ । ਆਪ ਸੁਹਾਏ ਪੁਰਖ ਅਬਿਨਾਸ਼ਾ, ਅਬਿਨਾਸ਼ੀ ਕਰਤਾ ਡੇਰਾ ਲਾਇੰਦਾ । ਆਦਿ ਜੁਗਾਦਿ ਨਾ ਕਦੇ ਵਿਨਾਸਾ, ਏਕਾ ਨੂਰ ਨੂਰ ਡਗਮਗਾਇੰਦਾ । ਆਪਣੇ ਅੰਤਰ ਕਰ ਕਰ ਵਾਸਾ, ਆਪ ਆਪਣੀ ਖੇਲ ਖਿਲਾਇੰਦਾ । ਆਪਣਾ ਦੇਵੇ ਸਚ ਭਰਵਾਸਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਖਿਲਾਇੰਦਾ । ਸਚਖੰਡ ਦਵਾਰ ਖੇਲ ਅਪਾਰਾ, ਧੁਰ ਦਰਬਾਰਾ ਆਪ ਕਰਾਈਆ । ਆਪਣੀ ਇਛਿਆ ਕਰ ਵਿਚਾਰਾ, ਸਾਚੀ ਭਿਛਿਆ ਪਾਏ ਬਣ ਵਰਤਾਰਾ, ਏਕਾ ਵੰਡਣ ਵੰਡ ਵੰਡਾਈਆ । ਜੋਤੀ ਜੋਤ ਕਰ ਪਸਾਰਾ, ਜੋਤੀ ਜੋਤ ਦਏ ਹੁਲਾਰਾ, ਨੂਰੋ ਨੂਰ ਨੂਰ ਧਰਾਈਆ । ਆਪੇ ਬਣ ਕੰਤ ਭਤਾਰਾ, ਨਾਰੀ ਜੋਤ ਜੋਤ ਕਰੀ ਪਿਆਰਾ, ਏਕਾ ਮੰਦਰ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਆਪਣਾ ਰੰਗ ਵਖਾਈਆ । ਆਪੇ ਪੁਰਖ ਆਪੇ ਨਾਰੀ, ਜੋਤੀ ਜਾਤਾ ਖੇਲ ਖਿਲਾਇੰਦਾ । ਕਰੇ ਖੇਲ ਸਚਖੰਡ ਦਵਾਰੀ, ਖੰਡ ਸਚ ਦਵਾਰ ਆਪ ਸੁਹਾਇੰਦਾ । ਲੇਖਾ ਜਾਣੇ ਧੁਰ ਦਰਬਾਰੀ, ਧੁਰ ਦਾ ਭੇਵ ਕੋਇ ਨਾ ਪਾਇੰਦਾ । ਪਰਗਟ ਹਰਿ ਜੋਤ ਨਿਰੰਕਾਰੀ, ਪੁਰਖ ਅਕਾਲ ਆਪ ਪਰਨਾਇੰਦਾ । ਸੌਹਰੇ ਪੇਈਏ ਆਵੇ ਜਾਵੇ ਆਪਣੀ ਵਾਰੀ, ਦੂਸਰ ਪੰਧ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਆਪਣਾ ਰੰਗ ਰੰਗਾਇੰਦਾ । ਆਦਿ ਪੁਰਖ ਹਰਿ ਰੰਗਿਆ ਰੰਗ, ਰੰਗ ਆਪਣਾ ਆਪ ਚੜ੍ਹਾਇਆ । ਸਚਖੰਡ ਸੁਹਾਏ ਇਕ ਪਲੰਘ, ਸਚ ਸਿੰਘਾਸਣ ਸੋਭਾ ਪਾਇਆ । ਨਾਰੀ ਕੰਤ ਮੰਗੇ ਮੰਗ, ਮੰਗਣ ਮੰਗ ਇਕ ਵਖਾਇਆ । ਮੇਰੇ ਗ੍ਰਿਹ ਆਪੇ ਲੰਘ, ਤਿਰੀਆ ਤਰੀਮਤ ਵੇਖ ਵਖਾਇਆ । ਤੇਰਾ ਮੇਰਾ ਪਰਦਾ ਏਕਾ ਨੰਗ, ਤੂੰ ਦਾਤਾ ਸੱਚਾ ਸ਼ਹਿਨਸ਼ਾਹਿਆ । ਤੂੰ ਸਾਹਿਬ ਸੂਰਾ ਸਰਬੰਗ, ਹਉਂ ਸੇਵਕ ਸੇਵ ਕਮਾਇਆ । ਮੈਂ ਮੰਗਾਂ ਤੇਰਾ ਅਨੰਦ, ਅਨੰਦ ਤੇਰਾ ਰੂਪ ਦਰਸਾਇਆ । ਤੂੰ ਬਣਨਾ ਸਦਾ ਬਖ਼ਸ਼ੰਦ, ਬਖ਼ਸ਼ਸ਼ ਤੇਰੇ ਹੱਥ ਵਡਿਆਇਆ । ਜੋਤੀ ਜੋਤ ਸਰੂਪ ਹਰਿ,

੭੮੫ ੧੦

ਆਪ ਆਪਣੀ ਕਿਰਪਾ ਕਰ, ਜੋਤੀ ਨਾਰ ਜੋਤ ਪਰਨਾਇਆ । ਆਪੇ ਕੰਤ ਭਤਾਰ ਪੁਰਖ ਅਕਾਲਾ, ਆਪਣੀ ਖੇਲ ਆਪ ਖਿਲਾਇੰਦਾ । ਨਰ ਨਰਾਇਣ ਦੀਨ ਦਿਆਲਾ, ਦਇਆ ਨਿਧ ਰੂਪ ਵਟਾਇੰਦਾ । ਸਚਖੰਡ ਦਵਾਰ ਚਲੇ ਅਵਲੜੀ ਚਾਲਾ ਭੇਵ ਕੋਇ ਨਾ ਪਾਇੰਦਾ । ਇਕ ਸੁਹਾਏ ਸੱਚੀ ਧਰਮਸਾਲਾ, ਧਰਮ ਦਵਾਰ ਇਕ ਵਡਿਆਇੰਦਾ । ਆਪਣੀ ਕਰੇ ਆਪ ਪ੍ਰਿਤਪਾਲਾ, ਪ੍ਰਿਤਪਾਲਕ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੂਪ ਆਪ ਵਖਾਇੰਦਾ । ਨਾਰੀ ਕੰਤ ਰੂਪ ਵਟਾਇਆ, ਨਿਰਗੁਣ ਨਿਰਾਕਾਰ । ਸਾਚੀ ਸੇਜਾ ਆਪ ਹੰਢਾਇਆ, ਕਰ ਕਰ ਸਚ ਪਿਆਰ । ਜੋਤੀ ਜੋਤ ਮੇਲ ਮਿਲਾਇਆ, ਏਕਾ ਮੰਦਰ ਖੋਲ੍ਹ ਕਿਵਾੜ । ਏਕਾ ਗੋਦੀ ਦਏ ਸੁਹਾਇਆ, ਕਿਰਪਾ ਕਰ ਆਪ ਕਰਤਾਰ । ਸਾਚੀ ਜਨਨੀ ਬਣ ਬਣ ਸੇਵ ਕਮਾਇਆ, ਦਾਈ ਦਾਇਆ ਹੋ ਤਿਆਰ । ਪੂਤ ਸਪੂਤਾ ਏਕਾ ਜਾਇਆ, ਸ਼ਬਦੀ ਸ਼ਬਦ ਸੁਤ ਦੁਲਾਰ । ਬਾਲ ਅਵਾਣਾ ਆਪ ਉਠਾਇਆ, ਪੁਰਖ ਅਬਿਨਾਸ਼ੀ ਸੁਰਤ ਸੰਭਾਲ । ਮੂਰਤ ਅਕਾਲ ਰੰਗ ਰੰਗਾਇਆ, ਜੋਤੀ ਜੋਤ ਜੋਤ ਬੇਮਿਸਾਲ । ਆਪਣਾ ਤੂਰਤ ਨਾਦ ਵਜਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਹੋਏ ਸਾਹਿਬ ਦਿਆਲ । ਸੁਤ ਦੁਲਾਰ ਉਠਾਇਆ, ਕਰ ਕਿਰਪਾ ਗੁਣ ਨਿਧਾਨ । ਸਾਚੇ ਚਰਨ ਆਪ ਬਹਾਇਆ, ਪੂਤ ਸਪੂਤਾ ਬਾਲ ਅਵਾਣ । ਧੁਰ ਫ਼ਰਮਾਨਾ ਆਪ ਜਣਾਇਆ, ਦੇਵਣਹਾਰਾ ਦੇਵੇ ਧੁਰ ਫ਼ਰਮਾਨ । ਹੁਕਮ ਹਾਕਮ ਇਕ ਰਖਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਹੋਇਆ ਜਾਣੀ ਜਾਣ । ਜਾਣੀ ਜਾਣ ਹਰਿ ਜਾਣਿਆ, ਜਾਨਣਹਾਰ ਗੋਪਾਲ । ਆਪਣਾ ਰੰਗ ਆਪੇ ਮਾਣਿਆ, ਕਰੇ ਖੇਲ ਆਪ ਕਿਰਪਾਲ । ਆਪੇ ਵਰਤੇ ਆਪਣੇ ਭਾਣਿਆ, ਭਾਣਾ ਜਾਣੇ ਦੀਨ ਦਿਆਲ । ਆਪ ਉਪਾਏ ਬਾਲ ਅਵਾਣਿਆ, ਬਾਲ ਬਾਲਾ ਸੁਤ ਸ਼ਬਦੀ ਸ਼ਬਦ ਏਕਾ ਲਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਚਲੇ ਆਪਣੀ ਚਾਲ । ਚਾਲ ਨਿਰਾਲੀ ਰੱਖਦਾ, ਆਦਿ ਪੁਰਖ ਬੇਪਰਵਾਹ । ਸਚਖੰਡ ਦਵਾਰੇ ਆਪੇ ਵਸਦਾ, ਸਾਚੇ ਤਖ਼ਤ ਬੈਠ ਸੱਚਾ ਸ਼ਹਿਨਸ਼ਾਹ । ਸੀਸ ਤਾਜ ਏਕਾ ਰੱਖਦਾ, ਆਪ ਆਪਣੀ ਜੜਤ ਜੜਾ । ਕਰੇ ਖੇਲ ਅਲਖਨਾ ਅਲਖ ਦਾ, ਲੇਖਾ ਲਿਖ ਸਕੇ ਕੋਈ ਨਾ । ਕਰਿਆ ਵੇਸ ਪੁਰਖ ਸਮਰਥ ਦਾ, ਪੁਰਖ ਸਮਰਥ ਸੱਚਾ ਸ਼ਹਿਨਸ਼ਾਹ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸੁਤ ਲਏ ਸਮਝਾ । ਸੁਤ ਸਮਝਾਇਆ ਕਿਰਪਾਨਿਧ, ਆਪਣਾ ਹੁਕਮ ਸੁਣਾਇਆ । ਆਪ ਜਣਾਏ ਆਪਣੀ ਬਿਧ, ਆਪਣਾ ਭੇਵ ਖੁਲ੍ਹਾਇਆ । ਤੇਰਾ ਕਾਰਜ ਕਰੇ ਸਿੱਧ, ਸੀਸ ਜਗਦੀਸ ਹੱਥ ਟਿਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਸੇਵਾ ਆਪ ਲਗਾਇਆ । ਸੇਵਕ ਸੇਵਾ ਲਾਏ ਸਾਜਣ, ਸੁਤ ਮੀਤ ਪਿਆਰ ਪਿਆਰ । ਦੇਵੇ ਹੁਕਮ ਭੂਪ ਬਣ ਰਾਜਨ, ਸ਼ਾਹ ਪਾਤਸ਼ਾਹ ਸੱਚੀ ਸਰਕਾਰ । ਆਪਣੀ ਰਚਨਾ ਆਪੇ ਕਾਜਨ, ਬਣਨਾ ਦਰ ਦਰਵੇਸ਼ ਵਣਜਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਵਸਤ ਹਰਿ ਥਾਰ । ਵਸਤ ਅਮੋਲਕ ਸਾਚੀ ਦਾਤ, ਸ਼ਬਦੀ ਸੁਤ ਹਰਿ ਝੋਲੀ ਪਾਈਆ । ਤੇਰੀ ਮੇਰੀ ਏਕਾ ਜ਼ਾਤ, ਮੇਰਾ ਨਾਉਂ ਤੇਰੀ ਵਡਿਆਈਆ । ਮੇਰਾ ਖ਼ਜ਼ਾਨਾ ਤੇਰਾ ਖਾਤ, ਤੇਰੀ ਵੰਡਣ ਮੇਰੇ ਅੰਕ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਗੁਣ ਦਏ ਵਖਾਈਆ । ਸ਼ਬਦ ਸੁਤ ਹਰਿ ਗੁਣ ਜਣਾਇਆ, ਆਪ ਆਪਣੀ ਕਿਰਪਾ ਧਾਰ । ਸੋ ਪੁਰਖ ਨਿਰੰਜਣ ਹਰ ਘਟ ਆਪਣਾ ਆਸਣ ਲਾਇਆ, ਤੇਰਾ ਰਚਿਆ ਆਪ ਮਨਾਰ । ਆਪਣੀ ਇਛਿਆ ਤੇਰਾ ਗੁਣ

੭੮੬
੧੦

ਵਖਾਇਆ, ਤੇਰਾ ਤੱਤ ਨਾ ਕੋਇ ਆਕਾਰ । ਸਾਚੀ ਸਿਖਿਆ ਦਏ ਸਮਝਾਇਆ, ਭੁਲ ਨਾ ਜਾਣਾ ਬਣ ਨਾਦਾਨ । ਤੇਰੀ ਸੇਵਾ ਇਕ ਲਗਾਇਆ, ਦੇਵਾਂ ਧੁਰ ਫ਼ਰਮਾਨ । ਸਾਚਾ ਤਖ਼ਤ ਦਿਆਂ ਵਖਾਇਆ, ਝੁੱਲੇ ਸਚ ਨਿਸ਼ਾਨ । ਪੁਰਖ ਅਬਿਨਾਸ਼ੀ ਡੇਰਾ ਲਾਇਆ, ਆਦਿ ਜੁਗਾਦੀ ਨੌਜਵਾਨ । ਸਾਚਾ ਛਤਰ ਸੀਸ ਝੁਲਾਇਆ, ਨਾ ਕੋਈ ਦਿਸੇ ਦਰ ਦਰਬਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਦੁਲਾਰੇ ਦੇਵੇ ਮਾਣ । ਸੁਤ ਦੁਲਾਰੇ ਬਖ਼ਸ਼ੇ ਮਾਣ, ਪੁਰਖ ਅਬਿਨਾਸ਼ੀ ਦਇਆ ਕਮਾਈਆ । ਏਕਾ ਬਖ਼ਸ਼ਾਂ ਚਰਨ ਧਿਆਨ, ਕਵਲ ਚਰਨ ਵਡੀ ਵਡਿਆਈਆ । ਸਚਖੰਡ ਆਸਣ ਥਿਰ ਘਰ ਚਰਨ ਕਵਲ ਰੱਖਾਂ ਆਣ, ਕਵਲ ਕਵਲ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਆਪ ਚੁਕਾਈਆ । ਹਰਿ ਪਰਦਾ ਸਚ ਚੁਕਾਇੰਦਾ, ਦੇਵੇ ਧੁਰ ਫ਼ਰਮਾਨਾ । ਸਚਖੰਡ ਆਪਣਾ ਆਸਣ ਲਾਇੰਦਾ, ਝੁਲਾਵੇ ਸਚ ਨਿਸ਼ਾਨਾ । ਸੀਸ ਏਕਾ ਤਾਜ ਟਿਕਾਇੰਦਾ, ਸ਼ਾਹੋ ਭੂਪ ਬਣ ਸੁਲਤਾਨਾ । ਧੁਰ ਫ਼ਰਮਾਨ ਇਕ ਰਖਾਇੰਦਾ, ਸ਼ਬਦ ਅਨਾਦੀ ਨਾਦ ਤਾਰਾਨਾ । ਤੇਰਾ ਰੂਪ ਇਕ ਵਖਾਇੰਦਾ, ਪੁਰਖ ਅਕਾਲ ਹੋ ਮਿਹਰਵਾਨਾ । ਅਜੂਨੀ ਰਹਿਤ ਤੇਰੀ ਜੂਨ ਨਾ ਕੋਇ ਬਣਾਇੰਦਾ, ਏਕਾ ਬਖ਼ਸ਼ੇ ਆਪਣਾ ਦਾਨਾ । ਆਪਣਾ ਹੁਕਮ ਤੇਰਾ ਨਾਉਂ ਸਮਝਾਇੰਦਾ, ਹਿਕਮਤ ਕਰੇ ਵਡ ਮਹਾਨਾ । ਤੇਰੀ ਸਾਚੀ ਸੇਵਾ ਇਕ ਲਗਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੱਥ ਰਖਾਏ ਇਕ ਨਿਸ਼ਾਨਾ । ਸਚ ਨਿਸ਼ਾਨ ਵਖਾਏ ਹੱਥ, ਸੋ ਪੁਰਖ ਨਿਰੰਜਣ ਦਇਆ ਕਮਾਈਆ । ਹਰਿ ਪੁਰਖ ਨਿਰੰਜਣ ਖੇਲ ਸਮਰਥ, ਸਮਰਥ ਪੁਰਖ ਵਡੀ ਵਡਿਆਈਆ । ਏਕੰਕਾਰਾ ਦੇਵੇ ਵਥ, ਵਸਤ ਅਨਮੁਲੜੀ ਆਪ ਵਰਤਾਈਆ । ਆਦਿ ਨਿਰੰਜਣ ਮੇਲਾ ਹੱਸ ਹੱਸ, ਘਰ ਵੱਜਦੀ ਰਹੇ ਵਧਾਈਆ । ਅਬਿਨਾਸ਼ੀ ਕਰਤਾ ਮਿਲੇ ਨੱਸ ਨੱਸ, ਸੁਤ ਦੁਲਾਰੇ ਤੇਰੇ ਸੀਸ ਆਪ ਆਪਣਾ ਹੱਥ ਟਿਕਾਈਆ । ਅਬਿਨਾਸ਼ੀ ਕਰਤਾ ਤੇਰੇ ਹੋ ਜਾਏ ਵਸ, ਤੇਰੇ ਅੰਦਰ ਆਪਣਾ ਡੇਰਾ ਲਾਈਆ । ਪਾਰਬ੍ਰਹਮ ਤੇਰਾ ਨੂਰ ਕਰੇ ਪਰਕਾਸ਼, ਨੂਰੋ ਨੂਰ ਨੂਰ ਧਰਾਈਆ । ਆਦਿ ਜੁਗਾਦਿ ਤੇਰੀ ਕਰੇ ਪੂਰੀ ਆਸ, ਨਿਰਾਸਾ ਰੂਪ ਨਾ ਕੋਇ ਵਖਾਈਆ । ਮੈਂ ਵਸਾਂ ਸਦਾ ਤੇਰੇ ਪਾਸ, ਵਿਛੜ ਕਦੇ ਨਾ ਜਾਈਆ । ਮੇਰਾ ਰਸ ਤੇਰਾ ਭੋਗ ਬਲਾਸ, ਦੂਸਰ ਸੇਜ ਨਾ ਕੋਇ ਹੰਢਾਈਆ । ਤੇਰੀ ਲਿਖ ਲਿਖ ਪੂਰੀ ਕਰ ਨਾ ਸਕੇ ਆਸ, ਤੇਰੀ ਆਸ ਮੇਰਾ ਦਰਸ ਤ੍ਰਿਪਤ ਕਰਾਈਆ । ਕਵਲ ਚਰਨ ਬਖ਼ਸ਼ਾਂ ਇਕ ਨਿਵਾਸ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੁਤ ਸ਼ਬਦ ਦਏ ਵਡਿਆਈਆ । ਸੁਤ ਸ਼ਬਦ ਪਾਇਆ ਵਰ, ਸੋ ਪੁਰਖ ਨਿਰੰਜਣ ਆਪ ਜਣਾਇਆ । ਦੋਏ ਜੋੜ ਸਰਨਾਈ ਗਿਆ ਪੜ੍ਹ, ਹਉਂ ਸੇਵਕ ਸੇਵਾ ਸਚ ਕਮਾਇਆ । ਨਿਰਭੌ ਚੁਕੌਣਾ ਆਪਣਾ ਡਰ, ਭੈ ਅਵਰ ਨਾ ਕੋਇ ਰਖਾਇਆ । ਮੈਂ ਸਦ ਆਵਾਂ ਜਾਵਾਂ ਤੇਰੇ ਘਰ ਦਰ, ਦਰ ਦਰਵਾਜ਼ਾ ਤੇਰਾ ਬੰਦ ਨਾ ਕੋਇ ਰਖਾਇਆ । ਤੂੰ ਮਾਤ ਪਿਤਾ ਹਉਂ ਬਾਲਕ ਸੁਤ ਅਪਰਾਧ ਬਖ਼ਸ਼ ਸਰਨ ਸਰਨਾਈ ਤੇਰੀ ਗਿਆ ਪੜ, ਬਖ਼ਸ਼ਣਹਾਰ ਤੇਰੀ ਵਡ ਵਡਿਆਇਆ । ਤੂੰ ਮੇਰਾ ਘਾੜਨ ਲਿਆ ਘੜ, ਸਾਚੇ ਬਾਢੀ ਤੇਰਾ ਭੇਵ ਕੋਇ ਨਾ ਆਇਆ । ਤੂੰ ਸਚਖੰਡ ਦਵਾਰ ਸਚ ਸਿੰਘਾਸਣ ਬੈਠਾ ਚੜ੍ਹ, ਥਿਰ ਘਰ ਆਪਣਾ ਚਰਨ ਟਿਕਾਇਆ । ਮੈਂ ਤੇਰੇ ਚਰਨਾਂ ਹੇਠਾਂ ਬੈਠਾਂ ਵੜ, ਘਰ ਸੱਚਾ ਏਕਾ ਪਾਇਆ । ਕਰ ਕਿਰਪਾ ਫੜਾਇਆ ਲੜ, ਛੁੱਟ ਕਦੇ ਨਾ ਜਾਇਆ । ਮੈਂ ਏਕਾ ਤੇਰਾ ਨਾਉਂ ਲਵਾਂ ਪੜ੍ਹ, ਸਾਚੀ ਵਿਦਿਆ ਦੇ ਸਮਝਾਇਆ । ਨਾ ਜਨਮਾਂ ਨਾ ਜਾਵਾਂ ਮਰ, ਤੁਧ ਬਿਨ ਅਵਰ ਨਾ

ਗੋਦ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਉਂ ਬੈਠਾ ਸੀਸ ਝੁਕਾਇਆ । ਹਉਂ ਬਾਲ ਅਵਾਣਾ ਬਾਲੀ ਬੁੱਧ, ਸੁਤ ਦੁਲਾਰਾ ਸੀਸ ਝੁਕਾਈਆ । ਮੈਂ ਆਦਿ ਜੁਗਾਦਿ ਤੇਰੀ ਗੋਦੀ ਬਵਾਂ ਕੁੱਦ, ਤੇਰਾ ਸਹਾਰਾ ਇਕ ਤਕਾਈਆ । ਤੂੰ ਮਿਹਰਵਾਨ ਹੋ ਜਾਏਂ ਤੁਠ, ਤੇਰੀ ਰਹਿਮਤ ਮੇਰੀ ਵਡਿਆਈਆ । ਤੇਰਾ ਪ੍ਰੇਮ ਪਿਆਰ ਮਿਲੇ ਅਤੁਟ, ਸਚ ਭੰਡਾਰਾ ਏਕਾ ਮੰਗ ਮੰਗਾਈਆ । ਮੇਰਾ ਨਾਤਾ ਨਾ ਜਾਏ ਛੁੱਟ, ਧੰਨ ਧੰਨ ਜਣੇਂਦੀ ਮਾਈਆ । ਪੁਰਖ ਅਕਾਲ ਮੈਂ ਬਣਿਆ ਤੇਰਾ ਪੁੱਤ, ਮੇਰਾ ਲੇਖਾ ਸਕੇ ਨਾ ਕੋਇ ਲਿਖਾਈਆ । ਆਦਿ ਜੁਗਾਦਿ ਤੇਰੀ ਸੁਹੰਜਣੀ ਰੁੱਤ, ਸਚਖੰਡ ਵੱਜਦੀ ਰਹੇ ਵਧਾਈਆ । ਮੈਨੂੰ ਦਰਸ ਦਿਖੌਣਾ ਆਪਣੇ ਘਰੋਂ ਆਪੇ ਉਠ, ਆਪਣਾ ਪੈਂਡਾ ਪੰਧ ਮੁਕਾਈਆ । ਕਰ ਕਿਰਪਾ ਦੇਣਾ ਏਕਾ ਅੰਮ੍ਰਿਤ ਘੁਟ, ਆਪਣੇ ਚਰਨਾਂ ਧੂੜ ਮੇਰੇ ਮੁਖ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਦਇਆ ਆਪ ਕਮਾਈਆ । ਸੁਤ ਦੁਲਾਰਾ ਗਲ ਲਗਾ, ਸੋ ਪੁਰਖ ਨਿਰਜੰਣ ਦਇਆ ਕਮਾਇੰਦਾ । ਸੀਸ ਜਗਦੀਸ ਹੱਥ ਟਿਕਾ, ਸਚ ਹਦੀਸ ਇਕ ਪੜ੍ਹਾਇੰਦਾ । ਨਾਉਂ ਨਿਰੰਕਾਰਾ ਲੈਣਾ ਗਾ, ਸਚ ਬਲਕਾਰਾ ਤੇਰਾ ਰੂਪ ਵਖਾਇੰਦਾ । ਆਪਣੀ ਧਾਰਾ ਆਪ ਫਰਾ, ਪਾਂਧੀ ਪੰਧ ਨਾ ਕੋਇ ਮੁਕਾਇੰਦਾ । ਸਚ ਅਖਾੜਾ ਰਿਹਾ ਵਖਾ, ਸਚ ਸਿੰਘਾਸਣ ਸੋਭਾ ਪਾਇੰਦਾ । ਸੁਤ ਦੁਲਾਰਾ ਆਪ ਸਜਾ, ਸਾਚਾ ਰੰਗ ਆਪ ਚੜ੍ਹਾਇੰਦਾ । ਏਕੰਕਾਰਾ ਮਰਦੰਗ ਆਪ ਵਜਾ, ਸਾਚਾ ਨਾਦ ਆਪ ਅਲਾਇੰਦਾ । ਆਪਣਾ ਛੰਦ ਆਪ ਸੁਣਾ, ਦੋਹਾਂ ਪਰਦਾ ਆਪ ਉਠਾਇੰਦਾ । ਸੋਹੰ ਰੂਪ ਲਿਆ ਬਣਾ, ਨਿਰਗੁਣ ਨਿਰਗੁਣ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਦੋ ਦੋ ਇਕ ਆਪਣੀ ਖੇਲ ਖਿਲਾਇੰਦਾ । ਸੋ ਪਿਤਾ ਹੰ ਪੂਤ ਬਣਾਇਆ, ਪੁਰਖ ਅਕਾਲ ਖੇਲ ਅਪਾਰਾ । ਹਰਿ ਪੁਰਖ ਨਿਰੰਜਣ ਦੁਲਾਰਾ ਏਕਾ ਜਾਇਆ, ਕਰਿਆ ਸਚਖੰਡ ਪਸਾਰਾ । ਏਕੰਕਾਰਾ ਸਗਨ ਮਨਾਇਆ, ਆਦਿ ਨਿਰੰਜਣ ਵੇਖੇ ਆਪਣੀ ਵਾਰਾ । ਅਬਿਨਾਸ਼ੀ ਕਰਤਾ ਦਏ ਸਹਾਰਾ, ਸਿਰ ਆਪਣਾ ਹੱਥ ਟਿਕਾਇਆ । ਸ੍ਰੀ ਭਗਵਾਨ ਬਣਾਏ ਵਣਜਾਰਾ, ਵਸਤ ਅਮੋਲਕ ਝੋਲੀ ਪਾਇਆ । ਪਾਰਬ੍ਰਹਮ ਸੁਣੇ ਪੁਕਾਰਾ, ਅਭੁਲ ਭੁਲ ਕਦੇ ਨਾ ਜਾਇਆ । ਆਪ ਉਠਾਇਆ ਸੁਤ ਦੁਲਾਰਾ, ਜਨ ਜਨਨੀ ਲੇਖ ਚੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹੰ ਆਪਣਾ ਰੂਪ ਧਰਾਇਆ । ਹੰ ਸੋ ਸ਼ਬਦ ਧਾਰ, ਸੋ ਪੁਰਖ ਨਿਰੰਜਣ ਅੱਗੇ ਸੀਸ ਝੁਕਾਈਆ । ਆਦਿ ਕਰਿਆ ਮੇਰਾ ਵਿਹਾਰ, ਥਿਰ ਘਰ ਸਾਚਾ ਬਣਤ ਬਣਾਈਆ । ਸਚਖੰਡ ਤੇਰੀ ਧਾਰ, ਤੇਰੇ ਰੰਗ ਸਮਾਈਆ । ਕਵਣ ਖੇਲ ਕਰਾਂ ਕਰਤਾਰ, ਸਾਚੀ ਸੇਵਾ ਦੇ ਸਮਝਾਈਆ । ਪੁਰਖ ਅਬਿਨਾਸ਼ੀ ਕਰਿਆ ਖ਼ਬਰਦਾਰ, ਏਕਾ ਗੁਣ ਦਏ ਵਖਾਈਆ । ਮੇਰਾ ਹੁਕਮ ਮੇਰਾ ਵਰਤਾਰ, ਸਚ ਫ਼ਰਮਾਨਾ ਇਕ ਜਣਾਈਆ । ਮੇਰੀ ਇਛਿਆ ਤੇਰਾ ਵਰਤਾਰ, ਸਚ ਭੰਡਾਰ ਹੱਥ ਫੜਾਈਆ । ਤੇਰੇ ਅੰਦਰ ਕਰਾਂ ਖੇਲ ਅਪਾਰ, ਨਿਰਗੁਣ ਨਿਰਗੁਣ ਰੂਪ ਧਰਾਈਆ । ਤੇਰੇ ਅੰਦਰੋਂ ਕੱਢਾਂ ਆਪਾ ਬਾਹਰ, ਤੇਰਾ ਤੇਰਾ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਏਕਾ ਵਾਰ ਦਏ ਸਮਝਾਈਆ । ਏਕਾ ਵਾਰ ਹੁਕਮ ਸੁਣੌਣਾ, ਸਾਚੇ ਤਖ਼ਤ ਬੈਠ ਸੁਲਤਾਨ । ਆਪਣਾ ਪਰਦਾ ਆਪੇ ਲੌਹਣਾ, ਮਿਹਰਵਾਨ ਹੋ ਸ੍ਰੀ ਭਗਵਾਨ । ਆਪਣਾ ਮਾਰਗ ਆਪ ਵਖੌਣਾ, ਆਪੇ ਦੇਵੇ ਸਾਚਾ ਦਾਨ । ਆਪਣਾ ਰਾਗ ਆਪੇ ਗੌਣਾ, ਆਪੇ ਨਾਦ ਵਜਾਏ ਸੱਚੀ ਧੁੰਨਕਾਨ । ਆਪਣਾ ਰਾਜ ਆਪ ਕਮੌਣਾ, ਆਪੇ ਦੇਵੇ ਧੁਰ ਫ਼ਰਮਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ

ਖੇਲ ਨਿਗਹਬਾਨ । ਨਿਗਹਬਾਨ ਹਰਿ ਖੇਲ ਖਿਲਾਇਆ, ਵਡ ਦਾਤਾ ਗਹਿਰ ਗੰਭੀਰ । ਸੁਤ ਸ਼ਬਦ ਹਰਿ ਆਪ ਸਮਝਾਇਆ, ਦੇਵੇ ਸਾਚੀ ਧੀਰ । ਆਪਣੀ ਰਚਨਾ ਤੇਰੇ ਵਿਚ ਟਿਕਾਇਆ, ਤੇਰਾ ਰੂਪ ਬਣਾਏ ਬਸਤਰ ਚੀਰ । ਤੇਰੇ ਵਿਚੋਂ ਬਾਹਰ ਲਏ ਕਢਾਇਆ, ਅੰਮ੍ਰਿਤ ਬਖ਼ਸ਼ੇ ਸਾਚਾ ਸੀਰ । ਤੇਰੀ ਗੋਦੀ ਗੋਦ ਇਕ ਵਖਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਾਏ ਇਕ ਜ਼ੰਜੀਰ । ਇਕ ਜ਼ੰਜੀਰ ਨਾਮ ਡੋਰ, ਸ਼ਬਦੀ ਬੰਧਨ ਹਰਿ ਹਰਿ ਪਾਇੰਦਾ । ਲੇਖਾ ਚੁੱਕੇ ਤੋਰ ਮੋਰ, ਮੋਰ ਤੋਰ ਨਾ ਕੋਈ ਰਖਾਇੰਦਾ । ਸਚਖੰਡ ਨਿਵਾਸੀ ਥਿਰ ਘਰ ਦਵਾਰਾ ਆਪੇ ਖੋਲ੍ਹ, ਬੰਦ ਕਿਵਾੜਾ ਪਰਦਾ ਲਾਹਿੰਦਾ । ਸ਼ਬਦ ਅਗੰਮ ਆਪੇ ਬੋਲ, ਸ਼ਬਦੀ ਨਾਦ ਅਨਾਦ ਸੁਣਾਇੰਦਾ । ਆਪਣੇ ਕੰਡੇ ਤੋਲੇ ਤੋਲ, ਤੋਲਣਹਾਰਾ ਇਕ ਹੋ ਜਾਇੰਦਾ । ਤੇਰੇ ਰੰਗ ਜਾਏ ਮੌਲ, ਆਪਣਾ ਰੂਪ ਨਾ ਕੋਈ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਵਸਤ ਤੇਰੇ ਵਿਚ ਟਿਕਾਇੰਦਾ । ਆਪਣੀ ਵਸਤ ਵੰਡੇ ਵੰਡ, ਤੇਰੇ ਵਿਚ ਟਿਕਾਈਆ । ਕਿਰਪਾ ਕਰੇ ਸੂਰਾ ਸਰਬੰਗ, ਸਤਿ ਦਵਾਰੇ ਭੁੱਲ ਨਾ ਜਾਈਆ । ਤੇਰੀ ਸੇਜਾ ਬਣਾਏ ਪਲੰਘ, ਆਸਣ ਸਿੰਘਾਸਣ ਇਕ ਵਿਛਾਈਆ । ਨਿਰਗੁਣ ਨਿਰਵੈਰ ਵਜਾਏ ਮਰਦੰਗ, ਸਾਰੰਗ ਸਾਰੰਗਾ ਨਾ ਕੋਈ ਰਖਾਈਆ । ਅਗੰਮ ਅਗੰਮੜਾ ਗਾਏ ਛੰਦ, ਲਿਖਣ ਪੜ੍ਹਨ ਵਿਚ ਨਾ ਆਈਆ । ਡੋਰੀ ਡੋਰ ਬੰਧਾਏ ਤੰਦ, ਰੂਪ ਰੰਗ ਰੇਖ ਨਾ ਕੋਈ ਜਣਾਈਆ । ਤੇਰੇ ਅੰਦਰ ਰਖਾਏ ਪਰਮਾਨੰਦ, ਪਰਮਾਨੰਦ ਤੇਰੀ ਬਣਤ ਬਣਾਈਆ । ਸਾਹਿਬ ਦਿਆਲ ਹੋਇਆ ਬਖ਼ਸ਼ੰਦ, ਬਖ਼ਸ਼ਿਸ਼ ਏਕਾ ਝੋਲੀ ਪਾਈਆ । ਵਿਸ਼ਨੂੰ ਆਇਆ ਤੇਰੀ ਵੰਡ, ਵਿਸ਼ਵ ਆਪਣੀ ਧਾਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੁਤ ਦਏ ਸਮਝਾਈਆ । ਸਾਚੇ ਸੁਤ ਖੇਲ ਵਖੌਣਾ, ਹਰਿ ਸਾਚਾ ਸਾਚ ਸਮਝਾਇੰਦਾ । ਸਚ ਦਵਾਰਾ ਇਕ ਸੁਹੌਣਾ, ਸਚਖੰਡ ਆਸਣ ਲਾਇੰਦਾ । ਥਿਰ ਘਰ ਆਪਣਾ ਆਪ ਟਿਕੌਣਾ, ਚਰਨ ਕਵਲ ਆਪ ਜਣਾਇੰਦਾ । ਵਿਸ਼ਨੂੰ ਅੰਦਰ ਆਪਣਾ ਜਲ ਟਿਕੌਣਾ, ਅੰਮ੍ਰਿਤ ਜਾਮ ਆਪ ਪਿਆਇੰਦਾ । ਤੇਰਾ ਘਰ ਤੇਰਾ ਨੂਰ ਕਵਲ ਕਵਲਾ ਨਾਮ ਧਰੌਣਾ, ਕਵਲ ਕਵਲਾ ਰੂਪ ਹੋ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵੇਸ ਆਪ ਵਖਾਇੰਦਾ । ਅੰਮ੍ਰਿਤ ਜਲ ਕਵਲ ਨਾਭ, ਨਾਭੀ ਨਾਭ ਭਰਾਇਆ । ਤੇਰਾ ਪ੍ਰੇਮ ਤੇਰਾ ਆਬ, ਆਬ ਹਯਾਤ ਰੂਪ ਵਟਾਇਆ । ਮੇਰੀ ਸੇਵਾ ਤੇਰਾ ਲਾਭ, ਪੁਰਖ ਅਬਿਨਾਸ਼ੀ ਹੋਏ ਸਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੀ ਝੋਲੀ ਦਏ ਭਰਾਇਆ । ਤੇਰੀ ਝੋਲੀ ਵਿਸ਼ਨ ਧਾਰ, ਬ੍ਰਹਮ ਤੇਰੀ ਵੰਡ ਵੰਡਾਈਆ । ਤੇਰੇ ਅੰਦਰ ਕਰੇ ਗੁਫ਼ਤਾਰ, ਸਚ ਸਤਾਰ ਆਪ ਹਿਲਾਈਆ । ਤੇਰਾ ਖੇਲ ਵੇਖੇ ਧੂੰਆਂਧਾਰ, ਸੁੰਨ ਅਗੰਮ ਫੋਲ ਫੋਲਾਈਆ । ਤੇਰੀ ਬਣਾਏ ਸ਼ੰਕਰ ਅੰਸ ਆਪ ਕਰਤਾਰ, ਕਰਤਾ ਪੁਰਖ ਦਏ ਵਡਿਆਈਆ । ਤਿੰਨਾਂ ਵਿਚੋਲਾ ਬਣਨਾ ਏਕਾ ਵਾਰ, ਥਿਤ ਵਾਰ ਨਾ ਕੋਈ ਰਖਾਈਆ । ਕਾਗਦ ਕ਼ਲਮ ਨਾ ਲਿਖਣਹਾਰ, ਲੇਖਾ ਲਿਖ ਨਾ ਕੋਈ ਸਮਝਾਈਆ । ਪੁਰਖ ਅਬਿਨਾਸ਼ੀ ਕਰੇ ਖ਼ਬਰਦਾਰ, ਆਲਸ ਨਿੰਦਰਾ ਨਾ ਕੋਇ ਰਖਾਈਆ । ਸਾਚੇ ਤਖ਼ਤ ਬੈਠ ਸੱਚੀ ਸਰਕਾਰ, ਧੁਰ ਫ਼ਰਮਾਨਾ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸ਼ਬਦ ਸੇਵ ਕਮਾਈਆ । ਵਿਸ਼ਨ ਬ੍ਰਹਮਾ ਸ਼ਿਵ ਜਾ, ਗੋਦੀ ਗੋਦ ਸੁਹਾਇਆ । ਪੁਰਖ ਅਬਿਨਾਸ਼ੀ ਦਇਆ ਕਮਾ, ਆਪ ਆਪਣਾ ਰੰਗ ਰੰਗਾਇਆ । ਏਕਾ ਜਲਵਾ ਨੂਰ ਡਗਮਗਾ, ਜੋਤੀ ਜਾਤਾ ਬੇਪਰਵਾਹ, ਆਪਣਾ ਮਹੱਲਾ ਦਏ ਵਸਾਇਆ । ਆਪ ਆਪਣੀ

ਰਚਨ ਰਚਾ, ਆਪਣਾ ਪਰਦਾ ਦਏ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਦੁਲਾਰਾ ਆਪ ਸਮਝਾ । ਸੁਤ ਦੁਲਾਰਾ ਏਕਾ ਉਠਿਆ, ਪੁਰਖ ਅਬਿਨਾਸ਼ੀ ਦਇਆ ਕਮਾਏ । ਸਾਹਿਬ ਸੁਲਤਾਨਾ ਸੱਚਾ ਤੁਠਿਆ, ਆਪਣਾ ਨਾਦ ਦਏ ਸੁਣਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸੀ ਏਕਾ ਹੁਕਮ ਆਪ ਸੁਣਾਏ । ਏਕਾ ਹੁਕਮ ਇਕ ਨਿਰੰਕਾਰਾ, ਏਕਾ ਵਾਰ ਜਣਾਈਆ । ਏਕਾ ਮੰਦਰ ਇਕ ਦਵਾਰਾ, ਏਕਾ ਬੈਠਾ ਆਸਣ ਲਾਈਆ । ਏਕਾ ਸ਼ਾਹ ਇਕ ਸਿਕਦਾਰਾ, ਸ਼ਹਿਨਸ਼ਾਹ ਇਕ ਅਖਵਾਈਆ । ਏਕਾ ਹੁਕਮ ਇਕ ਵਰਤਾਰਾ, ਏਕਾ ਹੁਕਮੀ ਰਿਹਾ ਫਿਰਾਈਆ । ਏਕਾ ਨਾਮ ਇਕ ਜੈਕਾਰਾ, ਏਕਾ ਰਾਗ ਰਿਹਾ ਅਲਾਈਆ । ਏਕਾ ਗੁਰ ਇਕ ਅਵਤਾਰਾ, ਏਕਾ ਗੁਣ ਦਏ ਸਮਝਾਈਆ । ਏਕਾ ਕੰਤ ਇਕ ਭਤਾਰਾ, ਏਕਾ ਨਾਰ ਸੇਜ ਹੰਢਾਈਆ । ਏਕਾ ਸੁਤ ਇਕ ਦੁਲਾਰਾ, ਪੂਤ ਸਪੂਤ ਇਕ ਅਖਵਾਈਆ । ਏਕਾ ਵਿਸ਼ਨ ਕਰੇ ਪਸਾਰਾ, ਏਕਾ ਬ੍ਰਹਮਾ ਗੋਦ ਬਹਾਈਆ । ਏਕਾ ਸ਼ੰਕਰ ਦਏ ਹੁਲਾਰਾ, ਹੁਲਾਰਾ ਦੇਵਣਹਾਰ ਆਪ ਅਖਵਾਈਆ । ਏਕਾ ਕਰੇ ਸਚ ਪਿਆਰਾ, ਬ੍ਰਹਿਮੰਡ ਵੰਡ ਵੰਡਾਈਆ । ਏਕਾ ਨੇਤਰ ਨੈਣ ਉਘਾੜਾ, ਕਿਰਨ ਕਿਰਨ ਰੂਪ ਵਟਾਈਆ । ਏਕਾ ਇਕ ਨਾਲ ਕਰੇ ਪਿਆਰਾ, ਏਕਾ ਇਕ ਇਕ ਸੋਭਾ ਪਾਈਆ । ਏਕਾ ਰਵ ਸਸ ਉਜਿਆਰਾ, ਏਕਾ ਸੂਰਜ ਚੰਦ ਰੁਸ਼ਨਾਈਆ । ਏਕਾ ਮੰਡਲ ਮੰਡਪ ਦਏ ਸਹਾਰਾ, ਏਕਾ ਗਗਨ ਗਗਨੰਤਰ ਰੂਪ ਧਰਾਈਆ । ਏਕਾ ਇਛਿਆ ਬਣ ਵਰਤਾਰਾ, ਸਾਚੀ ਭਿਛਿਆ ਰਿਹਾ ਵਰਤਾਈਆ । ਏਕਾ ਹੁਕਮ ਸੱਚੀ ਸਰਕਾਰਾ, ਸ਼ਾਹ ਪਾਤਸ਼ਾਹ ਆਪ ਸੁਣਾਈਆ । ਭੁਲ ਨਾ ਜਾਣਾ ਸੁਤ ਦੁਲਾਰਾ, ਸੁੱਤਿਆ ਰੈਣ ਨਾ ਕੋਈ ਵਿਹਾਈਆ । ਤੇਰੀ ਸੇਵਾ ਲਾਏ ਆਪ ਨਿਰੰਕਾਰਾ, ਸਾਚੀ ਸੇਵਾ ਦਏ ਸਮਝਾਈਆ । ਬ੍ਰਹਿਮੰਡ ਖੰਡ ਤੇਰੀ ਧਾਰਾ, ਤੇਰਾ ਹਿੱਸਾ ਇਕ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਇਛਿਆ ਤੇਰੀ ਭਿਛਿਆ ਵਿਚ ਸਮਾਈਆ । ਆਪਣੀ ਇਛਿਆ ਤ੍ਰੈਗੁਣ ਧਾਰ, ਤੇਰੀ ਝੋਲੀ ਪਾਇੰਦਾ । ਰਜੋ ਤਮੋ ਸਤੋ ਕਰ ਉਜਿਆਰ, ਸਾਚਾ ਬੰਧਨ ਆਪ ਬੰਨ੍ਹਾਇੰਦਾ । ਪੰਚਮ ਕਰਨਾ ਇਕ ਪਿਆਰ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਭੇਵ ਚੁਕਾਇੰਦਾ । ਵਿਸ਼ਨੂੰ ਕਰੇ ਸਚ ਪਿਆਰ, ਰਾਜ਼ਕ ਰਹੀਮ ਦਇਆ ਕਮਾਇੰਦਾ । ਬ੍ਰਹਮਾ ਬ੍ਰਹਮ ਕਰੇ ਉਜਿਆਰ, ਪਾਰਬ੍ਰਹਮ ਸਾਚਾ ਹੁਕਮ ਸੁਣਾਇੰਦਾ । ਸ਼ੰਕਰ ਵੇਖੇ ਇਕ ਅਖਾੜ, ਜੋ ਘੜਿਆ ਭੰਨ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਦੁਲਾਰੇ ਤੇਰਾ ਘਰ ਵਸਾਇੰਦਾ । ਸੁਤ ਦੁਲਾਰੇ ਤੇਰਾ ਵਸੇ ਘਰ, ਸੋ ਪੁਰਖ ਨਿਰੰਜਣ ਆਪ ਵਸਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇਵੇ ਵਰ, ਤ੍ਰੈਗੁਣ ਏਕਾ ਵੰਡ ਵੰਡਾਈਆ । ਪੰਜ ਤੱਤ ਘਾੜਨ ਦੇਵੇ ਘੜ, ਘੜਨ ਭੰਨਣਹਾਰ ਆਪ ਅਖਵਾਈਆ । ਕਰੇ ਖੇਲ ਨਰਾਇਣ ਨਰ, ਨਰ ਹਰਿ ਆਪਣਾ ਰੂਪ ਵਟਾਈਆ । ਤੇਰਾ ਭੰਡਾਰ ਦੇਵੇ ਭਰ, ਖ਼ਾਲੀ ਦਰ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤ੍ਰੈਗੁਣ ਮੇਲਾ ਪੰਜ ਤੱਤ ਚੇਲਾ, ਵਿਸ਼ਨ ਬ੍ਰਹਮਾ ਸ਼ਿਵ ਸੁਹਾਏ ਵੇਲਾ, ਸਾਚਾ ਹੁਕਮ ਆਪ ਸੁਣਾਈਆ । ਵਿਸ਼ਨ ਉਪਜਾ ਵਿਸ਼ਵ ਧਾਰ, ਪੁਰਖ ਅਬਿਨਾਸ਼ੀ ਆਪ ਉਪਾਇਆ । ਬ੍ਰਹਮਾ ਕਰਿਆ ਬ੍ਰਹਮ ਪਸਾਰ, ਪਾਰਬ੍ਰਹਮ ਪ੍ਰਭ ਘਰ ਵਸਾਇਆ । ਸ਼ੰਕਰ ਕਰੇ ਖੇਲ ਨਿਆਰ, ਧੂੰਆਂਧਾਰ ਵੰਡ ਵੰਡਾਇਆ । ਤਿੰਨਾਂ ਵਿਚੋਲਾ ਬਣ ਨਿਰੰਕਾਰ, ਆਪਣਾ ਬੰਧਨ ਪਾਇਆ । ਸ਼ਬਦ ਢੋਲਾ ਏਕਾ ਵਾਰ, ਸਾਚਾ ਸੋਹਲਾ ਆਪ ਸੁਣਾਇਆ । ਸੋ ਪੁਰਖ ਨਿਰੰਜਣ ਮੀਤ ਮੁਰਾਰ, ਹੰ ਤੇਰੀ ਸੇਵ ਕਮਾਇਆ । ਸੋਹੰ

ਰੂਪ ਬਣੇ ਸਰਬ ਸੰਸਾਰ, ਬ੍ਰਹਮਾ ਵਿਸ਼ਨ ਸ਼ਿਵ ਭੁਲ ਨਾ ਜਾਇਆ । ਪੁਰਖ ਅਬਿਨਾਸ਼ੀ ਵਜਾਏ ਸੱਚੀ ਸਚ ਸਤਾਰ, ਨਾਉਂ ਨਿਰੰਕਾਰਾ ਆਪ ਸੁਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਵੰਡਣ ਦਏ ਵੰਡਾਇਆ । ਸਾਚੀ ਵੰਡਣ ਵੰਡਣਹਾਰ, ਸ਼ਬਦੀ ਸੁਤ ਜਣਾਇੰਦਾ । ਬ੍ਰਹਿਮੰਡ ਖੰਡ ਕਰ ਪਸਾਰ, ਗਗਨ ਮੰਡਲ ਉਪਾਇੰਦਾ । ਲੇਖਾ ਜਾਣੇ ਰਵ ਸਸ ਸਤਾਰ, ਰੂਪ ਅਨੂਪ ਆਪ ਵਖਾਇੰਦਾ । ਆਪਣੀ ਆਸਾ ਆਪੇ ਦੇਵੇ ਵਰ ਆਪੇ ਬਣ ਵਰਤਾਰ, ਆਪੇ ਹਵਨ ਹਵਨੀ ਸੇਵ ਕਰਾਇੰਦਾ । ਆਪੇ ਸੁਗੰਧੀ ਕਰੇ ਅਪਰ ਅਪਾਰ, ਵਾਸਨਾ ਗੰਦੀ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਬਦ ਵਿਚੋਲਾ ਇਕ ਰਖਾਇੰਦਾ । ਸ਼ਬਦ ਵਿਚੋਲਾ ਬਣ ਮਲਾਹ, ਤ੍ਰੈਗੁਣ ਸੇਵਾ ਆਪ ਕਮਾਈਆ । ਪੰਜ ਤੱਤ ਮੀਤਾ ਦਏ ਸਲਾਹ, ਸਾਲਸ ਆਪਣਾ ਨਾਉਂ ਧਰਾਈਆ । ਸਾਬਤ ਸੂਰਤ ਲਏ ਬਣਾ, ਪਾਰਬ੍ਰਹਮ ਬੇਪਰਵਾਹੀਆ । ਘਾੜਨ ਘੜਤ ਲਏ ਘੜਾ, ਘੜਨਹਾਰ ਦਿਸ ਨਾ ਆਈਆ । ਸਾਚੀ ਮੂਰਤ ਲਏ ਚਿਤਾ, ਭੇਵ ਕੋਇ ਨਾ ਪਾਈਆ । ਨਾਰ ਪੁਰਖ ਰੂਪ ਵਟਾ, ਨਾਰੀ ਨਰ ਸੇਵ ਕਮਾਈਆ । ਆਪਣਾ ਦਰਸ ਆਪ ਕਰਾ, ਦਰਸੀ ਹਿਰਸ ਗਵਾਈਆ । ਨਿਰਗੁਣ ਬੰਧਨ ਨਿਰਗੁਣ ਫਾਹ, ਨਿਰਗੁਣ ਵੇਖ ਵਖਾਈਆ । ਨਿਰਗੁਣ ਕੱਟਣਹਾਰਾ ਫਾਹ ਆਪਣਾ ਜ਼ੋਰ ਬਲ ਦਏ ਵਖਾ, ਜੋਬਨ ਆਪਣਾ ਰੂਪ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਬਦ ਸੁਤ ਦਏ ਸਲਾਹੀਆ । ਸ਼ਬਦ ਸਲਾਹੀ ਸਾਚਾ ਰੰਗ, ਰੰਗ ਰੰਗੀਲਾ ਆਪ ਚੜ੍ਹਾਇੰਦਾ । ਤ੍ਰੈਗੁਣ ਸੇਜਾ ਬਣੇ ਪਲੰਘ, ਪੰਜ ਤੱਤ ਘਾੜਨ ਘੜਤ ਘੜਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਮੰਗਣ ਮੰਗ, ਚਰਨ ਦਵਾਰੇ ਸੀਸ ਝੁਕਾਇੰਦਾ । ਪੁਰਖ ਅਬਿਨਾਸ਼ੀ ਦੇਵੇ ਵਸਤ ਅਗੰਮ, ਦੇਵਣਹਾਰਾ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਦਿ ਪੁਰਖ ਆਪਣਾ ਖੇਲ ਆਪ ਖਿਲਾਇੰਦਾ । ਵਿਸ਼ਨੂੰ ਖੇਲ ਹਰਿ ਕਰਤਾਰ, ਬ੍ਰਹਮਾ ਧਾਰ ਜਣਾਈਆ । ਸ਼ੰਕਰ ਫਿਰੇ ਵਾਰੋ ਵਾਰ, ਤ੍ਰੈ ਤ੍ਰੈ ਲੇਖਾ ਵੇਖ ਵਖਾਈਆ । ਹੱਥ ਤ੍ਰਿਸੂਲ ਖੁਲੜੇ ਕੇਸ ਭਸਮ ਭਬੂਤੀ ਖ਼ਾਕ ਛਾਰ, ਚਰਨ ਧੂੜ ਮਸਤਕ ਛਾਹੀਆ । ਬ੍ਰਹਮਾ ਬ੍ਰਹਮ ਕਰੇ ਵਿਚਾਰ, ਪਾਰਬ੍ਰਹਮ ਤੇਰਾ ਖੇਲ ਨਿਆਰ, ਤੇਰਾ ਜਲਵਾ ਨੂਰ ਜ਼ਹੂਰ ਰੂਪ ਰੰਗ ਰੇਖ ਨਜ਼ਰ ਕੋਈ ਨਾ ਆਈਆ । ਵਿਸ਼ਨੂੰ ਲਾਏ ਸਚ ਦਰਬਾਰ, ਦੋਏ ਜੋੜ ਕਰੇ ਨਿਮਸਕਾਰ, ਤੇਰਾ ਦਰ ਸੱਚਾ ਦਰਬਾਰ, ਹਉਂ ਸੇਵਕ ਬੈਠਾ ਸੀਸ ਝੁਕਾਈਆ । ਪੁਰਖ ਅਬਿਨਾਸ਼ੀ ਕਰੇ ਪਿਆਰ, ਏਕਾ ਬਖ਼ਸ਼ੇ ਚਰਨ ਸਹਾਰ, ਚਰਨ ਕਵਲ ਵਡੀ ਵਡਿਆਈਆ । ਆਦਿ ਰਚਨਾ ਤੇਰਾ ਅਖਾੜ, ਪੁਰਖ ਅਬਿਨਾਸ਼ੀ ਬਣਿਆ ਸਾਚਾ ਲਾੜ, ਅਸਵ ਘੋੜੇ ਚੜ੍ਹਿਆ ਸੱਚਾ ਸ਼ਹਿਨਸ਼ਾਹੀਆ । ਸ਼ਾਹੋ ਭੂਪ ਬਣ ਸਾਚਾ ਰਾਣਾ, ਦੇਵਣਹਾਰਾ ਧੁਰ ਫ਼ਰਮਾਨਾ, ਆਪਣਾ ਭਾਣਾ ਰਿਹਾ ਮਨਾਈਆ । ਸਚਖੰਡ ਨਿਵਾਸੀ ਏਕਾ ਤਖ਼ਤ ਸੁਹਾਨਾ, ਸੀਸ ਤਾਜ ਇਕ ਟਿਕਾਨਾ, ਦੂਸਰ ਦਿਸੇ ਨਾ ਕੋਇ ਸ਼ਾਹੀਆ । ਪੰਚਮ ਮੁਖ ਆਪ ਸਲਾਹਨਾ, ਪੰਜ ਤੱਤ ਕਰੇ ਪਰਵਾਨਾ, ਏਕਾ ਦੇਵੇ ਨਿਰਗੁਣ ਦਾਨਾ, ਦਾਤਾ ਦਾਨੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਗੁਣ ਦਏ ਸਮਝਾਈਆ । ਗੁਣ ਸਮਝਾਏ ਗੁਣ ਨਿਧਾਨ, ਗੁਣਵੰਤਾ ਗੁਣ ਕਹਿਣ ਨਾ ਜਾਈਆ । ਸਾਚੇ ਸੁਤ ਤੇਰੇ ਹੱਥ ਫੜਾਏ ਇਕ ਨਿਸ਼ਾਨ, ਸਤਿ ਸਤਿਵਾਦੀ ਆਪ ਵਖਾਈਆ । ਪੁਰਖ ਅਬਿਨਾਸ਼ੀ ਬਣਿਆ ਸਾਚਾ ਕਾਹਨ, ਪਾਰਬ੍ਰਹਮ ਬੇਪਰਵਾਹੀਆ । ਬ੍ਰਹਿਮੰਡ ਵਖਾਏ ਤੇਰਾ ਮਕਾਨ, ਜੇਰਜ ਅੰਡ ਤੇਰੀ ਵੰਡ ਵੰਡਾਈਆ । ਉਤਭੁਜ ਸੇਤਜ ਤੇਰੀ

ਖਾਣ, ਪਾਰਬ੍ਰਹਮ ਏਕਾ ਏਕ ਦਰਸਾਈਆ । ਮੇਰਾ ਨਾਉਂ ਤੇਰਾ ਗਿਆਨ, ਮੇਰਾ ਧਿਆਨ ਤੇਰੀ ਸ਼ਹਿਨਸ਼ਾਹੀਆ । ਮੇਰਾ ਹੁਕਮ ਤੇਰਾ ਫ਼ਰਮਾਨ, ਤੇਰਾ ਫ਼ਰਮਾਨ ਬ੍ਰਹਮਾ ਹਰਿ ਜਸ ਗਾਈਆ । ਤੇਰਾ ਲੇਖਾ ਲਿਖੇ ਆਪ ਭਗਵਾਨ, ਆਪਣਾ ਭੇਵ ਆਪ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੂਪ ਆਪ ਜਣਾਈਆ । ਆਪਣਾ ਰੂਪ ਜਣਾਏ ਨਰਾਇਣ, ਨਿਰਗੁਣ ਦਇਆ ਕਮਾ । ਤੇਰਾ ਖੁਲ੍ਹਾਏ ਏਕਾ ਨੈਣ, ਏਕਾ ਨੂਰ ਦਏ ਦਰਸਾ । ਤੂੰ ਮੰਨਣਾ ਸਾਚਾ ਕਹਿਣ, ਕਹਿਣਾ ਭੁਲ ਕਦੇ ਨਾ ਜਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਭੰਡਾਰਾ ਦਏ ਭਰਾ । ਸ਼ਬਦ ਭੰਡਾਰੀ ਤੇਰਾ ਭਰਨਾ ਭੰਡਾਰ, ਹਰਿ ਸਾਚਾ ਦਇਆ ਕਮਾਈਆ । ਚਾਰ ਖਾਣੀ ਕਰ ਤਿਆਰ, ਉਤਭੁਜ ਸੇਤਜ ਜੇਰਜ ਅੰਡ ਤੇਰੇ ਰੰਗ ਰੰਗਾਈਆ । ਚਾਰ ਬਾਣੀ ਬੋਲ ਜੈਕਾਰ, ਆਪਣੀ ਧਾਰ ਦਏ ਸੁਣਾਈਆ । ਲੱਖ ਚੁਰਾਸੀ ਕਰ ਪਸਾਰ, ਇਕ ਇਕ ਨਾਲ ਦਏ ਬੰਧਾਈਆ । ਨਿਰਗੁਣ ਵੰਡ ਕਰੇ ਅਪਾਰ ਸ਼ਬਦ ਦੋ ਧਾਰ, ਏਕਾ ਏਕ ਦਏ ਵਡਿਆਈਆ । ਮਨ ਮਤ ਬੁਧ ਕਰ ਪਸਾਰ, ਪੰਜ ਤੱਤ ਬੰਧਨ ਆਪਣਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੁਤ ਤੇਰਾ ਬੰਸ ਦਏ ਬਣਾਈਆ । ਬੰਸ ਬਣਾਏ ਤੇਰਾ ਬੰਸ, ਸੋ ਪੁਰਖ ਨਿਰੰਜਣ ਦਇਆ ਕਮਾਇਆ । ਵਿਸ਼ਨੂੰ ਵਿਸ਼ਵ ਬਣਾਏ ਅੰਸ, ਆਪ ਆਪਣਾ ਵੇਸ ਧਰਾਇਆ । ਤ੍ਰੈਗੁਣ ਤੇਰਾ ਸੋਹੇ ਸਰਬੰਸ, ਪੰਜ ਤੱਤ ਸਾਚਾ ਮੇਲ ਮਿਲਾਇਆ । ਰੂਪ ਧਰਾਏ ਆਪ ਸਹੰਸ, ਸਹੰਸਰ ਲੇਖ ਨਾ ਕੋਇ ਲਿਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪ ਲਿਖਾਇਆ । ਸਾਚਾ ਲੇਖਾ ਸ੍ਰੀ ਭਗਵਾਨਾ, ਆਪਣਾ ਆਪ ਜਣਾਈਆ । ਲੱਖ ਚੁਰਾਸੀ ਕਰ ਪਰਧਾਨਾ, ਤੇਰੇ ਰੰਗ ਰੰਗਾਈਆ । ਤੇਰਾ ਨਾਦ ਵਜਾਏ ਤਰਾਨਾ, ਸਾਚਾ ਰਾਗ ਆਪ ਸੁਣਾਈਆ । ਕਾਇਆ ਮੰਦਰ ਇਕ ਮਕਾਨਾ, ਏਕਾ ਗੁਣ ਦਏ ਸਮਝਾਈਆ । ਨੌਂ ਦਵਾਰੇ ਖੋਲ੍ਹ ਦੁਕਾਨਾ, ਜਗਤ ਵਾਸਨਾ ਦਏ ਭਰਾਈਆ । ਸਚਖੰਡ ਅੰਦਰ ਥਿਰ ਘਰ ਖੇਲ ਮਹਾਨਾ, ਤਖ਼ਤ ਨਿਵਾਸੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰਾ ਆਪ ਵਖਾਈਆ । ਆਪਣੀ ਧਾਰ ਪੰਜ ਤੱਤ, ਤਤਵ ਤਤ ਆਪ ਬਣਾਇੰਦਾ । ਨਿਰਗੁਣ ਰੂਪ ਬ੍ਰਹਮ ਮਤ, ਬ੍ਰਹਮ ਆਪਣਾ ਖੇਲ ਖਿਲਾਇੰਦਾ । ਨਾਮ ਨਿਧਾਨਾ ਬੀਜੇ ਆਪਣੇ ਵਤ, ਅੰਮ੍ਰਿਤ ਮੇਘ ਆਪ ਬਰਸਾਇੰਦਾ । ਆਪਣੀ ਦਾਤ ਧੀਰਜ ਜਤ, ਸਤਿ ਸੰਤੋਖ ਆਪ ਭਰਾਇੰਦਾ । ਆਪਣਾ ਮੇਲ ਵਖਾਏ ਸਾਚਾ ਹਠ, ਸਾਚਾ ਬੰਧਨ ਇਕ ਬੰਧਾਇੰਦਾ । ਆਪਣਾ ਨੂਰ ਵਖਾਏ ਲਟ ਲਟ, ਜੋਤੀ ਨੂਰ ਡਗਮਗਾਇੰਦਾ । ਤੇਰਾ ਕਰੇ ਪੂਰਾ ਘਾਟ, ਸਾਚੀ ਵਸਤ ਝੋਲੀ ਪਾਇੰਦਾ । ਤੇਰੀ ਆਪੇ ਵੇਖੇ ਵਾਟ, ਤੇਰਾ ਉਠ ਉਠ ਰਾਹ ਤਕਾਇੰਦਾ । ਤੇਰਾ ਸਵਾਂਗ ਰਚੇ ਨਟੂਆ ਨਾਟ, ਸਵਾਂਗੀ ਆਪਣਾ ਸਵਾਂਗ ਵਖਾਇੰਦਾ । ਤੇਰੀ ਸੁਹਾਏ ਸਾਚੀ ਖਾਟ, ਆਸਣ ਸਿੰਘਾਸਣ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਖੁਲ੍ਹਾਇੰਦਾ । ਸ਼ਬਦ ਸੁਤ ਖੁਲ੍ਹਣਾ ਭੇਤ, ਹਰਿ ਸਾਚਾ ਆਪ ਖੁਲ੍ਹਾਈਆ । ਤੇਰਾ ਨਾਦ ਚਾਰ ਵੇਦ, ਬ੍ਰਹਮ ਵੇਤਾ ਆਪੇ ਗਾਈਆ । ਚਾਰ ਮੁਖ ਅੱਠੇ ਨੇਤਰ ਨਰ ਨਰਾਇਣ ਲਏ ਪੇਖ, ਨਿਉਂ ਨਿਉਂ ਸੀਸ ਜਗਦੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਚਾਰ ਵੰਡ ਵੰਡਾਈਆ । ਚਾਰ ਚਾਰ ਵੰਡ ਵੰਡਣਹਾਰ, ਏਕਾ ਰੰਗ ਸਮਾਇਆ । ਚਾਰ ਵੇਦ ਕਰ ਤਿਆਰ, ਚਾਰੇ ਖਾਣੀ ਝੋਲੀ ਪਾਇਆ । ਚਾਰੇ ਬਾਣੀ ਬੋਲ ਜੈਕਾਰ, ਪਰਾ ਪਸੰਤੀ ਮਧਮ ਬੈਖਰੀ ਆਪ

ਸੁਣਾਇਆ । ਚਾਰੇ ਦਿਸ਼ਾ ਹੋ ਉਜਿਆਰ, ਸਾਚੀ ਕੂਟ ਫੋਲ ਫੋਲਾਇਆ । ਚਾਰੇ ਵਰਨਾਂ ਦਏ ਸਹਾਰ, ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਆਪ ਆਪਣਾ ਖੇਲ ਖਿਲਾਇਆ । ਚਾਰੇ ਜੁਗ ਬਣ ਵਰਤਾਰ, ਸਾਚਾ ਨਾਮ ਦਏ ਵਰਤਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਦੁਲਾਰੇ ਸਾਚਾ ਹੁਕਮ ਆਪ ਸੁਣਾਇਆ । ਹੁਕਮ ਸੁਣਨਾ ਧੁਰ ਫ਼ਰਮਾਨਾ, ਧੁਰ ਫ਼ਰਮਾਨੀ ਆਪ ਜਣਾਇੰਦਾ । ਸਚਖੰਡ ਨਿਵਾਸੀ ਥਿਰ ਘਰ ਵਖਾਏ ਤੇਰਾ ਇਕ ਮਕਾਨਾ, ਮਿਹਮਾਨ ਤੇਰਾ ਰੂਪ ਜਣਾਇੰਦਾ । ਸਚ ਬਣਾਏ ਇਕ ਮੈਖਾਨਾ, ਚਰਨ ਚਰਨ ਆਪ ਸੁਹਾਇੰਦਾ । ਵਿਸ਼ਨੂੰ ਮੰਗੇ ਮੰਗ ਮਹਾਨਾ, ਅੱਗੇ ਆਪਣੀ ਝੋਲੀ ਡਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਵਸਤ ਆਪ ਵਰਤਾਇੰਦਾ । ਵਿਸ਼ਨੂੰ ਮੰਗੇ ਵਸਤ ਅਨਡਿਠ, ਨਜ਼ਰ ਨੈਣ ਕੋਇ ਨਾ ਆਈਆ । ਮੇਰੇ ਅੰਤਰ ਤੇਰੀ ਤ੍ਰਿਖ, ਮੇਰੀ ਤ੍ਰਿਸਨਾ ਕਵਣ ਬੁਝਾਈਆ । ਪਾ ਸਾਚੀ ਏਕਾ ਭਿੱਖ, ਹਉਂ ਏਕਾ ਮੰਗ ਮੰਗਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਆਪ ਵੰਡਾਏ ਆਪਣਾ ਹਿਸ, ਸਾਚੀ ਵਸਤ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨੈਣ ਨੈਣ ਟਪਕਾਈਆ । ਨੈਣ ਨੈਣ ਹਰਿ ਟਪਕਾਇਆ, ਟਪਕੇ ਸਾਚਾ ਨੂਰ । ਨੂਰ ਨੂਰ ਨਜ਼ਰੀ ਆਇਆ, ਸ਼ਾਹ ਪਾਤਸ਼ਾਹ ਸਾਚਾ ਜ਼ਹੂਰ । ਜ਼ਹੂਰ ਜ਼ਹੂਰ ਆਪ ਪਰਗਟਾਇਆ, ਨਾਦ ਅਨਾਦੀ ਵਜਾਏ ਤੂਰ । ਤੂਰ ਤੂਰ ਆਪ ਸੁਣਾਇਆ, ਨਜ਼ਰੀ ਆਇਆ ਜੋ ਵਸੇ ਦੂਰ । ਵਿਸ਼ਨੂੰ ਨਿਉਂ ਨਿਉਂ ਸੀਸ ਝੁਕਾਇਆ, ਤੂੰ ਸਰਬ ਕਲਾ ਭਰਪੂਰ । ਮੇਰੀ ਝੋਲੀ ਦੇ ਭਰਾਇਆ, ਮੈਂ ਲੈਣੀ ਵਸਤ ਜ਼ਹੂਰ । ਤੇਰਾ ਵਿਛੋੜਾ ਮੋਹੇ ਸਤਾਇਆ, ਮੇਰਾ ਤੁਟਾ ਮਾਣ ਗ਼ਰੂਰ । ਮੈਂ ਆਪਣਾ ਕਾਇਆ ਕੋਟ ਕਿਲਾ ਬਣਾਇਆ, ਅੰਦਰ ਰੱਖ ਆਪਣਾ ਨੂਰ । ਤੇਰਾ ਨੂਰ ਮੇਰਾ ਨੂਰ ਕਰੇ ਰੁਸ਼ਨਾਇਆ, ਮੇਰੀ ਆਸਾ ਮਨਸਾ ਪੂਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਡ ਦਾਤੇ ਸੂਰ ਸੂਰ । ਸੂਰਬੀਰ ਹਰਿ ਦਇਆ ਕਮਾਇੰਦਾ, ਆਪਣੇ ਨੇਤਰ ਏਕਾ ਮਾਰ ਉਛਾਲ । ਪ੍ਰੇਮ ਰਸ ਧਾਰ ਟਪਕਾਇੰਦਾ, ਵਿਸ਼ਨੂੰ ਦਏ ਜਾਮ ਪਿਆਲ । ਵਿਸ਼ਨੂੰ ਅੰਦਰ ਨਾ ਆਪ ਟਿਕਾਇੰਦਾ, ਹੋਇਆ ਹਾਲ ਬੇਹਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਿਆ ਖੇਲ ਬੇਮਿਸਾਲ । ਵਿਸ਼ਨੂੰ ਅੰਦਰ ਅੰਮ੍ਰਿਤ ਰਸ, ਸੋ ਪੁਰਖ ਨਿਰੰਜਣ ਆਪ ਭਰਾਇਆ । ਵਿਸ਼ਨ ਕਰੇ ਵਸ ਵਸ, ਕਤਰਾ ਅੰਦਰ ਰਹਿਣ ਨਾ ਪਾਇਆ । ਹਰਿ ਪੁਰਖ ਨਿਰੰਜਣ ਆਪਣਾ ਚਰਨ ਸੀਸ ਦਿਤਾ ਝੱਸ, ਇਕ ਇਕ ਹਿੱਸਾ ਆਪ ਵੰਡਾਇਆ । ਏਕਾ ਹਿੱਸਾ ਆਪਣੇ ਚਰਨਾਂ ਹੇਠਾਂ ਦਿਤਾ ਧਸ, ਜਲ ਬਿੰਬ ਬਿੰਬ ਰੂਪ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨੇਤਰ ਨੀਰ ਆਪਣੀ ਧਾਰ ਦਏ ਵਹਾਇਆ । ਹਰਿ ਕਾ ਨੀਰ ਜਲ ਬਿੰਬ, ਸਿੰਧ ਸਾਗਰ ਰੂਪ ਵਟਾਈਆ । ਹਰਿ ਕੀ ਇਛਿਆ ਸੁਰਪਤ ਇੰਦ, ਇੰਦਰਾਸਣ ਸੋਭਾ ਪਾਈਆ । ਹਰਿ ਦਾਤਾ ਗਹਿਰ ਗੰਭੀਰ ਗੁਣੀ ਗਹਿੰਦ, ਭੇਵ ਅਭੇਦ ਆਪ ਖੁਲ੍ਹਾਈਆ । ਦੀਨ ਦਿਆਲ ਸਦਾ ਬਖ਼ਸ਼ੰਦ, ਬ੍ਰਹਮਾ ਸੁਤ ਲਏ ਉਠਾਈਆ । ਆਤਮ ਪਰਮਾਤਮ ਮੇਟੇ ਚਿੰਦ, ਬਾਲ ਬ੍ਰਹਮ ਬ੍ਰਹਮ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਰੂਪ ਦਏ ਦਰਸਾਈਆ । ਬ੍ਰਹਮ ਸਰੂਪ ਪਾਰਬ੍ਰਹਮ ਜਣਾਇਆ, ਭੇਵ ਅਭੇਦਾ ਖੋਲ੍ਹ । ਆਪਣਾ ਨੂਰ ਆਪ ਪਰਗਟਾਇਆ, ਆਪੇ ਵਸਣਹਾਰਾ ਆਪਣੇ ਕੋਲ । ਆਪਣਾ ਪਰਦਾ ਆਪ ਉਠਾਇਆ, ਆਪਣੇ ਮੰਦਰ ਆਪੇ ਬੋਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਤੋਲੇ ਏਕਾ ਸੱਚਾ ਤੋਲ । ਤੋਲੇ ਤੋਲ

ਬਣ ਬਣ ਤੋਲਾ, ਤੋਲਣਹਾਰਾ ਦਇਆ ਕਮਾਈਆ । ਸਚ ਭੰਡਾਰ ਏਕਾ ਖੋਲ੍ਹਾ, ਪੁਰਖ ਅਬਿਨਾਸ਼ੀ ਰਿਹਾ ਵਰਤਾਈਆ । ਚਰਨ ਕਵਲ ਕਵਲ ਚਰਨ ਬ੍ਰਹਮ ਵੇਤਾ ਬ੍ਰਹਮ ਮੌਲਾ, ਪਾਰਬ੍ਰਹਮ ਸੱਚੀ ਸਰਨਾਈਆ । ਤੇਰਾ ਅੰਮ੍ਰਿਤ ਮੇਰਾ ਕਵਲਾ, ਵਿਸ਼ਨੂੰ ਤੇਰੀ ਵਡ ਵਡਿਆਈਆ । ਹਉਂ ਤੁਧ ਬਿਨ ਹੋਇਆ ਬਵਲਾ, ਸਾਂਤਕ ਸਾਂਤ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਵਸਤ ਇਕ ਵਰਤਾਈਆ । ਸਾਚੀ ਵਸਤ ਵਸਤ ਅਮੋਲਕ, ਬ੍ਰਹਮ ਵੇਤਾ ਮੰਗ ਮੰਗਾਇੰਦਾ । ਮੇਰੀ ਭਰਨੀ ਏਕਾ ਗੋਲਕ, ਖ਼ਾਲੀ ਫੇਰ ਨਾ ਕੋਇ ਕਰਾਇੰਦਾ । ਆਪਣਾ ਨਾਮ ਵਜੌਣੀ ਸਾਚੀ ਢੋਲਕ, ਤਾਰ ਸਤਾਰ ਨਾ ਕੋਇ ਰਖਾਇੰਦਾ । ਮੈਂ ਸੁਣਿਆ ਤੂੰ ਸੁਣਾਏਂ ਅਨਬੋਲਤ, ਲਿਖਣ ਪੜ੍ਹਨ ਵਿਚ ਨਾ ਆਇੰਦਾ । ਤੂੰ ਆਦਿ ਜੁਗਾਦਿ ਸਦਾ ਅਡੋਲਤ, ਅਤੁੱਲ ਆਪਣਾ ਨਾਮ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਉਂ ਸੇਵਕ ਮੰਗ ਮੰਗਾਇੰਦਾ । ਦੇਵੇ ਵਰ ਦਾਤਾਰ, ਆਪ ਆਪਣੀ ਦਇਆ ਕਮਾਇੰਦਾ । ਆਪਣਾ ਰੰਗ ਰੰਗੇ ਕਰਤਾਰ, ਕੁਦਰਤ ਤੇਰੀ ਖੇਲ ਖਿਲਾਇੰਦਾ । ਤੇਰੀ ਜੋਤ ਕਰ ਉਜਿਆਰ, ਨੂਰ ਨੁਰਾਨਾ ਡਗਮਗਾਇੰਦਾ । ਤੇਰਾ ਬ੍ਰਹਮ ਕਰੇ ਪਸਾਰ, ਪਾਰਬ੍ਰਹਮ ਵੰਡ ਵੰਡਾਇੰਦਾ । ਤੇਰੀ ਜੋਤੀ ਹੋ ਉਜਿਆਰ, ਘਟ ਘਟ ਭਾਂਡੇ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦਾਤਾ ਆਪ ਹੋ ਜਾਇੰਦਾ । ਦਾਤਾ ਦੇਵੇ ਸਾਚਾ ਦਾਨ, ਦਾਨੀ ਆਪਣੀ ਦਇਆ ਕਮਾਈਆ । ਬ੍ਰਹਮੇ ਤੇਰਾ ਏਕਾ ਮਾਣ, ਨਿਵਣ ਸੋ ਅੱਖਰ ਰਿਹਾ ਸਮਝਾਈਆ । ਮੇਰਾ ਨਾਦ ਤੇਰਾ ਗਾਨ, ਸੋਹੰ ਅੱਖਰ ਕਰੇ ਪੜ੍ਹਾਈਆ । ਮੇਰੀ ਧੂੜ ਤੇਰਾ ਅਸ਼ਨਾਨ, ਤੇਰਾ ਅਸ਼ਨਾਨ ਸ਼ੰਕਰ ਧਾਰ ਵਹਾਈਆ । ਸ਼ੰਕਰ ਧਾਰ ਖੇਲ ਮਹਾਨ, ਲੋਕਮਾਤ ਲਏ ਪਰਗਟਾਈਆ । ਏਕਾ ਜਲ ਹੋਏ ਮਿਹਮਾਨ, ਮਹਬਖ਼ਾਨਾ ਆਪ ਸਮਝਾਈਆ । ਜਲ ਬਿੰਬ ਕਰੇ ਪਰਵਾਨ, ਆਪ ਆਪਣੇ ਵਿਚ ਸਮਾਈਆ । ਵਿਸ਼ਨ ਬ੍ਰਹਮਾ ਸ਼ਿਵ ਗੌਣਾ ਗਾਨ, ਭੁਲ ਕਦੇ ਨਾ ਜਾਈਆ । ਮੇਰਾ ਰੂਪ ਨਾ ਕੋਇ ਨਿਸ਼ਾਨ, ਸ੍ਰੀ ਭਗਵਾਨ ਕਹਿ ਕਹਿ ਆਪਣਾ ਵਕ਼ਤ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦਿਤਾ ਸਾਚਾ ਵਰ, ਸਾਚੀ ਵਸਤ ਆਪ ਵਰਤਾਈਆ । ਬ੍ਰਹਮੇ ਪਾਇਆ ਵਰ ਹਰਿ ਘਰ, ਵਸਤ ਅਮੋਲਕ ਆਪਣੀ ਗੋਦ ਰਖਾਇੰਦਾ । ਤੂੰ ਭੰਡਾਰ ਦਿਤਾ ਭਰ, ਕਵਣ ਧਾਰਾ ਬਣ ਵਰਤਾਇੰਦਾ । ਨਾ ਪੁਰਖ ਨਾ ਦਿਸੇ ਨਾਰੀ ਨਰ, ਜੋੜ ਜੋੜ ਨਾ ਕੋਇ ਜੁੜਾਇੰਦਾ । ਕਿਸੇ ਬਿਧ ਅੰਦਰ ਜਾਵਾਂ ਵੜ, ਆਪਣੀ ਬਣਤ ਨਾ ਆਪ ਬਣਾਇੰਦਾ । ਕਿਰਪਾ ਕਰ ਮੇਰੇ ਗੁਰ, ਸ਼ਬਦ ਸੁਤ ਤੇਰਾ ਸੰਗ ਸਮਾਇੰਦਾ । ਅਨੰਦ ਕਾਰਜ ਮੇਰਾ ਆਪੇ ਕਰ, ਅਨੰਦ ਮੰਗਲ ਤੇਰਾ ਏਕਾ ਗਾਇੰਦਾ । ਮੇਰੀ ਗੋਦੀ ਆਪਣਾ ਰੂਪ ਧਰ, ਬਾਲੀ ਬੁੱਧ ਬਾਲ ਸ਼ਰਮਾਇੰਦਾ । ਪੁਰਖ ਅਬਿਨਾਸ਼ੀ ਕਿਰਪਾ ਕਰ, ਸਾਚਾ ਹੁਕਮ ਆਪ ਸੁਣਾਇੰਦਾ । ਤ੍ਰੈਗੁਣ ਦੇਵੇ ਏਕਾ ਵਸਤ ਵਰ, ਸਾਚੀ ਵਸਤ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਦਰ ਬਾਹਰ ਆਪੇ ਖੜ, ਆਪਣਾ ਨੂਰ ਆਪ ਦਰਸਾਇੰਦਾ । ਨੂਰ ਨੁਰਾਨਾ ਜੋਬਨਵੰਤ, ਪਾਰਬ੍ਰਹਮ ਵਡੀ ਵਡਿਆਈਆ । ਨਰ ਨਰਾਇਣ ਬਣਿਆ ਕੰਤ, ਬ੍ਰਹਮ ਸੇਜਾ ਆਪ ਹੰਢਾਈਆ । ਆਪੇ ਆਪਣਾ ਚੜ੍ਹਿਆ ਰੰਗ ਬਸੰਤ, ਉਤਰ ਕਦੇ ਨਾ ਜਾਈਆ । ਆਪ ਬਣਾਈ ਆਪਣੀ ਬਣਤ, ਭੇਵ ਭੇਦ ਅਭੇਦ ਖੁਲ੍ਹਾਈਆ । ਆਪਣਾ ਖੇਲ ਖਿਲਾਇਆ ਆਦਿ ਅੰਤ, ਆਪਣੇ ਹੱਥ ਰੱਖੇ ਵਡਿਆਈਆ । ਬ੍ਰਹਮੇ ਤੇਰੇ ਨਾਮ ਵੇਖੇ ਮੇਰਾ ਰੂਪ ਜੀਵ ਜੰਤ, ਜਾਗਰਤ ਜੋਤ ਕਰੇ ਰੁਸ਼ਨਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਮੰਤ ਦਏ ਸਮਝਾਈਆ । ਏਕਾ ਮੰਤ ਤ੍ਰੈਗਣ ਅਤੀਤਾ, ਤ੍ਰੈ ਤ੍ਰੈ ਮੇਲਾ ਆਪ ਮਿਲਾਇੰਦਾ । ਤਖ਼ਤ ਨਿਵਾਸੀ ਠਾਂਡਾ ਸੀਤਾ, ਸਚਖੰਡ ਦਵਾਰ ਸੋਭਾ ਪਾਇੰਦਾ । ਆਪੇ ਜਾਣੇ ਆਪਣਾ ਕੀਤਾ, ਦੂਸਰ ਅਵਰ ਨਾ ਕੋਇ ਸਮਝਾਇੰਦਾ । ਆਪ ਚਲਾਈ ਆਪਣੀ ਰੀਤਾ, ਵਿਸ਼ਨ ਬ੍ਰਹਮਾ ਸ਼ਿਵ ਸੇਵ ਲਗਾਇੰਦਾ । ਧੁਰਦਰਗਾਹੀ ਬਣਿਆ ਮੀਤਾ, ਮਿੱਤਰ ਪਿਆਰਾ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਆਪ ਚਲਾਇੰਦਾ । ਸਾਚਾ ਮਾਰਗ ਚਲੇ ਰਾਹ, ਰਹਿਬਰ ਹਰਿ ਹਰਿ ਆਪ ਚਲਾਈਆ । ਨਿਰਗੁਣ ਨਿਰਵੈਰ ਬਣ ਮਲਾਹ, ਸਾਚਾ ਬੇੜਾ ਆਪ ਉਠਾਈਆ । ਸ਼ਬਦੀ ਸੁਤ ਦਏ ਸਲਾਹ, ਵਿਸ਼ਨ ਬ੍ਰਹਮਾ ਸ਼ਿਵ ਸਮਝਾਈਆ । ਤ੍ਰੈਗੁਣ ਮੇਲਾ ਮੇਲ ਮਿਲਾ ਪੰਜ ਤੱਤ ਕਰੇ ਕੁੜਮਾਈਆ । ਮਨ ਮਤ ਬੁਧ ਵਿਚ ਟਿਕਾ, ਨੌਂ ਦਵਾਰੇ ਖੋਲ੍ਹ ਵਖਾਈਆ । ਘਾੜਤ ਘੜਨ ਲਏ ਵਟਾ, ਘਰ ਘਰ ਵਿਚ ਰੂਪ ਵਟਾਈਆ । ਡੂੰਘੀ ਕੰਦਰ ਪਰਦਾ ਪਾ, ਆਪਣਾ ਮੁਖ ਛੁਪਾਈਆ । ਆਪਣਾ ਮਾਰਗ ਆਪੇ ਲਾ, ਆਪੇ ਹੋਏ ਸਹਾਈਆ । ਈੜਾ ਪਿੰਗਲ ਬਹਾਏ ਆਪਣੇ ਥਾਂ, ਸੁਖਮਨ ਏਕਾ ਮੁਖ ਭਵਾਈਆ । ਨਾਭੀ ਕਵਲ ਅੰਮ੍ਰਿਤ ਆਪ ਭਰਾ, ਵਿਸ਼ਨ ਬ੍ਰਹਮਾ ਦਏ ਵਡਿਆਈਆ । ਨਾਦ ਧੁੰਨ ਆਪ ਸੁਣਾ, ਸ਼ਬਦੀ ਸੁਤ ਆਪ ਮਿਲਾਈਆ । ਬਜਰ ਕਪਾਟੀ ਪਰਦਾ ਲਾਹ, ਸਾਚਾ ਘਰ ਵਖਾਈਆ । ਆਤਮ ਸੇਜਾ ਆਪ ਸੁਹਾ, ਬ੍ਰਹਮ ਰੂਪ ਵਟਾਈਆ । ਬ੍ਰਹਮ ਮੇਲਾ ਸਹਿਜ ਸੁਭਾ, ਪਾਰਬ੍ਰਹਮ ਬਖ਼ਸ਼ੇ ਸਚ ਸਰਨਾਈਆ । ਜੋਤੀ ਜੋਤ ਜੋਤ ਜਗਾ, ਜੋਤੀ ਜਾਤਾ ਕਰੇ ਰੁਸ਼ਨਾਈਆ । ਵਾਸਨਾ ਖੋਟੀ ਦਏ ਕਢਾ, ਪੰਜ ਤੱਤ ਨਾ ਕਰੇ ਲੜਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਨਾ ਹੋਏ ਹਲਕਾ, ਆਸਾ ਤ੍ਰਿਸ਼ਨਾ ਨੇੜ ਨਾ ਆਈਆ । ਸਾਚਾ ਮਾਰਗ ਦਏ ਵਖਾ, ਏਕਾ ਅੱਖਰ ਕਰੇ ਪੜ੍ਹਾਈਆ । ਸੋਹੰ ਰੂਪ ਆਪ ਧਰਾ, ਲੱਖ ਚੁਰਾਸੀ ਲਏ ਬਣਾ, ਘਟ ਘਟ ਅੰਦਰ ਡੇਰਾ ਲਾ, ਸਚ ਸਿੰਘਾਸਣ ਸੋਭਾ ਪਾਈਆ । ਜੋਤੀ ਜੋਤ ਡਗਮਗਾ, ਜੋਤ ਨਿਰੰਜਣ ਕਰੇ ਰੁਸ਼ਨਾਈਆ । ਆਦਿ ਨਿਰੰਜਣ ਸੱਚਾ ਸ਼ਾਹ, ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਵਣਜ ਕਰਾਈਆ । ਲੱਖ ਚੁਰਾਸੀ ਵਣਜ ਵਣਜਾਰਾ, ਸਾਚਾ ਹੱਟ ਖੁਲ੍ਹਾਇੰਦਾ । ਬ੍ਰਹਮਾ ਸ਼ਿਵ ਵਿਸ਼ਨ ਦਏ ਸਹਾਰਾ, ਸਾਚਾ ਹੁਕਮ ਸੁਣਾਇੰਦਾ । ਕਰੇ ਕਰਾਏ ਆਪਣੀ ਕਾਰਾ, ਭੇਵ ਕੋਇ ਨਾ ਪਾਇੰਦਾ । ਸਾਚੇ ਸੁਤ ਤੇਰਾ ਦਰਬਾਰਾ, ਲੋਕਮਾਤ ਖੁਲ੍ਹਾਇੰਦਾ । ਚਰਨ ਧੂੜ ਬਖ਼ਸ਼ੇ ਇਕ ਸਹਾਰਾ, ਧਰਨੀ ਧੌਲ ਜਲ ਬਿੰਬ ਆਪ ਟਿਕਾਇੰਦਾ । ਧੌਲ ਰੂਪ ਕਰੇ ਕਰਤਾਰਾ, ਦਿਸ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹਿੱਸਾ ਆਪ ਵੰਡਾਇੰਦਾ । ਸਾਚਾ ਹਿੱਸਾ ਧਰਨੀ ਵੰਡ, ਧਰਤ ਧਵਲ ਵੰਡ ਵੰਡਾਈਆ । ਆਪੇ ਕਰੇ ਖੰਡ ਖੰਡ, ਬ੍ਰਹਿਮੰਡ ਬੇਪਰਵਾਹੀਆ । ਆਪ ਉਪਜਾਏ ਜੇਰਜ ਅੰਡ, ਉਤਭੁਜ ਸੇਤਜ ਆਪਣੀ ਚਾਲ ਚਲਾਈਆ । ਆਪੇ ਦੋ ਜਹਾਨਾਂ ਰੱਖੇ ਕੰਧ, ਆਪੇ ਪਰਦਾ ਰਿਹਾ ਲਗਾਈਆ । ਆਪੇ ਵਿਸ਼ਨ ਬ੍ਰਹਮਾ ਸ਼ਿਵ ਸੁਣਾਏ ਛੰਦ, ਆਪੇ ਚਾਰੇ ਵੇਦਾਂ ਢੋਲਾ ਗਾਈਆ । ਆਪੇ ਹੋਏ ਸਦ ਬਖ਼ਸ਼ੰਦ, ਬਖ਼ਸ਼ਣਹਾਰ ਇਕ ਅਖਵਾਈਆ । ਆਪੇ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੰਡੇ ਵੰਡ, ਹਿੱਸਾ ਹਸਰਤ ਦਏ ਮਿਟਾਈਆ । ਆਪੇ ਕਰੇ ਖੰਡ ਖੰਡ, ਖੰਡਾ ਆਪਣਾ ਨਾਉਂ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖੇ ਥਾਉਂ ਥਾਈਂਆ । ਥਾਨ ਥਨੰਤਰ ਵੇਖਣਹਾਰ, ਸਚਖੰਡ ਨਿਵਾਸੀ ਦਇਆ ਕਮਾਇੰਦਾ । ਸਤਿਜੁਗ ਬਖ਼ਸ਼ੇ ਇਕ ਪਿਆਰ, ਚਰਨ ਧੂੜ ਟਿੱਕਾ

ਲਾਇੰਦਾ । ਤ੍ਰੇਤਾ ਦੁਆਪਰ ਆਏ ਆਪਣੀ ਵਾਰ, ਦੁਆਪਰ ਤ੍ਰੇਤਾ ਰੂਪ ਵਟਾਇੰਦਾ । ਚਰਨ ਕਵਲ ਦਏ ਸਹਾਰ, ਚਰਨ ਚਰਨ ਧਿਆਨ ਜਣਾਇੰਦਾ । ਦੋਏ ਦੋਏ ਲੇਖਾ ਵਿਚ ਸੰਸਾਰ, ਦੋ ਜਹਾਨਾਂ ਆਪ ਮੁਕਾਇੰਦਾ । ਕਲਜੁਗ ਕਰੇ ਖੇਲ ਅਪਰ ਅਪਾਰ, ਚਾਰ ਚਾਰ ਬੰਧਨ ਪਾਇੰਦਾ । ਚਾਰ ਵਰਨ ਕਰੇ ਖ਼ਵਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਦੁਲਾਰਾ ਆਪ ਸਮਝਾਇੰਦਾ । ਸ਼ਬਦ ਦੁਲਾਰਾ ਆਪ ਜਗਾਇਆ, ਕਰ ਕਿਰਪਾ ਹਰਿ ਮਿਹਰਵਾਨ । ਸਤਿਜੁਗ ਸਾਚਾ ਤੇਰੀ ਝੋਲੀ ਪਾਇਆ, ਦੇਵੇ ਏਕਾ ਦਾਨ । ਵਿਸ਼ਨ ਬ੍ਰਹਮਾ ਸ਼ਿਵ ਨਾਲ ਰਲਾਇਆ, ਤ੍ਰੈਗੁਣ ਨਾਲ ਹੋਈ ਪਰਧਾਨ । ਪੰਜ ਤੱਤ ਤੇਰਾ ਹੱਥ ਵਟਾਇਆ, ਮਿਲਿਆ ਹਾਣੀ ਹਾਣ । ਸਾਚਾ ਨਾਮ ਇਕ ਜਪਾਇਆ, ਸੋਹੰ ਸ਼ਬਦ ਸ੍ਰੀ ਭਗਵਾਨ । ਬ੍ਰਹਮ ਲੇਖਾ ਆਪ ਲਿਖਾਇਆ, ਆਪੇ ਖੋਲ੍ਹੇ ਸਚ ਦੁਕਾਨ । ਸਾਚੀ ਵਸਤ ਵਿਚ ਟਿਕਾਇਆ, ਆਪ ਵਰਤਾਏ ਦੋ ਜਹਾਨ । ਲਹਿਣਾ ਦੇਣਾ ਆਪਣੇ ਹੱਥ ਰਖਾਇਆ, ਭੁਲ ਨਾ ਜਾਣਾ ਬਣ ਨਾਦਾਨ । ਸਤਿਜੁਗ ਸਾਚਾ ਰਾਹ ਚਲਾਇਆ, ਮਾਰਗ ਵੇਖੇ ਆਪ ਨਿਗਹਬਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸ਼ਬਦੀ ਦਾਨ । ਸਤਿਜੁਗ ਸ਼ਬਦ ਮਿਲਿਆ ਮੇਲਾ, ਸਤਿ ਸਤਿ ਨਾਮ ਰਖਾਇਆ । ਪੁਰਖ ਅਬਿਨਾਸ਼ੀ ਪਾਇਆ ਸੱਜਣ ਸੁਹੇਲਾ, ਘਰ ਸਾਚੇ ਵੱਜੇ ਵਧਾਇਆ । ਲੜ ਛੁੱਟਾ ਇਕ ਅਕੇਲਾ, ਦੋਏ ਦੋਏ ਮੰਗ ਆਪ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੇ ਸੁਤ ਆਪ ਉਠਾਇਆ । ਸਾਚੇ ਸੁਤ ਸੁਣਿਆ ਸੰਦੇਸਾ, ਹਰਿ ਸਾਚੇ ਆਪ ਜਣਾਇਆ । ਵਿਸ਼ਨ ਬ੍ਰਹਮਾ ਸ਼ਿਵ ਲਿਖਿਆ ਲੇਖਾ, ਲਿਖਿਆ ਲੇਖ ਨਾ ਕੋਇ ਮਿਟਾਇਆ । ਚਾਰੇ ਜੁਗ ਕਰਨ ਆਏ ਆਦੇਸਾ, ਨਿਉਂ ਨਿਉਂ ਸੀਸ ਝੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਸ਼ਬਦ ਹੱਥ ਫੜਾਇਆ । ਸ਼ਬਦ ਹੱਥ ਦਿਤੀ ਡੋਰ, ਚਾਰੇ ਜੁਗ ਬੰਧਨ ਪਾਈਆ । ਦੋ ਜਹਾਨਾਂ ਵੇਖਾਂ ਤੇਰੀ ਤੋਰ, ਔਣਾ ਜਾਣਾ ਸਦਾ ਚਾਈਂ ਚਾਈਂਆ । ਤੇਰਾ ਚਲਦਾ ਵੇਖਾਂ ਘੋੜ, ਕਵਣ ਕੂਟ ਰਿਹਾ ਦੌੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਵਸਤ ਤੇਰੇ ਹੱਥ ਫੜਾਈਆ । ਸ਼ਬਦ ਹੁਕਮ ਸਾਚਾ ਪਾਇਆ, ਹੋਇਆ ਵਡ ਬਲਵਾਨ । ਸਤਿਜੁਗ ਆਪਣੇ ਦਰ ਬਹਾਇਆ, ਦੇਵੇ ਧੁਰ ਫ਼ਰਮਾਨ । ਜੀਵਾਂ ਜੰਤਾਂ ਮਾਰਗ ਇਕ ਚਲਾਇਆ, ਏਕਾ ਜਪਣਾ ਰਾਮ ਭਗਵਾਨ । ਸਾਚੀ ਵੰਡਣ ਵੰਡ ਵੰਡਾਇਆ, ਕਰਨਾ ਮੇਲ ਵਿਚ ਜਹਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸਾਚਾ ਮਾਣ । ਸਤਿਜੁਗ ਪੱਲੂ ਗਲ ਵਿਚ ਪਾ, ਨਿਉਂ ਨਿਉਂ ਕਰੇ ਨਿਮਸਕਾਰ । ਏਕਾ ਦੇਣੀ ਸਚ ਸਲਾਹ, ਲੱਖ ਚੁਰਾਸੀ ਇਕੋ ਜੇਹਾ ਨਾ ਦਿਸੇ ਪਿਆਰ । ਮੈਂ ਇਕ ਇਕੱਲਾ ਕੀ ਸਕਾਂ ਸਮਝਾ, ਪ੍ਰਭ ਕਾ ਭੇਵ ਬੇਅੰਤ ਬੇਸ਼ੁਮਾਰ । ਮੈਂ ਬਾਲੀ ਬੁਧ ਭੇਵ ਨਾ ਜਾਣਾ ਰਾ, ਮੇਰੇ ਅੰਤਰ ਆਏ ਨਾ ਕੋਇ ਹੰਕਾਰ । ਤੂੰ ਰਹਿਮਤ ਮੇਰੇ ਉਪਰ ਆਪ ਕਮਾ, ਹਉਂ ਮੰਗਾਂ ਦਰ ਭਿਖਾਰ । ਆਪਣਾ ਬਲ ਮੇਰੇ ਨਾਲ ਮਿਲਾ, ਤੇਰੇ ਦਰ ਬਣਾਂ ਦਰਬਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਹੋਏ ਜਾਣੀ ਜਾਣ । ਸਤਿਜੁਗ ਮੰਗੇ ਏਕਾ ਮੰਗ, ਅੱਗੇ ਆਪਣੀ ਝੋਲੀ ਡਾਹੀਆ । ਮੈਂ ਇਕ ਇਕੱਲਾ ਕਿਸ ਤਰਾਂ ਚੜ੍ਹਾਵਾਂ ਰੰਗ, ਮੇਰੀ ਪੇਸ਼ ਕੋਇ ਨਾ ਜਾਈਆ । ਲੱਖ ਚੁਰਾਸੀ ਨਾਲ ਪ੍ਰਭ ਕਾ ਸੰਗ, ਘਟ ਘਟ ਅੰਦਰ ਬੈਠਾ ਆਸਣ ਲਾਈਆ । ਮੋਹੇ ਮੰਗੀ ਏਕਾ ਮੰਗ, ਤ੍ਰੈਗੁਣ ਵਸਤ ਹਰਿ ਵਰਤਾਈਆ । ਸਤੋ ਵਿਸ਼ਨੂੰ ਲਾਈ ਅੰਗ, ਰਜੋ ਬ੍ਰਹਮਾ ਲਏ ਪਰਨਾਈਆ । ਤਮੋ ਘਰ ਘਰ ਵਜਾਏ

੭੯੭ ਮਰਦੰਗ, ਜਾਂਦੇ ਰਾਹੀ ਲਏ ਭੁਲਾਈਆ । ਕਰਿਆ ਖੇਲ ਸੂਰੇ ਸਰਬੰਗ, ਆਸਾ ਤ੍ਰਿਸਨਾ ਨਾਲ ਰਖਾਈਆ । ਅੰਦਰ ਪਰਦਾ ਰੱਖਿਆ ਕੰਧ, ਭੇਵ ਅਭੇਦ ਛੁਪਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਬਣਾਇਆ ਮਲੰਗ, ਆਪਣਾ ਡੌਰੂ ਰਹੇ ਵਜਾਈਆ । ਮੈਂ ਲੱਖ ਚੁਰਾਸੀ ਕਿਸ ਬਿਧ ਸੁਣਾਵਾਂ ਤੇਰਾ ਛੰਦ, ਤੇਰੀ ਮਹਿਮਾ ਕਵਣ ਮੁਖ ਗਾਈਆ । ਤੇਰਾ ਖੇਲ ਤੁਧ ਬਿਨ ਚਲੇ ਨਾ ਵਿਚ ਵਰਭੰਡ, ਭੰਡੀ ਕਰੇ ਸਰਬ ਲੋਕਾਈਆ । ਤੂੰ ਆਪਣਾ ਕਰਿਆ ਖੇਲ ਅਖੰਡ, ਮੈਂ ਵੇਖਾਂ ਚਾਈਂ ਚਾਈਂਆ । ਮੈਂ ਨਾਰ ਦੁਹਾਗਣ ਤੁਧ ਬਿਨ ਹੋਈ ਰੰਡ, ਮੇਰੇ ਕੰਤ ਘਰ ਔਣਾ ਚਾਈਂ ਚਾਈਂਆ । ਮੈਂ ਸਤਿ ਸੰਤੋਖ ਦੀ ਸੇਜ ਵਛਾਵਾਂ ਪਲੰਘ, ਉਪਰ ਤੇਰਾ ਨੂਰ ਲਵਾਂ ਟਿਕਾਈਆ । ਫਿਰ ਪਾ ਗਲਵਕੜੀ ਲੱਗਾਂ ਅੰਗ, ਆਪਣਾ ਦੁਖੜਾ ਦੇਵਾਂ ਸੁਣਾਈਆ । ਤੇਰੇ ਨਾਲ ਮਿਲ ਕੇ ਹੋਵਾਂ ਨਾ ਭੰਗ, ਸੈਭੰ ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਚੇ ਸ਼ਬਦ ਤੇਰੀ ਓਟ ਤਕਾਈਆ । ਸ਼ਬਦ ਸੂਰਾ ਬਣ ਬਲਕਾਰਾ, ਤ੍ਰੈ ਤ੍ਰੈ ਖੇਲ ਖਿਲਾਇੰਦਾ । ਆਪਣਾ ਕਰਾਂ ਖੇਲ ਅਪਾਰਾ, ਆਪਣਾ ਮੇਲ ਮਿਲਾਇੰਦਾ । ਲੋਕਮਾਤ ਜੀਵ ਜੰਤ ਕਰਾਂ ਪਸਾਰਾ, ਬ੍ਰਹਮ ਜੋਤ ਪਾਰਬ੍ਰਹਮ ਆਪਣਾ ਰੰਗ ਰੰਗਾਇੰਦਾ । ਘਰ ਵਿਚ ਮੰਦਰ ਘਰ ਉਜਿਆਰਾ, ਸਚ ਨਗਾਰਾ ਇਕ ਵਜਾਇੰਦਾ । ਤੇਰੇ ਅੰਤਰ ਲਵਾਂ ਅਵਤਾਰਾ, ਲੋਕਮਾਤ ਫੇਰਾ ਪਾਇੰਦਾ । ਅਨਕ ਗੁਣ ਮੇਰਾ ਨਾਉਂ ਨਿਰੰਕਾਰਾ, ਅੱਠਾਂ ਤੱਤਾਂ ਖੇਲ ਖਿਲਾਇੰਦਾ । ਅੱਠ ਤੱਤ ਰੂਪ ਧਰਾਂ ਅਠਾਰਾਂ ਵਾਰਾ, ਏਕਾ ਆਠਾ ਜੋੜ ਜੁੜਾਇੰਦਾ । ਆਪਣੀ ਧਰਨੀ ਕਰ ਪਸਾਰਾ, ਆਪਣਾ ਧੌਲ ਵੇਖ ਵਖਾਇੰਦਾ । ਆਪਣੇ ਜਲ ਦਏ ਹੁਲਾਰਾ, ਆਪਣਾ ਬਿੰਬ ਰੂਪ ਵਟਾਇੰਦਾ । ਆਪਣਾ ਗੜ੍ਹ ਬਣਾ ਮਨਾਰਾ, ਆਪਣਾ ਹੁਕਮ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਤੇਰਾ ਸੰਗ ਨਿਭਾਇੰਦਾ । ਸਤਿਜੁਗ ਤੇਰਾ ਬਣੇ ਸੰਗੀ, ਸਗਲਾ ਸੰਗ ਆਪ ਰਖਾਈਆ । ਆਪਣਾ ਨੂਰ ਆਪਣੀ ਜੋਤ ਨਾ ਕਰੇ ਨੰਗੀ, ਪੰਜ ਤੱਤ ਵਿਚ ਛੁਪਾਈਆ । ਕਰੇ ਖੇਲ ਬਹੁ ਬਹੁ ਰੰਗੀ, ਰੰਗ ਰੰਗੀਲਾ ਸਾਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਦਏ ਖਿਲਾਈਆ । ਸਤਿਜੁਗ ਪੁੱਛੇ ਸ਼ਬਦ ਗੁਰ, ਏਕਾ ਭੇਵ ਖੁਲੌਣਾ । ਕਵਣ ਰੂਪ ਜਗ ਆਏਂ ਤੁਰ, ਕਵਣ ਵੇਸ ਵਟੌਣਾ । ਕਵਣ ਚੜ੍ਹੇਂ ਸਾਚੇ ਘੁੜ, ਕਵਣ ਕੂਟੇ ਫੇਰਾ ਪੌਣਾ । ਕਵਣ ਨਿਭਾਏ ਲੱਗੀ ਤੋੜ, ਕਵਣ ਵੇਲਾ ਵਹੈਕਤ ਸੁਹੌਣਾ, ਕਵਣ ਤੁਟੀ ਦੇਵੇ ਜੋੜ, ਆਪਣਾ ਬੰਧਨ ਏਕਾ ਪੌਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਗੁਣ ਆਪ ਵਖੌਣਾ । ਗੁਣ ਜਣਾਏ ਦਇਆਵਾਨ, ਆਪਣੀ ਦਇਆ ਕਮਾਈਆ । ਵਾਰ ਅਠਾਰਾਂ ਧਰੇ ਰੂਪ ਸ੍ਰੀ ਭਗਵਾਨ, ਤੇਰੇ ਹੱਥ ਨਾਲ ਹੱਥ ਮਿਲਾਈਆ । ਖੇਲੇ ਖੇਲ ਸਮਰਥ ਦੋ ਜਹਾਨ, ਮਹਿਮਾ ਅਕਥ ਕਥੀ ਨਾ ਜਾਈਆ । ਬ੍ਰਹਮਾ ਸੁਤ ਕਰੇ ਪਰਵਾਨ, ਸਨਕ ਆਪਣਾ ਸੰਗ ਰਖਾਈਆ । ਬਰਾਹ ਰੂਪ ਹੋਏ ਆਪ ਮਿਹਰਵਾਨ, ਜਗੈ ਪੁਰਸ਼ ਆਪਣੀ ਧਾਰ ਚਲਾਈਆ । ਹਾਵ ਗ਼ਰੀਵ ਇਕ ਨਿਸ਼ਾਨ, ਨਰ ਨਰਾਇਣ ਖੇਲ ਖਿਲਾਈਆ । ਕਪਲ ਮੁਨ ਹੋ ਪਰਧਾਨ, ਦੱਤਾ ਤ੍ਰੈ ਦਏ ਵਡਿਆਇਆ । ਰਿਖਵ ਦੇਵ ਕਰੇ ਪਰਵਾਨ, ਪਿਰਥੂ ਆਪਣਾ ਖੇਲ ਖਿਲਾਈਆ । ਮਤਸ ਮਾਰੇ ਆਪ ਧਿਆਨ, ਜਲ ਬਿੰਬ ਦਏ ਵਡਿਆਈਆ । ਕਛਪ ਹੋਏ ਨਿਗਹਬਾਨ, ਆਪਣਾ ਭਾਰ ਆਪ ਉਠਾਈਆ । ਔਖਧ ਵੇਖੇ ਮਾਰ ਧਿਆਨ, ਧਨੰਤਰ ਫੋਲ ਫੋਲਾਈਆ । ਮੋਹਣੀ ਰੂਪ ਇਕ ਨਿਸ਼ਾਨ, ਹੰਸਾ ਕਰੇ ਸਚ ਪੜ੍ਹਾਈਆ । ਬਾਵਨ ਖੇਲ ਸ੍ਰੀ ਭਗਵਾਨ, ਬਲਧਾਰੀ ਆਪ

ਕਰਾਈਆ । ਨਰ ਸਿੰਘ ਬਣੇ ਸੂਰ ਬਲਵਾਨ, ਭੇਵ ਅਭੇਦ ਆਪ ਜਣਾਈਆ । ਹਰੀ ਹਰਿ ਹੋ ਮਿਹਰਵਾਨ, ਗਜ ਆਪਣੀ ਗੋਦ ਬਹਾਈਆ । ਨਰ ਨਰਾਇਣ ਖੇਲ ਮਹਾਨ, ਬਾਲ ਬਾਲਾ ਲਏ ਉਪਜਾਈਆ । ਤੇਰਾ ਸੀਸ ਆਪਣੇ ਚਰਨ ਕਰੇ ਪਰਵਾਨ, ਆਪਣਾ ਰਾਜ ਸਚਖੰਡ ਨਿਵਾਸੀ ਆਪਣੇ ਹੱਥ ਰਖਾਈਆ । ਰਹਿਣ ਨਾ ਦੇਵੇ ਤੇਰਾ ਫੇਰ ਨਿਸ਼ਾਨ, ਪਾਰਬ੍ਰਹਮ ਪ੍ਰਭ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਖਿਲੌਣਾ, ਸ਼ਬਦੀ ਸ਼ਬਦ ਨਗਾਰ । ਤ੍ਰੇਤਾ ਆਪਣੇ ਦਰ ਬਹੌਣਾ, ਕਰੇ ਸਚ ਪਿਆਰ । ਸਾਚਾ ਹੁਕਮ ਆਪ ਸੁਣੌਣਾ, ਮੰਨਿਆ ਜਾਏ ਵਿਚ ਸੰਸਾਰ । ਲੋਕਮਾਤ ਵੇਸ ਵਟੌਣਾ, ਪਰਗਟ ਹੋਏ ਗੁਰ ਅਵਤਾਰ । ਆਪਣਾ ਰੰਗ ਆਪ ਜਣੌਣਾ, ਬ੍ਰਹਮ ਪਾਰਬ੍ਰਹਮ ਪਸਾਰ । ਪਰਸ ਰਾਮ ਖੇਲ ਆਪ ਬਣੌਣਾ, ਆਪੇ ਪਾਰਸ ਪਰਸੇ ਬਣ ਸੁਨਿਆਰ । ਸਚ ਕੁਠਾਲੀ ਏਕਾ ਤਾਉਣਾ, ਜੋਤੀ ਜੋਤ ਲਾਏ ਇਕ ਅੰਗਿਆਰ । ਰੂਪ ਅਨੂਪ ਆਪ ਧਰੌਣਾ, ਆਪੇ ਹੋਏ ਰਾਮ ਅਵਤਾਰ । ਧੁਰ ਫ਼ਰਮਾਨਾ ਆਪ ਸੁਣੌਣਾ, ਚਾਰ ਕੁੰਟ ਇਕ ਜੈਕਾਰ । ਦੋਏ ਦੋਏ ਖੇਲ ਆਪ ਵਖੌਣਾ, ਪੁਰਖ ਅਬਿਨਾਸ਼ੀ ਖੇਲ ਅਪਾਰ । ਤੇਰਾ ਲਹਿਣਾ ਆਪਣੇ ਘਰ ਰਖੌਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਪਰ ਅਪਾਰ । ਤ੍ਰੇਤਾ ਉਤਰੇ ਆਪਣੇ ਘਾਟ, ਆਪਣਾ ਲੇਖਾ ਆਪ ਮੁਕਾਈਆ । ਦੁਆਪਰ ਆਏ ਆਪਣੀ ਵਾਟ, ਸਾਚੇ ਘਾਟ ਆਪ ਬਹਾਈਆ । ਲੇਖਾ ਜਾਣੇ ਪੁਰਖ ਸਮਰਾਥ, ਸ਼ਬਦ ਸ਼ਬਦੀ ਗੁਣ ਵਖਾਈਆ । ਏਕਾ ਨਾਦ ਸਾਚੀ ਗਾਥ, ਪੰਜ ਤੱਤ ਕਰੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖ ਲਿਖਾਏ ਵੇਦ ਵਿਆਸ, ਬਿਆਸ ਆਪਣਾ ਰੂਪ ਵਟਾਈਆ । ਵੇਦ ਲੇਖਾ ਬੇਆਸ, ਬੇਆਸ ਰੂਪ ਸਮਾਇਆ । ਬ੍ਰਹਮਾ ਕਰ ਬ੍ਰਹਮ ਪਰਕਾਸ਼, ਨਾਰਦ ਰੰਗ ਰੰਗਾਇਆ । ਸੁਰਸਤੀ ਹੋਈ ਦਾਸੀ ਦਾਸ, ਨਿਉਂ ਨਿਉਂ ਸੀਸ ਝੁਕਾਇਆ । ਏਕਾ ਮੰਡਲ ਏਕਾ ਰਾਸ, ਏਕਾ ਨਾਚ ਨਚਾਇਆ । ਏਕਾ ਗੋਪੀ ਏਕਾ ਕਾਹਨ, ਵਿਛੜ ਕਦੇ ਨਾ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੋਏ ਦੋਏ ਲੇਖਾ ਆਪ ਬੰਧਾਇਆ । ਦੋਏ ਦੋਏ ਲੇਖਾ ਬੰਧਨ ਪਾ, ਨਿਰਗੁਣ ਆਪਣਾ ਖੇਲ ਆਪ ਖਿਲਾਇੰਦਾ । ਕਾਹਨਾ ਕ੍ਰਿਸ਼ਨਾ ਰੂਪ ਧਰਾ, ਏਕਾ ਬੰਸਰੀ ਨਾਮ ਵਜਾਇੰਦਾ । ਮਕੰਦ ਮਨੋਹਰ ਲੱਖਮੀ ਨਰਾਇਣ ਨਾਮ ਧਰਾ, ਸਾਚੀ ਰਾਸ ਰਚਾਇੰਦਾ । ਸਾਚੀ ਸਖ਼ੀਆਂ ਮੰਗਲਾਚਾਰ ਆਪ ਕਰਾ, ਆਪਣਾ ਹੁਕਮ ਆਪ ਵਰਤਾਇੰਦਾ । ਅੰਤਮ ਲਹਿਣਾ ਦੇਣਾ ਮੁਕਿਆ ਵਿਚ ਸੰਸਾਰ, ਥਿਰ ਕੋਇ ਰਹਿਣ ਨਾ ਪਾਇੰਦਾ । ਏਕਾ ਸ਼ਬਦ ਏਕਾ ਵਾਰ, ਅੱਠ ਦਸ ਆਪਣੀ ਧਾਰ ਆਪ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਭੇਵ ਆਪ ਖੁਲ੍ਹਾਇੰਦਾ । ਦੁਆਪਰ ਉਤਰਿਆ ਪਾਰ, ਸ਼ਬਦ ਆਪਣਾ ਖੇਲ ਖਿਲਾਇੰਦਾ । ਪਰਵਰਦਿਵਾਰ ਅੱਗੇ ਕਰੇ ਨਿਮਸਕਾਰ, ਨਿਉਂ ਨਿਉਂ ਆਪਣਾ ਸੀਸ ਝੁਕਾਇੰਦਾ । ਤੇਰਾ ਕਲਜੁਗ ਆਏ ਮੇਰੇ ਦਵਾਰ, ਮੈਂ ਨੇਤਰ ਨੈਣਾਂ ਦਰਸ ਪਾਇੰਦਾ । ਓਹਦੇ ਹੱਥ ਤੱਤ ਅੰਗਿਆਰ, ਚਾਰੋਂ ਕੁੰਟ ਖ਼ਾਕ ਉਡਾਇੰਦਾ । ਉਚੀ ਕੂਕ ਕਰੇ ਪੁਕਾਰ, ਆਪਣਾ ਢੋਲਾ ਆਪੇ ਗਾਇੰਦਾ । ਮੈਂ ਹੋਇਆ ਖ਼ਬਰਦਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਇੰਦਾ । ਕਲਜੁਗ ਹੁਕਮ ਸਚ ਵਰਤਾਰਾ, ਸੋ ਪੁਰਖ ਨਿਰੰਜਣ ਆਪ ਵਰਤਾਈਆ । ਸ਼ਬਦੀ ਸ਼ਬਦ ਸ਼ਬਦ ਹੁਲਾਰਾ, ਸ਼ਬਦੀ ਸ਼ਬਦ ਖੇਲ ਖਿਲਾਈਆ । ਕਲਜੁਗ ਮੰਗੇ ਮੰਗ ਦਵਾਰਾ, ਢਹਿ ਢਹਿ ਪਏ ਸਰਨਾਈਆ । ਮੈਂ ਰਹਿਣਾ ਦਿਨ ਥੋੜੇ ਚਾਰਾ, ਮੇਰੀ ਆਰਜਾ ਕੋਈ

੭੯੯
੧੦

ਨਾ ਸਕੇ ਮਿਟਾਈਆ । ਮੈਂ ਜੋਧਾ ਸੂਰਬੀਰ ਬਲਕਾਰਾ, ਤਿੰਨ ਜੁਗ ਸੁੱਤਾ ਰਿਹਾ ਨਾ ਲਈ ਮਾਤ ਅੰਗੜਾਈਆ । ਅੰਤਮ ਆਈ ਮੇਰੀ ਵਾਰਾ, ਪੁਰਖ ਅਬਿਨਾਸ਼ੀ ਦਇਆ ਕਮਾਈਆ । ਤਿੰਨ ਜੁਗ ਜੋ ਬਣਦਾ ਰਿਹਾ ਵਿਭਚਾਰਾ, ਮੈਂ ਦਿਆਂ ਰੰਗ ਚੜ੍ਹਾਈਆ । ਮੇਰੇ ਅੰਦਰ ਵੜਿਆ ਆਪ ਨਿਰੰਕਾਰਾ, ਹੰਕਾਰ ਮੋਹ ਵਿਕਾਰ ਮੇਰੀ ਝੋਲੀ ਪਾਈਆ । ਮੇਰੀ ਇਛਿਆ ਕੀਆ ਸ਼ੰਗਾਰਾ, ਸੋਲਾ ਇਛਿਆ ਪੂਰ ਕਰਾਈਆ । ਮੇਰਾ ਵੱਜੇ ਝੂਠ ਨਗਾਰਾ, ਚਾਰੋਂ ਕੁੰਟਾਂ ਦਿਆਂ ਸੁਣਾਈਆ । ਮੈਂ ਬਣ ਕੇ ਆਇਆ ਸਾਚਾ ਲਾੜਾ, ਲੱਖ ਚੁਰਾਸੀ ਲਵਾਂ ਪਰਨਾਈਆ । ਮੈਂ ਲੁੱਟਾਂ ਦਿਨ ਦਿਹਾੜਾ, ਆਪਣਾ ਬਲ ਰਖਾਈਆ । ਤਿੰਨ ਜੁਗ ਕਢਦੇ ਗਏ ਸਾਧਾਂ ਸੰਤਾਂ ਅੱਗੇ ਹਾੜਾ, ਮੈਂ ਸਾਧ ਸੰਤ ਫੜ ਫੜ ਅੱਗੇ ਲਵਾਂ ਲਗਾਈਆ । ਪੰਜ ਤੱਤ ਬਹੱਤਰ ਨਾੜਾ ਹੋਏ ਖ਼ਬਰਦਾਰਾ, ਮੈਂ ਏਕਾ ਹੁਕਮ ਚਲਾਈਆ । ਮੇਰਾ ਪਾਸਾ ਆਵੇ ਨਾ ਹਾਰਾ, ਸ਼ਾਹ ਪਾਤਸ਼ਾਹ ਸੀਸ ਝੁਕਾਈਆ । ਮੇਰੇ ਹੱਥ ਇਕ ਨਗਾਰਾ, ਮੈਂ ਦੋ ਜਹਾਨਾਂ ਦਿਆਂ ਵਜਾਈਆ । ਮੈਂ ਮੱਲਿਆ ਧੁਰ ਦਰਬਾਰਾ, ਅੰਤਮ ਲੇਖਾ ਦੇਣਾ ਸਮਝਾਈਆ । ਮੈਂ ਮੰਗਿਆ ਵਰ ਬਣ ਭਿਖਾਰਾ, ਅੱਗੇ ਆਪਣੀ ਝੋਲੀ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਦਇਆ ਆਪ ਕਮਾਈਆ । ਵਾਹ ਵਾਹ ਕਲਜੁਗ ਮੰਗੀ ਮੰਗ, ਸਤਿ ਸਤਿਵਾਦੀ ਝੋਲੀ ਭਰਾਇੰਦਾ । ਤੇਰੇ ਹੱਥ ਮੇਰਾ ਮਰਦੰਗ, ਤੇਰਾ ਨਾਦ ਨਾ ਕੋਈ ਵਖਾਇੰਦਾ । ਲੋਆਂ ਪੁਰੀਆਂ ਖੰਡ ਬ੍ਰਹਿਮੰਡ ਧੌਣੀ ਵੰਡ, ਸਿਰ ਤੇਰੇ ਹੱਥ ਟਿਕਾਇੰਦਾ । ਸਭ ਦੀ ਨੰਗੀ ਕਰਨੀ ਕੰਡ, ਸੀਸ ਤਾਜ ਨਾ ਕੋਈ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਹੁਕਮ ਹਰਿ ਸੁਣਾਇੰਦਾ । ਸਾਚਾ ਹੁਕਮ ਧੁਰ ਫ਼ਰਮਾਨਾ, ਧੁਰ ਧੁਰਬਾਰੀ ਆਪ ਸੁਣਾਇੰਦਾ । ਤਿੰਨ ਜੁਗ ਨਾ ਵਰਤਿਆ ਭਾਣਾ, ਚੌਥੇ ਜੁਗ ਖੇਲ ਖਿਲਾਇੰਦਾ । ਗੁਰ ਅਵਤਾਰਾ ਦੇਂਦਾ ਰਿਹਾ ਧੁਰ ਫ਼ਰਮਾਨਾ, ਹੁਕਮੀ ਹੁਕਮ ਆਪ ਸੁਣਾਇੰਦਾ । ਕਲਜੁਗ ਅੰਤਮ ਰੱਖਾਂ ਤੇਰਾ ਮਾਣਾ, ਸਿਰ ਤੇਰੇ ਹੱਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਪੰਧ ਆਪ ਮੁਕਾਇੰਦਾ । ਤੇਰਾ ਪੰਧ ਮੁਕਣਾ ਛੇਤੀ, ਸਤਿਗੁਰ ਪੂਰਾ ਆਪ ਮੁਕਾਈਆ । ਤੇਰੀ ਵੇਖੇ ਲੱਖ ਚੁਰਾਸੀ ਖੇਤੀ, ਚਾਰੋਂ ਕੁੰਟ ਫੇਰਾ ਪਾਈਆ । ਤਿੰਨ ਜੁਗ ਬਣਦਾ ਰਿਹਾ ਭੇਤੀ, ਆਪਣਾ ਰੂਪ ਰੂਪ ਵਿਚ ਛੁਪਾਈਆ । ਸਾਧ ਸੰਤਾਂ ਕਰਦਾ ਰਿਹਾ ਹੇਤੀ, ਨਿਤ ਨਵਿਤ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰਾ ਲੇਖਾ ਆਪਣੇ ਹੱਥ ਰਖਾਈਆ । ਕਲਜੁਗ ਉਠਿਆ ਵਡ ਬਲਧਾਰ, ਦੋਏ ਜੋੜ ਕਰੇ ਨਿਮਸਕਾਰਾ । ਤੂੰ ਸਾਹਿਬ ਸੱਚਾ ਦਾਤਾਰ, ਹਉਂ ਬਣਿਆ ਦਰ ਭਿਖਾਰਾ । ਏਕਾ ਦੇਣਾ ਵਰ ਅਪਾਰ, ਤੂੰ ਵਰ ਦੇਵਣਹਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੋਧ ਗਿਆਨ ਤੇਰਾ ਭੰਡਾਰਾ । ਬੋਧ ਗਿਆਨ ਪਹਿਲਾ ਘਾਟ, ਕਲਜੁਗ ਚਰਨ ਲੱਗਣ ਨਾ ਪਾਈਆ । ਮੈਂ ਤੱਕਦਾ ਰਿਹਾ ਤੇਰੀ ਵਾਟ, ਤੇਰਾ ਵਿਛੋੜਾ ਸਹਿ ਨਾ ਸਕਾਂ ਰਾਈਆ । ਤੂੰ ਵੰਡ ਵੰਡ ਖੇਲ ਕਰਦਾ ਰਿਹਾ ਚੌਦਾਂ ਹਾਟ, ਚੌਦਾਂ ਲੋਕ ਤੇਰੀ ਕੁੜਮਾਈਆ । ਤੂੰ ਸਵਾਂਗ ਰਚਦਾ ਰਿਹਾ ਬਣ ਬਣ ਨਟੂਆ ਨਾਟ, ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਆਪਣਾ ਨੂਰ ਮੇਰੇ ਨਾਲ ਰਲਾਈਆ । ਤੇਰਾ ਨੂਰ ਮੇਰਾ ਰੰਗ, ਆਪਣੀ ਦਇਆ ਕਮਾ । ਪੰਜ ਤੱਤ ਨੱਚਣਾ ਬਣ ਮਲੰਗ, ਦੇਣੀ ਸਚ ਸਲਾਹ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਹੁਕਮ ਦੇ ਵਰਤਾ । ਕਲਜੁਗ

ਤੇਰਾ ਸੰਗ ਨਿਭੌਣਾ, ਸ਼ਬਦੀ ਖੇਲ ਖਿਲਾਈਆ । ਪੰਜ ਤੱਤ ਚੋਲਾ ਆਪ ਹੰਢੌਣਾ, ਰੂਪ ਅਨੂਪ ਧਰਾਈਆ । ਕਾਲਾ ਸੂਸਾ ਤਨ ਛੁਹੌਣਾ, ਈਸਾ ਮੂਸਾ ਵੇਖ ਵਖਾਈਆ । ਜਗਤ ਨਗਾਰਾ ਇਕ ਵਜੌਣਾ, ਨਾਮ ਨਿਹਾਦ ਦਏ ਵਖਾਈਆ । ਏਕਾ ਕਲਮਾ ਆਪ ਪੜ੍ਹੌਣਾ, ਅੱਖਰ ਆਪਣਾ ਆਪ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਈਸਾ ਮੂਸਾ ਤੇਰੇ ਨਾਲ ਮਿਲਾਈਆ । ਈਸਾ ਮੂਸਾ ਮਾਤ ਉਪਜੌਣਾ, ਤੇਰਾ ਸਗਲਾ ਸੰਗ ਨਿਭਾਏ । ਸਾਚਾ ਕਲਮਾ ਆਪ ਸਖੌਣਾ, ਨਬੀ ਰਸੂਲਾਂ ਆਪ ਸਿਖਾਏ । ਸਾਚੇ ਮਾਰਗ ਆਪੇ ਪੌਣਾ, ਆਪਣੀ ਵੰਡ ਆਪੇ ਪਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਵੰਡ ਆਪ ਵੰਡਾਏ । ਧੁਰ ਦੀ ਵੰਡੇ ਵੰਡ ਕਰਤਾਰ, ਈਸਾ ਮੂਸਾ ਖੇਲ ਖਿਲਾਈਆ । ਤੇਰਾ ਮੇਰਾ ਨਾ ਹੋਏ ਉਧਾਰ, ਤੇਰਾ ਕਰਜ਼ਾ ਰਹੇ ਨਾ ਰਾਈਆ । ਕਰੇ ਖੇਲ ਅਪਰ ਅਪਾਰ, ਪੁਰਖ ਅਬਿਨਾਸ਼ੀ ਬੇਪਰਵਾਹੀਆ । ਇਕ ਮੁਹੰਮਦ ਦਏ ਸਹਾਰ, ਅਹਿਮਦ ਆਪਣਾ ਨੂਰ ਜਣਾਈਆ । ਇਕ ਸੁਣਾਏ ਸੱਚੀ ਗੁਫਤਾਰ, ਚਾਰ ਕੁੰਟ ਫੇਰਾ ਪਾਈਆ । ਚਾਰ ਜੁਗ ਦਏ ਅਧਾਰ, ਚਾਰ ਯਾਰੀ ਨਾਉਂ ਧਰਾਈਆ । ਉਚੀ ਕੂਕ ਜਾਏ ਪੁਕਾਰ, ਆਲਮੀਨ ਦਏ ਸੁਣਾਈਆ । ਮਿਹਰਵਾਨ ਮਿਹਬਾਨ ਬੀਦੋ ਸਾਂਝਾ ਯਾਰ, ਐਨਲਹਕ ਹੱਕ ਜਣਾਈਆ । ਹਕੀਕਤ ਵੇਖੇ ਪਰਵਰਦਿਗਾਰ, ਆਪਣਾ ਪਰਦਾ ਆਪ ਚੁਕਾਈਆ । ਹੱਕ ਮੁਕਾਮੇ ਖੋਲ੍ਹ ਕਿਵਾੜ, ਸਚ ਸਿੰਘਾਸਣ ਦਏ ਸੁਹਾਈਆ । ਆਪੇ ਕਰੇ ਆਪਣੀ ਕਾਰ, ਅਛਲ ਅਛਲ ਬੇਪਰਵਾਹੀਆ । ਕਲਜੁਗ ਤੇਰਾ ਪੰਧ ਆਪ ਦਏ ਨਿਵਾਰ, ਬਣ ਪਾਂਧੀ ਸੱਚਾ ਮਾਹੀਆ । ਚਾਰ ਲੱਖ ਬੱਤੀ ਹਜ਼ਾਰ, ਤੇਰੀ ਉਮਰ ਆਰਜ਼ੂ ਕਰੇ ਪਾਰ, ਤੇਰਾ ਭਾਰ ਨਾ ਕੋਈ ਉਠਾਈਆ । ਪੁਰਖ ਅਬਿਨਾਸ਼ੀ ਖੇਲ ਕਰੇ ਅਪਾਰ, ਨਿਰਗੁਣ
ਨਿਰਗੁਣ ਲਏ ਅਵਤਾਰ, ਨਿਹਕਲੰਕ ਜੋਤ ਕਰੇ ਰੁਸ਼ਨਾਈਆ । ਏਕਾ ਮੰਤਰ ਸੁਣਾਏ ਆਪਣੀ ਵਾਰ, ਸਚਖੰਡ ਦਵਾਰੇ ਮਾਰੇ ਆਵਾਜ਼ ਏਕਾ ਵਾਰ, ਦੂਸਰ ਦਰ ਨਾ ਕੋਈ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰਾ ਰੰਗ ਵਖਾਈਆ । ਨਾਨਕ ਨਿਰਗੁਣ ਨਾਮ ਧਰਾ, ਪੰਜ ਤੱਤ ਖੇਲ ਖਿਲਾਵਣਾ । ਪੁਰਖ ਅਕਾਲ ਬੇਪਰਵਾਹ, ਸਾਚਾ ਮਰਦੰਗ ਨਾਮ ਵਜਾਵਣਾ । ਮੰਤਰ ਨਾਮ ਸਤਿ ਦ੍ਰਿੜਾ, ਸਚਖੰਡ ਦਵਾਰਾ ਆਪ ਸੁਹਾਵਣਾ । ਆਪੇ ਬਖ਼ਸ਼ੇ ਚਰਨ ਧਿਆਂ, ਨੂਰੀ ਜਲਵਾ ਆਪ ਵਖਾਵਣਾ । ਨੈਨਨ ਨੈਣ ਦਰਸ ਦਰਸਾ, ਸਾਚੀ ਮੰਡਲ ਰਾਸ ਰਚਾਵਣਾ । ਗੋਪੀ ਕਾਹਨ ਬਣ ਬੇਪਰਵਾਹ, ਨਾਨਕ ਅੰਗੀ ਕਾਰ ਆਪ ਕਰਾਵਣਾ । ਆਪਣੀ ਗੋਦ ਆਪ ਸੁਹਾ, ਆਪੇ ਖ਼ੁਸ਼ੀ ਮਨਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਆਪ ਵਖਾਵਣਾ । ਸਾਚਾ ਮਾਰਗ ਆਪ ਲਗਾਵਣਾ, ਆਪਣਾ ਪਰਦਾ ਦਏ ਉਠਾ । ਚੌਥੇ ਜੁਗ ਤੇਰਾ ਸੰਗ ਨਿਭਾਵਣਾ, ਕਰੇ ਕਿਰਪਾ ਬੇਪਰਵਾਹ । ਆਪਣੀ ਕੰਨੀ ਨਾਲ ਬੰਧਾਵਣਾ, ਪੱਲੂ ਆਪਣਾ ਨਾਮ ਫੜਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹ । ਏਕਾ ਖੇਲ ਸੱਚੀ ਸਰਕਾਰ, ਜਾਗਰਤ ਜੋਤ ਕਰੇ ਰੁਸ਼ਨਾਈਆ । ਨਾਨਕ ਦੇਵੇ ਇਕ ਸਹਾਰ, ਪ੍ਰਭ ਸੱਚਾ ਬੇਪਰਵਾਹੀਆ । ਵੱਜਦੀ ਰਹੇ ਸਦਾ ਸਤਾਰ, ਤਾਰ ਸਤਾਰ ਨਾ ਕੋਈ ਹਿਲਾਈਆ । ਅੱਠੇ ਪਹਿਰ ਇਕ ਦਵਾਰ, ਸਾਚਾ ਮੰਦਰ ਸੋਭਾ ਪਾਈਆ । ਵਾਹ ਵਾਹ ਮਿਲਿਆ ਕੰਤ ਭਤਾਰ, ਬਣ ਬਣ ਨਾਰੀ ਖ਼ੁਸ਼ੀ ਮਨਾਈਆ । ਏਕਾ ਤੱਕਿਆ ਨੂਰ ਉਜਿਆਰ, ਦੂਸਰ ਦਰ ਨਾ ਕੋਈ ਦਸਾਈਆ । ਏਕੰਕਾਰ ਬੋਲ ਜੈਕਾਰ, ਨਾਮ ਸਤਿ ਕਰੇ ਪੜ੍ਹਾਈਆ । ਕਰਤਾ ਪੁਰਖ ਮੀਤ ਮੁਰਾਰ, ਵਿਛੜ ਕਦੇ ਨਾ ਜਾਈਆ । ਨਿਰਭੌ

ਵਸੇ ਸਭ ਤੋਂ ਬਾਹਰ, ਭੈ ਅਵਰ ਨਾ ਕੋਈ ਰਖਾਈਆ । ਨਿਰਵੈਰ ਕਰੇ ਖੇਲ ਅਪਾਰ, ਆਦਿ ਜੁਗਾਦਿ ਵੇਸ ਵਟਾਈਆ । ਅਜੂਨੀ ਰਹਿਤ ਕਰ ਪਸਾਰ, ਮੇਰੀ ਜੋਤ ਇਕ ਰੁਸ਼ਨਾਈਆ । ਸੈਭੰ ਨਾ ਹੋਵੇ ਆਪਣੀ ਵਾਰ, ਨਿਤ ਆਪਣਾ ਰੂਪ ਦਰਸਾਈਆ । ਆਪਣੀ ਕਿਰਪਾ ਭਰਿਆ ਮੇਰਾ ਭੰਡਾਰ, ਗੁਰ ਪ੍ਰਸਾਦਿ ਮਿਲੀ ਸੱਚੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰਾ ਵੇਸ ਵਟਾਈਆ । ਨਾਨਕ ਨਿਰਗੁਣ ਹਰਿ ਉਪਾਇਆ, ਕਿਰਪਾ ਕਰੇ ਆਪ ਭਗਵਾਨ । ਆਪਣੀ ਜੋਤ ਆਪ ਜਗਾਇਆ, ਆਪ ਉਠਾਇਆ ਸਚ ਨਿਸ਼ਾਨ । ਏਕਾ ਅੱਖਰ ਨਾਮ ਪੜ੍ਹਾਇਆ, ਚਾਰ ਵਰਨਾਂ ਕਰੇ ਗਿਆਨ । ਭੇਵ ਅਭੇਦ ਆਪ ਖੁਲ੍ਹਾਇਆ, ਪੁਰਖ ਅਬਿਨਾਸ਼ੀ ਹੋ ਮਿਹਰਵਾਨ । ਏਕਾ ਦੂਜਾ ਮੇਲ ਮਿਲਾਇਆ, ਅੰਗਦ ਅਮਰਦਾਸ ਕਰ ਪਰਵਾਨ । ਚੌਥੇ ਘਰ ਚੌਥਾ ਗੁਰ ਸੱਦ ਬਹਾਇਆ, ਪੰਚਮ ਪੰਚਮ ਗੁਰ ਕਰ ਪਰਧਾਨ । ਸ਼ਬਦ ਅਨਾਦੀ ਨਾਦ ਸੁਣਾਇਆ, ਅਗੰਮ ਅਗੰਮੜਾ ਧੁਰ ਫ਼ਰਮਾਨ । ਗੁਰ ਗੁਰ ਬੰਧਨ ਏਕਾ ਪਾਇਆ, ਪੁਰਖ ਅਬਿਨਾਸ਼ੀ ਦੋ ਜਹਾਨ । ਨਾਮ ਨਾਮ ਹਰਿ ਛਹਿਬਰ ਲਾਇਆ, ਅੰਮ੍ਰਿਤ ਬਰਖੇ ਨਿਗਹਬਾਨ । ਹਰਿ ਹਰਿ ਮੇਲਾ ਮੇਲ ਮਿਲਾਇਆ, ਹਰਿਗੋਬਿੰਦ ਕਰੇ ਧਿਆਨ । ਹਰਿਰਾਏ ਰੰਗ ਸਮਾਇਆ, ਜੋਤੀ ਜੋਤ ਜੋਤ ਮਿਹਰਵਾਨ । ਹਰਿਕਿਸ਼ਨਾ ਗੋਦ ਸੁਹਾਇਆ, ਤੇਗ਼ ਬਹਾਦਰ ਦਿਤਾ ਦਾਨ । ਸੁਤ ਦੁਲਾਰਾ ਏਕਾ ਜਾਇਆ, ਗੋਬਿੰਦ ਆਪ ਪਛਾਣ । ਨਾਨਕ ਨਿਰਗੁਣ ਉਠ ਉਠ ਪੁਰਖ ਅਬਿਨਾਸ਼ੀ ਤੇਰਾ ਦਰਸ਼ਨ ਪਾਇਆ, ਤੇਰੇ ਵਿਟੋ ਸਦਾ ਕੁਰਬਾਨ । ਤੂੰ ਮੇਰਾ ਰੂਪ ਲੋਕਮਾਤ ਪਰਗਟਾਇਆ, ਤੇਰਾ ਝੁਲਦਾ ਰਹੇ ਨਿਸ਼ਾਨ । ਸਚ ਨਿਸ਼ਾਨਾ ਇਕ ਦਰਸਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਆਪ ਮਿਹਰਵਾਨ । ਸਚ ਨਿਸ਼ਾਨ ਝੁਲਾਇਆ, ਨਾਨਕ ਗੋਬਿੰਦ ਧਾਰ । ਸਾਚਾ ਮੰਤਰ ਨਾਮ ਪੜ੍ਹਾਇਆ, ਗੋਬਿੰਦ ਫਤਿਹ ਜੈ ਜੈ ਜੈਕਾਰ । ਕਲਜੁਗ ਜੀਵ ਭੇਵ ਨਾ ਰਾਇਆ, ਅੰਤਮ ਭੁੱਲੇ ਸਰਬ ਸੰਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰੇ ਆਪ ਵਿਚਾਰ । ਆਦਿ ਉਪਾਇਆ ਆਦਿ ਪੁਰਖ, ਆਦਿ ਆਦਿ ਵਡੀ ਵਡਿਆਈਆ । ਜੁਗਾਦਿ ਕਰੇ ਨਾ ਕੋਈ ਹਰਖ, ਚਿੰਤਾ ਸੋਗ ਨਾ ਕੋਈ ਰਖਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਕਰਦਾ ਆਇਆ ਪਰਖ, ਪਾਰਬ੍ਰਹਮ ਬੇਪਰਵਾਹੀਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੁਗ ਜੁਗ ਕਰਦਾ ਰਿਹਾ ਤਰਸ, ਰਹਿਮਤ ਆਪਣੀ ਆਪ ਕਮਾਈਆ । ਵਿਸ਼ਨ ਮਿਟੀ ਨਾ ਤੇਰੀ ਹਰਸ, ਮਿੱਤਰ ਤੇਰਾ ਫੇਰਾ ਪਾਈਆ । ਬ੍ਰਹਮਾ ਤੇਰਾ ਮੁੱਕਿਆ ਅਜੇ ਨਾ ਬਰਖ, ਤੇਰੀ ਚੌਕੜੀ ਨਾ ਬੀਤ ਬਿਤਾਈਆ । ਸ਼ੰਕਰ ਤੇਰੀ ਪਿਆਸ ਨਾ ਬੁਝੀ ਹਵਸ, ਲੱਖ ਚੁਰਾਸੀ ਮਾਤ ਮੁਕਾਈਆ । ਵੇਦ ਪੜ੍ਹ ਥੱਕੇ ਆਪਣੀ ਪੜ੍ਹਤ, ਸਾਚਾ ਗਿਆਨ ਨਾ ਕੋਈ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੌਂ ਨੌਂ ਚਾਰ ਜੁਗ ਜੁਗ ਗੇੜਾ ਆਪ ਭਵਾਈਆ । ਨੌਂ ਨੌਂ ਚਾਰ ਗੇੜ ਦਵਾਇਆ, ਆਪ ਆਪਣਾ ਖੇਲ ਆਪ ਕਰਾ । ਵਿਸ਼ਨ ਬ੍ਰਹਮਾ ਸ਼ਿਵ ਸੇਵਾ ਆਪ ਲਗਾਇਆ, ਸਾਚਾ ਹੁਕਮ ਸੁਣਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੰਡ ਵੰਡਾਇਆ, ਲੋਕਮਾਤ ਨਾਉਂ ਰਖਾ । ਚਾਰੇ ਵਰਨ ਭੇਖ ਕਰਾਇਆ, ਚਾਰੇ ਬਾਣੀ ਆਪ ਪੜ੍ਹਾ । ਵਾਰ ਅਠਾਰਾਂ ਸਤਿਜੁਗ ਸੇਜ ਹੰਢਾਇਆ, ਅਵਤਾਰ ਆਪਣਾ ਰੂਪ ਵਟਾ । ਤ੍ਰੇਤਾ ਦੁਆਪਰ ਦੋਏ ਦੋਏ ਮੇਲ ਵਖਾਇਆ, ਹੰਕਾਰੀਆਂ ਦਏ ਸਜ਼ਾ । ਸ਼ਹਿਨਸ਼ਾਹ ਕਲਜੁਗ ਅੰਤਮ ਵੇਖ ਵਖਾਇਆ, ਈਸਾ ਮੂਸਾ ਕਰ ਨਕਾਹ । ਮੁਹੰਮਦ ਆਪਣਾ ਭੇਦ ਚੁਕਾਇਆ, ਅੱਲਾ ਰਾਣੀ ਪੱਲਾ ਆਪ ਫੜਾ । ਨਾਨਕ ਏਕਾ ਢੋਲਾ ਗਾਇਆ, ਸ੍ਰਿਸ਼ਟ ਸਬਾਈ ਦਏ ਸਮਝਾ ।


੮੦੧
੧੦

ਗੋਬਿੰਦ ਊਚਾਂ ਨੀਚਾਂ ਆਪ ਮਿਟਾਇਆ, ਕਲਜੁਗ ਜੀਵ ਭੁੱਲੇ ਭਰਮ ਭੁਲੇਖਾ ਸਕੇ ਨਾ ਕੋਈ ਗਵਾ । ਪੁਰਖ ਅਬਿਨਾਸ਼ੀ ਅੰਤਮ ਵੇਸ ਵਟਾਇਆ, ਕਰਿਆ ਖੇਲ ਅਗੰਮ ਅਥਾਹ । ਸਤਿਜੁਗ ਤੇਰੇ ਭਗਤ ਆਪਣੀ ਗੋਦ ਬਹਾਇਆ, ਗੁਰ ਪੀਰ ਸੋਏ ਸੰਤ ਜਗਾ । ਤ੍ਰੈਗੁਣ ਮੂਲ ਚੁਕਾਇਆ, ਏਕਾ ਪੱਲੂ ਹੱਥ ਫੜਾ । ਇਕ ਅਠਾਰਾਂ ਬੰਧਨ ਆਪ ਤੁੜਾਇਆ, ਅਠਾਰਾਂ ਚਰਨਾਂ ਹੇਠ ਦਬਾ । ਧੁਰ ਫ਼ਰਮਾਨਾ ਸਰਬ ਸੁਣਾਇਆ, ਵਾਰੋ ਵਾਰ ਮਾਤ ਜਗਾ । ਜਿਸ ਨੇ ਭਾਣਾ ਮਨ ਵਖਾਇਆ, ਤਿਸ ਦਾ ਹੋਇਆ ਆਪ ਸਹਾ । ਜਿਸ ਮੁਖੜਾ ਮੁਖ ਭਵਾਇਆ, ਤਿਸ ਦੇਵੇ ਅੰਤ ਸਜ਼ਾ । ਜਿਸ ਦੁਖੜਾ ਆਪ ਮਿਟਾਇਆ, ਤਿਸ ਰੋਗ ਨਾ ਸਕੇ ਸਤਾ । ਜਿਸ ਆਪਣਾ ਸੁਖ ਗਵਾਇਆ, ਤਿਸ ਸੁਖ ਵਖਾਏ ਸੱਚਾ ਸ਼ਹਿਨਸ਼ਾਹ । ਕਲਜੁਗ ਅੰਤਮ ਫੇਰਾ ਪਾਇਆ, ਪੁਰਖ ਅਬਿਨਾਸ਼ੀ ਬੇਪਰਵਾਹ । ਹਰਿ ਕਾ ਲਿਖ ਲਿਖ ਲੇਖ ਨਾ ਕਿਸੇ ਵਖਾਇਆ, ਬੇਅੰਤ ਬੇਅੰਤ ਬੇਅੰਤ ਸਰਬ ਰਹੇ ਸੁਣਾ । ਲੋਕਮਾਤ ਜੁਗ ਜੁਗ ਗੁਰ ਅਵਤਾਰ ਜਗਤ ਅਦਾਲਤ ਰਹੇ ਕਮਾਇਆ, ਧੁਰ ਫ਼ਰਮਾਨਾ ਨਾਮ ਸੁਣਾ । ਸੰਤ ਵਿਚੋਲੇ ਨਾਲ ਮਿਲਾਇਆ, ਜਗਤ ਵਕਾਲਤ ਰਹੇ ਕਮਾ । ਉਚੀ ਢੋਲੇ ਰਿਹਾ ਗਾਇਆ, ਰਸਨਾ ਜੇਹਵਾ ਰੌਲਾ ਪਾ । ਮਾਂਬਦੌਲਤ ਸ਼ਬਦ ਨਾ ਕਿਸੇ ਵਖਾਇਆ, ਬਿਨ ਲਿਖਣ ਪੜ੍ਹਨ ਗਵਾ । ਗੁਰਸਿਖਾਂ ਅੰਦਰ ਟਿਕਾਇਆ, ਆਪ ਆਪਣਾ ਪਰਦਾ ਲਾਹ । ਤਿਸ ਦਾ ਹਿਸਾਬ ਨਾ ਕਿਸੇ ਵੇਖ ਵਖਾਇਆ, ਆਪਣਾ ਡੌਰੂ ਡੰਕ ਗਏ ਵਜਾ । ਸਨਕ ਸਨੰਦਨ ਸਨਾਤਨ ਸੰਤ ਕੁਮਾਰ ਰੂਪ ਵਟਾਇਆ, ਓਹ ਬੈਠਾ ਸੇਜ ਵਿਛਾ । ਜਿਸ ਬਰਾਹ ਰੂਪ ਵਟਾਇਆ, ਸੋ ਧਰਨੀ ਹੇਠਾਂ ਸੀਸ ਟਿਕਾ । ਜਿਸ ਹਾਵ ਗਰੀਵ ਰੂਪ ਵਟਾਇਆ, ਓਹ ਚਾਰੋਂ ਕੁੰਟ ਘੋੜਾ ਰਿਹਾ ਦੌੜਾ । ਜਿਸ ਯਗੈ ਪੁਰਸ਼ ਰੂਪ ਵਖਾਇਆ, ਪੁਰਖ ਅਬਿਨਾਸ਼ੀ ਖੇਲ ਕਰਾ । ਨਰ ਨਰਾਇਣ ਭੇਵ ਨਾ ਰਾਇਆ, ਜੋਤੀ ਜੋਤ ਕਰ ਰੁਸ਼ਨਾ । ਕਪਲ ਮੁਨ ਜਿਸ ਸਮਝਾਇਆ, ਮਾਤਾ ਆਪਣੀ ਗਿਆਨ ਦ੍ਰਿੜਾ । ਦੱਤਾ ਤ੍ਰੈ ਆਪ ਉਠਾਇਆ, ਏਕਾ ਅੱਖਰ ਆਪ ਪੜ੍ਹਾ । ਰਿਖਵ ਦੇਵ ਆਪ ਸਮਝਾਇਆ, ਆਪਣਾ ਮਾਰਗ ਦਏ ਵਖਾ । ਪ੍ਰਿਥੂ ਸੇਵਾ ਲਾਇਆ, ਪ੍ਰਿਥਮੀ ਮਥੇ ਏਕਾ ਹੁਕਮ ਸੁਣਾ । ਮਤਸਯ ਬਲ ਧਰਾਇਆ, ਜੋਤੀ ਜੋਤ ਲਏ ਧਰਾ । ਕਛਪ ਏਕਾ ਭਾਰ ਉਠਾਇਆ, ਮੰਦਰਾ ਪੀਠ ਟਿਕਾ । ਧਨੰਤਰ ਏਕਾ ਹਿਕਮਤ ਦਏ ਜਣਾਇਆ, ਔਖਧ ਵੇਖੇ ਦੋ ਜਹਾਨ । ਮੋਹਨੀ ਆਪਣਾ ਰੂਪ ਧਰਾਇਆ, ਭਰਮ ਭੁਲੇਖਾ ਸਭ ਨੂੰ ਰਿਹਾ ਪਾ । ਹੰਸ ਬਣ ਬਣ ਆਪੇ ਗਾਇਆ, ਆਪਣੀ ਚੋਗ ਮਾਣਕ ਮੋਤੀ ਖਾ । ਨਰ ਸਿੰਘ ਏਕਾ ਭਗਤ ਪ੍ਰਹਿਲਾਦ ਤਰਾਇਆ, ਦੂਜਾ ਸਕਿਆ ਨਾ ਕੋਈ ਗਿਰਾ । ਨਰ ਨਰਾਇਣ ਧਰੂ ਬਾਲਕ ਆਪ ਤਰਾਇਆ, ਲੱਖ ਚੁਰਾਸੀ ਨਜ਼ਰ ਨਾ ਆਏ ਬੇਪਰਵਾਹ । ਆਪਣਾ ਗਜ ਆਪ ਤਰਾਇਆ, ਤੰਦਵਾ ਤੰਦ ਕਟਾ । ਬਲ ਏਕਾ ਬਾਵਨ ਗੋਦ ਬਹਾਇਆ, ਪਾਤਾਲਾਂ ਵਿਚ ਦਬਾ । ਪੁਰਖ ਅਬਿਨਾਸ਼ੀ ਭੇਵ ਕਿਸੇ ਨਾ ਪਾਇਆ, ਸਾਰੇ ਗਏ ਸੀਸ ਝੁਕਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਭਾਣਾ ਰਿਹਾ ਵਰਤਾ । ਜੁਗ ਜੁਗ ਭਾਣਾ ਵਰਤਾਇੰਦਾ, ਪੁਰਖ ਅਬਿਨਾਸ਼ੀ ਬੇਪਰਵਾਹ । ਜੋਤੀ ਜੋਤ ਜਗਾਇੰਦਾ, ਬ੍ਰਹਮ ਬ੍ਰਹਮਣ ਲਏ ਉਠਾ । ਆਪਣੀ ਘਾਲ ਆਪ ਰਖਾਇੰਦਾ, ਸ਼ਬਦ ਹੁਲਾਰਾ ਇਕ ਰਖਾ । ਕਸ਼ੱਤ੍ਰੀ ਆਪਣੇ ਰੰਗ ਰੰਗਾਇੰਦਾ, ਪਰਸ ਰਾਮ ਮੂਲ ਚੁਕਾ । ਆਪਣਾ ਹੁਕਮ ਆਪ ਵਰਤਾਇੰਦਾ, ਜੋ ਘੜੇ ਆਪਣੀ ਹੱਥੀਂ ਲਏ ਭਨਾ । ਆਪਣਾ ਰੂਪ ਆਪ ਵਟਾਇੰਦਾ, ਦਸਰਥ ਆਪਣਾ ਪਿਤਾ ਬਣਾ । ਰਾਮ ਰਾਮਾ ਖੇਲ ਖਿਲਾਇੰਦਾ, ਦਸਰਥ ਬੇਟਾ ਜਗਤ ਰੱਖੇ ਨਾ । ਪਰਗਟ ਹਰ ਘਟ ਨਜ਼ਰ ਕਿਸੇ ਨਾ ਆਇੰਦਾ,

ਵਸੇ ਸਭਨੀ ਥਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹ । ਇਕ ਧਨ ਮਾਰਿਆਂ, ਮਰੇ ਨਾ ਮੋਹ ਹੰਕਾਰ । ਜਿਸ ਲੱਖ ਚੁਰਾਸੀ ਪੈਜ ਸਵਾਰਿਆ, ਸੋ ਖੇਲ ਕਰੇ ਅਪਾਰ । ਜੁਗ ਜੁਗ ਖੇਲ ਕਰੇ ਆਪ ਨਿਰੰਕਾਰਿਆ, ਹੁਕਮੀ ਹੁਕਮ ਵਰਤੇ ਵਰਤਾਰ । ਧੁਰ ਫ਼ਰਮਾਨਾ ਇਕ ਸੁਣਾ ਰਿਹਾ, ਲੋਕਮਾਤ ਕਰ ਵਿਚਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਆਪਣੀ ਧਾਰ । ਤ੍ਰੇਤਾ ਪਾਰ ਉਤਾਰਨਹਾਰਾ, ਦੁਆਪਰ ਰੂਪ ਵਟਾਈਆ । ਕੁਆਰੀ ਕੰਨਿਆ ਕਰ ਸ਼ੰਗਾਰਾ, ਅੰਦਰ ਧਾਰ ਨੂਰ ਧਰਾਈਆ । ਵੇਦ ਵਿਆਸਾ ਸੁਤ ਦੁਲਾਰਾ, ਗੋਦੀ ਗੋਦ ਵਡਿਆਈਆ । ਏਕਾ ਦੇਵੇ ਸਚ ਭੰਡਾਰਾ, ਆਪਣੀ ਦ੍ਰਿਸ਼ਟ ਆਪ ਜਣਾਈਆ । ਨਾਰਦ ਸੁਤ ਕਰ ਪਿਆਰਾ, ਬ੍ਰਹਮਾ ਮੇਲਾ ਸਹਿਜ ਸੁਭਾਈਆ । ਚਾਰੇ ਵੇਦਾਂ ਬਣ ਲਿਖਾਰਾ, ਬਾਰਾਂ ਅੱਖਰ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਭੇਵ ਆਪ ਚੁਕਾਈਆ । ਬਾਰਾਂ ਅੱਖਰ ਭੇਵ ਨਿਆਰ, ਹਰਿ ਹਰਿ ਆਪਣਾ ਆਪ ਖੁਲਾਇੰਦਾ । ਪੁਰਾਨ ਪੁਰਾਨੀ ਗਾਏ ਵਾਰ, ਏਕਾ ਸ਼ਬਦ ਵਾਰ ਸੁਣਾਇੰਦਾ । ਭੇਵ ਚੁਕਾਵੇ ਬ੍ਰਹਮਾ ਬ੍ਰਹਮ ਵਿਸ਼ਨ ਸ਼ਿਵ ਦਏ ਸਹਾਰ, ਭਗਵੰਤ ਆਪਣਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਆਪ ਜਣਾਇੰਦਾ । ਧੁਰ ਫ਼ਰਮਾਨਾ ਏਕਾ ਹਰਿ, ਆਦਿ ਜੁਗਾਦਿ ਸੁਣਾਈਆ । ਕਾਹਨਾ ਕ੍ਰਿਸ਼ਨਾ ਰੂਪ ਧਰ ਧਰ, ਆਪਣੇ ਬਲ ਦਏ ਵਡਿਆਈਆ । ਚਾਰੋਂ ਕੁੰਟ ਆਪਣਾ ਆਪ ਵੇਖੇ ਖੜ ਖੜ, ਚੌਦਾਂ ਲੋਕ ਰੱਖੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਖੇਲ ਅਵੱਲਾ ਹਰਿ ਨਿਰੰਕਾਰਾ, ਆਪਣਾ ਆਪ ਕਰਾਇੰਦਾ । ਨੌਂ ਖੰਡ ਪ੍ਰਿਥਮੀ ਸੱਤਾਂ ਦੀਪਾਂ ਸੋਲਾਂ ਕਲਾ ਕਰ ਪਸਾਰਾ, ਸਾਚੀ ਧਾਰ ਚਲਾਇੰਦਾ । ਆਪੇ ਵਸੇ ਸਭ ਤੋਂ ਬਾਹਰਾ, ਭੇਵ ਕੋਈ ਨਾ ਪਾਇੰਦਾ । ਜੁਗਾ ਜੁਗੰਤਰ ਸਾਚੀ ਕਾਰਾ, ਕਰਤਾ ਪੁਰਖ ਆਪ ਕਰਾਇੰਦਾ । ਨੌਂ ਸੌ ਚੁਰਾਨਵੇ ਚੌਕੜੀ ਜੁਗ ਜੁਗ ਘਲਦਾ ਰਿਹਾ ਅਵਤਾਰਾ, ਹੁਕਮੇ ਅੰਦਰ ਆਪ ਘਲਾਇੰਦਾ । ਤ੍ਰਿਲੋਕੀ ਨਾਥ ਤ੍ਰਿਲੋਕੀ ਦਏ ਸਹਾਰਾ, ਤਿੰਨਾਂ ਲੋਆਂ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਭੇਵ ਆਪਣੇ ਹੱਥ ਰਖਾਇੰਦਾ । ਸਾਚਾ ਭੇਵ ਅਭੇਦ ਅਵੱਲਾ, ਆਪਣੇ ਹੱਥ ਰਖਾਈਆ । ਕਲਜੁਗ ਖੇਲ ਕਰਿਆ ਇਕ ਅਕੱਲਾ, ਸਚ ਮਹੱਲਾ ਦਏ ਵਸਾਈਆ । ਸਚ ਸੰਦੇਸ ਏਕਾ ਘੱਲਾ, ਏਕਾ ਹੁਕਮ ਨਾਮ ਮੰਨਾਈਆ । ਸਚ ਸਿੰਘਾਸਣ ਏਕਾ ਮੱਲਾ, ਸਚ ਸਚ ਬੇ ਗ਼ਮ ਬੇਪਰਵਾਹੀਆ । ਆਪਣੇ ਨੂਰ ਆਪੇ ਰਲਾ, ਜੋਤੀ ਜਲਵਾ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸਾਚਾ ਹੁਕਮ ਧੁਰ ਫ਼ਰਮਾਨਾ, ਈਸਾ ਮੂਸਾ ਆਪ ਜਣਾਇੰਦਾ । ਏਕਾ ਨੂਰ ਦੋ ਜਹਾਨਾ, ਨੂਰ ਨੁਰਾਨਾ ਡਗਮਗਾਇੰਦਾ । ਸਰਬ ਜੀਆਂ ਦਾ ਏਕਾ ਦਾਨਾ, ਦੂਸਰ ਅਵਰ ਨਾ ਕੋਈ ਵਖਾਇੰਦਾ । ਮਨ ਹੰਕਾਰ ਬਿਸਮਿਲ ਕਰਾਨਾ, ਸਾਚੀ ਬਿਸਮਿਲ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ ਇਕ ਸੁਣਾਇੰਦਾ । ਸਚ ਸੰਦੇਸਾ ਦੇਣਾ ਧੁਰ ਫ਼ਰਮਾਨਾ, ਮੁਹੰਮਦ ਮੁਹੰਮਦੀ ਦਏ ਜਣਾਇਆ । ਚਾਰ ਜੁਗ ਦਾ ਏਕਾ ਬਾਣਾ, ਏਕਾ ਏਕ ਕਰਾਇਆ । ਏਕਾ ਰਹਿਮਤ ਇਕ ਰਹਿਮਾਨਾ, ਏਕਾ ਬਾਲਮ ਸੱਚਾ ਖ਼ੁਦਾਇਆ । ਏਕਾ ਤਾਜੀਮ ਏਕਾ ਗਾਣਾ, ਅਜ਼ੀਮੁਲਸ਼ਾਨ ਆਪ ਪੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਹੁਕਮ ਆਪ ਚਲਾਇਆ ।

ਈਸਾ ਮੂਸਾ ਸੰਗ ਮੁਹੰਮਦ, ਅੰਜੀਲ ਕੁਰਾਨਾਂ ਕਰੇ ਪੜ੍ਹਾਈਆ । ਲੇਖਾ ਚੁਕਿਆ ਨਾ ਅੰਤ ਕੰਤ ਭਗਵੰਤ, ਨਿਉਂ ਨਿਉਂ ਬੈਠੇ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਰੂਪ ਆਪ ਵਟਾਈਆ । ਈਸਾ ਮੂਸਾ ਸੰਗ ਮੁਹੰਮਦ, ਅਭੁਲ ਆਪ ਭੁਲਾਇਆ । ਨਾਨਕ ਨਿਰਗੁਣ ਚਾੜ੍ਹੀ ਰੰਗਤ, ਨਿਰਵੈਰ ਖੇਲ ਖਿਲਾਇਆ । ਗੋਬਿੰਦ ਤੇਰਾ ਬਣਿਆ ਮੰਗਤ, ਸਾਚੀ ਵਸਤ ਹਰਿ ਵਰਤਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਗੁਣ ਦਏ ਸਮਝਾਇਆ । ਏਕਾ ਗੁਣ ਹਰਿ ਕਾ ਨਾਉਂ, ਸੋ ਪੁਰਖ ਨਿਰੰਜਣ ਆਪ ਜਣਾਈਆ । ਹੰਸ ਬਣਾਏ ਫੜ ਫੜ ਕਾਉਂ, ਜੋ ਜਨ ਰਸਨਾ ਜੇਹਵਾ ਗਾਈਆ । ਚਾਰ ਵਰਨ ਨਾਨਕ ਗੋਬਿੰਦ ਮਨਾਣਾ ਫੜ ਫੜ ਬਾਹੋਂ, ਸੋਇਆ ਕੋਇ ਰਹਿਣ ਨਾ ਪਾਈਆ । ਕਰੇ ਪਿਆਰ ਜਿਉਂ ਬਾਲਕ ਮਾਉਂ, ਪਿਤਾ ਪੂਤ ਮੇਲ ਮਿਲਾਈਆ । ਨਿਥਾਵਿਆਂ ਦੇਵੇ ਸਾਚਾ ਥਾਉਂ, ਚਰਨ ਦਵਾਰਾ ਸਾਚਾ ਥਾਉਂ ਇਕ ਸਮਝਾਈਆ । ਸਦਾ ਦੇਵੇ ਠੰਡੀ ਛਾਉਂ, ਬਰਨ ਵਰਨ ਨਾ ਕੋਈ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਗੁਣ ਦਏ ਸਮਝਾਈਆ । ਏਕਾ ਗੁਣ ਆਪ ਸਮਝਾਇਆ, ਪਰਮ ਪੁਰਖ ਕਰਤਾਰ । ਵਿਸ਼ਨੂੰ ਤੇਰਾ ਰਾਹ ਵਖਾਇਆ, ਜੁਗ ਜੁਗ ਬਣ ਸੇਵਾਦਾਰ । ਬ੍ਰਹਮੇ ਤੇਰਾ ਪਾਰਬ੍ਰਹਮ ਰੰਗ ਰੰਗਾਇਆ, ਬ੍ਰਹਮ ਬ੍ਰਹਮ ਕਰ ਪਸਾਰ । ਸ਼ੰਕਰ ਤੇਰਾ ਖੇਲ ਵਖਾਇਆ, ਅੰਤਮ ਦੇਣਾ ਸਰਬ ਸੰਘਾਰ । ਕਲਜੁਗ ਨਿਉਂ ਨਿਉਂ ਸੀਸ ਝੁਕਾਇਆ, ਅੰਤਮ ਰੋਵੇ ਜ਼ਾਰੋ ਜ਼ਾਰ । ਏਕਾ ਮੰਗ ਦਰ ਤੇਰੇ ਮੰਗ ਮੰਗਾਇਆ, ਕਰ ਬਖ਼ਸ਼ਿਸ਼ ਬਖ਼ਸ਼ਣਹਾਰ । ਮੈਂ ਅਨਪੜ੍ਹ ਲੇਖਾ ਲਿਖ ਨਾ ਕੋਈ ਵਖਾਇਆ, ਲਿਖ ਸਕਾ ਨਾ ਬਣ ਗਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਰਬ ਪਿਆਰ । ਸ਼ੰਕਰ ਸਿਰ ਹਰਿ ਰੱਖਿਆ ਹੱਥ, ਆਪਣੀ ਦਇਆ ਕਮਾਈਆ । ਚਿਤਰ ਗੁਪਤ ਵਿਚੋਂ ਕੀਤਾ ਵੱਖ, ਜਿਸ ਹੱਥ ਲੇਖਾ ਦਏ ਫੜਾਈਆ । ਰਾਏ ਧਰਮ ਕਰੇ ਉਤਪਤ, ਪੱਤ ਡਾਲ੍ਹੀ ਆਪ ਮਹਿਕਾਈਆ । ਲੱਖ ਚੁਰਾਸੀ ਪਾਏ ਨੱਥ, ਬਚਿਆ ਕੋਈ ਰਹਿਣ ਨਾ ਪਾਈਆ । ਰਾਏ ਧਰਮ ਹਰਿ ਸਰਨਾਈ ਗਿਆ ਢੱਠ, ਪੁਰਖ ਅਬਿਨਾਸ਼ੀ ਮੇਰਾ ਘਰ ਕੋਈ ਨਜ਼ਰ ਨਾ ਆਈਆ । ਕਿਰਪਾ ਕਰ ਏਕਾ ਵਰ ਦੇ ਸਮਰਥ, ਤੇਰੇ ਅੱਗੇ ਝੋਲੀ ਡਾਹੀਆ । ਪਾਰਬ੍ਰਹਮ ਸਾਚੀ ਵਸਤ ਝੋਲੀ ਦੇਵੇ ਘੱਤ, ਅਠਾਰਾਂ ਕੁੰਡ ਪਰਦਾ ਰਿਹਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੀ ਰੱਖੇ ਮਾਣ ਵਡਿਆਈਆ । ਅਠਾਰਾਂ ਕੁੰਡ ਝੋਲੀ ਪਾਇਆ, ਮੇਰੇ ਮਨ ਸ਼ਾਤ ਨਾ ਆਈਆ । ਸ਼ੰਕਰ ਮਾਰ ਮਾਰ ਹੋਇਆ ਧਿਆਇਆ, ਮੇਰੀ ਤ੍ਰਿਸਨਾ ਕਵਣ ਬੁਝਾਈਆ । ਕੀ ਤੇਰੇ ਦਰ ਤੇ ਮੰਗਣ ਆਇਆ, ਮੇਰੀ ਭੁੱਖ ਮਿਟ ਨਾ ਜਾਈਆ । ਮੈਂ ਸੁਣਿਆ ਤੂੰ ਬੇਪਰਵਾਹਿਆ, ਖ਼ਾਲੀ ਹੱਥ ਮੁੜ ਕੋਇ ਨਾ ਜਾਈਆ । ਨਿਉਂ ਨਿਉਂ ਤੇਰੇ ਚਰਨ ਧਰ ਸੀਸ ਝੁਕਾਇਆ, ਮੇਰੇ ਸਾਹਿਬ ਦੇ ਵਡਿਆਈਆ । ਪੁਰਖ ਅਬਿਨਾਸ਼ੀ ਏਕਾ ਵਾਰ ਸਿਰ ਹੱਥ ਰਖਾਇਆ, ਸਾਚਾ ਹੁਕਮ ਦਏ ਸੁਣਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਤੇਰਾ ਘਾਟਾ ਨਾ ਪੂਰ ਕਰਾਇਆ, ਤੇਰੀ ਹਰਸ ਹਰਸ ਵਿਚ ਮਿਲਾਈਆ । ਕਲਜੁਗ ਅੰਤਮ ਤੇਰਾ ਬਾਟਾ ਦਏ ਭਰਾਇਆ, ਦਸ ਕੁੰਡ ਨਾਲ ਰਲਾਈਆ । ਅਠਾਈ ਕੁੰਡਾਂ ਲਏ ਭਰਾਇਆ, ਗੁਰ ਦਸ ਦੇਣ ਗਵਾਹੀਆ । ਬਚਿਆ ਕੋਈ ਰਹਿਣ ਨਾ ਪਾਇਆ, ਜਿਸ ਭੁਲਿਆ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਅਦਾਲਤ ਲਏ ਕਰਾਈਆ । ਆਦਿ ਸੁਣਾਇਆ ਧੁਰ ਫ਼ਰਮਾਨਾ, ਵਿਸ਼ਨ ਬ੍ਰਹਮਾ ਸ਼ਿਵ ਉਠਾਈਆ । ਤ੍ਰੈਗੁਣ ਦਿਤਾ ਇਕੋ ਦਾਨ ਪੰਜ ਤੱਤ ਨਿਸ਼ਾਨ, ਲੱਖ ਚੁਰਾਸੀ ਕਰ ਪਰਵਾਨ ।

ਚਾਰ ਵੇਦ ਕਰਨ ਗਿਆਨ, ਚਾਰੇ ਖਾਣੀ ਮਿਲੇ ਮਾਣ । ਚਾਰੇ ਬਾਣੀ ਕਰ ਪਰਧਾਨ, ਚਾਰੇ ਜੁਗ ਕਰ ਪਰਵਾਨ । ਕਰੇ ਖੇਲ ਸ੍ਰੀ ਭਗਵਾਨ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਦੇਂਦਾ ਆਇਆ ਧੁਰ ਫ਼ਰਮਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਪਾਲੀ ਹੋਇਆ ਆਪ ਭਗਵਾਨ । ਚਾਰ ਜੁਗ ਸਿਖਿਆ ਦੇਣ ਦੀ ਖਾਤਰ, ਅਵਤਾਰ ਗੁਰ ਮਾਤ ਪਰਗਟਾਏ । ਭਗਤ ਭਗਵੰਤ ਬਣਾਏ ਚਾਤਰ, ਸਾਚਾ ਮੰਤਰ ਨਾਮ ਦ੍ਰਿੜਾਏ । ਅਛਲ ਛਲ ਕਰ ਕਰ ਦੇਂਦਾ ਰਿਹਾ ਆਦਰ, ਆਪਣਾ ਭੇਵ ਨਾ ਕਿਸੇ ਜਣਾਏ । ਕੋਈ ਕਹਿ ਕਹਿ ਗਿਆ ਕਰੀਮ ਕ਼ਾਦਰ, ਕੋਈ ਰਾਮ ਰਾਮ ਵਡਿਆਏ । ਕੋਈ ਕਹਿ ਕਹਿ ਗਿਆ ਪਾਰ ਕਰਾਏ ਸਮੁੰਦ ਸਾਗਰ, ਕੋਈ ਕਹਿ ਕਹਿ ਗਿਆ ਬੇੜਾ ਦਏ ਰੁੜ੍ਹਾਏ । ਕੋਈ ਕਹਿ ਕਹਿ ਗਿਆ ਘਰ ਆਇਆਂ ਦੇਵੇ ਆਦਰ, ਫੜ ਆਪਣੇ ਗਲੇ ਲਗਾਏ । ਕੋਈ ਕਹਿ ਕਹਿ ਗਿਆ ਲੰਘਣ ਨਾ ਦੇਵੇ ਆਪਣਾ ਬਾਡਰ, ਜੋ ਬੈਠੇ ਮੁਖ ਭਵਾਏ । ਧੁਰ ਫ਼ਰਮਾਨਾ ਏਕਾ ਵਾਰ ਦਿਤਾ ਆਡਰ, ਭੁਲ ਕੋਈ ਨਾ ਜਾਏ । ਆਪਣਾ ਹੁਕਮ ਰੱਖੇ ਸਾਦਰ, ਸਲਾਹ ਫੇਰ ਨਾ ਕੋਈ ਕਰਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰ ਮਾਤ ਘਲਾਏ । ਗੁਰ ਅਵਤਾਰ ਘਲਾਇਆ ਮਾਤ, ਸ਼ਬਦ ਸੰਦੇਸਾ ਦੇ । ਇਕ ਵਖਾਏ ਆਪੇ ਆਪਣੀ ਕਰਾਮਾਤ, ਕੋਈ ਉਡਿਆ ਬਿਨ ਦੇਹ । ਕਿਸੇ ਬਣਾਈ ਆਪਣੀ ਜ਼ਾਤ, ਕਿਸੇ ਆਪਣੀ ਉਮਤ ਨਾਲ ਕਰਿਆ ਨੇਂਹ । ਕਿਸੇ ਕਰਿਆ ਮਜ਼ਲੂਮਾ ਘਾਤ, ਕਿਸੇ ਉਡਾਈ ਹੰਕਾਰੀ ਖੇਹ । ਹਰਿ ਕਾ ਰੂਪ ਨਾ ਦਿਸਾਇਆ ਕਿਸੇ ਇਕ ਇਕਾਂਤ, ਜੋ ਬਰਸੇ ਅੰਮ੍ਰਿਤ ਮੇਂਹ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਆਪਣਾ ਸਚ ਸੰਦੇਹ । ਚਾਰ ਜੁਗ ਧੁਰ ਫ਼ਰਮਾਨਾ, ਦੇਂਦਾ ਰਿਹਾ ਹਰਿ ਸੰਦੇਸਾ । ਤਖ਼ਤ ਨਿਵਾਸੀ ਬਹਿ ਬਹਿ ਸਾਚਾ ਰਾਣਾ, ਨਿਰਗੁਣ ਸਰਗੁਣ ਉਪਰ ਵੇਸਾ । ਆਪਣਾ ਮਨੌਂਦਾ ਰਿਹਾ ਆਪੇ ਭਾਣਾ, ਫਿਰਦਾ ਰਿਹਾ ਦੇਸ ਪਰਦੇਸਾ । ਕਰਿਆ ਖੇਲ ਬਣ ਨਿਮਾਣਾ, ਲੱਖ ਚੁਰਾਸੀ ਤੇਰਾ ਭੇਖ ਵੇਖਾ । ਰਸਨਾ ਗਾਉਂਦੇ ਰਹੇ ਹਰਿ ਹਰਿ ਗਾਣਾ, ਅੰਦਰੋਂ ਚੁਕਾਏ ਨਾ ਕੋਈ ਲੇਖਾ । ਬਾਹਿਰੋਂ ਕਹਿੰਦੇ ਹਰਿ ਜੂ ਤੇਰਾ ਮਾਣਾ, ਅੰਦਰ ਪਾਇਆ ਭਰਮ ਭੁਲੇਖਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਖੇਲੇ ਆਪਣੀ ਖੇਲਾ । ਸਤਿਜੁਗ ਖੇਲ ਖੇਲ ਬਨਵਾਰੀ, ਵਿਸ਼ਨ ਬ੍ਰਹਮਾ ਸ਼ਿਵ ਆਪਣੀ ਗੋਦ ਉਠਾਈਆ । ਆਪੇ ਬਣੇ ਵਡ ਸੰਸਾਰੀ, ਆਪਣਾ ਰੰਗ ਵਖਾਈਆ । ਆਪੇ ਬਣੇ ਕਾਮ ਕਰੋਧ ਹੰਕਾਰੀ, ਆਪੇ ਵੇਸਵਾ ਸੇਜ ਹੰਢਾਈਆ । ਆਪੇ ਭਗਤ ਸੰਤ ਜੋਤ ਜਗਾਏ ਨਿਰੰਕਾਰੀ, ਆਪੇ ਨੂਰ ਕਰੇ ਰੁਸ਼ਨਾਈਆ । ਆਪੇ ਸਰਗੁਣ ਪਾਵੇ ਸਾਰੀ, ਸਾਚੇ ਸੁਤ ਗਲੇ ਲਗਾਈਆ । ਆਪੇ ਬੰਨ੍ਹੇ ਸਾਚੀ ਯਾਰੀ, ਸੱਥਰ ਯਾਰੜਾ ਆਪ ਵਛਾਈਆ । ਆਪੇ ਤੋੜੇ ਗੜ੍ਹ ਹੰਕਾਰੀ, ਏਕਾ ਖੰਡਾ ਨਾਮ ਚਮਕਾਈਆ । ਆਪੇ ਸੁੱਤਿਆਂ ਕਰੇ ਪਿਆਰੀ, ਆਪ ਆਪਣੀ ਗੋਦ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਇਕ ਨਿਰੰਕਾਰੀ । ਇਕ ਨਿਰੰਕਾਰ ਖੇਲ ਖਿਲਾਇਆ, ਕਰੇ ਖੇਲ ਬੇਪਰਵਾਹ । ਗੁਰ ਪੀਰ ਅਵਤਾਰ ਲੋਕਮਾਤ ਘਲਾਇਆ, ਆਪਣਾ ਭਾਣਾ ਆਪ ਸਮਝਾ । ਸਾਚਾ ਹੁਕਮ ਆਪ ਜਣਾਇਆ, ਧੁਰ ਫ਼ਰਮਾਨਾ ਸੰਦੇਸਾ ਦੇਵੇ ਜਣਾ । ਭਗਤਾਂ ਲਏ ਸਮਝਾਇਆ, ਏਕਾ ਢੋਲਾ ਗਾ । ਜਿਸ ਨੇ ਗੁਰ ਕਾ ਹੁਕਮ ਭੁਲਾਇਆ, ਸੋ ਪਾਰ ਸਕੇ ਨਾ ਬੇੜਾ ਲੰਘਾ । ਪੁਰਖ ਅਬਿਨਾਸ਼ੀ ਦਏ ਡੁਬਾਇਆ, ਗੁਰ ਪੀਰ ਬਣੇ ਨਾ ਕੋਈ ਮਲਾਹ । ਜਿਸ ਦਾ ਭਾਣਾ ਰਹੇ ਜਣਾਇਆ, ਸੋ ਆਇਆ ਸ਼ਹਿਨਸ਼ਾਹ । ਜਿਸ ਦੇ ਅੱਗੇ ਗੁਰ ਅਵਤਾਰ ਬੈਠੇ ਸੀਸ

ਝੁਕਾਇਆ, ਆਦਿ ਅੰਤ ਆਪਣਾ ਲੇਖ ਲਿਖਾ । ਭੇਵ ਅਭੇਦ ਆਪਣੇ ਹੱਥ ਰਖਾਇਆ, ਸੋਹੰ ਆਪਣਾ ਨਾਮ ਧਰਾ । ਅੰਤਮ ਸੋਹੰ ਬਣਕੇ ਆਇਆ, ਨਾ ਮਰੇ ਨਾ ਜਾ । ਰਾਮ ਰਾਮ ਨਜ਼ਰ ਕਿਸੇ ਨਾ ਆਇਆ, ਸਭ ਤੋਂ ਹੋਇਆ ਜੁਦਾ । ਆਪਣੇ ਮੰਦਰ ਡੇਰਾ ਲਾਇਆ, ਆਪੇ ਕਰਦਾ ਰਿਹਾ ਰੁਸ਼ਨਾ । ਆਪਣਾ ਨੂਰ ਆਪ ਵਖਾਇਆ, ਆਪ ਆਪਣੀ ਜੋਤ ਜਗਾ । ਆਪਣਾ ਲੇਖਾ ਲਏ ਕਢਾਇਆ, ਚਾਰ ਜੁਗ ਜੋ ਆਪਣੇ ਵਿਚ ਰੱਖੇ ਛੁਪਾ । ਰਸਨਾ ਜੇਹਵਾ ਜਿਸ ਨੇ ਸਰਗੁਣ ਗਾਇਆ, ਸੋ ਲੋਕਮਾਤ ਹੋਇਆ ਰੁਸ਼ਨਾ । ਅੰਜੀਲ ਕੁਰਾਨ ਦਏ ਗਵਾਹਿਆ, ਪਰਵਰਦਿਗਾਰ ਦੇਵੇ ਸਰਬ ਪਨਾਹ । ਜਿਸ ਨੇ ਸਯਦਾ ਸੀਸ ਇਕ ਝੁਕਾਇਆ, ਸਚ ਮਸੱਲਾ ਹੇਠ ਵਿਛਾ । ਸਚ ਨਿਮਾਜ਼ ਰਿਹਾ ਪੜ੍ਹਾਇਆ, ਸਾਚੇ ਹੁਜ਼ਰੇ ਦਏ ਬਹਾ । ਕਾਇਆ ਕਾਅਬਾ ਇਕ ਖੁਲ੍ਹਾਇਆ, ਜੁਗ ਜੁਗ ਲਹਿਣਾ ਦਏ ਮੁਕਾ । ਪੂਰਬ ਲੇਖਾ ਝੋਲੀ ਪਾਇਆ, ਤਖ਼ਤ ਨਿਵਾਸੀ ਸੱਚਾ ਸ਼ਹਿਨਸ਼ਾਹ । ਗੁਰ ਅਵਤਾਰਾਂ ਦਏ ਹਿਲਾਇਆ, ਅਪਣਾ ਹੁਕਮ ਆਪ ਸੁਣਾ । ਵਿਸ਼ਨ ਬ੍ਰਹਮਾ ਸ਼ਿਵ ਲਏ ਉਠਾਇਆ, ਪੁਰੀਆਂ ਲੋਆਂ ਫੇਰਾ ਪਾ । ਕਰੋੜ ਤੇਤੀਸਾ ਲਏ ਹਿਲਾਇਆ, ਚੌਦਾਂ ਲੋਕ ਦਏ ਜਗਾ । ਆਪਣਾ ਖੇਲ ਆਪ ਕਰਾਇਆ, ਸਰਗੁਣ ਨਿਰਗੁਣ ਵੇਸ ਵਟਾ । ਜੋਤੀ ਜੋਬਨ ਆਪ ਵਖਾਇਆ, ਤੇਈ ਅਵਤਾਰ ਰਹੇ ਧਿਆ । ਦੋਏ ਜੋੜ ਗਲ ਵਿਚ ਪੱਲੂ ਪਾਇਆ, ਸਚ ਸੰਦੇਸਾ ਸ਼ਬਦ ਪੁਚਾ । ਪੰਜ ਤੱਤ ਵਿਚੋਲਾ ਲਿਆ ਨਾ ਕੋਇ ਬਣਾ, ਔਦਾਂ ਜਾਦਾਂ ਦਿਸ ਕਿਸੇ ਨਾ ਆਇਆ । ਲੱਖ ਚੁਰਾਸੀ ਕਲਜੁਗ ਵਿਚ ਰਿਹਾ ਸੁਣਾ, ਜਿਸ ਆਪਣਾ ਆਪ ਪਹਿਲੋਂ ਪਰਗਟਾਇਆ । ਅੰਤਮ ਪੂਰਾ ਦਏ ਕਰਾ, ਲੱਖ ਚੁਰਾਸੀ ਤੇਰਾ ਘਾੜਨ ਜਿਸ ਆਪ ਘੜਾਇਆ । ਅੰਤਮ ਵੇਲੇ ਸਭ ਗੁਰ ਅਵਤਾਰ ਤੇਰੇ ਗਵਾਹ ਲਏ ਬਣਾ, ਅਭੁਲ ਭੁਲ ਕਦੇ ਨਾ ਜਾਇਆ । ਵਿਸ਼ਨੂੰ ਬ੍ਰਹਮਾ ਸ਼ਿਵ ਦਏ ਹਿਲਾ, ਕਰੋੜ ਤੇਤੀਸਾ ਦਏ ਦੁਹਾਇਆ । ਅੰਮ੍ਰਿਤ ਮਿਲੇ ਕਿਸੇ ਨਾ ਥਾਂ, ਚਾਰੋਂ ਕੁੰਟ ਅੰਧੇਰਾ ਛਾਇਆ । ਮੁਹੰਮਦ ਚਾਰੇ ਕੁੰਟ ਉਚੀ ਕੂਕ ਮਾਰੇ ਧਾ, ਕੂਕ ਕੂਕ ਸੁਣਾਇਆ । ਨਾਨਕ ਨਿਰਗੁਣ ਜੋਤ ਜਗਾ, ਨਿਰਗੁਣ ਨਾਨਕ ਵੇਖ ਵਖਾਇਆ । ਪੁਰਖ ਅਕਾਲ ਬੇਪਰਵਾਹ, ਜਿਸ ਗੋਬਿੰਦ ਸੂਰਾ ਸੁੱਤ ਜਾਇਆ । ਆਪਣੇ ਸੀਸ ਤਾਜ ਟਿਕਾ, ਸੱਚਾ ਮਾਰਗ ਮਾਤ ਪਰਗਟਾਇਆ । ਨਿਹਕਲੰਕ ਆਪਣਾ ਨਾਮ ਧਰਾ, ਸਚ ਅਦਾਲਤ ਲਏ ਕਰਾਇਆ । ਚਾਰ ਜੁਗ ਦੇ ਮੰਗੇ ਫੇਰ ਗਵਾਹ, ਜਗਤ ਸਫਾਈ ਨਾ ਕੋਇ ਕਰਾਇਆ । ਚਾਰੇ ਕੁੰਟ ਨੌਂ ਖੰਡ ਪ੍ਰਿਥਮੀ ਲਏ ਉਠਾ, ਸਾਚਾ ਹੁਕਮ ਸੁਣਾਇਆ । ਗੁਰ ਅਵਤਾਰ ਪੀਰ ਪੈਗ਼ੰਬਰ ਮੁੱਲਾਂ ਸ਼ੇਖ਼ ਮੁਸਾਇਕ ਖ਼ਾਲੀ ਹੱਥ ਦਏ ਕਰਾ, ਸਭ ਦਾ ਲਹਿਣਾ ਆਪਣੀ ਝੋਲੀ ਪਾਇਆ । ਸਾਚਾ ਖੇਲ ਆਪ ਕਰਾ, ਸਾਚੇ ਤਖ਼ਤ ਡੇਰਾ ਲਾਇਆ । ਪੁਰਖ ਅਬਿਨਾਸ਼ੀ ਸੱਚਾ ਸ਼ਹਿਨਸ਼ਾਹ, ਆਦਿ ਆਪਣਾ ਸੋਹੰ ਰੂਪ ਬਣਾਇਆ । ਸੁਤ ਦੁਲਾਰਾ ਸ਼ਬਦੀ ਜਾ, ਸ਼ਬਦ ਸ਼ਬਦ ਗੁਰ ਰੂਪ ਜਣਾਇਆ । ਗੋਬਿੰਦ ਮੇਲਾ ਨਾਲ ਮਿਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਦਰਬਾਰ ਰਿਹਾ ਸਜਾਇਆ । ਸਚ ਦਰਬਾਰ ਸਜਿਆ, ਸਜਾਏ ਸ੍ਰੀ ਭਗਵਾਨ । ਸਚਖੰਡ ਨਿਵਾਸੀ ਆਪੇ ਗੱਜਿਆ, ਦੋ ਜਹਾਨਾਂ ਬਣ ਪਰਧਾਨ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਜਿਸ ਸਭ ਦਾ ਪਰਦਾ ਕੱਜਿਆ, ਅੰਤਮ ਕਲਜੁਗ ਵੇਖੇ ਆਣ । ਕਿਸੇ ਲੋਣ ਨਾ ਦੇਵੇ ਅਜ ਪੱਜਿਆ, ਘਰ ਘਰ ਵੇਖੇ ਜੀਵ ਸ਼ੈਤਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਵੇ ਧੁਰ ਫ਼ਰਮਾਨ । ਧੁਰ ਫ਼ਰਮਾਨ ਸੁਣਾਇੰਦਾ, ਇਕ ਅਕੱਲਾ ਏਕੰਕਾਰ । ਹਾੜ ਸਤਾਰਾਂ ਦਿਵਸ

ਵਡਿਆਇੰਦਾ, ਸੰਮਤ ਅਠਾਰਾਂ ਕਰ ਪਿਆਰ । ਬੀਸ ਬਿਕ੍ਰਮੀ ਨਾਲ ਰਲਾਇੰਦਾ, ਜੋਤੀ ਜਾਤਾ ਹੋ ਉਜਿਆਰ । ਸਚਖੰਡ ਲੋਕਮਾਤ ਬਣਾਇੰਦਾ, ਸਚ ਚਲਾਏ ਅਵਲੜੀ ਚਾਲ । ਚਾਰ ਜੁਗ ਲਿਖ ਲਿਖ ਲੇਖ ਨਾ ਕੋਈ ਵਖਾਇੰਦਾ, ਲੇਖਾ ਜਾਣੇ ਸ਼ਾਹ ਕੰਗਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਸੁਣਾਇੰਦਾ । ਲੱਗਿਆ ਦਰਬਾਰਾ ਲੋਕਮਾਤ, ਸੋ ਪੁਰਖ ਨਿਰੰਜਣ ਆਪ ਲਗਾਈਆ । ਦੋ ਜਹਾਨਾਂ ਵੇਖੇ ਮਾਰ ਝਾਤ, ਨੇਤਰ ਨੈਣ ਨੈਣ ਉਠਾਈਆ । ਬੈਠਾ ਰਿਹਾ ਇਕ ਇਕਾਂਤ, ਹਰਿ ਸੱਚਾ ਸ਼ਹਿਨਸ਼ਾਹੀਆ । ਜਿਸ ਦੀ ਨਾ ਕੋਈ ਜ਼ਾਤ ਨਾ ਕੋਈ ਪਾਤ, ਵਰਨ ਗੋਤ ਨਾ ਕੋਈ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਪੁਚਾਈਆ । ਸਾਚਾ ਹੁਕਮ ਸ਼ਬਦੀ ਧਾਰ, ਹਰਿ ਸਾਚਾ ਸਚ ਜਣਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਏ ਵਾਰੋ ਵਾਰ, ਅੰਤਮ ਕਲਜੁਗ ਖੇਲ ਖਿਲਾਇੰਦਾ । ਕਲਜੁਗ ਮੰਗੇ ਮੰਗ ਭਿਖਾਰ, ਦੋਏ ਜੋੜ ਸੀਸ ਝੁਕਾਇੰਦਾ । ਮੇਰਾ ਸਭ ਦੇ ਪਿਛੋਂ ਆਇਆ ਵਾਰ, ਪਹਿਲਾ ਵਾਰ ਅੱਗੇ ਫੇਰ ਰਖਾਇੰਦਾ । ਮੇਰੀ ਸੁਣ ਅੰਤ ਪੁਕਾਰ, ਦਰ ਸਾਚੇ ਸੀਸ ਝੁਕਾਇੰਦਾ । ਮੈਂ ਦਰਸ ਕੀਤਾ ਗੋਬਿੰਦ ਯਾਰ, ਮਾਛੂਵਾੜਾ ਇਕ ਸੁਹਾਇੰਦਾ । ਜਿਸ ਸੱਥਰ ਵਿਛਾਇਆ ਸਾਂਝੇ ਯਾਰ, ਸੱਥਰ ਯਾਰ ਜੋ ਹੰਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਦਇਆ ਆਪ ਕਮਾਇੰਦਾ । ਹਰਿ ਸਾਚਾ ਦਇਆ ਕਮਾਇੰਦਾ, ਦੇਵੇ ਸ਼ਬਦੀ ਸਚ ਸੰਦੇਸ । ਗੋਬਿੰਦ ਤੇਰਾ ਪਹਿਲੋਂ ਘਰ ਸੁਹਾਇੰਦਾ, ਕਲਜੁਗ ਅੰਤਮ ਵੇਖ । ਤੇਰਾ ਅੰਮ੍ਰਿਤ ਧਰਤ ਪਤਤ ਪਵਿਤ ਆਪ ਕਰਾਇੰਦਾ, ਪਿਛਲੀ ਮੇਟੇ ਲਿਖੀ ਰੇਖ । ਸਾਚੀ ਧਰਨੀ ਸੋਭਾ ਪਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਨਰ ਨਰੇਸ਼ । ਨਰ ਨਰੇਸ਼ ਖੇਲ ਖਿਲਾਇਆ, ਕਲਜੁਗ ਅੰਤਮ ਵਾਰ । ਸਚ ਦਰਬਾਰਾ ਮਾਤ ਲਗਾਇਆ, ਨਿਹਕਲੰਕ ਜਾਮਾ ਧਾਰ । ਸਾਚਾ ਕੋਟ ਆਪ ਬਣਾਇਆ, ਨਾ ਕੋਈ ਕਿਲਾ ਨਾ ਦੀਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਗੰਮ ਅਪਾਰ । ਖੇਲ ਅਗੰਮੀ ਹਰਿ ਨਿਰੰਕਾਰਾ, ਨਿਰਵੈਰ ਪੁਰਖ ਕਰਾਈਆ । ਗੋਬਿੰਦ ਤੇਰਾ ਸਚ ਹੁਲਾਰਾ, ਸਤਿ ਸਤਿਵਾਦੀ ਆਪ ਲਗਾਈਆ । ਚਲ ਕੇ ਔਣਾ ਹਰੀ ਦਵਾਰਾ, ਹਰੀ ਦਵਾਰ ਸੋਭਾ ਪਾਈਆ । ਤੇਰਾ ਨਾਉਂ ਸ਼ਬਦ ਹਲਕਾਰਾ, ਦਹਿ ਦਿਸ਼ਾ ਉਠ ਉਠ ਧਾਈਆ । ਤੇਰਾ ਜੋਤੀ ਨੂਰ ਚਮਤਕਾਰਾ, ਦੋ ਜਹਾਨਾਂ ਕਰੇ ਰੁਸ਼ਨਾਈਆ । ਤੇਰਾ ਖੰਡਾ ਖੜਗ ਕਟਾਰਾ, ਚੰਡ ਪਰਚੰਡ ਦਏ ਚਮਕਾਈਆ । ਤੇਰਾ ਸੰਬਲ ਧਾਮ ਨਿਆਰਾ, ਕਲਜੁਗ ਅੰਤ ਬਣਤ ਬਣਾਈਆ । ਘਰ ਸਾਚੇ ਤੇਰਾ ਸਚ ਪਸਾਰਾ, ਮਿਲੇ ਮੇਲ ਸੱਚੇ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਸੁਣਾਈਆ । ਗੋਬਿੰਦ ਸੁਣਿਆ ਹਰਿ ਸਨੇਹੁੜਾ, ਸਤਿ ਪੁਰਖ ਨਿਰੰਜਣ ਆਪ ਸੁਣਾਇਆ । ਜੋ ਰਸਨਾ ਜੇਹਵਾ ਚੁਕਾਵੇ ਝੇੜਾ ਤੇਰਾ, ਲੋਕਮਾਤ ਫੇਰਾ ਪਾਇਆ । ਜਿਸ ਵਸਾਇਆ ਮੇਰਾ ਖੇੜਾ, ਸੋ ਸ਼ਬਦ ਸਰੂਪ ਬੇਪਰਵਾਹਿਆ । ਸਤਿ ਮਕਾਓ ਝੇੜਾ, ਚਾਰ ਕੁੰਟ ਦਹਿ ਦਿਸ਼ਾ ਦਏ ਵਖਾਇਆ । ਜਿਸ ਦੇਣਾ ਉਲਟਾ ਗੇੜਾ, ਨੂਰੀ ਸਾਹਿਬ ਆਪ ਬੇਪਰਵਾਹਿਆ । ਜਿਸ ਖੁਲ੍ਹਾ ਕਰਨਾ ਵੇਹੜਾ, ਸੋ ਆਪਣਾ ਮੇਲ ਰਿਹਾ ਮਿਲਾਇਆ । ਜਿਸ ਚੁਕਾਇਆ ਮੇਰਾ ਤੇਰਾ, ਤੇਰਾ ਮੇਰਾ ਕੋਈ ਨਜ਼ਰ ਨਾ ਆਇਆ । ਜਿਸ ਦੋ ਜਹਾਨ ਪਾਇਆ ਨਿਖੇੜਾ, ਲੋਕਮਾਤ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਆਪਣੇ ਦਵਾਰੇ ਧਰਿਆ, ਗੋਬਿੰਦ ਆਪਣਾ ਰੰਗ ਵਖਾਈਆ । ਗੋਬਿੰਦ ਔਣਾ

ਚਲ ਦਵਾਰ, ਸੋ ਪੁਰਖ ਆਪ ਸਮਝਾਈਆ । ਤੇਰਾ ਕਰਜ਼ਾ ਦਿਆਂ ਉਤਾਰ, ਆਪਣੀ ਝੋਲੀ ਪਾਈਆ । ਚਾਰੋਂ ਕੁੰਟ ਭਰਿਆ ਹੰਕਾਰ, ਗੁਰਮੁਖ ਰੂਪ ਨਾ ਕੋਈ ਵਖਾਈਆ । ਤੇਰੇ ਸੋਭੇ ਸੀਸ ਦਸਤਾਰ, ਕਾਮੀ ਕਾਮਨਾ ਨਾ ਭੋਗ ਭੁਗਾਈਆ । ਤੇਰਾ ਗਲ ਵਿਚ ਪਾਏ ਸੱਚਾ ਹਾਰ, ਰਸਨਾ ਤੇਰਾ ਗੁਣ ਨਾ ਕੋਈ ਜਣਾਈਆ । ਤੇਰਾ ਸ਼ਬਦ ਦਸਤ ਬਰਦਾਰ, ਸਾਚੀ ਵਸਤ ਕਿਸੇ ਹੱਥ ਨਾ ਆਈਆ । ਤੇਰਾ ਮਤ ਨਾ ਦਿਸੇ ਵਿਚ ਸੰਸਾਰ, ਤੇਰੀ ਮਹਿਮਾ ਸਾਢੇ ਤਿੰਨ ਹੱਥ ਕਥ ਕਥ ਪੰਧ ਗਈ ਮੁਕਾਈਆ । ਤੇਰਾ ਨਾਮ ਤੱਤਵ ਕਿਸੇ ਨਾ ਦਿਸੇ ਸਹਾਰ, ਤੇਰਾ ਰੂਪ ਨਾ ਕੋਈ ਜਣਾਈਆ । ਤੇਰੇ ਅੰਮ੍ਰਿਤ ਲੱਗੀ ਰਹੇ ਆਗ, ਨਾ ਸਕੇ ਕੋਈ ਬੁਝਾਈਆ । ਤੇਰਾ ਪੰਥ ਰਲਿਆ ਕਾਗ, ਹੰਸ ਮਾਣਕ ਮੋਤੀ ਚੋਗ ਨਾ ਕੋਈ ਚੁਗਾਈਆ । ਬਿਨ ਤੇਰੇ ਕੋਈ ਨਾ ਪਕੜੇ ਵਾਗ, ਸਿਰ ਹੱਥ ਨਾ ਕੋਈ ਟਿਕਾਈਆ । ਨੇਤਰ ਰੋਵੇ ਅਯੁਧਿਆ ਪਰਾਗ, ਕਾਂਸ਼ੀ ਪੰਡਤ ਦਏ ਦੁਹਾਈਆ । ਨਜ਼ਰ ਨਾ ਆਏ ਕੰਤ ਸੁਹਾਗ, ਜੋ ਆਪਣੇ ਗਲੇ ਲਗਾਈਆ । ਕਲਜੁਗ ਅੰਤਮ ਪਰਗਟਿਆ ਜਿਸ ਉਪਜਾਇਆ ਆਪਣਾ ਵੈਰਾਗ, ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਅੰਮ੍ਰਿਤ ਧਰਤ ਧਵਲ ਸਿੰਚ ਹਰਾ ਕਰਾਈਆ । ਗੋਬਿੰਦ ਉਠਿਆ ਬਣ ਬਲਕਾਰ, ਕਲਗੀ ਤੋੜਾ ਸੀਸ ਲਗਾਈਆ । ਮੈਂ ਔਣਾ ਵਿਚ ਦਰਬਾਰ, ਨੀਲਾ ਨੀਲੀ ਧਾਰੋਂ ਪਾਰ ਕਰਾਈਆ । ਬਣ ਸ਼ਾਹਾਂ ਦਾ ਸ਼ਾਹ ਅਸਵਾਰ, ਮੇਰੀ ਝੱਲੇ ਤਾਬ ਨਾ ਕੋਈ ਲੋਕਾਈਆ । ਮੈਂ ਗੁਜਰੀ ਜੰਮਿਆ ਲਾਲ, ਤੇਗ਼ ਬਹਾਦਰ ਆਪਣੀ ਗੋਦ ਸੁਹਾਈਆ । ਪੁਰਖ ਅਕਾਲ ਬਣਿਆ ਬਾਪ, ਏਕਾ ਬਣੀ ਮਾਈਆ । ਮੈਂ ਇਕੋ ਜਪਿਆ ਜਾਪ, ਦੂਜੀ ਕਰੀ ਨਾ ਕੋਈ ਪੜ੍ਹਾਈਆ । ਮੇਰਾ ਬਸਤਰ ਨਾ ਜਾਏ ਪਾਟ, ਮੈਂ ਆਪਣੀ ਹੱਥੀਂ ਸੀਤਾ ਆਪਣੀ ਸੇਵ ਕਮਾਈਆ । ਮੈਂ ਆਪਾ ਰੱਖਿਆ ਆਪਣੇ ਖਾਤ, ਸਦ ਭਾਣਾ ਭਾਣਾ ਆਪ ਮਨਾਈਆ । ਮੈਂ ਗੁਰਸਿਖਾਂ ਦੀ ਧੂੜੀ ਮਸਤਕ ਲਾਈ ਖ਼ਾਕ, ਬਾਲ ਬਾਲੇ ਆਪਣੇ ਨੀਹਾਂ ਹੇਠ ਦਬਾਈਆ । ਅੱਜ ਤੋੜ ਗਏ ਮੇਰਾ ਸਾਕ, ਸੱਜਣ ਕੋਇ ਨਜ਼ਰ ਨਾ ਆਈਆ । ਆਪਣਾ ਆਪ ਕਰਨ ਲੱਗੇ ਘਾਤ, ਸੀਸ ਬੈਠੇ ਦਸਤਾਰ ਸਜਾਈਆ । ਅੰਤਮ ਕਹਿ ਕੇ ਗਿਆ ਪੁਛਾਂ ਵਾਤ, ਭੁਲ ਕੋਇ ਨਾ ਜਾਈਆ । ਕਲਜੁਗ ਆਏ ਅੰਧੇਰੀ ਰਾਤ, ਪਰਗਟ ਹੋਵੇ ਸੱਚਾ ਮਾਹੀਆ । ਜਿਸ ਦੀ ਨਾ ਕੋਈ ਜ਼ਾਤ ਨਾ ਕੋਈ ਪਾਤ, ਬਰਨ ਵਰਨ ਨਾ ਕੋਈ ਰਖਾਈਆ । ਸਭ ਦਾ ਬਣੇ ਸੱਚਾ ਸਾਥ, ਸਗਲਾ ਸੰਗ ਆਪ ਹੋ ਜਾਈਆ । ਆਪਣੇ ਲਗਾਏ ਆਪਣੇ ਘਾਟ, ਕੀਤਾ ਕੌਲ ਭੁਲ ਨਾ ਜਾਈਆ । ਸੰਮਤ ਸਤਾਰਾਂ ਪਹਿਲੀ ਚੇਤਰ ਖੁਲ੍ਹਿਆ ਹਾਟ, ਵਣਜ ਵਣਜਾਰਾ ਆਪ ਖੁਲ੍ਹਾਈਆ । ਸੰਮਤ ਸਤਾਰਾਂ ਗਿਆ ਨੱਠ, ਵੀਹ ਸੌ ਅਠਾਰਾਂ ਬਿਕ੍ਰਮੀ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਆਪਣਾ ਦਰ ਸੁਹਾਈਆ । ਗੋਬਿੰਦ ਚੜ੍ਹਿਆ ਚਾ, ਜੋਤੀ ਸ਼ਬਦੀ ਲਏ ਹੁਲਾਰ । ਪੁਰਖ ਅਬਿਨਾਸ਼ੀ ਮਿਲੇ ਬੇਪਰਵਾਹ, ਜਿਸ ਦਾ ਅੰਤ ਸਹਾਰ । ਮੇਰਾ ਹੋਵੇ ਜਗਤ ਮਲਾਹ, ਕਰੇ ਬੇੜਾ ਪਾਰ ਕਿਨਾਰ । ਦੇਵੇ ਸਚ ਸਲਾਹ, ਸੋ ਸਾਹਿਬ ਪਰਵਰਦਿਗਾਰ । ਮੈਂ ਮਾਰਗ ਭੁਲ ਨਾ ਜਾਂ, ਮਾਰਗ ਲਾਇਆ ਅਪਰ ਅਪਾਰ । ਸੱਚਾ ਘਰ ਲਿਆ ਉਪਜਾ, ਸਚਖੰਡ ਸੱਚਾ ਦਰਬਾਰ । ਇਕੋ ਪਿਤਾ ਇਕੋ ਮਾਂ, ਏਕਾ ਬਣਿਆ ਸੁਤ ਦੁਲਾਰ । ਕਲਜੁਗ ਅੰਤਮ ਧਰਨੀ ਤੇਰੀ ਅਗਨੀ ਦਏ ਬੁਝਾ, ਅੰਮ੍ਰਿਤ ਬਖ਼ਸ਼ੇ ਠੰਡੀ ਠਾਰ । ਕਲਜੁਗ ਜੀਵ ਮੁਖੜਾ ਗਏ ਭਵਾ, ਸਾਚਾ ਕਰੇ ਨਾ ਕੋਈ ਪਿਆਰ । ਚਾਰੋਂ ਕੁੰਟ ਅੰਧੇਰਾ ਗਿਆ ਛਾ, ਧੂੰਆਂਧਾਰ ਸਰਬ ਸੰਸਾਰ । ਹਰਿ ਮੰਦਰ ਬਹਿ ਬਹਿ ਧੀਆਂ ਭੈਣਾਂ ਰਹੇ ਹੰਢਾ, ਝੂਠੀ

ਸੇਜ ਵਣਜ ਵਣਜਾਰ । ਦਿਸੇ ਦਰ ਨਾ ਸੱਚਾ ਸ਼ਹਿਨਸ਼ਾਹ, ਲੋਕਮਾਤ ਲਿਆ ਅਵਤਾਰ । ਲੋਕਮਾਤ ਆਪੇ ਬਣੇ ਗਵਾਹ, ਕਰੇ ਖੇਲ ਆਪ ਕਰਤਾਰ । ਨਾਨਕ ਮੇਲਾ ਸਹਿਜ ਸੁਭਾ, ਸਚ ਸਿੰਘਾਸਣ ਕਰੇ ਪਿਆਰ । ਸਤਿਨਾਮ ਸਰਬ ਗਿਆ ਸਮਝਾ, ਚਾਰੋਂ ਕੁੰਟ ਕਰ ਕਰ ਪੁਕਾਰ । ਅੰਤਮ ਗਏ ਭੁਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਪਰ ਅਪਾਰ । ਨਾਨਕ ਸਚਖੰਡ ਬੋਲਿਆ, ਸ਼ਬਦ ਅਗੰਮੀ ਬੋਲ । ਮੈਂ ਮੋਦੀਖਾਨੇ ਤੋਲ ਤੋਲਿਆ, ਨਾ ਮਾਰਿਆ ਕੋਈ ਰੋਲ । ਜੋ ਕਰਦਾ ਰਿਹਾ ਪਰਦਾ ਓਹਲਿਆ, ਤਿਸ ਉਤੋਂ ਘੋਲੀ ਘੋਲ । ਕਲਜੁਗ ਅੰਤਮ ਲਾਹੇ ਚੋਲਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਵਜਾਏ ਆਪਣਾ ਢੋਲ । ਮੈਂ ਮਰਦੰਗਾ ਨਾਮ ਵਜਾਵਨਾ, ਨਾਮ ਸਤਿ ਕਰਤਾਰ । ਜੀਵਾਂ ਜੰਤਾਂ ਮਾਤ ਸਮਝਾਵਨਾ, ਉਚੀ ਕੂਕ ਕੂਕ ਪੁਕਾਰ । ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਮੇਲ ਮਿਲਾਵਨਾ, ਏਕਾ ਦੂਜਾ ਭੌ ਨਿਵਾਰ । ਏਕਾ ਤੇਰਾ ਨਾਮ ਪੜ੍ਹਾਵਨਾ, ਸਚ ਮੰਤਰ ਜੈਕਾਰ । ਏਕਾ ਮੰਦਰ ਇਕ ਗੁਰੂਦਵਾਰ ਵਖਾਵਨਾ, ਕਾਇਆ ਬੰਕ ਖੋਲ੍ਹ ਕਿਵਾੜ । ਏਕਾ ਚੇਲਾ ਮੇਲ ਮਿਲਾਵਨਾ, ਘਰ ਮੇਲਾ ਮੀਤ ਮੁਰਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦਿਤਾ ਸਾਚਾ ਵਰ, ਚਾਰ ਕੁੰਟ ਕਰ ਪਸਾਰ । ਮੇਰਾ ਨਾਮ ਭੁੱਲਿਆ ਜਗ, ਨਾਮ ਸਤਿ ਨਾ ਕੋਇ ਪੜ੍ਹਾਈਆ । ਮੇਰਾ ਦਰਸ ਉਪਰ ਸ਼ਾਹ ਰਗ, ਕਲਜੁਗ ਜੀਵ ਕਾਇਆ ਅੰਦਰ ਨਜ਼ਰ ਕਿਸੇ ਨਾ ਆਈਆ । ਸਚ ਪ੍ਰੀਤ ਨਾ ਗਈ ਲੱਗ, ਕਾਗ ਰੂਪ ਰਹੇ ਵਖਾਈਆ । ਆਪਣੀ ਵੰਡ ਬੈਠੇ ਹੱਦ, ਪਾਰ ਹੱਦ ਨਾ ਕੋਈ ਕਰਾਈਆ । ਮੇਰਾ ਨਾਮ ਨਾ ਪੀਤੀ ਮਦਿ, ਜਗਤ ਮਦਿ ਰਸਨਾ ਲਾਈਆ । ਹਰਿ ਕਾ ਨਾਮ ਨਿਸ਼ਾਨਾ ਨਾ ਲਿਆ ਗੱਡ, ਆਪਣੇ ਨਾਮ ਕਰਨ ਵਡਿਆਈਆ । ਆਪਣਾ ਨਾਮ ਨਾ ਲਿਆ ਬੱਧ, ਜੀਵਾਂ ਜੰਤਾਂ ਬੱਧ ਬੱਧ ਖਾਈਆ । ਆਪਣਾ ਸੱਜਣ ਨਾ ਲਿਆ ਸੱਦ, ਜਗਤ ਸਨੇਹੁੜੇ ਰਹੇ ਘਲਾਈਆ । ਆਪਣਾ ਜਨ ਨਾ ਲਿਆ ਕੱਢ, ਜੀਵਾਂ ਜੰਤਾਂ ਕਰਨ ਪੜ੍ਹਾਈਆ । ਆਪਣਾ ਭਾਰ ਨਾ ਲਿਆ ਲਦ, ਦੂਜਿਆਂ ਭਾਰ ਰਹੇ ਉਠਾਈਆ । ਗੁਰ ਨਾਨਕ ਕਲਜੁਗ ਤੇਰੀ ਮੁਕਾਏ ਹੱਦ, ਸਚ ਸਿੰਘਾਸਣ ਸੋਭਾ ਪਾਈਆ । ਚਾਰ ਵਰਨ ਲਏ ਲੱਭ, ਜਿਸ ਭੁਲਿਆ ਬੇਪਰਵਾਹੀਆ । ਆਪਣੇ ਦਵਾਰਿਉਂ ਦੇਵੇ ਕੱਢ, ਏਕਾ ਧੱਕਾ ਲਾਈਆ । ਮੁੜਕੇ ਫੇਰ ਕੋਈ ਨਾ ਜਾਵੇ ਛੱਡ, ਲੱਖ ਚੁਰਾਸੀ ਵਿਚ ਭਵਾਈਆ । ਮਾਤ ਗਰਭ ਬਣਾਈ ਨਾੜੀ ਹੱਡ, ਰਕਤ ਬੂੰਦ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਜੋਤੀ ਦਿਸ ਕਿਸੇ ਨਾ ਆਈਆ । ਸਚ ਦਰਬਾਰ ਉਚੀ ਕੂਕ ਕਰਨ ਪੁਕਾਰ, ਚਾਰ ਵਰਨ ਗਏ ਹਰਿ ਭੁਲਾਇਆ । ਭੁੱਲਿਆ ਹਰਿ ਕਾ ਨਾਮ, ਸਤਿਨਾਮ ਨਾ ਕਿਸੇ ਧਿਆਇਆ । ਮਿਲਿਆ ਨਾ ਸਾਚਾ ਰਾਮ, ਪ੍ਰਭ ਅਬਿਨਾਸ਼ੀ ਨਾ ਕਿਸੇ ਪਾਇਆ । ਫਿਰ ਫਿਰ ਵੇਖਿਆ ਨਗਰ ਗਰਾਮ, ਸ਼ਿਵਦਵਾਲਾ ਮਠ ਨਾ ਕੋਈ ਵਸਾਇਆ । ਮੰਦਰ ਮਸਜਦ ਬੈਠੇ ਬਣ ਬਣ ਕਾਹਨ, ਗੁਰ ਕਾ ਰੂਪ ਨਜ਼ਰ ਕਿਸੇ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਲ ਕੇ ਆਏ ਤੇਰੇ ਦਵਾਰ । ਪੁਰਖ ਅਬਿਨਾਸ਼ੀ ਬੋਲਿਆ, ਨਿਰਗੁਣ ਰੂਪ ਅਪਾਰ । ਪੂਰਾ ਕਰੇ ਕੀਤਾ ਕੌਲਿਆ, ਭੁਲ ਨਾ ਜਾਏ ਹਰਿ ਨਿਰੰਕਾਰ । ਦੋ ਜਹਾਨਾਂ ਪਰਦਾ ਫੋਲਿਆ, ਲੋਆਂ ਪੁਰੀਆਂ ਪਾੜ । ਤੇਰਾ ਅੰਮ੍ਰਿਤ ਸਭ ਨੇ ਡੋਲਿਆ, ਭਰਿਆ ਦਿਸੇ ਨਾ ਕੋਈ ਤਾਲ । ਤੇਰਾ ਜੈਕਾਰ ਕਿਸੇ ਨਾ ਬੋਲਿਆ, ਝੂਠੇ ਕਰਦੇ ਝੂਠ ਸ਼ੰਗਾਰ । ਗੁਰਸਿਖ ਕਦੇ ਨਾ ਡੋਲਿਆ, ਜੰਮੇ ਮਰੇ ਨਾ ਵਿਚ ਸੰਸਾਰ । ਸਾਧ ਸੰਤ ਪਏ ਡੋਲਿਆ, ਡੋਲੀ ਚੁੱਕੇ ਬਣ ਕਹਾਰ । ਚਾਰ ਦਿਵਾਰੀ

੮੦੯
੧੦

ਬਣਾਈ ਖੋਲਿਆ, ਅੰਦਰ ਲੁਕਣ ਬਣ ਗਵਾਰ । ਜਿਸ ਅੰਦਰ ਸਤਿਗੁਰ ਮੌਲਿਆ, ਤਿਸ ਮਾਰੇ ਨਾ ਖੰਡਾ ਤਲਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਪਰ ਅਪਾਰ । ਗੋਬਿੰਦ ਗੁਰ ਦਏ ਗਵਾਹ, ਆਪਣੀ ਗਵਾਹੀ ਉਪਰ ਕਿਸੇ ਨਾ ਪਾਈਆ । ਮੈਂ ਪੰਜ ਪਿਆਰੇ ਗਿਆ ਸਜਾ, ਮੇਰੀ ਮੁੱਕੀ ਜਗਤ ਵਡਿਆਈਆ । ਮੈਂ ਸਚਖੰਡ ਬੈਠਾ ਡੇਰਾ ਲਾ, ਮੇਰਾ ਧਾਮ ਮੇਲਿਆ ਮੇਲ ਮੇਰਾ ਸੱਚੇ ਮਾਹੀਆ । ਜਿਸ ਪਕੜੀ ਮੇਰੀ ਬਾਂਹ, ਵਿਛੜ ਕਦੇ ਨਾ ਜਾਈਆ । ਜਦ ਆਵੇ ਕਰਨ ਨਿਆਂ, ਨਾਲ ਉਂਗਲੀ ਲਏ ਫੜਾਈਆ । ਜੇ ਕੋਈ ਪੁਛੇ ਮੇਰੇ ਕੋਲੋਂ ਸਲਾਹ, ਮੈਂ ਦੇਵਾਂ ਸਚ ਸਮਝਾਈਆ । ਤੂੰ ਆਦਿ ਜੁਗਾਦਿ ਕਰੀਂ ਸਚ ਨਿਆਂ, ਦੋ ਜਹਾਨਾਂ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਗੋਬਿੰਦ ਆਖ ਸੁਣਾਇੰਦਾ, ਚਾਰ ਕੁੰਟ ਜੈਕਾਰ । ਜੋ ਵਰਨ ਬਰਨ ਰਖਾਇੰਦਾ, ਸੋ ਸਿਖ ਨਾ ਮੋਹੇ ਦਰਕਾਰ । ਜੋ ਮੇਰਾ ਕੀਤਾ ਉਲਟਾਇੰਦਾ, ਤਿਸ ਪੁਛੇ ਨਾ ਕੋਈ ਸਚ ਦਰਬਾਰ । ਜੋ ਮੇਰਾ ਅੰਮ੍ਰਿਤ ਸਿੰਚ ਰਸਨਾ ਝੂਠ ਲਗਾਇੰਦਾ, ਸੋ ਖਾਏ ਜਮ ਕੀ ਮਾਰ । ਜੋ ਮੇਰਾ ਬਾਣਾ ਤਨ ਪਹਿਨਾਇੰਦਾ, ਸੋ ਤੱਕੇ ਨਾ ਦੂਸਰ ਨਾਰ । ਜੋ ਮੇਰਾ ਕੇਸ ਸੀਸ ਟਿਕਾਇੰਦਾ, ਸੋ ਜਗਦੀਸ ਕਰੇ ਪਿਆਰ । ਜੋ ਮੇਰਾ ਸਿਖ ਅਖਵਾਇੰਦਾ, ਤਿਸ ਏਕਾ ਰੂਪ ਨਜ਼ਰ ਆਏ ਸੰਸਾਰ । ਗੋਬਿੰਦ ਹਰ ਘਟ ਅੰਦਰ ਡੇਰਾ ਲਾਇੰਦਾ, ਕੋਈ ਘਟ ਨਾ ਦਿਸੇ ਜਿਸ ਸੁੱਤਾ ਨਾ ਪੈਰ ਪਸਾਰ । ਜੋ ਮੇਰੇ ਕੋਲੋਂ ਮੁਖ ਭੁਆਇੰਦਾ, ਤਿਸ ਅੱਗੇ ਮੰਨੇ ਨਾ ਹਰਿ ਨਿਰੰਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਖੇਲ ਕਰੇ ਅਪਾਰ । ਨਾਨਕ ਸਤਿਗੁਰ ਸੁਣਾਏ ਢੋਲਾ, ਸੋਹੰ ਸਚ ਜਣਾਇਆ । ਚਾਰ ਵਰਨ ਦਾ ਪਿਆ ਰੌਲਾ, ਕਲਜੁਗ ਅੰਤਮ ਵੇਖ ਵਖਾਇਆ । ਹਰਿ ਕਾ ਨਾਮ ਕਰੇ ਭਾਰ ਹੌਲਾ, ਹਰਿ ਕਾ ਨਾਮ ਨਾ ਕਿਸੇ ਧਿਆਇਆ । ਅੰਤਮ ਵੱਜੇ ਜਮ ਕਾ ਪੌਲਾ, ਜੋ ਬੈਠੇ ਮੁਖ ਭਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਜੋਤੀ ਦਸ ਅਵਤਾਰ, ਏਕਾ ਹੁਕਮੀ ਹੁਕਮ ਵਰਤਾਰ, ਇਕ ਦਵਾਰ ਦਏ ਸਮਝਾਇਆ । ਨਾਨਕ ਸੁਣਾਏ ਸ਼ਬਦ ਸੱਚ, ਸਾਚੀ ਕਰੇ ਪੜ੍ਹਾਈਆ । ਕਾਇਆ ਮਾਟੀ ਭਾਂਡਾ ਕੱਚ, ਥਿਰ ਕੋਇ ਰਹਿਣ ਨਾ ਪਾਈਆ । ਮਨ ਵਾਸਨਾ ਰਹੀ ਨੱਚ, ਦਹਿ ਦਿਸ਼ਾ ਉਠ ਉਠ ਧਾਈਆ । ਗੁਰ ਕਾ ਸ਼ਬਦ ਜਿਸ ਹਿਰਦੇ ਲਿਆ ਵਾਚ, ਤਿਸ ਭੁੱਲੀ ਸਰਬ ਲੋਕਾਈਆ । ਤ੍ਰੈਗੁਣ ਅਗਨੀ ਬੁੱਝੇ ਆਂਚ, ਤੱਤਵ ਅੱਗ ਨਾ ਕੋਈ ਲਗਾਈਆ । ਵੇਲੇ ਅੰਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਗੁਰ ਲਏ ਮਿਲਾਈਆ । ਗੋਬਿੰਦ ਉਠੇ ਮਾਰ ਲਲਕਾਰ, ਏਕਾ ਸ਼ਬਦ ਨਾਉਂ ਜਣਾਇੰਦਾ । ਅੰਤਮ ਬੋਲਿਆ ਨਾਮ ਜੈਕਾਰ, ਸ੍ਰਿਸ਼ਟ ਆਪ ਸੁਣਾਇੰਦਾ । ਪਰਗਟ ਹੋਵੇ ਨਿਹਕਲੰਕ ਨਰਾਇਣ ਨਰ ਅਵਤਾਰ, ਆਪਣਾ ਲੇਖਾ ਆਪ ਸਮਝਾਇੰਦਾ । ਸੋਹੇ ਦਰ ਸੱਚਾ ਦਰਬਾਰ, ਜਿਸ ਦਰ ਹਰਿ ਜੂ ਆਸਣ ਲਾਇੰਦਾ । ਹਰਿ ਮੰਦਰ ਆ ਕਰੇ ਪਿਆਰ, ਆਪਣਾ ਆਪ ਰੂਪ ਵਟਾਇੰਦਾ । ਏਕਾ ਬੋਲੇ ਸਚ ਜੈਕਾਰ, ਚਾਰ ਵਰਨਾਂ ਆਪ ਸੁਣਾਇੰਦਾ । ਜੂਠ ਝੂਠ ਕੱਢੇ ਬਾਹਰ, ਸਤਿ ਅਮਾਮ ਮਾਇਆ ਮਮਤਾ ਮੋਹ ਚੁਕਾਇੰਦਾ । ਮੇਰਾ ਖੋਲ੍ਹੇ ਸਚ ਦਵਾਰ, ਦਰ ਦਰਵਾਜ਼ਾ ਸੋਭਾ ਪਾਇੰਦਾ । ਲੇਖਾ ਜਾਣੇ ਆਪਣੀ ਵਾਰ, ਪੂਰਬ ਲਹਿਣਾ ਵੇਖ ਵਖਾਇੰਦਾ । ਜੋ ਰੋੜ੍ਹੇ ਸਰਸੇ ਧਾਰ, ਸੋ ਸਤਿਗੁਰ ਆਪ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਖਿਲਾਇੰਦਾ । ਗੋਬਿੰਦ ਦੇਵੇ ਇਕ ਸਲਾਹ, ਹਾੜ ਸਤਾਰਾਂ ਜਗਤ ਜਣਾਈਆ । ਗ਼ਰੀਬ ਨਿਮਾਣਿਆਂ

ਬਣ ਮਲਾਹ, ਕਲਜੁਗ ਸ਼ੋਰ ਮਿਟਾਈਆ । ਪੁਰਖ ਅਬਿਨਾਸ਼ੀ ਪਕੜੇ ਮੇਰੀ ਬਾਂਹ, ਸਾਚਾ ਨਾਮ ਸੁਣਾਈਆ । ਮੇਰਾ ਕੋਈ ਨਾ ਗਾਏ ਪਰਮੇਸ਼ਵਰ ਨਾਂ, ਪਤਿਪਰਮੇਸ਼ਵਰ ਮੇਰਾ ਸੱਚਾ ਮਾਹੀਆ । ਕਲਜੁਗ ਅੰਤਮ ਆਵੇ ਜਾਵੇ ਫੇਰਾ ਪਾ, ਆਪਣੀ ਰਚਨਾ ਲਏ ਰਚਾਈਆ । ਕਰੇ ਕਰਾਏ ਸਚ ਨਿਆਂ, ਜੁਗ ਜੁਗ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਅਦਾਲਤ ਇਕ ਲਗਾਈਆ । ਸਚ ਅਦਾਲਤ ਸਚ ਵਕੀਲ, ਹਰਿ ਸਾਚਾ ਆਪ ਰਖਾਇੰਦਾ । ਬਿਨ ਗੋਬਿੰਦ ਦੇਵੇ ਨਾ ਕੋਈ ਦਲੀਲ, ਦਿਲਬਰ ਨਜ਼ਰ ਕੋਇ ਨਾ ਆਇੰਦਾ । ਨਾ ਕੋਈ ਹੁਜਤ ਨਾ ਕੋਈ ਹੀਲ, ਹਾਜਤ ਕੰਤ ਵੇਖ ਵਖਾਇੰਦਾ । ਮੈਂ ਬਸਤਰ ਪਹਿਰਿਆ ਨੀਲ, ਨੀਲ ਬਸਤਰ ਆਪਣਾ ਤਨ ਛੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਹੁਕਮ ਆਪ ਜਣਾਇੰਦਾ । ਗੋਬਿੰਦ ਦੇਵੇ ਸਾਚਾ ਮੰਤਰ, ਆਤਮ ਅੰਤਰ ਇਕ ਪੜ੍ਹਾਈਆ । ਤ੍ਰੈਗੁਣ ਅਗਨੀ ਬੁੱਝੇ ਬਸੰਤਰ, ਦਰ ਗੁਰੂ ਦਏ ਬੁਝਾਈਆ । ਨਾ ਕੋਈ ਹੋਮ ਨਾ ਕੋਈ ਜੰਤਰ, ਨਾ ਕੋਈ ਬੱਤੀ ਰਿਹਾ ਲਗਾਈਆ । ਜਿਸ ਜਨ ਬਣਾਈ ਤੇਰੀ ਬਣਤਰ, ਸੋ ਤੇਰਾ ਹੋਏ ਸਹਾਈਆ । ਸਰਬ ਜੀਆਂ ਬਿਧ ਜਾਣੇ ਅੰਤਰ, ਹਰਿ ਕਰਤਾ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਹਰਿ, ਨਾਨਕ ਗੋਬਿੰਦ ਸੰਗ ਨਿਭਾਈਆ । ਸਚ ਦਰਬਾਰ ਉਚ ਅਗੰਮ, ਸੋ ਪੁਰਖ ਨਿਰੰਜਣ ਆਪ ਬਣਾਇਆ । ਸਚ ਦਰਬਾਰ ਸ੍ਰੀ ਭਗਵਨ, ਸਚ ਸਿੰਘਾਸਣ ਸੋਭਾ ਪਾਇਆ । ਨਾ ਮਰੇ ਨਾ ਪਏ ਜੰਮ, ਜੋਤੀ ਨੂਰ ਡਗਮਗਾਇਆ । ਏਕਾ ਰਾਗ ਸੁਣਾਏ ਕੰਨ, ਓਮ ਆਪਣੀ ਵੰਡ ਵੰਡਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਮੁਹੰਮਦ ਲਏ ਬੁਲਾਇਆ । ਆ ਮੁਹੰਮਦ ਚਲ ਦਵਾਰ, ਧੁਰ ਫ਼ਰਮਾਨਾ ਸ਼ਬਦ ਜਣਾਈਆ । ਤੇਰੀ ਉਮਤ ਕਰੇ ਵਿਚਾਰ, ਅੱਲਾ ਰਾਣੀ ਦਏ ਦੁਹਾਈਆ । ਤੇਰਾ ਰੂਪ ਚਾਰ ਯਾਰ, ਚਾਰ ਕੁੰਟ ਰਹੇ ਕੁਰਲਾਈਆ । ਤੇਰੀ ਸਿਖਿਆ ਦਿਸੇ ਨਾ ਵਿਚ ਸੰਸਾਰ, ਕਲਮਾ ਨਬੀ ਨਾ ਕੋਈ ਜਣਾਈਆ । ਸਚ ਹਦੀਸ ਨਾ ਗਾਏ ਕੋਈ ਵਾਰ, ਕ਼ੁਰਾਨ ਕਰੇ ਨਾ ਕੋਇ ਸ਼ਨਵਾਈਆ । ਤੇਰਾ ਸਯਦਾ ਨਾ ਕੋਈ ਪਿਆਰ, ਤੇਰਾ ਸੰਗ ਨਾ ਕੋਇ ਰਖਾਈਆ । ਤੇਰੀ ਸ਼ਨੀਦ ਪਾਏ ਕੋਈ ਨਾ ਸਾਰ, ਦੀਦ ਨਾ ਕੋਈ ਸਲਾਹੀਆ । ਤੇਰਾ ਚੰਨ ਨਾ ਕੋਈ ਉਜਿਆਰ, ਚੌਧਵੀਂ ਚੰਨ ਨਾ ਕੋਈ ਚੜ੍ਹਾਈਆ । ਤੇਰਾ ਕਾਅਬਾ ਨਾ ਕੋਈ ਦਵਾਰ, ਤੇਰਾ ਮੱਕਾ ਨਜ਼ਰ ਕਿਸੇ ਨਾ ਆਈਆ । ਤੇਰਾ ਰੋਜ਼ਾ ਬਾਂਗ ਨਾ ਕੋਈ ਮੁਨਾਰ, ਤੇਰਾ ਰੰਗ ਨਾ ਕੋਈ ਵਖਾਈਆ । ਝੂਠਾ ਜੂਠਾ ਕੰਨਾਂ ਉਤੇ ਰੱਖ ਹੱਥ ਜਗਤ ਠੱਗੀਆਂ ਰਹੇ ਮਾਰ, ਮੁੱਲਾ ਸ਼ੇਖ਼ ਮੁਸਾਇਕ ਆਪਣਾ ਆਪ ਗਵਾਈਆ । ਧਰਤੀ ਉਪਰ ਰੱਖ ਗੋਡੇ ਹੱਥ ਰੱਖਣ ਉਪਰ ਮੋਢੇ, ਤੀਜੀ ਢਾਕ ਨਾਲ ਮਿਲਾਈਆ । ਅੰਦਰੇ ਅੰਦਰ ਹੋਏ ਥੋਥੇ, ਤੇਰਾ ਜਲਵਾ ਨੂਰ ਜਲਾਲ ਨਾ ਕੋਇ ਵਖਾਈਆ । ਤੇਰੀ ਨੱਯਾ ਅੰਦਰ ਮਾਰਨ ਗੋਤੇ, ਬੇੜਾ ਪਾਰ ਨਾ ਕੋਇ ਵਖਾਈਆ । ਚਾਰ ਯਾਰ ਤੇਰੇ ਨਾਉਂ ਲੈਵਣ ਝੂਟੇ, ਆਪਣਾ ਬਲ ਨਾ ਕੋਈ ਰਖਾਈਆ । ਕਲਜੁਗ ਅੰਤਮ ਹੋਏ ਖੋਟੇ, ਦਰਗਾਹ ਸਾਚੀ ਕੀਮਤ ਕੋਇ ਨਾ ਪਾਈਆ । ਪਏ ਭੁਲੇਖੇ ਦਰ ਦਰਵੇਸ਼ ਤੇਰੀ ਤੇਰੇ ਮਿਲੇ ਹੂਰ ਬਹਿਸ਼ਤੇ, ਆਪਣੀ ਹੂਰ ਨਾ ਕੋਈ ਹੰਢਾਈਆ । ਖਾ ਖਾ ਮਾਸ ਹੋਏ ਮੋਟੇ, ਅੰਤਮ ਆਪਣਾ ਮਾਸ ਦੇਣ ਕਟਾਈਆ । ਤੇਰੇ ਯਾਰ ਕਰਾਵਨ ਤੇਰੇ ਟੋਟੇ, ਅੰਤਮ ਤੇਰੀ ਧੂੜ ਉਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਮੁਹੰਮਦ ਸੱਚੇ ਦਰ ਦਰਬਾਰ ਲਏ ਬਹਾਈਆ । ਨੌਂ ਗਜ਼ ਰਹਿਣਾ ਦੂਰ, ਹਰਿ ਸੱਚਾ ਆਪ ਜਣਾਇੰਦਾ ।

੮੧੧ ੧੦

ਜੋ ਲੱਭਦੇ ਰਹੇ ਹੂਰ, ਤਿਨ੍ਹਾਂ ਹਜ਼ੂਰ ਹੁਕਮ ਸੁਣਾਇੰਦਾ । ਜਲਵਾ ਵੇਖ ਉਪਰ ਕੋਹਤੂਰ, ਮੂਸਾ ਕੂਕ ਕੂਕ ਸੁਣਾਇੰਦਾ । ਜਿਸ ਨੇ ਹੁਕਮ ਦਿਤਾ ਜ਼ਰੂਰ, ਸੋ ਬੇੜਾ ਬੰਨ੍ਹ ਵਖਾਇੰਦਾ । ਜਿਸ ਚੌਦਾਂ ਵਿਦਿਆ ਭਰਿਆ ਪੂਰ, ਸੋ ਆਪਣਾ ਰਾਹ ਜਣਾਇੰਦਾ । ਨੇੜੇ ਦਿਸੇ ਹਾਜ਼ਰ ਹਜ਼ੂਰ, ਹਜ਼ਰਤ ਆਪਣਾ ਰੂਪ ਵਟਾਇੰਦਾ । ਮਰਦ ਮਰਦਾਨਾ ਸਾਹਿਬ ਸੱਚਾ ਜ਼ਰੂਰ, ਪੀਰ ਆਪਣਾ ਨਾਉਂ ਬਣਾਇੰਦਾ । ਤੇਰੇ ਸੰਗੀ ਸਾਥੀ ਰਹੇ ਝੂਰ, ਵੇਲਾ ਗਿਆ ਹੱਥ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਸਾਚੇ ਆਪ ਜਣਾਇੰਦਾ । ਉਠ ਮੁਹੰਮਦ ਵੇਖ ਦਰ, ਦਰ ਦਰਵੇਸ਼ ਦਏ ਵਡਿਆਈਆ । ਤੇਰੇ ਮੱਕੇ ਕਾਅਬੇ ਆਵੇ ਡਰ, ਚਾਰੋਂ ਕੁੰਟ ਤੇਰੀ ਉਮਤ ਰਹੀ ਕੁਰਲਾਈਆ । ਤੇਰਾ ਕਾਅਬਾ ਖੰਡਰ ਗਿਆ ਬਣ, ਅੰਦਰ ਵਸੇ ਨਾ ਤੇਰਾ ਮਾਹੀਆ । ਤੇਰਾ ਭਾਗ ਨਾ ਲੱਗੇ ਛੱਪਰੀ ਛੰਨ, ਉਚ ਮਹਿਰਾਬ ਵੇਖੇ ਆਪਣੀ ਨਕ਼ਾਬ ਮੁਖ ਉਠਾਈਆ । ਤੇਰਾ ਚੜ੍ਹਿਆ ਨਾ ਸਾਚਾ ਚੰਨ, ਸਾਚਾ ਨੂਰ ਨਜ਼ਰ ਨਾ ਆਈਆ । ਤੇਰਾ ਬੇੜਾ ਦੇਵੇ ਬੰਨ੍ਹ, ਹੋਵੇ ਅੰਤ ਮਲਾਹੀਆ । ਤੂੰ ਚੌਦਾਂ ਸਦੀਆਂ ਗਾਇਆ ਆਪਣਾ ਰਾਗ ਸੁਣ ਕੰਨ, ਸਚ ਹਦੀਸ ਨਾ ਕੋਈ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਆਪ ਵਖਾਈਆ । ਆਏ ਮੁਹੰਮਦ ਦਰ ਦਰਵੇਸ, ਦੂਰੋ ਦੂਰ ਸੀਸ ਝੁਕਾਇੰਦਾ । ਤੂੰ ਪੇਸ਼ਵਾ ਹਉਂ ਹੋਇਆ ਪੇਸ਼, ਤੇਰੀ ਅਲਫੀ ਵੇਖ ਵੇਖ ਮੈਂ ਸ਼ਰਮਾਇੰਦਾ । ਮੈਂ ਭੁੱਲਿਆ ਰਿਹਾ ਚੌਦਾਂ ਦੇਸ, ਚੌਦਾਂ ਤਬਕ ਵੇਖ ਵਖਾਇੰਦਾ । ਤੂੰ ਸਾਹਿਬ ਵਡ ਨਰੇਸ਼, ਮੁਕਾਮੇ ਹੱਕ ਤੇਰਾ ਅੰਤ ਕੋਈ ਨਾ ਆਇੰਦਾ । ਤੇਰਾ ਕਿਸੇ ਨਾ ਪਾਇਆ ਭੇਤ, ਮੁਹੰਮਦ ਆਪਣੀ ਭੁਲ ਬਖ਼ਸ਼ਾਇੰਦਾ । ਤੇਰੀ ਮੂਰਤ ਮੂਛ ਦਾੜ੍ਹੀ ਨਾ ਕੋਈ ਕੇਸ, ਰੰਗ ਨਜ਼ਰ ਕਿਸੇ ਨਾ ਆਇੰਦਾ । ਪਰਵਰਦਿਗਾਰ ਕਰ ਆਦੇਸ਼, ਨਿਉਂ ਨਿਉਂ ਸੀਸ ਝੁਕਾਇੰਦਾ । ਇਕ ਵਾਰ ਮੇਰਾ ਨੂਰ ਆਪਣੇ ਨੇਤਰ ਪੇਖ, ਨੀਰ ਨੇਤਰ ਮੁਹੇ ਨਜ਼ਰ ਨਾ ਆਇੰਦਾ । ਮੇਰਾ ਨਬੀ ਹੋਇਆ ਅਭੇਦ, ਚਾਰੋਂ ਕੁੰਟ ਨਜ਼ਰ ਨਾ ਆਇੰਦਾ । ਮੈਂ ਲੱਭ ਨਾ ਸਕਿਆ ਤੇਰਾ ਭੇਸ, ਤੇਰੇ ਵਿਚ ਵੜ ਕੇ ਆਪਣਾ ਆਪ ਛੁਪਾਇੰਦਾ । ਮੇਰਾ ਫੇਰ ਲਿਖ ਦੇ ਲੇਖ, ਬੇਨਜ਼ੀਰ ਨਜ਼ਰ ਕੋਇ ਨਾ ਆਇੰਦਾ । ਮੈਂ ਕਰਨ ਆਇਆ ਆਦੇਸ਼, ਨਿਉਂ ਨਿਉਂ ਸੀਸ ਝੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਮਿਲਾਏ ਆਪ ਸਮਝਾਇੰਦਾ । ਆ ਮਿਲ ਸੁਣ ਲੈ ਗੱਲ, ਪਰਵਰਦਿਗਾਰ ਆਪ ਸਮਝਾਈਆ । ਚੌਦਾਂ ਸਦੀਆਂ ਕਰਦਾ ਰਿਹਾ ਵਲ ਛਲ, ਜਿਸ ਤੇਰੀ ਬਣਤ ਬਣਾਈਆ । ਆਪ ਬੈਠਾ ਰਿਹਾ ਧਾਮ ਅਟੱਲ, ਤੈਨੂੰ ਚੌਦਾਂ ਲੋਕਾਂ ਵਿਚ ਭਵਾਈਆ । ਆਪਣਾ ਸਨੇਹੜਾ ਰਿਹਾ ਘੱਲ, ਤੇਰਾ ਸਨੇਹੁੜਾ ਸੁਣਨ ਕੋਇ ਨਾ ਆਈਆ । ਚੌਦਾਂ ਤਬਕ ਰਿਹਾ ਹੱਲ, ਧੀਰ ਸਕੇ ਨਾ ਕੋਈ ਧਰਾਈਆ । ਤੇਰੀ ਉਮਤ ਨਾ ਦਿਸੇ ਫਲ, ਬੂਟਾ ਨਜ਼ਰ ਕੋਈ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਰਿਹਾ ਸੁਣਾਈਆ । ਸਾਚਾ ਹੁਕਮ ਹਰਿ ਫ਼ਰਮਾਨ, ਸੁਣ ਮੁਹੰਮਦ ਨੀਰ ਵਹਾਈਆ । ਮੈਂ ਆਇਆ ਬਣ ਅਵਾਣ, ਦੂਰ ਦੁਰਾਡਾ ਤੇਰਾ ਰਾਹ ਤਕਾਈਆ । ਤੇਰਾ ਹੁਕਮ ਤੇਰੀ ਕ਼ੁਰਾਨ, ਤੇਰਾ ਕਾਅਬਾ ਤੂਹੀ ਨਜ਼ਰੀ ਆਈਆ । ਤੇਰਾ ਸਿਦਕ ਤੇਰਾ ਈਮਾਨ, ਤੂ ਹੀ ਨਜ਼ਰੀ ਆਈਆ । ਤੇਰਾ ਨਾਅਰਾ ਮੇਰਾ ਗਾਨ, ਮੇਰਾ ਮਕਤਬ ਨਾ ਕੋਈ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਦਰ ਦਵਾਰੇ ਬਾਹਰ ਸਮਝਾਈਆ । ਦਰ ਦਵਾਰਿਉਂ ਹੋ ਜਾ ਬਾਹਰ, ਪਰਵਰਦਿਗਾਰ ਆਖ ਸੁਣਾਇੰਦਾ । ਤੇਰਾ ਕਲਮਾ ਭੁੱਲਾ ਤੇਰਾ ਯਾਰ, ਸਾਚਾ ਰੰਗ ਨਾ ਕੋਈ ਰੰਗਾਇੰਦਾ । ਹੱਕ

ਹਕ਼ੀਕਤ ਕੋਈ ਨਾ ਕਰੇ ਪਿਆਰ, ਸਾਚਾ ਰਾਹ ਨਾ ਕੋਈ ਜਣਾਇੰਦਾ । ਮੁੱਲਾਂ ਸ਼ੇਖ਼ ਮੁਸਾਇਕ ਰਹੇ ਪੁਕਾਰ, ਸਾਂਝਾ ਯਾਰ ਨਜ਼ਰ ਕਿਸੇ ਨਾ ਆਇੰਦਾ । ਨੂਰੀ ਨੂਰ ਭੁਲਿਆ ਨਿਰੰਕਾਰ, ਸਾਚਾ ਪ੍ਰੇਮ ਨਾ ਕੋਈ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰਦਰਗਾਹੀ ਵੇਖ ਵਖਾਇੰਦਾ । ਮੁਹੰਮਦ ਕਹੇ ਮੇਰੇ ਖ਼ੁਦਾ, ਅੱਗੇ ਲੇਖਾ ਨਾ ਕੋਈ ਮੁਕਾਈਆ । ਮੇਰੇ ਮੇਰੇ ਨਾਲੋਂ ਹੋਏ ਜੁਦਾ, ਮੇਰਾ ਸੰਗ ਨਾ ਕੋਈ ਨਿਭਾਈਆ । ਕਲਜੁਗ ਆਪਣੀ ਕਰਨੀ ਆਪ ਭੁਲਾ, ਭੁੱਲਿਆ ਮਾਰਗ ਬੇਪਰਵਾਹੀਆ । ਤੇਰੇ ਘਰੋਂ ਕਿਸੇ ਨਾ ਆਵੇ ਅਜ਼ਾ, ਸਚ ਵਸਤ ਨਾ ਝੋਲੀ ਪਾਈਆ । ਬੇਹਦ ਤੇਰਾ ਦਰ ਐ ਖ਼ੁਦਾ, ਹੱਦ ਛੋੜੀ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੋ ਚਾਹੇ ਸੋ ਲੈਣਾ ਕਰ, ਮੇਰਾ ਕੀਤਾ ਕੋਇ ਰਹਿਣ ਨਾ ਪਾਈਆ । ਮੈਂ ਕੀ ਕਰਾਂ ਨਾ ਕਰਨੇ ਜੋਗ, ਤੇਰੇ ਹੱਥ ਵਡਿਆਈਆ । ਤੇਰਾ ਮੇਲਾ ਧੁਰ ਸੰਜੋਗ, ਤੇਰਾ ਦਰ ਮੋਹੇ ਭਾਈਆ । ਤੇਰੀ ਰੱਖੀ ਏਕਾ ਓਟ, ਨਾਤਾ ਤੁਟਾ ਜਗਤ ਲੋਕਾਈਆ । ਮੈਂ ਛੱਡੇ ਚੌਦਾਂ ਲੋਕ, ਉਮਤ ਦਏ ਗਵਾਹੀਆ । ਤੇਰਾ ਹੱਕ ਤੇਰੇ ਘਰ ਦਏ ਨਿਬੇੜ, ਲੇਖਾ ਕੋਇ ਨਾ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਵਾਰ ਏਕਮ ਹੁਕਮ ਸੁਣਾਈਆ ।

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .





. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . ( ਤਕਰੀਬਨ ਦੋ ਪੰਨੇ )

ਤਖ਼ਤ ਨਿਵਾਸੀ ਤਖ਼ਤ ਬਰਾਜੇ, ਧੁਰਦਰਗਾਹੀ ਦਾਤਾ । ਆਦਿ ਜੁਗਾਦੀ ਰਚਿਆ ਕਾਜੇ, ਖੇਲੇ ਖੇਲ ਗ਼ਰੀਬ ਨਿਵਾਜਾ । ਸ਼ਬਦ ਅਗੰਮੀ ਮਾਰੇ ਵਾਜੇ, ਆਪ ਆਪਣਾ ਸਾਜਣ ਸਾਜਾ । ਕਰੇ ਖੇਲ ਦੇਸ ਮਾਝੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਖੇਲ ਤਮਾਸ਼ੇ । ਖੇਲ ਤਮਾਸ਼ਾ ਹਰਿ ਹਰਿ ਖੇਲ, ਅਚਰਜ ਬਣਤ ਬਣਾਈਆ । ਨਿਰਗੁਣ ਸਰਗੁਣ ਕਰ ਕਰ ਮੇਲ, ਧਾਮ ਅਵਲੱੜਾ ਦਏ ਵਡਿਆਈਆ ।

ਲੇਖਾ ਜਾਣੇ ਗੁਰ ਗੁਰ ਚੇਲ, ਚੇਲਾ ਗੁਰ ਬੇਪਰਵਾਹੀਆ । ਆਦਿ ਜੁਗਾਦਿ ਸੱਜਣ ਸੁਹੇਲ ਸਾਹਿਬ ਸੁਲਤਾਨ ਬੇਪਰਵਾਹੀਆ । ਜੁਗ ਚੌਕੜੀ ਵਸਿਆ ਰਿਹਾ ਨਵੇਲ, ਧਾਮ ਅਵੱਲੜੇ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਧਾਮ ਅਵੱਲੜਾ ਸਚਖੰਡ, ਸਚਖੰਡ ਨਿਵਾਸੀ ਆਪ ਸੁਹਾਇਆ । ਜੁਗ ਚੌਕੜੀ ਕਰਦਾ ਆਇਆ ਵੰਡ, ਸਾਚੀ ਵੰਡਣ ਆਪਣੇ ਹੱਥ ਰਖਾਇਆ । ਲੇਖਾ ਜਾਣੇ ਸਰਬ ਬ੍ਰਹਿਮੰਡ, ਕੋਟਨ ਬ੍ਰਹਿਮੰਡ ਰੂਪ ਵਟਾਇਆ । ਜੁਗ ਜੁਗ ਦੇਵਣਹਾਰਾ ਦੰਡ, ਸ਼ਬਦ ਸੰਦੇਸਾ ਇਕ ਸੁਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਤਖ਼ਤ ਸਚ ਸਜਾਇਆ । ਸਾਚਾ ਤਖ਼ਤ ਗ਼ਰੀਬ ਨਿਵਾਜ਼ਾ, ਲੋਕਮਾਤ ਸਜਾਈਆ । ਦੋ ਜਹਾਨ ਚਲਾਏ ਜਹਾਜ਼ਾ, ਨਿਰਗੁਣ ਦਾਤਾ ਬੇਪਰਵਾਹੀਆ । ਜੁਗਾ ਜੁਗੰਤਰ ਫਿਰੇ ਭਾਜਾ, ਦਿਵਸ ਰੈਣ ਸੇਵ ਕਮਾਈਆ । ਭਗਤ ਭਗਵੰਤ ਰੱਖੇ ਲਾਜਾ, ਸਿਰ ਆਪਣਾ ਹੱਥ ਟਿਕਾਈਆ । ਸ਼ਾਹੋ ਭੂਪ ਬਣ ਨਵਾਬਾ, ਸ਼ਹਿਨਸ਼ਾਹ ਕਰੇ ਸੱਚੀ ਸ਼ਹਿਨਸ਼ਾਹੀਆ । ਆਪਣੇ ਸੀਸ ਰਖਾਏ ਤਾਜਾ, ਸਾਚੇ ਤਖ਼ਤ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਖਿਲਾਈਆ । ਹਰਿ ਹਰਿ ਖੇਲ ਖਿਲਾਇੰਦਾ, ਆਪ ਆਪਣੀ ਵਾਰ । ਲੋਕਮਾਤ ਜੋਤ ਜਗਾਇੰਦਾ, ਜੋਤੀ ਜਾਤਾ ਹੋ ਉਜਿਆਰ । ਸ਼ਾਹ ਪਾਤਸ਼ਾਹ ਆਪ ਅਖਵਾਇੰਦਾ, ਭੂਪਤ ਭੂਪ ਬਣ ਸਿਕਦਾਰ । ਸਚ ਸਿੰਘਾਸਣ ਆਸਣ ਲਾਇੰਦਾ, ਨਿਰਗੁਣ ਰੂਪ ਨਿਰਾਕਾਰ । ਸਾਚਾ ਹੁਕਮ ਆਪ ਸੁਣਾਇੰਦਾ, ਹੁਕਮੀ ਹੁਕਮ ਵਰਤੇ ਵਰਤਾਰ । ਸਾਚਾ ਅਦਲ ਆਪ ਕਮਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਪਾਏ ਆਪੇ ਸਾਰ । ਹਰਿ ਆਪਣੀ ਸਾਰ ਸਮਾਲ ਦਾ, ਨਿਰਗੁਣ ਨਿਰਵੈਰ ਪੁਰਖ ਅਕਾਲ । ਲੇਖਾ ਜਾਣੇ ਸ਼ਾਹ ਕੰਗਾਲ ਦਾ, ਲੱਖ ਚੁਰਾਸੀ ਕਰੇ ਭਾਲ । ਲੇਖਾ ਵੇਖੇ ਤ੍ਰੈਗੁਣ ਮਾਇਆ ਜਗਤ ਜੰਜਾਲ ਦਾ, ਚਾਰੋਂ ਕੁੰਟ ਮਾਰ ਉਛਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੰਦੇਸਾ ਦੇਵੇ ਇਕ ਸਵਾਲ । ਸ਼ਬਦ ਸੰਦੇਸਾ ਸਚ ਸਵਾਲ, ਸਵਾਲੀ ਆਪਣੀ ਆਪ ਜਣਾਈਆ । ਫੜ ਉਠਾਏ ਹਰੀ ਹਰਿ ਮਹਾਕਾਲ, ਹੁਕਮੀ ਹੁਕਮ ਵਡ ਵਡਿਆਈਆ । ਜੁਗ ਜੁਗ ਚਲੇ ਅਵੱਲੜੀ ਚਾਲ, ਚਾਲ ਨਿਰਾਲੀ ਇਕ ਰਖਾਈਆ । ਸ਼ਬਦੀ ਸ਼ਬਦ ਬਣੇ ਦਲਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਈਆ । ਸਾਚਾ ਹੁਕਮ ਵਰਤਾਵਣ ਆਇਆ, ਨਿਰਗੁਣ ਆਪਣਾ ਰੂਪ ਵਟਾ । ਨੌਂ ਨੌਂ ਚਾਰ ਪੰਧ ਮੁਕਾਵਣ ਆਇਆ, ਸੂਰਬੀਰ ਆਪ ਅਖਵਾ । ਸਚ ਸਿੰਘਾਸਣ ਡੇਰਾ ਲਾਇਆ, ਰਾਜ ਰਾਜਾਨ ਬਣ ਪਾਤਸ਼ਾਹ । ਸੀਸ ਤਾਜ ਇਕ ਟਿਕਾਇਆ, ਪੰਚਮ ਮੁਖ ਮੁਖ ਸਾਲਾਹ । ਸ਼ਬਦੀ ਸੁਤ ਆਪ ਜਗਾਇਆ, ਇਕ ਹਲੂਣਾ ਆਪੇ ਲਾ । ਸਾਚਾ ਮਾਰਗ ਦਏ ਵਖਾਇਆ, ਅਭੁਲ ਕਰ ਸਲਾਹ । ਅਤੁਲ ਤੋਲ ਤੁਲਾਇਆ, ਤੋਲਾ ਬਣੇ ਬੇਪਰਵਾਹ । ਸਾਚਾ ਢੋਲਾ ਆਪ ਜਣਾਇਆ, ਸੋਹੰ ਸੋਹਲਾ ਆਪੇ ਗਾ । ਅਨਮੋਲਾ ਹੱਟ ਵਖਾਇਆ, ਕੀਮਤ ਸਕੇ ਨਾ ਕੋਇ ਚੁਕਾ । ਆਪਣਾ ਚੋਲਾ ਆਪ ਬਦਲਾਇਆ, ਚੋਲੀ ਰੰਗਣ ਰੰਗ ਚੜ੍ਹਾ । ਪਰਦਾ ਉਹਲਾ ਆਪ ਚੁਕਾਇਆ, ਜੋਤ ਨੂਰ ਕਰ ਰੁਸ਼ਨਾ । ਸਾਚੀ ਚੋਟ ਆਪ ਲਗਾਇਆ, ਸ਼ਬਦ ਨਾਦ ਧੁਨ ਵਜਾ । ਵਿਸ਼ਨ ਬ੍ਰਹਮਾ ਲਏ ਉਠਾਇਆ, ਸ਼ੰਕਰ ਆਲਸ ਦਏ ਮਿਟਾ । ਕਰੋੜ ਤੇਤੀਸਾ ਦਏ ਹਿਲਾਇਆ, ਸੁਰਪਤ ਰਾਜਾ ਇੰਦ ਮਿਲਾ । ਗਣ ਗੰਧਰਬ ਕਰੇ ਹਲਕਾਇਆ, ਕਿੰਨਰ ਜਛਪ ਮਾਰੇ ਧਾਹ । ਤ੍ਰੈਗੁਣ ਏਕਾ ਠੋਕਰ ਲਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਆਪਣਾ ਗੁਣ ਦਏ ਵਖਾ । ਤ੍ਰੈਗੁਣ ਮਾਇਆ ਠੋਕਰ ਮਾਰੇ, ਮਾਰਨ ਹਾਰ ਆਪ ਅਖਵਾਈਆ । ਪੰਜ ਤੱਤ ਵੇਖੇ ਜਗਤ ਨਗਾਰੇ, ਲੱਖ ਚੁਰਾਸੀ ਤਾਲ ਵਜਾਈਆ । ਭੇਵ ਚੁਕਾਏ ਗੁਰ ਅਵਤਾਰੇ, ਗੁਰ ਅਵਤਾਰ ਸੱਚਾ ਸ਼ਹਿਨਸ਼ਾਹੀਆ । ਭਗਤ ਵਖਾਏ ਸਚ ਦੁਲਾਰੇ, ਦਰ ਦਰਬਾਰ ਵਡੀ ਵਡਿਆਈਆ । ਕਰੇ ਖੇਲ ਸੱਚੀ ਸਰਕਾਰੇ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਹਲਕਾਰਾ ਇਕ ਰਖਾਈਆ । ਸਚ ਹਲਕਾਰਾ ਸ਼ਬਦੀ ਧਾਰ, ਧਾਰ ਧਾਰ ਸਮਾਈਆ । ਚਾਰੋਂ ਕੁੰਟ ਫਿਰੇ ਵਾਰੋ ਵਾਰ, ਦਹਿ ਦਿਸ਼ਾ ਫੇਰਾ ਪਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਦਏ ਹੁਲਾਰ, ਸੋਇਆ ਕੋਇ ਰਹਿਣ ਨਾ ਪਾਈਆ । ਸੁੰਨ ਅਗੰਮੀ ਵੇਖੇ ਵਾੜ, ਆਪਣਾ ਪਰਦਾ ਆਪ ਚੁਕਾਈਆ । ਥਿਰ ਘਰ ਪਾਵਣਹਾਰਾ ਸਾਰ, ਗੁਰ ਅਵਤਾਰ ਆਪ ਜਗਾਈਆ । ਸਚਖੰਡ ਨਿਵਾਸੀ ਹੋਏ ਖ਼ਬਰਦਾਰ, ਸਚ ਸਨੇਹੁੜਾ ਇਕ ਘਲਾਈਆ । ਨਿਰਗੁਣ ਲੋਕਮਾਤ ਲੈ ਅਵਤਾਰ, ਨਿਹਕਲੰਕਾ ਨਾਉਂ ਰਖਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਜੋ ਵੇਂਹਦਾ ਰਿਹਾ ਪਸਾਰ, ਸਭ ਦਾ ਲੇਖਾ ਦਏ ਮੁਕਾਈਆ । ਹੁਕਮੀ ਹੁਕਮ ਵਰਤੇ ਵਰਤਾਰ, ਨਾ ਕੋਈ ਮੇਟੇ ਮੇਟ ਮਿਟਾਈਆ । ਏਕਾ ਥਿਤ ਰਿਹਾ ਵਿਚਾਰ, ਵਦੀ ਸੁਦੀ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਰਿਹਾ ਪੁਚਾਈਆ । ਸਚ ਸੰਦੇਸਾ ਹਰਿ ਨਿਰੰਕਾਰ, ਆਪਣਾ ਆਪ ਜਣਾਇਆ । ਵਿਸ਼ਨੂੰ ਆਇਆ ਚਲ ਦਵਾਰ, ਹਰਿ ਹਰਿ ਸੀਸ ਝੁਕਾਇਆ । ਹਉਂ ਸੇਵਕ ਤੇਰਾ ਸੇਵਾਦਾਰ, ਤੇਰਾ ਭੰਡਾਰਾ ਰਿਹਾ ਵਰਤਾਇਆ । ਤੂੰ ਦੇਵਣਹਾਰ ਦਾਤਾਰ, ਅਤੋਲ ਅਤੁਟ ਅਤੁਟ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨੂੰ ਫੜ ਆਪਣੇ ਕੋਲ ਬਹਾਇਆ । ਵਿਸ਼ਨੂੰ ਫੜਿਆ ਹਰਿ ਕਰਤਾਰ, ਸ਼ਬਦੀ ਬੰਧਨ ਪਾਇੰਦਾ । ਤੇਰੇ ਹੱਥ ਦਿਤਾ ਭੰਡਾਰ, ਸ੍ਰਿਸ਼ਟ ਸਬਾਈ ਜਗਤ ਵਰਤਾਇੰਦਾ । ਕੋਟਨ ਕੋਟ ਖਾ ਖਾ ਸੁੱਤੇ ਪੈਰ ਪਸਾਰ, ਕੋਟਨ ਕੋਟ ਤੇਰਾ ਦਿਤਾ ਹੱਥ ਨਾ ਆਇੰਦਾ । ਕੋਟਨ ਕੋਟ ਰੋਵਣ ਕਰਨ ਪੁਕਾਰ, ਧੀਰਜ ਧੀਰ ਨਾ ਕੋਇ ਧਰਾਇੰਦਾ । ਕੋਟਨ ਕੋਟ ਮਾਰਨ ਹੰਕਾਰੀ ਡਕਾਰ, ਜਗਤ ਭੰਡਾਰਾ ਮੁਕ ਕਦੇ ਨਾ ਜਾਇੰਦਾ । ਏਕਾ ਭੁੱਲਿਆ ਹਰਿ ਕਰਤਾਰ, ਸਾਂਝਾ ਵਕ਼ਤ ਨਾ ਕੋਇ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਅੰਤਮ ਲਹਿਣਾ ਤੇਰਾ ਵੇਖ ਵਖਾਇੰਦਾ । ਵਿਸ਼ਨੂੰ ਰੋਵੇ ਕਰੇ ਪੁਕਾਰ, ਮੇਰੀ ਬਾਲੀ ਬੁੱਧ ਨਾ ਕੋਇ ਵਡਿਆਈਆ । ਤੂੰ ਕਰਮ ਲਿਖੇ ਸਰਬ ਸੰਸਾਰ, ਤੇਰਾ ਲੇਖਾ ਮੇਟ ਸਕੇ ਨਾ ਕੋਈ ਰਾਈਆ । ਮੈਂ ਜਿਸ ਦਰ ਦੇਵਣ ਜਾਵਾਂ ਭੰਡਾਰ, ਅੱਗੇ ਝੋਲੀ ਕੋਇ ਨਾ ਡਾਹੀਆ । ਤੇਰਾ ਲੇਖਾ ਅਗੰਮ ਅਪਾਰ, ਸਕੇ ਭੇਵ ਨਾ ਕੋਇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੈਂ ਆਪਣੀ ਕਰਨੀ ਗਿਆ ਹਰ, ਮੇਰਾ ਲੇਖਾ ਦੇ ਮੁਕਾਈਆ । ਹਰਿ ਲੇਖਾ ਆਪ ਮੁਕਾਵਣਾ, ਸੁਣ ਵਿਸ਼ਨੂੰ ਕਰ ਧਿਆਨ । ਤੇਰਾ ਪਿਛਲਾ ਪੰਧ ਮੁਕਾਵਣਾ, ਅੱਗੇ ਦੇਵੇ ਇਕ ਨਿਸ਼ਾਨ । ਤੇਰਾ ਭੰਡਾਰਾ ਆਪਣੇ ਹੱਥ ਰਖਾਵਣਾ, ਆਪੇ ਹੋਏ ਦਾਨੀ ਦਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸ੍ਰੀ ਭਗਵਾਨ । ਵਿਸ਼ਨੂੰ ਭੰਡਾਰਾ ਲੈਣਾ ਖੋਹ, ਪਾਰਬ੍ਰਹਮ ਵਡੀ ਵਡਿਆਈਆ । ਤੂੰ ਮੇਰੇ ਜੀਵਾਂ ਨਾਲ ਕਰਦਾ ਰਿਹਾ ਧਰੋਹ, ਕੋਈ ਭੁੱਖਾ ਕੋਈ ਨੰਗਾ ਕੋਈ ਰੋ ਰੋ ਦੇਵੇ ਦੁਹਾਈਆ । ਕੋਈ ਮੇਰੇ ਵੈਰਾਗ ਅੰਦਰ ਨਾ ਜਾਵੇ ਸੌਂ, ਸੁੱਤਿਆਂ ਰੈਣ ਨਾ ਕੋਇ ਵਿਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਮੈਂ ਸਦਾ ਸਦ ਕਰਾਂ ਸੱਚਾ ਮੋਹ, ਲੱਖ

੮੧੫ ੧੦

ਚੁਰਾਸੀ ਏਕਾ ਰੰਗ ਸਮਾਈਆ । ਵਿਸ਼ਨੂੰ ਕਹੇ ਮੈਂ ਗਿਆ ਭੁਲ, ਅਭੁਲ ਤੇਰਾ ਭੇਵ ਨਾ ਰਾਇਆ । ਮੈਂ ਪਹਿਲੋਂ ਤੇਰੇ ਕੰਡੇ ਨਾ ਗਿਆ ਤੁਲ, ਤੇਰਾ ਤੋਲਾ ਬਣ ਕੇ ਆਪਣਾ ਮਾਣ ਵਧਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਉਂ ਬੈਠਾ ਸੀਸ ਝੁਕਾਇਆ । ਦੇਵੇ ਵਰ ਹਰਿ ਦਾਤਾਰ, ਕਿਰਪਾਨਿਧ ਦਇਆ ਕਮਾਈਆ । ਬ੍ਰਹਮੇ ਬ੍ਰਹਮ ਕਰੇ ਪਿਆਰ, ਪਾਰਬ੍ਰਹਮ ਬੇਪਰਵਾਹੀਆ । ਆਪੇ ਸੱਦੇ ਸਚ ਦਰਬਾਰ, ਸਚ ਸੰਦੇਸਾ ਇਕ ਸੁਣਾਈਆ । ਤੇਰਾ ਨੂਰ ਨੂਰ ਉਜਿਆਰ, ਤੇਰੇ ਬ੍ਰਹਮ ਬ੍ਰਹਮ ਵਡਿਆਈਆ । ਤੇਰਾ ਹੰ ਹੰ ਪਸਾਰ, ਤੇਰਾ ਰੂਪ ਅਨੂਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖੇ ਖੇਲ ਥਾਉਂ ਥਾਈਂਆ । ਥਾਨ ਥਨੰਤਰ ਖੇਲ ਅਪਾਰਾ, ਹਰਿ ਸਾਚਾ ਵੇਖ ਵਖਾਇੰਦਾ । ਬ੍ਰਹਮਾ ਤੇਰਾ ਬ੍ਰਹਮ ਪਿਆਰਾ, ਲੱਖ ਚੁਰਾਸੀ ਘਾੜਤ ਆਪ ਘੜਾਇੰਦਾ । ਤੇਰੇ ਅੰਦਰ ਨਾਦ ਨਗਾਰਾ, ਨਾਮ ਨਿਧਾਨਾ ਆਪ ਵਜਾਇੰਦਾ । ਉਤਪਤ ਕਰੇ ਸਰਬ ਸੰਸਾਰਾ, ਕਮਲਾਪਾਤੀ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਬ੍ਰਹਮ ਬ੍ਰਹਮ ਭੇਵ ਕੋਇ ਨਾ ਪਾਇੰਦਾ । ਬ੍ਰਹਮ ਰੂਪ ਤੇਰਾ ਬ੍ਰਹਮ ਅਪਾਰਾ, ਪਾਰਬ੍ਰਹਮ ਹਰਿ ਜਣਾਇੰਦਾ । ਲੱਖ ਚੁਰਾਸੀ ਤੇਰੀ ਧਾਰਾ, ਧਾਰ ਧਾਰ ਵਿਚ ਸਮਾਇੰਦਾ । ਏਕਾ ਰੰਗ ਅਪਰ ਅਪਾਰਾ, ਘਟ ਘਟ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਤੇਰੀ ਰਚਨਾ ਵੇਖ ਵਖਾਇੰਦਾ । ਤੇਰੀ ਰਚਨਾ ਰਚਿਆ ਕਾਜ, ਲੱਖ ਚੁਰਾਸੀ ਘਾੜਨ ਲਏ ਘੜਾਈਆ । ਤੇਰਾ ਰੂਪ ਰਹੇ ਵਿਸਮਾਦ, ਵਿਸਮਾਦੀ ਵੇਖ ਵਖਾਈਆ । ਮੇਰਾ ਨਾਉਂ ਬੋਧ ਅਗਾਧ, ਤੇਰਾ ਨਾਦ ਸ਼ੁਨੀਦ ਵਡਿਆਈਆ । ਏਕਾ ਏਕ ਰੱਖਣਾ ਯਾਦ, ਦੂਸਰ ਅਵਰ ਨਾ ਕੋਇ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੀ ਸੇਵਾ ਇਕ ਲਗਾਈਆ । ਤੇਰੀ ਸੇਵਾ ਹਰਿ ਨਿਰੰਕਾਰਾ, ਸਾਚਾ ਸਚ ਲਗਾਇੰਦਾ । ਲੱਖ ਚੁਰਾਸੀ ਬ੍ਰਹਮ ਪਸਾਰਾ, ਏਕਾ ਰੂਪ ਬਣਾਇੰਦਾ । ਘਟ ਘਟ ਅੰਦਰ ਰੂਪ ਉਜਿਆਰਾ, ਜੋਤੀ ਜਾਤਾ ਡਗਮਗਾਇੰਦਾ । ਘਰ ਘਰ ਅੰਮ੍ਰਿਤ ਠੰਡਾ ਠਾਰਾ, ਨਾਭੀ ਕਵਲ ਆਪ ਲਗਾਇੰਦਾ । ਘਰ ਘਰ ਅੰਦਰ ਨਾਦ ਜੈਕਾਰਾ, ਨਾਦ ਅਨਾਦੀ ਨਾਦ ਵਜਾਇੰਦਾ । ਭੁਲ ਨਾ ਜਾਣਾ ਬਣ ਗਵਾਰਾ, ਪਾਰਬ੍ਰਹਮ ਪ੍ਰਭ ਆਪ ਸਮਝਾਇੰਦਾ । ਬ੍ਰਹਮਾ ਦੋਏ ਜੋੜ ਕਰੇ ਨਿਮਸਕਾਰਾ, ਗਲ ਪੱਲੂ ਏਕਾ ਪਾਇੰਦਾ । ਏਕਾ ਮੰਗਾਂ ਮੰਗ ਬਣ ਭਿਖਾਰਾ, ਅੱਗੇ ਆਪਣੀ ਝੋਲੀ ਡਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰਾ ਦੇਣਾ ਤੇਰਾ ਲਹਿਣਾ, ਮੇਰਾ ਭਾਗ ਸਾਚੀ ਵੰਡ ਵੰਡਾਇੰਦਾ । ਸਾਚਾ ਭਾਗ ਦੇਵੇ ਲਹਿਣਾ, ਪੁਰਖ ਅਬਿਨਾਸ਼ੀ ਦਇਆ ਕਮਾਈਆ । ਲੱਖ ਚੁਰਾਸੀ ਤੇਰਾ ਗਹਿਣਾ, ਸਾਚੀ ਘਾੜਤ ਲਏ ਘੜਾਈਆ । ਏਕਾ ਨੈਣ ਏਕਾ ਨੇਤਰ ਏਕਾ ਮੰਦਰ ਸਾਚੇ ਬਹਿਣਾ, ਏਕਾ ਧਾਮ ਦਏ ਸੁਹਾਈਆ । ਏਕਾ ਅੱਖਰ ਰਸਨਾ ਕਹਿਣਾ, ਸੋਹੰ ਸ਼ਬਦ ਸ਼ਬਦ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਗੁਣ ਦਏ ਵਖਾਈਆ । ਸੋਹੰ ਰੂਪ ਬ੍ਰਹਮ ਧਾਰ, ਪਾਰਬ੍ਰਹਮ ਜਣਾਇੰਦਾ । ਭੁਲ ਨਾ ਜਾਣਾ ਵਿਚ ਸੰਸਾਰ, ਅਭੁਲ ਵੇਖ ਵਖਾਇੰਦਾ । ਜੁਗ ਜੁਗ ਵੇਖੇ ਆਪਣੀ ਵਾਰ, ਜੁਗ ਕਰਤਾ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭਾਣਾ ਆਪ ਜਣਾਇੰਦਾ । ਬ੍ਰਹਮਾ ਬ੍ਰਹਮ ਰੂਪ ਉਪਾ, ਆਪਣਾ ਮੁਖ ਛੁਪਾਈਆ । ਹਰਿ ਕਾ ਲੇਖਾ ਨਾ ਸਕੇ ਜਣਾ, ਲੱਖ ਚੁਰਾਸੀ ਨਾ ਕਰੇ ਪੜ੍ਹਾਈਆ । ਆਪਣਾ ਹੁਕਮ ਨਾ ਸਕੇ ਵਰਤਾ, ਆਪੇ ਬਣਿਆ

ਰਹੇ ਪਨਾਹੀਆ । ਦੇਵਣਹਾਰਾ ਦੇ ਨਾ ਸਕੇ ਸਚ ਸਲਾਹ, ਸਾਚਾ ਮਾਰਗ ਰਿਹਾ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਲੇਖਾ ਦਏ ਚੁਕਾਈਆ । ਲੇਖਾ ਹਰਿ ਚੁਕਾਵਣਾ, ਜੁਗ ਚੌਕੜੀ ਕਰ ਵਿਚਾਰ । ਸ਼ੰਕਰ ਤੇਰਾ ਪੰਧ ਮੁਕਾਵਣਾ, ਕਰੇ ਖੇਲ ਅਗੰਮ ਅਪਾਰ । ਤੇਰੀ ਤ੍ਰਿਸੂਲ ਤੇਰੇ ਹੱਥ ਸੁਟਾਵਣਾ, ਖੜਗ ਖੰਡਾ ਮਾਰ ਕਟਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਪਰ ਅਪਾਰ । ਅਪਰ ਅਪਾਰ ਖੇਲ ਖਿਲਾਇੰਦਾ, ਆਦਿ ਜੁਗਾਦੀ ਸਾਚਾ ਸੰਗ । ਏਕਾ ਨਾਮ ਮਰਦੰਗ ਵਜਾਇੰਦਾ, ਪਾਰਬ੍ਰਹਮ ਸੂਰਾ ਸਰਬੰਗ । ਏਕਾ ਗੁਰ ਇਸ਼ਟ ਵਖਾਇੰਦਾ, ਏਕਾ ਸੁਹਾਏ ਸਚ ਪਲੰਘ । ਏਕਾ ਹੁਕਮ ਆਪ ਵਰਤਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਆਪਣਾ ਰੰਗ । ਆਪਣਾ ਰੰਗ ਆਪ ਜਣਾਇੰਦਾ, ਕਰ ਕਿਰਪਾ ਗੁਣ ਨਿਧਾਨ । ਜੁਗ ਚੌਕੜੀ ਵੇਖ ਵਖਾਇੰਦਾ, ਲੱਖ ਚੁਰਾਸੀ ਖੇਲ ਮਹਾਨ । ਪੰਜ ਤੱਤ ਚੋਲਾ ਜਗਤ ਹੰਢਾਇੰਦਾ, ਕਾਇਆ ਮੰਦਰ ਇਕ ਮਕਾਨ । ਅੰਦਰ ਵੜ ਵੜ ਆਸਣ ਲਾਇੰਦਾ, ਸਚ ਸਿੰਘਾਸਣ ਸ੍ਰੀ ਭਗਵਾਨ । ਪੁਰਖ ਅਬਿਨਾਸ਼ੀ ਖੇਲ ਖਿਲਾਇੰਦਾ, ਹਰਿ ਵਾਲੀ ਦੋ ਜਹਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅੰਤ ਸ੍ਰੀ ਭਗਵੰਤ ਆਪਣੀ ਕਰੇ ਆਪ ਪਛਾਣ । ਆਦਿ ਖੇਲ ਹਰਿ ਖਿਲਾਇਆ, ਅੰਤ ਵੇਖ ਵਖਾਈਆ । ਕਲਜੁਗ ਕਲ ਦਏ ਵਡਿਆਇਆ, ਪਾਰਬ੍ਰਹਮ ਬੇਪਰਵਾਹੀਆ । ਸਾਲਸ ਬਣ ਕੇ ਆਪੇ ਆਇਆ, ਹਰਿ ਸ਼ਾਹ ਸੱਚਾ ਸ਼ਹਿਨਸ਼ਾਹੀਆ । ਸਾਚਾ ਤਖ਼ਤ ਦਏ ਸੁਹਾਇਆ, ਤਖ਼ਤ ਨਿਵਾਸੀ ਬੇਪਰਵਾਹੀਆ । ਸਭ ਦੀ ਬੰਦ ਖ਼ੁਲਾਸੀ ਦਏ ਕਰਾਇਆ, ਫਾਸੀ ਅਵਰ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕੀਤੀ ਆਪ ਉਲਟਾਈਆ । ਆਪਣੀ ਕਰਨੀ ਆਪੇ ਕਰ, ਲੱਖ ਚੁਰਾਸੀ ਖੇਲ ਖਿਲਾਇਆ । ਵਿਸ਼ਨ ਬ੍ਰਹਮਾ ਸ਼ਿਵ ਫੜਾਇਆ ਲੜ, ਗੁਰ ਅਵਤਾਰ ਸੰਗ ਨਿਭਾਇਆ । ਭਗਤਨ ਅੰਦਰ ਆਪਣੀ ਵਿਦਿਆ ਪੜ੍ਹ, ਏਕਾ ਅੱਖਰ ਮਾਤ ਪਰਗਟਾਇਆ । ਲੇਖਾ ਜਾਣ ਚੋਟੀ ਜੜ੍ਹ, ਸੀਸ ਧੜ ਨਾ ਕੋਇ ਰਖਾਇਆ । ਨਾ ਜਨਮੇ ਨਾ ਜਾਏ ਮਰ, ਆਵਣ ਜਾਵਣ ਵੇਸ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਖ ਵਖਾਇਆ । ਕਲਜੁਗ ਅੰਤਮ ਆਈ ਵਾਰਾ, ਹਰਿ ਸਾਚਾ ਖੇਲ ਖਿਲਾਈਆ । ਪਰਗਟ ਹੋਇਆ ਹਰਿ ਨਿਰੰਕਾਰਾ, ਨਿਹਕਲੰਕਾ ਨਾਉਂ ਧਰਾਈਆ । ਵਿਸ਼ਨੂੰ ਸੱਦੇ ਆਪਣੀ ਵਾਰਾ, ਦਰ ਦਵਾਰ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਲਏ ਵਰਤਾਈਆ । ਸਾਚਾ ਹੁਕਮ ਹਰਿ ਵਰਤੌਣਾ, ਬ੍ਰਹਮੇ ਬ੍ਰਹਮ ਜਣਾਇੰਦਾ । ਚਰਨ ਦਵਾਰੇ ਆਪ ਬਹੌਣਾ, ਏਕਾ ਹੁਕਮ ਸੁਣਾਇੰਦਾ । ਪਿਛਲਾ ਲੇਖਾ ਮੂਲ ਚੁਕੌਣਾ, ਅੱਗੇ ਹਿਸਾਬ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਚਾਲ ਆਪ ਚਲਾਇੰਦਾ । ਚਲੇ ਚਾਲ ਹਰਿ ਨਿਰਾਲੀ, ਲੇਖਾ ਲਿਖਤ ਵਿਚ ਨਾ ਆਈਆ । ਪਰਗਟ ਨੂਰ ਜੋਤ ਅਕਾਲੀ, ਅਕਾਲ ਵੱਜੇ ਵਧਾਈਆ । ਸ਼ਬਦੀ ਸ਼ਬਦ ਬਣੇ ਦਲਾਲੀ, ਸਚ ਦਲਾਲੀ ਆਪ ਕਮਾਈਆ । ਜੁਗ ਚੌਕੜੀ ਘਾਲ ਆਪੇ ਘਾਲੀ, ਘਾਲੀ ਘਾਲ ਲੇਖੇ ਪਾਈਆ । ਜੋ ਬਣ ਬਣ ਮੰਗਦੇ ਰਹੇ ਸਵਾਲੀ, ਅੰਤਮ ਪੂਰਾ ਸਵਾਲ ਦਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸ਼ੰਕਰ ਲਏ ਉਠਾਈਆ । ਸ਼ੰਕਰ ਉਠ ਆ ਦਵਾਰ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਤੇਰੀ ਆਈ ਅੰਤਮ ਵਾਰ, ਤੇਰਾ ਲਹਿਣਾ ਮਾਤ ਮੁਕਾਇੰਦਾ । ਤੇਰੇ ਅੰਦਰੋਂ

ਆਇਆ ਚਿਤਰ ਗੁਪਤ ਹੋ ਤਿਆਰ, ਤੇਰੇ ਨਾਲ ਮਿਲਾਇੰਦਾ । ਤੇਰਾ ਸੱਜਣ ਬਣਿਆ ਰਾਏ ਧਰਮ ਮੀਤ ਮੁਰਾਰ, ਤੇਰਾ ਪੱਲੂ ਹੱਥ ਫੜਾਇੰਦਾ । ਸਚ ਸੰਦੇਸਾ ਦੇਵੇ ਏਕੰਕਾਰ, ਆਪਣਾ ਹੁਕਮ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਤਖ਼ਤ ਸੋਭਾ ਪਾਇੰਦਾ । ਸਚ ਤਖ਼ਤ ਬੈਠ ਸੁਲਤਾਨਾ, ਸਤਿ ਸਤਿਵਾਦ ਵੇਸ ਵਟਾਈਆ । ਇਕ ਸੰਦੇਸਾ ਧੁਰ ਫ਼ਰਮਾਨਾ, ਬੀਸ ਅਠਾਰਾਂ ਦਏ ਸੁਣਾਈਆ । ਲੋਕਮਾਤ ਪਰਗਟ ਹੋਇਆ ਸ੍ਰੀ ਭਗਵਾਨਾ, ਭਗਵਨ ਆਪਣੀ ਜੋਤ ਜਗਾਈਆ । ਨਿਰਗੁਣ ਨਿਰਵੈਰ ਪਹਿਰਿਆ ਬਾਣਾ, ਅਜੂਨੀ ਰਹਿਤ ਵਡੀ ਵਡਿਆਈਆ । ਵਿਸ਼ਨ ਬ੍ਰਹਮਾ ਸ਼ਿਵ ਤੇਰਾ ਪਿਛਲਾ ਮਿਟੇ ਨਿਸ਼ਾਨਾ, ਅਗਲਾ ਨਿਸ਼ਾਨ ਆਪਣੇ ਹੱਥ ਰਖਾਈਆ । ਕਰੋੜ ਤੇਤੀਸਾ ਲਏ ਪਰਵਾਨਾ, ਦਸਤ ਬਦਸਤ ਆਪ ਫੜਾਈਆ । ਸੁਰਪਤ ਇੰਦ ਬਣ ਨਾਦਾਨਾ, ਬੈਠਾ ਵਕਤ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਏਕਾ ਵੇਲਾ ਵਕਤ ਵਖਾਈਆ । ਏਕਾ ਵੇਲਾ ਵਕਤ ਵਿਚਾਰ, ਹਰਿ ਸਾਚਾ ਖੇਲ ਖਿਲਾਇੰਦਾ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਨਜ਼ਰ ਨਾ ਆਇਆ ਵਿਚ ਸੰਸਾਰ, ਗੁਰ ਅਵਤਾਰ ਸੇਵਾ ਲਾਇੰਦਾ । ਭਗਤਾਂ ਦੇ ਦੇ ਭਗਤੀ ਭੰਡਾਰ, ਭਗਵਨ ਲੋਕਮਾਤ ਘਲਾਇੰਦਾ । ਜੋਤ ਨੁਰਾਨਾ ਨੂਰ ਉਜਿਆਰ, ਆਦਿ ਸ਼ਕਤ ਵੰਡ ਵੰਡਾਇੰਦਾ । ਚਤੁਰਭੁਜ ਕਰ ਪਸਾਰ, ਆਪਣਾ ਬਲ ਆਪ ਰਖਾਇੰਦਾ । ਮਹਾਕਾਲ ਖੇਲ ਨਿਆਰ, ਦੀਨ ਦਿਆਲ ਆਪ ਕਰਾਇੰਦਾ । ਕਾਲ ਰੂਪ ਵਰਤੇ ਵਿਚ ਸੰਸਾਰ, ਦਹਿ ਦਿਸ਼ਾ ਫੇਰਾ ਪਾਇੰਦਾ । ਜੁਗ ਜੁਗ ਚਲੇ ਅਵੱਲੜੀ ਚਾਲ, ਭੇਵ ਅਭੇਦ ਰਖਾਇੰਦਾ । ਲੇਖਾ ਜਾਣੇ ਗੁਰ ਅਵਤਾਰ, ਅਭੁਲ ਭੁਲ ਕਦੇ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਉਪਾਇਆ ਆਦਿ ਬ੍ਰਹਮ, ਬ੍ਰਹਮ ਨੂਰ ਸਰਬ ਜਣਾਇੰਦਾ । ਲੱਖ ਚੁਰਾਸੀ ਇਕ ਬ੍ਰਹਮ, ਪਾਰਬ੍ਰਹਮ ਇਕ ਬਣਾਈਆ । ਵਿਸ਼ਨੂੰ ਮੰਗਿਆ ਏਕਾ ਕਰਮ, ਨਿਹਕਰਮੀ ਝੋਲੀ ਪਾਈਆ । ਬ੍ਰਹਮੇ ਮੰਗਿਆ ਏਕਾ ਧਰਮ, ਪਾਰਬ੍ਰਹਮ ਦਏ ਵਡਿਆਈਆ । ਸ਼ੰਕਰ ਮੰਗਿਆ ਏਕਾ ਮਰਨ, ਜੋ ਘੜਿਆ ਭੰਨ ਵਖਾਈਆ । ਤਿੰਨਾਂ ਵਿਚੋਲਾ ਤਰਨੀ ਤਰਨ, ਤਾਰਨਹਾਰ ਇਕ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਤਿੰਨਾਂ ਵਿਚੋਲਾ ਏਕਾ ਦਾਤਾ, ਸੋ ਪੁਰਖ ਨਿਰੰਜਣ ਆਪ ਅਖਵਾਇੰਦਾ । ਜੁਗ ਜੁਗ ਸੁਣਾਏ ਆਪਣੀ ਗਾਥਾ, ਗੁਰ ਅਵਤਾਰ ਸੇਵ ਕਮਾਇੰਦਾ । ਜੁਗ ਜੁਗ ਮੇਟੇ ਅੰਧੇਰੀ ਰਾਤਾ, ਸਾਚਾ ਨਾਮ ਮਾਤ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਰਬ ਨੂਰ ਇਕ ਦਰਸਾਇੰਦਾ । ਗੁਰ ਅਵਤਾਰ ਸੇਵ ਲਗਾ, ਸਾਚਾ ਹੁਕਮ ਸੁਣਾਈਆ । ਹਰ ਘਟ ਅੰਦਰ ਰਿਹਾ ਸਮਾ, ਇਕ ਦਾਤਾ ਸੱਚਾ ਸ਼ਹਿਨਸ਼ਾਹੀਆ । ਰੂਪ ਰੰਗ ਰੇਖ ਨਾ ਸਕੇ ਕੋਈ ਵਖਾ, ਜਿਸ ਜਨ ਹਰਿ ਆਪਣੀ ਗਤ ਜਣਾਈਆ । ਸਰਬ ਜੀਆਂ ਦਾ ਪਿਤਾ ਮਾਂ, ਲੱਖ ਚੁਰਾਸੀ ਬਾਲ ਅਵਾਣੇ ਆਪਣੀ ਗੋਦ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਗੁਣ ਦਏ ਵਖਾਈਆ । ਗੁਰ ਅਵਤਾਰ ਆਏ ਜਗ, ਪੁਰਖ ਅਕਾਲ ਗਏ ਸਮਝਾਈਆ । ਜਗਤ ਜੀਵ ਹੋਏ ਅਲਪਗ, ਪੁਰਖ ਅਕਾਲ ਨਾ ਕੋਇ ਧਿਆਈਆ । ਕੋਈ ਕਹੇ ਵਿਸ਼ਨੂੰ ਮੇਰੇ ਸੀਸ ਬੱਧੀ ਪੱਗ, ਕੋਈ ਕਹੇ ਮੇਰਾ ਬ੍ਰਹਮਾ ਰੱਖੇ ਮਾਣ ਵਡਿਆਈਆ । ਕੋਈ ਕਹੇ ਸ਼ੰਕਰ ਗੁਰੂ ਨਿਭਾਏ ਸਾਥ, ਮਿਲਿਆ ਮੇਲ ਵਿਛੜ ਨਾ ਜਾਈਆ । ਕੋਈ ਕਹੇ ਮੇਰਾ ਰਘੁਨਾਥ, ਦਸਰਥ ਬੇਟਾ ਮਿਲੇ ਵਡਿਆਈਆ । ਕੋਈ ਕਹੇ ਮੇਰਾ ਘਨੱਯਾ ਵਸੇ ਮੇਰੇ ਪਾਸ, ਮੇਰੇ ਅੰਗੀ ਅੰਗ ਸਮਾਈਆ । ਕੋਈ


੮੧੮
੧੦

ਕਹੇ ਮੇਰਾ ਈਸਾ ਮੂਸਾ ਸਾਚਾ ਸਚ ਖ਼ੁਦਾ ਉਤਮ ਜ਼ਾਤ, ਦੂਸਰ ਜਾਤ ਨਾ ਕੋਇ ਵਖਾਈਆ । ਕੋਈ ਕਹੇ ਮੇਰਾ ਮੁਹੰਮਦ ਬੰਧਿਆ ਨਾਤ, ਦਾਤਾ ਬਿਧਾਤਾ ਨਾ ਕੋਇ ਜਣਾਈਆ । ਨਾਨਕ ਸੁਣਾਈ ਹਰਿ ਹਰਿ ਗਾਥ, ਸ੍ਰਿਸ਼ਟੀ ਨਾਨਕ ਢੋਲਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਨਾਨਕ ਬਣ ਗ਼ਰੀਬ ਨਿਮਾਣਾ, ਪੁਰਖ ਅਕਾਲ ਮਨਾਇੰਦਾ । ਸਰਬ ਜੀਆਂ ਦਾ ਏਕਾ ਰਾਣਾ, ਲੱਖ ਚੁਰਾਸੀ ਆਪ ਸਮਝਾਇੰਦਾ । ਸਦ ਵਸੇ ਆਪਣੇ ਭਾਣਾ, ਆਪਣੇ ਭਾਣੇ ਸਰਬ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਖਿਲਾਇੰਦਾ । ਨਾਨਕ ਜਪਾਇਆ ਨਾਮ ਸਤਿ, ਮੇਰੇ ਨਾਮ ਨਾ ਕੋਇ ਵਡਿਆਈਆ । ਮੇਰਾ ਚੋਲਾ ਪੰਜ ਤੱਤ, ਥਿਰ ਰਹਿਣ ਨਾ ਪਾਈਆ । ਮੇਰੇ ਅੰਦਰ ਵਸੇ ਪੁਰਖ ਸਮਰਥ, ਜੋ ਸੇਵੇ ਸੋ ਫਲ ਪਾਈਆ । ਅੰਗਦ ਲਹਿਣਾ ਗਿਆ ਦੱਸ, ਜੋ ਚਰਨਾਂ ਹੇਠ ਰਖਾਈਆ । ਅਮਰਦਾਸ ਹੋਇਆ ਵਸ, ਨਥਾਵੇਂ ਦਏ ਵਡਿਆਈਆ । ਰਾਮ ਦਾਸ ਮਿਲਾਇਆ ਹੱਸ ਹੱਸ, ਦਾਸ ਰਾਮ ਹੋਇਆ ਰਘੁਰਾਈਆ । ਅਰਜਣ ਤੀਰ ਨਿਰਾਲਾ ਮਾਰਿਆ ਕਸ, ਸ਼ਬਦ ਬਾਣ ਇਕ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਗੁਣ ਦਏ ਵਡਿਆਈਆ । ਅਰਜਣ ਸ਼ਬਦ ਜਣਾਇਆ ਗੁਰ, ਗੁਰ ਸ਼ਬਦੀ ਸ਼ਬਦ ਸਮਝਾਇੰਦਾ । ਪੁਰਖ ਅਕਾਲਾ ਲੇਖਾ ਜਾਣੇ ਧੁਰ, ਦੀਨ ਦਿਆਲਾ ਆਪ ਵਖਾਇੰਦਾ । ਨਿਰਗੁਣ ਸਰਗੁਣ ਜੋੜ ਜੁੜ, ਤ੍ਰੈਗੁਣ ਪੰਜ ਤੱਤ ਮੇਲ ਮਿਲਾਇੰਦਾ । ਪੈਂਤੀ ਅੱਖਰ ਚਾੜ੍ਹੇ ਘੋੜ, ਲੋਕਮਾਤ ਘੋੜਾ ਇਕ ਦੌੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਸੁਣਾਇੰਦਾ । ਸਾਚਾ ਹੁਕਮ ਸ਼ਬਦੀ ਧਾਰ, ਗੁਰ ਅਰਜਣ ਹਰਿ ਜਣਾਈਆ । ਨਾਨਕ ਲੇਖਾ ਵਿਚ ਸੰਸਾਰ, ਅੰਗਦ ਦਏ ਗਵਾਹੀਆ । ਅਮਰਦਾਸ ਕਰ ਪਿਆਰ, ਕਾਇਆ ਮੰਦਰ ਖੋਜ ਖੋਜਾਈਆ । ਰਾਮ ਦਾਸ ਪਾਇਆ ਸਚ ਦਰਬਾਰ, ਗ੍ਰਿਹ ਮੰਦਰ ਵੱਜੀ ਵਧਾਈਆ । ਅਰਜਣ ਸੁਣਿਆ ਨਾਦ ਧੁੰਨਕਾਰ, ਸਾਚਾ ਸ਼ਬਦ ਸ਼ਬਦ ਸ਼ਨਵਾਈਆ । ਘਰ ਮਿਲਿਆ ਮੀਤ ਮੁਰਾਰ, ਲੱਭਣ ਕਿਸੇ ਕੋਟ ਨਾ ਜਾਈਆ । ਦਰਸਨ ਪਾ ਅਗੰਮ ਅਪਾਰ, ਨੇਤਰ ਨੈਣ ਨੈਣ ਬਿਗਸਾਈਆ । ਢੋਲਾ ਗਾਏ ਸਾਚੀ ਵਾਰ, ਵਾਹ ਵਾ ਤੇਰੀ ਵਡ ਵਡਿਆਈਆ । ਤੂੰ ਸਰਬ ਜੀਆਂ ਦਾ ਸਾਂਝਾ ਯਾਰ, ਤੇਰੀ ਜ਼ਾਤ ਪਾਤ ਨਜ਼ਰ ਕੋਈ ਨਾ ਆਈਆ । ਤੇਰਾ ਲੇਖਾ ਲਿਖਾਂ ਵਿਚ ਸੰਸਾਰ, ਤੇਰੇ ਭਗਤਾਂ ਤੇਰੀ ਵਡਿਆਈਆ । ਤੇਈ ਅਠਾਰਾਂ ਦਸ ਉਜਿਆਰ, ਇਕਵੰਜਾ ਬਵੰਜਾ ਭੇਵ ਛੁਪਾਈਆ । ਪੰਜ ਇਕ ਖ਼ਬਰਦਾਰ, ਦੂਈ ਕੁਦਰਤ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਈਆ । ਸਾਚਾ ਭੇਵ ਜਣਾਇਆ, ਕਰ ਕਿਰਪਾ ਗੁਣ ਨਿਧਾਨ । ਗੁਰ ਗੁਰ ਅਰਜਣ ਸੇਵ ਕਮਾਇਆ, ਹਰਿ ਦੇਵੇ ਧੁਰ ਫ਼ਰਮਾਨ । ਸੰਤ ਭਗਤ ਭਗਵੰਤ ਏਕਾ ਘਰ ਬਹਾਇਆ, ਏਕਾ ਵੇਖੇ ਦਰ ਦਰ ਆਣ । ਲੱਖ ਚੁਰਾਸੀ ਜੀਵ ਜੰਤ ਸਮਝਾਇਆ, ਦੇਵੇ ਧੁਰ ਫ਼ਰਮਾਨ । ਜਿਸ ਪੁਰਖ ਅਕਾਲ ਮਨਾਇਆ, ਤਿਸ ਰਹੇ ਨਾ ਕੋਇ ਮਾਣ । ਗੁਰ ਕਾ ਸ਼ਬਦ ਗੁਰ ਰੂਪ ਵਟਾਇਆ, ਲੋਕਮਾਤ ਪਰਧਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖਾਏ ਸਚ ਨਿਸ਼ਾਨ । ਸਚ ਨਿਸ਼ਾਨਾ ਸ਼ਬਦੀ ਧਾਰ, ਕਾਗਦ ਕ਼ਲਮ ਲਿਖੇ ਸ਼ਾਹੀਆ । ਜੋ ਜਨ ਕਰੇ ਸਤਿ ਪਿਆਰ, ਵਰਨ ਬਰਨ ਨਾ ਕੋਇ ਵਡਿਆਈਆ । ਜੋ ਜਨ ਭੁੱਲੇ ਵਿਚ ਸੰਸਾਰ, ਤਿਸ ਦੇਵੇ ਆਪ ਸਜ਼ਾਈਆ । ਪੜ੍ਹ ਪੜ੍ਹ ਜੋ ਗਏ ਵਿਸਾਰ, ਤਿਸ ਮਿਲੇ ਨਾ ਸਾਚਾ ਮਾਹੀਆ । ਅੰਤਮ ਅੰਤ ਕਰੇ ਖ਼ਵਾਰ, ਰਾਏ ਧਰਮ

ਦਏ ਸਜ਼ਾਈਆ । ਨਾ ਉਹ ਪੁਰਖ ਨਾ ਉਹ ਨਾਰ, ਹੇਜੜਾ ਰੂਪ ਲਏ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਸੁਣਾਈਆ । ਸਾਚਾ ਹੁਕਮ ਹਰਿ ਨਿਰੰਕਾਰ, ਸ਼ਬਦੀ ਸ਼ਬਦ ਜਣਾਇੰਦਾ । ਲੇਖਾ ਜਾਣੇ ਦਸ ਗੁਰ ਦਰ ਸੱਚੇ ਦਰਬਾਰ, ਜੋਤੀ ਜਾਤਾ ਡਗਮਗਾਇੰਦਾ । ਅੰਤਮ ਅੰਤ ਇਕ ਜੈਕਾਰ, ਸਾਚਾ ਨਾਅਰਾ ਆਪ ਸੁਣਾਇੰਦਾ । ਸ਼ਬਦ ਸੁਤ ਸੁਤ ਦੁਲਾਰ, ਰੀਤ ਅਤੀਤ ਆਪ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣੀ ਕਰਨੀ ਆਪਣੇ ਹੱਥ ਰਖਾਇੰਦਾ । ਆਪਣੀ ਕਰਨੀ ਰੱਖੇ ਹੱਥ, ਜੁਗ ਜੁਗ ਭੇਵ ਅਵੱਲਾ । ਪਾਰਬ੍ਰਹਮ ਪੁਰਖ ਸਮਰਥ, ਆਦਿ ਜੁਗਾਦੀ ਇਕ ਇਕੱਲਾ । ਸਾਚੀ ਵਸਤ ਚਾਰ ਜੁਗ ਦੇਵੇ ਘਤ, ਆਪ ਫੜਾਏ ਆਪਣਾ ਪੱਲਾ । ਨਾਤਾ ਬੰਧਾਏ ਤੱਤ ਅੱਠ, ਨੌਂ ਦਰ ਵੇਖੇ ਕਰ ਕਰ ਹੱਲਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਕਰੇ ਵਲ ਛਲਾ । ਵਲ ਛਲ ਧਾਰੀ ਖੇਲ ਖਿਲਾਇਆ, ਪਾਰਬ੍ਰਹਮ ਕਰਤਾਰ । ਕਲਜੁਗ ਅੰਤਮ ਵੇਸ ਵਟਾਇਆ, ਜੋਤੀ ਜਾਮਾ ਲੈ ਅਵਤਾਰ । ਸਚ ਸਿੰਘਾਸਣ ਇਕ ਸੁਹਾਇਆ, ਪੁਰਖ ਅਬਿਨਾਸ਼ਨ ਖ਼ਬਰਦਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮੀ ਹੁਕਮ ਕਰੇ ਵਰਤਾਰ । ਹੁਕਮ ਵਰਤਾਇਆ ਏਕਾ ਵਾਰ, ਜੁਗ ਜੁਗ ਗੇੜਾ ਆਪ ਚਲਾਈਆ । ਜੁਗ ਜੁਗ ਗੇੜਾ ਦਏ ਨਿਵਾਰ, ਦੇਵੇ ਹੁਕਮ ਸੱਚਾ ਸ਼ਹਿਨਸ਼ਾਹੀਆ । ਲੇਖਾ ਜਾਣੇ ਧੁਰ ਦਰਬਾਰ, ਦਰਗਹਿ ਸਾਚੀ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਸਾਚੀ ਹਿਕਮਤ ਆਪਣੇ ਹੱਥ ਰਖਾਈਆ ।

 ੮੨੦

 ੧੦

ਸੋ ਪੁਰਖ ਨਿਰੰਜਣ ਸਚ ਵਿਹਾਰਾ, ਸ਼ਾਹ ਪਾਤਸ਼ਾਹ ਆਪ ਕਰਾਈਆ । ਵਿਸ਼ਨੂੰ ਤੇਰੀ ਪਾਵੇ ਸਾਰਾ, ਬ੍ਰਹਮੇ ਤੇਰਾ ਪੰਧ ਮੁਕਾਈਆ । ਸ਼ੰਕਰ ਤੇਰਾ ਪਾਰ ਕਿਨਾਰਾ, ਕਰੋੜ ਤੇਤੀਸਾ ਰਹੇ ਨਾ ਆਪਣੇ ਥਾਈਂਆ । ਲੱਖ ਚੁਰਾਸੀ ਦਏ ਹੁਲਾਰਾ, ਨਵ ਖੰਡ ਕਰੇ ਜੁਦਾਈਆ । ਦੀਪ ਸੱਤ ਲੱਗੇ ਅਖਾੜਾ, ਪੁਰਖ ਅਬਿਨਾਸ਼ੀ ਆਪ ਲਗਾਈਆ । ਤ੍ਰੈਗੁਣ ਮੇਟੇ ਤੇਰਾ ਪਸਾਰਾ, ਪੰਜ ਤੱਤ ਤੇਰਾ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਵਿਹਾਰਾ ਲਏ ਕਰਾਈਆ । ਸਚ ਵਿਹਾਰ ਆਪ ਕਰੌਣਾ, ਕਿਰਪਾ ਨਿਧ ਨਿਧਾਨ । ਨਵ ਨਵ ਚਾਰ ਬੇੜਾ ਪਾਰ ਕਰੌਣਾ, ਮਿਟੇ ਜਗਤ ਨਿਸ਼ਾਨ । ਗੁਰ ਅਵਤਾਰ ਸੰਗ ਰਖੌਣਾ, ਦੇਵੇ ਧੁਰ ਫ਼ਰਮਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸ੍ਰੀ ਭਗਵਾਨ । ਸ੍ਰੀ ਭਗਵਾਨ ਖੇਲ ਖਿਲਾਇਆ, ਕਲਜੁਗ ਅੰਤਮ ਵਾਰ । ਸਚ ਸੰਦੇਸਾ ਇਕ ਸੁਣਾਇਆ, ਚਾਰ ਜੁਗ ਦੇ ਵਿਛੜੇ ਯਾਰ । ਪੁਰਖ ਅਕਾਲ ਸਰਬ ਭੁਲਾਇਆ, ਏਕਾ ਗਾਏ ਨਾ ਕੋਇ ਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਆਪ ਕਰਤਾਰ । ਹਰਿ ਕਰਤਾ ਖੇਲ ਖਿਲਾਈਆ, ਕਲਜੁਗ ਤੇਰਾ ਅੰਤਮ ਅੰਧ । ਵਰਨ ਬਰਨ ਲਏ ਉਠਾਈਆ, ਮੇਟਣਹਾਰਾ ਅਗਲਾ ਪੰਧ । ਸਾਚਾ ਹੁਕਮ ਇਕ ਸੁਣਾਈਆ । ਸੋ ਪੁਰਖ ਨਿਰੰਜਣ ਸੁਹਾਗੀ ਛੰਦ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਆਪਣਾ ਬੰਦ । ਤਖ਼ਤ ਤਜਿਆ ਤਖ਼ਤ ਸਜਾਇਆ, ਤਖ਼ਤ ਨਿਵਾਸੀ ਖੇਲ ਅਪਾਰ । ਜੋਤੀ ਜੋਤ ਭੇਖ ਵਟਾਇਆ, ਰੂਪ ਰੰਗ ਨਾ ਕੋਇ ਵਿਚਾਰ । ਸਚ

ਸੰਦੇਸ਼ ਇਕ ਸੁਣਾਇਆ, ਸ਼ਬਦ ਨਾਦ ਧੁੰਨਕਾਰ । ਨਰ ਨਰੇਸ਼ ਬਣ ਕੇ ਆਇਆ, ਆਦਿ ਜੁਗਾਦੀ ਏਕੰਕਾਰ । ਬ੍ਰਹਮਾ ਵਿਸ਼ਨ ਸ਼ਿਵ ਲਏ ਬੁਲਾਇਆ, ਸਾਚਾ ਹੁਕਮ ਵਰਤੇ ਵਰਤਾਰ । ਤ੍ਰੈਗੁਣ ਬੰਧਨ ਇਕ ਬੰਧਾਇਆ, ਅਠ ਤੱਤ ਮਾਰੇ ਮਾਰ । ਚਾਰ ਜੁਗ ਭੇਵ ਚੁਕਾਇਆ, ਚਾਰ ਵਰਨ ਕਰੇ ਖ਼ਵਾਰ । ਚਾਰੇ ਖਾਣੀ ਪਰਦਾ ਉਠਾਇਆ, ਚਾਰੇ ਬਾਣੀ ਪਾਵੇ ਸਾਰ । ਚਾਰੋਂ ਕੁੰਟ ਫੋਲ ਫੋਲਾਇਆ, ਲੇਖਾ ਜਾਣੇ ਆਪਣੀ ਧਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਿਆ ਖੇਲ ਅਪਰ ਅਪਾਰ । ਤਖ਼ਤ ਤਜਾਇਆ ਤਖ਼ਤ ਚੜ੍ਹਿਆ ਭੱਜ, ਸੋ ਪੁਰਖ ਨਿਰੰਜਣ ਵਡੀ ਵਡਿਆਈਆ । ਆਪਣਾ ਆਪ ਗਵਾਇਆ ਆਪਣੇ ਮੰਦਰ ਬੈਠਾ ਸਜ, ਬੇਅੰਤ ਸੱਚਾ ਸ਼ਹਿਨਸ਼ਾਹੀਆ । ਆਦਿ ਜੁਗਾਦਿ ਜੋ ਆਪਾ ਆਪਣੇ ਪਰਦੇ ਅੰਦਰ ਰੱਖਿਆ ਕਜ, ਕਲਜੁਗ ਅੰਤਮ ਲਏ ਪਰਗਟਾਈਆ । ਜੋ ਗੁਰ ਅਵਤਾਰਾਂ ਰੱਖਦਾ ਆਇਆ ਲਜ, ਆਪ ਆਪਣੀ ਦਇਆ ਕਮਾਈਆ । ਜੋ ਪੀਰ ਪੈਗ਼ੰਬਰਾਂ ਕਰੌਂਦਾ ਆਇਆ ਹੱਜ, ਆਪਣਾ ਨੂਰ ਧਰਾਈਆ । ਜੋ ਲੱਖ ਚੁਰਾਸੀ ਚਲੌਂਦਾ ਆਇਆ ਜਹਾਜ਼, ਆਪਣਾ ਬੇੜਾ ਦਏ ਵਖਾਈਆ । ਜੋ ਨਿਰਗੁਣ ਸਰਗੁਣ ਰਚਦਾ ਆਇਆ ਕਾਜ, ਸਾਚਾ ਕਾਜ ਆਪ ਰਚਾਈਆ । ਜੋ ਸਚਖੰਡ ਦਵਾਰੇ ਬਹਿ ਬਹਿ ਮਾਰਦਾ ਰਿਹਾ ਵਾਜ, ਲੋਕਮਾਤ ਕਰੇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਤਖ਼ਤ ਇਕ ਵਡਿਆਈਆ । ਛੱਡਿਆ ਤਖ਼ਤ ਹੋਇਆ ਨਿਮਾਣਾ, ਨਿਰਧਨ ਆਪਣਾ ਵੇਸ ਵਟਾਇੰਦਾ । ਆਪੇ ਵਸੇ ਆਪਣੇ ਅੰਦਰ ਭਾਣਾ, ਆਪਣਾ ਭਾਣਾ ਸਰਬ ਜਣਾਇੰਦਾ । ਵਿਸ਼ਨੂੰ ਚੁੱਕੇ ਤੇਰਾ ਪੀਣਾ ਖਾਣਾ, ਬ੍ਰਹਮਾ ਤੇਰਾ ਨੂਰ ਨੂਰ ਛੁਪਾਇੰਦਾ । ਸ਼ੰਕਰ ਤੇਰਾ ਤ੍ਰਿਸੂਲ ਕੰਮ ਕਿਸੇ ਨਾ ਆਣਾ, ਵੇਲਾ ਅੰਤ ਆਪਣੇ ਹੱਥ ਰਖਾਇੰਦਾ । ਪੰਚਮ ਮੰਨੇ ਸਾਚਾ ਭਾਣਾ, ਲੱਖ ਚੁਰਾਸੀ ਹੁਕਮ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਤਖ਼ਤ ਆਪ ਜਣਾਇੰਦਾ । ਸਾਚਾ ਤਖ਼ਤ ਛੱਡ ਸਿੰਘਾਸਣ, ਆਸਣ ਆਪਣਾ ਆਪ ਸੁਹਾਈਆ । ਕਰੇ ਖੇਲ ਪੁਰਖ ਅਬਿਨਾਸ਼ਨ, ਅਬਿਨਾਸ਼ੀ ਕਰਤਾ ਬੇਪਰਵਾਹੀਆ । ਬ੍ਰਹਿਮੰਡਾਂ ਖੰਡਾਂ ਵੇਖ ਆਸਣ, ਲੋਆਂ ਪੁਰੀਆਂ ਨਾਚ ਨਚਾਈਆ । ਪਾਵੇ ਸਾਰ ਪ੍ਰਿਥਮੀ ਅਕਾਸ਼ਣ, ਆਕਾਸ਼ ਆਕਾਸ਼ਾਂ ਖੋਜ ਖੋਜਾਈਆ । ਗੁਰ ਗੁਰ ਵੇਖੇ ਦਾਸੀ ਦਾਸਨ, ਸੇਵਕ ਸੇਵਾ ਕਵਣ ਰਖਾਈਆ । ਭਗਤਨ ਪੂਰੀ ਕਰੇ ਆਸਣ, ਜੋ ਬੈਠੇ ਆਸ ਤਕਾਈਆ । ਲੱਖ ਚੁਰਾਸੀ ਕਰੇ ਬੰਦ ਖ਼ੁਲਾਸਨ, ਬੰਦੀ ਆਪਣੀ ਬੰਧਨ ਤੋੜ ਵਖਾਈਆ । ਜਿਸ ਰਸਨਾ ਲਾਇਆ ਮਦਿਰਾ ਮਾਸਣ, ਨਾ ਸਕੇ ਕੋਇ ਬਚਾਈਆ । ਤੇਈ ਅਵਤਾਰ ਕਰਨ ਹਾਸਨ, ਜੋ ਬੈਠੇ ਸੀਸ ਝੁਕਾਈਆ । ਖੇਲੇ ਖੇਲ ਪੁਰਖ ਅਬਿਨਾਸ਼ਨ, ਪਾਰਬ੍ਰਹਮ ਨੂਰ ਰੁਸ਼ਨਾਈਆ । ਜੋ ਪਰ ਤਿਰਯਾ ਕਰਦੇ ਰਹੇ ਭੋਗ ਬਲਾਸਨ, ਤਿਨ੍ਹਾਂ ਦੇਵੇ ਅੰਤ ਸਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਰਬਾਰ ਇਕ ਲਗਾਈਆ । ਸਚ ਦਰਬਾਰਾ ਲਗਿਆ, ਲੋਕਮਾਤ ਪਰਧਾਨ । ਕਰੇ ਖੇਲ ਸੂਰਾ ਸਰਬੱਗਿਆ, ਪੁਰਖ ਅਬਿਨਾਸ਼ੀ ਨੌਜਵਾਨ । ਸਿੰਘ ਸ਼ੇਰ ਹੋ ਹੋ ਬੁੱਕਿਆ, ਲੁਕਿਆ ਰਹੇ ਨਾ ਵਿਚ ਜਹਾਨ । ਕਲਜੁਗ ਵੇਲਾ ਅੰਤਮ ਢੁਕਿਆ, ਏਕਾ ਦੇਵੇ ਧੁਰ ਫ਼ਰਮਾਨ । ਲੱਖ ਚੁਰਾਸੀ ਬ੍ਰਹਮਾ ਬੂਟਾ ਸੁੱਕਿਆ, ਵਿਸ਼ਨੂੰ ਦੇਵੇ ਨਾ ਪੀਣ ਖਾਣ । ਸ਼ੰਕਰ ਤੇਰਾ ਦਵਾਰਾ ਜਾਏ ਲੁਟਿਆ, ਤੇਰੀ ਕਰੇ ਨਾ ਕੋਇ ਪਛਾਣ । ਗੁਰ ਅਵਤਾਰਾਂ ਨਾਤਾ ਛੁੱਟਿਆ, ਲੇਖਾ ਚੁਕਾਏ ਸ੍ਰੀ ਭਗਵਾਨ । ਪੁਰਖ ਅਕਾਲ ਏਕਾ ਤੁੱਠਿਆ, ਏਕਾ ਦੇਵੇ ਸਾਚਾ ਦਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਨੌਜਵਾਨ । ਨੌਜਵਾਨ ਹਰਿ ਨਿਰੰਕਾਰਾ, ਬਾਲ ਬਿਰਧ ਨਾ ਰੂਪ ਵਟਾਈਆ ।

ਕਰੇ ਖੇਲ ਵਿਚ ਸੰਸਾਰਾ, ਲੋਕਮਾਤ ਵੱਜੇ ਵਧਾਈਆ । ਲੇਖਾ ਚੁੱਕੇ ਚਾਰ ਯਾਰਾ, ਈਸਾ ਮੂਸਾ ਸੰਗ ਮੁਹੰਮਦ ਨਾ ਕੋਇ ਨਿਭਾਈਆ । ਉਮਤ ਉਮਤੀ ਕਰੇ ਖ਼ਵਾਰਾ, ਨਾ ਹੋਇ ਕੋਇ ਸਹਾਈਆ । ਦਾਮਨਗੀਰ ਪਕੜੇ ਦਾਮਨ ਨਾ ਵਿਚ ਸੰਸਾਰਾ, ਆਲਮਗੀਰ ਹੁਕਮ ਸੁਣਾਈਆ । ਜ਼ਾਲਮ ਜ਼ੁਲਮ ਕਰੇ ਪਾਰ ਕਿਨਾਰਾ, ਮੇਟੇ ਜਗਤ ਝੂਠੀ ਸ਼ਾਹੀਆ । ਇਕ ਸੁਣਾਏ ਸਾਚਾ ਨਾਅਰਾ, ਹੱਕ ਹਕੀਕਤ ਆਪ ਸਮਝਾਈਆ । ਮੁਕਾਮੇ ਹੱਕ ਖੋਲ੍ਹ ਕਿਵਾੜਾ, ਸਚ ਅਮਾਮ ਆਸਣ ਲਾਈਆ । ਰੁੱਤ ਵਖਾਏ ਸਤਾਰਾਂ ਹਾੜਾ, ਸਭ ਦਾ ਲੇਖਾ ਰਿਹਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਰਬਾਰਾ ਸੋਭਾ ਪਾਈਆ । ਸਚ ਦਰਬਾਰ ਸੁਹੰਜਣਾ, ਕਲਜੁਗ ਤੇਰੀ ਅੰਤਮ ਵਾਰ । ਕਰੇ ਖੇਲ ਪੁਰਖ ਨਿਰੰਜਣਾ, ਆਦਿ ਜੁਗਾਦੀ ਏਕੰਕਾਰ । ਜੋ ਘੜਿਆ ਸੋ ਭੱਜਣਾ, ਥਿਰ ਰਹੇ ਨਾ ਵਿਚ ਸੰਸਾਰ । ਤੀਰਥ ਤਟ ਨਾ ਕੋਇ ਮਜਨਾ, ਅਠਸਠ ਮਾਰੇ ਮਾਰ । ਬਿਨ ਹਰਿ ਚਰਨ ਕਿਸੇ ਨਾ ਸਜਣਾ, ਨਾ ਕੋਈ ਮੰਦਰ ਗੁਰੂਦਵਾਰ । ਚਾਰ ਕੁੰਟ ਨਾ ਕਿਸੇ ਬਚਣਾ, ਪੀਰ ਫ਼ਕੀਰ ਨਾ ਕਰੇ ਕੋਈ ਜੈਕਾਰ । ਤ੍ਰੈਗੁਣ ਅਗਨੀ ਸਭ ਨੇ ਮੱਚਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਪਰ ਅਪਾਰ । ਉਠ ਵਿਸ਼ਨੂੰ ਦੇ ਬਿਆਨ, ਹਰਿ ਸਾਚਾ ਹੁਕਮ ਸੁਣਾਈਆ । ਵਿਸ਼ਨੂੰ ਮੰਗੇ ਚਰਨ ਧਿਆਨ, ਨਿਉਂ ਨਿਉਂ ਸੀਸ ਝੁਕਾਈਆ । ਹਉਂ ਸੇਵਕ ਤੇਰਾ ਬਾਲ ਨਾਦਾਨ, ਬਾਲੀ ਬੁਧ ਤੂੰ ਬਖ਼ਸ਼ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਮੰਗ ਮੰਗਾਈਆ । ਏਕਾ ਮੰਗ ਮੰਗਾਂ ਦਵਾਰ, ਚਾਰ ਜੁਗ ਤੇਰੀ ਸੇਵ ਕਮਾਇਆ । ਚਾਰ ਜੁਗ ਇਕ ਇਕ ਦਿਨ ਕਰ ਪਿਆਰ, ਚਾਰ ਦਿਨ ਮੇਰੀ ਝੋਲੀ ਪਾਇਆ । ਫਿਰ ਆਵਾਂ ਤੇਰੇ ਦਰਬਾਰ, ਆਪਣਾ ਲਹਿਣਾ ਦਿਆਂ ਮੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਜੁਗ ਦੇ ਚਾਰ ਦਿਨ ਮੇਰੀ ਵੰਡ ਵੰਡਾਇਆ । ਉਠ ਬ੍ਰਹਮ ਕਰ ਧਿਆਨ, ਪਾਰਬ੍ਰਹਮ ਸਮਝਾਇੰਦਾ । ਤੇਰਾ ਦਾਤਾ ਗੁਣ ਨਿਧਾਨ, ਤੇਰਾ ਵੇਸ ਵੇਖ ਵਖਾਇੰਦਾ । ਏਕਾ ਰੂਪ ਬ੍ਰਹਮ ਪਛਾਣ, ਹੰ ਨਜ਼ਰ ਕਿਸੇ ਨਾ ਆਇੰਦਾ । ਤੇਰਾ ਲੋਕਮਾਤ ਨਾਉਂ ਕਰੇ ਪਰਧਾਨ, ਅੰਤਮ ਲੇਖਾ ਆਪ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਆਪ ਸੁਣਾਇੰਦਾ । ਬ੍ਰਹਮਾ ਰੋਵੇ ਕਰੇ ਪੁਕਾਰ, ਨੇਤਰ ਨੈਣਾਂ ਛਹਿਬਰ ਲਾਈਆ । ਤੂੰ ਦਾਤਾ ਮੇਰਾ ਮੈਂ ਤੇਰਾ ਭਿਖਾਰ, ਤੇਰੇ ਅੱਗੇ ਸੀਸ ਝੁਕਾਈਆ । ਏਕਾ ਵਰ ਦੇਣਾ ਕਲਜੁਗ ਅੰਤਮ ਵਾਰ, ਨੌਂ ਸੌ ਚੁਰਾਨਵੇਂ ਚੌਕੜੀ ਜੁਗ ਤੇਰੀ ਸੇਵ ਕਮਾਈਆ । ਚਾਰ ਵੇਦ ਕਰ ਕਰ ਮੈਂ ਥੱਕਾ ਪੁਕਾਰ, ਉਚੀ ਕੂਕ ਕੂਕ ਸੁਣਾਈਆ । ਜੀਵ ਜੰਤ ਨਾ ਪਾਇਣ ਤੇਰੀ ਸਾਰ, ਤੇਰਾ ਲੇਖ ਨਾ ਲਿਖਿਆ ਜਾਈਆ । ਚਾਰ ਦਿਨ ਚੌਂਹ ਜੁਗਾ ਦੀ ਇਕ ਇਕ ਵੰਡ ਦੇਣੀ ਵਿਚ ਸੰਸਾਰ, ਮੇਰੀ ਖ਼ਾਲੀ ਝੋਲੀ ਦੇ ਭਰਾਈਆ । ਫਿਰ ਆਵਾਂ ਤੇਰੇ ਦਰਬਾਰ, ਆਪਣੀ ਭੁਲ ਬਖ਼ਸ਼ਾਈਆ । ਤੇਰਾ ਕਰਜ਼ਾ ਦਿਆਂ ਉਤਾਰ, ਆਪਣਾ ਹੌਲਾ ਭਾਰ ਕਰਾਈਆ । ਤੇਰੀ ਜੋਤੀ ਜੋਤ ਰਲਾਂ ਨਿਰੰਕਾਰ, ਆਪਣੀ ਜੋਤ ਨਾ ਕੋਇ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਜੁਗ ਦੇ ਚਾਰ ਦਿਨ ਮੇਰੀ ਵੰਡ ਵੰਡਾਈਆ । ਉਠ ਸ਼ੰਕਰ ਫੜ ਤ੍ਰਿਸੂਲ, ਕਲਜੁਗ ਵੇਲਾ ਅੰਤਮ ਆਇੰਦਾ । ਪਾਰਬ੍ਰਹਮ ਚੁਕਾਏ ਤੇਰਾ ਮੂਲ, ਤੇਰੀ ਝੋਲੀ ਆਪ ਭਰਾਇੰਦਾ । ਤੇਰੀ ਖ਼ਾਕ ਵੇਖੇ ਧੂਲ, ਧੂੜ ਆਪਣੇ ਚਰਨ ਛੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਪਰਦਾ ਆਪ ਉਠਾਇੰਦਾ । ਸ਼ੰਕਰ ਸੁਣਿਆ ਹਰਿ ਹਰਿ ਨਾਅਰਾ, ਉਠ ਉਠ ਲਏ

ਅੰਗੜਾਈਆ । ਕਵਣ ਕੂਟੇ ਬੋਲੇ ਜੈਕਾਰਾ, ਨਿਰਗੁਣ ਆਪਣਾ ਨਾਉਂ ਪਰਗਟਾਈਆ । ਮੇਰੀ ਸੁਣੇ ਅੰਤ ਪੁਕਾਰਾ, ਮੇਰੀ ਕੱਟੇ ਆਪ ਜੁਦਾਈਆ । ਮੈਂ ਅੱਠੇ ਪਹਿਰ ਰਹਾਂ ਖ਼ਬਰਦਾਰਾ, ਆਲਸ ਨਿੰਦਰਾ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਸੇਵਾ ਇਕ ਲਗਾਈਆ । ਮੇਰੀ ਸੇਵਾ ਲਾਈ ਅਪਾਰ, ਪੁਰਖ ਅਬਿਨਾਸ਼ੀ ਖੇਲ ਖਿਲਾਇਆ । ਜੋ ਉਪਜਿਆ ਸੋ ਦਿਤਾ ਸੰਘਾਰ, ਬਚਿਆ ਕੋਇ ਰਹਿਣ ਨਾ ਪਾਇਆ । ਕਰਮ ਕੁਕਰਮ ਨਾ ਸਕਾਂ ਵਿਚਾਰ, ਭੇਵ ਅਭੇਦ ਨਾ ਕੋਇ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਉਂ ਬੈਠਾ ਸੀਸ ਝੁਕਾਇਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ, ਚਾਰ ਚਾਰ ਵੰਡ ਵੰਡਾਈਆ । ਕਰਦਾ ਆਇਆ ਤੇਰੀ ਕਾਰ, ਕਿਰਤ ਤੇਰੀ ਸੇਵ ਕਮਾਈਆ । ਅਭੁਲ ਤੂੰ ਇਕ ਨਿਰੰਕਾਰ, ਹਉਂ ਭੋਲਾ ਨਾਥ ਭੁਲ ਭੁਲ ਆਪਣੀ ਭੁਲ ਬਖ਼ਸ਼ਾਈਆ । ਏਕਾ ਵਸਤ ਮੇਰੀ ਝੋਲੀ ਡਾਰ, ਚਾਰ ਜੁਗ ਦਰ ਤੇਰੇ ਮੰਗ ਮੰਗਾਈਆ । ਇਕ ਜੁਗ ਦਾ ਇਕ ਦਿਨ ਆਪਣੇ ਘਰ ਵਿਚੋਂ ਨਿਕਾਲ, ਤੇਰੇ ਘਰ ਤੋਟ ਨਾ ਰਾਈਆ । ਮੈਂ ਆਪਣੀ ਲਵਾਂ ਸੁਰਤ ਸੰਭਾਲ, ਆਪਣਾ ਲੇਖਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਚਾਰ ਦਿਵਸ ਮੇਰੀ ਵਡਿਆਈਆ । ਤ੍ਰੈਗੁਣ ਸਦੀ ਦੇਵੇ ਸੱਦਾ, ਸਾਚਾ ਹੁਕਮ ਸੁਣਾਇਆ । ਲੱਖ ਚੁਰਾਸੀ ਤੇਰੇ ਨਾਲ ਬੱਧਾ, ਨਾ ਸਕੇ ਕੋਇ ਤੁੜਾਇਆ । ਆਪਣਾ ਰੂਪ ਤੇਰੇ ਅੰਦਰ ਰੱਖਾ, ਦਿਸ ਕਿਸੇ ਨਾ ਆਇਆ । ਚਾਰੋਂ ਕੁੰਟ ਦਿਸੇ ਸਖਾ, ਖ਼ਾਲੀ ਭੰਡਾਰ ਨਾ ਕੋਇ ਭਰਾਇਆ । ਸਾਚਾ ਨੂਰ ਨਾ ਦਿਸੇ ਕਿਸੇ ਮੱਥਾ, ਲਲਾਟੀ ਲਲਾਟ ਨਾ ਕੋਇ ਰੁਸ਼ਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਹੁਕਮ ਆਪ ਸੁਣਾਇਆ । ਤ੍ਰੈਗੁਣ ਰੋਵੇ ਮਾਰੇ ਧਾਹ, ਉਚੀ ਕੂਕ ਕੂਕ ਸੁਣਾਈਆ । ਇਕੀ ਜੇਠ ਸੁਧਾਇਆ ਮੇਰਾ ਸਾਹ, ਮੇਰੀ ਸਵਾਹ ਤੇਰੇ ਚਰਨਾਂ ਲੱਗੀ ਛਾਹੀਆ । ਕਿਰਪਾ ਕਰ ਬੇਪਰਵਾਹ, ਏਕਾ ਰਹੀ ਮੰਗ ਮੰਗਾਈਆ । ਦਰ ਤੇਰੇ ਗਈ ਆ, ਖੁਲ੍ਹੜੇ ਕੇਸ ਦਿਆਂ ਦੁਹਾਈਆ । ਮੇਰੀ ਪੇਸ਼ ਨਾ ਚਲੇ ਰਾ, ਤੇਰਾ ਹੁਕਮ ਟਿਕਣ ਕਿਤੇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਅੱਗੇ ਏਕਾ ਮੰਗ ਮੰਗਾਈਆ । ਏਕਾ ਮੰਗਾਂ ਮੰਗ ਬਣ ਭਿਖਾਰਨ, ਸਤੋ ਰਜੋ ਤਮੋ ਸੀਸ ਝੁਕਾਇਆ । ਤੇਰੇ ਦਰ ਬਣੀ ਵਣਜਾਰਨ, ਸਾਚਾ ਵਣਜ ਇਕ ਕਰਾਇਆ । ਮੇਰਾ ਤੁਟਾ ਮਾਣ ਹੰਕਾਰਨ, ਸ਼ੰਕਾ ਅੰਤ ਰਹੇ ਨਾ ਰਾਇਆ । ਤੂੰ ਆਇਆ ਪੈਜ ਸੁਆਰਨ, ਮੋਹੇ ਨਿਮਾਣੀ ਗਲੇ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਏਕਾ ਵਸਤ ਝੋਲੀ ਪਾਇਆ । ਸਾਚੀ ਵਸਤ ਦੇਣੀ ਪਾ, ਝੋਲੀ ਖ਼ਾਲੀ ਰਹੀ ਵਖਾਈਆ । ਚਾਰ ਜੁਗ ਦੇ ਚਾਰ ਦਿਨ ਮੇਰੀ ਵੰਡ ਲੈਣੀ ਵੰਡਾ, ਹਿੱਸਾ ਦੂਸਰ ਹੱਥ ਨਾ ਕਿਸੇ ਫੜਾਈਆ । ਮੇਰਾ ਰੰਡੇਪਾ ਦੇਣਾ ਹੰਡਾ, ਕੰਤ ਸੁਹਾਗ ਸੱਚੇ ਸ਼ਹਿਨਸ਼ਾਹੀਆ । ਮੈਂ ਤੇਰੇ ਦਰ ਤੇ ਆ ਆ, ਆਪਣਾ ਸੀਸ ਦੇਵਾਂ ਝੁਕਾ, ਜਗਦੀਸ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਜੁਗ ਦੇ ਚਾਰ ਦਿਨ, ਮੇਰੀ ਗੋਦ ਸੁਹਾਈਆ । ਚਾਰ ਦਿਨ ਤ੍ਰੈ ਤ੍ਰੈ ਧਾਰ, ਤ੍ਰੈ ਤ੍ਰੈ ਮੇਲਾ ਮੇਲ ਮਿਲਾਈਆ । ਤਿੰਨਾਂ ਵਿਚੋਲਾ ਆਪ ਨਿਰੰਕਾਰ, ਦੂਜਾ ਹੁਕਮ ਨਾ ਕੋਇ ਸੁਣਾਈਆ । ਵੰਡੇ ਵੰਡ ਅਗੰਮ ਅਪਾਰ, ਦੇਵਣਹਾਰਾ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਚਾਰੇ ਖਾਣੀ ਉਚੀ ਕੂਕੇ, ਕੂਕ ਕੂਕ

ਸੁਣਾਈਆ । ਬਿਨ ਤੇਰੇ ਮੇਰਾ ਤਨ ਸਭ ਫੂਕੇ, ਅਗਨੀ ਤੱਤ ਜਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਤੇਰੇ ਦਿਆਂ ਦੁਹਾਈਆ । ਚਾਰੇ ਖਾਣੀ ਦਏ ਦੁਹਾਇਆ, ਨੇਤਰ ਨੈਣ ਨੀਰ ਵਹਾਇੰਦੀ । ਚਾਰ ਜੁਗ ਤੇਰੀ ਰਚਨ ਰਚਾਇਆ, ਹੋਏ ਨਿਮਾਣੀ ਸੇਵ ਕਮਾਇੰਦੀ । ਲੱਖ ਚੁਰਾਸੀ ਬਣਤ ਬਣਾਇਆ, ਤੇਰਾ ਘਰ ਵਸਾਇੰਦੀ । ਤੇਰਾ ਆਸਣ ਵਿਚ ਟਿਕਾਇਆ, ਆਪਣਾ ਪਰਦਾ ਪਾਇੰਦੀ । ਤੇਰਾ ਮੁਖ ਆਪਣੇ ਅੰਦਰ ਛੁਪਾਇਆ, ਲੱਖ ਚੁਰਾਸੀ ਆਪੇ ਨਜ਼ਰੀ ਆਇੰਦੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਉਂ ਦੁਹਾਗਣ ਮੰਗ ਮੰਗਾਇੰਦੀ । ਮੈਂ ਦੁਹਾਗਣ ਬਣ ਵੈਰਾਗਣ, ਦਰ ਤੇਰੇ ਤੇ ਆਈਆ । ਚਾਰ ਜੁਗ ਮੈਂ ਬਣੀ ਰਹੀ ਤੇਰੀ ਲਾਗਣ, ਘਰ ਘਰ ਸੇਵ ਕਮਾਈਆ । ਬਿਨ ਤੇਰੇ ਮੇਰਾ ਨੇਤਰ ਕੋਇ ਨਾ ਖੋਲ੍ਹੇ ਨਾ ਕੋਈ ਜਗਾਏ ਆਪਣੇ ਜਾਗਣ, ਸੁੱਤਿਆਂ ਮੇਰੀ ਰੈਣ ਵਿਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੈਂ ਆਈ ਬਣ ਸਵਾਲਣ, ਮੇਰਾ ਹੱਲ ਸਵਾਲ ਕਰਾਈਆ । ਮੇਰਾ ਕਰਨਾ ਹੱਲ ਸਵਾਲ, ਚਾਰੇ ਖਾਣੀ ਸੀਸ ਝੁਕਾਇਆ । ਮੇਰਾ ਹੋਣਾ ਅੰਤ ਜ਼ਵਾਲ, ਨਿਸ਼ਾਨ ਜਗਤ ਰਹਿਣ ਨਾ ਪਾਇਆ । ਤੇਰੇ ਦਵਾਰੇ ਮੇਰੀ ਗਲੀ ਨਾ ਦਾਲ, ਤੂੰ ਸ਼ਹਿਨਸ਼ਾਹ ਬੇਪਰਵਾਹਿਆ । ਮੈਂ ਤੇਰੀ ਸੇਵਾ ਕਰ ਕਰ ਆਪਣੀ ਘਾਲੀ ਘਾਲ, ਤੂੰ ਮੇਰੀ ਕੀਮਤ ਕੋਇ ਨਾ ਪਾਇਆ । ਮੈਂ ਅਵਾਣੀ ਬਾਲੀ ਬਾਲ, ਕੀ ਸਕਾਂ ਤੈਨੂੰ ਸਮਝਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਅੱਗੇ ਬੈਠੀ ਸੀਸ ਝੁਕਾਇਆ । ਦਰ ਅੱਗੇ ਸੀਸ ਝੁਕਾਇੰਦੀ, ਨਿਰਗੁਣ ਹੋ ਨਿਮਾਣੀ । ਦੋਏ ਜੋੜ ਵਾਸਤਾ ਪਾਇੰਦੀ, ਚਾਰ ਜੁਗ ਦੀ ਸਾਚੀ ਰਾਣੀ । ਗੁਰ ਅਵਤਾਰ ਆਪ ਪਰਗਟਾਇੰਦੀ, ਸੇਵਾ ਕਰੇ ਬਣ ਬਣ ਹਾਣੀਆਂ ਹਾਣੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਜੁਗ ਦਾ ਦੇਣਾ ਵਰ, ਹਉਂ ਮੰਗਾਂ ਮੰਗ ਬਣ ਸੁਘੜ ਸਿਆਣੀ । ਚਾਰ ਜੁਗ ਦਾ ਵਰ, ਘਰ ਦੇਣਾ ਇਕ ਇਕ ਦਿਨ ਵੰਡ ਵੰਡਾਈਆ । ਚਾਰ ਦਿਵਸ ਭੰਡਾਰ ਦੇਣਾ ਭਰ, ਪਾਰਬ੍ਰਹਮ ਤੇਰੀ ਵਡੀ ਵਡਿਆਈਆ । ਮੈਂ ਆਪਣਾ ਲੇਖਾ ਤੇਰੇ ਅੱਗੇ ਦੇਵਾਂ ਧਰ, ਦਰ ਤੇਰੇ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਦਿਵਸ ਦੇਣਾ ਵਰ, ਚਾਰ ਚਾਰ ਨਾਲ ਮੇਲ ਮਿਲਾਈਆ । ਚਾਰ ਚਾਰ ਮੇਲ ਮਿਲਾਇਆ, ਪੁਰਖ ਅਬਿਨਾਸ਼ੀ ਖੇਲ ਖਿਲਾਇੰਦਾ । ਤੇਈ ਅਵਤਾਰ ਦਰ ਬਹਾਇਆ, ਏਕਾ ਹੁਕਮ ਸਮਝਾਇੰਦਾ । ਨੌਂ ਖੰਡ ਪ੍ਰਿਥਮੀ ਵੇਖੋ ਨੈਣ ਉਠਾਇਆ, ਚਾਰੋਂ ਕੁੰਟ ਪਰਦਾ ਲਾਹਿੰਦਾ । ਜਿਸ ਨੇ ਪੁਰਖ ਅਕਾਲ ਇਕ ਧਿਆਇਆ, ਸੋ ਹਰਿਜਨ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਇੰਦਾ । ਉਠੋ ਜਾਗੋ ਵੇਖੋ ਨੈਣ, ਚਾਰ ਕੁੰਟ ਲੋਕਾਈਆ । ਜਿਸ ਦਾ ਬਣਾਇਆ ਨਾਤਾ ਸਾਕ ਸੱਜਣ ਸੈਣ, ਨਾਤਾ ਵੇਖੋ ਭੈਣਾਂ ਭਾਈਆ । ਪੁਰਖ ਅਕਾਲ ਕਵਣ ਰਸਨਾ ਕਹਿਣ, ਕਵਣ ਤੇਈ ਅਵਤਾਰ ਰਹੇ ਧਿਆਈਆ । ਅੰਤ ਚੁਕਾਵੇ ਕਵਣ ਲਹਿਣ ਦੇਣ, ਵੇਲਾ ਅੰਤਮ ਅੰਤ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਜਣਾਈਆ । ਤੇਈ ਅਵਤਾਰ ਆਏ ਦਰ, ਦੋਏ ਜੋੜ ਕਰਨ ਨਿਮਸਕਾਰਾ । ਤੂੰ ਭੰਡਾਰਾ ਦਿਤਾ ਭਰ, ਲੋਕਮਾਤ ਕਰ ਉਜਿਆਰਾ । ਸਚ ਸੰਦੇਸਾ ਦਿਤਾ ਵਰ, ਮੇਰੇ ਸਾਹਿਬ ਸੱਚੀ ਸਰਕਾਰਾ । ਉਚੀ ਕੂਕ ਸੁਣਾਇਆ ਘਰ ਘਰ, ਤੇਰਾ ਬੋਲ ਜੈਕਾਰਾ । ਜਗਤ ਜੀਵ ਗਏ ਹਰ, ਭੁਲਿਆ ਹਰਿ ਕਰਤਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ

੮੨੪
੧੦

ਖੇਲ ਅਪਰ ਅਪਾਰਾ । ਪੁਰਖ ਅਕਾਲ ਜਣਾਇੰਦਾ, ਅੰਤਮ ਕਲਜੁਗ ਧਾਰ । ਤੇਈ ਅਵਤਾਰ ਸੇਵਾ ਲਾਇੰਦਾ, ਜੁਗ ਚੌਕੜੀ ਕਰ ਪਿਆਰ । ਸਾਚਾ ਹੁਕਮ ਇਕ ਵਖਾਇੰਦਾ, ਧੁਰ ਫ਼ਰਮਾਨਾ ਧੁਰ ਦੀ ਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੇਤਰ ਨੈਣ ਕਰਾਏ ਦਰਸ ਦੀਦਾਰ । ਨੇਤਰ ਨੈਣ ਦਰਸ ਕਰਾਇਆ, ਲੱਖ ਚੁਰਾਸੀ ਪਰਦਾ ਲਾਹ । ਪੁਰਖ ਅਕਾਲ ਕਿਸ ਮਨਾਇਆ, ਉਠ ਉਠ ਪਕੜੇ ਆਪੇ ਬਾਂਹ । ਸਾਰੇ ਰਹੇ ਸੀਸ ਫਿਰਾਇਆ, ਨੀਵੇਂ ਨੈਣ ਕਰ ਕਰ ਕਰਨ ਨਾਂਹ । ਤੇਰਾ ਜੈਕਾਰਾ ਕਿਸੇ ਨਾ ਲਾਇਆ, ਪੰਜ ਤੱਤ ਇਸ਼ਟ ਰਹੇ ਸਰਬ ਮਨਾ । ਹਉਂ ਏਕਾ ਮੰਗ ਮੰਗਾਇਆ, ਸਾਚੀ ਵਸਤ ਝੋਲੀ ਪਾ । ਚਾਰ ਜੁਗ ਦਾ ਲੇਖਾ ਵੇਖ ਵਖਾਇਆ, ਆਪਣਾ ਪਾਤਰ ਫੋਲ ਫੋਲਾ । ਇਕ ਇਕ ਦਿਨ ਵੰਡ ਵੰਡਾਇਆ, ਇਕ ਇਕ ਜੁਗ ਮੇਲ ਵਖਾ । ਤੇਈ ਅਵਤਾਰ ਵਾਰ ਚਲਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਇਕ ਸੱਚੀ ਸਲਾਹ । ਸਚ ਸਲਾਹ ਨਰ ਨਿੰਰਕਾਰ, ਸ਼ਬਦੀ ਸ਼ਬਦ ਜਣਾਈਆ । ਲੇਖਾ ਜਾਣੇ ਭਗਤ ਅਠਾਰ, ਦਰ ਦਵਾਰ ਬਹਾਈਆ । ਦਰਸ ਦਿਖਾਇਆ ਇਕ ਅਪਾਰ, ਤੇਰਾ ਮੇਰਾ ਮੋਹ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਭਗਤਾਂ ਜ਼ਾਤ ਪਾਤ ਨਾ ਕੋਇ ਜਣਾਈਆ । ਜ਼ਾਤ ਪਾਤ ਤੇ ਵਸਿਆ ਬਾਹਰ, ਹਰਿ ਭਗਤਾਂ ਆਪ ਸੁਣਾਇੰਦਾ । ਆਪੇ ਗੁਪਤ ਆਪੇ ਜ਼ਾਹਰ, ਆਪੇ ਅੰਦਰ ਆਪੇ ਬਾਹਰ, ਆਪੇ ਸਾਚੀ ਖੇਲ ਖਿਲਾਇੰਦਾ । ਆਪੇ ਪੁਰਖ ਆਪੇ ਨਾਰ, ਆਪੇ ਬਣੇ ਕੰਤ ਭਤਾਰ, ਆਪੇ ਸਖ਼ੀਆਂ ਮੰਗਲ ਗਾਇੰਦਾ । ਆਪੇ ਸ਼ਾਹੋ ਭੂਪ ਸਿਕਦਾਰ, ਆਪੇ ਰਾਓ ਰੰਕ ਹੋਏ ਖ਼ਵਾਰ, ਆਪੇ ਦਰ ਦਰਵੇਸ਼ ਦਰ ਦਰ ਫੇਰੀ ਪਾਇੰਦਾ । ਆਪੇ ਹੁਕਮੀ ਹੁਕਮ ਵਰਤੇ ਵਰਤਾਰ, ਲੇਖਾ ਜਾਣੇ ਧੁਰ ਦਰਬਾਰ, ਸਚਖੰਡ ਦਵਾਰੇ ਖੇਲ ਅਪਾਰ, ਸਚਖੰਡ ਨਿਵਾਸੀ ਆਪ ਕਰਾਇੰਦਾ । ਭਗਤ ਭਗਵੰਤ ਲਏ ਉਭਾਰ, ਜਿਸ ਜਨ ਬਖ਼ਸ਼ੇ ਆਪਣਾ ਪਿਆਰ, ਦੀਆ ਬਾਤੀ ਕਮਲਾਪਾਤੀ ਜੋਤੀ ਜਾਤਾ ਡਗਮਗਾਇੰਦਾ । ਏਕਾ ਸ਼ਬਦ ਨਾਦ ਧੁੰਨਕਾਰ, ਕਾਇਆ ਮੰਦਰ ਵਜਾਏ ਸਤਾਰ, ਅਨਹਦ ਨਾਦੀ ਨਾਦ ਵਜਾਇੰਦਾ । ਆਤਮ ਬ੍ਰਹਮ ਬ੍ਰਹਮ ਪਸਾਰ, ਸਾਚੀ ਸੇਜਾ ਸਚ ਭਤਾਰ, ਦੂਜਾ ਕੰਤ ਨਾ ਕੋਇ ਹੰਢਾਇੰਦਾ । ਭਗਤ ਭਗਵੰਤ ਚਾਰ ਜੁਗ ਦਿਤਾ ਇਕ ਵਿਚਾਰ, ਭੁੱਲਿਆ ਫੇਰ ਕਿਉਂ ਸੰਸਾਰ, ਹਰਿ ਭਗਤੀ ਭਗਤ ਨਾ ਕੋਇ ਕਮਾਇੰਦਾ । ਸਾਚੇ ਭਗਤ ਰੋਵਣ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾ ਕਰਨ ਗਿਰਿਆਜ਼ਾਰ, ਨੇਤਰ ਨੈਣ ਸਰਬ ਸ਼ਰਮਾਇੰਦਾ । ਅਸੀਂ ਆਏ ਤੇਰੇ ਦਵਾਰ, ਕਲਜੁਗ ਜੀਵ ਖ਼ਾਲੀ ਭਾਂਡੇ ਚਾਰੋਂ ਕੁੰਟ ਦਿਸੇ ਵਿਭਚਾਰ, ਸਾਚਾ ਜੋੜ ਨਾ ਕੋਇ ਜੁੜਾਇੰਦਾ । ਹਉਂ ਬਣੇ ਦਰ ਭਿਖਾਰ, ਵਸਤ ਪੌਣੀ ਏਕਾ ਵਾਰ, ਸੇਵਕ ਸੇਵ ਮੰਗ ਮੰਗਾਇੰਦਾ । ਚਾਰ ਜੁਗ ਦੇ ਚਾਰ ਦਿਨ ਸਾਡਾ ਹਿੱਸਾ ਰੱਖਣਾ ਵਿਚ ਸੰਸਾਰ, ਜਗਤ ਸਾਂਝ ਨਾ ਕੋਇ ਰਖਾਇੰਦਾ । ਆਪਣਾ ਕੀਤਾ ਆਪਣੇ ਵਿਚੋਂ ਲਏ ਨਿਕਾਲ, ਤੇਰਾ ਮਿਲੇ ਰਾਹ ਸੁਖਾਲ, ਸਾਚਾ ਮਾਰਗ ਇਕ ਸਮਝਾਇੰਦਾ । ਪੁਰਖ ਅਬਿਨਾਸ਼ੀ ਬਣ ਦਲਾਲ, ਤੇਰਾ ਰੂਪ ਨਜ਼ਰ ਨਾ ਆਏ ਕਾਲ ਮਹਾਕਾਲ, ਕਰੇ ਹੱਲ ਸਵਾਲ, ਸਚ ਸਵਾਲੀ ਹੁਕਮ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭਗਤ ਅਠਾਰਾਂ ਚਾਰ ਚਾਰ ਦਿਵਸ ਸਾਚੀ ਵੰਡ ਵੰਡਾਈਆ । ਸਾਚੀ ਵੰਡ ਹਰਿ ਕਰਤਾਰ, ਆਪਣੀ ਆਪ ਵੰਡਾਇੰਦਾ । ਏਕਾ ਜੋਤੀ ਦਸ ਅਵਤਾਰ, ਸਾਚੇ ਤਖ਼ਤ ਸੁਹਾਇੰਦਾ । ਏਕਾ ਹੁਕਮ ਸੱਚੀ ਸਰਕਾਰ, ਏਕਾ ਭਾਣਾ ਆਪ ਮੰਨਾਇੰਦਾ । ਏਕਾ ਬ੍ਰਹਮ ਇਕ ਪਸਾਰ, ਏਕਾ ਪਾਰਬ੍ਰਹਮ ਵੇਖ ਵਖਾਇੰਦਾ ।

ਏਕਾ ਧਾਮ ਅਟਲ ਉਚ ਮੁਨਾਰ, ਏਕਾ ਧਾਮ ਸੋਭਾ ਪਾਇੰਦਾ । ਏਕਾ ਸੁਣੇ ਸਦਾ ਪੁਕਾਰ, ਸੁਣਨਹਾਰ ਇਕ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਗੁਰ ਗੁਰ ਸਾਚੇ ਮੇਲ ਮਿਲਾਇੰਦਾ । ਦਸ ਗੁਰੂ ਏਕਾ ਜੋਤ, ਏਕਾ ਘਰ ਬਹਾਈਆ । ਨਾ ਕੋਈ ਕਿਲਾ ਨਾ ਕੋਈ ਕੋਟ, ਚਾਰ ਦੀਵਾਰ ਨਾ ਕੋਇ ਜਣਾਈਆ । ਨਾ ਕੋਈ ਹਰਖ ਨਾ ਕੋਈ ਸੋਗ, ਚਿੰਤਾ ਦੁੱਖ ਨਾ ਕੋਇ ਰਖਾਈਆ । ਨਾ ਕੋਈ ਤਾਮਸ ਨਾ ਕੋਈ ਸੋਗ, ਨਾ ਕੋਈ ਹਿਰਸੀ ਹਿਰਸ ਜਣਾਈਆ । ਨਾ ਕੋਈ ਸ਼ਬਦ ਨਾ ਕੋਈ ਨਾਦ , ਪੁਰਖ ਅਕਾਲ ਏਕਾ ਦਰਸਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਲਏ ਮਿਲਾਈਆ । ਭਗਤ ਮਿਲਾਇਆ ਅੰਤ ਦਵਾਰ, ਅੰਤਮ ਅੰਤ ਖੇਲ ਖਿਲਾਇਆ । ਪੁਰਖ ਅਬਿਨਾਸ਼ੀ ਬੋਲ ਜੈਕਾਰ, ਨਾਅਰਾ ਢੋਲਾ ਇਕ ਸੁਣਾਇਆ । ਚਾਰ ਵਰਨ ਦਾ ਸਾਚਾ ਪਿਆਰ, ਨਿਰਗੁਣ ਸਰਗੁਣ ਨਾਨਕ ਆਪ ਜਣਾਇਆ । ਗੋਬਿੰਦ ਬੋਲ ਇਕ ਜੈਕਾਰ, ਏਕਾ ਡੰਕਾ ਗਿਆ ਸੁਣਾਇਆ । ਜਗਤ ਭੁੱਲੇ ਨਾ ਜੀਵ ਕੋਇ ਗਵਾਰ, ਏਕਾ ਪੁਰਖ ਅਕਾਲ ਮਨਾਇਆ । ਸਰਬ ਜੀਆਂ ਦਾ ਸਾਂਝਾ ਯਾਰ, ਆਦਿ ਜੁਗਾਦਿ ਵੇਸ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣਾ ਰੂਪ ਆਪ ਦਰਸਾਇਆ । ਰੂਪ ਦਰਸਾਏ ਅਗੰਮ ਅਥਾਹ, ਇਕ ਇਕੱਲਾ ਖੇਲ ਖਿਲਾਈਆ । ਗੋਬਿੰਦ ਸੂਰਾ ਬਣ ਮਲਾਹ, ਜੀਵਾਂ ਜੰਤਾਂ ਰਿਹਾ ਸਮਝਾਈਆ । ਕਲਜੁਗ ਅੰਤਮ ਦੇਵੇ ਸਚ ਸਲਾਹ, ਸਾਖਿਆਤ ਰੂਪ ਵਟਾਈਆ । ਅੱਗੋਂ ਕਰੇ ਨਾ ਕੋਈ ਨਾਂਹ, ਹਾਂ ਹਾਂ ਵਿਚ ਮਿਲਾਈਆ । ਚਾਰ ਵਰਨ ਬਣਾਇਆ ਜਿਸ ਭੈਣ ਭਰਾ, ਸੋ ਵੇਖਣਹਾਰਾ ਵੇਖੇ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਏਕਾ ਜੋਤ ਵੇਖ ਵਖਾਈਆ । ਏਕਾ ਜੋਤ ਦਸ ਦਸ ਗਾਥਾ, ਗ੍ਰਿਹ ਮੰਦਰ ਆਪ ਜਣਾਇੰਦਾ । ਕਰੇ ਖੇਲ ਪੁਰਖ ਸਮਰਾਥਾ, ਸਮਰਥ ਆਪਣੀ ਚਾਲ ਚਲਾਇੰਦਾ । ਸਗਲ ਵਿਸੂਰਾ ਹਰਿਜਨ ਲਾਥਾ, ਜਿਸ ਜਨ ਆਪਣਾ ਦਰਸ ਦਿਖਾਇੰਦਾ । ਏਕਾ ਪੂਜਾ ਏਕਾ ਪਾਠਾ, ਏਕਾ ਮੰਤਰ ਨਾਮ ਦ੍ਰਿੜਾਇੰਦਾ । ਏਕਾ ਵਣਜ ਏਕਾ ਹਾਟਾ, ਏਕਾ ਵਸਤ ਏਕਾ ਨਾਨਕ ਨਾਮ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਚ ਸਿੰਘਾਸਣ ਬਹੇ ਪੁਰਖ ਅਕਾਲਾ ਦੀਨ ਦਿਆਲ ਸਾਚਾ ਮੰਦਰ ਸੋਭਾ ਪਾਇੰਦਾ । ਦਸ ਗੁਰੂ ਦੇਣ ਸਲਾਹ, ਸਲਾਹੀ ਸਚ ਸਚ ਜਣਾਈਆ । ਹਰਿ ਕਾ ਨਾਉਂ ਗਏ ਸਰਬ ਭੁਲਾ, ਭਰਮੇ ਭੁੱਲੀ ਸਰਬ ਲੋਕਾਈਆ । ਚਾਰ ਜੁਗ ਖੇਲ ਰਿਹਾ ਖਲਾ, ਕਰੇ ਖੇਲ ਬੇਪਰਵਾਹੀਆ । ਚੌਥੇ ਅੱਖਰ ਚਾਰ ਜੋੜ ਜੁੜਾ, ਚਾਰ ਜੁਗ ਦਏ ਵਡਿਆਈਆ । ਵਾਹ ਵਾ ਗੁਰੂ ਮੰਤ ਲਏ ਬਣਾ, ਵਾਹਿਗੁਰੂ ਅੱਖਰ ਇਕ ਪੜ੍ਹਾਈਆ । ਚਾਰ ਜੁਗ ਦਾ ਦਿਨ ਇਕ ਇਕ ਨਾਲ ਮਿਲਾ, ਦਸ ਦਸ ਗੁਰ ਨਾਲ ਮੇਲ ਮਿਲਾਈਆ । ਕਰੇ ਖੇਲ ਸੱਚਾ ਸ਼ਹਿਨਸ਼ਾਹ, ਸ਼ਹਿਨਸ਼ਾਹ ਹੱਥ ਵਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਦੇਣਾ ਵਰ, ਏਕਾ ਗੋਬਿੰਦ ਮੰਗ ਮੰਗਾਈਆ । ਚਾਰ ਦਿਵਸ ਮੰਗੇ ਮੰਗ, ਦਸ ਦਸ ਖੇਲ ਖਿਲਾਵਣਾ । ਲੱਖ ਚੁਰਾਸੀ ਵੇਖੇ ਰੰਗ, ਕਸੁੰਭਾ ਰੰਗ ਕਿਸ ਚੜ੍ਹਾਵਣਾ । ਨੌਂ ਨੌਂ ਵੇਖੇ ਮਰਦੰਗ, ਨਾਮ ਮਰਦੰਗ ਕਿਸ ਵਜਾਵਣਾ । ਚਾਰ ਚਾਰ ਵੇਖੇ ਲੰਘ, ਪਾਰ ਕਿਨਾਰਾ ਆਪ ਕਰਾਵਣਾ । ਅੰਤ ਮੁਕਾਏ ਆਪਣਾ ਪੰਧ, ਤੇਰੇ ਦਵਾਰੇ ਸੋਭਾ ਪਾਵਣਾ । ਲੱਖ ਚੁਰਾਸੀ ਪਾਏ ਫੰਦ, ਜਿਸ ਤੇਰਾ ਨਾਮ ਭੁਲਾਵਣਾ । ਜਿਸ ਨਾ ਗਾਇਆ ਬੱਤੀ ਦੰਦ, ਗੁਰ ਗੋਬਿੰਦ ਹੋਏ ਨਾ ਕਿਸੇ ਜ਼ਾਮਨਾ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਚਾਰ ਦਿਵਸ ਇਕ ਇਕ ਜੁਗ ਨਾਲ ਫੜਾਇਆ ਲੜ, ਸਾਚਾ ਲੜ ਆਪ ਬੰਧਾਵਣਾ । ਸਾਚਾ ਲੜ ਦਿਤਾ ਬੰਨ੍ਹ, ਏਕਾ ਬੰਧਨ ਪਾਇਆ । ਮੂਸਾ ਵੇਖੇ ਕੋਹਤੂਰ ਚੜ੍ਹਿਆ ਚੰਨ, ਜਲਵਾ ਨੂਰ ਹਰਿ ਖ਼ੁਦਾਇਆ । ਈਸਾ ਆਪਣੀ ਉਮਤ ਆਪੇ ਪਿਆ ਜੰਮ, ਪਿਤਾ ਪੂਤ ਪੂਤ ਵਡਿਆਇਆ । ਮੁਹੰਮਦ ਵਸੇਰਾ ਬਿਨ ਛੱਪਰੀ ਛੰਨ, ਸਾਚਾ ਹਰਿ ਦਏ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਦਰ ਆਪ ਬੁਲਾਇਆ । ਸਾਚੇ ਦਰ ਸੱਦੇ ਦਰਵੇਸ਼, ਦਰ ਦਰਬਾਰ ਆਪ ਬਣਾਈਆ । ਇਕ ਸੁਣਾਇਆ ਹਰਿ ਸੰਦੇਸ, ਸਚ ਸੰਦੇਸਾ ਆਪ ਸੁਣਾਈਆ । ਕਲਜੁਗ ਅੰਤਮ ਕਰਿਆ ਵੇਸ, ਚਾਰੋਂ ਕੁੰਟ ਘਰ ਘਰ ਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਈਆ । ਮੁਹੰਮਦ ਬੋਲੇ ਮਾਰੇ ਨਾਅਰਾ, ਉਚੀ ਕੂਕ ਕੂਕ ਸੁਣਾਇਆ । ਤੇਰਾ ਦਰ ਨਾ ਦਿਸੇ ਸਚ ਦਰਬਾਰਾ, ਅਧਵਿਚਕਾਰੇ ਬੈਠਾ ਰਾਹ ਤਕਾਇਆ । ਚੌਦਾਂ ਸਦੀਆਂ ਚੌਦਾਂ ਲੋਕ ਮੇਰਾ ਕਿਨਾਰਾ, ਅੰਤਮ ਬੈਠਾ ਪੰਧ ਮੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਜਲਵਾ ਦੂਜੀ ਵਾਰ ਨਜ਼ਰ ਨਾ ਆਇਆ । ਦੂਜੀ ਵਾਰ ਮੰਗਾਂ ਮੰਗ, ਆਪਣੀ ਝੋਲੀ ਅੱਗੇ ਡਾਹੀਆ । ਚੌਥੇ ਜੁਗ ਬਣਿਆ ਮਲੰਗ, ਤੇਰੀ ਅਲਫ਼ੀ ਗਲ ਵਿਚ ਪਾਈਆ । ਚਾਰੋਂ ਕੁੰਟ ਫਿਰਿਆ ਨੰਗ, ਉਚੀ ਕੂਕਾਂ ਦੇਵਾਂ ਦੁਹਾਈਆ । ਮੇਰਾ ਸੁੰਞਾਂ ਦਿਸੇ ਪਲੰਘ, ਮੇਰੀ ਸੇਜ ਨਾ ਕੋਇ ਹੰਢਾਈਆ । ਚਾਰ ਯਾਰੀ ਹੋਈ ਨੰਗ, ਪਰਦਾ ਹੱਥ ਨਾ ਕੋਇ ਵਖਾਈਆ । ਚਾਰ ਜੁਗ ਦੇ ਚਾਰ ਦਿਵਸ ਮੰਗਾਂ ਮੰਗ, ਮੇਰੀ ਅੰਤਮ ਝੋਲੀ ਪਾਈਆ । ਫਿਰ ਦਰ ਤੇਰੇ ਆਵਾਂ ਤੂੰ ਬਖ਼ਸ਼ੀ ਮੇਰੇ ਸਾਹਿਬ ਬਖ਼ਸ਼ੰਦ, ਭੁਲ ਅਭੁਲ ਲਏ ਬਖ਼ਸ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਦਇਆ ਆਪ ਕਮਾਈਆ । ਸੁਣ ਮੁਹੰਮਦ ਰੱਖਣਾ ਯਾਦ, ਹਰਿ ਸਾਚਾ ਸਚ ਜਣਾਇੰਦਾ । ਚੌਦਾਂ ਚੌਦਾਂ ਸੁਣ ਫ਼ਰਯਾਦ, ਚੌਦਾਂ ਚੌਦਾਂ ਵੇਖ ਵਖਾਇੰਦਾ । ਚਾਰ ਜੁਗ ਦਾ ਏਕਾ ਨਾਦ, ਆਪਣਾ ਨਾਉਂ ਵਜਾਇੰਦਾ । ਤੇਰੀ ਵੇਖੇ ਡੂੰਘੀ ਖਾਡ, ਡੂੰਘੀ ਕੰਦਰ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਜੁਗ ਦੇ ਚਾਰ ਦਿਵਸ ਤੇਰੇ ਅੰਗ ਸਮਾਇੰਦਾ । ਈਸਾ ਕਰੇ ਪੁਕਾਰ, ਅਜ਼ਮਤ ਆਪਣੀ ਨਾ ਕੋਇ ਜਣਾਈਆ । ਚਾਰੋਂ ਕੁੰਟ ਗਾਏ ਤੇਰੀ ਵਾਰ, ਸਾਚਾ ਢੋਲਾ ਏਕਾ ਗਾਈਆ । ਫ਼ਰਜ਼ੰਦ ਬਣ ਕਰੇ ਪਿਆਰ, ਅਨੰਦ ਅਨੰਦ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਹੁਕਮ ਦਏ ਵਰਤਾਈਆ । ਏਕਾ ਹੁਕਮ ਧੁਰ ਫ਼ਰਮਾਨਾ, ਈਸਾ ਇਸਮ ਆਜ਼ਮ ਆਪ ਸੁਣਾਇੰਦਾ । ਏਕਾ ਮੰਦਰ ਇਕ ਮਕਾਨਾ, ਏਕਾ ਹੁਜਰਾ ਸੋਭਾ ਪਾਇੰਦਾ । ਏਕਾ ਤਖ਼ਤ ਏਕਾ ਰਾਣਾ, ਭੂਪਤ ਭੂਪ ਇਕ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਵੇਲਾ ਵੇਖ ਵਖਾਇੰਦਾ । ਈਸਾ ਤੇਰਾ ਸਾਚਾ ਵੇਲਾ, ਵਕਤ ਆਪ ਜਣਾਈਆ । ਨੂਰੀ ਕੀਤਾ ਮੇਲਾ ਮੇਲਾ, ਮੇਲ ਮਿਲਾਏ ਸਾਚਾ ਮਾਹੀਆ । ਆਪਣੀ ਖੇਲ ਆਪੇ ਖੇਲਾ, ਆਪ ਚਲਾਏ ਹੁਕਮ ਰਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਤੇਰੀ ਉਮਤ ਦਏ ਵਡਿਆਈਆ । ਤੇਰੀ ਉਮਤ ਤੇਰੀ ਧਾਰ, ਤੇਰੇ ਸੰਗ ਨਿਭਾਇੰਦਾ । ਤੇਰੀ ਅਜ਼ਮਤ ਕਰ ਪਿਆਰ, ਤੇਰੀ ਖ਼ਿਦਮਤ ਆਪ ਕਮਾਇੰਦਾ । ਤੇਰੀ ਸੁਹਬਤ ਵਿਚ ਸੰਸਾਰ, ਹਰਿ ਸਾਚਾ ਆਪ ਉਪਾਇੰਦਾ । ਏਕਾ ਹੁਕਮ ਕਰੇ ਵਰਤਾਰ, ਹੁਕਮ ਹਾਕਮ ਆਪ ਜਣਾਇੰਦਾ । ਸਰਬ ਜੀਆਂ ਦਾ ਪਰਵਰਦਿਗਾਰ, ਹਰ ਘਟ

ਅੰਦਰ ਨੂਰ ਧਰਾਇੰਦਾ । ਜਲਵਾ ਨੂਰ ਕਰ ਉਜਿਆਰ, ਜੋਤੀ ਜੋਤ ਡਗਮਗਾਇੰਦਾ । ਏਕਾ ਕਰਨਾ ਸਰਬ ਪਿਆਰ, ਦੂਸਰ ਵੰਡ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਮਾਰਗ ਆਪੇ ਲਾਇੰਦਾ । ਸਾਚਾ ਮਾਰਗ ਜਗ ਲਗਾ, ਈਸਾ ਏਕਾ ਆਸ ਗਿਆ ਰਖਾਈਆ । ਚਾਰ ਵਰਨ ਏਕਾ ਰੰਗ ਸਮਾ, ਏਕਾ ਰੰਗ ਸਮਾਈਆ । ਏਕਾ ਨੂਰ ਹੋਏ ਖ਼ੁਦਾ, ਏਕਾ ਕ਼ੁਦਰਤ ਵਿਚ ਸਮਾਈਆ । ਮੇਰਾ ਮੇਰੇ ਨਾਲੋਂ ਨਾ ਹੋਏ ਜੁਦਾ, ਗਲ ਪੱਲੂ ਰਿਹਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਹੁਕਮ ਵਰਤਾਈਆ । ਏਕਾ ਹੁਕਮ ਵਰਤਾਵਣਹਾਰ, ਹਰਿ ਸਾਚਾ ਆਪ ਜਣਾਇੰਦਾ । ਕਲਜੁਗ ਔਣਾ ਵਿਚ ਸੰਸਾਰ, ਜੋਤੀ ਜਾਮਾ ਭੇਖ ਵਟਾਇੰਦਾ । ਨਿਰਗੁਣ ਸਰਗੁਣ ਰੂਪ ਅਪਾਰ, ਨਿਰਗੁਣ ਸਰਗੁਣ ਵਿਚ ਛੁਪਾਇੰਦਾ । ਤੇਰਾ ਲੇਖਾ ਲਏ ਵਿਚਾਰ, ਲੇਖਾ ਆਪਣੇ ਹੱਥ ਰਖਾਇੰਦਾ । ਏਕਾ ਈਸਾ ਕਰੇ ਪੁਕਾਰ, ਨਿਉਂ ਨਿਉਂ ਸੀਸ ਝੁਕਾਇੰਦਾ । ਚਾਰ ਜੁਗ ਦੇ ਦਿਵਸ ਚਾਰ, ਤੇਰੇ ਕੋਲੋਂ ਮੰਗ ਮੰਗਾਇੰਦਾ । ਹਾੜ ਸਤਾਰਾਂ ਨਾ ਆਏ ਹਾਰ, ਖ਼ੁਸ਼ੀਆਂ ਨਾਲ ਖ਼ੁਸ਼ੀ ਵਿਚ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਬੰਕ ਆਪ ਬਣਾਇੰਦਾ । ਹਾੜ ਸਤਾਰਾਂ ਮੰਗੀ ਮੰਗ, ਮਾਂਗਤ ਦਰ ਦਰਵੇਸ਼ ਬਣਾਇਆ । ਮੂਸੇ ਚੜ੍ਹਿਆ ਸਾਚਾ ਰੰਗ, ਕੋਹਤੂਰ ਆਪ ਰੰਗਾਇਆ । ਪੁਰਖ ਅਬਿਨਾਸ਼ੀ ਵਸੇ ਸੰਗ, ਆਪ ਆਪਣਾ ਸੰਗ ਨਿਭਾਇਆ । ਇਕ ਵਖਾਏ ਹਰਿ ਤੁਰੰਗ, ਸਾਚਾ ਤੁਰੰਗ ਆਪ ਦੌੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਖਿਲਾਇਆ । ਸਾਚਾ ਖੇਲ ਹਰਿ ਖਲਾਏ, ਖੇਲਣਹਾਰਾ ਦਿਸ ਨਾ ਆਈਆ । ਮੂਸਾ ਮਮਤਾ ਮੋਹ ਚੁਕਾਏ, ਏਕਾ ਆਪਣਾ ਬੰਧਨ ਪਾਈਆ । ਏਕਾ ਜਲਵਾ ਨੂਰ ਵਖਾਏ, ਨੂਰ ਇਲਾਹੀ ਸੱਚਾ ਸ਼ਹਿਨਸ਼ਾਹੀਆ । ਏਕਾ ਕਲਮਾ ਆਪ ਪੜ੍ਹਾਏ, ਕਲਮਾ ਅਮਾਮ ਇਕ ਜਣਾਈਆ । ਸਾਚੀ ਸਲਾਮ ਇਕ ਕਰਾਏ, ਸਲਾਮ ਅਲੈਕਮ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਹੁਕਮ ਦਏ ਸੁਣਾਈਆ । ਸੁਣਨਾ ਹੁਕਮ ਧੁਰ ਫ਼ਰਮਾਨ, ਹਰਿ ਸਾਚਾ ਸਚ ਜਣਾਇੰਦਾ । ਕਲਜੁਗ ਅੰਤਮ ਹੋ ਪਰਧਾਨ, ਲੋਕਮਾਤ ਵੇਖ ਵਖਾਇੰਦਾ । ਚਾਰ ਕੁੰਟ ਤੇਰਾ ਨਿਸ਼ਾਨ, ਤੇਰੇ ਰੰਗ ਰੰਗਾਇੰਦਾ । ਅੰਤਮ ਪੇਖਣਾ ਮਾਰ ਧਿਆਨ, ਕਵਣ ਹੁਕਮ ਦਰ ਪੁਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਭੇਵ ਖੁਲ੍ਹਾਇੰਦਾ । ਕਲਜੁਗ ਵੇਲਾ ਅੰਤਮ ਆਇਆ, ਹਰਿ ਸਾਚਾ ਖੇਲ ਖਿਲਾਈਆ । ਆਪੇ ਮੂਸਾ ਦਰ ਬਹਾਇਆ, ਤਨ ਤਨ ਪਿੰਡਾ ਰਿਹਾ ਸੁਹਾਈਆ । ਆਪੇ ਗੋਦ ਲਏ ਬਹਾਇਆ, ਅੰਤਮ ਮੇਲ ਸਹਿਜ ਸੁਭਾਈਆ । ਤੇਰੀ ਉਮਤ ਪਹਿਲੋਂ ਤੇਰੇ ਅੱਗੇ ਲਾਇਆ, ਈਸਾ ਤੇਰਾ ਸੰਗ ਰਖਾਈਆ । ਮੁਹੰਮਦ ਤੇਰੀ ਬਾਂਹ ਫੜਾਇਆ, ਅੱਲਾ ਰਾਣੀ ਨਾਲ ਪਰਨਾਈਆ । ਚਾਰ ਯਾਰ ਦਾ ਪੰਧ ਮੁਕਾਇਆ, ਚੌਥੇ ਜੁਗ ਵੱਜੇ ਵਧਾਈਆ । ਫੇਰ ਆਪਣਾ ਦਰਸ ਦਏ ਕਰਾਇਆ, ਫੜ ਫੜ ਮੇਲੇ ਤੇਰੀਆਂ ਬਾਹੀਆਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦਿਤਾ ਸਾਚਾ ਵਰ, ਸਚ ਸੰਦੇਸਾ ਰਿਹਾ ਸਮਝਾਈਆ । ਈਸਾ ਮੂਸਾ ਸੁਣ ਸੰਦੇਸਾ, ਮੁਹੰਮਦ ਨਾਲ ਮਿਲਾਇਆ । ਕਾਲਾ ਸੂਸਾ ਕਰ ਕਰ ਵੇਸਾ, ਲੋਕਮਾਤ ਫੇਰਾ ਪਾਇਆ । ਚਾਰ ਜੁਗ ਜੋ ਬਣਿਆ ਰਿਹਾ ਨਰ ਨਰੇਸ਼ਾ, ਕਲਜੁਗ ਅੰਤਮ ਵੇਸ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਹਰਿ ਬੇਪਰਵਾਹਿਆ । ਮੁਹੰਮਦ ਕਰੇ ਵਿਚਾਰ, ਈਸਾ ਇਕ ਸਮਝਾਈਆ । ਮੂਸਾ ਬੰਨ੍ਹੇ ਧਾਰ, ਦੇਵੇ ਸਚ ਸਲਾਹੀਆ । ਸਰਬ

ਜੀਆਂ ਦਾ ਸਾਂਝਾ ਯਾਰ, ਏਕਾ ਏਕ ਏਕ ਖ਼ੁਦਾਈਆ । ਧਾਮ ਅਵੱਲੇ ਵਸੇ ਪਰਵਰਦਿਗਾਰ, ਸੋ ਅੱਲਾ ਮੀਆਂ ਨਾਉਂ ਧਰਾਈਆ । ਵੰਡ ਵੰਡੀ ਵਿਚ ਸੰਸਾਰ, ਜਗਤ ਪਰਦਾ ਏਕਾ ਪਾਈਆ । ਅੰਤਮ ਮਾਰਨ ਆਇਆ ਮਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਚੁਕਾਈਆ । ਈਸਾ ਮੂਸਾ ਸੰਗ ਮੁਹੰਮਦ ਕਰ ਵਿਚਾਰ, ਏਕਾ ਮੇਲ ਮਿਲਾਇਆ । ਚਾਰ ਜੁਗ ਦੇ ਦਿਵਸ ਚਾਰ, ਚਾਰ ਚਾਰ ਵੇਖ ਵਖਾਇਆ । ਚਾਰ ਯਾਰੀ ਦਿਤੀ ਹਾਰ, ਚਾਰ ਕੁੰਟ ਡੇਰਾ ਢਾਹਿਆ । ਚੌਥੇ ਜੁਗ ਮਿਲੇ ਸਾਂਝਾ ਯਾਰ, ਚੌਂਹ ਵਰਨਾਂ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਹੁਕਮ ਰਿਹਾ ਸੁਣਾਇਆ । ਸਾਚਾ ਹੁਕਮ ਸੁਣਾਇੰਦਾ, ਸਾਚੇ ਤਖ਼ਤ ਬੈਠ ਸੁਲਤਾਨ । ਸਚ ਅਦਾਲਤ ਆਪ ਕਮਾਇੰਦਾ, ਦੇਵੇ ਧੁਰ ਫ਼ਰਮਾਨ । ਆਪਣਾ ਕੋਰਟ ਆਪ ਸੁਹਾਇੰਦਾ, ਸੁਪਰੀਮ ਕੋਰਟ ਵਾਲੀ ਦੋ ਜਹਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਹੋਏ ਨਿਗਹਬਾਨ । ਨਿਗਹਬਾਨ ਹੋਏ ਕਰਤਾਰਾ, ਸਾਚਾ ਹੁਕਮ ਜਣਾਈਆ । ਚਾਰ ਜੁਗ ਦੀ ਵੰਡ ਵਿਚ ਸੰਸਾਰਾ, ਚਾਰ ਦਿਹਾੜਾ ਕੀਮਤ ਪਾਈਆ । ਚਾਰ ਦਿਵਸ ਦੇਵੇ ਵਾਰੋ ਵਾਰਾ, ਵਿਸ਼ਨ ਬ੍ਰਹਮਾ ਸ਼ਿਵ ਝੋਲੀ ਆਪ ਭਰਾਈਆ । ਤ੍ਰੈਗੁਣ ਬਣੇ ਆਪ ਵਰਤਾਰਾ, ਚਾਰੇ ਖਾਣੀ ਮੇਲ ਮਿਲਾਈਆ । ਤੇਈ ਅਵਤਾਰ ਦਏ ਸਹਾਰਾ, ਚਾਰ ਚਾਰ ਬੰਧਨ ਪਾਈਆ । ਅਠਾਰਾਂ ਭਗਤ ਨਾ ਕੋਇ ਉਧਾਰਾ, ਵਸਤ ਅਮੋਲਕ ਆਪ ਵਰਤਾਈਆ । ਦਸ ਗੁਰ ਨਾ ਕੋਇ ਵਣਜਾਰਾ, ਮੇਲਾ ਚਾਰ ਚਾਰ ਮਿਲਾਈਆ । ਈਸਾ ਮੂਸਾ ਆਏ ਨਾ ਪਾਸਾ ਹਾਰਾ, ਸੰਗ ਮੁਹੰਮਦ ਮੰਗੇ ਇਕ ਸਫ਼ਾਈਆ । ਕੁਦਰਤ ਵੇਖੇ ਕਾਦਰ ਵੇਖਣਹਾਰਾ, ਨੌਂ ਖੰਡ ਪ੍ਰਿਥਮੀ ਫੇਰਾ ਪਾਈਆ । ਸੱਤਾਂ ਦੀਪਾਂ ਦੀਪ ਉਜਿਆਰਾ, ਏਕਾ ਨੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਚਾਰ ਜੁਗ ਦਾ ਮੂਲ ਵਖਾਈਆ । ਚਾਰ ਜੁਗ ਦਾ ਮੂਲ ਵਖੌਣਾ, ਹਰਿ ਸਾਚਾ ਖੇਲ ਖਿਲਾਇੰਦਾ । ਚਾਰ ਦਿਵਸ ਦਾ ਪਰਦਾ ਲੌਹਣਾ, ਚਾਰ ਜੁਗ ਵੰਡ ਵੰਡਾਇੰਦਾ । ਚਾਰ ਵਰਨ ਦਾ ਭੇਵ ਮਿਟੌਣਾ, ਏਕਾ ਸਰਨ ਰਖਾਇੰਦਾ । ਚਾਰ ਬਾਣੀ ਦਾ ਗੌਣ ਗੌਣਾ, ਏਕਾ ਢੋਲਾ ਆਪ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਹੁਕਮ ਆਪ ਸੁਣਾਇੰਦਾ । ਤੇਈ ਦਸ ਅਠਾਰਾਂ ਕਰ ਇਕੱਠੇ, ਏਕਾ ਘਰ ਵਖਾਈਆ । ਲਹਿਣਾ ਦੇਣ ਚੁਕਾਏ ਹੱਥੋ ਹੱਥੇ, ਜਗਤ ਉਧਾਰ ਨਾ ਕੋਇ ਵਖਾਈਆ । ਲੇਖਾ ਲਿਖੇ ਅਲਖਨਾ ਅਲਖੇ, ਵੇਦ ਪੁਰਾਨ ਭੇਵ ਨਾ ਆਈਆ । ਸਭ ਦੇ ਭਾਂਡੇ ਕਰੇ ਸੱਖੇ, ਆਪਣਾ ਭੰਡਾਰਾ ਆਪਣੇ ਵਿਚ ਟਿਕਾਈਆ । ਸਭ ਦੇ ਮਾਣ ਅੰਤਮ ਲੱਥੇ, ਅਭਿਮਾਨ ਨਾ ਕੋਇ ਰਖਾਈਆ । ਸ਼ਬਦ ਡੋਰੀ ਸਾਰੇ ਨੱਥੇ, ਏਕਾ ਤੰਦ ਖਿਚਾਈਆ । ਆਪਣੀ ਮਹਿਮਾ ਆਪੇ ਕੱਥੇ, ਆਪੇ ਆਪਣਾ ਗੁਣ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਅਦਾਲਤ ਏਕਾ ਏਕ ਵਖਾਈਆ । ਸਚ ਅਦਾਲਤ ਹਰਿ ਨਿਰੰਕਾਰਾ, ਲੋਕਮਾਤ ਕਰਾਇੰਦਾ । ਪੰਜ ਇਕ ਬਣੇ ਭਿਖਾਰਾ, ਦੋਏ ਜੋੜ ਸੀਸ ਝੁਕਾਇੰਦਾ । ਚਾਰ ਵਰਨ ਹੋਇਆ ਹਤਿਆਰਾ, ਆਪਣੀ ਹੱਤਿਆ ਸਰਬ ਕਰਾਇੰਦਾ । ਮਿਲਿਆ ਆਮ ਨਾ ਕਿਸੇ ਮੁਖ਼ਤਿਆਰਾ, ਖ਼ੁਦ ਮੁਖ਼ਤਿਆਰ ਸਰਬ ਹੋ ਜਾਇੰਦਾ । ਚਾਰੋਂ ਕੁੰਟ ਵਰਨਾਂ ਬਰਨਾਂ ਨਾਅਰਾ, ਪੁਰਖ ਅਕਾਲ ਨਾ ਕੋਇ ਗਾਇੰਦਾ । ਕੋਈ ਕਾਗਦ ਕ਼ਲਮ ਸ਼ਾਹੀ ਕਰੇ ਪਿਆਰਾ, ਕੋਈ ਇੱਟਾਂ ਪੱਥਰ ਸੀਸ ਝੁਕਾਇੰਦਾ । ਕੋਈ ਜਲ ਪਾਣੀ ਕੱਢੇ ਗਾਰਾ, ਕੋਈ ਖ਼ਾਕੀ ਖ਼ਾਕ ਸੀਸ ਪਵਾਇੰਦਾ । ਕੋਈ ਵੜ ਵੜ

ਬੈਠਾ ਡੂੰਘੀ ਗਾਰਾ, ਉਚੇ ਟਿੱਲੇ ਕੋਈ ਫੇਰਾ ਪਾਇੰਦਾ । ਕੋਈ ਪੜ੍ਹ ਪੜ੍ਹ ਕਰੇ ਵਿਚਾਰਾ, ਪੜ੍ਹ ਪੜ੍ਹ ਪੁਸਤਕ ਵਕਤ ਲੰਘਾਇੰਦਾ । ਕੋਈ ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਕਰੇ ਵਿਚਾਰਾ, ਆਤਮ ਬ੍ਰਹਮ ਨਾ ਕੋਇ ਸਮਝਾਇੰਦਾ । ਕਲਜੁਗ ਭੁੱਲਿਆ ਸਰਬ ਸੰਸਾਰਾ, ਵੇਲਾ ਗਿਆ ਹੱਥ ਨਾ ਆਇੰਦਾ । ਕੋਈ ਹਿੰਦੂ ਮੁਸਲਿਮ ਸਿੱਖ ਕਹੇ ਪੁਕਾਰਾ, ਸਾਚੀ ਸਿਖਿਆ ਸਿੱਖ ਗ੍ਰਹਿਣ ਨਾ ਕੋਇ ਵਖਾਇੰਦਾ । ਕੋਈ ਨਾਨਕ ਗੋਬਿੰਦ ਕਰੇ ਪਿਆਰਾ, ਨਾਨਕ ਗੋਬਿੰਦ ਨਜ਼ਰ ਕਿਸੇ ਨਾ ਆਇੰਦਾ । ਕੋਈ ਸ਼ਿਵਦਵਾਲਾ ਮਠ ਕਰੇ ਪੁਕਾਰਾ, ਕੋਈ ਮੂਰਤੀ ਕ੍ਰਿਸ਼ਨ ਧਿਆਨ ਲਗਾਇੰਦਾ । ਕੋਈ ਰਾਮ ਸੀਤਾ ਲਾਏ ਨਾਅਰਾ, ਸੀਤਾ ਰਾਮ ਰੂਪ ਨਾ ਕੋਇ ਵਟਾਇੰਦਾ । ਕੋਈ ਐਨਲਹਕ ਬੋਲੇ ਜੈਕਾਰਾ, ਸੂਲੀ ਸੂਲ ਨਾ ਕੋਇ ਵਖਾਇੰਦਾ । ਕੋਈ ਮੁਹੰਮਦ ਮੰਗੇ ਪਿਆਰਾ, ਮੁਰੀਦ ਮੁਰਸ਼ਦ ਰੂਪ ਨਾ ਕੋਇ ਵਟਾਇੰਦਾ । ਕੋਈ ਕੋਹਤੂਰ ਮੰਗੇ ਨਜ਼ਾਰਾ, ਆਪਣਾ ਅੰਧੇਰਾ ਨਾ ਕੋਇ ਚੁਕਾਇੰਦਾ । ਕੋਈ ਈਸਾ ਲਏ ਸਹਾਰਾ, ਈਸ਼ਵਰ ਨਜ਼ਰ ਕਿਸੇ ਨਾ ਆਇੰਦਾ । ਕੋਈ ਚਾਰ ਵੇਦਾਂ ਕਰੇ ਵਿਚਾਰਾ, ਕੋਈ ਪੁਰਾਨ ਅਠਾਰਾਂ ਰਸਨਾ ਗਾਇੰਦਾ । ਕੋਈ ਅਠਾਰਾਂ ਧਿਆਏ ਗੀਤਾ ਕਰੇ ਵਿਚਾਰਾ, ਅੰਜੀਲ ਕੁਰਾਨ ਕੋਇ ਗਾਇੰਦਾ । ਕੋਈ ਬਾਈਬਲ ਕਰੇ ਵਿਚਾਰਾ, ਹਰਿ ਕਾ ਭੇਵ ਨਾ ਕੋਇ ਪਾਇੰਦਾ । ਕੋਈ ਖਾਣੀ ਬਾਣੀ ਲਏ ਸਹਾਰਾ, ਆਪਣਾ ਇਸ਼ਟ ਦੇਵ ਬਣਾਇੰਦਾ । ਗੋਬਿੰਦ ਅੰਤਮ ਗਿਆ ਬੋਲ ਜੈਕਾਰਾ, ਪੁਰਖ ਅਕਾਲ ਸਰਬ ਸਮਝਾਇੰਦਾ । ਕਲਜੁਗ ਆਏ ਅੰਤਮ ਵਾਰਾ, ਨਿਹਕਲੰਕਾ ਰੂਪ ਵਟਾਇੰਦਾ । ਪਿਛਲਾ ਲੇਖਾ ਸਭ ਦਾ ਦਏ ਪਾੜਾ, ਆਪਣਾ ਲੇਖਾ ਆਪਣੇ ਹੱਥ ਰਖਾਇੰਦਾ । ਚਾਰ ਜੁਗ ਜੋ ਕੱਢੇ ਆਪੇ ਹਾੜਾ, ਗੁਰ ਅਵਤਾਰ ਆਪਣਾ ਨਾਉਂ ਧਰਾਇੰਦਾ । ਜ਼ਿਮੀਂ ਅਸਮਾਨਾਂ ਮੇਟੇ ਪਾੜਾ, ਆਪਣਾ ਚਰਨ ਚਰਨ ਨਾਲ ਮਿਲਾਇੰਦਾ । ਦੋ ਜਹਾਨਾਂ ਵੇਖੇ ਅਖਾੜਾ, ਲੋਆਂ ਪੁਰੀਆਂ ਨਾਚ ਨਚਾਇੰਦਾ । ਤਖ਼ਤ ਨਿਵਾਸੀ ਸਾਚਾ ਲਾੜਾ, ਲੋਕਮਾਤ ਫੇਰਾ ਪਾਇੰਦਾ । ਨੌਂ ਖੰਡ ਪ੍ਰਿਥਮੀ ਚਬਾਏ ਆਪਣੀ ਦਾੜ੍ਹਾ, ਬਸਤਰ ਸ਼ਸਤਰ ਨਾ ਕੋਇ ਉਠਾਇੰਦਾ । ਲੇਖਾ ਜਾਣੇ ਬਹੱਤਰ ਨਾੜਾ, ਤਿੰਨ ਸੌ ਸੱਠ ਹਾਡੀ ਆਪਣੀ ਗਣਤ ਗਣਾਇੰਦਾ । ਚਾਰ ਜੁਗ ਚਾਰ ਵਰਨ ਨੌਂ ਖੰਡ ਪ੍ਰਿਥਮੀ ਲੱਖ ਚੁਰਾਸੀ ਜਿਸ ਨੂੰ ਆਪਣੀ ਸ਼ਬਦ ਕਰਦਾ ਰਿਹਾ ਵਾੜਾ, ਗੁਰ ਅਵਤਾਰ ਸੇਵਾ ਲਾਇੰਦਾ । ਕਲਜੁਗ ਅੰਤਮ ਕਰੇ ਖੇਲ ਅਪਾਰਾ, ਪਰਗਟ ਹੋ ਹਰਿ ਨਿਰੰਕਾਰਾ, ਆਪਣਾ ਪਰਦਾ ਆਪ ਉਠਾਇੰਦਾ । ਇਕ ਸੁਣਾਏ ਸਚ ਜੈਕਾਰਾ, ਆਦਿ ਪੁਰਖ ਹੋ ਉਜਿਆਰਾ, ਸੋਹੰ ਰੂਪ ਅਪਰ ਅਪਾਰਾ, ਹੰ ਬ੍ਰਹਮ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣਾ ਖੇਲ ਆਪ ਖਿਲਾਇੰਦਾ । ਦਸ ਅਠਾਰਾਂ ਤੇਈ ਕਰ ਇਕੱਠ, ਤ੍ਰੈ ਤ੍ਰੈ ਬੰਧਨ ਪਾਇਆ । ਪੰਚਮ ਮੇਲਾ ਕਮਲਾਪਤ, ਇਕ ਇਕ ਇਕ ਨਾਲ ਜੋੜ ਜੁੜਾਇਆ । ਚਾਰ ਦਿਵਸ ਮੰਗੀ ਮੰਗ, ਆਪਣੀ ਰਤੀ ਰਤ ਰੰਗਾਇਆ । ਹਾੜ ਸਤਾਰਾਂ ਰੱਖਣੀ ਪਤ, ਪਤਿਪਰਮੇਸ਼ਵਰ ਤੇਰੀ ਓਟ ਤਕਾਇਆ । ਤੇਰਾ ਸੱਥਰ ਬੈਠੇ ਘਤ, ਤੇਰੀ ਸੇਜ ਵਿਛਾਇਆ । ਸਾਡੀ ਕਰਨੀ ਪੂਰੀ ਆਸ, ਬੇਆਸ ਕੋਇ ਰਹਿਣ ਨਾ ਪਾਇਆ । ਅਸੀਂ ਡਰਦੇ ਕਰੀਏ ਤ੍ਰਾਸ ਤ੍ਰਾਸ, ਬੈਠੇ ਸੀਸ ਝੁਕਾਇਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਤੂੰ ਸਚਖੰਡ ਵਿਚ ਰੱਖਿਆ ਵਾਸ, ਲੋਕਮਾਤ ਨਾ ਫੇਰਾ ਪਾਇਆ । ਤੇਰਾ ਨਾਉਂ ਲੱਖ ਚੁਰਾਸੀ ਕਰੇ ਹਾਸ ਬਲਾਸ, ਰਸਨਾ ਜਿਹਵਾ ਗੁਣ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਸਾਡੇ ਹੱਥ ਟਿਕਾਇਆ । ਤੇਈ ਦਸ ਹੋ ਇਕੱਠੇ, ਅਠਾਰਾਂ ਜੋੜ ਜੁੜਾਈਆ । ਇਕ ਦੂਜੇ ਦੇ ਵੇਖਣ ਮੱਥੇ, ਕਵਣ ਲੇਖ ਰਿਹਾ ਲਿਖਾਈਆ । ਕਵਣ ਵਸੇ

ਕਾਇਆ ਕੁੱਲੀ ਕੱਖੇ, ਕਵਣ ਬੈਠਾ ਆਸਣ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਹੁਕਮ ਦਏ ਸੁਣਾਈਆ । ਸਾਰੇ ਕਰੇ ਇਕੱਠ, ਹਰਿ ਸਾਚਾ ਆਪ ਜਣਾਇੰਦਾ । ਨਾ ਕੋਈ ਮੰਦਰ ਮਸਜਿਦ ਦਿਸੇ ਮੱਠ, ਸ਼ਿਵਦਵਾਲਾ ਕੰਮ ਕਿਸੇ ਨਾ ਆਇੰਦਾ । ਨਾ ਕੋਈ ਪੂਜਾ ਨਾ ਕੋਈ ਪਾਠ, ਨਾ ਕੋਈ ਮੰਤਰ ਨਾਮ ਦ੍ਰਿੜਾਇੰਦਾ । ਨਾ ਕੋਈ ਤੀਰਥ ਨਾ ਕੋਈ ਘਾਟ, ਨਾ ਕੋਈ ਜਗਤ ਅਸ਼ਨਾਨ ਕਰਾਇੰਦਾ । ਨਾ ਕੋਈ ਵਣਜ ਵਣਜਾਰਾ ਵਿਕੇ ਕਿਸੇ ਹਾਟ, ਸਾਚਾ ਹੱਟ ਇਕ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭਨਾਂ ਦੇਵੇ ਇਕੋ ਵਰ, ਏਕਾ ਰੰਗ ਰੰਗਾਇੰਦਾ । ਅਠਾਰਾਂ ਦਸ ਹੋ ਇਕੱਠੇ, ਤੇਈ ਮਤਾ ਪਕਾਈਆ । ਜਿਸ ਨੇ ਲੇਖੇ ਧੁਰ ਧੁਰ ਲਿਖੇ, ਜੁਗ ਜੁਗ ਹੁਕਮ ਸੁਣਾਈਆ । ਜਿਸ ਕੋਲੋਂ ਮੰਗਦੇ ਰਹੇ ਭਿਖੇ, ਸੋ ਸਾਹਿਬ ਸੱਚਾ ਇਕੋ ਦਿਸੇ, ਜਿਸ ਦੀ ਵਡੀ ਵਡਿਆਈਆ । ਲੋਕਮਾਤ ਪਾਏ ਅਸੀਂ ਹਿੱਸੇ, ਕੋਈ ਰਾਮ ਕੋਈ ਕ੍ਰਿਸ਼ਨ ਅਖਵਾਈਆ । ਨਿਰਗੁਣ ਨੂਰ ਹਰ ਘਟ ਅੰਦਰ ਏਕੋ ਦਿਸੇ, ਏਕਾ ਆਪਣਾ ਗੁਣ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਪੰਜ ਇਕ ਦੇਵੇ ਏਕਾ ਵਰ, ਆਪਣੀ ਬਣਤ ਤੇਰੇ ਰੰਗ ਰੰਗਾਈਆ । ਪੰਜ ਇਕ ਕਰਨ ਵਿਚਾਰ, ਦਰ ਘਰ ਸਾਚੇ ਆਈਆ । ਵੇਲਾ ਅੰਤ ਆਪਣਾ ਆਪ ਲਓ ਸੁਆਰ, ਵੇਲਾ ਗਿਆ ਹੱਥ ਨਾ ਆਈਆ । ਇਕਾਵਨ ਵਿਚੋਂ ਚੁਣੇ ਸਰਦਾਰ, ਜਿਸ ਆਪਣੀ ਹੱਥ ਡੋਰ ਫੜਾਈ ਪੁਰਖ ਅਕਾਲ ਸਭ ਦਾ ਲੇਖਾ ਦਏ ਮੁਕਾਈਆ । ਅਸੀਂ ਫਿਰਦੇ ਆਏ ਵਾਰੋ ਵਾਰ, ਚਾਰ ਜੁਗ ਦੀ ਦੇਵਣ ਮਾਤ ਗਵਾਹੀਆ । ਮਿਲੀ ਇਕ ਸੱਚੀ ਸਰਕਾਰ, ਜਿਸ ਦਾ ਲੇਖਾ ਸਕੇ ਨਾ ਕੋਇ ਮਿਟਾਈਆ । ਆਦਿ ਅੰਤ ਨਾ ਜਾਏ ਹਾਰ, ਪਾਸਾ ਹਾਰ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਆਪਣੀ ਖੇਲ ਖਿਲਾਈਆ । ਤੇਈ ਦਸ ਵੇਖੇ ਮਾਰ ਧਿਆਨ, ਕਵਣ ਮਿਲੇ ਸਚ ਦਵਾਰ । ਕਵਣ ਦੇਵੇ ਧੁਰ ਫ਼ਰਮਾਨ, ਬੋਲੇ ਸਚ ਜੈਕਾਰ । ਸਭਨਾਂ ਕੀਤਾ ਇਕ ਪਰਵਾਨ, ਨਾਨਕ ਨਿਰਗੁਣ ਗੁਰ ਹਮਾਰ । ਆਵੇ ਜਾਵੇ ਧੁਰ ਦਰਬਾਰ, ਜੁਗਾ ਜੁਗੰਤਰ ਸਾਚੀ ਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਸਾਚੀ ਧਾਰ । ਲੱਖ ਚੁਰਾਸੀ ਗਈ ਹਾਰ, ਉਤਰੀ ਕਿਸੇ ਨਾ ਪਾਰ ਕਿਨਾਰਾ । ਚਾਰੋਂ ਕੁੰਟ ਹੋਇਆ ਵਿਭਚਾਰ, ਭੁੱਲਿਆ ਹਰਿ ਕਰਤਾਰਾ । ਵੇਦ ਪੁਰਾਨ ਕਰਨ ਪੁਕਾਰ, ਗੀਤਾ ਗਿਆਨ ਨਾ ਕੋਇ ਸਹਾਰਾ । ਖਾਣੀ ਬਾਣੀ ਹੋਈ ਪਰਵਾਨ, ਕਲਜੁਗ ਜੀਵ ਹਰਿ ਕਾ ਰੂਪ ਨਾ ਕਿਸੇ ਵਿਚਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਚਾਰ ਜੁਗ ਦੀ ਪਾਵੇ ਸਾਰਾ । ਚਾਰ ਜੁਗ ਦੀ ਸਾਰ ਸਮਾਲੇ, ਸਤਿ ਪੁਰਖ ਨਿਰੰਜਣ ਵਡੀ ਵਡਿਆਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰਾ ਵਕ਼ਤ ਸੰਭਾਲੇ, ਵੇਲਾ ਵਕ਼ਤ ਆਪਣੇ ਹੱਥ ਰਖਾਈਆ । ਪਰਗਟ ਹੋਇਆ ਪੁਰਖ ਅਕਾਲੇ, ਬੇਪਰਵਾਹ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਈਆ । ਨਾਨਕ ਨਿਰਗੁਣ ਕਰ ਪਰਵਾਨ, ਤੇਈ ਦਸ ਮਤਾ ਪਕਾਇਆ । ਏਕਾ ਹੁਕਮ ਦੇਵੇ ਫ਼ਰਮਾਨ, ਧੁਰਦਰਗਾਹੀ ਲੈ ਕੇ ਆਇਆ । ਸਭ ਨੇ ਕਰਨਾ ਅੰਤ ਪਰਵਾਨ, ਭੁਲ ਕੋਇ ਨਾ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਵੇਸ ਆਪ ਧਰਾਇਆ । ਨਾਨਕ ਨਿਰਗੁਣ ਅੱਗੇ ਲੱਗ, ਆਪਣਾ ਰਾਹ ਚਲਾਈਆ । ਮਿਲਿਆ ਮੇਲ ਸੂਰੇ ਸਰਬੱਗ, ਸ਼ਹਿਨਸ਼ਾਹ ਵਡੀ ਵਡਿਆਈਆ । ਤੇਰੀ ਵੇਖੀ ਸਾਚੀ ਹੱਦ, ਪਾਰ ਕਿਨਾਰਾ ਪਾਰ ਕਰਾਈਆ । ਤੇਈ ਅਵਤਾਰ

੮੩੧
੧੦

ਅਧਵਿਚਕਾਰ ਆਪਣਾ ਭਾਰ ਬੈਠੇ ਰੱਖ, ਰਾਹ ਤੱਕਣ ਤੇਰਾ ਮਾਹੀਆ । ਤ੍ਰਿਲੋਕੀ ਵਿਚੋਂ ਬਾਹਰ ਕੱਢ, ਆਪਣਾ ਪੈਂਡਾ ਦੇ ਮੁਕਾਈਆ । ਲੱਖ ਚੁਰਾਸੀ ਦੇ ਛੱਡ, ਛੱਡ ਛੱਡ ਬੰਦੀ ਬੰਦ ਪਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਚਾਰ ਜੁਗ ਦਾ ਲੇਖਾ ਆਪਣੇ ਹੱਥ ਰਖਾਈਆ । ਚਾਰ ਜੁਗ ਦਾ ਲੇਖ ਅਪਾਰਾ, ਨਿਰਗੁਣ ਨਾਨਕ ਆਪ ਸਮਝਾਇੰਦਾ । ਸਾਚਾ ਸਾਚੇ ਤਖ਼ਤ ਬਹੇ ਸੱਚੀ ਸਰਕਾਰਾ, ਸਚ ਸਿੰਘਾਸਣ ਆਸਣ ਲਾਇੰਦਾ । ਬਣਿਆ ਜੱਜ ਏਕੰਕਾਰਾ, ਆਪਣਾ ਹੁਕਮ ਆਪ ਵਰਤਾਇੰਦਾ । ਨਿੰਮੀ ਨਿੰਮੀ ਵੇਖੇ ਧਾਰਾ, ਜੁਗ ਚੌਕੜੀ ਫੋਲ ਫੋਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਆਪ ਚੁਕਾਇੰਦਾ । ਚਾਰ ਜੁਗ ਦਾ ਲੰਮਾਂ ਕੇਸ, ਪੁਰਖ ਅਬਿਨਾਸ਼ੀ ਆਪ ਜਣਾਈਆ । ਸਤਿਜੁਗ ਤ੍ਰੇਤਾ ਦੁਆਪਰ ਲਿਆ ਵੇਖ, ਦਲੀਲ ਅਵਰ ਨਾ ਕੋਇ ਦ੍ਰਿੜਾਈਆ । ਕਲਜੁਗ ਅੰਤਮ ਮੰਗੀ ਪੇਸ਼ੀ ਪੇਸ਼, ਪੇਸ਼ਤਰ ਸਾਚਾ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਸਚ ਸੰਦੇਸ ਸੁਣਾਈਆ । ਚਾਰ ਜੁਗ ਦਾ ਦੀਵਾਨੀ ਝਗੜਾ, ਕਲਜੁਗ ਅੰਤਮ ਮੁੱਕਣ ਨਾ ਪਾਈਆ । ਚਾਰ ਵਰਨ ਨੂੰ ਲੱਗੇ ਰਗੜਾ, ਨਾ ਕੋਈ ਲਏ ਬਚਾਈਆ । ਨੌਂ ਖੰਡ ਪ੍ਰਿਥਮੀ ਹੋਵੇ ਗ਼ਦਰਾ, ਅੰਧ ਅੰਧੇਰਾ ਛਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਨਕ ਨਿਰਗੁਣ ਦਏ ਸਮਝਾਈਆ । ਨਾਨਕ ਨਿਰਗੁਣ ਹਰਿ ਜਣਾਏ, ਝੂਠਾ ਨਾਤਾ ਤੋੜ । ਤੇਰਾ ਕੇਸ ਨਾ ਦਾਇਰ ਹਰਿ ਕਰਾਏ, ਤੇਰਾ ਮੇਰਾ ਜੁੜਿਆ ਜੋੜ । ਦੂਰ ਦੁਰਾਡਾ ਵਕਤ ਨਾ ਕੋਇ ਮੁਕਾਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਸੁਣਾਏ । ਦੀਵਾਨੀ ਕੇਸ ਦੇਣਾ ਛੱਡ, ਲੋਕਮਾਤ ਪੁਰਖ ਅਬਿਨਾਸ਼ੀ ਆਪਣੇ ਹੱਥ ਲਏ ਵਡਿਆਈਆ । ਚਾਰ ਜੁਗ ਦੀ ਪਾਰ ਕਰਾਵਣ ਆਇਆ ਹੱਦ, ਜ਼ੋਰ ਜ਼ਬਰ ਆਪ ਧਰਾਈਆ । ਉਚੀ ਕੂਕ ਵਜਾਏ ਨੱਦ, ਸਭ ਨੂੰ ਰਿਹਾ ਸੁਣਾਈਆ । ਆਪੇ ਸ਼ਿਸ਼ਨ ਆਪੇ ਜੱਜ, ਆਪੇ ਕੋਰਟ ਰਿਹਾ ਲਗਾਈਆ । ਆਪੇ ਮੁਲਜ਼ਮ ਲਏ ਸੱਦ, ਆਪੇ ਮਜ਼ਲੂਮ ਲਏ ਬੁਲਾਈਆ । ਆਪੇ ਮਕਤੂਲ ਕ਼ਾਤਲ ਬਣੇ ਸ਼ਾਹ ਨਵਾਬ, ਆਪਣਾ ਭੇਵ ਆਪ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਨਕ ਆਪਣੇ ਰੰਗ ਸਮਾਈਆ । ਨਾਨਕ ਇਸ ਦਾ ਛੱਡੇ ਖੈਹੜਾ, ਦੀਵਾਨੀ ਕੇਸ ਮੁੱਕਣ ਨਾ ਆਈਆ । ਪੁਰਖ ਅਬਿਨਾਸ਼ੀ ਦੇਵਣ ਆਇਆ ਗੇੜਾ, ਥਿਤ ਵਾਰ ਨਾ ਕੋਇ ਰਖਾਈਆ । ਹੱਥੋ ਹੱਥੀ ਨਬੇੜੇ ਨਬੇੜਾ, ਫੜ ਫੜ ਦੇਵੇ ਆਪ ਸਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਬਿਧ ਦਏ ਬਤਾਈਆ । ਏਕਾ ਬਿਧ ਹਰਿ ਜਣਾਏ, ਸਾਚਾ ਦੇਵੇ ਧੁਰ ਫ਼ਰਮਾਨਾ । ਸਤਿਗੁਰ ਸਾਚਾ ਮੇਲ ਮਿਲਾਏ, ਤਖ਼ਤ ਨਿਵਾਸੀ ਬੈਠੇ ਸੱਚਾ ਰਾਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਵੇਖੇ ਆਪਣਾ ਭਾਣਾ । ਸਾਚਾ ਭਾਣਾ ਮਨਾ ਮਨ, ਮਨ ਇਛਿਆ ਨਾ ਕੋਇ ਰਖਾਈਆ । ਆਪੇ ਜਣਿਆ ਜਨਨੀ ਜਨ, ਜਨ ਜਣੇਂਦੀ ਪਿਤਾ ਮਾਈਆ । ਆਪੇ ਦਿਤਾ ਸਾਚਾ ਧਨ, ਨਾਮ ਧਨ ਝੋਲੀ ਪਾਈਆ । ਆਪੇ ਬੇੜਾ ਦਿਤਾ ਬੰਨ੍ਹ, ਬਣ ਮਲਾਹ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਈ ਦਸ ਆਪ ਸਮਝਾਈਆ । ਤੇਈ ਦਸ ਆਪ ਸਮਝਾਵੰਦਾ, ਪੁਰਖ ਅਬਿਨਾਸ਼ੀ ਬੇਪਰਵਾਹ । ਸਾਚਾ ਝਗੜਾ ਆਪ ਮੁਕਾਵੰਦਾ, ਹੁਕਮ ਹਾਕਮ ਆਪ ਵਰਤਾ । ਗੋਬਿੰਦ ਸੂਰਾ ਇਕ ਉਠਾਵੰਦਾ, ਹੱਥ ਖੰਡਾ ਦਏ ਚਮਕਾ । ਫੌਜਦਾਰੀ ਕੇਸ ਬਣਾ ਦੋ ਜਹਾਨ ਵੇਖ ਵਖਾਵੰਦਾ, ਸ੍ਰਿਸ਼ਟ ਸਬਾਈ ਵੇਖੇ ਥਾਉਂ ਥਾਂ ।

ਨੇਤਰ ਨੈਣ ਸਰਬ ਸ਼ਰਮਾਵੰਦਾ, ਕੋਈ ਸਕੇ ਨਾ ਨੈਣ ਉਠਾ । ਬਿਨ ਗੋਬਿੰਦ ਪੁਰਖ ਅਕਾਲ ਨਾ ਕੋਇ ਮਨਾਵੰਦਾ, ਅੰਤ ਸਰਬ ਰਹੇ ਪਛਤਾ । ਪੁਰਖ ਅਬਿਨਾਸ਼ੀ ਏਕਾ ਖੰਡਾ ਏਕਾ ਹੱਥ ਫੜਾਵੰਦਾ, ਆਪੇ ਦੇਵੇ ਸਚ ਪਨਾਹ । ਚਾਰੋਂ ਕੁੰਟ ਆਪ ਦੌੜਾਵੰਦਾ, ਦਹਿ ਦਿਸ਼ਾ ਦਏ ਭਵਾ । ਨੌਂ ਖੰਡ ਪ੍ਰਿਥਮੀ ਆਪ ਹਿਲਾਵੰਦਾ, ਸੱਤਾਂ ਦੀਪਾਂ ਠੋਕਰ ਲਾ । ਲੱਖ ਚੁਰਾਸੀ ਤੇਰਾ ਖੇਤ ਬਣਾਵੰਦਾ, ਤੇਰਾ ਸੱਥਰ ਦਏ ਵਛਾ । ਚਿੜੀਆਂ ਤੇਰੀ ਚੋਗ ਚੁਗਾਵੰਦਾ, ਤੇਰਾ ਬਾਜ਼ ਨਾਮ ਉਡਾ । ਆਪਣਾ ਡੰਕਾ ਆਪ ਵਜਾਵੰਦਾ, ਤੇਰਾ ਡੰਕਾ ਸ਼ਬਦ ਸੁਣਾ । ਰਾਓ ਰੰਕਾਂ ਆਪ ਸਮਝਾਵੰਦਾ, ਵੇਲਾ ਅੰਤਮ ਗਿਆ ਆ । ਸ਼ਾਹ ਪਾਤਸ਼ਾਹ ਕਿਸੇ ਨਾ ਕੋਇ ਬਚਾਵੰਦਾ, ਪੁਰਖ ਅਬਿਨਾਸ਼ੀ ਕਰੇ ਸਰਬ ਸਫ਼ਾ । ਉਚੇ ਟਿੱਲੇ ਫੜ ਫੜ ਢਾਵੰਦਾ, ਚੋਟੀ ਪਰਬਤ ਨਾ ਸਕੇ ਕੋਇ ਬਚਾ । ਡੂੰਘੇ ਸਮੁੰਦਰ ਫੇਰਾ ਪਾਵੰਦਾ, ਸਤਿ ਸਤਿ ਦੇਵੇ ਸੁਣਾ । ਧਰਨੀ ਆਪਣਾ ਭਾਰ ਵੇਖ ਵਖਾਵੰਦਾ, ਕਰੇ ਖੇਲ ਬੇਪਰਵਾਹ । ਤੇਈ ਅਵਤਾਰ ਸੀਸ ਝੁਕਾਵੰਦਾ, ਦੋਏ ਜੋੜ ਮੰਗਣ ਇਕ ਪਨਾਹ । ਨਾਨਕ ਸਚਾ ਏਕਾ ਗੁਣ ਗਾਵੰਦਾ, ਸਭ ਨੂੰ ਰਿਹਾ ਸੁਣਾ । ਗੋਬਿੰਦ ਸਾਚਾ ਹੁਕਮ ਜਣਾਵੰਦਾ, ਪੁਰਖ ਅਕਾਲ ਪਿਤਾ ਮਾਂ । ਜਿਸ ਦਾ ਦਿਤਾ ਪੀਣਾ ਖਾਵਣਾ, ਵਿਸ਼ਨੂੰ ਤਿਸ ਲਏ ਸਲਾਹ । ਬ੍ਰਹਮਾ ਜਿਸ ਦਾ ਮੰਨੇ ਭਾਣਾ, ਸ਼ੰਕਰ ਚਰਨ ਧੂੜ ਰਿਹਾ ਰਮਾ, ਸੋ ਪਰਗਟ ਹੋਇਆ ਵਾਲੀ ਦੋ ਜਹਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਅਦਾਲਤ ਆਪ ਲਗਾਏ ਆਪ ਵਖਾਏ ਸਚ ਮਕਾਂ । ਸਚ ਮਕਾਨ ਹੋਇਆ ਵਾਸਾ, ਪੁਰਖ ਅਬਿਨਾਸ਼ੀ ਆਸਣ ਲਾਇਆ । ਭਗਤ ਭਗਵੰਤ ਦਏ ਭਰਵਾਸਾ, ਭਗਤ ਅਠਾਰਾਂ ਦਰ ਮਿਲਾਇਆ । ਇਕ ਅੱਠ ਦਏ ਦਲਾਸਾ, ਏਕਾ ਗੁਣ ਜਣਾਇਆ । ਕਾਇਆ ਵੇਖੇ ਤੇਰਾ ਕਾਸਾ, ਸਾਚਾ ਬਾਟਾ ਫੋਲ ਫੋਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਗੁਣ ਲਏ ਜਣਾਇਆ । ਭਗਤ ਅਠਾਰਾਂ ਕਰੋ ਸਲਾਹ, ਪੁਰਖ ਅਬਿਨਾਸ਼ੀ ਦਰ ਬਹਾਈਆ । ਕਵਣ ਵੇਲਾ ਰਿਹਾ ਚਲਾ, ਚੱਪੂ ਨਾਮ ਲਗਾਈਆ । ਕਵਣ ਦੇਂਦਾ ਰਿਹਾ ਸਲਾਹ, ਧਰੂ ਪ੍ਰਹਿਲਾਦ ਤਰਾਈਆ । ਕਵਣ ਬਲ ਗੋਦ ਸੁਹਾ, ਕਵਣ ਅਮਰੀਕ ਹੋਏ ਸਹਾਈਆ । ਕਵਣ ਜਨਕ ਲਏ ਤਰਾ, ਹਰੀ ਚੰਦ ਵੱਜੇ ਵਧਾਈਆ । ਕਵਣ ਬਿਦਰ ਸੁਦਾਮਾ ਲਏ ਤਰਾ, ਕਵਣ ਜੈਦੇਵ ਕਰੇ ਪੜ੍ਹਾਈਆ । ਕਵਣ ਸੈਣ ਰਿਹਾ ਸੇਵਾ ਕਮਾ, ਕਵਣ ਰਵਿਦਾਸ ਚਮਾਰ ਢੋਏ ਢੋਰ ਵੇਖ ਵਖਾਈਆ । ਕਵਣ ਭਗਤ ਭਗਵੰਤ ਲਏ ਮਿਲਾ, ਕਵਣ ਬੱਧਕ ਹੋਏ ਸਹਾਈਆ । ਕਵਣ ਗਨਕਾ ਲਏ ਤਰਾ, ਕਵਣ ਪੂਤਨਾ ਦਏ ਤਰਾਈਆ । ਕਵਣ ਬੇਣੀ ਲਏ ਉਠਾ, ਆਪ ਆਪਣਾ ਆਪ ਜਣਾਈਆ । ਕਵਣ ਧੰਨਾ ਲਏ ਮਨਾ, ਰੁੱਸਾ ਜੱਟ ਰਿਹਾ ਸੀਸ ਝੁਕਾਈਆ । ਕਵਣ ਮੋਈ ਗਾਂ ਲਏ ਜਵਾ, ਨਾਮੇ ਛੱਪਰੀ ਕਵਣ ਛੁਹਾਈਆ । ਕਵਣ ਕਬੀਰ ਜੋਲਾਹਾ ਲਏ ਉਠਾ, ਜਿਸ ਆਪਣੀ ਕੁੰਨੀ ਭੇਂਟ ਚੜ੍ਹਾਈਆ । ਉਠੋ ਕਰੋ ਅੰਤ ਸਲਾਹ, ਵੇਲਾ ਅੰਤਮ ਆਈਆ । ਆਪਣਾ ਨਾਉਂ ਇਕ ਗਵਾਹ, ਜੋ ਲੇਖ ਦਏ ਜਣਾਈਆ । ਲੱਖ ਚੁਰਾਸੀ ਜੀਵਾਂ ਦੇਵੇ ਸਮਝਾ, ਬਿਨ ਹਰਿ ਅੰਤ ਨਾ ਕੋਇ ਸਹਾਈਆ । ਨੌਂ ਖੰਡ ਪ੍ਰਿਥਮੀ ਦੱਸੋ ਰਾਹ, ਸਾਚਾ ਮਾਰਗ ਇਕ ਲਗਾਈਆ । ਪੁਰਖ ਅਕਾਲ ਸਭ ਨੇ ਲੈਣਾ ਮਨਾ, ਦੂਜਾ ਇਸ਼ਟ ਨਾ ਕੋਇ ਮਨਾਈਆ । ਸ੍ਰਿਸ਼ਟ ਸਬਾਈ ਹੋਏ ਫਨਾ, ਮਲਕੁਲਮੌਤ ਫੇਰਾ ਪਾਈਆ । ਬਿਨ ਹਰਿ ਬਖ਼ਸ਼ੇ ਨਾ ਕੋਇ ਗੁਨਾਹ, ਜ਼ਮਾਨਤ ਦੇਣ ਕੋਇ ਨਾ ਪਾਈਆ । ਅਮਾਨਤ ਰੱਖੀ ਨਾ ਕਿਸੇ ਥਾਂ, ਵੇਲੇ ਅੰਤ ਨਾ ਕੋਇ ਸਹਾਈਆ । ਸ਼ਹਾਦਤ ਦੇਵੇ ਨਾ ਬਣ ਕੋਈ ਗਵਾਹ, ਮੌਕਿਆ ਕੋਈ ਸੰਭਾਲ ਨਾ ਸਕੇ ਰਾਈਆ । ਸਭ ਨੇ ਝੂਠਾ ਜਾਣਾ

ਮੁਖ ਛੁਪਾ, ਪੁਰਖ ਅਬਿਨਾਸ਼ੀ ਧੱਕਾ ਲਾਈਆ । ਮਾਇਆ ਰਾਣੀ ਮਾਰੇ ਧਾਹ, ਉਚੇ ਧੌਲਰ ਖ਼ਾਲੀ ਰਿਹਾ ਵਖਾਈਆ । ਰਾਜੇ ਰਾਣਿਆਂ ਕੋਇ ਨਾ ਬੰਨ੍ਹਿਆ ਸਾਹ, ਸਗਲਾ ਸੰਗ ਨਾ ਕੋਇ ਰਖਾਈਆ । ਨਾਰੀ ਕੰਤ ਜਾਏ ਵਿਹਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਭਗਤਾਂ ਆਪ ਸਮਝਾਈਆ । ਉਠੇ ਭਗਤ ਦਰ ਭਗਵਾਨ, ਆਪਣਾ ਮਤਾ ਪਕਾਇਆ । ਬਨਾਰਸ ਥੇਟਾ ਕਰ ਪਰਵਾਨ, ਇਕ ਜੋਲਾਹਾ ਨਾਲ ਉਠਾਇਆ । ਤੂੰ ਬਣਨਾ ਖੇਵਟ ਖੇਟਾ ਜਗਤ ਜਹਾਨ, ਬੇੜਾ ਮਾਤ ਮਾਤ ਚਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਮੇਲਾ ਮੇਲ ਮਿਲਾਇਆ । ਕਬੀਰ ਜੋਲਾਹਾ ਤਣ ਕੇ ਤਾਣਾ, ਤੰਦੀ ਤੰਦ ਤੰਦ ਬੰਧਾਈਆ । ਸਿਰ ਤੇ ਮੰਨਦਾ ਰਿਹਾ ਭਾਣਾ, ਜਲ ਜਲ ਆਪਣਾ ਰੋੜ੍ਹ ਰੁੜ੍ਹਾਈਆ । ਅੰਦਰ ਗੌਂਦਾ ਰਿਹਾ ਗਾਣਾ, ਅੱਠੇ ਪਹਿਰ ਵੱਜੇ ਵਧਾਈਆ । ਪੁਰਖ ਅਕਾਲ ਤੇਰਾ ਮਾਣਾ, ਤੁਧ ਬਿਨ ਅਵਰ ਨਾ ਕੋਇ ਸਹਾਈਆ । ਤੇਰਾ ਦਿਤਾ ਪੀਣਾ ਖਾਣਾ, ਦੂਜੀ ਓਟ ਨਾ ਕੋਇ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਬਖ਼ਸ਼ੇ ਸਚ ਟਿਕਾਣਾ, ਸਾਚੇ ਖੰਡ ਮਿਲੀ ਵਡਿਆਈਆ । ਸਚ ਮਕਾਨ ਸਚਖੰਡ, ਹਰਿ ਭਗਤਨ ਆਪ ਜਣਾਇਆ । ਪੁਰਖ ਅਬਿਨਾਸ਼ੀ ਵੰਡੀ ਵੰਡ, ਸਾਚਾ ਹਿੱਸਾ ਆਪ ਰਖਾਇਆ । ਭਗਤ ਭਗਵੰਤ ਨਾ ਕਰੇ ਰੰਡ, ਨਾਰੀ ਕੰਤ ਆਪ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੋਹਾਂ ਆਪਣਾ ਮੇਲ ਮਿਲਾਇਆ । ਗੋਬਿੰਦ ਸੂਰਾ ਵਡ ਬਲਵਾਨ, ਏਕਾ ਹੁਕਮ ਜਣਾਈਆ । ਚਾਰ ਯਾਰੀ ਬੜੀ ਸ਼ੈਤਾਨ, ਚੌਥੇ ਜੁਗ ਵੇਸ ਵਟਾਈਆ । ਲੱਖ ਚੁਰਾਸੀ ਭੁੱਲੀ ਬਣ ਨਾਦਾਨ, ਹਰਿ ਕਾ ਭੇਵ ਕੋਇ ਨਾ ਪਾਈਆ । ਸ਼ਰਅ ਸ਼ਰੀਅਤ ਨਾ ਦਿਸੇ ਈਮਾਨ, ਸਾਬਤ ਕੋਇ ਨਜ਼ਰ ਨਾ ਆਈਆ । ਲੇਖਾ ਜਾਣਿਆ ਨਾ ਸਚ ਕੁਰਾਨ, ਕਾਇਆ ਕੂਰਾ ਨਾ ਖੋਜ ਖੁਜਾਈਆ । ਬਿਰਹੋਂ ਮਾਰਿਆ ਨਾ ਬਾਣ, ਤੀਰ ਨਿਰਾਲਾ ਨਾ ਕੋਇ ਲਗਾਈਆ । ਮੁਹੰਮਦ ਤੇਰੀ ਚੁੱਕੇ ਆਣ, ਤੇਰਾ ਲੇਖਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਮੁਹੰਮਦ ਉਠਿਆ ਉਠ ਬਲ ਧਾਰ, ਆਪਣਾ ਸੀਸ ਆਪ ਝੁਕਾਈਆ । ਗੋਬਿੰਦ ਦੇਣਾ ਇਕ ਸਹਾਰ, ਤੇਰਾ ਮੇਲਾ ਮਿਲਿਆ ਸਾਚੇ ਮਾਹੀਆ । ਮੇਰਾ ਨਾਤਾ ਤੁੱਟਾ ਚਾਰ ਯਾਰ, ਮੇਰਾ ਸੰਗ ਨਾ ਕੋਇ ਰਖਾਈਆ । ਚੌਦਾਂ ਸਦੀਆਂ ਆਈ ਹਾਰ, ਨਾ ਦੇਵੇ ਕੋਇ ਗਵਾਹੀਆ । ਚਾਰੋਂ ਕੁੰਟ ਪੈਂਦੀ ਮਾਰ, ਮੇਰੀ ਉਮਤ ਰਹੀ ਕੁਰਲਾਈਆ । ਮੈਂ ਮੰਗੇ ਦਿਵਸ ਚਾਰ, ਚਾਰ ਦਿਹਾੜੇ ਆਪਣਾ ਗੁਣ ਅਵਗੁਣ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਗੋਬਿੰਦ ਦੇਵੇ ਮਾਣ ਵਡਿਆਈਆ । ਮੁਹੰਮਦ ਦੇਵੇ ਇਕ ਦਲੀਲ, ਆਪਣਾ ਹਾਲ ਆਪ ਸੁਣਾਇਆ । ਗੋਬਿੰਦ ਮੇਰੀ ਕਰ ਅਪੀਲ, ਮੇਰੇ ਉਤੇ ਰਹਿਮਤ ਕਰੇ ਮੇਰਾ ਖ਼ੁਦਾਇਆ । ਮੇਰਾ ਹੋਰ ਨਾ ਕੋਈ ਵਕੀਲ, ਵਕਾਲਤ ਕਰਨ ਕੋਇ ਨਾ ਆਇਆ । ਮੇਰਾ ਸਾਹਿਬ ਖ਼ਲਲ ਖ਼ਲੀਲ, ਖ਼ਾਲਕ ਵੇਖੇ ਥਾਉਂ ਥਾਇਆ । ਮੈਂ ਚੌਦਾਂ ਸਦੀਆਂ ਹੋਇਆ ਜ਼ਲੀਲ, ਮੇਰਾ ਜ਼ੁਲਮ ਨਾ ਕੋਇ ਮੇਟ ਮਿਟਾਇਆ । ਨਾ ਕੋਈ ਥਾਣਾ ਨਾ ਕੋਈ ਤਹਸੀਲ, ਨਾ ਕੋਇ ਕੋਰਟ ਨਜ਼ਰੀ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਏਕਾ ਮੰਗ ਮੰਗਾਇਆ । ਗੋਬਿੰਦ ਸੂਰਾ ਮਿਹਰਵਾਨ, ਏਕਾ ਪਿਤਾ ਆਪ ਮਨਾਈਆ । ਪੁਰਖ ਅਕਾਲ ਦੇਣਾ ਦਾਨ, ਤੇਰੀ ਵਸਤ ਮੋਹੇ ਭਾਈਆ । ਤੇਰਾ ਨਾਉਂ ਸੱਚਾ ਨਿਸ਼ਾਨ, ਲੋਕਮਾਤ ਇਕ ਝੁਲਾਈਆ । ਮੁਹੰਮਦ ਮੰਗੇ ਤੇਰੀ ਆਣ, ਤੇਰੇ ਅੱਗੇ ਝੋਲੀ ਡਾਹੀਆ । ਤੂੰ ਮੇਰੀ

੮੩੪
੧੦

ਅਰਜ਼ ਕਰ ਪਰਵਾਨ, ਅਰਜ਼ੀ ਤੇਰੇ ਅੱਗੇ ਪਾਈਆ । ਆਪਣੀ ਹੱਥੀਂ ਲਿਖ ਫ਼ਰਮਾਨ, ਤੇਰਾ ਫ਼ਰਮਾਨ ਲਿਖਿਆ ਨਾ ਕੋਇ ਮਿਟਾਈਆ । ਤੂੰ ਵਾਲੀ ਦੋ ਜਹਾਨ, ਕੁਦਰਤ ਤੇਰਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਲੇਖਾ ਦਏ ਸਮਝਾਈਆ । ਪੁਰਖ ਅਬਿਨਾਸ਼ੀ ਮੰਨਿਆ ਕਹਿਣਾ, ਹਰਿ ਗੋਬਿੰਦ ਆਪ ਜਣਾਇਆ । ਲੋਕਮਾਤ ਮੁਹੰਮਦ ਥਿਰ ਨਾ ਰਹਿਣਾ, ਜੋ ਘੜਿਆ ਭੰਨ ਵਖਾਇਆ । ਚਾਰ ਚਾਰ ਭਾਣਾ ਸਹਿਣਾ, ਚਾਰੇ ਚਾਰ ਝੋਲੀ ਪਾਇਆ । ਚਾਰ ਵੇਖੇ ਨੈਣਾ, ਚਾਰ ਚਾਰ ਵੰਡ ਵੰਡਾਇਆ । ਚਾਰ ਚਾਰ ਪਾਵੇ ਗਹਿਣਾ, ਚਾਰ ਚਾਰ ਤਨ ਸ਼ੰਗਾਰ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਦੇਵੇ ਸਾਚਾ ਵਰ, ਸਾਚਾ ਹੁਕਮ ਆਪ ਸੁਣਾਇਆ । ਸਾਚਾ ਹੁਕਮ ਹਰਿ ਨਿਰੰਕਾਰ, ਹਰਿ ਸਤਿਗੁਰ ਆਪ ਜਣਾਈਆ । ਏਕਾ ਜੋਤੀ ਦਸ ਅਵਤਾਰ, ਨਾਨਕ ਗੋਬਿੰਦ ਧਾਰ ਬੰਧਾਈਆ । ਕਲਜੁਗ ਵੰਡ ਵੰਡੇ ਸੰਸਾਰ, ਸਾਚੀ ਵੰਡ ਇਕ ਸਮਝਾਈਆ । ਚਾਰ ਵਰਨ ਦਾ ਸਚ ਪਿਆਰ, ਚਾਰ ਜੁਗ ਵੱਜੇ ਵਧਾਈਆ । ਚਾਰ ਦਿਵਸ ਕਰੇ ਪਿਆਰ, ਨਾਨਕ ਅੰਗਦ ਮੇਲ ਮਿਲਾਈਆ । ਅੰਗਦ ਅਮਰ ਦਏ ਆਧਾਰ, ਅਮਰ ਰਾਮਦਾਸ ਸਮਝਾਈਆ । ਰਾਮਦਾਸ ਕਰੇ ਵਿਚਾਰ, ਅਰਜਣ ਸ਼ਬਦ ਨਾਦ ਸੁਣਾਈਆ । ਅਰਜਣ ਸ਼ਬਦ ਹੋਏ ਉਜਿਆਰ, ਗੁਰ ਰੂਪ ਮਾਤ ਪਰਗਟਾਈਆ । ਨਾਤਾ ਤੋੜ ਪੰਜ ਵਿਕਾਰ, ਤਤਵ ਤਤ ਇਕ ਰਖਾਈਆ । ਜੋਤੀ ਜੋਤ ਕਰੇ ਉਜਿਆਰ, ਹਰਿ ਗੋਬਿੰਦ ਜੋਤ ਰੁਸ਼ਨਾਈਆ । ਗੋਬਿੰਦ ਮੇਲਾ ਕੰਤ ਭਤਾਰ, ਹਰਿਰਾਏ ਵੇਖੇ ਚਾਈਂ ਚਾਈਂਆ । ਮਿਲਿਆ ਮੇਲ ਮੀਤ ਮੁਰਾਰ, ਕ੍ਰਿਸ਼ਨਾ ਉਠ ਉਠ ਗਲੇ ਲਗਾਈਆ । ਬਹਾਦਰ ਰੱਖੀ ਤੇਗ ਧਾਰ, ਤੇਗ ਧਾਰ ਆਪ ਚਮਕਾਈਆ । ਗੋਬਿੰਦ ਕਰਿਆ ਸਚ ਪਿਆਰ, ਸੁਤ ਦੁਲਾਰਾ ਏਕਾ ਜਾਈਆ । ਚਾਰ ਜੁਗ ਦਾ ਇਕ ਆਧਾਰ, ਚਾਰ ਦਿਵਸ ਇਕ ਇਕ ਵੰਡ ਵੰਡਾਈਆ । ਮੁਹੰਮਦ ਕਰਿਆ ਖ਼ਬਰਦਾਰ, ਦੇ ਮਤ ਆਪ ਸਮਝਾਈਆ । ਹਾੜ ਸਤਾਰਾਂ ਰਹਿਣਾ ਹੋਸ਼ਿਆਰ, ਭੁਲ ਕਦੇ ਨਾ ਜਾਈਆ । ਤੇਰੀ ਉਮਤ ਜਾਏ ਹਾਰ, ਤੇਰਾ ਉਲਮਾ ਕਰੇ ਨਾ ਕੋਇ ਪੜ੍ਹਾਈਆ । ਤੇਰਾ ਸ਼ੇਖ਼ ਹੋਏ ਖ਼ਵਾਰ, ਸ਼ੇਖ਼ੀ ਕੋਇ ਰਹਿਣ ਨਾ ਪਾਈਆ । ਗੋਬਿੰਦ ਬਣਿਆ ਮੀਤ ਮੁਰਾਰ, ਸਚ ਸੰਦੇਸਾ ਦਏ ਸੁਣਾਈਆ । ਤੇਰੇ ਅੱਖਰ ਆਪਣੇ ਵਿਚ ਰਖਾਏ ਦਿਵਸ ਚਾਰ, ਗੁਰ ਗੁਰ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਤੇਰੀ ਅਪੀਲ ਆਪਣੇ ਖਾਤੇ ਲਏ ਚੜ੍ਹਾਈਆ । ਗੋਬਿੰਦ ਅਪੀਲ ਹੋਈ ਮਨਜ਼ੂਰ, ਹਰਿ ਸਾਚਾ ਸਚ ਜਣਾਇੰਦਾ । ਨਿਰਗੁਣ ਬਖ਼ਸ਼ੇ ਆਪ ਕਸੂਰ, ਪੰਜ ਤੱਤ ਵੇਖ ਵਖਾਇੰਦਾ । ਛੇਵੇਂ ਘਰ ਵਸੇ ਜ਼ਰੂਰ, ਆਪਣਾ ਆਪੇ ਆਸਣ ਲਾਇੰਦਾ । ਮੁਹੰਮਦ ਪੌਣਾ ਨਾ ਫੇਰ ਫ਼ਤੂਰ, ਫ਼ਤਵਾ ਤੇਰਾ ਆਪਣੇ ਹੱਥ ਰਖਾਇੰਦਾ । ਤੇਰਾ ਤੋੜੇ ਆਪ ਗ਼ਰੂਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦੋ ਸੌ ਛਪੰਜਾ ਦਿਨ ਤੇਰੀ ਅੰਤ ਤਾਰੀਖ਼ ਰਖਾਇੰਦਾ । ਦੋ ਸੌ ਛਪੰਜਾ ਦਿਨ ਕਰਨੀ ਗਿਣਤੀ, ਹਰਿ ਸਾਚਾ ਆਪ ਜਣਾਈਆ । ਹਾੜ ਸਤਾਰਾਂ ਕਰੇ ਮਿਣਤੀ, ਮਿਣ ਮਿਣ ਲੇਖਾ ਦਏ ਸਮਝਾਈਆ । ਨਾ ਕੋਈ ਫੁੱਟ ਨਾ ਕੋਈ ਇੰਚੀ, ਨਾ ਕੋਈ ਗਜ਼ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਤੇਰੀ ਅਪੀਲ, ਮੁਹੰਮਦ ਤੇਰੀ ਦਲੀਲ, ਨਿਰਗੁਣ ਬਣ ਆਪ ਵਕੀਲ, ਇਕ ਤਰੀਕ ਦਏ ਰਖਾਈਆ । ਇਕ ਤਰੀਕ ਦੇਵੇ ਪਾ, ਹਰਿ ਸਾਚਾ ਸਚ ਸਮਝਾਇੰਦਾ । ਦੋ ਸੌ ਛਪੰਜਾ ਦਿਨ ਤੇਰੀ ਅੰਤਮ ਵੰਡ ਵੰਡਾ, ਤੇਰਾ ਲੇਖ ਮੁਕਾਇੰਦਾ । ਚਾਰੋਂ ਤਰਫ਼ ਵੱਜੇ ਧਾਹ,

ਤੇਰਾ ਨੈਣ ਸਰਬ ਕੁਰਲਾਇੰਦਾ । ਤੇਰਾ ਮੱਕਾ ਕਾਅਬਾ ਦੇਵੇ ਢਾਹ, ਉਚਾ ਹੁਜਰਾ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਖਿਲਾਇੰਦਾ । ਦੋ ਪੰਜ ਛੇ ਰਿਹਾ ਵੇਲਾ, ਵਕ਼ਤ ਵਕ਼ਤ ਨਾਲ ਮਿਲਾਈਆ । ਅਚਰਜ ਖੇਲ ਆਪੇ ਖੇਲਾ, ਖ਼ਾਲਕ ਖ਼ਲਕ ਰੂਪ ਧਰਾਈਆ । ਆਪੇ ਬਣਿਆ ਸੱਜਣ ਸੁਹੇਲਾ, ਗੁਰ ਚੇਲਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੁਹੰਮਦ ਤੇਰੀ ਕਰੇ ਫੇਰ ਸਫ਼ਾਈਆ । ਮੁਹੰਮਦ ਤੈਨੂੰ ਅੱਗੇ ਲੈਣਾ, ਗੋਬਿੰਦ ਵੇਖੇ ਆਪਣਾ ਰਾਹ । ਪਹਿਲੋਂ ਤੇਰੀ ਉਮਤ ਮੁਕੌਣਾ, ਲੱਖ ਚੁਰਾਸੀ ਪਾਏ ਫੇਰ ਫਾਹ । ਸੰਮਤ ਅਠਾਰਾਂ ਦਿਵਸ ਸੁਹੌਣਾ, ਹਾੜ ਸਤਾਰਾਂ ਗਣਤ ਗਣਾ । ਏਕਾ ਸਿਫ਼ਰਾ ਨਾਇਆਂ ਆਪਣੀ ਝੋਲੀ ਪੌਣਾ, ਪਹਿਲੀ ਚੇਤ ਆਪ ਦ੍ਰਿੜਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਮੁਹੰਮਦ ਨੂੰ ਦਿਤੀ ਵੰਡ ਵੰਡਾ । ਸੰਮਤ ਅਠਾਰਾਂ ਇਕ ਸੌ ਨੌਂ ਦਿਨ, ਪੁਰਖ ਅਬਿਨਾਸ਼ੀ ਖੇਲ ਬਣਾਇਆ । ਆਪ ਲੰਘਾਏ ਗਿਣ ਗਿਣ, ਵੇਲਾ ਵਕ਼ਤ ਨਾ ਕਿਸੇ ਜਣਾਇਆ । ਸਭ ਦੇ ਕੋਲੋਂ ਸਭ ਦਾ ਲੇਖਾ ਲਏ ਛਿਨ, ਛੀਨਣਹਾਰ ਆਪ ਹੋ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸੰਮਤ ਅਠਾਰਾਂ ਦੋ ਸੌ ਛਪੰਜਾ ਤੇਰਾ ਦਿਹਾੜਾ, ਮੁਹੰਮਦ ਤੇਰੀ ਵੰਡ ਵੰਡਾਇਆ । ਦੋ ਸੌ ਛਪੰਜਾ ਦਿਨ ਵੰਡੀ ਵੰਡ, ਹਾੜ ਸਤਾਰਾਂ ਪਿਛਲਾ ਅੰਕ ਜਣਾਈਆ । ਸੰਮਤ ਉਨੀ ਪਹਿਲੀ ਚੇਤਰ ਹੋਏ ਰੰਡ, ਨਾਰ ਦੁਹਾਗਣ ਮੁਖ ਨਾ ਕੋਇ ਵਖਾਈਆ । ਚਾਰੋਂ ਕੁੰਟ ਕਰੇ ਖੰਡ ਖੰਡ, ਪੁਰਖ ਅਬਿਨਾਸ਼ੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੋ ਸੌ ਛਪੰਜਾ ਦਿਨ ਆਪ ਗਿਣਾਈਆ । ਵਿਸ਼ਨੂੰ ਮੰਗੇ ਦਿਨ ਚਾਰ, ਚਾਰ ਜੁਗ ਦੀ ਧਾਰਾ । ਬ੍ਰਹਮੇ ਮੰਗੇ ਦਿਨ ਚਾਰ, ਚਾਰ ਜੁਗ ਪਸਾਰਾ । ਸ਼ੰਕਰ ਮੰਗੇ ਚਾਰ ਦਿਨ, ਚਾਰ ਜੁਗ ਦੀ ਧਾਰਾ । ਤ੍ਰੈਗੁਣ ਮੰਗੇ ਚਾਰ ਦਿਨ, ਤਿੰਨਾਂ ਚੌਕਾ ਖੇਲ ਅਪਾਰਾ । ਚਾਰੇ ਖਾਣੀ ਚਾਰ ਦਿਨ, ਚਾਰ ਜੁਗ ਦਾ ਚਾਰ ਚਾਰ ਵਰਤਾਰਾ । ਤੇਈ ਅਵਤਾਰ ਮੰਗਣ ਚਾਰ ਦਿਨ, ਚਾਰ ਜੁਗ ਦੇ ਚਾਰ ਵਾਰੋ ਵਾਰਾ । ਅਠਾਰਾਂ ਭਗਤ ਮੰਗਣ ਚਾਰ ਦਿਨ, ਚਾਰ ਵਰਨ ਦਾ ਚਾਰ ਚਾਰ ਪਸਾਰਾ । ਦਸ ਗੁਰ ਮੰਗਣ ਚਾਰ ਦਿਨ, ਚਾਰ ਅੱਖਰ ਵਾਹਿਗੁਰੂ ਸ਼ਬਦ ਜੈਕਾਰਾ । ਚਾਰ ਜੁਗ ਦੇ ਚਾਰ ਦਿਨ, ਈਸਾ ਮੰਗੇ ਨਿਉਂ ਨਿਉਂ ਕਰੇ ਨਿਮਸਕਾਰਾ । ਚਾਰ ਜੁਗ ਦੇ ਚਾਰ ਦਿਨ, ਮੂਸਾ ਮੰਗੇ ਦਰ ਦਰਵੇਸ਼ ਨਿਉਂ ਨਿਉਂ ਕਰੇ ਦੋਏ ਜੋੜ ਨਿਮਸਕਾਰਾ । ਚਾਰ ਜੁਗ ਦੇ ਚਾਰ ਦਿਨ, ਮੁਹੰਮਦ ਲੰਘਾਏ ਗਿਣ ਗਿਣ, ਕਲਜੁਗ ਆਏ ਅੰਤਮ ਵਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦੋ ਸੌ ਛਪੰਜਾ ਦਿਨ ਗਿਣਤੀ ਗਿਣੀ ਵਿਚ ਸੰਸਾਰਾ । ਚਾਰ ਦਿਨ ਵਿਸ਼ਨੂੰ ਤੇਰਾ ਲੇਖ ਮੁਕੌਣਾ, ਚਾਰ ਦਿਨ ਬ੍ਰਹਮਾ ਤੇਰੀ ਵੰਡ ਰਹਿਣ ਨਾ ਪਾਈਆ । ਚਾਰ ਦਿਨ ਸ਼ੰਕਰ ਤੇਰਾ ਪੰਧ ਮੁਕੌਣਾ, ਚਾਰ ਦਿਨ ਤੇਰਾ ਰੰਗ ਰੰਗਾਈਆ । ਚਾਰ ਦਿਨ ਚਾਰੇ ਖਾਣੀ ਤੇਰਾ ਪੰਧ ਮੁਕੌਣਾ, ਜੁਗ ਚੌਕੜੀ ਪੰਧ ਮੁਕਾਈਆ । ਚਾਰ ਦਿਨ ਤੇਈ ਅਵਤਾਰਾਂ ਝੋਲੀ ਪੌਣਾ, ਖ਼ਾਲੀ ਝੋਲੀ ਆਪ ਭਰਾਈਆ । ਚਾਰ ਦਿਨ ਅਠਾਰਾਂ ਭਗਤ ਨਿਭੌਣਾ, ਸਾਚਾ ਸੰਗ ਆਪ ਰਖਾਈਆ । ਚਾਰ ਦਿਨ ਦਸ ਗੁਰ ਏਕਾ ਰੂਪ ਚੜ੍ਹੌਣਾ, ਵਾਹ ਵਾ ਗੁਰੂ ਫ਼ਤਹਿ ਗਜਾਈਆ । ਚਾਰ ਜੁਗ ਚਾਰ ਦਿਨ ਈਸਾ ਮੂਸਾ ਤੇਰਾ ਪੰਧ ਮੁਕੌਣਾ, ਮੁਹੰਮਦ ਤੇਰਾ ਪੈਂਡਾ ਰਹੇ ਨਾ ਰਾਈਆ । ਉਨੀ ਉਨੀਸਾ ਕਾਲਾ ਸੂਸਾ ਪਾੜ ਵਖੌਣਾ, ਚਾਰੋਂ ਕੁੰਟ ਫੇਰਾ ਪਾਈਆ । ਚੀਨਾ ਰੂਸਾ ਆਪ ਉਠੌਣਾ, ਤੇਰੇ ਮੱਕੇ ਕਰੇ ਸਫ਼ਾਈਆ । ਲਹਿੰਦੀ ਦਿਸ਼ਾ ਵੇਖ

ਵਖੌਣਾ, ਉੱਤਰ ਪੂਰਬ ਪੱਛਮ ਦੱਖਣ ਲਏ ਅੰਗੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਵੀਹ ਸੌ ਉਨੀ ਬਿਕ੍ਰਮੀ ਪਹਿਲੀ ਚੇਤਰ ਤੇਰਾ ਕੇਸ ਖ਼ਾਰਜ ਆਪ ਕਰੌਣਾ, ਗੋਬਿੰਦ ਦਫ਼ਤਰ ਦਾਖ਼ਲ ਦਏ ਕਰਾਈਆ । ਮੁੜ ਕੇ ਬਾਹਰ ਨਾ ਕਿਸੇ ਕਢੌਣਾ, ਹੱਥ ਰਸੀਦ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਪਹਿਲੀ ਚੇਤਰ ਵੀਹ ਸੌ ਉਨੀ ਗੁਰ ਅਵਤਾਰ, ਭਗਤ ਅਠਾਰਾਂ ਤ੍ਰੈਗੁਣ ਮਾਇਆ ਚਾਰ ਖਾਣੀ ਈਸਾ ਮੂਸਾ ਸੰਗ ਮੁਹੰਮਦ ਚਾਰ ਯਾਰੀ ਪਿਛਲਾ ਮੂਲ ਚੁਕਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਝੁਲਾਏ ਸਚ ਨਿਸ਼ਾਨ, ਅਗੰਮੀ ਦਵਾਰੇ ਦੇਵੇ ਧੁਰ ਫ਼ਰਮਾਨ, ਆਪਣਾ ਹੁਕਮ ਆਪ ਪੁਚਾਈਆ ।

ਜਿਸ ਵਖਾਈ ਨੰਗੀ ਕਿਰਪਾਨ, ਸੋ ਲੇਖਾ ਜਾਣੇ ਦੋ ਜਹਾਨ, ਮਾਰੇ ਜੀਵ ਫੜ ਸ਼ੈਤਾਨ, ਲੋਕਮਾਤ ਰਹਿਣ ਨਾ ਪਾਈਆ । ਲੱਖ ਚੁਰਾਸੀ ਬਣੇ ਕਾਹਨ, ਸਾਚੀ ਸਖ਼ੀਆਂ ਕਰੇ ਪਰਵਾਨ, ਏਕਾ ਸ਼ਬਦ ਦੇਵੇ ਦਾਨ, ਸਤਿ ਨਾਮ ਕਰੇ ਪੜ੍ਹਾਈਆ । ਗੋਬਿੰਦ ਵਸੇ ਤੇਰਾ ਮਕਾਨ, ਪੁਰਖ ਅਬਿਨਾਸ਼ੀ ਝੁਲਾਏ ਨਿਸ਼ਾਨ, ਸੰਬਲ ਨਗਰੀ ਆਪ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਵੜੇ ਜਗਤ ਘਮਸਾਨ, ਆਪੇ ਵੇਖੇ ਜਗਤ ਸ਼ਮਸ਼ਾਨ, ਆਪੇ ਭੂਮੀ ਖ਼ਾਕ ਉਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੂਆ ਪਾਂਜਾ ਛੀਕਾ ਤੇਰਾ ਲੇਖਾ ਦਏ ਮੁਕਾਈਆ । ਲੇਖਾ ਮੁਕੌਣਾ ਹਰਿ ਨਿਰੰਕਾਰ, ਅਗਲਾ ਲੇਖਾ ਫੇਰ ਪਰਗਟਾਏ । ਗੁਰਮੁਖ ਸਾਚੇ ਲਏ ਉਭਾਰ, ਜਿਸ ਜਨ ਆਪਣਾ ਦਰਸ ਦਿਖਾਏ । ਏਕਾ ਦੇਵੇ ਨਾਮ ਆਧਾਰ, ਆਤਮ ਅੰਤਰ ਆਪ ਵਸਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਹਿਲੀ ਚੇਤਰ ਬੀਸ ਉਨੀਸ ਸਭ ਦੀ ਖ਼ਾਕ ਦਏ ਉਡਾਏ । ਲੱਖ ਚੁਰਾਸੀ ਖ਼ਾਕ ਉਡਾਏ, ਗੁਰਮੁਖਾਂ ਦਏ ਮਾਣ ਵਡਿਆਈਆ । ਆਪਣੀ ਦਸਤਾਰ ਗੁਰਮੁਖਾਂ ਸੀਸ ਰਖਾਏ, ਦੇਵੇ ਮਾਣ ਵਡੀ ਵਡਿਆਈਆ । ਗੁਰ ਅਵਤਾਰਾਂ ਨਾਲ ਮਿਲਾਏ, ਗੁਰਸਿਖ ਗੁਰ ਗੁਰ ਵਿਚ ਸਮਾਈਆ । ਕਾਲ ਮਹਾਕਾਲ ਨੇੜ ਨਾ ਆਏ, ਲਾੜੀ ਮੌਤ ਨਾ ਲਏ ਪਰਨਾਈਆ । ਆਪਣੀ ਹਾੜੀ ਫਲ ਆਪੇ ਆਪ ਵਢਾਏ, ਆਪਣੇ ਖੇਤ ਆਪੇ ਲਏ ਬਚਾਈਆ । ਚਾਰੋਂ ਕੁੰਟ ਉਜਾੜਾ ਪਾਏ, ਅਗੰਮੀ ਧਾੜ ਆਪ ਉਠਾਈਆ । ਹਾੜਾ ਕਰ ਨਾ ਕੋਇ ਬਚਾਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਈਆ । ਆਪਣਾ ਭੇਵ ਹਰਿ ਜਣਾਇਆ, ਪੁਰਖ ਅਗੰਮ ਅਥਾਹ । ਸਚ ਦਰਬਾਰ ਆਪ ਲਗਾਇਆ, ਸਤਿਗੁਰ ਸੱਚੇ ਸ਼ਹਿਨਸ਼ਾਹ । ਗੋਬਿੰਦ ਵਿਚੋਲਾ ਇਕ ਬਣਾਇਆ, ਏਕਾ ਮਾਰਗ ਆਪ ਜਣਾ । ਦੋ ਪੰਜ ਛੇ ਛੇ ਪੰਜ ਦੋ ਦੋ ਪੰਜ ਛੇ ਦਏ ਸਲਾਹਿਆ, ਅੰਤਮ ਖੇੜਾ ਦਏ ਢਾਹਿਆ ਏਕਾ ਧੱਕਾ ਲਾ । ਜਾਗਰਤ ਜੋਤ ਇਕ ਜਗਾਇਆ, ਘਰ ਘਰ ਨੂਰ ਡਗਮਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੂਜਾ ਲੇਖਾ ਉਨੀ ਰਾਤ ਵਜੇ ਨੌਂ ਦਏ ਸਮਝਾ ।

## ★ ੧੯ ਹਾੜ ਸੰਮਤ ੨੦੧੮ ਬਿਕ੍ਰਮੀ ਦਰਬਾਰ ਵਿਚ ★

ਹਰਿ ਦਾ ਪਰਵਾਨਾ ਪੁੱਜਿਆ, ਗੁਰ ਗੋਬਿੰਦ ਦਿਤਾ ਫੜਾ । ਹਰਿ ਲੇਖਾ ਜਾਣੇ ਗੁੱਝਿਆ, ਏਕਾ ਹੁਕਮ ਦਏ ਸੁਣਾ । ਲਹਿਣਾ ਦੇਣਾ ਚੁੱਕੇ ਏਕਾ ਦੂਜਿਆ, ਕ਼ੁਦਰਤ ਵੇਖੇ ਆਪ ਖ਼ੁਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹ । ਫੜ ਪਰਵਾਨਾ ਧੁਰਦਰਗਾਹ, ਗੁਰ ਗੋਬਿੰਦ ਆਪ ਪੁਚਾਈਆ । ਤੂੰ ਦਾਤਾ ਸਾਹਿਬ ਸਿਫ਼ਤੀ ਸਾਲਾਹ, ਸੱਚੀ ਸਿਫ਼ਤ ਤੇਰੀ ਵਡਿਆਈਆ । ਤੇਰਾ ਬਰਦਾ ਤੇਰਾ ਦਰਵੇਸ਼ ਤੇਰਾ ਤੱਕੇ ਰਾਹ, ਨੇਤਰ ਨੈਣ ਉਠਾਈਆ । ਤੇਰੀ ਉਮਤ ਕਰੇ ਨਕਾਹ, ਲੋਕਮਾਤ ਵੇਖ ਵਖਾਈਆ । ਆਪਣੀ ਸੁਨਤ ਆਪ ਕਰਾ, ਸੂਰਤ ਸਾਚੀ ਗਿਆ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਹੁਕਮ ਸੁਣਾਈਆ । ਫੜ ਪਰਵਾਨਾ ਵੇਖਦਾ, ਵੇਖਣਹਾਰਾ ਪਰਵਰਦਿਗਾਰ । ਲੇਖਾ ਜਾਣੇ ਦਸ ਦਸਮੇਸ ਦਾ, ਦਹਿ ਦਿਸ਼ਾ ਕਰੇ ਵਿਚਾਰ । ਆਪੇ ਧਾਰੇ ਆਪਣਾ ਭੇਖ ਖੇਲ ਅਵੱਲੜਾ ਆਪੇ ਖੇਲਦਾ, ਖੇਲਣਹਾਰਾ ਏਕੰਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਸੁਣੇ ਸਚ ਪੁਕਾਰ । ਸਚ ਪੁਕਾਰ ਲਿਖੀ ਰਸੂਲ, ਰਸੂਲ ਅੱਲਾ ਇਲਾਹੀ ਨੂਰ ਧਿਆਇੰਦਾ । ਮੇਰਾ ਪਰਵਾਨਾ ਕਰ ਕ਼ਬੂਲ, ਦਰ ਤੇਰੇ ਧੂੜੀ ਖ਼ਾਕ ਰਮਾਇੰਦਾ । ਮੈਂ ਨਾ ਜਾਣਾਂ ਤੇਰਾ ਅਸੂਲ, ਤੇਰਾ ਭੇਵ ਕੋਇ ਨਾ ਆਇੰਦਾ । ਤੂੰ ਅਭੁਲ ਮੈਂ ਗਿਆ ਭੁਲ, ਭੁੱਲੇ ਮਾਰਗ ਤੂੰ ਹੀ ਪਾਇੰਦਾ । ਮੇਰਾ ਤੇਰਾ ਇਕ ਅਸੂਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਫੜ ਪਰਵਾਨਾ ਵੇਖ ਵਖਾਇੰਦਾ । ਫੜੇ ਪਰਵਾਨਾ ਦੇਵੇ ਪਾੜ, ਨੇਤਰ ਨੈਣ ਨਾ ਹਰਿ ਟਿਕਾਈਆ । ਮੁਹੰਮਦ ਤੇਰਾ ਤੁੱਟਾ ਪਿਆਰ, ਤੇਰਾ ਸੰਗ ਨਾ ਕੋਇ ਨਿਭਾਈਆ । ਤੇਰੀ ਇਛਿਆ ਲਏ ਉਭਾਰ, ਅੱਲਾ ਰਾਣੀ ਮੇਲ ਮਿਲਾਈਆ । ਮੀਆਂ ਬਣੇ ਪਰਵਰਦਿਗਾਰ, ਰੱਯਤ ਵੇਖੇ ਥਾਉਂ ਥਾਈਂਆ । ਥਰ ਥਰ ਕੰਬੇ ਸਰਬ ਸੰਸਾਰ, ਧਰਨੀ ਧਰਤ ਧਵਲ ਦਏ ਦੁਹਾਈਆ । ਉਮਤ ਰੋਵੇ ਜ਼ਾਰੋ ਜ਼ਾਰ, ਕੂਕ ਕੂਕ ਸੁਣਾਈਆ । ਖ਼ਾਲਕ ਕਰੇ ਖੇਲ ਅਪਾਰ, ਮਖ਼ਲੂਕ ਫੋਲ ਫੋਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨੁਕਤਾ ਦਏ ਜਣਾਈਆ । ਏਕਾ ਨੁਕਤਾ ਹਰਿ ਨਿਗਹ, ਨਿਗਹਬਾਨ ਵੇਖ ਵਖਾਇੰਦਾ । ਏਕਾ ਘਰ ਸੱਚੀ ਦਰਗਾਹ, ਦਰਗਹਿ ਸਾਚੀ ਸੋਭਾ ਪਾਇੰਦਾ । ਏਕਾ ਮਿਰਜ਼ਾ ਏਕਾ ਬੇਗਮ ਲਏ ਪਰਨਾ, ਬੇ ਗ਼ਮ ਆਪਣਾ ਬੰਧਨ ਪਾਇੰਦਾ । ਏਕਾ ਹੁਜਰੇ ਲਏ ਬਹਾ, ਸਚ ਮਹਿਰਾਬ ਆਪ ਸੁਹਾਇੰਦਾ । ਏਕਾ ਨੌਬਤ ਲਏ ਵਜਾ, ਸਾਚਾ ਡੰਕਾ ਇਕ ਰਖਾਇੰਦਾ । ਏਕਾ ਆਪਣੀ ਸੁਹਬਤ ਜਾਣੇ ਆਪੇ ਖ਼ੁਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪ ਜਣਾਇੰਦਾ । ਮੁਹੰਮਦ ਲੇਖਾ ਅਲਿਫ਼ ਧਾਰ, ਅਲਫ਼ੀ ਨਜ਼ਰ ਕੋਇ ਨਾ ਆਈਆ । ਕਿਸੇ ਯਾਦ ਨਾ ਰੱਖਿਆ ਹਰਿ ਨਿਰੰਕਾਰ, ਭਰਮੇ ਭੁੱਲੀ ਸਰਬ ਲੋਕਾਈਆ । ਕਰੇ ਖੇਲ ਅਪਰ ਅਪਾਰ, ਅਪਰ ਅਪਾਰਾ ਭੇਵ ਚੁਕਾਈਆ । ਦਰਗਾਹਿ ਸਾਚੀ ਹੋ ਨਿਆਰ, ਧਾਮ ਅਵੱਲੜਾ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਫੜ ਪਰਵਾਨਾ ਪਾੜਿਆ, ਪਾੜਨਹਾਰਾ ਏਕੰਕਾਰ । ਲੇਖਾ ਜਾਣੇ ਦਿਨ ਸਤਾਰਾਂ ਹਾੜਿਆ, ਹਾੜ ਸਤਾਰਾਂ ਕਰੇ ਵਿਚਾਰ । ਬਹੱਤਰ ਨਾੜੀ ਆਪੇ ਸਾੜਿਆ, ਅਗਨੀ ਲਾਏ ਤੱਤ ਅੰਗਿਆਰ । ਭੱਜਾ ਫਿਰੇ ਜੰਗਲ ਜੂਹ ਉਜਾੜ ਪਹਾੜਿਆ, ਉਚੀ ਕੂਕੇ ਕਰੇ ਪੁਕਾਰ । ਮੇਰਿਆਂ ਯਾਰਾਂ ਮੈਨੂੰ ਮਾਰਿਆ, ਚਾਰ ਯਾਰੀ ਗਈ ਹਾਰ । ਮੈਂ ਉਚਾ ਲਾਇਆ

੮੩੯
੧੦

ਨਾਅਰਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਿਆ ਖੇਲ ਅਗੰਮ ਅਪਾਰ । ਅਗੰਮ ਅਪਾਰ ਲੇਖਾ ਜਾਣੇ, ਲੇਖਾ ਲਿਖਤ ਵਿਚ ਨਾ ਆਈਆ । ਮੁਹੰਮਦ ਤੇਰਾ ਮਤਲਬ ਪਛਾਣੇ, ਮੈਖ਼ਾਨਾ ਫੋਲ ਫੋਲਾਈਆ । ਤੇਰਾ ਆਬ ਵੇਖੇ ਗੁਣ ਨਿਧਾਨੇ, ਬੇਆਬ ਫੇਰਾ ਪਾਈਆ । ਤੇਰਾ ਮਹਿਤਾਬ ਵੇਖੇ ਭਾਨੇ, ਨੂਰ ਨੂਰ ਕਵਣ ਰੁਸ਼ਨਾਈਆ । ਤੇਰੀ ਫ਼ਰਿਯਾਦ ਸੁਣੇ ਦੋ ਜਹਾਨੇ, ਫ਼ਰਿਯਾਦ ਹੋਰ ਨਾ ਕੋਇ ਵਖਾਈਆ । ਤੇਰੀ ਹੱਦ ਚੌਦਾਂ ਹੱਟ ਮਕਾਨੇ, ਚੌਦਾਂ ਤਬਕਾਂ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਪਰਵਾਨਾ ਹਰਿ ਭਗਵਾਨਾ ਟੋਟੇ ਚਾਰ ਚਾਰ ਕਰਾਈਆ । ਕਰੇ ਪਰਵਾਨਾ ਟੁਕੜੇ ਚਾਰ, ਚਾਰ ਯਾਰੀ ਬੰਦ ਤੁੜਾਇਆ । ਉਤਰ ਪੂਰਬ ਪੱਛਮ ਦੱਖਣ ਵੇਖੇ ਏਕਾ ਵਾਰ, ਚਾਰੇ ਕੁੰਟਾਂ ਏਕਾ ਵਾਰ ਵਖਾਇਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਕਰੇ ਪਾਰ, ਕਲ ਕਾਤੀ ਨਾਉਂ ਧਰਾਇਆ । ਚਾਰੇ ਵਰਨਾਂ ਕਰੇ ਖ਼ਵਾਰ, ਚਾਰੇ ਖਾਣੀ ਫੋਲ ਫੋਲਾਇਆ । ਚਾਰੇ ਬਾਣੀ ਮਾਰੇ ਮਾਰ, ਚਾਰੇ ਯਾਰ ਦਏ ਮਿਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਸੁਣਾਇਆ । ਚਾਰੇ ਟੁੱਕੜੇ ਵੰਡੇ ਵੰਡ, ਵੰਡਣਹਾਰ ਆਪ ਨਿਰੰਕਾਰਾ । ਮੁਹੰਮਦ ਪਰਵਾਨਾ ਕਰਿਆ ਖੰਡ ਖੰਡ, ਖੰਡਾ ਫੜ ਤੇਜ਼ ਕਟਾਰਾ । ਪਰਗਟ ਹੋਇਆ ਸੂਰਾ ਸਰਬੰਗ, ਨਿਰਗੁਣ ਰੂਪ ਅਪਰ ਅਪਾਰਾ । ਅਸਵ ਘੋੜੇ ਕਸੇ ਤੰਗ, ਬਣਿਆ ਸ਼ਹਿਨਸ਼ਾਹ ਸੱਚਾ ਅਸਵਾਰਾ । ਦੋ ਜਹਾਨ ਵਜਾਏ ਮਰਦੰਗ, ਚੌਦਾਂ ਤਬਕ ਦਏ ਹੁਲਾਰਾ । ਬ੍ਰਹਿਮੰਡਾਂ ਖੰਡਾਂ ਆਪੇ ਲੰਘ, ਤ੍ਰੈਭਵਨ ਧਨੀ ਪਾਵੇ ਸਾਰਾ । ਲੱਖ ਚੁਰਾਸੀ ਵੇਖੇ ਬੰਦ ਬੰਦ, ਆਪੇ ਖੋਲ੍ਹੇ ਬੰਦ ਕਿਵਾੜਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰੇ ਜੁਗਾ ਕਰੇ ਖੇਲ ਨਿਆਰਾ । ਚਾਰੇ ਟੁਕੜੇ ਚਾਰ ਧਾਰ, ਚਾਰ ਚਾਰ ਧਾਰ ਵਿਚ ਸਮਾਈਆ । ਚੌਥਾ ਜੁਗ ਕਰ ਖ਼ਵਾਰ, ਕਲਜੁਗ ਮੇਟੇ ਕੂੜੀ ਛਾਹੀਆ । ਚਾਰੋਂ ਕੁੰਟ ਮਾਰੇ ਮਾਰ, ਬਚਿਆ ਕੋਇ ਰਹਿਣ ਨਾ ਪਾਈਆ । ਉਮਤ ਰੋਵੇ ਜ਼ਾਰੋ ਜ਼ਾਰ, ਉਚੀ ਕੂਕ ਕੂਕ ਸੁਣਾਈਆ । ਅੱਲਾ ਰਾਣੀ ਖੁਲ੍ਹੜੇ ਕੇਸ ਆਏ ਦਵਾਰ, ਆਪਣੀ ਹੱਥੀਂ ਮਹਿੰਦੀ ਲਾਲ ਰੰਗਾਈਆ । ਅਮਾਮ ਅਮਾਮਾਂ ਤੇਰਾ ਕਰਾਂ ਪਿਆਰ, ਤੇਰੀ ਸੂਰਤ ਤੇਰਾ ਸਤਿ ਈਮਾਨ, ਮੇਰੀ ਸ਼ਰਅ ਕਰੇ ਕੁੜਮਾਈਆ । ਮੇਰੀ ਸ਼ਰਅ ਹੋਈ ਦੁਕਾਨ, ਨਾਲ ਮਿਲੇ ਪੰਜ ਸ਼ੈਤਾਨ, ਮੇਰਾ ਨਾਤਾ ਤੁੱਟਾ ਜਗਤ ਜਹਾਨ, ਕੁਰਾਨ ਹਦੀਸ ਨਾ ਕੋਇ ਰਖਾਈਆ । ਮੇਰਾ ਕਾਅਬਾ ਹੋਇਆ ਵੈਰਾਨ, ਮਿਲੇ ਮੇਲ ਨਾ ਹਾਣੀ ਹਾਣ, ਮੈਂ ਨਿਮਾਣੀ ਬਾਲ ਅਵਾਣ, ਆਪਣੀ ਸੁੱਧ ਨਾ ਜਾਣਾ ਰਾਈਆ । ਤੂੰ ਮੀਆਂ ਚਤੁਰ ਸੁਜਾਨ, ਏਕਾ ਦੇਣਾ ਸਾਚਾ ਦਾਨ, ਬਖ਼ਸ਼ੀਂ ਚਰਨ ਕਵਲ ਧਿਆਨ, ਵਸਤ ਅਮੋਲਕ ਝੋਲੀ ਪਾਈਆ । ਮੈਂ ਬਾਲੀ ਬੁਧ ਨੌਜਵਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਸੀਸ ਝੁਕਾਈਆ । ਅੱਲਾ ਰਾਣੀ ਮੰਗੇ ਵਰ, ਨੇਤਰ ਨੈਣ ਉਠਾਇਆ । ਪੁਰਖ ਅਬਿਨਾਸ਼ੀ ਕਿਰਪਾ ਕਰ, ਮੇਰਾ ਪਰਦਾ ਦੇ ਚੁਕਾਇਆ । ਚੌਦਾਂ ਸਦੀਆਂ ਲੱਭਦੀ ਰਹੀ ਘਰ ਘਰ, ਤੇਰਾ ਜਲਵਾ ਨਜ਼ਰ ਨਾ ਆਇਆ । ਉਚ ਮਹੱਲੇ ਵੇਖਾਂ ਖੜ, ਚਾਰੋਂ ਕੁੰਟ ਫੋਲ ਫੋਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮੁਹੰਮਦ ਆਸ਼ਾ ਰਹੀ ਕੁਰਲਾਇਆ । ਮੁਹੰਮਦ ਆਸਾ ਕਰੇ ਪੁਕਾਰ, ਖੁਲ੍ਹੜੇ ਕੇਸ ਰਹੀ ਕੁਰਲਾਈਆ । ਮੈਨੂੰ ਭੁੱਲਿਆ ਮੇਰਾ ਯਾਰ, ਯਾਰੀ ਯਾਰ ਨਾ ਤੋੜ ਨਿਭਾਈਆ । ਰਹਿਮਤ ਦਿਸੀ ਨਾ ਸਚ ਦਰਬਾਰ, ਰਹੀਮ ਸੇਵ ਨਾ ਕੋਇ ਕਮਾਈਆ । ਗ਼ਫ਼ਲਤ ਆਈ ਵਿਚ ਸੰਸਾਰ, ਉਲਫ਼ਤ ਸੰਗ ਨਾ ਕੋਇ ਨਿਭਾਈਆ ।

ਮੇਰੀ ਅਲਫ਼ੀ ਕਾਲਾ ਤਨ ਸ਼ੰਗਾਰ, ਤੇਰਾ ਰੰਗ ਨਾ ਕੋਇ ਚੜ੍ਹਾਈਆ । ਦੋ ਹਰਫ਼ੀ ਕਰਨੀ ਗੱਲ ਏਕਾ ਵਾਰ, ਯੱਕਤਰਫ਼ੀ ਡਿਗਰੀ ਦਏ ਕਰਾਈਆ । ਮੈਂ ਤਰਸੀ ਤੇਰੇ ਦਰਸ ਦੀਦਾਰ, ਤੇਰੀ ਦੀਦ ਮੇਰੀ ਈਦ ਏਕਾ ਚੰਦ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਰਹੀ ਕੁਰਲਾਈਆ । ਵਰ ਦੇਵੇ ਹੱਕ ਜਨਾਬ, ਬੇਐਬ ਪਰਵਰਦਿਗਾਰਾ । ਤੇਰੇ ਮੁਖ ਤੋਂ ਲਾਹੇ ਨਕ਼ਾਬ, ਪਰਦਾਨਸ਼ੀਂ ਹੋਏ ਪਰਵਰਦਿਗਾਰਾ । ਚਰਨ ਘੋੜੇ ਦਏ ਰਕਾਬ, ਅਸਵ ਚੜ੍ਹੇ ਸ਼ਾਹਸਵਾਰਾ । ਦੋ ਜਹਾਨਾਂ ਵੇਖੇ ਹਯਾਤ ਆਬ, ਆਬੇ ਹਯਾਤ ਦਏ ਹੁਲਾਰਾ । ਤੇਰਾ ਮੇਲਾ ਕਰੇ ਨਵਾਬ, ਸ਼ਾਹ ਨਵਾਬ ਸੱਚੀ ਸਰਕਾਰਾ । ਤੇਰਾ ਅੱਖਰ ਵੇਖੇ ਸੁਣੇ ਫ਼ਰਯਾਦ, ਖੋਲ੍ਹੇ ਬੰਦ ਕਿਵਾੜਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਆਪ ਨਿਰੰਕਾਰਾ । ਹਰਿ ਨਿਰੰਕਾਰ ਖੇਲ ਖਿਲਾਵਣਾ, ਭੁਲ ਰਹੇ ਨਾ ਰਾਈਆ । ਅੱਲਾ ਰਾਣੀ ਪਰਦਾ ਲਾਹਵਣਾ, ਕਲਜੁਗ ਅੰਤਮ ਵੇਖ ਵਖਾਈਆ । ਮੀਆਂ ਬੀਵੀ ਸੰਗ ਨਿਭਾਵਣਾ, ਏਕਾ ਸੇਜ ਕਰੇ ਰੁਸ਼ਨਾਈਆ । ਧੁਰ ਫ਼ਰਮਾਨਾ ਇਕ ਸਮਝਾਵਣਾ, ਭੁਲ ਕਦੇ ਨਾ ਜਾਈਆ । ਮੁਹੰਮਦ ਲੇਖਾ ਪਾਰ ਕਰਾਵਣਾ, ਚਾਰ ਯਾਰੀ ਦਏ ਮਿਟਾਈਆ । ਉਮਤ ਉਮਤੀ ਡੇਰਾ ਢਾਹਵਣਾ, ਸਚ ਸਲਾਮ ਦਏ ਵਡਿਆਈਆ । ਇਕ ਕਲਾਮ ਹਰਿ ਪੜ੍ਹਾਵਣਾ, ਕਾਇਨਾਤ ਵੇਖੇ ਥਾਉਂ ਥਾਈਂਆ । ਆਲਮ ਉਲਮਾ ਆਪ ਅਖਵਾਵਣਾ, ਆਲਮੀਨ ਕਰੇ ਸੱਚੀ ਸ਼ਹਿਨਸ਼ਾਹੀਆ । ਭੁਲ ਸਵਾਬ ਨਾ ਕੋਇ ਰਖਾਵਣਾ, ਏਕਾ ਰੰਗ ਰੰਗਾਈਆ । ਤੇਰਾ ਕਾਅਬਾ ਆਪਣੇ ਚਰਨਾਂ ਹੇਠ ਦਬਾਵਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਭੇਵ ਦਏ ਮਿਟਾਈਆ । ਅੱਲਾ ਰਾਣੀ ਬਣ ਨਿਮਾਣੀ, ਆਈ ਦਰ ਦਰਬਾਰ । ਖ਼ੁਦਾਵੰਦ ਲੱਭੇ ਏਕਾ ਹਾਣੀ, ਮਿਲੇ ਮੇਲ ਸਾਚਾ ਯਾਰ । ਚੌਦਾਂ ਤਬਕ ਕਿਸੇ ਹੱਥ ਨਾ ਆਏ ਠੰਡਾ ਪਾਣੀ, ਚਾਰੋਂ ਕੁੰਟ ਤਪੇ ਅੰਗਿਆਰ । ਮੈਂ ਲੇਖਾ ਤੇਰਾ ਭੁੱਲਿਆ ਗੁਣ ਨਿਧਾਨੀ, ਤੇਰਾ ਅੱਖਰ ਅਲਿਫ਼ ਨਾ ਸਕੀ ਵਿਚਾਰ । ਨਿਰਗੁਣ ਸਰਗੁਣ ਖੇਲ ਦੋ ਜਹਾਨੀ, ਤੂੰ ਦਾਤਾ ਬੇਐਬ ਪਰਵਰਦਿਗਾਰ । ਤੇਰਾ ਕਲਮਾ ਤੀਰ ਨਿਸ਼ਾਨੀ, ਬਿਰਹੋਂ ਮਾਰੇ ਮਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਆਪ ਸੰਭਾਲ । ਮੈਂ ਲੇਖਾ ਘਲਿਆ ਤੇਰੇ ਦਰ, ਦਰ ਵੱਡਾ ਵਡ ਵਡਿਆਈਆ । ਤੂੰ ਸਾਹਿਬ ਸੁਲਤਾਨ ਸਾਚਾ ਨਰ, ਆਦਿ ਜੁਗਾਦਿ ਤੇਰੀ ਸ਼ਹਿਨਸ਼ਾਹੀਆ । ਤੂੰ ਗ਼ਰੀਬ ਨਿਮਾਣਿਆਂ ਪੱਲੂ ਲਏਂ ਫੜ, ਜੋ ਆਇਣ ਸੀਸ ਝੁਕਾਈਆ । ਜੋ ਦਰ ਤੇਰੇ ਤੇ ਜਾਏ ਮਰ, ਮਰ ਜੀਵਤ ਲਏਂ ਜਿਵਾਈਆ । ਮੈਂ ਲੋਕਮਾਤ ਆਈ ਹਰ, ਆਪਣੀ ਪਤ ਗਵਾਈਆ । ਮੈਨੂੰ ਮਿਲਿਆ ਨਾ ਕੋਇ ਨਰ, ਜੋ ਮੇਰਾ ਜੋਬਨ ਲਏ ਹੰਢਾਈਆ । ਮੇਰੀ ਉਮਤ ਮੇਰੇ ਕੋਲੋਂ ਰਹੀ ਡਰ, ਮੇਰਾ ਸੰਗ ਨਾ ਕੋਇ ਰਖਾਈਆ । ਮੈਂ ਤੇਰਾ ਕਲਮਾ ਬੈਠੀ ਪੜ੍ਹ, ਮੇਰਾ ਕਲਮਾ ਭੁੱਲੀ ਲੋਕਾਈਆ । ਮੈਂ ਵਾਸਤਾ ਪਾਵਾਂ ਘਰ ਘਰ, ਉਚੀ ਕੂਕ ਕੂਕ ਸੁਣਾਈਆ । ਮੇਰਾ ਮਾਹੀਆ ਆਇਆ ਲੋਕਮਾਤ ਜੋਤ ਧਰ, ਜਿਸ ਦੀ ਵੱਜਦੀ ਰਹੇ ਵਧਾਈਆ । ਜਿਸ ਨੇ ਘਾੜਨ ਦਿਤਾ ਘੜ, ਸੋ ਅੰਤਮ ਭੰਨ ਵਖਾਈਆ । ਮੈਂ ਮੁੱਲਾ ਸ਼ੇਖ਼ ਮੁਸਾਇਕ ਦਸਤਗੀਰ ਤੇਰੇ ਦਵਾਰੇ ਲਿਆਵਾਂ ਫੜ ਫੜ, ਸਿਰ ਮੇਰੇ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਉਂ ਨਿਮਾਣੀ ਬੈਠੀ ਸੀਸ ਝੁਕਾਈਆ । ਹੋਏ ਨਿਮਾਣੀ ਮੰਗੇ ਮੰਗ, ਦੋਏ ਜੋੜ ਕਰੇ ਨਿਮਸਕਾਰਾ । ਪੁਰਖ ਅਬਿਨਾਸ਼ੀ ਕਰਨਾ ਸੰਗ, ਸਗਲਾ ਸੰਗ ਤੇਰਾ ਪਿਆਰਾ । ਮੈਂ ਤੇਰਾ ਦਵਾਰਾ ਆਈ ਲੰਘ, ਬਣੀ ਸਚ ਭਿਖਾਰਾ । ਮੇਰੀ ਝੂਠੀ ਢਾਹੀਂ

੮੪੦ ੧੦

੮੪੧
੧੦

ਕੰਧ, ਏਕਾ ਨੂਰ ਕਰੀਂ ਉਜਿਆਰਾ । ਮੇਰਾ ਮੁਕਾਈਂ ਅਗਲਾ ਪੰਧ, ਪਿਛੇ ਰਹੇ ਨਾ ਕੋਇ ਕਿਨਾਰਾ । ਮੈਨੂੰ ਸੁਣਾਈਂ ਆਪਣਾ ਛੰਦ, ਅਨਹਦ ਨਾਦ ਸੱਚੀ ਧੁਨਕਾਰਾ । ਮੇਰਾ ਖ਼ੁਸ਼ੀ ਕਰੌਣਾ ਬੰਦ ਬੰਦ, ਮੇਰੇ ਸੱਚੇ ਪਰਵਰਦਿਗਾਰਾ । ਮੈਂ ਪੱਲੇ ਬੰਨ੍ਹਾਂ ਗੰਢ, ਤੇਰਾ ਪੱਲੂ ਸਿਰਜਣਹਾਰਾ । ਮੈਂ ਦੁਹਾਗਣ ਫਿਰਾਂ ਨੰਗ, ਚਾਰੋਂ ਕੁੰਟ ਤੇਰਾ ਮਾਰਾਂ ਨਾਅਰਾ । ਬਿਨ ਤੇਰੇ ਹੋਈ ਰੰਡ, ਨਾ ਕੋਈ ਮਿਲੇ ਮੀਤ ਮੁਰਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਪੁਰਖ ਅਬਿਨਾਸ਼ੀ ਹੋ ਤਿਆਰਾ । ਦਰ ਘਰ ਦੇਵੇ ਸੱਚੀ ਵੱਥ, ਅੱਲਾ ਰਾਣੀ ਆਪ ਸਮਝਾਈਆ । ਤੇਰੀ ਚੌਦਾਂ ਸਦੀਆਂ ਸੁਣਦਾ ਰਿਹਾ ਗਾਥ, ਬਣ ਬਣ ਸੱਚਾ ਮਾਹੀਆ । ਪੀਰ ਪੈਗ਼ੰਬਰ ਔਲੀਆ ਸ਼ੇਖ਼ ਪੜ੍ਹੌਂਦੀ ਰਹੀ ਬਾਤ, ਪੜ੍ਹ ਪੜ੍ਹ ਤੇਰਾ ਕਿਸੇ ਨਾ ਨਿਭਾਇਆ ਸਾਥਾ, ਭੁੱਲੀ ਸਰਬ ਲੋਕਾਈਆ । ਚਾਰੋਂ ਕੁੰਟ ਨਾ ਮੁੱਕੀਂ ਵਾਟਾ, ਆਪਣਾ ਪੰਧ ਨਾ ਲਿਆ ਮੁਕਾਈਆ । ਆਬੇ ਹਯਾਤ ਦਿਸੇ ਨਾ ਕਿਸੇ ਬਾਟਾ, ਖ਼ਾਲੀ ਕੰਨੀ ਰਿਹਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਸਯਦਾ ਨਾ ਦਿਸੇ ਕਿਸੇ ਕਾਅਬਾ, ਤੇਰਾ ਸੀਸ ਨਾ ਕੋਇ ਝੁਕਾਈਆ । ਤੇਰਾ ਕਾਅਬਾ ਨਜ਼ਰ ਨਾ ਆਏ, ਚਾਰੋਂ ਕੁੰਟ ਅੰਧੇਰਾ ਛਾਇਆ । ਤੇਰਾ ਰਾਜਾ ਨਾ ਕੋਇ ਵਖਾਏ, ਬੈਠਾ ਮੁਖ ਭਵਾਇਆ । ਤੇਰਾ ਨਵਾਬਾ ਨਾ ਫੇਰਾ ਪਾਏ, ਦੂਰ ਦੁਰਾਡਾ ਡੇਰਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਸਾਚਾ ਹੁਕਮ ਆਪ ਸੁਣਾਇਆ । ਅੱਲਾ ਮੀਆਂ ਇਲਾਹੀ ਨੂਰ, ਆਲਮਗੀਰ ਦਇਆ ਕਮਾਇੰਦਾ । ਤੂੰ ਵੈਰਾਗਣ ਵਿਛੜੀ ਹੂਰ, ਹਜ਼ਰਤ ਆਪਣੀ ਦਇਆ ਕਮਾਇੰਦਾ । ਤੇਰਾ ਵੇਖੇ ਭਰਿਆ ਪੂਰ, ਚਾਰੋਂ ਕੁੰਟ ਫੋਲ ਫੋਲਾਇੰਦਾ । ਤੇਰਾ ਧੰਨ ਵੇਖੇ ਕੂੜ, ਕੂੜੀ ਗੰਢ ਇਕ ਬੰਨ੍ਹਾਇੰਦਾ । ਤੇਰੀ ਉਮਤ ਹੋਈ ਮੂੜ੍ਹ, ਮੇਰਾ ਨਾਮ ਨਾ ਕੋਇ ਜਣਾਇੰਦਾ । ਤੇਰੀਆਂ ਹੱਡੀਆਂ ਹੋਈਆਂ ਚੂਰ ਚੂਰ, ਤੁੱਟੀ ਹੱਡੀ ਨਾ ਕੋਇ ਬੰਧਾਇੰਦਾ । ਤੇਰਾ ਜਲਵਾ ਹੋਇਆ ਨੂਰ ਨੂਰ, ਨੂਰ ਨੁਰਾਨਾ ਚੰਦ ਨਾ ਕੋਇ ਚੜ੍ਹਾਇੰਦਾ । ਤੇਰਾ ਮੁਹੰਮਦ ਨੌਂ ਗਜ਼ ਬੈਠਾ ਰਿਹਾ ਝੂਰ, ਅੱਗੇ ਔਣ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਹੁਕਮ ਆਪ ਸੁਣਾਇੰਦਾ । ਅੱਲਾ ਰਾਣੀ ਮੰਨ ਲੈ ਕਹਿਣਾ, ਹਰਿ ਸਾਚਾ ਆਪ ਸੁਣਾਈਆ । ਸਦੀ ਚੌਦਾਂ ਅੰਤ ਨਾ ਰਹਿਣਾ, ਦੇਵੇ ਖ਼ਾਕ ਉਡਾਈਆ । ਗੋਬਿੰਦ ਦਰਸ ਕਰੇ ਨੈਣਾਂ, ਲੋਕਮਾਤ ਆਇਆ ਫੇਰਾ ਪਾਈਆ । ਪਾ ਗਲਵਕੜੀ ਪਾਏ ਝੋਲੀ ਲਹਿਣਾ, ਗਲ ਪੱਲੂ ਏਕਾ ਪਾਈਆ । ਤੇਰਾ ਭਾਣਾ ਸਹਿਣਾ ਪੈਣਾ, ਤੇਰੇ ਭਾਣੇ ਸਰਬ ਲੋਕਾਈਆ । ਮੇਰਾ ਚੁੱਕ ਲਹਿਣਾ ਦੇਣਾ, ਦੇਣਾ ਅਵਰ ਰਹੇ ਨਾ ਰਾਈਆ । ਵੱਡੇ ਵੀਰ ਛੋਟੀਆਂ ਭੈਣਾਂ, ਕਰ ਕਰ ਖ਼ੁਸ਼ੀਆਂ ਪੌਂਦੇ ਗਹਿਣਾ, ਕੰਤ ਸੁਹਾਗ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਮਤ ਰਿਹਾ ਸਮਝਾਈਆ । ਸੁਣੀ ਮਤ ਸੁਣਾਈ ਹਰਿ, ਸੁਮੱਤ ਇਕ ਵਡਿਆਇੰਦਾ । ਚਲ ਚਲ ਔਣ ਦਵਾਰੇ ਦਰ, ਦਰ ਸਾਚਾ ਇਕ ਸੁਹਾਇੰਦਾ । ਦੂਰ ਦੁਰਾਡੀ ਰਹੀ ਖੜ, ਨੇਤਰ ਨੈਣ ਸ਼ਰਮਾਇੰਦਾ । ਜਿਸ ਦੇ ਸੁਤ ਮੈਂ ਧਰਨੀ ਅੰਦਰ ਦਿਤੇ ਦੱਬ, ਤਿਸ ਅੱਗੇ ਮੇਰਾ ਮੁਖ ਨਾ ਸੋਭਾ ਪਾਇੰਦਾ । ਮੈਂ ਭੁੱਲੀ ਮੇਰੇ ਉਤੇ ਜੇ ਕਿਰਪਾ ਦੇਵੇ ਕਰ, ਗੁਣ ਅਵਗੁਣ ਨਾ ਕੋਇ ਰਖਾਇੰਦਾ । ਮੈਂ ਸੁਣਿਆ ਸਭ ਦਾ ਸਾਂਝਾ ਯਾਰ, ਹਰਖ ਸੋਗ ਨਾ ਕੋਇ ਰਖਾਇੰਦਾ । ਜੋ ਸਰਨ ਸਰਨਾਈ ਜਾਏ ਪੜ੍ਹ, ਪਤਤ ਪਾਪੀ ਪਾਰ ਕਰਾਇੰਦਾ । ਜੋ ਗੁਰੂਦਵਾਰ ਦਾ ਲੜ ਲਏ ਫੜ, ਫੜਿਆ ਪੱਲੂ ਨਾ ਫੇਰ ਛੁਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਸਾਚਾ ਖੇਲ ਆਪ ਖਿਲਾਇੰਦਾ । ਦਰ ਦਵਾਰ ਆਣ ਖਲੋਤੀ, ਮੁਹੰਮਦ ਖ਼ਾਹਸ਼ ਅੱਲਾ ਰਾਣੀ । ਦੂਰ ਬੈਠੀ ਰਹੀ ਚੁਪ ਚੁਪੀਤੀ, ਨੇਤਰ ਨੈਣ ਨੀਰ ਵਹਾਏ ਠੰਡਾ ਪਾਣੀ । ਕਲਜੁਗ ਵੇਖੇ ਅੰਤਮ ਰੀਤੀ, ਨਵ ਖੰਡ ਪ੍ਰਿਥਮੀ ਔਧ ਬੀਤੀ, ਲੱਖ ਚੁਰਾਸੀ ਹੋਈ ਬੇਪਰਾਣੀ । ਨਾ ਕੋਈ ਮੰਦਰ ਨਾ ਮਸੀਤੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਗੁਣ ਨਿਧਾਨੀ । ਗੁਣ ਨਿਧਾਨ ਖੇਲ ਖਿਲਾਇੰਦਾ, ਬੇਐਬ ਪਰਵਰਦਿਗਾਰ । ਮੁਕਾਮੇ ਹੱਕ ਬੈਠਾ ਵੇਖ ਵਖਾਇੰਦਾ, ਹੱਕ ਹਕ਼ੀਕ਼ਤ ਕਰ ਵਿਚਾਰ । ਸਾਚਾ ਸਾਲਸ ਆਪ ਅਖਵਾਇੰਦਾ, ਕਰੇ ਖੇਲ ਅਗੰਮ ਅਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਹੋਏ ਮੇਲਾ ਮੇਲਣਹਾਰ । ਮੇਲ ਮਿਲਾਏ ਦਰ ਦਰਵਾਜੇ, ਦੀਨਾਂ ਨਾਥ ਦਇਆ ਕਮਾਈਆ । ਫੜ ਫੜ ਸਾਜਣ ਆਪੇ ਸਾਜੇ, ਸਾਜਣਹਾਰ ਨਜ਼ਰ ਨਾ ਆਈਆ । ਚੌਧਵੀਂ ਸਦੀ ਰਚਿਆ ਕਾਜੇ, ਕਰਨੀ ਕਰਤਾ ਸ਼ਹਿਨਸ਼ਾਹ ਵਡੀ ਵਡਿਆਈਆ । ਅਸਵ ਘੋੜੇ ਚੜ੍ਹਿਆ ਤਾਜੇ, ਦੁਲਦੁਲ ਦੋ ਜਹਾਨਾਂ ਲੋਕਮਾਤ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਰਬਾਰ ਇਕ ਲਗਾਈਆ । ਸਚ ਦਰਬਾਰਾ ਹਰਿ ਲਗਾਇਆ, ਜਗਤ ਅਦਾਲਤ ਰਿਹਾ ਕਮਾ । ਗੋਬਿੰਦ ਸੂਰਾ ਨਾਲ ਮਿਲਾਇਆ, ਪੁਰਖ ਅਬਿਨਾਸ਼ੀ ਹੋਏ ਸਹਾ । ਸਾਚਾ ਤਾਜ ਸੀਸ ਟਿਕਾਇਆ, ਨਿਰਗੁਣ ਖੇਲ ਕਰੇ ਸੱਚਾ ਸ਼ਹਿਨਸ਼ਾਹ । ਨਿਰਗੁਣ ਆਸਾ ਨਿਰਗੁਣ ਤ੍ਰਿਸਨਾ ਨਿਰਗੁਣ ਮੁਹੰਮਦ ਨਿਰਗੁਣ ਨਿਰਗੁਣ ਆਪਣੇ ਦਰ ਲਏ ਬੁਲਾ, ਆਪ ਆਪਣਾ ਹੁਕਮ ਸੁਣਾਇਆ । ਨਿਰਗੁਣ ਗੋਬਿੰਦ ਹਾਜ਼ਰ ਹਜ਼ੂਰਾ, ਤੁਰਯਾ ਰਾਗ ਦਏ ਸੁਣਾ । ਨਿਰਗੁਣ ਜੋਤ ਨੂਰੋ ਨੂਰਾ, ਨਿਰਗੁਣ ਨਿਰਵੈਰ ਆਸਾ ਮਨਸਾ ਪੂਰਾ ਸਾਚਾ ਨਾਤਾ ਲਏ ਜੁੜਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹ । ਆਈ ਦਰ ਬਣ ਨਿਮਾਣੀ, ਗਲ ਪਲਤੂ ਏਕਾ ਪਾਈਆ । ਮੈਂ ਸੁਣੀ ਤੇਰੀ ਅਕਥ ਕਹਾਣੀ, ਤੇਰੀ ਮਹਿਮਾ ਕਥਨ ਨਾ ਜਾਈਆ । ਤੂੰ ਜੁਗ ਜੁਗ ਦੇ ਤਿਹਾਇਆਂ ਦੇਵੇਂ ਆਪਣਾ ਠੰਡਾ ਅੰਮ੍ਰਿਤ ਪਾਣੀ, ਲੱਗੀ ਪਿਆਸ ਦੇਵੇਂ ਬੁਝਾਈਆ । ਮੈਂ ਸੁਣਿਆ ਤੂੰ ਸੁਣਾਏਂ ਆਪਣੀ ਬਾਣੀ, ਬਾਣ ਨਿਰਾਲਾ ਤੀਰ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚੇ ਦਰ ਦਰ ਵਿਛੜੇ ਆਪ ਮਿਲਾਈਆ । ਗੋਬਿੰਦ ਸੂਰਾ ਉਠਿਆ, ਛੈਲ ਛਬੀਲਾ ਨੌਜਵਾਨ । ਦੀਨਾਂ ਨਾਥ ਆਪੇ ਤੁੱਠਿਆ, ਦਰ ਘਰ ਸਾਚੇ ਹੋ ਪਰਧਾਨ । ਮੁਹੰਮਦ ਤੇਰਾ ਰੰਗ ਮੇਰਾ ਪ੍ਰੇਮ ਕੁਠਿਆ, ਮੇਰਾ ਪ੍ਰੇਮ ਕਰੇ ਤੇਰਾ ਜ਼ਵਾਲ । ਕਿਸੇ ਦਿਸੇ ਨਾ ਪਾਣੀ ਹੁੱਕਿਆ, ਚਾਰੋਂ ਕੁੰਟ ਹੋਏ ਬੇਹਾਲ । ਤੇਰਾ ਸਾਹਿਬ ਤੇਰੇ ਨਾਲੋਂ ਰੁੱਸਿਆ, ਤੇਰਾ ਜਲਵਾ ਨਾ ਦਿਸੇ ਜਲਾਲ । ਤੇਰਾ ਲੇਖਾ ਕਲਜੁਗ ਅੰਤਮ ਜਿਸ ਨੇ ਪੁੱਛਿਆ, ਦਰ ਘਰ ਬੈਠ ਸੱਚੀ ਧਰਮਸਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਮਿਸਾਲ । ਮੁਹੰਮਦ ਉਠ ਕਰੇ ਪੁਕਾਰ, ਗੁਰ ਗੋਬਿੰਦ ਇਕ ਸੁਣਾਈਆ । ਮੇਰਾ ਲਹਿਣਾ ਨਾ ਮੂਲ ਚਿਤਾਰ, ਮੇਰੀ ਉਮਤ ਮੇਰੇ ਕਹਿਣੇ ਵਿਚ ਰਹੀ ਨਾ ਰਾਈਆ । ਮੈਂ ਸਭ ਨੂੰ ਦੱਸਿਆ ਸਭ ਦਾ ਇਕੋ ਸਾਂਝਾ ਯਾਰ, ਏਕਾ ਨੂਰ ਸਰਬ ਖ਼ੁਦਾਈਆ । ਮੇਰੇ ਮੁਰਸ਼ਦ ਮੇਰੇ ਨਾਲ ਕਰਿਆ ਪਿਆਰ, ਮੇਰੇ ਮੁਰੀਦ ਮੇਰਾ ਰਾਹ ਗਏ ਭੁਲਾਈਆ । ਤੇਰੇ ਨਾਲ ਜੋ ਕਰਿਆ ਜਗਤ ਵਿਹਾਰ, ਮੇਰੀ ਉਮਤ ਮਸਤਕ ਲਾਈ ਕਾਲੀ ਸ਼ਾਹੀਆ । ਤੇਰੇ ਨਿੱਕੇ ਬਾਲੇ ਜੋ ਨੀਹਾਂ ਦਿਤੇ ਉਸਾਰ, ਮੇਰੀ ਜੜ੍ਹ ਰਹੇ ਉਖੜਾਈਆ । ਜੋ ਲੰਘੇ ਤਲਵਾਰ ਦੀ ਧਾਰ, ਮੇਰਾ ਸੀਸ ਧੜ ਰਹੇ ਕਟਾਈਆ । ਮੇਰਾ ਨਾਤਾ ਤੁੱਟਾ ਸਾਂਝੇ ਯਾਰ, ਨਾ ਦੇਵੇ ਕੋਇ ਮਿਲਾਈਆ । ਮੈਂ ਫਿਰ ਫਿਰ ਥੱਕਿਆ


੮੪੨ ੧੦

ਜੰਗਲ ਜੂਹ ਉਜਾੜ ਪਹਾੜ, ਉਚੇ ਟਿੱਲੇ ਪਰਬਤ ਫੇਰਾ ਪਾਈਆ । ਅਗਨੀ ਤਪੇ ਲੱਗੀ ਹਾੜ, ਸਾਂਤ ਸਤਿ ਨਾ ਕੋਇ ਕਰਾਈਆ । ਧੁਰ ਫ਼ਰਮਾਨਾ ਦਿਤਾ ਮੇਰੇ ਪਰਵਰਦਿਗਾਰ, ਪਾਕ ਸਦਾ ਇਕ ਸੁਣਾਈਆ । ਜਾ ਕੇ ਮਿਲ ਗੋਬਿੰਦ ਯਾਰ, ਤੇਰੇ ਉਤੇ ਰਹਿਮਤ ਦਏ ਕਮਾਈਆ । ਤੇਰਾ ਪਰਵਾਨਾ ਪਾੜ ਕੇ ਟੁਕੜੇ ਕਰਿਆ ਚਾਰ, ਦੂਜੀ ਵਾਰ ਨਾ ਕੋਇ ਜੁੜਾਈਆ । ਗੋਬਿੰਦ ਵਾਰੇ ਸੁਤ ਦੁਲਾਰ, ਤੇਰਾ ਲੇਖਾ ਰਹੇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਰਮ ਭੁਲੇਖਾ ਦਏ ਕਢਾਈਆ । ਗੋਬਿੰਦ ਸਾਚਾ ਦੱਸਿਆ, ਆਪਣਾ ਭੇਵ ਖੁਲ੍ਹਾ । ਚਾਰੋਂ ਕੁੰਟ ਰੈਣ ਅੰਧੇਰੀ ਮੱਸਿਆ, ਮੇਰਾ ਚੰਦ ਚੌਧਵੀਂ ਗਿਆ ਮੁਖ ਛੁਪਾ । ਤੁਧ ਬਿਨ ਸਾਚਾ ਮਾਰਗ ਕਿਸੇ ਨਾ ਦੱਸਿਆ, ਕਲਮਾ ਹਰਿ ਇਕ ਪੜ੍ਹਾ । ਹਉਂ ਦਰ ਤੇਰੇ ਤੇ ਢੱਠਿਆ, ਮੰਗੀ ਅੰਤ ਪਨਾਹ । ਮੇਰਾ ਲੇਖਾ ਗਿਆ ਫੱਟਿਆ, ਇਕ ਵਾਰੀ ਲੈ ਬਚਾ । ਚੌਦਾਂ ਸਦੀਆਂ ਲਾਹਾ ਕੁਝ ਨਾ ਖੱਟਿਆ, ਆਪਣਾ ਮੂਲ ਬੈਠਾ ਗਵਾ । ਮੇਰਿਆਂ ਯਾਰਾਂ ਮੇਰਾ ਘਰ ਪੁੱਟਿਆ, ਮੰਗੀ ਸੱਚੀ ਨਾ ਸਚ ਦੁਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖਾਇਆ ਤੇਰਾ ਘਰ, ਤੇਰੇ ਦਰ ਤੋਂ ਹੋਵਾਂ ਫ਼ਿਦਾ । ਮਿਟੇ ਫ਼ਿਤਰਤ, ਫ਼ਰੇਬ ਮੇਰਾ ਰਹਿਣ ਨਾ ਪਾਈਆ । ਮੇਰੀ ਅੰਤ ਮਿਟਾ ਦੇ ਹਸਰਤ, ਹਜ਼ਰਤ ਆਇਆ ਦਰ ਸੀਸ ਝੁਕਾਈਆ । ਤੂੰ ਤੁਠਾ ਮੇਲੇਂ ਵਿਛੜਤ, ਵਿਛੜੇ ਲਏਂ ਮਿਲਾਈਆ । ਮੈਂ ਚੋਟੀ ਚੜ੍ਹ ਕੇ ਸਿਖਰ, ਅੰਤਮ ਡਿਗਾ ਮੂੰਹ ਦੇ ਭਾਰ, ਨਾ ਸਕੇ ਕੋਈ ਉਠਾਈਆ । ਮੈਂ ਕਰ ਕਰ ਥੱਕਾ ਫ਼ਿਕਰ, ਮੇਰਾ ਸਹਿੰਸਾ ਨਾ ਕੋਇ ਚੁਕਾਈਆ । ਮੇਰੇ ਖ਼ੁਦਾ ਮੇਰਾ ਵਿਛੋੜਾ ਮੈਨੂੰ ਲਗਾਇਆ ਹਿਜਰ, ਮੇਰੀ ਹਵਸ ਨਾ ਕੋਇ ਮਿਟਾਈਆ । ਮੈਂ ਫੜ ਫੜ ਉਠਾਇਆ ਖ਼ਵਾਜ਼ਾ ਖ਼ਿਜ਼ਰ, ਜਲ ਜਲ ਫੇਰਾ ਪਾਈਆ । ਮੈਨੂੰ ਕੋਈ ਨਾ ਆਇਆ ਨਜ਼ਰ, ਜੋ ਦਸਤਗੀਰ ਆਪਣਾ ਦਸਤ ਦਏ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਮੇਲਾ ਰਿਹਾ ਮਿਲਾਈਆ । ਮੈਂ ਸੁਣਿਆ ਤੂੰ ਕਰਦਾ ਮੇਲਾ, ਮੇਲਾ ਮੇਲਣਹਾਰ । ਮੈਂ ਸੁਣਿਆ ਤੂੰ ਰੂਪ ਰਖਾਏ ਗੁਰ ਚੇਲਾ, ਚੇਲਾ ਗੁਰ ਰੂਪ ਅਪਰ ਅਪਾਰ । ਮੈਂ ਸੁਣਿਆ ਤੂੰ ਸੱਜਣ ਸੁਹੇਲਾ, ਊਚਾਂ ਨੀਚਾਂ ਕਰੇ ਪਿਆਰ । ਮੈਂ ਸੁਣਿਆ ਤੂੰ ਵਸੇਂ ਇਕ ਇਕੇਲਾ, ਤੇਰਾ ਦਰ ਠਾਂਡਾ ਦਰਬਾਰ । ਮੈਂ ਸੁਣਿਆ ਤੂੰ ਜਾਣੇਂ ਆਪਣਾ ਵੇਲਾ, ਦੂਜਾ ਵਕ਼ਤ ਨਾ ਸਕੇ ਕੋਇ ਵਿਚਾਰ । ਮੈਂ ਸੁਣਿਆ ਤੂੰ ਆਪਣਾ ਅਚਰਜ ਖੇਲ ਖੇਲਾ, ਲੇਖਾ ਲਿਖ ਨਾ ਸਕੇ ਕੋਇ ਅੰਜੀਲ ਕ਼ੁਰਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਸਾਚਾ ਵਰ, ਮੇਰਾ ਸਾਬਤ ਰੱਖ ਈਮਾਨ । ਸਾਬਤ ਰੱਖ ਈਮਾਨ ਈਮਾਨਾ, ਇਬਨੁਲਵਕ਼ਤ ਆਪ ਜਣਾਈਆ । ਮੈਂ ਪੜ੍ਹ ਪੜ੍ਹ ਥੱਕਾ ਹਦੀਸ ਕ਼ੁਰਾਨਾ, ਕ਼ੁਰਾਨ ਹਦੀਸ ਸਚ ਸੁਣਾਈਆ । ਚਾਰੋਂ ਕੁੰਟ ਨਾ ਦਿਸੇ ਕੋਇ ਨਿਸ਼ਾਨਾ, ਨਿਗਹਬਾਨ ਨਾ ਕੋਇ ਅਖਵਾਈਆ । ਨਾ ਕੋਈ ਮਰਦ ਨਾ ਕੋਈ ਮਰਦਾਨਾ, ਬੇਵਾ ਵੇਖੇ ਸਰਬ ਲੋਕਾਈਆ । ਨਾ ਕੋਈ ਦਰਦੀ ਦਰ ਕਰੇ ਪਰਵਾਨਾ, ਦਹਿ ਦਿਸ਼ਾ ਨਾ ਕੋਇ ਸਹਾਈਆ । ਮੇਰੀ ਬਰਦੀ ਨਾਰ ਰਕਾਨਾ, ਅੱਲਾ ਰਾਣੀ ਫਿਰ ਫਿਰ ਤੇਰਾ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਅੱਗੇ ਝੋਲੀ ਡਾਹੀਆ । ਗੋਬਿੰਦ ਸੂਰਾ ਹੋ ਮਿਹਰਵਾਨ, ਆਪਣੀ ਦਇਆ ਕਮਾਇੰਦਾ । ਆਪਣਾ ਤਰਕਸ਼ ਖਿਚ ਕਮਾਨ, ਸਾਚਾ ਚਿੱਲਾ ਹੱਥ ਉਠਾਇੰਦਾ । ਮੇਰਾ ਸਾਹਿਬ ਸ੍ਰੀ ਭਗਵਾਨ, ਦੂਸਰ ਓਟ ਨਾ ਕੋਇ ਤਕਾਇੰਦਾ । ਜਿਸ ਦਾ ਝੁਲਦਾ ਰਹੇ ਨਿਸ਼ਾਨ, ਆਦਿ ਜੁਗਾਦਿ ਨਾ ਕੋਇ ਮਿਟਾਇੰਦਾ । ਜਿਸ ਦੀ ਮੰਨਦੇ ਰਹੇ ਆਣ, ਸੋ ਸਾਹਿਬ ਹੁਕਮ ਸੁਣਾਇੰਦਾ ।


੮੪੩ ੧੦

ਤੇਰਾ ਪਰਵਾਨਾ ਕਰੇ ਪਰਵਾਨ, ਗੋਬਿੰਦ ਤੇਰਾ ਸੰਗ ਨਿਭਾਇੰਦਾ । ਤੇਰੇ ਚਾਰ ਟੁਕੜੇ ਵੇਖੇ ਆਣ, ਚਾਰੋਂ ਕੁੰਟ ਫੋਲ ਫੋਲਾਇੰਦਾ । ਤੇਰਾ ਇਕ ਬਣਾਏ ਕ਼ਬਰਸਤਾਨ, ਤੇਰੀ ਉਮਤ ਏਕਾ ਵਾਰ ਦਬਾਇੰਦਾ । ਉਪਰ ਰੱਖੇ ਆਪਣਾ ਈਮਾਨ, ਆਲਮਗੀਰ ਆਪ ਹੋ ਜਾਇੰਦਾ । ਫੇਰ ਉਠ ਨਾ ਸਕੇ ਕੋਈ ਸ਼ੈਤਾਨ, ਸ਼ਰਅ ਸੰਗਲ ਨਾ ਕੋਇ ਲਟਕਾਇੰਦਾ । ਨੌਂ ਖੰਡ ਪ੍ਰਿਥਮੀ ਦੇਵੇ ਇਕ ਗਿਆਨ, ਲੱਖ ਚੁਰਾਸੀ ਆਪ ਸਮਝਾਇੰਦਾ । ਗੋਬਿੰਦ ਸੂਰਾ ਕਰੇ ਪਰਵਾਨ, ਸਚ ਪਰਵਾਨਾ ਵੇਖ ਵਖਾਇੰਦਾ । ਦੋ ਸੌ ਛਪੰਜਵਾਂ ਦਿਨ ਤੇਰਾ ਲੇਖਾ ਵਿਚ ਜਹਾਨ, ਅੰਤ ਕ਼ੁਰਬਾਨੀ ਕ਼ੁਰਬਾਨ ਕ਼ੁਰਬਾਨ ਕ਼ੁਰਬਾਨ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਖਿਲਾਇੰਦਾ । ਮੇਰੀ ਕ਼ੁਰਬਾਨੀ ਲਏ ਕ਼ੁਰਬਾਨ, ਕਰਬਲਾ ਵੇਖੇ ਬੇਪਰਵਾਹੀਆ । ਆਪਣੀ ਕ਼ੁਦਰਤ ਕਰੇ ਪਛਾਣ, ਮੇਰਾ ਮੀਆਂ ਸੱਚਾ ਸ਼ਹਿਨਸ਼ਾਹੀਆ । ਮੇਰੀ ਗ਼ੁਰਬਤ ਮੇਟੇ ਨਿਸ਼ਾਨ, ਗ਼ਫ਼ਲਤ ਗ਼ਾਫ਼ਲ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਖਿਲੌਣਾ, ਕਲਜੁਗ ਅੰਤਮ ਵਾਰ । ਨਵ ਨਵ ਚਾਰ ਚੌਕੜੀ ਪੰਧ ਚੁਕੌਣਾ, ਪੁਰਖ ਅਬਿਨਾਸ਼ੀ ਹੋ ਤਿਆਰ । ਵਿਸ਼ਨੂੰ ਏਕਾ ਮੇਲ ਮਿਲੌਣਾ, ਬ੍ਰਹਮੇ ਕਰੇ ਪਾਰ । ਸ਼ੰਕਰ ਤੇਰਾ ਤਖ਼ਤ ਉਲਟੌਣਾ, ਆਪ ਆਪਣਾ ਦਏ ਹੁਲਾਰ । ਕਰੋੜ ਤੇਤੀਸਾ ਪੰਧ ਮੁਕੌਣਾ, ਸੁਰਪਤ ਰਾਜਾ ਇੰਦ ਕਰ ਖ਼ਵਾਰ । ਤੇਈ ਅਵਤਾਰਾਂ ਵਕ਼ਤ ਚੁਕੌਣਾ, ਕਰੇ ਖੇਲ ਅਪਰ ਅਪਾਰ । ਭਗਤ ਅਠਾਰਾਂ ਗੋਦ ਬਹੌਣਾ, ਏਕਾ ਵਾਰੀ ਸੁਰਤ ਸੰਭਾਲ । ਗੁਰ ਗੁਰ ਦਸ ਜੋਤ ਜਗੌਣਾ, ਜੋਤੀ ਜੋਤ ਜੋਤ ਉਜਿਆਰ । ਈਸਾ ਆਸਾ ਪੂਰ ਕਰੌਣਾ, ਪ੍ਰਭ ਸਾਚਾ ਹੋ ਤਿਆਰ । ਮੂਸਾ ਤੇਰਾ ਨੂਰ ਡਗਮਗੌਣਾ, ਜਲਵਾ ਵਖਾਏ ਆਪ ਕਰਤਾਰ । ਮੁਹੰਮਦ ਤੇਰਾ ਮੋਹ ਤੁੜੌਣਾ, ਨਾਤਾ ਤੁਟੇ ਚਾਰ ਯਾਰ । ਚਾਰ ਵੇਦ ਤੇਰਾ ਮੋਹ ਚੁਕੌਣਾ, ਕੋਈ ਪੜ੍ਹੇ ਨਾ ਕਰੇ ਵਿਚਾਰ । ਪੁਰਾਨ ਅਠਾਰਾਂ ਲੇਖ ਚੁਕੌਣਾ, ਵੇਦ ਵਿਆਸ ਨਾ ਕੋਇ ਲਿਖਾਰ । ਗੀਤਾ ਗਿਆਨ ਗਿਆਨ ਵਿਚ ਜਣੌਣਾ, ਲਿਖਣ ਪੜ੍ਹਨ ਨਾ ਕੋਇ ਆਧਾਰ । ਅੰਜੀਲ ਕ਼ੁਰਾਨਾ ਪਾਰ ਕਰੌਣਾ, ਤੀਸ ਬਤੀਸ ਨਾ ਕੋਇ ਜੈਕਾਰ । ਖਾਣੀ ਬਾਣੀ ਲੇਖੇ ਲੌਣਾ, ਲੇਖਾ ਜਾਣੇ ਆਪ ਕਰਤਾਰ । ਚਾਰ ਵਰਨਾਂ ਡੇਰਾ ਢੌਣਾ, ਬਰਨ ਅਠਾਰਾਂ ਮਾਰੇ ਮਾਰ । ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਮੇਟ ਮਿਟੌਣਾ, ਹਿੰਦੂ ਮੁਸਲਿਮ ਸਿੱਖ ਈਸਾਈ ਨਾ ਕੋਇ ਵਿਚਾਰ । ਜ਼ਾਤ ਪਾਤ ਕੋਇ ਰਹਿਣ ਨਾ ਪੌਣਾ, ਦੀਨ ਮਜ਼੍ਹਬ ਨਾ ਕੋਇ ਆਧਾਰ । ਨਿਉਂ ਨਿਉਂ ਸਜਦਾ ਨਾ ਕਿਸੇ ਕਰੌਣਾ, ਪੰਜ ਵਕ਼ਤ ਨਾ ਨਿਮਾਜ਼ ਗੁਜ਼ਾਰ । ਰਾਧਾ ਕ੍ਰਿਸ਼ਨ ਨਾ ਕਿਸੇ ਧਿਔਣਾ, ਚਤੁਰਭੁਜ ਨਾ ਕੋਇ ਪਿਆਰ । ਆਦਿ ਸ਼ਕਤ ਨਾ ਕੋਇ ਮਨੌਣਾ, ਮਠ ਸ਼ਿਵਦਵਾਲਾ ਨਾ ਕੋਇ ਆਧਾਰ । ਮਸਜਦ ਗੁਰੂਦਵਾਰ ਨਾ ਕੋਈ ਨਜ਼ਰੀ ਔਣਾ, ਚਾਰੋਂ ਕੁੰਟ ਵੇਖੇ ਕਰੇ ਖੇਲ ਆਪ ਸਿਰਜਣਹਾਰ । ਲੱਖ ਚੁਰਾਸੀ ਏਕਾ ਰੰਗ ਰੰਗੌਣਾ, ਏਕਾ ਬ੍ਰਹਮ ਦਏ ਆਧਾਰ । ਜੂਠਾ ਝੂਠਾ ਭਾਂਡਾ ਭੰਨ ਵਖੌਣਾ, ਸਚ ਸੁੱਚ ਕਰੇ ਪਿਆਰ । ਕੂੜੀ ਕਿਰਿਆ ਮੇਟ ਮਿਟੌਣਾ, ਨਾਤਾ ਤੋੜ ਸਰਬ ਸੰਸਾਰ । ਮਾਇਆ ਮਮਤਾ ਫੰਦ ਕਟੌਣਾ, ਤ੍ਰੈਗੁਣ ਤੋੜੇ ਆਪ ਜੰਜਾਲ । ਸਾਚਾ ਹੁਕਮ ਆਪ ਸੁਣੌਣਾ, ਪਾਰਬ੍ਰਹਮ ਪ੍ਰਭ ਪੁਰਖ ਅਕਾਲ । ਸਭ ਦਾ ਇਸ਼ਟ ਇਕ ਅਖਵੌਣਾ, ਦੂਜਾ ਇਸ਼ਟ ਨਾ ਕੋਇ ਜਹਾਨ । ਜਨ ਭਗਤਾਂ ਦ੍ਰਿਸ਼ਟੀ ਆਪ ਵਖੌਣਾ, ਜਲਵਾ ਨੂਰ ਨੂਰ ਜੁਮਾਲ । ਚਾਰੋਂ ਕੁੰਟ ਨਜ਼ਰੀ ਔਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਮਿਸਾਲ । ਬੇਮਿਸਾਲ ਖੇਲ ਖਿਲਾਵਣਾ, ਸੋ ਪੁਰਖ ਨਿਰੰਜਣ ਵਡੀ ਵਡਿਆਈਆ । ਹਰਿ ਪੁਰਖ ਨਿਰੰਜਣ ਆਪਣਾ ਨੂਰ ਡਗਮਗਾਵਣਾ, ਏਕੰਕਾਰ

੮੪੪
੧੦

ਵੱਜੇ ਵਧਾਈਆ । ਆਦਿ ਨਿਰੰਜਣ ਸਾਚੇ ਦਰ ਸੋਭਾ ਪਾਵਣਾ, ਅਬਿਨਾਸ਼ੀ ਕਰਤਾ ਵੇਖ ਵਖਾਈਆ । ਸ੍ਰੀ ਭਗਵਾਨ ਮੰਗਲ ਗਾਵਣਾ, ਪਾਰਬ੍ਰਹਮ ਪ੍ਰਭ ਆਪ ਜਣਾਈਆ । ਬ੍ਰਹਮ ਲੇਖਾ ਆਪਣੇ ਹੱਥ ਰਖਾਵਣਾ, ਨੌਂ ਨੌਂ ਵੇਖੇ ਥਾਉਂ ਥਾਈਆ । ਪੁਰੀਆਂ ਲੋਆਂ ਫੇਰਾ ਪਾਵਣਾ, ਰਵ ਸਸ ਕਿਰਨ ਜੋਤ ਰੁਸ਼ਨਾਈਆ । ਮੰਡਲ ਮੰਡਪ ਡੇਰਾ ਢਾਵਣਾ, ਕਲਜੁਗ ਅੰਤਮ ਵੇਸ ਵਟਾਈਆ । ਨਿਰਗੁਣ ਜੋਤੀ ਜੋਤ ਜਗਾਵਣਾ, ਦੀਵਾ ਬਾਤੀ ਨਾ ਕੋਇ ਰਖਾਈਆ । ਨਿਹਕਲੰਕਾ ਜਾਮਾ ਪਾਵਣਾ, ਗੁਰ ਗੋਬਿੰਦ ਮੇਲ ਮਿਲਾਈਆ । ਸੰਬਲ ਨਗਰੀ ਧਾਮ ਸੁਹਾਵਣਾ, ਸਚ ਸਿੰਘਾਸਣ ਸੋਭਾ ਪਾਈਆ । ਸਾਚਾ ਢੋਲਾ ਏਕਾ ਗਾਵਣਾ, ਚਾਰੋਂ ਕੁੰਟ ਕਰੇ ਸ਼ਨਵਾਈਆ । ਆਪਣਾ ਲੇਖਾ ਫੇਰ ਪਰਗਟਾਵਣਾ, ਪਿਛਲਾ ਲੇਖਾ ਦਏ ਮੁਕਾਈਆ । ਦਸ ਦਸਮੇਸਾ ਵੇਖ ਵਖਾਵਣਾ, ਦਹਿ ਦਿਸ਼ਾ ਫੋਲ ਫੋਲਾਈਆ । ਨਰ ਨਰੇਸ਼ਾ ਨਾਉਂ ਧਰਾਵਣਾ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਸ਼ਾਹ ਸੁਲਤਾਨਾਂ ਤਖ਼ਤੋਂ ਲਾਹਵਣਾ, ਭੁਲ ਰਹੇ ਨਾ ਰਾਈਆ । ਵਾਲੀ ਹਿੰਦ ਆਪ ਜਗਾਵਣਾ, ਸੋਇਆ ਪੂਤ ਆਪ ਉਠਾਈਆ । ਫੜ ਫੜ ਬਾਹੋਂ ਪਾਰ ਕਰਾਵਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਕਰੇ ਖੇਲ ਸਾਚਾ ਹਰਿ, ਜੁਗ ਚੌਕੜੀ ਵੇਖ ਵਖਾਈਆ । ਜੁਗ ਚੌਕੜੀ ਕਰਾਇਆ ਪਾਰ ਕਿਨਾਰਾ, ਪਾਰਬ੍ਰਹਮ ਬੇਅੰਤ । ਕਲਜੁਗ ਅੰਤਮ ਆਏ ਹਾਰਾ, ਚਾਰ ਕੁੰਟ ਕੋਈ ਨਾ ਦਿਸੇ ਸਾਚਾ ਸੰਤ । ਲੱਖ ਚੁਰਾਸੀ ਹੋਈ ਵਿਭਚਾਰਾ, ਹਰਿ ਹਰਿ ਹੰਢਾਏ ਨਾ ਕੋਇ ਕੰਤ । ਦੀਪਕ ਜੋਤ ਨਾ ਕੋਇ ਉਜਿਆਰਾ, ਨਾ ਕੋਈ ਮਣੀਆ ਨਾ ਕੋਈ ਮੰਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਆਪ ਬੇਅੰਤ । ਬੇਅੰਤ ਹਰਿ ਬੇਪਰਵਾਹ, ਆਪਣਾ ਖੇਲ ਖਿਲਾਈਆ । ਨੌਂ ਖੰਡ ਪ੍ਰਿਥਮੀ ਵੇਖੇ ਥਾਉਂ ਥਾਂ, ਸੱਤਾਂ ਦੀਪਾਂ ਫੇਰਾ ਪਾਈਆ । ਵਰਨ ਬਰਨ ਰਹੇ ਕੁਰਲਾ, ਜ਼ਾਤ ਪਾਤ ਪਈ ਲੜਾਈਆ । ਕਿਸੇ ਨਾ ਦਿਸੇ ਸਾਚਾ ਥਾਂ, ਥਾਨ ਥਨੰਤਰ ਨਾ ਕੋਇ ਸੁਹਾਈਆ । ਅਠਸਠ ਤਾਰੀਆਂ ਰਹੇ ਲਾ, ਦੁਰਮਤ ਮੈਲ ਨਾ ਕੋਇ ਧਵਾਈਆ । ਜਮਨਾ ਸੁਰਸਤੀ ਬੈਠੇ ਫੇਰਾ ਪਾ, ਪਾਂਧੀ ਪੰਧ ਨਾ ਕੋਇ ਮੁਕਾਈਆ । ਮੰਦਰ ਮਸਜਿਦ ਰਹੇ ਬਣਾ, ਹਰਿ ਮੰਦਰ ਨਜ਼ਰ ਕਿਸੇ ਨਾ ਆਈਆ । ਪੜ੍ਹ ਪੜ੍ਹ ਪੁਸਤਕ ਵੇਲਾ ਰਹੇ ਗਵਾ, ਆਤਮ ਪਰਮਾਤਮ ਮੇਲ ਨਾ ਕੋਈ ਮਿਲਾਈਆ । ਆਪਣਾ ਮੰਦਰ ਨਾ ਸਕੇ ਖੁਲ੍ਹਾ, ਦੂਸਰ ਘਰ ਕਰਨ ਜਣਾਈਆ । ਆਪਣਾ ਪਤੀ ਨਾ ਸਕੇ ਮਨਾ, ਦੂਸਰਿਆਂ ਦਾ ਵਿਵਾਹ ਰਹੇ ਕਰਾਈਆ । ਪੜ੍ਹ ਪੜ੍ਹ ਚੌਥੀ ਲਾਂਵ ਰਹੇ ਸੁਣਾ, ਅਬਿਨਾਸ਼ੀ ਕਰਤਾ ਹੱਥ ਕਿਸੇ ਨਾ ਆਈਆ । ਜਿਸ ਮਿਲੇ ਨਾ ਬੇਪਰਵਾਹ, ਤਿਸ ਨਕਾਹ ਪੂਰਾ ਨਾ ਕੋਇ ਚੜ੍ਹਾਈਆ । ਜ਼ਿਮੀਂ ਅਸਮਾਨ ਮਿਲੇ ਨਾ ਥਾਂ, ਦੋਜ਼ਖ਼ਾਂ ਵਿਚ ਭਵਾਈਆ । ਗੁਰ ਪੀਰ ਕੋਈ ਨਾ ਬਣੇ ਗਵਾਹ, ਪੀਰ ਦਸਤਗੀਰ ਨਾ ਦੇਵੇ ਕੋਇ ਵਡਿਆਈਆ । ਜਿਸ ਭੁਲਿਆ ਇਕ ਖ਼ੁਦਾ, ਖ਼ਾਲਕ ਵੇਖੇ ਸਰਬ ਲੋਕਾਈਆ । ਇਕ ਇਕੱਲਾ ਹੋਇਆ ਜੁਦਾ, ਲੱਖ ਚੁਰਾਸੀ ਕੰਮ ਕਿਸੇ ਨਾ ਆਈਆ । ਕਲਜੁਗ ਅੰਤਮ ਨਾਦ ਰਿਹਾ ਵਜਾ, ਦੋ ਜਹਾਨਾਂ ਰਿਹਾ ਉਠਾਈਆ । ਆਪਣਾ ਸਾਜਣ ਆਪੇ ਸਾਜ ਆਪਣਾ ਖੇਲ ਰਿਹਾ ਖਲਾ, ਪਾਰਬ੍ਰਹਮ ਬੇਪਰਵਾਹੀਆ । ਕਲਜੁਗ ਅੰਤਮ ਫੇਰਾ ਪਾ, ਨਿਹਕਲੰਕਾ ਨਾਉਂ ਰਖਾਈਆ । ਚਾਰ ਜੁਗ ਦਾ ਲਹਿਣਾ ਦਏ ਮੁਕਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਮੂਲ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਪੁਰਖ ਬਿਧਾਤਾ ਹਰ ਰੰਗ ਰਾਤਾ, ਨਿਸ਼ਅੱਖਰ ਕਰੇ ਪੜ੍ਹਾਈਆ । ਨਿਸ਼ਅੱਖਰ ਹਰਿ ਹਰਿ ਪੜ੍ਹਿਆ, ਆਦਿ ਜੁਗਾਦੀ

ਸਾਚੀ ਕਾਰ । ਸਚਖੰਡ ਦਵਾਰੇ ਆਪੇ ਚੜ੍ਹਿਆ, ਸ਼ਾਹ ਪਾਤਸ਼ਾਹ ਸੱਚੀ ਸਰਕਾਰ । ਥਿਰ ਘਰ ਆਪੇ ਵੜਿਆ, ਕਰੇ ਖੇਲ ਅਗੰਮ ਅਪਾਰ । ਲੱਖ ਚੁਰਾਸੀ ਘਾੜਨ ਘੜਿਆ, ਘਟ ਘਟ ਜੋਤ ਕਰੇ ਉਜਿਆਰ । ਗੁਰ ਅਵਤਾਰਾਂ ਸ਼ਬਦ ਦੇਵੇ ਵਰਿਆ, ਸ਼ਬਦ ਸਨੇਹੜਾ ਸਾਚੀ ਕਾਰ । ਭਗਤ ਭਗਵੰਤ ਵਸਾਏ ਆਪਣੇ ਦਰਿਆ, ਕਰੇ ਸਚ ਵਿਹਾਰ । ਆਪੇ ਪੁਰਖ ਆਪੇ ਨਾਰੀ ਨਰਿਆ, ਨਰ ਨਰਾਇਣ ਸੱਚੀ ਸਰਕਾਰ । ਅਗਨੀ ਹਵਨ ਕਦੇ ਨਾ ਸੜਿਆ, ਮਰੇ ਨਾ ਜੰਮੇ ਵਿਚ ਸੰਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਲਹਿਣਾ ਦਏ ਉਤਾਰ । ਕਲਜੁਗ ਲਹਿਣਾ ਜਾਏ ਮੁਕ, ਸੋ ਪੁਰਖ ਨਿਰਜੰਣ ਆਪ ਮੁਕਾਈਆ । ਅੰਤਮ ਵੇਲਾ ਗਿਆ ਢੁਕ, ਚਾਰੋਂ ਕੁੰਟ ਪਈ ਦੁਹਾਈਆ । ਸਿੰਘ ਸ਼ੇਰ ਰਿਹਾ ਬੁੱਕ, ਏਕਾ ਨਾਅਰਾ ਲਾਈਆ । ਨੌਂ ਖੰਡ ਪ੍ਰਿਥਮੀ ਕੋਈ ਨਾ ਸਕੇ ਲੁਕ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਦੇਵੇ ਖ਼ਾਕ ਮਿਲਾਈਆ । ਅੰਤਮ ਸਭ ਦੇ ਮੂੰਹ ਵਿਚ ਪਏ ਥੁੱਕ, ਜੋ ਬੈਠੇ ਹਰਿ ਭੁਲਾਈਆ । ਧਰਮ ਰਾਏ ਗੋਦੀ ਲਏ ਚੁੱਕ, ਅਠਾਈ ਕੁੰਡਾਂ ਵੰਡ ਵੰਡਾਈਆ । ਕਿਸੇ ਮਾਂ ਨਾ ਲੱਭੇ ਆਪਣਾ ਪੁੱਤ, ਨਾਰੀ ਕੰਤ ਨਾ ਕੋਇ ਹੰਢਾਈਆ । ਕਲਜੁਗ ਜੀਵਾਂ ਬੂਟਾ ਰਿਹਾ ਸੁੱਕ, ਗੋਬਿੰਦ ਗੁਰ ਅੰਮ੍ਰਿਤ ਜਾਮ ਨਾ ਕਿਸੇ ਪਿਆਈਆ ।



## ★ ਪਹਿਲੀ ਸਾਵਣ ੨੦੧੮ ਬਿਕ੍ਰਮੀ ਦਰਬਾਰ ਵਿਚ ਦਇਆ ਹੋਈ ਜੇਠੂਵਾਲ ★

ਸਤਿ ਪੁਰਖ ਨਿਰੰਜਣ ਨੌਜਵਾਨ, ਆਦਿ ਅੰਤ ਸੋਭਾ ਪਾਇੰਦਾ । ਸਤਿ ਸਰੂਪੀ ਸਤਿ ਨਿਸ਼ਾਨ, ਸਤਿ ਸਤਿਵਾਦੀ ਆਪ ਝੁਲਾਇੰਦਾ । ਸ਼ਾਹੋ ਭੂਪ ਬਣ ਰਾਜ ਰਾਜਾਨ, ਸਚ ਸਿੰਘਾਸਣ ਸੋਭਾ ਪਾਇੰਦਾ । ਨਾਦ ਅਨਾਦੀ ਧੁਰ ਫ਼ਰਮਾਨ, ਬੋਧ ਅਗਾਧੀ ਆਪ ਅਲਾਇੰਦਾ । ਖੇਲਣਹਾਰਾ ਖੇਲੇ ਖੇਲ ਮਹਾਨ, ਭੇਵ ਅਭੇਦ ਆਪ ਰਖਾਇੰਦਾ । ਜੋਤੀ ਜੋਤ ਨੂਰ ਦੋ ਜਹਾਨ, ਨੂਰ ਨੁਰਾਨਾ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਏਕਾ ਹਰਿ, ਆਪਣਾ ਖੇਲ ਆਪ ਖਿਲਾਇੰਦਾ । ਸਾਚਾ ਖੇਲ ਹਰਿ ਨਿਰੰਕਾਰਾ, ਆਦਿ ਜੁਗਾਦਿ ਕਰਾਈਆ । ਸਾਚੇ ਤਖ਼ਤ ਬੈਠ ਸੱਚੀ ਸਰਕਾਰਾ, ਸ਼ਹਿਨਸ਼ਾਹ ਆਪਣੇ ਹੱਥ ਰੱਖੇ ਵਡਿਆਈਆ । ਲੇਖਾ ਜਾਣੇ ਧੁਰ ਦਰਬਾਰਾ, ਸਚਖੰਡ ਵੱਜੇ ਵਧਾਈਆ । ਥਿਰ ਘਰ ਖੋਲ੍ਹੇ ਇਕ ਕਿਵਾੜਾ, ਅਗੰਮ ਅਗੰਮੜਾ ਅਲਖ ਅਲਖਨਾ ਆਪਣਾ ਆਸਣ ਲਾਈਆ । ਏਕਾ ਹੁਕਮ ਇਕ ਵਰਤਾਰਾ, ਹੁਕਮੀ ਹੁਕਮ ਇਕ ਫਿਰਾਈਆ । ਏਕਾ ਨਾਦ ਏਕਾ ਸ਼ਬਦ ਧੁੰਨਕਾਰਾ, ਇਕ ਜੈਕਾਰਾ ਸਚ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ ਨਰ ਨਰੇਸ਼, ਏਕਾ ਏਕ ਆਪ ਪਰਗਟਾਈਆ । ਸਚ ਸੰਦੇਸਾ ਸ੍ਰੀ ਭਗਵਾਨ, ਦਰ ਘਰ ਸਾਚੇ ਆਪ ਸੁਣਾਇੰਦਾ । ਤਖ਼ਤ ਨਿਵਾਸੀ ਹੋ ਮਿਹਰਵਾਨ, ਆਪ ਆਪਣੀ ਦਇਆ ਕਮਾਇੰਦਾ । ਏਕਾ ਦਾਤਾ ਦੋ ਜਹਾਨ, ਦੋਏ ਦੋਏ ਆਪਣਾ ਰੂਪ ਧਰਾਇੰਦਾ । ਜੁਗਾ ਜੁਗੰਤਰ ਖੇਲ ਮਹਾਨ, ਜੁਗ ਕਰਤਾ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅੰਤ ਸ੍ਰੀ ਭਗਵੰਤ ਸਾਚੀ ਕਾਰ ਆਪ ਕਰਾਇੰਦਾ । ਸੋ ਪੁਰਖ ਨਿਰੰਜਣ ਸਾਚੀ ਕਾਰਾ, ਕਰਨੀ ਕਰਤਾ ਆਪ ਕਮਾਈਆ । ਹਰਿ ਪੁਰਖ ਨਿਰੰਜਣ ਹੋ ਉਜਿਆਰਾ, ਆਪਣਾ ਬਲ ਆਪ ਧਰਾਈਆ ।

੮੪੭
੧੦

ਏਕੰਕਾਰ ਕਰ ਪਸਾਰਾ, ਆਪਣੀ ਮਹਿਮਾ ਆਪ ਜਣਾਈਆ । ਆਦਿ ਨਿਰੰਜਣ ਜੋਤੀ ਧਾਰਾ, ਨੂਰੋ ਨੂਰ ਡਗਮਗਾਈਆ । ਅਬਿਨਾਸ਼ੀ ਕਰਤਾ ਵਸੇ ਧਾਮ ਨਿਆਰਾ, ਨਿਹਚਲ ਧਾਮ ਵਡ ਵਡਿਆਈਆ । ਸ੍ਰੀ ਭਗਵਾਨ ਸਾਂਝਾ ਯਾਰਾ, ਸਾਖਿਆਤ ਖੇਲ ਖਿਲਾਈਆ । ਪਾਰਬ੍ਰਹਮ ਪ੍ਰਭ ਕਰ ਪਸਾਰਾ, ਆਪਣਾ ਘਾੜਨ ਆਪ ਘੜਾਈਆ । ਆਪਣੀ ਇਛਿਆ ਕਰ ਵਿਚਾਰਾ, ਸਾਚੀ ਭਿਛਿਆ ਲਏ ਉਪਾਈਆ । ਬਾਢੀ ਬਣ ਹਰਿ ਤਰਖਾਣਾ, ਸਾਚੀ ਸੇਵਾ ਸੇਵ ਕਮਾਈਆ । ਸਚਖੰਡ ਨਿਵਾਸੀ ਸਚਖੰਡ ਬਣਾਏ ਸਚ ਦਵਾਰਾ, ਛੱਪਰ ਛੰਨ ਨਾ ਕੋਇ ਛੁਹਾਈਆ । ਏਕਾ ਜੋਤ ਨੂਰ ਉਜਿਆਰਾ, ਨੂਰ ਨੁਰਾਨਾ ਡਗਮਗਾਈਆ । ਏਕਾ ਤਖ਼ਤ ਕਰ ਪਿਆਰਾ, ਤਖ਼ਤ ਨਿਵਾਸੀ ਆਪ ਸੁਹਾਈਆ । ਇਕ ਸਿੰਘਾਸਣ ਦਏ ਸਹਾਰਾ, ਪੁਰਖ ਅਬਿਨਾਸ਼ਨ ਆਸਣ ਲਾਈਆ । ਏਕਾ ਤਾਜ ਸੀਸ ਦਸਤਾਰਾ, ਤਾਜਨ ਤਾਜ ਵਡ ਵਡਿਆਈਆ । ਏਕਾ ਰਾਗ ਧੁੰਨ ਜੈਕਾਰਾ, ਅਗੰਮ ਅਗੰਮੜਾ ਆਪ ਸੁਣਾਈਆ । ਆਪਣਾ ਕਰ ਸਤਿ ਪਸਾਰਾ, ਨਿਰਗੁਣ ਨਿਰਵੈਰ ਵੇਖ ਵਖਾਈਆ । ਅਕਾਲ ਮੂਰਤ ਕਰ ਪਸਾਰਾ, ਅਜੂਨੀ ਰਹਿਤ ਵੇਸ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਆਪ ਉਠਾਈਆ । ਆਪਣਾ ਪਰਦਾ ਆਪ ਉਠਾਏ, ਸੋ ਪੁਰਖ ਨਿਰੰਜਣ ਹਰਿ ਨਿਰੰਕਾਰਾ । ਸਚਖੰਡ ਨਿਵਾਸੀ ਦਰ ਘਰ ਸਾਚੇ ਸੋਭਾ ਪਾਏ, ਸ਼ਾਹੋ ਭੂਪ ਬਣ ਸਿਕਦਾਰਾ । ਹੁਕਮੀ ਹੁਕਮ ਇਕ ਵਰਤਾਏ, ਬੇਪਰਵਾਹ ਬੇਐਬ ਪਰਵਰਦਿਗਾਰਾ । ਆਪਣਾ ਮੰਦਰ ਆਪ ਸੁਹਾਏ, ਆਪੇ ਹੋਏ ਵੇਖਣਹਾਰਾ । ਦੂਸਰ ਨਾ ਕੋਈ ਸੰਗ ਰਲਾਏ, ਨਾ ਕੋਈ ਦਿਸੇ ਮੀਤ ਮੁਰਾਰਾ । ਆਪਣੀ ਕਰਨੀ ਆਪ ਕਰਾਏ, ਹਰਿ ਕਰਤਾ ਕਰਨੇਹਾਰਾ । ਜੋਤੀ ਬਾਤੀ ਡਗਮਗਾਏ, ਕਵਲ ਕਵਲ ਨੈਣ ਮੁੰਧਾਰਾ । ਸਾਚੀ ਤਾਕੀ ਆਪ ਖੁਲ੍ਹਾਏ, ਖੋਲ੍ਹੇ ਬੰਦ ਕਿਵਾੜਾ । ਘਰ ਵਿਚ ਘਰ ਲਏ ਪਰਗਟਾਏ, ਕਰੇ ਖੇਲ ਅਪਰ ਅਪਾਰਾ । ਥਿਰ ਘਰ ਆਪਣਾ ਰੂਪ ਵਖਾਏ ਚਰਨ ਕਵਲ ਕਵਲ ਸਹਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਆਪੇ ਜਾਣੇ ਆਪਣੀ ਕਾਰਾ । ਆਦਿ ਜੁਗਾਦੀ ਕਾਰ ਕਮਾਇੰਦਾ, ਕਰਤਾ ਪੁਰਖ ਅਗੰਮ । ਜੁਗ ਚੌਕੜੀ ਵੇਖ ਵਖਾਇੰਦਾ, ਅਲਖ ਅਲਖਣਾ ਹਰਿ ਅਗੰਮ । ਸ਼ਬਦ ਸ਼ਬਦੀ ਰੂਪ ਪਰਗਟਾਇੰਦਾ, ਜੋਤੀ ਜਾਤਾ ਜੋਤੀ ਜਨ । ਕਰਨੀ ਕਰਤਾ ਆਪ ਕਰਾਇੰਦਾ, ਆਪ ਆਪਣਾ ਬੇੜਾ ਬੰਨ੍ਹ । ਸਚਖੰਡ ਸਾਚਾ ਆਪ ਸੁਹਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਅੰਦਰ ਆਪੇ ਜਾਏ ਮੰਨ ।

ਹਰਿ ਜਗਦੀਸਾ ਖੇਲ ਅਪਾਰਾ, ਨਿਰਗੁਣ ਨਿਰਵੈਰ ਆਪ ਕਰਾਈਆ । ਜੋਤੀ ਜੋਤ ਹੋ ਉਜਿਆਰਾ, ਨੂਰੋ ਨੂਰ ਨੂਰ ਰੁਸ਼ਨਾਈਆ । ਨਾਦੀ ਨਾਦ ਨਾਦ ਜੈਕਾਰਾ, ਬੋਧ ਅਗਾਧ ਸ਼ਬਦ ਪੜ੍ਹਾਈਆ । ਦੋ ਜਹਾਨਾਂ ਪਾਵੇ ਸਾਰਾ, ਲੋਆਂ ਪੁਰੀਆਂ ਵੇਖ ਵਖਾਈਆ । ਬ੍ਰਹਿਮੰਡਾਂ ਖੰਡਾਂ ਖੋਲ੍ਹ ਕਿਵਾੜਾ, ਤ੍ਰੈਭਵਨ ਵੇਸ ਵਟਾਈਆ । ਵਿਸ਼ਨ ਬ੍ਰਹਮਾ ਸ਼ਿਵ ਦਏ ਹੁਲਾਰਾ, ਸੋਇਆ ਕੋਇ ਰਹਿਣ ਨਾ ਪਾਈਆ । ਏਕਾ ਹੁਕਮ ਹਰਿ ਵਰਤਾਰਾ, ਧੁਰ ਦਰਬਾਰਾ ਰਿਹਾ ਸੁਣਾਈਆ । ਕਰੇ ਖੇਲ ਅਪਰ ਅਪਾਰਾ, ਅਪਰੰਪਰ ਆਪਣੇ ਹੱਥ ਰੱਖੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅੰਤ ਆਪਣੇ ਹੱਥ ਵਖਾਈਆ । ਵਿਸ਼ਨ ਬ੍ਰਹਮਾ ਸ਼ਿਵ ਉਠਾਇਆ, ਪੁਰਖ ਅਬਿਨਾਸ਼ੀ ਦਇਆ ਕਮਾ । ਤ੍ਰੈਗੁਣ ਮੇਲਾ ਮੇਲ ਮਿਲਾਇਆ,

ਪੰਜ ਤੱਤ ਝੋਲੀ ਪਾ । ਤੇਈ ਅਵਤਾਰ ਲਏ ਬੁਲਾਇਆ, ਸ਼ਬਦ ਸੰਦੇਸਾ ਇਕ ਸੁਣਾ । ਭਗਤ ਅਠਾਰਾਂ ਲਏ ਉਠਾਇਆ, ਨਾਮ ਹਲੂਣਾ ਏਕਾ ਲਾ । ਦਸ ਦਸ ਮੇਲਾ ਆਪ ਕਰਾਇਆ, ਆਪ ਆਪਣਾ ਪਰਦਾ ਚੁਕਾ । ਏਕਾ ਰੂਪ ਸਰਬ ਦਰਸਾਇਆ, ਨਿਰਗੁਣ ਜੋਤ ਜੋਤ ਰੁਸ਼ਨਾ । ਨਿਹਕਲੰਕਾ ਬਣ ਕੇ ਆਇਆ, ਸ਼ਬਦੀ ਡੰਕਾ ਇਕ ਵਜਾ । ਮਾਤ ਪਿਤ ਭੈਣ ਭਾਈ ਨਾ ਕੋਇ ਰਖਾਇਆ, ਸਾਕ ਸੱਜਣ ਸੈਣ ਗਿਆ ਤਜਾ । ਆਪਣੀ ਅਗਨੀ ਆਪੇ ਸੜ ਕੇ ਆਇਆ, ਸਰਗੁਣ ਰੂਪ ਵਟਾ । ਸਿੰਘ ਸ਼ੇਰ ਸ਼ੇਰ ਬਣ ਕੇ ਆਇਆ, ਸ਼ਹਿਨਸ਼ਾਹ ਸੱਚਾ ਪਾਤਸ਼ਾਹ । ਲੱਖ ਚੁਰਾਸੀ ਵੇਖ ਵਖਾਇਆ, ਜੀਵ ਜੰਤ ਕੋਈ ਭੁੱਲੇ ਨਾ । ਹਰ ਘਟ ਅੰਦਰ ਡੇਰਾ ਲਾਇਆ, ਲੱਖ ਚੁਰਾਸੀ ਦਿਸੇ ਨਾ । ਧੁਰ ਫ਼ਰਮਾਨਾ ਰਿਹਾ ਸੁਣਾਇਆ, ਸ਼ਬਦ ਅਗੰਮ ਢੋਲਾ ਗਾ । ਰਾਜ ਰਾਜਾਨਾਂ ਰਿਹਾ ਮਿਟਾਇਆ, ਤਖ਼ਤ ਨਿਵਾਸੀ ਤਖ਼ਤੋਂ ਦੇਵੇ ਲਾਹ । ਸੀਸ ਤਾਜ ਨਾ ਕੋਇ ਟਿਕਾਇਆ, ਚਾਰੋਂ ਕੁੰਟ ਵੇਖੇ ਥਾਉਂ ਥਾਂ । ਨਵ ਸਤ ਆਪਣਾ ਹੁਕਮ ਫਿਰਾਇਆ, ਨਵ ਨੌਂ ਗੇੜਾ ਆਪ ਭਵਾ । ਏਕਾ ਖੰਡਾ ਨਾਮ ਚਮਕਾਇਆ, ਦੋ ਜਹਾਨਾਂ ਕਰ ਰੁਸ਼ਨਾ । ਸੁਤ ਦੁਲਾਰਾ ਮੇਲ ਮਿਲਾਇਆ, ਗੋਬਿੰਦ ਮੇਲਾ ਸਹਿਜ ਸੁਭਾ । ਗੁਰ ਚੇਲਾ ਏਕਾ ਰੰਗ ਵਖਾਇਆ, ਰੂਪ ਰੰਗ ਆਪਣਾ ਆਪ ਗਵਾ । ਸਾਚੇ ਅਸਵ ਤੰਗ ਕਸਾਇਆ, ਸੋਲਾਂ ਕਲੀਆਂ ਆਸਣ ਪਾ । ਸੋਲਾਂ ਇਛਿਆ ਪੂਰ ਕਰਾਇਆ, ਪੁਰਖ ਅਬਿਨਾਸ਼ੀ ਬੇਪਰਵਾਹ । ਧੁਰ ਦਾ ਲੇਖਾ ਲੇਖ ਵਖਾਇਆ, ਵੇਖਣਹਾਰਾ ਬਣ ਮਲਾਹ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਗੰਮ ਅਥਾਹ । ਅਗੰਮ ਅਥਾਹ ਪੁਰਖ ਅਕਾਲਾ, ਅਕਲ ਕਲ ਵਡੀ ਵਡਿਆਈਆ । ਸਚਖੰਡ ਬਣਾਏ ਸੱਚੀ ਧਰਮਸਾਲਾ, ਸੰਬਲ ਆਪਣਾ ਆਸਣ ਲਾਈਆ । ਆਪਣੇ ਹੱਥ ਰੱਖੇ ਕਾਲ ਮਹਾਕਾਲਾ, ਹੁਕਮੀ ਹੁਕਮ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲਣ ਆਇਆ, ਖੇਲ ਅਗੰਮੜੀ ਕਾਰ । ਜੁਗ ਚੌਕੜੀ ਪਾਰ ਕਰਾਵਣ ਆਇਆ, ਨਵ ਨੌਂ ਲੇਖਾ ਦਏ ਉਤਾਰ । ਵਿਸ਼ਨ ਬ੍ਰਹਮਾ ਸ਼ਿਵ ਆਪਣੇ ਸੰਗ ਮਿਲਾਇਆ, ਕਰੋੜ ਤੇਤੀਸਾ ਦਏ ਆਧਾਰ । ਗੁਰ ਅਵਤਾਰਾਂ ਲਏ ਉਠਾਇਆ, ਸ਼ਬਦ ਅਗੰਮੀ ਕਰ ਗੁਫ਼ਤਾਰ । ਨਿਹਕਰਮੀ ਆਪਣਾ ਕਰਮ ਕਮਾਇਆ, ਆਦਿ ਜੁਗਾਦੀ ਏਕੰਕਾਰ । ਧੁਰ ਦੀ ਵਾਦੀ ਬਾਣ ਰਖਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਤਖ਼ਤ ਬੈਠ ਸੱਚੇ ਦਰਬਾਰ । ਸਚ ਦਰਬਾਰ ਸੁਹੰਜਣਾ, ਸੋਭਾਵੰਤ ਨਿਰੰਕਾਰ । ਜਗੇ ਜੋਤ ਆਦਿ ਨਿਰੰਜਣਾ, ਸਚਖੰਡ ਨਿਵਾਸੀ ਕਰੇ ਉਜਿਆਰ । ਦੀਨਾਂ ਨਾਥ ਦਰਦ ਦੁਖ ਭੈ ਭੰਜਨਾ, ਦੀਨ ਦੁਨੀ ਪਾਵੇ ਸਾਰ । ਸਿੰਘ ਰੂਪ ਹੋ ਹੋ ਗੱਜਣਾ, ਸ਼ੇਰ ਸ਼ੇਰ ਮਾਰੇ ਭਬਕਾਰ । ਰਾਜ ਰਾਜਾਨਾਂ ਉਠ ਉਠ ਭੱਜਣਾ, ਚਾਰੋਂ ਕੁੰਟ ਹੋਏ ਖ਼ਵਾਰ । ਲੱਖ ਚੁਰਾਸੀ ਪਰਦਾ ਕਿਸੇ ਨਾ ਕੱਜਣਾ, ਨਵ ਨੌਂ ਰੋਵੇ ਜ਼ਾਰੋ ਜ਼ਾਰ । ਗੁਰਮੁਖ ਵਿਰਲੇ ਬਹਿ ਬਹਿ ਸਚ ਦਵਾਰੇ ਸਜਣਾ, ਜਿਸ ਮਿਲਿਆ ਆਪ ਕਰਤਾਰ । ਦੋ ਜਹਾਨਾਂ ਪਰਦਾ ਕੱਜਣਾ, ਬਣ ਸਤਿਗੁਰ ਮੀਤ ਮੁਰਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਕਰਾਏ ਸਚ ਵਿਹਾਰ । ਸਚ ਵਿਹਾਰਾ ਸ੍ਰੀ ਭਗਵਾਨ, ਆਪਣਾ ਆਪ ਕਰਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਤੇਰਾ ਵੇਖ ਨਿਸ਼ਾਨ, ਲੋਕਮਾਤ ਫੇਰਾ ਪਾਈਆ । ਦੋ ਜਹਾਨਾਂ ਕਰੇ ਧਿਆਨ, ਲੁਕਿਆ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਦਏ ਸਮਝਾਈਆ । ਲੇਖਾ ਹਰਿ ਭਗਵੰਤ, ਸ੍ਰੀ ਭਗਵਾਨ ਆਪ ਜਣਾਇੰਦਾ । ਜੁਗ ਚੌਕੜੀ ਕਰੇ ਅੰਤ, ਆਪਣਾ ਖੇਲ ਆਪ ਖਿਲਾਇੰਦਾ ।

ਜੁਗ ਜੁਗ ਚਲਾਏ ਸਾਚਾ ਮੰਤ, ਸਤਿਜੁਗ ਤ੍ਰੇਤਾ ਦੁਆਪਰ ਰੂਪ ਵਟਾਇੰਦਾ । ਕਲਜੁਗ ਮਹਿਮਾ ਜਣਾਏ ਅਗਣਤ, ਚਾਰ ਵੇਦ ਭੇਵ ਨਾ ਆਇੰਦਾ । ਚਾਰੇ ਬਾਣੀ ਚਾਰੇ ਖਾਣੀ ਹੋਈ ਭਸਮੰਤ, ਚਾਰੋਂ ਕੁੰਟ ਸਰਬ ਕੁਰਲਾਇੰਦਾ । ਚਾਰ ਵਰਨ ਮਿਲੇ ਨਾ ਹਰਿ ਹਰਿ ਕੰਤ, ਅਠਾਰਾਂ ਬਰਨ ਨੇਤਰ ਰੋ ਰੋ ਨੀਰ ਵਹਾਇੰਦਾ । ਕਾਇਆ ਚੋਲੀ ਚੜ੍ਹੇ ਨਾ ਰੰਗ ਬਸੰਤ, ਗੋਬਿੰਦ ਦਰਸ ਨਾ ਕਿਸੇ ਵਖਾਇੰਦਾ । ਰਸਨਾ ਜਿਹਵਾ ਨਾ ਮਣੀਆ ਮੰਤ, ਮਨ ਕਾ ਮਣਕਾ ਨਾ ਕੋਇ ਭਵਾਇੰਦਾ । ਗੜ੍ਹ ਬਣਿਆ ਹਉਮੇ ਹੰਗਤ, ਹੰ ਰੂਪ ਨਾ ਕੋਇ ਸਮਝਾਇੰਦਾ । ਮਿਲਿਆ ਮੇਲ ਨਾ ਸਾਚੀ ਸੰਗਤ, ਦੀਨ ਮਜ਼੍ਹਬ ਵੰਡ ਵੰਡਾਇੰਦਾ । ਪਾਏ ਸਾਰ ਨਾ ਨਾਨਕ ਅੰਗਦ, ਅੰਗੀਕਾਰ ਨਾ ਕੋਇ ਵਖਾਇੰਦਾ । ਮਾਣਸ ਜਨਮ ਹੋਇਆ ਭੰਗਤ, ਕਲਜੁਗ ਜੀਵ ਸਰਬ ਕੁਰਲਾਇੰਦਾ । ਮੰਦਰ ਮਸਜਿਦ ਮਠ ਹੋਏ ਮੰਗਤ, ਸ਼ਿਵਦਵਾਲਾ ਧੀਰ ਨਾ ਕੋਇ ਧਰਾਇੰਦਾ । ਸਾਧ ਸੰਤ ਹੋਏ ਨੰਗਤ, ਧੀਰਜ ਜਤ ਸਤਿ ਟੁੱਟਾ ਜਤ, ਸਤਿ ਸੰਤੋਖ ਨਾ ਕੋਇ ਬਣਾਇੰਦਾ । ਗੁਰ ਅਵਤਾਰ ਨਾ ਕੋਇ ਮੰਨਤ, ਨਿਰਭੈ ਭੈ ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੂਪ ਆਪ ਵਟਾਇੰਦਾ । ਰੂਪ ਵਟਾਏ ਓਅੰਕਾਰਾ, ਏਕੰਕਾਰ ਆਪਣੀ ਖੇਲ ਖਿਲਾਈਆ । ਵਿਸ਼ਨੂੰ ਦੇਵੇ ਇਕ ਹੁਲਾਰਾ, ਵਿਸ਼ਵ ਸੋਇਆ ਰਹਿਣ ਨਾ ਪਾਈਆ । ਤੇਰਾ ਦਿਸੇ ਨਾ ਸਚ ਭੰਡਾਰਾ, ਸਾਚੀ ਵਸਤ ਨਾ ਕੋਇ ਵਰਤਾਈਆ । ਬ੍ਰਹਮਾ ਤੇਰਾ ਬ੍ਰਹਮ ਨਾ ਹੋਏ ਉਜਿਆਰਾ, ਜਗਤ ਅੰਧੇਰਾ ਰਿਹਾ ਛਾਈਆ । ਸ਼ੰਕਰ ਤੇਰੀ ਤ੍ਰਿਸੂਲ ਕਰੇ ਨਾ ਸਚ ਵਿਹਾਰਾ, ਭੈ ਜੰਤ ਨਾ ਕੋਇ ਜਣਾਈਆ । ਚਿਤਰ ਗੁਪਤ ਤੇਰਾ ਲੇਖ ਨਾ ਮਾਰੇ ਮਾਰਾ, ਰਾਏ ਧਰਮ ਤੇਰੀ ਨਜ਼ਰ ਨਾ ਕੋਇ ਸਜ਼ਾਈਆ । ਤ੍ਰੈਗੁਣ ਮਾਇਆ ਤੇਰਾ ਸਤਿ ਨਾ ਦਿਸੇ ਕੋਇ ਪਸਾਰਾ, ਰਜੋ ਰੰਗ ਨਾ ਕੋਇ ਵਖਾਈਆ । ਤਮੋ ਰੂਪ ਹੋਇਆ ਨਾਰੀ ਨਾਰਾ, ਧੀਰਜ ਧੀਰ ਨਾ ਕੋਇ ਵਡਿਆਈਆ । ਗੁਰ ਅਵਤਾਰ ਨਾ ਕੋਇ ਸਹਾਰਾ, ਭਰਮੇ ਭੁੱਲੀ ਸਰਬ ਲੋਕਾਈਆ । ਭਗਤ ਭਗਵੰਤ ਨਾ ਕੋਇ ਜੈਕਾਰਾ, ਭਗਵਨ ਮਿਲੇ ਨਾ ਸਾਚਾ ਮਾਹੀਆ । ਚਾਰੋਂ ਕੁੰਟ ਅੰਧ ਅੰਧਿਆਰਾ, ਨੌਂ ਖੰਡ ਪ੍ਰਿਥਮੀ ਅੰਧੇਰਾ ਛਾਈਆ । ਚਾਰ ਵਰਨ ਲੱਗਾ ਅਖਾੜਾ, ਦੀਨ ਮਜ਼੍ਹਬ ਪਈ ਲੜਾਈਆ । ਸਾਚਾ ਘਰ ਨਾ ਕਿਸੇ ਵਿਚਾਰਾ, ਮਿਲੇ ਮੇਲ ਨਾ ਸਾਚੇ ਮਾਹੀਆ । ਉਚੀ ਕੂਕ ਕੂਕ ਜਗਤ ਜੀਵ ਪੁਕਾਰਾ, ਸਚ ਆਵਾਜ਼ ਨਾ ਕੋਇ ਸੁਣਾਈਆ । ਕੋਈ ਵਿਸ਼ਨ ਬ੍ਰਹਮਾ ਸ਼ਿਵ ਮੰਗੇ ਭੰਡਾਰਾ, ਕੋਈ ਆਦਿ ਸ਼ਕਤ ਮਨਾਈਆ । ਕੋਈ ਚਤੁਰਭੁਜ ਲਏ ਸਹਾਰਾ, ਕੋਈ ਸ਼ੰਕਰ ਸੀਸ ਨਿਵਾਈਆ । ਕੋਈ ਰਾਮ ਕਰੇ ਨਿਮਸਕਾਰਾ, ਕੋਈ ਕਾਹਨਾ ਕ੍ਰਿਸ਼ਨ ਦਏ ਵਡਿਆਈਆ । ਕੋਈ ਈਸਾ ਮੂਸਾ ਕਰੇ ਪਿਆਰਾ, ਕੋਈ ਸੰਗ ਮੁਹੰਮਦ ਰਿਹਾ ਨਿਭਾਈਆ । ਕੋਈ ਨਾਨਕ ਨਿਰਗੁਣ ਕਰੇ ਵਿਚਾਰਾ, ਕੋਈ ਗੋਬਿੰਦ ਰਿਹਾ ਮਨਾਈਆ । ਹਰਿ ਕਾ ਰੂਪ ਨਾ ਕਿਸੇ ਵਿਚਾਰਾ, ਪੁਰਖ ਅਕਾਲ ਨਾ ਨਜ਼ਰੀ ਆਈਆ । ਚੌਥੇ ਜੁਗ ਆਈ ਹਾਰਾ, ਬੇੜਾ ਬੰਨ੍ਹ ਨਾ ਕੋਇ ਤਰਾਈਆ । ਪੁਰਖ ਅਬਿਨਾਸ਼ੀ ਹੋ ਤਿਆਰਾ, ਲੋਕਮਾਤ ਵੇਸ ਵਟਾਈਆ । ਵੇਦ ਵਿਆਸਾ ਬਣ ਲਿਖਾਰਾ, ਏਕਾ ਗੁਣ ਗਿਆ ਸਮਝਾਈਆ । ਗੋਬਿੰਦ ਸੂਰਾ ਬਣ ਵਰਤਾਰਾ, ਏਕਾ ਵਸਤ ਗਿਆ ਵਰਤਾਈਆ । ਨਾਨਕ ਸਰਗੁਣ ਨਾਨਕ ਨਿਰਗੁਣ ਕਰ ਪੁਕਾਰਾ, ਏਕਾ ਆਵਾਜ਼ ਸੁਣਾਈਆ । ਕਲਜੁਗ ਆਵੇ ਅੰਤਮ ਵਾਰਾ, ਪਾਰਬ੍ਰਹਮ ਪ੍ਰਭ ਹੋਏ ਸਹਾਈਆ । ਨਿਹਕਲੰਕ ਲਏ ਅਵਤਾਰਾ, ਆਪਣਾ ਬਲ ਆਪ ਧਰਾਈਆ । ਸੰਬਲ ਨਗਰ ਵਸੇ ਧਾਮ ਨਿਆਰਾ, ਸਾਢੇ ਤਿੰਨ ਹੱਥ ਸੇਜ ਹੰਢਾਈਆ । ਗੋਬਿੰਦ ਕਰੇ ਮੇਲ ਅਪਾਰਾ, ਸੁਤ ਦੁਲਾਰਾ ਗਲੇ ਲਗਾਈਆ । ਪੁਰਖ

ਅਕਾਲਾ ਬੋਲ ਜੈਕਾਰਾ, ਬ੍ਰਹਮ ਪਾਰਬ੍ਰਹਮ ਸਮਝਾਈਆ । ਮੁਕਾਮੇ ਹੱਕ ਸਾਂਝਾ ਯਾਰਾ, ਏਕਾ ਨਾਅਰਾ ਦਏ ਲਗਾਈਆ । ਚੌਦਾਂ ਤਬਕਾਂ ਵੇਖੇ ਇਕ ਅਖਾੜਾ, ਚੌਦਾਂ ਲੋਕ ਦਏ ਉਠਾਈਆ । ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਵਸੇ ਬਾਹਰਾ, ਰਜੋ ਤਮੋ ਸਤੋ ਨਾ ਅੰਗ ਲਗਾਈਆ । ਏਕਾ ਜੋਤ ਨੂਰ ਉਜਿਆਰਾ, ਨੂਰ ਨੁਰਾਨਾ ਸੱਚਾ ਸ਼ਹਿਨਸ਼ਾਹੀਆ । ਏਕਾ ਹੁਕਮ ਸੱਚਾ ਵਰਤਾਰਾ, ਏਕਾ ਨਾਦ ਅਨਾਦ ਸੁਣਾਈਆ । ਏਕਾ ਮੰਦਰ ਇਕ ਦਵਾਰਾ, ਏਕਾ ਆਸਣ ਸੋਭਾ ਪਾਈਆ । ਏਕਾ ਗੁਰ ਇਕ ਅਵਤਾਰਾ, ਏਕਾ ਆਪਣਾ ਰੂਪ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਵ ਨੌਂ ਚਾਰ ਪਾਰ ਕਰਾਈਆ । ਨਵ ਨੌਂ ਚਾਰ ਉਤਰੇ ਪਾਰ, ਹਰਿ ਲੇਖਾ ਲੇਖ ਮੁਕਾਇੰਦਾ । ਨਿਰਗੁਣ ਨਿਰਵੈਰ ਪਰਗਟ ਹੋਵੇ ਚਵੀਆਂ ਅਵਤਾਰ, ਤੇਈਆਂ ਆਪਣਾ ਹੁਕਮ ਸੁਣਾਇੰਦਾ । ਮਾਤਲੋਕ ਬਣਾਏ ਸਚਖੰਡ ਸੱਚਾ ਦਵਾਰ, ਸਚ ਸਿੰਘਾਸਣ ਸੋਭਾ ਪਾਇੰਦਾ । ਚਾਰ ਜੁਗ ਦੀ ਪੁਛੇ ਵਿਸਥਾਰ, ਕੀਤਾ ਕੌਲ ਭੁਲ ਨਾ ਜਾਇੰਦਾ । ਨਿਰਗੁਣ ਜੋਤ ਸਰਬ ਪਸਾਰ, ਪੰਜ ਤੱਤ ਕਾਇਆ ਚੋਲਾ ਸਰਬ ਹੰਢਾਇੰਦਾ । ਘਰ ਘਰ ਅੰਮ੍ਰਿਤ ਠੰਡਾ ਠਾਰ, ਘਰ ਘਰ ਝਿਰਨਾ ਆਪ ਝਿਰਾਇੰਦਾ । ਘਰ ਘਰ ਵੇਖੇ ਅੰਧ ਅੰਧਿਆਰ, ਘਰ ਘਰ ਜੋਤ ਪਰਕਾਸ਼ ਕਰਾਇੰਦਾ । ਘਰ ਘਰ ਸੱਚਾ ਕੰਤ ਭਤਾਰ, ਘਰ ਘਰ ਮੇਲੀ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪਣੀ ਕਰਨੀ ਆਪ ਕਰਾਇੰਦਾ । ਆਪਣੀ ਕਰਨੀ ਕਰਨੇ ਆਇਆ, ਕਰਤਾ ਪੁਰਖ ਕਰਤਾਰਾ । ਨਿਹਕਰਮੀ ਨਿਹਕਰਮ ਕਮਾਇਆ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਹੋ ਉਜਿਆਰਾ । ਆਪਣਾ ਲੇਖਾ ਆਪ ਮੁਕਾਇਆ, ਲੇਖਾ ਵੇਖੇ ਫੇਰ ਸੰਸਾਰਾ । ਗੁਰ ਅਵਤਾਰ ਦਰ ਬਹਾਇਆ, ਪੁੱਛੇ ਵਾਰੋ ਵਾਰਾ । ਮੇਰਾ ਨਾਉਂ ਸਰਬ ਭੁਲਾਇਆ, ਲੋਕਮਾਤ ਕਰ ਪਸਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਗੰਮ ਅਪਾਰਾ । ਤੇਰਾ ਭੁੱਲਿਆ ਨਾਉਂ, ਤੇਰੀ ਵਡਿਆਈਆ । ਤੂੰ ਵਸੇ ਸਭਨੀ ਥਾਉਂ, ਤੇਰੀ ਚਤੁਰਾਈਆ । ਤੂੰ ਕਰੇ ਸਚ ਨਿਆਉਂ, ਆਦਿ ਜੁਗਾਦਿ ਬੇਪਰਵਾਹੀਆ । ਤੂੰ ਭੁੱਲੇ ਫੜ ਫੜ ਪਾਏਂ ਰਾਹੋਂ, ਹਉਂ ਬੈਠੇ ਸੀਸ ਝੁਕਾਈਆ । ਤੂੰ ਮਾਤ ਪਿਤਾ ਆਦਿ ਜੁਗਾਦਿ ਸਿਰ ਦੇਣੀ ਠੰਡੀ ਛਾਉਂ, ਸਮਰਥ ਤੇਰੀ ਵਡਿਆਈਆ । ਤੇਰਾ ਹੰਸ ਬਣਿਆ ਕਾਉਂ, ਕਾਗ ਤੇਰੀ ਚੋਗ ਚੁਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਬੈਠੇ ਸੀਸ ਝੁਕਾਈਆ । ਗੁਰ ਅਵਤਾਰ ਸੀਸ ਝੁਕਾ, ਨੇਤਰ ਨੈਣ ਨੀਰ ਵਹਾਇਆ । ਤੂੰ ਦਾਤਾ ਬੇਪਰਵਾਹ, ਆਦਿ ਜੁਗਾਦਿ ਸੱਚਾ ਸ਼ਹਿਨਸ਼ਾਹਿਆ । ਤੇਰੀ ਸੇਵਾ ਲੋਕਮਾਤ ਆਏ ਕਮਾ, ਜੋ ਸੁਣਿਆ ਸੋ ਸੁਣਾਇਆ । ਉਚੀ ਕੂਕ ਕੂਕ ਤੇਰਾ ਨਾਉਂ ਆਏ ਗਾ, ਤੇਰਾ ਮਾਰਗ ਇਕ ਰਖਾਇਆ । ਤੂੰ ਆਪਣਾ ਪਰਦਾ ਦਿਤਾ ਪਾ ਲੱਖ ਚੁਰਾਸੀ ਜੀਵ ਭੁਲਾਇਆ । ਤੇਰੇ ਅੱਗੇ ਜ਼ੋਰ ਚਲੇ ਨਾ ਰਾ, ਸੂਰਬੀਰ ਤੂੰ ਵਡ ਵਡਿਆਇਆ । ਜੋ ਹੁਕਮ ਸੋ ਦੇ ਸਜ਼ਾ, ਅਭੁਲ ਹਉਂ ਭੁਲ ਭੁਲ ਤੇਰਾ ਸ਼ੁਕਰ ਮਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅੰਤ ਬਣਨਾ ਮਲਾਹ, ਤੇਰਾ ਬੇੜਾ ਤੇਰੇ ਅੱਗੇ ਟਿਕਾਇਆ । ਭਗਤ ਅਠਾਰਾਂ ਕਰ ਪੁਕਾਰ, ਉਚੀ ਕੂਕ ਰਹੇ ਸੁਣਾਈਆ । ਆਦਿ ਅੰਤ ਤੂੰ ਕਰਿਆ ਸਾਡੇ ਨਾਲ ਪਿਆਰ, ਕਲਜੁਗ ਅੰਤ ਕਿਉਂ ਗਿਆ ਭੁਲਾਈਆ । ਤੂੰ ਸਭ ਦਾ ਸਾਂਝਾ ਯਾਰ, ਤੇਰੀ ਜ਼ਾਤ ਨਜ਼ਰ ਨਾ ਆਈਆ । ਤੂੰ ਦੋ ਜਹਾਨਾਂ ਪਾਵੇਂ ਸਾਰ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਤੇਰਾ ਦਰਸ ਅਗੰਮ ਅਪਾਰ, ਤੇਰਾ ਜਲਵਾ ਨੂਰ ਇਲਾਹੀਆ । ਤੂੰ ਸਿਫ਼ਤ

੮੫੦
੧੦

ਸਾਲਾਹੋਂ ਵਸੇਂ ਬਾਹਰ, ਤੇਰਾ ਗੁਣ ਕੋਇ ਕਹਿ ਨਾ ਸਕੇ ਰਾਈਆ । ਅਸਾਂ ਚੁਣਿਆ ਇਕ ਸਰਦਾਰ, ਤੂੰ ਮੰਨ ਸਾਡੀ ਅਰਜ਼ੋਈਆ । ਕਬੀਰ ਜੋਲਾਹਾ ਤੇਰਾ ਤੇਰੇ ਨਾਲ ਕਰੇ ਪਿਆਰ, ਤਾਣਾ ਪੇਟਾ ਤੇਰਾ ਰੂਪ ਵਟਾਈਆ । ਕਲਜੁਗ ਅੰਤਮ ਹੋ ਉਜਿਆਰ, ਦਰ ਤੇਰੇ ਸੀਸ ਝੁਕਾਈਆ । ਤੂੰ ਸੱਜਣ ਮੈਂਡਾ ਯਾਰ, ਹਉਂ ਤੇਰਾ ਰਾਹ ਤਕਾਈਆ । ਤੇਰਾ ਕੰਢਾ ਦਿਸੇ ਪਾਰ ਕਿਨਾਰ, ਏਕਾ ਬੇੜਾ ਹੱਥ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਬੈਠੇ ਸੀਸ ਝੁਕਾਈਆ । ਸੁਣ ਕਬੀਰ ਹਰਿ ਸੁਣਾਇਆ, ਪੁਰਖ ਅਗੰਮਾ ਏਕਾ ਬੋਲ । ਤੇਰਾ ਬਸਤਰ ਚੀਰ ਮੈਂ ਆਪਣਾ ਤਨ ਸਜਾਇਆ, ਤੇਰਾ ਨਾਮ ਤੋਲਿਆ ਆਪਣੇ ਤੋਲ । ਆਪਣਾ ਨੀਰ ਤੇਰਾ ਸੀਰ ਏਕਾ ਰੰਗ ਰੰਗਾਇਆ, ਸਾਚੀ ਵਸਤ ਅਮੋਲਕ ਦਿਤੀ ਇਕ ਅਨਮੋਲ । ਤੇਰਾ ਜ਼ੰਜੀਰ ਕੱਟ ਵਖਾਇਆ, ਗੰਗਾ ਨਿਮਾਣੀ ਵਜਾਏ ਢੋਲ । ਤੇਰਾ ਪਰਦਾ ਖੋਲ੍ਹ ਆਪਣਾ ਦਰਸ ਦਿਖਾਇਆ, ਚੁਕਿਆ ਉਹਲਾ ਉਹਲ । ਤੂੰ ਕਲਜੁਗ ਜੀਵਾਂ ਬਹਿ ਸਮਝਾਇਆ, ਕੋਇ ਨਾ ਆਇਆ ਤੇਰੇ ਕੋਲ । ਜਿਸ ਨੂੰ ਕਹੇਂ ਰਾਮ ਮੈਂ ਪਾਇਆ, ਸੋ ਕਰਨ ਤੈਨੂੰ ਮਖ਼ੌਲ । ਤੇਰਾ ਕੀਤਾ ਕੌਲ ਮੈਂ ਪੂਰਾ ਕਰਨ ਆਇਆ, ਕਰਾਂ ਭਾਰ ਹੌਲਾ ਧਰਤੀ ਧੌਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਹਰਿਜਨ ਸਾਚੇ ਰਹਿਣਾ ਅਡੋਲ । ਭਗਤ ਸੀਸ ਝੁਕਾਇੰਦਾ, ਦੋਏ ਜੋੜ ਨਿਮਸਕਾਰ । ਪਿਤਾ ਪੂਤ ਗਲੇ ਲਗਾਇੰਦਾ, ਨਾ ਦੇਵੇ ਦਰ ਦੁਰਕਾਰ । ਚਾਰੋਂ ਕੁੰਟ ਤੂ ਹੀ ਤੂ ਨਜ਼ਰੀ ਆਇੰਦਾ, ਤੁਧ ਬਿਨ ਅਵਰ ਨਾ ਕੋਇ ਆਧਾਰ । ਤੇਰਾ ਰੰਗ ਮੋਹੇ ਭਾਇੰਦਾ, ਰੰਗ ਦਿਸੇ ਨਾ ਵਿਚ ਸੰਸਾਰ । ਤੇਰਾ ਸੰਗ ਸਰਬ ਰਖਾਇੰਦਾ, ਕਰ ਕਿਰਪਾ ਪਰਵਰਦਿਗਾਰ । ਹਉਂ ਏਕਾ ਮੰਗ ਮੰਗਾਇੰਦਾ, ਕਲਜੁਗ ਬਖ਼ਸ਼ ਅੰਤਮ ਵਾਰ । ਭੁੱਖਾ ਨੰਗਾ ਤੇਰੇ ਦਰ ਸੋਭਾ ਪਾਇੰਦਾ, ਤੇਰਾ ਨਾਮ ਇਕ ਆਧਾਰ । ਤੇਰਾ ਸ਼ਬਦ ਮਰਦੰਗ ਵਜਾਇੰਦਾ, ਵਾਹ ਵਾ ਬਖ਼ਸ਼ੀ ਸਾਚੀ ਕਾਰ । ਤੇਰਾ ਵਿਛੋੜਾ ਮੋਹੇ ਨਾ ਭਾਇੰਦਾ, ਮੈਂ ਆਇਆ ਤੇਰੇ ਦਰਬਾਰ । ਸਿੰਘ ਸ਼ੇਰ ਤੇਰੀ ਓਟ ਸਰਬ ਤਕਾਇੰਦਾ, ਤੂੰ ਸ਼ਾਹਾਂ ਦਾ ਸਰਦਾਰ । ਚੌਦਾਂ ਲੋਕ ਤੇਰੇ ਅੱਗੇ ਸੀਸ ਝੁਕਾਇੰਦਾ, ਬ੍ਰਹਮਾ ਵਿਸ਼ਨੂੰ ਸ਼ਿਵ ਕਰਨ ਨਿਮਸਕਾਰ । ਗੁਰ ਅਵਤਾਰ ਤੇਰਾ ਰਾਹ ਤਕਾਇੰਦਾ, ਤੇਰਾ ਖੇਲ ਅਗੰਮ ਅਪਾਰ । ਭੇਵ ਕੋਇ ਨਾ ਪਾਇੰਦਾ, ਤੇਰਾ ਖੇਲ ਅਪਰ ਅਪਾਰ । ਤੇਰਾ ਰੂਪ ਬਿਨ ਤੇਰੇ ਭਗਤਾਂ ਨਜ਼ਰ ਕਿਸੇ ਨਾ ਆਇੰਦਾ, ਲੱਖ ਚੁਰਾਸੀ ਹੋਇਆ ਅੰਧ ਅੰਧਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਉਂ ਬਣੇ ਚਰਨ ਭਿਖਾਰ । ਪੁਰਖ ਅਬਿਨਾਸ਼ੀ ਦਇਆ ਕਮਾ, ਦੀਨਨ ਆਪਣਾ ਰਾਹ ਜਣਾਇੰਦਾ । ਮੈਂ ਕਲਜੁਗ ਅੰਤਮ ਆਇਆ ਵੇਸ ਵਟਾ, ਨਿਰਗੁਣ ਆਪਣਾ ਨਾਉਂ ਰਖਾਇੰਦਾ । ਸਚਖੰਡ ਦਵਾਰਾ ਆਪਣਾ ਆਪ ਸੁਹਾ, ਸਾਚੇ ਤਖ਼ਤ ਸੋਭਾ ਪਾਇੰਦਾ । ਨੌਂ ਖੰਡ ਪ੍ਰਿਥਮੀ ਨੌਂ ਵਾਰ ਨੌਂ ਨੌਂ ਚਾਰ ਚੌਕੜੀ ਵੇਖੇ ਥਾਉਂ ਥਾਂ, ਅਭੁਲ ਭੁਲ ਕਦੇ ਨਾ ਜਾਇੰਦਾ । ਭਗਤ ਭਗਵੰਤ ਕਰੇ ਸਚ ਨਿਆਂ, ਸਾਲਸ ਹੋਰ ਨਾ ਕੋਇ ਵਖਾਇੰਦਾ । ਅਦਲ ਅਦਾਲਤ ਏਕਾ ਰਿਹਾ ਕਮਾ, ਮੁਨਸਫ਼ ਹੋਰ ਨਾ ਕੋਇ ਵਡਿਆਇੰਦਾ । ਕਰੇ ਖੇਲ ਆਪ ਖ਼ੁਦਾ, ਖ਼ਾਲਕ ਖ਼ਲਕ ਫੋਲ ਫੋਲਾਇੰਦਾ । ਆਲਮ ਉਲਮਾ ਸਰਬ ਭੁਲਾ, ਆਲਮੀਨ ਡੰਕ ਵਜਾਇੰਦਾ । ਕਾਗਦ ਕ਼ਲਮ ਨਾ ਲਿਖੇ ਸ਼ਾਹ, ਹਰਿ ਕਾ ਲੇਖਾ ਲਿਖਤ ਵਿਚ ਨਾ ਆਇੰਦਾ । ਕਲਜੁਗ ਅੰਤਮ ਕਰੇ ਸਚ ਨਿਆਂ, ਲਹਿਣਾ ਦੇਣਾ ਸਰਬ ਮੁਕਾਇੰਦਾ । ਈਸਾ ਮੂਸਾ ਮੰਗੇ ਪਨਾਹ, ਦੋਏ ਜੋੜ ਸੀਸ ਝੁਕਾਇੰਦਾ । ਚਾਰ ਯਾਰ ਆਪਣਾ ਮੰਨਣ ਆਪ ਗੁਨਾਹ, ਉਮਤ ਉਮਤੀ ਖੇਲ ਖਿਲਾਇੰਦਾ । ਮੁਹੰਮਦ

੮੫੨ ੧੦

ਰੋ ਰੋ ਧਾਹਾਂ ਮਾਰ ਉਚੀ ਕੂਕ ਰਿਹਾ ਸੁਣਾ, ਮੇਰਾ ਸੰਗ ਨਾ ਕੋਇ ਰਖਾਇੰਦਾ । ਚਾਰੋਂ ਕੁੰਟ ਵੇਖਿਆ ਜੰਗਲ ਜੂਹ ਉਜਾੜ ਪਰਭਾਸ਼, ਟਿੱਲੇ ਪਰਬਤ ਕੋਇ ਨਾ ਪਕੜੇ ਮੇਰੀ ਬਾਂਹ, ਪਰਵਰਦਿਗਾਰ ਨਾ ਮੇਲ ਮਿਲਾਇੰਦਾ । ਪੁਰਖ ਅਕਾਲ ਦੀਨ ਦਿਆਲ ਸਚ ਸਿੰਘਾਸਣ ਆਸਣ ਬੈਠਾ ਲਾ, ਜੋਤੀ ਜਲਵਾ ਨੂਰ ਡਗਮਗਾਇੰਦਾ । ਗੋਬਿੰਦ ਨਾਲ ਕਰੇ ਇਕ ਸਲਾਹ, ਸਲਾਹਗੀਰ ਆਪ ਹੋ ਜਾਇੰਦਾ । ਲੱਖ ਚੁਰਾਸੀ ਭੁੱਲੀ ਰਾਹ, ਭਾਂਡਾ ਭਰਮ ਨਾ ਕੋਇ ਭੰਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਸਾਚਾ ਖੇਲ ਕਰੇ ਕਰਤਾਰਾ, ਕ਼ੁਦਰਤ ਆਪਣੀ ਵੰਡ ਵੰਡਾਈਆ । ਲੋਕਮਾਤ ਲਗਾਏ ਸਚ ਦਰਬਾਰਾ, ਦਰ ਦਰਬਾਰੀ ਆਪ ਹੋ ਜਾਈਆ । ਕਰੇ ਖੇਲ ਆਪ ਨਿਰੰਕਾਰਾ, ਨਿਰਗੁਣ ਰੂਪ ਨਾ ਕੋਇ ਵਖਾਈਆ । ਹੁਕਮੀ ਹੁਕਮ ਅਗੰਮ ਵਰਤਾਰਾ, ਅਲਖ ਅਲਖਨਾ ਚਾਲ ਚਲਾਈਆ । ਚਾਰ ਵੇਦ ਨਾ ਪਾਵਣ ਸਾਰਾ, ਪੁਰਾਨ ਅਠਾਰਾਂ ਨਾ ਕੋਇ ਗਵਾਹੀਆ । ਗੀਤਾ ਗਿਆਨ ਨਾ ਕੋਇ ਆਧਾਰਾ, ਅੰਜੀਲ ਕ਼ੁਰਾਨ ਨਾ ਕੋਇ ਵਡਿਆਈਆ । ਖਾਣੀ ਬਾਣੀ ਕਰੇ ਪੁਕਾਰਾ, ਹਰਿ ਕਾ ਭੇਵ ਅਭੇਦ ਨਾ ਕੋਈ ਪਾਈਆ । ਪਾਰਬ੍ਰਹਮ ਤੇਰਾ ਅੰਤ ਨਾ ਪਾਰਾਵਾਰਾ, ਬੇਅੰਤ ਕਹਿ ਕਹਿ ਗਏ ਗੁਰ ਅਵਤਾਰਾ, ਰਸਨਾ ਜੇਹਵਾ ਹਰਿ ਗੁਣ ਗਾਈਆ । ਕਲਜੁਗ ਅੰਤਮ ਹੋ ਉਜਿਆਰਾ, ਨਿਹਕਲੰਕਾ ਨਾਉਂ ਰਖਾਈਆ । ਚਾਰ ਜੁਗ ਦਾ ਲਾਹੇ ਉਧਾਰਾ, ਮਕ਼ਰੂਜ਼ ਕ਼ਰਜ਼ਾ ਕੋਇ ਰਹਿਣ ਨਾ ਪਾਈਆ । ਮਖ਼ਲੂਕ ਲੇਖਾ ਮੁਕਾਏ ਆਪ ਖ਼ੁਦਾਈ ਸੁਹਬਤ ਜਾਣੇ ਵਿਚ ਸੰਸਾਰਾ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੋਆ ਦੋਏ ਧਾਰ, ਨਿਰਗੁਣ ਸਰਗੁਣ ਖੇਲ ਅਪਾਰ, ਤਿੰਨਾਂ ਲੋਕਾਂ ਵਸੇ ਬਾਹਰ, ਚੌਥੇ ਪਦ ਹੋਏ ਉਜਿਆਰ, ਪੰਚਮ ਸ਼ਬਦ ਕਰ ਉਜਿਆਰ, ਛੇਵੇਂ ਘਰ ਕਰੇ ਖੇਲ ਅਪਾਰ, ਸਤਵੇਂ ਸਤਿ ਪੁਰਖ ਨਿਰੰਜਣ ਏਕੰਕਾਰ, ਅੱਠਾਂ ਤੱਤਾਂ ਦਏ ਆਧਾਰ, ਨੌਂ ਦਵਾਰੇ ਵਸੇ ਬਾਹਿਰ, ਦਸਵੇਂ ਆਪਣਾ ਮੇਲ ਮਿਲਾਈਆ । ਲੇਖਾ ਜਾਣੇ ਗੁਰ ਅਵਤਾਰ, ਸਾਧ ਸੰਤ ਪਾਵੇ ਸਾਰ, ਭਗਤ ਭਗਵੰਤ ਮੀਤ ਮੁਰਾਰ, ਈਸਾ ਮੂਸਾ ਸੰਗ ਮੁਹੰਮਦ ਅੱਲਾ ਰਾਣੀ ਆਪਣੇ ਦਰ ਬਹਾਈਆ । ਰਾਮ ਕ੍ਰਿਸ਼ਨ ਬਣਾਏ ਭਿਖਾਰ, ਕੋਟਨ ਕੋਟ ਵਿਸ਼ਨ ਬ੍ਰਹਮਾ ਸ਼ਿਵ ਕਰਨ ਨਿਮਸਕਾਰ, ਦੇਵਤ ਸੁਰ ਨਾ ਪਾਏ ਸਾਰ, ਨਿਰਗੁਣ ਸਰਗੁਣ ਵਸੇ ਸਭ ਤੋਂ ਬਾਹਰ, ਰੂਪ ਰੰਗ ਰੇਖ ਨਾ ਕੋਈ ਰਖਾਈਆ । ਹਰਿ ਜੋਧਾ ਸੂਰਬੀਰ ਬਲਕਾਰ, ਪਰਗਟ ਹੋ ਵਿਚ ਸੰਸਾਰ, ਸਿੰਘ ਸ਼ੇਰ ਸ਼ੇਰ ਰਿਹਾ ਲਲਕਾਰ, ਲੋਕਮਾਤ ਆਪਣਾ ਬਲ ਧਰਾਈਆ । ਨਿਰਗੁਣ ਖੇਲ ਕਰੇ ਅਪਾਰ, ਨਾਨਕ ਨੂਰ ਕਰੇ ਆਪ ਰੁਸ਼ਨਾਈਆ । ਗੋਬਿੰਦ ਸੂਰਾ ਆਇਆ ਬਾਹਰ, ਨੌਂ ਖੰਡ ਪ੍ਰਿਥਮੀ ਲਏ ਉਭਾਰ, ਸਾਚਾ ਖੰਡਾ ਏਕਾ ਖੜਗ ਰਿਹਾ ਚਮਕਾਈਆ । ਗੁਰ ਪੀਰ ਅਵਤਾਰ ਕਰਨ ਨਿਮਸਕਾਰ, ਸਾਚੇ ਦਰ ਆਏ ਦਰਬਾਰ, ਪੁਰਖ ਅਬਿਨਾਸ਼ੀ ਕਿਰਪਾ ਧਾਰ, ਤੇਰੇ ਅੱਗੇ ਸੀਸ ਝੁਕਾਈਆ । ਚਾਰ ਜੁਗ ਤੇਰਾ ਲੇਖਾ ਵਿਚ ਸੰਸਾਰ, ਜੁਗ ਜੁਗ ਸੇਵਕ ਸੇਵ ਕਮਾਈਆ । ਹਉਂ ਭਿਖਕ ਬਣੇ ਭਿਖਾਰ, ਭਿਛਿਆ ਪੌਣੀ ਏਕਾ ਵਾਰ, ਖੁਲ੍ਹੜੇ ਕੇਸ ਰਹੇ ਪੁਕਾਰ, ਦਰ ਦਰਵੇਸ਼ ਕੂਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਣ ਅਵਗੁਣ ਆਪਣੇ ਹੱਥ ਰਖਾਈਆ । ਗੁਣ ਅਵਗੁਣ ਹੱਥ ਸਮਰਥ, ਸਰਬ ਕਲ ਅਖਵਾਇੰਦਾ । ਸਤਿਜੁਗ ਤੇਰਾ ਵੇਖਿਆ ਰਥ, ਤ੍ਰੇਤਾ ਤੇਰੀ ਚਾਲ ਚਲਾਇੰਦਾ । ਦੁਆਪਰ ਤੇਰਾ ਰੂਪ ਕਰ ਪਰਗਟ, ਆਪਣੀ ਕਲ ਆਪ ਵਰਤਾਇੰਦਾ । ਕਲਜੁਗ ਵੇਸ ਨਟੂਆ ਨਟ, ਨੌਂ ਖੰਡ ਪ੍ਰਿਥਮੀ ਨਾਚ ਨਚਾਇੰਦਾ । ਦੂਈ ਦਵੈਤੀ

ਲੱਗਾ ਫੱਟ, ਮਾਇਆ ਮਮਤਾ ਮੋਹ ਵਧਾਇੰਦਾ । ਸਾਚਾ ਦਿਸੇ ਨਾ ਕੋਇ ਹੱਟ, ਸਾਚਾ ਮੰਦਰ ਨਾ ਕੋਇ ਸੁਹਾਇੰਦਾ । ਗੁਰਦਰ ਮੰਦਰ ਮਸਜਿਦ ਹਰਿ ਕੇ ਨਾਮ ਉਤੋਂ ਪੈਸੇ ਰਹੇ ਵੱਟ, ਕਰਤਾ ਦਮੜੀ ਦਮੜੀ ਹੱਟ ਵਿਕਾਇੰਦਾ । ਮਨਮੁਖ ਆਪਣਾ ਕੀਤਾ ਆਪੇ ਰਹੇ ਕੱਟ, ਚਾਰੋਂ ਕੁੰਟ ਜੂਠ ਝੂਠ ਮੁਖ ਭਰਾਇੰਦਾ । ਪਾਰਬ੍ਰਹਮ ਅਬਿਨਾਸ਼ੀ ਕਰਤਾ ਨਿਰਗੁਣ ਆਪਣੀ ਬਦਲੇ ਆਪ ਕਰਵਟ, ਸ੍ਰਿਸ਼ਟ ਸਬਾਈ ਆਪ ਬਦਲਾਇੰਦਾ । ਨੌਂ ਖੰਡ ਪ੍ਰਿਥਮੀ ਵਖਾਏ ਏਕਾ ਸੱਥ, ਸੱਥਰ ਸੂਲਾਂ ਆਪਣੀ ਯਾਦ ਕਰਾਇੰਦਾ । ਲਹਿਣਾ ਦੇਣਾ ਚੁਕਾਏ ਸੀਆਂ ਸਾਢੇ ਤਿੰਨ ਹੱਥ, ਹੱਥੋ ਹੱਥ ਲਹਿਣਾ ਆਪ ਮੁਕਾਇੰਦਾ । ਕਿਸੇ ਨਾ ਮਾਰਗ ਸਕੇ ਕੋਇ ਦੱਸ, ਜਗਤ ਮਾਰਗ ਆਪ ਗਵਾਇੰਦਾ । ਜਨ ਭਗਤਾਂ ਅੰਦਰ ਆਪੇ ਵਸ, ਆਪਣਾ ਰੂਪ ਆਪ ਦਰਸਾਇੰਦਾ । ਮੇਟੇ ਰੈਣ ਅੰਧੇਰੀ ਮਸ, ਦੀਪਕ ਸਾਚਾ ਆਪ ਜਗਾਇੰਦਾ । ਸ਼ਬਦੀ ਤੀਰ ਨਿਰਾਲਾ ਮਾਰੇ ਕਸ, ਬਜਰ ਕਪਾਟੀ ਆਪ ਤੁੜਾਇੰਦਾ । ਨਿਰਗੁਣ ਸਰਗੁਣ ਮੇਲਾ ਹੱਸ ਹੱਸ, ਹਰਿਜਨ ਸਾਚੇ ਆਪ ਕਰਾਇੰਦਾ । ਗੁਰਮੁਖਾਂ ਹੋਇਆ ਆਪੇ ਵਸ, ਆਪਣੀ ਭੇਟਾ ਅਗਨੀ ਭੇਟ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਾਚਾ ਮਾਰਗ ਆਪ ਲਗਾਇੰਦਾ । ਆਪਣੀ ਅਗਨੀ ਆਪੇ ਸੜ, ਪੰਜ ਤੱਤ ਕਾਇਆ ਚੋਲਾ ਆਪ ਤਜਾਇਆ । ਸਿੰਘ ਸ਼ੇਰ ਮਾਰ ਦੜ, ਲੋਕਮਾਤ ਆਪਣਾ ਮੁਖ ਗਿਆ ਭਵਾਇਆ । ਸਚਖੰਡ ਦਵਾਰੇ ਆਪੇ ਚੜ੍ਹ, ਨਿਰਗੁਣ ਨਿਰਾਕਾਰ ਸਚ ਸਿੰਘਾਸਣ ਸੋਭਾ ਪਾਇਆ । ਗੋਬਿੰਦ ਗੁਰ ਲਿਆ ਫੜ, ਕੀਤਾ ਕੌਲ ਪੂਰ ਕਰਾਇਆ । ਸੰਬਲ ਨਗਰ ਅੰਦਰ ਬੈਠਾ ਵੜ, ਔਂਦਾ ਜਾਂਦਾ ਦਿਸ ਨਾ ਆਇਆ । ਆਪਣੀ ਕਰਨੀ ਰਿਹਾ ਕਰ, ਕਰਤਾ ਪੁਰਖ ਰੂਪ ਧਰਾਇਆ । ਗੁਰ ਅਵਤਾਰਾਂ ਦੇਂਦਾ ਰਿਹਾ ਵਰ, ਵਰ ਦਾਤਾ ਆਪ ਹੋ ਜਾਇਆ । ਇਕ ਵਖੌਂਦਾ ਰਿਹਾ ਸਰ, ਸਰ ਸਰੋਵਰ ਆਪ ਨੁਹਾਇਆ । ਆਦਿ ਜੁਗਾਦਿ ਜੁਗਾ ਜੁਗੰਤਰ ਵਿਸ਼ਨ ਬ੍ਰਹਮਾ ਸ਼ਿਵ ਲੱਖ ਚੁਰਾਸੀ ਘਾੜਨ ਘੜ, ਘੜਨ ਭੰਨਣਹਾਰ ਆਪਣਾ ਵੇਸ ਵਟਾਇਆ । ਨਾ ਕੋਈ ਚੋਟੀ ਨਾ ਕੋਈ ਜੜ, ਰੂਪ ਰੰਗ ਨਾ ਕੋਇ ਰਖਾਇਆ । ਮੰਗਣ ਜਾਏ ਨਾ ਕਿਸੇ ਦਰ, ਕਿਸੇ ਅੱਗੇ ਝੋਲੀ ਕਦੇ ਨਾ ਡਾਹਿਆ । ਸਭ ਦਾ ਦਾਤਾ ਆਪੇ ਬਣ, ਨਿਰਗੁਣ ਆਪਣਾ ਨਾਉਂ ਰਖਾਇਆ । ਆਪੇ ਜਨਨੀ ਆਪੇ ਜਨ, ਪੂਤ ਸਪੂਤ ਆਪੇ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਨਿਰਗੁਣ ਸਰਗੁਣ ਆਪਣੀ ਧਾਰ ਚਲਾਇਆ । ਧਾਰ ਚਲਾਏ ਅਗੰਮ ਅਥਾਹ, ਅਗੰਮੜੀ ਖੇਲ ਖਿਲਾਈਆ । ਦੋ ਸੌ ਛਪੰਜਾ ਦਿਨ ਦੇਂਦਾ ਦੇਵਣਹਾਰ ਸਲਾਹ, ਅੱਠੇ ਪਹਿਰ ਰਿਹਾ ਸਮਝਾਈਆ । ਜੁਗ ਜੁਗ ਦਾ ਲੇਖਾ ਅੱਗੇ ਰਿਹਾ ਟਿਕਾ, ਸਤਿਜੁਗ ਤ੍ਰੇਤਾ ਦੁਆਪਰ ਜੋ ਕਲਜੁਗ ਗੁਰ ਅਵਤਾਰ ਗਏ ਸੇਵ ਕਮਾਈਆ । ਫੜ ਫੜ ਬਾਹੋਂ ਰਿਹਾ ਵਖਾ, ਉਂਗਲੀ ਉਂਗਲ ਨਾਲ ਮਿਲਾਈਆ । ਮੇਰਾ ਨਾਉਂ ਇਕ ਨਿਰੰਕਾਰ ਮੈਂ ਵਸਾਂ ਹਰ ਘਟ ਥਾਂ, ਵੰਡਣ ਵੰਡ ਨਾ ਕੋਇ ਵੰਡਾਈਆ । ਆਦਿ ਜੁਗਾਦੀ ਮੈਂ ਪਿਤਾ ਮਾਂ, ਦਾਈ ਦਾਇਆ ਆਪ ਅਖਵਾਈਆ । ਲੱਖ ਚੁਰਾਸੀ ਆਪਣੀ ਝੋਲੀ ਬੈਠਾ ਪਾ, ਏਕਾ ਗੋਦ ਸੁਹਾਈਆ । ਏਕਾ ਮੰਮਾ ਸੀਰ ਰਿਹਾ ਪਿਆ, ਆਪਣੀ ਇਛਿਆ ਆਪ ਪਰਗਟਾਈਆ । ਏਕਾ ਸਿਖਿਆ ਰਿਹਾ ਸਮਝਾ, ਸਾਚੀ ਸਿਖਿਆ ਭੁਲ ਕਦੇ ਨਾ ਜਾਈਆ । ਮੇਰਾ ਲੇਖਾ ਨਾ ਸਕੇ ਕੋਇ ਮਿਟਾ, ਬ੍ਰਹਮਾ ਲਿਖ ਲਿਖ ਥੱਕਾ ਅੰਤਮ ਬੈਠਾ ਸੀਸ ਝੁਕਾਈਆ । ਦਰ ਆਏ ਮੰਗੇ ਪਨਾਹ, ਮੇਰੀ ਚਲੇ ਨਾ ਕੋਇ

ਚਤੁਰਾਈਆ । ਮੇਰੇ ਚਾਰ ਵੇਦ ਹੋਏ ਸਵਾਹ, ਕਲਜੁਗ ਅਗਨੀ ਤੱਤ ਜਲਾਈਆ । ਬਿਨ ਤੁਧ ਕਰੇ ਨਾ ਕੋਇ ਨਿਆਂ, ਮੇਰਾ ਬ੍ਰਹਮ ਨਾ ਕੋਇ ਵਡਿਆਈਆ । ਬਿਨ ਤੇਰੇ ਹੰਸ ਬਣਿਆ ਕਾਂ, ਚਾਰੋਂ ਕੁੰਟ ਕਾਗ ਵਾਂਗ ਕੁਰਲਾਈਆ । ਤੇਰਾ ਮਿਲਿਆ ਨਾ ਸਾਚਾ ਨਾਂ, ਜੂਠ ਝੂਠ ਵਿਸ਼ਟਾ ਮੁਖ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਚਾਰ ਜੁਗ ਦੀ ਮੇਟ ਲੱਗੀ ਸ਼ਾਹੀਆ । ਸੋ ਪੁਰਖ ਨਿਰੰਜਣ ਸੁਣਾਇੰਦਾ, ਸੁਣ ਬ੍ਰਹਮ ਕਰ ਧਿਆਨ । ਤੂੰ ਮੇਰੀ ਅੰਸ ਅਖਵਾਇੰਦਾ, ਮੈਂ ਤੇਰੀ ਕਰਾਂ ਕਲਿਆਣ । ਤੂੰ ਮੇਰਾ ਬੰਸ ਬਣਾਇੰਦਾ, ਲੋਕਮਾਤ ਜਗਤ ਨਿਸ਼ਾਨ । ਮੈਂ ਤੇਰਾ ਸਹਿੰਸਾ ਅੰਤ ਚੁਕਾਇੰਦਾ, ਪਰਗਟ ਹੋ ਵਿਚ ਜਹਾਨ । ਕਲਜੁਗ ਕੂੜਾ ਕੰਸ ਮਿਟਾਇੰਦਾ, ਰਾਵਣ ਦਿਸੇ ਨਾ ਬੇਈਮਾਨ । ਤੇਰਾ ਸੰਗ ਇਕ ਨਿਭਾਇੰਦਾ, ਅੰਤਮ ਪਾਏ ਸਭ ਨੂੰ ਆਣ । ਏਕਾ ਛੰਦ ਏਕਾ ਢੋਲਾ ਆਪੇ ਗਾਇੰਦਾ, ਸੋਹੰ ਸ਼ਬਦ ਕਰ ਪਰਵਾਨ । ਹੰ ਬ੍ਰਹਮ ਪਾਰਬ੍ਰਹਮ ਸਮਾਇੰਦਾ, ਆਦਿ ਜੁਗਾਦੀ ਏਕਾ ਮੰਦਰ ਇਕ ਮਕਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮੇ ਦੇਵੇ ਸੱਚਾ ਦਾਨ । ਬ੍ਰਹਮੇ ਤੇਰੇ ਚਾਰ ਜੁਗ ਦੇ ਚਾਰ ਦਿਨ, ਹਰਿ ਸਾਚਾ ਆਪਣੀ ਝੋਲੀ ਪਾਈਆ । ਵਿਸ਼ਨੂੰ ਤੇਰੇ ਚਾਰ ਜੁਗ ਦੇ ਚਾਰ ਦਿਨ ਗਿਣ ਗਿਣ, ਵੇਲਾ ਵਕ਼ਤ ਰਿਹਾ ਲੰਘਾਈਆ । ਸ਼ੰਕਰ ਤੇਰੇ ਚਾਰ ਜੁਗ ਦੇ ਚਾਰ ਦਿਨ, ਅੰਤਮ ਬੈਠੇ ਡੇਰਾ ਢਾਹੀਆ । ਤ੍ਰੈਗੁਣ ਦੇ ਚਾਰ ਜੁਗ ਦੇ ਚਾਰ ਦਿਨ, ਸਭ ਦਾ ਲੇਖਾ ਰਿਹਾ ਮੁਕਾਈਆ । ਲਹਿਣਾ ਦੇਣਾ ਚੁਕਾਏ ਗਿਣ ਗਿਣ, ਭੁਲ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਹਿਲੀ ਸਾਵਣ ਤ੍ਰੈਗੁਣ ਤੇਰਾ ਪਕੜੇ ਦਾਮਨ, ਲੱਖ ਚੁਰਾਸੀ ਨਾਲੋਂ ਤੇਰਾ ਦਾਮਨ ਦਏ ਛੁਡਾਈਆ । ਲੱਖ ਚੁਰਾਸੀ ਨਾਲੋਂ ਛੁਟਣਾ ਦਾਮਨ, ਸੋ ਪੁਰਖ ਨਿਰੰਜਣ ਆਪ ਛੁਡਾਇੰਦਾ । ਤੇਰੀ ਪੂਰੀ ਕਰੇ ਇਛਿਆ ਕਾਮਨ, ਕਾਮੀ ਕੋਇ ਨੇੜ ਨਾ ਆਇੰਦਾ । ਆਦਿ ਜੁਗਾਦੀ ਬਣੇ ਜ਼ਾਮਨ, ਸਾਚੀ ਜ਼ਾਮਨੀ ਆਪਣੇ ਹੱਥ ਰਖਾਇੰਦਾ । ਤੇਰਾ ਲਹਿਣਾ ਦੇਣਾ ਚੁਕਾਏ ਆਮ੍ਹਣੇ ਸਾਮ੍ਹਣ, ਪਰਦਾ ਉਹਲਾ ਸਰਬ ਚੁਕਾਇੰਦਾ । ਤੂੰ ਕਿਸੇ ਦਰ ਨਾ ਜਾਣਾ ਭਾਲਣ, ਪਾਰਬ੍ਰਹਮ ਅਬਿਨਾਸ਼ੀ ਕਰਤਾ ਲੋਕਮਾਤ ਆਪਣਾ ਆਸਣ ਲਾਇੰਦਾ । ਪਰਗਟ ਹੋਣੀ ਜੋਤ ਅਕਾਲਣ, ਅਕਲ ਕਲ ਆਪਣੀ ਖੇਲ ਖਿਲਾਇੰਦਾ । ਦਰ ਆਏ ਬਣੀ ਸਵਾਲਣ, ਤੇਰਾ ਸਵਾਲ ਹਲ ਆਪ ਕਰਾਇੰਦਾ । ਦੂਜਾ ਮਿਲੇ ਨਾ ਕੋਇ ਦਲਾਲਣ, ਜਗਤ ਦਲਾਲ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਤ੍ਰੈਗੁਣ ਆਪਣਾ ਆਪ ਜਣਾਇੰਦਾ । ਤ੍ਰੈਗੁਣ ਉਠੀ ਸ਼ਰਮਸਾਰ, ਨੇਤਰ ਨੈਣ ਰਹੀ ਸ਼ਰਮਾਈਆ । ਮੈਂ ਪਾਪਣ ਆਦਿ ਜੁਗਾਦਿ ਬਣੀ ਅਵਗੁਣਹਾਰ, ਤੇਰੇ ਜੀਵਾਂ ਜੰਤਾਂ ਰਹੀ ਭੁਲਾਈਆ । ਹੋਈ ਸੁਹਾਗਣ ਨਾਰ ਨਾ ਵਿਚ ਸੰਸਾਰ, ਨੌਂ ਸੌ ਚੁਰਾਨਵੇ ਚੌਕੜੀ ਜੁਗ ਰੰਡੇਪਾ ਕੱਟ ਕੱਟ ਆਈਆ । ਮੇਰਾ ਜੋਬਨ ਮੇਰੀ ਜਵਾਨੀ ਮੈਂ ਹੋਈ ਮੁਟਿਆਰ, ਚਾਰੋਂ ਕੁੰਟ ਲਈ ਅੰਗੜਾਈਆ । ਮੈਂ ਸਾਧਾਂ ਸੰਤਾਂ ਮਾਰ ਕੇ ਆਈ ਮਾਰ, ਆਪਣਾ ਏਕਾ ਨੈਣ ਮਟਕਾਈਆ । ਮੈਂ ਕਰ ਕਰ ਵੇਖਿਆ ਹਾਰ ਸ਼ੰਗਾਰ, ਜੋਬਨ ਲੋਕਮਾਤ ਆਪਣਾ ਇਕ ਵਖਾਈਆ । ਸ਼ਾਹ ਸੁਲਤਾਨਾਂ ਸੁੱਟ ਕੇ ਆਈ ਮੂੰਹ ਦੇ ਭਾਰ, ਕੋਈ ਸਕੇ ਨਾ ਸੀਸ ਉਠਾਈਆ । ਪੁਰਖ ਅਬਿਨਾਸ਼ੀ ਤੇਰੇ ਹੁਕਮ ਬੱਧੀ ਆਈ ਤੇਰੇ ਦਰਬਾਰ, ਰੋਂਦੀ ਰੋ ਰੋ ਦਿਆਂ ਦੁਹਾਈਆ । ਮੇਰੇ ਨਾਲੋਂ ਮੇਰਾ ਚੁਕਿਆ ਪੰਚ ਵਿਕਾਰ, ਕਾਮ ਕਰੋਧ ਲੋਭ ਮੋਹ ਹੰਕਾਰ ਮੇਰੇ ਸੰਗ ਰੰਗ ਰਲੀਆਂ ਰਹੇ ਮਨਾਈਆ । ਕੀ ਕਰਾਂ ਤੇਰੇ ਦਰਬਾਰ, ਕੋਈ ਰਾਹ ਨਜ਼ਰ ਨਾ ਆਈਆ । ਚਾਰੋਂ ਕੁੰਟ ਜਿਧਰ ਵੇਖਾਂ ਤੇਰਾ ਨਜ਼ਰ ਆਏ ਸੁਤ

ਦੁਲਾਰ, ਗੋਬਿੰਦ ਸੂਰਾ ਸੱਚਾ ਸ਼ਹਿਨਸ਼ਾਹੀਆ । ਖਿਚ ਕੇ ਖੜਾ ਨਾਮ ਕਟਾਰ, ਦੋ ਧਾਰ ਮੁਖ ਵਖਾਈਆ । ਜੇ ਕਰਾਂ ਨਿਮਸਕਾਰ ਕਰੇ ਪਿਆਰ, ਅੱਗੇ ਤੇਰਾ ਚਰਨ ਕਵਲ ਦਏ ਵਖਾਈਆ । ਜੇ ਨੇਤਰ ਨੈਣ ਲਵਾਂ ਉਠਾਲ, ਅੱਗੋਂ ਮਾਰ ਕਰੇ ਬੇਹਾਲ, ਮੇਰੀ ਸੁੱਧ ਰਿਹਾ ਭੁਲਾਈਆ । ਮੈਂ ਨਿਮਾਣੀ ਦਰ ਤੇਰੇ ਤੇ ਬਣੀ ਕੰਗਾਲ, ਕਰ ਕਿਰਪਾ ਮੇਰੇ ਸੱਚੇ ਸ਼ਹਿਨਸ਼ਾਹੀਆ । ਆਦਿ ਪਾਇਆ ਤੂੰ ਜੰਜਾਲ, ਅੰਤ ਕੱਟ ਮੇਰੀ ਫਾਹੀਆ । ਮੇਰੇ ਅੰਦਰ ਲੁਕਿਆ ਕਾਲ, ਤੁਧ ਬਿਨ ਸਕੇ ਨਾ ਕੋਇ ਬਾਹਰ ਕਢਾਈਆ । ਤੂੰ ਧਰ ਰੂਪ ਮਹਾਕਾਲ, ਪਾਰਬ੍ਰਹਮ ਸੱਚਾ ਬੇਪਰਵਾਹੀਆ । ਮੇਰੇ ਸਿਰ ਤੇ ਦੇਣੀ ਇਕ ਦੁਸ਼ਾਲ, ਖੁਲ੍ਹੀ ਮੀਢੀਂ ਖੁਲ੍ਹੜੇ ਕੇਸ ਜਗਤ ਦੁਹਾਗਣ ਬਣ ਵੈਰਾਗਣ ਤੇਰਾ ਢੋਲਾ ਰਹੀ ਗਾਈਆ । ਮੇਰੇ ਭਾਗ ਜਾਗਣ ਤੇਰੀ ਚਰਨ ਧੂੜ ਮਿਲੇ ਮਾਘਨ, ਚਾਰ ਜੁਗ ਦੀ ਧੋਵਾਂ ਸ਼ਾਹੀਆ । ਤੂੰ ਬਣ ਸਾਚਾ ਸਾਜਣ ਦਰ ਆਈ ਗ਼ਰੀਬ ਨਿਵਾਜ਼ਣ, ਤੇਰੀ ਇਕੋ ਓਟ ਰਖਾਈਆ । ਮੈਂ ਨਾਤਾ ਤੋੜਿਆ ਪ੍ਰਿਥਮੀ ਆਕਾਸ਼, ਗਗਨ ਮੰਡਲ ਫੇਰਾ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੁਧ ਬਿਨ ਅਵਰ ਨਾ ਕੋਇ ਸਹਾਈਆ । ਸਤਿਗੁਰ ਪੂਰਾ ਹਰਿ ਮਿਹਰਵਾਨਾ, ਏਕਾ ਹੁਕਮ ਜਣਾਇੰਦਾ । ਦਰ ਦਰਬਾਰ ਸੁਣਨਾ ਧੁਰ ਫ਼ਰਮਾਨਾ, ਧੁਰ ਦੀ ਬਾਣੀ ਬਾਣ ਲਗਾਇੰਦਾ । ਮੇਰਾ ਰਾਗ ਇਕ ਤਰਾਨਾ, ਤ੍ਰੈਗੁਣ ਤੇਰਾ ਫੰਦ ਕਟਾਇੰਦਾ । ਕਰੇ ਖੇਲ ਸ੍ਰੀ ਭਗਵਾਨਾ, ਭਗਵਨ ਆਪਣਾ ਰੂਪ ਵਖਾਇੰਦਾ । ਤੇਰੇ ਹੱਥ ਫੜਾਵਾਂ ਸਾਚਾ ਗਾਨਾ, ਪ੍ਰੇਮ ਰੰਗ ਨਾਲ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਸੁਣਾਇੰਦਾ । ਸਚ ਸੰਦੇਸਾ ਸੁਣ ਰਕਾਨ, ਪੁਰਖ ਅਬਿਨਾਸ਼ੀ ਆਪ ਜਣਾਈਆ । ਤੂੰ ਵੇਖਣਾ ਮਾਰ ਧਿਆਨ, ਤੇਰਾ ਨੈਣ ਦੇਵਾਂ ਖੁਲ੍ਹਾਈਆ । ਨੌਂ ਖੰਡ ਪ੍ਰਿਥਮੀ ਜਗਤ ਨਿਸ਼ਾਨ, ਲੱਖ ਚੁਰਾਸੀ ਸੇਜ ਵਛਾਈਆ । ਗੁਰਮੁਖ ਵਿਰਲਾ ਚਤੁਰ ਸੁਜਾਨ, ਜੋ ਮੇਰਾ ਰਾਹ ਰਿਹਾ ਤਕਾਈਆ । ਤੂੰ ਜਾਣਾ ਬਣ ਕੇ ਦਰ ਦਰਬਾਨ, ਦਰ ਦਰ ਆਪਣੀ ਅਲਖ ਜਗਾਈਆ । ਮੈਂ ਲੈ ਕੇ ਆਈ ਧੁਰ ਫ਼ਰਮਾਨ, ਸਚ ਸੰਦੇਸਾ ਦੇਣਾ ਸੁਣਾਈਆ । ਲੋਕਮਾਤ ਪਰਗਟ ਹੋਇਆ ਨਿਹਕਲੰਕ ਬਲੀ ਬਲਵਾਨ, ਆਦਿ ਜੁਗਾਦਿ ਜਿਸ ਦੀ ਸੱਚੀ ਸ਼ਹਿਨਸ਼ਾਹੀਆ । ਜੋ ਜਨ ਦਰਸ਼ਨ ਕਰੇ ਆਣ, ਤਿਸ ਦਾ ਲੇਖਾ ਰਹੇ ਨਾ ਰਾਈਆ । ਮੇਰਾ ਸਿੱਖ ਤੇਰੀ ਕਰੇ ਕਲਿਆਣ, ਬਿਨ ਗੁਰਮੁਖ ਤੇਰਾ ਫੰਦ ਨਾ ਕੋਇ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਸੰਦੇਸਾ ਰਿਹਾ ਸੁਣਾਈਆ । ਸੁਣਿਆ ਸੰਦੇਸਾ ਆਤਮ ਅੰਤਰ, ਘਰ ਘਰ ਵਿਚ ਖ਼ੁਸ਼ੀ ਮਨਾਈਆ । ਪਾਰਬ੍ਰਹਮ ਬਣਾਈ ਬਣਤਰ, ਗੁਰਮੁਖਾਂ ਰਾਹ ਵਖਾਈਆ । ਮੈਂ ਘਰ ਘਰ ਸੁਣਾਵਾਂ ਤੇਰਾ ਮੰਤਰ, ਸੋਹੰ ਸੋ ਸ਼ਬਦ ਪੜ੍ਹਾਈਆ । ਮੈਂ ਪਾੜ ਵਖਾਵਾਂ ਗਗਨ ਗਗਨੰਤਰ, ਤੂੰ ਸਿਰ ਮੇਰੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੇ ਸਿਖਾਂ ਲਵਾਂ ਉਠਾਈਆ । ਤ੍ਰੈਗੁਣ ਸੇਵਾ ਲਾਈ ਨਿਰੰਕਾਰ, ਲੋਕਮਾਤ ਹੁਕਮ ਜਣਾਇੰਦਾ । ਰਾਤੀਂ ਸੁਤਿਆਂ ਕਰੇ ਪਿਆਰ, ਸੋਏ ਗੁਰਮੁਖ ਮੇਲ ਮਿਲਾਇੰਦਾ । ਮੈਂ ਆਈ ਦੁਹਾਗਣ ਵਿਚ ਸੰਸਾਰ, ਗੁਰਸਿਖ ਤੁਧ ਬਿਨ ਸੁਹਾਗੀ ਕੰਤ ਨਾ ਕੋਇ ਮਿਲਾਇੰਦਾ । ਮੇਰਾ ਦਾਗ਼ ਨਾ ਧੋਵੇ ਕੋਈ ਕਰ ਵਿਚਾਰ, ਦੁਰਮਤ ਮੈਲ ਨਾ ਕੋਇ ਮਿਟਾਇੰਦਾ । ਮੈਂ ਆਪਾ ਆਪ ਤੁਧ ਉਤੋਂ ਦੇਵਾਂ ਵਾਰ, ਤੇਰੇ ਚਰਨਾਂ ਹੇਠ ਆਪਣਾ ਸੀਸ ਭੇਟ ਕਰਾਇੰਦੀ । ਤੂੰ ਕਰ ਦਰਸ ਸੱਚੇ ਦਰਬਾਰ, ਕਲਜੁਗ ਆਇਆ ਹਰਿ ਨਿਰੰਕਾਰ, ਨਿਹਕਲੰਕਾ ਜਾਮਾ ਧਾਰ, ਜੋਤੀ ਜੋਤ ਜੋਤ ਦਰਸਾਇੰਦੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਤ੍ਰੈਗੁਣ ਮੇਲਾ ਏਕਾ ਘਰ, ਘਰ ਸੁਹੰਜਣਾ ਹਰਿ ਨਿਰੰਜਣਾ ਦਰ ਘਰ ਸਾਚਾ ਆਪ ਜਣਾਇੰਦੀ । ਦਰ ਸੁਹੰਜਣਾ ਸੋਭਾਵੰਤ, ਗੁਰਸਿਖ ਮੇਲ ਮਿਲਾਇਆ । ਪੁਰਖ ਅਬਿਨਾਸ਼ੀ ਮਿਲੇ ਕੰਤ, ਜਗਤ ਵਿਛੋੜਾ ਦਏ ਕਟਾਇਆ । ਮੇਰਾ ਲੇਖਾ ਲੱਗੇ ਅੰਤ, ਸ੍ਰੀ ਭਗਵੰਤ ਹੋਏ ਸਹਾਇਆ । ਮੈਂ ਭਰਮ ਭੁਲਾਇਆ ਜੀਵ ਜੰਤ, ਜਗਤ ਜੰਜਾਲ ਇਕ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਧਰ, ਤ੍ਰੈਗੁਣ ਤੇਰਾ ਲੇਖਾ ਦਏ ਚੁਕਾਇਆ । ਤ੍ਰੈਗੁਣ ਲੇਖਾ ਚੁਕਣਾ, ਤ੍ਰਿਲੋਕੀ ਮਿਟੇ ਧਾਰ । ਚੌਥੇ ਜੁਗ ਪੈਂਡਾ ਮੁੱਕਣਾ, ਕਲਜੁਗ ਆਏ ਅੰਤਮ ਵਾਰ । ਅਠਸਠ ਤੀਰਥ ਨੀਰ ਸੁੱਕਣਾ, ਸਰ ਸਰੋਵਰ ਨਾ ਕੋਇ ਆਧਾਰ । ਸਿੰਘ ਸ਼ੇਰ ਏਕਾ ਬੁੱਕਣਾ, ਮਾਰੇ ਭਬਕ ਅਪਰ ਅਪਾਰ । ਚੌਦਾਂ ਤਬਕ ਨਾ ਭਾਣਾ ਰੁਕਣਾ, ਸਦੀ ਚੌਧਵੀਂ ਕਰੇ ਖ਼ਵਾਰ । ਸੰਗ ਮੁਹੰਮਦ ਨਾ ਮਿਲੇ ਲੁਕਣਾ, ਵੇਖੇ ਜੰਗਲ ਜੂਹ ਉਜਾੜ ਪਹਾੜ । ਕਲਜੁਗ ਤੇਰਾ ਖੇੜਾ ਲੁੱਟਣਾ, ਨਾ ਕੋਈ ਦੀਸੇ ਚੋਰ ਯਾਰ । ਆਪਣੀ ਹੱਥੀਂ ਬੂਟਾ ਪੁਟਣਾ, ਦੇਵੇ ਜੜ੍ਹ ਉਖਾੜ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਕਰੇ ਖੇਲ ਸੱਚੀ ਸਰਕਾਰ । ਸਚ ਸਰਕਾਰ ਸਾਚੀ ਖੇਲ, ਖ਼ਾਲਕ ਖ਼ਲਕ ਵਿਚ ਖਲਾਈਆ । ਮੁਰੀਦ ਮੁਰਸ਼ਦ ਕਰ ਕਰ ਮੇਲ, ਮਾਰਫ਼ਤ ਲੇਖਾ ਰਿਹਾ ਸਮਝਾਈਆ । ਕਰੇ ਰੁਸ਼ਨਾਈ ਬਿਨ ਬਾਤੀ ਤੇਲ, ਨੂਰ ਨੂਰ ਨਾਲ ਡਗਮਗਾਈਆ । ਅਚਰਜ ਕਰਿਆ ਪਾਰਬ੍ਰਹਮ ਪ੍ਰਭ ਖੇਲ, ਭੇਵ ਅਭੇਦ ਆਪ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਚਾਰ ਜੁਗ ਦਾ ਮਿਟੇ ਲੇਖਾ, ਵੇਸ ਵਟਾਏ ਦਰ ਦਰਵੇਸ਼ਾ, ਮੇਲ ਮਿਲਾਏ ਦਸ ਦਸਮੇਸਾ, ਦਰ ਘਰ ਆਪਣਾ ਆਪ ਸੁਹਾਈਆ । ਦਰ ਸੁਹਾਵਾ ਸੁਹਾਵੀ ਰੁੱਤ, ਸੋ ਪੁਰਖ ਨਿਰੰਜਣ ਸੋਭਾ ਪਾਇੰਦਾ । ਕਰੇ ਖੇਲ ਅਬਿਨਾਸ਼ੀ ਅਚੁਤ, ਚੇਤਨ ਰੂਪ ਆਪ ਹੋ ਜਾਇੰਦਾ । ਪੰਜ ਤੱਤ ਨਾ ਰਹੇ ਕਾਇਆ ਬੁੱਤ, ਕਾਇਆ ਕੱਪੜ ਨਾ ਕੋਇ ਹੰਢਾਇੰਦਾ । ਆਪਣਾ ਖੇੜਾ ਆਪੇ ਲੁੱਟ, ਲੱਖ ਚੁਰਾਸੀ ਖੇੜਾ ਫੇਰ ਮਿਟਾਇੰਦਾ । ਨਿਰਗੁਣ ਸਰਗੁਣ ਅੰਦਰ ਬੈਠਾ ਲੁਕ, ਦਿਸ ਕਿਸੇ ਨਾ ਆਇੰਦਾ । ਸ਼ਬਦ ਬਘੇਲਾ ਰਿਹਾ ਬੁੱਕ, ਸਿੰਘ ਸ਼ੇਰ ਰੂਪ ਵਟਾਇੰਦਾ । ਜਨ ਭਗਤਾਂ ਉਪਰ ਆਪੇ ਤੁਠ, ਚਾਰ ਜੁਗ ਦੇ ਵਿਛੜੇ ਮੇਲ ਮਿਲਾਇੰਦਾ । ਅੰਮ੍ਰਿਤ ਜਾਮ ਪਿਆਏ ਘੁੱਟ, ਜਨਮ ਜਨਮ ਦਾ ਰੋਗ ਗਵਾਇੰਦਾ । ਪੰਚ ਵਿਕਾਰਾ ਕੱਢੇ ਕੁੱਟ, ਜੋ ਜਨ ਸਰਨਾਈ ਆਇੰਦਾ । ਲੇਖੇ ਲਾਏ ਸਾਚੇ ਸੁੱਤ, ਬਣ ਜਨਨੀ ਸੇਵ ਕਮਾਇੰਦਾ । ਕਰੇ ਪਿਆਰ ਜਿਉਂ ਮਾਂ ਪੁੱਤ, ਬਾਲਕ ਆਪਣੀ ਗੋਦ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਮਤ ਅਠਾਰਾਂ ਵੇਖ ਵਖਾਇੰਦਾ । ਸੰਮਤ ਅਠਾਰਾਂ ਸਾਲ ਅਠਾਰਾਂ, ਸਾਲ ਅਠਾਰਵੇਂ ਵੱਜੀ ਵਧਾਈਆ । ਯਾਰ ਮਿਲਿਆ ਨਾਲ ਸੱਚਾ ਯਾਰਾ, ਸਾਚੀ ਯਾਰੀ ਲੋਕਮਾਤ ਨਿਭਾਈਆ । ਇਕ ਸੱਤ ਛੇ ਪੰਜ ਜੋ ਕੀਆ ਉਧਾਰਾ, ਕਲਜੁਗ ਅੰਤਮ ਦਏ ਮੁਕਾਈਆ । ਸੂਲਾਂ ਸੱਥਰ ਜੋ ਕੀਆ ਪਿਆਰਾ, ਸਾਚੀ ਸੇਜ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੋ ਸੌ ਛਪੰਜਾਂ ਦਿਨ ਦੋ ਪੰਜ ਛੇ ਲੰਘਾਏ ਗਿਣ ਗਿਣ, ਗੋਬਿੰਦ ਆਪਣੇ ਸੰਗ ਰਖਾਈਆ । ਗੋਬਿੰਦ ਉਂਗਲੀ ਗਿਆ ਲੱਗ, ਪੁਰਖ ਅਕਾਲ ਲਗਾਇਆ । ਜਿਸ ਉਪਜਾਇਆ ਤਿਸ ਲਿਆ ਸੱਦ, ਦਰ ਘਰ ਸਾਚੇ ਮੇਲ ਮਿਲਾਇਆ । ਹਰਿ ਕਾ ਜਾਮ ਪਿਆਇਆ ਮਦਿ, ਨਸ਼ਾ ਉਤਰ ਕਦੇ ਨਾ ਜਾਇਆ । ਲੋਕਮਾਤ ਬਣਾਏ ਸਾਚੀ ਯਦ, ਚਾਰ

ਵਰਨ ਦਏ ਵਖਾਇਆ । ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਲੋਕਮਾਤ ਵਿਚੋਂ ਦੇਵੇ ਕੱਢ, ਏਕਾ ਬ੍ਰਹਮਾ ਨਜ਼ਰੀ ਆਇਆ । ਆਪਣਾ ਚਰਨ ਵਖਾਏ ਹੱਦ, ਦੂਸਰ ਦਵਾਰ ਨਾ ਕੋਇ ਵਖਾਇਆ । ਚਾਰ ਜੁਗ ਗੁਰ ਅਵਤਾਰ ਆਪਣਾ ਭਾਰ ਗਏ ਲੱਦ, ਵੇਲੇ ਆਪਣਾ ਡੌਰੂ ਵਾਹਿਆ । ਅੰਤਮ ਆਇਆ ਪੁਰਖ ਸਮਰਥ, ਜਿਸ ਦਾ ਭੇਵ ਕਿਸੇ ਨਾ ਪਾਇਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਪਾ ਕੇ ਬੈਠਾ ਨਥ, ਬ੍ਰਹਮਾ ਵਿਸ਼ਨ ਸ਼ਿਵ ਰਿਹਾ ਭਵਾਇਆ । ਜਿਸ ਦਾ ਖੇੜਾ ਜਾਏ ਨਾ ਢੱਠ, ਸੋ ਸਾਚਾ ਖੇੜਾ ਰਿਹਾ ਬਣਾਇਆ । ਜਿਸ ਦਾ ਹੋਏ ਵੇਹੜਾ ਭੱਠ, ਸੋ ਬੈਠਾ ਸੇਜ ਵਿਛਾਇਆ । ਜਿਸ ਦੀ ਮਹਿਮਾ ਸਦਾ ਅਕਥ, ਸੋ ਆਪਣਾ ਰੰਗ ਵਖਾਇਆ । ਜਿਸ ਦਾ ਗੋਬਿੰਦ ਬੈਠਾ ਸਬਰ ਘੱਤ, ਅੱਜ ਰਿਹਾ ਮੇਲ ਮਿਲਾਇਆ । ਜਿਸ ਲੇਖੇ ਲਾਈ ਰਤ, ਆਪ ਆਪਣੀ ਗੋਦ ਬਹਾਇਆ । ਜਿਸ ਨੂੰ ਕਹਿੰਦੇ ਕਮਲਾਪਤ, ਸਿੰਘ ਸ਼ੇਰ ਰੂਪ ਵਟਾਇਆ । ਜਿਸ ਨੇ ਸਭ ਦੀ ਮਾਰੀ ਮਤ, ਜਗਤ ਗਿਆਨ ਰਿਹਾ ਗਵਾਇਆ । ਜਿਸ ਨੇ ਮੇਟਣਾ ਤੀਰਥ ਅਠਸਠ ਗੰਗਾ ਗੋਦਾਵਰੀ ਜਮਨਾ ਸੁਰਸਤੀ ਆਪਣੇ ਚਰਨਾਂ ਹੇਠ ਦਬਾਇਆ । ਜਿਸ ਨੇ ਮੰਦਰ ਮਸਜਿਦ ਸ਼ਿਵਦਵਾਲਾ ਵਹੀਰ ਦੇਣਾ ਘੱਤ, ਚਾਰੋਂ ਕੁੰਟ ਦਏ ਹਿਲਾਇਆ । ਜਿਸ ਸ਼ਾਹ ਸੁਲਤਾਨਾਂ ਰਾਜ ਰਾਜਾਨਾਂ ਲਹਿਣਾ ਦੇਣਾ ਚੁਕੌਣਾ ਹੱਥੋ ਹੱਥ, ਸੀਸ ਆਪਣੇ ਤਾਜ ਟਿਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਸਭ ਦਾ ਦਾਤਾ ਇਕ ਅਖਵਾਇਆ । ਸਭ ਦਾ ਦਾਤਾ ਇਕ ਦਾਤਾਰ, ਦੂਸਰ ਅਵਰ ਨਾ ਕੋਇ ਜਣਾਈਆ । ਅੰਤਮ ਆਇਆ ਚਵੀਆਂ ਅਵਤਾਰ, ਜਿਸ ਦਾ ਗੀਤ ਗਏ ਗਾਈਆ । ਨਾ ਪੁਰਖ ਨਾ ਦਿਸੇ ਨਾਰ, ਰੂਪ ਰੰਗ ਰੇਖ ਨਾ ਕੋਇ ਧਰਾਈਆ । ਨਾ ਕਿਸੇ ਹੱਥ ਆਏ ਮੰਦਰ ਗੁਰਦਵਾਰ, ਸ਼ਿਵਦਵਾਲੇ ਬੈਠਾ ਨਾ ਆਸਣ ਲਾਈਆ । ਨਾ ਵੇਦ ਕਤੇਬ ਉਸ ਦੀ ਪਾਏ ਸਾਰ, ਚਾਰੇ ਖਾਣੀ ਰਸਨਾ ਜੇਹਵਾ ਕੂਕ ਕੂਕ ਸੁਣਾਈਆ । ਚਾਰੇ ਬਾਣੀ ਕਰੇ ਪੁਕਾਰ, ਪਰਾ ਪਸੰਤੀ ਮਧਮ ਬੈਖਰੀ ਧੁਨ ਅਨਾਦਿ ਬ੍ਰਹਮ ਬ੍ਰਹਿਮਾਦਿ ਸੁਣਾਈਆ । ਸੰਤ ਭਗਵੰਤ ਤੇਰਾ ਮੰਗਣ ਦਰ ਦਰਬਾਰ, ਅੱਗੇ ਆਪਣੀ ਝੋਲੀ ਡਾਹੀਆ । ਤੂੰ ਜੁਗ ਜੁਗ ਸੁਣਦਾ ਆਇਆ ਸਰਬ ਪੁਕਾਰ, ਤੇਰੀ ਮਹਿਮਾ ਗਣੀ ਨਾ ਜਾਈਆ । ਕਲਜੁਗ ਖੇਲ ਕੀਤਾ ਕਰਤਾਰ, ਆਪਣੀ ਕਰਨੀ ਆਪਣੇ ਹੱਥ ਰਖਾਈਆ । ਗੁਰਮੁਖ ਵਿਰਲੇ ਲਏ ਉਭਾਰ, ਜਿਸ ਜਨ ਆਪਣੀ ਬੂਝ ਬੁਝਾਈਆ । ਅੰਮ੍ਰਿਤ ਦਿਤਾ ਠੰਡਾ ਠਾਰ, ਨਿਝਰ ਝਿਰਨਾ ਇਕ ਝਿਰਾਈਆ । ਜੋਤੀ ਜੋਤ ਦੀਪਕ ਕੀਆ ਉਜਿਆਰ, ਤੇਲ ਬਾਤੀ ਨਾ ਕੋਇ ਰਖਾਈਆ । ਆਪਣਾ ਢੋਲਾ ਗਾਇਆ ਆਪਣੀ ਵਾਰ, ਪਿਛਲੀ ਕਰੇ ਨਾ ਕੋਇ ਪੜ੍ਹਾਈਆ । ਜੋ ਜਨ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਲਗਾਏ ਨਾਅਰ, ਜਨਮ ਮਰਨ ਵਿਚ ਨਾ ਆਈਆ । ਨਾਨਕ ਦਰ ਬੈਠਾ ਕੂਕ ਕੂਕ ਰਿਹਾ ਪੁਕਾਰ, ਨਿਰੰਕਾਰ ਇਕ ਸਾਲਾਹੀਆ । ਆਦਿ ਜੁਗਾਦਿ ਜੁਗ ਜੁਗ ਸਭ ਦਾ ਰੂਪ ਇਕ ਨਿਰੰਕਾਰ, ਦੂਸਰ ਅਵਰ ਨਾ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਦਾਤਾ ਪੁਰਖ ਬਿਧਾਤਾ ਆਪਣੀ ਰੱਖੇ ਉਤਮ ਜ਼ਾਤਾ, ਜ਼ਾਤ ਅਜ਼ਾਤ ਨਾ ਕੋਇ ਜਣਾਈਆ । ਜੁਗ ਜੁਗ ਆਪ ਆਪਣਾ ਜਾਣੇ ਛੰਦਨ, ਹਰਿ ਜੂ ਹਰਿ ਹਰਿ ਆਪ ਸੁਣਾਇੰਦਾ । ਕਲਜੁਗ ਜਨ ਭਗਤਾਂ ਸੰਗ ਲਾਏ ਆਪਣੇ ਅੰਗਨ, ਅੰਗੀਕਾਰ ਆਪ ਹੋ ਜਾਇੰਦਾ । ਅੱਠੇ ਪਹਿਰ ਦਿਵਸ ਰੈਣ ਬਖ਼ਸ਼ੇ ਪਰਮਾਨੰਦਨ, ਆਤਮ ਪਰਮਾਤਮ ਮੇਲ ਮਿਲਾਇੰਦਾ । ਦੀਨ ਦਿਆਲ ਠਾਕਰ ਸਵਾਮੀ ਗੁਣਵੰਤਾ ਸਦਾ ਬਖ਼ਸ਼ੰਦਨ, ਕਰ



੮੫੭
੧੦

ਬਖ਼ਸ਼ਸ਼ ਦੀਨਾਂ ਨਾਥ ਆਪਣੇ ਗਲੇ ਲਗਾਇੰਦਾ । ਜਨਮ ਜਨਮ ਦਾ ਤੋੜੇ ਫੰਦਨ, ਲੱਖ ਚੁਰਾਸੀ ਫੰਦ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਆਪ ਉਠਾਇੰਦਾ । ਉਠਿਆ ਗੁਰ ਗੋਬਿੰਦ, ਹਰਿ ਸਤਿਗੁਰ ਆਪ ਉਠਾਇਆ । ਗੁਰਸਿਖਾਂ ਮੇਟੇ ਸਗਲੀ ਚਿੰਦ, ਚਿੰਤਾ ਚਿਖਾ ਰਹੇ ਨਾ ਰਾਇਆ । ਪੁਰਖ ਅਕਾਲ ਬਣਾਈ ਆਪਣੀ ਬਿੰਦ, ਬਿੰਦ ਗੁਰਮੁਖ ਰੂਪ ਧਰਾਇਆ । ਆਤਮ ਜਾਮ ਪਿਆਏ ਸਾਗਰ ਸਿੰਧ, ਅੰਮ੍ਰਿਤ ਪਿਆਲਾ ਇਕ ਉਠਾਇਆ । ਦੇਵੇ ਦਾਨੀ ਦਾਤ ਗੁਣੀ ਗਹਿੰਦ, ਗਹਿਰ ਗੰਭੀਰ ਸੇਵ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਤਰਾਇਆ । ਹਰਿਜਨ ਤਰਿਆ ਹਰਿ ਦਵਾਰ, ਅਵਰ ਦਵਾਰ ਨਾ ਕੋਇ ਵਡਿਆਈਆ । ਹਰਿਜਨ ਕਰਿਆ ਹਰਿ ਪਿਆਰ, ਹਰਿ ਬਿਨ ਅਵਰ ਨਾ ਕੋਇ ਸਹਾਈਆ । ਹਰਿਜਨ ਮਿਲਿਆ ਕੰਤ ਭਤਾਰ, ਬਿਨ ਹਰਿ ਕੰਤ ਸਾਚੀ ਸੇਜ ਨਾ ਕੋਇ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਆਪਣਾ ਲੇਖਾ ਦਏ ਸਮਝਾਈਆ । ਹਰਿ ਲੇਖਾ ਸਚ ਸਮਝਾਵਣਾ, ਕਲਜੁਗ ਤੇਰੀ ਅੰਤਮ ਵਾਰ । ਨੌਂ ਖੰਡ ਪ੍ਰਿਥਮੀ ਏਕਾ ਢੋਲਾ ਗਾਵਣਾ, ਸੋਹੰ ਸ਼ਬਦ ਸੱਚਾ ਜੈਕਾਰ । ਤੀਜੀ ਅੱਸੂ ਲੇਖ ਲਿਖਾਵਣਾ, ਰਾਸ਼ਟਰਪਤ ਕਰਨਾ ਖ਼ਬਰਦਾਰ । ਬਵੰਜਾ ਦੇਸ਼ਾਂ ਹੁਕਮ ਜਣਾਵਣਾ, ਆਈ ਤੇਰੀ ਵਾਰ । ਪੁਰਖ ਅਬਿਨਾਸ਼ੀ ਆਪਣਾ ਖੰਡਾ ਫੇਰ ਚਮਕਾਵਣਾ, ਵਖੌਣੀ ਹੱਥ ਖਿਚ ਕਟਾਰ । ਵੇਲਾ ਗਿਆ ਹੱਥ ਨਾ ਆਵਣਾ, ਨੇਤਰ ਰੋਣਾ ਜ਼ਾਰੋ ਜ਼ਾਰ । ਸਮਰਥ ਆਪਣਾ ਰੂਪ ਧਰਾਵਣਾ, ਚਾਰੋਂ ਕੁੰਟ ਹੋਏ ਉਜਿਆਰ । ਦੋ ਸੌ ਛਪੰਜਾ ਦਿਨ ਚਾਰ ਜੁਗ ਗੁਰ ਅਵਤਾਰਾਂ ਭਗਤਾਂ ਝੋਲੀ ਪਾਵਣਾ, ਪਹਿਲੀ ਚੇਤਰ ਸਭ ਦਾ ਕਰਜ਼ਾ ਦਏ ਉਤਾਰ । ਫੇਰ ਕਰੇ ਜੋ ਮਨ ਭਾਵਣਾ, ਨਾ ਅੱਗੋਂ ਕਰੇ ਕੋਇ ਇਨਕਾਰ । ਸੋਹੰ ਢੋਲਾ ਲੋਆਂ ਪੁਰੀਆਂ ਉਠ ਉਠ ਗਾਵਣਾ, ਬ੍ਰਹਮਾ ਵਿਸ਼ਨ ਸ਼ਿਵ ਆਲਸ ਨਿੰਦਰਾ ਨਾ ਕਰੇ ਵਿਚਾਰ । ਅੱਲਾ ਰਾਣੀ ਮੁਖ ਸ਼ਰਮਾਵਣਾ, ਗਲ ਪੱਲੂ ਨੇਤਰ ਨੀਰ ਆਏ ਚਲ ਦਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਆਪ ਕਰਤਾਰ । ਅੱਸੂ ਤਿੰਨ ਲੇਖ ਲਿਖੌਣਾ, ਆਪਣਾ ਭੇਵ ਦਏ ਜਣਾਈਆ । ਜੇਹੜਾ ਖੰਡਾ ਰਾਸ਼ਟਰਪਤ ਤੇਰੇ ਅੰਦਰ ਲੁਕੌਣਾ, ਸੋ ਬਾਹਰ ਲਏ ਕਢਾਈਆ । ਆਇਆ ਵੇਲਾ ਪਰਦਾ ਕਿਸੇ ਨਾ ਪੌਣਾ, ਲੁਕਿਆ ਰਹੇ ਨਾ ਬੇਪਰਵਾਹੀਆ । ਕਲਜੁਗ ਝੱਲ ਵਿਚ ਸਿੰਘ ਸ਼ੇਰ ਏਕਾ ਵਾਰ ਰੌਲਾ ਪੌਣਾ, ਜੰਬਕ ਸਾਰੇ ਦਏ ਦੌੜਾਈਆ । ਸਾਰੇ ਸੁੱਟ ਕੇ ਬਹਿਣ ਧੌਣਾਂ, ਜੋ ਬੈਠੇ ਤਾਜ ਟਿਕਾਈਆ । ਦੇਵੇ ਸੰਦੇਸ ਉਣੰਜਾ ਪਵਣਾਂ, ਪਵਣ ਪਵਣਾਂ ਵਿਚ ਸਮਾਈਆ । ਫਿਰੇ ਦਰੋਹੀ ਅਵਣ ਗਵਣਾ, ਲਾਸ਼ਰੀਕ ਏਕਾ ਨੌਬਤ ਦਏ ਵਜਾਈਆ । ਕਿਸੇ ਸੁਧ ਨਾ ਰਹੇ ਕਰਨ ਦੀ ਹਵਨਾ, ਕਲਜੁਗ ਏਕਾ ਅਗਨ ਹਵਨ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਜੁਗ ਦੇ ਚਾਰ ਦਿਨ, ਦਿਨ ਬਦਿਨ ਵਾਰੋ ਵਾਰ ਗੁਰੂਆਂ ਪੀਰਾਂ ਲੇਖਾ ਰਿਹਾ ਮੁਕਾਈਆ । ਚਾਰ ਚਾਰ ਦਿਨ ਪੁਛੇ ਪੁਛ, ਪੁਛਣਹਾਰ ਗੋਪਾਲਾ । ਕੋਈ ਦੱਸੇ ਕੁਛ ਕੋਈ ਦੱਸੇ ਕੁਛ, ਕੋਈ ਸ਼ਾਹ ਕੋਈ ਕੰਗਾਲਾ । ਕੋਈ ਡਰਦੇ ਮਾਰੇ ਪਿਛੇ ਬੈਠੇ ਲੁਕ, ਸਾਚਾ ਦਿਸੇ ਨਾ ਕੋਇ ਧਨ ਮਾਲਾ । ਕੋਈ ਦੋਏ ਜੋੜ ਬੈਠੇ ਝੁਕ, ਤੂੰ ਸ਼ਾਹ ਹਉਂ ਕੰਗਾਲਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਇਕ ਨਰਾਲਾ । ਖੇਲ ਨਰਾਲਾ ਪੁਰਖ ਅਕਾਲਾ, ਸਚਖੰਡ ਦਵਾਰੇ ਸਚਖੰਡ ਨਿਵਾਸੀ ਆਪ ਕਰਾਈਆ । ਵਾਰੋ ਵਾਰੀ ਕੱਢੇ ਦੀਵਾਲਾ, ਡਿਗਰੀ ਆਪਣੇ ਹੱਥ ਰਖਾਈਆ ।


੮੫੮
੧੦

ਅਛਲ ਅਛਲ ਹੋਇਆ ਮਹਾਕਾਲਾ, ਆਦਿ ਜੁਗਾਦਿ ਨਾ ਛਲਿਆ ਜਾਈਆ । ਜੋ ਜੁਗ ਜੁਗ ਆਪਣਾ ਨਾਉਂ ਮੰਗਦੇ ਰਹੇ ਹਾਲਾ, ਅੰਤਮ ਖੇਤੀ ਕੋਇ ਨਜ਼ਰ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਰਿਹਾ ਵਖਾਈਆ । ਲਿਖ ਲਿਖ ਵੇਖ ਆਪਣਾ ਲੇਖਾ, ਇਕ ਦੂਜੇ ਨਾਲ ਕਰਨ ਸਲਾਹ । ਮੈਂ ਜਾਣਿਆ ਮੇਰੇ ਜੇਹਾ ਦੂਸਰ ਕਿਸੇ ਨਾ ਕਰਿਆ ਵੇਸਾ, ਮੈਂ ਆਇਆ ਵੱਡਾ ਬਣ ਮਲਾਹ । ਮੈਂ ਜਾਣਿਆ ਮੇਰੇ ਜੇਹਾ ਨਾ ਕਮਾਇਆ ਕਿਸੇ ਪੇਸ਼ਾ, ਮੈਂ ਮਦਦਗਾਰ ਬਣਿਆ ਆਪ ਖ਼ੁਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਿਆ ਖੇਲ ਸਾਚੇ ਹਰਿ, ਸਭ ਨੂੰ ਦਿਤਾ ਭੁੱਲਾ । ਜੋ ਭੁਲਿਆ ਸੋ ਭੁਲਿਆ, ਅਭੁਲ ਅੱਗੇ ਨਾ ਕੋਇ ਜ਼ੋਰ । ਜੋ ਰੁਲਿਆ ਸੋ ਰੁਲਿਆ, ਤਿਸ ਅਵਰ ਨਾ ਕੋਇ ਠੌਰ । ਜੋ ਤੁਲਿਆ ਸੋ ਤੁਲਿਆ, ਤਿਸ ਹਰਿ ਹਰਿ ਗਿਆ ਬੌਹੜ । ਜੋ ਚਰਨ ਪ੍ਰੀਤੀ ਘੋਲ ਘੁਲਿਆ, ਤਿਸ ਫੜ ਚੜ੍ਹਾਵੇ ਘੋੜ । ਆਦਿ ਜੁਗਾਦਿ ਰਹੇ ਅਡੁਲਿਆ, ਦੋ ਜਹਾਨਾਂ ਲਾ ਕੇ ਵੇਖੇ ਏਕਾ ਪੌੜ । ਆਪਣੀ ਰੁੱਤੜੀ ਆਪੇ ਫਲਿਆ ਆਪੇ ਫੁਲਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਰੱਖੇ ਹੱਥ ਆਪਣੀ ਡੋਰ । ਹੱਥ ਡੋਰ ਤੰਦੀ ਤੰਦ, ਨਾਮ ਤੰਦਨ ਇਕ ਰਖਾਇੰਦਾ । ਜਿਸ ਜਨ ਗਾਇਆ ਬੱਤੀ ਦੰਦ, ਨਾਉਂ ਨਾਉਂ ਹਰਿ ਸਾਲਾਹਿੰਦਾ । ਤਿਸ ਚੜ੍ਹਾਇਆ ਸਾਚਾ ਚੰਦ, ਅਗਿਆਨ ਅੰਧੇਰ ਮਿਟਾਇੰਦਾ । ਅੰਤਮ ਦੇਵੇ ਪਰਮਾਨੰਦ, ਜੋਤੀ ਜੋਤ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੁਰ ਲੇਖਾ ਆਪ ਸਮਝਾਇੰਦਾ । ਹਰਿ ਲੇਖਾ ਅਪਾਰ, ਹਰਿ ਆਪਣੇ ਹੱਥ ਰਖਾਈਆ । ਗੁਰ ਲੇਖਾ ਨਿਰੰਕਾਰ, ਲੋਕਮਾਤ ਦਏ ਵਡਿਆਈਆ । ਭਗਤ ਲੇਖਾ ਸੰਸਾਰ, ਸਤਿਗੁਰ ਸਾਚੀ ਬੂਝ ਬੁਝਾਈਆ । ਸੰਤ ਲੇਖਾ ਜੀਵ ਆਧਾਰ, ਜੀਵਣ ਜੁਗਤ ਵਡ ਵਡਿਆਈਆ । ਗੁਰਮੁਖ ਲੇਖਾ ਬ੍ਰਹਮ ਵਿਚਾਰ, ਗੁਰ ਮੱਤੀ ਇਕ ਸਮਝਾਈਆ । ਗੁਰਸਿਖ ਲੇਖਾ ਗੁਰ ਚਰਨ ਦਵਾਰ, ਚਰਨ ਚਰਨੋਦਕ ਮੁਖ ਚੁਆਈਆ । ਸਰਬ ਜੀਆਂ ਦਾ ਇਕ ਨਿਰੰਕਾਰ, ਇਕ ਇਕੱਲਾ ਸੱਚਾ ਸ਼ਹਿਨਸ਼ਾਹੀਆ । ਕਲਜੁਗ ਅੰਤਮ ਹੋ ਤਿਆਰ, ਜੋਤੀ ਜਾਮਾ ਭੇਖ ਵਟਾਈਆ । ਸੰਬਲ ਨਗਰੀ ਧਾਮ ਨਿਆਰ, ਸਿੰਘ ਸਿੰਘਾਸਣ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਕਰੇ ਖੇਲ ਸਾਚਾ ਹਰਿ, ਗੁਰ ਅਵਤਾਰ ਸੱਦੇ ਦਰ, ਧੁਰ ਫ਼ਰਮਾਨਾ ਸ਼ਬਦ ਜਣਾਈਆ । ਧੁਰ ਫ਼ਰਮਾਨਾ ਸਾਚਾ ਰਾਣਾ, ਹਰਿ ਹਰਿ ਆਪ ਜਣਾਇੰਦਾ । ਕਲਜੁਗ ਅੰਤਮ ਵਰਤੇ ਭਾਣਾ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਤਖ਼ਤੋਂ ਲਾਹੇ ਰਾਜਾ ਰਾਣਾ, ਸ਼ਾਹ ਸੁਲਤਾਨਾਂ ਖ਼ਾਕ ਮਿਲਾਇੰਦਾ । ਰਾਮ ਕ੍ਰਿਸ਼ਨ ਵਾਹਿਗੁਰੂ ਅੱਲਾ ਨਾਮ ਸਤਿ ਏਕਾ ਗਾਏ ਸੱਚਾ ਗਾਨਾ, ਸੋਹੰ ਅੱਖਰ ਆਪ ਪੜ੍ਹਾਇੰਦਾ । ਲੱਖ ਚੁਰਾਸੀ ਬੀਨਾ ਦਾਨਾ, ਘਰ ਘਰ ਰਿਜ਼ਕ ਆਪ ਪੁਚਾਇੰਦਾ । ਵਿਸ਼ਨੂੰ ਦੇਵੇ ਸ੍ਰੀ ਭਗਵਾਨਾ, ਬ੍ਰਹਮਾ ਆਪਣੀ ਅੰਸ ਸੁਹਾਇੰਦਾ । ਸ਼ੰਕਰ ਕਰੇ ਦਰ ਪਰਵਾਨਾ, ਸੰਸਾ ਰੋਗ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਜੁਗਾਦਿ ਆਪਣੀ ਖੇਲ ਖਿਲਾਇੰਦਾ । ਜੁਗਾਦਿ ਆਪਣੀ ਖੇਲ ਖਿਲਾਇੰਦਾ, ਸਤਿਗੁਰ ਪੂਰਾ ਚਤੁਰ ਸੁਜਾਨ । ਸ੍ਰਿਸ਼ਟ ਸਬਾਈ ਵੇਖ ਵਖਾਇੰਦਾ, ਲੱਖ ਚੁਰਾਸੀ ਮਾਰ ਧਿਆਨ । ਅੰਜੀਲ ਕੁਰਾਨਾਂ ਫੋਲ ਫੋਲਾਇੰਦਾ, ਲੇਖਾ ਜਾਣੇ ਦੀਨ ਈਮਾਨ । ਖਾਣੀ ਬਾਣੀ ਵੇਸ ਵਟਾਇੰਦਾ, ਸ਼ਬਦ ਜਣਾਏ ਧੁਰ ਫ਼ਰਮਾਨ । ਪੁਰਾਨ ਸ਼ਾਸਤਰ ਖੋਜ ਖੁਜਾਇੰਦਾ, ਸਿਮਰਤ ਪਾਏ ਆਪਣੀ ਆਣ । ਵੇਦ ਕਤੇਬਾ ਆਪ ਸੁਣਾਇੰਦਾ, ਦੇਵੇ ਧੁਰ ਫ਼ਰਮਾਨ । ਗੁਰ ਅਵਤਾਰ ਆਪ

ਘਲਾਇੰਦਾ, ਹੋਏ ਜਾਣੀ ਜਾਣ । ਜੁਗ ਜੁਗ ਲੇਖਾ ਆਪ ਮੁਕਾਇੰਦਾ, ਲੇਖਾ ਦਰ ਕਰੇ ਪਰਵਾਨ । ਸਤਿਜੁਗ ਆਪਣੀ ਝੋਲੀ ਪਾਇੰਦਾ, ਤ੍ਰੇਤਾ ਮਿਟੇ ਮਾਤ ਨਿਸ਼ਾਨ । ਦੁਆਪਰ ਅੰਤ ਨਾ ਕੋਇ ਵਖਾਇੰਦਾ, ਕਲਜੁਗ ਹੋਇਆ ਜਗਤ ਪਰਧਾਨ । ਲੱਖ ਚੁਰਾਸੀ ਨਾਚ ਨਚਾਇੰਦਾ, ਨਾਲ ਰਲਾਇਆ ਪੰਜ ਸ਼ੈਤਾਨ । ਸਾਚਾ ਹੁਕਮ ਨਾ ਕੋਇ ਮਨਾਇੰਦਾ, ਭਰਮੇ ਭੁੱਲਾ ਜੀਵ ਨਾਦਾਨ । ਬਿਨ ਹਰਿ ਬੇੜਾ ਪਾਰ ਨਾ ਕੋਇ ਕਰਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਹੋਇਆ ਜਾਣੀ ਜਾਣ । ਜਾਨਣਹਾਰਾ ਜਾਣਦਾ, ਜੁਗਾ ਜੁਗਾਂ ਦੀ ਕਾਰ । ਵੇਦ ਵਿਆਸਾ ਲੇਖ ਵਖਾਣਦਾ, ਈਸਾ ਤੇਰੀ ਸੁਣੇ ਪੁਕਾਰ । ਮੁਹੰਮਦ ਤੇਰਾ ਮੇਲਾ ਦੋ ਜਹਾਨ ਦਾ, ਚੌਦਾਂ ਤਬਕਾਂ ਕਰੇ ਵਿਚਾਰ । ਗੋਬਿੰਦ ਸੂਰਾ ਇਕ ਲਲਕਾਰਦਾ, ਸਾਚਾ ਖੰਡਾ ਨਾਮ ਹੁਲਾਰ । ਨਾਨਕ ਸਤਿ ਨਾਮ ਪੁਕਾਰਦਾ, ਚਾਰ ਵਰਨਾਂ ਕਰੇ ਪਿਆਰ । ਕ੍ਰਿਸ਼ਨ ਲੇਖਾ ਏਕਾ ਧੁਰ ਦਰਬਾਰ ਦਾ, ਸਾਚੀ ਸਖ਼ੀਆਂ ਮੰਗਲਾਚਾਰ । ਰਾਮ ਰੂਪ ਨਿਰਗੁਣ ਧਾਰ ਦਾ, ਦਸਰਥ ਬੇਟਾ ਦਏ ਆਧਾਰ । ਆਦਿ ਸ਼ਕਤ ਖੇਲ ਸੱਚੀ ਸਰਕਾਰ ਦਾ, ਜੋਤੀ ਜੋਤ ਨੂਰ ਉਜਿਆਰ । ਚਤੁਰਭੁਜ ਰੂਪ ਬਲਕਾਰ ਦਾ, ਕਰੇ ਖੇਲ ਅਗੰਮ ਅਪਾਰ । ਵਿਸ਼ਨ ਆਪਣਾ ਆਪ ਉਠਾਲਦਾ, ਵਿਸ਼ਵ ਹੋਏ ਆਪ ਨਿਰੰਕਾਰ । ਵਿਸ਼ਨੂੰ ਬ੍ਰਹਮਾ ਆਪੇ ਪਾਲ ਦਾ, ਕਵਲ ਨਾਭੀ ਬਣ ਦਲਾਲ । ਲੱਖ ਚੁਰਾਸੀ ਬ੍ਰਹਮ ਪਤ ਡਾਲ੍ਹ ਦਾ, ਫੁਲ ਫੁਲਵਾੜੀ ਵੇਖੇ ਗੁਲਜ਼ਾਰ । ਸ਼ੰਕਰ ਮੰਨੇ ਹੁਕਮ ਸਰਕਾਰ ਦਾ, ਨਾ ਭੁੱਲੇ ਵਿਚ ਸੰਸਾਰ । ਜੋ ਘੜਿਆ ਭੰਨ ਵਖਾਲਦਾ, ਰਹਿਣ ਨਾ ਦੇਵੇ ਕੋਇ ਗੁਰ ਅਵਤਾਰ । ਮਹਾਰਾਜ ਸ਼ੇਰ ਸਿੰਘ ਆਪਣਾ ਕੀਤਾ ਆਪੇ ਜਾਣਦਾ, ਦੂਸਰ ਅੱਗੇ ਨਾ ਕਰੇ ਪੁਕਾਰ । ਆਪਣੀ ਹੱਥੀਂ ਕਰਿਆ ਖੇਲ ਅੱਗ ਮਸਾਣ ਦਾ, ਆਪੇ ਰਲਿਆ ਧੂੰਆਂਧਾਰ । ਮਾਤ ਪਿਤ ਭੈਣ ਭਰਾ ਨਾ ਕੋਈ ਜਾਣਦਾ, ਕਵਣ ਰੂਪ ਕਰਿਆ ਨਿਰੰਕਾਰ । ਰੰਗ ਮਾਣਿਆ ਹਾਣੀਆਂ ਹਾਣ ਦਾ, ਪੰਜ ਤੱਤ ਕਰ ਪਿਆਰ । ਆਪਣੀ ਖ਼ਾਕ ਰਿਹਾ ਛਾਣਦਾ, ਖ਼ਾਕ ਉਡਾਏ ਸਰਬ ਸੰਸਾਰ । ਸਿੰਘ ਮਨੀ ਇਕ ਪਿਆਰ ਦਾ, ਜਿਸ ਮਿਲਿਆ ਹਾਣੀ ਹਾਣ । ਸਿੰਘ ਪਾਲ ਨਾਤਾ ਸੀਸ ਦਸਤਾਰ ਦਾ, ਨਾਤਾ ਤੋੜ ਜਗਤ ਜੰਜਾਲ । ਪੁੱਤ ਮਿਲਾਇਆ ਨਾਲ ਅਕਾਲ ਦਾ, ਗੋਬਿੰਦ ਕਰਿਆ ਇਕ ਪਿਆਰ । ਆਪਣਾ ਵਸਲ ਆਪ ਸਖਾਲ ਦਾ, ਸਾਚੀ ਸੇਜਾ ਕਰ ਤਿਆਰ । ਆਪਣੀਆਂ ਹੱਡੀਆਂ ਕਲਜੁਗ ਅਗਨੀ ਵਿਚ ਬਾਲਦਾ, ਕਰੇ ਖੇਲ ਅਪਰ ਅਪਾਰ । ਸਤਿਗੁਰ ਪੂਰਾ ਗੁਰਸਿਖਾਂ ਆਪੇ ਭਾਲਦਾ, ਸਿੰਘ ਸ਼ੇਰ ਗੁਰਸਿਖਾਂ ਕਰੀ ਆਪ ਵਿਚਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਨਿਰਗੁਣ ਲੈ ਅਵਤਾਰ । ਸਰਗੁਣ ਸੜਿਆ ਹੋਇਆ ਸਵਾਹ, ਘਨਕ ਪੁਰੀ ਪਈ ਦੁਹਾਈਆ । ਕੋਈ ਕਹੇ ਮੇਰਾ ਗਿਆ ਭਰਾ, ਕੋਈ ਕਹੇ ਸੱਜਣ ਗਿਆ ਪੱਲਾ ਛੁਡਾਈਆ । ਕੋਈ ਕਹੇ ਕੌਣ ਪੁੱਤ ਗੋਦ ਲਏ ਬਹਾ, ਪਿਤਾ ਕਵਣ ਰੂਪ ਵਟਾਈਆ । ਕੋਈ ਕਹੇ ਮੇਰਾ ਨਾਤਾ ਤੁਟਾ ਮੇਰੀ ਫੜਦਾ ਰਿਹਾ ਬਾਂਹ, ਬਾਂਹਵਾਂ ਬਾਜ਼ੂਆਂ ਨਾਲ ਮਿਲਾਈਆ । ਜਗਤ ਸ਼ਰੀਕਾ ਭੁੱਲਾ ਆਪਣੇ ਥਾਂ, ਜਗਤ ਸ਼ਰਕਤ ਹੋਈ ਜੁਦਾਈਆ । ਸ਼ੇਰ ਸਿੰਘ ਚੜ੍ਹਿਆ ਏਕਾ ਚਾ, ਸ਼ੇਰ ਰੂਪ ਗਿਆ ਵਟਾਈਆ । ਗੁਰਸਿਖਾਂ ਅੰਦਰ ਲੱਭੀ ਆਪਣੀ ਥਾਂ, ਆਪ ਆਪਣਾ ਆਸਣ ਲਾਈਆ । ਉਚੀ ਕੂਕ ਦਿਤਾ ਸੁਣਾ, ਆਪਣਾ ਨਾਮ ਆਪ ਜਣਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਮੈਂ ਵਸਾਂ ਹਰ ਘਟ ਥਾਂ, ਆਦਿ ਜੁਗਾਦਿ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਿਆ ਖੇਲ ਸਾਚੇ ਹਰਿ, ਆਪਣੀ ਖੇਲ ਆਪ ਖਿਲਾਈਆ । ਨਾਤਾ ਤੋੜ ਸਰਬ ਸੰਸਾਰ, ਹਰਿ

੮੯੦
੧੦

ਅਚਰਜ ਖੇਲ ਰਚਾਇਆ । ਗੋਬਿੰਦ ਕਰਿਆ ਇਕ ਪਿਆਰ, ਸਾਚਾ ਮੇਲਾ ਮੇਲ ਮਿਲਾਇਆ । ਵਸਿਆ ਧਾਮ ਆਪ ਨਿਆਰ, ਨਿਰਵੈਰ ਆਸਣ ਲਾਇਆ । ਤ੍ਰੈਗੁਣ ਚੋਲਾ ਦਿਤਾ ਪਾੜ, ਪੰਜ ਤੱਤ ਨਾਤਾ ਗਿਆ ਤੁੜਾਇਆ । ਵਾ ਨਾ ਲੱਗੀ ਤੱਤੀ ਹਾੜ੍ਹ, ਅਗਨੀ ਅੱਗ ਨਾ ਕੋਇ ਰਖਾਇਆ । ਕਰ ਪਰਕਾਸ਼ ਬਹੱਤਰ ਨਾੜ, ਜੋਤੀ ਜੋਤ ਲਏ ਜਗਾਇਆ । ਗੋਬਿੰਦ ਉਠਾਇਆ ਸਾਚਾ ਲਾੜ, ਘਰ ਮੇਲਾ ਮੇਲ ਮਿਲਾਇਆ । ਸ਼ਬਦੀ ਕਰਿਆ ਇਕ ਸ਼ੰਗਾਰ, ਵਾਹ ਵਾ ਸਗਨ ਮਨਾਇਆ । ਜੋਤੀ ਬਣ ਬਣ ਕਰੇ ਪਿਆਰ, ਆਪਣੇ ਅੰਗ ਲਗਾਇਆ । ਵਾਸਨਾ ਖੋਟੀ ਨਾ ਕੋਇ ਵਿਚਾਰ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਕੋਇ ਹਲਕਾਇਆ । ਏਕਾ ਚੋਟੀ ਚੜ੍ਹ ਕੇ ਬੈਠਾ ਸੱਚੀ ਸਰਕਾਰ, ਸਾਚੇ ਮੰਦਰ ਆਸਣ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਸਾਚੇ ਲਏ ਜਗਾਇਆ । ਆਪਣਾ ਆਸਣ ਸਾਚਾ ਡੇਰਾ, ਗੁਰਸਿਖ ਤੇਰਾ ਅੰਤਰ ਧਾਮ ਬਣਾਈਆ । ਮੇਲ ਮਿਲਾਇਆ ਏਕਾ ਵੇਰਾ, ਦੂਜੀ ਵੇਰ ਵਿਛੜ ਨਾ ਜਾਈਆ । ਤੇਰੀ ਕਾਇਆ ਪਾਇਆ ਆਪਣਾ ਘੇਰਾ, ਕਲਜੁਗ ਜੰਗਲ ਰੂਪ ਦਰਸਾਈਆ । ਅੰਦਰ ਲੁਕਿਆ ਸਿੰਘ ਦਲੇਰਾ, ਸ਼ੇਰ ਆਪਣਾ ਬਲ ਛੁਪਾਈਆ । ਪਰਗਟ ਹੋਵੇ ਏਕਾ ਵੇਰਾ, ਸਭ ਦਾ ਵੇਰਵਾ ਦਏ ਵਖਾਈਆ । ਦੂਰ ਦੁਰਾਡਾ ਆਏ ਨੇਰਾ, ਨੇਰਨ ਨੇਰ ਆਪ ਹੋ ਜਾਈਆ । ਕਲਜੁਗ ਮੁਕਾਏ ਅੰਤਮ ਝੇੜਾ, ਆਪ ਆਪਣਾ ਬਲ ਰਖਾਈਆ । ਧਰਤ ਮਾਤ ਦਾ ਖੁਲ੍ਹਾ ਵੇਹੜਾ, ਨੌਂ ਖੰਡ ਪ੍ਰਿਥਮੀ ਦਏ ਕਰਾਈਆ । ਹਰਿਜਨ ਤਰਾਏ ਕਰ ਕਰ ਮੇਹਰਾਂ, ਮਿਹਰਵਾਨ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਕਰੇ ਖੇਲ ਸੱਚਾ ਸ਼ਹਿਨਸ਼ਾਹ, ਸ਼ਹਿਨਸ਼ਾਹੀ ਇਕ ਰਖਾਇੰਦਾ । ਜੁਗ ਜੁਗ ਬਣ ਮਾਤ ਮਲਾਹ, ਲੱਖ ਚੁਰਾਸੀ ਬੇੜਾ ਆਪ ਚਲਾਇੰਦਾ । ਗੁਰ ਅਵਤਾਰਾਂ ਦਏ ਸਲਾਹ, ਸਾਚਾ ਮਾਰਗ ਨਾਮ ਸਮਝਾਇੰਦਾ । ਅੱਠੇ ਪਹਿਰ ਦਰਸ ਵਖਾ, ਦੀਦ ਈਦ ਇਕ ਕਰਾਇੰਦਾ । ਨਿਰਗੁਣ ਚੰਦ ਇਕ ਚੜ੍ਹਾ, ਜੋਤੀ ਜੋਤ ਜੋਤ ਰੁਸ਼ਨਾਇੰਦਾ । ਬਖ਼ਸ਼ਿਸ਼ ਕਰੇ ਆਪ ਮੇਹਰਵਾਂ, ਮੇਹਬਾਨ ਬੀਦੋ ਬੀ ਖ਼ੈਰ ਯਾ ਅੱਲਾ ਆਪਣਾ ਰੂਪ ਵਟਾਇੰਦਾ । ਸੁਲਾਹਕੁਲ ਇਕ ਖ਼ੁਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਭ ਦੀ ਸੁਲਾਹ ਆਪ ਕਰਾਇੰਦਾ । ਸਭ ਦੀ ਸੁਲਾਹ ਅੰਤ ਕਰਾਏ, ਵਰਨ ਬਰਨ ਰਹਿਣ ਨਾ ਪਾਈਆ । ਮੁੱਲਾਂ ਸ਼ੇਖ਼ ਪੀਰ ਮਸਾਇਕ ਮਿਟਾਏ, ਦਸਤਗੀਰ ਨਾ ਕੋਇ ਵਡਿਆਈਆ । ਗ੍ਰੰਥੀ ਪੰਥੀ ਨਾ ਕੋਇ ਅਖਵਾਏ, ਪੁਰਖ ਅਕਾਲ ਇਕ ਧਿਆਈਆ । ਪੰਡਤ ਪਾਂਧਾ ਦਏ ਖਪਾਏ, ਤਿਲਕ ਲਲਾਟ ਨਾ ਕੋਇ ਲਗਾਈਆ । ਅਠਸਠ ਤੀਰਥ ਨਾ ਕੋਇ ਨਹਾਏ, ਸਰ ਸਰੋਵਰ ਦਏ ਮੁਕਾਈਆ । ਪੂਜਾ ਪਾਠ ਇਕ ਕਰਾਏ, ਏਕਾ ਕਰੇ ਪੜ੍ਹਾਈਆ । ਕਲਜੁਗ ਜੀਵਾਂ ਖ਼ਾਲੀ ਠੂਠਾ ਹੱਥ ਵਖਾਏ, ਭਰਮੇ ਭੁੱਲੀ ਸਰਬ ਲੋਕਾਈਆ । ਗੁਰਮੁਖ ਰੁੱਠਾ ਲਏ ਮਿਲਾਏ, ਜਿਸ ਸਿਰ ਆਪਣਾ ਹੱਥ ਟਿਕਾਈਆ । ਜਨਮ ਜਨਮ ਦਾ ਗ਼ੁੱਸਾ ਦਏ ਗਵਾਏ, ਆਪਣੀ ਖ਼ਿਮਾਂ ਗ਼ਰੀਬੀ ਇਕ ਵਰਤਾਈਆ । ਪੁੱਛਾਂ ਦੇ ਦੇ ਆਪਣੇ ਗੁਰਸਿਖ ਘਰ ਮੰਗਾਏ, ਗੁਰਸਿਖ ਲੱਭਣ ਕਿਤੇ ਨਾ ਜਾਈਆ । ਚਾਰੇ ਕੁੰਟਾਂ ਫੋਲ ਫੋਲਾਏ, ਦਹਿ ਦਿਸ਼ਾ ਵੇਖ ਵਖਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਕੁੰਡਾ ਲਾਹੇ, ਗਗਨ ਪਾਤਾਲਾਂ ਖੋਜ ਖੋਜਾਈਆ । ਨੌਂ ਦਵਾਰੇ ਪਾਰ ਕਰਾਏ, ਜਗਤ ਵਾਸਨਾ ਦਏ ਮਿਟਾਈਆ । ਟੇਢੀ ਬੰਕ ਆਪ ਲੰਘਾਏ, ਗੁਰਮੁਖ ਸੁਰਤੀ ਰਾਹੇ ਪਾਈਆ । ਆਪਣਾ ਰਾਗ ਸ਼ਬਦ ਸੁਣਾਏ, ਗੁਰਸਿਖ ਸੁਵਾਣੀ ਮਗਰ ਲਗਾਈਆ । ਹਾਣੀ ਹੋ ਹੋ ਨਜ਼ਰੀ ਆਏ, ਆਪਣਾ

ਜੋਬਨ ਆਪ ਜਣਾਈਆ । ਅੰਮ੍ਰਿਤ ਆਤਮ ਠੰਡਾ ਪਾਣੀ ਆਪ ਪਿਆਏ, ਏਕਾ ਪਿਆਲਾ ਸਚ ਸੁਹਾਈਆ । ਸਾਚੀ ਬਾਣੀ ਆਪ ਸੁਣਾਏ, ਘਰ ਅਨਹਦ ਤਾਲ ਵਜਾਈਆ । ਬਜਰ ਕਪਾਟੀ ਤੋੜ ਤੁੜਾਏ, ਦੂਈ ਦਵੈਤੀ ਮੇਟ ਮਿਟਾਈਆ । ਸਾਚੀ ਖਾਟ ਸੇਜ ਵਿਛਾਏ, ਆਤਮ ਆਸਣ ਇਕ ਰਖਾਈਆ । ਨਿਰਗੁਣ ਹੋ ਹੋ ਡੇਰਾ ਲਾਏ, ਪਾਰਬ੍ਰਹਮ ਬੇਪਰਵਾਹੀਆ । ਜੀਵ ਆਤਮ ਲਏ ਮਿਲਾਏ, ਈਸ਼ ਜੀਵ ਸੱਚਾ ਸ਼ਹਿਨਸ਼ਾਹੀਆ । ਆਦਿ ਲੱਗੀ ਪ੍ਰੀਤ ਅੰਤ ਤੋੜ ਨਿਭਾਏ, ਲੱਖ ਚੁਰਾਸੀ ਗੇੜ ਆਪਣਾ ਪੂਰ ਕਰਾਈਆ । ਉਜੜਿਆ ਖੇੜਾ ਫੇਰ ਵਸਾਏ, ਜਿਸ ਗੁਰਸਿਖ ਆਪਣੀ ਬੂਝ ਬੁਝਾਈਆ । ਪੰਚਮ ਝੇੜਾ ਦਏ ਮਿਟਾਏ, ਆਸਾ ਤ੍ਰਿਸਨਾ ਨਾ ਹੋਏ ਹਲਕਾਈਆ । ਮਾਇਆ ਮਮਤਾ ਦਏ ਚੁਕਾਏ, ਚਿੰਤਾ ਚਿਖਾ ਨਾ ਕੋਇ ਰਖਾਈਆ । ਮਦਿਰਾ ਮਾਸ ਜੋ ਜਨ ਤਜਾਏ, ਤਿਸ ਸੁਤਿਆਂ ਲਏ ਜਗਾਈਆ । ਮਹਾਰਾਜ ਸ਼ੇਰ ਸਿੰਘ ਨਜ਼ਰੀ ਆਏ, ਸ਼ੇਰ ਆਪਣਾ ਰੂਪ ਵਟਾਈਆ । ਗੋਬਿੰਦ ਸੂਰਾ ਨਾਲ ਰਲਾਏ, ਜਿਸ ਅੰਦਰ ਲੁਕਿਆ ਬੇਪਰਵਾਹੀਆ । ਗੁਰਮੁਖ ਤੇਰਾ ਕਾਇਆ ਕੂੜਾ ਹੂੰਝ ਵਖਾਏ, ਨਾਮ ਬਹਾਰੀ ਏਕਾ ਲਾਈਆ । ਚਰਨ ਧੂੜ ਤੇਰੇ ਮਸਤਕ ਟਿੱਕਾ ਲਾਏ, ਤੇਰੀ ਧੋਵੇ ਮਸਤਕ ਸ਼ਾਹੀਆ । ਕਲਜੁਗ ਨਾਤਾ ਕੂੜ ਮਿਟਾਏ, ਸਚ ਸੁੱਚ ਵੰਡ ਵੰਡਾਈਆ । ਤੇਰੇ ਅੰਦਰ ਤੇਰੀ ਜੋਤ ਤੇਰਾ ਨੂਰ ਕਰੇ ਰੁਸ਼ਨਾਏ, ਨੂਰ ਨੂਰ ਨਾਲ ਮਿਲਾਈਆ । ਤੇਰੀ ਹੂਰ ਤੇਰੀ ਸੁਰਤ ਤੇਰੇ ਸ਼ਬਦ ਮਿਲਾਏ, ਦੂਜੇ ਦਰ ਨਾ ਲੱਭਣ ਜਾਈਆ । ਆਸਾ ਪੂਰ ਇਕ ਅਖਵਾਏ, ਜੋ ਗੁਰੂਆਂ ਪੀਰਾਂ ਆਸ ਪੂਰ ਕਰਾਈਆ । ਹਾਜ਼ਰ ਹਜ਼ੂਰ ਬੈਠਾ ਡੇਰਾ ਲਾਏ, ਜਿਸ ਦੀ ਦੋ ਜਹਾਨ ਸੱਚੀ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਦਾ ਇਕੋ ਦਾਤਾ, ਦੂਸਰ ਓਟ ਨਾ ਕੋਇ ਵਖਾਈਆ । ਨਾ ਕੋਈ ਓਟ ਨਾ ਕੋਈ ਆਸਾ, ਮਾਰਗ ਅਵਰ ਨਾ ਕੋਇ ਜਣਾਇੰਦਾ । ਚਾਰ ਵਰਨ ਦਏ ਭਰਵਾਸਾ, ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਗਲੇ ਲਗਾਇੰਦਾ । ਚਰਨ ਕਵਲ ਉਪਰ ਧਵਲ ਦੇਵੇ ਭਰਵਾਸਾ, ਕਰੇ ਖੇਲ ਪੁਰਖ ਅਬਿਨਾਸ਼ਾ, ਲੱਖ ਚੁਰਾਸੀ ਫੰਦ ਕਟਾਇੰਦਾ । ਨਿਜ ਘਰ ਨਿਜ ਆਤਮ ਨਿਜ ਦਰ ਕਰ ਕਰ ਵਾਸਾ, ਆਤਮ ਪਰਮਾਤਮ ਵੇਖ ਵਖਾਇੰਦਾ । ਕਾਇਆ ਕਾਅਬਾ ਵੇਖੇ ਕਾਸਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਲਏ ਫੜ, ਹਰਿ ਕੇ ਪੌੜੇ ਆਪ ਚੜ੍ਹਾਇੰਦਾ । ਹਰਿਜਨ ਚੜ੍ਹਨਾ ਹਰਿ ਹਰਿ ਪੌੜ, ਪੁਰਖ ਅਬਿਨਾਸ਼ੀ ਮਾਤ ਲਗਾਈਆ । ਜਿਸ ਨੂੰ ਕਹਿੰਦੇ ਬ੍ਰਹਿਮਣ ਗੌੜ, ਸੋ ਪਾਰਬ੍ਰਹਮ ਖੇਲ ਖਿਲਾਈਆ । ਜਿਸ ਨੂੰ ਕਹਿੰਦੇ ਔਣਾ ਦੌੜ, ਨੀਲੇ ਵਾਲਾ ਸਾਚਾ ਮਾਹੀਆ । ਜਿਸ ਨੂੰ ਕਹਿੰਦੇ ਮਿੱਠੇ ਕਰੇ ਰੀਠੇ ਕੌੜ, ਸੋ ਰਿਹਾ ਜਾਮ ਪਿਆਈਆ । ਜਿਸ ਨੂੰ ਕਹਿੰਦੇ ਜਨਮ ਜਨਮ ਦੀ ਮਿਟਾਏ ਔੜ, ਅੰਮ੍ਰਿਤ ਮੇਘ ਇਕ ਬਰਸਾਈਆ । ਕਲਜੁਗ ਅੰਤਮ ਗੁਰਸਿਖਾਂ ਗਿਆ ਬੌਹੜ, ਮਨਮੁਖ ਗੂੜ੍ਹੀ ਨੀਂਦ ਸਵਾਈਆ । ਕਰਿਆ ਖੇਲ ਅਵਰ ਕਾ ਔਰ, ਬਿਧ ਆਪਣੀ ਅਵਰ ਬਣਾਈਆ । ਕਲਜੁਗ ਵਿਦਿਆ ਕਰ ਕਰ ਥੱਕੀ ਗੌਰ, ਗੋਰ ਵਿਚ ਵੜਿਆ ਦਿਸ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਸ਼ਵ ਆਪਣੀ ਖੇਲ ਖਿਲਾਈਆ ।

ਸਤਿਗੁਰ ਪੂਰਾ ਸਦ ਮਿਹਰਵਾਨ, ਜੁਗ ਜੁਗ ਦਇਆ ਕਮਾਇੰਦਾ । ਭਗਤ ਭਗਵੰਤ ਮੇਲੇ ਆਣ, ਸੰਤ ਸਾਜਨ ਵੇਖ ਵਖਾਇੰਦਾ । ਗੁਰਮੁਖ ਗੁਰ ਗੁਰ ਲਏ ਪਛਾਣ, ਗੁਰਸਿਖ ਆਪਣੇ ਰੰਗ ਰੰਗਾਇੰਦਾ । ਏਕਾ ਨਾਮ ਦੇਵੇ ਗਿਆਨ, ਸਾਚਾ ਤੱਤ ਆਪ ਸਮਝਾਇੰਦਾ । ਦੂਜਾ ਬਖ਼ਸ਼ੇ ਚਰਨ ਧਿਆਨ, ਚਰਨ ਕਵਲ ਇਕ ਦਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਮਨਾਇੰਦਾ । ਗੁਰਸਿਖ ਸਾਚੀ ਸਿਖਿਆ ਲੈਣੀ ਸਿੱਖ, ਸਾਖਿਆਤ ਹਰਿ ਸਮਝਾਈਆ । ਦਰ ਦਵਾਰ ਜੋ ਮੰਗੇ ਭਿੱਖ, ਭਿਖਕ ਭਿਛਿਆ ਝੋਲੀ ਪਾਈਆ । ਜਨਮ ਕਰਮ ਪ੍ਰਭ ਦੇਵੇ ਲਿਖ, ਪਿਛਲਾ ਲੇਖਾ ਦਏ ਮੁਕਾਈਆ । ਜਗਤ ਦਵੈਤੀ ਲਾਹੇ ਵਿਖ, ਅੰਮ੍ਰਿਤ ਆਤਮ ਜਾਮ ਪਿਆਈਆ । ਹਉਮੇ ਮਮਤਾ ਤੋੜੇ ਤ੍ਰਿਸਨਾ ਤ੍ਰਿਖ, ਅਗਨੀ ਅੱਗ ਨਾ ਕੋਇ ਜਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਸਮਝਾਈਆ । ਗੁਰਸਿਖ ਸਾਚੇ ਚਤੁਰ ਸੁਜਾਨ, ਹਰਿ ਸਾਚਾ ਸਚ ਜਣਾਇੰਦਾ । ਜੋ ਜਨ ਮੰਗਤਾ ਚਾਹੇ ਦਾਨ, ਦਾਤਾ ਦਾਨੀ ਆਪ ਵਖਾਇੰਦਾ । ਚਰਨ ਕਵਲ ਕਰਨਾ ਇਕ ਧਿਆਨ, ਨੇਤਰ ਦੂਸਰ ਪੁਰਸ਼ ਨਾ ਕੋਇ ਤਕਾਇੰਦਾ । ਘਰ ਅੰਦਰ ਮਨ ਮੰਨੇ ਆਪਣੀ ਆਣ, ਮਨ ਮਾਰਗ ਨਾ ਕੋਇ ਜਣਾਇੰਦਾ । ਏਕਾ ਵਾਰ ਏਕਾ ਗੁਰ ਕਰੇ ਪਰਵਾਨ, ਏਕਾ ਗੁਰਸਿਖ ਮੰਗ ਮੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਵਖਾਇੰਦਾ । ਚਰਨ ਧਿਆਨ ਨੇਤਰ ਦਰਸ, ਬਿਨ ਹਰਿ ਚਰਨ ਨਾ ਕੋਇ ਦਰਸਾਈਆ । ਪ੍ਰਭ ਮਿਲਣ ਦੀ ਰੱਖੋ ਹਰਸ, ਹਵਸ ਹੋਰ ਨਾ ਕੋਇ ਵਡਿਆਈਆ । ਸਤਿਗੁਰ ਪੂਰਾ ਕਰੇ ਤਰਸ, ਦੀਨਨ ਆਪਣੀ ਦਇਆ ਕਮਾਈਆ । ਅੰਮ੍ਰਿਤ ਮੇਘ ਦੇਵੇ ਬਰਸ, ਅਗਨੀ ਤੱਤ ਰਹਿਣ ਨਾ ਪਾਈਆ । ਨਾ ਕੋਈ ਸੋਗ ਨਾ ਕੋਈ ਹਰਖ, ਜੋ ਜਨ ਹਰਿ ਹਰਿ ਨਾਉਂ ਮੰਗ ਮੰਗਾਈਆ । ਹਰਿ ਸੱਜਣ ਹਰਿਜਨ ਤੇਰੀ ਆਪੇ ਕਰੇ ਪਰਖ, ਪਰੀਖਿਆ ਵਿਚ ਕਦੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਮੰਗ ਏਕਾ ਵਾਰ ਏਕਾ ਗੁਰ ਪੂਰ ਕਰਾਈਆ । ਗੁਰਸਿਖ ਵੇਖੇ ਚਰਨ ਕਵਲ, ਕਵਲ ਚਰਨ ਚਿਤ ਲਾਇਆ । ਸਤਿਗੁਰ ਆਸਾ ਪੂਰੀ ਕਰੇ ਉਪਰ ਧਵਲ, ਧਰਨੀ ਧਰਤ ਧਵਲ ਮੇਲ ਮਿਲਾਇਆ । ਆਤਮ ਅੰਤਰ ਜਾਏ ਮਵਲ, ਮੌਲਾ ਆਪਣੀ ਖੇਲ ਖਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਵਸਤ ਝੋਲੀ ਪਾਇਆ । ਏਕਾ ਵਸਤ ਦਾਤ ਅਮੋਲਕ, ਗੁਰ ਗੁਰਸਿਖਾਂ ਝੋਲੀ ਪਾਈਆ । ਗੁਰਸਿਖ ਕਾਇਆ ਸਾਚੀ ਗੋਲਕ, ਗੁਰ ਪੂਰਾ ਵਿਚ ਟਿਕਾਈਆ । ਸੁਖ ਦੁਖ ਵਿਚ ਰਹੇ ਅਡੋਲਤ, ਦੁਖ ਸੁਖ ਵਿਚ ਗੁਰ ਮਨਾਈਆ । ਗੁਰ ਹੁਕਮ ਸੁਣਾਏ ਇਕ ਅਨਬੋਲਤ, ਰਸਨਾ ਜੇਹਵਾ ਨਾ ਕੋਇ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਸੁਹੇਲਾ ਹੋਏ ਸਹਾਈਆ । ਮਨ ਬਾਂਛਤ ਹਰਿ ਆਸਾ ਪੂਰ, ਇਛਾ ਪੂਰੀ ਆਪ ਕਰਾਇੰਦਾ । ਪਹਿਲਾਂ ਤੋੜੇ ਮਾਣ ਗ਼ਰੂਰ, ਦੂਜੇ ਸ਼ਰਮ ਹੱਯਾ ਨਾ ਕੋਇ ਵਖਾਇੰਦਾ । ਤੀਜੇ ਮੰਗੇ ਚਰਨ ਧੂੜ, ਚੌਥੇ ਨਾਤਾ ਕੂੜੋ ਕੂੜ ਤੁੜਾਇੰਦਾ । ਪੰਚਮ ਦਰਸ ਕਰਨਾ ਜ਼ਰੂਰ, ਹਿਰਸ ਹਵਸ ਸਰਬ ਗਵਾਇੰਦਾ । ਛੇਵੇਂ ਲੈਣਾ ਜੋਤੀ ਨੂਰ, ਸਤਵੇਂ ਸਤਿ ਸਤਿਵਾਦੀ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਨਸਾ ਆਸਾ ਆਸਾ ਮਨਸਾ ਮਨ ਮਨ ਹੀ ਪੂਰ ਕਰਾਇੰਦਾ । ਦਿਵਸ ਰੈਣ ਹਉਂ ਜਣਾਇੰਦਾ, ਆਠ ਪਹਿਰ ਪਰਭਾਤ । ਗੁਰਮੁਖ ਵਿਰਲਾ ਝੋਲੀ ਅੱਗੇ ਡਾਹਿੰਦਾ, ਜਿਸ ਮੰਨਿਆ ਏਕਾ ਇਕ ਇਕਾਂਤ । ਜੋ ਜਨ ਮਨ ਕਾ ਘੋੜਾ ਸਰਬ ਦੌੜਾਇੰਦਾ, ਦਹਿ

੮੬੩
੧੦

ਦਿਸ਼ਾ ਫਿਰੇ ਬੌਹ ਭਾਂਤ । ਤਿਸ ਸਤਿਗੁਰ ਪੂਰਾ ਨਜ਼ਰ ਨਾ ਆਇੰਦਾ, ਅੰਦਰ ਖੁਲ੍ਹਾ ਦਿਸੇ ਨਾ ਬੰਦ ਤਾਕ । ਸਾਕੀ ਬਣ ਨਾ ਜਾਮ ਪਿਆਇੰਦਾ, ਪੰਧ ਦੁਰੇਡਾ ਨਾ ਮੁੱਕੇ ਵਾਟ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਪੁਛੇ ਸਦਾ ਵਾਤ । ਹਉਂ ਸੁਣਾਨੇ ਸੁਹਾਗੀ ਗੀਤ, ਗੋਬਿੰਦ ਨਾਮ ਇਲਾਹੀਆ । ਸੁਣ ਸੱਜਣ ਸੰਤ ਮੀਤ, ਤੇਰੇ ਦਰ ਵੱਜੇ ਵਧਾਈਆ । ਤੂੰ ਛੱਡ ਪੁਰਾਣੀ ਰੀਤ, ਹੁਣ ਨਵੀਂ ਰੁੱਤੜੀ ਸੋਭਾ ਪਾਈਆ । ਘਰ ਆਇਆ ਇਕ ਅਤੀਤ, ਜਿਸ ਦਾ ਨਾਉਂ ਵਡੀ ਵਡਿਆਈਆ । ਜਿਸ ਏਕਾ ਰੰਗ ਰੰਗਾਇਆ ਹਸਤ ਕੀਟ, ਊਚ ਨੀਚ ਰਹਿਣ ਕੋਇ ਨਾ ਪਾਈਆ । ਜੋ ਦੇਵੇ ਨਾਮ ਅਨਡੀਠ, ਜਗਤ ਨੇਤਰ ਦਿਸ ਨਾ ਆਈਆ । ਜੋ ਸੁੱਤਾ ਦੇ ਕਰ ਪੀਠ, ਆਪਣੀ ਲਏ ਆਪ ਅੰਗੜਾਈਆ । ਕਲਜੁਗ ਸਦੀ ਰਹੀ ਬੀਤ, ਸ਼ੈਤਾਨਾ ਹੋਇਆ ਸੱਚਾ ਮਾਹੀਆ । ਨਾ ਪਤਤ ਨਾ ਪੁਨੀਤ, ਪਤਤ ਪਾਪੀ ਰਿਹਾ ਤਰਾਈਆ । ਜਿਸ ਨੇ ਗਾਇਆ ਉਸ ਦਾ ਗੀਤ, ਜਿਸ ਦਾ ਢੋਲਾ ਗੋਬਿੰਦ ਰਿਹਾ ਗਵਾਈਆ । ਨਾ ਮੰਦਰ ਗੁਰੂਦਵਾਰਾ ਨਾ ਕੋਇ ਮਸੀਤ, ਇਕ ਇਕੱਲਾ ਬੈਠਾ ਸੱਚਾ ਸ਼ਹਿਨਸ਼ਾਹੀਆ । ਸਤਿਜੁਗ ਚਲਾਈ ਸਾਚੀ ਰੀਤ, ਕਲਜੁਗ ਲੇਖਾ ਰਿਹਾ ਮੁਕਾਈਆ । ਜਿਸ ਦੇ ਸੀਸ ਸੋਹੇ ਪੀਤੰਬਰ ਪੀਤ, ਸੋ ਪੀਆ ਬੇਪਰਵਾਹੀਆ । ਜੋ ਚਾਰ ਜੁਗ ਦੀ ਪਰਖਣਹਾਰਾ ਨੀਤ, ਤਿਸ ਅੱਗੇ ਕਿਆ ਕੋਈ ਸਕੇ ਛੁਪਾਈਆ । ਆਪਣਾ ਜਨਮ ਲੈਣਾ ਜੀਤ, ਗੁਰਮੁਖ ਤੇਰੀ ਵੱਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖਾਂ ਹਭ ਕਿਛ ਰਿਹਾ ਸਮਝਾਈਆ । ਹੱਬ ਕਿਛ ਜਾਣੇ ਜਾਨਣਹਾਰਾ, ਜੀਵਣ ਜੁਗਤ ਜਗ ਹੱਥ । ਕਰੇ ਖੇਲ ਅਗੰਮ ਅਪਾਰਾ, ਤ੍ਰੈਭਵਣ ਧਨੀ ਪੁਰਖ ਸਮਰਥ । ਜਨ ਭਗਤਾਂ ਕਰੇ ਸਚ ਪਿਆਰਾ, ਦੇਵੇ ਨਾਮ ਅਮੋਲਕ ਵਥ, ਆਦਿ ਅੰਤ ਅਤੁਟ ਭੰਡਾਰਾ, ਸਦਾ ਰੱਖੇ ਆਪਣੇ ਹੱਥ । ਕਲਜੁਗ ਅੰਤਮ ਗੁਰਮੁਖਾਂ ਕਰੇ ਪਿਆਰਾ, ਹਰਿ ਨਿਰੰਕਾਰਾ ਰਾਤੀਂ ਸੁਤਿਆਂ ਅੰਦਰ ਦੇਵੇ ਘਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਤੇਰੇ ਅੰਦਰ ਵੜ, ਤੇਰੀ ਗਵਾਏ ਜਗਤ ਮਤ । ਜਗਤ ਮਤ ਨਾਤਾ ਛੁੱਟੇ, ਜਿਸ ਜਨ ਸਤਿਗੁਰ ਦਇਆ ਕਮਾਈਆ । ਝੂਠੀ ਧਾੜ ਅੰਦਰੋਂ ਲੁੱਟੇ, ਆਪਣਾ ਖ਼ਜ਼ਾਨਾ ਬੈਠਾ ਛੁਪਾਈਆ । ਪੰਚ ਵਿਕਾਰਾ ਫੜ ਫੜ ਕੁੱਟੇ, ਨਾਮ ਖੰਡਾ ਹੱਥ ਚਮਕਾਈਆ । ਜੋ ਗੁਰਸਿਖ ਸਤਿਗੁਰ ਪੂਰੇ ਉਤੇ ਡੋਰੀ ਸੁੱਟੇ, ਸਤਿਗੁਰ ਪੂਰਾ ਡੋਰ ਆਪਣੇ ਹੱਥ ਰਖਾਈਆ । ਫੜ ਫੜ ਚੜ੍ਹਾਏ ਸਾਚੀ ਚੋਟੀ, ਕਬੀਰ ਜੋਲਾਹਾ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਰਿਹਾ ਮਿਲਾਈਆ । ਜੋ ਜਨ ਮੰਗੇ ਸਾਚਾ ਦਰ, ਦਰ ਦਰ ਫੇਰ ਨਾ ਕੋਇ ਭਵਾਇੰਦਾ । ਜੋ ਜਨ ਮੰਗੇ ਸਾਚਾ ਵਰ, ਬਿਨ ਹਰਿ ਕੰਤ ਨਾ ਕੋਇ ਅਖਵਾਇੰਦਾ । ਜੋ ਜਨ ਮੰਗੇ ਚੁੱਕੇ ਡਰ, ਬਿਨ ਨਿਰਭੌ ਭੈ ਨਾ ਕੋਇ ਗਵਾਇੰਦਾ । ਜੋ ਜਨ ਮੰਗੇ ਮਿਲੇ ਹਰਿ, ਬਿਨ ਹਰਿ ਜੂ ਦਰਸ ਨਾ ਕੋਇ ਵਖਾਇੰਦਾ । ਜੋ ਜਨ ਮੰਗੇ ਅੰਮ੍ਰਿਤ ਸਰ, ਅੰਮ੍ਰਿਤ ਆਤਮ ਜਾਮ ਪਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਬੰਧਨ ਪਾਇੰਦਾ । ਜੋ ਜਨ ਮੰਨੇ ਇਕ ਭਗਵਾਨ, ਮਨਸਾ ਆਸਾ ਪੂਰ ਕਰਾਈਆ । ਜੋ ਜਨ ਬਣੇ ਜਗਤ ਸਵਾਨ, ਘਰ ਘਰ ਫੇਰਾ ਪਾਈਆ । ਜੋ ਜਨ ਮੰਗੇ ਚਰਨ ਧਿਆਨ, ਚਰਨ ਪ੍ਰੀਤੀ ਦਏ ਵਡਿਆਈਆ । ਜੋ ਜਨ ਮੰਗੇ ਆਤਮ ਦਾਨ, ਆਤਮ ਪਰਮਾਤਮ ਮੇਲ ਮਿਲਾਈਆ । ਜੋ ਜਨ ਮੰਗੇ ਨਾਦ ਧੁੰਨਕਾਨ, ਧੁੰਨ ਆਤਮਕ ਦਏ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਸਾਚਾ ਵਰ, ਤਿਸ ਜਗਤ ਭਟਕਣਾ ਦਏ

ਮਿਟਾਈਆ । ਦਰ ਦਰ ਨਾ ਫਿਰੇ ਬਣ ਦਰਵੇਸ਼, ਜਿਸ ਜਨ ਦਰਦੀ ਦਰਦ ਵੰਡਾਇੰਦਾ । ਤਿਸ ਸਾਹਿਬ ਕਰੋ ਆਦੇਸ, ਜੋ ਲਿਖਿਆ ਲੇਖ ਗਵਾਇੰਦਾ । ਤਿਸ ਸਤਿਗੁਰ ਨੇਤਰ ਪੇਖ, ਜਿਸ ਪੇਖਤ ਨੈਣ ਸ਼ਰਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਆਪਣਾ ਵਰ, ਤਿਸ ਆਪਣਾ ਬੰਧਨ ਪਾਇੰਦਾ । ਆਤਮਕ ਪਿਆਰ ਸਤਿਗੁਰ ਦਾਨ, ਦੂਸਰ ਵਸਤ ਨਾ ਕੋਇ ਵਖਾਈਆ । ਸਤਿਗੁਰ ਅੰਦਰੇ ਅੰਦਰ ਮਿਲੇ ਆਣ, ਅੱਠੇ ਪਹਿਰ ਹੋਏ ਸਹਾਈਆ । ਗੁਰਸਿਖ ਕਾਇਆ ਮੰਦਰ ਵੇਖੇ ਸਚ ਮਕਾਨ, ਆਸਣ ਸਿੰਘਾਸਣ ਇਕ ਵਿਛਾਈਆ । ਆਪਣੀ ਕਿਰਪਾ ਦੇਵੇ ਦਾਨ, ਦੂਸਰ ਵੰਡ ਨਾ ਕੋਇ ਜਣਾਈਆ । ਸਤਿਗੁਰ ਪੂਰਾ ਹੋ ਮਿਹਰਵਾਨ, ਹਰਿਜਨ ਸਾਚੇ ਲਏ ਮਿਲਾਈਆ । ਦਰ ਦਰ ਨਾ ਫਿਰੇ ਬਣ ਸਵਾਨ, ਜਿਸ ਜਨ ਆਪਣਾ ਨਾਮ ਡੋਰੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਚੋਰੀ ਚੋਰੀ ਗੁਰਸਿਖਾਂ ਰਿਹਾ ਮਿਲਾਈਆ ।

★ ੨ ਸਾਵਣ ੨੦੧੮ ਬਿਕ੍ਰਮੀ ਅਮਰੀਕ ਸਿੰਘ ਦੇ ਗ੍ਰਿਹ ਰੂਪੋਵਾਲੀ ਜ਼ਿਲਾ ਅੰਮ੍ਰਿਤਸਰ ★



ਸੋ ਸਾਹਿਬ ਪੁਰਖ ਸੁਲਤਾਨਾ, ਆਦਿ ਜੁਗਾਦਿ ਖੇਲ ਖਿਲਾਇੰਦਾ । ਹਰਿ ਪੁਰਖ ਰੂਪ ਮਹਾਨਾ, ਨਿਰਗੁਣ ਨਿਰਵੈਰ ਨਜ਼ਰ ਨਾ ਆਇੰਦਾ । ਏਕੰਕਾਰਾ ਨੌਜਵਾਨਾ, ਬਿਰਧ ਬਾਲ ਨਾ ਰੂਪ ਧਰਾਇੰਦਾ । ਆਦਿ ਨਿਰੰਜਣ ਨੂਰ ਮਹਾਨਾ, ਜੋਤੀ ਜੋਤ ਡਗਮਗਾਇੰਦਾ । ਸ੍ਰੀ ਭਗਵਾਨ ਸ਼ਾਹ ਸੁਲਤਾਨਾ, ਭੂਪਤ ਭੂਪ ਆਪ ਅਖਵਾਇੰਦਾ । ਅਬਿਨਾਸ਼ੀ ਕਰਤਾ ਮਰਦ ਮਰਦਾਨਾ, ਭੇਵ ਅਭੇਦ ਆਪ ਛੁਪਾਇੰਦਾ । ਪਾਰਬ੍ਰਹਮ ਵਸਣਹਾਰਾ ਸਚ ਮਕਾਨਾ, ਸਾਚੇ ਮੰਦਰ ਸੋਭਾ ਪਾਇੰਦਾ । ਅਗੰਮ ਅਗੰਮੜਾ ਅਲਖ ਅਲਖਨਾ ਜੋਧਾ ਸੂਰਬੀਰ ਬਲੀ ਬਲਵਾਨਾ, ਬਲ ਆਪਣਾ ਆਪ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਆਪਣਾ ਰੂਪ ਆਪ ਪਰਗਟਾਇੰਦਾ । ਆਦਿ ਪੁਰਖ ਹਰਿ ਖੇਲ ਅਪਾਰਾ, ਆਦਿ ਆਦਿ ਆਪ ਕਰਾਇੰਦਾ । ਆਪਣੀ ਇਛਿਆ ਹੋ ਉਜਿਆਰਾ, ਨਿਰਗੁਣ ਆਪਣਾ ਨੂਰ ਧਰਾਇੰਦਾ । ਆਪਣੀ ਭਿਛਿਆ ਭਰ ਭੰਡਾਰਾ, ਸਾਚੀ ਵਸਤ ਆਪ ਵਰਤਾਇੰਦਾ । ਆਪੇ ਵੇਖੇ ਵੇਖਣਹਾਰਾ, ਦੂਸਰ ਸੰਗ ਨਾ ਕੋਇ ਰਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣਾ ਰੂਪ ਆਪ ਧਰਾਇੰਦਾ । ਆਪਣਾ ਰੂਪ ਆਪੇ ਧਰ ਧਰ, ਸੋ ਪੁਰਖ ਨਿਰੰਜਣ ਦਇਆ ਕਮਾਈਆ । ਆਪਣਾ ਖੇਲ ਆਪੇ ਕਰ ਕਰ, ਹਰਿ ਪੁਰਖ ਨਿਰੰਜਣ ਸੋਭਾ ਪਾਈਆ । ਆਪਣੇ ਦਰ ਆਪੇ ਖੜ ਖੜ, ਏਕੰਕਾਰਾ ਵੇਖ ਵਖਾਈਆ । ਆਪਣਾ ਘਾੜਨ ਆਪੇ ਘੜ ਘੜ, ਆਦਿ ਨਿਰੰਜਣ ਸੋਭਾ ਪਾਈਆ । ਆਪਣਾ ਪੱਲੂ ਆਪੇ ਫੜ ਫੜ, ਅਬਿਨਾਸ਼ੀ ਕਰਤਾ ਖ਼ੁਸ਼ੀ ਮਨਾਈਆ । ਆਪੇ ਪੁਰਖ ਨਾਰੀ ਕਰ ਕਰ, ਸ੍ਰੀ ਭਗਵਾਨ ਸੱਚਾ ਸ਼ਹਿਨਸ਼ਾਹੀਆ । ਆਪਣਾ ਆਪ ਆਪੇ ਵਰ ਵਰ, ਪਾਰਬ੍ਰਹਮ ਪ੍ਰਭ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ ਆਪਣਾ ਨੂਰ ਕਰੇ ਰੁਸ਼ਨਾਈਆ । ਸੋ ਪੁਰਖ ਨਿਰੰਜਣ ਨੂਰ ਉਜਾਲਾ, ਨੂਰ ਨੁਰਾਨਾ ਡਗਮਗਾਇੰਦਾ । ਹਰਿ ਪੁਰਖ ਨਿਰੰਜਣ ਖੇਲ ਨਿਰਾਲਾ, ਨਰ ਹਰਿ ਨਰਾਇਣ ਆਪ ਕਰਾਇੰਦਾ । ਏਕੰਕਾਰ ਆਪ ਉਪਾਏ ਆਪਣਾ ਸਚ ਨਿਸ਼ਾਨਾ, ਸਤਿ ਸਤਿਵਾਦੀ

ਆਪ ਝੁਲਾਇੰਦਾ । ਆਦਿ ਨਿਰੰਜਣ ਦੀਪਕ ਦੀਪ ਜਗਾਏ ਮਹਾਨਾ, ਦੀਆ ਬਾਤੀ ਨਾ ਕੋਇ ਰਖਾਇੰਦਾ । ਸ੍ਰੀ ਭਗਵਾਨ ਬੀਨਾ ਦਾਨਾ, ਦਾਨਾ ਬੀਨਾ ਆਪਣਾ ਨਾਉਂ ਉਪਜਾਇੰਦਾ । ਅਬਿਨਾਸ਼ੀ ਕਰਤਾ ਵਡ ਮਿਹਰਵਾਨਾ, ਮਿਹਰਵਾਨ ਆਪਣਾ ਰੂਪ ਵਟਾਇੰਦਾ । ਪਾਰਬ੍ਰਹਮ ਆਪਣਾ ਆਪ ਕਰ ਪਰਵਾਨਾ, ਆਪ ਆਪਣਾ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਇਛਿਆ ਪਾਏ ਭਿਛਿਆ, ਸਾਚਾ ਘਰ ਆਪ ਸੁਹਾਇੰਦਾ । ਸਾਚਾ ਘਰ ਸੁਹੰਜਣਾ, ਸੋ ਪੁਰਖ ਨਿਰੰਜਣ ਆਪ ਸੁਹਾਈਆ । ਹਰਿ ਪੁਰਖ ਨਿਰੰਜਣ ਆਪਣਾ ਪਾਏ ਆਪੇ ਅਞਣਾ, ਅਗਿਆਨ ਅੰਧੇਰ ਨਾ ਕੋਇ ਵਖਾਈਆ । ਏਕੰਕਾਰਾ ਆਪੇ ਕਰੇ ਆਪਣਾ ਮਜਨਾ, ਸਰ ਸਰੋਵਰ ਆਪੇ ਨਹਾਈਆ । ਆਦਿ ਨਿਰੰਜਣ ਆਪਣੇ ਦਰ ਦਵਾਰ ਆਪੇ ਬਹਿ ਬਹਿ ਸਜਣਾ, ਮੀਤ ਮੁਰਾਰਾ ਬਣ ਬੇਪਰਵਾਹੀਆ । ਅਬਿਨਾਸ਼ੀ ਕਰਤਾ ਨਾ ਘੜਿਆ ਨਾ ਭੱਜਣਾ, ਸਮਰਥ ਪੁਰਖ ਵਡੀ ਵਡਿਆਈਆ । ਸ੍ਰੀ ਭਗਵਾਨ ਆਦਿ ਆਦਿ ਪਰਦਾ ਆਪੇ ਕੱਜਣਾ, ਸੀਸ ਜਗਦੀਸ ਆਪਣਾ ਹੱਥ ਰਖਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਆਪਣੇ ਮੰਦਰ ਆਪੇ ਬਹਿ ਬਹਿ ਸਜਣਾ, ਸਚ ਦਵਾਰੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣੇ ਹੱਥ ਰੱਖੇ ਵਡਿਆਈਆ । ਆਦਿ ਪੁਰਖ ਹਰਿ ਖੇਲ ਅਪਾਰਾ, ਅਲਖ ਅਗੋਚਰ ਆਪ ਕਰਾਇੰਦਾ । ਅਗੰਮ ਅਗੰਮੜਾ ਹੋ ਉਜਿਆਰਾ, ਨੂਰ ਨੁਰਾਨਾ ਡਗਮਗਾਇੰਦਾ । ਨਿਰਗੁਣ ਨਿਰਵੈਰ ਨਿਰਾਕਾਰਾ, ਮੂਰਤ ਅਕਾਲ ਅਜੂਨੀ ਰਹਿਤ ਦਿਸ ਕਿਸੇ ਨਾ ਆਇੰਦਾ । ਆਪਣੀ ਇਛਿਆ ਭਰ ਭੰਡਾਰਾ, ਸਾਚੀ ਭਿਛਿਆ ਵੇਖ ਵਖਾਇੰਦਾ । ਕਰੇ ਖੇਲ ਕਰਨੇਹਾਰਾ, ਕਰਤਾ ਪੁਰਖ ਆਪਣੀ ਕਰਨੀ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦੂਸਰ ਸੰਗ ਨਾ ਕੋਇ ਰਲਾਇੰਦਾ । ਨਾ ਕੋਈ ਸੰਗ ਨਾ ਕੋਈ ਸਾਥਾ, ਆਦਿ ਪੁਰਖ ਵਡੀ ਵਡਿਆਈਆ । ਇਕ ਇਕੱਲਾ ਹਰਿ ਸਮਰਾਥਾ, ਸਮਰਥ ਬੇਪਰਵਾਹੀਆ । ਆਪੇ ਹੋਏ ਆਪਣਾ ਰਾਖਾ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੋਤੀ ਜੋਤ ਜੋਤ ਰੁਸ਼ਨਾਈਆ । ਜੋਤੀ ਜੋਤ ਜੋਤ ਜਗਾ, ਜੋਤੀ ਜਾਤਾ ਵੇਖ ਵਖਾਇੰਦਾ । ਨਿਰਗੁਣ ਆਪਣਾ ਰੂਪ ਧਰਾ, ਆਪ ਆਪਣਾ ਮਤਾ ਪਕਾਇੰਦਾ । ਕਵਣ ਦਵਾਰ ਵਸਾਂ ਕਵਣ ਥਾਂ, ਕਵਣ ਘਰ ਸੋਭਾ ਪਾਇੰਦਾ । ਕਵਣ ਪਿਤਾ ਕਵਣ ਮਾਂ, ਕਵਣ ਬਾਲ ਰੂਪ ਵਟਾਇੰਦਾ । ਕਵਣ ਦੇਵੇ ਠੰਡੀ ਛਾਂ, ਕਵਣ ਸਾਚੀ ਗੋਦ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਦੇਵੇ ਆਪਣਾ ਵਰ, ਵਰ ਦਾਤਾ ਆਪ ਹੋ ਜਾਇੰਦਾ । ਆਪੇ ਦੇਵੇ ਵਰ ਦਾਤਾਰ, ਸੋ ਪੁਰਖ ਨਿਰੰਜਣ ਵਡੀ ਵਡਿਆਈਆ । ਆਪਣੀ ਇਛਿਆ ਕਰ ਵਿਚਾਰ, ਆਪਣਾ ਲੇਖਾ ਆਪ ਗਣਾਈਆ । ਸਚ ਮਹੱਲਾ ਕਰਾਂ ਤਿਆਰ, ਇਕ ਇਕੱਲਾ ਸੇਵ ਕਮਾਈਆ । ਨਾ ਕੋਈ ਬਾਞੀ ਹੋਰ ਕਰੇ ਪਿਆਰ, ਸਗਲਾ ਸੰਗ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣਾ ਖੇਲ ਆਪ ਖਿਲਾਈਆ । ਖੇਲੇ ਖੇਲ ਪੂਰੀ ਆਸਾ, ਆਸਾ ਪੂਰ ਆਪ ਹੋ ਜਾਇੰਦਾ । ਨਿਰਗੁਣ ਨੂਰ ਕਰ ਪਰਕਾਸ਼ਾ, ਜੋਤੀ ਜੋਤ ਡਗਮਗਾਇੰਦਾ । ਆਪਣਾ ਕਰ ਆਪ ਭਰਵਾਸਾ, ਆਪਣਾ ਬਲ ਆਪ ਧਰਾਇੰਦਾ । ਆਪਣੇ ਅੰਦਰ ਕਰ ਕੇ ਆਪਣਾ ਵਾਸਾ, ਆਪ ਆਪਣਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਆਪ ਰੰਗਾਇੰਦਾ । ਆਪੇ ਰੰਗ ਰੰਗੇ ਕਰਤਾਰ, ਰੰਗਣਹਾਰ ਆਪ ਹੋ ਜਾਈਆ ।


੮੬੬
੧੦

ਆਪੇ ਨਾਰ ਆਪ ਭਤਾਰ, ਆਪੇ ਕੰਤ ਸੇਜ ਸੁਹਾਈਆ । ਆਪੇ ਕਰੇ ਸਚ ਪਿਆਰ, ਆਪ ਆਪਣਾ ਗਲੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਨਿਰਗੁਣ ਮੇਲ ਮਿਲਾਈਆ । ਨਿਰਗੁਣ ਮੇਲਾ ਨਿਰਗੁਣ ਧਾਰ, ਨਿਰਗੁਣ ਨਿਰਗੁਣ ਵਿਚ ਸਮਾਇੰਦਾ । ਨਿਰਗੁਣ ਪੁਰਖ ਨਿਰਗੁਣ ਨਾਰ, ਨਿਰਗੁਣ ਸਾਚਾ ਕੰਤ ਹੰਢਾਇੰਦਾ । ਨਿਰਗੁਣ ਨਿਰਗੁਣ ਸੇਜਾ ਕਰ ਤਿਆਰ, ਨਿਰਗੁਣ ਨਿਰਗੁਣ ਆਸਣ ਲਾਇੰਦਾ । ਕਰਿਆ ਖੇਲ ਅਗੰਮ ਅਪਾਰ, ਆਦਿ ਪੁਰਖ ਆਪਣੀ ਖੇਲ ਖਿਲਾਇੰਦਾ । ਨਾ ਮਰੇ ਨਾ ਪਏ ਜੰਮ, ਜੋਤੀ ਜੋਤ ਵੇਸ ਵਟਾਇੰਦਾ । ਆਪੇ ਕਰੇ ਆਪਣਾ ਕੰਮ, ਕਰਤਾ ਪੁਰਖ ਨਾਉਂ ਧਰਾਇੰਦਾ । ਆਪਣਾ ਬੇੜਾ ਆਪੇ ਬੰਨ੍ਹ, ਹਰਿ ਜੂ ਆਪੇ ਵੇਖ ਵਖਾਇੰਦਾ । ਆਪੇ ਜਨਨੀ ਆਪੇ ਜਨ, ਜਨ ਜਣੇਂਦੀ ਮਾਉਂ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਅੰਦਰ ਨਿਰਗੁਣ ਵੜ, ਸਾਚਾ ਮੇਲ ਮਿਲਾਇੰਦਾ । ਨਿਰਗੁਣ ਅੰਦਰ ਨਿਰਗੁਣ ਵੜਿਆ, ਰੂਪ ਰੰਗ ਰੇਖ ਨਾ ਕੋਇ ਜਣਾਈਆ । ਆਪਣਾ ਪੱਲੂ ਆਪੇ ਫੜਿਆ, ਆਪਣਾ ਦਰ ਆਪੇ ਵੇਖ ਵਖਾਈਆ । ਆਪਣਾ ਕਾਰਜ ਆਪੇ ਕਰਿਆ, ਪਾਰਬ੍ਰਹਮ ਵਡੀ ਵਡਿਆਈਆ । ਆਪੇ ਵਸੇ ਆਪਣੇ ਘਰਿਆ, ਆਪਣਾ ਘਰ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਰੀ ਕੰਤ ਆਪੇ ਬਣ ਨਿਰਗੁਣ ਨਿਰਗੁਣ ਵੇਖ ਵਖਾਈਆ । ਨਾਰੀ ਕੰਤ ਬਣ ਭਤਾਰਾ, ਨਿਰਗੁਣ ਆਪਣਾ ਖੇਲ ਖਿਲਾਇੰਦਾ । ਆਪੇ ਜਾਣੇ ਆਪਣੀ ਧਾਰਾ, ਧਾਰ ਧਾਰ ਵਿਚ ਮਿਲਾਇੰਦਾ । ਨਾ ਕੋਈ ਜਾਣੇ ਅਵਰ ਪਸਾਰਾ, ਪਸਰ ਪਸਾਰੀ ਆਪ ਅਖਵਾਇੰਦਾ । ਛੱਪਰ ਛੰਨ ਨਾ ਕੋਇ ਸਹਾਰਾ, ਬੰਧਨ ਬੰਧ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਦਾਤਾ ਬਣ ਭਿਖਾਰੀ, ਭਿਖਕ ਭਿਖਿਆ ਝੋਲੀ ਪਾਇੰਦਾ । ਆਪੇ ਦਾਤਾ ਹਰਿ ਨਿਰੰਕਾਰ, ਨਿਰਾਕਾਰ ਰੂਪ ਵਟਾਈਆ । ਆਪੇ ਭਿਖਾਰੀ ਬਣੇ ਦਵਾਰ, ਦਰ ਦਰਵੇਸ਼ ਮੰਗ ਮੰਗਾਈਆ । ਆਪੇ ਸ਼ਾਹ ਆਪੇ ਸਿਕਦਾਰ, ਰਾਜ ਰਾਜਾਨ ਆਪ ਹੋ ਜਾਈਆ । ਆਪੇ ਹੁਕਮ ਆਪ ਵਰਤਾਰ, ਆਪ ਸੰਦੇਸਾ ਰਿਹਾ ਸੁਣਾਈਆ । ਆਪੇ ਹੋਏ ਸੁਣਨੇਹਾਰ, ਨਿਉਂ ਨਿਉਂ ਆਪਣਾ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਦੇਵੇ ਨਿਰਗੁਣ ਵਰ, ਨਿਰਗੁਣ ਵਸਤ ਅਮੋਲਕ ਝੋਲੀ ਪਾਈਆ । ਨਿਰਗੁਣ ਵਸਤ ਇਕ ਅਨਮੋਲ, ਭੇਵ ਅਭੇਦ ਨਾ ਕੋਇ ਰਖਾਇੰਦਾ । ਸੋ ਪੁਰਖ ਨਿਰੰਜਣ ਤੋਲੇ ਆਪਣੇ ਤੋਲ, ਹਰਿ ਪੁਰਖ ਨਿਰੰਜਣ ਤੋਲ ਤੁਲਾਇੰਦਾ । ਏਕੰਕਾਰਾ ਰੱਖੇ ਕੋਲ, ਆਦਿ ਨਿਰੰਜਣ ਹੱਥ ਰਖਾਇੰਦਾ । ਅਬਿਨਾਸ਼ੀ ਕਰਤਾ ਬੈਠ ਅਡੋਲ, ਸ੍ਰੀ ਭਗਵਾਨ ਝੋਲੀ ਪਾਇੰਦਾ । ਪਾਰਬ੍ਰਹਮ ਪ੍ਰਭ ਜਾਏ ਮੌਲ, ਆਪਣੀ ਖ਼ੁਸ਼ੀ ਆਪ ਮਨਾਇੰਦਾ । ਨਿਰਗੁਣ ਨਿਰਗੁਣ ਨਾਲ ਕਰੇ ਕੌਲ, ਕੀਤਾ ਕੌਲ ਭੁਲ ਨਾ ਜਾਇੰਦਾ । ਆਪਣੇ ਅੰਦਰ ਆਪੇ ਮੌਲ, ਜੋਤੀ ਜੋਤ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣੀ ਰਚਨਾ ਆਪ ਰਚਾਇੰਦਾ । ਆਪਣੀ ਰਚਨ ਰਚਾਵਣਹਾਰਾ, ਦਇਆਨਿਧ ਦਇਆ ਕਮਾਈਆ । ਆਪਣੀ ਵਸਤ ਵਸਤ ਹਰਿ ਥਾਰਾ, ਹਰਿ ਸਾਚਾ ਆਪ ਵਰਤਾਈਆ । ਲੇਵਣਹਾਰਾ ਹੋਏ ਨਿਰੰਕਾਰਾ, ਨਿਰਾਕਾਰਾ ਸੇਵ ਕਮਾਈਆ । ਪਹਿਲੋਂ ਬਣਾਵਾਂ ਸਚ ਦਰਬਾਰਾ, ਦਰ ਦਰਵਾਜ਼ਾ ਨਾ ਕੋਇ ਵਖਾਈਆ । ਨਾ ਕੋਈ ਇੱਟ ਨਾ ਕੋਈ ਗਾਰਾ, ਨਾ ਕੋਈ ਬਾਢੀ ਨਾਲ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣਾ

ਮੰਦਰ ਲਏ ਉਪਾਈਆ । ਆਪਣਾ ਮੰਦਰ ਹਰਿ ਉਪੌਣਾ, ਮਹਿਮਾ ਅਕਥ ਕਥੀ ਨਾ ਜਾਈਆ । ਸਚਖੰਡ ਦਵਾਰਾ ਨਾਉਂ ਧਰੌਣਾ, ਚਾਰ ਦੀਵਾਰ ਨਾ ਕੋਇ ਵਖਾਈਆ । ਨਿਰਗੁਣ ਦੀਵਾ ਇਕ ਜਗੌਣਾ, ਤੇਲ ਬਾਤੀ ਨਾ ਕੋਇ ਪਾਈਆ । ਸਾਚਾ ਮਾਹੀ ਘਰ ਵਸੌਣਾ, ਦੂਸਰ ਅਵਰ ਨਾ ਚਰਨ ਟਿਕਾਈਆ । ਅੱਠੇ ਪਹਿਰ ਰੰਗ ਰੰਗੌਣਾ, ਦਿਵਸ ਰੈਣ ਨਾ ਕੋਇ ਵਡਿਆਈਆ । ਨਾਰੀ ਕੰਤ ਆਪ ਅਖਵੌਣਾ, ਵਾਹ ਵਾ ਵਜਦੀ ਰਹੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚਖੰਡ ਦਵਾਰਾ ਲਏ ਉਪਾਈਆ । ਸਚਖੰਡ ਦਵਾਰ ਉਪਾਇੰਦਾ, ਕਰ ਕਿਰਪਾ ਗੁਣ ਨਿਧਾਨ । ਨਿਰਗੁਣ ਆਪਣਾ ਆਸਣ ਲਾਇੰਦਾ, ਜੋਧਾ ਸੂਰ ਬਲੀ ਬਲਵਾਨ । ਸਚ ਸਿੰਘਾਸਣ ਇਕ ਵਿਛਾਇੰਦਾ, ਕਰ ਕਿਰਪਾ ਆਪ ਭਗਵਾਨ । ਪਾਵਾ ਚੂਲ ਨਾ ਕੋਇ ਜਣਾਇੰਦਾ, ਨਾ ਕੋਈ ਘਾੜਤ ਘੜੇ ਤਰਖਾਨ । ਸਾਚੀ ਸੇਜਾ ਆਪ ਹੰਢਾਇੰਦਾ, ਆਪੇ ਮਰਦ ਆਪ ਮਰਦਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਦਵਾਰਾ ਆਪ ਉਪਾਇੰਦਾ । ਸਚਖੰਡ ਦਵਾਰਾ ਵੰਡੀ ਵੰਡ, ਆਦਿ ਪੁਰਖ ਦਇਆ ਕਮਾਈਆ । ਕਰੇ ਖੇਲ ਸੂਰਾ ਸਰਬੰਗ, ਪਾਰਬ੍ਰਹਮ ਬੇਪਰਵਾਹੀਆ । ਨਿਰਾਕਾਰ ਚੜ੍ਹਾਏ ਰੰਗ, ਰੰਗ ਰੰਗੀਲਾ ਉਤਰ ਕਦੇ ਨਾ ਜਾਈਆ । ਚਾਰ ਦੀਵਾਰ ਨਾ ਦਿਸੇ ਕੰਧ, ਛੱਪਰ ਛੰਨ ਨਾ ਕੋਇ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਘਾੜਨ ਘੜ, ਆਪਣਾ ਆਸਣ ਲਏ ਸੁਹਾਈਆ । ਸਚਖੰਡ ਦਵਾਰਾ ਸੋਭਾਵੰਤ, ਸੋ ਪੁਰਖ ਨਿਰੰਜਣ ਆਪ ਬਣਾਇਆ । ਹਰਿ ਪੁਰਖ ਨਿਰੰਜਣ ਬਣ ਬਣ ਕੰਤ, ਏਕੰਕਾਰਾ ਸੇਜ ਹੰਢਾਇਆ । ਜੋਤ ਨਿਰੰਜਣ ਆਦਿ ਨਿਰੰਜਣ ਚਾੜ੍ਹੇ ਰੰਗ ਬਸੰਤ, ਉਤਰ ਕਦੇ ਨਾ ਜਾਇਆ । ਅਬਿਨਾਸ਼ੀ ਕਰਤਾ ਮਹਿਮਾ ਅਗਣਤ, ਭੇਵ ਅਭੇਦ ਰਿਹਾ ਰਖਾਇਆ । ਸ੍ਰੀ ਭਗਵਾਨ ਆਪੇ ਜਾਣੇ ਲੇਖਾ ਆਪਣਾ ਆਦਿ ਅੰਤ, ਆਦਿ ਅੰਤ ਰੂਪ ਰੇਖ ਨਾ ਕੋਇ ਵਖਾਇਆ । ਪਾਰਬ੍ਰਹਮ ਆਪੇ ਮੰਨੇ ਆਪਣੀ ਮੰਨਤ, ਸੀਸ ਜਗਦੀਸ ਆਪਣਾ ਸੀਸ ਝੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਆਪੇ ਵੜ, ਸਚ ਸਿੰਘਾਸਣ ਸੋਭਾ ਪਾਇਆ । ਸਚਖੰਡ ਦਵਾਰਾ ਹਰਿ ਨਿਰੰਕਾਰਾ, ਆਪਣਾ ਆਪ ਸੁਹਾਈਆ । ਸਤਿ ਸਿੰਘਾਸਣ ਕਰ ਤਿਆਰਾ, ਸਤਿ ਸਤਿਵਾਦੀ ਚਰਨ ਟਿਕਾਈਆ । ਸ਼ਾਹੋ ਭੂਪ ਬਣ ਸਿਕਦਾਰਾ, ਰਾਜ ਰਾਜਾਨ ਵਡ ਵਡਿਆਈਆ । ਆਪਣਾ ਹੁਕਮ ਕਰ ਵਰਤਾਰਾ, ਹੁਕਮੀ ਹੁਕਮ ਆਪ ਸੁਣਾਈਆ । ਘਾੜਨ ਘੜੇ ਅਪਰ ਅਪਾਰਾ, ਘੜ ਘੜ ਵੇਖੇ ਥਾਉਂ ਥਾਈਂਆ । ਆਪਣਾ ਖੋਲ੍ਹੇ ਫੇਰ ਕਿਵਾੜਾ, ਕਿਰਪਾ ਕਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਵਖਾਈਆ । ਆਪਣਾ ਖੋਲ੍ਹ ਕਿਵਾੜ, ਦਇਆ ਕਮਾਇੰਦਾ । ਸਚਖੰਡ ਵਸੇ ਸਾਚਾ ਲਾੜ, ਦਿਸ ਕਿਸੇ ਨਾ ਆਇੰਦਾ । ਥਿਰ ਘਰ ਵੇਖੇ ਪਾਵੇ ਸਾਰ, ਚਰਨ ਕਵਲ ਆਪ ਟਿਕਾਇੰਦਾ । ਜੋਤੀ ਜੋਤ ਕਰੇ ਪਿਆਰ, ਜੋਤੀ ਜੋਤ ਜੋਤ ਹੰਢਾਇੰਦਾ । ਦਾਈ ਦਾਇਆ ਬਣ ਨਿਰੰਕਾਰ, ਸਾਚੀ ਸੇਵਾ ਆਪ ਕਮਾਇੰਦਾ । ਆਪੇ ਅੰਦਰ ਆਪੇ ਬਾਹਰ, ਗੁਪਤ ਜ਼ਾਹਰ ਰੂਪ ਵਟਾਇੰਦਾ । ਆਪੇ ਸੁਤ ਆਪੇ ਦੁਲਾਰ, ਮਾਤ ਪਿਤ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਬੈਠਾ ਚੜ੍ਹ, ਥਿਰ ਘਰ ਆਪਣਾ ਚਰਨ ਧਰ, ਚਰਨ ਕਵਲ ਆਪ ਸੁਹਾਇੰਦਾ । ਥਿਰ ਘਰ ਥਿਰ ਦਵਾਰਾ, ਹਰਿ ਚਰਨ ਕਵਲ ਟਿਕਾਈਆ । ਸਚਖੰਡ ਵਸੇ ਆਪ ਨਿਰੰਕਾਰਾ, ਰੂਪ ਅਨੂਪ ਬੇਪਰਵਾਹੀਆ । ਆਪੇ ਵਿਚੋਲਾ ਬਣ ਸੱਚੀ

੮੬੮
੧੦

ਸਰਕਾਰਾ, ਨਿਰਗੁਣ ਨਿਰਗੁਣ ਮੇਲ ਮਿਲਾਈਆ । ਆਪੇ ਜਨਨੀ ਜਨ ਜਣੇ ਸੁਤ ਦੁਲਾਰਾ, ਹਰਿ ਸ਼ਬਦੀ ਨਾਉਂ ਧਰਾਈਆ । ਸ਼ਬਦੀ ਸ਼ਬਦ ਕਰੇ ਪਿਆਰਾ, ਬੇਪਰਵਾਹ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਬੰਸ ਆਪ ਸੁਹਾਈਆ । ਨਿਰਗੁਣ ਬਣਾ ਨਿਰਗੁਣ ਪੂਤ, ਸ਼ਬਦੀ ਸ਼ਬਦ ਉਪਾਇਆ । ਨਿਰਗੁਣ ਵਸੇ ਆਪਣੀ ਕੂਟ, ਸਾਚੀ ਦਿਸ਼ਾ ਵੇਖ ਵਖਾਇਆ । ਨਿਰਗੁਣ ਤਾਗਾ ਨਿਰਗੁਣ ਸੂਤ, ਨਿਰਗੁਣ ਆਪਣਾ ਰੰਗ ਰੰਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਦੁਲਾਰਾ ਇਕ ਪਰਗਟਾਇਆ । ਸੁਤ ਦੁਲਾਰਾ ਜਾਇਆ, ਜਨਨੀ ਜਨ ਬਣ ਨਿਰੰਕਾਰ । ਥਿਰ ਘਰ ਸਾਚੇ ਆਪ ਬਹਾਇਆ, ਕਰ ਕਿਰਪਾ ਓਅੰਕਾਰ । ਤੇਰੀ ਸੇਵ ਇਕ ਲਗਾਇਆ, ਹੋਣਾ ਖ਼ਬਰਦਾਰ । ਪੁਰਖ ਅਬਿਨਾਸ਼ੀ ਹੁਕਮ ਸੁਣਾਇਆ, ਆਦਿ ਪੁਰਖ ਏਕਾ ਵਾਰ । ਤੇਰਾ ਲਹਿਣਾ ਤੇਰੀ ਝੋਲੀ ਪਾਇਆ, ਦੇਵਣਹਾਰ ਆਪ ਨਿਰੰਕਾਰ । ਭਾਣਾ ਸਹਿਣਾ ਹੁਕਮ ਮਨਾਇਆ, ਹੁਕਮੀ ਹੁਕਮ ਵਰਤੇ ਵਰਤਾਰ । ਤੇਰੇ ਅੰਦਰ ਭਰੇ ਭੰਡਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਤ ਦਿਤਾ ਵਰ, ਸਿਰ ਆਪਣਾ ਹੱਥ ਟਿਕਾਇਆ । ਸੁਤ ਸ਼ਬਦ ਉਠ ਬਲਵਾਨ, ਸੋ ਪੁਰਖ ਨਿਰੰਜਣ ਆਪ ਉਠਾਈਆ । ਹਰਿ ਪੁਰਖ ਨਿਰੰਜਣ ਹੋ ਮਿਹਰਵਾਨ, ਵਸਤ ਅਮੋਲਕ ਆਪਣੀ ਆਪ ਆਪ ਵਰਤਾਈਆ । ਏਕੰਕਾਰਾ ਦੇਵੇ ਦਾਨ, ਆਪਣਾ ਰੰਗ ਰੰਗ ਚੜ੍ਹਾਈਆ । ਆਦਿ ਨਿਰੰਜਣ ਨੂਰ ਮਹਾਨ, ਜੋਤੀ ਸ਼ਬਦ ਸ਼ਬਦ ਕੁੜਮਾਈਆ । ਅਬਿਨਾਸ਼ੀ ਕਰਤਾ ਵੇਖੇ ਮਾਰ ਧਿਆਨ, ਆਦਿ ਜੁਗਾਦਿ ਸੰਗ ਨਿਭਾਈਆ । ਸ੍ਰੀ ਭਗਵਾਨ ਤੇਰਾ ਰੱਖੇ ਮਾਣ, ਦੋ ਜਹਾਨਾਂ ਵੇਖ ਵਖਾਈਆ । ਪਾਰਬ੍ਰਹਮ ਹੋ ਪਰਧਾਨ, ਸਚ ਪਰਧਾਨਗੀ ਦਏ ਜਣਾਈਆ । ਤੂੰ ਬਣਨਾ ਸਾਚਾ ਕਾਹਨ, ਸੀਸ ਤੇਰੇ ਤਾਜ ਟਿਕਾਈਆ । ਤੇਰਾ ਝੁਲੇ ਸਚ ਨਿਸ਼ਾਨ, ਸਚਖੰਡ ਵੱਜੇ ਵਧਾਈਆ । ਤੇਰਾ ਪਿਤਾ ਸ੍ਰੀ ਭਗਵਾਨ, ਤੇਰੀ ਜਨਨੀ ਨਜ਼ਰ ਕਿਸੇ ਨਾ ਆਈਆ । ਤੇਰਾ ਚਿੱਲਾ ਤੀਰ ਕਮਾਨ, ਮੇਰਾ ਨਾਉਂ ਵਡਿਆਈਆ । ਤੇਰਾ ਪੀਣ ਖਾਣ, ਮੇਰੀ ਆਸਾ ਆਸ ਤਕਾਈਆ । ਤੇਰਾ ਬਲ ਵਡ ਬਲਵਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਤ ਦੇਵੇ ਵਰ, ਪਾਰਬ੍ਰਹਮ ਬੇਪਰਵਾਹੀਆ । ਸ਼ਬਦ ਸੁਤ ਚੜ੍ਹਿਆ ਚਾ, ਉਠ ਉਠ ਖ਼ੁਸ਼ੀ ਮਨਾਇੰਦਾ । ਅਬਿਨਾਸ਼ੀ ਕਰਤਾ ਮਿਲਿਆ ਇਕ ਮਲਾਹ, ਸਾਚਾ ਪੱਲੂ ਹੱਥ ਫੜਾਇੰਦਾ । ਆਦਿ ਦੇਵੇ ਇਕ ਸਲਾਹ, ਸਾਚਾ ਮਾਰਗ ਇਕ ਜਣਾਇੰਦਾ । ਮੇਰਾ ਰੂਪ ਤੇਰਾ ਨਾਂ, ਤੇਰਾ ਨਾਉਂ ਮੇਰਾ ਰੂਪ ਅਖਵਾਇੰਦਾ । ਸਦਾ ਸੁਹੇਲਾ ਬਣ ਬਣ ਪਕੜਾਂ ਬਾਂਹ, ਸਗਲਾ ਸੰਗ ਰਖਾਇੰਦਾ । ਤੇਰੇ ਹੱਥ ਦੇਵਾਂ ਨਿਆਂ, ਜੋ ਕਰਨੀ ਕਿਰਤ ਕਮਾਇੰਦਾ । ਆਪਣਾ ਲਹਿਣਾ ਦੇਣਾ ਦਿਆਂ ਸਮਝਾ, ਤੇਰਾ ਪਰਦਾ ਆਪ ਉਠਾਇੰਦਾ । ਬ੍ਰਹਿਮੰਡ ਖੰਡ ਤੇਰੀ ਝੋਲੀ ਦੇਵਾਂ ਪਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਖਯਾਤ ਰੂਪ ਧਰਾਇੰਦਾ । ਸ਼ਬਦ ਸੁਤ ਸੁਣ ਸੰਦੇਸ, ਦਰ ਆਪਣੇ ਖ਼ੁਸ਼ੀ ਮਨਾਇੰਦਾ । ਤੂੰ ਸਾਹਿਬ ਸਤਿਗੁਰ ਨਰ ਨਰੇਸ਼, ਤੇਰਾ ਕੀਤਾ ਭੁਲ ਨਾ ਜਾਇੰਦਾ । ਹਉਂ ਸੇਵਕ ਬਣ ਕਰਾਂ ਆਦੇਸ਼, ਨਿਉਂ ਨਿਉਂ ਸੀਸ ਝੁਕਾਇੰਦਾ । ਆਦਿ ਜੁਗਾਦਿ ਮੈਂ ਤੇਰਾ ਦਰਸ਼ਨ ਲਵਾਂ ਪੇਖ, ਤੁਧ ਬਿਨ ਅਵਰ ਨਾ ਕੋਇ ਮੋਹੇ ਸੁਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਬਿਧ ਤੇਰਾ ਕਾਰਜ ਕਰਾਂ ਸਿਧ ਹੁਕਮੀ ਹੁਕਮ ਹੁਕਮ ਮਨਾਇੰਦਾ । ਪੁਰਖ ਅਬਿਨਾਸ਼ੀ ਦਇਆ ਕਮਾ, ਏਕਾ ਗੁਣ ਜਣਾਈਆ । ਸ਼ਬਦ ਸੁਤ ਤੇਰੀ ਧਾਰ ਬੰਧਾ, ਤੇਰਾ ਤੇਰੇ ਨਾਂ ਵਡਿਆਈਆ ।

ਆਪਣਾ ਨੂਰ ਲਵਾਂ ਪਰਗਟਾ, ਜਲਵਾ ਨੂਰ ਨੂਰ ਦਰਸਾਈਆ । ਆਪਣਾ ਨਾਉਂ ਲਵਾਂ ਰਖਾ, ਵਿਸ਼ਨ ਆਪਣੀ ਖੇਲ ਖਿਲਾਈਆ । ਵਿਸ਼ਵ ਰੂਪ ਹੋ ਰਿਹਾ ਸਮਾ, ਵਿਸ਼ਾ ਆਪਣਾ ਨਾ ਕਿਸੇ ਜਣਾਈਆ । ਤੇਰਾ ਸੰਗ ਲਵਾਂ ਨਿਭਾ, ਵਿਛੜ ਕਦੇ ਨਾ ਜਾਈਆ । ਸਾਚਾ ਮਾਰਗ ਲਵਾਂ ਲਗਾ, ਦੇ ਮਤ ਏਕਾ ਤੱਤ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਵੰਡ ਰਿਹਾ ਵੰਡਾਈਆ । ਵਿਸ਼ਨ ਉਪਾਵਾਂ ਵਿਸ਼ਵ ਧਾਰ, ਆਪਣਾ ਖੇਲ ਖਿਲਾਵਣਾ । ਸ਼ਬਦ ਸੁਤ ਤੇਰਾ ਸਚ ਪਿਆਰ, ਤੇਰੇ ਨਾਲ ਪਰਨਾਵਣਾ । ਆਪਣੇ ਚਰਨ ਕਵਲ ਬਖ਼ਸ਼ਾਂ ਧੂੜ ਖ਼ਾਕ ਛਾਰ, ਚਰਨ ਚਰਨ ਉਪਰ ਟਿਕਾਵਣਾ । ਵਿਚੋਂ ਕੱਢਾਂ ਅੰਮ੍ਰਿਤ ਧਾਰ, ਅੰਮਿਉਂ ਰਸ ਆਪ ਚੁਆਵਣਾ । ਵਿਸ਼ਨੂੰ ਅੰਦਰ ਧਰਾਂ ਭੰਡਾਰ, ਸਾਚੀ ਸੇਵਾ ਆਪ ਕਮਾਵਣਾ । ਅੰਦਰ ਖਿੜੇ ਸੱਚੀ ਗੁਲਜ਼ਾਰ, ਪਾਰਬ੍ਰਹਮ ਪ੍ਰਭ ਵੰਡ ਵੰਡਾਵਣਾ । ਬ੍ਰਹਮ ਉਤਪਤ ਹੋਏ ਅਗੰਮ ਅਪਾਰ, ਕਵਲ ਕਵਲਾ ਸੋਭਾ ਪਾਵਣਾ । ਰੁੱਤੀ ਰੁੱਤ ਵੇਖ ਬਹਾਰ, ਅਬਿਨਾਸ਼ੀ ਅਚੁਤ ਖ਼ੁਸ਼ੀ ਮਨਾਵਣਾ । ਸਾਚੇ ਸੁਤ ਮੇਰੇ ਦੁਲਾਰ, ਤੇਰਾ ਮਾਰਗ ਆਪੇ ਲਾਵਣਾ । ਥਿਰ ਘਰ ਵਸਾਏ ਦਇਆ ਕਮਾਏ ਤੇਰਾ ਵੇਖੇ ਸਚ ਦਰਬਾਰ, ਸਚਖੰਡ ਆਪਣਾ ਆਸਣ ਲਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨੂੰ ਅੰਦਰ ਆਪਾ ਧਰ, ਕਵਲ ਨਾਭੀ ਆਪੇ ਭਰ, ਕਵਲ ਕਵਲਾ ਆਪ ਖਿਲਾਵਣਾ । ਕਵਲ ਖਲਾਏ ਕਮਲਾਪਾਤੀ, ਕਵਲ ਨੈਣ ਵਡੀ ਵਡਿਆਈਆ । ਪਿਆਏ ਜਾਮ ਬਣ ਬਣ ਸਾਕੀ, ਸਚ ਪਿਆਲਾ ਹੱਥ ਰਖਾਈਆ । ਵਿਸ਼ਨ ਖੋਲ੍ਹੇ ਆਪੇ ਤਾਕੀ, ਨਾਭੀ ਕਵਲ ਵਡ ਵਡਿਆਈਆ । ਲੇਖਾ ਜਾਣੇ ਆਪਣਾ ਬਾਕੀ, ਦੇਣਾ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਦਿ ਪੁਰਖ ਏਕਾ ਹਰਿ, ਵਿਸ਼ਨ ਬ੍ਰਹਮਾ ਲਏ ਉਪਜਾਈਆ । ਵਿਸ਼ਨ ਬ੍ਰਹਮਾ ਆਪੇ ਜਾ, ਜਨਨੀ ਜਨ ਆਪ ਅਖਵਾਇੰਦਾ । ਜੋਤੀ ਜੋਤ ਬਣ ਬਣ ਮਾਂ, ਜੋਤੀ ਜਾਤਾ ਆਪਣੇ ਰੰਗ ਰੰਗਾਇੰਦਾ । ਦਾਈ ਦਾਇਆ ਬੇਪਰਵਾਹ, ਪਰਵਰਦਿਗਾਰ ਖੇਲ ਖਿਲਾਇੰਦਾ । ਥਿਰ ਘਰ ਦਵਾਰਾ ਪਾਰ ਕਰਾ, ਸੁੰਨ ਅਗੰਮ ਵੇਖ ਵਖਾਇੰਦਾ । ਧੂਆਂਧਾਰ ਰੰਗ ਰੰਗਾ, ਆਪ ਆਪਣੀ ਕਲ ਵਰਤਾਇੰਦਾ । ਏਕਾ ਰੂਪ ਲਏ ਵਟਾ, ਸ਼ੰਕਰ ਆਪਣੇ ਗਲ ਲਗਾਇੰਦਾ । ਸੋਭਾਵੰਤ ਬੇਪਰਵਾਹ, ਭੋਲਾ ਨਾਥ ਆਪ ਸਮਝਾਇੰਦਾ । ਤਿੰਨਾਂ ਮੇਲਾ ਸਹਿਜ ਸੁਭਾ, ਏਕਾ ਗੁਣ ਵਖਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਮੇਲ ਮਿਲਾ, ਆਸਾ ਮਨਸਾ ਪੂਰ ਕਰਾਇੰਦਾ । ਏਕਾ ਵਿਦਿਆ ਦਏ ਪੜ੍ਹਾ, ਨਿਸ਼ਅੱਖਰ ਆਪ ਜਣਾਇੰਦਾ । ਸੋ ਆਪਣਾ ਨਾਉਂ ਧਰਾ, ਹੰ ਰੂਪ ਵਿਸ਼ਨ ਬ੍ਰਹਮਾ ਸ਼ਿਵ ਬਣਾਇੰਦਾ । ਸੋਹੰ ਆਪਣੀ ਧਾਰ ਚਲਾ, ਸ਼ਬਦੀ ਤੇਰਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਫ਼ਰਮਾਨਾ ਸਾਚਾ ਰਾਣਾ, ਪੁਰਖ ਅਕਾਲਾ ਦੀਨ ਦਿਆਲਾ ਹਰਿ ਗੋਪਾਲਾ, ਆਪਣਾ ਆਪ ਜਣਾਇੰਦਾ । ਧੁਰ ਫ਼ਰਮਾਨਾ ਸਚ ਸੰਦੇਸਾ, ਸੋ ਪੁਰਖ ਨਿਰੰਜਣ ਆਪ ਜਣਾਈਆ । ਵਿਸ਼ਨ ਬ੍ਰਹਮਾ ਸ਼ਿਵ ਨਿਉਂ ਨਿਉਂ ਕਰਨ ਆਦੇਸਾ, ਬੈਠੇ ਸੀਸ ਝੁਕਾਈਆ । ਸਾਹਿਬ ਸੁਲਤਾਨ ਸ਼ਾਹ ਤੂੰ ਨਰ ਨਰੇਸ਼ਾ, ਬੇਪਰਵਾਹ ਤੇਰੀ ਸੱਚੀ ਸ਼ਹਿਨਸ਼ਾਹੀਆ । ਕਵਣ ਦਵਾਰ ਤੇਰਾ ਨੇਤਰ ਪੇਖਾਂ, ਕਵਣ ਘਰ ਖ਼ੁਸ਼ੀ ਮਨਾਈਆ । ਕਵਣ ਦਵਾਰ ਲਿਖੇਂ ਲੇਖਾ, ਸਾਚਾ ਮਾਰਗ ਦਏਂ ਜਣਾਈਆ । ਕਵਣ ਰੂਪ ਧਾਰੇਂ ਭੇਸਾ, ਨਿਰਾਕਾਰ ਸਾਕਾਰ ਰੂਪ ਹੋ ਜਾਈਆ । ਕਵਣ ਰੂਪ ਜੋਤੀ ਜੋਤ ਪਰਵੇਸਾ, ਨਾਰੀ ਕੰਤ ਕਵਣ ਵਡਿਆਈਆ । ਕਵਣ ਰੂਪ ਖੇਡ ਖੇਡਾ, ਸਚਖੰਡ ਦਵਾਰੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤਿੰਨੇ ਮੰਗਦੇ ਤੇਰਾ ਦਰ, ਦਰ ਬੈਠੇ ਸੀਸ ਝੁਕਾਈਆ । ਦਰ ਦਰਵੇਸ ਬਣ ਭਿਖਾਰੀ, ਬ੍ਰਹਮਾ ਵਿਸ਼ਨ ਸ਼ਿਵ ਸੀਸ ਝੁਕਾਇੰਦਾ । ਤੂੰ ਦਾਤਾ ਨਿਰਾਕਾਰ ਨਿਰੰਕਾਰੀ, ਨਿਰੰਕਾਰ ਤੇਰਾ ਭੇਵ ਕੋਇ ਨਾ ਆਇੰਦਾ । ਏਕਾ ਵਸਤ ਬਖ਼ਸ਼ ਅਪਾਰੀ, ਅਪਰ ਅਪਾਰ ਵੇਖ ਵਖਾਇੰਦਾ । ਲੇਖਾ ਤੇਰਾ ਲਿਖੇ ਨਾ ਕੋਇ ਲਿਖਾਰੀ, ਲਿਖ ਲਿਖ ਲੇਖ ਨਾ ਕੋਇ ਜਣਾਇੰਦਾ । ਏਕਾ ਦੇਣਾ ਦਰਸ ਆਧਾਰੀ, ਦਰਸ ਤੇਰਾ ਏਕਾ ਮੰਗ ਮੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮਾ ਸ਼ਿਵ ਦੇਵੇ ਵਰ, ਏਕਾ ਵਾਰ ਸਰਬ ਸਮਝਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਸੁਣ ਕਰ ਧਿਆਨ, ਸੋ ਪੁਰਖ ਨਿਰੰਜਣ ਆਪ ਜਣਾਈਆ । ਸਚ ਸੰਦੇਸਾ ਧੁਰ ਫ਼ਰਮਾਨ, ਸ਼ਬਦੀ ਸ਼ਬਦ ਨਾਉਂ ਵਡਿਆਈਆ । ਆਦਿ ਜੁਗਾਦੀ ਮੰਨਣੀ ਆਣ, ਭੁਲ ਕਦੇ ਨਾ ਜਾਈਆ । ਜੁਗ ਜੁਗ ਖੇਲਾਂ ਖੇਲ ਮਹਾਨ, ਨਿਰਗੁਣ ਸਰਗੁਣ ਖੇਲ ਖਿਲਾਈਆ । ਤਿੰਨਾਂ ਦੇਵਾਂ ਏਕਾ ਦਾਨ, ਅਤੋਟ ਅਤੁਟ ਰਖਾਈਆ । ਵਿਸ਼ਨੂੰ ਤੇਰਾ ਵਿਸ਼ਵ ਪਕਵਾਨ, ਪਾਰਬ੍ਰਹਮ ਵੇਖ ਵਖਾਈਆ । ਬ੍ਰਹਮੇ ਤੇਰਾ ਬ੍ਰਹਮ ਨਿਸ਼ਾਨ, ਲੱਖ ਚੁਰਾਸੀ ਘਾੜਤ ਲਏ ਘੜਾਈਆ । ਸ਼ੰਕਰ ਤੇਰਾ ਤੀਰ ਨਿਸ਼ਾਨ, ਅੰਤਮ ਲੇਖਾ ਦਏ ਚੁਕਾਈਆ । ਤਿੰਨਾਂ ਵਿਚੋਲਾ ਹਰਿ ਭਗਵਾਨ, ਜੁਗ ਜੁਗ ਵੇਖੇ ਥਾਉਂ ਥਾਈਂਆ । ਏਕਾ ਦੇਵੇ ਵਸਤ ਮਹਾਨ, ਤ੍ਰੈਗੁਣ ਮਾਇਆ ਝੋਲੀ ਪਾਈਆ । ਪੰਜ ਤੱਤ ਕਰੇ ਪਰਧਾਨ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਖੇਲ ਖਿਲਾਈਆ । ਨਿਰਗੁਣ ਸਰਗੁਣ ਵਖਾਏ ਨਿਸ਼ਾਨ, ਮਨ ਮਤ ਬੁਧ ਵਡ ਵਡਿਆਈਆ । ਲੇਖਾ ਜਾਣੇ ਚਤੁਰ ਸੁਜਾਨ, ਪਾਰਬ੍ਰਹਮ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮਾ ਸ਼ਿਵ ਦੇਵੇ ਵਰ, ਆਦਿ ਪੁਰਖ ਆਪਣੀ ਦਇਆ ਕਮਾਈਆ । ਵਿਸ਼ਨ ਬ੍ਰਹਮਾ ਸ਼ਿਵ ਸੁਣਨਾ ਕੰਨ ਲਾ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਏਕਾ ਢੋਲਾ ਲੈਣਾ ਗਾ, ਵਿਸ਼ਨੂੰ ਆਪਣਾ ਮੇਲ ਮਿਲਾਇੰਦਾ । ਬ੍ਰਹਮੇ ਰਾਗ ਦਏ ਸੁਣਾ, ਬ੍ਰਹਮ ਵਿਦਿਆ ਆਪ ਪੜ੍ਹਾਇੰਦਾ । ਚਾਰੇ ਵੇਦਾਂ ਲਏ ਲਿਖਾ, ਆਪਣਾ ਲੇਖਾ ਬੰਦ ਕਰਾਇੰਦਾ । ਚਾਰੇ ਯੁਗਾਂ ਵੰਡ ਵੰਡਾ, ਚਾਰੇ ਖਾਣੀ ਵੇਸ ਵਟਾਇੰਦਾ । ਚਾਰੇ ਬਾਣੀ ਆਪ ਉਪਾ, ਚਾਰੇ ਕੁੰਟ ਆਪ ਸੁਣਾਇੰਦਾ । ਚਾਰ ਵਰਨ ਲਏ ਤਰਾ, ਚਾਰ ਜੁਗ ਬੰਧਨ ਪਾਇੰਦਾ । ਚਾਰੋਂ ਕੁੰਟ ਫੇਰਾ ਪਾ, ਚਾਰ ਯਾਰੀ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮੇ ਦੇਵੇ ਏਕਾ ਵਰ, ਸਾਚਾ ਨਾਮ ਆਪ ਸਮਝਾਇੰਦਾ । ਸਾਚਾ ਨਾਮ ਹਰਿ ਨਿਰੰਕਾਰਾ, ਆਪਣਾ ਆਪ ਜਣਾਈਆ । ਬ੍ਰਹਮੇ ਤੇਰਾ ਬ੍ਰਹਮ ਪਸਾਰਾ, ਪਾਰਬ੍ਰਹਮ ਵੇਖ ਵਖਾਈਆ । ਲੱਖ ਚੁਰਾਸੀ ਦਏ ਆਧਾਰਾ, ਘੜ ਭਾਂਡੇ ਲਏ ਬਣਾਈਆ । ਅੰਡਜ ਜੇਰਜ ਉਤਭੁਜ ਸੇਤਜ ਕਰ ਤਿਆਰਾ, ਤ੍ਰੈਗੁਣ ਮੇਲਾ ਸਹਿਜ ਸੁਭਾਈਆ । ਵੇਖੇ ਵਿਗਸੇ ਕਰੇ ਵਿਚਾਰਾ, ਵੇਖਣਹਾਰਾ ਦਿਸ ਨਾ ਆਈਆ । ਵਸਣਹਾਰਾ ਸਚਖੰਡ ਸੱਚੇ ਦਰਬਾਰਾ, ਧੁਰ ਫ਼ਰਮਾਨਾ ਆਪ ਜਣਾਈਆ । ਸ਼ਬਦ ਅਗੰਮੀ ਬੋਲ ਜੈਕਾਰਾ, ਬੋਧ ਅਗਾਧੀ ਕਰੇ ਪੜ੍ਹਾਈਆ । ਥਿਰ ਘਰ ਵੇਖੇ ਖੋਲ੍ਹ ਕਿਵਾੜਾ, ਦਰ ਦਰਵਾਜ਼ਾ ਨਾ ਕੋਇ ਰਖਾਈਆ । ਸੁੰਨ ਅਗੰਮੀ ਧੂੰਆਂਧਾਰਾ, ਆਪਣਾ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮੇ ਦਿਤਾ ਏਕਾ ਵਰ, ਲੱਖ ਚੁਰਾਸੀ ਝੋਲੀ ਪਾਈਆ । ਬ੍ਰਹਮਾ ਮੰਗੇ ਮੰਗ, ਪ੍ਰਭ ਅੱਗੇ ਸੀਸ ਝੁਕਾਇੰਦਾ । ਤੂੰ ਸਾਹਿਬ ਸੂਰਾ ਸਰਬੰਗ, ਤੇਰਾ ਭੇਵ ਕੋਇ ਨਾ ਆਇੰਦਾ । ਏਕਾ ਜੋਤ ਧਾਰ ਆਪਣੀ ਬਖ਼ਸ਼ਿਸ਼ ਕਰ ਬਖ਼ਸ਼ੰਦ, ਜਗਤ ਅੰਧੇਰਾ ਨਾ ਮੋਹੇ ਭਾਇੰਦਾ । ਤੇਰਾ ਨੂਰ ਸੂਰਜ ਚੰਦ, ਰਵ ਸਸ ਜੋਤ ਜਗਾਇੰਦਾ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਮੁਕੌਣਾ ਅੰਤਮ ਪੰਧ, ਜੁਗੋ ਜੁਗ ਗੇੜਾ ਕਵਣ ਭਵਾਇੰਦਾ । ਜੁਗ ਜੁਗ ਗੇੜਾ ਹਰਿ ਨਿਰੰਕਾਰ, ਆਪਣਾ ਆਪ ਜਣਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰੇ ਖ਼ਬਰਦਾਰ, ਸਾਚੇ ਸੇਵਕ ਸੇਵ ਲਗਾਈਆ । ਰਵ ਸਸ ਕਰ ਤਿਆਰ, ਕਿਰਨ ਕਿਰਨ ਕਿਰਨ ਰੁਸ਼ਨਾਈਆ । ਮੰਡਲ ਮੰਡਪ ਲਏ ਉਭਾਰ, ਗਗਨ ਗਗਨੰਤਰ ਸੋਭਾ ਪਾਈਆ । ਜਲ ਜਲ ਰੂਪ ਆਪ ਕਰਤਾਰ, ਬਿੰਬ ਆਪਣੀ ਧਾਰ ਵਖਾਈਆ । ਧੂੜੀ ਬਖ਼ਸ਼ੇ ਏਕਾ ਛਾਰ, ਧਵਲ ਦਏ ਵਡਿਆਈਆ । ਲੱਖ ਚੁਰਾਸੀ ਭਰ ਭੰਡਾਰ, ਲੋਕਮਾਤ ਦਏ ਟਿਕਾਈਆ । ਨਿਰਗੁਣ ਸਰਗੁਣ ਹੋ ਉਜਿਆਰ, ਪੰਜ ਤੱਤ ਖੇੜਾ ਆਪ ਵਸਾਈਆ । ਬ੍ਰਹਮੇ ਹੋਣਾ ਖ਼ਬਰਦਾਰ, ਤੇਰਾ ਲੇਖਾ ਦਏ ਵਖਾਈਆ । ਨੌਂ ਖੰਡ ਵੰਡੇ ਵਿਚ ਸੰਸਾਰ, ਨੌਂ ਦਵਾਰੇ ਫੋਲ ਫੋਲਾਈਆ । ਚਾਰ ਚਾਰ ਕਰੇ ਵਿਹਾਰ, ਚਾਰ ਚਾਰ ਬੰਧਨ ਪਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਉਤਰੇ ਪਾਰ, ਜੁਗ ਜੁਗ ਗੇੜਾ ਆਪ ਭਵਾਈਆ । ਕੋਟਨ ਕੋਟ ਭੇਜੇ ਗੁਰ ਅਵਤਾਰ, ਸਾਧ ਸੰਤ ਲੋਕਮਾਤ ਕਰ ਰੁਸ਼ਨਾਈਆ । ਭਗਤ ਭਗਵੰਤ ਵੇਖੇ ਆਣ, ਬੇਪਰਵਾਹ ਸੱਚਾ ਸ਼ਹਿਨਸ਼ਾਹੀਆ । ਗੁਰਮੁਖਾਂ ਦੇਵੇ ਸਾਚਾ ਦਾਨ, ਨਾਮ ਨਿਧਾਨਾ ਝੋਲੀ ਪਾਈਆ । ਗੁਰਸਿਖ ਕਰੇ ਦਰ ਪਰਵਾਨ, ਜੋ ਬੈਠੇ ਰਾਹ ਤਕਾਈਆ । ਸਭ ਦਾ ਦਾਤਾ ਇਕ ਭਗਵਾਨ, ਇਕ ਇਕੱਲਾ ਹਰ ਘਟ ਵੇਖੇ ਥਾਉਂ ਥਾਈਆ । ਬ੍ਰਹਮੇ ਤੇਰੀ ਅੰਤ ਕਰੇ ਕਲਿਆਣ, ਥਿਰ ਕੋਇ ਰਹਿਣ ਨਾ ਪਾਈਆ । ਸਭ ਦਾ ਮੇਟੇ ਆਪ ਨਿਸ਼ਾਨ, ਆਦਿ ਆਦਿ ਜੁਗਾਦਿ ਜੁਗਾਦਿ ਆਪਣੀ ਖੇਲ ਖਿਲਾਈਆ । ਇਕ ਸੁਣਾਵੇ ਧੁਰ ਫ਼ਰਮਾਨ, ਸਚ ਸੰਦੇਸਾ ਆਪ ਸਮਝਾਈਆ । ਲੋਕਮਾਤ ਬਣੌਣਾ ਇਕ ਮਕਾਨ, ਆਤਮ ਪਰਮਾਤਮ ਏਕਾ ਘਰ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਲੇਖਾ ਦਏ ਮੁਕਾਈਆ । ਵਿਸ਼ਨ ਬ੍ਰਹਮਾ ਸ਼ਿਵ ਤੇਰੀ ਸਾਚੀ ਸੇਵ, ਹਰਿ ਸਾਚਾ ਸਚ ਲਗਾਇੰਦਾ । ਲੇਖਾ ਜਾਣੇ ਕਰੋੜ ਤੇਤੀਸਾ ਦੇਵੀ ਦੇਵ, ਸੁਰਪਤ ਰਾਜਾ ਇੰਦ ਮੇਲ ਮਿਲਾਇੰਦਾ । ਪਾਰਬ੍ਰਹਮ ਪ੍ਰਭ ਅਲਖ ਅਭੇਵ, ਅਲਖ ਅਲਖਣਾ ਆਪਣੇ ਰੰਗ ਆਪ ਸਮਾਇੰਦਾ । ਨਾ ਕੋਈ ਰਸਨਾ ਨਾ ਕੋਈ ਜੇਹਵ, ਬੱਤੀ ਦੰਦ ਨਾ ਕੋਇ ਹਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਿਸ਼ਨ ਬ੍ਰਹਮਾ ਸ਼ਿਵ ਤੇਰਾ ਅੰਤ ਆਪਣੇ ਹੱਥ ਰਖਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਤੇਰਾ ਅੰਤ ਕਰੌਣਾ, ਹਰਿ ਸਾਚਾ ਸਚ ਜਣਾਈਆ । ਨੌਂ ਸੋ ਚੁਰਾਨਵੇ ਚੌਕੜੀ ਜੁਗ ਲੋਕਮਾਤ ਵੇਖ ਵਖੌਣਾ, ਗੇੜਾ ਗੇੜੇ ਵਿਚ ਭਵਾਈਆ । ਸਤਿਜੁਗ ਤ੍ਰੇਤਾ ਦੁਆਪਰ ਵੰਡ ਵੰਡੌਣਾ, ਕਲਜੁਗ ਖੇਲ ਕਰੇ ਬੇਪਰਵਾਹੀਆ । ਅਵਤਾਰ ਗੁਰ ਤੇਰੀ ਸੇਵ ਲਗੌਣਾ, ਲੱਖ ਚੁਰਾਸੀ ਤੇਰਾ ਸੰਗ ਨਿਭਾਈਆ । ਧੁਰ ਫ਼ਰਮਾਨਾ ਆਪ ਸੁਣੌਣਾ, ਸਚ ਸੰਦੇਸਾ ਇਕ ਵਖਾਈਆ । ਜੁਗਾ ਜੁਗੰਤਰ ਵੰਡ ਵੰਡੌਣਾ, ਬ੍ਰਹਿਮੰਡ ਖੰਡ ਵੇਖੇ ਥਾਉਂ ਥਾਈਆ । ਜੇਰਜ ਅੰਡ ਤੇਰਾ ਪੰਧ ਮੁਕੌਣਾ, ਉਤਭੁਜ ਸੇਤਜ ਰਹਿਣ ਨਾ ਪਾਈਆ । ਲੋਕਮਾਤ ਤੇਰਾ ਖੇੜਾ ਢੌਣਾ, ਆਪ ਆਪਣਾ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਰਿਹਾ ਖੁਲ੍ਹਾਈਆ । ਵਿਸ਼ਨ ਸੁਣ ਹਰਿ ਜਣਾਇਆ, ਆਦਿ ਜੁਗਾਦੀ ਕਾਰ । ਜੋ ਘੜਿਆ ਸੋ ਭੰਨ ਵਖਾਇਆ, ਥਿਰ ਰਹੇ ਨਾ ਵਿਚ ਸੰਸਾਰ । ਚਾਰ ਜੁਗ ਚੌਕੜੀ ਇਕ ਬਣਾਇਆ, ਚਾਰ ਵੇਦ ਕਰੇ ਪਿਆਰ । ਚਾਰੇ ਵਰਨ ਰਹੇ ਜਸ ਗਾਇਆ, ਚਾਰੋਂ ਕੁੰਟ ਕੁੰਟ ਜੈਕਾਰ । ਚਾਰੇ ਵਰਨ ਅਠਾਰਾਂ ਬਰਨ ਰੂਪ ਧਰਾਇਆ, ਨਾਲ ਰਲਾਇਆ ਵਿਭਚਾਰ । ਪੁਰਾਨ ਅਠਾਰਾਂ ਆਪੇ ਗਾਇਆ, ਵੇਦ ਵਿਆਸਾ ਦੇ ਆਧਾਰ । ਵੇਦ ਕਤੇਬ

੮੭੨
੧੦

ਭੇਵ ਨਾ ਰਾਇਆ, ਸ਼ਾਸਤਰ ਸਿਮਰਤ ਕਰਨ ਪੁਕਾਰ । ਗੀਤਾ ਗਿਆਨ ਦਏ ਦੁਹਾਇਆ, ਹਰਿ ਹਰਿ ਅੰਤ ਨਾ ਪਾਰਾਵਾਰ । ਅੰਜੀਲ ਕੁਰਾਨ ਮੁਖ ਸ਼ਰਮਾਇਆ, ਨੇਤਰ ਰੋਵਣ ਜ਼ਾਰੋ ਜ਼ਾਰ । ਖਾਣੀ ਬਾਣੀ ਪੱਲੂ ਪਾਇਆ, ਦੋਏ ਦੋਏ ਜੋੜ ਕਰੇ ਨਿਮਸਕਾਰ । ਤੇਈ ਅਵਤਾਰਾਂ ਸੀਸ ਝੁਕਾਇਆ, ਬੈਠੇ ਦਰ ਦਰਬਾਰ । ਗੁਰ ਦਸ ਖ਼ੁਸ਼ੀ ਮਨਾਇਆ, ਏਕਾ ਬੋਲ ਸ਼ਬਦ ਜੈਕਾਰ । ਭਗਤ ਭਗਵੰਤ ਮੰਗਲ ਗਾਇਆ, ਅਠ ਦਸ ਅਠਾਰਾਂ ਹੋਏ ਪਾਰ । ਵਿਸ਼ਨੂੰ ਤੇਰਾ ਸੰਗਲ ਤੇਰੇ ਹੱਥ ਫੜਾਇਆ, ਚਾਰੋਂ ਕੁੰਟ ਹੋਣਾ ਖ਼ਬਰਦਾਰ । ਬ੍ਰਹਮਾ ਤੇਰਾ ਬ੍ਰਹਮ ਰੂਪ ਪ੍ਰਭ ਮੰਗਣ ਆਇਆ, ਬ੍ਰਹਮ ਵੇਖੇ ਵੇਖਣਹਾਰ । ਜਗਤ ਅੰਧੇਰਾ ਝੂਠਾ ਛਾਇਆ, ਸਾਚਾ ਚੰਦ ਨਾ ਕੋਇ ਉਜਿਆਰ । ਗੁਰ ਕਾ ਰੂਪ ਕਿਸੇ ਨਜ਼ਰ ਨਾ ਆਇਆ, ਨੇਤਰ ਖੁਲ੍ਹੇ ਨਾ ਕੋਇ ਕਿਵਾੜ । ਰਸਨਾ ਜੇਹਵਾ ਰਹੇ ਗਾਇਆ, ਉਚੀ ਕੂਕ ਕੂਕ ਪੁਕਾਰ । ਮੁੱਲਾਂ ਸ਼ੇਖ਼ ਮੁਸਾਇਕ ਪੀਰ ਦੇਣ ਦੁਹਾਇਆ, ਮਿਲਿਆ ਮੇਲ ਨਾ ਪਰਵਰਦਿਗਾਰ । ਪੰਡਤ ਪਾਂਧੇ ਕਿਸੇ ਹੱਥ ਨਾ ਆਇਆ । ਰਾਮ ਰਾਮ ਸੱਚਾ ਕਰਤਾਰ । ਗ੍ਰੰਥੀ ਪੰਥੀ ਰਾਹ ਭੁਲਾਇਆ, ਗੋਬਿੰਦ ਮਿਲਿਆ ਨਾ ਮੀਤ ਮੁਰਾਰ । ਮੰਤਰ ਨਾਮ ਸਚ ਨਾ ਕਿਸੇ ਦ੍ਰਿੜਾਇਆ, ਕਾਮ ਕਰੋਧ ਲੋਭ ਮੋਹ ਮਿਲਿਆ ਹੰਕਾਰ । ਵਿਸ਼ਨ ਬ੍ਰਹਮਾ ਸ਼ਿਵ ਤੇਰਾ ਵੇਲਾ ਅੰਤਮ ਆਇਆ, ਧਰਨੀ ਰੋਵੇ ਕਰੇ ਪੁਕਾਰ । ਖੁਲ੍ਹੜੇ ਕੇਸ ਗਲ ਵਿਚ ਪਾਇਆ, ਪ੍ਰਭ ਦੀ ਬਣੀ ਆਣ ਭਿਖਾਰ । ਗੁਰ ਦਸਮੇਸ ਕਿਉਂ ਮੁਖ ਭਵਾਇਆ, ਮੈਨੂੰ ਦਿਸੇ ਨਾ ਕੋਈ ਸਹਾਰ । ਗੁਰਮੁਖ ਕੋਈ ਨਜ਼ਰ ਨਾ ਆਇਆ, ਘਰ ਘਰ ਹੋਇਆ ਵਿਭਚਾਰ । ਤੂੰ ਲਿਖ ਲਿਖ ਲੇਖਾ ਗਿਆ ਸਮਝਾਇਆ, ਜੀਵਾਂ ਜੰਤਾਂ ਕਰ ਪਿਆਰ । ਕਲਜੁਗ ਵੇਲੇ ਅੰਤਮ ਹੋਏ ਸਹਾਇਆ, ਨਿਹਕਲੰਕ ਨਰਾਇਣ ਨਰ ਅਵਤਾਰ । ਮਾਤ ਪਿਤ ਨਾ ਕਿਸੇ ਜਾਇਆ, ਮਹਾਂਬਲੀ ਉਤਰੇ ਆਪਣੀ ਵਾਰ । ਨਾਨਕ ਨਿਰਗੁਣ ਰਿਹਾ ਧਿਆਇਆ, ਨਿਰਵੈਰ ਪੁਰਖ ਅਕਾਲ । ਵੇਦ ਵਿਆਸਾ ਸੀਸ ਝੁਕਾਇਆ, ਦੋਏ ਜੋੜ ਮੰਗੇ ਦਾਨ । ਮੂਸਾ ਉਚੀ ਕੂਕ ਕੂਕ ਅਲਾਇਆ, ਦੇਵੇ ਆਪ ਫ਼ਰਮਾਨ । ਈਸਾ ਤੇਰਾ ਲੇਖਾ ਆਪਣੇ ਅੱਗੇ ਟਿਕਾਇਆ, ਤੂੰ ਦੇਣਾ ਸਾਚਾ ਦਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮਾ ਸ਼ਿਵ ਦੇਵੇ ਵਰ, ਕੀਤਾ ਕੌਲ ਭੁਲ ਨਾ ਜਾਇਆ । ਆਦਿ ਜੁਗਾਦਿ ਕਦੇ ਨਾ ਭੁੱਲਿਆ, ਅਭੁਲ ਬੇਪਰਵਾਹ । ਆਦਿ ਜੁਗਾਦਿ ਕਦੇ ਨਾ ਡੁੱਲਿਆ, ਅਡੁਲ ਇਕ ਖ਼ੁਦਾ । ਲੱਖ ਚੁਰਾਸੀ ਆਪੇ ਮੌਲਿਆ, ਮੌਲਾ ਆਪਣਾ ਨਾਮ ਧਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮਾ ਵਿਸ਼ਨ ਸ਼ਿਵ ਤੇਰਾ ਲੇਖਾ ਦਏ ਚੁਕਾ । ਤਿੰਨਾਂ ਲੇਖਾ ਅੰਤ ਚੁਕੌਣਾ, ਕਲਜੁਗ ਵਾਰੀ ਅੰਤਮ ਆਈਆ । ਤਿੰਨਾਂ ਲੇਖਾ ਆਪ ਮੁਕੌਣਾ, ਭਰਮ ਭੁਲੇਖਾ ਦਏ ਕਢਾਈਆ । ਕਾਲ ਮਹਾਕਾਲ ਦਰ ਮੰਗੌਣਾ, ਏਕਾ ਹੁਕਮ ਸੁਣਾਈਆ । ਤੇਈ ਅਵਤਾਰਾਂ ਭੇਵ ਖੁਲ੍ਹੌਣਾ, ਚਾਰ ਜੁਗ ਵੇਖ ਵਖਾਈਆ । ਭਗਤ ਅਠਾਰਾਂ ਪਰਦਾ ਲੌਹਣਾ, ਭਗਵਨ ਦਏ ਵਡ ਵਡਿਆਈਆ । ਗੁਰ ਗੁਰ ਦੱਸ ਜੋਤ ਜਗੌਣਾ, ਜੋਤੀ ਜੋਤ ਜੋਤ ਰੁਸ਼ਨਾਈਆ । ਗੋਬਿੰਦ ਲੇਖਾ ਪੂਰ ਕਰੌਣਾ, ਨਾ ਕੋਈ ਮੇਟੇ ਮੇਟ ਮਿਟਾਈਆ । ਸੰਬਲ ਨਗਰੀ ਧਾਮ ਸੁਹੌਣਾ, ਸਾਢੇ ਤਿੰਨ ਹੱਥ ਬਣਤ ਬਣਾਈਆ । ਪੁਰਖ ਅਬਿਨਾਸ਼ੀ ਆਸਣ ਲੌਣਾ, ਨਿਹਕਲੰਕਾ ਨਾਉਂ ਧਰਾਈਆ । ਸ਼ਬਦ ਡੰਕਾ ਇਕ ਵਜੌਣਾ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਰਿਹਾ ਉਠਾਈਆ । ਧੁਰ ਫ਼ਰਮਾਨਾ ਹੁਕਮ ਸੁਣੌਣਾ, ਕਲਜੁਗ ਮੇਟੇ ਕੂੜੀ ਸ਼ਾਹੀਆ । ਰਾਜ ਰਾਜਾਨਾਂ ਤਖ਼ਤੋਂ ਲੌਹਣਾ, ਸ਼ਾਹ ਸੁਲਤਾਨਾਂ ਖ਼ਾਕ ਮਿਲਾਈਆ । ਚਾਰ ਵਰਨ ਏਕਾ ਘਰ ਬਹੌਣਾ, ਊਚ ਨੀਚ ਨਾ ਕੋਇ ਵਡਿਆਈਆ । ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਪੰਧ

ਮੁਕੌਣਾ, ਵਰਨ ਬਰਨ ਨਾ ਕੋਇ ਪੜ੍ਹਾਈਆ । ਰਾਮ ਰਹੀਮ ਏਕਾ ਰੰਗ ਰੰਗੌਣਾ, ਨਾਨਕ ਗੋਬਿੰਦ ਮੇਲਾ ਸਹਿਜ ਸੁਭਾਈਆ । ਈਸਾ ਮੂਸਾ ਬੰਧਨ ਪੌਣਾ, ਲੇਖਾ ਜਾਣੇ ਸੰਗ ਮੁਹੰਮਦ ਚਾਰ ਯਾਰ ਚਾਰ ਯਾਰੀ ਨੂਰ ਇਲਾਹੀਆ । ਸਚਖੰਡ ਦਵਾਰਾ ਸੋਭਾ ਪੌਣਾ, ਥਿਰ ਘਰ ਵਜਦੀ ਰਹੇ ਵਧਾਈਆ । ਮੁਕਾਮੇ ਹੱਕ ਡੇਰਾ ਲੌਣਾ, ਬੇਪਰਵਾਹ ਬੇਐਬ ਪਰਵਰਦਿਗਾਰ ਆਪਣਾ ਨੂਰ ਧਰਾਈਆ । ਏਕਾ ਕਲਮਾ ਅਮਾਮ ਪੜ੍ਹੌਣਾ, ਕਾਇਨਾਤ ਕਰੇ ਸ਼ਨਵਾਈਆ । ਏਕਾ ਆਬਹਯਾਤ ਪਿਔਣਾ, ਸਚ ਪਿਆਲਾ ਹੱਥ ਉਠਾਈਆ । ਸ਼ਰਅ ਸ਼ਰੀਅਤ ਇਕ ਰਖੌਣਾ, ਲਾਸ਼ਰੀਕ ਇਕ ਖ਼ੁਦਾਈਆ । ਰਾਮਾ ਕ੍ਰਿਸ਼ਨਾ ਨਜ਼ਰੀ ਔਣਾ, ਆਦਿ ਸ਼ਕਤ ਜੋਤ ਜਗਾਈਆ । ਚਤੁਰਭੁਜ ਰੂਪ ਧਰੌਣਾ, ਚਾਰੋਂ ਕੁੰਟ ਫੇਰਾ ਪਾਈਆ । ਫ਼ਤਹਿ ਡੰਕਾ ਇਕ ਵਜੌਣਾ, ਏਕਾ ਢੋਲਾ ਰਿਹਾ ਸੁਣਾਈਆ । ਰਾਓ ਰੰਕਾਂ ਏਕਾ ਧਾਮ ਬਹੌਣਾ, ਝੂਠੀ ਮੇਟੇ ਜਗਤ ਸ਼ਾਹੀਆ । ਫੜ ਫੜ ਕਾਗ ਹੰਸ ਬਣੌਣਾ, ਸੋਹੰ ਹੰਸਾ ਚੋਗ ਚੁਗਾਈਆ । ਦੂਈ ਦਵੈਤੀ ਰੋਗ ਮਿਟੌਣਾ, ਅੰਮ੍ਰਿਤ ਜਾਮ ਇਕ ਪਿਆਈਆ । ਹਰਖ ਸੋਗ ਸਰਬ ਗਵੌਣਾ, ਚਿੰਤਾ ਦੁੱਖ ਨਾ ਕੋਇ ਰਖਾਈਆ । ਚੌਦਾਂ ਲੋਕ ਏਕਾ ਨਾਮ ਧਿਔਣਾ, ਤ੍ਰੈਭਵਨ ਵੱਜੇ ਵਧਾਈਆ । ਚੌਦਾਂ ਤਬਕਾਂ ਨਿਉਂ ਨਿਉਂ ਸੀਸ ਝੁਕੌਣਾ, ਦੀਨ ਇਸਲਾਮ ਇਕ ਸਮਝਾਈਆ । ਸਭ ਨੇ ਸਯਦਾ ਇਕ ਦਵਾਰ ਕਰੌਣਾ, ਪੁਰਖ ਅਕਾਲ ਇਸ਼ਟ ਦੇਵ ਹੋ ਜਾਈਆ । ਈਸਾ ਮੂਸਾ ਮੁਹੰਮਦ ਨਾਲ ਰਲੌਣਾ, ਪੱਲੂ ਨਾਲ ਪੱਲੂ ਬੰਧਾਈਆ । ਜਮ ਕਾ ਫਾਸ ਕਾਲ ਕਾ ਤਰਾਸ ਮੇਟ ਮਿਟੌਣਾ, ਮਹਾਕਾਲ ਹੋਏ ਸਹਾਈਆ । ਗੁਰਮੁਖਾਂ ਪੂਰੀ ਆਸ ਕਰੌਣਾ, ਨਿਰਗੁਣ ਸਰਗੁਣ ਮੇਲ ਮਿਲਾਈਆ । ਨਿਜ ਘਰ ਆਤਮ ਵਾਸ ਧਰੌਣਾ, ਨਿਜ ਨੇਤਰ ਦਏ ਖੁਲ੍ਹਾਈਆ । ਏਕਾ ਮੰਦਰ ਸੋਭਾ ਪੌਣਾ, ਦੂਜੀ ਸ਼ਬਦ ਵੱਜੇ ਸ਼ਨਵਾਈਆ । ਤੀਜੇ ਨੇਤਰ ਦਰਸ ਦਿਖੌਣਾ, ਚੌਥੇ ਪਦ ਕਰੇ ਰਸਾਈਆ । ਪੰਚਮ ਘਰ ਆਪ ਬਹੌਣਾ, ਛੇਵੇਂ ਛੱਪਰ ਛੰਨ ਨਾ ਕੋਇ ਵਡਿਆਈਆ । ਸੱਤਵੇਂ ਸਤਿ ਸਤਿਵਾਦੀ ਆਪਣੇ ਰੰਗ ਰੰਗੌਣਾ, ਬ੍ਰਹਮ ਪਾਰਬ੍ਰਹਮ ਮੇਲ ਮਿਲਾਈਆ । ਅੱਠਾਂ ਤੱਤਾਂ ਪੰਧ ਮੁਕੌਣਾ, ਨੌਂ ਦਰ ਡੇਰਾ ਢਾਹੀਆ । ਬਜਰ ਕਪਾਟੀ ਖੋਲ੍ਹ ਖੁਲੌਣਾ, ਸ਼ਬਦ ਖੰਡਾ ਇਕ ਚਮਕਾਈਆ । ਪੰਚ ਵਿਕਾਰਾ ਸੱਥਰ ਢੌਣਾ, ਆਸਾ ਤ੍ਰਿਸਨਾ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਵਿਸ਼ਨ ਬ੍ਰਹਮਾ ਸ਼ਿਵ ਤੇਰਾ ਲੇਖਾ ਦਏ ਵਖਾਈਆ । ਤੇਰਾ ਲੇਖ ਵਖਾਵਣ ਆਇਆ, ਨਿਹਕਲੰਕਾ ਜਾਮਾ ਧਾਰ । ਲੱਖ ਚੁਰਾਸੀ ਲਏ ਸਮਝਾਇਆ, ਆਤਮ ਅੰਤਰ ਵਜਾਏ ਇਕ ਸਤਾਰ । ਕਾਇਆ ਮੰਦਰ ਡੇਰਾ ਲਾਇਆ, ਹਰਿ ਮੰਦਰ ਵੇਖੇ ਆਪ ਨਿਰੰਕਾਰ । ਡੂੰਘੀ ਕੰਦਰ ਕਿਸੇ ਦਿਸ ਨਾ ਆਇਆ, ਜੀਵ ਜੰਤ ਸੁੱਤੇ ਪੈਰ ਪਸਾਰ । ਅੰਦਰੇ ਅੰਦਰ ਖੇਲ ਕਰਾਇਆ, ਕਰੇ ਕਰਾਏ ਸਚ ਗੁਫ਼ਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਕ਼ਰਜ਼ਾ ਦਏ ਉਤਾਰ । ਜੁਗ ਜੁਗ ਕਰਜ਼ਾ ਲਾਹੇ ਮਕਰੂਜ਼, ਲਹਿਣਾ ਦੇਣ ਜਗਤ ਚੁਕਾਇੰਦਾ । ਆਦਿ ਜੁਗਾਦਿ ਰੱਖੇ ਆਪਣੀ ਸੂਝ, ਜੀਵ ਜੰਤ ਸੂਝ ਨਾ ਕੋਇ ਵਖਾਇੰਦਾ । ਜੁਗਾ ਜੁਗੰਤ ਖੁਲ੍ਹਾਏ ਭੇਵ ਗੂਝ, ਭੇਵ ਅਭੇਦਾ ਆਪ ਦ੍ਰਿੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਵੇਸ ਵਟਾਏ ਜੁਗਾ ਜੁਗੰਤਰ, ਜੁਗ ਕਰਤਾ ਬੇਪਰਵਾਹੀਆ । ਗੁਰ ਅਵਤਾਰਾਂ ਦੇਵੇ ਮੰਤਰ, ਏਕਾ ਨਾਮ ਸ਼ਬਦ ਵਡਿਆਈਆ । ਲੇਖਾ ਜਾਣੇ ਗਗਨ ਗਗਨੰਤਰ, ਗਗਨ ਪਾਤਾਲਾਂ ਫੋਲ ਫੋਲਾਈਆ । ਲੱਖ ਚੁਰਾਸੀ ਬੁਝਾਏ ਬਸੰਤਰ, ਅੰਮ੍ਰਿਤ ਮੇਘ ਇਕ ਬਰਸਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਨਿਰਗੁਣ ਦਾਤਾ ਬੇਪਰਵਾਹ, ਪਰਵਰਦਿਗਾਰ ਨਾਉਂ ਅਖਵਾਇੰਦਾ । ਦੇਵਣਹਾਰਾ ਸਚ ਸਲਾਹ, ਜੁਗ ਜੁਗ ਵੇਸ ਵਟਾਇੰਦਾ । ਕਲਜੁਗ ਅੰਤਮ ਫੇਰਾ ਪਾ, ਰੂਪ ਅਨੂਪ ਧਰਾਇੰਦਾ । ਕਾਗਦ ਕ਼ਲਮ ਕੋਈ ਲਿਖੇ ਨਾ, ਸੱਤ ਸਮੁੰਦਰ ਨੇਤਰ ਨੈਣਾਂ ਨੀਰ ਵਹਾਇੰਦਾ । ਬਨਾਸਪਤ ਮਾਰੇ ਧਾਹ, ਅਠਾਰਾਂ ਭਾਰ ਨਾ ਵੰਡ ਵੰਡਾਇੰਦਾ । ਬ੍ਰਹਮਾ ਮੰਗੇ ਅੰਤ ਪਨਾਹ, ਤੇਰਾ ਅੰਤ ਕੋਇ ਨਾ ਪਾਇੰਦਾ । ਵਿਸ਼ਨੂੰ ਢਹਿ ਪਿਆ ਸਰਨਾ, ਦੋਏ ਜੋੜ ਸੀਸ ਝੁਕਾਇੰਦਾ । ਸ਼ੰਕਰ ਮੰਗੇ ਬਖ਼ਸ਼ ਮੇਰੇ ਗੁਨਾਹ, ਅਵਗੁਣ ਆਪਣਾ ਤੇਰੇ ਅੱਗੇ ਫੋਲ ਵਖਾਇੰਦਾ । ਤੇਈ ਅਵਤਾਰ ਆਪਣਾ ਪੱਲੂ ਅੱਗੇ ਰਹੇ ਡਾਹ, ਚਾਰ ਜੁਗ ਦੇ ਚਾਰ ਦਿਨ ਸਾਡੀ ਝੋਲੀ ਪਾ, ਈਸਾ ਮੂਸਾ ਮੁਹੰਮਦ ਸਯਦਾ ਸੀਸ ਝੁਕਾਇੰਦਾ । ਕਲਮਾ ਏਕਾ ਪੜ੍ਹ ਖ਼ੁਦਾ, ਨਬੀ ਰਸੂਲ ਤੂੰ ਸਮਝਾਇੰਦਾ । ਅਮਾਮ ਅਮਾਮਾਂ ਦੇਵੇਂ ਪਨਾਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਕਰੇ ਖੇਲ ਸੱਚਾ ਸ਼ਹਿਨਸ਼ਾਹ । ਸ਼ਹਿਨਸ਼ਾਹ ਹਰਿ ਵਡ ਸੁਲਤਾਨਾ ਆਦਿ ਜੁਗਾਦਿ ਵਡੀ ਵਡਿਆਈਆ । ਜੁਗਾ ਜੁਗੰਤਰ ਖੇਲ ਮਹਾਨਾ, ਜੁਗ ਕਰਤਾ ਆਪ ਕਰਾਈਆ । ਕਲਜੁਗ ਅੰਤਮ ਹੋ ਪਰਧਾਨਾ, ਨਿਹਕਲੰਕਾ ਨਾਉਂ ਰਖਾਈਆ । ਸਤਿ ਸਰੂਪੀ ਸਤਿ ਨਿਸ਼ਾਨਾ, ਸਤਿ ਸਤਿਵਾਦੀ ਹੱਥ ਉਠਾਈਆ । ਲੇਖਾ ਜਾਣੇ ਗੋਪੀ ਕਾਹਨਾ, ਮੰਡਲ ਰਾਸ ਵੇਖ ਵਖਾਈਆ । ਦੇਵਣ ਆਇਆ ਧੁਰ ਫ਼ਰਮਾਨਾ, ਸ਼ਬਦ ਸੰਦੇਸਾ ਆਪੇ ਗਾਈਆ । ਲੱਖ ਚੁਰਾਸੀ ਹੋਈ ਨਾਦਾਨਾ, ਨੇਤਰ ਨੈਣ ਨਾ ਕੋਇ ਖੁਲ੍ਹਾਈਆ । ਸਾਚਾ ਦਿਸੇ ਨਾ ਮੰਦਰ ਮਕਾਨਾ, ਹਰਿ ਮੰਦਰ ਸੀਸ ਨਾ ਕੋਇ ਝੁਕਾਈਆ । ਅੰਮ੍ਰਿਤ ਮਿਲਿਆ ਨਾ ਪੀਣਾ ਖਾਣਾ, ਅਠਸਠ ਬੈਠੇ ਫੇਰੀਆਂ ਪਾਈਆ । ਅਨਹਦ ਸੁਣਿਆ ਨਾ ਸਾਚਾ ਗਾਨਾ, ਝੂਠੇ ਤਾਲ ਰਹੇ ਵਜਾਈਆ । ਘਰ ਮਿਲਿਆ ਨਾ ਹਰਿ ਭਗਵਾਨਾ, ਮੰਦਰ ਟੱਲ ਰਹੇ ਖੜਕਾਈਆ । ਜਿਸ ਦਾ ਦਿਤਾ ਪੀਣਾ ਖਾਣਾ, ਸੋ ਭੁੱਲਿਆ ਬੇਪਰਵਾਹੀਆ । ਕਲਜੁਗ ਤੇਰਾ ਅੰਤਮ ਮੇਟੇ ਝੂਠ ਨਿਸ਼ਾਨਾ, ਕੂੜੀ ਕਿਰਿਆ ਦਏ ਗਵਾਈਆ । ਸਤਿਜੁਗ ਸਤਿ ਕਰੇ ਪਰਧਾਨਾ, ਸਤਿ ਸਤਿਵਾਦੀ ਮਾਰਗ ਲਾਈਆ । ਏਕਾ ਸ਼ਬਦ ਚੜ੍ਹਾਏ ਬਬਾਣਾ, ਲੋਆਂ ਪੁਰੀਆਂ ਪਾਰ ਕਰਾਈਆ । ਏਕਾ ਰਾਗ ਏਕਾ ਗਾਣਾ, ਛੱਤੀ ਰਾਗ ਮੁਖ ਸ਼ਰਮਾਈਆ । ਏਕਾ ਕਲਮਾ ਕਲਾਮ ਇਲਾਹੀ ਕਰ ਪਰਧਾਨਾ, ਕਾਮਲ ਆਪਣਾ ਨਾਉਂ ਦਏ ਜਣਾਈਆ । ਸੋਹੰ ਸ਼ਬਦ ਲੱਖ ਚੁਰਾਸੀ ਦੇਵੇ ਦਾਨਾ, ਆਤਮ ਪਰਮਾਤਮ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਹਰਿਜਨ ਸਾਚੇ ਮੇਲ ਮਿਲਾਈਆ । ਹਰਿਜਨ ਮੇਲਾ ਹਰਿ ਗੋਬਿੰਦ, ਹਰਿ ਸੱਜਣ ਮੇਲ ਮਿਲਾਇਆ । ਗੁਰ ਸਤਿਗੁਰ ਮੇਟੇ ਸਗਲੀ ਚਿੰਦ, ਨਿਰਭੌ ਭੈ ਨਾ ਕੋਇ ਜਣਾਇਆ । ਗਹਿਰ ਗੰਭੀਰ ਗੁਣੀ ਗਹਿੰਦ, ਗੁਣਵੰਤਾ ਹੋਏ ਸਹਾਇਆ । ਅੰਮ੍ਰਿਤ ਜਾਮ ਪਿਆਏ ਸਾਗਰ ਸਿੰਧ, ਸਤਿ ਪਿਆਲਾ ਹੱਥ ਰਖਾਇਆ । ਗੁਰਮੁਖ ਬਣਾਏ ਆਪਣੀ ਬਿੰਦ, ਸੁਤ ਅਨਾਦੀ ਏਕਾ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਲਏ ਉਠਾਇਆ । ਹਰਿਜਨ ਉਠਾਏ ਆਪ ਪ੍ਰਭ, ਦੀਨਨ ਦੀਨਾਂ ਦਇਆ ਕਮਾ । ਉਲਟਾ ਕਰੇ ਕਵਲ ਨਭ, ਅੰਮ੍ਰਿਤ ਝਿਰਨਾ ਦਏ ਝਿਰਾ । ਪੰਚ ਵਿਕਾਰਾ ਦੇਵੇ ਦੱਬ, ਸ਼ਬਦ ਅਗੰਮੀ ਭਾਰ ਟਿਕਾ । ਲਹਿਣਾ ਦੇਣਾ ਮੁਕਾਏ ਝੱਬ, ਲੱਖ ਚੁਰਾਸੀ ਫੰਦ ਕਟਾ । ਅੰਦਰੇ ਅੰਦਰ ਮੁਕਾਏ ਪੰਧ, ਦਸਮ ਦਵਾਰੀ ਦਏ ਚੜ੍ਹਾ । ਸ਼ਬਦ ਅਨਾਦ ਸੁਣਾਏ ਸੁਹਾਗੀ ਛੰਦ,

੮੭੫
੧੦

ਪੰਚਮ ਸਖ਼ੀਆਂ ਨਾਲ ਰਲਾ । ਆਤਮ ਜਣਾਏ ਪਰਮਾਨੰਦ, ਪਰਮਾਤਮ ਮੇਲਾ ਸਹਿਜ ਸੁਭਾ । ਨਿਰਗੁਣ ਜੋਤ ਚੜ੍ਹਾਏ ਚੰਦ, ਨਿਰਗੁਣ ਜੋਤ ਕਰ ਰੁਸ਼ਨਾ । ਹੱਥ ਫੜਾਏ ਨਾਮ ਚੰਡ ਪਰਚੰਡ, ਸਾਚਾ ਖੰਡਾ ਇਕ ਚਮਕਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਗੁਰਸਿਖਾਂ ਅੰਦਰ ਆਪਣਾ ਨੂਰ ਆਪ ਦਰਸਾ । ਗੁਰਸਿਖਾਂ ਅੰਦਰ ਆਪੇ ਵੜ, ਗੁਰ ਪੂਰਾ ਦਇਆ ਕਮਾਈਆ । ਡੂੰਘੀ ਭਵਰੀ ਪਾਰ ਕਰ, ਸੁਖਮਨ ਤੇਰਾ ਪੰਧ ਮੁਕਾਈਆ । ਪੰਚ ਵਿਕਾਰਾ ਜਾਏ ਝੜ, ਜਿਸ ਦਵਾਰੇ ਸਤਿਗੁਰ ਜਾਈਆ । ਅੰਮ੍ਰਿਤ ਪਿਆਲਾ ਪਿਆਏ ਭਰ, ਨਿਝਰ ਆਪਣੀ ਦਇਆ ਕਮਾਈਆ । ਦਰਸ ਦਿਖਾਏ ਅੱਗੇ ਖੜ, ਸਵੱਛ ਸਰੂਪੀ ਰੂਪ ਵਟਾਈਆ । ਆਤਮ ਸੇਜਾ ਬਹੇ ਚੜ੍ਹ, ਸਚ ਸਿੰਘਾਸਣ ਦਏ ਵਡਿਆਈਆ । ਨਾ ਕੋਈ ਸੀਸ ਨਾ ਕੋਈ ਧੜ, ਸਤਿਗੁਰ ਪੂਰਾ ਸੋ ਅਖਵਾਈਆ । ਆਪਣੀ ਵਿਦਿਆ ਗਿਆ ਪੜ੍ਹ, ਲੱਖ ਚੁਰਾਸੀ ਕਰੇ ਪੜ੍ਹਾਈਆ । ਅਗਨੀ ਹਵਨ ਨਾ ਜਾਏ ਸੜ, ਨਾ ਮਰੇ ਨਾ ਜਾਈਆ । ਨਾ ਉਹ ਪੁਰਖ ਨਾ ਉਹ ਨਾਰ, ਨਰ ਨਰਾਇਣ ਆਪਣਾ ਨਾਉਂ ਧਰਾਈਆ । ਸਰਬ ਜੀਆਂ ਦਾ ਸਾਂਝਾ ਯਾਰ, ਵਰਨ ਬਰਨ ਨਾ ਕੋਇ ਰਖਾਈਆ । ਜੋ ਜਨ ਕਰੇ ਸਚ ਪਿਆਰ, ਤਿਸ ਦਰ ਆਵੇ ਦੇਵੇ ਦਰਸ ਬੇਪਰਵਾਹੀਆ । ਗੁਰਸਿਖ ਤੇਰੀ ਮਹਿਮਾ ਅਪਰ ਅਪਾਰ, ਕਾਗਦ ਕ਼ਲਮ ਨਾ ਲਿਖੇ ਸ਼ਾਹੀਆ । ਤੇਰਾ ਦਰਸ ਮੰਗੇ ਬ੍ਰਹਮਾ ਵਿਸ਼ਨ ਸ਼ਿਵ ਬਣ ਭਿਖਾਰ, ਨਿਉਂ ਨਿਉਂ ਬੈਠੇ ਸੀਸ ਝੁਕਾਈਆ । ਜਿਸ ਸਤਿਗੁਰ ਪੂਰਾ ਮਿਲਿਆ ਵਿਚ ਸੰਸਾਰ, ਲਹਿਣਾ ਦੇਣਾ ਗਿਆ ਮੁਕਾਈਆ । ਅੰਤਮ ਵੇਖੇ ਆਪਣਾ ਘਰ ਬਾਰ, ਥਿਰ ਘਰ ਸਾਚੇ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਲੱਖ ਚੁਰਾਸੀ ਲਏ ਫੜ, ਗੁਰ ਅਵਤਾਰਾਂ ਕੋਲੋਂ ਮੰਗੇ ਇਕ ਗਵਾਹੀਆ । ਗੁਰ ਅਵਤਾਰ ਬਣੇ ਗਵਾਹ, ਹਰਿ ਸਾਚਾ ਸਚ ਜਣਾਇੰਦਾ । ਚਾਰ ਵਰਨ ਪਏ ਔਝੜ ਰਾਹ, ਸਾਚਾ ਰਾਹ ਦਿਸ ਕਿਸੇ ਨਾ ਆਇੰਦਾ । ਏਕਾ ਨੂਰ ਨੂਰ ਖ਼ੁਦਾ, ਏਕਾ ਰੂਪ ਰਾਮ ਰਿਹਾ ਅਖਵਾ, ਏਕਾ ਗੋਬਿੰਦ ਪਿਤਾ ਪੁਰਖ ਅਕਾਲ ਮਨਾਇੰਦਾ । ਨੌਂ ਖੰਡ ਪ੍ਰਿਥਮੀ ਜੀਵ ਜੰਤ ਕਿਉਂ ਵੰਡੀ ਬੈਠੇ ਪਾ, ਵੰਡ ਵੰਡ ਹਿੱਸਾ ਆਪਣੇ ਹੱਥ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਸਾਚੇ ਅਸਵ ਆਪੇ ਚੜ੍ਹ, ਨਵ ਨੌਂ ਫੇਰਾ ਆਪੇ ਪਾਇੰਦਾ । ਨਵ ਨੌਂ ਸ਼ਾਹ ਸਵਾਰਾ, ਸ਼ਾਹ ਸੁਲਤਾਨਾ ਫੇਰਾ ਪਾਈਆ । ਨੀਲਾ ਨੀਲੀ ਧਾਰੋਂ ਆਇਆ ਪਾਰਾ, ਔਂਦਾ ਜਾਂਦਾ ਦਿਸ ਨਾ ਆਈਆ । ਸ਼ਬਦ ਖੰਡਾ ਤੇਜ਼ ਕਟਾਰਾ, ਚੰਡ ਪਰਚੰਡ ਰਿਹਾ ਚਮਕਾਈਆ । ਦੋ ਜਹਾਨਾਂ ਪਾਵੇ ਵੰਡਾਂ ਵੰਡਣਹਾਰਾ, ਤ੍ਰਿਲੋਕੀ ਆਪਣੇ ਚਰਨਾਂ ਹੇਠ ਦਬਾਈਆ । ਚੌਦਾਂ ਲੋਕਾਂ ਦਏ ਹੁਲਾਰਾ, ਚੌਦਾਂ ਤਬਕਾਂ ਮਾਰੇ ਮਾਰਾ, ਲੇਖਾ ਚੁੱਕੇ ਸੰਗ ਮੁਹੰਮਦ ਚਾਰ ਯਾਰਾ, ਅੱਲਾ ਰਾਣੀ ਨੇਤਰ ਨੈਣਾਂ ਨੀਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਦਾਤਾ ਪੁਰਖ ਬਿਧਾਤਾ, ਬੈਠਾ ਰਹੇ ਇਕ ਇਕਾਂਤਾ, ਸਚਖੰਡ ਨਿਵਾਸਾ ਪੁਰਖ ਅਬਿਨਾਸ਼ਾ, ਸ਼ਾਹੋ ਸ਼ਾਬਾਸ਼ਾ ਰਾਜ ਰਾਜਾਨਾ ਸ਼ਾਹ ਸੁਲਤਾਨਾ ਏਕਾ ਏਕ ਆਪਣਾ ਹੁਕਮ ਸੁਣਾਈਆ । ਏਕਾ ਹੁਕਮ ਧੁਰ ਫ਼ਰਮਾਨ, ਧੁਰ ਦਰਬਾਰੀ ਆਪ ਜਣਾਇੰਦਾ । ਤਖ਼ਤ ਨਿਵਾਸੀ ਸਾਚੇ ਤਖ਼ਤ ਬੈਠ ਭਗਵਾਨ, ਅਦਲ ਅਦਾਲਤ ਆਪ ਕਮਾਇੰਦਾ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਬਨਿਆ ਰਿਹਾ ਨਿਗਹਬਾਨ, ਗੁਰ

ਅਵਤਾਰ ਸੇਵਾ ਲਾਇੰਦਾ । ਕਲਜੁਗ ਅੰਤਮ ਕਰੇ ਪਹਿਚਾਨ, ਮਿਹਬਾਨ ਬੀਦੋ ਆਪਣਾ ਖੇਲ ਖਿਲਾਇੰਦਾ । ਰੂਪ ਰੰਗ ਨਾ ਕੋਇ ਨਿਸ਼ਾਨ, ਜੋਤੀ ਜਾਤਾ ਹੋ ਪਰਧਾਨ, ਪਰਮ ਪੁਰਖ ਆਪਣਾ ਹੁਕਮ ਆਪ ਅਲਾਇੰਦਾ । ਕਾਲ ਰਹਿਤ ਨੌਜਵਾਨ, ਸਾਹਿਬ ਸੱਚਾ ਜਾਣੀ ਜਾਣ, ਬੇਪਹਿਚਾਨ ਬੈਵਾ ਰੂਪ ਆਪਣਾ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਚਾਰੋਂ ਕੁੰਟ ਵੇਖ ਵਖਾਇੰਦਾ । ਚਾਰੋਂ ਕੁੰਟ ਸ਼ਬਦੀ ਫੇਰਾ, ਹਰਿ ਸਤਿਗੁਰ ਆਪ ਭਵਾਈਆ । ਚਾਰੋਂ ਕੁੰਟ ਅਗੰਮੀ ਘੇਰਾ, ਨਿਰਗੁਣ ਰਿਹਾ ਰਖਾਈਆ । ਚਾਰੋਂ ਕੁੰਟ ਵੇਖੇ ਝੇੜਾ, ਭਰਮੇ ਭੁੱਲੀ ਲੋਕਾਈਆ । ਚਾਰੋਂ ਕੁੰਟ ਉਜੜੇ ਖੇੜਾ, ਹਰਿ ਸਾਚਾ ਦਏ ਉਖੜਾਈਆ । ਚਾਰੋਂ ਕੁੰਟ ਖੁਲ੍ਹਾ ਵੇਹੜਾ, ਧਰਤ ਮਾਤ ਖ਼ੁਸ਼ੀ ਮਨਾਈਆ । ਚਾਰੋਂ ਕੁੰਟ ਕੋਇ ਨਾ ਦਿਸੇ ਸੰਝ ਸਵੇਰਾ, ਅੰਧ ਅੰਧੇਰਾ ਏਕਾ ਛਾਈਆ । ਚਾਰੋਂ ਕੁੰਟ ਏਕਾ ਗੇੜਾ, ਚੌਥੇ ਜੁਗ ਆਪ ਦਵਾਈਆ । ਵਕ਼ਤ ਲੰਘਾਇਆ ਕਰ ਕਰ ਹੇਰਾ ਫੇਰਾ, ਸੰਮਤ ਸੰਮਤੀ ਵੇਖ ਵਖਾਈਆ । ਸਿੰਘ ਸ਼ੇਰ ਹਰਿ ਬੈਠਾ ਰਿਹਾ ਕਰ ਕੇ ਜੇਰਾ, ਆਪ ਆਪਣਾ ਮੁਖ ਛੁਪਾਈਆ । ਅੰਤਮ ਕਰੇ ਹੱਕ ਨਬੇੜਾ, ਖ਼ਾਲਕ ਵੇਖੇ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਲਹਿਣਾ ਦੇਣਾ ਦੇਣਾ ਲਹਿਣਾ ਵਿਸ਼ਨ ਬ੍ਰਹਮਾ ਸ਼ਿਵ ਤੇਰੀ ਝੋਲੀ ਪਾਈਆ । ਲਹਿਣਾ ਦੇਣਾ ਝੋਲੀ ਪੌਣਾ, ਵੇਲਾ ਅੰਤਮ ਆਇਆ । ਨੇਤਰ ਨੈਣਾਂ ਸਰਬ ਵਖੌਣਾ, ਪੁਰਖ ਅਬਿਨਾਸ਼ੀ ਵੇਸ ਵਟਾਇਆ । ਜਿਸ ਨਾ ਮੰਨਿਆ ਗੁਰ ਕਾ ਕਹਿਣਾ, ਤਿਸ ਦੇਵੇ ਫੜ ਸਜ਼ਾਇਆ । ਲਾੜੀ ਮੌਤ ਖਾਏ ਡੈਣਾ, ਚਾਰੋਂ ਕੁੰਟ ਰਿਹਾ ਕੁਰਲਾਇਆ । ਗੁਰਮੁਖ ਵਿਰਲੇ ਸਤਿਗੁਰ ਦਵਾਰੇ ਏਕਾ ਬਹਿਣਾ, ਜਿਸ ਹਰਿ ਜਸ ਰਸਨਾ ਗਾਇਆ । ਹਰਿਜਨ ਦਰਸਨ ਪੇਖੇ ਨੈਣਾ, ਨੈਨਣ ਨੈਨ ਨੈਨ ਮਿਲਾਇਆ । ਸੰਤ ਸਾਜਨ ਮਨ ਪਾਏ ਗਹਿਣਾ, ਤਨ ਚੋਲਾ ਨਾਮ ਹੰਢਾਇਆ । ਭਗਤ ਭਗਵੰਤ ਭਾਣਾ ਸਹਿਣਾ, ਕਲਜੁਗ ਵੇਲਾ ਅੰਤਮ ਆਇਆ । ਸ਼ਾਹ ਸੁਲਤਾਨ ਕੋਇ ਨਾ ਰਹਿਣਾ, ਖ਼ਾਕੀ ਖ਼ਾਕ ਖ਼ਾਕ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਲੇਖਾ ਲੇਖੇ ਪਾਇਆ । ਲੇਖਾ ਲੇਖੇ ਪਾਏ ਭਗਵਾਨ, ਸਤਿਜੁਗ ਤ੍ਰੇਤਾ ਦੁਆਪਰ ਪਾਰ ਕਰਾਈਆ । ਕਲਜੁਗ ਤੇਰਾ ਮੇਟੇ ਝੂਠ ਨਿਸ਼ਾਨ, ਦੀਨ ਦੁਨੀ ਵੇਖੇ ਸਰਬ ਲੋਕਾਈਆ । ਤੇਰਾ ਝੂਠ ਹੋਇਆ ਪਰਧਾਨ, ਤੇਰਾ ਜੂਠ ਰਿਹਾ ਹਲਕਾਈਆ । ਚਾਰ ਵਰਨ ਤੇਰੀ ਮੰਨੀ ਬੈਠੇ ਆਣ, ਹਰਿ ਭੁੱਲਿਆ ਬੇਪਰਵਾਹੀਆ । ਨਾਰ ਵਿਭਚਾਰ ਹੋਈ ਰਕਾਨ, ਕੰਤ ਸੁਹਾਗ ਨਾ ਕੋਇ ਹੰਢਾਈਆ । ਮਦਿਰਾ ਮਾਸ ਪੀਣ ਖਾਣ, ਅੰਮ੍ਰਿਤ ਰਸ ਨਾ ਕੋਇ ਚੁਆਈਆ । ਰਸਨਾ ਜੇਹਵਾ ਸਾਰੇ ਗਾਣ, ਹਿਰਦੇ ਰਾਮ ਨਾ ਕੋਇ ਵਸਾਈਆ । ਬਾਹਰੋਂ ਕਰਦੇ ਤੇਰਾ ਧਿਆਨ, ਅੰਦਰੋਂ ਰਸਾਈ ਕੋਇ ਨਜ਼ਰ ਨਾ ਆਈਆ । ਜੀਵਾਂ ਜੰਤਾਂ ਦੇਣ ਗਿਆਨ, ਆਪਣੀ ਮਤ ਸਰਬ ਭੁਲਾਈਆ । ਪੜ੍ਹ ਪੜ੍ਹ ਰਸਨਾ ਕਰਨ ਵਖਿਆਣ, ਤੇਰੀ ਵਿਆਖਿਆ ਤੇਰੇ ਵਿਚੋਂ ਨਜ਼ਰ ਕਿਸੇ ਨਾ ਆਈਆ । ਬਣ ਬਣ ਸੰਤ ਕਰਨ ਕਲਿਆਣ, ਆਪਣਾ ਫੰਦ ਨਾ ਕੋਇ ਕਟਾਈਆ । ਘਰ ਘਰ ਵਖੌਂਦੇ ਫਿਰਨ ਸ਼ਬਦ ਬਬਾਣ, ਹਰਿ ਕਾ ਸ਼ਬਦ ਨਜ਼ਰ ਕਿਸੇ ਨਾ ਆਈਆ । ਪਾਰਬ੍ਰਹਮ ਪਤਿਪਰਮੇਸ਼ਵਰ ਕਲਜੁਗ ਅੰਤਮ ਸਭ ਦੀ ਕਰੇ ਇਕ ਪਛਾਣ, ਨਿਹਕਲੰਕਾ ਜਾਮਾ ਪਾਈਆ । ਤੀਰ ਅਗੰਮੀ ਮਾਰੇ ਬਾਣ, ਝੂਠਾ ਡੇਰਾ ਦੇਵੇ ਢਾਹੀਆ । ਦੋ ਸੌ ਛਪੰਜਾ ਦਿਨ ਇਕ ਦੂਜੇ ਦੀ ਮੰਨਣੀ ਆਣ, ਵੇਲਾ ਗਿਆ ਹੱਥ ਨਾ ਆਈਆ । ਫਿਰ ਪਾਰਬ੍ਰਹਮ ਪੁਰਖ ਅਬਿਨਾਸ਼ਾ ਆਪਣੇ ਹੱਥ ਲਏ ਕਮਾਨ, ਲੱਖ ਚੁਰਾਸੀ

ਤੇਰਾ ਦਿਸੇ ਨਾ ਕੋਇ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੀ ਧਾਰ ਚਲਾਈਆ । ਨਿਰਗੁਣ ਧਾਰ ਸ਼ਬਦ ਅਪਾਰਾ, ਸਰਗੁਣ ਗੁਰ ਗੁਰ ਰੂਪ ਜਣਾਇੰਦਾ । ਗੁਰ ਗੁਰ ਮੇਲ ਹਰਿ ਕਰਤਾਰਾ, ਦਰ ਘਰ ਸਾਚਾ ਆਪ ਸੁਹਾਇੰਦਾ । ਗੁਰ ਗੁਰ ਨਾਮ ਨਾਮ ਵਣਜਾਰਾ, ਸਾਚੇ ਹੱਟ ਆਪ ਵਿਕਾਇੰਦਾ । ਗੁਰ ਗੁਰ ਗੁਰਮੁਖ ਦਏ ਆਧਾਰਾ, ਦਰ ਦਰ ਸਾਚੀ ਸੇਵ ਕਮਾਇੰਦਾ । ਗੁਰ ਗੁਰਸਿਖਾਂ ਕਰੇ ਪਿਆਰਾ, ਗੁਰਸਿਖ ਗੋਦੀ ਆਪ ਉਠਾਇੰਦਾ । ਕਲਜੁਗ ਆਈ ਅੰਤਮ ਵਾਰਾ, ਕਾਲ ਡੌਰੂ ਆਪਣਾ ਹੱਥ ਉਠਾਇੰਦਾ । ਚਾਰੋਂ ਕੁੰਟ ਵੱਜੇ ਨਗਾਰਾ, ਨਿਗਹਬਾਨ ਆਪ ਸੁਣਾਇੰਦਾ । ਹਰਿਜਨ ਹੋਏ ਖ਼ਬਰਦਾਰਾ, ਲੱਖ ਚੁਰਾਸੀ ਤ੍ਰੈਗੁਣ ਮਾਇਆ ਆਲਸ ਨਿੰਦਰਾ ਪਰਦਾ ਇਕ ਵਖਾਇੰਦਾ । ਕ਼ਾਦਰ ਕ਼ੁਦਰਤ ਵੇਖੇ ਵੇਖਣਹਾਰਾ, ਖ਼ਾਲਕ ਖ਼ਲਕ ਭੇਵ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰੀ ਹਰਿ ਆਪਣਾ ਰੂਪ ਧਰਾਇੰਦਾ । ਹਰੀ ਹਰਿ ਹਰਿ ਨਿਰੰਕਾਰਾ, ਹਰੀ ਓਮ ਸਤਿ ਤੱਤ ਜਣਾਈਆ । ਯਨਮ ਸੁੰਦਰੀ ਬਾਲਾ, ਸੋਇਮ ਰੂਪ ਬੇਪਰਵਾਹੀਆ । ਨਾਮ ਅਗੰਮੀ ਏਕਾ ਮਾਲਾ, ਮਨ ਮਨ ਹੀ ਆਪ ਬਣਾਈਆ । ਕਰੇ ਖੇਲ ਪੁਰਖ ਅਕਾਲਾ, ਅਕਾਲ ਆਪਣੀ ਦਇਆ ਕਮਾਈਆ । ਕਲਜੁਗ ਅੰਤਮ ਮਾਰਗ ਦੱਸੇ ਇਕ ਸੁਖਾਲਾ, ਚਾਰ ਵਰਨਾਂ ਦਏ ਸਮਝਾਈਆ । ਕਾਇਆ ਮੰਦਰ ਅੰਦਰ ਸੱਚੀ ਧਰਮਸਾਲਾ, ਘਰ ਘਰ ਵਿਚ ਸੋਭਾ ਪਾਈਆ । ਅੱਠੇ ਪਹਿਰ ਰਹੇ ਉਜਾਲਾ, ਅੰਧ ਅੰਧੇਰ ਨਾ ਕੋਇ ਵਖਾਈਆ । ਸ਼ਬਦ ਨਾਦ ਵੱਜੇ ਧੁਨਕਾਨਾ, ਧੁਨੀ ਨਾਦ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਆਪਣਾ ਵਰ, ਆਪਣੀ ਬੂਝ ਦਏ ਬੁਝਾਈਆ । ਜਿਸ ਬੁਝਾਏ ਸੋ ਬੁਝਿਆ, ਕਲਜੁਗ ਤੇਰਾ ਅੰਧੇਰਾ ਅੰਧ । ਗੁਰਸਿਖ ਲੇਖਾ ਚੁੱਕੇ ਏਕਾ ਦੂਜਿਆ, ਤੀਜੇ ਲੋਇਣ ਮੁੱਕੇ ਪੰਧ । ਚੌਥਾ ਘਰ ਏਕਾ ਸੁਝਿਆ, ਪੰਚਮ ਗਾਏ ਸੁਹਾਗੀ ਛੰਦ । ਸਤਿਗੁਰ ਚਰਨ ਜੋ ਜਨ ਲੁਝਿਆ, ਇਕ ਵਖਾਏ ਪਰਮਾਨੰਦ । ਨਾਭ ਕਵਲ ਕਰੇ ਮੂਧਿਆ, ਦੀਨ ਦਿਆਲ ਸਾਹਿਬ ਬਖ਼ਸ਼ੰਦ । ਗੁਰਮੁਖ ਵਿਰਲਾ ਮਾਤ ਉਠਿਆ, ਜਿਸ ਤ੍ਰੈਗੁਣ ਤੋੜਿਆ ਫੰਦ । ਸਤਿਗੁਰ ਪਿਆਏ ਅੰਮ੍ਰਿਤ ਜਾਮ ਘੁੱਟਿਆ, ਦਿਵਸ ਰੈਣ ਅਨੰਦ । ਮਾਣਸ ਜਨਮ ਨਾ ਜਾਏ ਲੁੱਟਿਆ, ਕਾਮ ਕਰੋਧ ਲੋਭ ਮੋਹ ਹੰਕਾਰ ਪੰਜੇ ਚੋਰ ਕਰੇ ਖੰਡ । ਗੁਰਸਿਖ ਆਪ ਮਨਾਇਆ ਰੁੱਸਿਆ, ਸ਼ਬਦ ਸੁਣਾਇਆ ਸੁਹਾਗੀ ਛੰਦ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਚੜ੍ਹਾਏ ਸਾਚਾ ਚੰਦ । ਹਰਿਜਨ ਚੰਦ ਕਰੇ ਪਰਕਾਸ਼, ਸਤਿਗੁਰ ਸਾਚੇ ਵੱਜੇ ਵਧਾਈਆ । ਲੱਖ ਚੁਰਾਸੀ ਜਾਏ ਵਿਨਾਸ, ਗੁਰਮੁਖ ਸਾਚੇ ਕਰੇ ਰੁਸ਼ਨਾਈਆ । ਦੇਵੇ ਵਡਿਆਈ ਪ੍ਰਿਥਮੀ ਆਕਾਸ਼, ਆਕਾਸ਼ ਆਕਾਸ਼ਾਂ ਪਾਰ ਕਰਾਈਆ । ਸਤਿਗੁਰ ਪੂਰਾ ਵਸੇ ਸਦਾ ਪਾਸ, ਏਥੇ ਓਥੇ ਹੋਏ ਸਹਾਈਆ । ਗੁਰਸਿਖ ਹੋਏ ਨਾ ਕਦੇ ਨਰਾਸ, ਆਸਾ ਪੂਰਨ ਆਪ ਕਰਾਈਆ । ਵੇਲੇ ਅੰਤ ਕਰੇ ਬੰਦ ਖ਼ਲਾਸ, ਰਾਏ ਧਰਮ ਨਾ ਦਏ ਸਜ਼ਾਈਆ । ਚਿਤਰ ਗੁਪਤ ਨਾ ਪੁਛੇ ਵਾਤ, ਲਾੜੀ ਮੌਤ ਨਾ ਲਏ ਪਰਨਾਈਆ । ਵੇਲੇ ਅੰਤਮ ਪੁਛੇ ਆਪ, ਪਾਰਬ੍ਰਹਮ ਬੇਪਰਵਾਹੀਆ । ਜਨ ਭਗਤਾਂ ਬਣੇ ਮਾਈ ਬਾਪ, ਪਿਤਾ ਪੂਤ ਸੇਵ ਕਮਾਈਆ । ਜਗਤ ਜਲੰਦਾ ਲਏ ਰਾਖ, ਸਿਰ ਆਪਣਾ ਹੱਥ ਟਿਕਾਈਆ । ਦਰਸ ਦਿਖਾਏ ਸਾਖਿਆਤ, ਸਵੱਛ ਸਰੂਪ ਰੂਪ ਵਟਾਈਆ । ਹਰਿਜਨ ਬਣਾਏ ਪਾਰਜਾਤ, ਆਪ ਆਪਣਾ ਮੇਲ ਮਿਲਾਈਆ । ਚਰਨ ਕਵਲ ਬੰਧਾਏ ਨਾਤ, ਚਰਨ ਕਵਲ ਬਖ਼ਸ਼ੇ ਸਚ


੮੭੮
੧੦

ਸਰਨਾਈਆ । ਨਾ ਕੋਈ ਦਿਵਸ ਨਾ ਕੋਈ ਰਾਤ, ਗੁਰਸਿਖ ਏਕਾ ਰੰਗ ਸਮਾਈਆ । ਸਤਿਗੁਰ ਪੂਰਾ ਜਨਮ ਜਨਮ ਦਾ ਪੂਰਾ ਕਰੇ ਘਾਟ, ਜੋ ਜਨ ਆਏ ਸਰਨਾਈਆ । ਮਸਤਕ ਜੋਤ ਜਗਾਏ ਲਲਾਟ, ਲਾਟਾਂ ਵਾਲੀ ਨਾ ਕੋਇ ਮਨਾਈਆ । ਗੁਰਸਿਖ ਤੇਰਾ ਲਹਿਣਾ ਦੇਣਾ ਚੁੱਕੇ ਤੀਰਥ ਤਾਟ, ਗੰਗਾ ਜਮਨਾ ਗੋਦਾਵਰੀ ਸੁਰਸਤੀ ਤੇਰੇ ਚਰਨਾਂ ਹੇਠ ਵਗਾਈਆ । ਤੇਰਾ ਲੇਖਾ ਚੁਕਿਆ ਪੂਜਾ ਪਾਠ, ਏਕਾ ਪੁਰਖ ਅਕਾਲ ਮਨਾਈਆ । ਤੂੰ ਵਿਕਿਆ ਸਾਚੇ ਹਾਟ, ਤੇਰੀ ਕਰਤਾ ਕੀਮਤ ਪਾਈਆ । ਤੂੰ ਉਤਰੇਂ ਆਪਣੇ ਘਾਟ, ਦੂਜਾ ਪੱਤਣ ਕੋਇ ਰਹਿਣ ਨਾ ਪਾਈਆ । ਤੇਰੀ ਨੇੜੇ ਆਈ ਵਾਟ, ਕਲਜੁਗ ਬੈਠਾ ਪੰਧ ਮੁਕਾਈਆ । ਲੱਖ ਚੁਰਾਸੀ ਚੋਲਾ ਜਾਣਾ ਪਾਟ, ਜੋ ਘੜਿਆ ਭੰਨ ਵਖਾਈਆ । ਕਿਸੇ ਕੋਲ ਨਾ ਦਿਸੇ ਨਾਮ ਦਾਤ, ਖ਼ਾਲੀ ਝੋਲੀ ਰਹੇ ਵਖਾਈਆ । ਮਨ ਮਤ ਰੋਵੇ ਨਾਰ ਕਮਜ਼ਾਤ, ਗੋਬਿੰਦ ਸੂਰਾ ਰਿਹਾ ਡਰਾਈਆ । ਭਰਮੇ ਭੁੱਲੇ ਜ਼ਾਤ ਪਾਤ, ਨਾਨਕ ਤੇਰੀ ਰੀਤੀ ਨਜ਼ਰ ਨਾ ਆਈਆ । ਕਲਜੁਗ ਜੀਵ ਪੈਣੇ ਡੂੰਘੇ ਖਾਤ, ਖਾਤਾ ਧਰਮ ਰਾਏ ਪੁਟਾਈਆ । ਵੀਹ ਸੌ ਉਨੀ ਬਿਕ੍ਰਮੀ ਪਹਿਲੀ ਚੇਤਰ ਵੇਖਣਾ ਮਾਰ ਝਾਤ, ਚਾਰੋਂ ਕੁੰਟ ਪਏ ਦੁਹਾਈਆ । ਗੁਰਮੁਖ ਵਿਰਲਾ ਰੱਖੇ ਆਪਣੀ ਜ਼ਾਤ, ਜਿਸ ਮਿਲਿਆ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਗੁਰ ਪੀਰ ਅਵਤਾਰਾਂ ਕੋਲੋਂ ਮੰਗੇ ਅੰਤ ਗਵਾਹੀਆ । ਬਣ ਗਵਾਹ ਹੋਣਾ ਜ਼ਾਮਨ, ਹਰਿ ਸਾਚਾ ਸਚ ਜਣਾਇੰਦਾ । ਗੁਰ ਅਵਤਾਰ ਪਕੜੇ ਦਾਮਨ, ਜੋ ਤੇਰਾ ਮਾਤ ਅਖਵਾਇੰਦਾ । ਰੈਣ ਅੰਧੇਰੀ ਹੋਈ ਸ਼ਾਮਨ, ਸਾਚਾ ਚੰਦ ਨਾ ਕੋਇ ਚੜ੍ਹਾਇੰਦਾ । ਸਾਧ ਸੰਤਾਂ ਵਰਿਆ ਕਾਮਨੀ ਕਾਮਨ, ਕਾਮ ਕਰੋਧ ਸਰਬ ਹਲਕਾਇੰਦਾ । ਵਸਿਆ ਖੇੜਾ ਨਾ ਕੋਇ ਗਰਾਮਨ, ਕਾਇਆ ਬੰਕ ਨਾ ਕੋਇ ਵਡਿਆਇੰਦਾ । ਪਕੜੇ ਬਾਂਹ ਨਾ ਕੋਇ ਬ੍ਰਾਹਮਣ, ਛੱਤ੍ਰੀ ਬਲ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਖ ਵਖਾਇੰਦਾ । ਬਣ ਕੇ ਜ਼ਾਮਨ ਫੜਾਓ ਪੱਲਾ, ਹਰਿ ਸਾਚਾ ਸਚ ਜਣਾਈਆ । ਪੁਰਖ ਅਕਾਲ ਏਕਾ ਵਾਰ ਕਰਾਏ ਹੱਲਾ, ਹੱਲਾ ਸ਼ਬਦੀ ਨਾਮ ਹਿਲਾਈਆ । ਨਾਮ ਕਟਾਰਾ ਫੜੇ ਭੱਲਾ, ਲੁਹਾਰ ਤਰਖਾਣ ਨਾ ਕੋਇ ਘੜਾਈਆ । ਕਰਨ ਦੇਵੇ ਨਾ ਵਲ ਛਲਾ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਚੜ੍ਹ ਕੇ ਬੈਠਾ ਨੇਹਚਲ ਧਾਮ ਅਟੱਲਾ, ਸਚ ਸਿੰਘਾਸਣ ਆਸਣ ਲਾਈਆ । ਆਦਿ ਖੇਲ ਕਰਾਇਆ ਇਕ ਇਕੱਲਾ, ਅੰਤ ਆਪੇ ਵੇਖਣ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਏਕਾ ਮੰਗੇ ਸਚ ਸਫ਼ਾਈਆ । ਸਚ ਸਫ਼ਾਈ ਦੇਣੀ ਗੁਰ ਅਵਤਾਰ, ਹਰਿ ਸਾਚਾ ਸਚ ਜਣਾਇੰਦਾ । ਆਪਣੇ ਫੜ ਫੜ ਕੱਢਣੇ ਬਾਹਰ, ਏਕਾ ਵਾਰ ਹੁਕਮ ਫ਼ਰਮਾਇੰਦਾ । ਚਾਰ ਜੁਗ ਜੋ ਕਰਿਆ ਵਿਹਾਰ, ਜੁਗ ਕਰਤਾ ਵੇਖ ਵਖਾਇੰਦਾ । ਜਨਮ ਜਨਮ ਦਾ ਕ਼ਰਜ਼ਾ ਦਏ ਉਤਾਰ, ਪੂਰਬ ਜਨਮਾਂ ਵੇਖ ਵਖਾਇੰਦਾ । ਹਰਜ ਕਰੇ ਨਾ ਸੱਚੀ ਸਰਕਾਰ, ਹੱਕ ਹਕ਼ੀਕਤ ਆਪ ਸਾਲਾਹਿੰਦਾ । ਸਚ ਰਫ਼ਾਕਤ ਵੇਖੇ ਸਾਂਝਾ ਯਾਰ, ਆਪ ਆਪਣਾ ਭੇਵ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਚ ਸੰਦੇਸਾ ਨਰ ਨਰੇਸ਼ਾ, ਨਿਰਗੁਣ ਨਿਰਾਕਾਰ ਆਪਣਾ ਆਪ ਸੁਣਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਅੰਤ ਹੋਏ ਆਪ ਪਰਧਾਨ, ਦੋ ਜਹਾਨ ਪਰਧਾਨਗੀ ਆਪਣੇ ਹੱਥ ਰਖਾਇੰਦਾ ।



੮੭੯ ੧੦

## ★ ੩ ਸਾਵਣ ੨੦੧੮ ਬਿਕ੍ਰਮੀ ਗੁਰਦਿਤ ਸਿੰਘ ਦੇ ਗ੍ਰਿਹ ਰਾਮ ਦੀਵਾਲੀ ਜ਼ਿਲਾ ਅੰਮ੍ਰਿਤਸਰ ★

ਸੋ ਪੁਰਖ ਨਿਰੰਜਣ ਠਾਂਡਾ ਦਰਬਾਰਾ, ਹਰਿ ਪੁਰਖ ਨਿਰੰਜਣ ਆਪ ਉਪਾਇੰਦਾ । ਏਕੰਕਾਰਾ ਕਰ ਪਸਾਰਾ, ਆਦਿ ਨਿਰੰਜਣ ਨਿਰਾਕਾਰਾ, ਜੋਤੀ ਜੋਤ ਡਗਮਗਾਇੰਦਾ । ਅਬਿਨਾਸ਼ੀ ਕਰਤਾ ਅਗੰਮ ਅਪਾਰਾ, ਅਲਖ ਅਲਖਣਾ ਸ੍ਰੀ ਭਗਵਾਨ ਸਚ ਨਿਸ਼ਾਨ ਆਪ ਝੁਲਾਇੰਦਾ । ਪਾਰਬ੍ਰਹਮ ਪ੍ਰਭ ਖੇਲ ਨਿਆਰਾ, ਅਜੂਨੀ ਰਹਿਤ ਕਰ ਪਸਾਰਾ, ਪੁਰਖ ਅਕਾਲ ਆਪਣਾ ਰੂਪ ਆਪ ਧਰਾਇੰਦਾ । ਸਚਖੰਡ ਖੋਲ੍ਹ ਸਚ ਕਿਵਾੜਾ, ਤਖ਼ਤ ਨਿਵਾਸੀ ਵਸੇ ਸਾਚਾ ਲਾੜਾ, ਪਰਮ ਪੁਰਖ ਸੋਭਾ ਪਾਇੰਦਾ । ਥਿਰ ਘਰ ਜਾਣੇ ਆਪਣੀ ਧਾਰਾ, ਕਰੇ ਖੇਲ ਆਪ ਕਰਤਾਰਾ, ਕਰਤਾ ਪੁਰਖ ਆਪਣੇ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਮੰਦਰ ਸੋਭਾ ਪਾਇੰਦਾ । ਸਚਖੰਡ ਦਵਾਰਾ ਸਾਚਾ ਮੰਦਰ, ਸੋ ਪੁਰਖ ਨਿਰੰਜਣ ਆਪ ਸੁਹਾਈਆ । ਹਰਿ ਪੁਰਖ ਨਿਰੰਜਣ ਵਸੇ ਅੰਦਰ, ਨਿਰਾਕਾਰ ਸੱਚਾ ਸ਼ਹਿਨਸ਼ਾਹੀਆ । ਏਕੰਕਾਰਾ ਸਰਬ ਗੁਣ ਅੰਤਰ, ਆਦਿ ਨਿਰੰਜਣ ਆਪ ਉਪਾਏ ਆਪਣੀ ਬਸੰਤਰ, ਜੋਤ ਅਗਨ ਅਗਨ ਰੁਸ਼ਨਾਈਆ । ਸ੍ਰੀ ਭਗਵਾਨ ਬਣਾਏ ਬਣਤਰ, ਅਬਿਨਾਸ਼ੀ ਕਰਤਾ ਸੇਵ ਕਮਾਈਆ । ਪਾਰਬ੍ਰਹਮ ਬੇਅੰਤ ਬੇਅੰਤ ਸਾਚੇ ਧਾਮ ਸੋਭਾਵੰਤ, ਅਗੰਮ ਅਥਾਹ ਆਪਣੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਮੰਦਰ ਆਪੇ ਵੜ, ਸਚ ਦਵਾਰਾ ਦਏ ਵਡਿਆਈਆ । ਸਚਖੰਡ ਦਵਾਰਾ ਸੋਭਾਵੰਤ, ਸੋ ਪੁਰਖ ਨਿਰੰਜਣ ਆਪ ਸੁਹਾਇੰਦਾ । ਹਰਿ ਪੁਰਖ ਨਿਰੰਜਣ ਨਾਰੀ ਕੰਤ, ਨਿਰਗੁਣ ਆਪਣਾ ਮੇਲ ਮਿਲਾਇੰਦਾ । ਏਕੰਕਾਰਾ ਆਦਿ ਅੰਤ, ਆਦਿ ਜੁਗਾਦੀ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਸਾਚਾ ਆਪ ਸੁਹਾਇੰਦਾ । ਸਚਖੰਡ ਦਵਾਰ ਸੁਹੰਜਣਾ, ਸੋਭਾਵੰਤ ਕਰੇ ਨਿਰੰਕਾਰ । ਜੋਤ ਜਗਾਏ ਆਦਿ ਨਿਰੰਜਣਾ, ਦੀਵਾ ਬਾਤੀ ਨਾ ਕੋਇ ਪਸਾਰ । ਕਰੇ ਖੇਲ ਦਰਦ ਦੁੱਖ ਭੈ ਭੰਜਨਾ, ਆਪ ਆਪਣੀ ਕਿਰਪਾ ਧਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਆਪੇ ਵੜ, ਆਪਣਾ ਕਰੇ ਆਪ ਵਿਚਾਰ । ਸਚ ਵਿਚਾਰਾ ਹਰਿ ਨਿਰੰਕਾਰਾ, ਨਿਰਗੁਣ ਆਪਣਾ ਆਪ ਕਰਾਈਆ । ਆਪਣੀ ਇਛਿਆ ਭਰ ਭੰਡਾਰਾ, ਦਰ ਸਾਚੇ ਆਪ ਵਰਤਾਈਆ । ਸਾਚਾ ਸੁਤ ਆਪ ਉਭਾਰਾ, ਸ਼ਬਦੀ ਸ਼ਬਦ ਵਡ ਵਡਿਆਈਆ । ਵਿਸ਼ਨ ਬ੍ਰਹਮਾ ਸ਼ਿਵ ਕਰ ਤਿਆਰਾ, ਤ੍ਰੈਗੁਣ ਅਤੀਤਾ ਤ੍ਰੈ ਤ੍ਰੈ ਬੰਧਨ ਪਾਈਆ । ਪੰਜ ਤੱਤ ਬੋਲ ਜੈਕਾਰਾ, ਨਿਰਗੁਣ ਸਰਗੁਣ ਵੇਖ ਵਖਾਈਆ । ਸਰਗੁਣ ਲਾਏ ਇਕ ਅਖਾੜਾ, ਤਾਲ ਤਲਵਾੜਾ ਆਪ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰੂਪ ਅਨੂਪ ਆਪ ਧਰਾਈਆ । ਰੂਪ ਅਨੂਪ ਸ਼ਾਹੋ ਭੂਪਾ, ਭੂਪਤ ਆਪਣੀ ਖੇਲ ਖਿਲਾਇੰਦਾ । ਵਸਣਹਾਰਾ ਚਾਰੋ ਕੂਟਾਂ, ਦਹਿ ਦਿਸ਼ਾ ਆਪਣਾ ਆਸਣ ਲਾਇੰਦਾ । ਖੇਲ ਕਰਾਏ ਸਦਾ ਅਨ ਰੰਗ ਰੂਪਾ, ਰੂਪ ਰੰਗ ਰੇਖ ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਸਾਚੇ ਚੜ੍ਹ, ਸਾਚਾ ਘਾੜਨ ਆਪ ਘੜਾਇੰਦਾ । ਘਾੜਤ ਘੜੇ ਪੁਰਖ ਬਿਧਾਤਾ, ਆਪਣੀ ਬਣਤ ਹਰਿ ਆਪ ਬਣਾਈਆ । ਵਿਸ਼ਨ ਬ੍ਰਹਮਾ ਸ਼ਿਵ ਬੱਧਾ ਨਾਤਾ, ਸਾਚਾ ਜੋੜਾ ਜੋੜ ਜੁੜਾਈਆ । ਆਪੇ ਬਣੇ ਪਿਤਾ ਮਾਤਾ, ਦਾਈ ਦਾਇਆ ਸੇਵ ਕਮਾਈਆ । ਆਪ ਸੁਣਾਏ ਆਪਣੀ ਗਾਥਾ, ਅਗੰਮ ਅਗੰਮੜੀ ਕਰੇ ਪੜ੍ਹਾਈਆ । ਸਰਬ ਕਲ ਹਰਿ ਸਮਰਾਥਾ, ਸਮਰਥ ਪੁਰਖ ਬੇਪਰਵਾਹੀਆ ।

ਏਕਾ ਦੇਵੇ ਅਮੋਲਕ ਦਾਤਾ, ਦਾਨੀ ਆਪਣਾ ਨਾਮ ਵਰਤਾਈਆ । ਬੈਠਾ ਰਹੇ ਇਕ ਇਕਾਂਤਾ, ਆਦਿ ਪੁਰਖ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਸਰਗੁਣ ਵੇਸ ਵਟਾਈਆ । ਨਿਰਗੁਣ ਸਰਗੁਣ ਵੇਸ ਅਵੱਲਾ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਸਚ ਸਿੰਘਾਸਣ ਇਕੋ ਮੱਲਾ, ਥਿਰ ਘਰ ਸਾਚਾ ਵਡ ਵਡਿਆਇੰਦਾ । ਵਿਸ਼ਨ ਬ੍ਰਹਮਾ ਸ਼ਿਵ ਫੜਾਇਆ ਪੱਲਾ, ਸ਼ਬਦੀ ਡੋਰ ਹੱਥ ਰਖਾਇੰਦਾ । ਏਕਾ ਦੋਆ ਮੇਟਾ ਸੱਲਾ, ਏਕਾ ਘਰ ਵਖਾਇੰਦਾ । ਜੋਤੀ ਨੂਰ ਆਪੇ ਰੱਲਾ, ਜੋਤੀ ਜੋਤ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਅਛਲ ਅਛੇਦਾ ਆਪਣਾ ਪਰਦਾ ਆਪ ਉਠਾਇੰਦਾ । ਆਪਣਾ ਪਰਦਾ ਆਪੇ ਚੁੱਕ, ਆਪਣਾ ਭੇਵ ਖੁਲ੍ਹਾਈਆ । ਵਿਸ਼ਨ ਬ੍ਰਹਮਾ ਸ਼ਿਵ ਉਜਲ ਕਰੇ ਮੁਖ, ਦੇ ਮਤ ਗਿਆਨ ਦ੍ਰਿੜਾਈਆ । ਆਸਾ ਤ੍ਰਿਸਨਾ ਮੇਟੇ ਭੁੱਖ, ਏਕਾ ਦਰਸੀ ਦਰਸ ਵਖਾਈਆ । ਹਰਿ ਕਾ ਬੂਟਾ ਨਾ ਜਾਏ ਸੁੱਕ, ਅੰਮ੍ਰਿਤ ਸਿੰਚ ਹਰਾ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਫੁਲ ਫੁਲਵਾੜੀ ਆਪ ਮਹਿਕਾਈਆ । ਫੁਲ ਫੁਲਵਾੜੀ ਲਾਇਆ ਬਾਗ, ਸੋ ਪੁਰਖ ਨਿਰੰਜਣ ਦਇਆ ਕਮਾਇੰਦਾ । ਜੋਤੀ ਦੀਪਕ ਜਗੇ ਚਿਰਾਗ਼, ਅੰਧ ਅੰਧੇਰ ਨਾ ਕੋਇ ਵਖਾਇੰਦਾ । ਸਚਖੰਡ ਨਿਵਾਸੀ ਗਿਆ ਜਾਗ, ਥਿਰ ਘਰ ਆਪਣਾ ਚਰਨ ਟਿਕਾਇੰਦਾ । ਸ਼ਬਦੀ ਸੁਤ ਦੇਵੇ ਇਕ ਵੈਰਾਗ, ਵੈਰਾਗੀ ਆਪਣਾ ਵੈਰਾਗ ਵਖਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਪਕੜੇ ਵਾਗ, ਡੋਰੀ ਆਪਣੇ ਹੱਥ ਰਖਾਇੰਦਾ । ਲੱਖ ਚੁਰਾਸੀ ਬਣਾਏ ਸਾਕ, ਸੱਜਣ ਆਪਣਾ ਮੇਲ ਮਿਲਾਇੰਦਾ । ਤ੍ਰੈਗੁਣ ਮੇਲ ਮਿਲਾਏ ਪ੍ਰਭ ਆਪ, ਪੰਜ ਤੱਤ ਸਾਚਾ ਖੇਲ ਖਿਲਾਇੰਦਾ । ਰੂਪ ਧਰਾਏ ਨਟੂਆ ਨਾਟ, ਨਾਟਕ ਆਪਣਾ ਵੇਖ ਵਖਾਇੰਦਾ । ਆਪੇ ਜਾਣੇ ਆਪਣਾ ਘਾਟ, ਸਚ ਦਵਾਰੇ ਸੋਭਾ ਪਾਇੰਦਾ । ਇਕ ਸੁਣਾਈ ਸਾਚੀ ਗਾਥ, ਵਿਸ਼ਨੂੰ ਵਿਸ਼ਵ ਆਪ ਕਰਾਇੰਦਾ । ਬ੍ਰਹਮਾ ਮੇਲਾ ਕਮਲਾਪਾਤ, ਪਾਰਬ੍ਰਹਮ ਬ੍ਰਹਮ ਵੇਖ ਵਖਾਇੰਦਾ । ਪੂਰਾ ਕਰੇ ਏਕਾ ਘਾਟ, ਸਾਚੀ ਵਸਤ ਝੋਲੀ ਪਾਇੰਦਾ । ਏਕਾ ਅੱਖਰ ਨਿਸ਼ਅੱਖਰ ਪਾਠ, ਲਿਖਣ ਪੜ੍ਹਨ ਵਿਚ ਨਾ ਆਇੰਦਾ । ਸਾਹਿਬ ਸੁਲਤਾਨ ਪੁਛੇ ਵਾਤ, ਸਿਰ ਆਪਣਾ ਹੱਥ ਟਿਕਾਇੰਦਾ । ਆਦਿ ਅੰਤ ਖੇਲ ਅਪਾਰਾ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਜੁਗਾ ਜੁਗੰਤਰ ਲੈ ਅਵਤਾਰਾ, ਹਰਿ ਪੁਰਖ ਨਿਰੰਜਣ ਵੇਸ ਵਟਾਇੰਦਾ । ਏਕੰਕਾਰਾ ਵਸਣਹਾਰਾ ਠਾਂਡੇ ਦਰਬਾਰਾ, ਲੋਕਮਾਤ ਮਾਰ ਝਾਤ ਦੋ ਜਹਾਨਾਂ ਆਪਣਾ ਰੂਪ ਧਰਾਇੰਦਾ । ਆਦਿ ਨਿਰੰਜਣ ਕਰ ਪਸਾਰਾ, ਜੋਤ ਨਿਰੰਜਣ ਦਏ ਹੁਲਾਰਾ, ਲੱਖ ਚੁਰਾਸੀ ਡਗਮਗਾਇੰਦਾ । ਸ੍ਰੀ ਭਗਵਾਨ ਸਾਚੀ ਕਾਰਾ, ਊਚਾਂ ਨੀਚਾਂ ਰਾਓ ਰੰਕਾਂ ਪਾਵੇ ਸਾਰਾ, ਜ਼ਾਤ ਪਾਤ ਨਾ ਕੋਇ ਰਖਾਇੰਦਾ । ਸ੍ਰੀ ਭਗਵਾਨ ਮੀਤ ਮੁਰਾਰਾ ਇਕ ਸੁਣਾਏ ਸ਼ਬਦ ਜੈਕਾਰਾ, ਨਾਦ ਅਨਾਦੀ ਨਾਦ ਸੁਣਾਇੰਦਾ । ਪਾਰਬ੍ਰਹਮ ਬ੍ਰਹਮ ਕਰੇ ਆਧਾਰਾ, ਏਕਾ ਮੰਤਰ ਗੁਰੂ ਦਵਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦੂਸਰ ਅਵਰ ਨਾ ਸੰਗ ਰਖਾਇੰਦਾ । ਦੂਸਰ ਅਵਰ ਨਾ ਕੋਇ ਸੰਗ, ਸਤਿ ਪੁਰਖ ਨਿਰੰਜਣ ਆਪਣੀ ਖੇਲ ਖਿਲਾਈਆ । ਨਵ ਨੌਂ ਚਾਰ ਪੈਂਡਾ ਗਿਆ ਲੰਘ, ਕਲਜੁਗ ਵੇਲਾ ਅੰਤਮ ਆਈਆ । ਪਰਗਟ ਹੋਏ ਸੂਰਾ ਸਰਬੰਗ, ਸ਼ਹਿਨਸ਼ਾਹ ਸੱਚਾ ਸ਼ਹਿਨਸ਼ਾਹੀਆ । ਨਾਮ ਵਜਾਏ ਇਕ ਮਰਦੰਗ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਲਏ ਉਠਾਈਆ । ਦੋ ਜਹਾਨਾਂ ਵੇਖੇ ਲੰਘ, ਆਵਣ ਜਾਵਣ ਖੇਲ ਖਿਲਾਈਆ । ਗੁਰ ਪੀਰ ਅਵਤਾਰ ਧੁਰ ਦਰਬਾਰੇ ਲਏ ਸੱਦ, ਸ਼ਬਦ ਸੰਦੇਸਾ ਇਕ ਸੁਣਾਈਆ । ਵਰਨ ਬਰਨ ਬੱਧੀ ਹੱਦ, ਜਗਤ ਮਾਰਗ

ਵੇਖ ਵਖਾਈਆ । ਪੁਰਖ ਅਕਾਲ ਦੀਨ ਦਿਆਲ ਕਿਉਂ ਲੋਕਮਾਤ ਵਿਚੋਂ ਦਿਤਾ ਕੱਢ, ਜਿਸ ਤੁਹਾਡੀ ਬਣਤ ਬਣਾਈਆ । ਜੁਗ ਚੌਕੜੀ ਲੜੌਂਦਾ ਰਿਹਾ ਲੜ, ਜਿਉਂ ਬਾਲਕ ਮਾਤਾ ਗੋਦ ਸਖਾਈਆ । ਕਲਜੁਗ ਅੰਤਮ ਲੱਖ ਚੁਰਾਸੀ ਪੁਰਖ ਅਬਿਨਾਸ਼ੀ ਨਾਲੋਂ ਹੋਈ ਅੱਡ, ਪੱਲੂ ਨਾਲ ਪੱਲੂ ਨਾ ਕੋਇ ਬੰਧਾਈਆ । ਕਲਜੁਗ ਕੂੜ ਕੁੜਿਆਰਾ ਜਗਤ ਨਿਸ਼ਾਨਾ ਦਿਤਾ ਗੱਡ, ਜੂਠ ਝੂਠ ਵੱਜੀ ਵਧਾਈਆ । ਅਨਹਦ ਸ਼ਬਦ ਘਟ ਮੰਦਰ ਬੈਠ ਸੁਣਿਆ ਨਾ ਕਿਸੇ ਨਦ, ਅਨਹਦ ਨਾਦ ਨਾ ਕੋਇ ਵਜਾਈਆ । ਝੂਠੀ ਪੀ ਪੀ ਬੈਠੇ ਮਦਿ, ਹਰਿ ਕਾ ਨਾਮ ਸਰੂਰ ਨਾ ਕੋਇ ਰਖਾਈਆ । ਚਾਰ ਵਰਨ ਨਾ ਬਣੀ ਸਾਚੀ ਯਦ, ਪੁਰਖ ਅਕਾਲ ਨਾ ਕੋਇ ਮਨਾਈਆ । ਕੋਇ ਕ੍ਰਿਸ਼ਨ ਕੋਇ ਰਾਮ ਨਾਲ ਗਿਆ ਬੱਝ, ਕੋਈ ਈਸਾ ਮੂਸਾ ਸਯਦਾ ਰਹੇ ਕਰਾਈਆ । ਕੋਈ ਮੁਹੰਮਦ ਕੋਲ ਰਿਹਾ ਸਜ, ਚਾਰ ਯਾਰੀ ਵਡ ਵਡਿਆਈਆ । ਕੋਈ ਮੱਕੇ ਕਾਅਬੇ ਕਰੇ ਹੱਜ, ਕਾਇਆ ਮੰਦਰ ਅੰਦਰ ਨਾ ਕੋਇ ਫੋਲ ਫੋਲਾਈਆ । ਕੋਈ ਨਾਨਕ ਨਿਰਗੁਣ ਰਿਹਾ ਸੱਦ, ਕੋਈ ਗੋਬਿੰਦ ਰਿਹਾ ਧਿਆਈਆ । ਚਾਰ ਕੁੰਟ ਵਰਨ ਬਰਨ ਆਪਣਾ ਇਸ਼ਟ ਕਰ ਕਰ ਬੈਠੇ ਪਜ, ਸਾਚਾ ਦਰ ਨਾ ਕੋਇ ਵਖਾਈਆ । ਮੰਦਰ ਮਸਜਦ ਗੁਰੂਦਵਾਰ ਜਗਤ ਕਾਮਨਾ ਰਹੀ ਨੱਚ, ਸਚ ਸੁੱਚ ਨਾ ਕੋਇ ਵਡਿਆਈਆ । ਕਾਚੀ ਮਾਟੀ ਹੋਈ ਕੱਚ, ਕੰਚਨ ਰੂਪ ਨਾ ਕੋਇ ਵਟਾਈਆ । ਪੁਰਖ ਅਕਾਲ ਨਾ ਮਿਲਿਆ ਕਿਸੇ ਸਚ, ਸਚ ਸੁੱਚ ਨਜ਼ਰ ਕਿਤੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਚਾਰ ਜੁਗ ਦੀ ਏਕਾ ਚੌਕੜ, ਨੌਂ ਨੌਂ ਚਾਰ ਵੇਖੇ ਥਾਉਂ ਥਾਈਂਆ । ਨੌਂ ਨੌਂ ਚਾਰ ਚੌਕੜੀ ਤੇਰਾ ਅੰਤਮ ਪੰਧ, ਸੋ ਪੁਰਖ ਅਬਿਨਾਸ਼ੀ ਆਪ ਮੁਕਾਇੰਦਾ । ਘਰ ਘਰ ਵੇਖਿਆ ਸੁਣਿਆ ਛੰਦ, ਹਰਿ ਕਾ ਛੰਦ ਨਾ ਕੋਇ ਗਾਇੰਦਾ । ਨਿਰਗੁਣ ਨਿਰਵੈਰ ਨਾ ਚੜ੍ਹਿਆ ਚੰਦ, ਜੋਤੀ ਜੋਤ ਨਾ ਕੋਇ ਜਗਾਇੰਦਾ । ਘਟ ਪਾਇਆ ਨਾ ਪਰਮਾਨੰਦ, ਨਿਜਾਨੰਦ ਨਾ ਕੋਇ ਰਖਾਇੰਦਾ । ਮਦਿਰਾ ਮਾਸ ਰਸਨਾ ਲਾਇਆ ਗੰਦ, ਆਤਮ ਅੰਤਰ ਅੰਮ੍ਰਿਤ ਝਿਰਨਾ ਨਾ ਕੋਇ ਝਿਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਤੇਰੀ ਕਿਰਿਆ ਵੇਖ ਵਖਾਇੰਦਾ । ਕਲਜੁਗ ਕਿਰਿਆ ਕੂੜ ਪਸਾਰਾ, ਕੂੜਾ ਡੰਕਾ ਰਿਹਾ ਵਜਾਈਆ । ਚਾਰੋਂ ਕੁੰਟ ਹਾਹਾਕਾਰਾ, ਧੀਰਜ ਧੀਰ ਨਾ ਕੋਇ ਧਰਾਈਆ । ਨਾਰ ਕੰਤ ਨਾ ਕੋਇ ਪਿਆਰਾ, ਪਿਤਾ ਪੂਤ ਨਾ ਕੋਇ ਵਡਿਆਈਆ । ਭੈਣਾਂ ਭੱਯਾ ਦਿਸੇ ਵਿਭਚਾਰਾ, ਮਮਤਾ ਮੋਹ ਫਿਰੇ ਹਲਕਾਈਆ । ਹਉਮੇ ਹੰਗਤਾ ਬੋਲ ਜੈਕਾਰਾ, ਕਾਇਆ ਮੰਦਰ ਗੜ੍ਹ ਬਣਾਈਆ । ਸਾਚਾ ਦਿਸੇ ਨਾ ਇਕ ਦਵਾਰਾ, ਗੁਰੂਦਵਾਰਾ, ਨਜ਼ਰ ਕਿਸੇ ਨਾ ਆਈਆ । ਮਨ ਦਹਿ ਸਿਰ ਫਿਰੇ ਹੰਕਾਰਾ, ਮਨਮਤੀ ਰਾਹ ਚਲਾਈਆ । ਗੁਰਮਤ ਹੋਇਆ ਪਾਰ ਕਿਨਾਰਾ, ਗੁਰ ਗੁਰ ਬੂਝ ਨਾ ਕੋਇ ਬੁਝਾਈਆ । ਰੰਗ ਰਲੀਆਂ ਮਾਣੇ ਸਰਬ ਸੰਸਾਰਾ, ਕਾਮ ਕਰੋਧ ਲੋਭ ਮੋਹ ਹੰਕਾਰ ਰਿਹਾ ਹੰਢਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਆਦਿ ਜੁਗਾਦਿ ਜੁਗਾ ਜੁਗੰਤ ਵੇਖੇ ਵਿਗਸੇ ਕਰੇ ਵਿਚਾਰਾ, ਵੇਖਣਹਾਰਾ ਇਕ ਅਖਵਾਈਆ । ਵੇਦ ਵਿਆਸਾ ਕਰੇ ਪਿਆਰਾ, ਉਚੀ ਕੂਕ ਕੂਕ ਸੁਣਾਈਆ । ਮੂਸਾ ਕਰੇ ਨਿਮਸਕਾਰਾ, ਸਯਦਾ ਸੀਸ ਝੁਕਾਈਆ । ਈਸਾ ਦੋਏ ਜੋੜ ਬਣੇ ਭਿਖਾਰਾ, ਤੁਧ ਬਿਨ ਅਵਰ ਨਾ ਕੋਇ ਸਹਾਈਆ । ਹੇ ਮਿਹਰਵਾਨ ਪਰਵਰਦਿਗਾਰਾ, ਇਕ ਮੁਹੰਮਦ ਮੰਗ ਮੰਗਾਈਆ । ਨਾਨਕ ਬੋਲੇ ਉਤਰੇ ਮਹਾਂਬਲੀ ਅਵਤਾਰਾ, ਨਿਹਕਲੰਕਾ ਨਾਉਂ ਰਖਾਈਆ । ਗੋਬਿੰਦ ਦਿਤਾ ਸਰਬ ਸਹਾਰਾ, ਫਤਿਹ ਡੰਕਾ ਇਕ ਵਜਾਈਆ । ਸੰਬਲ ਨਗਰੀ ਧਾਮ ਉਜਿਆਰਾ, ਪੁਰਖ ਅਬਿਨਾਸ਼ੀ ਡੇਰਾ ਲਾਈਆ । ਪਰਗਟ ਹੋਏ ਵਿਚ

ਸੰਸਾਰਾ, ਜੋਤੀ ਜਾਮਾ ਭੇਖ ਵਟਾਈਆ । ਸ਼ਬਦ ਖੰਡਾ ਫੜੇ ਤੇਜ਼ ਕਟਾਰਾ, ਦੋ ਜਹਾਨਾਂ ਆਪ ਚਲਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰੇ ਪਾਰ ਕਿਨਾਰਾ, ਕਰੋੜ ਤੇਤੀਸਾ ਦਏ ਮਿਟਾਈਆ । ਸੁਰਪਤ ਰਾਜਾ ਇੰਦ ਕਰੇ ਖ਼ਵਾਰਾ, ਸਭ ਦਾ ਲੇਖਾ ਦਏ ਮੁਕਾਈਆ । ਲੱਖ ਚੁਰਾਸੀ ਆਰ ਪਾਰਾ, ਚਾਰੇ ਖਾਣੀ ਚਾਰੇ ਬਾਣੀ ਆਪਣੀ ਝੋਲੀ ਪਾਈਆ । ਚਾਰ ਵੇਦ ਰੋਵਣ ਜ਼ਾਰੋ ਜ਼ਾਰਾ, ਪੁਰਾਨ ਅਠਾਰਾਂ ਧੀਰ ਨਾ ਕੋਇ ਧਰਾਈਆ । ਸ਼ਾਸਤਰ ਸਿਮਰਤ ਆਏ ਹਾਰਾ, ਜੁਗ ਚੌਕੜੀ ਵੇਲਾ ਰਿਹਾ ਵਿਹਾਈਆ । ਗੀਤਾ ਗਿਆਨ ਨਾ ਕੋਇ ਪਸਾਰਾ, ਦਸ ਅੱਠ ਡੇਰਾ ਦੇਵੇ ਢਾਹੀਆ । ਅੰਜੀਲ ਕੁਰਾਨਾਂ ਕੱਢੇ ਬਾਹਰਾ, ਏਕਾ ਕਲਮਾ ਸੁਣਾਏ ਕਲਾਮ ਇਲਾਹੀਆ । ਸਰਬ ਜੀਆਂ ਦਾ ਸਾਂਝਾ ਯਾਰਾ, ਕਰੇ ਖੇਲ ਅਪਰ ਅਪਾਰਾ, ਮੁਕਾਮੇ ਹੱਕ ਹੋ ਉਜਿਆਰਾ, ਜਲਵਾ ਨੂਰ ਇਕ ਦਰਸਾਈਆ । ਏਕਾ ਬੋਲ ਸਤਿ ਜੈਕਾਰਾ, ਨਾਮ ਨਾਮ ਦਏ ਆਧਾਰਾ, ਏਕਾ ਡੰਕਾ ਵੱਜੇ ਵਿਚ ਸੰਸਾਰਾ, ਫਤਿਹ ਆਪਣੇ ਹੱਥ ਰਖਾਈਆ । ਏਕਾ ਗੁਰ ਇਕ ਅਵਤਾਰਾ, ਏਕਾ ਦੇਵਣਹਾਰਾ ਭੰਡਾਰਾ, ਜੁਗ ਜੁਗ ਵਰਤੇ ਵਰਤਾਵੇ ਵਿਚ ਸੰਸਾਰਾ, ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਆਪਣੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਦਾਤਾ ਪੁਰਖ ਬਿਧਾਤਾ, ਇਕ ਇਕੱਲਾ ਵਸਣਹਾਰਾ ਸਚ ਮਹੱਲਾ, ਲੋਕਮਾਤ ਮਾਰ ਝਾਤ ਲੱਖ ਚੁਰਾਸੀ ਵੇਖੇ ਥਾਉਂ ਥਾਈਂਆ । ਲੱਖ ਚੁਰਾਸੀ ਜਗਤ ਸਿੰਘਾਸਣ, ਸਿੰਘ ਆਸਣ ਭੇਵ ਨਾ ਰਾਇਆ । ਕਰੇ ਖੇਲ ਪੁਰਖ ਅਬਿਨਾਸ਼ਨ, ਅਬਿਨਾਸ਼ੀ ਕਰਤਾ ਵੇਸ ਵਟਾਇਆ । ਲੇਖਾ ਜਾਣੇ ਪ੍ਰਿਥਮੀ ਆਕਾਸਣ, ਗਗਨ ਪਾਤਾਲਾਂ ਫੋਲ ਫੋਲਾਇਆ । ਮੰਡਲ ਮੰਡਪ ਵੇਖੇ ਰਾਸਣ, ਪੁਰੀਆਂ ਲੋਆਂ ਪਰਦਾ ਲਾਹਿਆ । ਲੇਖਾ ਜਾਣੇ ਚੌਦਾਂ ਲੋਕ ਭੋਗ ਬਲਾਸਣ, ਭੇਵ ਅਭੇਦ ਦਏ ਖੁਲ੍ਹਾਇਆ । ਚੌਦਾਂ ਤਬਕ ਲੇਖਾ ਜਾਣੇ ਸ਼ਾਹੋ ਸ਼ਾਬਾਸਨ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਇਆ । ਕਲਜੁਗ ਅੰਤ ਸਰਬ ਵਿਨਾਸਨ, ਥਿਰ ਕੋਇ ਰਹਿਣ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਏਕਾ ਡੌਰੂ ਡੰਕਾ ਨਾਮ ਵਜਾਇਆ । ਡੌਰੂ ਡੰਕਾ ਹਰਿ ਕਾ ਨਾਉਂ, ਆਦਿ ਜੁਗਾਦਿ ਹਰੀ ਹਰਿ ਆਪ ਵਜਾਇੰਦਾ । ਕਰੇ ਖੇਲ ਅਗੰਮ ਅਥਾਹੋ, ਅਲਖ ਅਗੋਚਰ ਆਪਣੀ ਕਾਰ ਕਮਾਇੰਦਾ । ਜੁਗ ਜੁਗ ਕਰਾਏ ਸਚ ਨਿਆਉਂ, ਸਚ ਸਿੰਘਾਸਣ ਸੋਭਾ ਪਾਇੰਦਾ । ਲੱਖ ਚੁਰਾਸੀ ਜੀਵ ਜੰਤ ਵੇਖੇ ਕਾਉਂ, ਘਟ ਘਟ ਲੇਖਾ ਆਪਣਾ ਆਪ ਵਖਾਇੰਦਾ । ਗੁਰਮੁਖ ਵਿਰਲੇ ਆਪ ਉਠਾਏ ਫੜ ਫੜ ਬਾਹੋਂ, ਜਿਸ ਜਨ ਆਪਣੀ ਬੂਝ ਬੁਝਾਇੰਦਾ । ਸਦਾ ਸੁਹੇਲਾ ਇਕ ਇਕੇਲਾ ਸਿਰ ਰੱਖੇ ਠੰਡੀ ਛਾਉਂ, ਸਤਿਗੁਰ ਪੂਰਾ ਆਪਣਾ ਨਾਉਂ ਪਰਗਟਾਇੰਦਾ । ਚਾਰ ਵਰਨਾਂ ਬਣੇ ਪਿਤਾ ਮਾਉਂ, ਊਚ ਨੀਚ ਨਾ ਵੰਡ ਵੰਡਾਇੰਦਾ । ਨਿਥਾਵਿਆਂ ਦੇਵੇ ਸਾਚਾ ਥਾਉਂ, ਦਰਗਹਿ ਸਾਚੀ ਧਾਮ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਕੁਦਰਤ ਕ਼ਾਦਰ ਵੇਖ ਵਖਾਇੰਦਾ । ਕ਼ਾਦਰ ਕੁਦਰਤ ਵੇਖਣਹਾਰਾ, ਰੂਪ ਅਨੂਪ ਧਰਾਈਆ । ਪਰਗਟ ਹੋਏ ਮਹਾਂਬਲੀ ਅਵਤਾਰਾ, ਰੂਪ ਰੰਗ ਰੇਖ ਨਾ ਕੋਇ ਜਣਾਈਆ । ਲੋਕਮਾਤ ਬਣਾਏ ਸਚਖੰਡ ਦਵਾਰਾ, ਸਚ ਸਿੰਘਾਸਣ ਆਸਣ ਸੋਭਾ ਪਾਈਆ । ਸ਼ਬਦ ਲਗਾਏ ਏਕਾ ਨਾਅਰਾ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਤੀਜਾ ਨੈਣ ਖੋਲ੍ਹ ਕਿਵਾੜਾ, ਹਰਿਜਨ ਸਾਚੇ ਲਏ ਜਗਾਈਆ । ਚੌਥੇ ਪਦ ਕਰ ਪਸਾਰਾ, ਗੁਰਮੁਖ ਮੇਲੇ ਸਹਿਜ ਸੁਭਾਈਆ । ਪੰਚਮ ਨਾਦ ਸ਼ਬਦ ਧੁੰਨਕਾਰਾ, ਧੁੰਨ ਅਨਾਦੀ ਆਪ ਸੁਣਾਈਆ । ਅੰਮ੍ਰਿਤ ਆਤਮ ਦੇਵੇ ਠੰਡੀ

੮੮੩ ੧੦

ਠਾਰਾ, ਅਠਸਠ ਗੁਰਸਿਖ ਫੇਰਾ ਕੋਇ ਨਾ ਪਾਈਆ । ਘਰ ਵਿਚ ਘਰ ਵਖਾਏ ਸੱਚਾ ਗੁਰੂਦਵਾਰਾ, ਸਤਿਗੁਰ ਬੈਠਾ ਜੋਤ ਜਗਾਈਆ । ਸਾਚੀ ਸਖੀਆਂ ਮੰਗਲਚਾਰਾ, ਅਨੰਦ ਮੰਗਲ ਏਕਾ ਗਾਈਆ । ਗੁਰਸਿਖਾਂ ਕਰੇ ਸਦ ਪਿਆਰਾ, ਆਪ ਆਪਣੇ ਦਰ ਬਹਾਈਆ । ਨਾਰੀ ਕੰਤ ਹੋ ਉਜਿਆਰਾ, ਰੰਗ ਬਸੰਤ ਇਕ ਚੜ੍ਹਾਈਆ । ਏਕਾ ਮਣੀਆ ਮੰਤ ਦਏ ਸਹਾਰਾ, ਰਸਨਾ ਜੇਹਵਾ ਨਾ ਕੋਇ ਹਿਲਾਈਆ । ਸਾਚਾ ਸੰਤ ਹਰਿ ਕਰੇ ਪਿਆਰਾ, ਬੇਅੰਤ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਤੇਰੀ ਮਾਇਆ ਝੂਠੀ ਛਾਇਆ, ਗੁਰਸਿਖਾਂ ਉਤੋਂ ਦਏ ਉਡਾਈਆ । ਗੁਰਸਿਖ ਤੇਰਾ ਵੱਡਾ ਘਰ, ਸੋ ਪੁਰਖ ਨਿਰੰਜਣ ਆਪ ਬਣਾਇਆ । ਨਿਰਭੌ ਚੁਕਾਏ ਤੇਰਾ ਡਰ, ਭੈ ਹੋਰ ਨਾ ਕੋਇ ਰਖਾਇਆ । ਤੇਰੇ ਆਤਮ ਖੁਲ੍ਹਾਏ ਸਾਚਾ ਸਰ, ਨਿਝਰ ਝਿਰਨਾ ਦਏ ਝਿਰਾਇਆ । ਤੇਰਾ ਦੀਪਕ ਤੇਰੇ ਅੰਦਰ ਜਾਏ ਬਲ, ਜੋਤੀ ਜੋਤ ਹੋਏ ਰੁਸ਼ਨਾਇਆ । ਇਕ ਵਖਾਏ ਨਿਹਚਲ ਧਾਮ ਅਟੱਲ, ਸਤਿਗੁਰ ਸੱਚਾ ਆਸਣ ਲਾਇਆ । ਲੱਖ ਚੁਰਾਸੀ ਭੁਲਾਏ ਕਰ ਕਰ ਵਲ ਛਲ, ਬੇਅੰਤ ਖੇਲ ਖਿਲਾਇਆ । ਹਰਿਜਨ ਮੇਲੇ ਨਾ ਲਾਏ ਘੜੀ ਪਲ, ਨੇਤਨ ਨੇਤ ਆਪਣਾ ਦਰਸ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਨਾਮ ਫਲ, ਅੰਮ੍ਰਿਤ ਮੇਵਾ ਮੁਖ ਚੁਆਇਆ । ਅੰਮ੍ਰਿਤ ਮੇਵਾ ਸਾਚਾ ਰਸ, ਗੁਰ ਗੁਰ ਗੁਰਮੁਖਾਂ ਆਪ ਚਖਾਈਆ । ਹਿਰਦੇ ਅੰਦਰ ਜਾਏ ਵਸ, ਹਰਿ ਦਾਤਾ ਬੇਪਰਵਾਹੀਆ । ਕਰੇ ਪਰਕਾਸ਼ ਕੋਟਨ ਰਵ ਸਸ, ਅੰਧ ਅੰਧੇਰ ਦਏ ਮਿਟਾਈਆ । ਅੰਮ੍ਰਿਤ ਜਾਮ ਪਿਆਏ ਹੱਸ ਹੱਸ, ਸਚ ਪਿਆਲਾ ਹੱਥ ਉਠਾਈਆ । ਤੀਰ ਅਣਿਯਾਲਾ ਮਾਰੇ ਕਸ, ਸ਼ਬਦ ਨਿਰਾਲਾ ਬਾਣ ਚਲਾਈਆ । ਪੰਚ ਵਿਕਾਰਾ ਜਾਏ ਢੱਠ, ਹਉਮੈਂ ਗੜ੍ਹ ਦਏ ਤੁੜਾਈਆ । ਮਨ ਮਨੂਆ ਫੇਰੇ ਉਲਟੀ ਲਠ, ਦਹਿ ਦਿਸ਼ਾ ਨਾ ਉਠ ਉਠ ਧਾਈਆ । ਧੀਰਜ ਵਖਾਏ ਸਾਚਾ ਜਤ, ਸਤਿ ਸੰਤੋਖ ਪੱਲੇ ਗੰਢ ਬੰਧਾਈਆ । ਕਲਜੁਗ ਅਗਨੀ ਵਿਚੋਂ ਲਏ ਰੱਖ, ਜਿਸ ਜਨ ਆਪਣਾ ਦਰਸ ਦਿਖਾਈਆ । ਨਿਰਗੁਣ ਰੂਪ ਕਰ ਪਰਤੱਖ, ਸਾਖਿਆਤ ਸਰਗੁਣ ਲਏ ਸਮਝਾਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਲੱਖ ਚੁਰਾਸੀ ਨਾਲੋਂ ਕਰੇ ਵੱਖ, ਆਪ ਆਪਣਾ ਬੰਧਨ ਪਾਈਆ । ਸਤਿ ਸਤਿਵਾਦੀ ਏਕਾ ਪਾਈ ਨੱਥ, ਨਾਮ ਡੋਰੀ ਹੱਥ ਉਠਾਈਆ । ਇਕ ਦ੍ਰਿੜਾਇਆ ਪੂਜਾ ਪਾਠ, ਏਕਾ ਕਰੇ ਸਚ ਪੜ੍ਹਾਈਆ । ਲੇਖਾ ਚੁੱਕੇ ਤੀਰਥ ਤਾਟ, ਘਰ ਸਰੋਵਰ ਦਏ ਵਖਾਈਆ । ਗੁਰਸਿਖ ਵਿਕੇ ਨਾ ਕਿਸੇ ਹਾਟ, ਕਰਤਾ ਕ਼ੀਮਤ ਆਪੇ ਪਾਈਆ । ਕਲਜੁਗ ਖੇਲ ਬਾਜ਼ੀਗਰ ਨਾਟ, ਕਲਜੁਗ ਅੰਤਮ ਸਫ਼ਾ ਰਿਹਾ ਵਿਛਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਚੌਕੜੀ ਪੰਧ ਮੁਕਾਈਆ । ਕਲਜੁਗ ਕੂੜੀ ਸਫ਼ਾ ਮਲੇਛ, ਚਾਰ ਵਰਨ ਦਰਸਾਇਆ । ਕਰੇ ਖੇਲ ਦੱਸ ਦਸਮੇਸ਼, ਦਹਿ ਦਿਸ਼ਾ ਫੇਰਾ ਪਾਇਆ । ਪਕੜ ਉਠਾਏ ਵਿਸ਼ਨ ਬ੍ਰਹਮ ਮਹੇਸ਼, ਸੋਇਆ ਕੋਇ ਰਹੇ ਨਾ ਰਾਇਆ । ਲੇਖਾ ਜਾਣੇ ਰਿਖੀ ਕੇਸ਼, ਗੋਵਰਧਨ ਆਪਣੀ ਧਾਰ ਬੰਧਾਇਆ । ਦੋ ਜਹਾਨਾਂ ਨਰ ਨਰੇਸ਼, ਪੁਰਖ ਅਕਾਲ ਇਕ ਮਨਾਇਆ । ਆਦਿ ਜੁਗਾਦੀ ਰਿਹਾ ਵੇਖ, ਸਚਖੰਡ ਸਾਚੇ ਸੋਭਾ ਪਾਇਆ । ਕਲਜੁਗ ਅੰਤਮ ਘਰ ਘਰ ਹੋਇਆ ਭੇਖ, ਕੋਟਨ ਕੋਟ ਗੁਰ ਗੁਰ ਬੈਠੇ ਰੂਪ ਵਟਾਇਆ । ਆਪਣਾ ਜਾਣੇ ਨਾ ਕੋਈ ਲੇਖ, ਜੀਵਾਂ ਲੇਖਾ ਰਹੇ ਮਿਟਾਇਆ । ਆਪਣਾ ਸਤਿਗੁਰ ਆਪਣੇ ਨੇਤਰ ਨਾ ਲਿਆ ਪੇਖ, ਆਪ ਸਤਿਗੁਰ ਬਣ ਬਣ ਸੀਸ ਛਤਰ ਰਹੇ ਝੁਲਾਇਆ । ਅੰਤਮ ਪਾਰਬ੍ਰਹਮ ਪਤਿਪਰਮੇਸ਼ਵਰ ਸਭ ਦੀ ਚੋਟੀ ਮੁੰਨੇ ਜੂਠਿਆਂ ਝੂਠਿਆਂ ਰਹਿਣ ਨਾ

੮੮੪
੧੦

ਦੇਵੇ ਭੇਖ, ਮੁੱਛ ਦਾੜ੍ਹੀ ਕੇਸ ਨਾ ਲੇਖੇ ਲਾਇਆ । ਜਿਸ ਟੇਕ ਰਖਾਈ ਦਸ ਦਸਮੇਸ, ਦਰ ਦਵਾਰੇ ਹੋਏ ਸਹਾਇਆ । ਫੜ ਫੜ ਬਾਹੋਂ ਪਿਛਲੀ ਮੇਟੇ ਰੇਖ, ਅਗਲਾ ਲੇਖਾ ਦਏ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਚਾਰ ਵਰਨ ਆਪਣਾ ਕੀਤਾ ਗਿਆ ਹਰ, ਵੇਲੇ ਅੰਤ ਦਏ ਸਜ਼ਾਇਆ । ਆਪਣਾ ਕੀਤਾ ਆਪੇ ਹਰ, ਚਾਰ ਵਰਨ ਪਛਤਾਈਆ । ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਰਹੇ ਡਰ, ਸਾਂਤਕ ਸਤਿ ਨਾ ਕੋਇ ਰਖਾਈਆ । ਇਕ ਦੂਜੇ ਦਾ ਸਾੜਨ ਘਰ, ਆਪਣਾ ਘਰ ਸਕੇ ਨਾ ਕੋਇ ਬਚਾਈਆ । ਵੰਡਣ ਵੰਡਾਂ ਵੰਡ ਵੰਡ ਆਪਣੀ ਹੱਦ ਤੇ ਰਹੇ ਖੜ, ਪਾਰ ਕਿਨਾਰਾ ਨਜ਼ਰ ਕਿਸੇ ਨਾ ਆਈਆ । ਮੁਸਲਿਮ ਹਿੰਦੂ ਸਿੱਖ ਈਸਾਈ ਦੀਨ ਮਜ਼੍ਹਬ ਵਿਚ ਬੈਠੇ ਅੜ, ਦੀਨਾਂ ਨਾਥ ਦਿਸੇ ਨਾ ਸੱਚਾ ਮਾਹੀਆ । ਚਾਰ ਵਰਨ ਦੀ ਉਖੜੇ ਜੜ੍ਹ, ਚੌਥਾ ਜੁਗ ਨਾਲ ਰਲਾਈਆ । ਆਪਣਾ ਆਪਣਾ ਕਲਮਾ ਸਾਰੇ ਰਹੇ ਪੜ੍ਹ, ਸਚ ਹਦੀਸ ਨਾ ਕੋਇ ਰਖਾਈਆ । ਮਾਣ ਅਭਿਮਾਨ ਹੋਇਆ ਨਾਰੀ ਨਰ, ਨਰ ਨਰਾਇਣ ਨਾ ਕੋਇ ਧਿਆਈਆ । ਕੋਈ ਮੰਦਰ ਕੋਈ ਮਸਜਦ ਕੋਈ ਗੁਰੂਦਵਾਰੇ ਬੈਠਾ ਵੜ, ਕੋਈ ਸ਼ਿਵਦਵਾਲੇ ਮਠ ਰਿਹਾ ਸੀਸ ਝੁਕਾਈਆ । ਹਰਿ ਕਾ ਨਾਮ ਨਾ ਪੱਲੂ ਲਿਆ ਫੜ, ਸਿਲ ਪੂਜਸ ਵਕ਼ਤ ਲੰਘਾਈਆ । ਗੰਗਾ ਗੋਦਾਵਰੀ ਜਮਨਾ ਸੁਰਸਤੀ ਵੜ ਵੜ ਰਹੇ ਠਰ, ਅਗਨੀ ਤੱਤ ਨਾ ਕੋਇ ਗਵਾਈਆ । ਲੋਕਾਂ ਸੁਣੌਂਦੇ ਹਰੀ ਓਮ ਹਰੀ ਹਰਿ, ਅੰਦਰ ਪੰਜ ਸ਼ੈਤਾਨਾ ਬੈਠਾ ਡੇਰਾ ਲਾਈਆ । ਗੁਰ ਗੋਬਿੰਦ ਸੂਰਾ ਚਾਰ ਵਰਨ ਉਚੀ ਕੂਕ ਏਕਾ ਵਾਰ ਗਿਆ ਦੱਸ, ਪੁਰਖ ਅਕਾਲ ਇਕ ਮਨਾਈਆ । ਅੰਤਮ ਪੰਜ ਤੱਤ ਖੇੜਾ ਸਭ ਦਾ ਹੋਇਆ ਭੱਠ, ਗੁਰ ਪੀਰ ਅਵਤਾਰ ਕੋਇ ਰਹਿਣ ਨਾ ਪਾਈਆ । ਇਕ ਇਕੱਲਾ ਪੁਰਖ ਸਮਰਥ, ਦੋ ਜਹਾਨਾਂ ਜਿਸ ਦੀ ਸੱਚੀ ਸ਼ਹਿਨਸ਼ਾਹੀਆ । ਜੁਗ ਜੁਗ ਚਲਾਏ ਰਥ, ਰਥ ਰਥਵਾਹੀ ਵੇਸ ਵਟਾਈਆ । ਆਪਣੀ ਮਹਿਮਾ ਸੁਣਾਏ ਅਕਥ, ਗੁਰ ਅਵਤਾਰ ਸੇਵਾ ਲਾਈਆ । ਸਾਚਾ ਮਾਰਗ ਆਦਿ ਜੁਗਾਦਿ ਦੱਸ, ਜੁਗ ਜੁਗ ਬੂਝ ਬੁਝਾਈਆ । ਭਗਤ ਭਗਵੰਤ ਭਗਤਾਂ ਹੋਏ ਵਸ, ਦੂਸਰ ਦਰ ਨਾ ਕਦੇ ਆਈਆ । ਜੋ ਪ੍ਰਭ ਮਿਲਣ ਦੀ ਰੱਖੇ ਆਸ, ਵੇਲੇ ਅੰਤ ਪੂਰ ਕਰਾਈਆ । ਹਰਿ ਸੰਤ ਨਾ ਹੋਏ ਕਦੇ ਵਿਨਾਸ, ਅਬਿਨਾਸ਼ੀ ਆਪਣਾ ਮੇਲ ਮਿਲਾਈਆ । ਗੁਰਮੁਖ ਤੇਰਾ ਨਾਉਂ ਕਰੇ ਪਰਕਾਸ਼, ਲੋਕਮਾਤ ਵਜਦੀ ਰਹੇ ਵਧਾਈਆ । ਗੁਰਸਿਖ ਤੇਰੀ ਕਰੇ ਬੰਦ ਖ਼ਲਾਸ, ਰਾਏ ਧਰਮ ਨਾ ਦਏ ਸਜ਼ਾਈਆ । ਚਰਨ ਕਵਲ ਰਖਾਏ ਨਿਵਾਸ, ਸਚਖੰਡ ਦਵਾਰੇ ਸੋਭਾ ਪਾਈਆ । ਲਹਿਣਾ ਦੇਣਾ ਚੁੱਕੇ ਪ੍ਰਿਥਮੀ ਆਕਾਸ਼, ਵਿਸ਼ਨ ਬ੍ਰਹਮਾ ਸ਼ਿਵ ਗੁਰਸਿਖ ਤੇਰਾ ਉਠ ਉਠ ਦਰਸਨ ਪਾਈਆ । ਤੇਰਾ ਨਾਤਾ ਤੁਟੇ ਜੰਗਲ ਜੂਹ ਉਜਾੜ ਪਰਭਾਸ, ਸਮੁੰਦ ਸਾਗਰ ਤੇਰੇ ਚਰਨਾਂ ਧੂੜ ਮਸਤਕ ਟਿੱਕਾ ਲਾਏ ਧੋਵੇ ਆਪਣੀ ਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੀ ਖੇਲ ਖਿਲਾਈਆ । ਨਿਰਗੁਣ ਹੋ ਕੇ ਨਿਰਗੁਣ ਆਇਆ, ਨਿਰਵੈਰ ਪੁਰਖ ਅਕਾਲ । ਅਜੂਨੀ ਰਹਿਤ ਵੇਸ ਵਟਾਇਆ, ਦੀਨਾ ਬੰਧਪ ਦੀਨ ਦਿਆਲ । ਮੂਰਤ ਅਕਾਲ ਖੇਲ ਖਿਲਾਇਆ, ਨੂਰੀ ਜਲਵਾ ਇਕ ਜਲਾਲ । ਨੂਰੋ ਨੂਰ ਡਗਮਗਾਇਆ, ਕਰੇ ਖੇਲ ਬੇਮਿਸਾਲ । ਤੂਰਤ ਨਾਦ ਇਕ ਵਜਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪੇ ਘਾਲੇ ਆਪਣੀ ਘਾਲ । ਘਾਲੇ ਘਾਲ ਬੇਪਰਵਾਹ, ਪੰਜ ਤੱਤ ਚੋਲਾ ਨਾ ਕੋਏ ਰਖਾਈਆ । ਜੋਤ ਸਰੂਪੀ ਬਣ ਮਲਾਹ, ਸ਼ਬਦੀ ਬੇੜਾ ਨਾਲ ਉਠਾਈਆ । ਲੱਖ ਚੁਰਾਸੀ ਵੇਖੇ ਥਾਉਂ ਥਾਂ, ਕੋਟਨ ਕੋਟ ਬ੍ਰਹਿਮੰਡ


੮੮੫
੧੦

ਖੰਡ ਏਕਾ ਨੇਤਰ ਵੇਖ ਵਖਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਭਗਤ ਭਗਵੰਤ ਪਕੜਨਹਾਰਾ ਬਾਂਹ, ਸੰਤ ਕੰਤ ਲਏ ਮਿਲਾਈਆ । ਗੁਰਮੁਖ ਸੱਜਣ ਲਏ ਉਠਾ, ਗੁਰ ਗੁਰ ਮੇਲਾ ਸਹਿਜ ਸੁਭਾਈਆ । ਗੁਰਸਿਖ ਸਾਚੇ ਲਏ ਜਗਾ, ਜਾਗਰਤ ਜੋਤ ਕਰ ਰੁਸ਼ਨਾਈਆ । ਆਪਣੀ ਬਾਣੀ ਦਏ ਸਮਝਾ, ਤੁਰੀਆ ਰਾਗ ਇਕ ਅਲਾਈਆ । ਮਧਮ ਬੈਖਰੀ ਆਪੇ ਗਾ, ਪਰਾ ਪਸੰਤੀ ਆਪੇ ਰਿਹਾ ਸੁਣਾਈਆ । ਆਪਣੇ ਮੰਦਰ ਡੇਰਾ ਲਾ, ਸਾਚਾ ਮੰਦਰ ਆਪ ਉਪਾਈਆ । ਝੂਠਾ ਜੰਦਰ ਦਏ ਤੁੜਾ, ਬਜਰ ਕਪਾਟੀ ਰਹੇ ਨਾ ਰਾਈਆ । ਸਾਚੀ ਹਾਟੀ ਦਏ ਖੁਲ੍ਹਾ, ਵਣਜ ਵਣਜਾਰਾ ਬਣ ਕੇ ਸਾਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸੰਤ ਸੁਹੇਲੇ ਲਏ ਫੜ, ਨਿਰਗੁਣ ਸਰਗੁਣ ਅੰਦਰ ਵੜ, ਨਾ ਕੋਈ ਸੀਸ ਨਾ ਕੋਈ ਧੜ, ਸਚ ਮਹੱਲੇ ਜਾਏ ਚੜ੍ਹ, ਸਚ ਸਿੰਘਾਸਣ ਪੁਰਖ ਅਬਿਨਾਸ਼ਨ ਆਤਮ ਸੇਜਾ ਆਪਣਾ ਆਸਣ ਲਾਈਆ । ਆਤਮ ਸੇਜਾ ਪਾਰਬ੍ਰਹਮ, ਬ੍ਰਹਮ ਮੇਲਾ ਸਹਿਜ ਸੁਭਾਇਆ । ਨਿਰਗੁਣ ਨਿਰਵੈਰ ਜਾਣੇ ਆਪਣਾ ਕੰਮ, ਕਰਨੀ ਕਰਤਾ ਆਪ ਕਮਾਇਆ । ਹਰਖ ਸੋਗ ਨਾ ਖ਼ੁਸ਼ੀ ਗ਼ਮ, ਚਿੰਤਾ ਰੋਗ ਨਾ ਕੋਇ ਰਖਾਇਆ । ਪਵਣ ਸਵਾਸ ਨਾ ਕੋਇ ਦਮ, ਰਸਨਾ ਜੇਹਵਾ ਨਾ ਕੋਇ ਹਿਲਾਇਆ । ਇਸ਼ਟ ਗੁਰਦੇਵ ਨਾ ਕੋਇ ਰਿਹਾ ਮੰਨ, ਸੀਸ ਜਗਦੀਸ ਨਾ ਕੋਇ ਝੁਕਾਇਆ । ਨਾ ਕੋਈ ਜਨਨੀ ਦਿਸੇ ਜਨ, ਜਨ ਜਣੇਂਦੀ ਨਾ ਕੋਇ ਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਕਰਿਆ ਖੇਲ ਸਾਚੇ ਹਰਿ, ਹਰਿਜਨ ਆਪਣਾ ਬੰਧਨ ਪਾਇਆ । ਬੰਧਨ ਪਾਏ ਨਾਮ ਡੋਰ, ਪੁਰਖ ਅਕਾਲ ਦਇਆ ਕਮਾਈਆ । ਗੁਰਸਿਖਾਂ ਬੰਨ੍ਹੇ ਪੰਜ ਚੋਰ, ਆਪ ਆਪਣੀ ਸੇਵ ਕਮਾਈਆ । ਸ਼ਾਹ ਸਵਾਰਾ ਚੜ੍ਹ ਕੇ ਆਇਆ ਸਾਚੇ ਘੋੜ, ਸੋਲਾਂ ਕਲੀਆਂ ਆਸਣ ਪਾਈਆ । ਆਦਿ ਜੁਗਾਦਿ ਨਿਭਾਏ ਲੱਗੀ ਤੋੜ, ਅਧਵਿਚਕਾਰ ਨਾ ਤੋੜ ਤੁੜਾਈਆ । ਸੱਸੇ ਉਪਰ ਲਾਇਆ ਹੋੜ, ਨਿਰਗੁਣ ਸਰਗੁਣ ਰੂਪ ਵਟਾਈਆ । ਹੰ ਬ੍ਰਹਮ ਜਾਏ ਬੌਹੜ, ਪਾਰਬ੍ਰਹਮ ਹੋਏ ਸਹਾਈਆ । ਜਨਮ ਜਨਮ ਦੀ ਬੁਝਾਏ ਪਿਆਸ ਜੋ ਲੱਗੀ ਔੜ, ਅੰਮ੍ਰਿਤ ਮੇਘ ਇਕ ਬਰਸਾਈਆ । ਵੇਖੇ ਫਲ ਰੀਠਾ ਕੌੜ, ਰਸ ਰਸਨਾ ਵੇਖ ਵਖਾਈਆ ।

★ ੩ ਸਾਵਣ ੨੦੧੮ ਬਿਕ੍ਰਮੀ ਟੈਹਲ ਸਿੰਘ ਦੇ ਗ੍ਰਿਹ ਰੂਪੋ ਵਾਲੀ ★

ਚਾਰ ਵਰਨ ਏਕਾ ਓਟ, ਹਰਿ ਸਤਿਗੁਰ ਸਚ ਸਰਨਾਈਆ । ਚਾਰ ਵਰਨ ਏਕਾ ਜੋਤ, ਨਿਰਮਲ ਨਿਰਵੈਰ ਆਪ ਜਗਾਈਆ । ਚਾਰ ਵਰਨ ਏਕਾ ਕਿਲਾ ਏਕਾ ਕੋਟ, ਪਾਰਬ੍ਰਹਮ ਪ੍ਰਭ ਆਪ ਬਣਾਈਆ । ਚਾਰ ਵਰਨ ਏਕਾ ਗੋਤ, ਬ੍ਰਹਮ ਰੂਪ ਸਰਬ ਦਰਸਾਈਆ । ਚਾਰ ਵਰਨ ਏਕਾ ਸੋਤ, ਨੌਂ ਦਵਾਰੇ ਬਣਤ ਬਣਾਈਆ । ਚਾਰ ਵਰਨ ਏਕਾ ਓਟ, ਰਸਨਾ ਜੇਹਵਾ ਏਕਾ ਗੁਣ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਰਨ ਚਾਰ ਕਰੇ ਕੁੜਮਾਈਆ । ਚਾਰ ਵਰਨ ਏਕਾ ਗੁਰ, ਸੋ ਪੁਰਖ ਨਿਰੰਜਣ ਆਪ ਅਖਵਾਇੰਦਾ । ਚਾਰ ਵਰਨ ਏਕਾ ਸੁਰ, ਘਰ ਅਨਾਦੀ ਨਾਦ ਸੁਣਾਇੰਦਾ । ਚਾਰ ਵਰਨ ਏਕਾ ਜੋੜ, ਜੋਤੀ ਸ਼ਬਦੀ ਮੇਲ ਮਿਲਾਇੰਦਾ । ਚਾਰ ਵਰਨ ਏਕਾ ਘੋੜ, ਹਰਿ ਕਾ ਨਾਉਂ ਹਰਿ ਵਖਾਇੰਦਾ । ਚਾਰ ਵਰਨ ਏਕਾ ਲੋੜ, ਬ੍ਰਹਮ ਰੂਪ ਨਜ਼ਰੀ ਆਇੰਦਾ । ਚਾਰ ਵਰਨ ਏਕਾ ਪੌੜ, ਹਰੀ ਦਵਾਰ ਆਪ ਚੜ੍ਹਾਇੰਦਾ । ਚਾਰ

ਵਰਨ ਏਕਾ ਜਾਏ ਬੌਹੜ, ਅੰਤਰ ਆਤਮ ਜੋ ਲਿਵ ਲਾਇੰਦਾ । ਚਾਰ ਵਰਨ ਚੌਥੇ ਜੁਗ ਦਰ ਤੋਂ ਦੇਵੇ ਹੋੜ, ਏਕਾ ਬੰਧਨ ਪਾਇੰਦਾ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਨਰ ਨਿਰੰਕਾਰਾ ਜਾਏ ਬੌਹੜ, ਰੂਪ ਅਨੂਪ ਆਪ ਵਟਾਇੰਦਾ । ਲੱਖ ਚੁਰਾਸੀ ਵੇਖੇ ਪਰਖੇ ਮਿੱਠਾ ਕੌੜ, ਪੱਤ ਡਾਲ਼ੀ ਫੋਲ ਫੋਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਵਰਨ ਸੰਗ ਨਿਭਾਇੰਦਾ । ਚਾਰ ਵਰਨ ਏਕਾ ਸੰਗ, ਆਤਮ ਪਰਮਾਤਮ ਜੋੜ ਜੁੜਾਈਆ । ਚਾਰ ਵਰਨ ਇਕ ਮਰਦੰਗ, ਨਾਮ ਨਿਧਾਨਾ ਆਪ ਸੁਣਾਈਆ । ਚਾਰ ਵਰਨ ਏਕਾ ਰੰਗ, ਰੰਗ ਰੰਗੇ ਸਾਚਾ ਮਾਹੀਆ । ਚਾਰ ਵਰਨ ਏਕਾ ਚੰਦ, ਏਕਾ ਸੂਰਯਾ ਕਰੇ ਰੁਸ਼ਨਾਈਆ । ਚਾਰ ਵਰਨ ਏਕਾ ਅਨੰਦ, ਘਰ ਘਰ ਵਿਚ ਰਿਹਾ ਦਰਸਾਈਆ । ਚਾਰ ਵਰਨ ਏਕਾ ਗੰਢ, ਗੁਰ ਸਤਿਗੁਰ ਆਪ ਪਵਾਈਆ । ਚਾਰ ਵਰਨ ਦੇਵੇ ਠੰਡ, ਅਗਨੀ ਤੱਤ ਬੁਝਾਈਆ । ਚਾਰ ਵਰਨ ਰੰਡੇਪਾ ਕੱਟੇ ਰੰਡ, ਕੰਤ ਸੁਹਾਗ ਦਏ ਮਿਲਾਈਆ । ਚਾਰ ਵਰਨ ਮੇਟੇ ਅੰਧੇਰਾ ਅੰਧ, ਗਿਆਨ ਪਰਕਾਸ਼ ਇਕ ਵਖਾਈਆ । ਚਾਰ ਵਰਨ ਮੇਟੇ ਪੰਧ, ਕਲਜੁਗ ਕੂੜੀ ਕਿਰਿਆ ਦਏ ਮਿਟਾਈਆ । ਚਾਰ ਵਰਨ ਸੁਣਾਏ ਏਕਾ ਛੰਦ, ਸੋਹੰ ਢੋਲਾ ਆਪੇ ਗਾਈਆ । ਚਾਰ ਵਰਨ ਉਪਜਾਏ ਪਰਮਾਨੰਦ, ਪੀਆ ਪ੍ਰੀਤਮ ਸੱਚਾ ਮਾਹੀਆ । ਚਾਰ ਵਰਨ ਲੇਖਾ ਜਾਣੇ ਬੱਤੀ ਦੰਦ, ਰਸਨਾ ਜੇਹਵਾ ਸੇਵ ਲਗਾਈਆ । ਚਾਰ ਵਰਨ ਟੁੱਟੀ ਦੇਵੇ ਗੰਢ, ਚੌਥਾ ਜੁਗ ਪਾਰ ਵਖਾਈਆ । ਚਾਰ ਵਰਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਮ ਬੰਧਨ ਪਾਈਆ । ਚਾਰ ਵਰਨ ਏਕਾ ਬੰਧਨ, ਪੁਰਖ ਬਿਧਾਤਾ ਆਪੇ ਪਾਇੰਦਾ । ਚਾਰ ਵਰਨਾਂ ਏਕਾ ਤੰਦਨ, ਨਾਮ ਡੋਰੀ ਹੱਥ ਰਖਾਇੰਦਾ । ਚਾਰ ਵਰਨਾਂ ਤੋੜੇ ਫੰਦਨ, ਮਾਇਆ ਮਮਤਾ ਮੋਹ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਚਾਰ ਵਰਨਾਂ ਮੇਲ ਮਿਲਾਇੰਦਾ । ਚਾਰ ਵਰਨ ਹਰਿ ਹਰਿ ਮੇਲਾ, ਆਤਮ ਪਰਮਾਤਮ ਹੋਏ ਸਹਾਈਆ । ਚਾਰ ਵਰਨ ਗੁਰੂ ਗੁਰ ਚੇਲਾ, ਗੁਰ ਗੋਬਿੰਦ ਰੂਪ ਧਰਾਈਆ । ਚਾਰ ਵਰਨ ਹਰਿ ਸੱਜਣ ਸੁਹੇਲਾ, ਊਚਾਂ ਨੀਚਾਂ ਵੇਖ ਵਖਾਈਆ । ਚਾਰ ਵਰਨ ਹਰਿ ਚਾੜ੍ਹੇ ਤੇਲਾ, ਨਿਰਗੁਣ ਸਰਗੁਣ ਸਗਨ ਮਨਾਈਆ । ਚਾਰ ਵਰਨ ਬਣੇ ਸੱਜਣ ਸੁਹੇਲਾ, ਸਤਿਗੁਰ ਪੂਰਾ ਹਰਿ ਨਿਰੰਕਾਰਾ ਸਮਰਥ ਪੁਰਖ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਵਰਨ ਏਕਾ ਰੰਗ ਰੰਗਾਈਆ । ਚਾਰ ਵਰਨ ਰੰਗੇ ਰੰਗ, ਰੰਗਣ ਨਾਮ ਇਕ ਰਖਾਇੰਦਾ । ਚਾਰ ਵਰਨ ਖ਼ੁਸ਼ੀ ਕਰੇ ਬੰਦ ਬੰਦ, ਬੰਦੀ ਤੋੜ ਦਇਆ ਕਮਾਇੰਦਾ । ਚਾਰ ਵਰਨ ਚੌਥੇ ਜੁਗ ਕਰੇ ਖੰਡ ਖੰਡ, ਨਾਮ ਖੰਡਾ ਇਕ ਚਮਕਾਇੰਦਾ । ਚਾਰ ਵਰਨ ਲੇਖਾ ਚੁੱਕੇ ਜੇਰਜ ਅੰਡ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੇ ਦਰ ਬਹਾਇੰਦਾ । ਚਾਰ ਵਰਨ ਏਕਾ ਦਰ, ਦਰ ਦਰਵਾਜ਼ਾ ਹਰਿ ਖੁਲ੍ਹਾਈਆ । ਚਾਰ ਵਰਨ ਏਕਾ ਹਰਿ, ਦੂਸਰ ਅਵਰ ਨਾ ਕੋਇ ਵਡਿਆਈਆ । ਚਾਰ ਵਰਨ ਭੰਡਾਰਾ ਦੇਵੇ ਭਰ, ਪਾਰਬ੍ਰਹਮ ਬੇਪਰਵਾਹੀਆ । ਚਾਰ ਵਰਨ ਦਰਸ ਦਿਖਾਏ ਅੱਗੇ ਖੜ, ਸਵੱਛ ਸਰੂਪੀ ਰੂਪ ਧਰਾਈਆ । ਚਾਰ ਵਰਨ ਏਕਾ ਵਿਦਿਆ ਲੈਣ ਪੜ੍ਹ, ਏਕਾ ਅੱਖਰ ਕਰੇ ਸ਼ਨਵਾਈਆ । ਚਾਰ ਵਰਨ ਏਕਾ ਅਗਨੀ ਜਾਏ ਸੜ, ਮੜ੍ਹੀ ਗੋਰ ਨਾ ਕੋਇ ਦਬਾਈਆ । ਚਾਰ ਵਰਨ ਏਕਾ ਚੋਟੀ ਜਾਇਣ ਚੜ੍ਹ, ਸਾਚਾ ਪੌੜਾ ਨਾਮ ਵਖਾਈਆ । ਚਾਰ ਵਰਨ ਮੇਲੇ ਨਰ ਹਰਿ, ਨਰ ਨਰਾਇਣ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਰੂਪ ਦਏ ਦਰਸਾਈਆ । ਚਾਰ


੮੯੭ ੧੦

ਵਰਨ ਏਕਾ ਜ਼ਾਤ, ਜਾਤ ਅਜ਼ਾਤੀ ਮੇਟ ਮਿਟਾਇੰਦਾ । ਚਾਰ ਵਰਨ ਏਕਾ ਸਾਥ, ਸਗਲਾ ਸੰਗ ਆਪ ਰਖਾਇੰਦਾ । ਚਾਰ ਵਰਨ ਏਕਾ ਗਾਥ, ਬੋਧ ਅਗਾਧਾ ਨਾਮ ਪੜ੍ਹਾਇੰਦਾ । ਚਾਰ ਵਰਨ ਏਕਾ ਦਾਤ, ਪੁਰਖ ਅਬਿਨਾਸ਼ੀ ਝੋਲੀ ਪਾਇੰਦਾ । ਚਾਰ ਵਰਨ ਏਕਾ ਪਿਤਾ ਏਕਾ ਮਾਤ, ਪੁਰਖ ਅਕਾਲ ਆਪ ਅਖਵਾਇੰਦਾ । ਚਾਰ ਵਰਨ ਏਕਾ ਨਾਤ, ਬ੍ਰਹਮ ਪਾਰ੍ਰਬਹਮ ਜੋੜ ਜੁੜਾਇੰਦਾ । ਚਾਰ ਵਰਨ ਏਕਾ ਘਾਟ, ਸਚ ਕਿਨਾਰਾ ਆਪ ਦਰਸਾਇੰਦਾ । ਚਾਰ ਵਰਨ ਏਕਾ ਜੋਤ ਜਗੇ ਲਲਾਟ, ਨੂਰ ਨੁਰਾਨਾ ਡਗਮਗਾਇੰਦਾ । ਚਰ ਵਰਨ ਏਕਾ ਹਾਟ, ਸਤਿਗੁਰ ਪੂਰਾ ਆਪ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਚਾਰ ਵਰਨ ਇਕ ਸੁਗੰਧ, ਦੂਸਰ ਇਸ਼ਟ ਨਾ ਕੋਇ ਵਡਿਆਈਆ । ਚਾਰ ਵਰਨ ਇਕ ਪਲੰਘ, ਆਤਮ ਸੇਜਾ ਇਕ ਹੰਢਾਈਆ । ਚਾਰ ਵਰਨ ਏਕਾ ਛੰਦ, ਸੋਹੰ ਢੋਲਾ ਰਿਹਾ ਸੁਣਾਈਆ । ਚਾਰ ਵਰਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੇ ਮਾਰਗ ਰਿਹਾ ਲਗਾਈਆ । ਚਾਰ ਵਰਨ ਸਾਚਾ ਰਾਹ, ਰਹਿਬਰ ਹਰਿ ਹਰਿ ਆਪ ਅਖਵਾਇੰਦਾ । ਚਾਰ ਵਰਨ ਬਣ ਮਲਾਹ, ਹਰਿ ਜੂ ਬੇੜਾ ਆਪ ਚਲਾਇੰਦਾ । ਚਾਰ ਵਰਨ ਦੇਵੇ ਸਚ ਸਲਾਹ, ਜ਼ਾਤ ਪਾਤ ਮੇਟ ਮਿਟਾਇੰਦਾ । ਚਾਰ ਵਰਨ ਜਪਣਾ ਏਕਾ ਨਾਂ, ਨਾਉਂ ਨਿਰੰਕਾਰਾ ਆਪ ਦ੍ਰਿੜਾਇੰਦਾ । ਚਾਰ ਵਰਨ ਮੰਗਣਾ ਏਕਾ ਥਾਂ, ਥਾਨ ਥਨੰਤਰ ਸੋਭਾ ਪਾਇੰਦਾ । ਚਾਰ ਵਰਨਾਂ ਦੇਵੇ ਠੰਡੀ ਛਾਂ, ਸਮਰਥ ਹੱਥ ਸੀਸ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਚਾਰ ਵਰਨਾਂ ਜੋੜ ਜੁੜਾਇੰਦਾ । ਚਾਰ ਵਰਨਾਂ ਜੋੜੇ ਜੋੜਾ, ਜਗਤ ਜੁਗਤ ਆਪਣੇ ਹੱਥ ਰਖਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਨਿਰਗੁਣ ਸਰਗੁਣ ਸ਼ਬਦ ਅਗੰਮੀ ਫੇਰੇ ਘੋੜਾ, ਚਾਰੋਂ ਕੁੰਟ ਰਿਹਾ ਦੌੜਾਈਆ । ਅੰਤਮ ਅੰਤ ਵਕ਼ਤ ਰਹਿ ਗਿਆ ਥੋੜਾ, ਦੀਨ ਦੁਨੀ ਦਏ ਖਪਾਈਆ । ਆਪਣਾ ਲੇਖਾ ਆਪਣੇ ਹੱਥ ਰੱਖਿਆ ਕੋਰਾ, ਨਾ ਕੋਈ ਲਿਖੇ ਕ਼ਲਮ ਸ਼ਾਹੀਆ । ਚਾਰ ਜੁਗ ਵੇਖੇ ਕਰ ਕਰ ਗ਼ੌਰਾ, ਗਹਿਰ ਗੰਭੀਰ ਵਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਵਰਨਾਂ ਹੋਏ ਸਹਾਈਆ । ਚਾਰ ਵਰਨ ਚਾਰ ਯੁਗ, ਏਕਾ ਬੰਧਨ ਪਾਇਆ । ਅੰਤਮ ਔਧ ਗਈ ਪੁਗ, ਸਭ ਦਾ ਲੇਖਾ ਦਏ ਚੁਕਾਇਆ । ਜ਼ਾਤ ਪਾਤ ਮੇਟੇ ਚੁਗ ਚੁਗ, ਦਹਿ ਦਿਸ਼ਾ ਫੋਲ ਫੋਲਾਇਆ । ਗੁਰ ਅਵਤਾਰ ਨਾ ਬੈਠੇ ਕੋਈ ਲੁਕ, ਮਾਤ ਪਾਤਾਲ ਆਕਾਸ਼ ਸਚਖੰਡ ਨਿਵਾਸੀ ਆਪਣਾ ਪਰਦਾ ਦਏ ਉਠਾਇਆ । ਸਿੰਘ ਸ਼ੇਰ ਰਿਹਾ ਬੁੱਕ, ਏਕਾ ਗਰਜ ਰਿਹਾ ਸੁਣਾਇਆ । ਆਪਣੀ ਵਾਰ ਆਪੇ ਉਠ, ਆਪ ਆਪਣਾ ਰੂਪ ਧਰਾਇਆ । ਕਿਰਪਾ ਨਿਧਾਨ ਠਾਕਰ ਗਿਆ ਤੁਠ, ਜਨਨੀ ਜਨ ਨਾ ਕਿਸੇ ਜਾਇਆ । ਆਪਣੀ ਲੱਖ ਚੁਰਾਸੀ ਆਪੇ ਲਏ ਲੁੱਟ, ਬ੍ਰਹਮਾ ਵਿਸ਼ਨ ਸ਼ਿਵ ਬੈਠੇ ਸੀਸ ਝੁਕਾਇਆ । ਜਿਸ ਲਗਾਈ ਜੜ੍ਹ ਸੋ ਦੇਵੇ ਪੁੱਟ, ਬੂਟਾ ਹੱਥ ਕਿਸੇ ਨਾ ਆਇਆ । ਸ਼ਬਦ ਨਿਰਾਲਾ ਤੀਰ ਰਿਹਾ ਛੁੱਟ, ਦੋ ਜਹਾਨਾਂ ਦਏ ਹਿਲਾਇਆ । ਜਿਸ ਰੱਖੀ ਇਕ ਅਕਾਲ ਓਟ, ਤਿਸ ਸੱਜਣ ਲਏ ਮਿਲਾਇਆ । ਨਾ ਕੋਈ ਬਚਾਏ ਕਿਲਾ ਕੋਟ, ਕੱਲਰ ਕੰਧ ਸਰਬ ਵਖਾਇਆ । ਲੱਖ ਚੁਰਾਸੀ ਭਰੀ ਨਾ ਮਮਤਾ ਪੋਟ, ਆਸਾ ਤ੍ਰਿਸਨਾ ਨਾ ਪੰਧ ਮੁਕਾਇਆ । ਚਾਰੋਂ ਕੁੰਟ ਵੇਖੇ ਵਾਸਨਾ ਖੋਟ, ਹਿਰਦੇ ਹਰਿ ਨਾ ਕਿਸੇ ਧਰਾਇਆ । ਘਰ ਘਰ ਦੀਵਾ ਬਾਤੀ ਜਗੌਂਦੇ ਜੋਤ, ਘਰ ਜੋਤੀ ਨੂਰ ਨਾ ਕੋਇ ਰੁਸ਼ਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਚਾਰ ਵਰਨ ਫੋਲ ਫੋਲਾਇਆ ।

ਚਾਰ ਵਰਨ ਜਗਤ ਝੇੜਾ, ਕਲਜੁਗ ਰੂਪ ਵਟਾਈਆ । ਸਾਚਾ ਵਸੇ ਨਾ ਕੋਇ ਖੇੜਾ, ਨਗਰ ਨਾਮ ਨਾ ਵੱਜੇ ਵਧਾਈਆ । ਪੰਚਮ ਪੰਚਮ ਭੇੜ ਭੇੜਾ, ਦਿਵਸ ਰੈਣ ਲੜਾਈਆ । ਡੂੰਘੀ ਕੰਦਰ ਹੋਇਆ ਅੰਧੇਰਾ, ਸਾਚਾ ਨੂਰ ਨਾ ਕੋਇ ਰੁਸ਼ਨਾਈਆ । ਜਗਤ ਵਿਕਾਰ ਪਾਇਆ ਘੇਰਾ, ਚਾਰੋਂ ਕੁੰਟ ਰਿਹਾ ਦੌੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਚਾਰ ਵਰਨ ਲੇਖਾ ਰਿਹਾ ਮੁਕਾਈਆ । ਚਾਰ ਵਰਨ ਪਾਏ ਡੰਡ, ਕੂਕ ਕੂਕ ਪੁਕਾਰ । ਬਿਨ ਹਰਿ ਨਾਮੇ ਹੋਈ ਰੰਡ, ਸੁਰਤ ਸੁਵਾਣੀ ਨਾਰ ਵਿਭਚਾਰ । ਦਰ ਦਰ ਵੇਖੇ ਭੇਖ ਪਖੰਡ, ਇਸ਼ਟ ਦਿਸੇ ਨਾ ਗੁਰ ਅਵਤਾਰ । ਨੰਗੀ ਹੋਈ ਸਭ ਦੀ ਕੰਡ, ਪਰਦਾ ਸਕੇ ਨਾ ਕੋਇ ਡਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਪਰ ਅਪਾਰ । ਖੇਲ ਅਪਾਰਾ ਹਰਿ ਨਿਰੰਕਾਰਾ, ਕਲਜੁਗ ਅੰਤਮ ਆਪ ਕਰਾਈਆ । ਚਾਰ ਵਰਨ ਹੋਇਆ ਗਵਾਰਾ, ਮਨ ਮਤ ਬੁਧ ਨਾ ਕੋਇ ਚਤੁਰਾਈਆ । ਜੂਠ ਝੂਠ ਬੋਲ ਜੈਕਾਰਾ, ਮਾਇਆ ਮਮਤਾ ਬਲ ਵਧਾਈਆ । ਏਕਾ ਭੁੱਲਿਆ ਧੁਰ ਦਰਬਾਰਾ, ਧੁਰ ਦੀ ਬਾਣੀ ਨਾ ਬਾਣ ਲਗਾਈਆ । ਕਾਗਦ ਕ਼ਲਮ ਕਰੇ ਪੁਕਾਰਾ, ਨੇਤਰ ਰੋਵੇ ਬਣ ਬਣ ਸ਼ਾਹੀਆ । ਚਾਰ ਜੁਗ ਜੋ ਬਣਿਆ ਰਿਹਾ ਲਿਖਾਰਾ, ਸ਼ਬਦ ਸੰਦੇਸਾ ਇਕ ਸੁਣਾਈਆ । ਲਿਖਿਆ ਲੇਖ ਨਾ ਕਿਸੇ ਵਿਚਾਰਾ, ਭੁੱਲੀ ਸਰਬ ਲੋਕਾਈਆ । ਨਾਨਕ ਗੋਬਿੰਦ ਬੋਲ ਜੈਕਾਰਾ, ਲੱਖ ਚੁਰਾਸੀ ਗਿਆ ਸਮਝਾਈਆ । ਸਰਬ ਜੀਆਂ ਦਾ ਏਕਾ ਯਾਰਾ, ਕਰੇ ਖੇਲ ਖ਼ਲਕ ਖ਼ੁਦਾਈਆ । ਐਹਮਦ ਮੁਹੰਮਦ ਏਕਾ ਨਾਅਰਾ, ਏਕਾ ਜਲਵਾ ਨੂਰ ਦਰਸਾਈਆ । ਈਸਾ ਮੂਸਾ ਇਕ ਸਹਾਰਾ, ਏਕਾ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਇਕ ਪੈਗ਼ੰਬਰ, ਦੋ ਜਹਾਨਾਂ ਵੇਖੇ ਅਡੰਬਰ, ਲੱਖ ਚੁਰਾਸੀ ਰਚ ਸਵੰਬਰ, ਸਾਚਾ ਸਗਨ ਆਪ ਕਰਾਈਆ । ਰਚਿਆ ਸਵੰਬਰ ਰੱਖੇ ਸਾਹ, ਦਿਵਸ ਦਿਵਸ ਨਾਲ ਮਿਲਾਈਆ । ਕਰੇ ਖੇਲ ਬੇਪਰਵਾਹ, ਲੋਕਮਾਤ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਚਰਜ ਰੀਤ ਆਪ ਜਣਾਈਆ । ਅਚਰਜ ਰੀਤ ਕਰਨ ਦੀ ਖ਼ਾਤਰ, ਨਿਰਗੁਣ ਆਪਣਾ ਰੂਪ ਵਟਾਇਆ । ਸਰਗੁਣ ਬਣਾਇਆ ਮਾਤ ਚਾਤਰ, ਸ਼ਬਦ ਸੰਦੇਸਾ ਇਕ ਘਲਾਇਆ । ਮੁਹੰਮਦ ਲਿਖ ਲਿਖ ਘੱਲਿਆ ਪਾਤਰ, ਚੌਦਾਂ ਲੋਕ ਸਬਕ ਪੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਸੁਣਾਇਆ । ਸਚ ਸੰਦੇਸਾ ਏਕਾ ਰਾਗ, ਨਿਰਗੁਣ ਆਪਣਾ ਆਪ ਜਣਾਈਆ । ਅੰਤਰ ਅੰਤਰ ਇਕ ਵੈਰਾਗ, ਵੈਰਾਗੀ ਰੂਪ ਵਟਾਈਆ । ਸਾਚਾ ਮੰਤਰ ਗੁਰ ਸ਼ਬਦ ਸੁਹਾਗ, ਪਾਰਬ੍ਰਹਮ ਪ੍ਰਭ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਚਾਰ ਵਰਨ ਬੁਝਾਏ ਅੱਗ, ਅਗਨੀ ਅੱਗ ਨਾ ਕੋਇ ਤਪਾਈਆ । ਚਾਰ ਵਰਨ ਖੋਲ੍ਹੇ ਅੱਖ, ਦੂਈ ਦਵੈਤੀ ਪਰਦਾ ਲਾਹਿੰਦਾ । ਚਾਰ ਵਰਨ ਹੋ ਪਰਤੱਖ, ਆਪਣਾ ਦਰਸ ਦਿਖਾਇੰਦਾ । ਚਾਰ ਵਰਨ ਲਏ ਰੱਖ, ਜੋ ਜਨ ਸਰਨਾਈ ਆਇੰਦਾ । ਚਾਰ ਵਰਨ ਪਰਦਾ ਲਏ ਢਕ, ਢਾਕਣ ਕੋ ਪਤ ਆਪਣੀ ਬਣਤ ਬਣਾਇੰਦਾ । ਚਾਰ ਵਰਨ ਲਏ ਕੱਢ, ਲੱਖ ਚੁਰਾਸੀ ਅਗਨੀ ਭੱਠ ਤਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਾਚੇ ਆਪ ਤਰਾਇੰਦਾ । ਤਾਰਨਹਾਰਾ ਇਕ ਦਿਆਲਾ, ਦੀਨਨ ਆਪਣੇ ਹੱਥ ਰੱਖੀ ਵਡਿਆਈਆ । ਲੋਕਮਾਤ ਵਖਾਏ ਸੱਚੀ ਧਰਮਸਾਲਾ, ਹਰਿ ਮੰਦਰ ਜੋਤ ਰੁਸ਼ਨਾਈਆ । ਸ਼ਬਦ ਸੁਣਾਏ ਅਨਾਦੀ ਤਾਲਾ, ਤਾਲ ਤਲਵਾੜਾ ਆਪ ਵਜਾਈਆ । ਲਹਿਣਾ ਦੇਣਾ

੮੮੯
੧੦

ਚੁੱਕੇ ਕਾਲ ਮਹਾਕਾਲਾ, ਮਹਾਕਾਲ ਆਪ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਵਰਨ ਏਕਾ ਗੁਣ ਵਖਾਈਆ । ਚਾਰ ਵਰਨ ਏਕਾ ਗੁਣ, ਹਰਿ ਸਾਚਾ ਸਚ ਜਣਾਇੰਦਾ । ਸਰਬ ਜੀਆਂ ਪੁਕਾਰ ਰਿਹਾ ਸੁਣ, ਥਿਰ ਘਰ ਸਾਚੇ ਸੋਭਾ ਪਾਇੰਦਾ । ਹਰਿ ਕਾ ਭੇਵ ਜਾਣੇ ਕਵਣ, ਬੇਅੰਤ ਬੇਅੰਤ ਬੇਅੰਤ ਸਰਬ ਗਾਇੰਦਾ । ਦੇਵੇ ਸਨੇਹੁੜਾ ਉਣੰਜਾ ਪਵਣ, ਪਵਣ ਸਵਾਸ ਆਪ ਚਲਾਇੰਦਾ । ਚਾਰ ਜੁਗ ਭੌਂਦਾ ਰਿਹਾ ਅਵਣ ਗਵਣ, ਨੌਂ ਖੰਡ ਨੌਂ ਦਵਾਰ ਆਪਣਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪਣੀ ਰੀਤੀ ਆਪ ਬਦਲਾਇੰਦਾ । ਆਪਣੀ ਰੀਤੀ ਆਪ ਬਦਲਾਏ, ਭੇਵ ਕਿਸੇ ਨਾ ਆਇਆ । ਸਰਗੁਣ ਨਿਰਗੁਣ ਰੂਪ ਧਰਾਏ, ਨਿਰਗੁਣ ਸਰਗੁਣ ਖੇਲ ਖਿਲਾਇਆ । ਜੋਤੀ ਜਾਤਾ ਡਗਮਗਾਏ, ਨੂਰੋ ਨੂਰ ਹੋਏ ਰੁਸ਼ਨਾਇਆ । ਸਾਚੀ ਸੋਟੀ ਸ਼ਬਦ ਹੱਥ ਉਠਾਏ, ਲੱਖ ਚੁਰਾਸੀ ਰਿਹਾ ਡਰਾਇਆ । ਕੋਟਨ ਕੋਟੀ ਜੀਵ ਦਏ ਖਪਾਏ, ਜੋ ਬੈਠੇ ਰਾਮ ਭੁਲਾਇਆ । ਗੁਰਮੁਖ ਸਾਚੀ ਚੋਟੀ ਚੜ੍ਹਾਏ, ਆਪ ਆਪਣਾ ਪੱਲੂ ਨਾਮ ਫੜਾਇਆ । ਵਾਸਨਾ ਖੋਟੀ ਦਏ ਕਢਾਏ, ਏਕਾ ਹਿਰਦੇ ਹਰਿ ਵਸਾਇਆ । ਜੋਤੀ ਜੋਤ ਜੋਤ ਮਿਲਾਏ, ਜੋਤੀ ਜਾਤਾ ਦਇਆ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਵਰਨ ਵਖਾਏ ਏਕਾ ਘਰ, ਦਰ ਦਰਵਾਜ਼ਾ ਆਪ ਖੁਲ੍ਹਾਇਆ । ਦਰ ਦਰਵਾਜ਼ਾ ਖੋਲ੍ਹਿਆ, ਕਰ ਕਿਰਪਾ ਗੁਣ ਨਿਧਾਨ । ਗ਼ਰੀਬ ਨਿਵਾਜ਼ਾ ਆਪੇ ਬੋਲਿਆ, ਸਤਿਗੁਰ ਪੂਰਾ ਨੌਜਵਾਨ । ਅਸਵ ਤਾਜਾ ਘੋੜਾ ਇਕ ਅਡੋਲਿਆ, ਫਿਰੇ ਦੋ ਜਹਾਨ । ਆਪਣਾ ਬਦਲੇ ਆਪੇ ਚੋਲਿਆ, ਆਪੇ ਰੱਖੇ ਆਪਣੀ ਲਾਜਾ ਕਰੇ ਖੇਲ ਸ੍ਰੀ ਭਗਵਾਨ । ਸ਼ਬਦ ਅਗੰਮੀ ਵਜਾਏ ਵਾਜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਦੇਵੇ ਧੁਰ ਫ਼ਰਮਾਨ । ਧੁਰ ਫ਼ਰਮਾਨ ਅਗੰਮੀ ਰੰਗ, ਰੰਗ ਰੰਗੀਲਾ ਆਪ ਚੜ੍ਹਾਈਆ । ਗੁਰਸਿਖਾਂ ਅੰਦਰ ਆਪੇ ਲੰਘ, ਤਾਰ ਸਤਾਰ ਆਪ ਹਲਾਈਆ । ਕਿੰਗਰੇ ਕਿੰਗਰੇ ਵੱਜੇ ਮਰਦੰਗ, ਸਾਚੀ ਕਿੰਗ ਆਪ ਰਖਾਈਆ । ਕਰੇ ਖੇਲ ਗੁਣੀ ਗਹਿੰਦ, ਗਹਿਰ ਗੰਭੀਰ ਵਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਵਰਨ ਰਖਾਏ ਏਕਾ ਦਰ, ਦਰ ਘਰ ਸਾਚਾ ਆਪ ਉਪਾਈਆ । ਦਰ ਘਰ ਉਪਾਇਆ ਪਾਰਬ੍ਰਹਮ, ਕਰ ਕਿਰਪਾ ਅਪਰ ਅਪਾਰ । ਗੁਰਸਿਖ ਸਤਿਗੁਰ ਘਰ ਪਏ ਜੰਮ, ਨਾਤਾ ਤੋੜ ਸਰਬ ਸੰਸਾਰ । ਨਿਹਕਰਮੀ ਕਰਾਏ ਆਪਣਾ ਕੰਮ, ਏਕਾ ਬਖ਼ਸ਼ੇ ਚਰਨ ਪਿਆਰ । ਲੇਖੇ ਲਾਏ ਹੱਡ ਮਾਸ ਨਾੜੀ ਚੰਮ, ਬਹੱਤਰ ਨਾੜ ਵਜਾਏ ਸਤਾਰ । ਮਾਣਸ ਜਨਮ ਬੇੜਾ ਦੇਵੇ ਬੰਨ੍ਹ, ਜਿਸ ਦੇਵੇ ਦਰਸ ਦੀਦਾਰ । ਲਹਿਣਾ ਦੇਣਾ ਚੁੱਕੇ ਛੱਪਰੀ ਛੰਨ, ਇਕ ਵਖਾਏ ਸਚਖੰਡ ਸੱਚਾ ਦਰਬਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਚਾਰ ਵਰਨਾਂ ਕਰੇ ਪਿਆਰ । ਚਾਰ ਵਰਨ ਕਰੇ ਪਿਆਰਾ, ਊਚ ਨੀਚ ਜ਼ਾਤ ਪਾਤ ਨਾ ਕੋਇ ਰਖਾਇੰਦਾ । ਹੰਕਾਰੀਆਂ ਤੋੜੇ ਗੜ੍ਹ ਹੰਕਾਰਾ, ਨਾਮ ਖੰਡਾ ਇਕ ਚਮਕਾਇੰਦਾ । ਨਿਮਾਣਿਆਂ ਦੇਵੇ ਆਪ ਸਹਾਰਾ, ਨਿਥਾਵਿਆਂ ਸਿਰ ਆਪਣਾ ਹੱਥ ਟਿਕਾਇੰਦਾ । ਜ਼ੋਰੂ ਜ਼ਰ ਕਰ ਖ਼ਵਾਰਾ, ਚਾਰੋਂ ਕੁੰਟ ਖ਼ਾਕ ਉਡਾਇੰਦਾ । ਜਿਸ ਜਨ ਕਰਿਆ ਨਾਮ ਪਿਆਰਾ, ਤਿਸ ਆਪਣਾ ਮੇਲ ਮਿਲਾਇੰਦਾ । ਕਾਗਦ ਕ਼ਲਮ ਨਾ ਲਿਖਣਹਾਰਾ, ਹਰਿ ਕਾ ਭੇਵ ਕੋਇ ਨਾ ਪਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਕਰੇ ਨਿਮਸਕਾਰਾ, ਦੋਏ ਜੋੜ ਜੋੜ ਸੀਸ ਝੁਕਾਇੰਦਾ । ਈਸਾ ਮੂਸਾ ਸੰਗ ਮੁਹੰਮਦ ਰੋਵਣ ਜ਼ਾਰੋ ਜ਼ਾਰਾ, ਨੇਤਰ ਨੀਰ ਸਰਬ ਕੁਰਲਾਇੰਦਾ । ਮੁਕਾਮੇ ਹੱਕ ਤੇਰਾ ਧਾਮ

ਨਿਆਰਾ, ਤੂੰ ਇਕ ਇਕੱਲਾ ਵਸੇਂ ਪਰਵਰਦਿਗਾਰਾ, ਹੱਕ ਤੇਰਾ ਰੂਪ ਜਣਾਇੰਦਾ । ਤੇਰੀ ਖ਼ੁਦਾਈ ਤੇਰਾ ਸਹਾਰਾ, ਤੇਰੀ ਖ਼ਲਕਤ ਤੇਰਾ ਕਿਨਾਰਾ, ਮਖ਼ਲੂਕ ਤੇਰਾ ਰਾਹ ਤਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਭੈ ਭੈ ਆਪਣਾ ਸਰਬ ਵਖਾਇੰਦਾ । ਨਿਰਭੈ ਭੈ ਵਖਾਏ ਅਚਾਨਕ, ਕਲਜੁਗ ਵੇਲਾ ਅੰਤਮ ਆਈਆ । ਵੇਦ ਕਤੇਬ ਨਾ ਹੋਏ ਜਾਣਤ, ਭੇਦ ਅਭੇਦ ਸਕੇ ਨਾ ਕੋਇ ਖੁਲ੍ਹਾਈਆ । ਗੁਰ ਅਵਤਾਰ ਨਾ ਕਰੇ ਪਛਾਣਤ, ਬੇਅੰਤ ਬੇਅੰਤ ਬੇਅੰਤ ਕਹਿ ਕਹਿ ਪੱਲੂ ਗਏ ਛੁਡਾਈਆ । ਚਾਰ ਜੁਗ ਜੋ ਦਿਤੀ ਅਮਾਨਤ, ਚਾਰ ਵਰਨ ਜਗਤ ਵਰਤਾਈਆ । ਅੰਤਮ ਕਿਸੇ ਨਾ ਦੇਵੇ ਕਰਨ ਖ਼ਿਆਨਤ, ਲੇਖਾ ਮੰਗੇ ਥਾਉਂ ਥਾਈਂਆ । ਮੁਹੰਮਦ ਤੇਰੀ ਦੇਵੇ ਨਾ ਕੋਇ ਜ਼ਮਾਨਤ, ਨਾ ਸਕੇ ਕੋਇ ਛੁਡਾਈਆ । ਤੇਰਾ ਇਸਲਾਮ ਨਾ ਰਿਹਾ ਸਲਾਮਤ, ਸਲਾਮ ਅਲੈਕਮ ਚੌਧਵੀਂ ਸਦੀ ਰਹੀ ਬੁਲਾਈਆ । ਤੇਰਾ ਕਲਮਾ ਨਾ ਬਣੀ ਕਲਾਮਤ, ਕਾਇਨਾਤ ਨਾ ਕੋਇ ਪੜ੍ਹਾਈਆ । ਜੇਹੜਾ ਲੁਕਿਆ ਰਿਹਾ ਬੇਪਛਾਣਤ, ਅੰਤਮ ਆਪਣਾ ਨੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰੂਪ ਅਨੂਪ ਆਪ ਧਰਾਈਆ । ਰੂਪ ਅਨੂਪ ਧਰਿਆ ਨਿਹਕਾਮ, ਨਿਰਗੁਣ ਭੇਵ ਕਿਸੇ ਨਾ ਆਇਆ । ਮੁਹੰਮਦ ਭੇਜਿਆ ਕਰ ਗ਼ੁਲਾਮ, ਸਾਚੀ ਸੇਵਾ ਇਕ ਸਮਝਾਇਆ । ਅਧਵਿਚਕਾਰ ਸੁਣਾਇਆ ਪੈਗ਼ਾਮ, ਸਚ ਸੰਦੇਸਾ ਇਕ ਪੜ੍ਹਾਇਆ । ਮੇਰਾ ਇਸ਼ਟ ਤੇਰਾ ਅਮਾਮ, ਅਮਾਮ ਅਮਾਮਾਂ ਸਿਰ ਆਪ ਖ਼ੁਦਾਇਆ । ਤੇਰਾ ਸਜਦਾ ਮੇਰਾ ਸਲਾਮ, ਸਲਾਮਾਲੈਕਮ ਇਕ ਰਖਾਇਆ । ਤੂੰ ਸੁਣਨਾ ਕਰ ਧਿਆਨ, ਖ਼ੁਦਾਵੰਦ ਤੇਰਾ ਰਿਹਾ ਸਮਝਾਇਆ । ਅੰਤਮ ਬਣਨਾ ਪਏ ਨਾਦਾਨ, ਬਾਲੀ ਬੁਧ ਹਰਿ ਦਏ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਰਚਨਾ ਆਪ ਰਚਾਇਆ । ਸਾਚੀ ਰਚਨਾ ਰਚੇ ਨਿਰੰਕਾਰਾ, ਰਚ ਰਚ ਵੇਖ ਵਖਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਰਿਆ ਪਾਰ ਕਿਨਾਰਾ, ਕਲਜੁਗ ਅੰਤਮ ਵੇਖ ਵਖਾਇੰਦਾ । ਵਿਸ਼ਨੂੰ ਬ੍ਰਹਮਾ ਸ਼ਿਵ ਦਏ ਹੁਲਾਰਾ, ਕਰੋੜ ਤੇਤੀਸਾ ਸੁਰਪਤ ਰਾਜਾ ਇੰਦ ਨਾਲ ਰਲਾਇੰਦਾ । ਲੇਖਾ ਜਾਣੇ ਸੂਰਜ ਚੰਦ ਸਤਾਰਾ, ਮੰਡਲ ਮੰਡਪ ਫੋਲ ਫੋਲਾਇੰਦਾ । ਜ਼ਿਮੀਂ ਅਸਮਾਨਾਂ ਵੇਖੇ ਅਖਾੜਾ, ਧਰਤ ਧਵਲ ਡੌਰੂ ਡੰਕਾ ਇਕ ਵਜਾਇੰਦਾ । ਲੱਖ ਚੁਰਾਸੀ ਹੋ ਉਜਿਆਰਾ, ਨੂਰ ਨੁਰਾਨਾ ਡਗਮਗਾਇੰਦਾ । ਚਾਰੋਂ ਕੁੰਟ ਖੇਲ ਅਪਾਰਾ, ਅਪਰੰਪਰ ਆਪਣਾ ਆਪ ਕਰਾਇੰਦਾ । ਪਿਛਲਾ ਲੇਖਾ ਕਰੇ ਪਾਰ ਕਿਨਾਰਾ, ਚਾਰ ਜੁਗ ਦੀ ਰੀਤੀ ਆਪ ਮੁਕਾਇੰਦਾ । ਅੱਗੇ ਵਖਾਏ ਸਚ ਦਰਬਾਰਾ, ਸਚ ਸਿੰਘਾਸਣ ਸੋਭਾ ਪਾਇੰਦਾ । ਸਾਚਾ ਨਾਮ ਬੋਲ ਜੈਕਾਰਾ, ਆਤਮ ਪਰਮਾਤਮ ਮੇਲ ਮਿਲਾਇੰਦਾ । ਸੋਹੰ ਅੱਖਰ ਦੋਹਰੀ ਧਾਰਾ, ਨਿਰਗੁਣ ਸਰਗੁਣ ਖੇਲ ਖਿਲਾਇੰਦਾ । ਨਾਨਕ ਗਾਇਆ ਏਕਾ ਵਾਰਾ, ਪੁਰਖ ਅਬਿਨਾਸ਼ੀ ਮੇਲ ਮਿਲਾਇੰਦਾ । ਜਾਗਰਤ ਜੋਤ ਜਗੇ ਸੰਸਾਰਾ, ਜੁਗਤੀ ਹੱਥ ਨਾ ਕਿਸੇ ਰਖਾਇੰਦਾ । ਜਿਸ ਜਨ ਘੜਿਆ ਤੇਰਾ ਭਾਂਡਾ ਬਣ ਠਠਿਆਰਾ, ਕਾਇਆ ਮਾਟੀ ਪੋਚ ਪੁਚਾਇੰਦਾ । ਸੋ ਭੰਨੇ ਭੰਨਣਹਾਰਾ, ਘੜਨ ਭੰਨਣਹਾਰ ਆਪ ਹੋ ਜਾਇੰਦਾ । ਉਠ ਜੀਵ ਬਣ ਵਣਜਾਰਾ, ਹਰਿ ਸਾਚਾ ਹੱਟ ਖੁਲ੍ਹਾਇੰਦਾ । ਦੂਸਰ ਦਿਸੇ ਨਾ ਕੋਇ ਦੁਕਾਨਦਾਰਾ, ਬਾਣੀਆ ਰੂਪ ਨਾ ਕੋਇ ਵਖਾਇੰਦਾ । ਜੋ ਜਨ ਮੰਗੇ ਮੰਗ ਏਕਾ ਵਾਰਾ, ਦੂਜੀ ਵਾਰ ਦੂਜੇ ਦਰ ਨਾ ਮੰਗਣ ਜਾਇੰਦਾ । ਨਾਮ ਸਤਿ ਭਰੇ ਭੰਡਾਰਾ, ਅਤੋਟ ਅਤੁਟ ਆਪ ਵਰਤਾਇੰਦਾ । ਗੁਰਮੁਖ ਦੇਵੇ ਗੁਰ ਸਹਾਰਾ, ਗੁਰ ਗੋਦੀ ਸ਼ਬਦ ਬਹਾਇੰਦਾ । ਸੇਵਕ ਸੇਵਾ ਕਰਾਏ ਸੇਵਾਦਾਰਾ, ਸਾਚੀ ਸੇਵਾ ਇਕ ਸਮਝਾਇੰਦਾ । ਟੈਹਲੀਆ ਟੈਹਲ ਕਰੇ

ਵਿਚ ਸੰਸਾਰਾ, ਜੁਗ ਜੁਗ ਵੇਸ ਵਟਾਇੰਦਾ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਭਗਵੰਤ ਮੇਲੇ ਆਪਣੀ ਵਾਰਾ, ਆਪ ਆਪਣੇ ਅੰਗ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਾਰ, ਗੁਰਮੁਖ ਵਿਰਲੇ ਲਏ ਫੜ, ਬਿਰਧ ਬਾਲ ਜਵਾਨ ਰੂਪ ਨਾ ਕੋਇ ਦਸਾਇੰਦਾ । ਬਿਰਧ ਬਾਲ ਨਾ ਕੋਇ ਜਵਾਨ, ਜਿਸ ਜਨ ਆਪਣੀ ਦਇਆ ਕਮਾਈਆ । ਮਾਤ ਗਰਭ ਦੇਵੇ ਗਿਆਨ, ਸਤਿਗੁਰ ਪੂਰਾ ਬੇਪਰਵਾਹੀਆ । ਤ੍ਰੈਗੁਣ ਮਾਇਆ ਚੁੱਕੇ ਕਾਣ, ਪੰਜ ਤੱਤ ਨਾ ਕੋਇ ਲੜਾਈਆ । ਜਿਸ ਵਖਾਏ ਧਰਮ ਨਿਸ਼ਾਨ, ਸਤਿ ਸਤਿਵਾਦੀ ਇਕ ਉਠਾਈਆ । ਸੋ ਗੁਰਸਿਖ ਹੋਏ ਪਰਵਾਨ, ਜਿਸ ਗੁਰਮਤ ਮਿਲੀ ਵਡਿਆਈਆ । ਸੋ ਬਾਲੀ ਬੁਧ ਬੁਧ ਅਵਾਣ, ਚਤੁਰ ਸੁਜਾਨਾ ਦਏ ਸਮਝਾਈਆ । ਪੂਰਬ ਜਨਮ ਦਾ ਲੇਖਾ ਚੁੱਕਿਆ ਆਣ, ਕਲਜੁਗ ਅੰਤਮ ਹੋਏ ਸਹਾਈਆ । ਰਸਨਾ ਗਾਇਆ ਇਕ ਭਗਵਾਨ, ਸੋ ਪੁਰਖ ਨਿਰੰਜਣ ਨਜ਼ਰੀ ਆਈਆ । ਹੰ ਬ੍ਰਹਮ ਪਾਇਆ ਮਾਣ, ਪਾਰਬ੍ਰਹਮ ਪ੍ਰਭ ਖ਼ੁਸ਼ੀ ਮਨਾਈਆ । ਦੋਹਾਂ ਵਿਚੋਲਾ ਬਣਿਆ ਆਣ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਰੂਪ ਧਰਾਈਆ । ਗੁਰਸਿਖ ਸਾਚੇ ਕਰ ਪਰਵਾਨ, ਸ਼ਬਦ ਪਰਵਾਨਾ ਹੱਥ ਫੜਾਈਆ । ਧਰਮ ਰਾਏ ਦੀ ਚੁੱਕੇ ਕਾਣ, ਚਿਤਰ ਗੁਪਤ ਨਾ ਹਿਸਾਬ ਵਖਾਈਆ । ਲਾੜੀ ਮੌਤ ਨਾ ਵੇਖੇ ਮਾਰ ਧਿਆਨ, ਗੁਰਸਿਖ ਤੇਰਾ ਦਰਸ ਕਦੇ ਨਾ ਪਾਈਆ । ਜਿਸ ਮਿਲਿਆ ਆਪ ਮਿਹਰਵਾਨ, ਤਿਸ ਭੁੱਲੀ ਸਰਬ ਲੋਕਾਈਆ । ਮਾਤਾ ਪਿਤਾ ਫੇਰ ਪਛਤਾਣ, ਵੇਲਾ ਗਿਆ ਹੱਥ ਨਾ ਆਈਆ । ਪੂਤ ਸਪੂਤਾ ਚੜ੍ਹੇ ਸਚ ਬਬਾਣ, ਸਤਿਗੁਰ ਪੂਰਾ ਆਪ ਚੜ੍ਹਾਈਆ । ਏਥੇ ਓਥੇ ਹੋਏ ਨਿਗਹਬਾਨ, ਦੋ ਜਹਾਨਾਂ ਸਦਾ ਸਹਾਈਆ । ਸਚਖੰਡ ਦੇਵੇ ਇਕ ਮਕਾਨ, ਦਰਗਹਿ ਸਾਚੀ ਨਾਮ ਰਖਾਈਆ । ਅੱਠੇ ਪਹਿਰ ਦਰਸ ਮਹਾਨ, ਨੇਤਰ ਨੈਣ ਨੈਣ ਬਿਗਸਾਈਆ । ਲੇਖਾ ਚੁੱਕੇ ਆਵਣ ਜਾਣ, ਮਾਤ ਗਰਭ ਨਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਗੁਰਸਿਖ ਸਾਚੇ ਆਪ ਤਰਾਈਆ । ਗੁਰਸਿਖ ਸੱਚਾ ਤਾਰਿਆ, ਕਰ ਕਿਰਪਾ ਗੁਣ ਨਿਧਾਨ । ਜੋ ਆਇਆ ਚਲ ਦਵਾਰਿਆ, ਆਤਮ ਦੇਵੇ ਸਾਚਾ ਦਾਨ । ਮਾਣਸ ਜਨਮ ਪੈਜ ਸਵਾਰਿਆ, ਨਾਤਾ ਤੋੜ ਜਗਤ ਜਹਾਨ । ਕਾਗਦ ਕ਼ਲਮ ਕਰੇ ਗਿਰਿਆਜ਼ਾਰਿਆ, ਲੇਖਾ ਲਿਖੇ ਨਾ ਕੋਈ ਨਾਦਾਨ । ਜਿਸ ਮਿਲਿਆ ਆਪ ਨਿਰੰਕਾਰਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਬਣਾਏ ਚਤੁਰ ਸੁਜਾਨ । ਚਤੁਰ ਸੁਜਾਨ ਹਰਿਜਨ ਸੂਰਾ, ਸੂਰਬੀਰ ਦਏ ਵਡਿਆਈਆ । ਆਤਮ ਅੰਤਰ ਬਖ਼ਸ਼ੇ ਨੂਰਾ, ਕੋਹਤੂਰ ਮੁਖ ਸ਼ਰਮਾਈਆ । ਮੂਸਾ ਏਕਾ ਵਾਰ ਤੱਕਿਆ ਜ਼ਾਹਰ ਜ਼ਹੂਰਾ, ਗੁਰਮੁਖਾਂ ਨਿਤ ਨਿਤ ਦਰਸ ਦਿਖਾਈਆ । ਕਾਇਆ ਚੋਲੀ ਰੰਗਣ ਚਾੜ੍ਹੇ ਗੂੜ੍ਹਾ, ਉਤਰ ਕਦੇ ਨਾ ਜਾਈਆ । ਚਤੁਰ ਸੁਘੜ ਬਣਾਏ ਮੂਰਖ ਮੂੜ੍ਹਾ, ਜਿਸ ਆਪਣਾ ਪਰਦਾ ਦਏ ਉਠਾਈਆ । ਗੁਰਸਿਖ ਤੇਰੇ ਮਗਰ ਚੌਦਾਂ ਲੋਕਾਂ ਫਿਰਨ ਹੂਰਾਂ, ਤੇਰਾ ਨੈਣ ਨੈਣ ਵਿਚ ਨਾ ਸਕੇ ਮਿਲਾਈਆ । ਤੇਰੇ ਸਿਰ ਹੱਥ ਰਖਾਏ ਸਤਿਗੁਰ ਪੂਰਾ, ਨੌਂ ਅਠਾਰਾਂ ਡੇਰਾ ਢਾਹੀਆ । ਜਿਸ ਨੂੰ ਕਹਿੰਦੇ ਪੈਂਡਾ ਦੂਰਾ, ਉਚੀ ਕੂਕ ਕੂਕ ਸੁਣਾਈਆ । ਸੋ ਆਸਾ ਮਨਸਾ ਕਰੇ ਪੂਰਾ, ਮਨ ਮਨਸਾ ਵਿਚ ਸਮਾਈਆ । ਮਾਣਸ ਜਨਮ ਨਾ ਰਹੇ ਅਧੂਰਾ, ਜਿਸ ਜਨ ਆਪਣੇ ਗਲੇ ਲਗਾਈਆ । ਜਨਮ ਜਨਮ ਦਾ ਹੂੰਝੇ ਕੂੜਾ, ਦੁਰਮਤ ਮੈਲ ਦਏ ਧਵਾਈਆ । ਜਿਸ ਮਸਤਕ ਲਾਏ ਚਰਨ ਧੂੜਾ, ਚਰਨ ਚਰਨੋਦਕ ਮੁਖ ਪਿਆਈਆ । ਗੁਰਸਿਖ ਤੇਰਾ ਪੀਆ ਪ੍ਰੀਤਮ ਮੇਲੇ ਸਤਿਗੁਰ ਪੂਰਾ, ਪੂਰਾ ਸਤਿਗੁਰ ਇਕ ਅਖਵਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗਾ ਜੁਗੰਤਰ ਨਾ ਮਰੇ ਨਾ ਜਾਈਆ ।

★ ੫ ਸਾਵਣ ੨੦੧੮ ਬਿਕ੍ਰਮੀ ਗੱਜਣ ਸਿੰਘ ਦੇ ਗ੍ਰਿਹ ਰੁੜਕਾ ਕਲਾਂ ਜ਼ਿਲਾ ਜਲੰਧਰ ★

ਸਤਿਗੁਰ ਸੱਚਾ ਹਰਿ ਦਲੇਰ, ਆਦਿ ਜੁਗਾਦਿ ਦਇਆ ਕਮਾਇੰਦਾ । ਪੁਰਖ ਅਗੰਮਾ ਕਰ ਕਰ ਮਿਹਰ, ਦੀਨਨ ਆਪਣੇ ਰੰਗ ਰੰਗਾਇੰਦਾ । ਲੱਖ ਚੁਰਾਸੀ ਜੀਵ ਜੰਤ ਸ਼ਬਦ ਅਨਾਦੀ ਰਿਹਾ ਘੇਰ, ਨਵ ਨੌਂ ਆਪਣਾ ਫੇਰਾ ਪਾਇੰਦਾ । ਹਰਿਜਨ ਤਾਰੇ ਨਾ ਲਾਏ ਦੇਰ, ਨਿਤ ਨਵਿਤ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਖੇਲ ਖਿਲਾਇੰਦਾ । ਵਡ ਦਲੇਰ ਸ੍ਰੀ ਭਗਵਾਨਾ, ਸੋ ਪੁਰਖ ਨਿਰੰਜਣ ਵਡੀ ਵਡਿਆਈਆ । ਹਰਿ ਪੁਰਖ ਨਿਰੰਜਣ ਵਸਣਹਾਰਾ ਸਾਚੇ ਧਾਮ ਮਕਾਨਾ, ਸਚਖੰਡ ਸਾਚੇ ਆਸਣ ਲਾਈਆ । ਏਕੰਕਾਰਾ ਜੋਧਾ ਸੂਰਬੀਰ ਬਲੀ ਬਲਵਾਨਾ, ਨਿਰਭੌ ਆਪਣਾ ਨਾਮ ਧਰਾਈਆ । ਆਦਿ ਨਿਰੰਜਣ ਜੋਤੀ ਨੂਰ ਡਗਮਗਾਨਾ, ਨੂਰ ਨੁਰਾਨਾ ਸੱਚਾ ਸ਼ਹਿਨਸ਼ਾਹੀਆ । ਅਬਿਨਾਸ਼ੀ ਕਰਤਾ ਸ਼ਾਹ ਸੁਲਤਾਨਾ, ਸ਼ਾਹੋ ਭੂਪ ਵਡ ਵਡਿਆਈਆ । ਸ੍ਰੀ ਭਗਵਾਨ ਆਦਿ ਜੁਗਾਦੀ ਨੌਜਵਾਨਾ, ਰੂਪ ਰੰਗ ਰੇਖ ਨਾ ਕੋਇ ਰਖਾਈਆ । ਪਾਰਬ੍ਰਹਮ ਪ੍ਰਭ ਹੋ ਪਰਧਾਨਾ, ਵੇਸ ਅਨੇਕ ਵਟਾਈਆ । ਸ਼ਬਦੀ ਸ਼ਬਦ ਸਚ ਤਰਾਨਾ, ਨਾਦ ਅਨਾਦੀ ਆਪਣਾ ਆਪ ਉਪਾਈਆ । ਥਿਰ ਘਰ ਖੋਲ੍ਹੇ ਇਕ ਦੁਕਾਨਾ, ਦਰ ਦਰਵਾਜੇ ਸੋਭਾ ਪਾਈਆ । ਆਪ ਸੁਣਾਏ ਆਪਣਾ ਗਾਣਾ, ਤਾਰ ਸਤਾਰ ਨਾ ਕੋਇ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕੱਲਾ ਖੇਲ ਖਿਲਾਈਆ । ਹਰਿ ਦਲੇਰ ਵਡ ਬੇਅੰਤ, ਮਹਿਮਾ ਅਕਥ ਕਥੀ ਨਾ ਜਾਈਆ । ਸੋ ਪੁਰਖ ਨਿਰੰਜਣ ਸਾਚੇ ਧਾਮ ਸੋਭਾਵੰਤ, ਹਰਿ ਪੁਰਖ ਨਿਰੰਜਣ ਸਚ ਸਿੰਘਾਸਣ ਆਪਣਾ ਆਸਣ ਲਾਈਆ । ਏਕੰਕਾਰਾ ਖੇਲ ਅਪਾਰਾ ਨਾਰੀ ਕੰਤ, ਨਰ ਨਰਾਇਣ ਵਡੀ ਵਡਿਆਈਆ । ਆਦਿ ਨਿਰੰਜਣ ਮਹਿਮਾ ਅਗਣਤ, ਅਲਖ ਅਗੋਚਰ ਬੇਪਰਵਾਹੀਆ । ਅਬਿਨਾਸ਼ੀ ਕਰਤਾ ਆਪ ਉਪਾਏ ਆਪਣਾ ਮੰਤ, ਨਿਸ਼ਅੱਖਰ ਨਾਉਂ ਧਰਾਈਆ । ਸ੍ਰੀ ਭਗਵਾਨ ਲੇਖਾ ਜਾਣੇ ਆਦਿ ਅੰਤ, ਮਧ ਆਪਣੀ ਖੇਲ ਖਿਲਾਈਆ । ਪਾਰਬ੍ਰਹਮ ਲੇਖਾ ਜਾਣੇ ਲੱਖ ਚੁਰਾਸੀ ਜੀਵ ਜੰਤ, ਜੋਤੀ ਜਾਤਾ ਪੁਰਖ ਬਿਧਾਤਾ ਜਾਗਰਤ ਜੋਤ ਜੋਤ ਰੁਸ਼ਨਾਈਆ । ਬੈਠਾ ਰਹੇ ਇਕ ਇਕਾਂਤਾ, ਅਕਲ ਕਲ ਆਪਣਾ ਨਾਉਂ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ ਆਪਣਾ ਬਲ ਆਪ ਉਪਜਾਈਆ । ਬਲ ਧਾਰ ਸ੍ਰੀ ਭਗਵਾਨਾ, ਆਪਣੀ ਖੇਲ ਆਪ ਖਿਲਾਇੰਦਾ । ਸਾਚੇ ਤਖ਼ਤ ਬੈਠ ਰਾਜ ਰਾਜਾਨਾ, ਤਖ਼ਤ ਨਿਵਾਸੀ ਸੋਭਾ ਪਾਇੰਦਾ । ਬੋਧ ਅਗਾਧੀ ਨਾਮ ਤਰਾਨਾ, ਧੁਰ ਫ਼ਰਮਾਨਾ ਆਪ ਅਲਾਇੰਦਾ । ਲੇਖਾ ਜਾਣੇ ਦੋ ਜਹਾਨਾ, ਰੂਪ ਅਨੂਪ ਆਪ ਵਟਾਇੰਦਾ । ਨਿਰਗੁਣ ਨਿਰਵੈਰ ਸਾਚਾ ਕਾਹਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਖਿਲਾਇੰਦਾ । ਸਾਚਾ ਕਾਹਨ ਹਰਿ ਨਿਰੰਕਾਰਾ, ਆਦਿ ਜੁਗਾਦਿ ਸਮਾਇੰਦਾ । ਵਸਣਹਾਰਾ ਧਾਮ ਨਿਆਰਾ, ਸਚਖੰਡ ਦਵਾਰੇ ਸੋਭਾ ਪਾਇੰਦਾ । ਜੋਤ ਨੂਰ ਨੂਰ ਉਜਿਆਰਾ, ਨੂਰ ਨੁਰਾਨਾ ਡਗਮਗਾਇੰਦਾ । ਸ਼ਬਦ ਨਾਦ ਨਾਦ ਧੁਨਕਾਰਾ, ਨਾਦੀ ਨਾਦ ਆਪ ਵਜਾਇੰਦਾ । ਕਰੇ ਖੇਲ ਅਗੰਮ ਅਪਾਰਾ, ਅਲਖ ਅਗੋਚਰ ਖੇਲ ਖਿਲਾਇੰਦਾ । ਕਰਨੀ ਕਿਰਤ ਕਰੇ ਕਰਤਾਰਾ, ਕਰਤਾ ਪੁਰਖ ਆਪਣਾ ਖੇਲ ਆਪ ਕਰਾਇੰਦਾ । ਸਾਚੇ ਧਾਮ ਹੋ ਉਜਿਆਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦਰ ਘਰ ਸਾਚਾ ਆਪ ਸੁਹਾਇੰਦਾ । ਦਰ ਘਰ ਸਾਚਾ ਦਰ ਸੁਹੰਜਣਾ, ਸੋਭਾਵੰਤ ਆਪ ਸੁਹਾਈਆ । ਪਰਗਟ ਹੋ ਆਦਿ ਨਿਰੰਜਣਾ, ਨਿਰਗੁਣ ਜੋਤ

ਕਰੇ ਰੁਸ਼ਨਾਈਆ । ਦਾਤਾ ਦਾਨੀ ਦਰਦ ਦੁੱਖ ਭੈ ਭੰਜਨਾ, ਆਪਣਾ ਦਰਦ ਆਪ ਵੰਡਾਈਆ । ਮਿਹਰਵਾਨ ਮਿਹਰਵਾਨ ਮਿਹਰਵਾਨ ਆਪਣਾ ਕਰੇ ਆਪੇ ਮਜਨਾ, ਸਰ ਸਰੋਵਰ ਆਪ ਸੁਹਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਆਪਣਾ ਪਰਦਾ ਆਪੇ ਕੱਜਣਾ, ਸਾਚੀ ਸੇਵਾ ਆਪਣੇ ਹੱਥ ਰਖਾਈਆ । ਪੁਰਖ ਅਕਾਲ ਨਾ ਘੜਿਆ ਨਾ ਭੱਜਣਾ, ਨਾ ਮਰੇ ਨਾ ਜਾਈਆ । ਸਚ ਨਗਾਰਾ ਸਚਖੰਡ ਦਵਾਰਾ ਏਕਾ ਵੱਜਣਾ, ਤਾਲ ਤਲਵਾੜਾ ਨਾ ਕੋਇ ਰਖਾਈਆ । ਥਿਰ ਘਰ ਵਾਸੀ ਥਿਰ ਦਰਬਾਰੇ ਬਹਿ ਬਹਿ ਸਜਣਾ, ਸਚ ਦਵਾਰਾ ਆਪ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਹਰਿ ਖੇਲ ਖਿਲਾਇੰਦਾ, ਸੋ ਪੁਰਖ ਨਿਰੰਜਣ ਵਡ ਮਿਹਰਵਾਨ । ਆਦਿ ਜੁਗਾਦਿ ਵੇਸ ਵਟਾਇੰਦਾ, ਹਰਿ ਪੁਰਖ ਨਿਰਜੰਣ ਨੌਜਵਾਨ । ਰੂਪ ਅਨੂਪ ਆਪ ਧਰਾਇੰਦਾ, ਏਕੰਕਾਰਾ ਜੋਧਾ ਸੂਰਬੀਰ ਬਲੀ ਬਲਵਾਨ । ਸ਼ਾਹੋ ਭੂਪ ਆਪ ਅਖਵਾਇੰਦਾ, ਆਦਿ ਨਿਰੰਜਣ ਰਾਜ ਰਾਜਾਨ । ਸਾਚੇ ਤਖ਼ਤ ਸੋਭਾ ਪਾਇੰਦਾ, ਅਬਿਨਾਸ਼ੀ ਕਰਤਾ ਵਡ ਦਾਤਾ ਦਾਨੀ ਕਰੇ ਦਾਨ । ਹੁਕਮੀ ਹੁਕਮ ਆਪ ਫਿਰਾਇੰਦਾ, ਪਾਰਬ੍ਰਹਮ ਪੁਰਖ ਸੁਲਤਾਨ । ਆਪਣੀ ਇਛਿਆ ਆਪ ਪਰਗਟਾਇੰਦਾ, ਥਿਰ ਘਰ ਬੈਠ ਸੱਚੇ ਮਕਾਨ । ਸਚ ਭੰਡਾਰਾ ਆਪ ਵਰਤਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸ੍ਰੀ ਭਗਵਾਨ । ਸਚ ਭੰਡਾਰ ਹਰਿ ਨਿਰੰਕਾਰਾ, ਨਿਰਗੁਣ ਨਿਰਗੁਣ ਆਪ ਵਰਤਾਈਆ । ਸਚਖੰਡ ਵਸੇ ਵਸਣਹਾਰਾ, ਥਿਰ ਘਰ ਆਪਣਾ ਚਰਨ ਟਿਕਾਈਆ । ਏਕਾ ਦੂਜਾ ਭੇਵ ਨਿਆਰਾ, ਨਿਰਭੌ ਆਪਣੀ ਖੇਲ ਖਿਲਾਈਆ । ਅਜੂਨੀ ਰਹਿਤ ਪੁਰਖ ਅਕਾਲਾ ਦੀਨ ਦਿਆਲਾ, ਅਪਰੰਪਰ ਆਪਣੀ ਰੀਤ ਚਲਾਈਆ । ਸ਼ਾਹੋ ਭੂਪ ਬਣ ਸਿਕਦਾਰਾ, ਰਾਜ ਰਾਜਾਨ ਆਪਣਾ ਆਸਣ ਆਪ ਵਡਿਆਈਆ । ਦਰ ਦਰਵੇਸ ਬਣ ਭਿਖਾਰਾ, ਸੀਸ ਜਗਦੀਸ ਆਪ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚੇ ਘਰ, ਸਚਖੰਡ ਦਵਾਰ ਵਡੀ ਵਡਿਆਈਆ । ਸਚਖੰਡ ਦਵਾਰਾ ਖੇਲ ਅਵੱਲਾ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਆਦਿ ਜੁਗਾਦੀ ਇਕ ਇਕੱਲਾ ਸੋ ਪੁਰਖ ਨਿਰੰਜਣ ਵੇਸ ਵਟਾਇੰਦਾ । ਵਸਣਹਾਰਾ ਨਿਹਚਲ ਧਾਮ ਅਟਲਾ, ਉਚ ਅਗੰਮ ਅਥਾਹ ਬੇਪਰਵਾਹ ਆਪਣੀ ਕਲ ਆਪ ਵਰਤਾਇੰਦਾ । ਆਪਣੀ ਜੋਤ ਆਪੇ ਬਲਾ, ਦੀਪਕ ਅਵਰ ਨਾ ਕੋਇ ਜਣਾਇੰਦਾ । ਆਪਣਾ ਸੰਦੇਸ ਆਪੇ ਘੱਲਾ, ਸ਼ਬਦੀ ਸ਼ਬਦ ਹੁਕਮ ਸੁਣਾਇੰਦਾ । ਸ਼ਬਦੀ ਜੋਤੀ ਆਪੇ ਰੱਲਾ, ਆਪ ਆਪਣਾ ਬੰਧਨ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਦਵਾਰਾ ਆਪ ਸੁਹਾਇੰਦਾ । ਸਚਖੰਡ ਦਵਾਰਾ ਸੋਭਾਵੰਤ, ਸੋ ਪੁਰਖ ਨਿਰੰਜਣ ਆਪ ਸੁਹਾਈਆ । ਆਦਿ ਜੁਗਾਦੀ ਮਹਿਮਾ ਅਗਣਤ, ਲੇਖਾ ਲਿਖਤ ਵਿਚ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਸਚ ਘਰ ਦਵਾਰੇ ਆਸਣ ਲਾਈਆ । ਸਚਖੰਡ ਦਵਾਰਾ ਖੇਲ ਅਪਾਰਾ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਆਦਿ ਆਦਿ ਹੋ ਉਜਿਆਰਾ, ਜੁਗਾਦਿ ਆਪਣਾ ਬੰਧਨ ਪਾਇੰਦਾ । ਜੋਤੀ ਜਾਤਾ ਖੇਲ ਨਿਆਰਾ, ਜਾਗਰਤ ਜੋਤ ਆਪ ਜਗਾਇੰਦਾ । ਸ਼ਬਦੀ ਸ਼ਬਦ ਸ਼ਬਦ ਕਰ ਉਜਿਆਰਾ, ਸੁਤ ਅਨਾਦੀ ਨਾਉਂ ਧਰਾਇੰਦਾ । ਏਕਾ ਵਸਤ ਦੇਵੇ ਹਰਿ ਥਾਰਾ, ਅਤੋਟ ਅਤੁਟ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੇ ਮੰਦਰ ਜੋਤ ਜਗਾਇੰਦਾ । ਸਾਚਾ ਮੰਦਰ ਪੁਰਖ ਅਕਾਲਾ, ਏਕਾ ਏਕ ਬਣਾਈਆ । ਸਚਖੰਡ ਦਵਾਰ ਸੱਚੀ ਧਰਮਸਾਲਾ, ਚਾਰ ਦੀਵਾਰ ਨਾ ਕੋਇ

ਵਖਾਈਆ । ਜੋਤੀ ਨੂਰ ਨੂਰ ਉਜਾਲਾ, ਦੀਵਾ ਬਾਤੀ ਨਾ ਕੋਇ ਟਿਕਾਈਆ । ਕਰੇ ਖੇਲ ਆਪ ਨਿਰਾਲਾ, ਨਿਰਗੁਣ ਆਪਣਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣਾ ਹੁਕਮ ਧੁਰ ਫ਼ਰਮਾਨਾ ਸਾਚਾ ਰਾਣਾ ਆਪ ਸੁਣਾਈਆ । ਸਾਚਾ ਰਾਣਾ ਏਕਾ ਸੁਤ ਉਠਾਏ ਵਡ ਬਲਵਾਨ, ਸ਼ਬਦੀ ਸ਼ਬਦੀ ਨਾਉਂ ਧਰਾਇੰਦਾ । ਆਦਿ ਜੁਗਾਦੀ ਵੇਖੇ ਆਣ, ਵੇਖਣਹਾਰਾ ਦਿਸ ਨਾ ਆਇੰਦਾ । ਹੁਕਮੀ ਹੁਕਮ ਪਾਏ ਆਣ, ਹੁਕਮੀ ਹੁਕਮ ਆਪ ਫਿਰਾਇੰਦਾ । ਏਕਾ ਦਾਤਾ ਦੇਵੇ ਦਾਨ, ਦਾਨੀ ਆਪਣੀ ਦਇਆ ਕਮਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰ ਪਰਧਾਨ, ਤ੍ਰੈ ਤ੍ਰੈ ਮੇਲਾ ਆਪ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਭੇਵ ਅਭੇਦਾ ਹਰਿ ਹਰਿ ਖੋਲ੍ਹ, ਸ਼ਬਦ ਸੁਤ ਦਏ ਵਡਿਆਈਆ । ਸਚ ਤਰਾਨਾ ਆਪੇ ਬੋਲ, ਤੁਰਯਾ ਰਾਗ ਆਪ ਸੁਣਾਈਆ । ਏਕਾ ਵਸਤ ਰੱਖੇ ਕੋਲ, ਦੇਵਣਹਾਰ ਆਪ ਹੋ ਜਾਈਆ । ਆਦਿ ਜੁਗਾਦਿ ਰਹੇ ਅਡੋਲ, ਅਡੁਲ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਡ ਦਲੇਰ ਹਰਿ ਹੋ ਜਾਈਆ । ਹਰਿ ਦਲੇਰ ਵਡ ਸ਼ਾਹ ਸੁਲਤਾਨਾ, ਸੋ ਪੁਰਖ ਨਿਰੰਜਣ ਨਾਉਂ ਧਰਾਇੰਦਾ । ਸ਼ਬਦ ਸੁਤ ਕਰ ਪਰਧਾਨਾ, ਨਿਰਗੁਣ ਨਿਰਗੁਣ ਖੇਲ ਖਿਲਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦੇਵੇ ਦਾਨਾ, ਵਸਤ ਅਮੋਲਕ ਝੋਲੀ ਪਾਇੰਦਾ । ਤ੍ਰੈ ਤ੍ਰੈ ਬੱਧਾ ਏਕਾ ਗਾਨਾ, ਤੰਦੀ ਤੰਦ ਨਾ ਕੋਇ ਵਖਾਇੰਦਾ । ਏਕਾ ਰਾਗ ਧੁਰ ਫ਼ਰਮਾਨਾ, ਧੁਰ ਦੀ ਬਾਣੀ ਆਪ ਸੁਣਾਇੰਦਾ । ਸਾਚਾ ਮੰਦਰ ਸਚ ਮਕਾਨਾ, ਸਚ ਨਿਸ਼ਾਨਾ ਇਕ ਰਖਾਇੰਦਾ । ਏਕਾ ਮਰਦ ਇਕ ਮਰਦਾਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣੀ ਖੇਲ ਆਪ ਖਿਲਾਇੰਦਾ । ਏਕਾ ਮਰਦ ਇਕ ਮਰਦਾਨਾ, ਇਕ ਇਕੱਲਾ ਬੇਪਰਵਾਹੀਆ । ਏਕਾ ਮੰਦਰ ਇਕ ਮਕਾਨਾ, ਏਕਾ ਆਸਣ ਰਿਹਾ ਸੁਹਾਈਆ । ਏਕਾ ਰਾਗ ਇਕ ਤਰਾਨਾ, ਏਕਾ ਸ਼ਬਦ ਨਾਦ ਵਜਾਈਆ । ਏਕਾ ਹੁਕਮ ਇਕ ਫ਼ਰਮਾਨਾ, ਏਕਾ ਏਕ ਰਿਹਾ ਸੁਣਾਈਆ । ਏਕਾ ਦਾਨੀ ਏਕਾ ਦਾਨਾ, ਦੇਵਣਹਾਰ ਇਕ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਤ ਅਮੋਲਕ ਆਪ ਵਰਤਾਈਆ । ਵਸਤ ਅਮੋਲਕ ਹਰਿ ਹਰਿ ਧਾਰ, ਹਰਿ ਸਾਚਾ ਆਪ ਵਰਤਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰਿਆ ਖ਼ਬਰਦਾਰ, ਧੁਰ ਫ਼ਰਮਾਨਾ ਆਪ ਸੁਣਾਇੰਦਾ । ਸ਼ਬਦੀ ਸ਼ਬਦ ਇਕ ਆਧਾਰ, ਨਾਤਾ ਬਿਧਾਤਾ ਜੋੜ ਜੁੜਾਇੰਦਾ । ਨਿਰਗੁਣ ਨਿਰਗੁਣ ਕਰੇ ਪਿਆਰ, ਨਿਰਗੁਣ ਨਿਰਵੈਰ ਆਪਣਾ ਰੰਗ ਵਖਾਇੰਦਾ । ਜੋਤੀ ਜੋਤ ਜੋਤ ਉਜਿਆਰ, ਨੂਰੋ ਨੂਰ ਨੂਰ ਧਰਾਇੰਦਾ । ਨਾ ਕੋਈ ਦੀਸੇ ਅਵਰ ਵਿਚਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਸੁਣਾਇੰਦਾ । ਆਪਣਾ ਹੁਕਮ ਹਰਿ ਨਿਰੰਕਾਰਾ, ਨਿਸ਼ਅੱਖਰ ਕਰੇ ਪੜ੍ਹਾਈਆ । ਕਾਗਦ ਕ਼ਲਮ ਨਾ ਲਿਖਣਹਾਰਾ, ਭੇਵ ਅਭੇਦ ਨਾ ਕੋਇ ਖੁਲ੍ਹਾਈਆ । ਆਦਿ ਪੁਰਖ ਹੋ ਉਜਿਆਰਾ, ਆਪਣੀ ਰਚਨਾ ਆਪ ਰਚਾਈਆ । ਸਾਚਾ ਸੁਤ ਸੁਤ ਦੁਲਾਰਾ, ਏਕਾ ਸ਼ਬਦ ਸ਼ਬਦ ਉਠਾਈਆ । ਸਚਖੰਡ ਦਵਾਰ ਲਗਾਇਆ ਇਕ ਅਖਾੜਾ, ਥਿਰ ਘਰ ਸਾਚੇ ਨਾਚ ਨਚਾਈਆ । ਆਪੇ ਵੇਖੇ ਵੇਖਣਹਾਰਾ, ਦੂਸਰ ਕੋਇ ਨਜ਼ਰ ਨਾ ਆਈਆ । ਕਰੇ ਖੇਲ ਅਗੰਮ ਅਪਾਰਾ, ਅਲਖ ਅਗੋਚਰ ਬੇਪਰਵਾਹੀਆ । ਨਾ ਪੁਰਖ ਨਾ ਦਿਸੇ ਨਾਰਾ, ਨਰ ਨਰਾਇਣ ਆਪਣਾ ਨਾਉਂ ਧਰਾਈਆ । ਵਿਸ਼ਨ ਸ਼ਿਵ ਦਏ ਹੁਲਾਰਾ, ਸ਼ਬਦ ਹੁਲਾਰਾ ਇਕ ਲਗਾਈਆ । ਜੋਤੀ

੯੯੫ ੧੦

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣਾ ਰੂਪ ਵਟਾਈਆ । ਆਪਣਾ ਰੂਪ ਧਰ ਨਿਆਰ, ਆਪਣੀ ਕਲ ਵਰਤਾਈਆ । ਸਾਚੇ ਮੰਦਰ ਹੋ ਤਿਆਰ, ਸੋਭਾਵੰਤ ਰਿਹਾ ਸੁਹਾਈਆ । ਥਿਰ ਘਰ ਆਪਣਾ ਖੋਲ੍ਹ ਕਿਵਾੜ, ਚਰਨ ਕਵਲ ਲਏ ਟਿਕਾਈਆ । ਸੁਤ ਦੁਲਾਰਾ ਲਏ ਬਹਾਲ, ਮਸਤਕ ਟਿੱਕਾ ਚਰਨ ਧੂੜ ਲਾਵੇ ਸਿਰ ਰੱਖੇ ਹੱਥ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਏਕਾ ਤੱਤ ਤੱਤ ਗਿਆਨ ਜਣਾਈਆ ।

ਆਪਣੀ ਰੱਖੇ ਉਤਮ ਜ਼ਾਤਿਆ, ਵਿਸ਼ਨ ਬ੍ਰਹਮਾ ਸ਼ਿਵ ਰਿਹਾ ਜਗਾਏ । ਕਰੇ ਖੇਲ ਅਬਿਨਾਸ਼ੀ ਅਚੁਤਿਆ, ਅਨਭਵ ਆਪਣਾ ਰੂਪ ਵਟਾਏ । ਆਲਸ ਨਿੰਦਰਾ ਵਿਚ ਕਦੇ ਨਾ ਸੁੱਤਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਮਾਰਗ ਆਪ ਦਸਾਏ । ਸਾਚਾ ਮਾਰਗ ਸਾਚਾ ਰਾਹ, ਹਰਿ ਸਾਚਾ ਸਚ ਜਣਾਈਆ । ਥਿਰ ਘਰ ਸਾਚੇ ਬਣ ਮਲਾਹ, ਸਾਚਾ ਬੇੜਾ ਆਪ ਚਲਾਈਆ । ਆਪ ਫੜਾਏ ਆਪਣੀ ਬਾਂਹ, ਪੱਲੂ ਪੱਲੂ ਨਾਲ ਬੰਧਾਈਆ । ਕਲਜੁਗ ਜਪਾਏ ਆਪਣਾ ਨਾਉਂ, ਨਿਸ਼ਅੱਖਰ ਕਰੇ ਪੜ੍ਹਾਈਆ । ਆਪੇ ਪਿਤਾ ਆਪੇ ਮਾਉਂ, ਆਪੇ ਬਾਲ ਲਏ ਉਪਜਾਈਆ । ਆਪੇ ਰੱਖੇ ਠੰਡੀ ਛਾਉਂ, ਸਮਰਥ ਸਿਰ ਆਪਣਾ ਹੱਥ ਟਿਕਾਈਆ । ਆਪੇ ਕਰੇ ਸਚ ਨਿਆਉਂ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਏਕਾ ਗੁਣ ਦਏ ਵਖਾਈਆ । ਏਕਾ ਗੁਣ ਗੁਣ ਨਿਧਾਨਾ, ਗੁਣਵੰਤਾ ਆਪ ਜਣਾਇੰਦਾ । ਏਕਾ ਮੰਦਰ ਇਕ ਮਕਾਨਾ, ਏਕਾ ਘਰ ਸੋਭਾ ਪਾਇੰਦਾ । ਏਕਾ ਵਖਾਏ ਸਚ ਨਿਸ਼ਾਨਾ, ਸਚਖੰਡ ਨਿਵਾਸਾ ਦਰ ਘਰ ਸਾਚੇ ਆਪ ਝੁਲਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਮੰਨਣੀ ਆਣਾ, ਅਭੁਲ ਭੁਲ ਕਦੇ ਨਾ ਜਾਇੰਦਾ । ਚਰਨ ਕਵਲ ਕਵਲ ਚਰਨ ਦੇਵੇ ਮਾਣਾ, ਗਿਆਨ ਧਿਆਨ ਇਕ ਦ੍ਰਿੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਤ੍ਰੈਗੁਣ ਅਤੀਤਾ ਠਾਂਡਾ ਸੀਤਾ, ਤ੍ਰੈ ਤ੍ਰੈ ਹੁਕਮ ਆਪ ਸੁਣਾਇੰਦਾ । ਤ੍ਰੈ ਤ੍ਰੈ ਹੁਕਮ ਹੁਕਮੀ ਧਾਰ, ਗੇੜਾ ਗੇੜੇ ਵਿਚ ਜਣਾਈਆ । ਕਰੇ ਖੇਲ ਹਰਿ ਨਿਰੰਕਾਰ, ਲੇਖਾ ਲੇਖ ਦਏ ਵਖਾਈਆ । ਵਿਸ਼ਨ ਤੇਰਾ ਵਿਸ਼ਵ ਆਧਾਰ, ਵਾਸਤਕ ਮੇਲਾ ਸਹਿਜ ਸੁਭਾਈਆ । ਬ੍ਰਹਮੇ ਤੇਰਾ ਬ੍ਰਹਮ ਆਧਾਰ, ਪਾਰਬ੍ਰਹਮ ਆਪਣੀ ਅੰਸ ਲਏ ਉਪਜਾਈਆ । ਸ਼ੰਕਰ ਤੇਰਾ ਸ਼ਸਤਰ ਨਿਆਰ, ਸ਼ਾਹ ਸੁਲਤਾਨਾ ਹੱਥ ਫੜਾਈਆ । ਤਿੰਨਾਂ ਵਿਚੋਲਾ ਬਣ ਕਰਤਾਰ, ਆਪਣੀ ਕੁਦਰਤ ਦਏ ਸਮਝਾਈਆ । ਸਾਚਾ ਢੋਲਾ ਗਾਇਆ ਏਕਾ ਵਾਰ, ਦੂਜੀ ਵਾਰ ਨਾ ਕਰੇ ਪੜ੍ਹਾਈਆ । ਲਿਖਣ ਪੜ੍ਹਨ ਤੋਂ ਵਸੇ ਬਾਹਰ, ਕਾਗਦ ਕ਼ਲਮ ਨਾ ਲਿਖੇ ਕੋਇ ਸ਼ਾਹੀਆ । ਪੁਰਖ ਅਬਿਨਾਸ਼ੀ ਸਚਖੰਡ ਬੈਠ ਸੱਚੇ ਦਰਬਾਰ, ਆਪਣਾ ਹੁਕਮ ਦਏ ਸੁਣਾਈਆ । ਆਦਿ ਜੁਗਾਦੀ ਹੋ ਤਿਆਰ, ਆਪਣੇ ਹੱਥ ਰੱਖੀ ਆਪਣੀ ਸ਼ਹਿਨਸ਼ਾਹੀਆ । ਸੂਰਜ ਚੰਨ ਨਾ ਕੋਇ ਉਜਿਆਰ, ਮੰਡਲ ਮੰਡਪ ਨਾ ਕੋਇ ਰਖਾਈਆ । ਗਗਨ ਮੰਡਲ ਨਾ ਕੋਇ ਸਹਾਰ, ਧਰਤ ਧਵਲ ਨਾ ਕੋਇ ਵਖਾਈਆ । ਜਲ ਜਲ ਬਿੰਬ ਨਾ ਦਿਸੇ ਕਿਨਾਰ, ਮਹੀਅਲ ਖੇਲ ਨਾ ਕੋਇ ਖਲਾਈਆ । ਚੌਦਾਂ ਲੋਕ ਨਾ ਕੋਇ ਅਖਾੜ, ਚੌਦਾਂ ਤਬਕ ਨਾ ਕੋਇ ਵਡਿਆਈਆ । ਪੰਜ ਤੱਤ ਨਾ ਕੋਇ ਆਕਾਰ, ਤ੍ਰੈਗੁਣ ਨਾਚ ਨਾ ਕੋਇ ਨਚਾਈਆ । ਕਰੇ ਖੇਲ

ਆਪ ਨਿਰੰਕਾਰ, ਆਦਿ ਪੁਰਖ ਬੇਪਰਵਾਹੀਆ । ਸਚਖੰਡ ਵਸੇ ਸੱਚੇ ਦਵਾਰ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਥਿਰ ਘਰ ਸਾਚੇ ਕਰ ਪਸਾਰ, ਸਚ ਪਸਾਰਾ ਲਏ ਧਰਾਈਆ । ਸ਼ਬਦੀ ਸ਼ਬਦ ਸ਼ਬਦ ਉਜਿਆਰ, ਬ੍ਰਹਮਾ ਵਿਸ਼ਨ ਸ਼ਿਵ ਕਰੇ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਏਕਾ ਤੱਤ ਤੱਤ ਗਿਆਨਾ, ਏਕਾ ਸ਼ਬਦ ਸ਼ਬਦ ਨਿਸ਼ਾਨਾ, ਏਕਾ ਰੂਪ ਸ੍ਰੀ ਭਗਵਾਨਾ, ਰੇਖ ਰੰਗ ਨਾ ਕੋਇ ਜਣਾਈਆ । ਸੁਣ ਵਿਸ਼ਨ ਉਠ ਕਰ ਧਿਆਨ, ਹਰਿ ਸਾਚਾ ਸਚ ਜਣਾਇੰਦਾ । ਮੇਰਾ ਨਾਉਂ ਤੇਰਾ ਦਾਨ, ਤੇਰਾ ਦਾਨ ਸਰਬ ਵਰਤਾਇੰਦਾ । ਉਠ ਬ੍ਰਹਮੇ ਬ੍ਰਹਮ ਕਰ ਪਰਵਾਨ, ਪਾਰਬ੍ਰਹਮ ਆਪਣੀ ਵੰਡ ਵੰਡਾਇੰਦਾ । ਏਕਾ ਰਾਗ ਸੁਣਾਏ ਕਾਨ, ਨਾਦੀ ਆਪਣਾ ਨਾਦ ਵਜਾਇੰਦਾ । ਉਠ ਸ਼ਿਵ ਮੰਗ ਚਰਨ ਧਿਆਨ, ਚਰਨ ਚਰਨੋਦਕ ਤੇਰੇ ਤਨ ਧੂੜੀ ਟਿੱਕਾ ਆਪ ਲਗਾਇੰਦਾ । ਏਕਾ ਦੇਵੇ ਧੁਰ ਫ਼ਰਮਾਨ, ਅਭੁਲ ਭੁਲ ਕਦੇ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਨਿਰਗੁਣ ਆਪਣਾ ਰੂਪ ਧਰਾਇੰਦਾ । ਸਾਚਾ ਖੇਲ ਕਰੇ ਕਰਤਾਰਾ, ਪਾਰਬ੍ਰਹਮ ਵਡੀ ਵਡਿਆਈਆ । ਵਿਸ਼ਨ ਬ੍ਰਹਮਾ ਸ਼ਿਵ ਕਰ ਪਸਾਰਾ, ਆਪੇ ਵੇਖੇ ਚਾਈਂ ਚਾਈਂਆ । ਨਿਰਗੁਣ ਨਿਰਗੁਣ ਦਏ ਆਧਾਰਾ, ਨਿਰਗੁਣ ਨਿਰਗੁਣ ਹੋਏ ਸਹਾਈਆ । ਸਰਗੁਣ ਰੂਪ ਹਰਿ ਕਰ ਪਸਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣਾ ਭੇਵ ਦਏ ਖੁਲ੍ਹਾਈਆ । ਸੋ ਪੁਰਖ ਨਿਰੰਜਣ ਨਿਰਗੁਣ ਧਾਰ, ਆਦਿ ਪੁਰਖ ਸਮਝਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਤੇਰਾ ਪਸਾਰ, ਸਰਗੁਣ ਆਪਣਾ ਬੰਧਨ ਪਾਇੰਦਾ । ਆਪਣਾ ਨਾਉਂ ਰੱਖੇ ਨਿਰੰਕਾਰ, ਨਾਉਂ ਨਿਰੰਕਾਰਾ ਵੇਖ ਵਖਾਇੰਦਾ । ਨਿਰਗੁਣ ਸਰਗੁਣ ਕਰੇ ਪਿਆਰ, ਪ੍ਰੇਮ ਪਿਆਰ ਆਪ ਕਮਾਇੰਦਾ । ਸੋਹੰ ਆਪਣੀ ਕਰੇ ਕਾਰ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਦੋਏ ਦੋਏ ਲੇਖਾ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਿਸ਼ਨ ਬ੍ਰਹਮਾ ਸ਼ਿਵ ਆਪ ਪੜ੍ਹਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਨਿਸ਼ਅੱਖਰ ਪੜ੍ਹਨਾ, ਹਰਿ ਸਾਚਾ ਸਚ ਜਣਾਇੰਦਾ । ਸਚ ਦਵਾਰੇ ਸਦਾ ਸਦ ਵੜਨਾ, ਸਾਚਾ ਮਾਰਗ ਇਕ ਵਖਾਇੰਦਾ । ਨਾ ਜੀਣਾ ਨਾ ਕਦੇ ਮਰਨਾ, ਜੀਵਣ ਮਰਨ ਪਾਰਬ੍ਰਹਮ ਪ੍ਰਭ ਆਪਣੇ ਹੱਥ ਵਖਾਇੰਦਾ । ਸਾਚੀ ਤਰਨੀ ਆਪੇ ਤਰਨਾ, ਸਾਚੀ ਸਿਖਿਆ ਇਕ ਸਮਝਾਇੰਦਾ । ਨਿਰਭੌ ਹੋਏ ਕਦੇ ਨਾ ਡਰਨਾ, ਭੈ ਆਪਣਾ ਇਕ ਵਖਾਇੰਦਾ । ਮੇਰਾ ਭਾਣਾ ਸਦਾ ਸਿਰ ਜਰਨਾ, ਦੂਸਰ ਅਵਰ ਨਾ ਕੋਇ ਜਣਾਇੰਦਾ । ਲੱਖ ਚੁਰਾਸੀ ਘਾੜਨ ਘੜਨਾ, ਘੜ ਭਾਂਡੇ ਆਪ ਸਮਝਾਇੰਦਾ । ਤ੍ਰੈਗੁਣ ਨਾਤਾ ਤੇਰਾ ਵਰਨਾ, ਤ੍ਰੈ ਤ੍ਰੈ ਮੇਲਾ ਆਪ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਵਸਤ ਅਮੋਲਕ ਝੋਲੀ ਪਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਸੁਣ ਸੰਦੇਸਾ, ਦੋਏ ਜੋੜ ਚਰਨ ਨਿਮਸਕਾਰਿਆ । ਪਾਰਬ੍ਰਹਮ ਤੋਹੇ ਸਦਾ ਆਦੇਸਾ, ਹਉਂ ਬਲ ਬਲ ਬਲਹਾਰਿਆ । ਤੇਰਾ ਦਰਸ ਏਕਾ ਵਾਰ ਵੇਖਾ, ਭੁਲ ਨਾ ਜਾਣਾ ਅਗੰਮ ਅਪਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਉਂ ਆਏ ਦਰ ਭਿਖਾਰਿਆ । ਦਰ ਦਵਾਰ ਬਣ ਭਿਖਾਰੀ, ਵਿਸ਼ਨ ਬ੍ਰਹਮਾ ਸ਼ਿਵ ਮੰਗ ਮੰਗਾਈਆ । ਕਰ ਕਿਰਪਾ ਏਕਾ ਵਾਰੀ, ਤੋਟ ਰਹੇ ਨਾ ਰਾਈਆ । ਤੇਰੇ ਦਰ ਵੇਖੀਏ ਤੇਰੀ ਸੱਚੀ ਸਿਕਦਾਰੀ, ਸ਼ਾਹ ਪਾਤਸ਼ਾਹ ਸੱਚੇ ਸ਼ਹਿਨਸ਼ਾਹੀਆ । ਤੇਰੀ ਕਿਰਪਾ ਲੱਖ ਚੁਰਾਸੀ ਕਰ ਕਰ ਉਸਾਰੀ, ਘੜ ਘੜ ਭਾਂਡੇ ਲਏ ਬਣਾਈਆ । ਤੂ ਹੀ ਪੁਰਖ ਤੂ ਹੀ ਨਾਰੀ, ਤੇਰੀ ਕ਼ੁਦਰਤ ਤੇਰੀ ਗੋਦ

ਬਹਾਈਆ । ਹਉਂ ਸੇਵਕ ਤੇਰੇ ਸੇਵਾਦਾਰੀ, ਸਾਚੀ ਸੇਵ ਦਰ ਤੇਰੇ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਵੇਲਾ ਹੋਏ ਸਹਾਈਆ । ਵਿਸ਼ਨ ਬ੍ਰਹਮਾ ਸ਼ਿਵ ਮੰਗੀ ਮੰਗ, ਨਿਰਗੁਣ ਅੱਗੇ ਝੋਲੀ ਡਾਹ । ਤੂੰ ਸਾਹਿਬ ਸੁਲਤਾਨ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹ । ਤੇਰੀ ਸੇਜਾ ਵੇਖੀ ਇਕ ਪਲੰਘ, ਸਚਖੰਡ ਦਵਾਰੇ ਬੈਠਾ ਡਾਹ । ਅੱਠੇ ਪਹਿਰ ਵੱਜੇ ਮਰਦੰਗ, ਸ਼ਬਦ ਅਨਾਦੀ ਰਿਹਾ ਗਾ । ਕੋਈ ਨਾ ਸਕੇ ਅੱਗੇ ਲੰਘ, ਅਸੀਂ ਦਰ ਤੇ ਬੈਠੇ ਸੀਸ ਝੁਕਾ । ਤੇਰਾ ਦਰਸ ਪਰਮਾਨੰਦ, ਪਰਮ ਪੁਰਖ ਬੇਪਰਵਾਹ । ਸਾਡੀ ਨੰਗੀ ਨਾ ਹੋਵੇ ਕੰਡ, ਸਿਰ ਰੱਖਣਾ ਹੱਥ ਟਿੱਕਾ । ਇਕ ਸੁਣੌਣਾ ਸੁਹਾਗੀ ਛੰਦ, ਆਦਿ ਜੁਗਾਦਿ ਲਈਏ ਗਾ । ਪੁਰਖ ਅਬਿਨਾਸ਼ੀ ਸਦਾ ਬਖ਼ਸ਼ੰਦ, ਦੀਨਨ ਦਇਆ ਦਏ ਕਮਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮਾ ਸ਼ਿਵ ਲਏ ਪੜ੍ਹਾ । ਵਿਸ਼ਨ ਬ੍ਰਹਮਾ ਸ਼ਿਵ ਹਰਿ ਪੜ੍ਹਾਏ, ਆਦਿ ਪੁਰਖ ਵਡੀ ਵਡਿਆਈਆ । ਨਿਰਗੁਣ ਸਰਗੁਣ ਢੋਲਾ ਏਕਾ ਗਾਏ, ਆਪ ਆਪਣਾ ਆਪ ਅਲਾਈਆ । ਆਪਣਾ ਚੋਲਾ ਆਪ ਬਦਲਾਏ, ਨਿਰਾਕਾਰ ਸਾਕਾਰ ਰੂਪ ਹੋ ਜਾਈਆ । ਆਪਣਾ ਪਰਦਾ ਉਹਲਾ ਆਪ ਉਠਾਏ, ਨਿਰਗੁਣ ਜੋਤ ਕਰ ਰੁਸ਼ਨਾਈਆ । ਸਾਚਾ ਤੋਲਾ ਤੋਲ ਇਕ ਤੁਲਾਏ, ਏਕਾ ਕੰਡਾ ਹੱਥ ਉਠਾਈਆ । ਧੁਰ ਦਾ ਗੋਲਾ ਸੇਵ ਕਮਾਏ, ਸੇਵਾਦਾਰ ਬਣੇ ਸਾਚਾ ਮਾਹੀਆ । ਸ਼ਬਦ ਵਿਚੋਲਾ ਇਕ ਰਖਾਏ, ਨਾ ਮਰੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਬ੍ਰਹਮਾ ਵਿਸ਼ਨ ਸ਼ਿਵ ਬੈਠੇ ਸੀਸ ਝੁਕਾਈਆ । ਪੁਰਖ ਅਬਿਨਾਸ਼ੀ ਦਇਆ ਕਮਾ, ਦੀਨਨ ਆਪਣੀ ਗੋਦ ਬਹਾਇੰਦਾ । ਸਮਰਥ ਪੁਰਖ ਸਾਚੀ ਸਿਖਿਆ ਇਕ ਸਮਝਾ, ਸਾਖਿਆਤ ਰੂਪ ਵਟਾਇੰਦਾ । ਹਰਖ ਸੋਗ ਸਰਬ ਮਿਟਾ, ਏਕਾ ਜੋਗ ਨਾਮ ਸਿਖਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡ ਖੰਡ ਰਚਨ ਰਚਾ, ਜੇਰਜ ਅੰਡ ਉਤਭੁਜ ਸੇਤਜ ਵਸਤ ਅਮੋਲਕ ਝੋਲੀ ਪਾਇੰਦਾ । ਤ੍ਰੈਗੁਣ ਮੇਲਾ ਸਹਿਜ ਸੁਭਾ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਜੋੜ ਜੁੜਾ, ਪੰਜ ਦੱਸ ਰੰਗ ਰੰਗਾਇੰਦਾ । ਰਵ ਸਸ ਕਰ ਰੁਸ਼ਨਾ, ਜੋਤੀ ਕਿਰਨ ਦਏ ਟਿਕਾ, ਕਿਰਨ ਕਿਰਨ ਆਪ ਪਰਗਟਾਇੰਦਾ । ਮੰਡਲ ਮੰਡਪ ਪਲਕ ਵਖਾ, ਖ਼ਾਲਕ ਖ਼ਲਕ ਲਏ ਉਪਾ, ਖ਼ਲਕ ਆਪਣਾ ਰੂਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣੀ ਰਚਨਾ ਆਪ ਸਮਝਾਇੰਦਾ । ਆਪਣੀ ਰਚਨਾ ਹਰਿ ਸਮਝਾਏ, ਵਿਸ਼ਨ ਭੁਲ ਕਦੇ ਨਾ ਜਾਈਆ । ਬ੍ਰਹਮਾ ਤੇਰੀ ਗੋਦ ਸੁਹਾਏ, ਬ੍ਰਹਮ ਪੂਤ ਸਪੂਤਾ ਜਾਈਆ । ਸ਼ੰਕਰ ਤੇਰੀ ਸੇਵ ਲਗਾਏ, ਜੋ ਘੜਿਆ ਭੰਨ ਵਖਾਈਆ । ਤਿੰਨਾਂ ਵਿਚੋਲਾ ਆਪ ਹੋ ਜਾਏ, ਆਦਿ ਜੁਗਾਦਿ ਸੱਚਾ ਸ਼ਹਿਨਸ਼ਾਹੀਆ । ਨਿਰਗੁਣ ਸਰਗੁਣ ਖੇਲ ਖਿਲਾਏ, ਸਰਗੁਣ ਨਿਰਗੁਣ ਵੇਖ ਵਖਾਈਆ । ਆਦਿ ਆਦਿ ਢੋਲਾ ਸਰਬ ਗਾਏ, ਏਕਾ ਏਕ ਕਰੇ ਪੜ੍ਹਾਈਆ । ਸੋਹੰ ਰੂਪ ਪਾਏ ਥਾਏਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਏ । ਸੋਹੰ ਢੋਲਾ ਸਾਚਾ ਗੌਣਾ, ਆਦਿ ਪੁਰਖ ਸਮਝਾਇਆ । ਵਿਸ਼ਨ ਬ੍ਰਹਮਾ ਸ਼ਿਵ ਏਕਾ ਰੰਗ ਰੰਗੌਣਾ, ਰੰਗ ਉਤਰ ਕਦੇ ਨਾ ਜਾਇਆ । ਲੱਖ ਚੁਰਾਸੀ ਸੇਵ ਕਮੌਣਾ, ਪੰਜ ਤੱਤ ਵੇਖੇ ਥਾਉਂ ਥਾਇਆ । ਜੇਰਜ ਅੰਡਜ ਉਤਭੁਜ ਸੇਤਜ ਬੰਧਨ ਪੌਣਾ, ਬੰਦੀ ਬੰਦ ਆਪ ਰਖਾਇਆ । ਚਾਰੇ ਖਾਣੀ ਨਾਦ ਵਜੌਣਾ, ਚਾਰੇ ਬਾਣੀ ਬਾਣ ਲਗਾਇਆ । ਪਰਾ ਪਸੰਤੀ ਰੂਪ ਵਟੌਣਾ, ਮਧਮ ਬੈਖਰੀ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣੀ ਰਚਨਾ

ਦਏ ਸਮਝਾਇਆ । ਸੋਹੰ ਢੋਲਾ ਰਸਨਾ ਗਾ, ਏਕਾ ਤੱਤ ਜਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਸਮਝਾ, ਸਮਝ ਸਮਝ ਵਿਚ ਟਿਕਾਇੰਦਾ । ਲੱਖ ਚੁਰਾਸੀ ਘਾੜਤ ਲੈਣਾ ਘੜਾ, ਘੜਨ ਭੰਨਣਹਾਰ ਆਪਣਾ ਹੁਕਮ ਵਰਤਾਇੰਦਾ । ਘਟ ਘਟ ਅੰਦਰ ਆਪਣਾ ਆਸਣ ਦੇਣਾ ਲਾ, ਬ੍ਰਹਮ ਪਾਰਬ੍ਰਹਮ ਸਮਝਾਇੰਦਾ । ਏਕਾ ਵਸਤ ਮੰਗਣੀ ਆ, ਵਸਤ ਅਮੋਲਕ ਇਕ ਸਮਝਾਇੰਦਾ । ਆਦਿ ਨਿਰੰਜਣ ਨਿਰਗੁਣ ਜੋਤ ਨਿਰੰਜਣ ਝੋਲੀ ਦੇਵੇ ਪਾ, ਘਰ ਘਰ ਵਿਚ ਆਪ ਰਖਾਇੰਦਾ । ਆਪਣਾ ਨਾਦ ਦਏ ਸੁਣਾ, ਘਟ ਘਟ ਨਾਦ ਆਪ ਵਜਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਭੁਲ ਨਾ ਜਾ, ਅਭੁਲ ਗੁਣ ਇਕ ਵਖਾਇੰਦਾ । ਸੋਹੰ ਢੋਲਾ ਏਕਾ ਗਾ, ਆਦਿ ਜੁਗਾਦਿ ਆਪਣਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਦਿ ਆਦਿ ਆਪਣਾ ਮਾਰਗ ਆਪੇ ਪਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਸੁਣਿਆ ਲਾ ਲਾ ਕੰਨ, ਦਰ ਦਰਵੇਸ਼ ਸੀਸ ਝੁਕਾਇਆ । ਤੂੰ ਸਾਹਿਬ ਬੇੜਾ ਦੇਣਾ ਬੰਨ੍ਹ, ਸਿਰ ਸਮਰਥ ਹੱਥ ਰਖਾਇਆ । ਆਦਿ ਜੁਗਾਦਿ ਕਹੀਏ ਧੰਨ ਧੰਨ, ਧੰਨ ਤੇਰੀ ਵਡਿਆਇਆ । ਤੂੰ ਵਸੇਂ ਬਿਨ ਛੱਪਰ ਛੰਨ, ਤੇਰਾ ਮੰਦਰ ਕਿਸੇ ਨਾ ਪਾਇਆ । ਤੂੰ ਜਨਨੀ ਤੂੰ ਸਾਚਾ ਜਨ, ਜਨ ਜਣੇਂਦੀ ਤੂੰ ਹੀ ਮਾਇਆ । ਤੂੰ ਘੜੇ ਤੂੰ ਲਏਂ ਭੰਨ, ਘੜਨ ਭੰਨਣਹਾਰ ਪੁਰਖ ਸਮਰਥ ਅਖਵਾਇਆ । ਤੂੰ ਆਦਿ ਜੁਗਾਦਿ ਦੇਵੇਂ ਡੰਨ, ਲੇਖਾ ਆਪਣੇ ਹੱਥ ਰਖਾਇਆ । ਹਉਂ ਤੁਧ ਬਿਨ ਹੋਏ ਅੰਨ੍ਹ, ਨੇਤਰ ਨੈਣ ਨਾ ਕੋਇ ਖੁਲ੍ਹਾਇਆ । ਤੇਰਾ ਪਰਕਾਸ਼ ਸਾਚਾ ਚੰਨ, ਅਨਭਵ ਤੇਰਾ ਰੂਪ ਸਮਾਇਆ । ਹਉਂ ਤੇਰਾ ਕਹਿਣਾ ਲਈਏ ਮੰਨ, ਭੁਲ ਕਦੇ ਨਾ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਿਰ ਸਮਰਥ ਹੱਥ ਰਖਾਇਆ । ਹਉਂ ਮੰਗਣ ਆਏ ਦਰ ਦਰਵੇਸ਼, ਕਿਰਪਾ ਨਿਧ ਗੁਣ ਨਿਧਾਨਾ । ਇਕ ਵੇਰ ਨੇਤਰ ਫੇਰ ਹਰਿ ਜੂ ਵੇਖ, ਹਉਂ ਤੇਰੇ ਬਾਲ ਨਾਦਾਨਾ । ਸਾਡੀ ਆਪਣੀ ਹੱਥੀਂ ਲਿਖ ਰੇਖ, ਨਾ ਮੇਟੇ ਕੋਇ ਨਿਸ਼ਾਨਾ । ਆਦਿ ਜੁਗਾਦਿ ਤੇਰਾ ਦਰਸਨ ਲਈਏ ਪੇਖ, ਮੇਰੇ ਸ਼ਾਹ ਪਾਤਸ਼ਾਹ ਸ੍ਰੀ ਭਗਵਾਨਾ । ਤੂੰ ਰੱਖੀਂ ਸਾਇਆ ਹੇਠ, ਤੇਰਾ ਝੁਲਦਾ ਰਹੇ ਨਿਸ਼ਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਬਖ਼ਸ਼ਿਸ਼ ਕਰੀਂ ਸਾਚਾ ਦਾਨਾ । ਹਰਿ ਦਾਤਾ ਦਾਨੀ ਦਾਨ ਵੰਡਦਾ, ਗੁਣਵੰਤਾ ਬੇਪਰਵਾਹ । ਲੇਖਾ ਜਾਣੇ ਆਦਿ ਅੰਤ ਦਾ, ਬੇਅੰਤ ਆਪਣੀ ਖੇਲ ਖਿਲਾ । ਲੇਖਾ ਜਾਣੇ ਨਾਰੀ ਕੰਤ ਦਾ, ਨਰ ਨਰਾਇਣ ਹਰਿ ਰੂਪ ਵਟਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਦਏ ਖੁਲ੍ਹਾ । ਹਰਿ ਹਰਿ ਭੇਵ ਖੁਲ੍ਹਾਇੰਦਾ, ਅਗੰਮ ਅਗੰਮੜਾ ਬੋਲ । ਵਿਸ਼ਨ ਬ੍ਰਹਮਾ ਸ਼ਿਵ ਤੇਰੀ ਸੇਵ ਲਗਾਇੰਦਾ, ਆਦਿ ਜੁਗਾਦਿ ਰਹੇ ਅਡੋਲ । ਹੁਕਮੀ ਹੁਕਮ ਸਰਬ ਫਿਰਾਇੰਦਾ, ਤੋਲਣਹਾਰਾ ਸਾਚਾ ਤੋਲ । ਨੌਂ ਸੌ ਚੁਰਾਨਵੇ ਚੌਕੜੀ ਜੁਗ ਗੇੜਾ ਇਕ ਵਖਾਇੰਦਾ, ਨਾ ਰਹਿਣਾ ਮਾਤ ਅਨਭੋਲ । ਚਾਰ ਜੁਗ ਦਾ ਬੰਧਨ ਪਾਇੰਦਾ, ਜਗਤ ਭੰਡਾਰਾ ਦੇਵੇ ਖੋਲ੍ਹ । ਲੱਖ ਚੁਰਾਸੀ ਆਪ ਵਰਤਾਇੰਦਾ, ਸਾਚੀ ਵਸਤ ਰੱਖੇ ਕੋਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰ ਘਟ ਅੰਦਰ ਜਾਏ ਮੌਲ । ਹਰ ਘਟ ਅੰਦਰ ਵਸਣਾ, ਨਿਰਗੁਣ ਸਰਗੁਣ ਮੇਲ ਮਿਲਾ । ਪੰਜ ਤੱਤ ਅੰਦਰ ਬਹਿ ਬਹਿ ਹੱਸਣਾ, ਜੋਤੀ ਜੋਤ ਕਰ ਰੁਸ਼ਨਾ । ਸ਼ਬਦ ਨਿਰਾਲਾ ਤੀਰ ਕਸਣਾ, ਬਾਣ ਅਗੰਮਾ ਦਏ ਲਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਦਏ ਸਮਝਾ । ਹਰਿ ਲੇਖਾ ਅਪਰ ਅਪਾਰ, ਪਾਰਬ੍ਰਹਮ ਜਣਾਈਆ । ਨੌਂ ਸੌ ਚੁਰਾਨਵੇਂ ਚੌਕੜੀ

੮੯੯ ੧੦

ਜੁਗ ਆਵੇ ਵਾਰੋ ਵਾਰ, ਲੋਕਮਾਤ ਵੱਜੇ ਵਧਾਈਆ । ਵਿਸ਼ਨ ਬ੍ਰਹਮਾ ਸ਼ਿਵ ਰਹਿਣਾ ਖ਼ਬਰਦਾਰ, ਪੁਰਖ ਅਬਿਨਾਸ਼ੀ ਰਿਹਾ ਉਠਾਈਆ । ਤ੍ਰੈਗੁਣ ਬੰਧਨ ਪਾਏ ਸੰਸਾਰ, ਪੰਜ ਤੱਤ ਮੇਲਾ ਦਏ ਮਿਲਾਈਆ । ਨਿਰਗੁਣ ਸਰਗੁਣ ਕਰ ਪਸਾਰ, ਚਾਰੇ ਖਾਣੀ ਵੇਖ ਵਖਾਈਆ । ਚਾਰੇ ਬਾਣੀ ਦਏ ਭੰਡਾਰ, ਚਾਰ ਜੁਗ ਕਰੇ ਕੁੜਮਾਈਆ । ਚਾਰੋਂ ਕੁੰਟ ਬੋਲ ਜੈਕਾਰ, ਦਹਿ ਦਿਸ਼ਾ ਦਏ ਸੁਣਾਈਆ । ਨਿਰਗੁਣ ਸਰਗੁਣ ਦਏ ਆਧਾਰ, ਜੋਤੀ ਜੋਤ ਜੋਤ ਰੁਸ਼ਨਾਈਆ । ਕਰੇ ਖੇਲ ਬ੍ਰਹਿਮੰਡ ਖੰਡ, ਵਰਭੰਡ ਹੋ ਤਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭਾਣਾ ਆਪਣੇ ਹੱਥ ਰਖਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਵੰਡਣ ਵੰਡ, ਹਰਿ ਸਾਚਾ ਸਚ ਜਣਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਰੇ ਖੰਡ ਖੰਡ, ਖੰਡਾ ਆਪਣੇ ਹੱਥ ਚਮਕਾਇੰਦਾ । ਕਲਜੁਗ ਔਧ ਜਾਏ ਹੰਢ, ਜੁਗ ਚੌਕੜੀ ਪੰਧ ਮੁਕਾਇੰਦਾ । ਨੌਂ ਸੌ ਚੁਰਾਨਵੇਂ ਚੌਕੜੀ ਵੇਖੇ ਆਪਣਾ ਧੰਦ, ਸਾਚੇ ਧੰਦੇ ਤੇਹੇ ਲਾਇੰਦਾ । ਜੁਗਾ ਜੁਗੰਤਰ ਸੁਣਾਏ ਏਕਾ ਛੰਦ, ਨਾਮ ਨਾਮਾ ਆਪ ਪਰਗਟਾਇੰਦਾ । ਆਪੇ ਵਸੇ ਉਹਲੇ ਅੰਧੇਰੀ ਕੰਧ, ਪਰਦਾ ਮਾਤ ਨਾ ਕੋਇ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੌਂ ਸੌ ਚੁਰਾਨਵੇਂ ਚੌਕੜੀ ਯੁਗ, ਨਵ ਨੌਂ ਚਾਰ ਹੁਕਮ ਵਰਤਾਇੰਦਾ । ਨਵ ਨੌਂ ਚਾਰ ਵਰਤਣਾ ਭਾਣਾ, ਜੁਗ ਜੁਗ ਹਰਿ ਹਰਿ ਖੇਲ ਖਿਲਾਈਆ । ਕਰੇ ਖੇਲ ਸ੍ਰੀ ਭਗਵਾਨਾ, ਭੇਵ ਅਭੇਦਾ ਭੇਵ ਛੁਪਾਈਆ । ਲੋਕਮਾਤ ਹੋਏ ਪਰਧਾਨਾ, ਨਿਰਗੁਣ ਸਰਗੁਣ ਰੂਪ ਧਰਾਈਆ । ਗੁਰ ਅਵਤਾਰ ਦਏ ਪਰਵਾਨਾ, ਧੁਰ ਸੰਦੇਸਾ ਸ਼ਬਦ ਸੁਣਾਈਆ । ਸਾਚੇ ਸੰਤਾਂ ਬੰਨ੍ਹੇ ਗਾਨਾ, ਹਰਿ ਨਾਮੇ ਸਗਨ ਮਨਾਈਆ । ਭਗਤਾਂ ਦੇਵੇ ਏਕਾ ਦਾਨਾ, ਆਤਮ ਪਰਮਾਤਮ ਝੋਲੀ ਪਾਈਆ । ਗੁਰਮੁਖਾਂ ਵਖਾਏ ਇਕ ਨਿਸ਼ਾਨਾ, ਸਚਖੰਡ ਦਵਾਰ ਰਿਹਾ ਝੁਲਾਈਆ । ਗੁਰਸਿਖਾਂ ਬਖ਼ਸ਼ੇ ਚਰਨ ਧਿਆਨਾ, ਨੇਤਰ ਨੈਣ ਨੈਣ ਖੁਲ੍ਹਾਈਆ । ਸ਼ਬਦ ਸੁਣਾਏ ਸਾਚਾ ਗਾਣਾ, ਬੋਧ ਅਗਾਧ ਪੜ੍ਹਾਈਆ । ਜੁਗ ਜੁਗ ਕਰੇ ਖੇਲ ਮਹਾਨਾ, ਜੁਗ ਕਰਤਾ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮਾ ਸ਼ਿਵ ਸਾਚੀ ਸੇਵ ਲਗਾਈਆ । ਜੁਗ ਚੌਕੜੀ ਖੇਲ ਕਰੌਣਾ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਚਾਰੋਂ ਕੁੰਟ ਵੇਖ ਵਖੌਣਾ, ਦਹਿ ਦਿਸ਼ਾ ਰੂਪ ਧਰਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਗਗਨ ਪਾਤਾਲਾਂ ਫੇਰਾ ਪੌਣਾ, ਰੂਪ ਰੰਗ ਨਾ ਕੋਇ ਵਖਾਇੰਦਾ । ਪ੍ਰਿਥਮੀ ਆਕਾਸ਼ ਡੰਕ ਵਜੌਣਾ, ਸ਼ਾਹੋ ਸ਼ਾਬਾਸ਼ੀ ਆਪਣਾ ਹੁਕਮ ਆਪ ਜਣਾਇੰਦਾ । ਨਿਰਗੁਣ ਸਰਗੁਣ ਅੰਦਰ ਵਾਸ ਰਖੌਣਾ, ਵਾਸ ਨਿਵਾਸਾ ਆਪ ਹੋ ਜਾਇੰਦਾ । ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਪਰਬਤ ਆਸਣ ਲੌਣਾ, ਸਮੁੰਦ ਸਾਗਰ ਸੋਭਾ ਪਾਇੰਦਾ । ਗੁਰ ਅਵਤਾਰ ਨਾਉਂ ਧਰੌਣਾ, ਸਤਿ ਸਰੂਪ ਅਨੂਪ ਸਮਝਾਇੰਦਾ । ਭਗਤ ਭਗਵੰਤ ਮੇਲ ਮਿਲੌਣਾ, ਸੰਤ ਕੰਤ ਗੋਦ ਬਹੌਣਾ, ਗੁਰਮੁਖ ਆਪਣੇ ਦਰ ਸੁਹਾਇੰਦਾ । ਗੁਰਸਿਖ ਸਾਚੇ ਸਚ ਦ੍ਰਿੜੌਣਾ, ਨੇਤਰ ਨੈਣ ਇਕ ਖੁਲੌਣਾ, ਸ਼ਬਦ ਅਨਾਦੀ ਇਕ ਵਜੌਣਾ, ਅਨਹਦ ਆਪਣਾ ਰਾਗ ਸੁਣਾਇੰਦਾ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਪਾਰ ਕਰੌਣਾ, ਚਾਰ ਜੁਗ ਤੇਈ ਅਵਤਾਰ ਸੇਵਾ ਲੌਣਾ, ਅਠਾਰਾਂ ਭਗਤ ਜੋਤ ਜਗੌਣਾ, ਦਸ ਗੁਰ ਸੰਗ ਰਖੌਣਾ, ਈਸਾ ਮੂਸਾ ਬੰਧਨ ਪੌਣਾ, ਚਾਰ ਯਾਰ ਸੰਗ ਮੁਹੰਮਦ ਅੱਲਾ ਰਾਣੀ ਖੇਲ ਖਿਲਾਈਆ । ਧੁਰ ਫ਼ਰਮਾਨਾ ਇਕ ਪੜ੍ਹੌਣਾ, ਰਾਮ ਨਾਮ ਆਪੇ ਗੌਣਾ, ਮੋਰ ਮੁਕਟ ਸੀਸ ਟਿਕੌਣਾ, ਹੂ ਹੂ ਨਾਅਰਾ ਆਪੇ ਲੌਣਾ, ਸਯਦਾ ਸੀਸ ਆਪ ਝੁਕੌਣਾ, ਨਾਮ ਸਤਿ ਆਪੇ ਗੌਣਾ, ਵਾਹਿਗੁਰੂ ਫ਼ਤਹਿ ਆਪ ਗਜਾਈਆ । ਚਾਰੇ ਖਾਣੀ ਪਰਦਾ ਲੌਹਣਾ, ਚਾਰੇ

੯੦੦
੧੦

ਬਾਣੀ ਭੇਵ ਚੁਕੌਣਾ, ਚਾਰੇ ਵੇਦਾਂ ਪੰਧ ਮੁਕੌਣਾ, ਅਠਾਰਾਂ ਪੁਰਾਣ ਭੇਵ ਖੁਲੌਣਾ, ਗੀਤਾ ਗਿਆਨ ਇਕ ਦ੍ਰਿੜੌਣਾ, ਅੰਜੀਲ ਕ਼ੁਰਾਨ ਪੰਧ ਮੁਕੌਣਾ, ਸ਼ਬਦ ਬਬਾਣ ਇਕ ਉਠੌਣਾ, ਦੋ ਜਹਾਨ ਆਪ ਫਿਰੌਣਾ, ਨਵ ਨੌਂ ਚਾਰ ਲੇਖ ਮੁਕੌਣਾ, ਵਿਸ਼ਨ ਬ੍ਰਹਮਾ ਸ਼ਿਵ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਵ ਨੌਂ ਚਾਰ ਉਤਰੇ ਪਾਰ, ਚਾਰ ਵਰਨ ਹੋਏ ਖ਼ਵਾਰ, ਜਗਤ ਵਿਦਿਆ ਨਾ ਕੋਇ ਆਧਾਰ, ਤੀਰਥ ਤਟ ਨਾ ਕੋਇ ਕਿਨਾਰ, ਅਠਸਠ ਨਾ ਵਣਜ ਵਪਾਰ, ਚੌਦਾਂ ਹੱਟ ਨਾ ਕੋਇ ਆਧਾਰ, ਤ੍ਰੈਲੋਕ ਨਾ ਕੋਇ ਅਖਾੜ, ਲੋਆਂ ਪੁਰੀਆਂ ਡੇਰਾ ਢਾਹੀਆ । ਚਾਰੋਂ ਕੁੰਟ ਹੋਏ ਅੰਧਿਆਰ, ਸਚ ਸੁੱਚ ਨਾ ਕੋਇ ਪਿਆਰ, ਪਿਤਾ ਪੂਤ ਨਾ ਕੋਇ ਆਧਾਰ, ਭਾਈ ਭੈਣ ਸਾਕ ਸੱਜਣ ਸੈਣ ਨਾ ਕੋਇ ਯਾਰ, ਨਾਤਾ ਤੁਟੇ ਥਾਉਂ ਥਾਈਂਆ । ਹਰਿ ਕਾ ਮੰਦਰ ਨਾ ਕੋਇ ਵਿਚਾਰ, ਦੀਵਾ ਬਾਤੀ ਨਾ ਕੋਇ ਪਸਾਰ, ਕਮਲਾਪਾਤੀ ਮਿਲੇ ਨਾ ਮੀਤ ਮੁਰਾਰ, ਭਰਮੇ ਭੁੱਲੇ ਨਾਰੀ ਨਾਰ, ਨਰ ਨਰਾਇਣ ਨਜ਼ਰ ਨਾ ਆਈਆ । ਵਿਸ਼ਨ ਬ੍ਰਹਮਾ ਸ਼ਿਵ ਰਹਿਣਾ ਖ਼ਬਰਦਾਰ, ਪੁਰਖ ਅਬਿਨਾਸ਼ੀ ਕਰੇ ਵਿਚਾਰ, ਸਚਖੰਡ ਬੈਠਾ ਸਾਚਾ ਮਾਹੀਆ । ਜੁਗ ਚੌਕੜੀ ਪਾਵੇ ਸਾਰ, ਗੁਰ ਅਵਤਾਰਾਂ ਲਏ ਉਠਾਲ, ਭਗਤ ਭਗਵੰਤ ਸੁਰਤ ਸੰਭਾਲ, ਸੁਰਤ ਸ਼ਬਦ ਵੇਖੇ ਵੇਖਣਹਾਰਾ, ਮੇਲਾ ਮੇਲ ਨਾ ਕੋਇ ਕਰਾਈਆ । ਗਾਵਤ ਗਾਏ ਸਰਬ ਸੰਸਾਰਾ, ਉਚੀ ਕੂਕ ਕੂਕ ਕਰੇ ਪੁਕਾਰਾ, ਨਾਤਾ ਜੋੜੇ ਨਾ ਕੋਇ ਗਿਰਵਰ ਗਿਰਧਾਰਾ, ਗਹਿਰ ਗੰਭੀਰ ਸਰਬ ਗੁਣ ਠਾਕਰ ਨਜ਼ਰ ਕਿਸੇ ਨਾ ਆਈਆ । ਚਾਰ ਕੁੰਟ ਹੋਏ ਵਿਭਚਾਰਾ, ਮਾਤ ਪੂਤ ਬਣੇ ਕੰਤ ਭਤਾਰਾ, ਘਰ ਘਰ ਅੰਦਰ ਕਾਮ ਕਰੋਧ ਲੋਭ ਮੋਹ ਹੰਕਾਰਾ, ਧੀਰਜ ਜਤ ਸਤਿ ਸੰਤੋਖ ਬ੍ਰਹਮ ਮਤ ਨਾ ਕੋਇ ਰਖਾਈਆ । ਗੁਰ ਅਵਤਾਰ ਨਾ ਦੇਵੇ ਕੋਇ ਸਹਾਰਾ, ਜੂਠ ਝੂਠ ਲੱਗੇ ਅਖਾੜਾ, ਨਾਚ ਨਚਾਏ ਪੰਚਮ ਧਾੜਾ, ਮਾਇਆ ਮਮਤਾ ਫਿਰੇ ਵਾਹੋ ਦਾਹੀਆ । ਗੁਰਮੁਖ ਰੋਵੇ ਜ਼ਾਰੋ ਜ਼ਾਰਾ, ਧਰਨੀ ਧੌਲ ਕਰੇ ਪੁਕਾਰਾ, ਕਲਜੁਗ ਆਏ ਅੰਤਮ ਵਾਰਾ, ਨਵ ਨੌਂ ਚਾਰ ਨਾ ਦੇਵੇ ਕੋਇ ਸਹਾਰਾ, ਧੀਰਜ ਧੀਰ ਨਾ ਕੋਇ ਧਰਾਈਆ । ਲਿਖਿਆ ਲੇਖ ਆਪ ਕਰਤਾਰਾ, ਵੇਦ ਵਿਆਸਾ ਵੇਖ ਵਿਚਾਰਾ, ਮੂਸਾ ਬੋਲੇ ਕੂਕ ਜੈਕਾਰਾ, ਈਸਾ ਮੰਗੇ ਬਣ ਭਿਖਾਰਾ, ਮਗਰ ਆਵੇ ਵਾਹੋ ਦਾਹੀਆ । ਮੁਹੰਮਦ ਸਯਦਾ ਕਰੇ ਨਿਮਸਕਾਰਾ, ਬੇਐਬ ਖ਼ੁਦਾਈ ਪਰਵਰਦਿਗਾਰਾ, ਮੁਕਾਮੇ ਹੱਕ ਵਸੇ ਸਾਂਝਾ ਯਾਰਾ, ਲਾਸ਼ਰੀਕ ਸੱਚਾ ਸ਼ਹਿਨਸ਼ਾਹੀਆ । ਨਾਨਕ ਦੇਵੇ ਸਤਿ ਸਹਾਰਾ, ਊਚ ਊਚ ਅਗੰਮ ਅਪਾਰਾ, ਮਹਾਂਬਲੀ ਉਤਰੇ ਅਵਤਾਰਾ, ਮਾਤ ਪਿਤ ਨਾ ਕੋਇ ਬਣਾਈਆ । ਗੋਬਿੰਦ ਗੁਰ ਬਣ ਲਿਖਾਰਾ, ਏਕਾ ਅੱਖਰ ਬੰਨ੍ਹੇ ਧਾਰਾ, ਪਰਗਟ ਹੋਵੇ ਹਰਿ ਨਿਰੰਕਾਰਾ, ਆਪੇ ਵਸੇ ਧਾਮ ਨਿਆਰਾ, ਸੰਬਲ ਨਗਰ ਦਏ ਵਡਿਆਈਆ । ਨਿਹਕਲੰਕ ਹੋ ਉਜਿਆਰਾ, ਸ਼ਬਦ ਡੰਕ ਵਜਾਏ ਅਪਰ ਅਪਾਰਾ, ਰਾਓ ਰੰਕ ਕਰੇ ਖ਼ਬਰਦਾਰਾ, ਸੋਇਆ ਕੋਇ ਰਹਿਣ ਨਾ ਪਾਈਆ । ਕਲਜੁਗ ਕਰੇ ਪਾਰ ਕਿਨਾਰਾ, ਰਾਜ ਰਾਜਾਨਾਂ ਮਾਰੇ ਮਾਰਾ, ਸ਼ਾਹ ਸੁਲਤਾਨ ਕੋਇ ਰਹਿਣ ਨਾ ਪਾਈਆ । ਗਊ ਗ਼ਰੀਬਾਂ ਦਏ ਸਹਾਰਾ, ਪਰਗਟ ਹੋਏ ਆਪਣੀ ਵਾਰਾ, ਨਾ ਪੁਰਖ ਨਾ ਦਿਸੇ ਨਾਰਾ, ਨਿਰਗੁਣ ਨਿਰਵੈਰ ਪੁਰਖ ਅਕਾਲ ਅਜੂਨੀ ਰਹਿਤ ਜੋਤੀ ਜੋਤ ਕਰੇ ਰੁਸ਼ਨਾਈਆ । ਖੜਗ ਖੰਡਾ ਤੇਜ਼ ਕਟਾਰਾ, ਦੋ ਜਹਾਨਾਂ ਪਾਵੇ ਸਾਰਾ, ਬ੍ਰਹਿਮੰਡਾਂ ਵੇਖੇ ਇਕ ਅਖਾੜਾ, ਅੰਡਜ ਜੇਰਜ ਉਤਭੁਜ ਸੇਤਜ ਫੋਲ ਫੋਲਾਈਆ । ਸਤਿਜੁਗ ਸਾਚਾ ਧਰੇ ਆਪ ਕਰਤਾਰਾ, ਏਕਾ ਸ਼ਬਦ ਇਕ ਜੈਕਾਰਾ, ਏਕਾ ਮੰਦਰ ਏਕਾ ਗੁਰੁਦਵਾਰਾ, ਏਕਾ ਮਸਜਿਦ ਏਕਾ ਕਾਅਬਾ ਏਕਾ ਕਲਮਾ ਕਰੇ ਪੜ੍ਹਾਈਆ । ਏਕਾ ਸ਼ਾਹ ਇਕ ਨਵਾਬਾ, ਏਕਾ ਤਨ ਵਜਾਏ ਰਬਾਬਾ, ਏਕਾ ਮੇਲ ਮਿਲਾਏ ਸੱਚੇ

ਅਹਿਬਾਬਾ, ਮਿਹਬਾਨ ਬੀਦੋ ਬੀ ਖ਼ੈਰ ਯਾ ਅੱਲਾ ਨੂਰੋ ਨੂਰ ਖ਼ੁਦਾਈਆ । ਏਕਾ ਵੇਖੇ ਚੌਦਾਂ ਹਾਟਾ, ਕਰੇ ਖੇਲ ਪੁਰਖ ਸਮਰਾਥਾ, ਚੌਦਾਂ ਤਬਕਾਂ ਜਾਣੇ ਗਾਥਾ, ਆਲਮੀਨ ਕਰੇ ਖੇਲ ਬੇਪਰਵਾਹੀਆ । ਲਹਿਣਾ ਦੇਣ ਚੁਕਾਏ ਸੀਆਂ ਸਾਢੇ ਤਿੰਨ ਤਿੰਨ ਹਾਥਾ, ਰਵਦਾਸ ਚਮਾਰਾ ਰੱਖੇ ਸਾਥਾ, ਕਬੀਰਾ ਗਾਏ ਆਪਣੀ ਗਾਥਾ, ਨਾਨਕ ਨਿਰਗੁਣ ਸਗਲ ਵਸੂਰਾ ਲਾਥਾ, ਗੋਬਿੰਦ ਹਾਜ਼ਰ ਹਜ਼ੂਰਾ ਜ਼ਾਹਰ ਪੁਰਖ ਅਕਾਲਾ ਇਕ ਮਨਾਈਆ । ਆਪੇ ਹੋਏ ਜੋਤੀ ਜਾਤਾ, ਕਰੇ ਖੇਲ ਪੁਰਖ ਬਿਧਾਤਾ, ਮੇਟੇ ਰੈਣ ਅੰਧੇਰੀ ਰਾਤਾ, ਨਾ ਕੋਇ ਜ਼ਾਤ ਨਾ ਕੋਈ ਪਾਤਾ, ਨਾ ਕੋਈ ਵਰਨ ਨਾ ਕੋਈ ਬਰਨ ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਨਾ ਕੋਇ ਅਖਵਾਈਆ । ਏਕਾ ਹਰਿ ਬੰਨ੍ਹੇ ਨਾਤਾ, ਮਨ ਮਤ ਗਵਾਏ ਨਾਰ ਕਮਜ਼ਾਤਾ, ਉਤਮ ਰੱਖੇ ਸਭ ਦੀ ਜ਼ਾਤਾ, ਏਕਾ ਸ਼ਬਦ ਪਿਤਾ ਮਾਤਾ, ਗੁਰੂ ਗੁਰ ਇਕ ਅਖਵਾਈਆ । ਏਕਾ ਰਾਮ ਏਕਾ ਕ੍ਰਿਸ਼ਨ ਏਕਾ ਦੇਵੀ ਦੇਵ ਪੂਜਾ ਪਾਠਾ, ਏਕਾ ਸਰੋਵਰ ਮਾਰੇ ਠਾਠਾ, ਅੰਮ੍ਰਿਤ ਆਤਮ ਸਾਚਾ ਜਾਮ ਪਿਆਈਆ । ਏਕਾ ਪੂਰਾ ਕਰੇ ਘਾਟਾ, ਕਰੇ ਖੇਲ ਬਾਜ਼ੀਗਰ ਨਾਟਾ, ਚੌਦਾਂ ਲੋਕ ਫਿਰੇ ਨਾਠਾ, ਤ੍ਰੈਭਵਨ ਧਨੀ ਮਹਿਮਾ ਗਣਤ ਨਾ ਗਣੀ, ਲੇਖਾ ਲਿਖਤ ਵਿਚ ਨਾ ਆਈਆ । ਲੇਖਾ ਜਾਣੇ ਤ੍ਰੈਲੋਕੀ ਨਾਥਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਪੁਰਖ ਅਕਾਲਾ ਲੇਖਾ ਜਾਣੇ ਜੋਤ ਉਜਾਲਾ, ਆਦਿ ਸ਼ਕਤ ਆਦਿ ਭਵਾਨੀ ਨੂਰ ਜ਼ਹੂਰ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦੂਸਰ ਅਵਰ ਨਾ ਕੋਇ ਵਡਿਆਈਆ । ਬ੍ਰਹਮਾ ਵਿਸ਼ਨ ਸ਼ਿਵ ਉਠ ਉਠ ਜਾਗ, ਹਰਿ ਸਾਚਾ ਸਚ ਜਣਾਇੰਦਾ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਲੱਗਾ ਰਿਹਾ ਇਕ ਵੈਰਾਗ, ਜੁਗ ਚੌਕੜੀ ਪੰਧ ਮੁਕਾਇੰਦਾ । ਅੰਤਮ ਮਿਲੇ ਕੰਤ ਸੁਹਾਗ, ਗੀਤ ਸੁਹਾਗੀ ਇਕ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਿਰਵੈਰ ਪੁਰਖ ਆਪਣਾ ਖੇਲ ਖਿਲਾਇੰਦਾ । ਨਿਰਵੈਰ ਪੁਰਖ ਪੁਰਖ ਅਕਾਲਾ, ਨਿਰਗੁਣ ਨਿਰਵੈਰ ਆਪਣਾ ਖੇਲ ਖਿਲਾਈਆ । ਦੀਨਾਂ ਬੰਧਪ ਦੀਨ ਦਿਆਲਾ, ਦੀਨਾਂ ਨਾਥਾ ਗਲੇ ਲਗਾਈਆ । ਲੇਖਾ ਜਾਣੇ ਕਾਲ ਮਹਾਕਾਲਾ, ਮਹਾਕਾਲ ਹੋਏ ਸਹਾਈਆ । ਲੋਕਮਾਤ ਬਣਾਏ ਸਚਖੰਡ ਸੱਚੀ ਧਰਮਸਾਲਾ, ਸਾਢੇ ਤਿੰਨ ਹੱਥ ਸਚ ਸਿੰਘਾਸਣ ਘਾੜਤ ਲਏ ਘੜਾਈਆ । ਨਾਮ ਅਗੰਮੀ ਸ਼ਬਦੀ ਮਾਲਾ, ਮਨ ਕਾ ਮਣਕਾ ਦਏ ਭਵਾਈਆ । ਤੋੜਨਹਾਰਾ ਜਗਤ ਜੰਜਾਲਾ, ਤ੍ਰੈਗੁਣ ਫੰਦ ਦਏ ਕਟਾਈਆ । ਏਕਾ ਦੱਸੇ ਰਾਹ ਸੁਖਾਲਾ, ਚਾਰ ਵਰਨ ਕਰੇ ਪੜ੍ਹਾਈਆ । ਪਾਰਬ੍ਰਹਮ ਕਰੇ ਸਰਬ ਪ੍ਰਿਤਪਾਲਾ, ਪ੍ਰਿਤਪਾਲਕ ਇਕ ਅਖਵਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਸਦ ਚਲੇ ਨਾਲ ਨਾਲਾ, ਜੋ ਜਨ ਅੰਤਰ ਆਤਮ ਧਿਆਨ ਲਗਾਈਆ । ਘਟ ਘਟ ਅੰਦਰ ਜਿਸ ਦੀਪਕ ਬਾਲਾ, ਆਪਣੀ ਸੇਜਾ ਸੁੱਤਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮਾ ਸ਼ਿਵ ਤੇਰਾ ਵੇਲਾ ਦਏ ਵਖਾਈਆ । ਵਿਸ਼ਨ ਬ੍ਰਹਮਾ ਸ਼ਿਵ ਕਲ ਆਏ ਅੰਤ, ਅੰਤ ਕੋਇ ਰਹਿਣ ਨਾ ਪਾਇਆ । ਧਰੇ ਜੋਤ ਸ੍ਰੀ ਭਗਵੰਤ, ਨਿਰਗੁਣ ਜੋਤ ਜੋਤ ਰੁਸ਼ਨਾਇਆ । ਲੱਖ ਚੁਰਾਸੀ ਸਾਚਾ ਕੰਤ, ਨਾ ਮਰੇ ਨਾ ਜਾਇਆ । ਮਹਿਮਾ ਜਣਾਏ ਗਣ ਅਗਣਤ, ਚਾਰ ਵੇਦ ਭੇਵ ਨਾ ਰਾਇਆ । ਗੁਰ ਅਵਤਾਰ ਗਾਏ ਮੰਤ, ਮੰਤਰ ਨਾਮ ਇਕ ਦ੍ਰਿੜਾਇਆ । ਲੇਖਾ ਜਾਣੇ ਭਗਤ ਸੰਤ, ਗੁਰਮੁਖ ਗੁਰਸਿਖ ਲਏ ਉਠਾਇਆ । ਚਾਰ ਕੁੰਟ ਵੇਖੇ ਗੜ੍ਹ ਹਉਮੇ ਹੰਗਤ, ਹੰ ਬ੍ਰਹਮ ਵੇਸ ਵਟਾਇਆ । ਜੀਵ ਜੰਤ ਭੁੱਖ ਨੰਗਤ,

੯੦੨ ੧੦

ਹਰਿ ਕਾ ਨਾਮ ਝੋਲੀ ਕਿਸੇ ਨਾ ਪਾਇਆ । ਮਿਲਿਆ ਮੇਲ ਨਾ ਸਾਚੀ ਸੰਗਤ, ਵਰਨ ਬਰਨ ਪਈ ਲੜਾਇਆ । ਅੰਗੀਕਾਰ ਨਾ ਕਰਿਆ ਅੰਗਦ, ਅੰਕ ਏਕਾ ਨਜ਼ਰ ਕਿਸੇ ਨਾ ਆਇਆ । ਹਰਿ ਕਾ ਨਾਮ ਭੋਜਨ ਛਕਿਆ ਨਾ ਸਾਚੀ ਪੰਗਤ, ਰਸਨਾ ਪੜ੍ਹ ਪੜ੍ਹ ਵਾਦ ਵਧਾਇਆ । ਦਰ ਦਰਵੇਸ਼ ਨਾ ਬਣਿਆ ਮੰਗਤ, ਮਨ ਕਾ ਮੋਹ ਨਾ ਕੋਇ ਚੁਕਾਇਆ । ਗੁਰਸਿਖ ਪੜ੍ਹਾਵੇ ਕਿਆ ਕੋਈ ਪੰਡਤ, ਪੰਡਤ ਪਾਂਧਾ ਪੜ੍ਹਨ ਪਾਠਸ਼ਾਲਾ ਕਦੇ ਨਾ ਜਾਇਆ । ਜਿਸ ਮਿਲਿਆ ਹਰਿ ਅਖੰਡਤ, ਅਖੰਡ ਰੂਪ ਦਏ ਦਰਸਾਇਆ । ਬ੍ਰਹਮੇ ਵਿਸ਼ਨ ਸ਼ਿਵ ਤੇਰੀ ਵੇਖੇ ਜੰਤ, ਲੱਖ ਚੁਰਾਸੀ ਫੋਲ ਫੋਲਾਇਆ । ਕਲਜੁਗ ਵੇਲਾ ਅੰਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਹੁਕਮ ਦਏ ਵਰਤਾਇਆ । ਏਕਾ ਹੁਕਮ ਵਰਤੇ ਭਗਵਾਨ, ਦੂਸਰ ਅਵਰ ਨਾ ਕੋਇ ਵਡਿਆਈਆ । ਪੁਰਖ ਅਬਿਨਾਸ਼ੀ ਆਏ ਵਿਚ ਮੈਦਾਨ, ਨਾਮ ਖੰਡਾ ਹੱਥ ਚਮਕਾਈਆ । ਕਲਜੁਗ ਮੇਟੇ ਝੂਠ ਦੁਕਾਨ, ਕੂੜੀ ਕਿਰਿਆ ਰਹੇ ਨਾ ਰਾਈਆ । ਤਖ਼ਤੋਂ ਲਾਹੇ ਰਾਜ ਰਾਜਾਨ, ਸ਼ਾਹ ਸੁਲਤਾਨਾਂ ਖ਼ਾਕ ਮਿਲਾਈਆ । ਹਿੰਦੂ ਮੁਸਲਿਮ ਸਿੱਖ ਈਸਾਈ ਦੇਵੇ ਇਕ ਗਿਆਨ, ਆਤਮ ਬ੍ਰਹਮ ਕਰੇ ਪੜ੍ਹਾਈਆ । ਚਾਰ ਕੁੰਟ ਦਹਿ ਦਿਸ਼ਾ ਨਜ਼ਰੀ ਆਏ ਇਕ ਭਗਵਾਨ, ਦ੍ਰਿਸ਼ਟ ਇਸ਼ਟ ਦਏ ਵਖਾਈਆ । ਸਰਬ ਜੀਆਂ ਦਾ ਸਾਚਾ ਕਾਹਨ, ਲੱਖ ਚੁਰਾਸੀ ਗੋਦ ਬਹਾਈਆ । ਅੰਮ੍ਰਿਤ ਆਤਮ ਦੇਵੇ ਪੀਣ ਖਾਣ, ਤ੍ਰਿਸ਼ਨਾ ਭੁੱਖ ਮਿਟਾਈਆ । ਏਕਾ ਰਾਗ ਸੁਣਾਏ ਕਾਨ, ਸੋਲਾਂ ਵਿਦਿਆ ਮੁਖ ਸ਼ਰਮਾਈਆ । ਸਤਿਜੁਗ ਸਾਚਾ ਮਾਰਗ ਲਾਏ ਆਣ, ਵਾਹਵਾ ਹਰਿ ਵੱਡਾ ਵਡ ਵਡਿਆਈਆ । ਆਦਿ ਜੁਗਾਦਿ ਨਾ ਮੰਨੇ ਕਿਸੇ ਦੀ ਆਣ, ਆਪਣਾ ਹੁਕਮ ਆਪ ਵਰਤਾਈਆ । ਗੁਰਮੁਖ ਗੁਰਸਿਖ ਸੱਜਣ ਸੁਹੇਲੇ ਆਪ ਪਛਾਣ, ਲੋਕਮਾਤ ਹੋਏ ਸਹਾਈਆ । ਦਰ ਦਰ ਘਰ ਘਰ ਦਰਸਣ ਦੇਵੇ ਆਣ, ਦੀਨ ਦੁਨੀ ਛੱਡੇ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਜਗਤ ਦ੍ਰਿਸ਼ਟੀ ਦਏ ਭਵਾਈਆ । ਜਗਤ ਦ੍ਰਿਸ਼ਟੀ ਕਲਜੁਗ ਚੰਮ, ਚਾਰ ਕੁੰਟ ਅੰਧੇਰਾ ਛਾਇਆ । ਸਤਿਗੁਰ ਪੂਰਾ ਬੇੜਾ ਦੇਵੇ ਬੰਨ੍ਹ, ਲੋਕਮਾਤ ਵੇਖ ਵਖਾਇਆ । ਮਨਮੁਖਤਾ ਦੇਵੇ ਡੰਨ, ਏਕਾ ਖੰਡਾ ਹੱਥ ਉਠਾਇਆ । ਕੂੜ ਕੁੜਿਆਰਾ ਦੇਵੇ ਭੰਨ, ਏਕਾ ਠੋਕਰ ਨਾਮ ਲਗਾਇਆ । ਆਤਮ ਬ੍ਰਹਮ ਨਾ ਜਾਣੇ ਕੋਇ ਬ੍ਰਹਿਮਣ, ਬ੍ਰਹਮ ਵੇਤਾ ਦਿਸ ਕਿਸੇ ਨਾ ਆਇਆ । ਪਾਹਨ ਪੱਥਰ ਕਦੇ ਨਾ ਬਣੇ ਜ਼ਾਮਨ, ਦਾਮਨਗੀਰ ਦਾਮਨ ਹੱਥ ਨਾ ਕਿਸੇ ਵਖਾਇਆ । ਪੰਜ ਤੱਤ ਅੰਤਰ ਕਾਮਨੀ ਕਾਮਨ, ਲੋਭ ਮੋਹ ਹੰਕਾਰ ਖੇਲ ਖਿਲਾਇਆ । ਚਾਰੋਂ ਕੁੰਟ ਅੰਧੇਰਾ ਸ਼ਾਮਨ, ਸ਼ਮਅ ਦੀਪ ਨਾ ਕੋਇ ਜਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਘਰ ਵੇਖੇ ਮਨ ਹੰਕਾਰੀ ਰਾਵਣ, ਰਾਮ ਰੂਪ ਕਿਸੇ ਨਜ਼ਰ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਿਸ਼ਨ ਬ੍ਰਹਮਾ ਸ਼ਿਵ ਤੇਰਾ ਅੰਤਮ ਲੇਖਾ ਦਏ ਮੁਕਾਇਆ । ਲੇਖਾ ਤੇਰਾ ਮੁੱਕਣਾ, ਦੋ ਜਹਾਨਾਂ ਧਾਰ । ਵੇਲਾ ਅੰਤਮ ਢੁਕਣਾ, ਨਾ ਕੋਈ ਪਾਵੇ ਸਾਰ । ਪੁਰਖ ਅਗੰਮਾ ਏਕਾ ਬੁੱਕਣਾ, ਦੋ ਜਹਾਨਾਂ ਕਰੇ ਖ਼ਬਰਦਾਰ । ਕਲਜੁਗ ਅੰਤਮ ਝੂਠ ਦਵਾਰਾ ਲੁੱਟਣਾ, ਕੂੜ ਕੁੜਿਆਰਾ ਮਾਰੇ ਮਾਰ । ਲੱਖ ਚੁਰਾਸੀ ਭਾਗ ਨਿਖੁਟਣਾ, ਜਿਸ ਵਿਸਰਿਆ ਕਰਤਾਰ । ਗੁਰਮੁਖਾਂ ਉਪਰ ਹਰਿ ਜੂ ਤੁੱਠਣਾ, ਦੇਵੇ ਦਰਸ ਦੀਦਾਰ । ਅੰਤਮ ਰੱਖੇ ਏਕਾ ਮੁਠਣਾ, ਮੁੱਠੀ ਲੱਖ ਚੁਰਾਸੀ ਵਿਚੋਂ ਲਏ ਨਿਕਾਲ । ਜਿਸ ਰੱਖੀ ਏਕਾ ਓਟਨਾ ਸ਼ਬਦ ਚੋਟ ਲਗਾਏ ਸਾਚਾ ਤਾਲ । ਮਾਇਆ ਮਮਤਾ ਕੱਢੇ ਖੋਟਨਾ, ਸਾਚਾ ਮਾਰਗ ਦਏ ਵਖਾਲ ।


੯੦੩
੧੦

ਦੇਵੇ ਨਾਮ ਭੰਡਾਰ ਅਤੋਟਣਾ, ਨਿਖੁਟ ਜਾਏ ਨਾ ਵਿਚ ਸੰਸਾਰ । ਅੰਤ ਮਿਲਾਏ ਜੋਤੀ ਜੋਤਨਾ, ਜੋਤੀ ਸ਼ਬਦੀ ਕਰ ਪਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਕਰੇ ਖੇਲ ਸਾਚਾ ਹਰਿ, ਲੱਖ ਚੁਰਾਸੀ ਘਟ ਘਟ ਵਾਸੀ ਵੇਖੇ ਪਤ ਡਾਲ੍ਹ । ਅੱਠ ਬੋਤਲਾਂ ਅੱਠ ਤੱਤ ਕੱਢਿਆ ਅਰਕ, ਗੁਰ ਸਤਿਗੁਰ ਦਇਆ ਕਮਾਈਆ । ਨੌਂ ਜਨਮ ਦਾ ਨਿਕਲਿਆ ਫ਼ਰਕ, ਫ਼ਰਮਾਬਰਦਾਰ ਹੋਏ ਸਹਾਈਆ । ਜਨਮ ਜਨਮ ਦਾ ਉਲਟਿਆ ਵਰਕ, ਵਰਕਾ ਵਰਕਾ ਦਏ ਉਲਟਾਈਆ । ਨਾਵੇਂ ਜਨਮ ਲਗਾਈ ਤਰਕ, ਗੁਰਮੁਖ ਸੋਇਆ ਆਪ ਉਠਾਈਆ । ਪਾਇਆ ਹਰਿ ਨਾ ਕੋਇ ਸੋਗ ਨਾ ਕੋਇ ਹਰਖ, ਹਰਿ ਕੇ ਪੌੜੇ ਦਏ ਚੜ੍ਹਾਈਆ । ਆਪਣੀ ਪੂਰਬ ਜਨਮ ਦੀ ਪੂਰੀ ਕਰੇ ਸ਼ਰਤ, ਸ਼ਰਅ ਸ਼ਰੀਅਤ ਭੁਲ ਕਦੇ ਨਾ ਜਾਈਆ । ਅੱਠ ਤੱਤ ਜੋੜ ਜੁੜੇ ਨਾ ਫੇਰ ਪਰਤ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਮੇਲਾ ਫੇਰ ਨਾ ਮਾਤ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੱਠ ਜਨਮ ਦੀ ਪੂਰਬ ਆਸ ਤ੍ਰਿਸਨਾ ਮੇਟ ਮਿਟਾਈਆ । ਤ੍ਰਿਸਨਾ ਮਿਟੇ ਸ਼ਰਅ ਆਬ, ਆਬ ਸ਼ਰਅ ਰੂਪ ਵਖਾਈਆ । ਉਲਟੀ ਕਰੇ ਕਵਲੀ ਨਾਭ, ਨਾਭੀ ਕਵਲ ਮੁਖ ਭਵਾਈਆ । ਜਨਮ ਜਨਮ ਦੇ ਮੇਟੇ ਪਾਪ, ਦੁਰਮਤ ਧੋਤੀ ਸ਼ਾਹੀਆ । ਦਇਆ ਕਰੀ ਹਰਿ ਆਪਣੀ ਆਪ, ਜਗਤ ਵਸੀਲਾ ਨਾ ਕੋਇ ਵਖਾਈਆ । ਲੇਖਾ ਚੁਕਾਏ ਜਿਉਂ ਪੂਤ ਮਾਈ ਬਾਪ, ਪਿਤਾ ਪੂਤ ਏਕਾ ਗੋਦ ਸੁਹਾਈਆ । ਨੌਂ ਜਨਮ ਦੀ ਮਿਟੀ ਅੰਧੇਰੀ ਰਾਤ, ਨਾਵੇਂ ਜਨਮ ਵੱਜੀ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲੇਖੇ ਦਏ ਲਗਾਈਆ । ਲੇਖਾ ਚੁਕਿਆ ਮਿਲਿਆ ਲਹਿਣਾ, ਗੁਰ ਸਤਿਗੁਰ ਦਇਆ ਕਮਾਇੰਦਾ । ਅੱਠ ਜਨਮ ਦਾ ਕੀਤਾ ਵੇਖਿਆ ਆਪਣੇ ਨੈਣਾਂ, ਮਦਿ ਪਿਆਲਾ ਜੋ ਮੁਖ ਲਗਾਇੰਦਾ । ਨਾਵੇਂ ਜਨਮ ਹਰਿ ਕਾ ਭਾਣਾ ਸਹਿਣਾ, ਆਤਮ ਰਸ ਇਕ ਵਖਾਇੰਦਾ । ਤਨ ਬਸਤਰ ਪਾਏ ਏਕਾ ਗਹਿਣਾ, ਸੋਲਾਂ ਇਛਿਆ ਸੋਲਾਂ ਸ਼ੰਗਾਰ, ਸਾਹਿਬ ਸਤਿਗੁਰ ਕਰੇ ਪਿਆਰ, ਗੁਰਮੁਖ ਗੁਰਮੁਖ ਗੁਰਮੁਖ ਵੇਖ ਵਖਾਇੰਦਾ । ਕਾਗਦ ਕ਼ਲਮ ਰੋਵੇ ਜ਼ਾਰੋ ਜ਼ਾਰ, ਸੱਤ ਸਮੁੰਦਰ ਮਸ ਕੂਕ ਕੂਕ ਕਰੇ ਪੁਕਾਰ, ਅਠਾਰਾਂ ਭਾਰ ਬਨਾਸਪਤ ਨਾ ਕਰੇ ਕੋਇ ਵਿਚਾਰ, ਗੁਰਸਿਖ ਤੇਰਾ ਲੇਖਾ ਲਿਖਣ ਨਾ ਆਈਆ । ਬ੍ਰਹਮਾ ਵਿਸ਼ਨ ਸ਼ਿਵ ਤੇਰਾ ਮੰਗੇ ਦੀਦਾਰ, ਕਰੋੜ ਤੇਤੀਸਾ ਕਰੇ ਨਿਮਸਕਾਰ, ਜਿਸ ਜਨ ਮਿਲੇ ਆਪ ਨਿਰੰਕਾਰ, ਲੋਕ ਪਰਲੋਕ ਦੋ ਜਹਾਨ ਏਥੇ ਓਥੇ ਵੱਜੇ ਸਦਾ ਵਧਾਈਆ । ਜੁਗ ਜੁਗ ਹਰਿਜਨ ਤੇਰਾ ਨਾਮ ਨਿਸ਼ਾਨ, ਪਸੂ ਪੰਖੀ ਪੰਛੀ ਸਾਰੇ ਗਾਣ ਹੋਏ ਵਡਿਆਈਆ । ਜੰਗਲ ਜੂਹ ਉਜਾੜ ਪਹਾੜ ਬੀਆਬਾਨ, ਮਛ ਕਛ ਸਮੁੰਦ ਸਾਗਰ ਡੂੰਘੀ ਖਾਈ ਬੈਠੇ ਧਿਆਨ ਲਗਾਈਆ । ਜਿਸ ਮਿਲਿਆ ਹਰਿ ਚੁਕਿਆ ਡਰ, ਵਸਿਆ ਘਰ ਨਾਰੀ ਨਰ, ਹਰਿ ਭਗਵੰਤ ਸੰਤ ਹੋਏ ਨਾ ਕਦੇ ਜੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਲਹਿਣਾ ਝੋਲੀ ਪਾਈਆ । ਲਹਿਣਾ ਮੁੱਕਿਆ ਚੁੱਕਿਆ ਲੇਖਾ, ਲੇਖਾ ਲੇਖੇ ਹਰਿ ਲਗਾਈਆ । ਆਤਮ ਅੰਤਰ ਕੱਢਿਆ ਭਰਮ ਭੁਲੇਖਾ, ਭਰਮੀ ਭਰਮ ਗੜ੍ਹ ਤੁੜਾਈਆ । ਆਪਣਾ ਪੂਰਬ ਆਪੇ ਵੇਖਾ, ਕਿਰਤੀ ਕਿਰਤ ਕਰਮ ਜੋ ਕਰੀ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਆਪਣਾ ਵਰ, ਜੁਗ ਵਿਛੜੇ ਜਗਤ ਲਏ ਮਿਲਾਈਆ । ਜਗ ਵਿਛੋੜਾ ਦਿਤਾ ਕੱਟ, ਜਾਗਰਤ ਜੋਤ ਕਰੀ ਰੁਸ਼ਨਾਈਆ । ਪਿਛਲਾ ਲਹਿਣਾ ਪਾਇਆ ਭੱਠ, ਅਗਲਾ ਲੇਖਾ ਆਪਣੇ ਹੱਥ ਰਖਾਈਆ । ਗੰਗਾ ਰਾਮ ਲਾਹਾ ਲਿਆ ਖੱਟ, ਰਵਦਾਸ ਚਮਾਰ ਲੇਖਾ ਰਿਹਾ ਮੁਕਾਈਆ ।


੯੦੪ ੧੦

ਪਿਛਲਾ ਕੌਲ ਵੇਖ ਗੰਗਾ ਤਟ, ਤਟ ਕਿਨਾਰਾ ਰਿਹਾ ਸਮਝਾਈਆ । ਜਨਮ ਜਨਮ ਵਟਾਇਆ ਵਾਰ ਅੱਠ, ਅੱਠ ਤੱਤ ਕਰੀ ਕੁੜਮਾਈਆ । ਪਿਛਲਾ ਲੇਖਾ ਪਹਿਲੇ ਦਿਤਾ ਦੱਸ, ਭੁਲ ਰਹੇ ਨਾ ਰਾਈਆ । ਗੁਰਸਿਖ ਜਿੰਨਾਂ ਚਿਰ ਨਾ ਕਹੇ ਬਸ ਬਸ, ਪੁਰਖ ਅਬਿਨਾਸ਼ੀ ਆਪਣਾ ਲੇਖਾ ਦਏ ਵਖਾਈਆ । ਚੋਲਾ ਬਦਲਿਆ ਹੱਸ ਹੱਸ, ਗੁਰਸਿਖ ਮਿਲਾਏ ਨੱਸ ਨੱਸ, ਔਂਦਾ ਜਾਂਦਾ ਨਜ਼ਰ ਕਿਸੇ ਨਾ ਆਈਆ । ਹਿਰਦੇ ਅੰਦਰ ਰਿਹਾ ਵਸ, ਤੀਰ ਨਿਰਾਲਾ ਮਾਰੇ ਕਸ, ਚਿੱਲਾ ਕਮਾਨ ਆਪਣੇ ਹੱਥ ਵਖਾਈਆ । ਅੰਤਰ ਜੋਤ ਕਰੇ ਪਰਕਾਸ਼ ਕੋਟਨ ਰਵ ਸਸ, ਮਿਟੇ ਰੈਣ ਅੰਧੇਰੀ ਮਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਲਗਾਏ ਆਪਣੇ ਲੜ, ਏਕਾ ਪੱਲੂ ਨਾਮ ਫੜਾਈਆ । ਨਾਮ ਪੱਲਾ ਹੱਥ ਫੜਾਇਆ । ਨਿਰਗੁਣ ਸਰਗੁਣ ਕਰ ਪਿਆਰ । ਕਲਜੁਗ ਜੀਵਾਂ ਦਿਸ ਨਾ ਆਇਆ, ਨਵ ਖੰਡ ਪ੍ਰਿਥਮੀ ਨਾ ਕਰੇ ਕੋਇ ਵਿਚਾਰ । ਸ਼ਬਦੀ ਸ਼ਬਦ ਬੰਧਨ ਪਾਇਆ, ਸੁਰਤ ਸੁਵਾਣੀ ਮਿਲੇ ਹਾਣੀ ਇਕ ਇਕੱਲਾ ਆਪਣੀ ਵਾਰ । ਅੰਮ੍ਰਿਤ ਆਤਮ ਠੰਡਾ ਪਾਣੀ ਦਏ ਪਿਆਇਆ, ਅਠਸਠ ਤੀਰਥ ਕਰ ਖ਼ਵਾਰ । ਘਰ ਵਿਚ ਘਰ ਦੀਪਕ ਜੋਤ ਦਏ ਜਗਾਇਆ, ਮੇਟੇ ਧੂੰਆਂਧਾਰ । ਅਨਹਦ ਸ਼ਬਦ ਦਏ ਸੁਣਾਇਆ, ਛੱਤੀ ਰਾਗ ਨਾ ਕੋਇ ਵਿਚਾਰ । ਸਾਚੇ ਮੰਦਰ ਦਏ ਬਹਾਇਆ । ਹਰਿ ਮੰਦਰ ਕਰ ਤਿਆਰ । ਆਤਮ ਸੇਜਾ ਮੇਲ ਮਿਲਾਇਆ, ਮੇਲ ਮਿਲਾਵਾ ਕੰਤ ਭਤਾਰ । ਮਿਲ ਮਿਲ ਸਖ਼ੀਆਂ ਮੰਗਲ ਗਾਇਆ, ਗੀਤ ਸੁਹਾਗੀ ਏਕੰਕਾਰ । ਤ੍ਰੈਗੁਣ ਤੇਰਾ ਸੰਗਲ ਗੁਰ ਆਪ ਤੁੜਾਇਆ, ਨਾਤਾ ਤੁਟਾ ਪੰਚ ਵਿਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਹਰਿਜਨ ਸਾਚੇ ਲਾਏ ਪਾਰ । ਪਾਰ ਕਿਨਾਰਾ ਡੂੰਘਾ ਸਾਗਰ, ਕਲਜੁਗ ਤਰਨ ਕੋਇ ਨਾ ਜਾਈਆ । ਗੁਰਮੁਖ ਵਿਰਲੇ ਕਰਮ ਕਰੇ ਉਜਾਗਰ, ਜਿਸ ਜਨ ਆਪਣੀ ਬੂਝ ਬੁਝਾਈਆ । ਏਕਾ ਵਣਜ ਕਰਾਏ ਨਾਮ ਸੌਦਾਗਰ, ਹੱਟ ਵਣਜਾਰਾ ਇਕ ਖੁਲ੍ਹਾਈਆ । ਭਾਗ ਲਗਾਏ ਕਾਇਆ ਗਾਗਰ, ਰਤਨ ਅਮੋਲਕ ਇਕ ਪਰਗਟਾਈਆ । ਰਤਨ ਅਮੋਲਕ ਹਰਿ ਕਾ ਨਾਉਂ ਰਤੀ ਰਤਨਾਗਰ, ਰਤੀ ਰਤ ਦਏ ਸੁਕਾਈਆ । ਨਿਰਮਲ ਕਰਮ ਹੋਇਆ ਉਜਾਗਰ, ਜੋ ਜਨ ਆਏ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਗੁਰਸਿਖ ਗੁਰ ਸਤਿਗੁਰ ਲਏ ਤਰਾਈਆ ।



### ★ ੬ ਸਾਵਣ ੨੦੧੮ ਬਿਕ੍ਰਮੀ ਪ੍ਰੀਤਮ ਸਿੰਘ ਸਾਧੂ ਸਿੰਘ ਦੇ ਗ੍ਰਹਿ ਫਗਵਾੜਾ ਜ਼ਿਲਾ ਜਲੰਧਰ ★

ਸ਼ਾਹੋ ਭੂਪ ਹਰਿ ਸੁਲਤਾਨਾ, ਸਤਿ ਸਤਿਵਾਦੀ ਨਾਉਂ ਧਰਾਇੰਦਾ । ਆਦਿ ਜੁਗਾਦਿ ਖੇਲ ਮਹਾਨਾ, ਆਦਿ ਪੁਰਖ ਆਪ ਕਰਾਇੰਦਾ । ਜੋਤੀ ਨੂਰ ਨੂਰ ਮਹਾਨਾ, ਨੂਰ ਨੁਰਾਨਾ ਡਗਮਗਾਇੰਦਾ । ਵਸਣਹਾਰਾ ਸਚਖੰਡ ਦਵਾਰ ਸਚ ਮਕਾਨਾ, ਦਰ ਘਰ ਸਾਚੇ ਸੋਭਾ ਪਾਇੰਦਾ । ਰੂਪ ਅਨੂਪ ਕਰੇ ਪਰਧਾਨਾ, ਨਿਰਗੁਣ ਨਿਰਵੈਰ ਪੁਰਖ ਅਕਾਲ ਵੇਸ ਅਵੇਸ ਆਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਏਕਾ ਹਰਿ, ਆਪਣਾ ਖੇਲ ਆਪ ਕਰਾਇੰਦਾ । ਸ਼ਾਹੋ ਭੂਪ ਖੇਲ ਅਵੱਲਾ, ਸੋ ਪੁਰਖ ਨਿਰੰਜਣ ਆਪ ਕਰਾਈਆ । ਵਸਣਹਾਰਾ ਨਿਹਚਲ ਧਾਮ ਅਟੱਲਾ, ਹਰਿ ਪੁਰਖ ਨਿਰੰਜਣ ਬੇਪਰਵਾਹੀਆ । ਸਚ ਸਿੰਘਾਸਣ ਏਕਾ ਮੱਲਾ, ਏਕੰਕਾਰਾ ਨਾਉਂ ਧਰਾਈਆ । ਆਪਣੇ ਦੀਪਕ ਆਪੇ ਬੱਲਾ,

੯੦੬

ਆਦਿ ਨਿਰੰਜਨ ਨੂਰ ਰੁਸ਼ਨਾਈਆ । ਆਪਣਾ ਫੜੇ ਆਪੇ ਪੱਲਾ, ਅਬਿਨਾਸ਼ੀ ਕਰਤਾ ਭੇਵ ਨਾ ਰਾਈਆ । ਆਪਣੀ ਜੋਤ ਆਪੇ ਰੱਲਾ, ਸ੍ਰੀ ਭਗਵਾਨ ਸ਼ਾਹ ਸੁਲਤਾਨ ਵਡ ਵਡਿਆਈਆ । ਪਾਰਬ੍ਰਹਮ ਆਪਣਾ ਸੰਦੇਸ ਆਪੇ ਘੱਲਾ, ਨਾਦ ਤਰਾਨਾ ਆਪੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣਾ ਖੇਲ ਆਪ ਖਿਲਾਈਆ । ਆਦਿ ਪੁਰਖ ਵਡ ਮਿਹਰਵਾਨਾ, ਸਚਖੰਡ ਦਵਾਰੇ ਸੋਭਾ ਪਾਇੰਦਾ । ਤਖ਼ਤ ਨਿਵਾਸੀ ਹੋ ਪਰਧਾਨਾ, ਸਚ ਸਿੰਘਾਸਣ ਆਪ ਸੁਹਾਇੰਦਾ । ਸਤਿ ਸਰੂਪੀ ਸਤਿ ਨਿਸ਼ਾਨਾ, ਦਰ ਘਰ ਸਾਚੇ ਆਪ ਝੁਲਾਇੰਦਾ । ਜੋਧਾ ਮਰਦ ਮਰਦ ਮਰਦਾਨਾ, ਆਪ ਆਪਣਾ ਬਲ ਰਖਾਇੰਦਾ । ਹੁਕਮੀ ਹੁਕਮ ਹੁਕਮ ਫ਼ਰਮਾਨਾ, ਧੁਰ ਫ਼ਰਮਾਨਾ ਆਪ ਅਲਾਇੰਦਾ । ਦਰ ਦਰਵੇਸ਼ਾ ਦਰ ਦਰਬਾਨਾ, ਦਰ ਦਰ ਆਪਣਾ ਸੀਸ ਝੁਕਾਇੰਦਾ । ਕਰੇ ਖੇਲ ਸ੍ਰੀ ਭਗਵਾਨਾ, ਦੂਸਰ ਅਵਰ ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਸਚਖੰਡ ਨਿਵਾਸਾ ਖੇਲ ਤਮਾਸ਼ਾ, ਨਿਰਗੁਣ ਨਿਰਵੈਰ ਆਪ ਕਰਾਇੰਦਾ । ਸਚਖੰਡ ਦਵਾਰਾ ਹਰਿ ਨਿਰੰਕਾਰਾ, ਨਿਰਗੁਣ ਜੋਤ ਜੋਤ ਰੁਸ਼ਨਾਈਆ । ਮਹੱਲ ਅਟਲ ਉਚ ਮਨਾਰਾ, ਸਚ ਦਵਾਰਾ ਰਿਹਾ ਸੁਹਾਈਆ । ਜੋਤੀ ਜਾਤਾ ਹੋ ਉਜਿਆਰਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਵੇਖੇ ਵਿਗਸੇ ਵੇਖਣਹਾਰਾ ਦੂਸਰ ਅਵਰ ਨਾ ਕੋਇ ਵਡਿਆਈਆ । ਰੂਪ ਅਨੂਪ ਅਗੰਮੀ ਧਾਰਾ, ਧਾਰ ਧਾਰ ਵਿਚ ਪਰਗਟਾਈਆ । ਕਰੇ ਖੇਲ ਅਪਰ ਅਪਾਰਾ, ਅਪਰੰਪਰ ਦਾਤਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਦਵਾਰ ਸੋਭਾ ਪਾਈਆ । ਸਚਖੰਡ ਦਵਾਰ ਸੋਭਾਵੰਤ, ਸੋ ਪੁਰਖ ਨਿਰੰਜਣ ਆਪ ਸੁਹਾਇੰਦਾ । ਲੇਖਾ ਜਾਣੇ ਆਦਿ ਅੰਤ, ਆਦਿ ਆਪਣਾ ਰੂਪ ਵਟਾਇੰਦਾ । ਆਪਣੀ ਮਹਿਮਾ ਜਾਣੇ ਬੇਅੰਤ, ਬੇਅੰਤ ਆਪਣਾ ਵੇਸ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸ੍ਰੀ ਭਗਵੰਤ, ਭਗਵਨ ਆਪਣਾ ਖੇਲ ਖਿਲਾਇੰਦਾ । ਸ੍ਰੀ ਭਗਵਾਨ ਸ਼ਾਹ ਸੁਲਤਾਨਾ, ਸ਼ਾਹੋ ਭੂਪ ਵਡੀ ਵਡਿਆਈਆ । ਸਚ ਸਿੰਘਾਸਣ ਇਕ ਸੁਹਾਨਾ, ਪਾਵਾ ਚੂਲ ਨਾ ਕੋਇ ਰਖਾਈਆ । ਆਪਣੀ ਇਛਿਆ ਵੇਖ ਵਖਾਨਾ, ਸਾਚੀ ਭਿਛਿਆ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰ ਦਏ ਵਡਿਆਈਆ । ਸਚਖੰਡ ਦਵਾਰ ਦਰ ਦਰਵਾਜ਼ਾ, ਸੋ ਪੁਰਖ ਨਿਰੰਜਣ ਆਪ ਖੁਲ੍ਹਾਇੰਦਾ । ਆਦਿ ਪੁਰਖ ਸ਼ਾਹੋ ਭੂਪ ਵਡ ਰਾਜ ਰਾਜਾਨਾ, ਸ਼ਾਹ ਸੁਲਤਾਨਾ ਵੇਸ ਵਟਾਇੰਦਾ । ਹਰਿ ਪੁਰਖ ਨਿਰੰਜਣ ਆਪੇ ਰਚ ਰਚ ਆਪਣਾ ਕਾਜਾ, ਆਪੇ ਸਗਨ ਮਨਾਇੰਦਾ । ਏਕੰਕਾਰ ਆਪ ਵਜਾਏ ਆਪਣਾ ਵਾਜਾ, ਤਾਰ ਸਤਾਰ ਨਾ ਕੋਇ ਹਿਲਾਇੰਦਾ । ਆਦਿ ਨਿਰੰਜਣ ਜੋਤ ਜੋਤ ਪਰਕਾਸ਼ਾ, ਦੀਵਾ ਬਾਤੀ ਨਾ ਕੋਇ ਰਖਾਇੰਦਾ । ਸ੍ਰੀ ਭਗਵਾਨ ਆਪਣਾ ਵੇਖੇ ਆਪ ਤਮਾਸ਼ਾ, ਆਪਣੀ ਰਾਸ ਆਪ ਰਚਾਇੰਦਾ । ਅਬਿਨਾਸ਼ੀ ਕਰਤਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਦਿ ਪੁਰਖ ਏਕਾ ਵਰ, ਆਪ ਆਪਣਾ ਰੰਗ ਵਖਾਇੰਦਾ । ਆਦਿ ਪੁਰਖ ਰੂਪ ਰੰਗ ਤੇ ਵਸੇ ਬਾਹਰਾ, ਰੂਪ ਰੰਗ ਲਏ ਪਰਗਟਾਈਆ । ਆਪਣੀ ਇਛਿਆ ਆਪੇ ਵਰਤਾਰਾ, ਆਪੇ ਭਿਛਿਆ ਝੋਲੀ ਪਾਈਆ । ਆਪੇ ਦਰ ਦਰਵੇਸ਼ ਬਣ ਭਿਖਾਰਾ, ਵੇਸ ਅਨੇਕਾ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਭੇਵ ਅਭੇਦ ਅਛਲ ਅਛੇਦ ਆਪਣਾ ਆਪ ਖੁਲ੍ਹਾਈਆ । ਆਦਿ ਪੁਰਖ ਹਰਿ ਭੇਵ ਖੁਲ੍ਹਾਇੰਦਾ, ਇਕ ਇਕੱਲਾ ਏਕੰਕਾਰ ।

ਆਪਣੀ ਕਰਨੀ ਆਪ ਸਮਝਾਇੰਦਾ, ਪੁਰਖ ਅਗੰਮਾ ਹੋ ਤਿਆਰ । ਨਿਰਗੁਣ ਜੋਤ ਜੋਤ ਪਰਗਟਾਇੰਦਾ, ਜੋਤੀ ਜਾਤਾ ਖ਼ਬਰਦਾਰ । ਸਾਚਾ ਮੰਦਰ ਆਪ ਸੁਹਾਇੰਦਾ, ਸਚਖੰਡ ਦਵਾਰਾ ਖੋਲ੍ਹ ਕਿਵਾੜ । ਦੂਸਰ ਸੰਗ ਨਾ ਕੋਇ ਰਲਾਇੰਦਾ, ਇਕ ਇਕੱਲਾ ਪਰਵਰਦਿਗਾਰ । ਮੁਕਾਮੇ ਹੱਕ ਆਪ ਵਡਿਆਇੰਦਾ, ਨੂਰ ਨੁਰਾਨਾ ਹੋ ਉਜਿਆਰ । ਸਾਚਾ ਤਖ਼ਤ ਆਪ ਸੁਹਾਇੰਦਾ, ਤਖ਼ਤ ਨਿਵਾਸੀ ਖੇਲ ਅਪਾਰ । ਧੁਰ ਫ਼ਰਮਾਨਾ ਹੁਕਮ ਸੁਣਾਇੰਦਾ, ਹੁਕਮੀ ਹੁਕਮ ਕਰੇ ਵਰਤਾਰ । ਪੁਰਖ ਨਾਰ ਆਪ ਅਖਵਾਇੰਦਾ, ਲੇਖਾ ਜਾਣੇ ਨਾਰੀ ਕੰਤ ਭਤਾਰ । ਸਾਚੀ ਸੇਜ ਆਪ ਹੰਢਾਇੰਦਾ, ਨਿਰਗੁਣ ਨਿਰਗੁਣ ਕਰ ਪਿਆਰ । ਥਿਰ ਘਰ ਆਪਣਾ ਦਰ ਖੁਲ੍ਹਾਇੰਦਾ, ਘਰ ਘਰ ਵਿਚ ਕਰ ਤਿਆਰ । ਚਰਨ ਕਵਲ ਆਪ ਟਿਕਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣਾ ਪਰਦਾ ਆਪੇ ਲਾਹਿੰਦਾ । ਘਰ ਵਿਚ ਘਰ ਕਰ ਤਿਆਰ, ਸਚਖੰਡ ਦਏ ਵਡਿਆਈਆ । ਥਿਰ ਘਰ ਖੋਲ੍ਹੇ ਆਪ ਕਿਵਾੜ, ਆਪਣੀ ਦਇਆ ਆਪ ਕਮਾਈਆ । ਲੇਖਾ ਜਾਣੇ ਕੰਤ ਭਤਾਰ, ਨਰ ਨਰਾਇਣ ਸੱਚਾ ਸ਼ਹਿਨਸ਼ਾਹੀਆ । ਆਪਣੀ ਇਛਿਆ ਪਾਏ ਭਿਛਿਆ ਅਗੰਮ ਅਪਾਰ, ਅਲਖ ਅਗੋਚਰ ਅਗੰਮ ਅਥਾਹ ਬੇਪਰਵਾਹੀਆ । ਆਪਣਾ ਰੂਪ ਆਪ ਧਰਾ, ਜਨਨੀ ਜਨ ਬਣ ਮਲਾਹ, ਆਪਣਾ ਮਾਰਗ ਆਪੇ ਪਾ, ਆਪੇ ਵੇਖ ਵਖਾਈਆ । ਸੁਤ ਦੁਲਾਰਾ ਇਕ ਉਠਾ, ਏਕਾ ਗੁਣ ਦਏ ਜਣਾ, ਸ਼ਬਦੀ ਸ਼ਬਦ ਵਡੀ ਵਡਿਆਈਆ । ਲੇਖਾ ਜਾਣੇ ਸਹਿਜ ਸੁਭਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਭੇਵ ਅਭੇਦਾ ਆਪ ਖੁਲ੍ਹਾਈਆ । ਭੇਵ ਅਭੇਦਾ ਹਰਿ ਹਰਿ ਖੋਲ੍ਹ, ਆਪਣਾ ਭੇਵ ਆਪ ਜਣਾਇੰਦਾ । ਥਿਰ ਘਰ ਅੰਦਰ ਆਪੇ ਮੌਲ, ਰੂਪ ਅਨੂਪ ਆਪ ਵਟਾਇੰਦਾ । ਆਪੇ ਕਰੇ ਆਪਣਾ ਕੌਲ, ਕੀਤਾ ਕੌਲ ਭੁਲ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਅੰਦਰ ਥਿਰ ਘਰ ਧਰ, ਦਰ ਦਰਵਾਜ਼ਾ ਆਪ ਖੁਲ੍ਹਾਇੰਦਾ । ਥਿਰ ਘਰ ਖੋਲ੍ਹੇ ਦਰ ਦਰਵਾਜ਼ਾ, ਸੋ ਪੁਰਖ ਨਿਰੰਜਣ ਵਡੀ ਵਡਿਆਈਆ । ਹਰਿ ਪੁਰਖ ਨਿਰੰਜਣ ਵਡ ਰਾਜਨ ਰਾਜਾ, ਰਾਜਨ ਰਾਜ ਆਪ ਅਖਵਾਈਆ । ਏਕੰਕਾਰਾ ਸਾਜਣ ਸਾਜਾ, ਘਾੜਤ ਘਾੜਨ ਲਏ ਘੜਾਈਆ । ਆਦਿ ਨਿਰੰਜਣ ਰੱਖੇ ਲਾਜਾ, ਏਕਾ ਜੋਤ ਨੂਰ ਰੁਸ਼ਨਾਈਆ । ਸ੍ਰੀ ਭਗਵਾਨ ਫਿਰੇ ਭਾਜਾ, ਰੂਪ ਅਨੂਪ ਧਰਾਈਆ । ਅਬਿਨਾਸ਼ੀ ਕਰਤਾ ਰਚ ਰਚ ਕਾਜਾ, ਆਪਣੀ ਰਚਨਾ ਆਪ ਰਚਾਈਆ । ਪਾਰਬ੍ਰਹਮ ਪ੍ਰਭ ਦੇਵੇ ਦਾਜਾ, ਵਸਤ ਅਮੋਲਕ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਥਿਰ ਘਰ ਬੈਠਾ ਆਪੇ ਵੜ, ਰੂਪ ਰੇਖ ਨਾ ਕੋਇ ਜਣਾਈਆ । ਥਿਰ ਘਰ ਸਾਚੇ ਆਪੇ ਵੜਿਆ, ਆਪ ਆਪਣਾ ਆਸਣ ਲਾਇੰਦਾ । ਆਪਣੇ ਪੌੜੇ ਆਪੇ ਚੜ੍ਹਿਆ, ਸਚ ਮਹੱਲੇ ਸੋਭਾ ਪਾਇੰਦਾ । ਆਪਣਾ ਘਾੜਨ ਆਪੇ ਘੜ੍ਹਿਆ, ਘਾੜਨ ਘਾੜਤ ਵੇਖ ਵਖਾਇੰਦਾ । ਆਪਣਾ ਪੱਲੂ ਆਪੇ ਫੜਿਆ, ਆਪ ਆਪਣਾ ਸੰਗ ਨਿਭਾਇੰਦਾ । ਆਪਣੀ ਜੋਤ ਆਪੇ ਰਲਿਆ, ਜੋਤੀ ਜੋਤ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਥਿਰ ਘਰ ਸਾਚੇ ਅੰਦਰ ਵੜ, ਆਪਣਾ ਬੰਧਨ ਆਪੇ ਪਾਇੰਦਾ । ਆਪਣਾ ਬੰਧਨ ਥਿਰ ਘਰ, ਹਰਿ ਸਾਚਾ ਸਚ ਪਾਈਆ । ਆਪੇ ਪੁਰਖ ਨਾਰੀ ਨਰ, ਨਰ ਨਰਾਇਣ ਨਾਉਂ ਧਰਾਈਆ । ਆਪਣੀ ਕਰਨੀ ਆਪੇ ਕਰ, ਕਰਤਾ ਪੁਰਖ ਵੇਖ ਵਖਾਈਆ । ਆਪੇ ਵਰੇ ਆਪਣਾ ਵਰ, ਵਰਨੀ ਵਰ ਆਪ ਹੋ ਜਾਈਆ । ਆਪਣਾ ਮੇਲਾ ਆਪੇ ਕਰ, ਆਪ ਆਪਣਾ

ਸਗਨ ਮਨਾਈਆ । ਆਪਣਾ ਆਪੇ ਅੰਦਰ ਧਰ, ਆਪੇ ਕਰੇ ਖੇਲ ਬੇਪਰਵਾਹੀਆ । ਜਨਨੀ ਜਨ ਆਪੇ ਬਣ, ਧੰਨ ਧੰਨ ਜਣੇਂਦੀ ਬਣੇ ਮਾਈਆ । ਦਾਈ ਦਾਇਆ ਸੇਵ ਕਰ, ਸਾਚੀ ਸੇਵਾ ਆਪ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣਾ ਲੇਖਾ ਦਏ ਸਮਝਾਈਆ । ਲੇਖ ਅਵੱਲਾ ਹਰਿ ਕਰਤਾਰਾ, ਭੇਵ ਅਭੇਦ ਆਪ ਖੁਲ੍ਹਾਇੰਦਾ । ਆਪਣੀ ਇਛਿਆ ਭਰ ਭੰਡਾਰਾ, ਸਚ ਵਰਤਾਰਾ ਆਪ ਹੋ ਜਾਇੰਦਾ । ਆਪੇ ਸੇਜਾ ਆਪੇ ਜਾਏ ਸੁਤ ਦੁਲਾਰਾ, ਸ਼ਬਦੀ ਸ਼ਬਦ ਗੋਦ ਉਠਾਇੰਦਾ । ਥਿਰ ਘਰ ਵਸਾਏ ਸਚ ਮਨਾਰਾ, ਆਪ ਆਪਣਾ ਰੰਗ ਰੰਗਾਇੰਦਾ । ਨਿਰਗੁਣ ਨਿਰਗੁਣ ਦਏ ਆਧਾਰਾ, ਨਿਰਗੁਣ ਨਿਰਗੁਣ ਵੇਖ ਵਖਾਇੰਦਾ । ਨਿਰਗੁਣ ਜੋਤ ਕਰੇ ਪਿਆਰਾ, ਨਿਰਗੁਣ ਆਪਣਾ ਮੇਲ ਮਿਲਾਇੰਦਾ । ਨਿਰਗੁਣ ਮੰਗੇ ਬਣ ਭਿਖਾਰਾ, ਨਿਰਗੁਣ ਝੋਲੀ ਅੱਗੇ ਡਾਹਿੰਦਾ । ਨਿਰਗੁਣ ਬਣੇ ਸਚ ਵਰਤਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਸਾਚੇ ਖੇਲ ਕਰ ਆਪਣਾ ਹੁਕਮ ਆਪ ਵਰਤਾਇੰਦਾ । ਸਾਚਾ ਹੁਕਮ ਧੁਰ ਫ਼ਰਮਾਨਾ, ਪੁਰਖ ਅਬਿਨਾਸ਼ੀ ਆਪ ਜਣਾਈਆ । ਸੁਤ ਦੁਲਾਰਾ ਕਰ ਪਰਧਾਨਾ, ਇਕ ਪਰਧਾਨਗੀ ਦਏ ਜਣਾਈਆ । ਏਕਾ ਰੱਖਣਾ ਚਰਨ ਧਿਆਨਾ, ਚਰਨ ਕਵਲ ਸਮਝਾਈਆ । ਏਕਾ ਮੰਦਰ ਇਕ ਮਕਾਨਾ, ਸਚਖੰਡ ਵੇਖ ਵਖਾਈਆ । ਏਕਾ ਰਾਜ ਇਕ ਰਾਜਾਨਾ, ਸ਼ਾਹ ਸੁਲਤਾਨ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੁਤ ਦੁਲਾਰਾ ਲਏ ਉਠਾਈਆ । ਸੁਤ ਦੁਲਾਰੇ ਉਠ ਉਠ, ਹਰਿ ਸਾਚਾ ਆਪ ਜਗਾਇੰਦਾ । ਪਾਰਬ੍ਰਹਮ ਅਬਿਨਾਸ਼ੀ ਕਰਤਾ ਗਿਆ ਤੁਠ, ਆਪਣੀ ਦਇਆ ਆਪ ਕਮਾਇੰਦਾ । ਦੇਵੇ ਭੰਡਾਰ ਇਕ ਅਤੁਟ ਆਦਿ ਜੁਗਾਦਿ ਤੇਰੀ ਝੋਲੀ ਪਾਇੰਦਾ । ਤੇਰੀ ਸੁਹਾਏ ਆਪ ਰੁੱਤ, ਰੁੱਤ ਰੁੱਤੜੀ ਵੇਖ ਵਖਾਇੰਦਾ । ਕਰੇ ਖੇਲ ਪਾਰਬ੍ਰਹਮ ਅਬਿਨਾਸ਼ੀ ਅਚੁਤ, ਰੂਪ ਰੰਗ ਰੇਖ ਨਾ ਕੋਇ ਜਣਾਇੰਦਾ । ਆਪਣੇ ਅੰਦਰੋਂ ਆਪੇ ਫੁਟ, ਤੇਰਾ ਰੂਪ ਪਰਗਟਾਇੰਦਾ । ਆਪਣੀ ਧਾਰਾ ਬਖ਼ਸ਼ੇ ਜੋਤ, ਨਿਰਗੁਣ ਜੋਤ ਜੋਤ ਜਗਾਇੰਦਾ । ਏਕਾ ਰੱਖਣੀ ਮੇਰੀ ਓਟ, ਦੂਸਰ ਓਟ ਨਾ ਕੋਇ ਤਕਾਇੰਦਾ । ਤੇਰਾ ਘਰ ਬਣਾਇਆ ਕਿਲਾ ਕੋਟ, ਥਿਰ ਘਰ ਤੇਰਾ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਦੇਵੇ ਵਰ, ਏਕਾ ਗੁਣ ਆਪ ਸਮਝਾਇੰਦਾ । ਸ਼ਬਦ ਸੁਤ ਉਠ ਬਲਕਾਰ, ਹਰਿ ਸਾਚਾ ਸਚ ਜਣਾਈਆ । ਥਿਰ ਘਰ ਵੇਖ ਚਾਰ ਦੀਵਾਰ, ਚਾਰੋਂ ਕੁੰਟ ਨੈਣ ਉਠਾਈਆ । ਇਕ ਇਕੱਲਾ ਵਸੇ ਨਿਰਾਕਾਰ, ਨਿਰੰਕਾਰ ਬੇਪਰਵਾਹੀਆ । ਨਾ ਕੋਈ ਦੂਜਾ ਮਦਦਗਾਰ, ਸਗਲਾ ਸੰਗ ਨਾ ਕੋਇ ਜਣਾਈਆ । ਨਾ ਕੋਈ ਮਰਦੰਗ ਨਾ ਸਤਾਰ, ਸੰਦੇਸ ਨਰੇਸ਼ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਏਕਾ ਸ਼ਬਦ ਲਏ ਉਠਾਈਆ । ਸ਼ਬਦ ਸੁਤ ਸੂਰ ਬਲਵਾਨਾ, ਸੋ ਪੁਰਖ ਨਿਰੰਜਣ ਆਪ ਪਰਗਟਾਇੰਦਾ । ਹਰਿ ਪੁਰਖ ਨਿਰੰਜਣ ਹੋ ਮਿਹਰਵਾਨਾ, ਆਪਣਾ ਬੰਧਨ ਆਪੇ ਪਾਇੰਦਾ । ਏਕੰਕਾਰਾ ਬਖ਼ਸ਼ੇ ਚਰਨ ਧਿਆਨਾ, ਚਰਨ ਚਰਨੋਦਕ ਮੁਖ ਚੁਆਇੰਦਾ । ਆਦਿ ਨਿਰੰਜਣ ਦੇਵੇ ਜੋਤ ਨੂਰ ਮਹਾਨਾ, ਜੋਤੀ ਸ਼ਬਦੀ ਮੇਲ ਮਿਲਾਇੰਦਾ । ਅਬਿਨਾਸ਼ੀ ਕਰਤਾ ਬੰਨ੍ਹੇ ਗਾਨਾ, ਨਿਰਗੁਣ ਸਾਚਾ ਸਗਨ ਆਪ ਮਨਾਇੰਦਾ । ਸ੍ਰੀ ਭਗਵਾਨ ਦੇਵੇ ਧੁਰ ਫ਼ਰਮਾਨਾ, ਸਚ ਸੰਦੇਸਾ ਆਪ ਅਲਾਇੰਦਾ । ਪਾਰਬ੍ਰਹਮ ਕਰੇ ਪਰਧਾਨਾ, ਸਚ ਪਰਧਾਨਗੀ ਇਕ ਸਮਝਾਇੰਦਾ । ਮੇਰਾ ਨਾਉਂ ਤੇਰਾ ਪਰਵਾਨਾ, ਸਚ ਪਰਵਾਨਾ ਹੱਥ ਫੜਾਇੰਦਾ । ਤੇਰਾ ਲੇਖਾ ਦੋ ਜਹਾਨਾਂ, ਦੋਏ ਦੋਏ ਰੂਪ ਆਪ

੯੦੮
੧੦

ਸਮਝਾਇੰਦਾ । ਤੇਰਾ ਮੰਦਰ ਸਚ ਮਕਾਨਾ, ਸਚ ਸਿੰਘਾਸਣ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣਾ ਪਰਦਾ ਆਪ ਚੁਕਾਇੰਦਾ । ਆਪਣਾ ਪਰਦਾ ਚੁਕਿਆ, ਪੁਰਖ ਅਬਿਨਾਸ਼ੀ ਹੋ ਮਿਹਰਵਾਨ । ਸੁਤ ਦੁਲਾਰਾ ਆਪਣੀ ਗੋਦ ਲੈ ਆਪੇ ਬੁੱਕਿਆ, ਨਾਮ ਜੈਕਾਰਾ ਏਕਾ ਬੋਲ । ਮੇਰਾ ਬੂਟਾ ਕਦੇ ਨਾ ਸੁੱਕਿਆ, ਆਦਿ ਜੁਗਾਦਿ ਰਹੇ ਸਦ ਮੌਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਦਵਾਰੇ ਤੋਲੇ ਆਪਣਾ ਤੋਲ । ਸੁਤ ਦੁਲਾਰਾ ਸ਼ਬਦੀ ਧਾਰ, ਨਿਉਂ ਨਿਉਂ ਸੀਸ ਝੁਕਾਈਆ । ਹਉਂ ਬਾਲਕ ਤੇਰਾ ਸੇਵਾਦਾਰ, ਸੇਵਕ ਸੇਵਾ ਸਚ ਕਮਾਈਆ । ਆਦਿ ਜੁਗਾਦਿ ਦੋਏ ਜੋੜ ਕਰਾਂ ਨਿਮਸਕਾਰ, ਨਿਉਂ ਨਿਉਂ ਸੀਸ ਝੁਕਾਈਆ । ਤੂੰ ਵਿਸਰ ਨਾ ਜਾਈਂ ਮੇਰੇ ਕਰਤਾਰ, ਤੇਰਾ ਵਿਛੋੜਾ ਸਹਿ ਨਾ ਸਕਾਂ ਰਾਈਆ । ਕਰ ਕਿਰਪਾ ਆਪਣੀ ਵਾਰ, ਹਉਂ ਏਕਾ ਮੰਗ ਮੰਗਾਈਆ । ਚਰਨ ਭਿਖਿਆ ਦੇਣੀ ਸਾਚੀ ਛਾਰ, ਦੂਸਰ ਅਵਰ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਵਜਦੀ ਰਹੇ ਵਧਾਈਆ । ਕਿਰਪਾ ਨਿਧ ਹਰਿ ਗੁਣ ਨਿਧਾਨਾ, ਆਪਣੀ ਦਇਆ ਆਪ ਕਮਾਇੰਦਾ । ਸਚਖੰਡ ਨਿਵਾਸੀ ਦੇਵੇ ਧੁਰ ਫ਼ਰਮਾਨਾ, ਸਚ ਸੰਦੇਸਾ ਇਕ ਸੁਣਾਇੰਦਾ । ਮੇਰਾ ਨਾਉਂ ਤੇਰਾ ਨਿਸ਼ਾਨਾ, ਦੋ ਜਹਾਨਾਂ ਆਪ ਝੁਲਾਇੰਦਾ । ਤੇਰੀ ਇਛਿਆ ਕਰੇ ਪਰਵਾਨਾ, ਸਾਚੀ ਭਿਛਿਆ ਝੋਲੀ ਪਾਇੰਦਾ । ਨਿਰਗੁਣ ਸਰਗੁਣ ਖੇਲ ਕਰੇ ਮਹਾਨਾ, ਤੇਰਾ ਬੰਸ ਸਰਬੰਸ ਵਖਾਇੰਦਾ । ਤੇਰੀ ਗੋਦੀ ਖੇਲੇ ਖੇਲ ਜਹਾਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਵਸਤ ਆਪ ਵਰਤਾਇੰਦਾ । ਸਾਚੀ ਵਸਤ ਹਰਿ ਵਰਤਾਰਾ, ਸ਼ਬਦੀ ਸ਼ਬਦ ਝੋਲੀ ਭਰਾਈਆ । ਤੇਰਾ ਰੂਪ ਅਨੂਪ ਧਰੇ ਵਿਚ ਸੰਸਾਰਾ, ਮਹਾਂਸਾਰਥੀ ਬਣ ਸੱਚਾ ਸ਼ਹਿਨਸ਼ਾਹੀਆ । ਤੇਰਾ ਖੇਲ ਕਰੇ ਅਪਰ ਅਪਾਰਾ, ਅਲਖ ਅਗੋਚਰ ਅਗੰਮ ਅਥਾਹ ਆਪਣਾ ਮੇਲ ਮਿਲਾਈਆ । ਨਿਰਗੁਣ ਸਰਗੁਣ ਬੰਨ੍ਹੇ ਧਾਰਾ, ਵਿਸ਼ਨ ਬ੍ਰਹਮਾ ਸ਼ਿਵ ਤੇਰੀ ਗੋਦ ਬਹਾਈਆ । ਤ੍ਰੈਗੁਣ ਦੇਵੇ ਇਕ ਸਹਾਰਾ, ਪੰਜ ਤੱਤ ਕਰੇ ਕੁੜਮਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਬਖ਼ਸ਼ੇ ਤੇਰਾ ਚਰਨ ਸਹਾਰਾ, ਗਗਨ ਮੰਡਲ ਤੇਰਾ ਨੂਰ ਕਰੇ ਰੁਸ਼ਨਾਈਆ । ਰਵ ਸਸ ਕਰੇ ਉਜਿਆਰਾ, ਤੇਰੀ ਕਿਰਨ ਕਿਰਨ ਪਰਗਟਾਈਆ । ਜਲ ਬਿੰਬ ਦਏ ਸਹਾਰਾ, ਤੇਰਾ ਨੀਰ ਨੀਰ ਵਹਾਈਆ । ਧਰਨੀ ਧਰਤ ਲਾਏ ਅਖਾੜਾ, ਆਕਾਸ਼ ਪਰਕਾਸ਼ ਦਏ ਪਰਗਟਾਈਆ । ਲੱਖ ਚੁਰਾਸੀ ਖੇਲ ਨਿਆਰਾ, ਘੜ ਭਾਂਡੇ ਦਏ ਬਣਾਈਆ । ਨਿਰਗੁਣ ਜੋਤ ਨੂਰ ਕਰ ਉਜਿਆਰਾ, ਨੂਰੋ ਨੂਰ ਕਰੇ ਰੁਸ਼ਨਾਈਆ । ਸ਼ਬਦ ਅਨਾਦ ਵਜਾਏ ਸਤਾਰਾ, ਧੁਨ ਅਨਾਦੀ ਆਪ ਸੁਣਾਈਆ । ਕਰੇ ਖੇਲ ਆਪ ਕਰਤਾਰਾ, ਕਰਤਾ ਪੁਰਖ ਵਡ ਵਡਿਆਈਆ । ਰਚ ਰਚ ਵੇਖੇ ਵੇਖਣਹਾਰਾ, ਆਪਣੀ ਰਚਨਾ ਆਪ ਰਚਾਈਆ । ਸ਼ਬਦ ਸੁਤ ਰਹਿਣਾ ਖ਼ਬਰਦਾਰਾ, ਕੀਤਾ ਕੌਲ ਭੁਲ ਨਾ ਜਾਈਆ । ਦੋ ਜਹਾਨ ਲੱਗੇ ਅਖਾੜਾ, ਲੋਆਂ ਪੁਰੀਆਂ ਨਾਚ ਨਚਾਈਆ । ਵਿਸ਼ਨ ਬ੍ਰਹਮਾ ਸ਼ਿਵ ਲਗਾਏ ਸੇਵਾਦਾਰਾ, ਸਾਚੀ ਸੇਵਾ ਇਕ ਸਮਝਾਈਆ । ਲੱਖ ਚੁਰਾਸੀ ਕਰ ਪਸਾਰਾ, ਘਟ ਘਟ ਆਪਣੀ ਜੋਤ ਕਰੇ ਰੁਸ਼ਨਾਈਆ । ਨਿਰਗੁਣ ਸਰਗੁਣ ਦਏ ਆਧਾਰਾ, ਸਰਗੁਣ ਨਿਰਗੁਣ ਮੇਲ ਮਿਲਾਈਆ । ਜੁਗ ਚੌਕੜੀ ਖੇਲੇ ਖੇਲ ਅਪਾਰਾ, ਏਕਾ ਬੰਧਨ ਨਾਮ ਰਖਾਈਆ । ਵੇਸ ਵਟਾਏ ਗੁਰ ਅਵਤਾਰਾ, ਜਗਤ ਗਿਆਨ ਇਕ ਦ੍ਰਿੜਾਈਆ । ਭਗਤ ਭਗਵੰਤ ਹੋ ਉਜਿਆਰਾ, ਲੱਖ ਚੁਰਾਸੀ ਕਰੇ ਪੜ੍ਹਾਈਆ । ਸੰਤ ਕੰਤ ਮੇਲਾ ਨਾਰ ਭਤਾਰਾ,

ਸਚ ਸੁਹਾਗ ਦਏ ਵਖਾਈਆ । ਗੁਰਮੁਖਾਂ ਦੇਵੇ ਇਕ ਆਧਾਰਾ, ਨਾਮ ਨਿਧਾਨਾ ਝੋਲੀ ਪਾਈਆ । ਗੁਰਸਿਖਾਂ ਵਖਾਏ ਇਕ ਦਵਾਰਾ, ਏਕਾ ਘਰ ਸੋਭਾ ਪਾਈਆ । ਜੁਗ ਜੁਗ ਵੇਖੇ ਖੇਲ ਤੇਰਾ ਵਿਚ ਸੰਸਾਰਾ, ਅਭੁਲ ਬੇਪਰਵਾਹੀਆ । ਚਾਰ ਜੁਗ ਲਗਾਏ ਅਖਾੜਾ, ਚਾਰੋਂ ਕੁੰਟ ਵੱਜੇ ਵਧਾਈਆ । ਏਕਾ ਸ਼ਬਦ ਦਏ ਆਧਾਰਾ, ਬ੍ਰਹਮਾ ਵੇਤਾ ਕਰ ਪੜ੍ਹਾਈਆ । ਏਕਾ ਲੇਖਾ ਬਣੇ ਲਿਖਾਰਾ, ਚਾਰੇ ਵੇਦਾਂ ਦਏ ਲਿਖਾਈਆ । ਚਾਰੇ ਵਰਨ ਕਰ ਉਜਿਆਰਾ, ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਵੰਡ ਵੰਡਾਈਆ । ਨੌਂ ਖੰਡ ਖੇਲ ਨਿਆਰਾ, ਸੱਤ ਦੀਪ ਜੋਤ ਰੁਸ਼ਨਾਈਆ । ਚਾਰੇ ਖਾਣੀ ਕਰ ਪਸਾਰਾ, ਉਤਭੁਜ ਸੇਤਜ ਜੇਰਜ ਅੰਡਜ ਆਪਣਾ ਬੰਧਨ ਆਪੇ ਪਾਈਆ । ਚਾਰੇ ਬਾਣੀ ਬੋਲ ਜੈਕਾਰਾ, ਨਿਰਗੁਣ ਸਰਗੁਣ ਧਾਰ ਚਲਾਈਆ । ਚਾਰੇ ਯਾਰ ਕਰੇ ਪਿਆਰਾ, ਕਲਮਾ ਆਪਣਾ ਆਪ ਸੁਣਾਈਆ । ਜੁਗ ਚੌਕੜੀ ਵੇਖੇ ਵੇਖਣਹਾਰਾ, ਥਿਰ ਕੋਇ ਰਹਿਣ ਨਾ ਪਾਈਆ । ਥਿਰ ਘਰ ਤੇਰਾ ਵਸਦਾ ਰਹੇ ਚੁਬਾਰਾ, ਪੁਰਖ ਅਬਿਨਾਸ਼ੀ ਏਕਾ ਗੁਣ ਸਮਝਾਈਆ । ਤੂੰ ਸੁਤ ਮੇਰਾ ਸੁਤ ਦੁਲਾਰਾ, ਜੁਗ ਜੁਗ ਤੇਰੇ ਨਾਉਂ ਕਰਾਂ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਦਿਤਾ ਵਰ, ਆਪ ਆਪਣਾ ਹੁਕਮ ਜਣਾਈਆ । ਸੁਣਿਆ ਧੁਰ ਫ਼ਰਮਾਨਾ, ਸ਼ਬਦੀ ਸੁਤ ਸੀਸ ਝੁਕਾਇੰਦਾ । ਤੂੰ ਸਾਹਿਬ ਸੱਚਾ ਸੁਲਤਾਨਾ, ਸਚ ਸਿੰਘਾਸਣ ਸੋਭਾ ਪਾਇੰਦਾ । ਤੇਰਾ ਨਾਉਂ ਸ੍ਰੀ ਭਗਵਾਨਾ, ਮੈਂ ਭੁਲ ਕਦੇ ਨਾ ਜਾਇੰਦਾ । ਤੇਰਾ ਵੇਖਾਂ ਖੇਲ ਦੋ ਜਹਾਨਾਂ, ਵਿਸ਼ਨ ਬ੍ਰਹਮਾ ਸ਼ਿਵ ਸੇਵ ਲਗਾਇੰਦਾ । ਤ੍ਰੈਗੁਣ ਬੰਨ੍ਹਾਂ ਏਕਾ ਗਾਨਾ, ਪੰਜ ਤੱਤ ਆਪਣਾ ਵੇਸ ਵਖਾਇੰਦਾ । ਲੱਖ ਚੁਰਾਸੀ ਕਰ ਨਿਸ਼ਾਨਾ, ਲੋਕਮਾਤ ਨਾਚ ਨਚਾਇੰਦਾ । ਗੁਰ ਅਵਤਾਰਾਂ ਦੇਵਾਂ ਦਾਨਾ, ਤੇਰਾ ਨਾਉਂ ਝੋਲੀ ਪਾਇੰਦਾ । ਤੇਰਾ ਰਾਗ ਸੁਣਾਵਾਂ ਸਚ ਤਰਾਨਾ, ਨਾਦ ਅਨਾਦੀ ਆਪ ਅਲਾਇੰਦਾ । ਜੁਗ ਚੌਕੜੀ ਵੇਖਾਂ ਖੇਲ ਹੋ ਪਰਧਾਨਾ, ਲੋਕਮਾਤ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਵਕ਼ਤ ਕਵਣ ਵੇਲਾ ਕਵਣ ਘਰ ਮੇਲ ਮਿਲਾਇੰਦਾ । ਸੁਤ ਦੁਲਾਰਾ ਮੰਗੇ ਮੰਗ, ਪ੍ਰਭ ਅੱਗੇ ਸੀਸ ਝੁਕਾਈਆ । ਤੂੰ ਸਾਹਿਬ ਸੂਰਾ ਸਰਬੰਗ, ਤੇਰੇ ਹੱਥ ਵਡੀ ਵਡਿਆਈਆ । ਜੁਗ ਚੌਕੜੀ ਪਾਰ ਜਾਇਣ ਲੰਘ, ਗੁਰ ਅਵਤਾਰ ਆਪਣਾ ਢੋਲਾ ਮਾਤ ਗਾਈਆ । ਤੇਰੀ ਸੁਹੰਜਣੀ ਸੇਜ ਪਲੰਘ, ਨੇਤਰ ਨੈਣ ਨੈਣ ਉਠਾਈਆ । ਤੂੰ ਦੇਣਾ ਪਰਮਾਨੰਦ, ਨਿਜਾਨੰਦ ਤੇਰੀ ਰਸਾਈਆ । ਤੂੰ ਸੁਣੌਣਾ ਸੁਹਾਗੀ ਛੰਦ, ਤੇਰਾ ਨਾਉਂ ਲੋਕਮਾਤ ਕਰੇ ਰੁਸ਼ਨਾਈਆ । ਤੂੰ ਟੁੱਟੀ ਲੈਣੀ ਗੰਢ, ਗੰਢਣਹਾਰ ਇਕ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਵੇਲਾ ਅੰਤ ਦੇ ਸਮਝਾਈਆ । ਵੇਲਾ ਅੰਤ ਹਰਿ ਸਮਝਾ, ਹਉਂ ਸੀਸ ਸੀਸ ਝੁਕਾਈਆ । ਜੁਗ ਚੌਕੜੀ ਤੇਰੀ ਸੇਵਾ ਲਵਾਂ ਕਮਾ, ਪੀਸਣ ਪੀਸ ਸੇਵ ਕਮਾਈਆ । ਲੱਖ ਚੁਰਾਸੀ ਤੇਰਾ ਖੇਲ ਖਿਲਾ, ਖ਼ਾਲਕ ਵੇਖਾਂ ਖ਼ਲਕ ਖ਼ੁਦਾਈਆ । ਜੂਨੀ ਜੂਨ ਅਜੂਨ ਭੁਆ, ਜੁਗ ਜੁਗ ਗੇੜਾ ਦਿਆਂ ਭੁਆਈਆ । ਵਸਦਾ ਖੇੜਾ ਦਿਆਂ ਢਾਹ, ਉਜੜਿਆ ਖੇੜਾ ਫੇਰ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਵੇਲਾ ਅੰਤ ਅੰਤ ਜਣਾਈਆ । ਵੇਲਾ ਅੰਤ ਹਰਿ ਜਣਾਇੰਦਾ, ਆਦਿ ਪੁਰਖ ਬੇਪਰਵਾਹ । ਲੇਖਾ ਲਿਖਤ ਵਿਚ ਨਾ ਆਇੰਦਾ, ਲਿਖ ਲਿਖ ਸਕੇ ਨਾ ਕੋਇ ਸਮਝਾ । ਬ੍ਰਹਮਾ ਨਿਉਂ ਨਿਉਂ ਸੀਸ ਝੁਕਾਇੰਦਾ, ਵਿਸ਼ਨੂੰ ਲਏ ਨਾ ਉਚੀ ਸਾਹ । ਸ਼ੰਕਰ ਧੂੜੀ ਖ਼ਾਕ ਮੰਗ ਮੰਗਾਇੰਦਾ, ਨੇਤਰ ਨੈਣਾਂ ਨੀਰ ਵਹਾ । ਚਾਰ ਵੇਦ ਭੇਵ ਨਾ ਆਇੰਦਾ, ਗੁਰ ਅਵਤਾਰ ਬੇਅੰਤ ਬੇਅੰਤ ਗਏ ਗਾ । ਹਰਿ

ਕਾ ਲੇਖਾ ਲਿਖ ਨਾ ਕੋਇ ਵਖਾਇੰਦਾ, ਜੋ ਆਇਆ ਮੰਗੇ ਪਨਾਹ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਦੁਲਾਰੇ ਦਏ ਸਮਝਾ । ਸੁਤ ਦੁਲਾਰੇ ਜਾਣਾ ਜਾਗ, ਸਚਖੰਡ ਨਿਵਾਸੀ ਆਪ ਜਗਾਈਆ । ਥਿਰ ਘਰ ਤੇਰੇ ਲੱਗਾ ਭਾਗ, ਸੋ ਪੁਰਖ ਨਿਰੰਜਣ ਆਪ ਲਗਾਈਆ । ਏਕਾ ਦੀਪਕ ਜਗਿਆ ਚਿਰਾਗ਼, ਆਦਿ ਜੁਗਾਦਿ ਨਾ ਕੋਇ ਬੁਝਾਈਆ । ਦੋ ਜਹਾਨ ਤੇਰਾ ਸੱਜਣ ਸਾਕ, ਬ੍ਰਹਿਮੰਡ ਖੰਡ ਤੇਰਾ ਬੰਧਨ ਪਾਈਆ । ਲੱਖ ਚੁਰਾਸੀ ਰੱਖੇ ਤੇਰੀ ਤਾਕ, ਤ੍ਰੈਗੁਣ ਵੇਖੇ ਥਾਉਂ ਥਾਈਆ । ਤੇਰੇ ਨਾਲ ਕਰੇ ਆਪਣਾ ਭਵਿਖਤ ਵਾਕ, ਲੇਖਾ ਲਿਖ ਨਾ ਕਿਸੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣਾ ਲੇਖਾ ਦਏ ਵਖਾਈਆ । ਆਪਣਾ ਲੇਖਾ ਹਰਿ ਜਣਾਇੰਦਾ, ਸੋ ਪੁਰਖ ਨਿਰੰਜਣ ਹੋ ਮਿਹਰਵਾਨ । ਨਵ ਨੌਂ ਚਾਰ ਖੇਲ ਖਿਲਾਇੰਦਾ, ਲੇਖਾ ਜਾਣੇ ਸ੍ਰੀ ਭਗਵਾਨ । ਨੌਂ ਸੌ ਚੁਰਾਨਵੇਂ ਚੌਕੜੀ ਪੰਧ ਮੁਕਾਇੰਦਾ, ਗੁਣਵੰਤਾ ਗੁਣ ਨਿਧਾਨ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਢਾਇੰਦਾ, ਆਪੇ ਵੇਖੇ ਮਾਰ ਧਿਆਨ । ਗੁਰ ਅਵਤਾਰ ਸੇਵ ਲਗਾਇੰਦਾ, ਦੇਵੇ ਧੁਰ ਫ਼ਰਮਾਨ । ਭਗਤ ਭਗਵੰਤ ਆਪ ਮਿਲਾਇੰਦਾ, ਲੋਕਮਾਤ ਲੱਜਿਆ ਰੱਖੇ ਆਣ । ਸੰਤ ਕੰਤ ਆਪ ਉਠਾਇੰਦਾ, ਆਪ ਆਪਣੇ ਲਏ ਪਛਾਣ । ਗੁਰਮੁਖ ਗੁਰ ਗੁਰ ਰੰਗ ਸਮਾਇੰਦਾ, ਗੁਰ ਸਤਿਗੁਰ ਵੇਖੇ ਮਾਰ ਧਿਆਨ । ਗੁਰਮੁਖ ਸਾਚੇ ਦਰ ਬਹਾਇੰਦਾ, ਇਕ ਵਖਾਏ ਸਤਿ ਮਕਾਨ । ਜੁਗ ਚੌਕੜੀ ਅੰਤਮ ਪੰਧ ਮੁਕਾਇੰਦਾ, ਨਾ ਰਹੇ ਕੋਇ ਵਿਚ ਜਹਾਨ । ਜੋ ਘੜਿਆ ਭੰਨ ਵਖਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸ਼ਬਦ ਸੁਤ ਦੇਵੇ ਵਰ, ਲੱਖ ਚੁਰਾਸੀ ਜਾਏ ਹਰ, ਵੇਲਾ ਅੰਤ ਇਕ ਜਣਾਇੰਦਾ । ਨਵ ਨੌਂ ਚਾਰ ਪਾਰ ਕਰੌਣਾ, ਕਲਜੁਗ ਅੰਤ ਅੰਤ ਸਮਝਾਈਆ । ਪੁਰਖ ਅਬਿਨਾਸ਼ੀ ਵੇਸ ਵਟੌਣਾ, ਨਿਰਗੁਣ ਜੋਤ ਜੋਤ ਰੁਸ਼ਨਾਈਆ । ਤੇਰਾ ਨਾਉਂ ਡੰਕ ਵਜੌਣਾ, ਸ਼ਬਦੀ ਸ਼ਬਦ ਸੁਣਾਈਆ । ਚਾਰ ਜੁਗ ਦਾ ਲੇਖਾ ਲੇਖ ਵਖੌਣਾ, ਅਭੁਲ ਭੁਲ ਕਦੇ ਨਾ ਜਾਈਆ । ਵਿਸ਼ਨ ਬ੍ਰਹਮਾ ਸ਼ਿਵ ਦਰ ਮੰਗੌਣਾ, ਆਪ ਆਪਣਾ ਹੁਕਮ ਸੁਣਾਈਆ । ਤੇਈ ਅਵਤਾਰਾਂ ਪਰਦਾ ਲੌਹਣਾ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਈਸਾ ਮੂਸਾ ਸੰਗ ਮੁਹੰਮਦ ਪਿਛਲਾ ਕੀਤਾ ਵੇਖ ਵਖੌਣਾ, ਵੇਖਣਹਾਰ ਆਪ ਹੋ ਜਾਈਆ । ਗੁਰ ਗੁਰ ਧਾਰ ਭੇਵ ਚੁਕੌਣਾ, ਦਸ ਦਸ ਆਪਣਾ ਦਏ ਮੁਕਾਈਆ । ਚਾਰ ਵਰਨ ਖ਼ਬਰਦਾਰ ਕਰੌਣਾ, ਬਰਨ ਅਠਾਰਾਂ ਦਏ ਹਿਲਾਈਆ । ਦੀਨ ਮਜ਼੍ਹਬ ਭੇਵ ਚੁਕੌਣਾ, ਜ਼ਾਤ ਪਾਤ ਫੋਲ ਫੋਲਾਈਆ । ਸਭ ਦਾ ਲੇਖਾ ਸਭ ਦੇ ਅੱਗੇ ਰਖੌਣਾ, ਕੂੜੀ ਕਿਰਿਆ ਸਰਬ ਲੋਕਾਈਆ । ਮਨ ਮਤ ਮਾਣ ਨਾ ਕਿਸੇ ਗਵੌਣਾ, ਅੰਜੀਲ ਕੁਰਾਨ ਸ਼ਾਸਤਰ ਸਿਮਰਤ ਵੇਦ ਪੁਰਾਨ ਪੜ੍ਹ ਪੜ੍ਹ ਥੱਕੀ ਸਰਬ ਲੋਕਾਈਆ । ਗੁਰ ਅਵਤਾਰ ਨਾ ਨਜ਼ਰੀ ਔਣਾ, ਨੇਤਰ ਨੈਣ ਕਿਸੇ ਨਾ ਦਰਸਣ ਪੌਣਾ, ਕਲਜੁਗ ਅੰਧੇਰਾ ਏਕਾ ਛੌਣਾ, ਚਾਰੋਂ ਕੁੰਟ ਸਾਚਾ ਚੰਦ ਨਾ ਕੋਇ ਰੁਸ਼ਨਾਈਆ । ਸਾਧ ਸੰਤ ਹਰਿ ਨਾ ਕਿਸੇ ਮਨੌਣਾ, ਭਗਤ ਭਗਵੰਤ ਨਾ ਗੋਦ ਬਹੌਣਾ, ਜੋਤੀ ਜੋਤ ਨਾ ਜੋਤ ਜਗੌਣਾ, ਕਿਲਾ ਕੋਟ ਨਾ ਝੂਠਾ ਢੌਣਾ, ਮਨ ਕਾ ਮਣਕਾ ਨਾ ਕੋਇ ਭੁਆਈਆ । ਰਸਨਾ ਬੋਲ ਬੋਲ ਜੀਵ ਜੰਤ ਜੰਤ ਸਮਝੌਣਾ, ਹਰਿ ਬੇਅੰਤ ਕਿਸੇ ਨਾ ਗੌਣਾ, ਜਿਸ ਹੱਥ ਵਡੀ ਵਡਿਆਈਆ । ਸੁਤ ਸ਼ਬਦ ਤੇਰਾ ਲੇਖਾ ਅੰਤਮ ਤੇਰੀ ਝੋਲੀ ਪੌਣਾ, ਤੇਰਾ ਕਰਜ਼ਾ ਰਹਿਣ ਨਾ ਦੇਵੇ ਰਾਈਆ । ਲੱਖ ਚੁਰਾਸੀ ਜੋ ਘੜਿਆ ਸੋ ਭੰਨ ਵਖੌਣਾ, ਸ਼ਬਦ ਖੰਡਾ ਇਕ ਉਠਾਈਆ । ਆਪਣਾ ਹੁਕਮ ਆਪ ਵਰਤੌਣਾ, ਹੁਕਮੀ ਹੁਕਮ ਖੇਲ ਖਿਲਾਈਆ । ਲੱਖ ਚੁਰਾਸੀ ਨੈਣ ਸ਼ਰਮੌਣਾ,

ਭੁੱਲਿਆ ਬੇਪਰਵਾਹੀਆ । ਅੱਗੇ ਹੋ ਨਾ ਕਿਸੇ ਬਚੌਣਾ, ਗੁਰ ਅਵਤਾਰ ਨਾ ਦੇਵੇ ਕੋਇ ਗਵਾਹੀਆ । ਸੰਮਤ ਅਠਾਰਾਂ ਪੰਧ ਮੁਕੌਣਾ, ਏਕਾ ਨਾਇਆ ਮੇਲ ਮਿਲਾਈਆ । ਇਕ ਇਕੱਲਾ ਹੋ ਕੇ ਵੇਸ ਵਟੌਣਾ, ਨੌਂ ਖੰਡ ਪ੍ਰਿਥਮੀ ਨੌਂ ਦਰ ਖੋਜੇ ਥਾਉਂ ਥਾਈਆ । ਨੌਂ ਦਰ ਮੰਦਰ ਆਪੇ ਢੌਣਾ, ਇਕ ਇਕੱਲਾ ਢਾਹ ਰਿਹਾ ਲਗਾਈਆ । ਇਕ ਮਹੱਲਾ ਇਕ ਵਸੌਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਤ ਦੇਵੇ ਵਰ, ਅੰਤ ਆਪਣੇ ਹੱਥ ਰਖਾਈਆ । ਵੇਲਾ ਅੰਤ ਅੰਤ ਹਰਿ ਔਣਾ, ਰੂਪ ਰੰਗ ਰੇਖ ਨਾ ਕੋਇ ਜਣਾਇੰਦਾ । ਚਾਰ ਜੁਗ ਗੁਰ ਅਵਤਾਰਾਂ ਗੌਣਾ, ਸ਼ਬਦ ਸੰਦੇਸ ਇਕ ਸੁਣਾਇੰਦਾ । ਵੇਦ ਵਿਆਸ ਲੇਖ ਲਿਖੌਣਾ, ਈਸਾ ਬੋਲੇ ਮੂਸਾ ਕਹੇ ਜਿਸ ਮੇਰੇ ਮਗਰੋਂ ਔਣਾ, ਸਭ ਦਾ ਲਹਿਣਾ ਮੋਹ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਸਮਝਾਇੰਦਾ । ਆਪਣਾ ਭੇਵ ਹਰਿ ਸਮਝਾਇਆ, ਮਹਿਮਾ ਕਥ ਕਥੀ ਨਾ ਜਾਈਆ । ਨਾਨਕ ਨਿਰਗੁਣ ਨਿਰਵੈਰ ਪੁਰਖ ਅਕਾਲ ਮਨਾਇਆ, ਅਜੂਨੀ ਰਹਿਤ ਏਕਾ ਏਕ ਵਡਿਆਈਆ । ਉਚੀ ਕੂਕ ਕੂਕ ਸਮਝਾਇਆ, ਲੱਖ ਚੁਰਾਸੀ ਗਿਆ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਅਛਲ ਅਛੱਲ ਆਪ ਹੋ ਜਾਈਆ । ਅਛਲ ਅਛੱਲ ਹਰਿ ਨਿਰੰਕਾਰਾ, ਜੁਗ ਜੁਗ ਆਪਣਾ ਖੇਲ ਖਿਲਾਇੰਦਾ । ਆਪੇ ਮਹਾਂਬਲੀ ਹੋਏ ਅਵਤਾਰਾ, ਜੋਤੀ ਜੋਤ ਡਗਮਗਾਇੰਦਾ । ਆਪੇ ਲੇਖਾ ਜਾਣੇ ਸੁਤ ਦੁਲਾਰਾ, ਗੋਬਿੰਦ ਹੁਲਾਰਾ ਇਕ ਲਗਾਇੰਦਾ । ਸੰਬਲ ਵਸੇ ਧਾਮ ਨਿਆਰਾ, ਸਾਚਾ ਮੰਦਰ ਇਕ ਵਖਾਇੰਦਾ । ਸ਼ਬਦ ਅਗੰਮੀ ਬੋਲ ਜੈਕਾਰਾ, ਲੋਆਂ ਪੁਰੀਆਂ ਆਪ ਜਗਾਇੰਦਾ । ਸ਼ਬਦ ਖੰਡਾ ਫੜ ਦੋ ਧਾਰਾ, ਦੋ ਜਹਾਨਾਂ ਮੇਟ ਮਿਟਾਇੰਦਾ । ਨੌਂ ਖੰਡ ਪ੍ਰਿਥਮੀ ਵੇਖੇ ਅਖਾੜਾ, ਸ਼ਾਹ ਸੁਲਤਾਨਾਂ ਖ਼ਾਕ ਮਿਲਾਇੰਦਾ । ਚਾਰੋਂ ਕੁੰਟ ਲਹਿਣਾ ਦੇਣਾ ਚੁਕਾਏ ਜੰਗਲ ਜੂਹ ਉਜਾੜ ਪਹਾੜਾ, ਸਮੁੰਦ ਸਾਗਰ ਫੋਲ ਫੋਲਾਇੰਦਾ । ਆਪਣਾ ਨਾਉਂ ਰਖਾਏ ਨਿਹਕਲੰਕ ਨਰਾਇਣ ਨਰ ਅਵਤਾਰਾ, ਮਾਤ ਪਿਤ ਨਾ ਗੋਦ ਸੁਹਾਇੰਦਾ । ਭਾਈ ਭੈਣ ਨਾ ਕੋਇ ਪਿਆਰਾ, ਸਾਕ ਸੱਜਣ ਨਾ ਕੋਇ ਬਣਾਇੰਦਾ । ਜਨ ਭਗਤਾਂ ਕਰੇ ਸਚ ਪਿਆਰਾ, ਹਰਿਜਨ ਸਾਚੇ ਆਪ ਮਿਲਾਇੰਦਾ । ਆਤਮ ਅੰਤਰ ਖੋਲ੍ਹੇ ਬੰਦ ਕਿਵਾੜਾ, ਬਜਰ ਕਪਾਟੀ ਪਰਦਾ ਆਪ ਤੁੜਾਇੰਦਾ । ਤ੍ਰੈਗੁਣ ਅਗਨੀ ਲੱਗੇ ਨਾ ਤੱਤੀ ਹਾੜਾ, ਸਾਂਤਕ ਸਤਿ ਸਤਿ ਵਰਤਾਇੰਦਾ । ਅੰਮ੍ਰਿਤ ਬਖ਼ਸ਼ੇ ਠੰਡੀ ਠਾਰਾ, ਨਿਝਰ ਝਿਰਨਾ ਆਪ ਝਿਰਾਇੰਦਾ । ਸ਼ਬਦ ਸੁਣਾਏ ਸੱਚੀ ਧੁੰਨਕਾਰਾ, ਰਸਨਾ ਜੇਹਵਾ ਨਾ ਕੋਇ ਹਿਲਾਇੰਦਾ । ਆਪੇ ਵਸੇ ਧਾਮ ਨਿਆਰਾ, ਗੁਰਮੁਖ ਸਾਚੇ ਧਾਮ ਸੁਹਾਇੰਦਾ । ਸ਼ਬਦ ਅਗੰਮੀ ਬੋਲ ਜੈਕਾਰਾ, ਨਾਦ ਅਨਾਦੀ ਇਕ ਸੁਣਾਇੰਦਾ । ਸੋ ਪੁਰਖ ਨਿਰੰਜਣ ਖੇਲ ਕਰਿਆ ਵਿਚ ਸੰਸਾਰਾ, ਹੰ ਬ੍ਰਹਮ ਨਾਚ ਨਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਦਿ ਅੰਤ ਸ੍ਰੀ ਭਗਵੰਤ, ਆਪਣਾ ਲੇਖਾ ਆਪਣੇ ਹੱਥ ਰਖਾਇੰਦਾ । ਆਪਣਾ ਲੇਖਾ ਆਪਣੇ ਹੱਥ, ਸੋ ਪੁਰਖ ਨਿਰਜੰਣ ਆਪ ਰਖਾਈਆ । ਜੁਗ ਜੁਗ ਚਲਾਏ ਰਥ, ਜੁਗ ਗੇੜਾ ਆਪ ਭੁਆਈਆ । ਸਤਿ ਸਰੂਪੀ ਏਕਾ ਵੱਥ, ਏਕੰਕਾਰਾ ਆਪ ਵਰਤਾਈਆ । ਸ਼ਬਦ ਜਣਾਏ ਮਹਿਮਾ ਅਕਥ, ਬੋਧ ਅਗਾਧ ਪੜ੍ਹਾਈਆ । ਲੱਖ ਚੁਰਾਸੀ ਪਾਏ ਨੱਥ, ਨਾਮ ਡੋਰੀ ਨਾਲ ਬੰਧਾਈਆ । ਜਿਸ ਚਾਹੇ ਤਿਸ ਲਏ ਰੱਖ, ਲੱਖ ਚੁਰਾਸੀ ਅਗਨੀ ਮਠ ਤਪਾਈਆ । ਜੁਗ ਚੌਕੜੀ ਦੇਵੇ ਮਥ, ਸਭ ਦਾ ਲੇਖਾ ਰਿਹਾ ਮੁਕਾਈਆ । ਕਲਜੁਗ ਅੰਤਮ ਲਹਿਣਾ ਦੇਣਾ ਚੁਕਾਏ ਸੀਆਂ ਸਾਢੇ ਤਿੰਨ ਤਿੰਨ ਹੱਥ, ਰਵਦਾਸ ਚਮਾਰਾ ਦਏ ਗਵਾਹੀਆ ।

ਕਬੀਰ ਜੁਲਾਹਾ ਕਹੇ ਕਾਇਆ ਖੇੜਾ ਦਿਸੇ ਭੱਠ, ਬਿਨ ਹਰਿ ਨਾਮ ਨਾ ਕੋਇ ਵਡਿਆਈਆ । ਹਰਿ ਚਰਨ ਦਵਾਰਾ ਤੀਰਥ ਤਟ, ਸਰ ਸਰੋਵਰ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਤੇਰੀ ਅੰਤਮ ਵਰ, ਤੇਰਾ ਲਹਿਣਾ ਦਏ ਚੁਕਾਈਆ । ਲਹਿਣਾ ਚੁਕਣਾ ਜਗਤ ਜਗ, ਕਰੇ ਖੇਲ ਬੇਪਰਵਾਹਿਆ । ਜੁਗ ਜੁਗ ਔਧ ਰਹੀ ਪੁਗ, ਪਾਂਧੀ ਆਪਣਾ ਪੰਧ ਮੁਕਾਇਆ । ਨੌਂ ਸੌ ਚੁਰਾਨਵੇ ਚੌਕੜੀ ਜੋ ਰਿਹਾ ਲੁਕ, ਕਲਜੁਗ ਅੰਤਮ ਵੇਸ ਵਟਾਇਆ । ਸਿੰਘ ਸ਼ੇਰ ਹੋ ਹੋ ਰਿਹਾ ਬੁੱਕ, ਏਕਾ ਗਰਜ ਰਿਹਾ ਸੁਣਾਇਆ । ਲੱਖ ਚੁਰਾਸੀ ਏਕਾ ਵਾਰ ਲਏ ਚੁੱਕ, ਆਪਣੀ ਤ੍ਰਿਸਨਾ ਲਏ ਬੁਝਾਇਆ । ਗੁਰ ਅਵਤਾਰਾਂ ਰਿਹਾ ਪੁੱਛ, ਸਚ ਸਨੇਹੁੜਾ ਇਕ ਘਲਾਇਆ । ਜੋ ਕੋਈ ਬਾਕੀ ਰਹੀ ਕੁਛ, ਆਪਣਾ ਲੇਖਾ ਦਿਓ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹਿਆ । ਸ਼ਬਦ ਸੰਦੇਸਾ ਦਿਤਾ ਘੱਲ, ਹਰਿ ਸਾਚਾ ਸਚ ਜਣਾਈਆ । ਈਸਾ ਮੂਸਾ ਕਰੇ ਨਾ ਕੋਇ ਵਲ ਛਲ, ਮੁਹੰਮਦ ਪਰਦਾ ਨਾ ਕੋਇ ਰਖਾਈਆ । ਚੌਦਾਂ ਤਬਕ ਵੇਖੇ ਲੱਗਾ ਫਲ, ਪੱਤ ਡਾਲ੍ਹੀ ਫੋਲ ਫੋਲਾਈਆ । ਬਿਸਮਲ ਰੂਪ ਹੋਏ ਕਵਣ ਗਿਆ ਰਲ, ਨੂਰ ਨੂਰ ਵਿਚ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲਹਿਣਾ ਰਿਹਾ ਚੁਕਾਈਆ । ਸਭ ਦਾ ਲਹਿਣਾ ਚੁੱਕਣਾ, ਹਰਿ ਸਾਚਾ ਆਪ ਚੁਕਾਏ । ਕਲਜੁਗ ਅੰਤਮ ਪੈਂਡਾ ਮੁੱਕਣਾ, ਪੰਧ ਕੋਈ ਰਹਿਣ ਨਾ ਪਾਏ । ਪੁਰਖ ਅਕਾਲ ਏਕਾ ਬੁੱਕਣਾ, ਦੋ ਜਹਾਨਾਂ ਦਏ ਸੁਣਾਏ । ਜੂਠਾ ਝੂਠਾ ਬੂਟਾ ਸੁੱਕਣਾ, ਸਭ ਦੀ ਜੜ੍ਹ ਦਏ ਉਖੜਾਏ । ਜੂਠ ਝੂਠ ਹਰਿ ਹਰਿ ਲੁੱਟਣਾ, ਮਾਇਆ ਮਮਤਾ ਦਏ ਮਿਟਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਅੰਤਮ ਲੇਖਾ ਆਪਣੇ ਲੇਖੇ ਪਾਏ । ਲੇਖਾ ਪਾਏ ਆਪਣੇ ਲੇਖੇ, ਲੇਖਾ ਲਿਖਣਹਾਰ ਗੋਪਾਲ । ਸ੍ਰਿਸ਼ਟ ਸਬਾਈ ਰਹੀ ਭਰਮ ਭੁਲੇਖੇ, ਨਿਰਗੁਣ ਦਿਸੇ ਨਾ ਦੀਨ ਦਿਆਲ । ਮੁੱਛ ਦਾੜ੍ਹੀ ਨਾ ਰੱਖੇ ਕੇਸੇ, ਜੋਤੀ ਨੂਰ ਜਲਵਾ ਜਲਾਲ । ਤਿਸ ਸਾਹਿਬ ਕੋ ਸਦਾ ਆਦੇਸੇ, ਜੋ ਕਰੇ ਸਰਬ ਪ੍ਰਿਤਪਾਲ । ਆਦਿ ਜੁਗਾਦਿ ਆਪਣੇ ਨੇਤਰ ਪੇਖੇ, ਨਿਰਗੁਣ ਨਿਰਵੈਰ ਪੁਰਖ ਅਕਾਲ । ਦੀਨ ਮਜ਼੍ਹਬ ਅੰਤਮ ਮੇਟੇ ਭੁਲੇਖੇ, ਜ਼ਾਤ ਪਾਤ ਨਾ ਕੋਇ ਨਿਸ਼ਾਨ । ਮੇਲ ਮਿਲਾਵਾ ਦਸ ਦਸਮੇਸੇ, ਏਕਾ ਦੇਵੇ ਨਾਮ ਦਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਹਰਿ ਕਲਾਮ । ਹਰਿ ਕਲਾਮ ਇਲਾਹੀ ਕਲਮਾ, ਕਾਇਨਾਤ ਆਪ ਸੁਣਾਇੰਦਾ । ਆਲਮ ਇਲਮ ਨਾ ਜਾਣੇ ਉਲਮਾ, ਤੁਲਬਾ ਤਾਲਬ ਨਾ ਕੋਇ ਵਖਾਇੰਦਾ । ਉਮਤ ਉਮਤੀ ਹੋਈ ਮੁਜਰਮਾ, ਸਾਚਾ ਜੁਰਮ ਇਕ ਲਗਾਇੰਦਾ । ਮੁਹੰਮਦ ਫੁਰੇ ਨਾ ਕੋਈ ਫੁਰਨਾ, ਸਦੀ ਚੌਧਵੀਂ ਵਕਤ ਵਖਾਇੰਦਾ । ਨੇਤਰ ਰੋ ਰੋ ਅੱਗੇ ਤੁਰਨਾ, ਧੀਰਜ ਧੀਰ ਨਾ ਕੋਇ ਧਰਾਇੰਦਾ । ਭਰਿਆ ਬੇੜਾ ਅੰਤਮ ਰੁੜ੍ਹਨਾ, ਪਾਰ ਕਿਨਾਰ ਨਾ ਕੋਇ ਜਣਾਇੰਦਾ । ਆਪਣਾ ਕੀਤਾ ਆਪੇ ਭਰਨਾ, ਵੇਲੇ ਅੰਤ ਨਾ ਕੋਇ ਛੁਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸ਼ਬਦ ਸੁਤ ਤੇਰਾ ਪੂਰਾ ਕਰੇ ਵਰ, ਆਦਿ ਅੰਤ ਅੰਤ ਆਦਿ ਆਪਣਾ ਭੇਵ ਆਪਣੇ ਵਿਚ ਰਖਾਇੰਦਾ । ਆਪਣਾ ਭੇਵ ਆਪਣੇ ਅੰਦਰ ਰੱਖ, ਕਰੇ ਖੇਲ ਬੇਪਰਵਾਹੀਆ । ਨਿਰਗੁਣ ਨੂਰ ਨੂਰ ਹੋ ਪਰਤਖ, ਨਿਰਵੈਰ ਕਲ ਚਲਾਈਆ । ਚਾਰ ਵਰਨ ਅਠਾਰਾਂ ਬਰਨ ਏਕਾ ਮਾਰਗ ਦੱਸ, ਜ਼ਾਤ ਪਾਤ ਦਏ ਮਿਟਾਈਆ । ਹਿਰਦੇ ਅੰਦਰ ਹਰਿ ਹਰਿ ਵਸ, ਹਰਿਜਨ ਸਾਚੇ ਲਏ ਜਗਾਈਆ । ਮੇਟੇ ਰੈਣ ਅੰਧੇਰੀ ਮਸ,

ਨਿਰਗੁਣ ਜੋਤ ਕਰ ਰੁਸ਼ਨਾਈਆ । ਜਨ ਭਗਤਾਂ ਪੂਰੀ ਕਰੇ ਆਸ, ਜੋ ਜਨ ਬੈਠੇ ਧਿਆਨ ਲਗਾਈਆ । ਅੱਠੇ ਪਹਿਰ ਰਹੇ ਪਰਭਾਤ, ਵੇਲਾ ਵਕਤ ਨਾ ਵੰਡ ਵੰਡਾਈਆ । ਅੰਮ੍ਰਿਤ ਆਤਮ ਦੇਵੇ ਦਾਤ, ਨਿਝਰ ਝਿਰਨਾ ਆਪ ਝਿਰਾਈਆ । ਚਰਨ ਕਵਲ ਬੰਧਾਏ ਨਾਤ, ਨਾਤਾ ਬਿਧਾਤਾ ਜੋੜ ਜੁੜਾਈਆ । ਦਰਸ ਦਿਖਾਏ ਸਾਖਿਆਤ, ਸਵੱਛ ਸਰੂਪੀ ਰੂਪ ਵਟਾਈਆ । ਗ਼ਰੀਬ ਨਿਮਾਣਿਆਂ ਪੁੱਛੇ ਵਾਤ, ਦੇਵੇ ਨਜਾਤ ਸੱਚਾ ਸ਼ਹਿਨਸ਼ਾਹੀਆ । ਸਤਿਜੁਗ ਸੁਣਾਏ ਸਾਚੀ ਗਾਥ, ਸੋ ਪੁਰਖ ਨਿਰੰਜਣ ਬੇਪਰਵਾਹੀਆ । ਹੰ ਬ੍ਰਹਮ ਪੁਛੇ ਵਾਤ, ਆਤਮ ਦਰਸੀ ਦ੍ਰਿਸ਼ਟ ਇਸ਼ਟ ਇਕ ਜਣਾਈਆ । ਉਤਮ ਰੱਖੇ ਹਰਿਜਨ ਜ਼ਾਤ, ਜ਼ਾਤ ਅਜ਼ਾਤੀ ਮੇਟ ਮਿਟਾਈਆ । ਕਰਿਆ ਵੇਸ ਕਮਲਾਪਾਤ, ਕਵਲ ਨੈਣ ਨੈਣ ਬਿਗਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਏਕਾ ਹਰਿ, ਆਪੇ ਵੇਖੇ ਆਪਣੀ ਮਾਰ ਝਾਤ, ਆਪਣਾ ਪਰਦਾ ਆਪ ਉਠਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਸਰਗੁਣ ਖੇਲ ਕਰ, ਸਰਗੁਣ ਨਿਰਗੁਣ ਨਿਰਗੁਣ ਸਰਗੁਣ ਆਪਣਾ ਵੇਸ ਵਟਾਈਆ ।

## ★ ੭ ਸਾਵਣ ੨੦੧੮ ਬਿਕ੍ਰਮੀ ਗੁਰਮੀਤ ਸਿੰਘ ਦੇ ਗ੍ਰਿਹ ਹਰਦੋ ਫਰਾਲਾ ਜ਼ਿਲਾ ਜਲੰਧਰ ★



ਸ਼ਹਿਨਸ਼ਾਹ ਹਰਿ ਸ਼ਾਹ ਸੁਲਤਾਨਾ, ਪੁਰਖ ਅਕਾਲ ਅਕਾਲ ਅਖਵਾਇੰਦਾ । ਸ਼ਾਹੋ ਭੂਪ ਵਡ ਰਾਜ ਰਾਜਾਨਾ, ਨਿਰਗੁਣ ਨਿਰਵੈਰ ਰੂਪ ਧਰਾਇੰਦਾ । ਜੋਧਾ ਸੂਰਬੀਰ ਬਲੀ ਬਲਵਾਨਾ, ਅਜੂਨੀ ਰਹਿਤ ਖੇਲ ਖਿਲਾਇੰਦਾ । ਜੋਤ ਨੂਰ ਨੂਰ ਮਹਾਨਾ, ਅਨਭਵ ਪਰਕਾਸ਼ ਕਰਾਇੰਦਾ । ਦਰ ਦਰਵੇਸ ਦਰ ਦਰਬਾਨਾ, ਅਲਖ ਅਗੋਚਰ ਅਗੰਮ ਅਥਾਹ ਆਪਣਾ ਨਾਉਂ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਏਕਾ ਹਰਿ, ਆਪਣਾ ਵੇਸ ਆਪ ਕਰਾਇੰਦਾ । ਆਦਿ ਪੁਰਖ ਵੇਸ ਅਵੱਲਾ, ਨਿਰਾਕਾਰ ਆਪ ਕਰਾਈਆ । ਆਪੇ ਵਸੇ ਧਾਮ ਅਟੱਲਾ, ਉਚ ਮਹੱਲਾ ਸੋਭਾ ਪਾਈਆ । ਆਪਣੇ ਪਰਕਾਸ਼ ਆਪੇ ਬਲਾ, ਨੂਰ ਜ਼ਹੂਰ ਆਪ ਧਰਾਈਆ । ਆਪਣੀ ਜੋਤ ਆਪੇ ਰੱਲਾ, ਜੋਤੀ ਜੋਤ ਜੋਤ ਮਿਲਾਈਆ । ਆਪਣਾ ਘਰ ਆਪੇ ਮੱਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਪਾਰਾ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਨਿਰਗੁਣ ਨਿਰਵੈਰ ਹੋ ਉਜਿਆਰਾ, ਹਰਿ ਪੁਰਖ ਨਿਰੰਜਣ ਨਾਉਂ ਪਰਗਟਾਇੰਦਾ । ਸਾਚਾ ਮੰਦਰ ਖੋਲ੍ਹ ਦਵਾਰਾ, ਏਕੰਕਾਰਾ ਸੋਭਾ ਪਾਇੰਦਾ । ਆਦਿ ਨਿਰੰਜਣ ਕਰ ਪਸਾਰਾ, ਜੋਤੀ ਨੂਰ ਡਗਮਗਾਇੰਦਾ । ਅਬਿਨਾਸ਼ੀ ਕਰਤਾ ਪਾਵੇ ਸਾਰਾ, ਰੂਪ ਅਨੂਪ ਆਪ ਵਖਾਇੰਦਾ । ਸ੍ਰੀ ਭਗਵਾਨ ਵਸਣਹਾਰਾ ਠਾਂਡੇ ਦਰਬਾਰਾ, ਨਿਰਗੁਣ ਆਪਣਾ ਰੰਗ ਆਪ ਰੰਗਾਇੰਦਾ । ਪਾਰਬ੍ਰਹਮ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰਾ ਆਪ ਸੁਹਾਇੰਦਾ । ਸਚ ਦਵਾਰ ਸ੍ਰੀ ਭਗਵਾਨ, ਆਦਿ ਪੁਰਖ ਆਪ ਸੁਹਾਈਆ । ਜੋਤੀ ਜਾਤਾ ਨੌਜਵਾਨ, ਨੂਰ ਨੁਰਾਨਾ ਸੱਚਾ ਸ਼ਹਿਨਸ਼ਾਹੀਆ । ਆਪਣੀ ਇਛਿਆ ਕਰ ਪਰਧਾਨ, ਸਾਚੀ ਭਿਛਿਆ ਲਏ ਉਪਾਈਆ । ਏਕਾ ਹੁਕਮ ਇਕ ਫ਼ਰਮਾਨ, ਹੁਕਮ ਹਾਕਮ ਲਏ ਸੁਣਾਈਆ । ਤਖ਼ਤ ਨਿਵਾਸੀ ਨੌਜਵਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ

੬੧੪
੧੦

ਸਾਚਾ ਹਰਿ, ਆਦਿ ਆਪਣਾ ਘਾੜਨ ਲਏ ਘੜਾਈਆ । ਆਪਣਾ ਘਾੜਨ ਆਪੇ ਘੜ ਘੜ, ਸੋ ਪੁਰਖ ਨਿਰੰਜਣ ਖੇਲ ਖਿਲਾਇੰਦਾ । ਆਪਣਾ ਵੇਸ ਆਪੇ ਕਰ ਕਰ, ਹਰਿ ਪੁਰਖ ਨਿਰੰਜਣ ਰੂਪ ਧਰਾਇੰਦਾ । ਆਪਣਾ ਪੱਲਾ ਆਪੇ ਫੜ ਫੜ, ਏਕੰਕਾਰਾ ਬੰਧਨ ਪਾਇੰਦਾ । ਆਪਣੇ ਅੰਦਰ ਆਪੇ ਵੜ ਵੜ, ਆਦਿ ਨਿਰੰਜਣ ਜੋਤ ਜਗਾਇੰਦਾ । ਆਪਣਾ ਅੱਖਰ ਆਪੇ ਪੜ੍ਹ ਪੜ੍ਹ, ਆਪਣਾ ਨਾਉਂ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣਾ ਹੁਕਮ ਆਪ ਵਰਤਾਇੰਦਾ । ਸਾਚਾ ਹੁਕਮ ਸ਼ਾਹ ਸੁਲਤਾਨਾ, ਨਿਰਗੁਣ ਨਿਰਗੁਣ ਆਪ ਜਣਾਈਆ । ਏਕਾ ਮੰਦਰ ਇਕ ਮਕਾਨਾ, ਇਕ ਦਵਾਰ ਦਏ ਸੁਹਾਈਆ । ਏਕਾ ਮਰਦ ਇਕ ਮਰਦਾਨਾ, ਮਹਾਂਬਲੀ ਇਕ ਅਖਵਾਈਆ । ਏਕਾ ਗੁਣ ਗੁਣਵੰਤਾ ਗੁਣ ਨਿਧਾਨਾ, ਦੂਸਰ ਅਵਰ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣੀ ਮਹਿਮਾ ਆਪ ਜਣਾਈਆ । ਆਪਣੀ ਮਹਿਮਾ ਆਪ ਜਣਾਏ, ਲੇਖਾ ਲਿਖਤ ਵਿਚ ਨਾ ਆਈਆ । ਸੋ ਪੁਰਖ ਨਿਰੰਜਣ ਦਇਆ ਕਮਾਏ, ਹਰਿ ਪੁਰਖ ਨਿਰੰਜਣ ਏਕੰਕਾਰਾ ਸੰਗ ਨਿਭਾਏ, ਆਦਿ ਨਿਰੰਜਣ ਵਿਛੜ ਨਾ ਜਾਈਆ । ਸ੍ਰੀ ਭਗਵਾਨ ਵੇਖ ਵਖਾਏ, ਅਬਿਨਾਸ਼ੀ ਕਰਤਾ ਖ਼ੁਸ਼ੀ ਮਨਾਈਆ । ਪਾਰਬ੍ਰਹਮ ਕਰੇ ਖੇਲ ਬੇਪਰਵਾਹੇ, ਬੇਪਰਵਾਹ ਆਪਣੀ ਬਣਤ ਬਣਾਈਆ । ਆਪਣੀ ਰਚਨਾ ਆਪੇ ਰਚ ਵਖਾਏ, ਰਚਣਹਾਰ ਆਪ ਹੋ ਜਾਈਆ । ਕਰਨੀ ਕਰਤਾ ਕਿਰਤ ਕਮਾਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦਰ ਸਾਚਾ ਆਪ ਸੁਹਾਏ । ਸਾਚਾ ਖੇਲ ਖੇਲ ਕਰਤਾਰਾ, ਅਲਖ ਅਲਖਣਾ ਆਪ ਕਰਾਇੰਦਾ । ਅਗੰਮ ਅਗੰਮੜਾ ਹੋ ਉਜਿਆਰਾ, ਧਾਮ ਅਗੰਮੜਾ ਆਪ ਸੁਹਾਇੰਦਾ । ਰੂਪ ਅਨੂਪ ਬੇਐਬ ਪਰਵਰਦਿਗਾਰਾ, ਨੂਰ ਨੁਰਾਨਾ ਡਗਮਗਾਇੰਦਾ । ਲੇਖਾ ਜਾਣੇ ਧੁਰ ਦਰਬਾਰਾ, ਦਰਗਾਹ ਸਾਚੀ ਸੋਭਾ ਪਾਇੰਦਾ । ਇਕ ਇਕੱਲਾ ਖੇਲ ਨਿਆਰਾ, ਨਿਰਗੁਣ ਆਪਣਾ ਆਪ ਕਰਾਇੰਦਾ । ਆਪਣੀ ਵਸਤ ਰੱਖੇ ਹਰਿ ਥਾਰਾ, ਦਰ ਘਰ ਸਾਚੇ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣਾ ਸਗਨ ਆਪ ਮਨਾਇੰਦਾ । ਸਾਚਾ ਸਗਨ ਹਰਿ ਨਿਰੰਕਾਰ, ਨਿਰਗੁਣ ਨਿਰਗੁਣ ਆਪ ਮਨਾਈਆ । ਆਪਣੀ ਇਛਿਆ ਕਰ ਵਿਚਾਰ, ਆਪਣਾ ਲੇਖਾ ਦਏ ਸਮਝਾਈਆ । ਏਕਾ ਵਸਤ ਲਏ ਉਭਾਰ, ਰੂਪ ਰੰਗ ਰੇਖ ਨਾ ਕੋਇ ਰਖਾਈਆ । ਨਾ ਕੋਈ ਵੇਖੇ ਵੇਖਣਹਾਰ, ਨਜ਼ਰ ਨੈਣ ਨਾ ਕੋਇ ਤਕਾਈਆ । ਕਰੇ ਖੇਲ ਅਪਰ ਅਪਾਰ, ਅਪਰੰਪਰ ਦਾਤਾ ਬੇਪਰਵਾਹੀਆ । ਆਦਿ ਪੁਰਖ ਆਪਣੀ ਆਪ ਬਣੇ ਸਰਕਾਰ, ਸ਼ਾਹ ਪਾਤਸ਼ਾਹ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣਾ ਹੁਕਮ ਆਪ ਵਰਤਾਈਆ । ਸਾਚਾ ਹੁਕਮ ਸ੍ਰੀ ਭਗਵਾਨ, ਹੁਕਮੀ ਹੁਕਮ ਆਪ ਜਣਾਇੰਦਾ । ਤਖ਼ਤ ਨਿਵਾਸੀ ਨੌਜਵਾਨ, ਨਿਰਗੁਣ ਆਪਣਾ ਬਲ ਧਰਾਇੰਦਾ । ਆਪਣੇ ਮੰਦਰ ਹੋ ਪਰਧਾਨ, ਆਪ ਆਪਣਾ ਵੇਖ ਵਖਾਇੰਦਾ । ਰਾਜ ਰਾਜਨ ਬਣ ਸੁਲਤਾਨ, ਸ਼ਾਹੋ ਭੂਪ ਰੂਪ ਵਟਾਇੰਦਾ । ਕਵਣ ਵਸਤ ਹੋਏ ਨਿਸ਼ਾਨ, ਸਚ ਨਿਸ਼ਾਨਾ ਕਵਣ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਇਛਿਆ ਆਪ ਸਮਝਾਇੰਦਾ । ਆਪਣੀ ਇਛਿਆ ਆਪੇ ਰੱਖ, ਭੇਵ ਅਭੇਦ ਖੁਲ੍ਹਾਇੰਦਾ । ਆਪੇ ਕਰੇ ਆਪਣਾ ਪੱਖ, ਆਪਣਾ ਸੰਗ ਆਪ ਨਿਭਾਇੰਦਾ । ਆਪਣਾ ਮਾਰਗ ਆਪੇ ਦੱਸ, ਆਪੇ ਵੇਖ ਵਖਾਇੰਦਾ । ਆਪੇ ਖੇਲ ਕਰੇ ਪੁਰਖ ਸਮਰਥ,

ਸਮਰਥ ਆਪਣਾ ਨਾਉਂ ਪਰਗਟਾਇੰਦਾ । ਆਦਿ ਜੁਗਾਦਿ ਮਹਿਮਾ ਅਕਥ, ਲੇਖਾ ਲਿਖਤ ਵਿਚ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਆਪੇ ਵੜ, ਆਪਣਾ ਮਤਾ ਆਪ ਪਕਾਇੰਦਾ । ਸਾਚਾ ਮਤਾ ਪੁਰਖ ਅਬਿਨਾਸ਼, ਆਪਣਾ ਆਪ ਪਕਾਈਆ । ਆਦਿ ਜੁਗਾਦਿ ਨਾ ਹੋਵਾਂ ਵਿਨਾਸ, ਅਬਿਨਾਸ਼ੀ ਕਰਤਾ ਨਾਉਂ ਧਰਾਈਆ । ਏਕਾ ਵਸਤ ਰੱਖਾਂ ਪਾਸ, ਦੂਸਰ ਹੋਰ ਨਾ ਕੋਇ ਚਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਵਸਤ ਲਏ ਸਮਝਾਈਆ । ਆਪਣੀ ਵਸਤ ਹਰਿ ਕਰਤਾਰਾ, ਆਪ ਆਪਣਾ ਆਪ ਸਮਝਾਇੰਦਾ । ਏਕਾ ਗੁਣ ਗੁਣ ਉਜਿਆਰਾ, ਗੁਣ ਨਿਧਾਨ ਆਪ ਪਰਗਟਾਇੰਦਾ । ਕਰੇ ਖੇਲ ਸਾਚੇ ਦਰਬਾਰਾ, ਦਰ ਦਰਬਾਰੇ ਸੋਭਾ ਪਾਇੰਦਾ । ਰਾਜ ਰਾਜਾਨ ਹੋਏ ਸਿਕਦਾਰਾ, ਸ਼ਾਹੋ ਭੂਪ ਹੁਕਮ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣਾ ਘਾੜਤ ਆਪ ਘੜਾਇੰਦਾ । ਸਾਚਾ ਘਾੜਤ ਹਰਿ ਹਰਿ ਘੜ, ਆਪਣਾ ਘਾੜਨ ਦਏ ਸਮਝਾਈਆ । ਸੋ ਪੁਰਖ ਨਿਰੰਜਣ ਹਰਿ ਪੁਰਖ ਨਿਰੰਜਣ ਇਕ ਦੂਜੇ ਦਾ ਫੜ ਫੜ ਲੜ, ਲੜ ਲੜ ਨਾਲ ਬੰਧਾਈਆ । ਏਕੰਕਾਰਾ ਆਦਿ ਨਿਰੰਜਣ ਏਕਾ ਘਰ ਬੈਠੇ ਵੜ, ਦੂਸਰ ਰੰਗ ਨਾ ਕੋਇ ਵਖਾਈਆ । ਅਬਿਨਾਸ਼ੀ ਕਰਤਾ ਸ੍ਰੀ ਭਗਵਾਨ ਇਕ ਦੂਜੇ ਨਾਲ ਗਏ ਜੁੜ, ਜੋੜੀ ਜੋੜ ਜੋੜ ਜੁੜਾਈਆ । ਪਾਰਬ੍ਰਹਮ ਪ੍ਰਭ ਵੇਖੇ ਖੜ੍ਹ, ਅਲਖ ਅਲਖਨਾ ਬੇਪਰਵਾਹੀਆ । ਨਿਰਗੁਣ ਨਿਰਗੁਣ ਮੇਲਾ ਕਰ, ਨਿਰਗੁਣ ਨਿਰਗੁਣ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਘਾੜਤ ਇਕ ਸਮਝਾਈਆ । ਸਾਚੀ ਘਾੜਤ ਰਾਜਨ ਰਾਜ, ਆਪਣੀ ਆਪ ਜਣਾਇੰਦਾ । ਤਖ਼ਤ ਨਿਵਾਸੀ ਸਾਜਨ ਸਾਜ, ਸਾਚਾ ਸਾਜ ਆਪ ਸਜਾਇੰਦਾ । ਆਪ ਆਪਣੀ ਰੱਖੀ ਲਾਜ, ਲਾਜਾਵੰਤ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਦੇਵੇ ਆਪਣਾ ਵਰ, ਸਚ ਵਸਤ ਆਪ ਵਰਤਾਇੰਦਾ । ਸਚ ਵਸਤ ਹਰਿ ਜਗਦੀਸ ਆਪਣੀ ਆਪ ਵਰਤਾਈਆ । ਕੋਈ ਨਾ ਕਰੇ ਦੂਜਾ ਰੀਸ, ਅਵਰ ਦਿਸੇ ਨਾ ਕੋਇ ਚਤੁਰਾਈਆ । ਏਕਾ ਛਤਰ ਝੁੱਲੇ ਸਾਚੇ ਸੀਸ, ਪਾਰਬ੍ਰਹਮ ਪ੍ਰਭ ਬਣਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣਾ ਭੇਵ ਆਪ ਸਮਝਾਈਆ । ਆਦਿ ਪੁਰਖ ਹਰਿ ਭੇਵ ਅਪਾਰਾ, ਨਿਰਗੁਣ ਆਪਣਾ ਆਪ ਸਮਝਾਇੰਦਾ । ਸਚਖੰਡ ਨਿਵਾਸੀ ਸਚਖੰਡ ਦਵਾਰ ਹੋ ਉਜਿਆਰਾ, ਨੂਰ ਨੁਰਾਨਾ ਡਗਮਗਾਇੰਦਾ । ਸਚ ਸਿੰਘਾਸਣ ਅਪਰ ਅਪਾਰਾ, ਆਪੇ ਵੇਖੇ ਵੇਖਣਹਾਰਾ, ਦੂਸਰ ਸੰਗ ਨਾ ਕੋਇ ਰਲਾਇੰਦਾ । ਹੁਕਮੀ ਹੁਕਮ ਵਰਤੇ ਵਰਤਾਰਾ, ਜੋਧਾ ਸੂਰਬੀਰ ਹੋਇਆ ਖ਼ਬਰਦਾਰਾ, ਆਪਣਾ ਬਲ ਆਪ ਧਰਾਇੰਦਾ । ਰਾਜ ਰਾਜਾਨਾ ਬਣ ਸਿਕਦਾਰਾ, ਕਰੇ ਖੇਲ ਹਰਿ ਆਪਣੀ ਵਾਰਾ, ਵਾਰ ਥਿਤ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਬਣਤ ਆਪ ਬਣਾਇੰਦਾ । ਸਾਚੀ ਬਣਤ ਹਰਿ ਹਰਿ ਤਾਜ, ਪੰਚਮ ਪੰਚਮ ਪੰਚ ਮਿਲਾਈਆ । ਆਦਿ ਪੁਰਖ ਆਪਣਾ ਰਚਿਆ ਕਾਜ, ਨਿਰਗੁਣ ਆਪਣੀ ਧਾਰ ਵਖਾਈਆ । ਨਿਰਗੁਣ ਨਿਰਗੁਣ ਕਰੇ ਸਾਚਾ ਰਾਜ, ਰਾਜ ਜੋਗੀਸ਼ਰ ਆਪ ਹੋ ਜਾਈਆ । ਨਿਰਗੁਣ ਨਿਰਗੁਣ ਮਾਰੇ ਆਵਾਜ਼, ਨਿਰਗੁਣ ਨਿਰਗੁਣ ਸ਼ਬਦੀ ਸ਼ਬਦ ਪਰਗਟਾਈਆ । ਨਿਰਗੁਣ ਵਿਸ਼ਨ ਬ੍ਰਹਮਾ ਸ਼ਿਵ ਦੇਵੇ ਦਾਜ, ਨਿਰਗੁਣ ਨਿਰਗੁਣ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੇ ਤਖ਼ਤ ਬੈਠ ਸੱਚਾ ਸ਼ਹਿਨਸ਼ਾਹੀਆ ।

੯੧੬
੧੦

ਸਾਚਾ ਤਖ਼ਤ ਸਚਖੰਡ ਦਵਾਰ, ਸੋਭਾਵੰਤ ਆਪ ਸੁਹਾਇੰਦਾ । ਪੁਰਖ ਨਿਰੰਜਣ ਹੋ ਤਿਆਰ, ਨਿਰਗੁਣ ਆਪਣਾ ਰੂਪ ਪਰਗਟਾਇੰਦਾ । ਹਰਿ ਪੁਰਖ ਨਿਰੰਜਣ ਬਲ ਧਾਰ, ਬਲ ਆਪਣਾ ਵੇਖ ਵਖਾਇੰਦਾ । ਏਕੰਕਾਰਾ ਕਰ ਪਸਾਰ, ਆਪਣੀ ਮਹਿਮਾ ਗਣਤ ਆਪ ਗਣਾਇੰਦਾ । ਆਦਿ ਨਿਰੰਜਣ ਹੋ ਉਜਿਆਰ, ਜੋਤੀ ਜੋਤ ਡਗਮਗਾਇੰਦਾ । ਸ੍ਰੀ ਭਗਵਾਨ ਕਰੇ ਪਿਆਰ, ਆਪਣਾ ਮੇਲਾ ਆਪ ਮਿਲਾਇੰਦਾ । ਅਬਿਨਾਸ਼ੀ ਕਰਤਾ ਕਰੇ ਖੇਲ ਪੁਰਖ ਨਾਰ, ਨਾਰੀ ਕੰਤ ਵੇਸ ਵਟਾਇੰਦਾ । ਪਾਰਬ੍ਰਹਮ ਬਣੇ ਸਾਂਝਾ ਯਾਰ, ਦਰ ਘਰ ਸਾਚੇ ਸੋਭਾ ਪਾਇੰਦਾ । ਰਾਜ ਭੂਪ ਬਣ ਸਿਕਦਾਰ, ਸਾਚਾ ਹੁਕਮ ਆਪ ਵਰਤਾਇੰਦਾ । ਘਾੜਤ ਘੜ ਅਪਰ ਅਪਾਰ, ਨਾ ਕੋਈ ਸੰਗ ਰੱਖੇ ਸੁਨਿਆਰ, ਜਗਤ ਹਥਿਆਰ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਿਰਨ ਕਿਰਨ ਕਰ ਤਿਆਰ, ਜੋਤੀ ਜੋਤ ਜੋਤ ਪਸਾਰ, ਇਕ ਇਕੱਲਾ ਏਕੰਕਾਰ, ਰੂਪ ਰੰਗ ਰੇਖ ਤੇ ਵਸੇ ਬਾਹਰ, ਰੂਪ ਰੰਗ ਰੇਖ ਨਾ ਕੋਇ ਜਣਾਇੰਦਾ । ਰੂਪ ਰੰਗ ਰੇਖ ਕਰਤਾਰ, ਆਪਣਾ ਆਪ ਜਣਾਈਆ । ਸਾਚੇ ਤਖ਼ਤ ਬੈਠ ਸੱਚੀ ਸਰਕਾਰ, ਸਚ ਸਿੰਘਾਸਣ ਸੋਭਾ ਪਾਈਆ । ਸੀਸ ਰੱਖ ਤਾਜ ਸੋਹੇ ਦਸਤਾਰ, ਦਸਤਗੀਰ ਆਪਣਾ ਦਾਮਨ ਆਪ ਫੜਾਈਆ । ਆਪੇ ਪਹਿਨੇ ਪਹਿਨਣਹਾਰ, ਆਪਣਾ ਚੀਰ ਬਸਤਰ ਅਵਰ ਨਾ ਕੋਈ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਘਾੜਨ ਸਾਚਾ ਘੜ, ਸਾਚੇ ਤਾਜ ਦਏ ਵਡਿਆਈਆ ।

੯੧੭ ੧੦

ਨਾ ਕੋਈ ਵੇਲਾ ਨਾ ਕੋਈ ਵਕ਼ਤ, ਥਿਤ ਵਾਰ ਨਾ ਕੋਇ ਰਖਾਇੰਦਾ । ਨਾ ਕੋਈ ਸੋਗ ਨਾ ਕੋਈ ਹਰਖ, ਚਿੰਤਾ ਸੋਗ ਨਾ ਕੋਇ ਜਣਾਇੰਦਾ । ਹਰਿ ਕਾ ਭੇਵ ਨਾ ਸਕੇ ਕੋਈ ਪਰਖ, ਆਦਿ ਜੁਗਾਦਿ ਆਪਣੀ ਖੇਲ ਆਪ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਤਾਜ ਸੀਸ ਧਰ, ਸਚਖੰਡ ਦਵਾਰਾ ਕਰ ਪਸਾਰਾ, ਕਰੇ ਖੇਲ ਏਕੰਕਾਰਾ, ਆਪਣੀ ਕਲ ਆਪ ਜਣਾਇੰਦਾ । ਆਪਣੀ ਕਲ ਆਪੇ ਧਰ, ਅਕਲ ਕਲ ਆਪ ਸਮਝਾਈਆ । ਆਪਣੀ ਇਛਿਆ ਦੇਵੇ ਵਰ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਸਾਚੇ ਤਖ਼ਤ ਬੈਠਾ ਚੜ੍ਹ, ਆਸਣ ਸਿੰਘਾਸਣ ਸੋਭਾ ਪਾਈਆ । ਨਾ ਜਨਮੇ ਨਾ ਜਾਏ ਮਰ, ਅਜੂਨੀ ਰਹਿਤ ਬੇਪਰਵਾਹੀਆ । ਆਪਣੀ ਕਰਨੀ ਰਿਹਾ ਕਰ, ਕਰਤਾ ਪੁਰਖ ਵਡ ਵਡਿਆਈਆ । ਆਪਣਾ ਘਾੜਨ ਆਪੇ ਘੜ, ਆਪੇ ਪਿਤਾ ਆਪੇ ਮਾਈਆ । ਆਪੇ ਜਨਨੀ ਬਣੇ ਜਨ, ਆਪੇ ਹੋਏ ਦਾਇਆ ਦਾਈਆ । ਆਪਣਾ ਬੇੜਾ ਆਪੇ ਬੰਨ੍ਹ, ਆਪੇ ਰਿਹਾ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਸਾਚੇ ਵੜ, ਸਾਚਾ ਆਸਣ ਆਪ ਸੁਹਾਈਆ । ਸਾਚਾ ਆਸਣ ਸੋਭਾਵੰਤ, ਸਚ ਸਿੰਘਾਸਣ ਆਪ ਸੁਹਾਇੰਦਾ । ਪੁਰਖ ਅਬਿਨਾਸ਼ੀ ਏਕਾ ਕੰਤ, ਨਿਰਗੁਣ ਨਿਰਵੈਰ ਸੋਭਾ ਪਾਇੰਦਾ । ਆਪਣੀ ਮਹਿਮਾ ਗਣਾਏ ਅਗਣਤ, ਲੇਖਾ ਲਿਖਤ ਵਿਚ ਨਾ ਆਇੰਦਾ । ਆਪ ਉਪਾਏ ਆਪਣਾ ਮੰਤ, ਨਾਉਂ ਨਿਰੰਕਾਰਾ ਆਪ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਤਖ਼ਤ ਆਪੇ ਚੜ੍ਹ, ਧੁਰ ਫ਼ਰਮਾਨਾ ਆਪ ਸੁਣਾਇੰਦਾ । ਧੁਰ ਫ਼ਰਮਾਨਾ ਸ਼ਾਹੋ ਭੂਪ, ਆਪਣਾ ਆਪ ਜਣਾਈਆ । ਮੇਰਾ ਖੇਲ ਸਤਿ ਸਰੂਪ, ਸਤਿ ਸਤਿ ਮੇਰੀ ਵਡਿਆਈਆ । ਮੇਰਾ ਨੂਰ ਨਿਰਮਲ ਜੋਤ, ਜੋਤੀ ਜੋਤ ਜੋਤ ਰੁਸ਼ਨਾਈਆ । ਮੇਰਾ

ਮੰਦਰ ਕਿਲਾ ਕੋਟ, ਸਚਖੰਡ ਵਡੀ ਵਡਿਆਈਆ । ਮੇਰਾ ਇਸ਼ਟ ਮੇਰੀ ਓਟ, ਮੇਰਾ ਮੇਰਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਆਪੇ ਵੜ, ਆਪਣਾ ਖੇਲ ਆਪ ਖਿਲਾਈਆ । ਸਾਚਾ ਖੇਲ ਹਰਿ ਨਿਰੰਕਾਰਾ, ਸਚਖੰਡ ਦਵਾਰੇ ਆਪ ਕਰਾਇੰਦਾ । ਆਪੇ ਹੁਕਮ ਆਪ ਵਰਤਾਰਾ, ਆਪੇ ਹੁਕਮੀ ਹੁਕਮ ਸੁਣਾਇੰਦਾ । ਆਪੇ ਭੂਪ ਆਪ ਸਿਕਦਾਰਾ, ਰਾਜ ਰਾਜਾਨ ਆਪ ਹੋ ਜਾਇੰਦਾ । ਆਪੇ ਦਰ ਦਰਵੇਸ ਬਣੇ ਭਿਖਾਰਾ, ਆਪੇ ਨਿਉਂ ਨਿਉਂ ਸੀਸ ਝੁਕਾਇੰਦਾ । ਆਪੇ ਸੇਵਕ ਸੇਵਾਦਾਰਾ, ਸਾਚੀ ਸੇਵਾ ਆਪ ਕਮਾਇੰਦਾ । ਆਪੇ ਵਸੇ ਸਭ ਤੋਂ ਬਾਹਰਾ, ਦਿਸ ਕਿਸੇ ਨਾ ਆਇੰਦਾ । ਕਾਗਦ ਕ਼ਲਮ ਨਾ ਲਿਖਣਹਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਮੰਦਰ ਆਪੇ ਚੜ੍ਹ, ਸਾਚੀ ਧਾਰਾ ਆਪ ਚਲਾਇੰਦਾ । ਸਾਚੀ ਧਾਰ ਖੇਲ ਕਰਤਾਰ, ਕਰਤਾ ਪੁਰਖ ਆਪ ਕਰਾਈਆ । ਆਦਿ ਪੁਰਖ ਹੋ ਖ਼ਬਰਦਾਰ, ਸਚ ਸੰਦੇਸਾ ਲਏ ਸੁਣਾਈਆ । ਨੌਂ ਨੌਂ ਚਾਰ ਕਰ ਉਜਿਆਰ, ਨਾਉਂ ਨਿਰੰਕਾਰਾ ਗੁਣ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੀਸ ਤਾਜ ਏਕਾ ਰੱਖ, ਕਰੇ ਖੇਲ ਪੁਰਖ ਸਮਰਥ, ਸਚਖੰਡ ਵੱਜੇ ਵਧਾਈਆ । ਸਚਖੰਡ ਵਧਾਈ ਖੇਲ ਅਪਾਰਾ, ਹਰਿ ਨਿਰੰਕਾਰਾ ਆਪ ਕਰਾਇੰਦਾ । ਏਕਾ ਹੁਕਮ ਇਕ ਫ਼ਰਮਾਨਾ, ਧੁਰ ਦੀ ਬਾਣਾ ਆਪ ਸੁਣਾਇੰਦਾ । ਆਪਣਾ ਆਪੇ ਵਰਤੇ ਭਾਣਾ, ਆਪਣਾ ਭਾਣਾ ਆਪ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਆਪਣੀ ਇਛਿਆ ਆਪ ਵਖਾਇੰਦਾ । ਆਪਣੀ ਇਛਿਆ ਆਪਣੇ ਅੱਗੇ ਰੱਖ, ਹਰਿ ਆਪੇ ਵੇਖ ਵਖਾਈਆ । ਨਿਰਗੁਣ ਮੇਲਾ ਨਿਰਗੁਣ ਕਰ ਪਰਤੱਖ, ਨਿਰਗੁਣ ਪਿਤਾ ਨਿਰਗੁਣ ਪੂਤ ਨਿਰਗੁਣ ਬਣੇ ਸਾਚੀ ਮਾਈਆ । ਨਿਰਗੁਣ ਖੇਲ ਅਲਖਨਾ ਅਲਖ, ਨਿਰਗੁਣ ਅਗੰਮ ਅਗੋਚਰ ਆਪਣਾ ਨਾਉਂ ਧਰਾਈਆ । ਨਿਰਗੁਣ ਨਿਰਗੁਣ ਨਾਲੋਂ ਹੋਏ ਵੱਖ, ਨਿਰਗੁਣ ਨਿਰਗੁਣ ਵਿਚ ਰਿਹਾ ਸਮਾਈਆ । ਨਿਰਗੁਣ ਰੱਖੇ ਆਪਣਾ ਪੱਖ, ਆਪ ਆਪਣੀ ਵੰਡ ਵੰਡਾਈਆ । ਨਿਰਗੁਣ ਮਾਰਗ ਨਿਰਗੁਣ ਦੱਸ, ਨਿਰਗੁਣ ਰਿਹਾ ਸਮਝਾਈਆ । ਨਿਰਗੁਣ ਪੂਰੀ ਕਰੇ ਆਸ, ਨਿਰਗੁਣ ਆਸ ਨਿਰਾਸ ਨਾ ਕੋਇ ਜਣਾਈਆ । ਨਿਰਗੁਣ ਜੋਤ ਕਰੇ ਪਰਕਾਸ਼, ਨਿਰਗੁਣ ਜੋਤੀ ਜੋਤ ਸਮਾਈਆ । ਨਿਰਗੁਣ ਦਾਸੀ ਨਿਰਗੁਣ ਦਾਸ, ਨਿਰਗੁਣ ਸੇਵਕ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣਾ ਭੇਵ ਆਪ ਚੁਕਾਈਆ । ਭੇਵ ਜਣਾਏ ਪੁਰਖ ਅਕਾਲਾ, ਨਿਰਗੁਣ ਆਪਣਾ ਖੇਲ ਖਿਲਾਇੰਦਾ । ਦੀਨਾ ਬੰਧਪ ਦੀਨ ਦਿਆਲਾ, ਦੀਨਨ ਆਪਣਾ ਰੰਗ ਰੰਗਾਇੰਦਾ । ਆਪਣਾ ਮਾਰਗ ਵੇਖ ਸੁਖਾਲਾ, ਆਪਣਾ ਪੰਥ ਆਪ ਚਲਾਇੰਦਾ । ਆਪ ਉਪਜਾਏ ਆਪਣਾ ਲਾਲਾ, ਸੁਤ ਦੁਲਾਰਾ ਨਾਉਂ ਧਰਾਇੰਦਾ । ਨਾਲ ਰਲਾਏ ਹਰਿ ਕਾਲ ਮਹਾਕਾਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਦਵਾਰਾ ਹਰਿ ਨਿਰੰਕਾਰਾ, ਸਾਚੀ ਧਰਮਸਾਲਾ ਆਪ ਬਣਾਇੰਦਾ । ਆਦਿ ਪੁਰਖ ਹਰਿ ਸਚ ਭੰਡਾਰਾ, ਆਪਣਾ ਆਪ ਵਰਤਾਇਆ । ਇਕ ਉਪਜਾਏ ਸੁਤ ਦੁਲਾਰਾ, ਸ਼ਬਦੀ ਨਾਉਂ ਧਰਾਇਆ । ਥਿਰ ਘਰ ਸਾਚੇ ਕਰ ਪਿਆਰਾ, ਆਪ ਆਪਣੀ ਗੋਦ ਰਖਾਇਆ । ਦਰਸ ਦਿਖਾਏ ਅਗੰਮ ਅਪਾਰਾ, ਨੂਰੋ ਨੂਰ ਡਗਮਗਾਇਆ । ਏਕਾ ਹੁਕਮ ਇਕ ਸਰਕਾਰਾ, ਏਕਾ ਵਾਰ ਰਿਹਾ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨੂਰ ਆਪ ਦਰਸਾਇਆ । ਸੁਤ ਦੁਲਾਰਾ ਹਰਿ ਹਰਿ ਵੇਖ, ਨੇਤਰ ਨੈਣ ਨੈਣ ਸ਼ਰਮਾਈਆ । ਹਉਂ

ਬਾਲ ਨਿਧਾਨਾ ਕੀ ਜਾਣਾ ਤੇਰਾ ਵੇਸ, ਤੂੰ ਬੇਪਰਵਾਹ ਸੱਚਾ ਸ਼ਹਿਨਸ਼ਾਹੀਆ । ਤੇਰੇ ਦਵਾਰੇ ਕਰਾਂ ਆਦੇਸ, ਨਿਉਂ ਨਿਉਂ ਆਪਣਾ ਸੀਸ ਝੁਕਾਈਆ । ਆਦਿ ਜੁਗਾਦਿ ਤੇਰਾ ਦਰਸ ਮੈਂ ਲਵਾਂ ਵੇਖ, ਅਭੁਲ ਭੁਲ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਵੇਲਾ ਕਵਣ ਵਕ਼ਤ ਹੋਏਂ ਆਪ ਸਹਾਈਆ । ਸਾਚਾ ਬੰਧਨ ਹਰਿ ਹਰਿ ਪਾਏ, ਆਪਣਾ ਭੇਵ ਆਪ ਜਣਾਇੰਦਾ । ਪੰਚਮ ਮੁਖ ਤਾਜ ਸੀਸ ਟਿਕਾਏ, ਆਪ ਆਪਣੀ ਦਇਆ ਕਮਾਇੰਦਾ । ਸ਼ਬਦੀ ਤੇਰਾ ਡੰਕ ਵਜਾਏ, ਵਿਸ਼ਨ ਬ੍ਰਹਮਾ ਸ਼ਿਵ ਜਗਾਇੰਦਾ । ਏਕਾ ਰਾਗ ਦਏ ਸੁਣਾਏ, ਲਿਖਣ ਪੜ੍ਹਨ ਵਿਚ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਚਮ ਮੁਖ ਸੋਹੇ ਤਾਜ, ਕਰੇ ਖੇਲ ਹਰਿ ਮਹਾਰਾਜ, ਦੋ ਜਹਾਨਾਂ ਰਚ ਰਚ ਕਾਜ, ਆਪ ਆਪਣੀ ਖੇਲ ਕਰਾਇੰਦਾ । ਵਰ ਦਾਤਾ ਹਰਿ ਭੰਡਾਰੀ, ਦੂਸਰ ਅਵਰ ਨਾ ਕੋਇ ਜਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰ ਭਿਖਾਰੀ, ਵਸਤ ਅਮੋਲਕ ਝੋਲੀ ਪਾਇੰਦਾ । ਤ੍ਰੈਗੁਣ ਮੇਲਾ ਏਕਾ ਵਾਰੀ, ਤ੍ਰੈਗੁਣ ਅਤੀਤਾ ਆਪ ਕਰਾਇੰਦਾ । ਪੰਜ ਤੱਤ ਸਰਗੁਣ ਖੇਲ ਅਪਰ ਅਪਾਰੀ, ਖ਼ਾਲਕ ਖ਼ਲਕ ਆਪ ਕਰਾਇੰਦਾ । ਕਰੇ ਖੇਲ ਅਪਰ ਅਪਾਰੀ, ਅਪਰੰਪਰ ਆਪਣੀ ਧਾਰ ਚਲਾਇੰਦਾ । ਸ਼ਬਦੀ ਸ਼ਬਦ ਸ਼ਬਦ ਪਸਾਰੀ, ਨਾ ਪੁਰਖ ਨਾ ਦਿਸੇ ਨਾਰੀ, ਨਰ ਨਰਾਇਣ ਰੂਪ ਵਟਾਇੰਦਾ । ਕਰੇ ਖੇਲ ਆਪਣੀ ਵਾਰੀ, ਆਦਿ ਪੁਰਖ ਆਪਣਾ ਖੇਲ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੀਸ ਤਾਜ ਏਕਾ ਧਰ, ਧੁਰ ਫ਼ਰਮਾਨਾ ਆਪ ਸੁਣਾਇੰਦਾ । ਸੁਣਿਆ ਸੰਦੇਸਾ ਸ਼ਬਦ ਦੁਲਾਰ, ਪ੍ਰਭ ਅੱਗੇ ਸੀਸ ਝੁਕਾਇਆ । ਹਉਂ ਨਿਮਾਣਾ ਸੇਵਾਦਾਰ, ਸਦ ਤੇਰੀ ਸੇਵ ਕਮਾਇਆ । ਵਿਸ਼ਨ ਬ੍ਰਹਮਾ ਸ਼ਿਵ ਕਰ ਪਿਆਰ, ਤੇਰਾ ਬੰਧਨ ਏਕਾ ਪਾਇਆ । ਲੱਖ ਚੁਰਾਸੀ ਕਰ ਪਸਾਰ, ਤੇਰਾ ਨਟੂਆ ਨਾਚ ਨਚਾਇਆ । ਘਰ ਘਰ ਤੇਰਾ ਰੂਪ ਪਰਗਟ ਕਰਾਂ ਵਿਚ ਸੰਸਾਰ, ਨਿਰਗੁਣ ਜੋਤ ਜੋਤ ਰੁਸ਼ਨਾਇਆ । ਮਨ ਮਤ ਬੁਧ ਦਿਆਂ ਆਧਾਰ, ਸਾਚੀ ਵੰਡਣ ਵੰਡ ਵੰਡਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਵੇਲਾ ਆਪਣੇ ਸੰਗ ਲਏਂ ਮਿਲਾਇਆ । ਸੁਣ ਸੁਤ ਸੁਤ ਦੁਲਾਰ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਲੱਖ ਚੁਰਾਸੀ ਤੇਰਾ ਵਰਤਾਰ, ਤੇਰਾ ਤੇਰੀ ਬਣਤ ਬਣਾਇੰਦਾ । ਨਿਰਗੁਣ ਸਰਗੁਣ ਵੰਡੀ ਵੰਡ ਸੰਸਾਰ, ਰੂਪ ਅਨੂਪ ਆਪ ਪਰਗਟਾਇੰਦਾ । ਲੱਖ ਚੁਰਾਸੀ ਭਾਂਡੇ ਘੜੇ ਬਣ ਠਠਿਆਰ, ਪੰਜ ਤੱਤ ਮੇਲਾ ਮੇਲ ਮਿਲਾਇੰਦਾ । ਜੁਗ ਚੌਕੜੀ ਕਰੇ ਵਿਚਾਰ, ਚੌਕੜ ਏਕਾ ਬੰਧਨ ਪਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਕਰੇ ਖ਼ਬਰਦਾਰ, ਜੋਧੇ ਸੂਰਬੀਰ ਆਪੇ ਉਠਾਇੰਦਾ । ਏਕਾ ਤੇਰਾ ਨਾਉਂ ਦਏ ਹੁਲਾਰ, ਸ਼ਬਦੀ ਸ਼ਬਦ ਸ਼ਬਦ ਪਰਗਟਾਇੰਦਾ । ਬ੍ਰਹਮਾ ਵੇਤਾ ਪਾਵੇ ਸਾਰ, ਚਾਰੇ ਵੇਦਾਂ ਆਪ ਲਿਖਾਇੰਦਾ । ਚਾਰੇ ਖਾਣੀ ਕਰ ਪਸਾਰ, ਉਤਭੁਜ ਸੇਤਜ ਜੇਰਜ ਅੰਡਜ ਤੇਰੀ ਝੋਲੀ ਪਾਇੰਦਾ । ਚਾਰੇ ਬਾਣੀ ਦਏ ਆਧਾਰ, ਪਰਾ ਪਸੰਤੀ ਮਧਮ ਬੈਖਰੀ ਆਪੇ ਗਾਇੰਦਾ । ਚਾਰੇ ਵਰਨ ਮਾਰੇ ਮਾਰ, ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਜੁਗ ਚੌਕੜੀ ਤੇਰੀ ਸੇਵਾ ਇਕ ਸਮਝਾਇੰਦਾ । ਜੁਗ ਚੌਕੜੀ ਖੇਲ ਕਰਤਾਰਾ, ਹਰਿ ਸਾਚਾ ਸਚ ਜਣਾਈਆ । ਲੋਕਮਾਤ ਕਰ ਪਸਾਰਾ, ਨਿਰਗੁਣ ਸਰਗੁਣ ਵੇਖ ਵਖਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਵਰਤੇ ਆਪ ਵਰਤਾਰਾ, ਜੁਗ ਜੁਗ ਗੇੜਾ ਆਪ ਭੁਆਈਆ । ਸੇਵਾ ਲਾਏ ਗੁਰ ਅਵਤਾਰਾ, ਤੇਰਾ ਸੰਗ ਰਖਾਈਆ । ਭਗਤਾਂ ਦੇਵੇ ਇਕ ਸਹਾਰਾ,


੬੧੯ ੧੦

ਸੰਤਾਂ ਕਰੇ ਸਚ ਪੜ੍ਹਾਈਆ । ਗੁਰਸਿਖਾਂ ਦੇਵੇ ਇਕ ਆਧਾਰਾ, ਗੁਰਸਿਖ ਸਾਚੇ ਲਏ ਮਿਲਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਵੇ ਵਾਰੋ ਵਾਰਾ, ਨਵ ਨੌਂ ਚਾਰ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਆਪਣਾ ਨਾਉਂ ਸਚ ਨਿਸ਼ਾਨਾ, ਪਰਗਟ ਹੋ ਸ੍ਰੀ ਭਗਵਾਨਾ, ਲੋਕਮਾਤ ਲਏ ਝੁਲਾਈਆ । ਸਾਚਾ ਨਾਉਂ ਸ੍ਰੀ ਭਗਵਾਨ, ਲੋਕਮਾਤ ਆਪ ਧਰਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ, ਹਰਿ ਜਸ ਕਸ ਹਰਿ ਆਪਣਾ ਆਪ ਸੁਣਾਈਆ । ਏਕਾ ਮੰਤਰ ਗੀਤਾ ਗਿਆਨ, ਧਿਆਨ ਧਿਆਨ ਵਿਚ ਪਰਗਟਾਈਆ । ਏਕਾ ਕਾਇਆ ਕੁਰਾ ਕ਼ੁਰਾਨ, ਕਾਅਬਾ ਕਲਮਾ ਦਏ ਸੁਣਾਈਆ । ਏਕਾ ਸ਼ਰਅ ਇਕ ਈਮਾਨ, ਏਕਾ ਸ਼ਰੀਅਤ ਦਏ ਵਡਿਆਈਆ । ਲੇਖਾ ਜਾਣੇ ਅੰਜੀਲ ਕ਼ੁਰਾਨ, ਬਾਈਬਲ ਭੁਲ ਕਦੇ ਨਾ ਜਾਈਆ । ਖਾਣੀ ਬਾਣੀ ਮਾਰੇ ਬਾਣ, ਬਾਣ ਨਿਰਾਲਾ ਤੀਰ ਚਲਾਈਆ । ਗੁਰ ਅਵਤਾਰ ਕਰ ਪਛਾਣ, ਹਰਿ ਸਤਿਗੁਰ ਬੂਝ ਬੁਝਾਈਆ । ਸੁਤ ਦੁਲਾਰੇ ਹੋ ਮਿਹਰਵਾਨ, ਸਿਰ ਤੇਰੇ ਹੱਥ ਟਿਕਾਈਆ । ਜੁਗ ਚੌਕੜੀ ਆਪਣੇ ਖਾਤੇ ਕਰ ਪਰਵਾਨ, ਅੰਤਮ ਲੇਖਾ ਦਏ ਮੁਕਾਈਆ । ਕਲਜੁਗ ਪਰਗਟ ਹੋਵੇ ਸ੍ਰੀ ਭਗਵਾਨ, ਅੰਤ ਅੰਤ ਆਪਣਾ ਰੂਪ ਧਰਾਈਆ । ਲੱਖ ਚੁਰਾਸੀ ਜੀਵ ਜੰਤ ਨਾ ਸਕੇ ਨਾ ਕੋਇ ਪਛਾਣ, ਰੂਪ ਰੰਗ ਰੇਖ ਨਾ ਕੋਇ ਵਖਾਈਆ । ਏਕਾ ਵੱਸੇ ਸਾਢੇ ਤਿੰਨ ਹੱਥ ਮੰਦਰ ਮਕਾਨ, ਬਾਢੀ ਘੜਤ ਨਾ ਹੋਰ ਘੜਾਈਆ । ਲੇਖਾ ਚੁਕਾਏ ਜ਼ਿਮੀਂ ਅਸਮਾਨ, ਗਗਨ ਮੰਡਲ ਫੋਲ ਫੋਲਾਈਆ । ਲਹਿਣਾ ਦੇਣਾ ਚੁੱਕੇ ਦੋ ਜਹਾਨ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ, ਬਾਕੀ ਕੋਇ ਰਹਿਣ ਨਾ ਪਾਈਆ । ਗੁਰੂਆਂ ਪੀਰਾਂ ਅਵਤਾਰਾਂ ਸਾਧਾਂ ਸੰਤਾਂ ਲੋਕਮਾਤ ਜੋ ਪਾਈਆਂ ਵੰਡਾਂ, ਅੰਤਮ ਸਭ ਦਾ ਲੇਖਾ ਦਏ ਮੁਕਾਈਆ । ਏਕਾ ਫੜ ਨਾਮ ਖੰਡਾ, ਬ੍ਰਹਿਮੰਡਾਂ ਖੰਡਾਂ ਦੋਹਰੀ ਧਾਰ ਆਪ ਰਖਾਈਆ । ਵੇਖ ਵਖਾਏ ਪ੍ਰਿਥਮੀ ਆਕਾਸ਼ ਨਵ ਨਵ ਖੰਡਾਂ, ਪਾਵੇ ਸਾਰ ਜੇਰਜ ਅੰਡਾਂ, ਉਤਭੁਜ ਸੇਤਜ ਭੁਲ ਰਹੇ ਨਾ ਰਾਈਆ । ਲਹਿਣਾ ਦੇਣ ਚੁਕਾਏ ਵਿਸ਼ਨ ਬ੍ਰਹਮਾ ਸ਼ਿਵ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਦਿ ਅੰਤ ਅੰਤ ਆਦਿ ਆਪਣਾ ਬਲ ਆਪ ਧਰਾਈਆ । ਸੁਤ ਦੁਲਾਰੇ ਅੰਤਮ ਔਣਾ, ਹਰਿ ਸਾਚਾ ਸਚ ਜਣਾਇੰਦਾ । ਨਵ ਨੌਂ ਬੇੜਾ ਪਾਰ ਕਰੌਣਾ, ਚਾਰ ਚਾਰ ਪੰਧ ਮੁਕਾਇੰਦਾ । ਆਪਣਾ ਰੂਪ ਆਪ ਪਰਗਟੌਣਾ, ਨੂਰੋ ਨੂਰ ਨੂਰ ਦਰਸਾਇੰਦਾ । ਤੇਰਾ ਡੰਕਾ ਮਾਤ ਵਜੌਣਾ, ਚਾਰੋਂ ਕੁੰਟ ਆਪ ਸੁਣਾਇੰਦਾ । ਰਾਓ ਰੰਕਾਂ ਆਪ ਉਠੌਣਾ, ਸੋਇਆ ਕੋਇ ਰਹਿਣ ਨਾ ਪਾਇੰਦਾ । ਸਭ ਦਾ ਲੇਖਾ ਪੂਰ ਕਰੌਣਾ, ਲਿਖ ਲਿਖ ਲੇਖਾ ਸਰਬ ਵਖਾਇੰਦਾ । ਰਾਏ ਧਰਮ ਹੁਕਮ ਜਣੌਣਾ, ਹੁਕਮੀ ਹੁਕਮ ਆਪ ਵਰਤਾਇੰਦਾ । ਚਿਤਰ ਗੁਪਤ ਫੜ ਉਠੌਣਾ, ਸ਼ਬਦ ਹਲੂਣਾ ਇਕ ਲਗਾਇੰਦਾ । ਚਾਰੇ ਕੁੰਟ ਚੌਥੇ ਜੁਗ ਚਾਰ ਯਾਰੀ ਚਾਰ ਵਰਨ ਕਾਗ ਵਾਂਗ ਕੁਰਲੌਣਾ, ਧੀਰਜ ਧੀਰ ਨਾ ਕੋਇ ਧਰਾਇੰਦਾ । ਸਤਿ ਸੰਤੋਖ ਨਾ ਕਿਸੇ ਗਹਿਣਾ ਪੌਣਾ, ਜੂਠ ਝੂਠ ਸਰਬ ਹੰਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਸੁਤ ਦੁਲਾਰੇ ਮੇਲ ਮਿਲਾਏ ਤੇਰਾ ਤੇਰੇ ਦਰ, ਤੇਰਾ ਦਵਾਰਾ ਆਪ ਪਰਗਟਾਇੰਦਾ । ਤੇਰਾ ਦਵਾਰਾ ਅੰਤ ਪਰਗਟੌਣਾ, ਹਰਿ ਸਾਚਾ ਸਚ ਜਣਾਇੰਦਾ । ਸ਼ਬਦ ਗੁਰ ਇਕ ਬਣੌਣਾ, ਦੂਸਰ ਓਟ ਨਾ ਕੋਇ ਰਖਾਇੰਦਾ । ਪੰਜ ਤੱਤ ਮੰਦਰ ਆਪੇ ਢੌਣਾ, ਕਾਇਆ ਬੰਕ ਨਾ ਕੋਇ ਸੁਹਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਦੋ ਜਹਾਨਾਂ ਫੇਰਾ ਪੌਣਾ, ਆਵਣ ਜਾਵਣ ਪਤਿਤ ਪਾਵਨ ਆਪਣਾ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ

ਸੁਤ ਦੇਵੇ ਵਰ, ਵਰ ਏਕਾ ਏਕ ਸਮਝਾਇੰਦਾ । ਸਾਚਾ ਵਰ ਹਰਿ ਦਾਤਾਰ, ਏਕਾ ਗੁਣ ਜਣਾਈਆ । ਕਲਜੁਗ ਆਏ ਅੰਤਮ ਵਾਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਪਰਗਟ ਹੋਏ ਵਿਚ ਸੰਸਾਰ, ਨਿਹਕਲੰਕਾ ਨਾਉਂ ਧਰਾਈਆ । ਰਾਹ ਤੱਕੇ ਮੁਹੰਮਦ ਯਾਰ, ਅੱਲਾ ਰਾਣੀ ਨੈਣ ਉਠਾਈਆ । ਨਾਨਕ ਗੋਬਿੰਦ ਕਰੇ ਪੁਕਾਰ, ਉਚੀ ਕੂਕ ਕੂਕ ਸੁਣਾਈਆ । ਪਰਗਟ ਹੋਵੇ ਸਰਬ ਜੀਆਂ ਦਾ ਸਾਂਝਾ ਯਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਆਪਣਾ ਬਲ ਆਪ ਧਰਾਈਆ । ਸੱਜਣ ਸੁਹੇਲਾ ਏਕੰਕਾਰ, ਇਕ ਇਕੱਲਾ ਵੇਖ ਵਖਾਇੰਦਾ । ਨਿਰਗੁਣ ਸਰਗੁਣ ਜਾਮਾ ਧਾਰ, ਜੋਤੀ ਜਾਮਾ ਭੇਸ ਵਟਾਇੰਦਾ । ਲਹਿਣਾ ਦੇਣਾ ਦੇਵੇ ਕ਼ਰਜ਼ ਉਤਾਰ, ਦੇਣਾ ਅਵਰ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਤੇਰੀ ਅੰਤਮ ਵਰ, ਸ਼ਬਦ ਸੁਤ ਲਏ ਫੜ, ਆਪਣਾ ਬੰਧਨ ਆਪੇ ਪਾਇੰਦਾ । ਸ਼ਬਦ ਸੁਤ ਫੜਿਆ ਕਰਤਾਰ, ਦੋ ਜਹਾਨਾਂ ਬੰਧਨ ਪਾਇਆ । ਏਕਾ ਹੁਕਮ ਸੱਚੀ ਸਰਕਾਰ, ਏਕਾ ਵਾਰ ਸੁਣਾਇਆ । ਗੁਰ ਅਵਤਾਰ ਕਰਨੇ ਖ਼ਬਰਦਾਰ, ਚਾਰ ਜੁਗ ਜੋ ਗਏ ਸੇਵ ਕਮਾਇਆ । ਸਭ ਦਾ ਲੇਖਾ ਲਿਖਦਾ ਰਿਹਾ ਵਾਰੋ ਵਾਰ, ਭੁਲ ਕਦੇ ਨਾ ਜਾਇਆ । ਵੇਖੇ ਵਿਗਸੇ ਕਰੇ ਵਿਚਾਰ, ਵੇਖਣਹਾਰਾ ਹਰਿ ਜੂ ਆਇਆ । ਮਾਰਗ ਪੰਥ ਜੋ ਕਰੇ ਪਿਆਰ, ਸਾਚਾ ਧੰਦਾ ਦਏ ਸਮਝਾਇਆ । ਕੂਕ ਕੂਕ ਕਰੀ ਪੁਕਾਰ, ਇਕ ਇਕੱਲਾ ਏਕੰਕਾਰ, ਲੱਖ ਚੁਰਾਸੀ ਗਏ ਸਮਝਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਅੰਤਮ ਮੇਲਾ ਸਹਿਜ ਸੁਭਾਇਆ । ਅੰਤਮ ਮੇਲਾ ਮੇਲ ਮਿਲੌਣਾ, ਮਿਲਿਆ ਮੇਲ ਵਿਛੜ ਨਾ ਜਾਈਆ । ਆਦਿ ਸੁਤ ਤੇਰਾ ਲਹਿਣਾ ਤੇਰੀ ਝੋਲੀ ਪੌਣਾ, ਅੰਤ ਆਪਣੀ ਖ਼ੁਸ਼ੀ ਮਨਾਈਆ । ਜੋ ਘੜਿਆ ਸੋ ਭੰਨ ਵਖੌਣਾ, ਭੰਨਣਹਾਰ ਵਡੀ ਵਡਿਆਈਆ । ਵਿਸ਼ਨ ਬ੍ਰਹਮਾ ਸ਼ਿਵ ਤੇਰਾ ਵਕ਼ਤ ਚੁਕੌਣਾ, ਥਿਰ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਖੇਲ ਆਪ ਕਰਾਈਆ । ਆਪਣਾ ਖੇਲ ਕਰੇ ਗੋਬਿੰਦ, ਗੋਬਿੰਦ ਰੂਪ ਧਰਾਇਆ । ਸ਼ਬਦੀ ਸ਼ਬਦ ਮੇਟੇ ਚਿੰਦ, ਚਿੰਤਾ ਅਵਰ ਨਾ ਕੋਇ ਰਖਾਇਆ । ਦਾਤਾ ਦਾਨੀ ਗੁਣੀ ਗਹਿੰਦ, ਗਹਿਰ ਗੰਭੀਰ ਦਇਆ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਿਛਲਾ ਲਹਿਣਾ ਦੇਵੇ ਵਰ, ਪੂਰਬ ਲੇਖਾ ਝੋਲੀ ਪਾਇਆ । ਪੂਰਬ ਲੇਖਾ ਝੋਲੀ ਪਾ, ਕਲਜੁਗ ਅੰਤ ਕਰਾਇੰਦਾ । ਗੋਬਿੰਦ ਸੂਰਾ ਬਣ ਮਲਾਹ, ਸਾਚਾ ਬੇੜਾ ਇਕ ਵਖਾਇੰਦਾ । ਮੁਹੰਮਦ ਮੰਗੇ ਅੰਤ ਪਨਾਹ, ਦੋਏ ਜੋੜ ਸੀਸ ਝੁਕਾਇੰਦਾ । ਪੁਰਖ ਅਬਿਨਾਸ਼ੀ ਬਖ਼ਸ਼ ਗੁਨਾਹ, ਪਰਵਰਦਿਗਾਰ ਤੇਰਾ ਸਜਦਾ ਮੋਹੇ ਭਾਇੰਦਾ । ਮੇਰਾ ਨਾਤਾ ਤੁੱਟਾ ਚਾਰ ਯਾਰ, ਸਗਲਾ ਸੰਗ ਨਾ ਕੋਇ ਨਿਭਾਇੰਦਾ । ਮੇਰੀ ਆਸ਼ਾ ਹੋਈ ਵਿਭਚਾਰ, ਤ੍ਰਿਸਨਾ ਜਗਤ ਨਾ ਕੋਇ ਗਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਤ ਦੇਣਾ ਵਰ, ਮੇਰਾ ਬੰਧਨ ਮਾਤ ਕਟਾਇੰਦਾ । ਸ਼ਬਦ ਸੁਤ ਤੇਰਾ ਤੋੜੇ ਬੰਧਨ, ਬੰਦੀਖਾਨਾ ਰਹਿਣ ਨਾ ਪਾਈਆ । ਤੂੰ ਸਾਹਿਬ ਦਾਤਾਰ ਸਦਾ ਬਖ਼ਸ਼ੰਦਨ, ਬਖ਼ਸ਼ਿਸ਼ ਤੇਰੀ ਰਹਿਮਤ ਰਹੀਮ ਰਹਿਮਾਨ ਸੱਚੇ ਸਾਈਆਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੀ ਕਿਆਮਤ ਮੇਰੀ ਨਿਆਮਤ ਹਉਂ ਬੈਠਾ ਝੋਲੀ ਡਾਹੀਆ । ਝੋਲੀ ਰੱਖੀ ਅੱਗੇ ਖੋਲ੍ਹ, ਪਰਵਰਦਿਗਾਰ ਸੀਸ ਝੁਕਾਇੰਦਾ । ਆਪਣਾ ਕਲਮਾ ਆਪੇ ਬੋਲ, ਨਬੀ ਰਸੂਲ ਆਪ ਸੁਣਾਇੰਦਾ ।

ਚੌਧਵੀਂ ਸਦੀ ਕੀਤਾ ਕੌਲ, ਚੌਦਾਂ ਤਬਕਾਂ ਤੋਲ ਤੁਲਾਇੰਦਾ । ਤੇਰਾ ਮਰਦੰਗਾ ਵੱਜੇ ਢੋਲ, ਅਨਭੋਲ ਨਜ਼ਰ ਕੋਇ ਨਾ ਆਇੰਦਾ । ਤੇਰੀ ਰਹਿਮਤ ਦਿਸੇ ਨਾ ਕੋਲ, ਤੇਰੀ ਜ਼ਹਿਮਤ ਸਰਬ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਬਖ਼ਸ਼ ਆਪਣਾ ਦਰ, ਦਰ ਦਰਵਾਜ਼ਾ ਮੰਗ ਮੰਗਾਇੰਦਾ । ਦਰ ਦਰਵਾਜ਼ਾ ਮੰਗੇ ਮੰਗ, ਮੁਕਾਮੇ ਹੱਕ ਤੇਰੀ ਵਡਿਆਈਆ । ਚਾਰ ਕੁੰਟ ਮੈਂ ਹੋਇਆ ਨੰਗ, ਪਾਟੇ ਚੀਥੜ ਰਿਹਾ ਵਖਾਈਆ । ਮੇਰੀ ਇਛਿਆ ਹੋਈ ਰੰਡ, ਨਾਰ ਦੁਹਾਗਣ ਦਏ ਦੁਹਾਈਆ । ਅੰਤਮ ਹੋਈ ਨੰਗੀ ਕੰਡ, ਸਗਲਾ ਸੰਗ ਨਾ ਕੋਇ ਨਿਭਾਈਆ । ਤੇਰਾ ਕਲਮਾ ਮੈਂ ਆਪਣੇ ਅੰਦਰ ਨਾ ਰੱਖਿਆ ਬੰਦ, ਕਲਮਾ ਕਲਾਮ ਨਾ ਕੋਇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਤ ਦੇਣਾ ਏਕਾ ਵਰ, ਮੇਰਾ ਪੱਲੂ ਲਏ ਬੰਧਾਈਆ । ਪੱਲੂ ਨਾਲ ਬੰਨ੍ਹੇ ਪੱਲੂ, ਏਕਾ ਪਲੜਾ ਰਿਹਾ ਵਖਾਈਆ । ਮੇਰਾ ਚੀਰ ਲੱਥਾ ਸਾਲੂ, ਅੱਲਾ ਰਾਣੀ ਨੈਣ ਸ਼ਰਮਾਈਆ । ਤੇਰਾ ਜਲਵਾ ਨੂਰ ਵਸਾਲੂ, ਵਸਲ ਤੇਰਾ ਹੱਥ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਮ ਦੇਣਾ ਏਕਾ ਵਰ, ਦਰ ਤੇਰੇ ਮੰਗ ਮੰਗਾਈਆ । ਦੇਵੇ ਹੁਕਮ ਪਰਵਰਦਿਗਾਰ, ਸਚ ਤਰਾਨਾ ਆਪ ਜਣਾਇੰਦਾ । ਖ਼ਲਕ ਖ਼ੁਦਾਈ ਗਈ ਹਾਰ, ਮਖ਼ਲੂਕ ਮੇਲ ਨਾ ਕੋਇ ਮਿਲਾਇੰਦਾ । ਆਲਮ ਉਲਮਾ ਹੋਏ ਗਵਾਰ, ਕਾਤਬ ਲੇਖ ਨਾ ਕੋਇ ਜਣਾਇੰਦਾ । ਉਮਤੀ ਉਮਤ ਮਾਰੇ ਮਾਰ, ਆਮਦੀਦ ਵਕਤ ਚੁਕਾਇੰਦਾ । ਕਾਇਨਾਤ ਨਾ ਪਾਵੇ ਕੋਈ ਸਾਰ, ਸਚ ਨਿਜਾਤ ਨਾ ਕੋਇ ਰਖਾਇੰਦਾ । ਲਹਿਣਾ ਦੇਣਾ ਚੁੱਕੇ ਹੱਥੋ ਹਾਥ, ਸਮਰਥ ਪੁਰਖ ਆਪ ਮੁਕਾਇੰਦਾ । ਸਦੀ ਚੌਧਵੀਂ ਆਇਆ ਘਾਟ, ਜਗਤ ਕਿਨਾਰਾ ਫੋਲ ਫੋਲਾਇੰਦਾ । ਗੁਰ ਅਵਤਾਰਾਂ ਚਾਰ ਜੁਗ ਨਿਭਾਇਆ ਸਾਥ, ਅੰਤਮ ਸੰਗ ਨਾ ਕੋਇ ਰਖਾਇੰਦਾ । ਹਰਿ ਹਰਿ ਮਹਿਮਾ ਗਾਏ ਗਾਥ, ਰਸਨਾ ਕਹਿ ਕਹਿ ਸਰਬ ਜਣਾਇੰਦਾ । ਕੋਈ ਕਹੇ ਤ੍ਰਿਲੋਕੀ ਨਾਥ, ਕੋਈ ਕਹੇ ਦਸਰਥ ਬੇਟਾ ਰਾਮ ਰਘੁਨਾਥ, ਕੋਈ ਮੰਡਲ ਰਾਸ ਰਚਾਇੰਦਾ । ਕੋਈ ਕਹੇ ਪੂਤ ਸਪੂਤਾ ਖ਼ੁਦਾਵੰਦ ਮੇਰੀ ਜ਼ਾਤ, ਸਚ ਸਫਾਤ ਨਾ ਕੋਇ ਜਣਾਇੰਦਾ । ਕੋਈ ਕਹੇ ਮਿਹਬਾਨ ਬੀਦੋ ਏਕਾ ਮਿਲਿਆ ਆਬ ਹਯਾਤ, ਹਯਾਤ ਆਬ ਮੁਖ ਰਖਾਇੰਦਾ । ਕੋਈ ਕਹੇ ਪਰਦਾ ਚੁੱਕਿਆ ਮੁਖ ਨਕਾਬ, ਨੂਰੋ ਨੂਰ ਡਗਮਗਾਇੰਦਾ । ਕੋਈ ਕਹੇ ਪਰਗਟ ਹੋਇਆ ਸਾਖਿਆਤ, ਸਾਬਤ ਸੂਰਤ ਇਕ ਜਣਾਇੰਦਾ । ਕੋਈ ਕਹੇ ਨਾਨਕ ਨਿਰਗੁਣ ਦੇਵੇ ਦਾਤ, ਨਾਮ ਸਤਿ ਮੰਤਰ ਦ੍ਰਿੜਾਇੰਦਾ । ਕੋਈ ਕਹੇ ਗੋਬਿੰਦ ਪੁੱਛੇ ਵਾਤ, ਗੋਬਿੰਦ ਪੁਰਖ ਅਕਾਲ ਇਕ ਮਨਾਇੰਦਾ । ਸਰਬ ਜੀਆਂ ਦਾ ਕਮਲਾਪਾਤ, ਪੁਰਖ ਅਬਿਨਾਸ਼ੀ ਆਪ ਹੋ ਜਾਇੰਦਾ । ਆਦਿ ਆਦਿ ਜਿਸ ਬੱਧਾ ਨਾਤ, ਸ਼ਬਦੀ ਡੋਰ ਬੰਧਨ ਪਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਬਣਾਈ ਜ਼ਾਤ, ਅਜ਼ਾਤੀ ਆਪਣਾ ਖੇਲ ਖਿਲਾਇੰਦਾ । ਅੰਤਮ ਕਲਜੁਗ ਪੁੱਛੇ ਵਾਤ, ਇਕ ਇਕੱਲਾ ਵੇਖ ਵਖਾਇੰਦਾ । ਮਨ ਮਤ ਨਾ ਵੇਖੇ ਕੋਇ ਕਮਜ਼ਾਤ, ਜੂਠ ਝੂਠ ਪੰਧ ਮੁਕਾਇੰਦਾ । ਸਭ ਦਾ ਬੇੜਾ ਲਾਏ ਆਪਣੇ ਆਪਣੇ ਘਾਟ, ਅਧਵਿਚਕਾਰ ਨਾ ਕੋਇ ਅਟਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨਿਰਵੈਰ ਆਪਣਾ ਖੇਲ ਕਰ, ਸ਼ਬਦੀ ਸ਼ਬਦ ਆਪ ਪਰਗਟਾਇੰਦਾ । ਸ਼ਬਦ ਸੂਰਬੀਰ ਬਲਵਾਨਾ, ਹਰਿ ਸਾਚਾ ਸਚ ਪਰਗਟਾਇੰਦਾ । ਸ਼ਬਦ ਰਾਜ ਸ਼ਬਦ ਰਾਜਾਨਾ, ਸ਼ਾਹੋ ਭੂਪ ਭੂਪ ਅਖਵਾਇੰਦਾ । ਸ਼ਬਦ ਤੀਰ ਸ਼ਬਦ ਨਿਸ਼ਾਨਾ, ਸ਼ਬਦ ਸ਼ਬਦੀ ਪਾਰ ਕਰਾਇੰਦਾ । ਸ਼ਬਦ ਸ਼ਬਦ ਵਰਤੇ ਆਪਣਾ ਭਾਣਾ, ਸ਼ਬਦ ਸ਼ਬਦੀ ਆਪ ਮਨਾਇੰਦਾ । ਨਿਰਗੁਣ ਨਿਰਗੁਣ ਪਹਿਰਿਆ ਬਾਣਾ, ਨਿਰਗੁਣ ਨਜ਼ਰ ਕਿਸੇ ਨਾ ਆਇੰਦਾ ।

ਸਰਗੁਣ ਸਰਗੁਣ ਸਰਗੁਣ ਹੋ ਪਰਧਾਨਾ, ਸਰਗੁਣ ਆਪਣਾ ਬੰਧਨ ਪਾਇੰਦਾ । ਗੋਬਿੰਦ ਗੋਬਿੰਦ ਗੋਬਿੰਦ ਮੇਲਾ ਦੋ ਜਹਾਨਾਂ, ਗੁਰ ਚੇਲਾ ਰੂਪ ਵਟਾਇੰਦਾ । ਸੰਬਲ ਨਗਰੀ ਸਚ ਮਕਾਨਾ, ਏਕਾ ਵਸੇ ਸ੍ਰੀ ਭਗਵਾਨਾ, ਆਸਣ ਸਿੰਘਾਸਣ ਸੋਭਾ ਪਾਇੰਦਾ । ਏਕਾ ਰਾਗ ਇਕ ਤਰਾਨਾ, ਏਕਾ ਗਾਏ ਅਗੰਮੀ ਗਾਨਾ, ਪਿਛਲਾ ਲੇਖਾ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਰੇ ਖੇਲ ਸਾਚੇ ਘਰ, ਘਰ ਸਾਚਾ ਇਕ ਵਡਿਆਇੰਦਾ । ਘਰ ਵੱਡਾ ਵੱਡੀ ਵਡਿਆਈ, ਹਰਿ ਸਾਚਾ ਆਪ ਵਡਿਆਇੰਦਾ । ਨਿਰਗੁਣ ਨਿਰਗੁਣ ਵੱਜੇ ਵਧਾਈ, ਨਿਰਗੁਣ ਨਿਰਗੁਣ ਵੇਖ ਵਖਾਇੰਦਾ । ਨਿਰਗੁਣ ਮੇਲਾ ਸਹਿਜ ਸੁਭਾਈ, ਨਿਰਗੁਣ ਸਗਲਾ ਸੰਗ ਰਖਾਇੰਦਾ । ਨਿਰਗੁਣ ਆਵੇ ਜਾਵੇ ਚਾਈਂ ਚਾਈਂ, ਚਾਓ ਘਨੇਰਾ ਆਪ ਪਰਗਟਾਇੰਦਾ । ਵੇਦ ਕਤੇਬ ਸ਼ਾਸਤਰ ਸਿਮਰਤ ਅੰਜੀਲ ਕੁਰਾਨ ਰਹੇ ਜਸ ਗਾਈ, ਸਿਫ਼ਤੀ ਸਿਫ਼ਤ ਸਿਫ਼ਤ ਸਾਲਾਹਿੰਦਾ । ਕਲਜੁਗ ਅੰਤਮ ਕਰੇ ਸਚ ਨਿਆਈਂ, ਸ਼ਾਹ ਸੁਲਤਾਨ ਰੂਪ ਵਟਾਇੰਦਾ । ਗੁਰਮੁਖ ਫੜ ਫੜ ਮੇਲੇ ਜਨਮ ਜਨਮ ਦੇ ਵਿਛੜੇ ਬਾਹੀਂ, ਆਪ ਆਪਣਾ ਮੇਲ ਮਿਲਾਇੰਦਾ । ਨਿਥਾਵਿਆਂ ਦੇਵੇ ਸਾਚਾ ਥਾਈਂ, ਦਰਗਹਿ ਸਾਚੀ ਧਾਮ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਅੰਤ ਆਪਣਾ ਵੇਖ ਵਖਾਇੰਦਾ । ਆਦਿ ਸ਼ਬਦ ਅੰਤ ਸ਼ਬਦੀ ਧਾਰ, ਜੋਤੀ ਜੋਤ ਸੇਵ ਕਮਾਈਆ । ਮਧ ਲੱਖ ਚੁਰਾਸੀ ਕਰ ਪਸਾਰ, ਗੁਰ ਅਵਤਾਰ ਦੇ ਵਡਿਆਈਆ । ਨਾਉਂ ਨਾਮ ਕਰ ਉਜਿਆਰ, ਨਾਮਾ ਨਾਮ ਕਰੇ ਪੜ੍ਹਾਈਆ । ਚੌਦਾਂ ਵਿਦਿਆ ਭਰ ਭੰਡਾਰ, ਚੌਦਾਂ ਲੋਕ ਕਾਇਆ ਬੰਕ ਸੁਹਾਈਆ । ਕਲਜੁਗ ਅੰਤਮ ਕਰੇ ਖ਼ਬਰਦਾਰ, ਸੁਰਤੀ ਸ਼ਬਦ ਸ਼ਬਦ ਉਠਾਈਆ । ਡੰਕਾ ਵੱਜੇ ਅਗੰਮ ਅਪਾਰ, ਅਗੰਮ ਅਗੰਮੜਾ ਰਿਹਾ ਵਜਾਈਆ । ਨਵ ਨੌਂ ਉਤਰੇ ਪਾਰ, ਲੱਖ ਚੁਰਾਸੀ ਰਿਹਾ ਖਪਾਈਆ । ਸ਼ਬਦ ਉਪਜਾਇਆ ਸ਼ਬਦੀ ਢਾਹਿਆ, ਸ਼ਬਦੀ ਸ਼ਬਦ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਏਕਾ ਬੰਧਨ ਆਪਣੇ ਹੱਥ ਰਖਾਈਆ ।

★ ੨੨ ਸਾਵਣ ੨੦੧੮ ਬਿਕ੍ਰਮੀ ਭਗਵਾਨ ਸਿੰਘ ਦੇ ਗ੍ਰਿਹ ਸੈਦਪੁਰ ★

ਸੋ ਪੁਰਖ ਨਿਰੰਜਣ ਅਗੰਮ ਅਪਾਰਾ, ਆਦਿ ਜੁਗਾਦੀ ਖੇਲ ਖਿਲਾਇੰਦਾ । ਹਰਿ ਪੁਰਖ ਨਿਰੰਜਣ ਹੋ ਉਜਿਆਰਾ, ਆਪ ਆਪਣਾ ਵੇਸ ਧਰਾਇੰਦਾ । ਏਕੰਕਾਰਾ ਕਰ ਪਸਾਰਾ, ਆਪ ਆਪਣਾ ਖੇਲ ਖਿਲਾਇੰਦਾ । ਆਦਿ ਨਿਰੰਜਣ ਹੋ ਉਜਿਆਰਾ, ਨੂਰ ਨੁਰਾਨਾ ਡਗਮਗਾਇੰਦਾ । ਅਬਿਨਾਸ਼ੀ ਕਰਤਾ ਕਰ ਪਸਾਰਾ, ਸਚ ਦਰਬਾਰਾ ਆਪ ਸੁਹਾਇੰਦਾ । ਸ੍ਰੀ ਭਗਵਾਨ ਬਣ ਸਿਕਦਾਰਾ, ਸਾਚਾ ਹੁਕਮ ਆਪ ਚਲਾਇੰਦਾ । ਪਾਰਬ੍ਰਹਮ ਪ੍ਰਭ ਦੇ ਸਹਾਰਾ, ਆਪਣਾ ਬੰਧਨ ਆਪੇ ਪਾਇੰਦਾ । ਸਤਿ ਸਤਿਵਾਦੀ ਸਾਚੀ ਕਾਰਾ, ਸਤਿ ਪੁਰਖ ਨਿਰੰਜਣ ਆਪ ਕਰਾਇੰਦਾ । ਸਚਖੰਡ ਨਿਵਾਸੀ ਸਚਖੰਡ ਖੋਲ੍ਹ ਦਵਾਰਾ, ਸਚ ਸਿੰਘਾਸਣ ਸੋਭਾ ਪਾਇੰਦਾ । ਥਿਰ ਘਰ ਖੋਲ੍ਹੇ ਆਪ ਕਿਵਾੜਾ, ਘਰ ਘਰ ਵਿਚ ਆਪ ਪਰਗਟਾਇੰਦਾ । ਸ਼ਾਹੋ ਭੂਪ ਬਣ ਸਿਕਦਾਰਾ, ਰਾਜਨ ਰਾਜ ਨਾਉਂ ਧਰਾਇੰਦਾ । ਤਖ਼ਤ ਨਿਵਾਸੀ ਬੇਐਬ ਪਰਵਰਦਿਗਾਰਾ, ਮੁਕਾਮੇ ਹੱਕ ਹੱਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ

੬੨੩
੧੦

ਧਰ, ਆਦਿ ਪੁਰਖ ਏਕਾ ਹਰਿ, ਆਪਣਾ ਭੇਵ ਆਪ ਜਣਾਇੰਦਾ । ਸੋ ਪੁਰਖ ਨਿਰੰਜਣ ਭੇਵ ਅਵੱਲਾ, ਅਲਖ ਅਗੋਚਰ ਅਗੰਮ ਅਥਾਹ, ਮਹਿਮਾ ਅਕਥ ਕਥੀ ਨਾ ਜਾਈਆ । ਵਸਣਹਾਰਾ ਸਚ ਮਹੱਲਾ, ਪੁਰਖ ਅਕਾਲਾ ਦੀਨ ਦਿਆਲਾ, ਨਿਰਗੁਣ ਜੋਤ ਜੋਤ ਅਕਾਲਾ, ਆਪਣੀ ਕਲ ਆਪ ਧਰਾਈਆ । ਏਕੰਕਾਰਾ ਆਪੇ ਜਾਣੇ ਆਪਣਾ ਰਾਹ ਸੁਖਾਲਾ, ਮਾਰਗ ਪੰਧ ਨਾ ਕੋਇ ਰਖਾਈਆ । ਆਦਿ ਨਿਰੰਜਣ ਹੋ ਉਜਾਲਾ, ਨੂਰ ਨੁਰਾਨਾ ਸ਼ਾਹ ਸੁਲਤਾਨਾ ਤਖ਼ਤ ਨਿਵਾਸੀ ਸ਼ਾਹੋ ਸ਼ਾਬਾਸੀ ਰਿਹਾ ਡਗਮਗਾਈਆ । ਸ੍ਰੀ ਭਗਵਾਨ ਆਪ ਉਠਾਏ ਆਪਣਾ ਸਚ ਨਿਸ਼ਾਨ, ਸਤਿ ਸਤਿਵਾਦੀ ਆਪਣੀ ਧਾਰਾ ਆਪ ਬੰਧਾਈਆ । ਅਬਿਨਾਸ਼ੀ ਕਰਤਾ ਨੌਜਵਾਨ, ਬਿਰਧ ਬਾਲ ਨਾ ਰੂਪ ਵਖਾਣ, ਮਹਾਂਬਲੀ ਏਕਾ ਏਕ ਆਪਣੀ ਧਾਰ ਪਰਗਟਾਈਆ । ਪਾਰਬ੍ਰਹਮ ਪ੍ਰਭ ਖੇਲ ਮਹਾਨ, ਕਰੇ ਕਰਾਏ ਵੱਡ ਮਿਹਰਵਾਨ, ਮਿਹਰਵਾਨ ਮਿਹਰਵਾਨ ਮਿਹਰਵਾਨ ਆਪਣੀ ਦਇਆ ਕਮਾਈਆ । ਸਚਖੰਡ ਦਵਾਰ ਖੋਲ੍ਹ ਦੁਕਾਨ, ਏਕਾ ਵਸੇ ਗੁਣ ਨਿਧਾਨ, ਗੁਣਵੰਤਾ ਹਰਿ ਰਘੁਰਾਈਆ । ਹੁਕਮੀ ਹੁਕਮ ਜਾਣੇ ਧੁਰ ਫ਼ਰਮਾਨ, ਆਪਣਾ ਹੁਕਮ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਏਕਾ ਹਰਿ, ਆਦਿ ਪੁਰਖ ਵਡੀ ਵਡਿਆਈਆ । ਆਦਿ ਪੁਰਖ ਹਰਿ ਨਿਰੰਕਾਰਾ, ਆਪਣਾ ਬਲ ਆਪ ਧਰਾਇੰਦਾ । ਸਚਖੰਡ ਹੋ ਉਜਿਆਰਾ, ਨੂਰ ਨੁਰਾਨਾ ਡਗਮਗਾਇੰਦਾ । ਸਾਚੇ ਤਖ਼ਤ ਬੈਠ ਸੱਚੀ ਸਰਕਾਰਾ, ਸਚ ਸਿੰਘਾਸਣ ਸੋਭਾ ਪਾਇੰਦਾ । ਅਗੰਮ ਅਗੰਮੜਾ ਕਰੇ ਅਗੰਮੀ ਕਾਰਾ, ਕਰਤਾ ਪੁਰਖ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਏਕਾ ਹਰਿ, ਵਸਣਹਾਰਾ ਸਾਚੇ ਘਰ, ਦਰ ਘਰ ਸਾਚਾ ਆਪ ਸੁਹਾਇੰਦਾ । ਦਰ ਘਰ ਸਾਚਾ ਹਰਿ ਸੁਹੰਜਣਾ, ਸੋਭਾਵੰਤ ਆਪ ਸੁਹਾਈਆ । ਸੋ ਪੁਰਖ ਨਿਰੰਜਣ ਸਾਚੇ ਦਰ ਆਪੇ ਬਹਿ ਬਹਿ ਸਜਣਾ, ਮਹਿਮਾ ਗਣਤ ਗਣੀ ਨਾ ਜਾਈਆ । ਆਦਿ ਜੁਗਾਦਿ ਨਾ ਘੜਿਆ ਨਾ ਭੱਜਣਾ, ਘੜਨ ਭੰਨਣਹਾਰ ਪੁਰਖ ਸਮਰਥ ਆਪ ਅਖਵਾਈਆ । ਨਿਰਗੁਣ ਨਿਰਵੈਰ ਨਿਰਾਕਾਰ ਆਪਣਾ ਪਰਦਾ ਆਪੇ ਕੱਜਣਾ, ਆਪਣੇ ਹੱਥ ਰੱਖੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਦਿ ਆਦਿ ਆਪਣਾ ਭੇਵ ਆਪ ਖੁਲ੍ਹਾਈਆ । ਆਦਿ ਪੁਰਖ ਹਰਿ ਭੇਵ ਖੁਲ੍ਹਾਇਆ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਨਿਰਗੁਣ ਨੂਰ ਨੂਰ ਉਪਾਇਆ, ਨੂਰ ਨੁਰਾਨਾ ਡਗਮਗਾਈਆ । ਸਾਚੇ ਤਖ਼ਤ ਆਸਣ ਲਾਇਆ, ਤਖ਼ਤ ਨਿਵਾਸੀ ਬੈਠਾ ਸੱਚਾ ਸ਼ਹਿਨਸ਼ਾਹੀਆ । ਆਪਣੀ ਇਛਿਆ ਆਪ ਪਰਗਟਾਇਆ, ਇਛਿਆ ਦਿਸ ਕਿਸੇ ਨਾ ਆਈਆ । ਸਾਚਾ ਹਿੱਸਾ ਆਪ ਵੰਡਾਇਆ, ਵੰਡਣਹਾਰ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਵਸਣਹਾਰਾ ਸਾਚੇ ਘਰ, ਘਰ ਸਾਚਾ ਦਏ ਸਮਝਾਈਆ । ਘਰ ਸਾਚਾ ਹਰਿ ਸਮਝਾਇੰਦਾ, ਇਕ ਇਕੱਲਾ ਏਕੰਕਾਰ । ਸਚ ਸਿੰਘਾਸਣ ਸੋਭਾ ਪਾਇੰਦਾ, ਭੂਪਤ ਭੂਪ ਸੱਚੀ ਸਰਕਾਰ । ਹੁਕਮੀ ਹੁਕਮ ਆਪ ਵਰਤਾਇੰਦਾ, ਆਪੇ ਹੋਏ ਮੰਗਣਹਾਰ । ਦਰ ਦਰਵੇਸ਼ ਆਪ ਅਖਵਾਇੰਦਾ, ਸੇਵਕ ਕਰੇ ਸੇਵਾਦਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭਰੇ ਆਪ ਭੰਡਾਰ । ਸਚ ਭੰਡਾਰਾ ਹਰਿ ਨਿਰੰਕਾਰਾ, ਆਪਣਾ ਆਪ ਭਰਾਈਆ । ਆਪੇ ਬਣੇ ਵਡ ਦਾਤਾਰਾ, ਵਡ ਦਾਤਾ ਬੇਪਰਵਾਹੀਆ । ਕਰੇ ਖੇਲ ਅਗੰਮ ਅਪਾਰਾ, ਅਗੰਮੜੀ ਕਾਰ ਕਮਾਈਆ । ਸਾਚਾ ਮੰਦਰ ਖੋਲ੍ਹ ਕਿਵਾੜਾ, ਧੁਰ ਦਰਬਾਰਾ ਆਪ ਸੁਹਾਈਆ । ਦਰਗਹਿ ਸਾਚੀ ਧਾਮ ਨਿਆਰਾ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਸੂਰਜ ਚੰਦ ਨਾ ਕੋਇ ਸਤਾਰਾ, ਮੰਡਲ

ਮੰਡਪ ਲੋਅ ਪੁਰੀ ਬ੍ਰਹਿਮੰਡ ਖੰਡ ਨਾ ਕੋਇ ਵਸਾਈਆ । ਕਰੇ ਖੇਲ ਆਪ ਕਰਤਾਰਾ, ਕਰਤਾ ਪੁਰਖ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਮੰਦਰ ਆਪੇ ਚੜ੍ਹ, ਆਪਣਾ ਲੇਖਾ ਆਪਣੇ ਹੱਥ ਰਖਾਈਆ । ਆਪਣੇ ਮੰਦਰ ਆਪੇ ਚੜ੍ਹਿਆ, ਆਪਣਾ ਬਲ ਧਾਰ । ਆਪਣੀ ਵਿਦਿਆ ਆਪੇ ਪੜ੍ਹਿਆ, ਕਰੇ ਖੇਲ ਅਪਰ ਅਪਾਰ । ਆਪਣਾ ਪੱਲੂ ਆਪੇ ਫੜਿਆ, ਆਪੇ ਹੋਏ ਸਦਾ ਸਹਾਰ । ਸਚਖੰਡ ਦਵਾਰ ਘਾੜਨ ਘੜ੍ਹਿਆ, ਘਾੜਨ ਘੜਤ ਘੜੇ ਅਗੰਮ ਅਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਘਰ ਸਾਚਾ ਕਰ ਪਸਾਰ । ਹਰਿ ਸਾਚਾ ਘਰ ਉਪਾਇੰਦਾ, ਸੋ ਪੁਰਖ ਨਿਰਜੰਣ ਹੋ ਉਜਿਆਰ । ਹਰਿ ਪੁਰਖ ਨਿਰੰਜਣ ਵੇਖ ਵਖਾਇੰਦਾ, ਵੇਖਣਹਾਰ ਅਗੰਮ ਅਪਾਰ । ਏਕੰਕਾਰਾ ਖ਼ੁਸ਼ੀ ਮਨਾਇੰਦਾ, ਘਰ ਸੋਹੇ ਬੰਕ ਦਵਾਰ । ਆਦਿ ਨਿਰੰਜਣ ਜੋਤ ਜਗਾਇੰਦਾ, ਜੋਤੀ ਜੋਤ ਜੋਤ ਪਸਾਰ । ਸ੍ਰੀ ਭਗਵਾਨ ਵੇਖ ਵਖਾਇੰਦਾ, ਵੇਖਣਹਾਰਾ ਠਾਂਡਾ ਦਰਬਾਰ । ਅਬਿਨਾਸ਼ੀ ਕਰਤਾ ਸੰਗ ਨਿਭਾਇੰਦਾ, ਸਗਲਾ ਸੰਗ ਸੱਚੀ ਸਰਕਾਰ । ਪਾਰਬ੍ਰਹਮ ਮੰਗ ਮੰਗਾਇੰਦਾ, ਦੋਏ ਜੋੜ ਜੋੜ ਨਿਮਸਕਾਰ । ਆਪਣੀ ਭਿਛਿਆ ਆਪੇ ਪਾਇੰਦਾ, ਆਪੇ ਹੋਏ ਦੇਵਣਹਾਰ । ਆਪਣੀ ਮੰਗ ਆਪ ਮੰਗਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਆਪ ਕਰਤਾਰ । ਸਾਚੀ ਭਿਖਿਆ ਮੰਗੇ ਮੰਗ, ਆਪਣੀ ਝੋਲੀ ਆਪਣੇ ਅੱਗੇ ਡਾਹੀਆ । ਆਪੇ ਬਣੇ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਆਪਣੇ ਘਰ ਵਜਾਏ ਸਚ ਮਰਦੰਗ, ਤਾਰ ਸਤਾਰ ਨਾ ਕੋਇ ਹਿਲਾਈਆ । ਆਪੇ ਬੈਠ ਸੇਜ ਪਲੰਘ, ਸਚ ਸਿੰਘਾਸਣ ਦਏ ਵਡਿਆਈਆ । ਆਪਣਾ ਪਾਏ ਆਪੇ ਅਨੰਦ, ਅਨੰਦ ਅਨੰਦ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਦਾਤਾ ਬਣ ਦਾਤਾਰ, ਆਪੇ ਇਛਿਆ ਭਰੇ ਭੰਡਾਰ, ਦੇਵਣਹਾਰ ਆਪ ਹੋ ਜਾਈਆ । ਆਪੇ ਦਾਤਾ ਆਪੇ ਦਾਨੀ, ਦੀਨ ਦਿਆਲ ਦਇਆ ਕਮਾਇੰਦਾ । ਆਪੇ ਸ਼ਾਹ ਆਪੇ ਸੁਲਤਾਨੀ, ਸ਼ਾਹ ਪਾਤਸ਼ਾਹ ਆਪਣਾ ਨਾਉਂ ਰਖਾਇੰਦਾ । ਆਪੇ ਨਿਰਗੁਣ ਜੋਤ ਵਖਾਏ ਇਕ ਨਿਸ਼ਾਨੀ, ਨੂਰ ਨੁਰਾਨਾ ਡਗਮਗਾਇੰਦਾ । ਆਪੇ ਸਾਚੇ ਤਖ਼ਤ ਹੋਏ ਨਿਗਹਬਾਨੀ, ਸਦਾ ਸਲਾਮਤ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਦਾਤਾ ਆਪੇ ਦਰਵੇਸ਼, ਆਪੇ ਨਰ ਆਪ ਨਰੇਸ਼, ਨਰ ਨਰਾਇਣ ਖੇਲ ਖਿਲਾਇੰਦਾ । ਬਣ ਭਿਖਾਰੀ ਮੰਗੇ ਦਾਨ, ਆਪਣੀ ਝੋਲੀ ਅੱਗੇ ਡਾਹੀਆ । ਤੂੰ ਸਾਹਿਬ ਸੱਚਾ ਸੁਲਤਾਨ, ਹਉਂ ਭਿੱਖਕ ਸੀਸ ਝੁਕਾਈਆ । ਤੇਰਾ ਮੇਰਾ ਏਕਾ ਮਾਣ, ਏਕਾ ਘਰ ਬੈਠੇ ਆਸਣ ਲਾਈਆ । ਤੇਰਾ ਮੇਰਾ ਏਕਾ ਮੰਦਰ ਇਕ ਮਕਾਨ, ਦੂਜਾ ਦਰ ਨਾ ਕੋਇ ਵਖਾਈਆ । ਤੇਰਾ ਮੇਰਾ ਇਕ ਨਿਸ਼ਾਨ, ਦੂਸਰ ਹੋਰ ਨਾ ਕੋਇ ਜਣਾਈਆ । ਤੇਰਾ ਮੰਗੇ ਤੇਰਾ ਦਾਨ, ਤੇਰਾ ਤੇਰੀ ਵਸਤ ਅਮੋਲਕ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਦੇਣਾ ਆਪਣਾ ਵਰ, ਆਪਣੀ ਮੰਗ ਆਪ ਮੰਗਾਈਆ । ਸੋ ਪੁਰਖ ਨਿਰੰਜਣ ਬਣੇ ਦਾਤਾ, ਪਾਰਬ੍ਰਹਮ ਪ੍ਰਭ ਮੰਗ ਮੰਗਾਇੰਦਾ । ਹਰਿ ਪੁਰਖ ਨਿਰੰਜਣ ਗਾਏ ਗਾਥਾ, ਸ੍ਰੀ ਭਗਵਾਨ ਖ਼ੁਸ਼ੀ ਰਖਾਇੰਦਾ । ਏਕੰਕਾਰਾ ਬੰਨ੍ਹੇ ਨਾਤਾ, ਅਬਿਨਾਸ਼ੀ ਕਰਤਾ ਜੋੜ ਜੁੜਾਇੰਦਾ । ਆਦਿ ਨਿਰੰਜਣ ਕਮਲਾਪਾਤਾ, ਦੀਪਕ ਦੀਆ ਏਕਾ ਡਗਮਗਾਇੰਦਾ । ਕਰੇ ਖੇਲ ਪੁਰਖ ਸਮਰਾਥਾ, ਭੇਵ ਅਭੇਦ ਆਪ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਇਛਿਆ ਪਾਏ ਭਿਛਿਆ, ਏਕਾ ਵਸਤ ਆਪ ਵਰਤਾਇੰਦਾ । ਸਾਚੀ ਭਿਛਿਆ

ਹਰਿ ਨਿਰੰਕਾਰਾ, ਏਕਾ ਏਕ ਵਰਤਾਈਆ । ਆਪਣਾ ਨਾਉਂ ਕਰ ਪਿਆਰਾ, ਨਾਉਂ ਨਿਰੰਕਾਰਾ ਆਪ ਹੋ ਜਾਈਆ । ਰੂਪ ਰੰਗ ਤੇ ਵਸੇ ਬਾਹਰਾ, ਦਿਸ ਕਿਸੇ ਨਾ ਆਈਆ । ਸਚਖੰਡ ਦਵਾਰ ਕਰ ਤਿਆਰਾ, ਸੀਸ ਜਗਦੀਸ ਹੱਥ ਟਿਕਾਈਆ । ਥਿਰ ਘਰ ਦੇਵੇ ਇਕ ਸਹਾਰਾ, ਆਪ ਆਪਣੀ ਦਇਆ ਕਮਾਈਆ । ਤੇਰਾ ਰੂਪ ਸੁਤ ਦੁਲਾਰਾ, ਪੁਰਖ ਅਕਾਲ ਪਿਤਾ ਮਾਈਆ । ਦਾਈ ਦਾਇਆ ਬਣੇ ਅਗੰਮ ਅਪਾਰਾ, ਸਾਚੀ ਸੇਵਾ ਸੇਵਕ ਆਪ ਕਮਾਈਆ । ਏਕਾ ਹੁਕਮ ਇਕ ਵਰਤਾਰਾ, ਏਕਾ ਇਕ ਦਏ ਸਮਝਾਈਆ । ਮੇਰਾ ਨਾਉਂ ਮੇਰਾ ਭੰਡਾਰਾ, ਨਿਖੁਟ ਕਦੇ ਨਾ ਜਾਈਆ । ਮੇਰਾ ਨਾਉਂ ਮੇਰਾ ਵਰਤਾਰਾ, ਮੇਰਾ ਮੇਰਾ ਰੂਪ ਧਰਾਈਆ । ਮੇਰਾ ਤੇਰਾ ਇਕ ਸਹਾਰਾ, ਤੇਰਾ ਮੇਰਾ ਏਕਾ ਦਰ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣਾ ਨਾਉਂ ਆਪ ਪਰਗਟਾਈਆ । ਆਪਣਾ ਨਾਉਂ ਨਿਰੰਕਾਰ ਰੱਖ, ਸਚਖੰਡ ਨਿਵਾਸੀ ਖ਼ੁਸ਼ੀ ਮਨਾਇੰਦਾ । ਥਿਰ ਘਰ ਸਾਚੇ ਹੋ ਪਰਤੱਖ, ਆਪ ਆਪਣਾ ਰੰਗ ਰੰਗਾਇੰਦਾ । ਨਿਰਗੁਣ ਨਾਲੋਂ ਨਿਰਗੁਣ ਹੋਇਆ ਵੱਖ, ਨਿਰਗੁਣ ਵੰਡਣ ਵੰਡ ਵੰਡਾਇੰਦਾ । ਨਿਰਗੁਣ ਮਾਰਗ ਨਿਰਗੁਣ ਦੱਸ, ਨਿਰਗੁਣ ਖੇਲ ਖਿਲਾਇੰਦਾ । ਨਿਰਗੁਣ ਅੰਦਰ ਨਿਰਗੁਣ ਵਸ, ਨਿਰਗੁਣ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਉਂ ਆਪ ਸਮਝਾਇੰਦਾ । ਮੇਰਾ ਨਾਉਂ ਅਪਰ ਅਪਾਰ, ਮਹਿਮਾ ਅਕਥ ਕਥੀ ਨਾ ਜਾਈਆ । ਮੇਰਾ ਨਾਉਂ ਆਦਿ ਜੁਗਾਦਿ ਕਰੇ ਕਰਾਏ ਸਾਚੀ ਕਾਰ, ਕਰਨੀ ਕਰਤਾ ਆਪ ਸਮਝਾਈਆ । ਮੇਰਾ ਨਾਉਂ ਵਸੇ ਮੇਰੇ ਚਰਨ ਦਵਾਰ, ਦੂਸਰ ਦਵਾਰ ਨਾ ਕੋਇ ਵਖਾਈਆ । ਮੇਰਾ ਨਾਉਂ ਸਤਿ ਭੰਡਾਰ, ਸਤਿ ਸਤਿਵਾਦੀ ਆਪ ਵਰਤਾਈਆ । ਮੇਰਾ ਨਾਉਂ ਸਚ ਸ਼ੰਗਾਰ, ਸਚ ਵੇਸ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਨਾਮ ਦਏ ਵਡਿਆਈਆ । ਦੇਵੇ ਵਡਿਆਈ ਹਰਿ ਆਪਣੇ ਨਾਂ, ਸਚਖੰਡ ਸਾਚਾ ਖੇਲ ਖਿਲਾਇੰਦਾ । ਥਿਰ ਘਰ ਦਿਤਾ ਏਕਾ ਥਾਂ, ਚਰਨ ਦਵਾਰੇ ਆਪ ਬਹਾਇੰਦਾ । ਆਪਣਾ ਹੁਕਮ ਆਪ ਸੁਣਾ, ਧੁਰ ਫ਼ਰਮਾਨਾ ਆਪ ਜਣਾਇੰਦਾ । ਤੇਰੀ ਵੰਡ ਦਿਆਂ ਵੰਡਾ, ਵੰਡਣਹਾਰਾ ਭੇਵ ਨਾ ਪਾਇੰਦਾ । ਤੇਰੀ ਸੇਵਾ ਦਿਆਂ ਲਗਾ ਆਪਣੀ ਇਛਿਆ ਨਾਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਉਂ ਆਪ ਸਮਝਾਇੰਦਾ । ਹਰਿ ਨਾਉਂ ਕਰੇ ਨਿਮਸਕਾਰ, ਪ੍ਰਭ ਅੱਗੇ ਸੀਸ ਝੁਕਾਈਆ । ਤੂੰ ਦਾਤਾ ਸਚ ਦਾਤਾਰ, ਹਉਂ ਬਾਲ ਅਵਾਣਾ ਤੇਰਾ ਭੇਵ ਨਾ ਪਾਈਆ । ਤੂੰ ਬਖ਼ਸ਼ਿਸ਼ ਕੀਤੀ ਅਪਰ ਅਪਾਰ, ਤੇਰੀ ਰਹਿਮਤ ਮੇਰੀ ਵਡਿਆਈਆ । ਤੂੰ ਭਰਿਆ ਅਤੁਟ ਭੰਡਾਰ, ਨਿਖੁਟ ਕਦੇ ਨਾ ਜਾਈਆ । ਮੈਂ ਬਣਾਂ ਸੇਵਾਦਾਰ, ਤੇਰਾ ਸਿਰ ਸਿਰ ਹੁਕਮ ਮਨਾਈਆ । ਤੂੰ ਬਖ਼ਸ਼ਿਆ ਥਿਰ ਘਰ ਮੇਰਾ ਦਵਾਰ, ਸਚਖੰਡ ਤੇਰੀ ਸ਼ਹਿਨਸ਼ਾਹੀਆ । ਤੇਰਾ ਝੁਲਦਾ ਰਹੇ ਨਿਸ਼ਾਨ, ਆਦਿ ਜੁਗਾਦਿ ਸੱਚੇ ਮਾਹੀਆ । ਮੈਂ ਤੇਰਾ ਦਰ ਕਰਾਂ ਪਰਵਾਨ, ਭੁਲ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਉਂ ਆਪਣੇ ਹੁਕਮ ਰਖਾਈਆ । ਹੁਕਮੇ ਅੰਦਰ ਨਾਉਂ ਧਰ, ਹਰਿ ਨਾਉਂ ਨਾਮ ਪਰਗਟਾਇਆ । ਆਪ ਜਣਾਈ ਸਾਚੀ ਕਾਰ, ਸਾਚੀ ਸੇਵ ਸਮਝਾਇਆ । ਤੂੰ ਸੁਤ ਮੇਰਾ ਸੁਤ ਦੁਲਾਰ, ਹਉਂ ਮਾਤ ਪਿਤਾ ਅਖਵਾਇਆ । ਤੇਰਾ ਵਣਜ ਇਕ ਵਪਾਰ, ਸਚ ਵਣਜਾਰਾ ਦਏ ਵਖਾਇਆ । ਤੇਰੀ ਵਸਤ ਤੇਰਾ ਆਧਾਰ, ਤੇਰਾ ਤੇਰੇ ਪੱਲੂ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਾ ਤੇਰੇ ਵਿਚ ਟਿਕਾਇਆ । ਨਾਉਂ ਅੰਦਰ ਨਾਮ ਪਿਆਰਾ, ਨਾਮੇ ਹਰਿ

੯੨੬
੧੦

ਹਰਿ ਰੰਗ ਰੰਗਾਇਆ । ਨਾਉਂ ਸੁਤ ਨਾਉਂ ਦੁਲਾਰਾ, ਨਾਉਂ ਪਿਤਾ ਪੂਤ ਸਮਝਾਇਆ । ਨਾਉਂ ਭਿਖਕ ਨਾਉਂ ਦਵਾਰਾ, ਨਾਉਂ ਨਾਮਾ ਮੰਗਣ ਆਇਆ । ਕਰੇ ਖੇਲ ਆਪ ਕਰਤਾਰਾ, ਆਪਣੀ ਕਰਨੀ ਦਏ ਸਮਝਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਜਣਾਇਆ । ਭੇਵ ਅਭੇਦਾ ਹਰਿ ਹਰਿ ਖੋਲ੍ਹ, ਨਾਉਂ ਨਾਉਂ ਜਣਾਈਆ । ਆਪਣਾ ਨਿਸ਼ਅੱਖਰ ਆਪੇ ਬੋਲ, ਕਰੇ ਸਚ ਪੜ੍ਹਾਈਆ । ਆਪਣੇ ਕੰਡੇ ਤੋਲਿਆ ਤੋਲ, ਅਤੁਲ ਰੂਪ ਵਖਾਈਆ । ਤੇਰੇ ਅੰਦਰ ਜਾਵਾਂ ਮੌਲ, ਤੇਰਾ ਮਾਣ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਉਂ ਆਪ ਪਰਗਟਾਈਆ । ਆਪਣਾ ਨਾਉਂ ਆਪ ਪਰਗਟਾਇਆ, ਪਰਗਟਿਆ ਹਰਿ ਕਰਤਾਰਾ । ਨਿਰਗੁਣ ਮੇਲਾ ਨਿਰਗੁਣ ਮੇਲ ਮਿਲਾਇਆ, ਨਿਰਗੁਣ ਜੋਤ ਨਿਰਗੁਣ ਨੂਰ ਉਜਿਆਰਾ । ਨਿਰਗੁਣ ਆਸਣ ਸਿੰਘਾਸਣ ਸੋਭਾ ਪਾਇਆ, ਨਿਰਗੁਣ ਹੁਕਮ ਨਿਰਗੁਣ ਸਿਕਦਾਰਾ । ਨਿਰਗੁਣ ਦਰ ਦਰਵੇਸ਼ ਮੰਗਣ ਆਇਆ, ਨਿਰਗੁਣ ਭਰੇ ਸਚ ਭੰਡਾਰਾ । ਨਿਰਗੁਣ ਪੂਤ ਸਪੂਤਾ ਆਪੇ ਜਾਇਆ, ਨਿਰਗੁਣ ਨਿਰਗੁਣ ਦਏ ਹੁਲਾਰਾ । ਨਿਰਗੁਣ ਅੰਦਰ ਨਿਰਗੁਣ ਆਪਣਾ ਆਪ ਟਿਕਾਇਆ, ਕਰੇ ਖੇਲ ਗੁਪਤ ਜ਼ਾਹਰਾ । ਰੂਪ ਰੰਗ ਨਾ ਕੋਇ ਵਖਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਪਰ ਅਪਾਰਾ । ਅਪਰ ਅਪਾਰਾ ਖੇਲ ਅਵੱਲਾ, ਸੋ ਪੁਰਖ ਨਿਰੰਜਣ ਆਪ ਕਰਾਈਆ । ਸਚਖੰਡ ਵਸਾਇਆ ਇਕ ਮਹੱਲਾ, ਥਿਰ ਘਰ ਦਰਬਾਰਾ ਆਪ ਦਏ ਵਡਿਆਈਆ । ਆਪਣੀ ਜੋਤੀ ਆਪੇ ਰੱਲਾ, ਪੁਰਖ ਨਾਰ ਆਪ ਹੋ ਜਾਈਆ । ਆਪਣਾ ਆਸਣ ਆਪੇ ਮੱਲਾ, ਆਪਣਾ ਫੜਿਆ ਆਪੇ ਪੱਲਾ, ਆਪੇ ਬੰਧਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਮ ਦਏ ਵਡਿਆਈਆ । ਸ਼ਬਦੀ ਤੇਰਾ ਸ਼ਬਦ ਪਸਾਰ, ਹਰਿ ਹਰਿ ਆਪ ਉਪਾਇਆ । ਕਰੇ ਖੇਲ ਅਗੰਮ ਅਪਾਰ, ਭੇਵ ਕਿਸੇ ਨਾ ਆਇਆ । ਸਚਖੰਡ ਨਿਵਾਸੀ ਹੋ ਤਿਆਰ, ਆਪਣਾ ਹੁਕਮ ਆਪ ਜਣਾਇਆ । ਸੁਤ ਦੁਲਾਰਾ ਕਰੇ ਪੁਕਾਰ, ਨੇਤਰ ਰੋ ਰੋ ਨੀਰ ਵਹਾਇਆ । ਤੂੰ ਦਾਤਾ ਬੇਐਬ ਪਰਵਰਦਿਗਾਰ, ਤੇਰਾ ਖੇਲ ਮੇਰੀ ਸਮਝ ਵਿਚ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਆਪਣਾ ਮੰਤ ਦਏ ਸਮਝਾਇਆ । ਵਿਸ਼ਨੂੰ ਅੰਦਰ ਆਤਮ ਰਸ, ਰਸ ਰਸੀਆ ਆਪ ਰਖਾਈਆ । ਆਪਣੇ ਅੰਦਰ ਆਪੇ ਵਸ, ਆਪਣਾ ਬੰਧਨ ਪਾਈਆ । ਆਪਣੇ ਜੰਜਾਲ ਆਪੇ ਫਸ, ਆਪੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਵਿਸ਼ਨੂੰ ਅੰਦਰ ਅੰਮ੍ਰਿਤ ਧਾਰ, ਅੰਮਿਉਂ ਰਸ ਆਪਣਾ ਖੇਲ ਖਿਲਾਇੰਦਾ । ਪਾਰਬ੍ਰਹਮ ਸੋ ਪੁਰਖ ਨਿਰੰਜਣ ਕਰੇ ਖੇਲ ਅਪਾਰ, ਅਪਰ ਅਪਾਰਾ ਰੂਪ ਵਟਾਇੰਦਾ । ਹਰਿ ਪੁਰਖ ਨਿਰੰਜਣ ਹੋ ਤਿਆਰ, ਅਬਿਨਾਸ਼ੀ ਕਰਤੇ ਦਏ ਸਹਾਰ, ਏਕੰਕਾਰਾ ਵੰਡ ਵੰਡਾਇੰਦਾ । ਆਦਿ ਨਿਰੰਜਣ ਹੋਇਆ ਖ਼ਬਰਦਾਰ, ਸ੍ਰੀ ਭਗਵਾਨ ਖੋਲ੍ਹ ਕਿਵਾੜ, ਆਪਣੀ ਮਹਿਮਾ ਆਪੇ ਵੇਖ ਵਖਾਇੰਦਾ । ਮੇਰਾ ਰੂਪ ਰੰਗ ਰੇਖ ਨਾ ਕੋਇ ਵਿਚਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣੀ ਵੰਡ ਆਪ ਵੰਡਾਇੰਦਾ । ਪਾਰਬ੍ਰਹਮ ਪ੍ਰਭ ਵੰਡੇ ਵੰਡ, ਵੰਡਣ ਵੰਡ ਵੰਡਾਈਆ । ਵਿਸ਼ਨੂੰ ਅੰਦਰ ਪਾਏ ਠੰਡ, ਅੰਮ੍ਰਿਤ ਧਾਰ ਚਲਾਈਆ । ਕਰੇ ਖੇਲ ਸੁਹਾਗਣ ਰੰਡ, ਵਾਹ ਵਾ ਵੇਸ ਅਨੇਕ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਮਾਣੇ ਆਪਣੀ ਸੇਜ ਪਲੰਘ, ਨਾਰ ਭਤਾਰ ਆਪ ਅਖਵਾਈਆ । ਸਾਕਾਰ ਖੇਲ ਕਰਤਾਰਾ, ਸਚਖੰਡ ਨਿਵਾਸੀ ਆਪ

੬੨੭
੧੦

ਕਰਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰ ਪਿਆਰਾ, ਏਕਾ ਦਰ ਬਹਾਇੰਦਾ । ਏਕਾ ਦਰ ਬਣ ਭਿਖਾਰਾ, ਦਰ ਦਰਵੇਸ਼ ਏਕਾ ਰੂਪ ਵਟਾਇੰਦਾ । ਵਿਸ਼ਨੂੰ ਮੰਗੇ ਮੰਗ, ਪ੍ਰਭ ਅੱਗੇ ਝੋਲੀ ਡਾਹਿੰਦਾ । ਬ੍ਰਹਮਾ ਬੈਠਾ ਸੰਗ, ਸਾਚਾ ਸੰਗ ਹਰਿ ਜਣਾਇੰਦਾ । ਵਿਸ਼ਨੂੰ ਚੜ੍ਹਿਆ ਨਾ ਏਕਾ ਚੰਦ, ਚੰਦ ਚੰਦ ਨਾ ਕੋਇ ਰੁਸ਼ਨਾਇੰਦਾ । ਵਿਸ਼ਨੂੰ ਕਰੇ ਪੁਕਾਰ, ਪ੍ਰਭ ਅੱਗੇ ਸੀਸ ਝੁਕਾਇੰਦਾ । ਸ਼ੰਕਰ ਚਰਨ ਧੂੜੀ ਮੰਗੇ ਛਾਰ, ਅੱਗੇ ਆਪਣੀ ਝੋਲੀ ਡਾਹਿੰਦਾ । ਏਕਾ ਹੁਕਮ ਸੁਣਾਏ ਸੱਚੀ ਸਰਕਾਰ, ਧੁਰ ਫ਼ਰਮਾਨਾ ਆਪ ਜਣਾਇੰਦਾ । ਮੇਰਾ ਮੇਰਾ ਨਾਉਂ ਮੇਰਾ ਦਵਾਰ, ਦਰ ਦਰਵਾਜ਼ਾ ਆਪ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਨਾਮ ਆਪ ਦ੍ਰਿੜਾਇੰਦਾ । ਹਰਿ ਵਿਸ਼ਨੂੰ ਨਾਮ ਜਣਾਇਆ, ਮੇਰਾ ਨਾਉਂ ਮੇਰੀ ਧਾਰ । ਬ੍ਰਹਮੇ ਨਾਉਂ ਆਪ ਉਪਾਇਆ, ਮੇਰਾ ਨਾਉਂ ਮੇਰਾ ਪਿਆਰ । ਸ਼ੰਕਰ ਨਾਉਂ ਆਪ ਦਰਸਾਇਆ, ਮੇਰਾ ਨਾਉਂ ਮੇਰੀ ਚਰਨ ਧੂੜੀ ਛਾਰ । ਏਕਾ ਵਾਰ ਦਏ ਵਰਤਾਇਆ, ਅਤੋਟ ਅਤੁਟ ਭਰੇ ਭੰਡਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਕਰੇ ਖ਼ਬਰਦਾਰ । ਵਿਸ਼ਨੂੰ ਉਠ ਹਰਿ ਆਪ ਉਠਾਇਆ, ਆਪਣਾ ਭੇਵ ਦਏ ਜਣਾਈਆ । ਬ੍ਰਹਮਾ ਉਪਰ ਤੁਠ ਪਾਰਬ੍ਰਹਮ ਆਪਣੀ ਅੰਸ ਦ੍ਰਿੜਾਇਆ, ਏਕਾ ਏਕ ਰੰਗ ਵਖਾਈਆ । ਸ਼ੰਕਰ ਜਣਾਏ ਏਕਾ ਓਟ, ਦੂਸਰ ਓਟ ਨਾ ਕੋਇ ਰਖਾਈਆ । ਮੇਰਾ ਨਾਉਂ ਭਰੇ ਤੁਹਾਡੀ ਪੋਟ, ਸਚ ਭੰਡਾਰ ਇਕ ਵਰਤਾਈਆ । ਮੇਰਾ ਰੂਪ ਨਿਰਮਲ ਜੋਤ, ਜੋਤ ਜੋਤ ਰੁਸ਼ਨਾਈਆ । ਮੇਰਾ ਦਵਾਰਾ ਸਾਚਾ ਕੋਟ, ਆਦਿ ਜੁਗਾਦਿ ਸਦਾ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਉਂ ਆਪ ਦਰਸਾਈਆ । ਵਿਸ਼ਨ ਬ੍ਰਹਮਾ ਸ਼ਿਵ ਸੁਣਿਆ ਧਿਆਨ ਲਾ ਕੰਨ, ਹਰਿ ਸੱਜਣ ਸਚ ਸਮਝਾਇਆ । ਏਕਾ ਵਾਰ ਗਏ ਮੰਨ, ਨਿਉਂ ਨਿਉਂ ਸੀਸ ਝੁਕਾਇਆ । ਤੂੰ ਦਾਤਾ ਤੇਰੀ ਵਡਿਆਈ ਧੰਨ, ਹਉਂ ਬਾਲ ਬਾਲੀ ਬੁੱਧ ਤੇਰਾ ਭੇਵ ਨਾ ਆਇਆ । ਤੂੰ ਘੜੇਂ ਤੂੰ ਲਏਂ ਭੰਨ, ਘੜਨ ਭੰਨਣਹਾਰ ਤੂੰ ਬੇਪਰਵਾਹਿਆ । ਹਉਂ ਮੰਗਿਆ ਏਕਾ ਦਾਨ, ਆਪਣਾ ਨਾਉਂ ਝੋਲੀ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਨਾਉਂ ਦਏ ਵਰਤਾਇਆ । ਸਾਚਾ ਨਾਉਂ ਸਚ ਭੰਡਾਰ, ਹਰਿ ਸਾਚਾ ਸਚ ਵਰਤਾਇੰਦਾ । ਥਿਰ ਘਰ ਖੇਲ ਅਪਰ ਅਪਾਰ, ਥਿਰ ਦਰਬਾਰੀ ਆਪ ਕਰਾਇੰਦਾ । ਮੇਰਾ ਨਾਉਂ ਆਦਿ ਜੁਗਾਦਿ ਹੋਏ ਉਜਿਆਰ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਤੇਰੀ ਸੇਵਾ ਲਾਏ ਸੱਚੀ ਸਰਕਾਰ, ਸਾਚਾ ਹੁਕਮ ਆਪ ਜਣਾਇੰਦਾ । ਲੱਖ ਚੁਰਾਸੀ ਕਰ ਤਿਆਰ, ਵਿਸ਼ਨ ਬ੍ਰਹਮਾ ਸ਼ਿਵ ਏਕਾ ਗੁਣ ਵਡਿਆਇੰਦਾ । ਤੇਰੇ ਨਾਲ ਦੇਵਾਂ ਪਿਆਰ, ਤ੍ਰੈਗੁਣ ਮੇਲਾ ਮੇਲ ਮਿਲਾਇੰਦਾ । ਤੇਰਾ ਖੇੜਾ ਕਰਾਂ ਉਜਿਆਰ, ਪੰਜ ਤੱਤ ਘਾੜਨ ਆਪ ਘੜਾਇੰਦਾ । ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਤੇਰਾ ਆਧਾਰ, ਆਪਣਾ ਬੰਧਨ ਆਪੇ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਏਕਾ ਹੁਕਮ ਆਪ ਸੁਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਲਿਆ ਸੁਣ, ਇਕ ਧਿਆਨ ਲਗਾਇਆ । ਪ੍ਰਭ ਅਬਿਨਾਸ਼ੀ ਕਵਣ ਜਾਣੇ ਤੇਰੇ ਗੁਣ, ਤੇਰਾ ਲੇਖਾ ਲੇਖ ਵਿਚ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਵਰ ਦਾਤਾ ਬੇਪਰਵਾਹਿਆ । ਵਰ ਦੇਣਾ ਸਾਚਾ ਦਾਨ, ਹਉਂ ਮੰਗਣ ਮੰਗ ਮੰਗਾਈਆ । ਤੇਰੇ ਛੋਟੇ ਬਾਲ ਨਾਦਾਨ, ਬੈਠੇ ਸੀਸ ਝੁਕਾਈਆ । ਤੂੰ ਮੀਤਾ ਸਾਹਿਬ ਬਲਵਾਨ, ਤੇਰੇ ਹੱਥ ਵਡੀ ਵਡਿਆਈਆ । ਲੱਖ ਚੁਰਾਸੀ ਕਰੀਂ ਪਰਵਾਨ, ਤੇਰੀ

ਵਸਤ ਆਪਣੀ ਝੋਲੀ ਪਾਈਆ । ਤੂੰ ਦਿਤਾ ਸਾਚਾ ਦਾਨ, ਦਾਨੀ ਤੇਰੇ ਦਰ ਤੇਰੀ ਵਸਤ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਵਰ ਮੰਗਣ ਆਏ ਬਣ ਬਣ ਰਾਹੀਆ । ਆਏ ਬਣ ਪਾਂਧੀ ਰਾਹੀ, ਦਰ ਤੇਰਾ ਏਕਾ ਭਾਇਆ । ਤੂੰ ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀ, ਸ਼ਾਹ ਸੁਲਤਾਨ ਆਪ ਅਖਵਾਇਆ । ਤੇਰੇ ਦਰ ਵਜਦੀ ਰਹੇ ਵਧਾਈ, ਸਚਖੰਡ ਸੋਭਾ ਪਾਇਆ । ਹਉਂ ਮਾਂਗੋਂ ਇਕ ਸਰਨਾਈ, ਸਰਨਗਤ ਹੋ ਸਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਵਰ ਮੰਗਣ ਏਕਾ ਆਇਆ । ਏਕਾ ਵਰ ਦੇਵੇ ਦਾਤਾਰਾ, ਵਸਤ ਅਮੋਲਕ ਆਪ ਵਰਤਾਈਆ । ਵਿਸ਼ਨ ਬ੍ਰਹਮਾ ਸ਼ਿਵ ਤੇਰਾ ਪਸਾਰਾ, ਲੱਖ ਚੁਰਾਸੀ ਲਏ ਉਪਾਈਆ । ਘਾੜਨ ਘੜੇ ਬਣ ਠਠਿਆਰਾ, ਬਾਢੀ ਹੋਰ ਨਾ ਕੋਇ ਜਣਾਈਆ । ਵੰਡੇ ਵੰਡ ਹਰਿ ਨਿਰੰਕਾਰਾ, ਨਿਰਗੁਣ ਸਰਗੁਣ ਰੂਪ ਵਟਾਈਆ । ਪੰਜ ਤੱਤ ਲਗਾਏ ਅਖਾੜਾ, ਤ੍ਰੈਗੁਣ ਮਾਇਆ ਬੰਧਨ ਪਾਈਆ । ਨੌਂ ਦਵਾਰ ਵੇਖੇ ਵਾਰੋ ਵਾਰਾ, ਡੂੰਘੀ ਭਵਰੀ ਵੇਸ ਵਟਾਈਆ । ਆਪਣਾ ਨੂਰ ਕਰ ਉਜਿਆਰਾ, ਜੋਤੀ ਜੋਤ ਜੋਤ ਜਗਾਈਆ । ਆਪਣਾ ਨਾਉਂ ਸੱਚੀ ਧੁਨਕਾਰਾ, ਨਾਦ ਅਨਾਦੀ ਆਪ ਸੁਣਾਈਆ । ਆਪਣਾ ਮੰਦਰ ਕਰ ਤਿਆਰਾ, ਘਰ ਘਰ ਵਿਚ ਲਏ ਬਣਾਈਆ । ਆਪਣਾ ਕਰ ਖੇਲ ਨਿਆਰਾ, ਪੰਜ ਤੱਤ ਕਰੇ ਹਲਕਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਕਰ ਪਸਾਰਾ, ਆਸਾ ਤ੍ਰਿਸਨਾ ਨਾਲ ਮਿਲਾਈਆ । ਹਉਮੇਂ ਹੰਗਤਾ ਗੜ੍ਹ ਕਰ ਉਜਿਆਰਾ, ਜੂਠ ਝੂਠ ਕਰੇ ਕੁੜਮਾਈਆ । ਬਜਰ ਕਪਾਟੀ ਲਾਏ ਤਾਲਾ, ਨਾ ਸਕੇ ਕੋਇ ਖੁਲ੍ਹਾਈਆ । ਸੁਖਮਨ ਨਾੜੀ ਟੇਡੀ ਗਾਰਾ, ਡੂੰਘੀ ਭਵਰੀ ਵੇਸ ਵਟਾਈਆ । ਕਰੇ ਖੇਲ ਹਰਿ ਗੋਪਾਲਾ, ਭੇਵ ਕੋਇ ਨਾ ਪਾਈਆ । ਤੇਰਾ ਬ੍ਰਹਮਾ ਬ੍ਰਹਮ ਆਤਮ ਸੇਜਾ ਹੋ ਨਿਰਾਲਾ, ਆਪਣਾ ਆਪ ਦਏ ਦਰਸਾਈਆ । ਆਪ ਜਗਾਏ ਜੋਤ ਉਜਾਲਾ, ਜੋਤੀ ਜੋਤ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮਾ ਸ਼ਿਵ ਦੇਵੇ ਵਰ, ਏਕਾ ਮੰਤ ਦਏ ਜਣਾਈਆ । ਏਕਾ ਮੰਤਰ ਹਰਿ ਜਣਾਇਆ, ਆਪ ਆਪਣਾ ਨਾਉਂ ਪਰਗਟਾ । ਪੰਜ ਤੱਤ ਘਾੜਨ ਆਪ ਘੜਾਇਆ, ਤ੍ਰੈਗੁਣ ਮੇਲਾ ਮੇਲ ਮਿਲਾ । ਸਾਚਾ ਹਿੱਸਾ ਆਪ ਰਖਾਇਆ, ਆਪਣੀ ਦਇਆ ਆਪ ਕਮਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਦਏ ਖੁਲ੍ਹਾ । ਭੇਵ ਖੁਲ੍ਹਾਏ ਹਰਿ ਨਿਰੰਕਾਰਾ, ਵਿਸ਼ਨ ਬ੍ਰਹਮੇ ਸ਼ਿਵ ਸਮਝਾਈਆ । ਤ੍ਰੈਗੁਣ ਮਾਇਆ ਭਰ ਭੰਡਾਰਾ, ਪੰਜ ਤੱਤ ਨਾਤਾ ਜੋੜ ਜੁੜਾਈਆ । ਲੱਖ ਚੁਰਾਸੀ ਹੋਏ ਉਜਿਆਰਾ, ਵੰਡਣ ਵੰਡ ਵੰਡ ਕਰਾਈਆ । ਉਤਭੁਜ ਸੇਤਜ ਜੇਰਜ ਅੰਡਜ ਲੱਗੇ ਅਖਾੜਾ, ਨਵ ਨੌਂ ਵੇਖ ਵਖਾਈਆ । ਵਿਸ਼ਨੂੰ ਦੇਵੇ ਇਕ ਭੰਡਾਰਾ, ਸਚ ਭੰਡਾਰ ਆਪ ਵਰਤਾਈਆ । ਬ੍ਰਹਮੇ ਤੇਰਾ ਬ੍ਰਹਮ ਪਸਾਰਾ, ਸ਼ੰਕਰ ਤੇਰਾ ਅੰਤ ਨਗਾਰਾ, ਚਾਰ ਕੁੰਟ ਦਏ ਵਜਾਈਆ । ਆਪਣਾ ਰੂਪ ਧਰੇ ਕਰਤਾਰਾ, ਮਹਾਕਾਲ ਆਪ ਹੋ ਜਾਈਆ । ਦੋਹਾਂ ਕਰੇ ਫੇਰ ਪਸਾਰਾ, ਭੇਵ ਅਭੇਦਾ ਆਪਣਾ ਭੇਵ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਮਾਇਆ ਆਪੇ ਛਾਇਆ ਆਪਣਾ ਪਰਦਾ ਆਪਣੇ ਹੱਥ ਰਖਾਈਆ । ਆਪਣਾ ਨਾਉਂ ਕਰ ਪਸਾਰਾ, ਚਾਰ ਕੁੰਟ ਵੇਖ ਵਖਾਈਆ । ਸਚਖੰਡ ਨਿਵਾਸੀ ਖੇਲ ਅਪਾਰਾ, ਦਿਸ ਕਿਸੇ ਨਾ ਆਈਆ । ਸ਼ਬਦੀ ਸ਼ਬਦ ਸ਼ਬਦ ਨਗਾਰਾ, ਆਪਣਾ ਆਪ ਸੁਣਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਕਰ ਪਸਾਰਾ, ਆਪਣੀ ਬਣਤ ਆਪ ਬਣਾਈਆ । ਲੱਖ ਚੁਰਾਸੀ ਹੋਏ ਉਤਪਤ, ਹਰਿ ਸਾਚੇ ਸਚ ਜਣਾਈਆ । ਤ੍ਰੈਕਾਲ ਦਰਸੀ ਆਪ ਸੁਹਾਏ ਆਪਣੀ ਰੁੱਤ, ਤ੍ਰੈ ਤ੍ਰੈ ਲੇਖਾ


੯੨੯
੧੦

ਦਏ ਸਮਝਾਈਆ । ਬੰਸ ਬਣਾਇਆ ਸ਼ਬਦੀ ਸੁੱਤ, ਸਰਬੰਸ ਵਿਸ਼ਨ ਬ੍ਰਹਮਾ ਸ਼ਿਵ ਜਣਾਈਆ । ਆਪਣੀ ਸੇਜਾ ਆਪੇ ਬੈਠਾ ਉਠ, ਲੱਖ ਚੁਰਾਸੀ ਸੇਜ ਹੰਢਾਈਆ । ਕਰੇ ਖੇਲ ਅਬਿਨਾਸ਼ੀ ਅਚੁਤ, ਚਿਤ ਵਿਤ ਠਗੌਰੀ ਕੋਇ ਨਾ ਪਾਈਆ । ਵਸਣਹਾਰਾ ਕਾਇਆ ਬੁੱਤ, ਘਟ ਘਟ ਅੰਦਰ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮਾ ਸ਼ਿਵ ਸਚ ਸਮਝਾਈਆ । ਹਰਿ ਸਮਝਾਏ ਦਇਆ ਕਮਾ, ਦੀਨਨ ਆਪਣੀ ਦਇਆ ਕਮਾਇੰਦਾ । ਬ੍ਰਹਮਾ ਤੇਰੇ ਅੰਦਰ ਆਪਣਾ ਨਾਦ ਵਜਾ, ਤੇਰਾ ਨਾਦ ਪਰਗਟਾਇੰਦਾ । ਆਪਣੀ ਇਛਿਆ ਦਏ ਸਮਝਾ, ਤੇਰੀ ਭਿਛਿਆ ਆਪ ਵਰਤਾਇੰਦਾ । ਚਾਰੇ ਵੇਦ ਆਪੇ ਗਾ, ਚਾਰੇ ਬਾਣੀ ਆਪ ਸਮਝਾਇੰਦਾ । ਪਰਾ ਪਸੰਤੀ ਤੇਰੇ ਅੰਦਰ ਦੇਵੇ ਥਾਂ, ਮਧਮ ਬੈਖਰੀ ਬਾਹਰ ਕਢਾਇੰਦਾ । ਚਾਰੇ ਖਾਣੀ ਵੰਡ ਵੰਡਾ, ਉਤਭੁਜ ਸੇਤਜ ਜੇਰਜ ਅੰਡਜ ਆਪ ਉਪਾਇੰਦਾ । ਚਾਰੇ ਜੁਗ ਸੇਵਾ ਲਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਾਉਂ ਧਰਾਇੰਦਾ । ਚਾਰੇ ਵਰਨ ਰੰਗ ਰੰਗਾ, ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਆਪ ਉਪਾਇੰਦਾ । ਚਾਰੇ ਕੁੰਟ ਖੇਲ ਖਿਲਾ, ਚਾਰੇ ਜੁਗ ਏਕਾ ਚੌਕੜ ਬੰਧਨ ਪਾਇੰਦਾ । ਨੌਂ ਨੌਂ ਦਰ ਹੁਕਮ ਸੁਣਾ, ਨੌਂ ਖੰਡ ਤੇਰੇ ਦਰ ਟਿਕਾ, ਸਤਿ ਸਤਿਵਾਦੀ ਸੋਭਾ ਪਾ, ਸਤਿ ਸਤਿ ਸਾਚਾ ਨਾਦ ਸੁਣਾਇੰਦਾ । ਬੋਧ ਅਗਾਧੀ ਸ਼ਬਦ ਜਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਉਂ ਆਪ ਵਰਤਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕੰਨ ਲਾ, ਹਰਿ ਸਾਚਾ ਸਚ ਜਣਾਇੰਦਾ । ਮੇਰਾ ਨਾਉਂ ਲੋਕਮਾਤ ਹੋਏ ਰੁਸ਼ਨਾ, ਆਦਿ ਜੁਗਾਦਿ ਆਪ ਪਰਗਟਾਇੰਦਾ । ਲੱਖ ਚੁਰਾਸੀ ਵੇਖ ਵਖਾ, ਘਟ ਘਟ ਸੇਜ ਹੰਢਾਇੰਦਾ । ਆਪਣੇ ਮਿਲਣ ਦਾ ਆਪੇ ਰੱਖਾਂ ਚਾ, ਮੇਲ ਮਿਲਾਵਾ ਆਪਣੇ ਹੱਥ ਵਖਾਇੰਦਾ । ਬ੍ਰਹਮ ਰੂਪ ਲੱਖ ਚੁਰਾਸੀ ਵਿਚ ਦਿਤਾ ਸਮਾ, ਉਪਰ ਆਪਣਾ ਪਰਦਾ ਪਾਇੰਦਾ । ਜਗਤ ਮਾਰਗ ਜਗਤ ਲਾ, ਜਗਤ ਮਾਇਆ ਵਿਚ ਸਮਾਇੰਦਾ । ਆਪਣਾ ਨਾਉਂ ਰੱਖਾਂ ਛੁਪਾ, ਆਪਣਾ ਮੰਦਰ ਆਪ ਸੁਹਾਇੰਦਾ । ਆਪਣੇ ਮਿਲਣ ਦੀ ਬਿਧ ਦੇਵਾਂ ਸਮਝਾ, ਬ੍ਰਹਮੇ ਤੇਰਾ ਭੇਵ ਚੁਕਾਇੰਦਾ । ਆਪਣਾ ਰੂਪ ਲਵਾਂ ਪਰਗਟਾ, ਨਿਰਗੁਣ ਸਰਗੁਣ ਨਿਰਗੁਣ ਆਪਣੀ ਕਾਰ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਉਂ ਆਪ ਸਮਝਾਇੰਦਾ । ਸਰਗੁਣ ਅੰਦਰ ਹੋ ਪਰਤੱਖ, ਆਪਣਾ ਭੇਵ ਬ੍ਰਹਮ ਖੁਲ੍ਹਾਈਆ । ਆਪਣੀ ਜੋਤ ਆਪੇ ਰੱਖ, ਆਪਣੇ ਘਰ ਕਰਾਂ ਰੁਸ਼ਨਾਈਆ । ਆਪਣਾ ਪਰਦਾ ਬੈਠਾ ਢਕ, ਆਪੇ ਪਰਦਾ ਦਿਆਂ ਉਠਾਈਆ । ਆਪਣੀ ਵਸਤ ਆਪਣੇ ਅੰਦਰੋਂ ਕੱਢ, ਲੱਖ ਚੁਰਾਸੀ ਦਿਆਂ ਵਰਤਾਈਆ । ਸਰਗੁਣ ਹੋ ਕੇ ਨਿਰਗੁਣ ਧਾਰ ਹੱਡ ਮਾਸ ਨਾੜੀ ਅੰਦਰ ਜਾਵਾਂ ਵਸ, ਰਕਤ ਬੂੰਦ ਨਾ ਖੇਲ ਖਿਲਾਈਆ । ਆਪਣਾ ਨਾਉਂ ਕਰਾਂ ਪਰਗਟ, ਜੁਗ ਜੁਗ ਆਪਣਾ ਰੂਪ ਵਟਾਈਆ । ਲੱਖ ਚੁਰਾਸੀ ਵਿਚੋਂ ਗੁਰਮੁਖ ਵਿਰਲੇ ਮਾਰਗ ਦੱਸ, ਆਪ ਆਪਣਾ ਭੇਵ ਖੁਲ੍ਹਾਈਆ । ਜੋਤੀ ਜੋਤ ਕਰਾਂ ਪਰਕਾਸ਼ ਕੋਟਨ ਰਵ ਸਸ, ਸੂਰਜ ਚੰਦ ਮੁਖ ਸ਼ਰਮਾਈਆ । ਦਰਸਨ ਦੇਵਾਂ ਹੱਸ ਹੱਸ, ਮੇਰੇ ਹੱਥ ਮੇਰੀ ਵਡਿਆਈਆ । ਗੁਰਮੁਖਾਂ ਮਾਰਗ ਆਪਣਾ ਦੱਸ, ਆਪਣਾ ਗੁਣ ਦਿਆਂ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮਾ ਸ਼ਿਵ ਰਿਹਾ ਸਮਝਾਈਆ । ਵਿਸ਼ਨ ਕਰੇ ਪੁਕਾਰ, ਪ੍ਰਭ ਅੱਗੇ ਸੀਸ ਝੁਕਾਇਆ । ਕਵਣ ਰੂਪ ਆਏ ਵਿਚ ਸੰਸਾਰ, ਮੇਰੇ ਸ਼ਾਹ ਪਾਤਸ਼ਾਹ ਸੱਚੇ ਸ਼ਹਿਨਸ਼ਾਹਿਆ । ਬ੍ਰਹਮਾ ਰੋਵੇ ਜ਼ਾਰੋ ਜ਼ਾਰ, ਹਉਂ ਏਕਾ ਮੰਗ ਮੰਗਾਇਆ । ਕਵਣ ਘਰ ਦਏਂ ਦੀਦਾਰ, ਦਰਸੀ ਆਪਣਾ ਦਰਸ ਦਿਖਾਇਆ । ਸ਼ੰਕਰ ਮੰਗੇ ਧੂੜ ਛਾਰ, ਚਰਨ ਮਸਤਕ ਟਿੱਕਾ ਲਾਇਆ । ਤੁਧ ਬਿਨ ਅਵਰ ਨਾ

ਕੋਇ ਸਹਾਰ, ਹਉਂ ਬਾਲ ਅਵਾਣੇ ਭੁਲ ਕਦੇ ਨਾ ਜਾਈਆ । ਪੁਰਖ ਅਬਿਨਾਸ਼ੀ ਹੋ ਮਿਹਰਵਾਨ, ਆਪਣਾ ਹੁਕਮ ਰਿਹਾ ਸਮਝਾਇਆ । ਮੈਂ ਜੁਗ ਜੁਗ ਲੋਕਮਾਤ ਹੋਵਾਂ ਪਰਧਾਨ, ਆਪਣਾ ਨਾਉਂ ਨਾਉਂ ਪਰਗਟਾਇਆ । ਭਗਤ ਭਗਵੰਤ ਸਚ ਨਿਸ਼ਾਨ, ਲੋਕਮਾਤ ਦਏ ਝੁਲਾਇਆ । ਸੰਤਾਂ ਦੇਵੇ ਏਕਾ ਦਾਨ, ਸਤਿ ਸਤਿਵਾਦੀ ਝੋਲੀ ਪਾਇਆ । ਗੁਰਮੁਖਾਂ ਆਤਮ ਬ੍ਰਹਮ ਗਿਆਨ, ਬ੍ਰਹਮ ਵੇਤਾ ਸੀਸ ਝੁਕਾਇਆ । ਗੁਰਸਿਖਾਂ ਚਰਨ ਧੂੜ ਕਰਾਏ ਅਸ਼ਨਾਨ, ਦੁਰਮਤ ਮੈਲ ਦਏ ਧਵਾਇਆ । ਏਕਾ ਰਾਗ ਸੁਣਾਏ ਕਾਨ, ਧੁਨ ਅਨਾਦੀ ਨਾਦ ਵਜਾਇਆ । ਏਕਾ ਅੰਮ੍ਰਿਤ ਆਤਮ ਦੇਵਾਂ ਪੀਣ ਖਾਣ, ਤ੍ਰਿਸਨਾ ਭੁੱਖ ਰਹੇ ਨਾ ਰਾਇਆ । ਜੁਗ ਜੁਗ ਖੇਲਾਂ ਖੇਲ ਮਹਾਨ, ਆਪਣੀ ਖੇਲ ਆਪ ਵਖਾਇਆ । ਚਾਰੇ ਵੇਦ ਹੋਏ ਹੈਰਾਨ, ਮੇਰਾ ਭੇਵ ਕਿਸੇ ਨਾ ਪਾਇਆ । ਬ੍ਰਹਮਾ ਮੰਗੇ ਏਕਾ ਦਾਨ, ਅੱਗੇ ਆਪਣੀ ਝੋਲੀ ਡਾਹਿਆ । ਵਿਸ਼ਨੂੰ ਮੰਨੇ ਏਕਾ ਆਣ, ਭੁਲ ਕਦੇ ਨਾ ਜਾਇਆ । ਸ਼ੰਕਰ ਕਰਿਆ ਦਰ ਪਰਵਾਨ, ਚਰਨ ਧੂੜੀ ਮਸਤਕ ਟਿੱਕਾ ਲਾਇਆ । ਚਾਰੇ ਜੁਗ ਕਰੇ ਖੇਲ ਸ੍ਰੀ ਭਗਵਾਨ, ਆਪਣਾ ਖੇਲ ਆਪ ਖਿਲਾਇਆ । ਬ੍ਰਹਿਮੰਡ ਖੰਡ ਲੋਆਂ ਪੁਰੀਆਂ ਖੇਲ ਖੇਲੇ ਆਪ ਮਿਹਰਵਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੂਰਜ ਚੰਨ ਚੰਨ ਸੂਰਜ ਆਪਣੀ ਸੇਵਾ ਲਾਇਆ । ਬ੍ਰਹਮੇ ਕਿਹਾ ਤੇਰਾ ਨਾਉਂ ਸਤਿ, ਤੇਰੇ ਹੱਥ ਵਡੀ ਵਡਿਆਈਆ । ਕੌਣ ਜਾਣੇ ਤੇਰੀ ਗਤ ਮਿਤ, ਮਿਤ ਗਤ ਕਹਿਣ ਕੋਇ ਨਾ ਜਾਈਆ । ਤੇਰੀ ਜੋਤ ਤੇਰਾ ਸੇਵਕ ਤੇਰੇ ਮੰਦਰ ਜਗਾਏ ਲਟ ਲਟ, ਤੇਰਾ ਨੂਰ ਤੇਰੀ ਰੁਸ਼ਨਾਈਆ । ਤੂੰ ਸਭ ਦੇ ਕੋਲ ਵਸਣਾ ਕਮਲਾਪਤ, ਘਰ ਘਰ ਤੇਰਾ ਸਗਨ ਮਨਾਈਆ । ਘਰ ਘਰ ਤੇਰਾ ਪੂਜਾ ਪਾਠ, ਘਰ ਘਰ ਤੇਰਾ ਹੋਏ ਜਸ, ਜਸ ਵੇਦ ਪੁਰਾਨ ਰਹੇ ਗਾਈਆ । ਤੇਰਾ ਨਾਤਾ ਜੁੜਿਆ ਅੱਠ ਤੱਤ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਤੇਰਾ ਰੰਗ ਵਖਾਈਆ । ਤੇਰਾ ਰੂਪ ਰੰਗ ਨਾ ਦਿਸੇ ਰਤ, ਹੱਡ ਮਾਸ ਨਾੜੀ ਨਾ ਕੋਇ ਦਰਸਾਈਆ । ਤੂੰ ਸਰਬ ਕਲਾ ਸਮਰਥ, ਸਮਰਥ ਪੁਰਖ ਤੇਰੀ ਵਡ ਵਡਿਆਈਆ । ਧੰਨ ਵਡਿਆਈ ਮਾਰਗ ਦਿਤਾ ਦੱਸ, ਜੁਗ ਜੁਗ ਤੇਰਾ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਹਰਿ, ਆਪਣਾ ਨਾਉਂ ਦਏ ਸਮਝਾਈਆ । ਮੇਰੇ ਨਾਉਂ ਵਡਿਆਈ, ਹਰਿ ਸਾਚਾ ਸਚ ਜਣਾਇੰਦਾ । ਲੋਕਮਾਤ ਵੱਜੇ ਵਧਾਈ, ਜੋ ਜਨ ਰਸਨਾ ਜੇਹਵਾ ਗਾਇੰਦਾ । ਆਦਿ ਅੰਤ ਹੋਏ ਸਹਾਈ, ਜੋ ਆਪਣਾ ਨਾਉਂ ਦ੍ਰਿੜਾਇੰਦਾ । ਤੱਤੀ ਵਾਓ ਨਾ ਲਾਗੇ ਰਾਈ, ਅਗਨੀ ਤੱਤ ਨਾ ਕੋਇ ਜਲਾਇੰਦਾ । ਸਦਾ ਸੁਹੇਲਾ ਸਿਰ ਰੱਖੇ ਠੰਡੀ ਛਾਈ, ਸਿਰ ਆਪਣਾ ਹੱਥ ਟਿਕਾਇੰਦਾ । ਆਦਿ ਜੁਗਾਦਿ ਕਰੇ ਸਚ ਨਿਆਈ, ਸਚ ਅਦਾਲਤ ਆਪ ਕਮਾਇੰਦਾ । ਹਰਿ ਭਗਤ ਉਠਾਏ ਫੜ ਫੜ ਬਾਹੀਂ, ਲੱਖ ਚੁਰਾਸੀ ਵਿਚੋਂ ਆਪ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਉਂ ਆਪ ਉਪਾਇੰਦਾ । ਮੇਰਾ ਨਾਉਂ ਰੱਖੇ ਲਾਜ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੰਡ ਵੰਡਾਈਆ । ਜੁਗਾ ਜੁਗੰਤਰ ਸ਼ਬਦ ਅਗੰਮੀ ਮਾਰਾਂ ਵਾਜ, ਤਾਰ ਸਤਾਰ ਨਾ ਕੋਇ ਹਿਲਾਈਆ । ਗ਼ਰੀਬ ਨਿਮਾਣਿਆਂ ਹੋਵਾਂ ਗ਼ਰੀਬ ਨਿਵਾਜ਼, ਸਿਰ ਆਪਣਾ ਹੱਥ ਟਿਕਾਈਆ । ਜਨ ਭਗਤਾਂ ਬੇੜਾ ਚਲੇ ਜਹਾਜ਼, ਦੋ ਜਹਾਨਾਂ ਪਾਰ ਕਰਾਈਆ । ਰਾਏ ਧਰਮ ਨਾ ਮਾਰੇ ਆਵਾਜ਼, ਲਾੜੀ ਮੌਤ ਨਾ ਕੋਇ ਪਰਨਾਈਆ । ਰਾਏ ਧਰਮ ਨਾ ਮਾਰੇ ਵਾਜ, ਚਿਤਰ ਗੁਪਤ ਨਾ ਕੋਇ ਹਿਸਾਬ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਉਂ ਦਏ ਸਮਝਾਈਆ ।

੯੩੧
੧੦

ਮੇਰਾ ਨਾਉਂ ਭਗਤ ਜਨ ਲੈਣਾ, ਜਿਸ ਆਪਣਾ ਆਪ ਬੁਝਾਇਆ । ਧਰੂ ਪ੍ਰਹਿਲਾਦ ਮੰਨਿਆ ਮੇਰਾ ਕਹਿਣਾ, ਇਕੋ ਓਟ ਗਏ ਤਕਾਇਆ । ਤਨ ਬਸਤਰ ਪਾਇਆ ਗਹਿਣਾ, ਏਕਾ ਰਾਮ ਨਾਮ ਹੰਢਾਇਆ । ਦਰਸ਼ਨ ਪਾਇਆ ਨੇਤਰ ਨੈਣਾਂ, ਨੈਣ ਨੈਣ ਨੈਣ ਬਿਗਸਾਇਆ । ਮੇਰਾ ਨਾਉਂ ਮੇਰਾ ਭਾਣਾ ਸਹਿਣਾ, ਸਦ ਭਾਣੇ ਆਪ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਉਂ ਦਏ ਸਮਝਾਇਆ । ਆਦਿ ਮੇਰਾ ਨਾਉਂ ਸੋ ਸੋ ਧਾਰ, ਹਰਿ ਸਾਚਾ ਸਚ ਜਣਾਈਆ । ਮੇਰਾ ਨਾਉਂ ਹੋਇਆ ਉਜਿਆਰ, ਹੰ ਹੰ ਰੂਪ ਵਟਾਈਆ । ਹੰ ਵਿਸ਼ਨ ਹੰ ਬ੍ਰਹਮਾ ਹੰ ਸ਼ਿਵ ਹੰ ਲੱਖ ਚੁਰਾਸੀ ਲਏ ਉਪਾਈਆ । ਚਾਰ ਚੌਕੜੀ ਜੁਗ ਆਵੇ ਵਾਰੋ ਵਾਰ, ਗੇੜਾ ਗੇੜੇ ਵਿਚ ਰਖਾਈਆ । ਨਿਰਗੁਣ ਸਰਗੁਣ ਕਰ ਪਸਾਰ, ਅਵਤਾਰ ਗੁਰ ਲਏ ਪਰਗਟਾਈਆ । ਤੇਈ ਅਵਤਾਰਾਂ ਦੇਵੇ ਧਾਰ, ਧਾਰ ਧਾਰ ਨਾਮ ਸਮਾਈਆ । ਸੰਤ ਭਗਤ ਕਰ ਪਿਆਰ, ਭਗਵੰਤ ਖੇਲ ਖਿਲਾਈਆ । ਗੁਰਮੁਖ ਨਾਦ ਨਾਦ ਜੈਕਾਰ, ਅਨਾਦੀ ਨਾਦ ਸੁਣਾਈਆ । ਗੁਰਸਿਖ ਚਰਨ ਚਰਨ ਪਿਆਰ, ਚਰਨ ਕਵਲ ਕਵਲ ਬਿਗਸਾਈਆ । ਧਰਨੀ ਧਰਨ ਦਏ ਸਹਾਰ, ਧਵਲ ਧਵਲ ਮਾਤ ਵਡਿਆਈਆ । ਕਵਲ ਕਵਲ ਕਵਲ ਫੁਲ ਬਹਾਰ, ਅੰਮ੍ਰਿਤ ਝਿਰਨਾ ਆਪ ਝਿਰਾਈਆ । ਜੋਤੀ ਜੋਤ ਜੋਤ ਉਜਿਆਰ, ਜੋਤੀ ਨੂਰ ਨੂਰ ਰੁਸ਼ਨਾਈਆ । ਗੁਰੂ ਗੁਰੂ ਗੁਰੂ ਗੁਰ ਅਵਤਾਰ, ਗੁਰ ਮੰਤਰ ਦਏ ਸਮਝਾਈਆ । ਆਦਿ ਸ਼ਕਤ ਸ਼ਕਤ ਪਸਾਰ, ਚਤਰਭੁਜ ਖੇਲ ਖਿਲਾਈਆ । ਸੋ ਪੁਰਖ ਨਿਰੰਜਣ ਹੋ ਤਿਆਰ, ਹਰਿ ਪੁਰਖ ਨਿਰੰਜਣ ਲਏ ਮਿਲਾਈਆ । ਏਕੰਕਾਰ ਕਰੇ ਕਾਰ, ਆਦਿ ਨਿਰੰਜਣ ਜੋਤ ਰੁਸ਼ਨਾਈਆ । ਅਬਿਨਾਸ਼ੀ ਕਰਤਾ ਵਸੇ ਸਚਖੰਡ ਠਾਂਡੇ ਦਰਬਾਰ, ਸ੍ਰੀ ਭਗਵਾਨ ਖ਼ੁਸ਼ੀ ਮਨਾਈਆ । ਪਾਰਬ੍ਰਹਮ ਥਿਰ ਘਰ ਬੈਠ ਸੱਚੇ ਦਵਾਰ, ਵਿਸ਼ਨ ਬ੍ਰਹਮਾ ਸ਼ਿਵ ਲਏ ਘੜਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰ ਤਿਆਰ, ਲੱਖ ਚੁਰਾਸੀ ਲਏ ਉਪਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਹੋ ਉਜਿਆਰ, ਗੁਰ ਅਵਤਾਰ ਸੇਵ ਕਮਾਈਆ । ਕੋਈ ਕਹੇ ਸੰਤ ਕੁਮਾਰ, ਬਰਾਹ ਰੂਪ ਕੋਇ ਦਰਸਾਈਆ । ਹਾਵ ਗ਼ਰੀਵ ਹੋ ਉਜਿਆਰ, ਨਰ ਨਰਾਇਣ ਰੂਪ ਅਪਾਰ, ਕਪਲ ਮੁਨ ਰੂਪ ਧਰਾਈਆ । ਧਨੰਤਰ ਹੋ ਤਿਆਰ, ਪਿਰਥੂ ਪਾਏ ਆਪਣੀ ਸਾਰ, ਮਤਸ ਜਲ ਜਲ ਹੋ ਉਜਿਆਰ, ਕਛਪ ਕਰੇ ਖੇਲ ਕਰਤਾਰ, ਮੋਹਣੀ ਰੂਪ ਆਪੇ ਧਾਰ, ਹੰਸਾ ਰੂਪ ਅਪਰ ਅਪਾਰ, ਸੁਤ ਬ੍ਰਹਮਾ ਦਏ ਸਮਝਾਈਆ । ਨਰ ਸਿੰਘ ਖੇਲ ਕਰੇ ਕਰਤਾਰ, ਪ੍ਰਹਿਲਾਦ ਲਏ ਤਰਾਈਆ । ਹਰੀ ਹਰਿ ਆਪਣੀ ਕਲ ਧਾਰ, ਗਜ ਦੇਵੇ ਆਪ ਸਹਾਰ, ਤੰਦੂਆ ਤੰਦ ਕਟਾਈਆ । ਘਰ ਘਰ ਆਪਣਾ ਨਾਉਂ ਕਰੇ ਉਜਿਆਰ, ਜੁਗ ਜੁਗ ਆਪਣੇ ਨਾਉਂ ਦਏ ਵਡਿਆਈਆ । ਪਰਸਰਾਮ ਦਿਤਾ ਆਪੇ ਤਾਰ, ਰਾਮ ਰਾਮਾ ਰੂਪ ਵਟਾਈਆ । ਗ਼ਰੀਬ ਨਿਮਾਣਿਆਂ ਲਏ ਉਠਾਲ, ਕੋਝੀ ਕਮਲੀ ਭੀਲਣੀ ਗਲੇ ਲਗਾਈਆ । ਵੇਦ ਵਿਆਸਾ ਬਣ ਲਿਖਾਰ, ਬ੍ਰਹਮਾ ਨਾਰਦ ਆਪਣਾ ਮੇਲ ਮੇਲ ਮਿਲਾਈਆ । ਬਾਰਾਂ ਅੱਕਸ਼ਰ ਕਰ ਵਿਚਾਰ, ਪੁਰਾਨ ਅਠਾਰਾਂ ਗਾਏ ਵਾਰੋ ਵਾਰ, ਲੱਖ ਚਾਰ ਹਜ਼ਾਰ ਸਤਾਰਾਂ ਸਲੋਕ ਗਵਾਈਆ । ਨੰਦ ਯਸੋਧਾ ਦਏ ਆਧਾਰ, ਸਾਚੀ ਸਖ਼ੀਆਂ ਮੰਗਲਾਚਾਰ, ਰਾਧਾ ਕ੍ਰਿਸ਼ਨ ਖ਼ੁਸ਼ੀ ਮਨਾਈਆ । ਦੁਸ਼ਟ ਹੰਕਾਰੀ ਆਪੇ ਮਾਰ, ਬਿਪਰ ਸੁਦਾਮਾ ਗਲੇ ਲਗਾਈਆ । ਸਤਿਜੁਗ ਤ੍ਰੇਤਾ ਦੁਆਪਰ ਨਾਉਂ ਪਰਧਾਨ, ਲੋਕਮਾਤ ਚਲਾਈਆ । ਕਲਜੁਗ ਦੇਵੇ ਆਪੇ ਦਾਨ, ਖ਼ਾਲੀ ਝੋਲੀ ਆਪ ਭਰਾਈਆ । ਜੂਠ ਝੂਠ ਮੇਰੀ ਖੋਲ੍ਹ ਦੁਕਾਨ, ਲੱਖ ਚੁਰਾਸੀ ਝੋਲੀ ਪਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਮੇਰੀ ਸ਼ਾਨ, ਮੇਰਾ ਜੋਬਨ ਵੇਖ ਮੇਰੇ ਮਾਹੀਆ । ਮੈਂ ਚਾਰ ਜੁਗ ਦਾ ਅੰਤ ਬਣਿਆ


੯੩੨
੧੦

ਮਿਹਮਾਨ, ਤੇਰੇ ਅੱਗੇ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਏਕਾ ਮੰਗ ਮੰਗਾਈਆ । ਲੱਖ ਚੁਰਾਸੀ ਤੇਰਾ ਚੁੱਕੇ ਡਰ, ਮੇਰਾ ਡੰਕਾ ਵੱਜੇ ਚਾਰੋਂ ਕੁੰਟ ਪਏ ਦੁਹਾਈਆ । ਗੁਰਦਰ ਮੰਦਰ ਮਸਜਿਦ ਬਣੇ ਵੇਸਵਾ ਘਰ, ਅਠਸਠ ਤੀਰਥ ਤੇਰਾ ਲੜ ਨਾ ਸਕੇ ਕੋਈ ਫੜ, ਇੱਟਾਂ ਮੰਦਰ ਪੂਜ ਪੂਜ ਆਪਣਾ ਆਪ ਦੇਣ ਗਵਾਈਆ । ਮੈਂ ਘਰ ਘਰ ਬਣਾਵਾਂ ਹੰਕਾਰੀ ਗੜ੍ਹ, ਤੇਰੀ ਭਿਛਿਆ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਅੱਗੇ ਮੰਗ ਮੰਗਾਈਆ । ਪੁਰਖ ਅਬਿਨਾਸ਼ੀ ਕਿਰਪਾਨਿਧ, ਦੀਨ ਦਿਆਲ ਦਿਆਲਾ । ਸਭ ਦੇ ਕਰੇ ਕਾਰਜ ਸਿੱਧ, ਪਰਮ ਪੁਰਖ ਕਿਰਪਾਲਾ । ਕਲਜੁਗ ਤੇਰੇ ਹੱਥ ਰਖਾਈ ਤੇਰੀ ਬਿਧ, ਤੇਰੇ ਹੱਥ ਫੜਾਈ ਤੇਰੀ ਮਾਲਾ । ਪੰਚ ਵਿਕਾਰ ਕਰੇ ਯੁਧ, ਘਰ ਘਰ ਮੰਗੇ ਹਾਲਾ । ਅੰਤਮ ਰਹਿਣ ਨਾ ਦੇਵੇ ਕਿਸੇ ਦੀ ਸੁਧ, ਸੁਰਤੀ ਸੁਰਤ ਹੋਏ ਬੇਹਾਲਾ । ਮਾਰ ਛਾਲ ਚੜ੍ਹੇ ਕੁੱਦ, ਸਭ ਦਾ ਕੱਢੇ ਦੀਵਾਲਾ । ਮੇਰੇ ਨਾਉਂ ਨਾ ਸਕੇ ਕੋਈ ਉਡ, ਗਲ ਪਾ ਪਾ ਬੈਠਣ ਅਠੋਤਰੀ ਮਾਲਾ । ਅੰਦਰ ਵੜੇ ਦਵੈਤੀ ਫੁੱਟ, ਕਾਮੀ ਕਪਟੀ ਮੁਖੜਾ ਕਾਲਾ । ਮੇਰੇ ਨਾਉਂ ਰਹੇ ਨਾ ਕਿਸੇ ਸੁਧ, ਕਲਜੁਗ ਤੇਰਾ ਵਰਤੇ ਜਗਤ ਜੰਜਾਲਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੱਸਿਆ ਰਾਹ ਸੁਖਾਲਾ । ਦੱਸਿਆ ਸੁਖਾਲਾ ਰਾਹ, ਹਰਿ ਸਾਚੇ ਸਚ ਜਣਾਇਆ । ਕਲਜੁਗ ਤੇਰੇ ਨਾਲ ਰਲਾਵਾਂ ਇਕ ਮਲਾਹ, ਆਪਣਾ ਹੁਕਮ ਸੁਣਾਇਆ । ਮੁਕਾਮੇ ਹੱਕ ਹੱਕ ਮਿਲੇ ਪਨਾਹ, ਪਨਾਹਗੀਰ ਆਪ ਅਖਵਾਇਆ । ਤੇਰਾ ਮੁਕਾਮ ਵੇਖ ਫ਼ਨਾਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਦਇਆ ਆਪ ਕਮਾਇਆ । ਆਪਣੀ ਦਇਆ ਕਮਾਇੰਦਾ, ਕਿਰਪਾਨਿਧ ਗਹਿਰ ਗੁਣ ਸਾਗਰ । ਕਲਜੁਗ ਤੇਰਾ ਸੰਗ ਨਿਭਾਇੰਦਾ, ਤੇਰਾ ਕਰਮ ਕਰੇ ਉਜਾਗਰ । ਈਸਾ ਮੂਸਾ ਜੋਤ ਜਗਾਇੰਦਾ, ਸੰਗ ਮੁਹੰਮਦ ਨਾਮ ਦੇਵੇ ਰਤੀ ਰਤਨਾਗਰ । ਚਾਰ ਯਾਰੀ ਬੰਧਨ ਪਾਇੰਦਾ, ਏਕਾ ਕਲਮਾ ਕਰੇ ਸੌਦਾਗਰ । ਏਕਾ ਹੂ ਹੂ ਨਾਅਰਾ ਲਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਆਪ ਬਹਾਦਰ । ਈਸਾ ਮੂਸਾ ਤੇਰਾ ਸੰਗ, ਸੰਗ ਮੁਹੰਮਦ ਚਾਰ ਯਾਰ ਮਰਦੰਗ ਵਜਾਈਆ । ਚਾਰੋਂ ਕੁੰਟ ਤੇਰੀ ਵਸਤ ਭੇਖ ਪਖੰਡ, ਜੂਠ ਝੂਠ ਨਾਲ ਮਿਲਾਈਆ । ਕੋਇ ਨਾ ਮੰਗੇ ਏਕਾ ਮੰਗ, ਆਲਮੀਨ ਨੂਰ ਨੁਰਾਨਾ ਵੇਖੇ ਨਾ ਕੋਇ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਏਕਾ ਹੁਕਮ ਦਏ ਵਰਤਾਈਆ । ਕਲਜੁਗ ਸੁਣਿਆ ਹਰਿ ਫ਼ਰਮਾਨਾ, ਹੋਇਆ ਦਰ ਹੈਰਾਨਾ । ਝੱਲਿਆ ਨਾ ਜਾਏ ਤੇਰਾ ਭਾਣਾ, ਮੇਰੇ ਸ਼ਹਿਨਸ਼ਾਹ ਸੁਲਤਾਨਾ । ਚਾਰ ਕੁੰਟ ਝੂਠ ਮਕਾਨਾ, ਕੂੜੀ ਕਿਰਿਆ ਘਰ ਘਰ ਇਕ ਵਖਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਦਵਾਰੇ ਵਰ, ਆਪਣਾ ਘਰ ਨਾ ਮੋਹੇ ਭੁਲਾਨਾ । ਪੁਰਖ ਅਬਿਨਾਸ਼ੀ ਦਇਆ ਕਮਾ, ਆਪਣੀ ਦਇਆ ਕਮਾਇੰਦਾ । ਆਪਣਾ ਦਰ ਨਾ ਦਏ ਭੁਲਾ, ਗੁਰ ਗੁਰ ਸੇਵ ਕਮਾਇੰਦਾ । ਨਾਨਕ ਨਿਰਗੁਣ ਸਰਗੁਣ ਵੇਸ ਵਟਾ, ਜੋਤੀ ਜਾਤਾ ਜੋਤ ਡਗਮਗਾਇੰਦਾ । ਪੁਰਖ ਅਕਾਲਾ ਮੇਲ ਮਿਲਾ, ਦੀਨ ਦਿਆਲਾ ਰੰਗ ਵਖਾਇੰਦਾ । ਸਾਚੀ ਮਾਲਾ ਗਲ ਵਿਚ ਪਾ, ਨਾਮ ਸੁਖਾਲਾ ਇਕ ਸਮਝਾਇੰਦਾ । ਨਾਮ ਸਤਿ ਦਏ ਵਰਤਾ, ਆਪਣੀ ਵਸਤ ਆਪ ਵਰਤਾਇੰਦਾ । ਚਾਰ ਵਰਨਾਂ ਝੋਲੀ ਪਾ, ਊਚ ਨੀਚ ਰਾਓ ਰੰਕ ਰਾਜ ਰਾਜਾਨ ਸ਼ਾਹ ਸੁਲਤਾਨ ਏਕਾ ਰੰਗ ਵਖਾਇੰਦਾ । ਭਰਮੀਆਂ ਭਰਮ ਗੜ੍ਹ ਦਏ ਤੁੜਾ, ਆਤਮ ਦਰਸੀ ਆਤਮ ਦਰਸ ਕਰਾਇੰਦਾ ।

ਪੰਚਮ ਨਾਦ ਸ਼ਬਦ ਧੁੰਨ ਵਜਾ, ਅਨਾਦੀ ਨਾਦ ਅਲਾਇੰਦਾ । ਸਾਚੀ ਸਖ਼ੀਆਂ ਮੰਗਲ ਗਾ, ਗੀਤ ਗੋਬਿੰਦ ਆਪੇ ਗਾਇੰਦਾ । ਆਪਣੀ ਸੇਜਾ ਸੋਭਾ ਪਾ, ਆਪਣਾ ਪਰਮ ਪੁਰਖ ਮਨਾਇੰਦਾ । ਆਪਣਾ ਪ੍ਰੀਤਮ ਅੰਗ ਲਗਾ, ਆਪਣੀ ਸੇਜ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਸੰਗ ਨਿਭਾਇੰਦਾ । ਤੇਰਾ ਸੰਗ ਨਿਭਾਏ ਸੰਗਾ, ਸਗਲਾ ਸੰਗ ਨਿਭਾਈਆ । ਏਕਾ ਨਾਮ ਵਜਾਏ ਮਰਦੰਗਾ, ਮਰਦੰਗ ਹੱਥ ਉਠਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਪੇ ਲੰਘਾ, ਆਪਣਾ ਪੰਧ ਆਪ ਮੁਕਾਈਆ । ਉਚੀ ਕੂਕ ਕੂਕ ਲੱਖ ਚੁਰਾਸੀ ਸੁਣਾਏ ਅੰਤਮ ਕੰਢਾ, ਜੀਵ ਜੰਤ ਜੰਤ ਉਠਾਈਆ । ਬਿਨ ਹਰਿ ਨਾਮੇ ਕੋਇ ਪਾਰ ਨਾ ਲੰਘਾ, ਬਿਨ ਸਤਿਗੁਰ ਹਰਿ ਕਾ ਨਾਉਂ ਹੱਥ ਕਿਸੇ ਨਾ ਆਈਆ । ਪੰਜ ਤੱਤ ਕਾਇਆ ਮਾਟੀ ਪੁਤਲਾ ਗੰਦਾ, ਕਾਮ ਕਰੋਧ ਲੋਭ ਮੋਹ ਹੰਕਾਰ ਬੈਠੇ ਆਸਣ ਲਾਈਆ । ਜੋ ਜਨ ਗਾਏ ਗੁਰ ਕਾ ਛੰਦਾ, ਗੁਰ ਮੇਲੇ ਸਹਿਜ ਸੁਭਾਈਆ । ਬੰਦ ਖ਼ਲਾਸੀ ਕਰੇ ਬੰਦੀ ਬੰਦਾ, ਬੰਦੀਖਾਨਾ ਦਏ ਤੁੜਾਈਆ । ਜੋਤ ਨਿਰੰਜਣ ਚਾੜ੍ਹੇ ਚੰਦਾ, ਘਰ ਜੋਤ ਕਰੇ ਰੁਸ਼ਨਾਈਆ । ਦੀਨ ਦਿਆਲ ਠਾਕਰ ਸਾਹਿਬ ਸਵਾਮੀ ਸਦਾ ਬਖ਼ਸ਼ੰਦਾ, ਭੁਲ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਮ ਵਸਤ ਅਮੋਲਕ ਆਪ ਵਰਤਾਏ, ਕਾਇਆ ਗੋਲਕ ਹਰਿਜਨ ਭੰਡਾਰਾ ਆਪ ਭਰਾਈਆ । ਨਾਨਕ ਜਣਾਇਆ ਹਰਿ ਹਰਿ ਨਾਮ, ਸਤਿ ਨਾਮ ਵਡਿਆਇਆ । ਪੂਰਨ ਕਰੇ ਹਰਿਜਨ ਕਾਮ, ਆਸਾ ਤ੍ਰਿਸ਼ਨਾ ਦਏ ਮਿਟਾਇਆ । ਅੰਮ੍ਰਿਤ ਆਤਮ ਪਿਆਏ ਜਾਮ, ਮਦਿ ਹੋਰ ਨਾ ਕੋਇ ਵਖਾਇਆ । ਘਰ ਘਰ ਵਿਚ ਮਿਲਾਏ ਰਾਮ, ਜਗਤ ਵਿਛੋੜਾ ਦਏ ਕਟਾਇਆ । ਸੁਰਤ ਸੁਵਾਣੀ ਦਏ ਪੈਗ਼ਾਮ, ਸਚ ਸੰਦੇਸਾ ਇਕ ਅਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਲੱਖ ਚੁਰਾਸੀ ਰਿਹਾ ਸਮਝਾਇਆ । ਲੱਖ ਚੁਰਾਸੀ ਉਠਣਾ ਜਾਗ, ਹਰਿ ਕਾ ਨਾਉਂ ਜਗਾਇੰਦਾ । ਕਬੀਰ ਜੁਲਾਹੇ ਸੁਣਾਈ ਆਵਾਜ਼, ਸਚ ਮਹਿਰਾਬੇ ਦਰਸਨ ਪਾਇੰਦਾ । ਹੰਸ ਬਣਾਏ ਕਾਗ, ਜੋ ਜਨ ਸਰਨਾਈ ਆਇੰਦਾ । ਦੀਪਕ ਜਗਾਏ ਚਿਰਾਗ਼, ਅੰਧ ਅੰਧੇਰ ਮਿਟਾਇੰਦਾ । ਜਗਤ ਨਾਤਾ ਤੋੜੇ ਸਾਕ, ਆਪਣਾ ਬੰਧਨ ਪਾਇੰਦਾ । ਬੰਦ ਤਾਕੀ ਖੋਲ੍ਹੇ ਤਾਕ, ਘਰ ਘਰ ਵਿਚ ਆਪ ਵਖਾਇੰਦਾ । ਸਤਿਗੁਰ ਪੂਰਾ ਆਪ ਚੜ੍ਹਾਏ ਆਪਣੇ ਘਾਟ, ਰਾਹ ਵਿਚ ਨਾ ਕੋਇ ਅਟਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਦੇਵੇ ਆਪਣਾ ਨਾਮ ਵਰ, ਲੋਕਮਾਤ ਆਪ ਚਲਾਇੰਦਾ । ਜੁਗ ਜੁਗ ਨਾਮ ਜਪਾਇਆ, ਹਰਿ ਭਗਤਨ ਮਾਰਗ ਲਾ । ਨਾਨਕ ਨਿਰਗੁਣ ਸਰਗੁਣ ਸਮਝਾਇਆ, ਪੁਰਖ ਅਕਾਲ ਦਇਆ ਕਮਾ । ਅੰਤਮ ਕਲਜੁਗ ਭੇਵ ਚੁਕਾਇਆ, ਅਗੰਮ ਅਗੰਮਾ ਪਰਦਾ ਲਾਹ । ਵਿਸ਼ਨ ਬ੍ਰਹਮਾ ਸ਼ਿਵ ਦਰ ਬਹਾਇਆ, ਨਾਨਕ ਨਿਰਗੁਣ ਕਰੇ ਸਲਾਹ । ਚਾਰ ਜੁਗ ਸੇਵ ਕਮਾਇਆ, ਲੱਖ ਚੁਰਾਸੀ ਬਣ ਮਲਾਹ । ਏਕਾ ਜੋਤ ਨੂਰ ਰੁਸ਼ਨਾਇਆ, ਘਟ ਘਟ ਰਿਹਾ ਡਗਮਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਉਂ ਦਏ ਜਣਾ । ਨਾਨਕ ਨਾਮ ਜਣਾਇਆ, ਪੁਰਖ ਅਬਿਨਾਸ਼ੀ ਦੀਨਾ ਨਾਥ । ਆਪਣਾ ਨੂਰ ਆਪ ਦਰਸਾਇਆ, ਆਪ ਆਪਣਾ ਰੱਖਿਆ ਸਾਥ । ਸੋ ਪੁਰਖ ਨਿਰੰਜਣ ਆਪ ਵਡਿਆਇਆ, ਹੰ ਸੁਣਾਏ ਆਪਣੀ ਗਾਥ । ਸੋਹੰ ਨਾਨਕ ਝੋਲੀ ਪਾਇਆ, ਨਾਮ ਸਤਿ ਮਸਤਕ ਮਾਥ । ਜੋਤ ਨਿਰੰਜਣ ਡਗਮਗਾਇਆ, ਰਾਰੰ ਰੂਪ ਆਪ ਅਨਾਥ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਆਪਣਾ ਘਾਟ । ਨਿਰਗੁਣ ਸਰਗੁਣ ਬੋਲ ਜੈਕਾਰਾ, ਨਾਨਕ ਪੰਜ ਤੱਤ ਸਮਝਾਈਆ ।

ਜੁਗ ਜੁਗ ਔਂਦੇ ਰਹੇ ਗੁਰ ਅਵਤਾਰਾ, ਹਰਿ ਹਰਿ ਨਾਉਂ ਗਾਈਆ । ਚਾਰ ਜੁਗ ਦਾ ਪਾਰ ਕਿਨਾਰਾ, ਚੌਥਾ ਜੁਗ ਦਏ ਗਵਾਹੀਆ । ਨੌਂ ਸੌ ਚੁਰਾਨਵੇਂ ਚੌਕੜੀ ਉਤਰੇ ਪਾਰ ਕਿਨਾਰਾ, ਥਿਰ ਕੋਇ ਰਹਿਣ ਨਾ ਪਾਈਆ । ਕੋਟਨ ਕੋਟ ਰਾਮ ਕ੍ਰਿਸ਼ਨ ਅਵਤਾਰਾ, ਨਾਨਕ ਨਿਰਗੁਣ ਰਹੇ ਜਸ ਗਾਈਆ । ਦਰ ਦਰਵੇਸ਼ ਬਣ ਭਿਖਾਰਾ, ਕਬੀਰ ਜੁਲਾਹਾ ਸੀਸ ਝੁਕਾਈਆ । ਏਕਾ ਜੋਤੀ ਹੋਏ ਸਹਾਰਾ, ਦਸ ਦਸ ਨੂਰ ਨੂਰ ਰੁਸ਼ਨਾਈਆ । ਆਦਿ ਉਪਾਇਆ ਆਪਣਾ ਸੁਤ ਦੁਲਾਰਾ, ਆਪਣਾ ਸ਼ਬਦ ਪਰਗਟਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਕਰੇ ਖੇਲ ਨਿਆਰਾ, ਅੰਤਮ ਕਲਜੁਗ ਆਪਣਾ ਸੁਤ ਗੋਬਿੰਦ ਵੇਸ ਵਟਾਈਆ । ਗੋਬਿੰਦ ਪੰਜ ਤੱਤ ਕਾਇਆ ਚੋਲੀ ਅੰਤ ਚੜ੍ਹੇ ਕਲਜੁਗ ਖਾਰਾ, ਝੂਠੀ ਕਿਰਿਆ ਦਏ ਮਿਟਾਈਆ । ਪਰਗਟ ਹੋਵੇ ਫੇਰ ਸੰਸਾਰਾ, ਨਿਰਗੁਣ ਨਿਰਗੁਣ ਕਰ ਰੁਸ਼ਨਾਈਆ । ਨਾਉਂ ਧਰਾਏ ਮਹਾਂਬਲੀ ਅਵਤਾਰਾ, ਨਿਹਕਲੰਕਾ ਬੇਪਰਵਾਹੀਆ । ਜੁਗ ਚੌਕੜੀ ਗੁਰ ਅਵਤਾਰਾਂ ਜੋ ਦੇਂਦਾ ਰਿਹਾ ਸਹਾਰਾ, ਸਾਧਾਂ ਸੰਤਾਂ ਸਿਰ ਆਪਣਾ ਹੱਥ ਰਖਾਈਆ । ਕਲਜੁਗ ਅੰਤਮ ਕਰੇ ਖੇਲ ਨਿਆਰਾ, ਹਰਿ ਕਾ ਭੇਵ ਕੋਇ ਨਾ ਪਾਈਆ । ਨੌਂ ਖੰਡ ਪ੍ਰਿਥਮੀ ਵੇਖੇ ਲੱਗਾ ਅਖਾੜਾ, ਸੱਤਾਂ ਦੀਪਾਂ ਲਏ ਜਣਾਈਆ । ਸੁਰਤ ਸੁਵਾਣੀ ਹੋਈ ਨਾਰ ਵਿਭਚਾਰਾ, ਸਾਚਾ ਕੰਤ ਨਾ ਕੋਇ ਹੰਢਾਈਆ । ਜੋਗ ਅਭਿਆਸ ਕਰ ਕਰ ਥੱਕੇ ਅੰਦਰ ਵੜ ਡੂੰਘੀ ਗਾਰਾ, ਮਨ ਕਾ ਮਣਕਾ ਨਾ ਕੋਇ ਭੁਆਈਆ । ਪੁਰਖ ਅਕਾਲ ਵੇਖਣਹਾਰਾ, ਨਿਰਗੁਣ ਦਾਤਾ ਸੱਚਾ ਸ਼ਹਿਨਸ਼ਾਹੀਆ । ਕਲਜੁਗ ਅੰਤਮ ਲੈ ਅਵਤਾਰਾ, ਕੂੜੀ ਮੇਟੇ ਝੂਠੀ ਸ਼ਾਹੀਆ । ਸਚ ਸੁੱਚ ਕਰੇ ਪਸਾਰਾ, ਸਾਚੀ ਸਿਖਿਆ ਦਏ ਸਮਝਾਈਆ । ਏਕਾ ਨਾਉਂ ਹਰਿ ਨਿਰੰਕਾਰਾ ਦੂਸਰ ਨਾਉਂ ਨਾ ਕੋਇ ਵਖਾਈਆ । ਏਕਾ ਹੱਟ ਇਕ ਵਣਜਾਰਾ, ਏਕਾ ਬੈਠਾ ਆਸਣ ਲਾਈਆ । ਏਕਾ ਦਰ ਇਕ ਦਵਾਰਾ, ਦੇਵਣਹਾਰ ਬੇਪਰਵਾਹੀਆ । ਕਲਜੁਗ ਅੰਤਮ ਆਤਮ ਬ੍ਰਹਮ ਭੁੱਲਾ ਸਰਬ ਸੰਸਾਰਾ, ਬ੍ਰਹਮ ਵਿਦਿਆ ਨਾ ਕੋਇ ਪੜ੍ਹਾਈਆ । ਘਰ ਘਰ ਮੰਦਰ ਗੁਰਦਰ ਠਾਕਰ ਦਵਾਰਾ, ਅਠਸਠ ਬੈਠੇ ਆਪਣਾ ਘਾਟ ਬਣਾਈਆ । ਕੋਈ ਕਹੇ ਮੈਂ ਅਗੰਮ ਘਰ ਦਾ ਬਣਿਆ ਲਾੜਾ, ਕੋਈ ਅਲਖ ਅਲਖ ਅਲਖ ਆਪ ਅਖਵਾਈਆ । ਕੋਈ ਕਹੇ ਮੈਂ ਸਚਖੰਡ ਬਣਿਆ ਬਣ ਸਚ ਨਿਰੰਕਾਰਾ, ਨਿਰਗੁਣ ਮੇਰਾ ਰੂਪ ਅਖਵਾਈਆ । ਕੋਈ ਕਹੇ ਮੈਂ ਥਿਰ ਘਰ ਖੋਲ੍ਹਿਆ ਆਪ ਕਿਵਾੜਾ, ਮੇਰੀ ਮਹਿਮਾ ਵੇਦ ਪੁਰਾਨ ਰਹੇ ਜਸ ਗਾਈਆ । ਕੋਈ ਕਹੇ ਵਿਸ਼ਨ ਬ੍ਰਹਮਾ ਸ਼ਿਵ ਮੇਰੇ ਚਰਨ ਆਧਾਰਾ, ਮੈਂ ਸਭ ਦਾ ਸੱਚਾ ਮਾਹੀਆ । ਕੋਈ ਕਹੇ ਮੈਂ ਕਲਜੁਗ ਦਾ ਸੱਚਾ ਅਵਤਾਰਾ, ਮੇਰੇ ਹੱਥ ਧੁਰ ਦਰਗਹਿ ਦੀ ਸੱਚੀ ਸ਼ਾਹੀਆ । ਕੋਈ ਕਹੇ ਮੈਂ ਸੁਰਤੀ ਦਾ ਸ਼ਾਹ ਸਿਕਦਾਰਾ, ਸੁਰਤੀ ਸ਼ਬਦ ਨਾਲ ਮਿਲਾਈਆ । ਕੋਈ ਕਹੇ ਮੇਰੇ ਘਰ ਅੰਮ੍ਰਿਤ ਭੰਡਾਰਾ, ਸਰੋਵਰ ਸਾਚੇ ਦਿਆਂ ਨੁਹਾਈਆ । ਪੁਰਖ ਅਬਿਨਾਸ਼ੀ ਹੋ ਉਜਿਆਰਾ, ਕਲਜੁਗ ਅੰਤਮ ਖੇਲ ਖਿਲਾਈਆ । ਸਾਧਾਂ ਸੰਤਾਂ ਦਿਤਾ ਹੁਲਾਰਾ, ਭੁਲ ਕੋਇ ਨਾ ਜਾਈਆ । ਆਓ ਸੰਤੋ ਲੱਗਾ ਅਖਾੜਾ, ਪ੍ਰਭ ਸਾਚਾ ਮਾਤ ਲਗਾਈਆ । ਵੇਖਣਹਾਰਾ ਡੂੰਘੀ ਗਾਰਾ, ਘਰ ਘਰ ਵਿਚ ਫੋਲ ਵਖਾਈਆ । ਪਹਿਲਾ ਦੂਜਾ ਤੀਜਾ ਚੌਥਾ ਵੇਖੇ ਬਣਿਆ ਮਨਾਰਾ, ਪੰਚਮ ਵੇਖੇ ਖੇਲ ਬੇਪਰਵਾਹੀਆ । ਛੇਵੇਂ ਛੱਪਰ ਛੰਨ ਨਾ ਕੋਇ ਸਹਾਰਾ, ਸਤਵੇਂ ਸਤਿ ਸਤਿਵਾਦੀ ਆਪਣਾ ਸਾਂਗ ਵਰਤਾਈਆ । ਅੱਠਾਂ ਤੱਤਾਂ ਨਾ ਕੋਇ ਪਸਾਰਾ, ਨੌਂ ਦਵਾਰ ਨਾ ਖੋਜੇ ਖੋਜ ਖੁਜਾਈਆ । ਦਸਮ ਦਵਾਰੀ ਖੇਲ ਨਿਆਰੀ, ਨਿਰਗੁਣ ਦੀਆ ਨਿਰਗੁਣ ਬਾਤੀ, ਕਮਲਾਪਾਤੀ ਬੈਠਾ ਆਪ ਜਗਾਈਆ । ਬਣਿਆ ਸਾਕੀ ਖੋਲ੍ਹੇ ਤਾਕੀ ਚੁਕਾਏ ਬਾਕੀ, ਲਹਿਣਾ ਕੋਇ ਰਹਿਣ ਨਾ ਪਾਈਆ ।



੯੩੫
੧੦

ਮਾਤਲੋਕ ਰਹਿਣ ਨਾ ਦੇਵੇ ਕੋਇ ਆਕੀ, ਜੇ ਕੋਈ ਕਹੇ ਮੈਂ ਸਚਖੰਡ ਬੈਠਾ ਆਸਣ ਲਾਈਆ । ਸੁਰਤ ਸੁਵਾਣੀ ਚੜ੍ਹ ਨਾ ਸਕੇ ਆਪਣੀ ਹਾਟੀ, ਕਾਇਆ ਮਾਟੀ ਖ਼ਾਕ ਖ਼ਾਕ ਵਿਚ ਮਿਲਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਕਲਜੁਗ ਅੰਤਮ ਜਿਸ ਜਨ ਲਾਏ ਆਪਣੀ ਛਾਤੀ, ਨਾਮ ਭੰਡਾਰਾ ਏਕਾ ਵਾਰ ਝੋਲੀ ਪਾਈਆ । ਮੇਟੇ ਰੈਣ ਅੰਧੇਰੀ ਰਾਤੀ, ਸਾਚਾ ਚੰਦ ਕਰੇ ਰੁਸ਼ਨਾਈਆ । ਸਾਚੇ ਸੰਤਾਂ ਸਾਚੇ ਭਗਤਾਂ ਮੇਲ ਮਿਲਾਵਾ ਕਮਲਾਪਾਤੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਉਂ ਆਦਿ ਜੁਗਾਦਿ ਵਰਤਾਈਆ । ਕਲਜੁਗ ਅੰਤਮ ਨਾਮ ਵਰਤੌਣਾ, ਚਾਰ ਵਰਨ ਹਰਿ ਧਾਰ । ਆਤਮ ਬ੍ਰਹਮ ਸਰਬ ਦਰਸੌਣਾ, ਜ਼ਾਤ ਪਾਤ ਨਾ ਕੋਇ ਵਿਚਾਰ । ਊਚ ਨੀਚ ਤੇਰਾ ਪਰਦਾ ਲੌਹਣਾ, ਰਾਓ ਰੰਕ ਇਕ ਦਵਾਰ । ਘਟ ਘਟ ਅੰਦਰ ਦੀਪਕ ਜੋਤ ਜਗੌਣਾ, ਮੁੱਕੇ ਅੰਧ ਅੰਧਿਆਰ । ਅਨਹਦ ਨਾਦੀ ਸ਼ਬਦ ਸੁਣੌਣਾ, ਛੱਤੀ ਰਾਗ ਨਾ ਪਾਵਣ ਸਾਰ । ਫੜ ਫੜ ਕਾਗੀ ਹੰਸ ਬਣੌਣਾ, ਕਾਗ ਉਠਾਏ ਹੰਸਾਂ ਡਾਰ । ਮਾਣਕ ਮੋਤੀ ਨਾਮ ਚੁਗੌਣਾ, ਪੁਰਖ ਅਬਿਨਾਸ਼ੀ ਹੋ ਮਿਹਰਵਾਨ । ਸਾਚੀ ਚੋਟੀ ਆਪ ਚੜ੍ਹੌਣਾ, ਕਿਰਪਾ ਕਰੇ ਸ੍ਰੀ ਭਗਵਾਨ । ਵਾਸਨਾ ਖੋਟੀ ਦਰ ਕਢੌਣਾ, ਨਾਤਾ ਤੋੜੇ ਪੰਜ ਸ਼ੈਤਾਨ । ਏਕਾ ਓਟ ਹਰਿ ਦਰਸੌਣਾ, ਆਦਿ ਅੰਤ ਹੋਏ ਨਿਗਹਬਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਕਾ ਨਾਉਂ ਹਰਿਜਨ ਕਰਨ ਪਰਵਾਨ । ਹਰਿਜਨ ਕਰੇ ਨਾਮ ਪਰਵਾਨ, ਮਨਮੁਖ ਨੇੜ ਕਦੇ ਨਾ ਆਈਆ । ਹਰਿਜਨ ਸੁਣੇ ਜਸ ਭਗਵਾਨ, ਮਨਮੁਖ ਗੂੜ੍ਹੀ ਨੀਂਦ ਸਵਾਈਆ । ਹਰਿਜਨ ਮੰਗੇ ਏਕਾ ਦਾਨ, ਪੁਰਖ ਅਬਿਨਾਸ਼ੀ ਘਟ ਘਟ ਵਾਸੀ ਤੇਰਾ ਨਾਉਂ ਮੇਰੀ ਵਡਿਆਈਆ । ਮਨਮੁਖ ਮੰਗੇ ਨਾਤਾ ਪੰਜ ਸ਼ੈਤਾਨ, ਜੂਠ ਝੂਠ ਵੱਜੇ ਵਧਾਈਆ । ਦੋਹਾਂ ਖੇਲ ਵਿਚ ਜਹਾਨ, ਦੋ ਜਹਾਨਾਂ ਵਾਲੀ ਆਪ ਖਿਲਾਈਆ । ਕਲਜੁਗ ਅੰਤਮ ਹੋ ਪਰਧਾਨ, ਪਰਮ ਪੁਰਖ ਆਪਣੇ ਹੱਥ ਰੱਖੇ ਵਡਿਆਈਆ । ਚਾਰ ਵਰਨਾਂ ਇਕ ਗਿਆਨ, ਚਾਰੋਂ ਕੁੰਟ ਦਏ ਸਮਝਾਈਆ । ਸੋ ਪੁਰਖ ਨਿਰੰਜਣ ਨੌਜਵਾਨ, ਹੰ ਬ੍ਰਹਮ ਲਏ ਪਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਏਕਾ ਨਾਮ ਦਏ ਵਡਿਆਈਆ । ਹਰਿ ਕਾ ਨਾਉਂ ਸੂਰਬੀਰ, ਬਲੀ ਬਲਵਾਨ ਅਖਵਾਇੰਦਾ । ਹਰਿ ਕਾ ਨਾਉਂ ਨਿਰਾਲਾ ਤੀਰ, ਗੁਰਮੁਖ ਵਿਰਲੇ ਘਾਓ ਲਗਾਇੰਦਾ । ਹਰਿ ਕਾ ਨਾਉਂ ਬਜਰ ਕਪਾਟੀ ਦੇਵੇ ਚੀਰ, ਪਰਦਾ ਦੂਈ ਦਵੈਤ ਉਠਾਇੰਦਾ । ਹਰਿ ਕਾ ਨਾਉਂ ਕੱਢੇ ਪੀੜ, ਬਿਰਹੋਂ ਪੀੜ ਨਾ ਕੋਇ ਜਣਾਇੰਦਾ । ਹਰਿ ਕਾ ਨਾਉਂ ਚੋਟੀ ਚਾੜ੍ਹੇ ਅਖ਼ੀਰ, ਜਗਤ ਮੰਜ਼ਲ ਪੰਧ ਮੁਕਾਇੰਦਾ । ਹਰਿ ਕਾ ਨਾਉਂ ਬਦਲੇ ਤਕਦੀਰ, ਤਦਬੀਰ ਆਪਣੀ ਇਕ ਸਮਝਾਇੰਦਾ । ਹਰਿ ਕਾ ਨਾਉਂ ਕੱਟੇ ਜ਼ੰਜੀਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਏਕਾ ਨਾਮ ਜਗਤ ਚਲਾਇੰਦਾ । ਏਕਾ ਨਾਮ ਚਲੌਣਾ ਜਗ, ਸਤਿਗੁਰ ਸਾਚਾ ਦਇਆ ਕਮਾਈਆ । ਗੁਰਸਿਖਾਂ ਰਖਾਏ ਉਪਰ ਸ਼ਾਹ ਰਗ, ਨੌਂ ਦਵਾਰੇ ਪਾਰ ਕਰਾਈਆ । ਡੂੰਘੀ ਭਵਰੀ ਟੇਢੀ ਬੰਕ ਦੇਵੇ ਕੱਢ, ਹੋਏ ਆਪ ਸਹਾਈਆ । ਆਤਮ ਸੇਜਾ ਲਡਾਏ ਲਡ, ਜਿਉਂ ਬਾਲਕ ਮਾਤਾ ਮਾਈਆ । ਆਪਣੇ ਘਰ ਆਪੇ ਲਏ ਸੱਦ, ਸਚ ਸੰਦੇਸਾ ਇਕ ਸੁਣਾਈਆ । ਜੋ ਜਨ ਗਾਏ ਸੋਹੰ ਸੁਹਾਗੀ ਛੰਦ, ਤਿਸ ਆਤਮ ਪਰਮਾਤਮ ਏਕਾ ਰੰਗ ਵਖਾਈਆ । ਅੱਠੇ ਪਹਿਰ ਰਖਾਏ ਪਰਮਾਨੰਦ, ਨਿਜਾਨੰਦ ਦਏ ਵਡਿਆਈਆ । ਮਨਮੁਖ ਜੀਵ ਭਾਗਾਂਮੰਦ, ਬੈਠੇ ਮੁਖ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਤ ਦਵਾਰੇ ਵਖਾਏ ਏਕਾ ਅਨੰਦ, ਅਨੰਦ ਮੰਗਲ ਏਕਾ

ਗਾਈਆ । ਸੰਤ ਦਵਾਰਾ ਸਚ ਅਨੰਦਾ, ਅਨੰਦ ਮੰਗਲ ਹਰਿ ਗਾਇਆ । ਸੰਤ ਦਵਾਰੇ ਸਾਚਾ ਚੰਦਾ, ਸਤਿ ਪੁਰਖ ਨਿਰੰਜਣ ਆਪ ਚੜ੍ਹਾਇਆ । ਸੰਤ ਦਵਾਰਾ ਉਚ ਨਵ ਖੰਡਾ, ਕੋਟਨ ਬ੍ਰਹਿਮੰਡ ਚਰਨਾਂ ਹੇਠ ਦਬਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਸੰਤ ਆਪਣਾ ਨਾਮ ਜਣਾਇਆ । ਸੰਤ ਜਣਾਏ ਜਾਣੇ ਜਨ, ਜਾਣਨਹਾਰ ਗੋਪਾਲਾ । ਸੰਤ ਸਾਜਣ ਸਤਿਗੁਰ ਗਏ ਬਣ, ਏਕਾ ਪਾਈ ਨਾਮ ਸੱਚੀ ਮਾਲਾ । ਏਕਾ ਨੂਰ ਏਕਾ ਚੰਨ, ਏਕਾ ਜੋਤ ਜੋਤ ਉਜਾਲਾ । ਏਕਾ ਰਾਗ ਏਕਾ ਕੰਨ, ਏਕਾ ਦਵਾਰ ਸੱਚੀ ਧਰਮਸਾਲਾ । ਏਕਾ ਬੇੜਾ ਦੇਵੇ ਬੰਨ੍ਹ, ਤੋੜਣਹਾਰ ਜਗਤ ਜੰਜਾਲਾ । ਜਿਸ ਜਨ ਦੇਵੇ ਨਾਮ ਧਨ, ਸੋ ਹੋਏ ਨਾ ਮਾਤ ਕੰਗਾਲਾ । ਹਰਿ ਜਨ ਤੇਰਾ ਵਸੇਰਾ ਬਿਨ ਛੱਪਰੀ ਛੰਨ, ਪੁਰਖ ਅਬਿਨਾਸ਼ੀ ਤੇਰਾ ਰਖਵਾਲਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਸਦਾ ਪ੍ਰਿਤਪਾਲਾ । ਪ੍ਰਿਤਪਾਲ ਕਰੇ ਸਦਾ ਪ੍ਰਿਤਪਾਲਕ, ਆਦਿ ਜੁਗਾਦਿ ਵਡਿਆਈਆ । ਖ਼ਲਕਤ ਵੇਖੇ ਹਰਿ ਹਰਿ ਖ਼ਾਲਕ, ਖ਼ਾਲਕ ਮਖ਼ਲੂਕ ਖੇਲ ਖਿਲਾਈਆ । ਜਨ ਭਗਤਾਂ ਬਣਿਆ ਸਾਚਾ ਸਾਲਸ, ਸਚ ਸਾਲਸੀ ਆਪ ਕਮਾਈਆ । ਨਾਤਾ ਤੋੜੇ ਨਿੰਦਰਾ ਆਲਸ, ਸਾਚਾ ਨਾਮ ਝੋਲੀ ਪਾਈਆ । ਏਕਾ ਨਾਮ ਵਖਾਏ ਖ਼ਾਲਸ, ਬ੍ਰਹਮ ਪਾਰਬ੍ਰਹਮ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਏਕਾ ਨਾਮ ਰਿਹਾ ਜਪਾਈਆ । ਅੰਮ੍ਰਿਤ ਬਰਖਾ ਗੁਰਸਿਖ ਅੰਦਰ, ਮਨਮੁਖ ਅਗਨੀ ਅੱਗ ਜਲਾਈਆ । ਅੰਮ੍ਰਿਤ ਬਰਖਾ ਗੁਰਸਿਖ ਮੰਦਰ, ਮਨਮੁਖ ਧੂੰਆਂਧਾਰ ਰਖਾਈਆ । ਅੰਮ੍ਰਿਤ ਬਰਖਾ ਗੁਰਸਿਖ ਤੇਰੀ ਡੂੰਘੀ ਕੰਦਰ, ਮਨਮੁਖ ਬੈਠੇ ਮੁਖ ਛੁਪਾਈਆ । ਅੰਮ੍ਰਿਤ ਬਰਖਾ ਤੋੜੇ ਜੰਦਰ, ਤ੍ਰੈ ਧਾਤੂ ਤਾਲਾ ਰਹਿਣ ਨਾ ਪਾਈਆ । ਅੰਮ੍ਰਿਤ ਬਰਖਾ ਫੁਲ ਫੁਲਵਾੜੀ ਮਹਿਕਾਏ ਕਾਇਆ ਖੰਡਰ, ਪੱਤ ਪੱਤ ਡਾਲ੍ਹੀ ਤਨ ਮਹਿਕਾਈਆ । ਅੰਮ੍ਰਿਤ ਬਰਖਾ ਮੂਰਛਾ ਕਰੇ ਮਨ ਬੰਦਰ, ਉਠ ਉਠ ਨਾ ਦਹਿ ਦਿਸ਼ ਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਮ੍ਰਿਤ ਬਰਖਾ ਦਏ ਸਮਝਾਈਆ । ਅੰਮ੍ਰਿਤ ਬਰਖਾ ਆਤਮ ਰਸ, ਗੁਰਮੁਖ ਵਿਰਲਾ ਪਾਇੰਦਾ । ਸਤਿਗੁਰ ਪੂਰਾ ਦੇਵੇ ਹੱਸ ਹੱਸ, ਆਪਣਾ ਭੰਡਾਰਾ ਆਪ ਵਰਤਾਇੰਦਾ । ਆਪਣੀ ਹੱਥੀਂ ਕਰ ਕਿਰਪਾ ਗੁਰਸਿਖ ਤੇਰੇ ਅੰਦਰ ਦੇਵੇ ਰੱਖ, ਫੇਰ ਬਾਹਰ ਨਾ ਕੋਇ ਕਢਾਇੰਦਾ । ਆਪਣੇ ਪਰਦੇ ਦੇਵੇ ਢਕ, ਜਗਤ ਪਰਦਾ ਨਾ ਕੋਇ ਪਾਇੰਦਾ । ਅੰਮ੍ਰਿਤ ਬਰਸ ਆਪ ਹੋਏ ਵਸ, ਆਪਣਾ ਰਸ ਆਪ ਚਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਮ੍ਰਿਤ ਬਰਖਾ ਆਪੇ ਲਾਇੰਦਾ । ਅੰਮ੍ਰਿਤ ਬਰਖਾ ਨਿਝਰ ਧਾਰ, ਝਿਰਨਾ ਆਪ ਝਿਰਾਈਆ । ਕਵਲੀ ਕਵਲ ਪਏ ਫੁਹਾਰ, ਬੂੰਦੀ ਬੂੰਦ ਬੂੰਦ ਟਪਕਾਈਆ । ਸੁਰਤੀ ਮੌਲੇ ਖਿੜੇ ਗੁਲਜ਼ਾਰ, ਬਸੰਤੀ ਰੁੱਤ ਆਪ ਬਣਾਈਆ । ਭੌਰਾ ਗੂੰਜੇ ਆਪ ਨਿਰੰਕਾਰ, ਕਲੀ ਕਲੀ ਵੇਖ ਮਹਿਕਾਈਆ । ਗੁਰਸਿਖ ਤੇਰੀ ਅੰਮ੍ਰਿਤ ਬਹਾਰ, ਤੇਰੀ ਕਾਇਆ ਅੰਦਰ ਸੋਭਾ ਪਾਈਆ । ਲੱਖ ਚੁਰਾਸੀ ਨਿਤ ਨਵਿਤ ਛਿਆਨਵੇ ਕਰੋੜ ਮੇਘਲਾ ਬਰਸੇ ਆਪਣੀ ਧਾਰ, ਸਾਂਤ ਕਿਸੇ ਹੱਥ ਨਾ ਆਈਆ । ਗੁਰਸਿਖ ਚਾਤਰਕ ਏਕਾ ਬੂੰਦ ਸਵਾਂਤੀ ਮੰਗੇ ਏਕਾ ਵਾਰ, ਪੀ ਪੀ ਪੀ ਪੀਆ ਆਪਣਾ ਲਏ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਅੰਮ੍ਰਿਤ ਮੇਘ ਬਰਸਾਈਆ । ਅੰਮ੍ਰਿਤ ਮੇਘ ਠੰਡਾ ਪਾਣੀ, ਗੁਰ ਸਤਿਗੁਰ ਆਪ ਬਰਸਾਇੰਦਾ । ਸੁਰਤੀ ਮਿਲਾਏ ਸ਼ਬਦ ਹਾਣੀ, ਦੋਹਾਂ ਵਿਚੋਲਾ ਆਪ ਹੋ ਜਾਇੰਦਾ । ਆਪ ਸੁਣਾਏ ਆਪਣੀ ਅਕਥ ਕਹਾਣੀ, ਜਗਤ ਕਿਤਾਬ ਨਾ ਕੋਇ ਪੜ੍ਹਾਇੰਦਾ । ਸ਼ਾਸਤਰ ਸਿਮਰਤ

ਵੇਦ ਪੁਰਾਨ, ਜੀਵ ਜੰਤ ਜਸ ਗੌਣ ਸ਼ਾਹ ਸੁਲਤਾਨੀ, ਹਰਿ ਕਾ ਨਾਉਂ ਸ਼ਹਿਨਸ਼ਾਹ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਅੰਮ੍ਰਿਤ ਭੰਡਾਰਾ ਏਕਾ ਭਰ, ਅੰਮ੍ਰਿਤ ਮੇਘ ਆਪ ਬਰਸਾਇੰਦਾ । ਗੁਰ ਸਤਿਗੁਰ ਸੱਚਾ ਏਕ ਹੈ, ਆਦਿ ਜੁਗਾਦਿ ਸਮਾਏ । ਜੁਗ ਜੁਗ ਜਨ ਭਗਤਾਂ ਦੇਵੇ ਟੇਕ ਹੈ, ਰੂਪ ਅਨੂਪ ਵਟਾਏ । ਤ੍ਰੈਗੁਣ ਮਾਇਆ ਨਾ ਲਾਏ ਸੇਕ ਹੈ, ਜਿਸ ਜਨ ਆਪਣੀ ਬੂਝ ਬੁਝਾਏ । ਧੁਰ ਦਾ ਮਸਤਕ ਲਿਖੇ ਲੇਖ ਹੈ, ਪੂਰਬ ਲੇਖਾ ਦਏ ਚੁਕਾਏ । ਸਦ ਵਸੇ ਕਾਇਆ ਦੇਸ ਹੈ, ਹਰ ਘਰ ਆਪਣਾ ਆਸਣ ਲਾਏ । ਤਖ਼ਤ ਨਿਵਾਸੀ ਨਰ ਨਰੇਸ਼ ਹੈ, ਨਰ ਨਰਾਇਣ ਸੱਚਾ ਸ਼ਹਿਨਸ਼ਾਹੇ । ਤਿਸ ਅੱਗੇ ਚਲੇ ਨਾ ਕੋਈ ਪੇਸ਼ ਹੈ, ਮਨ ਮਮਤਾ ਦਏ ਖਪਾਏ । ਤਿਸ ਸਤਿਗੁਰ ਸਦਾ ਆਦੇਸ ਹੈ, ਜੋ ਮਨ ਕਾ ਭੌ ਮਿਟਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸਾਚਾ ਇਕ ਸਮਝਾਏ । ਸਤਿਗੁਰ ਸੱਚਾ ਦੀਨ ਦਿਆਲਾ, ਆਦਿ ਜੁਗਾਦਿ ਸਮਾਇਆ । ਜੁਗਾ ਜੁਗੰਤਰ ਕਰੇ ਪ੍ਰਿਤਪਾਲਾ, ਹਰਿਜਨ ਸਾਚੇ ਲਏ ਤਰਾਇਆ । ਦੋ ਜਹਾਨ ਬਣੇ ਰਖਵਾਲਾ, ਏਥੇ ਓਥੇ ਹੋਏ ਸਹਾਇਆ । ਨੇੜ ਨਾ ਆਏ ਕਾਲ ਮਹਾਕਾਲਾ, ਜਿਸ ਸਿਰ ਆਪਣਾ ਹੱਥ ਟਿਕਾਇਆ । ਤਨ ਅੰਤਰ ਆਪਣਾ ਨਾਉਂ ਪਾਏ ਸਾਚੀ ਮਾਲਾ, ਮਨ ਕਾ ਮਣਕਾ ਆਪ ਭੁਆਇਆ । ਤ੍ਰੈਗੁਣ ਤੋੜੇ ਜਗਤ ਜੰਜਾਲਾ, ਜਾਗਰਤ ਜੋਤ ਕਰੇ ਰੁਸ਼ਨਾਇਆ । ਘਰ ਵਿਚ ਘਰ ਵਖਾਏ ਸੱਚੀ ਧਰਮਸਾਲਾ, ਘਰ ਮੰਦਰ ਆਪ ਸੁਹਾਇਆ । ਘਰ ਦੀਪ ਕਰੇ ਉਜਾਲਾ, ਨਿਰਗੁਣ ਜੋਤ ਨੂਰ ਰੁਸ਼ਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸੱਚਾ ਇਕ ਅਖਵਾਇਆ । ਸਤਿਗੁਰ ਸੱਚਾ ਸਦਾ ਸਮਰਥ, ਮਹਿਮਾ ਕਥ ਕਥੀ ਨਾ ਜਾਈਆ । ਗੁਰਸਿਖਾਂ ਦੇਵੇ ਨਾਮ ਵੱਥ, ਵਸਤ ਅਮੋਲਕ ਝੋਲੀ ਪਾਈਆ । ਅੰਦਰੇ ਅੰਦਰ ਮਾਰਗ ਦੱਸ, ਰਸਨਾ ਜੇਹਵਾ ਨਾ ਕੋਇ ਹਿਲਾਈਆ । ਆਪਣਾ ਤੀਰ ਨਿਰਾਲਾ ਮਾਰੇ ਬਾਣ ਕਸ, ਪੰਚ ਵਿਕਾਰਾ ਢਹਿ ਢੇਰੀ ਹੋਏ ਨਾ ਕੋਇ ਸਕੇ ਸੀਸ ਉਠਾਈਆ । ਨਿਰਗੁਣ ਸੁਰਤੀ ਸ਼ਬਦੀ ਮੇਲ ਕਰਾਏ ਹੱਸ ਹੱਸ, ਵਾਹ ਵਾ ਵਜਦੀ ਰਹੇ ਵਧਾਈਆ । ਪੂਰੀ ਕਰੇ ਸਦਾ ਆਸ, ਨਿਰਾਸ ਨਾ ਕੋਇ ਜਣਾਈਆ । ਗੁਰਸਿਖ ਕਦੇ ਨਾ ਹੋਏ ਨਿਰਾਸ, ਜਿਸ ਸਤਿਗੁਰ ਮਿਲਿਆ ਸੱਚਾ ਮਾਹੀਆ । ਪਾਰ ਕਰਾਏ ਪ੍ਰਿਥਮੀ ਆਕਾਸ਼, ਆਕਾਸ਼ ਆਕਾਸ਼ਾਂ ਚਰਨਾਂ ਹੇਠ ਦਬਾਈਆ । ਏਕਾ ਆਪਣੀ ਜੋਤ ਨਿਰਮਲ ਨਿਰਮਲ ਕਰੇ ਪਰਕਾਸ਼, ਦੀਪਕ ਦੀਪਕ ਨਾਲ ਜਗਾਈਆ । ਨਿਜ ਘਰ ਅੰਦਰ ਕਰ ਕਰ ਵਾਸ, ਆਪਣਾ ਪਰਦਾ ਦਏ ਉਠਾਈਆ । ਆਪੇ ਵਸੇ ਪਵਣ ਸਵਾਸ, ਸਵਾਸ ਸਵਾਸਾਂ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸੱਚਾ ਇਕ ਸਮਝਾਈਆ । ਸਤਿਗੁਰ ਸੱਚਾ ਸ੍ਰੀ ਭਗਵਾਨ, ਆਪਣੀ ਖੇਲ ਖਿਲਾਇੰਦਾ । ਗੁਰ ਸਤਿਗੁਰ ਰੂਪ ਹੋ ਪਰਧਾਨ, ਲੋਕਮਾਤ ਵੇਸ ਵਟਾਇੰਦਾ । ਗੁਰਸਿਖਾਂ ਦੇਵੇ ਨਾਮ ਦਾਨ, ਦਾਤਾ ਦਾਨੀ ਝੋਲੀ ਪਾਇੰਦਾ । ਏਕਾ ਰਾਗ ਸੁਣਾਏ ਕਾਨ, ਅਨਹਦ ਨਾਦੀ ਨਾਦ ਵਜਾਇੰਦਾ । ਅੱਠੇ ਪਹਿਰ ਰਹੇ ਧੁਨਕਾਨ, ਧੁਨ ਆਤਮਕ ਆਪ ਸੁਣਾਇੰਦਾ । ਸੁਰਤ ਸੁਆਣੀ ਸੁਣ ਸੁਣ ਹੋਏ ਹੈਰਾਨ, ਸੁਰਤੀ ਸੁਰਤ ਸੁਰਤ ਗਵਾਇੰਦਾ । ਸਤਿਗੁਰ ਸਦਾ ਸਦਾ ਸਦ ਜਾਣੀ ਜਾਣ, ਕਿਸੇ ਕੋਲੋਂ ਪੜ੍ਹਨ ਕਦੇ ਨਾ ਜਾਇੰਦਾ । ਆਪਣੀ ਸਿਖਿਆ ਦੇਵੇ ਧੁਰ ਫ਼ਰਮਾਨ, ਗੁਰਸਿਖਾਂ ਆਪ ਪੜ੍ਹਾਇੰਦਾ । ਚਰਨ ਕਵਲ ਕਵਲ ਚਰਨ ਬਖ਼ਸ਼ੇ ਇਕ ਧਿਆਨ, ਧਿਆਨ ਧਿਆਨ ਵਿਚ ਟਿਕਾਇੰਦਾ । ਆਪਣਾ ਨਾਉਂ ਦੇਵੇ ਸ਼ਬਦ ਬਬਾਣ, ਮਿਹਬਾਨ ਬੀਦੋ ਬੀ ਖ਼ੈਰ ਯਾ ਅੱਲਾ ਆਪਣਾ ਨੂਰ

ਆਪ ਪਰਗਟਾਇੰਦਾ । ਕਾਇਆ ਕਾਅਬਾ ਵੇਖੇ ਆਪ ਮਿਹਰਵਾਨ, ਦੋ ਦੋ ਆਬਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸੱਚਾ ਏਕਾ ਵਰ, ਆਪਣਾ ਨਾਉਂ ਜਣਾਇੰਦਾ । ਦੇਵੇ ਨਾਉਂ ਸਤਿਗੁਰ ਦੇਵ, ਗੁਰ ਸਤਿਗੁਰ ਦਇਆ ਕਮਾਈਆ । ਮਿਹਰਵਾਨ ਹੋਏ ਅਲਖ ਅਭੇਵ, ਅਗੰਮ ਅਗੋਚਰ ਸੱਚਾ ਸ਼ਹਿਨਸ਼ਾਹੀਆ । ਗੁਰ ਕੀ ਮਹਿਮਾ ਕੀ ਰਸਨਾ ਗਾਏ ਜੇਹਵ, ਲੱਖ ਲੱਖ ਜੇਹਵਾ ਕੋਟਨ ਕੋਟ ਰੂਪ ਧਰ ਧਰ ਹਰਿ ਕਾ ਜਸ ਕਥ ਨਾ ਸਕੇ ਰਾਈਆ । ਜਿਸ ਜਨ ਬਖ਼ਸ਼ੇ ਆਪਣੀ ਸੇਵ, ਤਿਸ ਆਪਣੀ ਬੂਝ ਬੁਝਾਈਆ । ਆਪਣਾ ਪ੍ਰੇਮ ਬਖ਼ਸ਼ੇ ਅੰਮ੍ਰਿਤ ਮੇਵ, ਗੁਰਸਿਖ ਰਸ ਚਖ ਚਖ ਬਿਗਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸਤਿਗੁਰ ਆਦਿ ਜੁਗਾਦਿ ਸਦਾ ਸਦਾ ਸਦਾ ਸਹਾਈਆ । ਸਤਿਗੁਰ ਕੀ ਵੰਡ ਕੋਇ ਨਾ ਵੰਡੇ, ਵੰਡਣ ਵਿਚ ਕਦੇ ਨਾ ਆਇਆ । ਸਤਿਗੁਰ ਵਸੇ ਕੋਟਨ ਕੋਟ ਬ੍ਰਹਿਮੰਡੇ, ਬ੍ਰਹਿਮੰਡ ਆਪਣਾ ਖੇਲ ਖਿਲਾਇਆ । ਸਤਿਗੁਰ ਪਾਵੇ ਸਾਰ ਜੇਰਜ ਅੰਡੇ, ਉਤਭੁਜ ਸੇਤਜ ਆਪਣਾ ਰੂਪ ਪਰਗਟਾਇਆ । ਸਤਿਗੁਰ ਸ਼ਬਦ ਤਿਖੀ ਧਾਰ ਖੰਡੇ, ਖੰਡਾ ਧਾਰ ਮੁਖ ਸ਼ਰਮਾਇਆ । ਸਤਿਗੁਰ ਸਿੰਘ ਗੁਰਮੁਖ ਵਿਰਲੀ ਨਾਰੀ ਹੰਢੇ, ਲੱਖ ਚੁਰਾਸੀ ਬੈਠੀ ਮੁਖ ਛੁਪਾਇਆ । ਸਤਿਗੁਰ ਪੂਰਾ ਗੁਰਸਿਖ ਤੇਰੀ ਟੁੱਟੀ ਗੰਢੇ, ਟੁੱਟੀ ਗੰਢਣਹਾਰ ਦਇਆ ਕਮਾਇਆ । ਮਨ ਵਾਸਨਾ ਮਨ ਇਛਿਆ ਜਗਤ ਵਿਚਾਰ ਪਾਏ ਡੰਡੇ, ਗੁਰਮਤ ਗੁਰਸਿਖ ਗੁਰ ਕਾ ਬਚਨ ਨਾ ਕੋਇ ਉਲਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਜਿਸ ਜਨ ਵਖਾਏ ਸਾਚਾ ਘਰ, ਤਿਸ ਜਨ ਗ਼ੁੱਸਾ ਕਦੇ ਨਾ ਆਇਆ । ਆਪੇ ਸੰਤ ਆਪੇ ਸਾਧ, ਸਗਲ ਸ੍ਰਿਸ਼ਟ ਆਪ ਉਪਾਇੰਦਾ । ਆਪੇ ਸ਼ਬਦ ਬੋਧ ਅਗਾਧ, ਆਪੇ ਨਾਦ ਅਨਾਦਿ ਸੁਣਾਇੰਦਾ । ਆਪੇ ਵਾਦ ਆਪੇ ਵਿਵਾਦ, ਆਪੇ ਵਿਸ ਰੂਪ ਹੋ ਜਾਇੰਦਾ । ਆਪੇ ਭਗਤ ਆਪ ਭਗਵਾਨ, ਭਗਤੀ ਨਾਮ ਆਪ ਦ੍ਰਿੜਾਇੰਦਾ । ਆਪੇ ਹੋਏ ਪੰਜ ਸ਼ੈਤਾਨ, ਘਰ ਘਰ ਖੇਲ ਖਿਲਾਇੰਦਾ । ਆਪੇ ਪੰਚ ਸ਼ਬਦ ਧੁੰਨਕਾਰ, ਨਾਦੀ ਨਾਦ ਵਜਾਇੰਦਾ । ਆਪੇ ਪੰਜ ਤੱਤ ਜੂਠਾ ਝੂਠਾ ਹੋਏ ਨਿਸ਼ਾਨ, ਨੌਂ ਖੰਡ ਸੱਤ ਦੀਪ ਲੱਖ ਚੁਰਾਸੀ ਘਟ ਘਟ ਅੰਦਰ ਡੌਰੂ ਵਾਇੰਦਾ । ਆਪੇ ਹੋਏ ਬੇਪਛਾਣ, ਦਿਸ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪਣੀ ਕਲ ਕੁਲਵੰਤਾ ਅਕਲ ਕਲ ਧਾਰੀ ਆਪਣੇ ਵਿਚ ਰਖਾਇੰਦਾ । ਸਤਿਗੁਰ ਪੂਰਾ ਸਿਮਰੋ ਏਕ, ਦੂਸਰ ਅਵਰ ਨਾ ਕੋਇ ਚਤੁਰਾਈਆ । ਚਰਨ ਕਵਲ ਜਨ ਰਾਖੋ ਟੇਕ, ਗੁਰ ਪੂਰੇ ਬੂਝ ਬੁਝਾਈਆ । ਤ੍ਰੈਗੁਣ ਮਾਇਆ ਨਾ ਲੱਗੇ ਸੇਕ, ਅਗਨੀ ਤੱਤ ਨਾ ਕੋਇ ਜਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਗੁਣ ਦਏ ਵਖਾਈਆ । ਸਤਿਗੁਰ ਪੂਰਾ ਦੀਨ ਦਿਆਲਾ, ਆਦਿ ਜੁਗਾਦਿ ਸਮਾਇਆ । ਗੁਰਮੁਖਾਂ ਕਰੇ ਸਦਾ ਪ੍ਰਿਤਪਾਲਾ, ਜਿਸ ਜਨ ਆਪਣੀ ਦਇਆ ਕਮਾਇਆ । ਚਰਨ ਕਵਲ ਵਖਾਏ ਸੱਚੀ ਧਰਮਸਾਲਾ, ਦਰ ਘਰ ਸਾਚਾ ਦਏ ਸਮਝਾਇਆ । ਨੇੜ ਨਾ ਆਏ ਕਾਲ ਮਹਾਕਾਲਾ, ਪੁਰਖ ਅਬਿਨਾਸ਼ੀ ਹੋਏ ਸਹਾਇਆ । ਏਕਾ ਦੇਵੇ ਨਾਮ ਸੱਚਾ ਧੰਨ ਮਾਲਾ, ਸਚ ਖ਼ਜ਼ੀਨਾ ਆਪ ਭਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਭੇਵ ਦਏ ਖੁਲ੍ਹਾਇਆ । ਸਤਿਗੁਰ ਪੂਰਾ ਏਕਾ ਦਾਤਾ, ਦਇਆਨਿਧ ਅਖਵਾਈਆ । ਹਰਿਜਨ ਮੇਟੇ ਅੰਧੇਰੀ ਰਾਤਾ, ਅਗਿਆਨ ਅੰਧੇਰ ਦਏ ਗਵਾਈਆ । ਮੇਲ ਮਿਲਾਏ ਕਮਲਾਪਾਤਾ, ਕਵਲ ਨੈਣ ਸੱਚਾ ਸ਼ਹਿਨਸ਼ਾਹੀਆ । ਨਾਤਾ ਤੋੜੇ ਜ਼ਾਤਾ ਪਾਤਾ, ਵਰਨ ਬਰਨ ਦਏ ਮਿਟਾਈਆ । ਏਥੇ ਓਥੇ ਨਿਭਾਏ ਸਗਲਾ ਸਾਥਾ,

੯੩੯
੧੦

ਵਿਛੜ ਕਦੇ ਨਾ ਜਾਈਆ । ਏਕਾ ਮੰਤਰ ਜਣਾਏ ਪੂਜਾ ਪਾਠਾ, ਪੜ੍ਹ ਪੜ੍ਹ ਰਸਨਾ ਵਾਦ ਨਾ ਕੋਇ ਵਧਾਈਆ । ਏਕਾ ਵਖਾਏ ਤੀਰਥ ਤਾਟਾ, ਸਰ ਸਰੋਵਰ ਇਕ ਨੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰ ਕਿਰਪਾ ਮੇਲੇ ਮੇਲ ਸੱਚਾ ਸ਼ਹਿਨਸ਼ਾਹੀਆ । ਗੁਰਸਿਖ ਉਠਣਾ ਜਾਗ, ਹਰਿ ਸਾਚਾ ਸਚ ਜਗਾਇੰਦਾ । ਗੁਰ ਕਾ ਸ਼ਬਦ ਤੇਰਾ ਵੈਰਾਗ, ਤੇਰੀ ਸੁਰਤੀ ਬੰਧਨ ਪਾਇੰਦਾ । ਤੇਰੀ ਆਸਾ ਤ੍ਰਿਸਨਾ ਵੇਖੇ ਉਡਦੀ ਵਾਂਗ ਕਾਗ, ਫੜ ਫੜ ਹੰਸ ਰੂਪ ਵਟਾਇੰਦਾ । ਤੇਰਾ ਦੀਪਕ ਜੋਤ ਜਗੇ ਚਿਰਾਗ਼, ਸਤਿਗੁਰ ਪੂਰਾ ਆਪ ਜਗਾਇੰਦਾ । ਹੰ ਬ੍ਰਹਮ ਬਣਾਏ ਤੇਰਾ ਸਾਕ, ਸਗਲਾ ਸੰਗ ਆਪ ਨਿਭਾਇੰਦਾ । ਦਰਸ ਦਿਖਾਏ ਇਕ ਇਕਾਂਤ, ਇਕ ਇਕੱਲਾ ਵੇਸ ਵਟਾਇੰਦਾ । ਅੰਮ੍ਰਿਤ ਪਿਆਏ ਬੂੰਦ ਸਵਾਂਤ, ਨਿਝਰ ਝਿਰਨਾ ਆਪ ਝਿਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਵਸੇ ਏਕਾ ਘਰ, ਘਰ ਸਾਚਾ ਆਪ ਵਡਿਆਇੰਦਾ । ਗੁਰਸਿਖ ਆਸਾ ਮਨਸਾ ਪੂਰ, ਅਗਨੀ ਤੱਤ ਨਾ ਕੋਇ ਜਲਾਈਆ । ਸਤਿਗੁਰ ਸਾਚਾ ਹਾਜ਼ਰ ਹਜ਼ੂਰ, ਹਰਿ ਕੇ ਪੌੜੇ ਦਏ ਚੜ੍ਹਾਈਆ । ਆਤਮ ਦੇਵੇ ਸਾਚਾ ਨੂਰ, ਨੂਰ ਨੁਰਾਨਾ ਸੱਚਾ ਸ਼ਹਿਨਸ਼ਾਹੀਆ । ਹਉਮੇ ਹੰਗਤਾ ਤੋੜੇ ਗੜ੍ਹ ਗ਼ਰੂਰ, ਸਾਚੀ ਸੰਗਤਾ ਲਏ ਮਿਲਾਈਆ । ਕਾਇਆ ਤਪੇ ਨਾ ਵਾਂਗ ਤੰਦੂਰ, ਸਤਿ ਸਤਿ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਖੇਲ ਰਿਹਾ ਖਲਾਈਆ । ਹਰਿ ਹਰਿ ਖੇਲ ਖਿਲਾਇੰਦਾ, ਆਦਿ ਜੁਗਾਦੀ ਕਾਰ । ਨਿਰਗੁਣ ਰੂਪ ਆਪ ਅਖਵਾਇੰਦਾ, ਰੂਪ ਰੰਗ ਰੇਖ ਤੇ ਵਸਿਆ ਬਾਹਰ । ਸਰਗੁਣ ਆਪਣੀ ਧਾਰ ਚਲਾਇੰਦਾ, ਗੁਰ ਗੁਰ ਲੋਕਮਾਤ ਹੋ ਉਜਿਆਰ । ਸ਼ਬਦੀ ਸ਼ਬਦ ਨਾਦ ਵਜਾਇੰਦਾ, ਇਕ ਇਕੱਲਾ ਏਕੰਕਾਰ । ਬ੍ਰਹਮ ਬ੍ਰਹਿਮਾਦਿ ਖੋਜ

੯੪੦ ੧੦
ਖੋਜਾਇੰਦਾ, ਲੱਖ ਚੁਰਾਸੀ ਪਾਵੇ ਸਾਰ । ਭਗਤ ਭਗਵੰਤ ਆਪ ਉਠਾਇੰਦਾ, ਦੇਵੇ ਨਾਮ ਆਧਾਰ । ਸਾਚੇ ਸੰਤਾਂ ਮੇਲ ਮਿਲਾਇੰਦਾ, ਖੋਲ੍ਹੇ ਬੰਦ ਕਿਵਾੜ । ਗੁਰਮੁਖ ਆਪਣੀ ਗੋਦ ਬਹਾਇੰਦਾ, ਲੱਖ ਚੁਰਾਸੀ ਵਿਚੋਂ ਕੱਢੇ ਬਾਹਰ । ਗੁਰਸਿਖ ਸਾਚਾ ਰਾਹ ਵਖਾਇੰਦਾ, ਸਾਚੀ ਸਿਖਿਆ ਕਰ ਵਿਚਾਰ । ਏਕਾ ਮੰਤਰ ਸ਼ਬਦ ਨਾਮ ਦ੍ਰਿੜਾਇੰਦਾ, ਇਸ਼ਟ ਦੇਵ ਗੁਰ ਕਰਤਾਰ । ਜਿਸ ਸਿਰ ਆਪਣਾ ਹੱਥ ਟਿਕਾਇੰਦਾ, ਸੋ ਜਨ ਉਧਰੇ ਪਾਰ । ਕਾਮ ਕਰੋਧ ਲੋਭ ਮੋਹ ਹੰਕਾਰ ਨੇੜ ਨਾ ਆਇੰਦਾ, ਆਸਾ ਤ੍ਰਿਸਨਾ ਕਰੇ ਖ਼ਵਾਰ । ਸਾਚੇ ਮੰਦਰ ਆਪ ਬਹਾਇੰਦਾ, ਸਤਿਗੁਰ ਪੂਰਾ ਕਰੇ ਪਿਆਰ । ਲਾੜੀ ਮੌਤ ਦਰ ਦੁਰਕਾਇੰਦਾ, ਰਾਏ ਧਰਮ ਨਾ ਮਾਰੇ ਮਾਰ । ਚਿਤਰ ਗੁਪਤ ਨਾ ਲੇਖ ਵਖਾਇੰਦਾ, ਗੁਰਸਿਖ ਤੇਰੀ ਮਹਿਮਾ ਅਪਰ ਅਪਾਰ । ਤੇਰਾ ਸਤਿਗੁਰ ਤੇਰੀ ਸੇਵ ਕਮਾਇੰਦਾ, ਅੱਠੇ ਪਹਿਰ ਖ਼ਬਰਦਾਰ । ਜੋ ਜਨ ਗੁਰ ਤੋਂ ਮੁਖ ਭਵਾਇੰਦਾ, ਮਰ ਮਰ ਜੰਮੇ ਆਵੇ ਵਾਰੋ ਵਾਰ । ਸੁਰਤੀ ਸ਼ਬਦ ਨਾ ਕੋਇ ਮਿਲਾਇੰਦਾ, ਨਾਰ ਦੁਹਾਗਣ ਫਿਰੇ ਵਿਚ ਸੰਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਬਿਨ ਸਤਿਗੁਰ ਪੂਰੇ ਕੋਇ ਨਾ ਉਤਰੇ ਪਾਰ । ਸਤਿਗੁਰ ਪੂਰੇ ਲੱਗੋ ਚਰਨ, ਚਰਨ ਕਵਲ ਵਡੀ ਵਡਿਆਈਆ । ਨੇਤਰ ਖੋਲ੍ਹੇ ਹਰਨ ਫਰਨ, ਨੈਣ ਨੈਣ ਨੈਣ ਦਰਸਾਈਆ । ਨਾਤਾ ਤੋੜੇ ਮਰਨ ਡਰਨ, ਮਰਨ ਡਰਨ ਵਿਚ ਨਾ ਆਈਆ । ਕਿਰਪਾ ਕਰੇ ਕਰਨੀ ਕਰਨ, ਕਰਤਾ ਪੁਰਖ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਮਾਰਗ ਰਿਹਾ ਵਖਾਈਆ । ਏਕਾ ਮਾਰਗ ਪੁਰਖ ਸਮਰਥ, ਆਦਿ ਜੁਗਾਦਿ ਰਖਾਇੰਦਾ । ਜੁਗ ਜੁਗ ਚਲਾਏ ਭਗਤਾਂ ਰਥ, ਰਥ ਰਥਵਾਹੀ ਸੇਵ ਕਮਾਇੰਦਾ । ਸੰਤਾਂ ਦੇਵੇ ਏਕਾ ਮਤ, ਆਪਣੀ ਮਤ ਆਪ ਜਣਾਇੰਦਾ । ਗੁਰਮੁਖਾਂ ਬੰਨ੍ਹੇ

ਸਾਚਾ ਨਤ, ਨਾਤਾ ਬਿਧਾਤਾ ਜੋੜ ਜੁੜਾਇੰਦਾ । ਗੁਰਸਿਖਾਂ ਸੁਣਾਏ ਸਾਚੀ ਗਾਥ, ਆਪਣਾ ਮੰਤਰ ਆਪ ਅਲਾਇੰਦਾ । ਲਹਿਣਾ ਦੇਣਾ ਚੁੱਕੇ ਪੂਜਾ ਪਾਠ, ਜਿਸ ਜਨ ਉਪਰ ਸਤਿਗੁਰ ਪੂਰਾ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਈ ਸੁਰਤੀ ਆਪ ਜਗਾਇੰਦਾ । ਸੋਈ ਸੁਰਤੀ ਜਾਏ ਉਠ, ਸਤਿਗੁਰ ਪੂਰਾ ਆਪ ਜਗਾਈਆ । ਹੋ ਮਿਹਰਵਾਨ ਜਾਏ ਤੁਠ, ਦੀਨਨ ਦੀਨ ਦਿਆਲਾ ਆਪਣੀ ਦਇਆ ਕਮਾਈਆ । ਪੰਚ ਵਿਕਾਰਾ ਕੱਢੇ ਕੁੱਟ, ਕਾਮ ਕਰੋਧ ਲੋਭ ਮੋਹ ਹੰਕਾਰ ਨੇੜ ਨਾ ਆਈਆ । ਅੰਮ੍ਰਿਤ ਜਾਮ ਪਿਆਏ ਘੁੱਟ, ਬੂੰਦ ਸਵਾਂਤੀ ਆਪ ਚੁਆਈਆ । ਆਪ ਜਗਾਏ ਨਿਰਮਲ ਜੋਤ, ਜੋਤ ਨਿਰੰਜਣ ਕਰ ਰੁਸ਼ਨਾਈਆ । ਝੂਠਾ ਢਾਏ ਕਿਲਾ ਕੋਟ, ਬਜਰ ਕਪਾਟੀ ਤੋੜ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਏਕਾ ਵਰ, ਸਾਚਾ ਮਾਰਗ ਏਕਾ ਲਾਈਆ । ਸਾਚਾ ਮਾਰਗ ਆਦਿ ਜੁਗਾਦਿ, ਹਰਿ ਸੰਤਾਂ ਸਤਿ ਜਣਾਇੰਦਾ । ਭਗਤਨ ਦੇਵੇ ਏਕਾ ਦਾਦ, ਵਸਤ ਅਮੋਲਕ ਝੋਲੀ ਪਾਇੰਦਾ । ਗੁਰਮੁਖਾਂ ਸੁਣਾਏ ਏਕਾ ਨਾਦ, ਧੁਨ ਅਨਾਦੀ ਨਾਦ ਵਜਾਇੰਦਾ । ਗੁਰਸਿਖ ਗੁਰ ਗੁਰ ਆਪੇ ਲਾਧ, ਗੁਰ ਪੂਰਾ ਮੇਲ ਮਿਲਾਇੰਦਾ । ਜੁਗਾ ਜੁਗੰਤਰ ਸੁਣ ਫ਼ਰਯਾਦ, ਲੋਕਮਾਤ ਫੇਰਾ ਪਾਇੰਦਾ । ਲੱਖ ਚੁਰਾਸੀ ਵਿਚੋਂ ਲਏ ਕਾਢ, ਆਪ ਆਪਣੀ ਗੋਦ ਬਹਾਇੰਦਾ । ਮੇਟ ਮਿਟਾਏ ਵਾਦ ਵਿਵਾਦ, ਦੁੱਖ ਰੂਪ ਨਾ ਕੋਇ ਦਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਮਾਰਗ ਆਪੇ ਲਾਇੰਦਾ । ਏਕਾ ਮਾਰਗ ਹਰਿ ਹਰਿ ਦੱਸ, ਦਹਿ ਦਿਸ਼ਾ ਵੇਖ ਵਖਾਈਆ । ਹਰਿਜਨ ਹਿਰਦੇ ਵਸ, ਹਰਿ ਹਰਿ ਆਪਣਾ ਰੂਪ ਦਰਸਾਈਆ । ਅੰਮ੍ਰਿਤ ਪਿਆਏ ਏਕਾ ਰਸ, ਰਸਕ ਰਸਕ ਏਕਾ ਰਸ ਚੁਆਈਆ । ਨਿਰਗੁਣ ਨੂਰ ਕਰੇ ਪਰਕਾਸ਼, ਪਰਕਾਸ਼ ਪਰਕਾਸ਼ ਵਿਚ ਟਿਕਾਈਆ । ਗੁਰਸਿਖ ਪੂਰੀ ਕਰੇ ਆਸ, ਨਿਰਾਸਾ ਕੋਇ ਰਹਿਣ ਨਾ ਪਾਈਆ । ਵੇਲੇ ਅੰਤ ਕਰੇ ਬੰਦ ਖ਼ੁਲਾਸ, ਸਗਲਾ ਸੰਗ ਰਖਾਈਆ । ਲਹਿਣਾ ਦੇਣਾ ਚੁਕਾਏ ਪ੍ਰਿਥਮੀ ਆਕਾਸ਼, ਗਗਨ ਮੰਡਲ ਚਰਨਾਂ ਹੇਠ ਦਬਾਈਆ । ਗੁਰਸਿਖ ਰੱਖੇ ਆਪਣੇ ਪਾਸ, ਦੂਸਰ ਡੋਰ ਨਾ ਕਿਸੇ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਗੁਣ ਦਏ ਸਮਝਾਈਆ । ਏਕਾ ਗੁਣ ਗੁਰੂ ਗੁਰਦੇਵਾ, ਗੁਰ ਮੰਤਰ ਨਾਮ ਜਣਾਇੰਦਾ । ਹਰਿ ਕਾ ਨਾਉਂ ਸਤਿਗੁਰ ਸੇਵਾ, ਅਜੱਪਾ ਜਾਪ ਆਪ ਜਪਾਇੰਦਾ । ਅੰਤਰ ਆਤਮ ਅਗੰਮੀ ਮੇਵਾ, ਨਿਜ ਆਤਮ ਆਪ ਚਖਾਇੰਦਾ । ਪਾਰਬ੍ਰਹਮ ਪਤਿਪਰਮੇਸ਼ਵਰ ਅਲਖ ਅਭੇਵਾ, ਅਗੰਮ ਅਗੰਮੜਾ ਖੇਲ ਖਿਲਾਇੰਦਾ । ਗੁਰ ਕੀ ਮਹਿਮਾ ਕਥ ਨਾ ਸਕੇ ਰਸਨਾ ਜੇਹਵਾ, ਕੋਟਨ ਕੋਟ ਜੀਵ ਬਿਲਲਾਇੰਦਾ । ਜਿਸ ਜਨ ਕੌਸਤਕ ਮਣੀਆ ਮਸਤਕ ਲਾਏ ਆਪਣਾ ਥੇਵਾ, ਜੋਤ ਲਲਾਟੀ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕ ਦਰਸਾਇੰਦਾ । ਸਾਚਾ ਮਾਰਗ ਹਰਿ ਕਾ ਦਰਸ, ਗੁਰ ਦਰਸੀ ਦਰਸ ਕਰਾਈਆ । ਜਗਤ ਚਿੰਤਾ ਮਿਟੇ ਹਰਸ, ਰੋਗ ਸੋਗ ਨਾ ਕੋਇ ਵਖਾਈਆ । ਨਾਤਾ ਤੋਟੇ ਅਰਸ਼ ਫਰਸ਼, ਮਿਲੇ ਮੇਲ ਸੱਚੇ ਸ਼ਹਿਨਸ਼ਾਹੀਆ । ਅੰਮ੍ਰਿਤ ਮੇਘ ਦੇਵੇ ਬਰਸ, ਤ੍ਰੈਕਾਲ ਦਰਸੀ ਤ੍ਰੈ ਤ੍ਰੈ ਨਾਤਾ ਤੋੜ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਬੰਧਨ ਆਪੇ ਪਾਈਆ । ਆਪਣਾ ਬੰਧਨ ਪਾਇਆ ਪੰਜ ਤੱਤ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਖੇਲ ਖਿਲਾਇਆ । ਨਾਤਾ ਜੋੜ੍ਹਿਆ ਹੱਡ ਮਾਸ ਰਕਤ, ਬੂੰਦ ਰਤ ਨਾੜ ਬਹੱਤਰ ਜੋੜ ਜੁੜਾਇਆ । ਮਨ ਮਤ ਬੁਧ ਅੰਦਰ ਰੱਖ, ਕਮਲਾਪਤ ਵੇਖ ਵਖਾਇਆ । ਨੌਂ ਨੌਂ ਵੇਖੇ ਆਪਣੇ ਸੱਥ, ਸੱਥਰ ਆਪਣਾ ਰਿਹਾ ਛੁਪਾਇਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਬਿਨ ਸਤਿਗੁਰ ਸਾਚਾ ਮਾਰਗ ਨਾ ਕੋਇ ਜਣਾਇਆ । ਸਤਿਗੁਰ ਪੂਰਾ ਹੋਏ ਮਿਹਰਵਾਨ, ਦੀਨਨ ਆਪਣੀ ਦਇਆ ਕਮਾਈਆ । ਪਹਿਲਾਂ ਬਖ਼ਸ਼ੇ ਚਰਨ ਧਿਆਨ, ਦੂਜੇ ਆਪਣਾ ਨਾਮ ਦ੍ਰਿੜਾਈਆ । ਤੀਜੇ ਨੇਤਰ ਲੋਚਣ ਖੋਲ੍ਹੇ ਆਣ, ਤੀਜੇ ਨੈਣ ਕਰੇ ਰੁਸ਼ਨਾਈਆ । ਚੌਥੇ ਚੌਥੇ ਪਦ ਮਿਲਾਵੇ ਆਣ, ਘਰ ਘਰ ਵਿਚ ਵੱਜੇ ਵਧਾਈਆ । ਪੰਚਵੇਂ ਸ਼ਬਦ ਨਾਦ ਧੁੰਨਕਾਨ, ਗ੍ਰਿਹ ਮੰਦਰ ਆਪ ਸੁਣਾਈਆ । ਛੇਵੇਂ ਛੇ ਘਰ ਕਰੇ ਪਰਵਾਨ, ਪਰਮ ਪੁਰਖ ਵਡੀ ਵਡਿਆਈਆ । ਸੱਤਵੇਂ ਸਤਿ ਸਤਿਵਾਦੀ ਸਤਿ ਪੁਰਖ ਨਿਰੰਜਣ ਆਪੇ ਹੋਏ ਜਾਣੀ ਜਾਣ, ਜਾਨਣਹਾਰ ਇਕ ਅਖਵਾਈਆ । ਅੱਠਾਂ ਤੱਤਾਂ ਦੇਵੇ ਗਿਆਨ, ਮਨ ਮਤ ਬੁਧ ਏਕਾ ਵਾਰ ਸਮਝਾਈਆ । ਨੌਂ ਦਵਾਰੇ ਝੂਠਾ ਢਾਏ ਮਕਾਨ, ਸੁਰਤੀ ਆਪਣੇ ਪ੍ਰੇਮ ਖਿਚਾਈਆ । ਏਕਾ ਨਾਦ ਨਾਦ ਧੁਨਕਾਨ, ਘਰ ਬੈਠਾ ਰਿਹਾ ਵਜਾਈਆ । ਸੁਖਮਨ ਵੇਖੇ ਨੌਜਵਾਨ, ਡੂੰਘੀ ਭਵਰੀ ਫੇਰਾ ਪਾਈਆ । ਈੜਾ ਪਿੰਗਲ ਹੋਏ ਹੈਰਾਨ, ਸਤਿਗੁਰ ਪੂਰਾ ਆਵੇ ਵਾਹੋ ਦਾਹੀਆ । ਗੁਰਮੁਖ ਸਾਚੇ ਕਰ ਪਛਾਣ, ਆਪਣਾ ਪੱਲੂ ਨਾਮ ਫੜਾਈਆ । ਅੰਮ੍ਰਿਤ ਆਤਮ ਪਿਆਏ ਆਣ, ਸਚ ਪਿਆਲਾ ਹੱਥ ਉਠਾਈਆ । ਰਾਗੀ ਰਾਗ ਸੁਣਾਏ ਸੱਚੀ ਧੁਨਕਾਨ, ਅਨਹਦ ਨਾਦੀ ਨਾਦ ਵਜਾਈਆ । ਪੰਚਮ ਸਖ਼ੀਆਂ ਇਕ ਧਿਆਨ, ਏਕਾ ਰੂਪ ਦਰਸਾਈਆ । ਆਤਮ ਸੇਜਾ ਕਰ ਪਰਵਾਨ, ਸਚ ਸਿੰਘਾਸਣ ਸੋਭਾ ਪਾਈਆ । ਰਵ ਸਸ ਮੁਖ ਸ਼ਰਮਾਨ, ਨੇਤਰ ਨੈਣ ਨਾ ਕੋਇ ਉਠਾਈਆ । ਸੁਰਤੀ ਸ਼ਬਦ ਮੇਲਾ ਮੇਲ ਮੇਲੇ ਭਗਵਾਨ, ਨਾਰੀ ਕੰਤ ਜੋੜ ਜੁੜਾਈਆ । ਏਕਾ ਸੇਜ ਵਖਾਏ ਆਣ, ਹਰਿ ਸੱਚਾ ਸੱਚਾ ਮਾਹੀਆ । ਨੌਂ ਖੰਡ ਪ੍ਰਿਥਮੀ ਲੱਖ ਚੁਰਾਸੀ ਦੀਪ ਸੱਤ ਦਿਸੇ ਝੂਠ ਮਕਾਨ, ਘਰ ਵਿਚ ਘਰ ਸਾਚਾ ਮੰਦਰ ਸਤਿਗੁਰ ਪੂਰਾ ਦਏ ਵਖਾਈਆ । ਏਕਾ ਜੋਤੀ ਜੋਤ ਜਗੇ ਮਹਾਨ, ਦੀਪਕ ਦੀਆ ਤੇਲ ਬਾਤੀ ਨਾ ਕੋਈ ਰਖਾਈਆ । ਨਾ ਕੋਈ ਪੰਡਤ ਕਰੇ ਗਿਆਨ, ਨਾ ਕੋਈ ਗ੍ਰੰਥੀ ਕਰੇ ਪੜ੍ਹਾਈਆ । ਨਾ ਕੋਈ ਮੁੱਲਾਂ ਸ਼ੇਖ਼ ਮੁਸਾਇਕ ਪੀਰ ਸੁਣਾਏ ਕੁਰਾਨ, ਹਦੀਸ ਹਦੀਸ ਨਾ ਕੋਇ ਪੜ੍ਹਾਈਆ । ਨਾ ਕੋਈ ਵੇਦ ਸ਼ਾਸਤਰ ਸਿਮਰਤ ਗਾਇਣ ਗਾਣ, ਰਾਗ ਨਾਦ ਨਾ ਕੋਇ ਵਜਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਸਵਾਮੀ ਏਕਾ ਸੁਰਤੀ ਸੁਰਤ ਕਰੇ ਪਰਵਾਨ, ਆਪੇ ਦੇਵੇ ਆਪਣਾ ਦਾਨ, ਦਾਤਾ ਦਾਨੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਮੇਲੇ ਆਪਣੇ ਘਰ, ਆਦਿ ਜੁਗਾਦੀ ਸਾਚਾ ਹਰਿ, ਸਾਚੇ ਮਾਰਗ ਆਪੇ ਲਾਈਆ । ਸਾਚਾ ਮਾਰਗ ਹਰਿ ਹਰਿ ਲੌਣਾ, ਆਦਿ ਜੁਗਾਦੀ ਕਾਰ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਪੰਧ ਮੁਕੌਣਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਉਤਰੇ ਪਾਰ । ਪੂਰਬ ਲਹਿਣਾ ਸਭ ਦੀ ਝੋਲੀ ਪੌਣਾ, ਲੇਖਾ ਚੁਕਾਏ ਗੁਰ ਅਵਤਾਰ । ਭਗਤ ਭਗਵੰਤ ਭੇਵ ਖੁਲ੍ਹੌਣਾ, ਕਬੀਰ ਜੁਲਾਹਾ ਕਰੇ ਪੁਕਾਰ । ਸਾਚੇ ਸੰਤਾਂ ਸਤਿ ਦਰਸੌਣਾ, ਦਰ ਠਾਂਡਾ ਦਰਬਾਰ । ਗੁਰਮੁਖ ਗੁਰ ਗੁਰ ਆਪ ਜਗੌਣਾ, ਨਾਦ ਸ਼ਬਦ ਵਜਾਏ ਸੱਚੀ ਧੁੰਨਕਾਰ । ਗੁਰਸਿਖ ਗੁਰ ਗੁਰ ਵੇਖ ਵਖੌਣਾ, ਗੁਰ ਮੂਰਤ ਅਕਾਲ । ਚਾਰ ਵਰਨਾਂ ਏਕਾ ਰੂਪ ਪਰਗਟੌਣਾ, ਅਠਾਰਾਂ ਬਰਨ ਵਜਾਏ ਨਾ ਕੋਇ ਤਾਲ । ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਏਕਾ ਦਰ ਬਹੌਣਾ, ਲੇਖਾ ਚੁੱਕੇ ਸ਼ਾਹ ਕੰਗਾਲ । ਪੁਰਖ ਅਕਾਲ ਇਕ ਅਖਵੌਣਾ, ਲੱਖ ਚੁਰਾਸੀ ਦੀਨ ਦਿਆਲ । ਏਕਾ ਮੰਤਰ ਨਾਮ ਨਾਮ ਦ੍ਰਿੜੌਣਾ, ਜੀਵ ਜੰਤ ਕਰੇ ਪ੍ਰਿਤਪਾਲ । ਦੋ ਜਹਾਨਾਂ ਦਲਾਲ ਆਪ ਅਖਵੌਣਾ, ਲੋਆਂ ਪੁਰੀਆਂ ਸੁਰਤ ਸੰਭਾਲ । ਬ੍ਰਹਮਾ ਵਿਸ਼ਨ ਸ਼ਿਵ ਉਠੌਣਾ, ਸੁਰਪਤ ਰਾਜਾ ਇੰਦ ਮਿਲਾਏ ਨਾਲ । ਗਣ ਗੰਧਰਬ ਕਿੰਨਰ ਜੱਛਪ ਨੇਤਰ ਨੈਣ

ਸਰਬ ਖੁਲੌਣਾ, ਕਰੇ ਖੇਲ ਆਪ ਕਿਰਪਾਲ । ਮਹਾਕਾਲ ਹੁਕਮ ਸੁਣੌਣਾ, ਹੁਕਮੀ ਹੁਕਮ ਵਰਤੇ ਵਰਤਣਹਾਰਾ ਨੌਜਵਾਨ । ਕਾਲ ਦਵਾਰ ਇਕ ਵਖੌਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪੇ ਚਲੇ ਆਪਣੀ ਚਾਲ । ਚਾਲ ਅਵੱਲੜੀ ਚਲਣਹਾਰਾ, ਆਦਿ ਜੁਗਾਦਿ ਵੇਸ ਵਟਾਇੰਦਾ । ਜੁਗਾ ਜੁਗੰਤਰ ਗੁਰ ਅਵਤਾਰਾ, ਲੋਕਮਾਤ ਸੇਵ ਲਗਾਇੰਦਾ । ਏਕਾ ਦੇਵੇ ਨਾਮ ਭੰਡਾਰਾ, ਸਤਿ ਸਤਿਵਾਦੀ ਸਤਿ ਵਰਤਾਇੰਦਾ । ਭਗਤਾਂ ਦੇਵੇ ਭਗਤੀ ਆਧਾਰਾ, ਸੰਤਾਂ ਸਾਚਾ ਸੰਗ ਨਿਭਾਇੰਦਾ । ਜੁਗ ਜੁਗ ਕੂਕਣ ਉਚੀ ਬੋਲ ਜੈਕਾਰਾ, ਸਾਚਾ ਨਾਅਰਾ ਆਪ ਸੁਣਾਇੰਦਾ । ਏਕਾ ਮੰਦਰ ਵਸੇ ਠਾਕਰ ਠਾਕਰ ਦਵਾਰਾ, ਹਰਿ ਠਾਕਰ ਅਬਿਨਾਸ਼ੀ ਆਪਣਾ ਖੇਲ ਖਿਲਾਇੰਦਾ । ਏਕਾ ਵਸਤ ਇਕ ਭੰਡਾਰਾ, ਜੁਗਾ ਜੁਗੰਤਰ ਆਪ ਵਰਤਾਇੰਦਾ । ਕਲਜੁਗ ਅੰਤਮ ਖੇਲ ਨਿਆਰਾ, ਨਿਰਗੁਣ ਨਿਰਗੁਣ ਆਪ ਕਰਾਇੰਦਾ । ਚਾਰ ਜੁਗ ਦਾ ਪਾਰ ਕਿਨਾਰਾ, ਕਲਜੁਗ ਅੰਤਮ ਅੰਤ ਆਪ ਕਰਾਇੰਦਾ । ਕਾਗਦ ਕ਼ਲਮ ਨਾ ਲਿਖਣਹਾਰਾ, ਸੱਤ ਸਮੁੰਦ ਸਾਗਰ ਬਨਾਸਪਤ ਕ਼ਲਮ ਸ਼ਾਹੀ ਮੁਖ ਭਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਮਾਰਗ ਆਪ ਜਣਾਇੰਦਾ । ਸਾਚਾ ਮਾਰਗ ਜਾਣਾ ਲੱਗ, ਸਤਿਗੁਰ ਪੂਰਾ ਆਪ ਲਗਾਈਆ । ਕਰੇ ਖੇਲ ਸੂਰਾ ਸਰਬੱਗ, ਬੇਪਰਵਾਹ ਸੱਚਾ ਸ਼ਹਿਨਸ਼ਾਹੀਆ । ਲੱਖ ਚੁਰਾਸੀ ਵੇਖੇ ਜੀਵ ਕਗ, ਬੁੱਧੀ ਕਾਗ ਵਾਂਗ ਕੁਰਲਾਈਆ । ਗੁਰਮੁਖ ਵਿਰਲਾ ਬੈਠਾ ਉਪਰ ਸ਼ਾਹ ਰਗ, ਜੋ ਸਤਿਗੁਰ ਪੂਰੇ ਆਸ ਤਕਾਈਆ । ਨਿਰਗੁਣ ਜੋਤ ਦੀਪਕ ਜਾਏ ਜਗ, ਹਰਿ ਸਾਚਾ ਆਪ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਾਚਾ ਮਾਰਗ ਆਪਣੇ ਹੱਥ ਰਖਾਈਆ । ਸੱਚਾ ਮਾਰਗ ਹੱਥ ਕਰਤਾਰ, ਕਿਰਪਾਨਿਧ ਆਪ ਰਖਾਇੰਦਾ । ਬਿਨ ਕਰਨੀ ਫੜ ਫੜ ਦੇਵੇ ਤਾਰ, ਜਿਸ ਆਪਣੇ ਗਲੇ ਲਗਾਇੰਦਾ । ਕਰਮ ਕੁਕਰਮ ਨਾ ਕਰੇ ਵਿਚਾਰ, ਨਿਹਕਰਮੀ ਆਪ ਹੋ ਆਇੰਦਾ । ਜਿਸ ਜਨ ਬਖ਼ਸ਼ੇ ਚਰਨ ਪਿਆਰ, ਪੂਜਾ ਪਾਠ ਨਾ ਕੋਇ ਕਰਾਇੰਦਾ । ਅੱਠੇ ਪਹਿਰ ਦੇਵੇ ਦਰਸ ਦੀਦਾਰ, ਘਟ ਅੰਦਰ ਜੋਤੀ ਜੋਤ ਡਗਮਗਾਇੰਦਾ । ਦਿਵਸ ਰੈਣ ਰਹੇ ਸ਼ਬਦ ਧੁੰਨਕਾਰ, ਅਨਹਦ ਨਾਦੀ ਨਾਦ ਵਜਾਇੰਦਾ । ਜਿਸ ਜਨ ਵਖਾਏ ਆਪਣਾ ਸੱਚਾ ਘਰ ਬਾਰ, ਦੂਸਰ ਦਰ ਮੰਗਣ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਆਪ ਲਗਾਇੰਦਾ । ਸਾਚਾ ਮਾਰਗ ਆਪ ਲਗਾਇਆ, ਕਲਜੁਗ ਤੇਰੀ ਅੰਤਮ ਵਾਰ । ਨਿਰਗੁਣ ਨਿਰਵੈਰ ਜਾਮਾ ਪਾਇਆ, ਜੋਤੀ ਜੋਤ ਜੋਤ ਉਜਿਆਰ । ਪੁਰਖ ਅਕਾਲ ਵੇਸ ਵਟਾਇਆ, ਅਜੂਨੀ ਰਹਿਤ ਹੋਇਆ ਖ਼ਬਰਦਾਰ । ਲੱਖ ਚੁਰਾਸੀ ਫੋਲ ਫੋਲਾਇਆ, ਹਰਿਜਨ ਮੇਲੇ ਜੁਗਾ ਜੁਗਾਂ ਦੇ ਵਿਛੜੇ ਯਾਰ । ਸੰਤ ਭਗਤ ਭਗਵੰਤ ਵੇਖੇ ਥਾਉਂ ਥਾਇਆਂ ਆਪੇ ਹੋਏ ਵੇਖਣਹਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਕਰੇ ਖੇਲ ਸੱਚੀ ਸਰਕਾਰ । ਸਚ ਸਰਕਾਰ ਸ਼ਾਹ ਸੁਲਤਾਨਾ, ਆਪਣੀ ਦਇਆ ਕਮਾਇੰਦਾ । ਚਾਰ ਵਰਨ ਦੇਵੇ ਇਕ ਗਿਆਨਾ, ਏਕਾ ਵਾਰ ਸਮਝਾਇੰਦਾ । ਏਕਾ ਬ੍ਰਹਮ ਸਰਬ ਪਛਾਨਾ, ਪਾਰਬ੍ਰਹਮ ਵੇਖ ਵਖਾਇੰਦਾ । ਜੋਧਾ ਸੂਰਬੀਰ ਬਲੀ ਬਲਵਾਨਾ, ਨੌਜਵਾਨ ਆਪਣਾ ਰੂਪ ਧਰਾਇੰਦਾ । ਏਕਾ ਖੰਡਾ ਤੀਰ ਕਮਾਨਾ, ਚੰਡ ਪਰਚੰਡ ਹੱਥ ਉਠਾਇੰਦਾ । ਲੇਖਾ ਜਾਣੇ ਦੋ ਜਹਾਨਾਂ, ਦੋਏ ਦੋਏ ਆਪਣਾ ਬੰਧਨ ਪਾਇੰਦਾ । ਆਪੇ ਮਰਦ ਆਪ ਮਰਦਾਨਾ, ਸਚ ਮਰਦਾਨਗੀ ਆਪ ਕਮਾਇੰਦਾ । ਏਕਾ ਦੇਵੇ ਧੁਰ ਫ਼ਰਮਾਨਾ, ਲੱਖ ਚੁਰਾਸੀ ਆਪ ਸਮਝਾਇੰਦਾ । ਕਲਜੁਗ ਵੇਲਾ

੯੪੪
੧੦

ਅੰਤ ਅੰਤ ਮਿਟੇ ਨਿਸ਼ਾਨਾ, ਕੂੜ ਕੂੜ ਸਰਬ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਆਪੇ ਲਾਇੰਦਾ । ਸਾਚਾ ਮਾਰਗ ਲਾਏ ਗੋਪਾਲ, ਗੋਬਿੰਦ ਆਪਣੀ ਧਾਰ ਚਲਾਈਆ । ਚਾਰ ਵਰਨਾਂ ਰਾਹ ਦੱਸੇ ਸੁਖਾਲ, ਸੁਖ ਆਤਮ ਦਏ ਉਪਜਾਈਆ । ਕਾਇਆ ਮੰਦਰ ਅੰਦਰ ਸੱਚੀ ਧਰਮਸਾਲ, ਚਾਰ ਦੀਵਾਰ ਮਠ ਨਾ ਕੋਇ ਤਪਾਈਆ । ਅੰਦਰ ਬੈਠਾ ਸ਼ਾਹ ਕੰਗਾਲ, ਨਿਰਗੁਣ ਸਰਗੁਣ ਅੰਦਰ ਮੁਖ ਛੁਪਾਈਆ । ਅੱਠੇ ਪਹਿਰ ਕਰੇ ਪ੍ਰਿਤਪਾਲ, ਦਿਵਸ ਰੈਣ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਮਾਰਗ ਆਪਣੇ ਹੱਥ ਰਖਾਈਆ । ਜੁਗ ਮਾਰਗ ਜਗ ਲਾਇੰਦਾ, ਜਗਤ ਜੁਗ ਹਰਿ ਕਾਰ । ਸੰਤਨ ਸਤਿ ਸਮਝਾਇੰਦਾ, ਸਤਿ ਸਤਿਵਾਦੀ ਹੋ ਉਜਿਆਰ । ਕਲਜੁਗ ਅੰਤਮ ਵੇਸ ਵਟਾਇੰਦਾ, ਜੋਤੀ ਜਾਤਾ ਹਰਿ ਨਿਰੰਕਾਰ । ਕਮਲਾਪਾਤਾ ਆਪ ਅਖਵਾਇੰਦਾ, ਲੱਖ ਚੁਰਾਸੀ ਵਰੇ ਨਾਰ ਭਤਾਰ । ਪਿਛਲਾ ਸਾਕਾ ਆਪ ਮਿਟਾਇੰਦਾ, ਅੱਗੇ ਜਾਣੇ ਆਪਣੀ ਗੁਫ਼ਤਾਰ । ਹੱਕ ਹਕ਼ੀਕਤ ਆਪਣੇ ਵਿਚ ਛੁਪਾਇੰਦਾ, ਲਾਸ਼ਰੀਕ ਪਰਵਰਦਿਗਾਰ । ਕਾਇਨਾਤ ਵੇਖ ਵਖਾਇੰਦਾ, ਮੁਕਾਮੇ ਹੱਕ ਵਸੇ ਸਾਂਝਾ ਯਾਰ । ਉਲਫ਼ਤ ਵਿਚ ਕਦੇ ਨਾ ਆਇੰਦਾ, ਗ਼ਫ਼ਲਤ ਵੇਖੇ ਵੇਖਣਹਾਰ । ਕਲਮਾ ਕਲਾਮ ਆਪ ਪੜ੍ਹਾਇੰਦਾ, ਨਬੀ ਰਸੂਲਾਂ ਦਏ ਵਿਚਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਦਏ ਵਖਾਲ । ਸਾਚਾ ਮਾਰਗ ਚਾਰ ਵੇਦ, ਹਰਿ ਕਾ ਭੇਵ ਕੋਇ ਨਾ ਪਾਈਆ । ਪੁਰਾਨ ਅਠਾਰਾਂ ਨਾ ਸਕਣ ਵੇਖ, ਲਿਖ ਲਿਖ ਥੱਕੀ ਕ਼ਲਮ ਸ਼ਾਹੀਆ । ਸ਼ਾਸਤਰ ਸਿਮਰਤ ਨਾ ਜਾਨਣ ਰੇਖ, ਰੂਪ ਰੰਗ ਨਾ ਕੋਇ ਜਣਾਈਆ । ਅਠਾਰਾਂ ਧਿਆਏ ਗੀਤਾ ਕਹੇ ਅਲਖ ਅਲਖਨਾ ਲੇਖ, ਅਲਖ ਅਗੋਚਰ ਬੇਪਰਵਾਹੀਆ । ਅੰਜੀਲ ਕ਼ੁਰਾਨ ਦਰ ਦਰ ਵੇਖਿਆ ਭੇਖ, ਭੇਖ ਅਵੱਲੜਾ, ਸੱਚਾ ਸ਼ਹਿਨਸ਼ਾਹੀਆ । ਖਾਣੀ ਬਾਣੀ ਗਾਏ ਹਰਿ ਕਾ ਦੇਸ, ਮਹਿਮਾ ਕਥ ਕਥ ਸੁਣਾਈਆ । ਕਿਸੇ ਨਾ ਚਲੇ ਅੱਗੇ ਪੇਸ਼, ਅਧਵਿਚਕਾਰੇ ਬੈਠੇ ਸਭ ਆਸਣ ਲਾਈਆ । ਨਾਨਕ ਕਬੀਰਾ ਕਰ ਆਦੇਸ, ਘਰ ਪਾਇਆ ਸਾਚਾ ਮਾਹੀਆ । ਜੁਗ ਜੁਗ ਕਰਿਆ ਅਵੱਲੜਾ ਵੇਸ, ਜੋਤੀ ਜਾਮਾ ਭੇਖ ਵਟਾਈਆ । ਤੂੰ ਸਾਹਿਬ ਦਾਤਾ ਦਾਤਾਰ ਨਰ ਨਰੇਸ਼, ਤੇਰੀ ਸੱਚੀ ਸ਼ਹਿਨਸ਼ਾਹੀਆ । ਹਉਂ ਦਰ ਠਾਂਡਾ ਲਿਆ ਵੇਖ, ਅਗਨੀ ਪੋਹ ਨਾ ਸਕੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮਾਰਗ ਇਕ ਜਣਾਈਆ । ਮਾਰਗ ਹਰਿ ਜਣਾਇੰਦਾ, ਕਰ ਕਿਰਪਾ ਗੁਣ ਨਿਧਾਨ । ਨਾਨਕ ਨਿਰਗੁਣ ਸਰਗੁਣ ਆਪ ਸਮਝਾਇੰਦਾ, ਦੇਵੇ ਤੱਤ ਗਿਆਨ । ਏਕਾ ਵਸਤ ਝੋਲੀ ਪਾਇੰਦਾ, ਪਾਰਬ੍ਰਹਮ ਬ੍ਰਹਮ ਕਰੇ ਪਛਾਣ । ਆਪਣਾ ਨਾਉਂ ਆਪ ਦ੍ਰਿੜਾਇੰਦਾ, ਨਾਉਂ ਰੱਖ ਸ੍ਰੀ ਭਗਵਾਨ । ਸਤਿ ਸਤਿ ਆਪ ਵਰਤਾਇੰਦਾ, ਸਤਿ ਸਤਿਵਾਦੀ ਹੋ ਮਿਹਰਵਾਨ । ਨਾਮ ਨਾਮਾ ਨਾਮ ਚਲਾਇੰਦਾ, ਨਾਮ ਨਾਮੇ ਖੋਲ੍ਹ ਦੁਕਾਨ । ਚੌਦਾਂ ਹੱਟਾਂ ਵੇਖ ਵਖਾਇੰਦਾ, ਚੌਦਾਂ ਲੋਕਾਂ ਇਕ ਧਿਆਨ । ਚੌਦਾਂ ਤਬਕਾਂ ਫੋਲ ਫੋਲਾਇੰਦਾ, ਲੇਖਾ ਜਾਣ ਜ਼ਿਮੀਂ ਅਸਮਾਨ । ਏਕਾ ਕਲਮਾ ਕਲਾਮ ਪੜ੍ਹਾਇੰਦਾ, ਆਲਮੀਨ ਹੋਇਆ ਮਿਹਰਵਾਨ । ਮਿਹਬਾਨ ਬੀਦੋ ਆਪਣਾ ਖੇਲ ਖਿਲਾਇੰਦਾ, ਇਲਾਹੀ ਨੂਰ ਸ਼ਾਹ ਸੁਲਤਾਨ । ਨਾਨਕ ਹੁਕਮੀ ਹੁਕਮ ਜਣਾਇੰਦਾ, ਦੇਵੇ ਧੁਰ ਫ਼ਰਮਾਨ । ਮੰਤਰ ਸਤਿ ਨਾਮ ਦ੍ਰਿੜਾਇੰਦਾ, ਚਾਰ ਵਰਨਾਂ ਇਕ ਗਿਆਨ । ਜੋ ਜਨ ਗੁਰ ਕਾ ਸ਼ਬਦ ਭੁਲਾਇੰਦਾ, ਹਰਿ ਸਤਿਗੁਰ ਵੇਖੇ ਆਣ । ਕਲਜੁਗ ਚਾਰੋਂ ਕੁੰਟ ਅੰਧੇਰਾ ਛਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸ੍ਰੀ ਭਗਵਾਨ । ਜੁਗ ਜੁਗ ਖੇਲ ਸ੍ਰੀ ਭਗਵਾਨ, ਆਪਣਾ

ਆਪ ਕਰਾਈਆ । ਸੰਤਨ ਦੇਵੇ ਨਾਮ ਨਿਸ਼ਾਨ, ਲੋਕਮਾਤ ਝੁਲਾਈਆ । ਆਤਮ ਦਰਸੀ ਆਤਮ ਬ੍ਰਹਮ ਗਿਆਨ, ਆਤਮ ਵਿਦਿਆ ਕਰੇ ਪੜ੍ਹਾਈਆ । ਪੂਜਾ ਪਾਠ ਇਕ ਵਖਾਣ, ਏਕਾ ਹਵਨ ਦਏ ਸਮਝਾਈਆ । ਏਕਾ ਮੂਰਤ ਸਾਚੀ ਸੂਰਤ ਦਰਸ ਦੇਵੇ ਆਣ, ਅਜੂਨੀ ਰਹਿਤ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਆਪਣਾ ਪੰਥ ਵਖਾਈਆ । ਸਾਚਾ ਮਾਰਗ ਹਰਿ ਕਾ ਪੰਥ, ਹਰਿ ਸਤਿਗੁਰ ਆਪ ਜਣਾਇੰਦਾ । ਗੁਰਮੁਖਾਂ ਅੰਦਰ ਅੱਠੇ ਪਹਿਰ ਵੱਜੇ ਹਰਿ ਕਾ ਸੰਖ, ਸੁਰਤੀ ਸੋਈ ਆਪ ਉਠਾਇੰਦਾ । ਸਤਿਗੁਰ ਪੂਰੇ ਦੀ ਕਿਆ ਕੋਈ ਕਰੇ ਪਰਖ, ਪਰੀਖਿਆ ਵਿਚ ਕਦੇ ਨਾ ਆਇੰਦਾ । ਨਾ ਕੋਈ ਸੋਗ ਨਾ ਕੋਈ ਹਰਖ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਗੁਰਮੁਖਾਂ ਉਪਰ ਕਰੇ ਤਰਸ, ਆਪ ਆਪਣਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਵੇਸ ਧਰ, ਸਚ ਮਲਾਹ ਬੇਪਰਵਾਹ ਸਾਚਾ ਬੇੜਾ ਆਪ ਚਲਾਇੰਦਾ । ਕਲਜੁਗ ਬੇੜਾ ਅੰਤ ਚਲੌਣਾ, ਸਤਿਜੁਗ ਸਾਚਾ ਮਾਰਗ ਲਾਈਆ । ਖੇਵਟ ਖੇਟਾ ਹੋ ਹੋ ਸੇਵ ਕਮੌਣਾ, ਸੇਵਾਦਾਰ ਬੇਪਰਵਾਹੀਆ । ਗੁਰਮੁਖ ਬੇਟਾ ਆਪ ਉਠੌਣਾ, ਆਲਸ ਨਿੰਦਰਾ ਦਏ ਗਵਾਈਆ । ਏਕਾ ਮੰਤਰ ਨਾਮ ਸਮਝੌਣਾ, ਸੋ ਪੁਰਖ ਨਿਰੰਜਣ ਦਇਆ ਕਮਾਈਆ । ਹੰ ਬ੍ਰਹਮ ਪਾਰਬ੍ਰਹਮ ਪ੍ਰਭ ਮੇਲ ਮਿਲੌਣਾ, ਆਤਮ ਪਰਮਾਤਮ ਮੇਲਾ ਚਾਈਂ ਚਾਈਂਆ । ਈਸ਼ ਜੀਵ ਰੰਗ ਰੰਗੌਣਾ, ਜਗਦੀਸ ਵਡੀ ਵਡਿਆਈਆ । ਸਚ ਹਦੀਸ ਇਕ ਪੜ੍ਹੌਣਾ, ਗਾਏ ਸਰਬ ਲੋਕਾਈਆ । ਨੌਂ ਖੰਡ ਪ੍ਰਿਥਮੀ ਏਕਾ ਮੰਤਰ ਏਕਾ ਨਾਮ ਦ੍ਰਿੜ੍ਹੌਣਾ, ਇਸ਼ਟ ਦੇਵ ਇਕ ਹੋ ਜਾਈਆ । ਘਰ ਘਰ ਆਪਣਾ ਨਾਦ ਸੁਣੌਣਾ, ਨਾਦ ਅਨਾਦੀ ਆਪ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕ ਵਖਾਈਆ । ਸਾਚਾ ਮਾਰਗ ਜਾਏ ਆ, ਹਰਿ ਸਾਚਾ ਆਪ ਲਗਾਇੰਦਾ । ਚਾਰ ਵਰਨ ਵਖਾਏ ਏਕਾ ਥਾਂ, ਥਾਨ ਥਨੰਤਰ ਸੋਭਾ ਪਾਇੰਦਾ । ਚਾਰ ਵਰਨ ਮੰਤਰ ਜਪਾਏ ਆਪਣਾ ਨਾਂ, ਨਾਉਂ ਨਿਰੰਕਾਰਾ ਆਪ ਦ੍ਰਿੜ੍ਹਾਇੰਦਾ । ਆਪੇ ਬਣੇ ਪਿਤਾ ਮਾਂ, ਬਾਲ ਅਵਾਣੇ ਗੋਦ ਉਠਾਇੰਦਾ । ਸਦਾ ਸੁਹੇਲਾ ਸਦ ਦੇਵੇ ਠੰਡੀ ਛਾਂ, ਸਮਰਥ ਪੁਰਖ ਸਿਰ ਆਪਣਾ ਹੱਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਅੱਗੇ ਮਾਰਗ ਆਪੇ ਲਾਇੰਦਾ । ਅੱਗੇ ਮਾਰਗ ਆਪਾ ਰੱਖ, ਆਪਣੀ ਖੇਲ ਖਿਲਾਇਆ । ਨਿਰਗੁਣ ਨੂਰ ਹੋ ਪਰਤੱਖ, ਸਰਗੁਣ ਵੇਖ ਵਖਾਇਆ । ਗੁਰਸਿਖ ਵਰੋਲੇ ਜਗਤ ਛਾਛ ਵਿਚੋਂ ਲੱਖ, ਨਾਮ ਮਧਾਣਾ ਏਕਾ ਪਾਇਆ । ਆਪਣੇ ਭਾਂਡੇ ਅੰਦਰ ਰੱਖੇ ਢਕ, ਆਪਣਾ ਪਰਦਾ ਹੱਥ ਉਠਾਇਆ । ਕਲਜੁਗ ਜੂਠ ਝੂਠ ਕੂਕਰ ਕੋਈ ਨਾ ਸਕੇ ਲਕ, ਕਾਮ ਕਰੋਧ ਲੋਭ ਮੋਹ ਹੰਕਾਰ ਸੂਕਰ ਨੇੜ ਕੋਇ ਨਾ ਆਇਆ । ਸੁਰਤ ਸੁਆਣੀ ਕਰੇ ਵੱਖ, ਡੂੰਘੀ ਕੰਦਰ ਫੇਰਾ ਪਾਇਆ । ਅਪਣਾ ਮਾਰਗ ਆਪੇ ਦੱਸ, ਆਪਣਾ ਪੱਲੂ ਦਏ ਫੜਾਇਆ । ਸ਼ਬਦੀ ਮੇਲਾ ਹੱਸ ਹੱਸ, ਘਰ ਸਾਚੇ ਮੇਲ ਮਿਲਾਇਆ । ਗੁਰ ਸਤਿਗੁਰ ਗੁਰਸਿਖ ਇਕ ਦੂਜੇ ਦੇ ਹੋਣ ਵਸ, ਪੱਲਾ ਸਕੇ ਨਾ ਕੋਇ ਛੁਡਾਇਆ । ਗੁਰਸਿਖ ਕੋਲੋਂ ਸਤਿਗੁਰ ਕਦੇ ਨਾ ਜਾਏ ਨੱਠ, ਜੋ ਗੁਰਸਿਖ ਗੁਰ ਗੁਰ ਦਰਸ ਤਿਹਾਇਆ । ਸਤਿਗੁਰ ਕੋਲੋਂ ਗੁਰਸਿਖ ਕਦੇ ਨਾ ਹੋਏ ਵੱਖ, ਜਿਸ ਪ੍ਰੇਮ ਬੰਧਨ ਪਾਇਆ । ਸ਼ਬਦ ਡੋਰੀ ਸਾਚੀ ਨੱਥ, ਆਪਣੀ ਹੱਥੀਂ ਦੇਵੇ ਗੰਢ, ਗੰਢ ਦੇਵਣਹਾਰਾ ਦਿਸ ਕਿਸੇ ਨਾ ਆਇਆ । ਗੁਰਮੁਖ ਚੜ੍ਹਾਏ ਆਪਣੇ ਰਥ, ਬਣ ਰਥਵਾਹੀ ਸੇਵ ਕਮਾਇਆ । ਗੁਰਸਿਖ ਤੇਰੇ ਸਗਲ ਵਿਸੂਰੇ ਜਾਇਣ ਲਥ, ਸਤਿਗੁਰ ਪੂਰਾ ਦਰਸ ਦਿਖਾਇਆ । ਜਿੰਨਾਂ ਚਿਰ ਗੁਰਸਿਖ

ਕਹੇ ਨਾ ਬਸ ਬਸ, ਗੁਰ ਪੂਰਾ ਆਪਣਾ ਰੂਪ ਨਾ ਸਕੇ ਪਲਟਾਇਆ । ਕੋਟਨ ਕੋਟ ਬ੍ਰਹਿਮੰਡ ਪਾਰ ਕਰ ਗੁਰਸਿਖ ਤੇਰੇ ਦਵਾਰੇ ਆਏ ਨੱਸ, ਬ੍ਰਹਮਾ ਵਿਸ਼ਨ ਸ਼ਿਵ ਅਧਵਿਚਕਾਰ ਬੈਠੇ ਰਾਹ ਤਕਾਇਆ । ਤੇਰਾ ਮੇਲਾ ਹੱਸ ਹੱਸ, ਤੇਰੀ ਸੁਰਤੀ ਤੇਰੀ ਆਤਮ ਤੇਰਾ ਪਰਮਾਤਮ ਲਏ ਪਰਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਦੇਵੇ ਦਰ, ਹਰਿ ਕਾ ਨਾਉਂ ਹਰਿ ਸੰਤ ਭਗਵੰਤ ਮੇਲ ਮਿਲਾਇਆ ।

ਪੰਜ ਤੱਤ ਕਾਇਆ ਰੋਗ, ਦੁੱਖ ਦੁੱਖ ਸਤਾਈਆ । ਕਰਮ ਕਰਮਾਂ ਮਿਲਿਆ ਭੋਗ, ਭੋਗੀ ਭੋਗ ਭੋਗਾਈਆ । ਇਸਤਰੀ ਪੁਰਸ਼ ਹੋਇਆ ਸੰਜੋਗ, ਜੋੜੀ ਜੋੜ ਜੁੜਾਈਆ । ਜੋ ਜਨ ਸਤਿਗੁਰ ਪੂਰੇ ਰੱਖੇ ਓਟ, ਤਿਸ ਜਨ ਜਗਤ ਦੁੱਖ ਰਹੇ ਨਾ ਰਾਈਆ । ਹਰਿ ਕਾ ਨਾਉਂ ਚੁਗੇ ਚੋਗ, ਅੰਮ੍ਰਿਤ ਰਸ ਮੁਖ ਪਾਈਆ । ਰਸਨਾ ਗਾਏ ਇਕ ਸਲੋਕ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ, ਅਗਨੀ ਤੱਤ ਦਏ ਮਿਟਾਈਆ । ਮਨ ਦੁਬਧਾ ਹੋਏ ਦੂਰ, ਮਨ ਵਾਸਨਾ ਦਏ ਖਪਾਈਆ । ਮਨ ਵਾਸਨਾ ਦਿਸੇ ਕੂੜ, ਕੂੜੀ ਕਿਰਿਆ ਦਏ ਮਿਟਾਈਆ । ਮਨ ਅੰਦਰ ਵਖਾਏ ਸਾਚਾ ਨੂਰ, ਮਨ ਜੋਤ ਨੂਰ ਰੁਸ਼ਨਾਈਆ । ਮਨ ਕਰੇ ਆਸਾ ਪੂਰ, ਮਨ ਮਨਸਾ ਦਏ ਉਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਨ ਸਾਚੇ ਧੰਦੇ ਲਾਈਆ । ਮਨ ਧੰਦਾ ਸ਼ਬਦ ਗੁਰਦੇਵ, ਹਰਿ ਸਾਚਾ ਸਚ ਜਣਾਇੰਦਾ । ਮਨ ਅੰਧਾ ਲੱਗੇ ਸੇਵ, ਸਾਚੀ ਸੇਵਾ ਆਪ ਕਰਾਇੰਦਾ । ਮਨ ਵਾਸਨਾ ਗੰਦਾ ਖਾਏ ਸਾਚਾ ਮੇਵ, ਅੰਮ੍ਰਿਤ ਰਸ ਆਪ ਚਖਾਇੰਦਾ । ਮਨ ਅੰਧਾ ਭੁਲਿਆ ਅਲਖ ਅਭੇਵ, ਅਲਖ ਅਭੇਵ ਆਪਣਾ ਪਰਦਾ ਆਪ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਨ ਕਾ ਮਣਕਾ ਆਪ ਭਵਾਇੰਦਾ । ਮਨ ਕਾ ਮਣਕਾ ਦੇਵੇ ਫੇਰ, ਗੁਰ ਸਤਿਗੁਰ ਹੱਥ ਵਡਿਆਈਆ । ਅੱਠੇ ਪਹਿਰ ਜੋ ਛੇੜਾਂ ਰਿਹਾ ਛੇੜ, ਏਕਾ ਬੰਧਨ ਪਾਈਆ । ਆਪੇ ਦੇਵੇ ਆਪਣਾ ਗੇੜ, ਉਲਟਾ ਗੇੜਾ ਮੁਖ ਭਵਾਈਆ । ਉਚੇ ਟਿੱਲੇ ਪਰਬਤ ਚੜ੍ਹ ਕੇ ਜੋ ਬੈਠਾ ਥੱਲੇ ਦੇਵੇ ਰੇੜ੍ਹ, ਮਨ ਹੰਕਾਰ ਵਿਕਾਰ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਨ ਮਮਤਾ ਦਏ ਚੁਕਾਈਆ । ਮਨ ਮਮਤਾ ਵਾਸਨਾ ਜਗ, ਜੂਠ ਝੂਠ ਪਰਨਾਇਆ । ਦਿਵਸ ਰੈਣ ਲੱਗੀ ਅੱਗ, ਤਤਵ ਤਤ ਨਾ ਕੋਇ ਸਮਝਾਇਆ । ਚਾਰੋਂ ਕੁੰਟ ਰਿਹਾ ਭੱਜ, ਦਹਿ ਦਿਸ਼ਾ ਫੇਰਾ ਪਾਇਆ । ਘਰ ਵੜ ਨਾ ਕੀਤਾ ਆਪਣਾ ਹੱਜ, ਕਾਅਬਾ ਨਜ਼ਰ ਕੋਇ ਨਾ ਆਇਆ । ਨਾ ਕੋਈ ਸ਼ਰਮ ਹੱਯਾ ਨਾ ਦਿਸੇ ਲੱਜ, ਬੇਲੱਜਾ ਹੋ ਹੋ ਉਠ ਧਾਇਆ । ਬਿਨ ਸਤਿਗੁਰ ਪੂਰੇ ਪਰਦਾ ਦੇਵੇ ਨਾ ਕੋਇ ਕੱਜ, ਨਾਮ ਦੁਸ਼ਾਲਾ ਉਪਰ ਪਾਇਆ । ਬਣ ਰਾਜਾ ਘਰ ਬੈਠਾ ਸਜ, ਆਪਣਾ ਹੁਕਮ ਸੁਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਨ ਦੁਬਧਾ ਦਏ ਗਵਾਇਆ । ਮਨ ਦੁਬਧਾ ਜਾਏ ਨੱਠ, ਅੰਦਰ ਰਾਮ ਨਾਮ ਵਸਾਈਆ । ਮਨ ਦੁਬਧਾ ਤੁਟੇ ਹਠ, ਗੁਰ ਸ਼ਬਦ ਖੰਡਾ ਇਕ ਚਮਕਾਈਆ । ਮਨ ਦੁਬਧਾ ਜਾਏ ਢੱਠ, ਸਤਿਗੁਰ ਪੂਰਾ ਧੱਕਾ ਲਾਈਆ । ਮਨ ਰੋਵੇ ਆਪਣੇ ਇੰਦਰਿਆਂ ਦਾ ਕਰੇ ਇਕੱਠ, ਚਾਰੋਂ ਕੁੰਟ ਵੇਖੇ ਨੇਤਰ ਨੈਣਾਂ ਨੀਰ ਵਹਾਈਆ । ਕਵਣ ਗੁਰੂ ਜਿਸ ਲਾਇਆ ਫੱਟ, ਮੇਰਾ ਦੁੱਖ ਮੇਰੇ ਕੋਲੋਂ ਝੱਲਿਆ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਨ ਦੁਬਧਾ ਦਏ ਧਵਾਈਆ । ਮਨ ਦਰੁਬਧਾ ਦੇਵੇ ਧੋ, ਹਰਿ ਸਤਿਗੁਰ ਦਇਆ ਕਮਾਇੰਦਾ । ਅੰਮ੍ਰਿਤ ਆਤਮ ਸਾਚਾ ਚੋ, ਨਿਰਮਲ ਨੀਰ ਪਿਆਇੰਦਾ । ਦਰਸ ਦਿਖਾਏ ਅੱਗੇ ਹੋ, ਸਵੱਛ ਸਰੂਪੀ ਰੂਪ ਵਟਾਇੰਦਾ । ਨਾਤਾ ਤੋੜੇ ਜੂਠਾ ਮੋਹ, ਆਪਣਾ ਬੰਧਨ

ਆਪੇ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਮਨ ਦੀ ਦੁਬਧਾ ਮੈਲ ਧਵਾਇੰਦਾ । ਮਨ ਦੁਬਧਾ ਜਾਏ ਧੁਪ, ਕੂੜੀ ਕਿਰਿਆ ਰਹਿਣ ਨਾ ਪਾਈਆ । ਦਰਸ ਦਿਖਾਏ ਜੋ ਅੰਦਰ ਬੈਠਾ ਛੁਪ, ਆਪ ਆਪਣਾ ਰੂਪ ਵਟਾਈਆ । ਸਦਾ ਬੈਠਾ ਰਹੇ ਚੁਪ, ਸੁੰਨ ਸਮਾਧ ਸਮਾਈਆ । ਮਨ ਬੁੱਕਦਾ ਰਹੇ ਅੰਧੇਰੇ ਘੁੱਪ, ਆਪਣਾ ਬਲ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਵਖਾਏ ਆਪਣਾ ਦਰ, ਤਿਸ ਮਨ ਦੁਬਧਾ ਰਹੇ ਨਾ ਰਾਈਆ । ਮਨ ਦੁਬਧਾ ਰਹੇ ਨਾ ਰਾਇਆ, ਘਰ ਕਾਇਆ ਕੰਚਨ ਗੜ੍ਹ ਅਪਾਰ । ਬੁੱਧੀ ਬੁਧ ਬਿਬੇਕ ਵਖਾਇਆ, ਮਤ ਮਤਵਾਲੀ ਦਏ ਆਧਾਰ । ਸਾਚੇ ਧੰਦੇ ਆਪੇ ਲਾਇਆ, ਸੁਰਤ ਸੁਆਣੀ ਲਏ ਉਠਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਆਪਣਾ ਵਰ, ਏਥੇ ਓਥੇ ਓਥੇ ਏਥੇ ਰਿਹਾ ਸੁਰਤ ਸੰਭਾਲ ।

### ★ ੨੩ ਸਾਵਣ ੨੦੧੮ ਬਿਕ੍ਰਮੀ ਗਿਰਧਾਰਾ ਸਿੰਘ ਦੇ ਗ੍ਰਿਹ ਬਲੋਵਾਲੀ ★

ਸੋ ਪੁਰਖ ਨਿਰੰਜਣ ਸਾਚੀ ਕਾਰ, ਨਿਰਗੁਣ ਨਿਰਵੈਰ ਆਪ ਕਰਾਇੰਦਾ । ਹਰਿ ਪੁਰਖ ਨਿਰੰਜਣ ਬੇਐਬ ਪਰਵਰਦਿਗਾਰ, ਸਾਚੀ ਧਾਰਾ ਆਪ ਚਲਾਇੰਦਾ । ਏਕੰਕਾਰਾ ਅਗੰਮ ਅਪਾਰ, ਅਲਖ ਅਗੋਚਰ ਆਪਣਾ ਖੇਲ ਖਿਲਾਇੰਦਾ । ਆਦਿ ਨਿਰੰਜਣ ਰੂਪ ਰੰਗ ਰੇਖ ਤੇ ਵਸੇ ਬਾਹਰ, ਜੋਤੀ ਜਾਤਾ ਜੋਤੀ ਨੂਰ ਡਗਮਗਾਇੰਦਾ । ਅਬਿਨਾਸ਼ੀ ਕਰਤਾ ਆਪ ਆਪਣਾ ਕਰ ਪਸਾਰ, ਆਪਣਾ ਬਲ ਆਪ ਧਰਾਇੰਦਾ । ਸ੍ਰੀ ਭਗਵਾਨ ਜੋਧਾ ਸੂਰਬੀਰ ਬਲੀ ਬਲਕਾਰ, ਆਪਣਾ ਖੇਲ ਆਪ ਖਿਲਾਇੰਦਾ । ਪਾਰਬ੍ਰਹਮ ਪ੍ਰਭ ਕਰ ਪਸਾਰ, ਆਪਣਾ ਘਾੜਨ ਘੜਤ ਆਪ ਘੜਾਇੰਦਾ । ਆਪਣੀ ਇਛਿਆ ਵੇਖ ਵਿਚਾਰ, ਭਿਛਿਆ ਆਪਣੀ ਝੋਲੀ ਪਾਇੰਦਾ । ਕਰੇ ਖੇਲ ਕਰਨੇਹਾਰ, ਕਰਤਾ ਪੁਰਖ ਆਪਣੀ ਸੇਵਾ ਆਪ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਇੰਦਾ । ਸੋ ਪੁਰਖ ਨਿਰੰਜਣ ਭੇਵ ਨਿਆਰਾ, ਇਕ ਇਕੱਲਾ ਆਪ ਖੁਲ੍ਹਾਈਆ । ਹਰਿ ਪੁਰਖ ਨਿਰੰਜਣ ਸ਼ਾਹ ਪਾਤਸ਼ਾਹ ਬਣ ਸੱਚੀ ਸਰਕਾਰਾ, ਸ਼ਾਹ ਸੁਲਤਾਨਾ ਸਾਚਾ ਹੁਕਮ ਜਣਾਈਆ । ਏਕੰਕਾਰਾ ਹੁਕਮੀ ਹੁਕਮ ਵਰਤੇ ਵਰਤਾਰਾ, ਹੁਕਮ ਹਾਕਮ ਆਪ ਹੋ ਜਾਈਆ । ਆਦਿ ਨਿਰੰਜਣ ਆਪੇ ਪਾਵੇ ਆਪਣੀ ਸਾਰਾ, ਆਪਣਾ ਪਰਦਾ ਆਪ ਉਠਾਈਆ । ਅਬਿਨਾਸ਼ੀ ਕਰਤਾ ਕਰੇ ਖੇਲ ਅਪਰ ਅਪਾਰਾ, ਅਪਰੰਪਰ ਆਪਣਾ ਰੰਗ ਰੰਗਾਈਆ । ਸ੍ਰੀ ਭਗਵਾਨ ਆਪ ਉਪਾਏ ਆਪਣਾ ਸਚ ਨਿਸ਼ਾਨ, ਸਚ ਨਿਸ਼ਾਨਾ ਆਪਣਾ ਰੂਪ ਵਟਾਈਆ । ਪਾਰਬ੍ਰਹਮ ਪ੍ਰਭ ਹੋ ਪਰਧਾਨ, ਕਰੇ ਖੇਲ ਵਡ ਮਿਹਰਵਾਨ, ਸਾਚੀ ਰਚਨਾ ਆਪ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਨਿਰਾਕਾਰ ਆਪਣੀ ਕਲ ਆਪ ਧਰਾਈਆ । ਸੋ ਪੁਰਖ ਨਿਰੰਜਣ ਆਪਣੀ ਕਲ ਧਾਰ, ਅਕਲ ਕਲਾ ਖੇਲ ਖਿਲਾਈਆ । ਹਰਿ ਪੁਰਖ ਨਿਰੰਜਣ ਬਣੇ ਸੇਵਾਦਾਰ, ਸਾਚੀ ਸੇਵਾ ਆਪ ਕਮਾਈਆ । ਏਕੰਕਾਰਾ ਚੁੱਕੇ ਆਪਣਾ ਭਾਰ, ਹਰਿ ਜਗਦੀਸ ਵਡ ਵਡਿਆਈਆ । ਆਦਿ ਨਿਰੰਜਣ ਆਪਣਾ ਦੀਆ ਬਾਤੀ ਕਰ ਉਜਿਆਰ, ਕਮਲਾਪਾਤੀ ਡਗਮਗਾਈਆ । ਅਬਿਨਾਸ਼ੀ ਕਰਤਾ ਵੇਖੇ ਵਿਗਸੇ ਵੇਖਣਹਾਰ, ਰੂਪ ਅਨੂਪ ਆਪ ਧਰਾਈਆ । ਸ੍ਰੀ ਭਗਵਾਨ ਦੇਵੇ ਦਾਨ ਗੁਣ ਨਿਧਾਨ, ਆਪਣੀ ਝੋਲੀ ਆਪ ਭਰਾਈਆ । ਪਾਰਬ੍ਰਹਮ ਪ੍ਰਭ ਕਰ

੬੪੭
੧੦

ਪਰਵਾਨ, ਦਰ ਦਰਵੇਸ਼ ਬਣੇ ਦਰਬਾਨ, ਅਲਖ ਅਲਖਨਾ ਆਪਣੀ ਅਲਖ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣੀ ਮਹਿਮਾ ਆਪਣੇ ਵਿਚ ਟਿਕਾਈਆ । ਸੋ ਪੁਰਖ ਨਿਰੰਜਣ ਅਲਖਨਾ ਅਲਖ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਹਰਿ ਪੁਰਖ ਨਿਰੰਜਣ ਹੋ ਪਰਤੱਖ, ਰੂਪ ਅਨੂਪ ਆਪ ਵਟਾਇੰਦਾ । ਏਕੰਕਾਰਾ ਕਰੇ ਖੇਲ ਪੁਰਖ ਸਮਰਥ, ਸਮਰਥ ਆਪਣੀ ਧਾਰ ਚਲਾਇੰਦਾ । ਆਦਿ ਨਿਰੰਜਣ ਆਪਣਾ ਨੂਰ ਆਪੇ ਰੱਖ, ਨੂਰ ਨੁਰਾਨਾ ਵੇਖ ਵਖਾਇੰਦਾ । ਸ੍ਰੀ ਭਗਵਾਨ ਆਪਣੀ ਕਰਨੀ ਆਪੇ ਦੱਸ, ਸਾਚੀ ਕਰਨੀ ਕਿਰਤ ਕਮਾਇੰਦਾ । ਅਬਿਨਾਸ਼ੀ ਕਰਤਾ ਆਪ ਆਪਣਾ ਕਰੇ ਵਸ, ਦੂਸਰ ਅਵਰ ਨਾ ਕੋਇ ਜਣਾਇੰਦਾ । ਪਾਰਬ੍ਰਹਮ ਪ੍ਰਭ ਆਪਨੜਾ ਆਪੇ ਕਰ ਕਰ ਵਸ, ਆਪਣਾ ਹੁਕਮ ਆਪ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣਾ ਹੁਕਮ ਆਪ ਸੁਣਾਇੰਦਾ । ਸੋ ਪੁਰਖ ਨਿਰੰਜਣ ਹੁਕਮੀ ਧਾਰ, ਆਪਣੀ ਆਪ ਪਰਗਟਾਈਆ । ਏਕੰਕਾਰਾ ਕਰਿਆ ਖ਼ਬਰਦਾਰ, ਹਰਿ ਪੁਰਖ ਨਿਰੰਜਣ ਇਕ ਜਣਾਈਆ । ਅਬਿਨਾਸ਼ੀ ਕਰਤਾ ਲਏ ਉਠਾਲ, ਆਦਿ ਨਿਰੰਜਣ ਜੋਤ ਨੂਰ ਰੁਸ਼ਨਾਈਆ । ਪਾਰਬ੍ਰਹਮ ਪ੍ਰਭ ਕਰੇ ਖੇਲ ਦੀਨ ਦਿਆਲ, ਸ੍ਰੀ ਭਗਵਾਨ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਇਛਿਆ ਆਪ ਪਰਗਟਾਈਆ । ਆਪਣੀ ਇਛਿਆ ਆਪੇ ਧਰ, ਹਰਿ ਸਾਚਾ ਖੇਲ ਖਿਲਾਇੰਦਾ । ਸੋ ਪੁਰਖ ਨਿਰੰਜਣ ਏਕਾ ਨਰ, ਹਰਿ ਪੁਰਖ ਨਿਰੰਜਣ ਨਾਰੀ ਰੂਪ ਅਖਵਾਇੰਦਾ । ਏਕੰਕਾਰਾ ਸੇਜਾ ਚੜ੍ਹ, ਆਦਿ ਨਿਰੰਜਣ ਸੰਗ ਨਿਭਾਇੰਦਾ । ਅਬਿਨਾਸ਼ੀ ਕਰਤਾ ਘਾੜਨ ਘੜ, ਸ੍ਰੀ ਭਗਵਾਨ ਵੇਖ ਵਖਾਇੰਦਾ । ਪਾਰਬ੍ਰਹਮ ਆਪਣੀ ਕਿਰਪਾ ਆਪੇ ਕਰ, ਕਿਰਪਾਨਿਧ ਭੇਵ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਏਕਾ ਹਰਿ, ਆਪਣੀ ਇਛਿਆ ਆਪੇ ਪੂਰ ਕਰਾਇੰਦਾ । ਆਪਣੀ ਇਛਿਆ ਕਰੇ ਪੂਰ, ਸੋ ਪੁਰਖ ਨਿਰੰਜਣ ਵਡ ਵਡਿਆਈਆ । ਹਰਿ ਪੁਰਖ ਨਿਰੰਜਣ ਸ਼ਾਹ ਪਾਤਸ਼ਾਹ ਹਾਜ਼ਰ ਹਜ਼ੂਰ, ਹਰਿ ਹਰਿ ਆਪਣਾ ਖੇਲ ਖਿਲਾਈਆ । ਏਕੰਕਾਰਾ ਭੇਵ ਚੁਕਾਏ ਆਦਿ ਨਿਰੰਜਣ ਜੋਤੀ ਨੂਰ, ਨੂਰ ਨੂਰ ਵਿਚ ਧਰਾਈਆ । ਅਬਿਨਾਸ਼ੀ ਕਰਤਾ ਆਪੇ ਵੇਖੇ ਆਪਾ ਨੇੜੇ ਦੂਰ, ਸ੍ਰੀ ਭਗਵਾਨ ਦੂਸਰ ਪੰਧ ਨਾ ਕੋਇ ਜਣਾਈਆ । ਪਾਰਬ੍ਰਹਮ ਪ੍ਰਭ ਏਕਾ ਹੁਕਮ ਮੰਨੇ ਜ਼ਰੂਰ, ਨਿਉਂ ਨਿਉਂ ਏਕਾ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਇਛਿਆ ਦਏ ਸਮਝਾਈਆ । ਆਪਣੀ ਇਛਿਆ ਹਰਿ ਸਮਝਾਇੰਦਾ, ਆਪ ਆਪਣੀ ਕਿਰਪਾ ਧਾਰ । ਆਪਣੀ ਸੇਵਾ ਆਪ ਲਗਾਇੰਦਾ, ਪੁਰਖ ਅਗੰਮ ਅਗੰਮੜੀ ਕਾਰ । ਆਪਣਾ ਹੁਕਮ ਆਪ ਵਰਤਾਇੰਦਾ, ਸ਼ਾਹ ਪਾਤਸ਼ਾਹ ਬਣ ਸੱਚੀ ਸਰਕਾਰ । ਸਾਚਾ ਘਾੜਨ ਆਪ ਘੜਾਇੰਦਾ, ਬਾਢੀ ਬਣ ਹਰਿ ਨਿਰੰਕਾਰ । ਆਪਣੀ ਰਚਨਾ ਆਪ ਰਚਾਇੰਦਾ, ਆਪੇ ਰਚ ਰਚ ਵੇਖਣਹਾਰ । ਆਪਣਾ ਮੰਦਰ ਆਪ ਉਪਾਇੰਦਾ, ਨਾਉਂ ਰਖਾਏ ਸਚਖੰਡ ਦਵਾਰ । ਛੱਪਰ ਛੰਨ ਨਾ ਕੋਇ ਛੁਹਾਇੰਦਾ, ਨਾ ਕੋਈ ਦੀਸੇ ਚਾਰ ਦੀਵਾਰ । ਦੀਵਾ ਬਾਤੀ ਨਾ ਕੋਇ ਜਗਾਇੰਦਾ, ਅੱਠੇ ਪਹਿਰ ਨੂਰ ਉਜਿਆਰ । ਦਰ ਦਰਵਾਜ਼ਾ ਨਾ ਕੋਇ ਵਖਾਇੰਦਾ, ਨਾ ਕੋਈ ਜਾਣੇ ਬੰਦ ਕਿਵਾੜ । ਦਿਸ਼ਾ ਵੰਡ ਨਾ ਕੋਇ ਵੰਡਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਪਰ ਅਪਾਰ । ਸਚਖੰਡ ਦਵਾਰਾ ਘਾੜਨ ਘੜ, ਸੋ ਪੁਰਖ ਨਿਰੰਜਣ ਦਇਆ ਕਮਾਈਆ । ਨਿਰਗੁਣ ਨਿਰਵੈਰ ਅੰਦਰ ਵੜ, ਹਰਿ ਪੁਰਖ ਨਿਰੰਜਣ ਆਪਣਾ ਆਸਣ ਲਾਈਆ ।

ਅਜੂਨੀ ਰਹਿਤ ਆਪਣੇ ਪੌੜੇ ਆਪੇ ਚੜ੍ਹ, ਏਕੰਕਾਰਾ ਏਕਾ ਥਾਨ ਸੁਹਾਈਆ । ਨਿਰਗੁਣ ਜੋਤ ਪਰਕਾਸ਼ ਕਰ, ਆਦਿ ਨਿਰੰਜਣ ਡਗਮਗਾਈਆ । ਅਬਿਨਾਸ਼ੀ ਕਰਤਾ ਆਪਣਾ ਵਾਸ ਧਰ, ਵਾਸ ਨਿਵਾਸਾ ਆਪ ਅਖਵਾਈਆ । ਸ੍ਰੀ ਭਗਵਾਨ ਆਪਣੀ ਰਾਸ ਕਰ, ਸਾਚੀ ਰਚਨਾ ਆਪ ਰਚਾਈਆ । ਪਾਰਬ੍ਰਹਮ ਪ੍ਰਭ ਦਾਸੀ ਦਾਸ ਕਰ, ਸੇਵਕ ਸੇਵਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਲਏ ਉਪਾਈਆ । ਸਚਖੰਡ ਦਵਾਰ ਉਪੰਨਿਆ, ਉਪਾਏ ਪੁਰਖ ਅਕਾਲ । ਨਾ ਕੋਈ ਸੂਰਜ ਚੰਨਿਆ, ਕਰੇ ਖੇਲ ਦੀਨ ਦਿਆਲ । ਨਾ ਘੜਿਆ ਨਾ ਭੰਨਿਆ, ਆਪ ਉਪਾਈ ਆਪਣੀ ਸੱਚੀ ਧਰਮਸਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਹਰਿ ਗੋਪਾਲ । ਸਚਖੰਡ ਦਵਾਰਾ ਖੋਲ੍ਹਿਆ, ਕਰ ਕਿਰਪਾ ਗੁਣ ਨਿਧਾਨ । ਨਿਰਗੁਣ ਅੰਦਰ ਵੜ ਵੜ ਬੋਲਿਆ, ਜੋਧਾ ਸੂਰਬੀਰ ਬਲੀ ਬਲਵਾਨ । ਆਪਣਾ ਪਰਦਾ ਆਪੇ ਖੋਲ੍ਹਿਆ, ਕਰੇ ਖੇਲ ਸ੍ਰੀ ਭਗਵਾਨ । ਆਪਣਾ ਬਣੇ ਆਪ ਵਿਚੋਲਿਆ, ਲੇਖਾ ਜਾਣੇ ਧੁਰ ਦੀਬਾਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਹਰਿ ਮਹਾਨ । ਹਰਿ ਕਾ ਖੇਲ ਆਦਿ ਮਹਾਨਾ, ਆਦਿ ਆਦੀ ਆਪ ਕਰਾਈਆ । ਰੂਪ ਰੰਗ ਨਾ ਕੋਇ ਵਖਾਨਾ, ਬੇਅੰਤ ਵਡੀ ਵਡਿਆਈਆ । ਸਾਚਾ ਮੰਦਰ ਇਕ ਸੁਹਾਨਾ, ਦਰ ਘਰ ਸਾਚੇ ਵੱਜੇ ਵਧਾਈਆ । ਏਕਾ ਰੂਪ ਧਰ ਸ੍ਰੀ ਭਗਵਾਨਾ, ਰੂਪ ਅਨੂਪ ਆਪ ਉਪਾਈਆ । ਏਕਾ ਹੁਕਮ ਇਕ ਫ਼ਰਮਾਨਾ, ਏਕਾ ਗੁਣ ਜਣਾਈਆ । ਏਕਾ ਭੂਪ ਬਣ ਰਾਜਾਨਾ, ਸ਼ਾਹ ਪਾਤਸ਼ਾਹ ਇਕ ਅਖਵਾਈਆ । ਏਕਾ ਮੰਦਰ ਇਕ ਮਕਾਨਾ, ਸੋਭਾਵੰਤ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਸਚਖੰਡ ਦਏ ਵਡਿਆਈਆ । ਸਚਖੰਡ ਦਵਾਰ ਹਰਿ ਵਡਿਆਇੰਦਾ, ਆਪ ਆਪਣੀ ਜੋਤ ਧਰਾ । ਆਪਣੀ ਦਇਆ ਆਪ ਕਮਾਇੰਦਾ, ਪਾਰਬ੍ਰਹਮ ਪ੍ਰਭ ਬੇਪਰਵਾਹ । ਆਪਣੀ ਬਣਤ ਆਪ ਬਣਾਇੰਦਾ, ਆਪੇ ਬਣੇ ਸਚ ਮਲਾਹ । ਆਪਣਾ ਬੇੜਾ ਆਪ ਚਲਾਇੰਦਾ, ਆਪ ਆਪਣੇ ਕੰਧ ਉਠਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰ ਦਏ ਸੁਹਾ । ਸਚਖੰਡ ਦਵਾਰਾ ਸੋਭਾਵੰਤ, ਸੋ ਪੁਰਖ ਨਿਰੰਜਣ ਆਪ ਸੁਹਾਈਆ । ਆਪੇ ਨਾਰੀ ਆਪੇ ਕੰਤ, ਹਰਿ ਪੁਰਖ ਨਿਰੰਜਣ ਸੇਜ ਹੰਢਾਈਆ । ਏਕੰਕਾਰਾ ਆਪੇ ਚਾੜ੍ਹੇ ਆਪਣਾ ਰੰਗ ਬਸੰਤ, ਉਤਰ ਕਦੇ ਨਾ ਜਾਈਆ । ਆਦਿ ਨਿਰੰਜਣ ਮਹਿਮਾ ਅਗਣਤ, ਲੇਖਾ ਲਿਖਤ ਵਿਚ ਨਾ ਆਈਆ । ਸ੍ਰੀ ਭਗਵਾਨ ਆਪੇ ਜਾਣੇ ਆਪਣੀ ਬਣਤ, ਅਬਿਨਾਸ਼ੀ ਕਰਤਾ ਘਾੜਨ ਲਏ ਘੜਾਈਆ । ਪਾਰਬ੍ਰਹਮ ਲੇਖਾ ਜਾਣੇ ਆਦਿ ਅੰਤ, ਅੰਤ ਆਦਿ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਦਏ ਸੁਹਾਈਆ । ਸਚਖੰਡ ਦਵਾਰ ਸੁਹਾਇੰਦਾ, ਸੋ ਪੁਰਖ ਨਿਰੰਜਣ ਵਡ ਮਿਹਰਵਾਨ । ਹਰਿ ਪੁਰਖ ਨਿਰੰਜਣ ਵੇਖ ਵਖਾਇੰਦਾ, ਕਿਰਪਾ ਨਿਧ ਗੁਣ ਨਿਧਾਨ । ਏਕੰਕਾਰਾ ਭੇਵ ਚੁਕਾਇੰਦਾ, ਜੋਧਾ ਸੂਰਬੀਰ ਬਲਵਾਨ । ਆਦਿ ਨਿਰੰਜਣ ਵੇਸ ਵਟਾਇੰਦਾ, ਏਕਾ ਨੂਰ ਨੂਰ ਮਹਾਨ । ਅਬਿਨਾਸ਼ੀ ਕਰਤਾ ਸੋਭਾ ਪਾਇੰਦਾ, ਦਰ ਮੰਦਰ ਇਕ ਮਕਾਨ । ਸ੍ਰੀ ਭਗਵਾਨ ਸਚ ਨਿਸ਼ਾਨ ਵਖਾਇੰਦਾ, ਇਕ ਨਿਸ਼ਾਨਾ ਨੌਜਵਾਨ । ਪਾਰਬ੍ਰਹਮ ਪ੍ਰਭ ਸੇਵ ਕਮਾਇੰਦਾ, ਵੇਖਣਹਾਰਾ ਮਾਰ ਧਿਆਨ । ਆਪਣੀ ਦਿਸ਼ਾ ਆਪ ਫੋਲਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸ਼ਾਹ ਪਾਤਸ਼ਾਹ ਸੱਚਾ ਸੁਲਤਾਨ । ਸ਼ਾਹ ਪਾਤਸ਼ਾਹ ਹਰਿ ਸੁਲਤਾਨਾ, ਸਚਖੰਡ ਆਪਣਾ ਆਸਣ ਲਾਈਆ । ਆਪੇ ਹੁਕਮ

ਆਪ ਫ਼ਰਮਾਨਾ, ਆਪੇ ਨਿਉਂ ਨਿਉਂ ਸੀਸ ਝੁਕਾਈਆ । ਆਪੇ ਭੂਪਤ ਭੂਪ ਰਾਜ ਰਾਜਾਨਾ, ਆਪੇ ਰੱਯਤ ਵੇਸ ਵਟਾਈਆ । ਆਪੇ ਦਰ ਦਰਵੇਸ਼ ਬਣੇ ਦਰਬਾਨਾ, ਆਪੇ ਆਪਣੀ ਅਲਖ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਆਪੇ ਵੜ, ਆਪਣਾ ਖੇਲ ਆਪ ਕਰਾਈਆ । ਸਾਚਾ ਖੇਲ ਹਰਿ ਕਰਤਾਰ, ਸਚਖੰਡ ਦਵਾਰ ਕਰਾਇੰਦਾ । ਆਪਣੀ ਇਛਿਆ ਆਪ ਵਿਚਾਰ, ਆਪਣਾ ਮੇਲ ਆਪ ਮਿਲਾਇੰਦਾ । ਆਪੇ ਪੁਰਖ ਆਪੇ ਨਾਰ, ਆਪੇ ਸਾਚੀ ਸੇਜ ਹੰਢਾਇੰਦਾ । ਆਪੇ ਜਾਣੇ ਆਪਣਾ ਮੰਗਲਾਚਾਰ, ਗੀਤ ਗੋਬਿੰਦ ਆਪ ਅਲਾਇੰਦਾ । ਆਪੇ ਜਨਨੀ ਜਨ ਬਣੇ ਅਗੰਮ ਅਪਾਰ, ਦਾਈ ਦਾਇਆ ਆਪਣਾ ਰੂਪ ਵਟਾਇੰਦਾ । ਆਪੇ ਸਗਨ ਮਨਾਏ ਆਪਣੀ ਵਾਰ, ਸਗਲਾ ਸੰਗ ਆਪ ਨਿਭਾਇੰਦਾ । ਸੌਹਰੇ ਪੇਈਏ ਆਪੇ ਫਿਰੇ ਹੋ ਖ਼ਬਰਦਾਰ, ਆਪਣਾ ਭੇਵ ਆਪਣੇ ਵਿਚ ਛੁਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਬੈਠਾ ਚੜ੍ਹ, ਉਚ ਮਹੱਲਾ ਇਕ ਅਟੱਲਾ, ਆਪਣਾ ਆਪ ਸੁਹਾਇੰਦਾ । ਸਚਖੰਡ ਦਵਾਰਾ ਉਚ ਮਹੱਲਾ, ਹਰਿ ਸਾਚਾ ਸਚ ਸੁਹਾਈਆ । ਵਸਣਹਾਰਾ ਇਕ ਇਕੱਲਾ, ਘਰ ਸਾਚੇ ਸੋਭਾ ਪਾਈਆ । ਆਪ ਫੜਾਏ ਆਪਣਾ ਪੱਲਾ, ਆਪਣੀ ਨਾਰੀ ਆਪ ਪਰਨਾਈਆ । ਆਪਣਾ ਆਸਣ ਆਪੇ ਮੱਲਾ, ਆਪਣਾ ਸਿੰਘਾਸਣ ਦਏ ਸੁਹਾਈਆ । ਆਪਣੀ ਜੋਤੀ ਆਪੇ ਰੱਲਾ, ਜੋਤੀ ਜੋਤ ਕਰੇ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਸਾਚੇ ਵੜ, ਆਪਣਾ ਬੰਧਨ ਆਪੇ ਪਾਈਆ । ਨਿਰਗੁਣ ਨਾਰ ਨਿਰਗੁਣ ਭਤਾਰ, ਨਿਰਗੁਣ ਕੰਤ ਕੰਤੂਹਲ ਅਖਵਾਇੰਦਾ । ਨਿਰਗੁਣ ਕਰਤਾ ਪੁਰਖ ਕਰਤਾਰ, ਨਿਰਗੁਣ ਕਰਨੀ ਕਿਰਤ ਕਮਾਇੰਦਾ । ਨਿਰਗੁਣ ਮੰਦਰ ਨਿਰਗੁਣ ਦਵਾਰ, ਨਿਰਗੁਣ ਵਸੇ ਵਸਣਹਾਰ, ਨਿਰਗੁਣ ਆਪਣਾ ਆਸਣ ਲਾਇੰਦਾ । ਨਿਰਗੁਣ ਦੀਵਾ ਬਾਤੀ ਕਰ ਉਜਿਆਰ, ਨਿਰਗੁਣ ਕਮਲਾਪਾਤੀ ਵੇਖੇ ਠਾਂਡਾ ਦਰਬਾਰ, ਸਚਖੰਡ ਦਵਾਰਾ ਆਪ ਵਡਿਆਇੰਦਾ । ਨਿਰਗੁਣ ਖੋਲ੍ਹੇ ਤਾਕੀ ਬੰਦ ਕਿਵਾੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਆਪੇ ਚੜ੍ਹ, ਆਪਣਾ ਖੇਲ ਆਪ ਖਿਲਾਇੰਦਾ । ਸਾਚਾ ਖੇਲ ਕਰੇ ਗੋਬਿੰਦ, ਬੇਐਬ ਪਰਵਰਦਿਗਾਰਾ । ਵਡ ਦਾਤਾ ਗੁਣੀ ਗਹਿੰਦ, ਗਹਿਰ ਗੰਭੀਰ ਅਗੰਮ ਅਪਾਰਾ । ਆਪੇ ਜਾਣੇ ਆਪਣੀ ਬਿੰਦ, ਆਪੇ ਕਰੇ ਸਚ ਪਸਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਚਖੰਡ ਸੱਚੇ ਦਰਬਾਰਾ । ਸਚਖੰਡ ਦਰਬਾਰਾ ਸੋਹਿਆ, ਸੋਭਾਵੰਤ ਸ੍ਰੀ ਭਗਵਾਨ । ਆਪਣੇ ਜੇਹਾ ਆਪੇ ਹੋਇਆ, ਦੂਸਰ ਅਵਰ ਨਾ ਕੋਇ ਨਿਸ਼ਾਨ । ਆਪਣਾ ਬੀਜ ਆਪੇ ਬੋਇਆ, ਆਪੇ ਹੋਏ ਹਰਿ ਪਰਧਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਵਡ ਮਿਹਰਵਾਨ । ਵਡ ਮਿਹਰਵਾਨ ਖੇਲ ਖਿਲਾਇਆ, ਆਪਣੀ ਗਤ ਮਿਤ ਆਪ ਜਣਾਇੰਦਾ । ਆਪਣਾ ਮੇਲਾ ਆਪ ਮਿਲਾਇਆ, ਨਾਰੀ ਕੰਤ ਆਪ ਅਖਵਾਇੰਦਾ । ਨਿਰਗੁਣ ਅੰਦਰ ਨਿਰਗੁਣ ਧਰਾਇਆ, ਨਿਰਗੁਣ ਵੇਖੇ ਨਿਰਗੁਣ ਵਿਚਾਰੇ, ਨਿਰਗੁਣ ਦਿਸ ਕਿਸੇ ਨਾ ਆਇੰਦਾ । ਕਰੇ ਖੇਲ ਅਗੰਮ ਅਪਾਰ, ਪਾਰਬ੍ਰਹਮ ਸੱਚੀ ਸਰਕਾਰ, ਸ਼ਾਹ ਪਾਤਸ਼ਾਹ ਆਪਣੀ ਧਾਰ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਸਾਚਾ ਹਰਿ, ਆਪਣਾ ਮੇਲਾ ਆਪ ਕਰਾਇੰਦਾ । ਮੇਲ ਮਿਲਾਵਾ ਆਪੇ ਕਰ, ਸਚਖੰਡ ਖ਼ੁਸ਼ੀ ਮਨਾਈਆ । ਨਿਰਗੁਣ ਅੰਦਰ ਨਿਰਗੁਣ ਵੜ, ਨਿਰਗੁਣ ਨਿਰਗੁਣ ਰੂਪ ਵਟਾਈਆ । ਨਿਰਗੁਣ ਪੱਲੂ ਨਿਰਗੁਣ ਫੜ, ਨਿਰਗੁਣ ਵੇਖ ਵਖਾਈਆ । ਨਿਰਗੁਣ ਅੱਗੇ ਨਿਰਗੁਣ ਧਰ, ਨਿਰਗੁਣ

ਨਿਰਗੁਣ ਦਏ ਵਡਿਆਈਆ । ਕਰਤਾ ਪੁਰਖ ਆਪਣੀ ਕਰਨੀ ਕਰ, ਆਪਣੀ ਕਿਰਤ ਦਏ ਸਮਝਾਈਆ । ਸਚਖੰਡ ਦਵਾਰੇ ਮਿਲਿਆ ਵਰ, ਨਾਰੀ ਕੰਤ ਆਪ ਰਘੁਰਾਈਆ । ਆਪਣੀ ਇਛਿਆ ਭੰਡਾਰਾ ਭਰ, ਆਪਣੀ ਗੋਦੀ ਲਏ ਸੁਹਾਈਆ । ਜਨਨੀ ਜਨ ਆਪੇ ਬਣ, ਧੰਨ ਧੰਨ ਜਣੇਂਦੀ ਹੋਏ ਮਾਈਆ । ਦਾਈ ਦਾਇਆ ਸੇਵ ਕਰ, ਸਾਚੀ ਸੇਵ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਏਕਾ ਹਰਿ, ਆਪਣੀ ਇਛਿਆ ਆਪ ਪਰਗਟਾਈਆ । ਆਪਣੀ ਇਛਿਆ ਪੁਰਖ ਨਾਰਾ, ਨਰ ਨਰਾਇਣ ਆਪ ਪਰਗਟਾਇੰਦਾ । ਸਚਖੰਡ ਦਵਾਰੇ ਕਰ ਵਿਹਾਰਾ, ਭਸਮੜ ਆਪਣਾ ਭੋਗ ਆਪ ਭੁਗਾਇੰਦਾ । ਅੰਦਰ ਬਾਹਰ ਹੋ ਉਜਿਆਰਾ, ਨੂਰ ਨੁਰਾਨਾ ਡਗਮਗਾਇੰਦਾ । ਆਪਣੀ ਵਸਤ ਜਾਣੇ ਹਰਿ ਥਾਰਾ, ਸਚ ਵਸਤ ਆਪ ਜਣਾਇੰਦਾ । ਆਪਣਾ ਧਾਮ ਕਰ ਤਿਆਰਾ, ਸਚਖੰਡ ਦਵਾਰਾ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਸਮਝਾਇੰਦਾ । ਸਚਖੰਡ ਵਸੇ ਨਿਰੰਕਾਰ, ਆਪਣਾ ਆਸਣ ਲਾਈਆ । ਆਪਣਾ ਸੁਤ ਜਣੇ ਦੁਲਾਰ, ਪੂਤ ਸਪੂਤਾ ਲਏ ਉਪਾਈਆ । ਦੂਜਾ ਘਰ ਕਰੇ ਤਿਆਰ, ਘਰ ਘਰ ਵਿਚ ਲਏ ਬਣਾਈਆ । ਨਾਉਂ ਰਖਾਏ ਥਿਰ ਦਰਬਾਰ, ਥਿਰ ਘਰ ਸਾਚਾ ਆਪ ਸਮਝਾਈਆ । ਬਾਲ ਅਵਾਣਾ ਦਏ ਬਹਾਲ, ਸੁਤ ਸ਼ਬਦ ਦਏ ਵਡਿਆਈਆ । ਆਪੇ ਜਾਣੇ ਲੇਖਾ ਸ਼ਾਹ ਕੰਗਾਲ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਆਦਿ ਜੁਗਾਦਿ ਚਲੇ ਨਾਲ ਨਾਲ, ਵਿਛੜ ਕਦੇ ਨਾ ਜਾਈਆ । ਨਿਰਗੁਣ ਨਿਰਵੈਰ ਆਪਣਾ ਦਰਸ ਦਿਖਾਲ, ਸਾਂਤ ਸਾਂਤ ਸਤਿ ਸਤਿ ਵਰਤਾਈਆ । ਸਦਾ ਸੁਹੇਲਾ ਕਰੇ ਪ੍ਰਿਤਪਾਲ, ਪ੍ਰਿਤਪਾਲਕ ਬੇਪਰਵਾਹੀਆ । ਥਿਰ ਘਰ ਬਣਾਏ ਸੱਚੀ ਧਰਮਸਾਲ, ਸਾਚੇ ਮੰਦਰ ਦਏ ਬਿਠਾਈਆ । ਆਪਣਾ ਚਰਨ ਕਵਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਘਰ ਘਰ ਵਿਚ ਆਪ ਪਰਗਟਾਈਆ । ਸਚ ਸਿੰਘਾਸਣ ਆਸਣ ਲਾ, ਸਚਖੰਡ ਦਵਾਰ ਸੁਹਾਇੰਦਾ । ਥਿਰ ਘਰ ਕਿਵਾੜਾ ਦਏ ਖੁਲ੍ਹਾ, ਆਪਣੀ ਦਇਆ ਕਮਾਇੰਦਾ । ਚਰਨ ਕਵਲ ਦਏ ਟਿਕਾ, ਚਰਨ ਸਰਨ ਇਕ ਰਖਾਇੰਦਾ । ਸੁਤ ਦੁਲਾਰੇ ਦਏ ਸਮਝਾ, ਏਕਾ ਵਾਰ ਏਕਾ ਗੁਣ ਵਖਾਇੰਦਾ । ਤੇਰਾ ਮੇਰਾ ਏਕਾ ਨਾ, ਨਾਉਂ ਨਿਰੰਕਾਰਾ ਆਪ ਦ੍ਰਿੜਾਇੰਦਾ । ਆਦਿ ਜੁਗਾਦਿ ਪਕੜਾਂ ਤੇਰੀ ਬਾਂਹ, ਸਦ ਤੇਰਾ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਦੇਵੇ ਸਾਚਾ ਵਰ, ਸੁਤ ਸ਼ਬਦ ਆਪ ਸਮਝਾਇੰਦਾ । ਸੁਤ ਸ਼ਬਦ ਬਾਲ ਨਿਧਾਨਾ, ਪ੍ਰਭ ਅੱਗੇ ਸੀਸ ਝੁਕਾਈਆ । ਤੂੰ ਸ਼ਾਹ ਪਾਤਸ਼ਾਹ ਸੱਚਾ ਸੁਲਤਾਨਾ, ਬੇਅੰਤ ਤੇਰੀ ਵਡਿਆਈਆ । ਹਉਂ ਦਰਵੇਸ਼ ਦਰ ਨਿਮਾਣਾ, ਮੰਗਾਂ ਇਕ ਸਰਨਾਈਆ । ਆਦਿ ਜੁਗਾਦਿ ਸਦ ਰੱਖੀਂ ਆਪਣੇ ਅੰਦਰ ਭਾਣਾ, ਤੇਰੇ ਭਾਣੇ ਵਡ ਵਡਿਆਈਆ । ਚਰਨ ਕਵਲ ਦੇਣਾ ਮਾਣਾ, ਤੇਰੀ ਸਰਨ ਮੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਹੋਣਾ ਸਦਾ ਸਹਾਈਆ । ਪੁਰਖ ਅਬਿਨਾਸ਼ੀ ਦਇਆ ਕਮਾ, ਬਾਲੀ ਬੁਧ ਸਮਝਾਇੰਦਾ । ਤੇਰਾ ਘਾੜਨ ਲਿਆ ਘੜਾ, ਘਾੜਤ ਆਪਣੇ ਹੱਥ ਵਖਾਇੰਦਾ । ਤੇਰਾ ਰੂਪ ਲਿਆ ਧਰਾ, ਆਪਣਾ ਰੂਪ ਪਰਗਟਾਇੰਦਾ । ਤੇਰਾ ਮੰਦਰ ਦਿਤਾ ਵਸਾ, ਆਪਣੀ ਸੇਵ ਕਮਾਇੰਦਾ । ਥਿਰ ਘਰ ਸਾਚੇ ਦਿਤਾ ਬਹਾ, ਅਡੋਲ ਅਤੁਲ ਜਣਾਇੰਦਾ । ਏਕਾ ਹੁਕਮ ਰਿਹਾ ਸੁਣਾ, ਸਚ ਸੰਦੇਸਾ ਝੋਲੀ ਪਾਇੰਦਾ । ਏਕਾ ਪਿਤਾ ਏਕਾ ਮਾਂ, ਏਕਾ ਬਾਲ ਗੋਦ ਬਹਾਇੰਦਾ । ਏਕਾ ਰੱਖੇ ਆਪਣਾ ਨਾਂ, ਨਾਉਂ ਨਿਰੰਕਾਰਾ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਥਿਰ ਘਰ ਸਾਚੇ ਦੇਵੇ ਵਰ, ਸਾਚੇ ਸੁਤ ਆਪ ਪਰਗਟਾਇੰਦਾ । ਸ਼ਬਦ ਪਰਗਟਾਇਆ ਹਰਿ ਹਰਿ ਧਾਰ, ਜਨਨੀ ਜਨ ਖੇਲ ਖਿਲਾਇਆ । ਨੂਰੋ ਨੂਰ ਕਰ ਉਜਿਆਰ, ਨੂਰ ਨੁਰਾਨਾ ਦੀਪ ਟਿਕਾਇਆ । ਵੇਖੇ ਵੇਖੇ ਵੇਖਣਹਾਰ, ਵੇਖਣਹਾਰਾ ਦਿਸ ਨਾ ਆਇਆ । ਅਗੰਮ ਅਗੰਮੜਾ ਅਗੰਮੀ ਕਰੇ ਪਿਆਰ, ਪਿਆਰ ਆਪਣਾ ਆਪ ਵਧਾਇਆ । ਆਦਿ ਜੁਗਾਦਿ ਪਾਵੇ ਸਾਰ, ਭੁਲ ਕਦੇ ਨਾ ਜਾਇਆ । ਬਾਲੇ ਬਾਲੇ ਹੋਣਾ ਖ਼ਬਰਦਾਰ, ਪੁਰਖ ਅਬਿਨਾਸ਼ੀ ਇਹ ਸਮਝਾਇਆ । ਤੇਰਾ ਵਰਤੇ ਸਚ ਵਰਤਾਰ, ਤੇਰੀ ਮਹਿਮਾ ਆਪ ਸੁਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਸਾਚੇ ਦਿਤਾ ਏਕਾ ਵਰ, ਏਕਾ ਬਾਲਾ ਸੇਵਾ ਲਾਇਆ । ਸਾਚੀ ਸੇਵਾ ਹਰਿ ਜਣਾ, ਏਕਾ ਹੁਕਮ ਸੁਣਾਇੰਦਾ । ਥਿਰ ਘਰ ਦੇਵੇ ਸਾਚਾ ਥਾਂ, ਥਾਨ ਥਨੰਤਰ ਆਪ ਸੁਹਾਇੰਦਾ । ਸਚਖੰਡ ਦਵਾਰ ਦਏ ਵਖਾ, ਏਕਾ ਨੈਣ ਖੁਲ੍ਹਾਇੰਦਾ । ਏਕਾ ਮੰਦਰ ਦਏ ਵਖਾ, ਏਕਾ ਆਸਣ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸ਼ਬਦ ਦਿਤਾ ਵਰ, ਸਾਚੀ ਸੇਵਾ ਆਪ ਰਖਾਇੰਦਾ । ਸਾਚੀ ਸੇਵਾ ਹਰਿ ਨਿਰੰਕਾਰਾ, ਆਪਣੀ ਆਪ ਜਣਾਈਆ । ਥਿਰ ਘਰ ਵਸਦਾ ਰਹੇ ਦਵਾਰਾ, ਪੁਰਖ ਅਬਿਨਾਸ਼ੀ ਆਪ ਵਸਾਈਆ । ਤੇਰਾ ਚਲੇ ਸਚ ਵਰਤਾਰਾ, ਬੰਸ ਸਰਬੰਸ ਵੇਖ ਵਖਾਈਆ । ਵਿਸ਼ਨ ਬ੍ਰਹਮਾ ਸ਼ਿਵ ਤੇਰਾ ਆਧਾਰਾ, ਲੱਖ ਚੁਰਾਸੀ ਤੇਰੀ ਰਚਨ ਰਚਾਈਆ । ਕੋਟਨ ਕੋਟ ਬ੍ਰਹਿਮੰਡ ਕਰ ਪਸਾਰਾ, ਲੋਆਂ ਪੁਰੀਆਂ ਤੇਰਾ ਬੰਧਨ ਪਾਈਆ । ਤੇਰਾ ਨੂਰ ਰਵ ਸਸ ਸਤਾਰਾ, ਕਿਰਨ ਕਿਰਨ ਕਿਰਨ ਨਾਲ ਮਿਲਾਈਆ । ਦੋ ਜਹਾਨ ਤੇਰਾ ਅਖਾੜਾ, ਪਾਰਬ੍ਰਹਮ ਪ੍ਰਭ ਆਪ ਲਗਾਈਆ । ਕਰੇ ਖੇਲ ਅਗੰਮ ਅਪਾਰਾ, ਅਗੰਮ ਅਗੰਮੜਾ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਥਿਰ ਘਰ ਸਾਚੇ ਆਪ ਬਹਾਈਆ । ਸ਼ਬਦ ਸੁਣਿਆ ਹਰਿ ਫ਼ਰਮਾਨ, ਪ੍ਰਭ ਅੱਗੇ ਸੀਸ ਝੁਕਾਇਆ । ਹਉਂ ਬਾਲਕ ਬਾਲੀ ਬਾਲ ਅਵਾਣ, ਦਰ ਏਕਾ ਮੰਗ ਮੰਗਾਇਆ । ਤੇਰੀ ਸੇਵਾ ਕਰਾਂ ਦੋ ਜਹਾਨ, ਲੋਆਂ ਪੁਰੀਆਂ ਤੇਰਾ ਚੱਕਰ ਚਲਾਇਆ । ਲੱਖ ਚੁਰਾਸੀ ਦੇਵਾਂ ਦਾਨ, ਵਿਸ਼ਨ ਬ੍ਰਹਮਾ ਸ਼ਿਵ ਝੋਲੀ ਭਰਾਇਆ । ਖੇਲਾਂ ਖੇਲ ਖੇਲ ਮਹਾਨ, ਨੂਰੋ ਨੂਰ ਨੂਰ ਪਰਗਟਾਇਆ । ਤੂੰ ਭੁਲ ਨਾ ਜਾਣਾ ਗੁਣ ਨਿਧਾਨ, ਹਉਂ ਭੁਲ ਅਭੁਲ ਤੇਰੇ ਅੱਗੇ ਝੋਲੀ ਡਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਚੀ ਮੰਗ ਮੰਗਾਇਆ । ਮੰਗੀ ਮੰਗ ਸੁਤ ਦੁਲਾਰ, ਪ੍ਰਭ ਅੱਗੇ ਝੋਲੀ ਡਾਹੀਆ । ਕਿਰਪਾ ਕਰੇ ਆਪ ਨਿਰੰਕਾਰ, ਏਕਾ ਗੁਣ ਦਏ ਸਮਝਾਈਆ । ਤੇਰਾ ਮੇਰਾ ਮੇਲਾ ਰਹੇ ਵਿਚ ਸੰਸਾਰ, ਨਿਰਗੁਣ ਸਰਗੁਣ ਧਾਰ ਚਲਾਈਆ । ਲੱਖ ਚੁਰਾਸੀ ਜੋਤ ਉਜਿਆਰ, ਨੂਰ ਨੁਰਾਨਾ ਡਗਮਗਾਈਆ । ਤੇਰਾ ਹੁਕਮ ਸ਼ਬਦ ਧੁੰਨਕਾਰ, ਨਾਦ ਅਨਾਦੀ ਦਏ ਵਜਾਈਆ । ਕੋਟਨ ਕੋਟ ਰੂਪ ਅਨੂਪ ਕਰ ਤਿਆਰ, ਸਾਚਾ ਘਾੜਨ ਲਏ ਘੜਾਈਆ । ਘਾੜਤ ਘੜੇ ਬਣ ਠਠਿਆਰ, ਆਪਣੀ ਸੇਵਾ ਆਪ ਕਮਾਈਆ । ਜੁਗ ਚੌਕੜੀ ਕਰੇ ਪਾਰ, ਲੇਖਾ ਸਭ ਦਾ ਦਏ ਮੁਕਾਈਆ । ਸਾਚੇ ਸੁਤ ਰਹਿਣਾ ਖ਼ਬਰਦਾਰ, ਪੁਰਖ ਅਬਿਨਾਸ਼ੀ ਤੇਰਾ ਹੋਏ ਸਹਾਈਆ । ਵੇਲੇ ਅੰਤ ਕਰੇ ਪਿਆਰ, ਆਪ ਆਪਣੀ ਗੋਦ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਬੈਠਾ ਰਿਹਾ ਸਮਝਾਈਆ । ਸੁਤ ਦੁਲਾਰਾ ਸੀਸ ਝੁਕਾ, ਦੋਏ ਜੋੜ ਕਰੇ ਨਿਮਸਕਾਰ । ਪੁਰਖ ਅਬਿਨਾਸ਼ੀ ਤੂੰ ਬੇਪਰਵਾਹ, ਵਡ ਦਾਤਾ ਬੇਐਬ ਪਰਵਰਦਿਗਾਰ । ਮੈਂ ਮੰਨਾਂ ਤੇਰੀ ਸਚ ਸਲਾਹ, ਭੁਲ ਨਾ ਜਾਵਾਂ ਵਿਚ ਸੰਸਾਰ । ਕਵਣ

ਵੇਲਾ ਬਣੇਂ ਮਲਾਹ, ਮੇਰਾ ਬੇੜਾ ਦੇਵੇਂ ਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮੰਗੇ ਮੰਗ ਬਣ ਭਿਖਾਰ । ਕਵਣ ਵੇਲਾ ਆਏਂ ਮਾਤ, ਸ਼ਬਦੀ ਜੋਤ ਹਰਿ ਮਿਲਾਈਆ । ਕਵਣ ਵੇਲਾ ਦੇਵੇਂ ਦਾਤ, ਕਵਲ ਨੈਣ ਮੇਰੇ ਮਾਹੀਆ । ਕਵਣ ਵੇਲਾ ਵਿਛੋੜਾ ਕੱਟੇਂ ਅੰਧੇਰੀ ਰਾਤ, ਆਪ ਆਪਣਾ ਬੰਧਨ ਪਾਈਆ । ਕਵਣ ਵੇਲਾ ਬੰਨ੍ਹੇਂ ਨਾਤ, ਨਾਤਾ ਬਿਧਾਤਾ ਜੋੜ ਜੁੜਾਈਆ । ਕਵਣ ਵੇਲਾ ਦਰਸ ਦਿਖਾਏਂ ਪੁਰਖ ਸਮਰਾਥ, ਸਚਖੰਡ ਨਿਵਾਸੀ ਆਪਣਾ ਰੂਪ ਵਟਾਈਆ । ਕਵਣ ਵੇਲਾ ਮੇਰੀ ਪੂਰੀ ਕਰੇਂ ਆਸ, ਆਸ ਨਿਰਾਸ ਨਾ ਕੋਇ ਜਣਾਈਆ । ਕਵਣ ਵੇਲਾ ਕਰੇਂ ਪਰਕਾਸ਼, ਦੋ ਜਹਾਨ ਹੋਏ ਰੁਸ਼ਨਾਈਆ । ਸੋਹੇ ਵੇਲਾ ਜਦ ਵਸੇਂ ਪਾਸ, ਆਪਣਾ ਸੰਗ ਆਪ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਗੁਣ ਦਏ ਸਮਝਾਈਆ । ਸੋ ਪੁਰਖ ਨਿਰੰਜਣ ਸਮਝਾਇੰਦਾ, ਇਕ ਇਕੱਲਾ ਏਕੰਕਾਰ । ਹਰਿ ਪੁਰਖ ਨਿਰੰਜਣ ਭੇਵ ਚੁਕਾਇੰਦਾ, ਆਦਿ ਨਿਰੰਜਣ ਹੋ ਉਜਿਆਰ । ਅਬਿਨਾਸ਼ੀ ਕਰਤਾ ਪਰਦਾ ਲਾਹਿੰਦਾ, ਸ੍ਰੀ ਭਗਵਾਨ ਬੈਠ ਠਾਂਡੇ ਦਰਬਾਰ । ਪਾਰਬ੍ਰਹਮ ਪ੍ਰਭ ਵੇਖ ਵਖਾਇੰਦਾ, ਆਦਿ ਜੁਗਾਦੀ ਵੇਖਣਹਾਰ । ਸਚਖੰਡ ਆਪਣੀ ਖੇਲ ਖਿਲਾਇੰਦਾ, ਤਖ਼ਤ ਨਿਵਾਸੀ ਸਾਚੇ ਤਖ਼ਤ ਬੈਠ ਸੱਚਾ ਸ਼ਾਹ ਕਾਰ । ਥਿਰ ਘਰ ਤੇਰਾ ਰੰਗ ਰੰਗਾਇੰਦਾ, ਸਾਚੇ ਸ਼ਬਦ ਸੁਤ ਦੁਲਾਰ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਤੇਰੀ ਸੇਵ ਲਗਾਇੰਦਾ, ਜੁਗ ਜੁਗ ਖੇਲ ਕਰੇ ਨਿਰੰਕਾਰ । ਲੋਕਮਾਤ ਵੇਖ ਵਖਾਇੰਦਾ, ਪੁਰਖ ਬਿਧਾਤਾ ਹੋ ਤਿਆਰ । ਤੇਰੀ ਰਤੀ ਰਤ ਆਪ ਸੁਹਾਇੰਦਾ, ਲੱਖ ਚੁਰਾਸੀ ਖਿੜੇ ਗੁਲਜ਼ਾਰ । ਪੱਤ ਡਾਲ੍ਹੀ ਫੋਲ ਫੋਲਾਇੰਦਾ, ਲੇਖਾ ਜਾਣੇ ਆਪਣੀ ਵਾਰ । ਗੁਰ ਅਵਤਾਰ ਤੇਰਾ ਰੂਪ ਵਟਾਇੰਦਾ, ਹੁਕਮੀ ਹੁਕਮ ਵਰਤੇ ਵਰਤਾਰ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੰਡ ਵੰਡਾਇੰਦਾ, ਨਵ ਨੌਂ ਚਾਰ ਖੇਲ ਨਿਆਰ । ਅੰਤਮ ਕੋਇ ਰਹਿਣ ਨਾ ਪਾਇੰਦਾ, ਜੋ ਘੜਿਆ ਸੋ ਦੇਵੇ ਭੰਨ, ਕਰੇ ਖੇਲ ਸੱਚਾ ਠਠਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੁਤ ਦਏ ਆਧਾਰ । ਸਾਚੇ ਸੁਤ ਕਰ ਧਿਆਨ, ਹਰਿ ਸਾਚਾ ਸਚ ਜਣਾਈਆ । ਨੌਂ ਸੌ ਚੁਰਾਨਵੇਂ ਚੌਕੜੀ ਪੰਧ ਮੁਕਾਏ ਆਣ, ਨਿਰਗੁਣ ਆਪਣਾ ਰੂਪ ਵਟਾਈਆ । ਮਾਤਲੋਕ ਬਣਾਏ ਸਚਖੰਡ ਸੱਚਾ ਮਕਾਨ, ਆਪਣਾ ਘਾੜਨ ਆਪ ਘੜਾਈਆ । ਘਰ ਵਿਚ ਘਰ ਦੇਵੇ ਦਾਨ, ਥਿਰ ਦਰਬਾਰਾ ਤੇਰਾ ਆਸਣ ਸੁਹਾਈਆ । ਦਿਸ ਨਾ ਆਏ ਵਿਚ ਜਹਾਨ, ਨੇਤਰ ਵੇਖ ਨਾ ਸਕੇ ਕੋਇ ਰਾਈਆ । ਸਾਚੇ ਮੰਦਰ ਵਸੇ ਭਗਵਾਨ, ਪਾਰਬ੍ਰਹਮ ਬੇਪਰਵਾਹੀਆ । ਆਪਣਾ ਝੁਲਾਏ ਸਚ ਨਿਸ਼ਾਨ, ਸਤਿ ਸਤਿਵਾਦੀ ਆਪ ਉਠਾਈਆ । ਤੇਰੀ ਇਛਿਆ ਪੂਰੀ ਕਰੇ ਆਣ, ਮੇਲਾ ਮੇਲੇ ਸਹਿਜ ਸੁਭਾਈਆ । ਵਿਸ਼ਨ ਬ੍ਰਹਮਾ ਸ਼ਿਵ ਸਰਬ ਕੁਰਲਾਨ, ਨੇਤਰ ਰੋ ਰੋ ਦੇਣ ਦੁਹਾਈਆ । ਗੁਰ ਅਵਤਾਰ ਮੰਗਣ ਦਾਨ, ਅੱਗੇ ਆਪਣੀ ਝੋਲੀ ਡਾਹੀਆ । ਤੇਰਾ ਮੰਦਰ ਸੋਹੇ ਮਕਾਨ, ਦਰ ਦਰਵਾਜ਼ਾ ਸੋਭਾ ਪਾਈਆ । ਤੇਰੇ ਸਿਰ ਹੱਥ ਰੱਖੇ ਭਗਵਾਨ, ਬੇਅੰਤ ਬੇਅੰਤ ਬੇਅੰਤ ਸੱਚਾ ਸ਼ਹਿਨਸ਼ਾਹੀਆ । ਤੇਰਾ ਰੂਪ ਬਣਾਏ ਸੱਚਾ ਕਾਹਨ, ਲੱਖ ਚੁਰਾਸੀ ਗੋਪੀ ਲਏ ਪਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਦੇਵੇ ਏਕਾ ਵਰ, ਸ਼ਬਦੀ ਸ਼ਬਦ ਸੁਤ ਸਮਝਾਈਆ । ਸ਼ਬਦ ਸੁਤ ਸੁਣ ਸਾਚੇ ਲਾਲ, ਹਰਿ ਸਾਚਾ ਸਚ ਜਣਾਇੰਦਾ । ਕੋਟਨ ਕੋਟ ਬੀਤਣ ਕਾਲ, ਕਾਲ ਗਰਾਸ ਸਭ ਨੂੰ ਖਾਇੰਦਾ । ਕਰੇ ਖੇਲ ਰੂਪ ਮਹਾਕਾਲ, ਮਹਾਕਾਲ ਆਪਣੀ ਧਾਰ ਚਲਾਇੰਦਾ । ਤੇਰਾ ਕਦੇ ਨਾ ਆਏ ਜ਼ਵਾਲ, ਤੇਰਾ ਰਹਿਬਰ ਹਰਿ ਅਖਵਾਇੰਦਾ । ਦੋ ਜਹਾਨਾਂ ਰਿਹਾ ਸੁਰਤ ਸੰਭਾਲ, ਜੁਗ ਜੁਗ

ਸੇਵ ਕਮਾਇੰਦਾ । ਤੇਰੇ ਮਾਣਕ ਮੋਤੀ ਤੇਰੇ ਵਿਚੋਂ ਲਏ ਉਛਾਲ, ਭਗਤ ਭਗਵੰਤ ਆਪ ਉਠਾਇੰਦਾ । ਤੇਰਾ ਖ਼ਜਾਨਾ ਦੇਵੇ ਸੱਚਾ ਧਨ ਮਾਲ, ਸਾਚੇ ਸੰਤਾਂ ਝੋਲੀ ਨਾਮ ਭਰਾਇੰਦਾ । ਤੇਰਾ ਫੁਲ ਫੁਲਵਾੜੀ ਵੇਖੇ ਪੱਤ ਡਾਲ੍ਹ, ਗੁਰਮੁਖ ਬੂਟੇ ਆਪ ਲਗਾਇੰਦਾ । ਗੁਰਸਿਖ ਸਾਚੇ ਆਪੇ ਭਾਲ, ਸ਼ਬਦੀ ਤੇਰਾ ਮੇਲ ਮਿਲਾਇੰਦਾ । ਤੇਰਾ ਘਰ ਸੱਚੀ ਧਰਮਸਾਲ, ਧੁਰਦਰਗਾਹੀ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਵਰ ਦਾਤਾ ਝੋਲੀ ਪਾਇੰਦਾ । ਵਰ ਦੀਆ ਦੀਨਾਂ ਨਾਥ, ਦੀਨਨ ਦਇਆ ਕਮਾਈਆ । ਨਵ ਨੌਂ ਚਾਰ ਪੂਜਾ ਪਾਠ, ਤੇਰਾ ਤੇਰੀ ਕਰੇ ਪੜ੍ਹਾਈਆ । ਤੇਰਾ ਖੇਲ ਤ੍ਰਿਲੋਕੀ ਨਾਥ, ਰੂਪ ਅਨੂਪ ਆਪ ਸਮਝਾਈਆ । ਚੌਦਾਂ ਲੋਕ ਤੇਰਾ ਘਾਟ, ਘਟ ਘਟ ਵਾਸੀ ਆਪ ਬਣਾਈਆ । ਆਪੇ ਜਾਣੇ ਤੇਰੀ ਵਾਟ, ਤੇਰਾ ਪੰਧ ਨਾ ਕੋਇ ਮੁਕਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਖਾਣੀ ਬਾਣੀ ਅੰਜੀਲ ਕ਼ੁਰਾਨ ਤੇਰੀ ਮਹਿਮਾ ਗਾਏ ਗਾਥ, ਤੇਰਾ ਭੇਵ ਕੋਇ ਨਾ ਪਾਈਆ । ਤੇਰਾ ਪਿਤਾ ਪੁਰਖ ਸਮਰਾਥ, ਸਮਰਥ ਪੁਰਖ ਤੇਰੀ ਮਾਈਆ । ਤੇਰੀ ਪੂਰੀ ਕਰੇ ਆਸ, ਮੇਟੇ ਅੰਤ ਜੁਦਾਈਆ । ਆਪਣੇ ਚਰਨ ਦਏ ਧਰਵਾਸ, ਚਰਨ ਦਵਾਰਾ ਇਕ ਵਖਾਈਆ । ਲਹਿਣਾ ਦੇਣਾ ਚੁਕਾਏ ਪ੍ਰਿਥਮੀ ਆਕਾਸ਼, ਗਗਨ ਮੰਡਲ ਪੰਧ ਮੁਕਾਈਆ । ਤੇਰੇ ਮੰਦਰ ਪਾਵੇ ਰਾਸ, ਗੋਪੀ ਕਾਹਨ ਆਪ ਨਚਾਈਆ । ਤੇਰਾ ਨੂਰ ਕਰੇ ਪਰਕਾਸ਼, ਏਕਾ ਨੂਰ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਰਿਹਾ ਸਮਝਾਈਆ । ਸੁਤ ਦੁਲਾਰੇ ਨਵ ਨੌਂ ਚਾਰ ਅੰਤ ਕਰੌਣਾ, ਹਰਿ ਸਾਚਾ ਸਚ ਜਣਾਇੰਦਾ । ਲੋਕਮਾਤ ਵੇਸ ਵਟੌਣਾ, ਨਿਰਗੁਣ ਆਪਣਾ ਖੇਲ ਖਿਲਾਇੰਦਾ । ਸਚਖੰਡ ਦਵਾਰ ਆਪ ਬਣੌਣਾ, ਸਾਢੇ ਤਿੰਨ ਹੱਥ ਬਣਤ ਬਣਾਇੰਦਾ । ਘਰ ਵਿਚ ਘਰ ਆਪ ਟਿਕੌਣਾ, ਥਿਰ ਘਰ ਤੇਰਾ ਮੰਦਰ ਸੁਹਾਇੰਦਾ । ਆਪਣਾ ਪੱਲੂ ਆਪ ਫੜੌਣਾ, ਸਾਚਾ ਪੱਲੂ ਅੱਗੇ ਡਾਹਿੰਦਾ । ਆਪਣਾ ਹੁਕਮ ਆਪ ਸੁਣੌਣਾ, ਤੇਰਾ ਨਾਦ ਵਜਾਇੰਦਾ । ਬ੍ਰਹਿਮੰਡਾਂ ਖੰਡਾਂ ਲੋਆਂ ਪੁਰੀਆਂ ਆਪ ਉਠੌਣਾ, ਤੇਰਾ ਹੁਕਮ ਵਰਤਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਹਲੌਣਾ, ਸੋਇਆ ਕੋਇ ਰਹਿਣ ਨਾ ਪਾਇੰਦਾ । ਲੱਖ ਚੁਰਾਸੀ ਪਰਦਾ ਲੌਹਣਾ, ਮਾਇਆ ਪਰਦਾ ਨਾ ਕੋਇ ਰਖਾਇੰਦਾ । ਢੋਲ ਮਰਦੰਗਾ ਇਕ ਵਜੌਣਾ, ਸਚ ਸਰੰਗਾ ਹੱਥ ਉਠਾਇੰਦਾ । ਨਵ ਖੰਡਾਂ ਫੇਰਾ ਪੌਣਾ, ਜੇਰਜ ਅੰਡਾਂ ਫੋਲ ਫੋਲਾਇੰਦਾ । ਧਰਨੀ ਧਰਤ ਧਵਲ ਡੇਰਾ ਢੌਣਾ, ਜ਼ਿਮੀਂ ਅਸਮਾਨਾਂ ਪਾਰ ਕਰਾਇੰਦਾ । ਰਵ ਸਸ ਮੁਖ ਸ਼ਰਮੌਣਾ, ਜੋਤੀ ਜੋਤ ਨਾ ਕੋਇ ਜਗਾਇੰਦਾ । ਅੰਤਮ ਲੇਖਾ ਆਪ ਮੁਕੌਣਾ, ਲਿਖ ਲਿਖ ਲੇਖਾ ਸਰਬ ਵਖਾਇੰਦਾ । ਲੱਖ ਚੁਰਾਸੀ ਨਾਤਾ ਤੋੜ ਤੁੜੌਣਾ, ਬੰਧਨ ਅਵਰ ਨਾ ਕੋਇ ਪਾਇੰਦਾ । ਰਾਏ ਧਰਮ ਪੰਧ ਮੁਕੌਣਾ, ਚਿਤਰ ਗੁਪਤ ਚਰਨਾਂ ਹੇਠ ਰਖਾਇੰਦਾ । ਲਾੜੀ ਮੌਤ ਨੈਣ ਸ਼ਰਮੌਣਾ, ਨੇਤਰ ਨੈਣ ਨਾ ਕੋਇ ਉਠਾਇੰਦਾ । ਸੁਤ ਦੁਲਾਰੇ ਤੇਰਾ ਹੁਕਮ ਵਰਤੌਣਾ, ਦੋ ਜਹਾਨਾਂ ਡੰਕ ਵਜਾਇੰਦਾ । ਆਪਣਾ ਕੀਤਾ ਆਪੇ ਢੌਣਾ, ਆਪਣੀ ਕਰਨੀ ਆਪਣਾ ਖੇਲ ਖਿਲਾਇੰਦਾ । ਤੇਰਾ ਮੇਲਾ ਫੇਰ ਮਿਲੌਣਾ, ਮੇਲ ਮਿਲਾਵਾ ਆਪ ਸਮਝਾਇੰਦਾ । ਸਚਖੰਡ ਦਵਾਰਾ ਥਿਰ ਦਰਬਾਰਾ ਜੋਤ ਪਰਕਾਸ਼ ਇਕ ਕਰੌਣਾ, ਅਨਹਦ ਨਾਦੀ ਨਾਦ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਦੇਵੇ ਨਿਰਗੁਣ ਵਰ, ਨਿਰਗੁਣ ਦਾਤਾ ਨਿਰਗੁਣ ਭਿਖਾਰੀ, ਨਿਰਗੁਣ ਰਾਜਾ ਨਿਰਗੁਣ ਸਿਕਦਾਰੀ, ਨਿਰਗੁਣ ਅੱਗੇ ਨਿਰਗੁਣ ਸੀਸ ਝੁਕਾਇੰਦਾ । ਆਦਿ ਪੁਰਖ ਅਪਰੰਪਰ ਸਵਾਮੀ ਏਕਾ ਏਕੰਕਾਰਿਆ, ਜੁਗਾਦਿ ਜੁਗ ਜਗ ਆਪਣਾ ਖੇਲ ਖਿਲਾਇੰਦਾ ।

★ ੨੪ ਸਾਵਣ ੨੦੧੮ ਬਿਕ੍ਰਮੀ ਬੰਤਾ ਸਿੰਘ ਦੇ ਗ੍ਰਿਹ ਪੰਜ ਗਰਾਈ ★

ਆਦਿ ਅੰਤ ਹਰਿ ਹਰਿ ਵੇਲਾ, ਹਰਿ ਆਪਣੇ ਹੱਥ ਰਖਾਇੰਦਾ । ਲੇਖਾ ਜਾਣੇ ਗੁਰ ਗੁਰ ਚੇਲਾ, ਗੁਰ ਚੇਲਾ ਰੂਪ ਧਰਾਇੰਦਾ । ਜੁਗਾ ਜੁਗੰਤਰ ਸੱਜਣ ਸੁਹੇਲਾ, ਸ਼ਾਹ ਪਾਤਸ਼ਾਹ ਸੰਗ ਨਿਭਾਇੰਦਾ । ਵਸਣਹਾਰਾ ਧਾਮ ਨਵੇਲਾ, ਧਾਮ ਅਗੰਮੜਾ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਏਕਾ ਹਰਿ, ਆਪਣਾ ਵੇਲਾ ਆਪਣੇ ਹੱਥ ਰਖਾਇੰਦਾ । ਆਪਣਾ ਵੇਲਾ ਹੱਥ ਕਰਤਾਰ, ਆਪੇ ਆਪ ਰਖਾਈਆ । ਸੋ ਪੁਰਖ ਨਿਰੰਜਣ ਹੋ ਤਿਆਰ, ਸ਼ਾਹ ਸੁਲਤਾਨਾ ਵੇਖ ਵਖਾਈਆ । ਹਰਿ ਪੁਰਖ ਨਿਰੰਜਣ ਕਰੇ ਖੇਲ ਅਗੰਮ ਅਪਾਰ, ਅਲਖ ਅਗੋਚਰ ਬੇਅੰਤ ਵਡ ਵਡਿਆਈਆ । ਏਕੰਕਾਰਾ ਆਪੇ ਜਾਣੇ ਆਪਣੀ ਧਾਰ, ਜੁਗਾ ਜੁਗੰਤ ਵੇਸ ਵਟਾਈਆ । ਆਦਿ ਨਿਰੰਜਣ ਨਿਰਗੁਣ ਜੋਤ ਨੂਰ ਉਜਿਆਰ, ਨੂਰ ਨੁਰਾਨਾ ਡਗਮਗਾਈਆ । ਅਬਿਨਾਸ਼ੀ ਕਰਤਾ ਕਰਤਾ ਪੁਰਖ ਕਰਨੇਹਾਰ, ਆਪਣੀ ਕਰਨੀ ਆਪ ਕਮਾਈਆ । ਸ੍ਰੀ ਭਗਵਾਨ ਲੇਖਾ ਜਾਣੇ ਦੋ ਜਹਾਨ, ਗੁਣ ਨਿਧਾਨ ਭੇਵ ਅਭੇਦ ਆਪਣੇ ਵਿਚ ਛੁਪਾਈਆ । ਪਾਰਬ੍ਰਹਮ ਪ੍ਰਭ ਹੋ ਪਰਧਾਨ, ਆਪ ਝੁਲਾਏ ਆਪਣਾ ਸਚ ਨਿਸ਼ਾਨ, ਸਤਿ ਸਤਿਵਾਦੀ ਸਤਿ ਦਵਾਰੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅੰਤ ਆਪਣੀ ਖੇਲ ਖਿਲਾਈਆ । ਆਦਿ ਅੰਤ ਖੇਲ ਅਵੱਲਾ, ਪਾਰਬ੍ਰਹਮ ਪ੍ਰਭ ਆਪ ਕਰਾਇੰਦਾ । ਅਬਿਨਾਸ਼ੀ ਕਰਤਾ ਵਸਣਹਾਰਾ ਧਾਮ ਉਚ ਅਟੱਲਾ, ਮਿਹਬਾਨ ਬੀਦੋ ਬੀ ਖ਼ੈਰ ਯਾ ਅੱਲਾ ਆਪਣਾ ਨੂਰ ਨੂਰ ਨੂਰ ਡਗਮਗਾਇੰਦਾ । ਸ੍ਰੀ ਭਗਵਾਨ ਹਰਿ ਮਿਹਰਵਾਨ, ਆਪੇ ਹੋਏ ਸਚ ਅਮਾਮ, ਅਮਾਮ ਅਮਾਮਾ ਸ਼ਾਹ ਸੁਲਤਾਨਾ ਮੁਕਾਮੇ ਹੱਕ ਸੋਭਾ ਪਾਇੰਦਾ । ਆਦਿ ਨਿਰੰਜਣ ਜੋਤ ਨੂਰ ਮਹਾਨਾ, ਸਚ ਮਹਿਰਾਬੇ ਇਕ ਨਿਸ਼ਾਨਾ, ਬੇਐਬ ਪਰਵਰਦਿਗਾਰ ਆਪਣਾ ਖੇਲ ਖਿਲਾਇੰਦਾ । ਏਕੰਕਾਰਾ ਕਰੇ ਖੇਲ ਨਿਆਰਾ, ਖੇਲਣਹਾਰਾ ਦਿਸ ਨਾ ਆਇੰਦਾ । ਹਰਿ ਪੁਰਖ ਨਿਰੰਜਣ ਆਪੇ ਜਾਣੇ ਆਪਣਾ ਸਤਿ ਪਸਾਰਾ, ਨਾ ਕੋਇ ਦੂਸਰ ਮੀਤ ਮੁਰਾਰਾ, ਦੂਸਰ ਸੰਗ ਨਾ ਕੋਇ ਰਖਾਇੰਦਾ । ਸੋ ਪੁਰਖ ਨਿਰੰਜਣ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸੱਚਾ ਸਿਕਦਾਰਾ, ਭੂਪਤ ਭੂਪ ਰਾਜ ਰਾਜਾਨ ਹੁਕਮੀ ਹੁਕਮ ਵਰਤੇ ਵਰਤਾਰਾ, ਹੁਕਮ ਹਾਕਮ ਆਪ ਅਖਵਾਇੰਦਾ । ਆਦਿ ਅੰਤ ਖੇਲ ਨਿਆਰਾ, ਕਰੇ ਕਰਾਏ ਕਰਨੇਹਾਰਾ, ਕਰਨੀ ਆਪਣੀ ਕਿਰਤ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਦਿ ਅੰਤ ਸ੍ਰੀ ਭਗਵੰਤ, ਲੇਖਾ ਜਾਣੇ ਜੁਗਾ ਜੁਗੰਤ, ਜੁਗ ਜੁਗ ਆਪਣੀ ਧਾਰ ਚਲਾਇੰਦਾ । ਆਦਿ ਅੰਤ ਸ੍ਰੀ ਭਗਵਾਨ, ਆਪਣੇ ਹੱਥ ਰਖਾਈਆ । ਸਚਖੰਡ ਦਵਾਰੇ ਹੋ ਪਰਧਾਨ, ਸਚਖੰਡ ਨਿਵਾਸੀ ਸੋਭਾ ਪਾਈਆ । ਸ਼ਬਦ ਅਗੰਮੀ ਇਕ ਨਿਸ਼ਾਨ, ਵਡ ਮਿਹਰਵਾਨ ਆਪ ਝੁਲਾਈਆ । ਦਾਤਾ ਦਾਨੀ ਦੇਵੇ ਦਾਨ, ਵਸਤ ਅਮੋਲਕ ਆਪ ਵਰਤਾਈਆ । ਗੁਣ ਨਿਧਾਨਾ ਬਣ ਦਰਬਾਨਾ ਦਰ ਦਰਵੇਸ਼ ਮੰਗੇ ਆਣ, ਨਰ ਨਰੇਸ਼ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅੰਤ ਆਪਣਾ ਪਰਦਾ ਆਪਣੇ ਵਿਚ ਛੁਪਾਈਆ । ਆਦਿ ਅੰਤ ਸ੍ਰੀ ਭਗਵੰਤ, ਭੇਵ ਅਭੇਦ ਛੁਪਾਇੰਦਾ । ਜੁਗ ਜੁਗ ਮਹਿਮਾ ਗਣਤ ਅਗਣਤ, ਲੇਖਾ ਲਿਖਤ ਵਿਚ ਨਾ ਆਇੰਦਾ । ਨਿਰਗੁਣ ਨਿਰਗੁਣ ਬਣਾਏ ਬਣਤ, ਨਿਰਗੁਣ ਨਿਰਗੁਣ ਵੇਸ ਵਟਾਇੰਦਾ । ਨਿਰਗੁਣ ਨਾਰੀ ਨਿਰਗੁਣ ਕੰਤ, ਨਿਰਗੁਣ ਸਾਚੀ ਸੇਜ ਸੁਹਾਇੰਦਾ । ਨਿਰਗੁਣ ਨਾਦ ਸ਼ਬਦ ਨਿਰਗੁਣ ਮੰਤ, ਨਿਰਗੁਣ ਆਦਿ ਨਿਰਗੁਣ ਅੰਤ,



੯੫੫ ੧੦

ਨਿਰਗੁਣ ਆਪਣਾ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਆਪਣੀ ਧਾਰਾ ਆਪ ਚਲਾਇੰਦਾ । ਨਿਰਗੁਣ ਧਾਰ ਹਰਿ ਨਿਰੰਕਾਰ, ਆਦਿ ਜੁਗਾਦਿ ਚਲਾਈਆ । ਆਪਣੀ ਇਛਿਆ ਭਰ ਭੰਡਾਰ, ਆਪੇ ਹਰਿ ਵਰਤਾਈਆ । ਆਪੇ ਦਾਤਾ ਬਣ ਭਿਖਾਰ, ਦਰ ਦਰਵੇਸ਼ ਅਲਖ ਜਗਾਈਆ । ਆਪੇ ਹੁਕਮੀ ਹੁਕਮ ਵਰਤੇ ਵਰਤਾਰ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਆਪੇ ਵੇਖੇ ਵਿਗਸੇ ਕਰੇ ਵਿਚਾਰ, ਵੇਖਣਹਾਰਾ ਦਿਸ ਨਾ ਆਈਆ । ਪਾਰਬ੍ਰਹਮ ਬੇਅੰਤ ਬੇਅੰਤ ਬੇਅੰਤ ਕਰੇ ਕਰਾਏ ਆਪਣੀ ਕਾਰ, ਕਰਨੀ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਏਕਾ ਹਰਿ, ਆਦਿ ਅੰਤ ਆਪਣਾ ਭੇਵ ਆਪ ਖੁਲ੍ਹਾਈਆ । ਨਿਰਗੁਣ ਨਿਰਗੁਣ ਹੋ ਉਜਿਆਰਾ, ਜੋਤੀ ਜੋਤ ਜੋਤ ਰੁਸ਼ਨਾਈਆ । ਘਰ ਵਿਚ ਘਰ ਕਰ ਤਿਆਰਾ, ਆਪ ਬਹਾਇਆ ਸੁਤ ਦੁਲਾਰਾ, ਸ਼ਬਦੀ ਨਾਉਂ ਰਖਾਈਆ । ਆਦਿ ਅੰਤ ਏਕਾ ਹਰਿ, ਆਪਣੀ ਧਾਰ ਆਪ ਚਲਾਈਆ । ਆਦਿ ਅੰਤ ਆਦਿ ਨਿਰੰਜਣ, ਆਦਿ ਆਦਿ ਅਖਵਾਈਆ । ਆਪੇ ਹੋਏ ਸਾਚਾ ਸੱਜਣ, ਸਗਲਾ ਸੰਗ ਆਪ ਨਿਭਾਈਆ । ਆਪੇ ਧੂੜ ਆਪੇ ਮਜਨ, ਆਪੇ ਸਰੋਵਰ ਸਰ ਸੁਹਾਈਆ । ਆਪੇ ਹੋਏ ਪਰਦਾ ਕੱਜਣ, ਪਤ ਆਪਣੀ ਆਪਣੇ ਹੱਥ ਰਖਾਈਆ । ਆਪੇ ਘੜੇ ਆਪੇ ਭੱਜਣ, ਘੜਨ ਭੰਨਣਹਾਰ ਭੇਵ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅੰਤ ਇਕ ਸ਼ਹਿਨਸ਼ਾਹੀਆ । ਆਦਿ ਅੰਤ ਇਕ ਸ਼ਹਿਨਸ਼ਾਹ ਸੁਲਤਾਨਾ, ਹਰਿ ਸਾਚਾ ਸਚ ਅਖਵਾਇੰਦਾ । ਸਾਚੇ ਤਖ਼ਤ ਬਹੇ ਸ੍ਰੀ ਭਗਵਾਨਾ, ਸਚਖੰਡ ਦਵਾਰੇ ਸੋਭਾ ਪਾਇੰਦਾ । ਏਕਾ ਹੁਕਮ ਧੁਰ ਫ਼ਰਮਾਨਾ, ਧੁਰ ਦਰਬਾਰੀ ਆਪ ਸੁਣਾਇੰਦਾ । ਸਤਿ ਸਤਿਵਾਦੀ ਇਕ ਨਿਸ਼ਾਨਾ, ਸਤਿ ਦਵਾਰੇ ਆਪ ਝੁਲਾਇੰਦਾ । ਦਰ ਦਰਵੇਸ਼ ਬਣ ਦਰਬਾਨਾ, ਪਾਰਬ੍ਰਹਮ ਆਪਣਾ ਰੂਪ ਵਟਾਇੰਦਾ । ਬਣ ਭਿਖਾਰੀ ਮੰਗੇ ਦਾਨਾ, ਨਿਉਂ ਨਿਉਂ ਸੀਸ ਝੁਕਾਇੰਦਾ । ਲੇਖਾ ਜਾਣੇ ਮਰਦ ਮਰਦਾਨਾ, ਆਪ ਆਪਣਾ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅੰਤ ਏਕਾ ਹਰਿ, ਆਪਣੀ ਕਲ ਆਪ ਧਰਾਇੰਦਾ । ਆਦਿ ਅੰਤ ਹਰਿ ਕਲ, ਆਪਣੀ ਆਪ ਧਰਾਈਆ । ਜੁਗਾ ਜੁਗੰਤਰ ਵਲ ਛਲ, ਜੁਗ ਕਰਤਾ ਆਪ ਕਰਾਈਆ । ਆਪਣੀ ਜੋਤੀ ਆਪੇ ਬਲ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਵਸਣਹਾਰਾ ਨਿਹਚਲ ਧਾਮ ਅਟੱਲ, ਉਚ ਮਹੱਲੇ ਡੇਰਾ ਲਾਈਆ । ਅੰਮ੍ਰਿਤ ਸਰੋਵਰ ਰੱਖੇ ਜਲ, ਆਪਣੀ ਧਾਰਾ ਆਪ ਉਪਾਈਆ । ਆਪੇ ਜਾਣੇ ਆਪਣਾ ਫਲ, ਗੁਣ ਅਵਗੁਣ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਅੰਤ ਸ੍ਰੀ ਭਗਵੰਤ, ਲੇਖਾ ਜਾਣੇ ਨਾਰੀ ਕੰਤ, ਕਾਗਦ ਕਲਮ ਨਾ ਲਿਖਣਹਾਰਾ, ਪੜ੍ਹ ਪੜ੍ਹ ਕੋਇ ਨਾ ਸਕੇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਆਪਣਾ ਭੇਵ ਆਪ ਖੁਲ੍ਹਾਇਆ । ਸੋ ਪੁਰਖ ਨਿਰੰਜਣ ਮਿਲਿਆ ਵਰ, ਹਰਿ ਪੁਰਖ ਨਿਰੰਜਣ ਲਏ ਪਰਨਾਈਆ । ਏਕੰਕਾਰਾ ਪੱਲੂ ਫੜ, ਆਦਿ ਨਿਰੰਜਣ ਵੇਖ ਵਖਾਈਆ । ਅਬਿਨਾਸ਼ੀ ਕਰਤਾ ਸੇਜੇ ਚੜ੍ਹ, ਸ੍ਰੀ ਭਗਵਾਨ ਸੇਜ ਹੰਢਾਈਆ । ਪਾਰਬ੍ਰਹਮ ਦਾਈ ਦਾਇਆ ਆਪੇ ਬਣ, ਜਨ ਜਨਨੀ ਵੇਖ ਵਖਾਈਆ । ਸੁਤ ਦੁਲਾਰਾ ਆਪੇ ਜਣ, ਸ਼ਬਦੀ ਨਾਉਂ ਧਰਾਈਆ । ਸਚਖੰਡ ਦਵਾਰੇ ਆਪੇ ਵੜ, ਆਪਣਾ ਪਰਦਾ ਦਏ ਉਠਾਈਆ । ਸਚ ਸਿੰਘਾਸਣ ਬੈਠਾ ਨਰ, ਰਾਜ ਰਾਜਾਨ ਇਕ ਅਖਵਾਈਆ । ਥਿਰ ਘਰ ਦਵਾਰੇ ਚਰਨ ਧਰ, ਚਰਨ ਚਰਨੋਦਕ ਦਏ ਵਡਿਆਈਆ । ਸੁਤ ਦੁਲਾਰੇ ਦੇਵੇ ਵਰ, ਵਰ

੯੫੬
੧੦

ਦਾਤਾ ਆਪ ਹੋ ਜਾਈਆ । ਤੇਰੀ ਲਾਈ ਆਪੇ ਜੜ੍ਹ, ਮਾਲੀ ਬਣਿਆ ਬੇਪਰਵਾਹੀਆ । ਦਰਸ ਦਿਖਾਏ ਅੱਗੇ ਖੜ, ਅਜੂਨੀ ਰਹਿਤ ਮੂਰਤ ਅਕਾਲ, ਪੁਰਖ ਅਕਾਲਾ ਦੀਨ ਦਿਆਲਾ ਸਵੱਛ ਸਰੂਪੀ ਰੂਪ ਵਟਾਈਆ । ਆਦਿ ਜੁਗਾਦਿ ਜੁਗ ਤੇਰਾ ਲੱਗੇ ਫਲ, ਤੇਰਾ ਬੂਟਾ ਇਕ ਲਹਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਦਿ ਪੁਰਖ ਪੁਰਖ ਅਬਿਨਾਸ਼ਾ, ਆਪਣਾ ਪਰਦਾ ਆਪ ਉਠਾਈਆ । ਹਰਿ ਪਰਦਾ ਆਪ ਉਠਾਇੰਦਾ, ਨਿਸ਼ਅੱਖਰ ਆਪੇ ਬੋਲ । ਸੁਤ ਸ਼ਬਦੀ ਆਪ ਸੁਣਾਇੰਦਾ, ਅਗੰਮ ਅਗੰਮੜਾ ਤੋਲੇ ਤੋਲ । ਆਦਿ ਆਪਣੀ ਧਾਰ ਉਪਾਇੰਦਾ, ਅੰਤ ਵਸੇ ਤੇਰੇ ਕੋਲ । ਮਦਿ ਆਪਣੀ ਖੇਲ ਖਿਲਾਇੰਦਾ, ਲੱਖ ਚੁਰਾਸੀ ਜਾਏ ਮੌਲ । ਜੁਗ ਚੌਕੜੀ ਵੇਸ ਵਟਾਇੰਦਾ, ਕੀਤਾ ਕਰੇ ਪੂਰਾ ਕੌਲ । ਜੁਗ ਜੁਗ ਆਪਣਾ ਨਾਮ ਮਰਦੰਗ ਢੋਲ ਵਜਾਇੰਦਾ, ਇਕ ਸੁਣਾਏ ਸਾਚਾ ਬੋਲ । ਸਚ ਸਤਾਰ ਆਪਣੇ ਹੱਥ ਰਖਾਇੰਦਾ, ਪੁਰਖ ਅਬਿਨਾਸ਼ੀ ਬੈਠ ਅਡੋਲ । ਬ੍ਰਹਿਮੰਡ ਖੰਡ ਏਕਾ ਨਾਚ ਨਚਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਏਕਾ ਤੋਲੇ ਸਾਚਾ ਤੋਲ । ਸਾਚਾ ਤੋਲਾ ਹਰਿ ਜੂ ਹਰਿ ਹਰਿ, ਆਦਿ ਪੁਰਖ ਆਪਣਾ ਨਾਉਂ ਧਰਾਈਆ । ਸੁਤ ਦੁਲਾਰੇ ਦਿਤਾ ਵਰ ਵਰ, ਸ਼ਬਦੀ ਸ਼ਬਦ ਸ਼ਬਦ ਵਡਿਆਈਆ । ਤੇਰਾ ਭੰਡਾਰਾ ਵੇਖੇ ਭਰ ਭਰ, ਅਤੋਟ ਅਤੁਟ ਰਖਾਈਆ । ਆਦਿ ਜੁਗਾਦੀ ਖੇਲ ਕਰ ਕਰ, ਜੁਗ ਜੁਗ ਆਪਣਾ ਬੰਧਨ ਪਾਈਆ । ਵਿਸ਼ਨ ਬ੍ਰਹਮਾ ਸ਼ਿਵ ਫੜ ਫੜ, ਤੇਰੀ ਸਾਚੀ ਸੇਵ ਲਗਾਈਆ । ਤ੍ਰੈਗੁਣ ਮਾਇਆ ਆਪੇ ਧਰ ਧਰ, ਪੰਚਮ ਨਾਤਾ ਜੋੜ ਜੁੜਾਈਆ । ਲੱਖ ਚੁਰਾਸੀ ਭਾਂਡੇ ਘੜ ਘੜ, ਨਿਰਗੁਣ ਸਰਗੁਣ ਵੇਖ ਵਖਾਈਆ । ਸਰਗੁਣ ਅੰਦਰ ਆਪੇ ਵੜ ਵੜ, ਆਪਣਾ ਆਸਣ ਲਏ ਬਣਾਈਆ । ਮਨ ਮਤ ਬੁਧ ਦੇਵੇ ਵਰ ਵਰ, ਨਿਰਗੁਣ ਆਪਣੀ ਵੰਡ ਵੰਡਾਈਆ । ਸਚ ਮਹੱਲੇ ਆਪੇ ਚੜ੍ਹ ਚੜ੍ਹ, ਘਰ ਘਰ ਵਿਚ ਸੋਭਾ ਪਾਈਆ । ਅੰਮ੍ਰਿਤ ਸਰੋਵਰ ਆਪਣਾ ਆਪੇ ਭਰ ਭਰ, ਘਰ ਘਰ ਵਿਚ ਤਾਲ ਲਗਾਈਆ । ਆਪਣਾ ਨਾਦ ਆਪੇ ਫੜ ਫੜ, ਗ੍ਰਿਹ ਮੰਦਰ ਅੰਦਰ ਆਪ ਵਜਾਈਆ । ਆਪਣੀ ਵੰਡਾ ਆਪੇ ਕਰ ਕਰ, ਪਾਰਬ੍ਰਹਮ ਆਪਣਾ ਰੂਪ ਵਟਾਈਆ । ਈਸ਼ ਜੀਵ ਖੇਲ ਕਰ ਕਰ, ਜਗਦੀਸ ਰੂਪ ਧਰਾਈਆ । ਡੂੰਘੀ ਭਵਰੀ ਆਪੇ ਖੜ ਖੜ, ਟੇਢੀ ਬੰਕ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਦੁਲਾਰੇ ਦਿਤਾ ਵਰ, ਸ਼ਬਦੀ ਸ਼ਬਦ ਸ਼ਬਦ ਵਡਿਆਈਆ । ਸ਼ਬਦ ਵਡਿਆਇਆ ਪਾਰਬ੍ਰਹਮ, ਆਪਣੀ ਕਿਰਪਾ ਧਾਰ । ਨਾ ਮਰੇ ਨਾ ਪਏ ਜੰਮ, ਖੇਲੇ ਖੇਲ ਵਿਚ ਸੰਸਾਰ । ਨਿਹਕਰਮੀ ਕਰੇ ਆਪਣਾ ਕੰਮ, ਕਾਗਦ ਕ਼ਲਮ ਨਾ ਲਿਖਣਹਾਰ । ਨਾ ਕੋਈ ਤੱਤ ਨਾ ਕੋਈ ਤਨ, ਨਾ ਕੋਈ ਕਰੇ ਸ਼ੰਗਾਰ । ਨਾ ਕੋਈ ਬੁਧੀ ਨਾ ਕੋਈ ਮਨ, ਨਾ ਕੋਈ ਮਤ ਦਏ ਆਧਾਰ । ਨਾ ਕੋਈ ਛੱਪਰ ਨਾ ਕੋਈ ਛੰਨ, ਨਾ ਕੋਈ ਮੰਦਰ ਗੁਰੂਦਵਾਰ । ਨਾ ਕੋਈ ਜਨਨੀ ਨਾ ਕੋਈ ਜਨ, ਨਾ ਕੋਈ ਦੇਵਣਹਾਰ ਸਹਾਰ । ਨਾ ਕੋਈ ਮਾਲ ਨਾ ਕੋਈ ਧਨ, ਨਾ ਕੋਈ ਵਣਜ ਨਾ ਵਪਾਰ । ਨਾ ਕੋਈ ਰਾਗ ਨਾ ਕੋਈ ਕੰਨ, ਨਾ ਕੋਈ ਹੋਏ ਸੁਣਨੇਹਾਰ । ਕਰੇ ਖੇਲ ਸ੍ਰੀ ਭਗਵਨ, ਆਪ ਆਪਣੀ ਕਿਰਪਾ ਧਾਰ । ਵਿਸ਼ਨ ਬ੍ਰਹਮਾ ਸ਼ਿਵ ਬੇੜਾ ਦੇਵੇ ਬੰਨ੍ਹ, ਆਪੇ ਆਪਣੇ ਸਾਗਰ ਲੇਵੇ ਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਦਿ ਪੁਰਖ ਏਕਾ ਏਕਾ ਵਾਰ । ਏਕਾ ਵਾਰ ਦੀਆ ਵਰ, ਆਦਿ ਪੁਰਖ ਵਡਿਆਈਆ । ਸ਼ਬਦ ਭੰਡਾਰਾ ਦਿਤਾ ਭਰ, ਅਤੋਟ ਅਤੁਟ ਰਖਾਈਆ । ਵਿਸ਼ਨ ਬ੍ਰਹਮਾ ਸ਼ਿਵ ਬੈਠੇ ਰਹੇ ਡਰ, ਨਿਉਂ ਨਿਉਂ ਸੀਸ

ਝੁਕਾਈਆ । ਪਾਰਬ੍ਰਹਮ ਫੜਿਆ ਲੜ, ਛੁੱਟ ਕਦੇ ਨਾ ਜਾਈਆ । ਤ੍ਰੈਗੁਣ ਅਤੀਤਾ ਠਾਂਡਾ ਸੀਤਾ ਲੱਖ ਚੁਰਾਸੀ ਘਾੜਨ ਰਿਹਾ ਘੜ, ਘੜਨਹਾਰ ਇਕ ਅਖਵਾਈਆ । ਘਟ ਘਟ ਅੰਦਰ ਬੈਠਾ ਵੜ, ਔਂਦਾ ਜਾਂਦਾ ਦਿਸ ਨਾ ਆਈਆ । ਆਪਣੀ ਵਿਦਿਆ ਆਪੇ ਪੜ੍ਹ, ਜੁਗਾ ਜੁਗੰਤ ਕਰੇ ਪੜ੍ਹਾਈਆ । ਹੱਡ ਮਾਸ ਨਾ ਦਿਸੇ ਨਾੜੀ ਨੜ, ਤਤਵ ਤਤ ਨਾ ਕੋਇ ਰਖਾਈਆ । ਨਿਰਗੁਣ ਰੂਪ ਸਰਗੁਣ ਕਰ, ਆਪਣੀ ਖੇਲ ਕਰਾਈਆ । ਸੁਤ ਦੁਲਾਰੇ ਮਿਲਿਆ ਵਰ, ਸ਼ਾਹ ਪਾਤਸ਼ਾਹ ਹਰਿ ਸਾਚਾ ਆਪੇ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਏਕਾ ਹਰਿ, ਅੰਤ ਆਪਣੇ ਹੱਥ ਰਖੇ ਵਡਿਆਈਆ । ਆਦਿ ਉਪਾਇਆ ਸ਼ਬਦ ਧਾਰ, ਹਰਿ ਆਪਣਾ ਖੇਲ ਉਪਾਇਆ । ਆਪੇ ਖੇਲ ਸਚਖੰਡ ਦਵਾਰ, ਆਪਣਾ ਆਸਣ ਲਾਇਆ । ਆਪ ਝੁਲਾਏ ਸਚ ਨਿਸ਼ਾਨ, ਸਤਿ ਸਤਿਵਾਦੀ ਹੱਥ ਉਠਾਇਆ । ਆਪੇ ਥਿਰ ਘਰ ਖੋਲ੍ਹੇ ਇਕ ਮਕਾਨ, ਮਹਿਮਾ ਗਣਤ ਗਣੀ ਨਾ ਜਾਇਆ । ਸੁਤ ਦੁਲਾਰੇ ਦੇਵੇ ਦਾਨ, ਬਾਲ ਨਾਦਾਨਾ ਵਿਚ ਬਹਾਇਆ । ਆਪਣੀ ਕਿਰਪਾ ਕਰ ਹੋ ਮਿਹਰਵਾਨ, ਮਿਹਰਵਾਨ ਮਿਹਰਵਾਨ ਸਿਰ ਆਪਣਾ ਹੱਥ ਟਿਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣਾ ਬੰਧਨ ਆਪੇ ਪਾਇਆ । ਆਪਣਾ ਬੰਧਨ ਪਾਏ ਬੰਧ, ਹਰਿ ਵੱਡਾ ਵਡ ਵਡਿਆਈਆ । ਨਿਰਗੁਣ ਬੱਧਾ ਏਕਾ ਤੰਦ, ਤੁੱਟ ਕਦੇ ਨਾ ਜਾਈਆ । ਨਾਉਂ ਸੁਣਾਇਆ ਸੁਹਾਗੀ ਛੰਦ, ਨਾਉਂ ਨਿਰੰਕਾਰਾ ਆਪੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਵਸੇ ਸਾਚਾ ਮਾਹੀਆ । ਸੁਣ ਸੁਤ ਦੁਲਾਰਾ ਕਰੇ ਪੁਕਾਰਾ, ਪ੍ਰਭ ਅੱਗੇ ਸੀਸ ਝੁਕਾਇਆ । ਤੂੰ ਸਾਹਿਬ ਸੱਚਾ ਸਿਰਜਣਹਾਰਾ, ਹਉਂ ਬਾਲ ਅਵਾਣਾ ਤੇਰੇ ਚਰਨ ਧਿਆਨ ਲਗਾਇਆ । ਨਿਜ ਘਰ ਸੁਣਿਆ ਤੇਰਾ ਗਾਣਾ, ਰਾਗ ਅਨਾਦੀ ਇਕ ਅਲਾਇਆ । ਸਦ ਵਸਾਂ ਤੇਰੇ ਭਾਣਾ, ਤੇਰਾ ਭਾਣਾ ਮੋਹੇ ਭਾਇਆ । ਸ਼ਾਹ ਪਾਤਸ਼ਾਹ ਤੂੰ ਸੱਚਾ ਰਾਣਾ, ਹਉਂ ਰੱਯਤ ਰੂਪ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਉਂ ਭੁਲ ਕਦੇ ਨਾ ਜਾਇਆ । ਹਉਂ ਅਭੁਲ ਤੇਰੀ ਕਿਰਪਾ ਰੰਗ, ਦੂਸਰ ਅਵਰ ਨਾ ਕੋਇ ਵਡਿਆਈਆ । ਚਰਨ ਧੂੜ ਦਰ ਮੰਗਾਂ ਮੰਗ, ਪ੍ਰਭ ਅੱਗੇ ਝੋਲੀ ਡਾਹੀਆ । ਤੇਰੀ ਡੋਰ ਮੇਰਾ ਪਤੰਗ, ਆਦਿ ਜੁਗਾਦਿ ਉਡਾਈਆ । ਤੇਰੀ ਸੇਜ ਮੇਰਾ ਪਲੰਘ, ਤੇਰੀ ਮੇਹਰ ਮੇਰੀ ਸ਼ਹਿਨਸ਼ਾਹੀਆ । ਤੇਰਾ ਨੂਰ ਮੇਰਾ ਚੰਦ, ਮੇਰਾ ਚੰਦ ਤੇਰੀ ਰੁਸ਼ਨਾਈਆ । ਤੇਰਾ ਭਾਗ ਮੇਰੀ ਮੰਗ, ਮੇਰੀ ਮੰਗ ਤੇਰਾ ਜਸ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਆਦਿ ਅੰਤ ਮਿਲੇ ਤੇਰੀ ਸਰਨਾਈਆ । ਸੁਤ ਦੁਲਾਰਾ ਮੰਗਦਾ, ਥਿਰ ਘਰ ਹੋਏ ਨਿਮਾਣਾ । ਪ੍ਰਭ ਦਰ ਮੂਲ ਨਾ ਸੰਗਦਾ, ਸਿਰ ਮੰਨੇ ਹਰਿ ਜੂ ਭਾਣਾ । ਕੋਟਨ ਕੋਟ ਜੁਗ ਕਾਲ ਲੰਘਦਾ, ਥਿਰ ਕੋਇ ਨਾ ਰਹੇ ਰਾਜਾ ਰਾਣਾ । ਏਕਾ ਦਵਾਰਾ ਵਸੇ ਤੇਰਾ ਸੂਰੇ ਸਰਬੰਗ ਦਾ, ਸਚਖੰਡ ਸੱਚਾ ਟਿਕਾਣਾ । ਬਿਨ ਤੇਰੇ ਦਰਸ ਹੋਰ ਵਸਤ ਨਾ ਕੋਇ ਮੰਗਦਾ, ਸੀਸ ਝੁਕਾਏ ਬਣ ਨਿਮਾਣਾ । ਲੱਖ ਚੁਰਾਸੀ ਖੇਲ ਜੇਰਜ ਅੰਡ ਦਾ, ਉਤਭੁਜ ਸੇਤਜ ਤੇਰਾ ਭੇਵ ਛੁਪਾਨਾ । ਮੈਂ ਝੱਲਾਂ ਨਾ ਵਿਛੋੜਾ ਨਾਰ ਦੁਹਾਗਣ ਰੰਡ ਦਾ, ਕੰਤ ਸੁਹਾਗ ਇਕ ਹੰਢਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਵੇਲਾ ਆਪਣੇ ਹੱਥ ਰਖਾਨਾ । ਹਰਿ ਦੇਵੇ ਵਸਤ ਅਪਾਰ, ਆਪਣੀ ਦਇਆ ਕਮਾਈਆ । ਸੁਤ ਦੁਲਾਰੇ ਰਹਿਣਾ ਖ਼ਬਰਦਾਰ, ਪੁਰਖ ਅਬਿਨਾਸ਼ੀ ਆਪ ਜਣਾਈਆ । ਸ਼ਬਦੀ ਤੇਰਾ ਖੇਲ ਅਪਰ ਅਪਾਰ, ਬ੍ਰਹਿਮੰਡ ਖੰਡ

੯੫੮
੧੦

ਤੇਰੀ ਰਚਨ ਰਚਾਈਆ । ਉਤਭੁਜ ਸੇਤਜ ਜੇਰਜ ਅੰਡ ਤੇਰਾ ਆਧਾਰ, ਚਾਰੇ ਖਾਣੀ ਤੇਰਾ ਜਸ ਗਾਈਆ । ਚਾਰੇ ਬਾਣੀ ਤੇਰਾ ਜੈਕਾਰ, ਪਰਾ ਪਸੰਤੀ ਮਧਮ ਬੈਖਰੀ ਗਾਈਆ । ਚਾਰੇ ਜੁਗ ਤੇਰਾ ਵਿਹਾਰ, ਚਾਰੇ ਵੇਦ ਬ੍ਰਹਮਾ ਮੁਖ ਸਾਲਾਹੀਆ । ਚਾਰੇ ਵਰਨ ਤੇਰਾ ਸ਼ੰਗਾਰ, ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਨਾਲ ਰਲਾਈਆ । ਜੁਗ ਚੌਕੜੀ ਰੂਪ ਵਟਾਏ ਅਪਰ ਅਪਾਰ, ਪਾਰਬ੍ਰਹਮ ਬੇਪਰਵਾਹੀਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਆਵੇ ਵਾਰੋ ਵਾਰ, ਚਾਰ ਜੁਗ ਚੌਕੜ ਏਕਾ ਬੰਧਨ ਪਾਈਆ । ਤੇਰੀ ਸੇਵਾ ਲਾਏ ਗੁਰ ਅਵਤਾਰ, ਜੁਗ ਜੁਗ ਆਪਣਾ ਨਾਮ ਜਪਾਈਆ । ਭਗਤਾਂ ਦੇਵੇ ਇਕ ਆਧਾਰ, ਸੰਤਨ ਸਾਚਾ ਸਤਿ ਜਣਾਈਆ । ਗੁਰਮੁਖਾਂ ਖੋਲ੍ਹੇ ਬੰਦ ਕਿਵਾੜ, ਆਤਮ ਬ੍ਰਹਮ ਬ੍ਰਹਮ ਸਮਝਾਈਆ । ਗੁਰਸਿਖਾਂ ਵਖਾਏ ਇਕ ਦਵਾਰ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਸ਼ਬਦ ਸੁਣਾਏ ਨਾਦ ਜੈਕਾਰ, ਅਗੰਮੀ ਧੁਨ ਅਲਾਈਆ । ਸਰਗੁਣ ਖੇਲ ਕਰੇ ਕਰਤਾਰ, ਨਿਰਗੁਣ ਸਰਗੁਣ ਉਠ ਉਠ ਧਾਈਆ । ਜਗਤ ਵਿਚੋਲਾ ਕਰੇ ਸਚ ਵਿਹਾਰ, ਚੋਲਾ ਆਪਣਾ ਲਏ ਬਦਲਾਈਆ । ਢੋਲਾ ਗਾਏ ਆਪਣੀ ਵਾਰ, ਵਾਰ ਥਿਤ ਨਾ ਕੋਇ ਵਖਾਈਆ । ਤੇਰੇ ਮੰਦਰ ਦਏ ਸਹਾਰ, ਥਿਰ ਘਰ ਸਾਚੇ ਮਾਣ ਵਡਿਆਈਆ । ਤੇਰੇ ਬੰਸ ਪੈਜ ਸੁਆਰ, ਸਰਬੰਸ ਹੋਏ ਸਹਾਈਆ । ਤੇਰਾ ਖੋਲ੍ਹ ਹੱਟ ਬਾਜ਼ਾਰ, ਚੌਦਾਂ ਲੋਕ ਲਏ ਵਡਿਆਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਏ ਵਾਰੋ ਵਾਰ, ਥਿਰ ਕੋਇ ਰਹਿਣ ਨਾ ਪਾਈਆ । ਨਵ ਨੌਂ ਚਾਰ ਪੰਧ ਵਿਚਾਰ, ਗੁਣ ਅਵਗੁਣ ਆਪ ਸਮਝਾਈਆ । ਕਲਜੁਗ ਆਏ ਅੰਤਮ ਵਾਰ, ਕਰੇ ਖੇਲ ਬੇਪਰਵਾਹੀਆ । ਜੋਤੀ ਜੋਤ ਕਰ ਉਜਿਆਰ, ਨਿਰਗੁਣ ਆਪਣਾ ਨੂਰ ਕਰੇ ਰੁਸ਼ਨਾਈਆ । ਪੂਰਬ ਲੇਖਾ ਸਭ ਦਾ ਲਏ ਵਿਚਾਰ, ਅਭੁਲ ਭੁਲ ਕਦੇ ਨਾ ਜਾਈਆ । ਵਿਸ਼ਨੂੰ ਵਿਸ਼ਵ ਲਏ ਉਠਾਲ, ਸ਼ਬਦ ਹੁਲਾਰਾ ਇਕ ਲਗਾਈਆ । ਬ੍ਰਹਮਾ ਉਠ ਉਠ ਸੁਰਤ ਸੰਭਾਲ, ਪ੍ਰਭ ਸਾਚਾ ਹੁਕਮ ਸੁਣਾਈਆ । ਸ਼ੰਕਰ ਬਣੇ ਨਾ ਕੋਇ ਦਲਾਲ, ਭਾਣਾ ਵਰਤੇ ਬੇਪਰਵਾਹੀਆ । ਸੁਰਪਤ ਰਾਜਾ ਇੰਦ ਹੋਏ ਕੰਗਾਲ, ਕਰੋੜ ਤੇਤੀਸਾ ਮੁਖ ਭਵਾਈਆ । ਲੋਕਮਾਤ ਕਰੇ ਖੇਲ ਆਪ ਨਿਰੰਕਾਰ, ਨਿਰਗੁਣ ਨਿਰਵੈਰ ਆਪਣਾ ਘਰ ਸੁਹਾਈਆ । ਸਚਖੰਡ ਖੋਲ੍ਹੇ ਆਪ ਦਵਾਰ, ਥਿਰ ਘਰ ਤੇਰਾ ਧਾਮ ਬਣਾਈਆ । ਤੇਰਾ ਨਾਦ ਵਜਾਏ ਸੱਚਾ ਜੈਕਾਰ, ਚਾਰੋਂ ਕੁੰਟ ਦਏ ਸੁਣਾਈਆ । ਦਹਿ ਦਿਸ਼ਾ ਦਏ ਹੁਲਾਰ, ਆਲਸ ਨਿੰਦਰਾ ਸਭ ਦੀ ਦਏ ਮੁਕਾਈਆ । ਤ੍ਰੈਗੁਣ ਮਾਇਆ ਤੋੜੇ ਜਗਤ ਜੰਜਾਲ, ਹੁਕਮੀ ਹੁਕਮ ਆਪ ਵਰਤਾਈਆ । ਪੰਜਾਂ ਤੱਤਾਂ ਹੱਲ ਕਰੇ ਸਵਾਲ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਖੋਜ ਖੁਜਾਈਆ । ਮਨ ਮਤ ਬੁਧ ਕਰੇ ਜ਼ਵਾਲ, ਮਨ ਵਾਸਨਾ ਮੇਟ ਮਿਟਾਈਆ । ਚਾਰੋਂ ਕੁੰਟ ਵੇਖੇ ਧੂੰਆਂਧਾਰ, ਜੂਠ ਝੂਠ ਫੋਲ ਫੋਲਾਈਆ । ਨਾਤਾ ਤੋੜੇ ਕਾਮ ਕਰੋਧ ਲੋਭ ਮੋਹ ਹੰਕਾਰ, ਆਸਾ ਤ੍ਰਿਸਨਾ ਮੇਟ ਮਿਟਾਈਆ । ਲੋਕਮਾਤ ਬਣਾਏ ਸਚਖੰਡ ਸੱਚਾ ਦਵਾਰ, ਜੋਤੀ ਜਾਤਾ ਬੇਪਰਵਾਹੀਆ । ਸਾਚੇ ਤਖ਼ਤ ਬਹੇ ਸੱਚੀ ਸਰਕਾਰ, ਸਚ ਸਿੰਘਾਸਣ ਸੋਭਾ ਪਾਈਆ । ਸੱਤ ਰੰਗ ਨਿਸ਼ਾਨ ਝੁਲਾਏ ਏਕਾ ਵਾਰ, ਦੋ ਜਹਾਨਾਂ ਦਏ ਵਖਾਈਆ । ਉਠੇ ਜੋਧਾ ਸੂਰਬੀਰ ਬਲਕਾਰ, ਬਲਧਾਰੀ ਬੇਪਰਵਾਹੀਆ । ਨਾਮ ਖੰਡਾ ਤੇਜ਼ ਕਟਾਰ, ਚੰਡ ਪਰਚੰਡ ਆਪ ਚਮਕਾਈਆ । ਵਰਭੰਡੀ ਮਾਰੇ ਮਾਰ, ਬ੍ਰਹਿਮੰਡੀ ਖੋਜ ਖੁਜਾਈਆ । ਆਦਿ ਪੁਰਖ ਆਪੇ ਜਾਣੇ ਆਪਣੀ ਆਦੀ ਕਾਰ, ਮਧ ਆਪਣਾ ਖੇਲ ਖਿਲਾਈਆ । ਸ਼ਬਦੀ ਸ਼ਬਦ ਵਰਤੇ ਵਰਤਾਰ, ਲਿਖਣ ਪੜ੍ਹਨ ਵਿਚ ਨਾ ਆਈਆ । ਏਕਾ ਹੁਕਮ ਦੇਵੇ ਸੱਚੀ ਸਰਕਾਰ, ਨਾ ਕੋਈ ਮੇਟੇ ਮੇਟ ਮਿਟਾਈਆ । ਦਰ ਸੱਦੇ ਤੇਈ ਅਵਤਾਰ, ਏਕਾ ਹੁਕਮ ਜਣਾਈਆ । ਗੁਰ ਦਸ ਭਗਤ ਅਠਾਰਾਂ

ਕਰ ਪਿਆਰ, ਏਕਾ ਵਾਰ ਗੋਦ ਬਹਾਈਆ । ਸਭ ਦਾ ਪਰਦਾ ਦਏ ਉਤਾਰ, ਕਲਜੁਗ ਵੇਖੇ ਬੇਪਰਵਾਹੀਆ । ਵੇਦ ਵਿਆਸਾ ਕਰ ਪੁਕਾਰ, ਉਚੀ ਕੂਕੇ ਆਪਣੀ ਧਾਰ, ਪੂਤ ਸਪੂਤਾ ਬ੍ਰਹਿਮਣ ਗੌੜਾ ਸੰਬਲ ਨਗਰੀ ਧਾਮ ਸੁਹਾਈਆ । ਸਾਚੇ ਸੁਤ ਕਰ ਧਿਆਨਾ, ਹਰਿ ਸਾਚਾ ਸਚ ਜਣਾਈਆ । ਸ਼ਬਦੀ ਸ਼ਬਦ ਮੇਰਾ ਪਰਵਾਨਾ, ਸ਼ਬਦੀ ਸ਼ਬਦ ਤਾਰ ਹਿਲਾਈਆ । ਸ਼ਬਦੀ ਸ਼ਬਦ ਮੇਰਾ ਗਾਨਾ, ਸ਼ਬਦੀ ਸ਼ਬਦ ਸਗਨ ਮਨਾਈਆ । ਸ਼ਬਦੀ ਸ਼ਬਦ ਮੇਰਾ ਮਕਾਨਾ, ਸ਼ਬਦੀ ਸ਼ਬਦ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅੰਤ ਆਪਣਾ ਪਰਦਾ ਆਪ ਉਠਾਈਆ । ਅੰਤਮ ਪਰਦਾ ਆਪਣਾ ਲੌਹਣਾ, ਆਦਿ ਪੁਰਖ ਸਮਝਾਇਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਪੰਧ ਮੁਕੌਣਾ, ਭੇਵ ਕਿਸੇ ਨਾ ਆਇਆ । ਗੁਰ ਅਵਤਾਰਾਂ ਬੇਅੰਤ ਬੇਅੰਤ ਬੇਅੰਤ ਹਰਿ ਹਰਿ ਗੌਣਾ, ਦੋਏ ਜੋੜ ਜੋੜ ਸੀਸ ਝੁਕਾਇਆ । ਪਾਰਬ੍ਰਹਮ ਪਤਿਪਰੇਸ਼ਵਰ ਆਪਣਾ ਭਾਣਾ ਆਪਣੇ ਹੱਥ ਰਖੌਣਾ, ਨਾ ਕੋਈ ਮੇਟੇ ਮੇਟ ਮਿਟਾਇਆ । ਜੁਗ ਚੌਕੜੀ ਭਾਂਡਾ ਭੰਨ ਵਖੌਣਾ, ਘੜਨ ਭੰਨਣਹਾਰ ਆਪ ਅਖਵਾਇਆ ।

ਅੰਤਮ ਰੰਗੇ ਆਪਣਾ ਰੰਗ, ਸ਼ਬਦੀ ਸ਼ਬਦ ਉਪਾਇੰਦਾ । ਸਾਚੇ ਤਖ਼ਤ ਬੈਠ ਸੂਰਾ ਸਰਬੰਗ, ਸਾਚਾ ਹੁਕਮ ਸੁਣਾਇੰਦਾ । ਕਰੇ ਖੇਲ ਵਿਚ ਵਰਭੰਡ, ਬ੍ਰਹਿਮੰਡ ਵੇਖ ਵਖਾਇੰਦਾ । ਗੋਬਿੰਦ ਮੰਗੇ ਏਕਾ ਮੰਗ, ਪ੍ਰਭ ਅੱਗੇ ਝੋਲੀ ਡਾਹਿੰਦਾ । ਨਿਰਗੁਣ ਸਰਗੁਣ ਕਰੇ ਜੰਗ, ਦਿਸ ਕਿਸੇ ਨਾ ਆਇੰਦਾ । ਆਪੇ ਤੀਰ ਆਪੇ ਕਮੰਦ, ਆਪੇ ਚਿੱਲਾ ਹੱਥ ਉਠਾਇੰਦਾ ।

ਸੁਤ ਦੁਲਾਰੇ ਅੰਤਮ ਜਾਗਣਾ, ਹਰਿ ਸਾਚਾ ਸਚ ਜਗਾਈਆ । ਤੇਰੇ ਅੰਤਰ ਆਵੇ ਇਕ ਵੈਰਾਗਨਾ, ਪ੍ਰਭ ਅਬਿਨਾਸ਼ੀ ਇਕ ਵੈਰਾਗ ਉਪਜਾਈਆ । ਤੇਰਾ ਮਿਲੇ ਕੰਤ ਸੁਹਾਗਣਾ, ਤੇਰੇ ਘਰ ਵੱਜੇ ਵਧਾਈਆ । ਲੱਖ ਚੁਰਾਸੀ ਵੇਖੇ ਤ੍ਰੈਗੁਣ ਲੱਗੀ ਆਗਣਾ, ਘਟ ਘਟ ਅਗਨੀ ਤੱਤ ਜਲਾਈਆ । ਕਿਸੇ ਘਰ ਨਾ ਦਿਸੇ ਚਿਰਾਗ਼ਨਾ, ਨਿਰਗੁਣ ਜੋਤ ਨਾ ਕੋਇ ਰੁਸ਼ਨਾਈਆ । ਕਲਜੁਗ ਜੀਵ ਹੋਇਆ ਕਾਗਣਾ, ਕਾਗੀ ਕਾਗ ਕੁਰਲਾਈਆ । ਹਰਿ ਚਰਨ ਧੂੜ ਮਿਲੇ ਨਾ ਮਜਨ ਮਾਘਨਾ, ਅਠਸਠ ਤੀਰਥ ਫੇਰਾ ਪਾਈਆ । ਦੁਰਮਤ ਮੈਲ ਨਾ ਧੋਵੇ ਕੋਈ ਦਾਗ਼ਨਾ, ਚਾਰ ਕੁੰਟ ਚਾਰ ਵਰਨ ਅਠਾਰਾਂ ਬਰਨ ਮੁਖ ਸ਼ਰਮਾਈਆ । ਲੱਖ ਚੁਰਾਸੀ ਵਿਚੋਂ ਕਿਸੇ ਨਾ ਕਾਢਣਾ, ਗੁਰ ਸਤਿਗੁਰ ਬੈਠਾ ਮੁਖ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਦੁਲਾਰੇ ਦੇਵੇ ਵਰ, ਆਪਣੇ ਹੱਥ ਰੱਖੇ ਵਡਿਆਈਆ ।

ਅੰਤਮ ਧਾਰ ਚਲੇ ਅਕਾਲਾ, ਦੂਸਰ ਕੋਇ ਰਹਿਣ ਨਾ ਪਾਈਆ । ਪਰਗਟ ਹੋਇਆ ਦੀਨ ਦਿਆਲਾ, ਸਭ ਦਾ ਪਰਦਾ ਰਿਹਾ ਚੁਕਾਈਆ । ਜਨ ਭਗਤਾਂ ਦੱਸੇ ਰਾਹ ਸੁਖਾਲਾ, ਆਤਮ ਅੰਤਰ ਕਰੇ ਪੜ੍ਹਾਈਆ । ਘਰ ਵਿਚ ਘਰ ਵਖਾਏ ਸੱਚੀ ਧਰਮਸਾਲਾ, ਕਾਇਆ ਮੰਦਰ ਵੇਖ ਵਖਾਈਆ । ਤਨ ਪਾਏ ਅਗੰਮੀ ਮਾਲਾ, ਅਜਪਾ ਜਾਪ ਕਰਾਈਆ । ਰਾਏ ਧਰਮ ਨਾ ਮੰਗੇ ਹਾਲਾ, ਜਿਸ ਜਨ ਆਪਣੀ ਸਰਨ ਲਗਾਈਆ । ਜੀਆ ਦਾਨ ਦੇਵੇ ਦਾਤਾਰਾ, ਆਪਣੀ ਦਇਆ ਕਮਾਈਆ । ਏਕਾ ਨਾਮ ਸਤਿ ਭੰਡਾਰਾ, ਚਾਰ ਵਰਨ ਵਰਤਾਈਆ । ਏਕਾ ਮੰਦਰ ਗੁਰੂਦਵਾਰਾ, ਹਰਿ ਚਰਨ ਸੱਚੀ ਸਰਨਾਈਆ । ਏਕਾ ਅੰਮ੍ਰਿਤ ਠੰਡਾ ਠਾਰਾ, ਆਤਮ ਸਰੋਵਰ ਦਏ ਵਖਾਈਆ । ਏਕਾ ਸੱਜਣ ਮੀਤ ਮੁਰਾਰਾ, ਹਰਿ ਸਤਿਗੁਰ ਦਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਆਪ ਉਪਾਈਆ । ਸਾਚਾ ਮਾਰਗ ਹਰਿ ਕਰਤਾਰਾ, ਆਦਿ ਜੁਗਾਦਿ ਲਗਾਇੰਦਾ । ਜੁਗ ਜੁਗ ਚਲਾਏ ਆਪਣੀ ਧਾਰਾ, ਭੇਵ ਕੋਇ ਨਾ ਪਾਇੰਦਾ । ਕਲਜੁਗ ਉਤਰੇ ਪਾਰ ਕਿਨਾਰਾ, ਕੂੜੀ ਕਿਰਿਆ ਮੇਟ ਮਿਟਾਇੰਦਾ । ਸਤਿਜੁਗ

ਲਾਏ ਵਿਚ ਸੰਸਾਰਾ, ਧਰਤ ਧਵਲ ਗੋਦ ਸੁਹਾਇੰਦਾ । ਏਕਾ ਦੇਵੇ ਸਚ ਆਧਾਰਾ, ਵਸਤ ਅਮੋਲਕ ਝੋਲੀ ਪਾਇੰਦਾ । ਏਕਾ ਬ੍ਰਹਮ ਕਰੇ ਪਸਾਰਾ, ਹੰ ਬ੍ਰਹਮ ਸਰਬ ਦ੍ਰਿੜਾਇੰਦਾ । ਏਕਾ ਕਰਮ ਕਰੇ ਕਰਤਾਰਾ, ਨਿਹਕਰਮੀ ਕਰਮ ਕਮਾਇੰਦਾ । ਏਕਾ ਵਰਨ ਬਣੇ ਸੰਸਾਰਾ, ਚਾਰ ਵਰਨ ਪੰਧ ਮੁਕਾਇੰਦਾ । ਆਦਿ ਅੰਤ ਭਾਣਾ ਸਮਰਥ, ਹਰਿ ਆਪਣੇ ਹੱਥ ਰਖਾਇੰਦਾ । ਜੁਗ ਚੌਕੜੀ ਮਹਿਮਾ ਗਾਏ ਅਕਥਨਾ ਅਕਥ, ਕਥਨੀ ਕਥ ਨਾ ਕੋਇ ਵਖਾਇੰਦਾ । ਨਿਰਗੁਣ ਸਰਗੁਣ ਚਲਾਏ ਰਥ, ਰਥ ਰਥਵਾਹੀ ਵੇਸ ਵਟਾਇੰਦਾ । ਗੁਰ ਅਵਤਾਰਾਂ ਦੇਵੇ ਵਥ, ਨਾਮ ਵਸਤ ਆਪ ਵਰਤਾਇੰਦਾ । ਸਤਿ ਸੰਤੋਖੀ ਧੀਰਜ ਜਤ, ਬ੍ਰਹਮ ਮਤ ਆਪ ਦ੍ਰਿੜਾਇੰਦਾ । ਨਾੜ ਬਹੱਤਰ ਨਾ ਉਬਲੇ ਰਤ, ਸਾਂਤਕ ਸਤਿ ਸਤਿ ਕਰਾਇੰਦਾ । ਚਰਨ ਕਵਲ ਬੰਧਾਏ ਨੱਤ, ਨਾਤਾ ਬਿਧਾਤਾ ਜੋੜ ਜੁੜਾਇੰਦਾ । ਨਾਮ ਬੀਜੇ ਸਾਚੇ ਵਤ, ਕਾਇਆ ਖੇਤਰ ਹੱਲ ਚਲਾਇੰਦਾ । ਫੁਲ ਫੁਲਵਾੜੀ ਵੇਖੇ ਪੱਤ, ਪੱਤ ਡਾਲ੍ਹੀ ਆਪ ਮਹਿਕਾਇੰਦਾ । ਫੁਲ ਤੋੜੇ ਕਮਲਾਪਤ, ਬਣ ਮਾਲਣ ਸੇਵ ਕਮਾਇੰਦਾ । ਦੋ ਜਹਾਨਾਂ ਜੁਗਾ ਜੁਗੰਤਰ ਰਿਹਾ ਨੱਸ, ਪਾਂਧੀ ਆਪਣਾ ਪੰਧ ਮੁਕਾਇੰਦਾ । ਗੁਰਮੁਖ ਵਿਰਲੇ ਹਿਰਦੇ ਅੰਦਰ ਜਾਏ ਵਸ, ਜਿਸ ਜਨ ਆਪਣੀ ਦਇਆ ਕਮਾਇੰਦਾ । ਕੋਟਨ ਕੋਟ ਕਰੇ ਪਰਕਾਸ਼ ਰਵ ਸਸ, ਕਿਰਨ ਕਿਰਨ ਜੋਤ ਜਗਾਇੰਦਾ । ਅੰਮ੍ਰਿਤ ਆਤਮ ਪਿਆਏ ਰਸ, ਨਿਝਰ ਝਿਰਨਾ ਆਪ ਝਿਰਾਇੰਦਾ । ਸਤਿ ਸਤਿਵਾਦੀ ਮਾਰਗ ਦੱਸ, ਸਾਚੇ ਮਾਰਗ ਆਪੇ ਲਾਇੰਦਾ । ਜੁਗਾ ਜੁਗਾਂ ਦੀ ਪੂਰੀ ਕਰੇ ਆਸ, ਜਨਮ ਜਨਮ ਦੀ ਪਿਆਸ ਮਿਟਾਇੰਦਾ । ਲੇਖੇ ਲਾਏ ਪਵਣ ਸਵਾਸ, ਸਵਾਸ ਸਵਾਸਾਂ ਆਪ ਸਮਾਇੰਦਾ । ਹਰਿਜਨ ਹੋਏ ਨਾ ਕਦੇ ਨਿਰਾਸ, ਹਰਿ ਸਤਿਗੁਰ ਦਇਆ ਕਮਾਇੰਦਾ । ਲਹਿਣਾ ਦੇਣਾ ਚੁਕਾਏ ਪ੍ਰਿਥਮੀ ਆਕਾਸ਼, ਗਗਨ ਮੰਡਲ ਚਰਨਾਂ ਹੇਠ ਦਬਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਜਗਾਇੰਦਾ । ਹਰਿਜਨ ਜਗਾਇਆ ਕਿਰਪਾਨਿਧ, ਕਿਰਪਾ ਕਰੀ ਆਪ ਕਿਰਪਾਲ । ਆਪਣੇ ਮਿਲਣ ਦੀ ਆਪ ਬਣਾਈ ਬਿਧ, ਪਰਗਟ ਹੋ ਦੀਨ ਦਿਆਲ । ਪੂਰਬ ਜਨਮ ਦਾ ਕਾਰਜ ਕੀਤਾ ਸਿਧ, ਮਾਣਸ ਜਨਮ ਹੋਏ ਰਖਵਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਸੰਭਾਲ । ਹਰਿਜਨ ਸਦਾ ਸੰਭਾਲਦਾ, ਸੰਭਾਲਣਹਾਰਾ ਏਕੋ ਏਕ । ਨਾਤਾ ਤੋੜੇ ਸ਼ਾਹ ਕੰਗਾਲ ਦਾ, ਹਰਿਜਨ ਸਾਚੇ ਬਖ਼ਸ਼ੇ ਚਰਨ ਟੇਕ । ਸਾਚਾ ਮੰਦਰ ਆਪ ਵਖਾਲਦਾ, ਤ੍ਰੈਗੁਣ ਮਾਇਆ ਨਾ ਲਾਏ ਸੇਕ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪ ਹੋਏ ਲਿਖਣਹਾਰਾ ਲੇਖ । ਏਕਾ ਹਰਿ ਇਕ ਦਾਤਾਰਾ, ਆਦਿ ਜੁਗਾਦਿ ਸਮਾਇਆ । ਏਕਾ ਗੁਰ ਇਕ ਅਵਤਾਰਾ, ਏਕਾ ਜੁਗ ਜੁਗ ਵੇਸ ਵਟਾਇਆ । ਏਕਾ ਗੁਰਮੁਖ ਗੁਰੂ ਪਿਆਰਾ, ਏਕਾ ਗੁਰਸਿਖ ਦਏ ਆਧਾਰਾ, ਘਰ ਘਰ ਵਿਚ ਦਏ ਜਣਾਇਆ । ਬਜਰ ਕਪਾਟੀ ਲਾਏ ਪਾੜਾ, ਆਤਮ ਤਾਕੀ ਪਰਦਾ ਲਾਹਿਆ । ਏਕਾ ਜੋਤ ਕਰੇ ਉਜਿਆਰਾ, ਨੂਰੋ ਨੂਰ ਨੂਰ ਦਰਸਾਇਆ । ਏਕਾ ਆਤਮ ਸੇਜਾ ਕਰੇ ਪਿਆਰਾ, ਸੁਰਤੀ ਸ਼ਬਦ ਮੇਲ ਮਿਲਾਇਆ । ਏਕਾ ਨਾਉਂ ਏਕਾ ਮੰਤ ਦਏ ਸਹਾਰਾ, ਏਕਾ ਆਪਣੀ ਗੋਦ ਬਹਾਇਆ । ਏਕਾ ਸ਼ਬਦ ਇਕ ਜੈਕਾਰਾ, ਏਕਾ ਏਕਾ ਵਾਰ ਸੁਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅੰਤ ਏਕਾ ਹਰਿ, ਹਰਿ ਜੂ ਹਰਿ ਮੰਦਰ ਬੈਠਾ ਆਸਣ ਲਾਇਆ । ਹਰਿ ਮੰਦਰ ਹਰਿ ਵਸਿਆ, ਪਾਰਬ੍ਰਹਮ ਕਰਤਾਰ । ਆਪਣਾ ਕਰੇ ਆਪ ਪਰਕਾਸਿਆ, ਦੂਸਰ ਅਵਰ ਨਾ ਕੋਇ ਉਜਿਆਰ । ਆਪੇ ਜਾਣੇ ਆਪਣਾ ਭੇਗ ਬਲਾਸਿਆ,

੯੬੨
੧੦

ਆਪੇ ਪੁਰਖ ਪੁਰਖੋਤਮ ਆਪੇ ਨਾਰ । ਆਪੇ ਸੇਵਕ ਸੇਵਾ ਕਰੇ ਦਾਸੀ ਦਾਸਿਆ, ਆਪੇ ਸ਼ਾਹ ਭੂਪ ਸਿਕਦਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਕਰੇ ਖੇਲ ਅਗੰਮ ਅਪਾਰ । ਅਗੰਮ ਅਪਾਰ ਖੇਲ ਖਿਲੰਦੜਾ, ਅਲਖ ਅਗੋਚਰ ਬੇਪਰਵਾਹ । ਸਚਖੰਡ ਧਾਮ ਸੁਹੰਦੜਾ, ਨਿਰਮਲ ਜੋਤ ਨੂਰ ਰੁਸ਼ਨਾ । ਸਾਚਾ ਤਖ਼ਤ ਆਪ ਵਿਛੰਦੜਾ, ਸਚ ਸਿੰਘਾਸਣ ਸੋਭਾ ਪਾ । ਪੰਚਮ ਮੁਖ ਤਾਜ ਸੀਸ ਟਿਕੰਦੜਾ, ਹਰਿ ਸੱਚਾ ਸ਼ਹਿਨਸ਼ਾਹ । ਸਤਿ ਸਤਿਵਾਦੀ ਸਚ ਨਿਸ਼ਾਨ ਝੁਲੰਦੜਾ, ਸਚ ਨਿਸ਼ਾਨਾ ਇਕ ਵਖਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਖੇੜਾ ਆਪ ਵਸੰਦੜਾ, ਅੰਤਮ ਆਪੇ ਦੇਵੇ ਢਾਹ । ਰਵ ਸਸ ਜੋਤੀ ਜੋਤ ਜਗੰਦੜਾ, ਕਿਰਨ ਕਿਰਨ ਕਿਰਨ ਪਰਗਟਾ । ਵਿਸ਼ਨ ਬ੍ਰਹਮਾ ਸ਼ਿਵ ਵੰਸ ਵਖੰਦੜਾ, ਅੰਤਮ ਜੋਤੀ ਜੋਤ ਲਏ ਮਿਲਾ । ਲੱਖ ਚੁਰਾਸੀ ਘਾੜਤ ਘੜਨ ਆਪ ਘੜੰਦੜਾ, ਘੜਿਆ ਠੀਕਰ ਦਏ ਭੰਨਾ । ਜ਼ਿਮੀਂ ਅਸਮਾਨ ਖੇਲ ਰਚੰਦੜਾ, ਆਪਣੀ ਖੇਲ ਆਪਣੇ ਵਿਚ ਲਏ ਸਮਾ । ਜਲ ਜਲ ਧਾਰ ਆਪ ਵਹੰਦੜਾ, ਸੱਤ ਸਾਗਰ ਡੇਰਾ ਦੇਵੇ ਢਾਹ । ਉਚੇ ਟਿੱਲੇ ਪਰਬਤ ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਵੇਖ ਵਖੰਦੜਾ, ਵੇਖਣਹਾਰਾ ਥਾਉਂ ਥਾਂ । ਜੁਗ ਜੁਗ ਗੁਰ ਅਵਤਾਰ ਸੇਵ ਲਗੰਦੜਾ, ਸਭ ਦੀ ਸੇਵਾ ਆਪਣੀ ਝੋਲੀ ਲਏ ਪਾ । ਆਪਣਾ ਭੇਵ ਨਾ ਕਿਸੇ ਖੁਲੰਦੜਾ, ਬੇਅੰਤ ਗਏ ਸਰਬ ਸੁਣਾ । ਕਲਜੁਗ ਅੰਤਮ ਵੇਸ ਵਟੰਦੜਾ, ਨਿਰਗੁਣ ਜੋਤੀ ਜਾਮਾ ਆਪ ਹੰਢਾ । ਗੋਬਿੰਦ ਆਸਾ ਪੂਰ ਕਰੰਦੜਾ, ਮਾਛੂਵਾੜਾ ਰੁੱਤ ਸੁਹਾ । ਸੱਥਰ ਯਾਰ ਆਪ ਹਢੰਦੜਾ, ਸਾਚਾ ਸੱਥਰ ਦਏ ਵਖਾ । ਪੁਰਖ ਅਕਾਲ ਚਾਰ ਵਰਨ ਇਕ ਵਸੰਦੜਾ, ਦੂਸਰ ਓਟ ਨਾ ਕੋਇ ਰਖਾ । ਸੁਤ ਦੁਲਾਰ ਹਰਿ ਕਾ ਸ਼ਬਦ ਉਚੀ ਕੂਕ ਕੂਕ ਸੁਣੰਦੜਾ, ਕਲਜੁਗ ਅੰਤਮ ਲੱਖ ਚੁਰਾਸੀ ਭੁੱਲੀ ਤੇਰੇ ਅੱਗੇ ਵਾਸਤਾ ਪਾ । ਮਾਇਆ ਮਮਤਾ ਝੂਠੀ ਰੁਲੀ, ਵੇਲੇ ਅੰਤ ਨਾ ਕੋਇ ਸਹਾ । ਕਿਸੇ ਸੰਗ ਨਾ ਜਾਏ ਲੱਖਾਂ ਕੁਲੀ, ਖ਼ਾਲੀ ਹੱਥੀਂ ਜਾਂਦੇ ਦਿਸਣ ਸ਼ਹਿਨਸ਼ਾਹ । ਹਰਿ ਕਾ ਨਾਮ ਵਸਤ ਅਨਮੁਲੀ, ਪ੍ਰਭ ਦੇਵਣ ਆਇਆ ਆਪ ਬੇਪਰਵਾਹ । ਆਦਿ ਜੁਗਾਦਿ ਕਿਸੇ ਤੋਲ ਨਾ ਤੁਲੀ, ਨਾਨਕ ਤੇਰਾਂ ਧਾਰ ਗਿਆ ਗਾ । ਜੋ ਰੋ ਰੋ ਨਿਮਾਣੀ ਦਰ ਤੇ ਆਏ ਭੁੱਲੀ, ਕਰ ਦਇਆ ਲਏ ਬਖ਼ਸ਼ਾ । ਏਥੇ ਫਲੀ ਅੱਗੇ ਫੁਲੀ, ਜਿਸ ਆਪਣੀ ਗੋਦ ਲਿਆ ਬਹਾ । ਗੁਰਮੁਖ ਆਦਿ ਜੁਗਾਦਿ ਕਦੇ ਨਾ ਭੁੱਲੀ, ਪੁਰਖ ਅਕਾਲ ਸਰਬ ਜੀਆਂ ਦਾ ਪਿਤਾ ਮਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਚਾਰ ਵਰਨ ਬਣਾਏ ਭੈਣ ਭਰਾ । ਚਾਰ ਵਰਨ ਭੈਣਾਂ ਭੱਯਾ, ਹਰਿ ਸਤਿਗੁਰ ਆਪ ਬਣਾਈਆ । ਸਤਿਜੁਗ ਚਲਾਏ ਸਾਚੀ ਨੱਯਾ, ਸੰਸਾਰ ਸਾਗਰ ਵੇਖ ਵਖਾਈਆ । ਸਰਬ ਜੀਆਂ ਦਾ ਏਕਾ ਸੱਯਾ, ਏਕਾ ਕਾਹਨ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਵਰਨ ਲਏ ਤਰਾਈਆ । ਚਾਰ ਵਰਨ ਹਰਿ ਕਾ ਰੰਗ, ਘਟ ਘਟ ਆਸਣ ਲਾਇਆ । ਘਰ ਘਰ ਵਿਛਾਈ ਸੇਜ ਪਲੰਘ, ਪੁਰਖ ਅਬਿਨਾਸ਼ੀ ਵੇਸ ਵਟਾਇਆ । ਮਨਮੁਖ ਜੀਵ ਭਾਗਾਂ ਮੰਦ, ਘਰ ਘਰ ਵਿਚ ਲੱਭਣ ਕੋਇ ਨਾ ਧਾਇਆ । ਆਪਣੇ ਖ਼ਜ਼ਾਨਿਉਂ ਆਪੇ ਹੋਇਆ ਨੰਗ, ਚਾਰੋਂ ਕੁੰਟ ਨੈਣਾਂ ਨੀਰ ਵਹਾਇਆ । ਜੋ ਜਨ ਸਤਿਗੁਰ ਸਰਨਾਈ ਜਾਏ ਲਗ, ਕਿਰਪਾ ਕਰੇ ਬੇਪਰਵਾਹਿਆ । ਘਰ ਦੀਪਕ ਜੋਤੀ ਜਾਏ ਜਗ, ਅਗਿਆਨ ਅੰਧੇਰ ਚੁਕਾਇਆ । ਹੰਸ ਬਣਾਏ ਕਗ, ਸੋਹੰ ਹੰਸਾ ਮਾਣਕ ਮੋਤੀ ਚੋਗ ਚੁਗਾਇਆ । ਦਰਸ ਦਿਖਾਏ ਉਪਰ ਸ਼ਾਹ ਰਗ, ਨੌਂ ਦਵਾਰੇ ਪੰਧ ਮੁਕਾਇਆ । ਸੁਰਤ ਸੁਆਣੀ ਡੂੰਘੀ ਭਵਰੀ ਕੱਢ, ਸ਼ਬਦ ਹਾਣੀ ਮੇਲ

ਮਿਲਾਇਆ । ਆਤਮ ਸੇਜ ਲਡਾਏ ਲੱਡ, ਅਨਹਦ ਸਾਚਾ ਤਾਲ ਸੁਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦਵਾਰੇ ਆਪਣੇ ਸਦ, ਘਰ ਮੰਦਰ ਇਕ ਵਖਾਇਆ । ਘਰ ਮੰਦਰ ਮੂਰਤ ਅਕਾਲ, ਨੂਰ ਨੂਰ ਦਰਸਾਈਆ । ਘਰ ਮੰਦਰ ਦੀਨ ਦਿਆਲ, ਅੱਠੇ ਪਹਿਰ ਹੋਏ ਸਹਾਈਆ । ਘਰ ਮੰਦਰ ਮਿਲੇ ਪ੍ਰਿਤਪਾਲ, ਦਿਵਸ ਰੈਣ ਸੇਵ ਰਿਹਾ ਕਮਾਈਆ । ਘਰ ਮੰਦਰ ਮਿਲੇ ਸੱਚਾ ਧਨ ਮਾਲ, ਨਾਮ ਧਨ ਝੋਲੀ ਪਾਈਆ । ਘਰ ਮੰਦਰ ਤੁਟੇ ਜਗਤ ਜੰਜਾਲ, ਜੀਵਣ ਜੁਗਤ ਇਕ ਸਮਝਾਈਆ । ਘਰ ਮੰਦਰ ਵੱਜੇ ਸਾਚਾ ਤਾਲ, ਤਾਲ ਤਲਵਾੜਾ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਵਰਨਾਂ ਏਕਾ ਦਰ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਚਾਰ ਵਰਨਾਂ ਦਰ ਦਰਵਾਜ਼ਾ, ਦਰ ਦਰਵੇਸ਼ ਆਪ ਖੁਲ੍ਹਾਇੰਦਾ । ਸੋ ਪੁਰਖ ਨਿਰੰਜਣ ਗ਼ਰੀਬ ਨਿਵਾਜ਼ਾ, ਗ਼ਰੀਬ ਨਿਮਾਣੇ ਆਪ ਉਠਾਇੰਦਾ । ਹਰਿ ਪੁਰਖ ਨਿਰੰਜਣ ਰੱਖੇ ਲਾਜਾ, ਸਿਰ ਆਪਣਾ ਹੱਥ ਟਿਕਾਇੰਦਾ । ਏਕੰਕਾਰਾ ਫਿਰੇ ਭਾਜਾ, ਲੋਕਮਾਤ ਵੇਖ ਵਖਾਇੰਦਾ । ਆਦਿ ਨਿਰੰਜਣ ਬਣ ਬਣ ਰਾਜਾ, ਸਾਚਾ ਹੁਕਮ ਆਪ ਸੁਣਾਇੰਦਾ । ਅਬਿਨਾਸ਼ੀ ਕਰਤਾ ਮਾਰੇ ਵਾਜਾਂ, ਨਾਦ ਅਨਾਦੀ ਆਪ ਉਪਾਇੰਦਾ । ਸ੍ਰੀ ਭਗਵਾਨ ਸਾਜਣ ਸਾਜਾ, ਸਾਚੀ ਬਣਤ ਬਣਾਇੰਦਾ । ਪਾਰਬ੍ਰਹਮ ਪ੍ਰਭ ਰਚਿਆ ਕਾਜਾ, ਆਪਣਾ ਕਾਜ ਆਪ ਰਚਾਇੰਦਾ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਖੇਲ ਕਰੇ ਕਲ ਮਾਝਾ, ਮੰਝ ਆਪਣੀ ਧਾਰ ਚਲਾਇੰਦਾ । ਸ਼ਬਦ ਅਗੰਮੀ ਅਸਵ ਤਾਜਾ, ਸ਼ਾਹ ਸੁਲਤਾਨਾ ਆਪ ਦੌੜਾਇੰਦਾ । ਭੂਪਤ ਭੂਪ ਬਣ ਨਵਾਬਾ, ਨੌਬਤ ਆਪਣੇ ਨਾਮ ਵਜਾਇੰਦਾ । ਸ਼ਬਦੀ ਸ਼ਬਦ ਬੋਧ ਅਗਾਧਾ, ਬੋਧ ਅਗਾਧੀ ਆਪ ਸੁਣਾਇੰਦਾ । ਗੁਰਮੁਖ ਗੁਰ ਗੁਰ ਆਪੇ ਲਾਧਾ, ਗੁਰ ਸਤਿਗੁਰ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਆਪ ਮਿਲਾਇੰਦਾ । ਗੁਰਮੁਖ ਮੇਲ ਮਿਲਾਇਆ, ਹਰਿ ਸੱਜਣ ਮੀਤ ਮੁਰਾਰ । ਜਨਮ ਜਨਮ ਦਾ ਮੂਲ ਚੁਕਾਇਆ, ਪੂਰਬ ਲਹਿਣਾ ਕ਼ਰਜ਼ ਉਤਾਰ । ਅੱਗੇ ਆਪਣਾ ਮਾਰਗ ਆਪ ਵਖਾਇਆ, ਨਿਰਗੁਣ ਸਰਗੁਣ ਸਾਚੀ ਧਾਰ । ਸੋ ਪੁਰਖ ਨਿਰੰਜਣ ਵੇਖ ਵਖਾਇਆ, ਹੰ ਬ੍ਰਹਮ ਕਰ ਪਿਆਰ । ਸੋਹੰ ਮੰਤਰ ਨਾਮ ਦ੍ਰਿੜਾਇਆ, ਆਪ ਆਪਣੀ ਕਿਰਪਾ ਧਾਰ । ਲੱਖ ਚੁਰਾਸੀ ਗੇੜ ਚੁਕਾਇਆ, ਮਰ ਜੰਮੇ ਨਾ ਵਿਚ ਸੰਸਾਰ । ਜਮ ਕੀ ਫਾਸੀ ਆਪ ਤੁੜਾਇਆ, ਰਾਏ ਧਰਮ ਦਰ ਦੁਰਕਾਰ । ਨਿਜ ਘਰ ਵਾਸੀ ਮੇਲ ਮਿਲਾਇਆ, ਘਰ ਮੰਦਰ ਮੰਗਲਾਚਾਰ । ਸਾਚੀ ਘਾਟੀ ਆਪ ਚੜ੍ਹਾਇਆ, ਫੜ ਬਾਹੋਂ ਕਰਿਆ ਪਾਰ । ਪੂਜਾ ਪਾਠ ਨਾ ਕੋਇ ਵਖਾਇਆ, ਦਰਸ ਦੇਵੇ ਏਕਾ ਵਾਰ । ਜਿਸ ਜਨ ਹਰਿ ਹਰਿ ਦਰਸਨ ਪਾਇਆ, ਤੀਰਥ ਤਟ ਨਾ ਜਾਏ ਕਿਨਾਰ । ਜਨਮ ਜਨਮ ਦੀ ਹਿਰਸ ਮਿਟਾਇਆ, ਆਸਾ ਤ੍ਰਿਸਨਾ ਭੁੱਖ ਨਿਵਾਰ । ਅਰਸ਼ ਫ਼ਰਸ਼ ਕੁਰਸ਼ ਏਕਾ ਰੰਗ ਰੰਗਾਇਆ, ਰੰਗ ਵੇਖੇ ਰੰਗਣਹਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚਾ ਪਾਰ ਉਤਾਰ । ਗੁਰਮੁਖ ਉਤਰੇ ਆਪਣੇ ਘਾਟ, ਗੁਰ ਸਤਿਗੁਰ ਪਾਰ ਕਰਾਈਆ । ਲਹਿਣਾ ਦੇਣਾ ਚੁੱਕੇ ਸੀਆਂ ਸਾਢੇ ਤਿੰਨ ਤਿੰਨ ਹਾਥ, ਰਵਦਾਸ ਚਮਾਰਾ ਦਏ ਗਵਾਹੀਆ । ਕਬੀਰਾ ਚੁੱਕਿਆ ਤੁੱਟਾ ਨਾਤ, ਨਾਤਾ ਬਿਧਾਤਾ ਫੇਰ ਜੁੜਾਈਆ । ਜਿਸ ਜਣਾਏ ਆਪਣੀ ਗਾਥ, ਦੂਸਰ ਦਰ ਪੜ੍ਹਨ ਕਦੇ ਨਾ ਜਾਈਆ । ਗੁਰਸਿਖ ਤੇਰੀ ਇਕੋ ਜਮਾਤ, ਏਕਾ ਅਲਿਫ਼ ਤੇਰੀ ਲਿਖਾਈਆ । ਤੇਰੀ ਮਹਿਮਾ ਗਾਏ ਕਾਇਨਾਤ, ਚੌਦਾਂ ਵਿਦਿਆ ਤੇਰੀ ਸੇਵ ਕਮਾਈਆ । ਚੌਦਾਂ ਲੋਕ ਤੇਰਾ ਮੰਗਣ ਆਬੇ ਹਯਾਤ, ਚੌਦਾਂ ਤਬਕ ਤੇਰੀ ਸਰਨਾਈਆ ।

ਤੇਰਾ ਰੂਪ ਪਾਰਜਾਤ, ਤੇਰੀ ਪੰਖੜੀ ਹੱਥ ਕਿਸੇ ਨਾ ਆਈਆ । ਤੇਰੀ ਵਾਸਨਾ ਮੰਗੇ ਵਿਸ਼ਨ ਬ੍ਰਹਮਾ ਸ਼ਿਵ ਨਿਉਂ ਨਿਉਂ ਮਾਰਨ ਝਾਤ, ਚਾਰੋਂ ਕੁੰਟ ਵੇਖ ਵਖਾਈਆ । ਕਵਣ ਦਵਾਰੇ ਬੈਠਾ ਹਰਿ ਜੂ ਕਮਲਾਪਾਤ, ਗੁਰਸਿਖ ਆਪਣੇ ਚਰਨ ਬਹਾਈਆ । ਨਾ ਕੋਈ ਜ਼ਾਤ ਨਾ ਕੋਈ ਪਾਤ, ਦੀਨ ਮਜ਼੍ਹਬ ਨਾ ਕੋਇ ਰਖਾਈਆ । ਸਰਬ ਜੀਆਂ ਦੇਵੇ ਏਕੋ ਦਾਤ, ਦਾਤਾ ਦਾਨੀ ਆਪ ਵਰਤਾਈਆ । ਕਲਜੁਗ ਮੇਟੇ ਅੰਧੇਰੀ ਰਾਤ, ਸਤਿਜੁਗ ਸਾਚਾ ਚੰਦ ਚੜ੍ਹਾਈਆ । ਮੰਗੇ ਮੰਗ ਧਰਤ ਮਾਤ, ਅੱਗੇ ਆਪਣੀ ਝੋਲੀ ਡਾਹੀਆ । ਮੇਰਾ ਭਰਨਾ ਡੂੰਘਾ ਖਾਤ, ਖ਼ਾਲੀ ਹੱਥ ਰਹੀ ਵਖਾਈਆ । ਮੇਰੇ ਵਿਚ ਰਹਿਣ ਨਾ ਦੇਣੀ ਮਨ ਮਤ ਨਾਰ ਕਮਜ਼ਾਤ, ਕੁਲੱਖਣੀ ਡੂਮਣੀ ਦਰ ਨਾ ਫੇਰਾ ਪਾਈਆ । ਮੈਂ ਤੇਰੇ ਗੁਰਸਿਖਾਂ ਦੀ ਮੰਗਾਂ ਇਕੋ ਜਮਾਤ, ਜੇਹੜੇ ਤੇਰਾ ਸੋਹੰ ਅੱਖਰ ਕਰਨ ਪੜ੍ਹਾਈਆ । ਵਿਸ਼ਨ ਬ੍ਰਹਮਾ ਸ਼ਿਵ ਗਾਇਣ ਗਾਥ, ਕਰੋੜ ਤੇਤੀਸਾ ਜਸ ਗਾਈਆ । ਤੇਈ ਅਵਤਾਰ ਦੇਣ ਸਾਥ, ਨਾਨਕ ਗੋਬਿੰਦ ਦਏ ਗਵਾਹੀਆ । ਈਸਾ ਮੂਸਾ ਭੁੱਲਾ ਜ਼ਾਤ, ਜ਼ਾਤ ਰੱਬ ਦੀ ਨਜ਼ਰ ਕਿਸੇ ਨਾ ਆਈਆ । ਮੁਹੰਮਦ ਮੰਗੇ ਏਕਾ ਵਾਰ ਨਿਉਂ ਨਿਉਂ ਕਰੇ ਨਿਮਸਕਾਰ ਮੇਰੇ ਨਬੀ ਮਾਰ ਝਾਤ, ਤੇਰੀ ਰਹਿਮਤ ਰਹਿਮਾਨ ਮੇਰੀ ਹੋਏ ਜੁਦਾਈਆ । ਅੱਲਾ ਰਾਣੀ ਅੱਗੇ ਰੱਖੇ ਆਪਣਾ ਖਾਤ, ਤੂੰ ਸਾਹਿਬ ਪੁਰਖ ਸਮਰਾਥ, ਮੇਰਾ ਅੰਤ ਨਾ ਤੋੜੀਂ ਸਾਥ, ਮੈਂ ਤੇਰੀ ਦਾਸੀ ਬਣ ਬਣ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਤੇਰੀ ਇਕੋ ਓਟ ਤਕਾਈਆ ।



ਹਰਿ ਸਮਝਾਏ ਤੇਈ ਅਵਤਾਰ, ਏਕਾ ਹੁਕਮ ਸੁਣਾਇੰਦਾ । ਹਰਿ ਜਣਾਏ ਗੁਰੂ ਗੁਰ ਨਿਰੰਕਾਰ, ਸਾਚੇ ਸੰਤਾਂ ਆਪ ਜਗਾਇੰਦਾ । ਭਗਤਾਂ ਦਏ ਹੁਲਾਰ, ਭਗਤੀ ਇਕ ਦ੍ਰਿੜਾਇੰਦਾ । ਹਰਿ ਗੁਰਮੁਖਾਂ ਵਖਾਏ ਦਵਾਰ, ਇਕ ਦਵਾਰ ਖੁਲ੍ਹਾਇੰਦਾ । ਗੁਰਸਿਖਾਂ ਕਰੇ ਪਿਆਰ, ਏਕਾ ਗੁਣ ਜਣਾਇੰਦਾ । ਹਰਿ ਈਸਾ ਮੂਸਾ ਕਰੇ ਖ਼ਬਰਦਾਰ, ਹੁਕਮੀ ਹੁਕਮ ਫ਼ਰਮਾਇੰਦਾ । ਹਰਿ ਮੁਹੰਮਦ ਕਰਿਆ ਬੇਦਾਰ, ਆਲਸ ਨਿੰਦਰਾ ਸਰਬ ਗਵਾਇੰਦਾ । ਹਰਿ ਅੱਲਾ ਰਾਣੀ ਦਏ ਹੁਲਾਰ ਕਰੇ ਬੇਦਾਰ, ਗ਼ਫ਼ਲਤ ਸਭ ਦੀ ਆਪ ਮਿਟਾਇੰਦਾ । ਸਭ ਨੂੰ ਸੱਦਾ ਦਿਤਾ ਏਕਾ ਵਾਰ, ਭੁਲ ਕੋਇ ਨਾ ਜਾਇੰਦਾ । ਕਰਿਆ ਖੇਲ ਬੇਐਬ ਪਰਵਰਦਿਗਾਰ, ਆਪਣਾ ਪਰਦਾ ਆਪ ਉਠਾਇੰਦਾ । ਏਕਾ ਨਾਮ ਬੋਲ ਜੈਕਾਰ, ਸਚ ਸੰਦੇਸਾ ਆਪ ਸੁਣਾਇੰਦਾ । ਵਕਤ ਵਖਾਇਆ ਸਤਾਰਾਂ ਹਾੜ, ਸਭ ਨੂੰ ਆਪਣੇ ਦਰ ਬੁਲਾਇੰਦਾ । ਸਭ ਦਾ ਲੇਖਾ ਵੇਖੇ ਵਾਰੋ ਵਾਰ, ਚੌਥੇ ਜੁਗ ਆਪਣਾ ਕਰਮ ਕਮਾਇੰਦਾ । ਨੇਤਰ ਰੋਵਣ ਜ਼ਾਰੋ ਜ਼ਾਰ, ਸਾਡੀ ਸੁਣੇ ਨਾ ਹਰਿ ਪੁਕਾਰ, ਰੋ ਰੋ ਸਰਬ ਸੁਣਾਇੰਦਾ । ਨਾਨਕ ਅੱਗੇ ਕਰਨ ਪੁਕਾਰ, ਦੋਏ ਜੋੜ ਵਾਸਤਾ ਪਾਇੰਦਾ । ਗੋਬਿੰਦ ਉਠੇ ਜੋਧਾ ਸੂਰਬੀਰ ਬਲਕਾਰ, ਮੁਹੰਮਦ ਤੇਰਾ ਦੁਖੜਾ ਦਏ ਨਿਵਾਰ, ਦਰਦੀ ਤੇਰਾ ਦਰਦ ਵੰਡਾਇੰਦਾ । ਬਣੇ ਵਿਚੋਲਾ ਵਿਚ ਸੰਸਾਰ, ਉਮਤੀ ਉਮਤ ਮੇਲ ਮਿਲਾਇੰਦਾ । ਚਾਰ ਜੁਗ ਦੇ ਦਿਨ ਚਾਰ ਚਾਰ, ਹਰਿ ਸਭ ਦੀ ਝੋਲੀ ਪਾਇੰਦਾ । ਅੰਤਮ ਔਣਾ ਸਭ ਨੇ ਗੁਰਸਿਖਾਂ ਦੇ ਚਲ ਦਵਾਰ, ਗੁਰਸਿਖ ਤੇਰਾ ਦਵਾਰਾ ਬ੍ਰਹਿਮੰਡ ਖੰਡ ਦਾ ਸਚ ਮਨਾਰਾ, ਜਿਥੇ ਵਸੇ ਆਪ ਨਿਰੰਕਾਰਾ, ਨਿਰਗੁਣ ਆਪਣੀ ਧਾਰ ਚਲਾਇੰਦਾ । ਬੇਅੰਤ ਬੇਅੰਤ ਬੇਅੰਤ ਬੰਤਾ ਸਿੰਘ ਕੀਆ ਪਿਆਰਾ, ਬੇਅੰਤ ਆਪਣੇ ਵਿਚ ਮਿਲਾਇੰਦਾ ।

੯੬੪
੧੦

★ ੨੫ ਸਾਵਣ ੨੦੧੮ ਬਿਕ੍ਰਮੀ ਕਰਤਾਰ ਕੌਰ ਦੇ ਗ੍ਰਿਹ ਪੰਜ ਗਰਾਈਂ ★

ਤਾਰਨਹਾਰ ਪੁਰਖ ਸਮਰਥ, ਸਾਹਿਬ ਸਤਿਗੁਰ ਦੀਨ ਦਿਆਲਾ । ਜੁਗਤ ਜਗ ਦੇਵੇ ਸਾਚੀ ਵਥ, ਮੰਤਰ ਆਪਣਾ ਨਾਉਂ ਸੁਖਾਲਾ । ਸਾਚਾ ਮਾਰਗ ਆਪੇ ਦੱਸ, ਗ੍ਰਿਹਿ ਮੰਦਰ ਵਖਾਈ ਸੱਚੀ ਧਰਮਸਾਲਾ । ਨਿਰਗੁਣ ਜੋਤ ਕਰ ਪਰਕਾਸ਼, ਕਰੇ ਖੇਲ ਅਕਾਲ ਅਕਾਲਾ । ਜਨ ਭਗਤਾਂ ਦਾਸੀ ਦਾਸ, ਲੇਖਾ ਜਾਣੇ ਸ਼ਾਹ ਕੰਗਾਲਾ । ਨਿਜ ਆਤਮ ਰੱਖੇ ਵਾਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਨਾਮ ਸੱਚਾ ਧਨ ਮਾਲਾ । ਨਾਮ ਧਨ ਹਰਿ ਵਰਤਾਰਾ, ਹਰਿਜਨ ਆਪ ਵਰਤਾਈਆ । ਜੁਗਾ ਜੁਗੰਤਰ ਸਚ ਭੰਡਾਰਾ, ਸਤਿ ਸਤਿਵਾਦੀ ਆਪਣੇ ਹੱਥ ਰਖਾਈਆ । ਨਿਰਗੁਣ ਸਰਗੁਣ ਦੇਵੇ ਵਾਰੋ ਵਾਰਾ, ਸਰਗੁਣ ਨਿਰਗੁਣ ਝੋਲੀ ਆਪ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਈਆ । ਨੀਲੇ ਰੱਖਿਆ ਪਹਿਲਾ ਪੌੜ, ਸਰਸੇ ਚਰਨ ਟਿਕਾਈਆ । ਸੁਰਸਤੀ ਸੁੱਤੀ ਹੁਲਾਰੇ ਪੌਣ, ਪਵਣ ਪਾਣੀ ਸਾਰ ਨਾ ਰਾਈਆ । ਮੀਨ ਉਠੀ ਆਇਆ ਕੌਣ, ਆਪਣੀ ਲੈ ਅੰਗੜਾਈਆ । ਉਚੀ ਕਰੀ ਆਪਣੀ ਧੌਣ, ਤੱਕਿਆ ਸਾਚਾ ਮਾਹੀਆ । ਅੰਦਰੇ ਅੰਦਰ ਗਾਏ ਗੌਣ, ਗੀਤ ਗੋਬਿੰਦ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰ ਘਟ ਲੇਖਾ ਰਿਹਾ ਚੁਕਾਈਆ । ਮੀਨ ਪਾਇਆ ਦਰਸ ਦੀਦਾਰ, ਨੇਤਰ ਨੈਣ ਬਿਗਸਾਈਆ । ਜਲ ਜਲ ਰੂਪ ਕਰੇ ਪੁਕਾਰ, ਨੈਣਾਂ ਨੀਰ ਵਹਾਈਆ । ਧੰਨ ਭਾਗ ਮੇਰੇ ਆਇਆ ਦਵਾਰ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਮੈਂ ਨਿਮਾਣੀ ਦੇਣਾ ਤਾਰ, ਤੂੰ ਮੇਰਾ ਗੀਰ ਮਾਹੀਆ । ਤੇਰਾ ਜਾਲ ਮੇਰਾ ਪਿਆਰ, ਤੇਰਾ ਪ੍ਰੇਮ ਸੱਚੀ ਫਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਬੇਪਰਵਾਹੀਆ । ਮੀਨ ਪਾਇਆ ਦਰਸ ਗੋਬਿੰਦ, ਚਿੰਤਾ ਚਿਖਾ ਸਰਬ ਮਿਟਾਈਆ । ਘਰ ਮਿਲਿਆ ਗੁਣੀ ਗਹਿੰਦ, ਗਹਿਰ ਗਵਰ ਵਡਿਆਈਆ । ਭਾਗ ਲਗਾਇਆ ਸਾਚੇ ਸਾਗਰ ਸਿੰਧ, ਬੂੰਦ ਬੂੰਦ ਟਪਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲੇਖੇ ਵਿਚ ਰਖਾਈਆ । ਪਾਇਆ ਦਰਸ ਨੇਤਰ ਨੈਣ, ਘਰ ਵੱਜੀ ਵਧਾਈਆ । ਰਸਨਾ ਬੋਲ ਨਾ ਸਕੇ ਕਹਿਣ, ਅੰਤਰ ਅੰਤਰ ਰਹੀ ਧਿਆਈਆ । ਮੈਂ ਆਈ ਤੇਰੇ ਕੋਲੋਂ ਲੈਣ, ਆਪਣਾ ਲਹਿਣਾ ਰਹੀ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਛੁਪਾਈਆ । ਸਾਚਾ ਲਹਿਣਾ ਸਚ ਜਣਾਏ, ਨਿਉਂ ਨਿਉਂ ਸੀਸ ਝੁਕਾਇਆ । ਜਲ ਜਲ ਰੂਪ ਸਮਾਏ, ਕਿਨਾਰਾ ਕੋਈ ਨਜ਼ਰ ਨਾ ਆਇਆ । ਕੋਟਨ ਕੋਟ ਜਨਮ ਵਟਾਏ, ਜਨਮ ਅਜਨਮ ਗੇੜ ਫਿਰਾਇਆ । ਬਿਨ ਤੇਰੇ ਦਰਸ ਸਾਂਤ ਨਾ ਆਏ, ਸਤਿ ਸਤਿ ਨਾ ਕੋਇ ਵਰਤਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਉਂ ਮਾਂਗੋਂ ਸਚ ਸਰਨਾਇਆ । ਸਚ ਸਰਨਾਈ ਮੰਗੇ ਦਾਨ, ਦੋਏ ਦੋਏ ਜੋੜ ਨਿਮਸਕਾਰ । ਸਤਿਗੁਰ ਪੂਰੇ ਹੋ ਮਿਹਰਵਾਨ ਕਰ ਕਿਰਪਾ ਏਕਾ ਵਾਰ । ਮੈਂ ਭੁੱਲੀ ਬਾਲ ਅਵਾਣ, ਗੁਣ ਅਵਗੁਣ ਨਾ ਕੋਇ ਵਿਚਾਰ । ਆਪਣਾ ਦੇਣਾ ਇਕ ਫ਼ਰਮਾਨ, ਮੈਂ ਆਵਾਂ ਦਰ ਤੇਰੇ ਦਰਬਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਸ੍ਰੀ ਭਗਵਾਨ । ਗੁਰ ਗੋਬਿੰਦ ਕਰ ਧਿਆਨ, ਦ੍ਰਿਸ਼ਟ ਦ੍ਰਿਸ਼ਟ ਵਖਾਈਆ । ਤੇਰਾ ਰੱਖਾਂ ਅੰਤਮ ਮਾਣ, ਤੇਰਾ ਮਾਣ ਤੇਰੀ ਵਡਿਆਈਆ । ਏਕਾ ਅੱਖਰ ਦੇਵਾਂ ਦਾਨ, ਵਸਤ ਅਮੋਲਕ ਝੋਲੀ ਪਾਈਆ । ਮਛ ਕਛ ਸਰਬ ਪਛਤਾਣ, ਹਰਿ ਕਾ

੯੬੫
੧੦

ਰੂਪ ਦਿਸ ਕਿਸੇ ਨਾ ਆਈਆ । ਅੱਠੇ ਪਹਿਰ ਰਹੇ ਗ਼ਲਤਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੀ ਦੁਰਗੰਧ ਆਪ ਬਣਾਏ, ਸਾਚੀ ਸੁਗੰਧ, ਨਿਮ ਚੰਦਨ ਵਾਸ ਮਹਿਕਾਈਆ । ਸੁਣ ਮੀਨ ਹਰਿ ਸੁਣਾਏ, ਗੋਬਿੰਦ ਮੀਤ ਮੁਰਾਰਾ । ਤੇਰਾ ਲਹਿਣਾ ਦਏ ਚੁਕਾਏ, ਕਰੇ ਸਚ ਇਕ਼ਰਾਰਾ । ਨੌਂ ਨੌਂ ਜਨਮ ਗੇੜਾ ਗੇੜ ਵਖਾਏ, ਸਮਾਏ ਜਲ ਜਲ ਧਾਰਾ । ਆਪਣਾ ਮੁਖੜਾ ਜਾਏ ਛੁਪਾਏ, ਕਰੇ ਖੇਲ ਅਗੰਮ ਅਪਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਦੱਸੇ ਸਚ ਵਿਹਾਰਾ । ਸਚ ਵਿਹਾਰ ਜਣਾਇੰਦਾ, ਗੋਬਿੰਦ ਸੂਰਬੀਰ । ਸਚ ਦਰਬਾਰ ਲੋਕਮਾਤ ਨਾ ਹੁਣ ਲਗਾਇੰਦਾ, ਆਇਆ ਅੰਤ ਅਖ਼ੀਰ । ਘਰ ਬਾਰ ਆਪ ਤਜਾਇੰਦਾ, ਹੋਇਆ ਹਾਲ ਫ਼ਕੀਰ । ਚਾਰੋਂ ਕੁੰਟ ਉਠ ਉਠ ਧਾਇੰਦਾ, ਕਰੇ ਖੇਲ ਬੇਨਜ਼ੀਰ । ਆਪੇ ਸੱਥਰ ਯਾਰ ਹੰਢਾਇੰਦਾ, ਆਪੇ ਵੇਖੇ ਸਚ ਤਸਵੀਰ । ਆਪਣੀ ਤਦਬੀਰ ਆਪਣੀ ਤਕਬੀਰ ਆਪਣੇ ਮਾਲਕ ਹੱਥ ਰਖਾਇੰਦਾ, ਆਪਣਾ ਤੋੜਨ ਆਇਆ ਜ਼ੰਜੀਰ । ਸਮਰਥ ਤੇਰੀ ਧਾਰ ਬੰਧਾਇੰਦਾ, ਆਸਾ ਪੂਰੀ ਕਰੇ ਮੀਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਸਾਚਾ ਹਰਿ, ਭੁਲ ਨਾ ਜਾਏ ਲੋਕ ਤੀਨ । ਮੀਨ ਮੀਆਂ ਰੱਖ ਆਸ, ਸਚ ਪੈਗ਼ੰਬਰ ਦਏ ਜਣਾਈਆ । ਜਗਤ ਅਡੰਬਰ ਖੇਲ ਤਮਾਸ਼, ਲੱਖ ਚੁਰਾਸੀ ਗੇੜ ਭਵਾਈਆ । ਆਵੇ ਜਾਵੇ ਪੁਰਖ ਅਬਿਨਾਸ਼, ਜੁਗ ਜੁਗ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਸਿਰ ਆਪਣਾ ਹੱਥ ਟਿਕਾਈਆ । ਤੇਰਾ ਲਹਿਣਾ ਆਪ ਮੁਕੌਣਾ, ਗੁਰ ਗੋਬਿੰਦ ਹਰਿ ਸੁਣਾਏ । ਕਲਜੁਗ ਅੰਤਮ ਵੇਸ ਵਟੌਣਾ, ਨਿਰਗੁਣ ਸਰਗੁਣ ਖੇਲ ਖਿਲਾਏ । ਜਗਤ ਵਿਛੋੜਾ ਪੰਧ ਮੁਕੌਣਾ, ਜੂਨੀ ਜੂਨ ਨਾ ਕੋਇ ਭਵਾਏ । ਆਪ ਆਪਣੇ ਰੰਗ ਰੰਗੌਣਾ, ਰੰਗ ਮਜੀਠੀ ਇਕ ਚੜ੍ਹਾਏ । ਸਾਚਾ ਨਾਮ ਮਰਦੰਗ ਵਜੌਣਾ, ਨਾਦੀ ਨਾਦ ਸੁਣਾਏ । ਆਤਮ ਸੇਜ ਪਲੰਘ ਸੁਹੌਣਾ, ਸਾਚੀ ਸੇਜਾ ਸੋਭਾ ਪਾਏ । ਆਪਣਾ ਦਰਸ ਆਪ ਵਖੌਣਾ, ਸਵੱਛ ਸਰੂਪੀ ਰੂਪ ਧਰਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਾਣਸ ਮਾਨੁਖ ਰੂਪ ਵਟਾਏ । ਜੀਵ ਮੀਨ ਕਰੇ ਪੁਕਾਰ, ਨੇਤਰ ਨੈਣ ਨੀਰ ਵਹਾਈਆ । ਜੋ ਸੁਣਿਆ ਸੋ ਮੰਨਿਆ ਕਹਿਣ, ਅਭੁਲ ਤੇਰਾ ਕੀਤਾ ਭੁਲ ਨਾ ਜਾਈਆ । ਮੈਂ ਸਦ ਵਸਾਂ ਜਲ ਜਲ ਧਾਰ ਵਹਿਣ, ਬਿਨ ਜਲ ਮੇਰਾ ਜੀਵਣ ਲੋਕਮਾਤ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਚਰਨ ਸਰਨ ਮਿਲੇ ਸਰਨਾਈਆ । ਸਤਿਗੁਰ ਪੂਰਾ ਹੋ ਦਿਆਲ, ਆਪਣਾ ਹੁਕਮ ਸੁਣਾਇੰਦਾ । ਵੇਲੇ ਅੰਤ ਸੁਰਤ ਲਏ ਸੰਭਾਲ, ਮਾਣਸ ਮਾਣਸ ਲੇਖੇ ਲਾਇੰਦਾ । ਕਰੇ ਕਰਾਏ ਸਦਾ ਪ੍ਰਿਤਪਾਲ, ਪ੍ਰਿਤਪਾਲਕ ਵੇਖ ਵਖਾਇੰਦਾ । ਤੇਰਾ ਤੋੜ ਜਗਤ ਜੰਜਾਲ, ਬੰਦੀ ਬੰਦ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਜਲ ਤੇਰੇ ਰੰਗ ਸਮਾਇੰਦਾ । ਤੇਰਾ ਜਲ ਵਰਸੇ ਧਾਰ, ਹਰਿ ਧਾਰਨ ਧਾਰ ਚਲਾਈਆ । ਤੇਰਾ ਲਹਿਣਾ ਦੇਣਾ ਦੇਵੇ ਕ਼ਰਜ਼ ਉਤਾਰ, ਲੇਖਾ ਕੋਇ ਰਹਿਣ ਨਾ ਪਾਈਆ । ਅੰਮ੍ਰਿਤ ਬਰਖੇ ਆਪਣੀ ਵਾਰ, ਆਪ ਆਪਣੀ ਛਹਿਬਰ ਲਾਈਆ । ਤੇਰੀ ਕਾਇਆ ਕਰੇ ਠੰਡੀ ਠਾਰ, ਅਗਨੀ ਤੱਤ ਨਾ ਕੋਇ ਜਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਤੇਰਾ ਸੰਗ ਨਿਭਾਈਆ । ਤੇਰਾ ਨੀਰ ਤੇਰਾ ਰਸ, ਤੇਰੇ ਮੁਖ ਚੁਆਇੰਦਾ । ਤੇਰੇ ਦਵਾਰੇ ਆਏ ਨੱਸ, ਹਰਿ ਤੇਰੀ ਸੇਵ ਕਮਾਇੰਦਾ । ਮੇਲ ਮਿਲਾਵਾ ਹੱਸ ਹੱਸ, ਹਰਿ ਕੇ ਪੌੜੇ ਆਪ ਚੜ੍ਹਾਇੰਦਾ । ਅੰਮ੍ਰਿਤ ਆਤਮ ਦੇਵੇ ਬਰਸ, ਚਿੰਤਾ

ਸੋਗ ਸਰਬ ਮਿਟਾਇੰਦਾ । ਮਾਣਸ ਜਨਮ ਕਰੇ ਤਰਸ, ਕਰ ਤਰਸ ਪਾਰ ਕਰਾਇੰਦਾ । ਨਾ ਕੋਈ ਸੋਗ ਨਾ ਕੋਈ ਹਰਖ, ਹਰਖ ਸੋਗ ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲਹਿਣਾ ਝੋਲੀ ਪਾਇੰਦਾ । ਪੂਰਬ ਲਹਿਣਾ ਆਪ ਚੁਕੌਣਾ, ਸਚ ਸਚ ਦ੍ਰਿੜਾਈਆ । ਅੰਤਮ ਲੇਖਾ ਪੰਧ ਮੁਕੌਣਾ, ਲੱਖ ਚੁਰਾਸੀ ਨਾ ਕੋਇ ਭਵਾਈਆ । ਅੰਮ੍ਰਿਤ ਧਾਰ ਇਕ ਵਹੌਣਾ, ਛਹਿਬਰ ਧਾਰ ਲਗਾਈਆ । ਸਰਸਾ ਰੰਗ ਫੇਰ ਚੜ੍ਹੌਣਾ, ਚਰਨ ਕਵਲ ਬਖ਼ਸ਼ੇ ਸਚ ਸਰਨਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਏਕਾ ਘਰ ਨਜ਼ਰੀ ਔਣਾ, ਵਾਹ ਵਾ ਵੱਜਦੀ ਰਹੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਖਿਲਾਇਆ, ਗਤ ਮਿਤ ਆਪਣੇ ਹੱਥ ਰਖਾਇੰਦਾ । ਆਪਣਾ ਲਹਿਣਾ ਆਪ ਚੁਕਾਇਆ, ਕਰ ਕਿਰਪਾ ਮੇਲ ਮਿਲਾਇੰਦਾ । ਜਗਤ ਵਿਛੋੜਾ ਪੰਧ ਮੁਕਾਇਆ, ਆਪ ਆਪਣਾ ਦਰਸ ਦਿਖਾਇੰਦਾ । ਸਰਸਾ ਰੂਪ ਲੋਕਮਾਤ ਬਣਾਇਆ, ਕਰੋੜ ਛਿਆਨਵੇ ਸੇਵਾ ਲਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਬੰਧਨ ਆਪੇ ਪਾਇਆ, ਲੋਕਮਾਤ ਨਾ ਕੋਇ ਤੁੜਾਇੰਦਾ ।

## ★ ੨੫ ਸਾਵਣ ੨੦੧੮ ਬਿਕ੍ਰਮੀ ਮਹਿੰਦਰ ਸਿੰਘ ਦੇ ਗ੍ਰਿਹ ਪਿੰਡ ਦੱਯਾ ★

ਗੁਰਸਿਖ ਮੀਨ ਜਗਤ ਬਿਲਲਾਏ, ਦਿਵਸ ਰੈਣ ਰਾਹ ਤਕਾਈਆ । ਕਵਣ ਵੇਲਾ ਹਰਿ ਅੰਮ੍ਰਿਤ ਮੇਘ ਬਰਸਾਏ, ਸਾਂਤਕ ਸਤਿ ਸਤਿ ਵਰਤਾਈਆ । ਕਵਣ ਵੇਲਾ ਵਿਛੋੜਾ ਪੰਧ ਮਿਲਾਏ, ਆਪਣਾ ਦਰਸ ਦਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਹੋਏ ਸਹਾਈਆ । ਗੁਰਸਿਖ ਨੀਰ ਮਛਲੀ ਪਾਣੀ, ਪਵਣ ਪਾਣੀ ਖੇਲ ਖਿਲਾਇੰਦਾ । ਲੇਖਾ ਜਾਣੇ ਦੋ ਜਹਾਨੀ, ਦੋ ਜਹਾਨਾਂ ਵੇਖ ਵਖਾਇੰਦਾ । ਘਟ ਘਟ ਸੁਣਾਏ ਆਪਣੀ ਅਕਥ ਕਹਾਣੀ, ਕਥਾ ਕਥ ਆਪ ਜਣਾਇੰਦਾ । ਨਾਮ ਨਿਧਾਨਾ ਅਗੰਮੀ ਬਾਣੀ, ਬਾਣ ਨਿਰਾਲਾ ਆਪ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਵੇਖ ਵਖਾਇੰਦਾ । ਗੁਰਮੁਖ ਸੱਚਾ ਆਤਮ ਆਸ, ਏਕਾ ਏਕ ਰਖਾਇੰਦਾ । ਪ੍ਰਭ ਮਿਲ ਬੁੱਝੇ ਪਿਆਸ, ਤ੍ਰਿਸਨਾ ਤ੍ਰਿਪਤ ਕਰਾਇੰਦਾ । ਲਹਿਣਾ ਦੇਣਾ ਚੁੱਕੇ ਪ੍ਰਿਥਮੀ ਆਕਾਸ਼, ਅਵਣ ਗਵਣ ਫੰਦ ਕਟਾਇੰਦਾ । ਸਰਬ ਸੁਖ ਦਾਤਾ ਦੀਨਾ ਬੰਧਨ ਵਸੇ ਪਾਸ, ਬੰਧਪ ਆਪਣੇ ਰੰਗ ਰੰਗਾਇੰਦਾ । ਲੱਖ ਚੁਰਾਸੀ ਕਰੇ ਬੰਦ ਖ਼ਲਾਸ, ਜਮ ਕੀ ਫਾਸੀ ਆਪ ਤੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਲ ਮੀਨ ਆਪ ਧਰਾਇੰਦਾ । ਜਲ ਮੀਨ ਹਰਿ ਜੂ ਡੇਰਾ, ਹਰਿ ਹਰਿ ਵੇਖ ਵਖਾਈਆ । ਨਵ ਨੌਂ ਚਾਰ ਅਗੰਮ ਘੇਰਾ, ਸ਼ਬਦੀ ਡੋਰ ਬੰਧਾਈਆ । ਲੱਖ ਚੁਰਾਸੀ ਆਪ ਭੁਲਾਏ ਕਰ ਕਰ ਹੇਰਾ ਫੇਰਾ, ਪਰਦਾ ਮਾਤ ਨਾ ਕੋਇ ਉਠਾਈਆ । ਗੁਰਮੁਖ ਵਿਰਲੇ ਚਾਉ ਘਨੇਰਾ, ਜਿਸ ਜਨ ਆਪਣੀ ਦਇਆ ਕਮਾਈਆ । ਕਾਇਆ ਨਗਰ ਵਸੇ ਖੇੜਾ, ਘਰ ਮੰਦਰ ਵੱਜੇ ਵਧਾਈਆ । ਮਿਲੇ ਮੇਲ ਪ੍ਰਭ ਨੇਰਨ ਨੇਰਾ, ਦੂਰ ਦੁਰਾਡਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਅੰਮ੍ਰਿਤ ਰਸ ਚੁਆਈਆ । ਅੰਮ੍ਰਿਤ ਰਸ ਆਤਮ ਧਾਰ, ਨਿਝਰ ਝਿਰਨਾ ਆਪ ਝਿਰਾਇੰਦਾ । ਗੁਰਸਿਖ ਗੁਰ ਗੁਰ ਕਰ ਪਿਆਰ, ਗੁਰ ਗੋਬਿੰਦ ਮੇਲ ਮਿਲਾਇੰਦਾ । ਗੋਬਿੰਦ ਮੀਤਾ

ਏਕੰਕਾਰ, ਅਕਲ ਕਲ ਖੇਲ ਖਿਲਾਇੰਦਾ । ਅਲਖ ਅਗੰਮ ਅਗੋਚਰ ਹੋ ਤਿਆਰ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਦੋ ਜਹਾਨਾਂ ਪਾਵੇ ਸਾਰ, ਬ੍ਰਹਿਮੰਡਾਂ ਖੰਡਾਂ ਫੋਲ ਫੋਲਾਇੰਦਾ । ਹਰਿਜਨ ਹਰਿ ਹਰਿ ਲਏ ਉਭਾਰ, ਪਤਤ ਪਾਵਨ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਉਠਾਇੰਦਾ । ਹਰਿਜਨ ਮੇਲਾ ਹਰਿ ਅੰਮ੍ਰਿਤ ਨੀਰ, ਨਿਰਵੈਰ ਆਪ ਮਿਲਾਈਆ । ਬਿਰਹੋਂ ਕੱਢੇ ਹਉਮੇਂ ਪੀੜ, ਮਮਤਾ ਮੋਹ ਚੁਕਾਈਆ । ਦੂਈ ਦਵੈਤੀ ਦੇਵੇ ਚੀਰ, ਏਕਾ ਤੀਰ ਨਾਮ ਚਲਾਈਆ । ਏਕਾ ਰੰਗ ਰੰਗਾਏ ਹਸਤ ਕੀਟ, ਕੀਟ ਕੀਟਾਂ ਆਪ ਸਮਾਈਆ । ਦੇਵੇ ਨਾਮ ਸ਼ਬਦ ਅਨਡੀਠ, ਵਸਤ ਅਮੋਲਕ ਝੋਲੀ ਪਾਈਆ । ਕਾਇਆ ਕਰੇ ਠੰਡੀ ਸੀਤ, ਸਤਿਗੁਰ ਪੂਰੇ ਹੱਥ ਵਡਿਆਈਆ । ਇਕ ਸੁਣਾਏ ਸੁਹਾਗੀ ਗੀਤ, ਸੋ ਪੁਰਖ ਨਿਰੰਜਣ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲੇ ਸਹਿਜ ਸੁਭਾਈਆ । ਹਰਿਜਨ ਮੇਲਾ ਹਰਿ ਹਰਿ ਕਰ, ਗੁਰ ਸਤਿਗੁਰ ਆਪ ਕਰਾਈਆ । ਜਨਮ ਜਨਮ ਦਾ ਚੁੱਕੇ ਡਰ, ਭੈ ਭੌ ਨਾ ਕੋਇ ਵਖਾਈਆ । ਦਰਸ ਦਿਖਾਏ ਏਕਾ ਵਰ, ਏਕੰਕਾਰਾ ਸ਼ਹਿਨਸ਼ਾਹ ਸੱਚਾ ਪਾਤਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੱਜਣ ਆਪ ਤਰਾਈਆ । ਹਰਿ ਸੱਜਣ ਸਾਚਾ ਮੀਤੜਾ, ਗੁਰ ਸਤਿਗੁਰ ਆਪ ਉਪਾਇੰਦਾ । ਕਾਇਆ ਚੋਲੀ ਚਾੜ੍ਹੇ ਰੰਗ ਮਜੀਠੜਾ, ਉਤਰ ਕਦੇ ਨਾ ਜਾਇੰਦਾ । ਕਰੇ ਕਰਾਏ ਪਤਤ ਪੁਨੀਤੜਾ, ਪਤਤ ਪਾਪੀ ਪਾਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਅੰਮ੍ਰਿਤ ਆਪ ਬਰਸਾਇੰਦਾ । ਅੰਮ੍ਰਿਤ ਬਰਸੇ ਠੰਡਾ ਠਾਰ, ਨਿਝਰ ਝਿਰਨਾ ਆਪ ਝਿਰਾਈਆ । ਕਿਰਪਾ ਕਰੇ ਕਿਰਪਨ ਕਰ ਪਿਆਰ, ਕਿਰਪਾਨਿਧ ਸਹਿਜ ਸੁਖਦਾਈਆ । ਸਾਗਰ



ਵਰੋਲੇ ਏਕਾ ਵਾਰ, ਨਾਮ ਮਧਾਣਾ ਹੱਥ ਉਠਾਈਆ । ਤੋਲਾ ਤੋਲੇ ਸਰਬ ਸੰਸਾਰ, ਲੱਖ ਚੁਰਾਸੀ ਤੋਲ ਤੁਲਾਈਆ । ਬੋਲਾ ਬੋਲੇ ਏਕੰਕਾਰ, ਏਕਾ ਢੋਲਾ ਆਪੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਲਏ ਮਿਲਾਈਆ । ਸਾਚਾ ਬੋਲ ਸ਼ਬਦ ਜੈਕਾਰਾ, ਜੈ ਜੈਕਾਰ ਆਪ ਕਰਾਇੰਦਾ । ਕਾਗਦ ਕ਼ਲਮ ਨਾ ਲਿਖਣਹਾਰਾ, ਲਿਖ ਲਿਖ ਲੇਖ ਨਾ ਕੋਇ ਮੁਕਾਇੰਦਾ । ਜਿਸ ਜਨ ਬਖ਼ਸ਼ੇ ਚਰਨ ਪਿਆਰਾ, ਮਸਤਕ ਧੂੜੀ ਟਿੱਕਾ ਲਾਇੰਦਾ । ਮਾਣਸ ਜਨਮ ਪਾਰ ਉਤਾਰਾ, ਜੂਨ ਅਜੂਨ ਨਾ ਕੋਇ ਭਵਾਇੰਦਾ । ਇਕ ਵਖਾਏ ਦਰ ਠਾਂਡਾ ਦਰਬਾਰਾ, ਦਰ ਘਰ ਸਾਚਾ ਆਪ ਉਪਾਇੰਦਾ । ਲੇਖਾ ਜਾਣੇ ਪਰਵਰਦਿਗਾਰਾ, ਪਾਰਬ੍ਰਹਮ ਪ੍ਰਭ ਵੇਖ ਵਖਾਇੰਦਾ । ਸਾਚਾ ਮੰਦਰ ਗੁਰੂਦਵਾਰਾ, ਹਰਿ ਠਾਕਰ ਆਪ ਜਣਾਇੰਦਾ । ਦੀਵਾ ਬਾਤੀ ਕਰ ਉਜਿਆਰਾ, ਨਿਰਗੁਣ ਨੂਰ ਜੋਤ ਡਗਮਗਾਇੰਦਾ । ਅੰਮ੍ਰਿਤ ਸਰੋਵਰ ਠੰਡਾ ਠਾਰਾ, ਪੁਰਖ ਅਬਿਨਾਸ਼ੀ ਆਪ ਉਪਾਇੰਦਾ । ਜਨ ਭਗਤਾਂ ਦੇਵੇ ਕਰ ਪਿਆਰਾ, ਗੁਰਮੁਖ ਵਿਰਲੇ ਮੁਖ ਚੁਆਇੰਦਾ । ਲੱਖ ਚੁਰਾਸੀ ਸੁੱਤੀ ਪੈਰ ਪਸਾਰਾ, ਕੂੜੀ ਨਿੰਦਰਾ ਨਾ ਕੋਇ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਜਗਾਇੰਦਾ । ਹਰਿਜਨ ਜਗਾਏ ਕਿਰਪਾ ਕਰ, ਸੋ ਪੁਰਖ ਨਿਰੰਜਣ ਵਡੀ ਵਡਿਆਈਆ । ਸਾਹਿਬ ਸੁਲਤਾਨ ਦੇਵੇ ਵਰ, ਬੇਪਰਵਾਹ ਸੱਚਾ ਸ਼ਹਿਨਸ਼ਾਹੀਆ । ਹਰਿਜਨ ਤੇਰਾ ਘਾੜਨ ਘੜ, ਤੇਰੀ ਰਚਨਾ ਆਪ ਰਚਾਈਆ । ਗ੍ਰਿਹ ਮੰਦਰ ਤੇਰੇ ਬੈਠਾ ਵੜ, ਸਚ ਸਿੰਘਾਸਣ ਸੋਭਾ ਪਾਈਆ । ਸੁਰਤੀ ਸੁਰਤ ਲਏ ਫੜ, ਸ਼ਬਦੀ ਸ਼ਬਦ ਡੋਰ ਉਠਾਈਆ । ਆਪ ਬੰਨ੍ਹਾਏ ਆਪਣੇ ਲੜ, ਪੱਲੂ ਸਕੇ ਨਾ ਕੋਇ ਛੁਡਾਈਆ । ਕਿਲਾ ਤੋੜ ਹੰਕਾਰੀ ਗੜ੍ਹ, ਨਿਵਣ ਸੁ ਅੱਖਰ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ

੯੬੮ ੧੦

ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਰੰਗ ਰੰਗਾਈਆ । ਗੁਰਮੁਖ ਰੰਗ ਰੰਗ ਚਲੂਲ, ਚਾਰ ਵਰਨ ਆਪ ਰੰਗਾਈਆ । ਹਰਿ ਸਾਹਿਬ ਸਾਹਿਬ ਕੰਤੂਹਲ, ਸਤਿਗੁਰ ਸੱਚਾ ਸ਼ਹਿਨਸ਼ਾਹੀਆ । ਜੁਗਾ ਜੁਗੰਤਰ ਚੁਕਾਏ ਮੂਲ, ਲਹਿਣਾ ਕੋਇ ਰਹਿਣ ਨਾ ਪਾਈਆ । ਆਦਿ ਜੁਗਾਦਿ ਨਾ ਜਾਏ ਭੂਲ, ਅਭੁਲ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖੇ ਥਾਉਂ ਥਾਈਆ । ਹਰਿਜਨ ਥਾਉਂ ਥਾਈਂ ਖੋਜਿਆ, ਆਪ ਆਪਣੀ ਕਿਰਪਾ ਧਾਰ । ਆਪਣੀ ਸੋਚਨ ਆਪੇ ਸੋਚਿਆ, ਸੋਚੇ ਸੋਚ ਨਾ ਕਰੇ ਕੋਇ ਵਿਚਾਰ । ਆਪਣੀ ਆਸਾ ਆਪਣੀ ਇਛਿਆ ਆਪੇ ਲੋਚਿਆ, ਆਪੇ ਪੂਰਨ ਪੂਰ ਕਰੇ ਕਰਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਉਧਾਰ । ਹਰਿਜਨ ਉਧਾਰੇ ਦੀਨ ਦਿਆਲਾ, ਸਿਰ ਆਪਣਾ ਹੱਥ ਟਿਕਾਈਆ । ਏਕਾ ਮਾਰਗ ਦਏ ਸੁਖਾਲਾ, ਸੁਖ ਸਾਗਰ ਰੂਪ ਸਮਾਈਆ । ਆਤਮ ਪਰਮਾਤਮ ਪਾਏ ਸਾਚੀ ਮਾਲਾ, ਮਨ ਕਾ ਮਣਕਾ ਆਪ ਭਵਾਈਆ । ਲੱਖ ਚੁਰਾਸੀ ਤੋੜ ਜੰਜਾਲਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੀਨ ਏਕਾ ਨੀਰ ਦਏ ਵਖਾਈਆ । ਏਕਾ ਨੀਰ ਹਰਿ ਕਾ ਨਾਉਂ, ਹਰਿ ਹਰਿਜਨ ਆਪ ਜਣਾਇੰਦਾ । ਆਦਿ ਜੁਗਾਦੀ ਪਿਤਾ ਮਾਉਂ, ਗੁਰਮੁਖ ਬਾਲੇ ਗੋਦ ਸੁਹਾਇੰਦਾ । ਨਥਾਵਿਆਂ ਦੇਵੇ ਸਾਚਾ ਥਾਉਂ, ਦਰਗਾਹਿ ਸਾਚੀ ਧਾਮ ਬਹਾਇੰਦਾ । ਪਕੜ ਉਠਾਏ ਫੜ ਫੜ ਬਾਂਹੋਂ, ਦਿਵਸ ਰੈਣ ਸੇਵ ਕਮਾਇੰਦਾ । ਕਲਜੁਗ ਅੰਤਮ ਕਰੇ ਸਚ ਨਿਆਉਂ, ਸਾਚਾ ਹੁਕਮ ਆਪ ਸੁਣਾਇੰਦਾ । ਹੰਸ ਬਣਾਏ ਫੜ ਫੜ ਕਾਉਂ, ਕਾਗ ਰੂਪ ਹੰਸ ਵਟਾਇੰਦਾ । ਸਦਾ ਸੁਹੇਲਾ ਸਿਰ ਦੇਵੇ ਠੰਡੀ ਛਾਉਂ, ਸਮਰਥ ਸਿਰ ਆਪਣਾ ਹੱਥ ਟਿਕਾਇੰਦਾ । ਭਾਗ ਲਗਾਏ ਨਗਰ ਖੇੜਾ ਗਰਾਉਂ, ਪੰਜ ਤੱਤ ਚੋਲਾ ਆਪ ਹੰਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨੀਰ ਆਪ ਚੁਆਇੰਦਾ । ਸਾਚਾ ਨੀਰ ਤੱਤ ਵਰੋਲ, ਪੁਰਖ ਅਬਿਨਾਸ਼ੀ ਦਇਆ ਕਮਾਈਆ । ਪ੍ਰੇਮ ਪਿਆਲਾ ਆਪੇ ਘੋਲ, ਗੁਰਮਤੀ ਗੁਰਮੁਖ ਆਪ ਪਿਆਈਆ । ਆਦਿ ਜੁਗਾਦੀ ਰਹੇ ਅਡੋਲ, ਅਤੁਲ ਵਡ ਵਡਿਆਈਆ । ਭਗਤਨ ਮੀਤਾ ਵਸੇ ਕੋਲ, ਸਗਲਾ ਸੰਗ ਨਿਭਾਈਆ । ਬੰਦ ਕਿਵਾੜਾ ਤਾਕੀ ਖੋਲ੍ਹ, ਘਰ ਘਰ ਵਿਚ ਕਰੇ ਰੁਸ਼ਨਾਈਆ । ਅਨਹਦ ਮਰਦੰਗ ਵਜਾਏ ਢੋਲ, ਨਾਦੀ ਨਾਦ ਆਪ ਸੁਣਾਈਆ । ਹੌਲੀ ਹੌਲੀ ਆਪੇ ਬੋਲ, ਆਪਣਾ ਰਾਗ ਆਪ ਅਲਾਈਆ । ਉਲਟਾ ਕਰੇ ਨਾਭ ਕਵਲ, ਅੰਮ੍ਰਿਤ ਝਿਰਨਾ ਦਏ ਝਿਰਾਈਆ । ਸਤਿ ਸਤਿਵਾਦੀ ਦੇਵੇ ਸਾਚੀ ਪਾਹੁਲ, ਨਾਮ ਖੰਡਾ ਵਿਚ ਫਿਰਾਈਆ । ਦੇਵੇ ਵਡਿਆਈ ਉਪਰ ਧੌਲ, ਧਰਨੀ ਧਰਤ ਧਵਲ ਸੀਸ ਝੁਕਾਈਆ । ਹਰ ਘਟ ਅੰਦਰ ਜਾਏ ਮੌਲ, ਮੌਲਾ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਏਕਾ ਨੀਰ ਪਿਆਈਆ । ਏਕਾ ਨੀਰ ਹਰਿਜਨ ਪੀਆ, ਗੁਰ ਸਤਿਗੁਰ ਆਪ ਪਿਆਇੰਦਾ । ਲਹਿਣਾ ਦੇਣਾ ਚੁੱਕੇ ਸਾਢੇ ਤਿੰਨ ਹੱਥ ਸੀਆਂ, ਜਨਮ ਮਰਨ ਫੰਦ ਕਟਾਇੰਦਾ । ਆਤਮ ਬੀਜੇ ਸਾਚਾ ਬੀਆ, ਅੰਮ੍ਰਿਤ ਫਲ ਲਗਾਇੰਦਾ । ਪ੍ਰਭ ਮਿਲਣ ਦਾ ਸਾਚਾ ਹੀਆ, ਵੇਲਾ ਵਕਤ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਨੀਰ ਸੀਰ ਆਪ ਪਿਆਇੰਦਾ । ਨੀਰ ਸੀਰ ਸਚ ਪਿਆਲਾ, ਪੁਰਖ ਅਬਿਨਾਸ਼ੀ ਆਪ ਉਠਾਈਆ । ਗੁਰਮੁਖਾਂ ਦੇਵੇ ਗੁਰ ਗੋਪਾਲਾ, ਗੋਬਿੰਦ ਸਾਚੀ ਸੇਵ ਕਮਾਈਆ । ਹਰਿਜਨ ਵੇਖੇ ਸਾਚੇ ਲਾਲਾ, ਬਾਲ ਅਞਾਣੇ ਆਪ ਉਠਾਈਆ । ਨਿਰਗੁਣ ਸਰਗੁਣ ਬਣ ਦਲਾਲਾ, ਜਗਤ ਵਿਚੋਲਾ ਸੱਚਾ ਸ਼ਹਿਨਸ਼ਾਹੀਆ । ਅੱਠੇ

ਪਹਿਰ ਰਹੇ ਰਖਵਾਲਾ, ਸਿਰ ਆਪਣਾ ਹੱਥ ਟਿਕਾਈਆ । ਨਾਤਾ ਤੋੜ ਕਾਲ ਮਹਾਕਾਲਾ, ਤ੍ਰੈਗੁਣ ਆਪਣਾ ਬੰਧਨ ਪਾਈਆ । ਗੁਰਮੁਖ ਵਖਾਏ ਸੱਚੀ ਧਰਮਸਾਲਾ, ਘਰ ਘਰ ਵਿਚ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੀਨ ਨੀਰ ਨੀਰ ਮੀਨ ਏਕਾ ਰੰਗ ਵਖਾਈਆ । ਆਪੇ ਮਛਲੀ ਆਪੇ ਨੀਰ, ਹਰਿ ਸਾਚਾ ਖੇਲ ਖਿਲਾਈਆ । ਆਪੇ ਕੱਟੇ ਹਉਮੇਂ ਜ਼ੰਜੀਰ, ਲੱਖ ਚੁਰਾਸੀ ਆਪ ਭਵਾਈਆ । ਆਪੇ ਚੋਟੀ ਚਾੜ੍ਹੇ ਅਖ਼ੀਰ, ਆਪੇ ਚਰਨਾਂ ਹੇਠ ਦਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਮੇਲ ਮਿਲਾਈਆ । ਨੀਰ ਮੀਨ ਸਾਚਾ ਮੇਲਾ, ਸੁਰਤੀ ਸ਼ਬਦ ਮਿਲਾਇਆ । ਏਕਾ ਘਰ ਵਸੇ ਗੁਰੂ ਗੁਰ ਚੇਲਾ, ਗੁਰ ਚੇਲਾ ਵੇਖ ਵਖਾਇਆ । ਪਾਰਬ੍ਰਹਮ ਪ੍ਰਭ ਸੱਜਣ ਸੁਹੇਲਾ, ਦਰ ਘਰ ਸਾਚੇ ਸੋਭਾ ਪਾਇਆ । ਵਸਣਹਾਰਾ ਇਕ ਇਕੇਲਾ, ਨਿਰਗੁਣ ਸਰਗੁਣ ਰੂਪ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੇ ਦਰ ਬਹਾਇਆ । ਸਾਚਾ ਦਰ ਨੀਰ ਮੀਨ, ਸਾਹਿਬ ਸੁਲਤਾਨ ਇਕ ਜਣਾਈਆ । ਲੇਖਾ ਚੁੱਕੇ ਲੋਕ ਤੀਨ, ਤ੍ਰੈਗੁਣ ਮਾਇਆ ਪੋਹ ਨਾ ਸਕੇ ਰਾਈਆ । ਕਾਇਆ ਚੋਲੀ ਚਾੜ੍ਹੇ ਰੰਗ ਏਕਾ ਭੀਨ, ਰੁੱਤ ਬਸੰਤੀ ਆਪ ਵਡਿਆਈਆ । ਠਾਂਡਾ ਕਰੇ ਹਰਿ ਜੂ ਸੀਨ, ਸਾਂਤਕ ਸਤਿ ਸਤਿ ਵਰਤਾਈਆ । ਰਸਨਾ ਜੇਹਵਾ ਜੋ ਜਨ ਰਹੇ ਚੀਨ, ਚੇਤਨ ਆਪਣਾ ਰੂਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਏਕਾ ਦਰ ਮਛਲੀ ਨੀਰ ਰੂਪ ਸਮਾਈਆ । ਮੀਨ ਨੀਰ ਹਰਿ ਕਾ ਰੰਗ, ਨਿਰਗੁਣ ਨਿਰਗੁਣ ਖੇਲ ਖਿਲਾਇਆ । ਸਰਗੁਣ ਸੇਜ ਸਚ ਪਲੰਘ, ਸਤਿ ਸਤਿਵਾਦੀ ਆਪ ਹੰਢਾਇਆ । ਨਿਰਵੈਰ ਵਜਾਏ ਇਕ ਮਰਦੰਗ, ਨਾਮ ਮਰਦੰਗਾ ਹੱਥ ਉਠਾਇਆ । ਡੂੰਘੇ ਸਾਗਰ ਆਪੇ ਲੰਘ, ਆਪਣਾ ਪੰਧ ਆਪ ਮੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਲ ਮੀਨ ਵਖਾਏ ਏਕਾ ਥਾਇਆ । ਜਲ ਮੀਨ ਏਕਾ ਥਾਂ, ਹਰਿ ਚਰਨ ਦਵਾਰ ਵਡੀ ਵਡਿਆਈਆ । ਪਤਿਪਰਮੇਸ਼ਵਰ ਪਿਤਾ ਮਾਂ, ਪਾਰਬ੍ਰਹਮ ਸੱਚੀ ਸਰਨਾਈਆ । ਜਿਸ ਜਨ ਜਪਾਏ ਆਪਣਾ ਨਾਂ, ਤਿਸ ਮੇਲਾ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਵਿਛੋੜਾ ਫੰਦ ਕਟਾਈਆ । ਜਗਤ ਵਿਛੋੜਾ ਕੱਟੇ ਫੰਦ, ਗੁਰ ਸਤਿਗੁਰ ਦਇਆ ਕਮਾਇੰਦਾ । ਗੁਰਮੁਖ ਚੜ੍ਹਾਏ ਸਾਚਾ ਚੰਦ, ਆਫ਼ਤਾਬ ਮੁਖ ਸ਼ਰਮਾਇੰਦਾ । ਦਿਵਸ ਰੈਣ ਪਰਮਾਨੰਦ, ਨਿਜਾਨੰਦ ਖੇਲ ਖਿਲਾਇੰਦਾ । ਖ਼ੁਸ਼ੀ ਕਰਾਏ ਬੰਦ ਬੰਦ, ਬੰਦੀਖ਼ਾਨਾ ਆਪ ਤੁੜਾਇੰਦਾ । ਜੋ ਜਨ ਗਾਏ ਸੁਹਾਗੀ ਛੰਦ, ਸੋਹੰ ਅੱਖਰ ਆਪ ਪੜ੍ਹਾਇੰਦਾ । ਜਨਮ ਜਨਮ ਦੀ ਟੁੱਟੀ ਦੇਵੇ ਗੰਢ, ਜਿਸ ਸਿਰ ਆਪਣਾ ਹੱਥ ਟਿਕਾਇੰਦਾ । ਲੇਖੇ ਲਾਏ ਬੱਤੀ ਦੰਦ, ਰਸਨਾ ਜੇਹਵਾ ਮੂਲ ਚੁਕਾਇੰਦਾ । ਪੰਚ ਵਿਕਾਰਾ ਕਰੇ ਖੰਡ ਖੰਡ, ਖੰਡਾ ਨਾਮ ਇਕ ਖੜਕਾਇੰਦਾ । ਲੇਖਾ ਮੁੱਕੇ ਨਾਰ ਦੁਹਾਗਣ ਜਗਤ ਰੰਡ, ਸਾਚਾ ਕੰਤ ਇਕ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਲ ਮੀਨ ਮਿਲੇ ਵਰ, ਏਕਾ ਨੀਰ ਸੀਰ ਪਿਆਇੰਦਾ । ਜਲ ਮੀਨ ਏਕਾ ਧੀਰ, ਇਕ ਇਕ ਨਾਲ ਮਿਲਾਈਆ । ਏਕਾ ਬਸਤਰ ਏਕਾ ਚੀਰ, ਏਕਾ ਤਨ ਸਜਾਈਆ । ਏਕਾ ਘਰ ਵਖਾਏ ਅੰਤ ਅਖ਼ੀਰ, ਦੂਜੇ ਦਰ ਨਾ ਮੰਗਣ ਜਾਈਆ । ਏਕਾ ਮਿਲੇ ਵਡ ਪੀਰਨ ਪੀਰ, ਪੀਰ ਪੈਗ਼ੰਬਰ ਜਿਸ ਰੱਖੇ ਆਪਣੀ ਸਚ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਗੁਰਮੁਖ ਗੁਰ ਗੁਰ ਆਪਣਾ ਬੰਧਨ ਪਾਈਆ ।

੬੭੧
੧੦

ਭਗਤ ਵਛਲ ਸ੍ਰੀ ਭਗਵਾਨ, ਜੁਗ ਜੁਗ ਵੇਸ ਕਰਾਇੰਦਾ । ਅਛਲ ਅਛੱਲ ਦੋ ਜਹਾਨ, ਭੇਵ ਅਭੇਦ ਛੁਪਾਇੰਦਾ । ਨਿਰਗੁਣ ਸਰਗੁਣ ਹੋ ਪਰਧਾਨ, ਸ਼ਬਦ ਅਨਾਦੀ ਡੰਕ ਵਜਾਇੰਦਾ । ਹਰਿਜਨ ਸਾਚੇ ਕਰ ਪਰਵਾਨ, ਆਤਮ ਬੋਧ ਗਿਆਨ ਦ੍ਰਿੜਾਇੰਦਾ । ਨਾਦ ਅਨਾਦੀ ਧੁਰ ਫ਼ਰਮਾਨ, ਬ੍ਰਹਿਮਾਦੀ ਸ਼ਬਦ ਸੁਣਾਇੰਦਾ । ਸਚਖੰਡ ਦਵਾਰ ਵਖਾਏ ਇਕ ਮਕਾਨ, ਵਸਤ ਅਮੋਲਕ ਆਪ ਵਰਤਾਇੰਦਾ । ਦਾਤਾ ਦਾਨੀ ਗੁਣ ਨਿਧਾਨ, ਗੁਣਵੰਤਾ ਖੇਲ ਖਿਲਾਇੰਦਾ । ਗੁਰਮੁਖਾਂ ਉਪਰ ਹੋਏ ਮਿਹਰਵਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਆਪ ਚੜ੍ਹਾਇੰਦਾ । ਭਗਤ ਵਛਲ ਸ੍ਰੀ ਭਗਵੰਤ, ਆਦਿ ਜੁਗਾਦਿ ਸਮਾਇਆ । ਹਰਿਜਨ ਵੇਖੇ ਸਾਚੇ ਸੰਤ, ਲੱਖ ਚੁਰਾਸੀ ਫੋਲ ਫੋਲਾਇਆ । ਏਕਾ ਨਾਮ ਦਵਾਏ ਮਣੀਆ ਮੰਤ, ਨਿਸ਼ਅੱਖਰ ਆਪ ਪੜ੍ਹਾਇਆ । ਨਾਤਾ ਜੋੜੇ ਨਾਰੀ ਕੰਤ, ਨਰ ਨਰਾਇਣ ਸੇਜ ਸੁਹਾਇਆ । ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਉਤਰ ਕਦੇ ਨਾ ਜਾਇਆ । ਗੜ੍ਹ ਤੋੜੇ ਹਉਮੇ ਹੰਗਤ, ਮਾਇਆ ਮਮਤਾ ਮੋਹ ਚੁਕਾਇਆ । ਨਾਤਾ ਤੋੜੇ ਭੁੱਖ ਨੰਗਤ, ਨਾਮ ਨਿਧਾਨਾ ਝੋਲੀ ਪਾਇਆ । ਹਰਿਜਨ ਮੇਲਾ ਜਿਉਂ ਨਾਨਕ ਅੰਗਦ, ਅੰਗੀਕਾਰ ਆਪ ਕਰਾਇਆ । ਮੇਲ ਮਿਲਾਵਾ ਸਾਚੀ ਸੰਗਤ, ਸਤਿਗੁਰ ਸੱਚਾ ਮੇਲ ਮਿਲਾਇਆ । ਲੱਖ ਚੁਰਾਸੀ ਭੁੱਲੀ ਜੰਤ, ਜੀਵ ਜੰਤ ਹਰਿ ਕਾ ਭੇਵ ਕਿਸੇ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਉਠਾਇਆ । ਭਗਤ ਵਛਲ ਏਕੰਕਾਰਾ, ਅਕਲ ਕਲਾ ਅਖਵਾਈਆ । ਜੁਗ ਜੁਗ ਲੋਕਮਾਤ ਲੈ ਅਵਤਾਰਾ, ਨਿਰਗੁਣ ਸਰਗੁਣ ਰੂਪ ਧਰਾਈਆ । ਚਾਰੇ ਖਾਣੀ ਚਾਰੇ ਬਾਣੀ ਪਾਵੇ ਸਾਰਾ, ਵਰਨ ਬਰਨ ਨਾ ਕੋਇ ਲੜਾਈਆ । ਸਤਿ ਸਤਿਵਾਦੀ ਬੋਲ ਜੈਕਾਰਾ, ਜੀਵਾਂ ਜੰਤਾਂ ਦਏ ਸਮਝਾਈਆ । ਨਿਰਗੁਣ ਜੋਤੀ ਬਾਤੀ ਕਰ ਉਜਿਆਰਾ, ਅਗਿਆਨ ਅੰਧੇਰ ਮਿਟਾਈਆ । ਸ਼ਬਦ ਨਾਦ ਸੁਣਾਏ ਸੱਚੀ ਧੁਨਕਾਰਾ, ਘਟ ਅਨਹਦ ਨਾਦ ਵਜਾਈਆ । ਅੰਮ੍ਰਿਤ ਆਤਮ ਦੇਵੇ ਠੰਡਾ ਠਾਰਾ, ਨਿਝਰ ਝਿਰਨਾ ਆਪ ਝਿਰਾਈਆ । ਕਾਇਆ ਮੰਦਰ ਅੰਦਰ ਵਖਾਏ ਗੁਰੂਦਵਾਰਾ, ਘਰ ਘਰ ਵਿਚ ਲਏ ਪਰਗਟਾਈਆ । ਬਜਰ ਕਪਾਟੀ ਖੋਲ੍ਹ ਤਾਲਾ, ਆਤਮ ਤਾਕੀ ਆਪ ਉਠਾਈਆ । ਦਰਸ ਦਿਖਾਏ ਅਗੰਮ ਅਪਾਰਾ, ਨਿਰਗੁਣ ਨਿਰਵੈਰ ਸੱਚਾ ਸ਼ਹਿਨਸ਼ਾਹੀਆ । ਮੂਰਤ ਅਕਾਲ ਹੋ ਉਜਿਆਰਾ, ਅਜੂਨੀ ਰਹਿਤ ਡਗਮਗਾਈਆ । ਆਤਮ ਬ੍ਰਹਮ ਕਰੇ ਪਿਆਰਾ, ਪਾਰਬ੍ਰਹਮ ਹੋਏ ਸਹਾਈਆ । ਈਸ਼ ਜੀਵ ਇਕ ਦਵਾਰਾ, ਜਗਤ ਜਗਦੀਸ ਮੇਲ ਮਿਲਾਈਆ । ਕਾਗਦ ਕ਼ਲਮ ਨਾ ਲਿਖਣਹਾਰਾ, ਹਰਿ ਕਾ ਭੇਵ ਨਾ ਕੋਇ ਪਾਈਆ । ਗੁਰਮੁਖ ਵਿਰਲਾ ਉਤਰੇ ਪਾਰਾ, ਜਿਸ ਜਨ ਆਪਣੀ ਬੂਝ ਬੁਝਾਈਆ । ਸਤਿਜੁਗ ਤ੍ਰੇਤਾ ਦੁਆਪਰ ਕਰਿਆ ਖੇਲ ਨਿਆਰਾ, ਰੂਪ ਅਨੂਪ ਵਟਾਈਆ । ਕਲਜੁਗ ਅੰਤਮ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪਣੇ ਹੱਥ ਰਖਾਈਆ । ਭਗਤ ਵਛਲ ਸ੍ਰੀ ਭਗਵਾਨਾ, ਏਕਾ ਰੰਗ ਸਮਾਇਆ । ਸਤਿ ਝੁਲਾਏ ਇਕ ਨਿਸ਼ਾਨਾ, ਸਤਿ ਸਤਿਵਾਦੀ ਹੱਥ ਉਠਾਇਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਦੇਵੇ ਇਕ ਗਿਆਨਾ, ਬ੍ਰਹਮ ਗਿਆਨੀ ਆਪਣਾ ਖੇਲ ਖਿਲਾਇਆ । ਸ਼ਬਦ ਅਗੰਮੀ ਮਾਰੇ ਤੀਰ ਨਿਸ਼ਾਨਾ, ਲੱਖ ਚੁਰਾਸੀ ਪਾਰ ਕਰਾਇਆ । ਭਗਤ ਭਗਵੰਤ ਇਕ ਪਹਿਚਾਨਾ, ਆਪ ਆਪਣੀ ਬੂਝ ਬੁਝਾਇਆ । ਸੰਤਨ ਵਖਾਏ ਸਚ ਮਕਾਨਾ, ਘਟ ਮੰਦਰ ਖੋਲ੍ਹ ਵਖਾਇਆ । ਗੁਰਮੁਖਾਂ ਦੇਵੇ ਨਾਮ ਨਿਧਾਨਾ, ਨਿਜ ਆਤਮ ਆਪ ਟਿਕਾਇਆ । ਗੁਰਸਿਖ ਬਣਾਏ ਚਤੁਰ ਸੁਜਾਨਾ, ਮੂਰਖ ਮੂੜ੍ਹੇ ਆਪਣੇ ਧੰਦੇ ਲਾਇਆ । ਸਤਿ ਸੰਤੋਖੀ ਬੰਨ੍ਹੇ ਗਾਨਾ, ਧੀਰਜ ਜਤ ਆਪ ਧਰਾਇਆ । ਪੰਚ ਵਿਕਾਰਾ

ਮੇਟੇ ਬੇਈਮਾਨਾ, ਹਉਮੇ ਹੰਗਤਾ ਗੜ੍ਹ ਤੁੜਾਇਆ । ਏਕਾ ਦੇਵੇ ਧੁਰ ਫ਼ਰਮਾਨਾ, ਸ਼ਬਦ ਅਗੰਮੀ ਆਪ ਸੁਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਏਕਾ ਮੰਤਰ ਨਾਮ ਦ੍ਰਿੜਾਇਆ । ਭਗਤ ਵਛਲ ਆਦਿ ਨਿਰੰਜਣ, ਆਦਿ ਜੁਗਾਦਿ ਸਮਾਇੰਦਾ । ਦੀਨਾਂ ਨਾਥ ਦਰਦ ਦੁੱਖ ਭੈ ਭੰਜਨ, ਭਵ ਸਾਗਰ ਪਾਰ ਕਰਾਇੰਦਾ । ਜਨ ਭਗਤਾਂ ਨੇਤਰ ਪਾਏ ਨਾਮ ਅੰਜਨ, ਅਗਿਆਨ ਅੰਧੇਰ ਮਿਟਾਇੰਦਾ । ਦੋ ਜਹਾਨਾਂ ਸਾਚਾ ਸੱਜਣ, ਲੋਕਮਾਤ ਵੇਖ ਵਖਾਇੰਦਾ । ਚਰਨ ਧੂੜ ਕਰਾਏ ਸਾਚਾ ਮਜਣ, ਦੁਰਮਤ ਮੈਲ ਧਵਾਇੰਦਾ । ਜੁਗਾ ਜੁਗੰਤਰ ਪਰਦੇ ਕੱਜਣ, ਹਰਿ ਸਾਚੀ ਸੇਵ ਕਮਾਇੰਦਾ । ਗੁਰਮੁਖਾਂ ਰੱਖੇ ਆਪੇ ਲੱਜਣ, ਲਾਜਵੰਤ ਆਪ ਹੋ ਆਇੰਦਾ । ਜੋ ਘੜੇ ਸੋ ਅੰਤਮ ਭੱਜਣ, ਭੰਨਣਹਾਰਾ ਖੇਲ ਖਿਲਾਇੰਦਾ । ਕੂੜ ਨਗਾਰੇ ਚਾਰੋਂ ਕੁੰਟ ਵੱਜਣ, ਕਲਜੁਗ ਡੌਰੂ ਹੱਥ ਉਠਾਇੰਦਾ । ਨਾ ਕੋਈ ਮੀਤ ਨਾ ਕੋਈ ਸੱਜਣ, ਸਗਲਾ ਸੰਗ ਨਾ ਕੋਇ ਨਿਭਾਇੰਦਾ । ਮਦਿ ਪਿਆਲੇ ਪੀ ਪੀ ਰੱਜਣ, ਅੰਮ੍ਰਿਤ ਰਸ ਰਸਨਾ ਚੱਖ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਅੰਤਮ ਵੇਖ ਵਖਾਇੰਦਾ । ਭਗਤ ਵਛਲ ਪਾਰਬ੍ਰਹਮ, ਬੇਅੰਤ ਵਡੀ ਵਡਿਆਈਆ । ਜੁਗ ਜੁਗ ਜਾਣੇ ਆਪਣਾ ਕਰਮ, ਨਿਹਕਰਮੀ ਕਰਮ ਕਮਾਈਆ । ਨਾ ਕੋਈ ਗੋਤ ਨਾ ਕੋਈ ਵਰਨ, ਜ਼ਾਤ ਪਾਤ ਨਾ ਕੋਇ ਰਖਾਈਆ । ਆਦਿ ਜੁਗਾਦਿ ਨਾ ਰੱਖੇ ਕਿਸੇ ਦੀ ਸਰਨ, ਸਰਨਗਤ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਏਕਾ ਭਗਤ ਦਏ ਵਡਿਆਈਆ । ਭਗਤ ਵਛਲ ਸ੍ਰੀ ਭਗਵਾਨਾ, ਭਗਵਨ ਆਪਣੀ ਖੇਲ ਖਿਲਾਇੰਦਾ । ਜਨ ਭਗਤਾਂ ਦੇਵੇ ਬ੍ਰਹਮ ਗਿਆਨਾ, ਆਤਮ ਦਰਸੀ ਦ੍ਰਿਸ਼ਟ ਵਖਾਇੰਦਾ । ਏਕਾ ਰਾਗ ਏਕਾ ਗਾਣਾ, ਧੁਨ ਆਤਮਕ ਆਪ ਉਪਜਾਇੰਦਾ । ਏਕਾ ਮੰਦਰ ਇਕ ਮਕਾਨਾ, ਘਰ ਘਰ ਵਿਚ ਆਪ ਵਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਤਰਾਇੰਦਾ । ਭਗਤ ਵਛਲ ਹਰਿ ਸਤਿਗੁਰ ਮੀਤਾ, ਦੂਸਰ ਅਵਰ ਨਾ ਕੋਇ ਵਡਿਆਈਆ । ਜੁਗਾ ਜੁਗੰਤਰ ਠਾਂਡਾ ਸੀਤਾ, ਨਿਰਗੁਣ ਸਰਗੁਣ ਖੇਲ ਖਿਲਾਈਆ । ਏਕਾ ਰੰਗ ਰੰਗਾਏ ਹਸਤ ਕੀਟਾ, ਊਚ ਨੀਚ ਨਾ ਕੋਇ ਵਖਾਈਆ । ਜਗਤ ਜੁਗ ਚਲਾਏ ਆਪਣੀ ਰੀਤਾ, ਆਪਣੀ ਕਰਨੀ ਆਪ ਕਮਾਈਆ । ਪਤਤ ਪਾਪੀ ਕਰੇ ਪੁਨੀਤਾ, ਪਤਤ ਪਾਪੀ ਲਏ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਵਛਲ ਆਪ ਅਖਵਾਈਆ । ਭਗਤ ਵਛਲ ਏਕਾ ਏਕ, ਏਕਾ ਰੰਗ ਸਮਾਇੰਦਾ । ਜਨ ਭਗਤਾਂ ਰਖਾਏ ਏਕਾ ਟੇਕ, ਦੂਸਰ ਓਟ ਨਾ ਕੋਇ ਜਣਾਇੰਦਾ । ਕੰਚਨ ਕਾਇਆ ਕਰੇ ਬੁਧ ਬਿਬੇਕ, ਮਨ ਮਮਤਾ ਮੋਹ ਚੁਕਾਇੰਦਾ । ਤ੍ਰੈਗੁਣ ਮਾਇਆ ਨਾ ਲਾਏ ਸੇਕ, ਅਗਨੀ ਅੱਗ ਨਾ ਕੋਇ ਜਲਾਇੰਦਾ । ਹਰਿਜਨ ਹਰਿ ਜੂ ਆਪੇ ਵੇਖ, ਆਪ ਆਪਣਾ ਮੇਲ ਮਿਲਾਇੰਦਾ । ਆਪੇ ਮੇਟਣਹਾਰਾ ਰੇਖ, ਲਿਖਿਆ ਲੇਖ ਆਪ ਪਰਗਟਾਇੰਦਾ । ਜੁਗ ਜੁਗ ਕਰੇ ਅਵੱਲੜਾ ਵੇਸ, ਵੇਸ ਅਨੇਕਾ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਏਕਾ ਦਰ ਵਖਾਇੰਦਾ । ਏਕਾ ਦਰ ਗੋਬਿੰਦ ਘਾਟ, ਹਰਿ ਭਗਤਨ ਆਪ ਜਣਾਈਆ । ਜੁਗ ਚੌਕੜੀ ਮੁੱਕੇ ਵਾਟ, ਥਿਰ ਕੋਇ ਨਾ ਰਹਿਣ ਨਾ ਪਾਈਆ । ਕਲਜੁਗ ਖੇਲੇ ਖੇਲ ਨਟੂਆ ਨਾਟ, ਸਵਾਂਗੀ ਆਪਣਾ ਸਾਂਗ ਵਰਤਾਈਆ । ਕੋਈ ਨਾ ਸੋਏ ਆਤਮ ਖਾਟ, ਸੁੰਞੀ ਦਿਸੇ ਸਰਬ ਲੋਕਾਈਆ । ਚੌਦਾਂ ਲੋਕ ਮਿਲੇ ਨਾਮ ਨਾ ਕਿਸੇ ਹਾਟ, ਵਣਜ ਵਣਜਾਰਾ ਨਾ ਕੋਇ ਅਖਵਾਈਆ ।

ਜੂਠਾ ਝੂਠਾ ਰਸ ਰਹੇ ਚਾਟ, ਸਚ ਸੁੱਚ ਨਾ ਕੋਇ ਵਰਤਾਈਆ । ਹਉਮੇ ਹੰਗਤਾ ਅੰਧੇਰੀ ਰਾਤ, ਕਾਮ ਕਰੋਧ ਲੋਭ ਮੋਹ ਹੰਕਾਰ ਰਿਹਾ ਨਾਚ ਨਚਾਈਆ । ਚਾਰ ਵਰਨ ਲੜਾਈ ਜ਼ਾਤ ਪਾਤ, ਆਤਮ ਬ੍ਰਹਮ ਨਾ ਕੋਇ ਦਰਸਾਈਆ । ਸਰਬ ਜੀਆਂ ਦਾ ਕਮਲਾਪਾਤ, ਪੁਰਖ ਅਕਾਲ ਇਕ ਅਖਵਾਈਆ । ਕਲਜੁਗ ਅੰਤਮ ਗੁਰਮੁਖਾਂ ਪੁਛੇ ਆਪੇ ਵਾਤ, ਨਿਰਗੁਣ ਜੋਤੀ ਜਾਤਾ ਭੇਖ ਵਟਾਈਆ । ਛਾਛ ਵਿਰੋਲੇ ਆਪੇ ਮੱਖਣ ਮਾਖ, ਨਾਮ ਮਧਾਨਾ ਏਕਾ ਪਾਈਆ । ਭਗਤ ਭਗਵੰਤ ਲਏ ਰਾਖ, ਅਗਨੀ ਤੱਤ ਪੋਹ ਨਾ ਸਕੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਵਛਲ ਹੋਏ ਸਹਾਈਆ । ਭਗਤ ਵਛਲ ਹਰਿ ਗੋਬਿੰਦ, ਗੋਬਿੰਦ ਖੇਲ ਖਿਲਾਇੰਦਾ । ਗੁਰਮੁਖਾਂ ਮੇਟੇ ਸਗਲੀ ਚਿੰਦ, ਚਿੰਤਾ ਚਿਖਾ ਰੋਗ ਗਵਾਇੰਦਾ । ਨਾਮ ਨਿਧਾਨਾ ਦੇਵੇ ਗੁਣੀ ਗਹਿੰਦ, ਗਹਿਰ ਗੰਭੀਰ ਆਪ ਵਰਤਾਇੰਦਾ । ਅੰਮ੍ਰਿਤ ਆਤਮ ਦੇਵੇ ਸਾਗਰ ਸਿੰਧ, ਪਿਆਲਾ ਜਾਮ ਪਿਆਇੰਦਾ । ਤਖ਼ਤੋਂ ਲਾਹੇ ਸੁਰਪਤ ਰਾਜਾ ਇੰਦ, ਵਿਸ਼ਨ ਬ੍ਰਹਮਾ ਸ਼ਿਵ ਪੰਧ ਮੁਕਾਇੰਦਾ । ਹਰਿਜਨ ਚੜ੍ਹਾਏ ਸਾਚਾ ਚੰਦ, ਦੋ ਜਹਾਨਾਂ ਆਪ ਚਮਕਾਇੰਦਾ । ਏਕਾ ਦੇਵੇ ਪਰਮਾਨੰਦ, ਅਨੰਦ ਅਨੰਦ ਆਪ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਵਛਲ ਏਕਾ ਹਰਿ, ਭਗਤ ਭਗਵੰਤ ਵੇਖ ਵਖਾਇੰਦਾ । ਭਗਤ ਭਗਵੰਤ ਗੁਰਮੁਖ ਧਾਰ, ਗੁਰ ਗੁਰ ਰੂਪ ਸਮਾਈਆ । ਗੁਰਸਿਖ ਸਾਚੇ ਕਰ ਤਿਆਰ, ਲੋਕਮਾਤ ਦਏ ਵਡਿਆਈਆ । ਭਾਂਡੇ ਕਾਚੇ ਵਸਤ ਹਰਿ ਥਾਰ, ਵਸਤ ਅਮੋਲਕ ਏਕਾ ਪਾਈਆ । ਕਿਰਪਾ ਕਰੇ ਆਪ ਨਿਰੰਕਾਰ, ਨਿਰਗੁਣ ਆਪਣੀ ਦਇਆ ਕਮਾਈਆ । ਸਾਕਤ ਨਿੰਦਕ ਦੁਸ਼ਟ ਦੁਰਾਚਾਰ ਕਰੇ ਖ਼ੁਆਰ, ਚਾਰੋਂ ਕੁੰਟ ਹੋਏ ਹਲਕਾਈਆ । ਨੇਤਰ ਰੋਵਣ ਜ਼ਾਰੋ ਜ਼ਾਰ, ਧੀਰਜ ਧੀਰ ਨਾ ਕੋਇ ਧਰਾਈਆ । ਗੁਰਮੁਖ ਵਿਰਲਾ ਹਰਿ ਕਾ ਨਾਉਂ ਰਿਹਾ ਉਚਾਰ, ਜਿਸ ਜਨ ਆਪਣੀ ਬੂਝ ਬੁਝਾਈਆ । ਡੁਬਦੇ ਸਾਗਰ ਲਾਏ ਪਾਰ, ਸਾਚੀ ਨੱਯਾ ਨਾਮ ਚੜ੍ਹਾਈਆ । ਲੱਖ ਚੁਰਾਸੀ ਵਹੇ ਵਹਿੰਦੀ ਧਾਰ, ਕਲਜੁਗ ਬੇੜਾ ਰਿਹਾ ਡੁਬਾਈਆ । ਬਿਨ ਸਤਿਗੁਰ ਪੂਰੇ ਕੋਇ ਨਾ ਉਤਰੇ ਪਾਰ, ਮੰਝਧਾਰ ਪਈ ਦੁਹਾਈਆ । ਭਗਤ ਭਗਵੰਤ ਭਗਤਨ ਲਏ ਤਾਰ, ਤਾਰਨਹਾਰ ਇਕ ਅਖਵਾਈਆ । ਜੁਗ ਜੁਗ ਆਏ ਵਿਚ ਸੰਸਾਰ, ਵੇਸ ਅਨੇਕ ਵਟਾਈਆ । ਕਲਜੁਗ ਅੰਤਮ ਹੋ ਤਿਆਰ, ਜੋਤੀ ਜਾਮਾ ਵੇਸ ਵਖਾਈਆ । ਨਿਹਕਲੰਕਾ ਨਾਉਂ ਨਿਰੰਕਾਰ, ਸ਼ਬਦ ਡੰਕਾ ਇਕ ਵਜਾਈਆ । ਸ਼ਾਹ ਸੁਲਤਾਨਾ ਕਰੇ ਖ਼ਬਰਦਾਰ, ਸੋਇਆ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲੇ ਆਪਣੇ ਦਰ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਦਰ ਦਰਵਾਜ਼ਾ ਗਿਆ ਖੁਲ੍ਹ, ਸੋ ਪੁਰਖ ਨਿਰੰਜਣ ਆਪ ਖੁਲ੍ਹਾਇਆ । ਦੇਵੇ ਵਸਤ ਨਾਮ ਅਨਮੁਲ, ਤੋਲਾ ਤੋਲ ਨਾ ਕੋਇ ਤੁਲਾਇਆ । ਚਰਨ ਪ੍ਰੀਤੀ ਜੋ ਜਾਏ ਘੁੱਲ, ਹਰਿ ਘੋਲੀ ਘੋਲ ਘੁਮਾਇਆ । ਗੁਰਮੁਖ ਫੁਲਵਾੜੀ ਵੇਖੇ ਫੁਲ, ਪਤ ਡਾਲ੍ਹੀ ਆਪ ਮਹਿਕਾਇਆ । ਲੋਕਮਾਤ ਨਾ ਜਾਏ ਰੁਲ, ਜਿਸ ਅੰਮ੍ਰਿਤ ਜਾਮ ਪਿਆਇਆ । ਭਗਵੰਤ ਭਗਤ ਉਪਜਾਏ ਆਪਣੀ ਕੁਲ, ਕੁਲਵੰਤਾ ਖੇਲ ਖਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸੱਜਣ ਆਪੇ ਫੜ, ਕਾਇਆ ਮੰਦਰ ਅੰਦਰ ਚੜ੍ਹ, ਆਪਣਾ ਬੰਧਨ ਆਪੇ ਪਾਇਆ ।

੯੭੩
੧੦

੯੭੪ ੧੦

### ★ ੨੫ ਸਾਵਣ ੨੦੧੮ ਬਿਕ੍ਰਮੀ ਅਜੀਤ ਸਿੰਘ ਦੇ ਗ੍ਰਿਹਿ ਬਟਾਲਾ ★

ਜਿਸ ਉਪਰ ਸਾਹਿਬ ਜਾਏ ਮੰਨ, ਤਿਸ ਦੇਵੇ ਨਾਮ ਵਡਿਆਈਆ । ਏਕਾ ਦੇਵੇ ਨਾਮ ਧੰਨ, ਅਤੋਟ ਅਤੁਟ ਰਖਾਈਆ । ਏਕਾ ਨਾਦ ਸੁਣਾਏ ਕੰਨ, ਧੁਨ ਅਨਾਦੀ ਨਾਦ ਸੁਣਾਈਆ । ਇਕ ਚੜ੍ਹਾਏ ਸਾਚਾ ਚੰਨ, ਨਿਰਗੁਣ ਜੋਤ ਨੂਰ ਰੁਸ਼ਨਾਈਆ । ਏਕਾ ਦੇਵੇ ਬੇੜਾ ਬੰਨ੍ਹ, ਸਮਰਥ ਪੁਰਖ ਬੇਪਰਵਾਹੀਆ । ਗੜ੍ਹ ਹੰਕਾਰੀ ਦੇਵੇ ਭੰਨ, ਭਾਂਡਾ ਭਰਮ ਭੌ ਭੰਨਾਈਆ । ਭਾਗ ਲਗਾਏ ਸਾਚੇ ਤਨ, ਮਾਟੀ ਖ਼ਾਕ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਆਪਣੀ ਦਇਆ ਕਮਾਈਆ । ਦਇਆ ਕਮਾਏ ਦੀਨ ਦਿਆਲਾ, ਆਦਿ ਜੁਗਾਦਿ ਖੇਲ ਖਿਲਾਇੰਦਾ । ਕਰੇ ਖੇਲ ਜਗਤ ਨਿਰਾਲਾ, ਹਰਿਜਨ ਸਾਚੇ ਵੇਖ ਵਖਾਇੰਦਾ । ਤਨ ਪਹਿਨਾਏ ਸਾਚੀ ਮਾਲਾ, ਮਨ ਮਨਕਾ ਆਪ ਭੁਆਇੰਦਾ । ਫਲ ਲਗਾਏ ਕਾਇਆ ਡਾਲਾ, ਪਤ ਡਾਲ੍ਹੀ ਆਪ ਮਹਿਕਾਇੰਦਾ । ਤ੍ਰੈਗੁਣ ਤੋੜੇ ਜਗਤ ਜੰਜਾਲਾ, ਅਗਨੀ ਤੱਤ ਬੁਝਾਇੰਦਾ । ਆਪੇ ਮਾਰਗ ਦੱਸੇ ਸੁਖਾਲਾ, ਸਾਚੇ ਮਾਰਗ ਆਪੇ ਲਾਇੰਦਾ । ਏਕਾ ਨਾਦ ਵਜਾਏ ਤਾਲਾ, ਤਾਲ ਤਲਵਾੜਾ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਆਪਣੀ ਬੂਝ ਬੁਝਾਇੰਦਾ । ਮੰਨੇ ਹਰਿ ਹੋਏ ਮਿਹਰਵਾਨ, ਦੇਵੇ ਨਾਮ ਵਸਤ ਵਡਿਆਈਆ । ਸਤਿ ਸਤਿਵਾਦੀ ਵਖਾਏ ਸਚ ਨਿਸ਼ਾਨ, ਦਰ ਘਰ ਸਾਚੇ ਆਪ ਝੁਲਾਈਆ । ਕਾਇਆ ਮੰਦਰ ਵਖਾਏ ਇਕ ਮਕਾਨ, ਘਰ ਘਰ ਵਿਚ ਦਏ ਵਡਿਆਈਆ । ਆਤਮ ਬ੍ਰਹਮ ਕਰੇ ਪਰਧਾਨ, ਰੂਪ ਅਨੂਪ ਆਪ ਧਰਾਈਆ । ਮਨ ਮਨੂਆ ਮੇਟੇ ਪੰਚ ਸ਼ੈਤਾਨ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਕੋਇ ਹਲਕਾਈਆ । ਆਸਾ ਤ੍ਰਿਸਨਾ ਹਉਮੇ ਹੰਗਤਾ ਨਾ ਰੱਖੇ ਕੋਇ ਦੁਕਾਨ, ਜੂਠ ਝੂਠ ਦਏ ਗਵਾਈਆ । ਭੁੱਖਾ ਨੰਗਤਾ ਕਰੇ ਪਰਵਾਨ, ਜਿਸ ਜਨ ਆਪਣੀ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦਰ ਦਏ ਜਣਾਈਆ । ਜਿਸ ਮੰਨਿਆ ਭਗਵੰਤ, ਤਿਸ ਨਾਤਾ ਮੋਹ ਤੁੜਾਇਆ । ਮਿਲੇ ਵਡਿਆਈ ਵਿਚੋਂ ਜੰਤ, ਪੁਰਖ ਅਬਿਨਾਸ਼ੀ ਹੋਏ ਸਹਾਇਆ । ਕਰੇ ਮਿਲਾਵਾ ਨਾਰ ਕੰਤ, ਕੰਤ ਕੰਤੂਹਲ ਸੇਜ ਹੰਢਾਇਆ । ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਉਤਰ ਕਦੇ ਨਾ ਜਾਇਆ । ਮਨ ਮਨਤਾ ਤੋੜੇ ਹੰਗਤ, ਹੰ ਬ੍ਰਹਮ ਦਏ ਸਮਝਾਇਆ । ਇਕ ਜਪਾਏ ਆਪਣਾ ਮੰਤ, ਨਿਸ਼ਅੱਖਰ ਰੂਪ ਦਰਸਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਆਪਣੇ ਅੰਗ ਲਗਾਇਆ । ਹਰਿ ਮੰਨੇ ਵੱਡ ਮਿਹਰਵਾਨਾ, ਸੋ ਪੁਰਖ ਨਿਰੰਜਣ ਦਇਆ ਕਮਾਈਆ । ਹਰਿ ਪੁਰਖ ਨਿਰੰਜਣ ਕਰੇ ਸਦ ਪਰਵਾਨਾ, ਹਰਿਜਨ ਸਾਚੇ ਮੇਲ ਮਿਲਾਈਆ । ਏਕੰਕਾਰਾ ਦੇਵੇ ਦਾਨਾ, ਦਾਤਾ ਦਾਨੀ ਆਪ ਅਖਵਾਈਆ । ਆਦਿ ਨਿਰੰਜਣ ਨੂਰ ਮਹਾਨਾ, ਨੂਰੋ ਨੂਰ ਡਗਮਗਾਇਆ । ਅਬਿਨਾਸ਼ੀ ਕਰਤਾ ਖੇਲ ਮਹਾਨਾ, ਖੇਲਣਹਾਰਾ ਆਪ ਹੋ ਜਾਈਆ । ਸ੍ਰੀ ਭਗਵਾਨ ਵਖਾਏ ਸਚ ਮਕਾਨਾ, ਸਚ ਮਹੱਲਾ ਆਪ ਜਣਾਈਆ । ਪਾਰਬ੍ਰਹਮ ਪ੍ਰਭ ਗੁਣ ਨਿਧਾਨਾ, ਗੁਣ ਅਵਗੁਣ ਨਾ ਕੋਇ ਵਖਾਈਆ । ਜਿਸ ਜਨ ਕਰੇ ਆਪ ਪਰਵਾਨਾ, ਆਪ ਆਪਣੀ ਗੋਦ ਬਹਾਈਆ । ਸ਼ਰੀਕਤ ਕਰੇ ਕੋਈ ਕਿਆ ਵਿਚ ਜਹਾਨਾ, ਜਿਸ ਮਿਲਿਆ ਹਰਿ ਗੋਸਾਈਆ । ਆਤਮ ਮਾਰੇ ਤੀਰ ਨਿਸ਼ਾਨਾ, ਬ੍ਰਹਮ ਬਾਣ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਾਇਆ ਮਾਟੀ ਭਾਗ ਲਗਾਈਆ । ਕਾਇਆ ਮਾਟੀ ਕਾਚੀ ਵੰਗ, ਗੁਰ ਸਤਿਗੁਰ ਰੰਗ ਚੜ੍ਹਾਇੰਦਾ । ਆਤਮ ਰੱਖੇ ਸੇਜ ਪਲੰਘ, ਨਿਰਗੁਣ ਸਰਗੁਣ

ਆਪ ਹੰਢਾਇੰਦਾ । ਸ਼ਬਦ ਅਗੰਮੀ ਵਜਾਏ ਮਰਦੰਗ, ਨਾਦ ਅਨਾਦੀ ਨਾਦ ਸੁਣਾਇੰਦਾ । ਕਰੇ ਖੇਲ ਸੂਰਾ ਸਰਬੰਗ, ਘਰ ਘਰ ਵਿਚ ਜੋਤ ਜਗਾਇੰਦਾ । ਮਾਨਸ ਜਨਮ ਨਾ ਹੋਏ ਭੰਗ, ਜਿਸ ਜਨ ਆਪਣਾ ਮੇਲ ਮਿਲਾਇੰਦਾ । ਨੰਗੀ ਹੋਏ ਨਾ ਕੰਡ, ਜਿਸ ਸਿਰ ਆਪਣਾ ਹੱਥ ਟਿਕਾਇੰਦਾ । ਮਨ ਮਮਤਾ ਕਰੇ ਰੰਡ, ਮਨ ਮਤ ਨਾਰ ਦੁਹਾਗਣ ਦਰ ਦੁਰਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਮੇਲੇ ਆਪਣੇ ਦਰ ਆਪਣੀ ਦਇਆ ਆਪ ਕਮਾਇੰਦਾ । ਏਕਾ ਮੰਨੇ ਪੁਰਖ ਨਿਰੰਜਣ, ਆਤਮ ਪਰਮਾਤਮ ਮੇਲ ਮਿਲਾਈਆ । ਨੇਤਰ ਪਾਏ ਨਾਮ ਅੰਜਣ, ਅਗਿਆਨ ਅੰਧੇਰ ਚੁਕਾਈਆ । ਘਰ ਘਰ ਵਿਚ ਦਿਸੇ ਸਾਚਾ ਸੱਜਣ, ਘਰ ਘਰ ਵਿਚ ਵੱਜੇ ਵਧਾਈਆ । ਅੰਮ੍ਰਿਤ ਸਰੋਵਰ ਕਰਾਏ ਮੱਜਨ, ਦੁਰਮਤ ਮੈਲ ਧੁਆਈਆ । ਗੜ੍ਹ ਹੰਕਾਰੀ ਭਾਂਡੇ ਭੱਜਣ, ਮਨ ਵਾਸ਼ਨਾ ਦਏ ਖਪਾਈਆ । ਕਾਇਆ ਕਰੇ ਸਾਚੀ ਕੰਚਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਆਪਣੇ ਰੰਗ ਰੰਗਾਈਆ । ਏਕਾ ਪਿਤਾ ਪੁਰਖ ਅਕਾਲਾ, ਅਕਲ ਕਲਾ ਵਡਿਆਈਆ । ਘਰ ਵਿਚ ਘਰ ਵਖਾਏ ਸੱਚੀ ਧਰਮਸਾਲਾ, ਚਾਰ ਦੀਵਾਰ ਨਾ ਕੋਇ ਬਣਾਈਆ । ਨਿਰਗੁਣ ਜੋਤ ਦੀਪ ਉਜਾਲਾ, ਆਦਿ ਅੰਤ ਰੁਸ਼ਨਾਈਆ । ਅਨਹਦ ਵੱਜੇ ਸਾਚਾ ਤਾਲਾ, ਸੁੰਨ ਸਮਾਧ ਖੁਲ੍ਹਾਈਆ । ਸੁਰਤੀ ਸੁਰਤ ਕਰੇ ਬੇਹਾਲਾ, ਮੂਰਤ ਅਕਾਲ ਵਡੀ ਵਡਿਆਈਆ । ਮਨ ਮਨੂਆ ਅੰਤ ਹੋਏ ਬੇਹਾਲਾ, ਢਹਿ ਢਹਿ ਆਪਣਾ ਸੀਸ ਝੁਕਾਈਆ । ਦਹਿ ਦਿਸ਼ਾ ਨਾ ਮਾਰੇ ਕੋਈ ਛਾਲਾ, ਚਾਰ ਕੁੰਟ ਨਾ ਉਠ ਉਠ ਧਾਈਆ । ਜਿਸ ਜਨ ਮਿਲਿਆ ਗੁਰ ਗੋਪਾਲਾ, ਤਿਸ ਆਪਣਾ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਸ਼ਿਰਕਤ ਦਏ ਮਿਟਾਈਆ । ਜਗਤ ਸ਼ਰੀਕਤ ਨਾਤਾ ਤੋੜੇ, ਗੁਰ ਸਤਿਗੁਰ ਵਡ ਵਡਿਆਈਆ । ਮਨ ਵਿਕਾਰਾ ਪੰਚਮ ਹੋੜੇ, ਸ਼ਬਦ ਡੰਡਾ ਹੱਥ ਰਖਾਈਆ । ਸੁਰਤੀ ਚਾੜ੍ਹੇ ਆਪਣੇ ਘੋੜੇ, ਸਾਚਾ ਘੋੜਾ ਇਕ ਦੌੜਾਈਆ । ਮੰਦਰ ਅੰਦਰ ਲਾਏ ਪੌੜੇ, ਡੂੰਘੀ ਕੰਦਰ ਵੇਖ ਵਖਾਈਆ । ਪੰਧ ਮੁਕਾਏ ਲੰਮਾ ਚੌੜੇ, ਦੂਰ ਨੇੜਾ ਨਾ ਕੋਇ ਜਣਾਈਆ । ਰਸ ਵੇਖੇ ਮਿੱਠੇ ਕੌੜੇ, ਲੱਖ ਚੁਰਾਸੀ ਫੋਲ ਫੋਲਾਈਆ । ਜਿਸ ਜਨ ਪ੍ਰਭ ਮਿਲਣ ਦੀ ਲੱਗੀ ਔੜੇ, ਦੇ ਦਰਸ ਤ੍ਰਿਪਤ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਵਿਛੋੜਾ ਦੇਵੇ ਕੱਟ, ਇਕ ਵਖਾਏ ਸਾਚਾ ਹੱਟ, ਨਿਰਗੁਣ ਜੋਤ ਨੂਰ ਕਰ ਪਰਗਟ, ਸਵੱਛ ਸਰੂਪੀ ਰੂਪ ਵਟਾਈਆ । ਜਗਤ ਵਿਛੋੜਾ ਮੁੱਕੇ ਪੰਧ, ਸ਼ਰੀਕਤ ਕੋਇ ਨਜ਼ਰ ਨਾ ਆਈਆ । ਦੂਈ ਦਵੈਤੀ ਢਾਏ ਕੰਧ, ਭਾਂਡਾ ਭਰਮ ਭਓ ਭੰਨਾਈਆ । ਘਰ ਵਿਚ ਵਖਾਏ ਸਾਚਾ ਚੰਦ, ਘਰ ਘਰ ਕਰੇ ਰੁਸ਼ਨਾਈਆ । ਮਨ ਪੰਛੀ ਪਾਏ ਏਕਾ ਫੰਧ, ਨਾਮ ਡੋਰੀ ਹੱਥ ਉਠਾਈਆ । ਸਰਬ ਕਲ ਆਪੇ ਸਮਰਥ, ਸਤਿਗੁਰ ਪੂਰਾ ਬੇਪਰਵਾਹੀਆ । ਜਗਤ ਵਾਸਨਾ ਪਾਏ ਨੱਥ, ਤ੍ਰਿਸਨਾ ਤ੍ਰਿਖਾ ਨਾ ਰਹੇ ਰਾਈਆ । ਮਹਿਮਾ ਸੁਣਾਏ ਅਕਥਨਾ ਅਕਥ, ਲਿਖਣ ਪੜ੍ਹਨ ਵਿਚ ਨਾ ਆਈਆ । ਸ਼ਬਦ ਅਗੰਮੀ ਮਾਰਗ ਦੱਸ, ਬੋਧ ਅਗਾਧ ਕਰੇ ਪੜ੍ਹਾਈਆ । ਚੌਦਾਂ ਵਿਦਿਆ ਚਰਨਾਂ ਹੇਠਾਂ ਝੱਸ, ਲੋਕਮਾਤ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਵਖਾਏ ਆਪਣਾ ਘਰ, ਸੋ ਜਨ ਦੂਸਰ ਦਰ ਨਾ ਲੱਭਣ ਜਾਈਆ । ਜਗਤ ਸ਼ਰੀਕਤ ਮਿਟੇ ਅੰਧੇਰਾ, ਗੁਰ ਸਤਿਗੁਰ ਦਇਆ ਕਮਾਇੰਦਾ । ਏਕਾ ਰੰਗ ਵਖਾਏ ਸੰਝ ਸਵੇਰਾ, ਸੂਰਜ ਚੰਦ ਨਾ ਕੋਇ ਚੜ੍ਹਾਇੰਦਾ । ਦਰਸ ਦਿਖਾਏ ਨੇਰਨ ਨੇਰਾ, ਨੇਤਰ ਲੋਚਣ ਆਪ ਖੁਲ੍ਹਾਇੰਦਾ । ਨਾਤਾ ਤੁਟੇ ਮੇਰਾ ਤੇਰਾ, ਤੇਰਾ ਮੇਰਾ ਏਕਾ ਘਰ ਬਹਾਇੰਦਾ । ਆਵਣ ਜਾਵਣ

ਚੁੱਕੇ ਗੇੜਾ, ਗੇੜਾ ਆਪਣੇ ਹੱਥ ਰਖਾਇੰਦਾ । ਪੰਚ ਪੰਚਾਇਣ ਨਾ ਕਰੇ ਝੇੜਾ, ਪੰਚਮ ਸ਼ਬਦ ਨਾਦ ਵਜਾਇੰਦਾ । ਖੁਲ੍ਹਾ ਕਰੇ ਆਤਮ ਵੇਹੜਾ, ਆਤਮ ਬ੍ਰਹਮ ਧਰਾਇੰਦਾ । ਈਸ਼ ਜੀਵ ਕਰੇ ਨਿਬੇੜਾ, ਜਗਦੀਸ ਖੇਲ ਖਿਲਾਇੰਦਾ । ਹਰਿ ਕਾ ਭੇਵ ਜਾਣੇ ਕੇਹੜਾ, ਲੱਖ ਚੁਰਾਸੀ ਭਰਮ ਭੁਆਇੰਦਾ । ਆਪ ਉਪਾਏ ਦਇਆ ਕਮਾਏ ਆਪੇ ਜੋ ਘੜਿਆ ਭੰਨ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਖੇਲ ਆਪ ਕਰਾਇੰਦਾ । ਕਰੇ ਖੇਲ ਖੇਲ ਕਰਤਾਰਾ, ਕੁਦਰਤ ਕ਼ਾਦਰ ਵੇਖ ਵਖਾਈਆ । ਅਗੰਮ ਅਗੰਮੜਾ ਹੋ ਉਜਿਆਰਾ, ਨੂਰ ਨੁਰਾਨਾ ਡਗਮਗਾਈਆ । ਕਰੇ ਖੇਲ ਅਪਰ ਅਪਾਰਾ, ਸਾਚੇ ਤਖ਼ਤ ਸੋਭਾ ਪਾਈਆ । ਹੁਕਮੀ ਹੁਕਮ ਵਰਤੇ ਵਰਤਾਰਾ, ਹੁਕਮ ਹਾਕਮ ਆਪ ਸੁਣਾਈਆ । ਥਿਰ ਘਰ ਸਾਚਾ ਖੋਲ੍ਹ ਕਿਵਾੜਾ, ਆਪਣਾ ਬੰਧਨ ਪਾਈਆ । ਆਪੇ ਪੁਰਖ ਆਪੇ ਨਾਰਾ, ਜਨਨੀ ਜਨ ਆਪ ਅਖਵਾਈਆ । ਏਕਾ ਸੁਤ ਜਣੇ ਦੁਲਾਰਾ, ਸ਼ਬਦੀ ਨਾਉਂ ਧਰਾਈਆ । ਏਕਾ ਵਸਤ ਦਏ ਭੰਡਾਰਾ, ਏਕਾ ਘਰ ਸੱਚਾ ਘਰ ਬਾਰਾ, ਥਿਰ ਘਰ ਸਾਚੇ ਦਏ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣਾ ਰੂਪ ਆਪਣੇ ਵਿਚ ਟਿਕਾਈਆ । ਆਪਣਾ ਰੂਪ ਆਪਣੇ ਅੰਦਰ, ਹਰਿ ਆਪੇ ਆਪ ਟਿਕਾਇੰਦਾ । ਲੇਖਾ ਜਾਣੇ ਸਾਚੇ ਮੰਦਰ, ਗ੍ਰਿਹ ਮੰਦਰ ਆਪ ਸੁਹਾਇੰਦਾ । ਮਨ ਪੰਖੀ ਉਠ ਉਠ ਧਾਏ ਨਾ ਬੰਦਰ, ਜਿਸ ਜਨ ਆਪਣਾ ਬੰਧਨ ਪਾਇੰਦਾ । ਲੇਖਾ ਜਾਣੇ ਡੂੰਘੀ ਕੰਦਰ, ਕਾਇਆ ਬੰਕ ਫੋਲ ਫੋਲਾਇੰਦਾ । ਤੋੜਨਹਾਰਾ ਆਪਣਾ ਜੰਦਰ, ਬਜਰ ਕਪਾਟੀ ਤੋੜ ਤੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਏਕਾ ਘਰ ਵਸਾਇੰਦਾ । ਉਹਨਾਂ ਨਾਲ ਸ਼ਰੀਕਤ ਕਰੇ ਕੌਣ, ਜਿਸ ਹਰਿ ਹਰਿ ਮਾਰਗ ਲਾਇਆ । ਸੇਵਾ ਕਰੇ ਉਣੰਜਾ ਪੌਣ, ਸੀਸ ਚਵਰ ਇਕ ਝੁਲਾਇਆ । ਬ੍ਰਹਮਾ ਵਿਸ਼ਨ ਸ਼ਿਵ ਸਾਰੇ ਗੌਣ, ਜਿਨ੍ਹਾਂ ਹਰਿ ਹਰਿ ਦਰਸ਼ਨ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣਾ ਪਰਦਾ ਦਏ ਉਠਾਇਆ । ਪਰਦਾ ਉਠਾਏ ਦੇਵੇ ਚੁੱਕ, ਆਪਣੀ ਦਇਆ ਕਮਾਈਆ । ਦਰਸ ਦਿਖਾਏ ਜੋ ਬੈਠਾ ਲੁਕ, ਆਪਣੀ ਬੂਝ ਬੁਝਾਈਆ । ਗੁਰਮੁਖ ਕਰੇ ਉਜਲ ਮੁਖ, ਲੋਕਮਾਤ ਵਡਿਆਈਆ । ਸੁਫ਼ਲ ਕਰੇ ਮਾਤ ਕੁੱਖ, ਧੰਨ ਧੰਨ ਜਣੇਂਦੀ ਮਾਈਆ । ਮਨ ਮਨੂਆ ਜੜ੍ਹ ਦੇਵੇ ਪੁੱਟ, ਮੂੰਹ ਦੇ ਭਾਰ ਸੁਟਾਈਆ । ਜਗਤ ਵਾਸਨਾ ਕੱਢੇ ਕੁੱਟ, ਸਤਿਗੁਰ ਪੂਰੇ ਹੱਥ ਵਡਿਆਈਆ । ਅੰਮ੍ਰਿਤ ਜਾਮ ਪਿਆਏ ਘੁੱਟ, ਤ੍ਰਿਸਨਾ ਤ੍ਰਿਪਤ ਕਰਾਈਆ । ਨਿਰਮਲ ਜਗਾਏ ਸਾਚੀ ਜੋਤ, ਨੂਰ ਨੂਰ ਰੁਸ਼ਨਾਈਆ । ਘਰ ਘਰ ਵਿਚ ਵਸਾਏ ਸਾਚਾ ਕੋਟ, ਕਿਲਾ ਕੋਟ ਆਪ ਬਣਾਈਆ । ਸ਼ਬਦ ਨਗਾਰੇ ਵੱਜੇ ਚੋਟ, ਤਾਲ ਤਲਵਾੜਾ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜਗਤ ਸ਼ਰੀਕਤ ਦਏ ਮਿਟਾਈਆ । ਜਗਤ ਸ਼ਰੀਕਤ ਲਾਸ਼ਰੀਕ, ਹਰਿ ਸਾਚਾ ਆਪ ਗੁਆਇੰਦਾ । ਜਿਸ ਜਨ ਮੇਟੇ ਅੰਧੇਰਾ ਤਾਰੀਕ, ਚੰਦ ਚਾਂਦਨਾ ਆਪ ਵਖਾਇੰਦਾ । ਬੇਐਬ ਵਸੇ ਸਦਾ ਨਜ਼ੀਕ, ਐਬ ਸਭ ਦੇ ਆਪ ਗੁਆਇੰਦਾ । ਲੇਖਾ ਜਾਣੇ ਹੱਕ ਹਕ਼ੀਕ਼ਤ ਹਕ਼ੀਕ਼, ਹਰਿ ਹੱਕ ਆਪਣੀ ਧਾਰ ਬੰਧਾਇੰਦਾ । ਜੋ ਜਨ ਰੱਖੇ ਇਕ ਉਡੀਕ, ਤਿਸ ਆਸਾ ਪੂਰ ਕਰਾਇੰਦਾ । ਹਰਿਜਨ ਲਾਏ ਸਚ ਪ੍ਰੀਤ, ਗੁਰਮੁਖ ਵਿਰਲਾ ਪਾਰ ਲੰਘਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਸ਼ਰੀਕਤ ਆਪ ਗੁਆਇੰਦਾ । ਜਗਤ ਸ਼ਰੀਕਤ ਦਏ ਗੁਆ, ਜਿਸ ਜਨ ਸਾਚੀ

੯੭੬
੧੦

ਬੂਝ ਬੁਝਾਈਆ । ਅੰਮ੍ਰਿਤ ਜਾਮ ਦਏ ਪਿਆ, ਨਿਝਰ ਝਿਰਨਾ ਆਪ ਝਿਰਾਈਆ । ਸੋਈ ਸੁਰਤੀ ਲਏ ਜਗਾ, ਸ਼ਬਦ ਨਾਦ ਸੁਣਾਈਆ । ਆਪਣਾ ਪੱਲੂ ਲਏ ਫੜਾ, ਟੇਢੀ ਬੰਕ ਹੋਏ ਸਹਾਈਆ । ਸੁਖਮਨ ਤੇਰਾ ਪੰਧ ਮੁਕਾ, ਈੜਾ ਪਿੰਗਲ ਚਰਨਾਂ ਹੇਠ ਰਖਾਈਆ । ਸਚ ਸਰੋਵਰ ਦਏ ਨੁਹਾ, ਸਰ ਸਰੋਵਰ ਇਕ ਵਖਾਈਆ । ਹੰਸ ਰੂਪ ਦਏ ਵਟਾ, ਕਾਗੋਂ ਕਾਗ ਹੰਸ ਬਣਾਈਆ । ਕੋਟਨ ਦੀਪਕ ਜੋਤ ਜਗਾ, ਏਕਾ ਨੂਰ ਦਏ ਰੁਸ਼ਨਾਈਆ । ਏਕਾ ਅਨਹਦ ਨਾਦ ਸੁਣਾ, ਧੁਨ ਆਤਮਕ ਕਰੇ ਸ਼ਨਵਾਈਆ । ਸਾਚੇ ਮਾਰਗ ਦੇਵੇ ਪਾ, ਆਪਣਾ ਹੁਕਮ ਵਰਤਾਈਆ । ਬੰਦ ਤਾਕੀ ਦਏ ਖੁਲ੍ਹਾ, ਸਾਚਾ ਸਾਕੀ ਬਣ ਬਣ ਮਾਹੀਆ । ਮਨ ਆਕੀ ਦਿਸੇ ਨਾ ਕਿਸੇ ਥਾਂ, ਬੈਠਾ ਆਪਣਾ ਮੁਖ ਭੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਸਿਰ ਆਪਣਾ ਹੱਥ ਟਿਕਾਈਆ । ਜਿਸ ਸਿਰ ਹੱਥ ਰੱਖੇ ਨਿਰੰਕਾਰ, ਤਿਸ ਸ਼ਰੀਕਤ ਮਾਤ ਗੁਆਇੰਦਾ । ਏਕਾ ਵਸਤ ਦਏ ਆਧਾਰ, ਦੂਜੀ ਵਸਤ ਸਰਬ ਗੁਆਇੰਦਾ । ਏਕਾ ਮਸਤ ਕਰੇ ਖ਼ੁਮਾਰ, ਜਗਤ ਮਸਤੀ ਮੇਟ ਮਿਟਾਇੰਦਾ । ਏਕਾ ਬਸਤਰ ਤਨ ਸ਼ਿੰਗਾਰ, ਜਗਤ ਸ਼ਿੰਗਾਰ ਮੁਖ ਭੁਆਇੰਦਾ । ਏਕਾ ਰੰਗ ਚਾੜ੍ਹੇ ਚਾੜ੍ਹਨਹਾਰ, ਜਗਤ ਰੰਗ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਾਏ ਪਾਰ । ਹਰਿਜਨ ਪਾਰ ਉਤਾਰਿਆ, ਕਰ ਕਿਰਪਾ ਗੁਣ ਨਿਧਾਨ । ਜਨਮ ਜਨਮ ਦਾ ਗੇੜ ਨਿਵਾਰਿਆ, ਪੂਰਬ ਲੇਖਾ ਵੇਖੇ ਮਾਰ ਧਿਆਨ । ਏਕਾ ਬਖ਼ਸ਼ੇ ਚਰਨ ਦੁਆਰਿਆ, ਨਾਤਾ ਤੋੜੇ ਪੰਜ ਸ਼ੈਤਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਪਰ ਅਪਾਰ । ਖੇਲ ਅਪਾਰਾ ਏਕਾ ਰੰਗ, ਰੰਗ ਰੰਗੀਲਾ ਆਪ ਜਣਾਈਆ । ਜੋ ਜਨ ਮੰਗੇ ਆਤਮ ਮੰਗ, ਆਤਮ ਦ੍ਰਿਸ਼ਟੀ ਏਕਾ ਦ੍ਰਿਸ਼ਟ ਦਏ ਵਖਾਈਆ । ਜੋ ਜਨ ਮੰਗੇ ਸਾਚਾ ਸੰਗ, ਸਗਲਾ ਸੰਗ ਨਿਭਾਈਆ । ਜੋ ਜਨ ਮੰਗੇ ਸ਼ਬਦ ਡੋਰ ਚੜ੍ਹੇ ਪਤੰਗ, ਸੁਰਤ ਸ਼ਬਦ ਨਾਲ ਜੁੜਾਈਆ । ਜੋ ਜਨ ਆਤਮ ਤੀਰਥ ਮੰਗੇ ਸਾਚੀ ਗੰਗ, ਜਮਨਾ ਸੁਰਸਤੀ ਗੰਗਾ ਗੋਦਾਵਰੀ ਘਰ ਘਰ ਵਿਚ ਦਏ ਵਹਾਈਆ । ਜੋ ਜਨ ਮੰਗੇ ਦਰਸ ਸੂਰਾ ਸਰਬੰਗ, ਸਵੱਛ ਸਰੂਪੀ ਦੇਵੇ ਦਰਸ ਦਿਖਾਈਆ । ਜੋ ਜਨ ਮੰਗੇ ਆਤਮ ਪਰਮਾਨੰਦ, ਅਨੰਦ ਅਨੰਦ ਦਏ ਸਮਝਾਈਆ । ਜੋ ਜਨ ਮੰਗੇ ਨਿਰਗੁਣ ਜੋਤ ਚੜ੍ਹੇ ਚੰਦ, ਜੋਤੀ ਜੋਤ ਕਰੇ ਰੁਸ਼ਨਾਈਆ । ਜੋ ਜਨ ਮੰਗੇ ਪੰਚ ਵਿਕਾਰਾ ਹੋਏ ਖੰਡ ਖੰਡ, ਸਾਚਾ ਖੰਡਾ ਨਾਮ ਫੜਾਈਆ । ਜੋ ਜਨ ਮੰਗੇ ਨਾਤਾ ਤੁਟੇ ਨਾਰ ਦੁਹਾਗਣ ਰੰਡ, ਘਰ ਘਰ ਵਿਚ ਕੰਤ ਮਿਲਾਈਆ । ਜੋ ਜਨ ਮੰਗੇ ਟੁੱਟੀ ਦੇਵੇ ਗੰਢ, ਗੰਢ ਗੰਢ ਨਾਲ ਪੁਆਈਆ । ਜੋ ਜਨ ਮੰਗੇ ਏਕਾ ਦੇਵੇ ਸੁਹਾਗੀ ਛੰਦ, ਜਿਸ ਸੁਣ ਸੁਣ ਮਨ ਬਿਗਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਵਿਛੋੜਾ ਇਕ ਵਖਾਈਆ । ਜਗਤ ਸ਼ਰੀਕਤ ਸਤਿਗੁਰ ਵਿਛੋੜਾ, ਲੱਖ ਚੁਰਾਸੀ ਰਹੀ ਕੁਰਲਾਈਆ । ਘਰ ਘਰ ਅੰਦਰ ਪ੍ਰਭ ਮਿਲਣ ਦੀ ਲੱਗੀ ਔੜਾ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਚੜ੍ਹ ਚੜ੍ਹ ਥੱਕੇ ਉਚੇ ਟਿੱਲੇ ਜਗਤ ਪੌੜਾ, ਹਰਿ ਕੇ ਪੌੜੇ ਨਾ ਕੋਇ ਚੜ੍ਹਾਈਆ । ਗਾ ਗਾ ਥੱਕੇ ਵੇਦ ਪੁਰਾਨ ਸ਼ਾਸਤਰ ਸਿਮਰਤ ਅੰਜੀਲ ਕੁਰਾਨ ਖਾਣੀ ਬਾਣੀ ਤੇਰਾ ਦੋਹਰਾ, ਤੇਰੀ ਦੋਹਰੀ ਧਾਰ ਨਜ਼ਰ ਨਾ ਕੋਇ ਕਰਾਈਆ । ਮਾਰ ਮਾਰ ਥੱਕੇ ਪੰਜ ਚੋਰਾ, ਘਰ ਵਿਚ ਮੁੱਕੀ ਨਾ ਕਿਸੇ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਸ਼ਰੀਕਤ ਰਿਹਾ ਸਮਝਾਈਆ । ਜਗਤ ਸ਼ਰੀਕਤ ਸਤਿਗੁਰ ਭੁੱਲਾ, ਮਾਇਆ ਮਮਤਾ ਮੋਹ ਜੰਜਾਲਾ । ਕਾਮੀ ਕਰੋਧੀ ਜੂਠਾ ਝੂਠਾ ਰੁਲਾ, ਫਲ ਨਾ ਲੱਗਾ ਕਾਇਆ ਡਾਲਾ । ਸਿਮਲ



੬੭੭
੧੦

ਰੁੱਖ ਫਲਿਆ ਫੁਲਾ, ਅੰਤ ਹੋਏ ਬੇਹਾਲਾ । ਏਥੇ ਓਥੇ ਕੋਇ ਨਾ ਮੁੱਲਾ, ਨਾ ਕੋਈ ਸ਼ਾਹ ਨਾ ਕੰਗਾਲਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਸਾਚਾ ਹਰਿ, ਹਰਿਜਨ ਦੇਵੇ ਰਾਹ ਸੁਖਾਲਾ । ਹਰਿ ਮੰਨੇ ਵਡ ਮਿਹਰਵਾਨ, ਮਾਇਆ ਮਮਤਾ ਮੋਹ ਤਜਾਈਆ । ਏਕਾ ਦੇਵੇ ਬ੍ਰਹਮ ਗਿਆਨ, ਬ੍ਰਹਮ ਵਿਦਿਆ ਆਪ ਪੜ੍ਹਾਈਆ । ਇਕ ਵਖਾਏ ਸਚ ਨਿਸ਼ਾਨ, ਸਚ ਨਿਸ਼ਾਨਾ ਆਪ ਉਠਾਈਆ । ਇਕ ਵਖਾਏ ਮੰਦਰ ਮਕਾਨ, ਜਿਸ ਡਿਠਿਆਂ ਸਭ ਦੁੱਖ ਮਿਟ ਜਾਈਆ । ਏਕਾ ਮਾਰੇ ਤੀਰ ਬਾਣ, ਮਨ ਘਾਇਲ ਦਏ ਕਰਾਈਆ । ਮਤ ਮਤਵਾਲੀ ਹੋਏ ਹੈਰਾਨ, ਨਿਉਂ ਨਿਉਂ ਸੀਸ ਝੁਕਾਈਆ । ਬੁਧੀ ਪਾਏ ਆਪਣੀ ਆਣ, ਆਪਣਾ ਕੀਤਾ ਆਪਣੇ ਵਿਚ ਛੁਪਾਈਆ । ਹਰਿ ਸਤਿਗੁਰ ਸੱਚਾ ਵਡ ਬਲਵਾਨ, ਸਭ ਦਾ ਲੇਖਾ ਦਏ ਮੁਕਾਈਆ । ਬਿਨ ਸਤਿਗੁਰ ਪੂਰੇ ਸਰਬ ਪਛਤਾਣ, ਮਨ ਕਾ ਭਰਮ ਨਾ ਕੋਇ ਚੁਕਾਈਆ । ਪੜ੍ਹ ਪੜ੍ਹ ਥੱਕੇ ਜੀਵ ਜਹਾਨ, ਜਿਹਵਾ ਕਾਗ ਵਾਂਗ ਕੁਰਲਾਈਆ । ਆਤਮ ਅੰਤਰ ਨਾ ਕੋਇ ਧਿਆਨ, ਅੰਮਿਉਂ ਰਸ ਨਾ ਕੋਇ ਚਖਾਈਆ । ਜਗਤ ਸ਼ਰੀਕਤ ਵੇਖ ਦੁਕਾਨ, ਚੌਦਾਂ ਤਬਕ ਦੇਣ ਦੁਹਾਈਆ । ਨਾਤਾ ਤੁਟਾ ਜ਼ਿਮੀਂ ਅਸਮਾਨ, ਆਫ਼ਤਾਬ ਮੁਖ ਛੁਪਾਈਆ । ਕਲਮਾ ਕਲਮੀ ਨਾ ਕੋਇ ਈਮਾਨ, ਆਲਮ ਉਲਮਾ ਨਾ ਕੋਇ ਪੜ੍ਹਾਈਆ । ਮੁਕਾਮੇ ਹੱਕ ਨਾ ਕੋਇ ਮਿਹਬਾਨ, ਨੇਤਰ ਨੈਣ ਨਾ ਦਰਸ਼ਨ ਪਾਈਆ । ਕਲਜੁਗ ਰਚਨਾ ਪੀਵਣ ਖਾਣ, ਪੀਰ ਪੈਗੰਬਰ ਔਲੀਏ ਮੁੱਲਾਂ ਸ਼ੇਖ਼ ਮੁਸਾਇਕ ਸਾਚਾ ਨਾਇਕ ਨਾ ਕੋਇ ਮਨਾਈਆ । ਪੰਡਤ ਪਾਂਧੇ ਪੜ੍ਹ ਪੜ੍ਹ ਪੁਰਾਨ, ਚਾਰੇ ਵਰਨਾਂ ਦੇਣ ਗਿਆਨ, ਚਾਰ ਵੇਦ ਕਰਨ ਪੜ੍ਹਾਨ, ਨਿਸ਼ਅੱਖਰ ਕਰੇ ਨਾ ਕੋਇ ਪੜ੍ਹਾਈਆ । ਖਾਣੀ ਬਾਣੀ ਹੋਈ ਬਲਵਾਨ, ਚਾਰੋਂ ਕੁੰਟ ਭੁੱਲੇ ਨਾਦਾਨ, ਦਿਸ ਨਾ ਆਏ ਕਿਸੇ ਭਗਵਾਨ, ਜੂਠ ਝੂਠ ਵਣਜ ਰਹੇ ਕਰਾਈਆ । ਸਤਿਗੁਰ ਪੂਰਾ ਹੋਏ ਮਿਹਰਵਾਨ ਘਰ ਘਰ ਵਿਚ ਮੇਲੇ ਆਣ, ਨਾਤਾ ਤੋੜੇ ਪੰਜ ਸ਼ੈਤਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਵਿਛੋੜਾ ਆਪਣੇ ਹੱਥ ਰਖਾਈਆ । ਕਰੇ ਸ਼ਰੀਕਤ ਮਨ ਬਲਵਾਨਾ, ਦਿਵਸ ਰੈਣ ਖੇਲ ਨਿਆਰੇ । ਜੀਵ ਜੰਤ ਭੁਲਾਏ ਬਣ ਅਵਾਣਾ, ਬੁਧ ਬਿਬੇਕ ਨਾ ਕੋਇ ਕਰਾਏ । ਖ਼ਾਕ ਰੁਲਾਏ ਰਾਜਾ ਰਾਣਾ, ਸ਼ਾਹ ਸੁਲਤਾਨਾ ਮੁਖ ਭੁਆਏ । ਸਾਧਾਂ ਸੰਤਾਂ ਦੇਵੇ ਆਪਣਾ ਪਰਵਾਨਾ, ਕਾਮੀ ਕਾਮ ਲੋਭ ਮੋਹ ਹਲਕਾਏ । ਚਾਰੋਂ ਕੁੰਟ ਕਰੇ ਵੈਰਾਨਾ, ਦਹਿ ਦਿਸ਼ਾ ਉਠ ਉਠ ਧਾਏ । ਸਦ ਵਸੇ ਸਾਢੇ ਤਿੰਨ ਹੱਥ ਮੰਦਰ ਮਕਾਨਾ, ਆਪਣਾ ਮੁਖ ਨਾ ਕਿਸੇ ਵਖਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਸ਼ਰੀਕ ਦਏ ਜਣਾਏ । ਜਗਤ ਸ਼ਰੀਕ ਮਨ ਬਲਵਾਨ, ਆਪਣੀ ਵਾਸ਼ਨਾ ਨਾਚ ਨਚਾਈਆ । ਆਪਣਾ ਰਾਗ ਸੁਣਾਏ ਕਾਨ, ਲੱਖ ਚੁਰਾਸੀ ਲਏ ਉਠਾਈਆ । ਜਗਤ ਤ੍ਰਿਸਨਾ ਮੇਰੀ ਦੁਕਾਨ, ਵਸਤ ਅਮੋਲਕ ਇਕ ਵਰਤਾਈਆ । ਮਾਇਆ ਮਮਤਾ ਪੀਣ ਖਾਣ, ਸਾਚਾ ਰੰਗ ਰੰਗਾਈਆ । ਜਾਣਾ ਭੁਲ ਗੁਣ ਨਿਧਾਨ, ਗੁਣ ਨਿਧਾਨ ਮੇਰੇ ਦਰ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਸ਼ਰੀਕਤ ਰਿਹਾ ਕਰਾਈਆ । ਮਨ ਸ਼ਰੀਕਤ ਜਗਤ ਅਖਾੜਾ, ਘਟ ਘਟ ਅੰਦਰ ਲਾਇਆ । ਲਾਈ ਅੱਗ ਬਹੱਤਰ ਨਾੜਾ, ਤਿੰਨ ਸੌ ਸੱਠ ਹਾਡੀ ਨਾਲ ਜਲਾਇਆ । ਮਤ ਮਤਵਾਲੀ ਕੀ ਕਰੇ ਵਿਚਾਰਾ, ਵਿਚਾਰ ਵਿਚ ਕਦੇ ਨਾ ਆਇਆ । ਬੁਧ ਨਿਮਾਣੀ ਆਪਣਾ ਬਲ ਹਾਰਾ, ਬੈਠੀ ਸੀਸ ਝੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਨ ਕਾ ਖੇਲ ਆਪ ਖਿਲਾਇਆ । ਮਨ ਵਜਾਏ ਡੌਰੂ ਡੰਕ, ਆਪਣੇ ਹੱਥ ਰੱਖੇ ਵਡਿਆਈਆ । ਫੜ ਫੜ ਉਠਾਏ

੯੭੮
੧੦

ਰਾਓ ਰੰਕ, ਸੋਇਆ ਕੋਇ ਰਹਿਣ ਨਾ ਪਾਈਆ । ਭਰਮ ਭੁਲਾਏ ਭਰਮੀ ਜੰਤ, ਭਰਮ ਭੁਲੇਖਾ ਇਕ ਰਖਾਈਆ । ਮੇਰਾ ਗੜ੍ਹ ਹਉਮੇ ਹੰਗਤ, ਹੰ ਬ੍ਰਹਮ ਰਹੀ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਸ਼ਰੀਕਤ ਆਪ ਵਧਾਈਆ । ਜਗਤ ਸ਼ਰੀਕਤ ਗਈ ਵਧ, ਕਲਜੁਗ ਖੇਲ ਖਿਲਾਇਆ । ਮਨ ਪਿਆਈ ਹੰਕਾਰੀ ਮਦਿ, ਏਕਾ ਨਸ਼ਾ ਚੜ੍ਹਾਇਆ । ਆਪਣੀਆਂ ਇੰਦਰੀਆਂ ਆਪਣੇ ਦਵਾਰੇ ਸੱਦ, ਆਪਣਾ ਭੋਗ ਵਖਾਇਆ । ਆਪਣਾ ਭਾਰ ਆਪੇ ਲਦ, ਆਪੇ ਰਿਹਾ ਉਠਾਇਆ । ਆਪਣੇ ਮੰਦਰ ਆਪੇ ਗੱਜ, ਆਪਣਾ ਨਾਅਰਾ ਲਾਇਆ । ਆਪਣੇ ਤਖ਼ਤ ਆਪੇ ਸਾਜ, ਸ਼ਾਹ ਪਾਤਸ਼ਾਹ ਆਪ ਅਖਵਾਇਆ । ਆਪ ਗਵਾਈ ਆਪਣੀ ਲਜ, ਲਜ ਅਵਰ ਨਾ ਕੋਇ ਧਰਾਇਆ । ਅਪਣਾ ਨਾਚ ਆਪੇ ਰਿਹਾ ਨੱਚ, ਲੱਖ ਚੁਰਾਸੀ ਨਾਲ ਮਿਲਾਇਆ । ਕਰੇ ਖੇਲ ਕਾਇਆ ਮਾਟੀ ਭਾਂਡੇ ਕੱਚ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਪਰਦਾ ਪਾਇਆ । ਰਜੋ ਤਮੋ ਸਤੋ ਹੋ ਨਾ ਸਕੇ ਵੱਖ, ਏਕਾ ਬੰਧਨ ਆਪ ਰਖਾਇਆ । ਆਪੇ ਜਾਣੇ ਕਿਸ਼ਨਾ ਸੁਖਲਾ ਪੱਖ, ਆਪਣਾ ਖੇਲ ਆਪ ਕਰਾਇਆ । ਆਪਣੇ ਦਵਾਰੇ ਹੋ ਪਰਤੱਖ, ਆਪਣਾ ਰੂਪ ਧਰਾਇਆ । ਜਗਤ ਗਿਆਨ ਨਾ ਸਕੇ ਡੱਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਸ਼ਰੀਕਤ ਕਰੇ ਮਨ, ਨਾ ਕੋਈ ਰੂਪ ਕੋਈ ਚਿਨ੍ਹ, ਨੇਤਰ ਦਿਸ ਕਿਸੇ ਨਾ ਆਇਆ । ਕਰੇ ਸ਼ਰੀਕਤ ਅੰਦਰ ਵੜ, ਹਰਿ ਸਾਚਾ ਖੇਲ ਖਿਲਾਈਆ । ਨਾ ਕੋਈ ਸੀਸ ਨਾ ਕੋਈ ਧੜ, ਰੂਪ ਰੰਗ ਨਾ ਕੋਇ ਵਖਾਈਆ । ਜਗਤ ਬਲਵਾਨ ਨਾ ਸਕੇ ਕੋਈ ਫੜ, ਵਡ ਬਲਵਾਨਾ ਖ਼ਾਕ ਮਿਲਾਈਆ । ਹੱਥ ਨਾ ਪਾਏ ਕੋਈ ਵਿਦਿਆ ਪੜ੍ਹ, ਕੋਟਨ ਕੋਟ ਵਿਦਿਆ ਪੜ੍ਹ ਪੜ੍ਹ ਬੈਠੇ ਵਾਦ ਵਧਾਈਆ । ਅਗਨੀ ਹਵਨ ਨਾ ਜਾਏ ਸੜ, ਜੋਤੀ ਅੰਸ ਆਪ ਹੋ ਜਾਈਆ । ਨਾ ਕੋਈ ਚੋਟੀ ਨਾ ਕੋਈ ਜੜ੍ਹ, ਪੁਰਖ ਅਬਿਨਾਸ਼ੀ ਅਚਰਜ ਖੇਲ ਖਿਲਾਈਆ । ਨਾ ਪੁਰਖ ਨਾ ਨਾਰੀ ਨਰ, ਘਰ ਘਰ ਆਪਣੀ ਧਾਰ ਚਲਾਈਆ । ਬਿਨ ਸਤਿਗੁਰ ਪੂਰੇ ਨਾ ਜਾਏ ਮਰ, ਮਰਿਆ ਜੀਵਤ ਨਾ ਫੇਰ ਕਰਾਈਆ । ਜੀਵਤ ਮਰਨ ਨਾ ਚੁੱਕੇ ਡਰ, ਨਿਰਭਉ ਰੂਪ ਨਾ ਕੋਇ ਸਮਾਈਆ । ਜਿਸ ਘਾੜਣ ਤੇਰਾ ਲਿਆ ਘੜ, ਘੜਨਹਾਰਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਨ ਸ਼ਰੀਕਤ ਮਨ ਤੇਰੀ ਝੋਲੀ ਪਾਈਆ । ਮਨ ਸ਼ਰੀਕਤ ਪਾ ਲੈ ਝੋਲੀ, ਗੁਰ ਸਤਿਗੁਰ ਆਪ ਸੁਣਾਇੰਦਾ । ਤੇਰੀ ਵਾਸਨਾ ਤੇਰੀ ਗੋਲੀ, ਤੇਰੇ ਦਰ ਬਹਾਇੰਦਾ । ਤੇਰੀ ਵੇਖੇ ਝੂਠੀ ਹੋਲੀ, ਆਪਣਾ ਹੁਕਮ ਸੁਣਾਇੰਦਾ । ਮੇਰੇ ਮੰਦਰ ਵੜ ਕੇ ਫੇਰ ਨਾ ਬੋਲੀਂ, ਗੁਰ ਪੂਰਾ ਹੁਕਮ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਜਗਤ ਸ਼ਰੀਕਤ ਮੇਟ ਮਿਟਾਇੰਦਾ । ਮੰਨੇ ਹਰਿ ਸਰਬ ਗੁਣਵੰਤਾ, ਸ਼ਰੀਕਤ ਜਗਤ ਰਹਿਣ ਨਾ ਪਾਈਆ । ਗੁਰਮੁਖ ਬਣਾਏ ਸਾਚੇ ਸੰਤਾ, ਸਤਿ ਸਤਿਵਾਦੀ ਰੰਗ ਚੜ੍ਹਾਈਆ । ਮਹਿਮਾ ਜਾਣੇ ਅਗਣਤ ਅਗਣਤਾ, ਲੇਖਾ ਲਿਖਣ ਵਿਚ ਨਾ ਆਈਆ । ਖੇਲੇ ਖੇਲ ਲੱਖ ਚੁਰਾਸੀ ਜੀਵ ਜੰਤਾ, ਜਾਗਰਤ ਜੋਤ ਕਰ ਰੁਸ਼ਨਾਈਆ । ਵਿਸ਼ਨ ਬ੍ਰਹਮਾ ਸ਼ਿਵ ਰਹੇ ਮੰਗਤਾ, ਜੁਗ ਜੁਗ ਝੋਲੀ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਗਈ ਸ਼ਰੀਕਤ ਮਿਲਿਆ ਮੇਲ, ਪਾਇਆ ਪੁਰਖ ਅਪਾਰਾ । ਦੀਪਕ ਜਗਿਆ ਬਿਨ ਬਾਤੀ ਤੇਲ, ਮੰਦਰ ਹੋਇਆ ਉਜਿਆਰਾ । ਸਤਿਗੁਰ ਮਿਲਿਆ ਸੱਜਣ ਸੁਹੇਲ, ਹਉਮੇ ਰੋਗ ਨਿਵਾਰਾ । ਦਰਸ ਦਿਖਾਏ ਇਕ ਇਕੇਲ, ਖੋਲ੍ਹੇ ਬੰਦ ਕਿਵਾੜਾ । ਮਨ ਵਾਸਨਾ ਕੱਢੇ ਧਕੇਲ, ਮੂੰਹ ਦੇ ਭਾਰ ਸੁੱਟੇ ਪੰਚਮ ਧਾੜਾ ।

ਗੁਰਮੁਖ ਤੇਰਾ ਖੁਲ੍ਹਾ ਕਰੇ ਵੇਹੜ, ਸਤਿਗੁਰ ਪੂਰਾ ਹੋਏ ਪਹਿਰੇਦਾਰਾ । ਤੇਰਾ ਝੇੜਾ ਦਏ ਨਿਬੇੜ, ਦਰਸ ਦਿਖਾਏ ਏਕਾ ਵਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਦੇਵੇ ਚਰਨ ਪਿਆਰਾ । ਚਰਨ ਪਿਆਰਾ ਦੇਵੇ ਦਾਦ, ਸੋ ਪੁਰਖ ਨਿਰੰਜਣ ਦਇਆ ਕਮਾਈਆ । ਏਕਾ ਵਾਰ ਵਖਾਏ ਬ੍ਰਹਮ ਬ੍ਰਹਿਮਾਦਿ, ਬ੍ਰਹਮਾ ਵਿਸ਼ਨ ਸ਼ਿਵ ਨਾਲ ਰਲਾਈਆ । ਏਕਾ ਏਕ ਸੁਣਾਏ ਸਾਚਾ ਨਾਦ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਏਕਾ ਰਿਹਾ ਵਜਾਈਆ । ਏਕਾ ਬਾਣੀ ਸੁਣਾਏ ਬੋਧ ਅਗਾਧ, ਲਿਖਣ ਪੜ੍ਹਣ ਵਿਚ ਨਾ ਆਈਆ । ਏਕਾ ਘਰ ਲਡਾਏ ਲਾਡ, ਆਪ ਆਪਣੀ ਗੋਦ ਬਹਾਈਆ । ਲੱਖ ਚੁਰਾਸੀ ਵਿਚੋਂ ਕਾਢ, ਰਾਏ ਧਰਮ ਫੰਦ ਕਟਾਈਆ । ਮੇਲ ਮਿਲਾਏ ਮੋਹਨ ਮਾਧਵ ਮਾਧ, ਮੁਕੰਦ ਮਨੋਹਰ ਲੱਖਮੀ ਨਰਾਇਣ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਸੁਣੇ ਫ਼ਰਿਯਾਦ, ਸਾਚੇ ਤਖ਼ਤ ਸੱਚਾ ਸ਼ਹਿਨਸ਼ਾਹੀਆ । ਸਾਚੇ ਤਖ਼ਤ ਬਹਿ ਸੁਲਤਾਨਾ, ਹਰਿ ਸਾਚਾ ਖੇਲ ਖਿਲਾਇੰਦਾ । ਜਗਤ ਸ਼ਰੀਕਤ ਜਗਤ ਬੱਧਾ ਗਾਨਾ, ਲੋਕਮਾਤ ਮੇਲ ਮਿਲਾਇੰਦਾ । ਗੁਰਮੁਖ ਵਿਰਲਾ ਚਤੁਰ ਸੁਜਾਨਾ, ਲੱਖ ਚੁਰਾਸੀ ਵਿਚੋਂ ਆਪ ਉਠਾਇੰਦਾ । ਆਤਮ ਅੰਤਰ ਦੇਵੇ ਇਕ ਗਿਆਨਾ, ਏਕਾ ਆਪਣਾ ਨਾਉਂ ਦ੍ਰਿੜਾਇੰਦਾ । ਮਨ ਕਾ ਮਣਕਾ ਤੋੜ ਅਭਿਮਾਨਾ, ਨਿਵਣ ਸੁ ਅੱਖਰ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਆਪਣਾ ਵਰ, ਮਨ ਸੰਸਾ ਰੋਗ ਗਵਾਇੰਦਾ । ਮਨ ਸੰਸਾ ਹੋਵੇ ਦੂਰ, ਭੈ ਭਉ ਨਾ ਕੋਇ ਜਣਾਈਆ । ਦਰਸ ਦਿਖਾਏ ਹਾਜ਼ਰ ਹਜ਼ੂਰ, ਹਜ਼ਰਤ ਨੂਰ ਇਕੋ ਪਾਈਆ । ਆਸਾ ਮਨਸਾ ਕਰੇ ਪੂਰ, ਮਨਸਾ ਮਨਸਾ ਮਾਹੇਂ ਸਮਾਈਆ । ਨਾਤਾ ਤੋੜੇ ਝੂਠ ਗ਼ਰੂਰ, ਵਾਂਗ ਕਾਫ਼ੂਰ ਦਏ ਉਡਾਈਆ । ਮਨ ਮਨੂਆ ਨਾ ਪਾਏ ਫ਼ਤੂਰ, ਏਕਾ ਫ਼ਤਵਾ ਦਏ ਲਗਾਈਆ । ਮੰਨਣਾ ਪਏ ਹੁਕਮ ਜ਼ਰੂਰ, ਨਾ ਸਕੇ ਕੋਇ ਉਲਟਾਈਆ । ਸ਼ਬਦ ਅਗੰਮੀ ਪਾਏ ਜੂੜ, ਨਾ ਸਕੇ ਕੋਇ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਨ ਆਪਣੇ ਖਾਤ ਰਖਾਈਆ । ਮਨ ਰੱਖੇ ਹਰਿ ਹਰਿ ਖਾਤ, ਖਾਤਾ ਆਪਣੇ ਹੱਥ ਰਖਾਇੰਦਾ । ਮਨ ਜਣਾਈ ਆਪਣੀ ਜ਼ਾਤ, ਜ਼ਾਤ ਆਪਣੇ ਵਿਚ ਮਿਲਾਇੰਦਾ । ਮਨ ਰੱਖੀ ਅੰਧੇਰੀ ਰਾਤ, ਅੰਧੇਰਾ ਘੁੱਪ ਆਪ ਗੁਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਨ ਕਾ ਗੜ੍ਹ ਆਪ ਤੁੜਾਇੰਦਾ । ਮਨ ਕਾ ਗੜ੍ਹ ਦੇਵੇ ਤੋੜ, ਤੋੜਨਹਾਰਾ ਇਕ ਅਖਵਾਈਆ । ਸੁਰਤੀ ਤੁਟੀ ਲਵੇ ਜੋੜ, ਸ਼ਬਦੀ ਮੇਲ ਮਿਲਾਈਆ । ਆਪ ਚੜ੍ਹਾਏ ਆਪਣੇ ਘੋੜ, ਆਪਣਾ ਪੰਧ ਮੁਕਾਈਆ । ਦੋ ਜਹਾਨਾਂ ਆਦਿ ਜੁਗਾਦਿ ਜਾਏ ਬੌਹੜ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਜੇਰਜ ਅੰਡਾਂ ਫੋਲ ਫੋਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਵਖਾਏ ਆਪਣੇ ਘਰ, ਸੋਭਾਵੰਤ ਤਿਸ ਦੇਵੇ ਸੱਚੀ ਵਡਿਆਈਆ । ਸੋਭਾਵੰਤ ਹੋਏ ਨਾਰ ਸੁਹਾਗਣ, ਜਿਸ ਆਪਣਾ ਰੰਗ ਵਖਾਇੰਦਾ । ਸਚਖੰਡ ਦਵਾਰ, ਮਿਲੇ ਵਡਿਆਈ ਵਡ ਵਡ ਭਾਗਣ, ਵਡ ਭਾਗੀ ਖੇਲ ਖਿਲਾਇੰਦਾ । ਇਕ ਉਪਜਾਏ ਆਪਣਾ ਵੈਰਾਗਣ, ਵਿਰਾਗੀ ਆਪਣਾ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਵਿਛੋੜਾ ਦੇਵੇ ਹਰ, ਸ਼ਰੀਕਤ ਮੂਲ ਨਾ ਕੋਇ ਰਖਾਇੰਦਾ । ਸ਼ਰੀਕਤ ਤੇਰਾ ਚੁੱਕੇ ਮੂਲ, ਸ਼ਿਰਕਤ ਅਵਰ ਨਾ ਕੋਇ ਵਧਾਈਆ । ਕਰੇ ਖੇਲ ਕੰਤ ਕੰਤੂਹਲ, ਹਰਿ ਕਰਤਾ ਬੇਪਰਵਾਹੀਆ । ਹਰਿ ਭਗਤਾਂ ਦੇਵੇ ਸਚ ਅਸੂਲ, ਸਾਚੇ ਮਾਰਗ ਆਪੇ ਲਾਈਆ । ਆਪੇ ਬਰਖੇ ਸਾਚੇ ਫੂਲ, ਫੁਲ ਫੁਲਵਾੜੀ ਆਪ ਮਹਿਕਾਈਆ । ਜੋਤੀ ਜੋਤ ਸਰੂਪ ਹਰਿ,

੬੮੦
੧੦

ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮਨ ਕਾ ਮੰਦਰ ਦੇਵੇ ਢਾਹੀਆ । ਮਨ ਕਾ ਮੰਦਰ ਜਾਏ ਢੱਠ, ਸਤਿਗੁਰ ਪੂਰਾ ਧੱਕਾ ਲਾਇੰਦਾ । ਇੰਦਰੀਆਂ ਰੋਵਣ ਕਰ ਇਕੱਠ, ਵੇਲਾ ਗਿਆ ਹੱਥ ਨਾ ਆਇੰਦਾ । ਕਰੇ ਖੇਲ ਹਰਿ ਸਮਰਥ, ਸਮਰਥ ਆਪਣੀ ਕਲ ਵਰਤਾਇੰਦਾ । ਜਨ ਭਗਤਾਂ ਪਤ ਲਏ ਰੱਖ, ਪਤਵੰਤਾ ਸੇਵ ਕਮਾਇੰਦਾ । ਜੁਗਾ ਜੁਗੰਤਰ ਹੋ ਪਰਗਟ, ਹਰਿਜਨ ਸਾਚੇ ਆਪ ਤਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਆਪਣਾ ਬੰਧਨ ਪਾਇੰਦਾ । ਜਿਸ ਜਨ ਮੰਨੇ ਹਰਿ ਗੁਰਦੇਵ, ਤਿਸ ਮਹਿਮਾ ਕਥੀ ਨਾ ਜਾਈਆ । ਮਿਲੇ ਮੇਲ ਅਲਖ ਅਭੇਵ, ਅਗੰਮ ਅਗੋਚਰ ਦਏ ਵਡਿਆਈਆ । ਅੰਮ੍ਰਿਤ ਰਸ ਦੇਵੇ ਸਾਚਾ ਮੇਵ, ਅੰਮ੍ਰਿਤ ਆਪਣਾ ਫਲ ਖੁਆਈਆ । ਕਿਆ ਗੁਣ ਜਾਣੇ ਰਸਨਾ ਜਿਹਵ, ਹਰਿ ਕਾ ਗੁਣ ਕੋਇ ਕਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਸਾਚਾ ਹਰਿ, ਹਰਿ ਭਗਤਾਂ ਲਏ ਮਿਲਾਈਆ । ਹਰਿ ਭਗਤ ਮਿਲਾਵਾ ਸਾਚੇ ਘਰ, ਸੋ ਪੁਰਖ ਨਿਰੰਜਣ ਮੇਲ ਮਿਲਾਇੰਦਾ । ਹਰਿ ਪੁਰਖ ਨਿਰੰਜਣ ਚੁਕਾਏ ਡਰ, ਭੈ ਭਿਆਨਕ ਨਾ ਕੋਇ ਜਣਾਇੰਦਾ । ਏਕੰਕਾਰ ਬਾਹੋਂ ਫੜ, ਆਪ ਆਪਣੇ ਅੰਗ ਲਗਾਇੰਦਾ । ਆਦਿ ਨਿਰੰਜਣ ਜੋਤ ਧਰ, ਦੀਵਾ ਬਾਤੀ ਡਗਮਗਾਇੰਦਾ । ਅਬਿਨਾਸ਼ੀ ਕਰਤਾ ਨਿਸ਼ਅੱਖਰ ਪੜ੍ਹ, ਆਪਣਾ ਰਾਗ ਸੁਣਾਇੰਦਾ । ਸ੍ਰੀ ਭਗਵਾਨ ਸਾਚੇ ਮੰਦਰ ਚੜ੍ਹ, ਸਚਖੰਡ ਸਾਚੇ ਸੋਭਾ ਪਾਇੰਦਾ । ਪਾਰਬ੍ਰਹਮ ਪ੍ਰਭ ਮੰਗੇ ਵਰ, ਨਿਉਂ ਨਿਉਂ ਆਪਣਾ ਸੀਸ ਝੁਕਾਇੰਦਾ । ਕਰਤਾ ਪੁਰਖ ਕਿਰਪਾ ਕਰ, ਸਾਚੀ ਵਸਤ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਦਾਤ ਆਪ ਜਣਾਇੰਦਾ । ਸਾਚੀ ਦਾਤ ਦੇਵੇ ਵੰਡ, ਪਾਰਬ੍ਰਹਮ ਪ੍ਰਭ ਝੋਲੀ ਪਾਈਆ । ਮੇਰਾ ਨਾਉਂ ਵਿਚ ਵਰਭੰਡ, ਆਦਿ ਜੁਗਾਦਿ ਹੋਏ ਸਹਾਈਆ । ਮੇਰਾ ਖੇਲ ਪੰਜ ਤੱਤ, ਤਤਵ ਤਤ ਵੇਸ ਵਟਾਈਆ । ਮੇਰਾ ਭੇਵ ਬੁਧ ਮਨ ਮਤ, ਮਤ ਮਨ ਬੁਧ ਭੇਵ ਨਾ ਪਾਈਆ । ਮੇਰਾ ਖੇਲ ਮਨ ਹਠ, ਜਗਤ ਵਾਸਨਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਗੁਣ ਦਏ ਜਣਾਈਆ । ਗੁਣ ਜਣਾਏ ਹਰਿ ਕਰਤਾਰਾ, ਆਪਣੀ ਦਇਆ ਕਮਾਇੰਦਾ । ਮੇਰਾ ਮਨ ਮੇਰਾ ਦਵਾਰਾ, ਮੇਰਾ ਘਰ ਵਸਾਇੰਦਾ । ਮੇਰਾ ਸੁਤ ਮੇਰਾ ਦੁਲਾਰਾ, ਮੇਰਾ ਰਾਹ ਚਲਾਇੰਦਾ । ਮੇਰਾ ਵਣਜ ਮੇਰਾ ਵਾਪਾਰਾ, ਲੱਖ ਚੁਰਾਸੀ ਆਪ ਕਰਾਇੰਦਾ । ਅੰਤਮ ਮੰਨੇ ਮੇਰਾ ਭਾਣਾ, ਸਦ ਭਾਣੇ ਮਨ ਸਮਾਇੰਦਾ । ਜਿਸ ਵੇਲੇ ਸੁਣੇ ਧੁਰ ਫ਼ਰਮਾਨਾ, ਨਿਉਂ ਨਿਉਂ ਸੀਸ ਝੁਕਾਇੰਦਾ । ਚਰਨ ਡਿਗੇ ਹੋ ਨਿਮਾਣਾ, ਬਲ ਅਵਰ ਨਾ ਕੋਇ ਜਣਾਇੰਦਾ । ਹਉਂ ਮਸਕੀਨ ਟੁੱਟਾ ਮਾਣਾ, ਅਭਿਮਾਨ ਨਾ ਕੋਇ ਵਖਾਇੰਦਾ । ਤੇਰਾ ਗੁਰਸਿਖ ਚਤੁਰ ਸੁਘੜ ਸਿਆਣਾ, ਜੋ ਤੇਰਾ ਨਾਮ ਧਿਆਇੰਦਾ । ਮੈਂ ਮੰਗਾਂ ਬਣ ਦਰ ਦਰਬਾਨਾ, ਦਰ ਦਰਵੇਸ਼ ਅਲਖ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਾਇਆ ਮੰਦਰ ਅੰਦਰ ਆਪਣੀ ਖੇਲ ਖਿਲਾਇੰਦਾ । ਮੰਦਰ ਅੰਦਰ ਮਨ ਉਡਾਰੀ, ਹਰਿ ਸਾਚੇ ਸਚ ਜਣਾਈਆ । ਅੱਗੇ ਖੇਲ ਕਰੇ ਜੋਤ ਨਿਰੰਕਾਰੀ, ਨਿਰਗੁਣ ਆਪਣੀ ਧਾਰ ਚਲਾਈਆ । ਗੁਰਸਿਖਾਂ ਕਰੇ ਸਦ ਪਿਆਰੀ, ਗੁਰਮੁਖ ਆਪਣੀ ਬੂਝ ਬੁਝਾਈਆ । ਨਿਰਗੁਣ ਸਰਗੁਣ ਪਾਵੇ ਸਾਰੀ, ਸਰਗੁਣ ਨਿਰਗੁਣ ਸੇਵ ਕਮਾਈਆ । ਆਵੇ ਜਾਵੇ ਵਾਰੋ ਵਾਰੀ, ਜੁਗ ਜੁਗ ਵੇਸ ਵਟਾਈਆ । ਆਦਿ ਸ਼ਕਤ ਹੋ ਉਜਿਆਰੀ, ਚਤੁਰਭੁਜ ਰੂਪ ਧਰਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰੇ ਖੇਲ ਨਿਆਰੀ, ਆਪ ਆਪਣੀ ਖੇਲ ਖਿਲਾਈਆ । ਰਾਮਾ ਕ੍ਰਿਸ਼ਨਾ ਲਏ

੬੮੧
੧੦

ਅਵਤਾਰੀ, ਸਰਗੁਣ ਆਪਣਾ ਜ਼ੋਰ ਜਣਾਈਆ । ਸਤਿਜੁਗ ਤ੍ਰੇਤਾ ਦੁਆਪਰ ਲੇਖਾ ਜਾਣੇ ਵਾਰੋ ਵਾਰੀ, ਆਪ ਆਪਣਾ ਬੰਧਨ ਪਾਈਆ । ਭਗਤ ਭਗਵੰਤ ਲਾਏ ਉਡਾਰੀ, ਏਕਾ ਘਰ ਵਖਾਈਆ । ਸੰਤਾਂ ਦੇਵੇ ਨਾਮ ਖ਼ੁਮਾਰੀ, ਮਦਿ ਪਿਆਲਾ ਜਾਮ ਪਿਆਈਆ । ਗੁਰਮੁਖ ਵੇਖੇ ਡੂੰਘੀ ਗਾਰੀ, ਦੂਈ ਦਵੈਤੀ ਪਰਦਾ ਦਏ ਉਠਾਈਆ । ਗੁਰਸਿਖ ਚਰਨ ਕਵਲ ਕਰੇ ਪਨਿਹਾਰੀ, ਸਾਚੀ ਸੇਵ ਜਣਾਈਆ । ਮਨ ਕੀ ਵਾਸਨਾ ਮਨ ਅੰਦਰ ਜਾਏ ਮਾਰੀ, ਮਨ ਵਾਸਨਾ ਨਾ ਕੋਇ ਵਧਾਈਆ । ਅੱਗੇ ਸਤਿਗੁਰ ਪੂਰਾ ਦਿਸੇ ਜੋਧਾ ਬਲਕਾਰੀ, ਸ਼ਬਦ ਖੰਡਾ ਹੱਥ ਉਠਾਈਆ । ਜਿਸ ਚੜ੍ਹਨਾ ਆਪਣੇ ਮਹੱਲ ਅਟਾਰੀ, ਆਏ ਚਲ ਸਰਨਾਈਆ । ਹਉਮੇ ਕੱਢੇ ਵਿਚੋਂ ਬੀਮਾਰੀ, ਦੂਈ ਰੋਗ ਰਹਿਣ ਨਾ ਪਾਈਆ । ਨਿਰਗੁਣ ਸਰਗੁਣ ਜੋੜੇ ਯਾਰੀ, ਯਾਰੀ ਯਾਰਾਂ ਨਾਲ ਨਿਭਾਈਆ । ਹਰਿਜਨ ਤੇਰੀ ਸੁਰਤ ਨਾ ਰਹੇ ਕਵਾਰੀ, ਸਤਿਗੁਰ ਪੂਰਾ ਲਏ ਪਰਨਾਈਆ । ਚਾਰ ਕੁੰਟ ਨਾ ਹੋਏ ਖ਼ਵਾਰੀ, ਬਿਨ ਹਰਿ ਹਰਿ ਕੋਇ ਨਾ ਪਾਰ ਕਰਾਈਆ । ਭਰਮੇ ਭੁੱਲੇ ਜੀਵ ਗਵਾਰੀ, ਮਨ ਕਾ ਭਰਮ ਨਾ ਕੋਇ ਮਿਟਾਈਆ । ਮਾਣਸ ਜਨਮ ਜੂਏ ਰਹੇ ਹਾਰੀ, ਹਾਰ ਜਿਤ ਹੱਥ ਕਿਸੇ ਨਾ ਆਈਆ । ਜੂਠੀ ਝੂਠੀ ਚੁੱਕੀ ਸੀਸ ਖਾਰੀ, ਹੋਕਾ ਦੇਵੇ ਗਲੀਓ ਗਲੀ ਉਚੀ ਕੂਕ ਕੂਕ ਸੁਣਾਈਆ । ਮਨ ਪੰਛੀ ਲਾਏ ਆਪਣੀ ਉਡਾਰੀ, ਉਡ ਉਡ ਦਹਿ ਦਿਸ਼ਾ ਫੇਰੀ ਪਾਈਆ । ਅੰਤਮ ਖਾਏ ਮੌਤ ਲਾੜੀ, ਪੰਜ ਤੱਤ ਕਾਇਆ ਕੰਮ ਕਿਸੇ ਨਾ ਆਈਆ । ਕਿਆ ਪੁਰਖ ਕਿਆ ਨਾਰੀ, ਬਿਨ ਸਤਿਗੁਰ ਪੂਰੇ ਆਪਣਾ ਮੰਦਰ ਵੇਖ ਨਾ ਸਕੇ ਕੋਇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਵਖਾਏ ਸਾਚਾ ਘਰ, ਸੋ ਜਨ ਸੰਸਾ ਰੋਗ ਮੁਕਾਈਆ । ਸੰਸਾ ਰੋਗ ਚੁਕਾਵਣਾ, ਗੁਰਮੁਖਾਂ ਕਰ ਪਿਆਰ । ਘਰ ਮੰਦਰ ਇਕ ਵਖਾਵਣਾ, ਮਹੱਲ ਅਟਲ ਉਚ ਮੁਨਾਰ । ਨਿਰਗੁਣ ਦੀਪ ਜਗਮਗਾਵਣਾ, ਤੇਲ ਬਾਤੀ ਨਾ ਕੋਇ ਆਧਾਰ । ਸ਼ਬਦ ਅਨਾਦੀ ਏਕਾ ਗਾਵਣਾ, ਨਾ ਕੋਈ ਤਾਰ ਬੰਧਾਏ ਸਤਾਰ । ਸਚ ਸਿੰਘਾਸਣ ਇਕ ਸੁਹਾਵਣਾ, ਉਪਰ ਬੈਠ ਏਕੰਕਾਰ । ਜਗਤ ਵਿਛੋੜਾ ਪੰਧ ਮੁਕਾਵਣਾ, ਨਾਤਾ ਤੋੜ ਸਰਬ ਸੰਸਾਰ । ਆਪਣਾ ਬੰਧਨ ਆਪੇ ਪਾਵਣਾ, ਆਪ ਆਪਣੀ ਕਰ ਵਿਚਾਰ । ਡੂੰਘੀ ਭਵਰੀ ਪਾਰ ਕਰਾਵਣਾ, ਗੁਰਮੁਖ ਸਾਚੇ ਲਾਏ ਪਾਰ । ਜੋ ਆਇਆ ਉਠ ਜਾਵਣਾ, ਥਿਰ ਰਹੇ ਨਾ ਵਿਚ ਸੰਸਾਰ । ਜਿਸ ਕਲਜੁਗ ਅੰਤਮ ਨਿਹਕਲੰਕ ਨਰਾਇਣ ਤੇਰਾ ਦਰਸਨ ਪਾਵਣਾ, ਲੱਖ ਚੁਰਾਸੀ ਨਾ ਹੋਏ ਖ਼ਵਾਰ । ਮਨ ਮਨੂਆ ਨਿਉਂ ਨਿਉਂ ਸੀਸ ਝੁਕਾਵਣਾ, ਨੇਤਰ ਨੈਣ ਹੋਏ ਸ਼ਰਮਸਾਰ । ਜਗਤ ਸ਼ਰੀਕਤ ਪੰਧ ਮੁਕਾਵਣਾ, ਜਿਸ ਪਿਤਾ ਗੁਰ ਕਰਤਾਰ । ਹੱਕ ਹਕੀਕਤ ਇਕ ਵਖਾਵਣਾ, ਲਾਸ਼ਰੀਕ ਪਰਵਰਦਿਗਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਨਾਮ ਆਧਾਰ । ਨਾਮ ਆਧਾਰਾ ਅੰਮ੍ਰਿਤ ਰਸ, ਜਿਸ ਜਨ ਆਪ ਪਿਆਈਆ । ਹਿਰਦੇ ਅੰਦਰ ਜਾਏ ਵਸ, ਆਸਣ ਸਿੰਘਾਸਣ ਦਏ ਵਡਿਆਈਆ । ਕਰੇ ਪਰਕਾਸ਼ ਕੋਟਨ ਰਵ ਸਸ, ਨੂਰ ਨੁਰਾਨਾ ਡਗਮਗਾਈਆ । ਜਨ ਭਗਤਾਂ ਕਰੇ ਪੂਰੀ ਆਸ, ਜੁਗ ਜੁਗ ਬੇਪਰਵਾਹੀਆ । ਸਦਾ ਸੁਹੇਲਾ ਹੋਏ ਦਾਸ, ਦਾਸੀ ਦਾਸ ਸੇਵ ਕਮਾਈਆ । ਸਾਚੇ ਮੰਡਲ ਪਾਏ ਰਾਸ, ਗੋਪੀ ਕਾਹਨ ਆਪ ਨਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਬੁਝਾਏ ਤੇਰੀ ਪਿਆਸ, ਸਾਂਤਕ ਸਤਿ ਸਤਿ ਵਰਤਾਈਆ । ਸਾਂਤਕ ਸੀਤਲ ਹੋਏ ਸਤਿ, ਸਤਿਗੁਰ ਸੱਚਾ ਪਾਇਆ । ਨਾੜੀ ਨਾੜ ਨਾ ਉਬਲੇ ਰਤ, ਰਤੀ ਰਤ ਦਏ ਸੁਕਾਇਆ । ਏਕਾ ਦੇਵੇ ਬ੍ਰਹਮ ਮਤ, ਬ੍ਰਹਮ ਵਿਦਿਆ ਆਪ ਪੜ੍ਹਾਇਆ । ਧੀਰਜ ਸੰਤੋਖ ਸਾਚਾ ਜਤ,

ਸਤਿਗੁਰ ਗੁਰ ਸੱਚੀ ਸਰਨਾਇਆ । ਮਨ ਕਾ ਬੁਰਜ ਜਾਏ ਢੱਠ, ਹਉਮੇ ਗੜ੍ਹ ਰਹਿਣ ਨਾ ਪਾਇਆ । ਨਾਤਾ ਤੁਟੇ ਤੀਰਥ ਅਠਸਠ, ਘਰ ਸਰੋਵਰ ਦਏ ਨੁਹਾਇਆ । ਜੋਤ ਜਗਾਏ ਲਟ ਲਟ, ਅੰਧ ਅੰਧੇਰ ਦਏ ਮਿਟਾਇਆ । ਦੂਈ ਦਵੈਤੀ ਮੇਟੇ ਫੱਟ, ਏਕਾ ਮੰਤਰ ਨਾਮ ਦ੍ਰਿੜਾਇਆ । ਚਾਰ ਵਰਨ ਵਖਾਏ ਏਕਾ ਹੱਟ, ਪੁਰਖ ਅਬਿਨਾਸ਼ੀ ਆਪ ਖੁਲ੍ਹਾਇਆ । ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਦੇਵੇ ਏਕਾ ਮਤ, ਤੱਤ ਗਿਆਨ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਮੇਲੇ ਆਪਣੇ ਦਰ ਦਰ ਦਰਵਾਜ਼ਾ ਦਏ ਖੁਲ੍ਹਾਇਆ । ਦਰ ਦਰਵਾਜ਼ਾ ਦੇਵੇ ਖੋਲ੍ਹ, ਸਤਿਗੁਰ ਪੂਰਾ ਦਇਆ ਕਮਾਈਆ । ਅੰਦਰੇ ਅੰਦਰ ਆਪੇ ਬੋਲ, ਆਪਣੇ ਮੰਦਰ ਦਏ ਸੁਣਾਈਆ । ਸਾਚੇ ਕੰਡੇ ਤੋਲੇ ਤੋਲ, ਅਤੋਲ ਅਤੁਲ ਆਪ ਅਖਵਾਈਆ । ਲੱਖ ਚੁਰਾਸੀ ਵਿਚੋਂ ਹਰਿਜਨ ਸਾਚੇ ਲਏ ਵਰੋਲ, ਨਾਮ ਮਧਾਣਾ, ਏਕਾ ਪਾਈਆ । ਜੀਵ ਜੰਤ ਖ਼ਾਲੀ ਦਿਸਣ, ਬਿਨ ਹਰਿ ਨਾਮੇ ਢੋਲ, ਕਲਜੁਗ ਡੰਕਾ ਰਿਹਾ ਵਜਾਈਆ । ਮਨ ਵਾਸਨਾ ਪਿਆ ਘੋਲ, ਘਰ ਘਰ ਪਈ ਲੜਾਈਆ । ਗੁਰਮੁਖ ਵਿਰਲਾ ਬੈਠਾ ਅਡੋਲ, ਜਿਸ ਸਤਿਗੁਰ ਬੂਝ ਬੁਝਾਈਆ । ਉਲਟਾ ਕਰਿਆ ਨਾਭ ਕੌਲ, ਬੂੰਦ ਸਵਾਂਤੀ ਮੁਖ ਚੁਆਈਆ । ਸ਼ਬਦੀ ਸ਼ਬਦ ਗਿਆ ਮੌਲ, ਜੋਤੀ ਜੋਤ ਜੋਤ ਰੁਸ਼ਨਾਈਆ । ਲੇਖਾ ਜਾਣੇ ਨੂਰ ਇਲਾਹੀ ਅਵਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਸ਼ਰੀਕਤ ਰਿਹਾ ਗਵਾਈਆ । ਕਰੇ ਸ਼ਰੀਕਤ ਕਿਆ ਕੋਈ ਜਗ, ਜਿਸ ਮਿਲੇ ਬੇਅੰਤ ਬੇਅੰਤਾ । ਵਸਣਹਾਰਾ ਉਪਰ ਸ਼ਾਹ ਰਗ, ਨੌਂ ਦਰ ਝੂਠਾ ਖੇਲ ਖਿਲੰਤਾ । ਗੁਰਮੁਖ ਬਣਾਏ ਸਾਚੇ ਨਗ, ਹੀਰਾ ਮੋਤੀ ਪੰਨਾ ਆਪ ਜੜੰਤਾ । ਆਪ ਬਣਾਏ ਸਿਰ ਦਾ ਤਾਜਾ, ਪਾਰਬ੍ਰਹਮ ਸ੍ਰੀ ਭਗਵੰਤਾ । ਦੋ ਜਹਾਨਾਂ ਰਚਿਆ ਕਾਜਾ, ਰਚ ਰਚ ਕਾਜ ਖੇਲ ਖਿਲੰਤਾ । ਕਰੇ ਖੇਲ ਦੇਸ ਮਾਝਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲੇ ਸਾਚੀ ਸੰਗਤਾ । ਸਾਚੀ ਸੰਗਤ ਮਿਲੇ ਗੁਰਸਿਖ, ਮਨ ਰੋ ਰੋ ਦਏ ਦੁਹਾਈਆ । ਕਵਣ ਦਵਾਰੇ ਮਿਲੇ ਮੇਰੀ ਭਿਖ, ਝੂਠੀ ਭਿਛਿਆ ਨਾ ਕੋਇ ਵਰਤਾਈਆ । ਮੇਰਾ ਸੁਫ਼ਨਾ ਹੋਇਆ ਮਿੱਥ, ਮੇਰਾ ਦੀਸੇ ਨਾ ਕੋਇ ਸਹਾਈਆ । ਮੇਰਾ ਝਗੜਾ ਨਾ ਲਿਆ ਨਜਿਠ, ਮੈਂ ਬੈਠਾ ਮੁਖ ਸ਼ਰਮਾਈਆ । ਗੁਰਸਿਖ ਹੋਇਆ ਸਤਿਗੁਰ ਸਾਇਆ ਹੇਠ, ਮੇਰੀ ਭੁੱਲੀ ਸਰਬ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਨ ਮਮਤਾ ਦਏ ਮਿਟਾਈਆ । ਮਨ ਮਮਤਾ ਤੋੜੇ ਨਾਤਾ ਕੂੜ, ਕੂੜੀ ਕਿਰਿਆ ਆਪ ਗਵਾਇੰਦਾ । ਜਿਸ ਜਨ ਬਖ਼ਸ਼ੇ ਚਰਨ ਧੂੜ, ਜੋਤ ਲਲਾਟੀ ਡਗਮਗਾਇੰਦਾ । ਆਸਾ ਮਨਸਾ ਕਰੇ ਪੂਰ, ਪੂਰੀ ਆਸਾ ਆਪ ਕਰਾਇੰਦਾ । ਸਰਬ ਕਲ ਸਦਾ ਭਰਪੂਰ, ਨਾਮ ਭੰਡਾਰਾ ਆਪ ਭਰਾਇੰਦਾ । ਸਦਾ ਸਦਾ ਸਦ ਹਾਜ਼ਰ ਹਜ਼ੂਰ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੇ ਆਪ ਮਨਾਇੰਦਾ । ਹਰਿਜਨ ਮੰਨੇ ਹਰਿ ਮਨਾਏ, ਜੀਵ ਨਾ ਕੋਇ ਵਡਿਆਈਆ । ਪੂਰਬ ਜਨਮਾਂ ਵੇਖ ਵਖਾਏ, ਜਨਮ ਅਜਨਮ ਫੋਲ ਫੋਲਾਈਆ । ਨਿਹਕਰਮੀ ਆਪਣਾ ਕਰਮ ਕਮਾਏ, ਕਰਮ ਕਾਂਡ ਦਏ ਚੁਕਾਈਆ । ਸਾਚੀ ਸਰਨ ਇਕ ਰਖਾਏ, ਸਰਨ ਸਰਨਾਈ ਬੇਪਰਵਾਹੀਆ । ਮਰਨੀ ਮਰਨ ਡਰਨ ਚੁਕਾਏ, ਜਨਮ ਮਰਨ ਦਏ ਛੁਡਾਈਆ । ਹਰਨ ਫਰਨ ਨੈਣ ਖੁਲ੍ਹਾਏ, ਨੇਤਰ ਨੈਣ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਪਾਰ ਕਰਾਈਆ । ਪਾਰ ਉਤਾਰੇ ਹਰਿ ਕਰਤਾਰਾ, ਹਰਿਜਨ ਸਾਚੇ ਦਇਆ ਕਮਾਈਆ । ਕਲਜੁਗ ਵੇਖ ਅੰਤ ਕਿਨਾਰਾ, ਨੱਯਾ ਨਾਮ ਰਿਹਾ ਚਲਾਈਆ । ਡੁੱਬਦਾ

ਜਾਏ ਸਰਬ ਸੰਸਾਰਾ, ਪਾਹਨ ਪਾਥਰ ਰੂਪ ਵਟਾਈਆ । ਮਨਮੁਖ ਰੋਵਣ ਜ਼ਾਰੋ ਜ਼ਾਰਾ, ਮਨ ਵਾਸਨਾ ਹੋਏ ਹਲਕਾਈਆ । ਗੁਰਸਿਖ ਮੰਗਣ ਬਣ ਭਿਖਾਰਾ, ਪ੍ਰਭ ਅੱਗੇ ਝੋਲੀ ਡਾਹੀਆ । ਤੇਰਾ ਨਾਮ ਸੱਚਾ ਭੰਡਾਰਾ, ਆਦਿ ਜੁਗਾਦਿ ਸੱਚੇ ਸ਼ਹਿਨਸ਼ਾਹੀਆ । ਗ਼ਰੀਬ ਨਿਮਾਣਿਆਂ ਲਾਵੇ ਪਾਰਾ, ਸਚ ਕਿਨਾਰਾ ਇਕ ਦਰਸਾਈਆ । ਹੰਕਾਰੀਆਂ ਤੋੜੇ ਗੜ੍ਹ ਹੰਕਾਰਾ, ਮਾਣ ਅਭਿਮਾਨ ਦਏ ਮਿਟਾਈਆ । ਗੁਰਮੁਖਾਂ ਵਖਾਏ ਤੇਰਾ ਦਵਾਰਾ, ਤੇਰੀ ਬੂਝ ਬੁਝਾਈਆ । ਤੂੰ ਬਖ਼ਸ਼ਿਸ਼ ਕਰ ਬਖ਼ਸ਼ਣਹਾਰਾ, ਬਖ਼ਸ਼ਿਸ਼ ਤੇਰੇ ਹੱਥ ਸਮਾਈਆ । ਤੇਰਾ ਮੰਦਰ ਸੋਹੇ ਸਚ ਦਵਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖੌਣਾ ਸਾਚਾ ਘਰ, ਮੇਰੀ ਤ੍ਰਿਸਨਾ ਤ੍ਰਿਪਤ ਕਰਾਈਆ । ਤ੍ਰਿਸਨਾ ਤ੍ਰਿਪਤ ਹੋਏ ਦੂਰ, ਮਿਲੇ ਮੇਲ ਰਘੁਰਾਇਆ । ਰਘੁਪਤ ਦਿਸੇ ਹਾਜ਼ਰ ਹਜ਼ੂਰ, ਰੂਪ ਅਨੂਪ ਧਰਾਇਆ । ਚਰਨ ਕਵਲ ਬਖ਼ਸ਼ੇ ਧੂੜ, ਧੂੜੀ ਟਿੱਕਾ ਮਸਤਕ ਲਾਇਆ । ਚਤੁਰ ਸੁਘੜ ਬਣਾਏ ਮੂਰਖ ਮੂੜ੍ਹ, ਏਕਾ ਮੰਤਰ ਨਾਮ ਜਣਾਇਆ । ਦੇਣੀ ਵਸਤ ਨਾਮ ਭਰਪੂਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਆਪਣਾ ਵਰ ਆਸਾ ਤ੍ਰਿਸਨਾ ਦਏ ਮਿਟਾਇਆ । ਆਸਾ ਤ੍ਰਿਸਨਾ ਮਿਟੇ ਤ੍ਰਿਖ, ਸਾਂਤਕ ਸਤਿ ਸਤਿ ਵਰਤਾਇੰਦਾ । ਨਾਮ ਨਿਧਾਨਾ ਪਾਏ ਭਿਖ, ਸਚ ਵਸਤ ਵਰਤਾਇੰਦਾ । ਲੇਖਾ ਲੇਖ ਦੇਵੇ ਲਿਖ, ਲਿਖਿਆ ਲੇਖ ਮਿਟਾਇੰਦਾ । ਹਰ ਘਟ ਅੰਦਰ ਆਏ ਦਿਸ, ਜਿਸ ਜਨ ਤੀਜਾ ਲੋਇਣ ਖੁਲ੍ਹਾਇੰਦਾ । ਚੌਥੇ ਪਦ ਮਿਟੇ ਵਿਖ, ਅੰਮ੍ਰਿਤ ਰਸ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਬੰਧਾਏ ਆਪਣੇ ਲੜ, ਮਨ ਕੇ ਪੌੜੇ ਜਾਏ ਚੜ੍ਹ, ਸਾਚੇ ਘਰ ਜਾਏ ਵੜ, ਜਿਸ ਘਰ ਮਨ ਨਾ ਫੇਰਾ ਪਾਇੰਦਾ । ਤਿੰਨਾਂ ਲੋਕਾਂ ਸ਼ਬਦੀ ਭਾਰ, ਅਨਡਿਠ ਰੂਪ ਦਬਾਈਆ । ਵਾਹ ਵਾ ਖੇਲ ਕਰੇ ਕਰਤਾਰ, ਕਰਨਹਾਰ ਭੇਵ ਛੁਪਾਈਆ । ਵੰਡੇ ਵੰਡ ਆਪ ਨਿਰੰਕਾਰ, ਸਾਚਾ ਹਿੱਸਾ ਰਿਹਾ ਵੰਡਾਈਆ । ਚੌਦਾਂ ਤਬਕਾਂ ਦੇ ਹੁਲਾਰ, ਚਾਰੇ ਕੂਟਾਂ ਦਏ ਜਗਾਈਆ । ਲੇਖਾ ਜਾਣੇ ਧੁਰ ਦਰਬਾਰ, ਬੇਪਰਵਾਹ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਰਚਨਾ ਆਪੇ ਵੇਖ ਵਖਾਈਆ । ਤ੍ਰਿਲੋਕੀ ਉਪਰ ਏਕਾ ਭਾਰ, ਨਿਰਗੁਣ ਨਾਉਂ ਰਖਾਇੰਦਾ । ਕੋਇ ਨਾ ਸਕੇ ਸੀਸ ਉਠਾਲ, ਰਾਮ ਕ੍ਰਿਸ਼ਨ ਸੀਸ ਝੁਕਾਇੰਦਾ । ਆਦਿ ਜੁਗਾਦਿ ਨਾ ਨਿਭਿਆ ਕੋਈ ਨਾਲ, ਸਗਲਾ ਸੰਗ ਨਾ ਕੋਇ ਰਖਾਇੰਦਾ । ਪੰਜ ਤੱਤ ਕਾਇਆ ਖਾਏ ਕਾਲ, ਕਾਲ ਗਰਾਸ ਸਰਬ ਵਖਾਇੰਦਾ । ਇਕ ਇਕੱਲਾ ਪੁਰਖ ਅਕਾਲ, ਜੁਗ ਕਰਨੀ ਵੇਖ ਵਖਾਇੰਦਾ । ਸਚਖੰਡ ਬੈਠ ਸੱਚੀ ਧਰਮਸਾਲ, ਸਚ ਸਿੰਘਾਸਣ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਖਿਲਾਇੰਦਾ । ਤ੍ਰਿਲੋਕੀ ਦੇਵੇ ਹਰਿ ਹਰਿ ਦੱਬ, ਤ੍ਰਿਲੋਕੀ ਨਾਥ ਨਾਲ ਰਲਾਈਆ । ਉਚੇ ਹੋ ਹੋ ਜੋ ਬੈਠੇ ਫਬ, ਸਭ ਦਾ ਲੇਖਾ ਦਏ ਮੁਕਾਈਆ । ਲੇਖਾ ਜਾਣੇ ਅੱਡੀ ਚੋਟੀ ਪਟ, ਮੂੰਹ ਦੇ ਭਾਰ ਸਰਬ ਸੁਟਾਈਆ । ਆਪਣੀ ਆਪਣੀ ਵੰਡਣ ਪਾ ਕੇ ਬੈਠੇ ਹੱਦ, ਸਭ ਦਾ ਬੰਨਾਂ ਦਏ ਮਿਟਾਈਆ । ਕੋਈ ਕਹੇ ਮੇਰੀ ਵਿਸ਼ਨੂੰ ਯੱਦ, ਕੋਇ ਬ੍ਰਹਮਾ ਰੂਪ ਧਰਾਈਆ । ਕੋਈ ਲਡਾਏ ਸ਼ੰਕਰ ਲਡ, ਕੋਇ ਆਦਿ ਸ਼ਕਤ ਮਨਾਈਆ । ਕੋਈ ਚਤੁਰਭੁਜ ਦਵਾਰੇ ਬਹੇ ਸਜ, ਕੋਇ ਸੂਰਜ ਚੰਨ ਸੀਸ ਝੁਕਾਈਆ । ਕੋਈ ਕਾਇਆ ਮੰਦਰ ਕਰੇ ਹੱਜ, ਕੋਇ ਇੱਟਾਂ ਪੱਥਰ ਸੀਸ ਝੁਕਾਈਆ । ਕੋਇ ਸ਼ਿਵਦਵਾਲੇ ਮਠ ਰਿਹਾ ਨੱਚ, ਕੋਇ ਮੰਦਰ ਮਸਜਦ ਫੇਰਾ ਪਾਈਆ । ਕੋਇ ਫਿਰ ਫਿਰ ਥੱਕਾ ਤੀਰਥ ਤਟ, ਕੋਈ ਬਹਿ ਬਹਿ ਆਸਣ ਲਾਈਆ । ਕੋਇ ਪੀਰ

੯੮੪
੧੦

ਪੈਗ਼ੰਬਰ ਸੁਣਾਏ ਆਪਣੀ ਸਦ, ਬਾਂਗ ਇਲਾਹੀ ਕੂਕ ਸੁਣਾਈਆ । ਕੋਇ ਆਬ ਹਯਾਤ ਪਿਆਏ ਮਦਿ, ਸਾਚੀ ਮਦਿ ਹੱਥ ਉਠਾਈਆ । ਆਪਣੀ ਆਪਣੀ ਵਾਰ ਗਏ ਲਦ, ਥਿਰ ਕੋਇ ਰਹਿਣ ਨਾ ਪਾਈਆ । ਪਾਰਬ੍ਰਹਮ ਪੁਰਖ ਅਬਿਨਾਸ਼ਾ ਆਪਣਾ ਕਰੇ ਖੇਲ ਤਮਾਸ਼ਾ, ਕਲਜੁਗ ਅੰਤਮ ਸਭ ਨੂੰ ਆਪਣੇ ਅੰਦਰੋਂ ਲਏ ਕੱਢ ਏਕਾ ਹੁਕਮ ਏਕਾ ਵਾਰ ਸੁਣਾਈਆ । ਸਚ ਨਿਸ਼ਾਨਾ ਦੇਵੇ ਗੱਡ, ਉਚ ਮਹੱਲੇ ਆਪ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭਾਰ ਦਏ ਸਮਝਾਈਆ । ਤ੍ਰਿਲੋਕੀ ਨਾਥ ਉਠ ਕਰ ਧਿਆਨ, ਹਰਿ ਸਾਚਾ ਸਚ ਜਣਾਇੰਦਾ । ਮੇਰਾ ਮਸਲਾ ਇਕ ਪਹਿਚਾਨ, ਤੇਰਾ ਲੇਖਾ ਵੇਲੇ ਅੰਤ ਕੰਮ ਕਿਸੇ ਨਾ ਆਇੰਦਾ । ਨਾਤਾ ਤੁਟਾ ਗਿਆਨ ਧਿਆਨ, ਗਿਆਨੀ ਗਿਆਨ ਨਾ ਕੋਇ ਦ੍ਰਿੜਾਇੰਦਾ । ਨਾ ਕੋਈ ਗੋਪੀ ਨਾ ਕੋਈ ਕਾਹਨ, ਬੰਸਰੀ ਨਾਮ ਨਾ ਕੋਇ ਵਜਾਇੰਦਾ । ਚਾਰੋਂ ਕੁੰਟ ਸੁੰਞ ਮਸਾਣ, ਦੀਪਕ ਦੀਆ ਨਾ ਕੋਇ ਜਗਾਇੰਦਾ । ਨਾ ਕੋਈ ਪਵਣ ਨਾ ਮਸਾਣ, ਸਾਚਾ ਹਵਨ ਨਾ ਕੋਇ ਵਖਾਇੰਦਾ । ਨਾ ਕੋਇ ਚਿੱਲਾ ਤੀਰ ਕਮਾਨ, ਸੂਰਬੀਰ ਨਾ ਨਾਲ ਰਲਾਇੰਦਾ । ਏਕਾ ਮਾਰੇ ਆਪਣਾ ਬਾਣ, ਤੀਰ ਨਿਰਾਲਾ ਹੱਥ ਉਠਾਇੰਦਾ । ਅੰਤਮ ਲੇਖਾ ਚੁਕਾਏ ਆਣ, ਜੁਗ ਚੌਕੜੀ ਪੰਧ ਮੁਕਾਇੰਦਾ । ਸਾਚੇ ਤਖ਼ਤ ਬੈਠ ਸ੍ਰੀ ਭਗਵਾਨ, ਸਾਚਾ ਖੇਲ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤ੍ਰਿਲੋਕੀ ਆਪਣੇ ਹੇਠ ਦਬਾਇੰਦਾ । ਤ੍ਰਿਲੋਕੀ ਦੱਬੀ ਹਰਿ ਕੇ ਭਾਓ, ਭੈ ਆਪਣਾ ਆਪ ਜਣਾਈਆ । ਕਰੇ ਕਰਾਏ ਸਚ ਨਿਆਉਂ, ਸਾਲਸ ਅਵਰ ਨਾ ਕੋਇ ਰਖਾਈਆ । ਜੁਗ ਜੁਗ ਵਿਛੜੇ ਪਕੜ ਉਠਾਏ ਬਾਹੋਂ, ਸਭ ਦਾ ਲੇਖਾ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਹਰਿ ਸਚ ਸੁਲਤਾਨਾ, ਤਖ਼ਤ ਨਿਵਾਸੀ ਤਖ਼ਤ ਸੋਭਾ ਪਾਇੰਦਾ । ਅਦਲੀ ਅਦਲ ਕਰੇ ਭਗਵਾਨਾ, ਆਦਲ ਆਪਣਾ ਨਾਉਂ ਧਰਾਇੰਦਾ । ਬਦਲੀ ਕਰੇ ਦੋ ਜਹਾਨਾਂ, ਭੇਵ ਅਭੇਦਾ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਆਪ ਵਖਾਇੰਦਾ । ਰੰਗ ਵਖਾਏ ਸ਼ਬਦ ਸਿੰਘਾਸਣ, ਹਰਿ ਆਸਣ ਸੋਭਾ ਪਾਈਆ । ਕਰੇ ਖੇਲ ਪੁਰਖ ਅਬਿਨਾਸ਼ਨ, ਅਬਿਨਾਸ਼ੀ ਰੂਪ ਵਟਾਈਆ । ਲੇਖਾ ਜਾਣੇ ਪ੍ਰਿਥਮੀ ਆਕਾਸ਼ਣ, ਆਕਾਸ਼ ਆਕਾਸ਼ਾਂ ਵਿਚ ਸਮਾਈਆ । ਵਰਭੰਡੀ ਪਾਵੇ ਰਾਸਨ, ਮੰਡਲ ਰਾਸ ਰਾਸ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਹਿੱਸਾ ਲਿਆ ਵੰਡ, ਸ੍ਰਿਸ਼ਟ ਸਿੰਘਾਸਣ ਦਏ ਡੁਲਾਈਆ । ਵੰਡਿਆ ਹਿੱਸਾ ਟੁੱਟੀ ਹੀਂ, ਵੰਡਣ ਵੰਡ ਪਾਈਆ । ਚਾਰ ਜੁਗ ਦੀ ਲੱਗੀ ਉਖੜੇ ਨੀਂਹ, ਬਿਨ ਕਹੀ ਕੁਹਾੜੇ ਰਿਹਾ ਉਖੜਾਈਆ । ਲੱਖ ਚੁਰਾਸੀ ਗੰਦਾ ਹੋਇਆ ਬੀ, ਫਲ ਕੋਇ ਨਜ਼ਰ ਨਾ ਆਈਆ । ਮੁਰੀਦ ਮੁਰਸ਼ਦ ਬਣ ਗਏ ਬਕਰੀ ਸ਼ੀਂਹ, ਭੈ ਭੌ ਨਾ ਕੋਇ ਰਖਾਈਆ । ਨਾ ਕੋਈ ਜਾਣੇ ਭੈਣ ਧੀ, ਲੋਕ ਲਾਜ ਸਰਬ ਹਲਕਾਈਆ । ਨਾ ਕੋਈ ਜਾਣੇ ਆਪਣਾ ਜੀ, ਜੀਵਣ ਮੁਕਤ ਹੱਥ ਕਿਸੇ ਨਾ ਆਈਆ । ਘਰ ਘਰ ਪੀੜ ਹੱਡੀ ਲੱਗੀ ਰੀਹ, ਦਿਵਸ ਰੈਣ ਰਹੀ ਤੜਫਾਈਆ । ਗੁਰ ਅਵਤਾਰ ਕਰਨ ਕੀ, ਪਿਛੇ ਬੈਠਾ ਸਾਚਾ ਮਾਹੀਆ । ਜੁਗ ਜੁਗ ਕਰਦੇ ਰਹੇ ਜੀ ਜੀ, ਹਾਂ ਵਿਚ ਹਾਂ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪਣੇ ਹੱਥ ਰਖਾਈਆ । ਟੁੱਟੀ ਹੀ, ਜਗਤ ਟੁੱਟੇ ਗੰਢ, ਗੰਢ ਫੇਰ ਨਾ ਕੋਇ ਪੁਆਈਆ । ਸਭ ਦੀ ਆਤਮ ਹੋਈ ਰੰਡ, ਬਿਨ ਗੁਰਮੁਖ ਆਤਮ ਕਿਸੇ ਨਾ ਮਾਤ ਪਰਨਾਈਆ । ਚਾਰੋਂ ਕੁੰਟ ਪਏ ਡੰਡ, ਵਰਨ ਬਰਨ ਦਏ ਦੁਹਾਈਆ । ਘਰ

ਘਰ ਵੇਖੇ ਭੇਖ ਪਖੰਡ, ਮਾਇਆ ਮਮਤਾ ਨਾਚ ਨਚਾਈਆ । ਗੁਰ ਪੀਰਾਂ ਵੰਡਾਈ ਜਗਤ ਵੰਡ, ਬਿਨ ਪੁਰਖ ਅਕਾਲ ਲੇਖਾ ਸਕੇ ਨਾ ਕੋਇ ਮੁਕਾਈਆ । ਅੰਤਮ ਸਭ ਨੂੰ ਦੇਵੇ ਦੰਡ, ਬਚਿਆ ਕੋਇ ਰਹਿਣ ਨਾ ਪਾਈਆ । ਪੰਜ ਤੱਤ ਕਾਇਆ ਲੈ ਕੇ ਆਏ ਜੇਰਜ ਅੰਡ, ਬਿਨ ਜੇਰਜ ਅੰਡ ਜਨਮ ਮਾਤ ਨਾ ਕੋਇ ਵਖਾਈਆ । ਸ਼ਰਅ ਸ਼ਰੀਅਤ ਪਾ ਪਾ ਵੰਡ, ਆਪਣਾ ਬੰਧਨ ਗਏ ਪਾਈਆ । ਕੋਈ ਕਹੇ ਚੌਦਾਂ ਤਬਕ ਮੇਰਾ ਚੰਦ, ਮੇਰਾ ਨੂਰ ਰੁਸ਼ਨਾਈਆ । ਅੱਗੇ ਮੀਆਂ ਸਾਹਿਬ ਸੁਲਤਾਨ ਬਖ਼ਸ਼ੰਦ, ਜਿਸ ਦੀ ਬੀਵੀ ਨਾ ਕਿਸੇ ਪਰਨਾਈਆ । ਨਾ ਕੋਈ ਸਤਾਰ ਨਾ ਕੋਈ ਤੰਦ, ਸਤਾਰ ਵਜਦੀ ਨਜ਼ਰ ਕਿਸੇ ਨਾ ਆਈਆ । ਜੁਗ ਜੁਗ ਪੀਰ ਪੈਗ਼ੰਬਰ ਮੰਗਦੇ ਰਹੇ ਮੰਗ, ਨਿਉਂ ਨਿਉਂ ਸਯਦਾ ਸੀਸ ਝੁਕਾਈਆ । ਪਰਵਰਦਿਗਾਰ ਵਜੌਂਦਾ ਰਿਹਾ ਮਰਦੰਗ, ਸਚ ਸੰਦੇਸਾ ਇਕ ਅਲਾਈਆ । ਅਡੋਲ ਅਡੋਲ ਅਡੋਲ ਬੈਠਾ ਰਹੇ ਆਪਣੇ ਆਪ ਪਲੰਘ, ਆਪ ਆਪਣਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਈਆ । ਟੁੱਟੀ ਹੀਂ ਚੌਦਾਂ ਤਬਕ, ਪਾਵਾ ਚੂਲ ਨਾ ਕੋਇ ਵਖਾਈਆ । ਮੁਰੀਦ ਮੁਰਸ਼ਦ ਜੋ ਦੇ ਦੇ ਗਏ ਸਬਕ, ਸਭ ਦੀ ਸਿਖਿਆ ਦਏ ਭੁਲਾਈਆ । ਸੰਗ ਮੁਹੰਮਦ ਚਾਰ ਯਾਰ ਰਹੇ ਤਬਕ, ਧੀਰਜ ਧੀਰ ਨਾ ਕੋਇ ਧਰਾਈਆ । ਖ਼ੁਦਾਵੰਦ ਕਰੀਮ ਲੋਕਮਾਤ ਆਏ ਪਰਤ, ਸਾਚਾ ਲੇਖਾ ਦਏ ਚੁਕਾਈਆ । ਅਸੀਂ ਲਾ ਲਾ ਬੈਠੇ ਝੂਠੀ ਸੁਰਤ, ਆਪਣਾ ਦਾਓ ਰਾਹ ਤਕਾਈਆ । ਬੇਮੁਰੀਦ ਬੇਵਕ਼ਤ ਪਿਆ ਕੜਕ, ਏਕਾ ਕੜਕਾ ਰਿਹਾ ਸੁਣਾਈਆ । ਚੌਦਾਂ ਤਬਕ ਲੁਕੇ ਸਾਡਾ ਦਿਲ ਰਿਹਾ ਧੜਕ, ਧੀਰਜ ਧੀਰ ਨਾ ਕੋਇ ਵਖਾਈਆ । ਕੋਈ ਦਵਾਰਾ ਨਾ ਦਿਸੇ ਜਿਸ ਉਹਲੇ ਜਾਈਏ ਅਟਕ, ਘਟ ਘਟ ਵੇਖੇ ਸੱਚਾ ਮਾਹੀਆ । ਸਾਡੀ ਬਾਕੀ ਕੱਢੇ ਰਿੜਕ, ਰਿੜਕਣਾ ਆਪਣੇ ਹੱਥ ਰਖਾਈਆ । ਜੇ ਦਰ ਆਈਏ ਤਾਂ ਅੱਗੋਂ ਦੇਵੇ ਝਿੜਕ, ਜਾ ਕੇ ਵੇਖੋ ਭੁੱਲੀ ਉਮਤ ਸਰਬ ਲੋਕਾਈਆ । ਅਸਾਂ ਮੰਗੀ ਮੰਗ ਕੱਢ ਦੇਈਏ ਤੇਰਾ ਫ਼ਰਕ, ਦੂਈ ਦਵੈਤ ਵਿਚੋਂ ਗਵਾਈਆ । ਆਪਣੇ ਨਾਮ ਲਗੌਣੀ ਸਾਚੀ ਸਰਕ, ਮੇਰਾ ਕਲਮਾ ਤੇਰੀ ਕਲਾਮ ਤੇਰਾ ਜਲਵਾ ਮੇਰਾ ਅਲਹਾਮ, ਤੂੰ ਸਾਹਿਬ ਮੇਰਾ ਅਮਾਮ, ਹਉਂ ਦੀਨਨ ਤੇਰਾ ਦੀਨ ਅਖਵਾਈਆ । ਮੈਂ ਸੁਣਿਆ ਤੇਰਾ ਸਚ ਪੈਗ਼ਾਮ, ਤੂੰ ਹੀ ਕ੍ਰਿਸ਼ਨਾ ਤੂੰ ਹੀ ਰਾਮ, ਤੂੰ ਹੀ ਨਾਨਕ ਗੋਬਿੰਦ ਦੇਵੇਂ ਜਾਮ, ਤੂੰ ਹੀ ਮੇਰੀ ਉਲਫ਼ਤ ਮਾਤ ਬਣਾਈਆ । ਬਿਨ ਤੇਰੇ ਹੋਈ ਅੰਧੇਰੀ ਸ਼ਾਮ, ਚੌਧਵੀਂ ਚੰਨ ਨਾ ਕੋਇ ਚੜ੍ਹਾਈਆ । ਤੇਰੇ ਦਵਾਰੇ ਆਇਆ ਤੇਰਾ ਗ਼ੁਲਾਮ, ਗ਼ੁਰਬਤ ਕੋਇ ਰਹਿਣ ਨਾ ਪਾਈਆ । ਮੇਰੀ ਮੰਨ ਇਕ ਸਲਾਮ, ਅਲੈਕਮ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਸਿੰਘਾਸਣ ਆਪੇ ਰਿਹਾ ਤੁੜਾਈਆ । ਟੁੱਟੀ ਹੀਂ ਬਿਆਰ ਦੀ, ਬੇਐਬ ਆਪ ਤੁੜਾਈਆ । ਖੇਲ ਪਰਵਰਦਿਗਾਰ ਦੀ, ਅਲਿਫ਼ ਯੇ ਨਾ ਕੋਇ ਵਡਿਆਈਆ । ਉਮਤ ਉਮਤੀ ਅੰਤਮ ਹਾਰਦੀ, ਐਨ ਗ਼ੈਨ ਨਾ ਕੋਇ ਸਫ਼ਾਈਆ । ਤ੍ਰਿਲੋਕੀ ਰੋ ਰੋ ਧਾਹਾਂ ਮਾਰਦੀ, ਕਾਹਨਾ ਹੋਏ ਨਾ ਕੋਇ ਸਹਾਈਆ । ਲੱਖ ਚੁਰਾਸੀ ਦਰ ਦਰ ਦਰ ਪੁਕਾਰਦੀ, ਧੀਰਜ ਧੀਰ ਨਾ ਕੋਇ ਧਰਾਈਆ । ਗੁਰਮੁਖ ਵਿਰਲੇ ਆਤਮ ਪਰਮਾਤਮ ਇਕ ਪੁਕਾਰਦੀ, ਏਕਾ ਓਟ ਤਕਾਈਆ । ਯਾਰੀ ਨਿਭੇ ਅਜੀਤ ਸਿੰਘ ਯਾਰ ਦੀ, ਗੋਬਿੰਦ ਮੁਗ਼ਲਾਂ ਨਾਲ ਨਿਭਾਈਆ । ਰੱਖੇ ਯਾਦ ਤਿੱਖੀ ਧਾਰ ਖੰਡੇ ਧਾਰ ਦੀ, ਖ਼ੰਜਰ ਆਪਣੇ ਤਨ ਛੁਹਾਈਆ । ਵਗੇ ਧਾਰ ਖ਼ੂਨ ਪਿਆਰ ਦੀ, ਲਾਲ ਲਾਲ ਰੰਗ ਚੜ੍ਹਾਈਆ । ਰੰਗ ਮਹਿੰਦੀ ਤਨ ਸ਼ਿੰਗਾਰਦੀ, ਜਗ ਜੋਬਨ ਇਕ ਵਖਾਈਆ । ਆਈ ਵਾਰੀ ਨਰ ਨਿਰੰਕਾਰ ਦੀ, ਲੇਖਾ ਲੇਖੇ ਦਏ ਪਾਈਆ । ਜੋਤੀ ਜੋਤ ਸਰੂਪ

੯੮੬
੧੦

ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਲੇਖੇ ਲਾਈਆ । ਹੀਂ ਟੁੱਟੀ ਬੇਰੀ ਦੀ, ਪਰਵਰਦਿਗਾਰ ਆਪ ਤੁੜਾਈਆ । ਵੇਖੋ ਤ੍ਰਿਲੋਕੀ ਕਿਵੇਂ ਘੇਰੀ ਦੀ, ਸ਼ਬਦ ਡੋਰੀ ਹੱਥ ਉਠਾਈਆ । ਲੱਗੀ ਜੜ੍ਹ ਕਿਵੇਂ ਉਖੇੜੀ ਦੀ, ਉਖੇੜਨਹਾਰਾ ਦਿਸ ਨਾ ਆਈਆ । ਧਰਤ ਧਵਲ ਕਿਵੇਂ ਰੇੜ੍ਹੀ ਦੀ, ਮੂੰਹ ਦੇ ਭਾਰ ਸੁਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਵੰਡਣ ਆਪ ਵੰਡਾਈਆ । ਹੀਂ ਟੁੱਟੀ ਚੀਲ ਦੀ, ਚੇਲਾ ਗੁਰ ਖੇਲ ਖਿਲਾਇੰਦਾ । ਏਹ ਖੇਲ ਛੈਲ ਛਬੀਲ ਦੀ, ਗੁਰ ਗੋਬਿੰਦ ਵੇਸ ਵਟਾਇੰਦਾ । ਗੁੰਜਾਇਸ਼ ਰਹਿਣ ਨਾ ਦੇਵੇ ਕਿਸੇ ਠਾਣੇ ਤਹਸੀਲ ਦੀ, ਤਹਕ਼ੀਕ਼ ਆਪਣੀ ਸਚ ਕਰਾਇੰਦਾ । ਆਸ ਰਹੇ ਨਾ ਕਿਸੇ ਵਕੀਲ ਦੀ, ਮੁਦਾ ਮੁਦਾਅਲੈਹ ਆਪ ਹੋ ਆਇੰਦਾ । ਔਧ ਪੁਗਦੀ ਜਾਏ ਅਪੀਲ ਦੀ, ਵੇਲਾ ਅੰਤ ਇਕ ਸਮਝਾਇੰਦਾ । ਆਸ ਰੱਖੇ ਨਾ ਕਿਸੇ ਦਲੀਲ ਦੀ, ਸਾਧ ਸੰਤ ਸਰਬ ਭੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਕਰਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਧਾਰਾ ਆਪ ਚਲਾਇੰਦਾ । ਦੋ ਪਾਵੇ ਦੋ ਜਹਾਨ, ਅਧਵਿਚਕਾਰੋਂ ਦਏ ਤੁੜਾਈਆ । ਕਰੇ ਖੇਲ ਹੋ ਮਿਹਰਵਾਨ, ਦਇਆਵਾਨ ਆਪਣੀ ਦਇਆ ਕਮਾਈਆ । ਨਾ ਕੋਈ ਤੀਰ ਨਾ ਕੋਈ ਕਮਾਨ, ਖੰਡਾਂ ਕਟਾਰ ਨਾ ਕੋਇ ਚਮਕਾਈਆ । ਸਭ ਦਾ ਮੇਟੇ ਆਪ ਨਿਸ਼ਾਨ, ਸਫ਼ਾ ਸਭ ਦੀ ਆਪ ਉਠਾਈਆ । ਅਭੁਲ ਕਰੇ ਸਚ ਨਿਆਂ ਭੁਲ ਕਦੇ ਨਾ ਜਾਈਆ । ਗੁਰ ਅਵਤਾਰ ਲੱਭਣ ਥਾਂ, ਲੋਕਮਾਤ ਸਾਚਾ ਧਾਮ ਨਜ਼ਰ ਕਿਸੇ ਨਾ ਆਈਆ । ਇਕ ਦੂਜੇ ਦਾ ਗੌਂਦੇ ਨਾਂ, ਪੁਰਖ ਅਕਾਲ ਨਾ ਕੋਇ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੋ ਜਹਾਨਾਂ ਵੇਖੇ ਥਾਉਂ ਥਾਈਆ । ਪਾਵੇ ਅੰਦਰ ਲਾਈ ਚੂਲ, ਚੋਲਾ ਹਰਿ ਜੂ ਆਪ ਬਦਲਾਇਆ । ਸਭ ਦਾ ਚੁਕਾਏ ਲਹਿਣਾ ਦੇਣਾ ਮੂਲ, ਮੌਲਾ ਹੋ ਹੋ ਖੇਲ ਕਰਾਇਆ । ਜੁਗ ਚੌਕੜੀ ਨਾ ਜਾਏ ਭੂਲ, ਯਾਦ ਯਾਦ ਵਿਚ ਸਮਝਾਇਆ । ਆਪਣਾ ਸਦਾ ਰੱਖੇ ਕ਼ਾਇਮ ਅਸੂਲ, ਅਸਲੀਯਤ ਸਕੇ ਨਾ ਕੋਇ ਮਿਟਾਇਆ । ਇਕ ਗੋਬਿੰਦ ਕਰਿਆ ਕ਼ਬੂਲ, ਜਿਸ ਪੁਰਖ ਅਕਾਲ ਮਨਾਇਆ । ਸੋ ਭੰਗੂੜਾ ਰਿਹਾ ਝੂਲ, ਸਤਿ ਪੁਰਖ ਨਿਰੰਜਣ ਆਪ ਝੁਲਾਇਆ । ਨਾ ਕੋਇ ਕਾਇਦਾ ਨਾ ਕੋਈ ਰੂਲ, ਬੇਕਾਇਦਗੀ ਕਰੇ ਆਪ ਖ਼ੁਦਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੋ ਜਹਾਨਾਂ ਵੇਖੇ ਥਾਉਂ ਥਾਂਇਆ । ਚੂਲ ਵੜੀ ਪਾਵੇ ਅੰਦਰ, ਜਗਤ ਤਰਖਾਣ ਆਪ ਠੁਕਾਈਆ । ਲੁਕਿਆ ਰਹਿਣ ਨਾ ਦੇਵੇ ਕੋਈ ਡੂੰਘੀ ਕੰਦਰ, ਸਮੁੰਦ ਸਾਗਰ ਫੋਲੇ ਉਚੇ ਟਿੱਲੇ ਪਰਬਤ ਫੇਰਾ ਪਾਈਆ । ਸਭ ਦੇ ਤੋੜੇ ਲੱਗੇ ਜੰਦਰ, ਉਚੇ ਮੰਦਰ ਦੇਵੇ ਢਾਹੀਆ । ਮੂੰਹ ਦੇ ਭਾਰ ਸੁੱਟੇ ਗੋਰਖ ਮਛੰਦਰ, ਮਾਣ ਅਭਿਮਾਨ ਨਾ ਕੋਇ ਜਣਾਈਆ । ਤ੍ਰਿਲੋਕੀ ਬਣਾਏ ਏਕਾ ਖੰਡਰ, ਖੰਡਾ ਨਾਮ ਹੱਥ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਸੇਵਾ ਆਪ ਕਮਾਈਆ ।

★ ੨੬ ਸਾਵਣ ੨੦੧੮ ਬਿਕ੍ਰਮੀ ਕਾਸ਼ੀ ਰਾਮ ਦੇ ਗ੍ਰਿਹ ਪਿੰਡ ਸਨੱਯਾ ★

ਸੋ ਪੁਰਖ ਨਿਰੰਜਣ ਸਚ ਦਰਬਾਰ, ਸਚਖੰਡ ਦਵਾਰ ਲਗਾਈਆ । ਹਰਿ ਪੁਰਖ ਨਿਰੰਜਣ ਹੋ ਤਿਆਰ, ਸਚ ਸਿੰਘਾਸਣ ਸੋਭਾ ਪਾਈਆ ।

ਏਕੰਕਾਰ ਹੁਕਮੀ ਹੁਕਮ ਵਰਤੇ ਵਰਤਾਰ, ਧੁਰ ਫ਼ਰਮਾਨਾ ਇਕ ਜਣਾਈਆ । ਆਦਿ ਨਿਰੰਜਣ ਸਾਚਾ ਨੂਰ ਕਰ ਉਜਿਆਰ, ਨੂਰ ਨੁਰਾਨਾ ਡਗਮਗਾਈਆ । ਅਬਿਨਾਸ਼ੀ ਕਰਤਾ ਖੋਲ੍ਹ ਕਿਵਾੜ, ਸਾਚਾ ਮੰਦਰ ਦਏ ਸਮਝਾਈਆ । ਸ੍ਰੀ ਭਗਵਾਨ ਖੇਲ ਕਰੇ ਅਪਾਰ, ਅਪਰੰਪਰ ਆਪਣੀ ਧਾਰ ਚਲਾਈਆ । ਪਾਰਬ੍ਰਹਮ ਪ੍ਰਭ ਹੋਇਆ ਖ਼ਬਰਦਾਰ, ਬੇਪਰਵਾਹ ਸੱਚਾ ਸ਼ਹਿਨਸ਼ਾਹੀਆ । ਆਪਣੀ ਇਛਿਆ ਆਪੇ ਧਾਰ ਆਪਣੀ ਆਸਾ ਆਪ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸਚ ਦਰਬਾਰ ਠਾਂਡੇ ਘਰ, ਹਰਿ ਸਾਚਾ ਆਪ ਲਗਾਇੰਦਾ । ਆਪਣੀ ਕਰਨੀ ਆਪੇ ਕਰ, ਕਰਤਾ ਪੁਰਖ ਵੇਖ ਵਖਾਇੰਦਾ । ਨਿਰਭੌ ਭੈ ਨਾ ਰਖਾਏ ਕੋਇ ਡਰ, ਭਿਆਨਕ ਆਪਣੀ ਧਾਰ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪਣੇ ਹੱਥ ਰਖਾਇੰਦਾ । ਸਚਖੰਡ ਦਵਾਰਾ ਹਰਿ ਕਰਤਾਰਾ, ਸਾਚਾ ਹੁਕਮ ਆਪ ਵਰਤਾਈਆ । ਜੁਗ ਚੌਕੜੀ ਕਰੇ ਪਾਰ ਕਿਨਾਰਾ, ਜੁਗ ਜੁਗ ਲੇਖਾ ਆਪ ਮੁਕਾਈਆ । ਵਿਸ਼ਨ ਬ੍ਰਹਮਾ ਸ਼ਿਵ ਦਏ ਹੁਲਾਰਾ, ਸੋਇਆ ਕੋਇ ਰਹਿਣ ਨਾ ਪਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਦੋ ਜਹਾਨਾਂ ਵੇਖੇ ਅਖਾੜਾ, ਤ੍ਰੈਗੁਣ ਅਤੀਤਾ ਠਾਂਡਾ ਸੀਤਾ, ਨਿਰਗੁਣ ਸਰਗੁਣ ਨਾਚ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰ ਬੈਠਾ ਵੜ, ਸਚ ਸਿੰਘਾਸਣ ਸੋਭਾ ਪਾਈਆ । ਸਚਖੰਡ ਦਵਾਰਾ ਸਚ ਮਹੱਲਾ, ਸੋ ਪੁਰਖ ਨਿਰੰਜਣ ਆਪ ਸੁਹਾਇੰਦਾ । ਹਰਿ ਪੁਰਖ ਨਿਰੰਜਣ ਇਕ ਇਕੱਲਾ, ਅਲਖ ਅਗੋਚਰ ਅਗੰਮ ਅਥਾਹ ਬੇਪਰਵਾਹ, ਬੇਪਰਵਾਹ ਆਪਣਾ ਨਾਉਂ ਧਰਾਇੰਦਾ । ਏਕੰਕਾਰਾ ਬਣ ਮਲਾਹ, ਸਾਚਾ ਬੇੜਾ ਆਪ ਚਲਾਇੰਦਾ । ਆਦਿ ਨਿਰੰਜਣ ਦੇਵੇ ਸਚ ਸਲਾਹ, ਲੇਖਾ ਲਿਖਣ ਪੜ੍ਹਨ ਵਿਚ ਨਾ ਆਇੰਦਾ । ਅਬਿਨਾਸ਼ੀ ਕਰਤਾ ਆਪਣਾ ਸੰਗ ਦਏ ਨਿਭਾ, ਸਗਲਾ ਸੰਗ ਆਪ ਹੋ ਜਾਇੰਦਾ । ਸ੍ਰੀ ਭਗਵਾਨ ਆਪ ਵਖਾਏ ਸਚ ਨਿਸ਼ਾਂ, ਦੋ ਜਹਾਨਾਂ ਆਪ ਝੁਲਾਇੰਦਾ । ਪਾਰਬ੍ਰਹਮ ਪ੍ਰਭ ਕਰੇ ਸਚ ਨਿਆਂ, ਤਖ਼ਤ ਨਿਵਾਸੀ ਸਾਚਾ ਹੁਕਮ ਆਪ ਸੁਣਾਇੰਦਾ । ਘਰ ਖੋਲ੍ਹੇ ਇਕ ਮਕਾਨ, ਮੁਕਾਮੇ ਹੱਕ ਡੇਰਾ ਲਾਇੰਦਾ । ਦਾਮਨਗੀਰ ਹੋ ਬੇਪਰਵਾਹ, ਬੇਪਨਾਹ ਆਪ ਹੋ ਜਾਇੰਦਾ । ਆਪ ਧਰਾਏ ਆਪਣਾ ਨਾਂ, ਨਾਉਂ ਨਿਰੰਕਾਰਾ ਆਪ ਅਖਵਾਇੰਦਾ । ਕਰੇ ਖੇਲ ਸੱਚਾ ਸ਼ਹਿਨਸ਼ਾਹ, ਹਰਿ ਕਾ ਭੇਵ ਕੋਇ ਨਾ ਪਾਇੰਦਾ । ਜੁਗ ਚੌਕੜੀ ਪੰਧ ਮੁਕਾ, ਆਪ ਆਪਣਾ ਖੇਲ ਕਰਾਇੰਦਾ । ਕੋਟਨ ਕੋਟ ਵਿਸ਼ਨ ਬ੍ਰਹਮਾ ਸ਼ਿਵ ਸੇਵਾ ਲਾ, ਸਾਚੀ ਸੇਵਾ ਇਕ ਸਮਝਾਇੰਦਾ । ਤ੍ਰੈਗੁਣ ਮਾਇਆ ਦੇਵੇ ਡੇਰਾ ਢਾਹ, ਘੜਣ ਭੰਨਣਹਾਰ ਆਪਣੀ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਸਾਚਾ ਹਰਿ, ਸਾਚੀ ਇਛਿਆ ਆਪ ਪਰਗਟਾਇੰਦਾ । ਸਾਚੀ ਇਛਿਆ ਸਚਖੰਡ, ਹਰਿ ਸਾਚਾ ਸਚ ਪਰਗਟਾਈਆ । ਲੇਖਾ ਜਾਣੇ ਕੋਟਨ ਕੋਟ ਬ੍ਰਹਿਮੰਡ, ਬ੍ਰਹਿਮੰਡ ਖੰਡ ਵੇਖੇ ਥਾਉਂ ਥਾਈਂਆ । ਲਹਿਣਾ ਦੇਣਾ ਚੁਕਾਏ ਜੇਰਜ ਅੰਡ, ਉਤਭੁਜ ਸੇਤਜ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰ ਹਰਿ ਨਿਰੰਕਾਰ ਆਪਣੀ ਕਰੇ ਸਚ ਸਲਾਹੀਆ । ਸਚ ਸਲਾਹ ਕਰੇ ਨਿਰੰਕਾਰਾ, ਦੂਸਰ ਅਵਰ ਨਾ ਕੋਇ ਰਖਾਇੰਦਾ । ਜੁਗ ਚੌਕੜੀ ਉਤਰੇ ਪਾਰ ਕਿਨਾਰਾ, ਨੌਂ ਸੌ ਚੁਰਾਨਵੇ ਚੌਕੜੀ ਜੁਗ ਪੰਧ ਮੁਕਾਇੰਦਾ । ਜੁਗਾ ਜੁਗੰਤਰ ਗੁਰ ਅਵਤਾਰ ਬਣਾਏ ਸੇਵਾਦਾਰਾ, ਸਾਚੀ ਸੇਵਾ ਇਕ ਸਮਝਾਇੰਦਾ । ਏਕਾ ਵਸਤ ਦੇਵੇ ਭੰਡਾਰਾ, ਨਾਮ ਵਸਤ ਅਮੋਲਕ ਝੋਲੀ ਪਾਇੰਦਾ । ਲੇਖਾ ਜਾਣੇ ਧੁਰ ਦਰਬਾਰਾ, ਆਪਣਾ ਪਰਦਾ ਆਪ ਉਠਾਇੰਦਾ । ਕਾਗਦ ਕ਼ਲਮ ਨਾ ਲਿਖਣਹਾਰਾ, ਲਿਖ

੯੮੯
੧੦

ਲਿਖ ਲੇਖ ਨਾ ਕੋਇ ਵਖਾਇੰਦਾ । ਹਰਿ ਕਾ ਭੇਦ ਆਦਿ ਜੁਗਾਦਿ ਨਿਆਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਚਖੰਡ ਦਵਾਰਾ, ਸਾਚਾ ਦਰ ਆਪ ਸੁਹਾਇੰਦਾ । ਸਚਖੰਡ ਦਵਾਰਾ ਸੋਭਾਵੰਤ, ਸੋ ਪੁਰਖ ਨਿਰੰਜਣ ਆਪ ਸੁਹਾਈਆ । ਹਰਿ ਪੁਰਖ ਨਿਰੰਜਣ ਬੈਠਾ ਏਕਾ ਕੰਤ, ਕੰਤ ਕੰਤੂਹਲ ਵਡੀ ਵਡਿਆਈਆ । ਏਕੰਕਾਰਾ ਬਣਾਏ ਬਣਤ, ਮਹਿਮਾ ਅਕਥ ਕਥੀ ਨਾ ਜਾਈਆ । ਆਦਿ ਨਿਰੰਜਣ ਸਾਚਾ ਧਾਮ ਸੁਹੰਤ, ਘਰ ਸਾਚੇ ਵੱਜੇ ਵਧਾਈਆ । ਅਬਿਨਾਸ਼ੀ ਕਰਤਾ ਲੇਖਾ ਜਾਣੇ ਆਦਿ ਅੰਤ, ਸ੍ਰੀ ਭਗਵਾਨ ਪਰਦਾ ਦਏ ਉਠਾਈਆ । ਪਾਰਬ੍ਰਹਮ ਪ੍ਰਭ ਹੋਏ ਮੰਗਤ, ਦਰ ਦਰਵੇਸ਼ ਆਪਣੀ ਝੋਲੀ ਅੱਗੇ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਦਰ ਘਰ ਸਾਚਾ ਇਕ ਸੁਹਾਈਆ । ਦਰ ਘਰ ਸਾਚਾ ਹਰਿ ਸੁਹੰਜਣਾ, ਹਰਿ ਸਾਚਾ ਆਪ ਸੁਹਾਇੰਦਾ । ਜੋਤ ਜਗਾਏ ਆਦਿ ਨਿਰੰਜਣਾ, ਨੂਰ ਨੁਰਾਨਾ ਡਗਮਗਾਇੰਦਾ । ਦਾਤਾ ਦਾਨੀ ਦਰਦ ਦੁੱਖ ਭੈ ਭੰਜਨਾ, ਦਰ ਘਰ ਸਾਚੇ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਬੈਠਾ ਚੜ੍ਹ ਸਚ ਸਿੰਘਾਸਣ ਆਪ ਸੁਹਾਇੰਦਾ । ਸਚਖੰਡ ਦਵਾਰੇ ਹਰਿ ਜੂ ਚੜ੍ਹਿਆ, ਆਪ ਆਪਣਾ ਰੰਗ ਵਖਾਈਆ । ਆਪਣੇ ਮੰਦਰ ਆਪੇ ਵੜਿਆ, ਰੂਪ ਰੰਗ ਰੇਖ ਨਾ ਕੋਇ ਜਣਾਈਆ । ਆਪਣਾ ਘਾੜਨ ਆਪੇ ਘੜਿਆ, ਨਾ ਕੋਈ ਬਾਢੀ ਬਣਤ ਬਣਾਈਆ । ਆਪਣਾ ਨਿਸ਼ਅੱਖਰ ਆਪੇ ਪੜ੍ਹਿਆ, ਨਾ ਕਰੇ ਕੋਇ ਪੜ੍ਹਾਈਆ । ਆਦਿ ਜੁਗਾਦਿ ਕਦੇ ਨ ਮਰਿਆ, ਮਾਤ ਗਰਭ ਕਦੇ ਨਾ ਆਈਆ । ਆਪਣੀ ਕਰਨੀ ਆਪੇ ਕਰਿਆ, ਕਰਤਾ ਪੁਰਖ ਨਾਉਂ ਧਰਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਖੇਲ ਕਰਿਆ, ਵੇਸ ਅਨੇਕ ਵਟਾਈਆ । ਗੁਰ ਅਵਤਾਰ ਭੰਡਾਰਾ ਭਰਿਆ, ਦੇਵੇ ਨਾਮ ਸਹਿਜ ਸੁਖਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਦਰ, ਦਰ ਦਰਬਾਰਾ ਸੋਭਾ ਪਾਈਆ । ਨਾਦ ਅਨਾਦੀ ਏਕਾ ਬੋਲ, ਅਗੰਮ ਅਗੰਮੜੀ ਧਾਰ ਚਲਾਈਆ । ਸਾਚੀ ਵਸਤ ਰੱਖੇ ਅਨਤੋਲ, ਤੋਲਣਹਾਰਾ ਸਾਚਾ ਮਾਹੀਆ । ਆਦਿ ਜੁਗਾਦਿ ਰਹੇ ਅਡੋਲ, ਜੁਗ ਜੁਗ ਵੇਖੇ ਆਪਣੀ ਸ਼ਹਿਨਸ਼ਾਹੀਆ । ਆਪਣਾ ਪੂਰਾ ਕਰੇ ਕੀਤਾ ਕੌਲ, ਕੀਤਾ ਕੌਲ ਭੁਲ ਨਾ ਜਾਈਆ । ਲਹਿਣਾ ਦੇਣਾ ਚੁਕਾਏ ਧਰਨੀ ਧਰਤ ਧਵਲ ਧੌਲ, ਪੂਰਬ ਲਹਿਣਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਦਵਾਰ ਇਕ ਦਰਬਾਰ ਲਗਾਈਆ । ਸਚ ਦਰਬਾਰ ਲਗਾਇਆ, ਸੋ ਪੁਰਖ ਨਿਰੰਜਣ ਹੋ ਮਿਹਰਵਾਨ । ਸੀਸ ਆਪਣੇ ਛਤਰ ਝੁਲਾਇਆ, ਪੁਰਖ ਅਬਿਨਾਸ਼ੀ ਨੌਜਵਾਨ । ਦਰ ਦਰਬਾਨ ਨਾ ਕੋਇ ਰਖਾਇਆ, ਕਰੇ ਖੇਲ ਇਕ ਇਕੱਲਾ ਸ੍ਰੀ ਭਗਵਾਨ । ਆਪਣਾ ਹੁਕਮ ਆਪ ਜਣਾਇਆ, ਦੋ ਜਹਾਨਾਂ ਦੇਵੇ ਧੁਰ ਫ਼ਰਮਾਨ । ਸਤਿਜੁਗ ਤ੍ਰੇਤਾ ਦੁਆਪਰ ਪਾਰ ਲੰਘਾਇਆ, ਕਲਜੁਗ ਅੰਤਮ ਕਰੇ ਖੇਲ ਮਹਾਨ । ਨਿਰਗੁਣ ਜੋਤੀ ਜਾਮਾ ਭੇਸ ਵਟਾਇਆ, ਜੋਧਾ ਸੂਰਬੀਰ ਬਲੀ ਬਲਵਾਨ । ਨਾਮ ਖੰਡਾ ਹੱਥ ਚਮਕਾਇਆ, ਬ੍ਰਹਿਮੰਡ ਖੰਡ ਮਾਰ ਧਿਆਨ । ਵਿਸ਼ਨ ਬ੍ਰਹਮਾ ਸ਼ਿਵ ਦਏ ਹਿਲਾਇਆ, ਸੁਰਪਤ ਇੰਦ ਹੋਏ ਹੈਰਾਨ । ਲੱਖ ਚੁਰਾਸੀ ਧੀਰ ਨਾ ਕੋਇ ਧਰਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਮਹਾਨ । ਖੇਲ ਮਹਾਨ ਕਰਾਇੰਦਾ, ਹਰਿ ਸਤਿਗੁਰ ਸ਼ਹਿਨਸ਼ਾਹ । ਆਪਣਾ ਰੂਪ ਵਟਾਇੰਦਾ, ਨਿਰਗੁਣ ਜੋਤੀ ਜੋਤ ਜਗਾ । ਸ਼ਬਦੀ ਸ਼ਬਦ ਨਾਦ ਵਜਾਇੰਦਾ, ਨਾਦ ਅਨਾਦੀ ਆਪ ਸੁਣਾ । ਬੋਧ ਅਗਾਧੀ ਭੇਵ ਖੁਲ੍ਹਾਇੰਦਾ, ਆਪਣਾ ਪਰਦਾ ਆਪ ਉਠਾ । ਬ੍ਰਹਮ ਬ੍ਰਹਿਮਾਦੀ

ਖੋਜ ਖੁਜਾਇੰਦਾ, ਸਾਚਾ ਹਰਿ ਬੇਪਰਵਾਹ । ਆਦਿ ਜੁਗਾਦੀ ਵੇਸ ਵਟਾਇੰਦਾ, ਨਿਰਗੁਣ ਸਰਗੁਣ ਰੂਪ ਵਟਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਰਿਹਾ ਵਸਾ । ਸਚਖੰਡ ਦਵਾਰਾ ਵਸਿਆ, ਹਰਿ ਵਸੇ ਏਕੰਕਾਰ । ਕਰੇ ਖੇਲ ਖੇਲ ਤਮਾਸਿਆ, ਆਪ ਆਪੇ ਆਪਣੀ ਵਾਰ । ਆਪੇ ਮੰਡਲ ਆਪੇ ਰਾਸਿਆ, ਆਪੇ ਗੋਪੀ ਕਾਹਨ ਨਚਾਰ । ਆਪੇ ਆਪਣੀ ਪੂਰੀ ਕਰੇ ਆਸਿਆ, ਆਪੇ ਭਰੇ ਸਤਿ ਭੰਡਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚੀ ਸਰਕਾਰ । ਸਚ ਸਰਕਾਰ ਸੱਚਾ ਸ਼ਹਿਨਸ਼ਾਹ, ਆਦਿ ਜੁਗਾਦਿ ਸਮਾਇਆ । ਜੁਗ ਜੁਗ ਲੇਖਾ ਦਏ ਮੁਕਾ, ਲੇਖਾ ਆਪਣੇ ਹੱਥ ਰਖਾਇਆ । ਗੁਰ ਅਵਤਾਰ ਸੇਵਾ ਲਾ, ਸਾਚਾ ਹੁਕਮ ਜਣਾਇਆ । ਜੁਗ ਚੌਕੜੀ ਗੇੜ ਭਵਾ, ਅੰਤਮ ਗੇੜਾ ਦਏ ਭਵਾਇਆ । ਜੋਤੀ ਜੋਤ ਲਏ ਮਿਲਾ, ਜੋਤੀ ਜਾਤਾ ਆਪਣਾ ਨਾਉਂ ਧਰਾਇਆ । ਕਲਜੁਗ ਖੇਲ ਕਰੇ ਬੇਪਰਵਾਹ, ਬੇਐਬ ਪਰਵਰਦਿਗਾਰ ਆਪਣਾ ਰੂਪ ਵਟਾਇਆ । ਪੀਰ ਪੈਗ਼ੰਬਰ ਔਲੀਏ ਸ਼ੇਖ਼ ਵੇਖੇ ਥਾਉਂ ਥਾਂ, ਚਾਰੋਂ ਕੁੰਟ ਫਿਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦਰ ਦਰਵਾਜ਼ਾ ਇਕ ਖੁਲ੍ਹਾਇਆ । ਦਰ ਦਰਵਾਜ਼ਾ ਗਿਆ ਖੁਲ੍ਹ, ਸੋ ਪੁਰਖ ਨਿਰੰਜਣ ਆਪ ਖੁਲ੍ਹਾਈਆ । ਹਰਿ ਪੁਰਖ ਨਿਰੰਜਣ ਦੇਵੇ ਵਸਤ ਨਾਮ ਅਨਮੁਲ, ਅਤੋਟ ਅਤੁੱਟ ਵਰਤਾਈਆ । ਭਾਗ ਲਗਾਏ ਜਗਤ ਕੁਲ, ਕੁਲਵੰਤਾ ਬੇਪਰਵਾਹੀਆ । ਲੱਖ ਚੁਰਾਸੀ ਰਹੀ ਰੁਲ, ਹਰਿ ਕਾ ਰੂਪ ਨਜ਼ਰ ਕਿਸੇ ਨਾ ਆਈਆ । ਵਰਨ ਬਰਨ ਗਏ ਭੁੱਲ, ਸਾਚੀ ਸਰਨ ਨਾ ਕੋਇ ਤਕਾਈਆ । ਅੰਮ੍ਰਿਤ ਆਤਮ ਗਿਆ ਡੁੱਲ੍ਹ, ਗੋਬਿੰਦ ਭੁੱਲਿਆ ਸਾਚਾ ਮਾਹੀਆ । ਪਾਣੀ ਪਿਆ ਕਾਇਆ ਚੁਲ੍ਹ, ਨਿਰਗੁਣ ਜੋਤ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਸਾਚਾ ਹਰਿ, ਸਾਚਾ ਹੁਕਮ ਆਪ ਜਣਾਈਆ । ਹੁਕਮ ਜਣਾਏ ਧੁਰ ਫ਼ਰਮਾਨਾ, ਆਦਿ ਜੁਗਾਦੀ ਕਾਰ । ਕਰੇ ਖੇਲ ਸ੍ਰੀ ਭਗਵਾਨਾ, ਕਲਜੁਗ ਤੇਰੀ ਅੰਤਮ ਵਾਰ । ਪਰਗਟ ਹੋਵੇ ਨਿਹਕਲੰਕ ਬਲੀ ਬਲਵਾਨਾ, ਨਿਰਗੁਣ ਜੋਤ ਨੂਰ ਉਜਿਆਰ । ਆਪੇ ਵਰਤੇ ਆਪਣਾ ਭਾਣਾ, ਲੇਖਾ ਜਾਣੇ ਸਰਬ ਸੰਸਾਰ । ਤਖ਼ਤੋਂ ਲਾਹੇ ਰਾਜਾ ਰਾਣਾ, ਨੌਂ ਖੰਡ ਪ੍ਰਿਥਮੀ ਕਰੇ ਖ਼ਵਾਰ । ਸੱਤਾਂ ਦੀਪਾਂ ਤੋੜੇ ਮਾਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਪਰ ਅਪਾਰ । ਅਪਰ ਅਪਾਰਾ ਖੇਲ ਖਿਲੌਣਾ, ਸਚਖੰਡ ਮਤਾ ਪਕਾਈਆ । ਕਲਜੁਗ ਝੂਠਾ ਬੁਰਜ ਢੌਣਾ, ਵੇਲਾ ਅੰਤ ਦਏ ਸਮਝਾਈਆ । ਗੁਰ ਅਵਤਾਰਾਂ ਦਰ ਬਹੌਣਾ, ਏਕਾ ਹੁਕਮ ਸੁਣਾਈਆ । ਸਭ ਦਾ ਲੇਖਾ ਵੇਖ ਵਖੌਣਾ, ਅਭੁਲ ਭੁੱਲ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸੱਚਾ ਸ਼ਹਿਨਸ਼ਾਹ ਨਿਰੰਕਾਰ, ਇਕ ਇਕੱਲਾ ਖੇਲ ਖਿਲਾਇੰਦਾ । ਤਖ਼ਤ ਨਿਵਾਸੀ ਬਣ ਸਿਕਦਾਰ, ਸਾਚੇ ਤਖ਼ਤ ਸੋਭਾ ਪਾਇੰਦਾ । ਨਵ ਨੌਂ ਚਾਰ ਕਰੇ ਖ਼ਵਾਰ, ਚਾਰ ਕੁੰਟ ਵੇਖ ਵਖਾਇੰਦਾ । ਸ੍ਰਿਸ਼ਟ ਸਬਾਈ ਜਾਏ ਹਾਰ, ਹਾਰ ਜਿਤ ਨਾ ਕੋਇ ਜਣਾਇੰਦਾ । ਲੇਖਾ ਜਾਣੇ ਤੇਈ ਅਵਤਾਰ, ਗੁਰ ਗੁਰ ਦਸ ਵੇਖ ਵਖਾਇੰਦਾ । ਗੋਬਿੰਦ ਮੀਤਾ ਸਾਂਝਾ ਯਾਰ, ਖੰਡਾ ਏਕਾ ਨਾਮ ਚਮਕਾਇੰਦਾ । ਵਰਨ ਬਰਨ ਮਾਰੇ ਮਾਰ, ਤੇਜ਼ ਧਾਰ ਆਪ ਰਖਾਇੰਦਾ । ਦਰ ਵਖਾਏ ਪੁਰਖ ਅਕਾਲ, ਦੂਜਾ ਇਸ਼ਟ ਨਾ ਕੋਇ ਜਣਾਇੰਦਾ । ਆਪਣਾ ਕਰੇ ਹੱਲ ਸਵਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਪਣਾ ਬੰਧਨ ਆਪੇ ਪਾਇੰਦਾ । ਪਾਇਆ ਬੰਧਨ ਹਰਿ ਗੋਬਿੰਦ, ਗੋਬਿੰਦ ਭੇਵ ਅਭੇਦ


੯੯੦

ਖੁਲ੍ਹਾਈਆ । ਨੌਂ ਖੰਡ ਪ੍ਰਿਥਮੀ ਮੇਟੇ ਚਿੰਦ, ਚਿੰਤਾ ਚਿਖਾ ਦਏ ਗਵਾਈਆ । ਚਾਰ ਕੁੰਟ ਨਾ ਕਰੇ ਕੋਈ ਨਿੰਦ, ਪੁਰਖ ਅਕਾਲ ਸਰਬ ਮਨਾਈਆ । ਘਟ ਘਟ ਦੇਵੇ ਅੰਮ੍ਰਿਤ ਆਤਮ ਸਾਗਰ ਸਿੰਧ, ਨਿਝਰ ਝਿਰਨਾ ਆਪ ਝਿਰਾਈਆ । ਮਿਹਰਵਾਨ ਹੋਏ ਗਹਿਰ ਗੰਭੀਰ ਗੁਣੀ ਗਹਿੰਦ, ਆਪ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਏਕਾ ਮਤਾ ਪਕਾਈਆ । ਸਚਖੰਡ ਦਵਾਰੇ ਮਤਾ ਪਕਾਇਆ, ਪੁਰਖ ਅਬਿਨਾਸ਼ੀ ਆਪਣਾ ਮੇਲਾ ਆਪ ਮਿਲਾਈਆ । ਲੱਖ ਚੁਰਾਸੀ ਵੇਖ ਵਖਾਇਆ, ਘਟ ਘਟ ਆਪਣਾ ਫੇਰਾ ਪਾਈਆ । ਚੌਥੇ ਜੁਗ ਚੌਥੇ ਵਰਨ ਵੰਡ ਵੰਡਾਇਆ, ਚਾਰੇ ਖਾਣੀ ਚਾਰੇ ਬਾਣੀ ਚਾਰੇ ਵੇਦ ਦੇਣ ਗਵਾਹੀਆ । ਗੁਰ ਸ਼ਬਦ ਹਾਣੀ ਕਿਸੇ ਨਜ਼ਰ ਨਾ ਆਇਆ, ਭੁੱਲੀ ਸਰਬ ਲੋਕਾਈਆ । ਅਠਸਠ ਤੀਰਥ ਪਾਣੀ ਵਰੋਲ ਵਖਾਇਆ, ਸਚ ਅਸ਼ਨਾਨ ਨਾ ਕੋਇ ਕਰਾਈਆ । ਰਸਨਾ ਪੜ੍ਹ ਪੜ੍ਹ ਵਾਦ ਵਧਾਇਆ, ਅਨਹਦ ਤਾਲ ਨਾ ਕੋਇ ਵਜਾਈਆ । ਤੇਲ ਬਾਤੀ ਦੀਪਕ ਰਹੇ ਜਗਾਇਆ, ਘਰ ਜੋਤ ਨਿਰੰਜਣ ਨਾ ਕੋਇ ਰੁਸ਼ਨਾਈਆ । ਸਾਚਾ ਸਾਥੀ ਕੋਈ ਨਜ਼ਰ ਨਾ ਆਇਆ, ਬਿਨ ਸਤਿਗੁਰ ਪੂਰੇ ਸੰਗ ਨਾ ਕੋਇ ਨਿਭਾਈਆ । ਝੂਠੀ ਹਾਟੀ ਜਗਤ ਵਿਕਾਇਆ, ਗੁਰ ਕਾ ਹੱਟ ਨਾ ਕੋਇ ਵਖਾਈਆ । ਪੁਰਖ ਅਬਿਨਾਸ਼ੀ ਸਰਬ ਭੁਲਾਇਆ, ਆਪਣਾ ਆਪਣਾ ਇਸ਼ਟ ਰਹੇ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਹਰਿ ਜੂ ਖੜ, ਆਪਣਾ ਪਰਦਾ ਆਪ ਉਠਾਈਆ । ਕਲਜੁਗ ਅੰਤਮ ਆਪਣੇ ਕੰਡੇ ਆਪੇ ਤੋਲੇ, ਲੱਖ ਚੁਰਾਸੀ ਤੋਲ ਤੁਲਾਈਆ । ਸਭ ਦਾ ਲੇਖਾ ਝੂਠਾ ਪਰਦਾ ਆਪੇ ਖੋਲ੍ਹੇ, ਆਪੇ ਖੋਲ੍ਹ ਖੁਲ੍ਹਾਈਆ । ਸਾਚੀ ਵਸਤ ਕਿਸੇ ਨਾ ਕੋਲੇ, ਅੰਤਮ ਬੈਠੇ ਮੁਖ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਬਣਿਆ ਤੋਲਾ, ਨਾਮ ਕੰਡਾ ਹੱਥ ਉਠਾਇੰਦਾ । ਸ੍ਰਿਸ਼ਟ ਸਬਾਈ ਰੱਖੇ ਓਹਲਾ, ਗੁਰਮੁਖ ਵਿਰਲੇ ਦਰਸ ਦਿਖਾਇੰਦਾ । ਆਪੇ ਬਦਲੇ ਆਪਣਾ ਚੋਲਾ, ਪੰਜ ਤੱਤ ਨਾ ਕੋਇ ਜਣਾਇੰਦਾ । ਧਰਨੀ ਕਰੇ ਭਾਰ ਹੌਲਾ, ਲੱਖ ਚੁਰਾਸੀ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਦਵਾਰੇ ਆਪੇ ਵੜ, ਆਪਣਾ ਪਰਦਾ ਆਪ ਉਠਾਇੰਦਾ । ਕਲਜੁਗ ਪੈਂਡਾ ਰਿਹਾ ਮੁੱਕ, ਹਰਿ ਪੁਰਖ ਨਿਰੰਜਣ ਰਿਹਾ ਮੁਕਾਈਆ । ਗੋਬਿੰਦ ਲੇਖਾ ਗਿਆ ਲਿਖ, ਨਾ ਕੋਈ ਮੇਟੇ ਮੇਟ ਮਿਟਾਈਆ । ਨੌਂ ਖੰਡ ਪ੍ਰਿਥਮੀ ਨੇਤਰ ਨੈਣਾਂ ਪੇਖ, ਆਪ ਆਪਣੇ ਰੰਗ ਆਪ ਸਮਾਈਆ । ਨਾ ਕੋਈ ਸੋਗ ਨਾ ਕੋਈ ਹਰਖ, ਹਰਖ ਸੋਗ ਨਾ ਕੋਇ ਜਣਾਈਆ । ਘਰ ਘਰ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਦੇਵੇ ਦਰਸ, ਜੋਤੀ ਜੋਤ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਅੰਤਮ ਆਪਣਾ ਵੇਸ ਵਟਾਈਆ । ਅੰਤਮ ਵੇਸ ਵੇਸ ਅਪਾਰਾ, ਅਨਕ ਕਲਧਾਰੀ ਆਪ ਕਰਾਇੰਦਾ । ਲੋਕਮਾਤ ਮਾਤ ਹੋ ਉਜਿਆਰਾ, ਲੋਕਮਾਤ ਵੇਖ ਵਖਾਇੰਦਾ । ਚੌਦਾਂ ਲੋਕ ਲੋਕ ਅਖਾੜਾ, ਸਚ ਅਖਾੜਾ ਆਪ ਲਗਾਇੰਦਾ । ਚੌਦਾਂ ਤਬਕ ਤਬਕ ਕਿਨਾਰਾ, ਅੰਤ ਕਿਨਾਰਾ ਆਪ ਜਣਾਇੰਦਾ । ਲੇਖਾ ਚੁੱਕੇ ਰਵ ਸਸ ਸਤਾਰਾ, ਸੂਰਜ ਚੰਨ ਮੁਖ ਸ਼ਰਮਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰੇ ਪਾਰ ਕਿਨਾਰਾ, ਨੇਤਰ ਨੀਰ ਸਰਬ ਵਹਾਇੰਦਾ । ਸੁਰਪਤ ਰਾਜਾ ਇੰਦ ਹੋਏ ਖ਼ਵਾਰਾ, ਕਰੋੜ ਤੇਤੀਸ ਨਾ ਸੰਗ ਨਿਭਾਇੰਦਾ । ਨੌਂ ਖੰਡ ਪ੍ਰਿਥਮੀ ਦੇਵੇ ਏਕਾ ਨਾਮ ਆਧਾਰਾ, ਨਵ ਨੌਂ ਆਪਣੀ ਧਾਰ ਚਲਾਇੰਦਾ । ਏਕਾ ਨਾਦ ਸ਼ਬਦ ਧੁੰਨਕਾਰਾ, ਘਟ ਘਟ ਅੰਦਰ ਆਪ ਵਜਾਇੰਦਾ ।

੯੯੧
੧੦

ਏਕਾ ਅੰਮ੍ਰਿਤ ਠੰਡੀ ਠਾਰਾ, ਘਰ ਸਰੋਵਰ ਆਪ ਵਖਾਇੰਦਾ । ਏਕਾ ਸਤਿਗੁਰ ਮੀਤ ਮੁਰਾਰਾ, ਘਟ ਘਟ ਆਸਣ ਲਾਇੰਦਾ । ਏਕਾ ਬ੍ਰਹਮ ਕਰੇ ਪਸਾਰਾ, ਏਕਾ ਈਸ਼ ਜੀਵ ਨਗਾਰਾ, ਤਾਲ ਤਲਵਾੜਾ ਆਪ ਵਜਾਇੰਦਾ । ਏਕਾ ਮੰਦਰ ਇਕ ਦਵਾਰਾ, ਏਕਾ ਗੁਰੂ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਤੇਰੀ ਅੰਤਮ ਵਰ, ਲੋਕਮਾਤ ਵੇਸ ਵਟਾਇੰਦਾ । ਲੋਕਮਾਤ ਸਾਚਾ ਹਰਿ, ਨਿਰਗੁਣ ਜੋਤ ਜੋਤ ਰੁਸ਼ਨਾਈਆ । ਸੰਬਲ ਨਗਰ ਬੈਠਾ ਵੜ, ਦਿਸ ਕਿਸੇ ਨਾ ਆਈਆ । ਨਾ ਕੋਈ ਸੀਸ ਨਾ ਕੋਈ ਧੜ, ਰੂਪ ਰੰਗ ਰੇਖ ਨਾ ਕੋਇ ਜਣਾਈਆ । ਆਪਣੀ ਵਿਦਿਆ ਆਪੇ ਪੜ੍ਹ, ਬ੍ਰਹਿਮੰਡ ਬ੍ਰਹਿਮਾਂਡ ਕਰੇ ਪੜ੍ਹਾਈਆ । ਨਾ ਪੁਰਖ ਨਾ ਨਾਰੀ ਨਰ, ਨਰ ਨਰਾਇਣ ਸੱਚਾ ਸ਼ਹਿਨਸ਼ਾਹੀਆ । ਆਪਣੀ ਕਰਨੀ ਰਿਹਾ ਕਰ, ਕਰਨੀ ਕਰਤਾ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਸਾਚੇ ਦਏ ਵਡਿਆਈਆ । ਸਚਖੰਡ ਨਿਵਾਸੀ ਸਚ ਨਰੇਸ਼, ਨਿਰਗੁਣ ਨਿਰਵੈਰ ਪੁਰਖ ਅਕਾਲ ਅਖਵਾਈਆ । ਆਦਿ ਜੁਗਾਦਿ ਸਦਾ ਆਦੇਸ, ਨਿਹਚਲ ਧਾਮ ਅਟਲ ਬੈਠਾ ਆਸਣ ਲਾਈਆ । ਜੁਗਾ ਜੁਗੰਤਰ ਕਰੇ ਵੇਸ, ਵੇਸ ਅਨੇਕਾ ਰੂਪ ਵਟਾਈਆ । ਸੇਵਾ ਲਾਏ ਵਿਸ਼ਨ ਬ੍ਰਹਮ ਮਹੇਸ਼, ਸ਼ੰਕਰ ਆਪਣੀ ਗਤ ਜਣਾਈਆ । ਮੁੱਛ ਦਾੜ੍ਹੀ ਨਾ ਕੋਇ ਕੇਸ, ਮੂੜ ਮੁੰਡਾਏ ਨਾ ਸੱਚਾ ਮਾਹੀਆ । ਆਪਣੇ ਨੂਰ ਆਪ ਪਰਵੇਸ਼, ਜੋਤੀ ਜੋਤ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਘਰ ਵਸੇ ਸਾਚਾ ਮਾਹੀਆ । ਸਾਚੇ ਘਰ ਵਸੇ ਪਰਵਰਦਿਗਾਰ, ਬੇਐਬ ਨਾਮ ਖ਼ੁਦਾਇਆ । ਮੁਕਾਮੇ ਹੱਕ ਕਰ ਤਿਆਰ, ਆਸਣ ਸਿੰਘਾਸਣ ਇਕ ਸੁਹਾਇਆ । ਨੂਰ ਨੁਰਾਨਾ ਜਲਵਾ ਅਪਾਰ, ਨੂਰੋ ਨੂਰ ਡਗਮਗਾਇਆ । ਮਿਹਬਾਨ ਬੀਦੋ ਸਾਂਝਾ ਯਾਰ, ਸਗਲਾ ਸੰਗ ਆਪ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਤਖ਼ਤ ਆਪ ਵਡਿਆਇਆ । ਸਾਚੇ ਤਖ਼ਤ ਬਹੇ ਨਿਰੰਕਾਰਾ, ਅਜੂਨੀ ਰਹਿਤ ਵਡੀ ਵਡਿਆਈਆ । ਦੋ ਜਹਾਨਾਂ ਪਾਵੇ ਸਾਰਾ, ਦੋ ਜਹਾਨਾਂ ਵਾਲੀ ਇਕ ਖ਼ੁਦਾਈਆ । ਲੱਖ ਚੁਰਾਸੀ ਦਏ ਅਧਾਰਾ, ਖ਼ਾਲਕ ਖ਼ਲਕ ਮਖ਼ਲੂਕ ਆਪਣੀ ਧਾਰ ਬੰਧਾਈਆ । ਘਟ ਘਟ ਅੰਦਰ ਨਾਦ ਵਜਾਏ ਨਾਮ ਜੈਕਾਰਾ, ਆਪਣੀ ਸਦ ਬਾਂਗ ਸੁਣਾਈਆ । ਗ੍ਰਿਹ ਗ੍ਰਿਹ ਅੰਦਰ ਨਿਰਗੁਣ ਨੂਰ ਜੋਤ ਕਰ ਉਜਿਆਰਾ, ਘਰ ਘਰ ਜੋਤੀ ਜੋਤ ਦੀਪਕ ਦੀਪ ਕਰੇ ਰੁਸ਼ਨਾਈਆ । ਦਰ ਦਰ ਸਖ਼ੀਆਂ ਗਾਏ ਮੰਗਲਚਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰ ਕਿਰਪਾ ਵੇਸ ਵਟਾਈਆ । ਵੇਸ ਵਟਾਏ ਹਰਿ ਕਰਤਾਰ, ਕੁਦਰਤ ਕ਼ਾਦਰ ਵੇਖ ਵਖਾਈਆ । ਸਤਿਜੁਗ ਤ੍ਰੇਤਾ ਦੁਆਪਰ ਉਤਰਿਆ ਪਾਰ, ਕਲਜੁਗ ਵੇਲਾ ਅੰਤਮ ਆਈਆ । ਲੇਖਾ ਜਾਣੇ ਗੁਰ ਅਵਤਾਰ, ਈਸਾ ਮੂਸਾ ਕਰੇ ਸਬਕ ਪੜ੍ਹਾਈਆ । ਕਲਮੀ ਕਲਮਾ ਕਰ ਤਿਆਰ, ਆਲਮੀਨ ਜਣਾਈਆ । ਏਕਾ ਨਬੀ ਰਸੂਲ ਹੋਇਆ ਖ਼ਬਰਦਾਰ, ਜਲਵਾ ਨੂਰ ਜਲਾਲ ਵਖਾਈਆ । ਏਕਾ ਤਾਲੀਮ ਦਏ ਸੰਸਾਰ, ਅਜ਼ੀਮੁਲਸ਼ਾਨ ਆਪਣੀ ਸ਼ਾਨ ਵਧਾਈਆ । ਅਲਿਫ਼ ਯੇ ਕਰ ਪਿਆਰ, ਸਾਬਤ ਸੂਰਤ ਰੱਬ ਦੀ ਦਏ ਵਖਾਈਆ । ਸਚ ਹਦੀਸ ਬੋਲ ਜੈਕਾਰ, ਨਗ਼ਮਾ ਨਾਅਰਾ ਦਏ ਸੁਣਾਈਆ । ਮੁਰਸ਼ਦ ਮੁਰੀਦ ਬਣੇ ਨਿਰੰਕਾਰ, ਹਕ ਹੱਕ ਕਰੇ ਪੜ੍ਹਾਈਆ । ਸਚ ਮਹਿਰਾਬੇ ਹੋ ਤਿਆਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਆਪ ਵਖਾਈਆ । ਰੰਗ ਵਖਾਏ ਏਕਾ ਅੱਲਾ, ਇਲਾਹੀ ਨੂਰ ਪਰਗਟਾਇਆ । ਆਪਣਾ ਆਪ ਕਰੇ ਬਿਸਮਿੱਲਾ, ਬਿਸਮਿਲ ਆਪਣੀ ਧਾਰ

੯੯੨

ਚਲਾਇਆ । ਨਾਲ ਰਲਾਏ ਇਲਲਿੱਲਾ, ਲਿਖਣ ਪੜ੍ਹਨ ਵਿਚ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਬੰਧਨ ਪਾਇਆ । ਆਪਣਾ ਬੰਧਨ ਕਲਮੀ ਕਲਾਮ, ਕਲਮਾ ਨਬੀ ਆਪ ਪੜ੍ਹਾਈਆ । ਆਪੇ ਦੀਨ ਆਪ ਇਸਲਾਮ, ਇਸਮ ਆਜ਼ਮ ਆਪ ਜਣਾਈਆ । ਆਪੇ ਨੂਰ ਆਪੇ ਬਾਤਨ ਆਪੇ ਦਏ ਜਲਾਲ, ਆਪੇ ਬੈਠਾ ਮੁਖ ਛੁਪਾਈਆ । ਆਪੇ ਹੱਕ ਆਪ ਹਲਾਲ, ਆਪੇ ਹਕੀਕਤ ਬੇਮਿਸਾਲ, ਬੇਐਬ ਆਪ ਹੋ ਜਾਈਆ । ਆਪੇ ਬਣੇ ਜਗਤ ਦਲਾਲ, ਵਣਜ ਵਣਜਾਰਾ ਇਕ ਕਰਾਈਆ । ਆਪੇ ਵਸੇ ਕਾਇਆ ਮਾਟੀ ਖਾਲ, ਆਪੇ ਕਾਇਆ ਕਾਅਬਾ ਕਰੇ ਵਡਿਆਈਆ । ਆਪੇ ਚਲੇ ਅਵੱਲੜੀ ਚਾਲ, ਦੋ ਦੋ ਆਬਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਪੁਨ ਆਪ ਸਵਾਬਾ, ਆਪ ਵਜਾਏ ਸਚ ਰਬਾਬਾ, ਆਪ ਮਿਲਾਏ ਇਕ ਅਹਿਬਾਬਾ, ਆਪ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਲੇਖਾ ਆਪੇ ਰਿਹਾ ਮੁਕਾਈਆ । ਜੁਗ ਜੁਗ ਲੇਖਾ ਪੀਰ ਦਸਤਗੀਰ, ਹਰਿ ਸਾਚਾ ਆਪ ਵਖਾਇੰਦਾ । ਲੋਕਮਾਤ ਘੱਲੇ ਮਾਰ ਜ਼ੰਜੀਰ, ਨਾਮ ਜ਼ੰਜੀਰ ਆਪਣੇ ਹੱਥ ਰਖਾਇੰਦਾ । ਅੰਤਮ ਮੇਲਾ ਕਰੇ ਅਖ਼ੀਰ, ਆਪਣੀ ਕਰਨੀ ਆਪ ਕਰਾਇੰਦਾ । ਪੰਜ ਤੱਤ ਤੁਟੇ ਬਸਤਰ ਚੀਰ, ਚੀਰਾ ਸੀਸ ਜਗਦੀਸ ਆਪ ਬੰਧਾਇੰਦਾ । ਸਦੀ ਚੌਧਵੀਂ ਘੱਤੇ ਵਹੀਰ, ਧੀਰਜ ਧੀਰ ਨਾ ਕੋਇ ਕਰਾਇੰਦਾ । ਸੰਗ ਮੁਹੰਮਦ ਚਾਰ ਯਾਰ ਕੋਇ ਨਾ ਦੇਵੇ ਕਿਸੇ ਨੀਰ, ਆਬ ਹਯਾਤ ਨਾ ਕੋਇ ਪਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਸਭ ਦਾ ਲੇਖਾ ਆਪ ਮੁਕਾਇੰਦਾ । ਲੇਖਾ ਮੁੱਕੇ ਸੰਗ ਮੁਹੰਮਦ ਚਾਰ ਯਾਰ, ਅੱਲਾ ਰਾਣੀ ਮੁਖ ਸ਼ਰਮਾਈਆ । ਮਕਤਬ ਪੜ੍ਹੇ ਨਾ ਕੋਇ ਕਰੇ ਵਿਚਾਰ, ਆਲਮ ਇਲਮ ਨਾ ਕੋਇ ਜਣਾਈਆ । ਮੁਖ਼ਾਤਬ ਹੋ ਖ਼ਤਾਬ ਦੇਵੇ ਨਾ ਵਿਚ ਕੋਇ ਸੰਸਾਰ, ਸ਼ਰਅ ਸ਼ਰੀਅਤ ਦਏ ਮਿਟਾਈਆ । ਏਕਾ ਕਲਮਾ ਜਣਾਏ ਆਪ ਨਿਰੰਕਾਰ, ਹਰਫ਼ ਬਹਰਫ਼ ਕਰੇ ਪੜ੍ਹਾਈਆ । ਵਰਨ ਬਰਨ ਕਰੇ ਖ਼ਵਾਰ, ਵੰਡਣ ਵੰਡ ਨਾ ਕੋਇ ਵੰਡਾਈਆ । ਨੌਂ ਖੰਡ ਪ੍ਰਿਥਮੀ ਬਣੇ ਇਕ ਸਿਕਦਾਰ, ਏਕਾ ਮਾਰਗ ਦਏ ਲਗਾਈਆ । ਚਾਰ ਵਰਨ ਸੋਹਣ ਇਕ ਦਰਬਾਰ, ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਹਿੰਦੂ ਮੁਸਲਿਮ ਸਿਖ ਈਸਾਈ ਨਾ ਕੋਇ ਅਖਵਾਈਆ । ਏਕਾ ਨਾਮ ਬੋਲਣ ਜੈਕਾਰ, ਪੁਰਖ ਅਕਾਲ ਸਰਬ ਧਿਆਈਆ । ਕਾਇਆ ਮੰਦਰ ਅੰਦਰ ਵਖਾਏ ਸੱਚਾ ਗੁਰੂਦਵਾਰ, ਹਰਿ ਮੰਦਰ ਬੈਠਾ ਸਾਚਾ ਮਾਹੀਆ । ਉੱਤਰ ਪੂਰਬ ਪੱਛਮ ਦੱਖਣ ਚਾਰੇ ਦਿਸ਼ਾ ਪਾਵੇ ਸਾਰ, ਆਲਸ ਨਿੰਦਰਾ ਵਿਚ ਨਾ ਆਈਆ । ਠਾਕਰ ਮਿਲੇ ਠਾਕਰ ਦਵਾਰ, ਠੋਕਰ ਠਾਕਰ ਨਾਮ ਲਗਾਈਆ । ਮੀਆਂ ਕਰੇ ਅੱਲਾ ਪਿਆਰ, ਅੱਲਾ ਮੀਆਂ ਏਕਾ ਘਰ ਵੱਜੇ ਵਧਾਈਆ । ਗੁਰਮੁਖ ਗੁਰ ਗੁਰ ਬਣੇ ਨਾਰ ਕੰਤ ਭਤਾਰ, ਨਾਰ ਕੰਤ ਏਕਾ ਸੇਜਾ ਸੋਭਾ ਪਾਈਆ । ਗੋਪੀ ਕਾਹਨ ਕਰੇ ਮੰਗਲਾਚਾਰ, ਸਚੇ ਮੰਡਲ ਰਾਸ ਰਚਾਈਆ । ਕਰੇ ਖੇਲ ਆਪ ਕਰਤਾਰ, ਦੂਸਰ ਓਟ ਨਾ ਕੋਇ ਤਕਾਈਆ । ਦੀਨ ਮਜ਼੍ਹਬ ਕਰ ਖ਼ਵਾਰ, ਏਕਾ ਬ੍ਰਹਮ ਦਏ ਵਖਾਈਆ । ਗੋਬਿੰਦ ਗੋਬਿੰਦ ਗੋਬਿੰਦ ਨਜ਼ਰੀ ਆਏ ਵਿਚ ਸੰਸਾਰ, ਜਗਤ ਨੇਤਰ ਦਏ ਖੁਲ੍ਹਾਈਆ । ਕਲਜੁਗ ਜੜ੍ਹ ਉਖੜੇ ਅੰਤਮ ਵਾਰ, ਛੋਟੇ ਬਾਲੇ ਰਹੇ ਉਖੜਾਈਆ । ਸਤਿਜੁਗ ਮਹੱਲਾ ਵਸੇ ਆਪਣੀ ਵਾਰ, ਸਤਿਗੁਰ ਪੂਰਾ ਆਪ ਵਸਾਈਆ । ਕਲਗ਼ੀ ਤੋੜਾ ਸੋਹੇ ਸੀਸ ਦਸਤਾਰ, ਪਰਗਟ ਹੋਵੇ ਸੱਚਾ ਸ਼ਹਿਨਸ਼ਾਹੀਆ । ਨੌਂ ਖੰਡ ਪ੍ਰਿਥਮੀ ਬੋਲੇ ਇਕ ਜੈਕਾਰ, ਫ਼ਤਹਿ ਡੰਕਾ ਦਏ ਵਜਾਈਆ ।


੬੬੩
੧੦

ਰਾਜ ਰਾਜਾਨ ਸ਼ਾਹ ਸੁਲਤਾਨ ਆਇਣ ਚਲ ਦਵਾਰ, ਬੈਠਣ ਸੀਸ ਝੁਕਾਈਆ । ਕ਼ੁਦਰਤ ਕ਼ਾਦਰ ਕਰੇ ਪਿਆਰ, ਬਖ਼ਸ਼ਿਸ਼ ਬਖ਼ਸ਼ੇ ਨਾ ਦੀਸੇ ਕੋਇ ਗੁਨਾਹੀਆ । ਗੁਰਮੁਖਾਂ ਦੇਵੇ ਇਕ ਆਧਾਰ, ਅੰਮ੍ਰਿਤ ਆਤਮ ਜਾਮ ਪਿਆਈਆ । ਗੁਰਸਿਖਾਂ ਕਰੇ ਸਚ ਪਿਆਰ, ਦਿਵਸ ਰੈਣ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਏਕਾ ਹਰਿ, ਜੁਗ ਜੁਗ ਵੇਸ ਆਪੇ ਕਰ, ਜਗ ਜੁਗ ਜਗਤ ਬੰਧਨ ਦੇਵੇ ਕਟਾਈਆ ।

## ★ ੨੬ ਸਾਵਣ ੨੦੧੮ ਬਿਕ੍ਰਮੀ ਮਸਾ ਸਿੰਘ ਦੇ ਗ੍ਰਿਹ ਪਿੰਡ ਬਲ ★

ਆਦਿ ਪੁਰਖ ਏਕੰਕਾਰਾ, ਅਕਲ ਕਲਾ ਅਖਵਾਇੰਦਾ । ਵਸਣਹਾਰਾ ਸਚਖੰਡ ਸੱਚੇ ਦਵਾਰਾ, ਥਿਰ ਘਰ ਸਾਚੇ ਸੋਭਾ ਪਾਇੰਦਾ । ਨਿਰਗੁਣ ਜੋਤ ਨੂਰ ਉਜਿਆਰਾ, ਨੂਰ ਨੁਰਾਨਾ ਡਗਮਗਾਇੰਦਾ । ਸ਼ਾਹੋ ਭੂਪ ਬਣ ਸਿਕਦਾਰਾ, ਸਾਚੇ ਤਖ਼ਤ ਸੋਭਾ ਪਾਇੰਦਾ । ਕਰੇ ਖੇਲ ਅਗੰਮ ਅਪਾਰਾ, ਅਲਖ ਅਗੋਚਰ ਆਪਣੀ ਧਾਰ ਚਲਾਇੰਦਾ । ਹੁਕਮੀ ਹੁਕਮ ਵਰਤੇ ਵਰਤਾਰਾ, ਧੁਰ ਫ਼ਰਮਾਨਾ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਆਪਣਾ ਖੇਲ ਆਪ ਖਿਲਾਇੰਦਾ । ਸੋ ਪੁਰਖ ਨਿਰਜੰਣ ਹਰਿ ਮਿਹਰਵਾਨਾ, ਏਕਾ ਰੰਗ ਸਮਾਇੰਦਾ । ਹਰਿ ਪੁਰਖ ਨਿਰੰਜਣ ਮਰਦ ਮਰਦਾਨਾ, ਬਲਧਾਰੀ ਵੇਸ ਵਟਾਇੰਦਾ । ਏਕੰਕਾਰਾ ਸ਼ਾਹ ਸੁਲਤਾਨਾ, ਤਖ਼ਤ ਨਿਵਾਸੀ ਸੋਭਾ ਪਾਇੰਦਾ । ਆਦਿ ਨਿਰੰਜਣ ਨੂਰ ਨੁਰਾਨਾ, ਜੋਤੀ ਨੂਰ ਡਗਮਗਾਇੰਦਾ । ਸ੍ਰੀ ਭਗਵਾਨ ਵਸਣਹਾਰਾ ਸਚ ਮਕਾਨਾ, ਸਚਖੰਡ ਦਵਾਰੇ ਸੋਭਾ ਪਾਇੰਦਾ । ਸ੍ਰੀ ਭਗਵਾਨ ਇਕ ਰਖਾਏ ਸਤਿ ਨਿਸ਼ਾਨਾ, ਦਰਗਾਹ ਸਾਚੀ ਆਪ ਝੁਲਾਇੰਦਾ । ਪਾਰਬ੍ਰਹਮ ਦਰ ਕਰ ਪਰਵਾਨਾ, ਸਚ ਸੰਦੇਸਾ ਇਕ ਸੁਣਾਇੰਦਾ । ਕਰੇ ਖੇਲ ਖੇਲ ਮਹਾਨਾ, ਖੇਲਣਹਾਰਾ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੂਪ ਆਪ ਧਰਾਇੰਦਾ । ਆਪਣਾ ਰੂਪ ਆਪੇ ਧਰ, ਨਿਰਗੁਣ ਆਪਣੀ ਖੇਲ ਖਿਲਾਈਆ । ਆਪੇ ਪੁਰਖ ਨਾਰੀ ਨਰ, ਨਰ ਨਰਾਇਣ ਵਡੀ ਵਡਿਆਈਆ । ਨਿਰਗੁਣ ਅੰਦਰ ਨਿਰਗੁਣ ਵੜ, ਨਿਰਗੁਣ ਨਿਰਗੁਣ ਲਏ ਪਰਗਟਾਈਆ । ਨਿਰਗੁਣ ਮਾਤ ਨਿਰਗੁਣ ਪਿਤਾ ਆਪੇ ਬਣ, ਨਿਰਗੁਣ ਪੂਤ ਸਪੂਤਾ ਏਕਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਗੰਮ, ਅਗੰਮੜੀ ਕਾਰ ਕਰਾਇੰਦਾ । ਆਪੇ ਜਾਣੇ ਆਪਣਾ ਕੰਮ, ਕਰਤਾ ਪੁਰਖ ਆਪਣੀ ਕਾਰ ਕਮਾਇੰਦਾ । ਸੁਤ ਦੁਲਾਰਾ ਏਕਾ ਜੰਮ, ਸ਼ਬਦੀ ਨਾਉਂ ਧਰਾਇੰਦਾ । ਦਾਈ ਦਾਇਆ ਬੇੜਾ ਬੰਨ੍ਹ, ਸਾਚੀ ਸੇਵ ਕਮਾਇੰਦਾ । ਨਾ ਕੋਈ ਛੱਪਰ ਨਾ ਕੋਈ ਛੰਨ, ਸਾਚਾ ਮੰਦਰ ਆਪ ਬਣਾਇੰਦਾ । ਨਾ ਕੋਈ ਰਾਗ ਨਾ ਕੋਈ ਕੰਨ, ਤਾਰ ਸਤਾਰ ਨਾ ਕੋਇ ਹਿਲਾਇੰਦਾ । ਕਰੇ ਖੇਲ ਸ੍ਰੀ ਭਗਵਨ, ਆਪਣਾ ਪਰਦਾ ਆਪ ਉਠਾਇੰਦਾ । ਆਪਣਾ ਪਰਦਾ ਆਪ ਉਠਾ, ਆਪਣੀ ਦਇਆ ਕਮਾਈਆ । ਨਿਰਗੁਣ ਨਿਰਗੁਣ ਲਏ ਪਰਗਟਾ, ਨਿਰਗੁਣ ਪਿਤਾ ਨਿਰਗੁਣ ਮਾਈਆ । ਨਿਰਗੁਣ ਬਾਲ ਦੁਲਾਰਾ ਗੋਦ ਸੁਹਾ, ਸਚ ਸੁਹੰਜਣੀ ਗੋਦ ਬਹਾਈਆ । ਏਕਾ ਹੁਕਮ ਦਏ ਸੁਣਾ, ਧੁਰ ਫ਼ਰਮਾਨਾ, ਆਪ ਜਣਾਈਆ । ਸਾਚੀ ਵੰਡਣ ਵੰਡ ਵੰਡਾ, ਘਰ ਘਰ ਵਿਚ ਲਏ ਪਰਗਟਾਈਆ । ਥਿਰ ਘਰ ਸਾਚਾ


੯੯੪ ੧੦

ਲਏ ਬਣਾ, ਸੁਤ ਦੁਲਾਰੇ ਇਕ ਵਖਾਈਆ । ਨਿਰਗੁਣ ਜੋਤੀ ਆਪ ਜਗਾ, ਕਮਲਾਪਾਤੀ ਵੇਖੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣੀ ਰਚਨਾ ਆਪ ਰਚਾਈਆ । ਆਪਣੀ ਰਚਨਾ ਸੁਤ ਦੁਲਾਰ, ਹਰਿ ਸਾਚੇ ਆਪ ਉਪਾਇਆ । ਆਪੇ ਰੱਖ ਨਾਉਂ ਨਿਰੰਕਾਰ, ਆਪਣਾ ਨਾਉਂ ਆਪ ਪਰਗਟਾਇਆ । ਆਪੇ ਹੁਕਮੀ ਵਰਤੇ ਵਰਤਾਰ, ਸਚ ਸੰਦੇਸਾ ਇਕ ਸੁਣਾਇਆ । ਸਾਚੇ ਤਖ਼ਤ ਬੈਠ ਨਿਰੰਕਾਰ, ਸ਼ਾਹ ਪਾਤਸ਼ਾਹ ਆਪਣੀ ਖੇਲ ਖਿਲਾਇਆ । ਛੋਟਾ ਬਾਲਾ ਕਰ ਤਿਆਰ, ਸਾਚੀ ਸੇਵਾ ਆਪ ਲਗਾਇਆ । ਨਿਰਗੁਣ ਅੰਦਰ ਨਿਰਗੁਣ ਦਏ ਆਧਾਰ, ਨਿਰਗੁਣ ਮੇਲਾ ਸਹਿਜ ਸੁਭਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਦਏ ਖੁਲ੍ਹਾਇਆ । ਨਿਰਗੁਣ ਅੰਦਰ ਨਿਰਗੁਣ ਵੜ, ਹਰਿ ਸਾਚੀ ਖੇਲ ਖਿਲਾਈਆ । ਸਚਖੰਡ ਦਵਾਰੇ ਬੈਠਾ ਚੜ੍ਹ, ਦਿਸ ਕਿਸੇ ਨਾ ਆਈਆ । ਆਪਣਾ ਘਾੜਨ ਆਪੇ ਘੜ, ਸਾਚੀ ਘਾੜਤ ਲਏ ਘੜਾਈਆ । ਆਪਣਾ ਅੱਖਰ ਆਪੇ ਪੜ੍ਹ, ਆਪੇ ਕਰੇ ਪੜ੍ਹਾਈਆ । ਆਦਿ ਜੁਗਾਦੀ ਏਕਾ ਹਰਿ, ਆਦਿ ਪੁਰਖ ਨਾਉਂ ਰਖਾਈਆ । ਨਾ ਜਨਮੇ ਨਾ ਜਾਏ ਮਰ, ਰੂਪ ਰੰਗ ਰੇਖ ਨਾ ਕੋਇ ਵਖਾਈਆ । ਸੁਤ ਦੁਲਾਰਾ ਥਿਰ ਘਰ ਸਾਚੇ ਧਰ, ਸਚਖੰਡ ਵੇਖੇ ਸੱਚਾ ਮਾਹੀਆ । ਏਕਾ ਦੇਵੇ ਸਾਚਾ ਵਰ, ਵਸਤ ਅਮੋਲਕ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਗੁਣ ਦਏ ਸਮਝਾਈਆ । ਏਕਾ ਗੁਣ ਸ੍ਰੀ ਭਗਵਾਨ, ਸ਼ਬਦੀ ਸੁਤ ਆਪ ਜਣਾਇੰਦਾ । ਏਕਾ ਬਖ਼ਸ਼ੇ ਚਰਨ ਧਿਆਨ, ਚਰਨ ਦਵਾਰਾ ਇਕ ਵਖਾਇੰਦਾ । ਏਕਾ ਨਾਮ ਏਕਾ ਗਿਆਨ, ਏਕਾ ਆਪਣਾ ਨਾਉਂ ਮੰਤਰ ਸਚ ਦ੍ਰਿੜਾਇੰਦਾ । ਏਕਾ ਮੰਦਰ ਇਕ ਮਕਾਨ, ਸਚ ਸਿੰਘਾਸਣ ਇਕ ਵਖਾਇੰਦਾ । ਏਕਾ ਹੁਕਮ ਇਕ ਫ਼ਰਮਾਨ, ਸਾਚੇ ਧੰਦੇ ਆਪੇ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਫ਼ਰਮਾਨਾ ਹੁਕਮ ਜਣਾਇੰਦਾ । ਧੁਰ ਫ਼ਰਮਾਨਾ ਸਾਚਾ ਭੂਪ, ਹਰਿ ਸਾਚਾ ਸਚ ਜਣਾਈਆ । ਨਿਰਗੁਣ ਨਿਰਵੈਰ ਆਪੇ ਜਾਣੇ ਆਪਣਾ ਰੂਪ, ਅਜੂਨੀ ਰਹਿਤ ਵਡੀ ਵਡਿਆਈਆ । ਆਪੇ ਤਾਗਾ ਆਪੇ ਸੂਤ, ਤਾਣਾ ਪੇਟਾ ਆਪ ਹੋ ਜਾਈਆ । ਆਪੇ ਵਸੇ ਆਪਣੀ ਕੂਟ, ਦੂਜੀ ਦਿਸ਼ਾ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਇਕ ਲਗਾਈਆ । ਸਾਚੀ ਸੇਵਾ ਹਰਿ ਨਿਰੰਕਾਰ, ਸੁਤ ਸ਼ਬਦੀ ਆਪ ਜਣਾਇੰਦਾ । ਥਿਰ ਘਰ ਵਸਦਾ ਰਹੇ ਤੇਰਾ ਦਰਬਾਰ, ਪੁਰਖ ਅਬਿਨਾਸ਼ੀ ਆਪ ਵਸਾਇੰਦਾ । ਆਦਿ ਜੁਗਾਦਿ ਰਹੇ ਉਜਿਆਰ, ਨਿਰਗੁਣ ਜੋਤ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਇੰਦਾ । ਹੁਕਮ ਵਰਤੇ ਹਰਿ ਭਗਵਾਨਾ, ਏਕਾ ਇਕ ਜਣਾਈਆ । ਸ਼ਬਦੀ ਤੇਰਾ ਸਚ ਨਿਸ਼ਾਨਾ, ਸਤਿ ਪੁਰਖ ਨਿਰੰਜਣ ਆਪ ਝੁਲਾਈਆ । ਤੇਰਾ ਬੰਸ ਬਣੇ ਮਹਾਨਾ, ਸਰਬੰਸ ਤੇਰੀ ਵਡਿਆਈਆ । ਨਿਰਗੁਣ ਕਰੇ ਨਿਰਗੁਣ ਪਰਵਾਨਾ, ਨਿਰਗੁਣ ਲੇਖਾ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੇ ਘਰ ਦਏ ਵਡਿਆਈਆ । ਤੇਰੇ ਘਰ ਮਿਲੇ ਵਡਿਆਈ, ਹਰਿ ਸਾਚਾ ਸਚ ਜਣਾਇੰਦਾ । ਕਰੇ ਖੇਲ ਬੇਪਰਵਾਹੀ, ਆਪਣਾ ਪਰਦਾ ਆਪ ਉਠਾਇੰਦਾ । ਤੇਰੀ ਗੋਦ ਰਿਹਾ ਸੁਹਾਈ, ਵਿਸ਼ਨੂੰ ਤੇਰੀ ਝੋਲੀ ਪਾਇੰਦਾ । ਵਿਸ਼ਵ ਆਪਣੀ ਧਾਰ ਰਖਾਈ, ਆਪ ਆਪਣੀ ਕਲ ਧਰਾਇੰਦਾ । ਆਪਣੀ ਇਛਿਆ ਆਪ ਪਰਗਟਾਈ, ਇਛਿਆ ਆਪਣੇ ਵਿਚ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਵਸਤ ਆਪ ਵਰਤਾਇੰਦਾ ।

ਸਾਚੀ ਇਛਿਆ ਹਰਿ ਭੰਡਾਰ, ਆਪਣੀ ਆਪ ਆਪ ਵਰਤਾਈਆ । ਆਪਣਾ ਪ੍ਰੇਮ ਠੰਡਾ ਠਾਰ, ਸਾਚਾ ਅੰਮ੍ਰਿਤ ਨਾਉਂ ਰਖਾਈਆ । ਵਿਸ਼ਨੂੰ ਅੰਦਰ ਰੱਖ ਨਿਰਾਕਾਰ, ਨਿਰਗੁਣ ਆਪਣੀ ਖੇਲ ਖਿਲਾਈਆ । ਭਾਂਡਾ ਭਰੇ ਅਪਰ ਅਪਾਰ, ਕਵਲ ਕਵਲਾ ਨਾਉਂ ਧਰਾਈਆ । ਹੁਕਮੀ ਹੁਕਮ ਵਰਤੇ ਵਰਤਾਰ, ਪਾਰਬ੍ਰਹਮ ਪ੍ਰਭ ਆਪਣੀ ਵੰਡ ਵੰਡਾਈਆ । ਬ੍ਰਹਮ ਉਤਪਤ ਕਰੇ ਆਪ ਕਰਤਾਰ, ਆਪਣੀ ਕਲ ਆਪ ਧਰਾਈਆ । ਆਪੇ ਪੰਖੜੀਆਂ ਹੋਏ ਗੁਲਜ਼ਾਰ, ਪੱਤ ਡਾਲ੍ਹੀ ਆਪ ਮਹਿਕਾਈਆ । ਆਪੇ ਵਸੇ ਧੁੰਆਂਧਾਰ ਸੁੰਨ ਅਗੰਮ ਖੇਲ ਖਿਲਾਈਆ । ਆਪੇ ਸ਼ੰਕਰ ਕਰੇ ਪਿਆਰ, ਸੰਸਾ ਰੋਗ ਸਰਬ ਮਿਟਾਈਆ । ਤਿੰਨਾਂ ਵਿਚੋਲਾ ਏਕਾ ਕਰਤਾਰ, ਸ਼ਾਹ ਪਾਤਸ਼ਾਹ ਦਇਆ ਕਮਾਈਆ । ਦੇਵੇ ਸਨੇਹੜਾ ਸੱਚੀ ਸਰਕਾਰ, ਸਚ ਸੰਦੇਸਾ ਦਏ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਵਿਸ਼ਨ ਬ੍ਰਹਮਾ ਸ਼ਿਵ ਲਏ ਉਪਾਈਆ । ਵਿਸ਼ਨ ਬ੍ਰਹਮਾ ਸ਼ਿਵ ਉਪਾ, ਹਰਿ ਸਾਚਾ ਖੇਲ ਖਿਲਾਇੰਦਾ । ਏਕਾ ਅੱਖਰ ਦਏ ਪੜ੍ਹਾ, ਨਿਸ਼ਅੱਖਰ ਨਾਉਂ ਧਰਾਇੰਦਾ । ਸਾਚੀ ਸਿਖਿਆ ਦਏ ਸਮਝਾ, ਅਭੁਲ ਆਪਣਾ ਨਾਉਂ ਜਣਾਇੰਦਾ । ਏਕਾ ਹੁਕਮ ਦਏ ਵਰਤਾ, ਧੁਰ ਫ਼ਰਮਾਨਾ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਾਰ ਆਪ ਕਮਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਹਰਿ ਸੁਣਾਏ, ਧੁਰ ਦੀ ਬਾਣੀ ਬਾਣ ਲਗਾਈਆ । ਦਰ ਦਵਾਰ ਇਕ ਵਖਾਏ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਗ਼ਰੀਬ ਨਿਵਾਜ਼ਾ ਸੋਭਾ ਪਾਏ, ਸਚ ਸਿੰਘਾਸਣ ਆਸਣ ਲਾਈਆ । ਸ਼ਬਦ ਅਗੰਮੀ ਵਾਜਾ ਆਪ ਵਜਾਏ, ਤਾਰ ਸਤਾਰ ਨਾ ਕੋਇ ਹਲਾਈਆ । ਰਚ ਰਚ ਕਾਜਾ ਵੇਖ ਵਖਾਏ, ਕਰਤਾ ਪੁਰਖ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਗੁਣ ਦਏ ਜਣਾਈਆ । ਏਕਾ ਗੁਣ ਹਰਿ ਭਗਵੰਤ, ਵਿਸ਼ਨ ਬ੍ਰਹਮਾ ਸ਼ਿਵ ਜਣਾਇੰਦਾ । ਮੇਰਾ ਖੇਲ ਆਦਿ ਅੰਤ, ਭੇਵ ਕੋਇ ਨਾ ਪਾਇੰਦਾ । ਮੇਰੀ ਮਹਿਮਾ ਸਦਾ ਬੇਅੰਤ, ਬੇਅੰਤ ਆਪਣੇ ਰੰਗ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਵਸਤ ਆਪ ਵਰਤਾਇੰਦਾ । ਸਾਚੀ ਵਸਤ ਹਰਿ ਕਰਤਾਰਾ, ਏਕਾ ਏਕ ਭਰਾਈਆ । ਵਿਸ਼ਨੂੰ ਤੇਰਾ ਵਿਸ਼ਵ ਭੰਡਾਰਾ, ਪੁਰਖ ਅਬਿਨਾਸ਼ੀ ਆਪ ਭਰਾਈਆ । ਬ੍ਰਹਮਾ ਤੇਰਾ ਬ੍ਰਹਮ ਪਸਾਰਾ, ਪਾਰਬ੍ਰਹਮ ਵੰਡ ਵੰਡਾਈਆ । ਸ਼ੰਕਰ ਤੇਰਾ ਇਕ ਨਗਾਰਾ, ਅੰਤ ਦਏ ਵਜਾਈਆ । ਕਰੇ ਖੇਲ ਸੱਚੀ ਸਰਕਾਰਾ, ਸ਼ਾਹ ਪਾਤਸ਼ਾਹ ਸੱਚੀ ਸ਼ਹਿਨਸ਼ਾਹੀਆ । ਲੱਖ ਚੁਰਾਸੀ ਘਾੜਨ ਘੜੇ ਅਪਰ ਅਪਾਰਾ, ਘੜ ਘੜ ਵੇਖੇ ਥਾਉਂ ਥਾਈਂਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਦੇਵੇ ਆਪ ਸਹਾਰਾ, ਰਵ ਸਸ ਕਰ ਰੁਸ਼ਨਾਈਆ । ਆਦਿ ਜੁਗਾਦਿ ਵੇਖੇ ਵਿਗਸੇ ਵੇਖਣਹਾਰਾ, ਨੇਤਰ ਨੈਣ ਨਾ ਕੋਇ ਵਖਾਈਆ । ਕ਼ੁਦਰਤ ਕ਼ਾਦਰ ਕਰੇ ਪਿਆਰਾ, ਬੇਐਬ ਨਾਉਂ ਖ਼ੁਦਾਈਆ । ਮੁਕਾਮੇ ਹੱਕ ਖੋਲ੍ਹ ਕਿਵਾੜਾ, ਸਚ ਸਿੰਘਾਸਣ ਸੋਭਾ ਪਾਈਆ । ਵਿਸ਼ਨ ਬ੍ਰਹਮਾ ਸ਼ਿਵ ਤੇਰਾ ਵੇਖੇ ਸਤਿ ਵਰਤਾਰਾ, ਲੋਕਮਾਤ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਤੱਤ ਦਏ ਵਖਾਈਆ । ਏਕਾ ਤੱਤ ਸ਼ਬਦ ਗਿਆਨ, ਨਿਰਗੁਣ ਸਾਚਾ ਸਚ ਜਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰ ਪਰਵਾਨ, ਨਿਉਂ ਨਿਉਂ ਸੀਸ ਸਰਬ ਝੁਕਾਇੰਦਾ । ਤੂੰ ਸਾਹਿਬ ਸੱਚਾ ਸੁਲਤਾਨ, ਹਉਂ ਸੇਵਕ ਸੇਵ ਕਮਾਇੰਦਾ । ਹਉਂ ਬਾਲੀ ਬੁਧ ਅਵਾਣ, ਤੂੰ ਬੇਅੰਤ ਬੇਪਰਵਾਹ, ਤੇਰਾ ਭੇਵ ਕੋਇ ਨਾ ਪਾਇੰਦਾ । ਏਕਾ ਦੇਣੀ ਸਚ ਸਲਾਹ, ਕਵਣ ਧਾਰ ਮਾਤ ਚਲਾਇੰਦਾ । ਲੱਖ ਚੁਰਾਸੀ ਬਣੇ ਕਵਣ ਮਲਾਹ, ਖੇਵਟ ਖੇਟਾ ਕਵਣ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਵਿਸ਼ਨ ਬ੍ਰਹਮਾ ਸ਼ਿਵ ਨਿਉਂ ਨਿਉਂ ਮੰਗ ਮੰਗਾਇੰਦਾ । ਮੰਗਣ ਮੰਗ ਬਣ ਭਿਖਾਰੀ, ਤ੍ਰੈ ਤ੍ਰੈ ਬੈਠੇ ਸੀਸ ਝੁਕਾਈਆ । ਪੁਰਖ ਅਬਿਨਾਸ਼ੀ ਕਿਰਪਾ ਧਾਰੀ, ਦਇਆ ਨਿਧ ਦਇਆ ਕਮਾਈਆ । ਵਿਸ਼ਨ ਬ੍ਰਹਮਾ ਸ਼ਿਵ ਵਖਾਏ ਇਕ ਸਿਕਦਾਰੀ, ਸਿਕਦਾਰਾ ਇਕ ਸਮਝਾਈਆ । ਲੱਖ ਚੁਰਾਸੀ ਪਾਵੇ ਸਾਰੀ, ਪਾਰਬ੍ਰਹਮ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਵਸਤ ਦਏ ਵਖਾਈਆ । ਏਕਾ ਵਸਤ ਤ੍ਰੈਗੁਣ ਧਾਰ, ਹਰਿ ਸਾਚਾ ਸਚ ਜਣਾਇੰਦਾ । ਤਿੰਨਾਂ ਦੇਵੇ ਏਕਾ ਵਾਰ, ਇਕ ਇਕ ਝੋਲੀ ਪਾਇੰਦਾ । ਦੂਜਾ ਬਖ਼ਸ਼ੇ ਚਰਨ ਪਿਆਰ, ਸਾਚੀ ਸਿਖਿਆ ਸਿਖ ਸਮਝਾਇੰਦਾ । ਤੀਜਾ ਬਖ਼ਸ਼ੇ ਆਪਣਾ ਦੀਦਾਰ, ਨੇਤਰ ਲੋਚਣ ਨੈਣ ਖੁਲ੍ਹਾਇੰਦਾ । ਚੌਥੇ ਚੌਥੇ ਪਦ ਕਰੇ ਖ਼ਬਰਦਾਰ, ਚੌਥੇ ਘਰ ਖੇਲ ਖਿਲਾਇੰਦਾ । ਪੰਚਮ ਮੇਲਾ ਕਰੇ ਆਪ ਨਿਰੰਕਾਰ, ਪੰਜ ਤੱਤ ਤੱਤ ਪਰਗਟਾਇੰਦਾ । ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਦਏ ਸਹਾਰ, ਸਗਲਾ ਸੰਗ ਨਿਭਾਇੰਦਾ । ਭਾਂਡੇ ਘੜੇ ਬਣ ਠਠਿਆਰ, ਹਰਿ ਹਰਿ ਸਾਚੀ ਸੇਵ ਕਮਾਇੰਦਾ । ਨਿਰਗੁਣ ਸਰਗੁਣ ਕਰ ਆਕਾਰ, ਲੱਖ ਚੁਰਾਸੀ ਖੇਲ ਖਿਲਾਇੰਦਾ । ਲੋਕਮਾਤ ਖਿੜੀ ਗੁਲਜ਼ਾਰ, ਚਾਰੋਂ ਕੁੰਟ ਵੇਖ ਵਖਾਇੰਦਾ । ਧਰਨੀ ਧਰਤ ਧਵਲ ਦਏ ਸਹਾਰ, ਜਲ ਬਿੰਬ ਫੋਲ ਫੋਲਾਇੰਦਾ । ਏਕਾ ਹੁਕਮ ਆਪਣੀ ਵਾਰ, ਸ਼ਬਦ ਅਨਾਦੀ ਨਾਦ ਸੁਣਾਇੰਦਾ । ਘਰ ਵਿਚ ਘਰ ਕਰ ਤਿਆਰ, ਘਟ ਘਟ ਆਸਣ ਲਾਇੰਦਾ । ਨਿਰਗੁਣ ਬਾਤੀ ਕਰ ਤਿਆਰ, ਜੋਤੀ ਜਾਤਾ ਜੋਤ ਜਗਾਇੰਦਾ । ਆਤਮ ਬ੍ਰਹਮ ਕਰ ਪਸਾਰ, ਕਾਇਆ ਬੰਕ ਸੁਹਾਇੰਦਾ । ਈਸ਼ ਜੀਵ ਦਏ ਆਧਾਰ, ਜਗਤ ਜਗਦੀਸ ਖੇਲ ਖਿਲਾਇੰਦਾ । ਪਵਣ ਸਵਾਸੀ ਕਰ ਤਿਆਰ, ਪਵਣ ਪਵਣਾਂ ਵਿਚ ਰਖਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਤੇਰਾ ਭਰ ਭੰਡਾਰ, ਸਚ ਦਵਾਰਾ ਆਪ ਸੁਹਾਇੰਦਾ । ਆਦਿ ਜੁਗਾਦਿ ਰਹਿਣਾ ਖ਼ਬਰਦਾਰ, ਪੁਰਖ ਅਬਿਨਾਸ਼ੀ ਆਪ ਸਮਝਾਇੰਦਾ । ਵੰਡਾਂ ਵੰਡ ਅਪਰ ਅਪਾਰ, ਬੋਧ ਅਗਾਧ ਸ਼ਬਦ ਜਣਾਇੰਦਾ । ਏਕਾ ਅੱਖਰ ਦਏ ਧੁਨਕਾਰ, ਚਾਰੇ ਵੇਦਾਂ ਰਾਗ ਅਲਾਇੰਦਾ । ਚਾਰੇ ਵੇਦ ਕਰਨ ਪੁਕਾਰ, ਉਚੀ ਕੂਕ ਕੂਕ ਸੁਣਾਇੰਦਾ । ਚਾਰੇ ਬਾਣੀ ਦਏ ਪੈਜ ਸਵਾਰ, ਆਪ ਆਪਣਾ ਰੰਗ ਰੰਗਾਇੰਦਾ । ਚਾਰੋਂ ਕੁੰਟ ਜੈ ਜੈਕਾਰ, ਜੈ ਜੈਕਾਰ ਆਪ ਕਰਾਇੰਦਾ । ਚਾਰੇ ਵਰਨ ਕਰ ਪਸਾਰ, ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਵੇਖ ਵਖਾਇੰਦਾ । ਚਾਰੇ ਜੁਗ ਘਾੜਨ ਘੜੇ ਅਪਰ ਅਪਾਰ, ਘੜਨੇਹਾਰਾ ਦਿਸ ਨਾ ਆਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਰ ਤਿਆਰ, ਕਲਜੁਗ ਮੇਲ ਮਿਲਾਇੰਦਾ । ਬਣੇ ਵਿਚੋਲਾ ਆਪ ਨਿਰੰਕਾਰ, ਦੂਸਰ ਅਵਰ ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣੀ ਵੰਡਣ ਆਪ ਵੰਡਾਇੰਦਾ । ਵੰਡੇ ਵੰਡ ਵੰਡਣ ਜੋਗ, ਹਰਿ ਸਾਚਾ ਵੰਡ ਵੰਡਾਈਆ । ਨਿਰਗੁਣ ਸਰਗੁਣ ਹੋਇਆ ਸੰਜੋਗ, ਘਰ ਸਾਚੇ ਵੱਜੀ ਵਧਾਈਆ । ਨਿਰਗੁਣ ਸਰਗੁਣ ਭੋਗੇ ਭੋਗ, ਆਤਮ ਸੇਜਾ ਸੇਜ ਹੰਢਾਈਆ । ਨਿਰਗੁਣ ਸਰਗੁਣ ਸੁਣਾਏ ਸਲੋਕ, ਨਾਦ ਅਨਾਦੀ ਬਾਣ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਈਆ । ਆਪਣਾ ਹੁਕਮ ਧੁਰ ਫ਼ਰਮਾਨਾ, ਹਰਿ ਸਾਚਾ ਸਚ ਜਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਮੰਨਣਾ ਭਾਣਾ, ਹਰਿ ਭਾਣੇ ਸਦ ਰਹਾਇੰਦਾ । ਕਰੇ ਖੇਲ ਸ੍ਰੀ ਭਗਵਾਨਾ, ਜੁਗ ਬੰਧਨ ਆਪੇ ਪਾਇੰਦਾ । ਚਾਰ ਜੁਗ ਦਾ ਏਕਾ ਗਾਣਾ, ਏਕਾ ਚੌਕੜ ਨਾਮ ਰਖਾਇੰਦਾ । ਨਵ ਨੌਂ ਚੌਕੜ ਖੇਲ ਮਹਾਨਾ, ਨੌਂ ਖੰਡ ਪ੍ਰਿਥਮੀ ਵੇਖ ਵਖਾਇੰਦਾ । ਨੌਂ ਦਰ ਖੋਲ੍ਹੇ ਜਗਤ ਦੁਕਾਨਾ, ਜਗਤ ਵਾਸਨਾ

੯੯੭ ੧੦

ਵਿਚ ਰਖਾਇੰਦਾ । ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਨਾ, ਆਸਾ ਤ੍ਰਿਸਨਾ ਨਾਲ ਮਿਲਾਇੰਦਾ । ਜੂਠ ਝੂਠ ਕਰ ਪਰਧਾਨਾ, ਮਾਇਆ ਮਮਤਾ ਡੰਕ ਵਜਾਇੰਦਾ । ਜੁਗ ਜੁਗ ਖੇਲੇ ਖੇਲ ਮਹਾਨਾ, ਖੇਲਣਹਾਰਾ ਦਿਸ ਨਾ ਆਇੰਦਾ । ਨਿਰਗੁਣ ਸਰਗੁਣ ਹੋਏ ਪਰਧਾਨਾ, ਪੰਜ ਤੱਤ ਚੋਲਾ ਆਪ ਹੰਢਾਇੰਦਾ । ਲੱਖ ਚੁਰਾਸੀ ਸੁਣਾਏ ਧੁਰ ਫ਼ਰਮਾਨਾ, ਆਪ ਆਪਣਾ ਨਾਉਂ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਵੇਖ ਵਖਾਇੰਦਾ । ਲੱਖ ਚੁਰਾਸੀ ਵੇਖਣ ਆਏ, ਅਚਰਜ ਖੇਲ ਬਣਾਈਆ । ਨਿਰਗੁਣ ਸਰਗੁਣ ਜਾਮਾ ਪਾਏ, ਜੋਤ ਨੂਰ ਰੁਸ਼ਨਾਈਆ । ਗੁਰ ਅਵਤਾਰ ਨਾਉਂ ਧਰਾਏ, ਕਰੇ ਖੇਲ ਬੇਪਰਵਾਹੀਆ । ਸਤਿਜੁਗ ਸਾਚਾ ਆਪ ਹੰਢਾਏ, ਆਪਣਾ ਵੇਸ ਵਟਾਈਆ । ਤ੍ਰੇਤਾ ਲੇਖਾ ਦਏ ਮੁਕਾਏ, ਅੰਤ ਕੋਇ ਰਹਿਣ ਨਾ ਪਾਈਆ । ਦੁਆਪਰ ਆਪਣਾ ਰਾਗ ਸੁਣਾਏ, ਬੰਸਰੀ ਨਾਮ ਵਜਾਈਆ । ਕਲਜੁਗ ਅੰਤਮ ਫੋਲ ਫੋਲਾਏ, ਕਾਲਾ ਸੂਸਾ ਵੇਖੇ ਲੱਗੀ ਸ਼ਾਹੀਆ । ਚਾਰ ਕੁੰਟ ਮਰਦੰਗ ਵਜਾਏ, ਉਚੀ ਕੂਕ ਕੂਕ ਸੁਣਾਈਆ । ਸੂਰਾ ਸਰਬੰਗ ਖੇਲ ਖਿਲਾਏ, ਬੇਪਰਵਾਹ ਵਡੀ ਵਡਿਆਈਆ । ਮੁਕਾਮੇ ਹੱਕ ਸੋਭਾ ਪਾਏ, ਹੱਕ ਹਕ਼ੀਕਤ ਵੇਖ ਵਖਾਈਆ । ਲਾਸ਼ਰੀਕ ਇਕ ਖ਼ੁਦਾਏ, ਸ਼ਿਰਕਤ ਵੇਖੇ ਸ੍ਰਿਸ਼ਟ ਸਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਜੁਗ ਏਕਾ ਚੌਕੜ ਗੇੜਾ ਆਪ ਭਵਾਈਆ । ਚਾਰ ਜੁਗ ਦਾ ਏਕਾ ਗੇੜਾ, ਜੁਗ ਜੁਗ ਆਪ ਭਵਾਇੰਦਾ । ਕਰੇ ਕਰਾਏ ਖੁਲ੍ਹਾ ਵੇਹੜਾ, ਧਰਤ ਮਾਤ ਵੇਖ ਵਖਾਇੰਦਾ । ਵਸਣਹਾਰਾ ਦੂਰ ਨੇੜਾ, ਭੇਵ ਅਭੇਦ ਛੁਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮਾ ਸ਼ਿਵ ਦੇਵੇ ਵਰ, ਏਕਾ ਵਾਰ ਸਮਝਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਸੁਣ ਕਰ ਧਿਆਨ, ਹਰਿ ਸਾਚਾ ਸਚ ਜਣਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਖੇਲ ਮਹਾਨ, ਗੁਰ ਸਤਿਗੁਰ ਆਪ ਕਰਾਈਆ । ਚੌਦਾਂ ਲੋਕ ਖੋਲ੍ਹ ਦੁਕਾਨ, ਵੇਖੇ ਥਾਉਂ ਥਾਈਆ । ਸਤਿਜੁਗ ਤ੍ਰੇਤਾ ਦੁਆਪਰ ਹੋ ਪਰਧਾਨ, ਆਪਣਾ ਡੰਕ ਵਜਾਈਆ । ਕਲਜੁਗ ਕਰੇ ਖੇਲ ਮਹਾਨ, ਭੇਵ ਅਭੇਦਾ ਭੇਵ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਜੁਗ ਦਾ ਲੇਖਾ ਚੁੱਕਣਾ, ਏਕਾ ਵਾਰ ਚੁਕਾਈਆ । ਚਾਰ ਜੁਗ ਦਾ ਮੁੱਕਿਆ ਲੇਖ, ਹਰਿ ਹਰਿ ਆਪ ਚੁਕਾਇੰਦਾ । ਆਦਿ ਜੁਗਾਦੀ ਰਿਹਾ ਵੇਖ, ਦਿਸ ਕਿਸੇ ਨਾ ਆਇੰਦਾ । ਕਰੇ ਖੇਲ ਨਰ ਨਰੇਸ਼, ਨਰ ਨਰਾਇਣ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਜਣਾਇੰਦਾ । ਨੌਂ ਸੌ ਚੁਰਾਨਵੇ ਚੌਕੜੀ ਆਇਆ ਅੰਤ, ਜੁਗ ਚੌਕੜ ਪਾਰ ਕਰਾਈਆ । ਕਰੇ ਖੇਲ ਸ੍ਰੀ ਭਗਵੰਤ, ਬੇਪਰਵਾਹ ਸੱਚਾ ਸ਼ਹਿਨਸ਼ਾਹੀਆ । ਜੁਗ ਜੁਗ ਦੇਵੇ ਮਣੀਆ ਮੰਤ, ਏਕਾ ਨਾਮ ਦ੍ਰਿੜਾਈਆ । ਹਰਿਜਨ ਉਠਾਏ ਸਾਚੇ ਸੰਤ, ਭਗਤਨ ਆਪਣੀ ਬੂਝ ਬੁਝਾਈਆ । ਗੁਰਮੁਖਾਂ ਤੋੜੇ ਗੜ੍ਹ ਹਉਮੇ ਹੰਗਤ, ਆਤਮ ਬ੍ਰਹਮ ਇਕ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਦਏ ਜਣਾਈਆ । ਹਰਿ ਲੇਖਾ ਲੇਖ ਜਣਾਇੰਦਾ, ਆਦਿ ਜੁਗਾਦੀ ਕਾਰ । ਸਤਿਜੁਗ ਤ੍ਰੇਤਾ ਪਾਰ ਕਰਾਇੰਦਾ, ਦੁਆਪਰ ਕਰੇ ਖੇਲ ਨਿਆਰ । ਵੇਦ ਵਿਆਸਾ ਆਪ ਉਠਾਇੰਦਾ, ਦੇਵੇ ਧੁਰ ਫ਼ਰਮਾਨ । ਪੁਰਾਨ ਅਠਾਰਾਂ ਭੇਵ ਚੁਕਾਇੰਦਾ, ਲਿਖੇ ਲੇਖ ਮਹਾਨ । ਚਾਰ ਲੱਖ ਸਤਾਰਾਂ ਹਜ਼ਾਰ ਸਲੋਕ ਗਣਾਇੰਦਾ, ਨਾਰਦ ਮੁਨ ਕਰ ਪਰਵਾਨ । ਬ੍ਰਹਮਾ ਸਦ ਕੋਲ ਬਹਾਇੰਦਾ, ਬਾਰਾਂ ਅਕਸ਼ਰ ਕਰ ਪਰਵਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸ੍ਰੀ ਭਗਵਾਨ । ਵੇਦ ਵਿਆਸ ਹਰਿ ਜਣਾਇਆ, ਸ਼ਬਦੀ

ਨਾਦ ਵਜਾਈਆ । ਬ੍ਰਹਿਮਣ ਗੌੜ ਨਾਉਂ ਰਖਾਇਆ, ਨਾ ਕੋਈ ਜਨਮੇ ਪਿਤਾ ਮਾਈਆ । ਵਰਨ ਗੋਤ ਵਿਚ ਕਿਸੇ ਨਾ ਆਇਆ, ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਨਾ ਵੰਡ ਵੰਡਾਈਆ । ਉਚੇ ਟਿੱਲੇ ਪਰਬਤ ਆਸਣ ਲਾਇਆ, ਸਚ ਸਿੰਘਾਸਣ ਦਏ ਸਮਝਾਈਆ । ਔਂਦਾ ਜਾਂਦਾ ਕਿਸੇ ਦਿਸ ਨਾ ਆਇਆ, ਵੇਖ ਨਾ ਸਕੇ ਕੋਇ ਲੋਕਾਈਆ । ਨਿਹਕਲੰਕ ਸੋ ਅਖਵਾਇਆ, ਜਿਸ ਰੰਗ ਰੂਪ ਰੇਖ ਨਾ ਆਪਣੀ ਬਣਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣਾ ਭੇਦ ਆਪ ਦ੍ਰਿੜਾਈਆ । ਵੇਦ ਵਿਆਸ ਲੇਖ ਲਿਖਾਰਾ, ਲਿਖ ਲਿਖ ਲੇਖ ਸਮਝਾਇੰਦਾ । ਨਿਹਕਲੰਕ ਇਕ ਅਵਤਾਰਾ, ਕਲਜੁਗ ਅੰਤਮ ਖੇਲ ਖਿਲਾਇੰਦਾ । ਸ੍ਰਿਸ਼ਟ ਸਬਾਈ ਪਾਵੇ ਸਾਰਾ, ਦੋ ਜਹਾਨਾਂ ਵੇਖ ਵਖਾਇੰਦਾ । ਚਾਰ ਜੁਗ ਦਾ ਕਰੇ ਅੰਤ ਕਿਨਾਰਾ, ਪਾਰ ਕਿਨਾਰਾ ਆਪਣੇ ਹੱਥ ਰਖਾਇੰਦਾ । ਕਾਗਦ ਕ਼ਲਮ ਨਾ ਲਿਖਣਹਾਰਾ, ਬਨਾਸਪਤ ਮੁਖ ਸ਼ਰਮਾਇੰਦਾ । ਸੱਤ ਸਮੁੰਦਰ ਰੋਵੇ ਜ਼ਾਰੋ ਜ਼ਾਰਾ, ਸਰਗੁਣ ਰੂਪ ਨਾ ਕੋਇ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਵੰਡਣ ਆਪ ਵੰਡਾਇੰਦਾ । ਸਾਚੀ ਵੰਡਣ ਵੰਡੀ ਚਾਰ ਯੁਗ, ਵੇਦ ਵਿਆਸਾ ਲੇਖ ਲਿਖਾਈਆ । ਅੰਤਮ ਔਧ ਸਭ ਦੀ ਜਾਏ ਪੁਗ, ਥਿਰ ਕੋਇ ਰਹਿਣ ਨਾ ਪਾਈਆ । ਤਰਤਾਲੀ ਲੱਖ ਵੀਹ ਹਜ਼ਾਰ, ਚਾਰ ਜੁਗ ਵੇਖੇ ਝੁਕ ਝੁਕ, ਅਭੁਲ ਭੁਲ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸਤਿਜੁਗ ਤ੍ਰੇਤਾ ਦੁਆਪਰ ਉਤਰਿਆ ਪਾਰ, ਕਲਜੁਗ ਕੂਕੇ ਦਏ ਦੁਹਾਈਆ । ਮਿਲਿਆ ਵਰ ਧੁਰ ਦਰਬਾਰ, ਲੋਕਮਾਤ ਲਏ ਅੰਗੜਾਈਆ । ਮਿਲੀ ਆਯੂ ਚਾਰ ਲੱਖ ਬੱਤੀ ਹਜ਼ਾਰ, ਘਰ ਘਰ ਬੈਠਾ ਖ਼ੁਸ਼ੀ ਮਨਾਈਆ । ਚਾਰੋਂ ਕੁੰਟ ਬੋਲ ਜੈਕਾਰ, ਆਪਣਾ ਜ਼ੋਰ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭੇਵ ਅਭੇਦਾ ਆਪ ਛੁਪਾਈਆ । ਚਾਰ ਲੱਖ ਹਜ਼ਾਰ ਬੱਤੀ, ਚੜ੍ਹਿਆ ਮਾਣ ਗ਼ਰੂਰ । ਘਰ ਘਰ ਰੁੱਤ ਉਪਾਏ ਤੱਤੀ, ਦਰ ਦਰ ਰੱਖੇ ਜੂਠਾ ਝੂਠਾ ਕੂੜ । ਨਾਤਾ ਤੋੜੇ ਜਤੀ ਸਤੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਹਾਜ਼ਰ ਹਜ਼ੂਰ । ਕੂੜ ਕੁੜਿਆਰੀ ਚਲੀ ਧਾਰ, ਲੋਕਮਾਤ ਵੱਜੀ ਵਧਾਈਆ । ਲੱਖ ਚੁਰਾਸੀ ਹੋਈ ਬੇਜ਼ਾਰ, ਨੇਤਰ ਨੈਣਾਂ ਨੀਰ ਵਹਾਈਆ । ਦਹਿ ਦਿਸ਼ਾ ਕਰੇ ਪੁਕਾਰ, ਉਠ ਉਠ ਰਾਹ ਤੱਕੇ ਸਾਚੇ ਮਾਹੀਆ । ਕਿਰਪਾ ਕਰ ਹਰਿ ਕਰਤਾਰ, ਦੋਏ ਬੈਠੀ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਪੰਧ ਰਿਹਾ ਮੁਕਾਈਆ । ਕਲਜੁਗ ਪੰਧ ਹਰਿ ਮੁਕਾਏ, ਆਪਣੀ ਦਇਆ ਕਮਾਈਆ । ਈਸਾ ਮੂਸਾ ਲਏ ਪਰਗਟਾਏ, ਏਕਾ ਹੁਕਮ ਸੁਣਾਈਆ । ਕਾਲਾ ਸੂਸਾ ਤਨ ਛੁਹਾਏ, ਚਾਰੋਂ ਕੁੰਟ ਅੰਧੇਰਾ ਛਾਈਆ । ਕਲਮਾ ਕਲਾਮ ਆਪ ਪੜ੍ਹਾਏ, ਆਲਮੀਨ ਵੇਖੇ ਸਰਬ ਲੋਕਾਈਆ । ਜ਼ਿਮੀਂ ਅਸਮਾਨ ਫੇਰਾ ਪਾਏ, ਚੌਦਾਂ ਤਬਕਾਂ ਰੂਪ ਵਟਾਈਆ । ਏਕਾ ਈਸਾ ਦਏ ਸਮਝਾਏ, ਆਪਣਾ ਨੂਰ ਨੂਰ ਰੁਸ਼ਨਾਈਆ । ਈਸਾ ਉਚੀ ਕੂਕ ਕੂਕ ਸੁਣਾਏ, ਚਾਰੋਂ ਕੁੰਟ ਦਏ ਦੁਹਾਈਆ । ਮੇਰੇ ਪਿਛੇ ਮੇਰਾ ਖ਼ੁਦਾ ਆਏ, ਆਪ ਆਪਣਾ ਬਲ ਧਰਾਈਆ । ਖ਼ਾਲਕ ਮਖ਼ਲੂਕ ਕੋਈ ਭੁਲ ਨਾ ਜਾਏ, ਬੇਖ਼ਬਰ ਰਿਹਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭਾਣਾ ਆਪ ਵਰਤਾਈਆ । ਕਲਜੁਗ ਤੇਰਾ ਸਾਚਾ ਸੰਗ, ਹਰਿ ਸਾਚਾ ਸਚ ਜਣਾਇੰਦਾ । ਮੁਹੰਮਦ ਹੱਥ ਫੜਾਇਆ ਮਰਦੰਗ, ਆਪਣੀ ਰਚਨਾ ਆਪ ਰਚਾਇੰਦਾ । ਚੌਦਾਂ ਤਬਕਾਂ ਵੇਖੇ ਲੰਘ, ਚੌਦਸ ਚੰਦ ਆਪ

ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਮੁਕਾਏ ਔਧ, ਤੇਰਾ ਪੰਧ ਆਪ ਮੁਕਾਇੰਦਾ । ਕਲਜੁਗ ਤੇਰਾ ਪੰਧ ਮੁਕੌਣਾ, ਹਰਿ ਸਾਚਾ ਸਚ ਜਣਾਈਆ । ਸਾਚਾ ਮਾਰਗ ਇਕ ਵਖੌਣਾ, ਚਾਰ ਵਰਨ ਸਰਨਾਈਆ । ਨਿਰਗੁਣ ਸਰਗੁਣ ਰੂਪ ਧਰੌਣਾ, ਜੋਤੀ ਜੋਤ ਕਰ ਰੁਸ਼ਨਾਈਆ । ਪੰਜ ਤੱਤ ਚੋਲਾ ਆਪ ਹੰਢੌਣਾ, ਕਾਇਆ ਗੜ੍ਹ ਬਣਾਈਆ । ਨਾਨਕ ਨਾਨਕ ਨਾਮ ਧਰੌਣਾ, ਨਿਰਗੁਣ ਖੇਲ ਕਰੇ ਬੇਪਰਵਾਹੀਆ । ਆਪਣੇ ਦਰ ਆਪ ਮੰਗੌਣਾ, ਆਪਣੀ ਸਿਖਿਆ ਕਰੇ ਪੜ੍ਹਾਈਆ । ਸਵੱਛ ਸਰੂਪੀ ਰੂਪ ਦਰਸੌਣਾ, ਜੋਤੀ ਜੋਤ ਡਗਮਗਾਈਆ । ਸਚਖੰਡ ਦਵਾਰੇ ਆਪ ਬਹੌਣਾ, ਘਰ ਸਾਚੇ ਵੱਜੇ ਵਧਾਈਆ । ਨਾਮ ਸਤਿ ਝੋਲੀ ਪੌਣਾ, ਵਸਤ ਅਮੋਲਕ ਇਕ ਵਖਾਈਆ । ਚਾਰ ਵਰਨਾਂ ਮਾਰਗ ਲੌਣਾ, ਊਚਾਂ ਨੀਚਾਂ ਮੇਲ ਮਿਲਾਈਆ । ਰਾਓ ਰੰਕਾਂ ਏਕਾ ਧਾਮ ਬਹੌਣਾ, ਜ਼ਾਤ ਪਾਤ ਨਾ ਕੋਇ ਵਡਿਆਈਆ । ਲੱਖ ਚੁਰਾਸੀ ਏਕਾ ਹੁਕਮ ਸੁਣੌਣਾ, ਏਕਾ ਮਿਲੇ ਸੱਚਾ ਮਾਹੀਆ । ਕਾਇਆ ਮੰਦਰ ਅੰਦਰ ਘਰ ਵਿਚ ਘਰ ਇਕ ਦ੍ਰਿੜੌਣਾ, ਬੰਦ ਤਾਕੀ ਆਪ ਖੁਲ੍ਹਾਈਆ । ਭਰ ਪਿਆਲਾ ਸਾਚਾ ਜਾਮ ਪਿਔਣਾ, ਸਾਕੀ ਬਣੇ ਸਾਚਾ ਮਾਹੀਆ । ਚਾਰ ਕੁੰਟ ਉਠ ਉਠ ਧੌਣਾ, ਆਪ ਆਪਣਾ ਫੇਰਾ ਪਾਈਆ । ਕਲਜੁਗ ਜੀਵਾਂ ਬਹਿ ਸਮਝੌਣਾ, ਹਿੰਦੂ ਮੁਸਲਿਮ ਭਾਈ ਭਾਈਆ । ਬੇਮੁਖ ਜੀਵਾਂ ਮੁਖ ਭਵੌਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਏਕਾ ਹੁਕਮ ਜਣਾਈਆ । ਨਾਨਕ ਸਮਝਾਏ ਪੰਜ ਤੱਤ, ਚਾਰ ਕੁੰਟ ਉਠ ਧਾਈਆ । ਪੁਰਖ ਅਬਿਨਾਸ਼ੀ ਕਮਲਾਪਤ, ਲੱਖ ਚੁਰਾਸੀ ਨਾਰੀ ਰੂਪ ਵਖਾਈਆ । ਘਰ ਘਰ ਬੈਠਾ ਸੱਬਰ ਘਤ, ਆਪਣੀ ਸੇਜ ਵਿਛਾਈਆ । ਆਪਣਾ ਮਾਰਗ ਰਿਹਾ ਦੱਸ, ਉਠੋ ਚਲੋ ਪਾਂਧੀ ਬਣ ਕੇ ਰਾਹੀਆ । ਕਲਜੁਗ ਜੀਵ ਦਰ ਤੋਂ ਜਾਇਣ ਨੱਠ, ਬੈਠੇ ਮੁਖ ਭਵਾਈਆ । ਨਾਨਕ ਨਿਰਗੁਣ ਕਰੇ ਪੁਕਾਰ ਅੱਗੇ ਪੁਰਖ ਸਮਰਥ, ਵਾਹ ਵਾ ਤੇਰੀ ਵਡੀ ਵਡਿਆਈਆ । ਜੁਗ ਜੁਗ ਚਲਾਏ ਰਥ, ਰਥ ਰਥਵਾਹੀ ਸੇਵ ਕਮਾਈਆ । ਮੈਂ ਤੇਰਾ ਨਾਉਂ ਦੱਸ ਦੱਸ ਗਿਆ ਥੱਕ, ਦੂਈ ਦਵੈਤ ਨਾ ਕੋਇ ਮਿਟਾਈਆ । ਚਾਰੋਂ ਕੁੰਟ ਵੇਖਿਆ ਝੂਠਾ ਹੱਟ, ਸਾਚੀ ਵਸਤ ਨਾ ਕੋਇ ਵਰਤਾਈਆ । ਕਿਰਪਾ ਕਰ ਪੁਰਖ ਸਮਰਥ, ਤੇਰੇ ਅੱਗੇ ਝੋਲੀ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਦਏ ਸਮਝਾਈਆ । ਹਰਿ ਲੇਖਾ ਸਚ ਜਣਾਇੰਦਾ, ਸਤਿਗੁਰ ਨਾਨਕ ਕਰ ਪਿਆਰ । ਨਾਨਕ ਤੇਰਾ ਕੀਤਾ ਆਪਣੀ ਝੋਲੀ ਪਾਇੰਦਾ, ਲੇਖਾ ਜਾਣੇ ਦੋ ਜਹਾਨ । ਆਪਣਾ ਹੁਕਮ ਆਪ ਸੁਣਾਇੰਦਾ, ਸ਼ਬਦ ਅਗੰਮੀ ਧੁਰ ਫ਼ਰਮਾਨ । ਕਲਜੁਗ ਅੰਤਮ ਆਪਣਾ ਰੂਪ ਵਟਾਇੰਦਾ, ਪਰਗਟ ਹੋਏ ਸ੍ਰੀ ਭਗਵਾਨ । ਤੇਰੀ ਤੇਰਾਂ ਤੋਲ ਧਾਰ ਪੂਰ ਕਰਾਇੰਦਾ, ਤੋਲਾ ਬਣੇ ਸ਼ਾਹ ਸੁਲਤਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਮਹਾਨ । ਨਾਨਕ ਸੁਣਿਆ ਸਚ ਸੰਦੇਸਾ, ਘਰ ਘਰ ਵਿਚ ਖ਼ੁਸ਼ੀ ਮਨਾਈਆ । ਤਿਸ ਸਾਹਿਬ ਕੋ ਸਦਾ ਆਦੇਸਾ, ਜੋ ਘਾੜਤ ਰਿਹਾ ਘੜਾਈਆ । ਜੁਗ ਜੁਗ ਕਰਾਏ ਆਪਣਾ ਵੇਸਾ, ਵੇਸ ਅਨੇਕ ਵਟਾਈਆ । ਸੇਵਾ ਲਾਏ ਵਿਸ਼ਨ ਬ੍ਰਹਮਾ ਮਹੇਸ਼ਾ, ਸਾਚੀ ਸੇਵ ਸਮਝਾਈਆ । ਕਲਜੁਗ ਅੰਤਮ ਲਏ ਲੇਖਾ, ਸਭ ਦਾ ਲੇਖਾ ਦਏ ਮੁਕਾਈਆ । ਸ੍ਰਿਸ਼ਟ ਸਬਾਈ ਕੱਢੇ ਭਰਮ ਭੁਲੇਖਾ, ਭਰਮ ਗੜ੍ਹ ਦਏ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰ ਆਪ ਜਣਾਈਆ । ਨਾਨਕ ਸਤਿਗੁਰ ਕਹੇ ਪੁਕਾਰ, ਜੀਵ ਜੰਤ ਸਮਝਾਇਆ । ਮਹਾਂਬਲੀ ਉਤਰੇ ਆਪਣੀ ਵਾਰ, ਨਿਹਕਲੰਕ ਨਾਉਂ ਰਖਾਇਆ । ਡੰਕਾ ਵੱਜੇ ਅਗੰਮ ਅਪਾਰ, ਦੋ ਜਹਾਨਾਂ ਲਏ ਜਗਾਇਆ ।

ਆਪੇ ਜਾਣੇ ਆਪਣੀ ਧਾਰ, ਪਿਛਲੀ ਕੀਤੀ ਲਏ ਉਲਟਾਇਆ । ਧੁਰ ਦੀ ਬਾਣੀ ਬੋਲੇ ਜੈਕਾਰ, ਸਾਚਾ ਨਾਅਰਾ ਇਕ ਸੁਣਾਇਆ । ਸਰਬ ਜੀਆਂ ਦਾ ਸਾਂਝਾ ਯਾਰ, ਪਰਵਰਦਿਗਾਰ ਇਕ ਖ਼ੁਦਾਇਆ । ਭੁਲ ਨਾ ਜਾਣਾ ਜੀਵ ਗਵਾਰ, ਲਿਖਿਆ ਲੇਖ ਨਾ ਕੋਇ ਮਿਟਾਇਆ । ਏਕਾ ਜੋਤੀ ਦਸ ਅਵਤਾਰ, ਗੁਰ ਗੋਬਿੰਦ ਗਿਆ ਸਾਲਾਹਿਆ । ਸੱਥਰ ਸੂਲਾਂ ਸੇਜ ਪਿਆਰ, ਏਕਾ ਯਾਰੜੇ ਰਾਹ ਤਕਾਇਆ । ਦੋਏ ਜੋੜ ਬਣੇ ਭਿਖਾਰ, ਪੁਰਖ ਅਕਾਲ ਅੱਗੇ ਸੀਸ ਝੁਕਾਇਆ । ਤੇਰਾ ਕ਼ਰਜ਼ਾ ਦਿਤਾ ਉਤਾਰ, ਤੇਰਾ ਤੇਰੀ ਝੋਲੀ ਪਾਇਆ । ਸੇਵਾ ਕਰ ਸੁਤ ਦੁਲਾਰ, ਘਰ ਤੇਰਾ ਵੇਖਣ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਵਰ ਸਾਚਾ ਇਕ ਵਖਾਇਆ । ਦੇਵੇ ਵਰ ਸ੍ਰੀ ਭਗਵਾਨਾ, ਏਕਾ ਏਕ ਜਣਾਈਆ । ਗੋਬਿੰਦ ਤੇਰਾ ਸਚ ਨਿਸ਼ਾਨਾ, ਲੋਕਮਾਤ ਝੁਲਾਈਆ । ਨਾਦ ਵਜਾਏ ਦੋ ਜਹਾਨਾਂ, ਤੇਰੇ ਨਾਉਂ ਵਡਿਆਈਆ । ਪਰਗਟ ਹੋਏ ਮਰਦ ਮਰਦਾਨਾ, ਨਿਹਕਲੰਕਾ ਨਾਉਂ ਰਖਾਈਆ । ਤੇਰਾ ਮੰਦਰ ਵੇਖੇ ਇਕ ਮਕਾਨਾ, ਸੰਬਲ ਨਾਉਂ ਧਰਾਈਆ । ਸਾਢੇ ਤਿੰਨ ਹੱਥ ਰੱਖੇ ਪੈਮਾਨਾ, ਵੱਧ ਘੱਟ ਕਦੇ ਨਾ ਜਾਈਆ । ਜੋਤੀ ਨੂਰ ਜਗੇ ਮਹਾਨਾ, ਦਿਵਸ ਰੈਣ ਰੁਸ਼ਨਾਈਆ । ਸ਼ਬਦੀ ਸ਼ਬਦ ਖੇਲ ਮਹਾਨਾ, ਡੰਕਾ ਨਾਮ ਵਜਾਈਆ । ਪੂਤ ਸਪੂਤਾ ਹੋ ਪਰਧਾਨਾ, ਬ੍ਰਹਿਮਣ ਗੌੜਾ ਵੇਸ ਵਟਾਈਆ । ਬ੍ਰਹਮ ਬ੍ਰਹਮ ਕਰ ਸੰਤਾਨਾ, ਪਾਰਬ੍ਰਹਮ ਪ੍ਰਭ ਵੇਖ ਵਖਾਈਆ । ਸਾਚਾ ਖੰਡਾ ਇਕ ਚਮਕਾਨਾ, ਚੰਡ ਪਰਚੰਡ ਪਰਗਟਾਈਆ । ਬਹੱਤਰ ਨਾੜ ਮਾਰੇ ਇਕ ਨਿਸ਼ਾਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਗੋਬਿੰਦ ਮੰਗ ਮੰਗਾਇੰਦਾ, ਪ੍ਰਭ ਅੱਗੇ ਸੀਸ ਝੁਕਾ । ਤੇਰਾ ਲਿਖਿਆ ਨਾ ਕੋਇ ਮਿਟਾਇੰਦਾ, ਤੂੰ ਦਾਤਾ ਬੇਪਰਵਾਹ । ਕਲਜੁਗ ਡੌਰੂ ਡੰਕ ਵਜਾਇੰਦਾ, ਚਾਰੋਂ ਕੁੰਟ ਫੇਰਾ ਪਾ । ਜੂਠ ਝੂਠ ਨਾਲ ਰਲਾਇੰਦਾ, ਹਉਮੈਂ ਹੰਗਤਾ ਗੜ੍ਹ ਬਣਾ । ਚਾਰ ਲੱਖ ਬੱਤੀ ਹਜ਼ਾਰ ਮੇਰਾ ਪੰਧ ਨਾ ਕੋਇ ਮੁਕਾਇੰਦਾ, ਵਿਸ਼ਨ ਬ੍ਰਹਮਾ ਸ਼ਿਵ ਬੈਠੇ ਮੁਖ ਛੁਪਾ । ਲਿਖਿਆ ਲੇਖ ਨਾ ਕੋਇ ਮਿਟਾਇੰਦਾ, ਉਚੀ ਕੂਕ ਕੂਕ ਰਿਹਾ ਗਾ । ਜੀਵ ਜੰਤ ਸਰਬ ਕੁਰਲਾਇੰਦਾ, ਦਰ ਮੰਗੇ ਇਕ ਪਨਾਹ । ਰਾਏ ਧਰਮ ਅੰਤ ਡਰਾਇੰਦਾ, ਸਾਚਾ ਦਿਸੇ ਨਾ ਕੋਇ ਥਾਂ । ਚਿਤਰ ਗੁਪਤ ਹਿਸਾਬ ਵਖਾਇੰਦਾ, ਲਿਖਿਆ ਲੇਖਾ ਭੁੱਲੇ ਨਾ । ਲਾੜੀ ਮੌਤ ਨਾਲ ਪਰਨਾਇੰਦਾ, ਜੂਨ ਅਜੂਨੀ ਦਏ ਭੁਆ । ਬਿਨ ਤੇਰੇ ਫੰਦ ਨਾ ਕੋਇ ਕਟਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਹੋਣਾ ਸਦਾ ਮਿਹਰਵਾਂ । ਮਿਹਰਵਾਨ ਦਇਆ ਕਮਾਇੰਦਾ, ਹਰਿ ਹਰਿ ਪੁਰਖ ਅਕਾਲ । ਗੋਬਿੰਦ ਤੇਰੇ ਹੱਥ ਫੜਾਇੰਦਾ, ਕਲਜੁਗ ਕੂੜਾ ਕਾਲ । ਤੇਰੇ ਹੁਕਮੇ ਵੰਡ ਵੰਡਾਇੰਦਾ, ਚਾਰ ਲੱਖ ਆਏ ਜ਼ਵਾਲ । ਬੱਤੀ ਦੰਦ ਹਰਿ ਕਾ ਨਾਉਂ ਕੋਇ ਨਾ ਗਾਇੰਦਾ, ਹਜ਼ਾਰ ਬੱਤੀ ਨਾ ਨਿਭੇ ਨਾਲ । ਤੇਰੇ ਪੰਜਾਂ ਪਿਆਰਿਆਂ ਆਪ ਵਡਿਆਇੰਦਾ, ਜਿਨ੍ਹਾਂ ਬਠਾਏ ਸਚਖੰਡ ਸੱਚੀ ਧਰਮਸਾਲ । ਹਜ਼ਾਰੀ ਸਭ ਦਾ ਨਾਉਂ ਰਖਾਇੰਦਾ, ਇਕ ਇਕ ਕਰੇ ਆਪ ਪ੍ਰਿਤਪਾਲ । ਕਲਜੁਗ ਪੰਜ ਹਜ਼ਾਰ ਆਯੂ ਆਪਣੀ ਅੰਤ ਹੰਢਾਇੰਦਾ, ਦੂਸਰ ਕੋਇ ਨਾ ਨਿਭੇ ਨਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਮਹਾਨ । ਗੁਰ ਗੋਬਿੰਦ ਸੁਣਿਆ ਹਰਿ ਕਾ ਸੰਦੇਸਾ, ਘਰ ਘਰ ਵਿਚ ਖ਼ੁਸ਼ੀ ਮਨਾਈਆ । ਕਵਣ ਖੇਲ ਕਰੇਂ ਨਰ ਨਰੇਸ਼ਾ, ਮੇਰੇ ਸਾਹਿਬ ਸੱਚੇ ਮਾਹੀਆ । ਆਪਣੇ ਨੇਤਰ ਨੈਣ ਮੈਂ ਪੇਖਾਂ, ਪਿਤਾ ਪੂਤ ਸੰਗ ਰਖਾਈਆ । ਕਵਣ ਰੂਪ ਵਟਾਏਂ ਭੇਖਾ, ਕਵਣ ਘਰ ਕਰੇਂ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਗੁਣ ਦੇ ਸਮਝਾਈਆ ।

੧੦੦੧ ੧੦

ਗੁਣ ਸਮਝਾਏ ਹਰਿ ਭਗਵੰਤ, ਗੋਬਿੰਦ ਸੁਤ ਉਠਾਏ । ਰੂਪ ਧਰਾਏ ਨਾਰੀ ਕੰਤ, ਨਰ ਨਰਾਇਣ ਵੇਸ ਵਟਾਏ । ਆਪ ਜਣਾਏ ਆਪਣਾ ਮੰਤ, ਮੰਤਰ ਸਾਚਾ ਆਪ ਦ੍ਰਿੜਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਉਂ ਦਏ ਸਮਝਾਏ । ਆਪਣਾ ਨਾਉਂ ਰੱਖਾਂ ਨਿਰੰਕਾਰ, ਨਿਹਕਲੰਕ ਰੂਪ ਵਟਾਈਆ । ਜੋਤੀ ਜੋਤ ਜੋਤ ਉਜਿਆਰ, ਨੂਰ ਨੂਰ ਨੂਰ ਦਰਸਾਈਆ । ਸ਼ਬਦੀ ਸ਼ਬਦ ਸ਼ਬਦ ਮੇਰੀ ਧਾਰ, ਡੰਕਾ ਸ਼ਬਦ ਸ਼ਬਦ ਵਜਾਈਆ । ਸ਼ਬਦ ਖੰਡਾ ਸ਼ਬਦ ਕਟਾਰ, ਸ਼ਬਦ ਸ਼ਮਸ਼ੀਰ ਲਏ ਉਠਾਈਆ । ਸ਼ਬਦ ਮਾਰੇ ਸਾਚੀ ਮਾਰ, ਚਾਰ ਕੁੰਟ ਦੁਹਾਈਆ । ਟਿੱਲੇ ਪਰਬਤ ਕਰੇ ਖ਼ਵਾਰ, ਜੰਗਲ ਜੂਹ ਉਜਾੜ ਪਹਾੜ ਫੋਲ ਫੋਲਾਈਆ । ਡੂੰਘੇ ਸਾਗਰ ਵੇਖੇ ਗਾਰ, ਰੂਪ ਅਨੂਪ ਧਰਾਈਆ । ਕਲਜੁਗ ਲਹਿਣਾ ਕ਼ਰਜ਼ ਦਏ ਉਤਾਰ, ਮਕਰੂਜ਼ ਨਜ਼ਰ ਕੋਇ ਨਾ ਆਈਆ । ਖ਼ਾਲਕ ਖ਼ਲਕ ਪਾਵੇ ਸਾਰ, ਆਪ ਆਪਣਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਪੰਧ ਮੁਕਾਈਆ । ਕਲਜੁਗ ਪਰਗਟੇ ਹਰਿ ਨਿਰੰਕਾਰਾ, ਨਿਰਗੁਣ ਨਾਉਂ ਧਰਾਈਆ । ਸੰਬਲ ਨਗਰੀ ਧਾਮ ਨਿਆਰਾ, ਘਰ ਸਾਚਾ ਆਪ ਸੁਹਾਈਆ । ਹਰਿ ਮੰਦਰ ਵਸੇ ਵਸਣੇਹਾਰਾ, ਹਰਿ ਹਰਿ ਆਪਣਾ ਨਾਉਂ ਪਰਗਟਾਈਆ । ਕਰੇ ਖੇਲ ਅਪਰ ਅਪਾਰਾ, ਅਗੰਮ ਅਗੰਮੜੀ ਕਾਰ ਕਰਾਈਆ । ਦੋ ਜਹਾਨਾਂ ਮਾਰੇ ਮਾਰਾ, ਚੌਦਾਂ ਤਬਕ ਸਫ਼ਾ ਉਠਾਈਆ । ਚੌਦਾਂ ਵਿਦਿਆ ਕਰੇ ਖ਼ਵਾਰਾ, ਚੌਦਾਂ ਲੋਕ ਨਾ ਕੋਇ ਪੜ੍ਹਾਈਆ । ਚਾਰ ਜੁਗ ਭੇਜਣਹਾਰਾ ਗੁਰ ਅਵਤਾਰਾ, ਨਿਰਗੁਣ ਆਪਣਾ ਨਾਉਂ ਧਰਾਈਆ । ਨਿਹਕਲੰਕ ਆਵੇ ਵਿਚ ਸੰਸਾਰਾ, ਜੋਤੀ ਜਾਤਾ ਭੇਖ ਵਟਾਈਆ । ਸਰਬ ਜੀਆਂ ਦਾ ਇਕ ਦਾਤਾਰਾ, ਘਟ ਘਟ ਰਿਹਾ ਸਮਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਵੇਖੇ ਵਿਗਸੇ ਕਰੇ ਵਿਚਾਰਾ, ਜੁਗ ਚੌਕੜੀ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਆਪਣਾ ਨਾਉਂ ਰਖਾਈਆ । ਨਿਹਕਲੰਕ ਨਾਉਂ ਰੱਖ, ਹਰਿ ਸਾਚਾ ਖੇਲ ਖਿਲਾਇੰਦਾ । ਸਤਿ ਸਰੂਪੀ ਹੋ ਪਰਤੱਖ, ਪਰਮ ਪੁਰਖ ਆਪਣਾ ਰੂਪ ਵਟਾਇੰਦਾ । ਸਾਚਾ ਮਾਰਗ ਏਕਾ ਦੱਸ, ਨੌਂ ਖੰਡ ਪ੍ਰਿਥਮੀ ਮਾਰਗ ਲਾਇੰਦਾ । ਸੱਤਾਂ ਦੀਪਾਂ ਆਪੇ ਦੱਸ, ਸਤਿ ਸਤਿਵਾਦੀ ਰਾਹ ਜਣਾਇੰਦਾ । ਨਾਤਾ ਤੋੜੇ ਅਠਸਠ, ਗੰਗਾ ਗੋਦਾਵਰੀ ਜਮਨਾ ਸੁਰਸਤੀ ਮੁਖ ਸ਼ਰਮਾਇੰਦਾ । ਵੇਖ ਵਖਾਏ ਮੰਦਰ ਮਸਜਿਦ ਮਠ, ਸ਼ਿਵਦਵਾਲੇ ਫੇਰਾ ਪਾਇੰਦਾ । ਵਸਣਹਾਰਾ ਘਟ ਘਟ, ਹਰਿ ਜੂ ਆਪਣੀ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਆਪਣਾ ਨਾਉਂ ਧਰਾਇੰਦਾ । ਨਿਰਗੁਣ ਨਾਉਂ ਹਰਿ ਨਿਰੰਕਾਰਾ, ਜ਼ਾਤ ਪਾਤ ਨਾ ਕੋਇ ਰਖਾਈਆ । ਆਦਿ ਜੁਗਾਦੀ ਇਕ ਅਵਤਾਰਾ, ਏਕਾ ਗੁਰ ਸਮਝਾਈਆ । ਏਕਾ ਮੰਦਰ ਗੁਰੂਦਵਾਰਾ, ਏਕਾ ਧਾਮ ਬਹਾਈਆ । ਏਕਾ ਸ਼ਬਦ ਨਾਮ ਨਗਾਰਾ, ਏਕਾ ਤਾਲ ਵਜਾਈਆ । ਏਕਾ ਹੁਕਮ ਵਰਤੇ ਵਰਤਾਰਾ, ਹੁਕਮੀ ਹੁਕਮ ਆਪ ਭਵਾਈਆ । ਲੱਖ ਚੁਰਾਸੀ ਪਾਰ ਕਿਨਾਰਾ, ਝੂਠੇ ਭਾਂਡੇ ਦਏ ਭੰਨਾਈਆ । ਗੁਰਮੁਖਾਂ ਕਰੇ ਆਪ ਪਿਆਰਾ, ਗੁਰਸਿਖ ਸਾਚੇ ਲਏ ਜਗਾਈਆ । ਨਿਰਗੁਣ ਦੀਆ ਕਰ ਉਜਿਆਰਾ, ਜੋਤੀ ਜੋਤ ਕਰੇ ਰੁਸ਼ਨਾਈਆ । ਅਨਹਦ ਨਾਦ ਸੱਚੀ ਧੁੰਨਕਾਰਾ, ਧੁੰਨ ਆਤਮਕ ਆਪ ਸੁਣਾਈਆ । ਅੰਮ੍ਰਿਤ ਪਿਆਏ ਠੰਡੀ ਠਾਰਾ, ਨਿਝਰ ਝਿਰਨਾ ਆਪ ਝਿਰਾਈਆ । ਚੌਥੇ ਜੁਗ ਕਰੇ ਪਾਰ ਕਿਨਾਰਾ, ਸ਼ਾਹ ਸੁਲਤਾਨਾਂ ਖ਼ਾਕ ਮਿਲਾਈਆ । ਨੌਂ ਖੰਡ ਪ੍ਰਿਥਮੀ ਲੱਗੇ ਇਕ ਅਖਾੜਾ, ਮਨ ਮਤ ਬੁਧ ਨਾਚ ਨਚਾਈਆ । ਮਗਰ ਲਗਾਏ ਪੰਚਮ ਧਾੜਾ, ਜੂਠਾ ਝੂਠਾ ਡੌਰੂ ਹੱਥ ਫੜਾਈਆ । ਬਚਿਆ ਰਹੇ ਨਾ

ਕੋਇ ਪੁਰਖ ਨਾਰਾ, ਜੋ ਬੈਠੇ ਹਰਿ ਭੁਲਾਈਆ । ਮਹਾਂਬਲੀ ਉਤਰੇ ਅਵਤਾਰਾ, ਨਾਨਕ ਨਿਰਗੁਣ ਗਿਆ ਸਮਝਾਈਆ । ਪੁਰਖ ਅਕਾਲ ਖੜਗ ਖੰਡਾ ਕਰੇ ਤਿਆਰਾ, ਬ੍ਰਹਿਮੰਡਾਂ ਆਪ ਵਖਾਈਆ । ਗੋਬਿੰਦ ਉਠੇ ਸਾਚਾ ਲਾੜਾ, ਕਲਗੀ ਤੋੜਾ ਸੀਸ ਟਿਕਾਈਆ । ਵੀਹ ਸੌ ਵੀਹ ਬਿਕ੍ਰਮੀ ਕਰੇ ਖੇਲ ਨਿਆਰਾ, ਪੰਦਰਾਂ ਕੱਤਕ ਰੁੱਤ ਸੁਹਾਈਆ । ਧਾਮ ਸੁਹਾਏ ਦਿਲੀ ਦਰਬਾਰਾ, ਸਚ ਸਿੰਘਾਸਣ ਚਰਨ ਟਿਕਾਈਆ । ਨੌਂ ਖੰਡ ਪ੍ਰਿਥਮੀ ਦੇਵੇ ਇਕ ਆਧਾਰਾ, ਰਾਜ ਰਾਜਾਨਾ ਹੁਕਮ ਸੁਣਾਈਆ । ਚਾਰੋਂ ਕੁੰਟ ਵਰਤੇ ਇਕ ਵਰਤਾਰਾ, ਏਕਾ ਰੂਪ ਜੀਵ ਜੰਤ ਹਰਿ ਭਗਵੰਤ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਨਿਰਵੈਰ ਪੁਰਖ ਅਕਾਲ, ਅਜੂਨੀ ਰਹਿਤ ਬੇਮਿਸਾਲ, ਨਿਹਕਲੰਕ ਆਪਣਾ ਨਾਉਂ ਧਰਾਈਆ । ਨਿਹਕਲੰਕ ਸ਼ਬਦ ਗੁਣਵੰਤਾ, ਸ਼ਬਦੀ ਧਾਰ ਚਲਾਇੰਦਾ । ਭੇਵ ਨਾ ਪਾਏ ਬ੍ਰਹਮਾ ਯੁਕਤਾ, ਚਾਰ ਵੇਦ ਮੁਖ ਸ਼ਰਮਾਇੰਦਾ । ਲੇਖਾ ਜਾਣੇ ਆਦਿ ਅੰਤਾ, ਜੁਗ ਜੁਗ ਖੇਲ ਖਿਲਾਇੰਦਾ । ਮੇਲ ਮਿਲਾਏ ਸਾਚੇ ਸੰਤਾਂ, ਜਿਸ ਜਨ ਆਪਣੀ ਦਇਆ ਕਮਾਇੰਦਾ । ਮਾਣ ਕਰਾਏ ਸਾਚੇ ਭਗਤਾਂ, ਭਗਤ ਭਗਵਾਨ ਵੇਖ ਵਖਾਇੰਦਾ । ਗੁਰਮੁਖਾਂ ਤੋੜੇ ਗੜ੍ਹ ਹਉਮੇ ਹੰਗਤਾ, ਆਪ ਆਪਣਾ ਨਾਮ ਜਣਾਇੰਦਾ । ਗੁਰਸਿਖ ਕਾਇਆ ਚੋਲੀ ਰੰਗਦਾ, ਨਾਮ ਮਜੀਠੀ ਆਪ ਰੰਗਾਇੰਦਾ । ਕਰੇ ਖੇਲ ਸੂਰੇ ਸਰਬੰਗ ਦਾ, ਗੁਰ ਗੋਬਿੰਦ ਲੇਖ ਲਿਖਾਇੰਦਾ । ਲੇਖਾ ਜਾਣੇ ਪੁਰੀ ਅਨੰਦ ਦਾ, ਪੁਰੀ ਅਨੰਦ ਵੇਖ ਵਖਾਇੰਦਾ । ਲਹਿਣਾ ਚੁੱਕੇ ਸੂਰਜ ਚੰਦ ਦਾ, ਬ੍ਰਹਮਾ ਵਿਸ਼ਨ ਸ਼ਿਵ ਮੁਖ ਛੁਪਾਇੰਦਾ । ਜਨ ਭਗਤਾਂ ਦਾਤ ਸਾਚੀ ਵੰਡਦਾ, ਲੇਖਾ ਜਾਣੇ ਦੋ ਜਹਾਨ ਦਾ, ਆਦਿ ਜੁਗਾਦਿ ਆਪਣੇ ਨਾਲ ਆਪੇ ਹੰਢਦਾ, ਕਰੇ ਖੇਲ ਸ੍ਰੀ ਭਗਵਾਨ ਦਾ । ਨਾਤਾ ਤੋੜੇ ਮਨ ਮਤ ਦੁਹਾਗਣ ਨਾਰ ਰੰਡ ਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਸਾਚਾ ਦਾਨ । ਦਾਨੀ ਦਾਤਾ ਹਰਿ ਦਾਤਾਰਾ, ਨਿਰਗੁਣ ਨਿਹਕਲੰਕ ਅਖਵਾਈਆ । ਸ਼ਬਦੀ ਦੇਵੇ ਨਾਮ ਭੰਡਾਰਾ, ਅਤੋਟ ਅਤੁਟ ਵਰਤਾਈਆ । ਸੋ ਪੁਰਖ ਨਿਰੰਜਣ ਹੰ ਬ੍ਰਹਮ ਹੋ ਤਿਆਰਾ, ਪਾਰਬ੍ਰਹਮ ਆਪਣੀ ਖੇਲ ਖਿਲਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪ ਚਲਾਏ ਆਪਣੀ ਧਾਰਾ, ਧਾਰ ਧਾਰ ਵਿਚ ਸਮਾਈਆ । ਕਲਜੁਗ ਅੰਤਮ ਖੇਲ ਨਿਆਰਾ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਗੋਬਿੰਦ ਸੂਰਾ ਵਡ ਬਲਕਾਰਾ, ਏਕਾ ਖੰਡਾ ਨਾਮ ਚਮਕਾਈਆ । ਤਿਖੀਆਂ ਰੱਖੇ ਦੋਵੇਂ ਧਾਰਾ, ਮਨਮੁਖਾਂ ਕਰੇ ਖ਼ਵਾਰਾ, ਏਕਾ ਖੰਡਾ ਨਾਮ ਚਮਕਾਈਆ । ਪੰਡਤ ਪਾਂਧਾ ਨਾ ਕੋਇ ਪਾਵੇ ਸਾਰਾ, ਜਗਤ ਵਿਦਿਆ ਭੁੱਲੀ ਸਰਬ ਲੋਕਾਈਆ । ਗੌੜ ਬ੍ਰਹਿਮਣ ਵਸੇ ਸਭ ਤੋਂ ਨਿਆਰਾ, ਬ੍ਰਹਿਮਣ ਗੌੜ ਭੇਵ ਕਿਸੇ ਨਾ ਆਈਆ । ਕਿਸੇ ਕੁਲ ਵਿਚ ਨਾ ਜਨਮੇ ਹਰਿ ਨਿਰੰਕਾਰਾ, ਸਰਬ ਜੀਆਂ ਦਾ ਇਕ ਦਾਤਾਰਾ, ਸੋ ਨਿਹਕਲੰਕ ਅਖਵਾਈਆ । ਆਦਿ ਜੁਗਾਦਿ ਕਰੇ ਪਸਾਰਾ, ਜੁਗ ਜੁਗ ਵੇਖੇ ਵੇਖਣਹਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਔਧ ਮੁਕਾਈਆ । ਕਲਜੁਗ ਜੀਵ ਭਾਣਾ ਮੰਨੋ ਸਤਿ, ਹਰਿ ਸਾਚਾ ਸਚ ਦ੍ਰਿੜਾਇੰਦਾ । ਸਤਿਗੁਰ ਪੂਰਾ ਦੇਵੇ ਮਤ, ਮਤ ਮਤ ਵਿਚ ਟਿਕਾਇੰਦਾ । ਬਹੱਤਰ ਨਾੜ ਨਾ ਉਬਲੇ ਰਤ, ਰਤੀ ਰਤ ਵੇਖ ਵਖਾਇੰਦਾ । ਜਿਸ ਜਨ ਮਿਲੇ ਕਮਲਾਪਾਤ, ਆਸਾ ਤ੍ਰਿਸਨਾ ਸਰਬ ਮਿਟਾਇੰਦਾ । ਜਗਤ ਖੇੜਾ ਦਿਸੇ ਭੱਠ, ਆਪਣਾ ਖੇੜਾ ਆਪ ਵਖਾਇੰਦਾ । ਨਿਰਗੁਣ ਨੂਰ ਲਟ ਲਟ, ਜੋਤੀ ਜੋਤ ਜਗਾਇੰਦਾ । ਗੁਰਸਿਖ ਤੇਰੇ ਚਰਨਾਂ ਹੇਠਾਂ ਕਲਜੁਗ ਬੈਠਾ ਸੱਥਰ ਘਤ, ਸੀਸ ਸੀਸ ਨਾ ਕੋਇ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ



੧੦੦੩
੧੦

ਕਰ, ਕਲਜੁਗ ਜੀਵਾਂ ਆਪ ਜਣਾਇੰਦਾ । ਬ੍ਰਹਮ ਮਤ ਸਤਿਗੁਰ ਧਾਰ, ਹਰਿ ਸਾਚਾ ਸਚ ਜਣਾਈਆ । ਪੰਚਮ ਦੇਵੇ ਸ਼ਬਦ ਨਾਦ ਧੁੰਨਕਾਰ, ਆਪਣੀ ਕਰੇ ਸਚ ਸ਼ਨਵਾਈਆ । ਅੱਠੇ ਪਹਿਰ ਰਹੇ ਖ਼ਬਰਦਾਰ, ਆਲਸ ਨਿੰਦਰਾ ਨਾ ਕੋਇ ਰਖਾਈਆ । ਮਨ ਮਤ ਬੁਧ ਨਾ ਕੋਈ ਵਿਚਾਰ, ਜਿਸ ਜਨ ਸਤਿਗੁਰ ਸ਼ਬਦ ਸੁਣਾਈਆ । ਹਉਮੇ ਸੰਸਾ ਰੋਗ ਦਏ ਨਿਵਾਰ, ਏਕਾ ਗੁਣ ਵਖਾਈਆ । ਨਾਤਾ ਤੁਟੇ ਝੂਠਾ ਸੰਸਾਰ, ਸਾਚਾ ਸੱਜਣ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਜੀਵਾਂ ਦੇਵੇ ਮਤ, ਤੱਤ ਗਿਆਨ ਇਕ ਦ੍ਰਿੜ੍ਹਾਈਆ । ਸਾਚੀ ਮਤ ਸ਼ਬਦ ਗੁਰ ਗਿਆਨਾ, ਆਤਮ ਬ੍ਰਹਮ ਦ੍ਰਿੜ੍ਹਾਇੰਦਾ ।ਅੱਠੇ ਪਹਿਰ ਇਕ ਧਿਆਨਾ, ਦਿਵਸ ਰੈਣ ਨਾ ਕੋਇ ਵਖਾਇੰਦਾ ।ਰਾਗ ਅਨਾਦ ਸੁਣਾਏ ਤਰਾਨਾ, ਸਾਰੰਗ ਸਾਰੰਗੀ ਨਾ ਕੋਇ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪੇ ਫੜ, ਗੁਰਮਤ ਇਕ ਜਣਾਇੰਦਾ । ਗੁਰ ਮਤ ਗੁਰ ਕਾ ਰੰਗ, ਗੁਰ ਸਤਿਗੁਰ ਆਪ ਚੜ੍ਹਾਈਆ । ਗੁਰਮੁਖ ਆਤਮ ਵੇਖ ਸੇਜ ਪਲੰਘ, ਪਾਵਾ ਚੂਲ ਨਾ ਕੋਇ ਰਖਾਈਆ । ਉਪਰ ਬੈਠਾ ਸੂਰਾ ਸਰਬੰਗ, ਤੇਰਾ ਰਾਹ ਤਕਾਈਆ । ਅੱਠੇ ਪਹਿਰ ਦੇਵੇ ਅਨੰਦ, ਪਰਮਾਨੰਦ ਰਿਹਾ ਸਮਾਈਆ । ਲਹਿਣਾ ਦੇਣਾ ਚੁੱਕੇ ਸੂਰਜ ਚੰਦ, ਏਕਾ ਨੂਰ ਕਰੇ ਰੁਸ਼ਨਾਈਆ । ਇਕ ਸੁਣਾਏ ਸੁਹਾਗੀ ਛੰਦ, ਮਤ ਬੁਧ ਸਮਝ ਨਾ ਸਕੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਤ੍ਰਿਸ਼ਨਾ ਦਏ ਮਿਟਾਈਆ । ਜਗਤ ਤ੍ਰਿਸ਼ਨਾ ਜਾਏ ਛੁੱਟ, ਮਨ ਵਾਸਨਾ ਆਪ ਗਵਾਈਆ । ਹਉਮੇ ਜੜ੍ਹ ਕੱਢੇ ਪੁੱਟ, ਕਾਇਆ ਅੰਦਰ ਰਹਿਣ ਨਾ ਪਾਈਆ । ਅੰਮ੍ਰਿਤ ਜਾਮ ਪਿਆਏ ਘੁੱਟ, ਸਾਂਤਕ ਸਤਿ ਸਤਿ ਸਤਿ ਕਰਾਈਆ । ਗੁਰਸਿਖ ਮਿਲੇ ਗੁਰ ਗੋਬਿੰਦ ਪਏ ਤੁਠ, ਸਤਿਗੁਰ ਗੋਬਿੰਦ ਆਪਣੀ ਗੋਦ ਬਹਾਈਆ । ਅਬਿਨਾਸ਼ੀ ਕਰਤਾ ਸੁਹਾਏ ਸਾਚੀ ਰੁੱਤ, ਰੁੱਤ ਬਸੰਤ ਆਪ ਮਹਿਕਾਈਆ । ਕਲਜੁਗ ਆਵੇ ਜਾਏ ਉਠ, ਥਿਰ ਕੋਇ ਰਹਿਣ ਨਾ ਪਾਈਆ । ਬ੍ਰਹਿਮਣ ਗੌੜਾ ਪੂਤ ਸਪੂਤਾ ਜਾਇਆ ਸੁੱਤ, ਸ਼ਬਦੀ ਨਾਉਂ ਧਰਾਈਆ । ਉਚੇ ਟਿੱਲੇ ਚੜ੍ਹਿਆ ਚੋਟ, ਪਰਬਤ ਆਪਣੇ ਆਸਣ ਲਾਈਆ । ਸੰਬਲ ਨਗਰ ਬਣਿਆ ਕੋਟ, ਗੋਬਿੰਦ ਗੜ੍ਹ ਸੁਹਾਈਆ । ਨਿਰਗੁਣ ਜਗੇ ਨਿਰਮਲ ਜੋਤ, ਦੀਵਾ ਬਾਤੀ ਨਾ ਕੋਇ ਰਖਾਈਆ । ਸ਼ਬਦ ਨਗਾਰੇ ਵੱਜੇ ਚੋਟ, ਅਨਾਦੀ ਨਾਦ ਵਜਾਈਆ । ਲੱਖ ਚੁਰਾਸੀ ਤੇਰਾ ਕੱਢੇ ਖੋਟ, ਸੋਇਆ ਕੋਇ ਰਹਿਣ ਨਾ ਪਾਈਆ । ਮਨਮੁਖ ਜੀਵ ਆਲ੍ਹਣਿਉਂ ਡਿਗੇ ਬੋਟ, ਕਲਜੁਗ ਅੰਤ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਹਰ ਘਟ ਵਸੇ ਹਰ ਘਟ ਬੈਠਾ ਆਸਣ ਲਾਈਆ ।

ਨਵ ਨੌਂ ਚਾਰ ਹਰਿ ਹਰਿ ਗੇੜਾ, ਨਰ ਹਰਿ ਨਰਾਇਣ ਭੁਆਈਆ । ਨਵ ਨੌਂ ਚਾਰ ਚੁੱਕੇ ਝੇੜਾ, ਸ੍ਰੀ ਭਗਵਾਨ ਆਪ ਚੁਕਾਈਆ । ਨਵ ਨੌਂ ਚਾਰ ਖੁਲ੍ਹਾ ਹੋਏ ਵੇਹੜਾ, ਅਬਿਨਾਸ਼ੀ ਕਰਤਾ ਆਪ ਕਰਾਈਆ । ਨਵ ਨੌਂ ਚਾਰ ਨਾਤਾ ਤੁਟੇ ਤੇਰਾ ਮੇਰਾ, ਤੇਰਾ ਮੇਰਾ ਰਹਿਣ ਨਾ ਪਾਈਆ । ਨਵ ਨੌਂ ਚਾਰ ਏਕਾ ਪਾਏ ਅਗੰਮੀ ਘੇਰਾ, ਸ਼ਬਦੀ ਸ਼ਬਦ ਬੇਪਰਵਾਹੀਆ । ਨਵ ਨੌਂ ਚਾਰ ਲਹਿਣਾ ਦੇਣਾ ਚੁੱਕੇ ਸੰਝ ਸਵੇਰਾ, ਦਿਵਸ ਰੈਣ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅੰਤ ਆਪਣੀ ਖੇਲ ਖਿਲਾਈਆ । ਨਵ ਨੌਂ ਉਤਰੇ ਪਾਰ,

ਚਾਰ ਚਾਰ ਪੰਧ ਮੁਕਾਇਆ । ਚਾਰੇ ਮੁਖ ਰੋਵਣ ਜ਼ਾਰੋ ਜ਼ਾਰ, ਬ੍ਰਹਮਾ ਧੀਰ ਨਾ ਕੋਇ ਧਰਾਇਆ । ਚਾਰੇ ਵੇਦ ਕਰਨ ਪੁਕਾਰ, ਉਚੀ ਕੂਕ ਕੂਕ ਸੁਣਾਇਆ । ਚਾਰੇ ਖਾਣੀ ਗਈ ਹਾਰ, ਹਰਿ ਕਾ ਭੇਵ ਕਿਸੇ ਨਾ ਆਇਆ । ਚਾਰੇ ਬਾਣੀ ਸੱਥਰ ਵੇਖਿਆ ਸੱਚਾ ਯਾਰ, ਯਾਰੜਾ ਸੱਥਰ ਅੰਤ ਨਾ ਸਕੇ ਹੰਢਾਇਆ । ਚਾਰ ਕੁੰਟ ਧੂੰਆਂਧਾਰ, ਸਾਚਾ ਚੰਦ ਨਾ ਕੋਇ ਚੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਆਪਣੀ ਖੇਲ ਖਿਲਾਇਆ । ਨਵ ਨੌਂ ਚਾਰ ਉਤਰੇ ਘਾਟ, ਪਾਰ ਕਿਨਾਰਾ ਆਪ ਕਰਾਈਆ । ਕਰੇ ਖੇਲ ਪੁਰਖ ਸਮਰਥ, ਸੋ ਪੁਰਖ ਨਿਰੰਜਣ ਬੇਪਰਵਾਹੀਆ । ਲਹਿਣਾ ਦੇਣ ਚੁਕਾਏ ਸੀਆਂ ਸਾਢੇ ਤਿੰਨ ਤਿੰਨ ਹੱਥ, ਹਰਿ ਪੁਰਖ ਨਿਰੰਜਣ ਸਾਚੀ ਸੇਵ ਕਮਾਈਆ । ਏਕੰਕਾਰਾ ਹਰਿ ਨਿਰੰਕਾਰਾ ਕਰੇ ਖੇਲ ਅਗੰਮ ਅਪਾਰਾ, ਏਕਾ ਵਸਤ ਜਨ ਭਗਤਾਂ ਦੇਵੇ ਹੱਥੋ ਹੱਥ, ਆਪ ਆਪਣੀ ਆਪ ਵਰਤਾਈਆ । ਲੱਖ ਚੁਰਾਸੀ ਦੇਵੇ ਮਥ, ਨਾਮ ਮਧਾਣਾ ਏਕਾ ਪਾਈਆ । ਲੇਖਾ ਜਾਣੇ ਤੀਰਥ ਅਠਸਠ, ਘਟ ਘਟ ਬੈਠਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਵ ਨੌਂ ਲੇਖਾ ਆਪਣੀ ਝੋਲੀ ਪਾਈਆ । ਨਵ ਨੌਂ ਚਾਰ ਮੁੱਕੇ ਪੰਧ, ਸੋ ਪੁਰਖ ਨਿਰੰਜਣ ਆਪ ਮੁਕਾਇੰਦਾ । ਜੁਗ ਚੌਕੜੀ ਛੁੱਟੇ ਬੰਦ, ਬੰਦੀ ਤੋੜ ਆਪ ਤੁੜਾਇੰਦਾ । ਨਵ ਨੌਂ ਸੁਣਾਏ ਏਕਾ ਛੰਦ, ਚਾਰ ਚਾਰ ਆਪ ਸਮਝਾਇੰਦਾ । ਆਪੇ ਜਾਣੇ ਆਪਣਾ ਅਨੰਦ, ਪਰਮਾਨੰਦ ਖੇਲ ਖਿਲਾਇੰਦਾ । ਆਦਿ ਜੁਗਾਦਿ ਸਦਾ ਬਖ਼ਸ਼ੰਦ, ਬਖ਼ਸ਼ਿਸ਼ ਆਪਣੀ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਵ ਨੌਂ ਚਾਰ ਆਪ ਜਗਾਇੰਦਾ । ਨਵ ਜਗਾਏ ਨੌਂ ਦਵਾਰ, ਨੌਬਤ ਨਾਮ ਵਜਾਈਆ । ਦੋ ਜਹਾਨਾਂ ਕਰੇ ਖ਼ਬਰਦਾਰ, ਬ੍ਰਹਿਮੰਡ ਖੰਡ ਹਿਲਾਈਆ । ਵਿਸ਼ਨ ਬ੍ਰਹਮਾ ਸ਼ਿਵ ਦਏ ਹੁਲਾਰ, ਸੁਰਪਤ ਰਾਜਾ ਇੰਦ ਕਰੋੜ ਤੇਤੀਸਾ ਨਾਲ ਰਲਾਈਆ । ਨਿਰਗੁਣ ਸਰਗੁਣ ਖੇਲ ਕਰੇ ਅਪਾਰ, ਲੋਕਮਾਤ ਵੇਖ ਵਖਾਈਆ । ਲੱਖ ਚੁਰਾਸੀ ਕਰੇ ਬੇਦਾਰ, ਗ਼ਫ਼ਲਤ ਸਭ ਦੀ ਦਏ ਮਿਟਾਈਆ । ਏਕਾ ਨਾਦ ਬੋਲ ਜੈਕਾਰ, ਸ਼ਬਦ ਅਗੰਮੀ ਦਏ ਸੁਣਾਈਆ । ਸੋ ਪੁਰਖ ਨਿਰੰਜਣ ਵਸਣਹਾਰਾ ਠਾਂਡੇ ਦਰਬਾਰ, ਘਰ ਸਾਚੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਵ ਆਪਣਾ ਭੇਵ ਚੁਕਾਈਆ । ਨੌਂ ਦਵਾਰ ਪਾਰ ਕਿਨਾਰਾ, ਨਿਰਗੁਣ ਨਿਰੰਕਾਰ ਆਪ ਕਰਾਈਆ । ਇਕ ਵਖਾਏ ਸੱਚਾ ਘਰ ਬਾਰਾ, ਪੁਰਖ ਅਬਿਨਾਸ਼ੀ ਬੇਪਰਵਾਹੀਆ । ਅੱਠੇ ਪਹਿਰ ਨੂਰ ਉਜਿਆਰਾ, ਜੋਤੀ ਜੋਤ ਡਗਮਗਾਈਆ । ਆਦਿ ਜੁਗਾਦਿ ਏਕਾ ਧੁੰਨਕਾਰਾ, ਅਨਹਦ ਨਾਦੀ ਨਾਦ ਸੁਣਾਈਆ । ਖੇਲ ਕਰਾਏ ਧਾਮ ਨਿਆਰਾ, ਧਾਮ ਅਵੱਲੜਾ ਆਪ ਉਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਵ ਆਪਣਾ ਬੰਧਨ ਪਾਈਆ । ਨਵ ਬੰਧਨ ਪਾਏ ਏਕ, ਏਕਾ ਏਕੰਕਾਰਿਆ । ਤ੍ਰੈਗੁਣ ਮਾਇਆ ਨਾ ਲਾਏ ਸੇਕ, ਪੰਜ ਤੱਤ ਕਰੇ ਖ਼ਵਾਰਿਆ । ਬੁੱਧੀ ਕਰੇ ਆਪ ਬਿਬੇਕ, ਦੇਵੇ ਨਾਮ ਆਧਾਰਿਆ । ਚਰਨ ਕਵਲ ਰਖਾਏ ਸਾਚੀ ਟੇਕ, ਰੂਪ ਅਨੂਪ ਆਪ ਧਰਾ ਰਿਹਾ । ਪੂਰਬ ਕਰਮਾਂ ਆਪੇ ਵੇਖ, ਲਹਿਣਾ ਲਹਿਣਾ ਝੋਲੀ ਪਾ ਰਿਹਾ । ਲੇਖਾ ਜਾਣੇ ਪੀਰ ਪੈਗ਼ੰਬਰ ਔਲੀਆ ਸ਼ੇਖ਼, ਮੁੱਲਾਂ ਮੁਸਾਇਕ ਆਪ ਉਠਾ ਰਿਹਾ । ਪਰਖਣਹਾਰਾ ਪੰਡਤ ਪਾਂਧੇ ਰੇਖ, ਜੋਤ ਲਲਾਟ ਫੋਲ ਫੁਲਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੌਂ ਦਵਾਰ ਆਪਣਾ ਖੇਲ ਖਿਲਾ ਰਿਹਾ । ਨੌਂ ਦਵਾਰ ਖੇਲ ਗ਼ਰੀਬ ਨਿਵਾਜ਼ਾ, ਹਰਿ ਆਪਣਾ ਆਪ ਕਰਾਈਆ । ਸ਼ਾਹੋ ਭੂਪ ਬਣ ਰਾਜਨ ਰਾਜਾ, ਲੱਖ ਚੁਰਾਸੀ ਰਚਿਆ ਕਾਜਾ, ਆਸਾ ਆਸਾ


੧੦੦੫
੧੦

ਵਿਚ ਸਮਾਈਆ । ਮਨ ਮਨੂਆ ਫਿਰੇ ਭਾਜਾ, ਦਹਿ ਦਿਸ਼ ਉਠ ਉਠ ਧਾਈਆ । ਆਪੇ ਵੇਖੇ ਖੇਲ ਖੇਲ ਜਗਤ ਤਮਾਸ਼ਾ, ਬੈਠੀ ਲੋਕਾਈ ਮੁਖ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਵ ਗੇੜਾ ਆਪ ਭਵਾਈਆ । ਨਵ ਗੇੜਾ ਜਗਤ ਸਾਗਰ, ਨੌਂ ਦਰ ਆਪ ਖੁਲ੍ਹਾਇਆ । ਜਗਤ ਵਾਸਨਾ ਦੇਵੇ ਆਦਰ, ਆਸਾ ਤ੍ਰਿਸਨਾ ਮੇਲ ਮਿਲਾਇਆ । ਕਰੇ ਖੇਲ ਕਰੀਮ ਹਰਿ ਕ਼ਾਦਰ, ਕ਼ੁਦਰਤ ਕਰਤਾ ਵੇਖ ਵਖਾਇਆ । ਆਪੇ ਬਣਿਆ ਸਾਚਾ ਸਾਬਰ, ਸਬਰ ਸਬੂਰੀ ਆਪ ਹੰਢਾਇਆ । ਲੇਖਾ ਜਾਣੇ ਪਿਸਰ ਪਿਦਰ ਮਾਦਰ, ਬੇਪਰਵਾਹ ਰੂਪ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਵ ਆਪਣਾ ਰੰਗ ਰੰਗਾਇਆ । ਨਵ ਰੰਗ ਨਿਰੰਕਾਰ, ਆਪਣਾ ਆਪ ਰੰਗਾਈਆ । ਨਵ ਖੰਡ ਪ੍ਰਿਥਮੀ ਕਰ ਤਿਆਰ, ਧਰਤ ਧਵਲ ਦਏ ਵਡਿਆਈਆ । ਬ੍ਰਹਮੇ ਵਸਤ ਅਮੋਲ ਭੰਡਾਰ, ਏਕਾ ਵਾਰ ਵਰਤਾਈਆ । ਤ੍ਰੈਗੁਣ ਦੇਵੇ ਦੇਵਣਹਾਰ, ਦੇਵਣਹਾਰ ਆਪ ਅਖਵਾਈਆ । ਹੁਕਮੀ ਹੁਕਮ ਹੁਕਮ ਵਰਤਾਰ, ਧੁਰ ਫ਼ਰਮਾਨਾ ਆਪ ਜਣਾਈਆ । ਲੱਖ ਚੁਰਾਸੀ ਕਰ ਤਿਆਰ, ਧਰਤ ਮਾਤ ਦੀ ਗੋਦ ਬਹਾਈਆ । ਘਰ ਵਿਚ ਘਰ ਕਰ ਤਿਆਰ, ਆਪਣਾ ਰੂਪ ਆਪ ਵਟਾਈਆ । ਜੋਤੀ ਜੋਤ ਜੋਤ ਉਜਿਆਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਅੰਦਰ ਵੜ ਬੈਠ ਸਰਕਾਰ, ਸਾਚਾ ਤਖ਼ਤ ਸੁਹਾਈਆ । ਪਾਰਬ੍ਰਹਮ ਕਰੇ ਖੇਲ ਅਪਰ ਅਪਾਰ, ਆਪਣੀ ਵੰਡਣ ਵੰਡ ਵੰਡਾਈਆ । ਈਸ਼ ਜੀਵ ਦਏ ਆਧਾਰ, ਜਗਦੀਸ਼ ਆਪਣੀ ਬਣਤ ਬਣਾਈਆ । ਨੌਂ ਖੰਡ ਪ੍ਰਿਥਮੀ ਵਸਿਆ ਖੇੜਾ, ਹਰਿ ਸਾਚਾ ਆਪ ਵਸਾਇੰਦਾ । ਲੱਖ ਚੁਰਾਸੀ ਬੱਧਾ ਬੇੜਾ, ਆਪ ਆਪਣੇ ਕੰਧ ਉਠਾਇੰਦਾ । ਆਪੇ ਦੂਰ ਆਪੇ ਨੇੜਾ, ਸਚ ਸਿੰਘਾਸਣ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਵ ਨੌਂ ਮੰਦਰ ਆਪ ਉਪਾਇੰਦਾ । ਨਵ ਨੌਂ ਮੰਦਰ ਆਪੇ ਖੋਲ੍ਹ, ਆਪਣਾ ਆਸਣ ਲਾਈਆ । ਨਿਰਗੁਣ ਸਰਗੁਣ ਅੰਦਰ ਬੋਲ, ਨਾਦ ਅਨਾਦੀ ਆਪ ਸੁਣਾਈਆ । ਸਾਚੇ ਤੋਲ ਆਪੇ ਤੋਲ, ਏਕਾ ਤੋਲਾ ਆਪ ਹੋ ਜਾਈਆ । ਆਦਿ ਜੁਗਾਦਿ ਰਹੇ ਅਡੋਲ, ਡੁਲ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਵ ਨੌਂ ਪਰਦਾ ਦਏ ਚੁਕਾਈਆ । ਨੌਂ ਨੌਂ ਪਰਦਾ ਦੇਵੇ ਚੁੱਕ, ਹਰਿ ਸਾਚਾ ਖੇਲ ਖਿਲਾਇੰਦਾ । ਘਰ ਘਰ ਬੈਠਾ ਆਪੇ ਲੁਕ, ਦਿਸ ਕਿਸੇ ਨਾ ਆਇੰਦਾ । ਆਪਣੀ ਵਾਰ ਆਪੇ ਜਾਏ ਉਠ, ਬ੍ਰਹਮ ਪਾਰਬ੍ਰਹਮ ਪਰਗਟਾਇੰਦਾ । ਪੰਚਮ ਉਪਰ ਆਪੇ ਤੁੱਠ, ਆਪਣਾ ਪਰਦਾ ਲਾਹਿੰਦਾ । ਅੰਮ੍ਰਿਤ ਆਤਮ ਜਾਮ ਪਿਆਏ ਘੁੱਟ, ਸਾਂਤਕ ਸਤਿ ਸਤਿ ਕਰਾਇੰਦਾ । ਨਵ ਨੌਂ ਸੁਹਾਏ ਸਾਚੀ ਰੁੱਤ, ਰੁੱਤ ਬਸੰਤ ਆਪ ਉਪਾਇੰਦਾ । ਕਰੇ ਖੇਲ ਅਬਿਨਾਸ਼ੀ ਅਚੁਤ, ਲੇਖਾ ਲਿਖਤ ਵਿਚ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੌਂ ਨੌਂ ਆਪਣਾ ਖੇਲ ਖਿਲਾਇੰਦਾ । ਨੌਂ ਨੌਂ ਖੇਲ ਹਰਿ ਗੋਬਿੰਦ, ਸੋ ਪੁਰਖ ਨਿਰੰਜਣ ਆਪ ਖਿਲਾਈਆ । ਹਰਖ ਸੋਗ ਨਾ ਕੋਇ ਚਿੰਦ, ਖ਼ੁਸ਼ੀ ਗ਼ਮ ਨਾ ਕੋਇ ਵਡਿਆਈਆ । ਕਰੇ ਖੇਲ ਗੁਣੀ ਗਹਿੰਦ, ਗਹਿਰ ਗੰਭੀਰ ਨਾਉਂ ਧਰਾਈਆ । ਭੇਵ ਨਾ ਪਾਏ ਸੁਰਪਤ ਇੰਦ, ਵਿਸ਼ਨ ਬ੍ਰਹਮਾ ਸ਼ਿਵ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੌਂ ਨੌਂ ਆਪਣਾ ਵੇਸ ਵਟਾਈਆ । ਨਵ ਨੌਂ ਵੇਸ ਵਟਾਇਆ, ਨਿਰਗੁਣ ਸਰਗੁਣ ਧਾਰ । ਨੌਂ ਖੰਡ ਪ੍ਰਿਥਮੀ ਡੇਰਾ ਲਾਇਆ, ਲੱਖ ਚੁਰਾਸੀ ਕਰ ਤਿਆਰ । ਨਿਜ ਘਰ ਵਾਸੀ ਵੇਖ ਵਖਾਇਆ, ਆਪ ਆਪਣੀ ਕਿਰਪਾ ਧਾਰ । ਮੰਡਲ ਰਾਸ ਆਪ ਪਵਾਇਆ, ਗੋਪੀ ਕਾਹਨ ਬਣੇ ਨਚਾਰ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਨਵ ਲੇਖਾ ਦਏ ਸਮਝਾਇਆ, ਨਵ ਲੇਖਾ ਪੰਜ ਤੱਤ ਕਾਇਆ ਗੜ੍ਹ ਨੌਂ ਦਵਾਰ ਖੁਲ੍ਹਾਈਆ । ਕਿਰਪਾ ਕਰ ਸਾਚਾ ਹਰਿ, ਆਪਣੀ ਵੰਡਣ ਆਪ ਵੰਡਾਈਆ । ਮਨ ਮਤ ਬੁਧ ਅੰਦਰ ਧਰ, ਏਕਾ ਤੱਤ ਜਣਾਈਆ । ਆਪਣਾ ਮਾਰਗ ਆਪੇ ਬਣ, ਬੈਠਾ ਮੁਖ ਛੁਪਾਈਆ । ਨਾ ਕੋਈ ਸੀਸ ਨਾ ਕੋਈ ਧੜ, ਚੋਟੀ ਜੜ੍ਹ ਨਾ ਕੋਇ ਰਖਾਈਆ । ਆਪਣੀ ਕਰਨੀ ਰਿਹਾ ਕਰ, ਕਰਤਾ ਪੁਰਖ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਵ ਨੌਂ ਆਪਣਾ ਸੰਗ ਨਿਭਾਈਆ । ਨਵ ਨੌਂ ਨਿਭਾਏ ਆਪਣਾ ਸੰਗ, ਭੇਵ ਕਿਸੇ ਨਾ ਆਇਆ । ਘਰ ਘਰ ਵਜਾਏ ਨਾਮ ਮਰਦੰਗ, ਸਾਚਾ ਮਰਦੰਗਾ ਹੱਥ ਉਠਾਇਆ । ਆਪਣੀ ਗਲੀ ਆਪਣੀ ਕੂਟ ਆਪੇ ਜਾਏ ਲੰਘ, ਔਂਦਾ ਜਾਂਦਾ ਦਿਸ ਨਾ ਆਇਆ । ਆਪ ਸੁਹਾਏ ਆਪਣੀ ਸੇਜ ਪਲੰਘ, ਸਚ ਸਿੰਘਾਸਣ ਸੋਭਾ ਪਾਇਆ । ਆਪੇ ਜਾਣੇ ਆਪਣਾ ਅਨੰਦ, ਅਨੰਦ ਅਨੰਦ ਵਿਚ ਆਪ ਸਮਾਇਆ । ਆਪੇ ਗਾਏ ਆਪਣਾ ਸੁਹਾਗੀ ਛੰਦ, ਲਿਖਣ ਪੜ੍ਹਨ ਵਿਚ ਨਾ ਆਇਆ । ਆਪ ਚੜ੍ਹਾਏ ਆਪਣਾ ਸਾਚਾ ਚੰਦ, ਸੂਰਜ ਚੰਦ ਮੁਖ ਸ਼ਰਮਾਇਆ । ਕਰੇ ਖੇਲ ਸੂਰਾ ਸਰਬੰਗ, ਆਪਣਾ ਖੇਲ ਆਪ ਖਿਲਾਇਆ । ਆਪੇ ਸ਼ਬਦੀ ਡੋਰ ਪਤੰਗ, ਆਪੇ ਸ਼ਬਦੀ ਬੰਦ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੌਂ ਦਰ ਖੇੜਾ ਆਪ ਸੁਹਾਇਆ । ਨੌਂ ਦਰ ਖੇੜਾ ਸੋਭਾਵੰਤ, ਹਰਿ ਸਾਚਾ ਆਪ ਸੁਹਾਈਆ । ਪੰਜ ਤੱਤ ਚੋਲੀ ਚਾੜ੍ਹੇ ਰੰਗ ਬਸੰਤ, ਉਤਰ ਕਦੇ ਨਾ ਜਾਈਆ । ਏਕਾ ਨਾਮ ਮਣੀਆ ਮੰਤ, ਮਨ ਮਣਕਾ ਦਏ ਭਵਾਈਆ । ਗੁਰਮੁਖ ਉਠਾਏ ਵਿਰਲਾ ਸੰਤ, ਜਿਸ ਜਨ ਆਪਣੀ ਬੂਝ ਬੁਝਾਈਆ । ਲੱਖ ਚੁਰਾਸੀ ਮਾਇਆ ਪਾਏ ਬੇਅੰਤ, ਕੋਇ ਉਠ ਨਾ ਸਕੇ ਰਾਈਆ । ਗੜ੍ਹ ਬਣਾਏ ਹਉਮੇ ਹੰਗਤ, ਅੰਦਰ ਵਾੜ ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਈਆ । ਹਰਿਜਨ ਮੇਲੇ ਹਰਿ ਹਰਿ ਸੰਗਤ, ਸਾਚਾ ਸੰਗ ਆਪ ਰਖਾਈਆ । ਗੁਰਮੁਖ ਗੁਰ ਗੁਰ ਰੰਗ ਰੰਗਾਏ ਰੰਗਤ, ਰੰਗ ਮਜੀਠੀ ਇਕ ਚੜ੍ਹਾਈਆ । ਦਰ ਦਵਾਰੇ ਜੋ ਆਏ ਮੰਗਤ, ਨੌਂ ਦਵਾਰ ਲੇਖਾ ਦਏ ਚੁਕਾਈਆ । ਮਾਣਸ ਜਨਮ ਨਾ ਹੋਏ ਭੰਗਤ, ਜਿਸ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੌਂ ਦਰ ਖੇੜਾ ਆਪੇ ਦੇਵੇ ਢਾਹੀਆ । ਲੱਖ ਚੁਰਾਸੀ ਪਾਏ ਨੱਥ, ਦਹਿ ਦਿਸ਼ਾ ਆਪ ਭਵਾਇੰਦਾ । ਆਪਣਾ ਮਾਰਗ ਆਪੇ ਦੱਸ, ਗੁਰ ਅਵਤਾਰ ਸੇਵਾ ਲਾਇੰਦਾ । ਤੀਰ ਨਿਰਾਲਾ ਮਾਰੇ ਕਸ, ਬਜਰ ਕਪਾਟੀ ਤੋੜ ਤੁੜਾਇੰਦਾ । ਤ੍ਰੈਗੁਣ ਮਾਇਆ ਡੱਸਣੀ ਨਾ ਸਕੇ ਡੱਸ, ਅੰਮ੍ਰਿਤ ਆਤਮ ਜਾਮ ਪਿਆਇੰਦਾ । ਦਰਸ ਦਿਖਾਏ ਹੱਸ ਹੱਸ, ਆਪਣੀ ਦਇਆ ਆਪ ਕਮਾਇੰਦਾ । ਪੂਰੀ ਕਰੇ ਗੁਰਮੁਖਾਂ ਆਸ, ਜੁਗ ਜੁਗ ਆਪਣੀ ਦਇਆ ਕਮਾਇੰਦਾ । ਨਿਰਗੁਣ ਜੋਤ ਕਰ ਪਰਕਾਸ਼, ਅਗਿਆਨ ਅੰਧੇਰ ਮਿਟਾਇੰਦਾ । ਨੌਂ ਦਵਾਰੇ ਕਰੇ ਬੰਦ ਖ਼ੁਲਾਸ, ਦਸਵਾਂ ਦਰ ਆਪ ਸੁਹਾਇੰਦਾ । ਸਾਚੇ ਤਖ਼ਤ ਬੈਠ ਪੁਰਖ ਅਬਿਨਾਸ਼, ਆਤਮ ਸੇਜਾ ਸੋਭਾ ਪਾਇੰਦਾ । ਨਾ ਪ੍ਰਿਥਮੀ ਨਾ ਕੋਇ ਆਕਾਸ਼, ਗਗਨ ਮੰਡਲ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੌਂ ਦਵਾਰੇ ਆਪਣਾ ਰਾਹ ਚੁਕਾਇੰਦਾ । ਨੌਂ ਦਵਾਰ ਮੁਕੇ ਪੰਧ, ਗੁਰ ਸਤਿਗੁਰ ਆਪ ਮੁਕਾਈਆ । ਆਪ ਜਣਾਏ ਸੁਹਾਗੀ ਛੰਦ, ਸੋ ਪੁਰਖ ਨਿਰਜੰਣ ਸਚ ਪੜ੍ਹਾਈਆ । ਹੰ ਬ੍ਰਹਮ ਵਖਾਏ ਇਕ ਅਨੰਦ, ਅਨੰਦ ਅਨੰਦ ਮੰਗਲ ਗਾਈਆ । ਦੂਈ ਦਵੈਤੀ ਢਾਹੇ ਕੰਧ, ਭਾਂਡਾ ਭਰਮ ਭੌ ਭੰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੌਂ ਦਰ ਲੇਖਾ ਦਏ ਚੁਕਾਈਆ । ਨੌਂ ਦਰ ਤੇਰਾ

ਲੇਖ ਚੁਕੌਣਾ, ਗੁਰ ਸਤਿਗੁਰ ਦਇਆ ਕਮਾਇੰਦਾ । ਗੁਰਮੁਖ ਸਾਚੇ ਆਪ ਉਠੌਣਾ, ਆਪਣੀ ਬੂਝ ਬੁਝਾਇੰਦਾ । ਜਨਮ ਜਨਮ ਦਾ ਰੋਗ ਗਵੌਣਾ, ਲੱਖ ਚੁਰਾਸੀ ਫੰਦ ਕਟਾਇੰਦਾ । ਫੜ ਫੜ ਆਪਣੀ ਗੋਦ ਬਹੌਣਾ, ਰਾਏ ਧਰਮ ਨੇੜ ਨਾ ਆਇੰਦਾ । ਦੋ ਜਹਾਨਾਂ ਚੰਦ ਚੜ੍ਹੌਣਾ, ਸਾਚਾ ਚੰਦ ਆਪ ਚਮਕਾਇੰਦਾ । ਜੁਗ ਜੁਗ ਟੁੱਟੀ ਗੰਢ ਵਖੌਣਾ, ਗੰਢਣਹਾਰ ਸੇਵ ਕਮਾਇੰਦਾ । ਨਾਰ ਕੰਤ ਸ੍ਰੀ ਭਗਵੰਤ ਆਪ ਅਖਵੌਣਾ, ਕੰਤ ਸੁਹਾਗੀ ਆਪ ਮਿਲਾਇੰਦਾ । ਘਰ ਘਰ ਮੰਗਲ ਸਖ਼ੀਆਂ ਗੌਣਾ, ਪੰਚਮ ਸਖ਼ੀਆਂ ਆਪ ਉਠਾਇੰਦਾ । ਦਰ ਦਵਾਰ ਆਪ ਖੁਲ੍ਹੌਣਾ, ਆਤਮ ਤਾਕੀ ਬੰਦ ਖੁਲ੍ਹਾਇੰਦਾ । ਆਤਮ ਸੇਜਾ ਫੜ ਬਹੌਣਾ, ਗੁਰਮੁਖ ਸਾਚੇ ਨਾਲ ਮਿਲਾਇੰਦਾ । ਅਨਹਦ ਸਾਚਾ ਰਾਗ ਸੁਣੌਣਾ, ਦੂਸਰ ਗੀਤ ਨਾ ਕੋਇ ਅਲਾਇੰਦਾ । ਛੱਤੀ ਰਾਗਾਂ ਮੁਖ ਸ਼ਰਮੌਣਾ, ਪੁਰਖ ਅਬਿਨਾਸ਼ੀ ਖੇਲ ਖਿਲਾਇੰਦਾ । ਏਕਾ ਦੀਪਕ ਜੋਤ ਜਗੌਣਾ, ਤੇਲ ਬਾਤੀ ਨਾ ਕੋਇ ਟਿਕਾਇੰਦਾ । ਨਾਰੀ ਕੰਤ ਏਕਾ ਰੰਗ ਰੰਗੌਣਾ, ਸਾਚੀ ਸੇਜਾ ਸੋਭਾ ਪਾਇੰਦਾ । ਨੌਂ ਦਰ ਤੇਰਾ ਝੂਠਾ ਡੇਰਾ ਢੌਣਾ, ਮਾਇਆ ਮਮਤਾ ਮੋਹ ਚੁਕਾਇੰਦਾ । ਦਸਮ ਦਵਾਰੇ ਗੁਰਮੁਖ ਸਾਚਾ ਆਪ ਬਹੌਣਾ, ਸਿਰ ਆਪਣਾ ਹੱਥ ਟਿਕਾਇੰਦਾ । ਜੋਤੀ ਜੋਤ ਜੋਤ ਮਿਲੌਣਾ, ਜੋਤੀ ਜਾਤਾ ਆਪਣੇ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੌਂ ਦਰ ਨਾਤਾ ਜਾਏ ਤੁਟ, ਨੌਂ ਖੰਡ ਪ੍ਰਿਥਮੀ ਜਾਏ ਛੁੱਟ, ਲੱਖ ਚੁਰਾਸੀ ਗੇੜ ਰਹਿਣ ਨਾ ਪਾਈਆ । ਗੁਰਮੁਖ ਮਿਲੇ ਗੁਰ ਗੁਰ ਜੋਤ, ਗੁਰ ਸਤਿਗੁਰ ਆਪ ਮਿਲਾਈਆ । ਕਾਇਆ ਬੰਕ ਵਖਾਏ ਕਿਲਾ ਕੋਟ, ਗ੍ਰਿਹਿ ਮੰਦਰ ਭੇਵ ਚੁਕਾਈਆ । ਬੰਦ ਕਿਵਾੜਾ ਖੋਲ੍ਹੇ ਸੋਤ, ਸੁਰਤੀ ਸ਼ਬਦ ਸ਼ਬਦ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਜਗਾਈਆ ।

੧੦੦੮

੧੦

ਹਰਿਜਨ ਹਰਿ ਜਗਾਇੰਦਾ, ਜੁਗਾ ਜੁਗੰਤਰ ਕਾਰ । ਨਿਰਗੁਣ ਸਰਗੁਣ ਦਰਸ ਦਿਖਾਇੰਦਾ, ਸਵੱਛ ਸਰੂਪੀ ਹੋ ਤਿਆਰ । ਆਪਣਾ ਪਰਦਾ ਆਪ ਉਠਾਇੰਦਾ, ਦੇਵੇ ਦਰਸ ਅਗੰਮ ਅਪਾਰ । ਤ੍ਰੈਗੁਣ ਸੜਦਾ ਅੱਗ ਬਚਾਇੰਦਾ, ਅੰਮ੍ਰਿਤ ਜਾਮ ਪਿਆਏ ਠੰਡਾ ਠਾਰ । ਪੰਜ ਤੱਤ ਲੜਦਾ ਆਪ ਛੁਡਾਇੰਦਾ, ਨਾਤਾ ਤੋੜ ਕਾਮ ਕਰੋਧ ਲੋਭ ਮੋਹ ਹੰਕਾਰ । ਜਗ ਡੁਬਦਾ ਆਪ ਤਰਾਇੰਦਾ, ਨਾਮ ਨੱਯਾ ਦੇਵੇ ਚਾੜ੍ਹ । ਹਰਿਜਨ ਸਾਚੇ ਆਪ ਉਠਾਇੰਦਾ, ਆਪ ਆਪਣੀ ਕਿਰਪਾ ਧਾਰ । ਸਤਿਜੁਗ ਤ੍ਰੇਤਾ ਦੁਆਪਰ ਵੇਖ ਵਖਾਇੰਦਾ, ਕਲਜੁਗ ਆਈ ਅੰਤਮ ਵਾਰ । ਨਿਰਗੁਣ ਜੋਤੀ ਜਾਮਾ ਭੇਖ ਵਟਾਇੰਦਾ, ਨਿਹਕਲੰਕ ਨਰਾਇਣ ਨਰ ਅਵਤਾਰ । ਗੋਬਿੰਦ ਸੂਰਾ ਨਾਲ ਰਲਾਇੰਦਾ, ਸ਼ਬਦ ਘੋੜਾ ਕਰ ਤਿਆਰ । ਸਾਚੇ ਅਸਵ ਆਪ ਚੜ੍ਹਾਇੰਦਾ, ਲੋਆਂ ਪੁਰੀਆਂ ਕਰੇ ਪਾਰ । ਆਤਮ ਬ੍ਰਹਮ ਆਪ ਦ੍ਰਿੜਾਇੰਦਾ, ਦੂਜਾ ਤੱਤ ਨਾ ਕਰੇ ਪਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਵ ਨੌਂ ਲੇਖਾ ਦਏ ਉਤਾਰ । ਨਵ ਨੌਂ ਲੇਖਾ ਉਤਰੇ ਪਾਰ, ਉਤਾਰਨਹਾਰ ਆਪ ਹੋ ਜਾਈਆ । ਸਚਖੰਡ ਵਖਾਏ ਇਕ ਦਵਾਰ, ਲੋਕਮਾਤ ਖੁਲ੍ਹਾਈਆ । ਪਰਗਟ ਹੋਵੇ ਹਰਿ ਕਰਤਾਰ, ਨਿਰਗੁਣ ਰੂਪ ਵਟਾਈਆ । ਲੇਖਾ ਜਾਣੇ ਤੇਈ ਅਵਤਾਰ, ਭੁਲ ਕਦੇ ਨਾ ਜਾਈਆ । ਦਸ ਦਸ ਗੁਰ ਪਾਵੇ ਸਾਰ, ਏਕਾ ਸੱਚਾ ਮਾਹੀਆ । ਭਗਤ ਭਗਵੰਤ ਲਏ ਉਠਾਲ, ਆਪਣਾ ਰੰਗ ਰੰਗਾਈਆ । ਸੰਤਾਂ ਕਰੇ ਆਪੇ ਭਾਲ, ਗੁਰਮੁਖਾਂ ਚਲੇ ਨਾਲ ਨਾਲ, ਵਿਛੜ ਕਦੇ ਨਾ ਜਾਈਆ । ਗੁਰਸਿਖਾਂ ਸੁਰਤ ਰਿਹਾ ਸੰਭਾਲ, ਲੱਖ ਚੁਰਾਸੀ ਵਿਚੋਂ ਨਾਲ ਮਿਲਾਈਆ । ਲੇਖਾ ਤੋੜੇ ਸ਼ਾਹ ਕੰਗਾਲ, ਊਚ ਨੀਚ ਨਾ ਕੋਇ ਰਖਾਈਆ । ਸ਼ਬਦ ਸਰੂਪੀ ਬਣ ਦਲਾਲ, ਗੁਰ ਗੁਰ ਵੇਸ ਵਟਾਈਆ । ਦੋ ਜਹਾਨਾਂ ਵੱਜੇ ਤਾਲ, ਨਿਰਗੁਣ ਸਰਗੁਣ ਆਪ ਵਜਾਈਆ । ਲੱਖ

ਚੁਰਾਸੀ ਹੋਈ ਬੇਹਾਲ, ਭੁੱਲੀ ਸਰਬ ਲੋਕਾਈਆ । ਨਜ਼ਰ ਨਾ ਆਏ ਪੁਰਖ ਅਕਾਲ, ਬੈਠੇ ਵੰਡਣ ਪਾਈਆ । ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਪਾਇਆ
ਜਾਲ, ਉਮਤ ਉਮਤੀ ਨਾਲ ਰਲਾਈਆ । ਕਿਸੇ ਦਿਸ ਨਾ ਆਏ ਸੱਚੀ ਧਰਮਸਾਲ, ਹਰਿ ਮੰਦਰ ਫੇਰਾ ਕੋਇ ਨਾ ਪਾਈਆ । ਕਿਸੇ ਫਲ ਨਾ
ਦਿਸੇ ਡਾਲ, ਜੀਵ ਜੰਤ ਸਿਮਲ ਰੁੱਖ ਰਹੇ ਲਹਿਰਾਈਆ । ਸਭ ਦੇ ਸਿਰ ਤੇ ਕੂਕੇ ਕਾਲ, ਕਾਲ ਨਗਾਰਾ ਰਿਹਾ ਵਜਾਈਆ । ਪਾਰਬ੍ਰਹਮ ਪਤਿਪਰਮੇਸ਼ਵਰ
ਆਪਣੀ ਚਲੇ ਅਵੱਲੜੀ ਚਾਲ, ਵੇਦ ਪੁਰਾਨ ਸ਼ਾਸਤਰ ਸਿਮਰਤ ਅੰਜੀਲ ਕੁਰਾਨ ਖਾਣੀ ਬਾਣੀ ਭੇਵ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ
ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਹਰਿਜਨ ਸਾਚੇ ਲਏ ਮਿਲਾਈਆ ।
ਰੂਪ ਵਖਾਏ ਏਕਾ ਨਰ, ਨਰ ਨਰਾਇਣ ਆਪ ਹੋ ਜਾਇੰਦਾ । ਹਰਿਜਨ ਸਾਚੇ ਲਏ ਫੜ, ਆਪਣੀ ਗੋਦ ਆਪ ਬਹਾਇੰਦਾ । ਆਪਣੀ ਵਿਦਿਆ
ਆਪੇ ਪੜ੍ਹ, ਗੁਰਮੁਖਾਂ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਦਰ ਆਪੇ ਖੜ, ਆਪਣਾ ਦਰਸ
ਦਿਖਾਇੰਦਾ । ਸਾਚੇ ਦਰ ਖੜ ਭਗਵੰਤ, ਆਪਣਾ ਦਰਸ ਦਿਖਾਈਆ । ਕਰੇ ਖੇਲ ਗੁਣ ਗੁਣਵੰਤ, ਅਵਗੁਣ ਨਜ਼ਰ ਕੋਇ ਨਾ ਆਈਆ । ਨਾਮ
ਜਣਾਏ ਦੋ ਜਹਾਨਾਂ ਮੰਤ, ਵਿਸ਼ਨ ਬ੍ਰਹਮਾ ਸ਼ਿਵ ਕਰੇ ਪੜ੍ਹਾਈਆ । ਲੱਖ ਚੁਰਾਸੀ ਏਕਾ ਕੰਤ, ਏਕਾ ਵਾਰ ਸਮਝਾਈਆ । ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ, ਨਵ ਨੌਂ ਆਪਣੀ ਝੋਲੀ ਪਾਈਆ । ਨਵ ਨੌਂ ਆਪਣੀ ਝੋਲੀ ਪਾ, ਆਪਣਾ ਸ਼ੁਕਰ ਮਨਾਇੰਦਾ । ਆਦਿ ਜੋ ਰਚਨਾ
ਲਈ ਰਚਾ, ਅੰਤਮ ਆਪੇ ਢਾਹਿੰਦਾ । ਵਿਸ਼ਨ ਬ੍ਰਹਮਾ ਸ਼ਿਵ ਮੰਗਣ ਪਨਾਹ, ਨਿਉਂ ਨਿਉਂ ਸੀਸ ਸਰਬ ਝੁਕਾਇੰਦਾ । ਗੁਰ ਅਵਤਾਰ ਬਣਨ ਗਵਾਹ,
ਲੱਖ ਚੁਰਾਸੀ ਪਾਰ ਨਾ ਕੋਇ ਕਰਾਇੰਦਾ । ਰਾਏ ਧਰਮ ਪਾਏ ਅੰਤਮ ਫਾਹ, ਲਾੜੀ ਮੌਤ ਨਾਲ ਪਰਨਾਇੰਦਾ । ਉਮਤ ਉਮਤੀ ਹੋਣਾ ਜਗਤ ਨਕਾਹ,
ਸੰਮਤ ਉਨੀ ਆਪ ਸਮਝਾਇੰਦਾ । ਅੱਲਾ ਰਾਣੀ ਰਹੀ ਮੁਖ ਸ਼ਰਮਾ, ਨੇਤਰ ਮੁਹੰਮਦ ਨਾ ਕੋਇ ਉਠਾਇੰਦਾ । ਚਾਰ ਯਾਰ ਨਾ ਦੇਣ ਸਲਾਹ, ਸਲਾਹਗੀਰ
ਨਾ ਕੋਇ ਸੰਗ ਨਿਭਾਇੰਦਾ । ਪੀਰ ਪੈਗੰਬਰ ਕਰ ਕਰ ਬੈਠੇ ਨਾਂਹ, ਅੱਗੇ ਰਾਹ ਨਾ ਕੋਇ ਪਾਇੰਦਾ । ਸਿਰ ਦੇਵੇ ਨਾ ਕੋਇ ਠੰਡੀ ਛਾਂ, ਸਲਾਮਤ
ਦਰ ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਆਪਣਾ ਖੇਲ ਖਿਲਾਇੰਦਾ । ਨੌਂ ਨੌਂ ਤੇਰਾ ਅੰਤ
ਕਿਨਾਰਾ, ਹਰਿ ਅੰਤਮ ਵਾਰ ਜਣਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਉਤਰੇ ਪਾਰ ਕਿਨਾਰਾ, ਜੁਗ ਜੁਗ ਗੇੜੇ ਵਿਚ ਭਵਾਈਆ । ਜੋਤੀ
ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਉਲਫ਼ਤ ਵਿਚ ਕਦੇ ਨਾ ਆਈਆ । ਉਲਫ਼ਤ ਵਿਚ ਨਾ ਆਏ ਆਲਮੀਨ,
ਆਪ ਆਪਣੀ ਦਇਆ ਕਮਾਇੰਦਾ । ਲੇਖਾ ਜਾਣੇ ਲੋਕ ਤੀਨ, ਚੌਦਾਂ ਲੋਕ ਨਾਚ ਨਚਾਇੰਦਾ । ਚੌਦਾਂ ਤਬਕਾਂ ਤੜਫਾਏ ਜਿਉਂ ਜਲ ਬਿਨ ਮੀਨ,
ਜਲ ਮੀਨ ਆਪਣੀ ਖੇਲ ਖਿਲਾਇੰਦਾ । ਮੁਹੰਮਦ ਨੇਤਰ ਵੇਖੇ ਸੀਨ, ਪੁਰਖ ਅਬਿਨਾਸ਼ੀ ਆਪ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ
ਕਿਰਪਾ ਕਰ, ਤੇਰਾ ਲੇਖਾ ਆਪ ਮੁਕਾਇੰਦਾ । ਚਾਰ ਵੇਦ ਬ੍ਰਹਮੇ ਆਈ ਹਾਰ, ਥਿਰ ਕੋਇ ਰਹਿਣ ਨਾ ਪਾਈਆ । ਚਾਰੇ ਬਾਣੀ ਕਰੇ ਪੁਕਾਰ,
ਉਚੀ ਕੂਕ ਕੂਕ ਸੁਣਾਈਆ । ਹਰਿ ਕਾ ਮੰਦਰ ਅਪਰ ਅਪਾਰ, ਦਿਸ ਕਿਸੇ ਨਾ ਆਈਆ । ਲੱਖ ਚੁਰਾਸੀ ਇੱਟਾਂ ਪੱਥਰਾਂ ਅੱਗੇ ਕਰੇ ਪੁਕਾਰ,
ਨਿਰਗੁਣ ਇਸ਼ਟ ਨਾ ਕੋਇ ਮਨਾਈਆ । ਗ੍ਰੰਥੀ ਪੰਥੀ ਹੋਏ ਬੇਹਾਲ, ਗੋਬਿੰਦ ਨਜ਼ਰ ਕਿਸੇ ਨਾ ਆਈਆ । ਚਾਰ ਯਾਰੀ ਤੇਰਾ ਸੱਜਣ ਸੁਹੇਲਾ, ਇਕ

੧੦੦੯
੧੦

ਇਕੱਲਾ ਮਾਹੀਆ । ਮੁਹੰਮਦ ਮੰਗਿਆ ਅੰਤਮ ਵੇਲਾ, ਏਕਾ ਮੰਗ ਮੰਗਾਈਆ । ਚੌਦਾਂ ਤਬਕ ਹੋਏ ਵੇਹਲਾ, ਸਦੀ ਚੌਧਵੀਂ ਨਾਲ ਰਲਾਈਆ । ਅਚਰਜ ਖੇਲ ਪਾਰਬ੍ਰਹਮ ਪ੍ਰਭ ਖੇਲਾ, ਅਮਾਮ ਅਮਾਮਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਚਾਰ ਆਪ ਸਾਲਾਹੀਆ । ਚਾਰ ਸਾਲਾਹੇ ਸਲਾਹਵਣ ਯੋਗ, ਯੁਗਤੀ ਆਪਣੇ ਹੱਥ ਰਖਾਈਆ । ਚਾਰ ਯਾਰੀ ਭੋਗਿਆ ਭੋਗ, ਚਾਰ ਕੁੰਟ ਵਡਿਆਈਆ । ਚੌਥੇ ਜੁਗ ਲੱਗਾ ਰੋਗ, ਹਉਮੇ ਰੋਗ ਵਧਾਈਆ । ਪਾਕੀ ਪਾਕ ਨਾ ਮਿਲਿਆ ਧੁਰ ਸੰਜੋਗ, ਪਤਤ ਪੁਨੀਤ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚੌਥੇ ਦਰ ਵੇਖ ਵਖਾਈਆ । ਚੌਥੇ ਦਰ ਵੇਖਣਹਾਰਾ, ਆਪਣਾ ਨੈਣ ਖੁਲ੍ਹਾਈਆ । ਨਵ ਨੌਂ ਨੌਂ ਨਵ ਪਾਵੇ ਸਾਰਾ, ਆਪ ਆਪਣਾ ਰੂਪ ਵਟਾਈਆ । ਸਤਿਜੁਗ ਮੁਹੰਮਦ ਬੈਠੇ ਇਕ ਕਿਨਾਰਾ, ਏਕਾ ਰਾਹ ਤਕਾਈਆ । ਕਵਣ ਦੇਵੇ ਅੰਤ ਸਹਾਰਾ, ਬਣੇ ਖੇਵਟ ਸੱਚਾ ਮਾਹੀਆ । ਅੰਜੀਲ ਕ਼ੁਰਾਨ ਕਰੇ ਪੁਕਾਰਾ, ਤੀਸ ਬਤੀਸਾ ਦਏ ਦੁਹਾਈਆ । ਇਕ ਇਕੱਲਾ ਪਰਵਰਦਿਗਾਰਾ, ਖ਼ਾਲਕ ਖ਼ਲਕ ਰਿਹਾ ਸਮਾਈਆ । ਮੁਕਾਮੇ ਹੱਕ ਵਸੇ ਸਾਂਝਾ ਯਾਰਾ, ਬੇਐਬ ਰੂਪ ਧਰਾਈਆ । ਮਿਹਬਾਨ ਬੀਦੋ ਬੀ ਖ਼ੈਰ ਯਾ ਅੱਲਾ ਅਲਾਏ ਸਚ ਜੈਕਾਰਾ, ਜੈ ਜੈਕਾਰ ਆਪ ਕਰਾਈਆ । ਨੌਬਤ ਵਜਾਏ ਇਕ ਨਗਾਰਾ, ਸਚ ਮਹਿਰਾਬੇ ਆਸਣ ਲਾਈਆ । ਆਪੇ ਉਤਰੇ ਆਪਣੀ ਵਾਰਾ, ਰੂਪ ਅਨੂਪ ਆਪ ਰਖਾਈਆ । ਅਲਿਫ਼ ਯੇ ਤੇਰਾ ਪਾਰ ਕਿਨਾਰਾ, ਆਰਫ਼ ਲੇਖਾ ਲਿਖ ਨਾ ਸਕੇ ਕੋਇ ਰਾਈਆ । ਆਲਮ ਉਲਮਾ ਕਰੇ ਖ਼ਵਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਚਾਰ ਲਹਿਣਾ ਝੋਲੀ ਪਾਈਆ । ਚਾਰ ਚਾਰ ਲਹਿਣਾ ਪੌਣਾ ਝੋਲੀ, ਹਰਿ ਸਾਚਾ ਸਚ ਜਣਾਇੰਦਾ । ਚਾਰੋਂ ਕੁੰਟ ਮੁਹੰਮਦ ਤ੍ਰਿਸਨਾ ਵੇਖੇ ਗੋਲੀ, ਉਮਤੀ ਉਮਤ ਨਾਲ ਰਲਾਇੰਦਾ । ਪਾਟਾ ਚੀਥੜ ਲੀਰਾਂ ਚੋਲੀ, ਸੀਸ ਪਰਦਾ ਨਾ ਕੋਇ ਟਿਕਾਇੰਦਾ । ਦਰ ਦਰ ਫਿਰੇ ਹੌਲੀ ਹੌਲੀ, ਅਗਲਾ ਪੰਧ ਨਾ ਕੋਇ ਮੁਕਾਇੰਦਾ । ਹੱਥ ਰਖਾਈ ਮਹਿੰਦੀ ਮੌਲੀ, ਮੀਂਢੀ ਸੁਹਾਗ ਨਾ ਕੋਇ ਗੁੰਦਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਚਾਰ ਵੇਖ ਵਖਾਇੰਦਾ । ਮੈਂਹਦੀ ਮੌਲੀ ਫੜਿਆ ਤੰਦ, ਅੱਲਾ ਰਾਣੀ ਉਠ ਉਠ ਧਾਈਆ । ਚਾਰ ਯਾਰੀ ਬੰਨ੍ਹੇ ਕੋਇ ਨਾ ਤੰਦ, ਗਾਨਾ ਸਗਨ ਨਾ ਕੋਇ ਮਨਾਈਆ । ਚਾਰ ਕੁੰਟ ਹੋਇਆ ਅੰਧ, ਚੌਧਵੀਂ ਚੰਦ ਨਾ ਕੋਇ ਚੜ੍ਹਾਈਆ । ਚੌਦਾਂ ਤਬਕ ਦਿਸਣ ਖੰਡ ਖੰਡ, ਸਾਬਤ ਸੂਰਤ ਨਜ਼ਰ ਕੋਇ ਨਾ ਆਈਆ । ਮੁਹੰਮਦ ਨਾਲ ਮੰਗੇ ਮੰਗ, ਆਪਣੀ ਇਛਿਆ ਲਏ ਪਰਗਟਾਈਆ । ਤੇਰੀ ਲੋਕਾਈ ਸੁੱਤੀ ਦੇ ਕਰ ਕੰਡ, ਨਾ ਸਕੇ ਕੋਇ ਨੈਣ ਉਠਾਈਆ । ਮੈਂ ਫਿਰ ਕੇ ਵੇਖਿਆ ਵਿਚ ਵਰਭੰਡ, ਭੰਡੀ ਪਈ ਸਰਬ ਲੋਕਾਈਆ । ਮਸਜਦ ਕਾਅਬੇ ਦਿਸਿਆ ਨਾ ਖ਼ੁਦਾਵੰਦ, ਨੂਰ ਜ਼ਹੂਰ ਨਜ਼ਰ ਕਿਤੇ ਨਾ ਆਈਆ । ਘਰ ਘਰ ਵੇਖਿਆ ਵਿਸ਼ਟਾ ਗੰਦ, ਝੂਠੀ ਸੇਜ ਰਹੇ ਹੰਢਾਈਆ । ਕੋਈ ਨਾ ਵਸਦਾ ਦਿਸੇ ਖੇੜਾ ਪਿੰਡ, ਨਗਰ ਗਰਾਂ ਸ਼ਹਿਰ ਸੁੰਞ ਮਸਾਣ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਯਾਰੀ ਦਏ ਹਿਲਾਈਆ । ਮੁਹੰਮਦ ਉਠ ਲੈ ਅੰਗੜਾਈ, ਅੱਲਾ ਰਾਣੀ ਆਪ ਜਣਾਇਆ । ਚੌਦਾਂ ਤਬਕ ਨਾ ਕੋਇ ਸ਼ਨਵਾਈ, ਨਗ਼ਮਾ ਨਾਮ ਨਾ ਕੋਇ ਅਲਾਇਆ । ਤੇਰੀ ਉਮਤ ਤੇਰਾ ਰਾਹ ਰਹੀ ਭੁਲਾਈ, ਭੁੱਲਿਆ ਰਾਹ ਨਾ ਕੋਇ ਵਖਾਇਆ । ਮੈਂ ਆਪਣਾ ਭੁੱਲੀ ਸੱਚਾ ਮਾਹੀ, ਮੀਆਂ ਮੇਰਾ ਨਜ਼ਰ ਕਿਤੇ ਨਾ ਆਇਆ । ਚਾਰ ਯਾਰਾਂ ਨਾਲ ਲੈ ਕੇ ਦਿਆਂ ਦੁਹਾਈ, ਦੁਹਾਈ ਪੀਰ ਦਸਤਗੀਰ ਰਹੇ ਕਰਾਇਆ ।

ਤੇਰੀ

ਗ਼ੁਲਾਮੀ ਮਾਰਿਆ ਜ਼ੰਜੀਰ, ਬੈਠੀ ਬੰਧਨ ਪਾਇਆ । ਤੇਰੀ ਪ੍ਰੀਤ ਨਿਭੇ ਨਾ ਅੰਤ ਅਖ਼ੀਰ, ਚੌਦਾਂ ਸਦੀਆਂ ਪੰਧ ਮੁਕਾਇਆ । ਮੈਂ ਮਿਲਣਾ ਸੱਚੇ ਪੀਰ, ਜੋ ਆਦਿ ਜੁਗਾਦਿ ਸਮਾਇਆ । ਜੇਹੜਾ ਦੇਵੇ ਦਾਤ ਸ਼ਾਹ ਫ਼ਕੀਰ, ਹਕੀਰ ਹਕੀਰਾਂ ਗਲੇ ਲਗਾਇਆ । ਮੇਰੀ ਬਦਲ ਦੇਵੇ ਤਕਦੀਰ, ਤਦਬੀਰ ਆਪਣੀ ਦਏ ਬਦਲਾਇਆ । ਉਹਦੇ ਹੱਥ ਮੇਰੀ ਅਕਸੀਰ, ਅਕਸੀਰ ਆਪਣੀ ਝੋਲੀ ਪਾਇਆ । ਮੈਂ ਨੇਤਰ ਵਹੌਂਦੀ ਨੀਰ, ਗਲ ਪੱਲੂ ਇਕ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਰਚਾਇਆ । ਅੱਲਾ ਰਾਣੀ ਰੋਵੇ ਨੀਰ ਵਹਾ, ਛਹਿਬਰ ਆਪਣੇ ਨੈਣਾਂ ਲਾਈਆ । ਮੁਹੰਮਦ ਤੇਰੇ ਕੋਲੋਂ ਪੱਲਾਂ ਲਵਾਂ ਛੁਡਾ, ਚਾਰ ਯਾਰੀ ਦਵਾਂ ਤਜਾਈਆ । ਅੰਤਮ ਮਿਲਾਂ ਸਚ ਮਲਾਹ, ਦੋ ਜਹਾਨਾਂ ਸੱਚੇ ਮਾਹੀਆ । ਮੇਰਾ ਵਿਛੋੜਾ ਦਏ ਕਟਾ, ਸਿਰ ਆਪਣਾ ਹੱਥ ਟਿਕਾਈਆ । ਆਪਣੀ ਮਿਹਰ ਮਿਹਰ ਮਿਹਰ ਮੇਰੀ ਚੋਲੀ ਦਏ ਰੰਗਾ, ਸਾਲੂ ਲਾਲ ਰੰਗ ਕਰਾਈਆ । ਆਪਣੀ ਕਿਰਪਾ ਕਿਰਪਾ ਕਿਰਪਾ ਆਪਣੀ ਡੋਲੀ ਲਏ ਬਹਾ, ਚਾਰ ਯਾਰ ਤੇਰੇ ਕਹਾਰ ਬਣਾਈਆ । ਹੌਲੀ ਹੌਲੀ ਲਏ ਚਲਾ, ਆਪਣੇ ਮਾਰਗ ਪਾਈਆ । ਆਪਣੇ ਮੰਦਰ ਲਏ ਬਹਾ, ਸਾਚਾ ਮੰਦਰ ਸੁਹਾਈਆ । ਚਾਰ ਜੁਗ ਦੀ ਕਵਾਰੀ ਕੰਨਿਆ ਨਾਲ ਕਰੇ ਨਕਾਹ, ਮੇਰਾ ਰੰਡੇਪਾ ਦਏ ਚੁਕਾਈਆ । ਮੈਂ ਉਠ ਉਠ ਗਾਵਾਂ ਕਰਾਂ ਸਿਫ਼ਤ ਸਾਲਾਹ, ਬੇਐਬ ਮੇਰਾ ਮਾਹੀਆ । ਸਾਚਾ ਝੁਲਦਾ ਰਹੇ ਨਿਸ਼ਾਂ, ਸਚ ਨਿਸ਼ਾਨਾ ਇਕ ਝੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਅੰਗ ਲਏ ਲਗਾਈਆ । ਆਪ ਲਗਾਏ ਆਪਣੇ ਅੰਗ, ਅੰਗੀਕਾਰ ਅਖਵਾਇੰਦਾ । ਚੌਥੇ ਜੁਗ ਤੇਰਾ ਝੂਠ ਮਰਦੰਗ, ਕੂੜੀ ਕਿਰਿਆ ਵੇਖ ਵਖਾਇੰਦਾ । ਨਵ ਨੌਂ ਚਾਰ ਕਰੇ ਭੰਗ, ਜੋ ਘੜਿਆ ਭੰਨ ਵਖਾਇੰਦਾ । ਸਚ ਸਿੰਘਾਸਣ ਸੁਹਾਏ ਇਕ ਪਲੰਘ, ਪਾਵਾ ਚੂਲ ਨਾ ਕੋਇ ਰਖਾਇੰਦਾ । ਨੌਬਤ ਨਾਮ ਵੱਜੇ ਮਰਦੰਗ, ਸਚ ਨਗਾਰਾ ਆਪ ਸੁਣਾਇੰਦਾ । ਨੌਂ ਸੌ ਚੁਰਾਨਵੇ ਚੌਕੜੀ ਜੁਗ ਵੇਲਾ ਗਿਆ ਲੰਘ, ਕਲਜੁਗ ਅੰਤਮ ਸਰਬ ਜਣਾਇੰਦਾ । ਨਾ ਕੋਈ ਰਾਗ ਰਾਗਨੀ ਨਾ ਕੋਈ ਤੰਦ, ਤੰਦੀ ਰਾਗ ਨਾ ਕੋਇ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਵ ਨੌਂ ਚਾਰ ਪਾਰ ਕਰਾਇੰਦਾ । ਨਵ ਨੌਂ ਚਾਰ ਤੇਰਾ ਲੇਖਾ ਬਾਕੀ, ਹਰਿ ਪੁਰਖ ਨਿਰੰਜਣ ਆਪ ਚੁਕਾਈਆ । ਲੇਖਾ ਜਾਣੇ ਜੀਵ ਖ਼ਾਕੀ, ਖ਼ਾਲਕ ਖ਼ਲਕ ਵੇਖ ਵਖਾਈਆ । ਗੁਰ ਅਵਤਾਰ ਰਹੇ ਨਾ ਕੋਇ ਆਕੀ, ਪੀਰ ਪੈਗ਼ੰਬਰ ਬੈਠੇ ਸੀਸ ਝੁਕਾਈਆ । ਸਚਖੰਡ ਦਵਾਰੇ ਖੋਲ੍ਹੇ ਤਾਕੀ, ਕੋਟਨ ਕੋਟ ਬ੍ਰਹਿਮੰਡ ਏਕਾ ਵਾਰ ਵੇਖ ਵਖਾਈਆ । ਸ਼ਬਦ ਅਗੰਮੀ ਚੜ੍ਹਿਆ ਰਾਕੀ, ਨਰ ਨਿਰੰਕਾਰਾ ਸੋਲਾਂ ਕਲੀਆਂ ਆਸਣ ਪਾਈਆ । ਸਤਿ ਸਤਿਵਾਦੀ ਮਾਰ ਪਲਾਕੀ, ਦੋ ਜਹਾਨਾਂ ਵੇਖ ਵਖਾਈਆ । ਲੋਕਮਾਤ ਆਏ ਗੁਰਮੁਖਾਂ ਜਾਮ ਪਿਆਏ ਬਣ ਬਣ ਸਾਕੀ, ਨਾਮ ਪਿਆਲਾ ਹੱਥ ਰਖਾਈਆ । ਨਿਰਗੁਣ ਰੱਖੀ ਚਾਲ ਬਾਂਕੀ, ਸਰਗੁਣ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲਹਿਣਾ ਰਿਹਾ ਮੁਕਾਈਆ । ਲਹਿਣਾ ਮੁਕੌਣਾ ਹਰਿ ਨਿਰੰਕਾਰ, ਜੁਗ ਜੁਗ ਆਪ ਮੁਕਾਇੰਦਾ । ਦੇਣਾ ਦੇਵੇ ਸਰਬ ਸੰਸਾਰ, ਬਚਿਆ ਕੋਇ ਰਹਿਣ ਨਾ ਪਾਇੰਦਾ । ਮਨਮੁਖ ਭੁੱਲੇ ਜੀਵ ਗਵਾਰ, ਹਰਿ ਕਾ ਭੇਵ ਕੋਇ ਨਾ ਪਾਇੰਦਾ । ਗੁਰ ਗੋਬਿੰਦ ਬਣਿਆ ਇਕ ਲਿਖਾਰ, ਨਾਨਕ ਰਸਨਾ ਜੇਹਵਾ ਗਾਇੰਦਾ । ਨਿਹਕਲੰਕ ਆਵੇ ਮਹਾਂਬਲੀ ਅਵਤਾਰ, ਨਿਰਗੁਣ ਸਰਗੁਣ ਆਪਣਾ ਰੂਪ ਵਟਾਇੰਦਾ । ਸੰਬਲ ਵਸੇ ਧਾਮ ਨਿਆਰ, ਹਰਿ ਮੰਦਰ ਸੋਭਾ ਪਾਇੰਦਾ । ਸ਼ਬਦ ਅਗੰਮੀ

ਕਰੇ ਗੁਫ਼ਤਾਰ, ਦੀਦ ਸ਼ਨੀਦ ਖੇਲ ਖਿਲਾਇੰਦਾ । ਜੋਧਾ ਸੂਰਬੀਰ ਬਲੀ ਬਲਕਾਰ, ਬਲ ਆਪਣਾ ਆਪ ਜਣਾਇੰਦਾ । ਸ਼ਾਹ ਸੁਲਤਾਨਾਂ ਕਰੇ ਖ਼ਵਾਰ, ਰਾਜ ਰਾਜਾਨਾਂ ਖਾਕ ਮਿਲਾਇੰਦਾ । ਨੌਂ ਖੰਡ ਪ੍ਰਿਥਮੀ ਦਏ ਇਕ ਆਧਾਰ, ਨੌਂ ਦਵਾਰੇ ਇਕ ਗਿਆਨ ਦ੍ਰਿੜਾਇੰਦਾ । ਚਾਰ ਵਰਨਾਂ ਕਰੇ ਪਿਆਰ, ਜ਼ਾਤ ਪਾਤ ਨਾ ਕੋਇ ਰਖਾਇੰਦਾ । ਏਕਾ ਬੋਲੇ ਨਾਮ ਜੈਕਾਰ, ਸਚ ਜੈਕਾਰਾ ਆਪ ਸੁਣਾਇੰਦਾ । ਹੰ ਬ੍ਰਹਮ ਲਏ ਉਠਾਲ, ਬ੍ਰਹਮ ਪਾਰਬ੍ਰਹਮ ਮਿਲਾਇੰਦਾ । ਸਤਿਜੁਗ ਚਲੇ ਆਪਣੀ ਚਾਲ, ਪਿਛਲਾ ਲੇਖਾ ਬੰਦ ਕਰਾਇੰਦਾ । ਏਕਾ ਪੂਜਾ ਰਹੇ ਅਕਾਲ, ਮੰਦਰ ਮਸਜਿਦ ਮਠ ਸ਼ਿਵਦਵਾਲਾ ਸੀਸ ਨਾ ਕੋਇ ਝੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਨਿਹਕਲੰਕ ਨਰਾਇਣ ਨਰ, ਲੋਕਮਾਤ ਜੋਤ ਧਰ, ਨਵ ਨੌਂ ਚਾਰ ਆਪਣੇ ਵਿਚ ਛੁਪਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਣਵੰਤ ਗੁਣ ਨਿਧਾਨ, ਸ਼ਬਦ ਸੁੱਤ ਜੋਤ ਨਿਸ਼ਾਨ, ਜੋਤੀ ਜਾਤਾ ਪੁਰਖ ਬਿਧਾਤਾ, ਪਰਮ ਪੁਰਖ ਆਪਣੀ ਖੇਲ ਖਿਲਾਇੰਦਾ ।

### ★ ੨੭ ਸਾਵਣ ੨੦੧੮ ਬਿਕ੍ਰਮੀ ਬੂੜ ਸਿੰਘ ਦੇ ਗ੍ਰਿਹ ਕ਼ਾਦਰਾਬਾਦ ★

੧੦੧੨ ੧੦੧੨

ਸਤਿ ਅੰਦਰ ਸਤਿ ਧਾਰ, ਸਤਿ ਪੁਰਖ ਨਿਰੰਜਣ ਆਪ ਰਖਾਇੰਦਾ । ਬ੍ਰਹਮ ਅੰਦਰ ਬ੍ਰਹਮ ਪਿਆਰ, ਪਾਰਬ੍ਰਹਮ ਛੁਪਾਇੰਦਾ । ਰਤ ਅੰਦਰ ਰਤ ਅਪਾਰ, ਰਤੀ ਰਤ ਆਪ ਟਿਕਾਇੰਦਾ । ਮਤ ਅੰਦਰ ਮਤ ਅਪਾਰ, ਗੁਰਮਤ ਆਪ ਜਣਾਇੰਦਾ । ਘਰ ਵਿਚ ਘਰ ਖੋਲ੍ਹ ਕਿਵਾੜ, ਘਰ ਘਰ ਵਿਚ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਰੰਗ ਆਪ ਰੰਗਾਇੰਦਾ । ਸਤਿ ਅੰਦਰ ਸਤਿ ਰੰਗ, ਸਤਿ ਸਤਿਵਾਦੀ ਆਪ ਰਖਾਇੰਦਾ । ਬ੍ਰਹਮ ਅੰਦਰ ਬ੍ਰਹਮ ਤੱਤ, ਪਾਰਬ੍ਰਹਮ ਪਰਗਟਾਇੰਦਾ । ਘਰ ਵਿਚ ਘਰ ਘਰ ਪਲੰਘ, ਘਰ ਸਾਚੀ ਸੇਜ ਸੁਹਾਇੰਦਾ । ਘਰ ਵਸਤ ਘਰ ਮੰਗੇ ਮੰਗ, ਘਰ ਝੋਲੀ ਅੱਗੇ ਡਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਘਰ ਵਿਚ ਆਪ ਸੁਹਾਇੰਦਾ । ਘਰ ਦਾਤ ਘਰ ਦਾਤਾਰਾ, ਦੇਵਣਹਾਰ ਹਰਿ ਅਖਵਾਈਆ । ਘਰ ਨਾਮ ਘਰ ਭੰਡਾਰਾ, ਘਰ ਘਰ ਵਿਚ ਰਿਹਾ ਵਰਤਾਈਆ । ਘਰ ਮੰਦਰ ਘਰ ਗੁਰੂਦਵਾਰਾ, ਘਰ ਬੈਠਾ ਬੇਪਰਵਾਹੀਆ । ਘਰ ਨੂਰ ਘਰ ਜੋਤ ਉਜਿਆਰਾ, ਘਰ ਘਰ ਵਿਚ ਕਰੇ ਰੁਸ਼ਨਾਈਆ । ਘਰ ਨਾਦ ਘਰ ਸ਼ਬਦ ਧੁਨਕਾਰਾ, ਘਰ ਰਾਗੀ ਰਾਗ ਸੁਣਾਈਆ । ਘਰ ਅੰਮ੍ਰਿਤ ਘਰ ਠੰਡਾ ਠਾਰਾ, ਘਰ ਬੂੰਦ ਸਵਾਂਤ ਚੁਆਈਆ । ਘਰ ਪੁਰਖ ਘਰ ਨਾਰਾ, ਨਾਰ ਕੰਤ ਘਰ ਘਰ ਵੇਸ ਵਟਾਈਆ । ਘਰ ਸਾਜਨ ਘਰ ਮੀਤ ਮੁਰਾਰਾ, ਘਰ ਮੇਲਾ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਵਿਚ ਘਰ ਆਪ ਸੁਹਾਈਆ । ਸਤਿ ਅੰਦਰ ਸਤਿ ਰੱਖ, ਸਤਿ ਸਤਿਵੰਤਾ ਖੇਲ ਖਿਲਾਇੰਦਾ । ਘਰ ਵਿਚ ਘਰ ਕਰ ਪਰਤੱਖ, ਘਰ ਘਰ ਜੋਤ ਜਗਾਇੰਦਾ । ਘਰ ਘਰ ਕਰੇ ਆਪਾ ਵਖ, ਆਪ ਆਪਣਾ ਮੁਖ ਛੁਪਾਇੰਦਾ । ਘਰ ਘਰ ਬੋਲੇ ਇਕ ਅਲਖ, ਅਲਖਨਾ ਅਲਖ ਆਪ ਸੁਣਾਇੰਦਾ । ਘਰ ਅੰਦਰ ਘਰ ਰਿਹਾ ਦੱਸ, ਘਾੜਤ ਘੜਤ ਨਾ ਕੋਇ ਜਣਾਇੰਦਾ । ਪੁਰਖ ਅਬਿਨਾਸ਼ੀ ਰਿਹਾ ਵਸ, ਰੂਪ ਰੰਗ ਰੇਖ ਨਾ ਕੋਇ ਵਖਾਇੰਦਾ । ਹਰਿਜਨ ਮਾਰਗ ਦੇਵੇ ਦੱਸ, ਆਦਿ ਜੁਗਾਦਿ ਬੂਝ ਬੁਝਾਇੰਦਾ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਘਰ ਘਰ ਮੇਂ ਸੋਭਾ ਪਾਇੰਦਾ । ਸਤਿ ਅੰਦਰ ਸਤਿ ਸਤਿਵਾਦ, ਹਰਿ ਸਾਚਾ ਸਚ ਜਣਾਈਆ । ਘਰ ਵਿਚ ਘਰ ਘਰ ਬ੍ਰਿਹਮਾਦ, ਬ੍ਰਿਹਮਾਦੀ ਆਪ ਵਖਾਈਆ । ਘਰ ਵਿਚ ਸੱਜਣ ਸਾਚਾ ਲਾਧ, ਘਰ ਘਰ ਵਿਚ ਖ਼ੁਸ਼ੀ ਮਨਾਈਆ । ਘਰ ਰੱਖੇ ਸਾਚੀ ਯਾਦ, ਘਰ ਵਿਸਰ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਘਰ ਇਕ ਸਮਝਾਈਆ । ਸਾਚਾ ਘਰ ਗੁਰੂ ਚਰਨ ਦਵਾਰਾ, ਗੁਰ ਸਾਚਾ ਸਚ ਜਣਾਇੰਦਾ । ਆਦਿ ਜੁਗਾਦੀ ਖੇਲ ਨਿਆਰਾ, ਜੁਗ ਜੁਗ ਵੇਸ ਵਟਾਇੰਦਾ । ਘਰ ਘਰ ਬੈਠੇ ਹੋ ਨਿਆਰਾ, ਨਿਰਗੁਣ ਆਪਣਾ ਦਰ ਸੁਹਾਇੰਦਾ । ਸਚ ਸਿੰਘਾਸਣ ਅਪਰ ਅਪਾਰਾ, ਸਚਖੰਡ ਦਵਾਰੇ ਆਪ ਟਿਕਾਇੰਦਾ । ਥਿਰ ਘਰ ਚਰਨ ਕਵਲ ਦਏ ਸਹਾਰਾ, ਆਪ ਆਪਣਾ ਚਰਨ ਟਿਕਾਇੰਦਾ । ਗੁਰਮੁਖ ਸੱਜਣ ਕਰ ਪਿਆਰਾ, ਆਪ ਆਪਣੇ ਰੰਗ ਰੰਗਾਇੰਦਾ । ਮਸਤਕ ਧੂੜ ਖ਼ਾਕ ਦੇਵੇ ਛਾਰਾ, ਦੁਰਮਤ ਮੈਲ ਧਵਾਇੰਦਾ । ਪਾਕੀ ਪਾਕ ਪਰਵਰਦਿਗਾਰਾ, ਪਤਤ ਪੁਨੀਤ ਪਾਰ ਕਰਾਇੰਦਾ । ਸਾਚੀ ਰੀਤ ਵਿਚ ਸੰਸਾਰਾ, ਜੁਗ ਜੁਗ ਆਪ ਚਲਾਇੰਦਾ । ਹਰਿਜਨ ਮੇਲੇ ਆਪਣੀ ਵਾਰਾ, ਆਪ ਆਪਣਾ ਬੰਧਨ ਪਾਇੰਦਾ । ਘਰ ਵਿਚ ਖੋਲ੍ਹੇ ਬੰਦ ਕਿਵਾੜਾ, ਘਰ ਮੰਦਰ ਆਪ ਸੁਹਾਇੰਦਾ । ਘਰ ਦੀਵਾ ਬਾਤੀ ਕਰ ਉਜਿਆਰਾ, ਘਰ ਕਮਲਾਪਾਤੀ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਆਪ ਮਿਲਾਇੰਦਾ । ਗੁਰਮੁਖ ਸਾਚੇ ਘਰ ਘਰ ਮੇਲਾ, ਗੁਰ ਸਤਿਗੁਰ ਆਪ ਕਰਾਈਆ । ਲੇਖਾ ਜਾਣੇ ਗੁਰੂ ਗੁਰ ਚੇਲਾ, ਗੁਰ ਗੋਬਿੰਦ ਭੇਖ ਵਟਾਈਆ । ਜਗਤ ਜੁਗ ਸੱਜਣ ਸੁਹੇਲਾ, ਜੁਗ ਜੁਗ ਹੋਏ ਸਹਾਈਆ । ਆਦਿ ਜੁਗਾਦੀ ਇਕ ਇਕੇਲਾ, ਬ੍ਰਿਹਮਾਦੀ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਘਰ ਵਿਚ ਹੋਏ ਸਹਾਈਆ । ਸਤਿ ਅੰਦਰ ਸਤਿ ਰਿਹਾ ਛੁਪ, ਸੋ ਪੁਰਖ ਨਿਰੰਜਣ ਆਪ ਛੁਪਾਇਆ । ਘਰ ਘਰ ਦਿਸੇ ਅੰਧੇਰਾ ਘੁੱਪ, ਚੰਦ ਚਾਂਦਨੀ ਨਾ ਕੋਇ ਚਮਕਾਇਆ । ਘਰ ਵਿਚ ਘਰ ਬੈਠਾ ਲੁਕ, ਪਰਦਾ ਸਕੇ ਨਾ ਕੋਇ ਉਠਾਇਆ । ਨਜ਼ਰ ਨਾ ਆਏ ਚਾਰੇ ਕੁੰਟ, ਦਹਿ ਦਿਸ਼ਾ ਵੇਖ ਵਖਾਇਆ । ਗੁਰਮੁਖ ਵਿਰਲੇ ਤੇਰੇ ਮੰਦਰ ਬਹੇ ਉਠ, ਆਪ ਆਪਣਾ ਪਰਦਾ ਲਾਹਿਆ । ਸਾਹਿਬ ਸੁਲਤਾਨ ਜਾਏ ਤੁਠ, ਗੁਰ ਸਤਿਗੁਰ ਰੂਪ ਵਟਾਇਆ । ਅੰਮ੍ਰਿਤ ਜਾਮ ਪਿਆਏ ਘੁੱਟ, ਸਚ ਪਿਆਲਾ ਹੱਥ ਉਠਾਇਆ । ਸਚ ਫੁਲਵਾੜੀ ਜਾਏ ਫੁੱਟ, ਪੱਤ ਡਾਲ੍ਹੀ ਆਪ ਮਹਿਕਾਇਆ । ਗੁਰਸਿਖ ਸੁਹਾਏ ਤੇਰੀ ਰੁਤ, ਰੁਤ ਰੁਤੜੀ ਵੇਖ ਵਖਾਇਆ । ਕਰੇ ਖੇਲ ਅਬਿਨਾਸ਼ੀ ਅਚੁਤ, ਅਚਰਜ ਆਪਣੀ ਰੀਤ ਚਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਘਰ ਵਿਚ ਦੀਪ ਜਗਾਇਆ । ਘਰ ਦੀਪਕ ਪਰਕਾਸ਼, ਅੰਧ ਅੰਧੇਰ ਗਵਾਈਆ । ਘਰ ਪੁਰਖ ਅਬਿਨਾਸ਼, ਏਕਾ ਰੰਗ ਚੜ੍ਹਾਈਆ । ਘਰ ਸੱਜਣ ਮਿਲੇ ਸਾਕ, ਨਾਤਾ ਬੰਧਨ ਤੋੜ ਤੁੜਾਈਆ । ਘਰ ਗੁਰਮੁਖ ਲੇਵੇ ਰਾਖ, ਸਿਰ ਆਪਣਾ ਹੱਥ ਟਿਕਾਈਆ । ਘਰ ਦੇਵੇ ਸਾਚਾ ਸਾਥ, ਵਿਛੜ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਵੇਖੇ ਥਾਉਂ ਥਾਈਂਆ । ਘਰ ਵੇਖੇ ਥਾਨ ਥਨੰਤਰ, ਦਰ ਦਰ ਘਰ ਘਰ ਖੇਲ ਖਿਲਾਇੰਦਾ । ਘਰ ਬੁਝਾਏ ਲੱਗੀ ਬਸੰਤਰ, ਅਗਨੀ ਅੱਗ ਤੱਤ ਮਿਟਾਇੰਦਾ । ਘਰ ਜਣਾਏ ਸਾਚਾ ਮੰਤਰ, ਸੋ ਪੁਰਖ ਨਿਰੰਜਣ ਆਪ ਪੜ੍ਹਾਇੰਦਾ । ਘਰ ਵਖਾਏ ਗਗਨ ਗਗਨੰਤਰ, ਗਗਨ ਮੰਡਲ ਸੋਭਾ ਪਾਇੰਦਾ । ਘਰ ਹੰ ਬ੍ਰਹਮ ਬਣਾਏ ਬਣਤਰ, ਆਤਮ ਬ੍ਰਹਮ ਆਪ ਉਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਸਤਿ ਅੰਦਰ ਸਤਿ ਧਰਾਇੰਦਾ । ਸਤਿ ਅੰਦਰ ਸਤਿ ਪਰਕਾਸ਼, ਹਰਿ ਸਾਚਾ ਸਚ ਕਰਾਈਆ । ਆਦਿ ਅੰਤ ਨਾ ਹੋਏ ਵਿਨਾਸ, ਅਬਿਨਾਸ਼ੀ ਖੇਲ ਖਿਲਾਈਆ । ਲੱਖ ਚੁਰਾਸੀ ਕਰ ਕਰ ਵਾਸ, ਘਰ ਘਰ ਜੋਤ ਜਗਾਈਆ । ਦਰ ਦਰ ਪਾਵੇ ਮੰਡਲ ਰਾਸ, ਸਾਚੀ ਸਖ਼ੀਆਂ ਨਾਚ ਨਚਾਈਆ । ਗੁਰਮੁਖਾਂ ਕਰੇ ਪੂਰੀ ਆਸ, ਪੂਰਬ ਲਹਿਣਾ ਝੋਲੀ ਪਾਈਆ । ਨਾਤਾ ਤੋੜੇ ਦਸ ਦਸ ਮਾਸ, ਮਾਤ ਗਰਭ ਨਾ ਫੇਰਾ ਪਾਈਆ । ਸੇਵਾ ਕਰੇ ਦਾਸੀ ਦਾਸ, ਮਾਣਸ ਜਨਮ ਸੇਵ ਕਮਾਈਆ । ਬੰਦੀਖ਼ਾਨਾ ਤੋੜ ਕਰੇ ਬੰਦ ਖ਼ੁਲਾਸ, ਰਾਏ ਧਰਮ ਨਾ ਦਏ ਸਜ਼ਾਈਆ । ਲੇਖੇ ਲਾਏ ਸਵਾਸ ਸਵਾਸ, ਜੋ ਜਨ ਰਹੇ ਹਰਿ ਹਰਿ ਗਾਈਆ । ਜਨਮ ਜਨਮ ਦੀ ਬੁਝਾਏ ਪਿਆਸ, ਤ੍ਰਿਸਨਾ ਤ੍ਰਿਖਾ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਘਰ ਵਿਚ ਵੱਜੇ ਵਧਾਈਆ । ਘਰ ਵੱਜੇ ਨਾਦ ਧੁਨ, ਹਰਿ ਸਾਚਾ ਸਚ ਵਜਾਇੰਦਾ । ਗੁਰਸਿਖ ਵਿਰਲਾ ਲਏ ਸੁਣ, ਸ੍ਰਿਸ਼ਟ ਸਬਾਈ ਗੂੜ੍ਹੀ ਨੀਂਦ ਸਵਾਇੰਦਾ । ਨੌਂ ਖੰਡ ਪ੍ਰਿਥਮੀ ਵਿਚੋਂ ਚੁਣ, ਹਰਿਜਨ ਆਪਣੇ ਮੇਲ ਮਿਲਾਇੰਦਾ । ਆਪੇ ਜਾਣੇ ਗੁਣ ਅਵਗੁਣ, ਲੇਖਾ ਲੇਖ ਨਾ ਕੋਇ ਵਖਾਇੰਦਾ । ਸ੍ਰਿਸ਼ਟ ਸਬਾਈ ਛਾਣ ਪੁਣ, ਹਰਿਜਨ ਸਾਚੇ ਬਾਹਰ ਕਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਘਰ ਵਿਚ ਖੇਲ ਖਿਲਾਇੰਦਾ । ਘਰ ਨਾਮ ਮਧਾਣਾ ਵਰੋਲੇ ਛਾਛ, ਗੁਰ ਸਤਿਗੁਰ ਗੇੜਾ ਆਪ ਦਿਵਾਈਆ । ਘਰ ਗੁਰਮੁਖ ਗੁਰਸਿਖ ਮੱਖਣ ਲਏ ਰਾਖ, ਆਪ ਆਪਣੀ ਝੋਲੀ ਪਾਈਆ । ਕਰੇ ਖੇਲ ਪੁਰਖ ਅਬਿਨਾਸ਼, ਗਤ ਮਿਤ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਟ ਘਟ ਅੰਦਰ ਕਰ ਕਰ ਵਾਸ, ਘਰ ਘਰ ਲੇਖਾ ਰਿਹਾ ਮੁਕਾਈਆ । ਘਰ ਲੇਖਾ ਮੁਕੇ ਮੁਕੇ ਹੱਕ, ਬਾਕੀ ਕੋਇ ਰਹਿਣ ਨਾ ਪਾਈਆ । ਘਰ ਲਹਿਣਾ ਚੁੱਕੇ ਗੁਰਮੁਖ ਰਾਹ ਰਿਹਾ ਤੱਕ, ਨੇਤਰ ਨੈਣ ਨੈਣ ਉਠਾਈਆ । ਘਰ ਸਿੰਘ ਸ਼ੇਰ ਏਕਾ ਬੁੱਕੇ, ਜੰਬਕ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਭੈ ਭੌ ਸਰਬ ਚੁਕਾਈਆ । ਘਰ ਚੁੱਕੇ ਭੈ, ਭੌ ਕੋਇ ਨਜ਼ਰ ਨਾ ਆਇਆ । ਜਿਸ ਦਰ ਸਤਿਗੁਰ ਸੱਚਾ ਬਹੇ, ਸੋ ਦਰ ਸੋਭਾ ਪਾਇਆ । ਜਗਤ ਵਿਕਾਰਾ ਹੋਏ ਖੈ, ਖੰਡਾ ਨਾਮ ਚਮਕਾਇਆ । ਗੁਰਸਿਖ ਗੁਰ ਏਕਾ ਰਹੇ, ਦੂਸਰ ਅਵਰ ਨਾ ਕੋਇ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਮੇਲ ਮਿਲਾਇਆ । ਘਰ ਮੇਲਾ ਗੁਰ ਕਰਤਾਰ, ਸਤਿ ਪੁਰਖ ਨਿਰੰਜਣ ਆਪ ਕਰਾਈਆ । ਲੱਖ ਚੁਰਾਸੀ ਅੰਦਰ ਗੁਰਸਿਖ ਧਾਰ, ਸਤਿਗੁਰ ਪੂਰੇ ਆਪ ਵਹਾਈਆ । ਕੋਟਨ ਵਿਚੋਂ ਕਰ ਪਿਆਰ, ਗੁਰਮੁਖ ਹੀਰਾ ਇਕ ਉਠਾਈਆ । ਲਾਲ ਅਨਮੁਲੜਾ ਆਪ ਸੰਭਾਲ, ਆਪਣੇ ਖ਼ਜ਼ਾਨੇ ਲਵੇ ਪਾਈਆ । ਨਾ ਸ਼ਾਹ ਨਾ ਕੋਇ ਕੰਗਾਲ, ਭਗਤਾਂ ਆਪਣੀ ਖੇਲ ਖਿਲਾਈਆ । ਨਿਰਧਨ ਸਰਧਨ ਬਣ ਦਲਾਲ, ਨਿਰਧਨ ਆਪਣੀ ਝੋਲੀ ਪਾਈਆ । ਆਦਿ ਜੁਗਾਦਿ ਬਣੇ ਪ੍ਰਿਤਪਾਲ, ਪ੍ਰਿਤਪਾਲਕ ਸੇਵ ਕਮਾਈਆ । ਗੁਰਸਿਖ ਸੱਜਣ ਸਾਚੀ ਘਾਲਨ ਰਹੇ ਘਾਲ, ਸੋਹੰ ਢੋਲਾ ਸਾਚਾ ਗਾਈਆ । ਪੁਰਖ ਅਬਿਨਾਸ਼ੀ ਚਲੇ ਨਾਲ ਨਾਲ, ਦਿਵਸ ਰੈਣ ਸੰਗ ਨਿਭਾਈਆ । ਕਲਜੁਗ ਕੂੜ ਨਾ ਖਾਏ ਕਾਲ, ਕਾਲਖ ਟਿੱਕਾ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਗੁਰ ਗੁਰ ਰੂਪ ਵਖਾਈਆ ।


੧੦੧੪ ੧੦

★ ੨੭ ਸਾਵਣ ੨੦੧੮ ਬਿਕ੍ਰਮੀ ਬਖ਼ਸ਼ੀਸ਼ ਸਿੰਘ ਦੇ ਗ੍ਰਹਿ ਕ਼ਾਦਰਾਬਾਦ ★

ਹਰਿ ਬਖ਼ਸ਼ੇ ਸਚ ਪਿਆਰ, ਸਤਿਗੁਰ ਸੱਚੀ ਸਰਨਾਈਆ । ਸੋਹੰ ਸ਼ਬਦ ਸਚ ਜੈਕਾਰ, ਸਚਖੰਡ ਦਵਾਰ ਵੱਜੇ ਵਧਾਈਆ । ਮਹਾਰਾਜ ਸ਼ੇਰ ਸਿੰਘ ਨਿਰਗੁਣ ਸਰਗੁਣ ਧਾਰ, ਲੋਕਮਾਤ ਖੇਲ ਖਿਲਾਈਆ । ਵਿਸ਼ਨੂੰ ਦਾਤਾ ਭਰ ਭੰਡਾਰ, ਵਡ ਭੰਡਾਰੀ ਲਏ ਮਿਲਾਈਆ । ਭਗਵਨ ਖੇਲ ਕਰੇ ਅਪਾਰ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਦੋ ਜਹਾਨਾਂ ਜੈ ਜੈਕਾਰ, ਏਕਾ ਨਾਅਰਾ ਨਾਉਂ ਸੁਣਾਈਆ । ਬ੍ਰਹਮਾ ਗਾਏ ਆਪਣੀ ਵਾਰ, ਚਾਰੇ ਮੁਖ ਮੁਖ ਸਾਲਾਹੀਆ । ਸ਼ੰਕਰ ਕੰਠ ਕਰੇ ਵਿਚਾਰ, ਕੰਠ ਕੰਠ ਸਮਾਈਆ । ਸੁਰਪਤ ਮੰਗੇ ਧੂੜੀ ਛਾਰ, ਸੀਸ ਜਗਦੀਸ ਝੁਕਾਈਆ । ਕਰੋੜ ਤੇਤੀਸਾ ਬਣ ਭਿਖਾਰ, ਖ਼ਾਲੀ ਝੋਲੀ ਰਿਹਾ ਵਖਾਈਆ । ਤ੍ਰੈਗੁਣ ਰੋਵੇ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਈਆ । ਪੰਜ ਤੱਤ ਹਾਹਾਕਾਰ, ਸਤਿ ਸੰਤੋਖ ਨਾ ਕੋਇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਪਿਆਰ ਇਕ ਸਮਝਾਈਆ । ਸਚ ਪਿਆਰ ਦੇਵੇ ਦਾਤ, ਨਿਰਗੁਣ ਦਾਤਾ ਬੇਪਰਵਾਹ । ਸੋਹੰ ਸ਼ਬਦ ਸਚ ਕਰਾਮਾਤ, ਦੋ ਜਹਾਨਾਂ ਬਣੇ ਮਲਾਹ । ਮਹਾਰਾਜ ਸ਼ੇਰ ਸਿੰਘ ਮੇਟੇ ਅੰਧੇਰੀ ਰਾਤ, ਸਾਚਾ ਚੰਦ ਦਏ ਚੜ੍ਹਾ । ਵਿਸ਼ਨੂੰ ਦੇਵੇ ਸਾਚੀ ਦਾਤ, ਆਪਣਾ ਭੰਡਾਰਾ ਆਪ ਵਰਤਾ । ਭਗਵਾਨ ਸੁਣਾਏ ਸਾਚੀ ਗਾਥ, ਸ਼ਬਦ ਅਗੰਮੀ ਆਪੇ ਗਾ । ਜੈ ਜੈਕਾਰ ਕਰੇ ਰਘੁਨਾਥ, ਆਪ ਆਪਣਾ ਨਾਅਰਾ ਲਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਂ । ਸਚ ਪਿਆਰ ਹਰਿ ਨਿਰੰਕਾਰਾ, ਏਕਾ ਏਕ ਜਣਾਈਆ । ਆਦਿ ਜੁਗਾਦੀ ਬੋਲ ਜੈਕਾਰਾ, ਦੋ ਜਹਾਨ ਸੁਣਾਈਆ । ਸਚਖੰਡ ਸਾਚੇ ਖੇਲ ਨਿਆਰਾ, ਥਿਰ ਘਰ ਵੱਜੇ ਵਧਾਈਆ । ਲੋਕਮਾਤ ਕਰ ਪਸਾਰਾ, ਘਟ ਘਟ ਰਿਹਾ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਏਕਾ ਲਾਈਆ । ਸਾਚਾ ਮਾਰਗ ਨਾਮ ਸਤਿ, ਜੈ ਜੈਕਾਰ ਕਰਾਇਆ । ਘਰ ਘਰ ਦੇਵੇ ਏਕਾ ਮਤ, ਏਕਾ ਹਰਿ ਹਰਿ ਨਾਦ ਸੁਣਾਇਆ । ਬੀਜ ਬੀਜੇ ਸਾਚੇ ਵਤ, ਬਣ ਕਰਸਾਣਾ ਹਲ ਚਲਾਇਆ । ਫੁਲ ਫੁਲਵਾੜੀ ਲਾਏ ਵੇਖੇ ਡਾਲ੍ਹੀ ਪੱਤ, ਸਾਚੀ ਪੰਖੜੀਆਂ ਆਪ ਪਰਗਟਾਇਆ । ਕਰੇ ਖੇਲ ਪੁਰਖ ਸਮਰਥ, ਆਪਣਾ ਪਿਆਰ ਆਪ ਉਪਾਇਆ । ਸ਼ਬਦੀ ਸੁਤ ਦੁਲਾਰਾ ਜੋੜੇ ਨੱਤ, ਵਿਸ਼ਨ ਬ੍ਰਹਮਾ ਸ਼ਿਵ ਬੰਧਨ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਪਿਆਰ ਆਪਣੇ ਹੱਥ ਰਖਾਇਆ । ਸਚ ਪਿਆਰ ਬੰਨ੍ਹੇ ਡੋਰ, ਹਰਿ ਸਾਚੇ ਹੱਥ ਵਡਿਆਈਆ । ਆਦਿ ਜੁਗਾਦੀ ਚੜ੍ਹੇ ਘੋੜ, ਨਿਰਗੁਣ ਘੋੜਾ ਆਪ ਦੌੜਾਈਆ । ਲੋਆਂ ਪੁਰੀਆਂ ਜਾਏ ਬੌਹੜ, ਗਗਨ ਪਾਤਾਲਾਂ ਫੇਰਾ ਪਾਈਆ । ਲੱਖ ਚੁਰਾਸੀ ਬੁਝਾਏ ਔੜ, ਏਕਾ ਮੇਘ ਬਰਸਾਈਆ । ਵੇਖੇ ਪਰਖੇ ਮਿੱਠਾ ਕੌੜ, ਕੌੜਾ ਰੀਠਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸਚ ਪਿਆਰ ਪਾਇਆ ਬੰਧ, ਹਰਿ ਸਾਚਾ ਖੇਲ ਖਿਲਾਇੰਦਾ । ਪ੍ਰੇਮ ਅੰਦਰ ਸੂਰਜ ਚੰਦ, ਮੰਡਲ ਮੰਡਪ ਰਾਸ ਰਚਾਇੰਦਾ । ਪ੍ਰੇਮ ਢੋਲਾ ਗਾਇਣ ਛੰਦ, ਗੁਰ ਅਵਤਾਰ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪਿਆਰ ਆਪ ਕਮਾਇੰਦਾ । ਸਚ ਪਿਆਰ ਕਰੇ ਕਰਤਾਰਾ, ਵਿਸ਼ਨ ਬ੍ਰਹਮਾ ਸ਼ਿਵ ਉਪਾਈਆ । ਤ੍ਰੈਗੁਣ ਮਾਇਆ ਭਰ ਭੰਡਾਰਾ, ਪੰਚਮ ਨਾਤਾ ਜੋੜ ਜੁੜਾਈਆ । ਲੱਖ ਚੁਰਾਸੀ ਘਾੜਨ ਘੜ ਠਠਿਆਰਾ, ਘੜ ਘੜ ਭਾਂਡੇ ਦਏ ਧਰਾਈਆ । ਵਸਤ ਰੱਖੇ ਇਕ ਹਰਿ ਥਾਰਾ, ਆਪਣਾ ਪਿਆਰ

ਬੰਧਨ ਪਾਈਆ । ਪ੍ਰੇਮ ਜੋਤ ਕਰ ਉਜਿਆਰਾ, ਨੂਰ ਨੁਰਾਨਾ ਨੂਰ ਰੁਸ਼ਨਾਈਆ । ਪਿਆਰ ਸ਼ਬਦ ਸੱਚੀ ਧੁੰਨਕਾਰਾ, ਸ਼ਬਦ ਅਨਾਦੀ ਨਾਦ ਵਜਾਈਆ । ਪਾਰਬ੍ਰਹਮ ਬ੍ਰਹਮ ਕਰੇ ਪਿਆਰਾ, ਜੁਗ ਜੁਗ ਆਪਣਾ ਵੇਸ ਵਟਾਈਆ । ਵੰਡੇ ਵੰਡ ਵਿਚ ਸੰਸਾਰਾ, ਸਾਚਾ ਹਿੱਸਾ ਆਪ ਰਖਾਈਆ । ਨਾਉਂ ਧਰਾਏ ਗੁਰ ਅਵਤਾਰਾ, ਰੂਪ ਅਨੂਪ ਆਪ ਅਖਵਾਈਆ । ਜੀਵਾਂ ਜੰਤਾਂ ਦਏ ਸਹਾਰਾ, ਸਚ ਪਿਆਰਾ ਬੰਧਨ ਪਾਈਆ । ਉਚੀ ਕੂਕ ਬੋਲ ਜੈਕਾਰਾ, ਜੁਗ ਜੁਗ ਆਪਣੇ ਨਾਉਂ ਦਏ ਵਡਿਆਈਆ । ਸਤਿਜੁਗ ਕਰਿਆ ਸਚ ਵਿਹਾਰਾ, ਸਤਿ ਸਤਿਵਾਦੀ ਖੇਲ ਖਿਲਾਈਆ । ਪਰਗਟ ਹੋਇਆ ਵਾਰ ਅਠਾਰਾਂ, ਬਲ ਬਾਵਣ ਦਏ ਵਡਿਆਈਆ । ਧਰੂ ਪ੍ਰਹਿਲਾਦ ਪਾਰ ਕਿਨਾਰਾ, ਸਵੱਛ ਸਰੂਪੀ ਦਰਸ ਦਿਖਾਈਆ । ਨਰ ਨਰਾਇਣ ਖੇਲ ਨਿਆਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਿਆਰ ਆਪੇ ਪਾਈਆ । ਆਪਣਾ ਪਿਆਰ ਗੁਰ ਅਵਤਾਰ, ਆਪਣੀ ਧਾਰ ਚਲਾਇੰਦਾ । ਵਰਤੇ ਵਰਤਾਵੇ ਸਚ ਵਰਤਾਰ, ਜੁਗ ਜੁਗ ਖੇਲ ਖਿਲਾਇੰਦਾ । ਸਤਿਜੁਗ ਤ੍ਰੇਤਾ ਕਰ ਤਿਆਰ, ਦੁਆਪਰ ਜਨਮ ਦਿਵਾਇੰਦਾ । ਕਲਜੁਗ ਸਤਿਗੁਰ ਲਏ ਉਠਾਲ, ਸਾਚੀ ਸੇਵਾ ਇਕ ਸਮਝਾਇੰਦਾ । ਜੁਗ ਚੌਕੜੀ ਚਲੇ ਨਾਲ ਨਾਲ, ਨੌਂ ਸੌ ਚੁਰਾਨਵੇਂ ਚੌਕੜੀ ਜੁਗ ਖੇਲ ਖਿਲਾਇੰਦਾ । ਅੰਤਮ ਸਭ ਨੂੰ ਖਾਏ ਕਾਲ, ਕਾਲ ਪਿਆਰ ਨਾਲ ਬੰਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭੇਵ ਅਭੇਦ ਆਪ ਚੁਕਾਇੰਦਾ । ਸਤਿਜੁਗ ਸਾਚੇ ਜਨਮ ਦਵਾ, ਲੋਕਮਾਤ ਧਰਾਇਆ । ਜਨਨੀ ਜਨ ਬਣੇ ਬੇਪਰਵਾਹ, ਆਪ ਆਪਣੀ ਕੁੱਖ ਸੁਹਾਇਆ । ਧਰਤ ਮਾਤ ਦੀ ਗੋਦੀ ਦਏ ਬਹਾ, ਸਿਰ ਆਪਣਾ ਹੱਥ ਟਿਕਾਇਆ । ਏਕਾ ਹੁਕਮ ਦਏ ਜਣਾ, ਸਚ ਸੁੱਚ ਵਰਤਾਇਆ । ਭਗਤ ਭਗਵੰਤ ਮੇਲ ਮਿਲਾ, ਸਾਚੇ ਸੰਤਾਂ ਸੰਗ ਨਿਭਾਇਆ । ਏਕਾ ਵਸਤ ਝੋਲੀ ਪਾ, ਮਸਤਕ ਟਿਕਾ ਧੂੜੀ ਲਾਇਆ । ਵਰਨ ਗੋਤ ਨਾ ਕੋਇ ਰਖਾ, ਏਕਾ ਘਰ ਵਸਾਇਆ । ਸਾਚੇ ਪੌੜੇ ਦਏ ਬਹਾ, ਚੌਥਾ ਪਦ ਆਪ ਜਣਾਇਆ । ਬ੍ਰਹਿਮਣ ਰੀਤਾ ਆਪੇ ਆ, ਬ੍ਰਹਮ ਵੇਖੇ ਥਾਉਂ ਥਾਇਆ । ਏਕਾ ਦੇਵੇ ਸਚ ਸਲਾਹ, ਸਚ ਸਾਲਾਹੀ ਦਇਆ ਕਮਾਇਆ । ਸਤਿਜੁਗ ਖੇੜਾ ਦਏ ਵਸਾ, ਲੱਖ ਚੁਰਾਸੀ ਮੇਲ ਮਿਲਾਇਆ । ਅੰਡਜ ਜੇਰਜ ਰੂਪ ਵਟਾ, ਉਤਭੁਜ ਸੇਤਜ ਆਪਣੀ ਧਾਰ ਰਖਾਇਆ । ਨਾਰੀ ਨਰ ਵੇਸ ਕਰਾ, ਜੋੜੀ ਜੋੜਾ ਜੋੜ ਜੁੜਾਇਆ । ਘਟ ਘਟ ਬ੍ਰਹਮ ਵਾਸਨਾ ਦਏ ਭਰਾ, ਜਗਤ ਵਾਸਨਾ ਨਾਲ ਬੰਧਾਇਆ । ਕਾਮ ਕਰੋਧ ਲੋਭ ਮੋਹ ਹੰਕਾਰ ਨਾਲ ਰਲਾ, ਨਾਤਾ ਬਿਧਾਤਾ ਜੋੜ ਜੁੜਾਇਆ । ਮਾਣਸ ਮਾਨੁਖ ਖੇਲ ਖਿਲਾ, ਮਾਨਵ ਧੰਦੇ ਲਾਇਆ । ਨਿਹਕਰਮੀ ਆਪਣਾ ਕਰਮ ਕਮਾ, ਆਪਣਾ ਪਰਦਾ ਆਪੇ ਪਾਇਆ । ਘਰ ਵਿਚ ਬੈਠਾ ਮੁਖ ਛੁਪਾ, ਦਿਸ ਕਿਸੇ ਨਾ ਆਇਆ । ਜਿਸ ਜਨ ਦਇਆ ਦਏ ਕਮਾ, ਤਿਸ ਨੇਤਰ ਨੈਣ ਖੁਲ੍ਹਾਇਆ । ਆਪਣਾ ਪ੍ਰੇਮ ਲਏ ਨਿਭਾ, ਏਕਾ ਬੰਧਨ ਪਾਇਆ । ਸੁਰਤੀ ਸ਼ਬਦੀ ਮੇਲ ਮਿਲਾ, ਪ੍ਰੇਮ ਡੋਰੀ ਇਕ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਜੁਗ ਆਪਣੀ ਧਾਰ ਚਲਾਇਆ । ਸਤਿਜੁਗ ਸਾਚਾ ਮਾਤ ਲਾ, ਹਰਿ ਸਾਚੀ ਦਇਆ ਕਮਾਇੰਦਾ । ਓਅੰ ਸੋਹੰ ਖੇਲ ਖਿਲਾ, ਸੋਇਮ ਰੂਪ ਆਪ ਪਰਗਟਾਇੰਦਾ । ਨਾਉਂ ਨਿਰੰਕਾਰਾ ਆਪ ਅਖਵਾ, ਆਪਣੇ ਨਾਉਂ ਸਾਲਾਹਿੰਦਾ । ਧਰਨੀ ਧਰਤ ਧਵਲ ਦਏ ਟਿਕਾ, ਜਲ ਬਿੰਬ ਆਪ ਸਮਾ, ਨੀਰ ਸੀਰ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਧੰਦਾ ਆਪ ਕਮਾਇੰਦਾ । ਹਰਿ ਨਿਰੰਕਾਰ ਸਾਚਾ ਧੰਦਾ, ਆਪਣਾ ਆਪ ਜਣਾਈਆ ।

ਲੱਖ ਚੁਰਾਸੀ ਵੇਖੇ ਜੀਵ ਜੰਤ ਬੰਦੀ ਬੰਦਾ, ਬੰਦੀਖਾਨਾ ਇਕ ਖੁਲ੍ਹਾਈਆ । ਆਦਿ ਜੁਗਾਦਿ ਬਣ ਬਖ਼ਸ਼ੰਦਾ, ਸਾਚੀ ਧਾਰ ਲਏ ਪਰਗਟਾਈਆ । ਕਰੇ ਖੇਲ ਗੁਣੀ ਗਹਿੰਦਾ, ਗਹਿਰ ਗੰਭੀਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪਿਆਰ ਦਏ ਜਣਾਈਆ । ਗੁਰਸਿਖ ਸਚ ਪਿਆਰ, ਗੁਰ ਸਤਿਗੁਰ ਮੇਲ ਮਿਲਾਇਆ । ਮਨਮੁਖ ਸਚ ਪਿਆਰ, ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਇਆ । ਗੁਰਮੁਖ ਸਚ ਪਿਆਰ, ਗੁਰ ਚਰਨ ਓਟ ਤਕਾਇਆ । ਮਨਮੁਖ ਸਚ ਪਿਆਰ, ਹਉਮੇ ਹੰਗਤਾ ਰੋਗ ਵਧਾਇਆ । ਸੰਤਨ ਸਚ ਪਿਆਰ, ਸਤਿ ਸਤਿਵਾਦੀ ਏਕਾ ਗੁਣ ਗਾਇਆ । ਮਨਮੁਖ ਸਚ ਪਿਆਰ, ਝੂਠੇ ਧੰਦੇ ਮਨ ਚਿਤ ਲਾਇਆ । ਭਗਤਨ ਸਚ ਪਿਆਰ, ਭਗਵਨ ਭਗਤੀ ਇਕ ਦ੍ਰਿੜਾਇਆ । ਮਨਮੁਖਾਂ ਸਚ ਪਿਆਰ, ਮਾਇਆ ਮਮਤਾ ਮੋਹ ਵਧਾਇਆ । ਦੋਹਾਂ ਵਿਚੋਲਾ ਬਣ ਨਿਰੰਕਾਰ, ਲੋਕਮਾਤ ਖੇਲ ਖਿਲਾਇਆ । ਗੁਰਮੁਖ ਗੁਰਸਿਖ ਦੇਵੇ ਸਚ ਪਿਆਰ, ਆਪਣਾ ਮੰਤਰ ਨਾਮ ਦ੍ਰਿੜਾਇਆ । ਮਨਮੁਖ ਦੇਵੇ ਸਚ ਪਿਆਰ, ਠਗ ਚੋਰ ਯਾਰ ਬਣਾਇਆ । ਗੁਰਸਿਖ ਦੇਵੇ ਸਚ ਪਿਆਰ, ਆਤਮ ਧੁਨ ਨਾਦ ਵਜਾਇਆ । ਮਨਮੁਖ ਦੇਵੇ ਸਚ ਪਿਆਰ, ਰਾਤੀਂ ਸੌਂ ਸੌਂ ਵਕ਼ਤ ਲੰਘਾਇਆ । ਸਾਚੇ ਸੰਤਾਂ ਦੇਵੇ ਸਚ ਪਿਆਰ, ਆਤਮ ਬ੍ਰਹਮ ਗਿਆਨ ਦ੍ਰਿੜਾਇਆ । ਮਨਮੁਖਾਂ ਦੇਵੇ ਸਚ ਪਿਆਰ, ਨੌਂ ਦਰ ਵਾਸਨਾ ਵਿਚ ਫਿਰਾਇਆ । ਭਗਤਾਂ ਦੇਵੇ ਸਚ ਪਿਆਰ, ਭਗਵਨ ਆਪਣਾ ਨੂਰ ਦਰਸਾਇਆ । ਮਨਮੁਖਾਂ ਦੇਵੇ ਸਚ ਪਿਆਰ, ਕੂੜ ਕੁੜਿਆਰਾ ਝੋਲੀ ਪਾਇਆ । ਦੋਹਾਂ ਵਿਚੋਲਾ ਬਣ ਨਿਰੰਕਾਰ, ਲੋਕਮਾਤ ਖੇਲ ਖਿਲਾਇਆ । ਸਚ ਪਿਆਰ ਗੁਰਸਿਖ ਦਾਤ, ਆਤਮ ਬ੍ਰਹਮ ਜਣਾਈਆ । ਸਚ ਪਿਆਰ ਮਨਮੁਖ ਜ਼ਾਤ, ਚਾਰ ਵਰਨ ਲੜਾਈਆ । ਸਚ ਪਿਆਰ ਗੁਰਸਿਖ ਨਾਤ, ਨਾਤਾ ਬਿਧਾਤਾ ਜੋੜ ਜੁੜਾਈਆ । ਸਚ ਪਿਆਰ ਮਨਮੁਖ ਘਾਟ, ਵਹਿੰਦੇ ਵਹਿਣ ਰਿਹਾ ਵਹਾਈਆ । ਸਚ ਪਿਆਰ ਸੰਤਨ ਜ਼ਾਤ, ਜ਼ਾਤ ਅਜ਼ਾਤੀ ਦਏ ਖਪਾਈਆ । ਸਚ ਪਿਆਰ ਮਨਮੁਖਾਂ ਖਾਤ, ਡੂੰਘੇ ਸਾਗਰ ਦਏ ਰੁੜ੍ਹਾਈਆ । ਸਚ ਪਿਆਰ ਭਗਤਨ ਪੁੱਛੇ ਵਾਤ, ਆਦਿ ਜੁਗਾਦਿ ਹੋਏ ਸਹਾਈਆ । ਸਚ ਪਿਆਰ ਮਨਮੁਖਾਂ ਦੇਵੇ ਮਾਤ, ਰਾਏ ਧਰਮ ਹੱਥ ਫੜਾਈਆ । ਦੋਹਾਂ ਵਿਚੋਲਾ ਪੁਰਖ ਅਬਿਨਾਸ਼, ਲੋਕਮਾਤ ਖੇਲ ਖਿਲਾਈਆ । ਸਚ ਪਿਆਰ ਵਿਸ਼ਨੂੰ ਮੰਗ, ਆਪਣਾ ਸੀਸ ਝੁਕਾਇਆ । ਸਚ ਪਿਆਰ ਬ੍ਰਹਮੇ ਰੰਗ, ਰੰਗ ਮਜੀਠੀ ਇਕ ਚੜ੍ਹਾਇਆ । ਸਚ ਪਿਆਰ ਸ਼ੰਕਰ ਕੱਟੇ ਭੁੱਖ ਨੰਗ, ਹੱਥ ਤ੍ਰਿਸੂਲ ਰਿਹਾ ਸੁਟਾਇਆ । ਸਚ ਪਿਆਰ ਸੂਰਜ ਚੰਦ, ਏਕਾ ਕਿਰਨ ਕਰੇ ਰੁਸ਼ਨਾਇਆ । ਸਚ ਪਿਆਰ ਵੰਡ ਬ੍ਰਹਿਮੰਡ, ਸ਼ਬਦੀ ਸ਼ਬਦ ਨਾਦ ਸੁਣਾਇਆ । ਸਚ ਪਿਆਰ ਜੇਰਜ ਅੰਡ, ਨਿਰਗੁਣ ਜੋਤੀ ਜੋਤ ਜਗਾਇਆ । ਸਚ ਪਿਆਰ ਸੁਹਾਗੀ ਛੰਦ, ਗੁਰ ਸਤਿਗੁਰ ਆਪ ਸੁਣਾਇਆ । ਸਚ ਪਿਆਰ ਕਿਸੇ ਦਰ ਨਾ ਹੋਵੇ ਬੰਦ, ਕਿਲਾ ਕੋਟ ਅੰਦਰ ਰੱਖ ਨਾ ਕੋਇ ਟਿਕਾਇਆ । ਸਚ ਪਿਆਰ ਸਦਾ ਬਖ਼ਸ਼ੰਦ, ਆਪ ਆਪਣੇ ਹੱਥ ਰਖਾਇਆ । ਜੋ ਜਨ ਰਸਨਾ ਜੇਹਵਾ ਗਾਏ ਬੱਤੀ ਦੰਦ, ਤਿਸ ਜਨ ਹਰਿ ਹਰਿ ਲਏ ਮਿਲਾਇਆ । ਸਚ ਪਿਆਰ ਆਤਮ ਅੰਤਰ ਅਨੰਦ, ਨਿਜ ਘਰ ਆਪਣਾ ਆਪ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪਿਆਰ ਆਪਣਾ ਬੰਧਨ ਪਾਇਆ । ਬੰਧਨ ਬੰਧ ਪਿਆਰ, ਬ੍ਰਹਮਾ ਸੁਤ ਭਰਾਈਆ । ਪਿਆਰ ਪਿਆਰ ਆਧਾਰ, ਬਰਾਹ ਰੂਪ ਵਟਾਈਆ । ਪਿਆਰ ਪਿਆਰ ਸੁਧਾਰ, ਯਗੈ ਪੁਰਸ਼ ਖੇਲ ਖਿਲਾਈਆ । ਪਿਆਰ ਪਿਆਰ ਵਿਚਾਰ, ਹਾਵ ਗ਼ਰੀਵ ਦਏ ਵਡਿਆਈਆ । ਪਿਆਰ ਪਿਆਰ ਸ਼ੰਗਾਰ, ਨਰ ਨਰਾਇਣ ਰੂਪ

ਧਰਾਈਆ । ਪਿਆਰ ਪਿਆਰ ਜੈਕਾਰ, ਕਪਲ ਮੁਨ ਸੰਗ ਰਖਾਈਆ । ਪਿਆਰ ਪਿਆਰ ਪੈਜ ਸਵਾਰ, ਦੱਤਾ ਤ੍ਰੈ ਜੋਤ ਰੁਸ਼ਨਾਈਆ । ਪਿਆਰ ਪਿਆਰ ਕਰੇ ਖ਼ਬਰਦਾਰ, ਰਿਖਪ ਦੇਵ ਉਠਾਈਆ । ਪਿਆਰ ਪਿਆਰ ਮੇਲੇ ਸਾਚਾ ਯਾਰ, ਪਿਰਥੁ ਦੇਵੇ ਮਾਣ ਵਡਿਆਈਆ । ਪਿਆਰ ਪਿਆਰ ਅੰਦਰ ਧਾਰ, ਮਤਸ ਆਪਣੇ ਰੰਗ ਰੰਗਾਈਆ । ਪਿਆਰ ਕਰੇ ਆਪਣੀ ਵਾਰ, ਕਛਪ ਆਪਣਾ ਨੂਰ ਰੁਸ਼ਨਾਈਆ । ਪਿਆਰ ਖੇਲ ਕਰੇ ਕਰਤਾਰ, ਧਨੰਤਰ ਏਕਾ ਗੁਣ ਜਣਾਈਆ । ਪਿਆਰ ਹੰਸਾ ਉਡੇ ਉਡਾਰ, ਹੰਸਾ ਖੇਲ ਖਿਲਾਈਆ । ਪਿਆਰ ਬਲ ਮੰਗੇ ਦਵਾਰ, ਬਾਵਣ ਭੇਖ ਵਟਾਈਆ । ਪਿਆਰ ਬਾਲਾ ਲਾਏ ਪਾਰ, ਪ੍ਰਹਿਲਾਦ ਨਰ ਸਿੰਘ ਰੂਪ ਵਟਾਈਆ । ਪਿਆਰ ਏਕਾ ਜਾਣੇ ਆਪਣੀ ਸਾਰ, ਧਰੂ ਆਪਣੀ ਗੋਦ ਬਹਾਈਆ । ਪਿਆਰ ਗਜ ਦਏ ਆਧਾਰ, ਤੰਦੂਆ ਤੰਦ ਕਟਾਈਆ । ਪਿਆਰ ਕਰੇ ਖੇਲ ਕਰਤਾਰ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਿਆਰ ਆਪਣੇ ਹੱਥ ਰਖਾਈਆ । ਕਰੇ ਪਿਆਰ ਪਿਆਰਾ ਪਰਸ, ਰਾਮ ਰਾਮ ਵਡਿਆਇੰਦਾ । ਪਿਆਰ ਮੇਟੇ ਹਿਰਸ ਹਵਸ, ਹੋਰ ਨਾ ਕੋਇ ਰਖਾਇੰਦਾ । ਪਿਆਰ ਮੇਘ ਦੇਵੇ ਬਰਸ, ਅੰਮ੍ਰਿਤ ਧਾਰ ਚਲਾਇੰਦਾ । ਪਿਆਰ ਮਿਟਾਏ ਸੋਗ ਹਰਖ, ਰਾਮਾ ਏਕਾ ਰੰਗ ਰੰਗਾਇੰਦਾ । ਪਿਆਰ ਪਿਆਰੇ ਕਰੇ ਪਰਖ, ਸ਼ਾਹ ਭਬੀਖਣ ਭੇਵ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਇਕ ਪਿਆਰ, ਆਪਣੇ ਸੰਗ ਰਖਾਇੰਦਾ । ਕਰਿਆ ਪਿਆਰ ਵੇਦ ਵਿਆਸ, ਚਰਨ ਓਟ ਤਕਾਈਆ । ਪੂਰੀ ਕਰੇ ਹਰਿ ਹਰਿ ਆਸ, ਗਿਆਨ ਬੋਧ ਪੜ੍ਹਾਈਆ । ਪੁਰਾਨ ਅਠਾਰਾਂ ਰਸਨ ਸਵਾਸ, ਜੇਹਵਾ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਿਆਰ ਇਕ ਵਖਾਈਆ । ਕਰੇ ਪਿਆਰ ਗੋਪੀ ਨਾਥ, ਸਖ਼ੀਆਂ ਮੰਡਲ ਰਾਸ ਰਚਾਇੰਦਾ । ਕਰੇ ਖੇਲ ਖੇਲ ਤਮਾਸ਼, ਏਕਾ ਬੰਸਰੀ ਨਾਮ ਵਜਾਇੰਦਾ । ਸਦਾ ਸੁਹੇਲਾ ਵਸੇ ਪਾਸ, ਵਿਛੜ ਕਦੇ ਨਾ ਜਾਇੰਦਾ । ਆਪੇ ਹੋਏ ਦਾਸੀ ਦਾਸ, ਗ਼ਰੀਬ ਨਿਮਾਣੇ ਗਲੇ ਲਗਾਇੰਦਾ । ਬਿਦਰ ਖਾ ਅਲੂਣਾ ਸਾਗ, ਸਾਚਾ ਪਿਆਰ ਆਪ ਪਰਗਟਾਇੰਦਾ । ਬਿਪਰ ਸੁਦਾਮੇ ਤੰਦਲ ਲਾਭ, ਮੁਖ ਆਪਣੇ ਆਪ ਚਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਿਆਰ ਆਪ ਪਰਗਟਾਇੰਦਾ । ਪਿਆਰ ਪਰਗਟੇ ਗੋਪੀ ਕਾਹਨ, ਸਾਚਾ ਖੇਲ ਖਿਲਾਈਆ । ਪਿਆਰ ਦੇਵੇ ਅਰਜਣ ਗਿਆਨ, ਗੀਤਾ ਗਿਆਨ ਇਕ ਦ੍ਰਿੜਾਈਆ । ਪਿਆਰ ਦੇਵੇ ਸਾਚਾ ਮਾਣ, ਸਾਚੀ ਸਿਖਿਆ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣੇ ਪਿਆਰ ਬੰਨ੍ਹੇ ਗੁਰ ਅਵਤਾਰ, ਸਤਿਜੁਗ ਤ੍ਰੇਤਾ ਦੁਆਪਰ ਨਾਲ ਰਲਾਈਆ । ਪਿਆਰ ਪਾਇਆ ਬੰਧਨ, ਕਲਜੁਗ ਆਇਆ । ਮਸਤਕ ਲਾਏ ਟਿੱਕਾ ਚੰਦਨ, ਨਿਮ ਵਾਸਨਾ ਵਿਚ ਸਮਾਇਆ । ਬੋਧ ਗਿਆਨ ਆਤਮ ਹੋਇਆ ਪੰਡਤ, ਬੋਧ ਬੋਧਾ ਰੂਪ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਿਆਰ ਆਪ ਰਖਾਇਆ । ਪਿਆਰ ਰਖਾਏ ਨਿਰਗੁਣ ਧਾਰੀ, ਆਪਣੀ ਖੇਲ ਖਿਲਾਈਆ । ਕਰੇ ਖੇਲ ਅਗੰਮ ਅਪਾਰੀ, ਪਿਆਰ ਪਿਆਰ ਵਿਚ ਪਰਗਟਾਈਆ । ਲੱਖ ਚੁਰਾਸੀ ਪਾਵੇ ਸਾਰੀ, ਅਭੁਲ ਭੁਲ ਕਦੇ ਨਾ ਜਾਈਆ । ਕਲਜੁਗ ਨਾਤਾ ਤੋੜੇ ਖ਼ਵਾਰੀ, ਦੂਰ ਦੁਰਾਡਾ ਨੇੜੇ ਪੰਧ ਲਿਆਈਆ । ਈਸਾ ਮੂਸਾ ਨਿਭੇ ਯਾਰੀ, ਮੁਹਮੰਦ ਸੰਗ ਰਲਾਈਆ । ਏਕਾ ਪਿਆਰ ਕਲਮਾ ਕਰ ਜੈਕਾਰੀ, ਹੂ ਹੂ ਨਾਅਰਾ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਆਦਿ ਜੁਗਾਦੀ ਏਕਾ ਹਰਿ, ਪਿਆਰ ਤੰਦ ਇਕ ਰਖਾਈਆ । ਅਪਰ ਅਪਾਰਾ ਪਿਆਰ ਤੰਦ, ਨਿਰਗੁਣ ਨਿਰਗੁਣ ਵਿਚ ਸਮਾਇਆ । ਆਪਣਾ ਖੇਲ ਕਰ ਬਖ਼ਸ਼ੰਦ, ਬਖ਼ਸ਼ਿਸ਼ ਆਪਣੀ ਆਪ ਵਰਤਾਇਆ । ਆਪਣੇ ਨੂਰ ਚੜ੍ਹ ਚੜ੍ਹ ਚੰਦ, ਸਚ ਉਜਾਲਾ ਦਏ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪਿਆਰ ਆਪ ਪਰਗਟਾਇਆ । ਸਚ ਪਿਆਰ ਨਾਨਕ ਗੁਰ, ਹਰਿ ਸਤਿਗੁਰ ਆਪ ਪਰਗਟਾਈਆ । ਮੇਲ ਮਿਲਾਇਆ ਆਪੇ ਧੁਰ, ਧੁਰ ਬੈਠਾ ਸੱਚਾ ਮਾਹੀਆ । ਨਿਰਗੁਣ ਸਰਗੁਣ ਜੁੜੀ ਸੁਰ, ਤਾਰ ਸਤਾਰ ਨਾ ਕੋਇ ਵਖਾਈਆ । ਏਕਾ ਮੰਤਰ ਰਿਹਾ ਫੁਰ, ਨਾਮ ਸਤਿ ਪੜ੍ਹਾਈਆ । ਪਿਆਰ ਅੰਦਰ ਪ੍ਰੀਤਮ ਗਿਆ ਜੁੜ, ਏਕਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਿਆਰ ਪਿਆਰ ਨਾਲ ਬੰਧਾਈਆ । ਪਿਆਰ ਨਾਲ ਬੱਧਾ ਨਾਤਾ, ਨਾਤਾ ਪਰਮ ਪੁਰਖ ਬੰਧਾਇਆ । ਨਾਨਕ ਗੁਰ ਇਕੋ ਜਾਤਾ, ਪੁਰਖ ਅਕਾਲ ਮਨਾਇਆ । ਆਦਿ ਜੁਗਾਦੀ ਪਿਤਾ ਮਾਤਾ, ਸਾਚੀ ਗੋਦ ਸੁਹਾਇਆ । ਸਾਚੀ ਦੇਵੇ ਏਕੋ ਦਾਤਾ, ਵਸਤ ਅਮੋਲਕ ਝੋਲੀ ਪਾਇਆ । ਆਪਣਾ ਨਾਉਂ ਸੁਣਾਏ ਸਾਚੀ ਗਾਥਾ, ਸਾਚੀ ਸਿਖਿਆ ਇਕ ਸਮਝਾਇਆ । ਏਥੇ ਓਥੇ ਹੋਏ ਰਾਖਾ, ਅੱਠੇ ਪਹਿਰ ਸੇਵ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਪਿਆਰ ਧੁਰ ਦਰਬਾਰ, ਨਾਨਕ ਲੋਕਮਾਤ ਲੈ ਕੇ ਆਇਆ । ਸਚ ਪਿਆਰ ਨਾਨਕ ਨਿਰਗੁਣ, ਸਰਗੁਣ ਝੋਲੀ ਪਾਈਆ । ਗ਼ਰੀਬ ਨਿਮਾਣਿਆਂ ਪੁਕਾਰ ਸੁਣ ਸੁਣ, ਏਕਾ ਵਾਰ ਵਰਤਾਈਆ । ਅੰਗਦ ਅਮਰ ਆਪੇ ਚੁਣ ਚੁਣ, ਰਾਮ ਦਾਸੇ ਗੰਢ ਪਵਾਈਆ । ਅਰਜਣ ਹਰਿ ਹਰਿ ਆਪੇ ਬੌਹੜ, ਸ਼ਬਦ ਨਾਦ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪਿਆਰ ਦਏ ਵਡਿਆਈਆ । ਸਚ ਪਿਆਰ ਨਾਉਂ ਬਾਣ, ਚਾਰੇ ਬਾਣੀ ਮੁਖ ਸਾਲਾਹਿਆ । ਪ੍ਰੀਤਮ ਪਿਆਰਾ ਲਿਆ ਪਛਾਣ, ਘਰ ਸਾਚੇ ਮੇਲ ਮਿਲਾਇਆ । ਹਾਣੀ ਮਿਲਿਆ ਸਾਚਾ ਹਾਣ, ਘਰ ਸਾਚੇ ਵੱਜੇ ਵਧਾਇਆ । ਨਾ ਜੀਵ ਨਾ ਕੋਇ ਪਰਾਣ, ਪੁਰਾਨੀ ਮੁਕਤ ਨਾ ਕੋਇ ਕਰਾਇਆ । ਏਕਾ ਸ਼ਕਤ ਸ੍ਰੀ ਭਗਵਾਨ, ਗੁਰ ਗੁਰ ਗੁਰ ਰੂਪ ਵਟਾਇਆ । ਏਕਾ ਰਕਤ ਕਰੇ ਪਰਵਾਨ, ਬੂੰਦ ਬੂੰਦੀ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪਿਆਰ ਦਏ ਸਮਝਾਇਆ । ਸਚ ਪਿਆਰ ਗੁਰ ਸ਼ਬਦੀ ਧਾਰ, ਨਾਨਕ ਅਰਜਣ ਹਰਿ ਹਰਿ ਗਾਈਆ । ਦੋਹਾਂ ਵਿਚੋਲਾ ਬਣ ਕਰਤਾਰ, ਬੋਧ ਅਗਾਧਾ ਸ਼ਬਦ ਸੁਣਾਈਆ । ਭਗਤ ਭਗਵੰਤ ਕਰੇ ਖੇਲ ਨਿਆਰ, ਆਪ ਆਪਣਾ ਰੂਪ ਵਟਾਈਆ । ਚਾਰ ਜੁਗ ਦੇ ਵਿਛੜੇ ਯਾਰ, ਏਕਾ ਘਰ ਬਹਾਈਆ । ਪਾਂਜਾ ਏਕਾ ਵੇਖੇ ਏਕਾ ਵਾਰ, ਇਕਾਵਨ ਆਪਣੀ ਧਾਰ ਚਲਾਈਆ । ਪਾਂਜਾ ਦੋਆ ਆਪੇ ਪਾਏ ਆਪਣੀ ਸਾਰ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਖੇਲ ਖਿਲਾਈਆ । ਸਤਿ ਸਤਿਵਾਦੀ ਹੋ ਤਿਆਰ, ਪੰਚਮ ਦੇਵੇ ਸੱਚੀ ਸ਼ਾਹੀਆ । ਪੰਚਮ ਨਾਦ ਸ਼ਬਦ ਧੁੰਨਕਾਰ, ਨਾਦ ਅਨਾਦੀ ਆਪ ਸੁਣਾਈਆ । ਸੱਤਵੇਂ ਘਰ ਸਤਿ ਸਤਿ ਆਵੇ ਜਾਵੇ ਵਾਰੋ ਵਾਰ, ਪਾਂਜਾ ਸਾਤਾ ਸਤਿ ਸਤਿ ਮੇਲਾ ਸਹਿਜ ਸੁਭਾਈਆ । ਏਕਾ ਪੈਂਤੀਸ ਕਰ ਤਿਆਰ, ਪੰਜ ਤੀਸ ਕਰੇ ਕੁੜਮਾਈਆ । ਦਸ ਬੀਸ ਖੇਲ ਕਰਤਾਰ, ਕਾਗਦ ਕ਼ਲਮ ਨਾ ਲਿਖੇ ਸ਼ਾਹੀਆ । ਏਕਾ ਗੁਰੂ ਕਰ ਤਿਆਰ, ਗੁਰ ਸ਼ਬਦ ਦਏ ਵਡਿਆਈਆ । ਗੁਰ ਚਰਨ ਸਚ ਪਿਆਰ, ਚਾਰ ਵਰਨ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਪਿਆਰ ਗੋਬਿੰਦ ਧਾਰ, ਹਰਿ ਖੰਡਾ ਨਾਲ ਮਿਲਾਈਆ । ਸਚ ਪਿਆਰ ਸਾਚਾ


੧੦੧੯ ੧੦

ਖੰਡਾ, ਹਰਿ ਗੋਬਿੰਦ ਮੇਲ ਮਿਲਾਇਆ । ਲੇਖਾ ਜਾਣੇ ਵਿਚ ਬ੍ਰਹਿਮੰਡਾਂ, ਬ੍ਰਹਿਮੰਡ ਖੇਲ ਖਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਿਆਰ ਪਿਆਰ ਨਾਲ ਪਰਗਟਾਇਆ । ਹਰਿਗੋਬਿੰਦ ਤੇਰਾ ਪਿਆਰ, ਤੇਰੀ ਧਾਰ ਸਮਾਈਆ । ਜੋਧਾ ਸੂਰਬੀਰ ਬਲੀ ਬਲਕਾਰ, ਏਕਾ ਡੰਕਾ ਰਿਹਾ ਵਜਾਈਆ । ਕਰੇ ਖੇਲ ਅਪਰ ਅਪਾਰ, ਨਾਤਾ ਬਿਧਾਤਾ ਪਿਆਰ ਜੋੜ ਜੁੜਾਈਆ । ਹਰਿਰਾਏ ਦਏ ਆਧਾਰ, ਨਿਸ਼ਅੱਖਰ ਕਰੇ ਪੜ੍ਹਾਈਆ । ਛੋਟੇ ਬਾਲੇ ਕਰ ਪਿਆਰ, ਹਰਿਕ੍ਰਿਸ਼ਨ ਲਏ ਉਠਾਈਆ । ਹਰਿਕ੍ਰਿਸ਼ਨਾ ਕੂਕ ਗਿਆ ਪੁਕਾਰ, ਤੇਗ਼ ਬਹਾਦਰ ਮਿਲੇ ਸਾਚਾ ਮਾਹੀਆ । ਕਰੇ ਸਚ ਪਿਆਰ ਡੁਬਦੇ ਲਏ ਤਾਰ, ਆਪ ਆਪਣਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪਿਆਰ ਆਦਿ ਜੁਗਾਦਿ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਲੱਖ ਚੁਰਾਸੀ ਵਿਚ ਵਰਤਾਈਆ । ਸਚ ਪਿਆਰ ਹਰਿ ਵਰਤਾਇਆ, ਆਪ ਆਪਣੀ ਵਾਰ । ਗੋਬਿੰਦ ਸੁਤ ਏਕਾ ਜਾਇਆ, ਬਣ ਸੁਲੱਖਣੀ ਨਾਰ । ਗੁਜਰੀ ਕੁੱਖ ਦਏ ਵਡਿਆਇਆ, ਨਾ ਕੋਈ ਜਾਣੇ ਜੀਵ ਸੰਸਾਰ । ਭੋਗੀ ਆਪਣਾ ਭੋਗ ਕਰਾਇਆ, ਭਸਮੜ ਹੋਏ ਨਾ ਅਗੰਮ ਅਪਾਰ । ਧੁਰ ਸੰਜੋਗੀ ਮੇਲ ਮਿਲਾਇਆ, ਮੇਲਾ ਕਰੇ ਆਪਣੀ ਧਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਿਆਰ ਵੰਡੇ ਵਿਚ ਸੰਸਾਰ । ਸਚ ਪਿਆਰ ਵੰਡਣ ਆਇਆ, ਗੁਰ ਸਤਿਗੁਰ ਰੂਪ ਧਾਰ । ਪੰਜ ਪਿਆਰੇ ਲਏ ਉਠਾਇਆ, ਕਰੇ ਖੇਲ ਅਪਾਰ । ਆਪਣਾ ਅੰਮ੍ਰਿਤ ਮੁਖ ਚੁਆਇਆ, ਆਪ ਆਪਾ ਵਿਚੋਂ ਨਿਕਾਲ । ਸੰਸਾ ਰੋਗ ਸਰਬ ਮਿਟਾਇਆ, ਨਿਮਾਣਿਆਂ ਬਣਿਆ ਸਾਚਾ ਯਾਰ । ਊਚਾਂ ਨੀਚਾਂ ਗਲੇ ਲਗਾਇਆ, ਕਰਿਆ ਸਚ ਪਿਆਰ । ਆਪ ਨਿਉਂ ਨਿਉਂ ਸੀਸ ਝੁਕਾਇਆ, ਬਣਿਆ ਦਰ ਭਿਖਾਰ । ਆਪਣੀ ਝੋਲੀ ਅੱਗੇ ਡਾਹਿਆ, ਕਰੇ ਇਕ ਪੁਕਾਰ । ਗੁਰਸਿਖ ਤੇਰਾ ਉਚਾ ਘਰ ਬਣਾਇਆ, ਪੁਰਖ ਅਬਿਨਾਸ਼ੀ ਸੇਵਾਦਾਰ । ਤੇਰੀਆਂ ਨੀਹਾਂ ਹੇਠ ਆਪਣਾ ਆਪ ਦਿਆਂ ਦਬਾਇਆ, ਆਪਾ ਤੇਰੇ ਉਤੋਂ ਵਾਰ । ਤੇਰਾ ਮੰਦਰ ਦਿਆਂ ਸੁਹਾਇਆ, ਲੋਕਮਾਤ ਹੋਏ ਉਜਿਆਰ । ਹਰਿ ਕਾ ਪਿਆਰ ਤੇਰੇ ਅੰਦਰ ਦਿਆਂ ਟਿਕਾਇਆ, ਦੂਸਰ ਰੱਖਾਂ ਨਾ ਕਿਸੇ ਦਵਾਰ । ਜੁਗ ਜੁਗ ਦਾ ਲਹਿਣਾ ਦਿਆਂ ਮੁਕਾਇਆ, ਕਲਜੁਗ ਆਵੇ ਅੰਤਮ ਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਸਚ ਵਿਹਾਰ । ਆਦਿ ਪਿਆਰ ਦਿਤਾ ਭਗਵਾਨ, ਆਪਣੀ ਦਾਤ ਵਰਤਾਈਆ । ਜੁਗ ਚੌਕੜੀ ਕਰਿਆ ਖੇਲ ਮਹਾਨ, ਪੁਰਖ ਅਬਿਨਾਸ਼ੀ ਬੇਪਰਵਾਹੀਆ । ਕਲਜੁਗ ਅੰਤਮ ਹੋਏ ਪਰਧਾਨ, ਨਿਹਕਲੰਕਾ ਨਾਉਂ ਰਖਾਈਆ । ਗੋਬਿੰਦ ਸੂਰਾ ਹੋਏ ਨਾਲ ਬਲਵਾਨ, ਆਪਣਾ ਬਲ ਧਰਾਈਆ । ਸ੍ਰਿਸ਼ਟ ਸਬਾਈ ਖੋਲ੍ਹੇ ਇਕ ਦੁਕਾਨ, ਝੂਠ ਦੁਕਾਨ ਦਏ ਮਿਟਾਈਆ । ਚਾਰ ਵਰਨਾਂ ਵੇਖੇ ਮਾਰ ਧਿਆਨ, ਜ਼ਾਤ ਪਾਤ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਿਆਰ ਦਏ ਸਮਝਾਈਆ । ਕਲਜੁਗ ਵੇਲਾ ਅੰਤਮ ਔਣਾ, ਗੁਰ ਸਤਿਗੁਰ ਸਚ ਜਣਾਇੰਦਾ । ਪੁਰਖ ਅਬਿਨਾਸ਼ੀ ਫੇਰਾ ਪੌਣਾ, ਲੋਕਮਾਤ ਵੇਖ ਵਖਾਇੰਦਾ । ਲੱਖ ਚੁਰਾਸੀ ਮੇਲ ਮਿਲੌਣਾ, ਏਕਾ ਬੰਧਨ ਪਾਇੰਦਾ । ਸਚ ਪਿਆਰ ਇਕ ਵਖੌਣਾ, ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਏਕਾ ਦਰ ਬਹਾਇੰਦਾ । ਦੂਈ ਦਵੈਤੀ ਪੜਦਾ ਲੌਹਣਾ, ਮਾਇਆ ਮਮਤਾ ਮੋਹ ਮਿਟਾਇੰਦਾ । ਸਾਚਾ ਮਾਰਗ ਇਕ ਵਖੌਣਾ, ਸੋ ਪੁਰਖ ਨਿਰੰਜਣ ਆਪ ਲਗਾਇੰਦਾ । ਘਟ ਘਟ ਅੰਦਰ ਆਤਮ ਬ੍ਰਹਮ ਨਜ਼ਰੀ ਔਣਾ, ਅਗਿਆਨ ਅੰਧੇਰ ਚੁਕਾਇੰਦਾ । ਪੁਰਖ ਅਕਾਲ ਸਭ ਨੇ ਗੌਣਾ, ਗੋਬਿੰਦ ਸੂਰਾ ਆਪ ਸੁਣਾਇੰਦਾ । ਮਸਜਦ ਮੰਦਰ ਮਠ ਸ਼ਿਵਦਵਾਲਾ

ਕੋਈ ਰਹਿਣ ਨਾ ਪੌਣਾ, ਕਲਜੁਗ ਅੰਤਮ ਪੰਧ ਮੁਕਾਇੰਦਾ । ਸਚ ਨਿਸ਼ਾਨਾ ਇਕ ਝੁਲੌਣਾ, ਸ਼ਾਹ ਸੁਲਤਾਨਾਂ ਖ਼ਾਕ ਮਿਲਾਇੰਦਾ । ਨੌਂ ਖੰਡ ਪ੍ਰਿਥਮੀ ਏਕਾ ਰਾਜ ਜੋਗ ਕਰੌਣਾ, ਜੁਗਤ ਆਪਣੇ ਹੱਥ ਰਖਾਇੰਦਾ । ਧੁਰ ਫ਼ਰਮਾਨਾ ਹੁਕਮ ਸੁਣੌਣਾ, ਹੁਕਮੀ ਹੁਕਮ ਆਪ ਅਲਾਇੰਦਾ । ਸਤਿਜੁਗ ਸਾਚਾ ਮਾਰਗ ਲੌਣਾ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਗੁਰਸਿਖ ਸਾਚੇ ਆਪ ਪਰਗਟੌਣਾ, ਧਰਤ ਮਾਤ ਦੀ ਗੋਦ ਬਹਾਇੰਦਾ । ਧਰਨੀ ਤੇਰਾ ਹੌਲਾ ਭਾਰ ਕਰੌਣਾ, ਬੇਮੁਖ ਨਜ਼ਰ ਕੋਇ ਨਾ ਆਇੰਦਾ । ਹਿੰਦੂ ਮੁਸਲਿਮ ਸਿੱਖ ਈਸਾਈ ਏਕਾ ਇਸ਼ਟ ਵਖੌਣਾ, ਦੂਜਾ ਦਰ ਨਾ ਕੋਇ ਬਣਾਇੰਦਾ । ਸ਼ਬਦ ਪਿਆਰ ਆਪ ਦਿਵੌਣਾ, ਸ਼ਬਦੀ ਸ਼ਬਦ ਮੇਲ ਮਿਲਾਇੰਦਾ । ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਘਰ ਘਰ ਨਾਦ ਵਜੌਣਾ, ਰਾਗੀ ਆਪਣਾ ਰਾਗ ਅਲਾਇੰਦਾ । ਰਸਨਾ ਜੇਹਵਾ ਸਭ ਨੇ ਗੌਣਾ, ਬੱਤੀ ਦੰਦ ਸਰਬ ਹਿਲਾਇੰਦਾ । ਉਨੰਜਾ ਪਵਣ ਆਪ ਸਮੌਣਾ, ਪਵਣ ਸਵਾਸ ਖੇਲ ਖਿਲਾਇੰਦਾ । ਅਠਾਰਾਂ ਭਾਰ ਬਨਾਸਪਤ ਬੰਧਨ ਪੌਣਾ, ਬੰਦੀ ਬੰਦ ਆਪ ਕਰਾਇੰਦਾ । ਰਵ ਸਸ ਰਾਗ ਅਲੌਣਾ, ਮੰਡਲ ਮੰਡਪ ਨਾਚ ਨਚਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਏਕਾ ਨਾਉਂ ਧਿਔਣਾ, ਹਰਿ ਸਾਚਾ ਸਚ ਜਣਾਇੰਦਾ । ਅੰਤਮ ਲੇਖਾ ਸਭ ਦਾ ਮੁਕੌਣਾ, ਥਿਰ ਕੋਇ ਰਹਿਣ ਨਾ ਪਾਇੰਦਾ । ਬ੍ਰਹਮਾ ਆਪਣੇ ਵਿਚ ਮਿਲੌਣਾ, ਜੋਤੀ ਜੋਤ ਜੋਤ ਮਿਲਾਇੰਦਾ । ਸ਼ੰਕਰ ਤੇਰਾ ਡੇਰਾ ਢੌਣਾ, ਜੋ ਘੜਿਆ ਭੰਨ ਵਖਾਇੰਦਾ । ਇੰਦਰ ਫੜ ਕੇ ਤਖ਼ਤੋਂ ਲੌਹਣਾ, ਤਖ਼ਤ ਨਿਵਾਸੀ ਖੇਲ ਖਿਲਾਇੰਦਾ । ਸਾਚਾ ਮਾਰਗ ਹਰਿ ਜੂ ਲੌਣਾ, ਗੁਰਮੁਖ ਸਾਚੇ ਆਪ ਉਠਾਇੰਦਾ । ਬ੍ਰਹਮਾ ਵੇਤਾ ਮਾਣ ਦਵੌਣਾ, ਬ੍ਰਹਮ ਵਿਦਿਆ ਆਪ ਪੜ੍ਹਾਇੰਦਾ । ਛੋਟੇ ਬਾਲੇ ਤਿਲਕ ਲਗੌਣਾ, ਭੋਲਾ ਨਾਥ ਸਵਾਇੰਦਾ । ਸੱਤ ਦੀਪ ਤਿੰਨ ਲੋਕ ਇਕ ਨਿਸ਼ਾਨ ਝੁਲੌਣਾ, ਸੁਰਪਤ ਇੰਦ ਢੇਰੀ ਢਾਇੰਦਾ । ਮਨਜੀਤਾ ਮਨਜੀਤ ਜਵੌਣਾ, ਜੋਬਨ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਸਾਚਾ ਹਰਿ, ਸਚ ਪ੍ਰੀਤ ਆਪ ਨਿਭਾਇੰਦਾ । ਲੱਗੀ ਪ੍ਰੀਤ ਨਿਭਾਏ ਤੋੜ, ਗੁਰ ਸਤਿਗੁਰ ਹੱਥ ਵਡਿਆਈਆ । ਕਲਜੁਗ ਅੰਤ ਨਾ ਜਾਏ ਛੋੜ, ਆਪਣੀ ਗੋਦ ਬਹਾਈਆ । ਸ਼ਬਦ ਅਗੰਮੀ ਚੜ੍ਹਾਏ ਘੋੜ, ਥਿਰ ਘਰ ਸਾਚੇ ਦਏ ਪੁਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪ੍ਰੇਮ ਆਪ ਨਿਭਾਈਆ । ਆਪਣਾ ਪ੍ਰੇਮ ਨਿਭਾਏ ਸਾਥ, ਸਗਲਾ ਸੰਗ ਰਖਾਇੰਦਾ । ਗੁਰਮੁਖਾਂ ਬੁਝਾਏ ਲੱਗੀ ਪਿਆਸ, ਹਰਿਜਨ ਪਿਆਸਾ ਨਜ਼ਰ ਕੋਇ ਨਾ ਆਇੰਦਾ । ਦਿਵਸ ਰੈਣ ਕਰੇ ਹਾਸ ਬਲਾਸ, ਸੁਖ ਸ਼ਾਨਤੀ ਸਤਿ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਦਰ ਸੁਹਾਇੰਦਾ । ਹਰਿਜਨ ਸਾਚੇ ਸੋਹੇ ਦਰ, ਦਰ ਦਰਵੇਸ਼ ਅਲਖ ਜਗਾਈਆ । ਬ੍ਰਹਮ ਮਤ ਮਿਲਿਆ ਵਰ, ਵਰ ਏਕਾ ਝੋਲੀ ਪਾਈਆ । ਲੱਖ ਚੁਰਾਸੀ ਵਿਚੋਂ ਲਿਆ ਫੜ, ਗੁਰਮੁਖ ਤੇਰੀ ਵਡ ਵਡਿਆਈਆ । ਆਪ ਬੰਧਾਇਆ ਆਪਣੇ ਲੜ, ਪੱਲੂ ਗੰਢ ਪਵਾਈਆ । ਸੌਹਰੇ ਪੇਈਏ ਵਿਹਾਰ ਕਰ, ਬਣ ਵਿਚੋਲਾ ਖੇਲ ਕਰਾਈਆ । ਸਚ ਦਵਾਰੇ ਆਪੇ ਖੜ, ਆਪਣਾ ਸਗਨ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਤੇਰਾ ਪਿਆਰ ਦਏ ਸਮਝਾਈਆ । ਗੁਰਸਿਖ ਨਾਰ ਕਰ ਪਿਆਰ, ਗੁਰ ਸਤਿਗੁਰ ਖੇਲ ਖਿਲਾਇੰਦਾ । ਪ੍ਰੇਮ ਮਹਿੰਦੀ ਕਰ ਤਿਆਰ, ਸਾਚੇ ਹੱਥ ਰੰਗਾਇੰਦਾ । ਸੂਹਾ ਵੇਸ ਖੇਲ ਅਪਾਰ, ਤਨ ਖ਼ਾਕੀ ਆਪ ਵਖਾਇੰਦਾ । ਨੱਥ ਸੁਹਾਗ ਕਰ ਤਿਆਰ, ਕੰਚਨ ਰੂਪ ਵਟਾਇੰਦਾ । ਮੀਂਢੀ ਗੁੰਦੇ ਏਕਾ ਵਾਰ, ਸਾਚਾ ਸੀਸ ਗੁੰਦਾਇੰਦਾ । ਵਟਣਾ ਮਿਲੇ ਵਿਚ ਸੰਸਾਰ, ਪ੍ਰੇਮ ਰਸ

੧੦੨੧
੧੦

ਆਪ ਰਖਾਇੰਦਾ । ਸਾਚੀ ਸਖ਼ੀਆਂ ਮੰਗਲਾਚਾਰ, ਘਰ ਗੀਤ ਗੋਬਿੰਦ ਅਲਾਇੰਦਾ । ਸਾਚੀ ਡੋਲੀ ਕਰ ਤਿਆਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਚਾਰੇ ਜੁਗ ਕਹਾਰ ਬਣਾਇੰਦਾ । ਮਾਰੇ ਬੋਲ ਨਾ ਕੋਇ ਅੰਤਮ ਵਾਰ, ਗੁਰਸਿਖ ਵਿਛੋੜਾ ਪੰਧ ਕਟਾਇੰਦਾ । ਜੋਬਨ ਵੇਖੇ ਨਾਰ ਮੁਟਿਆਰ, ਨੇਤਰ ਨੈਣਾਂ ਕਜਲਾ ਨਾਮ ਪਾਇੰਦਾ । ਬਿੰਦੀ ਲਾਏ ਅਪਰ ਅਪਾਰ, ਜੋਤ ਲਲਾਟੀ ਡਗਮਗਾਇੰਦਾ । ਸੁਰਖੀ ਵੇਖੇ ਸਿਰਜਣਹਾਰ, ਰਾਮ ਰਾਮ ਰਾਮ ਜਣਾਇੰਦਾ । ਰਾਹ ਤੱਕੇ ਪਰਵਰਦਿਗਾਰ, ਏਕਾ ਆਸ ਵਖਾਇੰਦਾ । ਦੂਲ੍ਹਾ ਬਣੇ ਆਪ ਨਿਰੰਕਾਰ, ਘਰ ਆਪਣੇ ਸੋਭਾ ਪਾਇੰਦਾ । ਸੋਲਾਂ ਇਛਿਆ ਕਰ ਸ਼ੰਗਾਰ, ਸਾਚਾ ਅਸਵ ਆਪ ਮੰਗਾਇੰਦਾ । ਸਾਚੇ ਘੋੜੇ ਹੋ ਅਸਵਾਰ, ਸੋਲਾਂ ਕਲੀਆਂ ਆਸਣ ਪਾਇੰਦਾ । ਸਚਖੰਡ ਦਵਾਰਿਉਂ ਆਏ ਬਾਹਰ, ਥਿਰ ਘਰ ਸ਼ਬਦੀ ਨਾਲ ਮਿਲਾਇੰਦਾ । ਸ਼ਬਦੀ ਰੂਪ ਚੜ੍ਹੇ ਅਪਾਰ, ਆਪਣਾ ਸੱਤ ਆਪ ਸੁਹਾਇੰਦਾ । ਆਪਣਾ ਚੀਰਾ ਬੰਨ੍ਹ ਦਸਤਾਰ, ਸੀਸ ਸਾਚਾ ਤਾਜ ਟਿਕਾਇੰਦਾ । ਸਾਚੀ ਖੜਗ ਕਰ ਤਿਆਰ, ਆਪਣਾ ਖੰਡਾ ਨਾਮ ਲਟਕਾਇੰਦਾ । ਛੈਲ ਛਬੀਲਾ ਹੋ ਤਿਆਰ, ਆਪਣਾ ਰਾਹ ਤਕਾਇੰਦਾ । ਲੋਆਂ ਪੁਰੀਆਂ ਚਰਨਾਂ ਹੇਠ ਲਤਾੜ, ਲੋਕਮਾਤ ਫੇਰਾ ਪਾਇੰਦਾ । ਦਿਸ ਨਾ ਆਏ ਵਿਚ ਸੰਸਾਰ, ਲੱਖ ਚੁਰਾਸੀ ਭੇਵ ਕੋਇ ਨਾ ਪਾਇੰਦਾ । ਹੌਲੀ ਹੌਲੀ ਆਵੇ ਸਾਂਝਾ ਯਾਰ, ਆਪਣਾ ਪੈਂਡਾ ਪੰਧ ਮੁਕਾਇੰਦਾ । ਸੋਹਰੇ ਘਰ ਵੇਖੇ ਏਕਾ ਬਾਰ, ਕਾਇਆ ਮੰਦਰ ਅੰਦਰ ਬੰਦ ਕਰਾਇੰਦਾ । ਤ੍ਰੈ ਧਾਤੂ ਲੱਗਾ ਤਾਲ, ਨਾ ਕੋਈ ਤੋੜ ਤੁੜਾਇੰਦਾ । ਕਰੇ ਖੇਲ ਸਾਹਿਬ ਦਿਆਲ, ਆਪਣੀ ਠੋਕਰ ਏਕਾ ਲਾਇੰਦਾ । ਆਪੇ ਖੋਲ੍ਹੇ ਆਪਣੀ ਧਰਮਸਾਲ, ਗੁਰੂਦਵਾਰਾ ਆਪ ਉਪਾਇੰਦਾ । ਘਰ ਵਿਚ ਘਰ ਕਰੇ ਖੇਲ ਨਿਰਾਲ, ਨਿਰਾਲੀ ਚਾਲ ਆਪ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਬਲ ਧਰਾਇੰਦਾ । ਸਾਚੇ ਘਰ ਆਇਆ ਦੂਲ੍ਹਾ, ਘਰ ਸਾਚੇ ਵੱਜੀ ਵਧਾਈਆ । ਆਪੇ ਪਾਏ ਹਾਰ ਸਾਚੇ ਫੂਲਾ, ਫੁਲ ਆਪਣਾ ਨਾਉਂ ਉਪਾਈਆ । ਆਪੇ ਗਾਏ ਆਪਣਾ ਸੋਹਲਾ, ਆਪਣਾ ਰਾਗ ਸੁਣਾਈਆ । ਆਪੇ ਬਣਿਆ ਭਾਲਾ ਭੋਲਾ, ਭੋਲੀ ਸੂਰਤ ਆਪਣਾ ਰੂਪ ਧਰਾਈਆ । ਆਪ ਚੁਕਾਏ ਆਪਣਾ ਓਹਲਾ, ਪਰਦਾ ਦਏ ਉਠਾਈਆ । ਪੰਚ ਸ਼ਬਦ ਪਾਇਣ ਰੌਲਾ, ਅਨਹਦ ਧੁੰਨ ਸੁਣਾਈਆ । ਉਲਟਾ ਕਰੇ ਨਾਭ ਕੌਲਾ, ਅੰਮ੍ਰਿਤ ਦਏ ਝਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਆਪਣੇ ਸਗਨ ਮਨਾਈਆ । ਅੰਮ੍ਰਿਤ ਝਿਰੇ ਠੰਡਾ ਪਾਣੀ, ਹਰਿ ਸਾਚਾ ਆਪ ਝਿਰਾਇੰਦਾ । ਆਪੇ ਨੈਣ ਬਣ ਬਣ ਰਾਣੀ, ਆਪਣਾ ਛੰਨਾ ਆਪ ਭਰਾਇੰਦਾ । ਆਪੇ ਬੋਲ ਆਪਣੀ ਬਾਣੀ, ਆਪਣਾ ਹੁਕਮ ਸੁਣਾਇੰਦਾ । ਆਪੇ ਵੇਖ ਸੁਘੜ ਸਿਆਣੀ, ਸਚ ਸੁਆਣੀ ਕੋਲ ਬਹਾਇੰਦਾ । ਆਪੇ ਹੋਇਆ ਜਾਣ ਜਾਣੀ, ਜਾਨਣਹਾਰਾ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਖ਼ੁਸ਼ੀ ਮਨਾਇੰਦਾ । ਘਰ ਸਾਚੇ ਚੌਥੇ ਪਦ ਬੈਠਾ ਚੜ੍ਹ, ਆਪਣੀ ਦਇਆ ਕਮਾਈਆ । ਆਪਣੀ ਲਾਂਵ ਆਪੇ ਰਿਹਾ ਪੜ੍ਹ, ਪਹਿਲਾ ਦੂਜਾ ਤੀਜਾ ਘਰ ਤਜਾਈਆ । ਚੌਥੇ ਪੁਰਖ ਅਬਿਨਾਸ਼ੀ ਫੜਿਆ ਲੜ, ਛੁੱਟ ਕਦੇ ਨਾ ਜਾਈਆ । ਮੇਰਾ ਕੰਤ ਸੁਹਾਗੀ ਨਾ ਜਨਮੇ ਨਾ ਜਾਏ ਮਰ, ਗੁਰਮੁਖ ਨਾਰੀ ਖ਼ੁਸ਼ੀ ਮਨਾਈਆ । ਜਗਤ ਜੰਜਾਲਾ ਮਿਟਿਆ ਡਰ, ਨਿਰਭੌ ਤੱਕੀ ਇਕ ਸਰਨਾਈਆ । ਮੈਂ ਹੋਈ ਸੁਭਾਗਣ ਆਇਆ ਘਰ, ਦੂਰ ਦੁਰਾਡਾ ਚਲ ਕੇ ਮਾਹੀਆ । ਕਮਲੀ ਕੋਝੀ ਲਾਈ ਲੜ, ਅਵਗੁਣ ਗੁਣ ਨਾ ਕੋਇ ਵਖਾਈਆ । ਚਰਨ ਕਵਲ ਸੇਵਕ ਸੇਵਾ ਲਵਾਂ ਕਰ, ਸਾਚੀ ਸੇਵਾ ਮੋਹੇ ਬਣ ਆਈਆ । ਮੇਰਾ ਖ਼ਾਲੀ ਭੰਡਾਰਾ ਦੇਵੇ ਭਰ, ਆਪਣੀ ਦਇਆ ਕਮਾਈਆ । ਸੋਹੇ ਵੇਲਾ

ਮੇਰੀ ਸੇਜਾ ਜਾਏ ਚੜ੍ਹ, ਕੰਤ ਭਤਾਰ ਸੱਚਾ ਸ਼ਹਿਨਸ਼ਾਹੀਆ । ਆਪਣਾ ਪ੍ਰੇਮ ਮੇਰੇ ਅੰਦਰ ਦੇਵੇ ਧਰ, ਮੇਰੇ ਘਰ ਹੋਏ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਚਾਰ ਜੁਗ ਦਾ ਸਚ ਪਿਆਰ, ਗੁਰਸਿਖਾਂ ਨਾਲ ਮਿਲਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਮੇਲਿਆ ਸੋ ਅੰਤ ਵਿਛੜ ਨਾ ਜਾਈਆ ।

### ★ ੨੮ ਸਾਵਣ ੨੦੧੮ ਬਿਕ੍ਰਮੀ ਸਵਰਨ ਸਿੰਘ ਦੇ ਗ੍ਰਹਿ ਸਰੀਂਹ ਪੁਰ ਜ਼ਿਲਾ ਹੁਸ਼ਿਆਰਪੁਰ ★

ਘਰ ਆਏ ਵਖਾਏ ਘਰ, ਘਰ ਘਰ ਵਿਚ ਦਇਆ ਕਮਾਈਆ । ਨਿਰਭੌ ਚੁਕਾਏ ਭੈ ਡਰ, ਭਿਆਨਕ ਅਵਰ ਨਾ ਕੋਇ ਰਖਾਈਆ । ਬੰਦ ਤਾਕੀ ਖੋਲ੍ਹ ਕਿਵਾੜ, ਦੂਈ ਪਰਦਾ ਦਏ ਉਠਾਈਆ । ਤ੍ਰੈਗੁਣ ਅਗਨੀ ਬੁਝੇ ਹਾੜ, ਤਤਵ ਤਤ ਨਾ ਕੋਇ ਰਖਾਈਆ । ਕਰੇ ਪਰਕਾਸ਼ ਬਹੱਤਰ ਨਾੜ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਘਰ ਵਿਚ ਘਰ ਦਏ ਵਖਾਲ, ਸਤਿਗੁਰ ਪੂਰਾ ਬੇਪਰਵਾਹੀਆ । ਚਲੇ ਚਲਾਏ ਨਾਲ ਨਾਲ, ਵਿਛੜ ਕਦੇ ਨਾ ਜਾਈਆ । ਤੋੜਨਹਾਰ ਜਗਤ ਜੰਜਾਲ, ਜਾਗਰਤ ਜੋਤ ਲਏ ਜਗਾਈਆ । ਲੇਖਾ ਜਾਣੇ ਕਾਲ ਮਹਾਕਾਲ, ਦੀਨ ਦਿਆਲ ਸੱਚਾ ਸ਼ਹਿਨਸ਼ਾਹੀਆ । ਸੁਰਤ ਸੁਆਣੀ ਨਾ ਹੋਏ ਬੇਹਾਲ, ਗੁਰ ਸ਼ਬਦੀ ਹੋਏ ਸਹਾਈਆ । ਗ੍ਰਹਿ ਮੰਦਰ ਵਖਾਏ ਅੰਮ੍ਰਿਤ ਤਾਲ, ਨਿਝਰ ਝਿਰਨਾ ਆਪ ਝਿਰਾਈਆ । ਘਰ ਵਖਾਏ ਸੱਚੀ ਧਰਮਸਾਲ, ਘਰ ਮੰਦਰ ਸੋਭਾ ਪਾਈਆ । ਘਰ ਘਰ ਵਿਚ ਦੀਪਕ ਦੇਵੇ ਬਾਲ, ਤੇਲ ਬਾਤੀ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਮੇਲਾ ਸਹਿਜ ਸੁਭਾਈਆ । ਘਰ ਮੇਲਾ ਹਰਿ ਭਗਵਾਨ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਹਰਿ ਪੁਰਖ ਨਿਰੰਜਣ ਦੇਵੇ ਦਾਨ, ਏਕੰਕਾਰਾ ਵੇਖ ਵਖਾਇੰਦਾ । ਆਦਿ ਨਿਰੰਜਣ ਜੋਤ ਮਹਾਨ, ਜੋਤੀ ਜਾਤਾ ਡਗਮਗਾਇੰਦਾ । ਅਬਿਨਾਸ਼ੀ ਕਰਤਾ ਹੋ ਮਿਹਰਵਾਨ, ਵਸਤ ਅਮੋਲਕ ਆਪ ਵਰਤਾਇੰਦਾ । ਸ੍ਰੀ ਭਗਵਾਨ ਘਰ ਵਿਚ ਵਖਾਏ ਸਚ ਨਿਸ਼ਾਨ, ਘਰ ਘਰ ਆਪਣਾ ਖੇਲ ਖਿਲਾਇੰਦਾ । ਪਾਰਬ੍ਰਹਮ ਪ੍ਰਭ ਹੋ ਪਰਧਾਨ, ਆਪਣਾ ਮੰਦਰ ਆਪ ਸੁਹਾਇੰਦਾ । ਗੁਰਸਿਖ ਸਾਚਾ ਕਰ ਪਰਵਾਨ, ਜੁਗ ਜੁਗ ਆਪਣਾ ਭੇਵ ਖੁਲ੍ਹਾਇੰਦਾ । ਆਤਮ ਦਰਸੀ ਦੇਵੇ ਆਤਮ ਦਾਨ, ਆਤਮ ਅੰਤਰ ਨਿਜ ਝੋਲੀ ਆਪ ਭਰਾਇੰਦਾ । ਸ਼ਬਦ ਅਨਾਦੀ ਇਕ ਧੁਨਕਾਨ, ਨਾਦ ਅਨਾਦੀ ਨਾਦ ਵਜਾਇੰਦਾ । ਬੋਧ ਅਗਾਧੀ ਸ਼ਬਦ ਗਿਆਨ, ਗਿਆਨ ਮੰਤ ਇਕ ਦ੍ਰਿੜਾਇੰਦਾ । ਬ੍ਰਹਮ ਬ੍ਰਹਿਮਾਦੀ ਵੇਖ ਵਖਾਨ, ਆਤਮ ਬ੍ਰਹਮ ਆਪ ਵਖਾਇੰਦਾ । ਸਾਚੀ ਸੇਜਾ ਕਰ ਪਰਵਾਨ, ਸਚ ਸਿੰਘਾਸਣ ਆਸਣ ਲਾਇੰਦਾ । ਆਪ ਬਣਾਏ ਸਚ ਮਕਾਨ, ਘਰ ਘਰ ਵਿਚ ਆਪ ਉਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਘਰ ਵਿਚ ਵੇਖ ਵਖਾਇੰਦਾ । ਘਰ ਘਰ ਵੇਖ ਸ੍ਰੀ ਭਗਵੰਤ, ਆਪਣਾ ਖੇਲ ਖਿਲਾਈਆ । ਘਰ ਮੇਲਾ ਨਾਰੀ ਕੰਤ, ਘਰ ਸਾਚੀ ਸੇਜ ਸੁਹਾਈਆ । ਘਰ ਮਹਿਮਾ ਗਾਏ ਅਗਣਤ, ਲੇਖਾ ਕਰ ਨਾ ਸਕੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਘਰ ਵਿਚ ਵੇਖ ਵਖਾਈਆ । ਘਰ ਵਿਚ ਘਰ ਸਚ ਮਹੱਲਾ, ਸਤਿਗੁਰ ਪੂਰਾ ਆਪ ਜਣਾਇੰਦਾ । ਵਸਣਹਾਰਾ ਇਕ ਇਕੱਲਾ, ਆਪਣਾ ਪਰਦਾ ਆਪ ਉਠਾਇੰਦਾ । ਜੋਤੀ ਸ਼ਬਦੀ ਆਪੇ ਰੱਲਾ, ਬ੍ਰਹਮ ਧਾਰ ਚਲਾਇੰਦਾ । ਵਸਣਹਾਰਾ ਨਿਹਚਲ ਧਾਮ ਅਟੱਲਾ,

੧੦੨੪

ਸਚ ਮਨਾਰਾ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਘਰ ਵਿਚ ਆਪ ਸੁਹਾਇੰਦਾ । ਘਰ ਘਰ ਹਰਿ ਸੁਹੰਜਣਾ, ਸੋਭਾਵੰਤ ਆਪ ਸੁਹਾਈਆ । ਦੀਪ ਜਗਾਏ ਜੋਤ ਨਿਰੰਜਣਾ, ਆਦਿ ਨਿਰੰਜਣ ਸੱਚਾ ਸ਼ਹਿਨਸ਼ਾਹੀਆ । ਦੀਨਾਂ ਨਾਥ ਦਰਦ ਦੁੱਖ ਭੈ ਭੰਜਨਾ, ਭੈ ਅਵਰ ਨਾ ਕੋਇ ਜਣਾਈਆ । ਅੰਮ੍ਰਿਤ ਸਰੋਵਰ ਏਕਾ ਮਜਨਾ, ਸਚ ਅਸ਼ਨਾਨ ਕਰਾਈਆ । ਨਾ ਘੜਿਆ ਨਾ ਭੱਜਣਾ, ਸੋ ਘਰ ਸਾਚਾ ਆਪ ਬਣਾਈਆ । ਨੌਂ ਦਵਾਰੇ ਗੁਰਸਿਖ ਤਜਣਾ, ਜਗਤ ਨਾਤਾ ਦਏ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਘਰ ਵਿਚ ਵਜਾਏ ਸਚ ਰਬਾਬਾ, ਤਾਰ ਸਤਾਰ ਨਾ ਕੋਇ ਵਖਾਈਆ । ਘਰ ਵਿਚ ਘਰ ਖੇਲ ਅਵੱਲਾ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਜੋਤੀ ਨੂਰ ਇਲਾਹੀ, ਅੱਲਾ ਨੂਰ ਨੁਰਾਨਾ ਡਗਮਗਾਇੰਦਾ । ਆਪਣਾ ਰੂਪ ਕਰ ਬਿਸਮਿੱਲਾ, ਬਿਸਮਿਲ ਆਪਣੀ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਘਰ ਵਿਚ ਜੋਤ ਜਗਾਇੰਦਾ । ਘਰ ਘਰ ਵਿਚ ਨਿਰਗੁਣ ਧਾਰ, ਨਿਰਗੁਣ ਨਿਰਵੈਰ ਆਪ ਚਲਾਈਆ । ਅਜੂਨੀ ਰਹਿਤ ਹੋ ਤਿਆਰ, ਰੂਪ ਅਨੂਪ ਆਪ ਵਟਾਈਆ । ਕਰਤਾ ਪੁਰਖ ਕਰੇ ਕਾਰ, ਕਰਨਹਾਰ ਇਕ ਅਖਵਾਈਆ । ਚਾਰ ਕੁੰਟ ਦਹਿ ਦਿਸ਼ਾ ਆਪੇ ਹੋਇਆ ਖ਼ਬਰਦਾਰ, ਆਲਸ ਨਿੰਦਰਾ ਨਾ ਕੋਇ ਰਖਾਈਆ । ਸਾਚਾ ਮੰਦਰ ਕਰ ਤਿਆਰ, ਆਪੇ ਵੇਖ ਵਖਾਈਆ । ਬਾਢੀ ਬਣਾਏ ਨਾ ਕੋਇ ਵਿਚ ਸੰਸਾਰ, ਇੱਟ ਗਾਰਾ ਨਾ ਕੋਇ ਲਗਾਈਆ । ਸੂਰਜ ਚੰਨ ਨਾ ਕਰੇ ਕੋਇ ਉਜਿਆਰ, ਰਵ ਸਸ ਬੈਠਣ ਮੁਖ ਸ਼ਰਮਾਈਆ । ਗੁਰ ਕਾ ਮੰਦਰ ਅਪਰ ਅਪਾਰ, ਸਤਿਗੁਰ ਸਾਚਾ ਆਪ ਬਣਾਈਆ । ਗੁਰਮੁਖ ਵਿਰਲੇ ਦਏ ਵਖਾਲ, ਜਿਸ ਆਪਣੀ ਬੂਝ ਬੁਝਾਈਆ । ਦਿਵਸ ਰੈਣ ਵੱਜੇ ਤਾਲ, ਅਨਹਦ ਆਪਣਾ ਤਾਲ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਘਰ ਦਏ ਵਡਿਆਈਆ । ਸਾਚਾ ਘਰ ਸੋਭਨੀਕ, ਹਰਿ ਸਾਚਾ ਆਪ ਸੁਹਾਇੰਦਾ । ਨਾ ਕੋਈ ਦੂਸਰ ਵਸੇ ਸ਼ਰੀਕ, ਲਾਸ਼ਰੀਕ ਖੇਲ ਖਿਲਾਇੰਦਾ । ਆਪਣੇ ਹੱਥ ਰੱਖੀ ਤੌਫ਼ੀਕ, ਆਪਣੀ ਰਹਿਮਤ ਆਪ ਕਮਾਇੰਦਾ । ਆਪਣਾ ਮਾਰਗ ਇਕ ਬਾਰੀਕ, ਪ੍ਰੇਮ ਆਪ ਰਖਾਇੰਦਾ । ਮਿਹਬਾਨ ਬੀਦੋ ਵਸੇ ਨਜ਼ਦੀਕ, ਬੀ ਖ਼ੈਰ ਯਾ ਅੱਲਾ ਆਪਣੀ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਮੰਦਰ ਆਪ ਸੁਹਾਇੰਦਾ । ਘਰ ਮੰਦਰ ਖੋਲ੍ਹੇ ਤਾਕੀ, ਗੁਰ ਸਤਿਗੁਰ ਦਇਆ ਕਮਾਈਆ । ਗੁਰਸਿਖਾਂ ਚੁਕਾਏ ਲਹਿਣਾ ਦੇਣਾ ਬਾਕੀ, ਪੂਰਬ ਜਨਮਾਂ ਵੇਖ ਵਖਾਈਆ । ਆਪ ਚੜ੍ਹਾਏ ਔਖੀ ਘਾਟੀ, ਸਾਚੇ ਮਾਰਗ ਆਪੇ ਲਾਈਆ । ਜਿਸ ਕਿਰਪਾ ਕਰੇ ਤਿਸ ਬਜਰ ਕਪਾਟੀ ਪਾਟੀ, ਪਰਦਾ ਰਹੇ ਨਾ ਰਾਈਆ । ਘਰ ਘਰ ਵਿਚ ਵਖਾਏ ਸਾਚੀ ਹਾਟੀ, ਚੌਦਾਂ ਲੋਕ ਬੈਠੇ ਸੀਸ ਨਿਵਾਈਆ । ਘਰ ਤੀਰਥ ਘਰ ਤਾਟੀ, ਘਰ ਸਰੋਵਰ ਦਏ ਨੁਹਾਈਆ । ਘਰ ਦੀਵਾ ਘਰ ਬਾਤੀ, ਘਰ ਘਰ ਕਰੇ ਰੁਸ਼ਨਾਈਆ । ਘਰ ਮੇਲਾ ਕਮਲਾਪਾਤੀ, ਕੰਤ ਸੁਹਾਗ ਬੈਠਾ ਆਸਣ ਲਾਈਆ । ਘਰ ਪਿਆਵੇ ਬਣ ਬਣ ਸਾਕੀ, ਸਚ ਪਿਆਲਾ ਹੱਥ ਉਠਾਈਆ । ਘਰ ਬਹਿ ਬਹਿ ਪੁੱਛੇ ਵਾਤੀ, ਸਤਿਗੁਰ ਪੂਰਾ ਭੁਲ ਕਦੇ ਨਾ ਜਾਈਆ । ਘਰ ਹਵਨ ਕਰੇ ਆਰਤੀ, ਮੰਡਲ ਰਾਸੀ ਰਾਸ ਰਚਾਈਆ । ਗੁਰ ਕਾ ਭੇਵ ਨਾ ਪਾਏ ਚੌਦਾਂ ਵਿਦਿਆ ਉਰਦੂ ਫ਼ਾਰਸੀ, ਹਿੰਦੀ ਪੰਜਾਬੀ ਨੀਰ ਨੈਣਾਂ ਰੋ ਰੋ ਦਏ ਵਹਾਈਆ । ਸਤਿਗੁਰ ਪੂਰਾ ਆਪੇ ਚੜ੍ਹੇ ਆਪਣੀ ਸਾਚੀ ਘਾਟੀ, ਆਤਮ ਸਿੰਘਾਸਣ ਸੋਭਾ ਪਾਈਆ । ਆਪੇ ਜਾਣੇ ਆਪਣੀ ਵਾਟੀ, ਲੱਖ ਚੁਰਾਸੀ ਪੰਧ ਮੁਕਾਈਆ । ਗੁਰਸਿਖ

ਤੇਰੀ ਨਾ ਕੋਈ ਗੋਤ ਨਾ ਕੋਈ ਜ਼ਾਤੀ, ਤੇਰਾ ਰੂਪ ਅਨੂਪ ਬ੍ਰਹਮ ਬ੍ਰਹਮ ਪਰਗਟਾਈਆ । ਆਦਿ ਜੁਗਾਦੀ ਸਾਚਾ ਸਾਥੀ, ਸੋ ਪੁਰਖ ਨਿਰੰਜਣ ਇਕ ਅਖਵਾਈਆ । ਜੁਗਾ ਜੁਗੰਤਰ ਗੁਰ ਅਵਤਾਰ ਗੌਣ ਗਾਥੀ, ਰਸਨਾ ਜੇਹਵਾ ਜੇਹਵਾ ਸਰਬ ਸੁਣਾਈਆ । ਸਰਬ ਜੀਆਂ ਦਾ ਏਕਾ ਦਾਤੀ, ਮੁਕਾਮੇ ਹੱਕ ਬੈਠਾ ਨੂਰ ਇਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਘਰ ਵਿਚ ਕਰੇ ਰੁਸ਼ਨਾਈਆ । ਘਰ ਘਰ ਹੋਏ ਚਾਨਣ, ਘਰ ਘਰ ਖੇਲ ਖਿਲਾਇੰਦਾ । ਘਰ ਘਰ ਰੂਪ ਧਾਰੇ ਛੱਤ੍ਰੀ ਸ਼ੂਦਰ ਵੈਸ਼ ਬ੍ਰਹਿਮਣ, ਰੂਪ ਅਨੂਪ ਆਪ ਵਟਾਇੰਦਾ । ਘਰ ਘਰ ਹੋਏ ਕਾਮਨੀ ਕਾਮਨ, ਕਾਮ ਕਰੋਧ ਲੋਭ ਮੋਹ ਹੰਕਾਰ ਨਾਚ ਨਚਾਇੰਦਾ । ਘਰ ਘਰ ਆਸਾ ਤ੍ਰਿਸਨਾ ਪਕੜੇ ਦਾਮਨ, ਮਾਇਆ ਮਮਤਾ ਨਾਲ ਰਲਾਇੰਦਾ । ਘਰ ਘਰ ਰੱਖੇ ਅੰਧੇਰੀ ਸ਼ਾਮਨ, ਅੰਧ ਅੰਧੇਰ ਆਪ ਵਖਾਇੰਦਾ । ਜੁਗ ਜੁਗ ਗੁਰਮੁਖ ਵਿਰਲੇ ਹੋਵੇ ਜ਼ਾਮਨ, ਆਪਣਾ ਪੱਲੂ ਨਾਮ ਫੜਾਇੰਦਾ । ਏਕਾ ਦੇਵੇ ਸੱਚਾ ਨਾਮਨ, ਨਾਮ ਅਮੋਲਕ ਝੋਲੀ ਪਾਇੰਦਾ । ਮਿਟੇ ਰੈਣ ਅੰਧੇਰੀ ਸ਼ਾਮਨ, ਜੋਤੀ ਨੂਰ ਇਕ ਜਗਾਇੰਦਾ । ਦਰਸ ਦਿਖਾਏ ਆਮ੍ਹਣੇ ਸਾਮ੍ਹਣ, ਆਪਣਾ ਪਰਦਾ ਆਪ ਚੁਕਾਇੰਦਾ । ਇਕ ਦੂਜੇ ਨੂੰ ਗੁਰੂ ਗੁਰਸਿਖ ਪਛਾਨਣ, ਗੁਰ ਆਪਣਾ ਮੇਲ ਮਿਲਾਇੰਦਾ । ਹਰਿ ਕਾ ਭੇਵ ਨਾ ਜਾਣੇ ਕੋਇ ਨਿਦਾਨਨ, ਰਿਧ ਸਿਧ ਹੱਥ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਘਰ ਵਿਚ ਰਾਸ ਰਚਾਇੰਦਾ । ਘਰ ਵਿਚ ਮੰਡਲ ਘਰ ਵਿਚ ਰਾਸ, ਘਰ ਗੋਪੀ ਕਾਹਨ ਨਚਾਈਆ । ਘਰ ਵਿਚ ਜੋਤ ਕਰ ਪਰਕਾਸ਼, ਘਰ ਸ਼ਬਦ ਨਾਦ ਧੁਨ ਸੁਣਾਈਆ । ਘਰ ਸਖੀਆਂ ਵਸੇ ਸਦਾ ਪਾਸ, ਵਿਛੜ ਕਦੇ ਨਾ ਜਾਈਆ । ਘਰ ਘਰ ਪੂਰੀ ਕਰੇ ਆਸ, ਜੋ ਜਨ ਬੈਠੇ ਧਿਆਨ ਲਗਾਈਆ । ਕੱਟਣਹਾਰਾ ਜਮ ਕੀ ਫਾਸ, ਨਾਮ ਫਾਸੀ ਗਲ ਵਿਚ ਪਾਈਆ । ਗੁਰਸਿਖ ਹੋਏ ਨਾ ਕਦੇ ਉਦਾਸ, ਜਿਸ ਸਤਿਗੁਰ ਮਿਲਿਆ ਸੱਚਾ ਮਾਹੀਆ । ਆਦਿ ਜੁਗਾਦਿ ਜੁਗਾ ਜੁਗੰਤ ਕਰੇ ਬੰਦ ਖ਼ੁਲਾਸ, ਬੰਦੀ ਛੋੜ ਆਪ ਹੋ ਜਾਈਆ । ਘਰ ਵੇਖੇ ਖੇਲ ਤਮਾਸ਼, ਆਪ ਆਪਣੀ ਦਇਆ ਕਮਾਈਆ । ਆਦਿ ਜੁਗਾਦਿ ਨਾ ਹੋਏ ਵਿਨਾਸ, ਸੋ ਸਤਿਗੁਰ ਸੱਚਾ ਨਾਉਂ ਧਰਾਈਆ । ਘਰ ਘਰ ਵਿਚ ਬੁਝਾਏ ਪਿਆਸ, ਗੁਰਸਿਖ ਤ੍ਰਿਸਨਾ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਮੰਦਰ ਇਕ ਸਾਲਾਹੀਆ । ਘਰ ਮੰਦਰ ਹਰਿ ਸਾਲਾਹਿੰਦਾ, ਜੁਗਾ ਜੁਗੰਤਰ ਕਾਰ । ਭਗਤ ਭਗਵੰਤ ਆਪ ਉਠਾਇੰਦਾ, ਆਪ ਆਪਣਾ ਕਰ ਵਿਚਾਰ, ਸੰਤ ਸਾਜਨ ਮੇਲ ਮਿਲਾਇੰਦਾ, ਸਤਿ ਸਤਿਵਾਦੀ ਮੀਤ ਮੁਰਾਰ । ਗੁਰਮੁਖ ਗੁਰ ਗੁਰ ਗੋਦ ਬਹਾਇੰਦਾ, ਏਕਾ ਦੇਵੇ ਨਾਮ ਆਧਾਰ । ਗੁਰਸਿਖ ਏਕਾ ਰੰਗ ਰੰਗਾਇੰਦਾ, ਉਤਰ ਨਾ ਜਾਏ ਦੂਜੀ ਵਾਰ । ਸੁਰਤੀ ਸ਼ਬਦ ਡੋਰ ਮਿਲਾਇੰਦਾ, ਘਰ ਮੰਦਰ ਪਾਵੇ ਸਾਰ । ਜਗਤ ਵਿਛੋੜਾ ਆਪ ਕਟਾਇੰਦਾ, ਨਾਤਾ ਤੁਟੇ ਦੁਹਾਗੁਣ ਨਾਰ । ਕੰਤ ਕੰਤੂਹਲ ਖ਼ੁਸ਼ੀ ਮਨਾਇੰਦਾ, ਸੋਹੇ ਬੰਕ ਦਵਾਰ । ਗੁਰਸਿਖ ਆਪਣੇ ਅੰਕ ਲਗਾਇੰਦਾ, ਅੰਗੀਕਾਰ ਕਰੇ ਨਿਰੰਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਵੇਖੇ ਸਚ ਦਵਾਰ । ਘਰ ਘਰ ਦਵਾਰਾ ਖੋਲ੍ਹਦਾ, ਗੁਰ ਸਤਿਗੁਰ ਸੱਜਣ ਮੀਤ । ਗੁਰਸਿਖਾਂ ਨਾਲ ਸਦਾ ਬੋਲਦਾ, ਆਪ ਸੁਣਾਏ ਆਪਣਾ ਗੀਤ । ਸ਼ਬਦ ਕੰਡੇ ਆਪੇ ਤੋਲਦਾ, ਆਦਿ ਜੁਗਾਦੀ ਸਾਚੀ ਰੀਤ । ਭੇਵ ਖੁਲ੍ਹਾਏ ਸਦਾ ਅਡੋਲ ਦਾ, ਏਕਾ ਪਰਖਣਹਾਰਾ ਨੀਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਵਿਚ ਘਰ ਵਖਾਏ ਅੱਗੇ ਖੜ, ਸਾਚਾ ਮੰਦਰ ਗੁਰੂਦਵਾਰ ਮਸੀਤ । ਘਰ ਮੰਦਰ ਘਰ ਮਸੀਤ, ਘਰ ਗੁਰੂਦਵਾਰ ਵਖਾਈਆ ।


੧੦੨੫ ੧੦

ਘਰ ਠਾਂਡਾ ਘਰ ਸੀਤ, ਘਰ ਸਾਂਤਕ ਸਤਿ ਵਰਤਾਈਆ । ਘਰ ਪਤਤ ਘਰ ਪੁਨੀਤ, ਘਰ ਪਾਪੀ ਰਿਹਾ ਤਰਾਈਆ । ਘਰ ਦੇਵੇ ਨਾਮ ਅਨਡੀਠ, ਲਿਖਣ ਪੜ੍ਹਨ ਵਿਚ ਨਾ ਆਈਆ । ਸੋ ਸਤਿਗੁਰ ਸੱਜਣ ਮੀਤ, ਲੱਖ ਚੁਰਾਸੀ ਵਿਚੋਂ ਲਏ ਬਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਘਰ ਵਿਚ ਨਾਦ ਵਜਾਈਆ । ਘਰ ਘਰ ਵੱਜੇ ਨਾਦ ਤੂਰ, ਤੁਰੀਆ ਰਾਗ ਅਲਾਇੰਦਾ । ਸਰਬ ਕਲਾ ਭਰਪੂਰ, ਸਤਿਗੁਰ ਸੱਜਣ ਖੇਲ ਖਿਲਾਇੰਦਾ । ਆਸਾ ਮਨਸਾ ਕਰੇ ਪੂਰ, ਮਨਸਾ ਮਨਸਾ ਵਿਚ ਸਮਾਇੰਦਾ । ਨਾਤਾ ਤੋੜੇ ਕੂੜੋ ਕੂੜ, ਸਚ ਸੁੱਚ ਇਕ ਦ੍ਰਿੜਾਇੰਦਾ । ਚਤੁਰ ਸੁਘੜ ਬਣਾਏ ਮੂਰਖ ਮੂੜ੍ਹ, ਜਿਸ ਜਨ ਆਪਣਾ ਨਾਮ ਜਪਾਇੰਦਾ । ਹਉਮੇਂ ਹੰਗਤਾ ਤੋੜੇ ਗੜ੍ਹ ਗ਼ਰੂਰ, ਨਿਵਣ ਸੁ ਅੱਖਰ ਆਪ ਸਮਝਾਇੰਦਾ । ਘਰ ਵਿਚ ਦੇਵੇ ਸਤਿ ਸਰੂਰ, ਘਰ ਘਰ ਵਿਚ ਖੇਲ ਖਿਲਾਇੰਦਾ । ਪੰਜ ਤੱਤ ਕਾਇਆ ਨਾ ਬਣੇ ਤੰਦੂਰ, ਜਿਸ ਸਿਰ ਹੱਥ ਟਿਕਾਇੰਦਾ । ਮਨੂਆ ਮਾਰ ਕਰੇ ਮਨੂਰ, ਜੋਤੀ ਅਗਨੀ ਹੇਠਾਂ ਡਾਹਿੰਦਾ । ਜਨਮ ਜਨਮ ਦੇ ਮੁਆਫ਼ ਕਰੇ ਕਸੂਰ, ਜੋ ਜਨ ਚਰਨੀ ਸੀਸ ਝੁਕਾਇੰਦਾ । ਅੱਠੇ ਪਹਿਰ ਹਾਜ਼ਰ ਹਜ਼ੂਰ, ਹਰਿ ਆਪਣਾ ਮੇਲ ਮਿਲਾਇੰਦਾ । ਕਾਮ ਕਰੋਧ ਲੋਭ ਮੋਹ ਹੰਕਾਰ ਕਰੇ ਚੂਰੋ ਚੂਰ, ਨਾਮ ਖੰਡਾ ਇਕ ਚਲਾਇੰਦਾ । ਜਿਸ ਜਨ ਬਖ਼ਸ਼ੇ ਸਾਚੀ ਧੂੜ, ਜੋਤ ਲਲਾਟੀ ਡਗਮਗਾਇੰਦਾ । ਘਰ ਵਿਚ ਘਰ ਵਖਾਏ ਜ਼ਰੂਰ, ਕੀਤਾ ਕੌਲ ਭੁਲ ਨਾ ਜਾਇੰਦਾ । ਆਪਣਾ ਦੇਵੇ ਸਾਚਾ ਨੂਰ, ਨੂਰ ਨੁਰਾਨਾ ਆਪ ਅਖਵਾਇੰਦਾ । ਮੂਸਾ ਜਲਵਾ ਤੱਕੇ ਉਤੇ ਕੋਹਤੂਰ, ਗੁਰਮੁਖਾਂ ਘਰ ਘਰ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਮੰਦਰ ਆਪ ਬਣਾਇੰਦਾ । ਘਰ ਮੰਦਰ ਬਣਿਆ ਸਚ ਟਿਕਾਣਾ, ਘਰ ਘਰ ਵਿਚ ਵੱਜੀ ਵਧਾਈਆ । ਕਿਸੇ ਹੱਥ ਨਾ ਆਏ ਰਾਜਾ ਰਾਣਾ, ਲੱਖ ਚੁਰਾਸੀ ਰਹੀ ਬਿਲਲਾਈਆ । ਬਿਨ ਸਤਿਗੁਰ ਪੰਧ ਨਾ ਕਿਸੇ ਮੁਕਾਣਾ, ਭਰਮੇ ਭੁੱਲੀ ਸਰਬ ਲੋਕਾਈਆ । ਰਸਨਾ ਜੇਹਵਾ ਗਾ ਗਾ ਥੱਕੇ ਗਾਨਾ, ਗਾਵਣਹਾਰਾ ਦਿਸ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਵਿਰਲੇ ਦੇਵੇ ਉਠਾਈ, ਜਿਸ ਜਨ ਆਪਣੇ ਰੰਗ ਰੰਗਾਈਆ । ਘਰ ਵਿਚ ਘਰ ਸਾਚਾ ਰੰਗ, ਸਤਿਗੁਰ ਗੋਬਿੰਦ ਆਪ ਚੜ੍ਹਾਇੰਦਾ । ਆਤਮ ਸੇਜਾ ਬੈਠ ਪਲੰਘ, ਘਰ ਸਾਚੀ ਖ਼ੁਸ਼ੀ ਮਨਾਇੰਦਾ । ਇਕ ਵਜਾਏ ਨਾਦ ਮਰਦੰਗ, ਨਾਦ ਅਨਾਦੀ ਆਪ ਸੁਣਾਇੰਦਾ । ਨਾਤਾ ਤੋੜ ਦੁਹਾਗਣ ਰੰਡ, ਗੁਰਮੁਖ ਸੁਰਤੀ ਸ਼ਬਦ ਪਰਨਾਇੰਦਾ । ਏਕਾ ਵਸਤ ਅਮੋਲਕ ਵੰਡ, ਕਾਇਆ ਗੋਲਕ ਆਪ ਭਰਾਇੰਦਾ । ਅੱਠੇ ਪਹਿਰ ਪਰਮਾਨੰਦ, ਨਿਜਾਨੰਦ ਆਪ ਰਖਾਇੰਦਾ । ਜਗਤ ਵਿਕਾਰਾ ਝੂਠਾ ਗੰਦ, ਰਸਨਾ ਰਸ ਤਜਾਇੰਦਾ । ਘਰ ਵਿਚ ਘਰ ਵਖਾਏ ਸਾਚਾ ਚੰਦ, ਨੂਰ ਨੁਰਾਨਾ ਆਪ ਉਪਾਇੰਦਾ । ਨਾਤਾ ਤੋੜੇ ਜੇਰਜ ਅੰਡ, ਉਤਭੁਜ ਸੇਤਜ ਵਕ਼ਤ ਚੁਕਾਇੰਦਾ । ਸਾਹਿਬ ਦਿਆਲ ਸਦਾ ਬਖ਼ਸ਼ੰਦ, ਸਤਿਗੁਰ ਪੂਰਾ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਘਰ ਵਿਚ ਆਪ ਜਗਾਇੰਦਾ । ਘਰ ਜਾਗੇ ਜਾਗਣਹਾਰਾ, ਜਾਗਰਤ ਜੋਤ ਜੋਤ ਰੁਸ਼ਨਾਈਆ । ਘਰ ਭਾਗੇ ਭਾਗਣਹਾਰਾ, ਭਗਵਨ ਆਪਣੀ ਖੇਲ ਖਿਲਾਈਆ । ਘਰ ਰਾਗੀ ਰਾਗ ਗਾਏ ਗਾਵਣਹਾਰਾ, ਰਾਗ ਅਨਾਦੀ ਆਪ ਸੁਣਾਈਆ । ਘਰ ਬਾਣੀ ਬੋਲੇ ਬੋਲਣਹਾਰਾ, ਬੋਧ ਅਗਾਧ ਕਰੇ ਪੜ੍ਹਾਈਆ । ਘਰ ਬੈਠਾ ਸੁਣੇ ਸੁਣਨੇਹਾਰਾ, ਸੁੰਨ ਸਮਾਧ ਆਪ ਲਗਾਈਆ । ਕਾਗਦ ਕ਼ਲਮ ਲਿਖ ਲਿਖ ਹਾਰਾ, ਭੇਵ ਨਾ ਪਾਏ ਸੱਚੇ ਮਾਹੀਆ । ਮਸ ਰੋਵੇ ਜ਼ਾਰੋ ਜ਼ਾਰਾ, ਸੱਤ ਸਮੁੰਦਰ ਦੇਣ ਦੁਹਾਈਆ । ਬਨਾਸਪਤ ਕੂਕੇ ਕਰੇ ਪੁਕਾਰਾ, ਅਠਾਰਾਂ

ਭਾਰ ਸਾਰ ਨਾ ਆਈਆ । ਹਰਿ ਕਾ ਖੇਲ ਅਗੰਮ ਨਿਆਰਾ, ਅਲਖ ਅਗੋਚਰ ਆਪਣੇ ਹੱਥ ਰਖਾਈਆ । ਜੁਗਾ ਜੁਗੰਤਰ ਹੋ ਉਜਿਆਰਾ, ਨਿਰਗੁਣ ਸਰਗੁਣ ਵੇਸ ਵਟਾਈਆ । ਦੂਰ ਦੁਰਾਡਾ ਚਲ ਕੇ ਆਏ ਭਗਤ ਦਵਾਰਾ, ਆਪ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵੰਤ ਸਾਚੇ ਸੰਤ, ਗੁਰਮੁਖ ਮੇਲੇ ਨਾਰੀ ਕੰਤ, ਗੁਰਸਿਖ ਚਾੜ੍ਹੇ ਸਾਚੀ ਰੰਗਤ, ਰੰਗ ਰੰਗੀਲਾ ਆਪ ਅਖਵਾਈਆ । ਰੰਗ ਰੰਗੀਲਾ ਸਾਹਿਬ ਸੁਲਤਾਨ, ਦਰ ਘਰ ਸਾਚੇ ਸੋਭਾ ਪਾਇੰਦਾ । ਸਤਿ ਸਤਿਵਾਦੀ ਸਤਿ ਨਿਸ਼ਾਨ, ਸਤਿ ਪੁਰਖ ਨਿਰੰਜਣ ਆਪ ਝੁਲਾਇੰਦਾ । ਅਗੰਮ ਅਗੰਮੜਾ ਵਸੇ ਮਕਾਨ, ਅਗੰਮੜੀ ਆਪਣੀ ਖੇਲ ਖਿਲਾਇੰਦਾ । ਅਲਖ ਅਲਖਨਾ ਬੋਲ ਜੈਕਾਰ, ਘਰ ਆਪਣੀ ਅਲਖ ਜਗਾਇੰਦਾ । ਸਚਖੰਡ ਨਿਵਾਸੀ ਸਚਖੰਡ ਦਵਾਰੇ ਬੈਠ ਸੱਚੀ ਸਰਕਾਰ, ਸਚ ਸਿੰਘਾਸਣ ਸੋਭਾ ਪਾਇੰਦਾ । ਥਿਰ ਘਰ ਸਾਚਾ ਖੋਲ੍ਹ ਕਿਵਾੜ, ਆਪਣਾ ਚਰਨ ਟਿਕਾਇੰਦਾ । ਸ਼ਬਦੀ ਸੁਤ ਕਰ ਪਿਆਰ, ਸੀਸ ਜਗਦੀਸ ਹੱਥ ਰਖਾਇੰਦਾ । ਕਰੇ ਖੇਲ ਅਪਰ ਅਪਾਰ, ਸੁੰਨ ਅਗੰਮ ਭੇਵ ਚੁਕਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਦਏ ਆਧਾਰ, ਗਗਨ ਮੰਡਲ ਵੇਖ ਵਖਾਇੰਦਾ । ਜ਼ਿਮੀਂ ਅਸਮਾਨਾਂ ਦਏ ਸਹਾਰ, ਲੋਕ ਪਰਲੋਕ ਖੇਲ ਖਿਲਾਇੰਦਾ । ਚੌਦਾਂ ਤਬਕਾਂ ਖੋਲ੍ਹ ਕਿਵਾੜ, ਚੌਦਾਂ ਲੋਕ ਡੰਕ ਵਜਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰਿਆ ਖ਼ਬਰਦਾਰ, ਸੁਰਪਤ ਰਾਜਾ ਇੰਦ ਨਾਲ ਮਿਲਾਇੰਦਾ । ਤ੍ਰੈਗੁਣ ਮਾਇਆ ਭਰ ਭੰਡਾਰ, ਪੰਜ ਤੱਤ ਨਾਚ ਨਚਾਇੰਦਾ । ਪੰਜ ਪੰਜ ਖੇਲ ਕਰੇ ਕਰਤਾਰ, ਦਸ ਦਸ ਆਪਣਾ ਬੰਧਨ ਪਾਇੰਦਾ । ਕਾਇਆ ਮਾਟੀ ਕਰ ਤਿਆਰ, ਨਿਰਗੁਣ ਸਰਗੁਣ ਵੇਸ ਵਟਾਇੰਦਾ । ਜਗਤ ਵਾਸਨਾ ਨੌਂ ਦਵਾਰ, ਦਰ ਦਰਵਾਜ਼ੇ ਆਪ ਵਸਾਇੰਦਾ । ਆਪਣਾ ਘਰ ਅਪਰ ਅਪਾਰ, ਅਪਰੰਪਰ ਆਪ ਰਖਾਇੰਦਾ । ਟੇਢੀ ਬੰਕ ਖੇਲ ਨਿਆਰ, ਦਿਸ ਕਿਸੇ ਨਾ ਆਇੰਦਾ । ਦੋਏ ਦੋ ਪਹਿਰੇਦਾਰ, ਅੱਠੇ ਪਹਿਰ ਹੁਕਮ ਜਣਾਇੰਦਾ । ਨਾ ਕੋਈ ਜਾਣੇ ਆਰ ਪਾਰ, ਅਧਵਿਚਕਾਰ ਸਰਬ ਅਟਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਘਰ ਆਪਣਾ ਆਪ ਸਮਝਾਇੰਦਾ । ਘਰ ਸਮਝਾਏ ਆਪ ਨਿਰੰਕਾਰਾ, ਆਪਣੀ ਦਇਆ ਕਮਾਈਆ । ਪੰਜ ਤੱਤ ਕਰਿਆ ਤਨ ਸ਼ਿੰਗਾਰਾ, ਤ੍ਰੈ ਤ੍ਰੈ ਮੇਲਾ ਮੇਲ ਮਿਲਾਈਆ । ਨਿਰਗੁਣ ਵੰਡ ਕਰੀ ਅਪਾਰਾ, ਮਨ ਮਤ ਬੁਧ ਵਰਤਾਈਆ । ਕਰੇ ਖੇਲ ਜਗਤ ਨਿਆਰਾ, ਲੱਖ ਚੁਰਾਸੀ ਵੇਖ ਵਖਾਈਆ । ਆਪਣੀ ਇਛਿਆ ਆਪੇ ਭਰ ਭੰਡਾਰਾ, ਆਪੇ ਝੋਲੀ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਘਰ ਵਿਚ ਆਪਣੀ ਧਾਰ ਚਲਾਈਆ । ਘਰ ਬਣਾਇਆ ਗਿਆ ਬਣ, ਸੋ ਪੁਰਖ ਨਿਰੰਜਣ ਆਪ ਬਣਾਇਆ । ਨਾ ਕੋਈ ਜਨਨੀ ਨਾ ਕੋਈ ਜਨ, ਜਨ ਜਣੇਂਦੀ ਨਾ ਕੋਇ ਮਾਇਆ । ਨਾ ਕੋਈ ਘੜੇ ਨਾ ਸਕੇ ਭੰਨ, ਘੜਨ ਭੰਨਣਹਾਰ ਆਪ ਅਖਵਾਇਆ । ਨਾ ਕੋਈ ਸੂਰਜ ਨਾ ਕੋਈ ਚੰਨ, ਦੀਵਾ ਬਾਤੀ ਨਾ ਕੋਇ ਟਿਕਾਇਆ । ਨਾ ਕੋਈ ਛੱਪਰ ਨਾ ਕੋਈ ਛੰਨ, ਚਾਰ ਦੀਵਾਰ ਨਾ ਕੋਇ ਰਖਾਇਆ । ਨਾ ਕੋਈ ਬੁਧੀ ਨਾ ਕੋਈ ਮਨ, ਮਤ ਰੰਗ ਨਾ ਕੋਇ ਵਖਾਇਆ । ਨਾ ਕੋਈ ਹੱਥ ਮੂੰਹ ਨੱਕ ਕੰਨ, ਨੇਤਰ ਨੈਣ ਨਾ ਕੋਇ ਮਟਕਾਇਆ । ਨਾ ਕੋਈ ਦੇਵਣਹਾਰਾ ਦਿਸੇ ਡੰਨ, ਭੈ ਭੌ ਨਾ ਕੋਇ ਜਣਾਇਆ । ਨਾ ਕੋਈ ਪਾਣੀ ਨਾ ਕੋਈ ਅੰਨ, ਨਾ ਕੋਈ ਖਾਵਣਹਾਰ ਆਪਣਾ ਪਟ ਵਖਾਇਆ । ਕਰੇ ਖੇਲ ਸ੍ਰੀ ਭਗਵਨ, ਆਪਣੇ ਮੰਦਰ ਆਸਣ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗ੍ਰਿਹ ਮੰਦਰ ਆਪ ਸੁਹਾਇਆ । ਘਰ ਮੰਦਰ ਗ੍ਰਿਹ ਸੁਹਾਇਆ, ਘਰ ਵੇਖ

ਵਿਚਾਰ । ਮਨ ਬੰਦਰ ਆਪ ਬੰਧਾਇਆ, ਦਹਿ ਦਿਸ਼ਾ ਨਾ ਕਰੇ ਵਿਚਾਰ । ਡੂੰਘੀ ਕੰਦਰ ਆਪ ਸੁਟਾਇਆ, ਉਠ ਸਕੇ ਨਾ ਦੂਜੀ ਵਾਰ । ਜਗ ਝੰਜਟ ਆਪ ਮੁਕਾਇਆ, ਗੁਰਮੁਖ ਸਾਚੇ ਕਰ ਪਿਆਰ, ਏਕਾ ਮੰਤਰ ਨਾਮ ਦ੍ਰਿੜਾਇਆ, ਬ੍ਰਹਮ ਪਾਰਬ੍ਰਹਮ ਦਏ ਆਧਾਰ । ਜੋਗ ਅਭਿਆਸ ਨਾ ਕੋਇ ਕਰਾਇਆ, ਸੁਰਤੀ ਸ਼ਬਦ ਕਰੇ ਪਿਆਰ । ਜਨਮ ਜਨਮ ਦੀ ਪਿਆਸ ਮਿਟਾਇਆ, ਦੇਵੇ ਦਰਸ ਗੁਰ ਕਰਤਾਰ । ਤ੍ਰਿਸਨਾ ਹਰਸ ਦਏ ਗਵਾਇਆ, ਹਉਮੈਂ ਹੰਗਤਾ ਰੋਗ ਨਿਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਘਰ ਵਿਚ ਦਏ ਸਚ ਵਿਚਾਰ । ਘਰ ਸੱਚਾ ਸਚ ਦਰਬਾਰਾ, ਸਤਿਗੁਰ ਪੂਰਾ ਆਪ ਵਖਾਇੰਦਾ । ਘਰ ਸੱਜਣ ਮੀਤ ਮੁਰਾਰਾ, ਗੁਰ ਅਵਤਾਰਾਂ ਵੇਖ ਵਖਾਇੰਦਾ । ਘਰ ਮੰਦਰ ਠਾਕਰ ਦਵਾਰਾ, ਘਰ ਇਸ਼ਟ ਦੇਵ ਪਰਗਟਾਇੰਦਾ । ਘਰ ਸ਼ਬਦ ਨਾਦ ਧੁਨਕਾਰਾ, ਧੁਨ ਆਤਮਕ ਆਪ ਸੁਣਾਇੰਦਾ । ਘਰ ਰਾਜ ਜੋਗ ਸਿਕਦਾਰਾ, ਸ਼ਾਹੋ ਭੂਪ ਆਪ ਸਮਝਾਇੰਦਾ । ਘਰ ਪੰਚਮ ਸਖੀਆਂ ਲੱਗਾ ਅਖਾੜਾ, ਨਟੂਆ ਨਾਟ ਆਪ ਕਰਾਇੰਦਾ । ਘਰ ਤ੍ਰੈਗੁਣ ਅਗਨੀ ਬੁਝੇ ਤੱਤੀ ਹਾੜਾ, ਘਰ ਪੰਚਮ ਮੋਹ ਚੁਕਾਇੰਦਾ । ਘਰ ਘਰ ਵਿਚ ਕਰੇ ਸਚ ਪਿਆਰਾ, ਆਪ ਆਪਣਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਲਹਿਣਾ ਝੋਲੀ ਪਾਇੰਦਾ । ਗੁਰਸਿਖ ਲਹਿਣਾ ਝੋਲੀ ਪੌਣਾ, ਘਰ ਘਰ ਵਿਚ ਵੱਜੇ ਵਧਾਈਆ । ਆਤਮ ਸੇਜਾ ਆਪ ਬਹੌਣਾ, ਡੂੰਘੀ ਭਵਰੀ ਪਾਰ ਕਰਾਈਆ । ਅੰਦਰ ਬਾਹਰ ਆਪਣਾ ਸੰਗ ਨਿਭੌਣਾ, ਗੁਪਤ ਜ਼ਾਹਰ ਹੋਏ ਸਹਾਈਆ । ਅੰਮ੍ਰਿਤ ਜਾਮ ਇਕ ਪਿਔਣਾ,
੧੦੨੮ ਪ੍ਰੇਮ ਪਿਆਲਾ ਹੱਥ ਉਠਾਈਆ । ਗੜ੍ਹ ਹੰਕਾਰੀ ਬੁਰਜ ਢੌਣਾ, ਏਕਾ ਧੱਕਾ ਲਾਈਆ । ਅਨੰਦ ਅਨੰਦ ਅਨੰਦ ਇਕ ਦਰਸੌਣਾ, ਅਨੰਦ ਅਨੰਦ ੧੦੨੮
ਅਨੰਦ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਤੇਰੇ ਘਰ ਭਾਗ ਲਗਾਈਆ । ਗੁਰਸਿਖ ਘਰ ਲੱਗੇ ਭਾਗ, ਹਰਿ ਸਤਿਗੁਰ ਆਪ ਲਗਾਈਆ । ਦੁਰਮਤ ਮੈਲ ਧੋਵੇ ਦਾਗ਼, ਨਿਰਮਲ ਨੀਰ ਸੀਰ ਪਿਲਾਈਆ । ਅਗਨੀ ਬੁਝੇ ਲੱਗੀ ਆਗ, ਸਾਂਤਕ ਸਤਿ ਵਰਤਾਈਆ । ਹੰਸ ਬਣਾਏ ਫੜ ਫੜ ਕਾਗ, ਕਾਗੋਂ ਹੰਸ ਰਲਾਈਆ । ਸ਼ਬਦ ਅਗੰਮੀ ਮਾਰ ਵਾਜ, ਸੁੱਤਿਆਂ ਲਏ ਉਠਾਈਆ । ਘਰ ਘਰ ਵਿਚ ਰਚਿਆ ਕਾਜ, ਘਰ ਘਰ ਸਾਹ ਰਿਹਾ ਸੁਧਾਈਆ । ਘਰ ਘਰ ਆਵੇ ਜਾਵੇ ਭਾਜ, ਆਪ ਆਪਣਾ ਪੰਧ ਮੁਕਾਈਆ । ਘਰ ਵਿਚ ਸਾਜਣ ਰਿਹਾ ਸਾਜ, ਹਰਿ ਸੱਜਣ ਸ਼ਹਿਨਸ਼ਾਹੀਆ । ਗੁਰਸਿਖ ਤੇਰੀ ਰੱਖੇ ਲਾਜ, ਤੇਰੀ ਪੱਤ ਹੱਥ ਨਾ ਕਿਸੇ ਫੜਾਈਆ । ਝੂਠ ਮੁਲੱਮੇ ਲਾਹੇ ਪਾਜ, ਕੰਚਨ ਸਵਰਨ ਦਏ ਬਣਾਈਆ । ਘਰ ਵਿਚ ਘਰ ਮਿਲੇ ਗੁਰੂ ਮਹਾਰਾਜ, ਜਿਸ ਦਾ ਰੂਪ ਰੰਗ ਰੇਖ ਨਜ਼ਰ ਕਿਸੇ ਨਾ ਆਈਆ । ਆਦਿ ਜੁਗਾਦਿ ਕਰੇ ਸੱਚਾ ਰਾਜ, ਦੋ ਜਹਾਨਾਂ ਕਰੇ ਸੱਚੀ ਸ਼ਹਿਨਸ਼ਾਹੀਆ । ਬਣਿਆ ਰਹੇ ਗ਼ਰੀਬ ਨਿਵਾਜ਼, ਗ਼ਰੀਬਾਂ ਆਪਣੇ ਗਲੇ ਲਗਾਈਆ । ਵਸਤ ਅਮੋਲਕ ਦੇਵੇ ਦਾਤ, ਨਾਮ ਭੰਡਾਰ ਵਰਤਾਈਆ । ਮਨ ਮਤ ਰਹੇ ਨਾ ਨਾਰ ਕਮਜ਼ਾਤ, ਗੁਰਮਤ ਸਾਚੀ ਇਕ ਸਮਝਾਈਆ । ਤੇਰਾ ਸਤਿਗੁਰ ਤੇਰੀ ਖ਼ਾਤਰ ਗੁਰਮੁਖ ਬਣਾਏ ਇਕ ਬਰਾਤ, ਦੂਲ੍ਹਾ ਬਣੇ ਸੱਚਾ ਮਾਹੀਆ । ਲੋਕਮਾਤ ਹੋਈ ਸੁਹੰਜਣੀ ਰਾਤ, ਭਿੰਨੜੀ ਰੈਣ ਖ਼ੁਸ਼ੀ ਮਨਾਈਆ । ਧੰਨ ਭਾਗ ਮਿਲੇ ਕਮਲਾਪਾਤ, ਜਨਮ ਜਨਮ ਦਾ ਵਿਛੋੜਾ ਦਏ ਕਟਾਈਆ । ਘਰ ਆਏ ਸ਼ਾਹੋ ਸ਼ਾਬਾਸ, ਨੀਲੇ ਵਾਲਾ ਸਾਚਾ ਮਾਹੀਆ । ਗੁਰਮੁਖ ਨਾਰ ਸੁਹਾਗਣ ਰੱਖੇ ਪਾਸ, ਆਪ ਆਪਣੇ ਅੰਕ ਲਗਾਈਆ । ਸੁਆਣੀ ਹੋਏਂ ਕਿਉਂ ਅੰਤ ਉਦਾਸ, ਜਗਤ ਉਦਾਸੀ ਦਏ ਮਿਟਾਈਆ । ਆਪਣਾ

ਰੂਪ ਧਰੇ ਤੇਰੇ ਪਵਣ ਸਵਾਸ, ਤੇਰਾ ਪਵਣ ਸਵਾਸ ਆਪਣੇ ਵਿਚ ਸਮਾਈਆ । ਤੇਰੇ ਘਰ ਵਿਚ ਪਏ ਸਾਚੀ ਰਾਸ, ਕੋਟਨ ਕੋਟ ਬ੍ਰਹਿਮੰਡ ਰਹੇ ਰਾਸ ਰਚਾਈਆ । ਰਾਹ ਤੱਕੇ ਪ੍ਰਿਥਮੀ ਆਕਾਸ਼, ਗੁਰਸਿਖ ਤੇਰੇ ਦਵਾਰੇ ਨੈਣ ਉਠਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰ ਕਰ ਬੈਠੇ ਆਸ, ਕਵਣ ਵੇਲਾ ਗੁਰਮੁਖ ਪੂਰਾ ਦਰਸ ਦਿਖਾਈਆ । ਜਿਸ ਘਰ ਸਤਿਗੁਰ ਵਸੇ ਪਾਸ, ਸੋ ਸਤਿਗੁਰ ਸਾਚਾ ਘਰ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਮਿਲਾਈਆ । ਘਰ ਵਸਿਆ ਘਰ ਪਾਇਆ, ਹਰਿ ਸੱਜਣ ਸਾਹਿਬ ਸੁਲਤਾਨ । ਗੁਰਮੁਖ ਆਪਣਾ ਪੰਧ ਮੁਕਾਇਆ, ਮਿਲਿਆ ਗੁਰ ਸੂਰਬੀਰ ਬਲਵਾਨ । ਆਪਾ ਸਤਿਗੁਰ ਝੋਲੀ ਪਾਇਆ, ਤੁੱਟਾ ਮਾਣ ਅਭਿਮਾਨ । ਸਤਿਗੁਰ ਪੂਰਾ ਹੋਏ ਸਹਾਇਆ, ਜਿਸ ਦਿਤਾ ਜੀਆ ਦਾਨ । ਲੱਖ ਚੁਰਾਸੀ ਲਏ ਤਰਾਇਆ, ਰਾਏ ਧਰਮ ਨਾ ਪੁਛੇ ਆਣ । ਚਿਤਰ ਗੁਪਤ ਨਾ ਹਿਸਾਬ ਵਖਾਇਆ, ਲਾੜੀ ਮੌਤ ਨਾ ਕਰੇ ਪਹਿਚਾਨ । ਕਾਲ ਗਰਾਸ ਨਾ ਕੋਇ ਖਾਇਆ, ਸਤਿਗੁਰ ਸੱਜਣ ਮਿਲੇ ਆਣ । ਮਹਾਕਾਲ ਹੋਏ ਸਹਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸ੍ਰੀ ਭਗਵਾਨ । ਭਗਵਾਨ ਵਸਾਇਆ ਘਰ ਵਿਚ ਘਰ, ਘਰ ਮੰਦਰ ਬੰਕ ਵਡਿਆਈਆ । ਭਗਵਾਨ ਸੁਹਾਇਆ ਘਰ ਵਿਚ ਘਰ, ਘਰ ਜੋਤ ਜੋਤ ਰੁਸ਼ਨਾਈਆ । ਭਗਵਾਨ ਵਡਿਆਇਆ ਘਰ ਵਿਚ ਘਰ, ਘਰ ਨਾਦੀ ਨਾਦ ਵਜਾਈਆ । ਭਗਵਾਨ ਉਪਾਇਆ ਘਰ ਵਿਚ ਘਰ, ਘਰ ਘਰ ਵਿਚ ਆਪ ਸੁਹਾਈਆ । ਭਗਵਾਨ ਮਿਲਾਇਆ ਕਿਰਪਾ ਕਰ, ਲੋਕਮਾਤ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਭੇਵ ਖੁਲ੍ਹਾਈਆ । ਗੁਰਮੁਖ ਸਾਚੇ ਭੇਵ ਖੁਲੌਣਾ, ਹਰਿ ਸੱਜਣ ਸਚ ਜਣਾਇੰਦਾ । ਚਾਰ ਜੁਗ ਦਾ ਪੰਧ ਮੁਕੌਣਾ, ਨੌਂ ਸੌ ਚੁਰਾਨਵੇ ਚੌਕੜੀ ਜੁਗ ਗੇੜਾ ਆਪ ਦਿਵਾਇੰਦਾ । ਦੋ ਜਹਾਨਾਂ ਵੇਖ ਵਖੌਣਾ, ਵੇਸ ਅਨੇਕ ਵਟਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਜੋਤ ਮਿਲੌਣਾ, ਜੋਤੀ ਜਾਤਾ ਆਪ ਹੋ ਜਾਇੰਦਾ । ਲੱਖ ਚੁਰਾਸੀ ਭਾਂਡਾ ਭੰਨ ਵਖੌਣਾ, ਜੋ ਘੜਿਆ ਆਪ ਭੰਨਾਇੰਦਾ । ਤ੍ਰੈਗੁਣ ਡੇਰਾ ਅੰਤਮ ਢੌਣਾ, ਪੰਜ ਤੱਤ ਖੇੜਾ ਨਾ ਕੋਇ ਵਖਾਇੰਦਾ । ਗੁਰਮੁਖ ਵਿਰਲਾ ਆਪ ਉਠੌਣਾ, ਜਿਸ ਜਨ ਆਪਣੀ ਬੂਝ ਬੁਝਾਇੰਦਾ । ਸ਼ਬਦੀ ਗੁਰ ਆਪ ਮਿਲੌਣਾ, ਗੁਰ ਸ਼ਬਦੀ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਸਾਚਾ ਵਰ, ਗੁਰਮੁਖ ਸਾਚੇ ਆਪ ਤਰਾਇੰਦਾ । ਗੁਰਸਿਖ ਤਾਰੇ ਸਤਿਗੁਰ ਸਵਰਨ, ਸਵਰਨ ਰੂਪ ਵਟਾਈਆ । ਭਗਤਨ ਖੇਲ੍ਹੇ ਹਰਨ ਫਰਨ, ਤੀਜੇ ਲੋਇਣ ਕਰੇ ਰੁਸ਼ਨਾਈਆ । ਨਾਤਾ ਜੋੜੇ ਸਾਚੇ ਚਰਨ, ਹਰਿ ਚਰਨ ਸੱਚੀ ਸਰਨਾਈਆ । ਭੈ ਚੁੱਕੇ ਮਰਨ ਡਰਨ, ਜੰਮਣ ਮਰਨ ਵਿਚ ਨਾ ਆਈਆ । ਕਿਰਪਾ ਕਰੇ ਕਰਨੀ ਕਰਨ, ਕਰਤਾ ਪੁਰਖ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਮੇਲਾ ਸਹਿਜ ਸੁਭਾਈਆ । ਘਰ ਪਾਇਆ ਭਗਵਾਨ, ਤਨ ਹੋਏ ਸ਼ਾਂਤ ਸਰੀਰਾ । ਮਿਲੇ ਸੱਚਾ ਦਾਨ, ਨਾਮ ਨਿਧਾਨ ਦੇਵੇ ਗਹਿਰ ਗੰਭੀਰਾ । ਝੁੱਲੇ ਸਚ ਨਿਸ਼ਾਨ, ਸੀਸ ਬੰਧਾਏ ਸਾਚਾ ਚੀਰਾ । ਏਥੇ ਓਥੇ ਦੇਵੇ ਮਾਣ, ਲੱਖ ਚੁਰਾਸੀ ਕੱਟ ਜ਼ੰਜੀਰਾ । ਆਤਮ ਅੰਤਰ ਇਕ ਗਿਆਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਪੀਰਨ ਪੀਰਾ । ਆਤਮ ਅੰਤਰ ਏਕਾ ਮੰਦਰ, ਬਿਨ ਮਾਤਰ ਆਪ ਜਣਾਈਆ । ਭੇਵ ਚੁਕਾਏ ਗਗਨ ਗਗਨੰਤਰ, ਗ੍ਰਹਿ ਮੰਡਲ ਦਏ ਵਖਾਈਆ । ਲੱਗੀ ਬੁਝਾਏ ਜਗਤ ਬਸੰਤਰ, ਵਿਸ਼ਵ ਆਪਣੀ ਧਾਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

੧੦੨੯
੧੦

ਕਰ, ਏਕਾ ਦੇਵੇ ਨਾਮ ਵਰ, ਘਰ ਘਰ ਵਿਚ ਵੱਜੇ ਸਚ ਵਧਾਈਆ । ਨਾਮ ਨਿਧਾਨਾ ਗੁਰੂ ਗੁਰਦੇਵ, ਗੁਰ ਮੰਤਰ ਨਾਮ ਦ੍ਰਿੜਾਇੰਦਾ । ਪਾਰਬ੍ਰਹਮ ਪ੍ਰਭ ਅਲਖ ਅਭੇਵ, ਅਗੰਮ ਅਥਾਹ ਬੇਪਰਵਾਹ ਆਪਣਾ ਸੰਗ ਆਪ ਨਿਭਾਇੰਦਾ । ਅੰਮ੍ਰਿਤ ਆਤਮ ਦੇਵੇ ਸਾਚਾ ਮੇਵ, ਅੰਮ੍ਰਿਤ ਰਸ ਮੁਖ ਚੁਆਇੰਦਾ । ਆਦਿ ਜੁਗਾਦਿ ਸਦਾ ਨਿਹਕੇਵ, ਨਿਹਚਲ ਆਪਣਾ ਧਾਮ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਆਪਣੇ ਘਰ ਬਹਾਇੰਦਾ । ਗੁਰਮੁਖ ਘਰ ਵਖਾਇੰਦਾ, ਇਕ ਇਕੱਲਾ ਏਕੰਕਾਰ । ਚਰਨ ਦਵਾਰ ਆਪ ਸਮਝਾਇੰਦਾ, ਸਤਿਗੁਰ ਚਰਨ ਅਪਰ ਅਪਾਰ । ਘਰ ਬੰਕ ਆਪ ਸੁਹਾਇੰਦਾ, ਆਪ ਆਪਣੀ ਕਿਰਪਾ ਧਾਰ । ਹਰਿਜਨ ਸਾਚੇ ਸਚਖੰਡ ਦਵਾਰ ਆਪ ਬਹਾਇੰਦਾ, ਉਚੇ ਟਿੱਲੇ ਪਰਬਤ ਆਪੇ ਚਾੜ੍ਹ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਧੁਰ ਦਰਬਾਰ । ਧੁਰ ਦਰਬਾਰਾ ਗੁਰਸਿਖ ਘਰ, ਦੂਸਰ ਅਵਰ ਨਾ ਕੋਇ ਵਡਿਆਈਆ । ਜਿਸ ਸਤਿਗੁਰ ਸੱਚਾ ਲਏ ਵਰ, ਘਰ ਸੱਚੇ ਹੋਏ ਕੁੜਮਾਈਆ । ਨਾਤਾ ਜੋੜੇ ਨਾਰੀ ਨਰ, ਨਰ ਨਰੈਣ ਸੱਚਾ ਸ਼ਹਿਨਸ਼ਾਹੀਆ । ਆਪਣੀ ਕਿਰਪਾ ਲਏ ਫੜ, ਮਿਹਰਵਾਨ ਮਿਹਰਵਾਨ ਆਪਣੀ ਮਿਹਰ ਕਰਾਈਆ । ਆਪਣੇ ਪੌੜੇ ਜਾਏ ਚੜ੍ਹ, ਔਂਦਾ ਜਾਂਦਾ ਦਿਸ ਨਾ ਆਈਆ । ਆਪਣਾ ਸੁਹਾਏ ਸਾਚਾ ਗੜ੍ਹ, ਕਿਲਾ ਕੋਟ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਸਮਝਾਈਆ । ਗੁਰਸਿਖ ਸਮਝਾਏ ਹਰਿ ਕਰਤਾਰ, ਗੁਰ ਗੁਰ ਰੂਪ ਵਟਾਈਆ । ਨਾਮ ਕੁਠਾਲੀ ਕਰ ਤਿਆਰ, ਪੰਜ ਤੱਤ ਕਾਇਆ ਸਵਰਨ ਵਿਚ ਟਿਕਾਈਆ । ਫੂੰਕਾਰਾ ਮਾਰੇ ਏਕਾ ਵਾਰ, ਪਵਣ ਉਨੰਜਾ ਸੇਵਾ ਲਾਈਆ । ਪ੍ਰੇਮ ਸੁਹਾਗਾ ਦੇਵੇ ਡਾਰ, ਕਰੇ ਖੇਲ ਬੇਪਰਵਾਹੀਆ । ਕੂੜ ਮੁਲੰਮਾ ਦਏ ਉਤਾਰ, ਨਾਮ ਠੋਕਰ ਏਕਾ ਲਾਈਆ । ਨਿਹਕਰਮੀ ਕਰਮ ਲਏ ਵਿਚਾਰ । ਪੂਰਬ ਕਰਮਾਂ ਫੋਲ ਫੋਲਾਈਆ । ਸਚ ਸਵਰਨ ਕਰ ਤਿਆਰ, ਨਾਮ ਕੰਡੇ ਲਵੇ ਪਾਈਆ । ਨਾਮ ਕੰਡੇ ਦਏ ਹੁਲਾਰ, ਤੋਲਾ ਰਤੀ ਨਾ ਕੋਇ ਰਖਾਈਆ । ਦੋਹਾਂ ਪਾਸਾ ਵੇਖ ਕਰੇ ਵਿਚਾਰ, ਵਿਚਾਰ ਵਿਚਾਰ ਵਿਚ ਪਰਗਟਾਈਆ । ਗੁਰਮੁਖ ਤੁਲੇ ਆਪਣੇ ਭਾਰ, ਜਗਤ ਭਾਰ ਨਾ ਤੋਲ ਤੁਲਾਈਆ । ਸਚ ਸਵਰਨ ਕਰ ਤਿਆਰ, ਸਤਿਗੁਰ ਆਪਣੀ ਹੱਟੀ ਲਏ ਟਿਕਾਈਆ । ਚਾਰ ਵਰਨਾਂ ਕਰਾਏ ਵਣਜ ਵਪਾਰ, ਏਕਾ ਹੁਕਮ ਸੁਣਾਈਆ । ਜਿਸ ਔਣਾ ਹੱਥ ਸੱਚੇ ਸੁਨਿਆਰ, ਪਹਿਲੋਂ ਆਪਣਾ ਤਨ ਕੁਠਾਲੀ ਵਿਚ ਰਖਾਈਆ । ਸਿਰ ਤੇ ਵੱਜੇ ਹਥੌੜਾ ਮਾਰ, ਅਹਿਰਨ ਥੱਲੇ ਰਹੀ ਖੇਲ ਖਿਲਾਈਆ । ਕਰੇ ਖੇਲ ਗੁਰ ਕਰਤਾਰ, ਜਗਤ ਕੁਠਾਲੀ ਫੋਲ ਫੋਲਾਈਆ । ਗੁਰਮੁਖ ਸਵਰਨ ਕਰ ਪਿਆਰ, ਆਪਣੀ ਸੇਵਾ ਆਪੇ ਲਾਈਆ । ਸਾਚਾ ਕੰਗਣ ਕਰੇ ਸ਼ੰਗਾਰ, ਆਪ ਆਪਣੇ ਤਨ ਛੁਹਾਈਆ । ਮੰਗਣ ਮੰਗ ਮੰਗੇ ਆਪ ਕਰਤਾਰ, ਲੋਕਮਾਤ ਫੇਰਾ ਪਾਈਆ । ਸ਼ਬਦ ਵਿਚੋਲਾ ਵੇਖਣਹਾਰ, ਆਵੇ ਜਾਵੇ ਵੇਖੇ ਥਾਉਂ ਥਾਈਆ । ਜਿਸ ਦਵਾਰੇ ਗੁਰਸਿਖ ਕਰੇ ਪਿਆਰ, ਸੋ ਦਵਾਰਾ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਸਾਚਾ ਲੇਖੇ ਲਾਈਆ । ਭਗਵੰਤ ਭਗਤ ਸਦ ਰੱਖੇ ਚਾ, ਆਦਿ ਜੁਗਾਦਿ ਖੇਲ ਖਿਲਾਇੰਦਾ । ਆਤਮ ਅੰਤਰ ਬਣੇ ਮਲਾਹ, ਸਾਚੇ ਬੇੜੇ ਆਪ ਚੜ੍ਹਾਇੰਦਾ । ਸਿਫ਼ਤੀ ਸਿਫ਼ਤ ਦਏ ਸਲਾਹ, ਸਲਾਹਗੀਰ ਆਪ ਹੋ ਜਾਇੰਦਾ । ਨਿਸ਼ਅੱਖਰ ਪੜ੍ਹਾਏ ਏਕਾ ਨਾਂ, ਨਾਮ ਨਿਧਾਨਾ ਝੋਲੀ ਪਾਇੰਦਾ । ਪਕੜ ਉਠਾਏ ਫੜ ਫੜ ਬਾਂਹ, ਆਪਣੀ ਦਇਆ ਕਮਾਇੰਦਾ । ਹੰਸ ਕਾਗ ਦਏ ਬਣਾ, ਜਿਸ ਜਨ ਸੋਹੰ ਹੰਸਾ ਚੋਗ ਚੁਗਾਇੰਦਾ । ਬਣੇ ਸਹੇਲਾ ਪਿਤਾ ਮਾਂ, ਹਰਿਜਨ ਸਾਚੇ

ਗੋਦ ਬਹਾਇੰਦਾ । ਨਥਾਵਿਆਂ ਦੇਵੇ ਆਪਣਾ ਥਾਂ, ਥਾਨ ਥਨੰਤਰ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮਾਰਗ ਆਪ ਵਖਾਇੰਦਾ । ਸਦਾ ਚਾ ਭਗਤ ਭਗਵੰਤ, ਜੁਗ ਜੁਗ ਖੇਲ ਖਿਲਾਈਆ । ਹਰਿਜਨ ਮੇਲੇ ਸਾਚੇ ਸੰਤ, ਸਤਿ ਸਤਿਵਾਦੀ ਦਇਆ ਕਮਾਈਆ । ਏਕਾ ਨਾਮ ਜਣਾਏ ਮਣੀਆ ਮੰਤ, ਮਨ ਕਾ ਮਣਕਾ ਆਪ ਭਵਾਈਆ । ਗੜ੍ਹ ਤੋੜੇ ਹਉਮੇ ਹੰਗਤ, ਮਮਤਾ ਮੋਹ ਦਏ ਚੁਕਾਈਆ । ਮੇਲ ਮਿਲਾਵਾ ਸਾਚੀ ਸੰਗਤ, ਹਰਿ ਸੰਗਤ ਵਿਚ ਸਮਾਈਆ । ਚਰਨ ਕਵਲ ਵਖਾਏ ਸਾਚਾ ਜੰਨਤ, ਮੁਕਾਮੇ ਹੱਕ ਇਕ ਖ਼ੁਦਾਈਆ । ਜਿਸ ਜਨ ਬਣਾਏ ਸਾਚੀ ਬਣਤ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਡ ਵੱਡਾ ਬੇਪਰਵਾਹੀਆ । ਭਗਤ ਭਗਵੰਤ ਚਾਓ ਘਨੇਰਾ, ਹਰਿਜਨ ਹਰਿ ਰਖਾਇੰਦਾ । ਨਾਤਾ ਤੋੜੇ ਤੇਰਾ ਮੇਰਾ, ਮੇਰਾ ਤੇਰਾ ਭੇਵ ਚੁਕਾਇੰਦਾ । ਏਕਾ ਰੰਗ ਵਖਾਏ ਸੰਞ ਸਵੇਰਾ, ਸੂਰਜ ਚੰਦ ਨਾ ਕੋਇ ਚੜ੍ਹਾਇੰਦਾ । ਆਪੇ ਢਾਏ ਭਰਮਾਂ ਢੇਰਾ, ਜੋ ਜਨ ਦਵਾਰੇ ਆਇੰਦਾ । ਤਨ ਵਸਾਏ ਸਾਚਾ ਖੇੜਾ, ਘਰ ਮੰਦਰ ਸੋਭਾ ਪਾਇੰਦਾ । ਦੂਰ ਦੁਰਾਡਾ ਦਿਸੇ ਨੇਰਾ, ਨੂਰੋ ਨੂਰ ਨੂਰ ਚਮਕਾਇੰਦਾ । ਕਲਜੁਗ ਅੰਤਮ ਪਾਇਆ ਫੇਰਾ, ਹਰਿਜਨ ਸਾਚੇ ਵੇਖ ਵਖਾਇੰਦਾ । ਪਾਰਬ੍ਰਹਮ ਪਤਿਪਰਮੇਸ਼ਵਰ ਇਕ ਇਕੱਲਾ ਹੋਇਆ ਦਲੇਰਾ, ਭੈ ਭੌ ਨਾ ਕੋਇ ਰਖਾਇੰਦਾ । ਲੱਖ ਚੁਰਾਸੀ ਵੇਖਣਹਾਰਾ ਖੁਲ੍ਹਾ ਵੇਹੜਾ, ਘਟ ਘਟ ਆਪਣੀ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਰੰਗਣ ਆਪ ਰੰਗਾਇੰਦਾ । ਰੱਖੇ ਚਾ ਭਗਤ ਭਗਵਾਨ, ਆਦਿ ਜੁਗਾਦਿ ਭੁਲ ਨਾ ਜਾਈਆ । ਘਰ ਆਏ ਚਲ ਮਿਹਰਵਾਨ, ਮਿਹਰਵਾਨ ਦਇਆ ਕਮਾਈਆ । ਘਰ ਭਾਗ ਲਗਾਏ ਸਚ ਮਕਾਨ, ਘਰ ਘਰ ਵਿਚ ਸੋਭਾ ਪਾਈਆ । ਘਰ ਜੋਤੀ ਜੋਤ ਜਗਾਏ ਸ੍ਰੀ ਭਗਵਾਨ, ਜੋਤੀ ਨੂਰ ਨੂਰ ਰੁਸ਼ਨਾਈਆ । ਘਰ ਨਾਦ ਸ਼ਬਦ ਧੁੰਨਕਾਨ, ਅਨਹਦ ਸਾਚਾ ਨਾਦ ਵਜਾਈਆ । ਘਰ ਅੰਮ੍ਰਿਤ ਦੇਵੇ ਪੀਣ ਖਾਣ, ਅਠਸਠ ਤੀਰਥ ਪੰਧ ਮੁਕਾਈਆ । ਘਰ ਵਖਾਏ ਸਚ ਨਿਸ਼ਾਨ, ਸ਼ਬਦ ਅਗੰਮੀ ਆਪ ਝੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਹਰਿਜਨ ਵੇਖੇ ਥਾਉਂ ਥਾਈਂਆ । ਰੱਖੇ ਚਾਓ ਪਾਰਬ੍ਰਹਮ, ਹਰਿਜਨ ਸਾਚਾ ਮੇਲ ਮਲੰਨਿਆ । ਜੁਗਾ ਜੁਗੰਤਰ ਸਾਚਾ ਕੰਮ, ਕਰੇ ਕਰਾਏ ਦੋ ਜਹੰਨਿਆ । ਸਾਚੇ ਸੰਤਨ ਬੇੜਾ ਦੇਵੇ ਬੰਨ੍ਹ, ਸਾਚੀ ਸੇਵਕ ਸੇਵ ਕਮੰਨਿਆ । ਏਕਾ ਰਾਗ ਸੁਣਾਏ ਕੰਨ, ਛੱਤੀ ਰਾਗ ਮੁਖ ਸ਼ਰਮੰਨਿਆ । ਪੰਚ ਵਿਕਾਰਾ ਦੇਵੇ ਡੰਨ, ਝੂਠਾ ਭਾਂਡਾ ਭਰਮ ਭੌ ਭੰਨਿਆ । ਭਾਗ ਲਗਾਏ ਕਾਇਆ ਤਨ, ਕਰੇ ਪਰਕਾਸ਼ ਬਿਨ ਸੂਰਜ ਚੰਨਿਆ । ਜੂਠ ਝੂਠ ਠਗ ਚੋਰ ਯਾਰ ਕੋਇ ਨਾ ਲਾਏ ਸੰਨ੍ਹ, ਦੇਵੇ ਨਾਮ ਸੱਚਾ ਧੰਨ ਧੰਨਿਆ । ਦਿਸ ਨਾ ਆਏ ਨੇਤਰ ਅੰਨ੍ਹ, ਗੁਰਮੁਖ ਵਿਰਲਾ ਮਾਤ ਮੰਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਕਰੇ ਖੇਲ ਸ੍ਰੀ ਭਗਵਾਨਿਆ । ਰੱਖੇ ਚਾਓ ਪਾਰਬ੍ਰਹਮ ਬੇਅੰਤ, ਜੁਗ ਜੁਗ ਸੇਵ ਕਮਾਈਆ । ਹਰਿਜਨ ਮੇਲਾ ਨਾਰੀ ਕੰਤ, ਨਰ ਨਰਾਇਣ ਸੇਜ ਹੰਢਾਈਆ । ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਉਤਰ ਕਦੇ ਨਾ ਜਾਈਆ । ਦੇਵੇ ਵਡਿਆਈ ਵਿਚ ਜੀਵ ਜੰਤ, ਜਾਗਰਤ ਜੋਤ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਹਰਿ ਸ਼ਾਹ ਸੁਲਤਾਨਾ, ਤਖ਼ਤ ਨਿਵਾਸੀ ਤਖ਼ਤ ਸੁਹਾਇੰਦਾ । ਸਚਖੰਡ ਵਸੇ ਸਚ ਮਕਾਨਾ, ਛੱਪਰ ਛੰਨ ਨਾ ਕੋਇ ਛੁਹਾਇੰਦਾ । ਜੋਧਾ ਸੂਰਬੀਰ ਬਲੀ ਬਲਵਾਨਾ, ਬਲ

ਆਪਣਾ ਆਪ ਧਰਾਇੰਦਾ । ਸੋ ਪੁਰਖ ਨਿਰੰਜਣ ਹੋ ਪਰਧਾਨਾ, ਹਰਿ ਪੁਰਖ ਨਿਰੰਜਣ ਖੇਲ ਖਿਲਾਇੰਦਾ । ਏਕੰਕਾਰਾ ਲੇਖਾ ਜਾਣੇ ਦੋ ਜਹਾਨਾਂ, ਆਦਿ ਨਿਰੰਜਣ ਜੋਤ ਉਜਾਲਾ ਡਗਮਗਾਇੰਦਾ । ਅਬਿਨਾਸ਼ੀ ਕਰਤਾ ਗੁਣ ਨਿਧਾਨਾ, ਗੁਣ ਅਵਗੁਣ ਨਾ ਕੋਇ ਰਖਾਇੰਦਾ । ਸ੍ਰੀ ਭਗਵਾਨ ਸਚ ਨਿਸ਼ਾਨਾ, ਦਰਗਾਹ ਸਾਚੀ ਆਪ ਝੁਲਾਇੰਦਾ । ਪਾਰਬ੍ਰਹਮ ਹਰਿ ਖੇਲ ਮਹਾਨਾ, ਆਪ ਅਪਣੀ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸੰਗ ਆਪ ਨਿਭਾਇੰਦਾ । ਰੱਖੇ ਚਾ ਨਿਭਾਏ ਸੰਗ, ਸਗਲਾ ਸੰਗ ਨਿਭਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਏ ਪਾਰ ਲੰਘ, ਔਂਦਾ ਜਾਂਦਾ ਦਿਸ ਨਾ ਆਈਆ । ਨਿਰਗੁਣ ਸਰਗੁਣ ਅੰਦਰ ਵਜਾਏ ਮਰਦੰਗ, ਸਚ ਸਤਾਰ ਆਪ ਹਲਾਈਆ । ਕਰੇ ਖੇਲ ਸੂਰਾ ਸਰਬੰਗ, ਵਡ ਵੱਡਾ ਬੇਪਰਵਾਹੀਆ । ਜੋ ਜਨ ਮੰਗੇ ਆਤਮ ਮੰਗ, ਜਗਤ ਤ੍ਰਿਸਨਾ ਦਏ ਮਿਟਾਈਆ । ਸਾਚੀ ਸੇਜ ਸੁਹਾਏ ਪਲੰਘ, ਘਰ ਘਰ ਵਿਚ ਆਪ ਸੁਹਾਈਆ । ਆਪਣੇ ਮੰਦਰ ਆਪੇ ਲੰਘ, ਹਰਿਜਨ ਸਾਚੇ ਲਏ ਉਠਾਈਆ । ਸੁਰਤ ਸੁਆਣੀ ਨਾ ਹੋਏ ਨੰਗ, ਮਿਲੇ ਰਾਮ ਸੱਚਾ ਮਾਹੀਆ । ਅੱਠੇ ਪਹਿਰ ਪਰਮਾਨੰਦ, ਜਿਸ ਸਿਰ ਆਪਣਾ ਹੱਥ ਟਿਕਾਈਆ । ਇਕ ਸੁਣਾਏ ਸੁਹਾਗੀ ਛੰਦ, ਗੀਤ ਗੋਬਿੰਦ ਅਲਾਈਆ ।

ਚੱਲ ਕੇ ਆਏ ਸਾਚਾ ਰਾਹੀ, ਦੋ ਜਹਾਨਾਂ ਪੰਧ ਮੁਕਾਈਆ । ਸਵਰਨ ਕੱਟੀ ਜਮ ਦੀ ਫਾਹੀ, ਸਗਲੇ ਸਾਥੀ ਦਏ ਤਰਾਈਆ । ਜਨਮ ਜਨਮ ਦੀ ਮੇਟੇ ਸ਼ਾਹੀ, ਦੁਰਮਤ ਮੈਲ ਦਏ ਧਵਾਈਆ । ਘਰ ਮਿਲੇ ਪੰਡਤ ਬਣ ਗੋਸਾਈਂ, ਤਿਲਕ ਲਲਾਟੀ ਜੋਤ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਖਿਲਾਈਆ । ਸਦਾ ਮਿਲਣ ਦਾ ਰੱਖੇ ਚਾਓ, ਅਭੁਲ ਭੁਲ ਕਦੇ ਨਾ ਜਾਇੰਦਾ । ਜੁਗ ਜੁਗ ਕਰੇ ਸਚ ਨਿਆਉਂ, ਸਚ ਅਦਾਲਤ ਆਪ ਕਮਾਇੰਦਾ । ਨਿਥਾਵਿਆਂ ਦੇਵੇ ਸਾਚਾ ਥਾਉਂ, ਗ਼ਰੀਬ ਨਿਮਾਣੇ ਗਲੇ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਾਚੇ ਆਪ ਜਗਾਇੰਦਾ । ਪੁਰ ਸਰੀਂਹ ਲੱਗਾ ਭਾਗ, ਹਰਿ ਸਤਿਗੁਰ ਆਪ ਲਗਾਈਆ । ਗੁਰਮੁਖ ਦੀਪਕ ਜਗੇ ਚਿਰਾਗ਼, ਬਿਨ ਬਾਤੀ ਤੇਲ ਜਗਾਈਆ । ਤ੍ਰੈਗੁਣ ਬੁਝੇ ਆਗ, ਅਗਨੀ ਤੱਤ ਨਾ ਕੋਇ ਰਖਾਈਆ । ਆਤਮ ਅੰਤਰ ਉਪਜਾਏ ਇਕ ਵੈਰਾਗ, ਵੈਰਾਗੀ ਆਪਣਾ ਰਾਗ ਸੁਣਾਈਆ । ਸੋਈ ਸੁਰਤੀ ਜਾਏ ਜਾਗ, ਗੁਰ ਸ਼ਬਦੀ ਆਪ ਉਠਾਈਆ । ਡੂੰਘੀ ਭਵਰੀ ਲੇਵੇ ਕਾਢ, ਏਕਾ ਪੱਲੂ ਨਾਮ ਫੜਾਈਆ । ਚਰਨ ਧੂੜ ਕਰਾਏ ਮਜਨ ਮਾਘ, ਸਚ ਸਰੋਵਰ ਆਪ ਨੁਹਾਈਆ । ਆਪ ਮਿਲਾਏ ਕੰਤ ਸੁਹਾਗ, ਜਗਤ ਵਿਛੋੜਾ ਦਏ ਕਟਾਈਆ । ਜੋ ਜਨ ਸਰਨਾਈ ਜਾਏ ਲਾਗ, ਕਾਗ ਹੰਸ ਰੂਪ ਵਟਾਈਆ । ਮੇਲ ਮਿਲਾਏ ਮੋਹਣ ਮਾਧਵ ਮਾਧ, ਮੁਕੰਦ ਮਨੋਹਰ ਲਖਮੀ ਨਰਾਇਣ ਚਤੁਰਭੁਜ ਆਪਣਾ ਰੂਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਹਰਿਜਨ ਮਿਲਣ ਦੀ ਸਦਾ ਆਸ ਰਖਾਈਆ । ਰੱਖੇ ਚਾ ਆਦਿ ਨਿਰੰਜਣ, ਜੁਗ ਜੁਗ ਵੇਸ ਵਟਾਇੰਦਾ । ਦੀਨਾਂ ਨਾਥ ਦਰਦ ਦੁੱਖ ਭੈ ਭੰਜਨ, ਭਵ ਸਾਗਰ ਪਾਰ ਕਰਾਇੰਦਾ । ਨੇਤਰ ਪਾਏ ਨਾਮ ਅੰਜਨ, ਅਗਿਆਨ ਅੰਧੇਰ ਚੁਕਾਇੰਦਾ । ਲੱਖ ਚੁਰਾਸੀ ਵਿਚੋਂ ਬਣੇ ਸਾਚਾ ਸੱਜਣ, ਸਗਲਾ ਸੰਗ ਨਿਭਾਇੰਦਾ । ਜੋ ਜਨ ਚਰਨ ਧੂੜ ਕਰੇ ਸਾਚਾ ਮਜਨ, ਤਿਸ ਆਪਣਾ ਦਰਸ ਦਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਕਰਮ ਕਰਾਇੰਦਾ । ਦਸੂਹਾ ਵੇਖਿਆ ਸਾਚੀ ਜੂਹ, ਨਿਰਗੁਣ ਆਪਣੀ ਖੇਲ ਖਿਲਾਇਆ । ਆਪੇ ਮੇਲੇ ਆਪਣੀ ਵਿਛੜੀ

ਰੂਹ, ਕਾਇਆ ਕਾਅਬਾ ਆਪਣਾ ਬੁੱਤ ਬਣਾਇਆ । ਕਲਜੁਗ ਵੇਖੇ ਨਦੀ ਨੂਹ, ਲੱਖ ਚੁਰਾਸੀ ਰਿਹਾ ਡੁਬਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਮਿਲਾਇਆ । ਵੇਖੇ ਰੂਹ ਰੂਹ ਨਿਮਾਣੀ, ਨਿਰਗੁਣ ਸਰਗੁਣ ਖੇਲ ਖਿਲਾਇੰਦਾ । ਆਬੇ ਹਯਾਤ ਦੇਵੇ ਠੰਡਾ ਪਾਣੀ, ਆਪ ਆਪਣੀ ਸੇਵ ਕਮਾਇੰਦਾ । ਸੁਰਤ ਮਿਲਾਵਾ ਸ਼ਬਦ ਹਾਣੀ, ਸੁਰਤੀ ਸ਼ਬਦੀ ਏਕਾ ਰੰਗ ਰੰਗਾਇੰਦਾ । ਆਵਣ ਜਾਵਣ ਚੁੱਕੇ ਕਾਣੀ, ਰਾਏ ਧਰਮ ਨੇੜ ਨਾ ਆਇੰਦਾ । ਜਿਸ ਜਨ ਸੁਣਾਏ ਆਪਣੀ ਬਾਣੀ, ਦੂਜੇ ਦਰ ਪੜ੍ਹਨ ਕਦੇ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਸਾਚੇ ਫੇਰਾ ਪਾਇੰਦਾ । ਦਸੂਹੇ ਅੰਦਰ ਆਤਮ ਜ਼ਾਤ, ਆਤਮ ਅੰਤਰ ਵੇਖ ਵਖਾਈਆ । ਜਿਸ ਜਨ ਬਖ਼ਸ਼ੀ ਸਾਚੀ ਦਾਤ, ਸੋ ਜਨ ਬੈਠਾ ਆਪਣੇ ਅੰਦਰ ਛੁਪਾਈਆ । ਬਿਨ ਸਤਿਗੁਰ ਪੂਰੇ ਕੋਇ ਨਾ ਪੁਛੇ ਵਾਤ, ਚਾਰ ਕੁੰਟ ਜਗਤ ਹਲਕਾਈਆ । ਚਾਰੋਂ ਕੁੰਟ ਅੰਧੇਰੀ ਰਾਤ, ਸਾਚਾ ਚੰਦ ਨਾ ਕੋਇ ਚੜ੍ਹਾਈਆ । ਕਲਜੁਗ ਪੁੱਟਿਆ ਡੂੰਘਾ ਖਾਤ, ਕਿਨਾਰਾ ਨਜ਼ਰ ਕੋਇ ਨਾ ਆਈਆ । ਜਿਸ ਜਨ ਹਰਿ ਸਤਿਗੁਰ ਖੋਲ੍ਹੇ ਬੰਦ ਤਾਕ, ਤਿਸ ਆਪਣੀ ਬੂਝ ਬੁਝਾਈਆ । ਨਜ਼ਰ ਆਏ ਪੁਰਖ ਸਮਰਥ, ਸਵੱਛ ਸਰੂਪੀ ਰੂਪ ਦਰਸਾਈਆ । ਸਗਲ ਵਿਸੂਰੇ ਜਾਇਣ ਲਥ, ਜਿਸ ਜਨ ਆਪਣਾ ਦਰਸ ਦਿਖਾਈਆ । ਨਾਮ ਚੜ੍ਹਾਏ ਸਾਚੇ ਰਥ, ਮਹਾਂਸਾਰਥੀ ਸਾਚਾ ਰਥ ਚਲਾਈਆ । ਲਹਿਣਾ ਦੇਣਾ ਚੁੱਕੇ ਸੀਆਂ ਸਾਢੇ ਤਿੰਨ ਹੱਥ, ਰਵਦਾਸ ਚਮਾਰਾ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਦਸੂਹਾ ਵੇਖ ਵਖਾਈਆ । ਜਗਤ ਦਸੂਹਾ ਇੱਟਾਂ ਗਾਰਾ, ਜਗਤ ਬਾਢੀ ਬਣਤ ਬਣਾਇੰਦਾ । ਨਿਰਗੁਣ ਵਸੇ ਸਦਾ ਨਿਆਰਾ, ਆਪ ਆਪਣੀ ਕਲ ਧਰਾਇੰਦਾ । ਸਰਗੁਣ ਕਰੇ ਸਦਾ ਪਿਆਰਾ, ਜੁਗ ਜੁਗ ਵੇਖ ਵਖਾਇੰਦਾ । ਦੋਹਾਂ ਮੇਲਾ ਇਕ ਦਵਾਰਾ, ਘਰ ਸਾਚਾ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਸੂਹਾ ਇਕ ਸਮਝਾਇੰਦਾ । ਸਚ ਦਸੂਹਾ ਕਾਇਆ ਘਰ, ਘਰ ਘਰ ਵਿਚ ਆਪ ਜਣਾਈਆ । ਨਜ਼ਰ ਨਾ ਆਏ ਕੋਈ ਨਾਰੀ ਨਰ, ਨਰ ਨਰਾਇਣ ਏਕਾ ਬੈਠਾ ਆਸਣ ਲਾਈਆ । ਜਿਸ ਜਨ ਦੇਵੇ ਸਾਚਾ ਵਰ, ਤਿਸ ਜਨ ਲਏ ਵਖਾਈਆ । ਸਵਰਨ ਸਰੀਂਹ ਪੁਰ ਤੋਂ ਲਿਆ ਫੜ, ਨਾਮ ਡੋਰੀ ਤੰਦ ਬੰਧਾਈਆ । ਸਤਿਗੁਰ ਪੂਰਾ ਅੰਦਰ ਗਿਆ ਵੜ, ਨਿਰਗੁਣ ਨਿਰਾਕਾਰ ਆਪਣੀ ਕਲ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਰਾਹ ਤੱਕੇ ਸਾਚਾ ਮਾਹੀਆ । ਮਾਹੀ ਤੱਕੇ ਸੱਚਾ ਰਾਹ, ਜੁਗ ਜੁਗ ਵੇਖ ਵਖਾਇੰਦਾ । ਜਨ ਭਗਤ ਮਿਲਣ ਦਾ ਚਾ, ਭਗਵਾਨ ਆਸ ਤਕਾਇੰਦਾ । ਬਿਨ ਭਗਤ ਨਾ ਜਾਣੇ ਕੋਇ ਮੇਰਾ ਨਾਂ, ਲੱਖ ਚੁਰਾਸੀ ਗੂੜ੍ਹੀ ਨੀਂਦ ਸਵਾਇੰਦਾ । ਬਿਨ ਭਗਤ ਨਾ ਦੇਵੇ ਮੈਨੂੰ ਕੋਈ ਥਾਂ, ਮਨਮੁਖ ਦਰ ਦਵਾਰਿਉਂ ਦੁਰਕਾਇੰਦਾ । ਬਿਨ ਭਗਤ ਮੇਰੀ ਕੋਈ ਨਾ ਪਕੜੇ ਬਾਂਹ, ਲੋਕਮਾਤ ਮੇਰਾ ਸੰਗ ਨਾ ਕੋਇ ਨਿਭਾਇੰਦਾ । ਬਿਨ ਭਗਤ ਮੇਰਾ ਕਰੇ ਨਾ ਕੋਈ ਸਚ ਨਿਆਂ, ਉਚੀ ਕੂਕ ਕੂਕ ਨਾ ਕੋਇ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜਨ ਭਗਤ ਤੇਰੇ ਮਿਲਣ ਦਾ ਚਾਓ ਆਪ ਰਖਾਇੰਦਾ । ਰੱਖੇ ਚਾਓ ਨਿਰਗੁਣ ਰੂਪ, ਸਰਗੁਣ ਤੇਰੀ ਵਡਿਆਈਆ । ਨੌਂ ਖੰਡ ਪ੍ਰਿਥਮੀ ਵੇਖਿਆ ਚਾਰੇ ਕੂਟ, ਸੱਤ ਦੀਪ ਫੇਰਾ ਪਾਈਆ । ਜਗਤ ਨਗਾਰਾ ਵੱਜੇ ਜੂਠ ਝੂਠ, ਮਾਇਆ ਮਮਤਾ ਨਾਚ ਨਚਾਈਆ । ਕਲਜੁਗ ਸੁਹਾਏ ਆਪਣੀ ਰੁੱਤ, ਸਚ ਫੁਲਵਾੜੀ, ਨਜ਼ਰ ਕਿਸੇ ਨਾ ਆਈਆ । ਗੁਰਮੁਖ ਵਿਰਲਾ ਦਿਸੇ ਸੁੱਤ, ਜੋ

੧੦੩੩

ਹਰਿ ਹਰਿ ਰਿਹਾ ਧਿਆਈਆ । ਸਭ ਦੀ ਪੰਜ ਤੱਤ ਕਾਇਆ ਦਿਸੇ ਬੁੱਤ, ਹਰਿ ਕਾ ਨਾਉਂ ਘਰ ਕਿਸੇ ਨਜ਼ਰ ਨਾ ਆਈਆ । ਪੰਚ ਵਿਕਾਰਾ ਭਰਿਆ ਕੁੱਟ ਕੁੱਟ, ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਈਆ । ਜਿਸ ਜਨ ਉਪਰ ਸਤਿਗੁਰ ਪੂਰਾ ਜਾਏ ਤੁਠ, ਤਿਸ ਆਪਣਾ ਨਾਮ ਬੁਝਾਈਆ । ਅੰਮ੍ਰਿਤ ਆਤਮ ਪਿਆਏ ਏਕਾ ਘੁੱਟ, ਨਿਝਰ ਝਿਰਨਾ ਦਏ ਝਿਰਾਈਆ । ਜਗਤ ਨਾਤਾ ਜਾਏ ਤੁੱਟ, ਏਕਾ ਮੰਗੇ ਸਰਨ ਸਰਨਾਈਆ । ਜੀਵਤ ਮਰੇ ਮਰ ਜੀਵੇ ਪਏ ਉਠ, ਜੀਵਣ ਮਰਨ ਫੰਦ ਕਟਾਈਆ । ਕਰੇ ਖੇਲ ਅਬਿਨਾਸ਼ੀ ਅਚੁਤ, ਚਿਤ ਵਿਤ ਠਗੌਰੀ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖੇ ਵੇਖਣਹਾਰਾ ਆਪ ਆਪਣੀ ਸੇਵ ਕਮਾਈਆ । ਦਸੂਹਾ ਸਰੀਂਹ ਪੁਰ ਏਕਾ ਘਾਟ, ਹਰਿ ਸਾਚਾ ਖੇਲ ਖਿਲਾਇੰਦਾ । ਜਿਸ ਜਨ ਆਈ ਨੇੜੇ ਵਾਟ, ਤਿਸ ਆਪਣਾ ਮੇਲ ਮਿਲਾਇੰਦਾ । ਨਾਮ ਨਿਧਾਨਾ ਦੇਵੇ ਸਾਚੀ ਦਾਤ, ਵਸਤ ਅਮੋਲਕ ਝੋਲੀ ਪਾਇੰਦਾ । ਬਜਰ ਕਪਾਟੀ ਜਾਏ ਪਾਟ, ਸਾਚੀ ਘਾਟੀ ਆਪ ਚੜ੍ਹਾਇੰਦਾ । ਚੌਦਾਂ ਲੋਕ ਵਖਾਏ ਏਕਾ ਹਾਟ, ਏਕਾ ਘਰ ਸੋਭਾ ਪਾਇੰਦਾ । ਸਾਚੇ ਮੰਡਲ ਰਚਾਏ ਰਾਸ, ਗੋਪੀ ਕਾਹਨ ਖੇਲ ਖਿਲਾਇੰਦਾ । ਨਿਰਗੁਣ ਜੋਤ ਕਰ ਪਰਕਾਸ਼, ਰਾਮ ਰਮੱਯਾ ਡਗਮਗਾਇੰਦਾ । ਮਨ ਮਨੂਆ ਕਵਣ ਕਰੇ ਵਿਨਾਸ, ਗੜ੍ਹ ਹੰਕਾਰੀ ਆਪ ਤੁੜਾਇੰਦਾ । ਸਦਾ ਸੁਹੇਲਾ ਵਸੇ ਪਾਸ, ਆਪਣਾ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਤਰਾਇੰਦਾ । ਤਾਰਨਹਾਰਾ ਹਰਿ ਹਰਿ ਏਕ, ਇਕ ਇਕੱਲਾ ਖੇਲ ਖਿਲਾਈਆ । ਜਿਸ ਜਨ ਬਖ਼ਸ਼ੇ ਸਾਚੀ ਟੇਕ, ਇਸ਼ਟ ਦੇਵ ਇਕ ਦਰਸਾਈਆ । ਕਰੇ ਕਰਾਏ ਬੁਧ ਬਿਬੇਕ, ਪਤਿਤ ਪੁਨੀਤ ਸਾਚੀ ਰੀਤ ਆਪ ਚਲਾਈਆ । ਮਸਤਕ ਵੇਖੇ ਲਿਖਿਆ ਲੇਖ, ਪੂਰਬ ਲਹਿਣਾ ਫੋਲ ਫੋਲਾਈਆ । ਹਰਿ ਕਾ ਰੂਪ ਨਾ ਮੁੱਛ ਦਾੜ੍ਹੀ ਨਾ ਦਿਸੇ ਕੇਸ, ਨਾ ਕੋਈ ਮੂੰਡ ਮੁੰਡਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਲੱਖ ਚੁਰਾਸੀ ਘਟ ਘਟ ਅੰਤਰ ਰਿਹਾ ਵੇਖ, ਸਚ ਸਿੰਘਾਸਣ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਤੇਰੀ ਪਿਆਸ ਬੁਝਾਈਆ । ਬੁਝੇ ਪਿਆਸ ਹੋਏ ਤ੍ਰਿਪਤ, ਤ੍ਰਿਸਨਾ ਜਗਤ ਮਿਟਾਇੰਦਾ । ਜਨਮ ਜਨਮ ਦੀ ਮੇਟੇ ਬਿਪਤ, ਬਿਪਤਾ ਅਵਰ ਨਾ ਕੋਇ ਪਾਇੰਦਾ । ਜਿਸ ਜਨ ਦੇਵੇ ਸਾਚੀ ਸਿਖਤ, ਸਿਖਿਆ ਸਿਖ ਇਕ ਸਮਝਾਇੰਦਾ । ਲਿਖਿਆ ਲੇਖ ਨਾ ਮੇਟੇ ਲਿਖਤ, ਲਿਖ ਲਿਖ ਲੇਖ ਲੇਖ ਗਵਾਇੰਦਾ । ਆਪਣੇ ਹੱਥ ਰਖਾਏ ਆਪਣਾ ਭਵਿਖਤ, ਜੁਗ ਜੁਗ ਗੇੜਾ ਆਪ ਦਿਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਸ ਨਰਾਸ ਨਾ ਕੋਇ ਵਖਾਇੰਦਾ । ਦਸਤ ਆਇਆ ਦਸਤਗੀਰ, ਦਾਮਨ ਆਪਣਾ ਆਪ ਪਕੜਾਈਆ । ਆਪੇ ਚੋਟੀ ਚੜ੍ਹ ਕੇ ਵੇਖੇ ਅਖ਼ੀਰ, ਸਾਚੇ ਮੰਦਰ ਆਸਣ ਲਾਈਆ । ਆਪੇ ਕੱਟੇ ਫੜ ਜ਼ੰਜੀਰ, ਸ਼ਰਅ ਸ਼ਰੀਅਤ ਰਹੇ ਨਾ ਰਾਈਆ । ਘਰ ਦਰਸ ਦਿਖਾਏ ਪੀਰਨ ਪੀਰ, ਜਿਸ ਪੀਰ ਫ਼ਕੀਰ ਰਹੇ ਸੀਸ ਝੁਕਾਈਆ । ਆਪਣੀ ਹੱਥੀਂ ਬਦਲੇ ਤਕ਼ਦੀਰ, ਤਦਬੀਰ ਤਸਵੀਰ ਸਾਚੀ ਦਏ ਵਖਾਈਆ । ਏਕਾ ਰੰਗ ਰੰਗਾਏ ਸ਼ਾਹ ਹਕੀਰ, ਬੇਨਜ਼ੀਰ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਰਹਿਮਤ ਰਹਿਮਾਨ ਕਮਾਈਆ । ਰਹਿਮਤ ਰਹਿਮਾਨ ਹਰਿ ਕਰੀਮਾ, ਕ਼ਾਦਰ ਕ਼ੁਦਰਤ ਖੇਲ ਖਿਲਾਇੰਦਾ । ਜਿਸ ਜਨ ਪਾਕ ਪਵਿਤ ਕਰਾਏ ਸੀਨਾ, ਤਿਸ ਹੋ ਹੋ ਸਹਿਮਤ ਆਪਣਾ ਮੇਲ ਮਿਲਾਇੰਦਾ । ਘਰ ਵਿਚ ਲਾਲ ਵਖਾਏ ਸਚ ਨਗੀਨਾ, ਨਿਗਹਬਾਨ ਪਰਦਾ ਲਾਹਿੰਦਾ । ਮੇਲ ਮਿਲਾਏ ਜਿਉਂ ਜਲ ਮੀਨਾ, ਅਗਨੀ ਤੱਤ

ਬਲ ਬੁਝਾਇੰਦਾ । ਲੇਖ ਚੁੱਕੇ ਲੋਕ ਤੀਨਾਂ, ਤ੍ਰੈ ਤ੍ਰੈ ਲੋਕਾਂ ਪੰਧ ਮੁਕਾਇੰਦਾ । ਕਾਇਆ ਚੋਲੀ ਚਾੜ੍ਹੇ ਰੰਗ ਭੀਨਾ, ਉਤਰ ਕਦੇ ਨਾ ਜਾਇੰਦਾ । ਅੱਠੇ ਪਹਿਰ ਦਿਵਸ ਰਾਤ ਦਰਸ ਦਿਖਾਏ ਮੱਕਾ ਮਦੀਨਾ, ਸਚ ਮਹਿਰਾਬੇ ਏਕਾ ਬਾਂਗ ਇਕ ਸਦਾ ਏਕਾ ਹੁਜਰਾ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਦਾਮਨ ਆਪ ਫੜਾਇੰਦਾ । ਤੂੰ ਮੈਂ ਇਕੋ ਹੱਦ, ਹਦੂਦ ਜਗਤ ਨਾ ਕੋਇ ਰਖਾਈਆ । ਜਿਸ ਜਨ ਪਿਆਏ ਆਪਣੀ ਮਦਿ, ਇਕ ਖ਼ੁਮਾਰ ਚੜ੍ਹਾਈਆ । ਅਪਣਾ ਭਾਰ ਉਹਦੇ ਉਤੇ ਦੇਵੇ ਲੱਦ, ਉਹਦਾ ਭਾਰ ਆਪਣੇ ਸੀਸ ਉਠਾਈਆ । ਮੈਂ ਤੂੰ ਵਿਚੋਂ ਕੱਢ, ਏਕਾ ਰੰਗ ਰੰਗਾਈਆ । ਮੈਂ ਤੂੰ ਦੇਵੇ ਵੱਢ, ਨਾਮ ਖੰਡਾ ਵਿਚ ਫਿਰਾਈਆ । ਮੈਂ ਤੂੰ ਇਕੋ ਯੱਦ, ਬ੍ਰਹਮ ਪਾਰਬ੍ਰਹਮ ਅਖਵਾਈਆ । ਮੇਰਾ ਸ਼ਬਦ ਤੇਰਾ ਨਦ, ਤੇਰੀ ਧੁਨ ਮੇਰੀ ਸ਼ਨਵਾਈਆ । ਤੇਰਾ ਮੇਰਾ ਮੇਲਾ ਵਿਚਕਾਰ ਅੱਧ, ਅਧਵਿਚਕਾਰੋਂ ਪਾਰ ਫੇਰ ਕਰਾਈਆ । ਲੱਖ ਚੁਰਾਸੀ ਵਿਚੋਂ ਲਏ ਕੱਢ, ਜਿਸ ਜਨ ਆਪਣੀ ਦਇਆ ਕਮਾਈਆ । ਅੱਠੇ ਪਹਿਰ ਕਰੇ ਲਾਡ, ਆਪ ਆਪਣੀ ਗੋਦ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਮੇਲੇ ਆਪਣੇ ਘਰ, ਤੂੰ ਮੈਂ ਮੈਂ ਤੂੰ ਹਾਂ ਹੂੰ ਨਾ ਕੋਇ ਰਖਾਈਆ । ਥਾਏਂ ਤੁੱਟੇ ਨਾਤਾ, ਗੁਰ ਸਤਿਗੁਰ ਆਪ ਤੁੜਾਇੰਦਾ । ਹਰਿਜਨ ਤੇਰੀ ਉਤਮ ਜ਼ਾਤਾ, ਜ਼ਾਤ ਪਾਤ ਨਾ ਕੋਇ ਰਖਾਇੰਦਾ । ਤੇਰਾ ਮੇਲ ਪੁਰਖ ਸਮਰਾਥਾ, ਸਮਰਥ ਪੁਰਖ ਤੇਰਾ ਰੰਗ ਰੰਗਾਇੰਦਾ । ਜਨਮ ਜਨਮ ਦਾ ਪੂਰਾ ਕਰੇ ਘਾਟਾ, ਸਾਚੀ ਵਸਤ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਜ਼ਰੇ ਕਰਮ ਆਪਣੀ ਆਪ ਜਣਾਇੰਦਾ । ਨਜ਼ਰੇ ਕਰਮ ਦੇਵੇ ਕਰ ਕਰ, ਹੱਕ ਹਕੀਕ਼ਤ ਦਏ ਜਣਾਈਆ । ਲੁਤਫ਼ ਲਤੀਫ਼ ਆਵੇ ਦਰ, ਲਜ਼ਤ ਬੈਠੇ ਮੁਖ ਸ਼ਰਮਾਈਆ । ਬੇਹਰਫ਼ ਹਰਫ਼ ਏਕਾ ਪੜ੍ਹ, ਅਲਿਫ਼ ਆਲਮ ਦਏ ਸਮਝਾਈਆ । ਜਿਸ ਜਨ ਅੰਦਰ ਜਾਏ ਵੜ੍ਹ, ਨੁਕਤਾ ਗ਼ੈਨ ਦਏ ਮਿਟਾਈਆ । ਐਨ ਰੂਪ ਆਪੇ ਧਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਆਪਣਾ ਦਾਮਨ ਦਏ ਫੜਾਈਆ । ਦੇਵਣਹਾਰਾ ਵਡ ਭੰਡਾਰੀ, ਆਦਿ ਜੁਗਾਦਿ ਸਮਾਇੰਦਾ । ਵਿਸ਼ਨੂੰ ਝੋਲੀ ਭਰ ਭਰ ਗਿਆ ਹਾਰੀ, ਅੰਤ ਕੋਇ ਨਾ ਪਾਇੰਦਾ । ਬ੍ਰਹਮਾ ਮਤ ਕਰ ਕਰ ਪਿਆਰੀ, ਲੱਖ ਚੁਰਾਸੀ ਖੇਲ ਖਿਲਾਇੰਦਾ । ਸ਼ੰਕਰ ਮਿਲੀ ਇਕ ਕਟਾਰੀ, ਜੋ ਘੜਿਆ ਭੰਨ ਵਖਾਇੰਦਾ । ਦੇਵਣਹਾਰਾ ਸ਼ਹਿਨਸ਼ਾਹ ਸੱਚਾ ਸਿਕਦਾਰੀ, ਅਤੋਟ ਅਤੁਟ ਆਪ ਰਖਾਇੰਦਾ । ਗੁਰਸਿਖ ਆਦਿ ਜੁਗਾਦਿ ਜੁਗਾ ਜੁਗੰਤਰ ਮੰਗਣ ਵਾਰੋ ਵਾਰੀ, ਦਰ ਆਇਆਂ ਝੋਲੀ ਸਰਬ ਭਰਾਇੰਦਾ । ਖ਼ਾਲੀ ਮੁੜ ਕੇ ਜਾਏ ਨਾ ਪਹਿਲੀ ਵਾਰੀ, ਆਤਮ ਅੰਤਰ ਜੋ ਸਚ ਧਿਆਨ ਲਗਾਇੰਦਾ । ਜਿਸ ਤਨ ਜਨ ਹੋਵੇ ਹਉਮੇ ਬੀਮਾਰੀ, ਤਿਸ ਆਇਆਂ ਦਰ ਦੁਰਕਾਇੰਦਾ । ਅਚਰਜ ਖੇਲ ਕਰੇ ਨਿਆਰੀ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੀ ਧਾਰ ਵਖਾਇੰਦਾ । ਹਰਿ ਭਗਤ ਤੇਰੀ ਭਰੇ ਪਟਾਰੀ, ਭਗਤ ਭਗਵੰਤ ਏਕਾ ਵਸਤ ਵਿਚ ਰਖਾਇੰਦਾ । ਮਾਣਸ ਜਨਮ ਨਾ ਆਏ ਹਾਰੀ, ਹਰਿ ਕੇ ਪੌੜੇ ਆਪ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਜ਼ਰੇ ਕਰਮ ਦੇਵੇ ਕਰ, ਨਜ਼ਰ ਨਜ਼ਰ ਵਿਚ ਮਿਲਾਇੰਦਾ । ਨਜ਼ਰ ਵਿਚ ਮਿਲਾਏ ਨਜ਼ਰ, ਬੇਨਜ਼ੀਰ ਦਇਆ ਕਮਾਈਆ । ਜਿਸ ਜਨ ਕਰੇ ਆਪਣਾ ਫ਼ਜ਼ਲ, ਰਹਿਮਤ ਰਹਿਮਾਨ ਦਇਆ ਕਮਾਈਆ । ਨਗ਼ਮਾ ਸੁਣਾਏ ਸਾਚੀ ਗ਼ਜ਼ਲ, ਗ਼ਫ਼ਲਤ ਦਏ ਸਰਬ ਮਿਟਾਈਆ । ਹਰਿਜਨ ਹਰਿ ਭਗਤ ਮੁਰੀਦ ਮੁਰਸ਼ਦ ਤੇਰੀ ਵੇਖੇ ਮੰਜ਼ਲ, ਮਹਿਦੂਦ ਆਪਣੀ ਹੱਦ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,



੧੦੩੫
੧੦

ਜਿਸ ਲੇਖਾ ਦਏ ਸਮਝਾਈਆ । ਸਰਬ ਜੀਆਂ ਦਾ ਏਕੋ ਦਾਤਾ, ਏਕਾ ਘਟ ਘਟ ਆਪ ਸਮਾਇੰਦਾ । ਏਕਾ ਦੇਵੇ ਨਾਮ ਗਾਥਾ, ਜੁਗ ਜੁਗ ਆਪ ਪੜ੍ਹਾਇੰਦਾ । ਦੋ ਜਹਾਨਾਂ ਦੇਵੇ ਸਾਥਾ, ਵਿਛੜ ਕਦੇ ਨਾ ਜਾਇੰਦਾ । ਘਰ ਵਿਚ ਘਰ ਵਖਾਏ ਸਾਚਾ ਹਾਟਾ, ਸਾਚਾ ਵਣਜ ਕਰਾਇੰਦਾ । ਏਕਾ ਪੂਜਾ ਏਕਾ ਪਾਠਾ, ਏਕਾ ਮੰਤਰ ਨਾਮ ਦ੍ਰਿੜ੍ਹਾਇੰਦਾ । ਚਾਰ ਵਰਨ ਇਕ ਰਘੁਨਾਥਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਮੇਲ ਮਿਲਾਇੰਦਾ । ਨਜ਼ਰ ਆਏ ਹੋਏ ਨਜ਼ਦੀਕ, ਨਿਜ ਆਤਮ ਦਇਆ ਕਮਾਈਆ । ਦਰਸ ਦਿਖਾਏ ਲਾਸ਼ਰੀਕ, ਲਾ ਸ਼ਰਅ ਜਿਸ ਦੀ ਵਡਿਆਈਆ । ਅੰਤਰ ਅੰਧੇਰਾ ਮੇਟੇ ਤਾਰੀਕ, ਪਰਕਾਸ਼ ਪਰਕਾਸ਼ ਦਏ ਕਰਾਈਆ । ਜਿਸ ਦੀ ਈਸਾ ਮੂਸਾ ਮੁਹੰਮਦ ਰੱਖਦੇ ਰਹੇ ਉਡੀਕ, ਸੋ ਪੈਗ਼ੰਬਰ ਗਿਆ ਆਈਆ । ਉਮਤ ਉਮਤੀ ਪਰਖੇ ਨੀਤ, ਕਲਮਾ ਆਪਣਾ ਕਸਵਟੀ ਏਕਾ ਲਾਈਆ । ਕਾਇਨਾਤ ਦੇਵੇ ਇਕ ਤਰੀਕ, ਏਕਾ ਫਤਵਾ ਸਾਦਰ ਦਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਉਰਦੂ ਫ਼ਾਰਸੀ ਜਾਣੇ ਉਲਮਾ ਆਲਮ, ਆਲਮੀਨ ਵਡੀ ਵਡਿਆਈਆ । ਕਾਤਬ ਕੁਤਬ ਨਾ ਪਕੜੇ ਕਾਲਮ, ਕਾਇਨਾਤ ਕਰੇ ਪੜ੍ਹਾਈਆ । ਬਿਨ ਖੰਡੇ ਤਲਵਾਰ ਮੇਟੇ ਜ਼ਾਲਮ, ਹੁਕਮ ਹਾਕਮ ਕਰੇ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਵਰਦਿਗਾਰ ਬੇਪਰਵਾਹੀਆ । ਮਸਜਦ ਅੰਦਰ ਆਵੇ ਮਹਿਬੂਬ, ਸੁਣੇ ਫ਼ਰਯਾਦ ਸੱਚਾ ਗੋਸਾਈਆਂ । ਨਾ ਕੋਈ ਤਨ ਨਾ ਕਲਬੂਤ, ਆਪਣੀ ਕਲਾ ਆਪ ਵਰਤਾਈਆ । ਬਿਨ ਸ਼ਰਅ ਸ਼ਰੀਅਤ ਦੇਵੇ ਆਪਣਾ ਸਬੂਤ, ਸਾਚੀ ਸੂਰਤ ਆਪ ਉਠਾਈਆ । ਬਿਨ ਨੂਰ ਮੁਹੰਮਦ ਆਵਾ ਗਿਆ ਊਤ, ਉਮਤ ਉਮਤੀ ਨਜ਼ਰ ਕੋਇ ਨਾ ਪਾਈਆ । ਜਿਸ ਤਾਗਾ ਡੋਰ ਬੱਧਾ ਸੂਤ, ਤਾਣਾਂ ਪੇਟਾ ਵੇਖੇ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪੇ ਵੇਖ ਵਖਾਈਆ । ਵੱਜੇ ਟੱਲ ਸੁਣੇ ਰਾਮ, ਰਾਮ ਰਾਮਾ ਰੂਪ ਵਟਾਇੰਦਾ । ਕਰੇ ਖੇਲ ਘਨੱਯਾ ਸ਼ਾਮ, ਜਗਤ ਅੰਧੇਰ ਘੋਰ ਵਿਚ ਨਜ਼ਰ ਕਿਸੇ ਨਾ ਆਇੰਦਾ । ਜਿਸ ਕਾਇਆ ਮੰਦਰ ਅੰਦਰ ਮਾਰੇ ਆਪਣਾ ਬਾਣ, ਬਜਰ ਕਪਾਟੀ ਕੁੰਡਾ ਲਾਹਿੰਦਾ । ਸੋ ਦਰਸਣ ਕਰੇ ਆਣ, ਦੂਸਰ ਨਜ਼ਰ ਕੋਇ ਨਾ ਪਾਇੰਦਾ । ਪੰਡਤ ਪਾਂਧੇ ਹੋਏ ਹੈਰਾਨ, ਹਰਿ ਕਾ ਭੇਵ ਕੋਇ ਨਾ ਪਾਇੰਦਾ । ਗ਼ਰੀਬ ਨਿਮਾਣੇ ਕਰੇ ਪਰਵਾਨ, ਜਿਸ ਜਨ ਆਪਣੀ ਸੇਵਾ ਲਾਇੰਦਾ । ਲੱਖ ਚੁਰਾਸੀ ਵਿਚੋਂ ਲਏ ਪਛਾਣ, ਸਾਚੇ ਮੰਦਰ ਮੇਲ ਮਿਲਾਇੰਦਾ । ਕਾਇਆ ਮੰਦਰ ਕਰ ਪਰਵਾਨ, ਨਾਮ ਘੰਟਾ ਆਪ ਖੜਕਾਇੰਦਾ । ਟੱਲੀ ਝੱਲੀ ਸੁਣੇ ਨਾ ਕੋਇ ਕਾਨ, ਹੱਥ ਨਾਲ ਨਾ ਕੋਇ ਫੜਾਇੰਦਾ । ਅੱਠੇ ਪਹਿਰ ਰਹੇ ਧੁੰਨਕਾਨ, ਸਾਚੇ ਮੰਦਰ ਵਸੇ ਸਦਾ ਭਗਵਾਨ, ਆਪਣੇ ਆਸਣ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਆਪਣੀ ਪਛਾਣ, ਸੋ ਜਨ ਆ ਦਰਸਨ ਪਾਇੰਦਾ । ਆਰਜ਼ੂ ਹਸਰਤ ਰਹੇ ਨਾ ਬਾਕੀ, ਹੈਸੀਅਤ ਆਪਣੀ ਜਿਸ ਜਣਾਇੰਦਾ । ਲਹਿਣਾ ਦੇਣਾ ਚੁਕਾਏ ਬੰਦਾ ਖ਼ਾਕੀ, ਉਲਫ਼ਤ ਆਪਣੀ ਆਪ ਦ੍ਰਿੜ੍ਹਾਇੰਦਾ । ਭਰ ਪਿਆਲਾ ਜਾਮ ਪਿਆਏ ਸਾਕੀ, ਸਚ ਸੁਰਾਹੀ ਆਪ ਉਠਾਇੰਦਾ । ਮਨ ਮਨੂਆ ਅੱਗੇ ਰਹੇ ਨਾ ਆਕੀ, ਆਕ਼ਬਤ ਆਪਣੀ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਤੇਰੀ ਸਬਰ ਸਬੂਰੀ ਆਪ ਹੰਢਾਇੰਦਾ ।

੧੦੩੭

## ★ ੨੯ ਸਾਵਣ ੨੦੧੮ ਬਿਕ੍ਰਮੀ ਸ਼ੰਕਰ ਸਿੰਘ ਦੇ ਗ੍ਰਿਹ ਸ਼ਰੀ ਪੁਰ ਜ਼ਿਲਾ ਹੁਸਿਆਰ ਪੁਰ ★

ਮੁਖ਼ਤਿਆਰ ਹੋਇਆ ਮੁਖ਼ਤਿਆਰ, ਸੌਦਾ ਮੁਫ਼ਤ ਨਾਮ ਵਿਕਾਈਆ । ਮੁਰਦਾਰ ਵੇਖੇ ਮੁਰਦਾਰ, ਮੁਰਦਾ ਜ਼ਿੰਦਾ ਦਏ ਕਰਾਈਆ । ਮਿਕਦਾਰ ਵੇਖੇ ਮਿਕਦਾਰ, ਸਚ ਪੈਮਾਨਾ ਹੱਥ ਉਠਾਈਆ । ਸ਼ਹਿਨਸ਼ਾਹ ਬਣ ਸੱਚੀ ਸਰਕਾਰ, ਸ਼ਾਹ ਪਾਤਸ਼ਾਹ ਆਪਣਾ ਖੇਲ ਖਿਲਾਈਆ । ਲੋਕਮਾਤ ਲਾਏ ਸਚ ਦਰਬਾਰ, ਦਰ ਦਰਬਾਰਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਡ ਦਾਤਾ ਬੇਪਰਵਾਹੀਆ । ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹ, ਆਦਿ ਪੁਰਖ ਨਿਰੰਜਣ ਆਪ ਅਖਵਾਇੰਦਾ । ਅਗੰਮ ਅਗੰਮੜੇ ਵਸੇ ਥਾਂ, ਧਾਮ ਅਵੱਲੜਾ ਆਪ ਸੁਹਾਇੰਦਾ । ਸੋ ਪੁਰਖ ਨਿਰੰਜਣ ਬੇਪਰਵਾਹ, ਹਰਿ ਪੁਰਖ ਨਿਰੰਜਣ ਰਾਹ ਚਲਾਇੰਦਾ । ਏਕੰਕਾਰਾ ਦੇਵੇ ਸਚ ਸਲਾਹ, ਸਿਫ਼ਤ ਸਲਾਹੀ ਆਪ ਸਮਝਾਇੰਦਾ । ਆਦਿ ਨਿਰੰਜਣ ਨੂਰ ਧਰਾ, ਅੰਧ ਅੰਧੇਰ ਮੇਟ ਮਿਟਾਇੰਦਾ । ਅਬਿਨਾਸ਼ੀ ਕਰਤਾ ਲਏ ਮਿਲਾ, ਜਗਤ ਵਿਛੋੜਾ ਪੰਧ ਮੁਕਾਇੰਦਾ । ਸ੍ਰੀ ਭਗਵਾਨ ਹੋਏ ਸਹਾ, ਸਿਰ ਆਪਣਾ ਹੱਥ ਟਿਕਾਇੰਦਾ । ਪਾਰਬ੍ਰਹਮ ਬ੍ਰਹਮ ਦਏ ਜਣਾ, ਆਤਮ ਸਾਚਾ ਰੰਗ ਰੰਗਾਇੰਦਾ । ਸਾਚੇ ਮੰਦਰ ਦਏ ਬਹਾ, ਸਚ ਦਵਾਰਾ ਆਪ ਸੁਹਾਇੰਦਾ । ਏਕਾ ਜੋਤ ਦਏ ਜਗਾ, ਜੋਤੀ ਜਾਤਾ ਡਗਮਗਾਇੰਦਾ । ਕਾਇਆ ਕਿਲਾ ਕੋਟ ਦਏ ਵਸਾ, ਘਰ ਘਰ ਵਿਚ ਸੋਭਾ ਪਾਇੰਦਾ । ਰਾਗ ਅਗੰਮੀ ਦਏ ਅਲਾ, ਤਾਰ ਸਤਾਰ ਨਾ ਕੋਇ ਹਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਵਖਾਇੰਦਾ । ਸੋ ਪੁਰਖ ਨਿਰੰਜਣ ਸਾਚਾ ਰੰਗ, ਘਰ ਸਾਚੇ ਆਪ ਜਣਾਈਆ । ਆਤਮ ਸੇਜਾ ਬੈਠ ਪਲੰਘ, ਆਪਣੀ ਖ਼ੁਸ਼ੀ ਮਨਾਈਆ । ਨਾਮ ਸੁਣਾਏ ਸਚ ਮਰਦੰਗ, ਮਰਦੰਗਾ ਇਕ ਵਜਾਈਆ । ਕਰੇ ਖੇਲ ਸੂਰਾ ਸਰਬੰਗ, ਸੂਰਬੀਰ ਵੱਡ ਵਡਿਆਈਆ । ਇਕ ਉਪਜਾਏ ਪਰਮਾਨੰਦ, ਪਰਮ ਪੁਰਖ ਬੇਪਰਵਾਹੀਆ । ਦਰਸ ਦਿਖਾਏ ਜੋ ਸੁੱਤਾ ਦੇ ਕਰ ਕੰਡ, ਆਪਣੀ ਕਰਵਟ ਲਏ ਬਦਲਾਈਆ । ਚਰਨਾਂ ਹੇਠ ਵਖਾਏ ਕੋਟਨ ਕੋਟ ਬ੍ਰਹਿਮੰਡ, ਬੇਅੰਤ ਆਪਣੀ ਧਾਰ ਆਪ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਆਪਣੀ ਬੂਝ ਬੁਝਾਈਆ । ਸੋ ਪੁਰਖ ਨਿਰੰਜਣ ਰਾਜ ਰਾਜਾਨਾ, ਦਰ ਘਰ ਸਾਚੇ ਸੋਭਾ ਪਾਇੰਦਾ । ਹਰਿ ਪੁਰਖ ਨਿਰੰਜਣ ਹੋ ਮਿਹਰਵਾਨਾ, ਆਦਿ ਜੁਗਾਦੀ ਵੇਸ ਵਟਾਇੰਦਾ । ਏਕੰਕਾਰਾ ਖੇਲ ਮਹਾਨਾ, ਖੇਲਣਹਾਰਾ ਦਿਸ ਨਾ ਆਇੰਦਾ । ਆਦਿ ਨਿਰੰਜਣ ਲੇਖਾ ਜਾਣੇ ਦੋ ਜਹਾਨਾਂ, ਜੋਤੀ ਜਾਤਾ ਜੋਤੀ ਡਗਮਗਾਇੰਦਾ । ਸ੍ਰੀ ਭਗਵਾਨ ਵਸਣਹਾਰਾ ਸਚ ਮਕਾਨਾ, ਸਚਖੰਡ ਦਵਾਰੇ ਸੋਭਾ ਪਾਇੰਦਾ । ਸ੍ਰੀ ਭਗਵਾਨ ਗੁਣ ਨਿਧਾਨਾ, ਗੁਣ ਆਪਣਾ ਆਪਣੇ ਵਿਚ ਛੁਪਾਇੰਦਾ । ਪਾਰਬ੍ਰਹਮ ਪ੍ਰਭ ਹੋ ਪਰਧਾਨਾ, ਆਪਣੀ ਰਚਨਾ ਆਪ ਰਚਾਇੰਦਾ । ਬੰਕ ਦਵਾਰਾ ਇਕ ਸੁਹਾਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਖੇਲ ਆਪਣੇ ਹੱਥ ਰਖਾਇੰਦਾ । ਸਚਖੰਡ ਮਕਾਨ ਸ੍ਰੀ ਭਗਵੰਤ, ਸੋ ਪੁਰਖ ਨਿਰੰਜਣ ਆਪ ਸੁਹਾਈਆ । ਸਚਖੰਡ ਦਵਾਰਾ ਮਹਿਮਾ ਅਗਣਤ, ਲੇਖਾ ਲਿਖਤ ਵਿਚ ਨਾ ਆਈਆ । ਕਰੇ ਖੇਲ ਨਾਰੀ ਕੰਤ, ਨਰ ਨਰਾਇਣ ਆਪਣੀ ਸੇਜ ਹੰਢਾਈਆ । ਆਪੇ ਆਦਿ ਆਪੇ ਅੰਤ, ਮਧ ਆਪਣਾ ਬੰਧਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮਹੱਲਾ ਦਏ ਵਸਾਈਆ । ਸਚ ਮਹੱਲਾ ਸਚ ਦਵਾਰਾ, ਹਰਿ ਸਾਚਾ ਸਚ ਵਸਾਈਆ । ਕਰੇ ਖੇਲ ਅਗੰਮ ਅਪਾਰਾ, ਅਲਖ ਅਗੋਚਰ ਬੇਪਰਵਾਹੀਆ । ਹੁਕਮੀ ਹੁਕਮ ਵਰਤੇ ਵਰਤਾਰਾ, ਆਪਣਾ ਹੁਕਮ

ਆਪ ਵਰਤਾਈਆ । ਆਪੇ ਪੁਰਖ ਆਪੇ ਨਾਰਾ, ਨਰ ਨਰਾਇਣ ਵਡੀ ਵਡਿਆਈਆ । ਆਪ ਉਪਜਾਏ ਸੁਤ ਦੁਲਾਰਾ, ਸ਼ਬਦੀ ਨਾਉਂ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸੁਤ ਦੁਲਾਰਾ ਦੇਵੇ ਦਾਤ, ਜਨ ਜਨਨੀ ਆਪ ਅਖਵਾਇੰਦਾ । ਪੁਰਖ ਅਬਿਨਾਸ਼ੀ ਪਿਤਾ ਮਾਤ, ਆਪਣੀ ਗੋਦ ਸੁਹਾਇੰਦਾ । ਨਿਰਗੁਣ ਬੱਧਾ ਨਿਰਗੁਣ ਨਾਤ, ਨਿਰਗੁਣ ਜੋੜ ਜੁੜਾਇੰਦਾ । ਨਿਰਗੁਣ ਦੇਵੇ ਸਾਚੀ ਦਾਤ, ਨਿਰਗੁਣ ਝੋਲੀ ਪਾਇੰਦਾ । ਨਿਰਗੁਣ ਸੇਜਾ ਨਿਰਗੁਣ ਖਾਟ, ਨਿਰਗੁਣ ਆਸਣ ਲਾਇੰਦਾ । ਨਿਰਗੁਣ ਪੁੱਛੇ ਨਿਰਗੁਣ ਵਾਤ, ਨਿਰਗੁਣ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਸੋਭਾ ਪਾਇੰਦਾ । ਘਰ ਸਾਚਾ ਆਪ ਸੁਹਾਇਆ, ਕਰ ਕਿਰਪਾ ਗੁਣ ਨਿਧਾਨ । ਬਣ ਦਾਈ ਦਾਇਆ ਸੇਵ ਕਮਾਇਆ, ਕਰੇ ਸੇਵ ਸ੍ਰੀ ਭਗਵਾਨ । ਆਦਿ ਜੁਗਾਦਿ ਸੁਤ ਸ਼ਬਦੀ ਨਾਉਂ ਧਰਾਇਆ, ਪਰਗਟ ਕਰੇ ਹੋ ਮਿਹਰਵਾਨ । ਆਪਣੀ ਇਛਿਆ ਆਪ ਪਰਗਟਾਇਆ, ਆਪੇ ਹੋਇਆ ਦਇਆਵਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਗੁਣ ਨਿਧਾਨ । ਗੁਣ ਨਿਧਾਨ ਖੇਲ ਖਿਲਾਇੰਦਾ, ਕਿਰਪਾ ਨਿਧ ਗਹਿਰ ਗੁਣ ਠਾਕਰ । ਆਪਣੀ ਰਚਨਾ ਆਪ ਰਚਾਇੰਦਾ, ਆਪੇ ਜਾਣੇ ਆਪਣਾ ਨਾਉਂ ਰਤੀ ਰਤਨਾਗਰ । ਆਪਣੇ ਮੰਦਰ ਆਪ ਵਸਾਇੰਦਾ, ਆਪੇ ਬਣੇ ਸਚ ਸੌਦਾਗਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ ਆਪਣਾ ਆਪ ਕਰੇ ਉਜਾਗਰ । ਆਪਣਾ ਨਾਉਂ ਆਪੇ ਰੱਖ, ਆਪਣੀ ਖੇਲ ਖਿਲਾਈਆ । ਸਚਖੰਡ ਦਵਾਰੇ ਹੋ ਪਰਤੱਖ, ਘਰ ਸਾਚੇ ਵੱਜੀ ਵਧਾਈਆ । ਆਪ ਆਪਾ ਕੀਤਾ ਵੱਖ, ਨਿਰਗੁਣ ਨਿਰਗੁਣ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਤ ਏਕਾ ਜਾਈਆ । ਸ਼ਬਦ ਸੁਤ ਸਚ ਦੁਲਾਰਾ, ਹਰਿ ਹਰਿ ਆਪ ਉਪਾਇਆ । ਕਰੇ ਖੇਲ ਅਪਰ ਅਪਾਰਾ, ਲੇਖਾ ਲਿਖਤ ਵਿਚ ਨਾ ਆਇਆ । ਕਾਗਦ ਕ਼ਲਮ ਨਾ ਲਿਖਣਹਾਰਾ, ਰਸਨਾ ਜਿਹਵਾ ਨਾ ਕੋਇ ਸਾਲਾਹਿਆ । ਕਰੇ ਖੇਲ ਏਕੰਕਾਰਾ, ਆਪ ਆਪਣੀ ਧਾਰ ਚਲਾਇਆ । ਆਪਣੀ ਇਛਿਆ ਭਰ ਭੰਡਾਰਾ, ਆਪੇ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਵਿਚ ਘਰ ਲਏ ਪਰਗਟਾਇਆ । ਸਚਖੰਡ ਅੰਦਰ ਸਾਚਾ ਘਰ, ਥਿਰ ਘਰ ਆਪ ਖੁਲ੍ਹਾਇੰਦਾ । ਨਿਰਗੁਣ ਆਪੇ ਬੈਠਾ ਵੜ, ਆਪਣਾ ਆਸਣ ਲਾਇੰਦਾ । ਨਾ ਕੋਈ ਸੀਸ ਨਾ ਕੋਈ ਧੜ, ਤਤਵ ਤਤ ਨਾ ਕੋਇ ਜਣਾਇੰਦਾ । ਨਾ ਜਨਮੇ ਨਾ ਜਾਏ ਮਰ, ਜਨਮ ਮਰਨ ਵਿਚ ਨਾ ਆਇੰਦਾ । ਆਪ ਸੁਹਾਏ ਬੰਕ ਦਵਾਰ, ਬੰਕ ਦਵਾਰੀ ਵੇਸ ਵਟਾਇੰਦਾ । ਸੁਤ ਦੁਲਾਰੇ ਦੇਵੇ ਵਰ, ਸਾਚੀ ਵਸਤ ਅਮੋਲਕ ਝੋਲੀ ਪਾਇੰਦਾ । ਆਦਿ ਜੁਗਾਦੀ ਖੇਲ ਕਰ, ਸਾਚੀ ਖੇਲ ਆਪ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਸਾਚੇ ਬੈਠਾ ਚੜ੍ਹ, ਏਕਾ ਹੁਕਮ ਸੁਣਾਇੰਦਾ । ਨਿਰਗੁਣ ਭੂਪ ਬਣ ਬਣ ਰਾਣਾ, ਕਰੇ ਸੱਚੀ ਸ਼ਹਿਨਸ਼ਾਹੀਆ । ਦਰ ਦਰਵੇਸ਼ ਬਣੇ ਦਰਬਾਨਾ, ਦਰ ਆਪਣੇ ਅਲਖ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਆਪਣਾ ਲੇਖਾ ਆਪਣੇ ਹੱਥ ਰਖਾਈਆ । ਸੁਤ ਦੁਲਾਰੇ ਦੇਵੇ ਵਰ, ਸੋ ਪੁਰਖ ਨਿਰੰਜਣ ਦਇਆ ਕਮਾਇਆ । ਇਕ ਭੰਡਾਰਾ ਦੇਵੇ ਭਰ, ਅਤੋਟ ਅਤੁਟ ਰਖਾਇਆ । ਨਿਰਭੌ ਚੁਕਾਏ ਭੈ ਡਰ, ਭਿਆਨਕ ਰੂਪ ਨਾ ਕੋਇ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਸੁਣਾਇਆ । ਸਚ ਸੰਦੇਸ਼ ਸ੍ਰੀ ਭਗਵਾਨ

ਹਰਿ ਸ਼ਬਦੀ ਸ਼ਬਦ ਸੁਣਾਈਆ । ਨਿਰਗੁਣ ਨਿਰਗੁਣ ਕਰ ਪਰਵਾਨ, ਨਿਰਗੁਣ ਮੇਲਾ ਮੇਲ ਮਿਲਾਈਆ । ਨਿਰਗੁਣ ਵੇਖੇ ਸਚ ਨਿਸ਼ਾਨ, ਨਿਰਗੁਣ ਹੱਥ ਫੜਾਈਆ । ਨਿਰਗੁਣ ਉਪਰ ਨਿਰਗੁਣ ਹੋਏ ਮਿਹਰਵਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਬੰਧਨ ਆਪੇ ਪਾਈਆ । ਨਿਰਗੁਣ ਆਪਣਾ ਬੰਧਨ ਪਾ, ਆਪਣਾ ਹੁਕਮ ਜਣਾਇੰਦਾ । ਸਾਚੇ ਤਖ਼ਤ ਬੈਠ ਸੱਚਾ ਸ਼ਹਿਨਸ਼ਾਹ, ਸਾਚਾ ਅਦਲ ਕਮਾਇੰਦਾ । ਸੁਤ ਦੁਲਾਰਾ ਸੇਵਾ ਲਾ, ਏਕਾ ਰਾਹ ਵਖਾਇੰਦਾ । ਆਪਣੀ ਰਚਨਾ ਲਏ ਰਚਾ, ਰਚ ਰਚ ਆਪੇ ਵੇਖ ਵਖਾਇੰਦਾ । ਆਪਣੀ ਗੋਦੀ ਲਏ ਸੁਹਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮਾਰਗ ਆਪੇ ਲਾਇੰਦਾ । ਆਪਣਾ ਮਾਰਗ ਆਪੇ ਲੌਣਾ, ਆਪਣੀ ਦਇਆ ਕਮਾਈਆ । ਆਪਣਾ ਮੇਲ ਆਪ ਮਿਲੌਣਾ, ਮੇਲ ਮਿਲਾਵਾ ਆਪ ਕਰਾਈਆ । ਆਪਣੀ ਸੇਜ ਆਪ ਹੰਢੌਣਾ, ਆਪ ਆਪਣੇ ਰੰਗ ਸਮਾਈਆ । ਆਪਣਾ ਬੀਜ ਆਪ ਬਜੌਣਾ, ਫੁਲ ਫੁਲਵਾੜੀ ਆਪ ਜਣਾਈਆ । ਆਪਣੇ ਅੰਦਰ ਆਪ ਰਖੌਣਾ, ਆਪੇ ਵੇਖ ਵਖਾਈਆ । ਆਪਣੀ ਧਾਰ ਆਪ ਪਰਗਟੌਣਾ, ਨੂਰ ਨੂਰ ਡਗਮਗਾਈਆ । ਆਪੇ ਮਾਤ ਪਿਤਾ ਅਖਵੌਣਾ, ਆਪੇ ਹੋਏ ਜਣੇਂਦੀ ਮਾਈਆ । ਆਪਣਾ ਰੂਪ ਆਪ ਧਰੌਣਾ, ਰੂਪ ਅਨੂਪ ਆਪ ਹੋ ਜਾਈਆ । ਆਪੇ ਵਿਸ਼ਵ ਵੇਸ ਵਟੌਣਾ, ਵਿਸ਼ਨੂੰ ਆਪਣਾ ਅੰਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਜਣਾਈਆ । ਆਪੇ ਵਿਸ਼ਨੂੰ ਵਿਸ਼ਵ ਧਾਰ, ਹਰਿ ਸਾਚਾ ਖੇਲ ਖਿਲਾਇੰਦਾ । ਆਪੇ ਜੋਤ ਨਿਰਾਕਾਰ, ਨਿਰਗੁਣ ਰੂਪ ਵਟਾਇੰਦਾ । ਆਪੇ ਵਸੇ ਸਚ ਦਵਾਰ, ਸਾਚੇ ਮੰਦਰ ਸੋਭਾ ਪਾਇੰਦਾ । ਆਪੇ ਹੁਕਮ ਆਪ ਵਰਤਾਰ, ਆਪੇ ਨਿਉਂ ਨਿਉਂ ਸੀਸ ਝੁਕਾਇੰਦਾ । ਆਪੇ ਭਰੇ ਸਚ ਭੰਡਾਰ, ਸਾਚੀ ਵਸਤ ਆਪ ਵਰਤਾਇੰਦਾ । ਚਰਨ ਚਰਨ ਨਾਲ ਕਰੇ ਪਿਆਰ, ਚਰਨ ਚਰਨੋਦਕ ਆਪ ਪਰਗਟਾਇੰਦਾ । ਵਿਸ਼ਨੂੰ ਦੇਵੇ ਇਕ ਸਹਾਰ, ਆਤਮ ਅੰਤਰ ਆਪ ਧਰਾਇੰਦਾ । ਨਾਭੀ ਕਵਲ ਕਰ ਪਸਾਰ, ਅੰਮ੍ਰਿਤ ਰਸ ਭਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸ਼ਬਦੀ ਬੰਧਨ ਪਾਇੰਦਾ । ਅੰਮ੍ਰਿਤ ਰਸ ਖੇਲ ਅਪਾਰਾ, ਸੋ ਪੁਰਖ ਨਿਰੰਜਣ ਆਪ ਉਪਾਈਆ । ਸਾਚੇ ਮੰਦਰ ਕਰ ਪਸਾਰਾ, ਆਪਣੀ ਬਣਤ ਬਣਾਈਆ । ਨਾ ਕੋਈ ਵੇਖੇ ਵੇਖਣਹਾਰਾ, ਨੇਤਰ ਨੈਣ ਦਿਸ ਕਿਸੇ ਨਾ ਆਈਆ । ਕਰੇ ਖੇਲ ਅਗੰਮ ਅਪਾਰਾ, ਅਲਖ ਅਗੋਚਰ ਸੱਚਾ ਸ਼ਹਿਨਸ਼ਾਹੀਆ । ਆਪੇ ਵਸਤ ਬਣੇ ਹਰਿ ਥਾਰਾ, ਆਪੇ ਦਏ ਵਰਤਾਈਆ । ਸਾਚਾ ਸ਼ਬਦ ਸਚ ਪਸਾਰਾ, ਹਰਿ ਸਾਚਾ ਸਚ ਕਰਾਈਆ । ਆਪੇ ਵਿਸ਼ਨ ਬ੍ਰਹਮ ਦਏ ਆਧਾਰਾ, ਆਪਣਾ ਰੰਗ ਰੰਗਾਈਆ । ਆਪੇ ਸਾਜਣ ਮੀਤ ਮੁਰਾਰਾ, ਸਗਲਾ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪਣੇ ਹੱਥ ਰਖਾਈਆ । ਆਪੇ ਵਿਸ਼ਨ ਬ੍ਰਹਮਾ ਪਾਏ ਪੰਧ, ਅਚਰਜ ਖੇਲ ਖਿਲਾਇੰਦਾ । ਆਪੇ ਸੁੰਨ ਅਗੰਮੀ ਵਸੇ ਧੁੰਦ, ਧੁੰਦੂਕਾਰ ਆਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਖਿਲਾਇੰਦਾ । ਖੇਲੇ ਖੇਲ ਖੇਲਣਹਾਰਾ ਆਪਣੀ ਦਇਆ ਕਮਾਈਆ । ਕਰੇ ਕਾਰ ਕਰਤਾ ਪੁਰਖ ਕਰਨੇਹਾਰਾ, ਆਪਣੀ ਕਰਨੀ ਆਪ ਕਰਾਈਆ । ਆਪੇ ਸ਼ੰਕਰ ਦਏ ਹੁਲਾਰਾ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਏਕਾ ਹੁਕਮ ਇਕ ਵਰਤਾਰਾ, ਏਕਾ ਰਿਹਾ ਸਮਝਾਈਆ । ਏਕਾ ਮੰਦਰ ਇਕ ਦਵਾਰਾ, ਏਕਾ ਰਿਹਾ ਉਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਦੁਲਾਰੇ ਦਿਤਾ ਵਰ, ਵਿਸ਼ਨ ਬ੍ਰਹਮਾ ਸ਼ਿਵ ਆਪਣੀ ਗੋਦ ਸੁਹਾਈਆ । ਵਿਸ਼ਨ ਬ੍ਰਹਮਾ

ਸ਼ਿਵ ਹਰਿ ਜਾ, ਆਪਣਾ ਬੰਸ ਸੁਹਾਇਆ । ਏਕਾ ਹੁਕਮ ਦਏ ਵਰਤਾ, ਏਕਾ ਰਾਗ ਅਲਾਇਆ । ਏਕਾ ਮੰਦਰ ਦਏ ਵਖਾ, ਏਕਾ ਘਰ ਵਡਿਆਇਆ । ਏਕਾ ਰੂਪ ਲਏ ਪਰਗਟਾ, ਏਕਾ ਨਜ਼ਰੀ ਆਇਆ । ਏਕਾ ਇਸ਼ਟ ਲਏ ਮਨਾ, ਏਕਾ ਸੀਸ ਝੁਕਾਇਆ । ਏਕਾ ਦ੍ਰਿਸ਼ਟ ਦਏ ਖੁਲ੍ਹਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਨਿਰਗੁਣ ਵੇਸ ਵਟਾਇਆ । ਨਿਰਗੁਣ ਵੇਸ ਵੇਸ ਅਵੱਲਾ, ਸੋ ਪੁਰਖ ਨਿਰੰਜਣ ਆਪ ਕਰਾਈਆ । ਆਪਣੀ ਖੇਲ ਕਰੇ ਇਕ ਇਕੱਲਾ, ਦੂਸਰ ਸੰਗ ਨਾ ਕੋਇ ਰਲਾਈਆ । ਸਚਖੰਡ ਵਸਾਏ ਆਪ ਮਹੱਲਾ, ਥਿਰ ਘਰ ਸਾਚੇ ਸੋਭਾ ਪਾਈਆ । ਵਿਸ਼ਨ ਬ੍ਰਹਮਾ ਸ਼ਿਵ ਫੜਾਇਆ ਪੱਲਾ, ਏਕਾ ਪੱਲੂ ਹੱਥ ਰਖਾਈਆ । ਸਚ ਸੰਦੇਸ ਏਕਾ ਘੱਲਾ, ਨਾਉਂ ਨਿਰੰਕਾਰਾ ਕਰੇ ਪੜ੍ਹਾਈਆ । ਜੋਤੀ ਸ਼ਬਦੀ ਆਪੇ ਰੱਲਾ, ਸ਼ਬਦ ਸ਼ਬਦੀ ਧਾਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਚਰਜ ਆਪਣੀ ਖੇਲ ਖਿਲਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰ ਤਿਆਰ, ਹਰਿ ਸਾਚਾ ਖੇਲ ਖਿਲਾਇੰਦਾ । ਸ਼ਾਹ ਪਾਤਸ਼ਾਹ ਬਣ ਸੱਚੀ ਸਰਕਾਰ, ਸੀਸ ਆਪਣੇ ਤਾਜ ਟਿਕਾਇੰਦਾ । ਹੁਕਮੀ ਹੁਕਮ ਵਰਤੇ ਵਰਤਾਰ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਨਿਰਗੁਣ ਨਿਰਗੁਣ ਸੁਣਾਏ ਗ਼ੁਫ਼ਤਾਰ, ਰਸਨਾ ਜੇਹਵਾ ਨਾ ਕੋਇ ਹਿਲਾਇੰਦਾ । ਸਾਚੇ ਮੰਦਰ ਕਰੇ ਸਚ ਪਿਆਰ, ਸਾਚੀ ਸਿਖਿਆ ਇਕ ਸਮਝਾਇੰਦਾ । ਵੇਖੇ ਵਿਗਸੇ ਕਰੇ ਵਿਚਾਰ, ਆਪੇ ਵੇਖੇ ਨਜ਼ਰ ਨਾ ਆਇੰਦਾ । ਨਾ ਕੋਈ ਸੂਰਜ ਚੰਨ ਉਜਿਆਰ, ਮੰਡਲ ਮੰਡਪ ਨਾ ਕੋਇ ਵਖਾਇੰਦਾ । ਨਾ ਕੋਈ ਜੰਗਲ ਜੂਹ ਉਜਾੜ ਪਹਾੜ, ਡੂੰਘੀ ਕੰਦਰ ਸਾਗਰ ਨਾ ਕੋਇ ਰਖਾਇੰਦਾ । ਲੱਖ ਚੁਰਾਸੀ ਨਾ ਕੋਇ ਅਖਾੜ, ਘੜ ਭਾਂਡੇ ਨਾ ਕੋਇ ਵਖਾਇੰਦਾ । ਨਾ ਕੋਈ ਗੁਰੂ ਨਾ ਅਵਤਾਰ, ਸਾਧ ਸੰਤ ਨਜ਼ਰ ਕੋਇ ਨਾ ਆਇੰਦਾ । ਏਕਾ ਸ਼ਬਦ ਕਰ ਤਿਆਰ, ਨਾਦ ਅਨਾਦੀ ਆਪ ਪਰਗਟਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਦੇਵੇ ਇਕ ਸਹਾਰ, ਆਪ ਆਪਣੀ ਓਟ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਆਪੇ ਲਾਇੰਦਾ । ਸਾਚਾ ਮਾਰਗ ਹਰਿ ਕਰਤਾਰਾ, ਆਪਣਾ ਆਪ ਲਗਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇ ਸਹਾਰਾ, ਸਤਿ ਸਤਿਵਾਦੀ ਕਰੇ ਸਤਿ ਪੜ੍ਹਾਈਆ । ਏਕਾ ਮੰਦਰ ਇਕ ਦਵਾਰਾ, ਏਕਾ ਘਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਨਰ ਨਰੇਸ਼ਾ ਏਕਾ ਵਾਰ ਸੁਣਾਈਆ । ਨਰ ਨਰੇਸ਼ ਸ੍ਰੀ ਭਗਵਾਨ, ਸਚਖੰਡ ਦਵਾਰੇ ਸੋਭਾ ਪਾਇੰਦਾ । ਆਪੇ ਹੋਏ ਸਾਚਾ ਕਾਹਨ, ਸਾਚੇ ਦਰ ਸੋਭਾ ਪਾਇੰਦਾ । ਆਪੇ ਦੇਵੇ ਧੁਰ ਫ਼ਰਮਾਨ, ਧੁਰ ਦੀ ਬਾਣੀ ਆਪ ਅਲਾਇੰਦਾ । ਆਪੇ ਹੋਏ ਜਾਣੀ ਜਾਣ, ਆਪਣਾ ਪਰਦਾ ਆਪ ਚੁਕਾਇੰਦਾ । ਆਪੇ ਬਖ਼ਸ਼ੇ ਸਾਚਾ ਮਾਣ, ਸੀਸ ਜਗਦੀਸ ਹੱਥ ਰਖਾਇੰਦਾ । ਸਾਚੀ ਸੇਵਾ ਕਰ ਪਰਵਾਨ, ਸਚ ਪਰਵਾਨਾ ਹੱਥ ਫੜਾਇੰਦਾ । ਮੁਖ਼ਤਿਆ ਮੁਖ਼ਤਿਆਰ ਬਣੇ ਆਪ ਮਿਹਰਵਾਨ, ਮੁਫ਼ਤ ਆਪਣੀ ਵਸਤ ਵੰਡਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰਨ ਧਿਆਨ, ਨਿਉਂ ਨਿਉਂ ਸੀਸ ਸਰਬ ਝੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਦਇਆ ਆਪ ਕਮਾਇੰਦਾ । ਦਇਆ ਕਰੇ ਦੀਨ ਦਿਆਲਾ, ਆਪਣੀ ਦਇਆ ਕਮਾਈਆ । ਆਪਣਾ ਮਾਰਗ ਇਕ ਸੁਖਾਲਾ, ਤਿੰਨਾਂ ਦਏ ਜਣਾਈਆ । ਮੇਰਾ ਰੂਪ ਸਦਾ ਨਿਰਾਲਾ, ਨੂਰ ਮੇਰਾ ਸਰਬ ਸਮਾਈਆ । ਸਾਚਾ ਮੰਦਰ ਸੱਚੀ ਧਰਮਸਾਲਾ, ਘਰ ਸਾਚਾ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਹੁਕਮ ਦਏ ਵਰਤਾਈਆ । ਏਕਾ ਹੁਕਮ ਕਰੇ ਵਰਤਾਰਾ, ਹਰਿ ਸਾਚਾ ਸਚ ਜਣਾਇੰਦਾ । ਵਿਸ਼ਨੂੰ ਤੇਰਾ ਸਤਿ ਭੰਡਾਰਾ, ਸਤਿ ਸਤਿਵਾਦੀ

ਆਪ ਭਰਾਇੰਦਾ । ਬ੍ਰਹਮਾ ਤੇਰਾ ਬ੍ਰਹਮ ਪਸਾਰਾ, ਪਾਰਬ੍ਰਹਮ ਆਪ ਕਰਾਇੰਦਾ । ਸ਼ੰਕਰ ਤੇਰਾ ਅੰਤ ਨਗਾਰਾ, ਨਿਰਗੁਣ ਸਰਗੁਣ ਆਪ ਵਜਾਇੰਦਾ । ਕਰੇ ਖੇਲ ਵਿਚ ਸੰਸਾਰਾ, ਲੋਕਮਾਤ ਰਚਨ ਰਚਾਇੰਦਾ । ਲੱਖ ਚੁਰਾਸੀ ਲੱਗੇ ਅਖਾੜਾ, ਤ੍ਰੈਗੁਣ ਵਸਤ ਆਪ ਵਰਤਾਇੰਦਾ । ਪੰਜ ਤੱਤ ਦਏ ਪਿਆਰਾ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮੇਲ ਮਿਲਾਇੰਦਾ । ਨਿਰਗੁਣ ਸਰਗੁਣ ਕਰੇ ਵਿਚਾਰਾ, ਸਰਗੁਣ ਨਿਰਗੁਣ ਮੇਲ ਮਿਲਾਇੰਦਾ । ਮਨ ਮਤ ਬੁਧ ਦਏ ਸਹਾਰਾ, ਜੋਤੀ ਆਪਣੀ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਫ਼ਰਮਾਨਾ ਆਪ ਜਣਾਇੰਦਾ । ਵਿਸ਼ਨ ਸੁਣਿਆ ਹਰਿ ਫ਼ਰਮਾਨ, ਪ੍ਰਭ ਅੱਗੇ ਸੀਸ ਝੁਕਾਇਆ । ਤੂੰ ਸਾਹਿਬ ਸੱਚਾ ਸੁਲਤਾਨ, ਹਉਂ ਸੇਵਕ ਸੇਵ ਕਮਾਇਆ । ਤੂੰ ਦਾਤਾ ਗੁਣ ਨਿਧਾਨ, ਹਉਂ ਮੰਗਣ ਦਰ ਤੇ ਆਇਆ । ਏਕਾ ਦੇਣਾ ਸਾਚਾ ਦਾਨ, ਅਤੋਟ ਅਤੁਟ ਰਖਾਇਆ । ਆਦਿ ਜੁਗਾਦਿ ਨਾ ਆਵੇ ਹਾਣ, ਸਦਾ ਸਦ ਤੇਰੀ ਓਟ ਤਕਾਇਆ । ਮੇਰਾ ਤੇਰਾ ਇਕ ਮਕਾਨ, ਵਿਛੜ ਕਦੇ ਨਾ ਜਾਇਆ । ਤੂੰ ਮੇਰਾ ਮੈਂ ਤੇਰੀ ਕਰਾਂ ਪਛਾਣ, ਤੇਰਾ ਮੇਰਾ ਏਕਾ ਅੰਕ ਦੂਜਾ ਅੰਕ ਨਾ ਕੋਇ ਬਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਅਭੁਲ ਭੁਲ ਕਦੇ ਨਾ ਜਾਇਆ । ਦੇਵੇ ਵਰ ਸ੍ਰੀ ਭਗਵਾਨਾ, ਆਪਣੀ ਦਇਆ ਕਮਾਈਆ । ਤੇਰਾ ਝੁਲਾਏ ਸਚ ਨਿਸ਼ਾਨਾ, ਦੋ ਜਹਾਨ ਵੱਜੇ ਵਧਾਈਆ । ਆਦਿ ਜੁਗਾਦਿ ਤੇਰਾ ਰੰਗ ਰੰਗੇ ਹੋ ਮਿਹਰਵਾਨਾ, ਰੰਗ ਰੰਗੀਲਾ ਸਾਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਗੁਣ ਦਏ ਸਮਝਾਈਆ । ਏਕਾ ਗੁਣ ਸਮਝਾਇੰਦਾ, ਪਾਰਬ੍ਰਹਮ ਬੇਅੰਤ । ਵਿਸ਼ਨੂੰ ਆਪਣੇ ਅੰਗ ਲਗਾਇੰਦਾ, ਆਪ ਬਣਾਈ ਸਾਚੀ ਬਣਤ । ਤੇਰੀ ਸਾਚੀ ਸੇਵ ਜਣਾਇੰਦਾ, ਜੁਗ ਜੁਗ ਸੇਵਾ ਲਾਏ ਆਦਿ ਅੰਤ । ਵਿਛੜ ਕਦੇ ਨਾ ਜਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸ੍ਰੀ ਭਗਵੰਤ । ਸ੍ਰੀ ਭਗਵਾਨ ਸਚ ਜਣਾਇਆ, ਆਪਣਾ ਪਰਦਾ ਖੋਲ੍ਹ । ਨਿਰਗੁਣ ਸਰਗੁਣ ਤੇਰਾ ਰੂਪ ਰਖਾਇਆ, ਅਗੰਮ ਅਗੰਮੜਾ ਤੋਲੇ ਤੋਲ । ਲੱਖ ਚੁਰਾਸੀ ਲਏ ਉਪਾਇਆ, ਤੇਰਾ ਭੰਡਾਰ ਰੱਖੇ ਅਡੋਲ । ਜੁਗਾ ਜੁਗੰਤਰ ਲਏ ਵਰਤਾਇਆ, ਸਚ ਵਸਤ ਰੱਖੇ ਤੇਰੇ ਕੋਲ । ਤੈਨੂੰ ਮੁਖ਼ਤਿਆਰ ਇਕ ਬਣਾਇਆ, ਵਿਸ਼ਨੂੰ ਕੀਤਾ ਹਰਿ ਹਰਿ ਕੌਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜੋਤ ਆਪੇ ਸ਼ਬਦ ਆਪੇ ਰਿਹਾ ਆਪਣੇ ਅੰਦਰ ਮੌਲ । ਬਣ ਮੁਖ਼ਤਿਆਰ ਖ਼ੁਸ਼ੀ ਮਨਾਏ, ਹਰਿ ਸਾਚੇ ਹੁਕਮ ਜਣਾਇਆ । ਜੋ ਮਿਲਿਆ ਘਰ ਲਏ ਟਿਕਾਏ, ਆਪਣੇ ਹੱਥ ਰਖਾਇਆ । ਮੇਰਾ ਤੇਰਾ ਮੇਲਾ ਸਹਿਜ ਸੁਭਾਏ, ਘਰ ਸਾਚੇ ਵੱਜੇ ਵਧਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਹੁਕਮ ਜਣਾਇਆ । ਵਿਸ਼ਨੂੰ ਕਰੇ ਪੁਕਾਰ, ਏਕਾ ਵਾਰ ਜਣਾਈਆ । ਤੂੰ ਸਾਹਿਬ ਸੱਚਾ ਦਾਤਾਰ, ਤੇਰੀ ਮੇਰੀ ਇਕ ਸਰਨਾਈਆ । ਆਦਿ ਜੁਗਾਦਿ ਤੂੰ ਇਕ ਰਹੇਂ ਮੁਖ਼ਤਿਆਰ, ਤੁਧ ਬਿਨ ਮੁਖ਼ਤਿਆਰੀ, ਹੱਥ ਕਿਸੇ ਨਾ ਆਈਆ । ਤੂੰ ਮੇਰਾ ਕੀਤਾ ਆਕਾਰ, ਨਿਰਾਕਾਰ ਤੇਰੀ ਵਡਿਆਈਆ । ਮੈਂ ਤੇਰੇ ਅੱਗੇ ਝੋਲੀ ਬੈਠਾ ਪਸਾਰ, ਮੇਰੀ ਝੋਲੀ ਦੇ ਭਰਾਈਆ । ਕਵਣ ਵੇਲਾ ਕਵਣ ਵਕ਼ਤ ਕਰੇਂ ਪਿਆਰ, ਆਪ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਗੁਣ ਦੇ ਸਮਝਾਈਆ । ਆਪਣਾ ਗੁਣ ਹਰਿ ਸਮਝਾਇਆ, ਵਿਸ਼ਨ ਦਏ ਆਧਾਰ । ਆਮ ਮੁਖ਼ਤਿਆਰ ਤੈਨੂੰ ਬਣਾਇਆ, ਦਿਤਾ ਹੁਕਮ ਸੱਚੀ ਸਰਕਾਰ । ਨੌਂ ਸੌ ਚੁਰਾਨਵੇ ਜੁਗ ਤੇਰੀ ਸੇਵਾ ਲਾਇਆ, ਜੁਗ

ਚੌਕੜੀ ਬੀਤੇ ਵਾਰੋ ਵਾਰ । ਅੰਤਮ ਅੰਤ ਲਏ ਮਿਲਾਇਆ, ਨਿਰਗੁਣ ਨਿਰਗੁਣ ਹੋ ਉਜਿਆਰ । ਤੇਰਾ ਪੰਧ ਦਏ ਮੁਕਾਇਆ, ਪਾਂਧੀ ਬਣ ਬਣ ਸਿਰਜਣਹਾਰ । ਤੇਰਾ ਲੇਖਾ ਵੇਖ ਵਖਾਇਆ । ਆਪੇ ਖੋਲ੍ਹੇ ਆਪਣਾ ਸਚ ਕਿਵਾੜ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਦੱਸੇ ਸਚ ਵਿਹਾਰ । ਆਮ ਮੁਖ਼ਤਿਆਰ ਬਣਾਇਆ ਹਰਿ, ਹਰਿ ਅਵਾਮ ਦਏ ਸਲਾਹੀਆ । ਸਰਬ ਜੀਆਂ ਦਾ ਏਕਾ ਯਾਰ, ਯਾਰ ਯਾਰੀ ਰਿਹਾ ਨਿਭਾਈਆ । ਦੋ ਜਹਾਨਾਂ ਪਾਵੇ ਸਾਰ, ਬੇਅੰਤ ਬੇਪਰਵਾਹੀਆ । ਭੁਲ ਨਾ ਜਾਏ ਬਣ ਗਵਾਰ, ਅਭੁਲ ਨਾਉਂ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਦੇਵੇ ਸਚ ਸਲਾਹੀਆ । ਸਚ ਸਲਾਹ ਦੇਵੇ ਨਿਰੰਕਾਰਾ, ਆਪਣੀ ਖੇਲ ਖਿਲਾਇਆ । ਤੇਰਾ ਮੇਰਾ ਇਕ ਪਿਆਰਾ, ਸਚ ਵਿਹਾਰਾ ਦਏ ਸਮਝਾਇਆ । ਲੱਖ ਚੁਰਾਸੀ ਦੇ ਭੰਡਾਰਾ, ਸਚ ਭੰਡਾਰੀ ਹੱਥ ਫੜਾਇਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਉਤਰੇ ਪਾਰਾ, ਕਲਜੁਗ ਅੰਤਮ ਰੰਗ ਵਖਾਇਆ । ਕਾਗਦ ਕ਼ਲਮ ਨਾ ਲਿਖਣਹਾਰਾ, ਲਿਖ ਸਕੇ ਨਾ ਕੋਇ ਸ਼ਾਹਿਆ । ਆਪਣੇ ਖੇਲ ਆਪਣੇ ਹੱਥ ਰੱਖੇ ਕਰਤਾਰਾ, ਕਰਨੀ ਕਿਰਤ ਆਪ ਕਮਾਇਆ । ਵਿਸ਼ਨੂੰ ਸੁਣੇ ਸੁਣਨੇਹਾਰਾ, ਹਰਿ ਸਾਚੇ ਸ਼ਬਦ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮੇਲਾ ਦਏ ਸਮਝਾਇਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਪੰਧ ਮੁਕੌਣਾ, ਹਰਿ ਸਾਚਾ ਸਚ ਜਣਾਈਆ । ਨਿਰਗੁਣ ਨਿਰਗੁਣ ਜਾਮਾ ਪੌਣਾ, ਜੋਤੀ ਜੋਤ ਜੋਤ ਰੁਸ਼ਨਾਈਆ । ਚਾਰ ਜੁਗ ਚੌਕੜੀ ਵੇਖ ਵਖੌਣਾ, ਜੁਗ ਚੌਕੜੀ ਪਰਦਾ ਲਾਹੀਆ । ਆਪਣਾ ਡੰਕਾ ਇਕ ਵਜੌਣਾ, ਤੇਰੀ ਮੇਰੀ ਧਾਰ ਚਲਾਈਆ । ਸੋ ਪੁਰਖ ਨਿਰੰਜਣ ਆਪ ਅਖਵੌਣਾ, ਹੰ ਬ੍ਰਹਮ ਤੇਰੀ ਵੇਖੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਦਏ ਚੁਕਾਈਆ । ਆਪਣਾ ਪਰਦਾ ਲਏ ਉਠਾ, ਸੋ ਪੁਰਖ ਨਿਰੰਜਣ ਦਇਆ ਕਮਾਇੰਦਾ । ਆਪਣਾ ਰੂਪ ਲਏ ਪਰਗਟਾ, ਨਿਰਵੈਰ ਆਪਣੀ ਖੇਲ ਖਿਲਾਇੰਦਾ । ਅਜੂਨੀ ਰਹਿਤ ਹੋਏ ਸਹਾ, ਜੂਨ ਅਜੂਨੀ ਖੇਲ ਕਰਾਇੰਦਾ । ਮੂਰਤ ਅਕਾਲ ਡਗਮਗਾ, ਜੋਤ ਉਜਾਲਾ ਆਪ ਪਰਗਟਾਇੰਦਾ । ਵਸਣਹਾਰਾ ਹਰ ਘਟ ਥਾਂ, ਥਾਨ ਥਨੰਤਰ ਸੋਭਾ ਪਾਇੰਦਾ । ਆਪਣਾ ਕੀਤਾ ਕੌਲ ਲਏ ਨਿਭਾ, ਕੀਤਾ ਕੌਲ ਭੁਲ ਨਾ ਜਾਇੰਦਾ । ਜਗਤ ਵਿਦਿਆ ਵਿਚ ਲੇਖਾ ਸਕੇ ਨਾ ਕੋਇ ਗਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨੂੰ ਆਪਣੀ ਧਾਰ ਚਲਾਇੰਦਾ । ਨਵ ਨੌਂ ਚਾਰ ਮਿਲੀ ਮੁਖ਼ਤਿਆਰੀ, ਨਵ ਨੌਂ ਚਾਰ ਸੇਵ ਕਮਾਈਆ । ਨਵ ਨੌਂ ਚਾਰ ਬਣ ਭੰਡਾਰੀ, ਨਵ ਨੌਂ ਚਾਰ ਦਏ ਵਰਤਾਈਆ । ਨਵ ਨੌਂ ਚਾਰ ਕਰੇ ਸੱਚੀ ਯਾਰੀ, ਨਵ ਨੌਂ ਚਾਰ ਸਚ ਯਾਰੜਾ ਵੇਖ ਵਖਾਈਆ । ਨਵ ਨੌਂ ਚਾਰ ਮਿਲੀ ਸਿਕਦਾਰੀ, ਸ਼ਾਹ ਪਾਤਸ਼ਾਹ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮੁਖ਼ਤਿਆਰੀ ਆਪ ਸਮਝਾਈਆ । ਸਚ ਮੁਖ਼ਤਿਆਰ ਬ੍ਰਹਮ ਬ੍ਰਹਿਮਾਦਿ, ਹਰਿ ਬ੍ਰਹਮਾ ਪਾਰਬ੍ਰਹਮ ਉਪਾਇਆ । ਇਕ ਸੁਣਾਇਆ ਸਾਚਾ ਨਾਦ, ਅਨਾਦੀ ਨਾਦ ਵਜਾਇਆ । ਭੇਵ ਖੁਲ੍ਹਾਇਆ ਬੋਧ ਅਗਾਧ, ਬੋਧ ਅਗਾਧਾ ਹੁਕਮ ਵਰਤਾਇਆ । ਧੁਰ ਫ਼ਰਮਾਨਾ ਆਪੇ ਕਾਢ, ਸਾਚਾ ਲੇਖ ਜਣਾਇਆ । ਲੇਖਾ ਜਾਣੇ ਚਾਰ ਵੇਦ, ਵੇਦ ਵੇਦਾਂਤਾ ਮੂਲ ਚੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੂਪ ਆਪ ਜਣਾਇਆ । ਆਤਮ ਬ੍ਰਹਮ ਬ੍ਰਹਮ ਪਸਾਰਾ, ਪਾਰਬ੍ਰਹਮ ਵਡਿਆਈਆ । ਈਸ਼ ਜੀਵ ਕਰ ਉਜਿਆਰਾ, ਜਗਦੀਸ ਖ਼ੁਸ਼ੀ ਮਨਾਈਆ । ਨਿਰਗੁਣ ਤ੍ਰੈਗੁਣ ਮਾਇਆ ਤੱਤ ਵਿਚਾਰਾ, ਰਜੋ ਤਮੋ ਸਤੋ ਨਾਲ ਮਿਲਾਈਆ । ਪੰਚਮ

ਪੰਚ ਹੋਏ ਉਜਿਆਰਾ, ਦਸ ਦਸ ਆਪਣਾ ਰੰਗ ਵਟਾਈਆ । ਕਰੇ ਖੇਲ ਆਪ ਕਰਤਾਰਾ, ਕ਼ਾਦਰ ਕ਼ੁਦਰਤ ਰੂਪ ਵਟਾਈਆ । ਅੰਡਜ ਜੇਰਜ ਉਤਭੁਜ ਸੇਤਜ ਕਰ ਪਸਾਰਾ, ਚਾਰੇ ਖਾਣੀ ਵਣਜ ਵਖਾਈਆ । ਏਕਾ ਨਾਮ ਸੱਚਾ ਜੈਕਾਰਾ, ਚਾਰੇ ਬਾਣੀ ਲਏ ਪਰਗਟਾਈਆ । ਪਰਾ ਪਸੰਤੀ ਮਧਮ ਬੈਖਰੀ ਆਪੇ ਗਾਏ ਆਪਣੀ ਵਾਰਾ, ਵਾਰ ਆਪਣੀ ਆਪ ਸੁਣਾਈਆ । ਚਾਰੇ ਜੁਗ ਦਏ ਸਹਾਰਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਬੰਧਨ ਪਾਈਆ । ਚਾਰ ਵਰਨ ਕਰੇ ਉਜਿਆਰਾ, ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਨਾਲ ਰਲਾਈਆ । ਬ੍ਰਹਮੇ ਤੇਰਾ ਬ੍ਰਹਮ ਪਸਾਰਾ, ਲੱਖ ਚੁਰਾਸੀ ਦਏ ਮਿਲਾਈਆ । ਘਰ ਮੰਦਰ ਕਰ ਤਿਆਰਾ, ਘਰ ਘਰ ਵਿਚ ਲਏ ਛੁਪਾਈਆ । ਡੂੰਘੀ ਕੰਦਰ ਖੇਲ ਨਿਆਰਾ, ਨਿਰਗੁਣ ਸਰਗੁਣ ਆਪ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸੱਚਾ ਵਰ, ਬ੍ਰਹਮੇ ਤੇਰੀ ਬ੍ਰਹਮ ਵਡਿਆਈਆ । ਪਾਰਬ੍ਰਹਮ ਬ੍ਰਹਮ ਬਣਾਇਆ ਮੀਤ ਮੁਰਾਰ, ਆਪਣਾ ਮੇਲ ਮਿਲਾਈਆ । ਆਤਮ ਪਰਮਾਤਮ ਬਣਿਆ ਸਾਚਾ ਯਾਰ, ਸਗਲਾ ਸੰਗ ਨਿਭਾਈਆ । ਕਰੇ ਖੇਲ ਸੱਚੀ ਸਰਕਾਰ, ਸਾਖਿਆਤ ਜੋਤੀ ਜੋਤ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦਰ ਘਰ ਸਾਚੇ ਸੋਭਾ ਪਾਈਆ । ਦਰ ਘਰ ਸਾਚਾ ਸੋਭਾਵੰਤ, ਸੋ ਪੁਰਖ ਨਿਰੰਜਣ ਆਪ ਸੁਹਾਇੰਦਾ । ਪਾਰਬ੍ਰਹਮ ਬ੍ਰਹਮ ਬਣਿਆ ਨਾਰੀ ਕੰਤ, ਹਰਿ ਸਾਚੀ ਸੇਜ ਹੰਢਾਇੰਦਾ । ਆਪੇ ਮਣੀਆ ਆਪੇ ਮੰਤ, ਆਪੇ ਆਪਣਾ ਨਾਉਂ ਦ੍ਰਿੜਾਇੰਦਾ । ਆਪ ਉਪਾਏ ਆਪਣੇ ਜੰਤ, ਆਪੇ ਵੇਖ ਵਖਾਇੰਦਾ । ਆਪੇ ਸਾਧ ਆਪੇ ਸੰਤ, ਆਪੇ ਸਤਿਗੁਰ ਰੂਪ ਵਟਾਇੰਦਾ । ਆਪੇ ਭੁੱਖਾ ਆਪੇ ਨੰਗਤ, ਆਪੇ ਸ਼ਾਹ ਪਾਤਸ਼ਾਹ ਆਪਣਾ ਹੁਕਮ ਅਲਾਇੰਦਾ । ਆਪੇ ਦਰ ਦਰਵੇਸ਼ ਬਣੇ ਮੰਗਤ, ਆਪੇ ਸਾਚੀ ਵਸਤ ਝੋਲੀ ਪਾਇੰਦਾ । ਆਪੇ ਚਾੜ੍ਹੇ ਸਾਚੀ ਰੰਗਤ, ਆਪੇ ਰੰਗ ਵਾਂਗ ਕਾਫ਼ੂਰ ਉਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮੇ ਦੇਵੇ ਏਕਾ ਵਰ, ਸਚ ਭੰਡਾਰਾ ਆਪ ਵਰਤਾਇੰਦਾ । ਬ੍ਰਹਮੇ ਤੇਰਾ ਬ੍ਰਹਮ ਭੰਡਾਰਾ, ਸਾਚਾ ਸਚ ਵਰਤਾਈਆ । ਲੱਖ ਚੁਰਾਸੀ ਕਰ ਪਸਾਰਾ, ਘਾੜਤ ਘੜਤ ਘੜਾਈਆ । ਘਰ ਘਰ ਨਾਦ ਵੱਜੇ ਧੁਨਕਾਰਾ, ਅਨਹਦ ਸ਼ਬਦ ਸੁਣਾਈਆ । ਘਰ ਘਰ ਸਖ਼ੀਆਂ ਮੰਗਲਚਾਰਾ, ਗੀਤ ਗੋਬਿੰਦ ਅਲਾਈਆ । ਘਰ ਘਰ ਮਿਲੇ ਠਾਕਰ ਪਿਆਰਾ, ਠੋਕਰ ਨਾਮ ਲਗਾਈਆ । ਘਰ ਘਰ ਚਤੁਰਭੁਜ ਦਏ ਸਹਾਰਾ, ਰੂਪ ਅਨੂਪ ਵਟਾਈਆ । ਘਰ ਘਰ ਆਦਿ ਸ਼ਕਤ ਹੋ ਉਜਿਆਰਾ, ਨੂਰ ਨੁਰਾਨਾ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਾਰਬ੍ਰਹਮ ਬ੍ਰਹਮ ਤੇਰਾ ਦਰ ਸੁਹਾਈਆ । ਬ੍ਰਹਮੇ ਸੋਹੇ ਤੇਰਾ ਬੰਕ, ਹਰਿ ਸਾਚਾ ਆਪ ਸੁਹਾਇੰਦਾ । ਏਕਾ ਰੰਗ ਰੰਗਾਏ ਰਾਓ ਰੰਕ, ਊਚ ਨੀਚ ਨਾ ਕੋਇ ਵਖਾਇੰਦਾ । ਜਿਸ ਜਨ ਫੇਰੇ ਮਨ ਕਾ ਮਣਕ, ਮਨ ਕਾ ਮਣਕਾ ਆਪ ਭਵਾਇੰਦਾ । ਜੋਤੀ ਸ਼ਬਦੀ ਲਾਏ ਤਨਕ, ਏਕਾ ਘਰ ਵਖਾਇੰਦਾ । ਅੱਠੇ ਪਹਿਰ ਵੱਜੇ ਡੰਕ, ਡੰਕਾ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮ ਆਪਣੀ ਧਾਰ ਚਲਾਇੰਦਾ । ਬ੍ਰਹਮ ਧਾਰ ਹਰਿ ਗੋਬਿੰਦ, ਪੁਰਖ ਅਬਿਨਾਸ਼ੀ ਖੇਲ ਖਿਲਾਈਆ । ਆਪੇ ਸਾਗਰ ਆਪੇ ਸਿੰਧ, ਆਪੇ ਨੀਰ ਵਹਾਈਆ । ਆਪੇ ਰਕਤ ਆਪੇ ਬੂੰਦ, ਆਪੇ ਮੇਲ ਮਿਲਾਈਆ । ਆਪੇ ਭੁੱਲਾ ਆਪੇ ਲਏ ਢੂੰਡ, ਵੇਖੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਲ ਆਪ ਵਰਤਾਈਆ । ਸਾਚੀ ਕਲ ਕਰੇ ਵਰਭੰਡ, ਸੋ ਪੁਰਖ ਨਿਰੰਜਣ ਖੇਲ ਖਿਲਾਇੰਦਾ । ਬ੍ਰਹਮੇ ਦਿਤਾ ਏਕਾ


੧੦੪੩ ੧੦

ਮੰਤ, ਮੰਤਰ ਆਪਣਾ ਨਾਮ ਦ੍ਰਿੜਾਇੰਦਾ । ਆਪੇ ਆਦਿ ਆਪੇ ਅੰਤ, ਮਧ ਆਪਣਾ ਭੇਵ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਸੁਣਾਇੰਦਾ । ਸਾਚਾ ਹੁਕਮ ਸੁਣਾਏ ਭਗਵਾਨ, ਏਕਾ ਵਾਰ ਜਣਾਇਆ । ਬ੍ਰਹਮ ਮੁਖ਼ਤਿਆਰ ਬਣਾਏ ਸਚ ਨਿਸ਼ਾਨ, ਸਚ ਨਿਸ਼ਾਨਾ ਆਪ ਝੁਲਾਇਆ । ਲੱਖ ਚੁਰਾਸੀ ਅੰਤਰ ਇਕ ਪਿਆਰ, ਪ੍ਰੇਮੀ ਪਿਆਰ ਆਪ ਜਣਾਇਆ । ਨੇਮ ਨਿਭੇ ਵਿਚ ਸੰਸਾਰ, ਨਾ ਕੋਇ ਤੋੜੇ ਤੋੜ ਤੁੜਾਇਆ । ਹੁਕਮੀ ਹੁਕਮ ਵਰਤੇ ਵਰਤਾਰ, ਨਾ ਕੋਈ ਮੇਟੇ ਮੇਟ ਮਿਟਾਇਆ । ਬ੍ਰਹਮੇ ਬਣਨਾ ਸੇਵਾਦਾਰ, ਸਾਚਾ ਹੁਕਮ ਸੁਣਾਇਆ । ਕਰੇ ਖੇਲ ਆਪ ਕਰਤਾਰ, ਕਰਨੀ ਕਰਤਾ ਕਿਰਤ ਕਮਾਇਆ । ਲੱਖ ਚੁਰਾਸੀ ਕਰੇ ਉਜਿਆਰ, ਨਿਰਗੁਣ ਜੋਤ ਦੀਪ ਜਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਖੇੜਾ ਦਏ ਵਸਾਇਆ । ਤੇਰਾ ਖੇੜਾ ਜਾਏ ਵਸ, ਨਵ ਨੌਂ ਵੱਜੇ ਵਧਾਈਆ । ਚਾਰ ਚਾਰ ਮੇਲਾ ਹੱਸ ਹੱਸ, ਚਾਰ ਚਾਰ ਹੋਏ ਕੁੜਮਾਈਆ । ਨਵ ਨੌਂ ਦੇਵੇ ਏਕਾ ਰਸ, ਚਾਰ ਚਾਰ ਖ਼ੁਸ਼ੀ ਮਨਾਈਆ । ਆਪਣਾ ਮਾਰਗ ਆਪੇ ਦੱਸ, ਆਪੇ ਰਾਹ ਵਖਾਈਆ । ਤੇਰੇ ਮੰਦਰ ਜਾਏ ਵਸ, ਸਾਚਾ ਮੰਦਰ ਆਪ ਸੁਹਾਈਆ । ਤੇਰੀ ਕਰੇ ਪੂਰੀ ਆਸ, ਆਸਾ ਆਸਾ ਵਿਚ ਸਮਾਈਆ । ਆਦਿ ਜੁਗਾਦਿ ਇਕ ਪਰਕਾਸ਼, ਜੁਗ ਕਰਤਾ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮੁਖ਼ਤਿਆਰੀ ਦਏ ਵਡਿਆਈਆ । ਮਿਲੀ ਮੁਖ਼ਤਿਆਰੀ ਲੱਖ ਚੁਰਾਸੀ, ਪਾਰਬ੍ਰਹਮ ਬ੍ਰਹਮ ਸਮਝਾਇਆ । ਤੇਰਾ ਮੰਡਲ ਤੇਰੀ ਰਾਸੀ, ਤੇਰਾ ਨਾਚ ਨਚਾਇਆ । ਤੇਰੀ ਪ੍ਰਿਥਮੀ ਤੇਰਾ ਆਕਾਸ਼ੀ, ਪ੍ਰਿਥਮੀ ਆਕਾਸ਼ ਤੇਰਾ ਵੇਸ ਵਟਾਇਆ । ਤੇਰਾ ਦਾਸ ਤੇਰੀ ਦਾਸੀ, ਤੇਰੇ ਦਰ ਸੇਵ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਵਣਜ ਦਏ ਵਖਾਇਆ । ਮਿਲਿਆ ਮੁਖ਼ਤਿਆਰ ਦਿਤਾ ਪਰਵਾਨਾ, ਪਰਵਾਨਗੀ ਸਚ ਜਣਾਈਆ । ਮੇਰਾ ਹੁਕਮ ਸੱਚਾ ਫ਼ਰਮਾਨਾ, ਭੁਲ ਕਦੇ ਨਾ ਜਾਈਆ । ਮੇਰਾ ਖੇਲ ਦੋ ਜਹਾਨਾਂ, ਕਿਲਾ ਕੋਟ ਨਾ ਕੋਇ ਵਡਿਆਈਆ । ਤੇਰਾ ਮੰਦਰ ਵੇਖਾਂ ਸਚ ਮਕਾਨਾ, ਲੱਖ ਚੁਰਾਸੀ ਅੰਦਰ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਰਿਹਾ ਚੁਕਾਈਆ । ਸੁਣਿਆ ਫ਼ਰਮਾਨ ਹੋਇਆ ਨਿਮਾਣਾ, ਪ੍ਰਭ ਅੱਗੇ ਸੀਸ ਝੁਕਾਇਆ । ਤੂੰ ਸ਼ਾਹ ਪਾਤਸ਼ਾਹ ਸੱਚਾ ਸੁਲਤਾਨਾ, ਹਉਂ ਦਰ ਦਰਬਾਨ ਸੇਵ ਕਮਾਇਆ । ਲੱਖ ਚੁਰਾਸੀ ਤੇਰਾ ਮਾਣਾ, ਮੇਰਾ ਮੈਂ ਰਹੇ ਨਾ ਰਾਇਆ । ਏਕਾ ਦੱਸਣਾ ਆਪਣਾ ਆਵਣ ਜਾਣਾ, ਕਵਣ ਵੇਲਾ ਵਕ਼ਤ ਸੁਹਾਇਆ । ਕਵਣ ਘਰ ਕਰਾਂ ਪਛਾਣਾ, ਆਪ ਆਪਣਾ ਪਰਦਾ ਲਾਹਿਆ । ਸਦ ਮੰਨਾਂ ਤੇਰਾ ਭਾਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਵੇਲਾ ਅੰਤ ਦਏ ਜਣਾਇਆ । ਵੇਲਾ ਅੰਤ ਦੱਸੇ ਭਗਵਾਨ, ਪਾਰਬ੍ਰਹਮ ਦਇਆ ਕਮਾਈਆ । ਬ੍ਰਹਮੇ ਸੁਣ ਸਚ ਫ਼ਰਮਾਨ, ਹਰਿ ਸਾਚਾ ਸਚ ਜਣਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਤੇਰੀ ਫੁਲ ਫੁਲਵਾੜੀ ਫੁੱਲੇ ਵਿਚ ਜਹਾਨ, ਨੌਂ ਖੰਡ ਪ੍ਰਿਥਮੀ ਪਤ ਡਾਲ੍ਹੀ ਆਪ ਮਹਿਕਾਈਆ । ਅੰਤਮ ਵੇਖੇ ਹਰਿ ਜੂ ਆਣ, ਜੁਗ ਚੌਕੜੀ ਪੰਧ ਮੁਕਾਈਆ । ਤੇਰਾ ਲਹਿਣਾ ਕਰੇ ਪਰਵਾਨ, ਦੇਣਾ ਕੋਇ ਰਹਿਣ ਨਾ ਪਾਈਆ । ਮੁਖ਼ਤਿਆਰੀ ਵੇਖੇ ਜਗਤ ਜਹਾਨ, ਯਾਰੀ ਯਾਰਾਂ ਨਾਲ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਹੁਕਮ ਰਿਹਾ ਜਣਾਈਆ । ਸਾਚਾ ਹੁਕਮ ਸ਼ੰਕਰ ਧਾਰ, ਹਰਿ ਸਾਚਾ ਆਪ ਉਪਾਇੰਦਾ । ਭੋਲੇ ਨਾਥ ਕਰ ਪਿਆਰ, ਅਭੁਲ ਆਪਣਾ ਰੰਗ ਵਖਾਇੰਦਾ । ਜਟਾ ਜੂਟ ਦਏ ਆਧਾਰ, ਜੋਗ ਆਪਣਾ

ਹਰਿ ਜਣਾਇੰਦਾ । ਤਨ ਭਿਬੂਤ ਦੇਵੇ ਛਾਰ, ਆਪਣੀ ਚਰਨ ਧੂੜੀ ਟਿੱਕਾ ਲਾਇੰਦਾ । ਹੱਥ ਤ੍ਰਿਸੂਲ ਇਕ ਆਪਾਰ, ਵਿਸ਼ਨ ਬ੍ਰਹਮਾ ਸ਼ਿਵ ਮੇਲ ਮਿਲਾਇੰਦਾ । ਤਿੰਨਾਂ ਮੇਲਾ ਇਕ ਦਵਾਰ, ਸਾਚਾ ਡੰਡਾ ਹੱਥ ਫੜਾਇੰਦਾ । ਲੱਖ ਚੁਰਾਸੀ ਦਾ ਬਣਾਇਆ ਮੁਖ਼ਤਿਆਰ, ਆਪਣਾ ਸੌਦਾ ਮੁਫ਼ਤ ਵਰਤਾਇੰਦਾ । ਮੈਂ ਬਣੌਂਦਾ ਰਿਹਾ ਬਣ ਠਠਿਆਰ, ਲੱਖ ਚੁਰਾਸੀ ਘਾੜਨ ਮਾਤ ਘੜਾਇੰਦਾ । ਤੂੰ ਭੰਨਣਾ ਆਪਣੀ ਵਾਰ, ਬਚਿਆ ਕੋਇ ਰਹਿਣ ਨਾ ਪਾਇੰਦਾ । ਤੇਰਾ ਮੇਲਾ ਧੁਰ ਦਰਬਾਰ, ਤੇਰੀ ਕੀਤੀ ਨਾ ਕੋਇ ਉਲਟਾਇੰਦਾ । ਤੇਰਾ ਮੇਰਾ ਇਕ ਆਧਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਗਲਾ ਸੰਗ ਆਪ ਰਖਾਇੰਦਾ । ਭੋਲਾ ਨਾਥ ਮਾਰੇ ਕੂਕ, ਸਚਖੰਡ ਦਵਾਰੇ ਆਪ ਸੁਣਾਈਆ । ਜੋ ਉਪਜੇ ਸੋ ਦੇਵਾਂ ਫੂਕ, ਬਚਿਆ ਕੋਇ ਰਹਿਣ ਨਾ ਪਾਈਆ । ਮੇਰੇ ਅੱਗੇ ਨਾ ਚੁੱਕੇ ਕੋਈ ਚੂਕ, ਚੁੱਕ ਚੁੱਕ ਖਾਤੇ ਦਿਆਂ ਸੁਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਵੇਲਾ ਮਿਲੇ ਤੇਰੀ ਸਰਨਾਈਆ । ਸਚ ਸਰਨਾਈ ਹਰਿ ਜਣਾਇੰਦਾ, ਨਿਸ਼ਅੱਖਰ ਆਪੇ ਬੋਲ । ਨੌਂ ਸੌ ਚੁਰਾਨਵੇ ਚੌਕੜੀ ਜੁਗ ਤੇਰਾ ਖੇਲ ਖਿਲਾਇੰਦਾ, ਤੋਲੇ ਸਾਚਾ ਤੋਲ । ਜੁਗ ਜੁਗ ਵੇਸ ਵਟਾਇੰਦਾ, ਪੂਰਾ ਕਰੇ ਕੌਲ । ਗੁਰ ਅਵਤਾਰ ਰੰਗ ਰੰਗਾਇੰਦਾ, ਮਾਣ ਦਿਵਾਏ ਉਪਰ ਧਰਤ ਧੌਲ । ਸਾਚਾ ਹੁਕਮ ਆਪ ਸੁਣਾਇੰਦਾ, ਆਦਿ ਜੁਗਾਦਿ ਰਹੇ ਅਡੋਲ । ਭਗਤ ਭਗਵੰਤ ਆਪ ਜਗਾਇੰਦਾ, ਆਪਣੀ ਕਰਨੀ ਆਪੇ ਮੌਲ । ਸਾਚੇ ਸੰਤ ਸੰਗ ਨਿਭਾਇੰਦਾ, ਦੇਵੇ ਵਸਤ ਨਾਮ ਅਨਮੋਲ । ਗੁਰਮੁਖ ਆਪਣੀ ਗੋਦ ਬਹਾਇੰਦਾ, ਵਸੇ ਸਦਾ ਕੋਲ । ਗੁਰਸਿਖਾਂ ਏਕਾ ਘਰ ਵਖਾਇੰਦਾ, ਨਿਰਗੁਣ ਸਰਗੁਣ ਕਰੇ ਚੋਲ੍ਹ । ਜੁਗ ਚੌਕੜੀ ਪੰਧ ਮੁਕਾਇੰਦਾ, ਲੱਖ ਚੁਰਾਸੀ ਵੇਖੇ ਘੋਲ । ਕਲਜੁਗ ਵੇਲਾ ਅੰਤ ਜਣਾਇੰਦਾ,
੧੦੪੫ ਪੁਰਖ ਅਬਿਨਾਸ਼ੀ ਪਰਦਾ ਖੋਲ੍ਹ । ਨਿਰਗੁਣ ਆਪਣਾ ਰੂਪ ਵਟਾਇੰਦਾ, ਨਾ ਕੋਈ ਜਾਣੇ ਕਲਾ ਸੋਲ੍ਹ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪੇ ਰਿਹਾ ਮੌਲ । ਬਣਿਆ ਮੁਖ਼ਤਿਆਰ ਮਿਲਿਆ ਹੱਥ, ਹਕ਼ੀਕਤ ਵੇਖੇ ਸਰਬ ਲੋਕਾਈਆ । ਲਾਸ਼ਰੀਕ ਰਿਹਾ ਤੱਕ, ਬੇਐਬ ਇਕ ਖ਼ੁਦਾਈਆ । ਨਵ ਨੌਂ ਚਾਰ ਪੰਧ ਰਿਹਾ ਮੁੱਕ, ਵੇਲਾ ਆਪਣਾ ਵਕ਼ਤ ਲੰਘਾਈਆ । ਲੱਖ ਚੁਰਾਸੀ ਫਲ ਰਿਹਾ ਪੱਕ, ਚਾਰੋਂ ਕੁੰਟ ਕਲਜੁਗ ਆਪਣੀ ਲਾਲੀ ਰਿਹਾ ਚੜ੍ਹਾਈਆ । ਵਿਸ਼ਨ ਬ੍ਰਹਮਾ ਸ਼ਿਵ ਰਾਹ ਰਹੇ ਤੱਕ, ਨੇਤਰ ਨੈਣ ਨੈਣ ਉਠਾਈਆ । ਕਵਣ ਵੇਲਾ ਹੋਏ ਪਰਗਟ, ਨਿਰਗੁਣ ਨਿਰਵੈਰ ਸੱਚਾ ਮਾਹੀਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਦਾ ਮੇਟੇ ਫੱਟ, ਦੂਈ ਆਪਣੀ ਦਏ ਮਿਟਾਈਆ । ਇਕ ਵਖਾਏ ਸਾਚਾ ਹੱਟ, ਦਰ ਦਵਾਰ ਦਏ ਵਡਿਆਈਆ । ਮੇਲ ਮਿਲਾਏ ਨੱਠ ਨੱਠ, ਆਪਣਾ ਪੰਧ ਮੁਕਾਈਆ । ਸਰਨ ਸਰਨਾਈ ਜਾਈਏ ਢੱਠ, ਜੋਤੀ ਜੋਤ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਸਨ ਦੇਣਾ ਅੰਤਮ ਵਾਰ, ਏਕਾ ਮੰਗ ਮੰਗਾਈਆ । ਜਗਤ ਮੁਖ਼ਤਿਆਰੀ ਚਾਰ ਦਿਨ, ਚਾਰ ਜੁਗ ਸੇਵ ਕਮਾਇਆ । ਵਕ਼ਤ ਲੰਘਾਇਆ ਗਿਣ ਗਿਣ, ਕੋਟੀ ਕੋਟ ਕਾਲ ਬਿਤਾਇਆ । ਪੈਂਡਾ ਮੁਕਿਆ ਨਾ ਮਿਣ ਮਿਣ, ਕ਼ਦਮੀ ਕ਼ਦਮ ਚਲਾਇਆ । ਤੇਰਾ ਵੇਖਿਆ ਨਾ ਸਾਚਾ ਚਿਨ੍ਹ, ਲੱਖ ਚੁਰਾਸੀ ਜੂਠ ਝੂਠ ਨਾਲ ਭਰਾਇਆ । ਦਰਸ ਵਖੌਣਾ ਪਰਗਟ ਹੋ ਕੇ ਛਿੰਨ, ਛਿੰਨ ਭੰਗਰ ਤੇਰੀ ਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਵੇਲਾ ਅੰਤਮ ਆਇਆ । ਤੇਰੀ ਮੁਖ਼ਤਿਆਰੀ ਤੇਰੇ ਅੱਗੇ ਦੇਈਏ ਸੁੱਟ, ਤੇਰੇ ਹੁਕਮ ਸਦਾ ਰਜ਼ਾਈਆ । ਤੇਰਾ ਅੰਮ੍ਰਿਤ ਪੀਏ ਘੁਟ, ਤੂੰ ਅਮਰ ਤੇਰੀ ਵਡਿਆਈਆ । ਤੇਰੀ ਵੇਖੀਏ ਸਾਚੀ ਰੁੱਤ, ਲੋਕਮਾਤ ਹੋਏ ੧੦੪੫

ਰੁਸ਼ਨਾਈਆ । ਨਿਰਗੁਣ ਆਏ ਅਬਿਨਾਸ਼ੀ ਅਚੁਤ, ਸਰਗੁਣ ਧੀਰ ਦਏ ਧਰਾਈਆ । ਏਕਾ ਵਾਰ ਪਏਂ ਤੁਠ, ਬੇਅੰਤ ਬੇਪਰਵਾਹੀਆ । ਆਪ ਮਿਲੌਣੇ ਆਪਣੇ ਸੁੱਤ, ਜੋ ਜੁਗ ਜੁਗ ਵਿਛੜੇ ਰਹੇ ਧਿਆਈਆ । ਭਾਗ ਲਗੌਣਾ, ਕਾਇਆ ਬੁੱਤ, ਪੰਜ ਤੱਤ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਲ ਮਿਲੌਣਾ ਸਾਚੇ ਘਰ, ਦਰ ਘਰ ਸਾਚੇ ਖ਼ੁਸ਼ੀ ਮਨਾਈਆ । ਮੁਖ਼ਤਿਆਰਨਾਮਾ ਦਿਤਾ ਪਾੜ, ਵੇਲਾ ਅੰਤਮ ਆਇਆ । ਦਿਵਸ ਸੁਹਾਇਆ ਸਤਾਰਾਂ ਹਾੜ, ਸਭ ਦਾ ਲੇਖਾ ਰਿਹਾ ਚੁਕਾਇਆ । ਲਹਿਣਾ ਦੇਣਾ ਮੰਗੇ ਗੁਰ ਅਵਤਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੋ ਆਏ ਸੇਵ ਕਮਾਇਆ । ਭਗਤਾਂ ਵੇਖੇ ਭਗਤ ਆਧਾਰ, ਕਬੀਰ ਜੁਲਾਹਾ ਦਰ ਮੰਗਾਇਆ । ਈਸਾ ਮੂਸਾ ਖੋਲ੍ਹੇ ਕਿਵਾੜ, ਮੁਖ ਨਕ਼ਾਬੀ ਪਰਦਾ ਲਾਹਿਆ । ਕਰਨੀ ਵੇਖੇ ਮੁਹੰਮਦ ਯਾਰ, ਚਾਰ ਯਾਰੀ ਲਏ ਉਠਾਇਆ । ਨਾਨਕ ਗੋਬਿੰਦ ਕਰ ਵਿਚਾਰ, ਏਕਾ ਮੰਤਰ ਰਹੇ ਸੁਣਾਇਆ । ਚਾਰ ਜੁਗ ਚਾਰ ਵਰਨ ਚੌਥੇ ਜੁਗ ਚਾਰ ਕੁੰਟ ਕਰਨ ਪੁਕਾਰ, ਹਾਹਾਕਾਰ ਕਰ ਸਰਬ ਕੁਰਲਾਇਆ । ਹਿੰਦੂ ਮੁਸਲਿਮ ਸਿੱਖ ਈਸਾਈ ਰੋਵਣ ਜ਼ਾਰੋ ਜ਼ਾਰ, ਧੀਰਜ ਧੀਰ ਨਾ ਕੋਇ ਧਰਾਇਆ । ਕੋਈ ਨਾ ਬਣੇ ਸੱਚਾ ਮੁਖ਼ਤਿਆਰ, ਬੈਠੇ ਮੁਖ ਭਵਾਇਆ । ਜਿਸ ਦਾ ਕਲਮਾ ਪੜ੍ਹਦੇ ਰਹੇ ਕਰ ਪੁਕਾਰ, ਨਿਉਂ ਨਿਉਂ ਸਜਦਾ ਸੀਸ ਝੁਕਾਇਆ । ਸੋ ਪਰਗਟ ਹੋਇਆ ਪਰਵਰਦਿਗਾਰ, ਜਿਸ ਦਾ ਕਾਅਬਾ ਨਜ਼ਰ ਕਿਸੇ ਨਾ ਆਇਆ । ਮੁਖ਼ਤਿਆਰੀ ਦੇਵੇ ਸੱਚੇ ਯਾਰ, ਜਿਸ ਜਨ ਆਪਣਾ ਹੁਕਮ ਸੁਣਾਇਆ । ਮੱਮਾ ਖੱਖਾ ਨਾ ਕੋਇ ਵਿਚਾਰ, ਤੱਤਾ ਤ੍ਰੈਗੁਣ ਨਾਤਾ ਤੋੜ ਤੁੜਾਇਆ । ਯੱਯਾ ਰਾਰਾ ਖੇਲ ਕਰੇ ਆਪ ਕਰਤਾਰ, ਨਾਮ ਅਮੋਲਾ ਝੋਲੀ ਪਾਇਆ । ਰਾਰਾ ਰੰਗ ਰੰਗੇ ਅਪਾਰ, ਉਤਰ ਕਦੇ ਨਾ ਜਾਇਆ । ਵਿਸ਼ਨ ਬ੍ਰਹਮਾ ਸ਼ਿਵ ਦਏ ਵਖਾਲ, ਘਰ ਬੈਠੇ ਆਸਣ ਲਾਇਆ । ਫੇਰ ਉਪਰ ਲਏ ਉਠਾਲ, ਪ੍ਰਭ ਆਪਣੀ ਉਂਗਲੀ ਲਾਇਆ । ਥਿਰ ਘਰ ਵਖਾਏ ਸੱਚੀ ਧਰਮਸਾਲ, ਨਿਰਗੁਣ ਜੋਤ ਨੂਰ ਰੁਸ਼ਨਾਇਆ । ਆਪਣਾ ਦੀਪਕ ਆਪੇ ਬੈਠਾ ਬਾਲ, ਨਾ ਕੋਈ ਦੂਜਾ ਸੰਗ ਵਖਾਇਆ । ਜਿਸ ਨਾਉਂ ਰੱਖੇ ਮੁਖ਼ਤਿਆਰ, ਤਿਸ ਕਾਲ ਨੇੜ ਨਾ ਆਇਆ । ਜਮ ਡੰਡ ਨਾ ਮਾਰੇ ਮਾਰ, ਰਾਏ ਧਰਮ ਨਾ ਦਏ ਸਜ਼ਾਇਆ । ਚਿਤਰ ਗੁਪਤ ਲੇਖਾ ਨਾ ਦਏ ਵਖਾਲ, ਲਾੜੀ ਮੌਤ ਨਾ ਲਏ ਪਰਨਾਇਆ । ਹਰਿ ਭਗਤ ਨਾ ਹੋਏ ਬੇਹਾਲ, ਜਿਸ ਜਨ ਆਪਣੀ ਦਇਆ ਕਮਾਇਆ । ਹੋ ਮੁਖ਼ਤਿਆਰ ਕਰੇ ਹੱਲ ਸਵਾਲ, ਦੋ ਜਹਾਨਾਂ ਸਵਾਲ ਅੱਗੇ ਅੜ ਨਾ ਸਕੇ ਕੋਇ ਰਾਇਆ । ਆਪਣੇ ਹੱਥ ਰੱਖੇ ਕਾਲ ਮਹਾਕਾਲ, ਦਿਆਲ ਕਾਲ ਆਪਣਾ ਖੇਲ ਖਿਲਾਇਆ । ਤਿਸ ਜਨ ਨਾ ਹੋਏ ਜ਼ਵਾਲ, ਜੋ ਜਨ ਸਰਨਾਈ ਆਇਆ । ਜ਼ੇਰ ਜ਼ਬਰ ਵਖਾਏ ਬਣ ਦਲਾਲ, ਨੁਕਤਾ ਨੂਨ ਦਏ ਮਿਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਵਖਾਏ ਆਪਣਾ ਘਰ, ਦੂਜਾ ਦਰ ਨਾ ਮੰਗਣ ਜਾਇਆ । ਆਇਆ ਵਕ਼ਤ ਅਖ਼ੀਰ ਦਾ ਸੁਣ ਲੈਣਾ, ਸਾਚਾ ਸਚ ਹੀ ਸਚ ਜਣਾਇੰਦਾ ਏ । ਚਾਰ ਜੁਗ ਦਾ ਮੁੱਕਣਾ ਅੰਤ ਲਹਿਣਾ, ਲਹਿਣੇਦਾਰ ਬਣ ਝੋਲੀ ਪਾਇੰਦਾ ਏ । ਕਲਜੁਗ ਨਾ ਮਾਤ ਦੇ ਵਿਚ ਰਹਿਣਾ, ਧੁਰ ਫ਼ਰਮਾਨਾ ਹੁਕਮ ਸੁਣਾਇੰਦਾ ਏ । ਲੱਖ ਚਾਰ ਬੱਤੀ ਹਜ਼ਾਰ ਡੂੰਘੇ ਖਾਤ ਪੈਣਾ, ਪੂਰੀ ਔਧ ਨਾ ਕੋਈ ਕਰਾਇੰਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਭੇਵ ਚੁਕਾਇੰਦਾ ਏ । ਕਲਜੁਗ ਆਈ ਅੰਤਮ ਵਾਰ, ਹਰਿ ਸਾਚਾ ਖੇਲ ਖਿਲਾਇੰਦਾ । ਵੇਦ ਵਿਆਸਾ ਬਣ ਲਿਖਾਰ, ਲੇਖਾ ਲੇਖ ਲਿਖਾਇੰਦਾ । ਉਚੇ ਟਿੱਲੇ ਪਰਬਤ ਪਾਏ ਸਾਰ, ਦਿਸ ਕਿਸੇ ਨਾ ਆਇੰਦਾ । ਜੁਗ ਚੌਕੜੀ ਕਰੇ ਖ਼ਵਾਰ,

ਜੁਗ ਜੁਗ ਗੇੜਾ ਆਪ ਦਿਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣੀ ਧਾਰ ਆਪ ਚਲਾਇੰਦਾ । ਆਪਣੀ ਧਾਰ ਚਲੇ ਨਿਰੰਕਾਰ, ਆਦਿ ਪੁਰਖ ਵਡੀ ਵਡਿਆਈਆ । ਜੁਗ ਜੁਗ ਲਏ ਮਾਤ ਅਵਤਾਰ, ਵੇਸ ਅਨੇਕਾ ਰੂਪ ਵਟਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਹੋ ਤਿਆਰ, ਤੇਈ ਧਾਰਾ ਰਿਹਾ ਚਲਾਈਆ । ਲੇਖਾ ਜਾਣੇ ਦਸ ਗੁਰ ਅਵਤਾਰ, ਭਗਤ ਭਗਵੰਤ ਸੰਤ ਆਪਣਾ ਸੰਗ ਨਿਭਾਈਆ । ਈਸਾ ਮੂਸਾ ਸੰਗ ਮੁਹੰਮਦ ਚਾਰ ਯਾਰ, ਕਾਲਾ ਸੂਸਾ ਤਨ ਸ਼ੰਗਾਰ, ਏਕਾ ਅਲਫ਼ੀ ਰਿਹਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਏਕਾ ਨਰ, ਨਰ ਨਰਾਇਣ ਵਡੀ ਵਡਿਆਈਆ । ਖੇਲ ਕਰਨ ਆਇਆ ਕਰਤਾਰਾ, ਵੀਹ ਸੌ ਬਿਕ੍ਰਮੀ ਜੋਤ ਜਗਾਈਆ । ਵੀਹ ਸੌ ਇਕ ਹੋਇਆ ਤਿਆਰਾ, ਵੀਹ ਸੌ ਦੋ ਵੱਜੀ ਵਧਾਈਆ । ਵੀਹ ਸੌ ਤਿੰਨ ਲਾਇਆ ਅਖਾੜਾ, ਵੀਹ ਸੌ ਚਾਰ ਮਿਲੇ ਵਡਿਆਈਆ । ਬੀਸ ਪੰਜ ਕਰੇ ਆਪਣੀ ਕਾਰਾ, ਬੀਸ ਛੇ ਛਹਿਬਰ ਨਾਮ ਲਗਾਈਆ । ਵੀਹ ਸੱਤ ਬੋਲ ਜੈਕਾਰਾ, ਬੀਸ ਅੱਠ ਅੱਠਾਂ ਤੱਤਾਂ ਦਏ ਉਠਾਈਆ । ਬੀਸ ਨੌਂ ਭੇਵ ਚੁਕਾਏ ਨੌਂ ਦਵਾਰਾ, ਬੀਸ ਦਸ ਸਾਚੀ ਕਰਨੀ ਮਾਤ ਕਮਾਈਆ । ਛੋਟਾ ਬਾਲਾ ਕਰ ਤਿਆਰਾ, ਆਪਣੀ ਰਚਨਾ ਦਏ ਸਮਝਾਈਆ । ਇੰਦ ਇੰਦਰਾਸਣ ਪਾਰ ਕਿਨਾਰਾ, ਸੁਰਪਤ ਇੰਦ ਰਹਿਣ ਨਾ ਪਾਈਆ । ਕਰੇ ਖੇਲ ਅਪਰ ਅਪਾਰਾ, ਅਲਖ ਅਗੋਚਰ ਬੇਪਰਵਾਹੀਆ । ਸਾਢੇ ਤਿੰਨ ਹੱਥ ਬਣਾਏ ਇਕ ਮਨਾਰਾ, ਲੱਖ ਚੁਰਾਸੀ ਜੀਵਾਂ ਜੰਤਾਂ ਦਏ ਸਮਝਾਈਆ । ਕਰੇ ਖੇਲ ਹਰਿ ਸਿਰਜਣਹਾਰਾ, ਇਕ ਇਕ ਨਾਲ ਮੇਲ ਮਿਲਾਈਆ । ਨਿਰਗੁਣ ਸਰਗੁਣ ਲੱਗਾ ਅਖਾੜਾ, ਵੀਹ ਸੌ ਯਾਰਾਂ ਵੱਜੀ ਵਧਾਈਆ । ਕਰੇ ਖੇਲ ਹਰਿ ਸਿਰਜਣਹਾਰਾ, ਆਪ ਆਪਣਾ ਪਰਦਾ ਦਏ ਉਠਾਈਆ । ਜਗਤ ਜਗਦੀਸਾ ਦਏ ਹੁਲਾਰਾ, ਸਾਚੇ ਪੌੜੇ ਦਏ ਚੜ੍ਹਾਈਆ । ਸ਼ੰਕਰ ਤੇਰਾ ਢਹੇ ਮੁਨਾਰਾ, ਥਿਰ ਕੋਇ ਰਹਿਣ ਨਾ ਪਾਈਆ । ਏਥੇ ਆਏ ਸੁਤ ਦੁਲਾਰਾ, ਜਿਸ ਮਿਲੇ ਮਾਤ ਵਡਿਆਈਆ । ਨੌਂ ਦਵਾਰੇ ਖੋਲ੍ਹ ਕਿਵਾੜਾ, ਸਚ ਦਰਬਾਰ ਦਏ ਜਣਾਈਆ । ਏਕਾ ਦੋਆ ਕਰ ਪਸਾਰਾ, ਆਪ ਆਪਣੀ ਖੇਲ ਖਿਲਾਈਆ । ਸੱਤ ਰੰਗ ਨਿਸ਼ਾਨਾ ਚਾੜ੍ਹੇ ਵਿਚ ਸੰਸਾਰਾ, ਸਤਿ ਸਤਿਵਾਦੀ ਸਾਚਾ ਸੰਗ ਨਿਭਾਈਆ । ਲਖਣ ਪੁਸ਼ਕਰ ਦੀਪ ਹੋਏ ਉਜਿਆਰਾ, ਕਰੋਚ ਆਪਣਾ ਖੇਲ ਖਿਲਾਈਆ । ਜੰਬੂ ਬੋਲੇ ਇਕ ਲਲਕਾਰਾ, ਸਲਮਲ ਆਪਣੀ ਧਾਰ ਬਣਾਈਆ । ਸਾਨ ਦੀਪ ਕਰੇ ਖ਼ਵਾਰਾ, ਕੁਸ਼ਾ ਆਪਣਾ ਡੰਕ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਤ ਰੰਗ ਨਿਸ਼ਾਨਾ ਦਏ ਝੁਲਾਈਆ । ਵੀਹ ਸੌ ਤੇਰਾਂ ਹੋਇਆ ਖ਼ਬਰਦਾਰ, ਆਪਣਾ ਬਲ ਰਖਾਇੰਦਾ । ਸਾਧਾਂ ਸੰਤਾਂ ਦਏ ਹੁਲਾਰ, ਸ਼ਾਹ ਸੁਲਤਾਨਾਂ ਆਪ ਉਠਾਇੰਦਾ । ਰਾਸ਼ਟਰਪਤ ਖੋਲ੍ਹੇ ਜਾ ਕਿਵਾੜ, ਸਤਿ ਸਤਿਵਾਦੀ ਫੇਰਾ ਪਾਇੰਦਾ । ਪੰਚਮ ਮੁਖ ਤਾਜ ਕਰ ਤਿਆਰ, ਸਾਚੀ ਬਣਤ ਆਪ ਬਣਾਇੰਦਾ । ਸੰਤ ਰੰਗ ਨਿਸ਼ਾਨਾ ਦਏ ਵਖਾਲ, ਸਤਿ ਸਤਿਵਾਦੀ ਆਪ ਰੰਗਾਇੰਦਾ । ਪੰਜ ਪੰਜ ਕਰ ਤਿਆਰ, ਪੰਚਮ ਪੰਚਮ ਤਨ ਸੁਹਾਇੰਦਾ । ਸ਼ਬਦ ਡੰਡਾ ਅਪਰ ਅਪਾਰ, ਏਕਾ ਹੱਥ ਵਖਾਇੰਦਾ । ਪੈਰ ਜੋੜਾ ਸੱਚੀ ਸਰਕਾਰ, ਰਾਮ ਰਾਮ ਨਜ਼ਰੀ ਆਇੰਦਾ । ਕਲਜੁਗ ਅੰਤਮ ਕਰੇ ਖ਼ਵਾਰ, ਲੇਖਾ ਸਭ ਦਾ ਆਪ ਮੁਕਾਇੰਦਾ । ਲਹਿਣਾ ਚੁੱਕੇ ਚਾਰ ਲੱਖ ਬੱਤੀ ਹਜ਼ਾਰ, ਲੱਖ ਲੱਖ ਗੇੜਾ ਆਪਣੇ ਵਿਚ ਸਮਾਇੰਦਾ । ਕਰਮ ਕੁਕਰਮਾਂ ਮਾਰੇ ਮਾਰ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਦਸ ਪੰਜ ਰਿਹਾ ਪੁਕਾਰ, ਪੰਜ ਪੰਜ ਕੁਰਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚੀ ਸਰਕਾਰ । ਸੰਮਤ

੧੦੪੭
੧੦

ਚੌਦਾਂ ਚੜ੍ਹਿਆ ਚਾ, ਵੀਹ ਸੌ ਬਿਕ੍ਰਮੀ ਨਾਲ ਰਲਾਈਆ । ਗੁਰਮੁਖਾਂ ਵੇਖੇ ਥਾਂ ਥਾਂ, ਏਕਾ ਬੰਧਨ ਪਾਈਆ । ਏਕਾ ਇਕੀ ਗੰਢ ਦਵਾ, ਨਾ ਕੋਈ ਖੋਲ੍ਹ ਖੁਲ੍ਹਾਈਆ । ਸਾਚੀ ਸਿਖੀ ਮਾਤ ਬਣਾ, ਊਚ ਨੀਚ ਭੇਵ ਚੁਕਾਈਆ । ਜ਼ਾਤ ਪਾਤ ਦਏ ਖਪਾ, ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਨਾ ਕੋਇ ਅਖਵਾਈਆ । ਆਤਮ ਬ੍ਰਹਮ ਦਏ ਜਣਾ, ਏਕਾ ਕਰੇ ਪੜ੍ਹਾਈਆ । ਚੌਦਾਂ ਲੋਕ ਡੇਰਾ ਦੇਵੇ ਢਾਹ, ਚੌਦਾਂ ਤਬਕ ਕਰੇ ਸਫ਼ਾਈਆ । ਮੁਹੰਮਦ ਮੰਗੇ ਅੰਤ ਪਨਾਹ, ਦੋਏ ਜੋੜ ਪਿਆ ਸਰਨਾਈਆ । ਈਸਾ ਮੂਸਾ ਕਹੇ ਤੂੰ ਖ਼ੁਦਾ, ਬੇਐਬ ਤੇਰੀ ਖ਼ੁਦਾਈਆ । ਕਲਮਾ ਕਲਾਮ ਇਕ ਪੜ੍ਹਾ, ਸਾਚੀ ਸਿਖਿਆ ਇਕ ਸਮਝਾਈਆ । ਅਮਾਮ ਅਮਾਮਾਂ ਸਿਰ ਸੱਚਾ ਸ਼ਹਿਨਸ਼ਾਹ, ਸ਼ਾਹ ਪਾਤਸ਼ਾਹ ਤੂੰ ਅਖਵਾਈਆ । ਤੂੰ ਬਖ਼ਸ਼ੇਂ ਸਦ ਗੁਨਾਹ, ਰਹਿਮਤ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਲ ਚੌਧਵੇਂ ਖੇਲ ਖਿਲਾਈਆ । ਸਾਲ ਪੰਦਰਵਾਂ ਗਿਆ ਚੜ੍ਹ, ਹਰਿ ਸਾਚਾ ਖੇਲ ਖਿਲਾਇੰਦਾ । ਵੀਹ ਸੌ ਬਿਕ੍ਰਮੀ ਬੱਧਾ ਲੜ, ਆਪਣਾ ਖੇਲ ਖਿਲਾਇੰਦਾ । ਤੀਰਥ ਤੱਟਾਂ ਅੰਦਰ ਗਿਆ ਵੜ, ਜਮਨਾ ਸੁਰਸਤੀ ਗੰਗਾ ਆਪਣੇ ਨਾਲ ਪਰਨਾਇੰਦਾ । ਦਰਸ ਦਿਖਾਏ ਅੱਗੇ ਖੜ੍ਹ, ਆਪਣਾ ਖੇਲ ਖਿਲਾਇੰਦਾ । ਗੋਦਾਵਰੀ ਸਰਨ ਗਈ ਪੜ, ਸੀਸ ਜਗਦੀਸ ਵੇਖ ਵਖਾਇੰਦਾ । ਆਪਣੀ ਕਰਨੀ ਆਪੇ ਕਰ, ਕ਼ੁਦਰਤ ਖੇਲ ਖਿਲਾਇੰਦਾ । ਅਠਸਠ ਤੀਰਥ ਵੇਖੇ ਵਾਰੋ ਵਾਰ, ਰਾਮੇਸ਼ਵਰ ਚਰਨ ਟਿਕਾਇੰਦਾ । ਸ਼ਾਹ ਭਬੀਖਣ ਚੁੱਕੇ ਡਰ, ਏਕਾ ਹੁਕਮ ਸੁਣਾਇੰਦਾ । ਰਾਮ ਰਾਮਾ ਮਿਲਿਆ ਘਰ, ਆਪਣੀ ਗੋਦ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ

੧੦੪੮ ਆਪਣੀ ਕਿਰਪਾ ਕਰ, ਸੰਮਤ ਪੰਦਰਾਂ ਅੰਦਰ ਵੜ, ਡੂੰਘੀ ਕੰਦਰ ਫੋਲ ਫੋਲਾਇੰਦਾ । ਡੂੰਘੀ ਕੰਦਰ ਵੇਖੇ ਸਾਗਰ, ਉਚੇ ਟਿੱਲੇ ਪਰਬਤ ਵੇਖ ਵਖਾਈਆ । ੧੦੪੮

੧੦ ਆਪਣਾ ਨਾਮ ਕਰੇ ਉਜਾਗਰ, ਚਾਰ ਕੁੰਟ ਸੁਣਾਈਆ । ਏਕਾ ਵਣਜ ਕਰਾਏ ਹਰਿ ਸੌਦਾਗਰ, ਵਸਤ ਅਮੋਲਕ ਆਪ ਵਰਤਾਈਆ । ਜੋਤੀ ਜੋਤ ੧੦

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਮਤ ਪੰਦਰਾਂ ਖ਼ੁਸ਼ੀ ਮਨਾਈਆ । ਵੀਹ ਸੌ ਸੋਲਾਂ ਸੰਮਤ ਆਇਆ, ਲੋਕਮਾਤ ਵੱਜੀ ਵਧਾਈਆ । ਪੁਰਖ ਅਬਿਨਾਸ਼ੀ ਖੇਲ ਖਿਲਾਇਆ, ਨਿਰਗੁਣ ਜੋਤ ਜੋਤ ਰੁਸ਼ਨਾਈਆ । ਨਿਹਕਲੰਕ ਨਾਉਂ ਧਰਾਇਆ, ਰੂਪ ਰੰਗ ਰੇਖ ਨਾ ਕੋਇ ਵਖਾਈਆ । ਸਾਚੇ ਟਿੱਲੇ ਆਸਣ ਲਾਇਆ, ਬਜਰ ਕਪਾਟੀ ਉਪਰ ਬੈਠਾ ਸੱਚਾ ਮਾਹੀਆ । ਪਾਰਬ੍ਰਹਮ ਬ੍ਰਹਿਮਣ ਗੌੜ ਨਾਮ ਧਰਾਇਆ, ਬ੍ਰਹਮ ਸੁਤ ਆਪਣਾ ਮੇਲ ਮਿਲਾਈਆ । ਹਰਿ ਕਾ ਭੇਵ ਕਿਸੇ ਨਾ ਪਾਇਆ, ਪੜ੍ਹ ਪੜ੍ਹ ਥੱਕੀ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਵਿਹਾਰ ਦਏ ਕਰਾਈਆ । ਸਚ ਵਿਹਾਰਾ ਸਚ ਭੰਡਾਰਾ, ਹਰਿ ਸਾਚਾ ਸਚ ਵਰਤਾਇੰਦਾ । ਚਾਰ ਵਰਨਾਂ ਕਰ ਪਿਆਰਾ, ਏਕਾ ਘਰ ਬਹਾਇੰਦਾ । ਰਾਓ ਰੰਕਾਂ ਕਰੇ ਖ਼ਵਾਰਾ, ਜੋ ਜਨ ਹਰਿ ਹਰਿ ਹਰਿ ਭੁਲਾਇੰਦਾ । ਖੰਡਾ ਫੜ ਤੇਜ਼ ਕਟਾਰਾ, ਦੋ ਜਹਾਨਾਂ ਆਪ ਚਮਕਾਇੰਦਾ । ਲੋਆਂ ਪੁਰੀਆਂ ਕਰੇ ਖ਼ਵਾਰਾ, ਬ੍ਰਹਿਮੰਡਾਂ ਖੰਡਾਂ ਆਪ ਉਠਾਇੰਦਾ । ਕਰੇ ਖੇਲ ਅਪਰ ਅਪਾਰਾ, ਅਪਰੰਪਰ ਆਪਣਾ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਧਾਮ ਆਪ ਵਡਿਆਇੰਦਾ । ਸਾਚੀ ਧਾਰਾ ਮਸਤੂਆਨਾ, ਹਰਿ ਮਸਤਕ ਲੇਖ ਲਿਖਾਇਆ । ਫੜ ਕੇ ਲਿਆਏ ਨੌਂ ਸੌ ਨੜਿਨਵੇਂ ਰਾਜਾ ਰਾਣਾ, ਸ਼ਬਦ ਡੋਰੀ ਬੰਧਨ ਪਾਇਆ । ਸਾਚਾ ਮਾਰਗ ਇਕ ਵਖਾਣਾ, ਨੌਂ ਖੰਡ ਪ੍ਰਿਥਮੀ ਦਏ ਸਮਝਾਇਆ । ਸੱਤਾਂ ਦੀਪਾਂ ਦੇਵੇ ਇਕ ਫ਼ਰਮਾਨਾ, ਏਕਾ ਰਾਗ ਅਲਾਇਆ । ਲੱਖ ਚੁਰਾਸੀ ਰੱਖੇ ਆਪਣੇ ਭਾਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਕਰੇ ਖੇਲ ਬੇਪਰਵਾਹਿਆ । ਸੰਮਤ ਸਤਾਰਾਂ ਆਇਆ, ਹਰਿ ਖੇਲੇ ਬੇਪਰਵਾਹ । ਸੀਸ ਆਪਣੇ ਤਾਜ ਟਿਕਾਇਆ, ਪੰਚਮ ਮੁਖ ਰੂਪ ਬਣਾ । ਸੋਹੰ ਅੱਖਰ ਵਿਚ ਲਿਖਾਇਆ, ਹੰ ਬ੍ਰਹਮ ਮੇਲ ਮਿਲਾ । ਨਿਰਗੁਣ ਸਰਗੁਣ ਧਾਰ ਚਲਾਇਆ, ਮਹਾਰਾਜ ਸ਼ੇਰ ਸਿੰਘ ਬਣ ਮਲਾਹ । ਵਿਸ਼ਨੂੰ ਵੇਖੇ ਸਹਿਜ ਸੁਭਾਇਆ, ਭਗਵਨ ਖੇਲ ਰਿਹਾ ਕਰਾ । ਜੈ ਜੈਕਾਰਾ ਇਕ ਲਗਾਇਆ, ਹਿੰਦੂ ਮੁਸਲਿਮ ਸਿੱਖ ਆਪ ਸੁਣਾ । ਰਾਜ ਰਾਜਾਨਾਂ ਦਏ ਖਪਾਇਆ, ਸ਼ਾਹ ਸੁਲਤਾਨਾਂ ਤਖ਼ਤੋਂ ਦੇਵੇ ਲਾਹ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹ । ਸੰਮਤ ਸਤਾਰਾਂ ਸਤਿ ਸਤਿਵਾਦ, ਆਪਣਾ ਹੁਕਮ ਜਣਾਈਆ । ਬੀਸ ਬਿਕ੍ਰਮੀ ਰੱਖਣੀ ਯਾਦ, ਹਰਿ ਲੇਖਾ ਰਿਹਾ ਮੁਕਾਈਆ । ਕਲਜੁਗ ਮੁੱਕਣੀ ਅੰਤ ਮਨਿਆਦ, ਨਾ ਸਕੇ ਕੋਇ ਬਚਾਈਆ । ਕਿਸੇ ਨਾ ਦੇਵੇ ਕੋਈ ਦਾਦ, ਸਭ ਬੈਠਣ ਮੁਖ ਭਵਾਈਆ । ਮਾਤ ਪਿਤ ਨਾ ਕੋਇ ਲਾਡ, ਬਾਲਕ ਗੋਦ ਨਾ ਕੋਇ ਸੁਹਾਈਆ । ਨਾ ਕੋਈ ਸੰਤ ਨਾ ਕੋਈ ਸਾਧ, ਸਿਦਕ ਸਬੂਰੀ ਨਾ ਕੋਇ ਰਖਾਈਆ । ਕਰੇ ਖੇਲ ਇਕ ਇਕੱਲਾ ਮੋਹਣ ਮਾਧਵ ਮਾਧ, ਮੋਹਣੀ ਆਪਣਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਾਹ ਪਾਤਸ਼ਾਹ ਆਪ ਅਖਵਾਈਆ । ਸ਼ਾਹ ਪਾਤਸ਼ਾਹ ਸੱਚਾ ਹਰਿ ਰਾਜਾ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਲੋਕਮਾਤ ਰਚਿਆ ਕਾਜਾ, ਆਪਣਾ ਸਾਹ ਸੁਧਾਇੰਦਾ । ਆਪਣੇ ਘਰ ਵਜਾਏ ਆਪਣਾ ਵਾਜਾ, ਆਪਣਾ ਰਾਗ ਸੁਣਾਇੰਦਾ । ਦੋ ਜਹਾਨਾਂ ਫਿਰੇ ਭਾਜਾ, ਔਂਦਾ ਜਾਂਦਾ ਦਿਸ ਨਾ ਆਇੰਦਾ । ਭੂਪਤ ਭੂਪ ਬਣ ਨਵਾਬਾ, ਸ਼ਾਹ ਨਵਾਬਾ ਰੂਪ ਵਟਾਇੰਦਾ । ਚਰਨ ਘੋੜੇ ਦੇ ਰਕਾਬਾ, ਸਚ ਸਿੰਘਾਸਣ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੀਸ ਜਗਦੀਸ ਤਾਜ ਸੁਹਾਇੰਦਾ । ਸੀਸ ਜਗਦੀਸ ਰੱਖ ਤਾਜ, ਆਪਣਾ ਹੁਕਮ ਜਣਾਈਆ । ਸ਼ਬਦ ਅਗੰਮੀ ਇਕ ਆਵਾਜ਼, ਸ਼ਾਹ ਪਾਤਸ਼ਾਹ ਸੁਣਾਈਆ । ਕਲਜੁਗ ਝੂਠਾ ਮੇਟੇ ਰਾਜ, ਦੁੱਖ ਰੱਯਤ ਨਾ ਕੋਇ ਉਠਾਈਆ । ਪੰਜੇ ਵਕਤ ਜੋ ਪੜ੍ਹਦੇ ਰਹੇ ਨਿਮਾਜ਼, ਨਿਮਾਜ਼ੀ ਬਣਿਆ ਨਾ ਕੋਇ ਰਾਹੀਆ । ਮੱਕਾ ਮਦੀਨਾ ਕਰਦੇ ਰਹੇ ਹੱਜ, ਕਾਇਆ ਹੱਜ ਨਾ ਕੋਇ ਕਰਾਈਆ । ਮਹਿਰਾਬੇ ਸੁਣਦੇ ਰਹੇ ਬਾਂਗ, ਘਰ ਸਦਾ ਨਾ ਕੋਇ ਲਗਾਈਆ । ਉਮਤ ਉਮਤੀ ਲੈਂਦੇ ਰਹੇ ਖ਼ਵਾਬ, ਸਾਚਾ ਮਿਲਿਆ ਨਾ ਸੱਚਾ ਮਾਹੀਆ । ਅੰਤਮ ਲੇਖਾ ਪੁੱਛੇ ਆਪ, ਅਭੁਲ ਭੁਲ ਕਦੇ ਨਾ ਜਾਈਆ । ਕਿਸੇ ਨਾ ਪੱਲੇ ਕੋਈ ਸਵਾਬ, ਸਚ ਧਨ ਨਾ ਕੋਇ ਵਖਾਈਆ । ਚਾਰੋਂ ਕੁੰਟ ਪੱਲੂ ਭਰਿਆ ਪਾਪ, ਅੱਲਾ ਰਾਣੀ ਮੁਖ ਸ਼ਰਮਾਈਆ । ਸਦੀ ਚੌਧਵੀਂ ਰਹੀ ਕਾਂਪ, ਧੀਰਜ ਧੀਰ ਨਾ ਕੋਇ ਧਰਾਈਆ । ਚੌਦਾਂ ਤਬਕਾਂ ਪਰਦਾ ਸਕੇ ਨਾ ਕੋਈ ਢਾਕ, ਪਰਵਰਦਿਗਾਰ ਪਰਦਾ ਆਪ ਉਠਾਈਆ । ਜਿਸ ਨੂੰ ਈਸਾ ਕਹਿੰਦਾ ਰਿਹਾ ਬਾਪ, ਸੋ ਆਇਆ ਸੱਚਾ ਸ਼ਹਿਨਸ਼ਾਹੀਆ । ਬੀਸ ਬਿਕ੍ਰਮੀ ਮੇਟੇ ਸਰਬ ਸੰਤਾਪ, ਸਤਿਆ ਸਭ ਦੀ ਦਏ ਖਿਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੀਸ ਸੱਤਰਾਂ ਆਪਣਾ ਹੁਕਮ ਜਣਾਈਆ । ਵੀਹ ਸੌ ਅਠਾਰਾਂ ਆਇਆ ਵਿਚ ਸੰਸਾਰ, ਪਹਿਲੀ ਚੇਤਰ ਰੁੱਤ ਸੁਹਾਇਆ । ਸ਼ਾਹ ਭਬੀਖਣ ਲਿਆ ਉਠਾਲ, ਰਾਸ਼ਟਰਪਤ ਹੁਕਮ ਜਣਾਇਆ । ਪਰਗਟ ਹੋਇਆ ਦੀਨ ਦਿਆਲ, ਨਿਰਗੁਣ ਆਪਣਾ ਰੂਪ ਵਟਾਇਆ । ਲਹਿਣਾ ਦੇਣਾ ਮੁਕਾਏ ਸ਼ਾਹ ਕੰਗਾਲ, ਸ਼ਾਹ ਪਾਤਸ਼ਾਹ ਵੇਖ ਵਖਾਇਆ । ਅੰਤਮ ਕਲਜੁਗ ਖਾਏ ਕਾਲ, ਕਲਜੁਗ ਵੇਲਾ ਅੰਤਮ ਆਇਆ । ਨੌਂ ਖੰਡ ਪ੍ਰਿਥਮੀ ਹੋਏ ਬੇਹਾਲ, ਨਾ ਕੋਈ ਸਕੇ ਧੀਰ ਧਰਾਇਆ । ਨਾ ਕੋਈ ਕਰੇ ਕਿਸੇ ਪ੍ਰਿਤਪਾਲ, ਸਿਆਸਤ ਵਰਾਸਤ ਆਪਣੀ

੧੦੪੯
੧੦

ਬੈਠੀ ਧਨ ਲੁਟਾਇਆ । ਕਿਸੇ ਪੱਤ ਨਾ ਰਹਿਣਾ ਡਾਲ, ਖ਼ਿਜ਼ਾਂ ਰੁੱਤ ਆਪ ਬਣਾਇਆ । ਨਾ ਕੋਈ ਸਕੇ ਸੁਰਤ ਸੰਭਾਲ, ਸ਼ਾਹ ਸੁਲਤਾਨ ਖ਼ਾਕ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਆਪ ਜਣਾਇਆ । ਧੁਰ ਫ਼ਰਮਾਨਾ ਆਇਆ ਦੱਸ, ਹੁਕਮੀ ਹੁਕਮ ਸੁਣਾਈਆ । ਕਿਸੇ ਦਾ ਚਲਣਾ ਨਾ ਕੋਇ ਵਸ, ਪਰਧਾਨ ਮੰਤਰੀ ਬੈਠਣ ਮੁਖ ਸ਼ਰਮਾਈਆ । ਕਲਜੁਗ ਪੈਂਡਾ ਮੁੱਕਿਆ ਨੱਸ ਨੱਸ, ਅੰਤਮ ਰੈਣ ਅੰਧੇਰੀ ਛਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਰਿਹਾ ਖਲਾਈਆ । ਖੇਲ ਕਰਾਏ ਪੁਰਖ ਸਮਰਥਾ, ਸਮਰਥ ਹੱਥ ਵਡਿਆਈਆ । ਵੀਹ ਸੌ ਅਠਾਰਾਂ ਬਿਕ੍ਰਮੀ ਹਾੜ ਸਤਾਰਾਂ ਗੁਰੂ ਅਵਤਾਰ ਕਰ ਇਕੱਠਾ, ਪੂਰਬ ਲੇਖਾ ਪੁੱਛ ਪੁਛਾਈਆ । ਈਸਾ ਮੂਸਾ ਤਿੰਨ ਕਰਮ ਪਿਛੇ ਢੱਠਾ, ਨਿਉਂ ਨਿਉਂ ਸੀਸ ਝੁਕਾਈਆ । ਦਸ ਕਰਮ ਮੁਹੰਮਦ ਹਟਾ, ਆਪਣੀ ਭੁਲ ਰਿਹਾ ਬਖ਼ਸ਼ਾਈਆ । ਅੱਲਾ ਰਾਣੀ ਤਾਪ ਚੜ੍ਹਿਆ ਮੱਠਾ, ਹੱਡ ਪੈਰ ਰਹੇ ਤੁੜਾਈਆ । ਪਰਵਰਦਿਗਾਰ ਆਇਆ ਨੱਠਾ, ਨੂਰ ਨੁਰਾਨਾ ਨੂਰ ਇਲਾਹੀਆ । ਆਦਿ ਜੁਗਾਦਿ ਹੱਟਾ ਕੱਟਾ, ਬਿਰਧ ਬਾਲ ਨਾ ਰੂਪ ਵਟਾਈਆ । ਜਿਸ ਜਨ ਮਾਰੇ ਆਪਣੀ ਸੱਟਾ, ਸੋ ਸਕੇ ਨਾ ਸੀਸ ਉਠਾਈਆ । ਮੇਰੇ ਸਿਰ ਪਾਏ ਮੇਰੀ ਖ਼ਾਕ ਮਿੱਟਾ, ਮੇਰੀ ਮੀਂਢੀ ਮਾਤ ਰੁਲਾਈਆ । ਮੇਰੇ ਹੱਥ ਨਾ ਦਿਸੇ ਮੌਲੀ ਅੱਟਾ, ਸਚ ਤੰਦ ਕਵਣ ਬੰਧਾਈਆ । ਮੇਰੇ ਖ਼ਾਲੀ ਹੋਏ ਚੌਦਾਂ ਹੱਟਾ, ਚੌਦਾਂ ਤਬਕ ਪਈ ਲੜਾਈਆ । ਇਲਾਹੀ ਨੂਰ ਏਕਾ ਫਟਾ, ਫੁੱਟ ਮੇਰੀ ਦਏ ਮਿਟਾਈਆ । ਮੇਰਾ ਵਸਦਾ ਘਰ ਜਾਏ ਲੁੱਟਾ, ਲੁਟ ਆਪਣੀ ਰਿਹਾ ਮਚਾਈਆ । ਤੀਰ ਨਿਰਾਲਾ ਏਕਾ ਛੁੱਟਾ, ਨਾ ਕੋਈ ਸਕੇ ਮਾਤ ਅਟਕਾਈਆ । ਲੱਖ ਚੁਰਾਸੀ ਟੰਗੇ ਫੜ ਕੇ ਪੁੱਠਾ, ਪੁੱਠੀ ਖਲ ਦਏ ਲੁਹਾਈਆ । ਜਿਸ ਨੇ ਖਾਧਾ ਰਸਨਾ ਕੁੱਠਾ, ਤਿਸ ਕੁਠ ਕੁਠ ਦਏ ਮੁਕਾਈਆ । ਮੁਰਸ਼ਦ ਮੁਰੀਦ ਵਿਰਲੇ ਉਪਰ ਤੁਠਾ, ਮਰਦਨ ਮਰਦ ਦਏ ਕਰਾਈਆ । ਸੰਮਤ ਅਠਾਰਾਂ ਸੁਹਾਈ ਰੁੱਤਾ, ਰੁੱਤ ਰੁੱਤੜੀ ਵੇਖ ਵਖਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਜੋ ਰਿਹਾ ਸੁੱਤਾ, ਕਲਜੁਗ ਅੰਤਮ ਲਏ ਅੰਗੜਾਈਆ । ਜਿਸ ਦੀ ਕਰਦੇ ਰਹੇ ਪੂਜਾ ਪਾਠਾ, ਸੋ ਪਰਗਟ ਹੋਇਆ ਸੱਚਾ ਸ਼ਹਿਨਸ਼ਾਹੀਆ । ਜਿਸ ਬਣਾਇਆ ਤੀਰਥ ਤਾਟਾ, ਗੰਗਾ ਗੋਦਾਵਰੀ ਧਾਰ ਵਹਾਈਆ । ਜਿਸ ਬਣਾਈ ਦਿਵਸ ਰਾਤਾ, ਸੂਰਜ ਚੰਦ ਕਰ ਰੁਸ਼ਨਾਈਆ । ਜਿਸ ਨੂੰ ਕਹਿੰਦੇ ਆਦਿ ਸ਼ਕਤ ਸਾਚੀ ਮਾਤਾ, ਸੋ ਭਵਾਨੀ ਰੂਪ ਵਟਾਈਆ । ਜਿਸ ਦੀ ਪੜ੍ਹ ਪੜ੍ਹ ਸੁਣੌਂਦੇ ਰਹੇ ਗਾਥਾ, ਸੋ ਆਪਣੀ ਗਾਥਾ ਰਿਹਾ ਸੁਣਾਈਆ । ਜਿਸ ਨੂੰ ਕਹਿੰਦੇ ਤ੍ਰਿਲੋਕੀ ਨਾਥਾ, ਕੋਟਨ ਕੋਟ ਤ੍ਰਿਲੋਕੀ ਨਾਥ ਆਪਣੇ ਸੰਗ ਰਖਾਈਆ । ਜਿਸ ਨੂੰ ਕਹਿੰਦੇ ਰਾਮ ਬੇਟਾ ਦਸਰਾਥਾ, ਸੋ ਰਾਮ ਘਟ ਘਟ ਰਿਹਾ ਸਮਾਈਆ । ਜਿਸ ਨੂੰ ਈਸਾ ਮੂਸਾ ਸਜਦਾ ਕਰ ਕਰ ਟੇਕਦੇ ਰਹੇ ਮਾਥਾ, ਸੋ ਸਹੀ ਸਲਾਮਤ ਫੇਰਾ ਪਾਈਆ । ਜਿਸ ਕੋਲੋਂ ਮੁਹੰਮਦ ਮੰਗਦਾ ਰਿਹਾ ਦਾਤਾ, ਦੇਵਣਹਾਰਾ ਆਇਆ ਆਪ ਖ਼ੁਦਾਈਆ । ਜਿਸ ਦੀ ਨਾਨਕ ਗੋਬਿੰਦ ਜਣੌਂਦੇ ਰਹੇ ਜ਼ਾਤਾ, ਅਜੂਨੀ ਰਹਿਤ ਵਡੀ ਵਡਿਆਈਆ । ਕਲਜੁਗ ਅੰਤਮ ਆਇਆ ਪੁਰਖ ਸਮਰਾਥਾ, ਨਿਰਗੁਣ ਆਪਣਾ ਰੂਪ ਵਟਾਈਆ । ਕਲਜੁਗ ਆਇਆ ਆਪਣੇ ਘਾਟਾ, ਜਗਤ ਕਿਨਾਰਾ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪ ਆਪਣਾ ਖੇਲ ਵਖਾਈਆ । ਸਾਚਾ ਖੇਲ ਹਰਿ ਵਖੌਣਾ, ਸੰਮਤ ਵੀਹ ਸੌ ਉਨੀ ਰਾਹ ਤਕਾਇੰਦਾ । ਚਾਰ ਜੁਗ ਦੀ ਜਗਤ ਅਪੀਲ ਪੰਧ ਮੁਕੌਣਾ, ਦਲੀਲ ਅਵਰ ਨਾ ਕੋਇ ਰਖਾਇੰਦਾ । ਦੀਦ ਸ਼ੁਨੀਦ ਇਕ ਕਰੌਣਾ, ਲਾਸ਼ਰੀਕ ਪਰਦਾ ਲਾਹਿੰਦਾ । ਗੋਬਿੰਦ

ਢੋਲਾ ਏਕਾ ਗੌਣਾ, ਏਕਾ ਬਚਨ ਜਣਾਇੰਦਾ । ਮੁਹੰਮਦ ਫ਼ਤਵਾ ਫੇਰ ਲੌਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭਾਣਾ ਆਪ ਵਰਤਾਇੰਦਾ । ਆਪਣਾ ਭਾਣਾ ਹਰਿ ਵਰਤਾਏ, ਵੀਹ ਸੌ ਉਨੀ ਬਿਕ੍ਰਮੀ ਦਏ ਦੁਹਾਈਆ । ਅੱਠਾਂ ਤੱਤਾਂ ਖ਼ਾਕ ਮਿਲਾਏ, ਅੱਠ ਗ੍ਰਿਹਿ ਦਏ ਵਡਿਆਈਆ । ਅੱਠਾਂ ਗ੍ਰਿਹਿਆਂ ਅੱਡ ਅੱਡ ਝੋਲੀ ਪਾਏ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਨਾਲ ਰਲਾਈਆ । ਆਪਣਾ ਵਿਕਾਸ ਆਪ ਕਰਾਏ, ਆਪਣੀ ਧਾਰ ਆਪ ਵਹਾਈਆ । ਆਪਣਾ ਰਾਕਟ ਆਪ ਚੜ੍ਹਾਏ, ਦਿਸ ਕਿਸੇ ਨਾ ਆਈਆ । ਨਾਮ ਐਟਮ ਇਕ ਬਣਾਏ, ਜਗਤ ਐਟਮ ਦਏ ਖਪਾਈਆ । ਹਾਇਡਰੋਜਨ ਆਪਣਾ ਹੁਕਮ ਸੁਣਾਏ, ਆਪਣੀ ਹਾਈਟ ਕਿਸੇ ਨਜ਼ਰ ਨਾ ਪਾਈਆ । ਆਪਣੀ ਫ਼ਾਈਟ ਆਪ ਕਰਾਏ, ਬਿਨ ਤੀਰ ਤਲਵਾਰ ਜੰਗ ਮਚਾਈਆ । ਕਲਜੁਗ ਝੂਠਾ ਖੇੜਾ ਦੇਵੇ ਢਾਹੇ, ਏਕਾ ਵਾਰ ਜੜ੍ਹ ਉਖੜਾਈਆ । ਈਸਾ ਮੂਸਾ ਪੰਧ ਮੁਕਾਏ, ਕਲਮਾ ਨਬੀ ਨਾ ਕੋਇ ਪੜ੍ਹਾਈਆ । ਵੀਹ ਸੌ ਬੀਸ ਬਿਕ੍ਰਮੀ ਰਾਹ ਤਕਾਏ, ਪੰਦਰਾਂ ਕੱਤਕ ਨਾਲ ਰਲਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਘਟ ਘਟ ਅੰਦਰ ਨਜ਼ਰੀ ਆਏ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਨਿਹਕਲੰਕ ਆਪ ਅਖਵਾਏ, ਪੰਜ ਤੱਤ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਉਨੀ ਸੌ ਬਾਹਠ, ਲੱਖ ਚੁਰਾਸੀ ਉਤਾਰੇ ਆਪਣੇ ਘਾਟ, ਗੁਰਮੁਖ ਵਿਰਲਾ ਲਏ ਬਚਾਈਆ । ਗੁਰਮੁਖ ਵਿਰਲਾ ਜਾਏ ਬਚ, ਜਿਸ ਹਰਿ ਹਰਿ ਨਾਮ ਧਿਆਇਆ । ਅੱਗੇ ਮਾਰਗ ਲਾਏ ਸੱਚ, ਸਤਿ ਸਤਿਵਾਦੀ ਸਾਚਾ ਰਾਹ ਵਖਾਇਆ । ਨੌ ਖੰਡ ਪ੍ਰਿਥਮੀ ਆਪੇ ਰਚ, ਆਪਣੀ ਰਚਨਾ ਦਏ ਸਮਝਾਇਆ । ਹਰ ਘਟ ਹਿਰਦੇ ਜਾਏ ਵਸ, ਹਰਿ ਆਪਣਾ ਰੂਪ ਧਰਾਇਆ । ਕਲਜੁਗ ਮਿਟੇ ਰੈਣ ਅੰਧੇਰੀ ਮਸ, ਸਤਿਜੁਗ ਸਾਚਾ ਮਾਰਗ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਵਰਨ ਏਕਾ ਘਰ ਵਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਨਿਰਗੁਣ ਨਿਰਗੁਣ ਨਿਰਗੁਣ ਧਾਰ ਚਲਾਇਆ ।



੧੦੫੧
੧੦

### ★ ੨੯ ਸਾਵਣ ੨੦੧੮ ਬਿਕ੍ਰਮੀ ਵਤਨ ਸਿੰਘ ਦੇ ਗ੍ਰਿਹਿ ਪਿੰਡ ਸਰੀਂ ਪੁਰ ਜ਼ਿਲਾ ਹੁਸ਼ਿਆਰਪੁਰ ★

ਸੱਚ ਦਰਬਾਰ ਲਗਾਇਆ ਮਾਤ, ਸੋ ਪੁਰਖ ਨਿਰੰਜਣ ਦਇਆ ਕਮਾਈਆ । ਏਕਾ ਬਖ਼ਸ਼ੇ ਨਾਮ ਦਾਤ, ਵਸਤ ਅਮੋਲਕ ਆਪ ਵਰਤਾਈਆ । ਨਾਤਾ ਤੋੜੇ ਜ਼ਾਤ ਪਾਤ, ਮਜ਼੍ਹਬ ਦੀਨ ਨਾ ਕੋਇ ਵਡਿਆਈਆ । ਸਤਿ ਵਖਾਏ ਏਕਾ ਘਾਟ, ਸਚ ਕਿਨਾਰਾ ਦਏ ਜਣਾਈਆ । ਜੂਠੀ ਝੂਠੀ ਮੇਟੇ ਅੰਧੇਰੀ ਰਾਤ, ਸਚ ਸੁੱਚ ਕਰੇ ਰੁਸ਼ਨਾਈਆ । ਪੁਰਖ ਅਕਾਲ ਬੰਧਾਏ ਨਾਤ, ਜਗਤ ਨਾਤਾ ਤੋੜ ਤੁੜਾਈਆ । ਸੋ ਪੁਰਖ ਨਿਰੰਜਣ ਸੁਣਾਏ ਸਾਚੀ ਗਾਥ, ਹੰ ਬ੍ਰਹਮ ਕਰੇ ਪੜ੍ਹਾਈਆ । ਲਹਿਣਾ ਦੇਣਾ ਚੁਕਾਏ ਤੀਰਥ ਤਾਟ, ਘਰ ਸਰੋਵਰ ਆਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਰਬਾਰੇ ਸੋਭਾ ਪਾਈਆ । ਸਚ ਦਰਬਾਰ ਲੱਗਾ ਮਾਤ, ਹਰਿ ਨਿਰਗੁਣ ਆਪ ਲਗਾਇਆ । ਆਪੇ ਖੇਲੇ ਖੇਲ ਤਮਾਸ਼, ਰੂਪ ਅਨੂਪ ਧਰਾਇਆ । ਲੇਖਾ ਜਾਣੇ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਫੋਲ ਫੋਲਾਇਆ । ਆਦਿ ਜੁਗਾਦਿ ਨਾ ਹੋਏ ਵਿਨਾਸ, ਜੁਗ ਜੁਗ ਵੇਸ ਕਰਾਇਆ । ਭੇਵ ਚੁਕਾਏ ਰਵ ਸਸ, ਜੋਤ ਨੂਰ ਨੂਰ ਰੁਸ਼ਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਾ

ਆਪ ਸੁਹਾਇਆ । ਸਚ ਦਰਬਾਰ ਲਾਏ ਭਗਵਾਨ, ਏਕਾ ਭਗਤਨ ਦੇ ਵਡਿਆਈਆ । ਜੀਵਣ ਜੁਗਤ ਦੇਵੇ ਦਾਨ, ਜਗਤ ਜੁਗ ਦਇਆ ਕਮਾਈਆ । ਏਕਾ ਹੁਕਮ ਧੁਰ ਫ਼ਰਮਾਨ, ਧੁਰਦਰਗਾਹੀ ਆਪ ਸੁਣਾਈਆ । ਚਾਰ ਵਰਨ ਇਕ ਧਿਆਨ, ਇਕ ਗਿਆਨ ਦ੍ਰਿੜਾਈਆ । ਚਾਰ ਵਰਨ ਇਕ ਨਿਸ਼ਾਨ, ਚਾਰੋਂ ਕੁੰਟ ਵਖਾਈਆ । ਚਾਰ ਵਰਨ ਇਕ ਮਕਾਨ, ਏਕਾ ਮੰਦਰ ਦਏ ਸੁਹਾਈਆ । ਚਾਰ ਵਰਨ ਇਕ ਭਗਵਾਨ, ਚਾਰ ਜੁਗ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਆਪਣੇ ਸੋਭਾ ਪਾਈਆ । ਸਚ ਦਰਬਾਰਾ ਸੋਭਾਵੰਤ, ਸੋ ਪੁਰਖ ਨਿਰੰਜਣ ਆਪ ਸੁਹਾਇੰਦਾ । ਕਰੇ ਖੇਲ ਬੇਅੰਤ ਬੇਅੰਤ, ਬੇਪਰਵਾਹ ਵੇਸ ਵਟਾਇੰਦਾ । ਲੱਖ ਚੁਰਾਸੀ ਮਾਇਆ ਪਾਏ ਬੇਅੰਤ, ਹਰਿਜਨ ਸਾਚਾ ਆਪ ਜਗਾਇੰਦਾ । ਮੇਲ ਮਿਲਾਏ ਸਾਜਨ ਸੰਤ, ਸਤਿ ਸਤਿਵਾਦੀ ਆਪਣੇ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਰਬਾਰੇ ਆਪ ਸੁਹਾਇੰਦਾ । ਸਚ ਦਰਬਾਰ ਸੁਹਾਇਆ, ਹਰਿ ਸਾਚਾ ਸਚ ਕਮਾਇੰਦਾ । ਗੁਰਮੁਖ ਵਿਰਲਾ ਆਪ ਉਠਾਇਆ, ਜਿਸ ਜਨ ਆਪਣੀ ਦਇਆ ਕਮਾਇੰਦਾ । ਆਪ ਆਪਣੇ ਰੰਗ ਰੰਗਾਇਆ, ਰੰਗ ਰੰਗੀਲਾ ਆਪ ਹੋ ਜਾਇੰਦਾ । ਸਾਚਾ ਨਾਮ ਮਰਦੰਗ ਵਜਾਇਆ, ਆਪ ਆਪਣਾ ਨਾਦ ਸੁਣਾਇੰਦਾ । ਜਨਮ ਜਨਮ ਦੀ ਟੁੱਟੀ ਗੰਢ ਵਖਾਇਆ, ਸਿਰ ਆਪਣਾ ਹੱਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰੇ ਸੋਭਾ ਪਾਇੰਦਾ । ਸਚ ਦਰਬਾਰਾ ਗਿਆ ਲੱਗ, ਹਰਿ ਸਾਚਾ ਆਪ ਲਗਾਇੰਦਾ । ਬਿਨ ਦੀਪਕ ਗਿਆ ਜਗ, ਜਾਗਰਤ ਜੋਤ ਜਗਤ ਵਖਾਇੰਦਾ । ਗੁਰਮੁਖਾਂ ਬੁਝਾਏ ਲੱਗੀ ਅੱਗ, ਅੰਮ੍ਰਿਤ ਮੇਘ ਬਰਸਾਇੰਦਾ । ਦਰਸ ਦਿਖਾਏ ਉਪਰ ਸ਼ਾਹ ਰਗ, ਹਰਿ ਭਗਤ ਆਪਣਾ ਰੂਪ ਵਟਾਇੰਦਾ । ਜੋ ਜਨ ਸਰਨਾਈ ਗਿਆ ਲੱਗ, ਤਿਸ ਸੰਸਾ ਰੋਗ ਚੁਕਾਇੰਦਾ । ਸਤਿ ਸਤਿਵਾਦੀ ਬੰਨ੍ਹੇ ਤਗ, ਸਾਚਾ ਸਗਨ ਮਨਾਇੰਦਾ । ਮਾਣਕ ਮੋਤੀ ਹੀਰਾ ਨਗ, ਗੁਰਮੁਖ ਆਪਣੇ ਤਾਜ ਸੁਹਾਇੰਦਾ । ਲੱਖ ਚੁਰਾਸੀ ਨਾਲੋਂ ਕੀਤਾ ਅੱਡ, ਆਪਣੀ ਵੰਡਣ ਆਪ ਵੰਡਾਇੰਦਾ । ਏਕਾ ਨਾਮ ਪਿਆਏ ਮਦਿ, ਮਸਤ ਪਿਆਲਾ ਹੱਥ ਰਖਾਇੰਦਾ । ਆਪਣੇ ਘਰ ਵਿਚ ਆਪੇ ਸੱਦ, ਆਪੇ ਰੰਗ ਰੰਗਾਇੰਦਾ । ਜਗਤ ਕਿਨਾਰਾ ਪਾਰ ਹੱਦ, ਏਕਾ ਵਾਰ ਟਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਰਬਾਰ ਆਪ ਸਜਾਇੰਦਾ । ਸਚ ਦਰਬਾਰ ਗਿਆ ਸਜ, ਸੋ ਪੁਰਖ ਨਿਰੰਜਣ ਆਪ ਸਜਾਇਆ । ਸਚ ਸਿੰਘਾਸਣ ਨਿਰਗੁਣ ਚੜ੍ਹਿਆ ਭੱਜ, ਪਾਰਬ੍ਰਹਮ ਸੱਚਾ ਸ਼ਹਿਨਸ਼ਾਹਿਆ । ਨਾਮ ਨਗਾਰਾ ਗਿਆ ਵੱਜ, ਦੋ ਜਹਾਨਾਂ ਲਏ ਉਠਾਇਆ । ਕੂੜ ਕੁੜਿਆਰਾ ਰਿਹਾ ਤਜ, ਕਲ ਆਪਣਾ ਪੱਲੂ ਰਿਹਾ ਛੁਡਾਇਆ । ਜੋ ਘੜਿਆ ਸੋ ਰਿਹਾ ਭੱਜ, ਵੇਲਾ ਅੰਤਮ ਆਇਆ । ਕੋਇ ਨਾ ਸਕੇ ਪਰਦਾ ਕੱਜ, ਸਿਰ ਹੱਥ ਨਾ ਕੋਇ ਟਿਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਚਰਜ ਆਪਣੀ ਖੇਲ ਖਿਲਾਇਆ । ਸਚ ਦਰਬਾਰ ਸਹਿਜ ਸੁਭਾਏ, ਸੋ ਪੁਰਖ ਨਿਰੰਜਣ ਆਪ ਲਗਾਈਆ । ਵਾਰ ਥਿਤ ਨਾ ਕੋਇ ਰਖਾਏ, ਆਦਿ ਜੁਗਾਦਿ ਵਡੀ ਵਡਿਆਈਆ । ਰੁਤੜੀ ਰੁਤ ਆਪ ਸੁਹਾਏ, ਰੁਤ ਬਸੰਤੀ ਸੋਭਾ ਪਾਈਆ । ਸਚ ਸੁੱਚ ਆਪ ਵਰਤਾਏ, ਸਾਚੀ ਸਿਖਿਆ ਝੋਲੀ ਪਾਈਆ । ਕਾਇਆ ਮਾਟੀ ਭਾਂਡੇ ਕੱਚ ਭਾਗ ਲਗਾਏ, ਕੰਚਨ ਕਾਇਆ ਗੜ੍ਹ ਵਖਾਈਆ । ਤ੍ਰੈਗੁਣ ਆਂਚ ਦਏ ਬੁਝਾਏ, ਅੰਮ੍ਰਿਤ ਮੇਘ ਬਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਰਬਾਰ ਦਏ ਵਡਿਆਈਆ । ਸਚ ਦਰਬਾਰ ਸੁਹੰਜਣਾ, ਹਰਿ ਪੁਰਖ ਨਿਰੰਜਣ ਆਪ ਸੁਹਾਇਆ । ਦੀਪਕ

ਜਗੇ ਜੋਤ ਨਿਰੰਜਣਾ, ਨੂਰ ਨੁਰਾਨਾ ਡਗਮਗਾਇਆ । ਲੇਖਾ ਜਾਣੇ ਸਾਚਾ ਸੱਜਣਾ, ਹਰਿਜਨ ਸਾਚੇ ਵੇਖ ਵਖਾਇਆ । ਨਾ ਘੜਿਆ ਨਾ ਭੱਜਣਾ, ਜਨਮ ਮਰਨ ਵਿਚ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਰਬਾਰ ਦਏ ਵਖਾਇਆ । ਸਚ ਦਰਬਾਰ ਗਿਆ ਖੁਲ੍ਹ, ਹਰਿ ਸਾਚਾ ਆਪ ਖੁਲ੍ਹਾਇੰਦਾ । ਦੇਵੇ ਵਸਤ ਨਾਮ ਅਨਮੁੱਲ, ਕ਼ੀਮਤ ਕਰਤਾ ਨਾ ਕੋਇ ਲਗਾਇੰਦਾ । ਜੋ ਜਨ ਦਵਾਰੇ ਆਏ ਭੁੱਲ, ਆਪ ਆਪਣੇ ਰੰਗ ਰੰਗਾਇੰਦਾ । ਪੱਤ ਡਾਲ੍ਹੀ ਵੇਖੇ ਫੁਲਵਾੜੀ ਫੁਲ, ਕਲੀ ਕਲੀ ਆਪ ਮਹਿਕਾਇੰਦਾ । ਗੁਰਮੁਖ ਮਾਇਆ ਅੰਦਰ ਨਾ ਜਾਏ ਰੁਲ, ਮਾਇਆ ਮਮਤਾ ਮੋਹ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਾ ਆਪ ਵਡਿਆਇੰਦਾ । ਸਚ ਦਵਾਰ ਵੱਡੀ ਵਡਿਆਈ, ਵਡ ਵੱਡਾ ਆਪ ਕਰਾਇੰਦਾ । ਗੁਰਮੁਖ ਗੁਰ ਹੋਏ ਕੁੜਮਾਈ, ਗੁਰ ਸਤਿਗੁਰ ਖੇਲ ਖਿਲਾਇੰਦਾ । ਗ੍ਰਿਹਿ ਮੰਦਰ ਵੱਜੇ ਵਧਾਈ, ਘਰ ਖ਼ੁਸ਼ੀਆਂ ਮੰਗਲ ਗਾਇੰਦਾ । ਚਲ ਕੇ ਆਏ ਸਾਚਾ ਰਾਹੀ, ਪਾਂਧੀ ਆਪਣਾ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦਰ ਆਪ ਸੁਹਾਇੰਦਾ । ਪਾਂਧੀ ਕਰ ਕੇ ਆਏ ਪੰਧ, ਦੂਰ ਦੁਰਾਡਾ ਫੇਰਾ ਪਾਈਆ । ਇਕ ਸੁਣਾਏ ਸੁਹਾਗੀ ਛੰਦ, ਚਾਰ ਵਰਨ ਕਰੇ ਪੜ੍ਹਾਈਆ । ਸੋ ਪੁਰਖ ਨਿਰੰਜਣ ਖ਼ੁਸ਼ੀ ਕਰੇ ਬੰਦ ਬੰਦ, ਹੰ ਬ੍ਰਹਮ ਵੇਖ ਵਖਾਈਆ । ਸੋਹੰ ਦੇਵੇ ਪਰਮਾਨੰਦ, ਨਿਜ ਆਤਮ ਕਰੇ ਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਵਸਤ ਇਕ ਵਰਤਾਈਆ । ਸੋਹੰ ਵਸਤ ਨਾਮ ਭੰਡਾਰ, ਹਰਿ ਚਾਰ ਵਰਨ ਵਰਤਾਇੰਦਾ । ਸਤਿਜੁਗ ਖੁਲ੍ਹੇ ਸਚ ਦਵਾਰ, ਸਤਿ ਸਤਿਵਾਦੀ ਆਪ ਖੁਲ੍ਹਾਇੰਦਾ । ਏਕਾ ਰੰਗ ਰੰਗਾਏ ਪੁਰਖ ਨਾਰ, ਨਾਰੀ ਪੁਰਖ ਏਕਾ ਧਾਮ ਬਹਾਇੰਦਾ । ਏਕਾ ਵਣਜ ਕਰਾਏ ਵਪਾਰ, ਸਾਚਾ ਹੱਟ ਆਪ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰੇ ਆਪੇ ਖੜ, ਆਪਣਾ ਦਰਸ ਦਿਖਾਇੰਦਾ । ਸਚ ਦਵਾਰੇ ਖੇਲ ਕਰਤਾਰ, ਖ਼ਾਲਕ ਖ਼ਲਕ ਵੇਖ ਵਖਾਈਆ । ਕ਼ੁਦਰਤ ਕ਼ਾਦਰ ਕਰੇ ਪਿਆਰ, ਬੇਐਬ ਸੱਚਾ ਸ਼ਹਿਨਸ਼ਾਹੀਆ । ਏਕਾ ਸ਼ਬਦ ਨਾਮ ਜੈਕਾਰ, ਧੁਰ ਦੀ ਬਾਣੀ ਬਾਣ ਸੁਣਾਈਆ । ਵਰਨਾਂ ਬਰਨਾਂ ਕਰੇ ਖ਼ਬਰਦਾਰ, ਅਠਾਰਾਂ ਬਰਨ ਦਏ ਸਜ਼ਾਈਆ । ਪਰਗਟ ਹੋ ਨਰ ਨਿਰੰਕਾਰ, ਨਿਰਗੁਣ ਰੂਪ ਲਏ ਵਟਾਈਆ । ਸ਼ਕਤੀ ਖਿਚੇ ਸਰਬ ਸੰਸਾਰ, ਆਪ ਆਪਣੀ ਦਇਆ ਕਮਾਈਆ । ਭਗਤਨ ਜਾਣੇ ਇਕ ਭੰਡਾਰ, ਸਚ ਭੰਡਾਰਾ ਆਪ ਭਰਾਈਆ । ਜਿਸ ਜਨ ਬਖ਼ਸ਼ੇ ਚਰਨ ਪਿਆਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਭਗਤੀ ਭਗਵੰਤ ਝੋਲੀ ਪਾਈਆ । ਸਾਚੀ ਭਗਤੀ ਗੁਰ ਚਰਨ ਦਾਸ, ਦਾਸੀ ਦਾਸ ਸੇਵ ਕਮਾਇੰਦਾ । ਸਾਹਿਬ ਸੱਚਾ ਵਸੇ ਪਾਸ, ਆਪਣਾ ਮੇਲਾ ਮੇਲ ਮਿਲਾਇੰਦਾ । ਕਰੇ ਕਰਾਏ ਬੰਦ ਖ਼ਲਾਸ, ਬੰਦੀ ਬੰਦ ਆਪ ਤੁੜਾਇੰਦਾ । ਨਾਤਾ ਤੋੜੇ ਦਸ ਦਸ ਮਾਸ, ਮਾਤ ਗਰਭ ਨਾ ਕੋਇ ਫਰਾਇੰਦਾ । ਪੂਰੀ ਕਰੇ ਹਰਿ ਜੂ ਆਸ, ਹਰਿ ਮੰਦਰ ਆਪ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਸਾਚਾ ਆਪ ਸੁਹਾਇੰਦਾ । ਦਰ ਦਰਬਾਰ ਸੁਹੰਜਣਾ, ਸੋਭਾਵੰਤ ਕਰਤਾਰ । ਗੁਰਮੁਖ ਗੁਰ ਗੁਰ ਮਿਲੇ ਏਕਾ ਘਰ ਸੱਜਣਾ, ਘਰ ਸੱਜਣ ਮੀਤ ਮੁਰਾਰ । ਪੀ ਅੰਮ੍ਰਿਤ ਹਰਿਜਨ ਰੱਜਣਾ, ਹੋਏ ਠੰਡਾ ਠਾਰ । ਭਾਂਡਾ ਭਰਮ ਭੌ ਭੱਜਣਾ, ਦੂਈ ਦਵੈਤੀ ਦਏ ਨਿਵਾਰ । ਚਾਰ ਵਰਨਾਂ ਏਕਾ ਘਰ ਵਸਣਾ, ਸਚ ਦਵਾਰਾ ਹਰਿ ਨਿਰੰਕਾਰਾ ਦਏ ਉਸਾਰ । ਊਚਾਂ ਨੀਚਾਂ ਹਰਿ ਹਰਿ ਹੱਸਣਾ, ਰਾਓ ਰੰਕ ਨਾ ਕੋਇ ਵਿਚਾਰ । ਏਕਾ ਸ਼ਬਦ ਗਾਏ

ਰਸਨਾ, ਉਚੀ ਕੂਕ ਕੂਕ ਪੁਕਾਰ । ਕਲਜੁਗ ਮਿਟੇ ਰੈਣ ਅੰਧੇਰੀ ਮਸਣਾ, ਸਤਿਜੁਗ ਸਾਚਾ ਹੋਏ ਉਜਿਆਰ । ਲੱਖ ਚੁਰਾਸੀ ਏਕਾ ਮਾਰਗ ਦੱਸਣਾ, ਜਾਏ ਪੈਜ ਸਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਸਚ ਦਰਬਾਰ । ਸਚ ਦਰਬਾਰ ਧੁਰ ਦਰਗਾਹ, ਲੋਕਮਾਤ ਵਡਿਆਈਆ । ਕਰੇ ਖੇਲ ਸੱਚਾ ਸ਼ਹਿਨਸ਼ਾਹ, ਸ਼ਾਹ ਪਾਤਸ਼ਾਹ ਆਪਣਾ ਰੂਪ ਵਟਾਈਆ । ਇਕ ਜਣਾਏ ਆਪਣਾ ਨਾਂ, ਸੋਹੰ ਕਰੇ ਪੜ੍ਹਾਈਆ । ਸੋਹੰ ਰੂਪ ਨਿਰਗੁਣ ਧਾਰ ਚਲਾ, ਸਰਗੁਣ ਲਏ ਪਰਨਾਈਆ । ਸਰਗੁਣ ਮੇਲਾ ਸਹਿਜ ਸੁਭਾ, ਨਿਰਗੁਣ ਵੇਖੇ ਚਾਈਂ ਚਾਈਂਆ । ਦੋ ਜਹਾਨਾਂ ਵਿਚੋਲਾ ਬਣ ਮਲਾਹ, ਆਪਣੀ ਖੇਲ ਖਿਲਾਈਆ । ਸਤਿ ਸਤਿਵਾਦੀ ਪੱਲੂ ਦਏ ਫੜਾ, ਏਕਾ ਪੱਲੂ ਨਾਮ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਰਬਾਰ ਵੱਜੇ ਵਧਾਈਆ । ਸਚ ਦਰਬਾਰ ਵੱਜੇ ਵਧਾਈ, ਸਤਿਗੁਰ ਸਾਚਾ ਆਪ ਵਜਾਇੰਦਾ । ਚਾਰ ਜੁਗ ਦੇ ਭੁੱਲੇ ਰਾਹੀ, ਫੜ ਫੜ ਰਾਹੇ ਪਾਇੰਦਾ । ਜਨਮ ਜਨਮ ਦੀ ਮੇਟੇ ਸ਼ਾਹੀ, ਦੁਰਮਤ ਮੈਲ ਧਵਾਇੰਦਾ । ਗ਼ਰੀਬ ਨਿਮਾਣਿਆਂ ਪਕੜੇ ਬਾਹੀਂ, ਆਪਣੇ ਗਲੇ ਲਗਾਇੰਦਾ । ਏਕਾ ਅੱਖਰ ਰਿਹਾ ਪੜ੍ਹਾਈ, ਸਾਚੀ ਵਿਦਿਆ ਆਪ ਪਰਗਟਾਇੰਦਾ । ਹੰ ਬ੍ਰਹਮ ਰਿਹਾ ਪਰਗਟਾਈ, ਆਪਣੀ ਦਇਆ ਕਮਾਇੰਦਾ । ਪਾਰਬ੍ਰਹਮ ਦੇਵੇ ਸਰਨਾਈ, ਸਰਨਗਤ ਆਪ ਹੋ ਆਇੰਦਾ । ਦੋ ਜਹਾਨਾਂ ਮੇਲਾ ਏਕਾ ਥਾਈਂ, ਘਰ ਸਾਚੇ ਮੇਲ ਮਿਲਾਇੰਦਾ । ਗੁਰਮੁਖ ਗੁਰ ਗੁਰ ਮਿਲਣ ਚਾਈਂ ਚਾਈਂ, ਜਗਤ ਵਿਛੋੜਾ ਪੰਧ ਮੁਕਾਇੰਦਾ । ਜਿਉਂ ਧੰਨੇ ਜੱਟ ਮਿਲਿਆ ਗੋਸਾਈਂ, ਸੋ ਵੇਲਾ ਆਪਣਾ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਰਬਾਰਾ ਇਕ ਜਣਾਇੰਦਾ । ਸਚ ਦਰਬਾਰ ਜਣਾਏ ਜਨ, ਜਨ ਜਨਨੀ ਲੇਖੇ ਲਾਈਆ । ਏਕਾ ਰਾਗ ਅਲਾਏ ਕੰਨ, ਕਾਨੀ ਤੀਰ ਨਿਸ਼ਾਨ ਬਣਾਈਆ । ਇਕ ਰਬਾਬ ਵਜਾਏ ਤਨ, ਤਾਰ ਸਤਾਰ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਰਬਾਰ ਇਕ ਵਖਾਈਆ । ਇਕ ਦਰਬਾਰਾ ਏਕੰਕਾਰਾ, ਆਦਿ ਜੁਗਾਦਿ ਰਖਾਇੰਦਾ । ਜੁਗਾ ਜੁਗੰਤਰ ਖੇਲ ਨਿਆਰਾ, ਜੁਗ ਕਰਤਾ ਆਪ ਕਰਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਰਿਆ ਪਾਰ ਕਿਨਾਰਾ, ਕਲਜੁਗ ਅੰਤਮ ਵੇਖ ਵਖਾਇੰਦਾ । ਨਿਹਕਲੰਕ ਨਰਾਇਣ ਨਰ ਅਵਤਾਰਾ, ਜੋਤੀ ਜਾਮਾ ਭੇਖ ਵਟਾਇੰਦਾ । ਸਚ ਸਿੰਘਾਸਣ ਕਰ ਤਿਆਰਾ, ਪੁਰਖ ਅਬਿਨਾਸ਼ੀ ਆਸਣ ਲਾਇੰਦਾ । ਸੰਬਲ ਨਗਰੀ ਧਾਮ ਨਿਆਰਾ, ਆਪਣਾ ਬੰਕ ਵਡਿਆਇੰਦਾ । ਏਕਾ ਖੰਡਾ ਖੜ੍ਹਗ ਫੜ ਹੋਏ ਉਜਿਆਰਾ, ਚੰਡ ਪਰਚੰਡ ਆਪ ਚਮਕਾਇੰਦਾ । ਉਚੀ ਕੂਕ ਕਰੇ ਪੁਕਾਰਾ, ਦੋ ਜਹਾਨਾਂ ਆਪ ਸੁਣਾਇੰਦਾ । ਰੂਹ ਬੁੱਤ ਦਾ ਪਾਰ ਕਿਨਾਰਾ, ਅਬਿਨਾਸ਼ੀ ਅਚੁਤ ਆਪ ਕਰਾਇੰਦਾ । ਨੌਂ ਖੰਡ ਪ੍ਰਿਥਮੀ ਲੱਗੇ ਅਖਾੜਾ, ਸੱਤਾਂ ਦੀਪਾਂ ਆਪ ਉਠਾਇੰਦਾ । ਮਗਰ ਲਗਾਏ ਅਗੰਮੀ ਧਾੜਾ, ਸ਼ਬਦੀ ਸ਼ਬਦ ਹੁਕਮ ਸੁਣਾਇੰਦਾ । ਲੇਖਾ ਜਾਣੇ ਧੁਰ ਦਰਬਾਰਾ, ਲੇਖਾ ਲੇਖ ਨਾ ਕੋਇ ਮਿਟਾਇੰਦਾ । ਚਾਰੋਂ ਕੁੰਟ ਕਰਾਏ ਹਾਹਾਕਾਰਾ, ਵਰਨ ਬਰਨ ਸਰਬ ਕੁਰਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਮਨਾਰਾ ਆਪ ਵਖਾਇੰਦਾ । ਸਚ ਮਨਾਰਾ ਸਚ ਮਹੱਲਾ, ਹਰਿ ਸਾਚਾ ਸਚ ਜਣਾਈਆ । ਬੈਠਾ ਰਹੇ ਇਕ ਇਕੱਲਾ, ਆਦਿ ਪੁਰਖ ਸੱਚਾ ਸ਼ਹਿਨਸ਼ਾਹੀਆ । ਲੱਖ ਚੁਰਾਸੀ ਭੁਲਾਏ ਕਰ ਕਰ ਵਲ ਛਲਾ, ਅਛਲ ਅਛਲ ਆਪ ਹੋ ਜਾਈਆ । ਆਪੇ ਧਾਰੇ ਆਪਣਾ ਬਲਾ, ਬਲ ਧਾਰੀ ਆਪ ਅਖਵਾਈਆ । ਆਪਣੀ ਸ਼ਕਤੀ ਆਪੇ ਰੱਲਾ, ਜੋਤੀ ਜਾਤਾ ਵੇਸ ਵਟਾਈਆ । ਆਪਣਾ ਫੜਿਆ ਆਪੇ ਭੱਲਾ,

੧੦੫੫ ੧੦

ਆਪਣੇ ਹੱਥ ਉਠਾਈਆ । ਆਪੇ ਕਰੇ ਆਪਣਾ ਹੱਲਾ, ਆਪਣੀ ਵਾਰ ਚੜ੍ਹਾਈਆ । ਲੱਖ ਚੁਰਾਸੀ ਕਰ ਬਿਸਮਿਲ ਏਕਾ ਨਾਅਰਾ ਲਾਏ ਬਿਸਮਿੱਲਾ, ਬਿਸਮਿਲ ਆਪਣੀ ਖੇਲ ਖਿਲਾਈਆ । ਏਕਾ ਤੀਰ ਏਕਾ ਚਿੱਲਾ, ਇਕ ਕਮਾਨ ਲਏ ਉਠਾਈਆ । ਨਾਤਾ ਤੋੜੇ ਕੱਕਾ ਬੂਰਾ ਬਿੱਲਾ, ਚਾਰੋਂ ਕੁੰਟ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਿੰਘਾਸਣ ਬੈਠਾ ਚੜ੍ਹ, ਤਖ਼ਤ ਨਿਵਾਸੀ ਆਸਣ ਲਾਈਆ । ਸਾਚੇ ਤਖ਼ਤ ਬੈਠ ਸੁਲਤਾਨ, ਸਚ ਦਰਬਾਰਾ ਆਪ ਸੁਹਾਇੰਦਾ । ਏਕਾ ਹੁਕਮ ਇਕ ਹੁਕਮਰਾਨ, ਧੁਰ ਫ਼ਰਮਾਨਾ ਇਕ ਜਣਾਇੰਦਾ । ਏਕਾ ਵੇਖੇ ਦੋ ਜਹਾਨ, ਦੋ ਜਹਾਨ ਆਪਣਿਆਂ ਚਰਨਾਂ ਹੇਠ ਦਬਾਇੰਦਾ । ਏਕਾ ਲੇਖਾ ਜਾਣੇ ਸ੍ਰੀ ਭਗਵਾਨ, ਲੇਖਾ ਆਪਣਾ ਆਪ ਲਿਖਾਇੰਦਾ । ਪਰਗਟ ਹੋ ਗੁਣ ਨਿਧਾਨ, ਗੁਣਵੰਤਾ ਭੇਵ ਚੁਕਾਇੰਦਾ । ਕਲਜੁਗ ਅੰਤਮ ਦਿਸੇ ਝੂਠ ਮਕਾਨ, ਝੂਠਾ ਗੜ੍ਹ ਆਪ ਤੁੜਾਇੰਦਾ । ਗੁਰਮੁਖ ਵਿਰਲੇ ਦੇਵੇ ਮਾਣ, ਜਿਸ ਜਨ ਆਪਣੀ ਬੂਝ ਬੁਝਾਇੰਦਾ । ਆਤਮ ਅੰਤਰ ਬ੍ਰਹਮ ਗਿਆਨ, ਉਤਮ ਜ਼ਾਤੀ ਆਪ ਸਮਝਾਇੰਦਾ । ਕਾਇਆ ਕੁਰਾ ਵੇਖੇ ਮਾਰ ਧਿਆਨ, ਨੇਤਰ ਨੈਣ ਇਕ ਉਠਾਇੰਦਾ । ਨਾਤਾ ਤੋੜੇ ਬੇਈਮਾਨ ਪੰਜ ਸ਼ੈਤਾਨ, ਮੂੰਹ ਦੇ ਭਾਰ ਸੁਟਾਇੰਦਾ । ਏਕਾ ਰਾਗ ਸੁਣਾਏ ਕਾਨ, ਰਾਗ ਰਾਗੀ ਆਪ ਅਲਾਇੰਦਾ । ਦਰ ਦਵਾਰੇ ਦੇਵੇ ਮਾਣ, ਜਿਸ ਜਨ ਆਪਣੇ ਚਰਨ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਰਬਾਰਾ ਆਪ ਬਣਾਇੰਦਾ । ਸਚ ਦਰਬਾਰਾ ਬਣਿਆ ਜਗ, ਜਗਤ ਜੁਗਤ ਆਪਣੇ ਹੱਥ ਰਖਾਈਆ । ਕਰੇ ਖੇਲ ਬਿਨ ਸੂਰਜ ਚੰਨ, ਚੰਦ ਚਾਂਦਨੀ ਨਾ ਕੋਇ ਚਮਕਾਈਆ । ਕਰੇ ਪਰਕਾਸ਼ ਆਤਮ ਅੰਨ੍ਹ, ਅਗਿਆਨ ਅੰਧੇਰ ਮਿਟਾਈਆ । ਡੁੱਬਦਿਆਂ ਬੇੜਾ ਦੇਵੇ ਬੰਨ੍ਹ, ਸਿਲ ਪਾਥਰ ਦਏ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਆਪਣੀ ਦਇਆ ਕਮਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਹੱਥ ਰੱਖੇ ਵਡਿਆਈਆ ।

### ★ ੩੦ ਸਾਵਣ ੨੦੧੮ ਬਿਕ੍ਰਮੀ ਧੰਨਾ ਸਿੰਘ ਦੇ ਗ੍ਰਿਹਿ ਕੁਲੀਆਂ ਜ਼ਿਲਾ ਹੁਸ਼ਿਆਰਪੁਰ ★

ਸੋ ਪੁਰਖ ਨਿਰੰਜਣ ਸਦਾ ਮਿਹਰਵਾਨ, ਹਰਿ ਵੱਡਾ ਵਡ ਵਡਿਆਈਆ । ਜੁਗਾ ਜੁਗੰਤਰ ਖੇਲ ਮਹਾਨ, ਜੁਗ ਕਰਤਾ ਆਪ ਕਰਾਈਆ । ਨਿਰਗੁਣ ਸਰਗੁਣ ਹੋ ਪਰਧਾਨ, ਨਿਰਵੈਰ ਕਲ ਧਰਾਈਆ । ਭਗਤ ਭਗਵੰਤ ਲਏ ਪਛਾਣ, ਲੱਖ ਚੁਰਾਸੀ ਫੋਲ ਫੋਲਾਈਆ । ਏਕਾ ਦੇਵੇ ਵਸਤ ਮਹਾਨ, ਨਾਮ ਅਮੋਲਕ ਝੋਲੀ ਪਾਈਆ । ਅੱਠੇ ਪਹਿਰ ਚਰਨ ਧਿਆਨ, ਚਰਨ ਕਵਲ ਸੱਚੀ ਸਰਨਾਈਆ । ਆਤਮ ਅੰਤਰ ਬ੍ਰਹਮ ਗਿਆਨ, ਬ੍ਰਹਮ ਵਿਦਿਆ ਕਰੇ ਪੜ੍ਹਾਈਆ । ਸਚ ਸੁਣਾਏ ਧੁਰ ਫ਼ਰਮਾਨ, ਧੁਰ ਦੀ ਬਾਣੀ ਬਾਣ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਮਿਲਾਈਆ । ਸੋ ਪੁਰਖ ਨਿਰੰਜਣ ਸਾਜਨ ਮੀਤਾ, ਏਕਾ ਰੰਗ ਸਮਾਇੰਦਾ । ਆਦਿ ਜੁਗਾਦਿ ਚਲਾਏ ਆਪਣੀ ਰੀਤਾ, ਜੁਗ ਜੁਗ ਵੇਸ ਵਟਾਇੰਦਾ । ਜਨ ਭਗਤਾਂ ਦੇਵੇ ਨਾਮ ਅਨਡੀਠਾ, ਨਿਸ਼ਅੱਖਰ ਆਪ ਪੜ੍ਹਾਇੰਦਾ । ਏਕਾ ਰੰਗ ਰੰਗਾਏ ਹਸਤ ਕੀਟਾ, ਊਚ ਨੀਚ ਨਾ ਕੋਇ ਵਖਾਇੰਦਾ । ਕਾਇਆ ਮੰਦਰ ਅੰਦਰ ਵਖਾਏ ਗੁਰੂਦਵਾਰ ਸਚ ਮਸੀਤਾ, ਘਰ ਘਰ ਵਿਚ ਜੋਤ ਪਰਗਟਾਇੰਦਾ । ਕਰੇ ਖੇਲ

ਪਤਿਤ ਪੁਨੀਤਾ, ਪਤਿਤ ਪਾਪੀ ਆਪ ਤਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਜਗਾਇੰਦਾ । ਸੋ ਪੁਰਖ ਨਿਰੰਜਣ ਪੂਰਨ ਭਗਵੰਤ, ਪਾਰਬ੍ਰਹਮ ਵਡੀ ਵਡਿਆਈਆ । ਕਰੇ ਖੇਲ ਜੁਗਾ ਜੁਗੰਤ, ਜੁਗ ਜੁਗ ਆਪਣਾ ਰੂਪ ਧਰਾਈਆ । ਹਰਿਜਨ ਮੇਲੇ ਸਾਚੇ ਸੰਤ, ਸਤਿ ਸਤਿਵਾਦੀ ਦਇਆ ਕਮਾਈਆ । ਏਕਾ ਮੰਤਰ ਦ੍ਰਿੜਾਏ ਮਣੀਆ ਮੰਤ, ਮੰਤਰ ਨਾਮ ਸਤਿ ਪੜ੍ਹਾਈਆ । ਗੜ੍ਹ ਤੋੜੇ ਹਉਮੇਂ ਹੰਗਤ, ਜੂਠ ਝੂਠ ਦਏ ਗਵਾਈਆ । ਨਾਤਾ ਤੋੜੇ ਭੁੱਖ ਨੰਗਤ, ਨਾਮ ਧਨ ਝੋਲੀ ਪਾਈਆ । ਕਾਇਆ ਚੋਲੀ ਚਾੜ੍ਹੇ ਰੰਗਤ, ਉਤਰ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਹਿਨਸ਼ਾਹ ਸੱਚਾ ਸ਼ਹਿਨਸ਼ਾਹੀਆ । ਸੋ ਪੁਰਖ ਨਿਰੰਜਣ ਦੀਨ ਦਿਆਲਾ, ਹਰਿਜਨ ਸਾਚੇ ਆਪ ਤਰਾਈਆ । ਜੁਗ ਜੁਗ ਕਰੇ ਸਦਾ ਪ੍ਰਿਤਪਾਲਾ, ਸਤਿਜੁਗ ਤ੍ਰੇਤਾ ਦੁਆਪਰ ਵੇਖ ਵਖਾਈਆ । ਕਲਜੁਗ ਅੰਤਮ ਕਰੇ ਖੇਲ ਨਿਰਾਲਾ, ਨਿਰਗੁਣ ਆਪਣਾ ਰੂਪ ਵਟਾਈਆ । ਗੁਰਮੁਖਾਂ ਕਰੇ ਸਦਾ ਪ੍ਰਿਤਪਾਲਾ, ਪ੍ਰਿਤਪਾਲਕ ਆਪਣੀ ਸੇਵ ਕਮਾਈਆ । ਤ੍ਰੈਗੁਣ ਜਗਤ ਜੰਜਾਲਾ, ਜਗਤ ਜੁਗਤ ਆਪਣੇ ਹੱਥ ਰਖਾਈਆ । ਘਰ ਵਖਾਏ ਸੱਚੀ ਧਰਮਸਾਲਾ, ਘਰ ਘਰ ਵਿਚ ਸੋਭਾ ਪਾਈਆ । ਲੇਖਾ ਜਾਣੇ ਸ਼ਾਹ ਕੰਗਾਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਉਠਾਈਆ । ਸੋ ਪੁਰਖ ਨਿਰੰਜਣ ਸ੍ਰੀ ਭਗਵਾਨ, ਆਪਣੀ ਖੇਲ ਖਿਲਾਇੰਦਾ । ਜਿਸ ਜਨ ਦੇਵੇ ਭਗਤੀ ਦਾਨ, ਸਾਚਾ ਮਾਰਗ ਇਕ ਵਖਾਇੰਦਾ । ਆਤਮ ਅੰਤਰ ਇਕ ਗਿਆਨ, ਇਸ਼ਟ ਦੇਵ ਇਕ ਹੋ ਆਇੰਦਾ । ਏਕਾ ਸ਼ਬਦ ਨਾਦ ਧੁੰਨਕਾਨ, ਅਨਹਦ ਸਾਚਾ ਤਾਲ ਵਜਾਇੰਦਾ । ਏਕਾ ਅੰਮ੍ਰਿਤ ਪੀਣ ਖਾਣ, ਨਿਝਰ ਝਿਰਨਾ ਆਪ ਝਿਰਾਇੰਦਾ । ਸਾਚੇ ਤਖ਼ਤ ਬੈਠ ਸੁਲਤਾਨ, ਤਖ਼ਤ ਨਿਵਾਸੀ ਵੇਖ ਵਖਾਇੰਦਾ । ਕਲਜੁਗ ਅੰਤਮ ਹੋ ਪਰਧਾਨ, ਨਿਹਕਲੰਕ ਨਾਉਂ ਰਖਾਇੰਦਾ । ਲੇਖਾ ਜਾਣੇ ਦੋ ਜਹਾਨ, ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਫੋਲ ਫੋਲਾਇੰਦਾ । ਹਰਿਜਨ ਵੇਖੇ ਚਤੁਰ ਸੁਜਾਨ, ਜਿਸ ਜਨ ਆਪਣੀ ਦਇਆ ਕਮਾਇੰਦਾ । ਗ਼ਰੀਬ ਨਿਮਾਣੇ ਕਰ ਪਰਵਾਨ, ਆਪ ਆਪਣੀ ਗੋਦ ਸੁਹਾਇੰਦਾ । ਦਰਸ ਦਿਖਾਏ ਸ੍ਰੀ ਭਗਵਾਨ, ਦਰਸੀ ਦਰਸ ਆਪ ਕਰਾਇੰਦਾ । ਆਵਣ ਜਾਵਣ ਚੁੱਕੇ ਕਾਣ, ਜਮ ਕਾ ਫਾਸ ਆਪ ਕਟਾਇੰਦਾ । ਲੇਖਾ ਜਾਣੇ ਸ੍ਰੀ ਭਗਵਾਨ, ਲੇਖਾ ਆਪਣਾ ਆਪ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਸਾਚਾ ਵਰ, ਏਕਾ ਨਾਮ ਵਸਤ ਵਰਤਾਇੰਦਾ । ਏਕਾ ਨਾਮ ਸਤਿ ਭੰਡਾਰਾ, ਸੋ ਪੁਰਖ ਨਿਰੰਜਣ ਆਪ ਵਰਤਾਈਆ । ਹਰਿਜਨ ਵਿਰਲਾ ਪਾਵੇ ਸਾਰਾ, ਜਿਸ ਜਨ ਆਪਣੀ ਬੂਝ ਬੁਝਾਈਆ । ਲੱਖ ਚੁਰਾਸੀ ਸੁੱਤੀ ਪੈਰ ਪਸਾਰਾ, ਕਲਜੁਗ ਗੂੜ੍ਹੀ ਨੀਂਦ ਸਵਾਈਆ । ਕਿਸੇ ਦਿਸ ਨਾ ਆਏ ਪਰਵਰਦਿਗਾਰਾ, ਜਲਵਾ ਨੂਰ ਨਾ ਕੋਇ ਰੁਸ਼ਨਾਈਆ । ਨਾ ਕੋਈ ਕਰੇ ਰਾਮ ਪਿਆਰਾ, ਰਾਮ ਰਾਮਾ ਨਾ ਕੋਇ ਸਹਾਈਆ । ਨਾ ਕੋਈ ਕ੍ਰਿਸ਼ਨਾ ਦਏ ਆਧਾਰਾ, ਮੁਕੰਦ ਮਨੋਹਰ ਲੱਖਮੀ ਨਰਾਇਣ ਗੁਣ ਅਵਗੁਣ ਨਾ ਕੋਇ ਜਣਾਈਆ । ਜਿਸ ਜਨ ਬਖ਼ਸ਼ੇ ਚਰਨ ਪਿਆਰਾ, ਚਰਨ ਚਰਨੋਦਕ ਮਸਤਕ ਟਿੱਕਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖੇ ਥਾਉਂ ਥਾਈਆ । ਹਰਿਜਨ ਤੇਰਾ ਧਾਮ ਸੁਹੰਜਣਾ, ਸੋਭਾਵੰਤ ਕਰੇ ਕਰਤਾਰ । ਚਰਨ ਧੂੜ ਕਰਾਏ ਸਾਚਾ ਮਜਨਾ, ਦੁਰਮਤ ਮੈਲ ਦਏ ਉਤਾਰ । ਦੀਨਾਂ ਨਾਥ ਦਰਦ ਵੰਡਾਏ ਦਰਦ ਦੁੱਖ ਭੈ ਭੰਜਨਾ, ਭਵ ਸਾਗਰ ਕਰੇ ਪਾਰ । ਨੇਤਰ ਪਾਏ ਨਾਮ ਅੰਜਨਾ, ਅਗਿਆਨ ਅੰਧੇਰ ਦਏ ਨਿਵਾਰ । ਘਰ ਬਣੇ ਸਾਚਾ ਸੱਜਣਾ, ਦਰ ਆਏ ਮੀਤ ਮੁਰਾਰ ।

੧੦੫੬
੧੦

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਸੁਹਾਏ ਬੰਕ ਦਵਾਰ । ਬੰਕ ਦਵਾਰਾ ਕੁੱਲੀ ਕੱਖ, ਹਰਿ ਸਤਿਗੁਰ ਦਏ ਵਡਿਆਈਆ । ਨਿਰਗੁਣ ਸਰਗੁਣ ਹੋ ਪਰਤੱਖ, ਜੋਤੀ ਜਾਤਾ ਖੇਲ ਖਿਲਾਈਆ । ਆਪਣਾ ਮਾਰਗ ਸਾਚਾ ਦੱਸ, ਸਾਚੇ ਪੌੜੇ ਰਿਹਾ ਚੜ੍ਹਾਈਆ । ਤਨ ਪਹਿਨਾਏ ਸਾਚਾ ਪਟ, ਏਕਾ ਬਸਤਰ ਨਾਮ ਵਖਾਈਆ । ਜੋਤ ਜਗਾਏ ਲਟ ਲਟ, ਨੂਰ ਉਜਾਲਾ ਆਪ ਕਰਾਈਆ । ਇਕ ਵਖਾਏ ਸਾਚਾ ਹੱਟ, ਚੌਦਾਂ ਲੋਕ ਬੈਠੇ ਸੀਸ ਝੁਕਾਈਆ । ਗੁਰਸਿਖ ਮੇਲਾ ਗੁਰ ਸਮਰਥ, ਗੁਰ ਸਤਿਗੁਰ ਹੋਏ ਸਹਾਈਆ । ਦੇਵੇ ਵਸਤ ਹੱਥੋ ਹੱਥ, ਪੂਰਬ ਲਹਿਣਾ ਝੋਲੀ ਪਾਈਆ । ਆਪਣੀ ਮਹਿਮਾ ਸੁਣਾਏ ਅਕਥ, ਵੇਦ ਕਤੇਬ ਭੇਵ ਨਾ ਰਾਈਆ । ਮੇਲ ਮਿਲਾਏ ਨਠ ਨਠ, ਦੋ ਜਹਾਨਾਂ ਪੰਧ ਮੁਕਾਈਆ । ਵਸਣਹਾਰਾ ਘਟ ਘਟ, ਹਰਿਜਨ ਸਾਚੇ ਲਏ ਮਿਲਾਈਆ । ਨਾਤਾ ਤੋੜੇ ਤੀਰਥ ਅਠਸਠ, ਸਰ ਸਰੋਵਰ ਗੁਰਮੁਖ ਤੇਰੇ ਆਤਮ ਦਏ ਨੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਜੁਗ ਹਰਿਜਨ ਲਏ ਤਰਾਈਆ । ਕੁੱਲੀ ਕੱਖ ਹਰਿ ਹਰਿ ਵਾਸਾ, ਜਨ ਭਗਤਾਂ ਆਪ ਵਖਾਇੰਦਾ । ਅੱਠੇ ਪਹਿਰ ਨੂਰ ਪਰਕਾਸ਼ਾ, ਜੋਤੀ ਜੋਤ ਡਗਮਗਾਇੰਦਾ । ਸ਼ਬਦੀ ਸ਼ਬਦ ਦਏ ਦਿਲਾਸਾ, ਧੀਰਜ ਧੀਰ ਆਪ ਧਰਾਇੰਦਾ । ਹਰਿਜਨ ਹੋਏ ਨਾ ਕਦੇ ਨਿਰਾਸਾ, ਨਿਰਧਨ ਸਰਧਨ ਆਪਣੇ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਮੇਲ ਮਿਲਾਇੰਦਾ । ਕੁੱਲੀ ਕੱਖ ਲੱਗਾ ਭਾਗ, ਕੁਦਰਤ ਕ਼ਾਦਰ ਵੇਖ ਵਖਾਈਆ । ਗ੍ਰਿਹ ਮੰਦਰ ਜਗੇ ਚਿਰਾਗ਼, ਜੋਤੀ ਨੂਰ ਨੂਰ ਰੁਸ਼ਨਾਈਆ । ਜਗਤ ਤ੍ਰਿਸਨਾ ਬੁਝੇ ਆਗ, ਅਗਨੀ ਤੱਤ ਨਾ ਕੋਇ ਵਖਾਈਆ । ਮਨ ਉਪਜੇ ਇਕ ਵੈਰਾਗ, ਮਨ ਮਨਸਾ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਸਹਿਜ ਸੁਭਾਈਆ । ਹਰਿਜਨ ਮੇਲਾ ਹਰਿ ਦਵਾਰ, ਹਰਿ ਸੱਚਾ ਸਚ ਕਰਾਇੰਦਾ । ਨਾਤਾ ਤੋੜ ਸਰਬ ਸੰਸਾਰ, ਏਕਾ ਆਪਣਾ ਬੰਧਨ ਪਾਇੰਦਾ । ਦਿਵਸ ਰੈਣ ਕਰੇ ਗੁਫ਼ਤਾਰ, ਦੀਦ ਸ਼ੁਨੀਦ ਖੇਲ ਖਿਲਾਇੰਦਾ । ਆਦਿ ਜੁਗਾਦਿ ਕਰੇ ਪਿਆਰ, ਜੁਗ ਜੁਗ ਭਗਤਾਂ ਸੰਗ ਨਿਭਾਇੰਦਾ । ਗ਼ਰੀਬ ਨਿਮਾਣੇ ਦਏ ਆਧਾਰ, ਗ਼ੁਰਬਤ ਸਭ ਦੀ ਆਪ ਮਿਟਾਇੰਦਾ । ਸ਼ਾਹ ਸੁਲਤਾਨਾ ਕਰੇ ਖ਼ਵਾਰ, ਰਾਜ ਰਾਜਾਨਾਂ ਸੰਗ ਮਿਲਾਇੰਦਾ । ਆਪੇ ਕੂਕੇ ਆਪਣੀ ਵਾਰ, ਨੌਂ ਖੰਡ ਪ੍ਰਿਥਮੀ ਆਪ ਸੁਣਾਇੰਦਾ । ਸੱਤਾਂ ਦੀਪਾਂ ਆਈ ਹਾਰ, ਬੇੜਾ ਬੰਨ੍ਹ ਨਾ ਕੋਇ ਚਲਾਇੰਦਾ । ਚਾਰ ਜੁਗ ਰੋਵਣ ਜ਼ਾਰੋ ਜ਼ਾਰ, ਧੀਰਜ ਧੀਰ ਨਾ ਕੋਇ ਧਰਾਇੰਦਾ । ਤੇਈ ਅਵਤਾਰ ਕਰਨ ਪੁਕਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਖਿਲਾਇੰਦਾ । ਸੁਣੇ ਪੁਕਾਰ ਹਰਿ ਨਰਾਇਣ, ਰੂਪ ਰੰਗ ਰੇਖ ਨਾ ਕੋਇ ਜਣਾਈਆ । ਗੁਰ ਅਵਤਾਰ ਜੋ ਜੋ ਕਹਿਣ, ਸੁਣ ਸੁਣ ਆਪਣੇ ਪੇਟੇ ਪਾਈਆ । ਅੰਤਮ ਲੇਖਾ ਆਇਆ ਲੈਣ, ਲੋਕਮਾਤ ਵੱਜੀ ਵਧਾਈਆ । ਸਾਚਾ ਨਾਤਾ ਵੇਖੇ ਸਾਕ ਸੱਜਣ ਸੈਣ, ਸਗਲਾ ਸੰਗ ਕਵਣ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣਾ ਰੂਪ ਆਪ ਧਰਾਈਆ । ਨਾ ਕੋਈ ਸੰਗ ਨਾ ਕੋਈ ਸਾਥ, ਸਗਲਾ ਸੰਗੀ ਨਾ ਕੋਇ ਅਖਵਾਈਆ । ਨਾ ਕੋਈ ਪੂਜਾ ਨਾ ਕੋਈ ਪਾਠ, ਮੰਤਰ ਨਾਮ ਨਾ ਕੋਇ ਅਲਾਈਆ । ਨਾ ਕੋਈ ਤੀਰਥ ਨਾ ਕੋਈ ਤਾਟ, ਸਰੋਵਰ ਸਰ ਨਾ ਕੋਇ ਜਣਾਈਆ । ਨਾ ਕੋਈ ਮੰਦਰ ਨਾ ਕੋਇ ਹਾਟ, ਨਾ ਕੋਈ ਘਰ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਖਿਲਾਇਆ,

੧੦੫੮

ਕਲਜੁਗ ਤੇਰੀ ਅੰਤਮ ਵਾਰ । ਨਿਹਕਲੰਕਾ ਜਾਮਾ ਪਾਇਆ, ਰੂਪ ਅਨੂਪ ਅਪਾਰ । ਜੁਗ ਜੁਗ ਵਿਛੜੇ ਲਏ ਮਿਲਾਇਆ, ਗੁਰਮੁਖ ਸਾਚੇ ਲਏ ਉਧਾਰ । ਫੜ ਫੜ ਬਾਹੋਂ ਆਪ ਉਠਾਇਆ, ਆਲਸ ਨਿੰਦਰਾ ਦਏ ਨਿਵਾਰ । ਏਕਾ ਮੰਤਰ ਨਾਮ ਦ੍ਰਿੜਾਇਆ, ਸੋਹੰ ਸ਼ਬਦ ਸੱਚਾ ਜੈਕਾਰ । ਆਤਮ ਪਰਮਾਤਮ ਮੇਲ ਮਿਲਾਇਆ, ਈਸ਼ ਜੀਵ ਇਕ ਦਵਾਰ । ਬਜਰ ਕਪਾਟੀ ਪਰਦਾ ਆਪ ਤੁੜਾਇਆ, ਦੂਈ ਦਵੈਤੀ ਪਰਦਾ ਦਏ ਉਤਾਰ । ਘਰ ਸਾਚਾ ਇਕ ਵਖਾਇਆ, ਘਰ ਵਸੇ ਏਕੰਕਾਰ । ਹਉਮੇ ਸੰਸਾ ਰੋਗ ਕਟਾਇਆ, ਦੁੱਖ ਲੱਗੇ ਨਾ ਦੂਜੀ ਵਾਰ । ਜਿਸ ਜਨ ਆਪਣਾ ਦਰਸ ਕਰਾਇਆ, ਤਿਸ ਤ੍ਰਿਸਨਾ ਦਏ ਨਿਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੰਦਰ ਸੋਹੇ ਬੰਕ ਦਵਾਰ । ਬੰਕ ਦਵਾਰਾ ਸੋਭਾਵੰਤ, ਸੋ ਪੁਰਖ ਨਿਰੰਜਣ ਦਇਆ ਕਮਾਈਆ । ਘਰ ਆਇਆ ਸੱਜਣ ਕੰਤ, ਨਾਰ ਸੁਹਾਗਣ ਵੇਖ ਵਖਾਈਆ । ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਉਤਰ ਕਦੇ ਨਾ ਜਾਈਆ । ਦੇਵੇ ਵਡਿਆਈ ਵਿਚ ਜੀਵ ਜੰਤ, ਜੀਵਣ ਮੁਕਤ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਤਰਾਈਆ । ਹਰਿਜਨ ਸਾਚਾ ਤਾਰਨਹਾਰਾ, ਏਕਾ ਪੁਰਖ ਅਖਵਾਇੰਦਾ । ਜੁਗਾ ਜੁਗੰਤਰ ਲੈ ਅਵਤਾਰਾ, ਜੁਗ ਜੁਗ ਵੇਸ ਵਟਾਇੰਦਾ । ਕਲਜੁਗ ਅੰਤਮ ਹੋ ਤਿਆਰਾ, ਨਿਰਗੁਣ ਧਾਰ ਵਖਾਇੰਦਾ । ਕਾਗਦ ਕ਼ਲਮ ਨਾ ਲਿਖਣਹਾਰਾ, ਚਾਰ ਵੇਦ ਮੁਖ ਸ਼ਰਮਾਇੰਦਾ । ਪ੍ਰਭ ਕਾ ਭੇਵ ਅਗੰਮ ਅਪਾਰਾ, ਅਲਖ ਅਗੋਚਰ ਅਗੰਮ ਅਥਾਹ ਆਪਣੀ ਖੇਲ ਆਪ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਮਿਲਾਇੰਦਾ । ਹਰਿਜਨ ਮੇਲਾ ਸਾਚੇ ਘਰ, ਘਰ ਘਰ ਵਿਚ ਵੱਜੇ ਵਧਾਈਆ । ਪੁਰਖ ਅਬਿਨਾਸ਼ੀ ਮਿਲਿਆ ਦਰ, ਦਰ ਏਕਾ ਨਜ਼ਰੀ ਆਈਆ । ਏਕਾ ਦੂਜਾ ਚੁੱਕਾ ਡਰ, ਤੀਜੇ ਨੈਣ ਹੋਏ ਰੁਸ਼ਨਾਈਆ । ਚੌਥੇ ਪਦ ਦਰਸ ਦਿਖਾਏ ਆਪੇ ਖੜ, ਪੰਚਮ ਨਾਦ ਸ਼ਬਦ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚਾ ਆਪਣੇ ਰੰਗ ਰੰਗਾਈਆ । ਹਰਿਜਨ ਰੰਗ ਰੰਗੇ ਮਜੀਠ, ਨਾਮ ਨਾਮਾ ਆਪ ਚੜ੍ਹਾਇੰਦਾ । ਦੇਵੇ ਵਸਤ ਇਕ ਅਨਡੀਠ, ਸਾਚੀ ਝੋਲੀ ਆਪ ਭਰਾਇੰਦਾ । ਅੱਠੇ ਪਹਿਰ ਵਸੇ ਚੀਤ, ਚਿਤ ਵਿਤ ਠਗੌਰੀ ਨਾ ਕੋਇ ਰਖਾਇੰਦਾ । ਮਾਣਸ ਜਨਮ ਗੁਰਮੁਖ ਵਿਰਲਾ ਜਾਏ ਜੀਤ, ਜਨਮ ਮਰਨ ਫੰਦ ਕਟਾਇੰਦਾ । ਕਾਇਆ ਹੋਏ ਠੰਡੀ ਸੀਤ, ਜਿਸ ਜਨ ਆਪਣਾ ਦਰਸ ਦਿਖਾਇੰਦਾ । ਕਲਜੁਗ ਅੰਤ ਅਚਰਜ ਚਲੀ ਰੀਤ, ਪੁਰਖ ਅਬਿਨਾਸ਼ੀ ਆਪ ਚਲਾਇੰਦਾ । ਸਾਚਾ ਦੇਹੁਰਾ ਮੰਦਰ ਮਸੀਤ, ਕਾਇਆ ਬੰਕ ਆਪ ਬਣਾਇੰਦਾ । ਏਕਾ ਰੰਗ ਰੰਗਾਏ ਹਸਤ ਕੀਟ, ਜ਼ਾਤ ਪਾਤ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਬੰਧਨ ਆਪੇ ਪਾਇੰਦਾ । ਜ਼ਾਤ ਪਾਤ ਨਾ ਕੋਇ ਵਿਚਾਰ, ਆਤਮ ਬ੍ਰਹਮ ਸਰਬ ਜਣਾਈਆ । ਊਚ ਨੀਚ ਭੇਵ ਨਿਵਾਰ, ਭੇਵ ਅਭੇਦਾ ਦਏ ਖੁਲ੍ਹਾਈਆ । ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਬਹਾਏ ਇਕ ਦਵਾਰ, ਏਕਾ ਕਰੇ ਸਚ ਪੜ੍ਹਾਈਆ । ਸਰਬ ਜੀਆਂ ਦਾ ਸਾਂਝਾ ਯਾਰ, ਬੇਐਬ ਪਰਵਰਦਿਗਾਰ ਰੂਪ ਵਟਾਈਆ । ਹਰਿ ਹਰ ਘਟ ਕਰੇ ਪਸਾਰ, ਰਾਮ ਰਾਮਾ ਰੂਪ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖੇ ਥਾਉਂ ਥਾਈਂਆ । ਥਾਨ ਥਨੰਤਰ ਸੋਹਿਆ, ਸੋਭਾਵੰਤ ਕਰੇ ਨਿਰੰਕਾਰ । ਗੁਰ ਗੁਰਸਿਖਾਂ ਜੇਹਾ ਆਪੇ ਹੋਇਆ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਚਲੇ ਆਪਣੀ ਧਾਰ । ਗੁਰਸਿਖ ਬੀਜ ਸਾਚਾ ਬੋਇਆ, ਪਰਗਟ ਹੋਏ ਵਿਚ ਸੰਸਾਰ । ਸਤਿ ਸਤਿਵਾਦੀ ਲੈ ਕੇ ਆਏ

ਢੋਆ, ਸਾਚੀ ਵਸਤ ਅਗੰਮ ਅਪਾਰ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲੇ ਸਚ ਦਵਾਰ। ਸਚ ਦਵਾਰੇ ਹਰਿਜਨ ਮੇਲਿਆ, ਮੇਲਣਹਾਰਾ ਇਕ ਇਕੰਤ। ਏਕਾ ਘਰ ਵਸੇ ਗੁਰੂ ਗੁਰ ਚੇਲਿਆ, ਗੁਰ ਚੇਲਾ ਮਹਿਮਾ ਅਗਣਤ। ਹਰਿ ਸੱਜਣ ਸਦਾ ਸੁਹੇਲਿਆ, ਸਦਾ ਸੁਹੇਲਾ ਸ੍ਰੀ ਭਗਵੰਤ। ਕਰੇ ਖੇਲ ਇਕ ਇਕੇਲਿਆ, ਇਕ ਇਕੇਲਾ ਆਦਿ ਅੰਤ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਪੂਰਨ ਸੰਤ। ਪੂਰਨ ਸੰਤ ਗੁਰਮੁਖ, ਗੁਰ ਗੁਰ ਆਪ ਵਡਿਆਈਆ। ਜਗਤ ਤ੍ਰਿਸਨਾ ਮਿਟੇ ਦੁੱਖ, ਦੁੱਖ ਦਰਦ ਨਾ ਕੋਇ ਵਖਾਈਆ। ਆਤਮ ਤ੍ਰਿਸਨਾ ਮਿਟੇ ਭੁੱਖ, ਧੀਰਜ ਧੀਰ ਧੀਰ ਧਰਾਈਆ। ਸੁਫ਼ਲ ਕਰਾਏ ਮਾਤ ਕੁੱਖ, ਜਨ ਜਨਨੀ ਲੇਖੇ ਲਾਈਆ। ਮਾਤ ਗਰਭ ਨਾ ਹੋਵੇ ਉਲਟਾ ਰੁੱਖ, ਲੱਖ ਚੁਰਾਸੀ ਦਏ ਕਟਾਈਆ। ਆਵਣ ਜਾਵਣ ਪੈਂਡਾ ਜਾਏ ਮੁਕ, ਰਾਏ ਧਰਮ ਨਾ ਦਏ ਸਜ਼ਾਈਆ। ਜਿਸ ਜਨ ਆਪਣੀ ਗੋਦੀ ਲਏ ਚੁੱਕ, ਮੜ੍ਹੀ ਗੋਰ ਨਾ ਕੋਇ ਦਬਾਈਆ। ਗੁਰਸਿਖ ਬੂਟਾ ਨਾ ਜਾਏ ਸੁੱਕ, ਸਿੰਚ ਅੰਮ੍ਰਿਤ ਹਰਾ ਕਰਾਈਆ। ਦਰਸ ਦਿਖਾਏ ਜੋ ਬੈਠਾ ਲੁਕ, ਨਿਰਗੁਣ ਨੂਰ ਕਰ ਰੁਸ਼ਨਾਈਆ। ਜਨ ਭਗਤਾਂ ਉਪਰ ਆਪੇ ਤੁਠ, ਨਾਮ ਅਤੁਟ ਆਪ ਵਰਤਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਉਠਾਈਆ। ਹਰਿਜਨ ਉਠਿਆ ਆਪਣੇ ਰੰਗ, ਸਤਿਗੁਰ ਪੂਰਾ ਆਪ ਉਠਾਈਆ। ਆਤਮ ਸੇਜ ਸੁਹਾਏ ਪਲੰਘ, ਰੰਗ ਰੰਗੀਲਾ ਸੱਚਾ ਮਾਹੀਆ। ਨਾਮ ਵਜਾਏ ਇਕ ਮਰਦੰਗ, ਰਾਗ ਅਨਾਦੀ ਨਾਦ ਅਲਾਈਆ। ਕਰੇ ਖੇਲ ਸੂਰਾ ਸਰਬੰਗ, ਸੁਰਤੀ ਸ਼ਬਦ ਸ਼ਬਦ ਮਿਲਾਈਆ। ਆਪਣੇ ਮੰਦਰ ਆਪੇ ਲੰਘ, ਆਪ ਆਪਣਾ ਵੇਖ ਵਖਾਈਆ। ਗੁਰਸਿਖ ਮੁਕਾਏ ਤੇਰਾ ਪੰਧ, ਪਾਂਧੀ ਬਣੇ ਸੱਚਾ ਮਾਹੀਆ। ਘਰ ਸੁਣਾਏ ਸੁਹਾਗੀ ਛੰਦ, ਸੋਹੰ ਸ਼ਬਦ ਸੱਚੀ ਪੜ੍ਹਾਈਆ। ਅੱਠੇ ਪਹਿਰ ਪਰਮਾਨੰਦ, ਨਿਜ ਆਤਮ ਕਰੇ ਰਸਾਈਆ। ਨਿਰਗੁਣ ਜੋਤ ਚੜ੍ਹਾਏ ਸਾਚਾ ਚੰਦ, ਜੋਤ ਨਿਰੰਜਣ ਕਰ ਰੁਸ਼ਨਾਈਆ। ਭਰਮਾਂ ਢਾਏ ਝੂਠੀ ਕੰਧ, ਭਾਂਡਾ ਭਰਮ ਭੌ ਭੰਨਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਲੇਖਾ ਦਏ ਚੁਕਾਈਆ। ਹਰਿਜਨ ਲੇਖਾ ਚੁੱਕਣਾ, ਕਲਜੁਗ ਤੇਰੀ ਅੰਤਮ ਵਾਰ। ਆਵਣ ਜਾਵਣ ਪੈਂਡਾ ਮੁੱਕਣਾ, ਲੱਖ ਚੁਰਾਸੀ ਦਏ ਨਿਵਾਰ। ਪੁਰਖ ਅਬਿਨਾਸ਼ੀ ਨਿਰਭੈ ਹੋ ਕੇ ਏਕਾ ਬੁੱਕਣਾ, ਸਿੰਘ ਰੂਪ ਹੋ ਸੰਸਾਰ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਪੈਜ ਸੁਆਰ। ਪੈਜ ਸੁਆਰੇ ਆਣ ਪ੍ਰਭ, ਆਪਣੀ ਦਇਆ ਕਮਾਈਆ। ਕੁੱਲੀ ਕੱਖਾਂ ਵਿਚੋਂ ਲਿਆ ਲੱਭ, ਹੀਰਾ ਮਾਣਕ ਮੋਤੀ ਅਨਮੁਲੜਾ ਲਾਲ ਆਪਣੇ ਹੱਥ ਉਠਾਈਆ। ਅੰਮ੍ਰਿਤ ਜਾਮ ਪਿਆਏ ਝੱਬ, ਸਚ ਪਿਆਲਾ ਹੱਥ ਉਠਾਈਆ। ਪੰਚ ਵਿਕਾਰਾ ਦੇਵੇ ਦੱਬ, ਉਪਰ ਆਪਣਾ ਭਾਰ ਰਖਾਈਆ। ਉਲਟਾ ਕਰੇ ਕਵਲ ਨਭ, ਝਿਰਨਾ ਝਿਰੇ ਬੇਪਰਵਾਹੀਆ। ਸਤਿਗੁਰੂ ਦਵਾਰੇ ਬਹੇ ਫਬ, ਘਰ ਮੰਦਰ ਦਏ ਵਖਾਈਆ। ਜਗਤ ਜਹਾਨੋਂ ਹੋਇਆ ਅੱਡ, ਮਿਲੀ ਸਰਨ ਸੱਚੀ ਸਰਨਾਈਆ। ਜੂਠੀ ਝੂਠੀ ਟੱਪੀ ਹੱਦ, ਪਾਰ ਕਿਨਾਰਾ ਨਜ਼ਰੀ ਆਈਆ। ਨਾਮ ਪਿਆਲਾ ਪੀਤੀ ਮਦਿ, ਅੱਠੇ ਪਹਿਰ ਖ਼ੁਮਾਰ ਰਖਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਏਕਾ ਰੰਗ ਰੰਗਾਈਆ। ਗੁਰਮੁਖ ਮਿਲੇ ਏਕਾ ਰੰਗ, ਨਾਮ ਧਨ ਹਰਿ ਝੋਲੀ ਪਾਇੰਦਾ। ਪੰਚ ਵਿਕਾਰਾ ਕਰੇ ਜੰਗ, ਸਾਚਾ ਖੰਡਾ ਨਾਮ ਚਮਕਾਇੰਦਾ। ਅਸਵ ਘੋੜੇ ਕਸੇ ਤੰਗ, ਸ਼ਬਦੀ ਘੋੜਾ ਆਪ ਰਖਾਇੰਦਾ। ਹਰਿਜਨ ਤੇਰੇ ਦਵਾਰੇ ਆਏ ਲੰਘ, ਔਂਦਾ ਜਾਂਦਾ ਦਿਸ ਨਾ ਆਇੰਦਾ। ਲੱਖ ਚੁਰਾਸੀ ਸੁੱਤਾ ਦੇ ਕਰ ਕੰਡ,


੧੦੫੯
੧੦

ਆਪਣੀ ਕਰਵਟ ਨਾ ਮਾਤ ਬਦਲਾਇੰਦਾ । ਕੋਟਨ ਕੋਟ ਬੈਠੇ ਰਹੇ ਮੰਗ, ਉਚੇ ਟਿੱਲੇ ਪਰਬਤ ਧਿਆਨ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਮੇਲੇ ਆਪਣੇ ਦਰ, ਦਰ ਦਰਵਾਜ਼ਾ ਆਪ ਖੁਲ੍ਹਾਇੰਦਾ । ਦਰ ਦਰਵਾਜ਼ਾ ਦੇਵੇ ਖੋਲ੍ਹ, ਬੰਦ ਤਾਕੀ ਆਪ ਖੁਲ੍ਹਾਈਆ । ਅੰਦਰੇ ਸੁੱਤਾ ਪਏ ਬੋਲ, ਸੁਰਤੀ ਸ਼ਬਦੀ ਨਾਦ ਸੁਣਾਈਆ । ਦਰਸ ਦਿਖਾਏ ਇਕ ਅਡੋਲ, ਅਡੁਲ ਵਡੀ ਵਡਿਆਈਆ । ਆਪਣਾ ਕਰੇ ਕੀਤਾ ਪੂਰਾ ਕੌਲ, ਕੀਤਾ ਕੌਲ ਭੁਲ ਨਾ ਜਾਈਆ । ਮਾਣ ਰਖਾਏ ਉਪਰ ਧੌਲ, ਧਰਨੀ ਧਰਤ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਮੇਲੇ ਦਰ, ਦਰ ਸਾਚੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰਾ ਜੀਆ ਦਾਨ, ਜੀਵਣ ਜੁਗਤ ਆਪਣੇ ਹੱਥ ਰਖਾਈਆ । ਦਇਆ ਕਰੇ ਦਇਆ ਨਿਧ ਠਾਕਰ, ਠੋਕਰ ਆਤਮ ਨਾਮ ਲਗਾਈਆ । ਦੇਵੇ ਨਾਮ ਰਤੀ ਰਤਨਾਗਰ, ਰਤੀ ਰਤ ਦਏ ਸੁਕਾਈਆ । ਨਿਰਮਲ ਕਰਮ ਕਰੇ ਉਜਾਗਰ, ਜੋ ਜਨ ਆਏ ਸਰਨਾਈਆ । ਵਣਜ ਕਰਾਏ ਸਚ ਸੌਦਾਗਰ, ਨਾਮ ਵਣਜਾਰਾ ਇਕ ਅਖਵਾਈਆ । ਭਾਗ ਲਗਾਏ ਕਾਇਆ ਗਾਗਰ, ਘਰ ਅੰਮ੍ਰਿਤ ਤਾਲ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਨਨ ਦੇਵੇ ਇਕ ਵਡਿਆਈਆ । ਦਇਆ ਕਰੇ ਗਹਿਰ ਗੰਭੀਰਾ, ਗੁਣਵੰਤਾ ਗੁਣ ਜਣਾਇੰਦਾ । ਅੰਮ੍ਰਿਤ ਆਤਮ ਦੇਵੇ ਠੰਡਾ ਨੀਰਾ, ਭਰ ਪਿਆਲਾ ਆਪ ਪਿਆਇੰਦਾ । ਤਨ ਅਗਨੀ ਸਾਂਤਕ ਸਤਿ ਕਰੇ ਸਰੀਰਾ, ਅਗਨੀ ਤੱਤ ਨਾ ਕੋਇ ਜਲਾਇੰਦਾ । ਹਉਮੇ ਹੰਗਤਾ ਕੱਢੇ ਪੀੜਾ, ਮਾਇਆ ਮਮਤਾ ਮੇਟ ਮਿਟਾਇੰਦਾ । ਲੱਖ ਚੁਰਾਸੀ ਕੱਟੇ ਜ਼ੰਜੀਰਾ, ਜਨਮ ਮਰਨ ਫੰਦ ਕਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚੋਟੀ ਚਾੜ੍ਹੇ ਫੜ ਅਖ਼ੀਰਾ, ਚੜ੍ਹਿਆ ਚੋਟੀ ਉਤਰ ਕੋਇ ਨਾ ਆਇੰਦਾ । ਦਇਆ ਕਰੇ ਦੀਨ ਦਿਆਲਾ, ਸਿਰ ਆਪਣਾ ਹੱਥ ਟਿਕਾਈਆ । ਜਨ ਭਗਤਾਂ ਕਰੇ ਸਦਾ ਪ੍ਰਿਤਪਾਲਾ, ਜੁਗ ਜੁਗ ਸੇਵ ਕਮਾਈਆ । ਅੱਠੇ ਪਹਿਰ ਰਹੇ ਰਖਵਾਲਾ, ਆਲਸ ਨਿੰਦਰਾ ਵਿਚ ਨਾ ਆਈਆ । ਲੇਖਾ ਜਾਣੇ ਕਾਲ ਮਹਾਕਾਲਾ, ਮਹਾਕਾਲ ਆਪਣੀ ਧਾਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਇਆ ਨਾਮ ਵਸਤ ਆਪ ਵਰਤਾਈਆ । ਦਇਆ ਕਰੇ ਦਇਆ ਨਿਧ, ਜੁਗ ਜੁਗ ਦਇਆ ਕਮਾਇੰਦਾ । ਜਨ ਭਗਤਾਂ ਕਾਰਜ ਕਰੇ ਸਿਧ, ਸਾਚੇ ਮਾਰਗ ਆਪੇ ਲਾਇੰਦਾ । ਆਪੇ ਜਾਣੇ ਆਪਣੀ ਬਿਧ, ਆਪ ਆਪਣਾ ਮੇਲ ਮਿਲਾਇੰਦਾ । ਨਾਤਾ ਤੋੜੇ ਨੌਂ ਨਿਧ, ਅਠਾਰਾਂ ਸਿਧ ਮੁਖ ਸ਼ਰਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਆਪਣੀ ਦਇਆ ਕਮਾਇੰਦਾ । ਦਇਆ ਕਰ ਦੇਵੇ ਨਾਮ, ਨਾਮ ਨਾਮਾ ਝੋਲੀ ਪਾਈਆ । ਪੂਰਨ ਕਰੇ ਕਾਮ, ਪੂਰੀ ਇਛਿਆ ਆਪ ਵਖਾਈਆ । ਭਾਗ ਲੱਗੇ ਖੇੜੇ ਗਰਾਮ, ਕਾਇਆ ਬਸਤੀ ਸੋਭਾ ਪਾਈਆ । ਨਜ਼ਰੀ ਆਏ ਏਕ ਰਾਮ, ਰਮੱਯਾ ਆਪਣਾ ਰੂਪ ਵਟਾਈਆ । ਸ਼ਬਦੀ ਦੇਵੇ ਸਚ ਪੈਗ਼ਾਮ, ਸਚ ਸਨੇਹੁੜਾ ਰਿਹਾ ਸੁਣਾਈਆ । ਜੋ ਜਨ ਦਰਸ ਮੰਗੇ ਆਣ, ਤਿਸ ਦਰਸ ਦਏ ਦਿਖਾਈਆ । ਜੋ ਜਨ ਹਿਰਸ ਮੇਟੇ ਜਹਾਨ, ਤਿਸ ਹਵਸ ਦਏ ਗਵਾਈਆ । ਜੋ ਜਨ ਚਰਨ ਸਰਨ ਕਰੇ ਪਰਵਾਨ, ਤਿਸ ਆਪਣਾ ਮਾਣ ਵਖਾਈਆ । ਕਰੇ ਖੇਲ ਸ੍ਰੀ ਭਗਵਾਨ, ਦਇਆਵਾਨ ਵਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਇਆ ਦਇਆ ਵਿਚ ਸਮਾਈਆ । ਦਇਆ ਦਇਆ ਦਇਆ

ਦੀਨਨ, ਨਿਰਗੁਣ ਨਿਰਗੁਣ ਨਿਰਗੁਣ ਆਪ ਉਪਾਇੰਦਾ । ਰੰਗ ਵਖਾਏ ਏਕਾ ਭੀਨਨ, ਬਿਨ ਰੰਗ ਰੂਪੀ ਆਪ ਚੜ੍ਹਾਇੰਦਾ । ਹਰਿਜਨ ਮੇਲਾ ਜਿਉਂ ਜਲ ਮੀਨਨ, ਸੁਰਤੀ ਸ਼ਬਦ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਮਿਲਾਏ ਆਪਣੇ ਘਰ, ਤਿਸ ਆਪਣਾ ਦਰਸ ਕਰਾਇੰਦਾ ।

## ★ ੩੦ ਸਾਵਣ ੨੦੧੮ ਬਿਕ੍ਰਮੀ ਖਿਆਲ ਸਿੰਘ ਪਿੰਡ ਰੂਪੋ ਵਾਲ ਜ਼ਿਲਾ ਹੁਸ਼ਿਆਰਪੁਰ ★

ਨਵ ਨੌਂ ਚਾਰ ਖੇਲ ਅਪਾਰਾ, ਆਦਿ ਜੁਗਾਦੀ ਆਪ ਕਰਾਇੰਦਾ । ਸੋ ਪੁਰਖ ਨਿਰੰਜਣ ਹੋ ਉਜਿਆਰਾ, ਹਰਿ ਪੁਰਖ ਨਿਰੰਜਣ ਵੇਸ ਧਰਾਇੰਦਾ । ਏਕੰਕਾਰਾ ਕਰ ਪਸਾਰਾ, ਆਦਿ ਨਿਰੰਜਣ ਡਗਮਗਾਇੰਦਾ । ਅਬਿਨਾਸ਼ੀ ਕਰਤਾ ਖੋਲ੍ਹ ਕਿਵਾੜਾ, ਸ੍ਰੀ ਭਗਵਾਨ ਸਚਖੰਡ ਦਵਾਰੇ ਸੋਭਾ ਪਾਇੰਦਾ । ਪਾਰਬ੍ਰਹਮ ਪ੍ਰਭ ਕਰ ਵਰਤਾਰਾ, ਆਪਣਾ ਖੇਲ ਆਪ ਕਰਾਇੰਦਾ । ਸ਼ਾਹੋ ਭੂਪ ਬਣ ਸਿਕਦਾਰਾ, ਦਰਗਹਿ ਸਾਚੀ ਧਾਮ ਸੁਹਾਇੰਦਾ । ਭੂਪਤ ਭੂਪ ਬਣ ਸ਼ਾਹ ਸਿਕਦਾਰਾ, ਧੁਰ ਫ਼ਰਮਾਨਾ ਹੁਕਮ ਜਣਾਇੰਦਾ । ਆਪਣੀ ਇਛਿਆ ਸਤਿ ਭੰਡਾਰਾ, ਸਤਿ ਸਤਿਵਾਦੀ ਆਪ ਵਰਤਾਇੰਦਾ । ਅਗੰਮ ਅਗੰਮੜਾ ਕਰੇ ਅਗੰਮੜੀ ਕਾਰਾ, ਅਲਖ ਅਗੋਚਰ ਖੇਲ ਖਿਲਾਇੰਦਾ । ਆਪ ਉਪਾਏ ਥਿਰ ਘਰ ਸੱਚਾ ਦਰਬਾਰਾ, ਚਰਨ ਕਵਲ ਆਪ ਟਿਕਾਇੰਦਾ । ਆਪ ਉਪਾਏ ਸੁਤ ਦੁਲਾਰਾ, ਪੂਤ ਸਪੂਤਾ ਆਪ ਉਠਾਇੰਦਾ । ਆਪੇ ਖੇਲ ਕਰੇ ਨਿਆਰਾ, ਕਰਨੀ ਕਰਤਾ ਆਪ ਕਮਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦਏ ਹੁਲਾਰਾ, ਸਚ ਹੁਲਾਰਾ ਇਕ ਲਗਾਇੰਦਾ । ਤ੍ਰੈਗੁਣ ਮਾਇਆ ਭਰ ਭੰਡਾਰਾ, ਵਸਤ ਅਮੋਲਕ ਝੋਲੀ ਪਾਇੰਦਾ । ਪੰਜ ਤੱਤ ਕਰ ਆਕਾਰਾ, ਨਿਰਾਕਾਰਾ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਖਿਲਾਇੰਦਾ । ਆਪਣੀ ਖੇਲ ਖੇਲੇ ਭਗਵਾਨ, ਮਹਿਮਾ ਅਕਥ ਕਥੀ ਨਾ ਜਾਈਆ । ਸਚਖੰਡ ਦਵਾਰੇ ਬੈਠ ਸੱਚੇ ਮਕਾਨ, ਤਖ਼ਤ ਨਿਵਾਸੀ ਸੋਭਾ ਪਾਈਆ । ਆਪੇ ਦੇਵੇ ਧੁਰ ਫ਼ਰਮਾਨ, ਹੁਕਮੀ ਹੁਕਮ ਆਪ ਚਲਾਈਆ । ਆਪੇ ਆਪਣਾ ਨਾਉਂ ਕਰੇ ਪਰਧਾਨ, ਨਾਉਂ ਨਿਰੰਕਾਰਾ ਆਪ ਰਖਾਈਆ । ਆਪੇ ਵਿਸ਼ਨ ਬ੍ਰਹਮਾ ਸ਼ਿਵ ਦੇਵੇ ਗਿਆਨ, ਨਿਸ਼ਅੱਖਰ ਕਰੇ ਪੜ੍ਹਾਈਆ । ਲੇਖਾ ਜਾਣੇ ਦੋ ਜਹਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਬੇਪਰਵਾਹੀਆ । ਦੋ ਜਹਾਨ ਖੇਲ ਖਿਲਾਇਆ, ਪੁਰਖ ਅਗੰਮ ਅਗੰਮੜੀ ਕਾਰ । ਨਿਰਗੁਣ ਜੋਤ ਨੂਰ ਰੁਸ਼ਨਾਇਆ, ਜੋਤੀ ਜਾਤਾ ਹੋ ਉਜਿਆਰ । ਸਾਚਾ ਦੀਪਕ ਆਪ ਟਿਕਾਇਆ, ਆਪ ਆਪਣੀ ਕਿਰਪਾ ਧਾਰ । ਸਾਚਾ ਮੰਦਰ ਆਪ ਸੁਹਾਇਆ, ਨਾ ਕੋਈ ਦੀਸੇ ਚਾਰ ਦੀਵਾਰ । ਪੁਰਖ ਅਬਿਨਾਸ਼ੀ ਆਸਣ ਲਾਇਆ, ਸਚਖੰਡ ਸੱਚੀ ਸਰਕਾਰ । ਥਿਰ ਘਰ ਆਪਣਾ ਚਰਨ ਟਿਕਾਇਆ, ਕਰੇ ਖੇਲ ਅਪਰ ਅਪਾਰ । ਆਪਣੀ ਰਚਨਾ ਆਪ ਰਚਾਇਆ, ਵਿਸ਼ਨ ਬ੍ਰਹਮਾ ਸ਼ਿਵ ਬਣਾਏ ਸੇਵਾਦਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਕਰੇ ਕਰਤਾ ਕਰਨੇਹਾਰ । ਵਿਸ਼ਨ ਬ੍ਰਹਮਾ ਸ਼ਿਵ ਸੇਵਾ ਲਾ, ਹਰਿ ਸਾਚਾ ਸਚ ਜਣਾਇੰਦਾ । ਵਸਤ ਅਮੋਲਕ ਝੋਲੀ ਪਾ, ਤ੍ਰੈ ਤ੍ਰੈ ਪੰਧ ਰਖਾਇੰਦਾ । ਏਕਾ ਧੰਦੇ ਦੇਵੇ ਲਾ, ਸਾਚਾ ਧੰਦਾ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਆਪ ਸੁਣਾਇੰਦਾ । ਧੁਰ ਫ਼ਰਮਾਨਾ ਹਰਿ ਕਰਤਾਰ,


੧੦੬੧ ੧੦

ਆਪਣਾ ਆਪ ਜਣਾਈਆ । ਵਿਸ਼ਨ ਦੇਵੇ ਇਕ ਭੰਡਾਰ, ਬ੍ਰਹਮੇ ਬ੍ਰਹਮ ਰੂਪ ਵਖਾਈਆ । ਸ਼ੰਕਰ ਦੇਵੇ ਇਕ ਪਿਆਰ, ਸੀਸ ਜਗਦੀਸ ਹੱਥ ਟਿਕਾਈਆ । ਤਿੰਨਾਂ ਵਿਚੋਲਾ ਬਣ ਸਿਰਜਣਹਾਰ, ਸਾਚੇ ਮੰਦਰ ਸੋਭਾ ਪਾਈਆ । ਲੱਖ ਚੁਰਾਸੀ ਕਰ ਤਿਆਰ, ਘੜ ਭਾਂਡੇ ਵੇਖ ਵਖਾਈਆ । ਨਿਰਗੁਣ ਸਰਗੁਣ ਬੰਨ੍ਹੇ ਧਾਰ, ਸਰਗੁਣ ਨਿਰਗੁਣ ਰੂਪ ਵਟਾਈਆ । ਅੰਡਜ ਜੇਰਜ ਕਰ ਪਸਾਰ, ਉਤਭੁਜ ਸੇਤਜ ਆਪਣਾ ਰੰਗ ਰੰਗਾਈਆ । ਧਰਤ ਧਵਲ ਦਏ ਸਹਾਰ, ਜਲ ਬਿੰਬ ਦਏ ਟਿਕਾਈਆ । ਰਵ ਸਸ ਕਰ ਤਿਆਰ, ਕਿਰਨ ਕਿਰਨ ਕਿਰਨ ਚਮਕਾਈਆ । ਮੰਡਲ ਮੰਡਪ ਵੇਖ ਅਖਾੜ, ਆਪ ਆਪਣੀ ਰਾਸ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦੂਸਰ ਅਵਰ ਨਾ ਕੋਇ ਵਡਿਆਈਆ । ਕਰੇ ਖੇਲ ਹਰਿ ਨਿਰੰਕਾਰਾ, ਸੋ ਪੁਰਖ ਨਿਰੰਜਣ ਖੇਲ ਖਿਲਾਇੰਦਾ । ਹਰਿ ਪੁਰਖ ਨਿਰੰਜਣ ਹੋ ਉਜਿਆਰਾ, ਦੋ ਜਹਾਨਾਂ ਵੇਸ ਵਟਾਇੰਦਾ । ਏਕੰਕਾਰਾ ਕਰ ਪਸਾਰਾ, ਵਿਸ਼ਨ ਬ੍ਰਹਮਾ ਸ਼ਿਵ ਨਾਲ ਰਲਾਇੰਦਾ । ਆਦਿ ਨਿਰੰਜਣ ਜੋਤ ਉਜਿਆਰਾ, ਜੋਤ ਨਿਰੰਜਣ ਘਟ ਘਟ ਆਪ ਟਿਕਾਇੰਦਾ । ਅਬਿਨਾਸ਼ੀ ਕਰਤਾ ਇਕ ਵਖਾਏ ਠਾਂਡਾ ਦਰਬਾਰਾ, ਸ੍ਰੀ ਭਗਵਾਨ ਬੋਲ ਜੈਕਾਰਾ, ਘਰ ਅਨਹਦ ਨਾਦ ਵਜਾਇੰਦਾ । ਪਾਰਬ੍ਰਹਮ ਬ੍ਰਹਮ ਕਰ ਪਸਾਰਾ, ਨਿਰਗੁਣ ਸਰਗੁਣ ਧਾਰ ਚਲਾਇੰਦਾ । ਵੰਡੇ ਵੰਡ ਅਪਰ ਅਪਾਰਾ, ਵੰਡ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਬੰਧਨ ਆਪੇ ਪਾਇੰਦਾ । ਆਪਣਾ ਬੰਧਨ ਪਾਏ ਹਰਿ ਕਰਤਾਰ, ਡੋਰੀ ਆਪਣੇ ਹੱਥ ਰਖਾਈਆ । ਬ੍ਰਹਮੇ ਦੇਵੇ ਇਕ ਆਧਾਰ, ਆਤਮ ਬ੍ਰਹਮ ਵਡੀ ਵਡਿਆਈਆ । ਈਸ਼ ਜੀਵ ਕਰੇ ਪਿਆਰ, ਜਗਦੀਸ ਸੇਵ ਕਮਾਈਆ । ਏਕਾ ਨਾਦ ਸੁਣਾਏ ਸੱਚੀ ਧੁਨਕਾਰ, ਧੁਨ ਆਤਮਕ ਆਪ ਸੁਣਾਈਆ । ਏਕਾ ਰਾਗ ਗਾਏ ਆਪਣੀ ਵਾਰ, ਰਾਗੀ ਆਪਣਾ ਰਾਗ ਅਲਾਈਆ । ਬ੍ਰਹਮਾ ਲੇਖਾ ਜਾਣੇ ਵੇਦ ਚਾਰ, ਚਾਰ ਚਾਰ ਮੁਖ ਸਾਲਾਹੀਆ । ਚਾਰ ਕੁੰਟ ਹੋਏ ਜੈਕਾਰ, ਚਾਰ ਜੁਗ ਵੰਡ ਵੰਡਾਈਆ । ਚਾਰ ਵਰਨ ਦਏ ਆਧਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਧਾਰ ਆਪ ਚਲਾਈਆ । ਚਾਰ ਜੁਗ ਹਰਿ ਖੇਲ ਖਿਲਾਇਆ, ਅਚਰਜ ਬਣਤ ਬਣਾਇੰਦਾ । ਲੱਖ ਚੁਰਾਸੀ ਵੇਸ ਵਟਾਇਆ, ਘਟ ਘਟ ਆਸਣ ਲਾਇੰਦਾ । ਅੰਡਜ ਜੇਰਜ ਰੰਗ ਰੰਗਾਇਆ, ਉਤਭੁਜ ਸੇਤਜ ਵੇਖ ਵਖਾਇੰਦਾ । ਚਾਰੇ ਬਾਣੀ ਆਪੇ ਗਾਇਆ, ਆਪਣਾ ਰਾਗ ਆਪ ਸੁਣਾਇੰਦਾ । ਚਾਰੇ ਵਰਨ ਵੇਖ ਵਖਾਇਆ, ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਭੇਵ ਚੁਕਾਇੰਦਾ । ਜੁਗ ਜੁਗ ਗੇੜਾ ਆਪ ਦਿਵਾਇਆ, ਗੇੜਾ ਆਪਣਾ ਆਪ ਭਵਾਇੰਦਾ । ਗੁਰ ਅਵਤਾਰ ਸੇਵਾ ਲਾਇਆ, ਸਾਚੀ ਸੇਵਾ ਇਕ ਸਮਝਾਇੰਦਾ । ਸਾਚਾ ਨਾਮ ਝੋਲੀ ਪਾਇਆ, ਜੁਗ ਜੁਗ ਮਾਤ ਵਰਤਾਇੰਦਾ । ਰੂਪ ਅਨੂਪ ਆਪ ਧਰਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਏਕਾ ਹਰਿ, ਆਪਣਾ ਖੇਲ ਆਪ ਖਿਲਾਇੰਦਾ । ਰੂਪ ਅਨੂਪਾ ਆਪੇ ਕਰ, ਆਪਣੀ ਖੇਲ ਖਿਲਾਈਆ । ਸਤਿਜੁਗ ਸਤਿ ਸਤਿਵਾਦੀ ਦਿਤਾ ਵਰ, ਪੁਰਖ ਅਬਿਨਾਸ਼ੀ ਬੇਪਰਵਾਹੀਆ । ਬੋਧ ਅਗਾਧੀ ਅੱਖਰ ਪੜ੍ਹ, ਸੋ ਪੁਰਖ ਨਿਰਜੰਣ ਕਰੇ ਪੜ੍ਹਾਈਆ । ਹੰ ਬ੍ਰਹਮ ਆਪੇ ਫੜ, ਸੋਹੰ ਧਾਰ ਚਲਾਈਆ । ਲੇਖਾ ਜਾਣੇ ਨਰਾਇਣ ਨਰ, ਨਰ ਨਾਰੀ ਦਏ ਸਮਝਾਈਆ । ਘਟ ਘਟ ਅੰਦਰ ਆਪੇ ਵੜ, ਜੋਤੀ ਜੋਤ ਕਰੇ ਰੁਸ਼ਨਾਈਆ । ਆਤਮ ਸੇਜਾ ਬੈਠਾ ਚੜ੍ਹ, ਬੇਪਰਵਾਹ ਸੱਚਾ ਸ਼ਹਿਨਸ਼ਾਹੀਆ । ਕਰੇ ਪਰਕਾਸ਼ ਬਹੱਤਰ ਨਾੜ, ਨੂਰੋ ਨੂਰ ਡਗਮਗਾਈਆ । ਨਾ ਜਨਮੇ ਨਾ ਜਾਏ ਮਰ,

ਪੁਰਖ ਅਕਾਲ ਵਡੀ ਵਡਿਆਈਆ । ਸਤਿਜੁਗ ਸਾਚਾ ਮਾਤ ਧਰ, ਏਕਾ ਅੱਖਰ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਖਿਲਾਈਆ । ਸਾਚਾ ਖੇਲ ਕਰਨੇਯੋਗ, ਹਰਿ ਸਾਚਾ ਕਰਮ ਕਮਾਇੰਦਾ । ਨਿਰਗੁਣ ਸਰਗੁਣ ਬਣੇ ਸੰਜੋਗ, ਸਚ ਸੰਜੋਗੀ ਮੇਲ ਮਿਲਾਇੰਦਾ । ਕਾਇਆ ਵੇਖੇ ਕਿਲਾ ਕੋਟ, ਪੰਜ ਤੱਤ ਮੰਦਰ ਆਪ ਸੁਹਾਇੰਦਾ । ਤਨ ਨਗਾਰੇ ਵੱਜੇ ਚੋਟ, ਸ਼ਬਦ ਅਨਾਦੀ ਨਾਦ ਵਜਾਇੰਦਾ । ਇਕ ਵਖਾਏ ਆਪਣੀ ਓਟ, ਪੁਰਖ ਅਕਾਲ ਭੇਵ ਚੁਕਾਇੰਦਾ । ਬ੍ਰਹਮ ਮਿਲਾਏ ਪਾਰਬ੍ਰਹਮ ਜੋਤ, ਜੋਤੀ ਜਾਤਾ ਆਪ ਹੋ ਜਾਇੰਦਾ । ਨਾ ਕੋਈ ਵਰਨ ਨਾ ਕੋਈ ਗੋਤ, ਬਰਨ ਰੰਗ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣਾ ਭੇਵ ਆਪ ਉਠਾਇੰਦਾ । ਆਪਣਾ ਭੇਵ ਦੇਵੇ ਚੁੱਕ, ਆਪਣਾ ਪਰਦਾ ਆਪ ਉਠਾਈਆ । ਬ੍ਰਹਮ ਅੰਦਰ ਪਾਰਬ੍ਰਹਮ ਬੈਠਾ ਲੁੱਕ, ਰੂਪ ਅਨੂਪ ਆਪ ਦਰਸਾਈਆ । ਗੁਰ ਰੂਪ ਹੋ ਹੋ ਪਏ ਬੁੱਕ, ਜੁਗ ਜੁਗ ਆਪਣਾ ਵੇਸ ਵਟਾਈਆ । ਪੰਚ ਵਿਕਾਰਾ ਕੱਢੇ ਕੁੱਟ, ਆਸਾ ਤ੍ਰਿਸਨਾ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਕਰਤਾ ਖੇਲ ਖਿਲਾਈਆ । ਜੁਗ ਕਰਤਾ ਖੇਲ ਖਿਲਾਇੰਦਾ, ਕਰਨਹਾਰ ਕਰਤਾਰ । ਸਤਿਜੁਗ ਤ੍ਰੇਤਾ ਮਾਤ ਲਗਾਇੰਦਾ, ਜੁਗ ਜੁਗ ਵੇਸ ਕਰੇ ਨਿਰੰਕਾਰ । ਆਪਣਾ ਰੂਪ ਆਪ ਧਰਾਇੰਦਾ, ਨਿਰਗੁਣ ਸਰਗੁਣ ਕਰ ਪਿਆਰ । ਭਗਤ ਭਗਵੰਤ ਵੇਖ ਵਖਾਇੰਦਾ, ਜਗਤ ਭਵਰੀ ਡੂੰਘੀ ਗਾਰ । ਸਾਚੇ ਸੰਤ ਮੇਲ ਮਿਲਾਇੰਦਾ, ਆਪੇ ਖੋਲ੍ਹ ਬੰਦ ਕਿਵਾੜ । ਗੁਰਮੁਖ ਸਾਚੇ ਆਪ ਜਗਾਇੰਦਾ, ਦੇਵੇ ਨਾਮ ਆਧਾਰ । ਗੁਰਸਿਖ ਸਾਚੇ ਮਾਰਗ ਲਾਇੰਦਾ, ਚਰਨ ਕਵਲ ਬਖ਼ਸ਼ੇ ਇਕ ਪਿਆਰ । ਸਤਿਜੁਗ ਤ੍ਰੇਤਾ ਪਾਰ ਕਰਾਇੰਦਾ, ਦੁਆਪਰ ਖੇਲ ਕਰੇ ਕਰਤਾਰ । ਆਪਣੀ ਰਚਨਾ ਆਪੇ ਵੇਖ ਵਖਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਆਪਣੀ ਧਾਰ । ਸਤਿਜੁਗ ਤ੍ਰੇਤਾ ਉਤਰਿਆ ਘਾਟ, ਰੂਪ ਅਨੂਪ ਆਪ ਵਟਾਈਆ । ਆਪੇ ਜਾਣੇ ਆਪਣੀ ਵਾਟ, ਆਪਣਾ ਪੰਧ ਮੁਕਾਈਆ । ਕਰੇ ਖੇਲ ਪੁਰਖ ਸਮਰਾਥ, ਸਮਰਥ ਹੱਥ ਵਡਿਆਈਆ । ਦੁਆਪਰ ਪਾਈ ਆਪਣੀ ਨੱਥ, ਚਾਰੋਂ ਕੁੰਟ ਰਿਹਾ ਭਵਾਈਆ । ਗੁਰ ਅਵਤਾਰ ਰਹੇ ਨੱਚ, ਹੁਕਮੇ ਹੁਕਮ ਰਿਹਾ ਭਵਾਈਆ । ਸਭ ਦਾ ਭਾਂਡਾ ਭੰਨੇ ਮਾਟੀ ਕਾਇਆ ਕੱਚ, ਥਿਰ ਕੋਇ ਨਜ਼ਰ ਨਾ ਆਈਆ । ਏਕਾ ਨਾਮ ਆਪਣਾ ਰੱਖੇ ਸੱਚ, ਦੂਸਰ ਅਵਰ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਕਰਤਾ ਸੱਚਾ ਸ਼ਹਿਨਸ਼ਾਹੀਆ । ਦੁਆਪਰ ਉਤਰੇ ਪਾਰ ਕਿਨਾਰਾ, ਲੋਕਮਾਤ ਰਹਿਣ ਨਾ ਪਾਈਆ । ਕਲਜੁਗ ਆਵੇ ਆਪਣੀ ਵਾਰਾ, ਆਪਣਾ ਬਲ ਵਖਾਈਆ । ਚਾਰੋਂ ਕੁੰਟ ਧੂੰਆਂਧਾਰਾ, ਸਾਚਾ ਚੰਦ ਨਾ ਕੋਇ ਚੜ੍ਹਾਈਆ । ਜੂਠ ਝੂਠ ਕਰੇ ਵਪਾਰਾ, ਵਣਜ ਵਪਾਰ ਇਕ ਰਖਾਈਆ । ਕਾਮ ਕਰੋਧ ਕਰੇ ਪਿਆਰਾ, ਲੋਭ ਮੋਹ ਹੰਕਾਰ ਹਲਕਾਈਆ । ਈਸਾ ਮੂਸਾ ਕਰ ਸ਼ੰਗਾਰਾ, ਸੰਗ ਮੁਹੰਮਦ ਚਾਰ ਯਾਰ ਲਏ ਹੰਢਾਈਆ । ਨਾਨਕ ਨਿਰਗੁਣ ਬੋਲ ਸਤਿ ਜੈਕਾਰਾ, ਸਤਿ ਸਤਿਵਾਦੀ ਦਏ ਸੁਣਾਈਆ । ਮਹਾਂਬਲੀ ਉਤਰੇ ਅਵਤਾਰਾ, ਨਿਹਕਲੰਕਾ ਨਾਉਂ ਰਖਾਈਆ । ਚਾਰ ਵਰਨਾਂ ਪਾਵੇ ਸਾਰਾ, ਊਚ ਨੀਚ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਰੂਪ ਵਟਾਈਆ । ਜੁਗ ਜੁਗ ਰੂਪ ਵਟਾਇੰਦਾ, ਕਿਰਪਾ ਨਿਧ ਹਰਿ ਕਰਤਾਰ । ਗੋਬਿੰਦ ਸੂਰਾ ਰਾਹ ਤਕਾਇੰਦਾ, ਨੇਤਰ ਨੈਣ ਨੈਣ ਉਘਾੜ । ਪੁਰਖ ਅਬਿਨਾਸ਼ ਵੇਸ ਵਟਾਇੰਦਾ,

ਸੰਬਲ ਆਏ ਧਾਮ ਨਿਆਰ । ਸ਼ਬਦ ਖੰਡਾ ਹੱਥ ਚਮਕਾਇੰਦਾ, ਦੋ ਜਹਾਨਾਂ ਮਾਰੇ ਮਾਰ । ਨੌਂ ਸੌ ਚੁਰਾਨਵੇ ਚੌਕੜੀ ਜੁਗ ਪੰਧ ਮੁਕਾਇੰਦਾ, ਕਲਜੁਗ ਵੇਖੇ ਅੰਤਮ ਵਾਰ । ਸ਼ਾਹ ਸੁਲਤਾਨਾਂ ਖ਼ਾਕ ਮਿਲਾਇੰਦਾ, ਰਾਜ ਰਾਜਾਨਾਂ ਕਰੇ ਖ਼ਵਾਰ । ਨੌਂ ਖੰਡ ਪ੍ਰਿਥਮੀ ਫੋਲ ਫੋਲਾਇੰਦਾ, ਸੱਤਾਂ ਦੀਪਾਂ ਪਰਦਾ ਦਏ ਉਤਾਰ । ਏਕਾ ਆਪਣਾ ਹੁਕਮ ਵਰਤਾਇੰਦਾ, ਤਖ਼ਤ ਬੈਠ ਸੱਚੀ ਸਰਕਾਰ । ਚੌਥੇ ਜੁਗ ਦਾ ਲਹਿਣਾ ਆਪ ਮੁਕਾਇੰਦਾ, ਦੇਣਾ ਰਹੇ ਨਾ ਵਿਚ ਸੰਸਾਰ । ਨਿਹਕਲੰਕਾ ਨਾਉਂ ਰਖਾਇੰਦਾ, ਨਿਰਗੁਣ ਨੂਰ ਜੋਤੀ ਨਿਰਾਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਦਿ ਅੰਤ ਏਕੰਕਾਰ । ਏਕੰਕਾਰ ਆਦਿ ਅੰਤ, ਆਪਣਾ ਖੇਲ ਖਿਲਾਈਆ । ਗੁਰ ਅਵਤਾਰ ਜੁਗਾ ਜੁਗੰਤ, ਜੁਗ ਕਰਤਾ ਸੇਵ ਲਗਾਈਆ । ਮਹਿਮਾ ਗਣਾਏ ਆਪਣੀ ਅਗਣਤ, ਲੇਖਾ ਲਿਖਤ ਵਿਚ ਨਾ ਆਈਆ । ਜੋ ਆਇਆ ਸੋ ਕਹੇ ਬੇਅੰਤ, ਬੇਅੰਤ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਬਲ ਆਪ ਰਖਾਈਆ । ਆਪਣਾ ਬਲ ਰੱਖੇ ਬਲਵਾਨ, ਬਲਧਾਰੀ ਆਪ ਅਖਵਾਇੰਦਾ । ਆਪਣੇ ਹੱਥ ਰੱਖੇ ਨਿਸ਼ਾਨ, ਸਤਿ ਨਿਸ਼ਾਨਾ ਆਪ ਝੁਲਾਇੰਦਾ । ਆਪਣਾ ਵਸਾਏ ਸਚ ਮਕਾਨ, ਸਚਖੰਡ ਦਵਾਰਾ ਸੋਭਾ ਪਾਇੰਦਾ । ਲਹਿਣਾ ਦੇਵੇ ਧੁਰ ਫ਼ਰਮਾਨ, ਲੱਖ ਚੁਰਾਸੀ ਆਪ ਸੁਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਹੋਏ ਹੈਰਾਨ, ਨੇਤਰ ਨੀਰ ਸਰਬ ਵਹਾਇੰਦਾ । ਕਰੋੜ ਤੇਤੀਸਾ ਸਰਬ ਕੁਰਲਾਣ, ਰਾਜਾ ਸੁਰਪਤ ਇੰਦ ਉਚੀ ਕੂਕ ਕੂਕ ਅਲਾਇੰਦਾ । ਸੁਣਿਆ ਇਕ ਧੁਰ ਫ਼ਰਮਾਨ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਚੌਦਾਂ ਹੱਟ ਖ਼ਾਲੀ ਕਰੇ ਦੁਕਾਨ, ਚੌਦਾਂ ਲੋਕ ਫੋਲ ਫੋਲਾਇੰਦਾ । ਚੌਦਾਂ ਤਬਕਾਂ ਮਾਰੇ ਆਣ, ਏਕਾ ਖੰਡਾ ਨਾਮ ਚਮਕਾਇੰਦਾ । ਲੱਖ ਚੁਰਾਸੀ ਨਾਤਾ ਤੁਟੇ ਪੀਣ ਖਾਣ, ਜੀਵ ਜੰਤ ਸਰਬ ਪਛਤਾਇੰਦਾ । ਗੁਰਮੁਖ ਵਿਰਲਾ ਚਤੁਰ ਸੁਜਾਨ, ਜਿਸ ਜਨ ਆਪਣੀ ਬੂਝ ਬੁਝਾਇੰਦਾ । ਗੁਰਸਿਖ ਦੇਵੇ ਨਾਮ ਦਾਨ, ਆਤਮ ਅੰਤਰ ਇਕ ਪੜ੍ਹਾਇੰਦਾ । ਸਾਚੇ ਸੰਤ ਕਰੇ ਪਰਵਾਨ, ਸਤਿ ਸਤਿਵਾਦੀ ਆਪਣੇ ਰੰਗ ਰੰਗਾਇੰਦਾ । ਭਗਤਾਂ ਮਿਲੇ ਆਪ ਭਗਵਾਨ, ਭਗਤ ਦਵਾਰੇ ਆਪੇ ਆਇੰਦਾ । ਕਰੇ ਖੇਲ ਦੋ ਜਹਾਨ, ਦੋ ਜਹਾਨਾਂ ਵਾਲੀ ਵੇਸ ਵਟਾਇੰਦਾ । ਸਰਬ ਜੀਆਂ ਦਾ ਏਕਾ ਕਾਹਨ, ਏਕਾ ਬੰਸਰੀ ਨਾਮ ਵਜਾਇੰਦਾ । ਕਲਜੁਗ ਚਾਰ ਕੁੰਟ ਹੋਏ ਹੈਰਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਜੁਗ ਜੁਗ ਆਪਣਾ ਬੰਧਨ ਪਾਇੰਦਾ । ਕਲਜੁਗ ਤੇਰਾ ਪਾਏ ਬੰਧਨ, ਲੱਖ ਚੁਰਾਸੀ ਆਪ ਬੰਧਾਈਆ । ਕੋਈ ਨਾ ਤੋੜੇ ਤੇਰਾ ਤੰਦਨ, ਗੁਰ ਅਵਤਾਰ ਗਏ ਸੇਵ ਕਮਾਈਆ । ਦੋਏ ਜੋੜ ਸਰਬ ਕਰਨ ਬੰਦਨ, ਪੁਰਖ ਅਬਿਨਾਸ਼ੀ ਅੱਗੇ ਸੀਸ ਝੁਕਾਈਆ । ਤੂੰ ਸਾਹਿਬ ਸਦਾ ਬਖ਼ਸ਼ੰਦਨ, ਤੇਰੇ ਹੱਥ ਵਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਲੇਖਾ ਦੇਣਾ ਮੁਕਾਈਆ । ਕਲਜੁਗ ਲੇਖਾ ਤੇਰੇ ਹੱਥ, ਨਾਨਕ ਗੋਬਿੰਦ ਆਪ ਜਣਾਇੰਦਾ । ਵੇਦ ਵਿਆਸਾ ਰਿਹਾ ਕਥ, ਰਸਨਾ ਜੇਹਵਾ ਗਾਇੰਦਾ । ਈਸਾ ਡਾਹੇ ਅੱਗੇ ਦੋਵੇਂ ਹੱਥ, ਏਕਾ ਮੰਗ ਮੰਗਾਇੰਦਾ । ਕਲਜੁਗ ਚਲੇ ਕੂੜਾ ਰਥ, ਰਥ ਰਥਵਾਹੀ ਕੋਇ ਨਜ਼ਰ ਨਾ ਆਇੰਦਾ । ਲੱਖ ਚੁਰਾਸੀ ਖੇੜਾ ਹੋਏ ਭੱਠ, ਜਗਤ ਭਠਿਆਲਾ ਭੇਵ ਨਾ ਪਾਇੰਦਾ । ਏਕਾ ਗੇੜਨੀ ਉਲਟੀ ਲੱਠ, ਕੋਹਲੂ ਚੱਕੀ ਚੱਕ ਆਪ ਭਵਾਇੰਦਾ । ਕਿਸੇ ਨਾ ਦਿਸੇ ਧੀਰਜ ਜਤ, ਸਤਿ ਸੰਤੋਖ ਨਾ ਕੋਇ ਰਖਾਇੰਦਾ । ਕੋਈ ਨਾ ਜਾਣੇ ਗੁਰਮਤ, ਮਨਮਤ ਸਰਬ ਕੁਰਲਾਇੰਦਾ । ਕੋਈ ਨਾ ਜਾਣੇ ਕਮਲਾਪਤ, ਨਾਰ ਦੁਹਾਗਣ ਜੀਵ ਸਰਬ ਅਖਵਾਇੰਦਾ । ਕੋਈ ਨਾ

੧੦੬੫

ਕਰੇ ਪੂਰੀ ਆਸ, ਆਸ ਨਿਰਾਸ ਨਾ ਕੋਇ ਜਣਾਇੰਦਾ । ਚਾਰੋਂ ਕੁੰਟ ਦਿਸੇ ਪਰਭਾਸ, ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਟਿੱਲੇ ਪਰਬਤ ਤੇਰਾ ਰਾਹ ਨਾ ਕੋਇ ਤਕਾਇੰਦਾ । ਲਹਿਣਾ ਦੇਣਾ ਚੁਕਿਆ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਮੁਖ ਛੁਪਾਇੰਦਾ । ਰਵ ਸਸ ਨਾ ਕੋਇ ਪਰਕਾਸ਼, ਨੂਰੀ ਚੰਦ ਨਾ ਕੋਇ ਚੜ੍ਹਾਇੰਦਾ । ਚੌਦਾਂ ਲੋਕ ਹੋਣ ਵਿਨਾਸ, ਥਿਰ ਕੋਇ ਰਹਿਣ ਨਾ ਪਾਇੰਦਾ । ਚੌਦਾਂ ਤਬਕਾਂ ਕਰਨਾ ਬੰਦ ਖ਼ੁਲਾਸ, ਬੰਦੀ ਤੋੜ ਆਪਣਾ ਬੰਦ ਕਟਾਇੰਦਾ । ਗੁਰਮੁਖ ਵਿਰਲੇ ਰੱਖੇ ਪਾਸ, ਜਿਸ ਜਨ ਆਪਣੀ ਬੂਝ ਬੁਝਾਇੰਦਾ । ਪਰਗਟ ਹੋਏ ਸ਼ਾਹੋ ਸ਼ਾਬਾਸ਼, ਸ਼ਾਹ ਸੁਲਤਾਨਾ ਵੇਸ ਵਟਾਇੰਦਾ । ਨਿਰਗੁਣ ਨੂਰ ਜੋਤ ਪਰਕਾਸ਼, ਦੋ ਜਹਾਨਾਂ ਡਗਮਗਾਇੰਦਾ । ਕਲਜੁਗ ਕਰੇ ਖੇਲ ਤਮਾਸ਼, ਨਿਹਕਲੰਕਾ ਨਾਉਂ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣਾ ਪਰਦਾ ਆਪ ਚੁਕਾਇੰਦਾ । ਨਿਹਕਲੰਕ ਨਾਉਂ ਨਿਰੰਕਾਰਾ, ਦੂਸਰ ਅਵਰ ਨਾ ਕੋਇ ਵਡਿਆਈਆ । ਸ਼ਬਦ ਨਾਦ ਸੱਚੀ ਧੁੰਨਕਾਰਾ, ਨਾਦ ਅਨਾਦੀ ਆਪ ਸੁਣਾਈਆ । ਬ੍ਰਹਿਮੰਡ ਬ੍ਰਹਿਮਾਂਡ ਪਾਵੇ ਸਾਰਾ, ਬ੍ਰਹਿਮਾਦਿ ਵੱਜੇ ਵਧਾਈਆ । ਤ੍ਰੈਗੁਣ ਕਰੇ ਪਾਰ ਕਿਨਾਰਾ, ਪੰਚਮ ਲੇਖਾ ਦਏ ਮੁਕਾਈਆ । ਕੂੜੀ ਕਿਰਿਆ ਦੇਵੇ ਜੜ੍ਹ ਉਖਾੜਾ, ਸਚ ਸੁੱਚ ਮਾਰਗ ਆਪੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਵ ਨੌਂ ਚਾਰ ਪੰਧ ਮੁਕਾਈਆ । ਨਵ ਨੌਂ ਚਾਰ ਮੁੱਕੇ ਪੰਧ, ਸੋ ਪੁਰਖ ਨਿਰੰਜਣ ਆਪ ਮੁਕਾਇੰਦਾ । ਸਤਿਜੁਗ ਚੜ੍ਹੇ ਸਾਚਾ ਚੰਦ, ਬੀਸ ਬੀਸਾ ਰਾਹ ਤਕਾਇੰਦਾ । ਏਕਾ ਮਾਰਗ ਲਾਏ ਨੌਂ ਖੰਡ, ਨੌਂ ਨੌਂ ਆਪਣੀ ਧਾਰ ਜਣਾਇੰਦਾ । ਚਾਰ ਵਰਨਾਂ ਏਕਾ ਨਾਮ ਵੰਡ, ਚਾਰ ਕੁੰਟ ਸੋਭਾ ਪਾਇੰਦਾ । ਨਾਤਾ ਤੋੜ ਭੇਖ ਪਖੰਡ, ਸਚ ਜੈਕਾਰਾ ਇਕ ਕਰਾਇੰਦਾ । ਜ਼ਾਤ ਪਾਤ ਕਰੇ ਖੰਡ ਖੰਡ, ਊਚ ਨੀਚ ਨਾ ਕੋਇ ਜਣਾਇੰਦਾ । ਇਕ ਵਖਾਏ ਪਰਮਾਨੰਦ, ਨਿਜਾਨੰਦ ਆਪ ਚਖਾਇੰਦਾ । ਲੱਖ ਚੁਰਾਸੀ ਏਕਾ ਛੰਦ, ਵਿਸ਼ਨ ਬ੍ਰਹਮਾ ਸ਼ਿਵ ਪੜ੍ਹਾਇੰਦਾ । ਏਕਾ ਰਾਗ ਏਕਾ ਤੰਦ, ਤੰਦੀ ਸਤਾਰ ਇਕ ਵਜਾਇੰਦਾ । ਏਕਾ ਹੋਏ ਸਦਾ ਬਖ਼ਸ਼ੰਦ, ਬਖ਼ਸ਼ਿਸ਼ ਆਪਣੇ ਹੱਥ ਰਖਾਇੰਦਾ । ਨਾ ਕੋਈ ਖਾਏ ਮਦਿਰਾ ਮਾਸ ਗੰਦ, ਅੰਮ੍ਰਿਤ ਆਤਮ ਜਾਮ ਪਿਆਇੰਦਾ । ਲੇਖਾ ਜਾਣੇ ਬੱਤੀ ਦੰਦ, ਰਸਨਾ ਜੇਹਵਾ ਆਪ ਸਮਾਇੰਦਾ । ਭੇਵ ਚੁਕਾਏ ਜੇਰਜ ਅੰਡ, ਉਤਭੁਜ ਸੇਤਜ ਮੇਲ ਮਿਲਾਇੰਦਾ । ਕਰੇ ਖੇਲ ਸੂਰਾ ਸਰਬੰਗ, ਆਪਣਾ ਰਾਹ ਚਲਾਇੰਦਾ । ਕਲਜੁਗ ਮੁੱਕਿਆ ਅੰਤਮ ਪੰਧ, ਝੂਠਾ ਪਾਂਧੀ ਕੋਇ ਰਹਿਣ ਨਾ ਪਾਇੰਦਾ । ਸਤਿਜੁਗ ਪੱਲੇ ਬੰਨ੍ਹੀ ਗੰਢ, ਸਚ ਭੰਡਾਰਾ ਨਾਮ ਲਿਆਇੰਦਾ । ਜਨ ਭਗਤਾਂ ਦੇਵੇ ਆਪੇ ਵੰਡ, ਘਰ ਘਰ ਸੇਵ ਕਮਾਇੰਦਾ । ਸੁਰਤ ਸੁਆਣੀ ਨਾ ਹੋਏ ਰੰਡ, ਕੰਤ ਸੁਹਾਗ ਸ਼ਬਦ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਵੇਸ ਆਪੇ ਕਰ, ਜੁਗ ਕਰਤਾ ਖੇਲ ਖਿਲਾਇੰਦਾ । ਕਲਜੁਗ ਉਤਰੇ ਆਪਣੇ ਦਵਾਰ, ਜਗਤ ਦਵਾਰਾ ਦਏ ਮੁਕਾਈਆ । ਅੰਤਮ ਰੋਵੇ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਈਆ । ਨਾ ਕੋਈ ਦਿਸੇ ਮਦਦਗਾਰ, ਬੈਠੇ ਮੁਖ ਛੁਪਾਈਆ । ਚਾਰ ਯਾਰ ਨਾ ਕੋਇ ਪਿਆਰ, ਸਿਰ ਪੱਲੂ ਨਾ ਕੋਇ ਧਰਾਈਆ । ਈਸਾ ਮੂਸਾ ਨਾ ਕੋਇ ਆਧਾਰ, ਦਸਤਗੀਰ ਨਾ ਕੋਇ ਅਖਵਾਈਆ । ਅੱਲਾ ਰਾਣੀ ਹੋਈ ਸ਼ਰਮਸਾਰ, ਨੇਤਰ ਨੈਣ ਨਾ ਸਕੇ ਉਠਾਈਆ । ਪਰਗਟ ਹੋਇਆ ਪਰਵਰਦਿਗਾਰ, ਅਮਾਮ ਅਮਾਮਾਂ ਆਪ ਅਖਵਾਈਆ । ਚੌਦਾਂ ਤਬਕਾਂ ਮਾਰੇ ਮਾਰ, ਮੇਰੀ ਉਮਤ ਦਏ ਰੁਲਾਈਆ । ਮੇਰਾ ਪਾਸਾ ਆਇਆ ਹਾਰ, ਜਿਤ ਨਜ਼ਰ ਨਾ ਕੋਇ ਆਇਆ । ਮੇਰਾ ਕਾਅਬਾ ਹੋਇਆ ਵੈਰਾਨ, ਹਾਜੀ ਹੱਜ ਨਾ ਕੋਇ ਕਰਾਈਆ । ਮੇਰੀ ਲੁੱਟੀ

੧੦੬੬

ਜਾਏ ਦੁਕਾਨ, ਨਾਲ ਰਲਿਆ ਅਬਲੀਸ ਸ਼ੈਤਾਨ, ਪੰਜ ਵਕ਼ਤ ਨਿਮਾਜ ਦਏ ਚੁਕਾਈਆ । ਮੇਰਾ ਸਯਦਾ ਨਾ ਹੋਇਆ ਪਰਵਾਨ, ਕਾਇਆ ਕੁਰਾ ਕ਼ੁਰਾਨ ਨਾ ਕੋਇ ਪੜ੍ਹਾਈਆ । ਨਿਗਹਬਾਨ ਨਾ ਹੋਇਆ ਨਿਗਹਬਾਨ, ਨਿਗਹ ਮਾਰ ਕਰੇ ਰਸਾਈਆ । ਵੇਲੇ ਅੰਤ ਸਰਬ ਪਛਤਾਣ, ਭਰਮੇ ਭੁੱਲੀ ਸਰਬ ਲੋਕਾਈਆ । ਕਰੇ ਖੇਲ ਸ੍ਰੀ ਭਗਵਾਨ, ਰਾਮ ਰਾਮਾ ਰੂਪ ਵਟਾਈਆ । ਏਕਾ ਜਾਣੇ ਜਗਤ ਗਿਆਨ, ਅਠਾਰਾਂ ਧਿਆਏ ਕਰੇ ਪੜ੍ਹਾਈਆ । ਅਠਾਰਾਂ ਪੁਰਾਨ ਕਰੇ ਵਖਾਣ, ਵੇਦ ਵਿਆਸਾ ਸੇਵ ਕਮਾਈਆ । ਚਾਰੇ ਵੇਦ ਅੰਤ ਕੁਰਲਾਣ, ਵੇਲਾ ਗਿਆ ਹੱਥ ਨਾ ਆਈਆ । ਤੇਈ ਅਵਤਾਰ ਕਰਨ ਧਿਆਨ, ਪ੍ਰਭ ਅੱਗੇ ਸੀਸ ਝੁਕਾਈਆ । ਨਾਨਕ ਗੋਬਿੰਦ ਹੋ ਪਰਧਾਨ, ਏਕਾ ਹੁਕਮ ਰਿਹਾ ਸੁਣਾਈਆ । ਅੰਤਮ ਆਇਆ ਨਿਹਕਲੰਕ ਬਲੀ ਬਲਵਾਨ, ਸਭ ਦਾ ਲੇਖਾ ਦਏ ਮੁਕਾਈਆ । ਲੁਕਿਆ ਰਹੇ ਨਾ ਕੋਇ ਵਿਚ ਜਹਾਨ, ਸਮੁੰਦ ਸਾਗਰ ਫੋਲ ਫੋਲਾਈਆ । ਨੌਂ ਖੰਡ ਪ੍ਰਿਥਮੀ ਵੇਖੇ ਮਾਰ ਧਿਆਨ, ਸੱਤ ਦੀਪ ਆਪਣਾ ਰੰਗ ਰੰਗਾਈਆ । ਉੱਤਰ ਪੱਛਮ ਪੂਰਬ ਦੱਖਣ ਆਪੇ ਹੋਇਆ ਜਾਣੀ ਜਾਣ, ਦਹਿ ਦਿਸ਼ਾ ਵੰਡ ਵੰਡਾਈਆ । ਰਵ ਸਸ ਸਰਬ ਕੁਰਲਾਣ, ਨੂਰ ਨੂਰ ਨਾ ਕੋਇ ਵਡਿਆਈਆ । ਅੰਤਮ ਮਿਟਣਾ ਸਭ ਨਿਸ਼ਾਨ, ਜਿਸ ਘੜਿਆ ਭੰਨ ਵਖਾਈਆ । ਵਿਸ਼ਨੂੰ ਦਰ ਕਰੇ ਪਰਵਾਨ, ਪ੍ਰਭ ਅੱਗੇ ਸੀਸ ਝੁਕਾਈਆ । ਬ੍ਰਹਮਾ ਬੋਲੇ ਮੇਰਾ ਤੁਟਾ ਮਾਣ, ਤੇਰੀ ਵੇਖ ਵਡੀ ਵਡਿਆਈਆ । ਸ਼ੰਕਰ ਮੰਗੇ ਇਕ ਧਿਆਨ, ਹੱਥ ਤ੍ਰਿਸੂਲ ਸੁਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਵ ਨੌਂ ਚਾਰ ਲੇਖਾ ਦਏ ਚੁਕਾਈਆ । ਲੇਖਾ ਜਾਏ ਚੁੱਕ, ਹਰਿ ਚੁਕਾਇੰਦਾ । ਜੁਗ ਚੌਕੜੀ ਪੰਧ ਜਾਏ ਮੁੱਕ, ਪੁਰਖ ਅਬਿਨਾਸ਼ੀ ਆਪ ਮੁਕਾਇੰਦਾ । ਹਰਿ ਕਾ ਭਾਣਾ ਨਾ ਜਾਏ ਰੁਕ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਪੁਰਖ ਅਬਿਨਾਸ਼ੀ ਕਲਜੁਗ ਜੂਹ ਵਿਚ ਰਿਹਾ ਬੁੱਕ, ਸ਼ੇਰ ਆਪਣਾ ਨਾਉਂ ਪਰਗਟਾਇੰਦਾ । ਤੀਰਥ ਤਟਾਂ ਪਾਣੀ ਜਾਏ ਸੁੱਕ, ਅੰਮ੍ਰਿਤ ਸਰੋਵਰ ਨਾ ਕੋਇ ਵਹਾਇੰਦਾ । ਚੌਥੇ ਜੁਗ ਜੜ੍ਹ ਦੇਵੇ ਪੁੱਟ, ਲੋਕਮਾਤ ਨਾ ਕੋਇ ਲਗਾਇੰਦਾ । ਬਿਨ ਗੁਰਸਿਖ ਅੰਮ੍ਰਿਤ ਦੇਵੇ ਨਾ ਕਿਸੇ ਘੁੱਟ, ਲੱਖ ਚੁਰਾਸੀ ਜੀਵ ਕੁਰਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਏਕਾ ਹਰਿ, ਜੁਗਾ ਜੁਗੰਤਰ ਆਪਣਾ ਵੇਸ ਵਟਾਇੰਦਾ । ਜੁਗਾ ਜੁਗੰਤਰ ਵੇਸ ਅਵੱਲਾ, ਸੋ ਪੁਰਖ ਨਿਰੰਜਣ ਆਪ ਕਰਾਈਆ । ਵਸਣਹਾਰਾ ਜਲਾ ਥਲਾ, ਜਲ ਥਲ ਮਹੀਅਲ ਰਿਹਾ ਸਮਾਈਆ । ਸਚ ਸੰਦੇਸ ਏਕਾ ਘੱਲਾ, ਦੋ ਜਹਾਨ ਰਿਹਾ ਸੁਣਾਈਆ । ਆਪਣੇ ਦੀਪ ਆਪੇ ਬਲਾ, ਨਿਰਗੁਣ ਜੋਤ ਨੂਰ ਰੁਸ਼ਨਾਈਆ । ਆਪਣਾ ਫੜਾਏ ਆਪੇ ਪੱਲਾ, ਏਕਾ ਪੱਲੂ ਨਾਮ ਬਨ੍ਹਾਈਆ । ਮਨਮੁਖ ਭੁਲਾਏ ਕਰ ਕਰ ਵਲ ਛਲਾ, ਅਛਲ ਛਲ ਧਾਰੀ ਖੇਲ ਖਿਲਾਈਆ । ਹਰਿਜਨ ਜੋਤੀ ਸ਼ਬਦੀ ਆਪੇ ਰਲਾ ਆਤਮ ਬ੍ਰਹਮ ਪਾਰਬ੍ਰਹਮ ਕਰੇ ਕੁੜਮਾਈਆ । ਸਚ ਸਿੰਘਾਸਣ ਏਕਾ ਮੱਲਾ, ਗੁਰਮੁਖ ਸੱਚਾ ਸੋਭਾ ਪਾਈਆ । ਪੰਚ ਵਿਕਾਰ ਨਾ ਕਰੇ ਹੱਲਾ, ਦੇਵੇ ਦਰ ਦੁਰਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਆਪਣਾ ਦਰਸ ਦਿਖਾਈਆ । ਜਿਸ ਜਨ ਵਖਾਏ ਦਰਸ ਗੁਰਦੇਵ, ਏਕਾ ਇਸ਼ਟ ਜਣਾਈਆ । ਪਰਗਟ ਹੋਏ ਅਲਖ ਅਭੇਵ, ਬੇਅੰਤ ਸੱਚਾ ਸ਼ਹਿਨਸ਼ਾਹੀਆ । ਕਥਨੀ ਕਥ ਨਾ ਸਕੇ ਰਸਨਾ ਜਿਹਵ, ਕਥਨੀ ਕਥ ਕਥ ਨਾ ਕੋਇ ਸੁਣਾਈਆ । ਆਦਿ ਜੁਗਾਦਿ ਸਦਾ ਨਿਹਕੇਵ, ਨਿਹਚਲ ਆਪਣੇ ਧਾਮ ਦਏ ਵਡਿਆਈਆ । ਗੁਰਮੁਖਾਂ ਦੇਵੇ ਏਕਾ ਮੇਵ, ਅੰਮ੍ਰਿਤ ਨਾਉਂ ਮੁਖ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ

ਖੇਲ ਸਾਚਾ ਹਰਿ, ਹਰਿਜਨ ਸਾਚੇ ਲਏ ਤਰਾਈਆ । ਹਰਿਜਨ ਨਾਮ ਵਸਤ ਅਤੋਲ, ਸਤਿਗੁਰ ਪੂਰਾ ਝੋਲੀ ਪਾਇੰਦਾ । ਏਥੇ ਓਥੇ ਰੱਖੇ ਅਡੋਲ, ਦੋ ਜਹਾਨਾਂ ਦਇਆ ਕਮਾਇੰਦਾ । ਘਰ ਘਰ ਵਿਚ ਸੁਣਾਏ ਆਪਣਾ ਬੋਲ, ਸ਼ਬਦ ਅਨਾਦੀ ਬੋਲ ਬੁਲਾਇੰਦਾ । ਆਪਣੇ ਕੰਡੇ ਤੋਲੇ ਤੋਲ, ਸਾਚਾ ਤੋਲ ਆਪ ਤੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਪਾਰ ਕਰਾਇੰਦਾ । ਹਰਿਜਨ ਸਾਚੇ ਪਾਰ ਕਿਨਾਰਾ, ਅਧਵਿਚਕਾਰ ਨਾ ਕੋਇ ਰੁੜ੍ਹਾਈਆ । ਅੱਗੇ ਮਿਲੇ ਮੀਤ ਮੁਰਾਰਾ, ਸਤਿਗੁਰ ਪੂਰਾ ਸੱਚਾ ਸ਼ਹਿਨਸ਼ਾਹੀਆ । ਸਤਿ ਸਤਿਵਾਦੀ ਕਰੇ ਪਿਆਰਾ, ਪੀਆ ਪ੍ਰੀਤਮ ਪ੍ਰੇਮ ਇਕ ਵਖਾਈਆ । ਸਾਚਾ ਸੱਯਾ ਦਏ ਸਹਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਆਪਣਾ ਦਏ ਵਖਾਈਆ । ਘਰ ਵਖਾਏ ਹਰਿ ਗੋਬਿੰਦ, ਗੁਰਮੁਖ ਚਿੰਤਾ ਆਪ ਮਿਟਾਇੰਦਾ । ਕਰੇ ਖੇਲ ਗੁਣੀ ਗਹਿੰਦ, ਗੁਣ ਆਪਣਾ ਆਪ ਜਣਾਇੰਦਾ । ਹਰਿਜਨ ਬਣਾਏ ਸਾਚੀ ਬਿੰਦ, ਸੁਤ ਨਾਦੀ ਨਾਉਂ ਧਰਾਇੰਦਾ । ਤਖ਼ਤੋਂ ਲਾਹੇ ਸੁਰਪਤ ਰਾਜਾ ਇੰਦ, ਗੁਰਮੁਖ ਸਾਚੇ ਮਾਣ ਦਿਵਾਇੰਦਾ । ਸ਼ੰਕਰ ਤੇਰੀ ਮਿਟੇ ਚਿੰਦ, ਤੇਰਾ ਅੰਤਮ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਵਡਿਆਇੰਦਾ । ਹਰਿਜਨ ਤੇਰਾ ਸਚ ਟਿਕਾਣਾ, ਸਤਿਗੁਰ ਪੂਰਾ ਆਪ ਬਣਾਈਆ । ਸ਼ਬਦ ਸਰੂਪੀ ਦੇ ਬਬਾਣਾ, ਸਚ ਬਬਾਣੇ ਲਏ ਚੜ੍ਹਾਈਆ । ਕਿਸੇ ਹੱਥ ਨਾ ਆਏ ਰਾਜਾ ਰਾਣਾ, ਕੋਟਨ ਕੋਟ ਬੈਠੇ ਰਾਹ ਤਕਾਈਆ । ਜਿਸ ਜਨ ਮੰਨਾਏ ਆਪਣਾ ਭਾਣਾ, ਤਿਸ ਭਾਣੇ ਵਿਚ ਰਖਾਈਆ । ਚਰਨ ਕਵਲ ਬਖ਼ਸ਼ੇ ਇਕ ਧਿਆਨਾ, ਧਿਆਨ ਧਿਆਨ ਵਿਚ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲੇ ਸਹਿਜ ਸੁਭਾਈਆ । ਹਰਿਜਨ ਮੇਲਾ ਸਾਚੇ ਘਰ, ਸਤਿਗੁਰ ਪੂਰਾ ਆਪ ਕਰਾਇੰਦਾ । ਆਦਿ ਜੁਗਾਦੀ ਦੇਵੇ ਵਰ, ਜੁਗ ਜੁਗ ਵੇਖ ਵਖਾਇੰਦਾ । ਨਾਮ ਭੰਡਾਰਾ ਆਪੇ ਭਰ, ਸਾਚੀ ਦਾਤ ਆਪ ਵਰਤਾਇੰਦਾ । ਕਰਨੀ ਕਰਤਾ ਆਪੇ ਕਰ, ਕੁਦਰਤ ਖੇਲ ਖਿਲਾਇੰਦਾ । ਸੰਤ ਸੁਹੇਲੇ ਆਪੇ ਫੜ, ਆਪਣੇ ਦਰ ਬਹਾਇੰਦਾ । ਡੂੰਘੀ ਕੰਦਰ ਉਚੀ ਚੋਟੀ ਜਾਏ ਚੜ੍ਹ, ਔਂਦਾ ਜਾਂਦਾ ਦਿਸ ਨਾ ਆਇੰਦਾ । ਆਪਣੀ ਵਿਦਿਆ ਆਪੇ ਪੜ੍ਹ, ਗੁਰਮੁਖਾਂ ਆਪ ਪੜ੍ਹਾਇੰਦਾ । ਨਾ ਜਨਮੇ ਨਾ ਜਾਏ ਮਰ, ਸਤਿਗੁਰ ਪੂਰਾ ਸੋ ਅਖਵਾਇੰਦਾ । ਜੁਗਾ ਜੁਗੰਤਰ ਖੇਲ ਕਰ, ਕਲਜੁਗ ਅੰਤਮ ਪਾਰ ਕਰਾਇੰਦਾ । ਲੱਖ ਚਾਰ ਬੱਤੀ ਹਜ਼ਾਰ ਟੁੱਟਾ ਗੰਢ, ਆਪਣੇ ਹੁਕਮ ਆਪ ਤੁੜਾਇੰਦਾ । ਕਲਜੁਗ ਜੀਵ ਆਪਣਾ ਕੀਤਾ ਲੈਣਾ ਭਰ, ਕਰਮ ਕੁਕਰਮ ਨਾ ਕੋਇ ਬਚਾਇੰਦਾ । ਮਾਂ ਪੁੱਤਰ ਸੇਜ ਪਗ ਰਹੇ ਧਰ, ਧੀਰਜ ਜਤ ਨਾ ਕੋਇ ਰਖਾਇੰਦਾ । ਨਾਰੀ ਨਰ ਭੁੱਲਿਆ ਨਰਾਇਣ ਨਰ, ਸਾਚਾ ਕੰਤ ਨਾ ਕੋਇ ਹੰਢਾਇੰਦਾ । ਜੋਤੀ ਜੋਤ ਸਰੂਪੀ ਹਰਿ ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਹਰਿਜਨ ਸਾਚੇ ਮੇਲ ਮਿਲਾਇੰਦਾ । ਹਰਿਜਨ ਮਿਲਿਆ ਮੇਲਾ, ਸੋ ਪੁਰਖ ਨਿਰੰਜਣ ਆਪ ਮਿਲਾਈਆ । ਏਕਾ ਘਰ ਵਸੇ ਗੁਰੂ ਗੁਰ ਚੇਲਾ, ਗੁਰ ਗੋਬਿੰਦ ਖੇਲ ਖਿਲਾਈਆ । ਪਾਰਬ੍ਰਹਮ ਪ੍ਰਭ ਸੱਜਣ ਸੁਹੇਲਾ, ਵਿਛੜ ਕਦੇ ਨਾ ਜਾਈਆ । ਆਪੇ ਜਾਣੇ ਆਪਣਾ ਵਕਤ ਵੇਲਾ, ਵੇਦ ਪੁਰਾਨ ਭੇਵ ਨਾ ਰਾਈਆ । ਕਰੇ ਖੇਲ ਇਕ ਇਕੇਲਾ, ਅਕਲ ਕਲ ਰੂਪ ਵਟਾਈਆ । ਵਸਣਹਾਰਾ ਸਦ ਨਵੇਲਾ, ਗੁਰਸਿਖ ਤੇਰੇ ਮੰਦਰ ਰਿਹਾ ਸੁਹਾਈਆ । ਆਵਣ ਜਾਵਣ ਕੱਟੇ ਜੇਲਾ, ਲੱਖ ਚੁਰਾਸੀ ਫੰਦ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਏਕਾ ਮੰਤ ਜਣਾਈਆ । ਏਕਾ ਮੰਤ ਸ਼ਬਦ ਗਿਆਨਾ, ਗੁਰਮੁਖ ਗੁਰ ਆਪ ਜਣਾਇੰਦਾ ।

੧੦੬੭
੧੦

ਏਕਾ ਨੂਰ ਸ੍ਰੀ ਭਗਵਾਨਾ, ਜੁਗ ਜੁਗ ਰੂਪ ਵਟਾਇੰਦਾ । ਏਕਾ ਰਾਮ ਰਮੱਯਾ ਰਾਮਾ, ਆਪਣੀ ਖੇਲ ਖਿਲਾਇੰਦਾ । ਏਕਾ ਗੋਪੀ ਏਕਾ ਕਾਹਨਾ, ਏਕਾ ਨਾਚ ਨਚਾਇੰਦਾ । ਏਕਾ ਈਸਾ ਮੂਸਾ ਦਏ ਪੈਗ਼ਾਮਾ, ਸਚ ਸੰਦੇਸ ਸੁਣਾਇੰਦਾ । ਏਕਾ ਮੁਹੰਮਦ ਪੜ੍ਹਾਏ ਕਲਾਮਾ, ਇਲਾਹੀ ਕਲਾਮ ਇਕ ਜਣਾਇੰਦਾ । ਇਕ ਵਜਾਏ ਸਚ ਦਮਾਮਾ, ਸਚ ਨੌਬਤ ਹੱਥ ਰਖਾਇੰਦਾ । ਏਕਾ ਨਾਨਕ ਦੇਵੇ ਧੁਰ ਫ਼ਰਮਾਨਾ, ਸਤਿ ਨਾਮ ਆਪ ਪੜ੍ਹਾਇੰਦਾ । ਏਕਾ ਗੋਬਿੰਦ ਹੋਏ ਜਾਣੀ ਜਾਣਾ, ਜਾਨਣਹਾਰ ਖੇਲ ਖਿਲਾਇੰਦਾ । ਏਕਾ ਫ਼ਤਿਹ ਡੰਕ ਵਜਾਣਾ, ਵਾਹ ਵਾ ਗੁਰ ਆਪ ਸਮਝਾਇੰਦਾ । ਏਕਾ ਓਟ ਹਰਿ ਰਖਾਣਾ, ਪੁਰਖ ਅਕਾਲ ਇਕ ਮਨਾਇੰਦਾ । ਅੰਤਮ ਸਭ ਦੇ ਸਿਰ ਤੇ ਵਰਤੇ ਭਾਣਾ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਨਿਹਕਲੰਕ ਬਲੀ ਬਲਵਾਨਾ ਪਹਿਰੇ ਆਪਣਾ ਬਾਣਾ, ਜੋਤੀ ਜੋਤ ਜੋਤ ਜਗਾਇੰਦਾ । ਸੰਬਲ ਨਗਰ ਇਕ ਟਿਕਾਣਾ, ਸਾਢੇ ਤਿੰਨ ਹੱਥ ਬਣਤ ਬਣਾਇੰਦਾ । ਆਪੇ ਵਸੇ ਸਾਚਾ ਰਾਣਾ, ਤਖ਼ਤ ਨਿਵਾਸੀ ਸੋਭਾ ਪਾਇੰਦਾ । ਸਾਚਾ ਖੰਡਾ ਇਕ ਚਮਕਾਨਾ, ਨੌਂ ਖੰਡਾਂ ਮੇਟ ਮਿਟਾਇੰਦਾ । ਲੱਖ ਚੁਰਾਸੀ ਦੇਵੇ ਬ੍ਰਹਮ ਗਿਆਨਾ, ਏਕਾ ਨਾਮ ਸ਼ਬਦ ਪਰਗਟਾਇੰਦਾ । ਹਿੰਦੂ ਮੁਸਲਿਮ ਸਿੱਖ ਈਸਾਈ ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਏਕਾ ਦਰ ਬਹਾਣਾ, ਊਚ ਨੀਚ ਨਾ ਕੋਇ ਰਖਾਈਆ । ਸ਼ਾਹ ਭੂਪਤ ਭੂਪ ਇਕ ਅਖਵਾਨਾ, ਸੀਸ ਜਗਦੀਸ ਤਾਜ ਟਿਕਾਈਆ । ਸਤਿਜੁਗ ਸਾਚਾ ਮਾਰਗ ਲਾਣਾ, ਸਤਿ ਸਤਿਵਾਦੀ ਸਤਿ ਕਰੇ ਪੜ੍ਹਾਈਆ । ਗੁਰਮੁਖ ਬੂਟਾ ਮਾਤ ਲਗਾਣਾ, ਫੁਲ ਫੁਲਵਾੜੀ ਆਪ ਮਹਿਕਾਈਆ । ਸਾਚਾ ਬੀਜ ਆਪ ਬਿਜਾਣਾ, ਅੰਮ੍ਰਿਤ ਫਲ ਦਏ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ ਕਲਜੁਗ ਤੇਰੀ ਅੰਤਮ ਵਰ, ਗੁਰਮੁਖ ਸੱਜਣ ਆਪੇ ਫੜ, ਸ਼ਬਦ ਸਰੂਪੀ ਬੰਨ੍ਹੇ ਲੜ, ਬੱਧਾ ਲੜ ਛੁੱਟ ਕਦੇ ਨਾ ਜਾਈਆ ।

## ★ ਪਹਿਲੀ ਭਾਦਰੋਂ ੨੦੧੮ ਬਿਕ੍ਰਮੀ ਦਰਬਾਰ ਵਿਚ ਦਇਆ ਹੋਈ ਜੇਠੂਵਾਲ ★

ਸ਼ਾਹ ਪਾਤਸ਼ਾਹ ਸੱਚਾ ਸੁਲਤਾਨਾ, ਸੋ ਪੁਰਖ ਨਿਰੰਜਣ ਖੇਲ ਖਿਲਾਇੰਦਾ । ਸਚਖੰਡ ਬੈਠ ਸੱਚੇ ਮਕਾਨਾ, ਸਚ ਸਿੰਘਾਸਣ ਸੋਭਾ ਪਾਇੰਦਾ । ਸ਼ਬਦ ਅਨਾਦ ਧੁਰ ਫ਼ਰਮਾਨਾ, ਅਨਾਦੀ ਨਾਦ ਨਾਦ ਸੁਣਾਇੰਦਾ । ਲੇਖਾ ਜਾਣੇ ਦੋ ਜਹਾਨਾਂ, ਜੁਗ ਜੁਗ ਆਪਣਾ ਖੇਲ ਕਰਾਇੰਦਾ । ਆਪੇ ਵਰਤੇ ਆਪਣਾ ਭਾਣਾ, ਸਦ ਭਾਣੇ ਆਪ ਸਮਾਇੰਦਾ । ਹੁਕਮੇ ਅੰਦਰ ਰਾਜਾ ਰਾਣਾ, ਲੱਖ ਚੁਰਾਸੀ ਆਪ ਭਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭਾਣਾ ਆਪ ਵਰਤਾਇੰਦਾ । ਹਰਿ ਭਾਣਾ ਬਲਵਾਨ, ਮਹਿਮਾ ਅਕਥ ਕਥੀ ਨਾ ਜਾਈਆ । ਲੇਖਾ ਜਾਣੇ ਸ੍ਰੀ ਭਗਵਾਨ, ਭਗਵਨ ਆਪਣੀ ਧਾਰ ਚਲਾਈਆ । ਜੁਗਾ ਜੁਗੰਤਰ ਹੋ ਪਰਧਾਨ, ਲੋਕਮਾਤ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਭਾਣਾ ਆਪ ਪਰਗਟਾਈਆ । ਆਪਣੇ ਭਾਣੇ ਆਪ ਸਮਾ, ਹਰਿ ਆਪਣੀ ਖੇਲ ਖਿਲਾਇੰਦਾ । ਸੋ ਪੁਰਖ ਨਿਰੰਜਣ ਬੇਪਰਵਾਹ, ਬੇਅੰਤ ਆਪਣੀ ਧਾਰ ਚਲਾਇੰਦਾ । ਹਰਿ ਪੁਰਖ ਨਿਰੰਜਣ ਸੱਚਾ ਸ਼ਹਿਨਸ਼ਾਹ, ਸ਼ਾਹ ਪਾਤਸ਼ਾਹ ਏਕਾ ਨਾਉਂ ਪਰਗਟਾਇੰਦਾ । ਏਕੰਕਾਰਾ ਵੇਸ ਵਟਾ, ਰੂਪ ਅਨੂਪ ਆਪ ਰਖਾਇੰਦਾ । ਆਦਿ ਨਿਰੰਜਣ ਡਗਮਗਾ, ਜੋਤੀ ਜਾਤਾ ਪੁਰਖ ਬਿਧਾਤਾ ਆਪਣੀ ਕਲ ਆਪ ਰਖਾਇੰਦਾ । ਅਬਿਨਾਸ਼ੀ ਕਰਤਾ ਵਸਣਹਾਰਾ

ਥਾਉਂ ਥਾਂ, ਸਚ ਦਵਾਰੇ ਸੋਭਾ ਪਾਇੰਦਾ । ਸ੍ਰੀ ਭਗਵਾਨ ਆਪੇ ਜਾਣੇ ਆਪਣਾ ਨਾਂ, ਨਾਉਂ ਨਿਰੰਕਾਰਾ ਆਪ ਧਰਾਇੰਦਾ । ਪਾਰਬ੍ਰਹਮ ਪ੍ਰਭ ਬਣ ਮਲਾਹ, ਸਾਚਾ ਬੇੜਾ ਆਪ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਕਰਮ ਕਮਾਇੰਦਾ । ਸਾਚਾ ਬੇੜਾ ਹਰਿ ਚਲਾਇੰਦਾ, ਨਿਰਗੁਣ ਨਿਰਵੈਰ ਪੁਰਖ ਅਕਾਲ । ਅਜੂਨੀ ਰਹਿਤ ਖੇਲ ਖਿਲਾਇੰਦਾ, ਪਾਰਬ੍ਰਹਮ ਬੇਅੰਤ ਬੇਅੰਤ ਬੇਅੰਤ ਦੀਨ ਦਿਆਲ । ਆਪਣਾ ਭੇਵ ਆਪਣੇ ਹੱਥ ਰਖਾਇੰਦਾ, ਜੁਗਾ ਜੁਗੰਤਰ ਖੇਲ ਨਿਰਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਇੰਦਾ । ਆਪੇ ਹੁਕਮ ਆਪੇ ਰਾਣਾ, ਆਪੇ ਰੱਯਤ ਵੇਸ ਵਟਾਈਆ । ਆਪੇ ਰਾਜ ਆਪ ਰਾਜਾਨਾ, ਸ਼ਾਹੋ ਭੂਪ ਆਪ ਅਖਵਾਈਆ । ਆਪੇ ਮੰਦਰ ਆਪ ਮਕਾਨਾ, ਆਪੇ ਬੈਠਾ ਆਸਣ ਲਾਈਆ । ਆਪੇ ਮਰਦ ਆਪ ਮਰਦਾਨਾ, ਆਪੇ ਨਾਰ ਕੰਤ ਹੰਢਾਈਆ । ਆਪੇ ਜੋਧਾ ਸੂਰਬੀਰ ਬਲਵਾਨਾ, ਬਲਧਾਰੀ ਆਪ ਅਖਵਾਈਆ । ਆਪੇ ਗੋਪੀ ਆਪੇ ਕਾਹਨਾ, ਆਪੇ ਮੰਡਲ ਰਾਸ ਰਚਾਇਆ । ਆਪੇ ਨਾਦ ਆਪੇ ਗਾਣਾ, ਆਪੇ ਧੁਨ ਸ਼ਨਵਾਈਆ । ਆਪੇ ਜੋਤੀ ਨੂਰ ਨੂਰ ਮਹਾਨਾ, ਜੋਤੀ ਜਾਤਾ ਆਪ ਅਖਵਾਈਆ । ਆਪੇ ਹੋਏ ਬੇਪਛਾਣਾ, ਆਪੇ ਕੂੜ ਕੁੜਿਆਰਾ ਰੂਪ ਧਰਾਈਆ । ਆਪੇ ਪਹਿਰੇ ਆਪਣਾ ਬਾਣਾ, ਨਿਰਗੁਣ ਸਰਗੁਣ ਰੂਪ ਧਰਾਈਆ । ਆਪੇ ਰੱਖੇ ਆਪਣਾ ਮਾਣਾ, ਆਪੇ ਬੈਠਾ ਸੀਸ ਝੁਕਾਈਆ । ਆਪੇ ਹੋਏ ਬਾਲ ਅਵਾਣਾ, ਬਾਲੀ ਬੁਧ ਆਪ ਧਰਾਈਆ । ਆਪੇ ਵਰਤੇ ਆਪਣਾ ਭਾਣਾ, ਸਦ ਭਾਣੇ ਵਿਚ ਸਮਾਈਆ । ਆਪੇ ਸੁਘੜ ਆਪ ਸਿਆਣਾ, ਆਪੇ ਅਭੁਲ ਰੂਪ ਵਟਾਈਆ । ਆਪੇ ਜਾਣੇ ਆਪਣਾ ਔਣਾ ਜਾਣਾ, ਆਪੇ ਪੀਣਾ ਆਪੇ ਖਾਣਾ, ਤ੍ਰਿਸਨਾ ਭੁੱਖ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਚੁਕਾਈਆ । ਆਪੇ ਸ਼ਾਹ ਸ਼ਹਿਨਸ਼ਾਹ ਸੁਲਤਾਨਾ, ਆਪੇ ਸਚਖੰਡ ਦਵਾਰੇ ਸੋਭਾ ਪਾਇੰਦਾ । ਆਪੇ ਥਿਰ ਘਰ ਵਸੇ ਸਚ ਮਕਾਨਾ, ਸਚ ਸਿੰਘਾਸਣ ਆਸਣ ਲਾਇੰਦਾ । ਆਪੇ ਸੁਤ ਦੁਲਾਰਾ ਬਣ ਨਾਦਾਨਾ, ਪੂਤ ਸਪੂਤਾ ਵੇਸ ਵਟਾਇੰਦਾ । ਆਪੇ ਬਖ਼ਸ਼ੇ ਚਰਨ ਧਿਆਨਾ, ਆਪੇ ਸੀਸ ਜਗਦੀਸ ਹੱਥ ਰਖਾਇੰਦਾ । ਆਪੇ ਦਰ ਦਰਵੇਸ ਬਣੇ ਦਰਬਾਨਾ, ਆਪੇ ਆਪਣੀ ਅਲਖ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਚੁਕਾਇੰਦਾ । ਆਪੇ ਰਾਓ ਆਪੇ ਰੰਕ, ਨਿਰਧਨ ਸਰਧਨ ਆਪੇ ਧਾਰ ਚਲਾਈਆ । ਆਪੇ ਦਵਾਰਾ ਆਪੇ ਬੰਕ, ਆਪੇ ਬੈਠਾ ਸੇਜ ਸੁਹਾਈਆ । ਆਪੇ ਸ਼ਬਦ ਆਪੇ ਡੰਕ, ਆਪੇ ਰਿਹਾ ਵਜਾਈਆ । ਆਪੇ ਰੂਪ ਧਰਾਏ ਬਾਰ ਅਨਕ, ਆਪੇ ਜੁਗ ਜੁਗ ਵੇਸ ਵਟਾਈਆ । ਆਪੇ ਲੇਖਾ ਜਾਣੇ ਭਗਤ ਜਨਕ, ਭਗਤ ਭਗਵੰਤ ਭੇਵ ਨਾ ਰਾਈਆ । ਆਪੇ ਆਦਿ ਆਪੇ ਅੰਤ, ਮਧ ਆਪਣੀ ਖੇਲ ਖਿਲਾਈਆ । ਆਪੇ ਰਵ ਸਸ ਬਣਾਏ ਬਣਤ, ਮੰਡਲ ਮੰਡਪ ਆਪ ਉਪਾਈਆ । ਆਪੇ ਸਾਧ ਆਪੇ ਸੰਤ, ਆਪੇ ਸਤਿਗੁਰ ਰੂਪ ਵਖਾਈਆ । ਆਪੇ ਜੀਵ ਆਪੇ ਜੰਤ, ਆਪੇ ਜਾਗਰਤ ਜੋਤ ਕਰੇ ਰੁਸ਼ਨਾਈਆ । ਆਪੇ ਹਉਮੇ ਆਪੇ ਹੰਗਤ, ਆਪੇ ਮਾਇਆ ਮਮਤਾ ਮੋਹ ਵਧਾਈਆ । ਆਪੇ ਭੁੱਖ ਆਪੇ ਨੰਗਤ, ਆਪੇ ਸੀਸ ਤਾਜ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਖਿਲਾਈਆ । ਆਪੇ ਧਰਤੀ ਆਪੇ ਪਾਣੀ, ਆਪੇ ਖ਼ਾਕੀ ਖ਼ਾਕ ਸਮਾਇੰਦਾ । ਆਪੇ ਨਾਮ ਆਪੇ ਬਾਣੀ, ਆਪੇ ਖਾਣੀ ਵੇਸ ਵਟਾਇੰਦਾ । ਆਪੇ ਬਿਰਧ ਬਾਲ ਜਵਾਨ ਬਣੇ ਹਾਣੀ, ਆਪੇ ਸਗਲਾ ਸੰਗ ਨਿਭਾਇੰਦਾ । ਆਪੇ ਅੰਤਰ ਆਤਮ ਬਣੇ ਬ੍ਰਹਮ ਗਿਆਨੀ, ਬ੍ਰਹਮ

ਵਿਦਿਆ ਆਪ ਪੜ੍ਹਾਇੰਦਾ । ਆਪੇ ਨਿਰਗੁਣ ਜੋਤ ਦੇਵੇ ਸਚ ਨਿਸ਼ਾਨੀ, ਸਾਚੇ ਮੰਦਰ ਆਪ ਜਗਾਇੰਦਾ । ਆਪੇ ਤੀਰ ਨਿਰਾਲਾ ਮਾਰੇ ਕਾਨੀ, ਬਿਰਹੋਂ ਆਪਣਾ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੂਪ ਆਪ ਵਟਾਇੰਦਾ । ਆਪੇ ਅੰਮ੍ਰਿਤ ਆਪੇ ਵਿਖ, ਆਪਣੀ ਕਲ ਆਪ ਧਰਾਈਆ । ਆਪੇ ਲੇਖਕ ਆਪੇ ਲਿਖ, ਆਪਣਾ ਲੇਖ ਦਏ ਵਖਾਈਆ । ਆਪੇ ਭਿੱਖਕ ਆਪੇ ਭਿੱਖ, ਆਪੇ ਵਸਤ ਰਿਹਾ ਵਰਤਾਈਆ । ਆਪੇ ਆਦਿ ਜੁਗਾਦਿ ਆਪੇ ਹੋਏ ਮਿਥ, ਮਿਥਿਆ ਰੂਪ ਆਪ ਅਖਵਾਈਆ । ਆਪੇ ਸਿਖਿਆ ਆਪਣੀ ਲਏ ਸਿਖ, ਸਾਖਿਆਤ ਕਰੇ ਪੜ੍ਹਾਈਆ । ਆਪੇ ਨੀਚ ਆਪੇ ਊਚ, ਊਚ ਅਗੰਮ ਅਥਾਹ ਆਪਣਾ ਨਾਉਂ ਧਰਾਈਆ । ਆਪੇ ਹਸਤ ਆਪੇ ਕੀਟ, ਆਪੇ ਘਰ ਘਰ ਬੈਠਾ ਆਸਣ ਲਾਈਆ । ਆਪੇ ਵਸੇ ਧਾਮ ਅਨਡੀਠ, ਅਨਡਿਠੜਾ ਧਾਮ ਆਪ ਸੁਹਾਈਆ । ਆਪੇ ਜਾਣੇ ਆਪਣੀ ਰੀਤ, ਸਾਚੀ ਰੀਤ ਆਪ ਚਲਾਈਆ । ਆਪੇ ਦੇਹੁਰਾ ਮੰਦਰ ਮਸੀਤ, ਸ਼ਿਵਦਵਾਲਾ ਮਠ ਆਪ ਅਖਵਾਈਆ । ਆਪੇ ਗਾਏ ਆਪਣਾ ਗੀਤ, ਆਪਣਾ ਨਾਉਂ ਨਾਉਂ ਸਾਲਾਹੀਆ । ਆਪੇ ਵਸੇ ਹਰਿਜਨ ਚੀਤ, ਚੇਤਨ ਰੂਪ ਆਪ ਹੋ ਜਾਈਆ । ਆਪੇ ਲਾਏ ਸਚ ਪ੍ਰੀਤ, ਪੀਆ ਪ੍ਰੀਤਮ ਆਪ ਨਿਭਾਈਆ । ਆਪੇ ਠਾਂਡਾ ਆਪੇ ਸੀਤ, ਆਪੇ ਅਗਨੀ ਤੱਤ ਜਲਾਈਆ । ਆਪੇ ਭੈ ਆਪੇ ਭੀਤ, ਆਪੇ ਪੀਤੰਬਰ ਸੀਸ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਹਾਰ ਆਪੇ ਜੀਤ, ਆਪਣਾ ਬੰਧਨ ਆਪੇ ਪਾਈਆ । ਆਪੇ ਪੁਰਖ ਆਪੇ ਨਾਰ, ਜਨਨੀ ਜਨ ਆਪ ਅਖਵਾਇੰਦਾ । ਆਪੇ ਦਾਈ ਦਾਇਆ ਕਰੇ ਪਿਆਰ, ਆਦਿ ਜੁਗਾਦਿ ਵੇਸ ਵਟਾਇੰਦਾ । ਆਪੇ ਸੁਤ ਦੁਲਾਰਾ ਲਏ ਉਭਾਰ, ਸ਼ਬਦੀ ਸ਼ਬਦ ਆਪ ਉਪਾਇੰਦਾ । ਆਪੇ ਮਹੱਲ ਲਏ ਉਸਾਰ, ਥਿਰ ਘਰ ਸਾਚੇ ਆਪ ਵਸਾਇੰਦਾ । ਆਪੇ ਕਰੇ ਖੇਲ ਕਰਤਾਰ, ਆਪਣੀ ਕਰਨੀ ਆਪ ਕਮਾਇੰਦਾ । ਨਿਰਗੁਣ ਨਿਰਗੁਣ ਦਏ ਆਧਾਰ, ਨਿਰਗੁਣ ਨਿਰਗੁਣ ਵੇਖ ਵਖਾਇੰਦਾ । ਨਿਰਗੁਣ ਮੰਦਰ ਨਿਰਗੁਣ ਗੁਰੂਦਵਾਰ, ਨਿਰਗੁਣ ਨਿਰਗੁਣ ਆਸਣ ਲਾਇੰਦਾ । ਨਿਰਗੁਣ ਨਾਮ ਬੋਲ ਜੈਕਾਰ, ਨਿਰਗੁਣ ਨਾਅਰਾ ਇਕ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਇੰਦਾ । ਆਪੇ ਰੂਪ ਆਪੇ ਰੰਗ, ਰੇਖ ਰੰਗ ਨਾ ਕੋਇ ਜਣਾਇੰਦਾ । ਆਪੇ ਸੇਜ ਆਪ ਪਲੰਘ, ਆਪੇ ਬੈਠਾ ਆਸਣ ਲਾਈਆ । ਆਪੇ ਨਾਮ ਆਪ ਮਰਦੰਗ, ਆਪੇ ਮਰਦੰਗਾ ਰਿਹਾ ਵਜਾਈਆ । ਆਪੇ ਸੂਰਬੀਰ ਸੂਰਾ ਸਰਬੰਗ, ਜੋਧਾ ਬੀਰ ਆਪ ਅਖਵਾਈਆ । ਆਪੇ ਸੁੱਤਾ ਦੇ ਕਰ ਕੰਡ, ਆਪਣੀ ਕਰਵਟ ਨਾ ਕਦੇ ਬਦਲਾਈਆ । ਆਪੇ ਲੋਆਂ ਪੁਰੀਆਂ ਰਿਹਾ ਲੰਘ, ਬ੍ਰਹਿਮੰਡ ਖੰਡ ਚਰਨਾਂ ਹੇਠ ਦਬਾਈਆ । ਆਪੇ ਵੇਖੇ ਲੱਖ ਚੁਰਾਸੀ ਰੰਡ, ਆਪੇ ਨਾਰ ਕੰਤ ਸੁਹਾਗ ਵਖਾਈਆ । ਆਪੇ ਟੁੱਟੀ ਦੇਵੇ ਗੰਢ, ਤੋੜਨਹਾਰ ਆਪ ਹੋ ਜਾਈਆ । ਆਪੇ ਜਾਣੇ ਆਪਣਾ ਭੇਖ ਪਖੰਡ, ਅਛੱਲ ਛਲ ਆਪਣੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਲ ਆਪ ਧਰਾਈਆ । ਆਪੇ ਕਰਨੀ ਆਪੇ ਕਰਤਾ, ਆਪੇ ਕੁਦਰਤ ਖੇਲ ਖਿਲਾਇੰਦਾ । ਆਪੇ ਜੁਗਤ ਆਪੇ ਜੁਗਤਾ, ਜਾਗਰਤ ਜੋਤ ਆਪ ਜਗਾਇੰਦਾ । ਆਪੇ ਭੋਗੀ ਆਪੇ ਭੁਗਤਾ, ਭਸਮੜ ਆਪਣਾ ਰੂਪ ਵਟਾਇੰਦਾ । ਆਪੇ ਮੋਖੀ ਆਪੇ ਮੁਕਤਾ, ਆਪ ਆਪਣਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਸੰਗ ਆਪ ਨਿਭਾਇੰਦਾ । ਆਪੇ ਈਸ਼ ਆਪੇ ਜੀਵ, ਆਪੇ ਜੀਵਣ ਜੁਗਤ ਦਏ ਬਣਾਈਆ । ਆਪੇ ਪੀਸਣ ਰਿਹਾ ਪੀਸ, ਆਪਣੀ ਚੱਕੀ ਆਪ

ਚਲਾਈਆ । ਆਪੇ ਸ਼ਰਅ ਆਪ ਹਦੀਸ, ਆਪੇ ਬੰਧਨ ਰਿਹਾ ਪਾਈਆ । ਆਪੇ ਹੋਏ ਸ਼ਹਿਨਸ਼ਾਹ ਜਗਦੀਸ਼, ਆਪੇ ਦਰ ਦਰਵੇਸ਼ ਫੇਰਾ ਪਾਈਆ । ਆਪੇ ਜਾਣੇ ਰਾਗ ਛਤੀਸ, ਆਪੇ ਅਨਕ ਕਲ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਈਆ । ਆਪੇ ਹੁਕਮ ਆਪੇ ਭਾਣਾ, ਆਪੇ ਸਾਚੀ ਖੇਲ ਖਿਲਾਇੰਦਾ । ਆਪੇ ਸ਼ਾਹੋ ਭੂਪ ਬਣ ਸਾਚਾ ਰਾਣਾ, ਧੁਰ ਫ਼ਰਮਾਨਾ ਆਪ ਜਣਾਇੰਦਾ । ਆਪੇ ਜੁਗ ਜੁਗ ਖੇਲੇ ਖੇਲ ਮਹਾਨਾ, ਵਿਸ਼ਨ ਬ੍ਰਹਮਾ ਸ਼ਿਵ ਸੇਵ ਲਗਾਇੰਦਾ । ਆਪੇ ਲੱਖ ਚੁਰਾਸੀ ਤਣਿਆ ਤਾਣਾ, ਤਾਣਾ ਪੇਟਾ ਆਪਣਾ ਰੰਗ ਰੰਗਾਇੰਦਾ । ਆਪੇ ਘਰ ਘਰ ਬਣਾਏ ਇਕ ਮਕਾਨਾ, ਘਟ ਘਟ ਆਪਣੀ ਜੋਤ ਜਗਾਇੰਦਾ । ਆਪੇ ਨਾਦ ਸ਼ਬਦ ਧੁੰਨਕਾਨਾ, ਅਨਹਦ ਨਾਦੀ ਨਾਦ ਵਜਾਇੰਦਾ । ਆਪੇ ਅੰਮ੍ਰਿਤ ਆਤਮ ਪੀਣਾ ਖਾਣਾ, ਤ੍ਰਿਸਨਾ ਭੁੱਖ ਆਪ ਗਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਆਪਣੇ ਭਾਣੇ ਆਪ ਸਮਾਇੰਦਾ । ਭਾਣਾ ਵਰਤੇ ਆਦਿ ਆਦਿ, ਆਦਿ ਪੁਰਖ ਵਡੀ ਵਡਿਆਈਆ । ਆਪਣੇ ਵਿਚੋਂ ਆਪ ਕਾਢ, ਨਿਰਗੁਣ ਨਿਰਗੁਣ ਲਏ ਪਰਗਟਾਈਆ । ਆਪਣੀ ਦੇਵੇ ਆਪੇ ਦਾਦ, ਬਣ ਦਾਤਾ ਸੱਚਾ ਸ਼ਹਿਨਸ਼ਾਹੀਆ । ਆਪੇ ਰੱਖੇ ਆਪਣੀ ਯਾਦ, ਅਭੁਲ ਭੁਲ ਕਦੇ ਨਾ ਜਾਈਆ । ਆਪੇ ਸੁਣੇ ਆਪਣੀ ਫ਼ਰਯਾਦ, ਤਖ਼ਤ ਬੈਠ ਸਾਚਾ ਮਾਹੀਆ । ਆਪੇ ਗਾਏ ਨਾਦ ਬੋਧ ਅਗਾਧ, ਸ਼ਬਦ ਸ਼ਬਦੀ ਧੁਨ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭਾਣਾ ਆਪ ਸਮਝਾਈਆ । ਆਪਣੇ ਭਾਣੇ ਹਰਿ ਨਿਰੰਕਾਰ, ਆਦਿ ਜੁਗਾਦਿ ਸਮਾਇਆ । ਆਪਣੀ ਰਚਨਾ ਕਰ ਤਿਆਰ, ਵਿਸ਼ਨ ਬ੍ਰਹਮਾ ਸ਼ਿਵ ਉਪਜਾਇਆ । ਤ੍ਰੈਗੁਣ ਮਾਇਆ ਭਰ ਭੰਡਾਰ, ਰਜੋ ਤਮੋ ਸਤੋ ਮੇਲ ਮਿਲਾਇਆ । ਪੰਜ ਤੱਤ ਕਰ ਤਿਆਰ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਬੰਧਨ ਪਾਇਆ । ਮਨ ਮਤ ਬੁਧ ਕਰ ਪਿਆਰ, ਨਿਰਗੁਣ ਨਿਰਗੁਣ ਰੰਗ ਰੰਗਾਇਆ । ਘਰ ਵਿਚ ਘਰ ਖੋਲ੍ਹ ਕਿਵਾੜ, ਆਤਮ ਸੇਜਾ ਇਕ ਸੁਹਾਇਆ । ਪਾਰਬ੍ਰਹਮ ਬ੍ਰਹਮ ਅੰਦਰ ਦੇਵੇ ਵਾੜ, ਆਪਣਾ ਮੁਖ ਛੁਪਾਇਆ । ਉਪਰ ਲਾਏ ਬਜਰ ਕਪਾਟ, ਨਾ ਕੋਇ ਸਕੇ ਤੋੜ ਤੁੜਾਇਆ । ਮੇਲ ਮਿਲਾਏ ਪੰਚਮ ਧਾੜ, ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਇਆ । ਲੇਖਾ ਜਾਣੇ ਨਾੜ ਨਾੜ, ਬਹੱਤਰ ਨਾੜ ਵੇਸ ਵਟਾਇਆ । ਤਿੰਨ ਸੌ ਸੱਠ ਹਾਡੀ ਬੰਨ੍ਹੇ ਏਕਾ ਵਾਰ, ਆਪਣਾ ਬੰਧਨ ਪਾਇਆ । ਨਿਰਗੁਣ ਜੋਤ ਕਰੇ ਉਜਿਆਰ, ਜੋਤ ਨਿਰੰਜਣ ਸੇਵਾ ਲਾਇਆ । ਅਨਹਦ ਦੇਵੇ ਸੱਚੀ ਧੁੰਨਕਾਰ, ਅਨਹਦ ਨਾਦੀ ਨਾਦ ਵਜਾਇਆ । ਅੰਮ੍ਰਿਤ ਸਿੰਚੇ ਸਚ ਪਿਆਰ, ਨਿਝਰ ਝਿਰਨਾ ਆਪ ਝਿਰਾਇਆ । ਘਰ ਮੇਲਾ ਕੰਤ ਭਤਾਰ, ਗ੍ਰਿਹ ਮੰਦਰ ਖ਼ੁਸ਼ੀ ਮਨਾਇਆ । ਕਰੇ ਖੇਲ ਆਪ ਕਰਤਾਰ, ਰੂਪ ਰੰਗ ਰੇਖ ਨਾ ਕੋਇ ਜਣਾਇਆ । ਲੱਖ ਚੁਰਾਸੀ ਦਏ ਆਧਾਰ, ਅੰਡਜ ਜੇਰਜ ਉਤਭੁਜ ਸੇਤਜ ਵੰਡ ਵੰਡਾਇਆ । ਆਪਣੀ ਇਛਿਆ ਆਪੇ ਧਾਰ, ਆਪ ਆਪਣਾ ਮਤਾ ਪਕਾਇਆ । ਆਪੇ ਨਿਉਂ ਨਿਉਂ ਕਰੇ ਨਿਮਸਕਾਰ, ਆਪਣਾ ਸੀਸ ਆਪ ਝੁਕਾਇਆ । ਆਪੇ ਦੇਵੇ ਸਚ ਭੰਡਾਰ, ਨਿਰਗੁਣ ਨਿਰਗੁਣ ਲਏ ਵਰਤਾਇਆ । ਵਿਸ਼ਨ ਬ੍ਰਹਮਾ ਸ਼ਿਵ ਕਰਨ ਪੁਕਾਰ, ਨੇਤਰ ਨੈਣਾਂ ਨੀਰ ਵਹਾਇਆ । ਲੱਖ ਚੁਰਾਸੀ ਤੁਧ ਬਿਨ ਪਾਵੇ ਕਵਣ ਸਾਰ, ਧਰਤ ਧਵਲ ਦੇ ਵਡਿਆਇਆ । ਜਲ ਬਿੰਬ ਰੋਵੇ ਆਪਣੀ ਵਾਰ, ਧੀਰਜ ਧੀਰ ਨਾ ਕੋਇ ਧਰਾਇਆ । ਤੇਰੀ ਮਹਿਮਾ ਅਪਰ ਅਪਾਰ, ਤੇਰਾ ਅੰਤ ਕਿਸੇ ਨਾ ਪਾਇਆ । ਤੂੰ ਸਰਬ ਜੀਆਂ ਦਾਤਾਰ, ਦੇਵਣਹਾਰ ਇਕ ਅਖਵਾਇਆ । ਤੇਰਾ ਅਤੁੱਟ ਭਰਿਆ ਭੰਡਾਰ, ਤੋਟ ਰਹੇ ਨਾ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ

੧੦੭੧
੧੦

ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਰਗੁਣ ਨਿਰਗੁਣ ਅੱਗੇ ਝੋਲੀ ਡਾਹਿਆ । ਨਿਰਗੁਣ ਦਾਤਾ ਨਿਰਗੁਣ ਭਿਖਾਰੀ, ਨਿਰਗੁਣ ਨਿਰਗੁਣ ਮੰਗ ਮੰਗਾਈਆ । ਨਿਰਗੁਣ ਆਦਿ ਜੋਤ ਪੁਰਖ ਨਿਰੰਕਾਰੀ, ਬੇਪਰਵਾਹ ਸੱਚਾ ਸ਼ਹਿਨਸ਼ਾਹੀਆ । ਨਿਰਗੁਣ ਵਸੇ ਸਚ ਮਹੱਲ ਅਟਲ ਮਨਾਰੀ, ਸਚਖੰਡ ਦਵਾਰੇ ਸੋਭਾ ਪਾਈਆ । ਅਲਖ ਅਗੰਮ ਅਥਾਹ ਕਰੇ ਸੱਚੀ ਸਿਕਦਾਰੀ, ਆਪ ਆਪਣਾ ਹੁਕਮ ਵਰਤਾਈਆ । ਆਪੇ ਹੁਕਮੇ ਅੰਦਰ ਕਰੇ ਫ਼ਰਮਾਂਬਰਦਾਰੀ, ਆਪਣਾ ਹੁਕਮ ਆਪ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਨਿਰਗੁਣ ਦਏ ਸਮਝਾਈਆ । ਨਿਰਗੁਣ ਨਿਰਗੁਣ ਘਰ ਜਣਾਇੰਦਾ, ਆਦਿ ਪੁਰਖ ਅਬਿਨਾਸ਼ । ਲੱਖ ਚੁਰਾਸੀ ਆਪਣੀ ਖੇਲ ਖਿਲਾਇੰਦਾ, ਵੇਖੇ ਖੇਲ ਤਮਾਸ਼ । ਅੰਡਜ ਜੇਤਜ ਉਤਭੁਜ ਸੇਤਜ ਰੰਗ ਰੰਗਾਇੰਦਾ, ਘਟ ਘਟ ਅੰਦਰ ਰੱਖੇ ਵਾਸ । ਦੀਆ ਬਾਤੀ ਏਕਾ ਡਗਮਗਾਇੰਦਾ, ਦਿਵਸ ਰੈਣ ਰਹੇ ਪਰਕਾਸ਼ । ਬ੍ਰਹਮ ਆਤਮ ਸਰਬ ਵਖਾਇੰਦਾ, ਈਸ਼ ਜੀਵ ਦਾਸੀ ਦਾਸ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਕਰੇ ਸਚ ਨਿਵਾਸ । ਬ੍ਰਹਮ ਪੁਕਾਰੇ ਦੀਨਨ ਦਇਆ ਕਰ, ਆਪਣਾ ਸੀਸ ਝੁਕਾਈਆ । ਲੱਖ ਚੁਰਾਸੀ ਮੱਲਿਆ ਦਰ, ਘਰ ਘਰ ਬੈਠਾ ਮੁਖ ਛੁਪਾਈਆ । ਤੁਧ ਬਿਨ ਨਾ ਕੋਇ ਫੜਾਏ ਲੜ, ਮੇਰੇ ਸੱਜਣ ਸੱਚੇ ਮਾਹੀਆ । ਏਕਾ ਦੇਣਾ ਸਾਚਾ ਵਰ, ਹਉਂ ਭਿੱਖਕ ਮੰਗ ਮੰਗਾਈਆ । ਕਵਣ ਰੂਪ ਮਿਲੇ ਘਰ, ਘਰ ਘਰ ਵਿਚ ਮੇਲ ਮਿਲਾਈਆ । ਮੇਰੀ ਆਸਾ ਤ੍ਰਿਸਨਾ ਦੂਰ ਕਰ, ਏਕਾ ਬ੍ਰਹਮ ਪਏ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਦਇਆ ਆਪ ਕਮਾਈਆ । ਬ੍ਰਹਮ ਤੇਰਾ ਨਿਭੇ ਸਾਥ, ਪਾਰਬ੍ਰਹਮ ਜਣਾਇੰਦਾ । ਆਪ ਜਣਾਵਾਂ ਆਪਣੀ ਗਾਥ, ਆਪਣਾ ਨਾਉਂ ਪਰਗਟਾਇੰਦਾ । ਤੇਰਾ ਬਣਾਵਾਂ ਸਾਚਾ ਰਾਥ, ਲੋਕਮਾਤ ਚਲਾਇੰਦਾ । ਜੁਗ ਜੁਗ ਪੁੱਛਾਂ ਆਪੇ ਵਾਤ, ਆਪਣਾ ਰੂਪ ਵਟਾਇੰਦਾ । ਪਾਰਬ੍ਰਹਮ ਬ੍ਰਹਮ ਬੰਨ੍ਹੇ ਨਾਤ, ਗੁਰ ਗੁਰ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਸੰਗ ਆਪ ਵਖਾਇੰਦਾ । ਜੁਗ ਜੁਗ ਆਵਾਂ ਪਾਰਬ੍ਰਹਮ, ਆਪ ਆਪਣੀ ਕਿਰਪਾ ਧਾਰ । ਨਾ ਮਰੇ ਨਾ ਪਏ ਜੰਮ, ਕਰੇ ਖੇਲ ਪੁਰਖ ਕਰਤਾਰ । ਤੇਰਾ ਬੇੜਾ ਦੇਵੇ ਬੰਨ੍ਹ, ਸਿਰ ਆਪਣੇ ਚੁੱਕੇ ਭਾਰ । ਏਕਾ ਰਾਗ ਸੁਣਾਏ ਏਕਾ ਕੰਨ, ਉਚੀ ਕੂਕ ਕੂਕ ਪੁਕਾਰ । ਤੇਰਾ ਰੂਪ ਮੇਰਾ ਰੂਪ ਜਾਏ ਮੰਨ, ਸੋਹੇ ਬੰਕ ਸੱਚਾ ਦਵਾਰ । ਲੋਕਮਾਤ ਸਾਚਾ ਚੜ੍ਹੇ ਚੰਨ, ਨਾਉਂ ਧਰਾਏ ਗੁਰ ਅਵਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚੀ ਸਰਕਾਰ । ਗੁਰ ਅਵਤਾਰ ਰੂਪ ਵਟੌਣਾ, ਬ੍ਰਹਮ ਤੇਰਾ ਸੰਗ ਨਿਭਾਈਆ । ਆਪਣਾ ਹੁਕਮ ਨਾਲ ਮਿਲੌਣਾ, ਭੁਲ ਕੋਇ ਨਾ ਜਾਈਆ । ਸਾਚੀ ਵੰਡਣ ਮਾਤ ਵੰਡੌਣਾ, ਚਾਰ ਜੁਗ ਕਰੇ ਕੁੜਮਾਈਆ । ਸਤਿਜੁਗ ਤ੍ਰੇਤਾ ਦੁਆਪਰ ਰਾਹ ਵਖੌਣਾ, ਕਲਜੁਗ ਅੰਤਮ ਪੰਧ ਮੁਕਾਈਆ । ਨੌਂ ਨੌਂ ਚਾਰ ਵੇਸ ਵਟੌਣਾ, ਵੇਸ ਅਨੇਕਾ ਆਪ ਹੋ ਜਾਈਆ । ਧੁਰ ਫ਼ਰਮਾਨਾ ਰਾਗ ਸੁਣੌਣਾ, ਕਰੇ ਸਚ ਪੜ੍ਹਾਈਆ । ਬਣ ਬਣ ਲੇਖਕ ਲੇਖ ਲਿਖੌਣਾ, ਜਗਤ ਵਿਦਿਆ ਮਾਣ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰ ਦਏ ਵਡਿਆਈਆ । ਗੁਰ ਅਵਤਾਰ ਧਰਨੀ ਧਰ, ਧਰਤ ਧਵਲ ਸੁਹਾਏ । ਬ੍ਰਹਮ ਪਾਰਬ੍ਰਹਮ ਰੂਪ ਕਰ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਰੂਪ ਧਰਾਏ । ਨਿਰਭੌ ਚੁਕਾਏ ਭੈ ਡਰ, ਭਿਆਨਕ ਅਵਰ ਨਾ ਕੋਇ ਰਖਾਏ । ਆਪਣਾ ਕਾਰਜ ਆਪੇ ਕਰ, ਹਰਿ ਆਪੇ ਵੇਖ ਵਖਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

੧੦੭੩

ਕਰ, ਆਪੇ ਦੇਵੇ ਆਪਣਾ ਵਰ, ਗੁਰ ਪੀਰ ਆਪ ਹੋ ਜਾਏ । ਗੁਰ ਅਵਤਾਰ ਆਵੇ ਮਾਤ, ਜੁਗ ਜੁਗ ਵੇਸ ਵਟਾਈਆ । ਆਦਿ ਪੁਰਖ ਅਬਿਨਾਸ਼ੀ ਦੇਵੇ ਸਾਥ, ਸਗਲਾ ਸੰਗ ਨਿਭਾਈਆ । ਚਰਨ ਕਵਲ ਵਖਾਏ ਸਾਚਾ ਘਾਟ, ਸਾਚੇ ਪੌੜੇ ਲਏ ਚੜ੍ਹਾਈਆ । ਨਾਉਂ ਨਿਰੰਕਾਰਾ ਦੇਵੇ ਦਾਤ, ਨਿਸ਼ਅੱਖਰ ਕਰੇ ਪੜ੍ਹਾਈਆ । ਦੂਰ ਦੁਰਾਡੀ ਮੇਟੇ ਵਾਟ, ਨੇੜੇ ਪੰਧ ਰਖਾਈਆ । ਮਿਲੇ ਮੇਲ ਕਮਲਾਪਾਤ, ਗੁਰ ਗੁਰ ਨਾਰੀ ਰੂਪ ਵਟਾਈਆ । ਨਾ ਕੋਈ ਜ਼ਾਤ ਨਾ ਕੋਈ ਪਾਤ, ਬ੍ਰਹਮ ਪਾਰਬ੍ਰਹਮ ਵੱਜੇ ਵਧਾਈਆ । ਨਾ ਕੋਈ ਪਿਤਾ ਨਾ ਕੋਈ ਮਾਤ, ਜਨਨੀ ਗੋਦ ਨਾ ਕੋਇ ਬਹਾਈਆ । ਨਾ ਕੋਈ ਦਿਵਸ ਨਾ ਕੋਈ ਰਾਤ, ਸੂਰਜ ਚੰਨ ਨਾ ਕੋਇ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰ ਆਪਣੇ ਹੁਕਮ ਬਣਾਈਆ । ਗੁਰ ਅਵਤਾਰ ਹੁਕਮੀ ਕਾਰ, ਹਰਿ ਹਰਿ ਆਪ ਕਰਾਇੰਦਾ । ਜੁਗ ਜੁਗ ਦੇਵੇ ਮਾਤ ਸਹਾਰ, ਏਕਾ ਰਾਹ ਚਲਾਇੰਦਾ । ਨੇਤਰ ਖੋਲ੍ਹ ਬੰਦ ਕਿਵਾੜ, ਆਪਣਾ ਰੰਗ ਰੰਗਾਇੰਦਾ । ਆਪਣੇ ਮੰਦਰ ਲਵੇ ਵਾੜ, ਚਰਨ ਦਵਾਰਾ ਇਕ ਜਣਾਇੰਦਾ । ਹੋਏ ਸਹਾਈ ਜੰਗਲ ਜੂਹ ਉਜਾੜ ਪਹਾੜ, ਡੂੰਘੀ ਕੰਦਰ ਵੇਖ ਵਖਾਇੰਦਾ । ਆਪੇ ਪੁਰਖ ਆਪੇ ਨਾਰ, ਨਰ ਨਰਾਇਣ ਵੇਸ ਵਟਾਇੰਦਾ । ਲੇਖਾ ਜਾਣੇ ਗੁਰ ਅਵਤਾਰ, ਜੁਗ ਜੁਗ ਹੁਕਮੇ ਆਪ ਭਵਾਇੰਦਾ । ਕੋਈ ਕਰ ਨਾ ਸਕੇ ਇਨਕਾਰ, ਅੱਠੇ ਪਹਿਰ ਸ਼ਾਹ ਪਾਤਸ਼ਾਹ ਏਕਾ ਨਜ਼ਰੀ ਆਇੰਦਾ । ਭਾਂਡਾ ਘੜਿਆ ਬਣ ਠਠਿਆਰ, ਅੰਤਮ ਆਪੇ ਭੰਨ ਵਖਾਇੰਦਾ । ਨਿਰਗੁਣ ਨਿਰਗੁਣ ਬਣੇ ਯਾਰ, ਸਰਗੁਣ ਸੰਗ ਨਾ ਕੋਇ ਨਿਭਾਇੰਦਾ । ਗੁਰ ਅਵਤਾਰ ਭੇਜੇ ਵਾਰੋ ਵਾਰ, ਜੋ ਆਵੇ ਸੋ ਉਠ ਜਾਇੰਦਾ । ਉਚੀ ਕੂਕ ਕੂਕ ਕਰਨ ਪੁਕਾਰ, ਜੀਵ ਜੰਤ ਸਰਬ ਸਮਝਾਇੰਦਾ । ਸਰਬ ਜੀਆਂ ਦਾ ਇਕ ਦਾਤਾਰ, ਨਜ਼ਰ ਕਿਸੇ ਨਾ ਆਇੰਦਾ । ਨਦਰੀ ਨਦਰ ਕਰੇ ਨਿਹਾਲ, ਜਿਸ ਜਨ ਆਪਣੀ ਦਇਆ ਕਮਾਇੰਦਾ । ਆਦਿ ਜੁਗਾਦਿ ਕਰੇ ਪ੍ਰਿਤਪਾਲ, ਜੁਗ ਜੁਗ ਸਿਰ ਆਪਣਾ ਹੱਥ ਰਖਾਇੰਦਾ । ਆਪੇ ਕਾਲ ਆਪੇ ਮਹਾਕਾਲ, ਦੀਨ ਦਿਆਲ ਆਪਣਾ ਨਾਉਂ ਧਰਾਇੰਦਾ । ਆਪੇ ਵਸੇ ਸਚਖੰਡ ਸੱਚੀ ਧਰਮਸਾਲ, ਥਿਰ ਘਰ ਆਪੇ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਕਰਤਾ ਆਪਣਾ ਨਾਉਂ ਚਲਾਇੰਦਾ । ਗੁਰ ਅਵਤਾਰਾਂ ਦੇਵੇ ਨਾਉਂ, ਆਪਣੇ ਨਾਉਂ ਕਰੇ ਪੜ੍ਹਾਈਆ । ਆਪੇ ਫੜ ਉਠਾਏ ਬਾਂਹੋਂ, ਪੰਜ ਤੱਤ ਲਏ ਜਗਾਈਆ । ਆਪੇ ਪਿਤਾ ਆਪੇ ਮਾਉਂ, ਪੁਰਖ ਅਕਾਲ ਹੋਏ ਸਹਾਈਆ । ਆਪੇ ਕਰੇ ਸਚ ਨਿਆਉਂ, ਸਾਚੇ ਤਖ਼ਤ ਬੈਠ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰ ਏਕਾ ਹੁਕਮੇ ਬੰਧਨ ਪਾਈਆ । ਗੁਰ ਅਵਤਾਰ ਹੁਕਮੇ ਬੰਧਨ, ਸੋ ਪੁਰਖ ਨਿਰੰਜਣ ਆਪੇ ਪਾਇੰਦਾ । ਹਰਿ ਪੁਰਖ ਨਿਰੰਜਣ ਲਾਏ ਚੰਦਨ, ਨਿਰਗੁਣ ਨੂਰ ਨੂਰ ਡਗਮਗਾਇੰਦਾ । ਏਕੰਕਾਰ ਸਦਾ ਬਖ਼ਸ਼ੰਦਨ, ਬਖ਼ਸ਼ਿਸ਼ ਆਪਣੀ ਝੋਲੀ ਪਾਇੰਦਾ । ਆਦਿ ਨਿਰੰਜਣ ਪਰਮਾਨੰਦਨ, ਪਰਮ ਪੁਰਖ ਖੇਲ ਖਿਲਾਇੰਦਾ । ਅਬਿਨਾਸ਼ੀ ਕਰਤਾ ਸੁਣਾਏ ਸੁਹਾਗੀ ਛੰਦਨ, ਗੀਤ ਗੋਬਿੰਦ ਆਪ ਅਲਾਇੰਦਾ । ਸ੍ਰੀ ਭਗਵਾਨ ਬੇਅੰਤ ਬੇਅੰਤ ਆਪੇ ਹੋਏ ਮੁਕੰਦ ਮੁਕੰਦਨ, ਪਾਰਬ੍ਰਹਮ ਪ੍ਰਭ ਆਪਣੀ ਧਾਰ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭਾਣਾ ਆਪ ਜਣਾਇੰਦਾ । ਚਾਰ ਜੁਗ ਦਾ ਸਾਚਾ ਭਾਣਾ, ਗੁਰ ਅਵਤਾਰ ਜਣਾਈਆ । ਲੋਕਮਾਤ ਭੁਲ ਨਾ ਜਾਣਾ, ਏਕਾ ਅੱਖਰ ਕਰੇ ਪੜ੍ਹਾਈਆ । ਲੱਖ ਚੁਰਾਸੀ ਅੰਦਰ ਬਣ ਕੇ ਰਹਿਣਾ ਨਿਮਾਣਾ, ਨਿਵਣ ਸੁ ਅੱਖਰ ਇਕ ਪੜ੍ਹਾਈਆ । ਏਕਾ ਮੇਰਾ ਗੌਣਾ ਗਾਣਾ, ਦੂਜੀ ਅਵਰ ਨਾ ਕੋਇ ਚਤੁਰਾਈਆ ।

ਨਾ ਕੋਇ ਰਾਜਾ ਨਾ ਕੋਈ ਰਾਣਾ, ਸ਼ਾਹ ਪਾਤਸ਼ਾਹ ਨਾ ਕੋਇ ਅਖਵਾਈਆ । ਜੋ ਆਇਆ ਸੋ ਉਠ ਕੇ ਜਾਣਾ, ਜੋ ਘੜਿਆ ਭੰਨ ਵਖਾਈਆ । ਗੁਰ ਅਵਤਾਰਾਂ ਦੇਵੇ ਮਾਣਾ, ਬਖ਼ਸ਼ੇ ਚਰਨ ਸੱਚੀ ਸਰਨਾਈਆ । ਆਪਣੇ ਹੱਥ ਰਖਾਏ ਆਵਣ ਜਾਣਾ, ਆਵਣ ਜਾਵਣ ਆਪਣੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣੇ ਕਾਰੇ ਲਾਈਆ । ਗੁਰ ਅਵਤਾਰ ਕਾਰੇ ਜਾਇਣ ਲੱਗ, ਸੋ ਪੁਰਖ ਨਿਰੰਜਣ ਆਪ ਲਗਾਇੰਦਾ । ਏਕਾ ਓਟ ਸੂਰੇ ਸਰਬੰਗ, ਦੂਸਰ ਸੀਸ ਨਾ ਕਿਸੇ ਝੁਕਾਇੰਦਾ । ਦੇਵੇ ਵਡਿਆਈ ਵਿਚ ਜਗ, ਜਾਗਰਤ ਜੋਤ ਡਗਮਗਾਇੰਦਾ । ਤ੍ਰੈਗੁਣ ਮਾਇਆ ਬੁਝੇ ਅੱਗ, ਅਗਨੀ ਤੱਤ ਨਾ ਕੋਇ ਵਖਾਇੰਦਾ । ਆਪ ਉਪਾਏ ਸਾਚਾ ਨਗ, ਸਚ ਨਗੀਨਾ ਆਪ ਉਠਾਇੰਦਾ । ਲੋਕਮਾਤ ਦਾ ਕਰਾਏ ਹੱਜ, ਅੰਤਮ ਆਪਣਾ ਮੇਲ ਮਿਲਾਇੰਦਾ । ਹੁਕਮੇ ਅੰਦਰ ਪਰਦਾ ਦੇਵੇ ਕਜ, ਪੰਜ ਤੱਤ ਨਜ਼ਰ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਜੁਗ ਖੇਲ ਖਿਲਾਇੰਦਾ । ਚਾਰ ਜੁਗ ਖੇਲ ਅਵੱਲਾ, ਇਕ ਇਕੱਲਾ ਆਪ ਕਰਾਈਆ । ਗੁਰ ਗੁਰ ਫੜਾਏ ਏਕਾ ਪੱਲਾ, ਪੱਲੂ ਏਕਾ ਨਾਮ ਰਖਾਈਆ । ਜੋਤੀ ਸ਼ਬਦੀ ਆਪੇ ਰੱਲਾ, ਨਿਰਗੁਣ ਨਿਰਗੁਣ ਧਾਰ ਚਲਾਈਆ । ਸਚ ਸਿੰਘਾਸਣ ਆਪੇ ਮੱਲਾ, ਦਰ ਘਰ ਸਾਚੇ ਵੱਜੇ ਵਧਾਈਆ । ਵਸਣਹਾਰਾ ਨਿਹਚਲ ਧਾਮ ਅਟੱਲਾ, ਉਚ ਮਹੱਲਾ ਸੋਭਾ ਪਾਈਆ । ਪਾਵੇ ਸਾਰ ਜਲਾ ਥਲਾ, ਡੂੰਘੀ ਕੰਦਰ ਫੋਲ ਫੋਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਭਾਣਾ ਦਏ ਜਣਾਈਆ । ਭਾਣਾ ਜਣਾਏ ਏਕਾ ਗੁਰ, ਗੁਰ ਗੁਰ ਵੇਸ ਵਟਾਇਆ । ਲੇਖਾ ਜਾਣੇ ਲਿਖਿਆ ਧੁਰ, ਲਿਖਿਆ ਲੇਖ ਨਾ ਕੋਇ ਛੁਪਾਇਆ । ਹੁਕਮੇ ਅੰਦਰ ਦੇਵਤ ਸੁਰ, ਵਿਸ਼ਨ ਬ੍ਰਹਮਾ ਸ਼ਿਵ ਬੈਠੇ ਸੀਸ ਝੁਕਾਇਆ । ਹੁਕਮੇ ਅੰਦਰ ਗੁਰ ਅਵਤਾਰ ਬੈਠੇ ਜੁੜ, ਅੰਤਰ ਇਕ ਧਿਆਨ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਜੁਗ ਏਕਾ ਹੁਕਮ ਏਕਾ ਵਾਰ ਸੁਣਾਇਆ । ਚਾਰ ਜੁਗ ਸਾਚੀ ਕਾਰ, ਤੇਈ ਅਵਤਾਰ ਆਪ ਜਣਾਇੰਦਾ । ਗੁਰ ਗੁਰ ਮੇਲਾ ਵਿਚ ਸੰਸਾਰ, ਦਸ ਦਸ ਬੂਝ ਬੁਝਾਇੰਦਾ । ਨਾਮ ਸ਼ਕਤੀ ਕਰ ਉਜਿਆਰ, ਸਾਚੀ ਭਗਤੀ ਆਪ ਪਰਗਟਾਇੰਦਾ । ਭਗਤਾਂ ਦੇਵੇ ਦਰਸ ਦੀਦਾਰ, ਸਵੱਛ ਸਰੂਪ ਅਨੂਪ ਉਪਾਇੰਦਾ । ਸੰਤਨ ਦੱਸੇ ਰਾਹ ਸੁਖਾਲ, ਸਾਚਾ ਮਾਰਗ ਆਪ ਲਗਾਇੰਦਾ । ਕਾਇਆ ਮੰਦਰ ਅੰਦਰ ਸੱਚੀ ਧਰਮਸਾਲ, ਜੋਤੀ ਜੋਤ ਡਗਮਗਾਇੰਦਾ । ਗੁਰਮੁਖਾਂ ਤੋੜੇ ਜਗਤ ਜੰਜਾਲ, ਕਾਲ ਮਹਾਕਾਲ ਨੇੜ ਨਾ ਆਇੰਦਾ । ਗੁਰਸਿਖਾਂ ਵਜਾਏ ਸਾਚਾ ਤਾਲ, ਘਰ ਅਨਹਦ ਨਾਦ ਸੁਣਾਇੰਦਾ । ਲੱਖ ਚੁਰਾਸੀ ਵਿਚੋਂ ਭਾਲ, ਆਪ ਆਪਣਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵੰਤ ਸੇਵਾ ਲਾਇੰਦਾ । ਤੇਈ ਅਵਤਾਰ ਸੇਵਾ ਲਾ, ਲੋਕਮਾਤ ਰਾਹ ਵਖਾਇਆ । ਜੁਗ ਜੁਗ ਆਏ ਗਏ ਫੇਰਾ ਪਾ, ਆਪਣਾ ਹੁਕਮ ਚਲਾਇਆ । ਪੁਰਖ ਅਬਿਨਾਸ਼ੀ ਗਏ ਭੁਲਾ, ਹਰਿ ਕਾ ਭੇਵ ਕਿਸੇ ਨਾ ਆਇਆ । ਜਗਤ ਰਚਨਾ ਵਿਚ ਸਮਾ, ਅਚਰਜ ਆਪਣਾ ਖੇਲ ਖਿਲਾਇਆ । ਕੋਈ ਬਣਿਆ ਪਿਤਾ ਮਾਂ, ਕੋਈ ਪੁੱਤਰ ਧੀਆਂ ਗੋਦ ਬਹਾਇਆ । ਕੋਈ ਰਾਜ ਤਿਲਕ ਬੈਠਾ ਲਗਾ, ਲਸ਼ਕਰ ਫ਼ੌਜ ਕੋਈ ਰਖਾਇਆ । ਕੋਈ ਸਖ਼ੀਆਂ ਮੰਗਲ ਰਿਹਾ ਗਾ, ਆਪ ਆਪਣਾ ਵੇਸ ਵਟਾਇਆ । ਸਤਿਜੁਗ ਤ੍ਰੇਤਾ ਦੁਆਪਰ ਕਰਿਆ ਖੇਲ ਬੇਪਰਵਾਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲਹਿਣਾ ਆਪਣੇ ਹੱਥ ਰਖਾਇਆ । ਅਵਤਾਰ ਗੁਰ ਸ਼ਬਦ ਜਣਾ, ਲੋਕਮਾਤ ਉਠ ਧਾਈਆ ।

ਏਕਾ ਮਾਰਗ ਨਾ ਸਕੇ ਕੋਇ ਵਖਾ, ਚਾਰ ਵਰਨ ਵੰਡ ਵੰਡਾਈਆ । ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਬੰਧਨ ਪਾ, ਊਚ ਨੀਚ ਖੇਲ ਖਿਲਾਈਆ । ਆਤਮ ਬ੍ਰਹਮ ਨਾ ਪਰਦਾ ਸਕੇ ਕੋਇ ਉਠਾ, ਈਸ਼ ਜੀਵ ਨਾ ਕੋਇ ਮਿਲਾਈਆ । ਆਪਣੀ ਆਪਣੀ ਹਦੀਸ ਗਏ ਸੁਣਾ, ਲਿਖ ਲਿਖ ਲੋਕਮਾਤ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਵੇਖੇ ਥਾਉਂ ਥਾਈਂਆ । ਜੁਗ ਜੁਗ ਵੇਖਣਹਾਰ ਗੋਪਾਲਾ, ਏਕਾ ਰੰਗ ਸਮਾਇਆ । ਚਲੇ ਚਲਾਏ ਅਵੱਲੜੀ ਚਾਲਾ, ਭੇਵ ਕਿਸੇ ਨਾ ਆਇਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਵਸਣਹਾਰਾ ਸੱਚੀ ਧਰਮਸਾਲਾ, ਗ੍ਰਹਿ ਮੰਦਰ ਆਸਣ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭਾਣਾ ਦਏ ਵਡਿਆਇਆ । ਭਾਣੇ ਅੰਦਰ ਹਰਿ ਹਰਿ ਰੱਖ, ਗੁਰ ਅਵਤਾਰ ਪੰਧ ਮੁਕਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਨਾ ਕੀਤਾ ਕਿਸੇ ਦਾ ਪੱਖ, ਆਪਣਾ ਬਲ ਗਏ ਵਖਾਈਆ । ਅੰਤਮ ਨਿਰਗੁਣ ਨਿਰਗੁਣ ਹੋ ਪਰਤੱਖ, ਸਰਗੁਣ ਸਾਰੇ ਸਦ ਬਹਾਈਆ । ਚਾਰ ਜੁਗ ਜੋ ਵਸਤ ਰੱਖੀ ਢਕ, ਅੰਤਮ ਏਕਾ ਵਾਰ ਲਏ ਫੁਲਾਈਆ । ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਬੂਟਾ ਗਿਆ ਪੱਕ, ਫਲ ਨਜ਼ਰ ਕੋਇ ਨਾ ਆਈਆ । ਜਿਨ੍ਹਾਂ ਉਪਰ ਰੱਖਦੇ ਰਹੇ ਆਪਣਾ ਹੱਕ, ਹਕੀਕ਼ਤ ਬੈਠੀ ਮੁਖ ਛੁਪਾਈਆ । ਜ਼ਾਤ ਪਾਤ ਜੋ ਪਾਇਆ ਸ਼ੱਕ, ਪਾਰਬ੍ਰਹਮ ਭੁਲਾਈਆ । ਦੀਨਾਂ ਮਜ਼੍ਹਬਾਂ ਚੁੱਕੀ ਅਤ, ਘਰ ਘਰ ਪਈ ਲੜਾਈਆ । ਕਾਇਆ ਭਾਂਡਾ ਮਨ ਕੁੱਤਾ ਬਣ ਕੇ ਰਿਹਾ ਲਕ, ਪਰਦਾ ਕੋਇ ਨਾ ਸਕੇ ਪਾਈਆ । ਬਣ ਸੁਆਣੀ ਨਾ ਸਕੇ ਕੋਈ ਢਕ, ਲਜਪਤ ਲੱਥੀ ਸਰਬ ਲੋਕਾਈਆ । ਨੱਥ ਸੁਹਾਗ ਨਾ ਕਿਸੇ ਨੱਕ, ਚਾਰੋਂ ਕੁੰਟ ਅੰਧੇਰਾ ਛਾਈਆ । ਕਰੇ ਖੇਲ ਪੁਰਖ ਸਮਰਥ, ਚਾਰ ਜੁਗ ਦੇ ਗੁਰ ਅਵਤਾਰ ਲਏ ਉਠਾਈਆ । ਆਓ ਵੇਖੇ ਆਪਣਿਆਂ ਉਤੇ ਰੱਖੇ ਹੱਥ, ਜੋ ਪੁਰਖ ਅਕਾਲ ਰਹੇ ਮਨਾਈਆ । ਜਿਨ੍ਹਾਂ ਪਾਈ ਸ਼ਰਅ ਨਥ, ਅੰਤ ਦਏ ਤੁੜਾਈਆ । ਦੋ ਜਹਾਨ ਚੌਦਾਂ ਲੋਕ ਵੇਖੇ ਹੱਟ, ਚੌਦਾਂ ਤਬਕਾਂ ਕੁੰਡਾ ਲਾਹੀਆ । ਸਾਚੀ ਵਸਤ ਨਾ ਕੋਈ ਦਸੇ ਸੱਕ, ਸਭ ਬੈਠੇ ਮੁਖ ਛੁਪਾਈਆ । ਇਕ ਦੂਜੇ ਦੀ ਵੇਖਣ ਲੱਥੀ ਪਤ, ਨੇਤਰ ਨੈਣਾਂ ਨਾਲ ਨਾ ਕੋਇ ਮਿਲਾਈਆ । ਮੇਰੀ ਉਮਤ ਭੁੱਲੀ ਮੇਰੀ ਮਤ, ਮੇਰਾ ਕਲਮਾ ਨਾ ਕੋਇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਜੁਗ ਦਾ ਲੇਖਾ ਵੇਖ ਵਖਾਈਆ । ਚਾਰ ਜੁਗ ਦੇ ਸੱਦੇ ਪੀਰ, ਪੀਰ ਪੈਗ਼ੰਬਰ ਹਰਿ ਦਰ ਆਇਆ । ਚਾਰ ਜੁਗ ਦਾ ਵੇਖੇ ਨੀਰ, ਅਠਸਠ ਫੋਲ ਫੋਲਾਇਆ । ਚਾਰ ਜੁਗ ਦਾ ਵੇਖੇ ਚੀਰ, ਬਸਤਰ ਤਨ ਪਹਿਨਾਇਆ । ਚਾਰ ਜੁਗ ਦੀ ਵੇਖੇ ਬੀੜ, ਵੇਦ ਪੁਰਾਨ ਸ਼ਾਸਤਰ ਸਿਮਰਤ ਲੇਖ ਲਿਖਾਇਆ । ਚਾਰ ਜੁਗ ਦਾ ਵੇਖੇ ਜ਼ੰਜੀਰ, ਸ਼ਰਅ ਸ਼ਰੀਅਤ ਬੰਧਨ ਪਾਇਆ । ਚਾਰ ਜੁਗ ਦੀ ਚੋਟੀ ਵੇਖੇ ਅਖ਼ੀਰ, ਕਵਣ ਉਪਰ ਚੜ੍ਹ ਕੇ ਬੈਠਾ ਆਸਣ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਕੀਤਾ ਕੌਲ ਭੁਲ ਕਦੇ ਨਾ ਜਾਇਆ । ਚਾਰ ਜੁਗ ਦਾ ਕੀਤਾ ਕੌਲ, ਅੰਤਮ ਆਪ ਨਿਭਾਈਆ । ਤੇਰਾ ਭਾਰ ਨਾ ਝੱਲੇ ਧੌਲ, ਧਰਨੀ ਹੋਏ ਸਹਾਈਆ । ਤੇਰੀ ਫੁਲਵਾੜੀ ਜਾਏ ਮੌਲ, ਪੱਤ ਡਾਲ੍ਹੀ ਆਪ ਮਹਿਕਾਈਆ । ਤੇਰੀ ਰੁੱਤ ਸੁਹਾਏ ਬ੍ਰਹਿਮਣ ਗੌੜ, ਪੂਤ ਸਪੂਤਾ ਆਪੇ ਜਾਈਆ । ਤੇਰੇ ਉਤੇ ਕਰੇ ਆਪਣਾ ਗ਼ੌਰ, ਨੇਤਰ ਨੈਣ ਆਪ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੁਰ ਲੇਖਾ ਲਹਿਣੇ ਪਾਈਆ । ਗੁਰ ਗੁਰ ਲੇਖਾ ਹਰਿ ਹਰਿ ਭਾਣਾ, ਭੌ ਭੌ ਵੇਖ ਵਖਾਇੰਦਾ । ਜੁਗ ਜੁਗ ਦਾ ਭਰਮ ਭੁਲੇਖਾ, ਆਪ ਮਿਟਾਏ ਨਰ ਨਰੇਸ਼ਾ, ਪੁਰਖ ਅਕਾਲ ਰੂਪ ਵਟਾਇੰਦਾ । ਦਰ ਬਹਾਏ

ਬ੍ਰਹਮਾ ਵਿਸ਼ਨ ਮਹੇਸ਼ਾ, ਲਹਿਣਾ ਦੇਣਾ ਵੇਖੇ ਸਾਂਗੋਂ ਪਾਂਗ ਬਾਸ਼ਕ ਸੇਜਾ, ਲੁਕਿਆ ਕੋਇ ਰਹੇ ਨਾ ਰਾਇਆ । ਸਚ ਸੰਦੇਸਾ ਗੁਰ ਅਵਤਾਰਾਂ ਏਕਾ ਭੇਜਾ, ਏਕਾ ਹੁਕਮ ਸੁਣਾਇਆ । ਚਾਰ ਜੁਗ ਦਾ ਚਾਰ ਮੁਖ ਦਾ ਖਾਣਾ ਜਾਣੇ ਲੇਹਜਾ ਫੇਜਾ, ਭੱਖ ਭੋਜ ਆਪ ਵਖਾਇਆ । ਚਾਰ ਜੁਗ ਲੱਖ ਚੁਰਾਸੀ ਤੇਰੀ ਵੇਖੇ ਸੇਜਾ, ਕਵਣ ਕੰਤ ਸੁਹਾਗ ਹੰਢਾਇਆ । ਪੁਰਖ ਅਬਿਨਾਸ਼ੀ ਅਗੰਮ ਅਗੰਮੜਾ ਫੜਿਆ ਨੇਜਾ, ਤਿਖੀ ਧਾਰ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭਾਣਾ ਆਪੇ ਦਏ ਵਰਤਾਇਆ । ਹਰਿ ਭਾਣਾ ਆਪ ਵਰਤਾਇੰਦਾ, ਅਗੰਮ ਅਗੰਮੜੀ ਕਾਰ । ਜੁਗ ਕਰਤਾ ਪੰਧ ਮੁਕਾਇੰਦਾ, ਜੁਗ ਚੌਕੜੀ ਕਰ ਖ਼ਵਾਰ । ਨਵ ਨੌਂ ਲੇਖਾ ਰਹਿਣ ਨਾ ਪਾਇੰਦਾ, ਨਵ ਨੌਂ ਲਹਿਣਾ ਦੇਣਾ ਕ਼ਰਜ਼ ਦਏ ਉਤਾਰ । ਗੁਰ ਅਵਤਾਰ ਸੀਸ ਝੁਕਾਇੰਦਾ, ਦੋਏ ਜੋੜ ਕਰੇ ਨਿਮਸਕਾਰ । ਤੇਰੀ ਕੁਦਰਤ ਤੂ ਹੀ ਵੇਖ ਵਖਾਇੰਦਾ, ਬੇਐਬ ਪਰਵਰਦਿਗਾਰ । ਹਉਂ ਸੇਵਕ ਸੇਵ ਕਮਾਇੰਦਾ, ਯਾਚਕ ਬਣ ਧੁਰ ਦਰਬਾਰ । ਤੇਰੇ ਹੁਕਮੇ ਵੇਖ ਵਖਾਇੰਦਾ, ਤੇਰਾ ਹੁਕਮ ਸੱਚੀ ਸਰਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਭਾਣਾ ਮੰਨੀਏ ਤੇਰੇ ਦਰਬਾਰ । ਜੇ ਕਰ ਭਾਣਾ ਸਤਿ ਮਨੌਣਾ, ਏਕਾ ਸੁਣ ਅਰਜ਼ੋਈਆ । ਸਾਚੀ ਵੰਡ ਸਾਡੀ ਝੋਲੀ ਪੌਣਾ, ਇਕ ਇਕ ਬੈਠੇ ਮੰਗ ਮੰਗਾਈਆ । ਦੂਜਾ ਸਾਥੀ ਨਾ ਕੋਇ ਰਲੌਣਾ, ਆਪਣਾ ਆਪਣਾ ਸਭ ਦੇ ਸਿਰ ਤੇ ਭਾਰ ਚੁਕਾਈਆ । ਪੁਰਖ ਅਬਿਨਾਸ਼ੀ ਅੱਗੋਂ ਬੋਲ ਸੁਣਾਇਆ, ਏਕਾ ਸ਼ਬਦ ਅਲਾਈਆ । ਸਤਿਜੁਗ ਤ੍ਰੇਤਾ ਦੁਆਪਰ ਖੇਲ ਖਿਲਾਇਆ, ਕਲਜੁਗ ਅੰਤਮ ਵਾਰੀ ਆਈਆ । ਨਾਨਕ ਨਿਰਗੁਣ ਸਰਗੁਣ ਏਕਾ ਰੰਗ ਵਖਾਇਆ, ਦੂਜੀ ਦਿਸੇ ਨਾ ਕੋਇ ਸ਼ਾਹੀਆ । ਤੇਰਾ ਮੰਤਰ ਨਾਮ ਸਤਿ ਦ੍ਰਿੜਾਇਆ, ਖ਼ਿਮਾਂ ਗ਼ਰੀਬੀ ਚਾਕਰੀ ਜਗਤ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੀ ਵੱਜਦੀ ਰਹੇ ਵਧਾਈਆ । ਜੇ ਕਰਨਾ ਤੂੰ ਸਚ ਇਨਸਾਫ਼, ਗੋਬਿੰਦ ਆਖ ਸੁਣਾਇੰਦਾ । ਮੇਰਾ ਅਵਗੁਣ ਤੇਰਾ ਗੁਣ ਕਰੇ ਮੁਆਫ਼, ਗੁਣ ਅਵਗੁਣ ਨਾ ਕੋਇ ਰਖਾਇੰਦਾ । ਤੂੰ ਪਿਤਾ ਹਉਂ ਬਾਲਕ ਤੇਰੇ ਸਾਥ, ਦੂਜਾ ਨਜ਼ਰ ਨਾ ਕੋਇ ਆਇੰਦਾ । ਤੂੰ ਕਿਨਾਰਾ ਤੂੰ ਹੀ ਘਾਟ, ਤੂੰ ਪੱਤਣ ਮਾਹੀ ਡੇਰਾ ਲਾਇੰਦਾ । ਤੂੰ ਹੀ ਇਸਮ ਮੇਰੀ ਜ਼ਾਤ, ਤੂੰ ਹੀ ਮੇਰਾ ਨੂਰ ਚਮਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਮੰਗਾਂ ਸਾਚਾ ਵਰ, ਮੇਰਾ ਭਾਰ ਦੇਣਾ ਮੇਰੇ ਘਰ, ਦੂਸਰ ਹੱਥ ਨਾ ਕੋਇ ਫੜਾਇੰਦਾ । ਪੁਰਖ ਅਬਿਨਾਸ਼ੀ ਏਕਾ ਬੋਲ, ਏਕਾ ਵਾਰ ਜਣਾਈਆ । ਗੋਬਿੰਦ ਤੋਲਿਆ ਤੇਰਾ ਤੋਲ, ਤੋਲਾ ਬਣਿਆ ਸਾਚਾ ਮਾਹੀਆ । ਤੇਰਾ ਛਾਬਾ ਰਿਹਾ ਅਡੋਲ, ਨਾ ਡੋਲੇ ਨਾ ਡੋਲ ਡੁਲਾਈਆ । ਤੂੰ ਆਪਣੀ ਵਸਤ ਅਪਣਿਆਂ ਉਤੋਂ ਦਿਤੀ ਘੋਲ, ਘੋਲੀ ਘੋਲ ਘੋਲ ਘੁਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਹੋਏ ਸਦਾ ਸਹਾਈਆ । ਹਉਂ ਘੋਲੀ ਨਾ ਘੋਲ ਘੁਮਾਇਆ, ਤੇਰੀ ਸਭ ਵਡਿਆਈਆ । ਮੈਂ ਬਣ ਬਣ ਗੋਲੀ ਸੇਵ ਕਮਾਇਆ, ਦਰ ਸੱਚੇ ਤੇਰੇ ਮਾਹੀਆ । ਤੂੰ ਮੇਰੀ ਚੋਲੀ ਦਏਂ ਰੰਗਾਇਆ, ਨਾਮ ਰਤੜਾ ਰੰਗ ਚੜ੍ਹਾਈਆ । ਤੂੰ ਮੇਰੀ ਡੋਲੀ ਇਕ ਹੰਢਾਇਆ, ਸਾਚੀ ਡੋਲੀ ਰਿਹਾ ਸਮਝਾਈਆ । ਮਾਰੇ ਬੋਲੀ ਬੇਪਰਵਾਹਿਆ, ਏਕਾ ਬੋਲ ਲਗਾਈਆ । ਤੇਰੇ ਪ੍ਰੇਮ ਖੇਲੀ ਹੋਲੀ, ਤੂੰ ਨਜ਼ਰ ਝਾਤ ਨਾ ਪਾਈਆ । ਬਿਨ ਤੇਰੇ ਮੇਰੀ ਫੁਲਵਾੜੀ ਮਾਤ ਨਾ ਮੌਲੀ, ਰੁੱਤ ਬਸੰਤ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣੀ ਮਾਣ ਵਡਿਆਈਆ । ਪੁਰਖ ਅਬਿਨਾਸ਼ੀ ਬੇਪਰਵਾਹ, ਏਕਾ ਹੁਕਮ ਸੁਣਾਇੰਦਾ ।

ਗੁਰ ਗੋਬਿੰਦ ਦੇਵੇ ਸਚ ਸਲਾਹ, ਸਾਚਾ ਰਾਹ ਵਖਾਇੰਦਾ । ਕਲਜੁਗ ਅੰਤਮ ਬਣਨਾ ਇਕ ਮਲਾਹ, ਲੱਖ ਚੁਰਾਸੀ ਬੇੜਾ ਆਪ ਬੰਨ੍ਹਾਇੰਦਾ । ਤੇਰਾ ਮੰਦਰ ਦਿਆਂ ਵਸਾ, ਸਾਚਾ ਗੜ੍ਹ ਉਪਾਇੰਦਾ । ਆਪਣਾ ਆਸਣ ਲਵਾਂ ਲਾ, ਸਾਚੀ ਸੇਜ ਹੰਢਾਇੰਦਾ । ਨਿਹਕਲੰਕਾ ਨਾਉਂ ਰਖਾ, ਜੋਤੀ ਜੋਤ ਡਗਮਗਾਇੰਦਾ । ਸ਼ਬਦ ਡੰਕਾ ਦਿਆਂ ਵਜਾ, ਸਾਚਾ ਡੌਰੂ ਇਕ ਵਖਾਇੰਦਾ । ਨੌਂ ਖੰਡ ਪ੍ਰਿਥਮੀ ਫੇਰਾ ਪਾ, ਸੱਤਾਂ ਦੀਪਾਂ ਆਪ ਉਠਾਇੰਦਾ । ਨੌਂ ਸੌ ਚੁਰਾਨਵੇਂ ਚੌਕੜੀ ਦਾ ਲਹਿਣਾ ਦੇਣਾ ਦਿਆਂ ਚੁਕਾ, ਪੂਰਬ ਲੇਖਾ ਸਰਬ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭਾਣਾ ਆਪ ਵਖਾਇੰਦਾ । ਆਪਣਾ ਭਾਣਾ ਹਰਿ ਜਣਾਏ, ਬਿਧ ਆਪਣੀ ਆਪ ਜਣਾਈਆ । ਨਿਰਗੁਣ ਨਿਰਗੁਣ ਰੂਪ ਵਟਾਏ, ਨਿਰਗੁਣ ਜੋਤ ਕਰ ਰੁਸ਼ਨਾਈਆ । ਏਕਾ ਹੁਕਮ ਰਿਹਾ ਸੁਣਾਏ, ਹੁਕਮ ਹਾਕਮ ਆਪ ਜਣਾਈਆ । ਚਾਰ ਜੁਗ ਦਾ ਲੇਖਾ ਦਏ ਮੁਕਾਏ, ਲੇਖਾ ਆਪਣੀ ਝੋਲੀ ਪਾਈਆ । ਸਾਚਾ ਸਾਲਸ ਇਕ ਵਡਿਆਏ, ਏਕਾ ਮਾਣ ਰਖਾਈਆ । ਨਿਰਗੁਣ ਦਲੀਲ ਇਕ ਦ੍ਰਿੜਾਏ, ਅਪੀਲ ਸੁਣੇ ਸਾਚਾ ਮਾਹੀਆ । ਚਾਰ ਜੁਗ ਦੇ ਚਾਰ ਚਾਰ ਦਿਨ ਸਭ ਦੀ ਝੋਲੀ ਪਾਏ, ਲਿਖ ਲਿਖ ਲੇਖਾ ਰਿਹਾ ਮੁਕਾਈਆ । ਸੰਮਤ ਉਨੀਸਾ ਨੇੜੇ ਆਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਭਾਣੇ ਆਪ ਸਮਾਈਆ । ਸੰਮਤ ਉਨੀਸਾ ਨੇੜੇ ਔਣਾ, ਪਾਂਧੀ ਪੰਧ ਮੁਕਾਈਆ । ਆਪਣਾ ਕੀਤਾ ਆਪੇ ਪੌਣਾ, ਦੂਸਰ ਭਾਰ ਨਾ ਕੋਇ ਉਠਾਈਆ । ਜਿਸ ਨੇ ਕਿਹਾ ਮੁਹੰਮਦ ਗੌਣਾ, ਤਿਸ ਜ਼ਹਿਮਤ ਦਏ ਵਖਾਈਆ । ਜਿਸ ਨੇ ਕਿਹਾ ਈਸਾ ਮੂਸਾ ਸੰਗ ਨਿਭੌਣਾ, ਤਿਸ ਹਿੱਸਾ ਰਿਹਾ ਮੁਕਾਈਆ । ਜਿਸ ਨੇ ਕਿਹਾ ਕ੍ਰਿਸ਼ਨ ਧਿਔਣਾ, ਤਿਸ ਤ੍ਰਿਲੋਕੀ ਗੇੜਾ ਗੇੜੇ ਵਿਚ ਭਵਾਈਆ । ਜਿਸ ਨੇ ਕਿਹਾ ਰਾਮ ਦਸਰਥ ਬੇਟਾ ਇਕ ਧਿਔਣਾ, ਤਿਸ ਜੂਨੀ ਜੂਨ ਭਵਾਈਆ । ਜਿਸ ਨੇ ਕਿਹਾ ਰਾਮ ਰਮੱਯਾ ਏਕਾ ਪੌਣਾ, ਸੋ ਲੱਖ ਚੁਰਾਸੀ ਪਾਰ ਕਰਾਈਆ । ਜਿਸ ਨੇ ਕਿਹਾ ਨਾਨਕ ਗੋਬਿੰਦ ਗੁਰੂ ਧਿਔਣਾ, ਤਿਸ ਦੇਵੇ ਫੜ ਸਜ਼ਾਈਆ । ਗੋਬਿੰਦ ਕਹੇ ਪੁਰਖ ਅਕਾਲ ਇਕ ਮਨੌਣਾ, ਦੂਸਰ ਓਟ ਨਾ ਕੋਇ ਤਕਾਈਆ । ਸੰਮਤ ਉਨੀ ਨੇੜੇ ਔਣਾ, ਸਭ ਨੂੰ ਫੜ ਫੜ ਦਏ ਸਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਾਣਾ ਆਪਣੇ ਹੱਥ ਰਖਾਈਆ ।



### ★ ੯ ਭਾਦਰੋਂ ੨੦੧੮ ਬਿਕ੍ਰਮੀ ਗੁਰਦਿਆਲ ਸਿੰਘ ਦੇ ਨਵਿਤ ਨਾਥੇਵਾਲ ਜ਼ਿਲਾ ਫ਼ਿਰੋਜ਼ਪੁਰ ★

ਸੋ ਪੁਰਖ ਨਿਰੰਜਣ ਹੋ ਤਿਆਰ, ਸਤਿ ਸਤਿਵਾਦੀ ਆਪਣੀ ਦਇਆ ਕਮਾਇੰਦਾ । ਹਰਿ ਪੁਰਖ ਨਿਰੰਜਣ ਠਾਂਡੇ ਬੈਠ ਸੱਚੇ ਦਰਬਾਰ, ਤਖ਼ਤ ਨਿਵਾਸੀ ਸੋਭਾ ਪਾਇੰਦਾ । ਏਕੰਕਾਰਾ ਕਰ ਵਿਚਾਰ, ਆਪ ਆਪਣੀ ਕਿਰਪਾ ਧਾਰ, ਨਿਰਗੁਣ ਆਪਣੀ ਖੇਲ ਖਿਲਾਇੰਦਾ । ਆਦਿ ਨਿਰੰਜਣ ਹੋ ਉਜਿਆਰ, ਜੋਤੀ ਜਾਤਾ ਸ਼ਾਹ ਸਿਕਦਾਰ, ਭੂਪਤ ਭੂਪ ਆਪਣਾ ਰੂਪ ਵਟਾਇੰਦਾ । ਅਬਿਨਾਸ਼ੀ ਕਰਤਾ ਮੀਤ ਮੁਰਾਰ, ਨਿਰਵੈਰ ਨਿਰਾਕਾਰ ਪਾਵੇ ਸਾਰ, ਅਜੂਨੀ ਰਹਿਤ ਭੇਵ ਚੁਕਾਇੰਦਾ । ਸ੍ਰੀ ਭਗਵਾਨ ਹੁਕਮੀ ਹੁਕਮ ਕਰੇ ਵਰਤਾਰ, ਕਰੇ ਕਰਾਏ ਕਰਨੇਹਾਰ, ਕਰਤਾ ਪੁਰਖ ਆਪਣੀ ਧਾਰ ਆਪ ਚਲਾਇੰਦਾ । ਪਾਰਬ੍ਰਹਮ ਆਦਿ ਜੁਗਾਦਿ ਜਾਣੇ ਆਪਣਾ ਕੰਮ, ਨਾ ਮਰੇ ਨਾ ਪਏ ਜੰਮ, ਰੂਪ ਅਨੂਪ ਆਪਣਾ ਆਪ ਵਟਾਇੰਦਾ । ਸਚਖੰਡ

ਖੋਲ੍ਹ ਕਿਵਾੜ, ਖੇਲੇ ਖੇਲ ਪੁਰਖ ਅਕਾਲ, ਜੋਤੀ ਜੋਤ ਬੇਮਿਸਾਲ, ਨੂਰ ਨੁਰਾਨਾ ਡਗਮਗਾਇੰਦਾ । ਥਿਰ ਘਰ ਦੀਵਾ ਬਾਤੀ ਕਰ ਉਜਿਆਰ, ਕਮਲਾਪਾਤੀ ਕਰ ਸ਼ੰਗਾਰ, ਸਾਚੀ ਸੇਜਾ ਕੰਤ ਭਤਾਰ, ਨਿਰਗੁਣ ਨਿਰਗੁਣ ਮੇਲ ਮਿਲਾਇੰਦਾ । ਅੰਦਰ ਬਾਹਰ ਗੁਪਤ ਜ਼ਾਹਰ, ਕਰਨੀ ਕਰੇ ਕਰਨੇਹਾਰ, ਮਹੱਲ ਅਟਲ ਉਚ ਮਨਾਰ, ਸੋਭਾਵੰਤ ਸੋਭਾ ਪਾਇੰਦਾ । ਜਨਨੀ ਜਨ ਬਣ ਕਰਤਾਰ, ਦਾਈ ਦਾਇਆ ਦਏ ਆਧਾਰ, ਇਕ ਇਕੱਲਾ ਬੇਐਬ ਪਰਵਰਦਿਗਾਰ, ਆਪਣਾ ਰੰਗ ਆਪ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਏਕਾ ਹਰਿ, ਸਾਚੇ ਮੰਦਰ ਸੋਭਾ ਪਾਇੰਦਾ । ਸਾਚਾ ਮੰਦਰ ਉਚ ਅਟੱਲਾ, ਸੋ ਪੁਰਖ ਨਿਰੰਜਣ ਆਪ ਸੁਹਾਈਆ । ਹਰਿ ਪੁਰਖ ਨਿਰੰਜਣ ਇਕ ਇਕੱਲਾ, ਨਿਰਗੁਣ ਨਿਰਵੈਰ ਬੈਠਾ ਆਸਣ ਲਾਈਆ । ਏਕੰਕਾਰਾ ਸਚ ਸਿੰਘਾਸਣ ਏਕਾ ਮੱਲਾ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਕਰੇ ਸੱਚੀ ਸ਼ਹਿਨਸ਼ਾਹੀਆ । ਆਦਿ ਨਿਰੰਜਣ ਆਪਣੇ ਦੀਪਕ ਆਪੇ ਬੱਲਾ, ਨੂਰ ਨੁਰਾਨਾ ਡਗਮਗਾਈਆ । ਅਬਿਨਾਸ਼ੀ ਕਰਤਾ ਆਪੇ ਫੜੇ ਆਪਣਾ ਪੱਲਾ, ਦੂਸਰ ਸੰਗ ਨਾ ਕੋਇ ਰਖਾਈਆ । ਸ੍ਰੀ ਭਗਵਾਨ ਖੇਲੇ ਖੇਲ ਅਛਲ ਅਛੱਲਾ, ਭੇਵ ਅਭੇਦ ਅਭੇਵ ਛੁਪਾਈਆ । ਪਾਰਬ੍ਰਹਮ ਆਪਣੇ ਅੰਤਰ ਆਪੇ ਰੱਲਾ, ਨਿਰਗੁਣ ਨਿਰਗੁਣ ਮੇਲਾ ਸਹਿਜ ਸੁਭਾਈਆ । ਸਚ ਸੰਦੇਸ ਏਕਾ ਘੱਲਾ, ਨਰ ਨਰੇਸ਼ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣਾ ਰੂਪ ਆਪ ਧਰਾਈਆ । ਥਿਰ ਘਰ ਸਾਚੇ ਰੂਪ ਧਰ, ਸਚਖੰਡ ਸੋਭਾ ਪਾਇੰਦਾ । ਸਚਖੰਡ ਦਵਾਰੇ ਆਪੇ ਚੜ੍ਹ, ਤਖ਼ਤ ਨਿਵਾਸੀ ਧੁਰ ਫ਼ਰਮਾਨਾ ਹੁਕਮ ਜਣਾਇੰਦਾ । ਥਿਰ ਘਰ ਚੁਕਾਏ ਭੈ ਡਰ, ਨਿਰਭੌ ਆਪਣਾ ਹੁਕਮ ਆਪ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਸਾਚਾ ਸੰਗ ਆਪ ਨਿਭਾਇੰਦਾ । ਸਾਚਾ ਸੰਗ ਸਗਲਾ ਸਾਥ, ਸੋ ਪੁਰਖ ਨਿਰੰਜਣ ਆਪ ਨਿਭਾਈਆ । ਹਰਿ ਪੁਰਖ ਨਿਰੰਜਣ ਆਪ ਚਲਾਏ ਆਪਣਾ ਰਾਥ, ਰਬ ਰਥਵਾਹੀ ਬੇਪਰਵਾਹੀਆ । ਏਕੰਕਾਰਾ ਗਾਏ ਗਾਥ, ਆਦਿ ਨਿਰੰਜਣ ਖ਼ੁਸ਼ੀ ਮਨਾਈਆ । ਸ੍ਰੀ ਭਗਵਾਨ ਕਰੇ ਹਾਸ ਬਲਾਸ, ਅਬਿਨਾਸ਼ੀ ਕਰਤਾ ਆਪਣਾ ਰੰਗ ਆਪੇ ਵੇਖ ਵਖਾਈਆ । ਪਾਰਬ੍ਰਹਮ ਆਪਣੇ ਅੰਦਰ ਆਪੇ ਕਰ ਕਰ ਵਾਸ, ਆਪੇ ਵੇਖੇ ਚਾਈਂ ਚਾਈਂਆ । ਸਚਖੰਡ ਦਵਾਰੇ ਸਚਖੰਡ ਨਿਵਾਸੀ ਪਾਏ ਰਾਸ, ਆਪਣੀ ਰਚਨਾ ਆਪ ਰਚਾਈਆ । ਥਿਰ ਘਰ ਸਾਚੇ ਜੋਤ ਪਰਕਾਸ਼, ਨੂਰ ਨੁਰਾਨਾ ਡਗਮਗਾਈਆ । ਆਪੇ ਉਪਜਾਏ ਆਪਣੀ ਆਸ, ਆਸ ਆਸਾ ਵਿਚ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣਾ ਹੁਕਮ ਆਪ ਵਰਤਾਈਆ । ਸਾਚਾ ਹੁਕਮ ਧੁਰ ਫ਼ਰਮਾਨਾ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਹਰਿ ਪੁਰਖ ਨਿਰੰਜਣ ਸ਼ਾਹ ਸੁਲਤਾਨਾ, ਸ਼ਾਹ ਪਾਤਸ਼ਾਹ ਆਪਣੀ ਧਾਰ ਵਖਾਇੰਦਾ । ਏਕੰਕਾਰਾ ਆਪੇ ਰੱਖੇ ਆਪਣਾ ਮਾਣਾ, ਆਪ ਆਪਣੀ ਦਇਆ ਕਮਾਇੰਦਾ । ਆਦਿ ਨਿਰੰਜਣ ਖੇਲੇ ਖੇਲ ਗੁਣ ਨਿਧਾਨਾ, ਸ੍ਰੀ ਭਗਵਾਨ ਵੇਸ ਵਟਾਇੰਦਾ । ਅਬਿਨਾਸ਼ੀ ਕਰਤਾ ਜਾਣੀ ਜਾਣਾ, ਪਾਰਬ੍ਰਹਮ ਮੇਲ ਮਿਲਾਇੰਦਾ । ਸਚਖੰਡ ਦਵਾਰਾ ਸਚ ਮਕਾਨਾ, ਸਤਿ ਪੁਰਖ ਨਿਰੰਜਣ ਆਸਣ ਲਾਇੰਦਾ । ਥਿਰ ਘਰ ਦੇਵੇ ਆਪਣਾ ਦਾਨਾ, ਸਾਚੀ ਵਸਤ ਅਮੋਲਕ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵੇਸ ਆਪ ਧਰਾਇੰਦਾ । ਸਾਚਾ ਵੇਸ ਹਰਿ ਨਿਰੰਕਾਰ, ਨਿਰਗੁਣ ਨਿਰਵੈਰ ਆਪ ਧਰਾਈਆ । ਲੇਖਾ ਜਾਣੇ ਪੁਰਖ ਨਾਰ, ਨਰ ਨਰਾਇਣ ਵਡੀ ਵਡਿਆਈਆ । ਨਿਰਗੁਣ ਨਿਰਗੁਣ ਕਰ ਪਿਆਰ, ਮੇਲ ਮਿਲਾਵਾ ਸਹਿਜ ਸੁਭਾਈਆ । ਥਿਰ

ਘਰ ਸਾਚਾ ਖੋਲ੍ਹ ਕਿਵਾੜ, ਆਪ ਆਪਣਾ ਪਰਦਾ ਲਏ ਉਠਾਈਆ । ਦਾਈ ਦਾਇਆ ਬਣ ਸੇਵਕ ਸੇਵਾਦਾਰ, ਸਾਚੀ ਸੇਵ ਕਮਾਈਆ । ਜਨਨੀ ਜਨ ਬਣ ਨਿਰੰਕਾਰ, ਗੋਦੀ ਗੋਦ ਆਪ ਸੁਹਾਈਆ । ਸੁਤ ਦੁਲਾਰਾ ਕਰ ਤਿਆਰ, ਸ਼ਬਦੀ ਸ਼ਬਦ ਨਾਉਂ ਵਡਿਆਈਆ । ਦੇਵੇ ਦਰਸ ਅਗੰਮ ਅਪਾਰ, ਅਲਖ ਅਗੋਚਰ ਸੱਚਾ ਸ਼ਹਿਨਸ਼ਾਹੀਆ । ਰੂਪ ਰੰਗ ਰੇਖ ਨਾ ਕੋਇ ਵਿਚਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਦਏ ਸਮਝਾਈਆ । ਸੁਤ ਦੁਲਾਰਾ ਜਣਿਆ ਜਨ, ਜਨ ਜਨਨੀ ਖੇਲ ਖਿਲਾਇੰਦਾ । ਏਕਾ ਰਾਗ ਸੁਣਾਇਆ ਕੰਨ, ਸੋ ਪੁਰਖ ਨਿਰੰਜਣ ਆਪ ਅਲਾਇੰਦਾ । ਛੋਟਾ ਬਾਲਾ ਕਰੇ ਧੰਨ ਧੰਨ ਧੰਨ, ਨਿਉਂ ਨਿਉਂ ਸੀਸ ਜਗਦੀਸ ਝੁਕਾਇੰਦਾ । ਨਾ ਕੋਈ ਰੂਪ ਨਾ ਕੋਈ ਤਨ, ਮਨ ਵੇਸ ਨਾ ਕੋਇ ਵਟਾਇੰਦਾ । ਨਾ ਕੋਈ ਛੱਪਰ ਨਾ ਕੋਈ ਛੰਨ, ਚਾਰ ਦੀਵਾਰ ਨਾ ਕੋਇ ਬਣਾਇੰਦਾ । ਨਾ ਕੋਇ ਘੜੇ ਨਾ ਲਏ ਭੰਨ, ਭੰਨਣਹਾਰ ਤੇਰੇ ਰੰਗ ਸਮਾਇੰਦਾ । ਨਾ ਕੋਈ ਡੋਬੇ ਨਾ ਬੇੜਾ ਦੇਵੇ ਬੰਨ੍ਹ, ਖੇਵਟ ਖੇਟਾ ਨਾ ਕੋਏ ਰਖਾਇੰਦਾ । ਨਾ ਕੋਇ ਸੂਰਜ ਨਾ ਕੋਏ ਚੰਨ, ਪਰਕਾਸ਼ ਪਰਕਾਸ਼ ਨਾ ਕੋਇ ਧਰਾਇੰਦਾ । ਤੂੰ ਹੀ ਜਨਨੀ ਤੂੰ ਹੀ ਜਨ, ਹਉਂ ਤੇਰਾ ਸੁਤ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਉਂ ਨਿਉਂ ਸੀਸ ਝੁਕਾਇੰਦਾ । ਸੁਤ ਦੁਲਾਰੇ ਛੋਟੇ ਬਾਲ, ਹਰਿ ਸ਼ਬਦੀ ਸ਼ਬਦ ਸੁਣਾਈਆ । ਆਦਿ ਜੁਗਾਦਿ ਕਰਾਂ ਤੇਰੀ ਪ੍ਰਿਤਪਾਲ, ਬਣ ਪ੍ਰਿਤਪਾਲਕ ਸੇਵ ਕਮਾਈਆ । ਦੋ ਜਹਾਨ ਬਣਾਂ ਦਲਾਲ, ਸਾਚਾ ਵਣਜ ਇਕ ਵਖਾਈਆ । ਤੇਰਾ ਸੰਗ ਰਖਾਏ ਇਕ ਮਹਾਕਾਲ, ਆਪਣੀ ਧਾਰ ਦਏ ਜਣਾਈਆ । ਜੁਗਾ ਜੁਗੰਤਰ ਵੱਜੇ ਤੇਰਾ ਤਾਲ, ਪੁਰਖ ਅਬਿਨਾਸ਼ੀ ਆਪ ਵਜਾਈਆ । ਆਪੇ ਸੁਣੇ ਮੁਰੀਦਾਂ ਹਾਲ, ਮੁਰਸ਼ਦ ਬਣੇ ਬੇਪਰਵਾਹੀਆ । ਤੇਰਾ ਖੇੜਾ ਸੱਚੀ ਧਰਮਸਾਲ, ਥਿਰ ਘਰ ਸਾਚਾ ਦਏ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਆਪਣੀ ਬੂਝ ਬੁਝਾਈਆ । ਸਾਚਾ ਸੁਤ ਸੁਣ ਸੰਦੇਸ, ਪ੍ਰਭ ਅੱਗੇ ਸੀਸ ਝੁਕਾਇੰਦਾ । ਤੂੰ ਸਾਹਿਬ ਸੁਲਤਾਨ ਸਚ ਨਰੇਸ਼, ਤੇਰਾ ਭੇਵ ਕੋਇ ਨਾ ਪਾਇੰਦਾ । ਮੈਂ ਮੰਗਾਂ ਦਰਸ ਹਮੇਸ਼, ਆਦਿ ਜੁਗਾਦਿ ਨੈਣ ਉਠਾਇੰਦਾ । ਨਿਰਗੁਣ ਤੇਰਾ ਅਵੱਲੜਾ ਵੇਸ, ਰੂਪ ਰੰਗ ਰੇਖ ਨਜ਼ਰ ਕੋਇ ਨਾ ਆਇੰਦਾ । ਤੂੰ ਲਿਖਿਆ ਮੇਰਾ ਲੇਖ, ਤੇਰਾ ਲੇਖਾ ਲਿਖਿਆ ਨਾ ਕੋਇ ਮਿਟਾਇੰਦਾ । ਤੇਰੇ ਚਰਨ ਸਦਾ ਆਦੇਸ, ਆਦਿ ਜੁਗਾਦੀ ਸੀਸ ਝੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਉਂ ਸਾਚੀ ਮੰਗ ਮੰਗਾਇੰਦਾ । ਪੁਰਖ ਅਬਿਨਾਸ਼ੀ ਦਇਆ ਕਮਾ, ਏਕਾ ਗੁਣ ਜਣਾਈਆ । ਸੁਤ ਦੁਲਾਰੇ ਸੀਸ ਹੱਥ ਟਿਕਾ, ਜਗਦੀਸ ਦਏ ਵਡਿਆਈਆ । ਤੇਰਾ ਖੇੜਾ ਦਵਾਂ ਵਸਾਂ, ਆਪ ਆਪਣੀ ਰਚਨ ਰਚਾਈਆ । ਤੇਰਾ ਨੂਰ ਕਰਾਂ ਰੁਸ਼ਨਾ, ਆਪਣੀ ਜੋਤ ਜੋਤ ਡਗਮਗਾਈਆ । ਤੇਰਾ ਪਰਕਾਸ਼ ਦਿਆਂ ਧਰਾ, ਬਣ ਜਨ ਜਣੇਂਦੀ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਦਏ ਉਠਾਈਆ । ਸੁਣ ਬਾਲ ਬਾਲ ਨਾਦਾਨ, ਸੋ ਪੁਰਖ ਨਿਰੰਜਣ ਆਪ ਸੁਣਾਇੰਦਾ । ਏਕਾ ਦੇਵਾਂ ਸੱਚਾ ਦਾਨ, ਵਸਤ ਅਮੋਲਕ ਆਪ ਵਰਤਾਇੰਦਾ । ਤੇਰਾ ਰੂਪ ਬਣਾਵਾਂ ਸਾਚਾ ਕਾਹਨ, ਤੇਰੀ ਆਸਾ ਗੋਪੀ ਨਾਲ ਰਲਾਇੰਦਾ । ਕਰਾਂ ਖੇਲ ਥਿਰ ਘਰ ਤੇਰੇ ਮਕਾਨ, ਸਚਖੰਡ ਆਪਣਾ ਆਸਣ ਲਾਇੰਦਾ । ਪ੍ਰੇਮ ਪਿਆਲਾ ਦੇਵਾਂ ਇਕ ਨਿਧਾਨ, ਰਸ ਆਪਣਾ ਆਪ ਚੁਆਇੰਦਾ । ਰੰਗਣ ਰੰਗ ਚੜ੍ਹੇ ਮਹਾਨ, ਰੰਗ ਰੰਗੀਲਾ ਆਪ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਵਸਤ ਆਪ ਵਰਤਾਇੰਦਾ ।

ਸਾਚੀ ਵਸਤ ਅੰਮ੍ਰਿਤ ਰਸ, ਚਰਨ ਚਰਨ ਨਾਲ ਰਗੜਾਈਆ । ਤੇਰੇ ਅੰਤਰ ਦੇਵੇ ਰੱਖ, ਆਪਣੀ ਦਇਆ ਕਮਾਈਆ । ਨਿਰਗੁਣ ਨਿਰਗੁਣ ਕਰੇ ਪਰਕਾਸ਼, ਪਰਕਾਸ਼ ਪਰਕਾਸ਼ ਨਾਲ ਮਿਲਾਈਆ । ਤੇਰੀ ਪੂਰੀ ਕਰੇ ਆਸ, ਆਪਣੀ ਆਸਾ ਨਾਲ ਮਿਲਾਈਆ । ਤੇਰਾ ਵੇਖੇ ਖੇਲ ਤਮਾਸ਼, ਵੇਖਣਹਾਰ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਤੱਤ ਦਏ ਜਣਾਈਆ । ਏਕਾ ਤੱਤ ਸ੍ਰੀ ਭਗਵਾਨ, ਸ਼ਬਦੀ ਸ਼ਬਦ ਜਣਾਇੰਦਾ । ਤੇਰਾ ਸੋਹੇ ਮੰਦਰ ਮਕਾਨ, ਥਿਰ ਘਰ ਸਾਚਾ ਆਪ ਸੁਹਾਇੰਦਾ । ਕਿਰਪਾ ਕਰੇ ਹੋ ਮਿਹਰਵਾਨ, ਮਿਹਰਵਾਨ ਆਪਣਾ ਰੰਗ ਰੰਗਾਇੰਦਾ । ਬਾਲੀ ਬੁਧ ਦਿਤਾ ਮਾਣ, ਬਾਲ ਅਵਾਣਾ ਗੋਦ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਕਰਾਇੰਦਾ । ਖੇਲ ਕਰਾਏ ਸ੍ਰੀ ਭਗਵੰਤ, ਆਪਣੀ ਦਇਆ ਕਮਾਈਆ । ਸ਼ਬਦੀ ਮੇਲਾ ਨਾਰ ਕੰਤ, ਸਾਚੀ ਸੇਜ ਹੰਢਾਈਆ । ਚੜ੍ਹਿਆ ਰੰਗ ਇਕ ਬਸੰਤ, ਉਤਰ ਕਦੇ ਨਾ ਜਾਈਆ । ਨਾਮ ਜਣਾਇਆ ਆਦਿ ਅੰਤ, ਅਭੁਲ ਬੇਪਰਵਾਹੀਆ । ਆਪ ਉਪਾਏ ਆਪਣੀ ਅੰਸ, ਵਿਸ਼ਵ ਵਿਸ਼ਨੂੰ ਲਏ ਪਰਗਟਾਈਆ । ਵਿਸ਼ਨ ਬਣਾਏ ਸੱਚਾ ਸਰਬੰਸ, ਫੁਲ ਫੁਲਵਾੜੀ ਆਪ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਈਆ । ਵਿਸ਼ਨ ਅੰਦਰ ਅੰਮ੍ਰਿਤ ਧਾਰ, ਸੋ ਪੁਰਖ ਨਿਰੰਜਣ ਆਪ ਵਹਾਈਆ । ਆਪਣੀ ਇਛਿਆ ਕਵਲ ਉਜਿਆਰ, ਕਵਲ ਕਵਲਾ ਲਏ ਖਲਾਈਆ । ਲੇਖਾ ਜਾਣੇ ਅੰਦਰ ਬਾਹਿਰ, ਗੁਪਤ ਜ਼ਾਹਰ ਬੇਪਰਵਾਹੀਆ । ਪਾਰਬ੍ਰਹਮ ਬ੍ਰਹਮ ਹੋ ਤਿਆਰ, ਆਪਣੀ ਵੰਡ ਵੰਡਾਈਆ । ਨਿਰਗੁਣ ਖੇਲ ਕਰੇ ਨਿਰਾਕਾਰ, ਸਾਕਾਰ ਰੂਪ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮਾ ਲਏ ਪਰਗਟਾਈਆ । ਵਿਸ਼ਨ ਬ੍ਰਹਮਾ ਖੇਲ ਖਿਲਾਇਆ, ਭੇਵ ਕੋਇ ਨਾ ਪਾਈਆ । ਆਪਣਾ ਭਾਣਾ ਆਪਣੇ ਹੱਥ ਰਖਾਇਆ, ਸਦ ਭਾਣੇ ਆਪ ਸਮਾਈਆ । ਆਪਣੀ ਇਛਿਆ ਲਏ ਧਰਾਇਆ, ਸਾਚੀ ਭਿਛਿਆ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਰਨ ਧੂੜ ਆਪਣੀ ਆਪ ਪਰਗਟਾਈਆ । ਚਰਨ ਧੂੜੀ ਵੇਖੇ ਖ਼ਾਕ, ਖ਼ਾਕੀ ਖ਼ਾਕ ਸਮਾਇੰਦਾ । ਆਦਿ ਜੁਗਾਦਿ ਪਾਕੀ ਪਾਕ, ਪਤਿਤ ਪਵਿਤ ਵੇਸ ਵਟਾਇੰਦਾ । ਸ਼ੰਕਰ ਬਣਿਆ ਸੱਚਾ ਸਾਕ, ਪਿਤਾ ਪੂਤ ਗੋਦ ਸੁਹਾਇੰਦਾ । ਨਾ ਕੋਈ ਦਿਵਸ ਨਾ ਕੋਈ ਰਾਤ, ਵੇਲਾ ਵਕਤ ਨਾ ਕੋਇ ਜਣਾਇੰਦਾ । ਤਿੰਨਾਂ ਦੇਵੇ ਏਕਾ ਸਾਥ, ਏਕਾ ਹੁਕਮ ਸੁਣਾਇੰਦਾ । ਏਕਾ ਮੰਤਰ ਏਕਾ ਪਾਠ, ਏਕਾ ਅੱਖਰ ਆਪ ਪੜ੍ਹਾਇੰਦਾ । ਏਕਾ ਪੁਰਖ ਪੁਰਖ ਸਮਰਾਥ, ਪੁਰਖ ਅਕਾਲ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਬ੍ਰਹਮਾ ਵਿਸ਼ਨ ਸ਼ਿਵ ਸੀਸ ਝੁਕਾਇੰਦਾ । ਸ਼ਬਦ ਉਪਜਾਇਆ ਵਿਸ਼ਨ ਬ੍ਰਹਮਾ ਸ਼ਿਵ ਧਾਰ, ਲੇਖਾ ਲਿਖਤ ਵਿਚ ਨਾ ਆਈਆ । ਵਿਸ਼ਨ ਬ੍ਰਹਮਾ ਸ਼ਿਵ ਹੁਕਮ ਸੱਚੀ ਸਰਕਾਰ, ਸ਼ਾਹ ਪਾਤਸ਼ਾਹ ਆਪ ਸੁਣਾਈਆ । ਤਿੰਨਾਂ ਵਿਚੋਲਾ ਬਣ ਨਿਰੰਕਾਰ, ਏਕਾ ਗੁਣ ਸਮਝਾਈਆ । ਸਾਚੀ ਸੇਵਾ ਲਾਏ ਕਰੇ ਖ਼ਬਰਦਾਰ, ਅਭੁਲ ਭੁਲ ਕਦੇ ਨਾ ਜਾਈਆ । ਹੁਕਮੀ ਹੁਕਮ ਵਰਤੇ ਵਰਤਾਰ, ਧੁਰ ਫ਼ਰਮਾਨਾ ਆਪ ਸੁਣਾਈਆ । ਲੱਖ ਚੁਰਾਸੀ ਭਰਨਾ ਭੰਡਾਰ, ਵਸਤ ਵਸਤ ਵਿਚ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰ ਧਿਆਨ, ਨਿਉਂ ਨਿਉਂ ਸੀਸ ਝੁਕਾਇੰਦਾ । ਹਉਂ ਬਾਲੀ ਬੁਧ ਬਾਲ ਅਵਾਣ, ਤੇਰਾ ਭੇਵ ਕੋਇ ਨਾ ਪਾਇੰਦਾ । ਏਕਾ ਵਸਤ


੧੦੮੦
੧੦

ਦੇਣਾ ਦਾਨ, ਲੱਖ ਚੁਰਾਸੀ ਘਾੜਨ ਘੜਤ ਘੜਾਇੰਦਾ । ਆਪਣੇ ਦਰ ਕਰੀਂ ਪਰਵਾਨ, ਤੁਧ ਬਿਨ ਦਰ ਨਾ ਕੋਇ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਚੀ ਵਸਤ ਏਕਾ ਵਾਰ ਮੰਗ ਮੰਗਾਇੰਦਾ । ਸਾਚੀ ਵਸਤ ਹਰਿ ਕਰਤਾਰ, ਏਕਾ ਇਕ ਜਣਾਈਆ । ਤਿੰਨਾਂ ਭਰੇ ਆਪ ਭੰਡਾਰ, ਤ੍ਰੈ ਤ੍ਰੈ ਮੇਲਾ ਸਹਿਜ ਸੁਭਾਈਆ । ਤ੍ਰੈਗੁਣ ਮਾਇਆ ਕਰ ਤਿਆਰ, ਆਪਣਾ ਰੰਗ ਰੰਗਾਈਆ । ਸਤੋ ਤੇਰਾ ਸਤਿ ਵਰਤਾਰ, ਵਿਸ਼ਵ ਭੰਡਾਰੇ ਵਿਚ ਸਮਾਈਆ । ਰਜੋ ਤੇਰਾ ਰਾਜਸ ਰਾਜ ਜੋਗ ਸੰਸਾਰ, ਬ੍ਰਹਮ ਮੇਲਾ ਸਹਿਜ ਸੁਭਾਈਆ । ਤਮੋ ਤੇਰਾ ਤੱਤ ਗੁਣ ਨਿਰਾਧਾਰ, ਸ਼ੰਕਰ ਵੇਖੇ ਚਾਈਂ ਚਾਈਂਆ । ਕਰੇ ਖੇਲ ਹਰਿ ਕਰਤਾਰ, ਆਪਣੀ ਕਲ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤ੍ਰੈਗੁਣ ਵਸਤ ਇਕ ਵਰਤਾਈਆ । ਤ੍ਰੈਗੁਣ ਵਸਤ ਕਰੇ ਪੁਕਾਰ, ਨੇਤਰ ਨੈਣਾਂ ਨੀਰ ਵਹਾਈਆ । ਤੇਰੇ ਅੰਦਰੋਂ ਉਪਜੀ ਤੇਰੀ ਧਾਰ, ਤੇਰਾ ਹੁਕਮ ਸੀਸ ਟਿਕਾਈਆ । ਵਿਸ਼ਨ ਬ੍ਰਹਮਾ ਸ਼ਿਵ ਬੱਧਾ ਇਕ ਪਿਆਰ, ਜਗਤ ਨਾਤਾ ਜੋੜ ਜੁੜਾਈਆ । ਕਿਰਪਾ ਕਰ ਸੱਚੀ ਸਰਕਾਰ, ਖੁਲੜੇ ਕੇਸ ਦੇਣ ਦੁਹਾਈਆ । ਕਵਣ ਵੇਲਾ ਸਾਡੀ ਸੁਰਤ ਲਏਂ ਸੰਭਾਲ, ਆਪ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਖ਼ਾਲੀ ਝੋਲੀ ਰਹੀ ਵਖਾਈਆ । ਤ੍ਰੈਗੁਣ ਖ਼ਾਲੀ ਝੋਲੀ ਰੱਖ, ਪ੍ਰਭ ਅੱਗੇ ਸੀਸ ਝੁਕਾਇਆ । ਵਿਸ਼ਨ ਬ੍ਰਹਮਾ ਸ਼ਿਵ ਸਦ ਮੰਗੇ ਮੇਰਾ ਪੱਖ, ਮੈਂ ਸਗਲਾ ਸੰਗ ਨਿਭਾਇਆ । ਏਕਾ ਮਾਰਗ ਦੇਣਾ ਦੱਸ, ਕਵਣ ਵੇਲਾ ਹੋਏ ਸਹਾਇਆ । ਮੈਂ ਰੱਖਾਂ ਤੇਰੀ ਆਸ, ਮੇਰੇ ਸ਼ਾਹ ਪਾਤਸ਼ਾਹ ਸੱਚੇ ਸ਼ਹਿਨਸ਼ਾਹਿਆ । ਬਿਨ ਤੇਰੇ ਹੋਈ ਬੇਆਸ, ਮੇਰੀ ਧੀਰ ਨਾ ਕੋਇ ਧਰਾਇਆ । ਮੈਂ ਕਰਾਂ ਖੇਲ ਪ੍ਰਿਥਮੀ ਆਕਾਸ਼, ਲੱਖ ਚੁਰਾਸੀ ਨਾਚ ਨਚਾਇਆ । ਤੁਧ ਬਿਨ ਮੇਰੀ ਕਰੇ ਨਾ ਕੋਇ ਬੰਦ ਖ਼ੁਲਾਸ, ਮੇਰਾ ਬੰਧਨ ਨਾ ਕੋਇ ਤੁੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮੈਂ ਬੈਠੀ ਸੀਸ ਝੁਕਾਇਆ । ਸੀਸ ਝੁਕਿਆ ਤੇਰੇ ਦਰਬਾਰ, ਤੂੰ ਬੇਐਬ ਪਰਵਰਦਿਗਾਰਾ । ਮੈਂ ਸੁਣਿਆ ਸਦਾ ਸੁਣੇਂ ਪੁਕਾਰ, ਆਦਿ ਜੁਗਾਦੀ ਤੇਰੀ ਕਾਰਾ । ਵਿਸ਼ਨ ਬ੍ਰਹਮਾ ਸ਼ਿਵ ਬਣਿਆ ਮੀਤ ਮੁਰਾਰ, ਨਾਤਾ ਜੁੜਿਆ ਵਿਚ ਸੰਸਾਰਾ । ਲੱਖ ਚੁਰਾਸੀ ਤੇਰਾ ਭੰਡਾਰ, ਖੇਲੇ ਖੇਲ ਅਪਰ ਅਪਾਰਾ । ਜੁਗ ਜੁਗ ਵਰਤੇ ਤੇਰਾ ਵਰਤਾਰ, ਤੂੰ ਵੇਖੇਂ ਵੇਖਣਹਾਰਾ । ਮੇਰੇ ਨਾਲ ਕਰ ਸਚ ਇਕਰਾਰ, ਮੈਂ ਮੰਗਾਂ ਮੰਗ ਦਵਾਰਾ । ਕਵਣ ਵੇਲਾ ਮੇਰਾ ਕ਼ਰਜ਼ਾ ਦਏਂ ਉਤਾਰ, ਪਿਛੇ ਰਹੇ ਨਾ ਕੋਇ ਉਧਾਰਾ । ਆਪਣੇ ਚਰਨਾਂ ਦਏਂ ਪਿਆਰ, ਚਰਨ ਧੂੜੀ ਸਾਚੀ ਛਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮੈਂ ਮੰਗਿਆ ਏਕਾ ਦਵਾਰਾ । ਏਕਾ ਵਾਰ ਮੰਗੀ ਮੰਗ, ਆਦਿ ਪੁਰਖ ਜਣਾਈਆ । ਤ੍ਰੈਗੁਣ ਵੱਜੇ ਤੇਰਾ ਮਰਦੰਗ, ਤ੍ਰੈਲੋਕ ਸੁਣੇ ਲੋਕਾਈਆ । ਮੈਂ ਵੰਡਾਂ ਸਾਚੀ ਵੰਡ, ਆਪਣੀ ਖੇਲ ਆਪ ਖਿਲਾਈਆ । ਲੋਆਂ ਪੁਰੀਆਂ ਵੇਖ ਬ੍ਰਹਿਮੰਡ, ਕੋਟਨ ਕੋਟ ਰੂਪ ਵਟਾਈਆ । ਪਰਗਟ ਕਰਾਂ ਜੇਰਜ ਅੰਡ, ਉਤਭੁਜ ਸੇਤਜ ਨਾਲ ਮਿਲਾਈਆ । ਪੰਜ ਤੱਤ ਕਾਇਆ ਕਰਾਂ ਸੇਜ ਪਲੰਘ, ਸਚ ਸਿੰਘਾਸਣ ਇਕ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਲੇਖਾ ਦਏ ਵਖਾਈਆ । ਤ੍ਰੈਗੁਣ ਸੁਣ ਕਰ ਧਿਆਨਾ, ਹਰਿ ਸਾਚਾ ਆਪ ਜਣਾਇੰਦਾ । ਪੁਰਖ ਅਬਿਨਾਸ਼ੀ ਹੋਏ ਮਿਹਰਵਾਨਾ, ਏਕਾ ਸ਼ਬਦ ਨਾਦ ਵਜਾਇੰਦਾ । ਵਿਸ਼ਨੂੰ ਵਿਸ਼ਵ ਕਰੇ ਪਰਵਾਨਾ, ਬ੍ਰਹਮਾ ਬ੍ਰਹਮ ਵੇਦ ਸੁਣਾਇੰਦਾ । ਚਾਰੇ ਜੁਗ ਖੇਲ ਮਹਾਨਾ, ਚਾਰੇ ਦਰ ਖੋਲ੍ਹ

ਖੁਲ੍ਹਾਇੰਦਾ । ਚਾਰੇ ਵਰਨ ਕਰੇ ਪਰਧਾਨਾ, ਚਾਰੋਂ ਕੁੰਟ ਵੰਡ ਵੰਡਾਇੰਦਾ । ਲੇਖਾ ਜਾਣੇ ਦੋ ਜਹਾਨਾਂ, ਦੋਏ ਦੋਏ ਆਪਣਾ ਰੰਗ ਰੰਗਾਇੰਦਾ । ਨਿਰਗੁਣ ਸਰਗੁਣ ਦਏ ਪਰਵਾਨਾ, ਧੁਰ ਫ਼ਰਮਾਨਾ ਆਪ ਸੁਣਾਇੰਦਾ । ਤਾਰ ਸਤਾਰ ਇਕ ਵਜਾਨਾ, ਘਟ ਆਪਣਾ ਨਾਦ ਅਲਾਇੰਦਾ । ਲੱਖ ਚੁਰਾਸੀ ਹੋ ਪਰਧਾਨਾ, ਗ੍ਰਿਹ ਮੰਦਰ ਸੋਭਾ ਪਾਇੰਦਾ । ਨਿਰਗੁਣ ਜੋਤ ਨੂਰ ਮਹਾਨਾ, ਦੀਪਕ ਦੀਆ ਆਪ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਲਹਿਣਾ ਦੇਵੇ ਤੇਰਾ ਵਰ, ਤੇਰੀ ਝੋਲੀ ਆਪ ਭਰਾਇੰਦਾ । ਤੇਰਾ ਲਹਿਣਾ ਆਪ ਚੁਕੌਣਾ, ਸੋ ਪੁਰਖ ਨਿਰੰਜਣ ਆਪ ਜਣਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਖੇਲ ਖਿਲੌਣਾ, ਜੁਗ ਕਰਤਾ ਗੇੜ ਗੜਾਈਆ । ਲੱਖ ਚੁਰਾਸੀ ਨਾਚ ਨਚੌਣਾ, ਤਾਰ ਸਤਾਰ ਆਪ ਹਿਲਾਈਆ । ਕਾਲ ਮਹਾਕਾਲ ਆਪਣਾ ਹੁਕਮ ਵਰਤੌਣਾ, ਹੁਕਮੀ ਹੁਕਮ ਇਕ ਸਮਝਾਈਆ । ਰਾਏ ਧਰਮ ਆਪ ਉਠੌਣਾ, ਆਪ ਆਪਣੇ ਬੰਸ ਦਏ ਵਡਿਆਈਆ । ਚਿਤਰ ਗੁਪਤ ਚੇਤਨ ਆਪ ਕਰੌਣਾ, ਲੇਖਾ ਏਕਾ ਵਾਰ ਸਮਝਾਈਆ । ਜੋ ਘੜਿਆ ਸੋ ਭੰਨ ਵਖੌਣਾ, ਠੋਕਰ ਆਪਣੇ ਹੱਥ ਰਖਾਈਆ । ਤ੍ਰੈਗੁਣ ਤੇਰਾ ਜੰਜਾਲਾ ਏਕਾ ਪੌਣਾ, ਲੱਖ ਚੁਰਾਸੀ ਡੋਰ ਬੰਧਾਈਆ । ਗੁਰ ਅਵਤਾਰ ਰੂਪ ਵਟੌਣਾ, ਨਿਰਗੁਣ ਸਰਗੁਣ ਕਰੇ ਕੁੜਮਾਈਆ । ਭਗਤ ਭਗਵੰਤ ਆਪ ਬਣੌਣਾ, ਜੋਤੀ ਜੋਤ ਕਰ ਰੁਸ਼ਨਾਈਆ । ਸਾਚੇ ਸੰਤ ਸੰਗ ਨਿਭੌਣਾ, ਸਤਿ ਦਵਾਰਾ ਇਕ ਵਖਾਈਆ । ਗੁਰਮੁਖ ਗੋਦ ਆਪ ਬਹੌਣਾ, ਗੁਰ ਗੁਰ ਆਪਣਾ ਮੇਲ ਮਿਲਾਈਆ । ਗੁਰਸਿਖ ਪਰਦਾ ਆਪੇ ਲੌਹਣਾ, ਤ੍ਰੈਗੁਣ ਤੇਰਾ ਮੋਹ ਚੁਕਾਈਆ । ਤੇਰੇ ਖ਼ਾਤਰ ਜਾਮਾ ਪੌਣਾ, ਆਪਣਾ ਭੇਵ ਦਏ ਖੁਲ੍ਹਾਈਆ । ਲੋਕਮਾਤ ਏਕਾ ਏਕ ਏਕ ਪਰਗਟੌਣਾ, ਏਕਾ ਏਕ ਵੇਖ ਵਖਾਈਆ । ਸਤਿ ਧਰਮ ਸੰਤੋਖ ਸਾਚਾ ਬੀਜ ਬਜੌਣਾ, ਫੁਲ ਫੁਲਵਾੜੀ ਆਪ ਮਹਿਕਾਈਆ । ਸਤਿਜੁਗ ਸਾਚੇ ਮਾਣ ਦਵੌਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਲੇਖਾ ਰਿਹਾ ਲਿਖਾਈਆ । ਤੇਰਾ ਲੇਖਾ ਲਿਖੇ ਨਿਰੰਕਾਰ, ਆਪਣਾ ਭੇਵ ਆਪ ਜਣਾਈਆ । ਮਾਤਲੋਕ ਬਣਾਏ ਸੱਚਾ ਦਵਾਰ, ਭਗਤ ਭਗਵੰਤ ਲਏ ਪਰਗਟਾਈਆ । ਫੇਰ ਕਰੇ ਸਚ ਪਿਆਰ, ਮੇਰ ਤੇਰ ਦਏ ਚੁਕਾਈਆ । ਰੰਗ ਰੰਗੇ ਏਕਾ ਵਾਰ, ਰੰਗ ਰੰਗੀਲਾ ਸਾਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਭਗਤ ਦਏ ਵਡਿਆਈਆ । ਸਤਿਜੁਗ ਆਏ ਭਗਤ ਬਲ, ਬਲਧਾਰੀ ਆਪ ਉਪਜਾਏ । ਆਪਣਾ ਕਰੇ ਵਲ ਛਲ, ਬਾਵਣ ਆਪਣਾ ਰੂਪ ਵਟਾਏ । ਤੇਰਾ ਸਿੰਘਾਸਣ ਜਾਏ ਹਲ, ਧੀਰਜ ਧੀਰ ਨਾ ਕੋਇ ਧਰਾਏ । ਤੇਰੇ ਨੇਤਰ ਨੈਣ ਨੀਰ ਜਾਏ ਚਲ, ਦੋ ਜਹਾਨ ਨਾ ਕੋਇ ਅਟਕਾਏ । ਕਰੇ ਖੇਲ ਆਪ ਪਰਬਲ, ਪਾਰਬ੍ਰਹਮ ਬੇਪਰਵਾਹੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਲ ਬਾਵਨ ਖੇਲ ਖਿਲਾਏ । ਸਤਿਜੁਗ ਖੇਲ ਬਲ ਬਲ ਬਾਵਨ, ਬੇਅੰਤ ਆਪ ਖਿਲਾਇੰਦਾ । ਆਦਿ ਜੁਗਾਦਿ ਬਣੇ ਤੇਰਾ ਜ਼ਾਮਨ, ਸਾਚੀ ਜ਼ਾਮਨੀ ਆਪ ਨਿਭਾਇੰਦਾ । ਤੇਰਾ ਲਹਿਣਾ ਦੇਣਾ ਚੁਕਾਏ ਆਮ੍ਹਣੇ ਸਾਮ੍ਹਣੇ, ਵਿਚ ਪਰਦਾ ਨਾ ਕੋਇ ਪਾਇੰਦਾ । ਲੋਕਮਾਤ ਖੇੜਾ ਵਸੇ ਗਰਾਮਨ, ਪੁਰਖ ਅਬਿਨਾਸ਼ੀ ਆਪ ਵਸਾਇੰਦਾ । ਆਪੇ ਪਕੜੇ ਤੇਰਾ ਦਾਮਨ, ਦਾਮਨਗੀਰ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਵਿਚੋਲਾ ਇਕ ਵਖਾਇੰਦਾ । ਤੇਰਾ ਵਿਚੋਲਾ ਏਕਾ ਏਕ, ਸੋ ਪੁਰਖ ਨਿਰੰਜਣ ਆਪ ਜਣਾਈਆ । ਬਲ ਰੱਖੇ ਸਾਚੀ ਟੇਕ, ਬਾਵਨ ਭੇਖੀ ਭੇਖ ਸਮਾਈਆ । ਨਿਰਮਲ ਅਤੀਤ ਹੋਇਆ ਬਿਬੇਕ, ਤ੍ਰੈਗੁਣ ਸੇਕ ਨਾ ਲਗੇ ਰਾਈਆ । ਪਾਰਬ੍ਰਹਮ ਪ੍ਰਭ ਆਪੇ ਖੇਡੇ ਆਪਣੀ ਖੇਡ,

੧੦੮੨
੧੦

੧੦੮੩

ਬਣ ਦਰਵੇਸ਼ ਮੰਗਣ ਆਈਆ । ਲੇਖਾ ਜਾਣੇ ਨਰ ਨਰੇਸ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਦਏ ਸਮਝਾਈਆ । ਸਾਚਾ ਲੇਖਾ ਸ੍ਰੀ ਭਗਵਾਨ, ਆਪਣੇ ਹੱਥ ਰਖਾਇੰਦਾ । ਬਲ ਉਪਜਾਏ ਇਕ ਬਲਵਾਨ, ਸਿਰ ਆਪਣਾ ਹੱਥ ਟਿਕਾਇੰਦਾ । ਤ੍ਰੈਗੁਣ ਮੰਗੇ ਜਾ ਕੇ ਦਾਨ, ਏਕਾ ਵਾਰ ਝੋਲੀ ਪਾਇੰਦਾ । ਬਲ ਦੇਵੇ ਆਪਣਾ ਬਲੀਦਾਨ, ਸੀਸ ਚਰਨਾਂ ਹੇਠ ਟਿਕਾਇੰਦਾ । ਪਾਰਬ੍ਰਹਮ ਪ੍ਰਭ ਹੋਏ ਮਿਹਰਵਾਨ, ਉਪਰ ਆਪਣਾ ਚਰਨ ਛੁਹਾਇੰਦਾ । ਤੇਰਾ ਮੇਰਾ ਇਕ ਨਿਸ਼ਾਨ, ਏਕਾ ਘਰ ਵਖਾਇੰਦਾ । ਮੈਂ ਵਸਾਂ ਉਪਰ ਅਸਮਾਨ, ਤੂੰ ਜ਼ਿਮੀਂ ਆਪਣੀ ਧਾਰ ਬਣਾਇੰਦਾ । ਤੇਰੀ ਜ਼ਮੀਰ ਕਰਾਂ ਪਰਵਾਨ, ਤੇਰਾ ਜ਼ੰਜੀਰ ਕਟਾਇੰਦਾ । ਏਕਾ ਦੇਵਾਂ ਸਚ ਗਿਆਨ, ਗਿਆਨ ਗਿਆਨ ਵਿਚ ਰਖਾਇੰਦਾ । ਅੱਠੇ ਪਹਿਰ ਇਕ ਧਿਆਨ, ਧਿਆਨ ਧਿਆਨ ਵਿਚ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਆਪ ਚੁਕਾਇੰਦਾ । ਆਪਣਾ ਪਰਦਾ ਦਿਤਾ ਚੁੱਕ, ਬਲ ਆਪਣਾ ਦਰਸ ਦਿਖਾਈਆ । ਨਜ਼ਰ ਆਇਆ ਜੋ ਬੈਠਾ ਲੁਕ, ਸਾਖਿਆਤ ਰੂਪ ਵਟਾਈਆ । ਨਾ ਹਰਿਆ ਨਾ ਜਾਏ ਸੁੱਕ, ਆਦਿ ਜੁਗਾਦਿ ਏਕਾ ਰੰਗ ਸਮਾਈਆ । ਜਿਸ ਦੀ ਰੱਖ ਕੇ ਬੈਠਾ ਓਟ, ਸੋ ਮਿਲਿਆ ਹਰਿ ਰਘੁਰਾਈਆ । ਜਿਸ ਦੀ ਦਾਤ ਮੰਗਾਂ ਨਿਰਮਲ ਜੋਤ, ਨਿਰਗੁਣ ਜੋਤ ਦਏ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਦਰਸ ਆਪ ਕਰਾਈਆ । ਪਾਇਆ ਦਰਸ ਦੀਨ ਦਿਆਲ, ਬਲ ਬਲ ਬਲ ਚਰਨ ਜਾਇੰਦਾ । ਤੂੰ ਸਾਹਿਬ ਸਦਾ ਕਿਰਪਾਲ, ਹਉਂ ਚਰਨ ਸੀਸ ਨਿਵਾਇੰਦਾ । ਮੇਰਾ ਤੁਟਾ ਜਗਤ ਜੰਜਾਲ, ਜਗ ਨਾਤਾ ਨਾ ਕੋਇ ਰਖਾਇੰਦਾ । ਤੇਰਾ ਮਿਲਿਆ ਸੱਚਾ ਧਨ ਮਾਲ, ਜਗਤ ਖ਼ਜ਼ਾਨਾ ਕੰਮ ਨਾ ਕੋਇ ਵਖਾਇੰਦਾ । ਧੰਨ ਭਾਗ ਮੇਰੀ ਨਿਭ ਗਈ ਨਾਲ, ਮੇਰੀ ਲੱਗੀ ਨਾ ਕੋਇ ਤੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਉਂ ਸਾਚੀ ਮੰਗ ਮੰਗਾਇੰਦਾ । ਦੇਣੀ ਮੰਗ ਕਰਾਂ ਅਸੀਸ, ਪ੍ਰਭ ਅੱਗੇ ਸੀਸ ਝੁਕਾਈਆ । ਤੂੰ ਆਦਿ ਜੁਗਾਦਿ ਸੱਚਾ ਜਗਦੀਸ, ਜਗਤ ਜੁਗਤ ਤੇਰੀ ਵਡਿਆਈਆ । ਤੇਰਾ ਹੁਕਮ ਇਕ ਹਦੀਸ, ਹਜ਼ਰਤ ਤੇਰੀ ਸਚ ਪੜ੍ਹਾਈਆ । ਮੈਂ ਤੇਰਾ ਪੀਸਣ ਲਿਆ ਪੀਸ, ਘੋਲੀ ਘੋਲ ਸੇਵ ਕਮਾਈਆ । ਮੈਂ ਤੇਰੀ ਬਖ਼ਸ਼ਿਸ਼ ਲੋਕਮਾਤ ਤਾਜ ਰਖਿਆ ਸੀਸ, ਬਿਨ ਤੇਰੇ ਦਰਸ ਰਾਜ ਕਾਜ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਚਰਨ ਸਰਨ ਸੱਚੀ ਸਰਨਾਈਆ । ਪੁਰਖ ਅਬਿਨਾਸ਼ੀ ਅੱਗੋਂ ਬੋਲ, ਏਕਾ ਹੁਕਮ ਸੁਣਾਇਆ । ਬਲ ਤੋਲਿਆ ਤੇਰਾ ਤੋਲ, ਤੋਲਾ ਬਣ ਕੇ ਹਰਿ ਜੂ ਆਇਆ । ਤੇਰਾ ਤੱਤ ਲਿਆ ਵਰੋਲ, ਨਾਮ ਮਧਾਣਾ ਏਕਾ ਪਾਇਆ । ਪਰਗਟ ਹੋਇਆ ਤੇਰੇ ਕੋਲ, ਨਿਰਗੁਣ ਸਰਗੁਣ ਰੂਪ ਧਰਾਇਆ । ਤੇਰੇ ਨਾਲ ਕਰੇ ਕੌਲ, ਕੀਤਾ ਕੌਲ ਭੁਲ ਨਾ ਜਾਇਆ । ਮੈਂ ਮੰਗੀ ਮੰਗ ਧਰਤ ਧੌਲ, ਧਰਨੀ ਮੇਰੇ ਕੰਮ ਕਿਸੇ ਨਾ ਰਾਇਆ । ਤੂੰ ਰਿਹੋਂ ਇਕ ਅਡੋਲ, ਚਰਨ ਕਵਲ ਸੀਸ ਝੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੀ ਧਰਨੀ ਤੇਰੀ ਝੋਲੀ ਦਏ ਵਖਾਇਆ । ਤੂੰ ਧਰਨੀ ਦਿਤਾ ਦਾਨ, ਆਪਾ ਆਪ ਵਾਰਿਆ । ਪੁਰਖ ਅਬਿਨਾਸ਼ੀ ਹੋ ਮਿਹਰਵਾਨ, ਤੇਰਾ ਕਾਜ ਸੁਆਰਿਆ । ਤੇਰੇ ਸਿਰ ਹੱਥ ਧਰੇ ਭਗਵਾਨ, ਬਾਵਨ ਆਇਆ ਚਲ ਦਵਾਰਿਆ । ਤੇਰਾ ਧਰਨੀ ਅੰਦਰ ਵਖਾਏ ਨਿਸ਼ਾਨ, ਆਪਣੀ ਹੱਥੀਂ ਆਪ ਝੁਲਾ ਰਿਹਾ । ਇੱਤਲ ਵਿੱਤਲ ਹੋਏ ਕੁਰਬਾਨ, ਸਿਤਲ ਤੇਰਾ ਰੰਗ ਵਖਾ ਰਿਹਾ । ਤਿੰਨ ਲੋਕ ਰੱਖੇ ਆਣ, ਆਪ ਆਪਣਾ ਹੁਕਮ ਜਣਾ

ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਤਲ ਲੋਕ ਆਪ ਬਹਾ ਰਿਹਾ । ਸਿਤਲ ਲੋਕ ਜਾਏ ਬਹਿਣਾ, ਸੋ ਪੁਰਖ ਨਿਰੰਜਣ ਆਪ ਜਣਾਇਆ । ਬਲ ਮੰਨਿਆ ਏਕਾ ਕਹਿਣਾ, ਨਿਉਂ ਨਿਉਂ ਸੀਸ ਝੁਕਾਇਆ । ਔਖਾ ਹੋਵੇ ਤੁਧ ਬਿਨ ਰਹਿਣਾ, ਬਿਨ ਨੇਤਰ ਦਰਸਨ ਪਾਇਆ । ਮੈਂ ਤੇਰਾ ਭਾਣਾ ਸਹਿਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਵੇਲਾ ਕਵਣ ਵਕ਼ਤ ਆਪਣਾ ਭਗਤ ਲਏਂ ਮਿਲਾਇਆ । ਪੁਰਖ ਅਬਿਨਾਸ਼ੀ ਦਇਆ ਕਮਾ, ਏਕਾ ਹੁਕਮ ਦਏ ਜਣਾਈਆ । ਸਤਿਜੁਗ ਲਿਆ ਆਪ ਪਰਨਾ, ਸਾਚਾ ਮੇਲਾ ਮੇਲ ਮਿਲਾਈਆ । ਧਰਨੀ ਥੱਲੇ ਦਿਤਾ ਦਬਾ, ਲੋਕ ਪਾਤਾਲ ਮਿਲੇ ਵਡਿਆਈਆ । ਆਕਾਸ਼ ਆਕਾਸ਼ਾਂ ਉਪਰ ਬੈਠਾ ਸ਼ਹਿਨਸ਼ਾਹ, ਸਚਖੰਡ ਆਪਣਾ ਆਸਣ ਲਾਈਆ । ਤ੍ਰੈਗੁਣ ਤੇਰੀ ਵੰਡ ਵੰਡਾ, ਤੇਰਾ ਲਹਿਣਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਸਾਚਾ ਹਰਿ, ਦੂਸਰ ਭੇਵ ਕੋਇ ਨਾ ਪਾਈਆ । ਬਲ ਰੱਖਣੀ ਆਸ, ਹਰਿ ਸਾਚਾ ਸਚ ਜਣਾਇੰਦਾ । ਦੁਆਪਰ ਤ੍ਰੇਤਾ ਰਹਿਣਾ ਉਦਾਸ, ਸਾਚਾ ਹੁਕਮ ਸੁਣਾਇੰਦਾ । ਕਲਜੁਗ ਅੰਤਮ ਖੇਲ ਕਰੇ ਪੁਰਖ ਅਬਿਨਾਸ਼, ਨਿਰਗੁਣ ਨਿਰਗੁਣ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਜਣਾਇੰਦਾ । ਤਿੰਨ ਜੁਗ ਰੱਖਣੀ ਓਟ, ਹਰਿ ਸਾਚੇ ਸਚ ਜਣਾਈਆ । ਕਲਜੁਗ ਅੰਤਮ ਪਰਗਟ ਹੋਵੇ ਨਿਰਗੁਣ ਜੋਤ, ਨਿਰਵੈਰ ਪੁਰਖ ਨਾਉਂ ਧਰਾਈਆ । ਲੇਖਾ ਜਾਣੇ ਲੱਖ ਚੁਰਾਸੀ ਕਾਇਆ ਕਿਲਾ ਕੋਟ, ਬ੍ਰਹਿਮੰਡ ਖੰਡ ਫੋਲ ਫੋਲਾਈਆ । ਵਿਸ਼ਨ ਬ੍ਰਹਮਾ ਸ਼ਿਵ ਜਾਣੇ ਓਤ ਪੋਤ, ਪਾਰਬ੍ਰਹਮ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲਹਿਣਾ ਆਪਣੇ ਹੱਥ ਰਖਾਈਆ । ਸਾਚਾ ਲਹਿਣਾ ਹੱਥ ਨਿਰੰਕਾਰ, ਦੂਸਰ ਭੇਵ ਕੋਇ ਨਾ ਪਾਇੰਦਾ । ਤ੍ਰੈਗੁਣ ਤੇਰਾ ਜਗਤ ਭੰਡਾਰ, ਜਗਤ ਜੁਗਤ ਆਪ ਵਰਤਾਇੰਦਾ । ਕ਼ਾਦਰ ਕ਼ੁਦਰਤ ਵੇਖ ਵੇਖਣਹਾਰ, ਵੇਖ ਵੇਖ ਆਪਣੀ ਖ਼ੁਸ਼ੀ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਇੰਦਾ । ਜੁਗ ਚੌਕੜੀ ਜਾਏ ਬੀਤ, ਕੋਟਨ ਕਾਲ ਕਾਲ ਬਿਤਾਈਆ । ਪੁਰਖ ਅਬਿਨਾਸ਼ੀ ਰਹੇ ਇਕ ਅਤੀਤ, ਆਦਿ ਜੁਗਾਦਿ ਵੇਖ ਵਖਾਈਆ । ਭਗਤ ਭਗਵੰਤ ਰੱਖੇ ਠਾਂਡਾ ਸੀਤ, ਸੀਤਲ ਧਾਰ ਆਪ ਵਹਾਈਆ । ਬਲ ਤੇਰੀ ਚਲਾਏ ਰੀਤ, ਕਲਜੁਗ ਅੰਤ ਲਏ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮੇਲਾ ਲਏ ਮਿਲਾਈਆ । ਬਲ ਤੇਰਾ ਮੇਲ ਮਿਲੌਣਾ, ਹਰਿ ਸਾਚਾ ਸਚ ਜਣਾਇੰਦਾ । ਸਿਤਲ ਲੋਕ ਚੋਂ ਬਾਹਰ ਕਢੌਣਾ, ਆਪਣਾ ਬੰਧਨ ਆਪ ਤੁੜਾਇੰਦਾ । ਮਾਣਸ ਮਾਨੁਖ ਫੇਰ ਬਣੌਣਾ, ਮਾਨਵ ਆਪਣੀ ਧਾਰ ਰਖਾਇੰਦਾ । ਆਪਣਾ ਕੀਤਾ ਕੌਲ ਪੂਰ ਕਰੌਣਾ, ਕੀਤਾ ਕੌਲ ਭੁਲ ਨਾ ਜਾਇੰਦਾ । ਤੇਰਾ ਧਾਮ ਫੇਰ ਸੁਹੌਣਾ, ਧਰਨੀ ਧਰਤ ਧਵਲ ਵਡਿਆਇੰਦਾ । ਤੇਰੇ ਘਰ ਮਠ ਤਪੌਣਾ, ਅਗਨੀ ਜੋਤ ਲੰਬੂ ਲਾਇੰਦਾ । ਤ੍ਰੈਗੁਣ ਮਾਇਆ ਵਿਚ ਟਿਕੌਣਾ, ਸਾਚਾ ਹੁਕਮ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਖਿਲਾਇੰਦਾ । ਕਰੇ ਖੇਲ ਆਪ ਗੋਬਿੰਦ, ਮਹਿਮਾ ਅਕਥ ਕਥੀ ਨਾ ਜਾਈਆ । ਅੰਤਮ ਮੇਟੇ ਤੇਰੀ ਚਿੰਦ, ਜੁਗ ਚੌਕੜੀ ਪਾਰ ਕਰਾਈਆ । ਕਰੇ ਖੇਲ ਗੁਣੀ ਗਹਿੰਦ, ਗਹਿਰ ਗੰਭੀਰ ਵਡੀ ਵਡਿਆਈਆ । ਆਪ ਬਣਾਏ ਆਪਣੀ ਬਿੰਦ, ਗੁਰਮੁਖ ਸਾਚਾ ਨਾਉਂ ਧਰਾਈਆ । ਅੰਮ੍ਰਿਤ ਧਾਰ ਵਹਾਏ ਸਾਗਰ ਸਿੰਧ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

੧੦੮੫ ੧੦

ਕਰ, ਆਪਣਾ ਲਹਿਣਾ ਆਪ ਮੁਕਾਈਆ । ਤ੍ਰੈਗੁਣ ਵੇਖ ਕਰ ਧਿਆਨ, ਆਦਿ ਪੁਰਖ ਸਮਝਾਇਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਬੀਤੇ ਵਿਚ ਜਹਾਨ, ਅੰਤਮ ਵੇਲਾ ਦਏ ਸਮਝਾਇਆ । ਪਰਗਟ ਹੋਏ ਸ੍ਰੀ ਭਗਵਾਨ, ਨਿਰਗੁਣ ਜੋਤੀ ਜਾਮਾ ਪਾਇਆ । ਦੋ ਜਹਾਨ ਝੁਲਾਏ ਨਿਸ਼ਾਨ, ਆਪ ਆਪਣੇ ਹੱਥ ਟਿਕਾਇਆ । ਲੱਖ ਚੁਰਾਸੀ ਬਣੇ ਸਾਚਾ ਕਾਹਨ, ਏਕਾ ਵਾਰ ਦਏ ਉਠਾਇਆ । ਏਕਾ ਦੇਵੇ ਧੁਰ ਫ਼ਰਮਾਨ, ਜੁਗ ਜੁਗ ਏਕਾ ਦਏ ਸੁਣਾਇਆ । ਚਾਰ ਵੇਦ ਹੋਣ ਹੈਰਾਨ, ਬ੍ਰਹਮਾ ਬੈਠੇ ਮੁਖ ਸ਼ਰਮਾਇਆ । ਅਠਾਰਾਂ ਪੁਰਾਨ ਸਰਬ ਕੁਰਲਾਣ, ਵੇਲਾ ਗਿਆ ਹੱਥ ਨਾ ਆਇਆ । ਸ਼ਾਸਤਰ ਸਿਮਰਤ ਨਾ ਕਰਨ ਪਛਾਣ, ਨੇਤਰ ਨੈਣ ਨਾ ਕੋਇ ਖੁਲ੍ਹਾਇਆ । ਗੀਤਾ ਗਿਆਨ ਨਾ ਕੋਇ ਵਿਧਾਨ, ਭਰਮੇ ਭੁੱਲੀ ਸਰਬ ਲੋਕਾਇਆ । ਅੰਜੀਲ ਕ਼ੁਰਾਨ ਹੋਏ ਬੇਈਮਾਨ, ਸਾਚਾ ਕਲਮਾ ਨਾ ਕੋਇ ਪੜ੍ਹਾਇਆ । ਆਲਮ ਉਲਮਾ ਨਾ ਕੋਇ ਜਹਾਨ, ਕਾਤਬ ਕੋਇ ਨਜ਼ਰ ਨਾ ਆਇਆ । ਸਾਚੇ ਤਖ਼ਤ ਬਹਿ ਸ੍ਰੀ ਭਗਵਾਨ, ਮੁਕਾਮੇ ਹੱਕ ਡੇਰਾ ਲਾਇਆ । ਈਸਾ ਮੂਸਾ ਦੇਵੇ ਧੁਰ ਫ਼ਰਮਾਨ, ਸੰਗ ਮੁਹੰਮਦ ਨਾਲ ਰਲਾਇਆ । ਏਕਾ ਕਲਮਾ ਸ਼ਰਅ ਸ਼ਰੀਅਤ ਦੇਵੇ ਆਣ, ਆਲਮੀਨ ਆਪ ਪੜ੍ਹਾਇਆ । ਪਰਗਟ ਹੋਏ ਨੌਜਵਾਨ, ਸ਼ਾਹਸਵਾਰ ਵੇਸ ਵਟਾਇਆ । ਨਾਨਕ ਗੋਬਿੰਦ ਕਰ ਪਰਵਾਨ, ਧੁਰ ਫ਼ਰਮਾਨਾ ਇਕ ਸੁਣਾਇਆ । ਅੰਤਮ ਪਰਗਟ ਹੋਏ ਨਿਹਕਲੰਕ ਬਲੀ ਬਲਵਾਨ, ਸਭ ਦਾ ਲੇਖਾ ਦਏ ਮਿਟਾਇਆ । ਜੁਗ ਚੌਕੜੀ ਗੁਰ ਅਵਤਾਰ ਜਿਸ ਦਾ ਗੌਂਦੇ ਰਹੇ ਗਾਣ, ਨਿਉਂ ਨਿਉਂ ਬੈਠੇ ਸੀਸ ਝੁਕਾਇਆ । ਪੀਰ ਪੈਗ਼ੰਬਰ ਔਲੀਏ ਸ਼ੇਖ਼ ਮੁੱਲਾ ਮਸਾਇਕ ਜਿਸ ਦੀ ਮੰਨਦੇ ਰਹੇ ਆਣ, ਸੋ ਦਸਤਗੀਰ ਆਪਣਾ ਵੇਸ ਲਏ ਵਟਾਇਆ । ਜਿਸ ਫ਼ਰਮਾਨਾ ਦਿਤਾ ਅੰਜੀਲ ਕ਼ੁਰਾਨ, ਜਿਸ ਹੁਕਮ ਸੁਣਾਇਆ । ਅਠਾਰਾਂ ਪੁਰਾਨ ਜਿਸ ਵੇਦ ਚਾਰ ਦਿਤਾ ਬ੍ਰਹਮੇ ਬ੍ਰਹਮ ਗਿਆਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਆਪਣਾ ਵੇਸ ਕਰਾਇਆ । ਨਿਰਗੁਣ ਅੰਤਮ ਵੇਸ ਕਰੌਣਾ, ਵੇਸ ਅਵੱਲੜਾ ਆਪ ਵਟਾਈਆ । ਜੁਗ ਜੁਗ ਦਾ ਲੇਖਾ ਪੂਰ ਕਰੌਣਾ, ਲੇਖਾ ਆਪਣੇ ਹੱਥ ਰਖਾਈਆ । ਗੁਰ ਅਵਤਾਰ ਭਾਣਾ ਸਰਬ ਮਨੌਣਾ, ਆਪਣੇ ਭਾਣੇ ਸਰਬ ਰਖਾਈਆ । ਆਪਣਾ ਭੇਵ ਨਾ ਕਿਸੇ ਜਣੌਣਾ, ਬੇਅੰਤ ਬੇਅੰਤ ਬੇਅੰਤ ਕਹਿ ਕਹਿ ਜਾਣ ਗਾਈਆ । ਆਪਣਾ ਖੇਲ ਆਪ ਕਰੌਣਾ, ਖ਼ਾਲਕ ਖ਼ਲਕ ਵੇਖੇ ਚਾਈਂ ਚਾਈਆ । ਕਲਜੁਗ ਅੰਤਮ ਵੇਸ ਵਟੌਣਾ, ਨਿਹਕਲੰਕਾ ਨਾਉਂ ਰਖਾਈਆ । ਬਲ ਤੇਰਾ ਮਾਣ ਮਾਤ ਰਖੌਣਾ, ਤੇਰੀ ਭੂਮੀ ਦਾਨ ਤੇਰੇ ਲੇਖੇ ਲਾਈਆ । ਤੇਰਾ ਪੱਕਿਆ ਪਕਵਾਨ ਫੇਰ ਤੇਰੀ ਝੋਲੀ ਪੌਣਾ, ਤ੍ਰੈਗੁਣ ਤੇਰੀ ਭੱਠੀ ਵਿਚ ਡਾਹੀਆ । ਤੇਰਾ ਬੰਕ ਦਵਾਰ ਸੁਹੌਣਾ, ਬੰਕ ਦਵਾਰੀ ਆਵੇ ਵਾਹੋ ਦਾਹੀਆ । ਲੱਖ ਚੁਰਾਸੀ ਭਰਮ ਭੁਲੌਣਾ, ਗੂੜ੍ਹੀ ਨੀਂਦ ਸਰਬ ਸੁਆਈਆ । ਪੂਰਬ ਲਹਿਣਾ ਤੇਰਾ ਅੰਤ ਮੁਕੌਣਾ, ਦੇਣਾ ਕੋਇ ਰਹੇ ਨਾ ਰਾਈਆ । ਤੇਰਾ ਗਹਿਣਾ ਤੇਰੇ ਤਨ ਸ਼ੰਗਾਰ ਕਰੌਣਾ, ਵੇਖੇ ਵੇਖਣਹਾਰਾ ਸੱਚਾ ਮਾਹੀਆ । ਤੇਰਾ ਪਰਕਾਸ਼ ਡਗਮਗੌਣਾ, ਸੂਰਜ ਚੰਦ ਮੁਖ ਸ਼ਰਮਾਈਆ । ਸਤਿਜੁਗ ਸਾਚਾ ਮਾਰਗ ਲੌਣਾ, ਤੇਰੀ ਧਾਰ ਫੇਰ ਲਏ ਪਰਗਟਾਈਆ । ਇਕੀ ਜੇਠ ਦਿਵਸ ਸੁਹੌਣਾ, ਤ੍ਰੈਗੁਣ ਤੇਰਾ ਪੰਧ ਮੁਕਾਈਆ । ਇਕੀ ਪਰਵਾਰ ਬੰਧਨ ਪੌਣਾ, ਨਾ ਕੋਈ ਤੋੜ ਤੁੜਾਈਆ । ਤੇਰੇ ਮਸਤਕ ਟਿੱਕਾ ਚੰਦਨ ਲੌਣਾ, ਚਰਨ ਧੂੜੀ ਬਖ਼ਸ਼ੇ ਸਾਚੀ ਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤ੍ਰੈਗੁਣ ਤੇਰਾ ਲਹਿਣਾ ਦਏ ਚੁਕਾਈਆ । ਤ੍ਰੈਗੁਣ ਤੇਰੀ ਬੱਧੀ ਧਾਰ, ਸੋ ਪੁਰਖ ਨਿਰੰਜਣ ਦਇਆ ਕਮਾਈਆ । ਬਲ ਆਇਆ ਵਿਚ ਸੰਸਾਰ, ਹਰਿ ਭਾਣੇ ਸਦ

ਸਮਾਈਆ । ਗੁਰੂ ਦਇਆ ਭਇਆ ਲਾਲ, ਗੁਰ ਦਿਆਲ ਨਾਉਂ ਧਰਾਈਆ । ਨੇੜ ਨਾ ਆਏ ਕਾਲ ਮਹਾਕਾਲ, ਪੁਰਖ ਅਬਿਨਾਸ਼ੀ ਹੋਏ ਸਹਾਈਆ । ਤ੍ਰੈਗੁਣ ਤੇਰਾ ਤੋੜ ਜੰਜਾਲ, ਕਲਜੁਗ ਭੱਠੀ ਵਿਚ ਤਪਾਈਆ । ਤੇਈ ਮੱਘਰ ਸੁਰਤ ਸੰਭਾਲ, ਸਾਧ ਸੰਗਤ ਗਿਆ ਸਮਝਾਈਆ । ਭੱਠੀ ਪੁੱਟੀ ਆਪ ਅਕਾਲ, ਕੁਦਰਤ ਕ਼ਾਦਰ ਭੇਵ ਨਾ ਰਾਈਆ । ਚੁਰ ਵੇਖੇ ਦੀਨ ਦਿਆਲ, ਚੋਰੀ ਕਰਕੇ ਗਿਆ ਨਜ਼ਰ ਨਾ ਆਈਆ । ਆਪਣੀ ਹੱਥੀਂ ਪੰਜ ਪਿਆਰੇ ਲਿਆਂਦੇ ਨਾਲ, ਇਕ ਇਕ ਟਪ ਗਿਆ ਲਗਾਈਆ । ਪੰਜਾਂ ਦੇਵੇ ਏਕਾ ਦਾਤ, ਦਾਤਾ ਦਾਨੀ ਆਪ ਸਮਝਾਈਆ । ਨਿਰਗੁਣ ਨਾਨਕ ਦਿਤਾ ਸਾਥ, ਦਰ ਆਇਆ ਚਲ ਕੇ ਘਰ ਸਾਚੇ ਸੱਚਾ ਮਾਹੀਆ । ਚੌਕਾ ਛੀਕਾ ਵੇਖ ਵਿਚਾਰ, ਦਸਵੀਂ ਸੱਤਰ ਖੇਲ ਅਪਾਰ, ਆਪਣਾ ਲੇਖਾ ਗਿਆ ਵਖਾਈਆ । ਚੌਕਾ ਛੀਕਾ ਦਿਤਾ ਉਲਟਾ, ਛੀਕਾ ਚੌਕੇ ਪਿਛੇ ਲਗਾ, ਆਪਣਾ ਪਰਦਾ ਗਿਆ ਖੁਲ੍ਹਾਈਆ । ਬਾਵਨ ਰੂਪ ਆਪ ਅਖਵਾ, ਬਲ ਮੇਲੇ ਸਹਿਜ ਸੁਭਾਈਆ । ਸਤਿਜੁਗ ਤ੍ਰੇਤਾ ਦੁਆਪਰ ਪਾਰ ਕਰਾ, ਕਲਜੁਗ ਅੰਤਮ ਵੇਖੇ ਆ, ਨਿਰਗੁਣ ਆਪਣਾ ਰੂਪ ਵਟਾਈਆ । ਕਲਜੁਗ ਤੇਰਾ ਲਹਿਣਾ ਲਹਿਣੇ ਦੇਵੇ ਪਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭਾਣਾ ਆਪ ਵਰਤਾਈਆ । ਆਪਣਾ ਭਾਣਾ ਹਰਿ ਵਰਤੌਣਾ, ਭੇਵ ਕੋਇ ਨਾ ਪਾਇੰਦਾ । ਇਕੀ ਜੇਠ ਦਿਵਸ ਸੁਹੌਣਾ, ਤ੍ਰੈਗੁਣ ਤੇਰਾ ਮੁਲ ਚੁਕਾਇੰਦਾ । ਤੇਈ ਮੱਘਰ ਰੰਗ ਰੰਗੌਣਾ, ਸੰਮਤ ਸੋਲਾਂ ਵੇਖ ਵਖਾਇੰਦਾ । ਸਾਚਾ ਹੁਕਮ ਆਪ ਮਨੌਣਾ, ਸਦ ਭਾਣੇ ਆਪ ਰਹਾਇੰਦਾ । ਕਲਜੁਗ ਤੇਰਾ ਖੇੜਾ ਢੌਣਾ, ਜੋ ਘੜਿਆ ਭੰਨ ਵਖਾਇੰਦਾ । ਨੌਂ ਖੰਡ ਪ੍ਰਿਥਮੀ ਕੋਈ ਨਜ਼ਰ ਨਾ ਔਣਾ, ਜੋ ਹਰਿ ਹਰਿ ਨਾਮ ਭੁਲਾਇੰਦਾ । ਨਿਰਗੁਣ ਹੋ ਹੋ ਚਾਰ ਕੁੰਟ ਭੌਣਾ, ਦਹਿ ਦਿਸ਼ਾ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰਾ ਆਪ ਬੰਧਾਇੰਦਾ । ਸਾਚੀ ਧਾਰਾ ਬੰਧੇ ਹਰਿ, ਤੇਈ ਮੱਘਰ ਹੁਕਮ ਸੁਣਾਇਆ । ਕਲਜੁਗ ਚਰਨ ਡਿਗਾ ਦੜ, ਨੇਤਰ ਨੈਣਾਂ ਨੀਰ ਵਹਾਇਆ । ਨਿਰਭੈ ਆਵੇ ਤੇਰੇ ਕੋਲੋਂ ਡਰ, ਮੈਂ ਨੇਤਰ ਨੈਣ ਸ਼ਰਮਾਇਆ । ਤ੍ਰੈਗੁਣ ਮੇਰੀ ਗਈ ਹਰ, ਨਾ ਕੋਈ ਸਕੇ ਭਾਰ ਵੰਡਾਇਆ । ਲੱਖ ਚੁਰਾਸੀ ਬੈਠੀ ਅੜ, ਅੱਗੇ ਰਾਹ ਨਾ ਕੋਇ ਵਖਾਇਆ । ਤੂੰ ਘਾੜਨ ਲਿਆ ਆਪੇ ਘੜ, ਵਿਸ਼ਨ ਬ੍ਰਹਮਾ ਸ਼ਿਵ ਸੇਵ ਕਮਾਇਆ । ਏਕਾ ਦੇਣਾ ਸਾਚਾ ਵਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੈਂ ਮੰਗਣ ਦਰ ਦਵਾਰੇ ਆਇਆ । ਕਿਰਪਾ ਕਰ ਸ੍ਰੀ ਭਗਵਾਨ, ਅੰਤਮ ਮੰਗ ਮੰਗਾਈਆ । ਏਕਾ ਦੇਣਾ ਸੱਚਾ ਦਾਨ, ਜਿਸ ਦਿਤਿਆਂ ਤੋਟ ਰਹੇ ਨਾ ਰਾਈਆ । ਮੇਰੀ ਲੁੱਟੀ ਗਈ ਦੁਕਾਨ, ਵਸਤ ਕੋਇ ਰਹਿਣ ਨਾ ਪਾਈਆ । ਮੈਂ ਹੋਇਆ ਅੰਤ ਹੈਰਾਨ, ਚਾਰ ਯਾਰੀ ਬੈਠੀ ਮੁਖ ਭਵਾਈਆ । ਮਾਣ ਟੁੱਟਾ ਗੋਪੀ ਕਾਹਨ, ਗਾਣ ਹੋਰ ਨਾ ਕੋਇ ਜਣਾਈਆ । ਈਸਾ ਮੂਸਾ ਸਰਬ ਕੁਰਲਾਨ, ਸੰਗ ਮੁਹੰਮਦ ਨੈਣ ਸ਼ਰਮਾਈਆ । ਅੱਲਾ ਰਾਣੀ ਨਾਲ ਰਕਾਣ, ਮੁਖ ਘੁੰਗਟ ਬੈਠੀ ਪਾਈਆ । ਅੰਤ ਕਰੇ ਨਾ ਕੋਇ ਪਰਵਾਨ, ਬੇਨਕਾਹੀ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮੇਰੀ ਅੰਤਮ ਆਸ ਪੁਚਾਈਆ । ਕਲਜੁਗ ਤੇਰੀ ਅੰਤਮ ਆਸਾ, ਸੋ ਪੁਰਖ ਨਿਰੰਜਣ ਪੂਰ ਕਰਾਇੰਦਾ । ਚੌਥੇ ਜੁਗ ਦਏ ਧਰਵਾਸਾ, ਧੀਰਜ ਧੀਰ ਆਪ ਧਰਾਇੰਦਾ । ਵੇਖੇ ਖੇਲ ਪ੍ਰਿਥਮੀ ਆਕਾਸਾ, ਗਗਨ ਗਗਨੰਤਰ ਫੋਲ ਫੋਲਾਇੰਦਾ । ਜੋ ਉਪਜੇ ਸੋ ਅੰਤ ਵਿਨਾਸਾ, ਥਿਰ ਕੋਇ ਰਹਿਣ ਨਾ ਪਾਇੰਦਾ । ਘਰ ਘਰ ਵਖਾਵਾਂ ਖ਼ਾਲੀ ਕਾਸਾ, ਆਪਣੀ ਕਲ ਆਪਣੇ ਹੱਥ ਰਖਾਇੰਦਾ । ਗੁਰਮੁਖ ਵਿਰਲੇ

੧੦੮੭

ਅੰਦਰ ਕਰਾਂ ਵਾਸਾ, ਜਿਸ ਜਨ ਆਪਣੀ ਬੂਝ ਬੁਝਾਇੰਦਾ । ਨੰਨ੍ਹਾ ਨਿਰਗੁਣ ਗੋਬਿੰਦ ਹੋਇਆ ਦਾਸਾ, ਪੁਰਖ ਅਕਾਲ ਇਕ ਧਿਆਇੰਦਾ । ਏਕਾ ਮੰਡਲ ਏਕਾ ਰਾਸਾ, ਏਕਾ ਨਗਰੀ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਅੰਤ ਆਪ ਸਮਝਾਇੰਦਾ । ਕਲਜੁਗ ਅੰਤ ਉਠਣਾ ਜਾਗ, ਹਰਿ ਸਾਚਾ ਸਚ ਜਣਾਇੰਦਾ । ਪੁਰਖ ਅਬਿਨਾਸ਼ੀ ਲੈਣਾ ਭਾਗ, ਲੋਕਮਾਤ ਵੇਸ ਵਟਾਇੰਦਾ । ਗੁਰਮੁਖ ਜਗੌਣੇ ਸਚ ਚਿਰਾਗ਼, ਵਿਸ਼ਨ ਬ੍ਰਹਮਾ ਸ਼ਿਵ ਮਿਟਾਇੰਦਾ । ਇੰਦਰ ਤੋੜੇ ਅੰਤਮ ਤਾਗ, ਤਖ਼ਤ ਤਾਜ ਨਾ ਕੋਇ ਸੁਹਾਇੰਦਾ । ਧਰੂ ਲੈ ਕੇ ਜਾਏ ਆਪਣਾ ਲਾਗ, ਪਿਛਲੀ ਕੀਤੀ ਝੋਲੀ ਪਾਇੰਦਾ । ਚਾਰ ਜੁਗ ਦਾ ਵੇਖ ਵੈਰਾਗ, ਗੋਬਿੰਦ ਸੁਤ ਆਪ ਉਪਜਾਇੰਦਾ । ਚਾਰੇ ਸੁਤ ਧੋਵਣ ਦਾਗ਼, ਦੁਰਮਤ ਮੈਲ ਆਪ ਧਵਾਇੰਦਾ । ਅੰਤਮ ਖੇਲ ਕਰੇ ਆਪ ਮਹਾਰਾਜ, ਰੂਪ ਅਨੂਪ ਆਪ ਵਟਾਇੰਦਾ । ਤੇਰਾ ਰਚ ਆਪਣੀ ਹੱਥੀ ਕਾਜ, ਦੋ ਜਹਾਨਾਂ ਗੰਢ ਪਵਾਇੰਦਾ । ਗੁਰ ਅਵਤਾਰਾਂ ਪਏ ਭਾਜ, ਭਗਤ ਭਗਵੰਤ ਦਰ ਬੁਲਾਇੰਦਾ । ਰਾਜ ਰਾਜਾਨ ਸੀਸ ਛੱਡਣ ਤਾਜ, ਸਾਚਾ ਤਖ਼ਤ ਨਾ ਕੋਇ ਸੁਹਾਇੰਦਾ । ਕਲਜੁਗ ਨੱਯਾ ਡੋਲੇ ਜਹਾਜ਼, ਚੱਪੂ ਕੋਇ ਨਾ ਨਾਮ ਲਗਾਇੰਦਾ । ਲੱਖ ਚੁਰਾਸੀ ਉਘੜੇ ਪਾਜ, ਮੁਲੱਮਾ ਅੰਤ ਰਹਿਣ ਨਾ ਪਾਇੰਦਾ । ਚਾਰੋਂ ਕੁੰਟ ਵੇਖੇ ਹਾਜੀ ਹਾਜ, ਮੰਦਰ ਮਸਜਿਦ ਮਠ ਸ਼ਿਵਦਵਾਲੇ ਫੋਲ ਫੋਲਾਇੰਦਾ । ਲਹਿਣਾ ਦੇਣਾ ਵੇਖੇ ਤੀਰਥ ਤਾਟ, ਗੰਗਾ ਗੋਦਾਵਰੀ ਜਮਨਾ ਸੁਰਸਤੀ ਆਪਣੇ ਚਰਨਾਂ ਹੇਠ ਦਬਾਇੰਦਾ । ਏਕਾ ਖੋਲ੍ਹੇ ਸੱਚਾ ਹਾਟ, ਜਿਸ ਦਵਾਰੇ ਗੁਰਸਿਖ ਆਪ ਪਰਗਟਾਇੰਦਾ । ਕਰੇ ਖੇਲ ਬਾਜ਼ੀਗਰ ਨਾਟ, ਸਵਾਂਗੀ ਆਪਣਾ ਸਾਂਗ ਵਰਤਾਇੰਦਾ । ਕਲਜੁਗ ਤੇਰੀ ਮੇਟੇ ਅੰਧੇਰੀ ਰਾਤ, ਸਾਚਾ ਚੰਦ ਆਪ ਚੜ੍ਹਾਇੰਦਾ । ਆਪ ਬੰਧਾਏ ਆਪਣਾ ਨਾਤ, ਨਾਤਾ ਬਿਧਾਤਾ ਜੋੜ ਜੁੜਾਇੰਦਾ । ਆਪੇ ਹੋਏ ਪਿਤਾ ਮਾਤ, ਗੁਰਮੁਖ ਸਾਚੀ ਗੋਦ ਬਹਾਇੰਦਾ । ਬਲ ਦਿਤੀ ਸਾਚੀ ਦਾਤ, ਕਲਜੁਗ ਅੰਤਮ ਸਿੰਘ ਗੁਰਦਿਆਲ ਪੂਰ ਕਰਾਇੰਦਾ । ਅੰਤਮ ਉਤਰਿਆ ਪੂਰੇ ਘਾਟ, ਪਾਰ ਕਿਨਾਰਾ ਇਕ ਰਖਾਇੰਦਾ । ਮਲਾਹ ਬਣਿਆ ਪੁਰਖ ਸਮਰਾਥ, ਜਿਸ ਦਾ ਬੇੜਾ ਨਾ ਕੋਇ ਅਟਕਾਇੰਦਾ । ਜਿਸ ਨੂੰ ਗੌਂਦੇ ਰਹੇ ਤ੍ਰਿਲੋਕੀ ਨਾਥ, ਸੋ ਨਾਥ ਅਨਾਥਾਂ ਵੇਸ ਵਟਾਇੰਦਾ । ਜਿਸ ਦੀ ਵਸਤ ਆਈ ਨਾ ਕਿਸੇ ਹਾਥ, ਸੋ ਆਪਣਾ ਭੇਵ ਖੁਲ੍ਹਾਇੰਦਾ । ਜਿਸ ਦਾ ਤਿਲਕ ਲਗੌਂਦੇ ਰਹੇ ਮਸਤਕ ਮਾਥ, ਸੋ ਜੋਤ ਲਲਾਟ ਆਪ ਜਗਾਇੰਦਾ । ਖੇਲੇ ਖੇਲ ਦਿਵਸ ਰਾਤ, ਦਾਈ ਦਾਇਆ ਰੂਪ ਵਖਾਇੰਦਾ । ਗੁਰਸਿਖ ਅੰਤਮ ਮਿਲਿਆ ਆਪਣੀ ਜ਼ਾਤ, ਜਗਤ ਜ਼ਾਤੀ ਆਪ ਤੁੜਾਇੰਦਾ । ਨਾ ਕੋਈ ਸੱਜਣ ਨਾ ਕੋਈ ਸਾਕ, ਸਰਬ ਜੀਆਂ ਗੁਰਸਿਖ ਇਹ ਸਮਝਾਇੰਦਾ । ਪੁਰਖ ਅਬਿਨਾਸ਼ੀ ਅੰਤਮ ਖੋਲ੍ਹਿਆ ਏਕਾ ਤਾਕ, ਮਨਮੁਖਾਂ ਨਜ਼ਰ ਕਿਸੇ ਨਾ ਆਇੰਦਾ । ਦੂਰ ਦੁਰਾਡੇ ਸਾਧ ਸੰਤ ਰਹੇ ਝਾਕ, ਅੰਦਰ ਵੜ ਦਰਸ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰਾ ਲਹਿਣਾ ਤੇਰੀ ਝੋਲੀ ਪਾਇੰਦਾ । ਕਲਜੁਗ ਤੇਰਾ ਲਹਿਣਾ ਮੰਗੇ ਬਲੀਦਾਨ, ਬਲ ਬਾਵਨ ਹੁਕਮ ਸੁਣਾਇਆ । ਤ੍ਰੇਤਾ ਮੇਟੇ ਰਾਮ ਰਾਵਣ ਆਣ, ਰੂਪ ਅਨੂਪ ਧਰਾਇਆ । ਦੁਆਪਰ ਖੇਲ ਕਰੇ ਕੰਸਾ ਕਾਹਨ, ਆਪ ਆਪਣਾ ਬਲ ਵਖਾਇਆ । ਕਲਜੁਗ ਅੰਤਮ ਹੋ ਪਰਧਾਨ, ਨਿਹਕਲੰਕਾ ਜਾਮਾ ਪਾਇਆ । ਤੇਰਾ ਮੇਟੇ ਝੂਠ ਨਿਸ਼ਾਨ, ਹੁਕਮੀ ਹੁਕਮ ਆਪ ਸੁਣਾਇਆ । ਇਕੀ ਜੇਠ ਦਿਵਸ ਮਹਾਨ, ਗੁਰ ਗੋਬਿੰਦ ਰੰਗ ਰੰਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਬੰਧਨ ਆਪੇ ਪਾਇਆ । ਗੋਬਿੰਦ ਬੰਧਨ ਗੁਰਮੁਖ ਰੰਗ, ਗੁਰ ਗੁਰ ਗੁਰ ਵਡਿਆਈਆ ।

੧੦੮੮
੧੦

ਪੂਤ ਸਪੂਤਾ ਮੰਗੀ ਮੰਗ, ਪੀਤ ਪੀਤੰਬਰ ਦਏ ਵਡਿਆਈਆ । ਸਾਚੀ ਸੇਜਾ ਵੇਖ ਪਲੰਘ, ਪਰਮ ਪੁਰਖ ਬੈਠਾ ਆਸਣ ਲਾਈਆ । ਅੱਠੇ ਪਹਿਰ ਨਾਦ ਮਰਦੰਗ, ਤੁਰੀਆ ਰਾਗ ਸੁਣਾਈਆ । ਕਰੇ ਖੇਲ ਸੂਰਾ ਸਰਬੰਗ, ਸੂਰਬੀਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਈਆ । ਹੁਕਮੇ ਅੰਦਰ ਸਚ ਵਰਤਾਰਾ, ਵਰਤਮਾਨ ਵਰਤਾਇਆ । ਗੋਬਿੰਦ ਮਿਲਿਆ ਮੀਤ ਮੁਰਾਰਾ, ਗੋਬਿੰਦ ਹਰਿ ਹਰਿ ਦਰਸ਼ਨ ਪਾਇਆ । ਹਰਿ ਹਰਿ ਆਇਆ ਚਲ ਦਵਾਰਾ, ਦਰ ਘਰ ਸਾਚੇ ਭਾਗ ਲਗਾਇਆ । ਪੂਰਬ ਲਹਿਣਾ ਜਗਤ ਵਿਚਾਰਾ, ਨੇਤਰ ਨੈਣਾਂ ਪਰਦਾ ਲਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਸਿਰ ਆਪਣਾ ਹੱਥ ਟਿਕਾਇਆ । ਸਾਚਾ ਵਰ ਸ੍ਰੀ ਭਗਵਾਨ, ਭਗਤਨ ਝੋਲੀ ਪਾਈਆ । ਲੇਖਾ ਜਾਣੇ ਜੀਵ ਜਹਾਨ, ਜੁਗਤ ਜਗਤ ਖੇਲ ਖਿਲਾਈਆ । ਸੁਤ ਦੁਲਾਰਾ ਕਰ ਪਰਵਾਨ, ਪੂਤ ਸਪੂਤ ਹੋਏ ਸਹਾਈਆ । ਜੋਤੀ ਜੋਤ ਸਰਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪ ਵਖਾਈਆ । ਸਾਚਾ ਲੇਖਾ ਗੋਬਿੰਦ ਧਾਰ, ਹਰਿ ਸਾਚਾ ਸਚ ਜਣਾਇੰਦਾ । ਡੱਲੇ ਮਿਲਿਆ ਝੱਲਾ ਯਾਰ, ਝਲਕ ਆਪਣੀ ਆਪ ਵਖਾਇੰਦਾ । ਜੀਂਵਦਿਆਂ ਮਰਿਆ ਵਿਚ ਸੰਸਾਰ, ਆਪਣੀ ਮਰਨੀ ਜਗਤ ਸਮਝਾਇੰਦਾ । ਜਿਸ ਮਿਲਿਆ ਇਕ ਨਿਰੰਕਾਰ, ਦੂਸਰ ਓਟ ਨਾ ਕੋਇ ਤਕਾਇੰਦਾ । ਹੱਡੀਆਂ ਬਾਲਣ ਕਰ ਤਿਆਰ, ਕਲਜੁਗ ਤੇਰੀ ਭੱਠੀ ਆਪ ਤਪਾਇੰਦਾ । ਹੱਡ ਮਾਸ ਨਾੜੀ ਰਤ ਦਿਤੀ ਡਾਰ, ਹਵਨੀ ਹਵਨ ਆਪ ਵਖਾਇੰਦਾ । ਬਿਰਹੋਂ ਸੜ ਸੜ ਹੋਇਆ ਅੰਗਿਆਰ, ਬਿਰਹੋਂ ਰੂਪ ਨਜ਼ਰ ਕਿਸੇ ਨਾ ਆਇੰਦਾ । ਬਾਹਰੋਂ ਦਿਸਦਾ ਰਿਹਾ ਸਿੰਘ ਗੁਰਦਿਆਲ, ਅੰਦਰ ਕ਼ਾਦਰ ਖੇਲ ਖਿਲਾਇੰਦਾ । ਆਪਣੀ ਹੱਥੀਂ ਕੋਹਿਆ ਆਪਣਾ ਲਾਲ, ਕਲਜੁਗ ਤੇਰੀ ਕਿਰਿਆ ਮੇਟ ਮਿਟਾਇੰਦਾ । ਸਤਿਜੁਗ ਸਾਚੀ ਬਣੇ ਧਰਮਸਾਲ, ਜਿਸ ਦਰ ਤੇਰੀ ਭੱਠੀ ਲੋਹ ਤਪਾਇੰਦਾ । ਸਾਚੇ ਦਰ ਸੋਹਣ ਸ਼ਾਹ ਕੰਗਾਲ, ਊਚ ਨੀਚ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਹੁਕਮ ਆਪ ਵਰਤਾਇੰਦਾ । ਗੁਰਸਿਖ ਤੇਰੇ ਨਾਉਂ ਵਡਿਆਈ, ਗੁਰ ਸਤਿਗੁਰ ਸਦਾ ਸਾਲਾਹਿੰਦਾ । ਸਚਖੰਡ ਤੇਰੀ ਵੱਜਦੀ ਰਹੇ ਵਧਾਈ, ਦੂਸਰ ਤਾਲ ਨਾ ਕੋਇ ਵਜਾਇੰਦਾ । ਪਾਰਬ੍ਰਹਮ ਕਰੇ ਕੁੜਮਾਈ, ਨਾਤਾ ਹੋਰ ਨਾ ਕੋਇ ਵਖਾਇੰਦਾ । ਏਕਾ ਘਰ ਦਏ ਬਹਾਈ, ਦੂਜਾ ਦਰ ਨਾ ਕੋਇ ਜਣਾਇੰਦਾ । ਆਦਿ ਜੁਗਾਦਿ ਮਿਲੇ ਚਾਈਂ ਚਾਈਂ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਭਗਤ ਭਗਵੰਤ ਉਠਾਏ ਫੜ ਫੜ ਬਾਂਹੀਂ, ਆਪ ਆਪਣੇ ਗਲੇ ਲਗਾਇੰਦਾ । ਆਪੇ ਕਰੇ ਸਾਚਾ ਸਗਨ, ਨਾ ਕੋਈ ਸਦੇ ਨਾਇਣ ਨਾਈ, ਝੀਵਰ ਛੀਂਬਾ ਨਾ ਕੋਇ ਰਲਾਇੰਦਾ । ਗੋਬਿੰਦ ਏਕਾ ਮੱਤ ਗਿਆ ਸਮਝਾਈ, ਬਿਨ ਸਤਿਗੁਰ ਪਾਰ ਨਾ ਕੋਇ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਮਾਰਗ ਆਪ ਲਗਾਇੰਦਾ । ਜੋ ਜਨ ਰੋਵੇ ਜਗਤ ਪਰਾਣੀ, ਤਿਸ ਦਰਗਹਿ ਠੌਰ ਨਾ ਰਾਈਆ । ਮਿਲੇ ਦਰ ਨਾ ਸ਼ਾਹ ਸੁਲਤਾਨੀ, ਜੂਨੀ ਜੂਨ ਭਵਾਈਆ । ਜਨਮ ਜਨਮ ਵਿਚ ਆਏ ਹਾਨੀ, ਧੀਰਜ ਧੀਰ ਨਾ ਕੋਇ ਧਰਾਈਆ । ਏਕਾ ਵੱਜਦੀ ਰਹੇ ਕਾਨੀ, ਚਿੰਤਾ ਦੁੱਖ ਵਖਾਈਆ । ਕਿਸੇ ਕੰਮ ਨਾ ਆਏ ਪੜ੍ਹੀ ਬਾਣੀ, ਜੋ ਅੰਤ ਨੇਤਰ ਨੈਣਾਂ ਨੀਰ ਵਹਾਈਆ । ਸਤਿਗੁਰ ਪੂਰੇ ਨੂੰ ਆਵੇ ਹਾਨੀ, ਜਿਸ ਦਾ ਕੀਤਾ ਪਿਛਲੇ ਰਹੇ ਉਲਟਾਈਆ । ਜਿਸ ਦੀ ਵਸਤ ਤਿਸ ਅੰਤ ਸੰਭਾਲੀ, ਭਰਮੇ ਭੁੱਲੀ ਸਰਬ ਲੋਕਾਈਆ । ਆਪੇ ਬੂਟਾ ਆਪੇ ਮਾਲੀ, ਆਪੇ ਏਥੇ ਓਥੇ ਰਿਹਾ ਲਗਾਈਆ । ਘਰ

ਘਰ ਵੇਖੋ ਹੱਥ ਸਭ ਦੇ ਦਿਸਣ ਖ਼ਾਲੀ, ਸਾਚਾ ਨਾਉਂ ਹੱਥ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਕੂੜੀ ਕਿਰਿਆ ਦਏ ਮਿਟਾਈਆ । ਗੁਰਸਿਖ ਜੋ ਅੰਤਰ ਰੋਵੇ, ਤਿਸ ਮਿਲੇ ਨਾ ਮੇਲ ਭਗਵਾਨਾ । ਮਾਣਸ ਜਨਮ ਜਗ ਵਿਚ ਖੋਵੇ, ਜਨਮ ਜਨਮ ਹੋਏ ਹੈਰਾਨਾ । ਦੁਰਮਤ ਮੈਲ ਨਾ ਤਨ ਦੀ ਧੋਵੇ, ਪੜ੍ਹੇ ਵੇਦ ਪਾਠ ਪੁਰਾਨਾ । ਅੱਗੇ ਮਿਲੇ ਨਾ ਕੋਈ ਢੋਏ, ਰਾਏ ਧਰਮ ਮਾਰੇ ਤੀਰ ਨਿਸ਼ਾਨਾ । ਪਾਰਬ੍ਰਹਮ ਦੀ ਸਾਚੀ ਸੋਏ, ਪ੍ਰਭ ਦੇਵੇ ਧੁਰ ਫ਼ਰਮਾਨਾ । ਗੁਰਮੁਖ ਅੰਤ ਸਤਿਗੁਰ ਜੇਹਾ ਹੋਏ, ਮਿਲੇ ਜੋਤ ਸ੍ਰੀ ਭਗਵਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਦੋ ਜਹਾਨਾਂ । ਹਰਿ ਸੰਗਤ ਸਤਿਜੁਗ ਸਚ ਵਿਹਾਰਾ, ਨੌਂ ਖੰਡ ਪ੍ਰਿਥਮੀ ਆਪ ਜਣਾਇੰਦਾ । ਚਾਰ ਵਰਨ ਇਕ ਵਰਤਾਰਾ, ਅਠਾਰਾਂ ਬਰਨ ਆਪ ਵਖਾਇੰਦਾ । ਵੇਲੇ ਅੰਤ ਨਾ ਮਾਰੇ ਕੋਈ ਨਾਅਰਾ, ਨੇਤਰ ਨੀਰ ਨਾ ਕੋਇ ਵਹਾਇੰਦਾ । ਮਾਤ ਪਿਤ ਭਾਈ ਭੈਣ ਸਾਕ ਸੱਜਣ ਨਾਰ ਕੰਤ ਕਰੇ ਪਿਆਰਾ, ਏਕਾ ਹੁਕਮ ਜਣਾਇੰਦਾ । ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਬੋਲ ਜੈਕਾਰਾ, ਅਗਲਾ ਪੈਂਡਾ ਪੰਧ ਮੁਕਾਇੰਦਾ । ਗਲ ਪਾਓ ਇਕ ਇਕ ਹਾਰਾ, ਪੁਰਖ ਅਬਿਨਾਸ਼ੀ ਵੇਖ ਵਖਾਇੰਦਾ । ਜਿਸ ਘਰ ਹੋਏ ਇਹ ਵਿਹਾਰਾ, ਸੋ ਦਰ ਸੋਭਾ ਪਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਆ ਕੇ ਕਰਨ ਨਿਮਸਕਾਰਾ, ਗੁਰ ਗੋਬਿੰਦ ਖ਼ੁਸ਼ੀ ਮਨਾਇੰਦਾ । ਹੱਡੀਆਂ ਬਾਲਣ ਕਰ ਸਸਕਾਰਾ, ਧੂੰਆਂਧਾਰ ਅਸਮਾਨ ਚੜ੍ਹਾਇੰਦਾ । ਮੜੀ ਮਠ ਫੋਲੇ ਨਾ ਵਿਚ ਸੰਸਾਰਾ, ਹੱਡੀ ਹੱਡ ਨਾ ਕੋਇ ਗਣਾਇੰਦਾ । ਕਿਸੇ ਪਾਰ ਨਾ ਕਰੇ ਕੋਈ ਜਲ ਧਾਰਾ, ਬਿਨ ਸਤਿਗੁਰ ਪੂਰੇ ਬੇੜਾ ਬੰਨੇ ਨਾ ਕੋਇ ਲਗਾਇੰਦਾ । ਗੁਰਸਿਖਾਂ ਦਵਾਰੇ ਆਏ ਆਪ ਕਰਤਾਰਾ, ਆਪ ਆਪਣੀ ਗੋਦ ਬਹਾਇੰਦਾ । ੧੦੮੯
ਆਦਿ ਜੁਗਾਦਿ ਸੱਚਾ ਸ਼ਾਹ ਸਵਾਰਾ, ਸਾਚਾ ਅਸਵ ਆਪ ਦੌੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਰੀ ਨਰ ਆਪ ਸਮਝਾਇੰਦਾ । ਨਾਰੀ ਨਰ ਇਕ ਗਿਆਨ, ਬੋਧ ਗਿਆਨ ਜਣਾਈਆ । ਅੰਤਮ ਲੇਖਾ ਹੱਥ ਭਗਵਾਨ, ਦੂਸਰ ਅਵਰ ਨਾ ਕੋਇ ਸਹਾਈਆ । ਗੁਰਸਿਖ ਤਜੇ ਜੋ ਪਰਾਣ, ਘਰ ਮੰਗਲ ਵੱਜੇ ਵਧਾਈਆ । ਜੋ ਦਰ ਆਏ ਰੋਏ ਰੋ ਕਰੇ ਕੁਰਲਾਨ, ਤਿਸ ਦਵਾਰਿਉਂ ਬਾਹਰ ਦਏ ਕਢਾਈਆ । ਭੈਣ ਭਾਈ ਸਾਕ ਸੱਜਣ ਨਾ ਕੋਇ ਜਹਾਨ, ਵੇਲੇ ਅੰਤ ਨਾ ਕੋਇ ਛੁਡਾਈਆ । ਗੁਰਸਿਖ ਤੇਰੀ ਕੋਈ ਨਾ ਆਏ ਮੁਕਾਣ, ਤੇਰਾ ਸੱਥਰ ਨਾ ਕੋਇ ਵਿਛਾਈਆ । ਤੇਰੇ ਗੀਤ ਸਾਰੇ ਗਾਣ, ਜਿਸ ਦਵਾਰੇ ਗਿਆ ਤਿਸ ਜਾਣਾ ਚਾਈਂ ਚਾਈਂਆ । ਕਵਣ ਵੇਲਾ ਮਿਲੇ ਸ੍ਰੀ ਭਗਵਾਨ, ਆਪਣਾ ਮੇਲਾ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮਾਰਗ ਆਪੇ ਲਾਈਆ । ਆਪਣਾ ਮਾਰਗ ਦੇਣਾ ਰੱਖ, ਨਾ ਕੋਈ ਤੋੜੇ ਤੋੜ ਤੁੜਾਇੰਦਾ । ਗੁਰਸਿਖ ਲੱਖ ਚੁਰਾਸੀ ਨਾਲੋਂ ਕਰੇ ਵਖ, ਆਪ ਆਪਣਾ ਬੰਧਨ ਪਾਇੰਦਾ । ਜੁਗ ਜੁਗ ਭਗਤਾਂ ਕਰਦਾ ਆਇਆ ਪੱਖ, ਮਨਮੁਖਾਂ ਦਰ ਦੁਰਕਾਇੰਦਾ । ਗੁਰਦਿਆਲ ਸਿੰਘ ਤੇਰਾ ਕੋਇ ਨਾ ਵਿਛਿਆ ਸੱਥਰ ਸਥ, ਤੇਰੀ ਸੇਜਾ ਪਾਰਬ੍ਰਹਮ ਆਪ ਹੰਢਾਇੰਦਾ । ਸਿੰਘ ਨਾਜ਼ਰ ਰੱਖੇ ਪਤ, ਪਤਵੰਤਾ ਦਇਆ ਕਮਾਇੰਦਾ । ਉਚੀ ਕੂਕ ਦੇਣਾ ਦੱਸ, ਗੁਰਮੁਖ ਸਚਖੰਡ ਸੋਭਾ ਪਾਇੰਦਾ । ਹਰਿ ਜੂ ਮਿਲਿਆ ਹੱਸ ਹੱਸ, ਜਗਤ ਦੁੱਖ ਜਗਤ ਵਿਚ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਘਰ ਆਪ ਵਸਾਇੰਦਾ । ਵਸਿਆ ਘਰ ਛੁੱਟਾ ਝੇੜਾ, ਹਰਿ ਸੱਜਣ ਦਇਆ ਕਮਾਈਆ । ਖੁਲ੍ਹਿਆ ਦਰ ਮੁਕਿਆ

ਗੇੜਾ, ਘਰ ਸਾਚੇ ਵੱਜੀ ਵਧਾਈਆ । ਮੁਕਿਆ ਪੈਂਡਾ ਬਨ੍ਹਿਆ ਬੇੜਾ, ਸੇਵਕ ਸਾਚੀ ਸੇਵ ਕਮਾਈਆ । ਨਜ਼ਰੀ ਆਇਆ ਨੇਰਨ ਨੇਰਾ, ਦੂਰ ਦੁਰਾਡਾ ਪੰਧ ਮੁਕਾਈਆ । ਕਲਜੁਗ ਜੀਵ ਜਾਨਣ ਉਜੜਿਆ ਖੇੜਾ, ਗੁਰਮੁਖ ਕਹਿਣ ਵਸਿਆ ਖੇੜਾ ਮਿਲੀ ਵਡਿਆਈਆ । ਮਨ ਮਤ ਮਾਇਆ ਭੇੜ ਭੇੜਾ, ਜੀਵਣ ਜੁਗਤ ਨਾ ਕੋਇ ਜਣਾਈਆ । ਇਕ ਦੂਜੇ ਨੂੰ ਕਹਿਣ ਮੇਰਾ ਮੇਰਾ, ਸੰਗ ਚਲੇ ਨਾ ਕੋਇ ਭੈਣ ਭਾਈਆ । ਬਿਨ ਸਤਿਗੁਰ ਪੂਰੇ ਕਰੇ ਨਾ ਕੋਇ ਨਬੇੜਾ, ਸਾਰੇ ਬੈਠਣ ਮੁਖ ਭੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਹਰਿ ਜੂ ਲਏ ਮਿਲਾਈਆ । ਮੇਲ ਮਿਲਾਵਾ ਸਚਖੰਡ, ਸਾਚੀ ਦਰਗਹਿ ਆਪ ਸੁਹਾਈਆ । ਪਾਰ ਕਰਾਏ ਕੋਟਨ ਕੋਟ ਬ੍ਰਹਿਮੰਡ, ਪਾਰਬ੍ਰਹਮ ਵਡ ਵਡਿਆਈਆ । ਨਾਤਾ ਤੋੜ ਜੇਰਜ ਅੰਡ, ਉਤਭੁਜ ਸੇਤਜ ਮੂਲ ਮੁਕਾਈਆ । ਚਰਨਾਂ ਹੇਠ ਦਬਾਏ ਸੂਰਜ ਚੰਨ, ਰਵ ਸਸ ਮੁਖ ਸ਼ਰਮਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰਨ ਬੰਦਨ ਬੰਦ, ਦੋਏ ਜੋੜ ਜੋੜ ਸਰਨਾਈਆ । ਸਾਹਿਬ ਦਿਆਲ ਠਾਕਰ ਸਦਾ ਬਖ਼ਸ਼ੰਦ, ਹਰਿਜਨ ਸਾਚੇ ਲਏ ਤਰਾਈਆ । ਆਪ ਜਣਾਏ ਆਪਣਾ ਅਨੰਦ, ਅਨੰਦ ਅਨੰਦ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਤੇਰੀ ਵਡ ਵਡਿਆਈਆ । ਹਰਿਜਨ ਤੇਰਾ ਸਚ ਮਕਾਨ, ਛੱਪਰ ਛੰਨ ਨਾ ਕੋਇ ਰਖਾਇੰਦਾ । ਹਰਿਜਨ ਤੇਰਾ ਸਚ ਨਿਸ਼ਾਨ, ਬਾਢੀ ਘਾੜਤ ਨਾ ਕੋਇ ਘੜਾਇੰਦਾ । ਹਰਿਜਨ ਤੇਰਾ ਸਚ ਗਿਆਨ, ਚੌਦਾਂ ਵਿਦਿਆ ਭੇਵ ਨਾ ਆਇੰਦਾ । ਹਰਿਜਨ ਤੇਰਾ ਸਚ ਨਾਮ, ਸ਼ਾਹ ਸੁਲਤਾਨ ਮੁਖ ਸ਼ਰਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲੇ ਆਪਣੇ ਦਰ, ਦਰ ਸਾਚਾ ਸੋਭਾ ਪਾਇੰਦਾ । ਸਾਚਾ ਦਰ ਸੋਭਾਵੰਤ, ਸੋ ਪੁਰਖ ਨਿਰੰਜਣ ਆਪ ਸੁਹਾਈਆ । ਮੇਲ ਮਿਲਾਵਾ ਨਾਰੀ ਕੰਤ, ਨਰ ਨਰਾਇਣ ਸੰਗ ਰਖਾਈਆ । ਆਦਿ ਜੁਗਾਦਿ ਮਹਿਮਾ ਅਗਣਤ, ਲੇਖਾ ਲਿਖਤ ਵਿਚ ਨਾ ਆਈਆ । ਗੁਰ ਅਵਤਾਰ ਕਹਿ ਕਹਿ ਬੇਅੰਤ, ਆਪਣਾ ਪੱਲੂ ਗਏ ਛੁਡਾਈਆ । ਜਿਸ ਬਣਾਈ ਆਪਣੀ ਬਣਤ, ਸੋ ਆਪਣਾ ਭੇਵ ਰਿਹਾ ਖੁਲ੍ਹਾਈਆ । ਆਪੇ ਆਦਿ ਆਪੇ ਅੰਤ, ਮਧ ਆਪਣੀ ਧਾਰ ਚਲਾਈਆ । ਆਪੇ ਜੀਵ ਆਪੇ ਜੰਤ, ਆਪੇ ਵਿਸ਼ਨ ਬ੍ਰਹਮਾ ਸ਼ਿਵ ਸੇਵ ਕਮਾਈਆ । ਆਪੇ ਦਰਵੇਸ਼ ਆਪੇ ਮੰਗਤ, ਆਪੇ ਸ਼ਾਹ ਸੁਲਤਾਨ ਹੁਕਮ ਸੁਣਾਈਆ । ਆਪੇ ਮੇਲ ਮਿਲਾਇਆ ਸਾਚੀ ਸੰਗਤ, ਪੰਗਤ ਆਪਣਾ ਹੁਕਮ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿੰਘ ਬੂਝ ਰਿਹਾ ਸਮਝਾਈਆ । ਸੰਗਤ ਸਾਚੀ ਜਾਣੀਏ, ਜਿਸ ਅੰਤਰ ਹਰਿ ਨਿਵਾਸ । ਸੰਗਤ ਸਾਚੀ ਜਾਣੀਏ, ਜਿਸ ਆਤਮ ਸਚ ਧਰਵਾਸ । ਸੰਗਤ ਸਾਚੀ ਜਾਣੀਏ, ਜਿਸ ਪ੍ਰਭ ਮਿਲਣ ਦੀ ਆਸ । ਸੰਗਤ ਸਾਚੀ ਜਾਣੀਏ, ਜਿਸ ਦੇਵੇ ਦਰਸ ਪੁਰਖ ਅਬਿਨਾਸ਼ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਖੇਲੇ ਖੇਲ ਤਮਾਸ਼ । ਸੰਗਤ ਸਾਚੀ ਜਾਣੀਏ, ਆਤਮ ਅੰਤਰ ਰੰਗ । ਸੰਗਤ ਸਾਚੀ ਜਾਣੀਏ, ਘਰ ਵੇਖੇ ਸੇਜ ਪਲੰਘ । ਸੰਗਤ ਸਾਚੀ ਜਾਣੀਏ, ਘਰ ਸੁਣੇ ਨਾਦ ਮਰਦੰਗ । ਸੰਗਤ ਸਾਚੀ ਜਾਣੀਏ, ਆਪਣਾ ਦਵਾਰਾ ਆਪੇ ਜਾਏ ਲੰਘ । ਸੰਗਤ ਸਾਚੀ ਜਾਣੀਏ, ਅੱਠੇ ਪਹਿਰ ਰਹੇ ਪਰਮਾਨੰਦ । ਸੰਗਤ ਸਾਚੀ ਜਾਣੀਏ, ਜਿਸ ਸਤਿਗੁਰ ਸੁਣਾਏ ਸੁਹਾਗੀ ਛੰਦ । ਸੰਗਤ ਸਾਚੀ ਜਾਣੀਏ, ਜਿਸ ਅੰਤ ਨਾ ਆਏ ਕੰਡ । ਸੰਗਤ ਸਾਚੀ ਜਾਣੀਏ, ਜੋ ਵਸੇ ਉਪਰ ਬ੍ਰਹਿਮੰਡ । ਸੰਗਤ ਸਾਚੀ ਜਾਣੀਏ, ਜਿਤ ਆਤਮ ਹੋਏ ਨਾ ਰੰਡ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਵਸੇ ਸੰਗਤ ਸੰਗ । ਸੰਗਤ ਸਦਾ ਖ਼ੁਸ਼ੀ

ਮਨਾਏ, ਦਿਵਸ ਰੈਣ ਵਡਿਆਈਆ । ਗੀਤ ਗੋਬਿੰਦ ਹਰਿ ਗੁਣ ਗਾਏ, ਰਸਨਾ ਜੇਹਵਾ ਸੇਵ ਕਮਾਈਆ । ਮਨ ਤਨ ਹਰਿਆ ਜਗਤ ਕਰਾਏ, ਅੰਮ੍ਰਿਤ ਮੇਘ ਇਕ ਬਰਸਾਈਆ । ਹਰਖ ਸੋਗ ਵਿਚ ਕਦੇ ਨਾ ਆਏ, ਸੋ ਸੰਗਤ ਸਤਿਗੁਰ ਭਾਈਆ । ਸੰਗਤ ਸਤਿਗੁਰ ਆਪ ਬਣਾਏ, ਦੇਵੇ ਮਾਣ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੰਗਤ ਸਿੱਖ ਰੂਪ ਰਖਾਈਆ । ਸਾਚੀ ਸੰਗਤ ਸੋ ਪਰਧਾਨ, ਜੋ ਮੰਨੇ ਧੁਰ ਫ਼ਰਮਾਨਾ । ਪੰਗਤ ਬਣੇ ਫੇਰ ਵਿਚ ਜਹਾਨ, ਪੁਰਖ ਅਬਿਨਾਸ਼ੀ ਹੋਏ ਮਿਹਰਵਾਨਾ । ਮਰੇ ਆਏ ਨਾ ਕੋਇ ਮੁਕਾਣ, ਗਾਏ ਗੋਬਿੰਦ ਗਾਨਾ । ਘਰ ਆਈ ਵੇਖੇ ਸੰਗਤ ਜਹਾਨ, ਕੀ ਵਰਤਿਆ ਕਲਜੁਗ ਭਾਣਾ । ਗੁਰਦਿਆਲ ਸਿੰਘ ਤੇਰਾ ਰਿਧਾ ਪੱਕਾ ਸਾਰੇ ਖਾਣ, ਨਾਲ ਮਿਲਿਆ ਸ੍ਰੀ ਭਗਵਾਨਾ । ਪੰਗਤ ਬਣੀ ਚਤੁਰ ਸੁਜਾਨ, ਮੂਰਖ ਮੁਗਧ ਨੈਣ ਸ਼ਰਮਾਨਾ । ਪਿਛਲੀ ਚਲੇ ਨਾ ਕੋਈ ਦੁਕਾਨ, ਅੱਗੇ ਖੇਲ ਕਰੇ ਹੋ ਮਿਹਰਵਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਗਤ ਪੰਗਤ ਪੰਗਤ ਸੰਗਤ ਹਰਖ ਸੋਗ ਚਿੰਤਾ ਦੁੱਖ ਸਰਬ ਮਿਟਾਨਾ ।

## ★ ੧੩ ਭਾਦਰੋਂ ੨੦੧੮ ਬਿਕ੍ਰਮੀ ਮੱਸਾ ਸਿੰਘ ਦੇ ਗ੍ਰਿਹਿ ਕੋਟਲੀ ਥਾਨ ਸਿੰਘ ਜ਼ਿਲਾ ਜਲੰਧਰ ★

ਹਰਿ ਪਰਕਾਸ਼ ਆਦਿ ਜੁਗਾਦਿ, ਜੋਤੀ ਜੋਤ ਡਗਮਗਾਇੰਦਾ । ਹਰਿ ਨਾਦ ਆਦਿ ਜੁਗਾਦਿ, ਸ਼ਬਦ ਨਾਦੀ ਨਾਦ ਵਜਾਇੰਦਾ । ਹਰਿ ਨਾਮ ਆਦਿ ਜੁਗਾਦਿ, ਨਾਉਂ ਨਿਰੰਕਾਰਾ ਆਪ ਅਖਵਾਇੰਦਾ । ਹਰਿ ਕਾਮ ਆਦਿ ਜੁਗਾਦਿ, ਨਿਹਕਰਮੀ ਕਰਮ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਨੂਰ ਆਪ ਦਰਸਾਇੰਦਾ । ਆਦਿ ਜੁਗਾਦਿ ਨੂਰ ਨੁਰਾਨਾ, ਸਚ ਮਹੱਲਾ ਸੋਭਾ ਪਾਈਆ । ਆਦਿ ਜੁਗਾਦਿ ਰਾਗ ਤਰਾਨਾ, ਤੁਰੀਆ ਆਪਣਾ ਰਾਗ ਸੁਣਾਈਆ । ਆਦਿ ਜੁਗਾਦਿ ਨਾਉਂ ਸ੍ਰੀ ਭਗਵਾਨਾ, ਪਾਰਬ੍ਰਹਮ ਪ੍ਰਭ ਆਪ ਪਰਗਟਾਈਆ । ਆਦਿ ਜੁਗਾਦਿ ਖੇਲੇ ਖੇਲ ਮਹਾਨਾ, ਖੇਲਣਹਾਰਾ ਦਿਸ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਨੂਰ ਆਪ ਧਰਾਈਆ । ਹਰਿ ਪਰਕਾਸ਼ ਆਦਿ ਜੁਗਾਦਿ, ਹਰਿ ਕਰਤਾ ਆਪ ਧਰਾਇੰਦਾ । ਲੇਖਾ ਜਾਣੇ ਬ੍ਰਹਮ ਬ੍ਰਹਿਮਾਦਿ, ਲੱਖ ਚੁਰਾਸੀ ਜੋਤ ਟਿਕਾਇੰਦਾ । ਭੇਵ ਖੁਲ੍ਹਾਏ ਗੁਰਮੁਖ ਵਿਰਲੇ ਸੰਤ ਸਾਧ, ਮਨਮੁਖ ਅੰਧ ਅੰਧੇਰ ਵਸਾਇੰਦਾ । ਲੇਖਾ ਜਾਣੇ ਮੋਹਨ ਮਾਧਵ ਮਾਧ, ਭੇਵ ਅਭੇਦ ਨਾ ਕੋਇ ਪਾਇੰਦਾ । ਆਪ ਆਪਾ ਵਿਚੋਂ ਕਾਢ, ਆਪ ਆਪਣੇ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਪਰਕਾਸ਼ ਆਪ ਰਖਾਇੰਦਾ । ਸਤਿ ਪਰਕਾਸ਼ ਹਰਿ ਨਿਰੰਕਾਰ, ਏਕਾ ਏਕ ਪਰਗਟਾਈਆ । ਏਕਾ ਰੂਪ ਸਰਬ ਸੰਸਾਰ, ਲੱਖ ਚੁਰਾਸੀ ਧਾਰ ਚਲਾਈਆ । ਏਕਾ ਜੋਤ ਨਿਰਾਕਾਰ, ਘਟ ਘਟ ਅੰਦਰ ਰਿਹਾ ਸਮਾਈਆ । ਏਕਾ ਨੂਰ ਕਰ ਉਜਿਆਰ, ਦੀਵਾ ਬਾਤੀ ਡਗਮਗਾਈਆ । ਏਕਾ ਮੰਦਰ ਕਰ ਤਿਆਰ, ਸਾਚਾ ਮੰਦਰ ਆਪ ਸੁਹਾਈਆ । ਅੱਠੇ ਪਹਿਰ ਖੇਲ ਨਿਆਰ, ਦਿਵਸ ਰੈਣ ਨਾ ਕੋਇ ਵਖਾਈਆ । ਕਰੇ ਖੇਲ ਅਗੰਮ ਅਪਾਰ, ਅਲਖ ਅਗੋਚਰ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨੂਰ ਆਪ ਪਰਗਟਾਈਆ । ਸਾਚਾ ਨੂਰ ਨੂਰ ਉਜਾਲਾ, ਸੋ ਪੁਰਖ ਨਿਰੰਜਣ ਆਪ ਉਪਾਇੰਦਾ । ਹਰਿ ਪੁਰਖ ਨਿਰੰਜਣ ਦੀਨ ਦਿਆਲਾ, ਗਹਿਰ ਗੰਭੀਰ ਆਪਣੀ ਦਇਆ ਆਪ ਕਮਾਇੰਦਾ । ਏਕੰਕਾਰਾ ਬਣ ਰਖਵਾਲਾ, ਆਦਿ

ਜੁਗਾਦਿ ਸੇਵ ਕਮਾਇੰਦਾ । ਆਦਿ ਨਿਰੰਜਣ ਖੇਲ ਨਿਰਾਲਾ, ਜੋਤ ਨਿਰੰਜਣ ਡਗਮਗਾਇੰਦਾ । ਅਬਿਨਾਸ਼ੀ ਕਰਤਾ ਆਪ ਜਾਣੇ ਆਪਣਾ ਰਾਹ ਸੁਖਾਲਾ, ਲੱਖ ਚੁਰਾਸੀ ਗੇੜਾ ਆਪ ਭਵਾਇੰਦਾ । ਸ੍ਰੀ ਭਗਵਾਨ ਜੁਗ ਜੁਗ ਚਲੇ ਅਵੱਲੜੀ ਚਾਲਾ, ਵੇਦ ਕਤੇਬ ਭੇਵ ਕੋਇ ਨਾ ਪਾਇੰਦਾ । ਪਾਰਬ੍ਰਹਮ ਬ੍ਰਹਮ ਕਰੇ ਸਦਾ ਪ੍ਰਿਤਪਾਲਾ, ਪ੍ਰਿਤਪਾਲਕ ਆਪਣਾ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਜੋਤ ਨੂਰ ਪਰਕਾਸ਼, ਘਟ ਘਟ ਅੰਦਰ ਰੱਖੇ ਵਾਸ, ਦੀਵਾ ਬਾਤੀ ਨਾ ਕੋਇ ਜਗਾਇੰਦਾ । ਸਚ ਉਜਾਲਾ ਹਰਿ ਗੋਪਾਲਾ, ਏਕਾ ਏਕ ਰਖਾਈਆ । ਜੁਗਾ ਜੁਗੰਤਰ ਖੇਲ ਨਿਰਾਲਾ, ਜੁਗ ਕਰਤਾ ਵੇਸ ਵਟਾਈਆ । ਆਪ ਜਣਾਏ ਆਪਣੀ ਸਾਚੀ ਧਰਮਸਾਲਾ, ਜਿਸ ਘਰ ਬੈਠਾ ਆਸਣ ਲਾਈਆ । ਇਕ ਲਗਾਏ ਬਜਰ ਕਪਾਟੀ ਤਾਲਾ, ਨਾ ਕੋਈ ਤੋੜੇ ਤੋੜ ਤੁੜਾਈਆ । ਲੱਖ ਚੁਰਾਸੀ ਹੋਵੇ ਬੇਹਾਲਾ, ਹਰਿ ਕਾ ਰੂਪ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਾਕਾਰ ਨਿਰਵੈਰ ਆਪਣੀ ਖੇਲ ਖਿਲਾਈਆ । ਨਿਰਾਕਾਰ ਨਿਰਵੈਰ ਅਕਾਲ ਮੂਰਤ, ਅਨਭਵ ਆਪਣੀ ਖੇਲ ਖਿਲਾਇੰਦਾ । ਸ਼ਬਦ ਨਾਦ ਅਨਾਦੀ ਤੂਰਤ, ਇਕ ਇਕੱਲਾ ਸਚ ਮਹੱਲਾ ਆਪ ਵਜਾਇੰਦਾ । ਰੂਪ ਰੰਗ ਰੇਖ ਨਾ ਕੋਈ ਸੂਰਤ, ਚੱਕਰ ਚਿੰਨ੍ਹ ਨਾ ਕੋਇ ਜਣਾਇੰਦਾ । ਨਾ ਕੋਈ ਦਿਵਸ ਰੈਣ ਦਿਸੇ ਮਹੂਰਤ, ਵਾਰ ਥਿਤ ਨਾ ਕੋਇ ਜਣਾਇੰਦਾ । ਆਦਿ ਜੁਗਾਦਿ ਬ੍ਰਹਮ ਬ੍ਰਹਿਮਾਦ ਆਸਾ ਮਨਸਾ ਪੂਰਤ, ਆਸਾ ਆਸਾ ਵਿਚ ਸਮਾਇੰਦਾ । ਜੁਗਾ ਜੁਗੰਤਰ ਹਾਜ਼ਰ ਹਜ਼ੂਰਤ, ਹਰਿ ਹਰਿ ਆਪਣਾ ਵੇਸ ਵਟਾਇੰਦਾ । ਨਾਤਾ ਤੋੜੇ ਕੂੜੋ ਕੂੜਤ, ਕੂੜੀ ਕਿਰਿਆ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਨੂਰ ਆਪ ਪਰਗਟਾਇੰਦਾ । ਸਾਚਾ ਨੂਰ ਸ੍ਰੀ ਭਗਵਾਨ, ਆਪਣਾ ਆਪ ਧਰਾਈਆ । ਜ਼ਾਹਰ ਜ਼ਹੂਰ ਨੌਜਵਾਨ, ਬਿਰਧ ਬਾਲ ਨਾ ਰੂਪ ਵਖਾਈਆ । ਜੁਗਾ ਜੁਗੰਤਰ ਸਤਿ ਸਰੂਰ, ਸਤਿ ਸਤਿਵਾਦੀ ਇਕ ਰਖਾਈਆ । ਸਰਬ ਕਲਾ ਆਪੇ ਭਰਪੂਰ, ਸਮਰਥ ਪੁਰਖ ਵਡੀ ਵਡਿਆਈਆ । ਵਸਣਹਾਰਾ ਨੇੜੇ ਦੂਰ, ਦੂਰ ਦੁਰਾਡਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਜਲਵਾ ਆਪ ਵਖਾਈਆ । ਸਾਚਾ ਜਲਵਾ ਹਰਿ ਪਰਕਾਸ਼, ਬ੍ਰਹਮ ਪਾਰਬ੍ਰਹਮ ਜਣਾਇੰਦਾ । ਨਿਜ ਘਰ ਆਤਮ ਕਰ ਕਰ ਵਾਸ, ਰੂਪ ਅਨੂਪ ਆਪ ਵਖਾਇੰਦਾ । ਜੁਗਾ ਜੁਗੰਤਰ ਦਾਸੀ ਦਾਸ, ਨਿਰਗੁਣ ਸਰਗੁਣ ਸੇਵ ਕਮਾਇੰਦਾ । ਲੇਖਾ ਜਾਣੇ ਅਪ ਤੇਜ ਵਾਏ ਪ੍ਰਿਥਮੀ ਆਕਾਸ਼, ਤ੍ਰੈ ਤ੍ਰੈ ਆਪਣਾ ਰੰਗ ਰੰਗਾਇੰਦਾ । ਸਰਬ ਗੁਣਵੰਤਾ ਵਸੇ ਸਾਥ, ਵਿਛੜ ਕਦੇ ਨਾ ਜਾਇੰਦਾ । ਤਤਵ ਤਤ ਚਲਾਏ ਰਾਥ, ਰਥ ਰਥਵਾਹੀ ਸੇਵ ਕਮਾਇੰਦਾ । ਨਮੋ ਮੰਤਰ ਪੂਜਾ ਪਾਠ, ਸਤਿ ਸਤਿਵਾਦੀ ਆਪ ਦ੍ਰਿੜਾਇੰਦਾ । ਸਰੋਵਰ ਸਰ ਤੀਰਥ ਤਾਟ, ਮਜਨ ਅਸ਼ਨਾਨ ਆਪ ਕਰਾਇੰਦਾ । ਲੇਖਾ ਜਾਣੇ ਚੌਦਾਂ ਹਾਟ, ਤਬਕ ਤਬਕੀ ਪਰਦਾ ਲਾਹਿੰਦਾ । ਜੁਗ ਜੁਗ ਵੇਖੇ ਆਪਣੀ ਵਾਟ, ਜੁਗ ਗੇੜਾ ਆਪ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਦਿਵਸ ਰਾਤ, ਸੂਰਜ ਚੰਦ ਆਪ ਚੜ੍ਹਾਇੰਦਾ । ਸਚ ਪਰਕਾਸ਼ ਭਏ ਅਨੰਦ, ਘਰ ਮੰਦਰ ਵੱਜੇ ਵਧਾਈਆ । ਅੱਠੇ ਪਹਿਰ ਪਰਮਾਨੰਦ, ਪਰਮ ਪੁਰਖ ਦਏ ਸਾਲਾਹੀਆ । ਨਾ ਕੋਈ ਸੂਰਜ ਨਾ ਕੋਈ ਚੰਦ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਅਗਿਆਨ ਅੰਧੇਰਾ ਨਾ ਦੀਸੇ ਅੰਧ, ਦੀਵਾ ਬਾਤੀ ਨਾ ਕੋਇ ਜਗਾਈਆ । ਜਿਸ ਜਨ ਸੁਣਾਏ ਏਕਾ ਛੰਦ, ਏਕਾ ਰਾਗ ਅਲਾਈਆ । ਲੱਖ ਚੁਰਾਸੀ ਮੁੱਕੇ ਪੰਧ, ਜੁਗ ਜੁਗ ਗੇੜ ਨਾ ਕੋਇ ਵਖਾਈਆ ।



੧੦੯੨
੧੦

ਭੇਵ ਖੁਲ੍ਹਾਏ ਸਚਖੰਡ, ਆਪਣਾ ਪਰਦਾ ਆਪ ਉਠਾਈਆ । ਨਾਤਾ ਤੋੜੇ ਬ੍ਰਹਿਮੰਡ ਬ੍ਰਹਿਮੰਡ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪਰਕਾਸ਼ ਦਏ ਵਡਿਆਈਆ । ਸਚ ਪਰਕਾਸ਼ ਆਤਮ ਗਿਆਨ, ਆਤਮ ਦਰਸੀ ਆਪ ਜਣਾਇੰਦਾ । ਜਿਸ ਜਨ ਦੇਵੇ ਨਾਮ ਨਿਧਾਨ, ਅੰਤਰ ਮੰਤਰ ਆਪ ਪੜ੍ਹਾਇੰਦਾ । ਜਿਸ ਜਨ ਰਾਗ ਸੁਣਾਏ ਕਾਨ, ਅਨਹਦ ਨਾਦੀ ਨਾਦ ਵਜਾਇੰਦਾ । ਜਿਸ ਜਨ ਲੋਚਣ ਨੈਣ ਦੇਵੇ ਨੂਰ ਮਹਾਨ, ਸੋ ਜਨ ਆਪਣਾ ਨੈਣ ਖੁਲ੍ਹਾਇੰਦਾ । ਜਿਸ ਜਨ ਦੇਵੇ ਏਕਾ ਦਾਨ, ਦੀਪਕ ਬਾਤੀ ਜੋਤ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਖਿਲਾਇੰਦਾ । ਸਾਚਾ ਖੇਲ ਪਾਰਬ੍ਰਹਮ, ਜੁਗਾ ਜੁਗੰਤਰ ਆਪ ਕਰਾਈਆ । ਨਾ ਮਰੇ ਨਾ ਪਏ ਜੰਮ, ਵੇਸ ਅਨੇਕਾ ਰੂਪ ਵਟਾਈਆ । ਜਨ ਭਗਤਾਂ ਬੇੜਾ ਦੇਵੇ ਬੰਨ੍ਹ, ਨਿਤ ਨਵਿਤ ਹੋਏ ਸਹਾਈਆ । ਏਕਾ ਰਾਗ ਸੁਣਾਏ ਕੰਨ, ਦੂਸਰ ਵਿਦਿਆ ਨਾ ਕੋਇ ਪੜ੍ਹਾਈਆ । ਇਕ ਵਸੇਰਾ ਬਿਨ ਛੱਪਰ ਛੰਨ, ਮਹੱਲ ਅਟਲ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਨਾਮ ਧਨ, ਅਤੋਟ ਅਤੁਟ ਆਪ ਵਰਤਾਈਆ । ਅਤੋਟ ਅਤੁਟ ਹਰਿ ਭੰਡਾਰ, ਹਰਿਜਨ ਸਾਚੇ ਆਪ ਵਰਤਾਇੰਦਾ । ਆਦਿ ਜੁਗਾਦਿ ਨਾ ਆਏ ਹਾਰ, ਜੁਗ ਜੁਗ ਆਪਣਾ ਖੇਲ ਖਿਲਾਇੰਦਾ । ਏਥੇ ਓਥੇ ਦਏ ਸਹਾਰ, ਸਮਰਥ ਪੁਰਖ ਸੰਗ ਨਿਭਾਇੰਦਾ । ਮਾਣਸ ਜਨਮ ਉਤਰੇ ਪਾਰ, ਪੂਰਬ ਲਹਿਣਾ ਝੋਲੀ ਪਾਇੰਦਾ । ਨਿਹਕਰਮੀ ਕਰਮ ਕਰੇ ਵਿਚਾਰ, ਕਰਮ ਕਾਂਡ ਨਾ ਕੋਇ ਰਖਾਇੰਦਾ । ਏਕਾ ਸ਼ਬਦ ਨਾਮ ਜੈਕਾਰ, ਘਰ ਮੰਦਰ ਆਪ ਸੁਣਾਇੰਦਾ । ਪੰਚ ਵਿਕਾਰਾ ਕਰ ਖ਼ਵਾਰ, ਮਾਇਆ ਮਮਤਾ ਮੋਹ ਮਿਟਾਇੰਦਾ । ਕੂੜੀ ਕਿਰਿਆ ਮਾਰੇ ਮਾਰ, ਸਚ ਸੁੱਚ ਇਕ ਸਮਝਾਇੰਦਾ । ਬਿਨ ਹਰਿ ਨਾਮੇ ਕੋਇ ਨਾ ਉਤਰੇ ਪਾਰ, ਲੱਖ ਚੁਰਾਸੀ ਭਰਮ ਭੁਲਾਇੰਦਾ । ਮੂਰਖ ਮੂੜ੍ਹੇ ਭੁੱਲੇ ਜੀਵ ਗਵਾਰ, ਹਰਿ ਕਾ ਭੇਵ ਕੋਇ ਨਾ ਪਾਇੰਦਾ । ਜਿਸ ਘੜਿਆ ਸੋ ਭੰਨਣਹਾਰ, ਘੜਨ ਭੰਨਣ ਆਪਣੀ ਖੇਲ ਖਿਲਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਸੇਵਾਦਾਰ, ਨਿਉਂ ਨਿਉਂ ਸੀਸ ਸਰਬ ਝੁਕਾਇੰਦਾ । ਲੱਖ ਚੁਰਾਸੀ ਪਾਵੇ ਸਾਰ, ਉਤਭੁਜ ਸੇਤਜ ਜੇਰਜ ਅੰਡ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪਰਕਾਸ਼ ਇਕ ਉਪਾਇੰਦਾ । ਸਚ ਪਰਕਾਸ਼ ਹਰਿ ਉਪਾਇਆ, ਨਿਰਗੁਣ ਜੋਤ ਜੋਤ ਜਗਾ । ਸਚਖੰਡ ਦਵਾਰੇ ਆਪ ਵਸਾਇਆ, ਏਕਾ ਰੂਪ ਰਿਹਾ ਡਗਮਗਾ । ਜੁਗ ਜੁਗ ਵੇਸ ਅਨੇਕ ਕਰਾਇਆ, ਲੱਖ ਚੁਰਾਸੀ ਘਾੜਤ ਲਏ ਘੜਾ । ਘਟ ਘਟ ਦੀਪਕ ਆਪ ਟਿਕਾਇਆ, ਨਾ ਕੋਈ ਸਕੇ ਮਾਤ ਬੁਝਾ । ਕਲਜੁਗ ਜੀਵਾਂ ਭੇਵ ਕਿਸੇ ਨਾ ਪਾਇਆ, ਪੁਰਖ ਅਬਿਨਾਸ਼ੀ ਬੇਪਰਵਾਹ । ਗੁਰਮੁਖ ਘਰ ਅੰਧੇਰਾ ਕਦੇ ਨਾ ਛਾਇਆ, ਅੱਠੇ ਪਹਿਰ ਹੋਏ ਰੁਸ਼ਨਾ । ਦੀਵਾ ਬਾਤੀ ਨਾ ਕੋਇ ਰਖਾਇਆ, ਨਿਰਗੁਣ ਜੋਤ ਰਿਹਾ ਟਮਟਮਾ । ਕਾਇਆ ਖੇੜਾ ਆਪ ਵਸਾਇਆ, ਸੂਰਜ ਚੰਦ ਰਹੇ ਸ਼ਰਮਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੀਪਕ ਇਕ ਜਗਾ । ਸਾਚਾ ਦੀਪਕ ਜਾਏ ਜਗ, ਸੋ ਪੁਰਖ ਨਿਰੰਜਣ ਆਪ ਜਗਾਈਆ । ਕਰੇ ਪਰਕਾਸ਼ ਉਪਰ ਸ਼ਾਹ ਰਗ, ਨਾ ਕੋਈ ਵੇਖੇ ਵੇਖ ਵਖਾਈਆ । ਸ੍ਰਿਸ਼ਟ ਸਬਾਈ ਤ੍ਰੈਗੁਣ ਲੱਗੀ ਅੱਗ, ਚਾਰ ਕੁੰਟ ਨਾ ਕੋਇ ਬੁਝਾਈਆ । ਘਰ ਸੁਣੇ ਨਾ ਕੋਇ ਨਦ, ਸਦ ਸਚ ਸਨੇਹੁੜਾ ਕਵਣ ਅਲਾਈਆ । ਕਾਇਆ ਪਿੰਡ ਨਾ ਕੋਈ ਵੇਖੇ ਹੱਦ, ਸਚ ਲਕੀਰ ਤਕਦੀਰ ਨਾ ਕੋਇ ਖਿਚਾਈਆ । ਆਪਣਾ ਮਨ ਨਾ ਸਕੇ ਕੋਈ ਬਧ, ਦਹਿ ਦਿਸ਼ਾ ਉਠ ਉਠ ਧਾਈਆ ।

ਹਉਮੇ ਰੋਗ ਨਾ ਸਕੇ ਕੋਈ ਕੱਢ, ਦੁਖੜਾ ਜਗਤ ਨਾ ਕੋਇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਵਿਰਲੇ ਦਏ ਵਡਿਆਈਆ । ਜਗਤ ਉਜਾਲਾ ਜਗਤ ਅੰਧੇਰਾ, ਜਗਤ ਜਗਤ ਵਿਚ ਰਖਾਇਆ । ਗੁਰਮੁਖਾਂ ਸਦਾ ਸੰਞ ਸਵੇਰਾ, ਰੈਣ ਅੰਧੇਰਾ ਨਾ ਕੋਇ ਛਾਇਆ । ਵਸਦਾ ਰਹੇ ਕਾਇਆ ਖੇੜਾ, ਪੁਰਖ ਅਬਿਨਾਸ਼ੀ ਮੰਦਰ ਆਪ ਸੁਹਾਇਆ । ਖੁਲ੍ਹਾ ਕਰਾਏ ਆਪ ਵੇਹੜਾ, ਪੰਚ ਵਿਕਾਰਾ ਦਏ ਗਵਾਇਆ । ਦਰਸ ਦਿਖਾਏ ਨੇਰਨ ਨੇਰਾ, ਦੂਰ ਦੁਰਾਡਾ ਪੰਧ ਮੁਕਾਇਆ । ਆਦਿ ਅੰਤ ਬੰਨ੍ਹੇ ਬੇੜਾ, ਪੁਰਖ ਅਕਾਲ ਬੇਪਰਵਾਹਿਆ । ਲੱਖ ਚੁਰਾਸੀ ਦੇਵੇ ਗੇੜਾ, ਅੰਤਮ ਆਪਣੀ ਲੱਠ ਗੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੀਪਕ ਇਕ ਵਖਾਇਆ । ਸਾਚਾ ਦੀਪਕ ਹਰਿ ਕਾ ਦੀਆ, ਸੋ ਪੁਰਖ ਨਿਰੰਜਣ ਆਪ ਜਗਾਈਆ । ਸੁਰਤ ਸ਼ਬਦ ਬੀਵੀ ਮੀਆਂ, ਘਰ ਬੈਠੇ ਖ਼ੁਸ਼ੀ ਮਨਾਈਆ । ਭਾਗ ਲੱਗਾ ਸਾਢੇ ਤਿੰਨ ਹੱਥ ਸੀਆਂ, ਨੂਰ ਨੁਰਾਨਾ ਕਰੇ ਰੁਸ਼ਨਾਈਆ । ਨਿਰਮਲ ਹੋਏ ਹਰਿਜਨ ਜੀਆ, ਆਤਮ ਪਰਮਾਤਮ ਵੇਖ ਵਖਾਈਆ । ਪੂਰਬ ਜਨਮ ਬੀਜ ਜੋ ਬੀਆ, ਮਾਣਸ ਜਨਮ ਲੇਖੇ ਪਾਈਆ । ਸਤਿ ਕਰਮ ਜੋ ਕਲਜੁਗ ਕੀਆ, ਨਿਹਕਰਮੀ ਕਰਮ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਏਕਾ ਰੰਗ ਰੰਗਾਈਆ । ਏਕਾ ਰੰਗ ਰੰਗੇ ਕਰਤਾਰ, ਦੂਸਰ ਰੰਗ ਨਾ ਕੋਇ ਵਖਾਇੰਦਾ । ਨਾਤਾ ਤੋੜ ਅੰਧ ਅੰਧਿਆਰ, ਸਾਚਾ ਚੰਦ ਆਪ ਚੜ੍ਹਾਇੰਦਾ । ਅੱਠੇ ਪਹਿਰ ਕਰੇ ਗੁਫ਼ਤਾਰ, ਰਾਗੀ ਆਪਣਾ ਰਾਗ ਸੁਣਾਇੰਦਾ । ਸਾਚੇ ਮੰਦਰ ਖੇਲ ਨਿਆਰ, ਉਚ ਮਹੱਲੇ ਸੋਭਾ ਪਾਇੰਦਾ । ਬੰਦ ਤਾਕੀ ਖੋਲ੍ਹ ਕਿਵਾੜ, ਸਾਚੀ ਬਾਤੀ ਆਪ ਟਿਕਾਇੰਦਾ । ਆਪੇ ਵੇਖੇ ਵੇਖਣਹਾਰ, ਦੂਸਰ ਦਿਸ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨੂਰ ਆਪ ਦਰਸਾਇੰਦਾ । ਸਾਚਾ ਨੂਰ ਆਤਮ ਜੋਤ, ਨੂਰ ਨੁਰਾਨਾ ਆਪ ਜਣਾਈਆ । ਭਾਗ ਲਗਾਏ ਕਾਇਆ ਕੋਟ, ਘਰ ਸਾਚੇ ਵੱਜੇ ਵਧਾਈਆ । ਸ਼ਬਦ ਨਗਾਰੇ ਲੱਗੇ ਚੋਟ, ਨਾਦ ਧੁੰਨ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖੇ ਥਾਉਂ ਥਾਈਂਆ । ਹਰਿਜਨ ਥਾਨ ਸੁਹਾਇੰਦਾ, ਗ੍ਰਿਹ ਮੰਦਰ ਹੋਏ ਪਵਿਤ । ਸੋ ਪੁਰਖ ਨਿਰੰਜਣ ਦਇਆ ਕਮਾਇੰਦਾ, ਨਿਰਗੁਣ ਆਵੇ ਜਾਵੇ ਨਿਤ ਨਵਿਤ । ਸਾਚਾ ਮੰਦਰ ਇਕ ਵਖਾਇੰਦਾ, ਸਤਿ ਸਰੂਪੀ ਕਰੇ ਹਿਤ । ਦੀਪਕ ਦੀਆ ਇਕ ਜਗਾਇੰਦਾ, ਪਾਰਬ੍ਰਹਮ ਪ੍ਰਭ ਬਣ ਬਣ ਸਾਚਾ ਮਿਤ । ਮਾਣਸ ਜ਼ਾਤ ਨਾ ਕੋਇ ਬੁਝਾਇੰਦਾ, ਹਰਿ ਜੂ ਹਰਿ ਮੰਦਰ ਲੇਖਾ ਰਿਹਾ ਲਿਖ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਆਪਣਾ ਮੇਲ ਮਿਲਾਇੰਦਾ । ਗੁਰਮੁਖ ਮੇਲਾ ਸਚ ਦਵਾਰ, ਕਾਇਆ ਬੰਕ ਸੁਹਾਇਆ । ਜਗਤ ਖੇੜਾ ਹੋਏ ਖ਼ਵਾਰ, ਧੀਰਜ ਧੀਰ ਨਾ ਕੋਇ ਧਰਾਇਆ । ਗੁਰਮੁਖ ਵਿਰਲਾ ਉਤਰੇ ਪਾਰ, ਜਿਸ ਜਨ ਆਪਣੀ ਬੂਝ ਬੁਝਾਇਆ । ਮੇਟ ਮਿਟਾਏ ਅੰਧ ਅੰਧਿਆਰ, ਸਾਚਾ ਨੂਰ ਇਕ ਦਰਸਾਇਆ । ਚਰਨ ਕਵਲ ਵਖਾਏ ਸਚ ਦਵਾਰ, ਦਰ ਦਰਵਾਜ਼ਾ ਆਪ ਖੁਲ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਦਰ ਆਪ ਵਖਾਇਆ । ਸਾਚਾ ਮੰਦਰ ਸੋਭਾਵੰਤ, ਸੋ ਪੁਰਖ ਨਿਰੰਜਣ ਡੇਰਾ ਲਾਈਆ । ਹਰਿ ਪੁਰਖ ਨਿਰੰਜਣ ਸਾਚਾ ਕੰਤ, ਨਰ ਨਰਾਇਣ ਖ਼ੁਸ਼ੀ ਮਨਾਈਆ । ਏਕੰਕਾਰਾ ਆਦਿ ਅੰਤ, ਜੁਗ ਜੁਗ ਖੇਲ ਖਿਲਾਈਆ । ਆਦਿ ਨਿਰੰਜਣ ਮਹਿਮਾ ਅਗਣਤ, ਜੋਤੀ ਜੋਤ ਜੋਤ ਰੁਸ਼ਨਾਈਆ । ਅਬਿਨਾਸ਼ੀ ਕਰਤਾ ਵੇਖੇ ਸਾਚੇ ਸੰਤ, ਸੰਤ ਸਾਜਨ ਲਏ ਮਿਲਾਈਆ । ਸ੍ਰੀ ਭਗਵਾਨ ਏਕਾ ਨਾਮ ਜਣਾਏ ਮਣੀਆ

ਮੰਤ, ਸਾਚਾ ਮੰਤਰ ਇਕ ਵਖਾਈਆ । ਪਾਰਬ੍ਰਹਮ ਲੇਖਾ ਜਾਣੇ ਲੱਖ ਚੁਰਾਸੀ ਜੀਵ ਜੰਤ, ਜੋ ਘੜਿਆ ਭੰਨ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਮਾਣ ਵਡਿਆਈਆ । ਹਰਿਜਨ ਮਾਣ ਰਖਾਇੰਦਾ, ਜੁਗਾ ਜੁਗੰਤਰ ਕਾਰ । ਸਤਿਜੁਗ ਤ੍ਰੇਤਾ ਦੁਆਪਰ ਪਾਰ ਕਰਾਇੰਦਾ, ਕਲਜੁਗ ਆਏ ਅੰਤਮ ਵਾਰ । ਨਿਰਗੁਣ ਆਪਣਾ ਰੂਪ ਵਟਾਇੰਦਾ, ਨਿਹਕਲੰਕਾ ਜਾਮਾ ਧਾਰ । ਜਾਗਰਤ ਜੋਤ ਡਗਮਗਾਇੰਦਾ, ਦੋ ਜਹਾਨ ਹੋਏ ਉਜਿਆਰ । ਗੁਰਮੁਖ ਦੀਪਕ ਆਪ ਵਖਾਇੰਦਾ, ਸਾਚਾ ਦੀਆ ਆਪੇ ਬਾਲ । ਤੇਲ ਬਾਤੀ ਨਾ ਕੋਇ ਪਾਇੰਦਾ, ਮਾਰਗ ਦੱਸੇ ਇਕ ਸੁਖਾਲ । ਜੋਤੀ ਜੋਤ ਮੇਲ ਮਿਲਾਇੰਦਾ, ਨਾਤਾ ਤੋੜ ਕਾਲ ਮਹਾਕਾਲ । ਸਾਚੀ ਚੋਟੀ ਆਪ ਚੜ੍ਹਾਇੰਦਾ, ਸਚਖੰਡ ਸੱਚੀ ਧਰਮਸਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੀਪਕ ਦੇਵੇ ਬਾਲ । ਬਲਿਆ ਦੀਪਕ ਹੋਇਆ ਪਰਕਾਸ਼ਾ, ਪਰਮ ਪੁਰਖ ਕਰਾਇਆ । ਗ੍ਰਿਹਿ ਮੰਦਰ ਅੰਦਰ ਸਾਚੀ ਰਾਸਾ, ਗੋਪੀ ਕਾਹਨ ਨਚਾਇਆ । ਨਿਜ ਆਤਮ ਨਿਜ ਘਰ ਕਰ ਕਰ ਵਾਸਾ, ਨਿਜ ਨੇਤਰ ਨੈਣ ਖੁਲ੍ਹਾਇਆ । ਨਿਜ ਪਵਣ ਚਲਾਏ ਸਵਾਸਾ, ਰਸਨਾ ਜੇਹਵਾ ਆਪ ਹਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗ੍ਰਿਹਿ ਮੰਦਰ ਵੇਖ ਵਖਾਇਆ । ਗ੍ਰਿਹਿ ਮੰਦਰ ਹੋਏ ਸੁਹੰਜਣਾ, ਗੁਰਮੁਖ ਕਾਇਆ ਗੜ੍ਹ । ਜੋਤ ਜਗਾਏ ਆਦਿ ਨਿਰੰਜਣਾ, ਸਾਚੇ ਮੰਦਰ ਆਪੇ ਵੜ । ਆਦਿ ਜੁਗਾਦਿ ਦਰਦ ਦੁੱਖ ਭੈ ਭੰਜਨਾ, ਜਗਤ ਵਿਕਾਰਾ ਲਵੇ ਫੜ । ਏਥੇ ਓਥੇ ਸਾਚਾ ਸੱਜਣਾ, ਨਾ ਜਨਮੇ ਨਾ ਜਾਏ ਮਰ । ਜਨ ਭਗਤਾਂ ਰੱਖੇ ਲੱਜਣਾ, ਬਣ ਦਰਵੇਸ਼ ਆਵੇ ਦਰ । ਚਰਨ ਧੂੜ ਕਰਾਏ ਸਾਚਾ ਮਜਨਾ, ਦੁਰਮਤ ਮੈਲ ਦੇਵੇ ਹਰ । ਆਦਿ ਅੰਤ ਪਰਦਾ ਕੱਜਨਾ, ਖੋਲ੍ਹੇ ਬੰਦ ਕਿਵਾੜ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਭੌ ਚੁਕਾਏ ਭੈ ਡਰ । ਗੁਰਮੁਖ ਅੰਤਰ ਆਤਮ ਲੋ, ਲੋਆਂ ਪੁਰੀਆਂ ਕਰੇ ਰੁਸ਼ਨਾਈਆ । ਗੁਰਮੁਖ ਆਤਮ ਦੁਰਮਤ ਮੈਲ ਧੋ, ਨਿਰਮਲ ਨੀਰ ਅੰਮ੍ਰਿਤ ਆਤਮ ਜਾਮ ਪਿਆਈਆ । ਗੁਰਮੁਖ ਆਤਮ ਸੁਰਤੀ ਪਾਰਬ੍ਰਹਮ ਪ੍ਰਭ ਜਾਣੇ ਸੋ, ਹੰ ਬ੍ਰਹਮ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਜੋਤ ਜੋਤ ਰੁਸ਼ਨਾਈਆ । ਸਾਚੀ ਜੋਤ ਇਕ ਗੋਬਿੰਦ, ਹਰਿਜਨ ਆਪ ਟਿਕਾਇੰਦਾ । ਹਰਖ ਸੋਗ ਨਾ ਕੋਇ ਚਿੰਦ, ਚਿੰਤਾ ਚਿਖਾ ਨਾ ਕੋਇ ਵਖਾਇੰਦਾ । ਏਕਾ ਓਟ ਗਹਿਰ ਗੰਭੀਰ ਗੁਣੀ ਗਹਿੰਦ, ਦੂਸਰ ਆਸ ਨਾ ਕੋਇ ਤਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲੇ ਆਪਣੇ ਘਰ, ਸਚ ਦਵਾਰਾ ਆਪ ਵਖਾਇੰਦਾ । ਸਚ ਦਵਾਰਾ ਹਰਿ ਜੂ ਖੋਲ੍ਹ, ਹਰਿਜਨ ਆਪ ਜਣਾਈਆ । ਸ਼ਬਦ ਅਗੰਮੀ ਏਕਾ ਬੋਲ, ਨਾਮ ਮਰਦੰਗਾ ਢੋਲ ਵਜਾਈਆ । ਲੱਖ ਚੁਰਾਸੀ ਵਿਚੋਂ ਵਰੋਲ, ਗੁਰਮੁਖ ਸੱਜਣ ਬਾਹਰ ਕਢਾਈਆ । ਨਾਮ ਕੰਡੇ ਦੇਵੇ ਤੋਲ, ਤੋਲਣਹਾਰਾ ਹਰਿ ਸ਼ਹਿਨਸ਼ਾਹੀਆ । ਦੇਵੇ ਵਸਤ ਅੰਤ ਅਨਮੋਲ, ਵਸਤ ਅਮੋਲਕ ਝੋਲੀ ਪਾਈਆ । ਕਲਜੁਗ ਅੰਧੇਰਾ ਚਾਰ ਕੁੰਟ ਜੂਠ ਝੂਠ ਵੱਜਿਆ ਢੋਲ, ਜੀਵਾਂ ਜੰਤਾਂ ਰਿਹਾ ਸੁਣਾਈਆ । ਸਚ ਵਸਤ ਨਾ ਦਿਸੇ ਕਿਸੇ ਕੋਲ, ਸਾਚਾ ਮਾਰਗ ਨਾ ਕੋਇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਆਪਣੇ ਨਾਮ ਰੱਖੇ ਵਡਿਆਈਆ । ਏਕਾ ਨਾਉਂ ਹਰਿ ਬਲਵਾਨ, ਦੂਸਰ ਕੋਇ ਨਜ਼ਰ ਨਾ ਆਇਆ । ਕੋਟਨ ਕੋਟ ਬਹਿ ਬਹਿ ਗਾਣ, ਜੁਗ ਜੁਗ ਰਸਨਾ ਜੇਹਵਾ ਹਿਲਾਇਆ । ਵੇਲੇ ਅੰਤ ਸਰਬ ਪਛਤਾਣ, ਵੇਲਾ ਗਿਆ ਹੱਥ ਨਾ ਆਇਆ । ਪੀਰ ਫ਼ਕੀਰ ਨਾ ਦਿਸੇ ਕੋਇ ਨਿਸ਼ਾਨ, ਜੋ ਘੜਿਆ ਭੰਨ ਵਖਾਇਆ । ਲੱਖ ਚੁਰਾਸੀ

ਫ਼ਨਾਹ ਮਕਾਨ, ਮਲਕਉਲਮੌਤ ਲਏ ਪਰਨਾਇਆ । ਜਗਤ ਦਵਾਰਾ ਝੂਠ ਦੁਕਾਨ, ਮਾਇਆ ਮਮਤਾ ਹੱਟ ਖੁਲ੍ਹਾਇਆ । ਹਵਨ ਧੂਪ ਨਾ ਕੋਇ ਮਸਾਣ, ਪਵਣ ਸੁਗੰਧ ਨਾ ਕੋਇ ਰਲਾਇਆ । ਜਗਤ ਅੰਧੇਰ ਨਾ ਕੋਇ ਗਿਆਨ, ਦੀਵਾ ਬਾਤੀ ਨਾ ਕੋਇ ਜਗਾਇਆ । ਜਿਸ ਦਵਾਰੇ ਆਏ ਸ੍ਰੀ ਭਗਵਾਨ, ਸੋ ਦਰ ਦੂਜਾ ਕੋਇ ਰਹਿਣ ਨਾ ਪਾਇਆ । ਬਿਨ ਸਤਿਗੁਰ ਪੂਰੇ ਕੋਇ ਨਾ ਕਰੇ ਕਲਿਆਣ, ਵੇਲੇ ਅੰਤ ਨਾ ਕੋਇ ਸਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਵਖਾਇਆ । ਆਪਣਾ ਖੇਲ ਕਰੇ ਕਰਤਾਰਾ, ਕ਼ੁਦਰਤ ਕ਼ਾਦਰ ਵੇਖ ਵਖਾਈਆ । ਕਲਜੁਗ ਅੰਤਰ ਹੋ ਤਿਆਰਾ, ਬੇਐਬ ਰੂਪ ਵਟਾਈਆ । ਮੁਕਾਮੇ ਹੱਕ ਲਗਾਏ ਨਾਅਰਾ, ਲਾਸ਼ਰੀਕ ਇਕ ਖ਼ੁਦਾਈਆ । ਦਰ ਬਹਾਏ ਗੁਰ ਪੀਰ ਅਵਤਾਰਾ, ਮੁੱਲਾਂ ਸ਼ੇਖ਼ ਮਸਾਇਕ ਬੰਧਨ ਪਾਈਆ । ਗਿਆਨ ਧਿਆਨ ਨਾ ਕੋਇ ਵਿਚਾਰਾ, ਪੰਡਤ ਪਾਂਧੇ ਰਹੇ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਖਿਲਾਈਆ । ਸਾਚਾ ਖੇਲ ਗੁਰਮੁਖ ਰੰਗ, ਸੋ ਪੁਰਖ ਨਿਰੰਜਣ ਆਪ ਰੰਗਾਇੰਦਾ । ਜਿਸ ਦਵਾਰੇ ਵਜਾਏ ਨਾਮ ਮਰਦੰਗ, ਦੂਸਰ ਸਾਜ ਨਾ ਕੋਇ ਵਖਾਇੰਦਾ । ਚਾਰੋਂ ਕੁੰਟ ਅੰਧੇਰਾ ਅੰਧ, ਘਰ ਘਰ ਦੀਪ ਨਾ ਕੋਇ ਜਗਾਇੰਦਾ । ਜਗਤ ਦੁੱਖ ਨਾ ਮੁੱਕੇ ਪੰਧ, ਦੁਖੀਆਂ ਦੁੱਖ ਨਾ ਕੋਇ ਗਵਾਇੰਦਾ । ਜੋ ਜਨ ਸੁਣੇ ਸੁਹਾਗੀ ਛੰਦ, ਤਿਸ ਜਨ ਬੇੜਾ ਪਾਰ ਕਰਾਇੰਦਾ । ਕਾਲ ਦਏ ਦਵਾਰ ਨਾ ਡੰਨ, ਲਾੜੀ ਮੌਤ ਦਰ ਦੁਰਕਾਇੰਦਾ । ਪਸੂ ਪੰਖੀ ਪੰਛੀ ਬੇੜਾ ਦੇਵੇ ਬੰਨ੍ਹ, ਡੋਰੀ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਦਵਾਰੇ ਜਾਏ ਖੜ੍ਹ, ਦੂਸਰ ਨੇੜ ਕੋਇ ਨਾ ਆਇੰਦਾ । ਦੂਸਰ ਕੋਈ ਨਾ ਆਵੇ ਨੇੜੇ, ਜਿਸ ਦਰ ਆਪਣਾ ਨਾਮ ਜਪਾਈਆ । ਟੂਣੇ ਜਾਦੂ ਜਗਤ ਝੂਠੇ ਝੇੜੇ, ਸਾਚਾ ਰਾਹ ਨਾ ਕੋਇ ਵਖਾਈਆ । ਬਿਨ ਸਤਿਗੁਰ ਪੂਰੇ ਕਵਣ ਬੰਨ੍ਹੇ ਬੇੜੇ, ਬੇੜਾ ਪਾਰ ਕਵਣ ਲੰਘਾਈਆ । ਮਨਮੁਖ ਸੁੱਤੇ ਰਹੇ ਅੰਧੇਰੇ, ਸਾਚਾ ਨੂਰ ਨਜ਼ਰ ਨਾ ਆਈਆ । ਮਨ ਵਾਸਨਾ ਪਾਏ ਘੇਰੇ, ਮਨ ਕਾ ਮਣਕਾ ਨਾ ਕੋਇ ਭਵਾਈਆ । ਗੁਰਮੁਖ ਸਿੰਘ ਮੱਸਾ ਮੱਸਿਆ ਰੈਣ ਗਈ ਅੰਧੇਰੇ, ਚੰਦ ਏਕਮ ਏਕਾ ਵਾਰ ਨਜ਼ਰੀ ਆਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਾਗ ਲਗਾਏ ਕਾਇਆ ਖੇੜੇ, ਸਿਰ ਆਪਣਾ ਹੱਥ ਟਿਕਾਈਆ ।

★ ੧੪ ਭਾਦਰੋਂ ੨੦੧੮ ਬਿਕ੍ਰਮੀ ਲਾਲ ਸਿੰਘ ਦੇ ਗ੍ਰਿਹ ਡੱਲੇ ਵਾਲ ਜ਼ਿਲਾ ਜਲੰਧਰ ★

ਸੋ ਪੁਰਖ ਨਿਰੰਜਣ ਸਰਬ ਗੁਣਵੰਤ, ਬੇਅੰਤ ਸੱਚਾ ਸ਼ਹਿਨਸ਼ਾਹੀਆ । ਹਰਿ ਪੁਰਖ ਨਿਰੰਜਣ ਆਦਿ ਅੰਤ, ਨਿਰਵੈਰ ਧਾਰ ਚਲਾਈਆ । ਏਕੰਕਾਰਾ ਮਹਿਮਾ ਅਗਣਤ, ਲੇਖਾ ਲੇਖ ਨਾ ਕੋਇ ਜਣਾਈਆ । ਆਦਿ ਨਿਰੰਜਣ ਦਰ ਘਰ ਸਾਚੇ ਸੋਭਾਵੰਤ, ਜੋਤੀ ਨੂਰ ਡਗਮਗਾਈਆ । ਅਬਿਨਾਸ਼ੀ ਕਰਤਾ ਆਪ ਬਣਾਏ ਆਪਣੀ ਬਣਤ, ਮਾਤ ਪਿਤ ਨਾ ਕੋਇ ਰਖਾਈਆ । ਸ੍ਰੀ ਭਗਵਾਨ ਨਾਰੀ ਕੰਤ, ਸਾਚੀ ਸੇਜ ਆਪ ਸੁਹਾਈਆ । ਪਾਰਬ੍ਰਹਮ ਆਪੇ ਜਾਣੇ ਆਪਣਾ ਮੰਤ, ਨਿਸ਼ਅੱਖਰ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਭੇਵ ਆਪਣੇ ਹੱਥ ਰਖਾਈਆ । ਹਰਿ ਭੇਵ ਅਪਾਰਾ, ਸੋ ਪੁਰਖ ਨਿਰੰਜਣ ਆਪ ਖੁਲ੍ਹਾਇੰਦਾ । ਹਰਿ ਪੁਰਖ ਨਿਰੰਜਣ ਹੋ ਉਜਿਆਰਾ, ਏਕੰਕਾਰਾ ਵੇਸ ਵਟਾਇੰਦਾ । ਆਦਿ ਨਿਰੰਜਣ

ਨਿਰਮਲ ਧਾਰਾ, ਅਬਿਨਾਸ਼ੀ ਕਰਤਾ ਸੰਗ ਰਖਾਇੰਦਾ । ਸ੍ਰੀ ਭਗਵਾਨ ਵਸਣਹਾਰਾ ਠਾਂਡੇ ਦਰਬਾਰਾ, ਸਚਖੰਡ ਦਵਾਰਾ ਸੋਭਾ ਪਾਇੰਦਾ । ਪਾਰਬ੍ਰਹਮ ਪ੍ਰਭ ਕਰ ਪਸਾਰਾ, ਨਿਰਗੁਣ ਨਿਰਗੁਣ ਵੇਖ ਵਖਾਇੰਦਾ । ਸਾਚਾ ਮੰਦਰ ਖੋਲ੍ਹ ਕਿਵਾੜਾ, ਦੀਆ ਬਾਤੀ ਆਪ ਟਿਕਾਇੰਦਾ । ਪੁਰਖ ਅਗੰਮ ਅਗੰਮੜੀ ਕਾਰਾ, ਅਲਖ ਅਗੋਚਰ ਆਪ ਕਰਾਇੰਦਾ । ਸ਼ਾਹੋ ਭੂਪ ਬਣ ਸਿਕਦਾਰਾ, ਤਖ਼ਤ ਨਿਵਾਸੀ ਸਾਚੇ ਤਖ਼ਤ ਸੋਭਾ ਪਾਇੰਦਾ । ਹੁਕਮੀ ਹੁਕਮ ਕਰ ਵਰਤਾਰਾ, ਧੁਰ ਫ਼ਰਮਾਨਾ ਹੁਕਮ ਜਣਾਇੰਦਾ । ਆਪਣੀ ਇਛਿਆ ਸਤਿ ਭੰਡਾਰਾ, ਸਾਚੀ ਭਿਛਿਆ ਝੋਲੀ ਪਾਇੰਦਾ । ਕਰਨੀ ਕਰੇ ਕਰਨੇਹਾਰਾ, ਕਰਤਾ ਪੁਰਖ ਆਪਣੀ ਖੇਲ ਖਿਲਾਇੰਦਾ । ਆਪੇ ਨਾਦ ਧੁਨ ਜੈਕਾਰਾ, ਸ਼ਬਦ ਅਨਾਦੀ ਨਾਦ ਵਜਾਇੰਦਾ । ਸੁਣੇ ਸੁਣਾਏ ਸੁਣਨੇਹਾਰਾ, ਦਰ ਘਰ ਸਾਚੇ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਭੇਵ ਆਪ ਖੁਲ੍ਹਾਇੰਦਾ । ਸਾਚਾ ਭੇਵ ਹਰਿ ਹਰਿ ਖੋਲ੍ਹ, ਆਪਣੀ ਦਇਆ ਆਪ ਕਮਾਈਆ । ਸਾਚੇ ਮੰਦਰ ਆਪੇ ਬੋਲ, ਸਚਖੰਡ ਦਵਾਰ ਸੋਭਾ ਪਾਈਆ । ਨਿਰਗੁਣ ਤੋਲਾ ਤੋਲੇ ਸਾਚਾ ਤੋਲ, ਤੋਲਣਹਾਰਾ ਇਕ ਹੋ ਜਾਈਆ । ਸਚ ਵਸਤ ਰੱਖੇ ਕੋਲ, ਆਦਿ ਜੁਗਾਦਿ ਆਪ ਵਰਤਾਈਆ । ਬੈਠਾ ਰਹੇ ਸਦਾ ਅਡੋਲ, ਡੁਲ ਕਦੇ ਨਾ ਜਾਈਆ । ਨਿਰਗੁਣ ਨਿਰਗੁਣ ਅੰਦਰ ਰਿਹਾ ਮੌਲ, ਰੂਪ ਰੰਗ ਰੇਖ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਰਚਨਾ ਆਪ ਰਚਾਈਆ । ਸਾਚੀ ਰਚਨਾ ਰਚਨੇਹਾਰਾ, ਸੋ ਪੁਰਖ ਨਿਰੰਜਣ ਖੇਲ ਖਿਲਾਇੰਦਾ । ਹਰਿ ਪੁਰਖ ਨਿਰੰਜਣ ਕਰ ਪਸਾਰਾ, ਏਕੰਕਾਰਾ ਵਿਚ ਸਮਾਇੰਦਾ । ਆਦਿ ਨਿਰੰਜਣ ਹੋ ਉਜਿਆਰਾ, ਜੋਤੀ ਨੂਰ ਡਗਮਗਾਇੰਦਾ । ਅਬਿਨਾਸ਼ੀ ਕਰਤਾ ਲੇਖਾ ਜਾਣੇ ਧੁਰ ਦਰਬਾਰਾ, ਸਚ ਦਵਾਰਾ ਆਪ ਸੁਹਾਇੰਦਾ । ਸ੍ਰੀ ਭਗਵਾਨ ਖੋਲ੍ਹ ਕਿਵਾੜਾ, ਸਾਚਾ ਮੰਦਰ ਆਪ ਵਡਿਆਇੰਦਾ । ਪਾਰਬ੍ਰਹਮ ਲੇਖਾ ਜਾਣੇ ਪੁਰਖ ਨਾਰਾ, ਨਰ ਨਰਾਇਣ ਵੇਸ ਵਟਾਇੰਦਾ । ਮੇਲ ਮਿਲਾਵਾ ਕੰਤ ਭਤਾਰਾ, ਸਾਚੀ ਸੇਜ ਸੁਹਾਇੰਦਾ । ਸੁਤ ਉਪਜਾਏ ਇਕ ਦੁਲਾਰਾ, ਸ਼ਬਦੀ ਨਾਉਂ ਧਰਾਇੰਦਾ । ਦਾਈ ਦਾਇਆ ਗਿਰਵਰ ਗਿਰਧਾਰਾ, ਸਾਚੀ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਆਪ ਉਠਾਇੰਦਾ । ਆਪਣਾ ਪਰਦਾ ਆਪੇ ਚੁੱਕ, ਨਿਰਗੁਣ ਆਪਣਾ ਨੂਰ ਕਰੇ ਰੁਸ਼ਨਾਈਆ । ਆਪੇ ਅੰਦਰ ਬਾਹਰ ਗੁਪਤ ਜ਼ਾਹਰ ਬੈਠਾ ਲੁਕ, ਆਪ ਆਪਣੇ ਰੰਗ ਸਮਾਈਆ । ਆਪੇ ਸ਼ਾਹ ਸੁਲਤਾਨ ਤਖ਼ਤ ਨਿਵਾਸੀ ਆਪੇ ਸੀਸ ਨਿਵਾਏ ਝੁਕ, ਸ਼ਾਹ ਪਾਤਸ਼ਾਹ ਆਪ ਹੋ ਜਾਈਆ । ਆਪੇ ਆਪਣੀ ਇਛਿਆ ਪਏ ਉਠ, ਆਦਿ ਅੰਤ ਨਾ ਕੋਇ ਦਸਾਈਆ । ਆਪ ਉਪਾਏ ਆਪਣਾ ਸੁੱਤ, ਪੂਤ ਸਪੂਤਾ ਨਾਉਂ ਧਰਾਈਆ । ਕਰੇ ਖੇਲ ਅਬਿਨਾਸ਼ੀ ਅਚੁਤ, ਬੇਅੰਤ ਵਡ ਵਡਿਆਈਆ । ਇਕ ਸੁਹਾਏ ਸਾਚੀ ਰੁਤ, ਰੁਤ ਰੁਤੜੀ ਆਪਣੇ ਵਿਚ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਦਏ ਉਠਾਈਆ । ਹਰਿ ਆਪਣਾ ਪਰਦਾ ਆਪ ਉਠਾਇੰਦਾ, ਕਰ ਕਿਰਪਾ ਗੁਣ ਨਿਧਾਨ । ਆਪਣਾ ਮੰਦਰ ਆਪ ਸੁਹਾਇੰਦਾ, ਸਚਖੰਡ ਸੱਚਾ ਮਕਾਨ । ਅਗੰਮ ਅਗੰਮੜੀ ਕਾਰ ਕਰਾਇੰਦਾ, ਅਲਖ ਅਗੋਚਰ ਸ੍ਰੀ ਭਗਵਾਨ । ਦੀਆ ਬਾਤੀ ਆਪ ਜਗਾਇੰਦਾ, ਜੋਤੀ ਨੂਰ ਨੂਰ ਮਹਾਨ । ਸਾਚਾ ਰਾਗ ਆਪ ਅਲਾਇੰਦਾ, ਸ਼ਬਦ ਅਨਾਦ ਅਨਾਦੀ ਧੁਰ ਫ਼ਰਮਾਨ । ਆਪਣਾ ਖੇਲ ਆਪ ਖਿਲਾਇੰਦਾ, ਆਪੇ ਵੇਖੇ ਆਣ । ਆਪਣੀ ਰਚਨਾ ਆਪ ਰਚਾਇੰਦਾ, ਆਪੇ ਰਚ ਰਚ ਹੋਏ ਪਰਧਾਨ । ਆਪੇ ਸਾਚੀ ਸੇਵ ਕਮਾਇੰਦਾ, ਆਪੇ ਦੇਵਣਹਾਰਾ ਦਾਨ । ਸਚਖੰਡ ਦਵਾਰ ਆਪ ਵਡਿਆਇੰਦਾ, ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਵਡ ਮਿਹਰਵਾਨ । ਵਡ ਮਿਹਰਵਾਨ ਹਰਿ ਨਿਰੰਕਾਰਾ, ਏਕਾ ਰੰਗ ਸਮਾਇੰਦਾ । ਸੋ ਪੁਰਖ ਨਿਰੰਜਣ ਹੋ ਤਿਆਰਾ, ਆਪਣਾ ਤਾਕ ਆਪ ਖੁਲ੍ਹਾਇੰਦਾ । ਆਪ ਸੁਣਾਏ ਆਪਣਾ ਵਾਕ, ਰਾਗ ਰਾਗੀ ਆਪ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣਾ ਭੇਵ ਖੁਲ੍ਹਾਇੰਦਾ । ਆਪਣਾ ਭੇਵ ਸ੍ਰੀ ਭਗਵਾਨ, ਆਦਿ ਆਦਿ ਖੁਲ੍ਹਾਈਆ । ਜੁਗਾਦਿ ਜੁਗਾਦਿ ਹੋ ਪਰਧਾਨ, ਆਪਣਾ ਬੰਧਨ ਪਾਈਆ । ਅੰਤ ਅੰਤ ਧੁਰ ਫ਼ਰਮਾਨ, ਬੇਅੰਤ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣੀ ਧਾਰ ਆਪ ਚਲਾਈਆ । ਸਾਚੀ ਧਾਰ ਪੁਰਖ ਅਬਿਨਾਸ਼, ਆਦਿ ਜੁਗਾਦਿ ਚਲਾਇੰਦਾ । ਸਚਖੰਡ ਦਵਾਰੇ ਸਾਚੀ ਰਾਸ, ਸਤਿ ਸਤਿਵਾਦੀ ਆਪ ਰਚਾਇੰਦਾ । ਆਪਣੀ ਇਛਿਆ ਕਰ ਪਰਕਾਸ਼, ਨੂਰ ਨੁਰਾਨਾ ਡਗਮਗਾਇੰਦਾ । ਤਖ਼ਤ ਨਿਵਾਸੀ ਸ਼ਾਹੋ ਸ਼ਾਬਾਸ਼, ਸ਼ਾਹ ਸੁਲਤਾਨ ਨਾਉਂ ਧਰਾਇੰਦਾ । ਆਪੇ ਕਰੇ ਪੂਰੀ ਆਸ, ਆਸਾ ਪੂਰ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਆਪ ਰੰਗਾਇੰਦਾ । ਸਾਚਾ ਰੰਗ ਪੁਰਖ ਅਕਾਲ, ਆਪਣਾ ਆਪ ਰੰਗਾਈਆ । ਸਚਖੰਡ ਦਵਾਰੇ ਹੋ ਦਿਆਲ, ਆਪਣੀ ਦਇਆ ਆਪ ਕਮਾਈਆ । ਆਪੇ ਵੇਖੇ ਸੁਤ ਦੁਲਾਰਾ ਲਾਲ, ਸ਼ਬਦੀ ਸ਼ਬਦ ਗੋਦ ਬਹਾਈਆ । ਆਪਣਾ ਨਾਉਂ ਦੇਵੇ ਸੱਚਾ ਧਨ ਮਾਲ, ਨਾਉਂ ਨਿਰੰਕਾਰਾ ਝੋਲੀ ਪਾਈਆ । ਇਕ ਸੁਹਾਏ ਸੱਚੀ ਧਰਮਸਾਲ, ਸਚਖੰਡ ਦਵਾਰਾ ਸੋਭਾ ਪਾਈਆ । ਸਾਚੀ ਵਸਤ ਰੱਖ ਸੰਭਾਲ, ਏਕਾ ਗੁਣ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਈਆ । ਸਾਚੀ ਵਸਤ ਹਰਿ ਝੋਲੀ ਪਾ, ਏਕਾ ਵਾਰ ਸੁਣਾਇੰਦਾ । ਸ਼ਬਦੀ ਸੁਤ ਲਿਆ ਉਠਾ, ਸਾਚੇ ਦਰ ਬਹਾਇੰਦਾ । ਸੀਸ ਹੱਥ ਆਪ ਟਿਕਾ, ਸਮਰਥ ਵੇਖ ਵਖਾਇੰਦਾ । ਏਕਾ ਗਾਥਾ ਦਏ ਪੜ੍ਹਾ, ਬੋਧ ਅਗਾਧ ਜਣਾਇੰਦਾ । ਸਾਚੇ ਰਥ ਲਏ ਚੜ੍ਹਾ, ਆਦਿ ਜੁਗਾਦਿ ਚਲਾਇੰਦਾ । ਆਪਣਾ ਲੇਖਾ ਆਪ ਲਿਖਾ, ਆਪੇ ਪੂਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਦਇਆ ਆਪ ਕਮਾਇੰਦਾ । ਦਇਆ ਕਰੇ ਦਇਆਵਾਨ, ਸੋ ਪੁਰਖ ਨਿਰੰਜਣ ਹੱਥ ਵਡਿਆਈਆ । ਸੁਤ ਦੁਲਾਰਾ ਬਾਲ ਅਵਾਣ, ਹਰਿ ਪੁਰਖ ਨਿਰੰਜਣ ਹੋਏ ਸਹਾਈਆ । ਏਕੰਕਾਰਾ ਬਖ਼ਸ਼ੇ ਮਾਣ, ਚਰਨ ਕਵਲ ਸੱਚੀ ਸਰਨਾਈਆ । ਆਦਿ ਨਿਰੰਜਣ ਦੇਵੇ ਨੂਰ ਨੁਰਾਨ, ਨੂਰ ਨੁਰਾਨਾ ਇਕ ਅਖਵਾਈਆ । ਅਬਿਨਾਸ਼ੀ ਕਰਤਾ ਵਖਾਏ ਸਚ ਮਕਾਨ, ਸਚਖੰਡ ਦਵਾਰਾ ਸੋਭਾ ਪਾਈਆ । ਸ੍ਰੀ ਭਗਵਾਨ ਝੁਲਾਏ ਇਕ ਨਿਸ਼ਾਨ, ਸਤਿ ਨਿਸ਼ਾਨਾ ਆਪ ਰਖਾਈਆ । ਪਾਰਬ੍ਰਹਮ ਪ੍ਰਭ ਕਰ ਪਰਵਾਨ, ਦਰ ਬੈਠਾ ਸੀਸ ਝੁਕਾਈਆ । ਸੁਤ ਦੁਲਾਰੇ ਦੇਵੇ ਇਕ ਪਛਾਣ, ਨਿਰਗੁਣ ਨਿਰਗੁਣ ਮੇਲ ਮਿਲਾਈਆ । ਏਕਾ ਗੋਪੀ ਏਕਾ ਕਾਹਨ, ਏਕਾ ਮੰਡਲ ਰਾਸ ਰਚਾਈਆ । ਏਕਾ ਹੁਕਮ ਧੁਰ ਫ਼ਰਮਾਨ, ਸਚ ਸੰਦੇਸਾ ਨਾਉਂ ਜਣਾਈਆ । ਭੁਲ ਨਾ ਜਾਣਾ ਬਣ ਨਾਦਾਨ, ਅਭੁਲ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਦੁਲਾਰੇ ਇਕ ਸਮਝਾਈਆ । ਸੁਤ ਦੁਲਾਰਾ ਬਾਲ ਅਵਾਣਾ, ਹਰਿ ਅੱਗੇ ਸੀਸ ਝੁਕਾਇੰਦਾ । ਤੂੰ ਸ਼ਾਹ ਪਾਤਸ਼ਾਹ ਸੱਚਾ ਸੁਲਤਾਨਾ, ਹਉਂ ਦਰਵੇਸ਼ ਮੰਗ ਮੰਗਾਇੰਦਾ । ਤੇਰਾ ਸੋਹੇ ਸਚਖੰਡ ਮਕਾਨਾ, ਸਚ ਸਿੰਘਾਸਣ ਸੋਭਾ ਪਾਇੰਦਾ । ਤੂੰ ਹੀ ਮਰਦ ਮਰਦ ਮਰਦਾਨਾ, ਤੇਰਾ ਅੰਤ ਕੋਇ ਨਾ ਆਇੰਦਾ । ਤੇਰਾ ਹੁਕਮ ਮੇਰਾ ਪਰਵਾਨਾ, ਹਉਂ ਸਾਚੀ ਸੇਵ ਕਮਾਇੰਦਾ । ਹਉਂ ਮੰਗਾਂ ਏਕਾ ਦਾਨਾ,



੧੦੬੮ ੧੦

ਅੱਗੇ ਆਪਣੀ ਝੋਲੀ ਡਾਹਿੰਦਾ । ਕਵਣ ਧਾਮ ਕਰਾਂ ਬਿਸਰਾਮਾ, ਕਵਣ ਘਰ ਸੋਭਾ ਪਾਇੰਦਾ । ਕਵਣ ਜੋਤ ਜਗੇ ਮਹਾਨਾ, ਦੀਪਕ ਦੀਆ ਕਵਣ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਘਰ, ਦਰ ਸਾਚੀ ਮੰਗ ਮੰਗਾਇੰਦਾ । ਮੰਗੀ ਮੰਗ ਦਰ ਦਰਬਾਰ, ਪੁਰਖ ਅਬਿਨਾਸ਼ੀ ਪੂਰ ਕਰਾਈਆ । ਆਪਣੀ ਇਛਿਆ ਖੋਲ੍ਹ ਕਿਵਾੜ, ਥਿਰ ਘਰ ਸਾਚਾ ਲਏ ਪਰਗਟਾਈਆ । ਸੁਤ ਦੁਲਾਰਾ ਦੇਵੇ ਵਾੜ, ਸਾਚੇ ਮੰਦਰ ਆਪ ਟਿਕਾਈਆ । ਨਾ ਕੋਈ ਦੀਸੇ ਚਾਰ ਦੀਵਾਰ, ਛੱਪਰ ਛੰਨ ਨਾ ਕੋਇ ਛੁਹਾਈਆ । ਅੱਠੇ ਪਹਿਰ ਰਹੇ ਉਜਿਆਰ, ਨਿਰਗੁਣ ਜੋਤ ਇਕ ਰੁਸ਼ਨਾਈਆ । ਪਾਰਬ੍ਰਹਮ ਕਰੇ ਗੁਫ਼ਤਾਰ, ਤਾਰ ਸਤਾਰ ਇਕ ਹਿਲਾਈਆ । ਏਕਾ ਹੁਕਮ ਇਕ ਵਰਤਾਰ, ਏਕਾ ਮਾਰਗ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਥਿਰ ਘਰ ਸਾਚਾ ਲਏ ਉਪਾਈਆ । ਥਿਰ ਘਰ ਸਾਚਾ ਸਚ ਮਹੱਲਾ, ਸੋ ਪੁਰਖ ਨਿਰੰਜਣ ਆਪ ਉਪਾਇਆ । ਸ਼ਬਦ ਵਸਾਇਆ ਇਕ ਇਕੱਲਾ, ਆਦਿ ਜੁਗਾਦਿ ਸਮਾਇਆ । ਜੋਤੀ ਜੋਤ ਆਪੇ ਰੱਲਾ, ਨੂਰ ਨੁਰਾਨਾ ਡਗਮਗਾਇਆ । ਏਕੰਕਾਰ ਫੜਾਏ ਪੱਲਾ, ਆਦਿ ਨਿਰੰਜਣ ਹੋਏ ਸਹਾਇਆ । ਸ੍ਰੀ ਭਗਵਾਨ ਸੁਹਾਏ ਨਿਹਚਲ ਧਾਮ ਅਟੱਲਾ, ਅਬਿਨਾਸ਼ੀ ਕਰਤਾ ਵੇਖ ਵਖਾਇਆ । ਪਾਰਬ੍ਰਹਮ ਪ੍ਰਭ ਮੇਟੇ ਸੱਲਾ, ਆਪ ਆਪਣਾ ਮੇਲ ਮਿਲਾਇਆ । ਸਚ ਸੰਦੇਸ ਏਕਾ ਘੱਲਾ, ਧੁਰ ਫ਼ਰਮਾਨਾ ਆਪ ਸੁਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸ਼ਬਦ ਸ਼ਬਦੀ ਵੰਡ ਵੰਡਾਇਆ । ਸ਼ਬਦ ਸ਼ਬਦੀ ਵੰਡੀ ਵੰਡ, ਵੰਡਣਹਾਰ ਇਕ ਅਖਵਾਇੰਦਾ । ਦੀਨ ਦਿਆਲ ਸਦਾ ਬਖ਼ਸ਼ੰਦ, ਆਪਣੀ ਬਖ਼ਸ਼ਿਸ਼ ਆਪ ਜਣਾਇੰਦਾ । ਏਕਾ ਦੇਵੇ ਸੱਚਾ ਅਨੰਦ, ਅਨੰਦ ਅਨੰਦ ਆਪ ਪਰਗਟਾਇੰਦਾ । ਕਰੇ ਪਰਕਾਸ਼ ਬਿਨ ਸੂਰਜ ਚੰਦ, ਜੋਤੀ ਜੋਤ ਡਗਮਗਾਇੰਦਾ । ਇਕ ਸੁਣਾਏ ਸੁਹਾਗੀ ਛੰਦ, ਗੀਤ ਗੋਬਿੰਦ ਆਪ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਆਪ ਜਣਾਇੰਦਾ । ਸਾਚਾ ਮਾਰਗ ਹਰਿ ਜਣਾਏ, ਏਕਾ ਹੁਕਮ ਸੁਣਾਈਆ । ਸੁਤ ਅਨਾਦੀ ਸੇਵਾ ਲਾਏ, ਸਾਚੀ ਸੇਵਾ ਇਕ ਸਮਝਾਈਆ । ਤੇਰੀ ਰਚਨਾ ਵੇਖ ਵਖਾਏ, ਰਚ ਰਚ ਵੇਖੇ ਬੇਪਰਵਾਹੀਆ । ਬ੍ਰਹਿਮੰਡ ਖੰਡ ਤੇਰਾ ਅੰਗ ਬਣਾਏ, ਲੋਆਂ ਪੁਰੀਆਂ ਤੇਰੀ ਕਿਰਨ ਕਿਰਨ ਰੁਸ਼ਨਾਈਆ । ਵਿਸ਼ਨ ਬ੍ਰਹਮਾ ਸ਼ਿਵ ਤੇਰੀ ਜੋਤ ਜਗਾਏ, ਨੂਰ ਨੁਰਾਨਾ ਡਗਮਗਾਈਆ । ਰਵ ਸਸ ਤੇਰਾ ਨੈਣ ਖੁਲ੍ਹਾਏ, ਪਲਕ ਪਲਕ ਨਾਲ ਮਿਲਾਈਆ । ਤ੍ਰੈਗੁਣ ਤੇਰੀ ਧੂੜ ਬਣਾਏ, ਪੰਜ ਪੰਚਮ ਕਰੇ ਕੁੜਮਾਈਆ । ਲੱਖ ਚੁਰਾਸੀ ਘਾੜਨ ਲਏ ਘੜਾਏ, ਘੜਨ ਭੰਨਣਹਾਰ ਖੇਲ ਖਿਲਾਈਆ । ਨਿਰਗੁਣ ਸਰਗੁਣ ਵੇਸ ਵਟਾਏ, ਵੇਸ ਅਨੇਕਾ ਆਪ ਕਰਾਈਆ । ਘਟ ਘਟ ਤੇਰਾ ਮੰਦਰ ਬਣਾਏ, ਘਰ ਘਰ ਵਿਚ ਆਸਣ ਲਾਈਆ । ਘਰ ਘਰ ਤੇਰਾ ਨਾਦ ਵਜਾਏ, ਅਨਹਦ ਨਾਦੀ ਨਾਦ ਸੁਣਾਈਆ । ਘਰ ਘਰ ਤੇਰਾ ਨੂਰ ਰੁਸ਼ਨਾਏ, ਜੋਤ ਨਿਰੰਜਣ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਇਕ ਸਮਝਾਈਆ । ਸੁਣਿਆ ਫ਼ਰਮਾਨ ਸੁਤ ਦੁਲਾਰ, ਦੋਏ ਜੋੜ ਕਰੇ ਨਿਮਸਕਾਰਾ । ਤੂੰ ਸਾਹਿਬ ਸੱਚਾ ਪਰਵਰਦਿਗਾਰ, ਬੇਐਬ ਤੇਰਾ ਸਹਾਰਾ । ਲੱਖ ਚੁਰਾਸੀ ਤੇਰਾ ਵਰਤਾਰ, ਵਿਸ਼ਨ ਬ੍ਰਹਮਾ ਸ਼ਿਵ ਤੇਰਾ ਭੰਡਾਰਾ । ਤੇਰਾ ਨਾਉਂ ਸਚ ਧੁਨਕਾਰ, ਤੇਰਾ ਨੂਰ ਜੋਤ ਉਜਿਆਰਾ । ਤੂੰ ਘਾੜਨ ਘੜੇਂ ਬਣ ਠਠਿਆਰ, ਆਦਿ ਜੁਗਾਦੀ ਘੜਨ ਭੰਨਣਹਾਰਾ । ਹਉਂ ਸੇਵਕ ਕਰਾਂ ਫ਼ਰਯਾਦ, ਦਰ ਤੇਰੇ ਬੰਕ ਦਵਾਰਾ । ਆਪਣੇ ਵਿਚੋਂ

ਦਿਤਾ ਕਾਢ, ਥਿਰ ਘਰ ਵਸਾਇਆ ਮੇਰਾ ਕਿਵਾੜਾ । ਕਵਣ ਵੇਲਾ ਕਰੇ ਯਾਦ, ਮੈਂ ਆਵਾਂ ਚਲ ਦਵਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਕਰਨਾ ਸਚ ਇਕਰਾਰਾ । ਸਚ ਇਕਰਾਰ ਲੈਣਾ ਕਰ, ਸੁਤ ਸ਼ਬਦੀ ਆਪ ਜਣਾਇੰਦਾ । ਮੇਰਾ ਭੰਡਾਰਾ ਦੇਣਾ ਭਰ, ਏਕਾ ਵਾਰ ਮੰਗ ਮੰਗਾਇੰਦਾ । ਦੂਜਾ ਮੰਗਾਂ ਨਾ ਕੋਈ ਦਰ, ਦੂਸਰ ਓਟ ਨਾ ਕੋਇ ਰਖਾਇੰਦਾ । ਤੇਰਾ ਫੜਿਆ ਏਕਾ ਲੜ, ਆਦਿ ਜੁਗਾਦਿ ਨਾ ਕੋਇ ਛੁਡਾਇੰਦਾ । ਲੱਖ ਚੁਰਾਸੀ ਖੇਲ ਕਰ, ਘਟ ਘਟ ਨਾਚ ਨਚਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਤੇਰੇ ਅੱਗੇ ਧਰ, ਤ੍ਰੈਗੁਣ ਵਸਤ ਆਪ ਵਰਤਾਇੰਦਾ । ਪੰਚਮ ਮੇਲਾ ਆਪੇ ਕਰ, ਆਪਣੀ ਖੇਲ ਖਿਲਾਇੰਦਾ । ਅੰਤਮ ਬਾਜ਼ੀ ਜਾਇਣ ਹਰ, ਥਿਰ ਕੋਇ ਰਹਿਣ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮੈਂ ਪੱਲੂ ਤੇਰਾ ਲਵਾਂ ਫੜ, ਦਿਸ ਕਿਸੇ ਨਾ ਆਇੰਦਾ । ਪੁਰਖ ਅਬਿਨਾਸ਼ੀ ਦਇਆ ਕਮਾ, ਏਕਾ ਹੁਕਮ ਸੁਣਾਈਆ । ਸ੍ਰੀ ਭਗਵਾਨ ਹੋਏ ਸਹਾ, ਤੇਰਾ ਸਹਿਸਾ ਦਏ ਚੁਕਾਈਆ । ਜੁਗ ਚੌਕੜੀ ਖੇਲ ਖਿਲਾ, ਅੰਤਮ ਪੰਧ ਮੁਕਾਈਆ । ਨਵ ਨੌਂ ਗੇੜਾ ਦਏ ਦਵਾ, ਚਾਰ ਚਾਰ ਚਾਰ ਭਵਾਈਆ । ਅੰਤਮ ਝੇੜਾ ਦਏ ਮੁਕਾ, ਜਗ ਖੇੜਾ ਵੇਖ ਵਖਾਈਆ । ਤੇਰਾ ਲਹਿਣਾ ਦਏ ਚੁਕਾ, ਦੇਣਾ ਕੋਇ ਰਹਿਣ ਨਾ ਪਾਈਆ । ਪਰਗਟ ਹੋਏ ਆਪ ਮੇਹਰਵਾਂ, ਬੇਅੰਤ ਸੱਚਾ ਸ਼ਹਿਨਸ਼ਾਹੀਆ । ਨਿਰਗੁਣ ਨੂਰ ਕਰੇ ਰੁਸ਼ਨਾ, ਜੋਤੀ ਜੋਤ ਡਗਮਗਾਈਆ । ਜੁਗ ਚੌਕੜੀ ਗੁਰ ਅਵਤਾਰ ਪੀਰ ਪੈਗ਼ੰਬਰ ਸਾਧ ਸੰਤ ਜਪੌਂਦਾ ਰਹੇ ਆਪਣਾ ਨਾਂ, ਆਪ ਆਪਣਾ ਨਾਉਂ ਸਮਝਾਈਆ । ਅੰਤਮ ਲੇਖਾ ਦਏ ਮੁਕਾ, ਨਵ ਨੌਂ ਚਾਰ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਆਪ ਸਮਝਾਈਆ । ਨਵ ਨੌਂ ਚਾਰ ਪਾਰ ਕਰੌਣਾ, ਹਰਿ ਸਾਚਾ ਸਚ ਜਣਾਇੰਦਾ । ਨਿਰਗੁਣ ਨਿਰਵੈਰ ਪੁਰਖ ਅਕਾਲ ਰੂਪ ਵਟੌਣਾ, ਰੰਗ ਰੇਖ ਨਾ ਕੋਇ ਵਖਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਪਰਦਾ ਲੌਹਣਾ, ਜੇਰਜ ਅੰਡਜ ਉਤਭੁਜ ਸੇਤਜ ਮੂਲ ਚੁਕਾਇੰਦਾ । ਰਵ ਸਸ ਮੁਖ ਸ਼ਰਮੌਣਾ, ਗਗਨ ਗਗਨੰਤਰ ਨੇਤਰ ਨੈਣਾਂ ਨੀਰ ਵਹਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਪੰਧ ਮੁਕੌਣਾ, ਜੋ ਘੜਿਆ ਭੰਨ ਵਖਾਇੰਦਾ । ਤ੍ਰੈਕਾਲ ਦਰਸੀ ਆਪਣਾ ਦਰਸ ਫੇਰ ਕਰੌਣਾ, ਸਵੱਛ ਸਰੂਪ ਰੂਪ ਵਟਾਇੰਦਾ । ਕਾਲ ਮਹਾਕਾਲ ਆਪਣੇ ਵਿਚ ਛੁਪੌਣਾ, ਹੱਥ ਕਿਸੇ ਨਾ ਆਇੰਦਾ । ਤ੍ਰੈਗੁਣ ਜਗਤ ਜੰਜਾਲ ਆਪ ਤੁੜੌਣਾ, ਦੋ ਜਹਾਨਾਂ ਬੰਧਨ ਆਪ ਮੁਕਾਇੰਦਾ । ਸਚਖੰਡ ਆਸਣ ਆਪਣਾ ਲੌਣਾ, ਥਿਰ ਘਰ ਤੇਰਾ ਬੰਕ ਵਡਿਆਇੰਦਾ । ਥਿਰ ਘਰ ਬਹਿ ਬਹਿ ਢੋਲਾ ਗੌਣਾ, ਸਾਚਾ ਨਾਦ ਸੁਣਾਇੰਦਾ । ਸੋਹੰ ਰੂਪ ਆਪ ਪਰਗਟੌਣਾ, ਅੰਤਮ ਸੋਹੰ ਆਪਣੀ ਝੋਲੀ ਪਾਇੰਦਾ । ਸੋ ਪੁਰਖ ਨਿਰੰਜਣ ਵੇਖ ਵਖੌਣਾ, ਹੰ ਬ੍ਰਹਮ ਪੰਧ ਮੁਕਾਇੰਦਾ । ਸ਼ਬਦੀ ਸੁਤ ਤੇਰਾ ਮੇਲਾ ਮੇਲ ਮਿਲੌਣਾ, ਦਰ ਦਰਵਾਜ਼ਾ ਆਪ ਖੁਲ੍ਹਾਇੰਦਾ । ਗ਼ਰੀਬ ਨਿਵਾਜ਼ਾ ਨਜ਼ਰੀ ਔਣਾ, ਆਪ ਆਪਣਾ ਦਰਸ ਕਰਾਇੰਦਾ । ਕਾਗਦ ਕ਼ਲਮ ਕਿਸੇ ਭੇਵ ਨਾ ਪੌਣਾ, ਲਿਖ ਲਿਖ ਲੇਖ ਨਾ ਕੋਇ ਵਖਾਇੰਦਾ । ਨੌਂ ਨੌਂ ਚਾਰ ਗੁਰ ਅਵਤਾਰ ਬੇਅੰਤ ਬੇਅੰਤ ਬੇਅੰਤ ਗੌਣਾ, ਬੇਅੰਤ ਆਪਣੀ ਖੇਲ ਖਿਲਾਇੰਦਾ । ਨਿਹਕਲੰਕ ਆਪਣਾ ਨਾਉਂ ਰਖੌਣਾ, ਆਦਿ ਜੁਗਾਦਿ ਜੁਗਾ ਜੁਗੰਤਰ ਕਲੰਕ ਨਾ ਕੋਇ ਲਗਾਇੰਦਾ । ਸਾਚਾ ਡੰਕ ਇਕ ਵਜੌਣਾ, ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਆਪ ਉਠਾਇੰਦਾ । ਸ਼ਬਦੀ ਸ਼ਬਦ ਤੇਰਾ ਬੰਕ ਸੁਹੌਣਾ, ਬੰਕ ਦਵਾਰੀ ਸਾਚੇ ਬੰਕ ਸੋਭਾ ਪਾਇੰਦਾ । ਪੁਰਖ ਅਕਾਲ ਨਿਰਾਕਾਰ ਸਾਕਾਰ ਆਪਣਾ ਭੇਵ ਚੁਕੌਣਾ, ਪਰਦਾ ਅਵਰ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ

੧੧੦੦ ੧੦

ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਆਪਣੀ ਕਰਨੀ ਆਪ ਕਮਾਇੰਦਾ ।

★ ੧੪ ਭਾਦਰੋਂ ੨੦੧੮ ਬਿਕ੍ਰਮੀ ਨਿਰੰਜਣ ਸਿੰਘ ਦੇ ਗ੍ਰਿਹ ਲੁਧਿਆਣਾ ★

ਸ਼ਾਹ ਪਾਤਸ਼ਾਹ ਹਰਿ ਨਿਰੰਕਾਰਾ, ਤਖ਼ਤ ਨਿਵਾਸੀ ਸੋਭਾ ਪਾਇੰਦਾ । ਨਿਰਗੁਣ ਨੂਰ ਨੂਰ ਉਜਿਆਰਾ, ਜੋਤ ਉਜਾਲਾ ਡਗਮਗਾਇੰਦਾ । ਸੋ ਪੁਰਖ ਨਿਰੰਜਣ ਆਪ ਜਣਾਏ ਆਪਣੀ ਧਾਰਾ, ਧਾਰ ਧਾਰ ਵਿਚ ਰਖਾਇੰਦਾ । ਹਰਿ ਪੁਰਖ ਨਿਰੰਜਣ ਹੋ ਤਿਆਰਾ, ਨਿਰਵੈਰ ਆਪਣੀ ਖੇਲ ਖਿਲਾਇੰਦਾ । ਏਕੰਕਾਰਾ ਕਰ ਪਸਾਰਾ, ਇਕ ਇਕੱਲਾ ਵੇਖ ਵਖਾਇੰਦਾ । ਆਦਿ ਨਿਰੰਜਣ ਜੋਤੀ ਜੋਤ ਜੋਤ ਸਹਾਰਾ, ਜੋਤੀ ਜਾਤਾ ਵੇਸ ਵਟਾਇੰਦਾ । ਅਬਿਨਾਸ਼ੀ ਕਰਤਾ ਅਲਖ ਅਗੋਚਰ ਅਗੰਮ ਅਪਾਰਾ, ਅਕਲ ਕਲ ਆਪਣੀ ਖੇਲ ਖਿਲਾਇੰਦਾ । ਸ੍ਰੀ ਭਗਵਾਨ ਵਸਣਹਾਰਾ ਠਾਂਡੇ ਦਰਬਾਰਾ, ਸਚ ਦਰਬਾਰਾ ਸੋਭਾ ਪਾਇੰਦਾ । ਪਾਰਬ੍ਰਹਮ ਆਪ ਆਪਣਾ ਕਰ ਪਸਾਰਾ, ਆਦਿ ਪੁਰਖ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਖੇਲ ਆਪ ਕਰਾਇੰਦਾ । ਸੋ ਪੁਰਖ ਨਿਰੰਜਣ ਖੇਲ ਅਵੱਲਾ, ਆਦਿ ਜੁਗਾਦਿ ਕਰਾਈਆ । ਵਸਣਹਾਰਾ ਨਿਹਚਲ ਧਾਮ ਅਟੱਲਾ, ਸਚ ਸਿੰਘਾਸਣ ਸੋਭਾ ਪਾਈਆ । ਆਪਣੇ ਦੀਪਕ ਆਪੇ ਬਲਾ, ਨਿਰਗੁਣ ਜੋਤ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਸ਼ਾਹ ਪਾਤਸ਼ਾਹ ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸੱਚਾ ਸ਼ਹਿਨਸ਼ਾਹ ਹਰਿ ਕਰਤਾਰਾ, ਆਦਿ ਜੁਗਾਦਿ ਸਮਾਇਆ । ਵਸਣਹਾਰਾ ਧਾਮ ਨਿਆਰਾ, ਆਪ ਆਪਣਾ ਖੇਲ ਕਰਾਇਆ । ਹੁਕਮੀ ਹੁਕਮ ਕਰ ਵਰਤਾਰਾ, ਧੁਰ ਫ਼ਰਮਾਨਾ ਆਪ ਸੁਣਾਇਆ । ਲੇਖਾ ਜਾਣੇ ਧੁਰ ਦਰਬਾਰਾ, ਦਰਗਹਿ ਸਾਚੀ ਧਾਮ ਵਡਿਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਆਪਣੀ ਧਾਰ ਆਪਣੇ ਹੱਥ ਰਖਾਇਆ । ਆਦਿ ਜੁਗਾਦਿ ਖੇਲ ਭਗਵਾਨ, ਨਿਰਗੁਣ ਨਿਰਵੈਰ ਆਪ ਕਰਾਈਆ । ਆਪ ਝੁਲਾਏ ਸਚ ਨਿਸ਼ਾਨ, ਸਤਿ ਸਤਿਵਾਦੀ ਹੱਥ ਉਠਾਈਆ । ਸ਼ਾਹੋ ਭੂਪ ਬਣ ਰਾਜਾਨ, ਸ਼ਾਹ ਸੁਲਤਾਨ ਆਪਣੇ ਹੱਥ ਰੱਖੇ ਵਡਿਆਈਆ । ਜੁਗਾ ਜੁਗੰਤਰ ਦੇਵਣਹਾਰਾ ਧੁਰ ਫ਼ਰਮਾਨ, ਸ਼ਬਦ ਅਨਾਦੀ ਨਾਦ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅੰਤ ਸ੍ਰੀ ਭਗਵੰਤ, ਮਧ ਆਪਣਾ ਬੰਧਨ ਪਾਈਆ । ਸਾਚਾ ਬੰਧਨ ਪੁਰਖ ਅਬਿਨਾਸ਼, ਏਕਾ ਏਕ ਰਖਾਇੰਦਾ । ਖੇਲੇ ਖੇਲ ਸਤਿ ਤਮਾਸ਼, ਮੰਡਲ ਰਾਸ ਆਪ ਰਚਾਇੰਦਾ । ਸਾਚੇ ਮੰਦਰ ਕਰ ਕਰ ਵਾਸ, ਸਚ ਸਿੰਘਾਸਣ ਸੋਭਾ ਪਾਇੰਦਾ । ਆਪੇ ਕਰੇ ਆਪਣੀ ਪੂਰੀ ਆਸ, ਆਸਾ ਆਸਾ ਵਿਚ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣਾ ਭੇਵ ਆਪ ਖੁਲ੍ਹਾਇੰਦਾ । ਆਦਿ ਪੁਰਖ ਹੋ ਉਜਿਆਰਾ, ਆਪਣੀ ਦਇਆ ਆਪ ਕਮਾਈਆ । ਸੋ ਪੁਰਖ ਨਿਰੰਜਣ ਕਰ ਪਿਆਰਾ, ਹਰਿ ਪੁਰਖ ਨਿਰੰਜਣ ਮੇਲ ਮਿਲਾਈਆ । ਏਕੰਕਾਰਾ ਕਰੇ ਖੇਲ ਪੁਰਖ ਨਾਰਾ, ਨਰ ਨਰਾਇਣ ਵਡੀ ਵਡਿਆਈਆ । ਆਦਿ ਨਿਰੰਜਣ ਦੀਪਕ ਦੀਆ ਕਰ ਉਜਿਆਰਾ, ਨੂਰ ਨੁਰਾਨਾ ਡਗਮਗਾਈਆ । ਅਬਿਨਾਸ਼ੀ ਕਰਤਾ ਵਸਣਹਾਰਾ ਧਾਮ ਨਿਆਰਾ, ਨਿਹਚਲ ਧਾਮ ਇਕ ਸੁਹਾਈਆ । ਸ੍ਰੀ ਭਗਵਾਨ ਝੁਲਾਏ ਸਚ ਨਿਸ਼ਾਨ ਸੋਭਾਵੰਤ ਸੋਹੇ ਸਚ ਦਰਬਾਰਾ, ਦਰ ਦਰਵਾਜ਼ਾ ਇਕ ਖੁਲ੍ਹਾਈਆ । ਪਾਰਬ੍ਰਹਮ ਪ੍ਰਭ ਬਣ ਭਿਖਾਰਾ, ਆਪੇ ਮੰਗੇ ਆਪਣੀ ਵਾਰਾ,

ਦਰ ਦਰਵੇਸ਼ ਅਲਖ ਅਲਖਨਾ ਆਪਣੀ ਝੋਲੀ ਅੱਗੇ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਏਕਾ ਹਰਿ, ਆਪਣਾ ਭੇਵ ਆਪਣੇ ਹੱਥ ਰਖਾਈਆ । ਹਰਿ ਕਾ ਭੇਵ ਆਪਣੇ ਹੱਥ, ਦੂਸਰ ਭੇਵ ਕੋਇ ਨਾ ਪਾਇੰਦਾ । ਕਰੇ ਖੇਲ ਪੁਰਖ ਸਮਰਥ, ਆਦਿ ਜੁਗਾਦੀ ਧਾਰ ਚਲਾਇੰਦਾ । ਜੁਗਾ ਜੁਗੰਤਰ ਚਲਾਏ ਰਥ, ਰਥ ਰਥਵਾਹੀ ਸੇਵ ਕਮਾਇੰਦਾ । ਆਪਣੇ ਨਾਉਂ ਮਹਿਮਾ ਗਾਏ ਅਕਥ, ਲੇਖਾ ਲਿਖਤ ਵਿਚ ਨਾ ਆਇੰਦਾ । ਆਪਣਾ ਮਾਰਗ ਆਪੇ ਦੱਸ, ਆਪੇ ਵੇਖ ਵਖਾਇੰਦਾ । ਆਪਣਾ ਸੁਣੇ ਆਪੇ ਜਸ, ਆਪੇ ਸੋਭਾ ਪਾਇੰਦਾ । ਆਪਣਾ ਨੂਰ ਕਰ ਪਰਕਾਸ਼, ਆਪੇ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣਾ ਗੁਣ ਆਪਣੇ ਵਿਚ ਛੁਪਾਇੰਦਾ । ਸਾਚਾ ਗੁਣ ਗੁਣਾ ਗੁਣਵੰਤ, ਅਭੇਦ ਅਭੇਵ ਆਪਣੇ ਵਿਚ ਛੁਪਾਈਆ । ਲਹਿਣਾ ਜਾਣੇ ਆਦਿ ਅੰਤ, ਮਧ ਆਪਣਾ ਵੇਸ ਵਟਾਈਆ । ਖੇਲੇ ਖੇਲ ਨਾਰ ਕੰਤ, ਨਰ ਨਰਾਇਣ ਸੱਚਾ ਸ਼ਹਿਨਸ਼ਾਹੀਆ । ਸਚਖੰਡ ਬਣਾਏ ਸਾਚੀ ਬਣਤ, ਸਚ ਸਿੰਘਾਸਣ ਸੋਭਾ ਪਾਈਆ । ਆਪੇ ਕਰੇ ਆਪਣੀ ਮੰਨਤ, ਆਪੇ ਬੈਠਾ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਦਾਤਾ ਆਪੇ ਭਿਖਾਰੀ, ਆਪੇ ਵਸਤ ਦੇਵੇ ਅਪਾਰੀ, ਆਪ ਆਪਣੀ ਝੋਲੀ ਸਚ ਭਰਾਇੰਦਾ । ਸੋ ਪੁਰਖ ਨਿਰੰਜਣ ਸਾਚੀ ਦਾਤ, ਆਦਿ ਆਦਿ ਆਪ ਵਰਤਾਇੰਦਾ । ਆਪ ਬੰਧਾਏ ਆਪਣਾ ਨਾਤ, ਨਾਤਾ ਬਿਧਾਤਾ ਜੋੜ ਜੁੜਾਇੰਦਾ । ਆਪ ਸੁਣਾਏ ਆਪਣੀ ਗਾਥ, ਬੋਧ ਅਗਾਧੀ ਆਪੇ ਗਾਇੰਦਾ । ਆਪ ਨਿਭਾਏ ਆਪਣਾ ਸਾਥ, ਸਗਲਾ ਸੰਗ ਆਪ ਹੋ ਜਾਇੰਦਾ । ਆਪ ਚਲਾਏ ਆਪਣਾ ਰਾਥ, ਰਥ ਰਥਵਾਹੀ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਸਚਖੰਡ ਮਹੱਲੇ ਬੈਠਾ ਚੜ੍ਹ, ਸਚ ਸਿੰਘਾਸਣ ਸੋਭਾ ਪਾਇੰਦਾ । ਸਚ ਮਹੱਲਾ ਉਚ ਅਟਾਰੀ, ਨਿਰਗੁਣ ਆਪਣੀ ਆਪ ਬਣਾਈਆ । ਨਾ ਕੋਈ ਦੀਸੇ ਚਾਰ ਦੀਵਾਰੀ, ਛੱਪਰ ਛੰਨ ਨਾ ਕੋਇ ਛੁਹਾਈਆ । ਨਿਰਗੁਣ ਜੋਤ ਕਰ ਉਜਿਆਰੀ, ਆਦਿ ਜੁਗਾਦਿ ਡਗਮਗਾਈਆ । ਸਾਚਾ ਹੁਕਮ ਸੱਚੀ ਸਰਕਾਰੀ, ਸ਼ਾਹ ਪਾਤਸ਼ਾਹ ਆਪ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪਣੇ ਹੱਥ ਰਖਾਈਆ । ਸਾਚਾ ਲੇਖਾ ਹਰਿ ਨਿਰੰਕਾਰ, ਆਪਣੇ ਹੱਥ ਰਖਾਇੰਦਾ । ਸਚਖੰਡ ਨਿਵਾਸੀ ਸਚ ਬੈਠ ਦਰਬਾਰ, ਦਰ ਦਰਬਾਰੀ ਹੁਕਮ ਚਲਾਇੰਦਾ । ਹੁਕਮੀ ਹੁਕਮ ਵਰਤੇ ਵਰਤਾਰ, ਧੁਰ ਫ਼ਰਮਾਨਾ ਆਪ ਅਲਾਇੰਦਾ । ਕਰੇ ਖੇਲ ਅਗੰਮ ਅਪਾਰ, ਨਿਰਗੁਣ ਨਿਰਗੁਣ ਮੇਲ ਮਿਲਾਇੰਦਾ । ਨਿਰਗੁਣ ਅੰਦਰ ਨਿਰਗੁਣ ਧਾਰ, ਜੋਤੀ ਜਾਤਾ ਆਪ ਟਿਕਾਇੰਦਾ । ਆਪੇ ਅੰਦਰ ਆਪੇ ਬਾਹਿਰ, ਰੂਪ ਅਨੂਪ ਆਪ ਪਰਗਟਾਇੰਦਾ । ਆਪੇ ਮਾਤ ਪਿਤ ਬਣ ਕਰੇ ਪਿਆਰ, ਸਾਚਾ ਸੁਤ ਆਪ ਉਪਜਾਇੰਦਾ । ਆਪੇ ਭਿਛਿਆ ਦੇਵੇ ਸਤਿ ਭੰਡਾਰ, ਨਾਉਂ ਨਿਰੰਕਾਰਾ ਝੋਲੀ ਪਾਇੰਦਾ । ਆਪ ਕਰਾਏ ਸਚ ਵਣਜਾਰ, ਸਚ ਵਸਤ ਹੱਥ ਫੜਾਇੰਦਾ । ਆਪੇ ਖੋਲ੍ਹੇ ਬੰਦ ਕਿਵਾੜ, ਆਪਣਾ ਪਰਦਾ ਆਪ ਉਠਾਇੰਦਾ । ਆਪੇ ਦੇਵੇ ਦਰਸ ਦੀਦਾਰ, ਸਵੱਛ ਸਰੂਪੀ ਰੂਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਅੰਦਰ ਨਿਰਗੁਣ ਵੜ, ਨਿਰਗੁਣ ਮਹੱਲੇ ਨਿਰਗੁਣ ਚੜ੍ਹ, ਨਿਰਗੁਣ ਆਪਣਾ ਖੇਲ ਖਿਲਾਇੰਦਾ । ਨਿਰਗੁਣ ਅੰਦਰ ਨਿਰਗੁਣ ਧਾਰ, ਨਿਰਵੈਰ ਪੁਰਖ ਆਪ ਟਿਕਾਇੰਦਾ । ਅਜੂਨੀ ਰਹਿਤ ਹੋ ਤਿਆਰ, ਮੂਰਤ ਅਕਾਲ ਡਗਮਗਾਇੰਦਾ । ਕਰੇ ਖੇਲ ਅਗੰਮ ਅਪਾਰ, ਅਲਖ ਅਗੋਚਰ ਭੇਵ

ਨਾ ਆਇੰਦਾ । ਜਨਨੀ ਜਨ ਜਣੇ ਸੁਤ ਦੁਲਾਰ, ਸ਼ਬਦ ਸ਼ਬਦੀ ਗੋਦ ਬਹਾਇੰਦਾ । ਦਾਈ ਦਾਇਆ ਬਣ ਏਕਾ ਵਾਰ, ਸਾਚੀ ਸੇਵਾ ਆਪ ਕਮਾਇੰਦਾ । ਕਰਤਾ ਪੁਰਖ ਕਰਨੇਹਾਰ, ਆਪਣੀ ਕਰਨੀ ਕਿਰਤ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣਾ ਭੇਵ ਆਪ ਚੁਕਾਇੰਦਾ । ਆਪਣਾ ਭੇਵ ਹਰਿ ਚੁਕਾਏ, ਮਹਿਮਾ ਅਕਥ ਕਥੀ ਨਾ ਜਾਈਆ । ਆਪਣੀ ਨਾਰੀ ਆਪ ਹੰਢਾਏ, ਕੰਤ ਕੰਤੂਹਲ ਬੇਪਰਵਾਹੀਆ । ਆਪਣੀ ਗੋਦ ਆਪ ਸੁਹਾਏ, ਆਪੇ ਬਣੇ ਪਿਤਾ ਮਾਈਆ । ਸਾਚਾ ਮੰਦਰ ਡਗਮਗਾਏ, ਨਿਰਗੁਣ ਨੂਰ ਨੂਰ ਉਜਾਲਾ, ਏਕਾ ਨੂਰ ਕਰੇ ਰੁਸ਼ਨਾਈਆ । ਕਰੇ ਖੇਲ ਹਰਿ ਗੋਪਾਲਾ, ਆਪਣੀ ਮਹਿਮਾ ਆਪਣੇ ਹੱਥ ਰਖਾਈਆ । ਆਦਿ ਜੁਗਾਦਿ ਅਵੱਲੜੀ ਚਾਲਾ, ਚਾਲ ਨਿਰਾਲੀ ਆਪ ਪਰਗਟਾਈਆ । ਵਸਣਹਾਰਾ ਸਚਖੰਡ ਸੱਚੀ ਧਰਮਸਾਲਾ, ਸਚ ਸਿੰਘਾਸਣ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਦੇਵੇ ਆਪਣਾ ਵਰ, ਆਪਣੀ ਬਖ਼ਸ਼ਿਸ਼ ਆਪਣੇ ਹੱਥ ਰਖਾਈਆ । ਆਪੇ ਵਰ ਦਾਤਾ ਭੰਡਾਰ, ਸਾਚੀ ਵਸਤ ਆਪ ਵਰਤਾਇੰਦਾ । ਆਪੇ ਹੁਕਮੀ ਹੁਕਮ ਵਰਤੇ ਸਰਕਾਰ, ਸ਼ਾਹ ਪਾਤਸ਼ਾਹ ਖੇਲ ਖਿਲਾਇੰਦਾ । ਨਿਰਭੈ ਹੋਏ ਬੋਲ ਜੈਕਾਰ, ਨਾਉਂ ਨਿਰੰਕਾਰਾ ਆਪ ਪਰਗਟਾਇੰਦਾ । ਆਪਣੀ ਇਛਿਆ ਕਰੇ ਪਿਆਰ, ਸ਼ਬਦ ਸ਼ਬਦੀ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਆਪੇ ਖੜ੍ਹ, ਆਪਣਾ ਮਤਾ ਆਪ ਪਕਾਇੰਦਾ । ਸਚਖੰਡ ਦਵਾਰ ਹਰਿ ਨਿਰੰਕਾਰ, ਆਪਣਾ ਮਤਾ ਆਪ ਪਕਾਈਆ । ਇਕ ਇਕੱਲਾ ਕੀ ਕਰੇ ਪਿਆਰ, ਦੂਸਰ ਨਜ਼ਰ ਕੋਇ ਨਾ ਆਈਆ । ਕਵਣ ਰੂਪ ਹੋਏ ਉਜਿਆਰ, ਆਪ ਆਪਣਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪ ਸਮਝਾਈਆ । ਆਪਣਾ ਲੇਖਾ ਆਪ ਸਮਝਾ, ਆਪਣੀ ਦਇਆ ਕਮਾਇੰਦਾ । ਨਿਰਗੁਣ ਸਰਗੁਣ ਰੂਪ ਵਟਾ, ਦੋਏ ਦੋਏ ਧਾਰ ਚਲਾਇੰਦਾ । ਸ਼ਬਦੀ ਸ਼ਬਦ ਸੇਵਾ ਲਾ, ਸਾਚੀ ਸੇਵ ਕਮਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਗੋਦ ਬਹਾ, ਤ੍ਰੈਗੁਣ ਮੇਲਾ ਮੇਲ ਮਿਲਾਇੰਦਾ । ਪੰਜ ਤੱਤ ਘਾੜਨ ਲਏ ਘੜਾ, ਆਪਣਾ ਬੰਧਨ ਪਾਇੰਦਾ । ਨਿਰਗੁਣ ਸਰਗੁਣ ਰੂਪ ਵਟਾ, ਆਪਣੀ ਖੇਲ ਖਿਲਾਇੰਦਾ । ਆਪਣਾ ਪਰਦਾ ਆਪ ਚੁਕਾ, ਵਿਸ਼ਨੂੰ ਮੁਖ ਸਾਲਾਹਿੰਦਾ । ਵਿਸ਼ਨੂੰ ਅੰਤਰ ਜਾਮ ਪਿਆ, ਅੰਮ੍ਰਿਤ ਰਸ ਚੁਆਇੰਦਾ । ਅੰਮ੍ਰਿਤ ਆਤਮ ਇਕ ਰਖਾ, ਕਵਲ ਨਾਭ ਖੁਲ੍ਹਾਇੰਦਾ । ਨਾਭੀ ਕਵਲ ਕਰ ਪਰਗਟਾ, ਆਪਣਾ ਬੰਧਨ ਪਾਇੰਦਾ । ਪਾਰਬ੍ਰਹਮ ਆਪਣੀ ਵੰਡ ਵੰਡਾ, ਬ੍ਰਹਮਾ ਆਪਣਾ ਰੂਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰ ਆਪ ਚਲਾਇੰਦਾ । ਆਪੇ ਧਾਰ ਵਿਸ਼ਨ ਵਿਸ਼ਵ ਰੰਗ, ਆਦਿ ਜੁਗਾਦਿ ਸਮਾਇਆ । ਆਪੇ ਆਤਮ ਸੇਜਾ ਬੈਠਾ ਪਲੰਘ, ਸਚ ਸਿੰਘਾਸਣ ਆਸਣ ਲਾਇਆ । ਆਪ ਵਜਾਏ ਨਾਮ ਮਰਦੰਗ, ਸਤਿ ਸਤਾਰ ਆਪ ਹਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਖਿਲਾਇਆ । ਆਪੇ ਵਿਸ਼ਨੂੰ ਵਿਸ਼ਵ ਧਾਰ, ਆਪਣੀ ਖੇਲ ਆਪ ਕਰਾਇੰਦਾ । ਆਪੇ ਅੰਮ੍ਰਿਤ ਰੱਖੇ ਫੁਹਾਰ, ਨਿਝਰ ਧਾਰ ਆਪ ਚਲਾਇੰਦਾ । ਆਪੇ ਕਵਲ ਕਵਲਾ ਕਰ ਉਜਿਆਰ, ਪੱਤ ਡਾਲ੍ਹੀ ਆਪ ਮਹਿਕਾਇੰਦਾ । ਆਪੇ ਨਾਭੀ ਕਵਲੀ ਆਏ ਬਾਹਰ, ਆਪ ਆਪਣਾ ਰੰਗ ਰੰਗਾਇੰਦਾ । ਆਪੇ ਪਾਰਬ੍ਰਹਮ ਬ੍ਰਹਮ ਕਰ ਪਸਾਰ, ਵੇਸ ਅਵੇਸਾ ਵੇਸ ਵਟਾਇੰਦਾ । ਦਰ ਦਰਵੇਸ਼ਾ ਖੇਲ ਕਰਤਾਰ, ਆਪ ਆਪਣੀ ਅਲਖ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਬੰਧਨ ਆਪੇ ਪਾਇੰਦਾ ।

੧੧੦੩
੧੦

ਧੁਰ ਫ਼ਰਮਾਨਾ ਸ਼ਾਹ ਸੁਲਤਾਨਾ, ਹਰਿ ਸੱਚਾ ਸਚ ਜਣਾਇੰਦਾ । ਤਿੰਨਾਂ ਦੇਵੇ ਇਕ ਗਿਆਨਾ, ਏਕਾ ਨਾਉਂ ਪੜ੍ਹਾਇੰਦਾ । ਏਕਾ ਮੰਦਰ ਇਕ ਮਕਾਨਾ, ਏਕਾ ਘਰ ਵਖਾਇੰਦਾ । ਏਕਾ ਸ਼ਾਹ ਪਾਤਸ਼ਾਹ ਸ੍ਰੀ ਭਗਵਾਨਾ, ਦੋ ਜਹਾਨਾਂ ਹੁਕਮ ਚਲਾਇੰਦਾ । ਏਕਾ ਦੇਵੇ ਧੁਰ ਪਰਵਾਨਾ, ਸਚ ਸੰਦੇਸਾ ਇਕ ਵਖਾਇੰਦਾ । ਸਰਬ ਜੀਆਂ ਦਾ ਏਕਾ ਕਾਹਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਇੰਦਾ । ਸਾਚਾ ਹੁਕਮ ਹਰਿ ਨਿਰੰਕਾਰ, ਆਪਣਾ ਆਪ ਚਲਾਈਆ । ਤ੍ਰੈਗੁਣ ਵਸਤ ਭਰ ਭੰਡਾਰ, ਪੰਚਮ ਮੇਲਾ ਸਹਿਜ ਸੁਭਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰਿਆ ਖ਼ਬਰਦਾਰ, ਏਕਾ ਅੱਖਰ ਕਰੇ ਪੜ੍ਹਾਈਆ । ਨਿਸ਼ਅੱਖਰ ਨਾ ਕੋਇ ਲਿਖਾਰ, ਆਪਣੀ ਵਿਦਿਆ ਆਪ ਸਿਖਾਈਆ । ਕਾਗਦ ਕ਼ਲਮ ਨਾ ਪਾਵੇ ਸਾਰ, ਹਰਿ ਕਾ ਭੇਵ ਹੱਥ ਕਿਸੇ ਨਾ ਆਈਆ । ਬ੍ਰਹਮਾ ਬਣੇ ਦਰ ਭਿਖਾਰ, ਪ੍ਰਭ ਅੱਗੇ ਝੋਲੀ ਡਾਹੀਆ । ਤੂੰ ਬਖ਼ਸ਼ਿਸ਼ ਬਖ਼ਸ਼ ਬਖ਼ਸ਼ਣਹਾਰ, ਤੇਰੇ ਹੱਥ ਵਡੀ ਵਡਿਆਈਆ । ਤੇਰੀ ਜੋਤ ਨਿਰਗੁਣ ਧਾਰ, ਜੋਤੀ ਜੋਤ ਜੋਤ ਰੁਸ਼ਨਾਈਆ । ਪਾਰਬ੍ਰਹਮ ਤੇਰਾ ਪਸਾਰ, ਬ੍ਰਹਮਾ ਤੇਰੀ ਅੰਸ ਅਖਵਾਈਆ । ਤੇਰਾ ਹੁਕਮ ਸਚ ਵਰਤਾਰ, ਜਿਉਂ ਭਾਵੇ ਤਿਉਂ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਉਂ ਏਕਾ ਮੰਗ ਮੰਗਾਈਆ । ਸਾਚਾ ਵਰ ਦੇਣਾ ਸੱਚੇ ਪਾਤਸ਼ਾਹ, ਵਿਸ਼ਨ ਬ੍ਰਹਮਾ ਸ਼ਿਵ ਸੀਸ ਝੁਕਾਇੰਦਾ । ਕਵਣ ਰੂਪ ਬਣੇਂ ਮਲਾਹ, ਸਾਡਾ ਬੇੜਾ ਆਪ ਚਲਾਇੰਦਾ । ਕਵਣ ਸ਼ਬਦ ਦੇਵੇਂ ਸਲਾਹ, ਸਾਚਾ ਮਾਰਗ ਲਾਇੰਦਾ । ਕਵਣ ਮੰਦਰ ਦਏਂ ਵਸਾ, ਕਵਣ ਖੇੜਾ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੁਧ ਬਿਨ ਅਵਰ ਨਾ ਆਸਾ ਪੂਰ ਕੋਇ ਕਰਾਇੰਦਾ । ਪੁਰਖ ਅਬਿਨਾਸ਼ੀ ਹੋ ਦਿਆਲ, ਆਪਣੀ ਦਇਆ ਆਪ ਕਮਾਈਆ । ਵਿਸ਼ਨ ਬ੍ਰਹਮਾ ਸ਼ਿਵ ਤੇਰਾ ਰਹੇ ਸਦਾ ਪ੍ਰਿਤਪਾਲ, ਪ੍ਰਿਤਪਾਲਕ ਸੇਵ ਕਮਾਈਆ । ਤ੍ਰੈਗੁਣ ਡੋਰ ਜਗਤ ਜੰਜਾਲ, ਜੋਤੀ ਜਾਤਾ ਹੱਥ ਫੜਾਈਆ । ਨਾਲ ਰਖਾਏ ਕਾਲ ਮਹਾਕਾਲ, ਆਪਣੀ ਕਲਾ ਆਪ ਵਰਤਾਈਆ । ਮਾਤਲੋਕ ਵਖਾਏ ਜਗਤ ਧਰਮਸਾਲ, ਨਵ ਨਵ ਆਪਣਾ ਗੇੜ ਦਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਵਸਤ ਝੋਲੀ ਪਾਈਆ । ਸਾਚੀ ਵਸਤ ਹਰਿ ਝੋਲੀ ਪਾ, ਤ੍ਰੈ ਤ੍ਰੈ ਆਪ ਸਮਝਾਇਆ । ਲੱਖ ਚੁਰਾਸੀ ਘਾੜਨ ਲੈਣਾ ਘੜਾ, ਘੜਨ ਭੰਨਣਹਾਰ ਵੇਖ ਵਖਾਇਆ । ਅੰਡਜ ਜੇਰਜ ਉਤਭੁਜ ਸੇਤਜ ਵੰਡ ਵੰਡਾ, ਸਾਚਾ ਹਿੱਸਾ ਆਪ ਰਖਾਇਆ । ਚਾਰੇ ਖਾਣੀ ਲਏ ਪਰਗਟਾ, ਚਾਰੇ ਬਾਣੀ ਵਿਚ ਸਮਾਇਆ । ਚਾਰੇ ਕੁੰਟ ਕਰ ਰੁਸ਼ਨਾ, ਚਾਰੇ ਜੁਗ ਵੰਡ ਵੰਡਾਇਆ । ਚਾਰੇ ਵਰਨਾਂ ਰੰਗ ਰੰਗਾ, ਚਾਰ ਯਾਰੀ ਦਏ ਸਾਲਾਹਿਆ । ਖੇਲੇ ਖੇਲ ਬੇਪਰਵਾਹ, ਲੋਕਮਾਤ ਵੇਸ ਵਟਾਇਆ । ਲੱਖ ਚੁਰਾਸੀ ਨਾਚ ਨਚਾ, ਕਾਇਆ ਮਾਟੀ ਭਾਗ ਲਗਾਇਆ । ਸਾਚੀ ਹਾਟੀ ਇਕ ਸੁਹਾ, ਤਨ ਖ਼ਾਕੀ ਵੇਖ ਵਖਾਇਆ । ਨਿਰਗੁਣ ਆਪਣੀ ਜੋਤ ਟਿਕਾ, ਜੋਤ ਨਿਰੰਜਣ ਕਰ ਰੁਸ਼ਨਾਇਆ । ਆਤਮ ਬ੍ਰਹਮ ਮੇਲ ਮਿਲਾ, ਈਸ਼ ਜੀਵ ਦਏ ਵਡਿਆਇਆ । ਆਤਮ ਸੇਜਾ ਸੋਭਾ ਪਾ, ਸਚ ਸਿੰਘਾਸਣ ਦਏ ਸੁਹਾਇਆ । ਸ਼ਬਦ ਅਨਾਦੀ ਨਾਦ ਵਜਾ, ਅਨਹਦ ਸਾਚਾ ਰਾਗ ਅਲਾਇਆ । ਘਰ ਵਿਚ ਘਰ ਦਏ ਵਸਾ, ਘਰ ਮੰਗਲ ਗੀਤ ਗਾਇਆ । ਘਰ ਵਿਚ ਅੰਧ ਅੰਧੇਰਾ ਦਏ ਵਖਾ, ਸਾਚਾ ਚੰਦ ਨਾ ਕੋਇ ਚੜ੍ਹਾਇਆ । ਘਰ ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾ, ਆਸਾ ਤ੍ਰਿਸਨਾ ਨਾਲ ਰਲਾਇਆ । ਹਉਮੇਂ ਹੰਗਤਾ ਗੜ੍ਹ ਬਣਾ, ਜਗਤ ਖੇੜਾ ਵੇਖ ਵਖਾਇਆ । ਜੁਗ ਜੁਗ ਖੇਲ ਕਰੇ ਬੇਪਰਵਾਹ, ਰੂਪ

ਅਨੂਪ ਧਰਾਇਆ । ਨਿਰਗੁਣ ਸਰਗੁਣ ਲਏ ਵੇਸ ਵਟਾ, ਭੇਵ ਅਭੇਦਾ ਭੇਵ ਖੁਲ੍ਹਾਇਆ । ਗੁਰ ਅਵਤਾਰ ਨਾਉਂ ਧਰਾ, ਲੱਖ ਚੁਰਾਸੀ ਹੋਏ ਸਹਾਇਆ । ਆਪਣਾ ਮੰਤਰ ਨਾਉਂ ਦ੍ਰਿੜਾ, ਸਾਚਾ ਮਾਰਗ ਦਏ ਵਖਾਇਆ । ਭਗਤ ਭਗਵੰਤ ਲਏ ਮਿਲਾ, ਆਪ ਆਪਣੇ ਅੰਗ ਲਗਾਇਆ । ਸੰਤਨ ਦੇਵੇ ਸਚ ਸਲਾਹ, ਸਾਚੀ ਵਿਦਿਆ ਇਕ ਪੜ੍ਹਾਇਆ । ਗੁਰਮੁਖ ਗੋਦ ਲਏ ਬਹਾ, ਮੁਖ ਅੰਮ੍ਰਿਤ ਜਾਮ ਪਿਆਇਆ । ਗੁਰਸਿਖਾਂ ਦੇਵੇ ਸਾਚਾ ਥਾਂ, ਚਰਨ ਕਵਲ ਥਾਨ ਵਖਾਇਆ । ਮਨਮੁਖਾਂ ਦੇਵੇ ਆਦਿ ਜੁਗਾਦਿ ਸਜ਼ਾ, ਅਭੁਲ ਭੁਲ ਕਦੇ ਨਾ ਜਾਇਆ । ਲੱਖ ਚੁਰਾਸੀ ਗੇੜਾ ਆਪ ਚਲਾ, ਆਪਣੀ ਲੱਠ ਆਪ ਗੜਾਇਆ । ਵਿਸ਼ਨ ਬ੍ਰਹਮਾ ਸ਼ਿਵ ਤੇਰੀ ਸੇਵ ਲਗਾ, ਸਾਚਾ ਹੁਕਮ ਰਿਹਾ ਸੁਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਾਤਲੋਕ ਖੇਲ ਖਿਲਾਇਆ । ਮਾਤਲੋਕ ਤੇਰਾ ਖੇਲ ਖਿਲੌਣਾ, ਹਉਂ ਸੇਵਕ ਸੇਵ ਕਮਾਈਆ । ਜੁਗ ਜੁਗ ਤੇਰਾ ਵੇਸ ਵਟੌਣਾ, ਤੇਰੇ ਹੱਥ ਤੇਰੀ ਵਡਿਆਈਆ । ਸਤਿਜੁਗ ਤ੍ਰੇਤਾ ਦੁਆਪਰ ਪੰਧ ਮੁਕੌਣਾ, ਕਲਜੁਗ ਅੰਤਮ ਰਾਹ ਤਕਾਈਆ । ਨਵ ਨੌਂ ਚਾਰ ਵੇਖ ਵਖੌਣਾ, ਸਾਚੇ ਤਖ਼ਤ ਬੈਠ ਸਾਚੇ ਮਾਹੀਆ । ਗੁਰ ਅਵਤਾਰ ਸੇਵ ਲਗੌਣਾ, ਜੁਗ ਜੁਗ ਸੇਵਾ ਲਾਈਆ । ਆਪਣਾ ਹੁਕਮ ਇਕ ਵਰਤੌਣਾ, ਹੁਕਮੇ ਅੰਦਰ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਜੁਗ ਚੌਕੜੀ ਜਾਇਣ ਬੀਤ, ਕੋਟਨ ਕੋਟ ਕਾਲ ਬਿਤਾਈਆ । ਪੁਰਖ ਅਬਿਨਾਸ਼ੀ ਬੈਠਾ ਰਹੇ ਇਕ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਈਆ । ਸਚਖੰਡ ਵਸੇ ਠਾਂਡਾ ਸੀਤ, ਅਗਨੀ ਤੱਤ ਨਾ ਲੱਗੇ ਰਾਈਆ । ਜੁਗਾ ਜੁਗੰਤਰ ਸੁਣਾਏ ਸੁਹਾਗੀ ਗੀਤ, ਗੁਰ ਅਵਤਾਰਾਂ ਕਰੇ ਪੜ੍ਹਾਈਆ । ਆਪ ਚਲਾਏ ਆਪਣੀ ਰੀਤ, ਨਿਤ ਨਵਿਤ ਖੇਲ ਖਿਲਾਈਆ । ਲੇਖਾ ਜਾਣੇ ਹਸਤ ਕੀਟ, ਘਟ ਘਟ ਆਪਣਾ ਆਸਣ ਲਾਈਆ । ਸਰਬ ਜੀਆਂ ਦਾ ਸਾਂਝਾ ਮੀਤ, ਬੇਅੰਤ ਬੇਪਰਵਾਹੀਆ । ਜਨ ਭਗਤਾਂ ਬਖ਼ਸ਼ੇ ਇਕ ਪ੍ਰੀਤ, ਸਚ ਪ੍ਰੀਤੀ ਆਪ ਨਿਭਾਈਆ । ਵਸਣਹਾਰਾ ਧਾਮ ਅਨਡੀਠ, ਵਿਸ਼ਨ ਬ੍ਰਹਮਾ ਸ਼ਿਵ ਰਿਹਾ ਸਮਝਾਈਆ । ਲੱਖ ਚੁਰਾਸੀ ਪਰਖੇ ਨੀਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਬੰਧਨ ਆਪੇ ਪਾਈਆ । ਆਪਣਾ ਬੰਧਨ ਹਰਿ ਜੂ ਪਾ, ਲੱਖ ਚੁਰਾਸੀ ਖੇਲ ਖਿਲਾਇੰਦਾ । ਗੁਰ ਅਵਤਾਰ ਸੇਵ ਲਗਾ, ਜੁਗ ਚੌਕੜੀ ਪਾਰ ਕਰਾਇੰਦਾ । ਨੌਂ ਸੌ ਚੁਰਾਨਵੇਂ ਚੌਕੜੀ ਪੰਧ ਮੁਕਾ, ਨੌਂ ਖੰਡ ਪ੍ਰਿਥਮੀ ਵੇਖ ਵਖਾਇੰਦਾ । ਨੌਂ ਦਵਾਰੇ ਪਰਦਾ ਦਏ ਉਠਾ, ਨਵ ਨੌਂ ਆਪਣਾ ਰੰਗ ਰੰਗਾਇੰਦਾ । ਚਾਰ ਚਾਰ ਡੇਰਾ ਦੇਵੇ ਢਾਹ, ਝੂਠਾ ਖੇੜਾ ਆਪੇ ਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵੇਲਾ ਆਪਣੇ ਹੱਥ ਰਖਾਇੰਦਾ । ਜੁਗ ਚੌਕੜੀ ਪਾਰ ਕਰੌਣਾ, ਪਾਰਬ੍ਰਹਮ ਹੱਥ ਵਡਿਆਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰਾ ਲੇਖਾ ਆਪ ਮੁਕੌਣਾ, ਆਪੇ ਲਿਖ ਲਿਖ ਦਏ ਸਮਝਾਈਆ । ਸਭ ਦਾ ਲੇਖਾ ਕੱਢ ਵਖੌਣਾ, ਗੁਰ ਅਵਤਾਰਾਂ ਨਾਲ ਰਲਾਈਆ । ਤੇਈ ਅਵਤਾਰਾਂ ਆਪ ਉਠੌਣਾ, ਕਲਜੁਗ ਅੰਤਮ ਚੌਕੜੀ ਦਏ ਦੁਹਾਈਆ । ਪੁਰਖ ਅਬਿਨਾਸ਼ੀ ਸਚ ਦਰਬਾਰ ਸਚਖੰਡ ਦਵਾਰ ਆਪ ਲਗੌਣਾ, ਆਪਣੇ ਸੀਸ ਤਾਜ ਟਿਕਾਈਆ । ਸਚ ਨਿਸ਼ਾਨਾ ਇਕ ਚੜ੍ਹੌਣਾ, ਦੋ ਜਹਾਨਾਂ ਰਿਹਾ ਝੁਲਾਈਆ । ਵਿਸ਼ਨ ਬ੍ਰਹਮਾ ਸ਼ਿਵ ਖ਼ਬਰਦਾਰ ਕਰੌਣਾ, ਸੋਇਆ ਕੋਇ ਰਹਿਣ ਨਾ ਪਾਈਆ । ਸੁਰਪਤ ਰਾਜਾ ਇੰਦ ਆਪ ਹਲੌਣਾ, ਕਰੋੜ ਤੇਤੀਸਾ ਦਏ ਜਗਾਈਆ । ਕਿੰਨਰ ਯਛਪ ਆਲਸ ਨਿੰਦਰਾ ਮਗਰੋਂ ਲੌਹਣਾ, ਏਕਾ ਹੁਕਮੀ ਹੁਕਮ ਜਣਾਈਆ । ਲੋਕਮਾਤ ਵੇਖ ਵਖੌਣਾ, ਲੱਖ ਚੁਰਾਸੀ ਭੁਲ ਨਾ ਜਾਈਆ । ਉਚੇ

ਟਿੱਲੇ ਪਰਬਤ ਫੋਲ ਫੁਲੌਣਾ, ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਵੇਖ ਵਖਾਈਆ । ਸੱਤ ਸਮੁੰਦਰ ਆਪ ਹਲੌਣਾ, ਸਾਗਰ ਕੋਇ ਨਾ ਮੁਖ ਛੁਪਾਈਆ । ਚੌਦਾਂ ਤਬਕਾਂ ਡੇਰਾ ਢੌਣਾ, ਚੌਦਾਂ ਲੋਕ ਵੇਖ ਵਖਾਈਆ । ਤੇਈ ਅਵਤਾਰਾਂ ਏਕਾ ਹੁਕਮ ਸੁਣੌਣਾ, ਏਕਾ ਨਾਦ ਧੁੰਨ ਵਜਾਈਆ । ਈਸਾ ਮੂਸਾ ਨਾਲ ਰਲੌਣਾ, ਸੰਗ ਮੁਹੰਮਦ ਪਕੜੇ ਬਾਹੀਆ । ਚਾਰ ਯਾਰੀ ਵੇਖ ਵਖੌਣਾ, ਚੌਥੇ ਜੁਗ ਪਈ ਦੁਹਾਈਆ । ਚਾਰ ਵਰਨ ਅੰਤ ਕਰੌਣਾ, ਧੀਰਜ ਧੀਰ ਨਾ ਕੋਇ ਧਰਾਈਆ । ਗੁਰ ਦਸ ਭੇਵ ਚੁਕੌਣਾ, ਭੇਵ ਅਭੇਦ ਆਪ ਖੁਲ੍ਹਾਈਆ । ਭਗਤ ਭਗਵੰਤ ਦਰ ਬਹੌਣਾ, ਸਚ ਸੰਦੇਸਾ ਇਕ ਸੁਣਾਈਆ । ਨਰ ਨਰੇਸ਼ਾ ਇਕ ਅਖਵੌਣਾ, ਆਦਿ ਜੁਗਾਦਿ ਜੁਗਾ ਜੁਗੰਤਰ ਜਿਸ ਆਪਣੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਦਵਾਰ ਵੱਜੇ ਵਧਾਈਆ । ਸਚਖੰਡ ਸਚ ਦਰਬਾਰਾ, ਸੋ ਪੁਰਖ ਨਿਰੰਜਣ ਆਪ ਲਗਾਇੰਦਾ । ਕਲਜੁਗ ਆਈ ਅੰਤਮ ਵਾਰਾ, ਦੋ ਜਹਾਨਾਂ ਵੇਖ ਵਖਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਖੋਲ੍ਹ ਕਿਵਾੜਾ, ਦੂਈ ਪਰਦਾ ਆਪ ਚੁਕਾਇੰਦਾ । ਭੇਵ ਚੁਕਾਏ ਰਵ ਸਸ ਸਤਾਰਾ, ਮੰਡਲ ਮੰਡਪ ਫੇਰਾ ਪਾਇੰਦਾ । ਪ੍ਰਿਥਮੀ ਆਕਾਸ਼ ਵੇਖੇ ਅਖਾੜਾ, ਗਗਨ ਗਗਨੰਤਰ ਨਾਚ ਨਚਾਇੰਦਾ । ਚਾਰੇ ਵੇਦ ਕਰਨ ਪੁਕਾਰਾ, ਪੁਰਾਨ ਅਠਾਰਾਂ ਅੰਤ ਕੁਰਲਾਇੰਦਾ । ਗੀਤਾ ਗਿਆਨ ਨਾ ਕਿਸੇ ਵਿਚਾਰਾ, ਧਿਆਏ ਅਠਾਰਾਂ ਭੇਵ ਨਾ ਆਇੰਦਾ । ਅੰਜੀਲ ਕ਼ੁਰਾਨ ਮਾਰੇ ਨਾਅਰਾ, ਹੱਕ ਹਕ਼ੀਕਤ ਨਾ ਕੋਇ ਵਖਾਇੰਦਾ । ਖਾਣੀ ਬਾਣੀ ਸ਼ਬਦ ਜੈਕਾਰਾ, ਸ਼ਬਦ ਭੇਵ ਕੋਇ ਨਾ ਪਾਇੰਦਾ । ਸ੍ਰਿਸ਼ਟ ਸਬਾਈ ਨਾਰ ਵਿਭਚਾਰਾ, ਹਰਿ ਕੰਤ ਨਾ ਕੋਇ ਹੰਢਾਇੰਦਾ । ਚਾਰ ਵਰਨ ਹੋਏ ਖ਼ਵਾਰਾ, ਅਠਾਰਾਂ ਬਰਨ ਨਾ ਧੀਰ ਵਖਾਇੰਦਾ । ਸ਼ਾਸਤਰ ਸਿਮਰਤ ਆਈ ਹਾਰਾ, ਸਾਚਾ ਮਾਰਗ ਨਾ ਕੋਇ ਲਗਾਇੰਦਾ । ਤੀਰਥ ਤਟ ਨਾ ਕੋਇ ਕਿਨਾਰਾ, ਅਠਸਠ ਨੈਣਾਂ ਨੀਰ ਵਹਾਇੰਦਾ । ਗੰਗਾ ਗੋਦਾਵਰੀ ਜਮਨਾ ਸੁਰਸਤੀ ਕੁਰਲਾਵੇ ਵਾਰੋ ਵਾਰਾ, ਅੰਮ੍ਰਿਤ ਮੇਘ ਨਾ ਕੋਇ ਬਰਸਾਇੰਦਾ । ਚਾਰੋਂ ਕੁੰਟ ਜੂਠ ਝੂਠ ਪਸਾਰਾ, ਗੁਰਦਰ ਮੰਦਰ ਮਸਜਿਦ ਮਠ ਸਾਚਾ ਤੱਤ ਨਾ ਕੋਇ ਜਣਾਇੰਦਾ । ਦਿਸ ਨਾ ਆਏ ਹਰਿ ਨਿਰੰਕਾਰਾ, ਏਕੰਕਾਰਾ ਰੂਪ ਨਾ ਕੋਇ ਵਖਾਇੰਦਾ । ਦੀਨਾਂ ਮਜ਼੍ਹਬਾਂ ਲੱਗਾ ਅਖਾੜਾ, ਮਮਤਾ ਮੋਹ ਨਾ ਕੋਇ ਚੁਕਾਇੰਦਾ । ਲੱਗੀ ਅੱਗ ਬਹੱਤਰ ਨਾੜਾ, ਤ੍ਰੈਗੁਣ ਘਰ ਘਰ ਲੰਬੂ ਲਾਇੰਦਾ । ਗੁਰ ਕਾ ਸ਼ਬਦ ਨਾ ਕਰੇ ਕੋਇ ਪਿਆਰਾ, ਮਨ ਵਾਸਨਾ ਨਾਚ ਨਚਾਇੰਦਾ । ਮਤ ਮਤਵਾਲੀ ਨਾਰ ਕਮਜ਼ਾਤ ਕਰੇ ਆਪਣਾ ਕਾਰਾ, ਕ਼ੁਦਰਤ ਕ਼ਾਦਰ ਨਾ ਖੇਲ ਖਿਲਾਇੰਦਾ । ਮੁਕਾਮੇ ਹੱਕ ਨਾ ਦਿਸੇ ਸਾਂਝਾ ਯਾਰਾ, ਬੇਐਬ ਰੂਪ ਨਾ ਕੋਇ ਵਟਾਇੰਦਾ । ਐਨਲਹੱਕ ਨਾ ਕੋਇ ਨਾਅਰਾ, ਸ਼ਰਅ ਸ਼ਰੀਅਤ ਨਾ ਕੋਇ ਰਖਾਇੰਦਾ । ਮੱਕਾ ਕਾਅਬਾ ਨਾ ਕੋਇ ਦਵਾਰਾ, ਆਬ ਹਯਾਤ ਨਾ ਕੋਇ ਪਿਆਇੰਦਾ । ਪਾਰਬ੍ਰਹਮ ਕਲਜੁਗ ਅੰਤਮ ਏਕਾ ਏਕ ਬਣਿਆ ਸਿਕਦਾਰਾ, ਸ਼ਾਹ ਪਾਤਸ਼ਾਹ ਆਪ ਹੋ ਜਾਇੰਦਾ । ਗੁਰ ਅਵਤਾਰਾਂ ਸੱਦੇ ਦਰ ਵਾਰੋ ਵਾਰਾ, ਚਾਰ ਜੁਗ ਦਿਵਸ ਚਾਰ ਆਪ ਗਣਾਇੰਦਾ । ਆਪੋ ਆਪਣੀ ਕੱਟ ਕੇ ਗਏ ਵਗਾਰਾ, ਆਦਿ ਅੰਤ ਹੱਥ ਨਾ ਕਿਸੇ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਚਖੰਡ ਦਵਾਰੇ ਆਪੇ ਖੜ, ਆਪਣਾ ਖੇਲ ਆਪ ਕਰਾਇੰਦਾ । ਸਾਚਾ ਖੇਲ ਕਰੇ ਕਰਤਾਰ, ਕ਼ੁਦਰਤ ਕ਼ਾਦਰ ਵੇਖ ਵਖਾਈਆ । ਨਵ ਨੌਂ ਚਾਰ ਚੌਕੜੀ ਕਰੇ ਪਾਰ, ਜੁਗ ਕਰਤਾ ਬੇਪਰਵਾਹੀਆ । ਲੱਖ ਚੁਰਾਸੀ ਆਈ ਹਾਰ, ਨਾ ਕੋਈ ਬੇੜਾ ਪਾਰ ਕਰਾਈਆ । ਵੇਲੇ ਅੰਤ ਹੋਏ ਖ਼ਵਾਰ, ਗੁਰ ਅਵਤਾਰ ਨਾ

ਦੇਵੇ ਕੋਇ ਗਵਾਹੀਆ । ਸੰਮਤ ਸੰਮਤੀ ਪੈਣੀ ਮਾਰ, ਨਾ ਸਕੇ ਕੋਇ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਆਪਣਾ ਸਚ ਵਿਹਾਰ, ਸਾਚਾ ਖੇਲ ਆਪ ਕਰਾਈਆ । ਸੰਮਤ ਸੰਮਤੀ ਵੇਖ ਵਖਾਏ, ਵੇਖਣਹਾਰਾ ਏਕੰਕਾਰ । ਕਲਜੁਗ ਅੰਤਮ ਪੰਧ ਮੁਕਾਏ, ਨਾਤਾ ਤੋੜ ਸਰਬ ਸੰਸਾਰ । ਜੂਠੀ ਝੂਠੀ ਮਾਟੀ ਖ਼ਾਕ ਖ਼ਾਕ ਮਿਲਾਏ, ਪਾਕੀ ਪਾਕ ਸ੍ਰੀ ਭਗਵਾਨ । ਸਤਿਜੁਗ ਸਾਚੀ ਤਾਕੀ ਆਪ ਖੁਲ੍ਹਾਏ, ਆਪੇ ਹੋਏ ਨਿਗਹਬਾਨ । ਬਣ ਬਣ ਸਾਕੀ ਜਾਮ ਪਿਆਏ, ਅੰਮ੍ਰਿਤ ਰਸ ਦੀਨ ਦਿਆਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਸਚਖੰਡ ਸੱਚੀ ਧਰਮਸਾਲ । ਸਚਖੰਡ ਤੇਰੀ ਵਡਿਆਈ, ਲੋਕਮਾਤ ਹਰਿ ਵਡਿਆਇੰਦਾ । ਕਲਜੁਗ ਅੰਤ ਹੋਏ ਰੁਸ਼ਨਾਈ, ਨਵ ਨੌਂ ਆਪ ਡਗਮਗਾਇੰਦਾ । ਪੂਰਬ ਲੇਖਾ ਲਹਿਣਾ ਰਿਹਾ ਚੁਕਾਈ, ਲੇਖਾ ਲੇਖ ਪੂਰ ਕਰਾਇੰਦਾ । ਨਿਰਗੁਣ ਆਏ ਚਾਈਂ ਚਾਈਂ, ਸਰਗੁਣ ਸਾਚਾ ਸੰਗ ਨਿਭਾਇੰਦਾ । ਵੇਦ ਵਿਆਸਾ ਪਕੜੇ ਬਾਹੀਂ, ਪੂਤ ਸਪੂਤਾ ਬ੍ਰਹਿਮਣ ਗੌੜਾ ਉਚੇ ਟਿੱਲੇ ਪਰਬਤ ਸੋਭਾ ਪਾਇੰਦਾ । ਨਾਨਕ ਨਿਰਗੁਣ ਓਟ ਤਕਾਈ, ਨਿਹਕਲੰਕਾ ਵੇਸ ਵਟਾਇੰਦਾ । ਗੋਬਿੰਦ ਮੇਲਾ ਸਹਿਜ ਸੁਭਾਈ, ਸੰਬਲ ਨਗਰੀ ਆਸਣ ਲਾਇੰਦਾ । ਸਚ ਸਿੰਘਾਸਣ ਇਕ ਵਡਿਆਈ, ਪੁਰਖ ਅਬਿਨਾਸ਼ਨ ਆਪ ਕਰਾਇੰਦਾ । ਨਾ ਕੋਈ ਬਾਢੀ ਘਾੜਤ ਲਏ ਘੜਾਈ, ਘੜਨ ਭੰਨਣਹਾਰ ਆਪਣੀ ਖੇਲ ਆਪ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਪਣਾ ਰੂਪ ਆਪ ਪਰਗਟਾਇੰਦਾ । ਆਪਣਾ ਰੂਪ ਆਪੇ ਰੱਖ, ਨਿਰਗੁਣ ਨਿਰਗੁਣ ਵੇਖ ਵਖਾਇਆ । ਆਪਣੇ ਮੰਦਰ ਹੋ ਪਰਤੱਖ, ਆਪਣਾ ਭੇਵ ਚੁਕਾਇਆ । ਆਪਣੇ ਭਗਤਾਂ ਕਰੇ ਪੱਖ, ਜੁਗ ਜੁਗ ਕਰਦਾ ਆਇਆ । ਲੱਖ ਚੁਰਾਸੀ ਵਿਚੋਂ ਲਏ ਰੱਖ, ਸਿਰ ਆਪਣਾ ਹੱਥ ਟਿਕਾਇਆ । ਜਗਤ ਵਿਕਾਰਾ ਦੇਵੇ ਮੱਥ, ਨਾਮ ਮਧਾਣਾ ਪਾਇਆ । ਇਕ ਕਰਾਏ ਪੂਜਾ ਪਾਠ, ਸਾਚਾ ਮੰਤਰ ਨਾਮ ਦ੍ਰਿੜਾਇਆ । ਇਕ ਵਖਾਏ ਤੀਰਥ ਤਾਟ, ਅੰਮ੍ਰਿਤ ਸਰੋਵਰ ਆਪ ਨੁਹਾਇਆ । ਇਕ ਜਣਾਏ ਸਾਚਾ ਹਾਟ, ਚੌਦਾਂ ਲੋਕ ਮੁਖ ਸ਼ਰਮਾਇਆ । ਇਕ ਬੰਧਾਏ ਸਾਚਾ ਨਾਤ, ਦੋ ਜਹਾਨ ਨਾ ਕੋਇ ਤੁੜਾਇਆ । ਇਕ ਸੁਣਾਏ ਸਾਚੀ ਗਾਥ, ਬ੍ਰਹਮ ਪਾਰਬ੍ਰਹਮ ਮਿਲਾਇਆ । ਇਕ ਚੜ੍ਹਾਏ ਸਾਚੇ ਰਾਥ, ਲੋਆਂ ਪੁਰੀਆਂ ਪਾਰ ਵਖਾਇਆ । ਇਕ ਉਤਾਰੇ ਆਪਣੇ ਘਾਟ, ਸਚ ਕਿਨਾਰਾ ਇਕ ਸੁਹਾਇਆ । ਹਰਿਜਨ ਤੇਰੀ ਪੂਰੀ ਹੋਈ ਵਾਟ, ਮਾਣਸ ਜਨਮ ਲੇਖੇ ਲਾਇਆ । ਕਾਇਆ ਕੱਪੜ ਜਾਏ ਪਾਟ, ਜੋਤੀ ਜੋਤ ਮੇਲ ਮਿਲਾਇਆ । ਕਲਜੁਗ ਮਿਟੇ ਅੰਧੇਰੀ ਰਾਤ, ਸਤਿਜੁਗ ਸਾਚਾ ਚੰਦ ਚੜ੍ਹਾਇਆ । ਲੇਖਾ ਜਾਣੇ ਆਦਿ ਜੁਗਾਦਿ, ਬ੍ਰਹਮ ਬ੍ਰਹਿਮਾਦ ਆਪਣਾ ਨਾਦ ਵਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਅੰਤ ਆਪਣਾ ਵੇਸ ਵਟਾਇਆ । ਆਦਿ ਅੰਤ ਹਰਿ ਕਾ ਵੇਸ, ਰੂਪ ਰੰਗ ਰੇਖ ਨਾ ਕੋਇ ਜਣਾਈਆ । ਸੁਤ ਦੁਲਾਰਾ ਦਸ ਦਸਮੇਸ, ਗੋਬਿੰਦ ਮੇਲਾ ਸਹਿਜ ਸੁਭਾਈਆ । ਤਖ਼ਤ ਨਿਵਾਸੀ ਨਰ ਨਰੇਸ਼, ਸ਼ਾਹ ਪਾਤਸ਼ਾਹ ਹੋਏ ਸਹਾਈਆ । ਆਦਿ ਜੁਗਾਦੀ ਰਿਹਾ ਵੇਖ, ਆਪਣਾ ਨੈਣ ਇਕ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਰ ਹਰਿ ਆਪਣੀ ਧਾਰ ਚਲਾਈਆ । ਨਰ ਹਰਿ ਹਰੀ ਹਰ ਨਰਾਇਣ, ਆਪਣੀ ਖੇਲ ਖਿਲਾਇੰਦਾ । ਰਸਨਾ ਘਰ ਘਰ ਚਾਰ ਕੁੰਟ ਨੌਂ ਖੰਡ ਪ੍ਰਿਥਮੀ ਸਾਰੇ ਕਹਿਣ, ਨੇਤਰ ਦਰਸ ਕੋਇ ਨਾ ਪਾਇੰਦਾ । ਜਨ ਭਗਤਾਂ ਆਪ ਚੁਕਾਏ ਲਹਿਣ ਦੇਣ, ਪੂਰਬ ਲਹਿਣਾ ਆਪ ਮੁਕਾਇੰਦਾ । ਤਨ ਬਸਤਰ ਪਾਏ ਨਾਮ ਗਹਿਣ,

ਸਾਚਾ ਭੂਸ਼ਨ ਆਪ ਰਖਾਇੰਦਾ । ਲਾੜੀ ਮੌਤ ਨਾ ਖਾਏ ਡੈਣ, ਰਾਏ ਧਰਮ ਦਰ ਦੁਰਕਾਇੰਦਾ । ਚਿਤਰ ਗੁਪਤ ਨਾ ਆਏ ਲੇਖਾ ਲੈਣ, ਕੱਢ ਹਿਸਾਬ ਨਾ ਕੋਇ ਵਖਾਇੰਦਾ । ਜਿਸ ਦਾ ਸਤਿਗੁਰ ਪੂਰਾ ਸਾਕ ਸੱਜਣ ਸੈਣ, ਤਿਸ ਬੰਧਨ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਆਪਣਾ ਹੁਕਮ ਵਰਤਾਇੰਦਾ । ਨਿਰਗੁਣ ਹੁਕਮ ਸੱਚੀ ਸਰਕਾਰ, ਸ਼ਹਿਨਸ਼ਾਹ ਆਪ ਵਰਤਾਈਆ । ਸ਼ਾਹ ਸੁਲਤਾਨਾਂ ਕਰ ਖ਼ਵਾਰ, ਰਾਜ ਰਾਜਾਨਾਂ ਖ਼ਾਕ ਮਿਲਾਈਆ । ਵਰਨਾਂ ਬਰਨਾਂ ਮਾਰੇ ਮਾਰ, ਜਾਤਾਂ ਪਾਤਾਂ ਕਰੇ ਸਫ਼ਾਈਆ । ਊਚਾਂ ਨੀਚਾਂ ਵਖਾਏ ਇਕ ਦਵਾਰ, ਪੁਰਖ ਅਬਿਨਾਸ਼ੀ ਸੱਚਾ ਮਾਹੀਆ । ਏਕਾ ਸ਼ਬਦ ਨਾਮ ਜੈਕਾਰ, ਏਕਾ ਢੋਲਾ ਦਏ ਸੁਣਾਈਆ । ਏਕਾ ਇਸ਼ਟ ਸਰਬ ਸੰਸਾਰ, ਪੁਰਖ ਅਕਾਲ ਇਕ ਮਨਾਈਆ । ਏਕਾ ਦ੍ਰਿਸ਼ਟ ਖੋਲ੍ਹੇ ਖੋਲ੍ਹਣਹਾਰ, ਜਿਉਂ ਰਾਮਾ ਵਸ਼ਿਸ਼ਟ ਰੰਗ ਰੰਗਾਈਆ । ਗੁਰਮੁਖ ਬੇੜਾ ਕਰ ਜਾਏ ਪਾਰ, ਗੁਰ ਸਤਿਗੁਰ ਹੱਥ ਵਡਿਆਈਆ । ਜਨਮ ਜਨਮ ਦਾ ਦੁੱਖ ਦਏ ਨਿਵਾਰ, ਘਰ ਸਾਚਾ ਸੁਖ ਉਪਜਾਈਆ । ਉਜਲ ਮੁਖ ਕਰੇ ਕਰਤਾਰ, ਰਸਨਾ ਜੇਹਵਾ ਮੁਖ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਕੂੜੀ ਸਫ਼ਾ ਦਏ ਉਠਾਈਆ । ਕਲਜੁਗ ਕੂੜਾ ਜਾਣਾ ਉਠ, ਲੋਕਮਾਤ ਰਹਿਣ ਨਾ ਪਾਈਆ । ਦੀਨ ਦਿਆਲ ਠਾਕਰ ਗਿਆ ਤੁਠ, ਮਿਹਰਵਾਨ ਮਿਹਰਵਾਨ ਮਿਹਰਵਾਨ ਆਪਣੇ ਹੱਥ ਰੱਖੀ ਵਡਿਆਈਆ । ਤੱਤ ਵਿਕਾਰਾ ਮਨ ਮਤ ਲੋਭ ਹੰਕਾਰ ਕੱਢੇ ਕੁਟ, ਚਿੰਤਾ ਚਿਖਾ ਨਾ ਕੋਇ ਜਲਾਈਆ । ਤ੍ਰੈਗੁਣ ਪਾਏ ਏਕਾ ਲੁੱਟ, ਸ਼ਾਹ ਸੁਲਤਾਨਾਂ ਖ਼ਾਕ ਮਿਲਾਈਆ । ਧਰਤ ਮਾਤ ਦੀ ਗੋਦ ਬਹਾਏ ਜੇਠਾ ਪੁੱਤ, ਸਤਿਜੁਗ ਸਾਚੇ ਦਏ ਵਡਿਆਈਆ । ਬੀਸ ਬੀਸਾ ਸੁਹਾਏ ਸਾਚੀ ਰੁਤ, ਰੁਤੜੀ ਆਪ ਮਹਿਕਾਈਆ । ਕਰੇ ਖੇਲ ਅਬਿਨਾਸ਼ੀ ਅਚੁਤ, ਚੇਤਨ ਰੂਪ ਸਹਿਜ ਸੁਖਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲੇ ਥਾਉਂ ਥਾਈਂਆ । ਥਾਨ ਥਨੰਤਰ ਹਰਿਜਨ ਮੇਲਾ, ਹਰਿ ਸੱਜਣ ਆਪ ਕਰਾਇੰਦਾ । ਲੇਖਾ ਜਾਣੇ ਗੁਰੂ ਗੁਰ ਚੇਲਾ, ਗੁਰ ਗੋਬਿੰਦ ਵੇਖ ਵਖਾਇੰਦਾ । ਆਦਿ ਜੁਗਾਦਿ ਸੱਜਣ ਸੁਹੇਲਾ, ਜੁਗ ਕਰਤਾ ਵਿਛੜ ਨਾ ਜਾਇੰਦਾ । ਵਸਣਹਾਰਾ ਰੰਗ ਨਵੇਲਾ, ਗੁਰਮੁਖ ਤੇਰਾ ਖੇੜਾ ਆਪ ਵਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਮੰਦਰ ਸੋਭਾ ਪਾਇੰਦਾ । ਸਾਚਾ ਮੰਦਰ ਸੋਭਨੀਕ, ਸੋਭਾਵੰਤ ਆਪ ਸੁਹਾਈਆ । ਆਦਿ ਜੁਗਾਦਿ ਲਾਸ਼ਰੀਕ, ਸ਼ਰਅ ਸ਼ਰੀਅਤ ਨਾ ਕੋਇ ਵਖਾਈਆ । ਜਨ ਭਗਤਾਂ ਮੇਟੇ ਅੰਧੇਰਾ ਤਾਰੀਕ, ਸਾਚਾ ਨੂਰ ਕਰੇ ਰੁਸ਼ਨਾਈਆ । ਏਕਾ ਧਾਮ ਵਖਾਏ ਠੀਕ, ਕਾਇਆ ਠੀਕਰ ਭੰਨ ਵਖਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਤੇਰੀ ਅੰਤਮ ਦੇਵੇ ਇਕ ਤਰੀਕ, ਗੁਰ ਪੀਰ ਅਵਤਾਰ ਲਏ ਮੰਗਾਈਆ । ਵੇਖਣਹਾਰਾ ਸਚ ਪ੍ਰੀਤ, ਜੁਗ ਜੁਗ ਲੇਖਾ ਰਿਹਾ ਲਿਖਾਈਆ । ਹਰਿਜਨ ਤੇਰੀ ਸਦਾ ਉਡੀਕ, ਧਰਤ ਧਵਲ ਨੈਣ ਉਠਾਈਆ । ਤੁਧ ਬਿਨ ਕੋਇ ਨਾ ਕਰੇ ਠੰਡਾ ਸੀਤ, ਅੰਮ੍ਰਿਤ ਨਾਉਂ ਨਾ ਕੋਇ ਬਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਲਏ ਫੜ, ਆਪਣੇ ਪੱਲੂ ਗੰਢ ਦਿਵਾਈਆ । ਗੁਰਮੁਖ ਸੱਜਣ ਹਰਿ ਹਰਿ ਫੜਿਆ, ਆਤਮ ਬ੍ਰਹਮ ਵਿਚਾਰ । ਕਾਇਆ ਮੰਦਰ ਸਾਚੇ ਚੜ੍ਹਿਆ, ਖੋਲ੍ਹ ਬੰਦ ਕਿਵਾੜ । ਆਪਣੀ ਵਿਦਿਆ ਆਪੇ ਪੜ੍ਹਿਆ, ਅਨਹਦ ਸ਼ਬਦ ਵਜਾਏ ਸੱਚੀ ਧੁਨਕਾਰ । ਆਪਣੇ ਸਰੋਵਰ ਆਪੇ ਠਰਿਆ, ਨਿਝਰ ਝਿਰਨਾ ਝਿਰੇ ਅਪਾਰ । ਆਪਣੀ ਨਾਰੀ ਆਪੇ ਵਰਿਆ, ਸੁਰਤੀ ਸ਼ਬਦ ਕਰੇ ਪਿਆਰ ।

ਆਪਣੇ ਘਰ ਆਪੇ ਖੜਿਆ, ਆਪ ਸੁਹਾਏ ਬੰਕ ਦਵਾਰ । ਨਿਰਮਲ ਦੀਆ ਆਪੇ ਧਰਿਆ, ਜੋਤੀ ਨੂਰ ਨੂਰ ਉਜਿਅਰ । ਆਪਣਾ ਪੱਲੂ ਆਪੇ ਫੜਿਆ, ਆਪੇ ਚਲੇ ਨਾਲ ਨਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਤੇਰਾ ਵੇਖੇ ਘਰ, ਕਾਇਆ ਮੰਦਰ ਅੰਦਰ ਸੱਚੀ ਧਰਮਸਾਲ । ਕਾਇਆ ਅੰਦਰ ਸਚ ਧਰਮਸਾਲਾ, ਦਰ ਦਰਵਾਜ਼ਾ ਨਾ ਕੋਇ ਰਖਾਈਆ । ਦੀਪਕ ਦੀਆ ਇਕ ਉਜਾਲਾ, ਤੇਲ ਬਾਤੀ ਨਾ ਕੋਇ ਟਿਕਾਈਆ । ਆਪੇ ਵਸੇ ਵਸਣਹਾਰ ਪੁਰਖ ਅਕਾਲਾ, ਅਕਲ ਕਲ ਰੂਪ ਵਟਾਈਆ । ਸਰਗੁਣ ਨਿਰਗੁਣ ਬਣ ਦਲਾਲਾ, ਲੋਕਮਾਤ ਮੇਲ ਮਿਲਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਸਤਿਜੁਗ ਤ੍ਰੇਤਾ ਦੁਆਪਰ ਆਪੇ ਜਾਣੇ ਆਪਣਾ ਰਾਹ ਸੁਖਾਲਾ, ਸਾਚਾ ਮਾਰਗ ਆਪੇ ਲਾਈਆ । ਕਲਜੁਗ ਅੰਤਮ ਹੋ ਨਿਰਾਲਾ, ਪੰਜ ਤੱਤ ਕਾਇਆ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣਾ ਰੂਪ ਵਟਾਈਆ । ਨਿਰਗੁਣ ਰੂਪ ਹਰਿ ਨਿਰੰਕਾਰ, ਜੋਤੀ ਜਾਤਾ ਖੇਲ ਖਿਲਾਇੰਦਾ । ਨਿਹਕਲੰਕ ਲੈ ਅਵਤਾਰ, ਮਾਤ ਪਿਤ ਨਾ ਕੋਇ ਵਖਾਇੰਦਾ । ਜਨਨੀ ਜਨ ਨਾ ਕੋਇ ਪਿਆਰ, ਪਿਤਾ ਗੋਦ ਨਾ ਕੋਇ ਸੁਹਾਇੰਦਾ । ਕਰੇ ਖੇਲ ਅਗੰਮ ਅਪਾਰ, ਆਪ ਆਪਣਾ ਘਾੜਨ ਘੜਤ ਘੜਾਇੰਦਾ । ਸੰਬਲ ਨਗਰ ਹੋ ਉਜਿਆਰ, ਸਾਢੇ ਤਿੰਨ ਹੱਥ ਬੰਕ ਵਡਿਆਇੰਦਾ । ਸਾਚਾ ਡੰਕਾ ਨਾਮ ਜੈਕਾਰ, ਉਚੀ ਕੂਕ ਆਪ ਅਲਾਇੰਦਾ । ਲੱਖ ਚੁਰਾਸੀ ਕਰੇ ਖ਼ਬਰਦਾਰ, ਹੰ ਬ੍ਰਹਮ ਆਪ ਉਠਾਇੰਦਾ । ਸੋ ਪੁਰਖ ਨਿਰੰਜਣ ਸਰਬ ਜੀਆਂ ਦਾ ਸਾਂਝਾ ਯਾਰ, ਸੋਇਮ ਰੂਪ ਆਪ ਧਰਾਇੰਦਾ । ਓਮ ਓਮ ਕਰੇ ਕਰਨੇਹਾਰ, ਪਰਕਾਸ਼ ਪਰਕਾਸ਼ ਵਿਚ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਸ਼ਕਤ ਆਦਿ ਭਵਾਨੀ ਕਰੇ ਖੇਲ ਜੋਤ ਨੂਰਾਨੀ, ਚਤੁਰਭੁਜ ਵੇਸ ਅਨੇਕਾ, ਕਰੇ ਖੇਲ ਪਾਰਬ੍ਰਹਮ ਬ੍ਰਹਮ ਵੇਸਾ, ਲੇਖਾ ਜਾਣੇ ਵਿਸ਼ਨ ਬ੍ਰਹਮਾ ਸ਼ਿਵ ਗਣੇਸ਼ਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਦੇਵੇ ਵਰ, ਜਗਤ ਡਰ ਨਾ ਕੋਇ ਰਖਾਈਆ । ਹਰਿ ਕਾ ਨਾਉਂ ਸਾਚਾ ਘੋੜਾ, ਆਦਿ ਜੁਗਾਦਿ ਰਖਾਇੰਦਾ । ਗੁਰਮੁਖ ਵਿਰਲੇ ਮਾਤ ਬੌਹੜਾ, ਦੂਸਰ ਦਿਸ ਕਿਸੇ ਨਾ ਆਇੰਦਾ । ਜੁਗ ਜੁਗ ਮਾਰੇ ਆਪਣਾ ਪੌੜਾ, ਲੱਖ ਚੁਰਾਸੀ ਖ਼ਾਕ ਰਲਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਫਿਰੇ ਦੌੜਾ, ਚਾਰ ਕੁੰਟ ਦਹਿ ਦਿਸ਼ਾ ਫੇਰਾ ਪਾਇੰਦਾ । ਵੇਖੇ ਪਰਖੇ ਮਿੱਠਾ ਕੌੜਾ, ਘਟ ਘਟ ਅੰਦਰ ਫੋਲ ਫੋਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਘੋੜੇ ਆਪ ਚੜ੍ਹਾਇੰਦਾ । ਸਾਚੇ ਘੋੜੇ ਸਾਚਾ ਆਸਣ, ਹਰਿ ਸਾਚਾ ਆਪ ਸਜਾਈਆ । ਕਸੇ ਤੰਗ ਪੁਰਖ ਅਬਿਨਾਸ਼ਨ, ਅਬਿਨਾਸ਼ੀ ਕਰਤਾ ਬੇਪਰਵਾਹੀਆ । ਲੇਖਾ ਜਾਣੇ ਪ੍ਰਿਥਮੀ ਆਕਾਸ਼ਨ, ਆਕਾਸ਼ ਆਕਾਸ਼ਾਂ ਵੇਖ ਵਖਾਈਆ । ਘਟ ਘਟ ਅੰਦਰ ਖੇਲ ਤਮਾਸ਼ਨ, ਖੇਲ ਖਿਲਾਰੀ ਆਪ ਖਿਲਾਈਆ । ਜੋ ਉਪਜੇ ਸੋ ਅੰਤ ਵਿਨਾਸ਼ਨ, ਥਿਰ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਰਬ ਗੁਣ ਤਾਸਨ, ਹਰਿਜਨ ਸਾਚੇ ਘੋੜੇ ਲਏ ਚੜ੍ਹਾਈਆ । ਸਾਚੇ ਘੋੜੇ ਸਚ ਪਲਾਣਾ, ਸਤਿਗੁਰ ਸਾਚਾ ਆਪੇ ਪਾਈਆ । ਗੁਰਮੁਖ ਚੜ੍ਹੇ ਸੁਘੜ ਸੁਚੱਜਾ ਰਾਣਾ, ਸ਼ਾਹ ਪਾਤਸ਼ਾਹ ਕਿਸੇ ਹੱਥ ਨਾ ਆਈਆ । ਚਾਰੋਂ ਕੁੰਟ ਫਿਰੇ ਬੇਮੁਹਾਣਾ, ਡੋਰੀ ਹੱਥ ਨਾ ਕਿਸੇ ਫੜਾਈਆ । ਅੱਠੇ ਪਹਿਰ ਪ੍ਰੇਮ ਪ੍ਰੀਤੀ ਮੰਗੇ ਦਾਨਾ, ਤ੍ਰਿਸਨਾ ਭੁੱਖ ਨਾ ਕੋਇ ਰਖਾਈਆ । ਏਕਾ ਮੰਨੇ ਸਾਚਾ ਭਾਣਾ, ਸਦ ਚਲੇ ਹਰਿ ਰਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ

ਘੋੜਾ ਇਕ ਸਮਝਾਈਆ । ਸਾਚਾ ਘੋੜਾ ਸਚ ਮਹੱਲਾ, ਹਰਿ ਸਾਚਾ ਆਪ ਰਖਾਇੰਦਾ । ਆਦਿ ਜੁਗਾਦੀ ਚੜ੍ਹੇ ਇਕ ਇਕੱਲਾ, ਬ੍ਰਹਿਮੰਡ ਖੰਡ ਵੇਖ ਵਖਾਇੰਦਾ । ਨਾਮ ਨਿਧਾਨਾ ਫੜੇ ਭੱਲਾ, ਦੋ ਜਹਾਨਾਂ ਪਾਰ ਕਰਾਇੰਦਾ । ਸਚ ਸਿੰਘਾਸਣ ਏਕਾ ਮੱਲਾ, ਸੋਲਾਂ ਕਲੀਆਂ ਆਸਣ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਘੋੜਾ ਆਪ ਸਜਾਇੰਦਾ । ਸਾਚੇ ਘੋੜੇ ਪਾਏ ਜ਼ੀਨ, ਜ਼ੀਨਤ ਆਪਣੇ ਹੱਥ ਰਖਾਈਆ । ਕਰੇ ਖੇਲ ਸਾਹਿਬ ਪਰਬੀਨ, ਬੇਅੰਤ ਵਡ ਵਡਿਆਈਆ । ਫੇਰਾ ਪਾਏ ਲੋਕ ਤੀਨ, ਚੌਦਾਂ ਲੋਕ ਚਰਨਾਂ ਹੇਠ ਦਬਾਈਆ । ਆਦਿ ਜੁਗਾਦਿ ਨਾ ਹੋਏ ਗ਼ਮਗੀਨ, ਗ਼ਫ਼ਲਤ ਹੋਰ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਘੋੜਾ ਰਿਹਾ ਦੌੜਾਈਆ । ਸਾਚਾ ਘੋੜਾ ਏਕਾ ਘਰ, ਹਰਿ ਸਾਚਾ ਆਪ ਦੌੜਾਇੰਦਾ । ਦੂਜੇ ਪੌੜੇ ਜਾਏ ਚੜ੍ਹ, ਦੋਏ ਦੋਏ ਲੇਖਾ ਆਪ ਮੁਕਾਇੰਦਾ । ਤੀਜੇ ਦਰ ਚੁੱਕੇ ਡਰ, ਭੈ ਭੌ ਨਾ ਕੋਇ ਜਣਾਇੰਦਾ । ਚੌਥੇ ਘਰ ਜਾਏ ਵੜ, ਗੁਰਮੁਖ ਸਾਚੇ ਮੇਲ ਮਿਲਾਇੰਦਾ । ਸੋ ਗੁਰਮੁਖ ਉਪਰ ਜਾਏ ਚੜ੍ਹ, ਜਿਸ ਸਤਿਗੁਰ ਆਪ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਘੋੜਾ ਆਪ ਉਪਾਇੰਦਾ । ਸਾਚਾ ਘੋੜਾ ਸ਼ਬਦੀ ਧਾਰ, ਪਾਰਬ੍ਰਹਮ ਉਪਜਾਇਆ । ਸਰਬ ਜੀਆਂ ਦਾ ਸਾਂਝਾ ਯਾਰ, ਘਰ ਘਰ ਵੇਖ ਵਖਾਇਆ । ਏਕਾ ਬ੍ਰਹਮ ਦਏ ਆਧਾਰ, ਸਾਚਾ ਧਰਮੀ ਧਰਮ ਕਮਾਇਆ । ਜ਼ਾਤ ਪਾਤ ਨਾ ਕੋਇ ਵਿਚਾਰ, ਦੀਨ ਮਜ਼੍ਹਬ ਵਿਚ ਨਾ ਆਇਆ । ਚਾਰੇ ਕੂਟਾਂ ਪਾਵੇ ਸਾਰ, ਚਾਰੇ ਰਾਸਾਂ ਮੁਖ ਭਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚੌਥੇ ਜੁਗ ਸਾਚਾ ਘੋੜਾ ਇਕ ਉਪਜਾਇਆ । ਸਾਚਾ ਘੋੜਾ ਅਸਵ ਸ਼ਾਹ ਸੁਲਤਾਨ, ਹਰਿ ਸਾਚੇ ਸਚ ਉਪਜਾਈਆ । ਨੌਂ ਖੰਡ ਪ੍ਰਿਥਮੀ ਵੇਖੇ ਬੀਆਬਾਨ, ਸੁੰਞ ਮਸਾਣ ਫੇਰਾ ਪਾਈਆ । ਘਰ ਘਰ ਅੰਦਰ ਯੁੱਧ ਘਮਸਾਨ, ਕਾਮ ਕਰੋਧ ਲੋਭ ਮੋਹ ਹੰਕਾਰ ਕਰੇ ਲੜਾਈਆ । ਅੱਠੇ ਪਹਿਰ ਨਾਚ ਸ਼ੈਤਾਨ, ਸ਼ਰਅ ਸ਼ਰੀਅਤ ਦਏ ਦੁਹਾਈਆ । ਹਰਿ ਕਾ ਘੋੜਾ ਇਕ ਬਲਵਾਨ, ਮਹਾਂਬਲੀ ਲਏ ਉਪਜਾਈਆ । ਜਿਸ ਜਨ ਸਵਾਰੀ ਬਖ਼ਸ਼ੇ ਸਾਚਾ ਦਾਨ, ਤਿਸ ਚਰਨ ਰਕਾਬ ਟਿਕਾਈਆ । ਲੇਖਾ ਚੁਕਾਏ ਦੋ ਜਹਾਨ, ਦੋਹਾਂ ਲੇਖਾ ਆਪ ਮੁਕਾਈਆ । ਉਨੰਜਾ ਪਵਣ ਨੈਣ ਸ਼ਰਮਾਨ, ਹਰਿ ਕਾ ਘੋੜਾ ਨਜ਼ਰ ਨਾ ਆਈਆ । ਗੁਰਮੁਖ ਵਿਰਲਾ ਚੜ੍ਹੇ ਨੌਜਵਾਨ, ਸੂਰਬੀਰ ਆਪ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਘੋੜਾ ਇਕ ਵਖਾਈਆ । ਸਾਚਾ ਘੋੜਾ ਨੇਤਰ ਪੇਖ, ਗੁਰਸਿਖ ਨੈਣ ਬਿਗਸਾਇਆ । ਪਾਰਬ੍ਰਹਮ ਪ੍ਰਭ ਰਿਹਾ ਵੇਖ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹਿਆ । ਕਿਸੇ ਹੱਥ ਨਾ ਆਏ ਔਲੀਏ ਪੀਰ ਸ਼ੇਖ਼, ਮੁੱਲਾ ਮਸਾਇਕ ਕੁਤਬ ਗ਼ੌਸ ਰਹੇ ਰਾਹ ਤਕਾਇਆ । ਨੇਤਰ ਚੁੱਕ ਚੁੱਕ ਰਾਜ ਰਾਜਾਨ ਰਹੇ ਵੇਖ, ਦਰਸਨ ਨੈਣ ਕਿਸੇ ਨਾ ਪਾਇਆ । ਗੋਬਿੰਦ ਸੂਰਾ ਦਾਤਾ ਦਾਨੀ ਦਸ ਦਸਮੇਸ, ਸਾਚਾ ਘੋੜਾ ਇਕ ਸਜਾਇਆ । ਗੁਰਮੁਖਾਂ ਅੱਗੇ ਫੜ ਲਗਾਮੋਂ ਕਰੇ ਪੇਸ਼, ਜੋ ਬੈਠਾ ਓਟ ਤਕਾਇਆ । ਉਪਰ ਚਾੜ੍ਹ ਲੈ ਜਾਏ ਆਪਣੇ ਦੇਸ, ਦੂਜਾ ਘਰ ਨਾ ਕੋਇ ਵਖਾਇਆ । ਸਾਚਾ ਅਸਵ ਰਹੇ ਹਮੇਸ਼, ਨਾ ਮਰੇ ਨਾ ਜਾਇਆ । ਤਿਸ ਅੱਗੇ ਨਾ ਚਲੇ ਕਿਸੇ ਦੀ ਕੋਈ ਪੇਸ਼, ਸਭ ਬੈਠੇ ਸੀਸ ਝੁਕਾਇਆ । ਨੌਂ ਖੰਡ ਪ੍ਰਿਥਮੀ ਕਰੇ ਆਦੇਸ਼, ਲੱਖ ਚੁਰਾਸੀ ਨੇਤਰ ਨੈਣ ਸ਼ਰਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਘੋੜਾ ਆਪਣੇ ਹੱਥ ਰਖਾਇਆ । ਹਰਿ ਘੋੜਾ ਨਾਮ ਬਲਵਾਨਾ, ਬਲ ਬਾਵਨ ਆਪ ਰਖਾਈਆ । ਮਾਰੇ ਸੱਚਾ ਤੀਰ ਨਿਸ਼ਾਨਾ, ਵਾਰ ਏਕਾ ਵਾਰ ਚਲਾਈਆ । ਲਹਿਣਾ ਚੁਕਾਏ

੧੧੧੦ ੧੦

ਦੋ ਜਹਾਨਾਂ, ਮੂਲ ਕੋਇ ਨਜ਼ਰ ਨਾ ਆਈਆ । ਲੱਖ ਚੁਰਾਸੀ ਬੰਨ੍ਹੇ ਗਾਨਾ ਮੌਲੀ ਤੰਦ ਨਾਲ ਉਠਾਈਆ । ਚਾਰ ਯਾਰੀ ਕਰੇ ਧਿਆਨਾ, ਮੁਹੰਮਦ ਰਿਹਾ ਰਾਹ ਤਕਾਈਆ । ਅੱਲਾ ਰਾਣੀ ਨਾਰ ਰਕਾਨਾ, ਮੀਂਢੀ ਸੀਸ ਰਹੀ ਗੁੰਦਾਈਆ । ਪਰਵਰਦਿਗਾਰ ਔਣਾ ਨੌਜਵਾਨਾ, ਬੇਐਬ ਫੇਰਾ ਪਾਈਆ । ਮੇਰਾ ਕਾਅਬਾ ਕਰੇ ਪਰਵਾਨਾ, ਆਪਣਾ ਕੁਗ ਦਏ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਅਸਵ ਆਪ ਮੰਗਾਈਆ । ਸਾਚੇ ਅਸਵ ਅੰਤ ਤਿਆਰੀ, ਹਰਿ ਸਾਚਾ ਆਪ ਕਰਾਇੰਦਾ । ਆਪੇ ਚੜ੍ਹੇ ਸ਼ਾਹ ਸਵਾਰੀ, ਸਚ ਸਿੰਘਾਸਣ ਸੋਭਾ ਪਾਇੰਦਾ । ਕਲਜੁਗ ਅੰਤਮ ਮੁਹੰਮਦ ਖ਼ਾਹਸ਼ ਵਿਆਹੇ ਨਾਰ ਕਵਾਰੀ, ਅੱਲਾ ਰਾਣੀ ਆਪ ਪਰਨਾਇੰਦਾ । ਮੇਲ ਮਿਲਾਵਾ ਹਾਣੀਆਂ ਹਾਣੀ, ਸਾਚੇ ਮੰਦਰ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚੌਦਾਂ ਤਬਕਾਂ ਏਕਾ ਵਾਰ ਪੰਧ ਮੁਕਾਇੰਦਾ । ਚੌਦਾਂ ਤਬਕਾਂ ਮੁੱਕੇ ਪੰਧ, ਸਾਚਾ ਘੋੜਾ ਆਪ ਦੌੜਾਈਆ । ਰਾਹ ਖੈਹੜਾ ਨਾ ਵੇਖੇ ਕੋਈ ਅੰਧ, ਧੁੰਏਂਧਾਰ ਚਰਨ ਟਿਕਾਈਆ । ਧੱਕਾ ਲਾਏ ਸੂਰਜ ਚੰਦ, ਏਕਾ ਠੋਕਰ ਦਏ ਵਖਾਈਆ । ਧਰਨੀ ਤੇਰੀ ਉਲਟੀ ਕਰੇ ਕੰਡ, ਏਕਾ ਵਾਰ ਲਏ ਅੰਗੜਾਈਆ । ਨਾਤਾ ਤੋੜੇ ਆਪ ਬ੍ਰਹਿਮੰਡ, ਜੇਰਜ ਅੰਡ ਰੰਡ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪੰਧ ਆਪ ਮੁਕਾਈਆ । ਪੰਧ ਮੁਕਾਏ ਸ਼ਾਹਸਵਾਰਾ, ਅਸਵ ਆਪ ਦੌੜਾਇੰਦਾ । ਮੁਰਸ਼ਦ ਮੁਰੀਦ ਕਰ ਪਿਆਰਾ, ਦੀਦ ਈਦ ਚੰਦ ਚੜ੍ਹਾਇੰਦਾ । ਕਾਇਨਾਤ ਵੇਖੇ ਵਿਗਸੇ ਪਾਵੇ ਸਾਰਾ, ਉਲਫ਼ਤ ਆਪਣੇ ਹੱਥ ਰਖਾਇੰਦਾ । ਰਹਿਮਤ ਰਹੀਮ ਰਹਿਮਾਨ ਆਪੇ ਜਾਣੇ ਆਪਣਾ ਪਾਰ ਕਿਨਾਰਾ, ਸ਼ੌਹ ਧਾਰਾ ਆਪ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਫੜ, ਸਾਚੇ ਘੋੜੇ ਆਪ ਚੜ੍ਹਾਇੰਦਾ । ਜਿਸ ਜਨ ਘੋੜ ਚੜ੍ਹਨ ਦਾ ਚਾਅ, ਸਾਚੀ ਸਿਖਿਆ ਸਿਖ ਸਮਝਾਇੰਦਾ । ਏਕਾ ਪੱਲੂ ਫੜੇ ਬੇਪਰਵਾਹ, ਦੂਸਰ ਓਟ ਨਾ ਕੋਇ ਰਖਾਇੰਦਾ । ਏਕਾ ਮੰਤਰ ਨਾਮ ਧਿਆ, ਚਰਨ ਧਿਆਨ ਇਕ ਲਗਾਇੰਦਾ । ਏਕਾ ਵੇਖੇ ਸਚ ਮਲਾਹ, ਖੇਵਟ ਖੇਟਾ ਬੇੜਾ ਇਕ ਚਲਾਇੰਦਾ । ਏਕਾ ਪਕੜਨਹਾਰਾ ਬਾਂਹ, ਸਚ ਸਹਾਰਾ ਇਕ ਵਖਾਇੰਦਾ । ਏਕਾ ਮੰਗੇ ਸਰਨ ਸਰਨਾ, ਸਰਨਗਤ ਇਕ ਹੋ ਜਾਇੰਦਾ । ਕਲਜੁਗ ਅੰਤਮ ਵੇਖੇ ਥਾਂ, ਚਾਰ ਕੁੰਟ ਫੋਲ ਫੋਲਾਇੰਦਾ । ਨਿਹਕਲੰਕ ਜਾਮਾ ਪਾ, ਰੂਪ ਅਨੂਪ ਆਪ ਧਰਾਇੰਦਾ । ਸਾਚੇ ਘੋੜੇ ਤੰਗ ਕਸਾ, ਆਪਣੇ ਨਾਲ ਰਲਾਇੰਦਾ । ਲੋਕਮਾਤ ਫੇਰਾ ਪਾ, ਸੰਬਲ ਸਾਚੀ ਵੰਡ ਵੰਡਾਇੰਦਾ । ਸਾਚਾ ਕੀਲਾ ਦਿਤਾ ਗਡਾ, ਚੋਟੀ ਜੜ੍ਹ ਨਾ ਕਿਸੇ ਵਖਾਇੰਦਾ । ਆਪਣਾ ਘੋੜਾ ਨਾਲ ਬੰਨ੍ਹਾ, ਆਪਣੀ ਖ਼ੁਸ਼ੀ ਮਨਾਇੰਦਾ । ਵਾਰੋ ਵਾਰ ਗੁਰਸਿਖਾਂ ਘਰ ਘਰ ਲਏ ਜਗਾ, ਲੱਖ ਚੁਰਾਸੀ ਗੂੜ੍ਹੀ ਨੀਂਦ ਸੁਆਇੰਦਾ । ਜੋ ਜਨ ਹਰਿ ਸੰਗਤ ਜਾਣੇ ਭੈਣ ਭਰਾ, ਤਿਸ ਆਪਣਾ ਘੋੜਾ ਫੇਰ ਵਖਾਇੰਦਾ । ਜੋ ਗੁਰਸਿਖ ਗੁਰਸਿਖ ਮਿਲਣ ਦਾ ਰੱਖੇ ਚਾ, ਸਾਚਾ ਨਾਤਾ ਜੋੜ ਜੁੜਾਇੰਦਾ । ਤਿਸ ਗੁਰਸਿਖ ਦੀ ਗੁਰ ਸਤਿਗੁਰ ਸੇਵਾ ਲਏ ਆਪ ਕਮਾ, ਸੇਵਕ ਸੇਵਦਾਰ ਆਪ ਹੋ ਜਾਇੰਦਾ । ਫੜ ਫੜ ਬਾਹੋਂ ਉਪਰ ਲਏ ਚੜ੍ਹਾ, ਸਚ ਸਿੰਘਾਸਣ ਆਪ ਬਹਾਇੰਦਾ । ਸਚਖੰਡ ਦਵਾਰ ਖੁਲ੍ਹਾ, ਆਪਣਾ ਮੰਦਰ ਆਪ ਵਖਾਇੰਦਾ । ਜੋਤੀ ਜੋਤ ਮੇਲ ਮਿਲਾ, ਆਵਣ ਜਾਵਣ ਪੰਧ ਮੁਕਾਇੰਦਾ । ਸਾਚਾ ਧਰਮੀ ਧਰਮ ਕਮਾ, ਨਿਹਕਰਮੀ ਕਰਮ ਵਖਾਇੰਦਾ । ਗੁਰਸਿਖ ਮਰੇ ਪ੍ਰਭ ਮਿਲਣ ਦਾ ਚਾ, ਜਗਤ ਖੰਡਾ ਵਾਰ ਨਾ ਕੋਇ ਕਰਾਇੰਦਾ । ਸਤਿਗੁਰ ਪੂਰਾ ਗੁਰਸਿਖ ਸੀਸ ਆਪਣੀ ਝੋਲੀ ਲਏ ਪਾ, ਦੂਸਰ ਹੱਥ ਨਾ ਕਿਸੇ ਫੜਾਇੰਦਾ । ਪ੍ਰੇਮ ਰਤ ਆਪਣਾ ਆਪ ਲਏ

ਰੰਗਾ, ਰੰਗ ਰੰਗੀਲਾ ਵੇਖ ਵਖਾਇੰਦਾ । ਗੁਰਮੁਖ ਤੇਰਾ ਸੀਸ ਜਗਦੀਸ ਆਪਣੇ ਮੰਦਰ ਲਏ ਟਿਕਾ, ਸਾਚਾ ਮੰਦਰ ਸੋਭਾ ਪਾਇੰਦਾ । ਜਿਥੇ ਦੂਜਾ ਕੋਈ ਜਾਏ ਨਾ, ਕਬੀਰ ਜੁਲਾਹਾ ਕੂਕ ਸੁਣਾਇੰਦਾ । ਸਭ ਤੋਂ ਉਪਰ ਵਸੇ ਮੇਰਾ ਸ਼ਹਿਨਸ਼ਾਹ, ਸ਼ਾਹ ਪਾਤਸ਼ਾਹ ਆਪਣਾ ਹੁਕਮ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਸਾਚਾ ਵਰ, ਸਾਚਾ ਹੁਕਮ ਸੁਣਾਇੰਦਾ । ਇਕ ਵਾਰ ਜੋ ਚੜ੍ਹਿਆ ਘੋੜੀ, ਦੂਸਰ ਵਾਰ ਮਾਤ ਨਾ ਆਈਆ । ਇਕ ਵਾਰ ਜੋ ਬਣਿਆ ਜੋੜੀ, ਸਰਗੁਣ ਨਿਰਗੁਣ ਵਿਚ ਸਮਾਈਆ । ਇਕ ਵਾਰ ਜਿਨ੍ਹ ਮੇਟੀ ਔੜੀ, ਤ੍ਰਿਸਨਾ ਪਿਆਸ ਨਾ ਫੇਰ ਲਗਾਈਆ । ਲੱਖ ਚੁਰਾਸੀ ਕਰਦੀ ਬੌਹੜੀ ਬੌਹੜੀ, ਡੋਰੀ ਹੱਥ ਨਾ ਕਿਸੇ ਫੜਾਈਆ । ਗੁਰਮੁਖ ਵਿਰਲਾ ਚੜ੍ਹੇ ਸਤਿਗੁਰ ਘੋੜੀ, ਜੀਵ ਜੰਤ ਮੌਤ ਘੋੜੀ ਰਿਹਾ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਬਿਧ ਅਵਰੀ ਠੌਰੀ, ਠੋਕਰ ਏਕਾ ਨਾਮ ਲਗਾਈਆ ।

## ★ ੧੫ ਭਾਦਰੋਂ ੨੦੧੮ ਬਿਕ੍ਰਮੀ ਲਾਲ ਸਿੰਘ ਦੇ ਗ੍ਰਿਹ ਲੁਧਿਆਣਾ ★



ਨਿਰਗੁਣ ਰੂਪ ਹਰਿ ਨਿਰੰਕਾਰਾ, ਨਿਹਕਲੰਕਾ ਨਾਉਂ ਰਖਾਈਆ । ਘਟ ਘਟ ਅੰਦਰ ਕਰ ਪਸਾਰਾ, ਲੱਖ ਚੁਰਾਸੀ ਸੋਭਾ ਪਾਈਆ । ਦੀਆ ਬਾਤੀ ਕਰ ਉਜਿਆਰਾ, ਗ੍ਰਿਹ ਗ੍ਰਿਹ ਜੋਤ ਨੂਰ ਰੁਸ਼ਨਾਈਆ । ਸ਼ਬਦ ਨਾਦ ਸੱਚੀ ਧੁਨਕਾਰਾ, ਸਾਚੇ ਮੰਦਰ ਆਪ ਵਜਾਈਆ । ਵੇਖੇ ਵਿਗਸੇ ਵੇਖਣਹਾਰਾ, ਆਦਿ ਪੁਰਖ ਵਡੀ ਵਡਿਆਈਆ । ਨਵ ਖੰਡ ਪਾਵੇ ਸਾਰਾ, ਸਤਿ ਸਤਿ ਕਰੇ ਕੁੜਮਾਈਆ । ਸਤਿ ਸਤਿ ਤੇਰਾ ਪਾਰ ਕਿਨਾਰਾ, ਬ੍ਰਹਮ ਮਤ ਦਏ ਪਰਗਟਾਈਆ । ਏਕਾ ਤੱਤ ਗੁਣ ਵਿਚਾਰਾ, ਅਵਗੁਣ ਲੇਖਾ ਰਿਹਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਆਪਣਾ ਨਾਉਂ ਪਰਗਟਾਈਆ । ਹਰਿ ਕਾ ਨਾਉਂ ਸੂਰਬੀਰ, ਆਦਿ ਜੁਗਾਦਿ ਸਮਾਇਆ । ਸਤਿਗੁਰ ਪੂਰਾ ਸ਼ਬਦ ਨਿਸ਼ਾਨਾ ਫੜੇ ਤੀਰ, ਦੋ ਜਹਾਨਾਂ ਆਪ ਚਲਾਇਆ । ਲੋਆਂ ਪੁਰੀਆਂ ਜਾਏ ਚੀਰ, ਬ੍ਰਹਿਮੰਡ ਖੰਡ ਪਾਰ ਵਖਾਇਆ । ਅਠਸਠ ਵਰੋਲੇ ਆਪੇ ਨੀਰ, ਸਮੁੰਦ ਸਾਗਰ ਡੇਰਾ ਢਾਹਿਆ । ਲਹਿਣਾ ਦੇਣਾ ਚੁਕਾਏ ਸ਼ਾਹ ਫ਼ਕੀਰ, ਸ਼ਾਹ ਪਾਤਸ਼ਾਹ ਪਰਦਾ ਲਾਹਿਆ । ਤ੍ਰੈਗੁਣ ਕੱਟੇ ਜਗਤ ਜ਼ੰਜੀਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਆਪਣਾ ਨਾਉਂ ਵਡਿਆਇਆ । ਹਰਿ ਕਾ ਨਾਉਂ ਵਡ ਵਡਿਆਈ, ਹਰਿ ਵੱਡਾ ਵੱਡ ਵਡਿਆਇੰਦਾ । ਬ੍ਰਹਿਮੰਡ ਖੰਡ ਵੱਜੇ ਵਧਾਈ, ਬ੍ਰਹਮ ਨਾਦ ਇਕ ਰਖਾਇੰਦਾ । ਜਗਤ ਜੁਗਤ ਕਰੇ ਕੁੜਮਾਈ, ਆਪਣਾ ਬੰਧਨ ਪਾਇੰਦਾ । ਵੇਖਣਹਾਰਾ ਥਾਉਂ ਥਾਈਂ, ਗਗਨ ਪਾਤਾਲਾਂ ਵੇਖ ਵਖਾਇੰਦਾ । ਨਿਰਗੁਣ ਕਰੇ ਖੇਲ ਚਾਈਂ ਚਾਈਂ, ਵੇਲਾ ਵਕ਼ਤ ਆਪ ਸੁਹਾਇੰਦਾ । ਆਦਿ ਅੰਤ ਕਰੇ ਸਚ ਨਿਆਈਂ, ਸਾਚੇ ਤਖ਼ਤ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਉਂ ਨਿਰੰਕਾਰਾ ਆਪ ਅਖਵਾਇੰਦਾ । ਨਾਉਂ ਨਿਰੰਕਾਰ ਸ੍ਰੀ ਭਗਵਾਨ, ਆਪਣਾ ਆਪ ਪਰਗਟਾਈਆ । ਤਖ਼ਤ ਨਿਵਾਸੀ ਸਚ ਨਿਸ਼ਾਨ, ਸਚ ਦਵਾਰੇ ਆਪ ਝੁਲਾਈਆ । ਭੂਪਤ ਭੂਪ ਬਣ ਰਾਜਾਨ, ਹੁਕਮੀ ਹੁਕਮ ਆਪ ਵਰਤਾਈਆ । ਧੁਰ ਫ਼ਰਮਾਨਾ ਦੇਵੇ ਜੀਆ ਦਾਨ, ਜੀਵਣ ਜੁਗਤ ਜਗਤ ਜਣਾਈਆ । ਆਦਿ ਜੁਗਾਦਿ ਹੋ ਮਿਹਰਵਾਨ, ਨਿਰਵੈਰ

ਪੁਰਖ ਸੇਵ ਕਮਾਈਆ । ਲੱਖ ਚੁਰਾਸੀ ਬਣ ਬਣ ਕਾਹਨ, ਕੋਟਨ ਕੋਟ ਸਖ਼ੀਆਂ ਲਏ ਪਰਨਾਈਆ । ਏਕਾ ਮੰਦਰ ਸਚ ਮਕਾਨ, ਸਚ ਸਿੰਘਾਸਣ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਉਂ ਆਪ ਧਰਾਈਆ । ਆਪਣਾ ਨਾਉਂ ਕਰ ਪਰਧਾਨ, ਸਚ ਪਰਧਾਨਗੀ ਇਕ ਵਖਾਇੰਦਾ । ਜੁਗ ਜੁਗ ਖੇਲੇ ਖੇਲ ਮਹਾਨ, ਜੁਗ ਕਰਤਾ ਵੇਸ ਵਟਾਇੰਦਾ । ਸ਼ਬਦ ਅਗੰਮੀ ਦੇਵਣਹਾਰਾ ਦਾਨ, ਦਾਤਾ ਦਾਨੀ ਝੋਲੀ ਪਾਇੰਦਾ । ਗੁਰ ਗੁਰ ਮੇਲਾ ਵਿਚ ਜਹਾਨ, ਜਾਗਰਤ ਜੋਤ ਡਗਮਗਾਇੰਦਾ । ਆਤਮ ਅੰਤਰ ਇਕ ਗਿਆਨ, ਬ੍ਰਹਮ ਵੇਤਾ ਆਪ ਸਿਖਾਇੰਦਾ । ਪਾਰਬ੍ਰਹਮ ਚਤੁਰ ਸੁਘੜ ਸੁਜਾਨ, ਮਨ ਮਤ ਬੁਧ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਉਂ ਆਪ ਧਰਾਇੰਦਾ । ਆਪਣਾ ਨਾਉਂ ਆਪੇ ਧਰ, ਧਰਨੀ ਧਰਤ ਧਵਲ ਵਡਿਆਈਆ । ਆਪਣੀ ਕਰਨੀ ਆਪੇ ਕਰ, ਕਰਤਾ ਪੁਰਖ ਵੇਖ ਵਖਾਈਆ । ਆਪਣੇ ਮੰਦਰ ਆਪੇ ਚੜ੍ਹ, ਸਾਚਾ ਮੰਦਰ ਆਪ ਸੁਹਾਈਆ । ਆਪਣੀ ਵਿਦਿਆ ਆਪੇ ਪੜ੍ਹ, ਆਪੇ ਕਰੇ ਸਚ ਪੜ੍ਹਾਈਆ । ਆਪਣਾ ਫੜਿਆ ਆਪੇ ਲੜ, ਲੱਖ ਚੁਰਾਸੀ ਪੱਲੂ ਰਿਹਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਉਂ ਇਕ ਸਾਲਾਹੀਆ । ਹਰਿ ਕਾ ਨਾਉਂ ਸਿਫ਼ਤ ਸਾਲਾਹ, ਆਦਿ ਜੁਗਾਦਿ ਸਮਾਇਆ । ਜੁਗ ਜੁਗ ਬਣੇ ਮਾਤ ਮਲਾਹ, ਦੋ ਜਹਾਨਾਂ ਬੇੜਾ ਆਪ ਉਠਾਇਆ । ਲੇਖਾ ਜਾਣੇ ਥਲ ਅਸਗਾਹ, ਆਕਾਸ਼ ਆਕਾਸ਼ਾਂ ਫੇਰਾ ਪਾਇਆ । ਆਪਣਾ ਮਾਰਗ ਦਏ ਵਖਾ, ਸਾਚਾ ਪਾਂਧੀ ਪੰਧ ਮੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਉਂ ਆਪ ਪਰਗਟਾਇਆ । ਆਪਣਾ ਨਾਉਂ ਆਪ ਪਰਗਟਾ, ਆਪੇ ਬੂਝ ਬੁਝਾਈਆ । ਨਾਉਂ ਨਿਰੰਕਾਰਾ ਆਪ ਰਖਾ, ਨੱਯਾ ਨੌਕਾ ਨਾਮ ਚਲਾਈਆ । ਨਿਸ਼ਅੱਖਰ ਆਪ ਪੜ੍ਹਾ, ਜਗਤ ਵਿਦਿਆ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਉਂ ਆਪੇ ਰਿਹਾ ਗਾਈਆ । ਆਪਣਾ ਨਾਉਂ ਗਾਏ ਜਸ, ਜਸ ਵੇਦ ਪੁਰਾਨ ਕਿਸੇ ਨਾ ਗਾਇਆ । ਆਪਣੇ ਮੰਦਰ ਆਪੇ ਬਹੇ ਹੱਸ, ਆਪਣੀ ਲੀਲ੍ਹਾ ਆਪ ਰਚਾਇਆ । ਆਪਣੇ ਅੰਤਰ ਆਪੇ ਜਾਏ ਵਸ, ਆਪ ਆਪਣਾ ਖੇਲ ਖਿਲਾਇਆ । ਆਪੇ ਜਾਣੇ ਆਪਣਾ ਰਸ, ਰਸ ਰਸੀਆ ਸਾਚਾ ਰਸ ਆਪ ਚੁਆਇਆ । ਆਪਣਾ ਮਾਰਗ ਆਪੇ ਦੱਸ, ਆਪੇ ਪੰਥ ਲਗਾਇਆ । ਆਦਿ ਜੁਗਾਦਿ ਨੱਸ ਨੱਸ, ਜੁਗ ਜੁਗ ਪਾਂਧੀ ਪੰਧ ਚੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਉਂ ਆਪ ਉਪਾਇਆ । ਸਾਚਾ ਨਾਉਂ ਉਪਾਏ ਆਪ, ਆਪਣੀ ਗਤ ਮਿਤ ਆਪ ਜਣਾਇੰਦਾ । ਆਪੇ ਮਾਈ ਆਪੇ ਬਾਪ, ਪਿਤਾ ਪੂਤ ਆਪ ਅਖਵਾਇੰਦਾ । ਆਪਾ ਆਪਣੇ ਵਿਚੋਂ ਕਾਢ, ਆਪ ਆਪਣੀ ਗੋਦ ਸੁਹਾਇੰਦਾ । ਆਪ ਲਡਾਏ ਸਾਚਾ ਲਾਡ, ਦਰ ਘਰ ਸਾਚਾ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਉਂ ਰੱਖ ਆਦਿ, ਸ਼ਬਦ ਵਜਾਏ ਇਕ ਬ੍ਰਿਹਮਾਦ ਜੁਗਾਦਿ ਆਪਣੀ ਖੇਲ ਵਖਾਇੰਦਾ । ਆਪਣਾ ਨਾਉਂ ਰੱਖ ਨਿਰੰਕਾਰ, ਆਪਣੀ ਖੇਲ ਖਿਲਾਈਆ । ਆਦਿ ਪੁਰਖ ਹੋ ਤਿਆਰ, ਤ੍ਰੈ ਤ੍ਰੈ ਮੇਲਾ ਸਹਿਜ ਸੁਭਾਈਆ । ਲੱਖ ਚੁਰਾਸੀ ਭਰ ਭੰਡਾਰ, ਕਾਇਆ ਗੋਲਕ ਵੇਖ ਵਖਾਈਆ । ਜਾਗਰਤ ਜੋਤ ਨੂਰ ਉਜਿਆਰ, ਗ੍ਰਿਹਿ ਮੰਦਰ ਦੀਵਾ ਬਾਤੀ ਆਪ ਟਿਕਾਈਆ । ਆਤਮ ਪਰਮਾਤਮ ਪਾਵੇ ਸਾਰ, ਬ੍ਰਹਮ ਪਾਰਬ੍ਰਹਮ ਸਮਾਈਆ । ਈਸ਼ ਜੀਵ ਦਏ ਆਧਾਰ, ਜਗਦੀਸ਼ ਦਇਆ ਕਮਾਈਆ । ਜੁਗਾਦਿ ਖੇਲ ਕਰੇ ਕਰਤਾਰ, ਜੁਗ ਚੌਕੜੀ ਪੰਧ ਮੁਕਾਈਆ । ਨਿਰਗੁਣ

੧੧੧੩
੧੦

ਨਿਰਵੈਰ ਲੈ ਅਵਤਾਰ, ਮੂਰਤ ਅਕਾਲ ਡਗਮਗਾਈਆ । ਅਜੂਨੀ ਰਹਿਤ ਹੋਇਆ ਖ਼ਬਰਦਾਰ, ਰੂਪ ਰੰਗ ਨਾ ਕੋਇ ਵਖਾਈਆ । ਨਿਰਭੌ ਭੈ ਨਾ ਰੱਖੇ ਵਿਚ ਸੰਸਾਰ, ਆਪਣਾ ਭੈ ਸਰਬ ਜਣਾਈਆ । ਲਹਿਣਾ ਦੇਣਾ ਕ਼ਰਜ਼ ਦਏ ਉਤਾਰ, ਲੱਖ ਚੁਰਾਸੀ ਹਿਸਾਬ ਰਿਹਾ ਮੁਕਾਈਆ । ਕਾਗਦ ਕ਼ਲਮ ਨਾ ਲਿਖਣਹਾਰ, ਸੱਤ ਸਮੁੰਦਰ ਰੋਵੇ ਮਸ ਬਨਾਸਪਤ ਰਹੀ ਕੁਰਲਾਈਆ । ਕਰੇ ਕਰਾਏ ਕਰਨੇਹਾਰ, ਕੁਦਰਤ ਕ਼ਾਦਰ ਵੇਖ ਵਖਾਈਆ । ਅਮਾਮ ਅਮਾਮਾਂ ਸਿਰ ਸੱਚਾ ਸ਼ਾਹ ਸਿਕਦਾਰ, ਸ਼ਾਹ ਨਵਾਬ ਵਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਉਂ ਆਪੇ ਰਿਹਾ ਧਰਾਈਆ । ਧਰਿਆ ਨਾਉਂ ਨਿਹਕਲੰਕ, ਨਿਰਵੈਰ ਪੁਰਖ ਅਖਵਾਇਆ । ਜੁਗਾਦਿ ਵਜਾਏ ਸਾਚਾ ਡੰਕ, ਏਕਾ ਡੰਕਾ ਨਾਮ ਰਖਾਇਆ । ਲਹਿਣਾ ਦੇਣਾ ਚੁਕਾਏ ਰਾਓ ਰੰਕ, ਰਾਜ ਰਾਜਾਨ ਭੁਲ ਕੋਇ ਨਾ ਜਾਇਆ । ਲੱਖ ਚੁਰਾਸੀ ਵੇਖੇ ਕਾਇਆ ਬੰਕ, ਘਟ ਘਟ ਆਪਣਾ ਖੇਲ ਕਰਾਇਆ । ਆਵੇ ਜਾਵੇ ਵਾਰ ਅਨਕ, ਜੁਗ ਕਰਤਾ ਵੇਸ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਉਂ ਆਪ ਸਮਝਾਇਆ । ਨਿਹਕਲੰਕਾ ਹਰਿ ਕਾ ਨਾਉਂ, ਰੂਪ ਰੰਗ ਨਾ ਕੋਇ ਰਖਾਈਆ । ਕਰੇ ਖੇਲ ਅਗੰਮ ਅਥਾਹੋ, ਬੇਪਰਵਾਹ ਵਡੀ ਵਡਿਆਈਆ । ਜੁਗ ਚੌਕੜੀ ਕਰੇ ਨਿਆਉਂ, ਸਚ ਅਦਾਲਤ ਆਪ ਕਮਾਈਆ । ਗੁਰ ਅਵਤਾਰਾਂ ਸਿਰ ਰੱਖੇ ਠੰਡੀ ਛਾਉਂ, ਸਮਰਥ ਆਪਣਾ ਹੱਥ ਟਿਕਾਈਆ । ਲੋਕਮਾਤ ਸੇਵ ਲਗਾਏ ਫੜ ਫੜ ਬਾਂਹੋਂ, ਧੁਰ ਫ਼ਰਮਾਨਾ ਹੁਕਮ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਉਂ ਇਕ ਵਖਾਈਆ । ਆਪਣਾ ਨਾਉਂ ਨਿਹਕਲੰਕ ਨਿਰੰਕਾਰ ਨਿਰਵੈਰ ਰੱਖ, ਨਿਰਧਨ ਸਰਧਨ ਵੇਖ ਵਖਾਇੰਦਾ । ਸਾਚੇ ਘਰ ਹੋ ਪਰਤੱਖ, ਸੰਬਲ ਸੋਭਾ ਪਾਇੰਦਾ । ਪਤਿਪਰਮੇਸ਼ਵਰ ਆਪੇ ਰੱਖੇ ਆਪਣੀ ਪਤ, ਪਤ ਪਤਵੰਤਾ ਵੇਸ ਵਟਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਕਿਸੇ ਕੋਲੋਂ ਨਾ ਲਏ ਮਤ, ਸਾਚੀ ਸਿਖਿਆ ਆਪ ਸਮਝਾਇੰਦਾ । ਲੱਖ ਚੁਰਾਸੀ ਬ੍ਰਹਮ ਪਾਰਬ੍ਰਹਮ ਬੰਧਾਏ ਨਤ, ਨਾਤਾ ਬਿਧਾਤਾ ਜੋੜ ਜੁੜਾਇੰਦਾ । ਹੱਡ ਮਾਸ ਨਾੜੀ ਵੇਖੇ ਰਤ, ਰਤੀ ਰਤ ਖੋਜ ਖੁਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਉਂ ਆਪੇ ਗਾਇੰਦਾ । ਆਪਣਾ ਨਾਉਂ ਗਾਏ ਢੋਲਾ, ਲਿਖਣ ਪੜ੍ਹਨ ਵਿਚ ਨਾ ਆਈਆ । ਵੇਦ ਸ਼ਾਸਤਰ ਸਿਮਰਤ ਪੁਰਾਨ ਉਚੀ ਕੂਕਣ ਕਰਨ ਬੋਲਾ, ਭੇਵ ਅਭੇਦ ਨਾ ਕੋਇ ਖੁਲ੍ਹਾਈਆ । ਪੁਰਖ ਅਬਿਨਾਸ਼ੀ ਤੋਲ ਕਿਸੇ ਨਾ ਤੋਲਾ, ਅਤੋਲ ਅਤੁਲ ਤੋਲਿਆ ਨਾ ਜਾਈਆ । ਗੁਰ ਅਵਤਾਰਾਂ ਦੇਵੇ ਚੋਲਾ, ਪੰਜ ਤੱਤ ਕਾਇਆ ਕਰੇ ਕੁੜਮਾਈਆ । ਲੱਖ ਚੁਰਾਸੀ ਕੋਲੋਂ ਰੱਖੇ ਉਹਲਾ, ਘਰ ਘਰ ਵਿਚ ਮੁਖ ਛੁਪਾਈਆ । ਆਪਣੀ ਧਰਨੀ ਆਪੇ ਮੌਲਾ, ਆਪਣੀ ਰੁੱਤ ਆਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਉਂ ਆਪ ਲਏ ਪਰਗਟਾਈਆ । ਆਪ ਪਰਗਟਾਏ ਸਾਚਾ ਨਾਉਂ, ਆਦਿ ਜੁਗਾਦਿ ਭੇਵ ਖੁਲ੍ਹਾਇਆ । ਆਪ ਵਸਾਏ ਹਰ ਘਟ ਥਾਉਂ, ਘਟ ਘਟ ਸੋਭਾ ਪਾਇਆ । ਹਰਿਜਨ ਪਕੜੇ ਆਪੇ ਬਾਹੋਂ, ਆਪ ਆਪਣਾ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਆਪ ਰੰਗਾਇਆ । ਹਰਿ ਕਾ ਨਾਉਂ ਸਾਚਾ ਰੰਗ, ਰੰਗ ਰੰਗੀਲਾ ਆਪ ਚੜ੍ਹਾਈਆ । ਆਤਮ ਸੇਜਾ ਵੇਖ ਪਲੰਘ, ਪਰਮ ਪੁਰਖ ਪ੍ਰਭ ਆਸਣ ਲਾਈਆ । ਗ੍ਰਹਿ ਮੰਦਰ ਵੱਜੇ ਮਰਦੰਗ, ਨਿਜ ਆਤਮ ਢੋਲਾ ਗਾਈਆ । ਕਰੇ ਖੇਲ ਸੂਰਾ ਸਰਬੰਗ, ਘਰ ਸਾਚਾ ਇਕ ਸੁਹਾਈਆ । ਜੂਠੀ ਝੂਠੀ ਢਾਏ ਕੰਧ, ਭਾਂਡਾ ਭਰਮ ਭੌ ਭੰਨਾਈਆ । ਏਕਾ ਨੂਰ ਚੜ੍ਹਾਏ ਚੰਦ,

ਰਵ ਸਸ ਮੁਖ ਸ਼ਰਮਾਈਆ । ਦਿਵਸ ਰੈਣ ਪਰਮਾਨੰਦ, ਘੜੀ ਪਲ ਨਾ ਵੰਡ ਵੰਡਾਈਆ । ਪੰਚਮ ਪੰਚ ਕਰੇ ਖੰਡ ਖੰਡ, ਏਕਾ ਖੰਡਾ ਨਾਮ ਚਮਕਾਈਆ । ਸੁਰਤ ਦੁਹਾਗਣ ਨਾ ਹੋਏ ਰੰਡ, ਕੰਤ ਸੁਹਾਗੀ ਲਏ ਮਿਲਾਈਆ । ਆਪੇ ਪਾਏ ਆਪਣਾ ਬੰਦੀ ਬੰਦ, ਬੰਧਨ ਏਕਾ ਹੱਥ ਰਖਾਈਆ । ਕਰਵਟ ਲਏ ਬਦਲੇ ਕੰਡ, ਆਪਣਾ ਪਰਦਾ ਦਏ ਚੁਕਾਈਆ । ਲਹਿਣਾ ਦੇਣਾ ਚੁਕਾਏ ਜੇਰਜ ਅੰਡ, ਉਤਭੁਜ ਸੇਤਜ ਆਪਣੀ ਝੋਲੀ ਪਾਈਆ । ਪੰਧ ਮੁਕਾਏ ਕੋਟਨ ਕੋਟ ਬ੍ਰਹਿਮੰਡ, ਦੂਰ ਦੁਰਾਡਾ ਨੇੜਨ ਨੇਰ ਦਰਸ ਦਿਖਾਈਆ । ਆਦਿ ਜੁਗਾਦਿ ਆਪਣਾ ਨਾਉਂ ਸੁਣਾਏ ਸੁਹਾਗੀ ਛੰਦ, ਸੋ ਪੁਰਖ ਨਿਰੰਜਣ ਬੇਪਰਵਾਹੀਆ । ਹੰ ਬ੍ਰਹਮ ਨਾ ਦੇਵੇ ਦੰਡ, ਏਕਾ ਡੰਡਾਵਤ ਰਿਹਾ ਸਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਨਾਉਂ ਧਰਾਈਆ । ਰੱਖਿਆ ਨਾਉਂ ਪੁਰਖ ਸਮਰਥ, ਏਕਾ ਨਾਦ ਸ਼ਬਦ ਜੈਕਾਰ । ਲਿਖ ਲਿਖ ਲੇਖ ਨਾ ਸਕੇ ਕੋਈ ਦੱਸ, ਜਗਤ ਵਿਦਿਆ ਨਾ ਕੋਈ ਵਿਚਾਰ । ਆਪੇ ਜਾਣੇ ਆਪਣੀ ਮਹਿਮਾ ਅਕਥ, ਕਥਨੀ ਕਥ ਨਾ ਪਾਵੇ ਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਆਪ ਨਿਰੰਕਾਰ । ਨਿਰੰਕਾਰ ਖੇਲ ਖਿਲਾਇੰਦਾ, ਜੁਗਾ ਜੁਗੰਤਰ ਕਾਰ । ਸਤਿਜੁਗ ਤ੍ਰੇਤਾ ਦੁਆਪਰ ਪਾਰ ਕਰਾਇੰਦਾ, ਕਲਜੁਗ ਅੰਤਮ ਆਈ ਵਾਰ । ਗੁਰ ਅਵਤਾਰ ਮੁਖ ਸਾਲਾਹਿੰਦਾ, ਰਸਨਾ ਜੇਹਵਾ ਕਰ ਪੁਕਾਰ । ਨਿਹਕਲੰਕ ਵੇਸ ਵਟਾਇੰਦਾ, ਪਰਗਟ ਹੋਏ ਅਗੰਮ ਅਪਾਰ । ਆਪਣੀ ਕਰਨੀ ਆਪ ਕਰਾਇੰਦਾ, ਕਰੇ ਕਰਾਏ ਕਰਨੇਹਾਰ । ਦੂਸਰ ਓਟ ਨਾ ਕੋਇ ਰਖਾਇੰਦਾ, ਸ਼ਾਹ ਪਾਤਸ਼ਾਹ ਸੱਚੀ ਸਰਕਾਰ । ਚਾਰ ਜੁਗ ਦੀ ਰੀਤੀ ਵੇਖ ਵਖਾਇੰਦਾ, ਨੌਂ ਸੌ ਚੁਰਾਨਵੇ ਚੌਕੜੀ ਜੁਗ ਪਾਵਣਹਾਰਾ ਸਾਰ । ਵਿਸ਼ਨ ਬ੍ਰਹਮਾ ਸ਼ਿਵ ਲੇਖਾ ਆਪ ਮੁਕਾਇੰਦਾ, ਲੇਖਾ ਲੇਖੇ ਵਿਚ ਡਾਰ । ਤ੍ਰੈਗੁਣ ਤੇਰੀ ਅੱਗ ਬੁਝਾਇੰਦਾ, ਅੰਮ੍ਰਿਤ ਬਖ਼ਸ਼ੇ ਠੰਡਾ ਠਾਰ । ਪੰਜ ਤੱਤ ਤੇਰਾ ਗੜ੍ਹ ਤੁੜਾਇੰਦਾ, ਨਾਮ ਖੰਡਾ ਫੜ ਕਟਾਰ । ਕਲਜੁਗ ਕੂੜਾ ਕੂੜ ਕੁੜਿਆਰਾ ਮੋਹ ਚੁਕਾਇੰਦਾ, ਨਾਮ ਸਤਿ ਕਰ ਜੈਕਾਰ । ਚਾਰ ਵਰਨਾਂ ਪੰਧ ਮੁਕਾਇੰਦਾ, ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਨਾ ਕੋਇ ਆਧਾਰ । ਅਠਾਰਾਂ ਬਰਨ ਆਪ ਖਪਾਇੰਦਾ, ਏਕਾ ਹੁਕਮੀ ਹੁਕਮ ਵਰਤਾਰ । ਉਚਾਂ ਨੀਚਾਂ ਏਕਾ ਰੰਗ ਵਖਾਇੰਦਾ, ਸ਼ਾਹ ਸੁਲਤਾਨਾਂ ਮਾਰੇ ਮਾਰ । ਵੇਦ ਸ਼ਾਸਤਰ ਸਿਮਰਤ ਪੁਰਾਨ ਅੰਜੀਲ ਕੁਰਾਨਾ ਪੰਧ ਮੁਕਾਇੰਦਾ, ਖਾਣੀ ਬਾਣੀ ਖੇਲ ਨਿਆਰ । ਅਠਸਠ ਤੀਰਥ ਡੇਰਾ ਢਾਇੰਦਾ, ਗੰਗਾ ਗੋਦਾਵਰੀ ਜਮਨ ਸੁਰਸਤੀ ਹੋਏ ਹੈਰਾਨ । ਦੋ ਜਹਾਨਾਂ ਵੇਖ ਵਖਾਇੰਦਾ, ਵੇਖਣਹਾਰ ਸ੍ਰੀ ਭਗਵਾਨ । ਆਪਣਾ ਨਾਉਂ ਆਪ ਧਰਾਇੰਦਾ, ਨਿਹਕਲੰਕ ਬਲੀ ਬਲਵਾਨ । ਸਤਿ ਸਤਿਵਾਦੀ ਸਾਚਾ ਰਾਹ ਚਲਾਇੰਦਾ, ਸਤਿ ਪੁਰਖ ਨਿਰੰਜਣ ਝੁਲਾਏ ਸਚ ਨਿਸ਼ਾਨ । ਬੋਧ ਅਗਾਧੀ ਭੇਵ ਖੁਲ੍ਹਾਇੰਦਾ, ਆਪੇ ਹੋਇਆ ਹੁਕਮਰਾਨ । ਹੁਕਮੀ ਹੁਕਮ ਸਰਬ ਭਵਾਇੰਦਾ, ਰਵ ਸਸ ਮੰਡਲ ਮੰਡਪ ਜ਼ਿਮੀਂ ਅਸਮਾਨ ਮੰਨਣ ਆਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੁਰਖ ਅਬਿਨਾਸ਼ੀ ਏਕਾ ਹਰਿ, ਨਿਰਗੁਣ ਰੂਪ ਹੋਏ ਪਰਧਾਨ । ਨਿਰਗੁਣ ਰੂਪ ਸ਼ਾਹੋ ਭੂਪ, ਭੂਪਤ ਆਪਣੇ ਨਾਮ ਦਏ ਵਡਿਆਈਆ । ਲੇਖਾ ਜਾਣੇ ਚਾਰੇ ਕੂਟ, ਦਹਿ ਦਿਸ਼ਾ ਵੇਖ ਵਖਾਈਆ । ਕਲਜੁਗ ਨਾਤਾ ਤੋੜੇ ਜੂਠ ਝੂਠ, ਸਤਿਜੁਗ ਸਚ ਸੁੱਚ ਕਰੇ ਕੁੜਮਾਈਆ । ਦੀਨ ਦਿਆਲ ਠਾਕਰ ਅਬਿਨਾਸ਼ੀ ਗਿਆ ਤੁਠ, ਦੀਨਨ ਆਪਣੀ ਦਇਆ ਕਮਾਈਆ । ਜਗਤ ਦੁਕਾਨ ਜਾਏ ਲੁੱਟ, ਠਗ ਚੋਰ ਯਾਰ ਹਰਾਮ ਖ਼ੋਰ ਮੁਖ ਭਵਾਈਆ । ਸੁਤ ਦੁਲਾਰਾ ਇਕ ਉਪਜਾਏ ਸੁੱਤ, ਸਤਿਜੁਗ ਸਾਚਾ ਨਾਉਂ ਧਰਾਈਆ । ਆਪ ਸੁਹਾਏ ਸਾਚੀ ਰੁਤ, ਗੁਰਮਖ ਸਾਚੇ ਫੁਲ ਫੁਲਵਾੜੀ

੧੧੧੫
੧੦

ਮਾਤ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਨਾਉਂ ਆਪ ਵਡਿਆਈਆ । ਨਾਉਂ ਨਿਰੰਕਾਰ ਹਰਿ ਗੋਬਿੰਦ, ਗੋਬਿੰਦ ਮੇਲ ਮਿਲਾਇਆ । ਪੁਰਖ ਅਬਿਨਾਸ਼ੀ ਮੇਟੇ ਚਿੰਦ, ਚਿੰਤਾ ਗ਼ਮ ਨਾ ਕੋਇ ਰਖਾਇਆ । ਅੰਮ੍ਰਿਤ ਧਾਰਾ ਸਾਗਰ ਸਿੰਧ, ਗ੍ਰਿਹ ਸਰੋਵਰ ਨੀਰ ਵਹਾਇਆ । ਦਾਤਾ ਦਾਨੀ ਗੁਣੀ ਗਹਿੰਦ, ਗਹਿਰ ਗੰਭੀਰ ਬੇਪਰਵਾਹਿਆ । ਹਰਿਜਨ ਉਪਜਾਏ ਆਪਣੀ ਬਿੰਦ, ਸੁਤ ਨਾਦੀ ਸੰਗ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਉਂ ਏਕਾ ਡੰਕਾ ਜਗਤ ਵਜਾਇਆ ।

ਸੋ ਪੁਰਖ ਨਿਰੰਜਣ ਆਦਿ ਅੰਤ, ਨਿਰਧਨ ਸਰਧਨ ਧਾਰ ਚਲਾਇੰਦਾ । ਹਰਿ ਪੁਰਖ ਨਿਰੰਜਣ ਜੁਗਾ ਜੁਗੰਤ, ਜੁਗ ਕਰਤਾ ਵੇਸ ਵਟਾਇੰਦਾ । ਏਕੰਕਾਰਾ ਮਹਿਮਾ ਅਗਣਤ, ਭੇਵ ਅਭੇਦ ਆਪ ਖੁਲ੍ਹਾਇੰਦਾ । ਆਦਿ ਨਿਰੰਜਣ ਸੋਭਾਵੰਤ, ਸਾਚੇ ਮੰਦਰ ਡਗਮਗਾਇੰਦਾ । ਅਬਿਨਾਸ਼ੀ ਕਰਤਾ ਲੇਖਾ ਜਾਣੇ ਸਾਚੇ ਸੰਤ, ਸੰਤ ਸੁਹੇਲੇ ਮੇਲ ਮਿਲਾਇੰਦਾ । ਸ੍ਰੀ ਭਗਵਾਨ ਵੇਖ ਵਖਾਏ ਸਾਚੇ ਭਗਤ, ਭਗਤ ਭਗਤੀ ਪਰਦਾ ਉਠਾਇੰਦਾ । ਪਾਰਬ੍ਰਹਮ ਲੇਖਾ ਜਾਣੇ ਜੀਵ ਜੰਤ, ਆਤਮ ਬ੍ਰਹਮ ਸਰਬ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਰੰਗ ਸਦ ਸਮਾਇੰਦਾ । ਆਦਿ ਜੁਗਾਦਿ ਖੇਲ ਅਪਾਰਾ, ਜੁਗ ਕਰਤਾ ਵੇਸ ਵਟਾਈਆ । ਨਿਰਗੁਣ ਸਰਗੁਣ ਲੈ ਅਵਤਾਰਾ, ਲੋਕਮਾਤ ਵੇਖ ਵਖਾਈਆ । ਲੱਖ ਚੁਰਾਸੀ ਪਾਵੇ ਸਾਰਾ, ਘਟ ਘਟ ਬੈਠਾ ਆਸਣ ਲਾਈਆ । ਭਗਤ ਭਗਵੰਤ ਦਏ ਸਹਾਰਾ, ਆਤਮ ਪਰਦਾ ਇਕ ਉਠਾਈਆ । ਨਿਰਗੁਣ ਦੀਆ ਬਾਤੀ ਕਰ ਉਜਿਆਰਾ, ਅੰਧ ਅੰਧੇਰਾ ਦਏ ਗਵਾਈਆ । ਸ਼ਬਦ ਅਨਾਦ ਸੱਚੀ ਧੁੰਨਕਾਰਾ, ਗ੍ਰਿਹ ਮੰਦਰ ਆਪ ਵਜਾਈਆ । ਅੰਮ੍ਰਿਤ ਸਰੋਵਰ ਠੰਡੀ ਠਾਰਾ, ਨਿਝਰ ਝਿਰਨਾ ਆਪ ਝਿਰਾਈਆ । ਦੇਵੇ ਦਰਸ ਅਗੰਮ ਅਪਾਰਾ, ਅਲਖ ਅਗੋਚਰ ਬੇਪਰਵਾਹੀਆ । ਹਰਿਜਨ ਮੇਲੇ ਆਪਣੇ ਦਵਾਰਾ, ਸਚ ਦਵਾਰਾ ਆਪ ਖੁਲ੍ਹਾਈਆ । ਪੰਚਮ ਮੇਟੇ ਝੂਠੀ ਧਾੜਾ, ਪੰਚਮ ਨਾਦ ਸ਼ਬਦ ਧੁਨ ਸ਼ਨਵਾਈਆ । ਪੰਚਮ ਕਰੇ ਜੈ ਜੈਕਾਰਾ, ਗੀਤ ਗੋਬਿੰਦ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਸ੍ਰੀ ਭਗਵਾਨ, ਜੁਗ ਕਰਤਾ ਆਪ ਕਰਾਇੰਦਾ । ਭਗਤਾਂ ਦੇਵੇ ਭਗਤੀ ਦਾਨ, ਏਕਾ ਮੰਤਰ ਨਾਮ ਦ੍ਰਿੜਾਇੰਦਾ । ਸੰਤਨ ਵਖਾਏ ਸਚ ਨਿਸ਼ਾਨ, ਦਰ ਘਰ ਸਾਚੇ ਆਪ ਝੁਲਾਇੰਦਾ । ਗੁਰਮੁਖਾਂ ਦੇਵੇ ਬ੍ਰਹਮ ਗਿਆਨ, ਆਤਮ ਵਿਦਿਆ ਇਕ ਪੜ੍ਹਾਇੰਦਾ । ਗੁਰਸਿਖ ਬਣਾਏ ਚਤੁਰ ਸੁਘੜ ਸੁਜਾਨ, ਬੁੱਧ ਬਿਬੇਕ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਆਪਣੀ ਬੂਝ ਬੁਝਾਇੰਦਾ । ਸਾਚੀ ਬੂਝ ਹਰਿ ਕਰਤਾਰ, ਗੁਰਮੁਖ ਵਿਰਲੇ ਆਪ ਜਣਾਈਆ । ਜੁਗਾ ਜੁਗੰਤਰ ਖੇਲ ਅਪਾਰ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਜੋਤੀ ਜੋਤ ਜੋਤ ਰੁਸ਼ਨਾਈਆ । ਭਗਤਨ ਵਖਾਏ ਸਚ ਦਵਾਰ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਦਿਵਸ ਰੈਣ ਏਕਾ ਧਾਰ, ਆਠ ਪਹਿਰ ਰੰਗ ਰੰਗਾਈਆ । ਡੂੰਘੀ ਭਵਰੀ ਪਾਵੇ ਸਾਰ, ਕਾਇਆ ਕਵਰੀ ਫੋਲ ਫੋਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲੇ ਸਹਿਜ ਸੁਭਾਈਆ । ਹਰਿਜਨ ਮੇਲਾ ਹਰਿ ਦਵਾਰ, ਹਰਿ ਮੰਦਰ ਆਪ ਸੁਹਾਇੰਦਾ । ਆਪੇ ਖੋਲ੍ਹੇ ਬੰਦ ਕਿਵਾੜ, ਕਰ ਕਿਰਪਾ ਪਰਦਾ ਲਾਹਿੰਦਾ । ਸ਼ਬਦੀ ਸ਼ਬਦ ਕਰੇ ਸਚ ਪਿਆਰ, ਪੀਆ ਪ੍ਰੀਤਮ

ਪ੍ਰੇਮ ਕਮਾਇੰਦਾ । ਸੁਰਤੀ ਸੁਰਤ ਦਏ ਆਧਾਰ, ਸੁਰਤ ਸੁਆਣੀ ਆਪ ਉਠਾਇੰਦਾ । ਮੇਲ ਮਿਲਾਵਾ ਸਾਚੇ ਰਾਮ, ਰਮੱਯਾ ਆਪਣਾ ਰੂਪ ਵਟਾਇੰਦਾ । ਸਾਚੀ ਨੱਯਾ ਕਰ ਤਿਆਰ, ਸੰਸਾਰ ਸਾਗਰ ਆਪ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਹਰਿ ਹਰਿ ਵੇਖ ਵਖਾਇੰਦਾ । ਹਰਿਜਨ ਹਰਿ ਸਾਚਾ ਰੰਗ, ਸਤਿ ਸਤਿਵਾਦੀ ਆਪ ਚੜ੍ਹਾਈਆ । ਆਤਮ ਸੇਜਾ ਵੇਖ ਪਲੰਘ, ਪੁਰਖ ਪੁਰਖੋਤਮ ਆਸਣ ਲਾਈਆ । ਦਿਵਸ ਰੈਣ ਵੱਜੇ ਮਰਦੰਗ, ਅਨਹਦ ਨਾਦੀ ਨਾਦ ਸੁਣਾਈਆ । ਅੱਠੇ ਪਹਿਰ ਧਾਰ ਗੰਗ, ਅੰਮ੍ਰਿਤ ਜਲ ਨੀਰ ਵਖਾਈਆ । ਸਚ ਦਵਾਰਾ ਆਪੇ ਲੰਘ, ਸਵੱਛ ਸਰੂਪ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਏਕਾ ਤੱਤ ਬੁਝਾਈਆ । ਏਕਾ ਤੱਤ ਸ਼ਬਦ ਗਿਆਨ, ਗੁਰ ਸ਼ਬਦੀ ਸ਼ਬਦ ਜਣਾਇੰਦਾ । ਕਾਇਆ ਮੰਦਰ ਸਚ ਮਕਾਨ, ਸਤਿਗੁਰ ਪੂਰਾ ਸੋਭਾ ਪਾਇੰਦਾ । ਦੀਪਕ ਜੋਤ ਜਗੇ ਮਹਾਨ, ਬਿਨ ਤੇਲ ਬਾਤੀ ਡਗਮਗਾਇੰਦਾ । ਦਿਵਸ ਰੈਣ ਦੇਵੇ ਫ਼ਰਮਾਨ, ਧੁਰ ਫ਼ਰਮਾਨਾ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਜਗਾਇੰਦਾ । ਹਰਿਜਨ ਸੱਚਾ ਜਾਗਿਆ, ਜਿਸ ਆਤਮ ਬ੍ਰਹਮ ਵਿਚਾਰ । ਮਾਣਸ ਜਨਮ ਵਡ ਵਡ ਭਾਗਿਆ, ਪਾਇਆ ਪਰਮ ਪੁਰਖ ਕਰਤਾਰ । ਘਰ ਦੀਪਕ ਜੋਤ ਜਗੇ ਚਿਰਾਗ਼ਿਆ, ਮੇਟ ਮਿਟਾਏ ਅੰਧ ਅੰਧਿਆਰ । ਦੁਰਮਤ ਮੈਲ ਧੋਵੇ ਦਾਗ਼ਿਆ, ਕੂੜੀ ਕਿਰਿਆ ਦਏ ਨਿਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਉਭਾਰ । ਹਰਿਜਨ ਹਰਿ ਉਭਾਰੀਅਨ, ਆਪ ਆਪਣੀ ਕਿਰਪਾ ਧਾਰ । ਦੇਵੇ ਦਰਸ ਅਗੰਮ ਅਪਾਰੀਅਨ, ਕਿਰਪਾਨਿਧ ਗੁਣ ਵਿਚਾਰ । ਮਾਣਸ ਜਨਮ ਪੈਜ ਸੁਆਰੀਅਨ, ਆਵਣ ਜਾਵਣ ਉਤਰੇ ਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਦਰਸ ਦੀਦਾਰ । ਦਰਸ ਦੀਦਾਰ ਨੇਤਰ ਨੈਣ, ਨਿਜ ਨੇਤਰ ਆਪ ਖੁਲ੍ਹਾਈਆ । ਰਸਨਾ ਜੇਹਵਾ ਨਾ ਸਕੇ ਕਹਿਣ, ਗੁਣ ਅਵਗੁਣ ਨਾ ਕੋਇ ਵਡਿਆਈਆ । ਹਰਿਜਨ ਹਰਿ ਧਾਮ ਇਕੱਠੇ ਰਹਿਣ, ਸਚ ਦਵਾਰੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਚੁਕਾਏ ਲਹਿਣ ਦੇਣ, ਪੂਰਬ ਲੇਖਾ ਝੋਲੀ ਪਾਈਆ । ਪੂਰਬ ਲੇਖਾ ਪੂਰਬ ਲਹਿਣਾ, ਕਰਮ ਧਰਮ ਮੇਲ ਮਿਲਾਇੰਦਾ । ਸਤਿਗੁਰ ਦਰਸ ਨੇਤਰ ਨੈਣਾ, ਰੂਪ ਅਨੂਪ ਆਪ ਜਣਾਇੰਦਾ । ਸਦਾ ਸਦ ਸਚ ਭਾਣਾ ਸਹਿਣਾ, ਸਦ ਭਾਣਾ ਇਕ ਵਖਾਇੰਦਾ । ਤਨ ਬਸਤਰ ਪਾਏ ਏਕਾ ਗਹਿਣਾ, ਹਰਿ ਕਾ ਨਾਉਂ ਸ਼ੰਗਾਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਸਾਚੇ ਵੇਖ ਵਖਾਇੰਦਾ । ਦਰ ਸਾਚਾ ਸੋਭਾਵੰਤ, ਘਟ ਮੰਦਰ ਵੱਜੇ ਵਧਾਈਆ । ਪ੍ਰਭ ਪਾਇਆ ਪੂਰਨ ਭਗਵੰਤ, ਮਿਲਿਆ ਮੇਲ ਵਿਛੜ ਨਾ ਜਾਈਆ । ਗੜ੍ਹ ਤੁਟਾ ਹਉਮੇ ਹੰਗਤ, ਮਾਇਆ ਮਮਤਾ ਮੋਹ ਚੁਕਾਈਆ । ਹਰਿਜਨ ਮੇਲਾ ਸਾਚੀ ਸੰਗਤ, ਸੰਗਤ ਸੰਗ ਹਰਿ ਸਮਾਈਆ । ਜਨਮ ਜਨਮ ਜਨਮ ਬਣਾਏ ਬਣਤ, ਜਨਮ ਮਰਨ ਗੇੜ ਮੁਕਾਈਆ । ਲੇਖਾ ਜਾਣੇ ਆਦਿ ਅੰਤ, ਜੁਗ ਕਰਤਾ ਵੇਖ ਵਖਾਈਆ । ਸਰਬ ਜੀਆਂ ਦਾ ਏਕਾ ਕੰਤ, ਲੱਖ ਚੁਰਾਸੀ ਨਾਰ ਰਿਹਾ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲੇ ਸਹਿਜ ਸੁਭਾਈਆ । ਹਰਿਜਨ ਮੇਲਾ ਸਾਚੇ ਰਾਮ, ਰਾਮ ਰਮੱਯਾ ਮੇਲ ਮਿਲਾਇੰਦਾ । ਅੰਤਰ ਆਤਮ ਪਿਆਏ ਸਾਚਾ ਜਾਮ, ਨਾਮ ਪਿਆਲਾ ਹੱਥ ਰਖਾਇੰਦਾ । ਕਾਇਆ ਖੇੜੇ ਵਸੇ ਗਰਾਮ, ਸਾਚਾ ਮੰਦਰ ਆਪ ਸੁਹਾਇੰਦਾ । ਕਰੇ ਪਰਕਾਸ਼ ਕੋਟਨ ਭਾਨ, ਜੋਤ ਨੂਰ ਡਗਮਗਾਇੰਦਾ ।

ਏਕਾ ਰਾਗ ਸੁਣਾਏ ਕਾਨ, ਅਨਹਦ ਨਾਦੀ ਨਾਦ ਵਜਾਇੰਦਾ । ਸੁਰਤੀ ਸ਼ਬਦ ਕਰੇ ਪਰਵਾਨ, ਸ਼ਬਦੀ ਆਪਣਾ ਬੰਧਨ ਪਾਇੰਦਾ । ਏਕਾ ਘਰ ਵਸਾਏ ਸੀਤਾ ਰਾਮ, ਰਾਮ ਸੀਤਾ ਆਪ ਹੋ ਜਾਇੰਦਾ । ਪਾਰਬ੍ਰਹਮ ਪਤਿਪਰਮੇਸ਼ਵਰ ਪੂਰਨ ਕਰੇ ਕਾਮ, ਕਰਤਾ ਆਪਣੀ ਕਰਨੀ ਆਪ ਕਰਾਇੰਦਾ । ਹਰਿਜਨ ਮੇਟੇ ਅੰਧੇਰੀ ਸ਼ਾਮ, ਸਾਚਾ ਚੰਦ ਆਪ ਚੜ੍ਹਾਇੰਦਾ । ਜਗਤ ਤ੍ਰਿਸਨਾ ਮਿਟੇ ਤਾਮ, ਹਰਖ ਸੋਗ ਨਾ ਕੋਇ ਵਖਾਇੰਦਾ । ਜਿਸ ਜਨ ਦੇਵੇ ਆਪਣਾ ਨਾਮ, ਨਾਉਂ ਨਿਰੰਕਾਰਾ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਦੇਵੇ ਵਰ, ਰਾਮ ਨਾਮ ਇਕ ਵਰਤਾਇੰਦਾ । ਰਾਮ ਨਾਮ ਵਸਤ ਅਮੋਲ, ਆਦਿ ਜੁਗਾਦਿ ਰਖਾਈਆ । ਤ੍ਰੈਗੁਣ ਕੰਡੇ ਨਾ ਸਕੇ ਕੋਇ ਤੋਲ, ਚੌਦਾਂ ਲੋਕ ਦੇਣ ਦੁਹਾਈਆ । ਬ੍ਰਹਿਮੰਡ ਖੰਡ ਹੋਏ ਅਨਭੋਲ, ਵਿਸ਼ਨ ਬ੍ਰਹਮਾ ਸ਼ਿਵ ਭੇਵ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਨਾਉਂ ਰੱਖੇ ਵਡਿਆਈਆ । ਹਰਿ ਕਾ ਨਾਉਂ ਅਗੰਮ ਅਪਾਰ, ਲਿਖਣ ਪੜ੍ਹਨ ਵਿਚ ਨਾ ਆਇਆ । ਸਤਿਗੁਰ ਗੁਰ ਪਾਵੇ ਸਾਰ, ਆਪਣਾ ਪਰਦਾ ਆਪ ਉਠਾਇਆ । ਭਗਤਨ ਦੇਵੇ ਵਿਚ ਸੰਸਾਰ, ਕਾਇਆ ਅੰਦਰ ਅੰਦਰ ਆਪ ਟਿਕਾਇਆ । ਸੰਤਨ ਵਖਾਏ ਖੋਲ੍ਹ ਕਿਵਾੜ, ਬੰਦ ਤਾਕੀ ਪਰਦਾ ਲਾਹਿਆ । ਗੁਰਮੁਖਾਂ ਬਣੇ ਆਪ ਵਰਤਾਰ, ਘਰ ਘਰ ਸਾਚੀ ਸੇਵ ਕਮਾਇਆ । ਗੁਰਸਿਖਾਂ ਦੇਵੇ ਇਕ ਆਧਾਰ, ਨੇਤਰ ਲੋਚਣ ਨੈਣ ਦਰਸ ਕਰਾਇਆ । ਹਰਿਜਨ ਹਰਿ ਜੂ ਹਰਿ ਮੰਦਰ ਦਏ ਵਖਾਲ, ਘਰ ਘਰ ਵਿਚ ਹੋਏ ਸਹਾਇਆ । ਜੁਗ ਕਰਤਾ ਜਗ ਕਰੇ ਪ੍ਰਿਤਪਾਲ, ਜਨ ਆਪਣੇ ਅੰਗ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਉਂ ਵਜਾਏ ਮਰਦੰਗ, ਬ੍ਰਹਮ ਬਹਿਮਾਦਿ ਆਪ ਸੁਣਾਇਆ ।



੧੧੧੮ ੧੦

★ ੧੫ ਭਾਦਰੋਂ ੨੦੧੮ ਬਿਕ੍ਰਮੀ ਬਾਬੂ ਸਿੰਘ ਦੇ ਗ੍ਰਹਿ ਡੇਲੋਂ ਜ਼ਿਲਾ ਲੁਧਿਆਣਾ ★

ਆਦਿ ਪੁਰਖ ਹਰਿ ਸਮਰਥ, ਆਦਿ ਜੁਗਾਦਿ ਖੇਲ ਖਿਲਾਇੰਦਾ । ਜੁਗ ਜੁਗ ਚਲਾਏ ਰਥ, ਰਥ ਰਥਵਾਹੀ ਸੇਵ ਕਮਾਇੰਦਾ । ਮਹਿਮਾ ਜਣਾਏ ਅਕਥਨਾ ਅਕਥ, ਅਨਾਦ ਅਨਾਦੀ ਨਾਦ ਸੁਣਾਇੰਦਾ । ਦੋ ਜਹਾਨਾਂ ਦੇਵੇ ਸਾਚੀ ਵੱਥ, ਵਸਤ ਅਮੋਲਕ ਝੋਲੀ ਪਾਇੰਦਾ । ਜਗਤ ਜੁਗ ਰੱਖੇ ਪੱਤ, ਪਤਵੰਤਾ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਖੇਲ ਆਪ ਕਰਾਇੰਦਾ । ਆਦਿ ਜੁਗਾਦਿ ਖੇਲ ਅਵੱਲਾ, ਜੁਗ ਕਰਤਾ ਆਪ ਕਰਾਈਆ । ਵਸਣਹਾਰਾ ਸਚਖੰਡ ਸਚ ਮਹੱਲਾ, ਸਾਚੇ ਮੰਦਰ ਸੋਭਾ ਪਾਈਆ । ਸਚ ਸੰਦੇਸ ਏਕਾ ਘੱਲਾ, ਜੁਗਾ ਜੁਗੰਤਰ ਨਾਮ ਸਾਲਾਹੀਆ । ਨਿਰਗੁਣ ਸਰਗੁਣ ਫੜਾਏ ਪੱਲਾ, ਆਪ ਆਪਣਾ ਬੰਧਨ ਪਾਈਆ । ਜੋਤੀ ਸ਼ਬਦੀ ਆਪੇ ਰੱਲਾ, ਨਿਰਵੈਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣਾ ਖੇਲ ਆਪ ਖਿਲਾਈਆ । ਆਦਿ ਪੁਰਖ ਏਕੰਕਾਰਾ, ਅਕੱਲ ਕਲਾ ਅਖਵਾਇੰਦਾ । ਸੋ ਪੁਰਖ ਨਿਰੰਜਣ ਹੋ ਉਜਿਆਰਾ, ਆਪ ਆਪਣੀ ਬਣਤ ਬਣਾਇੰਦਾ । ਹਰਿ ਪੁਰਖ ਨਿਰੰਜਣ ਕਰ ਪਸਾਰਾ, ਆਪ ਆਪਣਾ ਰੰਗ ਰੰਗਾਇੰਦਾ । ਏਕੰਕਾਰਾ ਵੇਖਣਹਾਰਾ, ਸਚ ਦਵਾਰਾ ਸੋਭਾ ਪਾਇੰਦਾ । ਆਦਿ ਨਿਰੰਜਣ ਜੋਤੀ ਧਾਰਾ, ਨੂਰ ਨੁਰਾਨਾ ਡਗਮਗਾਇੰਦਾ । ਅਬਿਨਾਸ਼ੀ ਕਰਤਾ ਸ਼ਾਹ ਸਿਕਦਾਰਾ, ਸ਼ਹਿਨਸ਼ਾਹ ਆਪਣਾ ਨਾਉਂ ਰਖਾਇੰਦਾ । ਸ੍ਰੀ ਭਗਵਾਨ ਹੁਕਮੀ ਹੁਕਮ ਕਰੇ ਵਰਤਾਰਾ,

ਸਾਚਾ ਹੁਕਮ ਆਪ ਸੁਣਾਇੰਦਾ । ਪਾਰਬ੍ਰਹਮ ਨਿਉਂ ਨਿਉਂ ਕਰੇ ਨਿਮਸਕਾਰਾ, ਆਪ ਆਪਣਾ ਸੀਸ ਝੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਇੰਦਾ । ਸਾਚੀ ਕਰਨੀ ਕਰਤਾ ਪੁਰਖ, ਕਰਨਹਾਰ ਆਪ ਕਰਾਇੰਦਾ । ਨਾ ਕੋਈ ਸੋਗ ਨਾ ਕੋਈ ਹਰਖ, ਚਿੰਤਾ ਦੁੱਖ ਨਾ ਕੋਇ ਵਖਾਇੰਦਾ । ਆਪਣੀ ਕਰੇ ਆਪੇ ਪਰਖ, ਆਪ ਆਪਣਾ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰਾ ਆਪ ਚਲਾਇੰਦਾ । ਸਾਚੀ ਧਾਰ ਹਰਿ ਨਿਰੰਕਾਰ, ਆਪਣੀ ਆਪ ਚਲਾਈਆ । ਅਲਖ ਅਗੰਮ ਅਗੋਚਰ ਹੋ ਤਿਆਰ, ਨਿਰਵੈਰ ਖੇਲ ਖਿਲਾਈਆ । ਅਨਭਵ ਪਰਕਾਸ਼ ਅਗੰਮ ਅਪਾਰ, ਅਜੂਨੀ ਰਹਿਤ ਆਪ ਪਰਗਟਾਈਆ । ਸਚ ਮਹੱਲਾ ਕਰ ਤਿਆਰ, ਸਚਖੰਡ ਦਵਾਰੇ ਸੋਭਾ ਪਾਈਆ । ਘਾੜਤ ਘੜੇ ਬਣ ਠਠਿਆਰ, ਥਿਰ ਘਰ ਸਾਚਾ ਲਏ ਪਰਗਟਾਈਆ । ਕਰੇ ਖੇਲ ਪੁਰਖ ਨਾਰ, ਕੰਤ ਭਤਾਰ ਬੇਪਰਵਾਹੀਆ । ਆਪਣੀ ਵਸਤ ਦਏ ਆਧਾਰ, ਵਸਤ ਅਮੋਲਕ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚੇ ਸੋਭਾ ਪਾਈਆ । ਦਰ ਘਰ ਸਾਚਾ ਸੋਭਾਵੰਤ, ਸੋ ਪੁਰਖ ਨਿਰਜੰਣ ਆਪ ਸੁਹਾਇੰਦਾ । ਹਰਿ ਪੁਰਖ ਨਿਰੰਜਣ ਏਕਾ ਕੰਤ, ਨਰ ਨਰਾਇਣ ਖੇਲ ਖਿਲਾਇੰਦਾ । ਏਕੰਕਾਰ ਬਣਾਏ ਬਣਤ, ਘੜਨਹਾਰ ਆਪ ਹੋ ਜਾਇੰਦਾ । ਆਦਿ ਨਿਰੰਜਣ ਮਹਿਮਾ ਅਗਣਤ, ਜੋਤ ਉਜਾਲਾ ਡਗਮਗਾਇੰਦਾ । ਅਬਿਨਾਸ਼ੀ ਕਰਤਾ ਆਪੇ ਜਾਣੇ ਆਪਣਾ ਮੰਤ, ਨਾਉਂ ਨਿਰੰਕਾਰ ਆਪ ਅਖਵਾਇੰਦਾ । ਸ੍ਰੀ ਭਗਵਾਨ ਸਾਚਾ ਧਾਮ ਸੁਹੰਤ, ਸਚ ਸਿੰਘਾਸਣ ਆਸਣ ਲਾਇੰਦਾ । ਪਾਰਬ੍ਰਹਮ ਪ੍ਰਭ ਬੇਅੰਤ, ਬੇਅੰਤ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਚੁਕਾਇੰਦਾ । ਆਪਣਾ ਭੇਵ ਆਪੇ ਚੁੱਕ, ਆਪਣਾ ਖੇਲ ਖਿਲਾਈਆ । ਨਿਰਗੁਣ ਅੰਦਰ ਨਿਰਗੁਣ ਬੈਠਾ ਲੁਕ, ਰੂਪ ਰੰਗ ਰੇਖ ਨਾ ਕੋਇ ਜਣਾਈਆ । ਕਰੇ ਖੇਲ ਅਬਿਨਾਸ਼ੀ ਅਚੁਤ, ਬੇਅੰਤ ਵਡ ਵਡਿਆਈਆ । ਆਪੇ ਜਾਣੇ ਆਪਣੀ ਰੁਤ, ਰੁਤੜੀ ਰੁਤ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਆਪ ਰੰਗਾਈਆ । ਸਾਚਾ ਰੰਗ ਹਰਿ ਕਰਤਾਰ, ਆਦਿ ਪੁਰਖ ਰੰਗਾਇੰਦਾ । ਆਪਣੀ ਇਛਿਆ ਭਰ ਭੰਡਾਰ, ਸਚ ਵਸਤ ਆਪ ਵਰਤਾਇੰਦਾ । ਥਿਰ ਘਰ ਸਾਚੇ ਹੋ ਉਜਿਆਰ, ਸਚਖੰਡ ਦਵਾਰੇ ਸੋਭਾ ਪਾਇੰਦਾ । ਤਖ਼ਤ ਨਿਵਾਸੀ ਬਣ ਸਿਕਦਾਰ, ਸ਼ਾਹੋ ਭੂਪ ਵੇਸ ਵਟਾਇੰਦਾ । ਹੁਕਮੀ ਹੁਕਮ ਵਰਤੇ ਵਰਤਾਰ, ਧੁਰ ਫ਼ਰਮਾਨਾ ਆਪ ਸੁਣਾਇੰਦਾ । ਆਪੇ ਹੋਏ ਸੁਣਨਹਾਰ, ਨਿਉਂ ਨਿਉਂ ਆਪਣਾ ਸੀਸ ਝੁਕਾਇੰਦਾ । ਆਦਿ ਜੁਗਾਦੀ ਖ਼ਬਰਦਾਰ, ਆਲਸ ਨਿੰਦਰਾ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਆਪ ਵਡਿਆਇੰਦਾ । ਸਚਖੰਡ ਦਵਾਰਾ ਹਰਿ ਵਡਿਆ, ਆਪਣੀ ਦਇਆ ਕਮਾਈਆ । ਸਾਚਾ ਤਖ਼ਤ ਤਖ਼ਤ ਸੁਹਾ, ਤਖ਼ਤ ਨਿਵਾਸੀ ਆਸਣ ਲਾਈਆ । ਆਪਣੀ ਬਣਤ ਲਏ ਬਣਾ, ਨਿਰਗੁਣ ਘਾੜਤ ਘੜਤ ਘੜਾਈਆ । ਸੋ ਪੁਰਖ ਨਿਰੰਜਣ ਜੋਤ ਜਗਾ, ਜੋਤੀ ਜਾਤਾ ਆਪ ਡਗਮਗਾਈਆ । ਏਕੰਕਾਰਾ ਮੇਲ ਮਿਲਾ, ਆਦਿ ਨਿਰੰਜਣ ਸੋਭਾ ਪਾਈਆ । ਅਬਿਨਾਸ਼ੀ ਕਰਤਾ ਰੂਪ ਵਟਾ, ਸ੍ਰੀ ਭਗਵਾਨ ਦਏ ਵਡਿਆਈਆ । ਪਾਰਬ੍ਰਹਮ ਬੇਅੰਤ ਆਪਣੀ ਕਰਨੀ ਆਪ ਕਮਾ, ਆਪੇ ਵੇਖੇ ਚਾਈਂ ਚਾਈਂਆ । ਨਿਰਗੁਣ ਸ਼ਾਹੋ ਭੂਪ ਬਣ ਸੁਲਤਾਨ, ਦੋ ਜਹਾਨਾਂ ਵਾਲੀ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਬੈਠਾ ਚੜ੍ਹ, ਸਚ ਸਿੰਘਾਸਣ


੧੧੧੯ ੧੦

ਸੋਭਾ ਪਾਈਆ । ਸਚਖੰਡ ਦਵਾਰੇ ਹਰਿ ਜੂ ਚੜ੍ਹਿਆ, ਨਿਰਗੁਣ ਆਪਣਾ ਰੂਪ ਰਖਾਇੰਦਾ । ਆਪਣਾ ਘਾੜਣ ਆਪੇ ਘੜਿਆ, ਵੇਸ ਅਨੇਕ ਵਟਾਇੰਦਾ । ਆਪਣਾ ਬਲ ਆਪੇ ਧਰਿਆ, ਬਲ ਧਾਰੀ ਆਪ ਹੋ ਜਾਇੰਦਾ । ਆਪੇ ਪੁਰਖ ਨਾਰੀ ਨਰਿਆ, ਨਰ ਨਰਾਇਣ ਵੇਸ ਵਟਾਇੰਦਾ । ਆਪਣਾ ਮੇਲ ਆਪੇ ਕਰਿਆ, ਨਾਰੀ ਕੰਤ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਿੰਘਾਸਣ ਸੋਭਾਵੰਤ, ਕਰੇ ਖੇਲ ਸ੍ਰੀ ਭਗਵੰਤ, ਸਚਖੰਡ ਦਵਾਰ ਆਪ ਵਡਿਆਇੰਦਾ । ਸਚਖੰਡ ਦਵਾਰੇ ਸਾਚਾ ਭੂਪ, ਨਿਰਗੁਣ ਸੋਭਾ ਪਾਈਆ । ਰੇਖ ਰੰਗ ਨਾ ਦਿਸੇ ਰੂਪ, ਮਹਿਮਾ ਗਣਤ ਅਗਣਤ ਗਣਾਈਆ । ਵਸਣਹਾਰਾ ਚਾਰੇ ਕੂਟ, ਦਹਿ ਦਿਸ਼ਾ ਪਰਦਾ ਆਪੇ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਬਲ ਆਪ ਵਧਾਈਆ । ਸ਼ਾਹ ਪਾਤਸ਼ਾਹ ਹਰਿ ਬਣ ਰਾਜਾਨ, ਸਚਖੰਡ ਸਾਚੇ ਸੋਭਾ ਪਾਇੰਦਾ । ਆਪਣਾ ਬਲ ਆਪ ਰਖਾਨ, ਆਪਣੀ ਕਰਨੀ ਆਪ ਕਮਾਇੰਦਾ । ਆਪੇ ਬਣ ਕੇ ਹੁਕਮਰਾਨ, ਸਾਚਾ ਹੁਕਮ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਕਰਾਇੰਦਾ । ਬਣ ਹੁਕਮਰਾਨ ਸ਼ਾਹ ਪਾਤਸ਼ਾਹ, ਆਪਣੀ ਦਇਆ ਕਮਾਈਆ । ਆਦਿ ਜੁਗਾਦਿ ਆਪਣੇ ਹੱਥ ਰਖਾ, ਆਪਣਾ ਮਤਾ ਆਪ ਪਕਾਈਆ । ਆਪੇ ਦੇਵਣਹਾਰ ਬਣੇ ਸਲਾਹ, ਸਚ ਸਲਾਹ ਇਕ ਸਮਝਾਈਆ । ਆਪਣਾ ਮਾਰਗ ਆਪੇ ਦੇਵੇ ਲਾ, ਸਾਚਾ ਮਾਰਗ ਇਕ ਰਖਾਈਆ । ਆਪਣੀ ਬਣਤ ਲਏ ਬਣਾ, ਬੇਅੰਤ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਈਆ । ਸਾਚਾ ਹੁਕਮ ਧੁਰ ਫ਼ਰਮਾਨਾ, ਹਰਿ ਆਪਣਾ ਆਪ ਜਣਾਇੰਦਾ । ਭੂਪਤ ਭੂਪ ਬਣ ਬਣ ਰਾਣਾ, ਸੀਸ ਜਗਦੀਸ ਤਾਜ ਸੁਹਾਇੰਦਾ । ਖੇਲੇ ਖੇਲ ਖੇਲ ਮਹਾਨਾ, ਆਪ ਆਪਣੀ ਖੇਲ ਕਰਾਇੰਦਾ । ਨਿਰਗੁਣ ਨਿਰਗੁਣ ਮੇਲ ਮਿਲਾਨਾ, ਨਿਰਗੁਣ ਨਾਰੀ ਕੰਤ ਰੂਪ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਇੰਦਾ । ਨਿਰਗੁਣ ਕੰਤ ਨਿਰਗੁਣ ਨਾਰੀ, ਨਿਰਗੁਣ ਸਾਚੀ ਸੇਜ ਹੰਢਾਈਆ । ਨਿਰਗੁਣ ਅੰਦਰ ਨਿਰਗੁਣ ਬਾਹਰੀ, ਨਿਰਗੁਣ ਗੁਪਤ ਨਿਰਗੁਣ ਜ਼ਾਹਰੀ ਰੂਪ ਧਰਾਈਆ । ਨਿਰਗੁਣ ਦਾਈ ਦਾਇਆ ਸੇਵਕ ਸੇਵਾ ਕਰੇ ਅਪਾਰੀ, ਸਾਚੀ ਸੇਵਾ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣੇ ਹੱਥ ਰੱਖੇ ਵਡਿਆਈਆ । ਆਪਣੇ ਹੱਥ ਰੱਖ ਵਡਿਆਈ, ਹਰਿ ਸਾਚਾ ਖੇਲ ਖਿਲਾਇੰਦਾ । ਸੇਵਾ ਕਰੇ ਦਾਇਆ ਦਾਈ, ਆਦਿ ਜੁਗਾਦਿ ਵੇਖ ਵਖਾਇੰਦਾ । ਸਾਚੇ ਘਰ ਵੱਜੇ ਵਧਾਈ, ਗ੍ਰਿਹ ਮੰਦਰ ਸੋਭਾ ਪਾਇੰਦਾ । ਨਿਰਗੁਣ ਬਣਿਆ ਪਿਤਾ ਮਾਈ, ਸੁਤ ਦੁਲਾਰਾ ਬਾਲ ਜਾਇੰਦਾ । ਸ਼ਬਦ ਸ਼ਬਦੀ ਨਾਉਂ ਰਖਾਈ, ਸਾਚੇ ਮੰਦਰ ਆਪ ਟਿਕਾਇੰਦਾ । ਆਪੇ ਵੇਖੇ ਚਾਈਂ ਚਾਈਂ, ਨੇਤਰ ਨੈਣ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸੁਤ ਆਪ ਵਡਿਆਇੰਦਾ । ਸੁਤ ਦੁਲਾਰਾ ਆਪੇ ਜਨ, ਜਨ ਜਨਨੀ ਆਪ ਅਖਵਾਇੰਦਾ । ਆਪੇ ਬੇੜਾ ਦੇਵੇ ਬੰਨ੍ਹ, ਖੇਵਟ ਖੇਟਾ ਰੂਪ ਵਟਾਇੰਦਾ । ਆਪ ਵਸਾਏ ਬਿਨ ਛੱਪਰੀ ਛੰਨ, ਦਰ ਘਰ ਸਾਚੇ ਆਪ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਦੁਲਾਰਾ ਇਕ ਵਡਿਆਇੰਦਾ । ਸੁਤ ਦੁਲਾਰਾ ਸ਼ਬਦੀ ਧਾਰ, ਜੋਤੀ ਜੋਤ ਪਰਗਟਾਈਆ । ਪੁਰਖ ਅਬਿਨਾਸ਼ੀ ਕਰ ਪਿਆਰ, ਥਿਰ ਘਰ ਸਾਚੇ ਦਏ ਵਡਿਆਈਆ । ਤੇਰਾ ਰੂਪ ਅਗੰਮ ਅਪਾਰ, ਆਦਿ ਜੁਗਾਦਿ ਰਖਾਈਆ । ਤੇਰੀ ਸੇਵਾ ਲਾਏ ਆਪ ਨਿਰੰਕਾਰ,

ਸਾਚੀ ਸੇਵਾ ਇਕ ਸਮਝਾਈਆ । ਅਤੋਟ ਅਤੁਟ ਭਰੇ ਭੰਡਾਰ, ਤੋਟ ਨਾ ਆਵੇ ਰਾਈਆ । ਨਿਰਮਲ ਜੋਤ ਦਏ ਆਧਾਰ, ਜੋਤੀ ਜਾਤਾ ਹੋਏ ਸਹਾਈਆ । ਸਾਚਾ ਕੋਟ ਦਏ ਉਸਾਰ, ਬੰਕ ਦਵਾਰਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਲਾਲ ਦਏ ਸਮਝਾਈਆ । ਸੁਤ ਦੁਲਾਰਾ ਛੋਟਾ ਲਾਲ, ਪ੍ਰਭ ਅੱਗੇ ਸੀਸ ਝੁਕਾਇੰਦਾ । ਤੂੰ ਠਾਕਰ ਸਾਹਿਬ ਦੀਨ ਦਿਆਲ, ਹਉਂ ਦੀਨਨ ਮੰਗ ਮੰਗਾਇੰਦਾ । ਤੇਰੀ ਪ੍ਰੀਤੀ ਨਿਭੇ ਨਾਲ, ਸਚ ਪ੍ਰੀਤੀ ਇਕ ਵਖਾਇੰਦਾ । ਆਦਿ ਜੁਗਾਦਿ ਮੇਰਾ ਹੋਏ ਨਾ ਜ਼ਵਾਲ, ਤੇਰਾ ਸਵਾਲ ਆਪਣੀ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਉਂ ਭਿੱਖਕ ਮੰਗ ਮੰਗਾਇੰਦਾ । ਦੇਵੇ ਮੰਗ ਸ੍ਰੀ ਭਗਵਾਨ, ਵਸਤ ਅਮੋਲਕ ਝੋਲੀ ਪਾਈਆ । ਸਚਖੰਡ ਦਵਾਰੇ ਹੋ ਪਰਧਾਨ, ਥਿਰ ਘਰ ਦੇਵੇ ਸਚ ਸਲਾਹੀਆ । ਛੋਟਾ ਬਾਲਾ ਬਾਲ ਨਿਧਾਨ, ਏਕਾ ਗੁਣ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਗੁਣ ਆਪ ਰਖਾਈਆ । ਸਾਚਾ ਗੁਣ ਹੱਥ ਕਰਤਾਰ, ਮਹਿਮਾ ਅਕਥ ਕਥੀ ਨਾ ਜਾਈਆ । ਆਪ ਸੁਣਾਏ ਏਕਾ ਵਾਰ, ਦੂਜੀ ਵਾਰ ਨਾ ਕੋਇ ਪੜ੍ਹਾਈਆ । ਆਦਿ ਲਗਾਇਆ ਸਚ ਦਰਬਾਰ, ਮਧ ਆਪਣੀ ਖੇਲ ਖਿਲਾਈਆ । ਤੇਰਾ ਕਰਾਂ ਵਡ ਪਸਾਰ, ਵਿਸ਼ਨ ਬ੍ਰਹਮਾ ਸ਼ਿਵ ਤੇਰੀ ਗੋਦ ਸੁਹਾਈਆ । ਤ੍ਰੈਗੁਣ ਦੇਵਾਂ ਸਾਚੀ ਧਾਰ, ਜਗਤ ਜੰਜਾਲਾ ਰੂਪ ਵਟਾਈਆ । ਪੰਚਮ ਜੋੜ ਜੋੜਾਂ ਅਪਰ ਅਪਾਰ, ਨਾ ਕੋਈ ਤੋੜੇ ਤੋੜ ਤੁੜਾਈਆ । ਲੋਆਂ ਪੁਰੀਆਂ ਮਹੱਲ ਉਸਾਰ, ਬ੍ਰਹਿਮੰਡ ਖੰਡ ਤੇਰੀ ਰਚਨ ਰਚਾਈਆ । ਰਵ ਸਸ ਕਰ ਉਜਿਆਰ, ਜੋਤੀ ਜੋਤ ਜੋਤ ਰੁਸ਼ਨਾਈਆ । ਮੰਡਲ ਮੰਡਪ ਵੇਖ ਅਖਾੜ, ਤੇਰੀ ਸੋਭਾ ਦਏ ਗਣਾਈਆ । ਗਗਨ ਪਾਤਾਲਾਂ ਕਰ ਤਿਆਰ, ਜ਼ਿਮੀਂ ਅਸਮਾਨਾਂ ਰਚਨ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੇ ਹੱਥ ਦਏ ਵਡਿਆਈਆ । ਸੁਣਿਆ ਸੰਦੇਸਾ ਹਰਿ ਕਾ, ਸੁਤ ਦੁਲਾਰਾ ਸੀਸ ਝੁਕਾਇੰਦਾ । ਤੇਰਾ ਨਾਉਂ ਏਕਾ ਪੜ੍ਹਦਾ, ਦੂਜਾ ਰਾਹ ਨਾ ਕੋਇ ਵਖਾਇੰਦਾ । ਤੂੰ ਸਾਹਿਬ ਮੇਰਾ ਘਾੜਨ ਘੜਦਾ, ਹਉਂ ਸੇਵਕ ਸੇਵ ਕਮਾਇੰਦਾ । ਆਦਿ ਜੁਗਾਦੀ ਤੇਰੇ ਦਰ ਦਾ ਬਰਦਾ, ਨਿਉਂ ਨਿਉਂ ਸੀਸ ਝੁਕਾਇੰਦਾ । ਨਾ ਜਨਮੇ ਨਾ ਕਦੇ ਮਰਦਾ, ਰੂਪ ਅਨੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਉਂ ਸਾਚੀ ਮੰਗ ਮੰਗਾਇੰਦਾ । ਦੇਣਾ ਵਰ ਸਚ ਦਾਤਾਰ, ਹਉਂ ਏਕਾ ਮੰਗ ਮੰਗਾਈਆ । ਵਿਸ਼ਨ ਬ੍ਰਹਮਾ ਸ਼ਿਵ ਤੇਰਾ ਸਹਾਰ, ਤ੍ਰੈਗੁਣ ਮੇਲਾ ਮੇਲ ਮਿਲਾਈਆ । ਪੰਜ ਤੱਤ ਤੱਤ ਆਕਾਰ, ਘਾੜਨ ਘਾੜਤ ਲਏ ਘੜਾਈਆ । ਲੱਖ ਚੁਰਾਸੀ ਕਰ ਪਸਾਰ, ਨਵ ਨਵ ਆਪਣਾ ਬੰਧਨ ਪਾਈਆ । ਬ੍ਰਹਮ ਪਾਰਬ੍ਰਹਮ ਦਏ ਆਧਾਰ, ਈਸ਼ ਜੀਵ ਖੇਲ ਖਿਲਾਈਆ । ਜਾਗਰਤ ਜੋਤ ਕਰ ਉਜਿਆਰ, ਜੋਤ ਨਿਰੰਜਣ ਡਗਮਗਾਈਆ । ਤੇਰਾ ਨਾਉਂ ਸ਼ਬਦ ਧੁੰਨਕਾਰ, ਘਟ ਘਟ ਅਨਹਦ ਨਾਦ ਸੁਣਾਈਆ । ਵੰਡੇਂ ਵੰਡ ਅਪਰ ਅਪਾਰ, ਤੇਰੀ ਵੰਡ ਮੋਹੇ ਨਜ਼ਰ ਨਾ ਆਈਆ । ਬ੍ਰਹਿਮੰਡ ਖੰਡ ਤੇਰਾ ਆਧਾਰ, ਜੇਰਜ ਅੰਡ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਉਂ ਬੈਠਾ ਝੋਲੀ ਡਾਹੀਆ । ਪੁਰਖ ਅਬਿਨਾਸ਼ੀ ਬੇਪਰਵਾਹ, ਏਕਾ ਹੁਕਮ ਸੁਣਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਰਚਨ ਰਚਾ, ਮੰਡਲ ਮੰਡਪ ਆਪ ਉਪਾਇੰਦਾ । ਰਵ ਸਸ ਆਪ ਚਮਕਾ, ਜੋਤੀ ਜਾਤਾ ਵੇਖ ਵਖਾਇੰਦਾ । ਲੱਖ ਚੁਰਾਸੀ ਰਚਨ ਰਚਾ, ਘਟ ਘਟ ਆਪਣਾ ਆਸਣ ਲਾਇੰਦਾ । ਏਕਾ ਅੱਖਰ ਦਏ ਪਰਗਟਾ, ਨਿਸ਼ਅੱਖਰ ਆਪ ਪੜ੍ਹਾਇੰਦਾ । ਰੂਪ ਅਨੂਪ

੧੧੨੧
੧੦

ਆਪ ਧਰਾ, ਨਿਰਗੁਣ ਸਰਗੁਣ ਮੇਲ ਮਿਲਾਇੰਦਾ । ਜੁਗ ਚੌਕੜੀ ਵੰਡ ਵੰਡਾ, ਚਾਰ ਚਾਰ ਬੰਧਨ ਪਾਇੰਦਾ । ਚਾਰੇ ਵੇਦ ਆਪ ਸਮਝਾ, ਬ੍ਰਹਮ ਵੇਤਾ ਭੇਵ ਖੁਲ੍ਹਾਇੰਦਾ । ਚਾਰੇ ਜੁਗ ਆਪ ਉਠਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਖੇਲ ਖਿਲਾਇੰਦਾ । ਚਾਰੇ ਬਾਣੀ ਆਪੇ ਗਾ, ਪਰਾ ਪਸੰਤੀ ਮਧਮ ਬੈਖਰੀ ਆਪੇ ਰਾਗ ਅਲਾਇੰਦਾ । ਚਾਰੇ ਵਰਨਾਂ ਰੰਗ ਚੜ੍ਹਾ, ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਵੇਸ ਵਟਾਇੰਦਾ । ਚਾਰ ਯਾਰੀ ਡੰਕ ਵਜਾ, ਚਾਰੋਂ ਕੁੰਟ ਫੋਲ ਫੋਲਾਇੰਦਾ । ਨੌਂ ਨੌਂ ਗੇੜਾ ਆਪ ਦਿਵਾ, ਨੌਂ ਦਰ ਆਪੇ ਭੇਵ ਛੁਪਾਇੰਦਾ । ਚੌਥੇ ਪਦ ਡੇਰਾ ਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਰਚਨਾ ਆਪਣੇ ਹੱਥ ਰਖਾਇੰਦਾ । ਸੁਣਿਆ ਧੁਰ ਫ਼ਰਮਾਨ, ਸੁਤ ਸ਼ਬਦੀ ਸੀਸ ਝੁਕਾਇਆ । ਹਉਂ ਬਾਲਕ ਬਾਲ ਨਾਦਾਨ, ਤੇਰਾ ਅੰਤ ਕਦੇ ਨਾ ਪਾਇਆ । ਆਦਿ ਜੁਗਾਦੀ ਤੇਰਾ ਨਿਸ਼ਾਨ, ਹਉਂ ਸੇਵਕ ਬਣ ਝੁਲਾਇਆ । ਚਾਰ ਜੁਗ ਹੋਏ ਪਰਧਾਨ, ਚਾਰੇ ਵੇਦਾਂ ਨਾਲ ਮਿਲਾਇਆ । ਚਾਰ ਕੁੰਟ ਹੋਏ ਹੈਰਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਵੇਲਾ ਅੰਤ ਕਵਣ ਖੇਲ ਖਿਲਾਇਆ । ਪੁਰਖ ਅਬਿਨਾਸ਼ੀ ਕਿਰਪਾ ਕਰ, ਏਕਾ ਗੁਣ ਸਮਝਾਈਆ । ਨਿਰਗੁਣ ਸਰਗੁਣ ਵੇਸ ਕਰ, ਲੋਕਮਾਤ ਵੇਖ ਵਖਾਈਆ । ਜੁਗ ਜੁਗ ਬੇੜਾ ਪਾਰ ਕਰ, ਸਤਿਜੁਗ ਤ੍ਰੇਤਾ ਦੁਆਪਰ ਪੰਧ ਮੁਕਾਈਆ । ਨੌਂ ਸੌ ਚੁਰਾਨਵੇ ਚੌਕੜੀ ਚੁੱਕੇ ਡਰ, ਭੈ ਅਵਰ ਨਾ ਕੋਇ ਰਖਾਈਆ । ਕਲਜੁਗ ਅੰਤਮ ਆਏ ਵਾਰ, ਤੇਈ ਅਵਤਾਰ ਰਹੇ ਸਾਲਾਹੀਆ । ਅਠਾਰਾਂ ਭਗਤ ਕਰਨ ਪੁਕਾਰ, ਉਚੀ ਕੂਕ ਕੂਕ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭਾਣਾ ਦਏ ਸਮਝਾਈਆ । ਆਦਿ ਜੁਗਾਦੀ ਹਰਿ ਹਰਿ ਭਾਣਾ, ਆਪਣੇ ਹੱਥ ਰਖਾਇੰਦਾ । ਕੋਈ ਨਾ ਜਾਣੇ ਰਾਜਾ ਰਾਣਾ, ਦਿਸ ਕਿਸੇ ਨਾ ਆਇੰਦਾ । ਸਤਿਜੁਗ ਤ੍ਰੇਤਾ ਦੁਆਪਰ ਪਾਰ ਕਰਾਨਾ, ਜੋ ਘੜਿਆ ਭੰਨ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੌਂ ਸੌ ਚੁਰਾਨਵੇ ਚੌਕੜੀ ਜੁਗ ਪੰਧ ਮੁਕਾਇੰਦਾ । ਨੌਂ ਸੌ ਚੁਰਾਨਵੇ ਚੌਕੜੀ ਜੁਗ ਪੰਧ ਮੁਕੌਣਾ, ਹਰਿ ਸਾਚਾ ਸਚ ਜਣਾਇੰਦਾ । ਕਲਜੁਗ ਵੇਲਾ ਅੰਤਮ ਔਣਾ, ਪੁਰਖ ਅਬਿਨਾਸ਼ੀ ਖੇਲ ਕਰਾਇੰਦਾ । ਤੇਈ ਅਵਤਾਰਾਂ ਦਰ ਬਹੌਣਾ, ਏਕਾ ਹੁਕਮ ਸੁਣਾਇੰਦਾ । ਭਗਤ ਅਠਾਰਾਂ ਨਾਲ ਰਲੌਣਾ, ਸਾਚਾ ਮੇਲਾ ਮੇਲ ਮਿਲਾਇੰਦਾ । ਗੁਰ ਦੱਸ ਗੋਦ ਬਹੌਣਾ, ਸਾਚੀ ਗੋਦ ਆਪ ਸੁਹਾਇੰਦਾ । ਵੇਦ ਵਿਆਸ ਲੇਖ ਲਿਖੌਣਾ, ਪੂਤ ਸਪੂਤਾ ਬ੍ਰਹਿਮਣ ਗੌੜਾ ਉਚੇ ਟਿੱਲੇ ਪਰਬਤ ਸਚ ਸਿੰਘਾਸਣ ਸੋਭਾ ਪਾਇੰਦਾ । ਨਾਨਕ ਨਿਰਗੁਣ ਵੇਖ ਵਖੌਣਾ, ਨਿਰਾਕਾਰ ਰੂਪ ਵਟਾਇੰਦਾ । ਗੋਬਿੰਦ ਮੀਤਾ ਰਾਹ ਤਕੌਣਾ, ਨੇਤਰ ਨੈਣ ਉਠਾਇੰਦਾ । ਪੁਰਖ ਅਬਿਨਾਸ਼ੀ ਏਕਾ ਔਣਾ, ਕਲਜੁਗ ਅੰਤਮ ਵੇਸ ਵਟਾਇੰਦਾ । ਨਿਹਕਲੰਕਾ ਨਾਉਂ ਰਖੌਣਾ, ਸੰਬਲ ਨਗਰੀ ਧਾਮ ਸੁਹੌਣਾ, ਰੂਪ ਰੰਗ ਰੇਖ ਨਾ ਕੋਇ ਵਖਾਇੰਦਾ । ਸ਼ਾਹ ਸੁਲਤਾਨਾਂ ਖ਼ਾਕ ਮਿਲੌਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦੂਸਰ ਭੇਵ ਨਾ ਕੋਇ ਜਣਾਇੰਦਾ । ਕਲਜੁਗ ਵੇਲਾ ਅੰਤਮ ਧਾਰ, ਪੁਰਖ ਅਬਿਨਾਸ਼ੀ ਵੇਸ ਵਟਾਈਆ । ਨਿਹਕਲੰਕ ਲਏ ਅਵਤਾਰ, ਨਿਰਗੁਣ ਜੋਤ ਨੂਰ ਰੁਸ਼ਨਾਈਆ । ਲੋਆਂ ਪੁਰੀਆਂ ਕਰੇ ਖ਼ਬਰਦਾਰ, ਬ੍ਰਹਿਮੰਡ ਖੰਡ ਲਏ ਜਗਾਈਆ । ਲੱਖ ਚੁਰਾਸੀ ਦਏ ਹੁਲਾਰ, ਸੋਇਆ ਕੋਇ ਰਹਿਣ ਨਾ ਪਾਈਆ । ਸੰਮਤ ਸੰਮਤੀ ਮਾਰੇ ਮਾਰ, ਚਾਰ ਕੁੰਟ ਦੁਹਾਈਆ । ਕਿਸੇ ਨਾ ਸੁਣੇ ਕੋਈ ਪੁਕਾਰ, ਬੈਠੇ ਮੁਖ ਭਵਾਈਆ । ਕਰੇ ਖੇਲ ਅਗੰਮ ਅਪਾਰ, ਕੁਦਰਤ ਕਾਦਰ ਵੇਖ ਵਖਾਈਆ । ਮੁਕਾਮੇ ਹੱਕ ਹੋ ਤਿਆਰ, ਸਾਂਝਾ ਯਾਰ ਰੂਪ ਵਟਾਈਆ ।

੧੧੨੨ ੧੦

੧੧੨੩ ੧੦

ਐਨਲਹੱਕ ਬੋਲ ਜੈਕਾਰ, ਸਾਚਾ ਨਾਅਰਾ ਦਏ ਸੁਣਾਈਆ । ਵੇਸ ਵਟਾਏ ਬੇਐਬ ਪਰਵਰਦਿਗਾਰ, ਜਲਵਾ ਨੂਰ ਨੂਰ ਇਲਾਹੀਆ । ਚੌਦਾਂ ਤਬਕ ਪਾਵੇ ਸਾਰ, ਚੌਦਾਂ ਲੋਕ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਖਿਲਾਇਆ, ਕਲਜੁਗ ਅੰਤਮ ਵਾਰ । ਨੂਰੀ ਅੱਲਾ ਵੇਸ ਵਟਾਇਆ, ਸ਼ਾਹ ਅਮਾਮ ਅਮਾਮਾ ਵਡ ਸਿਕਦਾਰ । ਬਿਸਮਲ ਆਪਣੀ ਧਾਰ ਚਲਾਇਆ, ਉਮਤ ਉਮਤੀ ਕਰ ਵਿਚਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਪਰ ਅਪਾਰ । ਅਪਰ ਅਪਾਰਾ ਖੇਲ ਕਰਤਾਰਾ, ਆਦਿ ਜੁਗਾਦਿ ਕਰਾਇੰਦਾ । ਜਗਤ ਜਗਦੀਸ ਹੋ ਉਜਿਆਰਾ, ਬੀਸ ਬੀਸ ਰੰਗ ਰੰਗਾਇੰਦਾ । ਚਾਰੋਂ ਕੁੰਟ ਕਰੇ ਵਿਚਾਰਾ, ਨਵ ਖੰਡ ਫੋਲ ਫੋਲਾਇੰਦਾ । ਸੱਤਾਂ ਦੀਪਾਂ ਪਰਦਾ ਉਤਾਰਾ, ਮੁਖ ਨਕ਼ਾਬ ਨਾ ਕੋਇ ਰਖਾਇੰਦਾ । ਮੱਕਾ ਕਾਅਬਾ ਵੇਖੇ ਵੇਖਣਹਾਰਾ, ਆਪ ਆਪਣਾ ਫੇਰਾ ਪਾਇੰਦਾ । ਅਠਸਠ ਤੀਰਥ ਵੇਖੇ ਕਿਨਾਰਾ, ਗੰਗਾ ਗੋਦਾਵਰੀ ਜਮਨਾ ਸੁਰਸਤੀ ਵੇਖ ਵਖਾਇੰਦਾ । ਲੇਖਾ ਜਾਣੇ ਜ਼ਿਮੀਂ ਅਸਮਾਨਾਂ, ਕਰੇ ਖੇਲ ਸ੍ਰੀ ਭਗਵਾਨਾ, ਸ਼ਬਦੀ ਨਾਦ ਨਾਦ ਤਰਾਨਾ, ਸ਼ਬਦ ਅਨਾਦੀ ਆਪ ਅਲਾਇੰਦਾ । ਚਾਰੋਂ ਕੁੰਟ ਹੋ ਪਰਧਾਨਾ, ਆਪੇ ਵਰਤੇ ਆਪਣਾ ਭਾਣਾ, ਤਖ਼ਤੋਂ ਲਾਹੇ ਰਾਜਾ ਰਾਣਾ, ਨੌਂ ਖੰਡ ਪ੍ਰਿਥਮੀ ਹੋਏ ਹੈਰਾਨਾ, ਧੀਰਜ ਨਾ ਕੋਇ ਧਰਾਇੰਦਾ । ਸਾਚਾ ਸਮਾਂ ਅੰਤ ਅੰਤ ਕਾਲ, ਕਲਜੁਗ ਕੂਕੇ ਦਏ ਦੁਹਾਈਆ । ਸਿਰ ਤੇ ਕਾਲ ਨਗਾਰਾ ਵਜਿਆ ਕਾਲ, ਚਾਰੋਂ ਕੁੰਟ ਫੇਰਾ ਪਾਈਆ । ਵਰਨ ਬਰਨ ਹੋਏ ਬੇਹਾਲ, ਨਾ ਕੋਈ ਸਕੇ ਸੁਰਤ ਸੰਭਾਲ, ਸੁਰਤੀ ਸ਼ਬਦ ਨਾ ਕੋਇ ਮਿਲਾਈਆ । ਬਿਨ ਹਰਿ ਨਾਮੇ ਸ਼ਾਹ ਹੋਏ ਕੰਗਾਲ, ਲੁੱਟੀ ਗਈ ਸਰਬ ਲੋਕਾਈਆ । ਜੂਠਾ ਝੂਠਾ ਵਜਿਆ ਤਾਲ, ਮਾਇਆ ਮਮਤਾ ਨਾਚ ਨਚਾਈਆ । ਫਲ ਨਾ ਦਿਸੇ ਕਿਸੇ ਡਾਲ, ਲੱਖ ਚੁਰਾਸੀ ਸਿਮਲ ਰੁੱਖ ਰਿਹਾ ਲਹਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭਾਣਾ ਦਏ ਸਮਝਾਈਆ । ਸਾਚਾ ਸਮਾਂ ਭਾਣਾ ਬਲਵਾਨ, ਨਾ ਕੋਈ ਮੇਟੇ ਮੇਟ ਮਿਟਾਈਆ । ਕਰੇ ਖੇਲ ਆਪ ਭਗਵਾਨ, ਦੂਸਰ ਅਵਰ ਨਾ ਕੋਇ ਵਖਾਈਆ । ਕਾਗਦ ਕ਼ਲਮ ਹੋਏ ਹੈਰਾਨ, ਹਰਿ ਕਾ ਭੇਵ ਲਿਖੇ ਕੋਇ ਨਾ ਸ਼ਾਹੀਆ । ਸਿਮਰਤ ਸ਼ਾਸਤਰ ਵੇਦ ਪੁਰਾਨ ਸਾਰੇ ਗਾਣ, ਉਚੀ ਕੂਕ ਕੂਕ ਸੁਣਾਈਆ । ਅੰਜੀਲ ਕ਼ੁਰਾਨ ਨੈਣ ਸ਼ਰਮਾਨ, ਪਰਗਟ ਹੋਇਆ ਬੇਪਰਵਾਹੀਆ । ਸੱਚਾ ਮਾਹੀ ਆਪਣਾ ਮਸਲਾ ਹੱਲ ਕਰੇ ਦੋ ਜਹਾਨ, ਸ਼ਰਅ ਸ਼ਰੀਅਤ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭਾਣਾ ਆਪ ਵਰਤਾਈਆ । ਸਾਚਾ ਭਾਣਾ ਹਰਿ ਵਰਤੌਣਾ, ਵੀਹ ਸੌ ਅਠਾਰਾਂ ਬਿਕ੍ਰਮੀ ਲੇਖ ਲਿਖਾਇਆ । ਨੌਂ ਖੰਡ ਪ੍ਰਿਥਮੀ ਆਪ ਹਲੌਣਾ, ਧੀਰਜ ਧੀਰ ਨਾ ਕੋਇ ਧਰਾਇਆ । ਸ਼ਾਹ ਸੁਲਤਾਨਾਂ ਖ਼ਾਕ ਮਿਲੌਣਾ, ਸੀਸ ਤਾਜ ਨਾ ਕੋਇ ਟਿਕਾਇਆ । ਵਰਨਾਂ ਬਰਨਾਂ ਡੇਰਾ ਢੌਣਾ, ਊਚ ਨੀਚ ਨਾ ਕੋਇ ਬਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਦਏ ਉਠਾਇਆ । ਵੀਹ ਸੌ ਅਠਾਰਾਂ ਬਿਕ੍ਰਮੀ ਖੇਲ ਅਪਾਰਾ, ਸੋ ਪੁਰਖ ਨਿਰੰਜਣ ਆਪ ਕਰਾਈਆ । ਲੋਕਮਾਤ ਲਗਾਇਆ ਸਚ ਦਰਬਾਰਾ, ਸਚਖੰਡ ਰੂਪ ਵਟਾਈਆ । ਦਿਵਸ ਸੁਹਾਇਆ ਸਤਾਰਾਂ ਹਾੜਾ, ਥਿਤ ਵਾਰ ਆਪ ਲਿਖਾਈਆ । ਮੇਲ ਮਿਲਾਇਆ ਗੁਰ ਅਵਤਾਰਾ, ਭਗਤ ਭਗਵੰਤ ਦਏ ਸਾਲਾਹੀਆ । ਲੇਖਾ ਜਾਣੇ ਈਸਾ ਮੂਸਾ ਸੰਗ ਮੁਹੰਮਦ ਚਾਰ ਯਾਰਾ, ਅੱਲਾ ਰਾਣੀ ਨਾਲ ਰਲਾਈਆ । ਚਾਰ ਜੁਗ ਦੀ ਪੁਛੇ ਵਾਰਾ, ਜੁਗ ਚੌਕੜੀ ਜੋ ਕਰ ਕਰ ਗਏ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਆਪਣੀ ਖੇਲ ਆਪਣੇ ਹੱਥ ਰਖਾਈਆ । ਗੁਰ ਪੀਰ ਅਵਤਾਰ ਮੁੱਲਾ ਪੈਗ਼ੰਬਰ ਕਰਨ ਸਲਾਹ, ਦਰ ਘਰ ਸਾਚੇ ਮਤਾ ਪਕਾਇਆ । ਕਲਜੁਗ ਅੰਤਮ ਕੋਇ ਨਾ ਲੱਭੇ ਰਾਹ, ਸਾਚਾ ਮਾਰਗ ਨਾ ਕੋਇ ਰਖਾਇਆ । ਬਿਨ ਬੇਐਬ ਨਾ ਕਰੇ ਕੋਈ ਨਕਾਹ, ਅੱਲਾ ਰਾਣੀ ਦਏ ਦੁਹਾਇਆ । ਬਿਨ ਪਾਰਬ੍ਰਹਮ ਨਾ ਕੋਇ ਮਿਲੇ ਸੱਚਾ ਸ਼ਾਹ, ਸ਼ਾਹ ਪਾਤਸ਼ਾਹ ਨਾ ਕੋਇ ਅਖਵਾਇਆ । ਸੀਸ ਜਗਦੀਸ ਹੱਥ ਨਾ ਦੇਵੇ ਕਿਸੇ ਟਿਕਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮਾਰਗ ਦਏ ਸਮਝਾਇਆ । ਵੀਹ ਸੌ ਉਨੀ ਪਹਿਲੀ ਚੇਤਰ ਔਣਾ, ਲੋਕਮਾਤ ਵੱਜੇ ਵਧਾਈਆ । ਗੁਰ ਗੋਬਿੰਦ ਹੁਕਮ ਇਕ ਸੁਣੌਣਾ, ਸਚ ਅਦਾਲਤ ਸੇਵ ਕਮਾਈਆ । ਈਸਾ ਮੂਸਾ ਪੰਧ ਮੁਕੌਣਾ, ਸੰਗ ਮੁਹੰਮਦ ਮੇਟੇ ਸ਼ਾਹੀਆ । ਚੌਦਾਂ ਸਦੀਆਂ ਡੇਰਾ ਢੌਣਾ, ਚੌਦਾਂ ਤਬਕਾਂ ਪਏ ਦੁਹਾਈਆ । ਏਕਾ ਹੁਕਮ ਪੁਰਖ ਅਕਾਲ ਵਰਤੌਣਾ, ਨਾ ਕੋਈ ਮੇਟੇ ਮੇਟ ਮਿਟਾਈਆ । ਸ਼ਾਹ ਸੁਲਤਾਨਾਂ ਭੇੜ ਭੜੌਣਾ, ਧਰਨੀ ਧਰਤ ਧਵਲ ਮੰਗ ਮੰਗਾਈਆ । ਲਾੜੀ ਮੌਤ ਸਗਨ ਮਨੌਣਾ, ਘਰ ਘਰ ਖ਼ੁਸ਼ੀ ਮਨਾਈਆ । ਲਾਲ ਮਹਿੰਦੀ ਰੰਗ ਚੜ੍ਹੌਣਾ, ਆਪਣੇ ਹੱਥ ਰਹੀ ਵਖਾਈਆ । ਰਾਏ ਧਰਮ ਕੁੰਡਾ ਲੌਹਣਾ, ਅਠਾਈ ਕੁੰਡਾਂ ਖੋਲ੍ਹ ਖੁਲ੍ਹਾਈਆ । ਚਿਤਰ ਗੁਪਤ ਹਿਸਾਬ ਵਖੌਣਾ, ਲਿਖ ਲਿਖ ਲੇਖਾ ਰਿਹਾ ਸੁਣਾਈਆ । ਕਲਜੁਗ ਜੀਵਾਂ ਮੁਖ ਸ਼ਰਮੌਣਾ, ਜੋ ਬੈਠੇ ਹਰਿ ਭੁਲਾਈਆ । ਵੇਲੇ ਅੰਤ ਨਾ ਕਿਸੇ ਬਚੌਣਾ, ਨਾ ਹੋਏ ਕੋਇ ਸਹਾਈਆ । ਕਾਲ ਨਗਾਰਾ ਇਕ ਵਜੌਣਾ, ਘਰ ਘਰ ਡੌਰੂ ਰਿਹਾ ਖੜਕਾਈਆ । ਮੜ੍ਹੀ ਗੋਰ ਨਾ ਕਿਸੇ ਦਬੌਣਾ, ਸੁੰਞੀ ਦਿਸੇ ਸਰਬ ਲੋਕਾਈਆ । ਮਾਂ ਪੁੱਤਰ ਨਾ ਸੰਗ ਰਖੌਣਾ, ਪਿਤਾ ਪੂਤ ਨਾ ਕੋਇ ਮਿਲਾਈਆ । ਨਾਰੀ ਕੰਤ ਨਾ ਕਿਸੇ ਹੰਢੌਣਾ, ਨੇਤਰ ਨੈਣਾਂ ਨੀਰ ਵਹਾਈਆ । ਪੁਰਖ ਅਬਿਨਾਸ਼ੀ ਵੇਖਣ ਔਣਾ, ਗੋਬਿੰਦ ਮੇਲਾ ਮੇਲ ਮਿਲਾਈਆ । ਨੌਂ ਖੰਡ ਪ੍ਰਿਥਮੀ ਫੇਰਾ ਪੌਣਾ, ਸ਼ਬਦ ਘੋੜਾ ਇਕ ਦੌੜਾਈਆ । ਸਾਚਾ ਖੰਡਾ ਨਾਮ ਚਮਕੌਣਾ, ਤਿਖੀ ਧਾਰ ਵਖਾਈਆ । ਉਨੀ ਉਨੀਸਾ ਪਾਰ ਕਰੌਣਾ, ਆਲਮਗੀਰ ਆਪ ਹੋ ਜਾਈਆ । ਜ਼ਾਲਮ ਜ਼ੁਲਮ ਆਪ ਮਿਟੌਣਾ, ਜ਼ੋਰ ਜ਼ਬਰ ਨਾ ਕੋਇ ਲਗਾਈਆ । ਬੇਖ਼ਬਰ ਹਰਿ ਖੇਲ ਖਿਲੌਣਾ, ਆਪਣਾ ਹਲਫ਼ ਰਿਹਾ ਉਠਾਈਆ । ਏਕਾ ਅਲਫ਼ੀ ਤਨ ਰਖੌਣਾ, ਲੱਖ ਚੁਰਾਸੀ ਬੰਧਨ ਪਾਈਆ । ਬੀਸ ਬੀਸਾ ਸੰਨ ਚੜ੍ਹੌਣਾ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਧੁਰ ਫ਼ਰਮਾਨਾ ਇਕ ਸੁਣੌਣਾ, ਸਚ ਸੰਦੇਸਾ ਢੋਲਾ ਗਾਈਆ । ਕੋਟਨ ਵਿਚੋਂ ਗੁਰਮੁਖ ਵਿਰਲਾ ਆਪ ਬਚੌਣਾ, ਜਿਸ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਸਮਾਂ ਆਪੇ ਵੇਖੇ ਚਾਈਂ ਚਾਈਆ । ਜਿਸ ਬੀਜਿਆ ਲੱਖ ਚੁਰਾਸੀ ਖੇਤ, ਸੋ ਅੰਤਮ ਵੱਢਣ ਆਇਆ । ਥਿਤ ਵਖਾਏ ਮਹੀਨਾ ਚੇਤ, ਵੀਹ ਸੌ ਉਨੀ ਬਿਕ੍ਰਮੀ ਇਹ ਸਮਝਾਇਆ । ਪਰਗਟ ਹੋਵੇ ਨੇਤਨ ਨੇਤ, ਦੂਰ ਦੁਰਾਡਾ ਪੰਧ ਮੁਕਾਇਆ । ਜਨ ਭਗਤਾਂ ਕਰੇ ਸਾਚਾ ਹੇਤ, ਸਵੱਛ ਸਰੂਪੀ ਦਰਸ ਦਿਖਾਇਆ । ਮਨਮੁਖਾਂ ਮਾਇਆ ਮਮਤਾ ਭਰਿਆ ਨਾ ਪੇਟ, ਆਸਾ ਤ੍ਰਿਸਨਾ ਹੋਈ ਹਲਕਾਇਆ । ਤ੍ਰੈਗੁਣ ਅਗਨੀ ਲੱਗੀ ਮਹੀਨਾ ਜੇਠ, ਸਾਂਤਕ ਸਤਿ ਨਾ ਕੋਇ ਕਰਾਇਆ । ਬਿਨ ਸਤਿਗੁਰ ਪੂਰੇ ਕੋਇ ਨਾ ਕਰੇ ਹੇਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭਾਣਾ ਆਪਣੇ ਹੱਥ ਰਖਾਇਆ । ਭਾਣਾ ਵਰਤੇ ਹਰਿ ਭਗਵਾਨ, ਕਲਜੁਗ ਕੂੜੀ ਕਿਰਿਆ ਮੇਟ ਮਿਟਾਈਆ । ਜੂਠ ਝੂਠ ਨਾ ਦਿਸੇ ਕੋਇ ਨਿਸ਼ਾਨ, ਹਉਮੇ ਹੰਗਤਾ ਨਾ ਕੋਇ ਲੜਾਈਆ । ਪੰਚਮ ਮੇਟੇ ਆਪ ਸ਼ੈਤਾਨ, ਬੇਈਮਾਨ ਨਾ ਕੋਇ ਵਖਾਈਆ । ਚਾਰੋਂ ਕੁੰਟ ਪੁਰਖ ਅਬਿਨਾਸ਼ੀ ਏਕਾ ਗਾਨ, ਸੀਸ ਜਗਦੀਸ ਸਰਬ ਝੁਕਾਈਆ । ਪੁਰਖ

ਅਕਾਲ ਪਾਵੇ ਆਣ, ਧੁਰ ਫ਼ਰਮਾਨਾ ਹੁਕਮ ਸੁਣਾਈਆ । ਸਤਿਜੁਗ ਝੁਲਾਏ ਸਚ ਨਿਸ਼ਾਨ, ਸਤਿ ਸਤਿਵਾਦੀ ਆਪ ਉਠਾਈਆ । ਜੀਵਾਂ ਜੰਤਾਂ ਦੇਵੇ ਇਕ ਗਿਆਨ, ਆਤਮ ਬ੍ਰਹਮ ਬ੍ਰਹਮ ਪੜ੍ਹਾਈਆ । ਚਰਨ ਕਵਲ ਹਰਿ ਧਿਆਨ, ਦੂਸਰ ਇਸ਼ਟ ਨਾ ਕੋਇ ਰਖਾਈਆ । ਮੁਸਲਿਮ ਹਿੰਦੂ ਸਿੱਖ ਈਸਾਈ ਵਖਾਏ ਇਕ ਮਕਾਨ, ਸਾਚਾ ਮੰਦਰ ਇਕ ਉਪਾਈਆ । ਅੱਠੇ ਪਹਿਰ ਵਸੇ ਭਗਵਾਨ, ਵਿਛੜ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸਮਾਂ ਆਪ ਵਰਤਾਈਆ । ਸੱਚਾ ਸਮਾਂ ਵਰਤੇ ਕਹਿਰ, ਗਹਿਰ ਗੰਭੀਰ ਵਰਤਾਇੰਦਾ । ਕਲਜੁਗ ਤੇਰੀ ਸੱਚੀ ਲਹਿਰ, ਲਹਿਰ ਲਹਿਰਾਂ ਵਿਚ ਮਿਲਾਇੰਦਾ । ਜੂਠ ਝੂਠ ਵਿਖ ਬਣਿਆ ਜ਼ਹਿਰ, ਅੰਮ੍ਰਿਤ ਜਾਮ ਨਾ ਕੋਇ ਪਿਆਇੰਦਾ । ਮਾਇਆ ਮਮਤਾ ਅਗਨੀ ਬਣੀ ਦੁਪਹਿਰ, ਸਾਂਤਕ ਸਤਿ ਨਾ ਕੋਇ ਕਰਾਇੰਦਾ । ਜੂਠਾ ਝੂਠਾ ਖੇੜਾ ਢਹੇ ਨਗਰ ਸ਼ਹਿਰ, ਜਗਤ ਗਰਾਂ ਨਾ ਕੋਇ ਵਖਾਇੰਦਾ । ਜਿਸ ਜਨ ਉਪਰ ਕਰੇ ਆਪਣੀ ਮਿਹਰ, ਸੋ ਜਨ ਆਪਣੇ ਸੰਗ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭਾਣਾ ਆਪ ਵਰਤਾਇੰਦਾ । ਹਰਿ ਭਾਣਾ ਬਲਵਾਨ, ਨਾ ਕੋਈ ਮੇਟੇ ਮੇਟ ਮਿਟਾਈਆ । ਜੁਗ ਜੁਗ ਢੌਂਦਾ ਆਇਆ ਨਿਸ਼ਾਨ, ਗੜ੍ਹ ਹੰਕਾਰ ਕਰੇ ਸਫ਼ਾਈਆ । ਜਨ ਭਗਤਾਂ ਦੇਂਦਾ ਆਇਆ ਦਾਨ, ਸਾਚੀ ਭਗਤੀ ਝੋਲੀ ਪਾਈਆ । ਸੰਤਾਂ ਬਖ਼ਸ਼ੇ ਏਕਾ ਮਾਣ, ਚਰਨ ਕਵਲ ਸੱਚੀ ਸਰਨਾਈਆ । ਗੁਰਮੁਖਾਂ ਦੇਵੇ ਇਕ ਗਿਆਨ, ਨਿਸ਼ਅੱਖਰ ਕਰ ਪੜ੍ਹਾਈਆ । ਗੁਰਸਿਖਾਂ ਰਖਾਏ ਇਕ ਧਿਆਨ, ਧਿਆਨ ਧਿਆਨ ਵਿਚ ਲਗਾਈਆ । ਵੀਹ ਸੌ ਵੀਹ ਬਿਕ੍ਰਮੀ ਹੋਏ ਆਪ ਪਰਧਾਨ, ਪੰਦਰਾਂ ਕੱਤਕ ਰੁੱਤ ਸੁਹਾਈਆ । ਰਾਸ਼ਟਰਪਤ ਉਠਾਇਆ ਆਪ ਭਗਵਾਨ, ਦੇ ਮਤ ਸਮਝਾਈਆ । ਸਤਿਜੁਗ ਝੁਲਣਾ ਇਕ ਨਿਸ਼ਾਨ, ਸੱਤ ਰੰਗ ਰੂਪ ਵਖਾਈਆ । ਆਪ ਬਣਾਏ ਇਕ ਵਿਧਾਨ, ਨਵ ਨੌਂ ਦੇਵੇ ਸਚ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰੇ ਸੋਭਾ ਪਾਈਆ । ਬੀਸ ਬੀਸਾ ਸੋਭਾਵੰਤ, ਸੋ ਪੁਰਖ ਨਿਰੰਜਣ ਆਪ ਅਖਵਾਇੰਦਾ । ਨੌਂ ਖੰਡ ਪ੍ਰਿਥਮੀ ਬਣਾਏ ਬਣਤ, ਸਾਚਾ ਮੰਤਰ ਨਾਮ ਦ੍ਰਿੜਾਇੰਦਾ । ਭੇਵ ਖੁਲ੍ਹਾਏ ਜੀਵ ਜੰਤ, ਜਾਗਰਤ ਜੋਤ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਲੇਖਾ ਆਪ ਮੁਕਾਇੰਦਾ । ਕਲਜੁਗ ਲੇਖਾ ਜਾਣਾ ਚੁੱਕ, ਬੀਸ ਬੀਸਾ ਰਿਹਾ ਕੁਰਲਾਈਆ । ਲੱਖ ਚੁਰਾਸੀ ਬੂਟਾ ਜਾਣਾ ਸੁੱਕ, ਬਿਨ ਹਰਿ ਨਾਮੇ ਹਰਿਆ ਸਿੰਚ ਨਾ ਕੋਇ ਕਰਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਜੋ ਬੈਠਾ ਰਿਹਾ ਲੁਕ, ਕਲਜੁਗ ਅੰਤਮ ਨਿਰਗੁਣ ਜੋਤ ਕਰੇ ਰੁਸ਼ਨਾਈਆ । ਨਿਰਵੈਰ ਹੋ ਕੇ ਰਿਹਾ ਬੁੱਕ, ਕਲਜੁਗ ਜੰਗਲ ਵਿਚ ਸਿੰਘ ਸ਼ੇਰ ਏਕਾ ਭਬਕ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣਾ ਸਮਾਂ ਆਪ ਵਰਤਾਈਆ । ਸਮਾਂ ਵਰਤੇ ਕਲਜੁਗ ਜਗ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਜੀਵ ਜੰਤ ਹੋਏ ਕਗ, ਹੰਸ ਰੂਪ ਨਾ ਕੋਇ ਵਖਾਇੰਦਾ । ਹਉਮੇ ਅਗਨੀ ਰਹੇ ਮਘ, ਅੰਮ੍ਰਿਤ ਮੇਘ ਨਾ ਕੋਇ ਬਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣੀ ਧਾਰ ਆਪ ਚਲਾਇੰਦਾ । ਚਲੇ ਧਾਰ ਧਰਨੀ ਧਰਤ ਧਵਲ, ਆਕਾਸ਼ ਪਰਕਾਸ਼ ਸਮਾਈਆ । ਲੱਖ ਚੁਰਾਸੀ ਹੋਈ ਬਵਲ, ਸਾਚਾ ਰੂਪ ਨਾ ਕੋਇ ਵਖਾਈਆ । ਅੰਮ੍ਰਿਤ ਦਿਸੇ ਨਾ ਕਿਸੇ ਕਵਲ, ਨਾਭੀ ਨਾਭ ਨਾ ਕੋਇ ਉਲਟਾਈਆ । ਨਜ਼ਰ ਨਾ ਆਏ ਸਾਵਲ ਸਵਲ, ਮੁਕੰਦ ਮਨੋਹਰ ਲਖਮੀ ਨਰਾਇਣ ਬੈਠਾ ਮੁਖ ਛੁਪਾਈਆ । ਜੋਤੀ ਜੋਤ ਸਰੂਪ

੧੧੨੫
੧੦

ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸਮਾਂ ਜਗਤ ਗੇੜਾ ਜੁਗ ਜੁਗ ਆਪ ਗਿੜਾਈਆ । ਜੁਗ ਜੁਗ ਗੇੜਾ ਹੱਥ ਕਰਤਾਰ, ਆਦਿ ਜੁਗਾਦਿ ਗੜਾਇੰਦਾ । ਕਲਜੁਗ ਅੰਤਮ ਕਰੇ ਖ਼ਵਾਰ, ਧੀਰਜ ਧੀਰ ਨਾ ਕੋਇ ਰਖਾਇੰਦਾ । ਨੇਤਰ ਰੋਵੇ ਪੁਰਖ ਨਾਰ, ਨਾਰ ਕੰਤ ਸਤਿ ਨਾ ਕੋਇ ਵਰਤਾਇੰਦਾ । ਉਨੀ ਬੀਸ ਮਾਰੇ ਮਾਰ, ਜਗਦੀਸ ਹੁਕਮ ਚਲਾਇੰਦਾ । ਸ਼ਾਹ ਸੁਲਤਾਨ ਬਣਨ ਭਿਖਾਰ, ਦਰ ਮੰਗਣ ਭਿਖ ਨਾ ਪਾਇੰਦਾ । ਕਰੇ ਖੇਲ ਅਗੰਮ ਅਪਾਰ, ਕ਼ੁਦਰਤ ਕ਼ਾਦਰ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੋ ਘੜਿਆ ਭੰਨ ਵਖਾਇੰਦਾ । ਪੁਰਖ ਅਕਾਲ ਰੱਖਣੀ ਓਟ, ਦੂਸਰ ਅਵਰ ਨਾ ਕੋਇ ਵਡਿਆਈਆ । ਇਸ਼ਟ ਰਖੌਣਾ ਨਿਰਮਲ ਜੋਤ, ਨਿਰਵੈਰ ਇਕ ਧਿਆਈਆ । ਸ਼ਬਦ ਬਣਾਏ ਕਿਲਾ ਕੋਟ, ਹਰਿਜਨ ਸਾਚੇ ਲਏ ਵਸਾਈਆ । ਝੂਠੀ ਕੱਢਣੀ ਵਾਸਨਾ ਖੋਟ, ਮਾਇਆ ਮਮਤਾ ਮੋਹ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਧ ਸੰਗਤ ਰਿਹਾ ਸਮਝਾਈਆ । ਸਾਧ ਸੰਗਤ ਸਾਚਾ ਮੇਲਾ, ਸਤਿ ਪੁਰਖ ਨਿਰੰਜਣ ਆਪ ਕਰਾਇੰਦਾ । ਏਕਾ ਰੰਗ ਰੰਗਾਏ ਗੁਰੂ ਗੁਰ ਚੇਲਾ, ਗੁਰ ਗੋਬਿੰਦ ਵੇਖ ਵਖਾਇੰਦਾ । ਚਾਰ ਵਰਨ ਸੱਜਣ ਸੁਹੇਲਾ, ਜ਼ਾਤ ਪਾਤ ਨਾ ਵੰਡ ਵੰਡਾਇੰਦਾ । ਲੱਖ ਚੁਰਾਸੀ ਆਪਣੇ ਹੱਥ ਰੱਖੇ ਵੇਲਾ, ਵੇਲਾ ਵਕਤ ਨਾ ਕਿਸੇ ਜਣਾਇੰਦਾ । ਅਚਰਜ ਖੇਲ ਪਾਰਬ੍ਰਹਮ ਕਲਜੁਗ ਆਪੇ ਖੇਲਾ, ਰੂਪ ਅਨੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਦ੍ਰਿੜਾਇੰਦਾ । ਸਾਚੀ ਸਿਖਿਆ ਸ੍ਰੀ ਭਗਵਾਨ, ਏਕਾ ਏਕ ਜਣਾਈਆ । ਆਤਮ ਅੰਤਰ ਇਕ ਗਿਆਨ, ਆਤਮ ਬ੍ਰਹਮ ਕਰੇ ਪੜ੍ਹਾਈਆ । ਦੂਈ ਦਵੈਤ ਮਿਟੇ ਨਿਸ਼ਾਨ, ਮਾਇਆ ਮੋਹ ਨਾ ਕੋਇ ਰਖਾਈਆ । ਹਉਮੇ ਹੰਗਤਾ ਨਾ ਕੋਇ ਅਭਿਮਾਨ, ਨਿਵਣ ਸੁ ਅੱਖਰ ਇਕ ਪੜ੍ਹਾਈਆ । ਅੱਠੇ ਪਹਿਰ ਹਰਿ ਧਿਆਨ, ਸੁਰਤੀ ਸ਼ਬਦ ਮਿਲਾਈਆ । ਨੌਂ ਦਵਾਰੇ ਝੂਠ ਦੁਕਾਨ, ਜੂਠਾ ਨਾਤਾ ਤੋੜ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਮ ਲੇਖਾ ਦਏ ਵਖਾਈਆ । ਸਾਚਾ ਲੇਖਾ ਹਰਿ ਭਗਵੰਤ, ਸਾਧ ਸੰਗਤ ਜਣਾਵਣਾ । ਏਕਾ ਮਿਲਣਾ ਹਰਿ ਜੂ ਕੰਤ, ਗੁਰਮੁਖ ਨਾਰੀ ਰੂਪ ਵਟਾਵਣਾ । ਹੋਏ ਸਹਾਈ ਆਦਿ ਅੰਤ, ਏਥੇ ਓਥੇ ਗੋਦ ਰਖਾਵਣਾ । ਦੇਵੇ ਵਡਿਆਈ ਲੱਖ ਚੁਰਾਸੀ ਵਿਚੋਂ ਜੀਵ ਜੰਤ, ਸਿਰ ਆਪਣਾ ਹੱਥ ਟਿਕਾਵਣਾ । ਏਕਾ ਨਾਉਂ ਮਣੀਆ ਮੰਤ, ਰਸਨਾ ਜੇਹਵਾ ਹਰਿ ਹਰਿ ਗਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅੰਤ ਪਕੜੇ ਦਾਮਨਾ । ਆਦਿ ਅੰਤ ਪਕੜੇ ਦਾਮਨ, ਸਤਿਗੁਰ ਪੂਰੇ ਹੱਥ ਵਡਿਆਈਆ । ਕਲਜੁਗ ਮੇਟੇ ਰੈਣ ਅੰਧੇਰੀ ਸ਼ਾਮਨ, ਅੰਧ ਅੰਧੇਰ ਦਏ ਗਵਾਈਆ । ਨੇੜ ਨਾ ਆਏ ਕਾਮਨੀ ਕਾਮਨ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਕੋਇ ਹਲਕਾਈਆ । ਆਪੇ ਹੋਏ ਗੁਰਸਿਖ ਤੇਰਾ ਜ਼ਾਮਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕ ਜਣਾਈਆ । ਸਾਚਾ ਮਾਰਗ ਹਰਿ ਕਾ ਪੰਥ, ਗੁਰ ਗੁਰ ਰੂਪ ਜਣਾਇਆ । ਸਿਖਿਆ ਦੇਵੇ ਗੁਰੂ ਗ੍ਰੰਥ, ਗੁਰ ਅਰਜਣ ਮੇਲ ਮਿਲਾਇਆ । ਨਾਨਕ ਨਾਦ ਵਜਾਇਆ ਸੰਖ, ਨਾਦ ਧੁੰਨ ਸ਼ਨਵਾਇਆ । ਅੰਗਦ ਪਾਇਆ ਘਰ ਭਗਵੰਤ, ਅਮਰ ਮੇਲਾ ਸਹਿਜ ਸੁਭਾਇਆ । ਰਾਮ ਦਾਸ ਮਿਲਿਆ ਸੁਹਾਗੀ ਕੰਤ, ਘਰ ਸਾਚੀ ਸੇਜ ਹੰਢਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਤਰਾਇਆ । ਹਰਿਜਨ ਸਿਮਰੇ ਨਾਮ ਏਕ, ਏਕੇ ਹੱਥ ਵਡਿਆਈਆ । ਨਾਨਕ ਗੋਬਿੰਦ ਸਾਚੀ ਟੇਕ, ਰਾਮ ਕ੍ਰਿਸ਼ਨ ਸਮਝਾਈਆ । ਈਸਾ ਮੂਸਾ

ਲਿਖਿਆ ਲੇਖ, ਮੁਹੰਮਦ ਵੇਸ ਵਟਾਈਆ । ਜੁਗਾ ਜੁਗੰਤਰ ਰਿਹਾ ਵੇਖ, ਸਾਚੇ ਤਖ਼ਤ ਬੈਠਾ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਤੱਤ ਦਏ ਵਖਾਈਆ । ਏਕਾ ਤੱਤ ਸ਼ਬਦ ਗਿਆਨ, ਗੁਰ ਮੰਤਰ ਨਾਮ ਦ੍ਰਿੜਾਇੰਦਾ । ਅੱਠੇ ਪਹਿਰ ਸ੍ਰੀ ਭਗਵਾਨ, ਹਰਿਜਨ ਸਾਚੇ ਵੇਖ ਵਖਾਇੰਦਾ । ਲੇਖਾ ਜਾਣੇ ਦੋ ਜਹਾਨ, ਅਭੁਲ ਭੁਲ ਕਦੇ ਨਾ ਜਾਇੰਦਾ । ਕਲਜੁਗ ਅੰਤਮ ਦੇਵੇ ਮਾਣ, ਜੋ ਜਨ ਚਰਨ ਧਿਆਨ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਵਰਨ ਏਕਾ ਰੰਗ ਰੰਗਾਇੰਦਾ । ਚਾਰ ਵਰਨ ਏਕਾ ਰੰਗ, ਹਰਿ ਸਾਚਾ ਆਪ ਰੰਗਾਈਆ । ਸ਼ਬਦ ਡੋਰੀ ਨਾਮ ਪਤੰਗ, ਸੁਰਤੀ ਸੁਰਤ ਆਪ ਬੰਧਾਈਆ । ਹੱਥ ਰਖਾਏ ਚੰਡ ਪਰਚੰਡ, ਨਾਮ ਖੰਡਾ ਇਕ ਚਮਕਾਈਆ । ਗੁਰਸਿਖ ਆਤਮ ਨਾ ਹੋਏ ਰੰਡ, ਗੁਰ ਸ਼ਬਦੀ ਲਏ ਪਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਸੁਹੇਲਾ ਹੋਏ ਬਖ਼ਸ਼ੰਦ, ਬਖ਼ਸ਼ਿਸ਼ ਆਪਣੀ ਆਪ ਵਰਤਾਈਆ ।

★ ੧੯ ਭਾਦਰੋਂ ੨੦੧੮ ਬਿਕ੍ਰਮੀ ਨਛੱਤਰ ਸਿੰਘ ਦੇ ਗ੍ਰਹਿ ਪਿੰਡ ਦੋਰਾਹਾ ਜ਼ਿਲਾ ਲੁਧਿਆਣਾ ★

ਹਰਿ ਕਾ ਨਾਉਂ ਸਾਚਾ ਸੁਖ, ਆਦਿ ਜੁਗਾਦਿ ਜਣਾਇੰਦਾ । ਉਜਲ ਕਰੇ ਹਰਿਜਨ ਮੁਖ, ਅੰਤਰ ਆਤਮ ਜੋ ਧਿਆਇੰਦਾ । ਹਉਮੇ ਰੋਗ ਮਿਟੇ ਦੁੱਖ, ਮਾਇਆ ਮਮਤਾ ਮੋਹ ਜਲਾਇੰਦਾ । ਪੰਚ ਵਿਕਾਰਾ ਕੱਢੇ ਕੁੱਟ, ਕਾਮ ਕਰੋਧ ਲੋਭ ਮੋਹ ਹੰਕਾਰ ਨੇੜ ਨਾ ਆਇੰਦਾ । ਇਕ ਜਗਾਏ ਨਿਰਮਲ ਜੋਤ, ਜੋਤ ਨਿਰੰਜਣ ਡਗਮਗਾਇੰਦਾ । ਤਨ ਨਗਾਰੇ ਲਾਏ ਚੋਟ, ਅਨਹਦ ਨਾਦੀ ਨਾਦ ਵਜਾਇੰਦਾ । ਜੂਠ ਝੂਠ ਕੱਢੇ ਖੋਟ, ਜਿਸ ਜਨ ਆਪਣੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਤਮ ਸੁਖ ਇਕ ਵਖਾਇੰਦਾ । ਆਤਮ ਸੁਖ ਕਾਇਆ ਅੰਦਰ, ਘਰ ਘਰ ਵਿਚ ਮਿਲੇ ਵਡਿਆਈਆ । ਤ੍ਰੈਗੁਣ ਮਾਇਆ ਤੋੜੇ ਜੰਦਰ, ਦੂਈ ਦਵੈਤੀ ਪਰਦਾ ਲਾਹੀਆ । ਮਨ ਪੰਖੇਰੂ ਬੰਨ੍ਹੇ ਬੰਦਰ, ਸ਼ਬਦ ਡੋਰੀ ਬੰਧਨ ਪਾਈਆ । ਕਰੇ ਪਰਕਾਸ਼ ਡੂੰਘੀ ਕੰਦਰ, ਦੀਵਾ ਬਾਤੀ ਇਕ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸੁਖ ਦਏ ਸਮਝਾਈਆ । ਸਾਚਾ ਸੁਖ ਕਾਇਆ ਗੜ੍ਹ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਗੁਰਮੁਖ ਵਿਰਲਾ ਵੇਖੇ ਅੰਦਰ ਵੜ, ਜਿਸ ਜਨ ਆਪਣੀ ਬੂਝ ਬੁਝਾਇੰਦਾ । ਮਾਇਆ ਅਗਨੀ ਨਾ ਜਾਏ ਸੜ, ਤਤਵ ਤਤ ਨਾ ਕੋਇ ਰਖਾਇੰਦਾ । ਬੰਦ ਕਿਵਾੜੀ ਖੋਲ੍ਹੇ ਦਰ, ਦਰ ਦਰਬਾਰਾ ਆਪ ਸੁਹਾਇੰਦਾ । ਦਰਸ ਦਿਖਾਏ ਨਰਾਇਣ ਨਰ, ਨਰ ਹਰਿ ਆਪਣਾ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸੁਖ ਇਕ ਸਮਝਾਇੰਦਾ । ਸਾਚਾ ਸੁਖ ਆਤਮ ਸ਼ਾਂਤ, ਗੁਰ ਚਰਨ ਚਰਨ ਚਿਤ ਲਾਇਆ । ਚਰਨ ਕਵਲ ਸਾਚਾ ਨਾਤ, ਬੰਧਨ ਬੰਧਕ ਏਕਾ ਪਾਇਆ । ਜਗਤ ਵਿਕਾਰਾ ਹੋਏ ਨਾਸ, ਆਸਾ ਤ੍ਰਿਸਨਾ ਦਏ ਜਲਾਇਆ । ਘਰ ਵਿਚ ਘਰ ਕਰੇ ਪਰਕਾਸ਼, ਬ੍ਰਹਿਮੰਡ ਖੰਡ ਆਪਣਾ ਖੇਲ ਖਿਲਾਇਆ । ਦੇਵੇ ਦਰਸ ਪੁਰਖ ਅਬਿਨਾਸ਼, ਜੋਤੀ ਜਾਤਾ ਡਗਮਗਾਇਆ । ਗ੍ਰਹਿ ਮੰਦਰ ਪਾਵੇ ਰਾਸ, ਗੋਪੀ ਕਾਹਨ ਨਾਚ ਨਚਾਇਆ । ਹਰਿਜਨ ਪੂਰੀ ਕਰੇ ਆਸ, ਤ੍ਰਿਸਨਾ ਭੁੱਖ ਨਾ ਕੋਇ ਵਖਾਇਆ । ਸਾਹਿਬ ਦਿਆਲ ਸਦ ਵਸੇ ਪਾਸ, ਵਿਛੜ ਕਦੇ ਨਾ ਜਾਇਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਸਾਚਾ ਸੁਖ ਆਪਣੇ ਹੱਥ ਰਖਾਇਆ । ਸਾਚਾ ਸੁਖ ਪੰਜ ਤੱਤ, ਘਰ ਘਰ ਵਿਚ ਆਪ ਪਰਗਟਾਈਆ । ਬਹੱਤਰ ਨਾੜ ਨਾ ਉਬਲੇ ਰਤ, ਰਤੀ ਰਤ ਦਏ ਸੁਕਾਈਆ । ਏਕਾ ਦੇਵੇ ਬ੍ਰਹਮ ਮਤ, ਜਗਤ ਵਿਦਿਆ ਨਾ ਕੋਇ ਪੜ੍ਹਾਈਆ । ਸ਼ਬਦ ਚੜ੍ਹਾਏ ਸਾਚੇ ਰਥ, ਰਥ ਰਥਵਾਹੀ ਸੇਵ ਕਮਾਈਆ । ਡੂੰਘੀ ਕੰਦਰ ਮਹਿਮਾ ਸੁਣਾਏ ਅਕਥ, ਨਾਦ ਅਨਾਦੀ ਧੁਨ ਵਜਾਈਆ । ਗੁਰਮੁਖ ਵਿਰਲੇ ਮਾਰਗ ਦੱਸ, ਸਾਚੇ ਮਾਰਗ ਆਪੇ ਲਾਈਆ । ਹਿਰਦੇ ਅੰਦਰ ਹਰਿ ਜੂ ਵਸ, ਹਰਿ ਕਾ ਨਾਮ ਦਏ ਸਮਝਾਈਆ । ਅੰਮ੍ਰਿਤ ਝਿਰਨਾ ਝਿਰਾਏ ਸਾਚਾ ਰਸ, ਨਿਝਰ ਆਪਣੀ ਧਾਰ ਵਹਾਈਆ । ਜਿਸ ਜਨ ਕਰੇ ਪੂਰੀ ਆਸ, ਨਿਰਾਸਾ ਜਗਤ ਨਾ ਕੋਇ ਵਖਾਈਆ । ਸਾਚਾ ਸੁਖ ਸਤਿਗੁਰ ਚਰਨ ਪਾਸ, ਦੂਸਰ ਦਰ ਨਾ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਸੰਗ ਆਪ ਰਖਾਈਆ । ਮਨ ਪੰਖੀ ਸ਼ਬਦ ਡੋਰ, ਬੰਦੀ ਬੰਧਨ ਆਪੇ ਪਾਇੰਦਾ । ਨਾਤਾ ਤੋੜੇ ਪੰਜ ਚੋਰ, ਠਗ ਕੋਇ ਨਜ਼ਰ ਨਾ ਆਇੰਦਾ । ਕਰੇ ਪਰਕਾਸ਼ ਅੰਧ ਘੋਰ, ਗਿਆਨ ਗਿਆਨ ਵਿਚ ਰਖਾਇੰਦਾ । ਮਨ ਮਤ ਦੇਵੇ ਹੋੜ, ਗੁਰ ਮਤ ਇਕ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਬੁੱਧੀ ਆਪ ਜਣਾਇੰਦਾ । ਸਾਚੀ ਬੁੱਧੀ ਹੋਏ ਬਿਬੇਕ, ਗੁਰ ਸਤਿਗੁਰ ਓਟ ਤਕਾਈਆ । ਪਾਰਬ੍ਰਹਮ ਜਨ ਰਾਖੇ ਟੇਕ, ਨਿਵਣ ਸੁ ਅੱਖਰ ਇਕ ਸਮਝਾਈਆ । ਜਗਤ ਮਾਇਆ ਨਾ ਲਾਏ ਸੇਕ, ਤ੍ਰੈਭਵਨ ਧਨੀ ਹੋਏ ਸਹਾਈਆ । ਘਰ ਵਿਚ ਘਰ ਲੈਣਾ ਵੇਖ, ਗ੍ਰਿਹ ਮੰਦਰ ਹੋਏ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੁਧ ਬਿਬੇਕੀ ਆਪ ਕਰਾਈਆ । ਬੁਧ ਬਿਬੇਕੀ ਹੋਏ ਸਿਧ, ਸਾਂਤਕ ਸਤਿ ਸਤਿ ਵਰਤਾਇੰਦਾ । ਆਪੇ ਜਾਣੇ ਆਪਣੀ ਬਿਧ, ਗੁਰਮੁਖ ਸਾਚੇ ਆਪ ਸਮਝਾਇੰਦਾ । ਤੀਰ ਨਿਰਾਲਾ ਮਾਰੇ ਜਗਤ ਵਿਕਾਰਾ ਜਾਏ ਵਿਧ, ਪਾਰ ਕਿਨਾਰਾ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕ ਵਖਾਇੰਦਾ । ਸਾਚਾ ਮਾਰਗ ਔਖਾ ਘਾਟ, ਦੁਰਾਡਾ ਪੰਧ ਰਹਿਣ ਨਾ ਪਾਈਆ । ਜਿਸ ਜਨ ਮਿਲੇ ਪੁਰਖ ਸਮਰਾਥ, ਚਿੰਤਾ ਸੋਗ ਰਹੇ ਨਾ ਰਾਈਆ । ਆਦਿ ਜੁਗਾਦਿ ਨਿਭਾਏ ਸਗਲਾ ਸਾਥ, ਸਗਲਾ ਸੰਗ ਆਪ ਹੋ ਜਾਈਆ । ਹਰਿਜਨ ਸਾਚੇ ਆਪੇ ਕਾਢ, ਲੱਖ ਚੁਰਾਸੀ ਵਿਚੋਂ ਲਏ ਤਰਾਈਆ । ਆਪ ਲਡਾਏ ਸਾਚਾ ਲਾਡ, ਜਿਉਂ ਬਾਲਕ ਮਾਤਾ ਗੋਦ ਸਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੁਧ ਬਿਬੇਕ ਜਾਣੇ ਅੰਤਰ, ਬਿਨ ਰਸਨਾ ਜੇਹਵਾ ਜਪਾਏ ਮੰਤਰ, ਨਿਸ਼ਅੱਖਰ ਕਰ ਪੜ੍ਹਾਈਆ । ਸਾਚਾ ਮੰਤਰ ਆਤਮ ਜਾਪ, ਰਸਨਾ ਜਿਹਵਾ ਨਾ ਕੋਇ ਹਿਲਾਇੰਦਾ । ਤ੍ਰੈਗੁਣ ਮਾਇਆ ਨਾ ਚੜ੍ਹੇ ਤਾਪ, ਸੰਤਾਪ ਨੇੜ ਕੋਇ ਨਾ ਆਇੰਦਾ । ਕੋਟਨ ਕੋਟ ਜਨਮ ਦੇ ਉਤਾਰੇ ਪਾਪ, ਜਿਸ ਜਨ ਆਪਣਾ ਦਰਸ ਦਿਖਾਇੰਦਾ । ਇਕ ਵਖਾਏ ਸਾਚਾ ਹਾਟ, ਚੌਦਾਂ ਲੋਕ ਮੁਖ ਸ਼ਰਮਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕੱਟਦਾ ਆਇਆ ਵਾਟ, ਕਲਜੁਗ ਅੰਤਮ ਵੇਸ ਵਟਾਇੰਦਾ । ਲੱਖ ਚੁਰਾਸੀ ਆਤਮ ਸੇਜਾ ਸੁੱਤਾ ਖਾਟ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੀ ਧਾਰ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਸਾਚਾ ਵਰ, ਤਿਸ ਜਨ ਆਪਣੀ ਬੂਝ ਬੁਝਾਇੰਦਾ । ਬੁਧ ਬਿਬੇਕ ਕਰੇ ਕਰਤਾਰ, ਸਿਰ ਆਪਣਾ ਹੱਥ ਟਿਕਾਈਆ । ਮਤ ਮਤਵਾਲੀ ਨਾ ਹੋਏ ਖ਼ੁਆਰ, ਏਕਾ ਤੱਤ ਜਣਾਈਆ । ਮਨ ਮਨੂਆ ਨਾ ਕੋਇ ਹੰਕਾਰ, ਹਉਮੇ ਗੜ੍ਹ ਦਏ ਤੁੜਾਈਆ । ਏਕਾ ਦੇਵੇ ਨਾਮ ਸ਼ਬਦ ਧੁੰਨਕਾਰ, ਅੱਠੇ ਪਹਿਰ ਨਾਦ ਸੁਣਵਾਈਆ । ਨਿਰਗੁਣ

੧੧੨੯
੧੦

ਜੋਤ ਨੂਰ ਉਜਿਆਰ, ਜੋਤ ਨਿਰੰਜਣ ਡਗਮਗਾਈਆ । ਨਾਤਾ ਤੁਟੇ ਸਰਬ ਸੰਸਾਰ, ਸਤਿਗੁਰ ਪੂਰਾ ਬੰਧਨ ਪਾਈਆ । ਅੰਮ੍ਰਿਤ ਆਤਮ ਦੇਵੇ ਠੰਡਾ ਠਾਰ, ਨਿਝਰ ਝਿਰਨਾ ਇਕ ਝਿਰਾਈਆ । ਆਪੇ ਖੋਲ੍ਹੇ ਬੰਦ ਕਿਵਾੜ, ਬਜਰ ਕਪਾਟੀ ਤੋੜ ਤੁੜਾਈਆ । ਘਰ ਵਿਚ ਘਰ ਦਏ ਵਖਾਲ, ਆਤਮ ਬ੍ਰਹਮ ਕਰ ਰੁਸ਼ਨਾਈਆ । ਪਾਰਬ੍ਰਹਮ ਪ੍ਰਭ ਦੀਨ ਦਿਆਲ, ਈਸ਼ ਜੀਵ ਕਰੇ ਕੁੜਮਾਈਆ । ਸੁਰਤੀ ਸ਼ਬਦੀ ਚਲੇ ਨਾਲ ਨਾਲ, ਵਿਛੜ ਕਦੇ ਨਾ ਜਾਈਆ । ਨੇੜ ਨਾ ਆਏ ਕਾਲ ਮਹਾਕਾਲ, ਪ੍ਰਿਤਪਾਲ ਸਹਿਜ ਸੁਖਦਾਈਆ । ਸਾਚਾ ਸੁਖ ਵਖਾਏ ਕਾਇਆ ਸੱਚੀ ਧਰਮਸਾਲ, ਛੱਪਰ ਛੰਨ ਨਾ ਕੋਇ ਛੁਹਾਈਆ । ਸੂਰਜ ਚੰਨ ਹੋਇਣ ਸ਼ਰਮਸਾਰ, ਨੇਤਰ ਨੈਣ ਨਾ ਸਕੇ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸੁਖ ਘਰ ਘਰ ਵਿਚ ਦਏ ਪਰਗਟਾਈਆ । ਸਾਚਾ ਸੁਖ ਸਾਚੇ ਘਰ, ਘਰ ਘਰ ਵਿਚ ਆਪ ਵਖਾਇੰਦਾ । ਜਿਸ ਜਨ ਦੇਵੇ ਆਪਣਾ ਵਰ, ਵਸਤ ਅਮੋਲਕ ਝੋਲੀ ਪਾਇੰਦਾ । ਦੁੱਖ ਰੋਗ ਜਾਇਨ ਹਰਿ, ਸੰਤਾਪ ਨੇੜ ਕੋਇ ਨਾ ਆਇੰਦਾ । ਨਿਰਭਓ ਚੁਕਾਏ ਭੈ ਡਰ, ਭਿਆਨਕ ਰੂਪ ਨਾ ਕੋਇ ਵਖਾਇੰਦਾ । ਮਨ ਮਤ ਬੁਧ ਆਪੇ ਫੜ, ਆਪਣਾ ਬੰਧਨ ਪਾਇੰਦਾ । ਗੁਰਮੁਖ ਵਿਰਲਾ ਵੇਖੇ ਚੜ੍ਹ, ਸਾਚੇ ਪੌੜੇ ਜਿਸ ਚੜ੍ਹਾਇੰਦਾ । ਕਲਜੁਗ ਜੀਵ ਰਹੇ ਸੜ, ਅਗਨੀ ਤੱਤ ਸਰਬ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਾਰ ਕਿਨਾਰਾ ਆਪਣੇ ਹੱਥ ਰਖਾਇੰਦਾ । ਗੁਰਸਿਖ ਅੰਦਰ ਗੁਰ ਕੀ ਰੁਚੀ, ਰਚ ਰਚ ਆਪਣੀ ਖੇਲ ਖਿਲਾਇੰਦਾ । ਹਰਿਜਨ ਏਕਾ ਆਤਮ ਸੁੱਚੀ, ਲੱਖ ਚੁਰਾਸੀ ਪਵਿਤ ਪੁਨੀਤ ਨਾ ਕੋਇ ਕਰਾਇੰਦਾ । ਹਰਿਜਨ ਤੇਰੀ ਵਾਸਨਾ ਉਚੀ, ਦਰ ਘਰ ਸਾਚਾ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪ ਜਣਾਇੰਦਾ । ਆਤਮਾ ਸੁੱਚੀ ਭੁਜ ਕਰਤਾਰ, ਸਤਿ ਸਤਿਵਾਦੀ ਆਪ ਬਣਾਈਆ । ਕਾਗਦ ਕਲਮ ਨਾ ਲਿਖਣਹਾਰ, ਵੇਦ ਕਤੇਬ ਭੇਵ ਨਾ ਆਈਆ । ਹਰਿਜਨ ਮਿਲੇ ਹਰਿ ਦਵਾਰ, ਹਰਿ ਜੂ ਹਰਿ ਕੇ ਪੌੜੇ ਆਪ ਚੜ੍ਹਾਈਆ । ਗ੍ਰਿਹਿ ਮੰਦਰ ਘਟ ਅੰਦਰ ਪਾਵੇ ਸਾਰ, ਨਿਜ ਆਤਮ ਪਰਮਾਤਮ ਮੇਲਾ ਮੇਲ ਮਿਲਾਈਆ । ਪਾਰਬ੍ਰਹਮ ਬ੍ਰਹਮ ਦਏ ਆਧਾਰ, ਈਸ਼ ਜੀਵ ਕਰ ਪਿਆਰ, ਜਗਤ ਜਗਦੀਸ਼ ਹੋਏ ਸਹਾਈਆ । ਰੁੱਚੀ ਕਿਸੇ ਦਿਸ ਨਾ ਆਏ ਵਿਚ ਸੰਸਾਰ, ਪੁਰਖ ਅਕਾਲ ਆਪਣੀ ਰੁਚੀ ਜੁਗ ਜੁਗ ਗੇੜ ਰਿਹਾ ਦੁਆਈਆ । ਜਗਤ ਕਿਰਿਆ ਜਗਤ ਬੰਧਨ, ਪੰਜ ਤੱਤ ਨਾਤਾ ਜੋੜ ਜੁੜਾਈਆ । ਜਿਸ ਜਨ ਮਸਤਕ ਲਾਏ ਨਾਮ ਚੰਦਨ, ਜੋਤ ਲਿਲਾਟ ਕਰੇ ਰੁਸ਼ਨਾਈਆ । ਸ੍ਰਿਸ਼ਟੀ ਪਾਏ ਝੂਠਾ ਬੰਧਨ, ਬੰਦੀ ਤੋੜ ਬੇਪਰਵਾਹੀਆ । ਆਤਮ ਦੇਵੇ ਪਰਮਾਨੰਦਨ, ਦਿਸ ਕਿਸੇ ਨਾ ਆਈਆ । ਅੰਤ ਹੋਏ ਆਪ ਬਖ਼ਸ਼ੰਦਨ, ਰਾਏ ਧਰਮ ਨਾ ਦਏ ਸਜ਼ਾਈਆ । ਲੱਖ ਚੁਰਾਸੀ ਤੁੱਟੇ ਫੰਦਨ, ਜਮ ਕੀ ਫਾਸੀ ਨਾ ਗਲ ਲਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੀ ਗੋਦ ਬਹਾਈਆ । ਜਗਤ ਦੁਖ ਜਗਤ ਸੰਤਾਪ, ਜਗਤ ਜਗਤ ਨਾਲ ਮਿਲਾਇੰਦਾ । ਜਨਮ ਜਨਮ ਦੇ ਮੇਟੇ ਪਾਪ, ਕਰਮ ਕਰਮ ਨਾਲ ਹੰਢਾਇੰਦਾ । ਦਰਸ ਦਿਖਾਏ ਨਿਜ ਆਤਮ ਆਪ, ਸਵੱਛ ਸਰੂਪੀ ਰੂਪ ਵਟਾਇੰਦਾ । ਗੁਰਸਿਖ ਤੇਰਾ ਦਰਗਹਿ ਸਾਚੀ ਕਰੇ ਵਡ ਪਰਤਾਪ, ਅੰਤ ਲੋਕਮਾਤ ਵਡਿਆਇੰਦਾ । ਜੀਵ ਜੰਤ ਜਪਣ ਤੇਰਾ ਜਾਪ, ਕਬੀਰ ਜੁਲਾਹਾ ਉਚੀ ਕੂਕ ਸਰਬ ਸੁਣਾਇੰਦਾ । ਰਵਿਦਾਸ ਚਮਾਰਾ ਵੇਖੇ ਏਕਾ ਬਾਪ, ਪਿਤਾ ਪੂਤ ਗੋਦ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵਖਾਏ ਕਾਇਆ ਜਗਤ ਦੁੱਖ, ਆਤਮ ਅੰਤਰ ਵਖਾਏ ਸਾਚਾ ਸੁਖ, ਸੁਖ ਦਾਤਾ ਆਪ ਹੋ ਜਾਇੰਦਾ ।

## ★ ੧੬ ਭਾਦਰੋਂ ੨੦੧੮ ਬਿਕ੍ਰਮੀ ਹਰੀ ਸਿੰਘ ਦੇ ਗ੍ਰਿਹ ਪਿੰਡ ਮਹਿਮਾ ਸਿੰਘ ਵਾਲਾ ਜ਼ਿਲਾ ਲੁਧਿਆਣਾ ★

ਹਰਿਜਨ ਫੁਲਵਾੜੀ ਰੁੱਤ ਬਸੰਤ, ਆਦਿ ਜੁਗਾਦਿ ਹਰਿ ਲਗਾਇੰਦਾ । ਵੇਖ ਵਖਾਏ ਜੁਗਾ ਜੁਗੰਤ, ਜੁਗ ਕਰਤਾ ਵੇਸ ਵਟਾਇੰਦਾ । ਲੇਖਾ ਜਾਣੇ ਆਦਿ ਅੰਤ, ਬੇਅੰਤ ਖੇਲ ਖਿਲਾਇੰਦਾ । ਗੁਰਮੁਖ ਮੇਲੇ ਸਾਚੇ ਸੰਤ, ਦਰ ਦਵਾਰੇ ਸੋਭਾ ਪਾਇੰਦਾ । ਨਾਮ ਜਣਾਏ ਮਣੀਆ ਮੰਤ, ਮਨ ਕਾ ਮਣਕਾ ਆਪ ਭੁਆਇੰਦਾ । ਗੜ੍ਹ ਤੋੜੇ ਹਉਮੇ ਹੰਗਤ, ਮਾਇਆ ਮਮਤਾ ਮੋਹ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਇੰਦਾ । ਹਰਿਜਨ ਸਾਚਾ ਸੋਭਾਵੰਤ, ਸੋ ਪੁਰਖ ਨਿਰਜੰਣ ਵੇਖ ਵਖਾਇੰਦਾ । ਹਰਿ ਪੁਰਖ ਨਿਰੰਜਣ ਮੀਤ ਮੁਰਾਰਾ ਏਕਾ ਕੰਤ, ਕੰਤ ਕੰਤੂਹਲ ਖੇਲ ਖਿਲਾਇੰਦਾ । ਆਪ ਵਿਰੋਲੇ ਲੱਖ ਚੁਰਾਸੀ ਵਿਚੋਂ ਜੀਵ ਜੰਤ, ਨਾਮ ਮਧਾਣਾ ਏਕਾ ਪਾਇੰਦਾ । ਮਾਨਸ ਮਾਨੁਖ ਬਣਾਏ ਬਣਤ, ਘਾੜਣ ਘੜਨ ਆਪ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਉਪਜਾਇੰਦਾ । ਹਰਿਜਨ ਸਾਚਾ ਸਾਚੀ ਧਾਰ, ਨਿਰਗੁਣ ਸਰਗੁਣ ਆਪ ਪਰਗਟਾਈਆ । ਸਰਗੁਣ ਨਿਰਗੁਣ ਦਏ ਆਧਾਰ, ਨਿਰਗੁਣ ਬਾਤੀ ਜੋਤੀ ਡਗਮਗਾਈਆ । ਅੰਮ੍ਰਿਤ ਬਖ਼ਸ਼ੇ ਠੰਡੀ ਠਾਰ, ਨਿਝਰ ਝਿਰਨਾ ਆਪ ਝਿਰਾਈਆ । ਗ੍ਰਿਹਿ ਮੰਦਰ ਨਾਦ ਧੁੰਨਕਾਰ, ਸ਼ਬਦ ਅਨਾਦੀ ਨਾਦ ਸੁਣਾਈਆ । ਅੰਧ ਅੰਧੇਰ ਦਏ ਨਿਵਾਰ, ਜੋਤ ਨਿਰੰਜਣ ਕਰ ਰੁਸ਼ਨਾਈਆ । ਡੂੰਘੀ ਭਵਰੀ ਪਾਵੇ ਸਾਰ, ਕਾਇਆ ਬੰਕ ਫੋਲ ਫੋਲਾਈਆ । ਸਰ ਸਰੋਵਰ ਦਏ ਨੁਹਾਲ, ਅੰਮ੍ਰਿਤ ਮੇਘ ਆਪ ਬਰਸਾਈਆ । ਭਗਤ ਵਛਲ ਸਦਾ ਕਿਰਪਾਲ, ਦੀਨਨ ਦੀਨ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਉਠਾਈਆ । ਹਰਿਜਨ ਹਰਿ ਜੂ ਆਪ ਉਠਾਉਣਾ, ਆਪ ਆਪਣੀ ਕਿਰਪਾ ਧਾਰ । ਪੂਰਬ ਲਹਿਣਾ ਲੇਖੇ ਪਾਉਣਾ, ਜਨਮਾ ਜਨਮਾ ਪਾਵੇ ਸਾਰ । ਸਾਚਾ ਨਾਮ ਇਕ ਵਰਤਾਉਣਾ, ਨਾਮ ਅਨਮੋਲਾ ਅਗੰਮ ਅਪਾਰ । ਸਾਚੇ ਮੰਦਰ ਆਪ ਟਿਕਾਉਣਾ, ਬੰਦ ਕਿਵਾੜੀ ਖੋਲ੍ਹ ਕਿਵਾੜ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਜਾਏ ਉਭਾਰ । ਹਰਿਜਨ ਸਾਚਾ ਜਾਏ ਉਠ, ਸਤਿਗੁਰ ਪੂਰਾ ਆਪ ਉਠਾਈਆ । ਮਿਹਰਵਾਨ ਪ੍ਰਭ ਜਾਏ ਤੁਠ, ਸਿਰ ਆਪਣਾ ਹੱਥ ਟਿਕਾਈਆ । ਅੰਮ੍ਰਿਤ ਜਾਮ ਪਿਆਏ ਘੁੱਟ, ਨੀਰ ਸੀਰ ਮੁਖ ਚੁਆਈਆ । ਪਰਕਾਸ਼ ਕਰਾਏ ਨਿਰਮਲ ਜੋਤ, ਜੋਤੀ ਜੋਤ ਜੋਤ ਰੁਸ਼ਨਾਈਆ । ਆਸਾ ਤ੍ਰਿਸਨਾ ਕੱਢੇ ਖੋਟ, ਮਾਇਆ ਮਮਤਾ ਮੋਹ ਮਿਟਾਈਆ । ਨਾ ਕੋਈ ਵਰਨ ਨਾ ਕੋਈ ਗੋਤ, ਜ਼ਾਤ ਪਾਤ ਨਾ ਕੋਇ ਰਖਾਈਆ । ਪੰਜ ਤੱਤ ਬਣਾਏ ਕਾਇਆ ਕੋਟ, ਆਤਮ ਬ੍ਰਹਮ ਵਿਚ ਟਿਕਾਈਆ । ਤਨ ਨਗਾਰੇ ਲਾਏ ਚੋਟ, ਅਨਹਦ ਨਾਦੀ ਨਾਦ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਉਪਾਈਆ । ਹਰਿਜਨ ਸਾਚਾ ਹਰਿ ਕਾ ਰੂਪ, ਮਮਤਾ ਮੋਹ ਨਾ ਕੋਇ ਰਖਾਇੰਦਾ । ਨਾਤਾ ਤੋੜੇ ਜੂਠ ਝੂਠ, ਸਚ ਸੁੱਚ ਮੇਲ ਮਿਲਾਇੰਦਾ । ਕਰੇ ਪਰਕਾਸ਼ ਚਾਰੇ ਕੂਟ, ਅੰਧ ਅੰਧੇਰ ਗੁਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਪਰਗਟਾਇੰਦਾ । ਹਰਿਜਨ ਸਾਚਾ ਹਰਿ ਹਰਿ ਰੰਗ, ਆਦਿ ਜੁਗਾਦਿ ਸਮਾਇਆ । ਪਾਰਬ੍ਰਹਮ ਸੂਰਾ ਸਰਬੰਗ, ਪੁਰਖ ਅਬਿਨਾਸ਼ੀ ਖੇਲ ਖਿਲਾਇਆ । ਆਤਮ ਸੇਜਾ ਇਕ ਪਲੰਘ, ਨਿਰਗੁਣ ਸਰਗੁਣ ਆਪ ਸੁਹਾਇਆ । ਅਗੰਮ ਅਗੰਮੜਾ ਵਜਾਏ ਮਰਦੰਗ, ਤਾਰ ਸਿਤਾਰ ਨਾ ਕੋਇ ਹਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਗੁਰਮੁਖ ਸਾਚੇ ਆਪ ਉਠਾਇਆ । ਗੁਰਸਿਖ ਸਾਚਾ ਹਰੀ ਹਰਿ ਜਨ, ਹਰਿ ਮੰਤਰ ਨਾਮ ਦ੍ਰਿੜਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਜੁਗ ਜੁਗ ਭਾਣਾ ਰਿਹਾ ਮੰਨ, ਸਦ ਭਾਣੇ ਵਿਚ ਸਮਾਇੰਦਾ । ਇਕ ਸੁਣਾਏ ਰਾਗ ਕੰਨ, ਦੂਜੀ ਵਿਦਿਆ ਨਾ ਕੋਇ ਪੜ੍ਹਾਇੰਦਾ । ਸਾਚਾ ਦੇਵੇ ਨਾਮ ਧਨ, ਜਗਤ ਖ਼ਜ਼ਾਨਾ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਉਠਾਇੰਦਾ । ਨਾਮ ਖ਼ਜ਼ਾਨਾ ਸਦਾ ਭਰਪੂਰ, ਹਰਿਜਨ ਸਾਚੇ ਆਪ ਵਰਤਾਈਆ । ਆਦਿ ਜੁਗਾਦਿ ਹਾਜ਼ਰ ਹਜ਼ੂਰ, ਵਿਛੜ ਕਦੇ ਨਾ ਜਾਈਆ । ਵਸਣਹਾਰਾ ਨੇੜੇ ਦੂਰ, ਸਵੱਛ ਸਰੂਪੀ ਰੂਪ ਵਟਾਈਆ । ਨਾਤਾ ਤੋੜੇ ਕੂੜੋ ਕੂੜ, ਕਲਜੁਗ ਕੂੜੀ ਕਿਰਿਆ ਦਏ ਖਪਾਈਆ । ਲੱਖ ਚੁਰਾਸੀ ਨੌਂ ਖੰਡ ਪ੍ਰਿਥਮੀ ਮੂਰਖ ਮੁਗਧ ਹੋਈ ਮੂੜ੍ਹ, ਚਾਰ ਵਰਨਾਂ ਪਈ ਲੜਾਈਆ । ਕਿਤੇ ਨਾ ਮਿਲੇ ਸਾਚੀ ਧੂੜ, ਦੁਰਮਤ ਮੈਲ ਨਾ ਕੋਇ ਧੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖੇ ਥਾਉਂ ਥਾਈਆ । ਹਰਿਜਨ ਤੇਰਾ ਥਾਨ ਥਨੰਤਰ, ਥਿਰ ਘਰ ਵਾਸੀ ਵੇਖ ਵਖਾਇੰਦਾ । ਸ੍ਰਿਸ਼ਟ ਸਬਾਈ ਲੱਗੀ ਬਸੰਤਰ, ਅਗਨੀ ਤੱਤ ਸਰਬ ਜਲਾਇੰਦਾ । ਘਰ ਘਰ ਅੰਦਰ ਮਨ ਕਾ ਮੰਤਰ, ਮਨ ਵਾਸਨਾ ਸਰਬ ਕੁਰਲਾਇੰਦਾ । ਕੋਈ ਨਾ ਬਣਾਏ ਸਾਚੀ ਬਣਤਰ, ਆਤਮ ਬ੍ਰਹਮ ਨਾ ਕੋਇ ਵਖਾਇੰਦਾ । ਬੋਧ ਗਿਆਨ ਨਾ ਜਾਣੇ ਕੋਈ ਪੰਡਤ, ਜਗਤ ਵਿਦਿਆ ਸਭ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਇੰਦਾ । ਹਰਿਜਨ ਸਾਚਾ ਵੇਖ ਵਖਾਉਣਾ, ਕਲਜੁਗ ਅੰਤਮ ਧਾਰ । ਪੁਰਖ ਅਬਿਨਾਸ਼ੀ ਖੇਲ ਕਰਾਉਣਾ, ਨਿਰਗੁਣ ਸਰਗੁਣ ਲਏ ਅਵਤਾਰ । ਨਾਮ ਡੰਕਾ ਇਕ ਵਜਾਉਣਾ, ਚਾਰ ਵਰਨਾਂ ਕਰੇ ਖ਼ਬਰਦਾਰ । ਊਚ ਨੀਚ ਰਾਓ ਰੰਕ ਏਕਾ ਰੰਗ ਰੰਗਾਉਣਾ, ਦੂਈ ਦਵੈਤੀ ਪਰਦਾ ਦੇਵੇ ਪਾੜ । ਏਕਾ ਮੰਤਰ ਨਾਮ ਦ੍ਰਿੜਾਉਣਾ, ਸੋ ਪੁਰਖ ਨਿਰੰਜਣ ਇਕ ਕਰਾਏ ਸਚ ਜੈਕਾਰ । ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਏਕਾ ਘਰ ਬਹਾਉਣਾ, ਸਾਚਾ ਮੰਦਰ ਖੋਲ੍ਹੇ ਇਕ ਦਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਸੁਰਤ ਸੰਭਾਲ । ਚਾਰ ਵਰਨ ਏਕਾ ਦਰ, ਪੁਰਖ ਅਬਿਨਾਸ਼ੀ ਆਪ ਖੁਲ੍ਹਾਈਆ । ਕਲਜੁਗ ਅੰਤਮ ਜਾਏ ਹਰ ਸਗਲਾ ਸੰਗ ਨਾ ਕੋਇ ਨਿਭਾਈਆ । ਬਰਨ ਅਠਾਰਾਂ ਆਪਣਾ ਕੀਤਾ ਲੈਣ ਭਰ, ਨੇਤਰ ਨੈਣਾਂ ਨੀਰ ਵਹਾਈਆ । ਜੂਠੇ ਝੂਠੇ ਜਾਇਣ ਹਰ, ਪੱਤ ਡਾਲ੍ਹੀ ਨਜ਼ਰ ਕੋਇ ਨਾ ਆਈਆ । ਮਾਇਆ ਮਮਤਾ ਤੁੱਟੇ ਗੜ੍ਹ, ਹਉਮੇ ਹੰਗਤਾ ਹੋਏ ਸਫ਼ਾਈਆ । ਪਰਗਟ ਹੋਏ ਨਰਾਇਣ ਨਰ, ਨਿਹਕਲੰਕਾ ਨਾਉਂ ਰਖਾਈਆ । ਭਗਤਨ ਮੇਲੇ ਆਪਣੇ ਦਰ, ਦਰ ਦਰਵਾਜ਼ਾ ਇਕ ਵਖਾਈਆ । ਪੂਰਬ ਲਹਿਣਾ ਦੇਵੇ ਫੜ ਫੜ, ਜਨਮ ਕਰਮ ਕਰਮ ਜਨਮ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਸਹਿਜ ਸੁਭਾਈਆ । ਹਰਿਜਨ ਮੇਲਾ ਸਹਿਜ ਸੁਭਾ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਕਲਜੁਗ ਅੰਤਮ ਵੇਸ ਵਟਾ, ਨਿਰਗੁਣ ਆਪਣਾ ਖੇਲ ਖਿਲਾਇੰਦਾ । ਆਦਿ ਜੁਗਾਦਿ ਬੇਪਰਵਾਹ, ਬੇਅੰਤ ਵੇਖ ਵਖਾਇੰਦਾ । ਹਰਿਜਨ ਸਾਚੇ ਮੇਲ ਮਿਲਾ, ਜਨ ਜਨਣੀ ਲੇਖੇ ਲਾਇੰਦਾ । ਏਕਾ ਮਾਰਗ ਦੇਵੇ ਪਾ, ਜ਼ਾਤ ਪਾਤ ਨਾ ਕੋਇ ਰਖਾਇੰਦਾ । ਏਕਾ ਅੱਖਰ ਦਏ ਪੜ੍ਹਾ, ਸੋ ਅੱਖਰ ਆਪ ਉਪਜਾਇੰਦਾ । ਹੰ ਬ੍ਰਹਮ ਦਏ ਜਣਾ, ਪਾਰਬ੍ਰਹਮ ਸੇਵ ਕਮਾਇੰਦਾ । ਨਿਹਕਰਮੀ ਕਰਮ ਕਮਾ, ਕਰਮ ਕਾਂਡ ਮੇਟ ਮਿਟਾਇੰਦਾ । ਵਰਨ ਬਰਨ ਡੇਰਾ ਢਾਹ, ਭਾਂਡਾ ਭਰਮ ਭਓ ਭੰਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,


੧੧੩੧
੧੦

ਹਰਿਜਨ ਸਾਚੇ ਮਾਤ ਬਣਾਇੰਦਾ । ਹਰਿਜਨ ਜਾਣੇ ਹਰਿ ਕਾ ਰੂਪ, ਹਰਿ ਹਰਿ ਵਿਚ ਸਦ ਸਮਾਈਆ । ਆਦਿ ਜੁਗਾਦੀ ਸਤਿ ਸਰੂਪ, ਸਤਿ ਸਤਿਵਾਦੀ ਵੇਖ ਵਖਾਈਆ । ਏਕਾ ਤਾਗਾ ਏਕਾ ਸੂਤ, ਏਕਾ ਬਣਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਤਮ ਬ੍ਰਹਮ ਇਕ ਦਰਸਾਈਆ । ਆਤਮ ਬ੍ਰਹਮ ਬ੍ਰਹਮ ਉਜਿਆਰਾ, ਪਾਰਬ੍ਰਹਮ ਕਰਾਇੰਦਾ । ਘਰ ਘਰ ਅੰਦਰ ਸਚ ਦਵਾਰਾ, ਧੁਰ ਦਰਬਾਰਾ ਆਪ ਵਖਾਇੰਦਾ । ਟੇਢੀ ਬੰਕ ਪਾਰ ਕਿਨਾਰਾ, ਸਾਚਾ ਮਾਰਗ ਆਪ ਜਣਾਇੰਦਾ । ਜੋਤ ਨਿਰੰਜਣ ਕਰ ਉਜਿਆਰਾ, ਗ੍ਰਿਹ ਗ੍ਰਿਹ ਦੀਪਕ ਆਪ ਜਗਾਇੰਦਾ । ਦਿਵਸ ਰੈਣ ਨਾਦ ਧੁੰਨਕਾਰਾ, ਅਨਹਦ ਸ਼ਬਦ ਅਲਾਇੰਦਾ । ਪੰਚਮ ਮਿਲ ਮਿਲ ਮੰਗਲਚਾਰਾ, ਦਰ ਸਾਚੇ ਸੋਭਾ ਪਾਇੰਦਾ । ਹਿੰਦੂ ਮੁਸਲਿਮ ਸਿੱਖ ਈਸਾਈ ਨਾ ਕੋਇ ਵਿਚਾਰਾ, ਈਸ਼ ਜੀਵ ਸਮਝਾਇੰਦਾ । ਕਾਗਦ ਕ਼ਲਮ ਨਾ ਲਿਖਣਹਾਰਾ, ਵੇਦ ਕਤੇਬ ਭੇਦ ਨਾ ਆਇੰਦਾ । ਸ਼ਰਅ ਸ਼ਰੀਅਤ ਮਾਰੇ ਮਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰ ਆਪ ਵਖਾਇੰਦਾ । ਹਰਿ ਕੀ ਧਾਰ ਡੂੰਘਾ ਸਾਗਰ, ਗੁਰਮੁਖ ਵਿਰਲੇ ਬੂਝ ਬੁਝਾਈਆ । ਜਿਸ ਜਨ ਦੇਵੇ ਨਾਮ ਰਤੀ ਰਤਨਾਗਰ, ਰਤਨ ਅਮੋਲਕ ਕਾਇਆ ਗੋਲਕ ਝੋਲੀ ਪਾਈਆ । ਵਣਜ ਕਰਾਏ ਸਚ ਸੌਦਾਗਰ, ਸਾਚੀ ਦਾਤ ਇਕ ਵਖਾਈਆ । ਭਾਗ ਲਗਾਏ ਕਾਇਆ ਗਾਗਰ, ਪੰਜ ਤੱਤ ਕਰ ਰੁਸ਼ਨਾਈਆ । ਚਾਰ ਵਰਨਾਂ ਦੇਵੇ ਆਦਰ, ਹਰਿਜਨ ਬਖ਼ਸ਼ੇ ਸਰਨ ਸਰਨਾਈਆ । ਕਰੇ ਖੇਲ ਕਰੀਮ ਕ਼ਾਦਰ, ਕ਼ੁਦਰਤ ਕਰਤਾ ਵੇਖ ਵਖਾਈਆ । ਰਾਗ ਸੁਣਾਏ ਏਕਾ ਦਾਦਰ, ਦਰੂਦ ਕਰੇ ਪੜ੍ਹਾਈਆ । ਲੇਖਾ ਜਾਣੇ ਪਿਸਰ ਪਿਦਰ ਮਾਦਰ, ਮਿਹਰਬਾਨ ਬੀਦੋ ਇਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਜਗਾਈਆ । ਚਾਰ ਵਰਨ ਹਰਿਜਨ ਟੇਕ, ਏਕਾ ਇਸ਼ਟ ਵਖਾਇੰਦਾ । ਬੁਧੀ ਕਰੇ ਆਪ ਬਿਬੇਕ, ਮੰਤਰ ਗਿਆਨ ਇਕ ਦ੍ਰਿੜਾਇੰਦਾ । ਮਨ ਮਤ ਮੇਟੇ ਰੇਖ, ਗੁਰਮਤ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਬਣਾਇੰਦਾ । ਚਾਰ ਵਰਨ ਪਾਵੇ ਸਾਰ, ਚਾਰੋਂ ਕੁੰਟ ਵੇਖ ਵਖਾਈਆ । ਚੌਥੇ ਜੁਗ ਕਰ ਵਿਚਾਰ, ਚਾਰ ਯਾਰੀ ਫੋਲ ਫੋਲਾਈਆ । ਚਾਰ ਵੇਦਾਂ ਦਏ ਆਧਾਰ, ਚਾਰ ਬਾਣੀ ਕਰੇ ਪੜ੍ਹਾਈਆ । ਚਾਰੇ ਖਾਣੀ ਹੋ ਉਜਿਆਰ, ਜੋਤੀ ਜੋਤ ਜੋਤ ਰੁਸ਼ਨਾਈਆ । ਅੰਡਜ ਜੇਰਜ ਉਤਭੁਜ ਸੇਤਜ ਕਰ ਤਿਆਰ, ਤ੍ਰੈਗੁਣ ਅਤੀਤਾ ਠਾਂਡਾ ਸੀਤਾ ਕਰੇ ਖੇਲ ਬੇਪਰਵਾਹੀਆ । ਸਤਿਜੁਗ ਤ੍ਰੇਤਾ ਦੁਆਪਰ ਚਲਾਈ ਆਪਣੀ ਰੀਤਾ, ਵੇਸ ਅਨੇਕ ਧਰਾਈਆ । ਕਲਜੁਗ ਵੇਲਾ ਅੰਤਮ ਬੀਤਾ, ਪੁਰਖ ਅਬਿਨਾਸ਼ੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵਖਾਏ ਆਪਣਾ ਘਰ, ਦਰ ਘਰ ਸਾਚਾ ਇਕ ਸਮਝਾਈਆ । ਸਾਚਾ ਘਰ ਸਾਚੇ ਤਿੰਨ ਹੱਥ, ਰਵਦਾਸ ਚਮਾਰਾ ਲੇਖ ਲਿਖਾਇੰਦਾ । ਗੁਰਮਖ ਵਿਰਲੇ ਆਵੇ ਹੱਥ, ਲੱਖ ਚੁਰਾਸੀ ਸਰਬ ਕੁਰਲਾਇੰਦਾ । ਜਿਸ ਜਨ ਕਿਰਪਾ ਕਰੇ ਪੁਰਖ ਸਮਰਥ, ਸੋ ਜਨ ਬੂਝ ਬੁਝਾਇੰਦਾ । ਨਜ਼ਰੀ ਆਏ ਘਟ ਘਟ, ਘਟ ਅੰਤਰ ਸੋਭਾ ਪਾਇੰਦਾ । ਭਾਗ ਲਗਾਏ ਕਾਇਆ ਮਟ, ਕੰਚਨ ਗੜ੍ਹ ਆਪ ਵਖਾਇੰਦਾ । ਲੇਖਾ ਜਾਣੇ ਗੰਗਾ ਘਾਟ, ਜਗਤ ਕਸੀਰਾ ਵੇਖ ਵਖਾਇੰਦਾ । ਆਤਮ ਪਰਮਾਤਮ ਬੱਧਾ ਨਾਤ, ਜ਼ਾਤ ਪਾਤ ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਏਕਾ ਬ੍ਰਹਮ ਗਿਆਨ ਸਮਝਾਇੰਦਾ । ਏਕਾ ਬ੍ਰਹਮ ਇਕ ਗਿਆਨਾ, ਏਕਾ ਅੱਖਰ ਕਰੇ ਪੜ੍ਹਾਈਆ । ਏਕਾ

੧੧੩੩ ੧੦

ਘਰ ਇਕ ਮਕਾਨਾ, ਏਕਾ ਬੈਠਾ ਆਸਣ ਲਾਈਆ । ਏਕਾ ਹੁਕਮ ਇਕ ਫ਼ਰਮਾਨਾ, ਏਕਾ ਰਿਹਾ ਸੁਣਾਈਆ । ਏਕਾ ਦਾਨੀ ਏਕਾ ਦਾਨਾ, ਏਕਾ ਦਾਤ ਰਿਹਾ ਵਰਤਾਈਆ । ਏਕਾ ਰੂਪ ਸ੍ਰੀ ਭਗਵਾਨਾ, ਆਦਿ ਜੁਗਾਦਿ ਸਮਾਈਆ । ਕਲਜੁਗ ਅੰਤਮ ਹੋ ਪਰਧਾਨਾ, ਨਿਹਕਲੰਕਾ ਨਾਉਂ ਰਖਾਈਆ । ਸਚ ਸੁੱਚ ਝੁਲਾਏ ਇਕ ਨਿਸ਼ਾਨਾ, ਸਚਖੰਡ ਨਿਵਾਸੀ ਆਪਣਾ ਬਲ ਧਰਾਈਆ । ਕੂੜੀ ਕਿਰਿਆ ਮੇਟੇ ਵਿਚ ਜਹਾਨਾ, ਜੂਠ ਝੂਠ ਰਹਿਣ ਨਾ ਪਾਈਆ । ਚਾਰ ਵਰਨਾਂ ਬੰਨ੍ਹੇ ਇਕ ਗਾਨਾ, ਨਾਮ ਬੰਧਨ ਆਪਣੇ ਹੱਥ ਰਖਾਈਆ । ਆਪੇ ਤੋੜੇ ਮਾਣ ਅਭਿਮਾਨਾ, ਚਰਨ ਧਿਆਨਾ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਦਏ ਉਠਾਈਆ । ਆਪਣਾ ਪਰਦਾ ਹਰਿ ਉਠੌਣਾ, ਨਵ ਖੰਡ ਪ੍ਰਿਥਮੀ ਖੇਲ ਖਿਲਾਇੰਦਾ । ਸੱਤਾਂ ਦੀਪਾਂ ਵੇਖ ਵਖੌਣਾ, ਬ੍ਰਹਿਮੰਡ ਖੰਡ ਫੇਰਾ ਪਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਹਲੌਣਾ, ਸੁਰਪਤ ਇੰਦ ਨਾਲ ਰਲਾਇੰਦਾ । ਜੁਗ ਚੌਕੜੀ ਵੇਖ ਵਖੌਣਾ, ਨਵ ਨੌਂ ਚਾਰ ਖੇਲ ਖਿਲਾਇੰਦਾ । ਹਰਿਜਨ ਸਾਚੇ ਆਪ ਜਗੌਣਾ, ਸ਼ਬਦ ਹੁਲਾਰਾ ਇਕ ਲਗਾਇੰਦਾ । ਦਰ ਦਵਾਰੇ ਮੇਲ ਮਿਲੌਣਾ, ਜਗਤ ਵਿਛੋੜਾ ਆਪ ਕਟਾਇੰਦਾ । ਸਾਚਾ ਸੰਤ ਆਪ ਬਣੌਣਾ, ਪੁਰਖ ਅਬਿਨਾਸ਼ੀ ਸੇਵ ਕਮਾਇੰਦਾ । ਚਾਰ ਵਰਨਾਂ ਭੈਣਾਂ ਭੱਯਾ ਸਨਬੰਧ ਰਖੌਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪਣੀ ਧਾਰ ਆਪ ਚਲਾਇੰਦਾ । ਸਾਚੀ ਧਾਰ ਜਗਤ ਧਰਮਸਾਲ, ਧੁਰ ਦਰਗਾਹੀ ਆਪ ਚਲਾਈਆ । ਏਕਾ ਰੰਗ ਰੰਗਾਏ ਸ਼ਾਹ ਕੰਗਾਲ, ਰਾਜ ਰਾਜਾਨ ਨਾ ਕੋਇ ਵਡਿਆਈਆ । ਸ੍ਰਿਸ਼ਟ ਸਬਾਈ ਰਿਹਾ ਸੁਰਤ ਸੰਭਾਲ, ਲੱਖ ਚੁਰਾਸੀ ਭੁਲ ਕਦੇ ਨਾ ਜਾਈਆ । ਹਰਿਜਨ ਦੇਵੇ ਨਾਮ ਸੱਚਾ ਧਨ ਮਾਲ, ਅਤੋਟ ਅਤੁਟ ਰਖਾਈਆ । ਫਲ ਲਗਾਏ ਸਾਚੇ ਡਾਲ, ਪੱਤ ਡਾਲ੍ਹੀ ਆਪ ਮਹਿਕਾਈਆ । ਏਥੇ ਓਥੇ ਕਰੇ ਸੰਭਾਲ, ਸਮਰਥ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਹਰਿਜਨ ਸਾਚੇ ਲਏ ਤਰਾਈਆ । ਤਾਰਨਹਾਰ ਇਕ ਭਗਵਾਨ, ਆਦਿ ਜੁਗਾਦਿ ਸਮਾਇੰਦਾ । ਜਿਸ ਜਨ ਦੇਵੇ ਭਗਤੀ ਦਾਨ, ਭਗਤ ਭਗਵੰਤ ਮੇਲ ਮਿਲਾਇੰਦਾ । ਸੁਰਤ ਮਿਲਾਏ ਸ਼ਬਦੀ ਕਾਹਨ, ਸਾਚੀ ਬੰਸਰੀ ਨਾਮ ਵਜਾਇੰਦਾ । ਭਾਗ ਲਗਾਏ ਤੱਤ ਮਕਾਨ, ਪੰਚਮ ਗੜ੍ਹ ਸੁਹਾਇੰਦਾ । ਦਰਸ ਦਿਖਾਏ ਦਰ ਘਰ ਆਣ, ਸਤਿ ਸਰੂਪੀ ਰੂਪ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਫੜਾਏ ਆਪਣਾ ਲੜ, ਏਕਾ ਪੱਲੂ ਗੰਢ ਦਿਵਾਇੰਦਾ । ਸਾਚਾ ਪੱਲੂ ਹਰਿਜਨ ਫੜ, ਆਪਣਾ ਬੰਧਨ ਪਾਈਆ । ਸਰਗੁਣ ਅੰਦਰ ਨਿਰਗੁਣ ਜਾਏ ਵੜ, ਸਚ ਸਿੰਘਾਸਣ ਆਸਣ ਲਾਈਆ । ਨਿਸ਼ਅੱਖਰ ਆਪਣਾ ਨਾਉਂ ਪੜ੍ਹ, ਬੋਧ ਅਗਾਧ ਕਰੇ ਪੜ੍ਹਾਈਆ । ਸੋਭਾਵੰਤ ਸੁਹਾਏ ਘਰ ਘਰ, ਘਰ ਵਿਚ ਵੱਜੇ ਵਧਾਈਆ । ਹਰਿਜਨ ਮੇਲਾ ਆਪੇ ਕਰ, ਜਗਤ ਵਿਛੋੜਾ ਫੰਦ ਕਟਾਈਆ । ਨਾ ਜਨਮੇ ਨਾ ਜਾਏ ਮਰ, ਸੋ ਸਤਿਗੁਰ ਸੱਜਣ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੇ ਰੰਗ ਰੰਗਾਈਆ । ਕੋਟੰਤ ਗਗਨ ਗਗਨ ਨਿਵਾਸਾ, ਗ੍ਰਿਹਿ ਮੰਦਰ ਆਪ ਕਰਾਈਆ । ਗ੍ਰਿਹਿ ਦੀਪ ਜੋਤ ਪਰਕਾਸ਼ਾ, ਭੇਵ ਅਭੇਦ ਰਖਾਈਆ । ਨਿਰਵੈਰ ਖੇਲ ਤਮਾਸ਼ਾ, ਨਿਰਗੁਣ ਧਾਰ ਚਲਾਈਆ । ਅਲਖ ਅਗੰਮ ਅਗੋਚਰ ਆਪਣੀ ਪਾਏ ਰਾਸਾ, ਮੰਡਲ ਰਾਸ ਰਚਾਈਆ । ਭੇਵ ਨਾ ਜਾਣੇ ਪ੍ਰਿਥਮੀ ਆਕਾਸ਼ਾ, ਬ੍ਰਹਮਾ ਵੇਤਾ ਨੈਣ ਸ਼ਰਮਾਈਆ । ਚਾਰੇ ਵੇਦ ਨਾ ਕਰੇ ਕੋਇ ਖ਼ੁਲਾਸਾ, ਪੁਰਾਨ ਅਠਾਰਾਂ ਨਾ ਕੋਇ ਗਵਾਹੀਆ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਘਟਨਾ ਆਪੇ ਵੇਖ ਵਖਾਈਆ । ਕਟੰਕ ਰੂਪ ਸ੍ਰੀ ਭਗਵਾਨ, ਨਿਹਕਲੰਕ ਖੇਲ ਖਿਲਾਇੰਦਾ । ਕੱਕਾ ਕਰ ਨਾ ਸਕੇ ਕੋਇ ਵਖਾਨ, ਮਤ ਬੁਧ ਭੇਵ ਨਾ ਕੋਇ ਪਾਇੰਦਾ । ਟੈਂਕਾ ਟੱਲ ਵਜਾਏ ਸਰਬ ਜਹਾਨ, ਰਸਨਾ ਜੇਹਵਾ ਜੀਵ ਹਿਲਾਇੰਦਾ । ਟਿੱਪੀ ਵੇਖੇ ਦੋ ਜਹਾਨ, ਨਿਰਗੁਣ ਸਰਗੁਣ ਧਾਰ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਲ ਕੱਕਾ ਰੂਪ ਵਖਾਇੰਦਾ । ਕੱਕਾ ਕਲ ਹਰਿ ਜੂ ਧਾਰ, ਕਲਵੰਤਾ ਖੇਲ ਖਿਲਾਇੰਦਾ । ਟਹਿਕ ਮਹਿਕ ਰਿਹਾ ਸੰਸਾਰ, ਦੀਪ ਲੋਏ ਡੇਰਾ ਲਾਇੰਦਾ । ਕ਼ੁਦਰਤ ਕ਼ਾਦਰ ਕਰ ਵਿਚਾਰ, ਆਪ ਆਪਣੇ ਵਿਚ ਛੁਪਾਇੰਦਾ । ਆਪੇ ਵਸੇ ਸਭ ਤੋਂ ਬਾਹਰ, ਭੇਵ ਅਭੇਦ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪੇ ਲਿਖ ਆਪਣੇ ਹੱਥ ਰਖਾਇੰਦਾ । ਜਗਤ ਬੁਧੀ ਜਗਤ ਵਿਚਾਰ, ਜੁਗ ਜੁਗ ਕਰੇ ਪੜ੍ਹਾਈਆ । ਜਿਸ ਲਿਖਿਆ ਸੋ ਪਾਵੇ ਸਾਰ, ਨਿਸ਼ਅੱਖਰ ਨਜ਼ਰ ਨਾ ਆਈਆ । ਇਕ ਇਕੱਲਾ ਏਕੰਕਾਰ, ਆਪਣਾ ਖੇਲ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰ ਹਰਿ ਕਰਤਾਰ ਆਪ ਚਲਾਈਆ ।

### ★ ੧੬ ਭਾਦਰੋਂ ੨੦੧੮ ਬਿਕ੍ਰਮੀ ਧੰਨਾ ਸਿੰਘ ਦੇ ਗ੍ਰਿਹ ਢੈ ਪਈ ਜ਼ਿਲਾ ਲੁਧਿਆਣਾ ★

ਸਚਖੰਡ ਸੱਚਾ ਦਵਾਰਾ, ਸੋ ਪੁਰਖ ਨਿਰੰਜਣ ਸੋਭਾ ਪਾਇੰਦਾ । ਥਿਰ ਘਰ ਖੋਲ੍ਹੇ ਆਪ ਕਿਵਾੜਾ, ਹਰਿ ਪੁਰਖ ਨਿਰੰਜਣ ਵੇਖ ਵਖਾਇੰਦਾ । ਏਕੰਕਾਰਾ ਦਏ ਸਹਾਰਾ, ਆਪ ਆਪਣਾ ਬੰਧਨ ਪਾਇੰਦਾ । ਆਦਿ ਨਿਰੰਜਣ ਕਰ ਉਜਿਆਰਾ, ਜੋਤੀ ਜੋਤ ਡਗਮਗਾਇੰਦਾ । ਸ੍ਰੀ ਭਗਵਾਨ ਵੇਖਣਹਾਰਾ, ਦਰ ਘਰ ਸਾਚਾ ਵੇਖ ਵਖਾਇੰਦਾ । ਅਬਿਨਾਸ਼ੀ ਕਰਤਾ ਆਪੇ ਜਾਣੇ ਆਪਣਾ ਸਤਿ ਭੰਡਾਰਾ, ਸਤਿ ਸਤਿਵਾਦੀ ਆਪ ਉਪਾਇੰਦਾ । ਪਾਰਬ੍ਰਹਮ ਪ੍ਰਭ ਹੋ ਤਿਆਰਾ, ਆਪਣੀ ਖੇਲ ਆਪ ਖਿਲਾਇੰਦਾ । ਅਲਖ ਅਗੋਚਰ ਅਗੰਮ ਅਗੰਮੜੀ ਕਾਰਾ, ਪੁਰਖ ਅਗੰਮੜਾ ਆਪ ਕਰਾਇੰਦਾ । ਸ਼ਾਹੋ ਭੂਪ ਬਣ ਸਿਕਦਾਰਾ, ਸ਼ਹਿਨਸ਼ਾਹ ਆਪਣਾ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਇੰਦਾ । ਸ਼ਾਹ ਪਾਤਸ਼ਾਹ ਹਰਿ ਕਰਤਾਰ, ਆਦਿ ਪੁਰਖ ਅਖਵਾਈਆ । ਨਿਰਗੁਣ ਨਿਰਵੈਰ ਹੋ ਤਿਆਰ, ਮੂਰਤ ਅਕਾਲ ਡਗਮਗਾਈਆ । ਅਜੂਨੀ ਰਹਿਤ ਬੇਐਬ ਪਰਵਰਦਿਗਾਰ, ਮੁਕਾਮੇ ਹੱਕ ਸੋਭਾ ਪਾਈਆ । ਜਲਵਾ ਨੂਰ ਕਰ ਉਜਿਆਰ, ਜੋਤ ਉਜਾਲਾ ਵੇਸ ਵਟਾਈਆ । ਸਾਚੇ ਮੰਦਰ ਖੇਲ ਨਿਆਰ, ਖੇਲ ਅਵੱਲੜਾ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਸਾਚਾ ਆਪ ਵਡਿਆਈਆ । ਸਚਖੰਡ ਸਾਚਾ ਸਚ ਦਵਾਰ, ਸੋ ਪੁਰਖ ਨਿਰੰਜਣ ਆਪ ਉਪਾਇੰਦਾ । ਹਰਿ ਪੁਰਖ ਨਿਰੰਜਣ ਹੋ ਤਿਆਰ, ਦਰ ਘਰ ਸਾਚਾ ਆਪ ਸੁਹਾਇੰਦਾ । ਏਕੰਕਾਰਾ ਵੇਖੇ ਵੇਖਣਹਾਰ, ਆਦਿ ਨਿਰੰਜਣ ਮੇਲ ਮਿਲਾਇੰਦਾ । ਅਬਿਨਾਸ਼ੀ ਕਰਤਾ ਵਸੇ ਠਾਂਡੇ ਦਰਬਾਰ, ਸ੍ਰੀ ਭਗਵਾਨ ਨਿਸ਼ਾਨ ਝੁਲਾਇੰਦਾ । ਪਾਰਬ੍ਰਹਮ ਪ੍ਰਭ ਖ਼ਬਰਦਾਰ, ਆਦਿ ਜੁਗਾਦੀ ਇਕ ਅਖਵਾਇੰਦਾ । ਸਾਚੇ ਤਖ਼ਤ ਬੈਠ ਹੁਕਮਰਾਨ, ਧੁਰ ਫ਼ਰਮਾਨਾ ਆਪ ਅਲਾਇੰਦਾ । ਸ਼ਾਹੋ ਭੂਪ ਬਣ ਰਾਜਾਨ, ਦਰ ਦਰਵੇਸ਼ ਵੇਸ ਵਟਾਇੰਦਾ । ਭਿੱਖਕ ਭਿਖਾਰੀ ਬਣੇ ਆਪ ਭਗਵਾਨ, ਨਿਉਂ ਨਿਉਂ ਸੀਸ ਜਗਦੀਸ ਸੀਸ ਝੁਕਾਇੰਦਾ । ਕਰੇ ਖੇਲ ਹਰਿ ਮਹਾਨ,


੧੧੩੪
੧੦

ਭੇਵ ਅਭੇਦ ਆਪ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰ ਸੋਭਾ ਪਾਇੰਦਾ । ਸਚਖੰਡ ਦਵਾਰ ਸੋਭਾਵੰਤ, ਸੋ ਪੁਰਖ ਨਿਰੰਜਣ ਆਪ ਸੁਹਾਈਆ । ਹਰਿ ਪੁਰਖ ਨਿਰੰਜਣ ਨਾਰੀ ਕੰਤ, ਨਰ ਨਰਾਇਣ ਵੇਸ ਵਟਾਈਆ । ਏਕੰਕਾਰਾ ਬਣਾਏ ਬਣਤ, ਘਾੜਨ ਘੜਤ ਲਏ ਘੜਾਈਆ । ਆਦਿ ਨਿਰੰਜਣ ਮਹਿਮਾ ਅਗਣਤ, ਲੇਖਾ ਲਿਖਤ ਵਿਚ ਨਾ ਆਈਆ । ਅਬਿਨਾਸ਼ੀ ਕਰਤਾ ਬੇਪਰਵਾਹ ਬੇਅੰਤ, ਬੇਐਬ ਨਾਮ ਖ਼ੁਦਾਈਆ । ਸ੍ਰੀ ਭਗਵਾਨ ਸਾਚਾ ਧਾਮ ਸੁਹੰਤ, ਦਰਗਹਿ ਸਾਚੀ ਵਡ ਵਡਿਆਈਆ । ਪਾਰਬ੍ਰਹਮ ਆਪਣਾ ਲੇਖਾ ਜਾਣੇ ਆਦਿ ਅੰਤ, ਮਧ ਆਪਣੀ ਧਾਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਆਪ ਸੁਹਾਈਆ । ਸਚਖੰਡ ਦਵਾਰ ਸਚ ਮਹੱਲਾ, ਹਰਿ ਸਾਚਾ ਸਚ ਸੁਹਾਇੰਦਾ । ਵਸਣਹਾਰਾ ਇਕ ਇਕੱਲਾ, ਆਪ ਆਪਣਾ ਆਸਣ ਲਾਇੰਦਾ । ਆਦਿ ਜੁਗਾਦੀ ਖੇਲ ਅਵੱਲਾ, ਸ਼ਬਦ ਜੋਤ ਆਪੇ ਰੱਲਾ, ਜੋਤੀ ਜਾਤਾ ਡਗਮਗਾਇੰਦਾ । ਨਿਰਗੁਣ ਨਿਰਗੁਣ ਫੜਾਏ ਪੱਲਾ, ਨਿਰਗੁਣ ਨਿਰਗੁਣ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਵੇਖ ਵਖਾਇੰਦਾ । ਸਚਖੰਡ ਦਵਾਰਾ ਸਾਚੀ ਧਾਰ, ਸੋ ਪੁਰਖ ਨਿਰੰਜਣ ਆਪ ਪਰਗਟਾਈਆ । ਛੱਪਰ ਛੰਨ ਨਾ ਕੋਇ ਸਹਾਰ, ਚਾਰ ਦੀਵਾਰ ਨਾ ਕੋਇ ਬਣਾਈਆ । ਦੀਵਾ ਬਾਤੀ ਨਾ ਕੋਇ ਉਜਿਆਰ, ਆਦਿ ਨਿਰੰਜਣ ਡਗਮਗਾਈਆ । ਨਾ ਕੋਈ ਪੁਰਖ ਨਾ ਕੋਈ ਨਾਰ, ਨਰ ਨਰਾਇਣ ਖੇਲ ਖਿਲਾਈਆ । ਨਾ ਕੋਈ ਮੰਦਰ ਗੁਰੂਦਵਾਰ, ਇਕ ਇਕੱਲਾ ਸੋਭਾ ਪਾਈਆ । ਕਰੇ ਖੇਲ ਅਗੰਮ ਅਪਾਰ, ਅਲਖ ਅਗੋਚਰ ਬੇਪਰਵਾਹੀਆ । ਆਪਣੀ ਇਛਿਆ ਭਰ ਭੰਡਾਰ, ਆਪੇ ਰਿਹਾ ਵਰਤਾਈਆ । ਆਪੇ ਵੇਖੇ ਵੇਖਣਹਾਰ, ਦੂਸਰ ਸੰਗ ਨਾ ਕੋਇ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਬੈਠਾ ਵੜ, ਸਚ ਸਿੰਘਾਸਣ ਸੋਭਾ ਪਾਈਆ । ਸਚ ਸਿੰਘਾਸਣ ਸੋਭਾਵੰਤ, ਸੋ ਪੁਰਖ ਨਿਰੰਜਣ ਆਪ ਸੁਹਾਇੰਦਾ । ਆਪੇ ਨਾਰੀ ਆਪੇ ਕੰਤ, ਕੰਤ ਕੰਤੂਹਲ ਵੇਸ ਵਟਾਇੰਦਾ । ਆਪੇ ਬਣਾਏ ਆਪਣੀ ਬਣਤ, ਨਿਰਗੁਣ ਨਿਰਗੁਣ ਮੇਲ ਮਿਲਾਇੰਦਾ । ਆਪੇ ਆਦਿ ਆਪੇ ਅੰਤ, ਅੰਤ ਆਦਿ ਆਪਣੀ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਸਾਚਾ ਘਰ, ਦਰ ਘਰ ਸਾਚਾ ਆਪ ਖੁਲ੍ਹਾਇੰਦਾ । ਸਚਖੰਡ ਦਵਾਰਾ ਆਪੇ ਖੋਲ੍ਹ, ਸੋ ਪੁਰਖ ਨਿਰੰਜਣ ਵੇਖ ਵਖਾਈਆ । ਏਕੰਕਾਰਾ ਨਿਸ਼ਅੱਖਰ ਆਪ ਬੋਲ, ਅੱਖਰ ਵੱਖਰ ਕਰੇ ਪੜ੍ਹਾਈਆ । ਆਪੇ ਤੋਲਣਹਾਰਾ ਤੋਲ, ਤੋਲਾ ਬਣੇ ਸਾਚਾ ਮਾਹੀਆ । ਆਦਿ ਜੁਗਾਦਿ ਰਹੇ ਅਡੋਲ, ਡੁਲ ਕਦੇ ਨਾ ਜਾਈਆ । ਆਪੇ ਵਸੇ ਆਪਣੇ ਕੋਲ, ਆਪਣਾ ਸੰਗ ਨਿਭਾਈਆ । ਆਪੇ ਆਪਣੇ ਅੰਦਰ ਜਾਏ ਮੌਲ, ਆਪਣੀ ਰਚਨਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਸਾਚੇ ਚੜ੍ਹ, ਸਚ ਸਿੰਘਾਸਣ ਦਏ ਵਡਿਆਈਆ । ਸਾਚੇ ਤਖ਼ਤ ਬੈਠ ਸੱਚਾ ਸੁਲਤਾਨ, ਹਰਿ ਸਾਚਾ ਖੇਲ ਖਿਲਾਇੰਦਾ । ਆਦਿ ਪੁਰਖ ਹੋ ਮਿਹਰਵਾਨ, ਆਪਣੀ ਦਇਆ ਆਪ ਕਮਾਇੰਦਾ । ਆਪੇ ਦੇਵੇ ਧੁਰ ਫ਼ਰਮਾਨ, ਸ਼ਬਦ ਅਨਾਦੀ ਨਾਦ ਵਜਾਇੰਦਾ । ਹੁਕਮੀ ਹੁਕਮ ਸੁਣਾਏ ਸੁਣਾਵਣਹਾਰ, ਸੁਣਨਹਾਰ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਸਾਚਾ ਹਰਿ, ਸਾਚਾ ਮਤਾ ਆਪ ਪਕਾਇੰਦਾ । ਨਿਰਗੁਣ ਅੰਦਰ ਨਿਰਗੁਣ ਧਾਰ, ਨਿਰਵੈਰ ਆਪ ਰਖਾਈਆ । ਨਿਰਗੁਣ ਰੂਪ ਨਿਰਾਕਾਰ, ਨਿਰਗੁਣ ਆਪੇ ਵੇਖ ਵਖਾਈਆ । ਨਿਰਗੁਣ ਮੰਦਰ ਨਿਰਗੁਣ ਦਵਾਰ, ਨਿਰਗੁਣ

੧੧੩੫
੧੦

ਬੈਠਾ ਆਸਣ ਲਾਈਆ । ਨਿਰਗੁਣ ਭੂਪ ਨਿਰਗੁਣ ਸਿਕਦਾਰ, ਨਿਰਗੁਣ ਰੱਯਤ ਰੂਪ ਵਟਾਈਆ । ਨਿਰਗੁਣ ਸ਼ਾਹ ਨਿਰਗੁਣ ਸਿਕਦਾਰ, ਨਿਰਗੁਣ ਬੈਠਾ ਸੀਸ ਝੁਕਾਈਆ । ਨਿਰਗੁਣ ਸੀਸ ਤਾਜ ਦਸਤਾਰ, ਨਿਰਗੁਣ ਚਰਨ ਕਵਲ ਬਿਗਸਾਈਆ । ਨਿਰਗੁਣ ਖੇਲ ਕਰੇ ਅਗੰਮ ਅਪਾਰ, ਅਲਖ ਅਗੋਚਰ ਬੇਪਰਵਾਹੀਆ । ਨਿਰਗੁਣ ਵਸੇ ਧਾਮ ਨਿਆਰ, ਨਿਹਚਲ ਧਾਮ ਆਪ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਸਾਚਾ ਘਾੜਨ ਲਏ ਘੜਾਈਆ । ਸਚਖੰਡ ਸਾਚਾ ਘਾੜਨ ਘੜਿਆ, ਪੁਰਖ ਅਬਿਨਾਸ਼ੀ ਸੇਵ ਕਮਾਇੰਦਾ । ਸਤਿ ਪੁਰਖ ਨਿਰੰਜਣ ਅੰਦਰ ਵੜਿਆ, ਦਿਸ ਕਿਸੇ ਨਾ ਆਇੰਦਾ । ਆਪਣੇ ਪੌੜੇ ਆਪੇ ਚੜ੍ਹਿਆ, ਸਾਚਾ ਪੌੜਾ ਆਪ ਲਗਾਇੰਦਾ । ਆਪੇ ਪੁਰਖ ਨਾਰੀ ਨਰਿਆ, ਵਰ ਦਾਤਾ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਆਪ ਵਡਿਆਇੰਦਾ । ਸਚਖੰਡ ਦਵਾਰਾ ਸੋਭਨੀਕ, ਸਤਿਗੁਰ ਪੂਰਾ ਆਪ ਸੁਹਾਈਆ । ਨਾ ਕੋਈ ਦੀਸੇ ਅਵਰ ਸ਼ਰੀਕ, ਇਕ ਇਕੱਲਾ ਸਾਚਾ ਮਾਹੀਆ । ਨਾ ਕੋਈ ਅੰਧੇਰਾ ਤਾਰੀਕ, ਨਿਰਗੁਣ ਜੋਤ ਡਗਮਗਾਈਆ । ਨਾ ਆਦਿ ਜੁਗਾਦਿ ਕਿਸੇ ਦੀ ਰੱਖੇ ਉਡੀਕ, ਆਪਣੀ ਇਛਿਆ ਵਿਚ ਸਮਾਈਆ । ਕਿਸੇ ਕੋਲੋਂ ਨਾ ਮੰਗੇ ਭੀਖ, ਵਡ ਦਾਤਾ ਬੇਪਰਵਾਹੀਆ । ਆਪਣਾ ਲੇਖਾ ਆਪੇ ਲਿਖ, ਲਿਖ ਲਿਖ ਲੇਖਾ ਆਪ ਸਮਝਾਈਆ । ਆਪੇ ਵੰਡੇ ਆਪਣਾ ਹਿਸ, ਪਾਰਬ੍ਰਹਮ ਵਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਸਾਚੇ ਵੜ, ਆਪਣਾ ਖੇਲ ਆਪ ਕਰਾਈਆ । ਸਾਚਾ ਸੁਤ ਦੁਲਾਰਾ ਜਾਇਆ ਏਕਾ ਵਾਰ, ਸ਼ਬਦੀ ਨਾਉਂ ਧਰਾਇੰਦਾ । ਆਪ ਬਿਠਾਇਆ ਪਹਿਲੀ ਵਾਰ, ਦੂਜੀ ਵਾਰ ਨਾ ਕੋਇ ਉਠਾਇੰਦਾ । ਥਿਰ ਘਰ ਸੋਹੇ ਬੰਕ ਦਵਾਰ, ਸੋ ਪੁਰਖ ਨਿਰੰਜਣ ਆਪ ਸੁਹਾਇੰਦਾ । ਪਿਤਾ ਪੂਤ ਕਰੇ ਪਿਆਰ, ਸਾਚੀ ਗੋਦ ਸੁਹਾਇੰਦਾ । ਏਕਾ ਦੇਵੇ ਵਸਤ ਅਪਾਰ, ਨਾਉਂ ਨਿਰੰਕਾਰਾ ਝੋਲੀ ਪਾਇੰਦਾ । ਅਗੰਮਾ ਅਗੰਮ ਕਰ ਤਿਆਰ, ਸੁਰ ਤਾਲ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਅੰਦਰ ਥਿਰ ਘਰ ਧਰ, ਆਪਣਾ ਖੇਲ ਆਪ ਕਰਾਇੰਦਾ । ਸਚਖੰਡ ਅੰਦਰ ਥਿਰ ਘਰ ਵਾਸਾ, ਸੋ ਪੁਰਖ ਨਿਰੰਜਣ ਆਪ ਕਰਾਈਆ । ਖੇਲੇ ਖੇਲ ਖੇਲ ਤਮਾਸ਼ਾ, ਖੇਲਣਹਾਰਾ ਦਿਸ ਨਾ ਆਈਆ । ਸ਼ਬਦ ਦੁਲਾਰੇ ਕਰ ਕਰ ਵਾਸਾ, ਸਾਚਾ ਧਾਮ ਵਡਿਆਈਆ । ਆਦਿ ਜੁਗਾਦਿ ਪੂਰੀ ਕਰੇ ਆਸਾ, ਸੀਸ ਜਗਦੀਸ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਈਆ । ਸਾਚਾ ਹੁਕਮ ਧੁਰ ਫ਼ਰਮਾਨਾ, ਸਤਿ ਪੁਰਖ ਨਿਰੰਜਣ ਆਪ ਜਣਾਇੰਦਾ । ਸੁਤ ਦੁਲਾਰਾ ਬਾਲ ਅਵਾਣਾ, ਸ਼ਬਦੀ ਸ਼ਬਦ ਉਠਾਇੰਦਾ । ਆਦਿ ਜੁਗਾਦਿ ਮੰਨਣਾ ਭਾਣਾ, ਜੁਗ ਜੁਗ ਖੇਲ ਖਿਲਾਇੰਦਾ । ਤੇਰਾ ਵਸੇ ਇਕ ਮਕਾਨਾ, ਸਾਚਾ ਮੰਦਰ ਆਪ ਸੁਹਾਇੰਦਾ । ਮੇਰਾ ਨਾਉਂ ਤੇਰਾ ਗਾਣਾ, ਸਾਚੀ ਤਾਰ ਹਲਾਇੰਦਾ । ਮੇਰਾ ਨੂਰ ਤੇਰਾ ਦਰਸ ਮਹਾਨਾ, ਦਰਸੀ ਦਰਸ ਇਕ ਵਖਾਇੰਦਾ । ਮੇਰਾ ਚਰਨ ਤੇਰਾ ਪਦ ਨਿਰਬਾਨਾ, ਸਾਚਾ ਘਰ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੁਤ ਆਪ ਉਠਾਇੰਦਾ । ਸੁਤ ਦੁਲਾਰਾ ਹਰਿ ਸਮਝਾ, ਆਪਣੀ ਦਇਆ ਕਮਾਈਆ । ਥਿਰ ਘਰ ਸਾਚਾ ਦਏ ਵਸਾ, ਸਾਚੇ ਖੇੜੇ ਭਾਗ ਲਗਾਈਆ । ਜੋਤੀ ਜੋਤ ਕਰ ਰੁਸ਼ਨਾ, ਨੂਰ ਨੁਰਾਨਾ ਡਗਮਗਾਈਆ । ਧੁਰ ਫ਼ਰਮਾਨਾ ਆਪ ਸੁਣਾ, ਨਾਦ ਅਨਾਦ ਵਜਾਈਆ । ਆਪਣਾ ਪਰਦਾ ਆਪ ਚੁਕਾ, ਰੂਪ ਅਨੂਪ ਦਰਸਾਈਆ । ਸਤਿ ਨਿਸ਼ਾਨਾ ਇਕ ਚੜ੍ਹਾ, ਸਤਿ ਸਤਿਵਾਦੀ

੧੧੩੯
੧੦

ਰਿਹਾ ਝੁਲਾਈਆ । ਬੋਧ ਅਗਾਧੀ ਭੇਵ ਖੁਲ੍ਹਾ, ਏਕਾ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਸਾਚੇ ਬਣਤ ਬਣਾਈਆ । ਥਿਰ ਘਰ ਸਾਚਾ ਬਣਤ ਬਣਾਈ, ਪੁਰਖ ਅਬਿਨਾਸ਼ੀ ਦਇਆ ਕਮਾਇੰਦਾ । ਆਪਣੀ ਘਾੜਨ ਆਪ ਘੜਾਈ, ਬਾਢੀ ਅਵਰ ਨਾ ਕੋਇ ਲਗਾਇੰਦਾ । ਜੋਤ ਨਿਰੰਜਣ ਆਦਿ ਨਿਰੰਜਣ ਵੇਖੇ ਚਾਈਂ ਚਾਈਂ, ਨੂਰ ਨੁਰਾਨਾ ਰੂਪ ਆਪ ਦਿਖਾਇੰਦਾ । ਸੁਤ ਦੁਲਾਰਾ ਪਕੜ ਉਠਾਏ ਬਾਹੀਂ, ਆਪ ਆਪਣੀ ਗੋਦ ਬਹਾਇੰਦਾ । ਏਕਾ ਗੁਣ ਰਿਹਾ ਸਮਝਾਈ, ਅਵਗੁਣ ਸੰਗ ਨਾ ਕੋਇ ਮਿਲਾਇੰਦਾ । ਤੇਰੀ ਰਚਨਾ ਵੇਖਾਂ ਥਾਉਂ ਥਾਈਂ, ਥਾਨ ਥਨੰਤਰ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਧੁਰ ਫ਼ਰਮਾਨਾ ਆਪ ਸੁਣਾਇੰਦਾ । ਧੁਰ ਫ਼ਰਮਾਨਾ ਸਚ ਸੰਦੇਸਾ, ਸੋ ਪੁਰਖ ਨਿਰੰਜਣ ਆਪ ਸੁਣਾਇੰਦਾ । ਪਾਰਬ੍ਰਹਮ ਪ੍ਰਭ ਨਰ ਨਰੇਸ਼ਾ, ਨਰ ਨਰਾਇਣ ਹੁਕਮ ਵਰਤਾਇੰਦਾ । ਆਦਿ ਜੁਗਾਦੀ ਏਕੋ ਵੇਸਾ, ਜੁਗ ਜੁਗ ਵੇਸ ਵਟਾਇੰਦਾ । ਤੇਰੀ ਗੋਦ ਬਹਾਏ ਵਿਸ਼ਨ ਬ੍ਰਹਮਾ ਸ਼ਿਵ ਗਣੇਸ਼ਾ, ਸਾਚਾ ਹੁਕਮ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਦਿ ਰਚਨਾ ਆਪ ਰਚਾਇੰਦਾ । ਆਦਿ ਪੁਰਖ ਹਰਿ ਰਚਨ ਰਚਾਏ, ਆਪਣੀ ਖੇਲ ਆਪ ਖਿਲਾਈਆ । ਸ਼ਬਦੀ ਸੁਤ ਹਰਿ ਸੇਵਾ ਲਾਏ, ਜਨਨੀ ਜਨ ਆਪ ਹੋ ਜਾਈਆ । ਵਿਸ਼ਨ ਬ੍ਰਹਮਾ ਸ਼ਿਵ ਝੋਲੀ ਪਾਏ, ਸਾਚੀ ਗੋਦ ਸੁਹਾਈਆ । ਧੁਰ ਫ਼ਰਮਾਨਾ ਇਕ ਅਲਾਏ, ਨਾਉਂ ਨਿਰੰਕਾਰਾ ਕਰੇ ਪੜ੍ਹਾਈਆ । ਸ਼ਬਦੀ ਡੋਰੀ ਬੰਧਨ ਪਾਏ, ਨਾ ਕੋਈ ਤੋੜੇ ਤੋੜ ਤੁੜਾਈਆ । ਪਰਮਾਨੰਦਨ ਇਕ ਵਖਾਏ, ਆਪ ਆਪਣੀ ਬੂਝ ਬੁਝਾਈਆ । ਸੁਹਾਗੀ ਛੰਦਨ ਇਕ ਸੁਣਾਏ, ਸੋ ਪੁਰਖ ਨਿਰੰਜਣ ਆਪੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸ਼ਬਦ ਖੇਲ ਖਿਲਾਈਆ । ਸ਼ਬਦੀ ਖੇਲ ਕਰੇ ਕਰਤਾਰਾ, ਹੁਕਮੀ ਹੁਕਮ ਆਪ ਵਰਤਾਇੰਦਾ । ਸ਼ਬਦੀ ਸ਼ਬਦ ਮਹੱਲ ਉਸਾਰਾ, ਸਚ ਮਹੱਲਾ ਸੋਭਾ ਪਾਇੰਦਾ । ਸ਼ਬਦੀ ਸ਼ਬਦ ਗਗਨ ਮੰਡਲ ਦਏ ਸਹਾਰਾ, ਬ੍ਰਹਿਮੰਡ ਖੰਡ ਆਪ ਉਪਾਇੰਦਾ । ਸ਼ਬਦੀ ਸ਼ਬਦ ਨੂਰ ਰਵ ਸਸ ਕਰ ਉਜਿਆਰਾ, ਜੋਤੀ ਜੋਤ ਡਗਮਗਾਇੰਦਾ । ਸ਼ਬਦੀ ਸ਼ਬਦ ਪਵਣ ਹੁਲਾਰਾ, ਪਵਣ ਪਵਣੀ ਆਪ ਸਮਾਇੰਦਾ । ਸ਼ਬਦੀ ਸ਼ਬਦ ਤ੍ਰੈਗੁਣ ਧਾਰਾ, ਤ੍ਰੈਗੁਣ ਅਤੀਤਾ ਆਪ ਪਰਗਟਾਇੰਦਾ । ਸ਼ਬਦੀ ਸ਼ਬਦ ਪੰਚਮ ਅਖਾੜਾ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਨਾਚ ਨਚਾਇੰਦਾ । ਸ਼ਬਦੀ ਸ਼ਬਦ ਨਾਦ ਧੁਨਕਾਰਾ, ਸੁਤ ਬ੍ਰਹਮਾ ਆਪ ਪੜ੍ਹਾਇੰਦਾ । ਸ਼ਬਦੀ ਸ਼ਬਦ ਬਣ ਲਿਖਾਰਾ, ਚਾਰੇ ਵੇਦਾਂ ਭੇਵ ਖੁਲ੍ਹਾਇੰਦਾ । ਸ਼ਬਦੀ ਸ਼ਬਦ ਬਣ ਵਣਜਾਰਾ, ਸਾਚਾ ਵਣਜ ਆਪ ਕਰਾਇੰਦਾ । ਸ਼ਬਦੀ ਸ਼ਬਦ ਬੋਲ ਜੈਕਾਰਾ, ਚਾਰੇ ਬਾਣੀ ਆਪ ਅਲਾਇੰਦਾ । ਸ਼ਬਦੀ ਸ਼ਬਦ ਫੜ ਫੜ ਆਰਾ, ਚਾਰੇ ਜੁਗ ਵੰਡ ਵੰਡਾਇੰਦਾ । ਸ਼ਬਦੀ ਸ਼ਬਦ ਖਾਣੀ ਬਾਣੀ ਭਰੇ ਭੰਡਾਰਾ, ਚਾਰੇ ਖਾਣੀ ਆਪ ਉਪਜਾਇੰਦਾ । ਸ਼ਬਦੀ ਸ਼ਬਦ ਲੱਖ ਚੁਰਾਸੀ ਕਰੇ ਪਸਾਰਾ, ਲਿਖ ਲਿਖ ਚਾਰ ਮੇਲ ਮਿਲਾਇੰਦਾ । ਸ਼ਬਦੀ ਸ਼ਬਦੀ ਪੰਚ ਦਏ ਸਹਾਰਾ, ਪੰਚਮ ਪੰਚਮ ਜੋੜ ਜੁੜਾਇੰਦਾ । ਸ਼ਬਦੀ ਸ਼ਬਦ ਨੌਂ ਦਵਾਰ ਵੇਖੇ ਅਖਾੜਾ, ਜਗਤ ਤ੍ਰਿਸਨਾ ਨਾਚ ਨਚਾਇੰਦਾ । ਸ਼ਬਦੀ ਸ਼ਬਦ ਕਰ ਪਸਾਰਾ, ਘਰ ਘਰ ਵਿਚ ਬੰਕ ਸੁਹਾਇੰਦਾ । ਸ਼ਬਦੀ ਸ਼ਬਦ ਅੰਮ੍ਰਿਤ ਠੰਡਾ ਠਾਰਾ, ਨਿਝਰ ਝਿਰਨਾ ਆਪ ਝਿਰਾਇੰਦਾ । ਸ਼ਬਦੀ ਸ਼ਬਦ ਸਾਚਾ ਤਾੜਾ, ਅਨਹਦ ਤਾਲੀ ਤਾਲ ਵਜਾਇੰਦਾ । ਸ਼ਬਦੀ ਸ਼ਬਦ ਸਾਚਾ ਅਖਾੜਾ, ਪੰਚਮ ਸਖ਼ੀਆਂ ਆਪ ਆਪ ਵਖਾਇੰਦਾ । ਸ਼ਬਦੀ ਸ਼ਬਦ ਜੋਤ ਉਜਿਆਰਾ, ਜੋਤ ਨਿਰੰਜਣ

ਡਗਮਗਾਇੰਦਾ । ਸ਼ਬਦੀ ਸ਼ਬਦ ਬ੍ਰਹਮ ਪਸਾਰਾ, ਆਤਮ ਬ੍ਰਹਮ ਵੇਖ ਵਖਾਇੰਦਾ । ਸ਼ਬਦੀ ਸ਼ਬਦ ਈਸ਼ ਜੀਵ ਹੁਲਾਰਾ, ਜਗਦੀਸ਼ ਆਪ ਕਰਾਇੰਦਾ । ਸ਼ਬਦੀ ਸ਼ਬਦ ਕਰ ਪਸਾਰਾ, ਪਾਰਬ੍ਰਹਮ ਪ੍ਰਭ ਵੇਖ ਵਖਾਇੰਦਾ । ਧਰਤ ਧਵਲ ਦਏ ਸਹਾਰਾ, ਜਲ ਬਿੰਬ ਆਪ ਟਿਕਾਇੰਦਾ । ਏਕਾ ਸ਼ਬਦ ਬਣੇ ਸਿਕਦਾਰਾ, ਸਚ ਸਿਕਦਾਰੀ ਆਪ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਇੰਦਾ । ਸਾਚਾ ਹੁਕਮ ਹਰਿ ਵਰਤੌਣਾ, ਏਕਾ ਵਾਰ ਜਣਾਈਆ । ਸ਼ਬਦੀ ਤੇਰਾ ਖੇਲ ਖਿਲੌਣਾ, ਹਰਿ ਸਾਚੀ ਵੰਡ ਵੰਡਾਈਆ । ਵਿਸ਼ਨ ਬ੍ਰਹਮਾ ਸ਼ਿਵ ਸੇਵ ਲਗੌਣਾ, ਲੱਖ ਚੁਰਾਸੀ ਘਾੜਨ ਲਏ ਘੜਾਈਆ । ਜੁਗ ਚੌਕੜੀ ਵੰਡ ਵੰਡੌਣਾ, ਰੁੱਤ ਰੁਤੜੀ ਆਪ ਸੁਹਾਈਆ । ਨਵ ਨੌਂ ਖੇੜਾ ਆਪ ਵਸੌਣਾ, ਸੱਤ ਸੱਤ ਹੋਏ ਸ਼ਨਵਾਈਆ । ਨਵ ਨੌਂ ਡੇਰਾ ਆਪੇ ਢੌਣਾ, ਜੋ ਘੜਿਆ ਭੰਨ ਵਖਾਈਆ । ਆਪਣਾ ਪਰਦਾ ਆਪ ਉਠੌਣਾ, ਜੁਗ ਜੁਗ ਵੇਸ ਵਟਾਈਆ । ਨਿਰਗੁਣ ਸਰਗੁਣ ਨਾਉਂ ਰਖੌਣਾ, ਪੰਜ ਤੱਤ ਕਰੇ ਕੁੜਮਾਈਆ । ਪਾਰਬ੍ਰਹਮ ਬ੍ਰਹਮ ਮੇਲ ਮਿਲੌਣਾ, ਘਰ ਸਾਚੇ ਵੱਜੇ ਵਧਾਈਆ । ਸ਼ਬਦ ਅਨਾਦੀ ਏਕਾ ਗੌਣਾ, ਤੁਰੀਆ ਰਾਗ ਸੁਣਾਈਆ । ਜੀਵ ਜੰਤ ਆਪ ਪੜ੍ਹੌਣਾ, ਆਪਣਾ ਨਾਉਂ ਜਗਤ ਪਰਗਟਾਈਆ । ਸਮਰਥ ਪੁਰਖ ਹਰਿ ਖੇਲ ਖਿਲੌਣਾ, ਕ਼ੁਦਰਤ ਕ਼ਾਦਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੁਤ ਰਿਹਾ ਸਮਝਾਈਆ । ਸਾਚਾ ਸੁਤ ਕਰੇ ਧਿਆਨਾ, ਪ੍ਰਭ ਚਰਨ ਸੀਸ ਝੁਕਾਇੰਦਾ । ਸ਼ਾਹ ਪਾਤਸ਼ਾਹ ਸਚ ਸੁਲਤਾਨਾ, ਹਉਂ ਦਰਵੇਸ਼ ਮੰਗ ਮੰਗਾਇੰਦਾ । ਲੱਖ ਚੁਰਾਸੀ ਕਰਾਂ ਪਰਧਾਨਾ, ਤ੍ਰੈਗੁਣ ਤੇਰਾ ਨਾਚ ਨਚਾਇੰਦਾ । ਪੰਚਮ ਬੰਨ੍ਹਾਂ ਏਕਾ ਗਾਨਾ, ਨੌਂ ਖੰਡ ਪ੍ਰਿਥਮੀ ਖੇਲ ਖਿਲਾਇੰਦਾ । ਨਾਉਂ ਸੁਣਾਵਾਂ ਸਚ ਤਰਾਨਾ, ੧੧੩੮
ਜੁਗ ਜੁਗ ਤੇਰਾ ਨਾਉਂ ਪਰਗਟਾਇੰਦਾ । ਲੇਖਾ ਜਾਣਾਂ ਦੋ ਜਹਾਨਾਂ, ਲੋਆਂ ਪੁਰੀਆਂ ਖੇਲ ਖਿਲਾਇੰਦਾ । ਮੰਡਲ ਮੰਡਪ ਹੋ ਪਰਧਾਨਾ, ਰਵ ਸਸ ਆਪ ਭਵਾਇੰਦਾ । ਲੇਖਾ ਜਾਣਾਂ ਜ਼ਿਮੀਂ ਅਸਮਾਨਾ, ਸਮੁੰਦ ਸਾਗਰ ਭੇਵ ਚੁਕਾਇੰਦਾ । ਜੁਗ ਚੌਕੜੀ ਪੰਧ ਮੁਕਾਨਾ, ਗੇੜਾ ਆਪਣੇ ਹੱਥ ਰਖਾਇੰਦਾ । ਨਿਰਗੁਣ ਸਰਗੁਣ ਹੋ ਪਰਧਾਨਾ, ਗੁਰ ਅਵਤਾਰ ਰੂਪ ਧਰਾਇੰਦਾ । ਸਤਿਜੁਗ ਤੇਰਾ ਨਾਉਂ ਦਏ ਬਿਆਨਾ, ਤ੍ਰੇਤਾ ਤੇਰੀ ਵੰਡ ਵੰਡਾਇੰਦਾ । ਦੁਆਪਰ ਮਾਰੇ ਇਕ ਨਿਸ਼ਾਨਾ, ਤੀਰ ਨਿਰਾਲਾ ਬਾਣ ਚਲਾਇੰਦਾ । ਕਲਜੁਗ ਖੇਲੇ ਖੇਲ ਸ੍ਰੀ ਭਗਵਾਨਾ, ਭੇਵ ਕੋਇ ਨਾ ਪਾਇੰਦਾ । ਕੋਟਨ ਕੋਟ ਜੁਗ ਬੀਤੇ ਵਿਚ ਜਹਾਨਾ, ਕੋਟੀ ਕੋਟ ਵਿਸ਼ਨ ਬ੍ਰਹਮਾ ਸ਼ਿਵ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅੰਤ ਸ੍ਰੀ ਭਗਵੰਤ ਆਪਣੀ ਧਾਰ ਆਪਣੇ ਹੱਥ ਰਖਾਇੰਦਾ । ਆਦਿ ਅੰਤ ਹਰਿ ਜੂ ਧਾਰ, ਆਪਣੇ ਹੱਥ ਰਖਾਈਆ । ਕਰੇ ਖੇਲ ਅਗੰਮ ਅਪਾਰ, ਅਲਖ ਅਗੋਚਰ ਬੇਪਰਵਾਹੀਆ । ਸਾਚੇ ਤਖ਼ਤ ਬੈਠ ਸੱਚੀ ਸਰਕਾਰ, ਸਚਖੰਡ ਦਵਾਰੇ ਸੋਭਾ ਪਾਈਆ । ਸੇਵਾ ਲਾਏ ਗੁਰ ਅਵਤਾਰ, ਧੁਰ ਫ਼ਰਮਾਨਾ ਸ਼ਬਦ ਜਣਾਈਆ । ਭਗਤ ਭਗਵੰਤ ਕਰੇ ਪਿਆਰ, ਆਪ ਆਪਣੇ ਰੰਗ ਰੰਗਾਈਆ । ਸਾਚੇ ਸੰਤਾਂ ਦਏ ਹੁਲਾਰ, ਸਤਿ ਸਤਿਵਾਦੀ ਸੱਚਾ ਸ਼ਹਿਨਸ਼ਾਹੀਆ । ਗੁਰਮੁਖ ਸਾਚੇ ਲਏ ਉਭਾਰ, ਆਤਮ ਬ੍ਰਹਮ ਕਰੇ ਪੜ੍ਹਾਈਆ । ਗੁਰਮੁਖ ਵਖਾਏ ਧਾਮ ਨਿਆਰ, ਦਰ ਦਰਵਾਜ਼ਾ ਬੰਦ ਖੁਲ੍ਹਾਈਆ । ਅੱਠੇ ਪਹਿਰ ਜੋਤ ਉਜਿਆਰ, ਦਿਵਸ ਰੈਣ ਨਾ ਕੋਇ ਵਖਾਈਆ । ਸਚਖੰਡ ਬੈਠ ਸੱਚੇ ਦਰਬਾਰ, ਜੁਗ ਜੁਗ ਆਪਣਾ ਵੇਖ ਵਖਾਈਆ । ਜੁਗ ਚੌਕੜੀ ਕਰੇ ਪਾਰ, ਨਵ ਨੌਂ ਚਾਰ ਪੰਧ ਮੁਕਾਈਆ । ਨੌਂ ਸੌ ਚੁਰਾਨਵੇ ਚੌਕੜੀ ਰਹੇ ਨਾ ਵਿਚ ਸੰਸਾਰ, ਜੋ ਆਇਆ ਉਠ ਉਠ ਜਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਸੁਤ ਦੁਲਾਰੇ ਰਿਹਾ ਜਣਾਈਆ । ਸੁਤ ਦੁਲਾਰੇ ਵਡ ਬਲਵਾਨ, ਸ਼ਬਦੀ ਤੇਰਾ ਰੰਗ ਰੰਗਾਇਆ । ਤੇਰਾ ਖੇਲ ਦੋ ਜਹਾਨ, ਪੁਰਖ ਅਬਿਨਾਸ਼ੀ ਵੇਖ ਵਖਾਇਆ । ਤੇਰਾ ਭੇਵ ਨਾ ਪਾਇਣ ਵੇਦ ਪੁਰਾਨ, ਸ਼ਾਸਤਰ ਸਿਮਰਤ ਰਹੇ ਤੇਰਾ ਜਸ ਗਾਇਆ । ਤੇਰਾ ਨਾਉਂ ਗੀਤਾ ਗਿਆਨ, ਪੁਰਾਨ ਅਠਾਰਾਂ ਰਹੇ ਧਿਆਇਆ । ਤੇਰੀ ਮਹਿਮਾ ਕਰੇ ਅੰਜੀਲ ਕੁਰਾਨ, ਤੀਸ ਬਤੀਸਾ ਸੇਵਾ ਲਾਇਆ । ਤੇਰਾ ਕਲਮਾ ਸਚ ਈਮਾਨ, ਅਮਾਮ ਅਮਾਮਾ ਸਿਰ ਟਿਕਾਇਆ । ਤੇਰਾ ਛਤਰ ਦੋ ਜਹਾਨ, ਪੁਰਖ ਅਬਿਨਾਸ਼ੀ ਆਪ ਝੁਲਾਇਆ । ਮਿਹਬਾਨ ਬੀਦੋ ਆਦਿ ਜੁਗਾਦਿ ਨੌਜਵਾਨ, ਬੀ ਖ਼ੈਰ ਯਾ ਅੱਲਾ ਬਿਸਮਿਲ ਆਪਣੀ ਖੇਲ ਖਿਲਾਇਆ । ਉਚੇ ਮੰਦਰ ਬੈਠ ਮਕਾਨ, ਹੱਕ ਮੁਕਾਮੇ ਸੋਭਾ ਪਾਇਆ । ਆਪੇ ਦੇਵੇ ਸਚ ਪੈਗ਼ਾਮ, ਪੀਰ ਪੈਗ਼ੰਬਰ ਰਿਹਾ ਸਮਝਾਇਆ । ਆਪੇ ਹੋਏ ਵਡ ਅਮਾਮ, ਸ਼ਾਹ ਅਮਾਮਾਂ ਨਾਉਂ ਧਰਾਇਆ । ਆਲਮ ਉਲਮਾ ਪਿਆਏ ਏਕਾ ਜਾਮ, ਆਬ ਹਯਾਤ ਹੱਥ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਵੇਖ ਵਖਾਇਆ । ਜੁਗ ਚੌਕੜੀ ਵੇਖਣਹਾਰਾ, ਨਿਰਗੁਣ ਆਪਣਾ ਰੂਪ ਵਟਾਇੰਦਾ । ਸਚਖੰਡ ਵਸੇ ਏਕੰਕਾਰਾ, ਆਪਣੀ ਧਾਰ ਚਲਾਇੰਦਾ । ਲੇਖਾ ਜਾਣੇ ਗੁਰ ਅਵਤਾਰਾ, ਲੋਕਮਾਤ ਵੇਖ ਵਖਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਉਤਰੇ ਪਾਰਾ, ਕਲਜੁਗ ਆਪਣਾ ਨਾਚ ਨਚਾਇੰਦਾ । ਨੌਂ ਖੰਡ ਪ੍ਰਿਥਮੀ ਲੱਗਾ ਅਖਾੜਾ, ਮਾਇਆ ਮਮਤਾ ਨਾਲ ਰਲਾਇੰਦਾ । ਈਸਾ ਮੂਸਾ ਬੋਲ ਜੈਕਾਰਾ, ਹੱਕ ਹਕੀਕਤ ਏਕਾ ਨਾਅਰਾ ਲਾਇੰਦਾ । ਸੰਗ ਮੁਹੰਮਦ ਚਾਰ ਯਾਰਾ, ਚਾਰੋਂ ਕੁੰਟ ਡੌਰੂ ਵਾਇੰਦਾ । ਅੱਲਾ ਰਾਣੀ ਕਰੇ ਪੁਕਾਰਾ, ਮੀਆਂ ਨੈਣ ਨਾ ਕੋਇ ਉਠਾਇੰਦਾ । ਵਾਹ ਵਾ ਤੇਰੀ ਕੁਦਰਤ ਬੇਐਬ ਪਰਵਰਦਿਗਾਰਾ, ਕਾਦਰ ਤੇਰੀ ਖੇਲ ਖਿਲਾਇੰਦਾ । ਆਪੇ ਵਸੇ ਸਭ ਤੋਂ ਨਿਆਰਾ, ਦਿਸ ਕਿਸੇ ਨਾ ਆਇੰਦਾ । ਗੁਰੂਆਂ ਅਵਤਾਰਾਂ ਦੇ ਸਹਾਰਾ, ਏਕਾ ਨਾਮ ਜਪਾਇੰਦਾ । ਉਚੀ ਕੂਕ ਕੂਕ ਕਰਨ ਪੁਕਾਰਾ, ਬੇਅੰਤ ਬੇਅੰਤ ਬੇਅੰਤ ਸਰਬ ਜਣਾਇੰਦਾ । ਆਪਣਾ ਖੇਲ ਆਪਣੇ ਹੱਥ ਰੱਖੇਂ ਤੂੰ ਰੱਖਣਹਾਰਾ, ਤੇਰਾ ਭੇਵ ਕੋਇ ਨਾ ਪਾਇੰਦਾ । ਆਦਿ ਜੁਗਾਦੀ ਵਰਤੇ ਵਰਤਾਰਾ, ਹੁਕਮੀ ਹੁਕਮ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸਾ ਪੁਰਖ ਅਬਿਨਾਸ਼ਾ, ਆਪੇ ਵੇਖੇ ਖੇਲ ਤਮਾਸ਼ਾ, ਪ੍ਰਿਥਮੀ ਆਕਾਸ਼ਾ ਫੋਲ ਫੋਲਾਇੰਦਾ । ਪ੍ਰਿਥਮੀ ਆਕਾਸ਼ ਖੇਲ ਅਵੱਲਾ, ਸੋ ਪੁਰਖ ਨਿਰੰਜਣ ਆਪ ਕਰਾਈਆ । ਨਿਰਗੁਣ ਨਿਰਵੈਰ ਇਕ ਇਕੱਲਾ, ਕਲਜੁਗ ਅੰਤਮ ਵੇਸ ਵਟਾਈਆ । ਪਾਵੇ ਸਾਰ ਜਲਾ ਥਲਾ, ਜਲ ਥਲ ਮਹੀਅਲ ਵੇਖ ਵਖਾਈਆ । ਪਰਦਾ ਲਾਹੇ ਜੰਗਲ ਜੂਹ ਉਜਾੜ ਪਹਾੜ ਡੂੰਘੀ ਡੱਲਾ, ਉਚੇ ਟਿੱਲੇ ਪਰਬਤ ਫੋਲ ਫੋਲਾਈਆ । ਲੱਖ ਚੁਰਾਸੀ ਅੰਦਰ ਸਚ ਸਿੰਘਾਸਣ ਏਕਾ ਮੱਲਾ, ਆਤਮ ਸੇਜਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਦੇਵੇ ਸਾਚਾ ਵਰ, ਏਕਾ ਤੱਤ ਜਣਾਈਆ । ਏਕਾ ਤੱਤ ਹਰਿ ਕਾ ਨਾਉਂ, ਆਦਿ ਜੁਗਾਦਿ ਰਖਾਇੰਦਾ । ਆਪ ਰਖਾਏ ਸਾਚੇ ਥਾਉਂ, ਥਾਨ ਥਨੰਤਰ ਸੋਭਾ ਪਾਇੰਦਾ । ਜੁਗਾ ਜੁਗੰਤਰ ਕਰੇ ਸਚ ਨਿਆਉਂ, ਸਚ ਅਦਾਲਤ ਆਪ ਰਖਾਇੰਦਾ । ਹਰਿਜਨ ਸਾਚੇ ਫੜ ਫੜ ਬਾਹੋਂ, ਆਪਣੀ ਗੋਦ ਬਹਾਇੰਦਾ । ਫੜ ਫੜ ਹੰਸ ਬਣਾਏ ਕਾਉਂ, ਸਾਚੀ ਚੋਗ ਚੁਗਾਇੰਦਾ । ਆਪੇ ਪਿਤਾ ਆਪੇ ਮਾਉਂ, ਲੱਖ ਚੁਰਾਸੀ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣੀ ਵੰਡ ਵੰਡਾਇੰਦਾ । ਸਾਚੀ ਵੰਡੇ ਹਰਿ ਜੂ ਵੰਡ, ਵੰਡਣਹਾਰ ਅਖਵਾਇਆ । ਲੇਖਾ ਜਾਣੇ ਕੋਟਨ ਕੋਟ ਬ੍ਰਹਿਮੰਡ,

ਬ੍ਰਹਿਮੰਡ ਖੰਡ ਅਪਣਾ ਖੇਲ ਖਿਲਾਇਆ । ਪਰਦਾ ਲਾਹੇ ਜੇਰਜ ਅੰਡ, ਉਤਭੁਜ ਸੇਤਜ ਭੇਵ ਚੁਕਾਇਆ । ਲੱਖ ਚੁਰਾਸੀ ਨਾਰ ਸੁਹਾਗਣ ਵੇਖੇ ਰੰਡ, ਹਰਿ ਹਰਿ ਕੰਤ ਨਾ ਕੋਇ ਹੰਢਾਇਆ । ਚਾਰੋਂ ਕੁੰਟ ਭੇਖ ਪਖੰਡ, ਜੂਠ ਝੂਠ ਹੋਏ ਹਲਕਾਇਆ । ਕੋਇ ਨਾ ਗਾਏ ਸੁਹਾਗੀ ਛੰਦ, ਰਸਨਾ ਜੇਹਵਾ ਨਾ ਕੋਇ ਸਾਲਾਹਿਆ । ਕਿਸੇ ਘਰ ਨਾ ਦਿਸੇ ਸਾਚਾ ਚੰਦ, ਜਗਤ ਅੰਧੇਰਾ ਛਾਇਆ । ਗੁਰਮੁਖ ਵਿਰਲਾ ਪਾਏ ਪਰਮਾਨੰਦ, ਜਿਸ ਜਨ ਆਪਣੀ ਦਇਆ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਆਪਣੀ ਵੰਡ ਆਪਣੇ ਹੱਥ ਰਖਾਇਆ । ਆਪਣੀ ਵੰਡ ਵੰਡ ਭਗਵਾਨ, ਆਪਣਾ ਖੇਲ ਖਿਲਾਈਆ । ਸਤਿਜੁਗ ਸਾਚੇ ਹੋ ਪਰਧਾਨ, ਸਤਿ ਸਤਿਵਾਦੀ ਰੂਪ ਵਟਾਈਆ । ਤ੍ਰੇਤਾ ਲੇਖਾ ਸੀਆ ਰਾਮ, ਰਾਮ ਰਮੱਯਾ ਰੂਪ ਧਰਾਈਆ । ਦੁਆਪਰ ਲੇਖਾ ਕ੍ਰਿਸ਼ਨਾ ਕਾਹਨ, ਮੁਕੰਦ ਮਨੋਹਰ ਲਖਮੀ ਨਰਾਇਣ ਵਡ ਵਡਿਆਈਆ । ਕਲਜੁਗ ਅੰਤ ਹੋ ਪਰਧਾਨ, ਈਸਾ ਮੂਸਾ ਨਾਦ ਵਜਾਈਆ । ਸੰਗ ਮੁਹੰਮਦ ਚਾਰ ਯਾਰ ਮਸਲਾ ਪੜ੍ਹਨ ਕੁਰਾਨ, ਸ਼ਰਅ ਸ਼ਰੀਅਤ ਇਕ ਵਖਾਈਆ । ਸਾਚਾ ਮਜ਼੍ਹਬ ਦੀਨ ਈਮਾਨ, ਇਬਨਉਲਵਕਤ ਆਪ ਜਣਾਈਆ । ਨਿਰਗੁਣ ਜੋਤ ਹੋ ਪਰਧਾਨ, ਨਾਨਕ ਨੱਯਾ ਨਾਮ ਵਖਾਈਆ । ਸਤਿ ਨਾਮ ਦੇ ਪੈਗ਼ਾਮ, ਚਾਰ ਵਰਨ ਕਰੇ ਪੜ੍ਹਾਈਆ । ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਦੇਵੇ ਦਾਨ, ਜ਼ਾਤ ਪਾਤ ਨਾ ਕੋਇ ਰਖਾਈਆ । ਕਾਇਆ ਮੰਦਰ ਸਚ ਮਕਾਨ, ਘਰ ਵਸੇ ਸਾਚਾ ਮਾਹੀਆ । ਅੱਠੇ ਪਹਿਰ ਨਾਦ ਧੁਨਕਾਨ, ਆਪਣਾ ਰਾਗ ਰਿਹਾ ਸੁਣਾਈਆ । ਜੋ ਜਨ ਅੰਤਰ ਆਤਮ ਕਰੇ ਧਿਆਨ, ਪਤਿਤ ਪਾਵਨ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸ਼ਬਦ ਦਏ ਵਡਿਆਈਆ । ਸ਼ਬਦ ਗੁਰ ਨਾਨਕ ਗੋਬਿੰਦ, ਏਕਾ ਰੰਗ ਸਮਾਇੰਦਾ । ਸਰਬ ਜੀਆਂ ਜੁਗ ਮੇਟੇ ਚਿੰਦ, ਚਿੰਤਾ ਚਿਖਾ ਨਾ ਕੋਇ ਜਣਾਇੰਦਾ । ਦਾਤਾ ਦਾਨੀ ਗਹਿਰ ਗੰਭੀਰ ਗੁਣੀ ਗਹਿੰਦ, ਸਾਚੇ ਸਾਗਰ ਆਪ ਨੁਹਾਇੰਦਾ । ਲੱਖ ਚੁਰਾਸੀ ਬ੍ਰਹਮ ਬਿੰਦ, ਜ਼ਾਤ ਪਾਤ ਮੇਟ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਆਪ ਵਡਿਆਇੰਦਾ । ਸਾਚਾ ਨਾਮ ਵੱਡਾ ਵਡ, ਹਰਿ ਹਰਿ ਆਪ ਉਪਾਇੰਦਾ । ਆਪਣੇ ਅੰਤਰ ਆਪੇ ਕੱਢ, ਲੱਖ ਚੁਰਾਸੀ ਵਿਚ ਰਖਾਇੰਦਾ । ਜੀਵ ਜੰਤ ਲਡਾਏ ਲਡ, ਪ੍ਰੇਮ ਪਿਆਰ ਇਕ ਸਿਖਾਇੰਦਾ । ਆਪ ਜਣਾਏ ਸਾਚੀ ਹੱਦ, ਪਾਰ ਕਿਨਾਰਾ ਆਪ ਵਖਾਇੰਦਾ । ਸਾਚਾ ਜਾਮ ਪਿਆਏ ਮਦਿ, ਅੰਮ੍ਰਿਤ ਰਸ ਚੁਆਇੰਦਾ । ਨਾਨਕ ਨਿਰਗੁਣ ਹਰਿਜਨ ਆਪਣੇ ਘਰ ਸੱਦ, ਨਿਤ ਸਦੜੇ ਸਤਿ ਸੁਣਾਇੰਦਾ । ਗੁਰਮੁਖ ਬਣਾਈ ਸਾਚੀ ਯਦ, ਵਰਨ ਬਰਨ ਨਾ ਕੋਇ ਵਖਾਇੰਦਾ । ਜੋ ਆਇਆ ਸੋ ਜਾਏ ਲਦ, ਥਿਰ ਕੋਇ ਰਹਿਣ ਨਾ ਪਾਇੰਦਾ । ਜੋ ਘੜਿਆ ਸੋ ਜਾਏ ਭੱਜ, ਘੜਨ ਭੰਨਣਹਾਰ ਆਪ ਭੰਨਾਇੰਦਾ । ਕਲਜੁਗ ਜੀਵ ਹਰਿ ਮੰਦਰ ਬਹਿਣਾ ਸਜ, ਕਾਇਆ ਮੰਦਰ ਅੰਦਰ ਆਪ ਵਖਾਇੰਦਾ । ਸਤਿਗੁਰ ਪੂਰਾ ਪਰਦਾ ਲਏ ਕੱਜ, ਸਿਰ ਆਪਣਾ ਹੱਥ ਟਿਕਾਇੰਦਾ । ਵੇਲੇ ਅੰਤ ਲੌਣ ਨਾ ਦੇਵੇ ਕੋਈ ਪੱਜ, ਚਾਰੋਂ ਕੁੰਟ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸ਼ਬਦੀ ਸ਼ਬਦ ਧਰਾਇੰਦਾ । ਸ਼ਬਦ ਗੁਰਦੇਵ ਆਤਮ ਪਰਮਾਤਮ, ਪਰਮ ਪੁਰਖ ਵਡਿਆਈਆ । ਸ਼ਬਦ ਸੁਹਾਗ ਸ਼ਬਦ ਮਾਤਮ, ਸ਼ਬਦ ਖੇਲੇ ਖੇਲ ਹਰ ਘਟ ਥਾਈਆ । ਸ਼ਬਦ ਬਾਹਿਰ ਸ਼ਬਦ ਬਾਤਨ, ਸ਼ਬਦ ਨੂਰ ਸ਼ਬਦ ਜ਼ਹੂਰ, ਸ਼ਬਦ ਸ਼ਬਦੀ ਵੇਖ ਵਖਾਈਆ । ਸ਼ਬਦ ਆਸਾ ਸ਼ਬਦ ਮਨਸਾ ਸ਼ਬਦ ਕਰੇ ਪੂਰ, ਸ਼ਬਦੀ ਸੇਵ ਕਮਾਈਆ । ਸ਼ਬਦ ਖ਼ਾਲੀ ਸ਼ਬਦ ਭਰਪੂਰ, ਸ਼ਬਦ ਹਾਜ਼ਰ ਸ਼ਬਦ ਹਜ਼ੂਰ, ਹਜ਼ਰਤ ਸ਼ਬਦ ਰੂਪ ਵਟਾਈਆ । ਸ਼ਬਦ

ਨੇੜੇ ਸ਼ਬਦ ਦੂਰ, ਸ਼ਬਦ ਸ਼ਬਦੀ ਸਾਚੀ ਧੂੜ, ਗੁਰਮੁਖ ਵਿਰਲਾ ਮਸਤਕ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਮ ਆਪ ਸਾਲਾਹੀਆ । ਨਾਮ ਸਾਲਾਹੇ ਸਾਲਾਹਣ ਯੋਗ, ਜੁਗ ਕਰਤਾ ਆਪ ਸਾਲਾਹਿੰਦਾ । ਨਾਮ ਹੋਏ ਸਾਚਾ ਰਸ ਭੋਗ, ਨਾਮ ਅੰਮ੍ਰਿਤ ਸਾਚੀ ਚੋਗ, ਤ੍ਰਿਸਨਾ ਭੁੱਖ ਗਵਾਇੰਦਾ । ਨਾਮ ਕੱਟੇ ਹਉਮੇ ਰੋਗ, ਮਾਇਆ ਮਮਤਾ ਮੋਹ ਜਲਾਇੰਦਾ । ਨਾਮ ਵਖਾਏ ਸਾਚਾ ਜੋਗ, ਜੋਗ ਜੋਗੀਸ਼ਰ ਆਪ ਜਣਾਇੰਦਾ । ਨਾਮ ਵਖਾਏ ਸਾਚੀ ਓਟ, ਨਾਨਕ ਗੋਬਿੰਦ ਇਕ ਸਮਝਾਇੰਦਾ । ਨਾਮ ਲਗਾਏ ਸਾਚੀ ਚੋਟ, ਸਚ ਨਗਾਰਾ ਇਕ ਵਜਾਇੰਦਾ । ਨਾਮ ਕੱਢੇ ਝੂਠਾ ਖੋਟ, ਕੂੜੀ ਕਿਰਿਆ ਮੇਟ ਮਿਟਾਇੰਦਾ । ਨਾਮ ਮਿਲਾਏ ਨਿਰਮਲ ਜੋਤ, ਜੋਤੀ ਜੋਤ ਸਮਾਇੰਦਾ । ਨਾਮ ਨਾਤਾ ਤੋੜੇ ਵਰਨ ਗੋਤ, ਜ਼ਾਤ ਪਾਤ ਮੇਟ ਮਿਟਾਇੰਦਾ । ਹਰਿ ਕਾ ਨਾਮ ਨਾ ਜਪਿਆ ਜਾਏ ਹੋਂਟ, ਰਸਨਾ ਜੇਹਵਾ ਨਾ ਕੋਇ ਹਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਵਰਨ ਏਕਾ ਦਰ, ਏਕਾ ਨਾਉਂ ਰਖਾਇੰਦਾ । ਹਰਿ ਨਾਉਂ ਜੋ ਜਾਏ ਭੁੱਲ, ਅਭੁਲ ਦਏ ਸਜ਼ਾਈਆ । ਨਾਨਕ ਤੋਲੇ ਸਾਚਾ ਤੋਲ, ਤੇਰਾਂ ਤੇਰਾਂ ਗਿਆ ਸਮਝਾਈਆ । ਆਦਿ ਜੁਗਾਦਿ ਰਹੇ ਅਡੋਲ, ਅਡੁਲ ਕਦੇ ਨਾ ਜਾਈਆ । ਲੱਖ ਚੁਰਾਸੀ ਨਾ ਰਹਿਣਾ ਅਨਭੋਲ, ਕਲਜੁਗ ਆਪਣਾ ਬਲ ਵਖਾਈਆ । ਦਰਗਹਿ ਸਾਚੀ ਕਰ ਕੇ ਆਇਆ ਕੌਲ, ਸੰਗ ਮੁਹੰਮਦ ਨਾਲ ਮਿਲਾਈਆ । ਨਾਤਾ ਤੋੜਾਂ ਧਰਨੀ ਧਰਤ ਧੌਲ, ਸਗਲਾ ਸੰਗ ਨਾ ਕੋਇ ਵਖਾਈਆ । ਜੂਠ ਝੂਠ ਰੂਪ ਜਾਵਾਂ ਮੌਲ, ਘਰ ਘਰ ਕਰਾਂ ਕੁੜਮਾਈਆ । ਬਿਨ ਹਰਿ ਨਾਮੇ ਖ਼ਾਲੀ ਕਰਾਂ ਖੋਲ, ਪੰਜ ਤੱਤ ਹੱਟ ਨਾ ਕੋਇ ਵਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਨਕ ਨਿਰਗੁਣ ਗਿਆ ਸਮਝਾਈਆ । ਨਾਨਕ ਨਿਰਗੁਣ ਪੰਜ ਤੱਤ, ਏਕਾ ਸ਼ਬਦ ਜਣਾਇਆ । ਘਰ ਵਿਚ ਮਿਲੇ ਬ੍ਰਹਮ ਮਤ, ਗੁਰ ਸਤਿਗੁਰ ਰਿਹਾ ਪੜ੍ਹਾਇਆ । ਬੀਜ ਬੀਜੇ ਸਾਚੇ ਵਤ, ਬਣ ਕਿਰਸਾਣਾ ਹਲ ਚਲਾਇਆ । ਨਾੜ ਬਹੱਤਰ ਨਾ ਉਬਲੇ ਰਤ, ਅੰਮ੍ਰਿਤ ਮੇਘ ਬਰਸਾਇਆ । ਸਤਿ ਸੰਤੋਖ ਦੇਵੇ ਧੀਰਜ ਜਤ, ਜਗਤ ਤ੍ਰਿਸਨਾ ਮੇਟ ਮਿਟਾਇਆ । ਇਕ ਚੜ੍ਹਾਏ ਸਾਚੇ ਰਥ, ਬਣ ਰਥਵਾਹੀ ਸੇਵ ਕਮਾਇਆ । ਜਗਤ ਵਿਕਾਰਾ ਦੇਵੇ ਮਥ, ਨਾਮ ਮਧਾਣਾ ਏਕਾ ਪਾਇਆ । ਸ਼ਬਦ ਸੁਣਾਏ ਮਹਿਮਾ ਅਕਥ, ਅਨਹਦ ਤਾਲ ਵਜਾਇਆ । ਨਿਰਗੁਣ ਸਾਚਾ ਮਾਰਗ ਦੱਸ, ਸਰਗੁਣ ਲਏ ਮਿਲਾਇਆ । ਜੋ ਜਨ ਵਕ਼ਤ ਲੰਘਾਏ ਹੱਸ ਹੱਸ, ਪੁਰਖ ਅਬਿਨਾਸ਼ੀ ਦਏ ਸਜ਼ਾਇਆ । ਕਲਜੁਗ ਅੰਤਮ ਲੋਕਮਾਤ ਆਏ ਨੱਸ, ਨਿਹਕਲੰਕੀ ਜਾਮਾ ਪਾਇਆ । ਚਾਰ ਜੁਗ ਗੁਰ ਅਵਤਾਰ ਪੀਰ ਪੈਗ਼ੰਬਰ ਮੁੱਲਾ ਮਸਾਇਕ ਔਲੀਏ ਸ਼ੇਖ਼ ਪੀਰ ਪੈਗ਼ੰਬਰ, ਯਾਰਾਂ ਯਾਰ ਵੇਖ ਵਖਾਇਆ । ਅੰਜੀਲ ਕੁਰਾਨ ਕਰੇ ਵਸ, ਨਾ ਕੋਈ ਸਕੇ ਸੀਸ ਉਠਾਇਆ । ਪਰਗਟ ਹੋ ਪੁਰਖ ਸਮਰਥ ਲੱਖ ਚੁਰਾਸੀ ਪਾਏ ਨੱਥ, ਦੋ ਜਹਾਨਾਂ ਵੇਖੇ ਨੱਠ ਨੱਠ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਚਰਨਾਂ ਹੇਠ ਦਬਾਇਆ । ਏਕਾ ਖੰਡਾ ਨਾਮ ਚੰਡ ਪਰਚੰਡ, ਦੋ ਜਹਾਨਾਂ ਵੰਡੇ ਵੰਡ, ਨੌਂ ਖੰਡ ਪ੍ਰਿਥਮੀ ਦੇਵੇ ਦੰਡ, ਲੱਖ ਚੁਰਾਸੀ ਮੇਟੇ ਭੇਖ ਪਖੰਡ, ਨਾ ਕੋਇ ਦੀਸੇ ਨਾਰ ਦੁਹਾਗਣ ਰੰਡ, ਜੂਠ ਝੂਠ ਦਏ ਖਪਾਇਆ । ਦੂਈ ਦਵੈਤੀ ਢਾਹੇ ਕੰਧ, ਇਕ ਸੁਣਾਏ ਸੁਹਾਗੀ ਛੰਦ, ਲੇਖਾ ਚੁਕਾਏ ਸੂਰਜ ਚੰਦ, ਵਿਸ਼ਨ ਬ੍ਰਹਮਾ ਸ਼ਿਵ ਬੈਠਣ ਸੀਸ ਝੁਕਾਇਆ । ਨੇਤਰ ਰੋਵੇ ਸੁਰਪਤ ਰਾਜਾ ਇੰਦ, ਕਰੇ ਖੇਲ ਗੁਣੀ ਗਹਿੰਦ, ਅੰਤਮ ਸਭ ਦੀ ਮੇਟੇ ਚਿੰਦ, ਆਪਣੀ ਚਿੰਤਾ ਨਾ ਕੋਇ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਨਕ ਦਿਤਾ ਏਕਾ ਵਰ, ਕਲਜੁਗ ਅੰਤ ਰਿਹਾ ਸਮਝਾਇਆ । ਕਲਜੁਗ

੧੧੪੨

ਵੇਲਾ ਅੰਤਮ ਔਣਾ, ਪਾਰਬ੍ਰਹਮ ਪ੍ਰਭ ਵੇਸ ਵਟਾਈਆ । ਮਹਾਂਬਲੀ ਹੋ ਕੇ ਔਣਾ, ਮਾਤ ਪਿਤ ਨਾ ਕੋਇ ਜਾਈਆ । ਧੁਰ ਫ਼ਰਮਾਨਾ ਇਕ ਸੁਣੌਣਾ, ਦੋ ਜਹਾਨਾਂ ਆਪ ਅਲਾਈਆ । ਅਮਾਮ ਅਮਾਮਾਂ ਵੇਸ ਵਟੌਣਾ, ਪੀਰ ਪੈਗ਼ੰਬਰ ਵੇਖੇ ਸ਼ਹਿਨਸ਼ਾਹੀਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਪੰਧ ਮੁਕੌਣਾ, ਚੌਥੇ ਜੁਗ ਡੇਰਾ ਢਾਹੀਆ । ਰਾਜ ਰਾਜਾਨਾ ਖ਼ਾਕ ਮਿਲੌਣਾ, ਸ਼ਾਹ ਸੁਲਤਾਨ ਰਹਿਣ ਕੋਇ ਨਾ ਪਾਈਆ । ਉਚ ਨੀਚ ਪੰਧ ਮੁਕੌਣਾ, ਜ਼ਾਤ ਪਾਤ ਕਰੇ ਸਫ਼ਾਈਆ । ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਏਕਾ ਧਾਮ ਬਹੌਣਾ, ਜਗਤ ਚਮੜੀ ਨਾ ਵੰਡ ਵੰਡਾਈਆ । ਏਕਾ ਦ੍ਰਿਸ਼ਟੀ ਰਾਮ ਦਰਸੌਣਾ, ਇਸ਼ਟ ਦੇਵ ਇਕ ਅਖਵਾਈਆ । ਏਕਾ ਰਾਮ ਨਜ਼ਰੀ ਔਣਾ, ਭੂਸ਼ਨ ਬਸਤਰ ਆਪ ਪਹਿਨਾਈਆ । ਏਕਾ ਕਲਮਾ ਨਬੀ ਪੜ੍ਹੌਣਾ, ਕਾਇਨਾਤ ਕਰੇ ਪੜ੍ਹਾਈਆ । ਮੰਦਰ ਮਸਜਿਦ ਕਾਇਆ ਕਾਅਬਾ ਇਕ ਵਖੌਣਾ, ਆਬ ਹਯਾਤ ਦਏ ਪਿਆਈਆ । ਭੁਲ ਸਵਾਬ ਨਾ ਕੋਇ ਵਖੌਣਾ, ਸਚ ਅਹਿਬਾਬ, ਰਬਾਬ ਇਕ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸ਼ਬਦੀ ਸ਼ਬਦ ਕਰੇ ਸ਼ਨਵਾਈਆ । ਸ਼ਬਦੀ ਢੋਲਾ ਸ਼ਬਦੀ ਗੀਤ, ਹਰਿ ਸ਼ਬਦੀ ਸ਼ਬਦ ਸੁਣਾਇੰਦਾ । ਸ਼ਬਦ ਸਾਜਣ ਸ਼ਬਦ ਮੀਤ, ਸ਼ਬਦ ਅਤੀਤ ਮੇਲ ਮਿਲਾਇੰਦਾ । ਸ਼ਬਦ ਪਤਿਤ ਸ਼ਬਦ ਪੁਨੀਤ, ਪਤਿਤ ਪਾਪੀ ਸ਼ਬਦ ਤਰਾਇੰਦਾ । ਸ਼ਬਦ ਨਾਮ ਸਦਾ ਅਨਡੀਠ, ਲਿਖਣ ਪੜ੍ਹਨ ਵਿਚ ਨਾ ਆਇੰਦਾ । ਸ਼ਬਦ ਚਲਾਏ ਜੁਗ ਜੁਗ ਰੀਤ, ਸਾਚੀ ਰੀਤੀ ਸ਼ਬਦ ਚਲਾਇੰਦਾ । ਸ਼ਬਦ ਦੇਹੁਰਾ ਸ਼ਬਦ ਮੰਦਰ ਸ਼ਬਦ ਮਸੀਤ, ਬਿਨ ਹਰਿ ਸ਼ਬਦੇ ਕਿਸੇ ਦਰ ਨਾ ਦਿਸੇ ਕੋਇ ਪ੍ਰੀਤ, ਖ਼ਾਲੀ ਦਰ ਸਰਬ ਵਖਾਇੰਦਾ । ਕਲਜੁਗ ਅੰਤਮ ਲੱਖ ਚੁਰਾਸੀ ਤੇਰੀ ਪਰਖੇ ਨੀਤ, ਲਿਖ ਲਿਖ ਲੇਖਾ ਆਪਣੇ ਹੱਥ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਏਕਾ ਸ਼ਬਦ ਸ਼ਬਦ ਭੰਡਾਰਾ, ਏਕਾ ਵਰਤੇ ਵਰਤਣਹਾਰਾ, ਨਰ ਨਿਰੰਕਾਰਾ ਆਪ ਵਰਤਾਇੰਦਾ । ਸ਼ਬਦ ਭੰਡਾਰੀ ਹਰਿ ਨਿਰੰਕਾਰ, ਆਦਿ ਜੁਗਾਦਿ ਵਰਤਾਈਆ । ਨਵ ਨੌਂ ਚਾਰ ਕਰ ਵਿਹਾਰ, ਜੁਗ ਚੌਕੜੀ ਵੇਖ ਵਖਾਈਆ । ਸਤਿਜੁਗ ਤ੍ਰੇਤਾ ਦੁਆਪਰ ਉਤਰਿਆ ਪਾਰ, ਕਲਜੁਗ ਅੰਤਮ ਵੇਖ ਵਖਾਈਆ । ਲੇਖਾ ਜਾਣੇ ਤੇਈ ਅਵਤਾਰ, ਅਭੁਲ ਭੁਲ ਕਦੇ ਨਾ ਜਾਈਆ । ਭਗਤ ਭਗਵੰਤ ਕਰ ਕੇ ਗਏ ਪੁਕਾਰ, ਦਸ ਅਠ ਅਠ ਸਮਝਾਈਆ । ਗੁਰ ਗੁਰ ਦੇ ਦੇ ਨਾਮ ਧਾਰ, ਨਾਮ ਨਾਮਾ ਗਏ ਸਮਝਾਈਆ । ਗੋਬਿੰਦ ਬੋਲ ਫ਼ਤਿਹ ਜੈਕਾਰ, ਏਕਾ ਡੰਕਾ ਗਿਆ ਵਜਾਈਆ । ਕਲਜੁਗ ਅੰਤਮ ਆਵੇ ਹਾਰ, ਚਾਰੋਂ ਕੁੰਟ ਅੰਧੇਰਾ ਛਾਈਆ । ਮਾਤ ਪਿਤ ਨਾ ਕੋਇ ਪਿਆਰ, ਪਿਤਾ ਪੂਤ ਨਾ ਕੋਇ ਸਹਾਈਆ । ਨਾਰ ਕੰਤ ਨਾ ਕੋਇ ਆਧਾਰ, ਵਿਭਚਾਰ ਸਰਬ ਕਮਾਈਆ । ਮੰਦਰ ਮਸਜਿਦ ਨਾ ਕੋਇ ਗੁਰੂਦਵਾਰ, ਗੁਰ ਕਾ ਸ਼ਬਦ ਨਾ ਕੋਇ ਗਾਈਆ । ਨਾ ਕੋਈ ਸੱਜਣ ਮੀਤ ਮੁਰਾਰ, ਹਿਤ ਹਿਤ ਨਾ ਕੋਇ ਰਖਾਈਆ । ਚਾਰੋਂ ਕੁੰਟ ਠਗ ਚੋਰ ਯਾਰ, ਆਪਣਾ ਬਲ ਰਹੇ ਵਖਾਈਆ । ਦੀਨ ਮਜ਼੍ਹਬ ਹੋਣ ਖ਼ਵਾਰ, ਵਰਨ ਬਰਨ ਪਏ ਲੜਾਈਆ । ਦਿਸ ਨਾ ਆਏ ਸਾਂਝਾ ਯਾਰ, ਪਰਵਰਦਿਗਾਰ ਮੁਖ ਛੁਪਾਈਆ । ਵੇਖ ਵਖਾਏ ਨਾ ਪੁਰਖ ਅਕਾਲ, ਅਕਾਲ ਅਕਾਲ ਨਾ ਕੋਇ ਮਨਾਈਆ । ਸ੍ਰਿਸ਼ਟ ਸਬਾਈ ਹੋਏ ਬੇਹਾਲ, ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਈਆ । ਰੱਖਿਆ ਕਰੇ ਨਾ ਮਹਾਕਾਲ, ਕਾਲ ਕੂਕੇ ਨੇਤਰ ਨੈਣਾਂ ਨੀਰ ਵਹਾਈਆ । ਰਾਏ ਧਰਮ ਸੁਰਤ ਸੰਭਾਲ, ਆਪਣੀ ਆਪ ਲਏ ਅੰਗੜਾਈਆ । ਚਿਤਰ ਗੁਪਤ ਲੇਖਾ ਦਏ ਵਖਾਲ, ਲਿਖ ਲਿਖ ਲੇਖਾ ਥਾਉਂ ਥਾਈਆਂ । ਲਾੜੀ ਮੌਤ ਉਪਰ ਦਏ ਲਾਲ ਦੁਸ਼ਾਲ, ਲਾਲ ਮੈਹਿੰਦੀ ਹੱਥ ਰਖਾਈਆ । ਮਨਮੁਖ

ਜੀਵ ਕਲਜੁਗ ਅੰਤਮ ਲਏ ਭਾਲ, ਲੁਕਿਆ ਕੋਇ ਰਹਿਣ ਨਾ ਪਾਈਆ । ਕੋਈ ਨਾ ਬਣੇ ਕਿਸੇ ਦਲਾਲ, ਵੇਲੇ ਅੰਤ ਨਾ ਕੋਇ ਛੁਡਾਈਆ । ਕਿਸੇ ਲੇਖੇ ਲੱਗੇ ਨਾ ਖਾਧਾ ਹਲਾਲ, ਹਲਕ ਹਲਕ ਰਿਹਾ ਕੁਰਲਾਈਆ । ਗੋਬਿੰਦ ਸੂਰਾ ਦਿਸੇ ਨਾ ਕਿਸੇ ਨਾਲ, ਮਨਮੁਖ ਬੈਠੇ ਮੁਖ ਭਵਾਈਆ । ਜਿਸ ਨੇ ਵਾਰੇ ਆਪਣੇ ਲਾਲ, ਲਾਲਨ ਆਪਣਾ ਨਾਉਂ ਰਖਾਈਆ । ਹੋਏ ਸਹਾਈ ਸ਼ਾਹ ਕੰਗਾਲ, ਕੰਗਾਲ ਕੰਗਾਲਾਂ ਗੋਦ ਬਹਾਈਆ । ਕਲਜੁਗ ਜੀਵ ਹੋਏ ਨਾਦਾਨ, ਚਾਰ ਵਰਨ ਬੈਠੇ ਭੁਲਾਈਆ । ਅੰਤ ਕੂਕ ਕੂਕ ਦੇ ਕੇ ਗਿਆ ਬਿਆਨ, ਹਲਫ਼ੀਆ ਬਿਆਨ ਆਪ ਲਿਖਾਈਆ । ਪਰਗਟ ਹੋਏ ਸ੍ਰੀ ਭਗਵਾਨ, ਨਿਹਕਲੰਕਾ ਨਾਉਂ ਧਰਾਈਆ । ਸੰਬਲ ਨਗਰ ਇਕ ਮਕਾਨ, ਆ ਕੇ ਵਸੇ ਸਾਚਾ ਮਾਹੀਆ । ਵੇਦ ਵਿਆਸਾ ਤੇਰੀ ਆਸਾ ਪੂਰੀ ਕਰੇ ਆਣ, ਪੂਤ ਸਪੂਤਾ ਬ੍ਰਹਿਮਣ ਗੌੜਾ ਉਚਾ ਟਿੱਲਾ ਪਰਬਤ ਆਪ ਸੁਹਾਈਆ । ਮੂਸਾ ਤੇਰਾ ਰੱਖੇ ਮਾਣ, ਤੇਰੇ ਪਿੱਛੇ ਆਏ ਤੇਰਾ ਪੈਗ਼ੰਬਰ ਨੂਰੀ ਜਲਵਾ ਨੂਰ ਧਰਾਈਆ । ਮੁਹੰਮਦ ਤੇਰੀ ਵੇਖੇ ਆਣ, ਕਰੇ ਕਲਿਆਣ ਬੇਪਰਵਾਹੀਆ । ਚੌਦਾਂ ਤਬਕ ਕਰੇ ਪਹਿਚਾਨ, ਆਪ ਪਹਿਚਾਨ ਵਿਚ ਨਾ ਆਈਆ । ਜੋਧਾ ਸੂਰਬੀਰ ਬਲਵਾਨ, ਬਲ ਆਪਣਾ ਆਪ ਰਖਾਈਆ । ਸਾਚੇ ਅਸਵ ਚੜ੍ਹੇ ਨੌਜਵਾਨ, ਦੁਲਦੁਲ ਆਪਣਾ ਆਪ ਦੌੜਾਈਆ । ਚਾਰੋਂ ਕੁੰਟ ਵੇਖੇ ਬੇਈਮਾਨ, ਸ਼ੈਤਾਨ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਨਿਸ਼ਾਨਾ ਦਏ ਮਿਟਾਈਆ । ਕਲਜੁਗ ਤੇਰਾ ਨਿਸ਼ਾਨ ਮਿਟੌਣਾ, ਨਿਹਕਲੰਕ ਕਲ ਆ । ਸਤਿਜੁਗ ਸਾਚਾ ਮਾਰਗ ਲੌਣਾ, ਧਰਤ ਮਾਤ ਦੀ ਗੋਦ ਸੁਹਾ । ਏਕਾ ਮੰਤਰ ਨਾਮ ਦ੍ਰਿੜੌਣਾ, ਨਿਸ਼ਅੱਖਰ ਜਾਪ ਜਪਾ । ਏਕਾ ਮੰਦਰ ਆਪ ਉਪਜੌਣਾ, ਪਾਰਬ੍ਰਹਮ ਪ੍ਰਭ ਵੇਸ ਵਟਾ । ਏਕਾ ਇਸ਼ਟ ਸਰਬ ਵਖੌਣਾ, ਆਤਮ ਪਰਮਾਤਮ ਬੰਧਨ ਪਾ । ਏਕਾ ਹੁਕਮ ਆਪ ਵਰਤੌਣਾ, ਹੁਕਮੀ ਹੁਕਮ ਦਏ ਜਣਾ । ਜ਼ਾਤ ਪਾਤ ਨਾ ਕੋਇ ਰਖੌਣਾ, ਊਚ ਨੀਚ ਨਾ ਕੋਇ ਵਖਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਲੇਖਾ ਦਏ ਮੁਕਾ । ਕਲਜੁਗ ਲੇਖਾ ਮੁਕਣਾ, ਆਈ ਅੰਤਮ ਵਾਰ । ਹਰਿ ਕਾ ਭਾਣਾ ਕਦੇ ਨਾ ਰੁਕਣਾ, ਮੰਨ ਮੰਨ ਗਏ ਗੁਰ ਅਵਤਾਰ । ਪੁਰਖ ਅਬਿਨਾਸ਼ੀ ਸ਼ੇਰ ਰੂਪ ਹੋ ਕੇ ਬੁੱਕਣਾ, ਸਿੰਘ ਮਾਰੇ ਇਕ ਭਬਕਾਰ । ਕਲਜੁਗ ਜੰਬਕ ਅੰਤਮ ਲੁਕਣਾ, ਨੇਤਰ ਨੈਣ ਹੋਏ ਸ਼ਰਮਸਾਰ । ਪੁਰਖ ਅਬਿਨਾਸ਼ੀ ਮੂੰਹ ਦੇ ਭਾਰ ਸੁੱਟਣਾ, ਉਪਰ ਪਾਏ ਆਪਣਾ ਭਾਰ । ਦੂਜੀ ਵਾਰ ਫੇਰ ਨਾ ਉਠਣਾ, ਤਿੰਨ ਜੁਗ ਦਏ ਸੁਆਲ । ਤ੍ਰੈਗੁਣ ਤੇਰਾ ਘਰ ਲੁੱਟਣਾ, ਸ਼ਾਹ ਸੁਲਤਾਨ ਹੋਣ ਕੰਗਾਲ । ਜੂਠ ਝੂਠ ਤੇਰਾ ਬੂਟਾ ਪੁੱਟਣਾ, ਲੱਖ ਚੁਰਾਸੀ ਵਿਚੋਂ ਭਾਲ । ਵਰਨ ਬਰਨ ਸ਼ੌਹ ਦਰਯਾਏ ਸੁੱਟਣਾ, ਜ਼ਾਤ ਪਾਤ ਸੁਰਤ ਨਾ ਸਕੇ ਸੰਭਾਲ । ਸਤਿਜੁਗ ਸੁਹਾਏ ਸਾਚੀ ਰੁੱਤਨਾ, ਰੁੱਤ ਬਸੰਤ ਕਰੇ ਆਪ ਪ੍ਰਿਤਪਾਲ । ਭਾਗ ਲਗਾਏ ਪੰਜ ਤੱਤ ਕਾਇਆ ਬੁੱਤਨਾ, ਗੁਰਮੁਖ ਸਾਚੇ ਲਏ ਉਠਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੈਠ ਸੱਚੀ ਧਰਮਸਾਲ । ਸੱਚੀ ਧਰਮਸਾਲ ਸਚਖੰਡ ਦਵਾਰਾ, ਹਰਿ ਸਾਚਾ ਆਪ ਸੁਹਾਇੰਦਾ । ਕਲਜੁਗ ਅੰਤਮ ਕਰੇ ਪਾਰ ਕਿਨਾਰਾ, ਬੀਸ ਅਠਾਰਾਂ ਵੇਖ ਵਖਾਇੰਦਾ । ਸੰਮਤ ਉਨੀ ਚੜ੍ਹੇ ਵਿਚ ਸੰਸਾਰਾ, ਪਹਿਲੀ ਚੇਤ ਰੁੱਤ ਜਣਾਇੰਦਾ । ਚਾਰੋਂ ਕੁੰਟ ਹੋਏ ਹਾਹਾਕਾਰਾ, ਧੀਰਜ ਧੀਰ ਨਾ ਕੋਇ ਧਰਾਇੰਦਾ । ਨੌ ਖੰਡ ਲੁੱਟਿਆ ਜਾਏ ਦਿਨ ਦਿਹਾੜਾ, ਰਾਜ ਰਾਜਾਨ ਨਾ ਕੋਇ ਬਚਾਇੰਦਾ । ਜ਼ਿਮੀਂ ਅਸਮਾਨਾਂ ਟੁੱਟੇ ਪਾੜਾ, ਲੱਗੀ ਅੱਗ ਨਾ ਕੋਇ ਬੁਝਾਇੰਦਾ । ਕਲਜੁਗ ਰੋ ਰੋ ਕੱਢੇ ਹਾੜਾ, ਵੇਲਾ ਗਿਆ ਹੱਥ ਨਾ ਆਇੰਦਾ । ਸਾਧਾਂ ਸੰਤਾਂ

ਘਰ ਘਰ ਜਾ ਜਾ ਮਾਰਦਾ ਰਿਹਾ ਧਾੜਾ, ਕਾਮ ਕਰੋਧ ਲੋਭ ਮੋਹ ਹੰਕਾਰ ਨਾਲ ਰਲਾਇੰਦਾ । ਪੁਰਖ ਅਬਿਨਾਸ਼ੀ ਫੜ ਕੇ ਬੰਨ੍ਹਣਾ ਸਤਾਰਾਂ ਹਾੜਾ, ਅੰਗ ਅੰਗ ਨਾਲ ਬੰਧਾਇੰਦਾ । ਚਾਰੋਂ ਕੁੰਟ ਪੈਣ ਝਾੜਾਂ, ਸਾਚਾ ਸੰਗੀ ਨਜ਼ਰ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰਾ ਖੇੜਾ ਆਪੇ ਢਾਹਿੰਦਾ । ਕਲਜੁਗ ਖੇੜਾ ਜਾਣਾ ਢੱਠ, ਥਿਰ ਕੋਇ ਰਹਿਣ ਨਾ ਪਾਇਆ । ਸੰਮਤ ਉਨੀ ਗਿੜਨੀ ਲੱਠ, ਪੁਰਖ ਅਬਿਨਾਸ਼ੀ ਰਿਹਾ ਗੜਾਇਆ । ਲੱਖ ਚੁਰਾਸੀ ਪਾ ਪਾ ਨੱਥ, ਚਾਰੋਂ ਕੁੰਟ ਦਏ ਭਵਾਇਆ । ਸਾਚੀ ਵਸਤ ਨਾ ਕਿਸੇ ਹੱਥ, ਖ਼ਾਲੀ ਹੱਥ ਰਹੇ ਵਖਾਇਆ । ਕਿਸੇ ਨਜ਼ਰ ਨਾ ਆਏ ਰਾਮਾ ਸੁਤ ਦਸਰਥ, ਕ੍ਰਿਸ਼ਨਾ ਨੰਦ ਨਾ ਮੇਲ ਮਿਲਾਇਆ । ਈਸਾ ਮੂਸਾ ਨਾ ਹੋਇਆ ਕਿਸੇ ਵਸ, ਮੁਹੰਮਦ ਰੰਗ ਨਾ ਕੋਇ ਚੜ੍ਹਾਇਆ । ਨਾਨਕ ਨਿਰਗੁਣ ਹਿਰਦੇ ਗਿਆ ਨਾ ਵਸ, ਗੋਬਿੰਦ ਜਾਮ ਅੰਮ੍ਰਿਤ ਰਸ ਨਾ ਕਿਸੇ ਚਖਾਇਆ । ਮਨ ਵਾਸਨਾ ਹੋ ਕੇ ਸਾਰੇ ਵਸ, ਆਪਣਾ ਆਪ ਰਹੇ ਲੁਟਾਇਆ । ਸੰਮਤ ਬੀਸ ਬੀਸ ਖੇੜਾ ਹੋਣਾ ਭੱਠ, ਭੱਠੀ ਅਗਨ ਆਪ ਤਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸਤਿਜੁਗ ਸਾਚਾ ਮਾਤ ਧਰ, ਬੀਸ ਇਕੀਸ ਇਕ ਹਦੀਸ ਦਏ ਪੜ੍ਹਾਇਆ ।



## ★ ੧੭ ਭਾਦਰੋਂ ੨੦੧੮ ਬਿਕ੍ਰਮੀ ਨਾਜ਼ਰ ਸਿੰਘ ਦੇ ਗ੍ਰਿਹਿ ਪੱਖੋਵਾਲ ਜ਼ਿਲਾ ਲੁਧਿਆਣਾ ★

੧੧੪੪ ੧੦

ਸੋ ਪੁਰਖ ਨਿਰੰਜਣ ਸ਼ਾਹ ਸੁਲਤਾਨਾ, ਆਦਿ ਜੁਗਾਦਿ ਸਮਾਇੰਦਾ । ਹਰਿ ਪੁਰਖ ਨਿਰੰਜਣ ਰਾਜ ਰਜਾਨਾ, ਸ਼ਾਹੋ ਭੂਪ ਨਾਮ ਧਰਾਇੰਦਾ । ਏਕੰਕਾਰਾ ਜੋਧਾ ਸੂਰਬੀਰ ਬਲਵਾਨਾ, ਬਲ ਆਪਣਾ ਆਪ ਉਪਾਇੰਦਾ । ਆਦਿ ਨਿਰੰਜਣ ਨੂਰ ਨੂਰ ਨੁਰਾਨਾ, ਜੋਤੀ ਜਾਤਾ ਡਗਮਗਾਇੰਦਾ । ਅਬਿਨਾਸ਼ੀ ਕਰਤਾ ਰੂਪ ਰੰਗ ਰੇਖ ਨਾ ਕੋਇ ਰਖਾਨਾ, ਬੇਅੰਤ ਆਪਣੀ ਖੇਲ ਖਿਲਾਇੰਦਾ । ਸ੍ਰੀ ਭਗਵਾਨ ਝੁਲਾਏ ਸਚ ਨਿਸ਼ਾਨਾ, ਸਤਿ ਸਤਿਵਾਦੀ ਆਪ ਉਪਾਇੰਦਾ । ਪਾਰਬ੍ਰਹਮ ਪ੍ਰਭ ਮਰਦ ਮਰਦਾਨਾ, ਸਚ ਮਰਦਾਨਗੀ ਆਪ ਕਮਾਇੰਦਾ । ਸਚਖੰਡ ਵਸੇ ਸਚ ਮਕਾਨਾ, ਦਰ ਘਰ ਸਾਚਾ ਆਪ ਉਪਾਇੰਦਾ । ਨਿਰਗੁਣ ਨਿਰਗੁਣ ਹੋ ਪਰਧਾਨਾ, ਆਪਣੀ ਕਲ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਆਪ ਅਖਵਾਇੰਦਾ । ਆਦਿ ਪੁਰਖ ਏਕਾ ਹਰਿ, ਦੂਸਰ ਅਵਰ ਨਾ ਕੋਇ ਵਡਿਆਈਆ । ਆਪੇ ਵਸੇ ਆਪਣੇ ਘਰ, ਘਰ ਸਾਚਾ ਸੋਭਾ ਪਾਈਆ । ਆਪੇ ਪੁਰਖ ਨਾਰੀ ਨਰ, ਨਰਾਇਣ ਆਪਣੀ ਖੇਲ ਖਿਲਾਈਆ । ਆਪੇ ਵਰਨੀ ਵਰਨ ਲਏ ਵਰ, ਵਰ ਦਾਤਾ ਆਪ ਹੋ ਜਾਈਆ । ਆਪਣੀ ਕਰਨੀ ਲਏ ਕਰ, ਕਰਤਾ ਪੁਰਖ ਬੇਪਰਵਾਹੀਆ । ਆਪਣੇ ਮੰਦਰ ਬਹੇ ਚੜ੍ਹ, ਸਾਚਾ ਪੌੜਾ ਇਕ ਲਗਾਈਆ । ਆਪਣੇ ਦਰ ਵੇਖੇ ਖੜ, ਸੋ ਦਰ ਸਾਚਾ ਸੋਭਾ ਪਾਈਆ । ਕਰੇ ਖੇਲ ਅਲਖ ਅਗੰਮ ਅਪਾਰ ਅਪਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਆਪਣਾ ਨਾਉਂ ਧਰਾਈਆ । ਆਦਿ ਪੁਰਖ ਹਰਿ ਬੇਪਰਵਾਹ, ਸੋ ਪੁਰਖ ਨਿਰੰਜਣ ਖੇਲ ਖਿਲਾਇੰਦਾ । ਨਿਰਗੁਣ ਨਿਰਵੈਰ ਆਪਣਾ ਖੇਲ ਖਿਲਾ, ਮੂਰਤ ਅਕਾਲ ਡਗਮਗਾਇੰਦਾ । ਅਜੂਨੀ ਰਹਿਤ ਸੱਚਾ ਸ਼ਹਿਨਸ਼ਾਹ, ਸਾਚੇ ਤਖ਼ਤ ਸੋਭਾ ਪਾਇੰਦਾ । ਆਪ ਆਪਣਾ ਬਣ ਮਲਾਹ, ਖੇਵਟ ਖੇਟਾ ਸੇਵ ਕਮਾਇੰਦਾ । ਦਰ ਦਰਬਾਰਾ ਆਪ

ਸੁਹਾ, ਸਚਖੰਡ ਦਵਾਰ ਵਡਿਆਇੰਦਾ । ਜੋਤੀ ਜੋਤ ਡਗਮਗਾ, ਨੂਰ ਨੂਰ ਪਰਗਟਾਇੰਦਾ । ਆਪੇ ਵਸੇ ਆਪਣੇ ਥਾਂ, ਥਾਨ ਥਨੰਤਰ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਆਪਣੀ ਕਾਰ ਆਪ ਕਰਾਇੰਦਾ । ਕਰੇ ਖੇਲ ਅਪਰ ਅਪਾਰ, ਬੇਅੰਤ ਵਡਿ ਵਡਿਆਈਆ । ਸਾਚਾ ਧਾਮ ਕਰ ਤਿਆਰ, ਸਚਖੰਡ ਸੋਭਾ ਪਾਈਆ । ਹੁਕਮੀ ਹੁਕਮ ਕਰ ਵਰਤਾਰ, ਧੁਰ ਫ਼ਰਮਾਨਾ ਆਪ ਜਣਾਈਆ । ਭੂਪਤ ਭੂਪ ਬਣ ਸਿਕਦਾਰ, ਸ਼ਾਹ ਸੁਲਤਾਨ ਆਪਣੇ ਹੱਥ ਰੱਖੇ ਵਡਿਆਈਆ । ਦਰ ਦਰਵੇਸ਼ ਬਣ ਭਿਖਾਰ, ਸੀਸ ਜਗਦੀਸ ਆਪ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਆਪ ਪਰਗਟਾਈਆ । ਸਚਖੰਡ ਦਵਾਰ ਆਪ ਉਪਾ, ਆਪਣੀ ਮਹਿਮਾ ਆਪ ਜਣਾਇੰਦਾ । ਆਪਣਾ ਕਰ ਖੇਲ ਬੇਪਰਵਾਹ, ਸਾਚੀ ਖੇਲ ਆਪ ਖਿਲਾਇੰਦਾ । ਆਪਣਾ ਦੀਪਕ ਆਪ ਟਿਕਾ, ਆਪੇ ਵੇਖ ਵਖਾਇੰਦਾ । ਆਪਣਾ ਮੰਦਰ ਆਪ ਸੁਹਾ, ਆਪੇ ਸੋਭਾ ਪਾਇੰਦਾ । ਆਪਣਾ ਰੰਗ ਆਪ ਰੰਗਾ, ਰੰਗ ਰੰਗੀਲਾ ਆਪ ਹੋ ਜਾਇੰਦਾ । ਆਪਣੀ ਸੇਜਾ ਆਪ ਵਿਛਾ, ਆਪੇ ਆਸਣ ਲਾਇੰਦਾ । ਆਪਣਾ ਰੂਪ ਆਪ ਧਰਾ, ਆਪੇ ਵੇਖ ਵਖਾਇੰਦਾ । ਆਪਣਾ ਸਗਨ ਆਪ ਮਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਸਚਖੰਡ ਦਵਾਰਾ ਆਪ ਸੁਹਾਇੰਦਾ । ਸਚਖੰਡ ਦਵਾਰੇ ਖੇਲ ਅਵੱਲਾ, ਸੋ ਪੁਰਖ ਨਿਰੰਜਣ ਆਪ ਕਰਾਈਆ । ਆਦਿ ਪੁਰਖ ਇਕ ਇਕੱਲਾ, ਸੋਭਾਵੰਤ ਸੋਭਾ ਪਾਈਆ । ਆਪ ਵਸਿਆ ਸਚ ਮਹੱਲਾ, ਉਚ ਅਟੱਲਾ ਦਏ ਵਡਿਆਈਆ । ਆਪਣੀ ਜੋਤ ਆਪੇ ਬੱਲਾ, ਨੂਰ ਨੂਰ ਵਿਚ ਪਰਗਟਾਈਆ । ਆਪਣਾ ਫੜੇ ਆਪੇ ਪੱਲਾ, ਆਪ ਆਪਣਾ ਬੰਧਨ ਪਾਈਆ । ਆਪਣੇ ਅੰਦਰ ਆਪੇ ਰੱਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਸਾਚੇ ਵੱਜੇ ਵਧਾਈਆ । ਸਚਖੰਡ ਸਾਚਾ ਸਾਚਾ ਦਰ, ਸੋ ਪੁਰਖ ਨਿਰੰਜਣ ਆਪ ਸੁਹਾਇੰਦਾ । ਆਪਣੀ ਕਰਨੀ ਆਪੇ ਕਰ, ਆਪਣਾ ਖੇਲ ਖਿਲਾਇੰਦਾ । ਆਪੇ ਨਾਰੀ ਆਪੇ ਨਰ, ਨਰ ਨਰਾਇਣ ਵੇਸ ਵਟਾਇੰਦਾ । ਆਪਣਾ ਪੱਲੂ ਆਪੇ ਫੜ, ਆਪੇ ਗੰਢ ਪੁਆਇੰਦਾ । ਆਪਣਾ ਮੇਲਾ ਆਪੇ ਕਰ, ਮੇਲ ਮਿਲਾਵਾ ਆਪਣੇ ਹੱਥ ਰਖਾਇੰਦਾ । ਆਪਣੀ ਸੇਜਾ ਆਪੇ ਚੜ੍ਹ, ਆਪਣਾ ਅੰਗ ਆਪ ਲਗਾਇੰਦਾ । ਆਪਣੇ ਅੰਦਰ ਆਪਾ ਧਰ, ਆਪੇ ਖੇਲ ਖਿਲਾਇੰਦਾ । ਆਪੇ ਬਣ ਜਨਨੀ ਜਨ, ਹਰਿ ਦਾਈ ਦਾਇਆ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਸਾਚੇ ਖੜ, ਸਚਖੰਡ ਦਵਾਰਾ ਆਪ ਸੁਹਾਇੰਦਾ । ਸਚਖੰਡ ਦਵਾਰਾ ਸੋਭਾਵੰਤ, ਇਕ ਇਕੱਲਾ ਆਪ ਸੁਹਾਈਆ । ਕਰੇ ਖੇਲ ਸ੍ਰੀ ਭਗਵੰਤ, ਬੇਅੰਤ ਵਡ ਵਡਿਆਈਆ । ਵੇਸ ਵਟਾਏ ਨਾਰੀ ਕੰਤ, ਕੰਤ ਕੰਤੂਹਲ ਸੇਜ ਸੁਹਾਈਆ । ਆਪੇ ਚਾੜ੍ਹੇ ਰੰਗ ਬਸੰਤ, ਰੰਗ ਰੰਗੀਲਾ ਸੱਚਾ ਮਾਹੀਆ । ਆਪ ਬਣਾਏ ਆਪਣੀ ਬਣਤ, ਘਾੜਨ ਘੜਨਹਾਰ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਸਾਚਾ ਘਾੜਨ ਲਏ ਘੜਾਈਆ । ਸਾਚਾ ਘਾੜਨ ਨਿਰਗੁਣ ਘੜਿਆ, ਦੂਸਰ ਅਵਰ ਨਾ ਕੋਇ ਜਣਾਈਆ । ਆਪਣਾ ਪੱਲੂ ਆਪੇ ਫੜਿਆ, ਆਪੇ ਵੇਖ ਵਖਾਈਆ । ਆਪਣੇ ਮੰਦਰ ਆਪੇ ਧਰਿਆ, ਆਪੇ ਰਿਹਾ ਟਿਕਾਈਆ । ਆਪਣੇ ਜੇਹਾ ਆਪੇ ਕਰਿਆ, ਦੂਸਰ ਸੰਗ ਨਾ ਕੋਇ ਰਲਾਈਆ । ਨਾ ਜਨਮੇ ਨਾ ਕਦੇ ਮਰਿਆ, ਬੇਅੰਤ ਆਪਣੀ ਖੇਲ ਆਪ ਖਿਲਾਈਆ । ਸਚ ਦਵਾਰੇ ਆਪੇ ਚੜ੍ਹਿਆ, ਸਚਖੰਡ ਦਵਾਰੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਰਿਹਾ ਸੁਹਾਈਆ ।

ਸਚਖੰਡ ਦਵਾਰਾ ਸਾਚਾ ਧਾਮ, ਸੋ ਪੁਰਖ ਨਿਰੰਜਣ ਆਪ ਪਰਗਟਾਇੰਦਾ । ਨਿਰਗੁਣ ਸੇਵਾ ਕਰ ਨਿਸ਼ਕਾਮ, ਆਪਣੀ ਸੇਵਾ ਆਪ ਲਗਾਇੰਦਾ । ਆਪੇ ਹੋਇਆ ਜਾਣੀ ਜਾਣ, ਦੂਸਰ ਭੇਵ ਕੋਇ ਨਾ ਪਾਇੰਦਾ । ਬਾਡੀ ਲੱਗੇ ਨਾ ਕੋਇ ਲੁਹਾਰ ਤ੍ਰਖਾਣ, ਘਾੜਤ ਘੜਤ ਨਾ ਕੋਇ ਵਖਾਇੰਦਾ । ਨਿਰਗੁਣ ਬਣਾਏ ਨਿਰਗੁਣ ਮਕਾਨ, ਨਿਰਗੁਣ ਆਪਣਾ ਧਿਆਨ ਲਗਾਇੰਦਾ । ਨਿਰਗੁਣ ਝੁਲਾਏ ਸਚ ਨਿਸ਼ਾਨ, ਸਚਖੰਡ ਦਵਾਰੇ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਾ ਆਪ ਵਡਿਆਇੰਦਾ । ਸਚ ਦਵਾਰਾ ਸਚਖੰਡ, ਅਖੰਡ ਰਚਨ ਰਚਾਈਆ । ਪੁਰਖ ਅਬਿਨਾਸ਼ੀ ਵੰਡੀ ਆਪਣੀ ਵੰਡ, ਆਪਣਾ ਹਿੱਸਾ ਆਪੇ ਪਾਈਆ । ਆਦਿ ਰੱਖਿਆ ਨਾ ਕੋਇ ਸੰਗ, ਦੂਜਾ ਸਾਥ ਨਾ ਕੋਇ ਜਣਾਈਆ । ਆਪੇ ਜਾਣੇ ਆਪਣਾ ਅਨੰਦ, ਅਨੰਦ ਅਨੰਦ ਵਿਚ ਸਮਾਈਆ । ਕਰੇ ਖੇਲ ਸਾਹਿਬ ਬਖ਼ਸ਼ੰਦ, ਬਖ਼ਸ਼ਿਸ਼ ਆਪਣੀ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਸਾਚਾ ਆਪ ਸਲਾਹੀਆ । ਸਚਖੰਡ ਬਣਿਆ ਸਚ ਮਕਾਨਾ, ਹਰਿ ਸਾਚਾ ਵੇਖ ਵਖਾਈਆ । ਚਾਰੋਂ ਕੁੰਟ ਨੂਰ ਭਗਵਾਨਾ, ਨੂਰ ਨੁਰਾਨਾ ਡਗਮਗਾਈਆ । ਏਕਾ ਭੂਪ ਇਕ ਰਾਜਾਨਾ, ਇਕ ਸਿੰਘਾਸਣ ਆਸਣ ਲਾਈਆ । ਏਕਾ ਰਾਗ ਇਕ ਤਰਾਨਾ, ਏਕਾ ਨਾਦੀ ਨਾਦ ਵਜਾਈਆ । ਏਕਾ ਹੁਕਮ ਇਕ ਫ਼ਰਮਾਨਾ, ਏਕਾ ਰਿਹਾ ਸੁਣਾਈਆ । ਏਕਾ ਦਰਵੇਸ਼ ਦਰ ਦਰਬਾਨਾ, ਏਕਾ ਬੈਠਾ ਸੀਸ ਝੁਕਾਈਆ । ਏਕਾ ਖੇਲੇ ਖੇਲ ਮਹਾਨਾ, ਆਪਣੀ ਖੇਲ ਆਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰ ਆਪ ਸੁਹਾਈਆ । ਸਚਖੰਡ ਦਵਾਰਾ ਹਰਿ ਹਰਿ ਪੇਖ, ਆਪਣੀ ਖ਼ੁਸ਼ੀ ਮਨਾਇੰਦਾ । ਰੂਪ ਰੰਗ ਨਾ ਦਿਸੇ ਰੇਖ, ਚਾਰ ਦੀਵਾਰ ਨਾ ਕੋਇ ਚਿਣਾਇੰਦਾ । ਆਪ ਵਸਾਇਆ ਆਪਣਾ ਦੇਸ, ਦੇਸ ਸਾਚੇ ਸੋਭਾ ਪਾਇੰਦਾ । ਤਖ਼ਤ ਸੁਹਾਏ ਨਰ ਨਰੇਸ਼, ਸਾਚਾ ਤਖ਼ਤ ਆਪ ਉਪਾਇੰਦਾ । ਨਿਰਗੁਣ ਕਰਿਆ ਨਿਰਗੁਣ ਵੇਸ, ਨਿਰਗੁਣ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਘਰ ਆਪ ਸੁਹਾਇੰਦਾ । ਸਚਖੰਡ ਦਵਾਰਾ ਅਪਰ ਅਪਾਰਾ, ਹਰਿ ਸਾਚਾ ਸਚ ਉਪਾਈਆ । ਦੀਆ ਬਾਤੀ ਇਕ ਉਜਿਆਰਾ, ਨਿਰਗੁਣ ਧਾਰਾ ਲਏ ਪਰਗਟਾਈਆ । ਰਵ ਸਸ ਨਾ ਕੋਇ ਸਿਤਾਰਾ, ਸੂਰਜ ਚੰਦ ਨਾ ਕੋਇ ਚੜ੍ਹਾਈਆ । ਵਿਸ਼ਨ ਬ੍ਰਹਮਾ ਸ਼ਿਵ ਨਾ ਕੋਇ ਪਸਾਰਾ, ਤ੍ਰੈਗੁਣ ਧਾਰਾ ਨਾ ਕੋਇ ਵਖਾਈਆ । ਪੰਚਮ ਦਿਸੇ ਨਾ ਕੋਇ ਅਖਾੜਾ, ਧਰਤ ਧਵਲ ਨਾ ਕੋਇ ਵਡਿਆਈਆ । ਗੁਰ ਪੀਰ ਨਾ ਕੋਇ ਅਵਤਾਰਾ, ਪੀਰ ਪੈਗ਼ੰਬਰ ਨਾ ਕੋਇ ਰਖਾਈਆ । ਨਾ ਕੋਈ ਪੁਰਖ ਨਾ ਕੋਈ ਨਾਰਾ, ਜੀਵ ਜੰਤ ਨਾ ਰਚਨ ਰਚਾਈਆ । ਸਮੁੰਦ ਸਾਗਰ ਨਾ ਡੂੰਘੀ ਗਾਰਾ, ਜੰਗਲ ਜੂਹ ਉਜਾੜ ਪਹਾੜ ਨਾ ਰਚਨ ਰਚਾਈਆ । ਪਿਤਾ ਪੂਤ ਨਾ ਕੋਇ ਅਧਾਰਾ, ਮਾਤ ਗੋਦ ਨਾ ਕੋਇ ਸੁਹਾਈਆ । ਸ਼ਾਸਤਰ ਸਿਮਰਤ ਨਾ ਕੋਇ ਪਿਆਰਾ, ਵੇਦ ਕਤੇਬ ਨਾ ਕੋਇ ਪੜ੍ਹਾਈਆ । ਸ਼ਾਸਤਰ ਸਿਮਰਤ ਨਾ ਕੋਇ ਹੁਲਾਰਾ, ਗਿਆਨ ਧਿਆਨ ਨਾ ਕੋਇ ਸਮਝਾਈਆ । ਖਾਣੀ ਬਾਣੀ ਨਾ ਕੋਇ ਪੁਕਾਰਾ, ਕੂਕ ਕੂਕ ਨਾ ਕੋਇ ਅਲਾਈਆ । ਕਰਿਆ ਖੇਲ ਅਪਰ ਅਪਾਰਾ, ਪ੍ਰਭ ਆਪਣੀ ਰਚਨ ਰਚਾਈਆ । ਸਚਖੰਡ ਵਸੇ ਏਕਾ ਏਕੰਕਾਰਾ, ਦੂਸਰ ਸੰਗ ਨਾ ਕੋਇ ਰਲਾਈਆ । ਸਚ ਮਹੱਲਾ ਕਰ ਪਿਆਰਾ, ਉਚ ਅਟੱਲਾ ਆਪ ਵਸਾਈਆ । ਆਪਣਾ ਹੁਕਮ ਕਰ ਵਰਤਾਰਾ, ਆਪੇ ਰਿਹਾ ਮਨਾਈਆ । ਆਪਣੀ ਇਛਿਆ ਭਰ ਭੰਡਾਰਾ, ਆਪੇ ਦਏ ਵਰਤਾਈਆ । ਨਿਰਗੁਣ ਨਿਰਗੁਣ ਕਰ ਉਸਾਰਾ, ਲੇਖਾ ਲੇਖ ਨਾ ਕੋਇ ਜਣਾਈਆ । ਜੋਤੀ ਅੰਦਰ ਜੋਤੀ

ਧਾਰਾ, ਜੋਤੀ ਜੋਤ ਜੋਤ ਸਮਾਈਆ । ਜੋਤੀ ਸੁਤ ਸੁਤ ਦੁਲਾਰਾ, ਸ਼ਬਦੀ ਸ਼ਬਦ ਪਰਗਟਾਈਆ । ਸ਼ਬਦੀ ਸ਼ਬਦ ਸ਼ਬਦ ਪਿਆਰਾ, ਹਰਿ ਸੱਚਾ ਮੇਲ ਮਿਲਾਈਆ । ਕਰਨੀ ਕਰੇ ਹਰਿ ਕਰਨੇਹਾਰਾ, ਕਰਤਾ ਪੁਰਖ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਆਪਣਾ ਘਰ ਵਸਾਈਆ । ਸਚਖੰਡ ਦਵਾਰਾ ਹਰਿ ਵਸਾਇਆ, ਵਸਣਹਾਰਾ ਏਕ । ਆਪਣਾ ਨੂਰ ਆਪ ਧਰਾਇਆ, ਆਪੇ ਰੱਖੇ ਆਪਣੀ ਟੇਕ । ਆਪਣਾ ਰਾਗ ਆਪ ਅਲਾਇਆ, ਆਪੇ ਸੁਣੇ ਸੁਣਾਏ ਆਪੇ ਲਏ ਪੇਖ । ਆਪਣਾ ਰਾਜ ਆਪ ਬਣਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਆਪਣਾ ਭੇਤ । ਆਪਣਾ ਭੇਤ ਭੇਵ ਅਭੇਦਾ, ਆਪਣੇ ਹੱਥ ਰਖਾਈਆ । ਆਦਿ ਪੁਰਖ ਏਕੋ ਏਕਾ, ਏਕਾ ਕਲ ਧਰਾਈਆ । ਆਪਣੇ ਮੰਦਰ ਕਰ ਪਰਵੇਸ਼ਾ, ਆਪਣਾ ਬੰਧਨ ਪਾਈਆ । ਆਪਣੇ ਤਖ਼ਤ ਬਹੇ ਨਰੇਸ਼ਾ, ਆਪਣਾ ਹੁਕਮ ਸੁਣਾਈਆ । ਆਪਣੇ ਦਰ ਕਰੇ ਆਦੇਸ਼ਾ, ਨਿਉਂ ਨਿਉਂ ਸੀਸ ਝੁਕਾਈਆ । ਆਪਣਾ ਖੇਲ ਆਪੇ ਵੇਖਾ, ਵਾਹ ਵਾਹ ਆਪਣੀ ਖ਼ੁਸ਼ੀ ਮਨਾਈਆ । ਆਪਣੇ ਹੱਥ ਰਖਿਆ ਆਪਣਾ ਲੇਖਾ, ਲੇਖਾ ਲਿਖਤ ਵਿਚ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਸਾਚੇ ਵੜ, ਆਪਣੀ ਇਛਿਆ ਆਪ ਪਰਗਟਾਈਆ । ਆਪਣੀ ਇਛਿਆ ਆਪੇ ਰੱਖ, ਆਪੇ ਖੇਲ ਖਿਲਾਇੰਦਾ । ਸੋ ਪੁਰਖ ਨਿਰੰਜਣ ਹੋ ਪਰਤੱਖ, ਨਿਰਗੁਣ ਧਾਰ ਧਾਰ ਪਰਗਟਾਇੰਦਾ । ਏਕੰਕਾਰਾ ਹੋ ਹੋ ਵੱਖ, ਆਪਣਾ ਰਾਗ ਵਖਾਇੰਦਾ । ਆਦਿ ਨਿਰੰਜਣ ਅਲਖਣਾ ਅਲਖ, ਅਲਖ ਅਗੋਚਰ ਖੇਲ ਕਰਾਇੰਦਾ । ਸ੍ਰੀ ਭਗਵਾਨ ਆਪਣੀ ਪੂਰੀ ਕਰੇ ਆਸ, ਆਸਾ ਆਸਾ ਵਿਚ ਮਿਲਾਇੰਦਾ । ਸ੍ਰੀ ਭਗਵਾਨ ਹੋ ਹੋ ਦਾਸ, ਆਪਣੀ ਸੇਵ ਕਮਾਇੰਦਾ । ਪਾਰਬ੍ਰਹਮ ਪ੍ਰਭ ਕਰ ਪਰਕਾਸ਼, ਰੂਪ ਅਨੂਪ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਰਚਨਾ ਆਪ ਵਖਾਇੰਦਾ । ਸਾਚੀ ਰਚਨਾ ਹਰਿ ਨਿਰੰਕਾਰ, ਆਪਣੀ ਆਪ ਕਰਾਈਆ । ਸਚਖੰਡ ਦਵਾਰੇ ਹੋ ਤਿਆਰ, ਆਪਣਾ ਮਤਾ ਆਪ ਪਕਾਈਆ । ਸਾਚੀ ਇਛਿਆ ਬਣ ਵਰਤਾਰ, ਆਪਣਾ ਭੰਡਾਰਾ ਆਪਣੀ ਝੋਲੀ ਪਾਈਆ । ਲੇਖਾ ਜਾਣੇ ਪੁਰਖ ਨਾਰ, ਨਾਰੀ ਕੰਤ ਸੇਜ ਸੁਹਾਈਆ । ਸੁਤ ਦੁਲਾਰਾ ਕਰ ਤਿਆਰ, ਸ਼ਬਦੀ ਨਾਉਂ ਪਰਗਟਾਈਆ । ਸ਼ਬਦੀ ਦੇਵੇ ਇਕ ਸਹਾਰ, ਸਿਰ ਆਪਣਾ ਹੱਥ ਟਿਕਾਈਆ । ਤੇਰਾ ਖੋਲ੍ਹਾਂ ਸਚ ਕਿਵਾੜ, ਆਪਣੀ ਬਣਤ ਬਣਾਈਆ । ਥਿਰ ਘਰ ਦਿਆਂ ਵਾੜ, ਸਚ ਦਵਾਰੇ ਆਪ ਟਿਕਾਈਆ । ਆਦਿ ਜੁਗਾਦਿ ਕਰਾਂ ਪਿਆਰ, ਭੁਲ ਕਦੇ ਨਾ ਜਾਈਆ । ਤੇਰਾ ਦੱਸਾਂ ਸਚ ਵਿਹਾਰ, ਏਕਾ ਗੁਣ ਜਣਾਈਆ । ਕਰਾਂ ਖੇਲ ਅਗੰਮ ਅਪਾਰ, ਬੇਅੰਤ ਵੇਸ ਵਟਾਈਆ । ਸਾਚਾ ਹੁਕਮ ਮੰਨਣਾ ਪਏ ਸੱਚੇ ਦਰਬਾਰ, ਨਾ ਮੋੜੇ ਮੋੜ ਮੁੜਾਈਆ । ਪੁਰਖ ਅਬਿਨਾਸ਼ੀ ਖ਼ਬਰਦਾਰ, ਤੇਰੀ ਨਿੰਦਰਾ ਰਿਹਾ ਗੁਆਈਆ । ਜੁਗਾ ਜੁਗੰਤਰ ਖੇਲ ਨਿਆਰ, ਜੁਗ ਕਰਤਾ ਆਪ ਕਰਾਈਆ । ਤੇਰਾ ਉਸਾਰਾਂ ਮਹੱਲ ਮੁਨਾਰ, ਅਟਲ ਦਿਆਂ ਵਡਿਆਈਆ । ਬ੍ਰਹਿਮੰਡ ਖੰਡ ਤੇਰੀ ਧਾਰ, ਲੋਆਂ ਪੁਰੀਆਂ ਰਚਨ ਰਚਾਈਆ । ਵਿਸ਼ਨ ਬ੍ਰਹਮਾ ਸ਼ਿਵ ਪਾਵੇ ਸਾਰ, ਆਪ ਆਪਣੀ ਦਇਆ ਕਮਾਈਆ । ਤ੍ਰੈਗੁਣ ਮਾਇਆ ਤੱਤ ਵਿਚਾਰ, ਤੇਰੇ ਰੰਗ ਰੰਗਾਈਆ । ਲੱਖ ਚੁਰਾਸੀ ਤੇਰਾ ਪਿਆਰ, ਘੜ ਭਾਂਡੇ ਲਏ ਬਣਾਈਆ । ਨਿਰਗੁਣ ਸਰਗੁਣ ਕਰ ਤਿਆਰ, ਦੇਵੇ ਸਚ ਸਲਾਹੀਆ । ਪੰਚਮ ਮੀਤਾ ਹੋ ਉਜਿਆਰ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਗੁਣਵੰਤਾ ਮੇਲ ਝੋਲੀ ਪਾਈਆ । ਨਿਰਗੁਣ ਨਿਰਗੁਣ ਕਰੇ ਪਿਆਰ, ਸਰਗੁਣ ਸਰਗੁਣ ਦਏ ਸਮਝਾਈਆ । ਰਕਤ ਬੂੰਦ ਖੇਲ ਨਿਆਰ, ਜੋਤੀ ਜਾਤਾ ਹੋ

ਉਜਿਆਰ, ਮਨ ਮਤ ਬੁਧ ਪਾਵੇ ਸਾਰ, ਆਤਮ ਬ੍ਰਹਮ ਨਿਰਾਕਾਰ, ਨਿਰਗੁਣ ਆਪਣੀ ਖੇਲ ਖਿਲਾਈਆ । ਈਸ਼ ਜੀਵ ਹੋ ਉਜਿਆਰ, ਆਪਣੀ ਖ਼ੁਸ਼ੀ ਮਨਾਈਆ । ਸਾਚੇ ਮੰਦਰ ਪਾਵੇ ਸਾਰ, ਡੂੰਘੀ ਕੰਦਰ ਫੋਲ ਫੋਲਾਈਆ । ਸੁਤ ਦੁਲਾਰੇ ਰਹਿਣਾ ਖ਼ਬਰਦਾਰ, ਪੁਰਖ ਅਬਿਨਾਸ਼ੀ ਆਪ ਜਣਾਈਆ । ਘਟ ਘਟ ਅੰਦਰ ਹੋਏ ਉਜਿਆਰ, ਨਿਰਗੁਣ ਦਾਤਾ ਬੇਪਰਵਾਹੀਆ । ਅੰਮ੍ਰਿਤ ਆਤਮ ਠੰਡੀ ਠਾਰ, ਨਿਝਰ ਝਿਰਨਾ ਆਪ ਝਿਰਾਈਆ । ਜੋਤੀ ਜੋਤ ਕਰੇ ਉਜਿਆਰ, ਜੋਤੀ ਜਾਤਾ ਡਗਮਗਾਈਆ । ਆਪਣੀ ਰਚਨਾ ਕਰ ਤਿਆਰ, ਲੱਖ ਚੁਰਾਸੀ ਵੇਖ ਵਖਾਈਆ । ਸੁਤ ਦੁਲਾਰੇ ਸਾਚੀ ਧਾਰ, ਸੋ ਪੁਰਖ ਨਿਰੰਜਣ ਆਪ ਜਣਾਈਆ । ਵਿਸ਼ਨ ਬ੍ਰਹਮਾ ਸ਼ਿਵ ਤੇਰੇ ਚਰਨ ਕਰਨ ਨਿਮਸਕਾਰ, ਨਿਉਂ ਨਿਉਂ ਸੀਸ ਝੁਕਾਈਆ । ਏਕਾ ਹੁਕਮ ਮੰਨਣਾ ਪਏ ਏਕਾ ਵਾਰ, ਹਰਿ ਸਾਚਾ ਕਰੇ ਜਣਾਈਆ । ਨਿਸ਼ਅੱਖਰ ਕਰ ਤਿਆਰ, ਨਿਰਵੈਰ ਰਿਹਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਸਚਖੰਡ ਦਵਾਰੇ ਸਾਚੇ ਖੜ, ਥਿਰ ਘਰ ਰਿਹਾ ਸੁਹਾਈਆ । ਥਿਰ ਘਰ ਵਸੇ ਸੁਤ ਦੁਲਾਰਾ, ਸਚਖੰਡ ਵਾਸੀ ਆਪ ਵਸਾਇੰਦਾ । ਕਰੇ ਖੇਲ ਅਪਰ ਅਪਾਰਾ, ਭੇਵ ਅਭੇਦ ਨਾ ਕੋਇ ਜਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰ ਪਿਆਰਾ, ਏਕਾ ਮੰਤਰ ਨਾਮ ਦ੍ਰਿੜਾਇੰਦਾ । ਏਕਾ ਵਸਤ ਸਤਿ ਭੰਡਾਰਾ, ਧੁਰ ਦਰਬਾਰੀ ਆਪ ਵਰਤਾਇੰਦਾ । ਲੱਖ ਚੁਰਾਸੀ ਕਰ ਤਿਆਰਾ, ਘੜ ਭਾਂਡੇ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਦੇਵੇ ਸਾਚਾ ਵਰ, ਸਾਚਾ ਹੁਕਮ ਸੁਣਾਇੰਦਾ । ਸਾਚਾ ਹੁਕਮ ਧੁਰ ਫ਼ਰਮਾਨਾ, ਆਦਿ ਪੁਰਖ ਜਣਾਈਆ । ਸ਼ਬਦੀ ਤੇਰਾ ਖੇਲ ਮਹਾਨਾ, ਪਾਤਾਲ ਆਕਾਸ਼ ਤੇਰੀ ਵਡਿਆਈਆ । ਤੇਰਾ ਮਰਦੰਗ ਇਕ ਵਜਾਨਾ, ਆਦਿ ਜੁਗਾਦਿ ਸੁਣਾਈਆ । ਤੇਰਾ ਘਰ ਇਕ ਵਸਾਨਾ, ਨਵ ਖੰਡ ਪ੍ਰਿਥਮੀ ਖੇਲ ਖਿਲਾਈਆ । ਤੇਰਾ ਰੂਪ ਇਕ ਦਰਸਾਨਾ, ਨੂਰ ਨੂਰ ਵਿਚ ਪਰਗਟਾਈਆ । ਤੇਰਾ ਜਾਮ ਇਕ ਪਿਆਨਾ, ਅੰਮ੍ਰਿਤ ਰਸ ਚੁਆਈਆ । ਤੇਰਾ ਘਰ ਇਕ ਵਸਾਨਾ, ਉਜੜ ਕਦੇ ਨਾ ਜਾਈਆ । ਤੇਰੀ ਵੰਡ ਆਪ ਵੰਡਾਨਾ, ਵੰਡ ਵੰਡੇ ਬੇਪਰਵਾਹੀਆ । ਤੇਰਾ ਲੇਖਾ ਆਪ ਸਮਝਾਨਾ, ਬ੍ਰਹਮ ਵੇਤਾ ਬ੍ਰਹਮਾ ਸੁਤ ਪੜ੍ਹਾਈਆ । ਚਾਰ ਵੇਦਾਂ ਭੇਵ ਖੁਲ੍ਹਾਨਾ, ਚਾਰ ਚਾਰ ਮੁਖ ਸਾਲਾਹੀਆ । ਚਾਰੇ ਬਾਣੀ ਆਪ ਜਗਾਨਾ, ਪਰਾ ਪਸੰਤੀ ਮਧਮ ਬੈਖਰੀ ਆਪਣਾ ਪਰਦਾ ਲਾਹੀਆ । ਚਾਰੇ ਖਾਣੀ ਵੰਡ ਵੰਡਾਨਾ, ਅੰਡਜ ਜੇਰਜ ਉਤਭੁਜ ਸੇਤਜ ਬਣਤ ਬਣਾਈਆ । ਚਾਰੇ ਜੁਗ ਹੁਕਮ ਚਲਾਨਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਕਾਰ ਕਮਾਈਆ । ਚਾਰੇ ਵਰਨ ਵੇਖ ਵਖਾਨਾ, ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਬੰਧਨ ਪਾਈਆ । ਚਾਰੋਂ ਕੁੰਟ ਹੋ ਪਰਧਾਨਾ, ਉੱਤਰ ਪੂਰਬ ਪੱਛਮ ਦੱਖਣ ਵੇਖ ਵਖਾਈਆ । ਜੁਗ ਜੁਗ ਖੇਲੇ ਖੇਲ ਸ੍ਰੀ ਭਗਵਾਨਾ, ਸ਼ਬਦੀ ਸ਼ਬਦ ਸ਼ਬਦ ਲੱਖ ਚੁਰਾਸੀ ਕਰੇ ਪੜ੍ਹਾਈਆ । ਜੁਗ ਜੁਗ ਮਾਰਗ ਏਕਾ ਲਾਣਾ, ਵੇਸ ਅਨੇਕ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਦੇਵੇ ਵਰ, ਵਰਦਾਤਾ ਆਪ ਹੋ ਜਾਈਆ । ਆਦਿ ਪੁਰਖ ਦਿਤਾ ਵਰ, ਸੋ ਪੁਰਖ ਨਿਰੰਜਣ ਖੇਲ ਖਿਲਾ । ਸੁਤ ਦੁਲਾਰੇ ਵਸੇ ਘਰ, ਦੋ ਜਹਾਨਾਂ ਵੇਖ ਵਖਾ । ਲੱਖ ਚੁਰਾਸੀ ਅੰਦਰ ਜਾਣਾ ਵੜ, ਘਟ ਘਟ ਆਪਣਾ ਨੂਰ ਧਰਾ । ਏਕਾ ਅੱਖਰ ਜਾਣਾ ਪੜ੍ਹ, ਲੱਖ ਚੁਰਾਸੀ ਦੇ ਸਮਝਾ । ਏਕਾ ਮੰਦਰ ਜਾਣਾ ਚੜ੍ਹ, ਸਾਚੇ ਮੰਦਰ ਆਸਣ ਲਾ । ਏਕਾ ਹੁਕਮ ਦੇਣਾ ਕਰ, ਹੁਕਮੀ ਹੁਕਮ ਸਚ ਵਰਤਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਰਿਹਾ ਸਮਝਾ । ਆਦਿ ਪੁਰਖ ਹਰਿ ਆਪ ਸਮਝਾਏ, ਮਹਿਮਾ ਅਕਥ ਕਥੀ


੧੧੪੮ ੧੦

ਨਾ ਜਾਈਆ । ਸੁਤ ਦੁਲਾਰਾ ਸੇਵਾ ਲਾਏ, ਸਾਚੀ ਸੇਵਾ ਇਕ ਸਮਝਾਈਆ । ਜੁਗ ਚੌਕੜੀ ਵੰਡ ਵੰਡਾਏ, ਕੋਟਨ ਕੋਟ ਕਾਲ ਬਿਤਾਈਆ । ਗੁਰ ਅਵਤਾਰ ਲਏ ਪਰਗਟਾਏ, ਲੋਕਮਾਤ ਕਰੇ ਰੁਸ਼ਨਾਈਆ । ਭਗਤ ਭਗਵੰਤ ਲਏ ਜਗਾਏ, ਆਤਮ ਬ੍ਰਹਮ ਵੇਖ ਵਖਾਈਆ । ਸੰਤ ਕੰਤ ਹਰਿ ਲਏ ਮਿਲਾਏ, ਆਪ ਆਪਣੇ ਅੰਗ ਲਗਾਈਆ । ਗੁਰਮੁਖ ਸਾਚੇ ਲਏ ਉਠਾਏ, ਆਲਸ ਨਿੰਦਰਾ ਦਏ ਗੁਆਈਆ । ਗੁਰਸਿਖ ਆਪਣੀ ਗੋਦ ਬਹਾਏ, ਸਿਰ ਆਪਣਾ ਹੱਥ ਟਿਕਾਈਆ । ਸਤਿਜੁਗ ਖੇੜਾ ਆਪ ਵਸਾਏ, ਆਪ ਆਪਣਾ ਹੁਕਮ ਵਰਤਾਈਆ । ਵਾਰ ਅਠਾਰਾਂ ਜੋਤ ਪਰਗਟਾਏ, ਰੂਪ ਅਨੂਪ ਆਪ ਵਖਾਈਆ । ਅੰਤਮ ਲੇਖਾ ਦਏ ਮੁਕਾਏ, ਥਿਰ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਚਰਜ ਲੀਲ੍ਹਾ ਆਪ ਰਖਾਈਆ । ਅਚਰਜ ਲੀਲਾ ਹਰਿ ਕਰਤਾਰ, ਜੁਗ ਜੁਗ ਆਪ ਵਰਤਾਇੰਦਾ । ਸਤਿਜੁਗ ਅੰਤਮ ਉਤਰਿਆ ਪਾਰ, ਲੋਕਮਾਤ ਪਰਗਟਾਇੰਦਾ । ਕਰੇ ਖੇਲ ਅਗੰਮ ਅਪਾਰ, ਅਪਰੰਪਰ ਧਾਰ ਚਲਾਇੰਦਾ । ਤੋੜਨਹਾਰਾ ਗੜ੍ਹ ਹੰਕਾਰ, ਬਾਣ ਨਿਰਾਲਾ ਆਪ ਰਖਾਇੰਦਾ । ਦੋਏ ਦੋਏ ਰੂਪ ਅਗੰਮ ਅਪਾਰ, ਤ੍ਰੈਗੁਣ ਅਤੀਤਾ ਆਪ ਕਰਾਇੰਦਾ । ਠਾਂਡਾ ਸੀਤਾ ਸਚ ਦਰਬਾਰ, ਥਿਰ ਘਰ ਸਾਚੇ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਇੰਦਾ । ਸਾਚਾ ਹੁਕਮ ਧੁਰ ਫ਼ਰਮਾਨਾ, ਸਤਿ ਪੁਰਖ ਨਿਰੰਜਣ ਆਪ ਵਰਤਾਈਆ । ਆਦਿ ਜੁਗਾਦਿ ਆਪੇ ਵਰਤੇ ਆਪਣਾ ਭਾਣਾ, ਨਾ ਕੋਈ ਮੇਟੇ ਮੇਟ ਮਿਟਾਈਆ । ਕਰੇ ਖੇਲ ਕ੍ਰਿਸ਼ਨਾ ਕਾਹਨਾ, ਏਕਾ ਬੰਸਰੀ ਨਾਮ ਵਜਾਈਆ । ਮੰਡਲ ਮੰਡਪ ਰਾਸ ਰਚਾਨਾ, ਸਾਚੀ ਸਖ਼ੀਆਂ ਵੇਖ ਵਖਾਈਆ । ਏਕਾ ਦੇਵੇ ਨਾਮ ਨਿਧਾਨਾ, ਗੁਣਵੰਤ ਗੁਣ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਵੇਸ ਵਟਾਈਆ । ਜੁਗ ਜੁਗ ਵੇਸ ਅਵੱਲਾ, ਪੁਰਖ ਅਬਿਨਾਸ਼ੀ ਆਪ ਕਰਾਇੰਦਾ । ਨਿਰਗੁਣ ਸਰਗੁਣ ਫੜਾਏ ਪੱਲਾ, ਸਾਚਾ ਪੱਲੂ ਹੱਥ ਉਠਾਇੰਦਾ । ਸਚ ਸੰਦੇਸ ਏਕਾ ਘੱਲਾ, ਆਪਣਾ ਨਾਉਂ ਜਣਾਇੰਦਾ । ਜੋਤੀ ਸ਼ਬਦੀ ਆਪੇ ਰੱਲਾ, ਪੰਜ ਤੱਤ ਵੇਖ ਵਖਾਇੰਦਾ । ਵਸਣਹਾਰਾ ਨਿਹਚਲ ਧਾਮ ਅਟੱਲਾ, ਕਾਇਆ ਖੇੜਾ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਆਪ ਰੰਗਾਇੰਦਾ । ਆਪਣਾ ਰੰਗ ਸ੍ਰੀ ਭਗਵਾਨ, ਆਦਿ ਜੁਗਾਦਿ ਰੰਗਾਇੰਦਾ । ਕਲਜੁਗ ਅੰਤਮ ਹੋ ਪਰਧਾਨ, ਸਾਚਾ ਖੇਲ ਖਿਲਾਇੰਦਾ । ਈਸਾ ਮੂਸਾ ਦੇਵੇ ਦਾਨ, ਸੰਗ ਮੁਹੰਮਦ ਚਾਰ ਯਾਰ ਵੇਖ ਵਖਾਇੰਦਾ । ਨਿਰਗੁਣ ਦੇਵੇ ਇਕ ਨਿਸ਼ਾਨ, ਸਚ ਨਿਸ਼ਾਨਾ ਆਪ ਉਠਾਇੰਦਾ । ਨਾਨਕ ਪਾਏ ਪਦ ਨਿਰਬਾਨ, ਨਾਮ ਸਤਿ ਮੰਤਰ ਦ੍ਰਿੜਾਇੰਦਾ । ਗੋਬਿੰਦ ਜੋਧਾ ਸੂਰਬੀਰ ਬਲਵਾਨ, ਏਕਾ ਖੰਡਾ ਨਾਮ ਉਠਾਇੰਦਾ । ਲੇਖਾ ਜਾਣੇ ਦੋ ਜਹਾਨ, ਦੋ ਜਹਾਨਾਂ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਖੇਲ ਖਿਲਾਇੰਦਾ । ਜੁਗ ਚੌਕੜੀ ਉਤਰੇ ਪਾਰ, ਕੋਟਨ ਕੋਟ ਕਾਲ ਬਿਤਾਈਆ । ਨਵ ਨੌਂ ਵੇਖੇ ਵੇਖਣਹਾਰ, ਚਾਰ ਚਾਰ ਵੱਜੇ ਵਧਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਆਣੀ ਹਾਰ, ਵਿਸ਼ਨ ਬ੍ਰਹਮਾ ਸ਼ਿਵ ਰਹੇ ਕੁਰਲਾਈਆ । ਪੁਰਖ ਅਬਿਨਾਸ਼ੀ ਕਰੇ ਖੇਲ ਅਗੰਮ ਅਪਾਰ, ਸਾਚੇ ਤਖ਼ਤ ਬੈਠ ਸਾਚਾ ਮਾਹੀਆ । ਵੇਖੇ ਵਿਗਸੇ ਵੇਖਣਹਾਰ, ਨਿਰਗੁਣ ਨਿਰਾਕਾਰ ਆਪਣੀ ਦਇਆ ਕਮਾਈਆ । ਆਦਿ ਜੁਗਾਦੀ ਸਾਚੀ ਕਾਰ, ਕਰਤਾ ਪੁਰਖ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਜੁਗ ਚੌਕੜੀ ਆਪਣੇ ਲੇਖੇ ਲਾਈਆ । ਨੌਂ ਸੌ ਚੁਰਾਨਵੇਂ


੧੧੪੯
੧੦

ਚੌਕੜੀ ਉਤਰੇ ਆਪਣੇ ਘਾਟ, ਘਾਟਾ ਕੋਇ ਰਹਿਣ ਨਾ ਪਾਇਆ । ਕਰੇ ਖੇਲ ਪੁਰਖ ਸਮਰਥ, ਸਮਰਥ ਆਪਣੀ ਧਾਰ ਚਲਾਇਆ । ਜੁਗ ਜੁਗ ਚਲਾਏ ਰਥ, ਰਥ ਰਥਵਾਹੀ ਵੇਸ ਵਟਾਇਆ । ਲੱਖ ਚੁਰਾਸੀ ਪਾਏ ਨਥ, ਚਾਰੋਂ ਕੁੰਟ ਰਿਹਾ ਭੁਆਇਆ । ਵੇਖਣਹਾਰਾ ਮੰਦਰ ਮਸਜਿਦ ਮੱਠ, ਸ਼ਿਵਦਵਾਲੇ ਫੋਲ ਫੋਲਾਇਆ । ਪਾਵੇ ਸਾਰ ਤੀਰਥ ਅਠਸਠ, ਤਟ ਕਿਨਾਰਾ ਡੇਰਾ ਢਾਹਿਆ । ਦੋ ਜਹਾਨਾਂ ਨਠ ਨਠ, ਨਠ ਨਠ ਚੌਦਾਂ ਲੋਕਾਂ ਪੰਧ ਮੁਕਾਇਆ । ਚੌਦਾਂ ਤਬਕਾਂ ਗੇੜੇ ਉਲਟੀ ਲੱਠ, ਗੇੜਾ ਆਪਣਾ ਆਪ ਦਵਾਇਆ । ਕਲਜੁਗ ਅੰਤਮ ਕਰੇ ਭੱਠ, ਏਕਾ ਅਗਨ ਬਸੰਤਰ ਲਾਇਆ । ਕਰੇ ਖੇਲ ਸਾਚਾ ਹਰਿ, ਆਦਿ ਪੁਰਖ ਏਕਾ ਨਰ, ਨਰ ਨਰਾਇਣ ਵੇਸ ਵਟਾਇਆ । ਆਦਿ ਅੰਤ ਖੇਲ ਕਰਤਾਰਾ, ਕ਼ੁਦਰਤ ਕ਼ਾਦਰ ਵੇਖ ਵਖਾਈਆ । ਲੇਖਾ ਜਾਣੇ ਗੁਰ ਅਵਤਾਰਾ, ਬੇਅੰਤ ਬੇਪਰਵਾਹੀਆ । ਪੂਰਾ ਕਰੇ ਕੌਲ ਇਕ਼ਰਾਰਾ, ਭੁਲ ਕਦੇ ਨਾ ਜਾਈਆ । ਨਿਹਕਲੰਕ ਮਹਾਂਬਲੀ ਉਤਰੇ ਅਵਤਾਰਾ, ਮਾਤ ਪਿਤ ਨਾ ਕੋਇ ਜਾਈਆ । ਵੇਦ ਵਿਆਸਾ ਬਣ ਲਿਖਾਰਾ, ਏਕਾ ਏਕ ਗਿਆ ਸਮਝਾਈਆ । ਪੂਤ ਸਪੂਤਾ ਬ੍ਰਹਿਮਣ ਗੌੜਾ ਮੀਤ ਮੁਰਾਰਾ, ਉਚੇ ਟਿੱਲੇ ਪਰਬਤ ਆਸਣ ਲਾਈਆ । ਕਲਜੁਗ ਅੰਤਮ ਆਵੇ ਵਿਚ ਸੰਸਾਰਾ, ਜੋਤੀ ਜੋਤ ਜੋਤ ਰੁਸ਼ਨਾਈਆ । ਗੋਬਿੰਦ ਬੋਲ ਸਚ ਜੈਕਾਰਾ, ਏਕਾ ਡੰਕਾ ਰਿਹਾ ਸੁਣਾਈਆ । ਸ੍ਰਿਸ਼ਟ ਸਬਾਈ ਕਰੇ ਖ਼ਬਰਦਾਰਾ, ਬ੍ਰਹਿਮੰਡਾਂ ਖੰਡਾਂ ਦਏ ਹਿਲਾਈਆ । ਵਸੇ ਆਪਣੇ ਧਾਮ ਨਿਆਰਾ, ਮਹੱਲ ਅਟਲ ਦਏ ਵਡਿਆਈਆ । ਸੰਬਲ ਨੂਰ ਕਰ ਉਜਿਆਰਾ, ਜੋਤੀ ਜੋਤ ਕਰੇ ਰੁਸ਼ਨਾਈਆ । ਨਾਮ ਖੰਡਾ ਤੇਜ਼ ਕਟਾਰਾ, ਚੰਡ ਪਰਚੰਡ ਆਪ ਚਮਕਾਈਆ । ਤਿਖੀਆਂ ਰੱਖੇ ਦੋਵੇਂ ਧਾਰਾਂ, ਦੋ ਜਹਾਨਾਂ ਵੇਖ ਵਖਾਈਆ । ਸ਼ਬਦੀ ਸ਼ਬਦ ਇਕ ਹਲਕਾਰਾ, ਲੋਆਂ ਪੁਰੀਆਂ ਆਪ ਦੌੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਈਆ । ਆਪਣਾ ਭੇਵ ਆਪ ਖੁਲ੍ਹਾਉਣਾ, ਆਦਿ ਪੁਰਖ ਪਰਦਾ ਲਾਹੀਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਪੰਧ ਮੁਕਾਉਣਾ, ਕਲਜੁਗ ਅੰਤਮ ਵੇਖ ਵਖਾਈਆ । ਕਲਜੁਗ ਲਹਿਣਾ ਝੋਲੀ ਪਾਉਣਾ, ਪੂਰਬ ਕਰਮਾਂ ਦੇ ਸਲਾਹੀਆ । ਲੱਖ ਚਾਰ ਬੱਤੀ ਹਜ਼ਾਰ ਜਗਤ ਆਯੂ ਪੰਧ ਮੁਕਾਉਣਾ, ਬੰਧੀ ਬੰਧਨ ਇਕ ਵਖਾਈਆ । ਹੁਕਮੀ ਹੁਕਮ ਇਕ ਸੁਣਾਉਣਾ, ਧੁਰ ਫ਼ਰਮਾਨਾ ਆਪ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸ਼ਬਦ ਦੇ ਵਡਿਆਈਆ । ਸ਼ਬਦੀ ਅੰਦਰ ਸਾਚੀ ਧਾਰ, ਆਦਿ ਜੁਗਾਦਿ ਚਲਾਈਆ । ਸ਼ਬਦ ਗੁਰ ਸ਼ਬਦ ਅਵਤਾਰ, ਸ਼ਬਦ ਭਗਤ ਭਗਵੰਤ ਲਏ ਮਿਲਾਈਆ । ਸ਼ਬਦ ਸੰਤ ਸ਼ਬਦ ਕਰਤਾਰ, ਸ਼ਬਦ ਨਾਰ ਕੰਤ ਅਖਵਾਈਆ । ਸ਼ਬਦ ਗੁਰਮੁਖ ਕਰੇ ਪਿਆਰ, ਗੁਰਮੁਖ ਨਾਦ ਸ਼ਬਦ ਵਜਾਈਆ । ਸ਼ਬਦ ਗੁਰਸਿਖ ਲਏ ਉਭਾਰ, ਗੁਰਮੁਖ ਸ਼ਬਦ ਰੂਪ ਵਟਾਈਆ । ਸ਼ਬਦੀ ਸ਼ਬਦ ਜੈਕਾਰ, ਗੁਰ ਅਵਤਾਰ ਢੋਲਾ ਗਾਈਆ । ਜੁਗੋ ਜੁਗ ਸ਼ਬਦ ਭੰਡਾਰ, ਸੋ ਪੁਰਖ ਨਿਰੰਜਣ ਆਪ ਵਰਤਾਈਆ । ਸ਼ਬਦ ਖੇਲ ਸੱਚੀ ਸਰਕਾਰ, ਲੱਖ ਚੁਰਾਸੀ ਰੂਪ ਵਟਾਈਆ । ਸ਼ਬਦ ਅੰਦਰ ਸ਼ਬਦ ਬਾਹਰ, ਗੁਪਤ ਜ਼ਾਹਰ ਖੇਲ ਖਿਲਾਈਆ । ਸ਼ਬਦ ਮੰਦਰ ਮਸਜਿਦ ਗੁਰੂਦਵਾਰ, ਸ਼ਬਦ ਮੰਦਰ ਮਸਜਿਦ ਮਠ ਡੇਰਾ ਲਾਈਆ । ਸ਼ਬਦ ਨਾਦ ਧੁਨ ਜੈਕਾਰ, ਗੀਤਾ ਗਿਆਨ ਸ਼ਬਦ ਅਖਵਾਈਆ । ਸ਼ਬਦ ਸ਼ਾਸਤਰ ਸਿਮਰਤ ਪੁਰਾਨ, ਸ਼ਬਦੀ ਸ਼ਬਦ ਸ਼ਬਦ ਪਰਧਾਨ, ਸਚ ਪਰਧਾਨਗੀ ਆਪ ਕਮਾਈਆ । ਸ਼ਬਦ ਜੋਧਾ ਸੂਰਬੀਰ ਬਲੀ ਬਲਵਾਨ, ਸ਼ਬਦ ਦੋ ਜਹਾਨ ਡੇਰਾ ਲਾਈਆ । ਸ਼ਬਦ ਲੋਆਂ ਪੁਰੀਆਂ ਖੇਲ ਮਹਾਨ, ਸ਼ਬਦ ਸੂਰਜ ਚੰਦ ਰਿਹਾ ਚਮਕਾਈਆ । ਸ਼ਬਦ ਧਰਤ

ਧਵਲ ਆਕਾਸ਼, ਸ਼ਬਦ ਗਗਨ ਮੰਡਲ ਸੋਭਾ ਪਾਈਆ । ਸ਼ਬਦ ਸ਼ਬਦੀ ਵੇਖੇ ਰਾਸ, ਗੋਪੀ ਕਾਹਨ ਨਾਚ ਨਚਾਈਆ । ਸ਼ਬਦ ਸੀਤਾ ਰਾਮ ਕਰੇ ਪਰਨਾਮ, ਸ਼ਬਦ ਸਤਿ ਅਸਥਾਨ ਸੁਹਾਈਆ । ਈਸਾ ਮੂਸਾ ਦੇ ਪੈਗ਼ਾਮ, ਮੁਕਾਮੇ ਹੱਕ ਇਕ ਸਲਾਹੀਆ । ਸ਼ਬਦ ਮੁਹੰਮਦ ਪਿਆਏ ਜਾਮ, ਆਬੇ ਹਯਾਤ ਹੱਥ ਉਠਾਈਆ । ਸ਼ਬਦ ਜਾਣੇ ਸਤਿ ਕਲਾਮ, ਕਾਇਨਾਤ ਕਰੇ ਪੜ੍ਹਾਈਆ । ਸ਼ਬਦ ਅਮਾਮਾਂ ਸਿਰ ਅਮਾਮ, ਅਮਾਮ ਸ਼ਬਦੀ ਨਾਉਂ ਧਰਾਈਆ । ਸ਼ਬਦ ਖੇਲ ਸ੍ਰੀ ਭਗਵਾਨ, ਆਦਿ ਜੁਗਾਦਿ ਕਰਾਈਆ । ਕਲਜੁਗ ਅੰਤਮ ਸ਼ਬਦੀ ਸ਼ਬਦ ਹੋ ਪਰਧਾਨ, ਲੋਕਮਾਤ ਵੇਸ ਵਟਾਈਆ । ਸ਼ਬਦ ਗੁਰ ਸਦਾ ਮਿਹਰਵਾਨ, ਦੀਨਨ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਸ਼ਬਦ ਅੰਤ ਸ਼ਬਦੀ ਧਾਰ ਵਖਾਈਆ । ਸ਼ਬਦੀ ਧਾਰ ਅੰਤਮ ਕਲ, ਕਲਵੰਤਾ ਆਪ ਰਖਾਇੰਦਾ । ਲੱਖ ਚੁਰਾਸੀ ਰਿਹਾ ਛਲ, ਭੇਵ ਕੋਈ ਨਾ ਪਾਇੰਦਾ । ਵਸਣਹਾਰਾ ਜਲ ਥਲ, ਮਹੀਅਲ ਆਪਣਾ ਖੇਲ ਖਿਲਾਇੰਦਾ । ਜੋਤੀ ਸ਼ਬਦੀ ਗਿਆ ਰਲ, ਦਿਸ ਕਿਸੇ ਨਾ ਆਇੰਦਾ । ਕਰੇ ਖੇਲ ਘੜੀ ਘੜੀ ਪਲ ਪਲ, ਥਿਤ ਵਾਰ ਨਾ ਕੋਇ ਜਣਾਇੰਦਾ । ਵਸਣਹਾਰਾ ਨਿਹਚਲ ਧਾਮ ਅਟੱਲ, ਸਾਚੀ ਨਗਰੀ ਆਸਣ ਲਾਇੰਦਾ । ਸਚ ਸੰਦੇਸ ਏਕਾ ਘਲ, ਦੋ ਜਹਾਨ ਸਮਝਾਇੰਦਾ । ਲੱਖ ਚੁਰਾਸੀ ਵੇਖੇ ਲੱਗਾ ਫਲ, ਬ੍ਰਹਮਾ ਬੂਟਾ ਵੇਖ ਵਖਾਇੰਦਾ । ਵਿਸ਼ਨੂੰ ਭੰਡਾਰ ਵੇਖੇ ਭਰਿਆ ਡਲ, ਅੰਤਮ ਪਰਦਾ ਲਾਹਿੰਦਾ । ਸ਼ੰਕਰ ਲਾਹੁੰਦਾ ਵੇਖੇ ਖੱਲ, ਤ੍ਰਿਸੂਲ ਹੱਥ ਚਮਕਾਇੰਦਾ । ਕਰੇ ਖੇਲ ਅੱਜ ਕਿ ਕਲ, ਭੇਵ ਕੋਇ ਨਾ ਪਾਇੰਦਾ । ਸਚ ਸਿੰਘਾਸਣ ਬੈਠਾ ਮੱਲ, ਸਾਚਾ ਤਖ਼ਤ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਖੇਲ ਆਪ ਕਰਾਇੰਦਾ । ਸ਼ਬਦੀ ਠੋਕਰ ਸ਼ਬਦੀ ਧਾਰ, ਸ਼ਬਦੀ ਸ਼ਬਦ ਆਪ ਜਣਾਈਆ । ਸ਼ਬਦ ਖੰਡਾ ਸ਼ਬਦ ਕਟਾਰ, ਸ਼ਬਦੀ ਸ਼ਬਦ ਰਿਹਾ ਚਮਕਾਈਆ । ਸ਼ਬਦੀ ਮਾਰੇ ਸ਼ਬਦ ਮਾਰ, ਸ਼ਬਦ ਸ਼ਬਦ ਵੇਖ ਵਖਾਈਆ । ਸ਼ਬਦ ਆਰ ਸ਼ਬਦ ਪਾਰ, ਸ਼ਬਦ ਮੰਝਧਾਰ ਰਿਹਾ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸ਼ਬਦੀ ਖੇਲ ਖਿਲਾਈਆ । ਸ਼ਬਦੀ ਰਾਗ ਸ਼ਬਦੀ ਨਾਦ, ਹਰਿ ਸ਼ਬਦੀ ਸ਼ਬਦ ਵਜਾਇੰਦਾ । ਸ਼ਬਦ ਖੇਲ ਵਿਚ ਬ੍ਰਿਹਮਾਦਿ

। ਸ਼ਬਦ ਆਦਿ ਸ਼ਬਦ ਜੁਗਾਦਿ, ਸ਼ਬਦ ਮਧ ਆਪਣਾ ਰੰਗ ਰੰਗਾਇੰਦਾ । ਸ਼ਬਦ ਸੰਤ ਸ਼ਬਦ ਸਾਧ, ਸ਼ਬਦ ਸਤਿ ਸੰਤੋਖ ਗਿਆਨ ਦ੍ਰਿੜਾਇੰਦਾ । ਸ਼ਬਦ ਜੁਗ ਜੁਗ ਕਰੇ ਪਸਾਰ, ਜੁਗ ਜੁਗ ਸ਼ਬਦੀ ਮੇਟ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸ਼ਬਦ ਖੰਡਾ ਆਪ ਚਮਕਾਇੰਦਾ । ਸ਼ਬਦ ਖੰਡਾ ਚਮਕੇ ਦਾਮਨ, ਚੰਡ ਪਰਚੰਡਕਾ ਆਪ ਚਮਕਾਈਆ । ਕੋਈ ਨਾ ਬਣੇ ਕਿਸੇ ਦਾ ਜ਼ਾਮਨ, ਅੰਤਮ ਪੱਲੂ ਰਹੇ ਛੁਡਾਈਆ । ਲਹਿਣਾ ਦੇਣਾ ਚੁੱਕੇ ਛੱਤ੍ਰੀ ਸ਼ੂਦਰ ਵੈਸ਼ ਬ੍ਰਹਿਮਣ, ਵਰਨ ਬਰਨ ਨਾ ਕੋਇ ਵਖਾਈਆ । ਨਾਤਾ ਤੋੜੇ ਕਾਮਨੀ ਕਾਮਨ, ਕਾਮ ਕਰੋਧ ਲੋਭ ਮੋਹ ਹੰਕਾਰ ਨੇੜ ਨਾ ਆਈਆ । ਜੂਠ ਝੂਠ ਕਰੇ ਖ਼ਵਾਰ, ਆਪ ਆਪਣਾ ਬਲ ਧਰਾਈਆ । ਪਰਗਟ ਹੋਏ ਸ੍ਰੀ ਭਗਵਾਨ, ਨਿਹਕਲੰਕਾ ਨਾਉਂ ਰਖਾਈਆ । ਗੁਰਮੁਖ ਵਿਰਲੇ ਪਕੜਾਏ ਆਪਣਾ ਦਾਮਨ, ਪੂਰਬ ਲਹਿਣਾ ਝੋਲੀ ਪਾਈਆ । ਏਥੇ ਓਥੇ ਹੋਏ ਜ਼ਾਮਨ, ਰਾਏ ਧਰਮ ਨਾ ਦਏ ਸਜ਼ਾਈਆ । ਜਿਸ ਜਨ ਪਕੜੇ ਦਾਮਨ, ਸਦਾ ਹੋਏ ਸਹਾਈਆ । ਨਗਰ ਖੇੜਾ ਵਸਾਏ ਗਰਾਮਨ, ਕਾਇਆ ਬੰਕ ਸੋਭਾ ਪਾਈਆ । ਇਕ ਦੂਜੇ ਨੂੰ ਆਪੇ ਜਾਨਣ, ਗੁਰ ਚੇਲਾ ਰੂਪ ਵਟਾਈਆ । ਸਤਿਜੁਗ ਬੰਨ੍ਹਣ ਆਇਆ ਬਾਨ੍ਹਣ, ਕਲਜੁਗ ਲੇਖਾ ਰਿਹਾ


੧੧੫੧
੧੦

ਮੁਕਾਈਆ । ਗੁਰਮੁਖਾਂ ਕਰੇ ਚਾਨਣ, ਏਕਾ ਚੰਦ ਲਏ ਚੜ੍ਹਾਈਆ । ਕਲਜੁਗ ਜੀਵ ਆਲਣਿਉਂ ਡਿਗੇ ਬੋਟ ਨਾ ਫੇਰ ਕੋਈ ਪਾਏ ਆਲਣ, ਆਪਣਾ ਭਾਰ ਨਾ ਸਕੇ ਉਠਾਈਆ । ਪੱਲੇ ਨਾਮ ਨਾ ਦਿਸੇ ਕੋਈ ਦਾਮਨ, ਝੂਠੀ ਗੰਢ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤ ਸ਼ਬਦੀ ਰੰਗ ਵਖਾਈਆ । ਸ਼ਬਦੀ ਰੰਗ ਹਰਿ ਨਿਰੰਕਾਰ, ਏਕਾ ਏਕ ਚੜ੍ਹਾਇੰਦਾ । ਵੇਖ ਵਖਾਏ ਸਰਬ ਸੰਸਾਰ, ਲੱਖ ਚੁਰਾਸੀ ਫੋਲ ਫੋਲਾਇੰਦਾ । ਬ੍ਰਹਿਮੰਡਾਂ ਮਾਰੇ ਮਾਰ, ਲੋਆਂ ਪੁਰੀਆਂ ਵੇਖ ਵਖਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਲਏ ਉਠਾਲ, ਸੋਇਆ ਕੋਇ ਰਹਿਣ ਨਾ ਪਾਇੰਦਾ । ਦੋ ਜਹਾਨਾਂ ਵੱਜੇ ਤਾਲ, ਤਾਲ ਤਲਵਾੜਾ ਆਪਣੇ ਹੱਥ ਰਖਾਇੰਦਾ । ਕਲਜੁਗ ਲੇਖਾ ਜਾਣੇ ਧਨ ਮਾਲ, ਤ੍ਰੈਗੁਣ ਮਾਇਆ ਮੂਲ ਚੁਕਾਇੰਦਾ । ਕਲਜੁਗ ਜੀਵ ਹੋਇਣ ਬੇਹਾਲ, ਰਹਿਮਤ ਰਹੀਮ ਨਾ ਕੋਇ ਕਮਾਇੰਦਾ । ਕਾਇਆ ਮੰਦਰ ਅੰਦਰ ਖ਼ਾਲੀ ਦਿਸੇ ਧਰਮਸਾਲ, ਹਰਿ ਕਾ ਨਾਮ ਨਾ ਕੋਇ ਵਸਾਇੰਦਾ । ਅਠਸਠ ਤੀਰਥ ਰਹੇ ਭਾਲ, ਅੰਤਰ ਝਿਰਨਾ ਨਾ ਕੋਇ ਝਿਰਾਇੰਦਾ । ਢੋਲਕ ਛੈਣਾ ਵਜਾਉਂਦੇ ਤਾਲ, ਅਨਹਦ ਨਾਦ ਨਾ ਕੋਇ ਅਲਾਇੰਦਾ । ਹੱਥੀਂ ਫੜ ਫੜ ਫੇਰਨ ਮਾਲ, ਮਨ ਕਾ ਮਣਕਾ ਨਾ ਕੋਇ ਭੁਆਇੰਦਾ । ਦੂਜੇ ਦੀ ਦੂਜਾ ਕਰੇ ਸੰਭਾਲ, ਆਪਣੀ ਸੁਰਤ ਸ਼ਬਦ ਨਾ ਕੋਇ ਮਿਲਾਇੰਦਾ । ਇਕ ਦੂਜੇ ਨੂੰ ਸੁਣਾਉਣ ਸਤਿਗੁਰ ਦਾ ਹਾਲ, ਆਪਣਾ ਹਾਲ ਸਤਿਗੁਰ ਅੱਗੇ ਨਾ ਕੋਇ ਸੁਣਾਇੰਦਾ । ਸਤਿਗੁਰ ਸੂਰਾ ਦੀਨ ਦਿਆਲ, ਜੁਗ ਜੁਗ ਵੇਖ ਵਖਾਇੰਦਾ । ਜਨ ਭਗਤਾਂ ਕਰੇ ਪ੍ਰਿਤਪਾਲ, ਪ੍ਰਿਤਪਾਲਕ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਖੇਲ ਆਪ ਕਰਾਇੰਦਾ । ਅੰਤਮ ਖੇਲ ਹਰਿ ਕਰਾਉਣਾ, ਕਿਰਤੀ ਕਿਰਤ ਕਮਾਈਆ । ਕਲਜੁਗ ਝੂਠਾ ਖੇੜਾ ਢਾਉਣਾ, ਜੂਠ ਝੂਠ ਰਹਿਣ ਨਾ ਪਾਈਆ । ਮਾਇਆ ਮਮਤਾ ਮੋਹ ਚੁਕਾਉਣਾ, ਹੰਕਾਰ ਵਿਕਾਰ ਦਏ ਗਵਾਈਆ । ਸੰਸਾ ਰੋਗ ਸਰਬ ਮਿਟਾਉਣਾ, ਹਿੰਸਾ ਰੰਗ ਨਾ ਕੋਇ ਚੜ੍ਹਾਈਆ । ਸਚ ਸੰਜੋਗ ਆਪ ਕਰਾਉਣਾ, ਵਰਨ ਬਰਨ ਨਾ ਕੋਇ ਲੜਾਈਆ । ਆਤਮ ਜੋਗ ਇਕ ਸਿਖਾਉਣਾ, ਬ੍ਰਹਮ ਪਾਰਬ੍ਰਹਮ ਮਿਲਾਈਆ । ਕਾਇਆ ਮੰਦਰ ਇਕ ਵਸਾਉਣਾ, ਘਰ ਘਰ ਵਿਚ ਕਰ ਰੁਸ਼ਨਾਈਆ । ਬਜਰ ਕਪਾਟੀ ਪਰਦਾ ਲਾਹੁਣਾ, ਦੂਈ ਦਵੈਤੀ ਮੇਟ ਮਿਟਾਈਆ । ਹੰਸ ਕਾਗ ਰੂਪ ਵਟਾਉਣਾ, ਸਚ ਸਰੋਵਰ ਦਏ ਨੁਹਾਈਆ । ਅਨਹਦ ਨਾਦੀ ਨਾਦ ਵਜਾਉਣਾ, ਏਕਾ ਰਾਗ ਅਲਾਈਆ । ਪੰਚਮ ਸਖ਼ੀਆਂ ਮੰਗਲ ਗੌਣਾ, ਸਾਚਾ ਰਾਗ ਆਪ ਅਲਾਹੀਆ । ਸੁਰਤੀ ਸ਼ਬਦੀ ਏਕਾ ਘਰ ਬਹਾਉਣਾ, ਮੇਲ ਮਿਲਾਉਣਾ ਸਾਚੇ ਮਾਹੀਆ । ਆਤਮ ਮੰਦਰ ਇਕ ਵਖਾਉਣਾ, ਕਾਇਆ ਸੇਜਾ ਦਏ ਦਰਸਾਈਆ । ਸੋ ਪੁਰਖ ਨਿਰੰਜਣ ਨਿਰਾਕਾਰ ਨਿਰਵੈਰ ਅਜੂਨੀ ਰਹਿਤ ਏਕਾ ਨਜ਼ਰੀ ਆਉਣਾ, ਇਸ਼ਟ ਦੇਵ ਸਰਬ ਲੋਕਾਈਆ । ਨਮੋ ਸਤਿ ਮੰਤਰ ਦ੍ਰਿੜੌਣਾ, ਨਮੋ ਨਮੋ ਵੱਜੇ ਸਤਿ ਵਧਾਈਆ । ਬ੍ਰਹਮ ਮਤ ਇਕ ਸਮਝਾਉਣਾ, ਪਾਰਬ੍ਰਹਮ ਮੇਲ ਮਿਲਾਈਆ । ਰਤੀ ਰਤ ਰੰਗ ਰੰਗਾਉਣਾ, ਰੰਗਿਆ ਰੰਗ ਉਤਰ ਨਾ ਜਾਈਆ । ਹਜ਼ਾਰਾ ਦਰੂਦ ਇਕ ਸਿਖਾਉਣਾ, ਬਸਰੀ ਇਸਮ ਕਰੇ ਪੜ੍ਹਾਈਆ । ਪੀਰ ਦਸਤਗੀਰ ਗੁਣੀ ਗਹੀਰ ਆਪਣਾ ਹੱਥ ਆਪ ਮਿਲਾਉਣਾ, ਸਖ਼ੀ ਸੁਲਤਾਨ ਬੇਪਰਵਾਹੀਆ । ਮੁਕਾਮੇ ਹੱਕ ਫੇਰਾ ਪੌਣਾ, ਦਰਗਹਿ ਸਾਚੀ ਧਾਮ ਸੁਹਾਈਆ । ਲਾਸ਼ਰੀਕ ਖ਼ੁਦਾ ਬੇਐਬ ਪਰਵਰਦਿਗਾਰ ਆਪਣਾ ਬੰਧਨ ਆਪੇ ਪਾਉਣਾ, ਜਲਵਾ ਨੂਰ ਨੂਰ ਵਿਚ ਸਮਾਈਆ । ਹੰ ਬ੍ਰਹਮ ਆਪਣੇ ਰੰਗ ਰੰਗਾਉਣਾ, ਸੋਹੰ ਆਪਣੀ ਧਾਰ ਚਲਾਈਆ । ਨਿਹਕਰਮੀ ਆਪਣਾ ਕਰਮ ਕਮਾਉਣਾ, ਕਰਮ ਕਾਂਡ ਨਾ ਕੋਈ ਰਖਾਈਆ । ਸਾਚਾ ਖੇੜਾ ਆਪ ਵਸੌਣਾ, ਦਰ ਘਰ ਸਾਚਾ


੧੧੫੨ ੧੦

ਆਪ ਸੁਹਾਈਆ । ਸ਼ਾਹ ਸੁਲਤਾਨਾਂ ਖ਼ਾਕ ਮਿਲਾਉਣਾ, ਸੀਸ ਤਾਜ ਨਾ ਕੋਈ ਉਠਾਈਆ । ਉਚਾਂ ਨੀਚਾਂ ਏਕਾ ਦਰ ਬਹਾਉਣਾ, ਸਾਚਾ ਮੰਦਰ ਆਪ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣਾ ਮਾਰਗ ਆਪੇ ਲਾਈਆ । ਸਾਚਾ ਮਾਰਗ ਲੱਗਣਾ ਜਗ, ਸੋ ਪੁਰਖ ਨਿਰੰਜਣ ਆਪ ਲਗਾਈਆ । ਕਲਜੁਗ ਕੂੜ ਉਡਾਉਣਾ ਕੱਗ, ਜਗਤ ਰਹਿਣ ਨਾ ਪਾਈਆ । ਤ੍ਰੈਗੁਣ ਅਗਨੀ ਬੁਝਣੀ ਅੱਗ, ਸਾਂਤਕ ਸਤ ਵਰਤਾਈਆ । ਹਰਿਜਨ ਮੇਲੇ ਸੂਰਾ ਸਰਬਗ, ਸਿਰ ਆਪਣਾ ਹੱਥ ਟਿਕਾਈਆ । ਦਰਸ ਵਖਾਏ ਉਪਰ ਸ਼ਾਹ ਰਗ, ਨੌਂ ਦਵਾਰੇ ਪਾਰ ਕਰਾਈਆ । ਜਾਮ ਪਿਆਏ ਏਕਾ ਮਦਿ, ਅੰਮ੍ਰਿਤ ਆਤਮ ਮੁਖ ਚੁਆਈਆ । ਸ਼ਬਦ ਵਜਾਏ ਸਾਚਾ ਨਦ, ਅਨਹਦ ਰਾਗ ਸੁਣਾਈਆ । ਸੁਰਤ ਸੁਆਣੀ ਆਪਣੇ ਘਰ ਸੱਦ, ਸ਼ਬਦ ਹਾਣੀ ਲਏ ਮਿਲਾਈਆ । ਇਕ ਵਖਾਏ ਚੌਥਾ ਪਦ, ਨੈਣ ਨੇਤਰ ਕਰੇ ਰੁਸ਼ਨਾਈਆ । ਡੂੰਘੀ ਕਵਰੀ ਆਪੇ ਕੱਢ, ਸੁਖਮਨ ਟੇਢੀ ਬੰਕ ਪਾਰ ਕਰਾਈਆ । ਪਾਰਬ੍ਰਹਮ ਬ੍ਰਹਮ ਲਡਾਏ ਲਡ, ਈਸ਼ ਜੀਵ ਗਲੇ ਲਗਾਈਆ । ਪਾਰ ਲੰਘਾਏ ਝੂਠੀ ਹੱਦ, ਸਾਚੇ ਘਰ ਆਪ ਬਹਾਈਆ । ਲੱਖ ਚੁਰਾਸੀ ਨਾਲੋਂ ਕਰੇ ਅੱਡ, ਗੁਰਮੁਖ ਵਿਰਲੇ ਵਡ ਵਡਿਆਈਆ । ਭਾਗ ਲਗਾਏ ਸਾਚੀ ਯੱਦ, ਪਾਰਬ੍ਰਹਮ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਲੇਖਾ ਦਏ ਮੁਕਾਈਆ । ਤੇਰਾ ਲੇਖਾ ਮੁਕਣਾ, ਆਈ ਅੰਤਮ ਵਾਰ । ਹਰਿ ਕਾ ਭਾਣਾ ਕਦੇ ਨਾ ਰੁਕਣਾ, ਨਾ ਕੋਈ ਮੇਟੇ ਮੇਟਣਹਾਰ । ਪੁਰਖ ਅਬਿਨਾਸ਼ੀ ਸ਼ੇਰ ਏਕਾ ਬੁੱਕਣਾ, ਸਿੰਘ ਰੂਪ ਮਾਰੇ ਭਬਕਾਰ । ਤੇਰਾ ਅੰਤਮ ਭਾਗ ਨਿਖੁਟਣਾ, ਚਾਰੇ ਕੁੰਟਾਂ ਆਈ ਹਾਰ । ਤੇਰਾ ਵਸਦਾ ਘਰ ਲੁੱਟਣਾ, ਨਾ ਸਕੇ ਕੋਇ ਸੰਭਾਲ । ਤੇਰਾ ਝੂਠਾ ਬੂਟਾ ਪੁੱਟਣਾ, ਦੇਵੇ ਜੜ੍ਹ ਉਖਾੜ । ਅੰਤਮ ਆਪਣੇ ਖਾਤੇ ਸੁੱਟਣਾ, ਤਿੰਨ ਜੁਗ ਲਏ ਸਵਾਲ । ਸਤਿਜੁਗ ਸਾਚਾ ਮਾਤ ਉਠਣਾ, ਪੁਰਖ ਅਬਿਨਾਸ਼ੀ ਲਏ ਉਠਾਲ । ਆਪ ਸੁਹਾਏ ਸਾਚੀ ਰੁੱਤਨਾ, ਰੁਤ ਰੁਤੜੀ ਵੇਖੇ ਆਣ । ਕਰੇ ਖੇਲ ਅਬਿਨਾਸ਼ੀ ਅਚੁਤਨਾ, ਚੇਤਨ ਰੂਪ ਕਰ ਸੰਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲ ਕਰੇ ਆਪ ਨਿਰੰਕਾਰ । ਕਲਜੁਗ ਅੰਤਮ ਖੇਲ ਕਰਾਉਣਾ, ਨਿਰਗੁਣ ਆਪਣੀ ਕਾਰ ਕਮਾਈਆ । ਗੋਬਿੰਦ ਲੇਖਾ ਪੂਰ ਕਰਾਉਣਾ, ਮੇਲ ਮਿਲਾਵਾ ਸਾਚੇ ਮਾਹੀਆ । ਸੰਬਲ ਨਗਰੀ ਧਾਮ ਸੁਹਾਉਣਾ, ਸਾਚੇ ਬੰਕ ਦੇ ਵਡਿਆਈਆ । ਨਾਮ ਮਰਦੰਗਾ ਇਕ ਵਜਾਉਣਾ, ਤਾਰ ਸਿਤਾਰ ਨਾ ਕੋਇ ਹਿਲਾਈਆ । ਕੋਟਨ ਕੋਟ ਬ੍ਰਹਿਮੰਡਾਂ ਆਪ ਜਗਾਉਣਾ, ਜੇਰਜ ਅੰਡਾਂ ਪਰਦਾ ਲਾਹੀਆ । ਆਪਣਾ ਕੰਢਾ ਆਪੇ ਪਾਰ ਕਰਾਉਣਾ, ਅਧਵਿਚਕਾਰ ਨਾ ਕੋਇ ਰਖਾਈਆ । ਲੱਖ ਚੁਰਾਸੀ ਜੀਵ ਜੰਤ ਕਾਰਜ ਅਨੰਦਾ ਇਕ ਕਰਾਉਣਾ, ਏਕਾ ਦਿਵਸ ਸ਼ਾਹ ਸੁਲਤਾਨ । ਵੀਹ ਸੌ ਵੀਹ ਬਿਕ੍ਰਮੀ ਪੰਦਰਾਂ ਕੱਤਕ ਸਭ ਦਾ ਲੇਖਾ ਆਪ ਮੁਕਾਉਣਾ, ਬਾਕੀ ਲੇਖਾ ਨਾ ਕੋਇ ਵਖਾਈਆ । ਸਾਚੇ ਤਖ਼ਤ ਬੈਠ ਸੁਲਤਾਨਾ ਸਾਚਾ ਹੁਕਮ ਆਪ ਸੁਣਾਉਣਾ, ਦੋ ਜਹਾਨਾਂ ਕਰੇ ਸ਼ਨਵਾਈਆ । ਨੌਂ ਖੰਡ ਪ੍ਰਿਥਮੀ ਮਾਰਗ ਏਕਾ ਲਾਉਣਾ, ਸੱਤਾਂ ਦੀਪਾਂ ਸਤਿ ਕਰੇ ਪੜ੍ਹਾਈਆ । ਸੱਤ ਰੰਗ ਨਿਸ਼ਾਨਾ ਇਕ ਝੁਲਾਉਣਾ, ਸਤਿ ਸਤਿਵਾਦੀ ਆਪ ਉਠਾਈਆ । ਹਿੰਦੂ ਮੁਸਲਿਮ ਸਿੱਖ ਈਸਾਈ ਕੋਈ ਨਜ਼ਰ ਨਾ ਆਉਣਾ, ਏਕਾ ਬ੍ਰਹਮ ਸਰਬ ਦਰਸਾਈਆ । ਸੋਹੰ ਢੋਲਾ ਸਭ ਨੇ ਗਾਉਣਾ, ਆਤਮ ਪਰਮਾਤਮ ਵੱਜੇ ਵਧਾਈਆ । ਨਾਨਕ ਵਿਚੋਲਾ ਨਜ਼ਰੀ ਆਉਣਾ, ਗੋਬਿੰਦ ਮੇਲਾ ਸਹਿਜ ਸੁਭਾਈਆ । ਰਾਮ ਕ੍ਰਿਸ਼ਨ ਰੂਪ ਪਰਗਟਾਉਣਾ, ਮੁਕਟ ਬੈਣ ਵੇਸ ਵਟਾਈਆ । ਈਸਾ ਮੂਸਾ ਕਾਲਾ ਸੂਸਾ ਤਨ

੧੧੫੩ ੧੦

ਛੁਹਾਉਣਾ, ਏਕਾ ਅਲਫ਼ੀ ਤਨ ਹੰਢਾਈਆ । ਸੰਗ ਮੁਹੰਮਦ ਆਪਣਾ ਕਲਮਾ ਆਪ ਪੜ੍ਹਾਉਣਾ, ਸ਼ਰਾਇਤ ਆਇਤ ਇਕ ਦ੍ਰਿੜਾਈਆ । ਮੁਖ ਨਕਾਬੀ ਪਰਦਾ ਲਾਹੁਣਾ, ਬੇਆਬੀ ਖ਼ੁਸ਼ੀ ਮਨਾਈਆ । ਰਮਈਆ ਰਾਮ ਹਰ ਘਟ ਨਜ਼ਰੀ ਆਉਂਣਾ, ਸਾਵਲ ਸੁੰਦਰ ਅਪਣਾ ਰੂਪ ਵਟਾਈਆ । ਨਾਨਕ ਨਿਰਗੁਣ ਜੋਤੀ ਦੀਪ ਜਗਾਉਣਾ, ਗੁਰ ਅੰਜਨ ਨੇਤਰ ਪਾਈਆ । ਗੋਬਿੰਦ ਅੰਮ੍ਰਿਤ ਜਾਮ ਪਿਆਉਣਾ, ਦੂਈ ਦਵੈਤ ਦੇ ਮਿਟਾਈਆ । ਘਟ ਘਟ ਅੰਦਰ ਪੁਰਖ ਅਕਾਲ ਇਕ ਵਖਾਉਣਾ, ਨਿਰਗੁਣ ਬੈਠਾ ਆਸਣ ਲਾਈਆ । ਸਰਗੁਣ ਨਿਰਗੁਣ ਨਿਰਗੁਣ ਸਰਗੁਣ ਸਾਚਾ ਬੰਧਨ ਪਾਉਣਾ, ਨਾ ਕੋਇ ਤੋੜੇ ਤੋੜ ਤੁੜਾਈਆ । ਜੋਤ ਲਲਾਟੀ ਸਾਚਾ ਚੰਦਨ ਲਾਉਣਾ, ਝੂਠਾ ਤਿਲਕ ਨਾ ਕੋਇ ਵਖਾਈਆ । ਨਾਮ ਨਿਧਾਨਾ ਜੰਞੂ ਪਾਉਣਾ, ਨਾ ਕੋਈ ਤੋੜੇ ਤੋੜ ਤੁੜਾਈਆ । ਸਤਿ ਸੰਤੋਖੀ ਸੁੰਨਤ ਕਰਾਉਣਾ, ਸਾਚੀ ਸ਼ਰਅ ਇਕ ਬਣਾਈਆ । ਗੁਰਸਿਖ ਗੁਰ ਗੁਰ ਗੋਦ ਬਹਾਉਣਾ, ਆਪ ਆਪਣੀ ਗੋਦ ਸੁਹਾਈਆ । ਚਾਰ ਵਰਨਾਂ ਏਕਾ ਰੰਗ ਚੜ੍ਹਾਉਣਾ, ਉਤਰ ਕਦੇ ਨਾ ਜਾਈਆ । ਧਰਮ ਕਰਮ ਇਕ ਵਖਾਉਣਾ, ਏਕਾ ਘਰ ਦੇ ਵਸਾਈਆ । ਏਕਾ ਪਿਤਾ ਏਕਾ ਮਾਤ ਬਣਾਉਣਾ, ਦਾਈ ਦਾਇਆ ਇਕ ਅਖਵਾਈਆ । ਨਿਹਕਲੰਕ ਆਪਣਾ ਖੇਲ ਆਪ ਕਰਾਉਣਾ, ਦੂਸਰ ਓਟ ਨਾ ਕੋਇ ਤਕਾਈਆ । ਗੁਰਮੁਖ ਵਿਰਲੇ ਬੂਝ ਬੁਝਾਉਣਾ, ਕਲਜੁਗ ਅੰਤਮ ਸੁੱਤੀ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਆਪਣਾ ਖੇਲ ਰਿਹਾ ਕਰਾਈਆ । ਖੇਲ ਕਰੇ ਸ੍ਰੀ ਭਗਵਾਨਾ, ਭਗਤਨ ਭੇਤ ਜਣਾਇੰਦਾ । ਗੁਰਮੁਖ ਉਪਜਾਏ ਸਚ ਨਿਸ਼ਾਨਾ, ਲੋਕਮਾਤ ਝੁਲਾਇੰਦਾ । ਅੰਤਰ ਆਤਮ ਦੇਵੇ ਬ੍ਰਹਮ ਗਿਆਨਾ, ਜਗਤ ਵਿਦਿਆ ਨਾ ਕੋਇ ਪੜ੍ਹਾਇੰਦਾ । ਅੱਠੇ ਪਹਿਰ ਇਕ ਤਰਾਨਾ, ਰਸਨਾ ਜਿਹਵਾ ਨਾ ਕੋਇ ਹਿਲਾਇੰਦਾ । ਦਿਵਸ ਰੈਣ ਨਜ਼ਰੀ ਆਏ ਸ੍ਰੀ ਭਗਵਾਨਾ, ਕਾਇਆ ਮੰਦਰ ਅੰਦਰ ਆਸਣ ਲਾਇੰਦਾ । ਦਰ ਦਰ ਲੱਭਦਾ ਫਿਰੇ ਜਹਾਨਾ, ਹਰਿ ਕਾ ਰੂਪ ਹੱਥ ਕਿਸੇ ਨਾ ਆਇੰਦਾ । ਮੁਖ ਛੁਪਾ ਕੇ ਬੈਠਾ ਕ੍ਰਿਸ਼ਨਾ ਕਾਹਨਾ, ਬੰਸਰੀ ਨਾਮ ਨਾ ਕਿਸੇ ਸੁਣਾਇੰਦਾ । ਰਾਮ ਰਮਈਆ ਆਵੇ ਨਾ ਵਿਚ ਧਿਆਨਾ, ਸੀਤਾ ਸੁਰਤੀ ਨਾ ਕੋਇ ਹੰਢਾਇੰਦਾ । ਨਾਨਕ ਦੇਵੇ ਨਾ ਸਤਿ ਪਰਵਾਨਾ, ਨਾਨਕ ਸ਼ਬਦ ਨਾ ਕੋਇ ਗਾਇੰਦਾ । ਗੋਬਿੰਦ ਮਿਲੇ ਨਾ ਸੂਰਬੀਰ ਬਲਵਾਨਾ, ਗੁਰ ਕਾ ਖੰਡਾ ਨਾ ਕੋਇ ਚਮਕਾਇੰਦਾ । ਕਲਜੁਗ ਅੰਤਮ ਖੇਲ ਮਹਾਨਾ, ਭੇਵ ਕੋਇ ਨਾ ਪਾਇੰਦਾ । ਪਰਗਟ ਹੋ ਸ੍ਰੀ ਭਗਵਾਨਾ, ਨਿਹਕਲੰਕਾ ਨਾਉਂ ਰਖਾਇੰਦਾ । ਜੁਗ ਚੌਕੜੀ ਵੇਖੇ ਮਾਰ ਧਿਆਨਾ, ਸਤਿਜੁਗ ਤ੍ਰੇਤਾ ਦੁਆਪਰ ਫੋਲ ਫੋਲਾਇੰਦਾ । ਜੁਗ ਜੁਗ ਵਿਛੜੇ ਮੇਲੇ ਵਿਚ ਜਹਾਨਾ, ਕਲਜੁਗ ਅੰਤਮ ਮੇਲ ਮਿਲਾਇੰਦਾ । ਆਪੇ ਜਾਣੇ ਆਪਣਾ ਆਵਣ ਜਾਣਾ, ਹਰਿਜਨ ਆਪਣੀ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਆਪ ਉਠਾਇੰਦਾ । ਗੁਰਮੁਖ ਸਾਚਾ ਜਾਏ ਉਠ, ਜਿਸ ਉਪਰ ਸਤਿਗੁਰ ਦਇਆ ਕਮਾਈਆ । ਪਾਰਬ੍ਰਹਮ ਪ੍ਰਭ ਜਾਏ ਤੁਠ, ਆਪਣੀ ਬੂਝ ਬੁਝਾਈਆ । ਅੰਮ੍ਰਿਤ ਜਾਮ ਪਿਆਏ ਘੁਟ, ਦੁਰਮਤ ਮੈਲ ਧੁਆਈਆ । ਕਰੇ ਪਰਕਾਸ਼ ਨਿਰਮਲ ਜੋਤ, ਅੰਧ ਅੰਧੇਰ ਗਵਾਈਆ । ਭਾਗ ਲਗਾਏ ਕਾਇਆ ਕੋਟ, ਸਾਚਾ ਗੜ੍ਹ ਦੇ ਵਸਾਈਆ । ਗੁਰਮੁਖ ਤੇਰਾ ਵਰਨ ਨਾ ਕੋਈ ਗੋਤ, ਏਕਾ ਬ੍ਰਹਮ ਸਰਬ ਦਰਸਾਈਆ । ਪੁਰਖ ਅਕਾਲ ਸਾਚੀ ਓਟ, ਦੂਸਰ ਇਸ਼ਟ ਨਾ ਕੋਇ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰਾ ਲਹਿਣਾ ਤੇਰੀ ਝੋਲੀ ਪਾਈਆ । ਕਲਜੁਗ ਤੇਰਾ ਲਹਿਣਾ ਤੇਰੀ ਝੋਲੀ ਪਾ, ਤੇਰਾ ਮੂਲ ਚੁਕਾਉਣਾ ।

ਜੀਵ ਜੰਤ ਜੋ ਦਏ ਭੁਲਾ, ਝੂਠਾ ਮਾਰਗ ਜਗਤ ਮੁਕਾਉਣਾ । ਮਾਇਆ ਮਮਤਾ ਜੋ ਦਏ ਰੁਲਾ, ਮਮਤਾ ਮੋਹ ਆਪ ਮਿਟਾਉਣਾ । ਹਉਮੇ ਹੰਗਤ ਗੜ੍ਹ ਵਿਚ ਦੇ ਵਸਾ, ਝੂਠਾ ਗੜ੍ਹ ਆਪ ਤੁੜਾਉਣਾ । ਝੂਠੀ ਸੰਗਤ ਵਿਚ ਦੇ ਰੁਲਾ, ਠਗ ਚੋਰ ਵੇਖ ਵਖਾਉਣਾ । ਗੁਰਮੁਖ ਵਿਰਲਾ ਮੰਗਤਾ ਬਣੇ ਦਰ ਬੇਪਰਵਾਹ, ਏਕਾ ਸਾਚੀ ਮੰਗ ਮੰਗਾਉਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਆਦਿ ਪੁਰਖ ਸਾਚੇ ਹਰਿ ਅੰਤ ਆਪਣਾ ਬੰਧਨ ਪਾਵਣਾ ।

★ ੧੮ ਭਾਦਰੋਂ ੨੦੧੮ ਬਿਕ੍ਰਮੀ ਪੋਲੋ ਸਿੰਘ ਦੇ ਗ੍ਰਿਹਿ ਪੱਖੋਵਾਲ ਜ਼ਿਲਾ ਲੁਧਿਆਣਾ ★

ਨਿਰਗੁਣ ਰੂਪ ਹਰਿ ਨਿਰੰਕਾਰਾ, ਨੂਰੋ ਨੂਰ ਸਮਾਇੰਦਾ । ਸ਼ਬਦੀ ਸ਼ਬਦ ਖੇਲ ਨਿਆਰਾ, ਗੁਰ ਗੁਰ ਵੇਸ ਵਟਾਇੰਦਾ । ਭਗਤੀ ਭਗਤ ਭਗਤ ਸਹਾਰਾ, ਭਗਤ ਭਗਵੰਤ ਖੇਲ ਖਿਲਾਇੰਦਾ । ਸੰਤਨ ਸਤਿ ਨਾਮ ਉਜਿਆਰਾ, ਵਸਤ ਅਮੋਲਕ ਝੋਲੀ ਪਾਇੰਦਾ । ਗੁਰਮੁਖ ਖੋਲ੍ਹੇ ਬੰਦ ਕਿਵਾੜਾ, ਸਚ ਦਵਾਰਾ ਆਪ ਵਖਾਇੰਦਾ । ਗੁਰਸਿਖਾਂ ਦੇਵੇ ਸਚ ਪਿਆਰਾ, ਸਚ ਪ੍ਰੀਤੀ ਆਪ ਨਿਭਾਇੰਦਾ । ਮਨਮੁਖਾਂ ਦੇਵੇ ਜਗਤ ਵਿਕਾਰਾ, ਜੂਠਾ ਝੂਠਾ ਬੰਧਨ ਪਾਇੰਦਾ । ਕਰੇ ਖੇਲ ਅਗੰਮ ਅਪਾਰਾ, ਆਦਿ ਜੁਗਾਦੀ ਵੇਖ ਵਖਾਇੰਦਾ । ਜੁਗਾ ਜੁਗੰਤਰ ਹੋ ਤਿਆਰਾ, ਨਿਰਗੁਣ ਸਰਗੁਣ ਧਾਰ ਚਲਾਇੰਦਾ । ਲੱਖ ਚੁਰਾਸੀ ਪਾਵੇ ਸਾਰਾ, ਘਟ ਘਟ ਵੇਖ ਵਖਾਇੰਦਾ । ਬ੍ਰਹਿਮੰਡ ਖੰਡ ਜੇਰਜ ਅੰਡ ਦਏ ਆਧਾਰਾ, ਰਵ ਸਸ ਨੂਰ ਚਮਕਾਇੰਦਾ ।
੧੧੫੫ ਵਿਸ਼ਨ ਬ੍ਰਹਮਾ ਸ਼ਿਵ ਇਕ ਸਹਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਨਿਰਗੁਣ ਰੂਪ ੧੧੫੫
੧੦ ਸ੍ਰੀ ਭਗਵਾਨ, ਆਦਿ ਜੁਗਾਦਿ ਸਮਾਇੰਦਾ । ਸ਼ਬਦ ਰੂਪ ਹੋ ਪਰਧਾਨ, ਗੁਰ ਗੁਰ ਵੇਖ ਵਖਾਇੰਦਾ । ਭਗਤਨ ਦੇਵੇ ਬ੍ਰਹਮ ਗਿਆਨ, ਆਤਮ ਦ੍ਰਿਸ਼ਟੀ ਦ੍ਰਿਸ਼ਟ ਖੁਲ੍ਹਾਇੰਦਾ । ਸੰਤਨ ਰਾਗ ਸੁਣਾਏ ਕਾਨ, ਅਨਹਦ ਨਾਦੀ ਨਾਦ ਵਜਾਇੰਦਾ । ਗੁਰਮੁਖਾਂ ਵਖਾਏ ਇਕ ਮਕਾਨ, ਘਰ ਘਰ ਵਿਚ ਸੋਭਾ ਪਾਇੰਦਾ । ਗੁਰਸਿਖਾਂ ਬਖ਼ਸ਼ੇ ਇਕ ਧਿਆਨ, ਚਰਨ ਧਿਆਨ ਇਕ ਲਗਾਇੰਦਾ । ਮਨਮੁਖ ਜੀਵ ਸਰਬ ਕੁਰਲਾਣ, ਝੂਠੇ ਧੰਦੇ ਆਪੇ ਲਾਇੰਦਾ । ਜੁਗਾ ਜੁਗੰਤਰ ਲੇਖਾ ਜਾਣੇ ਦੋ ਜਹਾਨ, ਜੁਗ ਕਰਤਾ ਆਪ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਬੰਧਨ ਪਾਇੰਦਾ । ਆਦਿ ਪੁਰਖ ਏਕਾ ਹਰਿ, ਨਿਰਗੁਣ ਰੂਪ ਧਰਾਈਆ । ਗੁਰ ਗੁਰ ਰੂਪ ਮਾਤ ਧਰ, ਸ਼ਬਦੀ ਸ਼ਬਦ ਡੰਕ ਵਜਾਈਆ । ਭਗਤਨ ਮੇਲਾ ਸਾਚੇ ਘਰ, ਗ੍ਰਿਹਿ ਮੰਦਰ ਵੱਜੇ ਵਧਾਈਆ । ਸੰਤ ਸੁਹਾਗੀ ਨਾਰੀ ਨਰ, ਨਰ ਨਰਾਇਣ ਸੇਜ ਸੁਹਾਈਆ । ਗੁਰਮੁਖ ਸਾਜਨ ਲਏ ਫੜ, ਨਾਮ ਡੋਰੀ ਬੰਧਨ ਪਾਈਆ । ਗੁਰਸਿਖ ਮੇਲੇ ਆਪਣੇ ਲੜ, ਏਕਾ ਪੱਲੂ ਗੰਢ ਦਿਵਾਈਆ । ਮਨਮੁਖ ਦਰ ਤੋਂ ਜਾਇਣ ਡਰ, ਨੇਰਨ ਨੇਰ ਨਾ ਕੋਇ ਆਈਆ । ਕਰੇ ਖੇਲ ਸਾਚਾ ਹਰਿ, ਹਰਿ ਜੂ ਹਰਿ ਹਰਿ ਆਪਣੀ ਖੇਲ ਖਿਲਾਈਆ । ਬ੍ਰਹਿਮੰਡਾਂ ਖੰਡਾਂ ਆਪਣਾ ਨੂਰ ਧਰ, ਜੋਤੀ ਜੋਤ ਜੋਤ ਰੁਸ਼ਨਾਈਆ । ਵੇਸ ਅਵੱਲੜਾ ਆਪੇ ਕਰ, ਜੁਗ ਜੁਗ ਆਪਣਾ ਵੇਖ ਵਖਾਈਆ । ਸਤਿਜੁਗ ਤ੍ਰੇਤਾ ਮਾਤ ਧਰ, ਦੁਆਪਰ ਰਚਨਾ ਆਪ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਆਪ ਚੜ੍ਹਾਈਆ । ਨਿਰਗੁਣ

ਰੂਪ ਸ੍ਰੀ ਭਗਵੰਤ, ਏਕਾ ਰੰਗ ਸਮਾਇੰਦਾ । ਗੁਰ ਗੁਰ ਰੂਪ ਆਦਿ ਅੰਤ, ਜੁਗ ਕਰਤਾ ਵੇਸ ਵਟਾਇੰਦਾ । ਭਗਤਨ ਨਾਮ ਨਾਮਾ ਮੰਤ, ਸਾਚਾ ਮੰਤਰ ਇਕ ਦ੍ਰਿੜਾਇੰਦਾ । ਸੰਤਨ ਸੁਹਾਏ ਧਾਮ ਸੋਭਾਵੰਤ, ਘਰ ਸਾਚਾ ਆਪ ਵਖਾਇੰਦਾ । ਗੁਰਮੁਖ ਉਭਾਰੇ ਲੱਖ ਚੁਰਾਸੀ ਵਿਚੋਂ ਜੰਤ, ਜਾਗਰਤ ਜੋਤ ਆਪ ਜਗਾਇੰਦਾ । ਗੁਰਸਿਖ ਬਣਾਏ ਬਣਤ, ਸਾਚੀ ਸਿਖਿਆ ਇਕ ਸਮਝਾਇੰਦਾ । ਮਨਮੁਖ ਵਸਾਏ ਹਉਮੇ ਗੜ੍ਹ ਹੰਗਤ, ਮਾਇਆ ਮਮਤਾ ਬੰਧਨ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰਾ ਆਪ ਚਲਾਇੰਦਾ । ਨਿਰਗੁਣ ਧਾਰ ਪੁਰਖ ਅਗੰਮ, ਏਕਾ ਏਕ ਚਲਾਈਆ । ਗੁਰ ਗੁਰ ਰੂਪ ਸ੍ਰੀ ਭਗਵਾਨ, ਸਚ ਮੇਲਾ ਸਹਿਜ ਸੁਭਾਈਆ । ਭਗਤਨ ਦੇਵੇ ਨਾਮ ਧਨ, ਸਾਚਾ ਵਣਜ ਇਕ ਕਰਾਈਆ । ਸੰਤਨ ਬੇੜਾ ਦੇਵੇ ਬੰਨ੍ਹ, ਵੰਜ ਮੁਹਾਣਾ ਇਕ ਵਖਾਈਆ । ਗੁਰਮੁਖ ਰਾਗ ਸੁਣਾਏ ਕੰਨ, ਆਤਮ ਧੁਨ ਆਪ ਉਪਜਾਈਆ । ਗੁਰਸਿਖ ਵੇਖੇ ਸਾਚਾ ਜਨ, ਜਨ ਜਨਨੀ ਲੇਖੇ ਲਾਈਆ । ਮਨਮੁਖਾਂ ਦੇਵੇ ਹਰਿ ਜੂ ਡੰਨ, ਜੁਗ ਜੁਗ ਆਪਣਾ ਹੁਕਮ ਵਰਤਾਈਆ । ਹੁਕਮੇ ਅੰਦਰ ਸੂਰਜ ਚੰਨ, ਕੋਟਨ ਕੋਟ ਬ੍ਰਹਿਮੰਡ ਰਿਹਾ ਭਵਾਈਆ । ਵਿਸ਼ਨ ਬ੍ਰਹਮਾ ਸ਼ਿਵ ਹੁਕਮ ਰਹੇ ਮੰਨ, ਦਰ ਬੈਠੇ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਬੰਧਨ ਪਾਈਆ । ਨਿਰਗੁਣ ਨਿਰਵੈਰ ਪੁਰਖ ਅਕਾਲ, ਅਕਲ ਕਲਾ ਸਮਾਇੰਦਾ । ਆਦਿ ਸ਼ਕਤ ਖੇਲ ਨਿਰਾਲ, ਨੂਰ ਨੁਰਾਨਾ ਡਗਮਗਾਇੰਦਾ । ਚਤੁਰਭੁਜ ਹੋ ਭਗਵਾਨ, ਭਗਵਨ ਆਪਣੀ ਧਾਰ ਚਲਾਇੰਦਾ । ਸਚਖੰਡ ਵਸ ਸੱਚੀ ਧਰਮਸਾਲ, ਦਰ ਘਰ ਸਾਚੇ ਸੋਭਾ ਪਾਇੰਦਾ । ਸ਼ਬਦ ਅਗੰਮੀ ਵੱਜੇ ਤਾਲ, ਤਾਰ ਸਿਤਾਰ ਨਾ ਕੋਇ ਹਿਲਾਇੰਦਾ । ਥਿਰ ਘਰ ਬੈਠ ਆਪ ਦਿਆਲ, ਦਇਆ ਨਿਧ ਨਾਉਂ ਧਰਾਇੰਦਾ । ਆਪਣੀ ਇਛਿਆ ਪਰਗਟ ਕਰ ਮਹਾਕਾਲ, ਮਹਾਕਾਲ ਆਪਣੀ ਗੋਦ ਬਹਾਇੰਦਾ । ਆਦਿ ਜੁਗਾਦੀ ਚਲੇ ਨਾਲ ਨਾਲ, ਵਿਛੜ ਕਦੇ ਨਾ ਜਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਸੁਰਤ ਸੰਭਾਲ, ਸਾਚੀ ਸਿਖਿਆ ਇਕ ਸਮਝਾਇੰਦਾ । ਤ੍ਰੈਗੁਣ ਦੇਵੇ ਸੱਚਾ ਧਨ ਮਾਲ, ਸਚ ਖ਼ਜ਼ੀਨਾ ਇਕ ਵਰਤਾਇੰਦਾ । ਫਲ ਲਗਾਏ ਸਾਚੇ ਡਾਲ, ਪੱਤ ਡਾਲ੍ਹੀ ਆਪ ਮਹਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਵੇਸ ਵਟਾਇੰਦਾ । ਨਿਰਗੁਣ ਨਿਰਵੈਰ ਨਿਰਾਕਾਰ, ਅਨਭਵ ਪਰਕਾਸ਼ ਕਰਾਇੰਦਾ । ਗੁਰ ਗੁਰ ਲਏ ਮਾਤ ਅਵਤਾਰ, ਜੋਤੀ ਜੋਤ ਡਗਮਗਾਇੰਦਾ । ਸ਼ਬਦੀ ਸ਼ਬਦ ਨਾਦ ਧੁਨਕਾਰ, ਲੱਖ ਚੁਰਾਸੀ ਆਪ ਸੁਣਾਇੰਦਾ । ਪੰਚਮ ਪੰਚ ਕਰ ਪਿਆਰ, ਪੰਚਮ ਮੇਲਾ ਸਚ ਦਰਬਾਰ, ਪੰਚਮ ਰਾਗੀ ਰਾਗ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਸਾਚਾ ਹਰਿ, ਸਾਚਾ ਵੇਸ ਆਪ ਧਰਾਇੰਦਾ । ਨਿਰਗੁਣ ਵੇਸ ਆਦਿ ਅਵੱਲਾ, ਰੂਪ ਰੰਗ ਰੇਖ ਨਾ ਕੋਇ ਜਣਾਈਆ । ਗੁਰ ਗੁਰ ਫੜਾਏ ਸਾਚਾ ਪੱਲਾ, ਏਕਾ ਪੱਲੂ ਨਾਮ ਵਖਾਈਆ । ਭਗਤਨ ਵਖਾਏ ਨਿਹਚਲ ਧਾਮ ਅਟੱਲਾ, ਉਚ ਮਹੱਲਾ ਸੋਭਾ ਪਾਈਆ । ਸੰਤਨ ਸਚ ਸੰਦੇਸ ਏਕਾ ਘੱਲਾ, ਨਿਸ਼ਅੱਖਰ ਕਰੇ ਪੜ੍ਹਾਈਆ । ਗੁਰਮੁਖਾਂ ਆਤਮ ਜੋਤੀ ਆਪੇ ਬਲਾ, ਨੂਰ ਨੁਰਾਨਾ ਡਗਮਗਾਈਆ । ਗੁਰਸਿਖਾਂ ਕਾਇਆ ਮੰਦਰ ਅੰਦਰ ਨਿਰਗੁਣ ਸਰਗੁਣ ਆਪੇ ਰਲਾ, ਆਪਣਾ ਭੇਵ ਆਪ ਛੁਪਾਈਆ । ਮਨਮੁਖਾਂ ਕੋਇ ਨਾ ਮੇਟੇ ਦੂਈ ਦਵੈਤੀ ਸੱਲਾ, ਬਿਰਹੋਂ ਅਗਨੀ ਅੱਗ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਰੂਪ ਅਨੂਪ ਆਪ ਵਖਾਈਆ । ਨਿਰਗੁਣ ਰੂਪ ਸਤਿ ਸਰੂਪ,

ਸਤਿ ਸਤਿਵਾਦੀ ਹਰਿ ਅਖਵਾਇੰਦਾ । ਗੁਰ ਗੁਰ ਧਾਰ ਚਾਰੇ ਕੂਟ, ਦਹਿ ਦਿਸ਼ਾ ਵੇਖ ਵਖਾਇੰਦਾ । ਭਗਤਨ ਉਪਰ ਆਪੇ ਤੁਠ, ਆਪ ਆਪਣੀ ਦਇਆ ਕਮਾਇੰਦਾ । ਸੰਤਨ ਦੇਵੇ ਨਿਰਮਲ ਜੋਤ, ਨੂਰ ਨੁਰਾਨਾ ਡਗਮਗਾਇੰਦਾ । ਗੁਰਮੁਖਾਂ ਪਿਆਏ ਅੰਮ੍ਰਿਤ ਘੁਟ, ਆਤਮ ਰਸ ਆਪ ਚਖਾਇੰਦਾ । ਗੁਰਸਿਖ ਬਹਾਏ ਸਾਚੇ ਕੋਟ, ਕਾਇਆ ਬੰਕ ਸੋਭਾ ਪਾਇੰਦਾ । ਮਨਮੁਖ ਆਹਲਣਿਉਂ ਡਿਗੇ ਬੋਟ, ਦੂਜੀ ਵਾਰ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਜੁਗ ਜੁਗ ਵੇਸ ਅਵੱਲੜਾ, ਕਰੇ ਕਰਾਏ ਏਕੰਕਾਰ । ਸਚਖੰਡ ਦਵਾਰਾ ਏਕਾ ਮਲੜਾ, ਆਸਣ ਸਿੰਘਾਸਣ ਸੁਹਾਏ ਸੱਚੀ ਸਰਕਾਰ । ਸਤਿ ਸੰਦੇਸ ਏਕਾ ਘਲੜਾ, ਧੁਰ ਫ਼ਰਮਾਨਾ ਨਾਮ ਜੈਕਾਰ । ਆਦਿ ਜੁਗਾਦੀ ਹੋਏ ਅਛਲ ਅਛਲੜਾ, ਵਲ ਛਲ ਕਰੇ ਅਗੰਮ ਅਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਲਏ ਅਵਤਾਰ । ਨਿਰਗੁਣ ਨਰ ਨਰਾਇਣ, ਨਿਰਾਕਾਰ ਅਖਵਾਇਆ । ਰਸਨਾ ਕਿਸੇ ਨਾ ਸਕੇ ਕਹਿਣ, ਨੇਤਰ ਨੈਣ ਜਗਤ ਦਰਸ ਨਾ ਪਾਇਆ । ਆਦਿ ਜੁਗਾਦੀ ਆਪ ਆਪਣਾ ਬਣ ਬਣ ਸੱਜਣ ਸੈਣ, ਸਗਲਾ ਸੰਗ ਨਿਭਾਇਆ । ਨਿਰਗੁਣ ਆਪ ਚੁਕਾਏ ਲਹਿਣ ਦੇਣ, ਸਰਗੁਣ ਝੋਲੀ ਆਪ ਭਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੂਪ ਆਪ ਧਰਾਇਆ । ਜੁਗ ਜੁਗ ਰੂਪ ਆਪ ਕਰਤਾਰ, ਨਿਰਗੁਣ ਸਰਗੁਣ ਵੇਸ ਵਟਾਈਆ । ਨਵ ਨੌਂ ਚਾਰ ਖੇਲ ਨਿਆਰ, ਇਕ ਇਕੱਲਾ ਵੇਖ ਵਖਾਈਆ । ਸਤਿਜੁਗ ਤ੍ਰੇਤਾ ਦੁਆਪਰ ਉਤਰਿਆ ਪਾਰ, ਗੁਰ ਅਵਤਾਰ ਗਏ ਸੇਵ ਕਮਾਈਆ । ਭਗਤ ਭਗਵੰਤ ਬੋਲ ਜੈਕਾਰ, ਏਕਾ ਨਾਮ ਗਏ ਧਿਆਈਆ । ਸੰਤ ਕੂਕ ਕੂਕ ਕਰ ਪੁਕਾਰ, ਏਕਾ ਮਾਰਗ ਗਏ ਸੁਣਾਈਆ । ਗੁਰਮੁਖ ਕਰ ਕਰ ਪਿਆਰ, ਪੀਆ ਪ੍ਰੀਤਮ ਇਕ ਮਨਾਈਆ । ਗੁਰਸਿਖ ਮੰਗਣ ਧੂੜੀ ਛਾਰ, ਨਿਉਂ ਨਿਉਂ ਸੀਸ ਝੁਕਾਈਆ । ਜੁਗ ਜੁਗ ਮਨਮੁਖ ਸੁੱਤੇ ਰਹਿਣ ਪੈਰ ਪਸਾਰ, ਗੂੜ੍ਹੀ ਨੀਂਦ ਨਾ ਕੋਇ ਖੁਲ੍ਹਾਈਆ । ਕਲਜੁਗ ਆਈ ਅੰਤਮ ਵਾਰ, ਗੋਬਿੰਦ ਲੇਖਾ ਗਿਆ ਸਮਝਾਈਆ । ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰ, ਆਦਿ ਜੁਗਾਦਿ ਵਡੀ ਵਡਿਆਈਆ । ਜੋਤੀ ਜਾਤਾ ਹੋਏ ਖ਼ਬਰਦਾਰ, ਅਨਭਵ ਪਰਕਾਸ਼ ਕਰਾਈਆ । ਮਹੱਲ ਅਟਲ ਉਚ ਮੁਨਾਰ, ਸੋਭਾਵੰਤ ਆਪ ਸੁਹਾਈਆ । ਹੁਕਮੀ ਹੁਕਮ ਵਰਤੇ ਵਰਤਾਰ, ਧੁਰ ਫ਼ਰਮਾਨ ਆਪ ਜਣਾਈਆ । ਦੋ ਜਹਾਨਾਂ ਦਏ ਹੁਲਾਰ, ਵਿਸ਼ਨ ਬ੍ਰਹਮਾ ਸ਼ਿਵ ਲਏ ਅੰਗੜਾਈਆ । ਕਰੋੜ ਤੇਤੀਸਾ ਲਏ ਉਠਾਲ, ਸੁਰਪਤ ਰਾਜਾ ਇੰਦ ਨਾਲ ਮਿਲਾਈਆ । ਰਵ ਸਸ ਕਰ ਤਿਆਰ, ਏਕਾ ਗੁਣ ਸਮਝਾਈਆ । ਲੱਖ ਚੁਰਾਸੀ ਵੇਖੇ ਵੇਖਣਹਾਰ, ਅਭੁਲ ਭੁਲ ਕਦੇ ਨਾ ਜਾਈਆ । ਤੀਰਥ ਤਟਾਂ ਪਾਵੇ ਸਾਰ, ਸਮੁੰਦ ਸਾਗਰ ਭੇਵ ਚੁਕਾਈਆ । ਲੇਖਾ ਜਾਣੇ ਜੰਗਲ ਜੂਹ ਉਜਾੜ ਪਹਾੜ, ਉਚੇ ਟਿੱਲੇ ਪਰਬਤ ਵੇਖ ਵਖਾਈਆ । ਜੀਵ ਜੰਤ ਜਾਣੇ ਜਗਤ ਵਿਭਚਾਰ, ਭੁੱਲਿਆ ਕੋਇ ਰਹੇ ਨਾ ਰਾਈਆ । ਸਾਧਾਂ ਸੰਤਾਂ ਆਈ ਹਾਰ, ਹਰਿ ਹਰਿ ਹਿਰਦੇ ਨਾ ਕੋਇ ਵਸਾਈਆ । ਰਸਨਾ ਗਾ ਗਾ ਗਏ ਹਾਰ, ਜਿਹਵਾ ਕਾਗ ਵਾਂਗ ਕੁਰਲਾਈਆ । ਆਤਮ ਬ੍ਰਹਮ ਨਾ ਕੋਇ ਵਿਚਾਰ, ਪਾਰਬ੍ਰਹਮ ਨਾ ਕੋਇ ਦਰਸਾਈਆ । ਘਰ ਮਿਲੇ ਨਾ ਕੰਤ ਭਤਾਰ, ਜੀਵਾਂ ਜੰਤਾਂ ਕਾਰਜ ਰਹੇ ਕਰਾਈਆ । ਆਤਮ ਰੰਡੀ ਰੋਵੇ ਜ਼ਾਰੋ ਜ਼ਾਰ, ਕੰਤ ਸੁਹਾਗ ਨਾ ਕੋਇ ਵਖਾਈਆ । ਚਾਰੋਂ ਕੁੰਟ ਅੰਧ ਅੰਧਿਆਰ, ਸਾਚਾ ਚੰਦ ਨਾ ਕੋਇ ਚੜ੍ਹਾਈਆ । ਮੰਦਰ ਮਸਜਿਦ ਮਠ ਸ਼ਿਵਦਵਾਲੇ ਕਰਨ ਪੁਕਾਰ, ਗੁਰੂਦਵਾਰ ਉਚੀ ਕੂਕ ਕੂਕ ਸੁਣਾਈਆ । ਪਰਗਟ ਹੋ ਪ੍ਰਭ ਸਾਂਝੇ ਯਾਰ, ਤੁਧ

ਬਿਨ ਦੀਸੇ ਨਾ ਕੋਇ ਸਹਾਈਆ । ਵਰਨ ਬਰਨ ਮਾਰਨ ਮਾਰ, ਝੂਠਾ ਖੰਡਾ ਹੱਥ ਉਠਾਈਆ । ਤੇਰੇ ਨਾਉਂ ਨਾ ਕਰੇ ਕੋਇ ਪਿਆਰ, ਮਾਇਆ ਮਮਤਾ ਮੋਹ ਵਧਾਈਆ । ਘਰ ਘਰ ਤ੍ਰੈਗੁਣ ਅਗਨੀ ਤਪੇ ਅੰਗਿਆਰ, ਬਿਨ ਗੋਬਿੰਦ ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਠਾਂਡਾ ਦਿਸੇ ਨਾ ਕੋਇ ਦਰਬਾਰ, ਸੀਤਲ ਧਾਰ ਨਾ ਕੋਇ ਜਣਾਈਆ । ਸੁਰਤੀ ਰਾਮ ਨਾ ਕਰੇ ਪਿਆਰ, ਰਾਧਾ ਕ੍ਰਿਸ਼ਨ ਨਾ ਕੋਇ ਮਨਾਈਆ । ਮਨਮਤ ਹੋਈ ਮਾਤ ਉਜਿਆਰ, ਗੁਰਮਤ ਬੈਠੀ ਮੁਖ ਛੁਪਾਈਆ । ਪੰਜ ਵਿਕਾਰਾ ਬੋਲ ਜੈਕਾਰ, ਆਪਣਾ ਬਲ ਰਿਹਾ ਵਖਾਈਆ । ਬੁਧ ਬਿਬੇਕੀ ਗਈ ਹਾਰ, ਸੀਸ ਸਕੇ ਨਾ ਮਾਤ ਉਠਾਈਆ । ਚਾਰੋਂ ਕੁੰਟ ਚੋਰ ਯਾਰ ਹੋਏ ਖ਼ਬਰਦਾਰ, ਗੁਰਮੁਖ ਨੇਤਰ ਰੋਵਣ ਵਾਹੋ ਦਾਹੀਆ । ਧਰਤੀ ਕਰੇ ਦਰ ਪੁਕਾਰ, ਖੁਲ੍ਹੜੇ ਕੇਸ ਰਹੀ ਵਖਾਈਆ । ਮੇਰਾ ਪਰਦਾ ਚੁਕਿਆ ਚਾਰ ਯਾਰ, ਪੱਲੂ ਸੀਸ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਨਿਰਵੈਰ ਸਾਚੇ ਹਰਿ, ਸਰਗੁਣ ਬੈਠਾ ਮੁਖ ਭੁਆਈਆ । ਸਰਗੁਣ ਮਾਤ ਗਿਆ ਉਠ, ਨਿਰਗੁਣ ਨਜ਼ਰ ਕਿਸੇ ਨਾ ਆਇਆ । ਚੋਰ ਯਾਰ ਰਹੇ ਲੁੱਟ, ਘਰ ਘਰ ਵਿਚ ਸ਼ੋਰ ਮਚਾਇਆ । ਮਾਤਾ ਸੇਜ ਵੇਖੇ ਸੁੱਤ, ਭੈਣਾਂ ਭੱਯਾ ਸੰਗ ਨਿਭਾਇਆ । ਕਲਜੁਗ ਸੁਹਾਈ ਆਪਣੀ ਰੁੱਤ, ਵਾਹ ਵਾ ਮੰਗਲ ਆਪਣਾ ਗਾਇਆ । ਸਚ ਸੁੱਚ ਜੜ੍ਹ ਦਿਤੀ ਪੁੱਟ, ਜੂਠ ਝੂਠ ਬੂਟਾ ਲਾਇਆ । ਚਾਰ ਕੁੰਟ ਕੋਈ ਨਾ ਸਕੇ ਉਠ, ਸਭ ਦੇ ਉਤੇ ਰਿਹਾ ਭਾਰ ਪਾਇਆ । ਸਾਧਾਂ ਸੰਤਾਂ ਅੰਦਰ ਆਈ ਫੁੱਟ, ਅੰਮ੍ਰਿਤ ਰਸ ਨਾ ਕੋਇ ਚਖਾਇਆ । ਪੰਚ ਵਿਕਾਰਾ ਰਿਹਾ ਕੁੱਟ, ਅੱਠੇ ਪਹਿਰ ਦਏ ਸਜ਼ਾਇਆ । ਬੱਧਾ ਮਨ ਨਾ ਸਕੇ ਛੁੱਟ, ਸੰਗਲ ਸਕੇ ਨਾ ਕੋਇ ਤੁੜਾਇਆ । ਬਿਨ ਹਰਿ ਨਾਮੇ ਖ਼ਾਲੀ ਦਿਸਣ ਬੁੱਤ, ਕਲਜੁਗ ਡੌਰੂ ਡੰਕਾ ਵਾਇਆ । ਸਭ ਦੀ ਕਰਨੀ ਜਾਏ ਖੁਸ, ਖ਼ਾਲੀ ਹੱਥ ਸਰਬ ਵਖਾਇਆ । ਪੁਰਖ ਅਬਿਨਾਸ਼ੀ ਕਰੇ ਗਿਛ ਪੁਛ, ਪੁੱਛਣਹਾਰਾ ਆਪੇ ਆਇਆ । ਜਿਸ ਦਵਾਰੇ ਵੇਖੇ ਸੁੱਚ, ਤਿਸ ਸੱਜਣ ਲਏ ਮਿਲਾਇਆ । ਜਨਮ ਜਨਮ ਦੀ ਵੇਖੇ ਰੁਚੀ ਰੁਚ, ਪੂਰਬ ਲਹਿਣਾ ਫੋਲ ਫੋਲਾਇਆ । ਕਲਜੁਗ ਜੀਵ ਸਿਮਲ ਰੁੱਖ ਮੁਚ, ਚਾਰੋਂ ਕੁੰਟ ਰਹੇ ਲਹਿਰਾਇਆ । ਗੁਰਮੁਖ ਵਿਰਲੇ ਸਾਚੇ ਸੁੱਤ, ਪੁਰਖ ਅਬਿਨਾਸ਼ੀ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਮੇਲਾ ਸਹਿਜ ਸੁਭਾਇਆ । ਨਿਰਗੁਣ ਮੇਲਾ ਸਚ ਦਵਾਰ, ਨਿਰਾਕਾਰ ਕਰਾਈਆ । ਗੁਰ ਗੁਰ ਰੂਪ ਸ਼ਬਦ ਭੰਡਾਰ, ਨਾਮ ਨਿਧਾਨ ਆਪ ਵਰਤਾਈਆ । ਭਗਵਨ ਭਗਤ ਕਰ ਪਿਆਰ, ਭਾਵੀ ਭੈ ਭੌ ਮਿਟਾਈਆ । ਸੰਤਨ ਦੇਵੇ ਇਕ ਆਧਾਰ, ਜਗਤ ਤ੍ਰਿਸਨਾ ਦਏ ਖਪਾਈਆ । ਗੁਰਮੁਖ ਸਾਚੇ ਮੰਦਰ ਵਾੜ, ਸਚ ਸਿੰਘਾਸਣ ਸੋਭਾ ਪਾਈਆ । ਗੁਰਸਿਖ ਬਖ਼ਸ਼ੇ ਇਕ ਧਿਆਨ, ਧਿਆਨ ਧਿਆਨ ਵਿਚ ਸਮਾਈਆ । ਸੋ ਪੁਰਖ ਨਿਰੰਜਣ ਦੇਵਣਹਾਰਾ ਬ੍ਰਹਮ ਗਿਆਨ, ਬ੍ਰਹਮ ਵਿਦਿਆ ਇਕ ਪੜ੍ਹਾਈਆ । ਹੰ ਬ੍ਰਹਮ ਕਰ ਪਛਾਣ, ਸੋਹੰ ਅੱਖਰ ਇਕ ਜਣਾਈਆ । ਚਾਰ ਵਰਨ ਇਕ ਨਿਸ਼ਾਨ, ਅਠਾਰਾਂ ਬਰਨ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਰੂਪ ਆਪੇ ਧਰ, ਸਰਗੁਣ ਸਾਜਨ ਲਏ ਮਿਲਾਈਆ । ਨਿਰਗੁਣ ਸਰਗੁਣ ਸਾਚਾ ਮੇਲਾ, ਦਰ ਘਰ ਸਾਚੇ ਆਪ ਕਰਾਇੰਦਾ । ਏਕਾ ਦਰ ਸੋਹੇ ਗੁਰੂ ਗੁਰ ਚੇਲਾ, ਗੁਰ ਸ਼ਬਦੀ ਵੇਖ ਵਖਾਇੰਦਾ । ਨਿਰਗੁਣ ਸਰਗੁਣ ਸੱਜਣ ਸੁਹੇਲਾ, ਸਗਲਾ ਸੰਗ ਨਿਭਾਇੰਦਾ । ਆਪੇ ਜਾਣੇ ਆਪਣਾ ਵੇਲਾ, ਥਿਤ ਵਾਰ ਨਾ ਕੋਇ ਰਖਾਇੰਦਾ । ਅਚਰਜ ਖੇਲ ਪਾਰਬ੍ਰਹਮ ਪ੍ਰਭ ਖੇਲਾ, ਨਿਰਗੁਣ ਆਪਣਾ ਰੂਪ ਵਟਾਇੰਦਾ । ਜਨ ਭਗਤਾਂ

ਕੱਟੇ ਰਾਏ ਧਰਮ ਦੀ ਜੇਲਾ, ਲੱਖ ਚੁਰਾਸੀ ਫੰਦ ਕਟਾਇੰਦਾ। ਏਥੇ ਓਥੇ ਸੱਜਣ ਸੁਹੇਲਾ, ਸਗਲਾ ਸੰਗ ਨਿਭਾਇੰਦਾ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਆਪੇ ਕਰ, ਜੁਗ ਜੁਗ ਵਿਛੜੇ ਮੇਲ ਮਿਲਾਇੰਦਾ। ਜੁਗ ਵਿਛੜਿਆਂ ਮੇਲੇ ਜਗ, ਜੁਗਤ ਆਪਣੇ ਹੱਥ ਰਖਾਈਆ। ਫੜ ਫੜ ਹੰਸ ਬਣਾਏ ਕੱਗ, ਸੋਹੰ ਹੰਸਾ ਮੋਤੀ ਚੋਗ ਚੁਗਾਈਆ। ਦੁਰਮਤ ਮੈਲ ਧੋਵੇ ਦਾਗ਼, ਮਾਇਆ ਮਮਤਾ ਮੋਹ ਚੁਕਾਈਆ। ਅੰਧ ਅੰਧੇਰੇ ਜਗਾਏ ਚਿਰਾਗ਼, ਨਿਰਗੁਣ ਜੋਤ ਦੀਪ ਡਗਮਗਾਈਆ। ਤ੍ਰੈਗੁਣ ਲੱਗੀ ਬੁਝਾਏ ਆਗ, ਨਿਝਰ ਝਿਰਨਾ ਆਪ ਝਿਰਾਈਆ। ਕਲਜੁਗ ਮਿਟੇ ਅੰਧੇਰੀ ਰਾਤ, ਸਤਿਗੁਰ ਸਾਚਾ ਚੰਦ ਦਰਸਾਈਆ। ਹਰਿਜਨ ਪੁਛੇ ਤੇਰੀ ਵਾਤ, ਵੇਲੇ ਅੰਤ ਹੋਏ ਸਹਾਈਆ। ਨਾਮ ਧਨ ਖ਼ਜ਼ਾਨਾ ਦੇਵੇ ਦਾਤ, ਠਗ ਚੋਰ ਯਾਰ ਲੁੱਟ ਕੋਇ ਨਾ ਜਾਈਆ। ਲੇਖਾ ਚੁਕਾਏ ਚੌਦਾਂ ਹਾਟ, ਚੌਦਾਂ ਲੋਕ ਭੇਵ ਖੁਲ੍ਹਾਈਆ। ਜਿਸ ਜਨ ਕਰੇ ਦਾਸੀ ਦਾਸ, ਸਿਰ ਸਮਰਥ ਹੱਥ ਰਖਾਈਆ। ਨਿਜ ਆਤਮ ਕਰੇ ਵਾਸ, ਨਿਜ ਘਰ ਮੰਦਰ ਦਏ ਸੁਹਾਈਆ। ਨਿਰਮਲ ਜੋਤ ਕਰ ਪਰਕਾਸ਼, ਅੰਧ ਅੰਧੇਰਾ ਦਏ ਗਵਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਮੇਲੇ ਘਰ, ਘਰ ਵਜਦੀ ਰਹੇ ਵਧਾਈਆ। ਘਰ ਮੇਲਾ ਸਾਚੇ ਮੰਦਰ, ਗ੍ਰਿਹਿ ਆਪਣਾ ਖੇਲ ਖਿਲਾਇੰਦਾ। ਲੇਖਾ ਜਾਣੇ ਡੂੰਘੀ ਕੰਦਰ, ਘਟ ਭੀਤਰ ਫੋਲ ਫੋਲਾਇੰਦਾ। ਆਪੇ ਤੋੜੇ ਲੱਗਾ ਜੰਦਰ, ਨਾਮ ਖੰਡਾ ਇਕ ਚਮਕਾਇੰਦਾ। ਮਨ ਮਨੂਆ ਨਾ ਦੌੜੇ ਬੰਦਰ, ਸ਼ਬਦ ਡੋਰੀ ਆਪ ਬੰਧਾਇੰਦਾ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਮਿਲਾਇੰਦਾ। ਹਰਿਜਨ ਮੇਲਾ ਕਾਇਆ ਗੜ੍ਹ, ਸਤਿਗੁਰ ਪੂਰਾ ਆਪ ਕਰਾਈਆ। ਸੁਰਤ ਸੁਆਣੀ ਸ਼ਬਦ ਵਰ, ਸ਼ਬਦੀ ਸੁਰਤੀ ਮੇਲ ਮਿਲਾਈਆ। ਸੁਖਮਨ ਟੇਢੀ ਪਾਰ ਕਰ, ਡੂੰਘੀ ਭਵਰ ਹੋਏ ਸਹਾਈਆ। ਪੰਚ ਵਿਕਾਰਾ ਜਾਏ ਹਰ, ਨਿਉਂ ਨਿਉਂ ਸੀਸ ਝੁਕਾਈਆ। ਅੰਮ੍ਰਿਤ ਆਤਮ ਜਾਮ ਪਿਆਲਾ ਦੇਵੇ ਅੱਗੇ ਧਰ, ਆਪਣੀ ਸੇਵ ਕਮਾਈਆ। ਕਰੇ ਪਰਕਾਸ਼ ਬਹੱਤਰ ਨੜ, ਜੋਤ ਨਿਰੰਜਣ ਡਗਮਗਾਈਆ। ਅਨਹਦ ਵੱਜੇ ਧੜਾ ਧੜ, ਦਿਵਸ ਰੈਣ ਸ਼ਨਵਾਈਆ। ਪੰਚਮ ਸਖ਼ੀਆਂ ਲੜ ਫੜ, ਆਪਣਾ ਮੰਗਲ ਗਾਈਆ। ਗੁਰਮੁਖ ਜਾਏ ਆਪਣੇ ਘਰ, ਘਰ ਆਪਣੇ ਸੋਭਾ ਪਾਈਆ। ਸਤਿਗੁਰ ਸੱਚਾ ਫੜੇ ਲੜ, ਅੱਗੇ ਬੈਠਾ ਸਾਚਾ ਮਾਹੀਆ। ਸਾਚੀ ਸੇਜਾ ਦੇਵੇ ਧਰ, ਆਪਣੀ ਸੇਵ ਕਮਾਈਆ। ਨਾਤਾ ਜੋੜੇ ਨਾਰੀ ਨਰ, ਏਕਾ ਰੰਗ ਰੰਗਾਈਆ। ਪਲੰਘ ਰੰਗੀਲੇ ਆਪੇ ਚੜ੍ਹ, ਆਤਮ ਬੰਕ ਸੁਹਾਈਆ। ਗੁਰਮੁਖ ਸੱਜਣ ਲਏ ਫੜ, ਗੋਬਿੰਦ ਮੇਲਾ ਸਾਚੇ ਮਾਹੀਆ। ਕਲਜੁਗ ਅੰਤਮ ਜਾਏ ਹਰ, ਬੇੜਾ ਸ਼ੌਹ ਦਰਯਾ ਡੁਬਾਈਆ। ਪਰਗਟ ਹੋ ਨਿਹਕਲੰਕ ਨਰਾਇਣ ਨਰ, ਆਪਣਾ ਗੇੜਾ ਆਪ ਦਿਵਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਖੇਲ ਕਰ, ਨਿਰਾਕਾਰ ਆਪਣਾ ਆਪ ਰਿਹਾ ਛੁਪਾਈਆ। ਸਰਗੁਣ ਅੰਦਰ ਨਿਰਗੁਣ ਵੜਿਆ, ਦਿਸ ਕਿਸੇ ਨਾ ਆਇੰਦਾ। ਆਪਣੇ ਪੌੜੇ ਆਪੇ ਚੜ੍ਹਿਆ, ਆਪਣਾ ਮਾਰਗ ਲਾਇੰਦਾ। ਆਪਣੀ ਵਿਦਿਆ ਆਪੇ ਪੜ੍ਹਿਆ, ਜਗਤ ਵਿਦਿਆ ਨਾ ਕੋਇ ਰਖਾਇੰਦਾ। ਆਪਣੀ ਤਰਨੀ ਆਪੇ ਤਰਿਆ, ਸ੍ਰਿਸ਼ਟ ਸਬਾਈ ਆਪ ਤਰਾਇੰਦਾ। ਨਿਰਭੌ ਹੋ ਕਦੇ ਨਾ ਡਰਿਆ, ਭੈ ਆਪਣਾ ਸਰਬ ਜਣਾਇੰਦਾ। ਕਰੇ ਖੇਲ ਕਲਜੁਗ ਤੇਰੀ ਅੰਤਮ ਵਰਿਆ, ਜੁਗ ਚੌਕੜੀ ਪਾਰ ਕਰਾਇੰਦਾ। ਲੱਖ ਚੁਰਾਸੀ ਜਿਸ ਘਾੜਨ ਘੜਿਆ, ਵੇਲੇ ਅੰਤ ਭੰਨ ਵਖਾਇੰਦਾ। ਗੁਰਮੁਖਾਂ ਵਿਰਲੇ ਕਾਰਜ ਸਰਿਆ, ਜਿਸ ਜਨ ਆਪਣੀ ਬੂਝ ਬੁਝਾਇੰਦਾ। ਨਾ ਜਨਮੇ ਨਾ ਕਦੇ

੧੧੬੦ ੧੦

ਮਰਿਆ, ਜਨਮ ਮਰਨ ਫੰਦ ਕਟਾਇੰਦਾ । ਨਿਰਗੁਣ ਸਰਗੁਣ ਦਵਾਰੇ ਆਪੇ ਖੜ੍ਹਿਆ, ਸਵੱਛ ਸਰੂਪ ਰੂਪ ਵਟਾਇੰਦਾ । ਭਗਤ ਭਗਵੰਤ ਪੱਲਾ ਫੜਿਆ, ਦੋ ਜਹਾਨ ਨਾ ਕੋਇ ਛਡਾਇੰਦਾ । ਸੰਤ ਕੰਤ ਏਕਾ ਵਰਿਆ, ਸਚ ਸੁਹਾਗ ਇਕ ਬਣਾਇੰਦਾ । ਗੁਰਮੁਖ ਅੱਖਰ ਏਕਾ ਪੜ੍ਹਿਆ, ਦੂਜਾ ਅੱਖਰ ਨਾ ਕੋਇ ਜਣਾਇੰਦਾ । ਗੁਰਸਿਖ ਸਰਨ ਸਰਨਾਈ ਏਕਾ ਹਰਿਆ, ਦੂਜਾ ਇਸ਼ਟ ਨਾ ਕੋਇ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਦਾਤਾ ਪੁਰਖ ਬਿਧਾਤਾ, ਹਰਿਜਨ ਹੋਏ ਪਿਤਾ ਮਾਤਾ ਚਰਨ ਕਵਲ ਬੰਧਾਏ ਨਾਤਾ, ਉਤਮ ਰੱਖੇ ਜ਼ਾਤ ਪਾਤਾ, ਵਰਨ ਬਰਨ ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਇਕ ਇਕਾਂਤਾ, ਕਲਜੁਗ ਮਿਟੇ ਅੰਧੇਰੀ ਰਾਤਾ, ਸਤਿਜੁਗ ਸੁਣਾਏ ਸਾਚੀ ਗਾਥਾ, ਬੋਧ ਅਗਾਧ ਸ਼ਬਦ ਅਲਾਇੰਦਾ । ਕਲਜੁਗ ਪਿੰਜਰ ਗਿਆ ਸੁੱਕ, ਹੱਡ ਮਾਸ ਨਾੜੀ ਤਨ ਨਜ਼ਰ ਨਾ ਆਈਆ । ਆਪਣਾ ਖੇਲ ਕਰਦਾ ਰਿਹਾ ਲੁਕ ਲੁਕ, ਮੁਖ ਪਰਦਾ ਰਿਹਾ ਪਾਈਆ । ਅੰਤਮ ਪੈਂਡਾ ਗਿਆ ਮੁੱਕ, ਪੁਰਖ ਅਬਿਨਾਸ਼ੀ ਆਪ ਮੁਕਾਈਆ । ਹਰਿ ਕਾ ਤੀਰ ਨਿਰਾਲਾ ਗਿਆ ਛੁੱਟ, ਬ੍ਰਹਿਮੰਡ ਖੰਡ ਕਰੇ ਸ਼ਨਵਾਈਆ । ਜੋ ਜਨ ਸਾਚੇ ਸਿਖਾਂ ਲਏ ਓਟ, ਤਿਸ ਸਾਹਿਬ ਲਏ ਬਖ਼ਸ਼ਾਈਆ । ਕਲਜੁਗ ਮਾਇਆ ਮਮਤਾ ਜੂਠ ਝੂਠ ਖਾ ਖਾ ਭਰੀ ਨਾ ਅਜੇ ਪੇਟ, ਭੁੱਖਾ ਰਿਹਾ ਕੁਰਲਾਈਆ । ਦੂਜਾ ਸਤਿਜੁਗ ਨਾਲ ਗਿਆ ਉਠ, ਕਲਜੁਗ ਅੰਤਮ ਤੇਰਾ ਵੇਖੇ ਚਾਈਂ ਚਾਈਂਆ । ਤੇਰੀ ਮਾਇਆ ਮਮਤਾ ਨਾਰ ਦੁਹਾਗਣ ਨਾਗਣੀ ਗੁਰਸਿਖਾਂ ਨਾ ਸਕੇ ਡੱਸ, ਨੇਰਨ ਨੇਰ ਰਹਿਣ ਨਾ ਪਾਈਆ । ਹਰਿਜਨ ਅੰਦਰ ਹਰਿ ਜੂ ਰਿਹਾ ਵਸ, ਅੱਠੇ ਪਹਿਰ ਸਮਾਈਆ । ਏਕਾ ਮਾਰਗ ਰਿਹਾ ਦੱਸ, ਸੋਹੰ ਡੰਡਾ ਹੱਥ ਫੜਾਈਆ । ਕਲਜੁਗ ਅੰਤਮ ਸੀਸ ਲੌਹਣਾ ਝੱਟ, ਗੁਰਸਿਖ ਤੇਰੇ ਹੱਥ ਵਡਿਆਈਆ । ਸੰਮਤ ਅਠਾਰਾਂ ਲੱਗਾ ਪਹਿਲਾ ਫੱਟ, ਉਨੀ ਸੰਮਤ ਦੇਵੇ ਸੀਸ ਕਟਾਈਆ । ਵਿਚ ਬੈਠਾ ਰਹੇ ਪੁਰਖ ਸਮਰਥ, ਅਡੋਲ ਅਤੁਲ ਆਪਣਾ ਆਸਣ ਆਪ ਸੁਹਾਈਆ । ਜ਼ਿਮੀਂ ਅਸਮਾਨ ਗਗਨ ਮੰਡਲ ਦੀਪ ਲੋਅ ਪਾਤਾਲ ਖੰਡ ਬ੍ਰਹਿਮੰਡ ਧਰਤ ਧਵਲ ਸਮੁੰਦ ਸਾਗਰ ਆਦਿ ਅੰਤ ਜੁਗਾ ਜੁਗੰਤ ਜੀਵ ਜੰਤ ਪਸ਼ੂ ਪੰਖੀ ਪੰਛੀ ਗਾਇਣ ਹਰਿ ਕਾ ਜਸ, ਜਸ ਆਪਣਾ ਆਪ ਜਣਾਈਆ । ਨੀਂਦਰ ਵਿਚ ਜੁਮਾਲ ਦਸ, ਨੀਂਦਰ ਰੂਪ ਰਿਹਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਗੁਰਮੁਖ ਗੁਰਸਿਖ ਗੁਰ ਗੁਰ ਸੇਵਾ ਲਾਈਆ ।

★ ੧੮ ਭਾਦਰੋਂ ੨੦੧੮ ਬਿਕ੍ਰਮੀ ਸਰਦਾਰਾ ਸਿੰਘ ਦੇ ਗ੍ਰਹਿ ਪੱਖੋਵਾਲ ਜ਼ਿਲਾ ਲੁਧਿਆਣਾ ★

ਆਦਿ ਜੁਗਾਦੀ ਇਕ ਭਗਵਾਨਾ, ਏਕਾ ਰੰਗ ਸਮਾਇੰਦਾ । ਆਦਿ ਜੁਗਾਦੀ ਇਕ ਮਕਾਨਾ, ਸਚਖੰਡ ਦਵਾਰ ਸੁਹਾਇੰਦਾ । ਆਦਿ ਜੁਗਾਦੀ ਇਕ ਤਰਾਨਾ, ਰਾਗੀ ਰਾਗ ਅਲਾਇੰਦਾ । ਆਦਿ ਜੁਗਾਦੀ ਇਕ ਨਿਸ਼ਾਨਾ, ਸਤਿ ਸਤਿਵਾਦੀ ਆਪ ਝੁਲਾਇੰਦਾ । ਆਦਿ ਜੁਗਾਦੀ ਏਕਾ ਭਾਨਾ, ਜੋਤੀ ਜੋਤ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਖੇਲ ਆਪ ਕਰਾਇੰਦਾ । ਆਦਿ ਜੁਗਾਦੀ ਇਕ ਭਗਵੰਤ, ਏਕਾ ਰੰਗ ਸਮਾਈਆ । ਆਦਿ ਜੁਗਾਦੀ ਏਕਾ ਕੰਤ, ਨਰ ਨਰਾਇਣ ਵਡੀ ਵਡਿਆਈਆ । ਆਦਿ ਜੁਗਾਦੀ ਬਣਾਏ ਬਣਤ, ਘੜਨ ਭੰਨਣਹਾਰ

ਇਕ ਅਖਵਾਈਆ । ਆਦਿ ਜੁਗਾਦੀ ਏਕਾ ਸੰਤ, ਸਤਿਗੁਰ ਸਾਚਾ ਰੂਪ ਧਰਾਈਆ । ਆਦਿ ਜੁਗਾਦੀ ਏਕਾ ਮੰਤ, ਨਿਸ਼ਅੱਖਰ ਕਰੇ ਪੜ੍ਹਾਈਆ । ਆਦਿ ਜੁਗਾਦੀ ਮਹਿਮਾ ਅਗਣਤ, ਅਲਖ ਅਗੋਚਰ ਅਗੰਮ ਅਥਾਹ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਚੁਕਾਈਆ । ਆਦਿ ਜੁਗਾਦੀ ਏਕਾ ਪੁਰਖ, ਏਕਾ ਦਰ ਸੋਭਾ ਪਾਇੰਦਾ । ਆਦਿ ਜੁਗਾਦੀ ਕਰੇ ਪਰਖ, ਨਿਰਗੁਣ ਆਪਣਾ ਵੇਸ ਵਟਾਇੰਦਾ । ਆਦਿ ਜੁਗਾਦੀ ਏਕਾ ਏਕ ਕਰੇ ਤਰਸ, ਆਪਣੀ ਮਿਹਰ ਆਪਣੇ ਹੱਥ ਰਖਾਇੰਦਾ । ਆਦਿ ਜੁਗਾਦੀ ਏਕਾ ਮੇਘ ਬਰਸ, ਅੰਮ੍ਰਿਤ ਝਿਰਨਾ ਇਕ ਝਿਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਸੋਭਾ ਆਪੇ ਪਾਇੰਦਾ । ਆਦਿ ਜੁਗਾਦੀ ਸੋਭਾਵੰਤ, ਪੁਰਖ ਅਕਾਲ ਵਡੀ ਵਡਿਆਈਆ । ਆਦਿ ਜੁਗਾਦੀ ਏਕਾ ਕੰਤ, ਏਕਾ ਸੇਜ ਹੰਢਾਈਆ । ਆਦਿ ਜੁਗਾਦੀ ਗਾਏ ਸੁਹਾਗੀ ਛੰਤ, ਸਾਚਾ ਢੋਲਾ ਸਾਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਹੱਥ ਰੱਖੇ ਵਡਿਆਈਆ । ਆਦਿ ਪੁਰਖ ਵਡ ਵਡਿਆਈ, ਆਪਣੇ ਹੱਥ ਰਖਾਇੰਦਾ । ਮਧ ਆਪਣੀ ਧਾਰ ਚਲਾਈ, ਭੇਵ ਕੋਇ ਨਾ ਪਾਇੰਦਾ । ਸ਼ਬਦ ਸੁਤ ਕਰ ਕੁੜਮਾਈ, ਸਾਚਾ ਬੰਧਨ ਪਾਇੰਦਾ । ਗ੍ਰਿਹਿ ਮੰਦਰ ਵੱਜੇ ਇਕ ਵਧਾਈ, ਏਕਾ ਰਾਗ ਅਲਾਇੰਦਾ । ਏਕਾ ਨੂਰ ਕਰ ਰੁਸ਼ਨਾਈ, ਏਕਾ ਡਗਮਗਾਇੰਦਾ । ਏਕਾ ਵੇਖੇ ਚਾਈਂ ਚਾਈਂ, ਨੇਤਰ ਨੈਣ ਨਾ ਕੋਇ ਰਖਾਇੰਦਾ । ਏਕਾ ਵਸੇ ਹਰ ਘਟ ਥਾਈਂ, ਥਾਨ ਥਨੰਤਰ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਇੰਦਾ । ਏਕਾ ਏਕ ਆਦਿ ਆਦਿ, ਅਬਿਨਾਸ਼ੀ ਕਰਤਾ ਨਾਉਂ ਰਖਾਈਆ । ਏਕਾ ਏਕ ਵਸੇ ਬ੍ਰਹਿਮਾਦ, ਬ੍ਰਹਿਮੰਡ ਰਚਨ ਰਚਾਈਆ । ਏਕਾ ਏਕ ਵਜਾਏ ਨਾਦ, ਤੁਰੀਆ ਰਾਗ ਆਪ ਸੁਣਾਈਆ । ਏਕਾ ਏਕ ਗਾਏ ਬੋਧ ਅਗਾਧ, ਅਗਾਧ ਬੋਧਾ ਆਪਣਾ ਭੇਵ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਆਪ ਉਠਾਈਆ । ਏਕਾ ਏਕ ਏਕਾ ਦਰ, ਘਰ ਸਾਚਾ ਆਪ ਸੁਹਾਇੰਦਾ । ਏਕਾ ਪੁਰਖ ਏਕਾ ਨਰ, ਏਕਾ ਮੇਲ ਮਿਲਾਇੰਦਾ । ਏਕਾ ਸੇਜਾ ਬੈਠਾ ਚੜ੍ਹ, ਭਸਮੜ ਆਪਣਾ ਭੋਗ ਕਰਾਇੰਦਾ । ਏਕਾ ਅੱਖਰ ਬੈਠਾ ਪੜ੍ਹ, ਦੂਜਾ ਅੱਖਰ ਨਾ ਕੋਇ ਵਖਾਇੰਦਾ । ਏਕਾ ਕਰਨੀ ਰਿਹਾ ਕਰ, ਕਰਤਾ ਪੁਰਖ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਏਕ, ਨਿਰਗੁਣ ਨਿਰਗੁਣ ਰਿਹਾ ਵੇਖ, ਪੇਖਤ ਪੇਖਤ ਆਪਣਾ ਵੇਸ ਵਖਾਇੰਦਾ । ਨਿਰਗੁਣ ਵੇਖੇ ਵੇਖਣ ਯੋਗ, ਮਹਿਮਾ ਅਕਥ ਕਥੀ ਨਾ ਜਾਈਆ । ਆਪੇ ਜਾਣੇ ਆਪਣਾ ਚੋਜ, ਦੂਸਰ ਸੰਗ ਨਾ ਕੋਇ ਮਿਲਾਈਆ । ਸਚਖੰਡ ਦਵਾਰਾ ਸਾਚਾ ਕੋਟ, ਸਚ ਸਿੰਘਾਸਣ ਸੋਭਾ ਪਾਈਆ । ਨਿਰਮਲ ਦੀਆ ਜਗੇ ਜੋਤ, ਆਦਿ ਜੁਗਾਦਿ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਏਕ ਏਕ ਰਘੁਰਾਈਆ । ਏਕਾ ਜੋਤ ਏਕਾ ਬਾਤੀ, ਏਕਾ ਮੰਦਰ ਆਪ ਟਿਕਾਇੰਦਾ । ਏਕਾ ਪੁਰਖ ਕਮਲਾਪਾਤੀ, ਏਕਾ ਵੇਖ ਵਖਾਇੰਦਾ । ਏਕਾ ਦਿਵਸ ਏਕਾ ਰਾਤੀ, ਏਕਾ ਥਿਤ ਵਾਰ ਸੁਹਾਇੰਦਾ । ਏਕਾ ਬ੍ਰਹਮ ਏਕਾ ਜਾਤੀ, ਏਕਾ ਪਾਰਬ੍ਰਹਮ ਅਖਵਾਇੰਦਾ । ਏਕਾ ਸ਼ਬਦ ਏਕਾ ਗਾਥੀ, ਏਕਾ ਮਾਰਗ ਲਾਇੰਦਾ । ਏਕਾ ਸੇਵਕ ਏਕਾ ਰਾਥੀ, ਰਥ ਰਥਵਾਹੀ ਇਕ ਚਲਾਇੰਦਾ । ਇਕ ਦਵਾਰਾ ਏਕਾ ਹਾਟੀ, ਏਕਾ ਵਸਤ ਵਿਕਾਇੰਦਾ । ਏਕਾ ਬਣੇ ਸਾਚਾ ਨਾਤੀ, ਨਾਤਾ ਬਿਧਾਤਾ ਜੋੜ ਜੁੜਾਇੰਦਾ । ਏਕਾ ਪੂਜਾ ਏਕਾ ਪਾਠੀ, ਏਕਾ ਹਵਨ ਕਰਾਇੰਦਾ । ਏਕਾ ਬਹਿ ਬਹਿ ਪੁਛੇ ਵਾਤੀ, ਜੁਗ ਜੁਗ ਵੇਸ ਵਟਾਇੰਦਾ ।

੧੧੬੧
੧੦

ਏਕਾ ਅੰਮ੍ਰਿਤ ਦੇਵੇ ਬੂੰਦ ਸਵਾਂਤੀ, ਠੰਡਾ ਠਾਰ ਪਿਆਇੰਦਾ । ਏਕਾ ਖੋਲ੍ਹੇ ਬੰਦ ਤਾਕੀ, ਬਜਰ ਕਪਾਟ ਤੁੜਾਇੰਦਾ । ਏਕਾ ਦੇਵੇ ਭਵਿਖਤ ਵਾਕੀ, ਗੁਰ ਅਵਤਾਰਾਂ ਸਮਝਾਇੰਦਾ । ਏਕਾ ਸਾਧਾਂ ਸੰਤਾਂ ਚੁਕਾਏ ਬਾਕੀ, ਲਹਿਣਾ ਦੇਣਾ ਝੋਲੀ ਪਾਇੰਦਾ । ਏਕਾ ਬਣੇ ਸਾਚਾ ਸਾਕੀ, ਭਰ ਪਿਆਲਾ ਜਾਮ ਪਿਆਇੰਦਾ । ਏਕਾ ਘੋੜਾ ਏਕਾ ਰਾਕੀ, ਏਕਾ ਅਸਵ ਹਰਿ ਦੌੜਾਇੰਦਾ । ਏਕਾ ਜਾਣੇ ਧਰਨੀ ਧਰਤ ਧਵਲ ਧਰਨ ਖ਼ਾਕੀ, ਏਕਾ ਆਕਾਸ਼ ਪਰਕਾਸ਼ਾ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਆਪਣਾ ਵੇਸ ਵਖਾਇੰਦਾ । ਏਕਾ ਘਰ ਏਕਾ ਮੰਦਰ, ਏਕਾ ਬਣਤ ਬਣਾਈਆ । ਇਕ ਦਰਵਾਜ਼ਾ ਇਕ ਜੰਦਰ, ਏਕਾ ਵਾਰ ਲਗਾਈਆ । ਏਕਾ ਵਸੇ ਡੂੰਘੀ ਕੰਦਰ, ਦਿਸ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਆਪਣੇ ਰੰਗ ਸਮਾਈਆ । ਏਕਾ ਇਛਿਆ ਏਕਾ ਭਿਛਿਆ, ਏਕਾ ਏਕ ਵਰਤਾਇੰਦਾ । ਏਕਾ ਵੰਡੇ ਸਾਚੇ ਹਿਸਿਆ, ਸਾਚਾ ਹਿੱਸਾ ਆਪਣੇ ਹੱਥ ਰਖਾਇੰਦਾ । ਏਕਾ ਨੂਰ ਨੁਰਾਨਾ ਰਵ ਸਸ ਵਸਿਆ, ਚੰਦ ਚਾਂਦਨਾ ਆਪ ਚਮਕਾਇੰਦਾ । ਏਕਾ ਪੁੰਨਿਆ ਏਕਾ ਮੱਸਿਆ, ਏਕਾ ਅੰਧ ਅੰਧੇਰਾ ਛਾਇੰਦਾ । ਏਕਾ ਘਟ ਘਟ ਅੰਦਰ ਵਸਿਆ, ਰੂਪ ਰੰਗ ਰੇਖ ਨਾ ਕੋਇ ਵਖਾਇੰਦਾ । ਏਕਾ ਲੱਖ ਚੁਰਾਸੀ ਜਾਣੇ ਮਿਥਿਆ, ਥਿਰ ਕੋਇ ਰਹਿਣ ਨਾ ਪਾਇੰਦਾ । ਏਕਾ ਜੁਗ ਜੁਗ ਦੇਵੇ ਸਾਚੀ ਸਿਖਿਆ, ਗੁਰ ਮੰਤਰ ਨਾਮ ਗੁਰ ਗੁਰ ਆਪ ਪੜ੍ਹਾਇੰਦਾ । ਏਕਾ ਲਾਹੇ ਦਵੈਤੀ ਵਿਖਿਆ, ਅੰਮ੍ਰਿਤ ਜਾਮ ਪਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਆਪਣੇ ਦਰ ਸੁਹਾਇੰਦਾ । ਏਕਾ ਦਰ ਇਕ ਦਰਵਾਜ਼ਾ, ਹਰਿ ਏਕਾ ਵੇਖ ਵਖਾਈਆ । ਏਕਾ ਗ਼ਰੀਬ ਇਕ ਗ਼ਰੀਬ ਨਿਵਾਜ਼ਾ, ਗ਼ਰੀਬ ਨਿਮਾਣੇ ਗਲੇ ਲਗਾਈਆ । ਏਕਾ ਸ੍ਰੇਸ਼ਟ ਇਕ ਸ੍ਰਿਸ਼ਟੀ ਸਾਜਾ, ਇਸ਼ਟ ਦੇਵ ਇਕ ਅਖਵਾਈਆ । ਏਕਾ ਸ਼ਾਹ ਇਕ ਨਵਾਬਾ, ਸ਼ਾਹ ਪਾਤਸ਼ਾਹ ਇਕ ਹੋ ਜਾਈਆ । ਏਕਾ ਰਾਗ ਏਕਾ ਵਾਜਾ, ਏਕਾ ਤਾਰ ਸਿਤਾਰ ਹਿਲਾਈਆ । ਏਕਾ ਦੋ ਜਹਾਨ ਫਿਰੇ ਭਾਜਾ, ਵੇਸ ਅਨੇਕ ਧਰਾਈਆ । ਜੁਗ ਜੁਗ ਰਚਦਾ ਆਇਆ ਕਾਜਾ, ਹੁਕਮੀ ਹੁਕਮ ਖੇਲ ਖਿਲਾਈਆ । ਸਤਿਜੁਗ ਤ੍ਰੇਤਾ ਦੁਆਪਰ ਆਪ ਨਿਵਾਜਾ, ਆਪਣੀ ਹੱਥੀਂ ਕਰ ਕੁੜਮਾਈਆ । ਕਲਜੁਗ ਅੰਤਮ ਖੇਲ ਕਰੇ ਬਹੁ ਭਾਂਤਾ, ਭੇਵ ਅਭੇਦ ਨਾ ਕੋਇ ਰਖਾਈਆ । ਭਾਗ ਲਗਾਏ ਦੇਸ ਮਾਝਾ, ਸੰਬਲ ਕਰ ਰੁਸ਼ਨਾਈਆ । ਦੋ ਜਹਾਨਾਂ ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਪ ਚਲਾਏ ਜਹਾਜ਼ਾ, ਦੋ ਜਹਾਨਾਂ ਬੇੜਾ ਆਪਣੇ ਹੱਥ ਰਖਾਈਆ । ਨਿਰਵੈਰ ਪੁਰਖ ਅਗੰਮ ਅਗੋਚਰ ਆਪੇ ਚੜ੍ਹਿਆ ਆਪਣੇ ਤਾਜਾ, ਚਾਰ ਕੁੰਟ ਦਹਿ ਦਿਸ਼ਾ ਰਿਹਾ ਭੁਆਈਆ । ਲੱਖ ਚੁਰਾਸੀ ਵੇਖੇ ਕਾਜਾ, ਨੌਂ ਖੰਡ ਪ੍ਰਿਥਮੀ ਸਾਹ ਸੁਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਏਕ ਬੇਪਰਵਾਹੀਆ । ਏਕਾ ਏਕ ਬੇਪਰਵਾਹ, ਸੋ ਪੁਰਖ ਨਿਰੰਜਣ ਆਪ ਅਖਵਾਇੰਦਾ । ਸੋ ਪੁਰਖ ਨਿਰੰਜਣ ਬਣ ਮਲਾਹ, ਹਰਿ ਪੁਰਖ ਨਿਰੰਜਣ ਸੇਵ ਲਗਾਇੰਦਾ । ਏਕੰਕਾਰਾ ਸਿਫ਼ਤ ਸਲਾਹ, ਆਪਣਾ ਨਾਉਂ ਦ੍ਰਿੜਾਇੰਦਾ । ਆਦਿ ਨਿਰੰਜਣ ਜੋਤ ਜਗਾ, ਘਰ ਮੰਦਰ ਇਕ ਰੁਸ਼ਨਾਇੰਦਾ । ਸ੍ਰੀ ਭਗਵਾਨ ਸਿੰਘਾਸਣ ਆਸਣ ਲਾ, ਸੀਸ ਜਗਦੀਸ ਤਾਜ ਸੁਹਾਇੰਦਾ । ਅਬਿਨਾਸ਼ੀ ਕਰਤਾ ਸੋਭਾਵੰਤ ਸੋਭਾ ਰਿਹਾ ਪਾ, ਸੋਭਨੀਕ ਆਪ ਹੋ ਜਾਇੰਦਾ । ਪਾਰਬ੍ਰਹਮ ਪ੍ਰਭ ਸੀਸ ਝੁਕਾ, ਨਿਉਂ ਨਿਉਂ ਨੇਤਰ ਨੀਰ ਵਹਾਇੰਦਾ । ਇਕ ਇਕੱਲਾ ਵੇਸ ਵਟਾ, ਆਪਣਾ ਪਰਦਾ ਆਪ ਉਠਾਇੰਦਾ । ਬ੍ਰਹਮ ਆਪਣੀ ਵੰਡ ਵੰਡਾ, ਲੱਖ ਚੁਰਾਸੀ ਗੰਢ ਪੁਆਇੰਦਾ । ਸ਼ਬਦੀ ਨਾਦ ਧੁਨ ਸੁਣਾ, ਅਨਹਦ ਰਾਗੀ ਰਾਗ ਅਲਾਇੰਦਾ ।

ਜੋਤ ਨਿਰੰਜਣ ਦੀਪ ਟਿਕਾ, ਘਰ ਘਰ ਸੋਭਾ ਪਾਇੰਦਾ । ਤ੍ਰੈਗੁਣ ਮਾਇਆ ਪਰਦਾ ਪਾ, ਆਪਣਾ ਆਪ ਛੁਪਾਇੰਦਾ । ਕਾਮ ਕਰੋਧ ਲੋਭ ਮੋਹ ਹੰਕਾਰ ਨਾਲ ਰਲਾ, ਮਾਇਆ ਮਮਤਾ ਵਿਚ ਫਸਾਇੰਦਾ । ਜੂਠ ਝੂਠ ਲਏ ਪਰਣਾ, ਜਗਤ ਨਾਤਾ ਜੋੜ ਜੁੜਾਇੰਦਾ । ਹੰਗਤਾ ਗੜ੍ਹ ਲਏ ਬਣਾ, ਮਨਮੁਖ ਡੇਰਾ ਆਪ ਲਗਾਇੰਦਾ । ਭੁੱਖਾ ਨੰਗਤਾ ਗਲੇ ਲਗਾ, ਜੁਗ ਜੁਗ ਆਪਣੇ ਰੰਗ ਰੰਗਾਇੰਦਾ । ਭਗਤ ਭਗਵੰਤ ਲਏ ਮਿਲਾ, ਕਾਇਆ ਕਵਰੀ ਫੋਲ ਫੋਲਾਇੰਦਾ । ਸੰਤ ਸਾਜਨ ਲਏ ਜਗਾ, ਸ਼ਬਦੀ ਨਾਦ ਅਲਾਇੰਦਾ । ਗੁਰਮੁਖ ਕਾਇਆ ਗੋਰ ਵਿਚੋਂ ਲਏ ਕਢਾ, ਸਚ ਸਿੰਘਾਸਣ ਇਕ ਵਖਾਇੰਦਾ । ਗੁਰਸਿਖ ਆਪਣੇ ਰੰਗ ਰੰਗਾ, ਰੰਗ ਮਜੀਠੀ ਇਕ ਚੜ੍ਹਾਇੰਦਾ । ਦੁਸ਼ਟ ਹੰਕਾਰੀ ਦਏ ਖਪਾ, ਏਕਾ ਖੰਡਾ ਨਾਮ ਚਲਾਇੰਦਾ । ਆਦਿ ਅੰਤ ਕਰੇ ਸਚ ਨਿਆਂ, ਅਭੁਲ ਭੁਲ ਕਦੇ ਨਾ ਜਾਇੰਦਾ । ਸਾਚੇ ਤਖ਼ਤ ਬੈਠ ਸੱਚਾ ਸ਼ਹਿਨਸ਼ਾਹ, ਇਕ ਇਕੱਲਾ ਹੁਕਮ ਚਲਾਇੰਦਾ । ਕਲਜੁਗ ਅੰਤਮ ਵੇਖੇ ਆ, ਨਿਰਗੁਣ ਨਿਰਵੈਰ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕੱਲਾ ਖੇਲ ਕਰਾਇੰਦਾ । ਇਕ ਇਕੱਲਾ ਖੇਲਣ ਆਇਆ, ਆਦਿ ਜੁਗਾਦੀ ਕਾਰ । ਲੋਕਮਾਤ ਹਰਿ ਫੇਰਾ ਪਾਇਆ, ਕਲ ਕਲਕੀ ਲਏ ਅਵਤਾਰ । ਨਾਮ ਡੰਕਾ ਇਕ ਵਜਾਇਆ, ਲੱਖ ਚੁਰਾਸੀ ਕਰੇ ਖ਼ਬਰਦਾਰ । ਸ਼ਾਹ ਸੁਲਤਾਨਾਂ ਦਏ ਹਿਲਾਇਆ, ਅੰਤਮ ਰੋਵਨ ਜ਼ਾਰੋ ਜ਼ਾਰ । ਵਰਨ ਬਰਨ ਦਏ ਮਿਟਾਇਆ, ਊਚ ਨੀਚ ਨਾ ਕੋਇ ਧਾਰ । ਇਕ ਇਕੱਲਾ ਸਾਚਾ ਮਾਰਗ ਦਏ ਲਗਾਇਆ, ਕੂੜੀ ਕਿਰਿਆ ਦਏ ਨਿਵਾਰ । ਨੌਂ ਖੰਡ ਪ੍ਰਿਥਮੀ ਵੇਖ ਵਖਾਇਆ, ਸੱਤਾਂ ਦੀਪਾਂ ਪਰਦਾ ਦਏ ਉਤਾਰ । ਨੌਂ ਦਵਾਰੇ ਖੋਜ ਖੁਜਾਇਆ, ਲੇਖਾ ਜਾਣੇ ਦਸਮ ਦਵਾਰ । ਹਰਿਜਨ ਸਾਚੇ ਲਏ ਮਿਲਾਇਆ, ਆਪ ਆਪਣੀ ਕਿਰਪਾ ਧਾਰ । ਆਪ ਆਪਣਾ ਸਿਰ ਹੱਥ ਟਿਕਾਇਆ, ਸਮਰਥ ਪੁਰਖ ਅਗੰਮ ਅਪਾਰ । ਏਕਾ ਅੱਖਰ ਰਿਹਾ ਪੜ੍ਹਾਇਆ, ਸੋਹੰ ਸ਼ਬਦ ਸਚ ਜੈਕਾਰ । ਆਤਮ ਪਰਮਾਤਮ ਲਏ ਮਿਲਾਇਆ, ਈਸ਼ ਜੀਵ ਲਏ ਅਧਾਰ । ਕਰਮ ਕਾਂਡ ਨਾ ਕੋਇ ਵਖਾਇਆ, ਨਿਹਕਰਮੀ ਕਰੇ ਵਿਚਾਰ । ਪੂਜਾ ਪਾਠ ਨਾ ਕੋਇ ਕਰਾਇਆ, ਜਿਸ ਜਨ ਦੇਵੇ ਦਰਸ ਦੀਦਾਰ । ਸੁਰਤੀ ਸ਼ਬਦੀ ਬੰਧਨ ਪਾਇਆ, ਬੰਨ੍ਹੇ ਏਕਾ ਵਾਰ । ਘਰ ਮੂਰਤ ਅਕਾਲ ਨਜ਼ਰੀ ਆਇਆ, ਇਕ ਇਕੱਲਾ ਏਕੰਕਾਰ । ਸਾਚੀ ਸੂਰਤ ਦਏ ਵਖਾਇਆ, ਰੂਪ ਰੰਗ ਰੇਖ ਨਾ ਕੋਇ ਸ਼ੁਮਾਰ । ਗੁਰਮੁਖ ਮੇਲਾ ਸਹਿਜ ਸੁਭਾਇਆ, ਆਪ ਕਰਾਏ ਕਾਇਆ ਮੰਦਰ ਗੁਰੂਦਵਾਰ । ਦੂਜੇ ਦਰ ਹੱਥ ਨਾ ਆਇਆ, ਲੱਖ ਚੁਰਾਸੀ ਰਹੀ ਝਖ ਮਾਰ । ਇਕ ਇਕੱਲਾ ਵੇਖ ਵਖਾਇਆ, ਵੇਖਣਹਾਰ ਬੇਐਬ ਪਰਵਰਦਿਗਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਕਰੇ ਖੇਲ ਅਪਰ ਅਪਾਰ । ਅਪਰ ਅਪਾਰਾ ਖੇਲ ਅਵੱਲਾ, ਇਕ ਇਕੱਲਾ ਆਪ ਕਰਾਈਆ । ਆਪੇ ਜਾਣੇ ਨੂਰੀ ਅੱਲਾ, ਬਿਸਮਿਲ ਧਾਰ ਚਲਾਈਆ । ਕਲਮਾ ਅਮਾਮ ਫੜਾਇਆ ਪੱਲਾ, ਅਮਾਮ ਅਮਾਮਾ ਬੇਪਰਵਾਹੀਆ । ਮੁਕਾਮੇ ਹੱਕ ਏਕਾ ਮੱਲਾ, ਲਾਸ਼ਰੀਕ ਬਣ ਖ਼ੁਦਾਈਆ । ਸਚ ਸੰਦੇਸ ਏਕਾ ਘੱਲਾ, ਆਇਤ ਸ਼ਰਾਇਤ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕੱਲਾ ਬੇਪਰਵਾਹੀਆ । ਇਕ ਇਕੱਲਾ ਇਕ ਖ਼ੁਦਾ, ਖ਼ਾਲਕ ਆਪਣੀ ਖੇਲ ਖਿਲਾਇੰਦਾ । ਆਦਿ ਜੁਗਾਦਿ ਨਾ ਹੋਏ ਜੁਦਾ, ਜੁਗ ਜੁਗ ਵੇਸ ਵਟਾਇੰਦਾ । ਆਪਣੀ ਕ਼ੁਰਬਾਨੀ ਕਰਕੇ ਆਇਆ ਆਪ ਕਰੇ ਫ਼ਿਦਾ, ਫ਼ਿਤਰਤ ਹੋਰ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਏਕਾ ਹਰਿ, ਏਕਾ ਨੂਰ ਨੂਰ ਉਪਾਇੰਦਾ ।

੧੧੯੩
੧੦

ਏਕਾ ਨੂਰ ਨੂਰ ਉਜਾਲਾ, ਨੂਰ ਇਲਾਹੀ ਡਗਮਗਾਇੰਦਾ । ਏਕਾ ਮਾਰਗ ਦਏ ਸੁਖਾਲਾ, ਇਲਾਹੀ ਕਲਮਾ ਆਪ ਪੜ੍ਹਾਇੰਦਾ । ਏਕਾ ਰੂਪ ਵਖਾਏ ਤੁਆਲਾ, ਖ਼ੁਦਾ ਆਪਣਾ ਨੂਰ ਜਣਾਇੰਦਾ । ਏਕਾ ਪਾਏ ਸਾਚੀ ਮਾਲਾ, ਤਸਬੀ ਏਕਾ ਹੱਥ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਖ਼ਲਕ ਵਿਚ ਸਮਾਇੰਦਾ । ਏਕਾ ਖ਼ਲਕ ਏਕਾ ਖ਼ਾਲਕ, ਮਖ਼ਲੂਕ ਵਿਚ ਇਕ ਸਮਾਈਆ । ਏਕਾ ਏਕ ਹੋਏ ਪ੍ਰਿਤਪਾਲਕ, ਸਦਾ ਸਦ ਸੇਵ ਕਮਾਈਆ । ਆਦਿ ਜੁਗਾਦਿ ਨਾ ਆਏ ਵਿਚ ਆਲਸ, ਨਿੰਦਰਾ ਨੀਂਦ ਨਾ ਕੋਇ ਵਖਾਈਆ । ਕਲਜੁਗ ਅੰਤਮ ਬਣੇ ਸਾਲਸ, ਲੱਖ ਚੁਰਾਸੀ ਵੇਖ ਵਖਾਈਆ । ਹਰਿਜਨ ਹਰਿਭਗਤ ਸ੍ਰੀ ਭਗਵਾਨ ਮੁਰਸ਼ਦ ਮੁਰੀਦ ਕੱਢੇ ਖ਼ਾਲਸ, ਖ਼ਾਲਕ ਖ਼ਲਕ ਵੇਖੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਚਾਰ ਵਰਨ ਏਕਾ ਸਰਨ ਊਚ ਨੀਚ ਰਾਓ ਰੰਕ ਏਕਾ ਟੇਕ, ਸ਼ਾਹ ਪਾਤਸ਼ਾਹ ਏਕਾ ਰੰਗ ਵਖਾਈਆ ।

★ ੧੮ ਭਾਦਰੋਂ ੨੦੧੮ ਬਿਕ੍ਰਮੀ ਪੱਖੋਵਾਲ ਜ਼ਿਲਾ ਲੁਧਿਆਣਾ ★

ਸਤਿਗੁਰ ਪੂਰਾ ਦੀਨ ਦਿਆਲ, ਦਇਆਵਾਨ ਅਖਵਾਇੰਦਾ । ਜੁਗ ਜੁਗ ਪਰਗਟ ਹੋ ਵਿਚ ਜਹਾਨ, ਨਿਰਗੁਣ ਸਰਗੁਣ ਖੇਲ ਖਿਲਾਇੰਦਾ ।
੧੧੬੪ ਸ਼ਬਦ ਸਰੂਪੀ ਸਤਿ ਬਬਾਣ, ਬ੍ਰਹਿਮੰਡ ਖੰਡ ਆਪ ਉਡਾਇੰਦਾ । ਨਾਮ ਨਿਧਾਨਾ ਇਕ ਗਿਆਨ, ਮੰਤਰ ਅੰਤਰ ਆਪ ਜਪਾਇੰਦਾ । ਗੁਰਮੁਖ ਸੱਜਣ ੧੧੬੪
੧੦ ਸਚ ਪਛਾਣ, ਹਰਿਜਨ ਆਪਣਾ ਮੇਲ ਮਿਲਾਇੰਦਾ । ਪਰਦਾ ਚੁੱਕ ਕਾਇਆ ਮੰਦਰ ਮਕਾਨ, ਗ੍ਰਿਹਿ ਸਾਚਾ ਘਰ ਵਖਾਇੰਦਾ । ਏਕਾ ਦੇਵੇ ਸਾਚਾ ੧੦
ਦਾਨ, ਵਸਤ ਅਮੋਲਕ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਮਾਤ ਵਡਿਆਇੰਦਾ । ਹਰਿਜਨ ਵੱਡਾ ਵੱਡੀ ਵਡਿਆਈ, ਸਤਿਗੁਰ ਪੂਰਾ ਆਪ ਵਡਿਆਇੰਦਾ । ਲੇਖਾ ਜਾਣੇ ਧੁਰ ਦਰਗਾਹੀ, ਦਰਗਹਿ ਸਾਚੀ ਖੇਲ ਖਿਲਾਇੰਦਾ । ਵੇਖਣਹਾਰਾ ਥਾਉਂ ਥਾਈਂ, ਘਟ ਘਟ ਅੰਤਰ ਫੋਲ ਫੋਲਾਇੰਦਾ । ਹਰਿਜਨ ਮੇਲੇ ਫੜ ਫੜ ਬਾਹੀਂ, ਸੇਵਕ ਸਾਚੀ ਸੇਵ ਕਮਾਇੰਦਾ । ਨਥਾਵਿਆਂ ਦੇਵੇ ਸਾਚਾ ਥਾਈਂ, ਨਿਰਧਨ ਆਪਣੀ ਗੋਦ ਬਹਾਇੰਦਾ । ਸਦਾ ਸਦ ਦੇਵੇ ਠੰਡੀਆਂ ਛਾਈਂ, ਸਮਰਥ ਪੁਰਖ ਸਿਰ ਹੱਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਦਇਆ ਕਮਾਇੰਦਾ । ਸਤਿਗੁਰ ਪੂਰਾ ਹਰਿ ਹਰਿ ਠਾਕਰ, ਅਬਿਨਾਸ਼ੀ ਬੇਪਰਵਾਹੀਆ । ਏਕਾ ਦੇਵੇ ਨਾਮ ਰਤੀ ਰਤਨਾਗਰ, ਰੁਤ ਰੁਤੜੀ ਆਪ ਸੁਹਾਈਆ । ਨਿਰਮਲ ਕਰਮ ਕਰੇ ਉਜਾਗਰ, ਦੁਰਮਤ ਮੈਲ ਧਵਾਈਆ । ਜਿਸ ਜਨ ਵਣਜ ਕਰਾਏ ਬਣ ਸੌਦਾਗਰ, ਏਕਾ ਹੱਟ ਵਖਾਈਆ । ਦਰ ਦਵਾਰੇ ਦੇਵੇ ਆਦਰ, ਆਪ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਹੋਏ ਸਹਾਈਆ । ਸਤਿਗੁਰ ਪੂਰਾ ਸਾਹਿਬ ਸਮਰਥ, ਸਾਚੀ ਕਾਰ ਕਮਾਇੰਦਾ । ਨਿਰਧਨ ਰੱਖੇ ਦੇ ਕਰ ਹੱਥ, ਦੀਨਨ ਆਪਣੀ ਗੋਦ ਬਹਾਇੰਦਾ । ਨਾਮ ਜਣਾਏ ਮਹਿਮਾ ਅਕਥ, ਕਥਨੀ ਕਥ ਨਾ ਕੋਇ ਸੁਣਾਇੰਦਾ । ਸ਼ਬਦ ਚੜ੍ਹਾਏ ਸਾਚੇ ਰਥ, ਰਥ ਰਥਵਾਹੀ ਸੇਵ ਕਮਾਇੰਦਾ । ਆਪਣਾ ਮਾਰਗ ਆਪੇ ਦੱਸ, ਸਾਚਾ ਪੰਥ ਵਖਾਇੰਦਾ । ਹਿਰਦੇ ਅੰਦਰ ਹਰਿ ਜੂ ਵਸ, ਹਰਿ ਮੰਦਰ ਆਪ ਸੁਹਾਇੰਦਾ ।

ਪੂਰੀ ਕਰੇ ਹਰਿਜਨ ਆਸ, ਨਿਰਾਸਾ ਕੋਇ ਨਾ ਮਾਤ ਰਖਾਇੰਦਾ । ਲੇਖਾ ਜਾਣੇ ਪਵਣ ਸਵਾਸ, ਸਵਾਸ ਸਵਾਸਾਂ ਮੇਲ ਮਿਲਾਇੰਦਾ । ਏਕਾ ਰੂਪ ਵਖਾਏ ਪੁਰਖ ਅਬਿਨਾਸ਼, ਅਬਿਨਾਸ਼ੀ ਆਪਣੀ ਧਾਰ ਜਣਾਇੰਦਾ । ਅੰਧ ਅੰਧੇਰਾ ਮੇਟੇ ਰਾਤ, ਸਾਚਾ ਚੰਦ ਆਪ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸਾਚਾ ਵੇਖ ਵਖਾਇੰਦਾ । ਸਤਿਗੁਰ ਸੱਚਾ ਵੇਖਣਹਾਰਾ, ਆਦਿ ਜੁਗਾਦਿ ਸਮਾਇਆ । ਜੁਗਾ ਜੁਗੰਤਰ ਲੈ ਅਵਤਾਰਾ, ਗੁਰਮੁਖ ਸਾਚੇ ਲਏ ਮਿਲਾਇਆ । ਕਲਜੁਗ ਅੰਤਮ ਪਾਵੇ ਸਾਰਾ, ਨਿਹਕਲੰਕਾ ਨਾਉਂ ਰਖਾਇਆ । ਏਕਾ ਨਾਮ ਸ਼ਬਦ ਜੈਕਾਰਾ, ਸੋਹੰ ਧਾਰਾ ਆਪ ਪਰਗਟਾਇਆ । ਲੇਖਾ ਜਾਣੇ ਅਗੰਮ ਅਪਾਰਾ, ਵੇਦ ਕਤੇਬ ਭੇਵ ਨਾ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਹੋਏ ਸਹਾਇਆ । ਹੋਏ ਸਹਾਈ ਸਦਾ ਸਦ, ਬੇਅੰਤ ਬੇਪਰਵਾਹਿਆ । ਹਰਿਜਨ ਸੱਜਣ ਆਪੇ ਸੱਦ, ਆਪਣਾ ਦਰਸ ਦਿਖਾਇਆ । ਜਗਤ ਦਵਾਰਾ ਪਾਰ ਕਰਾਏ ਹੱਦ, ਸਾਚਾ ਮੰਦਰ ਆਪ ਸਮਝਾਇਆ । ਲੱਖ ਚੁਰਾਸੀ ਵਿਚੋਂ ਕੱਢ, ਜਮ ਕੀ ਫਾਸੀ ਦਏ ਤੁੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਮਿਲਾਇਆ । ਜਮ ਕੀ ਫਾਸੀ ਨਾਤਾ ਤੋੜ, ਹਰਿਜਨ ਸਾਚੇ ਹੋਏ ਸਹਾਈਆ । ਜਨਮ ਜਨਮ ਦੀ ਟੁੱਟੀ ਜੋੜ, ਮੇਲ ਮਿਲਾਵਾ ਸਾਚੇ ਥਾਈਂਆ । ਕਰੇ ਪਰਕਾਸ਼ ਅੰਧ ਘੋਰ, ਗ੍ਰਿਹਿ ਮੰਦਰ ਕਰ ਰੁਸ਼ਨਾਈਆ । ਡੇਰਾ ਢਾਏ ਪੰਜ ਚੋਰ, ਪੰਚਮ ਸੱਥਰ ਰਿਹਾ ਵਿਛਾਈਆ । ਸ਼ਬਦ ਸੁਣਾਏ ਨਾਦ ਘਨਘੋਰ, ਪੰਚਮ ਰਾਗ ਅਲਾਈਆ । ਸੁਰਤੀ ਬੰਨ੍ਹੇ ਸ਼ਬਦੀ ਡੋਰ, ਤੰਦ ਅਵੱਲਾ ਪਾਈਆ । ਵੇਖੇ ਪਰਖੇ ਰੀਠਾ ਮਿੱਠਾ ਕੌੜ, ਜੀਵ ਜੰਤ ਫੋਲ ਫੋਲਾਈਆ । ਗੁਰਮੁਖ ਵਿਰਲੇ ਲੱਗੀ ਔੜ, ਏਕਾ ਓਟ ਅਕਾਲ ਰਖਾਈਆ । ਸਮਰਥ ਪੁਰਖ ਆਏ ਦੌੜ, ਦੇਵੇ ਦਰਸ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਦਰ ਆਪ ਬਹਾਈਆ । ਸਤਿਗੁਰ ਪੂਰਾ ਖੋਲ੍ਹ ਦਰ, ਦਰ ਦਰਵਾਜ਼ਾ ਆਪ ਤੁੜਾਇੰਦਾ । ਗ਼ਰੀਬ ਨਿਮਾਣੇ ਆਪੇ ਵਰ, ਆਪਣਾ ਬੰਧਨ ਪਾਇੰਦਾ । ਜਗਤ ਭੈ ਭੌ ਚੁਕਾਏ ਡਰ, ਭਿਆਨਕ ਰੂਪ ਨਾ ਕੋਇ ਵਖਾਇੰਦਾ । ਇਕ ਨੁਹਾਏ ਸਾਚੇ ਸਰ, ਸਚ ਸਰੋਵਰ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਪਾਰ ਕਰਾਇੰਦਾ । ਸਤਿਗੁਰ ਪੂਰਾ ਪਾਰ ਕਿਨਾਰਾ, ਹਰਿਜਨ ਆਪ ਵਖਾਈਆ । ਲਹਿਣਾ ਦੇਣਾ ਚੁਕਾਏ ਮੰਝਧਾਰਾ, ਡੂੰਘੀ ਗਾਰਾ ਨਾ ਕੋਇ ਰੁੜ੍ਹਾਈਆ । ਸਤਿ ਸਤਿਵਾਦੀ ਦਏ ਸਹਾਰਾ, ਸਾਚਾ ਮਾਰਗ ਇਕ ਲਗਾਈਆ । ਸੋਹੰ ਬੋਲੇ ਸਚ ਜੈਕਾਰਾ, ਜਾਗਰਤ ਜੋਤ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪੇ ਤਰਾਈਆ । ਹਰਿਜਨ ਸੱਚਾ ਤਾਰਿਆ, ਕਰ ਕਿਰਪਾ ਗੁਣ ਨਿਧਾਨ । ਜਨਮ ਜਨਮ ਦਾ ਰੋਗ ਨਵਾਰਿਆ, ਏਕਾ ਬਖ਼ਸ਼ੇ ਚਰਨ ਧਿਆਨ । ਇਕ ਸੁਹਾਏ ਬੰਕ ਦਵਾਰਿਆ, ਗ੍ਰਿਹਿ ਮੰਦਰ ਸਚ ਮਕਾਨ । ਅੱਠੇ ਪਹਿਰ ਨਾਦ ਧੁੰਨਕਾਰਿਆ, ਸ਼ਬਦ ਅਗੰਮੀ ਵੱਜੇ ਤਾਨ । ਏਕਾ ਨੂਰ ਜੋਤ ਉਜਿਆਰਿਆ, ਦੀਵਾ ਬਾਤੀ ਜਗੇ ਮਹਾਨ । ਏਕਾ ਕਰੇ ਸਚ ਪਿਆਰਿਆ, ਪੀਆ ਪ੍ਰੀਤਮ ਮਿਹਰਵਾਨ । ਏਕਾ ਦੇਵੇ ਸਚ ਆਧਾਰਿਆ, ਸਤਿ ਸਤਿਵਾਦੀ ਸਚ ਨਿਸ਼ਾਨ । ਏਕਾ ਬ੍ਰਹਮ ਕਰੇ ਉਜਿਆਰਿਆ, ਪਾਰਬ੍ਰਹਮ ਹੋ ਪਰਧਾਨ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਸਾਚਾ ਦਾਨ । ਦਾਤਾ ਦਾਨੀ ਗਹਿਰ ਗੰਭੀਰ, ਗੁਣਵੰਤਾ ਦਇਆ ਕਮਾਈਆ । ਹਰਿਜਨ ਠਾਂਡਾ ਕਰੇ ਸਰੀਰ, ਅਗਨੀ ਤੱਤ ਨਾ ਕੋਇ ਰਖਾਈਆ । ਅੰਮ੍ਰਿਤ ਬਖ਼ਸ਼ੇ ਠਾਂਡਾ ਨੀਰ, ਸਾਚਾ

੧੧੬੫
੧੦

ਸੀਰ ਮੁਖ ਚੁਆਈਆ । ਆਪੇ ਬਦਲਣਹਾਰਾ ਤਕਦੀਰ, ਸਚ ਤਦਬੀਰ ਰਿਹਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਸਤਿਗੁਰ ਮੀਤ, ਸੋ ਪੁਰਖ ਨਿਰੰਜਣ ਨਾਉਂ ਧਰਾਇਆ । ਆਪੇ ਜਾਣੇ ਆਪਣੀ ਰੀਤ, ਅਵੱਲੜੀ ਚਾਲ ਆਪ ਚਲਾਇਆ । ਸਾਚਾ ਦੇਹੁਰਾ ਮੰਦਰ ਮਸੀਤ, ਕਾਇਆ ਬੰਕ ਰਿਹਾ ਵਖਾਇਆ । ਦਿਵਸ ਰੈਣ ਗਾਏ ਗੀਤ, ਸਾਚਾ ਢੋਲਾ ਆਪ ਸੁਣਾਇਆ । ਅੱਠੇ ਪਹਿਰ ਵਸੇ ਚੀਤ, ਚਿਤ ਵਿਤ ਠਗੌਰੀ ਨਾ ਕੋਇ ਰਖਾਇਆ । ਲੇਖਾ ਜਾਣੇ ਹਸਤ ਕੀਟ, ਸ਼ਾਹ ਪਾਤਸ਼ਾਹ ਬੇਪਰਵਾਹਿਆ । ਲੱਖ ਚੁਰਾਸੀ ਪਰਖੇ ਨੀਤ, ਚਾਰੋਂ ਕੁੰਟ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੇ ਵਿਚ ਸਮਾਇਆ । ਹਰਿਜਨ ਸਮਾਏ ਹਰਿ ਕੀ ਧਾਰ, ਸਤਿਗੁਰ ਆਪਣੇ ਵਿਚ ਮਿਲਾਈਆ । ਹਰਿਜਨ ਪਾਏ ਹਰਿ ਕੀ ਸਾਰ, ਸਤਿਗੁਰ ਪੂਰਾ ਬੂਝ ਬੁਝਾਈਆ । ਹਰਿਜਨ ਜਾਣੇ ਹਰਿ ਕਾ ਪਿਆਰ, ਸਤਿਗੁਰ ਪੂਰਾ ਆਪ ਕਰਾਈਆ । ਹਰਿਜਨ ਜਾਣੇ ਹਰਿ ਕਾ ਦਵਾਰ, ਸਤਿਗੁਰ ਪੂਰਾ ਆਪ ਵਖਾਈਆ । ਹਰਿਜਨ ਜਾਣੇ ਰੰਗ ਕਰਤਾਰ, ਸਤਿਗੁਰ ਪੂਰਾ ਆਪ ਚੜ੍ਹਾਈਆ । ਹਰਿਜਨ ਵਸੇ ਠਾਂਡੇ ਦਰਬਾਰ, ਸਤਿਗੁਰ ਪੂਰਾ ਆਪ ਖੁਲ੍ਹਾਈਆ । ਹਰਿਜਨ ਉਤਰੇ ਪਾਰ ਕਿਨਾਰ, ਸਤਿਗੁਰ ਪੂਰਾ ਪਾਰ ਕਰਾਈਆ । ਕਲਜੁਗ ਤੇਰੀ ਅੰਤਮ ਵਾਰ, ਏਕਾ ਨੱਯਾ ਰਿਹਾ ਚਲਾਈਆ । ਕਿਸੇ ਹੱਥ ਨਾ ਆਵੇ ਵਿਚ ਸੰਸਾਰ, ਡੂੰਘੀ ਭਵਰ ਪਈ ਲੋਕਾਈਆ । ਗੁਰਮੁਖ ਵਿਰਲੇ ਕਰ ਤਿਆਰ, ਸਾਚੇ ਬੇੜੇ ਰਿਹਾ ਚੜ੍ਹਾਈਆ । ਸੇਵਾ ਕਰੇ ਆਪ ਨਿਰੰਕਾਰ, ਨਿਰਗੁਣ ਦਾਤਾ ਸੇਵ ਕਮਾਈਆ । ਮੇਲ ਮਿਲਾਏ ਵਾਰੋ ਵਾਰ, ਪੱਤਣ ਬੈਠਾ ਸਾਚਾ ਮਾਹੀਆ । ਰਾਹ ਤੱਕੇ ਪਰਵਰਦਿਗਾਰ, ਦੂਰ ਦੁਰਾਡਾ ਸ਼ਹਿਨਸ਼ਾਹੀਆ । ਗੁਰਸਿਖ ਮਿਲੇ ਸੱਚਾ ਯਾਰ, ਜਿਸ ਮਿਲਿਆਂ ਕੋਟਨ ਕੋਟ ਕੋਟ ਬ੍ਰਹਿਮੰਡ ਖ਼ੁਸ਼ੀ ਮਨਾਈਆ । ਦਰ ਘਰ ਕਰਾਂ ਸਚ ਪਿਆਰ, ਸਚਖੰਡ ਵਸਾਂ ਚਾਈਂ ਚਾਈਂਆ । ਤਖ਼ਤ ਬੈਠ ਸੱਚੇ ਦਰਬਾਰ, ਆਪਣਾ ਮੁਖੜਾ ਦਿਆਂ ਵਖਾਈਆ । ਗੁਰਸਿਖ ਨਿਰਗੁਣ ਹੋ ਹੋ ਬੋਲੇ ਇਕ ਜੈਕਾਰ, ਸੋਹੰ ਤੇਰਾ ਰੂਪ ਨਿਰੰਕਾਰ, ਹੰ ਬ੍ਰਹਮ ਪਾਰਬ੍ਰਹਮ ਵਿਚ ਗਿਆ ਸਮਾਈਆ । ਨਾ ਪੁਰਖ ਨਾ ਨਾਰ, ਜੋਤੀ ਜੋਤ ਜੋਤ ਚਮਤਕਾਰ, ਪੁਰਖ ਅਬਿਨਾਸ਼ੀ ਏਕਾ ਰੰਗ ਵਟਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਜਾਣੇ ਧਾਰ, ਲੇਖ ਲਿਖਤ ਤੋਂ ਵਸੇ ਬਾਹਰ, ਵਾਕ ਭਵਿਖਤ ਕਰੇ ਪਿਆਰ, ਆਪਣੀ ਭਾਖਿਆ ਆਪੇ ਪੂਰ ਕਰਾਈਆ ।

### ★ ੧੮ ਭਾਦਰੋਂ ੨੦੧੮ ਬਿਕ੍ਰਮੀ ਹਰਜੀਤ ਸਿੰਘ ਦੇ ਗ੍ਰਿਹਿ ਪਿੰਡ ਲੀਲ ਜ਼ਿਲਾ ਲੁਧਿਆਣਾ ★

ਵਿਸ਼ਨੂੰ ਭਗਵਾਨ ਸਚ ਕਰਾਮਾਤ, ਦੋ ਜਹਾਨ ਵਖਾਈਆ । ਕਰੇ ਖੇਲ ਪੁਰਖ ਅਬਿਨਾਸ਼, ਬੇਅੰਤ ਬੇਪਰਵਾਹੀਆ । ਲੇਖਾ ਜਾਣੇ ਪ੍ਰਿਥਮੀ ਆਕਾਸ਼, ਗਗਨ ਮੰਡਲ ਵੇਖ ਵਖਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਪਾਏ ਆਪਣੀ ਰਾਸ, ਨਿਰਗੁਣ ਆਪਣਾ ਨਾਚ ਨਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰੂਪ ਅਨੂਪ ਆਪ ਧਰਾਈਆ । ਵਿਸ਼ਨੂੰ ਭਗਵਾਨ ਸਚ ਕਰਾਮਾਤਾ, ਆਦਿ ਜੁਗਾਦਿ ਵਖਾਇੰਦਾ । ਜੁਗਾ ਜੁਗੰਤਰ ਬੰਨ੍ਹੇ ਨਾਤਾ, ਵੇਸ ਅਨੇਕ ਵਟਾਇੰਦਾ । ਭਗਤਾਂ ਦੇਵੇ ਸਾਚੀ ਦਾਤਾ, ਨਾਮ ਅਮੋਲਕ ਝੋਲੀ ਪਾਇੰਦਾ । ਕਾਇਆ ਮੰਦਰ ਅੰਦਰ

੧੧੬੬ ੧੦

ਸੁਣਾਏ ਸਾਚੀ ਗਾਥਾ, ਨਿਸ਼ਅੱਖਰ ਆਪ ਪੜ੍ਹਾਇੰਦਾ । ਜੁਗਾ ਜੁਗੰਤਰ ਚਲਾਏ ਰਾਥਾ, ਰਥ ਰਥਵਾਹੀ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਾਰ ਆਪ ਕਰਾਇੰਦਾ । ਸਚ ਕਰਾਮਾਤ ਆਦਿ ਅੰਤ, ਵਿਸ਼ਨੂੰ ਭਗਵਾਨ ਆਪ ਜਣਾਈਆ । ਗੁਰਮੁਖ ਵਿਰਲਾ ਲੇਖਾ ਜਾਣੇ ਸੰਤ, ਮਨਮੁਖ ਬੂਝ ਕੋਇ ਨਾ ਪਾਈਆ । ਆਪ ਭੁਲਾਏ ਜੀਵ ਜੰਤ, ਲੱਖ ਚੁਰਾਸੀ ਪਰਦਾ ਪਾਈਆ । ਆਪੇ ਆਪਣੀ ਨਾਰੀ ਵੇਖੇ ਸਾਚਾ ਕੰਤ, ਰੂਪ ਅਨੂਪ ਆਪ ਵਟਾਈਆ । ਆਪੇ ਚਾੜ੍ਹੇ ਰੰਗ ਬਸੰਤ, ਉਤਰ ਕਦੇ ਨਾ ਜਾਈਆ । ਆਪਣੀ ਮਹਿਮਾ ਜਣਾਏ ਅਗਣਤ, ਲੇਖਾ ਲਿਖਤ ਵਿਚ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਵ ਖੇਲ ਆਪ ਖਿਲਾਈਆ । ਆਪੇ ਵਿਸ਼ਨ ਆਪ ਭਗਵਾਨਾ, ਆਪੇ ਖੇਲ ਖਿਲਾਇੰਦਾ । ਆਪੇ ਰਾਜ ਭੂਪ ਰਾਜਾਨਾ, ਧੁਰ ਫ਼ਰਮਾਨਾ ਹੁਕਮ ਸੁਣਾਇੰਦਾ । ਆਪੇ ਵਸਣਹਾਰਾ ਸਚਖੰਡ ਸੱਚੇ ਮਕਾਨਾ, ਥਿਰ ਘਰ ਆਪਣਾ ਆਸਣ ਲਾਇੰਦਾ । ਆਪੇ ਜੁਗ ਜੁਗ ਲੋਕਮਾਤ ਹੋਏ ਪਰਧਾਨਾ, ਤ੍ਰੈਗੁਣ ਅਤੀਤਾ ਠਾਂਡਾ ਸੀਤਾ ਆਪਣੀ ਕਰਨੀ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਾਮਾਤ ਆਦਿ ਜੁਗਾਦਿ ਵਖਾਇੰਦਾ । ਸਚ ਕਰਾਮਾਤ ਆਦਿ ਜੁਗਾਦਿ, ਸੋ ਪੁਰਖ ਨਿਰੰਜਣ ਆਪ ਵਖਾਈਆ । ਹਰਿ ਪੁਰਖ ਨਿਰੰਜਣ ਬੰਨ੍ਹੇ ਨਾਤ, ਸਾਚਾ ਨਾਤਾ ਜੋੜ ਜੁੜਾਈਆ । ਏਕੰਕਾਰਾ ਦੇਵੇ ਦਾਤ, ਵਸਤ ਅਮੋਲਕ ਇਕ ਵਰਤਾਈਆ । ਆਦਿ ਨਿਰੰਜਣ ਆਪ ਉਪਾਏ ਆਪਣੀ ਜ਼ਾਤ, ਜੋਤ ਨਿਰੰਜਣ ਕਰ ਰੁਸ਼ਨਾਈਆ । ਸ੍ਰੀ ਭਗਵਾਨ ਦੇਵੇ ਸਾਥ, ਸਗਲਾ ਸੰਗ ਨਿਭਾਈਆ । ਅਬਿਨਾਸ਼ੀ ਕਰਤਾ ਆਪੇ ਵੇਖੇ ਮਾਰ ਝਾਤ, ਆਪਣੇ ਮੰਦਰ ਸੋਭਾ ਪਾਈਆ । ਪਾਰਬ੍ਰਹਮ ਪੁਰਖ ਸਮਰਾਥ, ਆਪਣੀ ਧਾਰ ਆਪ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਆਪ ਚੁਕਾਈਆ । ਸਚ ਕਰਾਮਾਤ ਸ੍ਰੀ ਭਗਵੰਤ, ਜੁਗ ਕਰਤਾ ਆਪ ਵਖਾਇੰਦਾ । ਸਚਖੰਡ ਦਵਾਰਾ ਸੋਭਾਵੰਤ, ਹਰਿ ਸਾਚਾ ਆਪ ਸੁਹਾਇੰਦਾ । ਲੇਖਾ ਜਾਣੇ ਨਾਰੀ ਕੰਤ, ਨਰ ਨਰਾਇਣ ਸੇਜ ਹੰਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਸਮਝਾਇੰਦਾ । ਸਾਚਾ ਖੇਲ ਹਰਿ ਕਰਤਾਰਾ, ਆਪਣਾ ਆਪ ਜਣਾਈਆ । ਸਚਖੰਡ ਦਵਾਰੇ ਹੋ ਉਜਿਆਰਾ, ਨਿਰਗੁਣ ਆਪਣੀ ਬਣਤ ਬਣਾਈਆ । ਨਿਰਗੁਣ ਨਿਰਗੁਣ ਕਰ ਪਸਾਰਾ, ਨਿਰਗੁਣ ਵੇਖੇ ਚਾਈਂ ਚਾਈਆ । ਨਿਰਗੁਣ ਮੰਦਰ ਨਿਰਗੁਣ ਦਵਾਰਾ, ਨਿਰਗੁਣ ਬੈਠਾ ਸੇਜ ਸੁਹਾਈਆ । ਨਿਰਗੁਣ ਹੁਕਮ ਨਿਰਗੁਣ ਵਰਤਾਰਾ, ਹੁਕਮੀ ਹੁਕਮ ਆਪ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਾਮਾਤ ਆਪਣੇ ਹੱਥ ਰਖਾਈਆ । ਸਚ ਕਰਾਮਾਤ ਬੇਪਰਵਾਹ, ਆਪਣੇ ਹੱਥ ਰਖਾਈਆ । ਵਿਸ਼ਨੂੰ ਰੂਪ ਆਪ ਵਟਾ, ਬੰਸ ਸਰਬੰਸ ਆਪ ਸੁਹਾਈਆ । ਆਪਣੀ ਜੋਤ ਆਪ ਪਰਗਟਾ, ਜੋਤੀ ਜੋਤ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਧਾਰ ਆਪਣੀ ਇਕ ਸਮਝਾਈਆ । ਵਿਸ਼ਨੂੰ ਨਾਰ ਲੱਛਮੀ ਨਰਾਇਣ, ਆਪਣੀ ਆਪ ਪਰਗਟਾਈਆ । ਨੇਤਰ ਨੈਣ ਨਾ ਸਕੇ ਕੋਈ ਕਹਿਣ, ਕਥਨੀ ਕਥ ਨਾ ਸਕੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਵਿਸ਼ਨੂੰ ਆਪੇ ਲੱਛਮੀ ਲਏ ਮਿਲਾਈਆ । ਆਪੇ ਵਿਸ਼ਨ ਵਿਸ਼ਵ ਧਾਰ, ਆਦਿ ਪੁਰਖ ਅਖਵਾਇੰਦਾ । ਸਚਖੰਡ ਵਸੇ ਸਚ ਦਵਾਰ, ਨਿਰਗੁਣ ਆਪਣਾ ਆਸਣ ਲਾਇੰਦਾ । ਅਲਖ ਅਗੋਚਰ ਅਗੰਮ ਅਗੰਮੜੀ ਕਰੇ ਕਾਰ, ਭੇਵ ਕੋਇ ਨਾ ਪਾਇੰਦਾ । ਆਪਣੀ ਇਛਿਆ ਆਪੇ ਧਾਰ, ਆਪਣੀ ਜੋਤ

ਆਪ ਪਰਗਟਾਇੰਦਾ । ਆਪ ਬਣਾਏ ਸੁਲੱਖਣੀ ਨਾਰ, ਰੂਪ ਅਨੂਪ ਚੜ੍ਹਾਇੰਦਾ । ਆਪ ਕਰੇ ਸਚ ਸ਼ੰਗਾਰ, ਭੂਸ਼ਨ ਲਾਲ ਆਪ ਰੰਗਾਇੰਦਾ । ਆਪਣੀ ਗੋਦ ਲਏ ਉਠਾਲ, ਆਪਣੇ ਸੰਗ ਰਖਾਇੰਦਾ । ਆਪੇ ਕਰੇ ਸਦਾ ਪ੍ਰਿਤਪਾਲ, ਪ੍ਰਿਤਪਾਲਕ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਲੱਛਮੀ ਆਪ ਮਨਾਇੰਦਾ । ਆਪੇ ਲੱਛਮੀ ਵਿਸ਼ਨੂੰ ਰੰਗ, ਰੰਗ ਰੰਗੀਲਾ ਆਪ ਚੜ੍ਹਾਈਆ । ਆਪੇ ਸੇਜਾ ਆਪ ਪਲੰਘ, ਆਪਣੀ ਸੇਜਾ ਆਪ ਸੁਹਾਈਆ । ਆਪਣੇ ਮੰਦਰ ਆਪੇ ਜਾਏ ਲੰਘ, ਆਪੇ ਵੇਖ ਵਖਾਈਆ । ਕਰੇ ਖੇਲ ਸੂਰਾ ਸਰਬੰਗ, ਸੋ ਪੁਰਖ ਨਿਰਜੰਣ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨੂੰ ਭਗਵਾਨ ਆਪਣੇ ਹੱਥ ਰੱਖੇ ਵਡਿਆਈਆ । ਵਿਸ਼ਨੂੰ ਭਗਵਾਨਾ ਨੌਜਵਾਨਾ, ਆਦਿ ਜੁਗਾਦਿ ਸਮਾਇੰਦਾ । ਇਕ ਝੁਲਾਏ ਸਚ ਨਿਸ਼ਾਨਾ, ਸਚਖੰਡ ਦਵਾਰੇ ਆਪ ਚੜ੍ਹਾਇੰਦਾ । ਆਪੇ ਮਰਦ ਆਪ ਮਰਦਾਨਾ, ਸਚ ਮਰਦਾਨਗੀ ਆਪ ਕਮਾਇੰਦਾ । ਆਪੇ ਬੰਨ੍ਹੇ ਆਪਣਾ ਸਗਨੀ ਗਾਨਾ, ਸਾਚਾ ਸਗਨ ਆਪ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਨਾਰੀ ਆਪ ਪਰਨਾਇੰਦਾ । ਆਪਣੀ ਨਾਰੀ ਆਪ ਪਰਨਾ, ਆਪਣੇ ਸੰਗ ਰਖਾਈਆ । ਕਰੇ ਖੇਲ ਸੱਚਾ ਸ਼ਹਿਨਸ਼ਾਹ, ਦੂਸਰ ਸੰਗ ਨਾ ਕੋਇ ਵਖਾਈਆ । ਲੇਖਾ ਲਿਖਣ ਕੋਈ ਜਾਣੇ ਨਾ, ਹਰਿ ਕਾ ਭੇਵ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਆਦਿ ਆਪੇ ਦਏ ਸਮਝਾਈਆ । ਆਦਿ ਪੁਰਖ ਇਕ ਇਕੱਲਾ, ਆਪਣੀ ਜੋਤ ਜਗਾਇੰਦਾ । ਨਿਰਗੁਣ ਵੇਖੇ ਸਚ ਮਹੱਲਾ, ਸਚ ਦਵਾਰ ਆਪ ਸੁਹਾਇੰਦਾ । ਆਪਣੀ ਜੋਤ ਅਪੇ ਬੱਲਾ, ਨੂਰ ਨੁਰਾਨਾ ਡਗਮਗਾਇੰਦਾ । ਆਪਣਾ ਫੜੇ ਆਪੇ ਪੱਲਾ, ਆਪਣਾ ਸੰਗ ਨਿਭਾਇੰਦਾ । ਆਪਣਾ ਮੇਟੇ ਆਪੇ ਸੱਲਾ, ਏਕਾ ਰੰਗ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਆਪ ਉਠਾਇੰਦਾ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰਾ ਆਪ ਪਰਗਟਾਇੰਦਾ । ਸੋ ਪੁਰਖ ਨਿਰੰਜਣ ਸਾਚੀ ਧਾਰਾ, ਨਿਰਵੈਰ ਆਪ ਪਰਗਟਾਇੰਦਾ । ਮੂਰਤ ਅਕਾਲ ਹੋ ਉਜਿਆਰਾ, ਅਜੂਨੀ ਰਹਿਤ ਡਗਮਗਾਇੰਦਾ । ਸਾਚੇ ਮੰਦਰ ਕਰ ਪਸਾਰਾ, ਸਚਖੰਡ ਦਵਾਰ ਸੋਭਾ ਪਾਇੰਦਾ । ਆਪਣੀ ਇਛਿਆ ਭਰ ਭੰਡਾਰਾ, ਸਾਚੀ ਵਸਤ ਆਪ ਵਰਤਾਇੰਦਾ । ਨਾਰੀ ਕੰਤ ਖੇਲ ਨਿਆਰਾ, ਖੇਲ ਅਵੱਲਾ ਆਪ ਕਰਾਇੰਦਾ । ਜਨਨੀ ਜਨ ਹਰਿ ਨਿਰੰਕਾਰਾ, ਆਪਣੀ ਗੋਦ ਸੁਹਾਇੰਦਾ । ਆਪ ਉਪਾਏ ਸੁਤ ਦੁਲਾਰਾ, ਸ਼ਬਦੀ ਨਾਉਂ ਰਖਾਇੰਦਾ । ਸੋਭਾਵੰਤ ਸੁਹਾਏ ਇਕ ਦਵਾਰਾ, ਥਿਰ ਘਰ ਸਾਚਾ ਆਪ ਉਪਾਇੰਦਾ । ਨਿਰਗੁਣ ਵਿਸ਼ਨੂੰ ਹੋ ਉਜਿਆਰਾ, ਏਕਾ ਕਲ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚਾ ਆਪ ਵਡਿਆਇੰਦਾ । ਦਰ ਘਰ ਸਾਚਾ ਸੋਭਾਵੰਤ, ਸੋ ਪੁਰਖ ਨਿਰੰਜਣ ਆਪ ਸੁਹਾਈਆ । ਵਿਸ਼ਨੂੰ ਵੇਖੇ ਲੱਛਮੀ ਨਾਰੀ ਸਾਚਾ ਕੰਤ, ਪੁਰਖ ਅਬਿਨਾਸ਼ੀ ਆਪਣੇ ਨਾਲ ਮਿਲਾਈਆ । ਆਪ ਬਣਾਏ ਆਪਣੀ ਬਣਤ, ਮਾਤ ਪਿਤ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨਨੀ ਜਨ ਆਪ ਹੋ ਜਾਈਆ । ਆਪੇ ਜਨਨੀ ਜਨ ਹੋ ਤਿਆਰ, ਸਾਚਾ ਸੁਤ ਉਪਾਇੰਦਾ । ਆਪੇ ਵਿਸ਼ਨੂੰ ਕਰੇ ਪਿਆਰ, ਆਪੇ ਲਛਮੀ ਨਾਲ ਮਿਲਾਇੰਦਾ । ਆਪੇ ਵਿਚੋਲਾ ਬਣੇ ਸਿਰਜਣਹਾਰ, ਸਾਚਾ ਮੇਲਾ ਆਪ ਕਰਾਇੰਦਾ । ਆਪੇ ਸੁੱਤਾ ਪੈਰ ਪਸਾਰ, ਆਸਣ ਸਿੰਘਾਸਣ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣੀਆਂ ਭੁਜਾਂ ਆਪ

੧੧੬੯
੧੦

ਵਖਾਇੰਦਾ । ਆਪਣਾ ਬਲ ਆਪੇ ਧਾਰ, ਆਪੇ ਵੇਖ ਵਖਾਈਆ । ਆਪੇ ਕਰੇ ਸਾਚੀ ਕਾਰ, ਕਰਨੀ ਕਰਤਾ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨੂੰ ਰੂਪ ਆਪੇ ਕਰ, ਸਾਚੀ ਨਾਰ ਲਏ ਪਰਨਾਈਆ । ਵਿਸ਼ਨੂੰ ਹਰਿ ਹਰਿ ਹਰਿ ਰੰਗਾ, ਸਾਚਾ ਰੰਗ ਰੰਗਾਇੰਦਾ । ਆਪੇ ਜਾਣੇ ਆਪਣੀ ਧਾਰ ਗੰਗਾ, ਅੰਮ੍ਰਿਤ ਧਾਰ ਆਪ ਵਹਾਇੰਦਾ । ਆਪੇ ਜਾਣੇ ਸਾਚਾ ਸੰਗਾ, ਸਗਲਾ ਸੰਗ ਨਿਭਾਇੰਦਾ । ਆਪੇ ਜਾਣੇ ਆਪਣਾ ਅਨੰਦਾ, ਅਨੰਦ ਅਨੰਦ ਆਪ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਖਿਲਾਇੰਦਾ । ਵਿਸ਼ਨੂੰ ਅੰਦਰ ਅੰਮ੍ਰਿਤ ਧਾਰ, ਵਿਸ਼ਵ ਆਪਣੀ ਧਾਰ ਰਖਾਈਆ । ਕਰੇ ਕਰਾਏ ਸਚ ਪਿਆਰ, ਸਾਚੇ ਤਖ਼ਤ ਬੈਠ ਸੱਚਾ ਮਾਹੀਆ । ਆਪੇ ਦੀਆ ਕਰ ਉਜਿਆਰ, ਆਪੇ ਵੇਖੇ ਚਾਈਂ ਚਾਈਂਆ । ਆਪੇ ਕਵਲ ਕਰ ਤਿਆਰ, ਆਪੇ ਝਿਰਨਾ ਰਿਹਾ ਝਿਰਾਈਆ । ਆਪੇ ਪਾਰਬ੍ਰਹਮ ਵੰਡੇ ਵੰਡ ਅਪਰ ਅਪਾਰ, ਸਾਚੀ ਵੰਡਣ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮਾ ਆਪਣੇ ਰੰਗ ਰੰਗਾਈਆ । ਵਿਸ਼ਨੂੰ ਭਗਵਾਨ ਵੇਸ ਵਟੌਣਾ, ਸਚ ਕਰਾਮਾਤ ਦਏ ਵਖਾਈਆ । ਨੌਂ ਸੌ ਚੁਰਾਨਵੇ ਜੁਗ ਚੌਕੜੀ ਪੰਧ ਮੁਕੌਣਾ, ਲੋਕਮਾਤ ਰਹਿਣ ਨਾ ਪਾਈਆ । ਬ੍ਰਹਮਾ ਅੰਤਮ ਜੋਤੀ ਮੇਲ ਮਿਲੌਣਾ, ਸ਼ੰਕਰ ਆਪਣੀ ਗੋਦ ਬਹਾਈਆ । ਸੁਰਪਤ ਰਾਜਾ ਇੰਦ ਤਖ਼ਤੋਂ ਲੌਹਣਾ, ਕਰੋੜ ਤੇਤੀਸਾ ਦਏ ਦੁਹਾਈਆ । ਰਵ ਸਸ ਕਿਰਨ ਆਪਣੇ ਵਿਚ ਸਮੌਣਾ, ਮੰਡਲ ਮੰਡਪ ਦਏ ਦੁਹਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਸਰਬ ਕੁਰਲੌਣਾ, ਧੀਰਜ ਧੀਰ ਨਾ ਕੋਇ ਧਰਾਈਆ । ਚੌਦਾਂ ਲੋਕਾਂ ਫੜ ਹਲੌਣਾ, ਚੌਦਾਂ ਤਬਕ ਹੁਕਮ ਵਰਤਾਈਆ । ਨੌਂ ਖੰਡ ਪ੍ਰਿਥਮੀ ਫੇਰਾ ਪੌਣਾ, ਸੱਤਾਂ ਦੀਪਾਂ ਲਏ ਹਿਲਾਈਆ । ਚਾਰ ਵੇਦਾਂ ਵੇਖ ਵਖੌਣਾ, ਪੁਰਾਨ ਅਠਾਰਾਂ ਫੋਲ ਫੋਲਾਈਆ । ਸ਼ਾਸਤਰ ਸਿਮਰਤ ਪੰਧ ਮੁਕੌਣਾ, ਗੀਤਾ ਗਿਆਨ ਦਏ ਸਮਝਾਈਆ । ਅੰਜੀਲ ਕ਼ੁਰਾਨਾ ਮੁਖ ਸ਼ਰਮੌਣਾ, ਨੇਤਰ ਨੈਣ ਨਾ ਕੋਇ ਉਠਾਈਆ । ਖਾਣੀ ਬਾਣੀ ਭੇਵ ਚੁਕੌਣਾ, ਏਕਾ ਸ਼ਬਦ ਸਮਝਾਈਆ । ਆਦਿ ਪੁਰਖ ਵੇਖ ਵਖੌਣਾ, ਵੇਖਣਹਾਰਾ ਸੱਚਾ ਸ਼ਹਿਨਸ਼ਾਹੀਆ । ਵਿਸ਼ਨੂੰ ਭਗਵਾਨ ਆਪਣਾ ਨਾਉਂ ਧਰੌਣਾ, ਜ਼ਾਤ ਪਾਤ ਨਾ ਕੋਇ ਰਖਾਈਆ । ਤੇਈ ਅਵਤਾਰਾਂ ਦਰ ਬਠੌਣਾ, ਸ਼ਾਹ ਪਾਤਸ਼ਾਹ ਧੁਰ ਫ਼ਰਮਾਨਾ ਆਪ ਜਣਾਈਆ । ਅਠਾਰਾਂ ਭਗਤ ਫੜ ਹਲੌਣਾ, ਹੁਕਮੀ ਹੁਕਮ ਇਕ ਮਨਾਈਆ । ਦਸ ਗੁਰ ਸੰਗ ਮਿਲੌਣਾ, ਜੋਤੀ ਜੋਤ ਕਰ ਰੁਸ਼ਨਾਈਆ । ਤ੍ਰੈਗੁਣ ਜੰਜਾਲਾ ਤੋੜ ਤੁੜੌਣਾ, ਜਾਗਰਤ ਜੋਤ ਕਰ ਰੁਸ਼ਨਾਈਆ । ਕੂੜ ਕੁੜਿਆਰਾ ਡੂੰਘੇ ਸੱਥਰ ਵਿਛੌਣਾ, ਕੂੜੀ ਕਿਰਿਆ ਰਹਿਣ ਨਾ ਪਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਝੂਠੇ ਮਠ ਸੁਟੌਣਾ, ਅੰਤਮ ਵੇਖੇ ਥਾਉਂ ਥਾਈਆ । ਵਰਨ ਬਰਨ ਕੋਈ ਰਹਿਣ ਨਾ ਪੌਣਾ, ਚਾਰ ਵਰਨ ਅਠਾਰਾਂ ਬਰਨ ਦੇਣ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਾਮਾਤ ਦਏ ਵਖਾਈਆ । ਵਿਸ਼ਨੂੰ ਅੰਤਮ ਆਇਆ ਜਗ, ਕਰਿਆ ਖੇਲ ਅਪਾਰਾ । ਦਾਤਾ ਦਾਨੀ ਬਣਿਆ ਰਿਹਾ ਜੋ ਸਰਬੱਗ, ਜੁਗ ਜੁਗ ਰਿਹਾ ਵਰਤਾਰਾ । ਆਪੇ ਆਪਾ ਕੀਤਾ ਅੱਡ, ਆਪੇ ਵੇਖਣਹਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨੂੰ ਕਰੇ ਖੇਲ ਨਿਆਰਾ । ਵਿਸ਼ਨੂੰ ਖੇਲ ਨਿਆਰ ਕਰੌਣਾ, ਸ੍ਰੀ ਭਗਵਾਨ ਹੁਕਮ ਜਣਾਈਆ । ਦਾਣਾ ਪਾਣੀ ਸਭ ਦਾ ਬੰਦ ਕਰੌਣਾ, ਜਗਤ ਵਸਤ ਨਾ ਕੋਇ ਵਰਤਾਈਆ । ਕਲਜੁਗ ਗੇੜਾ ਫੇਰ ਦਵੌਣਾ, ਉਲਟੀ ਲੱਠ ਭਵਾਈਆ । ਨੌਂ ਖੰਡ ਪ੍ਰਿਥਮੀ ਸਰਬ ਕੁਰਲੌਣਾ, ਜੀਵ ਜੰਤ ਦੇਣ ਦੁਹਾਈਆ ।

ਰਾਜ ਰਾਜਾਨਾਂ ਤਖ਼ਤੋਂ ਲੌਹਣਾ, ਸੀਸ ਤਾਜ ਨਾ ਕੋਇ ਟਿਕਾਈਆ । ਅਠਸਠ ਤੀਰਥ ਨੀਰ ਮੁਕੌਣਾ, ਅੰਮ੍ਰਿਤ ਜਲ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਵ ਹੁਕਮ ਰਿਹਾ ਸੁਣਾਈਆ । ਵਿਸ਼ਨੂੰ ਮੰਨਣਾ ਹਰਿ ਕਾ ਭਾਣਾ, ਹਰਿ ਭਾਣਾ ਆਪ ਜਣਾਇੰਦਾ । ਕੋਈ ਨਾ ਰਹੇ ਰਾਜਾ ਰਾਣਾ, ਦਰ ਘਰ ਕੋਇ ਨਾ ਸੋਭਾ ਪਾਇੰਦਾ । ਕਿਸੇ ਨਾ ਮਿਲੇ ਪੀਣਾ ਖਾਣਾ, ਖ਼ਾਲੀ ਹੱਥ ਸਰਬ ਫਿਰਾਇੰਦਾ । ਗੁਰਮੁਖ ਵਿਰਲਾ ਚਤੁਰ ਸੁਜਾਨਾ, ਤੇਰਾ ਮੇਲ ਮਿਲਾਇੰਦਾ । ਇਕ ਵਖੌਣਾ ਸ੍ਰੀ ਭਗਵਾਨਾ, ਸਚਖੰਡ ਸਾਚੇ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨੂੰ ਤੇਰੀ ਕਰਾਮਾਤ ਤੇਰੇ ਹੱਥ ਫੜਾਇੰਦਾ । ਵਿਸ਼ਨੂੰ ਤੇਰੀ ਕਰਾਮਾਤ ਸਾਚੀ ਦਾਤ, ਹਰਿ ਸਾਚਾ ਸਚ ਜਣਾਈਆ । ਕਲਜੁਗ ਅੰਤਮ ਕਿਸੇ ਨਾ ਪੁਛਣੀ ਵਾਤ, ਨਾ ਹੋਏ ਕੋਇ ਸਹਾਈਆ । ਏਕਾ ਵਾਰ ਆਏ ਅੰਧੇਰੀ ਰਾਤ, ਚੰਦ ਚਾਂਦਨੀ ਨਾ ਕੋਇ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨੂੰ ਬੈਠਾ ਦਵਾਰ, ਨਿਉਂ ਨਿਉਂ ਕਰੇ ਨਿਮਸਕਾਰ, ਪ੍ਰਭ ਅੱਗੇ ਸੀਸ ਝੁਕਾਈਆ । ਪ੍ਰਭ ਅੱਗੇ ਸੀਸ ਗਿਆ ਝੁੱਕ, ਵਿਸ਼ਨੂੰ ਆਪ ਝੁਕਾਇਆ । ਤੇਰਾ ਭਾਣਾ ਨਾ ਜਾਏ ਰੁਕ, ਹਉਂ ਲੱਖ ਲੱਖ ਸ਼ੁਕਰ ਮਨਾਇਆ । ਕਲਜੁਗ ਵੇਲਾ ਗਿਆ ਢੁਕ, ਗੋਬਿੰਦ ਲੇਖ ਲਿਖਾਇਆ । ਧਰਤ ਮਾਤ ਦੀ ਸਫ਼ਲ ਕਰਾਈ ਕੁੱਖ, ਧਰਨੀ ਧਰਤ ਧਵਲ ਦਇਆ ਕਮਾਇਆ । ਤ੍ਰੈਗੁਣ ਲੱਗਾ ਮੇਟਾਂ ਦੁੱਖ, ਦੁਖੜਾ ਅਵਰ ਨਾ ਕੋਇ ਜਣਾਇਆ । ਸਾਚੀ ਧਾਰੋਂ ਮੈਂ ਪਿਆ ਫੁੱਟ, ਸਾਚੀ ਧਾਰ ਦਿਆਂ ਵਹਾਇਆ । ਆਪਣਾ ਅੰਨ ਆਪੇ ਲੁੱਟ, ਤੇਰੇ ਦਰ ਪੁਚਾਇਆ । ਕਲਜੁਗ ਜੀਵਾਂ ਭਾਗ ਗਏ ਨਿਖੁੱਟ, ਹਰਿ ਕਾ ਰੂਪ ਨਜ਼ਰ ਨਾ ਆਇਆ । ਆਪਣੀ ਜੜ੍ਹ ਆਪੇ ਰਹੇ ਪੁੱਟ, ਹਿਰਦੇ ਕਾਮ ਕਰੋਧ ਵਸਾਇਆ । ਨਾ ਕੋਈ ਜਾਣੇ ਪਾਣੀ ਦੁੱਧ, ਝੂਠਾ ਰਿੜਕਣਾ ਐਵੇਂ ਪਾਇਆ । ਵਿਸ਼ਨੂੰ ਲੈਣ ਨਾ ਦੇਣੀ ਕਿਸੇ ਨੂੰ ਸੁੱਧ, ਮਤ ਮਨ ਬੁਧ ਡੇਰਾ ਢਾਹਿਆ । ਪੁਰਖ ਅਕਾਲ ਦਾ ਤੂੰ ਜੇਠਾ ਪੁੱਤ, ਆਦਿ ਆਦਿ ਉਪਾਇਆ । ਬ੍ਰਹਮਾ ਬਣਾਇਆ ਤੇਰਾ ਸੁੱਤ, ਸ਼ੰਕਰ ਨਾਲ ਰਲਾਇਆ । ਲੱਛਮੀ ਸੀਸ ਗੁੰਦਾ ਵਖਾਏ ਗੁਤ, ਸਚ ਸ਼ੰਗਾਰ ਕਰਾਇਆ । ਪਾਰਬਤੀ ਆਪਣੀ ਵਾਰ ਆਪੇ ਉਠ, ਆਪਣਾ ਨੇਤਰ ਨੈਣ ਮਟਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅੰਤ ਸ੍ਰੀ ਭਗਵੰਤ, ਆਪਣਾ ਵੇਸ ਆਪ ਧਰਾਇਆ । ਵੇਸ ਧਰਾਏ ਹਰਿ ਅਵੱਲਾ, ਰੂਪ ਰੰਗ ਰੇਖ ਨਾ ਕੋਇ ਜਣਾਈਆ । ਲੇਖਾ ਜਾਣੇ ਰਾਣੀ ਅੱਲਾ, ਬਿਸਮਿਲ ਖੇਲ ਖਿਲਾਈਆ । ਮੁਕਾਮੇ ਹੱਕ ਏਕਾ ਮੱਲਾ, ਸਚ ਸਿੰਘਾਸਣ ਡੇਰਾ ਲਾਈਆ । ਸਚ ਸੰਦੇਸ ਏਕਾ ਘੱਲਾ, ਕਲਮਾ ਕਲਾਮ ਆਪ ਸੁਣਾਈਆ । ਪਰਵਰਦਿਗਾਰ ਫੜਾਇਆ ਪੱਲਾ, ਬੇਐਬ ਖੇਲ ਖਿਲਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਕਰਦਾ ਰਿਹਾ ਵਲ ਛੱਲਾ, ਅਛਲ ਅਛੱਲ ਵੇਸ ਵਟਾਈਆ । ਵਸਣਹਾਰਾ ਨਿਹਚਲ ਧਾਮ ਅਟੱਲਾ, ਕਲਜੁਗ ਅੰਤਮ ਰੂਪ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਰੂਪ ਬਣਿਆ ਝੱਲਾ, ਸਰਗੁਣ ਸ੍ਰਿਸ਼ਟ ਸਬਾਈ ਰਿਹਾ ਭੁਲਾਈਆ । ਸ੍ਰਿਸ਼ਟ ਸਬਾਈ ਜਾਣਾ ਭੁੱਲ, ਅਭੁਲ ਆਪ ਭੁਲਾਇੰਦਾ । ਮਾਇਆ ਮਮਤਾ ਗਈ ਰੁਲ, ਮਮਤਾ ਮੋਹ ਨਾ ਕੋਇ ਚੁਕਾਇੰਦਾ । ਭਾਗ ਨਾ ਲੱਗਾ ਸਾਚੀ ਕੁਲ, ਹਰਿ ਕਾ ਰੂਪ ਨਜ਼ਰ ਨਾ ਆਇੰਦਾ । ਸਾਚਾ ਜਾਮ ਨਾ ਲਾਇਆ ਬੁੱਲ, ਮਦਿਰਾ ਮਾਸ ਪਾਨ ਕਰਾਇੰਦਾ । ਪੰਜ ਤੱਤ ਬੂਟਾ ਬੈਠਾ ਫੁੱਲ, ਅੰਤਮ ਬਿਮਲ ਰੁੱਖ ਲਹਿਰਾਇੰਦਾ । ਕਲਜੁਗ ਅੰਧੇਰਾ ਜਾਣਾ ਝੁੱਲ, ਨਾ ਕੋਇ ਮੇਟ ਮਿਟਾਇੰਦਾ । ਬਿਨ ਹਰਿ ਨਾਮੇ ਕੋਇ ਨਾ ਪੈਣਾ ਮੁੱਲ,

ਕਰਤਾ ਕ਼ੀਮਤ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨੂੰ ਭਗਵਾਨ ਖੇਲ ਖਿਲਾਇੰਦਾ । ਵਿਸ਼ਨੂੰ ਭਗਵਾਨ ਆਇਆ ਚਲ, ਨਿਹਚਲ ਆਪਣਾ ਖੇਲ ਖਿਲਾਈਆ । ਕਲਜੁਗ ਮੇਟੇ ਝੂਠੀ ਕਲ, ਕਲ ਆਪਣੀ ਆਪ ਵਖਾਈਆ । ਏਕਾ ਫੜਿਆ ਖੰਡਾ ਭਲ, ਪਾਰਬ੍ਰਹਮ ਬੇਅੰਤ ਵਡ ਵਡਿਆਈਆ । ਧਰਨੀ ਧਰਤ ਧਵਲ ਜਾਏ ਹਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵੇਸ ਆਪ ਕਰਾਈਆ । ਆਪਣਾ ਵੇਸ ਹਰਿ ਗੋਬਿੰਦ, ਆਪਣੀ ਵਾਰ ਕਰਾਇੰਦਾ । ਆਪੇ ਮੇਟੇ ਸਗਲੀ ਚਿੰਦ, ਚਿੰਤਾ ਰੋਗ ਗਵਾਇੰਦਾ । ਕਰੇ ਖੇਲ ਸਾਜਨ ਹਿੰਦ, ਹਿੰਦਵਾਇਣ ਵੇਖ ਵਖਾਇੰਦਾ । ਆਪੇ ਸੁਖ ਸਾਗਰ ਡੂੰਘਾ ਸਿੰਧ, ਆਪੇ ਮੁਖੀ ਮੁਖ ਸਾਲਾਹਿੰਦਾ । ਗਹਿਰ ਗੰਭੀਰ ਗੁਣੀ ਗਹਿੰਦ, ਆਪਣੀ ਧਾਰ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭਾਣਾ ਆਪ ਵਖਾਇੰਦਾ । ਸਾਚਾ ਭਾਣਾ ਵੇਖ ਵਖੌਣਾ, ਵੇਖਣਹਾਰ ਇਕ ਹੋ ਜਾਈਆ । ਕਲਜੁਗ ਕੂੜਾ ਪੰਧ ਮੁਕੌਣਾ, ਪਾਂਧੀ ਪੰਧ ਰਿਹਾ ਮੁਕਾਈਆ । ਨੌਂ ਖੰਡ ਪ੍ਰਿਥਮੀ ਸੱਥਰ ਇਕ ਵਿਛੌਣਾ, ਖ਼ਾਕੀ ਖ਼ਾਕ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪ ਚੁਕਾਈਆ । ਹਰਿ ਕਾ ਭਾਣਾ ਗੋਬਿੰਦ ਧਾਰ, ਗੁਰ ਗੋਬਿੰਦ ਦਏ ਸਾਲਾਹੀਆ । ਸਿੰਘ ਰੂਪ ਸੱਚੀ ਸਰਕਾਰ, ਸ਼ਾਹ ਪਾਤਸ਼ਾਹ ਨਾਉਂ ਧਰਾਈਆ । ਸਾਚਾ ਖੰਡਾ ਕਰ ਤਿਆਰ, ਬ੍ਰਹਿਮੰਡਾਂ ਦਏ ਵਖਾਈਆ । ਦੋ ਜਹਾਨਾਂ ਕਰੇ ਖ਼ਵਾਰ, ਬਚਿਆ ਕੋਇ ਰਹਿਣ ਨਾ ਪਾਈਆ । ਕਲ ਕਲਕੀ ਲੈ ਅਵਤਾਰ, ਕੂੜੀ ਕਿਰਿਆ ਦਏ ਖਪਾਈਆ । ਆਪੇ ਵਸੇ ਸੰਬਲ ਨਗਰ ਧਾਮ ਨਿਆਰ, ਸਚ ਸਿੰਘਾਸਣ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵੇਸ ਆਪ ਧਰਾਈਆ । ਸਾਚਾ ਵੇਸ ਹਰਿ ਕਰਤਾਰਾ, ਕਲਜੁਗ ਅੰਤਮ ਆਪ ਕਰਾਇੰਦਾ । ਕੁਦਰਤ ਕ਼ਾਦਰ ਵੇਖਣਹਾਰਾ, ਨੂਰ ਇਲਾਹੀ ਡਗਮਗਾਇੰਦਾ । ਵਿਸ਼ਨੂੰ ਭਗਵਾਨ ਹੋ ਉਜਿਆਰਾ, ਰੂਪ ਅਨੂਪ ਧਰਾਇੰਦਾ । ਸੋ ਪੁਰਖ ਨਿਰੰਜਣ ਪਾਵੇ ਸਾਰਾ, ਹੰ ਬ੍ਰਹਮ ਪਰਦਾ ਲਾਹਿੰਦਾ । ਏਕਾ ਡੰਕਾ ਵੱਜੇ ਅਪਰ ਅਪਾਰਾ, ਸਾਚੀ ਨੌਬਤ ਆਪ ਵਜਾਇੰਦਾ । ਸਚਖੰਡ ਬੈਠ ਸਚ ਦਵਾਰਾ ਥਿਰ ਘਰ ਆਪਣਾ ਪਰਦਾ ਲਾਹਿੰਦਾ । ਪਰਗਟ ਹੋ ਨਰਾਇਣ ਨਰ ਅਵਤਾਰਾ, ਆਪਣਾ ਭੇਵ ਆਪ ਜਣਾਇੰਦਾ । ਕਾਗਦ ਕਲਮ ਨਾ ਲਿਖਣਹਾਰਾ, ਸਮੁੰਦ ਸਾਗਰ ਮੁਖ ਸ਼ਰਮਾਇੰਦਾ । ਬਨਾਸਪਤ ਰੋਵੇ ਜ਼ਾਰੋ ਜ਼ਾਰਾ, ਹਰਿ ਕਾ ਭੇਵ ਕੋਇ ਨਾ ਪਾਇੰਦਾ । ਚੌਥੇ ਜੁਗ ਲਹਿਣਾ ਆਪ ਮੁਕੌਣਾ, ਚਾਰ ਲੱਖ ਬੱਤੀ ਹਜ਼ਾਰ ਨੇਤਰ ਨੈਣਾਂ ਨੀਰ ਵਹਾਈਆ । ਸਾਡਾ ਬੇੜਾ ਜਿਸ ਡੁਬੌਣਾ, ਸੋ ਆਇਆ ਸੱਚਾ ਮਾਹੀਆ । ਕਲਜੁਗ ਅੱਗੇ ਹੋ ਹੋ ਵਾਸਤਾ ਪੌਣਾ, ਦੋਏ ਜੋੜ ਪਏ ਸਰਨਾਈਆ । ਏਕਾ ਮੰਗ ਦਰ ਮੰਗੌਣਾ, ਬਖ਼ਸ਼ ਮੇਰੀ ਮੈਨੂੰ ਸ਼ਾਹੀਆ । ਚਾਰ ਯਾਰੀ ਮਰਦੰਗ ਵਜੌਣਾ, ਮੁਹੰਮਦ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਉਂ ਢਹਿ ਪਿਆ ਸਰਨਾਈਆ । ਕਲਜੁਗ ਮੰਗੇ ਝੋਲੀ ਡਾਹ, ਵੇਲਾ ਅੰਤਮ ਆਇਆ । ਮੈਂ ਸੁਣਿਆ ਤੂੰ ਬੇਪਰਵਾਹ, ਨਿਮਾਣਿਆਂ ਹੋਏਂ ਸਹਾਇਆ । ਮੈਂ ਆਇਆ ਤੇਰੀ ਲੈਣ ਪਨਾਹ, ਮੇਰੇ ਸਾਹਿਬ ਹੋ ਸਹਾਇਆ । ਤੇਰਾ ਘਰ ਵੇਖਿਆ ਸੱਚਾ ਦਰਗਹਿ, ਸਚ ਸਿੰਘਾਸਣ ਬੈਠਾ ਆਸਣ ਲਾਇਆ । ਮੇਰੇ ਨੈਣ ਰਹੇ ਸ਼ਰਮਾ, ਤੇਰੇ ਅੱਗੇ ਨਾ ਸਕਾ ਉਠਾਇਆ । ਤੂੰ ਪਕੜ ਮੇਰੀ ਬਾਂਹ, ਮੇਰਾ ਬੇੜਾ ਨਾ ਅੰਤ ਡੁਬਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਛੋਟਾ ਪੁੱਤ ਤੇਰੇ ਦਰ ਤੇ ਮੰਗਣ ਆਇਆ ।


੧੧੭੧
੧੦

੧੧੭੨
੧੦

ਤੇਰਾ ਛੋਟਾ ਪੁੱਤ ਕਲਜੁਗ ਦੁਲਾਰਾ, ਚੌਥੇ ਵੰਡੇ ਆਈਆ । ਤੇਰਾ ਬਣਿਆ ਰਿਹਾ ਫ਼ਰਮਾਂਬਰਦਾਰਾ, ਤੇਰਾ ਹੁਕਮ ਸੀਸ ਟਿਕਾਈਆ । ਚਾਰੋਂ ਕੁੰਟ ਕਰਿਆ ਜੂਠ ਝੂਠ ਪਸਾਰਾ, ਕਾਮ ਕਰੋਧ ਲੋਭ ਮੋਹ ਹੰਕਾਰ ਨਾਲ ਰਲਾਈਆ । ਮਨਮਤ ਲਗਾਇਆ ਅਖਾੜਾ, ਲੱਖ ਚੁਰਾਸੀ ਨਾਚ ਨਚਾਈਆ । ਤ੍ਰੈਗੁਣ ਅਗਨੀ ਤਪਾਈ ਤੱਤੀ ਹਾੜਾ, ਘਰ ਘਰ ਰਹੀ ਜਲਾਈਆ । ਜੋ ਮਾਰਗ ਤੇਰਾ ਦੱਸਦੇ ਗਏ ਗੁਰ ਅਵਤਾਰਾ, ਮੈਂ ਸਭ ਨੂੰ ਦਿਤਾ ਭੁਲਾਈਆ । ਕਿਸੇ ਨਜ਼ਰ ਨਾ ਆਏ ਗੁਰੂ ਗੋਬਿੰਦ ਸਿੰਘ ਸੱਚੀ ਸਰਕਾਰਾ, ਨੇਤਰ ਦਰਸਨ ਕੋਇ ਨਾ ਪਾਈਆ । ਨਾਨਕ ਨਿਰਗੁਣ ਭੁੱਲਿਆ ਮੀਤ ਮੁਰਾਰਾ, ਜਿਸ ਜ਼ਾਤ ਪਾਤ ਨਾ ਕੋਇ ਰਖਾਈਆ । ਰਾਧਾ ਕ੍ਰਿਸ਼ਨ ਨਾ ਕੋਇ ਆਧਾਰਾ, ਬੰਸਰੀ ਨਾਮ ਨਾ ਕੋਇ ਵਜਾਈਆ । ਸੀਤਾ ਸੁਰਤ ਨਾ ਕੋਇ ਪਿਆਰਾ, ਸੁਆਣੀ ਸੰਗ ਨਾ ਕੋਇ ਰਖਾਈਆ । ਮੁਹੰਮਦ ਖਾਹਿਸ਼ ਰੋਵੇ ਜ਼ਾਰੋ ਜ਼ਾਰਾ, ਅੱਲਾ ਰਾਣੀ ਨਾਉਂ ਧਰਾਈਆ । ਈਸਾ ਮੂਸਾ ਕੂਕ ਕੂਕ ਕਰੇ ਪੁਕਾਰਾ, ਵੇਲਾ ਅੰਤਮ ਇਕ ਸਮਝਾਈਆ । ਕਲਜੁਗ ਜੋਧਾ ਸੂਰ ਬਲੀ ਬਲਕਾਰਾ, ਆਪਣਾ ਬਲ ਦਏ ਵਖਾਈਆ । ਕਿਸੇ ਨਜ਼ਰ ਨਾ ਆਏ ਮੰਦਰ ਮਸਜਿਦ ਗੁਰੂਦਵਾਰਾ, ਸ਼ਿਵਦਵਾਲਾ ਮਠ ਫੇਰਾ ਪਾਈਆ । ਅਠਸਠ ਤੀਰਥ ਵੇਖੇ ਜਾ ਕਿਨਾਰਾ, ਗੰਗਾ ਜਮਨਾ ਸੁਰਸਤੀ ਆਪਣਾ ਫੇਰਾ ਪਾਈਆ । ਦਹਿ ਦਿਸ਼ਾ ਹੋਇਆ ਵਿਭਚਾਰਾ, ਸਤਿ ਸੰਤੋਖ ਨਾ ਕੋਇ ਰਖਾਈਆ । ਉਤੋਂ ਬੋਲਣ ਤੇਰਾ ਨਾਅਰਾ, ਰਸਨਾ ਜਿਹਵਾ ਹਿਲਾਈਆ । ਅੰਤਰ ਕਰੇ ਨਾ ਕੋਇ ਪਿਆਰਾ, ਅਜਪਾ ਜਾਪ ਨਾ ਕੋਇ ਜਪਾਈਆ । ਕਲਜੁਗ ਤੇਰੀ ਸੁਣੇ ਕੌਣ ਪੁਕਾਰਾ, ਨੌਂ ਖੰਡ ਰਹੀ ਕੁਰਲਾਈਆ । ਧਰਨੀ ਦੱਬੀ ਤੇਰੇ ਭਾਰਾ, ਨੇਤਰ ਨੈਣ ਨੀਰ ਰਹੀ ਵਹਾਈਆ । ਖੁਲ੍ਹੜੇ ਕੇਸ ਰਹੀ ਪੁਕਾਰ, ਮੀਂਡੀ ਸੀਸ ਨਾ ਕੋਇ ਰਖਾਈਆ । ਮਾਤ ਪਿਤ ਕਰੇ ਖਵਾਰ, ਭੈਣ ਭਈਯਾ ਸੇਜ ਹੰਢਾਈਆ । ਨਾਰੀ ਕੰਤ ਨਾ ਕਰੇ ਪਿਆਰ, ਚਾਰ ਕੁੰਟ ਵੇਖ ਵਖਾਈਆ । ਗੁਰ ਕਾ ਸ਼ਬਦ ਨਾ ਕੋਇ ਅਧਾਰ, ਹਰਿ ਕਾ ਨਾਮ ਨਾ ਕੋਇ ਧਿਆਈਆ । ਆ ਆ ਗਏ ਤੇਈ ਅਵਤਾਰ, ਜੁਗ ਜੁਗ ਆਪਣੀ ਸੇਵ ਕਮਾਈਆ । ਅਠਾਰਾਂ ਭਗਤ ਗਏ ਪੁਕਾਰ, ਕਬੀਰ ਜੁਲਾਹਾ ਦਏ ਸਲਾਹੀਆ । ਨਾਨਕ ਨਿਰਗੁਣ ਕਰ ਪਿਆਰ, ਜੀਵ ਜੰਤ ਰਿਹਾ ਸਮਝਾਈਆ । ਗੋਬਿੰਦ ਫ਼ਤਿਹ ਬੋਲ ਜੈਕਾਰ, ਸਾਚਾ ਨਾਅਰਾ ਏਕਾ ਲਾਈਆ । ਕਲਜੁਗ ਆਵੇ ਅੰਤਮ ਵਾਰ, ਚਾਰੋਂ ਕੁੰਟ ਅੰਧੇਰਾ ਛਾਈਆ । ਪਰਗਟ ਹੋਵੇ ਨਿਹਕਲੰਕ ਨਰਾਇਣ ਨਰ ਅਵਤਾਰ, ਜੋਤੀ ਜਾਮਾ ਭੇਖ ਵਟਾਈਆ । ਮੇਰਾ ਮੇਲਾ ਕਰੇ ਵਿਚ ਸੰਸਾਰ, ਆਪ ਆਪਣਾ ਸੰਗ ਨਿਭਾਈਆ । ਆਪਣਾ ਨਾਉਂ ਫੜੇ ਖੜਗ ਖੰਡਾ ਕਟਾਰ, ਤੇਜ਼ ਚੰਡ ਪਰਚੰਡ ਚਮਕਾਈਆ । ਚਾਰ ਵਰਨ ਦਏ ਅਧਾਰ, ਊਚਾਂ ਨੀਚਾਂ ਗਲੇ ਲਗਾਈਆ । ਏਕਾ ਅੰਮ੍ਰਿਤ ਕਰ ਤਿਆਰ, ਸਾਚਾ ਜਾਮ ਦਏ ਪਿਆਈਆ । ਏਕਾ ਬੋਲ ਸਚ ਜੈਕਾਰ, ਨਾਨਕ ਨਿਰਗੁਣ ਕਰੇ ਪੜ੍ਹਾਈਆ । ਇਸ਼ਟ ਮਨਾਉਣਾ ਪੁਰਖ ਅਕਾਲ, ਦੂਜਾ ਇਸ਼ਟ ਨਾ ਕੋਇ ਵਖਾਈਆ । ਨੌਂ ਖੰਡ ਪ੍ਰਿਥਮੀ ਵਖਾਏ ਇਕੋ ਸੱਚੀ ਧਰਮਸਾਲ, ਸਾਚਾ ਮੰਦਰ ਇਕ ਵਖਾਈਆ । ਬੁਧ ਵੀਚਾਰੀ ਕੀ ਕਰੇ ਸਵਾਲ, ਆਪਣਾ ਭੇਵ ਨਾ ਪਾਈਆ । ਬਿਨ ਹਰਿਨਾਮੇ ਹੋਇਆ ਕੰਗਾਲ, ਗੁਰ ਗੋਬਿੰਦ ਦਿਸ ਨਾ ਪਾਈਆ ।

ਉਠ ਕੇ ਜਾਏ ਨਾ ਬਣੇ ਬੇਈਮਾਨ, ਪਾਰਬ੍ਰਹਮ ਸ੍ਰੀ ਭਗਵਾਨਾ । ਪਹਿਲੋਂ ਮੇਟੇ ਜੀਵ ਸ਼ੈਤਾਨ, ਫਿਰ ਗੁਰਮੁਖਾਂ ਦੇਵੇ ਬ੍ਰਹਮ ਗਿਆਨਾ । ਗੁਰ ਗੋਬਿੰਦ ਸੂਰਾ ਮਿਲੇ ਆਣ, ਜੋਧਾ ਸੂਰਬੀਰ ਬਲੀ ਬਲਵਾਨਾ । ਨੀਲਾ ਨੀਲੀ ਧਾਰੋਂ ਕਰੇ ਪਾਰ, ਸਾਚਾ ਖੰਡਾ ਇਕ ਚਮਕਾਨਾ । ਆਦਿ ਜੁਗਾਦਿ ਨੌਜਵਾਨ, ਚਲ ਕੇ ਆਏ ਵਿਚ ਜਹਾਨਾ । ਵੀਹ ਸੌ ਵੀਹ ਬਿਕ੍ਰਮੀ ਪੰਦਰਾਂ ਕੱਤਕ, ਵਦੀ ਸੁਦੀ ਨਾ

੧੧੭੩
੧੦

ਕੋਇ ਨਿਸ਼ਾਨ, ਦਿਲੀ ਤਖ਼ਤ ਬਹੇ ਰਾਜ ਰਾਜਾਨਾ । ਏਕਾ ਦੇਵੇ ਧੁਰ ਫ਼ਰਮਾਨ, ਰਾਓ ਰੰਕ ਸਰਬ ਸੀਸ ਝੁਕਾਨਾ । ਚਾਰੋਂ ਕੁੰਟ ਜੈ ਜੈਕਾਰ ਹੋਏ ਵਿਸ਼ਨੂੰ ਭਗਵਾਨ, ਸਭ ਛੱਡ ਕੇ ਭੱਜਣ ਮੈਦਾਨਾ । ਨਾ ਕੋਇ ਦਿਸੇ ਬਲ ਰਾਜ ਰਾਜਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਤੇਰਾ ਪੂਰਾ ਕਰੇ ਦਰ ਆਇਆਂ ਕਰੇ ਪਰਵਾਨਾ । ਗੁਰਸਿਖ ਪਰਵਾਨਾ ਹੋਏ ਪੂਰਾ, ਅਧੂਰਾ ਰਹੇ ਨਾ ਰਾਈਆ । ਵਿਸ਼ਨੂੰ ਭਗਵਾਨ ਹੱਥੀਂ ਪਹਿਨੇ ਕਦੇ ਨਾ ਚੂੜ੍ਹਾ, ਲਛਮੀ ਭੂਸ਼ਣ ਲਾਲ ਰੰਗ ਰੰਗਾਈਆ । ਕਲਜੁਗ ਅੰਤਮ ਮੇਟੇ ਨਿਸ਼ਾਨਾ ਕੂੜਾ, ਸਚ ਸੁੱਚ ਦਏ ਧਰਾਈਆ । ਪਰਗਟ ਹੋਏ ਗੁਰੂ ਗੋਬਿੰਦ ਸਿੰਘ ਸੂਰਾ, ਸੂਰਬੀਰ ਵੇਸ ਵਟਾਈਆ । ਸਦਾ ਸਦਾ ਸਦ ਹਾਜ਼ਰ ਹਜ਼ੂਰਾ, ਨਾ ਮਰੇ ਨਾ ਜਾਈਆ । ਆਪਣਾ ਕੌਲ ਕਰੇ ਪੂਰਾ, ਕਰਕੇ ਗਿਆ ਸਾਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਨਿਰਾਕਾਰ ਕਲਜੁਗ ਅੰਤਮ ਹੋ ਉਜਿਆਰ, ਸਾਚੀ ਧਾਰ ਦਏ ਚਲਾਈਆ ।

### ★ ੧੯ ਭਾਦਰੋਂ ੨੦੧੮ ਬਿਕ੍ਰਮੀ ਬੀਬੀ ਦਿਆਲ ਕੌਰ ਦੇ ਗ੍ਰਿਹ ਦਇਆ ਹੋਈ ਲੀਲ ਜ਼ਿਲਾ ਲੁਧਿਆਣਾ ★

ਨਿਰਗੁਣ ਨਿਰਵੈਰ ਸੱਚਾ ਪਾਤਸ਼ਾਹ, ਆਦਿ ਜੁਗਾਦਿ ਅਖਵਾਇੰਦਾ । ਗੁਰ ਗੁਰ ਰੂਪ ਬਣ ਮਲਾਹ, ਜੁਗ ਜੁਗ ਵੇਸ ਵਟਾਇੰਦਾ । ਭਗਤਨ ਦੇਵੇ ਸਚ ਸਲਾਹ, ਸਾਚੇ ਮਾਰਗ ਲਾਇੰਦਾ । ਸੰਤਨ ਨਾਮ ਇਕ ਵਰਤਾ, ਆਤਮ ਬ੍ਰਹਮ ਦ੍ਰਿੜਾਇੰਦਾ । ਗੁਰਮੁਖਾਂ ਘਰ ਦਏ ਵਖਾ, ਸਾਚੇ ਮੰਦਰ ਸੋਭਾ ਪਾਇੰਦਾ । ਗੁਰਸਿਖ ਸੱਜਣ ਮੇਲ ਮਿਲਾ, ਆਪਣਾ ਬੰਧਨ ਪਾਇੰਦਾ । ਨਾਮ ਨਿਧਾਨਾ ਇਕ ਜਣਾ, ਅਨੁਭਵ ਪਰਕਾਸ਼ ਕਰਾਇੰਦਾ । ਸ਼ਬਦ ਤਰਾਨਾ ਏਕਾ ਗਾ, ਆਪਣਾ ਰਾਗ ਸੁਣਾਇੰਦਾ । ਕਾਇਆ ਖੇੜਾ ਜੋਤ ਜਗਾ, ਨੂਰ ਨੁਰਾਨਾ ਡਗਮਗਾਇੰਦਾ । ਅੰਮ੍ਰਿਤ ਤਾਲ ਇਕ ਸੁਹਾ, ਨਿਝਰ ਝਿਰਨਾ ਆਪ ਝਿਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਾਹ ਪਾਤਸ਼ਾਹ ਆਪਣਾ ਨਾਉਂ ਧਰਾਇੰਦਾ । ਸ਼ਾਹ ਪਾਤਸ਼ਾਹ ਹਰਿ ਨਿਰੰਕਾਰਾ, ਨਿਰਵੈਰ ਪੁਰਖ ਵਡੀ ਵਡਿਆਈਆ । ਆਦਿ ਜੁਗਾਦੀ ਇਕ ਅਵਤਾਰਾ, ਜੁਗ ਜੁਗ ਵੇਸ ਵਟਾਈਆ । ਪੁਰਖ ਅਕਾਲ ਹੋ ਉਜਿਆਰਾ, ਨਿਰਾਕਾਰਾ ਖੇਲ ਖਿਲਾਈਆ । ਗੁਰ ਗੁਰ ਰੂਪ ਕਰ ਪਸਾਰਾ, ਗੁਰਦੇਵ ਇਸ਼ਟ ਨਮੋ ਵੇਖ ਵਖਾਈਆ । ਭਗਤਨ ਦੇਵੇ ਸਚ ਭੰਡਾਰਾ, ਪਾਰਬ੍ਰਹਮ ਬੇਪਰਵਾਹੀਆ । ਸੰਤਨ ਵਖਾਏ ਇਕ ਦਵਾਰਾ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਗੁਰਮੁਖਾਂ ਪਾਰ ਕਰਾਏ ਕਿਨਾਰਾ, ਡੂੰਘੀ ਭਵਰ ਨਾ ਕੋਇ ਰੁੜ੍ਹਾਈਆ । ਗੁਰਸਿਖ ਬਖ਼ਸ਼ੇ ਇਕ ਆਧਾਰਾ, ਚਰਨ ਕਵਲ ਸੱਚੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਬੰਧਨ ਪਾਈਆ । ਸ਼ਾਹ ਪਾਤਸ਼ਾਹ ਖੇਲ ਅਪਾਰਾ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਹਰਿ ਪੁਰਖ ਨਿਰੰਜਣ ਮੀਤ ਮੁਰਾਰਾ, ਏਕੰਕਾਰਾ ਸੰਗ ਨਿਭਾਇੰਦਾ । ਆਦਿ ਨਿਰੰਜਣ ਹੋ ਉਜਿਆਰਾ, ਅਬਿਨਾਸ਼ੀ ਕਰਤਾ ਵੇਖ ਵਖਾਇੰਦਾ । ਸ੍ਰੀ ਭਗਵਾਨ ਦਏ ਹੁਲਾਰਾ, ਪਾਰਬ੍ਰਹਮ ਸਿਰ ਆਪਣਾ ਹੱਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣੀ ਕਾਰ ਕਰਾਇੰਦਾ । ਜੁਗ ਜੁਗ ਕਾਰ ਹਰਿ ਕਰਤਾਰ, ਆਪਣੀ ਆਪ ਕਰਾਈਆ । ਨਿਰਗੁਣ ਰੂਪ ਨਿਰਾਕਾਰ, ਨਿਰਵੈਰ ਖੇਲ ਖਿਲਾਈਆ । ਆਪਣੀ ਇਛਿਆ ਭਰ ਭੰਡਾਰ,

ਵਸਤ ਅਮੋਲਕ ਆਪ ਵਰਤਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰ ਤਿਆਰ, ਤ੍ਰੈਗੁਣ ਮੇਲਾ ਮੇਲ ਮਿਲਾਈਆ । ਏਕਾ ਸ਼ਬਦ ਨਾਦ ਧੁੰਨਕਾਰ, ਗ੍ਰਹਿ ਮੰਦਰ ਆਪ ਸੁਣਾਈਆ । ਪੰਜ ਤੱਤ ਕਰ ਆਕਾਰ, ਸਰਗੁਣ ਖੇਲੇ ਖੇਲ ਹਰ ਘਟ ਥਾਈਆ । ਲੱਖ ਚੁਰਾਸੀ ਹੋ ਉਜਿਆਰ, ਘਟ ਘਟ ਜੋਤ ਜਗਾਈਆ । ਆਤਮ ਬ੍ਰਹਮ ਅਪਰ ਅਪਾਰ, ਆਪਣੀ ਵੰਡ ਵੰਡਾਈਆ । ਈਸ਼ ਜੀਵ ਖੇਲ ਨਿਆਰ, ਖ਼ਾਲਕ ਖ਼ਲਕ ਰੂਪ ਸਮਾਈਆ । ਕਰਤਾ ਪੁਰਖ ਕਰਨੀ ਕਰੇ ਸਾਚੀ ਕਾਰ, ਆਪ ਆਪਣਾ ਭੇਵ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮਾਰਗ ਆਪੇ ਲਾਈਆ । ਨਿਰਗੁਣ ਰੂਪ ਪੁਰਖ ਅਕਾਲਾ, ਏਕਾ ਘਰ ਸੁਹਾਇੰਦਾ । ਵਸਣਹਾਰਾ ਸਚਖੰਡ ਸੱਚੀ ਧਰਮਸਾਲਾ, ਸਚ ਸਿੰਘਾਸਣ ਸੋਭਾ ਪਾਇੰਦਾ । ਗੁਰ ਗੁਰ ਰੂਪ ਹੋ ਦਿਆਲਾ, ਲੋਕਮਾਤ ਵੇਸ ਵਟਾਇੰਦਾ । ਭਾਗ ਲਗਾਏ ਪੰਜ ਤੱਤ ਕਾਇਆ ਮਾਟੀ ਖਾਲਾ, ਘਰ ਘਰ ਵਿਚ ਸੋਭਾ ਪਾਇੰਦਾ । ਭਗਤਨ ਦੱਸੇ ਰਾਹ ਸੁਖਾਲਾ, ਏਕਾ ਭਗਤੀ ਨਾਮ ਦ੍ਰਿੜਾਇੰਦਾ । ਤ੍ਰੈਗੁਣ ਮਾਇਆ ਤੋੜ ਜੰਜਾਲਾ, ਏਕਾ ਰੰਗ ਰੰਗਾਇੰਦਾ । ਸੰਤਨ ਨੂਰ ਕਰ ਉਜਾਲਾ, ਨੂਰ ਨੁਰਾਨਾ ਡਗਮਗਾਇੰਦਾ । ਆਤਮ ਬ੍ਰਹਮ ਪਾਏ ਮਾਲਾ, ਮਨ ਕਾ ਮਣਕਾ ਆਪ ਭਵਾਇੰਦਾ । ਗੁਰਮੁਖਾਂ ਘਾਲੇ ਸਾਚੀ ਘਾਲਾ, ਸਾਚੀ ਘਾਲ ਇਕ ਜਣਾਇੰਦਾ । ਦਿਵਸ ਰੈਣ ਵਸੇ ਨਾਲਾ, ਵਿਛੜ ਕਦੇ ਨਾ ਜਾਇੰਦਾ । ਗੁਰਸਿਖ ਦੇਵੇ ਨਾਮ ਸੱਚਾ ਧਨ ਮਾਲਾ, ਠਗ ਚੋਰ ਯਾਰ ਲੁੱਟ ਕੋਇ ਨਾ ਜਾਇੰਦਾ । ਲੇਖਾ ਜਾਣੇ ਸ਼ਾਹ ਕੰਗਾਲਾ, ਸ਼ਾਹ ਪਾਤਸ਼ਾਹ ਸਿਰ ਆਪਣਾ ਹੱਥ ਰਖਾਇੰਦਾ । ਜੁਗਾ ਜੁਗੰਤਰ ਹੋ ਨਿਰਾਲਾ, ਸਰਗੁਣ ਧਾਰ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਜੁਗਾ ਜੁਗੰਤਰ ਸਾਚੀ ਕਾਰ, ਜੁਗ ਕਰਤਾ ਆਪ ਕਰਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਕਰ ਵਿਚਾਰ, ਏਕਾ ਅੱਖਰ ਕਰੇ ਪੜ੍ਹਾਈਆ । ਸੋ ਪੁਰਖ ਨਿਰੰਜਣ ਵਸਣਹਾਰਾ ਠਾਂਡੇ ਦਰਬਾਰ, ਹੰ ਬ੍ਰਹਮ ਵੇਖ ਵਖਾਈਆ । ਸੋਹੰ ਸ਼ਬਦ ਸਚ ਜੈਕਾਰ, ਆਦਿ ਪੁਰਖ ਆਪ ਲਗਾਈਆ । ਆਤਮ ਬ੍ਰਹਮ ਪਾਰਬ੍ਰਹਮ ਏਕਾ ਧਾਰ, ਸੋਹੰ ਸ਼ਬਦ ਸਚ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਵੇਸ ਵਟਾਈਆ । ਜੁਗ ਜੁਗ ਵੇਸ ਅਵੱਲੜਾ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਫੜਾਇਆ ਆਪਣਾ ਪਲੜਾ, ਏਕਾ ਬੰਧਨ ਪਾਇੰਦਾ । ਸਚ ਸੰਦੇਸ਼ ਘਲੜਾ, ਸਾਚਾ ਮੰਤਰ ਨਾਮ ਦ੍ਰਿੜਾਇੰਦਾ । ਵਸਣਹਾਰਾ ਨਿਹਚਲ ਧਾਮ ਅਟੱਲੜਾ, ਊਚ ਮਹੱਲਾ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਦਾਤਾ ਪੁਰਖ ਬਿਧਾਤਾ ਆਪਣੀ ਰੱਖੇ ਉਤਮ ਜਾਤਾ, ਜੋਤੀ ਜਾਤਾ ਖੇਲ ਖਿਲਾਇੰਦਾ । ਜੋਤੀ ਜਾਤਾ ਹਰਿ ਨਰਾਇਣ, ਨਿਰਗੁਣ ਆਪਣੀ ਧਾਰ ਚਲਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਰਸਨਾ ਗੁਣ ਸਾਰੇ ਕਹਿਣ, ਗੁਰ ਅਵਤਾਰ ਗਾਈਆ । ਭਗਤ ਭਗਵੰਤ ਚਰਨ ਢਹਿਣ, ਨਿਉਂ ਨਿਉਂ ਸੀਸ ਝੁਕਾਈਆ । ਸੰਤਨ ਚੁੱਕੇ ਲਹਿਣ ਦੇਣ, ਪੂਰਬ ਪੂਰਬ ਵੇਖ ਵਖਾਈਆ । ਗੁਰਮੁਖਾਂ ਪਾਏ ਏਕਾ ਗਹਿਣ, ਸਾਚਾ ਭੂਸ਼ਨ ਬਸਤਰ ਨਾਮ ਤਨ ਵਖਾਈਆ । ਗੁਰਸਿਖ ਗੁਰ ਗੁਰ ਧਾਮ ਇਕੱਠੇ ਬਹਿਣ, ਸਾਚਾ ਦਰ ਇਕ ਸਮਝਾਈਆ । ਜੁਗਾ ਜੁਗੰਤਰ ਲੱਖ ਚੁਰਾਸੀ ਮੌਤ ਲਾੜੀ ਖਾਏ ਡੈਣ, ਵੇਲੇ ਅੰਤ ਨਾ ਸਕੇ ਕੋਇ ਬਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਤ੍ਰੇਤਾ ਦੁਆਪਰ ਪਾਰ ਕਰ, ਕਲਜੁਗ ਅੰਤਮ ਵੇਖ ਵਖਾਈਆ । ਕਲਜੁਗ ਅੰਤਮ ਹਰਿ ਨਿਰੰਕਾਰਾ, ਏਕਾ ਖੇਲ ਖਿਲਾਇੰਦਾ । ਨਿਰਗੁਣ

ਸਰਗੁਣ ਪਾਵੇ ਸਾਰਾ, ਲੱਖ ਚੁਰਾਸੀ ਫੋਲ ਫੋਲਾਇੰਦਾ । ਪਰਦਾ ਉਠਾਏ ਵਿਸ਼ਨ ਬ੍ਰਹਮਾ ਸ਼ਿਵ ਇਕ ਵਖਾਏ ਸਚ ਦਰਬਾਰਾ, ਦਰ ਦਰਵਾਜ਼ਾ ਆਪ ਖੁਲ੍ਹਾਇੰਦਾ । ਸਚ ਸਿੰਘਾਸਣ ਸੋਹੇ ਸ਼ਾਹ ਪਾਤਸ਼ਾਹ ਸੱਚੀ ਸਰਕਾਰਾ, ਸ਼ਹਿਨਸ਼ਾਹ ਆਪਣਾ ਨਾਉਂ ਧਰਾਇੰਦਾ । ਲੇਖਾ ਮੰਗੇ ਈਸਾ ਮੂਸਾ ਸੰਗ ਮੁਹੰਮਦ ਚਾਰ ਯਾਰਾ, ਏਕਾ ਹੁਕਮ ਸੁਣਾਇੰਦਾ । ਕਾਇਨਾਤ ਕਰੇ ਖ਼ਬਰਦਾਰਾ, ਇਕ ਇਕੱਲਾ ਪਰਵਰਦਿਗਾਰਾ, ਮਿਹਬਾਨ ਬੀਦੋ ਆਪਣਾ ਨਾਦ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਖ ਵਖਾਇੰਦਾ । ਕਲਜੁਗ ਅੰਤਮ ਵੇਸ ਅਵੱਲਾ, ਨਿਰਗੁਣ ਨਿਰਵੈਰ ਆਪ ਕਰਾਈਆ । ਲੇਖਾ ਜਾਣੇ ਰਾਣੀ ਅੱਲਾ, ਇਲਾਹੀ ਨੂਰ ਡਗਮਗਾਈਆ । ਸਚ ਸਿੰਘਾਸਣ ਏਕਾ ਮੱਲਾ, ਮੁਕਾਮੇ ਹੱਕ ਹੱਕ ਖ਼ੁਦਾਈਆ । ਸਚ ਸੰਦੇਸ਼ ਏਕਾ ਘੱਲਾ, ਅਜ਼ਰਾਈਲ ਜਬਰਾਈਲ ਮੇਕਾਈਲ ਅਸਰਾਫ਼ੀਲ ਸੇਵਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਜੁਗ ਆਪਣੀ ਧਾਰ ਚਲਾਈਆ । ਸਚ ਸੰਦੇਸਾ ਜ਼ਬਰਾਈਲ, ਚੌਦਾਂ ਤਬਕ ਸੁਣਾਇੰਦਾ । ਉਮਤੀ ਉਮਤ ਵੇਖ ਦਲੀਲ, ਦਹਿ ਦਿਸ਼ਾ ਫੋਲ ਫੋਲਾਇੰਦਾ । ਚਾਰ ਕੁੰਟ ਨਾ ਦਿਸੇ ਕੋਈ ਦਲੀਲ, ਸ਼ਰਅ ਸ਼ਰੀਅਤ ਮੁਖ ਸ਼ਰਮਾਇੰਦਾ । ਵੇਲੇ ਅੰਤ ਨਾ ਹੋਇ ਅਪੀਲ, ਪੁਰਖ ਅਬਿਨਾਸ਼ੀ ਖੇਲ ਖਿਲਾਇੰਦਾ । ਬਸਨ ਬਨਵਾਰੀ ਬਸਤਰ ਪਹਿਨ ਨੀਲ, ਨੀਲੀ ਧਾਰ ਪਾਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਬੰਧਨ ਪਾਇੰਦਾ । ਜੁਗ ਜੁਗ ਬੰਧਨ ਹਰਿ ਗੋਪਾਲ, ਆਦਿ ਜੁਗਾਦਿ ਪਾਈਆ । ਆਪਣੇ ਹੱਥ ਰੱਖੇ ਕਾਲ ਮਹਾਕਾਲ, ਹੁਕਮੀ ਹੁਕਮ ਆਪ ਭਵਾਈਆ । ਰੂਪ ਧਰਾਏ ਆਪਣਾ ਦਿਆਲ, ਦਇਆ ਨਿਧ ਬੇਪਰਵਾਹੀਆ । ਲੇਖਾ ਜਾਣੇ ਤ੍ਰੈਗੁਣ ਜਾਲ, ਤ੍ਰੈਗੁਣ ਅਤੀਤਾ ਸੱਚਾ ਮਾਹੀਆ । ਨਵ ਨੌਂ ਰਿਹਾ ਸੁਰਤ ਸੰਭਾਲ, ਚਾਰ ਚਾਰ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਆਪਣੇ ਹੱਥ ਰਖਾਈਆ । ਸਾਚਾ ਲੇਖਾ ਹੱਥ ਕਰਤਾਰ, ਗੁਰ ਅਵਤਾਰ ਸੀਸ ਝੁਕਾਇੰਦਾ । ਤਖ਼ਤ ਨਿਵਾਸੀ ਬੈਠ ਸਚ ਦਰਬਾਰ, ਕਲਜੁਗ ਅੰਤਮ ਹੁਕਮ ਸੁਣਾਇੰਦਾ । ਦਰ ਦਰਵੇਸ਼ ਬਣ ਤੇਈ ਅਵਤਾਰ, ਨੇਤਰ ਨੈਣ ਸਰਬ ਨਿਵਾਇੰਦਾ । ਭਗਤ ਰੋਵਣ ਜ਼ਾਰੋ ਜ਼ਾਰ, ਭਗਤੀ ਮਾਰਗ ਨਾ ਕੋਇ ਰਖਾਇੰਦਾ । ਬ੍ਰਹਮਾ ਕੂਕ ਕੂਕ ਕਰੇ ਪੁਕਾਰ, ਮੇਰਾ ਬ੍ਰਹਮ ਨਜ਼ਰ ਨਾ ਆਇੰਦਾ । ਸ਼ੰਕਰ ਸੁੱਟ ਬੈਠਾ ਕਟਾਰ, ਤ੍ਰਿਸੂਲ ਹੱਥ ਨਾ ਕੋਇ ਵਖਾਇੰਦਾ । ਵਿਸ਼ਨੂੰ ਬਣੇ ਦਰ ਭਿਖਾਰ, ਖ਼ਾਲੀ ਭੰਡਾਰ ਨਾ ਕੋਇ ਭਰਾਇੰਦਾ । ਤ੍ਰੈਗੁਣ ਮਾਇਆ ਆਈ ਹਾਰ, ਰਜੋ ਤਮੋ ਸਤੋ ਮੁਖ ਸ਼ਰਮਾਇੰਦਾ । ਪੰਜ ਤੱਤ ਜਾਏ ਉਜਾੜ, ਜਗਤ ਖੇੜਾ ਆਪੇ ਢਾਹਿੰਦਾ । ਹੋਇਆ ਅੰਧੇਰਾ ਬਹੱਤਰ ਨਾੜ, ਕਾਇਆ ਗੜ੍ਹ ਨਾ ਕੋਇ ਸੁਹਾਇੰਦਾ । ਲੱਖ ਚੁਰਾਸੀ ਨਾ ਕੋਇ ਪਿਆਰ, ਮਮਤਾ ਮੋਹ ਨਾ ਕੋਇ ਜਣਾਇੰਦਾ । ਬੰਕ ਸੋਹਣ ਗੁਰ ਅਵਤਾਰ, ਦਸ ਦਸ ਮੇਲਾ ਮੇਲ ਮਿਲਾਇੰਦਾ । ਨਾਨਕ ਗੋਬਿੰਦ ਬੋਲ ਜੈਕਾਰ, ਏਕਾ ਬੋਲ ਸੁਣਾਇੰਦਾ । ਨਿਹਕਲੰਕ ਮਹਾਂਬਲੀ ਉਤਰੇ ਅਵਤਾਰ, ਕਲ ਕਲਕੀ ਖੇਲ ਕਰਾਇੰਦਾ । ਜਾਗਰਤ ਜੋਤ ਜਗੇ ਸੰਸਾਰ, ਨੂਰ ਨੁਰਾਨਾ ਡਗਮਗਾਇੰਦਾ । ਨਾਮ ਖੰਡਾ ਤੇਜ਼ ਕਟਾਰ, ਬ੍ਰਹਿਮੰਡਾਂ ਆਪ ਚਮਕਾਇੰਦਾ । ਲੋਆਂ ਪੁਰੀਆਂ ਮਾਰੇ ਮਾਰ, ਨਵ ਨੌਂ ਆਪਣਾ ਖੇਲ ਖਿਲਾਇੰਦਾ । ਬ੍ਰਹਮੇ ਬੇੜਾ ਕਰੇ ਪਾਰ, ਸ਼ੰਕਰ ਆਪਣੀ ਗੋਦ ਬਹਾਇੰਦਾ । ਇੰਦ ਇੰਦਰਾਸਣ ਦਏ ਆਧਾਰ, ਵੇਲਾ ਅੰਤ ਚੁਕਾਇੰਦਾ । ਤ੍ਰੈਗੁਣ ਮਾਇਆ ਜਾਏ ਹਾਰ, ਤ੍ਰੈਗੁਣ ਆਪਣਾ ਪੰਧ ਮੁਕਾਇੰਦਾ । ਕਰੇ ਖੇਲ ਅਪਰ ਅਪਾਰ, ਲੇਖਾ ਲਿਖਤ ਵਿਚ ਨਾ ਆਇੰਦਾ । ਬ੍ਰਹਿਮੰਡਾਂ ਖੰਡਾਂ ਖੇਲ

੧੧੭੫

ਕਰੇ ਨਿਆਰ, ਨਿਰਗੁਣ ਆਪਣਾ ਹੁਕਮ ਵਰਤਾਇੰਦਾ । ਧਰੂ ਆਈ ਅੰਤਮ ਵਾਰ, ਚੌਥੇ ਜੁਗ ਪੰਧ ਮੁਕਾਇੰਦਾ । ਬਲ ਬਾਵਨ ਕਰਿਆ ਪਾਰ, ਸਤਿਜੁਗ ਨਾਲ ਮਿਲਾਇੰਦਾ । ਸਿੱਤਲ ਦੇਸ ਖੇਲ ਨਿਆਰ, ਪਾਤਾਲ ਪਾਤਾਲਾਂ ਫੋਲ ਫੋਲਾਇੰਦਾ । ਕਲਜੁਗ ਤੇਰੀ ਅੰਤਮ ਵਾਰ, ਲੋਕਮਾਤ ਪਰਗਟਾਇੰਦਾ । ਮਾਣਸ ਜਨਮ ਦੇ ਅਪਾਰ, ਪੰਜ ਤੱਤ ਖੇਲ ਖਿਲਾਇੰਦਾ । ਅੰਦਰ ਕਰ ਜੋਤ ਉਜਿਆਰ, ਨੂਰ ਨੁਰਾਨਾ ਡਗਮਗਾਇੰਦਾ । ਆਪਣਾ ਲਹਿਣਾ ਰੱਖਿਆ ਬੰਦ ਕਿਵਾੜ, ਦਿਸ ਕਿਸੇ ਨਾ ਆਇੰਦਾ । ਆਪਣੀ ਥਿਤ ਆਪ ਵਿਚਾਰ, ਆਪੇ ਖੇਲ ਖਿਲਾਇੰਦਾ । ਜੁਗਾ ਜੁਗੰਤਰ ਕਰ ਪਿਆਰ, ਭਗਵਨ ਭਗਤਨ ਮੇਲ ਮਿਲਾਇੰਦਾ । ਲੇਖਾ ਜਾਣੇ ਧੁਰ ਦਰਬਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਪੰਧ ਮੁਕਾਇੰਦਾ । ਕਲਜੁਗ ਤੇਰਾ ਅੰਤਮ ਪੰਧ, ਸੋ ਪੁਰਖ ਨਿਰੰਜਣ ਆਪ ਮੁਕਾਈਆ । ਸਤਿਜੁਗ ਚੜ੍ਹਾਏ ਸਾਚਾ ਚੰਦ, ਸੀਤਲ ਧਾਰ ਵਖਾਈਆ । ਇਕ ਸੁਣਾਏ ਸੁਹਾਗੀ ਛੰਦ, ਨਾਉਂ ਨਿਰੰਕਾਰਾ ਆਪ ਪਰਗਟਾਈਆ । ਜੀਵ ਜੰਤ ਗਾਇਣ ਬੱਤੀ ਦੰਦ, ਰਸਨਾ ਜੇਹਵਾ ਇਕ ਹਲਾਈਆ । ਅੱਠੇ ਪਹਿਰ ਵਖਾਏ ਪਰਮਾਨੰਦ, ਨਿਜ ਆਤਮ ਕਰ ਰਸਾਈਆ । ਕਰਵਟ ਬਦਲਾ ਬਦਲੇ ਕੰਡ, ਜੋ ਬੈਠਾ ਮੁਖ ਛੁਪਾਈਆ । ਮਨਮੁਖਤਾ ਦੇਵੇ ਦੰਡ, ਗੁਰਮੁਖਾਂ ਹੋਏ ਸਹਾਈਆ । ਲੇਖਾ ਜਾਣੇ ਨਵ ਖੰਡ, ਨਵ ਨੌਂ ਧਾਰ ਚਲਾਈਆ । ਲਹਿਣਾ ਦੇਣ ਚੁਕਾਏ ਜੇਰਜ ਅੰਡ, ਉਤਭੁਜ ਸੇਤਜ ਫੋਲ ਫੋਲਾਈਆ । ਕਰੇ ਪਰਕਾਸ਼ ਵਿਚ ਬ੍ਰਹਿਮੰਡ, ਵਰਭੰਡੀ ਜੋਤ ਜਗਾਈਆ । ਜਨਮ ਜਨਮ ਦੀ ਟੁੱਟੀ ਦੇਵੇ ਗੰਢ, ਜਿਸ ਜਨ ਆਪਣਾ ਮੇਲ ਮਿਲਾਈਆ । ਆਤਮ ਅੰਤਰ ਪਾਏ ਠੰਡ, ਅਗਨੀ ਅੱਗ ਬੁਝਾਈਆ । ਗੁਰਮੁਖ ਸੁਰਤ ਸੁਹਾਗਣ ਨਾ ਹੋਏ ਰੰਡ, ਹਰਿ ਕੰਤ ਕੰਤੂਹਲ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਦਇਆ ਕਮਾਈਆ । ਕਲਜੁਗ ਅੰਤਮ ਦਇਆ ਨਿਧ ਦੀਨਨ ਦੀਨ ਦਿਆਲ ਠਾਕਰ ਸਵਾਮੀ ਖੇਲ ਖਿਲਾਇੰਦਾ । ਜਗਤ ਜੁਗ ਚਲੀ ਅਵੱਲੜੀ ਚਾਲ, ਜੋਗ ਜੁਗਤ ਆਪਣੇ ਹੱਥ ਰਖਾਇੰਦਾ । ਸਾਚੇ ਮੰਦਰ ਬੈਠ ਸੱਚੀ ਧਰਮਸਾਲ, ਸਚ ਸਿੰਘਾਸਣ ਆਸਣ ਲਾਇੰਦਾ । ਚਰਨਾਂ ਹੇਠ ਦਬਾਏ ਕਾਲ ਮਹਾਕਾਲ, ਆਪ ਆਪਣੀ ਕਲ ਧਰਾਇੰਦਾ । ਏਕਾ ਰੱਖੇ ਸਚ ਸਵਾਲ, ਚਾਰ ਜੁਗ ਦਾ ਲਹਿਣਾ ਪੁਛ ਪੁਛਾਇੰਦਾ । ਦਰ ਬੈਠੇ ਗੁਰ ਅਵਤਾਰ, ਭਗਤ ਭਗਵੰਤ ਸੀਸ ਝੁਕਾਇੰਦਾ । ਈਸਾ ਮੂਸਾ ਸੰਗ ਮੁਹੰਮਦ ਹੋਏ ਸ਼ਰਮਸਾਰ, ਅੱਲਾ ਰਾਣੀ ਮੁਖ ਸ਼ਰਮਾਇੰਦਾ । ਕਾਗਦ ਕ਼ਲਮ ਨਾ ਲਿਖਣਹਾਰ, ਵੇਦ ਕਤੇਬ ਸ਼ਾਸਤਰ ਸਿਮਰਤ ਅੰਜੀਲ ਕ਼ੁਰਾਨ ਖਾਣੀ ਬਾਣੀ ਭੇਵ ਕੋਇ ਨਾ ਪਾਇੰਦਾ । ਏਕਾ ਭਗਤ ਹੋਏ ਪਰਵਾਨ, ਜਿਸ ਜਨ ਮਿਲੇ ਹਰਿ ਜੂ ਆਣ, ਸ਼ਬਦ ਬਿਠਾਏ ਸਚ ਬਬਾਣ, ਆਪਣੀ ਸੇਵਾ ਆਪ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਮਿਲਾਇੰਦਾ । ਹਰਿਜਨ ਸੱਚਾ ਸਿਫ਼ਤ ਸਲਾਹ, ਜੁਗ ਜੁਗ ਵੇਦ ਪੁਰਾਨ ਰਹੇ ਜਸ ਗਾਈਆ । ਜਿਸ ਜਨ ਮਿਲੇ ਹਰਿ ਮਲਾਹ, ਬੇੜਾ ਪਾਰ ਕਰਾਈਆ । ਸਾਚੀ ਦਰਗਹਿ ਦਏ ਬਹਾ, ਮਹੱਲ ਅਟਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਗੁਰਮੁਖ ਸਾਚੇ ਲਏ ਉਠਾਈਆ । ਜੁਗ ਜੁਗ ਮੇਲਾ ਗੁਰਮੁਖ ਰੰਗ, ਹਰਿ ਹਰਿ ਆਪ ਚੜ੍ਹਾਇੰਦਾ । ਆਤਮ ਸੇਜਾ ਸਚ ਪਲੰਘ, ਨਿਰਗੁਣ ਆਸਣ ਲਾਇੰਦਾ । ਸ਼ਬਦ ਅਨਹਦ ਸੱਚਾ ਮਰਦੰਗ, ਨਾਦੀ ਨਾਦ ਵਜਾਇੰਦਾ । ਅੰਮ੍ਰਿਤ ਆਤਮ ਸਰੋਵਰ ਗੰਗ, ਅਠਸਠ ਡੇਰਾ ਢਾਹਿੰਦਾ । ਜੋਤ ਨਿਰੰਜਣ ਚਾੜ੍ਹੇ ਚੰਦ, ਰਵ ਸਸ ਮੁਖ ਸ਼ਰਮਾਇੰਦਾ । ਖ਼ੁਸ਼ੀ ਕਰਾਏ ਬੰਦ ਬੰਦ, ਜਿਸ ਜਨ ਆਪਣਾ

ਦਰਸ ਦਿਖਾਇੰਦਾ । ਆਵਣ ਜਾਵਣ ਲੱਖ ਚੁਰਾਸੀ ਚੁੱਕੇ ਪੰਧ, ਜਮ ਕਾ ਦੰਡ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖ ਆਪਣੇ ਰੰਗ ਰੰਗਾਇੰਦਾ । ਗੁਰਮੁਖ ਤੇਰਾ ਅੰਤਰ ਰਸ, ਸਤਿਗੁਰ ਆਪਣੇ ਹੱਥ ਰਖਾਈਆ । ਤੇਰਾ ਤੇਰੇ ਹੋਏ ਵਸ, ਤੇਰੀ ਮਹਿਮਾ ਆਪੇ ਗਾਈਆ । ਤੇਰਾ ਮੇਲਾ ਹੱਸ ਹੱਸ, ਨੇਤਰ ਰੋਵੇ ਸਰਬ ਲੋਕਾਈਆ । ਜੁਗ ਜੁਗ ਭਗਤਾਂ ਕਰੇ ਪੂਰੀ ਆਸ, ਨਿਤ ਨਵਿਤ ਵੇਸ ਵਟਾਈਆ । ਆਪਣਾ ਨੂਰ ਕਰ ਪਰਕਾਸ਼, ਨਿਰਗੁਣ ਸਰਗੁਣ ਧਾਰ ਚਲਾਈਆ । ਕਰਣਹਾਰਾ ਬੰਦ ਖ਼ੁਲਾਸ, ਬੰਦੀ ਤੋੜ ਆਪ ਅਖਵਾਈਆ । ਲੇਖਾ ਜਾਣੇ ਪ੍ਰਿਥਮੀ ਆਕਾਸ਼, ਧਰਤ ਧਵਲ ਫੋਲ ਫੋਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਤਰਾਈਆ । ਤਾਰਨਣਹਾਰਾ ਸਤਿਗੁਰ ਏਕ, ਪੁਰਖ ਅਕਾਲ ਅਖਵਾਇੰਦਾ । ਗੁਰ ਗੁਰ ਧਾਰੇ ਸਾਚੀ ਟੇਕ, ਏਕਾ ਇਸ਼ਟ ਮਨਾਇੰਦਾ । ਜਿਸ ਜਨ ਕਰੇ ਬੁਧ ਬਿਬੇਕ, ਆਤਮ ਬ੍ਰਹਮ ਗਿਆਨ ਦ੍ਰਿੜਾਇੰਦਾ । ਤ੍ਰੈਗੁਣ ਮਾਇਆ ਨਾ ਲਾਏ ਸੇਕ, ਅਗਨੀ ਤੱਤ ਬੁਝਾਇੰਦਾ । ਗੁਰਸਿਖ ਘਰ ਆਪਣੇ ਕਾਇਆ ਮੰਦਰ ਸਤਿਗੁਰ ਬੈਠਾ ਲਏ ਵੇਖ, ਰੂਪ ਰੰਗ ਰੇਖ ਨਾ ਕੋਇ ਜਣਾਇੰਦਾ । ਸਾਚੇ ਸਤਿਗੁਰ ਮੁੱਛ ਦਾੜ੍ਹੀ ਨਾ ਕੋਈ ਕੇਸ, ਨਾ ਕੋਈ ਮੂੰਡ ਮੁੰਡਾਇੰਦਾ । ਆਦਿ ਜੁਗਾਦਿ ਰਹੇ ਹਮੇਸ਼, ਜਨਮ ਮਰਨ ਵਿਚ ਨਾ ਆਇੰਦਾ । ਬ੍ਰਹਮਾ ਵਿਸ਼ਨ ਸ਼ਿਵ ਕੋਟਨ ਕੋਟ ਖੜੇ ਦਰਵੇਸ਼, ਦਰ ਦਰ ਬੈਠੇ ਸੀਸ ਝੁਕਾਇੰਦਾ । ਤਖ਼ਤ ਨਿਵਾਸੀ ਇਕ ਨਰੇਸ਼, ਸ਼ਾਹ ਸੁਲਤਾਨ ਨਾਉਂ ਧਰਾਇੰਦਾ । ਤਿਸ ਅੱਗੇ ਨਾ ਚਲੇ ਕਿਸੇ ਦੀ ਕੋਈ ਪੇਸ਼, ਜੋ ਆਇਆ ਉਠ ਉਠ ਜਾਇੰਦਾ । ਜੁਗਾ ਜੁਗੰਤਰ ਰਿਹਾ ਵੇਖ, ਵੇਖਣਹਾਰਾ ਦਿਸ ਨਾ ਆਇੰਦਾ । ਰੂਪ ਅਨੂਪਾ ਦਸ ਦਸਮੇਸ, ਜੋਤੀ ਜਾਤਾ ਡਗਮਗਾਇੰਦਾ । ਆਪੇ ਵਸੇ ਕਾਇਆ ਖੇਤ, ਸਾਚਾ ਹੇਤ ਆਪ ਜਣਾਇੰਦਾ । ਦਰਸ ਦਿਖਾਏ ਨੇਤਨ ਨੇਤ, ਜਿਸ ਜਨ ਆਪਣੀ ਦਇਆ ਕਮਾਇੰਦਾ । ਸਦਾ ਸਹੇਲਾ ਰੱਖੇ ਸਾਇਆ ਹੇਠ, ਸਮਰਥ ਸਿਰ ਆਪਣਾ ਹੱਥ ਟਿਕਾਇੰਦਾ । ਗੁਰਮੁਖ ਸੱਜਣ ਲਏ ਪੇਖ, ਕਲਜੁਗ ਜੀਵਾਂ ਨਜ਼ਰ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਆਪ ਮਿਲਾਇੰਦਾ । ਗੁਰਮੁਖ ਸੱਚੇ ਮਿਲਿਆ ਮੇਲਾ, ਸਤਿਗੁਰ ਪੂਰਾ ਆਪ ਮਿਲਾਈਆ । ਏਕਾ ਘਰ ਵਸੇ ਗੁਰੂ ਗੁਰ ਚੇਲਾ, ਗੁਰ ਗੋਬਿੰਦ ਖੇਲ ਖਿਲਾਈਆ । ਏਥੇ ਓਥੇ ਸੱਜਣ ਸੁਹੇਲਾ, ਵਿਛੜ ਕਦੇ ਨਾ ਜਾਈਆ । ਰਾਏ ਧਰਮ ਦੀ ਕੱਟੇ ਜੇਲਾ, ਲੱਖ ਚੁਰਾਸੀ ਫੰਦ ਕਟਾਈਆ । ਧਾਮ ਵਖਾਏ ਇਕ ਨਵੇਲਾ, ਸਾਹਿਬ ਬੈਠਾ ਆਸਣ ਲਾਈਆ । ਨਾ ਕੋਈ ਵਕਤ ਨਾ ਕੋਈ ਵੇਲਾ, ਥਿਤ ਵਾਰ ਨਾ ਕੋਇ ਰਖਾਈਆ । ਅਚਰਜ ਖੇਲ ਪਾਰਬ੍ਰਹਮ ਪ੍ਰਭ ਖੇਲਾ, ਭਰਮੇ ਭੁੱਲੀ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਗੁਰਮੁਖ ਸੱਜਣ ਲਏ ਫੜ ਆਪਣਾ ਬੰਧਨ ਪਾਈਆ । ਗੁਰਮੁਖ ਸੱਜਣ ਹਰਿ ਜੂ ਫੜਿਆ, ਆਪਣੀ ਦਇਆ ਕਮਾਇੰਦਾ । ਕਾਇਆ ਮੰਦਰ ਆਪੇ ਵੜਿਆ, ਦਿਸ ਕਿਸੇ ਨਾ ਆਇੰਦਾ । ਡੂੰਘੀ ਭਵਰੀ ਆਪੇ ਚੜ੍ਹਿਆ, ਆਪਣਾ ਪੰਧ ਆਪ ਜਣਾਇੰਦਾ । ਆਪਣੀ ਵਿਦਿਆ ਆਪੇ ਪੜ੍ਹਿਆ, ਨਿਸ਼ਅੱਖਰ ਆਪੇ ਗਾਇੰਦਾ । ਅਗਨੀ ਹਵਨ ਕਦੇ ਨਾ ਸੜਿਆ, ਮੜ੍ਹੀ ਗੋਰ ਨਾ ਕੋਇ ਦਬਾਇੰਦਾ । ਆਪਣੀ ਕਰਨੀ ਆਪੇ ਕਰਿਆ, ਕਰਨੀ ਕਰਤਾ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਖੇਲ ਖਿਲਾਇੰਦਾ । ਖੇਲ ਖਿਲਾਏ ਹਰਿ ਗੋਬਿੰਦ, ਗੋਬਿੰਦ ਮੇਲਾ ਸਹਿਜ ਸੁਭਾਈਆ । ਜਨਮ

੧੧੭੭ ੧੦

ਜਨਮ ਦੀ ਮੇਟੇ ਚਿੰਦ, ਅੰਮ੍ਰਿਤ ਆਤਮ ਜਾਮ ਪਿਆਈਆ । ਦਾਤਾ ਦਾਨੀ ਗੁਣੀ ਗਹਿੰਦ, ਗਹਿਰ ਗੰਭੀਰ ਵਡੀ ਵਡਿਆਈਆ । ਅੰਮ੍ਰਿਤ ਦੇਵੇ ਸਾਗਰ ਸਿੰਧ, ਸਚ ਸਰੋਵਰ ਆਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਤਰਾਈਆ । ਹਰਿਜਨ ਸਾਚੇ ਤਾਰਨਹਾਰਾ, ਤ੍ਰੈਭਵਨ ਧਨੀ ਆਪ ਅਖਵਾਇੰਦਾ । ਕਲਜੁਗ ਕਰੇ ਪਾਰ ਕਿਨਾਰਾ, ਸਤਿਜੁਗ ਸਾਚਾ ਮਾਰਗ ਲਾਇੰਦਾ । ਸਤਿਜੁਗ ਸਤਿ ਹੋਏ ਉਜਿਆਰਾ, ਬਾਲੀ ਬੁਧ ਇਕ ਵਖਾਇੰਦਾ । ਏਕਾ ਮੰਦਰ ਨਾਮ ਜੈਕਾਰਾ, ਏਕਾ ਵਾਰ ਪੜ੍ਹਾਇੰਦਾ । ਏਕਾ ਮੰਦਰ ਗੁਰੂਦਵਾਰਾ, ਏਕਾ ਘਰ ਵਖਾਇੰਦਾ । ਏਕਾ ਸਤਿਗੁਰ ਮੀਤ ਮੁਰਾਰਾ, ਦੂਜਾ ਇਸ਼ਟ ਨਾ ਕੋਇ ਮਨਾਇੰਦਾ । ਏਕਾ ਸ਼ਾਹ ਇਕ ਸਿਕਦਾਰਾ, ਏਕਾ ਰੱਯਤ ਰੂਪ ਵਟਾਇੰਦਾ । ਏਕਾ ਹੁਕਮ ਇਕ ਵਰਤਾਰਾ, ਧੁਰ ਫ਼ਰਮਾਨਾ ਇਕ ਜਣਾਇੰਦਾ । ਸਰਬ ਜੀਆਂ ਦਾ ਸਾਂਝਾ ਯਾਰਾ, ਪੁਰਖ ਅਕਾਲ ਨਾਉਂ ਧਰਾਇੰਦਾ । ਲੇਖਾ ਜਾਣੇ ਰਾਮਾ ਕ੍ਰਿਸ਼ਨ ਈਸਾ ਮੂਸਾ ਸੰਗ ਮੁਹੰਮਦ ਚਾਰ ਯਾਰਾ, ਨਾਨਕ ਗੋਬਿੰਦ ਧਾਰ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲੇ ਆਪਣੇ ਘਰ, ਘਰ ਮੰਦਰ ਆਪ ਸੁਹਾਇੰਦਾ । ਘਰ ਮੰਦਰ ਕਾਇਆ ਬੰਕ, ਬੰਕ ਦਵਾਰੀ ਆਪ ਸੁਹਾਈਆ । ਲਹਿਣਾ ਚੁੱਕੇ ਰਾਉ ਰੰਕ, ਰਾਓ ਰੰਕ ਏਕਾ ਰੰਗ ਰੰਗਾਈਆ । ਜਿਸ ਜਨ ਲਾਏ ਸ਼ਬਦੀ ਤਨਕ, ਜੋਤੀ ਜੋਤ ਜੋਤ ਰੁਸ਼ਨਾਈਆ । ਮਾਣ ਰਖਾਏ ਜਿਉਂ ਜਨ ਜਨਕ, ਜਨ ਜਨਨੀ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਪਰਦਾ ਦਏ ਉਠਾਈਆ । ਹਰਿਜਨ ਪਰਦਾ ਜਾਏ ਉਠ, ਸੋ ਪੁਰਖ ਨਿਰੰਜਣ ਆਪ ਉਠਾਇੰਦਾ । ਏਕੰਕਾਰਾ ਜਾਏ ਤੁਠ, ਇਕ ਇਕੱਲਾ ਖੇਲ ਖਿਲਾਇੰਦਾ । ਦਰਸ ਦਿਖਾਏ ਜੋ ਬੈਠਾ ਲੁਕ, ਸਵੱਛ ਸਰੂਪ ਵਟਾਇੰਦਾ । ਜਨਮ ਜਨਮ ਦੀ ਮੇਟੇ ਭੁੱਖ, ਤ੍ਰਿਸਨਾ ਅਗਨ ਬੁਝਾਇੰਦਾ । ਘਰ ਉਪਜਾਏ ਏਕਾ ਸੁਖ, ਬ੍ਰਹਮ ਪਾਰਬ੍ਰਹਮ ਮਿਲਾਇੰਦਾ । ਮੇਲ ਮਿਲਾਵਾ ਨਾਦੀ ਸੁਤ, ਸ਼ਬਦੀ ਵੇਖ ਵਖਾਇੰਦਾ । ਕਰੇ ਖੇਲ ਅਬਿਨਾਸ਼ੀ ਅਚੁਤ, ਘਰ ਮੰਦਰ ਸੋਭਾ ਪਾਇੰਦਾ । ਗੁਰਮੁਖ ਸੁਹਾਏ ਸਾਚੀ ਰੁਤ, ਫੁਲ ਫੁਲਵਾੜੀ ਆਪ ਮਹਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗ੍ਰਿਹਿ ਮੰਦਰ ਆਪ ਸੁਹਾਇੰਦਾ । ਗ੍ਰਿਹਿ ਮੰਦਰ ਕਾਇਆ ਤਨ, ਪੰਜ ਤੱਤ ਜੋੜਾ ਜੋੜ ਜੁੜਾਈਆ । ਆਪੇ ਬੰਨ੍ਹੇ ਹੱਥੀਂ ਮਨ, ਮਨ ਪੰਛੀ ਉਡ ਨਾ ਦਹਿ ਦਿਸ਼ ਧਾਈਆ । ਏਕਾ ਰਾਗ ਸੁਣਾਏ ਕੰਨ, ਏਕਾ ਨਾਦ ਵਜਾਈਆ । ਭਾਂਡਾ ਭਰਮ ਭੌ ਦੇਵੇ ਭੰਨ, ਦੂਈ ਦਵੈਤੀ ਮੇਟ ਮਿਟਾਈਆ । ਪੰਚ ਵਿਕਾਰਾ ਦੇਵੇ ਡੰਨ, ਕਾਮ ਕਰੋਧ ਲੋਭ ਮੋਹ ਹੰਕਾਰ ਨੇੜ ਨਾ ਆਈਆ । ਜਿਸ ਜਨ ਦੇਵੇ ਨਾਮ ਧਨ, ਘਰ ਖ਼ਜ਼ਾਨਾ ਦਏ ਵਖਾਈਆ । ਕਰੇ ਪਰਕਾਸ਼ ਬਿਨ ਸੂਰਜ ਚੰਨ, ਨਿਰਗੁਣ ਨੂਰ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਮੰਦਰ ਸੋਭਾ ਪਾਈਆ । ਘਰ ਮੰਦਰ ਹੋਏ ਸੋਭਾਵੰਤ, ਗੁਰਮੁਖ ਖ਼ੁਸ਼ੀ ਮਨਾਇੰਦਾ । ਪ੍ਰਭ ਪਾਇਆ ਸ੍ਰੀ ਭਗਵੰਤ, ਵਿਛੜ ਕਦੇ ਨਾ ਜਾਇੰਦਾ । ਜੁੜਿਆ ਜੋੜਾ ਨਾਰੀ ਕੰਤ, ਸਾਚੀ ਸੇਜ ਸੁਹਾਇੰਦਾ । ਨਾਮ ਜਪਾਏ ਆਪਣਾ ਮੰਤ, ਨਾਉਂ ਨਿਰੰਕਾਰਾ ਆਪ ਸਾਲਾਹਿੰਦਾ । ਆਪੇ ਰੰਗੇ ਸਾਚੀ ਰੰਗਤ, ਰੰਗ ਰੰਗੀਲਾ ਆਪ ਅਖਵਾਇੰਦਾ । ਲੇਖਾ ਜਾਣੇ ਆਦਿ ਅੰਤ, ਮਧ ਆਪਣੀ ਧਾਰ ਚਲਾਇੰਦਾ । ਆਪੇ ਹੋਏ ਸਾਹਿਬ ਬੇਅੰਤ, ਭੇਵ ਅਭੇਦ ਛੁਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਕਾਇਆ ਘਰ ਵਸਾਇੰਦਾ । ਹਰਿਜਨ ਕਾਇਆ ਖੇੜਾ ਜਾਏ ਵਸ, ਸਤਿਗੁਰ ਪੂਰਾ ਆਪ ਵਸਾਈਆ । ਸਾਚਾ ਮਾਰਗ ਏਕਾ ਦੱਸ,

੧੧੭੮
੧੦

੧੧੭੯
੧੦

ਏਕਾ ਰਾਹ ਚਲਾਈਆ । ਦਰਸ ਦਿਖਾਏ ਨੱਸ ਨੱਸ, ਨਿਰਗੁਣ ਆਪਣਾ ਪੰਧ ਮੁਕਾਈਆ । ਜਿੰਨਾਂ ਚਿਰ ਗੁਰਸਿਖ ਕਹੇ ਨਾ ਬਸ ਬਸ, ਆਪਣਾ ਰੂਪ ਨਾ ਲਏ ਛੁਪਾਈਆ । ਸਾਚਾ ਮੰਦਰ ਨਾ ਕੋਈ ਛੱਪਰ ਛੰਨ ਨਾ ਦਿਸੇ ਛੱਤ, ਚਾਰ ਦੀਵਾਰ ਨਾ ਕੋਇ ਬਣਾਈਆ । ਕਰੇ ਖੇਲ ਕਮਲਾਪਤ, ਕਵਲ ਨੈਣ ਵਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਤੇਰਾ ਘਰ ਦਏ ਵਸਾਈਆ । ਹਰਿਜਨ ਤੇਰਾ ਘਰ ਸਚ ਮਨਾਰਾ, ਆਦਿ ਜੁਗਾਦਿ ਸੁਹਾਇੰਦਾ । ਏਕਾ ਵਸੇ ਏਕੰਕਾਰਾ, ਆਪਣਾ ਖੇਲ ਖਿਲਾਇੰਦਾ । ਨਿਰਮਲ ਦੀਆ ਕਰ ਉਜਿਆਰਾ, ਬਿਨ ਬਾਤੀ ਤੇਲ ਡਗਮਗਾਇੰਦਾ । ਵੇਖੇ ਵਿਗਸੇ ਵੇਖਣਹਾਰਾ, ਆਪਣੇ ਮੰਦਰ ਆਪ ਟਿਕਾਇੰਦਾ । ਗੁਰਮੁਖ ਕਰੇ ਸਚ ਪਿਆਰਾ, ਸਿਰ ਆਪਣਾ ਹੱਥ ਰਖਾਇੰਦਾ । ਆਪੇ ਖਿਚੇ ਚਰਨ ਦਵਾਰਾ, ਚਰਨ ਕਵਲ ਆਪ ਦਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਤੇਰਾ ਘਰ ਪਰਗਟਾਇੰਦਾ । ਪਰਗਟਿਆ ਘਰ ਮਿਲਿਆ ਹਰਿ ਚੁੱਕਿਆ ਡਰ, ਭੈ ਭੌ ਦੁਖ ਭੰਜਨ ਆਪ ਮਿਟਾਈਆ । ਨਹਾਤਾ ਸਰ ਮਿਲਿਆ ਵਰ, ਲਹਿਣਾ ਦੇਣਾ ਚੁਕਿਆ ਨਾਰੀ ਨਰ, ਨਰ ਨਰਾਇਣ ਰੂਪ ਦਰਸਾਈਆ । ਜਗਤ ਵਿਕਾਰਾ ਗਿਆ ਝੜ, ਮਾਇਆ ਮਮਤਾ ਗਈ ਹੜ, ਸਤਿਗੁਰ ਪੂਰਾ ਦਿਖਾਏ ਅੱਗੇ ਖੜ, ਰੂਪ ਅਨੂਪ ਆਪ ਵਟਾਈਆ । ਨਾ ਕੋਈ ਸੀਸ ਨਾ ਕੋਈ ਧੜ, ਨਾ ਕੋਈ ਕਾਇਆ ਨਾ ਕੋਈ ਗੜ੍ਹ, ਗੁਰਸਿਖ ਅੰਦਰ ਬੈਠਾ ਵੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੋਤੀ ਜੋਤ ਡਗਮਗਾਈਆ । ਜੋਤੀ ਜੋਤ ਜੋਤ ਅਕਾਲਾ, ਨਿਰਗੁਣ ਆਪਣੀ ਧਾਰ ਚਲਾਇੰਦਾ । ਗੁਰਸਿਖ ਤੇਰਾ ਕਾਇਆ ਮੰਦਰ ਸੱਚੀ ਧਰਮਸਾਲਾ, ਸਾਚਾ ਖੇੜਾ ਆਪ ਵਸਾਇੰਦਾ । ਅੱਠੇ ਪਹਿਰ ਕਰੇ ਪ੍ਰਿਤਪਾਲਾ, ਪ੍ਰਿਤਪਾਲਕ ਸੇਵ ਕਮਾਇੰਦਾ । ਤੇਰੀ ਜਪੇ ਆਪੇ ਮਾਲਾ, ਆਪਣੀ ਮਾਲਾ ਸਾਚਾ ਨਾਉਂ ਤੇਰੇ ਤਨ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਹਰਿਜਨ ਦੇਵੇ ਸਾਚਾ ਵਰ, ਵਰ ਘਰ ਸਾਚਾ ਇਕ ਵਖਾਇੰਦਾ । ਵਰ ਘਰ ਸਾਚਾ ਹਰਿ ਹਰਿ ਕੰਤ, ਕੰਤ ਕੰਤੂਹਲ ਵਡੀ ਵਡਿਆਈਆ । ਗੁਰਮੁਖ ਵਿਰਲਾ ਜਾਣੇ ਸੰਤ, ਜਿਸ ਜਨ ਆਪਣੀ ਬੂਝ ਬੁਝਾਈਆ । ਗੰਗਾ ਗੋਦਾਵਰੀ ਜਮਨਾ ਸੁਰਸਤੀ ਅਠਸਠ ਤੀਰਥ ਹੋਏ ਮੰਗਤ, ਸਾਚੀ ਵਸਤ ਨਾ ਕੋਈ ਰਖਾਈਆ । ਰੂਪ ਅਨੂਪ ਨਾ ਦਿਸੇ ਅਖੰਡਤ, ਲੇਖਾ ਚੁੱਕਿਆ ਜੇਰਜ ਅੰਡਤ, ਖਾਣੀ ਬਾਣੀ ਦਏ ਸਭ ਦੁਹਾਈਆ । ਤੇਈ ਅਵਤਾਰ ਵੇਖਣ ਚਲ ਦਰਬਾਰ, ਪੁਰਖ ਅਬਿਨਾਸ਼ੀ ਏਕਾ ਲਾਇਆ ਵਿਚ ਸੰਸਾਰ, ਜਨ ਭਗਤਾਂ ਦੇਵੇ ਮਾਣ ਵਡਿਆਈਆ । ਗੁਰਮੁਖ ਵਿਰਲਾ ਜਿਸ ਜਾਣੇ ਪ੍ਰਭ ਆਤਮ ਅੰਤਰ, ਅੰਤਰ ਆਤਮ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਗੁਰਸਿਖ ਗੁਰਮੁਖ ਹਰਿਜਨ ਹਰਿਸੰਤ ਭਗਤ ਭਗਵੰਤ ਮੁਰਸ਼ਦ ਮੁਰੀਦ ਦੀਦ ਈਦ ਜ਼ਾਹਰ ਬਾਤਨ ਆਪਣਾ ਮੇਲ ਮਿਲਾਈਆ ।

★ ੧੯ ਭਾਦਰੋਂ ੨੦੧੮ ਬਿਕ੍ਰਮੀ ਨਛੱਤਰ ਸਿੰਘ ਦੇ ਗ੍ਰਿਹਿ ਪਿੰਡ ਬੁਰਜ ਹਰੀ ਸਿੰਘ ਵਾਲਾ ★

ਹਰਿ ਭਾਣਾ ਬਲਵਾਨ, ਆਦਿ ਜੁਗਾਦਿ ਵਰਤਾਇੰਦਾ । ਜੁਗ ਜੁਗ ਖੇਲੇ ਖੇਲ ਮਹਾਨ, ਹਰਿ ਕਾ ਭੇਵ ਕੋਇ ਨਾ ਪਾਇੰਦਾ । ਨਿਹਚਲ

ਵਸੇ ਸਚ ਮਕਾਨ, ਸਚਖੰਡ ਸਾਚੇ ਸੋਭਾ ਪਾਇੰਦਾ । ਸ਼ਬਦ ਅਗੰਮੀ ਧੁਰ ਫ਼ਰਮਾਨ, ਜੁਗਾ ਜੁਗੰਤਰ ਆਪ ਜਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰ ਪਰਧਾਨ, ਸਾਚੇ ਮਾਰਗ ਲਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਪ ਉਪਾਏ ਸਚ ਨਿਸ਼ਾਨ, ਸਚ ਨਿਸ਼ਾਨਾ ਆਪ ਝੁਲਾਇੰਦਾ । ਰਵ ਸਸ ਕਿਰਨੀ ਕਿਰਨ ਕਰ ਪਰਵਾਨ, ਨੂਰ ਨੁਰਾਨਾ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪਣੇ ਹੱਥ ਰਖਾਇੰਦਾ । ਆਪਣਾ ਭੇਵ ਹਰਿ ਨਿਰੰਕਾਰ, ਆਪਣੇ ਹੱਥ ਰਖਾਈਆ । ਨਿਰਗੁਣ ਨਿਰਵੈਰ ਹੋ ਉਜਿਆਰ, ਦੋ ਜਹਾਨਾਂ ਖੇਲ ਕਰਾਈਆ । ਨਿਰਗੁਣ ਸਰਗੁਣ ਸਾਚੀ ਧਾਰ, ਸੋ ਪੁਰਖ ਨਿਰੰਜਣ ਆਪ ਚਲਾਈਆ । ਹਰਿ ਪੁਰਖ ਨਿਰੰਜਣ ਖੇਲ ਅਪਾਰ, ਬੇਅੰਤ ਵਡ ਵਡਿਆਈਆ । ਏਕੰਕਾਰ ਪਾਵੇ ਸਾਰ, ਆਪਣਾ ਪਰਦਾ ਆਪ ਉਠਾਈਆ । ਆਦਿ ਨਿਰੰਜਣ ਹੋ ਉਜਿਆਰ, ਨੂਰ ਨੁਰਾਨਾ ਡਗਮਗਾਈਆ । ਪੁਰਖ ਅਬਿਨਾਸ਼ੀ ਜੁਗਾ ਜੁਗੰਤਰ ਸਾਚੀ ਕਾਰ, ਸ੍ਰੀ ਭਗਵਾਨ ਹੱਥ ਵਖਾਈਆ । ਪਾਰਬ੍ਰਹਮ ਕਰੇ ਖੇਲ ਅਪਰ ਅਪਾਰ, ਅਪਰੰਪਰ ਆਪਣਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣਾ ਭੇਵ ਆਪ ਜਣਾਈਆ । ਆਦਿ ਪੁਰਖ ਭੇਵ ਅਵੱਲਾ, ਆਪਣੇ ਹੱਥ ਰਖਾਇੰਦਾ । ਵਸਣਹਾਰਾ ਸਚਖੰਡ ਸਚ ਮਹੱਲਾ, ਸਾਚੇ ਮੰਦਰ ਸੋਭਾ ਪਾਇੰਦਾ । ਜੋਤੀ ਜੋਤ ਆਪੇ ਰੱਲਾ, ਜੋਤੀ ਜਾਤਾ ਡਗਮਗਾਇੰਦਾ । ਸਚ ਸੰਦੇਸ ਏਕਾ ਘੱਲਾ, ਸ਼ਬਦੀ ਨਾਦ ਵਜਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਫੜਾਇਆ ਪੱਲਾ, ਨਾਮ ਨਾਮਾ ਬੰਧਨ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਸਾਚਾ ਖੇਲ ਹੱਥ ਕਰਤਾਰ, ਆਪਣੇ ਹੱਥ ਰਖਾਈਆ । ਤ੍ਰੈ ਤ੍ਰੈ ਮੀਤਾ ਹੋ ਉਜਿਆਰ, ਤ੍ਰੈ ਤ੍ਰੈ ਲੇਖਾ ਦਏ ਸਮਝਾਈਆ । ਸਤਿ ਸਤਿਵਾਦੀ ਠਾਂਡਾ ਦਰਬਾਰ, ਧੁਰ ਦਰਬਾਰਾ ਆਪ ਵਖਾਈਆ । ਆਪਣੀ ਇਛਿਆ ਕਰ ਤਿਆਰ, ਆਪੇ ਲਏ ਪਰਗਟਾਈਆ । ਵੰਡੇ ਵੰਡ ਅਗੰਮ ਅਪਾਰ, ਵੰਡਣਹਾਰਾ ਇਕ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਹੱਥ ਆਪਣੀ ਖੇਲ ਕਰਾਈਆ । ਸਾਚੀ ਵੰਡ ਪੁਰਖ ਸਮਰਥ, ਆਪਣੀ ਆਪ ਵੰਡਾਇੰਦਾ । ਸੋ ਪੁਰਖ ਨਿਰੰਜਣ ਮਹਿਮਾ ਅਕਥ, ਆਪਣਾ ਰੂਪ ਆਪ ਧਰਾਇੰਦਾ । ਆਪ ਚਲਾਏ ਸਾਚਾ ਰਥ, ਰਥ ਰਥਵਾਹੀ ਸੇਵ ਕਮਾਇੰਦਾ । ਆਪਣੇ ਮੰਦਰ ਹੋ ਪਰਗਟ, ਆਪਣੀ ਧਾਰ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਕਰੇ ਹਰਿ, ਗ੍ਰਿਹ ਆਪਣਾ ਆਪ ਸੁਹਾਇੰਦਾ । ਸਾਚੇ ਗ੍ਰਿਹ ਗ੍ਰਿਹ ਗ੍ਰਿਹ ਕਾਰ, ਗ੍ਰਿਹਿਵੰਤਾ ਆਪ ਕਰਾਈਆ । ਸੱਤ ਦਿਵਸ ਸੱਤ ਗ੍ਰਿਹ ਕਰ ਤਿਆਰ, ਸਤਿ ਸਤਿਵਾਦੀ ਮੇਲ ਮਿਲਾਈਆ । ਰਾਹੂ ਕੇਤੂ ਪੁਰਖ ਨਾਰ, ਏਕਾ ਰੰਗ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣਾ ਘਾੜਨ ਆਪ ਘੜਾਈਆ । ਨੌਂ ਗ੍ਰਿਹ ਕਰ ਤਿਆਰ, ਆਪਣਾ ਖੇਲ ਖਿਲਾਇੰਦਾ । ਵਿਸ਼ਨ ਬ੍ਰਹਮਾ ਕਰਿਆ ਖ਼ਬਰਦਾਰ, ਏਕਾ ਹੁਕਮ ਸੁਣਾਇੰਦਾ । ਤ੍ਰੈਗੁਣ ਮਾਇਆ ਭਰ ਭੰਡਾਰ, ਪੰਚਮ ਜੋੜ ਜੁੜਾਇੰਦਾ । ਰਜੋ ਤਮੋ ਸਤੋ ਦੇ ਆਧਾਰ, ਅਪ ਤੇਜ਼ ਵਾਏ ਪ੍ਰਿਥਮੀ ਆਕਾਸ਼ ਰੰਗ ਰੰਗਾਇੰਦਾ । ਨਿਰਗੁਣ ਸਰਗੁਣ ਕਰ ਤਿਆਰ, ਪੰਜ ਤੱਤ ਖੇੜਾ ਆਪ ਵਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਬੰਧਨ ਆਪੇ ਪਾਇੰਦਾ । ਪੰਜ ਤੱਤ ਖੇੜਾ ਲੱਖ ਚੁਰਾਸੀ, ਪੁਰਖ ਅਬਿਨਾਸ਼ੀ ਆਪ ਉਪਾਈਆ । ਆਪੇ ਖੇਲੇ ਖੇਲ ਤਮਾਸ਼ੀ, ਖੇਲਣਹਾਰ ਆਪ ਹੋ ਜਾਈਆ । ਘਟ ਘਟ ਅੰਦਰ ਪਾਵੇ ਰਾਸੀ, ਨਿਰਗੁਣ


੧੧੮੦ ੧੦

ਸਰਗੁਣ ਵੇਖ ਵਖਾਈਆ । ਸਰਬ ਗੁਣ ਭਰਪੂਰ ਸਰਬ ਗੁਣ ਤਾਸੀ, ਏਕੰਕਾਰ ਨਾਉਂ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੱਠਾਂ ਤੱਤਾਂ ਮੇਲ ਮਿਲਾਈਆ । ਅੱਠ ਤੱਤ ਮੇਲ ਮਿਲਨਾ, ਏਕਾ ਰੰਗ ਰੰਗਾਇੰਦਾ । ਲੱਖ ਚੁਰਾਸੀ ਘਾੜਤ ਘੜਨਾ, ਘੜ ਘੜ ਆਪੇ ਵੇਖ ਵਖਾਇੰਦਾ । ਜੋਤ ਨਿਰੰਜਣ ਚਾੜ੍ਹੇ ਚੰਨਾ, ਨੂਰ ਨੁਰਾਨਾ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੱਠ ਤੱਤ ਆਪਣਾ ਖੇਲ ਖਿਲਾਇੰਦਾ । ਅੱਠ ਤੱਤ ਖੇਲ ਨਿਆਰਾ, ਸੋ ਪੁਰਖ ਨਿਰੰਜਣ ਆਪ ਕਰਾਈਆ । ਘਰ ਵਿਚ ਘਰ ਕਰ ਤਿਆਰਾ, ਘਰ ਬੈਠਾ ਆਸਣ ਲਾਈਆ । ਘਰ ਸੂਰਜ ਚੰਨ ਮੰਡਲ ਮੰਡਪ ਬਣਾਏ ਸਤਾਰਾ, ਅਨਭਵ ਪਰਕਾਸ਼ ਕਰਾਈਆ । ਘਰ ਸ਼ਬਦ ਨਾਦ ਧੁੰਨਕਾਰਾ, ਬੋਧ ਅਗਾਧੀ ਰਿਹਾ ਸੁਣਾਈਆ । ਘਰ ਅੰਮ੍ਰਿਤ ਠੰਡਾ ਠਾਰਾ, ਨਿਝਰ ਝਿਰਨਾ ਰਿਹਾ ਝਿਰਾਈਆ । ਘਰ ਵੇਖੇ ਡੂੰਘੀ ਗਾਰਾ, ਕਾਇਆ ਕਵਰੀ ਫੋਲ ਫੋਲਾਈਆ । ਘਰ ਪੰਚਮ ਲੱਗਾ ਅਖਾੜਾ, ਤ੍ਰੈ ਤ੍ਰੈ ਆਪੇ ਨਾਚ ਨਚਾਈਆ । ਕਰੇ ਖੇਲ ਅਪਰ ਅਪਾਰਾ, ਆਦਿ ਜੁਗਾਦਿ ਬੇਪਰਵਾਹੀਆ । ਲੱਖ ਚੁਰਾਸੀ ਭਰ ਭੰਡਾਰਾ, ਏਕਾ ਗੁਣ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਅੱਠ ਤੱਤ ਮੇਲ ਮਿਲਾਈਆ । ਅੱਠ ਤੱਤ ਤਤਵ ਤਤ, ਹਰਿ ਸਾਚਾ ਮੇਲ ਮਿਲਾਇੰਦਾ । ਹੱਡ ਮਾਸ ਨਾੜੀ ਰਤ, ਕਾਇਆ ਪਿੰਜਰ ਜੋੜ ਜੁੜਾਇੰਦਾ । ਅੰਦਰ ਰੱਖੇ ਬ੍ਰਹਮ ਕਮਲਾਪਤ, ਪਾਰਬ੍ਰਹਮ ਵੰਡ ਵੰਡਾਇੰਦਾ । ਧੀਰਜ ਸੰਤੋਖ ਸਾਚਾ ਜਤ, ਸਤਿ ਸਤਿਵਾਦੀ ਆਪ ਰਖਾਇੰਦਾ । ਆਪੇ ਜਾਣੇ ਆਪਣਾ ਨੱਤ, ਨਾਤਾ ਬਿਧਾਤਾ ਜੋੜ ਜੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਗਾਥਾ ਆਪ ਸੁਣਾਇੰਦਾ । ਸਾਚੀ ਗਾਥਾ ਨਾਦ ਧੁਨ, ਧੁਨ ਆਤਮਕ ਆਪ ਵਜਾਈਆ । ਆਪੇ ਖੋਲ੍ਹਣਹਾਰਾ ਸੁੰਨ, ਸੁੰਨ ਸਮਾਧ ਭੇਵ ਚੁਕਾਈਆ । ਜੁਗਾ ਜੁਗੰਤਰ ਭਗਤ ਭਗਵੰਤ ਆਪੇ ਚੁਣ, ਆਪਣੀ ਬੂਝ ਬੁਝਾਈਆ । ਲੱਖ ਚੁਰਾਸੀ ਪੁਕਾਰ ਰਿਹਾ ਸੁਣ, ਅਭੁਲ ਭੁਲ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣੀ ਖੇਲ ਕਰਾਈਆ । ਜੁਗ ਜੁਗ ਖੇਲ ਅਵੱਲੜਾ, ਕਰੇ ਕਰਾਏ ਹਰਿ ਕਰਤਾਰ । ਦੋ ਜਹਾਨ ਫੜਾਏ ਪਲੜਾ, ਆਪ ਆਪਣੀ ਕਿਰਪਾ ਧਾਰ । ਆਪੇ ਜਾਣੇ ਆਪਣਾ ਰਾਹ ਸੁਖਲੜਾ, ਆਪੇ ਮਾਰਗ ਕਰੇ ਵਿਚਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਵਿਚ ਸੰਸਾਰ । ਸਾਚਾ ਖੇਲ ਹਰਿ ਨਿਰੰਕਾਰਾ, ਲੋਕਮਾਤ ਕਰਾਈਆ । ਸਤਿਜੁਗ ਤ੍ਰੇਤਾ ਦੁਆਪਰ ਕਰਿਆ ਪਾਰ ਕਿਨਾਰਾ, ਥਿਰ ਕੋਇ ਰਹਿਣ ਨਾ ਪਾਈਆ । ਸੇਵਾ ਲਾਏ ਗੁਰ ਅਵਤਾਰਾ, ਜੁਗ ਜੁਗ ਸੇਵ ਕਮਾਈਆ । ਭਗਤਨ ਦੇਵੇ ਨਾਮ ਆਧਾਰਾ, ਏਕਾ ਗੁਣ ਜਣਾਈਆ । ਸੰਤਨ ਖੋਲ੍ਹੇ ਬੰਦ ਕਿਵਾੜਾ, ਆਤਮ ਬ੍ਰਹਮ ਪਰਗਟਾਈਆ । ਗੁਰਮੁਖਾਂ ਦੇਵੇ ਇਕ ਹੁਲਾਰਾ, ਏਕਾ ਰੰਗ ਰੰਗਾਈਆ । ਗੁਰਸਿਖ ਬਖ਼ਸ਼ੇ ਚਰਨ ਛਾਰਾ, ਧੂੜੀ ਮਸਤਕ ਟਿੱਕਾ ਲਾਈਆ । ਜੁਗਾ ਜੁਗੰਤਰ ਮਨਮੁਖ ਕਰੇ ਜੀਵ ਖ਼ਵਾਰਾ, ਦੇਵੇ ਆਪ ਸਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਵੇਸ ਵਟਾਈਆ । ਨਿਰਗੁਣ ਸਰਗੁਣ ਹਰਿ ਹਰਿ ਧਾਰ, ਆਪਣੀ ਆਪ ਰਖਾਇੰਦਾ । ਜੁਗਾ ਜੁਗੰਤਰ ਲੈ ਅਵਤਾਰ, ਲੋਕਮਾਤ ਵੇਸ ਵਟਾਇੰਦਾ । ਸ਼ਬਦ ਅਗੰਮੀ ਬੋਲ ਜੈਕਾਰ, ਧੁਰ ਫ਼ਰਮਾਨਾ ਆਪ ਸੁਣਾਇੰਦਾ । ਲੱਖ ਚੁਰਾਸੀ ਕਰੇ ਖ਼ਬਰਦਾਰ, ਸੋਇਆ ਕੋਇ ਰਹਿਣ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਤ੍ਰੇਤਾ ਦੁਆਪਰ ਵੰਡ ਵੰਡਾਇੰਦਾ । ਸਤਿਜੁਗ

ਤ੍ਰੇਤਾ ਦੁਆਪਰ ਉਤਰਿਆ ਆਪਣੇ ਘਾਟ, ਲੋਕਮਾਤ ਰਹਿਣ ਨਾ ਪਾਈਆ । ਗੁਰ ਅਵਤਾਰ ਗਾ ਗਾ ਗਏ ਆਪਣੀ ਗਾਥ, ਵੇਦ ਸ਼ਾਸਤਰ ਸਿਮਰਤ ਨਾਲ ਰਲਾਈਆ । ਚਾਰੋਂ ਕੁੰਟ ਅੰਤ ਹੋਏ ਅੰਧੇਰੀ ਰਾਤ, ਜਗਤ ਅੰਧੇਰਾ ਛਾਈਆ । ਕਰੇ ਖੇਲ ਪੁਰਖ ਸਮਰਾਥ, ਆਪਣਾ ਨੂਰ ਆਪ ਧਰਾਈਆ । ਗ਼ਰੀਬ ਨਿਮਾਣਿਆਂ ਪੁਛੇ ਵਾਤ, ਸਖ਼ਾ ਸੁਹੇਲਾ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਤ੍ਰੇਤਾ ਦੁਆਪਰ ਆਪਣੇ ਵਿਚ ਸਮਾਈਆ । ਸਤਿਜੁਗ ਤ੍ਰੇਤਾ ਦੁਆਪਰ ਉਤਰਿਆ ਪਾਰ, ਕਲਜੁਗ ਆਪਣਾ ਹੁਕਮ ਸੁਣਾਇਆ । ਨੌਂ ਖੰਡ ਪ੍ਰਿਥਮੀ ਹੋਣਾ ਪਰਧਾਨ, ਸੱਤਾਂ ਦੀਪਾਂ ਤੇਰਾ ਰੰਗ ਚੜ੍ਹਾਇਆ । ਚਾਰ ਕੁੰਟ ਝੁਲੌਣਾ ਨਿਸ਼ਾਨ, ਦਹਿ ਦਿਸ਼ਾ ਵੇਖ ਵਖਾਇਆ । ਤੇਰਾ ਬਲ ਜ਼ਿਮੀਂ ਅਸਮਾਨ, ਬਲਧਾਰੀ ਆਪ ਅਖਵਾਇਆ । ਜੂਠ ਝੂਠ ਹੋਏ ਪਰਧਾਨ, ਮਾਇਆ ਮਮਤਾ ਨਾਲ ਰਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੱਠਾਂ ਤੱਤਾਂ ਵੇਖ ਵਖਾਇਆ । ਕਲਜੁਗ ਮੰਨ ਹਰਿ ਫ਼ਰਮਾਨਾ, ਨਿਉਂ ਨਿਉਂ ਸੀਸ ਝੁਕਾਇੰਦਾ । ਤੂੰ ਸ਼ਾਹ ਪਾਤਸ਼ਾਹ ਸੱਚਾ ਰਾਣਾ, ਹਉਂ ਬਾਲਕ ਸੇਵ ਕਮਾਇੰਦਾ । ਨੌਂ ਖੰਡ ਪ੍ਰਿਥਮੀ ਵੇਖਾਂ ਮਾਰ ਧਿਆਨਾ, ਲੁਕਿਆ ਕੋਇ ਰਹਿਣ ਨਾ ਪਾਇੰਦਾ । ਲੱਖ ਚੁਰਾਸੀ ਬੰਨਾਂ ਗਾਨਾ, ਜੂਠਾ ਝੂਠਾ ਤੰਦ ਵਖਾਇੰਦਾ । ਘਰ ਘਰ ਚੜ੍ਹਾਵਾਂ ਇਕ ਨਿਸ਼ਾਨਾ, ਸਚ ਨਿਸ਼ਾਨਾ ਨਾ ਕੋਇ ਉਠਾਇੰਦਾ । ਆਪਣੇ ਮਾਰਗ ਆਪੇ ਪਾਵਾਂ, ਤੇਰੀ ਓਟ ਤਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਉਂ ਸਾਚੀ ਮੰਗ ਮੰਗਾਇੰਦਾ । ਮੰਗੇ ਮੰਗ ਬਣ ਭਿਖਾਰ, ਪ੍ਰਭ ਅੱਗੇ ਸੀਸ ਝੁਕਾਈਆ । ਕਲਜੁਗ ਰੋਵੇ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਈਆ । ਲੱਖ ਚੁਰਾਸੀ ਤੇਰਾ ਸੰਸਾਰ, ਤੇਰੀ ਕ਼ੁਦਰਤ ਵੇਖ ਵਖਾਈਆ ।

੧੦
ਹਰ ਘਟ ਰਵਿਆ ਤੂੰ ਕਰਤਾਰ, ਘਟ ਘਟ ਬੈਠਾ ਆਸਣ ਲਾਈਆ । ਗ੍ਰਿਹਿ ਗ੍ਰਿਹਿ ਵੱਜੇ ਤੇਰਾ ਨਾਦ ਧੁੰਨਕਾਰ, ਸ਼ਬਦ ਅਨਾਦੀ ਨਾਦ ਸੁਣਾਈਆ । ਘਰ ਘਰ ਝਿਰਨਾ ਝਿਰੇ ਅਪਾਰ, ਅੰਮ੍ਰਿਤ ਮੇਘ ਰਿਹਾ ਬਰਸਾਈਆ । ਮੈਂ ਜਾਵਾਂ ਕਿਸ ਦਵਾਰ, ਮੋਹੇ ਸਾਚਾ ਦਰ ਦੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਮੇਰੇ ਹੱਥ ਟਿਕਾਈਆ । ਪੁਰਖ ਅਬਿਨਾਸ਼ੀ ਹੋ ਦਿਆਲ, ਆਪਣੀ ਦਇਆ ਕਮਾਇੰਦਾ । ਕਲਜੁਗ ਤੇਰੀ ਕਰਾਂ ਪ੍ਰਿਤਪਾਲ, ਸਿਰ ਤੇਰੇ ਹੱਥ ਟਿਕਾਇੰਦਾ । ਤੇਰੇ ਨਾਲ ਰਖਾਵਾਂ ਕਾਲ, ਤੇਰਾ ਸੰਗ ਨਿਭਾਇੰਦਾ । ਆਪਣਾ ਮੁਖ ਆਪਣੇ ਵਿਚ ਲਵਾਂ ਸੰਭਾਲ, ਦਿਸ ਕਿਸੇ ਨਾ ਆਇੰਦਾ । ਤ੍ਰੈਗੁਣ ਮਾਇਆ ਪਾਵਾਂ ਜਾਲ, ਪੰਚਮ ਖੇਡ ਖਡਾਇੰਦਾ । ਲੱਖ ਚੁਰਾਸੀ ਹੋਏ ਬੇਹਾਲ, ਮੇਰਾ ਰੂਪ ਕਿਸੇ ਨਜ਼ਰ ਨਾ ਆਇੰਦਾ । ਜੂਠਾ ਝੂਠਾ ਵੱਜੇ ਤਾਲ, ਡੌਰੂ ਡੰਕਾ ਤੇਰੇ ਹੱਥ ਫੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੱਠਾਂ ਤੱਤਾਂ ਆਪਣਾ ਹੁਕਮ ਚਲਾਇੰਦਾ । ਅੱਠ ਤੱਤ ਹੁਕਮੀ ਕਾਰ, ਕਰਤਾ ਪੁਰਖ ਆਪ ਕਰਾਈਆ । ਕਲਜੁਗ ਤੇਰਾ ਮੀਤ ਮੁਰਾਰ, ਤੇਰਾ ਸੰਗ ਨਿਭਾਈਆ । ਤੇਰਾ ਲਹਿਣਾ ਦੇਣਾ ਕ਼ਰਜ਼ਾ ਦਏ ਉਤਾਰ, ਲਹਿਣਾ ਦੇਣਾ ਝੋਲੀ ਪਾਈਆ । ਤੇਰੀ ਆਯੂ ਲੱਖ ਚਾਰ ਬੱਤੀ ਹਜ਼ਾਰ, ਵੇਦ ਵਿਆਸਾ ਗਿਆ ਲਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਗੁਣ ਰਿਹਾ ਸਮਝਾਈਆ । ਕਲਜੁਗ ਰੋ ਰੋ ਪੁਕਾਰਿਆ, ਪ੍ਰਭ ਅੱਗੇ ਮਾਰੇ ਧਾਹ । ਲੱਖ ਚਾਰ ਬੱਤੀ ਹਜ਼ਾਰ ਨਾ ਜਾਏ ਮੈਥੋਂ ਗੁਜ਼ਾਰਿਆ, ਮੈਂ ਕਰ ਕਰ ਬੈਠਾ ਨਾਂਹ । ਚਾਰੋਂ ਕੁੰਟ ਜੀਵ ਤੇਰਾ ਪਸਾਰਿਆ, ਮੈਂ ਫਿਰ ਫਿਰ ਵੇਖਿਆ ਥਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਉਂ ਚਰਨੀ ਡਿਗਾ ਆ । ਚਰਨੀ ਡਿਗਾ ਹੋ ਨਿਮਾਣਾ,

ਨਿਉਂ ਨਿਉਂ ਸੀਸ ਝੁਕਾਇੰਦਾ । ਏਕਾ ਦੇਣਾ ਸਾਚਾ ਦਾਨਾ, ਖ਼ਾਲੀ ਝੋਲੀ ਅੱਗੇ ਡਾਹਿੰਦਾ । ਤੂੰ ਸ਼ਾਹ ਪਾਤਸ਼ਾਹ ਸਾਚਾ ਰਾਣਾ, ਤੇਰਾ ਹੁਕਮ ਮੋਹੇ ਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰਾ ਵਰ ਮੇਰਾ ਘਰ ਸੁਹਾਇੰਦਾ । ਪੁਰਖ ਅਬਿਨਾਸ਼ੀ ਹੋ ਮਿਹਰਵਾਨਾ, ਆਪਣੀ ਦਇਆ ਕਮਾਈਆ । ਕਲਜੁਗ ਤੇਰਾ ਸੰਗ ਰਖਾਨਾ, ਰੂਪ ਅਨੂਪ ਧਰਾਈਆ । ਈਸਾ ਮੂਸਾ ਪਹਿਰ ਬਾਣਾ, ਨੂਰ ਨੂਰ ਦਰਸਾਈਆ । ਆਪ ਜਣਾਏ ਆਪਣਾ ਕਲਾਮਾ, ਕਾਇਨਾਤ ਰੁਸ਼ਨਾਈਆ । ਆਪ ਜਣਾਏ ਆਪਣਾ ਇਸਲਾਮਾ, ਇਸਮ ਆਜ਼ਮ ਆਪ ਹੋ ਜਾਈਆ । ਆਪੇ ਪਹਿਰੇ ਆਪਣਾ ਬਾਣਾ, ਰੂਪ ਅਨੂਪ ਧਰਾਈਆ । ਆਪੇ ਮੁਹੰਮਦ ਕਰੇ ਦਰ ਪਰਵਾਨਾ, ਕਾਲੀ ਕਫ਼ਨੀ ਤਨ ਵਖਾਈਆ । ਆਪੇ ਚਾਰ ਯਾਰੀ ਕਰੇ ਨਿਸ਼ਾਨਾ, ਚਾਰੋਂ ਕੁੰਟ ਵੰਡ ਵੰਡਾਈਆ । ਆਪੇ ਅੱਠਾਂ ਤੱਤਾਂ ਬੰਨ੍ਹੇ ਗਾਨਾ, ਮੌਲੀ ਤੰਦ ਨਾਲ ਰਲਾਈਆ । ਆਪ ਰਾਗ ਸੁਣਾਏ ਕਾਨਾ, ਕਲਮਾ ਇਲਾਹੀ ਆਪ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਸਗਲਾ ਸੰਗ ਵਖਾਈਆ । ਤੇਰਾ ਸਗਲਾ ਸੰਗ ਲੋਕਮਾਤ, ਤ੍ਰੈਗੁਣ ਆਪਣਾ ਆਪ ਨਿਭਾਇੰਦਾ । ਆਪੇ ਵੇਖੇ ਮਾਰ ਝਾਤ, ਆਪਣਾ ਪਰਦਾ ਆਪ ਉਠਾਇੰਦਾ । ਪੂਰਾ ਕਰੇ ਭਵਿਖਤ ਵਾਕ, ਕੀਤਾ ਕੌਲ ਭੁਲ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਹੁਕਮ ਸੁਣਾਇੰਦਾ । ਏਕਾ ਹੁਕਮ ਧੁਰ ਫ਼ਰਮਾਨਾ, ਹਰਿ ਜੂ ਹਰਿ ਹਰਿ ਆਪ ਸੁਣਾਈਆ । ਅੱਠ ਤੱਤ ਵੇਖ ਨਿਸ਼ਾਨਾ, ਜਗਤ ਨਿਸ਼ਾਨਾ ਰੂਪ ਵਟਾਈਆ । ਏਕਾ ਹੁਕਮ ਇਕ ਫ਼ਰਮਾਨਾ, ਏਕਾ ਰਿਹਾ ਸੁਣਾਈਆ । ਏਕਾ ਮੰਦਰ ਇਕ ਮਕਾਨਾ, ਏਕਾ ਰਿਹਾ ਸੁਹਾਈਆ । ਏਕਾ ਰਾਜ ਇਕ ਰਾਜਾਨਾ, ਏਕਾ ਵੇਖੇ ਸਾਚੀ ਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਫ਼ਰਮਾਨਾ ਆਪ ਸੁਣਾਈਆ । ਧੁਰ ਫ਼ਰਮਾਨਾ ਸੁਣਿਆ ਕੰਨ, ਚੁਕਿਆ ਭਰਮ ਅੰਦੇਸਾ । ਕਲਜੁਗ ਦਰ ਗਿਆ ਮੰਨ, ਕਰੇ ਆਪ ਆਦੇਸਾ । ਤੂੰ ਦਾਤਾ ਦੇਵਣਹਾਰਾ ਡੰਨ, ਮੇਰੀ ਕੋਈ ਨਾ ਜਾਏ ਪੇਸ਼ਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮੈਂ ਤੇਰਾ ਦਰਸ ਅੰਤ ਨੇਤਰ ਨੈਣ ਪੇਖਾਂ । ਅੰਤ ਤੇਰਾ ਦਰਸਨ ਪੌਣਾ, ਏਕਾ ਆਸ ਰਖਾਈਆ । ਮੁਹੰਮਦ ਅੰਤ ਪੰਧ ਮੁਕੌਣਾ, ਥਿਰ ਕੋਇ ਰਹਿਣ ਨਾ ਪਾਈਆ । ਕਵਣ ਘਰ ਡੇਰਾ ਲੌਣਾ, ਏਕਾ ਵਾਰ ਦੇ ਸਮਝਾਈਆ । ਕਵਣ ਰੂਪ ਮਾਤ ਵਟੌਣਾ, ਨਿਰਗੁਣ ਜੋਤ ਕਰ ਰੁਸ਼ਨਾਈਆ । ਕਵਣ ਨਾਦ ਬ੍ਰਹਿਮਾਦ ਸੁਣੌਣਾ, ਵੇਦ ਕਤੇਬ ਭੇਵ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮੇਰੀ ਇਛਿਆ ਪੂਰ ਕਰਾਈਆ । ਇਛਿਆ ਪੂਰ ਸ੍ਰੀ ਭਗਵੰਤ, ਏਕਾ ਹੁਕਮ ਸੁਣਾਇੰਦਾ । ਨਾਨਕ ਨਿਰਗੁਣ ਆਏ ਸਾਚਾ ਕੰਤ, ਹਰਿਜਨ ਨਾਰੀ ਆਪ ਪਰਨਾਇੰਦਾ । ਲੱਖ ਚੁਰਾਸੀ ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਜੋ ਜਨ ਸਰਨਾਈ ਆਇੰਦਾ । ਰਸਨਾ ਜਿਹਵਾ ਜਣਾਏ ਮਣੀਆ ਮੰਤ, ਨਾਮ ਪਟੀਆ ਇਕ ਪੜ੍ਹਾਇੰਦਾ । ਗੜ੍ਹ ਤੋੜੇ ਹਉਮੇ ਹੰਗਤ, ਅੱਠਾਂ ਤੱਤਾਂ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਹੁਕਮ ਆਪ ਸੁਣਾਇੰਦਾ । ਏਕਾ ਹੁਕਮ ਆਦਿ ਅੰਤ, ਹਰਿ ਸਾਚਾ ਆਪ ਜਣਾਈਆ । ਗੁਰਮੁਖ ਵਿਰਲਾ ਜਾਣੇ ਸੰਤ, ਜਿਸ ਜਨ ਬੂਝ ਬੁਝਾਈਆ । ਲੱਖ ਚੁਰਾਸੀ ਮਾਇਆ ਪਾਏ ਬੇਅੰਤ, ਪਰਦਾ ਸਕੇ ਨਾ ਕੋਇ ਉਠਾਈਆ । ਭਰਮੇ ਭੁੱਲੇ ਜੀਵ ਜੰਤ, ਭਾਂਡਾ ਭਰਮ ਨਾ ਕੋਇ ਭੰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ

ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਹਰਿ ਨਿਰੰਕਾਰਾ, ਆਦਿ ਜੁਗਾਦਿ ਸਮਾਇੰਦਾ । ਸਾਚੇ ਤਖ਼ਤ ਬੈਠ ਸੱਚੀ ਸਰਕਾਰਾ, ਸਾਚਾ ਹੁਕਮ ਚਲਾਇੰਦਾ । ਨਾਨਕ ਨਿਰਗੁਣ ਅੱਠਾਂ ਤੱਤਾਂ ਕਰੇ ਪਾਰ ਕਿਨਾਰਾ, ਵਰਨ ਗੋਤ ਨਾ ਕੋਇ ਰਖਾਇੰਦਾ । ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਦਏ ਸਹਾਰਾ, ਏਕਾ ਰੰਗ ਚੜ੍ਹਾਇੰਦਾ । ਆਪੇ ਖੋਲ੍ਹੇ ਬੰਦ ਕਿਵਾੜਾ, ਦੂਈ ਦਵੈਤੀ ਮੇਟ ਮਿਟਾਇੰਦਾ । ਮੇਟ ਮਿਟਾਏ ਪੰਚਮ ਧਾੜਾ, ਸ਼ਬਦ ਨਾਦ ਸੁਣਾਇੰਦਾ । ਜੋ ਜਨ ਆਏ ਚਲ ਦਵਾਰਾ, ਕਾਲ ਗਰਾਸ ਨਾ ਅੰਤ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣੀ ਵੰਡ ਆਪ ਵੰਡਾਇੰਦਾ । ਆਪਣੀ ਵੰਡ ਵੰਡੇ ਬ੍ਰਹਿਮੰਡ, ਖੋਜਤ ਖੋਜ ਆਪ ਹੋ ਜਾਈਆ । ਲੇਖਾ ਜਾਣੇ ਜੇਰਜ ਅੰਡ, ਉਤਭੁਜ ਸੇਤਜ ਫੋਲ ਫੋਲਾਈਆ । ਕਲਜੁਗ ਅੰਤਮ ਨਾਰ ਦੁਹਾਗਣ ਸ੍ਰਿਸ਼ਟ ਸਬਾਈ ਹੋਏ ਰੰਡ, ਹਰਿ ਕੰਤ ਨਜ਼ਰ ਨਾ ਆਈਆ । ਨੌਂ ਖੰਡ ਪ੍ਰਿਥਮੀ ਹੋਏ ਭੇਖ ਪਖੰਡ, ਕਲਜੁਗ ਤੇਰੀ ਕਿਰਿਆ ਨਾਚ ਨਚਾਈਆ । ਰਸਨਾ ਜਿਹਵਾ ਲੱਗੇ ਗੰਦ, ਹਰਿ ਕਾ ਨਾਮ ਨਾ ਕੋਇ ਧਿਆਈਆ । ਆਤਮ ਮਿਲੇ ਨਾ ਪਰਮਾਨੰਦ, ਮਨ ਮਤ ਜਗਤ ਕਸਾਈਆ । ਕੋਇ ਨਾ ਗਾਏ ਸੁਹਾਗੀ ਛੰਦ, ਜਿਹਵਾ ਕਾਗ ਵਾਂਗ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਰਿਹਾ ਸੁਣਾਈਆ । ਸਚ ਸੰਦੇਸ ਸ੍ਰੀ ਭਗਵਾਨ, ਆਪਣਾ ਆਪ ਸੁਣਾਇਆ । ਨਾਨਕ ਨਿਰਗੁਣ ਕਰ ਪਰਵਾਨ, ਜੋਤੀ ਜੋਤ ਡਗਮਗਾਇਆ । ਗੋਬਿੰਦ ਸੂਰਾ ਸੂਰਬੀਰ ਬਲੀ ਬਲਵਾਨ, ਸੁਤ ਦੁਲਾਰਾ ਆਪੇ ਜਾਇਆ । ਆਪ ਉਠਾਇਆ ਸਚ ਨਿਸ਼ਾਨ, ਸਚਖੰਡ ਦਵਾਰ ਝੁਲਾਇਆ । ਏਕਾ ਹੁਕਮ ਦੇਵੇ ਹੁਕਮਰਾਨ, ਪੁਰਖ ਅਕਾਲ ਹੁਕਮ ਜਣਾਇਆ । ਕਲਜੁਗ ਅੰਤਮ ਵੇਖਣਾ ਮਾਰ ਧਿਆਨ, ਚਾਰ ਕੁੰਟ ਅੰਧੇਰਾ ਛਾਇਆ । ਕਿਸੇ ਮੰਦਰ ਨਾ ਦਿਸੇ ਗਿਆਨ, ਹਰਿ ਕਾ ਰੂਪ ਨਜ਼ਰ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪਣੇ ਹੱਥ ਰਖਾਇਆ । ਗੋਬਿੰਦ ਸੂਰਾ ਵਡ ਬਲਕਾਰਾ, ਲੋਕਮਾਤ ਵੇਸ ਵਟਾਈਆ । ਪੁਰਖ ਅਕਾਲ ਕਰਿਆ ਪਿਆਰਾ, ਏਕਾ ਗੋਦ ਸੁਹਾਈਆ । ਏਕਾ ਬਖ਼ਸ਼ੇ ਸਚ ਕਟਾਰਾ, ਨਾਮ ਗਾਤਰੇ ਤਨ ਛੁਹਾਈਆ । ਏਕਾ ਅੰਮ੍ਰਿਤ ਠੰਡਾ ਠਾਰਾ, ਭਰ ਪਿਆਲਾ ਜਾਮ ਪਿਆਈਆ । ਏਕਾ ਰੂਪ ਅਪਰ ਅਪਾਰਾ, ਪਾਰਬ੍ਰਹਮ ਦਏ ਵਖਾਈਆ । ਚਾਰ ਵਰਨਾਂ ਕਰ ਪਿਆਰਾ, ਏਕਾ ਘਰ ਬਹਾਈਆ । ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਨਾ ਰਹੇ ਕੋਇ ਨਿਆਰਾ, ਦੂਈ ਦਵੈਤ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਹੁਕਮ ਆਪ ਜਣਾਈਆ । ਸਾਚਾ ਹੁਕਮ ਗੋਬਿੰਦ ਗੁਰ, ਆਪਣਾ ਆਪ ਸੁਣਾਇੰਦਾ । ਪੰਚਮ ਮੀਤਾ ਪੰਚਮ ਬੈਠਾ ਜੁੜ, ਸਾਚਾ ਸੰਗ ਨਿਭਾਇੰਦਾ । ਆਪੇ ਚੜ੍ਹਿਆ ਆਪਣੇ ਘੁੜ, ਸਾਚਾ ਅਸਵ ਆਪ ਦੌੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖੇ ਪਰਖੇ ਰੀਠਾ ਮਿੱਠਾ ਕੌੜ, ਕੌੜਾ ਰਸ ਆਪ ਚਖਾਇੰਦਾ । ਕੌੜਾ ਰੀਠਾ ਹੋਏ ਮਿੱਠਾ, ਗੋਬਿੰਦ ਆਪਣੀ ਦਇਆ ਕਮਾਈਆ । ਜਾਮ ਪਿਆਏ ਇਕ ਅਨਡੀਠਾ, ਨਾਮ ਪਿਆਲਾ ਹੱਥ ਉਠਾਈਆ । ਚਾਰ ਵਰਨ ਕਰੇ ਠੰਡਾ ਸੀਤਾ, ਅਗਨੀ ਤੱਤ ਨਾ ਕੋਇ ਰਖਾਈਆ । ਆਪੇ ਹੋਏ ਪਤਿਤ ਪੁਨੀਤਾ, ਪਤਿਤ ਪਾਪੀ ਲਏ ਤਰਾਈਆ । ਸਰਬ ਜੀਆਂ ਦਾ ਬਣ ਬਣ ਮੀਤਾ, ਗ਼ਰੀਬ ਨਿਮਾਣੇ ਗਲੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅੰਤ ਸ੍ਰੀ ਭਗਵੰਤ ਆਪਣਾ ਭਾਣਾ ਆਪਣੇ ਹੱਥ ਰਖਾਈਆ । ਸਾਚਾ ਭਾਣਾ ਹਰਿ ਭਗਵਾਨ, ਆਪਣੇ ਹੱਥ ਰਖਾਇੰਦਾ । ਗੋਬਿੰਦ

੧੧੮੪
੧੦

ਸੂਰਾ ਨੌਜਵਾਨ, ਲੋਕਮਾਤ ਹੁਕਮ ਚਲਾਇੰਦਾ । ਏਕਾ ਮੰਦਰ ਇਕ ਮਕਾਨ, ਪੁਰਖ ਅਕਾਲ ਇਕ ਵਖਾਇੰਦਾ । ਏਕਾ ਮਜ਼੍ਹਬ ਏਕਾ ਦੀਨ ਇਕ ਈਮਾਨ, ਸਚ ਇਸਲਾਮ ਇਕ ਜਣਾਇੰਦਾ । ਏਕਾ ਨਾਦ ਏਕਾ ਸ਼ਬਦ ਏਕਾ ਧੁਨਕਾਨ, ਏਕਾ ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਇੰਦਾ । ਸਾਚਾ ਹੁਕਮ ਹਰਿ ਭਗਵੰਤ, ਆਪਣਾ ਆਪ ਜਣਾਈਆ । ਕਲਜੁਗ ਵੇਲਾ ਆਏ ਅੰਤ, ਗੁਰੂ ਗੋਬਿੰਦ ਇਕ ਸਮਝਾਈਆ । ਲੱਖ ਚੁਰਾਸੀ ਭੁੱਲੇ ਜੀਵ ਜੰਤ, ਵਰਨ ਬਰਨ ਪਏ ਲੜਾਈਆ । ਨਾਤਾ ਤੁਟੇ ਨਾਰੀ ਕੰਤ, ਵਿਭਚਾਰ ਸਰਬ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਸਮਝਾਈਆ । ਹਰਿ ਭੇਵ ਸਮਝਾਏ ਦਇਆ ਕਰ, ਏਕਾ ਹੁਕਮ ਸੁਣਾਇਆ । ਪੁਰਖ ਅਬਿਨਾਸ਼ੀ ਆਏ ਵੇਸ ਧਰ, ਨਿਰਗੁਣ ਰੂਪ ਧਰਾਇਆ । ਜੁਗ ਚੌਕੜੀ ਜਾਏ ਹਰ, ਪਾਂਧੀ ਪੰਧ ਮੁਕਾਇਆ । ਪੰਜ ਤੱਤ ਵੇਖੇ ਆਪੇ ਖੜ, ਤ੍ਰੈਗੁਣ ਪਰਦਾ ਲਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਇਆ । ਸਾਚਾ ਹੁਕਮ ਪੁਰਖ ਅਬਿਨਾਸ਼ਾ, ਆਪਣਾ ਆਪ ਵਰਤਾਈਆ । ਨੌਂ ਸੌ ਚੁਰਾਨਵੇਂ ਜੁਗ ਖੇਲ ਤਮਾਸ਼ਾ, ਵਿਸ਼ਨ ਬ੍ਰਹਮਾ ਸ਼ਿਵ ਸੇਵ ਲਗਾਈਆ । ਕਲਜੁਗ ਅੰਤ ਆਏ ਹਾਰ ਪਾਸਾ, ਜਿਤ ਨਜ਼ਰ ਨਾ ਕੋਇ ਟਿਕਾਈਆ । ਸਾਧ ਸੰਤ ਜੀਵ ਜੰਤ ਕਰਨ ਭੋਗ ਬਿਲਾਸਾ, ਭਰਮੀ ਭਰਮ ਭਰਮ ਭੁਲਾਈਆ । ਅਪ ਤੇਜ ਵਾਏ ਪ੍ਰਿਥਮੀ ਆਕਾਸ਼ਾ, ਪੰਜ ਤੱਤ ਨਿਰਗੁਣ ਸਰਗੁਣ ਅੰਦਰ ਕਰੇ ਵਾਸਾ, ਆਪਣੀ ਬਣਤ ਬਣਾਈਆ । ਰਜੋ ਤਮੋ ਸਤੋ ਹੋਏ ਦਾਸੀ ਦਾਸਾ, ਸਾਚੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਮ ਆਪਣਾ ਖੇਲ ਖਿਲਾਈਆ । ਕਲਜੁਗ ਵੇਲਾ ਅੰਤਮ ਆਉਣਾ, ਹਰਿ ਜੂ ਹਰਿ ਸੁਣਾਇੰਦਾ । ਨਿਹਕਲੰਕਾ ਜਾਮਾ ਪਾਉਣਾ, ਨਿਰਗੁਣ ਜੋਤੀ ਡਗਮਗਾਇੰਦਾ । ਸ਼ਬਦ ਨਾਦ ਇਕ ਵਜਾਉਣਾ, ਬ੍ਰਹਿਮੰਡਾਂ ਖੰਡਾਂ ਆਪ ਸੁਣਾਇੰਦਾ । ਅੱਠਾਂ ਤੱਤਾਂ ਲਹਿਣਾ ਦੇਣਾ ਮੂਲ ਚੁਕਾਉਣਾ, ਮਾਤਲੋਕ ਅੱਠ ਤੱਤ ਵੇਖ ਵਖਾਇੰਦਾ । ਅੱਠ ਗ੍ਰਹਿ ਆਪ ਪਰਗਟਾਉਣਾ, ਹੁਕਮੀ ਹੁਕਮ ਆਪ ਵਰਤਾਇੰਦਾ । ਅੱਠਾਂ ਤੱਤਾਂ ਡੇਰਾ ਢਾਹੁਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੱਠਾਂ ਪਰਦਾ ਆਪੇ ਲਾਹਿੰਦਾ । ਅੱਠਾਂ ਪਰਦਾ ਜਾਏ ਉਠ, ਸੋ ਪੁਰਖ ਨਿਰੰਜਣ ਆਪ ਉਠਾਈਆ । ਪਰਗਟ ਹੋ ਅਬਿਨਾਸ਼ੀ ਅਚੁਤ, ਵੀਹ ਸੌ ਬਿਕ੍ਰਮੀ ਭਾਗ ਲਗਾਈਆ । ਏਕਾ ਦੂਆ ਤੀਆ ਚੌਕਾ ਪਾਂਜਾ ਛੀਕਾ ਸਾਤਾ ਆਠਾ ਨੌਂ ਦਸ ਆਪੇ ਵੇਖਣ ਝੁਕ ਝੁਕ, ਦਸ ਦਵਾਰੇ ਜਗਤ ਦਏ ਵਡਿਆਈਆ । ਨੌਂ ਦਵਾਰੇ ਆਪੇ ਲੁੱਟ, ਅੱਠਾਂ ਕਰੇ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਬੀਸ ਦਸ ਵੱਜੇ ਵਧਾਈਆ । ਵੀਹ ਦਸ ਖੇਲ ਨਿਆਰਾ, ਨਿਰਗੁਣ ਆਪ ਕਰਾਇੰਦਾ । ਵੀਹ ਸੌ ਗਿਆਰਾਂ ਬਿਕ੍ਰਮੀ ਹੋ ਉਜਿਆਰਾ, ਸਾਢੇ ਤਿੰਨ ਹੱਥ ਬਣਤ ਬਣਾਇੰਦਾ । ਵੀਹ ਸੌ ਬਾਰਾਂ ਕਰੇ ਖੇਲ ਅਪਰ ਅਪਾਰਾ, ਨੌਂ ਦਵਾਰੇ ਫੋਲ ਫੋਲਾਇੰਦਾ । ਵੀਹ ਸੌ ਤੇਰਾਂ ਸਾਧਾਂ ਸੰਤਾਂ ਦਏ ਹੁਲਾਰਾ, ਸ਼ਾਹ ਸੁਲਤਾਨਾ ਆਪ ਜਗਾਇੰਦਾ । ਵੀਹ ਸੌ ਚੌਦਾਂ ਗੁਰਮੁਖਾਂ ਲਾਏ ਇਕ ਅਖਾੜਾ, ਏਕਾ ਬੰਧਨ ਪਾਇੰਦਾ । ਵੀਹ ਸੌ ਪੰਦਰਾਂ ਤੀਰਥ ਤੱਟਾਂ ਫੋਲੇ ਜੰਗਲ ਜੂਹ ਉਜਾੜਾ, ਡੂੰਘੇ ਕੰਦਰਾਂ ਸਮੁੰਦ ਸਾਗਰ ਵੇਖ ਵਖਾਇੰਦਾ । ਵੀਹ ਸੌ ਸੋਲਾਂ ਬਦਲਿਆ ਚੋਲਾ, ਦੀਨ ਦਿਆਲ ਪੁਰਖ ਅਕਾਲ ਜੋਤੀ ਜਾਮਾ ਵੇਸ ਵਟਾਇੰਦਾ । ਸੰਮਤ ਸਤਾਰਾਂ ਖੇਲ ਨਿਆਰਾ, ਸ਼ਾਹ ਪਾਤਸ਼ਾਹ ਬਣੇ ਨਿਰੰਕਾਰਾ, ਸੀਸ ਆਪਣੇ ਤਾਜ ਟਿਕਾਇੰਦਾ । ਵੀਹ ਸੌ ਅਠਾਰਾਂ ਹੋਇਆ ਖ਼ਬਰਦਾਰਾ, ਰਾਸ਼ਟਰਪਤ ਦਏ


੧੧੮੫ ੧੦

ਹੁਲਾਰਾ, ਏਕਾ ਹੁਕਮ ਜਣਾਇੰਦਾ । ਦੂਆ ਰੂਪ ਨਿਰਗੁਣ ਸਰਗੁਣ ਧਾਰਾ, ਸਿਫ਼ਰਾ ਦਿਸੇ ਨਾ ਕੋਇ ਪਸਾਰਾ, ਏਕਾ ਇਕ ਇਕੱਲਾ ਏਕੰਕਾਰਾ, ਆਠਾ ਅੱਠਾਂ ਤੱਤਾਂ ਮਾਰੇ ਮਾਰਾ, ਅਠ ਗ੍ਰਿਹਿ ਆਪ ਪਰਗਟਾਇੰਦਾ । ਵੀਹ ਸੌ ਅਠਾਰਾਂ ਬਿਕ੍ਰਮੀ ਹੋਏ ਪਾਰ ਕਿਨਾਰਾ, ਪੁਰਖ ਅਬਿਨਾਸ਼ੀ ਖੇਲ ਖਿਲਾਇੰਦਾ । ਸਚ ਲਗਾਏ ਇਕ ਦਰਬਾਰਾ, ਸਚ ਸਿੰਘਾਸਣ ਸੋਭਾ ਪਾਇੰਦਾ । ਦਰ ਸੱਦੇ ਤੇਈ ਅਵਤਾਰਾ, ਭਗਤ ਅਠਾਰਾਂ ਨਾਲ ਮਿਲਾਇੰਦਾ । ਹੁਕਮ ਸੁਣਾਏ ਈਸਾ ਮੂਸਾ ਸੰਗ ਮੁਹੰਮਦ ਚਾਰ ਯਾਰਾ, ਹੁਕਮੀ ਹੁਕਮ ਆਪ ਜਣਾਇੰਦਾ । ਦਸ ਗੁਰ ਸੁਹਾਏ ਬੰਕ ਦਵਾਰਾ, ਦਰ ਦਰਵਾਜ਼ਾ ਆਪ ਖੁਲ੍ਹਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰੇ ਨਿਮਸਕਾਰਾ, ਨਿਉਂ ਨਿਉਂ ਸੀਸ ਝੁਕਾਇੰਦਾ । ਤ੍ਰੈਗੁਣ ਰੋਵੇ ਜ਼ਾਰੋ ਜ਼ਾਰਾ, ਵੇਲਾ ਗਿਆ ਹੱਥ ਨਾ ਆਇੰਦਾ । ਪੰਚਮ ਲੁਟਿਆ ਜਾਏ ਦਿਨ ਦਿਹਾੜਾ, ਸਿਰ ਹੱਥ ਨਾ ਕੋਇ ਟਿਕਾਇੰਦਾ । ਪਾਰਬ੍ਰਹਮ ਪਤਪਰਮੇਸ਼ਵਰ ਨੌਂ ਖੰਡ ਪ੍ਰਿਥਮੀ ਸੱਤਾਂ ਦੀਪਾਂ ਬ੍ਰਹਿਮੰਡਾਂ ਖੰਡਾਂ ਲਾਏ ਇਕ ਅਖਾੜਾ, ਦੋ ਜਹਾਨਾਂ ਨਾਚ ਨਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜਗਤ ਗ੍ਰਿਹਿ ਆਪ ਵਖਾਇੰਦਾ । ਜਗਤ ਗ੍ਰਿਹਿ ਆਏ ਗ੍ਰਿਹਿ, ਗ੍ਰਿਹਿ ਨਜ਼ਰ ਕਿਸੇ ਨਾ ਆਇਆ । ਲੱਖ ਚੁਰਾਸੀ ਗੁਰਮੁਖ ਵਿਰਲਾ ਰਹੇ, ਪੁਰਖ ਅਬਿਨਾਸ਼ੀ ਦਏ ਖਪਾਇਆ । ਜੋ ਜਨ ਹਰਿ ਕਾ ਭਾਣਾ ਸਹੇ, ਤਿਸ ਆਪਣੀ ਗੋਦ ਬਹਾਇਆ । ਹਰਿ ਕਾ ਭੇਵ ਪੰਡਤ ਪਾਂਧਾ ਕੋਈ ਨਾ ਕਹੇ, ਸਭ ਬੈਠੇ ਧਿਆਨ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪਣਾ ਗ੍ਰਿਹਿ ਆਪ ਚਲਾਇਆ । ਸਾਚਾ ਗ੍ਰਿਹਿ ਪਾਏ ਘੇਰਾ, ਹੁਕਮੀ ਹੁਕਮ ਆਪ ਸੁਣਾਈਆ । ਪੁਰਖ ਅਬਿਨਾਸ਼ੀ ਸ਼ਹਿਨਸ਼ਾਹ ਵਡ ਦਲੇਰਾ, ਸ਼ਾਹ ਪਾਤਸ਼ਾਹ ਇਕ ਅਖਵਾਈਆ । ਵੇਦ ਵਿਆਸਾ ਨਾਨਕ ਗੋਬਿੰਦ ਜਿਸ ਦਾ ਗੌਂਦਾ ਰਹੇ ਦੋਹਰਾ ਸੋ ਵੇਲਾ ਰਿਹਾ ਸਮਝਾਈਆ । ਸੱਸੇ ਉਪਰ ਲੱਗਾ ਹੋੜਾ, ਨਿਰਗੁਣ ਸਰਗੁਣ ਆਪੇ ਜੋੜਾ, ਹੰ ਬ੍ਰਹਮ ਭੇਵ ਨਾ ਰਾਈਆ । ਅੱਗੇ ਵੇਲਾ ਰਹਿ ਗਿਆ ਥੋੜਾ, ਵੀਹ ਸੌ ਉਨੀ ਰਿਹਾ ਰਾਹ ਤਕਾਈਆ । ਜੁੜਿਆ ਰਹੇ ਨਾ ਜੋੜੀ ਜੋੜਾ, ਜੋੜੀ ਜੋੜ ਨਾ ਕੋਇ ਜੁੜਾਈਆ । ਜਿਸ ਜਨ ਸਤਿਗੁਰ ਪੂਰਾ ਮਾਤ ਬੌਹੜਾ, ਤਿਸ ਤੱਤੀ ਵਾ ਨਾ ਲਾਗੇ ਰਾਈਆ । ਕਲਜੁਗ ਸ਼ਤਰੰਜ ਦਾ ਉਲਟਾ ਹੋਣ ਵਾਲਾ ਮੋਹਰਾ, ਸ਼ੈਹ ਕਿਸ਼ਤ ਨਾ ਕੋਇ ਲਗਾਈਆ । ਮੰਦਰ ਮਸਜਿਦ ਮਠ ਸ਼ਿਵਦਵਾਲ ਗੁਰਦਵਾਰਾ ਢਹਿਣ ਵਾਲਾ ਦੇਹੁਰਾ, ਪੁਰਖ ਅਕਾਲ ਆਪਣੀ ਖੇਲ ਖਿਲਾਈਆ । ਨੌਂ ਖੰਡ ਪ੍ਰਿਥਮੀ ਪਏ ਸ਼ੋਰਾ, ਚਾਰੋਂ ਕੁੰਟ ਹੋਏ ਅੰਧ ਘੋਰਾ, ਸਚ ਪਰਕਾਸ਼ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਗ੍ਰਿਹਿ ਆਪ ਚਲਾਈਆ । ਆਪਣਾ ਗ੍ਰਿਹਿ ਗਹਿਰ ਗੰਭੀਰ, ਅੱਠ ਤੱਤ ਚਲਾਇੰਦਾ । ਲੱਖ ਚੁਰਾਸੀ ਵੇਖੇ ਤਨ ਸਰੀਰ, ਤਿਨਕਾ ਤਿਨਕਾ ਫੋਲ ਫੋਲਾਇੰਦਾ । ਲੁਕਿਆ ਰਹੇ ਨਾ ਕੋਇ ਪੀਰ ਫ਼ਕੀਰ, ਮੁੱਲਾਂ ਸ਼ੇਖ਼ ਮੁਸਾਇਕ ਔਲਿਏ ਆਪੇ ਪਰਦਾ ਲਾਹਿੰਦਾ । ਪਾਵੇ ਸਾਰ ਅਠਸਠ ਨੀਰ, ਸਮੁੰਦ ਸਾਗਰ ਡੂੰਘੀ ਗਾਰ ਪਰਦਾ ਉਠਾਇੰਦਾ । ਜੰਗਲ ਜੂਹ ਉਜਾੜ ਪਹਾੜ ਉਚੇ ਟਿੱਲੇ ਪਰਬਤ ਚੀਰ, ਆਪ ਆਪਣਾ ਰਾਹ ਚਲਾਇੰਦਾ । ਕਲਜੁਗ ਆਇਆ ਅੰਤ ਅਖ਼ੀਰ, ਗਲ ਵਿਚ ਫਾਂਸੀ ਪਏ ਜ਼ੰਜੀਰ, ਨਾ ਕੋਇ ਸਹਾਈ ਪੀਰ ਫ਼ਕੀਰ, ਅੱਗੇ ਹੋ ਨਾ ਕੋਇ ਬਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਸਾਚਾ ਹੁਕਮ ਆਪ ਵਰਤਾਇੰਦਾ । ਅੱਠ ਗ੍ਰਿਹਿ ਉਠ ਉਠ ਧਾਵਨ, ਆਪਣੀ ਲੈ ਅੰਗੜਾਈਆ । ਕਲਜੁਗ ਹੰਕਾਰੀ ਮਾਰੇ ਰਾਵਣ, ਗੁਰਸਿਖਾਂ ਪਕੜਨਾ ਆਪੇ

ਦਾਮਨ, ਜੋ ਹਰਿ ਹਰਿ ਰਹੇ ਧਿਆਈਆ । ਸਾਹਿਬ ਸਤਿਗੁਰ ਹੋਏ ਜ਼ਾਮਨ, ਗੁਰਮੁਖ ਜਮ ਨੇੜ ਕੋਇ ਨਾ ਆਈਆ । ਕਾਇਆ ਖੇੜਾ ਵਸਦਾ ਰਹੇ ਗਰਾਮਨ, ਗ੍ਰਹਿ ਵੱਜਦੀ ਰਹੇ ਵਧਾਈਆ । ਹਿਸਾਬ ਕਿਤਾਬ ਲਗਾਵਣ ਬ੍ਰਹਿਮਣ, ਬ੍ਰਹਮ ਵਿਦਿਆ ਜਗਤ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੀਸ ਉਨੀਸਾ ਖੇਲ ਖਿਲਾਈਆ । ਉਨੀ ਉਨੀਸਾ ਚੜ੍ਹੇ ਚਾ, ਏਕਾ ਨਾਇਆ ਰੰਗ ਰੰਗਾਇੰਦਾ । ਨੌਂ ਦਰ ਡੇਰਾ ਦੇਵੇ ਢਾਹ, ਏਕਾ ਦਰ ਵਖਾਇੰਦਾ । ਇਕ ਇਕੱਲਾ ਬਣ ਮਲਾਹ, ਨੌਂ ਖੰਡ ਬੇੜਾ ਆਪ ਚਲਾਇੰਦਾ । ਨੌਂ ਖੰਡ ਦੇਵੇ ਸਚ ਸਲਾਹ, ਏਕਾ ਹੁਕਮ ਵਰਤਾਇੰਦਾ । ਏਕਾ ਨਾਮ ਮਾਤ ਪਰਗਟਾ, ਨੌਂ ਨੌਂ ਆਪਣਾ ਪਰਦਾ ਲਾਹਿੰਦਾ । ਕਰੇ ਖੇਲ ਬੇਪਰਵਾਹ, ਬੇਅੰਤ ਭੇਵ ਕੋਇ ਨਾ ਪਾਇੰਦਾ । ਕਲਜੁਗ ਨੱਯਾ ਦਏ ਡੁਬਾ, ਪਾਰ ਕਿਨਾਰਾ ਨਾ ਕੋਇ ਰਖਾਇੰਦਾ । ਆਪਣੇ ਗ੍ਰਹਿ ਆਪੇ ਵੇਖੇ ਵੇਖਣਹਾਰਾ ਸਾਚੇ ਥਾਂ, ਜਿਸ ਦਵਾਰੇ ਆਪ ਟਿਕਾਇੰਦਾ । ਕਲਜੁਗ ਜੀਵ ਭੁੱਲੋ ਨਾ, ਵੇਲਾ ਗਿਆ ਹੱਥ ਨਾ ਆਇੰਦਾ । ਗੁਰ ਗੋਬਿੰਦ ਗੁਰਮੁਖ ਸੱਜਣ ਵੇਖੇ ਆ, ਰੂਪ ਅਨੂਪ ਧਰਾਇੰਦਾ । ਜਿਨ੍ਹਾਂ ਭੁਲਿਆ ਸੱਚਾ ਸ਼ਹਿਨਸ਼ਾਹ, ਤਿਸ ਅੰਤ ਨਾ ਕੋਇ ਬਚਾਇੰਦਾ । ਮਾਨਸ ਬੁੱਧੀ ਹੋਈ ਕਾਂ, ਜੀਵ ਕਾਗ ਵਾਂਗ ਕੁਰਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਡੇਰਾ ਆਪੇ ਢਾਹਿੰਦਾ । ਕਲਜੁਗ ਡੇਰਾ ਜਾਣਾ ਢੱਠ, ਉਲਟੀ ਗੇੜਨਹਾਰਾ ਗੇੜੇ ਲੱਠ, ਗੇੜਾ ਆਪਣੇ ਹੱਥ ਰਖਾਈਆ । ਲੱਖ ਚੁਰਾਸੀ ਹੋਏ ਭੱਠ, ਜੋਤੀ ਅਗਨੀ ਲੰਬੂ ਲਾਈਆ । ਨਾਤਾ ਤੁੱਟੇ ਪੰਜ ਤੱਤ, ਤ੍ਰੈ ਤ੍ਰੈ ਮੇਲ ਨਾ ਕੋਇ ਮਿਲਾਈਆ । ਧਰਤ ਮਾਤ ਬੈਠੀ ਘਤ ਸੱਥ, ਗੁਤ ਖੁਲੜੇ ਕੇਸ ਰਹੀ ਵਖਾਈਆ । ਜਿਨ੍ਹਾਂ ਗਵਾਈ ਮੇਰੀ ਪਤ, ਮੇਰੀ ਗੋਦ ਬਹਿਣ ਨਾ ਪਾਈਆ । ਮੈਂ ਘਲਿਆ ਸੁਨੇਹੜਾ ਕਮਲਾਪਤ, ਮੇਰਾ ਮਾਹੀ ਚਲ ਕੇ ਆਵੇ ਵਾਹੋ ਦਾਹੀਆ । ਏਕਾ ਵਾਰ ਨਚੋੜੇ ਸਭ ਦੀ ਰਤ, ਰਤੀ ਰਤ ਦਏ ਸੁਕਾਈਆ । ਧਰਮ ਰਾਏ ਦੇ ਖਾਤੇ ਦੇਵੇ ਘਤ, ਨਾ ਸਕੇ ਕੋਇ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੂਪ ਆਪ ਧਰਾਈਆ । ਧਰਤ ਮਾਤ ਅੰਤ ਕੁਰਲਾ, ਨੈਣਾਂ ਨੀਰ ਵਹਾਇਆ । ਪੁਰਖ ਅਬਿਨਾਸ਼ੀ ਹੋ ਸਹਾ, ਤੇਰੀ ਓਟ ਰਹੀ ਤਕਾਇਆ । ਬਿਨ ਤੇਰੇ ਪਕੜੇ ਨਾ ਕੋਈ ਮੇਰੀ ਬਾਂਹ, ਗੁਰ ਅਵਤਾਰ ਬੈਠੇ ਮੁਖ ਛੁਪਾਇਆ । ਜਿਸ ਦਵਾਰੇ ਜਾਵਾਂ ਅੱਗੋਂ ਕਰਨ ਨਾਹ, ਮੇਰਾ ਭਾਰ ਨਾ ਕੋਇ ਉਠਾਇਆ । ਜਿਸ ਨੂੰ ਕਹਿੰਦੇ ਧਰਤ ਮਾਂ, ਅੱਜ ਨੱਕ ਗੁੱਤ ਬੈਠੀ ਵਢਾਇਆ । ਮੇਰਾ ਕਰੇ ਨਾ ਕੋਈ ਸਚ ਨਿਆਂ, ਠਗ ਚੋਰ ਯਾਰ ਮੇਰੇ ਉਤੇ ਬੈਠੇ ਆਸਣ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੌਲਾ ਭਾਰ ਦੇਣਾ ਕਰ, ਮੈਂ ਬੈਠੀ ਸੀਸ ਝੁਕਾਇਆ । ਝੁਕਿਆ ਸੀਸ ਅੱਗੇ ਜਗਦੀਸ, ਦੋਏ ਜੋੜ ਕਰੇ ਨਿਮਸਕਾਰ । ਚਾਰ ਜੁਗ ਚੌਕੜੀ ਮੈਂ ਪੀਸਣ ਲਿਆ ਪੀਸ, ਬਣ ਬਣ ਸੇਵਾਦਾਰ । ਜਿਨ੍ਹਾਂ ਦੇ ਛਤਰ ਝੁਲਾਇਆ ਸੀਸ, ਸੋ ਮੇਰੀ ਪਤ ਕਰਨ ਖ਼ਵਾਰ । ਮੈਂ ਸੁਣਿਆ ਤੂੰ ਸਦਾ ਕਰੇਂ ਬਖ਼ਸ਼ੀਸ਼, ਆਦਿ ਜੁਗਾਦਿ ਬਖ਼ਸ਼ਣਹਾਰ । ਤੇਰੀ ਧੂੜੀ ਲਾਵਾਂ ਆਪਣੇ ਸੀਸ, ਮਸਤਕ ਛੋਹਾਂ ਸਾਚੀ ਛਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਦੁਖੜਾ ਮਾਤ ਨਿਵਾਰ । ਪੁਰਖ ਅਬਿਨਾਸ਼ੀ ਸ਼ਬਦ ਜਣਾਏ, ਏਕਾ ਵਾਰ ਸੁਣਾਈਆ । ਧਰਤ ਧਰਨ ਧੌਲ ਤੇਰਾ ਹੌਲਾ ਭਾਰ ਕਰਾਏ, ਆਪਣੀ ਸੇਵ ਲਗਾਈਆ । ਨਿਰਗੁਣ ਹੋ ਕੇ ਫੇਰਾ ਪਾਏ, ਰੂਪ ਰੇਖ ਨਾ ਕੋਇ ਵਖਾਈਆ । ਚਾਰ ਜੁਗ ਦਾ ਲਹਿਣਾ ਦੇਣਾ ਦਏ ਚੁਕਾਏ, ਬਾਕੀ ਨਜ਼ਰ ਕੋਇ ਨਾ ਆਈਆ । ਮਨਮੁਖ ਖ਼ਾਕੀ ਜੀਵ ਦਏ ਮਿਟਾਏ, ਪੰਚਮ ਡੇਰਾ

ਆਪੇ ਢਾਹੀਆ । ਗੁਰਮੁਖ ਸਾਜਣ ਲਏ ਤਰਾਏ, ਜਿਸ ਜਨ ਆਪਣਾ ਦਰਸ ਦਿਖਾਈਆ । ਲੱਖ ਚੁਰਾਸੀ ਵਿਚੋਂ ਬਾਹਰ ਕਢਾਏ, ਏਕਾ ਡੋਰੀ ਬੰਧਨ ਪਾਈਆ । ਕਾਗੋਂ ਹੰਸ ਰੂਪ ਵਟਾਏ, ਸੋਹੰ ਹੰਸਾ ਮਾਣਕ ਮੋਤੀ ਚੋਗ ਚੁਗਾਈਆ । ਸਤਿਜੁਗ ਸਾਚਾ ਪੰਚਮ ਮੀਤਾ ਆਪ ਲਗਾਏ, ਸਤਿ ਸਤਿਵਾਦੀ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਅੰਤਮ ਹੋਏ ਸਹਾਈਆ । ਅੰਤ ਸਹਾਈ ਤੇਰਾ ਹੋਣਾ, ਗਤ ਮਿਤ ਆਪਣੇ ਹੱਥ ਰਖਾਇੰਦਾ । ਲੱਖ ਚੁਰਾਸੀ ਨੇਤਰ ਨੈਣ ਰੋਣਾ, ਜੀਵ ਜੰਤ ਸਰਬ ਕੁਰਲਾਇੰਦਾ । ਬਣ ਮਾਂ ਪਿਆਰੀ ਮੁਖੜਾ ਕਿਸੇ ਨਾ ਧੋਣਾ, ਫੜ ਗੋਦ ਨਾ ਕੋਇ ਬਹਾਇੰਦਾ । ਆਪਣਾ ਕੀਤਾ ਸਭ ਨੇ ਪੌਣਾ, ਹਰਿ ਕਾ ਨਾਮ ਸਰਬ ਭੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੱਠ ਗ੍ਰਹਿ ਸੇਵਾ ਲੌਣਾ, ਅੱਠਾਂ ਤੱਤਾਂ ਭੰਨ ਵਖੌਣਾ, ਘੜਨ ਭੰਨਣਹਾਰ ਸਮਰਥ, ਆਪਣੀ ਮਹਿਮਾ ਜਾਣੇ ਅਕਥ, ਭੇਵ ਕਿਸੇ ਨਾ ਆਇੰਦਾ । ਭੇਵ ਅਭੇਦਾ ਕੋਇ ਨਾ ਜਾਣੇ, ਮਹਿਮਾ ਅਕਥ ਕਥੀ ਨਾ ਜਾਈਆ । ਫਿਰ ਫਿਰ ਭੁੱਲੇ ਰਾਜੇ ਰਾਣੇ, ਸ਼ਾਹ ਸੁਲਤਾਨਾਂ ਨੇਤਰ ਨੈਣ ਨਾ ਕੋਇ ਖੁਲ੍ਹਾਈਆ । ਸਭ ਦੇ ਸਿਰ ਤੇ ਕੂਕੇ ਭਾਣਾ, ਗੁਰਮੁਖ ਵਿਰਲਾ ਚਤੁਰ ਸੁਘੜ ਸਿਆਣਾ, ਜਿਸ ਜਨ ਆਪਣੀ ਬੂਝ ਬੁਝਾਈਆ । ਆਤਮ ਅੰਤਰ ਦੇਵੇ ਬ੍ਰਹਮ ਗਿਆਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਹੋਏ ਆਪ ਸਹਾਈਆ । ਹਰਿਜਨ ਤੇਰਾ ਸਦਾ ਸਹਾਈ, ਪੁਰਖ ਅਕਾਲ ਅਖਵਾਇੰਦਾ । ਜੁਗ ਜੁਗ ਦੇਵੇ ਠੰਡੀਆਂ ਛਾਈਂ, ਸਿਰ ਆਪਣਾ ਹੱਥ ਟਿਕਾਇੰਦਾ । ਚਤੁਰਭੁਜ ਮੇਲੇ ਫੜ ਫੜ ਬਾਹੀਂ, ਆਪਣੀਆਂ ਭੁਜਾਂ ਆਪ ਵਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਅੱਠ ਗ੍ਰਹਿ ਅੱਠ ਤੱਤ ਆਪੇ ਬੰਨ੍ਹੇ ਆਪਣਾ ਨੱਤ, ਨਾਤਾ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗਤ ਜੁਗਤ ਜਾਣੇ ਹਰਿ, ਜਗਤ ਵਿਦਿਆ ਮਾਣ ਗਵਾਇੰਦਾ । ਅੱਠ ਗ੍ਰਹਿ ਗੁਰਸਿੱਖ ਨਛੱਤਰ, ਪੰਡਤ ਪਾਂਧਾ ਭੇਵ ਨਾ ਪਾਈਆ । ਲੇਖਾ ਜਾਣੇ ਨਾੜ ਬਹੱਤਰ, ਬ੍ਰਹਿਮੰਡ ਵੱਜੇ ਵਧਾਈਆ । ਪਰਦਾ ਚੁੱਕੇ ਗਗਨ ਗਗਨੰਤਰ, ਗ੍ਰਹਿ ਮੰਦਰ ਹੋਏ ਰੁਸ਼ਨਾਈਆ । ਨਾਮ ਜਣਾਏ ਏਕਾ ਮੰਤਰ, ਨਿਸ਼ਅੱਖਰ ਕਰ ਪੜ੍ਹਾਈਆ । ਮਾਣਸ ਜਨਮ ਬਣਾਏ ਬਣਤਰ, ਸਿਰ ਆਪਣਾ ਹੱਥ ਟਿਕਾਈਆ । ਔਖਦ ਦੇਵੇ ਵਾਂਗ ਧਨੰਤਰ, ਸ਼ਬਦ ਅਗੰਮੀ ਝੋਲੀ ਪਾਈਆ । ਖੰਡਾ ਦੇਵੇ ਏਕਾ ਸ਼ਸਤਰ, ਤਿੱਖੀ ਧਾਰ ਜਣਾਈਆ । ਪੰਜ ਤੱਤ ਕਾਇਆ ਚੋਲਾ ਰੱਖਿਆ ਬਸਤਰ, ਸਦਾ ਅੰਦਰ ਬੈਠਾ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗ੍ਰਹਿ ਨਛੱਤਰ ਆਪਣੇ ਸੰਗ ਨਿਭਾਈਆ । ਗ੍ਰਹਿ ਨਛੱਤਰ ਹੁਕਮੀ ਕਾਰ, ਹੁਕਮੀ ਆਪ ਚਲਾਇੰਦਾ । ਗੁਰਸਿਖ ਨਛੱਤਰ ਨਾ ਸਕੇ ਕੋਇ ਵਿਚਾਰ, ਚਾਰ ਵੇਦ ਮੁਖ ਸ਼ਰਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਆਪ ਉਠਾਇੰਦਾ । ਉਠ ਗੁਰਸਿਖ ਨੇਤਰ ਖੋਲ੍ਹ, ਕਲਜੁਗ ਵੇਲਾ ਅੰਤਮ ਆਈਆ । ਪਾਰਬ੍ਰਹਮ ਅਬਿਨਾਸ਼ੀ ਕਰਤਾ ਵਸੇ ਤੇਰੇ ਕੋਲ, ਨਿਤ ਤੇਰਾ ਰਾਹ ਤਕਾਈਆ । ਅੱਠੇ ਪਹਿਰ ਵੱਜੇ ਮਰਦੰਗ ਢੋਲ, ਅਨਹਦ ਸੇਵਾ ਲਾਈਆ । ਆਪਣੀ ਤਾਕੀ ਆਪੇ ਖੋਲ, ਕਿਉਂ ਬੈਠਾ ਮੁਖ ਛੁਪਾਈਆ । ਆਪਣਾ ਤੱਤ ਆਪ ਵਰੋਲ, ਨਾਮ ਮਧਾਣਾ ਪਾਈਆ । ਤੇਰਾ ਤੇਰੇ ਅੰਦਰ ਰਿਹਾ ਮੌਲ, ਮੌਲਾ ਰੂਪ ਵਖਾਈਆ । ਤੇਰੇ ਅੰਦਰ ਅੰਮ੍ਰਿਤ ਕਉਲ, ਕਵਲਾ ਮੁਖ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਵਿਰਲੇ ਆਪ ਮਿਲਾਈਆ । ਗੁਰਮੁਖ ਮਿਲਿਆ ਮੇਲ, ਗੁਰ

ਸੱਜਣ ਆਪ ਮਿਲਾਇੰਦਾ । ਕਾਇਆ ਅੰਦਰ ਸੁਰਤ ਸੁਆਣੀ ਚੜ੍ਹਿਆ ਤੇਲ, ਸਾਚਾ ਸਗਨ ਮਨਾਇੰਦਾ । ਪੰਚਮ ਸਖ਼ੀਆਂ ਵੇਖੇ ਸਹੇਲ, ਸਗਲਾ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚਾ ਆਪ ਮਿਲਾਇੰਦਾ । ਹਰਿਜਨ ਮਿਲਿਆ ਸਾਚੇ ਘਰ, ਘਰ ਮੰਦਰ ਵੱਜੀ ਵਧਾਈਆ । ਨਿਰਭੈ ਚੁਕਾਇਆ ਭੈ ਡਰ, ਭਿਆਨਕ ਰੂਪ ਨਾ ਕੋਇ ਦਰਸਾਈਆ । ਸੁਰਤ ਸੁਆਣੀ ਲਏ ਫੜ, ਸ਼ਬਦੀ ਡੋਰ ਬੰਧਾਈਆ । ਆਤਮ ਸੇਜਾ ਆਪੇ ਚੜ੍ਹ, ਆਪਣਾ ਸਗਨ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸੱਜਣ ਹੋਏ ਸਹਾਈਆ । ਸੱਜਣ ਸੁਹੇਲਾ ਇਕ ਇਕਾਂਤ, ਨਿਰਗੁਣ ਆਪਣਾ ਰੂਪ ਪਰਗਟਾਈਆ । ਕਲਜੁਗ ਮੇਟੇ ਅੰਧੇਰੀ ਰਾਤ, ਸਾਚਾ ਚੰਦ ਚੜ੍ਹਾਇਆ । ਨਾ ਕੋਈ ਜ਼ਾਤ ਨਾ ਕੋਈ ਪਾਤ, ਇਕੋ ਬ੍ਰਹਮ ਵਖਾਇਆ । ਏਕਾ ਮਿਲੇ ਪੁਰਖ ਸਮਰਾਥ, ਵਿਛੜ ਕਦੇ ਨਾ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸੱਜਣ ਹੋਏ ਸਹਾਇਆ । ਗੁਰਮੁਖ ਸੱਜਣ ਸਦਾ ਸਹਾਇਕ, ਪਾਰਬ੍ਰਹਮ ਹਰਿ ਕਰਤਾਰਾ । ਸਰਬ ਜੀਆਂ ਦਾ ਏਕਾ ਨਾਇਕ, ਆਦਿ ਜੁਗਾਦਿ ਅਵਤਾਰਾ । ਜੁਗਾ ਜੁਗੰਤਰ ਸਰਬ ਸੁਖਦਾਇਕ, ਆਤਮ ਬ੍ਰਹਮ ਕਰੇ ਵਿਚਾਰਾ । ਪਤਿਤ ਪੁਨੀਤ ਪਾਕੀ ਪਾਕ, ਬੇਐਬ ਪਰਵਰਦਿਗਾਰਾ । ਆਦਿ ਜੁਗਾਦਿ ਲਾਸ਼ਰੀਕ, ਮੁਕਾਮੇ ਹੱਕ ਵਸੇ ਸਾਂਝਾ ਯਾਰਾ । ਕਲਜੁਗ ਅੰਤਮ ਦੇਵੇ ਇਕ ਤਰੀਕ, ਵੀਹ ਸੌ ਵੀਹ ਬਿਕ੍ਰਮੀ ਪੰਦਰਾਂ ਕੱਤਕ ਵਿਚ ਸੰਸਾਰਾ । ਏਕਾ ਕਾਰਜ ਕਰ ਕੇ ਜਾਏ ਠੀਕ, ਸਤਿਜੁਗ ਵਰਤੇ ਸਤਿ ਵਰਤਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੀਸ ਸੁਹਾਏ ਪੀਤੰਬਰ ਪੀਤ, ਪਿਤਾ ਪੂਤ ਖੇਲ ਨਿਆਰਾ ।

★ ੨੦ ਭਾਦਰੋਂ ੨੦੧੮ ਬਿਕ੍ਰਮੀ ਗੁਰਮੇਲ ਸਿੰਘ ਦੇ ਗ੍ਰਹਿ ਪਿੰਡ ਬੁਰਜ ਹਰੀ ਸਿੰਘ ਵਾਲਾ ★

ਸੋ ਪੁਰਖ ਨਿਰੰਜਣ ਸਾਚੀ ਧਾਰ, ਸਤਿ ਸਤਿਵਾਦੀ ਮਾਤ ਚਲਾਇੰਦਾ । ਨਿਰਗੁਣ ਸਰਗੁਣ ਕਰੇ ਪਿਆਰ, ਆਤਮ ਪਾਰਬ੍ਰਹਮ ਮਿਲਾਇੰਦਾ । ਏਕਾ ਮੰਦਰ ਖੋਲ੍ਹ ਕਿਵਾੜ, ਸਾਚਾ ਦਰ ਆਪ ਸੁਹਾਇੰਦਾ । ਏਕਾ ਇਸ਼ਟ ਗੁਰ ਅਵਤਾਰ, ਰੂਪ ਅਨੂਪ ਧਰਾਇੰਦਾ । ਏਕਾ ਨਾਦ ਧੁਨ ਜੈਕਾਰ, ਏਕਾ ਸ਼ਬਦ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਧਾਰਾ ਆਪ ਚਲਾਇੰਦਾ । ਸਾਚੀ ਧਾਰ ਹਰਿ ਨਿਰੰਕਾਰ, ਸਤਿਜੁਗ ਸਤਿ ਸਤਿ ਵਰਤਾਈਆ । ਵਰਨ ਬਰਨ ਨਾ ਕੋਇ ਵਿਚਾਰ, ਊਚ ਨੀਚ ਨਾ ਕੋਇ ਰਖਾਈਆ । ਰਾਓ ਰੰਕ ਨਾ ਕੋਇ ਰਾਜਾਨ, ਸ਼ਾਹ ਪਾਤਸ਼ਾਹ ਨਾ ਕੋਇ ਅਖਵਾਈਆ । ਦੀਨ ਮਜ਼੍ਹਬ ਨਾ ਕੋਇ ਇਸਲਾਮ, ਆਤਮ ਬ੍ਰਹਮ ਸਰਬ ਦਰਸਾਈਆ । ਕਿਸੇ ਨਾ ਪਕੜੇ ਕੋਇ ਦਾਮ, ਏਕਾ ਓਟ ਅਕਾਲ ਜਣਾਈਆ । ਰੂਪ ਧਰਾਏ ਰਮੱਯਾ ਰਾਮ, ਸਾਵਲ ਸੁੰਦਰ ਖੇਲ ਖਿਲਾਈਆ । ਈਸਾ ਮੂਸਾ ਦੇ ਪੈਗ਼ਾਮ, ਪੈਗ਼ੰਬਰ ਵੇਖ ਵਖਾਈਆ । ਆਪ ਜਣਾਏ ਸਚ ਕਲਾਮ, ਕਲਮਾ ਨਬੀ ਆਪ ਪੜ੍ਹਾਈਆ । ਸਾਚਾ ਢੋਲਾ ਇਕ ਕਲਾਮ, ਕ਼ਾਦਰ ਕ਼ੁਦਰਤ ਆਪ ਸੁਣਾਈਆ । ਸੋ ਪੁਰਖ ਨਿਰੰਜਣ ਹੋ ਪਰਧਾਨ, ਹੰ ਬ੍ਰਹਮ ਕਰੇ ਪੜ੍ਹਾਈਆ । ਸੋਹੰ ਸ਼ਬਦ ਵਿਚ ਜਹਾਨ, ਏਕਾ ਵਾਰ ਪਰਗਟਾਈਆ । ਵਿਸ਼ਨ ਬ੍ਰਹਮਾ ਸ਼ਿਵ ਸਾਰੇ ਗਾਨ, ਅੰਤਰ ਆਤਮ ਲਿਵ ਲਾਈਆ । ਲੱਖ ਚੁਰਾਸੀ ਵਖਾਏ ਨਿਸ਼ਾਨ, ਸਤਿ ਸਤਿਵੰਤਾ ਆਪ ਝੁਲਾਈਆ । ਜੀਵ ਜੰਤ ਪਾਏ ਆਣ, ਸਿਰ ਆਪਣਾ ਹੱਥ ਟਿਕਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚੇ ਰੰਗ ਸਮਾਈਆ । ਸਤਿ ਸਤਿਵਾਦੀ ਸਾਚਾ ਰੰਗ, ਸਾਚੀ ਧਾਰ ਚਲਾਇੰਦਾ । ਸ਼ਬਦ ਨਾਦ ਇਕ ਮਰਦੰਗ, ਜੀਵ ਜੰਤ ਸੁਣਾਇੰਦਾ । ਅੰਮ੍ਰਿਤ ਆਤਮ ਸਾਚੀ ਗੰਗ, ਨਿਝਰ ਝਿਰਨਾ ਇਕ ਵਖਾਇੰਦਾ । ਅੱਠੇ ਪਹਿਰ ਪਰਮਾਨੰਦ, ਕਾਇਆ ਮੰਦਰ ਸੋਭਾ ਪਾਇੰਦਾ । ਲੇਖਾ ਜਾਣੇ ਬੱਤੀ ਦੰਦ, ਰਸਨਾ ਜਿਹਵਾ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਰਾਹ ਚਲਾਇੰਦਾ । ਸਤਿਜੁਗ ਸਾਚਾ ਮਾਰਗ ਲੌਣਾ, ਪਾਰਬ੍ਰਹਮ ਵਡੀ ਵਡਿਆਈਆ । ਕਲਜੁਗ ਕੂੜਾ ਪੰਧ ਮੁਕੌਣਾ, ਲੋਕਮਾਤ ਰਹਿਣ ਨਾ ਪਾਈਆ । ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਏਕਾ ਧਾਮ ਬਹੌਣਾ, ਏਕਾ ਰਾਮ ਨਜ਼ਰੀ ਆਈਆ । ਏਕਾ ਅੱਖਰ ਆਪ ਪੜ੍ਹੌਣਾ, ਏਕਾ ਘਰ ਵੱਜੇ ਵਧਾਈਆ । ਕਲਜੁਗ ਸਾਢੇ ਤਿੰਨ ਹੱਥ ਸੀਆਂ ਵਕ਼ਤ ਚੁਕੌਣਾ, ਰਵਦਾਸ ਚਮਾਰਾ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਘਰ ਆਪ ਵਸਾਈਆ । ਸਾਚਾ ਘਰ ਹਰਿ ਵਸੌਣਾ, ਬੇਅੰਤ ਵੱਡ ਵਡਿਆਈਆ । ਦੀਪਕ ਜੋਤ ਇਕ ਜਗੌਣਾ, ਹਵਨ ਬਾਤੀ ਨਾ ਕੋਇ ਕਰਾਈਆ । ਪਵਣੀ ਪਵਣ ਸੇਵਾ ਲੌਣਾ, ਪਵਣ ਪਵਣਾਂ ਵਿਚ ਸਮਾਈਆ । ਧੁਰ ਫ਼ਰਮਾਨਾ ਇਕ ਜਣੌਣਾ, ਲਿਖਣ ਪੜ੍ਹਨ ਵਿਚ ਨਾ ਆਈਆ । ਸਤ ਸਤ ਆਪਣਾ ਫੇਰਾ ਪੌਣਾ, ਬ੍ਰਹਮ ਮਤ ਇਕ ਦਰਸਾਈਆ । ਏਕਾ ਬੀਜ ਏਕਾ ਵੱਤ ਏਕਾ ਫਲ ਲਗੌਣਾ, ਅੰਮ੍ਰਿਤ ਫਲ ਆਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਮਾਰਗ ਲਾਈਆ । ਸਤਿਜੁਗ ਮਾਰਗ ਸੱਚਾ ਰਾਹ, ਸੋ ਪੁਰਖ ਨਿਰੰਜਣ ਆਪ ਲਗਾਇੰਦਾ । ਨਿਰਵੈਰ ਨਿਰਾਕਾਰ ਬਣ ਮਲਾਹ, ਦੋ ਜਹਾਨਾਂ ਬੇੜਾ ਆਪ ਚਲਾਇੰਦਾ । ਜਨ ਭਗਤਾਂ ਦੇਵੇ ਸਚ ਸਲਾਹ, ਏਕਾ ਨਾਮ ਜਪਾਇੰਦਾ । ਵੇਲੇ ਅੰਤ ਪਕੜੇ ਬਾਂਹ, ਸਗਲਾ ਸੰਗ ਨਿਭਾਇੰਦਾ । ਸਖਾ ਸਖਾਈ ਪਿਤਾ ਮਾਂ, ਸੀਸ ਜਗਦੀਸ ਹੱਥ ਟਿਕਾਇੰਦਾ । ਹੰਸ ਬਣਾਏ ਫੜ ਫੜ ਕਾਂ, ਕਾਂਗੋਂ ਹੰਸ ਉਡਾਇੰਦਾ । ਜ਼ਾਤ ਪਾਤ ਰਿਹਾ ਮਿਟਾ, ਊਚ ਨੀਚ ਨਾ ਕੋਇ ਵਖਾਇੰਦਾ । ਸਾਚਾ ਮਾਰਗ ਦਏ ਜਣਾ, ਭੇਵ ਅਭੇਦ ਖੁਲ੍ਹਾਇੰਦਾ । ਕੋਈ ਨਾ ਖਾਏ ਸੂਰ ਗਾਂ, ਏਕਾ ਆਤਮ ਅਨੰਦ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਸੰਗ ਨਿਭਾਇੰਦਾ । ਸਤਿਜੁਗ ਸਾਚੇ ਚਲੇ ਸੰਗ, ਸਗਲਾ ਸੰਗ ਆਪ ਨਿਭਾਈਆ । ਘਰ ਘਰ ਵਜਾਏ ਨਾਮ ਮਰਦੰਗ, ਸੁਰਤ ਸੁਆਣੀ ਲਏ ਉਠਾਈਆ । ਕਾਇਆ ਚੋਲੀ ਚਾੜ੍ਹੇ ਰੰਗ, ਗੁਰ ਸ਼ਬਦੀ ਸੇਵ ਕਮਾਈਆ । ਪਾਵੇ ਸਾਰ ਜੇਰਜ ਅੰਡ, ਉਤਭੁਜ ਸੇਤਜ ਫੋਲ ਫੋਲਾਈਆ । ਲੇਖਾ ਜਾਣੇ ਹਰਿ ਬ੍ਰਹਿਮੰਡ, ਬ੍ਰਹਿਮਾਂਡ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਬੰਧਨ ਪਾਈਆ । ਸਤਿਜੁਗ ਸਾਚਾ ਹਰਿ ਹਰਿ ਬੰਧਨ, ਗੁਰਮੁਖ ਵਿਰਲੇ ਪਾਇੰਦਾ । ਜਿਸ ਜਨ ਦੇਵੇ ਆਤਮ ਅਨੰਦਨ, ਨਿਜ ਆਤਮ ਰਸ ਚਖਾਇੰਦਾ । ਇਕ ਸੁਣਾਏ ਸੁਹਾਗੀ ਛੰਦਨ, ਘਰ ਘਰ ਵਿਚ ਰਾਗ ਅਲਾਇੰਦਾ । ਕਲਜੁਗ ਜੀਵ ਭਾਗਾਂ ਮੰਦਨ, ਹਰਿ ਕਾ ਰੂਪ ਨਜ਼ਰ ਨਾ ਆਇੰਦਾ । ਕਿਸੇ ਨਾ ਲੇਖੇ ਖਾਧਾ ਪੀਤਾ ਬੱਤੀ ਦੰਦਨ, ਬਿਨ ਹਰਿ ਨਾਮੇ ਖ਼ਾਲੀ ਸਰਬ ਵਖਾਇੰਦਾ । ਗੁਰਮੁਖ ਵਿਰਲਾ ਮਸਤਕ ਧੂੜੀ ਲਾਵੇ ਚੰਦਨ, ਚੰਦ ਚਾਂਦਨਾ ਆਪ ਚਮਕਾਇੰਦਾ । ਜੁਗ ਜੁਗ ਹੋਏ ਆਪੇ ਟੁੱਟੀ ਗੰਢਣ, ਏਕਾ ਪੱਲੂ ਗੰਢ ਪਵਾਇੰਦਾ । ਤ੍ਰੈਗੁਣ ਅਤੀਤਾ ਤ੍ਰੈਗੁਣ ਕਰੇ ਖੰਡਨ, ਏਕਾ ਖੰਡਾ ਨਾਮ ਚਮਕਾਇੰਦਾ । ਚਾਰੋਂ ਕੁੰਟ ਚੰਡ ਪਰਚੰਡਨ, ਬ੍ਰਹਿਮੰਡ ਖੇਲ ਖਿਲਾਇੰਦਾ । ਕਰੇ ਖੇਲ ਆਦਿ ਨਿਰੰਜਣ, ਭੇਵ ਕੋਇ

੧੧੯੦ ੧੦

ਨਾ ਪਾਇੰਦਾ । ਗ਼ਰੀਬ ਨਿਮਾਣਿਆਂ ਦਰਦ ਦੁੱਖ ਭੈ ਭੰਜਨ, ਭਵ ਸਾਗਰ ਪਾਰ ਕਰਾਇੰਦਾ । ਨੇਤਰ ਪਾਏ ਨਾਮ ਅੰਜਨ, ਆਪਣਾ ਦਰਸ ਕਰਾਇੰਦਾ । ਏਥੇ ਓਥੇ ਬਣੇ ਸੱਜਣ, ਸਾਕ ਸੈਣ ਆਪ ਹੋ ਜਾਇੰਦਾ । ਚਰਨ ਧੂੜੀ ਸਾਚਾ ਮਜਨ, ਦੁਰਮਤ ਮੈਲ ਧਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰਾ ਰੂਪ ਵਖਾਇੰਦਾ । ਕਲਜੁਗ ਤੇਰਾ ਰੂਪ ਅਨੂਪ, ਸਤਿਗੁਰ ਪੂਰਾ ਆਪ ਪਰਗਟਾਈਆ । ਸਚ ਸੁੱਚ ਵਰਤੇ ਚਾਰੇ ਕੂਟ, ਜੂਠ ਝੂਠ ਡੇਰਾ ਢਾਹੀਆ । ਨੌਂ ਖੰਡ ਪ੍ਰਿਥਮੀ ਸੁਹਾਏ ਏਕਾ ਰੁੱਤ, ਰੁੱਤ ਬਸੰਤੀ ਆਪ ਮਹਿਕਾਈਆ । ਗੁਰਮੁਖ ਬਣਾਏ ਸਾਚੇ ਸੁੱਤ, ਪਿਤਾ ਪੂਤ ਗੋਦ ਬਹਾਈਆ । ਕਰੇ ਖੇਲ ਅਬਿਨਾਸ਼ੀ ਅਚੁਤ, ਚੇਤਨ ਆਪਣੀ ਧਾਰ ਚਲਾਈਆ । ਆਪਣੀ ਵਾਰ ਆਪੇ ਉਠ, ਆਪਣਾ ਬਲ ਵਖਾਈਆ । ਗਹਿਰ ਗੰਭੀਰ ਗਿਆ ਤੁਠ, ਬੇਅੰਤ ਸੱਚਾ ਸ਼ਹਿਨਸ਼ਾਹੀਆ । ਚਾਰ ਵਰਨ ਕਰੇ ਏਕਾ ਮੁੱਠ, ਆਪਣਾ ਬੰਧਨ ਪਾਈਆ । ਮਨਮੁਖਤਾ ਅੰਤਮ ਪਏ ਲੁੱਟ, ਮਨਮਤ ਦਏ ਦੁਹਾਈਆ । ਸਚ ਦਵਾਰਿਉਂ ਜੋ ਗਏ ਰੁੱਠ, ਅੰਤਮ ਲਏ ਮਨਾਈਆ । ਮੂਰਖ ਮੁਗਧਾਂ ਧਰਮ ਰਾਏ ਦਰ ਟੰਗੇ ਪੁੱਠ, ਦੇਵੇ ਸਖ਼ਤ ਸਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਮਾਤ ਧਰਾਈਆ । ਸਤਿਜੁਗ ਸਾਚਾ ਮਾਤ ਧਰ, ਧਰਨੀ ਧਰਤ ਧਵਲ ਸੁਹਾਇੰਦਾ । ਏਕਾ ਦੇਵੇ ਆਪਣਾ ਵਰ, ਸਾਚੀ ਵਸਤ ਝੋਲੀ ਪਾਇੰਦਾ । ਦੀਨ ਮਜ਼੍ਹਬ ਨਾ ਕੋਇ ਡਰ, ਸ਼ਰਅ ਸ਼ਰੀਅਤ ਨਾ ਕੋਇ ਵਖਾਇੰਦਾ । ਹਰ ਘਟ ਅੰਦਰ ਹਰਿ ਜੂ ਰਿਹਾ ਵੜ, ਰੂਪ ਅਨੂਪ ਵਖਾਇੰਦਾ । ਨਾ ਕੋਈ ਸੀਸ ਨਾ ਕੋਈ ਧੜ, ਪੰਜ ਤੱਤ ਭਾਗ ਲਗਾਇੰਦਾ । ਗੁਰਮੁਖ ਵਿਰਲਾ ਵੇਖੇ ਅੱਗੇ ਖੜ, ਜਿਸ ਜਨ ਆਪਣੀ ਦਇਆ ਕਮਾਇੰਦਾ । ਕਿਰਪਾ ਕਰੇ ਨਰਾਇਣ ਨਰ, ਨਰ ਨਾਰੀ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਸ਼ਬਦ ਜਣਾਇੰਦਾ । ਸਾਚਾ ਸ਼ਬਦ ਸੋਹੰ ਸੋ, ਸੋ ਪੁਰਖ ਨਿਰੰਜਣ ਧਾਰ ਚਲਾਇੰਦਾ । ਲੱਖ ਚੁਰਾਸੀ ਦੇਵੇ ਢੋ, ਢੋਆ ਢੋਲਾ ਲੈ ਕੇ ਆਇੰਦਾ । ਏਕਾ ਬੀਜ ਦੇਵੇ ਬੋ, ਏਕਾ ਰੁੱਤ ਸੁਹਾਇੰਦਾ । ਏਕਾ ਅੰਮ੍ਰਿਤ ਦੇਵੇ ਚੋ, ਹਰਿਆ ਬੂਟਾ ਆਪ ਕਰਾਇੰਦਾ । ਏਕਾ ਤੋੜੇ ਨਾਤਾ ਮੋਹ, ਮਾਇਆ ਮਮਤਾ ਪਰੇ ਹਟਾਇੰਦਾ । ਏਕਾ ਬ੍ਰਹਮ ਪਾਰਬ੍ਰਹਮ ਜਾਏ ਛੋਹ, ਦੂਈ ਪਰਦਾ ਆਪ ਚੁਕਾਇੰਦਾ । ਗੁਰਮੁਖ ਜਗਤ ਜੀਵਣ ਵਲੋਂ ਹੋਏ ਨਿਰਮੋਹ, ਨਿਰਵੈਰ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਸਾਚਾ ਖੇਲ ਹਰਿ ਕਰਤਾਰ, ਨਵ ਨਵ ਚਾਰ ਕਰਾਈਆ । ਕਾਇਆ ਕੱਪੜ ਦਏ ਉਤਾਰ, ਜੋਤੀ ਜੋਤ ਜੋਤ ਮਿਲਾਈਆ । ਮੰਦਰ ਸੁਹਾਏ ਬੰਕ ਦਵਾਰ, ਗ੍ਰਿਹਿ ਸਾਚੇ ਵੱਜੇ ਵਧਾਈਆ । ਵਾਹ ਵਾ ਸਖ਼ੀਆਂ ਮੰਗਲਾਚਾਰ, ਗੀਤ ਗੋਬਿੰਦ ਅਲਾਈਆ । ਗੁਰਮੁਖ ਸੋਹੇ ਗੁਰ ਚਰਨ ਦਵਾਰ, ਗੁਰ ਮੇਲਾ ਸਹਿਜ ਸੁਭਾਈਆ । ਏਕਾ ਨੂਰ ਹੋਏ ਉਜਿਆਰ, ਜੋਤੀ ਜੋਤ ਡਗਮਗਾਈਆ । ਸ਼ਬਦੀ ਸ਼ਬਦ ਕਰੇ ਪਿਆਰ, ਏਕਾ ਨਾਮ ਸਚ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਵਿਰਲੇ ਲਏ ਉਧਾਰ, ਪੂਰਬ ਜਨਮਾਂ ਵੇਖ ਵਖਾਈਆ । ਪੂਰਬ ਜਨਮ ਸਾਚਾ ਲਹਿਣਾ, ਜਨਮ ਕਰਮ ਲੇਖੇ ਪਾਇੰਦਾ । ਜਿਸ ਜਨ ਵਖਾਏ ਦਰਸਨ ਨੈਣਾਂ, ਜਨਮ ਮਰਨ ਕਟਾਇੰਦਾ । ਜਿਸ ਤਨ ਪਾਏ ਨਾਮ ਗਹਿਣਾ, ਸਵੱਛ ਸੁਹਾਗਣ ਰੂਪ ਵਖਾਇੰਦਾ । ਜਿਸ ਜਨ ਜਣਾਏ ਭਾਣਾ ਸਹਿਣਾ, ਤਿਸ ਆਪਣਾ ਮੇਲ ਮਿਲਾਇੰਦਾ । ਗੁਰ ਗੁਰ ਗੁਰਮੁਖ ਧਾਮ ਇਕੱਠੇ ਬਹਿਣਾ, ਸਚਖੰਡ ਦਵਾਰਾ ਇਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ

ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਚਾਰ ਵਰਨ ਬਹਾਏ ਏਕਾ ਦਰ, ਨਿਰਭੌ ਚੁਕਾਏ ਦੂਜਾ ਡਰ, ਨੇਤਰ ਤੀਜਾ ਖੋਲ੍ਹ ਵਖਾਏ ਘਰ, ਚੌਥੇ ਘਰ ਵੱਜੇ ਵਧਾਈਆ । ਪੰਚਮ ਮੇਲਾ ਆਪੇ ਕਰ, ਛੇਵੇਂ ਬਿਨ ਛੱਪਰ ਛੰਨ ਜਾਏ ਵੜ, ਸੱਤਵੇਂ ਸਤਿ ਸਤਿਵਾਦੀ ਨਾ ਕੋਈ ਸੀਸ ਨਾ ਕੋਈ ਧੜ, ਪੁਰਖ ਅਕਾਲ ਵਡੀ ਵਡਿਆਈਆ । ਅੱਠਾਂ ਤੱਤਾਂ ਲਏ ਫੜ, ਨੌਂ ਦਵਾਰ ਖੋਲ੍ਹ ਗੜ੍ਹ, ਸਾਚੀ ਚੋਟੀ ਆਪੇ ਚੜ੍ਹ, ਦਸਮ ਦਵਾਰੀ ਕੁੰਡਾ ਲਾਹੀਆ । ਨਿਰਗੁਣ ਜੋਤੀ ਨੂਰ ਕਰ, ਅਨਹਦ ਤੂਰ ਵੱਜੇ ਦਰ, ਪੰਚ ਵਿਕਾਰਾ ਜਾਏ ਸੜ, ਦੂਈ ਦਵੈਤੀ ਰਹਿਣ ਨਾ ਪਾਈਆ । ਗੁਰਮੁਖ ਮਿਲੇ ਆਪਣੇ ਘਰ, ਪੁਰਖ ਅਬਿਨਾਸ਼ੀ ਪੱਲੂ ਫੜ, ਸਾਚੇ ਪੌੜੇ ਜਾਏ ਚੜ੍ਹ, ਆਪਣਾ ਪੰਧ ਆਪ ਮੁਕਾਈਆ । ਨਜ਼ਰੀ ਆਏ ਏਕਾ ਹਰਿ , ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅੰਤ ਸ੍ਰੀ ਭਗਵੰਤ, ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਆਪਣਾ ਮੇਲ ਮਿਲਾਈਆ ।

## ★ ੨੦ ਭਾਦਰੋਂ ੨੦੧੮ ਬਿਕ੍ਰਮੀ ਬਾਬੂ ਸਿੰਘ ਦੇ ਗ੍ਰਿਹ ਦੱਦਾ ਹੂਰ ★

ਸੋ ਪੁਰਖ ਨਿਰੰਜਣ ਸਾਚਾ ਰਾਣਾ, ਤਖ਼ਤ ਨਿਵਾਸੀ ਹੁਕਮ ਜਣਾਇੰਦਾ । ਜੁਗ ਜੁਗ ਮੰਨੇ ਹਰਿ ਹਰਿ ਭਾਣਾ, ਹਰਿ ਭਾਣੇ ਸਰਬ ਸਮਾਇੰਦਾ । ਕਲਜੁਗ ਅੰਤਮ ਖੇਲ ਮਹਾਨਾ, ਨਿਰਗੁਣ ਨਿਰਵੈਰ ਆਪ ਕਰਾਇੰਦਾ । ਬ੍ਰਹਿਮੰਡਾਂ ਖੰਡਾਂ ਲੋਆਂ ਪੁਰੀਆਂ ਵੇਖੇ ਮਾਰ ਧਿਆਨਾ, ਲੱਖ ਚੁਰਾਸੀ ਫੋਲ ਫੋਲਾਇੰਦਾ । ਚਾਰੋਂ ਕੁੰਟ ਜੂਠ ਝੂਠ ਪਰਧਾਨਾ, ਕੂੜੀ ਕਿਰਿਆ ਬੰਧਨ ਪਾਇੰਦਾ । ਮਾਇਆ ਮਮਤਾ ਦਰ ਦਰ ਖੇਲ ਖਿਲਾਨਾ, ਹਉਮੇ ਵੇਸ ਵਟਾਇੰਦਾ । ਨਜ਼ਰ ਨਾ ਆਏ ਕਿਸੇ ਸ੍ਰੀ ਭਗਵਾਨਾ, ਲੱਖ ਚੁਰਾਸੀ ਨੇਤਰ ਨੈਣ ਬੰਦ ਵਖਾਇੰਦਾ । ਭਰਮੇ ਭੁੱਲਾ ਰਾਜਾ ਰਾਣਾ, ਰਾਮ ਰਾਜ ਨਾ ਕੋਇ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਇੰਦਾ । ਸਾਚਾ ਹੁਕਮ ਸ੍ਰੀ ਭਗਵੰਤ, ਆਦਿ ਜੁਗਾਦਿ ਵਰਤਾਈਆ । ਲੇਖਾ ਜਾਣੇ ਜੁਗਾ ਜੁਗੰਤ, ਜੁਗ ਕਰਤਾ ਵੇਸ ਵਟਾਈਆ । ਸੇਵਾ ਲਾਏ ਗੁਰ ਅਵਤਾਰ ਸਾਧ ਸੰਤ, ਹੁਕਮੀ ਹੁਕਮ ਇਕ ਸੁਣਾਈਆ । ਆਪਣੀ ਮਹਿਮਾ ਜਣਾਏ ਅਗਣਤ, ਅਕਥਨਾ ਅਕਥ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪਣੇ ਹੱਥ ਰਖਾਈਆ । ਜੁਗ ਜੁਗ ਖੇਲ ਅਵੱਲੜਾ, ਕਰਨਹਾਰ ਕਰਤਾਰ । ਸਚ ਸਿੰਘਾਸਣ ਏਕਾ ਮਲੜਾ, ਸਚਖੰਡ ਸੱਚਾ ਦਰਬਾਰ । ਧੁਰ ਸੰਦੇਸ ਏਕਾ ਘੱਲੜਾ, ਹੁਕਮੀ ਹੁਕਮ ਕਰੇ ਵਰਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣ ਆਪਣੀ ਕਾਰ । ਸਾਚੀ ਕਾਰ ਹਰਿ ਕਮਾਇੰਦਾ, ਜੁਗਾ ਜੁਗੰਤਰ ਲੈ ਅਵਤਾਰ । ਨਿਰਗੁਣ ਸਰਗੁਣ ਮੇਲ ਮਿਲਾਇੰਦਾ, ਮੇਲ ਮਿਲਾਵਾ ਅਗੰਮ ਅਪਾਰ । ਨਾਮ ਨਾਦ ਇਕ ਵਜਾਇੰਦਾ, ਰਾਗਾਂ ਨਾਦਾਂ ਵਸੇ ਬਾਹਰ । ਬ੍ਰਹਮ ਬ੍ਰਹਿਮਾਦ ਖੋਜ ਖੁਜਾਇੰਦਾ, ਆਪ ਆਪਣਾ ਖੋਲ੍ਹ ਕਿਵਾੜ । ਬੋਧ ਅਗਾਧ ਸ਼ਬਦ ਸੁਣਾਇੰਦਾ, ਅੱਖਰ ਵੱਖਰ ਕਰ ਤਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਬੰਨ੍ਹੇ ਸਾਚੀ ਧਾਰ । ਸਾਚੀ ਧਾਰ ਸ੍ਰੀ ਭਗਵਾਨ, ਆਦਿ ਜੁਗਾਦਿ ਬੰਧਾਈਆ । ਸਤਿਜੁਗ ਤ੍ਰੇਤਾ ਦੁਆਪਰ ਵੇਖ ਨਿਸ਼ਾਨ, ਅੰਤਮ ਦਏ ਮਿਟਾਈਆ । ਵਿਸ਼ਨ ਬ੍ਰਹਮਾ ਸ਼ਿਵ ਗਾਏ ਗਾਨ, ਗੀਤ ਗੋਬਿੰਦ ਅਲਾਈਆ । ਗੁਰ ਅਵਤਾਰ ਸੇਵ ਕਰਨ ਮਹਾਨ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਰੂਪ ਧਰਾਈਆ । ਸਚ ਸੰਦੇਸਾ ਇਕ ਫ਼ਰਮਾਨ, ਜੀਵਾਂ

੧੧੯੨
੧੦

੧੧੯੩
੧੦

ਜੰਤਾਂ ਆਪ ਸਮਝਾਈਆ । ਪੁਰਖ ਅਕਾਲ ਸਾਚਾ ਹੁਕਮਰਾਨ, ਸਾਚੇ ਤਖ਼ਤ ਬੈਠਾ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਕਰਤਾ ਖੇਲ ਖਿਲਾਈਆ । ਜੁਗ ਕਰਤਾ ਹਰਿ ਮਲਾਹ, ਲੱਖ ਚੁਰਾਸੀ ਬੇੜਾ ਆਪ ਚਲਾਇੰਦਾ । ਜੁਗ ਜੁਗ ਲਹਿਣਾ ਦੇਣਾ ਦਏ ਮੁਕਾ, ਲੇਖਾ ਲੇਖ ਨਾ ਕੋਇ ਰਖਾਇੰਦਾ । ਧਰਨੀ ਧਰਤ ਧਵਲ ਗੋਦ ਦਏ ਸੁਹਾ, ਪੂਤ ਸਪੂਤਾ ਗੋਦ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਹਰਿ ਕਾ ਖੇਲ ਆਦਿ ਜੁਗਾਦਿ, ਭੇਵ ਕੋਇ ਨਾ ਪਾਇੰਦਾ । ਬੇਅੰਤ ਬੇਅੰਤ ਕਹਿ ਕਹਿ ਗਏ ਸੰਤ ਸਾਧ, ਗੁਰ ਅਵਤਾਰ ਸਰਬ ਸਾਲਾਹਿੰਦਾ । ਜੁਗ ਜੁਗ ਲੱਖ ਚੁਰਾਸੀ ਸੁਣੇ ਫ਼ਰਯਾਦ, ਹਰ ਘਟ ਆਪਣਾ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅੰਤ ਆਪਣੇ ਹੱਥ ਰਖਾਇੰਦਾ । ਕਲਜੁਗ ਤੇਰਾ ਅੰਤਮ ਅੰਤ, ਹਰਿ ਆਪਣੇ ਹੱਥ ਰਖਾਈਆ । ਪਰਗਟ ਹੋ ਸ੍ਰੀ ਭਗਵੰਤ, ਨਿਰਗੁਣ ਨਿਰਵੈਰ ਜੋਤੀ ਜਾਮਾ ਪਾਈਆ । ਕਰੇ ਖੇਲ ਸ੍ਰੀ ਭਗਵੰਤ, ਪਾਰਬ੍ਰਹਮ ਵਡੀ ਵਡਿਆਈਆ । ਲੱਖ ਚੁਰਾਸੀ ਮਾਇਆ ਪਾਏ ਬੇਅੰਤ, ਪਰਦਾ ਸਕੇ ਨਾ ਕੋਇ ਉਠਾਈਆ । ਨਵ ਨੌਂ ਗੜ੍ਹ ਬਣਿਆ ਹਉਮੇਂ ਹੰਗਤ, ਮਾਇਆ ਮਮਤਾ ਵਿਚ ਵਸਾਈਆ । ਬਿਨ ਹਰਿ ਨਾਮੇ ਸ੍ਰਿਸ਼ਟ ਸਬਾਈ ਹੋਈ ਨੰਗਤ, ਤਨ ਪਰਦਾ ਨਾ ਕੋਇ ਰਖਾਈਆ । ਮਾਣਸ ਜਨਮ ਦਿਸੇ ਭੰਗਤ, ਸਗਲਾ ਸੰਗ ਨਾ ਕੋਇ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਸ ਵਟਾਈਆ । ਕਲਜੁਗ ਅੰਤਮ ਅੰਤ ਕਲ, ਕਲ ਕਾਤੀ ਵੇਖ ਵਖਾਇੰਦਾ । ਪੁਰਖ ਅਬਿਨਾਸ਼ੀ ਆਏ ਚਲ, ਗੋਬਿੰਦ ਮੇਲਾ ਮੇਲ ਮਿਲਾਇੰਦਾ । ਵਸਣਹਾਰਾ ਜਲ ਥਲ, ਮਹੀਅਲ ਆਪਣੀ ਖੇਲ ਖਿਲਾਇੰਦਾ । ਜੀਵ ਜੰਤ ਭੁਲਾਏ ਕਰ ਕਰ ਵਲ ਛਲ, ਅਛਲ ਛਲਧਾਰੀ ਆਪ ਹੋ ਜਾਇੰਦਾ । ਵਸਣਹਾਰਾ ਨਿਹਚਲ ਧਾਮ ਅਟੱਲ, ਲੋਕਮਾਤ ਵੇਸ ਵਟਾਇੰਦਾ । ਸਚ ਸਿੰਘਾਸਣ ਸੰਬਲ ਨਗਰ ਬੈਠਾ ਮੱਲ, ਪੁਰਖ ਅਬਿਨਾਸ਼ੀ ਆਸਣ ਲਾਇੰਦਾ । ਇਕ ਸੁਨੇਹੜਾ ਰਿਹਾ ਘਲ, ਚਾਰ ਵਰਨਾਂ ਆਪ ਜਗਾਇੰਦਾ । ਨੌਂ ਖੰਡ ਪ੍ਰਿਥਮੀ ਜਾਏ ਹਲ, ਧੀਰਜ ਧੀਰ ਨਾ ਕੋਇ ਧਰਾਇੰਦਾ । ਕਰੇ ਖੇਲ ਸੂਰਾ ਪਰਬਲ, ਪਾਰਬ੍ਰਹਮ ਆਪਣਾ ਹੁਕਮ ਵਰਤਾਇੰਦਾ । ਲੱਖ ਚੁਰਾਸੀ ਕਾਇਆ ਡਾਲ੍ਹ ਅੰਮ੍ਰਿਤ ਦਿਸੇ ਨਾ ਕੋਇ ਫਲ, ਜੂਠਾ ਝੂਠਾ ਸਿਮਲ ਰੁੱਖ ਲੋਕਮਾਤ ਲਹਿਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਕਲਜੁਗ ਅੰਤਮ ਵੇਸ ਧਰ, ਨਿਹਕਲੰਕਾ ਨਾਉਂ ਰਖਾਈਆ । ਵੇਦ ਵਿਆਸਾ ਆਪੇ ਫੜ, ਆਪਣਾ ਭਵਿਖਤ ਦਏ ਸਮਝਾਈਆ । ਉਚੇ ਟਿੱਲੇ ਆਪੇ ਚੜ੍ਹ, ਸਾਚੇ ਪਰਬਤ ਸੋਭਾ ਪਾਈਆ । ਕਿਲਾ ਕੋਟ ਤੋੜ ਹੰਕਾਰੀ ਗੜ੍ਹ, ਗ੍ਰਿਹਿ ਮੰਦਰ ਵੱਜੇ ਵਧਾਈਆ । ਆਤਮ ਮੇਲਾ ਪਾਰਬ੍ਰਹਮ ਕਰ, ਬ੍ਰਹਮ ਵੇਖੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਖਿਲੌਣਾ, ਕਲਜੁਗ ਅੰਤਮ ਵਾਰ । ਕੂੜੀ ਕਿਰਿਆ ਮੇਟ ਮਿਟੌਣਾ, ਜੂਠ ਝੂਠ ਕਰੇ ਖ਼ਵਾਰ । ਮਾਇਆ ਮਮਤਾ ਮੋਹ ਚੁਕੌਣਾ, ਹਉਮੇ ਹੰਗਤਾ ਗੜ੍ਹ ਨਿਵਾਰ । ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਏਕਾ ਰੰਗ ਰੰਗੌਣਾ, ਦੂਈ ਦਵੈਤੀ ਪਰਦਾ ਦੇਵੇ ਪਾੜ । ਆਤਮ ਬ੍ਰਹਮ ਸਰਬ ਦਰਸੌਣਾ, ਈਸ਼ ਜੀਵ ਕਰ ਪਿਆਰ । ਕਾਇਆ ਮੰਦਰ ਇਕ ਵਖੌਣਾ, ਘਰ ਬੈਠਾ ਮੀਤ ਮੁਰਾਰ । ਅੱਠੇ ਪਹਿਰ ਅਨਹਦ ਸ਼ਬਦ ਨਾਦ ਸੁਣੌਣਾ, ਆਪ ਵਜਾਏ ਤਾਰ ਸਤਾਰ । ਸਾਚੀ ਸਖ਼ੀਆਂ ਮੇਲ ਮਿਲੌਣਾ, ਵਿਛੜ ਨਾ ਜਾਏ ਦੂਜੀ ਵਾਰ । ਕਲਜੁਗ ਕੂੜਾ ਕਾਲਖ ਟਿੱਕਾ ਮਸਤਕ ਲੌਹਣਾ, ਗੁਰਮੁਖ ਸਾਚੇ

ਕਰ ਉਜਿਆਰ । ਨਿਰਗੁਣ ਬਾਤੀ ਜੋਤ ਜਗੌਣਾ, ਜੋਤ ਨਿਰੰਜਣ ਕਰ ਉਜਿਆਰ । ਕਮਲਾਪਾਤੀ ਮੇਲ ਮਿਲੌਣਾ, ਪੁਰਖ ਅਬਿਨਾਸ਼ੀ ਏਕੰਕਾਰ । ਸਾਚਾ ਸਾਕੀ ਆਪ ਅਖਵੌਣਾ, ਅੰਮ੍ਰਿਤ ਜਾਮ ਦਏ ਪਿਆਲ । ਬੰਦ ਕਿਵਾੜਾ ਤਾਕੀ ਆਪ ਖੁਲ੍ਹੌਣਾ, ਘਰ ਘਰ ਵਿਚ ਵਖਾਏ ਸੱਚੀ ਧਰਮਸਾਲ । ਮੰਦਰ ਮਸਜਿਦ ਮਠ ਸ਼ਿਵਦਵਾਲਾ ਕਲਜੁਗ ਅੰਤਮ ਕੋਈ ਰਹਿਣ ਨਾ ਪੌਣਾ, ਤੀਰਥ ਤਟ ਅਠਸਠ ਗਏ ਹਾਰ । ਪਾਰਬ੍ਰਹਮ ਪੁਰਖ ਪੁਰਖੋਤਮ ਆਪਣਾ ਖੇਲ ਆਪ ਖਿਲੌਣਾ, ਆਪ ਆਪਣਾ ਬਲ ਧਾਰ । ਚਾਰ ਵਰਨ ਅਠਾਰਾਂ ਬਰਨ ਏਕਾ ਬੰਧਨ ਪੌਣਾ, ਹੁਕਮੀ ਹੁਕਮ ਵਰਤੇ ਵਰਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਲੋਕਮਾਤ ਹੋ ਉਜਿਆਰ । ਨਿਹਕਲੰਕ ਸ੍ਰੀ ਭਗਵਾਨ, ਦੂਸਰ ਅਵਰ ਨਾ ਕੋਇ ਜਣਾਇੰਦਾ । ਪਰਗਟ ਹੋਵੇ ਵਾਲੀ ਦੋ ਜਹਾਨ, ਜੋਤੀ ਜਾਤਾ ਡਗਮਗਾਇੰਦਾ । ਸ਼ਬਦ ਸੁਣਾਏ ਧੁਰ ਫ਼ਰਮਾਨ, ਸੋਹੰ ਅੱਖਰ ਆਪ ਪੜ੍ਹਾਇੰਦਾ । ਆਤਮ ਪਰਮਾਤਮ ਦੇਵੇ ਗਿਆਨ, ਦੂਜੀ ਵਿਦਿਆ ਨਾ ਕੋਇ ਰਖਾਇੰਦਾ । ਜ਼ਾਤ ਪਾਤ ਊਚ ਨੀਚ ਏਕਾ ਰੰਗ ਵਖਾਏ ਹੋ ਮਿਹਰਵਾਨ, ਆਪ ਆਪਣੇ ਰੰਗ ਰੰਗਾਇੰਦਾ । ਸਤਿਜੁਗ ਦੇਵੇ ਸਾਚਾ ਦਾਨ, ਵਸਤ ਅਮੋਲਕ ਝੋਲੀ ਪਾਇੰਦਾ । ਏਕਾ ਰਾਜ ਇਕ ਰਾਜਾਨ, ਸ਼ਾਹ ਪਾਤਸ਼ਾਹ ਇਕ ਅਖਵਾਇੰਦਾ । ਏਕਾ ਵਿਸ਼ਨੂੰ ਦੇਵੇ ਦਾਨ, ਏਕਾ ਬ੍ਰਹਮਾ ਬ੍ਰਹਮ ਪਰਗਟਾਇੰਦਾ । ਏਕਾ ਸ਼ੰਕਰ ਕਰੇ ਕਲਿਆਣ, ਏਕਾ ਖੇਲ ਖਿਲਾਇੰਦਾ । ਏਕਾ ਰੂਪ ਘਟ ਘਟ ਪਛਾਣ, ਘਟ ਘਟ ਆਪਣੀ ਜੋਤ ਜਗਾਇੰਦਾ । ਏਕਾ ਮੰਦਰ ਇਕ ਮਕਾਨ, ਏਕਾ ਆਸਣ ਲਾਇੰਦਾ । ਏਕਾ ਸ਼ਬਦ ਇਕ ਗਿਆਨ, ਏਕਾ ਮੰਤਰ ਪੜ੍ਹਾਇੰਦਾ । ਏਕਾ ਸੂਰਜ ਏਕਾ ਭਾਨ, ਏਕਾ ਰਵ ਏਕਾ ਸਸ, ਇਕ ਪਰਕਾਸ਼ ਕਰਾਇੰਦਾ । ਏਕਾ ਮੇਲ ਮਿਲਾਏ ਹੱਸ ਹੱਸ, ਜੁਗ ਜੁਗ ਵੇਸ ਵਟਾਇੰਦਾ । ਏਕਾ ਮਾਰਗ ਦੇਵੇ ਦੱਸ, ਗੁਰ ਅਵਤਾਰਾਂ ਮਾਰਗ ਲਾਇੰਦਾ । ਕਲਜੁਗ ਅੰਤਮ ਕਰ ਪਰਕਾਸ਼, ਜੋਤੀ ਜੋਤ ਡਗਮਗਾਇੰਦਾ । ਗ਼ਰੀਬ ਨਿਮਾਣਿਆਂ ਹੋਏ ਦਾਸ, ਜੁਗ ਵਿਛੜੇ ਮੇਲ ਮਿਲਾਇੰਦਾ । ਸਤਿਜੁਗ ਦੇਵੇ ਸਾਚਾ ਸਾਥ, ਸਗਲਾ ਸੰਗ ਨਿਭਾਇੰਦਾ । ਕਰੇ ਖੇਲ ਪੁਰਖ ਸਮਰਾਥ, ਹਰਿ ਕਾ ਭੇਵ ਕੋਇ ਨਾ ਪਾਇੰਦਾ । ਲਹਿਣਾ ਦੇਣਾ ਚੁਕਾਏ ਤ੍ਰਿਲੋਕੀ ਨਾਥ, ਨਾਥ ਅਨਾਥਾਂ ਸਿਰ ਆਪਣਾ ਹੱਥ ਟਿਕਾਇੰਦਾ । ਨਿਰਵੈਰ ਚਲਾਏ ਆਪਣੀ ਗਾਥ, ਦੀਨ ਮਜ਼੍ਹਬ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਆਪਣਾ ਨਾਉਂ ਪਰਗਟਾਇੰਦਾ । ਏਕਾ ਨਾਉਂ ਹਰਿ ਨਿਰੰਕਾਰ, ਦੂਸਰ ਅਵਰ ਨਾ ਕੋਇ ਪੜ੍ਹਾਈਆ । ਚਾਰ ਵਰਨਾਂ ਦੇਵੇ ਕਰ ਪਿਆਰ, ਏਕਾ ਮੰਤਰ ਰਿਹਾ ਸਮਝਾਈਆ । ਸੋ ਪੁਰਖ ਨਿਰੰਜਣ ਵਸਣਹਾਰਾ ਠਾਂਡੇ ਦਰਬਾਰ, ਸਚਖੰਡ ਬੈਠਾ ਆਸਣ ਲਾਈਆ । ਹਰਿ ਪੁਰਖ ਨਿਰੰਜਣ ਹੋ ਤਿਆਰ, ਰੂਪ ਅਨੂਪ ਧਰਾਈਆ । ਏਕੰਕਾਰਾ ਕਰ ਪਸਾਰ, ਆਪ ਆਪਣਾ ਲਏ ਪਰਗਟਾਈਆ । ਆਦਿ ਨਿਰੰਜਣ ਹੋ ਉਜਿਆਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਅਬਿਨਾਸ਼ੀ ਕਰਤਾ ਸੁਹਾਏ ਬੰਕ ਦਵਾਰ, ਸਚ ਸਿੰਘਾਸਣ ਸੋਭਾ ਪਾਈਆ । ਸ੍ਰੀ ਭਗਵਾਨ ਸ਼ਾਹ ਪਾਤਸ਼ਾਹ ਸੱਚੀ ਸਰਕਾਰ, ਧੁਰ ਫ਼ਰਮਾਨਾ ਹੁਕਮ ਸੁਣਾਈਆ । ਪਾਰਬ੍ਰਹਮ ਨਿਉਂ ਨਿਉਂ ਕਰੇ ਨਿਮਸਕਾਰ, ਦਰ ਆਪਣੇ ਸੀਸ ਝੁਕਾਈਆ । ਬ੍ਰਹਮ ਕਰੇ ਖ਼ਬਰਦਾਰ, ਸ਼ਬਦ ਸਨੇਹੜਾ ਇਕ ਸੁਣਾਈਆ । ਵਿਸ਼ਨ ਬ੍ਰਹਮਾ ਸ਼ਿਵ ਹੋਏ ਬੇਦਾਰ, ਨੇਤਰ ਨੈਣਾਂ ਨੀਂਦ ਖੁਲ੍ਹਾਈਆ । ਕਲਜੁਗ ਅੰਤਮ ਕਲ ਕਲਕੀ ਲੈ ਅਵਤਾਰ, ਨਿਹਕਲੰਕਾ ਨਾਉਂ ਰਖਾਈਆ । ਸ਼ਬਦ ਡੰਕਾ ਵੱਜੇ ਅਗੰਮ ਅਪਾਰ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਦਏ ਜਗਾਈਆ । ਰਾਓ ਰੰਕਾਂ ਕਰੇ ਇਕ


੧੧੯੪ ੧੦

ਪਿਆਰ, ਏਕਾ ਗਿਆਨ ਤੱਤ ਜਣਾਈਆ । ਕੂੜੀ ਕਿਰਿਆ ਮਾਰੇ ਮਾਰ, ਕਲਜੁਗ ਅੰਤਮ ਡੇਰਾ ਢਾਹੀਆ । ਲੇਖਾ ਜਾਣੇ ਈਸਾ ਮੂਸਾ ਸੰਗ ਮੁਹੰਮਦ ਚਾਰ ਯਾਰ, ਨੂਰੀ ਅੱਲਾ ਬੇਪਰਵਾਹੀਆ । ਮੁਕਾਮੇ ਹੱਕ ਹੋ ਤਿਆਰ, ਪਾਵੇ ਸਾਰ ਪਰਵਰਦਿਗਾਰ, ਬੇਪਰਵਾਹ ਵਡੀ ਵਡਿਆਈਆ । ਹੱਕ ਹਕੀਕਤ ਬੋਲ ਜੈਕਾਰ, ਬਿਸਮਿਲ ਰੂਪ ਵਿਚ ਸੰਸਾਰ, ਇਸਮ ਆਜ਼ਮ ਦਏ ਜਣਾਈਆ । ਨੂਰੀ ਜਲਵਾ ਖੇਲ ਅਪਾਰ, ਕੁਦਰਤ ਕ਼ਾਦਰ ਕਰੇ ਪਿਆਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਜੁਗ ਲਹਿਣਾ ਆਪ ਚੁਕਾਈਆ । ਜੁਗ ਜੁਗ ਲਹਿਣਾ ਚੁਕੇ ਪੰਧ, ਕਲਜੁਗ ਅੰਤਮ ਵਾਰ । ਚਾਰ ਜੁਗ ਗੁਰ ਅਵਤਾਰ ਗਾ ਗਾ ਗਏ ਛੰਦ, ਉਚੀ ਕੂਕ ਕੂਕ ਪੁਕਾਰ । ਆਪਣਾ ਲਿਖ ਲਿਖ ਗਏ ਲੇਖਾ ਬੱਤੀ ਦੰਦ, ਰਸਨਾ ਜਿਹਵਾ ਲਏ ਆਧਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਮ ਖੇਲ ਕਰੇ ਕਰਤਾਰ । ਕਲਜੁਗ ਅੰਤਮ ਖੇਲ ਖਿਲੌਣਾ, ਨੌਂ ਸੌ ਚੁਰਾਨਵੇ ਚੌਕੜੀ ਜੁਗ ਪੰਧ ਮੁਕਾਈਆ । ਤੇਈ ਅਵਤਾਰ ਦਸ ਗੁਰ ਭਗਤ ਅਠਾਰਾਂ ਲਹਿਣਾ ਦੇਣਾ ਆਪ ਚੁਕੌਣਾ, ਬਾਕੀ ਕੋਇ ਨਜ਼ਰ ਨਾ ਆਈਆ । ਚਾਰ ਵਰਨ ਡੇਰਾ ਢੌਣਾ, ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਨਾ ਕੋਇ ਅਖਵਾਈਆ । ਸਾਚਾ ਮਾਰਗ ਇਕ ਲਗੌਣਾ, ਚਾਰੋਂ ਕੁੰਟ ਦਏ ਵਖਾਈਆ । ਏਕਾ ਇਸ਼ਟ ਸਰਬ ਮਨੌਣਾ, ਜਗਤ ਦ੍ਰਿਸ਼ਟ ਦਏ ਖੁਲ੍ਹਾਈਆ । ਘਰ ਘਰ ਰਾਮ ਨਜ਼ਰੀ ਔਣਾ, ਰਾਮ ਰਾਮਾ ਰੂਪ ਵਟਾਈਆ । ਚਤੁਰਭੁਜ ਭੇਵ ਚੁਕੌਣਾ, ਆਦਿ ਸ਼ਕਤ ਸਗਨ ਮਨਾਈਆ । ਹੋ ਭਵਾਨੀ ਦਰਸ ਦਿਖੌਣਾ, ਇਸ਼ਟ ਆਪਣਾ ਲਏ ਪਰਗਟਾਈਆ । ਭਗਤ ਭਗਵੰਤ ਰੰਗ ਰੰਗੌਣਾ, ਆਪਣਾ ਰੰਗ ਚੜ੍ਹਾਈਆ । ਸੋਹੰ ਸ਼ਬਦ ਸਾਚਾ ਮਰਦੰਗ ਵਜੌਣਾ, ਆਤਮ ਪਰਮਾਤਮ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਕੂੜਾ ਪਾਰ ਕਰ, ਸਤਿਜੁਗ ਸਾਚਾ ਮਾਤ ਧਰਾਈਆ ।

★ ੨੦ ਭਾਦਰੋਂ ੨੦੧੮ ਬਿਕ੍ਰਮੀ ਦਰਬਾਰਾ ਸਿੰਘ ਦੇ ਗ੍ਰਿਹ ਪਿੰਡ ਕਿਰਪਾਲ ਸਿੰਘ ਵਾਲਾ ★

ਸੋ ਪੁਰਖ ਨਿਰਜੰਣ ਅਗੰਮ ਅਪਾਰਾ, ਆਦਿ ਜੁਗਾਦਿ ਵਡੀ ਵਡਿਆਈਆ । ਹਰਿ ਪੁਰਖ ਨਿਰੰਜਣ ਖੇਲ ਨਿਆਰਾ, ਨਿਰਗੁਣ ਨਿਰਵੈਰ ਆਪ ਕਰਾਈਆ । ਏਕੰਕਾਰ ਕਰ ਪਸਾਰਾ, ਰੂਪ ਅਨੂਪ ਆਪ ਧਰਾਈਆ । ਆਦਿ ਨਿਰੰਜਣ ਜੋਤੀ ਜੋਤ ਉਜਿਆਰਾ, ਦਰ ਘਰ ਸਾਚੇ ਡਗਮਗਾਈਆ । ਅਬਿਨਾਸ਼ੀ ਕਰਤਾ ਆਪ ਆਪਣਾ ਕਰ ਪਸਾਰਾ, ਬੇਪਰਵਾਹ ਵੇਖ ਵਖਾਈਆ । ਸ੍ਰੀ ਭਗਵਾਨ ਆਪ ਸੁਹਾਏ ਸਚ ਦਵਾਰਾ, ਦਰ ਘਰ ਸਾਚੇ ਸੋਭਾ ਪਾਈਆ । ਪਾਰਬ੍ਰਹਮ ਆਪੇ ਜਾਣੇ ਆਪਣੀ ਕਾਰਾ, ਆਪਣਾ ਖੇਲ ਆਪ ਕਰਾਈਆ । ਆਪਣੀ ਇਛਿਆ ਆਪੇ ਬਣ ਵਰਤਾਰਾ, ਆਪੇ ਝੋਲੀ ਲਏ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣੀ ਧਾਰ ਆਪ ਚਲਾਈਆ । ਆਦਿ ਪੁਰਖ ਸਾਚੀ ਧਾਰ, ਇਕ ਇਕੱਲਾ ਆਪ ਚਲਾਇੰਦਾ । ਕਰੇ ਖੇਲ ਅਗੰਮ ਅਪਾਰ, ਅਲਖ ਅਗੋਚਰ ਅਗੰਮ ਅਥਾਹ ਬੇਪਰਵਾਹ ਭੇਵ ਕੋਇ ਨਾ ਪਾਇੰਦਾ । ਆਪਣੀ ਕਰ ਆਪ ਸਲਾਹ, ਆਪੇ ਮਤਾ ਪਕਾਇੰਦਾ । ਆਪਣਾ ਘਾੜਨ ਆਪ ਘੜਾ, ਆਪੇ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣਾ ਰੂਪ ਆਪ ਧਰਾਇੰਦਾ । ਆਪਣਾ ਰੂਪ ਆਪੇ ਰੱਖ, ਆਪਣੀ ਮਹਿਮਾ

ਆਪਣੇ ਵਿਚ ਛੁਪਾਈਆ । ਆਪ ਆਪਾ ਕਰ ਪਰਤੱਖ, ਕਰੇ ਖੇਲ ਬੇਪਰਵਾਹੀਆ । ਆਪ ਆਪਣੇ ਹੋਇਆ ਵਸ, ਆਪਣਾ ਹੁਕਮ ਆਪ ਮਨਾਈਆ । ਆਪਣਾ ਮਾਰਗ ਆਪੇ ਦੱਸ, ਆਪਣੀ ਸੇਵਾ ਸਚ ਸਮਝਾਈਆ । ਕਰੇ ਖੇਲ ਪੁਰਖ ਸਮਰਥ, ਸਮਰਥ ਆਪਣੇ ਹੱਥ ਰੱਖੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਈਆ । ਆਪਣਾ ਹੁਕਮ ਹਰਿ ਨਿਰੰਕਾਰ, ਏਕਾ ਏਕ ਵਰਤਾਇੰਦਾ । ਆਪਣੀ ਇਛਿਆ ਕਰ ਵਿਚਾਰ, ਆਪੇ ਪੂਰ ਕਰਾਇੰਦਾ । ਆਪ ਬਣਾਏ ਸਚਖੰਡ ਦਵਾਰ, ਆਪਣੀ ਸੇਵਾ ਆਪ ਕਮਾਇੰਦਾ । ਛੱਪਰ ਛੰਨ ਨਾ ਕੋਇ ਸਹਾਰ, ਚਾਰ ਦੀਵਾਰ ਨਾ ਕੋਇ ਵਖਾਇੰਦਾ । ਅਗੰਮ ਅਗੰਮੜਾ ਮਹੱਲ ਉਸਾਰ, ਨਿਹਚਲ ਧਾਮ ਆਪ ਵਡਿਆਇੰਦਾ । ਨਿਰਗੁਣ ਦੀਆ ਬਾਤੀ ਕਰ ਤਿਆਰ, ਸਾਚੇ ਮੰਦਰ ਆਪ ਟਿਕਾਇੰਦਾ । ਕਮਲਾਪਾਤੀ ਹੋ ਤਿਆਰ, ਆਪ ਆਪਣਾ ਘਰ ਸੁਹਾਇੰਦਾ । ਆਪੇ ਵੇਖੇ ਵੇਖਣਹਾਰ, ਦੂਜਾ ਸੰਗ ਨਾ ਕੋਇ ਰਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਆਪ ਸੁਹਾਇੰਦਾ । ਸਚਖੰਡ ਦਵਾਰਾ ਸੋਭਾਵੰਤ, ਸੋ ਪੁਰਖ ਨਿਰੰਜਣ ਆਪ ਸੁਹਾਈਆ । ਆਪ ਉਪਾਇਆ ਆਪਣਾ ਆਦਿ ਆਪ ਬਣਾਏ ਬਣਤ, ਘਾੜਨ ਸਾਚਾ ਆਪ ਘੜਾਈਆ । ਨਿਰਗੁਣ ਰੂਪ ਸ੍ਰੀ ਭਗਵੰਤ, ਨੂਰ ਨੁਰਾਨਾ ਡਗਮਗਾਈਆ । ਆਪਣੀ ਮਹਿਮਾ ਜਾਣੇ ਬੇਅੰਤ, ਲੇਖਾ ਲਿਖਣ ਵਿਚ ਨਾ ਆਈਆ । ਕਰੇ ਖੇਲ ਸਰਬ ਗੁਣਵੰਤ, ਗੁਣਵੰਤ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਸੋਭਾ ਪਾਈਆ । ਸੋਭਾਵੰਤ ਸ੍ਰੀ ਭਗਵਾਨ, ਸਚਖੰਡ ਦਵਾਰਾ ਆਪ ਸੁਹਾਇੰਦਾ । ਜੋਧਾ ਸੂਰਬੀਰ ਬਲੀ ਬਲਵਾਨ, ਬਲ ਆਪਣਾ ਆਪ ਵਖਾਇੰਦਾ । ਆਪਣਾ ਖੇਲ ਕਰੇ ਮਹਾਨ, ਆਪਣੀ ਕਲ ਆਪ ਵਰਤਾਇੰਦਾ । ਆਪਣੀ ਇਛਿਆ ਕਰ ਪਰਧਾਨ, ਆਪੇ ਆਪ ਪਰਗਟਾਇੰਦਾ । ਆਪਣਾ ਹੁਕਮ ਧੁਰ ਫ਼ਰਮਾਨ, ਹਰਿ ਜੂ ਆਪੇ ਆਪ ਸੁਣਾਇੰਦਾ । ਸ਼ਾਹੋ ਭੂਪ ਬਣ ਰਾਜਾਨ, ਸ਼ਾਹ ਪਾਤਸ਼ਾਹ ਆਪਣਾ ਨਾਉਂ ਧਰਾਇੰਦਾ । ਸਚ ਸਿੰਘਾਸਣ ਬੈਠ ਸੱਚਾ ਸੁਲਤਾਨ, ਸਤਿ ਸਤਿਵਾਦੀ ਸੋਭਾ ਪਾਇੰਦਾ । ਰੂਪ ਰੰਗ ਨਾ ਕੋਇ ਨਿਸ਼ਾਨ, ਰੇਖ ਭੇਖ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸਾ ਪੁਰਖ ਅਬਿਨਾਸ਼ਾ ਆਪਣਾ ਮੰਦਰ ਆਪ ਸੁਹਾਇੰਦਾ । ਸਾਚਾ ਮੰਦਰ ਉਚ ਮਹੱਲਾ, ਅਗੰਮ ਅਥਾਹ ਪਰਗਟਾਈਆ । ਪੁਰਖ ਅਕਾਲ ਵਸੇ ਇਕੱਲਾ, ਆਪਣੀ ਕਲ ਧਰਾਈਆ । ਆਪੇ ਫੜੇ ਆਪਣਾ ਪੱਲਾ, ਆਪਣਾ ਸੰਗ ਨਿਭਾਈਆ । ਆਪਣੇ ਅੰਦਰ ਆਪੇ ਰੱਲਾ, ਆਪ ਆਪਣੇ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਅੰਦਰ ਵੜ, ਆਪ ਆਪਣੀ ਰਚਨ ਰਚਾਈਆ । ਸਚਖੰਡ ਦਵਾਰੇ ਹਰਿ ਜੂ ਵੜਿਆ, ਤਖ਼ਤ ਨਿਵਾਸੀ ਸਚ ਸੁਲਤਾਨ । ਆਪਣੇ ਘੋੜੇ ਆਪੇ ਚੜ੍ਹਿਆ, ਆਪੇ ਹੋਇਆ ਨਿਗਹਬਾਨ । ਆਪਣੇ ਦਰ ਆਪੇ ਖੜਿਆ, ਨਿਰਗੁਣ ਰੂਪ ਸ੍ਰੀ ਭਗਵਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਸੁਹਾਏ ਸਚ ਮਕਾਨ । ਸਚ ਮਕਾਨਾ ਸਚਖੰਡ, ਹਰਿ ਸਾਚਾ ਸਚ ਸੁਹਾਈਆ । ਆਪੇ ਜਾਣੇ ਆਪਣਾ ਅਨੰਦ, ਅਨੰਦ ਅਨੰਦ ਵਿਚ ਰਖਾਈਆ । ਆਪ ਆਪਣਾ ਹੋਏ ਬਖ਼ਸ਼ੰਦ, ਬਖ਼ਸ਼ਿਸ਼ ਆਪਣੀ ਝੋਲੀ ਪਾਈਆ । ਆਪੇ ਦਾਤਾ ਗੁਣੀ ਗਹਿੰਦ, ਗਹਿਰ ਗੰਭੀਰ ਵਡੀ ਵਡਿਆਈਆ । ਆਪੇ ਜਾਣੇ ਆਪਣੀ ਬਿੰਦ, ਮਾਤ ਪਿਤ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਦਏ ਵਡਿਆਈਆ । ਸਚਖੰਡ ਦਵਾਰਾ ਵੱਡਾ

੧੧੯੬
੧੦

ਵਡ, ਸੋ ਪੁਰਖ ਨਿਰੰਜਣ ਆਪ ਸਾਲਾਹਿੰਦਾ । ਆਪਣੇ ਵਿਚੋਂ ਆਪੇ ਕੱਢ, ਆਪੇ ਵੇਖ ਵਖਾਇੰਦਾ । ਆਪੇ ਜਾਣੇ ਸਾਚੀ ਹੱਦ, ਪਾਰ ਕਿਨਾਰਾ ਨਾ ਕੋਇ ਜਣਾਇੰਦਾ । ਸਚ ਨਿਸ਼ਾਨਾ ਬੈਠਾ ਗੱਡ, ਸਤਿ ਸਤਿਵਾਦੀ ਆਪ ਝੁਲਾਇੰਦਾ । ਕਰੇ ਖੇਲ ਪੁਰਖ ਸਮਰਥ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਸਾਚੀ ਬਣਤ ਬਣਾਇੰਦਾ । ਸਚਖੰਡ ਬਣਾਈ ਸਾਚੀ ਬਣਤ, ਘਾੜਨ ਘੜਤ ਆਪ ਘੜਾਇੰਦਾ । ਲੇਖ ਜਣਾਇਆ ਆਦਿ ਅੰਤ, ਅੰਤ ਆਦਿ ਆਪਣਾ ਆਸਣ ਲਾਇੰਦਾ । ਰੂਪ ਵਟਾਏ ਨਾਰੀ ਕੰਤ, ਨਰ ਨਰਾਇਣ ਸੋਭਾ ਪਾਇੰਦਾ । ਆਪੇ ਜਾਣੇ ਆਪਣਾ ਮੰਤ, ਨਾਉਂ ਨਿਰੰਕਾਰਾ ਆਪ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਇਕ ਸੁਹਾਇੰਦਾ । ਸਚਖੰਡ ਦਵਾਰਾ ਸਾਚਾ ਘਰ, ਹਰਿ ਸਾਚਾ ਆਪ ਉਪਜਾਈਆ । ਆਪੇ ਪੁਰਖ ਨਾਰੀ ਨਰ, ਨਿਰਗੁਣ ਨਿਰਗੁਣ ਮੇਲ ਮਿਲਾਈਆ । ਆਪ ਆਪਾ ਲਏ ਵਰ, ਆਪੇ ਕਰੇ ਸਚ ਕੁੜਮਾਈਆ । ਆਪੇ ਪੱਲੂ ਲਏ ਫੜ, ਆਪਣਾ ਬੰਧਨ ਪਾਈਆ । ਆਪੇ ਸਚ ਸਿੰਘਾਸਣ ਜਾਏ ਚੜ੍ਹ, ਸਾਚੀ ਸੇਜਾ ਆਪ ਸੁਹਾਈਆ । ਨਿਰਗੁਣ ਅੰਦਰ ਨਿਰਗੁਣ ਆਪੇ ਜਾਏ ਵੜ, ਨੂਰ ਨੂਰ ਵਿਚ ਟਿਕਾਈਆ । ਆਪਣਾ ਘਾੜਨ ਆਪੇ ਘੜ, ਆਪੇ ਬਣੇ ਜਣ ਜਣੇਂਦੀ ਮਾਈਆ । ਦਾਈ ਦਾਇਆ ਸੇਵ ਕਰ, ਸਾਚੀ ਸੇਵਾ ਆਪ ਕਮਾਈਆ । ਕਰੇ ਖੇਲ ਏਕਾ ਹਰਿ, ਸਚਖੰਡ ਵਸੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣੀ ਬਣਤ ਆਪ ਬਣਾਈਆ । ਬਣਤ ਬਣਾਏ ਆਦਿ ਨਿਰੰਜਣ, ਮਹਿਮਾ ਅਕਥ ਕਥੀ ਨਾ ਜਾਈਆ । ਆਪਣਾ ਪਾਏ ਆਪੇ ਅੰਜਣ, ਆਪ ਆਪਾ ਵੇਖ ਵਖਾਈਆ । ਆਪਣਾ ਕਰੇ ਆਪੇ ਮਜਨ, ਆਪਣੇ ਸਰੋਵਰ ਆਪੇ ਨੁਹਾਈਆ । ਆਪੇ ਹੋਏ ਘੜਨ ਭੰਨਣ, ਘੜਨ ਭੰਨਣਹਾਰ ਆਪਣੇ ਹੱਥ ਰੱਖੇ ਵਡਿਆਈਆ । ਆਪੇ ਬੰਨ੍ਹੇ ਆਪਣਾ ਬੰਨ੍ਹਣ, ਆਪਣਾ ਬੇੜਾ ਆਪ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਦਵਾਰੇ ਸੋਭਾ ਪਾਈਆ । ਸਚਖੰਡ ਦਵਾਰ ਸ੍ਰੀ ਭਗਵਾਨ, ਆਪਣਾ ਮੰਦਰ ਆਪ ਸੁਹਾਇੰਦਾ । ਆਪੇ ਦੇਵੇ ਧੁਰ ਫ਼ਰਮਾਨ, ਆਪੇ ਨਿਉਂ ਨਿਉਂ ਸੀਸ ਝੁਕਾਇੰਦਾ । ਆਪੇ ਸ਼ਾਹ ਪਾਤਸ਼ਾਹ ਬਣ ਰਾਜ ਰਾਜਾਨ, ਦਰ ਦਰਬਾਨ ਆਪ ਅਖਵਾਇੰਦਾ । ਆਪੇ ਬਣੇ ਹਾਕਮ ਹੁਕਮਰਾਨ, ਸਚ ਸੰਦੇਸ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਨਰ ਨਰੇਸ਼ਾ ਏਕਾ ਵਾਰ ਜਣਾਇੰਦਾ । ਸਚ ਸੰਦੇਸ ਏਕਾ ਵਾਰ, ਨਿਰਗੁਣ ਨਿਰਗੁਣ ਆਪ ਜਣਾਈਆ । ਅਜੂਨੀ ਰਹਿਤ ਹੋ ਤਿਆਰ, ਅਨਭਵ ਪਰਕਾਸ਼ ਕਰਾਈਆ । ਪੁਰਖ ਅਕਾਲ ਬਣ ਭਤਾਰ, ਆਪਣਾ ਸੰਗ ਨਿਭਾਈਆ । ਜੋਤੀ ਜੋਤ ਨਾਰ ਮੁਟਿਆਰ, ਨਰ ਨਰਾਇਣ ਆਪ ਪਰਨਾਈਆ । ਸਚ ਕੋਟ ਕਰ ਤਿਆਰ, ਸਾਚਾ ਬੰਕ ਆਪ ਸੁਹਾਈਆ । ਆਪੇ ਦੂਲ੍ਹਾ ਬਣ ਕਰੇ ਖੇਲ ਅਪਾਰ, ਕੰਤ ਕੰਤੂਹਲ ਸਾਚਾ ਮਾਹੀਆ । ਸੌਹਰੇ ਪੇਈਏ ਇਕ ਵਿਹਾਰ, ਦਰ ਘਰ ਸਾਚੇ ਆਪ ਕਰਾਈਆ । ਆਪੇ ਪੁਰਖ ਆਪੇ ਨਾਰ, ਆਪੇ ਆਪਣੀ ਸੇਜ ਹੰਢਾਈਆ । ਆਪੇ ਅੰਦਰ ਆਪੇ ਬਾਹਰ, ਗੁਪਤ ਜ਼ਾਹਰ ਧਾਰ ਚਲਾਈਆ । ਆਪੇ ਕਰੇ ਸਚ ਪਿਆਰ, ਸਾਚਾ ਮੇਲਾ ਮੇਲ ਮਿਲਾਈਆ । ਆਪੇ ਜਾਏ ਸੁਤ ਦੁਲਾਰ, ਹਰਿ ਸ਼ਬਦੀ ਨਾਉਂ ਰਖਾਈਆ । ਸ਼ਬਦ ਸੁਤ ਕਰ ਪਿਆਰ, ਚਰਨ ਕਵਲ ਬਖ਼ਸ਼ੇ ਸਚ ਸਰਨਾਈਆ । ਏਕਾ ਨੂਰ ਦਏ ਵਖਾਲ, ਸਵੱਛ ਸਰੂਪੀ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਸਾਚੇ ਸੋਭਾ ਪਾਈਆ । ਸਾਚਾ ਸੁਤ ਜਣਿਆ ਜਨਨੀ



੧੧੯੭
੧੦

੧੧੯੮ ੧੦

ਜਨ, ਮਾਤ ਪਿਤ ਆਪ ਅਖਵਾਇੰਦਾ । ਪੰਜ ਤੱਤ ਨਾ ਦਿਸੇ ਤਨ, ਰਕਤ ਬੂੰਦ ਨਾ ਮੇਲ ਮਿਲਾਇੰਦਾ । ਨਾ ਕੋਈ ਸੂਰਜ ਨਾ ਕੋਈ ਚੰਨ, ਮੰਡਲ ਮੰਡਪ ਨਾ ਕੋਇ ਵਖਾਇੰਦਾ । ਨਾ ਕੋਈ ਪ੍ਰਿਥਮੀ ਨਾ ਕੋਈ ਜਲ, ਜੰਗਲ ਜੂਹ ਉਜਾੜ ਨਾ ਡੇਰਾ ਲਾਇੰਦਾ । ਸਮੁੰਦ ਸਾਗਰ ਨਾ ਕੋਇ ਥਲ, ਡੂੰਘੀ ਗਾਰ ਨਾ ਵੇਖ ਵਖਾਇੰਦਾ । ਕਰੇ ਖੇਲ ਆਪ ਪਰਬਲ, ਆਪਣੀ ਬਿਸਮਿਲ ਆਪ ਮਨਾਇੰਦਾ । ਸਚ ਸਿੰਘਾਸਣ ਏਕਾ ਮੱਲ, ਸਚਖੰਡ ਦਵਾਰੇ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦੀ ਸ਼ਬਦ ਆਪ ਹੋ ਜਾਇੰਦਾ । ਆਪੇ ਸ਼ਬਦੀ ਸਚ ਨਿਸ਼ਾਨਾ, ਆਪ ਆਪਣਾ ਨਾਉਂ ਧਰਾਈਆ । ਆਪੇ ਸ਼ਬਦੀ ਕਰ ਪਰਵਾਨਾ, ਆਪ ਆਪਣੇ ਸੰਗ ਰਖਾਈਆ । ਆਪੇ ਸ਼ਬਦੀ ਭੂਪ ਰਾਜਾਨਾ, ਭੂਪਤ ਭੂਪ ਵੇਸ ਵਟਾਈਆ । ਆਪੇ ਸ਼ਬਦੀ ਸ਼ਬਦ ਮਰਦਾਨਾ, ਸਚ ਮਰਦਾਨਗੀ ਆਪ ਕਮਾਈਆ । ਆਪੇ ਸ਼ਬਦੀ ਜੋਧਾ ਸੂਰਬੀਰ ਬਲੀ ਬਲਵਾਨਾ, ਬਲ ਆਪਣਾ ਆਪ ਵਖਾਈਆ । ਆਪੇ ਸ਼ਬਦੀ ਬਣੇ ਸੁਤ ਬਾਲ ਨਿਧਾਨਾ, ਨਿਉਂ ਨਿਉਂ ਆਪਣੇ ਅੱਗੇ ਸੀਸ ਝੁਕਾਈਆ । ਆਪੇ ਮੰਗਣਹਾਰਾ ਹੋਏ ਦਾਨਾ, ਸਾਚੀ ਭਿਛਿਆ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਦਾਤਾ ਪੁਰਖ ਬਿਧਾਤਾ ਆਪਣੀ ਧਾਰ ਸ਼ਬਦ ਚਲਾਈਆ । ਸ਼ਬਦੀ ਧਾਰ ਹਰਿ ਹਰਿ ਰੰਗ, ਨਿਰਗੁਣ ਨਜ਼ਰ ਕੋਇ ਨਾ ਆਇੰਦਾ । ਨਿਰਗੁਣ ਸੇਜ ਨਿਰਗੁਣ ਪਲੰਘ, ਨਿਰਗੁਣ ਸਾਚੀ ਸੇਜਾ ਸੋਭਾ ਪਾਇੰਦਾ । ਸ਼ਬਦੀ ਨਾਦ ਨਾਮ ਮਰਦੰਗ, ਸਚਖੰਡ ਨਿਵਾਸੀ ਆਪ ਵਜਾਇੰਦਾ । ਕਰੇ ਖੇਲ ਸੂਰਾ ਸਰਬੰਗ, ਆਪਣੀ ਕਲ ਆਪ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸ਼ਬਦ ਬੰਧਨ ਪਾਇੰਦਾ । ਸ਼ਬਦੀ ਬੰਧਨ ਸ਼ਬਦੀ ਮੇਲ, ਆਪੇ ਆਪ ਕਰਾਈਆ । ਸ਼ਬਦ ਸੱਜਣ ਸ਼ਬਦ ਸੁਹੇਲ, ਸ਼ਬਦ ਵਸੇ ਰੰਗ ਨਵੇਲ, ਦਿਸ ਕਿਸੇ ਨਾ ਆਈਆ । ਅਚਰਜ ਪਾਰਬ੍ਰਹਮ ਪ੍ਰਭ ਕਰਿਆ ਖੇਲ, ਸਚਖੰਡ ਸਾਚੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਦੁਲਾਰਾ ਆਪ ਉਪਾਈਆ । ਸੁਤ ਦੁਲਾਰਾ ਬਾਲ, ਬਾਲ ਏਕਾ ਆਪ ਉਪਾਇਆ । ਆਦਿ ਜੁਗਾਦੀ ਵਸੇ ਨਾਲ, ਏਕਾ ਗੰਢ ਰਖਾਇਆ । ਦਰ ਘਰ ਸਾਚੇ ਵੱਜੇ ਤਾਲ, ਨਾਦੀ ਨਾਦ ਅਲਾਇਆ । ਪੁਰਖ ਅਕਾਲ ਕਰੇ ਪ੍ਰਿਤਪਾਲ, ਸਿਰ ਆਪਣਾ ਹੱਥ ਟਿਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸੁਤ ਇਕ ਸਮਝਾਇਆ । ਸੁਤ ਦੁਲਾਰਾ ਹਰਿ ਸਮਝਾਏ, ਏਕਾ ਵਾਰ ਜਣਾਈਆ । ਤੇਰਾ ਮੰਦਰ ਦੇ ਉਪਾਏ, ਘਰ ਵਿਚ ਘਰ ਆਪ ਪਰਗਟਾਈਆ । ਥਿਰ ਘਰ ਸਾਚਾ ਨਾਉਂ ਰਖਾਏ, ਥਿਰ ਦਰਬਾਰ ਦਏ ਵਡਿਆਈਆ । ਉਪਰ ਤੇਰਾ ਆਸਣ ਲਾਏ, ਸਚ ਸਿੰਘਾਸਣ ਸੋਭਾ ਪਾਈਆ । ਪੁਰਖ ਅਬਿਨਾਸ਼ੀ ਵੇਖ ਵਖਾਏ, ਆਦਿ ਜੁਗਾਦਿ ਨੈਣ ਉਠਾਈਆ । ਸਰਬ ਗੁਣ ਤਾਸਣ ਤੇਰੇ ਅੰਕ ਸਮਾਏ, ਰੰਗ ਆਪਣਾ ਆਪ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਬਣਾਏ ਸਾਚਾ ਘਰ, ਥਿਰ ਘਰ ਆਪ ਉਪਾਈਆ । ਥਿਰ ਘਰ ਸਾਚਾ ਕਰ ਉਜਾਲਾ, ਆਪ ਆਪਣੀ ਦਇਆ ਕਮਾਇੰਦਾ । ਕਰੇ ਖੇਲ ਪੁਰਖ ਅਕਾਲਾ, ਕਲ ਆਪਣੀ ਆਪ ਵਰਤਾਇੰਦਾ । ਸ਼ਬਦੀ ਸ਼ਬਦ ਬਣਾਈ ਸੱਚੀ ਧਰਮਸਾਲਾ, ਗ੍ਰਿਹ ਬੰਕ ਆਪ ਸੁਹਾਇੰਦਾ । ਆਪਣਾ ਮਾਰਗ ਦੱਸ ਸੁਖਾਲਾ, ਏਕਾ ਧੰਦੇ ਲਾਇੰਦਾ । ਮੇਰਾ ਤੇਰਾ ਰੂਪ ਨਿਰਾਲਾ, ਪਿਤਾ ਪੂਤ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਆਪੇ ਚੜ੍ਹ, ਥਿਰ ਘਰ ਸ਼ਬਦੀ ਸ਼ਬਦ ਬਹਾਇੰਦਾ । ਥਿਰ ਘਰ ਕਰਿਆ ਸ਼ਬਦੀ ਵਾਸਾ, ਪਾਰਬ੍ਰਹਮ

ਵਡੀ ਵਡਿਆਈਆ । ਆਪੇ ਵੇਖੇ ਖੇਲ ਤਮਾਸ਼ਾ, ਆਦਿ ਜੁਗਾਦਿ ਵਸੇ ਪਾਸਾ, ਵਿਛੜ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਸਾਚੇ ਸੋਭਾ ਪਾਈਆ । ਥਿਰ ਘਰ ਸਾਚਾ ਨੂਰ ਨੁਰਾਨਾ, ਨੂਰ ਨੂਰ ਡਗਮਗਾਇੰਦਾ । ਏਕਾ ਰਾਗ ਇਕ ਤਰਾਨਾ, ਏਕਾ ਨਾਦ ਵਜਾਇੰਦਾ । ਏਕਾ ਹੁਕਮ ਸ੍ਰੀ ਭਗਵਾਨਾ, ਏਕਾ ਏਕ ਸੁਣਾਇੰਦਾ । ਏਕਾ ਮੰਦਰ ਇਕ ਮਕਾਨਾ, ਏਕਾ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ ਆਪ ਆਪਣੀ ਕਿਰਪਾ ਕਰ, ਥਿਰ ਘਰ ਸਾਚੇ ਆਪ ਸੁਹਾਇੰਦਾ । ਥਿਰ ਘਰ ਸਾਚਾ ਸ਼ਬਦੀ ਦਾਤਾ, ਆਪੇ ਆਪ ਸੁਹਾਈਆ । ਆਪੇ ਪਿਤਾ ਆਪੇ ਮਾਤਾ, ਆਪੇ ਬਾਲ ਸਖਾਈਆ । ਆਪੇ ਰੱਖੇ ਉਤਮ ਜ਼ਾਤਾ, ਆਪਣੀ ਜ਼ਾਤ ਪਰਗਟਾਈਆ । ਆਪੇ ਬੰਨ੍ਹੇ ਆਪਣਾ ਨਾਤਾ, ਨਾਤਾ ਬਿਧਾਤਾ ਜੋੜ ਜੁੜਾਈਆ । ਆਪ ਸੁਣਾਏ ਆਪਣੀ ਗਾਥਾ, ਨਿਰਗੁਣ ਨਿਰਵੈਰ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਸ਼ਅੱਖਰ ਰਿਹਾ ਜਣਾਈਆ । ਨਿਸ਼ਅੱਖਰ ਹਰਿ ਉਪਾ, ਸ਼ਬਦੀ ਸ਼ਬਦ ਆਪ ਜਣਾਇੰਦਾ । ਆਪਣਾ ਰੂਪ ਅਨੂਪ ਪਰਗਟਾ, ਸਤਿ ਸਰੂਪ ਵਖਾਇੰਦਾ । ਥਿਰ ਘਰ ਸਾਚੇ ਹੋਏ ਸਹਾ, ਸਦਾ ਸਹਾਇਕ ਸੇਵ ਕਮਾਇੰਦਾ । ਨਾਉਂ ਨਿਰੰਕਾਰਾ ਲੈਣਾ ਗਾ, ਗੀਤ ਗੋਬਿੰਦ ਇਕ ਅਲਾਇੰਦਾ । ਸਤਿ ਪੁਰਖ ਨਿਰੰਜਣ ਦੇਵੇ ਸਤਿ ਸਲਾਹ, ਸਤਿ ਸਤਿਵਾਦੀ ਪਰਦਾ ਲਾਹਿੰਦਾ । ਤੂੰ ਬਣਨਾ ਇਕ ਮਲਾਹ, ਸਾਚਾ ਬੇੜਾ ਤੇਰੇ ਕੰਧ ਚੁਕਾਇੰਦਾ । ਸੁਤ ਦੁਲਾਰੇ ਅੱਗੋਂ ਕਰੀਂ ਕਦੇ ਨਾ ਨਾਂਹ, ਪੁਰਖ ਅਬਿਨਾਸ਼ੀ ਇਹ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਸਾਚੇ ਸ਼ਬਦ ਸੁਤ ਆਪ ਸਮਝਾਇੰਦਾ । ਸੁਤ ਸ਼ਬਦ ਕਰ ਧਿਆਨ, ਸੁਣਿਆ ਹਰਿ ਸੰਦੇਸਾ । ਤੂੰ ਸਾਹਿਬ ਸੱਚਾ ਸੁਲਤਾਨ, ਸ਼ਾਹ ਪਾਤਸ਼ਾਹ ਨਰ ਨਰੇਸ਼ਾ । ਹਉਂ ਮੰਗਾਂ ਏਕਾ ਦਾਨ, ਨਿਤ ਤੇਰਾ ਦਰਸ਼ਨ ਪੇਖਾਂ । ਤੂੰ ਸਾਚਾ ਮੇਰਾ ਕਾਹਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਰੂਪ ਵਖਾਏ ਭੇਖਾ । ਪੁਰਖ ਅਬਿਨਾਸ਼ੀ ਸਚ ਜਣਾ, ਏਕਾ ਗੁਣ ਜਣਾਇੰਦਾ । ਨਿਰਗੁਣ ਨੂਰ ਕਰ ਰੁਸ਼ਨਾ, ਤੇਰੇ ਦਰ ਵਖਾਇੰਦਾ । ਆਪਣੀ ਕਲ ਆਪ ਧਰਾ, ਆਪੇ ਵੇਖ ਵਖਾਇੰਦਾ । ਤੇਰੇ ਸਿਰ ਹੱਥ ਟਿਕਾ, ਸਾਚੀ ਵਸਤ ਝੋਲੀ ਪਾਇੰਦਾ । ਤੇਰੀ ਰਚਨਾ ਦੇਵਾਂ ਰਚਾ, ਏਕਾ ਹੁਕਮ ਸੁਣਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਘਾੜਨ ਲਵਾਂ ਘੜਾ, ਸਾਚੀ ਸੇਵਾ ਇਕ ਸਮਝਾਇੰਦਾ । ਤੇਰੀ ਗੋਦ ਦਵਾਂ ਸੁਹਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਸ਼ਬਦੀ ਸ਼ਬਦ ਆਪ ਸਮਝਾਇੰਦਾ । ਸ਼ਬਦੀ ਹਰਿ ਜੀ ਜਾਏ ਤੁਠ, ਆਪਣੀ ਦਇਆ ਕਮਾਈਆ । ਆਪਣਾ ਅੰਮ੍ਰਿਤ ਦੇਵੇ ਘੁਟ, ਏਕਾ ਰਸ ਚਖਾਈਆ । ਪੁਰਖ ਅਕਾਲ ਏਕਾ ਓਟ, ਏਕਾ ਵਾਰ ਸਮਝਾਈਆ । ਤੇਰਾ ਬੰਕ ਸੋਹੇ ਕੋਟ, ਥਿਰ ਘਰ ਸਾਚੇ ਵੱਜੇ ਵਧਾਈਆ । ਨਿਰਗੁਣ ਦੇਵੇ ਏਕਾ ਜੋਤ, ਪਾਰਬ੍ਰਹਮ ਜਗਾਈਆ । ਏਕਾ ਵੇਖੇ ਓਤ ਪੋਤ, ਤੇਰਾ ਬੰਸ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਸਤ ਅਮੋਲਕ ਇਕ ਵਰਤਾਈਆ । ਵਸਤ ਅਮੋਲਕ ਹਰਿ ਹਰਿ ਨਾਉਂ, ਏਕਾ ਏਕ ਝੋਲੀ ਪਾਇੰਦਾ । ਕਰੇ ਕਰਾਏ ਸਚ ਨਿਆਉਂ, ਸਚ ਅਦਾਲਤ ਆਪ ਕਮਾਇੰਦਾ । ਥਿਰ ਘਰ ਵਸੇ ਤੇਰਾ ਥਾਉਂ, ਥਾਨ ਥਨੰਤਰ ਸੋਭਾ ਪਾਇੰਦਾ । ਇਕ ਜਪਾਏ ਸਾਚਾ ਨਾਉਂ ਸੋ ਪੁਰਖ ਨਿਰਜੰਣ ਆਪ ਜਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਸਾਚੇ ਘਰ, ਆਪਣਾ ਲੇਖਾ ਆਪਣੇ ਹੱਥ ਰਖਾਇੰਦਾ । ਸਾਚਾ ਲੇਖਾ ਹੱਥ ਕਰਤਾਰ, ਦੂਸਰ

੧੧੯੯
੧੦

੧੨੦੦
੧੦

ਲਿਖਣ ਕੋਇ ਨਾ ਪਾਈਆ । ਸੁਤ ਦੁਲਾਰਾ ਕਰ ਤਿਆਰ, ਏਕਾ ਗੁਣ ਸਮਝਾਈਆ । ਬ੍ਰਹਿਮੰਡ ਖੰਡ ਕਰ ਉਸਾਰ, ਲੋਆਂ ਪੁਰੀਆਂ ਬਣਤ ਬਣਾਈਆ । ਵਿਸ਼ਨ ਉਪਜੇ ਤੇਰੀ ਧਾਰ, ਬ੍ਰਹਮਾ ਵਿਸ਼ਨ ਧਾਰ ਪਰਗਟਾਈਆ । ਸ਼ੰਕਰ ਖੇਲ ਕਰੇ ਕਰਤਾਰ, ਆਪ ਆਪਣਾ ਰੂਪ ਵਖਾਈਆ । ਤਿੰਨਾਂ ਵਿਚੋਲਾ ਸਿਰਜਣਹਾਰ, ਏਕਾ ਰਾਹ ਵਖਾਈਆ । ਸਾਚਾ ਢੋਲਾ ਏਕੰਕਾਰ, ਏਕਾ ਕਰੇ ਪੜ੍ਹਾਈਆ । ਬਣੇ ਵਿਚੋਲਾ ਤੇਰੇ ਦਵਾਰ, ਸਾਚੀ ਸੇਵਾ ਆਪ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਏਕਾ ਸ਼ਬਦ ਦਏ ਵਡਿਆਈਆ । ਸ਼ਬਦ ਸੁਤ ਵੇਖ ਵਿਚਾਰ, ਹਰਿ ਸਾਚਾ ਸਚ ਜਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਤੇਰਾ ਪਸਾਰ, ਤੇਰਾ ਰੂਪ ਜਣਾਇੰਦਾ । ਤੇਰਾ ਨੂਰ ਕਰਾਂ ਉਜਿਆਰ, ਕਿਰਨ ਕਿਰਨ ਵੰਡ ਵੰਡਾਇੰਦਾ । ਕਿਰਨ ਕਿਰਨ ਦੇਵਾਂ ਆਧਾਰ, ਇਕ ਇਕ ਇਕ ਨਾਲ ਬੰਧਨ ਪਾਇੰਦਾ । ਤ੍ਰੈਗੁਣ ਅਤੀਤਾ ਆਪੇ ਜਾਣੇ ਆਪਣੀ ਕਾਰ, ਸਾਚੀ ਕਾਰ ਆਪ ਕਰਾਇੰਦਾ । ਰਵ ਸਸ ਕਰ ਉਜਿਆਰ, ਤੇਰੀ ਸੇਵਾ ਸਚ ਵਖਾਇੰਦਾ । ਤ੍ਰੈਗੁਣ ਮਾਇਆ ਭਰ ਭੰਡਾਰ, ਵਿਸ਼ਨ ਬ੍ਰਹਮਾ ਸ਼ਿਵ ਨਾਲ ਰਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੁਤ ਤੇਰਾ ਖੇਲ ਆਪ ਖਿਲਾਇੰਦਾ । ਸ਼ਬਦ ਸੁਤ ਤੇਰਾ ਖੇਲ ਖਿਲਾਉਣਾ, ਬੇਅੰਤ ਵੇਖ ਵਖਾਈਆ । ਬ੍ਰਹਿਮੰਡ ਖੰਡ ਤੇਰਾ ਰੰਗ ਰੰਗਾਉਣਾ, ਰੰਗ ਏਕਾ ਏਕ ਜਣਾਈਆ । ਲੋਆਂ ਪੁਰੀਆਂ ਤੇਰਾ ਡੰਕ ਵਜਾਉਣਾ, ਗਗਨ ਗਗਨੰਤਰ ਕਰ ਸ਼ਨਵਾਈਆ । ਵਿਸ਼ਨ ਬ੍ਰਹਮਾ ਸ਼ਿਵ ਤੇਰੇ ਦਰ ਬਹਾਉਣਾ, ਬੈਠਣ ਸੀਸ ਝੁਕਾਈਆ । ਤੇਰੇ ਹੁਕਮ ਓਟ ਰਖਾਉਣਾ, ਏਕਾ ਮੰਗ ਮੰਗਾਈਆ । ਤ੍ਰੈਗੁਣ ਤੇਰੀ ਧਾਰ ਵਟਾਉਣਾ, ਰਜੋ ਤਮੋ ਸਤੋ ਨਾਉਂ ਰਖਾਈਆ । ਤਿੰਨਾਂ ਮੇਲਾ ਮੇਲ ਮਿਲਾਉਣਾ, ਏਕਾ ਘਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੁਤ ਦਏ ਵਡਿਆਈਆ । ਸਾਚੇ ਸੁਤ ਸੁਣ ਬਲਵਾਨ, ਹਰਿ ਸਾਚਾ ਸਚ ਜਣਾਇੰਦਾ । ਪੰਚ ਤੱਤ ਕਰਾਂ ਪਰਧਾਨ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਖੇਲ ਖਿਲਾਇੰਦਾ । ਲੱਖ ਚੁਰਾਸੀ ਦੇਵਾਂ ਦਾਨ, ਤੇਰੀ ਝੋਲੀ ਆਪ ਭਰਾਇੰਦਾ । ਨਿਰਗੁਣ ਸਰਗੁਣ ਵਖਾਏ ਇਕ ਨਿਸ਼ਾਨ, ਸਚ ਨਿਸ਼ਾਨਾ ਆਪ ਦੁਆਇੰਦਾ । ਲੇਖਾ ਜਾਣੇ ਦੋ ਜਹਾਨ, ਦੋਏ ਦੋਏ ਆਪਣਾ ਰੂਪ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਚੁਕਾਇੰਦਾ । ਸਾਚਾ ਭੇਵ ਜਾਏ ਚੁੱਕ, ਸੋ ਪੁਰਖ ਨਿਰੰਜਣ ਆਪ ਚੁਕਾਈਆ । ਸ਼ਬਦ ਥਿਰ ਘਰ ਨਾ ਬਹਿਣਾ ਲੁਕ, ਤੇਰਾ ਰੂਪ ਦਏ ਪਰਗਟਾਈਆ । ਦੋ ਜਹਾਨਾਂ ਪੈਣਾ ਬੁੱਕ, ਏਕ ਭਬਕ ਲਗਾਈਆ । ਲੱਖ ਚੁਰਾਸੀ ਭਾਗ ਲਗਾਉਣਾ ਕਾਇਆ ਬੁੱਤ, ਆਪਣਾ ਆਸਣ ਲਾਈਆ । ਤ੍ਰੈਗੁਣ ਮਾਇਆ ਸੁਹਾਉਣੀ ਰੁੱਤ, ਰੁੱਤ ਰੁੱਤੜੀ ਆਪ ਮਹਿਕਾਈਆ । ਮੇਲ ਮਿਲਾਉਣਾ ਅਬਿਨਾਸ਼ੀ ਅਚੁਤ, ਆਪ ਆਪਣਾ ਬੰਧਨ ਪਾਈਆ । ਬੰਕ ਦਵਾਰਾ ਕਿਲਾ ਕੋਟ, ਘਰ ਘਰ ਵਿਚ ਸੋਭਾ ਪਾਈਆ । ਆਦਿ ਜੁਗਾਦਿ ਲਗਦੀ ਰਹੇ ਚੋਟ, ਤਨ ਨਗਾਰੇ ਆਪ ਵਜਾਈਆ । ਤੇਰਾ ਮੇਲਾ ਨਿਰਮਲ ਜੋਤ, ਜੋਤੀ ਜਾਤਾ ਵਿਛੜ ਕਦੇ ਨਾ ਜਾਈਆ । ਤੇਰਾ ਬੰਸ ਓਤ ਪੋਤ, ਪਿਤਾ ਪੂਤ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣਾ ਖੇਲ ਆਪ ਸਮਝਾਈਆ । ਸਾਚਾ ਖੇਲ ਹਰਿ ਖਿਲਾਉਣਾ, ਹਰਿ ਕਰਤਾ ਆਪ ਜਣਾਇੰਦਾ । ਘਟ ਘਟ ਅੰਦਰ ਡੇਰਾ ਲਾਉਣਾ, ਤੇਰਾ ਨਾਦ ਵਜਾਇੰਦਾ । ਪੰਚਮ ਲੇਖਾ ਮੋਹ ਚੁਕਾਉਣਾ, ਪੰਚਮ ਪਰਦਾ ਲਾਹਿੰਦਾ । ਪੰਚਮ ਰੰਗ ਆਪ ਰੰਗਾਉਣਾ, ਪੰਚਮ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਸ਼ਬਦ ਸਾਚੇ ਦੇਵੇ ਵਰ, ਗ੍ਰਿਹ ਬੰਕ ਆਪ ਸੁਹਾਇੰਦਾ । ਆਪ ਸੁਹਾਏ ਗ੍ਰਿਹ ਬੰਕ, ਘਰ ਘਰ ਵੱਜੇ ਵਧਾਈਆ । ਤੇਰਾ ਖੇਲ ਆਦਿ ਅੰਤ, ਪੁਰਖ ਅਬਿਨਾਸ਼ੀ ਵੇਖ ਵਖਾਈਆ । ਆਪਣੀ ਮਹਿਮਾ ਜਣਾਏ ਬੇਅੰਤ, ਬੇਅੰਤ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਸ਼ਬਦੀ ਸ਼ਬਦ ਵਡ ਵਡਿਆਈਆ । ਸ਼ਬਦ ਮੰਨਿਆ ਹਰਿ ਕਾ ਕਹਿਣਾ, ਪ੍ਰਭ ਅੱਗੇ ਸੀਸ ਝੁਕਾਇਆ । ਦਰ ਤੇਰੇ ਤੋਂ ਆਦਿ ਜੁਗਾਦਿ ਲੈਣਾ ਲਹਿਣਾ, ਆਪਣਾ ਹਿੱਸਾ ਆਪ ਵੰਡਾਇਆ । ਘਰ ਤੇਰੇ ਦੇ ਅੱਗੇ ਬਹਿਣਾ, ਏਕਾ ਮਤਾ ਪਕਾਇਆ । ਤੇਰਾ ਭਾਣਾ ਸਦਾ ਸਹਿਣਾ, ਭੁਲ ਕਦੇ ਨਾ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਵੇਲਾ ਦਰਸ ਕਰਾਂ ਨੈਣਾਂ, ਨੈਣ ਨੈਣਾਂ ਨਾਲ ਮਿਲਾਇਆ । ਪੁਰਖ ਅਬਿਨਾਸ਼ੀ ਹੋ ਦਿਆਲ, ਆਪਣੀ ਦਇਆ ਕਮਾਇੰਦਾ । ਨੌਂ ਖੰਡ ਬਣਾਵਾਂ ਤੇਰੀ ਧਰਮਸਾਲ, ਲੱਖ ਚੁਰਾਸੀ ਵਿਚ ਟਿਕਾਇੰਦਾ । ਏਕਾ ਨੂਰ ਜਲਵਾ ਜਲਾਲ, ਨੂਰ ਨੁਰਾਨਾ ਡਗਮਗਾਇੰਦਾ । ਆਪਣਾ ਰੂਪ ਧਰਿਆ ਕਾਲ, ਤੇਰਾ ਦਰ ਸੁਹਾਇੰਦਾ । ਆਪ ਚਲਾਈ ਅਵੱਲੜੀ ਚਾਲ, ਭੇਵ ਕੋਇ ਨਾ ਪਾਇੰਦਾ । ਆਪਣੀ ਘਾਲ ਆਪੇ ਘਾਲ, ਲੱਖ ਚੁਰਾਸੀ ਤੇਰਾ ਰਾਹ ਚਲਾਇੰਦਾ । ਅੰਡਜ ਜੇਰਜ ਉਤਭੁਜ ਸੇਤਜ ਚਾਰੇ ਖਾਣੀ ਕਰਾਂ ਪ੍ਰਿਤਪਾਲ, ਆਪ ਆਪਣੀ ਸੇਵ ਕਮਾਇੰਦਾ । ਸਰਗੁਣ ਨਿਰਗੁਣ ਬਣ ਬਣ ਦਲਾਲ, ਲੋਕਮਾਤ ਖੇਲ ਖਿਲਾਇੰਦਾ । ਤੇਰਾ ਵਜਾਵਾਂ ਸਾਚਾ ਤਾਲ, ਰਸਨਾ ਜਿਹਵਾ ਆਪ ਸੁਣਾਇੰਦਾ । ਸਦਾ ਸੁਣਾਂ ਮੁਰੀਦਾਂ ਹਾਲ, ਮਿੱਤਰ ਪਿਆਰਾ ਇਕ ਸਮਝਾਇੰਦਾ । ਆਦਿ ਜੁਗਾਦਿ ਤੇਰਾ ਹੱਲ ਕਰਾਂ ਸਵਾਲ, ਸਿਰ ਤੇਰੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਦੇਵੇ ਏਕਾ ਵਰ, ਏਕਾ ਘਰ ਵਖਾਇੰਦਾ । ਸਾਚਾ ਘਰ ਵਖਾਏ ਹਰਿ, ਘਰ ਘਰ ਵਿਚ ਵੱਜੇ ਵਧਾਈਆ । ਪੰਜ ਤੱਤ ਸੁਹਾਏ ਕਾਇਆ ਗੜ੍ਹ, ਤਤਵ ਤਤ ਵੇਖ ਵਖਾਈਆ । ਨਾਤਾ ਜੋੜ ਬਹੱਤਰ ਨੜ, ਰਕਤ ਬੂੰਦ ਦਏ ਵਡਿਆਈਆ । ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਿਲਿਆ ਵਰ, ਵਰ ਦਾਤਾ ਝੋਲੀ ਪਾਈਆ । ਜਗਤ ਜਗਿਆਸੂ ਘਾੜਣ ਘੜ, ਵੇਖਣਹਾਰਾ ਥਾਉਂ ਥਾਈਂਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਖੇਲ ਆਪੇ ਕਰ, ਆਪਣੀ ਵੰਡ ਵੰਡਾਈਆ । ਮਨ ਮਤ ਬੁਧ ਨਿਰਗੁਣ ਰੂਪ ਆਪਣਾ ਕਰ, ਕਰਤਾ ਪੁਰਖ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਮੰਦਰ ਦਏ ਵਡਿਆਈਆ । ਘਰ ਮੰਦਰ ਡੂੰਘੀ ਗਾਰ, ਅੰਧ ਅੰਧੇਰਾ ਛਾਈਆ । ਘਰ ਮੰਦਰ ਚੋਰ ਯਾਰ, ਕਾਮ ਕਰੋਧ ਲੋਭ ਮੋਹ ਹੰਕਾਰ ਰਿਹਾ ਵਸਾਈਆ । ਘਰ ਬੈਠੀ ਸੁਲੱਖਣੀ ਨਾਰ, ਮਨ ਮਤ ਡੇਰਾ ਲਾਈਆ । ਘਰ ਜੂਠ ਝੂਠ ਮਮਤਾ ਮੋਹ ਵਧਾਇਆ, ਕਰੇ ਖੇਲ ਅਪਰ ਅਪਾਰ, ਆਪੇ ਖੋਲ੍ਹ ਨੌਂ ਕਿਵਾੜ, ਜਗਤ ਵਾਸਨਾ ਮੇਲ ਮਿਲਾਈਆ । ਆਪੇ ਨੌਂ ਦਰ ਉਤਰੇ ਪਾਰ, ਆਪਣਾ ਮਾਰਗ ਆਪ ਚਲਾਈਆ । ਆਪੇ ਵੇਖੇ ਸੁਖਮਨ ਟੇਢੀ ਗਾਰ, ਆਪਣਾ ਪਰਦਾ ਆਪ ਚੁਕਾਈਆ । ਆਪੇ ਈੜਾ ਪਿੰਗਲ ਕਰੇ ਖ਼ੁਆਰ, ਆਪ ਆਪਣਾ ਬਲ ਧਰਾਈਆ । ਆਪੇ ਅੰਮ੍ਰਿਤ ਬਖ਼ਸ਼ੇ ਠੰਡਾ ਠਾਰ, ਨਿਝਰ ਝਿਰਨਾ ਆਪ ਝਿਰਾਈਆ । ਆਪ ਕਵਲ ਕਵਲ ਉਜਿਆਰ, ਆਪਣੀ ਕਲ ਆਪ ਵਖਾਈਆ । ਆਪੇ ਨਾਦ ਸ਼ਬਦ ਧੁੰਨਕਾਰ, ਅਨਹਦ ਸਾਚਾ ਤਾਲ ਵਜਾਈਆ । ਆਪੇ ਪੰਚਮ ਮੀਤ ਮੁਰਾਰ, ਮਿਲ ਸਖ਼ੀਆਂ ਮੰਗਲ ਗਾਈਆ । ਆਪੇ ਬਜਰ ਕਪਾਟੀ ਲਾਏ ਪਾੜ, ਆਪਣਾ ਪਰਦਾ ਆਪ ਉਠਾਈਆ । ਆਪੇ ਸੇਜਾ ਕਰ ਤਿਆਰ, ਆਤਮ ਬ੍ਰਹਮ ਲਏ ਪਰਗਟਾਈਆ । ਆਪੇ ਸੁਰਤੀ ਦਏ

ਅਧਾਰ, ਸ਼ਬਦੀ ਮੇਲ ਮਿਲਾਈਆ । ਆਪੇ ਈਸ਼ ਜੀਵ ਕਰੇ ਪਿਆਰ, ਜਗਦੀਸ ਸੱਚਾ ਸ਼ਹਿਨਸ਼ਾਹੀਆ । ਆਪੇ ਸੋਏ ਪੈਰ ਪਸਾਰ, ਪਲੰਘ ਰੰਗੀਲੇ ਸੱਚਾ ਮਾਹੀਆ । ਨਿਰਗੁਣ ਸਰਗੁਣ ਖੇਲ ਅਪਾਰ, ਹਰਿ ਸਾਚਾ ਆਪ ਖਿਲਾਈਆ । ਸਾਚੇ ਸੁਤ ਰਹਿਣਾ ਖ਼ਬਰਦਾਰ, ਆਲਸ ਨਿੰਦਰਾ ਨਾ ਕੋਇ ਰਖਾਈਆ । ਤੇਰਾ ਘਰ ਨਾ ਸਕੇ ਕੋਇ ਉਜਾੜ, ਤੇਰਾ ਖੇੜਾ ਦਏ ਵਸਾਈਆ । ਤੇਰਾ ਨਾਉਂ ਰਖਾਏ ਤੇਜ਼ ਕਟਾਰ, ਚੰਡ ਪਰਚੰਡ ਤੇਰਾ ਰੂਪ ਵਟਾਈਆ । ਤੇਰਾ ਨਾਉਂ ਹੋਏ ਜੈਕਾਰ, ਲੋਕਮਾਤ ਸ਼ਨਵਾਈਆ । ਤੇਰਾ ਪੰਜ ਤੱਤ ਬਣੇ ਪਿਆਰ, ਪਾਰਬ੍ਰਹਮ ਬ੍ਰਹਮ ਵਖਾਈਆ । ਤੇਰਾ ਰੂਪ ਲਏ ਅਵਤਾਰ, ਕਾਇਆ ਚੋਲਾ ਜਗਤ ਹੰਢਾਈਆ । ਸੇਵਾ ਕਰੇ ਸਰਬ ਸੰਸਾਰ, ਸਾਚੀ ਸੇਵਾ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਤੇਰਾ ਖੇਲ ਖਿਲਾਈਆ । ਸੁਣ ਸੁਣ ਹਰਿ ਕਾ ਭਾਉ, ਹਰਿ ਸ਼ਬਦੀ ਸੀਸ ਨਿਵਾਇੰਦਾ । ਪਾਰਬ੍ਰਹਮ ਤੇਰੇ ਮਿਲਣ ਦਾ ਚਾਉ, ਮੈਂ ਆਦਿ ਜੁਗਾਦਿ ਰਖਾਇੰਦਾ । ਤੂੰ ਹੀ ਪਿਤਾ ਤੂੰ ਹੀ ਮਾਉਂ, ਹਉਂ ਬਾਲਕ ਨਾਉਂ ਰਖਾਇੰਦਾ । ਸਦਾ ਸਦ ਮੰਗਾਂ ਤੇਰੀ ਠੰਡੀ ਛਾਉਂ, ਏਕਾ ਓਟ ਤਕਾਇੰਦਾ । ਧਰਤ ਧਵਲ ਵਸਾਵਾਂ ਨਗਰ ਗਰਾਉਂ, ਨੌਂ ਖੰਡ ਆਪਣਾ ਰਾਹ ਚਲਾਇੰਦਾ । ਆਦਿ ਜੁਗਾਦਿ ਕਰਾਂ ਨਿਆਉਂ, ਗੁਰ ਅਵਤਾਰ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸ਼ਬਦ ਖੇਲ ਖਿਲਾਇੰਦਾ । ਸ਼ਬਦ ਸੁਤ ਕਹੇ ਪੁਕਾਰ, ਨੇਤਰ ਨੈਣ ਉਠਾਈਆ । ਤੂੰ ਨਿਰਗੁਣ ਦਾਤਾ ਬੇਐਬ ਪਰਵਰਦਿਗਾਰ, ਤੇਰਾ ਜਲਵਾ ਨੂਰ ਇਲਾਹੀਆ । ਆਦਿ ਜੁਗਾਦਿ ਸਾਂਝਾ ਯਾਰ, ਹਰ ਘਟ ਵਸੇ ਨਜ਼ਰ ਕਿਸੇ ਨਾ ਆਈਆ । ਜੁਗ ਜੁਗ ਖੇਲ ਕਰੇ ਅਪਾਰ, ਤੇਰੀ ਮਹਿਮਾ ਅਕਥ ਕਥੀ ਨਾ ਜਾਈਆ । ਗੁਰ ਅਵਤਾਰ ਬਣ ਸੇਵਾਦਾਰ, ਲੋਕਮਾਤ ਸੇਵ ਕਮਾਈਆ । ਨਾ ਕੋਈ ਵੇਲਾ ਵਕ਼ਤ ਸਕੇ ਵਿਚਾਰ, ਥਿਤ ਵਾਰ ਨਾ ਕੋਇ ਸਮਝਾਈਆ । ਕਾਗਦ ਕ਼ਲਮ ਨਾ ਪਾਵੇ ਸਾਰ, ਬ੍ਰਹਮਾ ਚਾਰ ਮੁਖ ਸ਼ਰਮਾਈਆ । ਚਾਰ ਵੇਦ ਕਰਨ ਪੁਕਾਰ, ਉਚੀ ਕੂਕ ਕੂਕ ਦੁਹਾਈਆ । ਤੇਰਾ ਅੰਤ ਨਾ ਪਾਰਾਵਾਰ, ਬੇਅੰਤ ਤੇਰੀ ਵਡਿਆਈਆ । ਤੂੰ ਵਸੇਂ ਧਾਮ ਨਿਆਰ, ਸਚਖੰਡ ਸੋਭਾ ਪਾਈਆ । ਲੋਕਮਾਤ ਕਵਣ ਰੂਪ ਕਰੇਂ ਉਜਿਆਰ, ਨਿਰਗੁਣ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਵਾਰ ਦੇ ਸਮਝਾਈਆ । ਪੁਰਖ ਅਬਿਨਾਸ਼ੀ ਸਚ ਜਣਾਏ, ਏਕਾ ਹੁਕਮ ਸੁਣਾਇਆ । ਜੁਗ ਚੌਕੜੀ ਵੰਡ ਵੰਡਾਏ, ਬ੍ਰਹਿਮੰਡ ਖੰਡ ਖੇਲ ਖਿਲਾਇਆ । ਸਤਿਜੁਗ ਤ੍ਰੇਤਾ ਦੁਅਪਰ ਕਲਜੁਗ ਸੇਵਾ ਲਾਏ, ਏਕਾ ਹੁਕਮ ਵਰਤਾਇਆ । ਨੌਂ ਸੌ ਚੁਰਾਨਵੇ ਚੌਕੜੀ ਵੇਖ ਵਖਾਏ, ਗੇੜਾ ਆਪ ਦੁਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਿਰਗੁਣ ਰੂਪ ਦਏ ਸਮਝਾਇਆ । ਨੌਂ ਸੌ ਚੁਰਾਨਵੇ ਚੌਕੜੀ ਉਤਰੇ ਪਾਰ, ਸਾਚੇ ਸੁਤ ਮਿਲੇ ਵਡਿਆਈਆ । ਮੈਂ ਕਰਾਂ ਖੇਲ ਅਪਾਰ, ਨਿਰਗੁਣ ਰੂਪ ਵਟਾਈਆ । ਲੱਖ ਚੁਰਾਸੀ ਪਾਵਾਂ ਸਾਰ, ਘਟ ਘਟ ਅੰਦਰ ਫੋਲ ਫੋਲਾਈਆ । ਨੌਂ ਖੰਡ ਪ੍ਰਿਥਮੀ ਵੇਖਾਂ ਅਖਾੜ, ਸੱਤਾਂ ਦੀਪਾਂ ਪਰਦਾ ਲਾਹੀਆ । ਵਿਸ਼ਨ ਬ੍ਰਹਮਾ ਸ਼ਿਵ ਦਿਆਂ ਉਠਾਲ, ਸੋਇਆ ਕੋਇ ਰਹਿਣ ਨਾ ਪਾਈਆ । ਅੰਤ ਬਣਾਂ ਤੇਰਾ ਦਲਾਲ, ਸਚ ਵਣਜਾਰਾ ਸਾਚਾ ਵਣਜ ਕਰਾਈਆ । ਲੇਖਾ ਚੁੱਕੇ ਸ਼ਾਹ ਕੰਗਾਲ, ਬਾਕੀ ਕੋਇ ਨਜ਼ਰ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਆਪਣਾ ਵਕ਼ਤ ਰਿਹਾ ਸਮਝਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਅੰਤਮ ਔਣਾ, ਹਰਿ ਸਾਚਾ ਸਚ ਜਣਾਇੰਦਾ । ਕਲਜੁਗ ਕਾਲਾ ਵੇਸ ਵਟੌਣਾ,


੧੨੦੨ ੧੦

ਕਾਲੀ ਅਲਫ਼ੀ ਤਨ ਹੰਢਾਇੰਦਾ । ਕਾਇਨਾਤ ਫੇਰਾ ਪੌਣਾ, ਰੂਪ ਅਨੂਪ ਜਣਾਇੰਦਾ । ਜੂਠ ਝੂਠ ਸੱਜਣ ਸਾਕ ਆਪ ਬਣੌਣਾ, ਏਕਾ ਬੰਧਨ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਵੇਲਾ ਅੰਤਮ ਆਪ ਜਣਾਇੰਦਾ । ਅੰਤਮ ਵੇਲਾ ਖੇਲ ਅਗੰਮ, ਪੁਰਖ ਅਗੰਮੜਾ ਆਪ ਕਰਾਈਆ । ਆਪਣੀ ਇਛਿਆ ਆਪੇ ਪਏ ਜੰਮ, ਨਿਰਗੁਣ ਜੋਤ ਲੋਕਮਾਤ ਕਰੇ ਰੁਸ਼ਨਾਈਆ । ਪੁਰਖ ਅਕਾਲਾ ਦੀਨ ਦਿਆਲਾ ਆਪੇ ਜਾਣੇ ਆਪਣਾ ਕੰਮ, ਕਰਤਾ ਪੁਰਖ ਬੇਪਰਵਾਹੀਆ । ਜੋ ਘੜਿਆ ਸੋ ਦੇਵੇ ਭੰਨ, ਘੜਨ ਭੰਨਣ ਹਾਰ ਆਪਣੀ ਖੇਲ ਖਿਲਾਈਆ । ਲਹਿਣਾ ਦੇਣਾ ਚੁੱਕੇ ਸੂਰਜ ਚੰਨ, ਕਿਰਨ ਕਿਰਨ ਵਿਚ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਅੰਤਮ ਵਰ, ਅੰਤ ਅੰਤ ਹੋਏ ਸਹਾਈਆ । ਅੰਤ ਅੰਤ ਸਹਾਈ ਹੋਣਾ ਜਗ, ਜਾਗਰਤ ਜੋਤ ਇਕ ਜਗਾ । ਸ੍ਰਿਸ਼ਟ ਸਬਾਈ ਲੱਗੇ ਅੱਗ, ਏਕਾ ਅਗਨੀ ਲੰਬੂ ਦਏ ਵਖਾ । ਕਰੇ ਖੇਲ ਸੂਰਾ ਸਰਬੱਗ, ਆਪਣਾ ਭਾਣਾ ਆਪ ਵਰਤਾ । ਲੱਖ ਚੁਰਾਸੀ ਬੰਨ੍ਹੇ ਤਗ, ਏਕਾ ਸਗਨ ਮਨਾ । ਰਾਏ ਧਰਮ ਦੇ ਲਾਏ ਅੱਗੇ ਬੱਗ, ਏਕਾ ਧੱਕਾ ਲਾ । ਲੋਕਮਾਤ ਵਿਚੋਂ ਦੇਵੇ ਕੱਢ, ਜੋ ਬੈਠੇ ਨਾਮ ਭੁਲਾ । ਗੁਰਮੁਖ ਵਿਰਲੇ ਦੇਵੇ ਛੱਡ, ਜੋ ਹਰਿ ਹਰਿ ਰਹੇ ਧਿਆ । ਇਕ ਲਡਾਏ ਤੇਰਾ ਲਡ, ਤੇਰੀ ਗੋਦ ਬਹਾ । ਸ਼ਬਦੀ ਤੇਰੀ ਬਣਾਏ ਸਾਚੀ ਯੱਦ, ਗੁਰਮੁਖ ਮਾਤ ਪਰਗਟਾ । ਕਲਜੁਗ ਪਾਰ ਕਿਨਾਰਾ ਹੱਦ, ਆਪੇ ਦਏ ਕਰਾ । ਸਤਿਜੁਗ ਬਾਲ ਅਵਾਣਾ ਸੱਦ, ਧਰਤ ਮਾਤ ਦੀ ਗੋਦ ਦਏ ਟਿੱਕਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਵਾਰ ਰਿਹਾ ਸਮਝਾ । ਕਲਜੁਗ ਵੇਲਾ ਅੰਤਮ ਅੰਤ, ਨੌਂ ਸੌ ਚੁਰਾਨਵੇ ਚੌਕੜੀ ਜੁਗ ਰਹਿਣ ਨਾ ਪਾਈਆ । ਪਰਗਟ ਹੋਏ ਸ੍ਰੀ ਭਗਵੰਤ, ਨਿਰਗੁਣ ਆਪਣਾ ਰੂਪ ਵਟਾਈਆ । ਕਰੇ ਖੇਲ ਨਾਰੀ ਕੰਤ, ਨਰ ਨਰਾਇਣ ਸੱਚਾ ਸ਼ਹਿਨਸ਼ਾਹੀਆ । ਲੱਖ ਚੁਰਾਸੀ ਵੇਖੇ ਜੀਵ ਜੰਤ, ਲੁਕਿਆ ਕੋਇ ਰਹਿਣ ਨਾ ਪਾਈਆ । ਗੜ੍ਹ ਤੋੜੇ ਹਉਮੇ ਹੰਗਤ, ਮਨ ਮਤ ਕਰੇ ਸਫ਼ਾਈਆ । ਇਕ ਜਣਾਏ ਸਾਚਾ ਮੰਤ, ਸੋ ਪੁਰਖ ਨਿਰੰਜਣ ਕਰ ਰੁਸ਼ਨਾਈਆ । ਸ਼ਬਦ ਸ਼ਬਦ ਬਣਾਏ ਬਣਤ, ਗੁਰ ਸ਼ਬਦ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਗੁਣ ਰਿਹਾ ਸਮਝਾਈਆ । ਸੁਤ ਦੁਲਾਰਾ ਕਰ ਪੁਕਾਰ, ਗਲ ਪੱਲੂ ਏਕਾ ਪਾਇੰਦਾ । ਆਦਿ ਜੁਗਾਦੀ ਏਕੰਕਾਰ, ਤੇਰੀ ਕਰਨੀ ਭੇਵ ਨਾ ਆਇੰਦਾ । ਕਵਣ ਵੇਸ ਕਰੇਂ ਵਿਚ ਸੰਸਾਰ, ਰੂਪ ਰੰਗ ਰੇਖ ਨਾ ਕੋਇ ਜਣਾਇੰਦਾ । ਕਵਣ ਘਰ ਹੋਏਂ ਉਜਿਆਰ, ਕਵਣ ਮੰਦਰ ਸੋਭਾ ਪਾਇੰਦਾ । ਕਵਣ ਨਾਮ ਬੋਲ ਜੈਕਾਰ, ਕਵਣ ਡੰਕਾ ਮਾਤ ਸੁਣਾਇੰਦਾ । ਕਵਣ ਵਰਨ ਕਰੇਂ ਉਜਿਆਰ, ਕਵਣ ਸਰਨ ਇਕ ਸਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਉਂ ਏਕਾ ਮੰਗ ਮੰਗਾਇੰਦਾ । ਕਵਣ ਰਾਜਾ ਕਵਣ ਭੂਪ, ਕਵਣ ਹੁਕਮ ਸੁਣਾਈਆ । ਕਵਣ ਵਸੇ ਚਾਰੇ ਕੂਟ, ਦਹਿ ਦਿਸ਼ਾ ਕਵਣ ਭਵਾਈਆ । ਕਵਣ ਮੇਟੇ ਜੂਠ ਝੂਠ, ਕਵਣ ਕੂੜੀ ਕਿਰਿਆ ਦਏ ਖਪਾਈਆ । ਕਵਣ ਤਾਗਾ ਕਵਣ ਸੂਤ, ਤਾਣਾ ਪੇਟਾ ਕਵਣ ਪਾਈਆ । ਕਵਣ ਪਿਤਾ ਕਵਣ ਪੂਤ, ਕਵਣ ਘਰ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਮੰਗਾਂ ਸਾਚਾ ਵਰ, ਵੇਲਾ ਅੰਤ ਦੇ ਸਮਝਾਈਆ । ਕਵਣ ਮੰਦਰ ਕਵਣ ਗੜ੍ਹ, ਕਵਣ ਘਰ ਆਸਣ ਲਾਇੰਦਾ । ਕਵਣ ਚੋਟੀ ਜਾਏਂ ਚੜ੍ਹ, ਕਵਣ ਬੰਕ ਸੋਭਾ ਪਾਇੰਦਾ । ਕਵਣ ਅੱਖਰ ਲਏਂ ਪੜ੍ਹ, ਆਪਣਾ ਨਾਉਂ ਦ੍ਰਿੜਾਇੰਦਾ । ਕਵਣ ਖੰਡਾ ਲਏਂ ਫੜ, ਦੋ ਜਹਾਨ ਚਮਕਾਇੰਦਾ । ਕਵਣ

੧੨੦੩
੧੦

ਗੁਰਮੁਖ ਲਏਂ ਵਰ, ਜਿਸ ਆਪਣਾ ਮੇਲ ਮਿਲਾਇੰਦਾ । ਕਵਣ ਅੰਮ੍ਰਿਤ ਨੁਹਾਏਂ ਸਰ, ਦੁਰਮਤ ਮੈਲ ਧਵਾਇੰਦਾ । ਕਵਣ ਘਾੜਨ ਲਏਂ ਘੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਉਂ ਝੋਲੀ ਅੱਗੇ ਡਾਹਿੰਦਾ । ਕਵਣ ਰਾਗ ਕਵਣ ਤਰਾਨਾ, ਕਵਣ ਨਾਦ ਵਜਾਈਆ । ਕਵਣ ਘਰ ਪਰਗਟ ਹੋਏ ਸ੍ਰੀ ਭਗਵਾਨਾ, ਰੂਪ ਅਨੂਪ ਧਰਾਈਆ । ਕਵਣ ਦਰ ਕਰੇਂ ਪਰਵਾਨਾ, ਚਰਨ ਕਵਲ ਆਪ ਟਿਕਾਈਆ । ਕਵਣ ਖੇਲ ਕਰੇਂ ਮਰਦ ਮਰਦਾਨਾ, ਮਿਹਬਾਨ ਬੀਦੋ ਬੀ ਖ਼ੈਰ ਯਾ ਅੱਲਾ ਇਲਾਹੀ ਨੂਰ ਡਗਮਗਾਈਆ । ਕਵਣ ਸ਼ਾਹ ਪਾਤਸ਼ਾਹ ਬਣੇ ਰਾਜ ਰਾਜਾਨਾ, ਸੀਸ ਆਪਣੇ ਤਾਜ ਟਿਕਾਈਆ । ਕਵਣ ਮੇਟੇ ਕਲਜੁਗ ਕੂੜ ਨਿਸ਼ਾਨਾ, ਰਾਜ ਰਾਜਾਨਾਂ ਖ਼ਾਕ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਦੇ ਚੁਕਾਈਆ । ਕਵਣ ਜਾਣੇ ਵੇਦ ਚਾਰ ਲੇਖਾ, ਪੁਰਾਨ ਅਠਾਰਾਂ ਕਵਣ ਸਮਝਾਈਆ । ਕਵਣ ਸ਼ਾਸਤਰ ਸਿਮਰਤ ਕੱਢੇ ਭੁਲੇਖਾ, ਭਰਮ ਗੜ੍ਹ ਤੁੜਾਈਆ । ਕਵਣ ਗੀਤਾ ਗਿਆਨ ਜਾਣੇ ਰੇਖਾ, ਰੇਖ ਰੇਖ ਵਿਚ ਮਿਲਾਈਆ । ਕਵਣ ਅੰਜੀਲ ਕ਼ੁਰਾਨ ਦਏ ਸੰਦੇਸਾ, ਤੀਸ ਬਤੀਸ ਕਰੇ ਪੜ੍ਹਾਈਆ । ਕਵਣ ਖਾਣੀ ਬਾਣੀ ਹੋਏ ਪਰਵੇਸ਼ਾ, ਨਿਰਗੁਣ ਆਪਣਾ ਨੂਰ ਧਰਾਈਆ । ਕਵਣ ਚਾਰ ਜੁਗ ਦਏ ਅੰਤ ਸੰਦੇਸਾ, ਪੁਰਖ ਅਕਾਲ ਇਕ ਵਖਾਈਆ । ਚਾਰ ਜੁਗ ਕਵਣ ਘਰ ਘਰ ਕਰੇਂ ਆਪਣਾ ਪੇਸ਼ਾ, ਸਰਗੁਣ ਧਾਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਅੰਤ ਦੇ ਸਮਝਾਈਆ । ਕਵਣ ਖੇਲ ਕਰੇ ਕਰਤਾਰ, ਖ਼ਾਲਕ ਖ਼ਲਕ ਵੇਖ ਵਖਾਈਆ । ਕਵਣ ਵੇਲਾ ਵਿਸ਼ਨ ਬ੍ਰਹਮਾ ਸ਼ਿਵ ਮਾਰੇ ਮਾਰ, ਬਚਿਆ ਕੋਇ ਰਹਿਣ ਨਾ ਪਾਈਆ । ਕਵਣ ਵਕਤ ਸੁਰਪਤ ਰਾਜਾ ਇੰਦ ਤਖ਼ਤੋਂ ਦਏ ਉਤਾਰ, ਥਿਰ ਰਹਿਣ ਨਾ ਪਾਈਆ । ਕਵਣ ਵੇਲਾ ਲੋਕਮਾਤ ਹੋਏਂ ਉਜਿਆਰ, ਨਿਰਗੁਣ ਰੂਪ ਵਟਾਈਆ । ਕਵਣ ਸੁਨੇਹੜਾ ਦਏਂ ਸੰਸਾਰ, ਏਕਾ ਵਾਰ ਸੁਣਾਈਆ । ਸ਼ਬਦੀ ਸ਼ਬਦ ਬਣੇ ਭਿਖਾਰ, ਏਕਾ ਮੰਗ ਮੰਗਾਈਆ । ਤੇਰੀ ਕ਼ੁਦਰਤ ਮੇਰੇ ਪਰਵਰਦਿਗਾਰ, ਤੇਰੀ ਖ਼ਲਕ ਖ਼ਾਲਕ ਤੇਰੇ ਵਿਚ ਸਮਾਈਆ । ਤੂੰ ਅਮਾਮ ਅਮਾਮਾ ਸਿਰ ਵਡ ਸਿਕਦਾਰ, ਤੇਰੀ ਰਹਿਮਤ ਰਹੀਮ ਰਹਿਮਾਨ ਆਦਿ ਜੁਗਾਦਿ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪੱਲੂ ਦੇਣਾ ਫੜਾਈਆ । ਪੁਰਖ ਅਬਿਨਾਸ਼ੀ ਦਇਆ ਕਮਾ, ਅੰਤ ਅੰਤ ਜਣਾਇੰਦਾ । ਨਵ ਨੌਂ ਚਾਰ ਲੇਖਾ ਦਏ ਮੁਕਾ, ਪੂਰਬ ਲਹਿਣਾ ਆਪ ਮੁਕਾਇੰਦਾ । ਨਿਰਗੁਨ ਜਾਮਾ ਲਏ ਵਟਾ, ਨਿਹਕਲੰਕਾ ਨਾਉਂ ਰਖਾਇੰਦਾ । ਸਾਢੇ ਤਿੰਨ ਹੱਥ ਮੰਦਰ ਦਏ ਬਣਾ, ਸੰਬਲ ਨਾਉਂ ਜਣਾਇੰਦਾ । ਬਜਰ ਕਪਾਟੀ ਉਪਰ ਡੇਰਾ ਲਾ, ਸਾਚੇ ਪਰਬਤ ਭਾਗ ਵਖਾਇੰਦਾ । ਸ਼ਬਦ ਅਗੰਮੀ ਨਾਦ ਵਜਾ, ਆਪਣਾ ਰਾਗ ਅਲਾਇੰਦਾ । ਸਚ ਸਿੰਘਾਸਣ ਆਸਣ ਲਾ, ਤਖ਼ਤ ਨਿਵਾਸੀ ਸੋਭਾ ਪਾਇੰਦਾ । ਏਕਾ ਹੁਕਮ ਦਏ ਵਰਤਾ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਸ਼ਾਹ ਸੁਲਤਾਨਾਂ ਖ਼ਾਕ ਮਿਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਕਲਜੁਗ ਅੰਤਮ ਆਪ ਜਣਾਇੰਦਾ । ਕਲਜੁਗ ਅੰਤਮ ਹੋਏ ਦੂਰ, ਦੂਰ ਦੁਰਾਡਾ ਪੰਧ ਮੁਕਾਈਆ । ਪਰਗਟ ਹੋਏ ਹਰਿ ਹਾਜ਼ਰ ਹਜ਼ੂਰ, ਵਡ ਹਜ਼ਰਤ ਸੱਚਾ ਸ਼ਹਿਨਸ਼ਾਹੀਆ । ਕੂੜੀ ਕਿਰਿਆ ਕਰੇ ਕਾਫ਼ੂਰ, ਏਕਾ ਨੂਰ ਕਰੇ ਰੁਸ਼ਨਾਈਆ । ਸ਼ਬਦੀ ਆਸਾ ਕਰੇ ਪੂਰ, ਪੂਰੀ ਆਸ ਆਪ ਵਖਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਸ੍ਰੀ ਭਗਵੰਤ ਜੋ ਘਰ ਘਰ ਬੈਠੇ ਕਰ ਕ਼ਸੂਰ, ਲੇਖਾ ਲਿਖ ਲਿਖ ਰਿਹਾ ਜਣਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਆਪਣਾ ਬਦਲੇ ਨਾ ਕਦੇ

ਅਸੂਲ, ਆਪਣੇ ਭਾਣੇ ਸਦ ਸਮਾਈਆ । ਗੋਬਿੰਦ ਭਾਣਾ ਕਰ ਕ਼ਬੂਲ, ਆਪਣਾ ਆਪ ਭੇਟ ਚੜ੍ਹਾਈਆ । ਸ੍ਰੀ ਭਗਵੰਤ ਅੰਤ ਚੁਕਾਏ ਮੂਲ, ਚੌਥਾ ਜੁਗ ਚੌਥੀ ਧਾਰ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮੇਲਾ ਲਏ ਮਿਲਾਈਆ । ਸ਼ਬਦ ਮੇਲਾ ਅੰਤ ਕਲ, ਹਰਿ ਸਾਚੇ ਸਚ ਕਰਾਵਣਾ । ਏਕਾ ਮੰਦਰ ਬਹਿਣਾ ਰਲ, ਘਰ ਘਰ ਵਿਚ ਆਪ ਸੁਹਾਵਣਾ । ਏਕਾ ਦੀਪਕ ਜਾਏ ਬਲ, ਅਗਿਆਨ ਅੰਧੇਰ ਮੁਕਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਆਪਣਾ ਵੇਲਾ ਆਪਣੇ ਹੱਥ ਰਖਾਵਣਾ । ਆਪਣਾ ਵੇਲਾ ਸੋ ਪੁਰਖ ਨਿਰੰਜਣ, ਆਦਿ ਜੁਗਾਦਿ ਆਪਣੇ ਹੱਥ ਰਖਾਈਆ । ਜੁਗ ਜੁਗ ਹੋਏ ਦਰਦ ਦੁੱਖ ਭੈ ਭੰਜਨ, ਦੀਨਾਂ ਅਨਾਥਾਂ ਹੋਏ ਸਹਾਈਆ । ਜਨ ਭਗਤਾਂ ਨੇਤਰ ਪਾਏ ਨਾਮ ਅੰਜਨ, ਅਗਿਆਨ ਅੰਧੇਰ ਮਿਟਾਈਆ । ਸਾਚੇ ਸੰਤਾਂ ਬਣੇ ਸਾਚਾ ਸੱਜਣ, ਸਗਲਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸ਼ਬਦ ਏਕਾ ਜੋਤ ਏਕਾ ਵਰਨ ਏਕਾ ਗੋਤ, ਏਕਾ ਕਿਲਾ ਏਕਾ ਕੋਟ, ਏਕਾ ਘਰ ਸੁਹਾਈਆ । ਏਕਾ ਘਰ ਹਰਿ ਸੁਹਾਏ, ਆਦਿ ਪੁਰਖ ਅਬਿਨਾਸ਼ਾ । ਸਤਿਜੁਗ ਸਾਚਾ ਮਾਤ ਧਰਾਏ, ਕਰੇ ਖੇਲ ਤਮਾਸ਼ਾ । ਚਾਰ ਵਰਨ ਏਕਾ ਰੰਗ ਰੰਗਾਏ, ਦੇਵੇ ਨਾਮ ਦਿਲਾਸਾ । ਏਕਾ ਅੱਖਰ ਦਏ ਪੜ੍ਹਾਏ, ਕਰੇ ਪਰਕਾਸ਼ ਪ੍ਰਿਥਮੀ ਆਕਾਸ਼ਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਕਰੇ ਖੇਲ ਏਕਾ ਹਰਿ, ਹਰਿਜਨ ਪੂਰੀ ਕਰੇ ਆਸਾ । ਹਰਿਜਨ ਤੇਰੀ ਪੂਰੀ ਆਸ, ਗੁਰ ਸਤਿਗੁਰ ਆਪ ਕਰਾਈਆ । ਜਨਮ ਜਨਮ ਦੀ ਬੁਝੇ ਪਿਆਸ, ਤ੍ਰਿਸਨਾ ਭੁੱਖ ਗਵਾਈਆ । ਨਿਰਮਲ ਜੋਤ ਕਰੇ ਪਰਕਾਸ਼, ਅਗਿਆਨ ਅੰਧੇਰ ਚੁਕਾਈਆ । ਘਰ ਘਰ ਵਿਚ ਪਾਵੇ ਰਾਸ, ਗੋਪੀ ਕਾਹਨ ਨਚਾਈਆ । ਸਦਾ ਸੁਹੇਲਾ ਵਸੇ ਪਾਸ, ਆਪਣੀ ਗੋਦ ਬਹਾਈਆ । ਗੁਰਸਿਖ ਹੋਏ ਨਾ ਕਦੇ ਨਿਰਾਸ, ਜਿਸ ਗੋਬਿੰਦ ਮਿਲਿਆ ਸਾਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਮੇਲ ਮਿਲਾਈਆ । ਹਰਿਜਨ ਮੇਲਾ ਹਰਿ ਦਵਾਰ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਕਾਇਆ ਮਾਟੀ ਖੋਲ੍ਹ ਕਿਵਾੜ, ਸਾਚੀ ਹਾਟੀ ਵਣਜ ਕਰਾਇੰਦਾ । ਅੰਮ੍ਰਿਤ ਨਾਮ ਜਾਮ ਪਿਆਲ, ਸਾਚਾ ਸਾਕੀ ਖੇਲ ਕਰਾਇੰਦਾ । ਕਰੇ ਪਰਕਾਸ਼ ਕੋਟਨ ਭਾਨ, ਰਵ ਸਸ ਨਾ ਕੋਇ ਚੜ੍ਹਾਇੰਦਾ । ਆਤਮ ਬ੍ਰਹਮ ਕਰਾਏ ਪਛਾਣ, ਈਸ਼ ਜੀਵ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਦਇਆ ਕਮਾਇੰਦਾ । ਦਇਆ ਨਿਧ ਸਵਾਮੀ ਠਾਕਰ, ਏਕਾ ਠੋਕਰ ਨਾਮ ਲਗਾਈਆ । ਗੁਰਮੁਖ ਨਿਰਮਲ ਕਰਮ ਕਰੇ ਉਜਾਗਰ, ਦੁਰਮਤ ਮੈਲ ਧੁਆਈਆ । ਜਿਸ ਜਨ ਵਣਜ ਕਰਾਏ ਨਾਮ ਸੌਦਾਗਰ, ਸਾਚੀ ਵਸਤ ਝੋਲੀ ਪਾਈਆ । ਭਾਗ ਲਗਾਏ ਕਾਇਆ ਗਾਗਰ, ਨਿਰਮਲ ਜੋਤ ਨੂਰ ਰੁਸ਼ਨਾਈਆ । ਏਥੇ ਓਥੇ ਦੇਵੇ ਆਦਰ, ਜਿਸ ਸਿਰ ਆਪਣਾ ਹੱਥ ਟਿਕਾਈਆ । ਗੁਰਮੁਖ ਸੱਚਾ ਜਗਤ ਬਹਾਦਰ, ਗੁਰ ਚਰਨ ਸਰਨ ਚਰਨ ਜਿਸ ਏਕਾ ਓਟ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਕਰੀਮ ਕ਼ਾਦਰ ਕ਼ੁਦਰਤ ਆਪਣੇ ਰੰਗ ਵਖਾਈਆ । ਗੁਰਸਿਖ ਤੇਰਾ ਆਤਮ ਰੰਗ, ਰੰਗ ਰੰਗੀਲਾ ਆਪ ਚੜ੍ਹਾਇੰਦਾ । ਤੇਰੀ ਸੇਜਾ ਵੇਖ ਪਲੰਘ, ਹਰਿ ਜੂ ਆਸਣ ਲਾਇੰਦਾ । ਅੱਠੇ ਪਹਿਰ ਨਾਦ ਮਰਦੰਗ, ਧੁੰਨ ਆਤਮਕ ਆਪ ਵਜਾਇੰਦਾ । ਨਿਝਰ ਝਿਰਨਾ ਸਰੋਵਰ ਗੰਗ, ਕਵਲ ਕਵਲਾ ਆਪ ਉਲਟਾਇੰਦਾ । ਆਪ ਸੁਣਾਏ ਆਪਣਾ ਸੁਹਾਗੀ ਛੰਦ, ਛੱਤੀ ਰਾਗ ਭੇਵ ਨਾ ਪਾਇੰਦਾ । ਦਿਵਸ ਰੈਣ ਪਰਮਾਨੰਦ,

ਨਿਜਾਨੰਦ ਆਪ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਮੇਲੇ ਆਪੇ ਫੜ, ਆਪਣਾ ਬੰਧਨ ਪਾਇੰਦਾ । ਕਲਜੁਗ ਅੰਤਮ ਬਣ ਕਸਾਈ, ਛੁਰੀ ਆਪਣੇ ਹੱਥ ਉਠਾਇੰਦਾ । ਹਿੰਦੂ ਮੁਸਲਿਮ ਸਿੱਖ ਮੇਟੇ ਈਸਾਈ, ਦੀਨ ਮਜ਼ਬ ਨਾ ਕੋਇ ਰਖਾਇੰਦਾ । ਗੋਬਿੰਦ ਬੂਟਾ ਪੁਟਿਆ ਕਾਹੀ, ਮਨਮੁਖਤਾ ਜੜ੍ਹ ਉਖੜਾਇੰਦਾ । ਸਰਬ ਜੀਆਂ ਦਾ ਇਕੋ ਸਾਈਂ, ਨਾਨਕ ਨਾਮ ਧਿਆਇੰਦਾ । ਗ਼ਰੀਬ ਨਿਮਾਣਿਆਂ ਪਕੜੇ ਬਾਂਹੀਂ, ਜੁਗ ਜੁਗ ਪੁਰਖ ਅਕਾਲ ਵੇਸ ਵਟਾਇੰਦਾ । ਸ਼ਾਹ ਸੁਲਤਾਨਾਂ ਦਏ ਸਜ਼ਾਈ, ਗੜ੍ਹ ਹੰਕਾਰ ਤੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਆਪ ਜਣਾਇੰਦਾ । ਜਗਤ ਮਰਨੀ ਮਰੇ ਜਗ, ਮਰਨਾ ਹੱਥ ਕਿਸੇ ਨਾ ਆਇਆ । ਭੁੱਖ ਨੰਗ ਝੂਠਾ ਵਰਤ, ਬਿਨ ਹਰਿ ਨਾਮੇ ਮਰਨ ਵਰਤ ਕੰਮ ਕਿਸੇ ਨਾ ਆਇਆ । ਮਿਲੇ ਢੋਈ ਨਾ ਅਰਸ਼ ਫ਼ਰਸ਼, ਗੁਰਮਤ ਜੋ ਰਹੇ ਭੁਲਾਇਆ । ਪਾਰਬ੍ਰਹਮ ਪਤਿਪਰਮੇਸ਼ਵਰ ਕਰ ਤਰਸ, ਕਲਜੁਗ ਕਸਾਈ ਮਗਰ ਸਭ ਦੇ ਲਾਇਆ । ਗ਼ਰੀਬ ਨਿਮਾਣੇ ਫਿਰੇ ਨਧੜਕ, ਪੁਰਖ ਅਬਿਨਾਸ਼ੀ ਹੋਏ ਸਹਾਇਆ । ਦੋ ਸਾਲਾਂ ਅੱਠਾਂ ਮਹੀਨਿਆਂ ਅੰਦਰ ਸਭ ਦਾ ਕੱਢੇ ਫ਼ਰਕ, ਊਚ ਨੀਚ ਨਾ ਕੋਇ ਵਖਾਇਆ । ਜ਼ਾਤ ਪਾਤ ਕਰੇ ਗ਼ਰਕ, ਧਰਨੀ ਧਰਤ ਧਵਲ ਹੇਠ ਦਬਾਇਆ । ਚਾਰ ਵਰਨਾਂ ਦੱਸੇ ਏਕਾ ਵਰਕ, ਸਾਚਾ ਵਰਕਰ ਹਰਿ ਜੂ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹਿਆ । ਊਚਾਂ ਨੀਚਾਂ ਨਾਤਾ ਤੋੜ, ਜੂਠਾ ਝੂਠਾ ਬੰਧਨ ਦਏ ਖਪਾਈਆ । ਬ੍ਰਹਮ ਪਾਰਬ੍ਰਹਮ ਨਾਲ ਦੇਵੇ ਜੋੜ, ਏਕਾ ਰੰਗ ਵਖਾਈਆ । ਸ੍ਰੀ ਭਗਵਾਨ ਗ਼ਰੀਬ ਨਿਮਾਣਿਆਂ ਦੀ ਸਦਾ ਰੱਖੇ ਲੋੜ, ਬਿਨ ਗ਼ਰੀਬਾਂ ਲੋਕਮਾਤ ਵੇਸ ਨਾ ਕਦੇ ਵਟਾਈਆ । ਜਗਤ ਹੰਕਾਰੀਆਂ ਪਾਏ ਮੜ੍ਹੀ ਗੋਰ, ਲੋਕਮਾਤ ਰਹਿਣ ਨਾ ਪਾਈਆ । ਊਚਾਂ ਨੀਚਾਂ ਰਾਓ ਰੰਕਾਂ ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਏਕਾ ਮਾਰਗ ਦੇਵੇ ਤੋਰ, ਸਾਚਾ ਮਾਰਗ ਆਪ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਵਡ ਵੱਡਾ ਨੈਸਨਲਿਸ਼ਟ ਨਿਰਾਕਾਰ ਨਿਰਗੁਣ ਇਕ ਅਖਵਾਈਆ । ਗ਼ਰੀਬਾਂ ਅੰਤਰ ਉਤਮ ਜ਼ਾਤ, ਹਰਿ ਜੂ ਆਸਣ ਲਾਇੰਦਾ । ਕਰਨ ਫ਼ਰਯਾਦ ਅੱਠੇ ਪਹਿਰ ਦਿਵਸ ਰੈਣ ਪਰਭਾਤ, ਨੇਤਰ ਸਰਬ ਉਠਾਇੰਦਾ । ਪਾਰਬ੍ਰਹਮ ਪਤਿਪਰਮੇਸ਼ਵਰ ਨਿਜ ਆਤਮ ਬੈਠਾ ਸੁਣੇ ਗਾਥ, ਆਪਣੀ ਝੋਲੀ ਆਪੇ ਪਾਇੰਦਾ । ਕਲਜੁਗ ਹੋਈ ਅੰਧੇਰੀ ਰਾਤ, ਸਾਚਾ ਚੰਦ ਨਾ ਕੋਇ ਚੜ੍ਹਾਇੰਦਾ । ਚਾਰ ਕੁੰਟ ਜੀਵ ਜੰਤ ਬਣ ਬਣ ਬੈਠੇ ਜਮਾਤ, ਹਰਿ ਕਾ ਨਾਮ ਜਮਾਂ ਨਾ ਕੋਇ ਕਰਾਇੰਦਾ । ਅੰਤਮ ਪੈਣਾ ਡੂੰਘੇ ਖਾਤ, ਧਰਮ ਰਾਏ ਖਾਤਾ ਇਕ ਵਖਾਇੰਦਾ । ਗ਼ਰੀਬ ਨਿਮਾਣਿਆਂ ਮਿਲੇ ਕਮਲਾਪਾਤ, ਆਪਣੀ ਕਫ਼ਨੀ ਕੰਬਲੀ ਕਾਇਆ ਚੋਲੀ ਆਪ ਹੰਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਹਰਿ ਸੱਜਣ ਲਏ ਫੜ, ਹਰੀਜਨ ਆਪਣੇ ਮੇਲ ਮਿਲਾਇੰਦਾ । ਸੰਗਤ ਹੋਏ ਸੰਤੁਸ਼ਟ ਚੜ੍ਹੇ ਆਤਮ ਰੰਗ, ਬਿਨ ਹਰਿ ਨਾਮੇ ਸ਼ਾਂਤ ਕਦੇ ਨਾ ਆਇੰਦਾ । ਗੁਰਮੁਖ ਮੰਗਣ ਏਕਾ ਮੰਗ, ਵਸਤ ਅਮੋਲਕ ਆਪ ਵਰਤਾਇੰਦਾ । ਦੂਈ ਦਵੈਤ ਭਰਮਾਂ ਢਾਏ ਕੰਧ, ਭਾਂਡਾ ਭਰਮ ਭੌ ਭੰਨਾਇੰਦਾ । ਜਿਸ ਜਨ ਉਪਜੇ ਪਰਮਾਨੰਦ, ਸੋ ਜਨ ਸੰਤੁਸ਼ਟ ਮਾਤ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਦਇਆ ਕਮਾਇੰਦਾ ।



੧੨੦੬ ੧੦

★ ੨੧ ਭਾਦਰੋਂ ੨੦੧੮ ਬਿਕ੍ਰਮੀ ਕਰਮ ਸਿੰਘ ਦੇ ਗ੍ਰਿਹ ਪਿੰਡ ਗੁੜੇ ਜ਼ਿਲਾ ਲੁਧਿਆਣਾ ★

ਸੋ ਪੁਰਖ ਨਿਰੰਜਣ ਹਰਿ ਮਿਹਰਵਾਨਾ, ਇਕ ਇਕੱਲਾ ਖੇਲ ਖਿਲਾਇੰਦਾ । ਹਰਿ ਪੁਰਖ ਨਿਰੰਜਣ ਸ਼ਾਹ ਸੁਲਤਾਨਾ, ਸਾਚੇ ਤਖ਼ਤ ਸੋਭਾ ਪਾਇੰਦਾ । ਏਕੰਕਾਰਾ ਰੂਪ ਮਹਾਨਾ, ਰੂਪ ਅਨੂਪ ਆਪ ਧਰਾਇੰਦਾ । ਆਦਿ ਨਿਰੰਜਣ ਜੋਤੀ ਜੋਤ ਡਗਮਗਾਨਾ, ਜੋਤ ਉਜਾਲਾ ਆਪ ਕਰਾਇੰਦਾ । ਅਬਿਨਾਸ਼ੀ ਕਰਤਾ ਨਿਰਗੁਣ ਖੇਲ ਕਰੇ ਮਹਾਨਾ, ਨਿਰਵੈਰ ਆਪਣੀ ਧਾਰ ਚਲਾਇੰਦਾ । ਸ੍ਰੀ ਭਗਵਾਨ ਆਪ ਝੁਲਾਏ ਸਚ ਨਿਸ਼ਾਨਾ, ਸਤਿ ਸਤਿਵਾਦੀ ਆਪ ਬਣਾਇੰਦਾ । ਪਾਰਬ੍ਰਹਮ ਪ੍ਰਭ ਹੋ ਪਰਧਾਨਾ, ਆਪਣਾ ਬਲ ਆਪ ਧਰਾਇੰਦਾ । ਅਲਖ ਅਗੋਚਰ ਅਗੰਮ ਅਥਾਹ ਬੇਅੰਤ ਨੌਜਵਾਨਾ, ਏਕਾ ਰੰਗ ਸਮਾਇੰਦਾ । ਏਕਾ ਹੁਕਮ ਇਕ ਫ਼ਰਮਾਨਾ, ਏਕਾ ਵਾਰ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣਾ ਰੂਪ ਆਪ ਪਰਗਟਾਇੰਦਾ । ਆਦਿ ਪੁਰਖ ਪੁਰਖ ਅਬਿਨਾਸ਼ਾ, ਆਪਣਾ ਰੂਪ ਆਪ ਧਰਾਈਆ । ਅਜੂਨੀ ਰਹਿਤ ਨਿਰਾਕਾਰ ਆਪੇ ਜਾਣੇ ਆਪਣਾ ਖੇਲ ਤਮਾਸ਼ਾ, ਏਕਾ ਰਾਸ ਆਪ ਰਚਾਈਆ । ਆਪਣੇ ਨੂਰ ਆਪਣੀ ਜੋਤ ਆਪਣੀ ਧਾਰ ਆਪ ਪਰਕਾਸ਼ਾ, ਅਨਭਵ ਪਰਕਾਸ਼ ਕਰਾਈਆ । ਆਪ ਨਿਭਾਏ ਆਪਣਾ ਸਾਥਾ, ਸਗਲਾ ਸੰਗ ਆਪ ਹੋ ਜਾਈਆ । ਆਪੇ ਹੋਏ ਸਰਬ ਕਲਾ ਸਮਰਾਥਾ, ਸਮਰਥ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣਾ ਪਰਦਾ ਆਪ ਉਠਾਈਆ । ਆਦਿ ਪੁਰਖ ਏਕਾ ਧਾਰ, ਆਪਣੀ ਆਪ ਪਰਗਟਾਇੰਦਾ । ਆਪਣਾ ਖੇਲ ਕਰ ਕਰਤਾਰ, ਆਪਣੀ ਕਰਨੀ ਵੇਖ ਵਖਾਇੰਦਾ । ਆਪਣੀ ਇਛਿਆ ਆਪ ਵਿਚਾਰ, ਆਪੇ ਹਰਿ ਵਰਤਾਇੰਦਾ । ਆਪੇ ਦਰ ਦਰਵੇਸ਼ ਬਣ ਭਿਖਾਰ, ਆਪਣੀ ਝੋਲੀ ਅੱਗੇ ਡਾਹਿੰਦਾ । ਏਕਾ ਵਸਤ ਰੱਖੇ ਸੰਭਾਲ, ਆਪ ਆਪਣੇ ਅੰਗ ਲਗਾਇੰਦਾ । ਕਰੇ ਖੇਲ ਦੀਨ ਦਿਆਲ, ਦਇਆਨਿਧ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣੀ ਕਲ ਆਪ ਧਰਾਇੰਦਾ । ਸੋ ਪੁਰਖ ਨਿਰੰਜਣ ਆਦਿ, ਆਦਿ ਆਪਣੀ ਧਾਰ ਚਲਾਈਆ । ਆਪ ਵਜਾਏ ਆਪਣਾ ਨਾਦ, ਆਪੇ ਰਿਹਾ ਸੁਣਾਈਆ । ਆਪ ਆਪਣਾ ਆਪੇ ਲਾਧ, ਆਪੇ ਵੇਖੇ ਚਾਈਂ ਚਾਈਂਆ । ਆਪਣੇ ਅੰਦਰ ਹੋ ਵਿਸਮਾਦ, ਆਪ ਆਪਣਾ ਰਿਹਾ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵੇਸ ਆਪ ਵਟਾਈਆ । ਵੇਸ ਵਟਾਏ ਇਕ ਇਕੱਲਾ, ਆਪਣੀ ਖੇਲ ਖਿਲਾਇੰਦਾ । ਆਪ ਫੜਾਏ ਆਪਣਾ ਪੱਲਾ, ਆਪਣਾ ਸੰਗ ਨਿਭਾਇੰਦਾ । ਵਸਣਹਾਰਾ ਨਿਹਚਲ ਧਾਮ ਉਚ ਅਟੱਲਾ, ਧਾਮ ਅਵੱਲੜਾ ਆਪ ਰਖਾਇੰਦਾ । ਸਚ ਸਿੰਘਾਸਣ ਏਕਾ ਮੱਲਾ, ਸ਼ਾਹੋ ਭੂਪ ਆਸਣ ਲਾਇੰਦਾ । ਆਪਣੀ ਜੋਤ ਆਪੇ ਰੱਲਾ, ਜੋਤੀ ਜਾਤਾ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪ ਆਪਣਾ ਆਪ ਧਰਾਇੰਦਾ । ਆਪਣਾ ਆਪ ਆਪੇ ਧਰ, ਆਪੇ ਵੇਖ ਵਖਾਈਆ । ਕਰੇ ਖੇਲ ਸਾਚਾ ਹਰਿ, ਰੂਪ ਰੰਗ ਰੇਖ ਨਾ ਕੋਇ ਜਣਾਈਆ । ਆਪਣੀ ਇਛਿਆ ਭੰਡਾਰ ਭਰ, ਆਪੇ ਲਏ ਪਰਗਟਾਈਆ । ਆਪੇ ਦੇਵਣਹਾਰਾ ਵਰ, ਆਪੇ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਨੂਰ ਨੂਰ ਨੂਰ ਰੁਸ਼ਨਾਈਆ । ਨਿਰਗੁਣ ਜੋਤ ਜੋਤ ਅਕਾਲਾ, ਅਕਲ ਕਲਾ ਅਖਵਾਇੰਦਾ । ਆਪੇ ਪਰਗਟ ਹੋ ਪੁਰਖ ਅਕਾਲਾ, ਆਪਣੀ ਧਾਰ ਚਲਾਇੰਦਾ । ਆਪ ਉਪਾਏ ਆਪਣੀ ਧਰਮਸਾਲਾ, ਸਚਖੰਡ


੧੨੦੭
੧੦

ਸਾਚਾ ਆਪ ਬਣਾਇੰਦਾ । ਦੀਪਕ ਜੋਤ ਏਕਾ ਬਾਲਾ, ਤੇਲ ਬਾਤੀ ਨਾ ਕੋਇ ਰਖਾਇੰਦਾ । ਆਪੇ ਬਣਿਆ ਸ਼ਾਹ ਕੰਗਾਲਾ, ਸ਼ਾਹੋ ਭੂਪ ਆਪਣਾ ਨਾਉਂ ਧਰਾਇੰਦਾ । ਸਚ ਸਿੰਘਾਸਣ ਇਕ ਸੁਹਾਨਾ, ਤਖ਼ਤ ਨਿਵਾਸੀ ਸੋਭਾ ਪਾਇੰਦਾ । ਆਪ ਜਣਾਏ ਧੁਰ ਫ਼ਰਮਾਨਾ, ਹੁਕਮ ਹਾਕਮ ਆਪ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਏਕਾ ਹਰਿ, ਆਪਣਾ ਰੂਪ ਆਪ ਪਰਗਟਾਇੰਦਾ । ਆਪਣਾ ਰੂਪ ਆਪੇ ਰੱਖ, ਆਪੇ ਵੇਖ ਵਖਾਈਆ । ਨਿਰਗੁਣ ਨਿਰਗੁਣ ਹੋ ਪਰਤੱਖ, ਨਿਰਾਕਾਰ ਖੇਲ ਖਿਲਾਈਆ । ਸਰਬ ਕਲਾ ਆਪੇ ਸਮਰਥ, ਅਕਲ ਕਲ ਆਪ ਅਖਵਾਈਆ । ਆਪ ਚਲਾਏ ਆਪਣਾ ਰਥ, ਰਥ ਰਥਵਾਹੀ ਸੇਵ ਕਮਾਈਆ । ਆਪਣਾ ਮਾਰਗ ਆਪੇ ਦੱਸ, ਆਪੇ ਵੇਖ ਵਖਾਈਆ । ਆਪਣੇ ਅੰਦਰ ਆਪੇ ਵਸ, ਘਰ ਸਾਚਾ ਆਪ ਸੁਹਾਈਆ । ਆਪ ਆਪਣਾ ਹੋ ਹੋ ਦਾਸ, ਸੇਵਕ ਸੇਵਾ ਸੇਵ ਕਮਾਈਆ । ਆਪ ਆਪਣੇ ਵਸੇ ਪਾਸ, ਵਿਛੜ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਏਕਾ ਹਰਿ, ਇਕ ਇਕੱਲਾ ਖੇਲ ਖਿਲਾਈਆ । ਇਕ ਇਕੱਲਾ ਹਰਿ ਨਿਰੰਕਾਰਾ, ਆਪਣੀ ਖੇਲ ਖਿਲਾਇੰਦਾ । ਆਦਿ ਪੁਰਖ ਹੋ ਉਜਿਆਰਾ, ਜੋਤੀ ਜੋਤ ਡਗਮਗਾਇੰਦਾ । ਸ਼ਾਹੋ ਭੂਪ ਬਣ ਸਿਕਦਾਰਾ, ਸੀਸ ਤਾਜ ਇਕ ਟਿਕਾਇੰਦਾ । ਜਗਤ ਜਗਦੀਸ ਖੇਲ ਨਿਆਰਾ, ਨਰ ਨਰੇਸ਼ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਸਾਚੇ ਚੜ੍ਹ, ਦਰ ਘਰ ਸਾਚਾ ਆਪ ਸੁਹਾਇੰਦਾ । ਦਰ ਘਰ ਸਾਚਾ ਸੋਭਾਵੰਤ, ਸੋ ਪੁਰਖ ਨਿਰੰਜਣ ਆਪ ਸੁਹਾਈਆ । ਆਦਿ ਜੁਗਾਦੀ ਮਹਿਮਾ ਅਗਣਤ, ਲੇਖਾ ਲਿਖਤ ਵਿਚ ਨਾ ਆਈਆ । ਖੇਲ ਕਰਾਏ ਨਾਰ ਕੰਤ, ਨਰ ਨਰਾਇਣ ਬੇਪਰਵਾਹੀਆ । ਆਪੇ ਗਾਏ ਆਪਣਾ ਨਾਉਂ ਮੰਤ, ਨਾਉਂ ਨਿਰੰਕਾਰਾ ਆਪ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਸਾਚੇ ਦਏ ਵਡਿਆਈਆ । ਸਚਖੰਡ ਸਾਚਾ ਸਚ ਸੁਹੰਜਣਾ, ਸੋਭਾਵੰਤ ਆਪ ਸੁਹਾਇੰਦਾ । ਦੀਪਕ ਜਗਾਏ ਇਕ ਨਿਰੰਜਣਾ, ਆਦਿ ਨਿਰੰਜਣ ਡਗਮਗਾਇੰਦਾ । ਆਦਿ ਆਦਿ ਆਪ ਆਪਣਾ ਦਰਦ ਦੁੱਖ ਭੈ ਭੰਜਨਾ, ਸਿਰ ਆਪਣਾ ਹੱਥ ਟਿਕਾਇੰਦਾ । ਆਪੇ ਕਰੇ ਆਪਣਾ ਮਜਨਾ, ਆਪਣੇ ਸਰੋਵਰ ਆਪੇ ਨਹਾਇੰਦਾ । ਆਪੇ ਹੋਏ ਪਰਦਾ ਕੱਜਣਾ, ਸਾਚਾ ਪਰਦਾ ਆਪੇ ਪਾਇੰਦਾ । ਆਪੇ ਘੜਿਆ ਆਪ ਭੱਜਣਾ, ਘੜਨ ਭੰਨਣਹਾਰ ਖੇਲ ਖਿਲਾਇੰਦਾ । ਆਪੇ ਸਚਖੰਡ ਦਵਾਰੇ ਬਹਿ ਬਹਿ ਸਜਣਾ, ਦੂਸਰ ਨਾਲ ਨਾ ਕੋਇ ਰਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਵਸੇ ਸਾਚੇ ਘਰ, ਦਰ ਦਵਾਰਾ ਆਪ ਸੁਹਾਇੰਦਾ । ਸਚਖੰਡ ਸਾਚਾ ਦਰ ਦਰਵਾਜ਼ਾ, ਦਰ ਦਰਵੇਸ਼ ਆਪ ਸੁਹਾਈਆ । ਆਪੇ ਵਸੇ ਗ਼ਰੀਬ ਨਿਵਾਜ਼ਾ, ਇਕ ਇਕੱਲਾ ਆਸਣ ਲਾਈਆ । ਸ਼ਾਹੋ ਭੂਪ ਰਾਜਨ ਰਾਜਾ, ਸ਼ਹਿਨਸ਼ਾਹ ਆਪ ਅਖਵਾਈਆ । ਆਪੇ ਜਾਣੇ ਆਪਣਾ ਕਾਜਾ, ਕਰਤਾ ਪੁਰਖ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰ ਆਪ ਵਡਿਆਈਆ । ਸਚਖੰਡ ਦਵਾਰੇ ਸਾਜਨ ਮੀਤ, ਹਰਿ ਸਾਚਾ ਸੋਭਾ ਪਾਇੰਦਾ । ਆਦਿ ਆਦਿ ਰਹੇ ਅਤੀਤ, ਅਨੰਤ ਆਪਣੀ ਕਲ ਜਣਾਇੰਦਾ । ਆਪੇ ਜਾਣੇ ਆਪਣੀ ਰੀਤ, ਆਪਣਾ ਮਾਰਗ ਆਪੇ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣਾ ਰਾਹ ਆਪ ਵਖਾਇੰਦਾ । ਆਪ ਚਲਾਏ ਆਪਣਾ ਰਾਹ, ਆਪਣੀ ਬਣਤ ਬਣਾਈਆ । ਸਚਖੰਡ ਨਿਵਾਸੀ ਬਣ ਮਲਾਹ, ਖੇਵਟ ਖੇਟਾ ਸੇਵ ਕਮਾਈਆ । ਸਿਫ਼ਤੀ ਸਿਫ਼ਤ ਦਏ ਸਾਲਾਹ, ਆਪਣਾ ਭੇਵ ਚੁਕਾਈਆ ।

੧੨੦੮
੧੦

ਏਕਾ ਘਰ ਲਵਾਂ ਵਸਾ, ਛੱਪਰ ਛੰਨ ਨਾ ਕੋਇ ਛੁਹਾਈਆ । ਨਿਰਗੁਣ ਜੋਤ ਦੀਪ ਟਿਕਾ, ਆਦਿ ਜੁਗਾਦਿ ਰੁਸ਼ਨਾਈਆ । ਸਚ ਸਿੰਘਾਸਣ ਇਕ ਸੁਹਾ, ਸੋਭਾਵੰਤ ਡੇਰਾ ਲਾਈਆ । ਹੁਕਮੀ ਹੁਕਮ ਇਕ ਜਣਾ, ਧੁਰ ਫ਼ਰਮਾਨਾ ਆਪ ਅਲਾਈਆ । ਨਾਰੀ ਕੰਤ ਰੂਪ ਵਟਾ, ਸ੍ਰੀ ਭਗਵੰਤ ਵੇਸ ਵਟਾਈਆ । ਜੋੜੀ ਜੋੜ ਸਹਿਜ ਸੁਭਾ, ਨਿਰਗੁਣ ਨਿਰਗੁਣ ਅੰਗ ਲਗਾਈਆ । ਏਕਾ ਸੇਜਾ ਦਏ ਸੁਹਾ, ਆਪ ਆਪਣੇ ਰੰਗ ਰੰਗਾਈਆ । ਗੁਰ ਗੁਰ ਰੂਪ ਆਪ ਅਖਵਾ, ਆਪ ਆਪਣਾ ਸੀਸ ਝੁਕਾਈਆ । ਜਨਨੀ ਜਨ ਬਣੇ ਬੇਪਰਵਾਹ, ਦਾਈ ਦਾਇਆ ਨਾਉਂ ਰਖਾ, ਆਪਣੀ ਸੇਵ ਆਪ ਕਮਾਈਆ । ਸੁਤ ਦੁਲਾਰਾ ਲਏ ਜਾ, ਸ਼ਬਦੀ ਨਾਉਂ ਧਰਾਈਆ । ਆਪਣੀ ਗੋਦ ਲਏ ਸੁਹਾ, ਪਾਰਬ੍ਰਹਮ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਆਪਣਾ ਰੰਗ ਰੰਗਾਈਆ । ਸਚਖੰਡ ਦਵਾਰਾ ਏਕਾ ਰੰਗ, ਸੋ ਪੁਰਖ ਨਿਰੰਜਣ ਆਪ ਰੰਗਾਇੰਦਾ । ਆਪਣੀ ਸੇਜਾ ਬੈਠ ਪਲੰਘ, ਸਚ ਸਿੰਘਾਸਣ ਇਕ ਆਪ ਸੁਹਾਇੰਦਾ । ਆਪੇ ਜਾਣੇ ਆਪਣਾ ਅਨੰਦ, ਅਨੰਦ ਅਨੰਦ ਵਿਚ ਸਮਾਇੰਦਾ । ਆਪ ਉਪਜਾਏ ਆਪਣਾ ਸੁਤ ਦੁਲਾਰਾ ਸਾਚਾ ਚੰਦ, ਸ਼ਬਦੀ ਗੋਦ ਬਹਾਇੰਦਾ । ਆਪੇ ਪਾਏ ਆਪਣਾ ਬੰਧ, ਏਕਾ ਡੋਰ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਦੁਲਾਰਾ ਆਪੇ ਜਣ, ਜਨ ਜਨਨੀ ਵੇਸ ਵਟਾਇੰਦਾ । ਜਨਨੀ ਜਨ ਹਰਿ ਨਿਰੰਕਾਰ, ਸਾਚਾ ਸੁਤ ਉਪਾਈਆ । ਦਾਈ ਦਾਇਆ ਅਪਰ ਅਪਾਰ, ਸਾਚੀ ਸੇਵ ਕਮਾਈਆ । ਸੁਤ ਦੁਲਾਰੇ ਕਰੇ ਪਿਆਰ, ਸ਼ਬਦੀ ਗੋਦ ਸੁਹਾਈਆ । ਸਤਿ ਸਤਿ ਭਰ ਭੰਡਾਰ, ਵਸਤ ਅਮੋਲਕ ਇਕ ਵਰਤਾਈਆ । ਸਾਚੀ ਗੋਲਕ ਕਰ ਤਿਆਰ, ਨਿਰਵੈਰ ਪੁਰਖ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਦੁਲਾਰੇ ਦਿਤਾ ਵਰ, ਪੁਰਖ ਅਕਾਲ ਹੋਏ ਸਹਾਈਆ । ਹੋਏ ਸਹਾਈ ਪੁਰਖ ਅਕਾਲਾ, ਆਪਣੀ ਕਲ ਜਣਾਇੰਦਾ । ਸੁਤ ਦੁਲਾਰੇ ਤੇਰੀ ਕਰਾਂ ਸਦਾ ਪ੍ਰਿਤਪਾਲਾ, ਨਿਤ ਨਵਿਤ ਵੇਖ ਵਖਾਇੰਦਾ । ਤੇਰਾ ਧਾਮ ਬਣਾਵਾਂ ਇਕ ਨਿਰਾਲਾ, ਨਿਰਗੁਣ ਆਪਣੀ ਇਛਿਆ ਆਪ ਪਰਗਟਾਇੰਦਾ । ਥਿਰ ਘਰ ਬਣੇ ਸੱਚੀ ਧਰਮਸਾਲਾ, ਦਰ ਦਰਵਾਜ਼ਾ ਨਾ ਕੋਇ ਰਖਾਇੰਦਾ । ਕਰੇ ਖੇਲ ਹਰਿ ਗੋਪਾਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਬਦੀ ਸ਼ਬਦ ਬੰਕ ਸੁਹਾਇੰਦਾ । ਸ਼ਬਦੀ ਬੰਕ ਬੰਕ ਦਵਾਰਾ, ਸੋ ਪੁਰਖ ਨਿਰੰਜਣ ਆਪ ਸੁਹਾਈਆ । ਹਰਿ ਪੁਰਖ ਨਿਰੰਜਣ ਖੋਲ੍ਹ ਕਿਵਾੜਾ, ਥਿਰ ਘਰ ਸਾਚਾ ਦਏ ਵਖਾਈਆ । ਏਕੰਕਾਰ ਕਰ ਪਿਆਰਾ, ਏਕਾ ਰੰਗ ਰੰਗਾਈਆ । ਆਦਿ ਨਿਰੰਜਣ ਕਰ ਉਜਿਆਰਾ, ਏਕਾ ਨੂਰ ਡਗਮਗਾਈਆ । ਅਬਿਨਾਸ਼ੀ ਕਰਤਾ ਦਏ ਸਹਾਰਾ, ਸਿਰ ਆਪਣਾ ਹੱਥ ਟਿਕਾਈਆ । ਸ੍ਰੀ ਭਗਵਾਨ ਆਦਿ ਅੰਤ ਪਾਵੇ ਸਾਰਾ, ਸਗਲਾ ਸੰਗ ਹੋ ਜਾਈਆ । ਪਾਰਬ੍ਰਹਮ ਬਣੇ ਵਣਜਾਰਾ, ਤੇਰਾ ਸਾਚਾ ਵਣਜ ਕਰਾਈਆ । ਵਸਣਹਾਰਾ ਸਚਖੰਡ ਦਵਾਰਾ, ਥਿਰ ਘਰ ਵੇਖੇ ਚਾਈਂ ਚਾਈਂਆ । ਪਿਤਾ ਪੂਤ ਕਰੇ ਪਿਆਰਾ, ਆਪ ਆਪਣੀ ਗੋਦ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸੁਤ ਦਿਤਾ ਵਰ, ਦੂਸਰ ਨਾਲ ਨਾ ਕੋਇ ਰਲਾਈਆ । ਸੁਤ ਦੁਲਾਰਾ ਇਕ ਇਕਾਂਤ, ਏਕਾ ਘਰ ਉਪਾਇਆ । ਪੁਰਖ ਅਬਿਨਾਸ਼ੀ ਕਰ ਕਰ ਸ਼ਾਂਤ, ਆਪਣੇ ਰੰਗ ਰੰਗਾਇਆ । ਦਰਸ ਦਿਖਾਏ ਬੌਹ ਬਿਧ ਭਾਂਤ, ਸਵੱਛ ਸਰੂਪ ਵਟਾਇਆ । ਸਚਖੰਡ ਦਵਾਰੇ ਵੇਖੇ ਮਾਰ ਝਾਤ, ਥਿਰ ਘਰ ਸਾਚੇ ਸੋਭਾ ਪਾਇਆ । ਆਦਿ ਜੁਗਾਦਿ ਪੁਛੇ ਵਾਤ, ਅਭੁਲ ਭੁਲ ਕਦੇ ਨਾ ਜਾਇਆ । ਪਿਤਾ ਪੂਤ ਬੱਧਾ ਨਾਤ, ਨਾ ਕੋਈ ਤੋੜੇ ਤੋੜ

੧੨੦੯ ੧੦

ਤੁੜਾਇਆ । ਨਾਮ ਜਣਾਏ ਸਾਚੀ ਗਾਥ, ਨਾਉਂ ਨਿਰੰਕਾਰਾ ਆਪ ਸੁਣਾਇਆ । ਨਿਰਗੁਣ ਚਲਾਏ ਤੇਰਾ ਰਾਥ, ਨਿਰਵੈਰ ਸੇਵ ਕਮਾਇਆ । ਆਦਿ ਜੁਗਾਦਿ ਸਗਲ ਵਿਸੂਰੇ ਜਾਇਣ ਲਾਥ, ਨੇਤਰ ਨੈਣਾਂ ਦਰਸਨ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਦਿਤਾ ਏਕਾ ਵਰ, ਏਕਾ ਗੁਣ ਸਮਝਾਇਆ । ਏਕਾ ਗੁਣ ਹਰਿ ਨਿਰੰਕਾਰ, ਏਕਾ ਏਕ ਜਣਾਈਆ । ਕਰਾਂ ਖੇਲ ਅਗੰਮ ਅਪਾਰ, ਭੇਵ ਕੋਇ ਨਾ ਆਈਆ । ਅਲਖ ਅਲਖਨਾ ਬੋਲ ਜੈਕਾਰ, ਏਕਾ ਅਲਖ ਰਿਹਾ ਸੁਣਾਈਆ । ਸਚਖੰਡ ਹੋਏ ਜੈ ਜੈਕਾਰ, ਥਿਰ ਘਰ ਸਾਚੇ ਵੱਜੇ ਵਧਾਈਆ । ਕਰੇ ਖੇਲ ਆਪ ਨਿਰੰਕਾਰ, ਦੂਸਰ ਵੇਸ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਸਾਚੇ ਲਏ ਜਗਾਈਆ । ਸੁਤ ਉਠਿਆ ਸੁਤ ਜਾਗਿਆ, ਹਰਿ ਸ਼ਬਦੀ ਸ਼ਬਦ ਬਲਵਾਨ । ਸੁਤ ਹੋਏ ਵਡ ਵਡ ਭਾਗਿਆ, ਘਰ ਮਿਲੇ ਮੇਲ ਭਗਵਾਨ । ਘਰ ਉਪਜੇ ਇਕ ਵੈਰਾਗਿਆ, ਆਦਿ ਜੁਗਾਦਿ ਧਿਆਨ । ਜਿਸ ਤੇਰਾ ਸਾਜਣ ਸਾਜਿਆ, ਹੋਏ ਸਦਾ ਮਿਹਰਵਾਨ । ਤੇਰਾ ਰਚੇ ਆਪੇ ਕਾਜਿਆ, ਪਾਰਬ੍ਰਹਮ ਸ੍ਰੀ ਭਗਵਾਨ । ਤੇਰਾ ਚਲਾਏ ਸਚ ਜਹਾਜ਼ਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਧੁਰ ਫ਼ਰਮਾਨ । ਹਰਿਜਨ ਆਪਣਾ ਭੇਵ ਚੁਕਾਇੰਦਾ, ਸ਼ਬਦੀ ਸੁਤ ਸੇਵ ਲਗਾ । ਏਕਾ ਸੇਵ ਵਖਾਇੰਦਾ, ਬ੍ਰਹਿਮੰਡ ਖੰਡ ਰਚਨ ਰਚਾ । ਲੋਆਂ ਪੁਰੀਆਂ ਤੇਰੀ ਗੋਦ ਸੁਹਾਇੰਦਾ, ਆਪਣਾ ਨੂਰ ਤੇਰੇ ਵਿਚ ਦਿਆਂ ਧਰਾ । ਨੂਰ ਨੂਰ ਨਾਲ ਮਿਲਾਇੰਦਾ, ਪਰਕਾਸ਼ ਪਰਕਾਸ਼ ਦਿਆਂ ਵਖਾ । ਪਰਕਾਸ਼ ਪਰਕਾਸ਼ ਖੇਲ ਖਿਲਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੁਤ ਆਪ ਜਣਾਇੰਦਾ । ਸਚ ਜਣਾਇਆ ਹਰਿ ਹਰਿ, ਆਪਣੀ ਬੂਝ ਬੁਝਾਈਆ । ਆਪੇ ਦੇਵੇ ਵਰ ਵਰ, ਵਰ ਦਾਤਾ ਆਪ ਹੋ ਜਾਈਆ । ਆਪੇ ਪੁਰਖ ਨਾਰੀ ਨਰ ਨਰ, ਨਾਰੀ ਕੰਤ ਆਪ ਹੰਢਾਈਆ । ਆਪੇ ਸਚਖੰਡ ਬੈਠਾ ਚੜ੍ਹ ਚੜ੍ਹ, ਆਪੇ ਥਿਰ ਘਰ ਫੇਰਾ ਪਾਈਆ । ਆਪੇ ਸੁਤ ਦੁਲਾਰਾ ਫੜ ਫੜ, ਸ਼ਬਦੀ ਸੇਵ ਸਮਝਾਈਆ । ਆਪੇ ਘਾੜਨ ਘੜ ਘੜ, ਵੇਖਣਹਾਰਾ ਆਪ ਹੋ ਜਾਈਆ । ਆਪੇ ਨਿਰਗੁਣ ਅੰਦਰ ਨਿਰਗੁਣ ਵੜ ਵੜ, ਨਿਰਗੁਣ ਨਿਰਾਕਾਰ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣੀ ਰਚਨਾ ਆਪੇ ਰਿਹਾ ਰਚਾਈਆ । ਆਪਣੀ ਰਚਨਾ ਆਪੇ ਰਚ, ਸ਼ਬਦੀ ਸੇਵ ਕਮਾਇੰਦਾ । ਏਕਾ ਨਾਉਂ ਧਰਾਏ ਸੱਚ, ਸਚ ਸਚ ਦ੍ਰਿੜਾਇੰਦਾ । ਆਪਣੇ ਅੰਤਰ ਆਪੇ ਰਚ, ਆਪਣਾ ਮੇਲ ਮਿਲਾਇੰਦਾ । ਕਰੇ ਖੇਲ ਪੁਰਖ ਸਮਰਥ, ਸਾਚਾ ਮਾਰਗ ਆਪੇ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਦੇਵੇ ਸਾਚਾ ਵਰ, ਸਾਚਾ ਹੁਕਮ ਆਪ ਜਣਾਇੰਦਾ । ਸ਼ਬਦ ਸੁਣਾਇਆ ਸ਼ਬਦੀ ਢੋਲਾ, ਹਰਿ ਹਰਿ ਆਪੇ ਗਾਇੰਦਾ । ਨਿਰਗੁਣ ਨਿਰਗੁਣ ਬਣ ਵਿਚੋਲਾ, ਆਪਣਾ ਖੇਲ ਖਿਲਾਇੰਦਾ । ਨਿਰਗੁਣ ਨਿਰਗੁਣ ਬਣ ਬਣ ਤੋਲਾ, ਸਾਚਾ ਤੋਲ ਤੁਲਾਇੰਦਾ । ਨਿਰਗੁਣ ਅੰਦਰ ਨਿਰਗੁਣ ਮੌਲਾ, ਨਿਰਗੁਣ ਵੇਖ ਵਖਾਇੰਦਾ । ਨਿਰਗੁਣ ਪਰਦਾ ਨਿਰਗੁਣ ਉਹਲਾ, ਨਿਰਗੁਣ ਪਰਗਟ ਹੋ ਹੋ ਆਇੰਦਾ । ਨਿਰਗੁਣ ਨਿਰਗੁਣ ਸਦ ਵਸੇ ਕੋਲਾ, ਏਕਾ ਘਰ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਮੇਲਾ ਆਪਣੇ ਘਰ, ਆਪੇ ਆਪ ਕਰਾਇੰਦਾ । ਸ਼ਬਦ ਸੁਤ ਉਠ ਜਵਾਨ, ਬਾਲੀ ਬੁਧ ਦੇ ਤਜਾਈਆ । ਏਕਾ ਹੁਕਮ ਸ੍ਰੀ ਭਗਵਾਨ, ਇਕ ਇਕੱਲਾ ਰਿਹਾ ਸੁਣਾਈਆ । ਤੇਰਾ ਮੰਦਰ ਸਚ ਮਕਾਨ, ਥਿਰ ਘਰ ਵੱਜਦੀ ਰਹੇ ਵਧਾਈਆ । ਤੇਰਾ ਨਾਉਂ ਹੋਏ ਪਰਧਾਨ,


੧੨੧੦
੧੦

ਪੁਰਖ ਅਕਾਲ ਇਕ ਕਰਾਈਆ । ਤੇਰਾ ਕਰਾਂ ਖੇਲ ਮਹਾਨ, ਤੇਰਾ ਰੂਪ ਅਨੂਪ ਧਰਾਈਆ । ਆਪੇ ਹੋਵਾਂ ਬੇਪਹਿਚਾਨ, ਦਿਸ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਏਕਾ ਗੁਣ ਰਿਹਾ ਜਣਾਈਆ । ਗੁਣ ਜਣਾਏ ਗੁਣਵੰਤ, ਗੁਣਕਾਰੀ ਆਪ ਸੁਣਾਇੰਦਾ । ਆਪਣਾ ਖੇਲ ਖੇਲੇ ਸ੍ਰੀ ਭਗਵੰਤ, ਖੇਲਣਹਾਰ ਆਪ ਹੋ ਜਾਇੰਦਾ । ਆਪੇ ਆਦਿ ਆਪੇ ਅੰਤ, ਆਦਿ ਆਪਣਾ ਬੰਧਨ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਤੇਰਾ ਸਾਚਾ ਘਰ, ਥਿਰ ਘਰ ਸਾਚਾ ਆਪ ਵਡਿਆਇੰਦਾ । ਥਿਰ ਘਰ ਵਸੇ ਸਚ ਦਵਾਰਾ, ਸੋ ਪੁਰਖ ਨਿਰੰਜਣ ਆਪ ਵਸਾਈਆ । ਆਪੇ ਖੋਲ੍ਹੇ ਬੰਦ ਕਿਵਾੜਾ, ਆਪੇ ਨੂਰ ਕਰੇ ਰੁਸ਼ਨਾਈਆ । ਆਪੇ ਵੇਖੇ ਸਚ ਅਖਾੜਾ, ਦਰ ਘਰ ਸਾਚਾ ਵੇਖ ਵਖਾਈਆ । ਆਪੇ ਜਾਣੇ ਆਪਣਾ ਸਤਿ ਵਿਹਾਰਾ, ਨਿਹਕਰਮੀ ਕਰਮ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਦੇਵੇ ਸਾਚਾ ਵਰ, ਏਕਾ ਵਸਤ ਵਰਤਾਈਆ । ਸ਼ਬਦ ਸੁਤ ਬਾਲੀ ਬਾਲਾ, ਪ੍ਰਭ ਅੱਗੇ ਸੀਸ ਝੁਕਾਇੰਦਾ । ਤੂੰ ਸ਼ਾਹ ਪਾਤਸ਼ਾਹ ਦੀਨ ਦਿਆਲਾ, ਹਉਂ ਏਕਾ ਮੰਗ ਮੰਗਾਇੰਦਾ । ਦਰ ਸੋਹੇ ਤੇਰਾ ਸਚਖੰਡ ਸੱਚੀ ਧਰਮਸਾਲਾ, ਆਦਿ ਜੁਗਾਦਿ ਵੇਖ ਵਖਾਇੰਦਾ । ਏਕਾ ਦੇਣਾ ਨੂਰ ਉਜਾਲਾ, ਨਿਤ ਨਵਿਤ ਮੰਗ ਮੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰਾ ਵਿਛੋੜਾ ਮੋਹੇ ਨਾ ਭਾਇੰਦਾ । ਮੰਗੇ ਮੰਗ ਬਣ ਭਿਖਾਰ, ਸ਼ਬਦੀ ਸ਼ਬਦ ਪ੍ਰਭ ਅੱਗੇ ਸੀਸ ਝੁਕਾਈਆ । ਤੂੰ ਦਾਤਾ ਇਕ ਦਾਤਾਰ, ਦੇਵਣਹਾਰ ਅਖਵਾਈਆ । ਆਦਿ ਜੁਗਾਦਿ ਮੈਂ ਬਣਾਂ ਸੇਵਾਦਾਰ, ਤੇਰੀ ਸਾਚੀ ਸੇਵ ਕਮਾਈਆ । ਤੂੰ ਕਿਰਪਾ ਕਰ ਅਪਰ ਅਪਾਰ, ਸਿਰ ਮੇਰੇ ਹੱਥ ਟਿਕਾਈਆ । ਏਕਾ ਵਸਤ ਸਚ ਭੰਡਾਰ, ਏਕਾ ਗੁਣ ਝੋਲੀ ਪਾਈਆ । ਨਿਰਗੁਣ ਮੰਗਾਂ ਤੇਰਾ ਦਰਸ ਦੀਦਾਰ, ਆਪ ਆਪਣਾ ਨੈਣ ਉਠਾਈਆ । ਏਕਾ ਕਰਨਾ ਸਚ ਇਕ਼ਰਾਰ, ਕਵਣ ਵੇਲਾ ਲਏਂ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪਣਾ ਪਰਦਾ ਰਿਹਾ ਉਠਾਈਆ । ਸ਼ਬਦ ਸੁਤ ਸੁਣ ਦੁਲਾਰੇ, ਸੋ ਪੁਰਖ ਨਿਰੰਜਣ ਆਪ ਸੁਣਾਇੰਦਾ । ਕਰਾਂ ਖੇਲ ਅਗੰਮ ਅਪਾਰੇ, ਅਗੰਮ ਅਗੰਮੜੀ ਕਾਰ ਕਰਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਬਣਾਵਾਂ ਤੇਰੇ ਦੁਲਾਰੇ, ਤੇਰੀ ਧਾਰ ਚਲਾਇੰਦਾ । ਤੇਰੀ ਇਛਿਆ ਤ੍ਰੈਗੁਣ ਭੰਡਾਰੇ, ਤ੍ਰੈਗੁਣ ਅਤੀਤਾ ਆਪ ਵਰਤਾਇੰਦਾ । ਤੇਰੀ ਵਡਿਆਈ ਵੇਦ ਚਾਰੇ, ਮੁਖੀ ਮੁਖ ਸਾਲਾਹਿੰਦਾ । ਤੇਰਾ ਨਾਉਂ ਕਰਾਂ ਜੈਕਾਰੇ, ਪੰਜ ਤੱਤ ਕਾਇਆ ਬੰਕ ਸੁਹਾਇੰਦਾ । ਤੇਰੀ ਬੰਨ੍ਹਾਂ ਸਾਚੀ ਧਾਰੇ, ਨਿਰਗੁਣ ਸਰਗੁਣ ਰੂਪ ਵਟਾਇੰਦਾ । ਤੇਰਾ ਨੂਰ ਕਰਾਂ ਉਜਿਆਰੇ, ਰਵ ਸਸ ਕਿਰਨ ਕਿਰਨ ਚਮਕਾਇੰਦਾ । ਤੇਰਾ ਵੇਖਾਂ ਸਚ ਅਖਾੜੇ, ਬ੍ਰਹਿਮੰਡ ਖੰਡ ਆਪ ਉਪਾਇੰਦਾ । ਤੇਰਾ ਜਾਣੇ ਪਾਰ ਕਿਨਾਰੇ, ਜਲ ਜਲ ਆਪਣਾ ਰੂਪ ਸਮਾਇੰਦਾ । ਧਰਤ ਧਵਲ ਦੇ ਸਹਾਰੇ, ਤੇਰਾ ਬੰਧਨ ਪਾਇੰਦਾ । ਲੱਖ ਚੁਰਾਸੀ ਘਾੜਨ ਘੜ ਬਣ ਠਠਿਆਰੇ, ਚਾਰੇ ਖਾਣੀ ਵੰਡ ਵੰਡਾਇੰਦਾ । ਉਤਭੁਜ ਸੇਤਜ ਜੇਰਜ ਅੰਡ ਕਰ ਪਸਾਰੇ, ਆਪਣਾ ਆਸਣ ਲਾਇੰਦਾ । ਤੇਰਾ ਅੱਖਰ ਬੋਲ ਜੈਕਾਰੇ, ਨਿਸ਼ਅੱਖਰ ਆਪ ਪੜ੍ਹਾਇੰਦਾ । ਪਰਾ ਪਸੰਤੀ ਮਧਮ ਬੈਖਰੀ ਵਾਰੋ ਵਾਰੇ, ਨਿਰਗੁਣ ਸਰਗੁਣ ਧਾਰ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸਤਿ ਦੇਵੇ ਵਰ, ਆਪਣਾ ਪਰਦਾ ਆਪ ਚੁਕਾਇੰਦਾ । ਸਾਚੇ ਸ਼ਬਦ ਕਰ ਧਿਆਨ, ਹਰਿ ਸਾਚਾ ਸਚ ਜਣਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਝੁਲਾਵਾਂ ਇਕ ਨਿਸ਼ਾਨ, ਦੋਏ ਦੋਏ ਆਪਣੀ ਧਾਰ ਵਖਾਈਆ ।

ਨਿਰਗੁਣ ਸਰਗੁਣ ਹੋ ਪਰਧਾਨ, ਲੱਖ ਚੁਰਾਸੀ ਵਿਚ ਸਮਾਈਆ । ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਪੰਜ ਤੱਤ ਮਕਾਨ, ਕਾਇਆ ਬੰਕ ਦਏ ਵਡਿਆਈਆ । ਨੌਂ ਦਵਾਰੇ ਖੋਲ੍ਹ ਦੁਕਾਨ, ਆਸਾ ਆਸਾ ਵਿਚ ਮਿਲਾਈਆ । ਡੂੰਘੀ ਕੰਦਰ ਵੇਖੇ ਮਾਰ ਧਿਆਨ, ਨੈਣ ਨੈਣ ਨੈਣ ਖੁਲ੍ਹਾਈਆ । ਨਿਰਗੁਣ ਜੋਤ ਜੋਤ ਮਹਾਨ, ਜੋਤ ਨਿਰੰਜਣ ਡਗਮਗਾਈਆ । ਅੰਮ੍ਰਿਤ ਸਰੋਵਰ ਕਰ ਪਰਵਾਨ, ਨਿਝਰ ਝਿਰਨਾ ਇਕ ਝਿਰਾਈਆ । ਕਾਇਆ ਮੰਦਰ ਸਚ ਮਕਾਨ, ਨਿਰਗੁਣ ਸਰਗੁਣ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੁਤ ਆਪ ਸੁਣਾਈਆ । ਸੁਣ ਸੁਤ ਹਰਿ ਸਾਚਾ ਜਣਾਏ, ਭੁਲ ਕਦੇ ਨਾ ਜਾਇੰਦਾ । ਲੱਖ ਚੁਰਾਸੀ ਰਚਨ ਰਚਾਏ, ਘਟ ਘਟ ਆਸਣ ਲਾਇੰਦਾ । ਆਪਣਾ ਪਰਦਾ ਆਪ ਚੁਕਾਏ, ਦਿਸ ਕਿਸੇ ਨਾ ਆਇੰਦਾ । ਤੇਰੀ ਇਛਿਆ ਲਏ ਪਰਗਟਾਏ, ਤੇਰੀ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਇੰਦਾ । ਹਰਿ ਕਾ ਭੇਵ ਜਾਏ ਖੁਲ੍ਹ, ਹਰਿ ਸਾਚਾ ਆਪ ਖੁਲ੍ਹਾਈਆ । ਸ਼ਬਦੀ ਕੰਡੇ ਜਾਣਾ ਤੁਲ, ਏਕਾ ਕੰਡਾ ਰਿਹਾ ਵਖਾਈਆ । ਆਦਿ ਜੁਗਾਦਿ ਰਹਿਣਾ ਅਡੋਲ, ਅਡੁਲ ਡੁਲ ਕਦੇ ਨਾ ਜਾਈਆ । ਆਪਣੇ ਅੰਦਰ ਆਪੇ ਜਾਣਾ ਮੌਲ, ਨਿਰਗੁਣ ਨਿਰਗੁਣ ਖੇਲ ਕਰਾਈਆ । ਤੇਰੇ ਨਾਲ ਕਰਾਂ ਕੌਲ, ਕੀਤਾ ਕੌਲ ਭੁਲ ਨਾ ਜਾਈਆ । ਸਰਗੁਣ ਬਣ ਬਣ ਆਵਾਂ ਉਪਰ ਧੌਲ, ਧਰਨ ਧਰਨੀ ਧਰਤ ਦਇਆ ਕਮਾਈਆ । ਆਪਣਾ ਰੱਖਾਂ ਪਰਦਾ ਓਹਲ, ਪੰਜ ਤੱਤ ਚੋਲਾ ਆਪ ਹੰਢਾਈਆ । ਤੇਰਾ ਨਾਉਂ ਜੈਕਾਰਾ ਬੋਲ, ਏਕਾ ਗੁਣ ਦਿਆਂ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਰਿਹਾ ਖੁਲ੍ਹਾਈਆ । ਸਾਚਾ ਭੇਵ ਹਰਿ ਖੁਲ੍ਹੌਣਾ, ਮਹਿਮਾ ਅਕਥ ਕਥੀ ਨਾ ਜਾਈਆ । ਸ਼ਬਦੀ ਤੇਰਾ ਸੰਗ ਨਿਭੌਣਾ, ਜੁਗ ਜੁਗ ਵੇਸ ਵਟਾਈਆ । ਚਾਰ ਜੁਗ ਗੇੜਾ ਇਕ ਰਖੌਣਾ, ਗੇੜਾ ਗੇੜੇ ਵਿਚ ਭਵਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਰੰਗ ਰੰਗੌਣਾ, ਰੰਗ ਰੰਗੇ ਸਾਚਾ ਮਾਹੀਆ । ਨਾਮ ਮਰਦੰਗ ਇਕ ਵਜੌਣਾ, ਬ੍ਰਹਿਮੰਡ ਖੰਡ ਸੁਣਾਈਆ । ਲੋਆਂ ਪੁਰੀਆਂ ਡੰਕ ਵਜੌਣਾ, ਲੋਕਮਾਤ ਵੱਜੇ ਵਧਾਈਆ । ਭਗਤ ਭਗਵੰਤ ਆਪ ਉਠੌਣਾ, ਸਿਰ ਆਪਣਾ ਹੱਥ ਟਿਕਾਈਆ । ਸਾਚੇ ਸੰਤਾਂ ਮੇਲ ਮਿਲੌਣਾ, ਆਤਮ ਪਰਮਾਤਮ ਮੇਲਾ ਸਹਿਜ ਸੁਭਾਈਆ । ਗੁਰਮੁਖ ਪਰਦਾ ਆਪ ਉਠੌਣਾ, ਬਜਰ ਕਪਾਟੀ ਤੋੜ ਤੁੜਾਈਆ । ਗੁਰਸਿਖ ਸਾਚੀ ਹਾਟੀ ਆਪ ਵਿਕੌਣਾ, ਗੁਰ ਕਰਤਾ ਕੀਮਤ ਪਾਈਆ । ਵੇਸ ਅਨੇਕ ਆਪ ਧਰੌਣਾ, ਧਰਨੀ ਧਰਤ ਧਵਲ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਸਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਸ਼ਾਹ ਪਾਤਸ਼ਾਹ ਹਰਿ ਸੁਲਤਾਨਾ, ਏਕਾ ਹੁਕਮ ਜਣਾਇੰਦਾ । ਜੁਗ ਜੁਗ ਬੰਨ੍ਹਾਂ ਏਕਾ ਗਾਨਾ, ਏਕਾ ਤੰਦ ਵਖਾਇੰਦਾ । ਪਰਗਟ ਹੋ ਹੋ ਵਿਚ ਜਹਾਨਾ, ਦੋ ਜਹਾਨਾ ਖੇਲ ਕਰਾਇੰਦਾ । ਸਤਿਜੁਗ ਤ੍ਰੇਤਾ ਦੇਵਾਂ ਆਪੇ ਦਾਨਾ, ਸਾਚੀ ਦਾਤ ਆਪ ਵਰਤਾਇੰਦਾ । ਦੁਆਪਰ ਖੇਲ ਕਰਾਂ ਮਹਾਨਾ, ਆਪ ਆਪਣਾ ਬਲ ਜਣਾਇੰਦਾ । ਕਲਜੁਗ ਦੇਵਾਂ ਇਕ ਨਿਸ਼ਾਨਾ, ਕੂੜ ਕੁੜਿਆਰ ਡੰਕ ਵਜਾਇੰਦਾ । ਈਸਾ ਮੂਸਾ ਕਰ ਪਰਧਾਨਾ, ਕਾਲਾ ਸੂਸਾ ਤਨ ਛੁਹਾਇੰਦਾ । ਕਲਮਾ ਅਮਾਮ ਇਕ ਤਰਾਨਾ, ਏਕਾ ਰਾਗ ਸੁਣਾਇੰਦਾ । ਮੁਕਾਮੇ ਹੱਕ ਖੇਲ ਮਹਾਨਾ, ਹੱਕ ਹਕੀਕਤ ਵੇਖ ਵਖਾਇੰਦਾ । ਬੇਐਬ ਪਰਵਰਦਿਗਾਰ ਨੌਜਵਾਨਾ, ਨੂਰੋ ਨੂਰ ਡਗਮਗਾਇੰਦਾ । ਮਿਹਬਾਨ ਬੀਦੋ ਬੀ ਖ਼ੈਰ ਯਾ ਅੱਲਾ ਵਸਣਹਾਰਾ ਸਚ ਮਕਾਨਾ, ਦਰਗਹਿ ਸਾਚੀ ਆਪ ਸੁਹਾਇੰਦਾ । ਤਾਲਬ ਤੁਲਬਾ ਵੇਖੇ ਦੋ ਜਹਾਨਾਂ, ਸ਼ਰਅ ਸ਼ਰੀਅਤ

ਆਪ ਜਣਾਇੰਦਾ । ਕਾਇਨਾਤ ਵੇਖੇ ਮਾਰ ਧਿਆਨਾ, ਆਪਣਾ ਪਰਦਾ ਆਪ ਉਠਾਇੰਦਾ । ਮਿਹਰਵਾਨ ਮਿਹਰਵਾਨ ਮਿਹਰਵਾਨ ਸ੍ਰੀ ਭਗਵਾਨਾ, ਸ਼ਬਦੀ ਸ਼ਬਦ ਢੋਲਾ ਗਾਇੰਦਾ । ਸਚ ਮੁਹੰਮਦ ਦੇ ਪੈਗ਼ਾਮਾ, ਇਜ਼ਰਾਈਲ ਮੇਕਾਈਲ ਜਬਰਾਈਲ ਅਸਰਾਫ਼ੀਲ ਸੇਵਾ ਲਾਇੰਦਾ । ਰਾਣੀ ਅੱਲਾ ਬਾਲੀ ਬੁੱਧ ਨਿਦਾਨਾ, ਨੈਣ ਨੈਣ ਖੁਲ੍ਹਾਇੰਦਾ । ਆਪੇ ਬੰਨ੍ਹੇ ਸਗਨੀ ਗਾਨਾ, ਮੌਲੀ ਤੰਦ ਬੰਨ੍ਹਾਇੰਦਾ । ਕਰੇ ਖੇਲ ਸ੍ਰੀ ਭਗਵਾਨਾ, ਭੇਵ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸੁਤ ਆਪ ਸਮਝਾਇੰਦਾ । ਲੋਕਮਾਤ ਵਸੇ ਖੇੜਾ, ਹਰਿ ਜੂ ਆਪ ਵਸਾਈਆ । ਜੁਗ ਜੁਗ ਕਰੇ ਹੱਕ ਨਬੇੜਾ, ਭੁਲ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸ਼ਬਦ ਰਿਹਾ ਜਣਾਈਆ । ਆਪ ਲਗਾਏ ਆਪਣਾ ਉਖੇੜਾ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਆਪੇ ਮੇਟੇ ਕਲਜੁਗ ਝੇੜਾ, ਆਪਣਾ ਹੁਕਮ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣੀ ਕਰਨੀ ਆਪ ਕਰਾਇੰਦਾ । ਨਾਮ ਨਾਮਾ ਬੋਲ ਜੈਕਾਰਾ, ਅਨਾਦੀ ਦਏ ਸਮਝਾਈਆ । ਦੁਸ਼ਟ ਹੰਕਾਰੀ ਮਾਰੇ ਮਾਰਾ, ਏਕਾ ਖੰਡਾ ਨਾਮ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣੀ ਕਰਨੀ ਆਪ ਕਰਾਈਆ । ਜੁਗ ਜੁਗ ਬੇੜਾ ਲੋਕਮਾਤ, ਹਰਿ ਸਚਾ ਆਪ ਚਲਾਇੰਦਾ । ਲੱਖ ਚੁਰਾਸੀ ਵੇਖੇ ਮਾਰ ਝਾਤ, ਘਟ ਘਟ ਆਸਣ ਲਾਇੰਦਾ । ਕਲਜੁਗ ਸੁਣਾਏ ਆਪਣੀ ਗਾਥ, ਆਪਣਾ ਨਾਦ ਆਪ ਅਲਾਇੰਦਾ । ਨੌਂ ਖੰਡ ਪ੍ਰਿਥਮੀ ਆਏ ਘਾਟ, ਹਰਿ ਕਾ ਘਾਟਾ ਪੂਰਾ ਨਾ ਕੋਇ ਕਰਾਇੰਦਾ । ਅੰਤਮ ਗੇੜਾ ਆਏ ਲੋਕਮਾਤ, ਨਾਨਕ ਨਾਉਂ ਧਰਾਇੰਦਾ । ਉਤਮ ਰੱਖੇ ਆਪਣੀ ਜ਼ਾਤ, ਜ਼ਾਤ ਜ਼ਾਤ ਵਿਚ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਸ਼ਬਦੀ ਸ਼ਬਦ ਆਪ ਸੁਣਾਇੰਦਾ । ਸ਼ਬਦ ਬਣਾਇਆ ਆਪਣੀ ਧਾਰ, ਆਪੇ ਵੇਖ ਵਖਾਈਆ । ਕਰੇ ਖੇਲ ਹਰਿ ਕਰਨੇਹਾਰ, ਕੁਦਰਤ ਕ਼ਾਦਰ ਵੇਖ ਵਖਾਈਆ । ਪੰਜ ਤੱਤ ਕਰੇ ਪਿਆਰ, ਆਪ ਆਪਣਾ ਮੇਲ ਮਿਲਾਈਆ । ਏਕਾ ਹੱਟ ਖੋਲ੍ਹ ਵਣਜਾਰ, ਆਪਣਾ ਵਣਜ ਆਪ ਕਰਾਈਆ । ਏਕਾ ਹੁਕਮੀ ਹੁਕਮ ਵਰਤੇ ਵਰਤਾਰ, ਹੁਕਮ ਹਾਕਮ ਆਪ ਜਣਾਈਆ । ਏਕਾ ਨਾਮ ਬੋਲ ਜੈਕਾਰ, ਸਤਿ ਸਤਿ ਰਿਹਾ ਸਮਝਾਈਆ । ਏਕਾ ਤੱਤ ਬ੍ਰਹਮ ਵਿਚਾਰ, ਏਕਾ ਗੁਣ ਸਮਝਾਈਆ । ਬ੍ਰਹਮ ਮਤ ਰਾਹ ਸੁਖਾਲ, ਸਾਚਾ ਬੀਜ ਗਿਆ ਬਿਜਾਈਆ । ਸ਼ਬਦੀ ਸ਼ਬਦ ਬਣ ਦਲਾਲ, ਗੁਰਮੁਖ ਸਾਚੇ ਲਏ ਤਰਾਈਆ । ਨੇੜ ਨਾ ਆਏ ਕਾਲ ਮਹਾਕਾਲ, ਦਰ ਦਵਾਰੇ ਦਏ ਬਹਾਈਆ । ਦੋ ਜਹਾਨਾਂ ਵੱਜੇ ਤਾਲ, ਜਿਸ ਜਨ ਆਪਣੀ ਦਇਆ ਕਮਾਈਆ । ਕਾਇਆ ਬੰਕ ਵਖਾਏ ਸੱਚੀ ਧਰਮਸਾਲ, ਸਚ ਦਵਾਰਾ ਆਪ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸ਼ਬਦ ਦਿਤਾ ਵਰ, ਏਕਾ ਵਸਤ ਰਿਹਾ ਵਰਤਾਈਆ । ਅੰਤਮ ਮੇਲਾ ਹਰਿ ਮਿਲਾ, ਏਕਾ ਘਰ ਵਸਾਈਆ । ਗੁਰ ਗੁਰ ਚੇਲਾ ਰੂਪ ਵਟਾ, ਲੋਕਮਾਤ ਵੇਖ ਵਖਾਈਆ । ਸੱਜਣ ਸੁਹੇਲਾ ਬਣ ਸ਼ਹਿਨਸ਼ਾਹ, ਸ਼ਾਹ ਪਾਤਸ਼ਾਹ ਆਪਣਾ ਰੰਗ ਰੰਗਾਈਆ । ਏਕਾ ਨਾਉਂ ਦਏ ਪਰਗਟਾ, ਦੋ ਜਹਾਨਾਂ ਕਰੇ ਸ਼ਨਵਾਈਆ । ਪਿਛਲਾ ਲਹਿਣਾ ਦਏ ਚੁਕਾ, ਬਾਕੀ ਕੋਇ ਰਹੇ ਨਾ ਰਾਈਆ । ਬ੍ਰਹਮਾ ਜੋਤ ਲਏ ਮਿਲਾ, ਵਿਸ਼ਨੂੰ ਲਹਿਣਾ ਰਿਹਾ ਚੁਕਾਈਆ । ਸ਼ੰਕਰ ਲੇਖਾ ਦਏ ਮੁਕਾ, ਥਿਰ ਕੋਇ ਨਜ਼ਰ ਨਾ ਆਈਆ । ਸੁਰਪਤ ਰਾਜਾ ਤਖ਼ਤੋਂ ਲਾਹ, ਕਰੋੜ ਤੇਤੀਸਾ ਨਾਉਂ ਸੁਣਾਈਆ । ਲੱਖ ਚੁਰਾਸੀ ਲਏ ਜਗਾ, ਨੇਤਰ ਨੈਣ

ਖੁਲ੍ਹਾਈਆ । ਸ਼ਾਹ ਸੁਲਤਾਨਾਂ ਤਖ਼ਤੋਂ ਲਾਹ, ਖ਼ਾਕੀ ਖ਼ਾਕ ਮਿਲਾਈਆ । ਜ਼ਾਤ ਪਾਤ ਕਰ ਸਫ਼ਾ, ਵਰਨ ਗੋਤ ਨਾ ਕੋਇ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਅੰਤ ਆਪਣਾ ਰਿਹਾ ਦਰਸਾਈਆ । ਅੰਤ ਦਰਸਾਏ ਹਰਿ ਜੂ ਹਰਿ, ਆਪਣਾ ਭੇਵ ਖੁਲ੍ਹਾਇੰਦਾ । ਜੁਗ ਚੌਕੜੀ ਜਾਇਣ ਹਰ, ਗੇੜਾ ਗੇੜ ਸਰਬ ਮੁਕਾਇੰਦਾ । ਨਿਰਭੌ ਵਖਾਏ ਸਰਬ ਡਰ, ਭੈ ਆਪਣਾ ਆਪ ਜਣਾਇੰਦਾ । ਅਜੂਨੀ ਰਹਿਤ ਪੁਰਖ ਅਕਾਲ ਖੇਲ ਕਰ, ਆਪਣੀ ਕਲ ਵਰਤਾਇੰਦਾ । ਧਰਨੀ ਧਰਤ ਧਵਲ ਆਏ ਚਲ, ਸਚ ਸਿੰਘਾਸਣ ਆਸਣ ਲਾਇੰਦਾ । ਸੰਬਲ ਨਗਰ ਬਹੇ ਮੱਲ, ਗੋਬਿੰਦ ਖੇੜਾ ਇਕ ਸੁਹਾਇੰਦਾ । ਲੱਖ ਚੁਰਾਸੀ ਵੇਖੇ ਫਲ, ਪੱਤ ਡਾਲ੍ਹੀ ਫੋਲ ਫੋਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਲਾ ਅੰਤ ਆਪਣੇ ਹੱਥ ਰਖਾਇੰਦਾ । ਅੰਤਮ ਅੰਤ ਹਰਿ ਕਾਰ ਕਮਾਏ, ਕਰਮ ਕਾਂਡ ਨਾ ਕੋਇ ਜਣਾਈਆ । ਜੁਗ ਜੁਗ ਲਹਿਣਾ ਦਏ ਮੁਕਾਏ, ਜੁਗ ਚੌਕੜੀ ਪਾਰ ਮੁਕਾਈਆ । ਅੰਧ ਅੰਧੇਰਾ ਦਏ ਮਿਟਾਏ, ਸਾਚਾ ਚੰਦ ਚੜ੍ਹਾਈਆ । ਸਾਚਾ ਮਾਰਗ ਇਕ ਲਗਾਏ, ਸਤਿਜੁਗ ਸਾਚੇ ਜਨਮ ਦਵਾਈਆ । ਧਰਤ ਮਾਤ ਦੀ ਗੋਦ ਬਹਾਏ, ਰੁਤੜੀ ਰੁਤ ਆਪ ਸੁਹਾਈਆ । ਹਉਮੇ ਰੋਗ ਦਏ ਮਿਟਾਏ, ਸਚ ਸੰਜੋਗ ਆਪ ਕਰਾਈਆ । ਚੌਦਾਂ ਲੋਕ ਰਹੇ ਕੁਰਲਾਏ, ਚੌਦਾਂ ਤਬਕ ਦਏ ਸਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਲਮੀਨ ਇਕ ਖ਼ੁਦਾਈਆ । ਚੌਦਾਂ ਤਬਕ ਡੇਰਾ ਢਾਹ, ਏਕਾ ਚੌਕਾ ਖੇਲ ਖਿਲਾਇੰਦਾ । ਇਕ ਇਕੱਲਾ ਬੇਪਰਵਾਹ, ਚੌਥਾ ਜੁਗ ਪਾਰ ਕਰਾਇੰਦਾ । ਚਾਰੇ ਖਾਣੀ ਦਏ ਖਪਾ, ਚਾਰੇ ਬਾਣੀ ਆਪਣੇ ਵਿਚ ਮਿਲਾਇੰਦਾ । ਇਕ ਇਕੱਲਾ ਸ਼ਹਿਨਸ਼ਾਹ, ਏਕੰਕਾਰਾ ਹੁਕਮ ਸੁਣਾਇੰਦਾ । ਚਾਰੇ ਵੇਦਾਂ ਪੰਧ ਮੁਕਾ, ਚਾਰੇ ਵਰਨਾਂ ਝੋਲੀ ਪਾਇੰਦਾ । ਇਕ ਇਕੱਲਾ ਨਾਉਂ ਧਰਾ, ਆਪਣਾ ਨਾਉਂ ਧਰਾਇੰਦਾ । ਏਕਾ ਚੌਕਾ ਮੇਲ ਮਿਲਾ, ਆਪਣਾ ਪੰਧ ਮੁਕਾਇੰਦਾ । ਚੌਦਾਂ ਚੌਦਾਂ ਸੱਥਰ ਸੱਥਰ ਦਏ ਵਿਛਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਸੁਣਾਇੰਦਾ । ਚੌਦਾਂ ਚੌਦਾਂ ਖੇਲ ਅਪਾਰਾ, ਹਰਿ ਸਾਚਾ ਆਪ ਕਰਾਈਆ । ਚਾਰ ਚਾਰ ਦਏ ਹੁਲਾਰਾ, ਏਕਾ ਧੱਕਾ ਲਾਈਆ । ਚੌਦਾਂ ਚੌਦਾਂ ਪਾਰ ਕਿਨਾਰਾ, ਅਧਵਿਚਕਾਰ ਨਾ ਕੋਇ ਰਖਾਈਆ । ਚਾਰ ਚਾਰ ਲੱਗੇ ਅਖਾੜਾ, ਇਕ ਇਕੱਲਾ ਆਪ ਲਗਾਈਆ । ਨਵ ਨੌਂ ਉਠੇ ਧਾੜਾ, ਸੱਤ ਸੱਤ ਫੇਰਾ ਪਾਈਆ । ਕਰੇ ਖੇਲ ਜੰਗਲ ਜੂਹ ਉਜਾੜ ਪਹਾੜਾ, ਉਚੇ ਟਿੱਲੇ ਪਰਬਤ ਫੋਲ ਫੋਲਾਈਆ । ਪਰਦਾ ਲਾਹੇ ਸਮੁੰਦ ਸਾਗਰ ਡੂੰਘੀ ਗਾਰਾ, ਜਲ ਥਲ ਆਪਣਾ ਖੇਲ ਖਿਲਾਈਆ । ਪਰਗਟ ਹੋ ਨਿਹਕਲੰਕ ਨਰਾਇਣ ਨਰ ਅਵਤਾਰਾ, ਵੇਦ ਵਿਆਸਾ ਗੋਦ ਬਹਾਈਆ । ਪੂਤ ਸਪੂਤਾ ਕਰ ਪਿਆਰਾ, ਉਚੇ ਟਿੱਲੇ ਪਰਬਤ ਬ੍ਰਿਹਮਣ ਗੌੜਾ ਸੋਭਾ ਪਾਈਆ । ਮੁਹੰਮਦ ਮੰਗੇ ਇਕ ਸਹਾਰਾ, ਏਕਾ ਓਟ ਤਕਾਈਆ । ਅੰਤਰ ਤੇਰਾ ਸਚ ਦਰਬਾਰਾ, ਵੇਖਾਂ ਚਾਈਂ ਚਾਈਆ । ਚੌਦਾਂ ਚੌਦਾਂ ਪਾਰ ਕਿਨਾਰਾ, ਨੱਯਾ ਤੇਰੇ ਹੱਥ ਫੜਾਈਆ । ਸਾਚਾ ਸੱਯਾ ਬਣ ਵਿਚ ਸੰਸਾਰਾ, ਹਰਿ ਹਰਿ ਮੇਰੇ ਸਾਚੇ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਅੰਤ ਮੇਲਾ ਲਏ ਮਿਲਾਈਆ । ਸ਼ਬਦੀ ਤੇਰਾ ਮੇਲ ਮਿਲਾਵਾ, ਹਰਿ ਸਾਚਾ ਸਚ ਕਰਾਇੰਦਾ । ਅੰਤ ਮਿਲਣ ਦਾ ਰੱਖਣਾ ਦਾਅਵਾ, ਏਕਾ ਹੁਕਮ ਸੁਣਾਇੰਦਾ । ਤੇਰੇ ਦਵਾਰੇ ਆਵਾਂ ਜਾਵਾਂ, ਜੁਗ ਜੁਗ ਵੇਸ ਵਟਾਇੰਦਾ । ਨਾਉਂ ਨਿਰੰਕਾਰ ਆਪਣਾ ਨਾਉਂ ਰਖਾਵਾਂ, ਏਕਾ ਡੰਕਾ ਸ਼ਬਦ ਵਜਾਇੰਦਾ । ਨਿਥਾਵਿਆਂ ਦੇਵਾਂ ਸਾਚੀ ਥਾਂਵਾਂ, ਦਰਗਹਿ ਧਾਮ ਸੁਹਾਇੰਦਾ ।

ਗ਼ਰੀਬ ਨਿਮਾਨਿਆਂ ਪਕੜਾਂ ਬਾਂਹਵਾਂ, ਆਪਣੇ ਗਲੇ ਲਗਾਇੰਦਾ । ਰਾਜ ਰਾਜਾਨਾਂ ਖ਼ਾਕ ਮਿਲਾਵਾਂ, ਧੂੜੀ ਧੂੜ ਆਪ ਰਲਾਇੰਦਾ । ਸੰਬਲ ਨਗਰੀ ਡੇਰਾ ਲਾਵਾਂ, ਸਾਢੇ ਤਿੰਨ ਹੱਥ ਬਣਤ ਬਣਾਇੰਦਾ । ਗੋਬਿੰਦ ਆਪਣੇ ਘਰ ਬਹਾਵਾਂ, ਆਪਣੀ ਗੋਦ ਸੁਹਾਇੰਦਾ । ਨਾਮ ਖੰਡਾ ਇਕ ਚਮਕਾਵਾਂ, ਤਿੱਖੀ ਧਾਰ ਰਖਾਇੰਦਾ । ਚੰਡ ਪਰਚੰਡ ਮਾਰ ਮੁਕਾਵਾਂ, ਬ੍ਰਹਿਮੰਡ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵੇਲਾ ਆਪੇ ਦੱਸ, ਆਪੇ ਮੇਲੇ ਹੱਸ ਹੱਸ, ਤੇਰੇ ਅੰਦਰ ਵਸ ਵਸ, । ਤੇਰੇ ਅੰਦਰ ਹਰਿ ਜੂ ਵੜਨਾ, ਨਿਰਗੁਣ ਨਿਰਗੁਣ ਰੂਪ ਵਟਾਈਆ । ਤੇਰੇ ਪੌੜੇ ਹਰਿ ਜੂ ਚੜ੍ਹਨਾ, ਆਉਂਦਾ ਜਾਂਦਾ ਦਿਸ ਨਾ ਆਈਆ । ਤੇਰਾ ਅੱਖਰ ਏਕਾ ਪੜ੍ਹਨਾ, ਲੱਖ ਚੁਰਾਸੀ ਕਰੇ ਪੜ੍ਹਾਈਆ । ਮੜ੍ਹੀ ਗੋਰ ਕਦੇ ਨਾ ਵੜਨਾ, ਅਗਨੀ ਹਵਨ ਨਾ ਕੋਇ ਜਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਮੇਲਾ ਸਹਿਜ ਸੁਭਾਈਆ । ਸਹਿਜ ਸੁਭਾਓ ਹੋਏ ਸੁਭਾਗਾ, ਹਰਿ ਹਰਿ ਮੇਲ ਮਿਲਾਵਨਾ । ਚੌਥੇ ਜੁਗ ਧੋਵੇ ਦਾਗ਼ਾ, ਦੁਰਮਤ ਮੈਲ ਧੁਆਵਣਾ । ਸ਼ਬਦ ਸੁਣਾਏ ਇਕ ਅਨਰਾਗਾ, ਨਾਦ ਸਾਜ ਨਾ ਕੋਇ ਵਜਾਵਣਾ । ਹੰਸ ਬਣਾਏ ਫੜ ਫੜ ਕਾਗਾ, ਸੋਹੰ ਹੰਸਾ ਮੋਤੀ ਚੋਗ ਚੁਗਾਵਣਾ । ਅੱਠੇ ਪਹਿਰ ਵਜਾਏ ਅਨਹਦ ਵਾਜਾ, ਤਾਰ ਸਿਤਾਰ ਨਾ ਕੋਇ ਹਿਲਾਵਣਾ । ਦਰਸ ਦਿਖਾਏ ਗ਼ਰੀਬ ਨਿਵਾਜਾ, ਆਪਣਾ ਰੂਪ ਵਟਾਵਣਾ । ਸੀਸ ਪਹਿਨਾਏ ਏਕਾ ਤਾਜਾ, ਏਕਾ ਹੁਕਮ ਸੁਣਾਵਨਾ । ਦੋ ਜਹਾਨਾ ਬਣ ਬਣ ਰਾਜਾ, ਸਾਚੀ ਰਈਅਤ ਵੇਖ ਵਖਾਵਣਾ । ਕਲਜੁਗ ਅੰਤ ਭਾਗ ਲਗਾਉਣਾ ਦੇਸ ਮਾਝਾ, ਸੰਬਲ ਨਗਰ ਧਾਮ ਆਪ ਸੁਹਾਵਣਾ । ਆਪੇ ਰਚੇ ਆਪਣਾ ਕਾਜਾ, ਆਪੇ ਸਾਹ ਸੁਧਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਖੇਲ ਆਪ ਕਰਾਵਣਾ । ਕਲਜੁਗ ਅੰਤਮ ਆਏ ਕਲ, ਕਲਕਾਤੀ ਵੇਖ ਵਖਾਈਆ । ਨਿਰਗੁਣ ਸਰਗੁਣ ਜਾਏ ਛਲ, ਅਛਲ ਅਛੱਲ ਰੂਪ ਵਟਾਈਆ । ਸਚ ਸਿੰਘਾਸਣ ਬਹੇ ਮੱਲ, ਏਕਾ ਆਸਣ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਿਰਾਕਾਰ ਸਾਕਾਰ ਦਏ ਵਡਿਆਈਆ । ਕਲਜੁਗ ਬੇਟ ਡੂੰਘਾ ਗਾਰਾ, ਕੱਲਰ ਕੰਧ ਇਕ ਵਖਾਈਆ । ਚਿਕੜ ਭਰਿਆ ਨਰ ਨਾਰਾ, ਸਚ ਸੁੱਚ ਨਾ ਕੋਇ ਵਖਾਈਆ । ਪੁਰਖ ਅਬਿਨਾਸ਼ੀ ਕਰੇ ਕਾਰਾ, ਕੁਦਰਤ ਕ਼ਾਦਰ ਵੇਖ ਵਖਾਈਆ । ਗ਼ਰੀਬ ਨਿਮਾਨਿਆਂ ਮਾਰਿਆ ਨਾਅਰਾ, ਤਖ਼ਤ ਪੁਰਖ ਅਕਾਲ ਹਿਲਾਈਆ । ਧਰਨੀ ਰੋਵੇ ਜ਼ਾਰੋ ਜ਼ਾਰਾ, ਖੁਲ੍ਹੜੇ ਕੇਸ ਰਹੀ ਵਖਾਈਆ । ਮਾਂ ਪੁੱਤ ਨਾ ਕਰੇ ਕੋਈ ਪਿਆਰਾ, ਭੈਣ ਭਾਈ ਨਾ ਕੋਇ ਵਡਿਆਈਆ । ਚਾਰੋਂ ਕੁੰਟ ਹੋਇਆ ਵਿਭਚਾਰਾ, ਤੇਰਾ ਨਾਉਂ ਨਜ਼ਰ ਨਾ ਆਈਆ । ਸਾਧ ਸੰਤ ਹੋਇਆ ਹੈਂਸਿਆਰਾ, ਕਾਮ ਕਰੋਧ ਲੋਭ ਮੋਹ ਹੰਕਾਰ ਰਹੇ ਹੰਢਾਈਆ । ਕੋਈ ਨਾ ਦਿਸੇ ਪਾਰ ਕਿਨਾਰਾ, ਸਾਚੇ ਬੇੜੇ ਨਾ ਕੋਇ ਚੜ੍ਹਾਈਆ । ਹਲ ਵਾਹ ਵਾਹ ਥੱਕੇ ਜੱਟ ਗਵਾਰਾ, ਅੰਤਮ ਹਾਲਾ ਲੈਣ ਵਾਲੀ ਝੂਠੀ ਸ਼ਾਹੀਆ । ਨਾ ਕੋਈ ਮੀਤ ਨਾ ਮੁਰਾਰਾ, ਸਾਚਾ ਸੰਗ ਨਾ ਕੋਇ ਨਿਭਾਈਆ । ਕਿਰਪਾ ਕਰੇ ਆਪ ਗਿਰਧਾਰਾ, ਗਿਰਵਰ ਆਪਣਾ ਰੂਪ ਵਟਾਈਆ । ਨੌਂ ਖੰਡ ਪ੍ਰਿਥਮੀ ਪਾਵੇ ਸਾਰਾ, ਚਾਰੇ ਕੂਟਾਂ ਫੋਲ ਫੁਲਾਈਆ । ਦਹਿ ਦਿਸ਼ਾ ਗ਼ਰੀਬ ਨਿਮਾਨਿਆਂ ਦਏ ਸਹਾਰਾ, ਏਕਾ ਓਟ ਪੁਰਖ ਅਕਾਲ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੋਏ ਸਦਾ ਸਹਾਈਆ । ਕਲਜੁਗ ਬੇਟ ਬਾਲੂ ਰੇਤ, ਆਪਣਾ ਬਲ ਰਖਾਈਆ । ਬਿਨ ਹਰਿ ਨਾਮੇ ਉਜੜਿਆ ਖੇਤ, ਸਚ ਕਿਰਸਾਣਾ

ਨਜ਼ਰ ਕੋਇ ਨਾ ਆਈਆ । ਰੁੱਤ ਬਸੰਤ ਨਾ ਹੋਏ ਚੇਤ, ਪੱਤ ਡਾਲ੍ਹੀ ਨਾ ਕੋਇ ਮਹਿਕਾਈਆ । ਹਰਿ ਕਾ ਜਾਣੇ ਨਾ ਕੋਈ ਭੇਤ, ਕਵਣ ਰੂਪ ਖੇਲ ਰਿਹਾ ਕਰਾਈਆ । ਸੁਣੇ ਪੁਕਾਰ ਨੇਤਨ ਨੇਤ, ਦੂਰ ਦੁਰਾਡਾ ਨੇੜੇ ਆਈਆ । ਆਦਿ ਜੁਗਾਦਿ ਜੁਗਾ ਜੁਗੰਤਰ ਗ਼ਰੀਬ ਨਿਮਾਣਿਆਂ ਨਾਲ ਕਰੇ ਹੇਤ, ਰਾਵਣ ਗੜ ਦਏ ਖਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਕਲਜੁਗ ਬੇਟ ਡੂੰਘੀ ਗਾਰ, ਚਾਰੋਂ ਕੁੰਟ ਅੰਧੇਰਾ ਛਾਇਆ । ਦਿਵਸ ਰੈਣ ਲੁੱਟਣ ਠਗ ਚੋਰ ਯਾਰ, ਨਾ ਸਕੇ ਕੋਇ ਬਚਾਇਆ । ਘਰ ਘਰ ਬੈਠੇ ਰੋਵਣ ਜ਼ਾਰੋ ਜ਼ਾਰ, ਨਿਰਧਨ ਹਰਿ ਹਰਿ ਧਿਆਨ ਲਗਾਇਆ । ਕਵਣ ਵੇਲਾ ਮਿਲੇ ਮੀਤ ਮੁਰਾਰ, ਜੁਗ ਜੁਗ ਮਿਲਦਾ ਆਇਆ । ਵੇਲੇ ਅੰਤ ਪਾਵੇ ਸਾਰ, ਡੁੱਬਦਾ ਬੇੜਾ ਲਏ ਤਰਾਇਆ । ਚੱਪੂ ਲਾਏ ਨਾਮ ਅਪਾਰ, ਸਾਚਾ ਵੰਝ ਨਜ਼ਰ ਕਿਸੇ ਨਾ ਆਇਆ । ਗੁਰਮੁਖ ਫੜ ਫੜ ਲਏ ਚਾੜ੍ਹ, ਆਪ ਆਪਣੀ ਸੇਵ ਕਮਾਇਆ । ਕਲਜੁਗ ਝੂਠੀ ਸ਼ਾਹੀ ਮਿਟੇ ਧਾੜ, ਥਿਰ ਕੋਇ ਰਹਿਣ ਨਾ ਪਾਇਆ । ਖੇਤੀ ਖਾਏ ਕੰਡਿਆਂ ਵਾੜ, ਬੇਲੀ ਕੋਇ ਨਜ਼ਰ ਨਾ ਆਇਆ । ਸੰਮਤ ਉਨੀ ਲੇਖਾ ਮੰਗੇ ਸਤਾਰਾਂ ਹਾੜ, ਆਪ ਆਪਣਾ ਹੁਕਮ ਸੁਣਾਇਆ । ਸ਼ਾਹ ਸੁਲਤਾਨਾਂ ਦੇਵੇ ਝਾੜ, ਏਕਾ ਸ਼ਬਦੀ ਡੰਡਾ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਸਾਚਾ ਹੁਕਮ ਆਪ ਵਰਤਾਇਆ । ਗੁਰਸਿਖ ਬੇਟ ਕਾਇਆ ਮੰਦਰ, ਦਿਵਸ ਰੈਣ ਗੁਲਜ਼ਾਰ । ਪੁਰਖ ਅਬਿਨਾਸ਼ੀ ਤੋੜੇ ਜੰਦਰ, ਬਜਰ ਕਪਾਟੀ ਕਰੇ ਪਾਰ । ਮਨ ਪੰਛੀ ਨਾ ਭਵੇ ਬੰਦਰ, ਸ਼ਬਦ ਡੋਰੀ ਦਵੇ ਡਾਰ । ਕਰੇ ਪਰਕਾਸ਼ ਅੰਧੇਰੀ ਕੰਦਰ, ਆਪ ਆਪਣੀ ਕਿਰਪਾ ਧਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਬੇਟ ਦਏ ਵਖਾਲ । ਬੇਟ ਅੰਦਰ ਦੱਭ ਕਾਹੀ, ਕਾਇਆ ਅੰਦਰ ਹਰਿ ਕਾ ਨਾਉਂ । ਬੇਟ ਅੰਦਰ ਧੁੱਪ ਛਾਈਂ, ਕਾਇਆ ਮੰਦਰ ਸਦਾ ਛਾਉਂ । ਬੇਟ ਅੰਦਰ ਨਾਤਾ ਭੈਣ ਭਾਈ, ਕਾਇਆ ਅੰਦਰ ਮਿਲੇ ਬੇਪਰਵਾਹੋ । ਬੇਟ ਅੰਦਰ ਪਿਆਰ ਚਾਚੀ ਤਾਈ, ਕਾਇਆ ਅੰਦਰ ਪੁਰਖ ਅਬਿਨਾਸ਼ੀ ਬਣੇ ਪਿਤਾ ਮਾਉਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਨਾਮ ਵਰ, ਆਪ ਵਸਾਏ ਸਾਚੇ ਥਾਉਂ । ਬੇਟ ਅੰਦਰ ਕਣਕ ਦਾਲ, ਕਾਇਆ ਅੰਦਰ ਰਾਮ ਰਸ । ਬੇਟ ਅੰਦਰ ਜਗਤ ਪ੍ਰੀਤੀ ਨਿਭੇ ਨਾਲ, ਕਾਇਆ ਅੰਦਰ ਹਰਿ ਜੂ ਹੋਵੇ ਵਸ । ਬੇਟ ਅੰਦਰ ਮਿੱਟੀ ਗਾਰਾ ਧਰਮਸਾਲ, ਕਾਇਆ ਅੰਦਰ ਨਿਰਗੁਣ ਜੋਤ ਹੋਏ ਪਰਕਾਸ਼ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਹੋਵੇ ਆਪ ਕਿਰਪਾਲ । ਦੇਵੇ ਨਾਮ ਸੱਚਾ ਧਨ ਮਾਲ, ਆਦਿ ਅੰਤ ਜੁਗਾ ਜੁਗੰਤ ਕਰੇ ਬੰਦ ਖ਼ਲਾਸ਼ । ਇਕ ਲੱਖ ਅੱਸੀ ਹਜ਼ਾਰ, ਭੂਤ ਪ੍ਰੇਤਾਂ ਕਰੇ ਸ਼ਬਦੀ ਮਾਰ । ਨਾਮ ਖੰਡਾ ਤੇਜ਼ ਕਟਾਰ, ਹਾਕਣ ਡਾਕਣ ਕਰੇ ਖੁਆਰ । ਅੰਚਣੀ ਕੰਚਣੀ ਕਲਾ ਸੋਦਰੀ ਰੋਵੇ ਜ਼ਾਰੋ ਜ਼ਾਰ, ਕਾਲਖੀ ਕੁਲੱਖਣੀ ਸਲਮੀ ਪਲਮੀ ਕਰੇ ਗਿਰਿਆ ਜ਼ਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੋਕਮਾਤ ਕਰੇ ਖੁਆਰ । ਬੀਰ ਅਠਾਰਾਂ ਦੇਵੇ ਬੰਨ੍ਹ । ਬਵਿੰਜਾ ਬਵਿੰਜਾ ਕਹੇ ਧੰਨ ਧੰਨ । ਮੁੱਲਾਂ ਸ਼ੇਖ਼ ਮਸਾਇਕ ਪੀਰ ਦਸਤਗੀਰ ਦੋਏ ਫੜਣ ਕੰਨ । ਪਾਰਬ੍ਰਹਮ ਪਤਿਪਰਮੇਸ਼ਵਰ ਏਕਾ ਦੇਵੇ ਡੰਨ, । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਗੁਰਮੁਖ ਕਹਿਣਾ ਜਾਏ ਮੰਨ ।

## ★ ੨੨ ਭਾਦਰੋਂ ੨੦੧੮ ਬਿਕ੍ਰਮੀ ਬਖ਼ਤੌਰ ਸਿੰਘ ਦੇ ਗ੍ਰਿਹ ਦਇਆ ਹੋਈ ਪਿੰਡ ਸਿੱਧਵਾਂ ★

ਹਰਿ ਕਾ ਨਾਉਂ ਸਚ ਭੰਡਾਰ, ਸਤਿਗੁਰ ਪੂਰਾ ਸਤਿ ਸਤਿ ਵਰਤਾਈਆ । ਹਰਿਜਨ ਸਾਚੇ ਕਰ ਪਿਆਰ, ਆਤਮ ਝੋਲੀ ਆਪ ਟਿਕਾਈਆ । ਨਿਜ ਘਰ ਸਾਚੇ ਦੇਵੇ ਵਾੜ, ਬੰਦ ਤਾਕੀ ਆਪ ਖੁਲ੍ਹਾਈਆ । ਮੇਟ ਮਿਟਾਏ ਪੰਚਮ ਧਾੜ, ਮਾਇਆ ਮਮਤਾ ਮੋਹ ਚੁਕਾਈਆ । ਕਰ ਪਰਕਾਸ਼ ਬਹੱਤਰ ਨਾੜ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਸ਼ਬਦ ਅਨਾਦ ਸੱਚੀ ਧੁੰਨਕਾਰ, ਅਨਹਦ ਨਾਦ ਸੁਣਾਈਆ । ਆਤਮ ਬ੍ਰਹਮ ਕਰ ਪਿਆਰ, ਪਰਮ ਆਤਮ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਹਰਿਜਨ ਸਾਚੀ ਝੋਲੀ ਪਾਈਆ । ਸਾਚਾ ਨਾਮ ਸਾਚੀ ਦਾਤ, ਗੁਰ ਸਤਿਗੁਰ ਆਪ ਵਰਤਾਇੰਦਾ । ਗੁਰਸਿਖ ਮੇਟ ਅੰਧੇਰੀ ਰਾਤ, ਅੰਧ ਅੰਧੇਰ ਗਵਾਇੰਦਾ । ਦਰਸ ਦਿਖਾਏ ਇਕ ਇਕਾਂਤ, ਰੂਪ ਅਨੂਪ ਵਟਾਇੰਦਾ । ਹੋਏ ਸਹਾਈ ਪਿਤਾ ਮਾਤ, ਬਾਲ ਅੰਞਾਣੇ ਗੋਦ ਬਹਾਇੰਦਾ । ਉਤਮ ਰੱਖੇ ਏਕਾ ਜ਼ਾਤ, ਬ੍ਰਹਮ ਪਾਰਬ੍ਰਹਮ ਦਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਆਪ ਜਣਾਇੰਦਾ । ਸਾਚਾ ਨਾਮ ਕਾਇਆ ਬੰਕ, ਨਿਰਗੁਣ ਸਰਗੁਣ ਵਿਚ ਟਿਕਾਈਆ । ਜਿਸ ਜਨ ਮੇਟੇ ਸੰਸਾ ਸ਼ੰਕ, ਹਉਮੇਂ ਰੋਗ ਦਏ ਚੁਕਾਈਆ । ਆਪ ਦਰਸਾਏ ਆਪਣਾ ਖੇਲ ਬੇਅੰਤ, ਘਰ ਬੈਠਾ ਮੰਡਲ ਰਾਸ ਰਚਾਈਆ । ਸੋ ਗੁਰਮੁਖ ਸੋ ਸੱਜਣ ਸੰਤ, ਜਿਸ ਮਿਲਿਆ ਸਾਚਾ ਮਾਹੀਆ । ਗ੍ਰਿਹ ਮੰਦਰ ਸਾਚਾ ਮੇਲਾ ਨਾਰੀ ਕੰਤ, ਸੁਰਤੀ ਸ਼ਬਦ ਸ਼ਬਦ ਕੁੜਮਾਈਆ । ਕਾਇਆ ਚੋਲੀ ਚੜ੍ਹੇ ਰੰਗਤ, ਰੰਗ ਮਜੀਠੀ ਇਕ ਚੜ੍ਹਾਈਆ । ਹਰਿਜਨ ਦੂਜੇ ਦਰ ਨਾ ਜਾਏ ਮੰਗਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਉਂ ਆਪ ਜਣਾਈਆ । ਸਾਚਾ ਨਾਉਂ ਹਰਿ ਨਿਰੰਕਾਰ, ਨਿਰਗੁਣ ਸਰਗੁਣ ਆਪ ਵਰਤਾਇੰਦਾ । ਜੁਗਾ ਜੁਗੰਤਰ ਲਏ ਅਵਤਾਰ, ਲੋਕਮਾਤ ਖੇਲ ਖਿਲਾਇੰਦਾ । ਲੱਖ ਚੁਰਾਸੀ ਵਿਚੋਂ ਲਏ ਨਿਕਾਲ, ਗੁਰਮੁਖ ਆਪਣਾ ਮੇਲ ਮਿਲਾਇੰਦਾ । ਨਾਤਾ ਤੋੜ ਸ਼ਾਹ ਕੰਗਾਲ, ਸ਼ਾਹ ਪਾਤਸ਼ਾਹ ਆਪਣੇ ਰੰਗ ਰੰਗਾਇੰਦਾ । ਤ੍ਰੈਗੁਣ ਮਾਇਆ ਤੋੜ ਜੰਜਾਲ, ਨਾਮ ਮੰਤਰ ਇਕ ਦ੍ਰਿੜਾਇੰਦਾ । ਘਰ ਵਿਚ ਘਰ ਵਜਾਏ ਤਾਲ, ਗ੍ਰਿਹ ਮੰਦਰ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਆਪ ਸਮਝਾਇੰਦਾ । ਸਾਚਾ ਨਾਮ ਸੋ ਪੁਰਖ ਨਿਰੰਜਣ ਧਾਰ, ਆਦਿ ਜੁਗਾਦਿ ਆਪ ਪਰਗਟਾਇੰਦਾ । ਹੰ ਬ੍ਰਹਮ ਪਾਵੇ ਸਾਰ, ਪਾਰਬ੍ਰਹਮ ਵੇਖ ਵਖਾਇੰਦਾ । ਨਿਹਕਰਮੀ ਕਰਮ ਲਏ ਵਿਚਾਰ, ਕਰਮ ਕਾਂਡ ਨਾ ਕੋਇ ਜਣਾਇੰਦਾ । ਧਰਮੀ ਧਰਮ ਕਰੇ ਅਪਾਰ, ਸਾਚਾ ਧਰਮ ਇਕ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਸਾਚਾ ਨਾਉਂ ਝੋਲੀ ਪਾਇੰਦਾ । ਸਾਚਾ ਨਾਉਂ ਸਾਚਾ ਵਣਜ ਵਾਪਾਰ, ਸੋ ਪੁਰਖ ਨਿਰੰਜਣ ਆਪ ਕਰਾਈਆ । ਗੁਰਮੁਖ ਵਿਰਲਾ ਮੰਗੇ ਬਣ ਭਿਖਾਰ, ਜਿਸ ਜਨ ਆਤਮ ਬੂਝ ਬੁਝਾਈਆ । ਲੱਖ ਚੁਰਾਸੀ ਸੁੱਤੀ ਪੈਰ ਪਸਾਰ, ਕਲਜੁਗ ਗੂੜ੍ਹੀ ਨੀਂਦ ਸਵਾਈਆ । ਨੇਤਰ ਨੈਣ ਨਾ ਸਕੇ ਕੋਈ ਉਘਾੜ, ਤ੍ਰੈਗੁਣ ਮਾਇਆ ਪਰਦਾ ਪਾਈਆ । ਮਗਰ ਲੱਗੀ ਪੰਚਮ ਧਾੜ, ਚਾਰੋਂ ਕੁੰਟ ਰਹੀ ਭੁਆਈਆ । ਬਿਨ ਸਤਿਗੁਰ ਪੂਰੇ ਕੋਇ ਨਾ ਕਰੇ ਪਾਰ, ਵੇਲੇ ਅੰਤ ਨਾ ਕੋਇ ਸਹਾਈਆ । ਕਲਜੁਗ ਸਾਗਰ ਡੂੰਘੀ ਗਾਰ, ਝੂਠੀ ਨੱਯਾ ਕੰਮ ਕਿਸੇ ਨਾ ਆਈਆ । ਬਿਨ ਹਰਿ ਨਾਮੇ ਕੋਈ ਨਾ ਦਿਸੇ ਪਾਰ ਕਿਨਾਰ, ਸਾਚੇ ਘਾਟ ਨਾ ਕੋਇ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ

੧੨੧੮ ੧੦

ਜੁਗਾਦਿ ਜੁਗਾ ਜੁਗੰਤਰ, ਆਪ ਚਲਾਏ ਆਪਣਾ ਮੰਤਰ, ਨਿਸ਼ਅੱਖਰ ਆਪ ਪੜ੍ਹਾਈਆ । ਨਿਸ਼ਅੱਖਰ ਹਰਿ ਕਾ ਮੰਤਰ, ਲਗ ਮਾਤਰ ਨਾ ਕੋਇ ਰਖਾਇੰਦਾ । ਆਪ ਉਪਾਏ ਜੁਗਾ ਜੁਗੰਤਰ, ਜੁਗ ਜੁਗ ਮਾਤ ਧਰਾਇੰਦਾ । ਨਵ ਨੌਂ ਬੁਝਾਏ ਲੱਗੀ ਬਸੰਤਰ, ਸਾਂਤਕ ਸਤਿ ਕਰਾਇੰਦਾ । ਲੇਖਾ ਜਾਣੇ ਗਗਨ ਗਗਨੰਤਰ, ਗਗਨ ਮੰਡਲ ਫੋਲ ਫੋਲਾਇੰਦਾ । ਸਰਬ ਜੀਆਂ ਬਿਧ ਜਾਣੇ ਅੰਤਰ, ਘਟ ਘਟ ਵੇਖ ਵਖਾਇੰਦਾ । ਗੁਰਮੁਖ ਵਿਰਲੇ ਬਣਾਏ ਬਣਤਰ, ਜਿਸ ਜਨ ਆਪਣਾ ਦਰਸ ਦਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਨਾਮ ਦਾਨ, ਕਾਇਆ ਅੰਦਰ ਵਖਾਏ ਸਚ ਨਿਸ਼ਾਨ, ਜੋਤੀ ਜੋਤ ਜੱਗੇ ਮਹਾਨ, ਸ਼ਬਦ ਨਾਦ ਸੱਚੀ ਧੁਨਕਾਨ, ਰਾਗ ਅਨਾਦੀ ਨਾਦ ਵਜਾਇੰਦਾ । ਨਾਮ ਧੰਨ ਸਚ ਖ਼ਜ਼ਾਨਾ, ਪੁਰਖ ਅਬਿਨਾਸ਼ੀ ਆਪ ਵਰਤਾਈਆ । ਆਪੇ ਹੋਏ ਦਾਨਾ ਬੀਨਾ, ਬੀਨਾ ਦਾਨਾ ਭੇਵ ਨਾ ਰਾਈਆ । ਜਨ ਭਗਤਾਂ ਕਰੇ ਠਾਂਡਾ ਸੀਨਾ, ਅੰਮ੍ਰਿਤ ਮੇਘ ਇਕ ਬਰਸਾਈਆ । ਲਹਿਣਾ ਦੇਣਾ ਚੁੱਕੇ ਲੋਕ ਤੀਨਾ, ਚੌਦਾਂ ਹੱਟ ਨਾ ਕੋਇ ਭੁਆਈਆ । ਗੁਰਸਿਖ ਮੇਲਾ ਜਿਉਂ ਜਲ ਮੀਨਾ, ਆਪ ਆਪਣੇ ਅੰਗ ਲਗਾਈਆ । ਏਕਾ ਰੰਗ ਚੜ੍ਹਾਏ ਭੀਨਾ, ਉਤਰ ਕਦੇ ਨਾ ਜਾਈਆ । ਲੇਖਾ ਜਾਣੇ ਮਰਨਾ ਜੀਣਾ, ਜੀਵਨ ਮੁਕਤ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਨਾਮ ਵਸਤ ਅਮੋਲਕ ਕਾਇਆ ਗੋਲਕ ਦਏ ਟਿਕਾਈਆ । ਕਾਇਆ ਗੋਲਕ ਹਰਿ ਕਾ ਦਵਾਰ, ਹਰਿ ਮੰਦਰ ਆਪ ਸੁਹਾਇੰਦਾ । ਅੱਠੇ ਪਹਿਰ ਰਹੇ ਖ਼ਬਰਦਾਰ, ਆਲਸ ਨਿੰਦਰਾ ਵਿਚ ਨਾ ਆਇੰਦਾ । ਗੁਰਮੁਖ ਸਾਚੇ ਕਰ ਪਿਆਰ, ਆਪ ਆਪਣਾ ਪਰਦਾ ਲਾਹਿੰਦਾ । ਘਰ ਵਿਚ ਘਰ ਕਰ ਤਿਆਰ, ਸਾਚਾ ਬੰਕ ਸੁਹਾਇੰਦਾ । ਸੁਰਤੀ ਸੁਰਤ ਸ਼ਬਦ ਪਿਆਰ, ਸ਼ਬਦੀ ਮੇਲਾ ਮੇਲ ਮਿਲਾਇੰਦਾ । ਬ੍ਰਹਮ ਪਾਰਬ੍ਰਹਮ ਅਧਾਰ, ਈਸ਼ ਜੀਵ ਖੇਲ ਖਿਲਾਇੰਦਾ । ਸਾਚੀ ਸੇਜਾ ਸੋਭਾਵਤ ਸੋਹੇ ਕੰਤ ਭਤਾਰ, ਨਾਰੀ ਨਰ ਨਰਾਇਣ ਪਰਨਾਇੰਦਾ । ਗੁਰ ਗੁਰ ਗੁਰਸਿਖ ਵਸਣ ਇਕ ਦਵਾਰ, ਦਰ ਦਰਵਾਜ਼ਾ ਇਕ ਖੁਲ੍ਹਾਇੰਦਾ । ਕਾਗਦ ਕ਼ਲਮ ਨਾ ਲਿਖਣਹਾਰ, ਵੇਦ ਕਤੇਬ ਭੇਵ ਨਾ ਆਇੰਦਾ । ਗੁਰਸਿਖ ਤੇਰਾ ਧਾਮ ਨਿਆਰ, ਸਤਿਗੁਰ ਪੂਰਾ ਆਪ ਬਣਾਇੰਦਾ । ਮਹੱਲ ਅਟਲ ਉਚ ਮਿਨਾਰ, ਛੱਪਰ ਛੰਨ ਨਾ ਕੋਇ ਛੁਹਾਇੰਦਾ । ਅੱਠੇ ਪਹਿਰ ਨੂਰ ਉਜਿਆਰ, ਜੋਤ ਉਜਾਲਾ ਡਗਮਗਾਇੰਦਾ । ਨਿਰਗੁਣ ਖੇਲ ਕਰੇ ਕਰਤਾਰ, ਸਰਗੁਣ ਆਪਣਾ ਬੰਧਨ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਨਾਮ ਵਰ, ਆਪਣਾ ਰੂਪ ਆਪ ਉਪਾਇੰਦਾ । ਰੂਪ ਅਨੂਪਾ ਸ਼ਾਹੋ ਭੂਪ, ਨਿਰਗੁਣ ਰੂਪ ਆਪ ਜਣਾਈਆ । ਦਰਸ ਦਿਖਾਏ ਸਤਿ ਸਰੂਪ, ਸਤਿ ਸਤਿਵਾਦੀ ਬੇਪਰਵਾਹੀਆ । ਨਾਤਾ ਤੋੜੇ ਜੂਠ ਝੂਠ, ਸਚ ਸੁੱਚ ਇਕ ਦ੍ਰਿੜਾਈਆ । ਅੰਮ੍ਰਿਤ ਜਾਮ ਪਿਆਏ ਏਕਾ ਘੁਟ, ਨਿਝਰ ਝਿਰਨਾ ਦਏ ਝਿਰਾਈਆ । ਆਵਣ ਜਾਵਣ ਲੱਖ ਚੁਰਾਸੀ ਜਾਏ ਛੁੱਟ, ਜਿਸ ਜਨ ਆਪਣਾ ਹੱਥ ਟਿਕਾਈਆ । ਦੇਵੇ ਨਾਮ ਭੰਡਾਰ ਅਤੁਟ, ਠਗ ਚੋਰ ਯਾਰ ਲੁੱਟ ਕੋਇ ਨਾ ਜਾਈਆ । ਆਪ ਟਿਕਾਏ ਵਿਚ ਕਾਇਆ ਕਿਲਾ ਕੋਟ, ਬੰਦ ਦਰਵਾਜ਼ਾ ਆਪ ਕਰਾਈਆ । ਗੁਰਮੁਖ ਵਿਰਲਾ ਕਰੇ ਖੋਜ, ਜਿਸ ਆਪਣੀ ਬੂਝ ਬੁਝਾਈਆ । ਪ੍ਰਭ ਦਰਸ਼ਨ ਕੋ ਜੋ ਜਨ ਰਹੇ ਲੋਚ, ਦੇਵੇ ਦਰਸ ਵੱਡਾ ਸ਼ਹਿਨਸ਼ਾਹੀਆ । ਚਰਨ ਕਵਲ ਕਵਲ ਚਰਨ ਰਖਾਏ ਏਕਾ ਓਟ, ਧਰਤ ਧਵਲ ਦਏ ਵਡਿਆਈਆ । ਗ਼ਰੀਬ ਨਿਮਾਣੇ ਆਲਣਿਉਂ ਡਿਗੇ ਵੇਖੇ ਬੋਟ, ਆਪ ਆਪਣੀ ਗੋਦ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਮ ਨਿਧਾਨਾ ਝੋਲੀ ਪਾਈਆ । ਨਾਮ ਨਿਧਾਨਾ ਸਦਾ ਅਭੁੱਲ, ਅਠਾਰਾਂ

ਭਾਰ ਨਾ ਵੰਡ ਵੰਡਾਇੰਦਾ । ਦੇਵੇ ਸਾਹਿਬ ਆਪ ਅਨਮੁਲ, ਅਮੁਲੜੀ ਦਾਤ ਆਪਣੇ ਹੱਥ ਰਖਾਇੰਦਾ । ਭਾਗ ਲਗਾਏ ਗੁਰਸਿਖ ਕੁਲ, ਕੁਲਵੰਤਾ ਆਪ ਹੋ ਜਾਇੰਦਾ । ਹਰਿਜਨ ਬੂਟਾ ਜਾਏ ਨਾ ਹੁੱਲ, ਅੰਤਮ ਫਲ ਇਕ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਨਾਮ ਵਰ, ਆਪਣਾ ਬੰਧਨ ਪਾਇੰਦਾ । ਨਾਮ ਬੰਧਨ ਸੋਹੰ ਡੋਰ, ਹਰਿਜਨ ਤੰਦ ਬੰਧਾਈਆ । ਆਪੇ ਬੰਨ੍ਹੇ ਪੰਚਮ ਚੋਰ, ਕਾਮ ਕਰੋਧ ਲੋਭ ਮੋਹ ਹੰਕਾਰ ਨੇੜ ਨਾ ਆਈਆ । ਕਰੇ ਪਰਕਾਸ਼ ਕਾਇਆ ਗੋਰ, ਡੂੰਘੀ ਕੰਦਰ ਇਕ ਰੁਸ਼ਨਾਈਆ । ਜਗਤ ਵਿਕਾਰਾ ਦੇਵੇ ਹੋੜ, ਸੱਸੇ ਉਪਰ ਹੋੜਾ ਇਕ ਲਗਾਈਆ । ਹੰ ਬ੍ਰਹਮ ਪਏ ਬਹੁੜ, ਪਾਰਬ੍ਰਹਮ ਬੇਪਰਵਾਹੀਆ । ਗੁਰਸਿਖ ਜਨਮ ਜਨਮ ਦੀ ਲੱਗੀ ਔੜ, ਦੇ ਦਰਸ ਤ੍ਰਿਪਤ ਕਰਾਈਆ । ਦਰ ਘਰ ਸਾਚੇ ਦੇਵੇ ਠੌਰ, ਜਗਤ ਠਗੌਰੀ ਕੋਇ ਨਾ ਪਾਈਆ । ਮਿੱਠਾ ਫਲ ਕਰੇ ਰੀਠਾ ਕੌੜ, ਅੰਮ੍ਰਿਤ ਰਸ ਵਿਚ ਭਰਾਈਆ । ਜਿਸ ਜਨ ਸੱਜਣ ਹਰਿ ਜਾਏ ਬਹੁੜ, ਤਿਸ ਗੁਣ ਅਵਗੁਣ ਨਾ ਕੋਇ ਵਖਾਈਆ । ਕਾਇਆ ਮੰਦਰ ਅੰਦਰ ਲਗਾਏ ਆਪਣਾ ਪੌੜ, ਚੌਥੇ ਡੰਡੇ ਆਪ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਆਪਣਾ ਨਾਮ ਸਮਝਾਈਆ । ਜਿਸ ਜਨ ਦੇਵੇ ਨਾਮ, ਸਿਰ ਆਪਣਾ ਹੱਥ ਰਖਾਇੰਦਾ । ਪੂਰਨ ਕਰੇ ਜਗਤ ਕਾਮ, ਨਿਹਕਰਮੀ ਕਰਮ ਕਮਾਇੰਦਾ । ਭਾਗ ਲਗਾਏ ਖੇੜਾ ਗਰਾਮ, ਗ੍ਰਹਿ ਮੰਦਰ ਸੋਭਾ ਪਾਇੰਦਾ । ਲੇਖੇ ਲੱਗੇ ਹੱਡ ਮਾਸ ਨਾੜੀ ਚਾਮ, ਜੋ ਜਨ ਚਰਨ ਕਵਲ ਮਸਤਕ ਸੀਸ ਝੁਕਾਇੰਦਾ । ਏਕਾ ਦੇਵੇ ਸਚਾ ਦਾਮ, ਦਾਮਨਗੀਰ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਨਾਮ ਧਨ, ਸਚ ਭੰਡਾਰਾ ਆਪ ਭਰਾਇੰਦਾ । ਸਚ ਭੰਡਾਰਾ ਹਰਿ ਜੂ ਭਰ, ਹਰਿਜਨ ਆਪੇ ਵੇਖ ਵਖਾਈਆ । ਗੁਰਸਿਖ ਆਪਣੇ ਜਿਹਾ ਕਰ, ਆਪਣੇ ਰੰਗ ਰੰਗਾਈਆ । ਆਪੇ ਅੰਦਰ ਜਾਏ ਵੜ, ਦਿਸ ਕਿਸੇ ਨਾ ਆਈਆ । ਸਾਚੇ ਪੌੜੇ ਬਹੇ ਚੜ੍ਹ, ਸਚ ਸਿੰਘਾਸਣ ਆਸਣ ਲਾਈਆ । ਨਾ ਕੋਈ ਸੀਸ ਨਾ ਕੋਈ ਧੜ, ਸਤਿਗੁਰ ਪੂਰਾ ਖੇਲ ਖਿਲਾਈਆ । ਆਪਣੀ ਵਿਦਿਆ ਆਪੇ ਪੜ੍ਹ, ਗੁਰਮੁਖ ਅੰਤਰ ਕਰੇ ਪੜ੍ਹਾਈਆ । ਲੇਖਾ ਜਾਣੇ ਚੋਟੀ ਜੜ੍ਹ, ਮਧ ਆਪਣੀ ਖੇਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਨਾਮ ਵਰ, ਆਪਣਾ ਪਰਦਾ ਆਪ ਉਠਾਈਆ । ਆਪਣਾ ਪਰਦਾ ਦੇਵੇ ਚੁੱਕ, ਗੁਰਸਿਖ ਸਾਚੀ ਦਇਆ ਕਮਾਇੰਦਾ । ਦਰਸ ਦਿਖਾਏ ਜੋ ਬੈਠਾ ਲੁਕ, ਰੂਪ ਅਨੂਪ ਧਰਾਇੰਦਾ । ਪੰਚ ਵਿਕਾਰਾ ਕੱਢੇ ਕੁੱਟ, ਮਮਤਾ ਮੋਹ ਮਿਟਾਇੰਦਾ । ਇਕ ਜਣਾਏ ਸਾਚੀ ਓਟ, ਏਕਾ ਇਸ਼ਟ ਵਖਾਇੰਦਾ । ਮੇਲ ਮਿਲਾਏ ਨਿਰਮਲ ਜੋਤ, ਜੋਤੀ ਜੋਤ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਆਪ ਸਾਲਾਹਿੰਦਾ । ਸਚ ਨਾਮ ਸਾਲਾਹਣ ਜੋਗ, ਸੋ ਪੁਰਖ ਨਿਰੰਜਣ ਆਪ ਸਲਾਹੀਆ । ਹੰ ਬ੍ਰਹਮ ਹੋਏ ਸੰਜੋਗ, ਪਾਰਬ੍ਰਹਮ ਕਰੇ ਕੁੜਮਾਈਆ । ਨਾਤਾ ਤੁਟੇ ਤ੍ਰੈ ਤ੍ਰੈ ਲੋਕ, ਤ੍ਰੈ ਤ੍ਰੈ ਡੇਰਾ ਆਪੇ ਢਾਹੀਆ । ਇਕ ਨਗਾਰੇ ਵੱਜੇ ਚੋਟ, ਤਾਲ ਤਲਵਾੜਾ ਨਾ ਕੋਇ ਵਖਾਈਆ । ਜਗਤ ਵਾਸਨਾ ਕੱਢੇ ਖੋਟ, ਕੂੜੀ ਕਿਰਿਆ ਦਏ ਮਿਟਾਈਆ । ਤ੍ਰਿਖਾ ਤ੍ਰਿਸਨਾ ਬੁਝਾਏ ਸਾਂਤ ਕਰਾਏ ਕਾਇਆ ਪੋਟ, ਨਾਮ ਰਸ ਇਕ ਚੁਆਈਆ । ਗੁਰਸਿਖ ਨਾ ਕੋਈ ਤੇਰਾ ਵਰਨ ਨਾ ਕੋਈ ਗੋਤ, ਤੇਰਾ ਰੂਪ ਬ੍ਰਹਮ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖੇ ਤੇਰਾ ਘਰ, ਗ੍ਰਹਿ ਮੰਦਰ ਖੋਜ ਖੁਜਾਈਆ । ਗ੍ਰਹਿ ਮੰਦਰ ਸਚ ਦਵਾਰ, ਹਰਿ ਸੱਜਣ ਵੇਖ ਵਖਾਇੰਦਾ । ਗੁਰਮੁਖ ਸੇਜਾ ਕਰ ਤਿਆਰ, ਆਪ

ਆਪਣਾ ਆਸਣ ਲਾਇੰਦਾ । ਦਿਵਸ ਰੈਣ ਇਕ ਉਜਿਆਰ, ਕਮਲਾਪਾਤੀ ਡਗਮਗਾਇੰਦਾ । ਕਰੇ ਖੇਲ ਅਪਰ ਅਪਾਰ, ਅਪਰੰਪਰ ਆਪਣੀ ਧਾਰ ਚਲਾਇੰਦਾ । ਹਰਿਜਨ ਹਰਿ ਜੂ ਹਰਿ ਮੰਦਰ ਕਰ ਪਿਆਰ, ਹਰਿ ਕੇ ਪੌੜੇ ਆਪ ਚੜ੍ਹਾਇੰਦਾ । ਜਿਸ ਜਨ ਦੇਵੇ ਦਰਸ ਦੀਦਾਰ, ਦੀਨਨ ਦਇਆ ਆਪ ਕਮਾਇੰਦਾ । ਸੋਹੇ ਬੰਕ ਸੱਚਾ ਘਰ ਬਾਰ, ਜਿਸ ਘਰ ਆਪਣਾ ਚਰਨ ਟਿਕਾਇੰਦਾ । ਲੋਕਮਾਤ ਖਿੜੀ ਰਹੇ ਗੁਲਜ਼ਾਰ, ਗੁਰਸਿਖ ਬੂਟਾ ਆਪ ਲਗਾਇੰਦਾ । ਫਲੇ ਫੁਲੇ ਵਿਚ ਸੰਸਾਰ, ਪੱਤ ਡਾਲ੍ਹੀ ਆਪ ਮਹਿਕਾਇੰਦਾ । ਅੱਠੇ ਪਹਿਰ ਰਹੇ ਨਾਮ ਖ਼ੁਮਾਰ, ਜਗਤ ਖ਼ੁਮਾਰੀ ਆਪ ਗਵਾਇੰਦਾ । ਹਰਿਜਨ ਆਏ ਨਾ ਪਾਸਾ ਹਾਰ, ਹਾਰ ਜਿਤ ਸਤਿਗੁਰ ਆਪਣੇ ਹੱਥ ਰਖਾਇੰਦਾ । ਗੁਰਸਿਖਾਂ ਕਰੇ ਸਚ ਸ਼ਿੰਗਾਰ, ਨਾਮ ਬਸਤਰ ਤਨ ਪਹਿਨਾਇੰਦਾ । ਨੇਤਰ ਕਜਲਾ ਏਕਾ ਧਾਰ, ਨੈਣ ਨੈਣ ਵਿਚ ਮਿਲਾਇੰਦਾ । ਸੁਰਤੀ ਸ਼ਬਦ ਸੋਹੇ ਇਕ ਦਵਾਰ, ਗ੍ਰਹਿ ਮੰਦਰ ਸੋਭਾ ਪਾਇੰਦਾ । ਸਾਚੀ ਸੇਜਾ ਮੇਲਾ ਨਾਰ ਕੰਤ ਭਤਾਰ, ਮਿਲ ਸਖ਼ੀਆਂ ਮੰਗਲ ਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਨਾਮ ਭੰਡਾਰ, ਤਿਸ ਦਾਤਾ ਆਪ ਅਖਵਾਇੰਦਾ ।

★ ੨੨ ਭਾਦਰੋਂ ੨੦੧੮ ਬਿਕ੍ਰਮੀ ਮਾਧਾ ਸਿੰਘ, ਦਿਆਲ ਸਿੰਘ ਦੇ ਗ੍ਰਹਿ ਦਇਆ ਹੋਈ ਨਵਾ ਰਾਮੂ ਵਾਲਾ ਜ਼ਿਲਾ ਫ਼ਿਰੋਜ਼ਪੁਰ ★



ਸਤਿਗੁਰ ਦਰ ਗੁਰਸਿਖ ਡੇਰਾ, ਦਰ ਸਾਚਾ ਆਪ ਸੁਹਾਇੰਦਾ । ਗੁਰਸਿਖ ਘਰ ਸਤਿਗੁਰ ਖੇੜਾ, ਸਾਚਾ ਖੇੜਾ ਆਪ ਵਸਾਇੰਦਾ । ਦੋਹਾਂ ਪੈਂਡਾ ਨੇਰਨ ਨੇਰਾ, ਇਕ ਦੂਜਾ ਪੰਧ ਮੁਕਾਇੰਦਾ । ਜੁਗਾ ਜੁਗੰਤਰ ਚਾਓ ਘਨੇਰਾ, ਆਪੇ ਆਸ ਰਖਾਇੰਦਾ । ਚੌਕੜ ਚੌਕੜੀ ਦੇਵੇ ਗੇੜਾ, ਪਾਂਧੀ ਪੰਧ ਮੁਕਾਇੰਦਾ । ਲਹਿਣਾ ਦੇਣਾ ਚੁੱਕੇ ਮੇਰਾ, ਮੇਰਾ ਮੇਰਾ ਆਪਣੇ ਨਾਲ ਮਿਲਾਇੰਦਾ । ਲੇਖਾ ਚੁੱਕੇ ਸੰਝ ਸਵੇਰਾ, ਏਕਾ ਚੰਦ ਚੜ੍ਹਾਇੰਦਾ । ਲੱਖ ਚੁਰਾਸੀ ਕੱਟੇ ਫੇਰਾ, ਫੇਰਾ ਫੇਰੇ ਵਿਚ ਦੁਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਘਰ ਵਿਚ ਦਇਆ ਕਮਾਇੰਦਾ । ਸਤਿਗੁਰ ਗ੍ਰਹਿ ਗੁਰਸਿਖ ਰਹੇ, ਰੰਗ ਰੰਗੀਲਾ ਰੰਗ ਆਪ ਚੜ੍ਹਾਈਆ । ਗੁਰਸਿਖ ਮੰਦਰ ਸਤਿਗੁਰ ਬਹੇ, ਵਾਹ ਵਾਹ ਵਜਦੀ ਰਹੇ ਵਧਾਈਆ । ਇਕ ਸੁਹਾਏ ਸਾਚਾ ਥਾਂਏ, ਥਾਨ ਥਨੰਤਰ ਦਏ ਵਡਿਆਈਆ । ਇਕ ਜਣਾਏ ਸਾਚਾ ਨਾਂਏ, ਨਾਉਂ ਨਿਰੰਕਾਰਾ ਆਪ ਪਰਗਟਾਈਆ । ਏਕਾ ਪਕੜ ਉਠਾਏ ਬਾਂਹੇ, ਆਪਣੀ ਸੇਵ ਕਮਾਈਆ । ਏਕਾ ਦੇਵੇ ਠੰਡੀ ਛਾਂਏ, ਸਿਰ ਆਪਣਾ ਹੱਥ ਟਿਕਾਈਆ । ਏਕਾ ਕੱਟੇ ਜੰਮ ਕੀ ਫਾਹੇ, ਫਾਸੀ ਜੰਮ ਰਹਿਣ ਨਾ ਪਾਈਆ । ਸਤਿਗੁਰ ਹੋਏ ਗੁਰਸਿਖ ਸਹਾਏ, ਭਿਆਨਕ ਆਪਣਾ ਰੂਪ ਵਟਾਈਆ । ਗੁਰਸਿਖ ਆਏ ਗੁਰੂ ਪ੍ਰਥਾਏ, ਪ੍ਰਿਥਮ ਆਪਣਾ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਘਰ ਵਿਚ ਸੋਭਾ ਪਾਈਆ । ਸਤਿਗੁਰ ਘਰ ਗੁਰਸਿਖ ਵਾਸਾ, ਦਰ ਦਰ ਆਪ ਸੁਹਾਇੰਦਾ । ਗੁਰਸਿਖ ਘਰ ਸਤਿਗੁਰ ਪਰਕਾਸ਼ਾ, ਜੋਤੀ ਜੋਤ ਡਗਮਗਾਇੰਦਾ । ਨਿਰਗੁਣ ਸਰਗੁਣ ਕਰੇ ਪੂਰੀ ਆਸਾ, ਏਕਾ ਵਸਤ ਨਾਮ ਵਰਤਾਇੰਦਾ । ਸੇਵਾ ਕਰੇ ਬਣ ਬਣ ਦਾਸਾ, ਦਾਸੀ ਦਾਸ ਖੇਲ ਖਿਲਾਇੰਦਾ । ਆਦਿ ਜੁਗਾਦਿ ਨਾ ਕਦੇ ਵਿਨਾਸਾ, ਜੁਗਾ ਜੁਗੰਤਰ ਵੇਸ ਵਟਾਇੰਦਾ । ਸਤਿਗੁਰ ਘਰ ਵੇਖੇ ਗੁਰਸਿਖ ਤਮਾਸ਼ਾ, ਸਾਚੇ ਮੰਡਲ ਰਾਸ ਰਚਾਇੰਦਾ । ਗੁਰਸਿਖ ਘਰ ਸਤਿਗੁਰ ਵਸੇ ਪਾਸਾ, ਵਿਛੜ ਕਦੇ

ਨਾ ਜਾਇੰਦਾ । ਗੁਰਸਿਖ ਗੁਰ ਗੁਰ ਕਰੇ ਬੰਦ ਖ਼ੁਲਾਸਾ, ਬੰਦੀ ਤੋੜ ਆਪ ਹੋ ਜਾਇੰਦਾ । ਗੁਰਸਿਖ ਗੁਰ ਚਰਨ ਕਰੇ ਨਿਵਾਸਾ, ਦਰ ਸਾਚਾ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਘਰ ਆਪ ਵਸਾਇੰਦਾ । ਸਤਿਗੁਰ ਘਰ ਗੁਰਸਿਖ ਮੰਦਰ, ਸਾਚੇ ਮੰਦਰ ਆਪ ਵਡਿਆਈਆ । ਸਤਿਗੁਰ ਘਰ ਗੁਰਸਿਖ ਅੰਦਰ, ਸਚ ਸਿੰਘਾਸਣ ਆਸਣ ਲਾਈਆ । ਗੁਰਸਿਖ ਘਰ ਸਤਿਗੁਰ ਤੋੜੇ ਜੰਦਰ, ਆਪਣਾ ਦਰ ਲਏ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਏਕਾ ਘਰ ਵਸਾਈਆ । ਸਤਿਗੁਰ ਘਰ ਗੁਰਸਿਖ ਮੇਲਾ, ਮੇਲ ਮਿਲਾਵਾ ਆਪ ਕਰਾਈਆ । ਗੁਰਸਿਖ ਘਰ ਵਸੇ ਸੱਜਣ ਸੁਹੇਲਾ, ਸਤਿਗੁਰ ਸੱਚਾ ਬੇਪਰਵਾਹੀਆ । ਰਾਏ ਧਰਮ ਦੀ ਕੱਟੇ ਜੇਲਾ, ਜਮ ਕਾ ਦੰਡ ਰਹੇ ਨਾ ਰਾਈਆ । ਆਪਣੇ ਰੰਗ ਰੰਗਾਏ ਗੁਰੂ ਗੁਰ ਚੇਲਾ, ਗੁਰ ਗੁਰ ਚੇਲਾ ਵਿਚ ਸਮਾਈਆ । ਸਾਹਿਬ ਸੁਲਤਾਨ ਸੱਜਣ ਸੁਹੇਲਾ, ਸ਼ਾਹ ਪਾਤਸ਼ਾਹ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਖੇੜਾ ਭਾਗ ਲਗਾਈਆ । ਗੁਰਮੁਖ ਖੇੜਾ ਸਾਚਾ ਕੋਟ, ਹਰਿ ਸੱਜਣ ਵੇਖ ਵਖਾਇੰਦਾ । ਸਤਿਗੁਰ ਖੇੜਾ ਜਗੇ ਨਿਰਮਲ ਜੋਤ, ਜੋਤੀ ਜੋਤ ਡਗਮਗਾਇੰਦਾ । ਗੁਰਸਿਖ ਖੇੜਾ ਸ਼ਬਦ ਨਗਾਰੇ ਲਗੇ ਚੋਟ, ਅਨਾਦੀ ਨਾਦ ਵਜਾਇੰਦਾ । ਸਤਿਗੁਰ ਖੇੜਾ ਗੁਰਮੁਖ ਦੁਰਮਤ ਮੈਲ ਧੋਤ, ਪਤਿਤ ਪੁਨੀਤ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਘਰ ਵਿਚ ਖੇਲ ਖਿਲਾਇੰਦਾ । ਸਤਿਗੁਰ ਖੇੜਾ ਗੁਰਸਿਖ ਹਵਨ, ਹਵਨੀ ਹਵਨ ਜਣਾਇੰਦਾ । ਗੁਰਸਿਖ ਖੇੜਾ ਸਤਿਗੁਰ ਪਵਣ, ਠੰਡੀ ਠਾਰ ਆਪ ਚਲਾਇੰਦਾ । ਕੱਟਣਹਾਰਾ ਅਵਨ ਗਵਨ, ਆਪਣੇ ਰੰਗ ਰੰਗਾਇੰਦਾ । ਮੇਲ ਮਿਲਾਏ ਜਿਉਂ ਦੁਸ਼ਟ ਦਮਨ, ਦਾਮਨਗੀਰ ਆਪ ਅਖਵਾਇੰਦਾ । ਆਪੇ ਹੋਏ ਸਾਚਾ ਜ਼ਾਮਨ, ਸਾਚੀ ਜ਼ਾਮਨੀ ਆਪ ਨਿਭਾਇੰਦਾ । ਆਪ ਫੜਾਇਆ ਆਪਣਾ ਦਾਮਨ, ਅੰਤਮ ਪੱਲੂ ਆਪਣੇ ਹੱਥ ਰਖਾਇੰਦਾ । ਗੁਰਸਿਖ ਖੇੜਾ ਸਚ ਗਰਾਮਨ, ਸਾਚਾ ਮੰਦਰ ਆਪ ਸੁਹਾਇੰਦਾ । ਸਤਿਗੁਰ ਦਿਸੇ ਆਮ੍ਹਣ ਸਾਮ੍ਹਣ, ਮੁਖ ਪਰਦਾ ਨਾ ਕੋਇ ਰਖਾਇੰਦਾ । ਬ੍ਰਹਮ ਰੂਪ ਨਾ ਕੋਇ ਬ੍ਰਹਿਮਣ ਪਾਰਬ੍ਰਹਮ ਰੂਪ ਜਣਾਇੰਦਾ । ਸਤਿਗੁਰ ਗੁਰਸਿਖ ਇਕ ਦੂਜੇ ਨੂੰ ਜਾਨਣ, ਦੂਸਰ ਭੇਵ ਕੋਇ ਨਾ ਪਾਇੰਦਾ । ਏਕਾ ਪ੍ਰੇਮ ਬ੍ਰਹਮ ਗਿਆਨਨ, ਸਾਚੀ ਵਿਦਿਆ ਇਕ ਪੜ੍ਹਾਇੰਦਾ । ਮੇਟੇ ਰੈਣ ਅੰਧੇਰੀ ਸ਼ਾਮਨ, ਸਾਚਾ ਚੰਦ ਚੜ੍ਹਾਇੰਦਾ । ਜਗਤ ਤ੍ਰਿਸਨਾ ਮਿਟੇ ਕਾਮਨ, ਤ੍ਰੈਗੁਣ ਅਤੀਤਾ ਸਤਿ ਸਤਿ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਵੇਖੇ ਗੁਰਸਿਖ ਘਰ, ਸਤਿਗੁਰ ਮੰਦਰ ਆਪ ਵਡਿਆਇੰਦਾ । ਸਤਿਗੁਰ ਮੰਦਰ ਗੁਰਸਿਖ ਦਰਵਾਜ਼ਾ, ਏਕਾ ਏਕ ਖੁਲ੍ਹਾਈਆ । ਗੁਰਸਿਖ ਅੰਦਰ ਵਸੇ ਗ਼ਰੀਬ ਨਿਵਾਜ਼ਾ, ਰੂਪ ਰੰਗ ਰੇਖ ਨਾ ਕੋਇ ਰਖਾਈਆ । ਸ਼ਬਦ ਅਗੰਮੀ ਏਕਾ ਤਾਜਾ, ਸਾਚਾ ਅਸਵ ਰਿਹਾ ਦੌੜਾਈਆ । ਸ਼ਾਹੋ ਭੂਪ ਬਣ ਰਾਜਨ ਰਾਜਾ, ਸਾਚੀ ਰੱਯਤ ਵੇਖ ਵਖਾਈਆ । ਆਪਣਾ ਰਚ ਰਚ ਆਪੇ ਕਾਜਾ, ਆਪੇ ਖ਼ੁਸ਼ੀ ਮਨਾਈਆ । ਆਪੇ ਰੱਖੇ ਸਾਚੀ ਲਾਜਾ, ਗੁਰ ਸਤਿਗੁਰ ਹੋਏ ਸਹਾਈਆ । ਗੁਰ ਗੁਰ ਦੇਵੇ ਸਾਚਾ ਦਾਜਾ, ਸਾਚੀ ਵਸਤ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਲਾਜਾ ਆਪ ਰਖਾਈਆ । ਸਤਿਗੁਰ ਗ੍ਰਿਹਿ ਗੁਰ ਰੱਖੇ ਲਾਜ, ਗੁਰ ਆਪਣਾ ਖੇਲ ਖਿਲਾਇੰਦਾ । ਗੁਰਸਿਖ ਗ੍ਰਿਹਿ ਸਤਿਗੁਰ ਸਾਜਣ ਸਾਜ, ਸਤਿਗੁਰ ਆਪਣਾ ਆਸਣ ਲਾਇੰਦਾ । ਆਪ ਚਲਾਏ ਆਪਣਾ ਜਹਾਜ਼, ਸਾਚਾ ਬੇੜਾ ਆਪਣੇ ਕੰਧ ਉਠਾਇੰਦਾ । ਪਾਹਰੂ ਪੱਤਣ ਬਣ ਗ਼ਰੀਬ ਨਿਵਾਜ਼, ਏਕਾ

ਘਾਟ ਡੇਰਾ ਲਾਇੰਦਾ । ਲੱਖ ਚੁਰਾਸੀ ਵਿਚੋਂ ਗੁਰਮੁਖ ਵਿਰਲੇ ਮਾਰੇ ਵਾਜ, ਜਗਤ ਸੋਏ ਆਪ ਉਠਾਇੰਦਾ । ਗੁਰਸਿਖ ਤੇਰਾ ਸੀਸ ਮੇਰਾ ਤਾਜ, ਸਤਿਗੁਰ ਖ਼ੁਸ਼ੀ ਮਨਾਇੰਦਾ । ਤੇਰਾ ਰੰਗ ਮੇਰਾ ਰਾਜ, ਤੇਰਾ ਰੂਪ ਮੋਹੇ ਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਸਾਚਾ ਘਰ ਆਪ ਸਮਝਾਇੰਦਾ । ਸਤਿਗੁਰ ਘਰ ਸਚ ਨਿਸ਼ਾਨ, ਗੁਰਸਿਖ ਗੁਰ ਗੁਰ ਜਣਾਈਆ । ਗੁਰਸਿਖ ਘਰ ਵਸੇ ਸ੍ਰੀ ਭਗਵਾਨ, ਆਪਣਾ ਡੇਰਾ ਲਾਈਆ । ਲੇਖਾ ਜਾਣੇ ਦੋ ਜਹਾਨ, ਅਨਭਵ ਪਰਕਾਸ਼ ਕਰਾਈਆ । ਚਾਰ ਜੁਗ ਹੋਏ ਹੈਰਾਨ, ਹਰਿ ਕਾ ਭੇਵ ਕੋਇ ਨਾ ਆਈਆ । ਪਰਗਟ ਹੋਏ ਜੋਧਾ ਸੂਰਬੀਰ ਬਲੀ ਬਲਵਾਨ, ਬਲ ਆਪਣਾ ਆਪ ਧਰਾਈਆ । ਗੁਰਮੁਖ ਵੇਖੇ ਚਤੁਰ ਸੁਘੜ ਸੁਜਾਨ, ਕਾਇਆ ਮਾਟੀ ਫੋਲ ਫੁਲਾਈਆ । ਨਿਸ਼ਅੱਖਰ ਪਾਏ ਦਾਨ, ਹੰ ਬ੍ਰਹਮ ਇਕ ਪੜ੍ਹਾਈਆ । ਸੋ ਪੁਰਖ ਨਿਰੰਜਣ ਇਕ ਕਿਰਪਾਨ, ਕਾਇਆ ਗਾਤਰੇ ਆਪ ਟਿਕਾਈਆ । ਅੰਮ੍ਰਿਤ ਦੇਵੇ ਪੀਣ ਖਾਣ, ਨਿਝਰ ਝਿਰਨਾ ਰਸ ਝਿਰਾਈਆ । ਸਤਿਗੁਰ ਘਰ ਗੁਰ ਗੋਬਿੰਦ ਵੇਖੇ ਆਣ, ਆਪ ਆਪਣਾ ਰੂਪ ਛੁਪਾਈਆ । ਗੁਰਸਿਖ ਗੁਰ ਕਰੇ ਪਰਵਾਨ, ਆਪਣਾ ਬੰਧਨ ਪਾਈਆ । ਆਪ ਵਸਾਏ ਇਕ ਮਕਾਨ, ਏਕਾ ਖੇੜਾ ਦਏ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਦਰ ਸੋਭਾ ਪਾਈਆ । ਗੁਰਸਿਖ ਦਰ ਸੋਭਾਵੰਤ, ਸੋ ਪੁਰਖ ਨਿਰੰਜਣ ਆਪ ਸੁਹਾਇੰਦਾ । ਗੁਰਸਿਖ ਦਰ ਮਿਲੇ ਮੇਲਾ ਨਾਰੀ ਕੰਤ, ਨਰ ਨਰਾਇਣ ਮੇਲ ਮਿਲਾਇੰਦਾ । ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਉਤਰ ਕਦੇ ਨਾ ਜਾਇੰਦਾ । ਆਪਣੀ ਮਹਿਮਾ ਜਣਾਏ ਅਗਣਤ, ਲੇਖਾ ਲਿਖਤ ਵਿਚ ਨਾ ਆਇੰਦਾ । ਸੋ ਸੱਜਣ ਸੋ ਸੱਚਾ ਸੰਤ, ਜਿਸ ਆਪਣੇ ਦਰ ਬਹਾਇੰਦਾ । ਦੂਜੇ ਦਰ ਨਾ ਜਾਏ ਮੰਗਤ, ਸਾਚੀ ਭਿਛਿਆ ਝੋਲੀ ਪਾਇੰਦਾ । ਨਾਤਾ ਤੋੜ ਜੇਰਜ ਅੰਡਤ, ਉਤਭੁਜ ਸੇਤਜ ਪੰਧ ਮੁਕਾਇੰਦਾ । ਲੱਖ ਚੁਰਾਸੀ ਕਰੇ ਖੰਡਤ, ਏਕਾ ਖੰਡਾ ਨਾਮ ਫਿਰਾਇੰਦਾ । ਗੁਰਸਿਖ ਗਿਆਨ ਬੋਧੀ ਸਾਚਾ ਪੰਡਤ, ਜਿਸ ਜਨ ਸੋਹੰ ਅੱਖਰ ਜਾਪ ਜਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਘਰ ਵਿਚ ਆਸਣ ਲਾਇੰਦਾ । ਘਰ ਮੇਲਾ ਜਗਦੀਸ ਜਗਦੀਸਰ, ਸਾਚੀ ਦਿਸ਼ਾ ਵੇਖ ਵਖਾਈਆ । ਗੁਰਸਿਖ ਵੱਡਾ ਤਪੀ ਤਪੀਸ਼ਰ, ਜਿਸ ਮਿਲਿਆ ਬੇਪਰਵਾਹੀਆ । ਗੁਰਸਿਖ ਵੱਡਾ ਰਿਖੀ ਰਿਖੀਸ਼ਰ, ਰਿਖ ਮੁਨ ਰਹੇ ਧਿਆਈਆ । ਗੁਰਸਿਖ ਵੱਡਾ ਸਤਿਗੁਰ ਮਿਲਿਆ ਈਸ਼ਰ, ਮਿਲ ਸਤਿਗੁਰ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਸਾਚਾ ਇਕ ਵਡਿਆਈਆ । ਸਤਿਗੁਰ ਵੱਡਾ ਘਰ ਵੱਡੀ ਵਡਿਆਈ, ਵਡ ਵੱਡਾ ਖੇਲ ਖਿਲਾਇੰਦਾ । ਗੁਰਸਿਖ ਵੱਡਾ ਗੁਰ ਪਕੜੇ ਬਾਹੀਂ, ਗੁਰ ਗੁਰ ਸਾਚਾ ਸੰਗ ਨਿਭਾਇੰਦਾ । ਦੋਹਾਂ ਮੇਲਾ ਏਕਾ ਥਾਈਂ, ਸਾਚਾ ਬੰਕ ਆਪ ਉਪਾਇੰਦਾ । ਇਕ ਦੂਜੇ ਨੂੰ ਵੇਖਣ ਚਾਈਂ ਚਾਈਂ, ਨੇਤਰ ਨੈਣ ਨੈਣ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੀ ਗੋਦ ਧਰ, ਆਪਣੇ ਗਲੇ ਲਗਾਇੰਦਾ । ਹਰਿਜਨ ਗੋਦੀ ਆਪੇ ਚੁੱਕ, ਆਪਣੇ ਨਾਲ ਮਿਲਾਈਆ । ਆਪ ਜਗਾਏ ਨਿਰਮਲ ਜੋਤ, ਅੰਧ ਅੰਧੇਰ ਮਿਟਾਈਆ । ਆਪੇ ਕੱਢੇ ਵਾਸਨਾ ਖੋਟ, ਦੁਰਮਤ ਮੈਲ ਧਵਾਈਆ । ਆਪ ਵਖਾਏ ਸਾਚਾ ਕੋਟ, ਕਾਇਆ ਮੰਦਰ ਗੜ੍ਹ ਵਡਿਆਈਆ । ਆਪ ਵਖਾਏ ਏਕਾ ਓਟ, ਚਰਨ ਸਰਨ ਸੱਚੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਆਪਣੇ ਸੰਗ ਬਨ੍ਹਾਈਆ । ਗੁਰਸਿਖ ਸੰਗ ਸਤਿਗੁਰ ਸਾਥ, ਸਗਲਾ ਸੰਗ ਨਿਭਾਇੰਦਾ । ਗੁਰਸਿਖ ਮੁਸਾਫ਼ਰ ਸਤਿਗੁਰ ਰਾਥ, ਫੜ ਬਾਹੋਂ ਆਪ ਚੜ੍ਹਾਇੰਦਾ ।

ਗੁਰਸਿਖ ਆਰਫ਼ ਸਤਿਗੁਰ ਗਾਥ, ਏਕਾ ਮੰਤਰ ਨਾਮ ਪੜ੍ਹਾਇੰਦਾ । ਗੁਰਸਿਖ ਤੇਰੀ ਕੋਈ ਨਾ ਕਰੇ ਸਿਫ਼ਾਰਸ਼, ਤੇਰੇ ਅੱਗੇ ਵਿਸ਼ਨ ਬ੍ਰਹਮ ਸ਼ਿਵ ਸੀਸ ਝੁਕਾਇੰਦਾ । ਤੇਰੀ ਤੇਰਾ ਸਤਿਗੁਰ ਬੰਧਾਏ ਢਾਰਸ, ਤੇਰਾ ਡੇਰਾ ਕੋਇ ਨਾ ਢਾਹਿੰਦਾ । ਤੇਰੇ ਕੋਲੋਂ ਰਾਏ ਧਰਮ ਨਾ ਮੰਗੇ ਕੋਈ ਆੜ੍ਹਤ, ਲੇਖਾ ਚਿਤਰ ਗੁਪਤ ਨਾ ਕੋਇ ਜਣਾਇੰਦਾ । ਤੇਰਾ ਲੇਖਾ ਲਿਖੇ ਸਤਿਗੁਰ ਆਪਣੀ ਇਬਾਰਤ, ਲਿਖ ਲਿਖ ਲੇਖਾ ਜਗਤ ਸਮਝਾਇੰਦਾ । ਤੇਰਾ ਰੂਪ ਸਚ ਸੁੱਚਾ ਹੋਏ ਠਗ ਬਨਾਰਸ, ਠੱਗੀ ਠੱਗੀ ਲੇਖੇ ਪਾਇੰਦਾ । ਜਨਮ ਜਨਮ ਜਨਮ ਘੜਿਆ ਘਾੜਤ, ਘੜ ਘੜ ਭੰਨ ਭੰਨ ਵੇਖ ਵਖਾਇੰਦਾ । ਤੇਰੀ ਤੇਰਾ ਗੁਰਸਿਖ ਸਤਿਗੁਰ ਆਏ ਕਰਨ ਵਜ਼ਾਰਤ, ਕਾਇਆ ਮਜ਼ਾਰ ਇਕ ਸੁਹਾਇੰਦਾ । ਤੇਰੇ ਦਵਾਰ ਡੌਰੂ ਵਜਾਏ ਨਾਰਦ, ਆਪਣਾ ਨਾਚ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਮੇਲਾ ਗੁਰਸਿਖ ਘਰ, ਸਤਿਗੁਰ ਸੱਜਣ ਲੜ ਲਏ ਫੜ, ਫੜਿਆ ਲੜ ਨਾ ਕੋਇ ਛੁਡਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦਵਾਰੇ ਆਏ ਚਲ, ਸੋ ਦਵਾਰਾ ਲੋਕਮਾਤ ਸੋਭਾ ਪਾਇੰਦਾ । ਠਗ ਬਨਾਰਸ ਬਣ ਭਗਵਾਨ, ਗੰਗਾ ਵਿਚ ਸਮਾਈਆ । ਰਵਦਾਸ ਕਸੀਰਾ ਕਰ ਪਰਵਾਨ, ਆਪਣੀ ਖ਼ੁਸ਼ੀ ਮਨਾਈਆ । ਆਪਣਾ ਕੰਗਣ ਦੇ ਗੁਣ ਨਿਧਾਨ, ਸੁਰਤੀ ਸੁਰਤ ਭਵਾਈਆ । ਪੰਡਤ ਪਾਂਧਾ ਹੋਇਆ ਬੇਈਮਾਨ, ਬ੍ਰਹਮ ਵਿਦਿਆ ਸੰਗ ਨਾ ਕੋਇ ਰਖਾਈਆ । ਦੰਡ ਦਵਾਰ ਦਏ ਰਾਜ ਰਾਜਾਨ, ਜੀਵ ਜੀਵ ਰਿਹਾ ਕੁਰਲਾਈਆ । ਕਵਣ ਵੇਲਾ ਰਵਦਾਸ ਚਮਾਰਾ ਮਿਲੇ ਆਣ, ਮੇਰੀ ਬੰਦੀ ਦਏ ਕਟਾਈਆ । ਇਕ ਦੂਜੇ ਦਾ ਹੋਏ ਗਿਆਨ, ਕਵਣ ਠਗ ਕਵਣ ਠੱਗੀ ਰਿਹਾ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਈਆ ।



★ ੨੨ ਭਾਦਰੋਂ ੨੦੧੮ ਬਿਕ੍ਰਮੀ ਗੁਰਦਿਆਲ ਸਿੰਘ ਦੇ ਗ੍ਰਹਿ ਪਿੰਡ ਨਵਾਂ ਰਾਮੂ ਵਾਲਾ ਜ਼ਿਲਾ ਫ਼ਿਰੋਜ਼ਪੁਰ ★

ਸੋ ਪੁਰਖ ਨਿਰੰਜਣ ਸਚ ਸੁਲਤਾਨ, ਸਤਿ ਸਤਿਵਾਦੀ ਨਾਉਂ ਧਰਾਇੰਦਾ । ਹਰਿ ਪੁਰਖ ਨਿਰੰਜਣ ਵਡ ਮਿਹਰਵਾਨ, ਦੀਨ ਦਿਆਲ ਖੇਲ ਖਿਲਾਇੰਦਾ । ਏਕੰਕਾਰਾ ਵਡ ਬਲਵਾਨ, ਬਲ ਧਾਰੀ ਭੇਵ ਨਾ ਆਇੰਦਾ । ਆਦਿ ਨਿਰੰਜਣ ਨੂਰ ਮਹਾਨ, ਜੋਤ ਉਜਾਲਾ ਡਗਮਗਾਇੰਦਾ । ਅਬਿਨਾਸ਼ੀ ਕਰਤਾ ਖੇਲ ਮਹਾਨ, ਨਿਰਵੈਰ ਪੁਰਖ ਆਪ ਕਰਾਇੰਦਾ । ਸ੍ਰੀ ਭਗਵਾਨ ਸਚ ਨਿਸ਼ਾਨ, ਸਚ ਦਵਾਰੇ ਆਪ ਝੁਲਾਇੰਦਾ । ਪਾਰਬ੍ਰਹਮ ਪ੍ਰਭ ਗੁਣ ਨਿਧਾਨ, ਭੇਵ ਅਭੇਵ ਆਪ ਛੁਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਸੰਗ ਆਪ ਨਿਭਾਇੰਦਾ । ਸਾਚਾ ਸੰਗ ਹਰਿ ਨਿਰੰਕਾਰ, ਆਪਣਾ ਆਪ ਨਿਭਾਈਆ । ਆਪ ਆਪਣਾ ਕਰ ਪਿਆਰ, ਆਪ ਆਪਾ ਲਏ ਪਰਗਟਾਈਆ । ਆਪੇ ਕਰੇ ਖੇਲ ਅਗੰਮ ਅਪਾਰ, ਅਲਖ ਅਗੋਚਰ ਬੇਪਰਵਾਹੀਆ । ਆਪੇ ਇਛਿਆ ਆਪੇ ਭਿਛਿਆ ਆਪੇ ਬਣ ਵਰਤਾਰ, ਆਪੇ ਝੋਲੀ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਈਆ । ਆਪਣਾ ਖੇਲ ਹਰਿ ਕਰਤਾਰਾ, ਆਦਿ ਪੁਰਖ ਅਜੂਨੀ ਰਹਿਤ ਹੋ ਉਜਿਆਰਾ, ਨਿਰਗੁਣ ਨਿਰਵੈਰ ਡਗਮਗਾਇੰਦਾ । ਆਪ ਆਪਣਾ ਕਰ ਪਸਾਰਾ, ਹਰਿ ਆਪੇ ਵੇਖ ਵਖਾਇੰਦਾ । ਆਪੇ ਦੀਪ ਆਪ ਉਜਿਆਰਾ, ਜੋਤੀ ਜਾਤਾ ਆਪ ਹੋ ਜਾਇੰਦਾ । ਆਪੇ ਕਰੇ ਸਾਚੀ ਕਾਰਾ, ਕਰਤਾ ਪੁਰਖ ਸਾਚੀ ਕਾਰ ਕਰਾਇੰਦਾ । ਆਪੇ ਸੇਵਕ ਸੇਵਾਦਾਰਾ, ਸਾਚੀ ਸੇਵਾ ਆਪਣੇ ਹੱਥ ਰਖਾਇੰਦਾ । ਆਪ ਬਣਾਏ ਸਚ ਮੁਨਾਰਾ,

ਸਚਖੰਡ ਦਵਾਰਾ ਆਪ ਬਣਾਇੰਦਾ । ਆਪੇ ਵਸੇ ਵਸਣਹਾਰਾ, ਦੂਸਰ ਸੰਗ ਨਾ ਕੋਇ ਰਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮੰਦਰ ਆਪ ਉਪਾਇੰਦਾ । ਆਪਣਾ ਮੰਦਰ ਆਪ ਉਪਾ, ਆਪੇ ਵੇਖ ਵਖਾਈਆ । ਆਪਣਾ ਦੀਪਕ ਆਪ ਜਗਾ, ਆਪ ਕਰੇ ਰੁਸ਼ਨਾਈਆ । ਆਪੇ ਬਹੇ ਆਸਣ ਲਾ, ਸਚ ਸਿੰਘਾਸਣ ਆਪ ਸੁਹਾਈਆ । ਆਪਣਾ ਮਤਾ ਆਪ ਪਕਾ, ਆਪੇ ਕਰੇ ਸਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਸੋਭਾ ਪਾਈਆ । ਸਚਖੰਡ ਦਵਾਰਾ ਘਾੜਨ ਘੜਿਆ, ਪੁਰਖ ਅਬਿਨਾਸ਼ੀ ਦਇਆ ਕਮਾਇੰਦਾ । ਨਿਰਗੁਣ ਅੰਦਰ ਨਿਰਗੁਣ ਵੜਿਆ, ਦਿਸ ਕਿਸੇ ਨਾ ਆਇੰਦਾ । ਆਪਣੀ ਕਰਨੀ ਆਪੇ ਕਰਿਆ, ਕਰਤਾ ਪੁਰਖ ਆਪ ਹੋ ਜਾਇੰਦਾ, ਸ਼ਾਹੋ ਭੂਪ ਆਪੇ ਬਣਿਆ, ਰਾਜ ਰਾਜਾਨ ਸ਼ਾਹ ਪਾਤਸ਼ਾਹ ਆਪਣਾ ਨਾਉਂ ਧਰਾਇੰਦਾ । ਆਪਣਾ ਹੁਕਮ ਆਪੇ ਕਰਿਆ, ਧੁਰ ਫ਼ਰਮਾਨਾ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਆਪ ਉਠਾਇੰਦਾ । ਆਪਣਾ ਪਰਦਾ ਆਪੇ ਖੋਲ੍ਹ, ਆਪੇ ਵੇਖ ਵਖਾਈਆ । ਆਪੇ ਵਸੇ ਆਪਣੇ ਕੋਲ, ਸਗਲਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਅੰਦਰ ਨਿਰਗੁਣ ਮੌਲ, ਆਪਣੀ ਧਾਰ ਚਲਾਈਆ । ਨਿਰਗੁਣ ਅੰਦਰ ਨਿਰਗੁਣ ਧਾਰ, ਨਿਰਵੈਰ ਪੁਰਖ ਆਪ ਚਲਾਇੰਦਾ । ਅਜੂਨੀ ਰਹਿਤ ਹੋ ਉਜਿਆਰ, ਅਨਭਵ ਪਰਕਾਸ਼ ਕਰਾਇੰਦਾ । ਆਪ ਆਪਣਾ ਕਰ ਪਸਾਰ, ਸਚਖੰਡ ਦਵਾਰਾ ਆਪ ਸੁਹਾਇੰਦਾ । ਆਪੇ ਪੁਰਖ ਆਪੇ ਨਾਰ, ਆਪਣੀ ਸੇਜ ਆਪ ਹੰਢਾਇੰਦਾ । ਆਪੇ ਜਣਨੀ ਜਨ ਬਣ ਨਿਰੰਕਾਰ, ਆਪਣੀ ਗੋਦ ਸੁਹਾਇੰਦਾ । ਆਪੇ ਸੁਤ ਦੁਲਾਰਾ ਕਰ ਪਿਆਰ, ਸ਼ਬਦੀ ਸ਼ਬਦ ਉਪਾਇੰਦਾ । ਆਪੇ ਗਗਨ ਮੰਡਲ ਬੰਨ੍ਹੇ ਸਾਚੀ ਧਾਰ, ਜਲ ਥਲ ਮਹੀਅਲ ਆਪ ਸੁਹਾਇੰਦਾ । ਆਪੇ ਧਰਤ ਧਵਲ ਦਏ ਸਹਾਰ, ਆਪਣੀ ਬਣਤ ਆਪ ਬਣਾਇੰਦਾ । ਆਪੇ ਪੰਜ ਤੱਤ ਜਾਣੇ ਆਪ ਅਖਾੜ, ਪੰਚਮ ਰੰਗ ਆਪ ਰੰਗਾਇੰਦਾ । ਕਰੇ ਖੇਲ ਅਗੰਮ ਅਪਾਰ, ਬੇਅੰਤ ਆਪਣਾ ਨਾਉਂ ਧਰਾਇੰਦਾ । ਸਚਖੰਡ ਸਾਚੇ ਹੋ ਤਿਆਰ, ਥਿਰ ਘਰ ਖੋਲ੍ਹੇ ਆਪ ਕਿਵਾੜ, ਸਚ ਸਿੰਘਾਸਣ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਰੂਪ ਅਨੂਪ ਆਪਣਾ ਆਪ ਪਰਗਟਾਇੰਦਾ । ਨਿਰਗੁਣ ਨੂਰ ਆਪ ਪਰਗਟਾ, ਆਪਣੀ ਖੇਲ ਖਿਲਾਇੰਦਾ । ਆਪੇ ਹੋਏ ਬੇਪਰਵਾਹ, ਭੇਵ ਕੋਇ ਨਾ ਪਾਇੰਦਾ । ਆਪੇ ਬਣ ਸਚ ਮਲਾਹ, ਸਾਚਾ ਬੇੜਾ ਆਪ ਚਲਾਇੰਦਾ । ਆਪ ਉਪਾ ਆਪਣਾ ਨਾਂ, ਨਾਉਂ ਨਿਰੰਕਾਰਾ ਆਪ ਧਰਾਇੰਦਾ । ਆਪ ਬਣ ਸੱਚਾ ਸ਼ਹਿਨਸ਼ਾਹ, ਸੀਸ ਤਾਜ ਆਪ ਟਿਕਾਇੰਦਾ । ਆਪੇ ਹੁਕਮੀ ਹੁਕਮ ਦਏ ਵਖਾ, ਧੁਰ ਫ਼ਰਮਾਨਾ ਆਪ ਜਣਾਇੰਦਾ । ਆਪੇ ਸੁਤ ਦੁਲਾਰਾ ਸੇਵਾ ਲਾ, ਸ਼ਬਦੀ ਸ਼ਬਦ ਹੁਕਮ ਸੁਣਾਇੰਦਾ । ਨਿਰਗੁਣ ਸਰਗੁਣ ਖੇਲ ਖਿਲਾ, ਲੱਖ ਚੁਰਾਸੀ ਘਾੜਨ ਆਪ ਘੜਾਇੰਦਾ । ਸ਼ਬਦ ਅਗੰਮੀ ਆਪੇ ਗਾ, ਭੇਵ ਅਭੇਦ ਖੁਲ੍ਹਾਇੰਦਾ । ਚਾਰੇ ਵੇਦਾਂ ਭੇਵ ਚੁਕਾ, ਆਪਣਾ ਰੰਗ ਰੰਗਾਇੰਦਾ । ਸਾਚੀ ਧਾਰ ਏਕੰਕਾਰ, ਨਿਰਗੁਣ ਸਰਗੁਣ ਆਪ ਚਲਾਈਆ । ਬ੍ਰਹਿਮੰਡ ਖੰਡ ਲੋਆਂ ਪੁਰੀਆਂ ਕਰ ਤਿਆਰ, ਸੂਰਜ ਚੰਨ ਆਪ ਚਮਕਾਈਆ । ਮੰਡਲ ਮੰਡਪ ਹੋ ਉਜਿਆਰ, ਨੂਰੋ ਨੂਰ ਡਗਮਗਾਈਆ । ਤ੍ਰੈਗੁਣ ਮਾਇਆ ਭਰ ਭੰਡਾਰ, ਵਿਸ਼ਨ ਬ੍ਰਹਮਾ ਸ਼ਿਵ ਝੋਲੀ ਆਪ ਭਰਾਈਆ । ਨਿਰਗੁਣ ਸਰਗੁਣ ਕਰ ਪਿਆਰ, ਨਿਰਗੁਣ ਨਿਰਗੁਣ ਆਪਣੀ ਵੰਡ ਆਪ ਵੰਡਾਈਆ । ਨੌਂ ਦਵਾਰੇ ਖੋਲ੍ਹ ਕਿਵਾੜ, ਜਗਤ ਤ੍ਰਿਸਨਾ ਆਸਾ ਹਉਮੇ ਹੰਗਤਾ ਨਾਲ ਮਿਲਾਈਆ । ਕਰੇ ਖੇਲ ਅਪਰ ਅਪਾਰ, ਅਪਰੰਪਰ


੧੨੨੪ ੧੦

ਆਪਣਾ ਖੇਲ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਦਾਤਾ ਆਪਣੇ ਰੰਗ ਰਾਤਾ, ਰੰਗ ਰੰਗੀਲਾ ਸਾਚਾ ਮਾਹੀ ਭੇਵ ਅਭੇਦ ਛੁਪਾਈਆ । ਸਾਚੀ ਧਾਰਾ ਪੁਰਖ ਅਗੰਮ, ਆਪਣੀ ਆਪ ਚਲਾਈਆ । ਨਾ ਮਰੇ ਨਾ ਪਏ ਜੰਮ, ਜੰਮਣ ਮਰਨ ਵਿਚ ਨਾ ਆਈਆ । ਆਪੇ ਵੰਡੇ ਆਪਣੀ ਵੰਡ, ਵੰਡਣਹਾਰਾ ਆਪ ਹੋ ਜਾਈਆ । ਹਰ ਘਟ ਅੰਦਰ ਸੁੱਤਾ ਦੇ ਕਰ ਕੰਡ, ਸਾਚੀ ਸੇਜਾ ਆਸਣ ਲਾਈਆ । ਆਪੇ ਹੋਏ ਆਤਮ ਅਨੰਦ, ਪਰਮਾਨੰਦ ਆਪ ਹੋ ਜਾਈਆ । ਆਪੇ ਹੋਏ ਭਰਮਾਂ ਕੰਧ, ਆਪੇ ਕਰੇ ਖੰਡ ਖੰਡ, ਆਪੇ ਆਪਣਾ ਬੰਧਨ ਪਾਈਆ । ਆਪੇ ਲੇਖਾ ਜਾਣੇ ਰਵ ਸਸ ਸੂਰਜ ਚੰਦ, ਕੋਟਨ ਕੋਟ ਆਪਣਾ ਰੂਪ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣਾ ਵੇਸ ਆਪ ਵਟਾਈਆ । ਸ਼ਬਦੀ ਸ਼ਬਦ ਖੇਲ ਖਿਲਾਇਆ, ਪਾਰਬ੍ਰਹਮ ਕਰਤਾਰ । ਆਦਿ ਪੁਰਖ ਕਿਸੇ ਭੇਵ ਨਾ ਆਇਆ, ਨਾ ਕੋਈ ਪਾਏ ਸਾਰ । ਆਪਣੀ ਵੰਡਣ ਆਪ ਕਰਾਇਆ, ਆਪੇ ਹੋਏ ਵੰਡਣਹਾਰ । ਵਿਸ਼ਨੂੰ ਵੰਸੀ ਇਕ ਬਣਾਇਆ, ਏਕਾ ਹੁਕਮ ਧੁਰ ਫ਼ਰਮਾਨ । ਬ੍ਰਹਮਾ ਬ੍ਰਹਮ ਦਏ ਪਰਗਟਾਇਆ, ਆਤਮ ਬ੍ਰਹਮ ਸਰਬ ਪਹਿਚਾਨ । ਸ਼ੰਕਰ ਤ੍ਰਿਸੂਲ ਹੱਥ ਫੜਾਇਆ, ਮੇਟੇ ਸਰਬ ਨਿਸ਼ਾਨ । ਆਦਿ ਅੰਤ ਆਪਣੇ ਹੱਥ ਰਖਾਇਆ, ਆਪੇ ਵਸੇ ਸਚਖੰਡ ਸੱਚੇ ਮਕਾਨ । ਬੰਕ ਦਵਾਰੀ ਸੋਭਾ ਪਾਇਆ, ਸ਼ਾਹੋ ਭੂਪ ਰਾਜ ਰਾਜਾਨ । ਆਪਣੀ ਇਛਿਆ ਦਏ ਸਮਝਾਇਆ, ਲੱਖ ਚੁਰਾਸੀ ਖੋਲ੍ਹ ਦੁਕਾਨ । ਲੋਕਮਾਤ ਨੌਂ ਖੰਡ ਪ੍ਰਿਥਮੀ ਇਕ ਸੰਦੇਸਾ ਦਏ ਸੁਣਾਇਆ, ਹਰਿ ਕਾ ਨਾਉਂ ਵਡ ਬਲਵਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸ਼ਬਦ ਸ਼ਬਦ ਪਰਧਾਨ । ਸ਼ਬਦੀ ਸ਼ਬਦ ਵਡ ਪਰਧਾਨ, ਪੁਰਖ ਅਬਿਨਾਸ਼ੀ ਇਕ ਬਣਾਇੰਦਾ । ਦੋ ਜਹਾਨ ਝੁਲਾਏ ਇਕ ਨਿਸ਼ਾਨ, ਸਤਿ ਸਤਿਵਾਦੀ ਆਪ ਉਠਾਇੰਦਾ । ਲੱਖ ਚੁਰਾਸੀ ਦੇਵੇ ਬ੍ਰਹਮ ਗਿਆਨ, ਆਤਮ ਵਿਦਿਆ ਆਪ ਪੜ੍ਹਾਇੰਦਾ । ਘਰ ਵਿਚ ਘਰ ਖੋਲ੍ਹ ਦੁਕਾਨ, ਘਰ ਘਰ ਵਸਤ ਅਮੋਲਕ ਆਪ ਵਰਤਾਇੰਦਾ । ਘਰ ਰਾਗ ਘਰ ਤਰਾਨ, ਘਰ ਗੀਤ ਗੋਬਿੰਦ ਅਲਾਇੰਦਾ । ਘਰ ਮਰਦ ਘਰ ਮਰਦਾਨ, ਘਰ ਰਾਜ ਘਰ ਰਾਜਾਨ, ਘਰ ਰਈਅਤ ਵੇਖ ਵਖਾਇੰਦਾ । ਸਾਚੀ ਕਾਰ ਕਰਤਾ ਪੁਰਖ, ਆਪਣੀ ਆਪ ਕਰਾਈਆ । ਨਾ ਕੋਈ ਸੋਗ ਨਾ ਕੋਈ ਹਰਖ, ਚਿੰਤਾ ਦੁੱਖ ਨਾ ਕੋਇ ਰਖਾਈਆ । ਨਾ ਕੋਈ ਤ੍ਰਿਸਨਾ ਨਾ ਕੋਈ ਭੁੱਖ, ਆਲਸ ਨਿੰਦਰਾ ਨਾ ਕੋਇ ਰਖਾਈਆ । ਨਾ ਕੋਈ ਤਨ ਨਾ ਕੋਈ ਮੁੱਖ, ਰਸਨਾ ਜਿਹਵਾ ਨਾ ਕੋਇ ਹਿਲਾਈਆ । ਨਾ ਕੋਈ ਮਾਤਾ ਨਾ ਕੋਈ ਕੁੱਖ, ਨਾ ਕੋਈ ਬਾਲ ਗੋਦ ਬਹਾਈਆ । ਨਾ ਕੋਈ ਪਿਤਾ ਨਾ ਕੋਈ ਪੁੱਤ, ਨਾ ਕੋਈ ਧੰਨ ਜਣੇਂਦੀ ਮਾਈਆ । ਨਾ ਕੋਈ ਕਿਲਾ ਨਾ ਕੋਈ ਕੋਟ, ਨਾ ਕੋਈ ਮੰਦਰ ਰਿਹਾ ਸੁਹਾਈਆ । ਆਦਿ ਪੁਰਖ ਨਿਰਮਲ ਜੋਤ, ਜੋਤੀ ਜੋਤ ਡਗਮਗਾਈਆ । ਆਪੇ ਜਾਣੇ ਆਪਣਾ ਓਤ ਪੋਤ, ਸ਼ਬਦੀ ਸ਼ਬਦ ਸੁਤ ਉਠਾਈਆ । ਆਪੇ ਲਾਏ ਸਾਚੀ ਚੋਟ, ਧੁਰ ਫ਼ਰਮਾਨਾ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਈਆ । ਹਰਿ ਹਰਿ ਭੇਵ ਖੁਲਾਇੰਦਾ, ਪੁਰਖ ਅਗੰਮ ਅਗੰਮੜੀ ਕਾਰ । ਸੁਤ ਸ਼ਬਦ ਆਪ ਸਮਝਾਇੰਦਾ, ਆਦਿ ਪੁਰਖ ਹੋ ਤਿਆਰ । ਰੂਪ ਰੰਗ ਨਾ ਕੋਇ ਵਖਾਇੰਦਾ, ਨਿਰਗੁਣ ਜੋਤ ਜੋਤ ਉਜਿਆਰ । ਸਾਚੇ ਮੰਦਰ ਸੋਭਾ ਪਾਇੰਦਾ, ਸਾਚਾ ਬੰਕ ਕਰ ਤਿਆਰ । ਤੇਰਾ ਸਗਲਾ ਸੰਗ ਨਿਭਾਇੰਦਾ, ਵੇਸ ਕਰ ਏਕੰਕਾਰ । ਨੂਰ ਨੁਰਾਨਾ ਡਗਮਗਾਇੰਦਾ, ਜੋਤੀ ਜਾਤਾ ਹੋ ਉਜਿਆਰ । ਸ੍ਰੀ ਭਗਵਾਨ ਨਿਸ਼ਾਨ ਝੁਲਾਇੰਦਾ, ਦੋ

ਜਹਾਨਾਂ ਕਰ ਤਿਆਰ । ਪਾਰਬ੍ਰਹਮ ਤੇਰਾ ਸੰਗ ਨਿਭਾਇੰਦਾ, ਰੂਪ ਅਨੂਪ ਧਰੇ ਅਪਾਰ । ਤੇਰਾ ਸਿੰਘਾਸਣ ਆਪ ਸੁਹਾਇੰਦਾ, ਕਰ ਕਿਰਪਾ ਹਰਿ ਨਿਰੰਕਾਰ । ਪੁਰਖ ਅਬਿਨਾਸ਼ੀ ਵੇਖ ਵਖਾਇੰਦਾ, ਆਪੇ ਹੋਏ ਵੇਖਣਹਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਤੇਰੀ ਵੰਡਣ ਵੰਡ ਵੰਡਾਇੰਦਾ । ਤੇਰੀ ਰਚਨਾ ਰਚ ਸੰਸਾਰ, ਲੱਖ ਚੁਰਾਸੀ ਖੇਲ ਖਿਲਾਵਣਾ । ਕਿਰਪਾ ਕਰ ਆਪ ਕਰਤਾਰ, ਸ਼ਬਦ ਸੁਤ ਸਮਝਾਵਣਾ । ਨਿਰਗੁਣ ਸਰਗੁਣ ਹੋ ਉਜਿਆਰ, ਤੇਰਾ ਰੰਗ ਵਖਾਵਣਾ । ਘਰ ਘਰ ਕਰਾਂ ਜੈਕਾਰ, ਅਨਹਦ ਨਾਦੀ ਨਾਦ ਵਜਾਵਣਾ । ਬ੍ਰਹਮ ਬ੍ਰਹਮ ਕਰ ਪਸਾਰ, ਪਾਰਬ੍ਰਹਮ ਵੰਡ ਵੰਡਾਵਣਾ । ਈਸ਼ ਈਸ਼ ਪਾਵੇ ਸਾਰ, ਜੀਵ ਜੀਵ ਦਏ ਅਧਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਖੇਲ ਕਰੇ ਅਪਾਰ । ਅਪਰ ਅਪਾਰਾ ਖੇਲ ਖਿਲਾਉਣਾ, ਤੇਰੀ ਸੇਵਾ ਸਚ ਲਗਾ । ਲੱਖ ਚੁਰਾਸੀ ਘਾੜਨ ਘੜਤ ਘੜਾਉਣਾ, ਚਾਰੇ ਖਾਣੀ ਵੰਡ ਵੰਡਾ । ਉਤਭੁਜ ਸੇਤਜ ਜੇਰਜ ਅੰਡਜ ਬੰਧਨ ਪਾਉਣਾ, ਤ੍ਰੈਗੁਣ ਆਪਣਾ ਰੰਗ ਰੰਗਾ । ਤੇਰਾ ਨਾਉਂ ਨਾਉਂ ਪਰਗਟਾਉਣਾ, ਚਾਰੇ ਬਾਣੀ ਭੇਵ ਖੁਲ੍ਹਾ । ਪਰਾ ਪਸੰਤੀ ਮਧਮ ਬੈਖਰੀ ਤੇਰਾ ਨਾਉਂ ਗਾਉਣਾ, ਸਾਚੀ ਸੇਵ ਸੇਵ ਕਮਾ । ਚਾਰ ਜੁਗ ਤੇਰਾ ਖੇਲ ਖਿਲਾਉਣਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਾਉਂ ਧਰਾ । ਨੌਂ ਖੰਡ ਪ੍ਰਿਥਮੀ ਭਾਗ ਲਗਾਉਣਾ, ਸੱਤਾਂ ਦੀਪਾਂ ਕਰ ਰੁਸ਼ਨਾ । ਆਪਣਾ ਗੇੜਾ ਆਪ ਦੁਆਉਣਾ, ਜੁਗ ਜੁਗ ਗੇੜਾ ਦਏ ਭੁਆ । ਜੋ ਘੜਿਆ ਸੋ ਭੰਨ ਵਖਾਉਣਾ, ਥਿਰ ਕੋਈ ਰਹੇ ਨਾ । ਸ਼ਬਦੀ ਸ਼ਬਦ ਤੇਰਾ ਮਰਦੰਗ ਵਜਾਉਣਾ, ਆਦਿ ਜੁਗਾਦਿ ਦਏ ਸੁਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੁਤ ਦਿਤਾ ਵਰ, ਏਕਾ ਵਸਤ ਝੋਲੀ ਪਾ । ਸਾਚੀ ਵਸਤ ਸਾਚੀ ਦਾਤ, ਸੋ ਪੁਰਖ ਨਿਰੰਜਣ ਝੋਲੀ ਪਾਈਆ । ਜੁਗ ਜੁਗ ਤੇਰਾ ਖੇਲ ਤਮਾਸ਼, ਵੇਖ ਵਖਾਏ ਬੇਪਰਵਾਹੀਆ । ਜੁਗ ਜੁਗ ਵੇਖੇ ਤੇਰੀ ਰਾਸ, ਲੱਖ ਚੁਰਾਸੀ ਨਾਚ ਨਚਾਈਆ । ਜੁਗ ਜੁਗ ਤੇਰੀ ਪੂਰੀ ਕਰੇ ਆਸ, ਨਿਰਗੁਣ ਸਰਗੁਣ ਰੂਪ ਵਟਾਈਆ । ਨਿਰਗੁਣ ਤੇਰੀ ਬੁਝਾਏ ਪਿਆਸ, ਅੰਮ੍ਰਿਤ ਮੇਘ ਬਰਸਾਈਆ । ਜੁਗ ਜੁਗ ਕਰੇ ਬੰਦ ਖ਼ੁਲਾਸ, ਆਪਣਾ ਬੰਧਨ ਦਏ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦ ਆਪ ਜਣਾਈਆ । ਭੇਵ ਅਭੇਦ ਸੁਣ ਸੰਦੇਸ਼ਾ, ਸ਼ਬਦੀ ਸੀਸ ਝੁਕਾਇੰਦਾ । ਤੂੰ ਸ਼ਾਹ ਪਾਤਸ਼ਾਹ ਨਰ ਨਰੇਸ਼ਾ, ਬੇਅੰਤ ਤੇਰਾ ਭੇਵ ਨਾ ਆਇੰਦਾ । ਕਵਣ ਰੂਪ ਧਾਰੇਂ ਵੇਸਾ, ਲੋਕਮਾਤ ਖੇਲ ਖਿਲਾਇੰਦਾ । ਕਵਣ ਦਵਾਰਾ ਤੇਰਾ ਵੇਖਾਂ, ਜਿਤ ਦਵਾਰੇ ਸੋਭਾ ਪਾਇੰਦਾ । ਕਵਣ ਮੰਦਰ ਕਰੇਂ ਲੇਖਾ, ਜੁਗ ਜੁਗ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸ਼ਬਦੀ ਮੰਗ ਮੰਗਾਇੰਦਾ । ਸ਼ਬਦੀ ਮੰਗੇ ਏਕਾ ਮੰਗ, ਪ੍ਰਭ ਅੱਗੇ ਝੋਲੀ ਡਾਹੀਆ । ਕਵਣ ਦਵਾਰਾ ਆਏ ਲੰਘ, ਨਿਰਗੁਣ ਸਰਗੁਣ ਰੂਪ ਵਟਾਈਆ । ਕਵਣ ਨਾਦ ਵਜਾਏ ਮਰਦੰਗ, ਕਵਣ ਨਾਮ ਕਰੇ ਰੁਸ਼ਨਾਈਆ । ਕਵਣ ਫੜੇ ਚੰਡ ਪਰਚੰਡ, ਦੂਤਾਂ ਦੁਸ਼ਟਾਂ ਦਏ ਖਪਾਈਆ । ਕਵਣ ਰੂਪ ਖੇਲੇ ਖੇਲ ਵਿਚ ਬ੍ਰਹਿਮੰਡ, ਬ੍ਰਹਿਮਾਂਡ ਭੇਵ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਉਂ ਬਾਲਕ ਢਹਿ ਪਿਆ ਸਰਨਾਈਆ । ਸੁਤ ਅੰਞਾਣਾ ਬਾਲੀ ਬੁਧ, ਪ੍ਰਭ ਅੱਗੇ ਨੇਤਰ ਨੈਣਾਂ ਨੀਰ ਵਹਾਇੰਦਾ । ਥਿਰ ਘਰ ਬਿਨ ਅਵਰ ਨਾ ਦੀਸੇ ਕੁਝ, ਚਾਰੋਂ ਕੁੰਟ ਅੰਧੇਰਾ ਛਾਇੰਦਾ । ਬਿਨ ਕਿਰਪਾ ਮੈਨੂੰ ਸਕੇ ਨਾ ਕੁਝ ਸੁਝ, ਮਿਹਰਵਾਨ ਮੇਰੇ ਸ਼ਹਿਨਸ਼ਾਹਿਆ । ਆਪਣਾ ਭੇਵ ਖੁਲ੍ਹਾਉਣਾ ਗੁਝ, ਏਕਾ

ਮੰਗ ਮੰਗਾਇੰਦਾ । ਤੂੰ ਪਿਤਾ ਹਉਂ ਤੇਰਾ ਪੁੱਤ, ਪਿਤਾ ਪੂਤ ਏਕਾ ਰੰਗ ਸਮਾਇੰਦਾ । ਤੂੰ ਠਾਕਰ ਹਉਂ ਤੇਰਾ ਸੁੱਤ, ਤੇਰੀ ਓਟ ਤਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਘਰ ਸੋਭਾ ਪਾਇੰਦਾ । ਵਾਰ ਥਿਤ ਨਾ ਕੋਇ ਵੀਚਾਰ, ਹਰਿ ਸਾਚਾ ਸਚ ਜਣਾਈਆ । ਕਰਾਂ ਖੇਲ ਅਪਰ ਅਪਾਰ, ਆਪਣੀ ਕਲ ਆਪ ਵਰਤਾਈਆ । ਪਰਗਟ ਹੋਵਾਂ ਵਿਚ ਸੰਸਾਰ, ਨਿਹਕਲੰਕਾ ਨਾਉਂ ਰਖਾਈਆ । ਏਕਾ ਨਾਮ ਬੋਲ ਜੈਕਾਰ, ਲੱਖ ਚੁਰਾਸੀ ਦਿਆਂ ਸੁਣਾਈਆ । ਦੁਸ਼ਟ ਹੰਕਾਰੀ ਆਪੇ ਮਾਰ, ਧਰਨੀ ਸੱਥਰ ਦਿਆਂ ਵਿਛਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਆਪਣਾ ਲੇਖਾ ਆਪ ਜਣਾਈਆ । ਸਾਚਾ ਲੇਖਾ ਸ੍ਰੀ ਭਗਵਾਨ, ਆਪਣਾ ਆਪ ਸਮਝਾਈਆ । ਨੌਂ ਸੌ ਚੁਰਾਨਵੇਂ ਚੌਕੜੀ ਅੰਤ ਹੋ ਜਾਣ, ਅੰਤਮ ਅੰਤ ਭੇਵ ਖੁਲ੍ਹਾਈਆ । ਇਕ ਇਕ ਜੁਗ ਦੇਵੇ ਦਾਨ, ਚਾਰ ਚਾਰ ਜੁਗ ਵਡਿਆਈਆ । ਚਾਰ ਜੁਗ ਕਰ ਪਰਧਾਨ, ਚਾਰ ਚਾਰ ਵੰਡ ਵੰਡਾਈਆ । ਚਾਰ ਵੇਦ ਇਕ ਨਿਸ਼ਾਨ, ਚਾਰ ਖਾਣੀ ਦਏ ਵਰਤਾਈਆ । ਚਾਰ ਬਾਣੀ ਕਰ ਪਰਧਾਨ, ਜੀਵ ਜੰਤ ਦਏ ਸਮਝਾਈਆ । ਚਾਰ ਵਰਨ ਪਾਏ ਆਨ, ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਬੰਧਨ ਪਾਈਆ । ਚਾਰ ਯਾਰੀ ਦੇਵੇ ਦਾਨ, ਨੂਰ ਇਲਾਹੀ ਬੇਪਰਵਾਹੀਆ । ਆਪੇ ਜਾਣੇ ਸਚ ਕਲਾਮ, ਕਲਮਾ ਆਪ ਸੁਣਾਈਆ । ਆਪੇ ਦੇਵੇ ਸਚ ਪੈਗ਼ਾਮ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਵ ਨੌਂ ਚਾਰ ਲੇਖਾ ਦਏ ਮੁਕਾਈਆ । ਨਵ ਨੌਂ ਚਾਰ ਲੇਖ ਮੁਕਾਉਣਾ, ਹਰਿ ਸਾਚਾ ਸਚ ਜਣਾਇੰਦਾ । ਜੁਗ ਚੌਕੜੀ ਰਹਿਣ ਨਾ ਪਾਉਣਾ, ਅੰਤਮ ਡੇਰਾ ਢਾਹਿੰਦਾ । ਜੁਗ ਚੌਕੜੀ ਗੁਰ ਅਵਤਾਰ ਸੇਵ ਲਗਾਉਣਾ, ਸਾਚਾ ਹੁਕਮ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਤ ਦੇਵੇ ਵਰ, ਕਲਜੁਗ ਅੰਤਮ ਆਪਣਾ ਭੇਵ ਜਣਾਇੰਦਾ । ਕਲਜੁਗ ਆਏ ਅੰਤਮ ਵਾਰ, ਨਵ ਨੌਂ ਚਾਰ ਰਹਿਣ ਨਾ ਪਾਈਆ । ਕਰੇ ਖੇਲ ਅਗੰਮ ਅਪਾਰ, ਅਲਖ ਅਲਖਣਾ ਵਡ ਵਡਿਆਈਆ । ਸੋ ਪੁਰਖ ਨਿਰੰਜਣ ਹੋ ਤਿਆਰ, ਹਰਿ ਪੁਰਖ ਨਿਰੰਜਣ ਲਏ ਮਿਲਾਈਆ । ਏਕੰਕਾਰਾ ਕਰ ਵੀਚਾਰ, ਆਦਿ ਨਿਰੰਜਣ ਦਏ ਸਲਾਹੀਆ । ਸ੍ਰੀ ਭਗਵਾਨ ਖੋਲ੍ਹ ਕਿਵਾੜ, ਅਬਿਨਾਸ਼ੀ ਕਰਤਾ ਲਏ ਉਠਾਈਆ । ਪਾਰਬ੍ਰਹਮ ਹੋ ਤਿਆਰ, ਸਚਖੰਡ ਦਵਾਰਾ ਆਪਣਾ ਵੇਖ ਵੇਖਾਈਆ । ਥਿਰ ਘਰ ਆਪੇ ਪਾਵੇ ਸਾਰ, ਸੁਤ ਦੁਲਾਰੇ ਵੇਖ ਵਖਾਈਆ । ਆਪਣਾ ਪੱਲੂ ਫੜਾਏ ਏਕਾ ਵਾਰ, ਛੁੱਟ ਕਦੇ ਨਾ ਜਾਈਆ । ਨਿਰਗੁਣ ਨਿਰਗੁਣ ਹੋ ਉਜਿਆਰ, ਆਪਣੀ ਸੇਵਾ ਆਪੇ ਲਾਈਆ । ਵਿਸ਼ਨ ਬ੍ਰਹਮਾ ਸ਼ਿਵ ਲਏ ਉਠਾਲ, ਲੋਆਂ ਪੁਰੀਆਂ ਹੁਕਮ ਸੁਣਾਈਆ । ਇਕ ਲਗਾਏ ਸਚ ਦਰਬਾਰ, ਸਚ ਸਿੰਘਾਸਣ ਆਸਣ ਲਾਈਆ । ਦਰ ਸੱਦੇ ਤੇਈ ਅਵਤਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੋ ਗਏ ਸੇਵ ਕਮਾਈਆ । ਭਗਤ ਭਗਵੰਤ ਕਰ ਪਿਆਰ, ਏਕਾ ਵਾਰ ਦਰ ਬੁਲਾਈਆ । ਪੁਰਖ ਅਬਿਨਾਸ਼ੀ ਸਚ ਸੁਨੇਹੜਾ ਦੇਵੇ ਸਾਚੀ ਵਾਰ, ਗੁਰ ਗੁਰ ਦਸ ਆਪਣਾ ਸੰਗ ਵਖਾਈਆ । ਈਸਾ ਮੂਸਾ ਆਲਸ ਨਿੰਦਰਾ ਦਏ ਉਤਾਰ, ਕਾਲੀ ਕਫ਼ਨੀ ਤਨ ਵਖਾਈਆ । ਏਕਾ ਅਲਫ਼ੀ ਕਰ ਸ਼ਿੰਗਾਰ, ਏਕਾ ਹੁਕਮ ਵਰਤਾਈਆ । ਚੌਦਾਂ ਤਬਕ ਕਰ ਹੁਸ਼ਿਆਰ, ਇਕ ਮੁਹੰਮਦ ਲਏ ਮਨਾਈਆ । ਪਿਛੇ ਰੋਵਣ ਚਾਰ ਯਾਰ, ਨੇਤਰ ਨੈਣਾਂ ਨੀਰ ਵਹਾਈਆ । ਅੱਲਾ ਰਾਣੀ ਕਰੇ ਪੁਕਾਰ, ਖੁਲ੍ਹੜੇ ਕੇਸ ਰਹੀ ਵਖਾਈਆ । ਕਵਣ ਵੇਲਾ ਮਿਲੇ ਪਰਵਰਦਿਗਾਰ, ਮੁਕਾਮੇ ਹੱਕ ਵਸੇ ਸੱਚਾ ਮਾਹੀਆ । ਹੱਥੀਂ ਮਹਿੰਦੀ ਲਾਈ ਲਾਲ, ਸਾਚਾ ਸਗਨ ਰਹੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣਾ ਅੰਤ ਆਪ ਸਮਝਾਈਆ । ਸ਼ਬਦ ਸੁਤ ਸੁਣ ਕੰਨ ਲਾ, ਹਰਿ ਸਾਚਾ ਸਚ ਜਣਾਇੰਦਾ । ਕਲਜੁਗ ਅੰਤਮ ਜਾਵੇ ਆ, ਆਪਣਾ ਪੰਧ ਮੁਕਾਇੰਦਾ । ਗੁਰ ਪੀਰ ਅਵਤਾਰ ਸਾਧ ਸੰਤ ਆਪਣੇ ਦਰ ਬਹਾ, ਚਾਰ ਜੁਗ ਦਾ ਲੇਖਾ ਪੁੱਛ ਪੁਛਾਇੰਦਾ । ਇਕ ਦੂਜੇ ਦਾ ਕੋਈ ਨਾ ਬਣੇ ਗਵਾਹ, ਕੋਈ ਕਹੇ ਰਾਮ ਨਾਮ ਗਿਆ ਪੜ੍ਹਾ, ਕੋਈ ਕਹੇ ਕਾਹਨਾ ਕ੍ਰਿਸ਼ਨਾ ਡੰਕ ਵਜਾਇੰਦਾ । ਕੋਈ ਕਹੇ ਕਲਮਾ ਅਮਾਮ ਵੰਡ ਵੰਡਾ, ਕੋਈ ਐਨਲਹੱਕ ਨਾਅਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਅਦਾਲਤ ਦਰ ਘਰ ਸਾਚੇ ਆਪ ਲਗਾਇੰਦਾ । ਸ਼ਬਦ ਸੁਤ ਤੇਰਾ ਮੇਲ ਮਿਲਾਉਣਾ, ਕਲਜੁਗ ਅੰਤਮ ਵਾਰ । ਚਾਰ ਜੁਗ ਦਾ ਲਹਿਣਾ ਤੇਰੀ ਝੋਲੀ ਪਾਉਣਾ, ਕੁਦਰਤ ਕਾਦਰ ਖੇਲ ਨਿਆਰ । ਜੂਠਾ ਝੂਠਾ ਡੇਰਾ ਢਾਹੁਣਾ, ਹਉਮੇ ਹੰਗਤਾ ਤੋੜ ਗੜ੍ਹ ਹੰਕਾਰ । ਮਾਇਆ ਮਮਤਾ ਮੋਹ ਚੁਕਾਉਣਾ, ਜਗਤ ਤ੍ਰਿਸ਼ਨਾ ਕਰ ਖੁਆਰ । ਭੁੱਖਾ ਨੰਗਤਾ ਗਲ ਲਗਾਉਣਾ, ਜਿਉਂ ਨਾਨਕ ਅੰਗਦ ਕਰੇ ਅੰਗੀਕਾਰ । ਸਾਚੇ ਮਾਰਗ ਆਪੇ ਲਾਉਣਾ, ਸਮਰਥ ਪੁਰਖ ਦੀਨ ਦਿਆਲ । ਸ਼ਬਦ ਅਕਥ ਇਕ ਸੁਣਾਉਣਾ, ਨਿਰਗੁਣ ਸਰਗੁਣ ਬਣ ਦਲਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤ ਤੇਰੀ ਕਰੇ ਪ੍ਰਿਤਪਾਲ, ਤੇਰੀ ਪ੍ਰਿਤਪਾਲ ਕਰੇ ਅੰਤ ਕਾਲ, ਕਲਕਾਤੀ ਮੇਟ ਮਿਟਾਈਆ । ਇਕ ਬਣਾਏ ਸੱਚੀ ਧਰਮਸਾਲ, ਸਚਖੰਡ ਦੁਆਰਾ ਸੋਭਾ ਪਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਪੰਚਮ ਨਾਤਾ ਦਏ ਤੁੜਾਈਆ । ਏਕਾ ਦੇਵੇ ਨਾਮ ਧਨ ਮਾਲ, ਸਾਚੀ ਵਸਤ ਆਪ ਵਰਤਾਈਆ । ਏਕਾ ਰੰਗ

੧੨੨੮ ਰੰਗਾਏ ਸ਼ਾਹ ਕੰਗਾਲ, ਊਚ ਨੀਚ ਨਾ ਕੋਇ ਵਖਾਈਆ । ਆਪੇ ਸੁਣੇ ਮੁਰੀਦਾਂ ਹਾਲ, ਹਾਲ ਮੁਰੀਦਾਂ ਆਪ ਸੁਣਾਈਆ । ਜੋਤੀ ਜੋਤ ਸਰੂਪ ੧੨੨੮

੧੦ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਆਪਣਾ ਮੇਲਾ ਲਏ ਮਿਲਾਈਆ । ਨਿਹਕਲੰਕ ੧੦

ਕਲ ਅੰਤਮ ਵਾਰ, ਰੂਪ ਅਨੂਪ ਵਟਾਇੰਦਾ । ਆਪ ਪਰਗਟਿਆ ਆਪਣੀ ਧਾਰ, ਧਾਰ ਵਿਚੋਂ ਪ੍ਰਗਟਾਇੰਦਾ । ਆਪੇ ਸ਼ਬਦ ਸ਼ਬਦ ਜੈਕਾਰ, ਸ਼ਬਦੀ ਸ਼ਬਦ ਨਾਦ ਵਜਾਇੰਦਾ । ਆਪੇ ਲੱਖ ਚੁਰਾਸੀ ਮਾਰੇ ਮਾਰ, ਮਾਰਨਹਾਰਾ ਆਪ ਹੋ ਜਾਇੰਦਾ । ਆਪੇ ਭਗਤ ਭਗਵੰਤ ਲਏ ਉਠਾਲ, ਆਤਮ ਬ੍ਰਹਮ ਗਿਆਨ ਦ੍ਰਿੜਾਇੰਦਾ । ਆਪੇ ਸੰਤਨ ਦੇਵੇ ਸੱਚਾ ਧਨ ਮਾਲ, ਨਾਮ ਖ਼ਜ਼ਾਨਾ ਆਪ ਲੁਟਾਇੰਦਾ । ਆਪੇ ਗੁਰਮੁਖਾਂ ਚਲੇ ਨਾਲ ਨਾਲ, ਕਾਇਆ ਮੰਦਰ ਅੰਦਰ ਆਪਣਾ ਪੰਧ ਮੁਕਾਇੰਦਾ । ਆਪੇ ਗੁਰਸਿਖਾਂ ਦੱਸੇ ਰਾਹ ਸੁਖਾਲ, ਸੋਹੰ ਮੰਤਰ ਇਕ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਰੂਪ ਰੰਗ ਰੇਖ ਨਾ ਕੋਇ ਜਣਾਇੰਦਾ । ਰੂਪ ਰੰਗ ਨਾ ਕੋਇ ਰੇਖਾ, ਨਿਰਗੁਣ ਆਪਣਾ ਵੇਸ ਵਟਾਈਆ । ਪੁਰਖ ਅਬਿਨਾਸ਼ੀ ਧਰ ਧਰ ਵੇਸਾ, ਵੇਖੇ ਸਰਬ ਲੋਕਾਈਆ । ਮੁੱਛ ਦਾੜ੍ਹੀ ਨਾ ਕੋਈ ਕੇਸਾ, ਨਾ ਕੋਈ ਮੂੰਡ ਮੁੰਡਾਈਆ । ਲਹਿਣਾ ਦੇਣਾ ਚੁਕਾਏ ਦਸ ਦਸਮੇਸ਼ਾ, ਕੀਤਾ ਕੌਲ ਭੁਲ ਨਾ ਜਾਈਆ । ਮਾਣ ਗਵਾਏ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼ਾ, ਅੰਤਮ ਜੋਤੀ ਜੋਤ ਮਿਲਾਈਆ । ਆਪਣਾ ਲਿਖੇ ਫੇਰ ਲੇਖਾ, ਲਿਖਣਹਾਰ ਆਪ ਹੋ ਆਈਆ । ਭਾਗ ਲਗਾਏ ਮਾਝੇ ਦੇਸਾ, ਸੰਬਲ ਨਗਰ ਡੇਰਾ ਲਾਈਆ । ਜੁਗ ਜੁਗ ਕਰੇ ਆਪਣਾ ਪੇਸ਼ਾ, ਸੇਵਕ ਬਣੇ ਸਾਚਾ ਮਾਹੀਆ । ਜੀਵ ਜੰਤ ਸਾਧ ਸੰਤ ਸ੍ਰੀ ਭਗਵੰਤ ਦੇਵੇ ਇਕ ਸੰਦੇਸ਼ਾ, ਏਕਾ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਆਪਣਾ ਡੰਕਾ ਆਪ ਵਜਾਈਆ । ਨਿਹਕਲੰਕਾ ਵੱਜੇ ਡੰਕਾ, ਸੋ ਪੁਰਖ

ਨਿਰੰਜਣ ਆਪ ਵਜਾਇਆ । ਆਪ ਉਠਾਏ ਰਾਓ ਰੰਕਾ, ਸ਼ਾਹ ਸੁਲਤਾਨਾ ਆਪ ਹਿਲਾਇਆ । ਆਪੇ ਜਾਣੇ ਕਲਜੁਗ ਅੰਤਾ, ਸ੍ਰੀ ਭਗਵੰਤਾ ਵੇਖ ਵਖਾਇਆ । ਲੱਖ ਚੁਰਾਸੀ ਤੁੱਟੇ ਨਾਤਾ ਨਾਰੀ ਕੰਤਾ, ਜਗਤ ਰੰਡੇਪਾ ਰਿਹਾ ਕਰਾਇਆ । ਰਾਏ ਧਰਮ ਫੜੇ ਵਡ ਮਹੰਤਾ, ਜੋ ਬੈਠੇ ਆਸਣ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਧਾਰ, ਕਰੇ ਖੇਲ ਆਪ ਨਿਰੰਕਾਰ, ਵੀਹ ਸੌ ਅਠਾਰਾਂ ਬਿਕ੍ਰਮੀ ਹੋ ਉਜਿਆਰ, ਏਕਾ ਏਕ ਜਣਾਇਆ । ਏਕਾ ਏਕ ਇਕ ਇਕੱਲਾ, ਅਕਲ ਕਲਾ ਅਖਵਾਈਆ । ਕਲਜੁਗ ਮੱਲਿਆ ਸਚ ਮਹੱਲਾ, ਸੰਬਲ ਡੇਰਾ ਲਾਈਆ । ਗੁਰਮੁਖ ਵਿਰਲੇ ਫੜਾਇਆ ਆਪਣਾ ਪੱਲਾ, ਪੂਰਬ ਜਨਮਾਂ ਲਹਿਣਾ ਰਿਹਾ ਚੁਕਾਈਆ । ਲੱਖ ਚੁਰਾਸੀ ਭੁਲਾਏ ਕਰ ਕਰ ਵਲ ਛਲਾ, ਤ੍ਰੈਗੁਣ ਮਾਇਆ ਪਰਦਾ ਪਾਈਆ । ਅੰਤਮ ਬੋਲੇ ਏਕਾ ਹੱਲਾ, ਆਪਣਾ ਹੁਕਮ ਵਰਤਾਈਆ । ਆਪੇ ਫੁਲਿਆ ਆਪੇ ਫਲਾ, ਆਪੇ ਜੜ੍ਹ ਦਏ ਉਖੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਕਰੇ ਖੇਲ ਸੱਚਾ ਮਾਹੀਆ । ਸਾਚੇ ਮਾਹੀ ਖੇਲ ਖਿਲਾਉਣਾ, ਲੇਖਕ ਲਿਖਤ ਕਰ ਤਿਆਰ । ਸਾਚਾ ਹੁਕਮ ਇਕ ਸੁਣਾਉਣਾ, ਕਿਰਪਾ ਕਰ ਪਰਵਰਦਿਗਾਰ । ਇਜ਼ਰਾਈਲ ਜਬਰਾਈਲ ਮੇਕਾਈਲ ਅਸਰਾਫ਼ੀਲ ਨਾਲ ਰਲਾਉਣਾ, ਭੁਲ ਨਾ ਜਾਏ ਪਰਵਰਦਿਗਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗਾ ਜੁਗੰਤਰ ਲੈ ਅਵਤਾਰ । ਜੁਗ ਅੰਤਰ ਹਰਿ ਅਵਤਾਰਾ, ਏਕੰਕਾਰਾ ਰੂਪ ਵਟਾਇੰਦਾ । ਨਿਰਗੁਣ ਨਿਰਵੈਰ ਪੁਰਖ ਅਕਾਲ ਹੋ ਉਜਿਆਰਾ, ਅਜੂਨੀ ਰਹਿਤ ਖੇਲ ਖਿਲਾਇੰਦਾ । ਸਾਕਤ ਨਿੰਦਕ ਦੁਸ਼ਟ ਵੇਖੇ ਦੁਰਾਚਾਰਾ, ਲੱਖ ਚੁਰਾਸੀ ਫੋਲ ਫੁਲਾਇੰਦਾ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਪਾਵੇ ਸਾਰਾ, ਨੌਂ ਖੰਡ ਪ੍ਰਿਥਮੀ ਵੇਖ ਵਖਾਇੰਦਾ । ਵੇਖਣਹਾਰਾ ਜਗਤ ਵਿਭਚਾਰਾ, ਡੂੰਘੀ ਕੰਦਰ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਵਿਰਲੇ ਦਏ ਸਹਾਰਾ, ਜਿਸ ਸਿਰ ਆਪਣਾ ਹੱਥ ਰਖਾਇੰਦਾ । ਜਿਸ ਸਿਰ ਰੱਖੇ ਹਰਿ ਜੂ ਹੱਥ, ਜਨਮ ਮਰਨ ਵਿਚ ਨਾ ਆਈਆ । ਸ਼ਬਦ ਜਣਾਏ ਇਕ ਅਕਥ, ਲਿਖਣ ਪੜ੍ਹਨ ਵਿਚ ਨਾ ਆਈਆ । ਆਤਮ ਜਾਮ ਪਿਆਏ ਰਸ, ਅੰਧ ਅੰਧੇਰ ਦਏ ਗਵਾਈਆ । ਪੰਚ ਵਿਕਾਰਾ ਪਾਏ ਨੱਥ, ਸ਼ਬਦੀ ਡੋਰ ਬੰਧਾਈਆ । ਨਾਮ ਨਿਧਾਨ ਵਜਾਏ ਨਦ, ਅਨਹਦ ਰਾਗ ਸੁਣਾਈਆ । ਨੌਂ ਦਵਾਰੇ ਪਾਰ ਹੱਦ, ਸੁਖਮਨ ਟੇਢੀ ਬੰਕ ਹੋਏ ਸਹਾਈਆ । ਜਗਤ ਵਿਕਾਰਾ ਦੇਵੇ ਕੱਢ, ਮਮਤਾ ਮਾਣ ਮੋਹ ਚੁਕਾਈਆ । ਨਿਰਗੁਣ ਜੋਤ ਕਰ ਪਰਕਾਸ਼, ਜੋਤ ਨਿਰੰਜਣ ਕਰੇ ਰੁਸ਼ਨਾਈਆ । ਪਾਰਬ੍ਰਹਮ ਬ੍ਰਹਮ ਪੂਰੀ ਕਰੇ ਆਸ, ਸੁਰਤੀ ਸ਼ਬਦ ਮੇਲ ਮਿਲਾਈਆ । ਕਰੇ ਖੇਲ ਸਰਬ ਗੁਣਤਾਸ, ਗੁਣਵੰਤਾ ਭੇਵ ਨਾ ਰਾਈਆ । ਗੁਰਸਿਖ ਹੋਏ ਕਦੇ ਨਾ ਨਿਰਾਸ, ਜਿਸ ਮਿਲਿਆ ਸਤਿਗੁਰ ਸੱਚਾ ਮਾਹੀਆ । ਲਹਿਣਾ ਦੇਣਾ ਚੁਕਾਏ ਪ੍ਰਿਥਮੀ ਆਕਾਸ਼, ਗਗਨ ਮੰਡਲ ਗੁਰਸਿਖ ਚਰਨਾਂ ਹੇਠ ਦਬਾਈਆ । ਵਿਸ਼ਨ ਬ੍ਰਹਮ ਸ਼ਿਵ ਗੁਰਸਿਖ ਤੇਰੇ ਮਿਲਣ ਦੀ ਰੱਖ ਕੇ ਬੈਠੇ ਆਸ, ਅਧਵਿਚਕਾਰ ਰਾਹ ਤਕਾਈਆ । ਤੇਰਾ ਸਤਿਗੁਰ ਵਸੇ ਤੇਰੇ ਪਾਸ, ਆਪ ਆਪਣੀ ਉਂਗਲੀ ਲਾਈਆ । ਅੰਤਮ ਕਰੇ ਸਚਖੰਡ ਨਿਵਾਸ, ਜੋਤੀ ਜੋਤ ਜੋਤ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਜਣ ਹੋਏ ਸਹਾਈਆ । ਗੁਰਮੁਖ ਸੱਜਣ ਸਾਚਾ ਸੰਤ, ਸਤਿਗੁਰ ਸਾਚਾ ਆਪ ਉਪਾਇੰਦਾ । ਕਾਇਆ ਚੋਲੀ ਰੰਗ ਬਸੰਤ, ਏਕਾ ਵਾਰ ਚੜ੍ਹਾਇੰਦਾ । ਗੜ੍ਹ ਤੋੜ ਹਉਮੇ ਹੰਗਤ, ਨਿਵਣ ਸੁ ਅੱਖਰ ਇਕ ਪੜ੍ਹਾਇੰਦਾ । ਖ਼ਿਮਾ ਗ਼ਰੀਬੀ ਬਣਾਏ ਬਣਤ,

੧੨੨੯
੧੦

ਸਾਚੀ ਚਾਕਰੀ ਇਕ ਸਮਝਾਇੰਦਾ । ਨਾਰੀ ਮੇਲੇ ਸਾਚੇ ਕੰਤ, ਜਗਤ ਵਿਛੋੜਾ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਸੁਣਾਏ ਆਪਣਾ ਛੰਤ, ਦੂਜਾ ਰਾਗ ਨਾ ਕੋਇ ਅਲਾਇੰਦਾ । ਭਗਤ ਮੇਲਾ ਸ੍ਰੀ ਭਗਵੰਤ, ਭਗਵਨ ਦਇਆ ਕਮਾਈਆ । ਲੇਖਾ ਜਾਣੇ ਆਦਿ ਅੰਤ, ਮਧ ਆਪਣੀ ਖੇਲ ਵਖਾਈਆ । ਆਪਣੀ ਮਹਿਮਾ ਸੁਣਾਏ ਅਗਣਤ, ਵੇਦ ਕਤੇਬ ਭੇਦ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸੱਜਣ ਲਏ ਮਿਲਾਈਆ । ਗੁਰਮੁਖ ਸੱਜਣ ਮੇਲ ਮਿਲਾਉਣਾ, ਕਲਜੁਗ ਅੰਤਮ ਵਾਰ । ਭਗਤ ਭਗਵੰਤ ਦਰ ਬਹਾਉਣਾ, ਏਕਾ ਖੋਲ੍ਹ ਕਿਵਾੜ । ਸੰਤ ਸਾਜਨ ਗੋਦ ਸੁਹਾਉਣਾ, ਕਰੇ ਸਚ ਪਿਆਰ । ਗੁਰਸਿਖ ਆਪਣੇ ਰੰਗ ਰੰਗਾਉਣਾ, ਰੰਗ ਚੜ੍ਹਾਏ ਹਰਿ ਨਿਰੰਕਾਰ । ਮਨਮੁਖ ਜੀਵ ਮੇਟ ਮਿਟਾਉਣਾ, ਲੱਖ ਚੁਰਾਸੀ ਮਾਰੇ ਮਾਰ । ਰਾਏ ਧਰਮ ਦੇ ਹੱਥ ਫੜਾਉਣਾ, ਕਿਰਪਾ ਕਰੇ ਆਪ ਕਰਤਾਰ । ਅਠਾਈ ਕੁੰਡਾ ਲੇਖ ਲਿਖਾਉਣਾ, ਅਠਾਰਾਂ ਦਸ ਨਾਲ ਉਜਿਆਰ । ਜਗਤ ਕੰਡੇ ਤੋਲ ਤੁਲਾਉਣਾ, ਸਾਚੇ ਕੰਡੇ ਕੋਇ ਨਾ ਦਿਸੇ ਭਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਤੇਰਾ ਬੇੜਾ ਕਰੇ ਪਾਰ । ਕਲਜੁਗ ਤੇਰਾ ਬੇੜਾ ਉਤਰੇ ਤੇਰੇ ਘਾਟ, ਸਤਿਗੁਰ ਪੂਰਾ ਆਪ ਚਲਾਈਆ । ਜੀਵ ਜੰਤ ਨੇੜੇ ਵਾਟ, ਬੈਠੇ ਪੰਧ ਮੁਕਾਈਆ । ਡੂੰਘਾ ਸਾਗਰ ਰਾਹ ਤੱਕੇ ਖਾਤ, ਕਵਣ ਵੇਲਾ ਹਰਿ ਭਰਾਈਆ । ਅਠਾਰਾਂ ਕੁੰਡ ਮਾਰ ਰਹੇ ਝਾਤ, ਕਵਣ ਵੇਲਾ ਸਾਡੀ ਇਛਿਆ ਪੂਰ ਕਰਾਈਆ । ਦਸ ਕੁੰਡ ਕਲਜੁਗ ਮਿਲੀ ਦਾਤ, ਜਨਕ ਬੈਠਾ ਸੀਸ ਝੁਕਾਈਆ । ਬਿਨ ਹਰਿ ਕੋਇ ਨਾ ਪੁਛੇ ਵਾਤ, ਡੂੰਘੀ ਭਵਰੀ ਰਿਹਾ ਭੁਆਈਆ । ਜਿਸ ਜਨ ਮਿਲਿਆ ਪੁਰਖ ਸਮਰਾਥ, ਤਿਸ ਮਿਲੇ ਮਾਤ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਸੋਹੰ ਅੱਖਰ ਸਾਚੀ ਦਾਤ, ਸਤਿਜੁਗ ਬਖ਼ਸ਼ੇ ਇਕ ਸੁਗਾਤ, ਚਾਰ ਵਰਨ ਏਕਾ ਨਾਉਂ ਰਿਹਾ ਸਮਝਾਈਆ ।

★ ੨੩ ਭਾਦਰੋਂ ੨੦੧੮ ਬਿਕ੍ਰਮੀ ਉਜਾਗਰ ਸਿੰਘ ਦੇ ਗ੍ਰਿਹ ਨਵਾਂ ਰਾਮੂ ਵਾਲਾ ਜ਼ਿਲਾ ਫਿਰੋਜ਼ਪੁਰ ★

ਗੁਰਮੁਖ ਆਸਾ ਰਹੀ ਪੁਕਾਰ, ਏਕਾ ਓਟ ਰਖਾਈਆ । ਕਵਣ ਰੂਪ ਧਰੇਂ ਨਿਰੰਕਾਰ, ਧਰਨੀ ਧਰਤ ਧਵਲ ਮਿਲੇ ਵਡਿਆਈਆ । ਕਵਣ ਮੰਦਰ ਹੋਏ ਉਜਿਆਰ, ਨੂਰ ਨੁਰਾਨਾ ਡਗਮਗਾਈਆ । ਕਵਣ ਸ਼ਬਦ ਵੱਜੇ ਧੁਨਕਾਰ, ਸਾਚਾ ਨਾਦ ਕਵਣ ਸੁਣਾਈਆ । ਕਵਣ ਖੋਲ੍ਹੇ ਬੰਦ ਕਿਵਾੜ, ਬੰਦ ਤਾਕੀ ਪਰਦਾ ਲਾਹੀਆ । ਕਵਣ ਮੇਟੇ ਅਗਨੀ ਤੱਤੀ ਹਾੜ, ਸਾਂਤਕ ਸਤਿ ਵਰਤਾਈਆ । ਕਵਣ ਕਰੇ ਪਰਕਾਸ਼ ਬਹੱਤਰ ਨਾੜ, ਅੰਧ ਅੰਧੇਰ ਗਵਾਈਆ । ਕਵਣ ਕਰੇ ਸ਼ਬਦੀ ਵਾੜ, ਮਾਨਸ ਜਨਮ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਗੁਣ ਦੇ ਸਮਝਾਈਆ । ਕਵਣ ਵੇਲਾ ਆਏਂ ਘਰ, ਹਉਂ ਨੱਢੀ ਰਾਹ ਤਕਾਈਆ । ਕਵਣ ਵੇਲਾ ਮਿਲੇ ਵਰ, ਮੈਂ ਬਾਲੀ ਲਏ ਪਰਨਾਈਆ । ਕਵਣ ਵੇਲਾ ਚੁੱਕੇ ਡਰ, ਨਿਰਭੌ ਹੋਏ ਸਹਾਈਆ । ਕਵਣ ਵੇਲਾ ਲਏਂ ਫੜ, ਆਪਣੀ ਗੋਦ ਬਹਾਈਆ । ਕਵਣ ਵੇਲਾ ਮੰਦਰ ਬਹੇਂ ਚੜ੍ਹ, ਮੇਰੇ ਘਰ ਵੱਜੇ ਵਧਾਈਆ । ਕਵਣ ਵੇਲਾ ਆਪਣਾ ਅੱਖਰ ਲਏਂ ਪੜ੍ਹ, ਸਾਚਾ ਨਾਉਂ ਪਰਗਟਾਈਆ । ਕਵਣ ਵੇਲਾ ਨੁਹਾਏ ਸਾਚੇ ਸਰ, ਦੁਰਮਤ ਮੈਲ ਧੁਆਈਆ ।

ਕਵਣ ਵੇਲਾ ਲੇਖੇ ਲਾਏ ਸੀਸ ਧੜ, ਆਪਣਾ ਲੇਖਾ ਲਏ ਮੁਕਾਈਆ । ਕਵਣ ਵੇਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮੇਲਾ ਲਏ ਮਿਲਾਈਆ । ਕਵਣ ਵੇਲਾ ਆਏਂ ਜਗ, ਹਉਂ ਤੇਰਾ ਰਾਹ ਤਕਾਈਆ । ਕਵਣ ਰੂਪ ਧਰੇਂ ਸਰਬੱਗ, ਸੂਰਬੀਰ ਵਡੀ ਵਡਿਆਈਆ । ਹੰਸ ਬਣਾਏਂ ਫੜ ਫੜ ਕੱਗ, ਕਾਗੋਂ ਹੰਸ ਉਡਾਈਆ । ਮੇਰੇ ਮੰਦਰ ਬਹੇਂ ਸਜ, ਸਚ ਸਿੰਘਾਸਣ ਸੋਭਾ ਪਾਈਆ । ਮੈਂ ਦਰਸ਼ਨ ਕਰਾਂ ਰੱਜ ਰੱਜ, ਜਨਮ ਜਨਮ ਦੀ ਤ੍ਰਿਖਾ ਬੁਝਾਈਆ । ਮੇਰਾ ਪਰਦਾ ਲੈਣਾ ਕੱਜ, ਕਮਲੀ ਕੋਝੀ ਨੇਤਰ ਨੈਣਾਂ ਨੀਰ ਵਹਾਈਆ । ਨਾ ਕੋਇ ਆਚਾਰ ਨਾ ਕੋਇ ਚੱਜ, ਜਗਤ ਕੁਲੱਖਣੀ ਆਪਾ ਆਪ ਰਹੀ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਤੇਰੀ ਓਟ ਰਖਾਈਆ । ਕਵਣ ਵੇਲਾ ਵਜਾਏਂ ਡੰਕ, ਸੋਈ ਸੁਰਤੀ ਲਏ ਉਠਾਈਆ । ਕਵਣ ਵੇਲਾ ਸੁਹਾਏਂ ਬੰਕ, ਮੈਂ ਨਿਮਾਣੀ ਏਕਾ ਆਸ ਤਕਾਈਆ । ਕਵਣ ਵੇਲਾ ਲਾਏਂ ਤਨਕ, ਜੋਤੀ ਜੋਤ ਜੋਤ ਮਿਲਾਈਆ । ਕਵਣ ਵੇਲਾ ਗੁਰਮੁਖ ਬਣਾਏਂ ਜਨਕ, ਜਨਕ ਸਪੁੱਤਰੀ ਸੀਤਾ ਸੁਰਤੀ ਲਏਂ ਪਰਨਾਈਆ । ਕਵਣ ਵੇਲਾ ਖੇਲੇਂ ਖੇਲ ਵਾਰ ਅਨਕ, ਅਨਕ ਕਲ ਆਪਣਾ ਰੂਪ ਧਰਾਈਆ । ਕਵਣ ਵੇਲਾ ਆਪਣਾ ਨਾਮ ਚੁਕੇਂ ਧਨੱਖ, ਮੈਂ ਵੇਖਾਂ ਚਾਈਂ ਚਾਈਆ । ਕਵਣ ਵੇਲਾ ਆਪਣੀ ਪੂਰੀ ਕਰੇਂ ਅਣਖ, ਅਣਖੀਲੇ ਸੱਚੇ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਇਕ ਪਿਆਸ ਬੁਝਾਈਆ । ਕਵਣ ਵੇਲਾ ਹੋਏਂ ਪਰਧਾਨ, ਸਚ ਪਰਧਾਨਗੀ ਆਪਣੇ ਹੱਥ ਰਖਾਇੰਦਾ । ਕਵਣ ਵੇਲਾ ਉਠਾਏਂ ਨਿਸ਼ਾਨ, ਦੋ ਜਹਾਨਾਂ ਇਕ ਵਖਾਇੰਦਾ । ਕਵਣ ਵੇਲਾ ਹੋਏਂ ਰਾਜ ਰਾਜਾਨ, ਸ਼ਾਹ ਪਾਤਸ਼ਾਹ ਹੁਕਮ ਚਲਾਇੰਦਾ । ਕਵਣ ਵੇਲਾ ਵੇਖੇਂ ਮਾਰ ਧਿਆਨ, ਧਿਆਨ ਧਿਆਨ ਵਿਚ ਮਿਲਾਇੰਦਾ । ਕਵਣ ਵੇਲਾ ਦੇਵੇਂ ਇਕ ਗਿਆਨ, ਆਪਣੀ ਗਿਆਤਾ ਆਪ ਕਰਾਇੰਦਾ । ਕਵਣ ਵੇਲਾ ਕਰ ਪਛਾਣ, ਜੁਗ ਵਿਛੜੀ ਮੇਲ ਮਿਲਾਇੰਦਾ । ਕਵਣ ਵੇਲਾ ਦੇਵੇਂ ਮਾਣ, ਦਰ ਆਪਣੇ ਆਪ ਬਹਾਇੰਦਾ । ਕਵਣ ਵੇਲਾ ਬਣਾਏਂ ਚਤੁਰ ਸੁਘੜ ਸੁਜਾਨ, ਮਨ ਮਤ ਦਰ ਦੁਰਕਾਇੰਦਾ । ਕਵਣ ਵੇਲਾ ਬਲ ਦੇਵੇਂ ਸੂਰਬੀਰ ਬਲਵਾਨ, ਬਲ ਆਪਣਾ ਆਪ ਪਰਗਟਾਇੰਦਾ । ਕਵਣ ਵੇਲਾ ਫੜੇਂ ਤੀਰ ਕਮਾਨ, ਸਾਚਾ ਚਿੱਲਾ ਹੱਥ ਉਠਾਇੰਦਾ । ਕਵਣ ਵੇਲਾ ਨਿਰਗੁਣ ਰੂਪ ਧਰੇਂ ਭਗਵਾਨ, ਸਰਗੁਣ ਤੇਰਾ ਦਰਸ਼ਨ ਪਾਇੰਦਾ । ਕਵਣ ਵੇਲਾ ਮੇਰੇ ਸਾਢੇ ਤਿੰਨ ਹੱਥ ਵਸੇਂ ਮਕਾਨ, ਜਿਸ ਦਾ ਦਰਵਾਜ਼ਾ ਨਜ਼ਰ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਏਕਾ ਰਾਹ ਤਕਾਇੰਦਾ । ਗੁਰਸਿਖ ਸੁਆਣੀ ਨੱਢੀ ਬਾਲੀ, ਬਾਲੀ ਬੁਧ ਰਹੀ ਕੁਰਲਾਈਆ । ਤੂੰ ਸ਼ਹਿਨਸ਼ਾਹ ਦੋ ਜਹਾਨਾਂ ਵਾਲੀ, ਮੈਂ ਖ਼ਾਲੀ ਝੋਲੀ ਤੇਰੇ ਅੱਗੇ ਡਾਹੀਆ । ਤੂੰ ਕਰਦਾ ਸਚ ਦਲਾਲੀ, ਦਿਲਬਰ ਬਣ ਬਣ ਸੱਚਾ ਮਾਹੀਆ । ਤੇਰੀ ਜੋਤ ਇਕ ਅਕਾਲੀ, ਅਕਲ ਕਲਾ ਅਖਵਾਈਆ । ਮੈਂ ਘਾਲ ਤੇਰੀ ਘਾਲੀ, ਤੇਰੇ ਚਰਨਾਂ ਸੇਵ ਕਮਾਈਆ । ਤੁਧ ਬਿਨ ਚੜ੍ਹੇ ਨਾ ਸੱਚੀ ਲਾਲੀ, ਲਾਲ ਗੁਲਾਲਾ ਰੰਗ ਨਾ ਕੋਇ ਵਖਾਈਆ । ਕਲਜੁਗ ਅੰਤ ਹੋਈ ਬੇਹਾਲੀ, ਮੇਰੀ ਸਾਰ ਕੋਇ ਨਾ ਪਾਈਆ । ਫਲ ਦਿਸੇ ਨਾ ਮੇਰੀ ਡਾਲ੍ਹੀ, ਸਿਮਲ ਬੂਟਾ ਰਿਹਾ ਲਹਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਵਾਰ ਔਣਾ ਘਰ, ਹਉਂ ਬੈਠੀ ਰਾਹ ਤਕਾਈਆ । ਰਾਹ ਤੱਕਾਂ ਮੀਤ ਮੁਰਾਰ, ਕਵਣ ਵੇਲਾ ਘਰ ਆਏ । ਮੇਰਾ ਦੁੱਖੜਾ ਦਏ ਨਿਵਾਰ, ਸਿਰ ਆਪਣਾ ਹੱਥ ਟਿਕਾਏ । ਮੇਰਾ ਡੁਬਦਾ ਬੇੜਾ ਲਾਏ ਪਾਰ, ਏਕਾ ਚੱਪੂ ਨਾਮ ਲਗਾਏ । ਮੈਂ ਦੁਹਾਗਣ ਕਰੇ ਪਿਆਰ, ਸਚ ਸੁਹਾਗਣ ਲਏ

੧੨੩੧
੧੦

ਬਣਾਏ । ਬਣ ਵੈਰਾਗਣ ਰੋਵਾਂ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਵਾਰ ਔਣਾ ਦਰ, ਦਰ ਦਰਵਾਜ਼ਾ ਰਹੀ ਖੁਲ੍ਹਾਏ । ਦਰ ਦਰਵਾਜ਼ਾ ਖੋਲ੍ਹਿਆ, ਅੰਤਰ ਇਕ ਵਿਚਾਰ । ਕਵਣ ਵੇਲਾ ਘਰ ਆਏ ਮੇਰਾ ਮੌਲਿਆ, ਆਪ ਆਪਣੀ ਕਿਰਪਾ ਧਾਰ । ਮੈਂ ਅੰਮ੍ਰਿਤ ਭਰਿਆ ਵੇਖਾਂ ਕੌਲਿਆ, ਘਰ ਮਿਲੇ ਸਚ ਭੰਡਾਰ । ਮਿਲੇ ਵਡਿਆਈ ਧਰਤ ਧੌਲਿਆ, ਧਰਨੀ ਧਰਤ ਦਏ ਆਧਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਆਸਾ ਰਹੀ ਵਿਚਾਰ । ਗੁਰਸਿਖ ਆਸਾ ਏਕਾ ਓਟ, ਆਦਿ ਜੁਗਾਦਿ ਰਖਾਈਆ । ਕਵਣ ਵੇਲਾ ਮੇਰਾ ਸੁਹਾਏਂ ਕੋਟ, ਸਾਚੇ ਬੰਕ ਦਏਂ ਵਡਿਆਈਆ । ਕਵਣ ਵੇਲਾ ਲਗਾਏਂ ਚੋਟ, ਤਨ ਨਗਾਰਾ ਮੇਰਾ ਵਜਾਈਆ । ਕਵਣ ਵੇਲਾ ਕੱਢੇਂ ਖੋਟ, ਮੇਰੀ ਦੁਰਮਤ ਮੈਲ ਧੁਆਈਆ । ਕਵਣ ਵੇਲਾ ਜਗਾਏਂ ਜੋਤ, ਕਵਣ ਘਿਰਤ ਦੇਵੇ ਪਾਈਆ । ਕਵਣ ਵੇਲਾ ਆਪਣਾ ਨਾਮ ਲਗਾਏਂ ਮੇਰੇ ਹੋਂਟ, ਰਸ ਰਸ ਵਿਚ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਆਸਾ ਪੂਰ ਕਰਾਈਆ । ਮੇਰੀ ਆਸਾ ਤੇਰਾ ਚਾਓ, ਤੇਰਾ ਚਾਓ ਮੇਰੀ ਵਡਿਆਈਆ । ਤੇਰਾ ਮੰਦਰ ਮੇਰਾ ਥਾਉਂ, ਤੇਰਾ ਥਾਉਂ ਮੇਰਾ ਘਰ ਸੋਭਾ ਪਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਪਕੜੇ ਸਦ ਬਾਂਹੋਂ, ਆਪ ਆਪਣੇ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਦੇਣਾ ਸਾਚਾ ਵਰ, ਨਿਰਾਸ ਕੋਇ ਨਜ਼ਰ ਨਾ ਆਈਆ । ਗੁਰਸਿਖ ਨਾਰ ਜਗਤ ਸੁਹਾਗਣ, ਨੇਤਰ ਨੈਣ ਰਹੀ ਮਟਕਾਈਆ । ਦਰ ਘਰ ਆਏ ਪੁਰਖ ਅਬਿਨਾਸ਼ਣ, ਮੈਂ ਵੇਖਾਂ ਚਾਈਂ ਚਾਈਂਆ । ਸੁਹਾਏ ਬੰਕ ਸਰਬ ਗੁਣ ਤਾਸਨ, ਮਹੱਲ ਅਟਲ ਹੋਏ ਰੁਸ਼ਨਾਈਆ । ਮੇਰੇ ਦੁੱਖੜੇ ਸਰਬ ਵਿਨਾਸਨ, ਦੁੱਖ ਸੁਖ ਪਕੜੇ ਮੇਰੀ ਬਾਹੀਂਆ । ਪੂਰੀ ਕਰੇ ਮੇਰੀ ਆਸਣ, ਆਸਾ ਆਸਾ ਵਿਚ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਵਣ ਵੇਲਾ ਹੋਏਂ ਸਹਾਈਆ । ਕਵਣ ਵੇਲਾ ਬਣੇਂ ਸਹਾਇਕ, ਸੋਭਾਵੰਤ ਮੇਰੇ ਕਰਤਾਰ । ਕਵਣ ਵੇਲਾ ਬਣੇਂ ਨਾਇਕ, ਮੇਰੇ ਪਰਵਰਦਿਗਾਰ । ਕਵਣ ਵੇਲਾ ਇਕ ਸੁਣਾਏਂ ਸ਼ਰਾਇਤ, ਸ਼ਰਅ ਸ਼ਰੀਅਤ ਗੇੜ ਨਿਵਾਰ । ਕਵਣ ਵੇਲਾ ਪੜ੍ਹਾਏਂ ਏਕਾ ਆਇਤ, ਏਕਾ ਏਕ ਕਰੇਂ ਗੁਫ਼ਤਾਰ । ਕਵਣ ਵੇਲਾ ਵਖਾਏਂ ਇਕ ਜਮਾਤ, ਅਵੱਲ ਅੱਲਾ ਨੂਰ ਅਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਵਣ ਵੇਲਾ ਘਰ ਆਏਂ ਸੱਜਣ ਯਾਰ । ਕਵਣ ਵੇਲਾ ਸੱਜਣ ਮੀਤ, ਥਿਤ ਵਾਰ ਕਵਣ ਵਖਾਈਆ । ਮੈਂ ਨਿਤ ਨਿਤ ਰੱਖਾਂ ਤੇਰੀ ਉਡੀਕ, ਨੇਤਰ ਨੈਣਾਂ ਰਾਹ ਤਕਾਈਆ । ਕਦ ਆਵੇ ਲਾਸ਼ਰੀਕ, ਬੇਐਬ ਪਰਵਰਦਿਗਾਰ ਮੇਰਾ ਖ਼ੁਦਾਈਆ । ਜਿਸ ਨੂੰ ਆਦਿ ਜੁਗਾਦਿ ਇਕ ਤੌਫ਼ੀਕ, ਦੂਜਾ ਸ਼ਰੀਕ ਨਾ ਕੋਇ ਵਖਾਈਆ । ਮੈਂ ਸੁਣਿਆ ਲੋਕਮਾਤ ਆਇਆ ਨਜ਼ਦੀਕ, ਆਪਣਾ ਪੈਂਡਾ ਆਪ ਮੁਕਾਈਆ । ਆਪਣਾ ਪਤਾ ਦੱਸ ਦੇ ਠੀਕ, ਕਵਣ ਖੇੜਾ ਰਿਹਾ ਵਸਾਈਆ । ਮੈਨੂੰ ਦੇਣੀ ਇਕ ਤਰੀਕ, ਲੋਕਮਾਤ ਨਾ ਮੂਲ ਤਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਔਣਾ ਮੇਰੇ ਘਰ ਤੇਰੇ ਘਰ ਦਾ ਰਸਤਾ ਬਾਰੀਕ, ਚੜ੍ਹ ਚੜ੍ਹ ਡਿਗੇ ਪਾਂਧੀ ਰਾਹੀਆ । ਕੋਟਨ ਕੋਟ ਪਾਂਧੀ ਰਾਹੀ, ਦਰ ਦਰ ਤੇਰੇ ਆਇੰਦਾ । ਅੱਗੇ ਲੱਗੀ ਦਿਸਦੀ ਫਾਹੀ, ਪਾਰ ਚਰਨ ਨਾ ਕੋਇ ਟਿਕਾਇੰਦਾ । ਜਨਮ ਜਨਮ ਦੀ ਲੱਗੀ ਸ਼ਾਹੀ, ਦੁਰਮਤ ਮੈਲ ਨਾ ਕੋਇ ਧਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਵਾਰ ਔਣਾ ਘਰ, ਏਕਾ ਰਾਹ ਵਖਾਇੰਦਾ । ਘਰ ਆਵੀਂ ਮੈਂਡੇ ਸਾਈਆਂ, ਮੈਂ ਕਰਾਂ ਨਿਤ ਪੁਕਾਰ । ਮੈਂ ਦੋਵੇਂ ਭੁਜਾਂ ਉਠਾਈਆਂ,

ਚਤੁਰਭੁਜ ਕਰ ਪਿਆਰ । ਮੈਂ ਸਾਚੀ ਸੇਜ ਸੁਹਾਈਆ, ਸੂਲਾਂ ਸੱਥਰ ਸੇਜ ਦਏ ਆਧਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖ ਵਖੌਣਾ ਸੱਥਰ ਮੈਂਡੇ ਯਾਰ । ਸੱਥਰ ਮੈਂਡਾ ਜਗਤ ਮਾਤ, ਖ਼ਾਕੀ ਖ਼ਾਕ ਸਮਾਈਆ । ਤੂੰ ਸਾਹਿਬ ਮੇਰਾ ਕਮਲਾਪਾਤ, ਕਵਲ ਨੈਣ ਮਟਕਾਈਆ । ਚਾਰੋਂ ਕੁੰਟ ਅੰਧੇਰੀ ਰਾਤ, ਤੇਰਾ ਨੂਰ ਨਜ਼ਰ ਨਾ ਆਈਆ । ਮੈਂ ਦੁਹਾਗਣ ਨਾਰ ਕਮਜ਼ਾਤ, ਦਰ ਦਰ ਫਿਰਦੀ ਵਾਹੋ ਦਾਹੀਆ । ਤੁਧ ਬਿਨ ਪੁੱਛੇ ਕੋਇ ਨਾ ਵਾਤ, ਸਿਰ ਹੱਥ ਨਾ ਕੋਇ ਟਿਕਾਈਆ । ਨਾਤਾ ਤੁਟਾ ਪਿਤਾ ਮਾਤ, ਭੈਣ ਭਾਈ ਸਾਕ ਸੱਜਣ ਸੈਣ ਸਗਲਾ ਸੰਗ ਨਾ ਕੋਇ ਨਿਭਾਈਆ । ਮੈਂ ਏਕਾ ਚੜ੍ਹਨਾ ਤੇਰੇ ਰਾਥ, ਸਾਚੀ ਡੋਲੀ ਇਕ ਸੁਹਾਈਆ । ਚਾਰ ਜੁਗ ਚਾਰ ਕਹਾਰ ਬਣਾਉਣੇ ਨਿਭਾਉਣ ਮੇਰਾ ਸਾਥ, ਚਲਣ ਵਾਹੋ ਦਾਹੀਆ । ਮੇਰਾ ਦੂਲ੍ਹਾ ਆਏ ਪੁਰਖ ਸਮਰਾਥ, ਰੂਪ ਅਨੂਪ ਧਰਾਈਆ । ਮੈਂ ਮਹਿੰਦੀ ਰੰਗੇ ਹਾਥ, ਸੂਹਾ ਵੇਸ ਰਹੀ ਵਟਾਈਆ । ਮੈਂ ਪੜ੍ਹ ਪੜ੍ਹ ਥੱਕੀ ਤੇਰੀ ਗਾਥ, ਤੇਰਾ ਕਲਮਾ ਨਬੀ ਸਲਾਹੀਆ । ਤੂੰ ਮੇਰੀ ਮੇਟਣੀ ਜ਼ਾਤ, ਆਪਣੀ ਜ਼ਾਤ ਵਿਚ ਮਿਲਾਈਆ । ਸੌਹਰੇ ਪੇਈਏ ਦੇਣੀ ਦਾਤ, ਵਸਤ ਅਮੋਲਕ ਝੋਲੀ ਪਾਈਆ । ਮੇਰੇ ਸੁਲਤਾਨ ਵਿਛੜ ਨਾ ਜਾਏ ਤੇਰਾ ਸਾਥ, ਤੇਰੀ ਸਰਨ ਮੰਗਾਂ ਸਰਨਾਈਆ । ਲੱਖ ਚੁਰਾਸੀ ਵਿਚੋਂ ਕਾਢ, ਆਪਣੇ ਘਰ ਦੇਣਾ ਵਸਾਈਆ । ਨਿਤ ਨਵਿਤ ਕਰਾਂ ਲਾਡ, ਹਿਤ ਹਿਤ ਨਾਲ ਮਿਲਾਈਆ । ਅਬਿਨਾਸ਼ੀ ਅਚੁਤ ਤੇਰਾ ਨਾਉਂ ਸੁਣਾਂ ਬੋਧ ਅਗਾਧ, ਲਿਖਣ ਪੜ੍ਹਣ ਵਿਚ ਨਾ ਆਈਆ । ਜੁਗ ਜੁਗ ਵੇਖਾਂ ਤੇਰੇ ਸੰਤ ਸਾਧ, ਦਰ ਤੇਰੇ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਵਾਰ ਆਉਣਾ ਘਰ ਮੇਰਾ ਦੁੱਖੜਾ ਦੇ ਗਵਾਈਆ । ਮੇਰਾ ਦੁਖੜਾ ਦੇਣਾ ਕੱਟ, ਕੱਟਣਹਾਰ ਸਵਾਮੀ । ਤੂੰ ਵਸਣਹਾਰਾ ਘਟ ਘਟ, ਨਿਹਕਰਮ ਵੱਡਾ ਨਿਹਕਾਮੀ । ਸਰਬ ਕਲਾ ਆਪੇ ਸਮਰਥ, ਆਪ ਸੁਣਾਏ ਆਪਣੀ ਬਾਣੀ । ਮੈਂ ਪੱਲੂ ਤੇਰਾ ਫੜਿਆ ਹੱਥ, ਰੂਪ ਵਟਾਵਾਂ ਆਦਿ ਸ਼ਕਤ ਭਵਾਨੀ । ਮੇਰਾ ਸਗਲ ਵਿਸੂਰਾ ਗਿਆ ਲੱਥ, ਦਰ ਸੁਣੀ ਤੇਰੀ ਕਹਾਣੀ । ਮੇਰੀ ਪੂਰੀ ਕਰਨੀ ਆਸ, ਦਰ ਬੈਠੀ ਬਣ ਨਿਮਾਣੀ । ਤੇਰਾ ਇਕ ਜੋਤ ਪਰਕਾਸ਼, ਤੇਰੀ ਜੋਤ ਸੱਚੀ ਰਾਣੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਵਡ ਦਾਤੇ ਵਡ ਮਿਹਰਵਾਨੀ । ਮਿਹਰਵਾਨ ਹੋਣਾ ਮਿਹਰਵਾਨ, ਏਕਾ ਮੰਗ ਮੰਗਾਈਆ । ਆਪਣਾ ਪ੍ਰੇਮ ਦੇਣਾ ਦਾਨ, ਦੂਜੀ ਵਸਤ ਨਾ ਮੋਹੇ ਭਾਈਆ । ਆਦਿ ਜੁਗਾਦਿ ਰਹੇ ਤੇਰਾ ਧਿਆਨ, ਤੇਰੇ ਚਰਨ ਓਟ ਇਕ ਰਖਾਈਆ । ਸਦ ਵਸਾਂ ਤੇਰੇ ਮਕਾਨ, ਸਾਚੀ ਕੁੱਲੀ ਭਾਗ ਲਗਾਈਆ । ਨਿਤ ਨਵਿਤ ਸੁਣਾ ਫ਼ਰਮਾਨ, ਧੁਰ ਫ਼ਰਮਾਨਾ ਜੋ ਰਿਹਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਵਾਰ ਆਉਂਣਾ ਘਰ ਗੁਰਮੁਖ ਸੁਰਤੀ ਨੱਢੀ ਰਕ਼ਾਨ ਬੈਠੀ ਰਾਹ ਤਕਾਈਆ । ਗੁਰਮੁਖ ਸੁਰਤੀ ਤੱਕੇ ਰਾਹ, ਘਰ ਆਏ ਦਾਮਨਗੀਰ । ਸਤਿਗੁਰ ਬਣ ਬਣੇ ਮਲਾਹ, ਮੇਰੇ ਕੱਟੇ ਤਨ ਜ਼ੰਜੀਰ । ਏਕਾ ਦੇਵੇ ਨਾਮ ਸਲਾਹ, ਫੜ ਚੋਟੀ ਚਾੜ੍ਹੇ ਅਖ਼ੀਰ । ਆਪਣਾ ਪੱਲਾ ਲਏ ਫੜਾ, ਵਡ ਦਾਤਾ ਪੀਰਨ ਪੀਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਦੇਵਣਹਾਰਾ ਧੀਰ । ਦੇਵੇ ਧੀਰ ਹਰਿ ਭਰਵਾਸਾ ਸਤਿ ਸੰਤੋਖ ਗਿਆਨ ਦ੍ਰਿੜਾਈਆ । ਗੁਰਸਿਖ ਤੇਰੀ ਪੂਰੀ ਕਰੇ ਆਸਾ, ਨਿਰਾਸਾ ਨਜ਼ਰ ਕੋਇ ਨਾ ਆਈਆ । ਲੱਖ ਚੁਰਾਸੀ ਵੇਖ ਖੇਲ ਤਮਾਸ਼ਾ, ਖ਼ਾਲਕ ਖ਼ਲਕ ਰਿਹਾ ਰੁਲਾਈਆ । ਚਾਰੋਂ ਕੁੰਟ ਭੋਗ ਬਿਲਾਸਾ, ਕੂੜੀ ਕਿਰਿਆ ਜਗਤ ਦੁਹਾਈਆ । ਅੰਤਮ ਹੋਣਾ ਸਭ ਦਾ ਨਾਸਾ, ਥਿਰ ਕੋਇ ਰਹਿਣ ਨਾ ਪਾਈਆ । ਸ਼ਾਹ ਪਾਤਸ਼ਾਹ ਰਾਜ

ਰਾਜਾਨਾਂ ਖ਼ਾਲੀ ਦਿਸੇ ਕਾਸਾ, ਮੰਗਿਆਂ ਭਿਖ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸੱਜਣ ਹੋਏ ਸਹਾਈਆ । ਗੁਰਮੁਖ ਸੱਚੇ ਸੱਜਣ ਆਉਣਾ, ਨਿਰਗੁਣ ਰੂਪ ਧਰਾ । ਸਾਚਾ ਵੇਲਾ ਵਕਤ ਸੁਹਾਉਣਾ, ਪੁਰਖ ਅਬਿਨਾਸ਼ੀ ਬੇਪਰਵਾਹ । ਸਾਚੇ ਅਸਵ ਤੰਗ ਕਸਾਉਣਾ, ਸਚ ਸਿੰਘਾਸਣ ਸੋਭਾ ਪਾ । ਨਵ ਸੱਤ ਫੇਰਾ ਆਪ ਵਖਾਉਣਾ, ਰੂਪ ਅਨੂਪ ਵਟਾ । ਹਰਿਜਨ ਸਾਚੇ ਆਪ ਜਗਾਉਣਾ, ਏਕਾ ਠੋਕਰ ਨਾਮ ਲਗਾ । ਜਗਤ ਵਿਛੋੜਾ ਪੰਧ ਮੁਕਾਉਣਾ, ਝੂਠਾ ਬੰਧਨ ਦਏ ਤੁੜਾ । ਸਾਚਾ ਵੇਲਾ ਆਪ ਸੁਹਾਉਣਾ, ਸਾਚੀ ਰੁੱਤ ਦਏ ਵਖਾ । ਕਲਜੁਗ ਅੰਤਮ ਏਕਾ ਸਾਹ ਸੁਧਾਉਣਾ, ਨਾ ਕੋਈ ਸਕੇ ਫੇਰ ਬਦਲਾ । ਪੁਰਖ ਅਬਿਨਾਸ਼ੀ ਦੂਲ੍ਹਾ ਬਣ ਕੇ ਆਉਣਾ, ਸੀਸ ਜਗਦੀਸ ਤਾਜ ਟਿਕਾ । ਸਾਚੇ ਮੰਦਰ ਚਰਨ ਟਿਕਾਉਣਾ, ਆਪ ਆਪਣਾ ਕ਼ਦਮ ਉਠਾ । ਆਪਣਾ ਸਗਨ ਆਪ ਮਨਾਉਣਾ, ਆਪੇ ਵੇਖੇ ਆਪਣਾ ਥਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਸਾਚਾ ਵਰ, ਅੰਤਮ ਪਕੜੇ ਤੇਰੀ ਬਾਂਹ । ਪਕੜੇ ਬਾਂਹ ਪੁਰਖ ਕਰਤਾਰ, ਸਿਰ ਆਪਣਾ ਹੱਥ ਟਿਕਾਈਆ । ਕਲਜੁਗ ਆਈ ਅੰਤਮ ਵਾਰ, ਦੁੱਖ ਦਲਿਦ੍ਰ ਦਏ ਗਵਾਈਆ । ਸੁਖ ਨਾਲ ਸੁਖ ਕਰੇ ਪਿਆਰ, ਘਰ ਘਰ ਵਿਚ ਸੁਖ ਵਖਾਈਆ । ਕੁੱਖ ਨਾਲ ਕੁੱਖ ਹੋਏ ਉਜਿਆਰ, ਪਿਤਾ ਪੂਤ ਦਏ ਵਡਿਆਈਆ । ਸਿਮਲ ਰੁੱਖ ਨਾ ਰਹੇ ਵਿਚ ਸੰਸਾਰ, ਜੂਠੀ ਝੂਠੀ ਜੜ੍ਹ ਉਖੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਮਿਲਾਈਆ । ਹਰਿਜਨ ਤੇਰਾ ਅੰਤਮ ਨਾਤਾ, ਨਰ ਨਰਾਇਣ ਬੰਧਾਇੰਦਾ । ਮੇਲ ਮਿਲਾਵਾ ਕਮਲਾਪਾਤਾ, ਆਪਣਾ ਆਪ ਕਰਾਇੰਦਾ । ਆਪੇ ਲਾੜਾ ਜਾਂਵੀ ਬਣ ਬਰਾਤਾ, ਸਾਚੀ ਖੇਲ ਖਿਲਾਇੰਦਾ । ਚੌਥੇ ਜੁਗ ਆਪੇ ਗਾਏ ਆਪਣੀ ਗਾਥਾ, ਚੌਥੀ ਲਾਂਵ ਪੂਰ ਕਰਾਇੰਦਾ । ਜਿਸ ਜਨ ਮਿਲੇ ਪੁਰਖ ਅਬਿਨਾਸ਼ਾ, ਸੋ ਜਨ ਸਚ ਵਿਵਾਹ ਜਗਤ ਰਚਾਇੰਦਾ । ਲੱਖ ਚੁਰਾਸੀ ਦੇਵੇ ਫਾਸਾ, ਝੂਠਾ ਧੰਦਾ ਜੋ ਜਗਤ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਵਰ, ਅੰਤਮ ਮੇਲਾ ਆਪ ਕਰਾਇੰਦਾ । ਮੇਲਾ ਅੰਤਮ ਕਰੇ ਭਗਵਾਨ, ਭਗਵਨ ਭਗਤਨ ਦਇਆ ਕਮਾਈਆ । ਬੀਸ ਬੀਸ ਕਰ ਪਰਵਾਨ, ਆਪ ਆਪਣੇ ਦਰ ਬਹਾਈਆ । ਏਕਾ ਨਜ਼ਰੀ ਆਏ ਸਾਚਾ ਕਾਹਨ, ਗੁਰਮੁਖ ਸਖ਼ੀਆਂ ਸੋਭਾ ਪਾਈਆ । ਗੀਤ ਗੋਬਿੰਦ ਏਕਾ ਗਾਣ, ਸਾਚਾ ਮੰਗਲ ਆਪ ਅਲਾਈਆ । ਘਰ ਮਿਲੇ ਰਾਜ ਰਜਾਨ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖਾਏ ਸਚ ਮਕਾਨ, ਸਾਚਾ ਮੰਦਰ ਆਪ ਵਡਿਆਈਆ । ਸਾਚਾ ਮੰਦਰ ਉਚਾ ਟਿੱਲਾ, ਤਖ਼ਤ ਨਿਵਾਸੀ ਆਪ ਬਣਾਇੰਦਾ । ਆਦਿ ਜੁਗਾਦੀ ਏਕਾ ਕਿਲ੍ਹਾ, ਛੱਪਰ ਛੰਨ ਨਾ ਕੋਇ ਛੁਹਾਇੰਦਾ । ਨਾ ਕੋਈ ਪੱਥਰ ਨਾ ਕੋਈ ਸਿਲਾ, ਇੱਟ ਗਾਰਾ ਨਾ ਕੋਇ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਤੇਰਾ ਘਰ ਆਪ ਬਣਾਇੰਦਾ । ਗੁਰਮੁਖ ਤੇਰਾ ਘਰ ਅਮੁੱਲਾ, ਅਮੁਲ ਅਮੁਲ ਬਣਾਈਆ । ਅੰਤਮ ਬਣੇ ਤੇਰਾ ਤੋਲਾ, ਤੇਰੀ ਧਾਰ ਆਪਣੇ ਹੱਥ ਰਖਾਈਆ । ਤੇਰਾ ਬਦਲੇ ਆਪੇ ਚੋਲਾ, ਚੋਲੀ ਆਪਣੀ ਤਨ ਪਹਿਨਾਈਆ । ਆਪ ਵਖਾਏ ਸਾਚਾ ਡੋਲਾ, ਸਾਚੀ ਘਾੜਨ ਆਪ ਘੜਾਈਆ । ਆਪ ਉਠਾਏ ਪਰਦਾ ਓਹਲਾ, ਮੁਖ ਘੁੰਘਟ ਦਏ ਖੁਲ੍ਹਾਈਆ । ਆਪ ਸੁਣਾਏ ਆਪਣਾ ਬੋਲਾ, ਸੋਹੰ ਅੱਖਰ ਸਚ ਪੜ੍ਹਾਈਆ । ਪੂਰਾ ਕਰੇ ਕੀਤਾ ਕੌਲਾ, ਕੀਤਾ ਕੌਲ ਭੁਲ ਨਾ ਜਾਈਆ । ਨਾ ਕੋਈ ਜਾਣੇ ਪੰਡਤ ਰੌਲਾ, ਜਗਤ ਵਿਦਿਆ ਭੇਵ ਨਾ ਰਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਬ੍ਰਹਮ ਬ੍ਰਹਮਾਦਿ ਹਰਿਜਨ ਹਰਿ ਹਰਿ ਪੂਰੀ ਆਸ ਕਰਾਈਆ । ਪੂਰੀ ਆਸ ਮਨਸਾ ਪੂਰ, ਮਨ ਮਨ ਹੀ ਮਾਹੇਂ ਕਰਾਇੰਦਾ । ਦਰਸ ਦਿਖਾਏ ਹਾਜ਼ਰ ਹਜ਼ੂਰ, ਹਿਰਸ ਹਵਸ ਸਰਬ ਮਿਟਾਇੰਦਾ । ਨਾਤਾ ਤੋੜ ਕੂੜੋ ਕੂੜ, ਸਚ ਸੁੱਚ ਘਿਰਤ ਵਖਾਇੰਦਾ । ਚਤੁਰ ਬਣਾ ਮੂਰਖ ਮੂੜ੍ਹ, ਸਾਚੇ ਧੰਦੇ ਆਪੇ ਲਾਇੰਦਾ । ਕਾਇਆ ਚੋਲੀ ਚਾੜ੍ਹ ਰੰਗ ਗੂੜ੍ਹ, ਰੰਗ ਰਤੜੀ ਸੇਜ ਸੁਹਾਇੰਦਾ । ਏਕਾ ਬਖ਼ਸ਼ ਜੋਤੀ ਨੂਰ, ਘਰ ਦੀਆ ਦੀਪਕ ਆਪ ਜਗਾਇੰਦਾ । ਏਕਾ ਨਾਦ ਧੁੰਨ ਸਚ ਤੂਰ, ਰਾਗੀ ਰਾਗ ਅਲਾਇੰਦਾ । ਆਸਾ ਮਨਸਾ ਮਨਸਾ ਆਸਾ ਗੁਰਮੁਖ ਗੁਰ ਗੁਰ ਪੂਰ, ਜਗਤ ਤ੍ਰਿਸਨਾ ਸਰਬ ਮਿਟਾਇੰਦਾ । ਆਵੇ ਨੇੜੇ ਜੋ ਵਸੇ ਦੂਰ, ਦੂਰ ਦੁਰਾਡਾ ਪੰਧ ਮੁਕਾਇੰਦਾ । ਸਰਬ ਕਲਾ ਭਰਪੂਰ, ਸੋ ਸਵਾਮੀ ਸਤਿਗੁਰ ਨਾਉਂ ਰਖਾਇੰਦਾ । ਗੁਰਸਿਖ ਵਿਰਲੇ ਕਰੇ ਮਨਜ਼ੂਰ, ਜਿਸ ਆਪਣਾ ਪਰਵਾਨਾ ਨਾਮ ਹੱਥ ਫੜਾਇੰਦਾ । ਜਨਮ ਜਨਮ ਦੇ ਕਰੇ ਮੁਆਫ਼ ਕਸੂਰ, ਜੋ ਜਨ ਚਰਨੀ ਸੀਸ ਝੁਕਾਇੰਦਾ । ਕਾਇਆ ਤਪੇ ਨਾ ਜਗਤ ਤੰਦੂਰ, ਅਗਨੀ ਅੱਗ ਆਪ ਬੁਝਾਇੰਦਾ । ਰੋਗ ਸੋਗ ਦੁੱਖੜਾ ਚੂਰ ਚੂਰ, ਸਾਚਾ ਅੰਮ੍ਰਿਤ ਜਾਮ ਪਿਆਇੰਦਾ । ਜਿਸ ਦੀ ਆਸ ਰੱਖੀ ਮੁਹੰਮਦ ਵਿਚ ਬਹਿਸ਼ਤਾਂ ਹੂਰ, ਮੁਹੰਮਦ ਹੂਰ ਗੁਰਸਿਖਾਂ ਦਰ ਫਿਰਾਇੰਦਾ । ਮੁਹੰਮਦ ਆਸਾ ਸਾਚੀ ਹੂਰ, ਮੇਲ ਮਿਲਾਏ ਨੂਰ ਨਾਲ ਨੂਰ, ਨੂਰ ਨੁਰਾਨਾ ਖੇਲ ਖਿਲਾਇੰਦਾ । ਗੁਰਸਿਖ ਤੇਰਾ ਮੇਲਾ ਕਰੇ ਜ਼ਰੂਰ, ਆਪਣੀ ਜ਼ਰੂਰਤ ਪੂਰੀ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਬਾਲੀ ਨੱਢੀ ਲਾਏ ਅੰਗ, ਸਿਰ ਹੱਥ ਰੱਖ ਸੂਰਾ ਸਰਬੰਗ, ਆਪਣੇ ਘਰ ਬਹਾਇੰਦਾ । ਘਰ ਬਹਿਣਾ ਦਰਸਨ ਨੈਣਾ, ਮੁਖੜਾ ਨੂਰ ਨੂਰ ਦਰਸਾਈਆ । ਗੁਰਸਿਖ ਮੰਨਣਾ ਗੁਰ ਕਾ ਕਹਿਣਾ, ਭੁਲ ਕਦੇ ਨਾ ਜਾਈਆ । ਸਾਧ ਸੰਗਤ ਵਿਚ ਮਿਲ ਕੇ ਬਹਿਣਾ, ਹਰਿ ਸੰਗਤ ਹਰਿ ਕਾ ਰੂਪ ਵਖਾਈਆ । ਗੁਰ ਚਰਨ ਪ੍ਰੀਤੀ ਸਾਚਾ ਗਹਿਣਾ, ਜਗਤ ਸ਼ਿੰਗਾਰ ਨਾ ਕੋਇ ਵਡਿਆਈਆ । ਆਦਿ ਅੰਤ ਭਾਣਾ ਸਹਿਣਾ, ਹਰਿ ਭਾਣੇ ਵਿਚ ਸਮਾਈਆ । ਆਪੇ ਦੇਵੇ ਲਹਿਣਾ ਦੇਣਾ, ਪੂਰਬ ਲੇਖਾ ਝੋਲੀ ਪਾਈਆ । ਆਦਿ ਅੰਤ ਭਗਤ ਭਗਵੰਤ ਧਾਮ ਇਕੱਠੇ ਰਹਿਣਾ, ਏਕਾ ਸੇਜਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਮਿਲਾਈਆ । ਹਰਿਜਨ ਸੱਜਣ ਰਹਿਣਾ ਤਿਆਰ, ਜਗਤ ਤਿਆਰੀ ਆਪ ਕਰਾਇੰਦਾ । ਆਪੇ ਮੇਲਾ ਕਰੇ ਮੇਲਣਹਾਰ, ਮਿਲ ਮਿਲ ਆਪਣੇ ਅੰਗ ਲਗਾਇੰਦਾ । ਘਰ ਘਰ ਦਰ ਦਰ ਪਾਵੇ ਸਾਰ, ਗ੍ਰਿਹਿ ਗ੍ਰਿਹਿ ਵੇਖ ਵਖਾਇੰਦਾ । ਸੁਰਤੀ ਸੁਰਤ ਲਏ ਉਠਾਲ, ਜਗਤ ਨਿਮਾਣੀ ਆਪ ਜਗਾਇੰਦਾ । ਹਾਣੀ ਹਾਣੀ ਮੇਲੀ ਗੁਰ ਕਰਤਾਰ, ਸ਼ਬਦੀ ਸ਼ਬਦ ਬੰਧਨ ਪਾਇੰਦਾ । ਮੰਦਰ ਵਖਾਏ ਇਕ ਦਵਾਰ, ਸਚ ਦਵਾਰਾ ਆਪ ਵਡਿਆਇੰਦਾ । ਗੁਰਸਿਖ ਭੁਲ ਨਾ ਜਾਏ ਵਿਚ ਸੰਸਾਰ, ਬਿਨ ਸਤਿਗੁਰ ਪੂਰੇ ਪਾਰ ਨਾ ਕੋਇ ਲਗਾਇੰਦਾ । ਨਿਹਕਲੰਕ ਨਰਾਇਣ ਨਰ ਲਏ ਅਵਤਾਰ, ਚਾਰ ਜੁਗ ਦੇ ਵਿਛੜੇ ਮੇਲ ਮਿਲਾਇੰਦਾ । ਲੱਖ ਚੁਰਾਸੀ ਵਿਚੋਂ ਲਏ ਨਿਕਾਲ, ਨਿੱਕਾ ਵੱਡਾ ਬਿਰਧ ਬਾਲ ਨਾ ਵੰਡ ਵੰਡਾਇੰਦਾ । ਆਪ ਆਪਣਿਆਂ ਕਰੇ ਆਪ ਸੰਭਾਲ, ਬਣ ਸੇਵਕ ਸੇਵ ਕਮਾਇੰਦਾ । ਸਦਾ ਸਦਾ ਸਦਾ ਕਰੇ ਪ੍ਰਿਤਪਾਲ, ਪ੍ਰਿਤਪਾਲਕ ਵੇਖ ਵਖਾਇੰਦਾ । ਗੁਰਸਿਖ ਚਲੇ ਤੇਰੇ ਨਾਲ ਨਾਲ, ਚਲਣਹਾਰਾ ਦਿਸ ਨਾ ਆਇੰਦਾ । ਪਾਵੇ ਸਾਰ ਸ਼ਾਹ ਕੰਗਾਲ, ਜਗਤ ਕੰਗਾਲੀ ਆਪਣੀ ਝੋਲੀ ਪਾਇੰਦਾ । ਆਪ ਮੁਰੀਦਾਂ ਸੁਣੇ ਹਾਲ, ਆਪਣਾ ਹਾਲ ਮੁਰੀਦਾਂ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

੧੨੩੫
੧੦

ਗੁਰਸਿਖ ਸਾਚੇ ਲਏ ਵਰ, ਘਰ ਸਾਚੇ ਆਪ ਬਹਾਇੰਦਾ । ਗੁਰਸਿਖ ਵਸਣਾ ਹਰੀ ਦਵਾਰ, ਹਰਿ ਮੰਦਰ ਆਪ ਬਣਾਇਆ । ਝੂਠਾ ਨਾਤਾ ਸਰਬ ਸੰਸਾਰ, ਹਉਮੇਂ ਰੋਗ ਰਿਹਾ ਸਤਾਇਆ । ਘਰ ਘਰ ਦਿਸੇ ਜਗਤ ਵਿਭਚਾਰ, ਨਾਰ ਹਰਿ ਕੰਤ ਨਾ ਕੋਇ ਹੰਢਾਇਆ । ਸੁਰਤੀ ਸ਼ਬਦ ਨਾ ਕਰੇ ਪਿਆਰ, ਰਸਨਾ ਜਿਹਵਾ ਕਾਗ ਰਹੀ ਕੁਰਲਾਇਆ । ਮਨ ਉਪਜੇ ਨਾ ਕੋਇ ਵੈਰਾਗ, ਜਗਤ ਤ੍ਰਿਸਨਾ ਮੂਲ ਰਖਾਇਆ । ਜਿਸ ਜਨ ਤੇਰਾ ਸਾਜਨ ਲਿਆ ਸਾਜ, ਸੋ ਸਾਹਿਬ ਕਿਉਂ ਮਨੋਂ ਭੁਲਾਇਆ । ਆਦਿ ਜੁਗਾਦਿ ਜੁਗਾ ਜੁਗੰਤਰ ਰੱਖੇ ਲਾਜ, ਜਨ ਭਗਤਾਂ ਰਖਦਾ ਆਇਆ । ਕਲਜੁਗ ਅੰਤਮ ਮਾਰੀ ਇਕ ਆਵਾਜ਼, ਸੋਹੰ ਢੋਲਾ ਗਾਇਆ । ਹੰ ਬ੍ਰਹਮ ਪਾਰਬ੍ਰਹਮ ਨਿਰਗੁਣ ਸਰਗੁਣ ਰਚਿਆ ਕਾਜ, ਨਾਰੀ ਕੰਤ ਰੂਪ ਵਟਾਇਆ । ਵਡਿ ਭਾਗਣ ਮਿਲਿਆ ਕੰਤ ਸੁਹਾਗ, ਕੰਤ ਕੰਤੂਹਲਾ ਨਜ਼ਰੀ ਆਇਆ । ਜਗਤ ਰਸਨਾ ਮੇਟੇ ਸਰਬ ਸਵਾਦ, ਆਤਮ ਰਸ ਏਕਾ ਪਾਇਆ । ਜਿਸ ਸ੍ਰਿਸ਼ਟ ਸਬਾਈ ਉਪਾਈ ਆਦਿ, ਅੰਤਮ ਆਪੇ ਵੇਖਣ ਆਇਆ । ਜਿਸ ਨੂੰ ਗਾਉਂਦੇ ਬ੍ਰਹਮ ਬ੍ਰਹਿਮਾਦ, ਸੋ ਪੁਰਖ ਨਿਰੰਜਣ ਰੂਪ ਧਰਾਇਆ । ਜਿਸ ਦੀ ਵਿਸ਼ਨ ਬ੍ਰਹਮਾ ਸ਼ਿਵ ਕਰਦੇ ਯਾਦ, ਬੈਠੇ ਸੀਸ ਝੁਕਾਇਆ । ਜਿਸ ਅੱਗੇ ਗੁਰ ਅਵਤਾਰ ਕਰਨ ਫ਼ਰਯਾਦ, ਸੋ ਮਾਹੀ ਆਪਣਾ ਖੇਲ ਰਿਹਾ ਕਰਾਇਆ । ਜਿਸ ਦੀ ਬਾਣੀ ਬੋਧ ਅਗਾਧ, ਜਸ ਵੇਦ ਪੁਰਾਨ ਗਾਇਆ । ਸੋ ਪੁਰਖ ਗੁਰਸਿਖਾਂ ਕਰੇ ਸੱਚਾ ਲਾਡ, ਰੂਪ ਰੰਗ ਰੇਖ ਨਜ਼ਰ ਕਿਸੇ ਨਾ ਆਇਆ । ਆਪੇ ਮਾਈ ਆਪੇ ਬਾਪ, ਗੁਰਸਿਖ ਪਿਤਾ ਪੂਤ ਗੋਦ ਸੁਹਾਇਆ । ਗੁਰਸਿਖਾਂ ਦੀ ਰੱਖੀ ਆਪ ਯਾਦ, ਘਰ ਘਰ ਦਰ ਦਰ ਜਾ ਜਾ ਰਿਹਾ ਉਠਾਇਆ । ਭੁਲ ਨਾ ਜਾਏ ਪੂਰਬ ਜਨਮ ਦਾ ਕੀਤਾ ਲਾਡ, ਜਨਮ ਜਨਮ ਕਰਮ ਕਰਮ ਧਰਮ ਧਰਮ ਆਪਣੇ ਹੱਥ ਰਖਾਇਆ । ਕਲਜੁਗ ਅੰਤ ਗੁਰਮੁਖ ਸੱਚਾ ਸੰਤ ਸਾਧ, ਜਿਸ ਜਨ ਆਪਣੇ ਚਰਨ ਲਗਾਇਆ । ਚਾਰ ਕੁੰਟ ਵੇਖੇ ਵਾਦ ਵਿਵਾਦ, ਵਿਖ ਅੰਮ੍ਰਿਤ ਰੂਪ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਦੇਵੇ ਏਕਾ ਦਾਨ, ਅੰਤਮ ਆਸਾ ਪੂਰ ਦਏ ਕਰਾਇਆ ।

★ ੨੩ ਭਾਦਰੋਂ ੨੦੧੮ ਬਿਕ੍ਰਮੀ ਕੇਹਰ ਸਿੰਘ ਦੇ ਗ੍ਰਹਿ ਰਜੀਵਾਲਾ ਜ਼ਿਲਾ ਫ਼ਿਰੋਜ਼ਪੁਰ ★★

ਜੀਵਣ ਦੇਵੇ ਜੀਆ ਦਾਨ, ਜੁਗਤ ਆਪਣੇ ਹੱਥ ਰਖਾਈਆ । ਸਾਚੇ ਤਿੰਨ ਹੱਥ ਮੰਦਰ ਮਕਾਨ, ਸਚ ਸਿੰਘਾਸਣ ਆਸਣ ਲਾਈਆ । ਧਰਮ ਵਖਾਏ ਇਕ ਨਿਸ਼ਾਨ, ਸਚ ਨਿਸ਼ਾਨਾ ਆਪ ਉਠਾਈਆ । ਨਾਮ ਜਣਾਏ ਗੁਣ ਨਿਧਾਨ, ਨਿਸ਼ਅੱਖਰ ਕਰੇ ਪੜ੍ਹਾਈਆ । ਦਰਦੀ ਦਰ ਦਵਾਰੇ ਦੇਵੇ ਮਾਣ, ਦਰਦੀ ਦਰਦੀਆਂ ਦਰਦ ਵੰਡਾਈਆ । ਹਰਿਜਨ ਸੱਜਣ ਲਏ ਪਛਾਣ, ਬੇਪਹਿਚਾਨ ਦਇਆ ਕਮਾਈਆ । ਕਰੇ ਖੇਲ ਸ੍ਰੀ ਭਗਵਾਨ, ਗੋਬਿੰਦ ਮੇਲਾ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਈਆ । ਜੀਆ ਦਾਨ ਆਤਮ ਦਾਤ, ਤ੍ਰੈਗੁਣ ਅਤੀਤਾ ਆਪ ਵਰਤਾਇੰਦਾ । ਚਰਨ ਕਵਲ ਬੰਧਾਏ ਨਾਤ, ਜਨਮ ਜਨਮ ਦਾ ਜੋੜ ਜੁੜਾਇੰਦਾ । ਅੰਤਰ ਅੰਤਰ ਦੇਵੇ ਸਾਥ, ਦਿਸ ਕਿਸੇ ਨਾ ਆਇੰਦਾ । ਲਹਿਣਾ ਦੇਣਾ ਚੁਕਾਏ ਹੱਥੋ ਹਾਥ, ਪੂਰਬ ਲਹਿਣਾ ਵੇਖ ਵਖਾਇੰਦਾ । ਨਾਮ ਚੜ੍ਹਾਏ ਸਾਚੇ ਰਾਥ, ਰਥ ਰਥਵਾਹੀ ਸੇਵ ਕਮਾਇੰਦਾ ।

ਹੋਏ ਸਹਾਈ ਅਨਾਥਾਂ ਨਾਥ, ਅਨਾਥ ਅਨਾਥੀ ਖੇਲ ਖਿਲਾਇੰਦਾ । ਸਰਬ ਕਲ ਆਪੇ ਸਮਰਾਥ, ਸਾਚੀ ਵਸਤ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਭੰਡਾਰਾ ਆਪਣੇ ਹੱਥ ਰਖਾਇੰਦਾ । ਜੀਆ ਦਾਨ ਜੁਗਤ ਜਗ, ਹਰਿਜਨ ਇਕ ਦਰਸਾਈਆ । ਤ੍ਰੈ ਤ੍ਰੈ ਬੁਝਾਏ ਲੱਗੀ ਅੱਗ, ਪਵਣ ਠੰਡੀ ਨਾਮ ਚਲਾਈਆ । ਕਰੇ ਪਰਕਾਸ਼ ਸੂਰਾ ਸਰਬੱਗ, ਦੀਨ ਦਿਆਲ ਦਇਆ ਕਮਾਈਆ । ਹਰਿਜਨ ਕਰੇ ਲੱਖ ਚੁਰਾਸੀ ਵਿਚੋਂ ਅੱਡ, ਆਪਣੀ ਵੰਡਣ ਆਪੇ ਪਾਈਆ । ਪਾਰਬ੍ਰਹਮ ਪਾਰ ਕਰਾਏ ਆਪਣੀ ਹੱਦ, ਸਾਚੇ ਬੇੜੇ ਲਏ ਚੜ੍ਹਾਈਆ । ਪਾਵੇ ਸਾਰ ਬ੍ਰਹਮ ਬ੍ਰਹਿਮਾਦ, ਪਾਰਬ੍ਰਹਮ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸੱਜਣ ਲੇਖਾ ਰਿਹਾ ਜਣਾਈਆ । ਜੀਆ ਦਾਨ ਜੀਵਣ ਜੋਤ, ਜੋਤੀ ਜਾਤਾ ਇਕ ਵਖਾਇੰਦਾ । ਕਾਇਆ ਮੰਦਰ ਸਾਚਾ ਕੋਟ, ਘਰ ਬੰਕ ਇਕ ਸੁਹਾਇੰਦਾ । ਜਿਸ ਜਨ ਕੱਢੇ ਵਾਸ਼ਨਾ ਖੋਟ, ਤਿਸ ਆਪਣੀ ਬੂਝ ਬੁਝਾਇੰਦਾ । ਜਿਸ ਲਗਾਏ ਸ਼ਬਦ ਚੋਟ, ਤਿਸ ਸੁਰਤੀ ਮਾਤ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੀਵਣ ਜੁਗਤ ਆਪ ਜਣਾਇੰਦਾ । ਜੀਵਣ ਜੁਗਤ ਜਗਤ ਗੁਰਦੇਵ, ਗੁਰ ਗੁਰ ਮੀਤਾ ਆਪ ਸੁਣਾਈਆ । ਪਾਰਬ੍ਰਹਮ ਪ੍ਰਭ ਅਲਖ ਅਭੇਵ, ਅਲਖ ਅਗੋਚਰ ਅਗੰਮ ਅਥਾਹ ਸੱਚਾ ਸ਼ਹਿਨਸ਼ਾਹੀਆ । ਆਦਿ ਜੁਗਾਦਿ ਜੁਗਾ ਜੁਗੰਤਰ ਸਾਚੀ ਸੇਵ ਕਰ ਜਣਾਏ ਨਿਹਕੇਵ, ਨਿਹਚਲ ਬੈਠਾ ਆਸਣ ਲਾਈਆ । ਜਿਸ ਜਨ ਦੇਵੇ ਅੰਮ੍ਰਿਤ ਨਾਮ ਸਾਚਾ ਮੇਵ, ਆਤਮ ਰਸ ਇਕ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੀ ਲਾਏ ਸੇਵਾ ਜਿਹਵ, ਜਿਹਵਾ ਗੁਣ ਆਪ ਸੁਣਾਈਆ । ਜੀਆ ਦਾਨ ਜੀਵਣ ਧਾਰ, ਗੁਰਮੁਖ ਵਿਰਲਾ ਵੇਖ ਵਖਾਇੰਦਾ । ਜਿਸ ਜਨ ਕਰੇ ਆਪ ਪਿਆਰ, ਤਿਸ ਜਨ ਪਰਦਾ ਮਾਤ ਉਠਾਇੰਦਾ । ਨਿਜ ਨੇਤਰ ਦਰਸ ਵਖਾਲ, ਕਾਇਆ ਖੇਤਰ ਸੋਭਾ ਪਾਇੰਦਾ । ਏਕਾ ਮਾਰਗ ਦੱਸੇ ਸੁਖਾਲ, ਮਾਰਗ ਅਨਡਿਠੜਾ ਆਪ ਲਗਾਇੰਦਾ । ਗੁਰਸਿਖ ਗੁਰਮੁਖ ਆਪੇ ਭਾਲ, ਆਪਣਾ ਮੇਲਾ ਆਪ ਕਰਾਇੰਦਾ । ਗੋਬਿੰਦ ਗੁਰ ਗੁਰ ਬਣ ਦਲਾਲ, ਜਗਤ ਦਲਾਲੀ ਇਕ ਵਖਾਇੰਦਾ । ਕਾਇਆ ਮੰਦਰ ਸੱਚੀ ਧਰਮਸਾਲ, ਗੁਰੂਦਵਾਰੇ ਸੋਭਾ ਪਾਇੰਦਾ । ਗੁਰਮੁਖਾਂ ਚਲੇ ਨਾਲ ਨਾਲ, ਜੁਗ ਪੈਂਡਾ ਆਪ ਮੁਕਾਇੰਦਾ । ਆਪਣੇ ਚਰਨਾਂ ਹੇਠ ਰਖਾਏ ਕਾਲ ਮਹਾਕਾਲ, ਹੁਕਮੀ ਹੁਕਮ ਸਰਬ ਫਿਰਾਇੰਦਾ । ਆਪੇ ਸੁਣੇ ਮੁਰੀਦਾਂ ਹਾਲ, ਮੁਰਸ਼ਦ ਮਰੀਦ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੀਵਣ ਜੁਗਤ ਆਪਣੇ ਹੱਥ ਰਖਾਇੰਦਾ । ਜੀਆ ਦਾਨ ਦੇਵਣਹਾਰਾ, ਇਕ ਇਕੱਲਾ ਪੁਰਖ ਅਕਾਲ । ਆਦਿ ਜੁਗਾਦਿ ਹੋ ਉਜਿਆਰਾ, ਕਰੇ ਖੇਲ ਦੀਨ ਦਿਆਲ । ਵਿਸ਼ਨ ਬ੍ਰਹਮਾ ਸ਼ਿਵ ਮੰਗਣ ਬਣ ਭਿਖਾਰਾ, ਜੁਗ ਜੁਗ ਕਰਨ ਦਰ ਇਕ ਸਵਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਰਿਹਾ ਸੁਰਤ ਸੰਭਾਲ । ਜੀਵਣ ਦਾਤ ਵਸਤ ਅਣਮੁਲ, ਸਤਿ ਪੁਰਖ ਨਿਰੰਜਣ ਝੋਲੀ ਪਾਈਆ । ਗੁਰਮੁਖ ਲੋਕਮਾਤ ਨਾ ਜਾਏ ਰੁਲ, ਜਿਸ ਜਨ ਆਪਣਾ ਮੇਲ ਮਿਲਾਈਆ । ਸਾਚੇ ਕੰਡੇ ਜਾਏ ਤੁਲ, ਤੋਲਣਹਾਰਾ ਆਪੇ ਤੋਲ ਤੋਲਾਈਆ । ਭਾਗ ਲਗਾਏ ਸੁਲੱਖਣੀ ਕੁਲ, ਕੁਲਵੰਤਾ ਸੱਚਾ ਮਾਹੀਆ । ਗੁਰਮੁਖ ਫੁੱਲ ਫੁਲਵਾੜੀ ਮਹਿਕਾਏ ਫੁੱਲ, ਪੱਤ ਡਾਲ੍ਹੀ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਜੀਵਣ ਜੁਗਤ ਦਏ ਸਮਝਾਈਆ ।

## ★ ੨੩ ਭਾਦਰੋਂ ੨੦੧੮ ਬਿਕ੍ਰਮੀ ਸੋਹਣ ਸਿੰਘ ਦੇ ਗ੍ਰਹਿ ਮੁੰਡੀ ਜਮਾਲ ਜ਼ਿਲਾ ਫ਼ਿਰੋਜ਼ਪੁਰ ★

ਸੋ ਪੁਰਖ ਨਿਰੰਜਣ ਸ਼ਾਹ ਸੁਲਤਾਨ, ਸ਼ਹਿਨਸ਼ਾਹ ਇਕ ਅਖਵਾਇੰਦਾ । ਹਰਿ ਪੁਰਖ ਨਿਰੰਜਣ ਮਿਹਰਵਾਨ, ਨਿਰਗੁਣ ਨਿਰਵੈਰ ਆਪਣੀ ਕਲ ਵਰਤਾਇੰਦਾ । ਏਕੰਕਾਰਾ ਨੌਜਵਾਨ, ਆਦਿ ਜੁਗਾਦਿ ਏਕਾ ਰੰਗ ਸਮਾਇੰਦਾ । ਆਦਿ ਨਿਰੰਜਣ ਨੂਰ ਮਹਾਨ, ਜੋਤੀ ਜਾਤਾ ਡਗਮਗਾਇੰਦਾ । ਅਬਿਨਾਸ਼ੀ ਕਰਤਾ ਵਡ ਬਲਵਾਨ, ਬਲ ਆਪਣਾ ਆਪ ਪਰਗਟਾਇੰਦਾ । ਸ੍ਰੀ ਭਗਵਾਨ ਸਚ ਨਿਸ਼ਾਨ, ਸਤਿ ਸਤਿਵਾਦੀ ਆਪ ਝੁਲਾਇੰਦਾ । ਪਾਰਬ੍ਰਹਮ ਪ੍ਰਭ ਹੋ ਪਰਧਾਨ, ਰੂਪ ਅਨੂਪ ਆਪ ਪਰਗਟਾਇੰਦਾ । ਆਪ ਉਪਾਏ ਸਚ ਮਕਾਨ, ਸਚਖੰਡ ਦਵਾਰਾ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰ ਆਪ ਚਲਾਇੰਦਾ । ਸਚਖੰਡ ਦਵਾਰਾ ਸਚ ਮਹੱਲਾ, ਸੋ ਪੁਰਖ ਨਿਰੰਜਣ ਆਪ ਉਪਾਈਆ । ਹਰਿ ਪੁਰਖ ਨਿਰਜੰਣ ਇਕ ਇਕੱਲਾ, ਏਕੰਕਾਰਾ ਡੇਰਾ ਲਾਈਆ । ਆਦਿ ਨਿਰੰਜਣ ਆਪਣੇ ਦੀਪਕ ਆਪੇ ਬੱਲਾ, ਅਬਿਨਾਸ਼ੀ ਕਰਤਾ ਖੇਲ ਖਿਲਾਈਆ । ਸ੍ਰੀ ਭਗਵਾਨ ਸਚ ਸਿੰਘਾਸਣ ਆਪੇ ਮੱਲਾ, ਪਾਰਬ੍ਰਹਮ ਆਪੇ ਵੇਖੇ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਰਿਹਾ ਸੁਹਾਈਆ । ਸਚਖੰਡ ਦਵਾਰਾ ਨਿਹਚਲ ਧਾਮ, ਨਿਰਵੈਰ ਪੁਰਖ ਆਪ ਸੁਹਾਇੰਦਾ । ਆਪੇ ਜਾਣੇ ਆਪਣਾ ਕਾਮ, ਪੁਰਖ ਅਕਾਲ ਆਪਣੀ ਕਾਰ ਆਪ ਕਰਾਇੰਦਾ । ਆਪੇ ਹੋਏ ਗੁਣ ਨਿਧਾਨ, ਗੁਣਵੰਤਾ ਆਪਣਾ ਭੇਵ ਆਪ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰ ਆਪ ਵਡਿਆਇੰਦਾ । ਸਚਖੰਡ ਦਵਾਰ ਸਚ ਮਕਾਨਾ, ਸੋ ਪੁਰਖ ਨਿਰੰਜਣ ਆਪ ਸੁਹਾਈਆ । ਨਿਰਗੁਣ ਨੂਰ ਕਰ ਮਹਾਨਾ, ਆਦਿ ਜੁਗਾਦਿ ਡਗਮਗਾਈਆ । ਸਾਚੇ ਤਖ਼ਤ ਬੈਠ ਸ੍ਰੀ ਭਗਵਾਨਾ, ਸਚ ਸਿੰਘਾਸਣ ਸੋਭਾ ਪਾਈਆ । ਏਕਾ ਹੁਕਮ ਧੁਰ ਫ਼ਰਮਾਨਾ, ਆਪ ਆਪਣਾ ਲਏ ਸੁਣਾਈਆ । ਆਪੇ ਦਰ ਦਰਵੇਸ਼ ਬਣ ਦਰਬਾਨਾ, ਆਪਣੀ ਅਲਖ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਸਾਚੇ ਆਪਣਾ ਰੰਗ ਰੰਗਾਈਆ । ਸਚਖੰਡ ਦਵਾਰ ਸਾਚਾ ਰੰਗ, ਹਰਿ ਸਾਚਾ ਆਪ ਰੰਗਾਇੰਦਾ । ਆਪੇ ਬਹੇ ਏਕਾ ਬੰਕ, ਸਾਚੀ ਸੇਜ ਸੁਹਾਇੰਦਾ । ਆਪ ਵਜਾਏ ਆਪਣਾ ਮਰਦੰਗ, ਅਨਾਦੀ ਨਾਦ ਵਜਾਇੰਦਾ । ਆਪੇ ਖੇਲ ਕਰੇ ਸੂਰਾ ਸਰਬੰਗ, ਆਪਣਾ ਬਲ ਆਪ ਪਰਗਟਾਇੰਦਾ । ਆਪਣੇ ਮੰਦਰ ਆਪ ਲੰਘ, ਆਪਣੀ ਖੇਲ ਆਪ ਵਖਾਇੰਦਾ । ਆਪੇ ਭਿੱਖਕ ਬਣ ਬਣ ਸਾਚੀ ਭਿਛਿਆ ਲਏ ਮੰਗ, ਨਿਰਗੁਣ ਅੱਗੇ ਨਿਰਗੁਣ ਝੋਲੀ ਡਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਇਕ ਵਡਿਆਇੰਦਾ । ਆਪੇ ਭਿੱਖਕ ਆਪ ਭਿਖਾਰੀ, ਆਪਣਾ ਖੇਲ ਆਪ ਖਿਲਾਈਆ । ਆਪੇ ਦਾਤਾ ਬਣ ਵਰਤਾਰੀ, ਸਾਚੀ ਵਸਤ ਅਮੋਲਕ ਝੋਲੀ ਪਾਈਆ । ਆਪੇ ਨਿਰਗੁਣ ਜੋਤ ਨੂਰ ਨੂਰ ਕਰ ਉਜਿਆਰੀ, ਨੂਰ ਨੁਰਾਨਾ ਡਗਮਗਾਈਆ । ਆਪੇ ਕਰੇ ਖੇਲ ਅਗੰਮ ਅਪਾਰੀ ਅਲਖ ਅਗੋਚਰ ਬੇਪਰਵਾਹ ਸਾਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਮੰਦਰ ਆਪੇ ਵੜ, ਸਚਖੰਡ ਦਵਾਰਾ ਸੋਭਾ ਪਾਈਆ । ਸਚਖੰਡ ਦਵਾਰਾ ਸੋਭਾਵੰਤ, ਸੋ ਪੁਰਖ ਨਿਰੰਜਣ ਆਪ ਸੁਹਾਇੰਦਾ । ਏਕਾ ਵਸੇ ਸ੍ਰੀ ਭਗਵੰਤ, ਦੂਸਰ ਸੰਗ ਨਾ ਕੋਇ ਰਲਾਇੰਦਾ । ਆਦਿ ਜੁਗਾਦੀ ਮਹਿਮਾ ਅਗਣਤ, ਬੋਧ ਅਗਾਧੀ ਆਪੇ ਗਾਇੰਦਾ । ਆਪੇ ਨਾਉਂ ਆਪੇ ਮੰਤ, ਨਾਉਂ ਨਿਰੰਕਾਰਾ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

੧੨੩੮ ੧੦

ਸਚਖੰਡ ਦਵਾਰੇ ਆਪੇ ਵੜ, ਆਪਣਾ ਵੇਸ ਆਪ ਵਟਾਇੰਦਾ । ਵੇਸ ਅਵੱਲਾ ਸਚਖੰਡ, ਹਰਿ ਸਾਚਾ ਸਚ ਕਰਾਈਆ । ਆਪੇ ਕਰੇ ਆਪਣੀ ਵੰਡ, ਨਿਰਗੁਣ ਹਿੱਸਾ ਆਪਣਾ ਪਾਈਆ । ਕੋਟਨ ਕੋਟ ਕਰ ਬ੍ਰਹਿਮੰਡ, ਲੋਆਂ ਪੁਰੀਆਂ ਬ੍ਰਹਿਮੰਡਾ ਖੰਡਾਂ ਆਪਣਾ ਬੰਧਨ ਪਾਈਆ । ਆਪ ਉਪਾਏ ਸੂਰਜ ਚੰਨ, ਕਿਰਨ ਕਿਰਨ ਲਏ ਪਰਗਟਾਈਆ । ਵਿਸ਼ਨ ਬ੍ਰਹਮਾ ਸ਼ਿਵ ਹੋਏ ਬਖ਼ਸ਼ੰਦ, ਬਖ਼ਸ਼ਿਸ਼ ਆਪਣੇ ਹੱਥ ਰਖਾਈਆ । ਆਪੇ ਤ੍ਰੈਗੁਣ ਮਾਇਆ ਪਾਏ ਬੰਧ, ਆਪੇ ਪੰਚਮ ਮੇਲਾ ਸਹਿਜ ਸੁਭਾਈਆ । ਆਪੇ ਸੁਣਾਏ ਸੁਹਾਗੀ ਛੰਦ, ਨਿਸ਼ਅੱਖਰ ਆਪੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣੀ ਖੇਲ ਆਪ ਕਰਾਈਆ । ਕਰੇ ਖੇਲ ਪੁਰਖ ਸਮਰਥ, ਸਚਖੰਡ ਦਵਾਰੇ ਆਸਣ ਲਾਇੰਦਾ । ਥਿਰ ਘਰ ਮਹਿਮਾ ਗਾਏ ਅਕਥ, ਸ਼ਬਦ ਅਨਾਦੀ ਨਾਦ ਵਜਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਚਲਾਏ ਰਥ, ਰਥ ਰਥਵਾਹੀ ਵੇਖ ਵਖਾਇੰਦਾ । ਨਾਮ ਅਗੰਮੀ ਪਾਏ ਨੱਥ, ਡੋਰੀ ਆਪਣੇ ਹੱਥ ਰਖਾਇੰਦਾ । ਆਤਮ ਅੰਤਰ ਮੰਤਰ ਏਕਾ ਦੱਸ, ਨਾਉਂ ਨਿਰੰਕਾਰਾ ਆਪ ਪੜ੍ਹਾਇੰਦਾ । ਹਿਰਦੇ ਅੰਦਰ ਆਪੇ ਵਸ, ਰੂਪ ਅਨੂਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਵਿਸ਼ਨ ਬ੍ਰਹਮਾ ਸ਼ਿਵ ਸੇਵ ਲਗਾਇੰਦਾ । ਸਾਚੀ ਸੇਵਾ ਹਰਿ ਨਿਰੰਕਾਰ, ਏਕਾ ਵਾਰ ਜਣਾਈਆ । ਵਿਸ਼ਨੂੰ ਰਹਿਣਾ ਖ਼ਬਰਦਾਰ, ਭੁਲ ਕਦੇ ਨਾ ਜਾਈਆ । ਬ੍ਰਹਮੇ ਨੇਤਰ ਨੈਣ ਉਘਾੜ, ਚਾਰ ਕੁੰਟ ਰਿਹਾ ਵਖਾਈਆ । ਸ਼ੰਕਰ ਆਲਸ ਨਿੰਦਰਾ ਦਏ ਉਤਾਰ, ਏਕਾ ਏਕ ਮੰਤ ਕਰੇ ਵਡਿਆਈਆ । ਹੁਕਮੀ ਹੁਕਮ ਵਰਤੇ ਵਰਤਾਰ, ਧੁਰ ਫ਼ਰਮਾਨਾ ਆਪ ਜਣਾਈਆ । ਲੱਖ ਚੁਰਾਸੀ ਜਗਤ ਭੰਡਾਰ, ਤ੍ਰੈ ਤ੍ਰੈ ਮੇਲਾ ਸਹਿਜ ਸੁਭਾਈਆ । ਪੰਚਮ ਤੱਤ ਬਣੇ ਅਖਾੜ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਜੋੜ ਜੁੜਾਈਆ । ਕਰੇ ਖੇਲ ਅਪਰ ਅਪਾਰ, ਅਪਰੰਪਰ ਬੇਪਰਵਾਹੀਆ । ਰੂਪ ਧਰਾਏ ਪੁਰਖ ਨਾਰ, ਨਰ ਨਰਾਇਣ ਵਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮਾ ਸ਼ਿਵ ਏਕਾ ਰਾਹ ਵਖਾਈਆ । ਵਿਸ਼ਨ ਬ੍ਰਹਮਾ ਸ਼ਿਵ ਏਕਾ ਰਾਹ, ਸੋ ਪੁਰਖ ਨਿਰੰਜਣ ਆਪ ਚਲਾਇੰਦਾ । ਹਰਿ ਪੁਰਖ ਨਿਰੰਜਣ ਬਣ ਮਲਾਹ, ਸਾਚਾ ਬੇੜਾ ਇਕ ਵਖਾਇੰਦਾ । ਏਕੰਕਾਰਾ ਦਏ ਸਲਾਹ, ਸਾਚੇ ਮਾਰਗ ਆਪੇ ਪਾਇੰਦਾ । ਆਦਿ ਨਿਰੰਜਣ ਜੋਤ ਜਗਾ, ਆਪਣਾ ਨੂਰ ਆਪ ਪਰਗਟਾਇੰਦਾ । ਅਬਿਨਾਸ਼ੀ ਕਰਤਾ ਫੜ ਫੜ ਬਾਂਹ, ਆਪਣੇ ਨਾਲ ਚਲਾਇੰਦਾ । ਸ੍ਰੀ ਭਗਵਾਨ ਵਖਾਏ ਸਚ ਨਿਸ਼ਾਂ, ਸਚਖੰਡ ਦਵਾਰੇ ਆਪ ਝੁਲਾਇੰਦਾ । ਪਾਰਬ੍ਰਹਮ ਬਣੇ ਪਿਤਾ ਮਾਂ, ਬਾਲਕ ਸਾਚੇ ਗੋਦ ਬਹਾਇੰਦਾ । ਇਕ ਜਣਾਏ ਆਪਣਾ ਨਾਂ, ਦੂਜੀ ਵਿਦਿਆ ਨਾ ਕੋਇ ਸਿਖਾਇੰਦਾ । ਚਰਨ ਕਵਲ ਬਹਾਏ ਸਾਚੇ ਥਾਂ, ਥਾਨ ਥਨੰਤਰ ਆਪ ਵਡਿਆਇੰਦਾ । ਲੱਖ ਚੁਰਾਸੀ ਘਾੜਨ ਲਏ ਘੜਾ, ਘੜ ਭਾਂਡੇ ਵੇਖ ਵਖਾਇੰਦਾ । ਨਿਰਗੁਣ ਸਰਗੁਣ ਰੂਪ ਵਟਾ, ਆਪਣਾ ਬੰਧਨ ਪਾਇੰਦਾ । ਕਾਇਆ ਬੰਕ ਦਏ ਵਡਿਆ, ਜੋਤੀ ਜਾਤਾ ਡਗਮਗਾਇੰਦਾ । ਆਤਮ ਬ੍ਰਹਮ ਵੰਡ ਵੰਡਾ, ਪਾਰਬ੍ਰਹਮ ਖੇਲ ਖਿਲਾਇੰਦਾ । ਈਸ਼ ਜੀਵ ਰੂਪ ਧਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮਾ ਸ਼ਿਵ ਦੇਵੇ ਵਰ, ਆਪਣਾ ਗੁਣ ਆਪ ਸਮਝਾਇੰਦਾ । ਵਿਸ਼ਨੂੰ ਉਠ ਕਰ ਧਿਆਨ, ਹਰਿ ਸਾਚਾ ਸਚ ਜਣਾਈਆ । ਆਦਿ ਪੁਰਖ ਹੋ ਮਿਹਰਵਾਨ, ਆਪਣੀ ਰਚਨਾ ਦਏ ਵਖਾਈਆ । ਆਪ ਜਣਾਏ ਧੁਰ ਫ਼ਰਮਾਨ, ਸਚ ਸੰਦੇਸਾ ਦਏ ਸੁਣਾਈਆ । ਏਕਾ ਅੰਮ੍ਰਿਤ ਪੀਣ ਖਾਣ, ਨਾਮ ਭੰਡਾਰਾ ਦਏ ਭਰਾਈਆ । ਆਦਿ ਜੁਗਾਦਿ ਵੇਖੇ ਵਿਗਸੇ ਸ੍ਰੀ ਭਗਵਾਨ, ਵੇਖਣਹਾਰਾ ਦਿਸ

ਨਾ ਆਈਆ । ਨਵ ਨੌਂ ਖੋਲ੍ਹ ਦੁਕਾਨ, ਸਾਚੇ ਮਾਰਗ ਆਪੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਸੁਣਾਈਆ । ਉਠ ਬ੍ਰਹਮੇ ਨੇਤਰ ਖੋਲ੍ਹ, ਹਰਿ ਸਾਚਾ ਸਚ ਜਣਾਇੰਦਾ । ਪਾਰਬ੍ਰਹਮ ਤੇਰੇ ਰੂਪ ਜਾਏ ਮੌਲ, ਮੌਲਾ ਆਪਣਾ ਖੇਲ ਖਿਲਾਇੰਦਾ । ਆਪਣਾ ਅੰਮ੍ਰਿਤ ਭਰੇ ਤੇਰੇ ਕਉਲ, ਤੇਰੀ ਨਾਭੀ ਆਪ ਟਿਕਾਇੰਦਾ । ਭਾਗ ਲਗਾਏ ਉਪਰ ਧੌਲ, ਲੱਖ ਚੁਰਾਸੀ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਏਕਾ ਤੱਤ ਜਣਾਇੰਦਾ । ਉਠ ਸ਼ੰਕਰ ਜਾਣਾ ਜਾਗ, ਹਰਿ ਸਾਚਾ ਆਪ ਜਗਾਈਆ । ਆਪ ਲਗਾਏ ਆਪਣਾ ਭਾਗ, ਆਪੇ ਵੇਖ ਵਖਾਈਆ । ਆਪਣੀ ਜੋਤ ਜਗਾਏ ਚਿਰਾਗ਼, ਘਰ ਮੰਦਰ ਕਰ ਰੁਸ਼ਨਾਈਆ । ਇਕ ਵਖਾਏ ਕੰਤ ਸੁਹਾਗ, ਪਾਰਬ੍ਰਹਮ ਵਡ ਵਡਿਆਈਆ । ਇਕ ਉਪਜਾਏ ਸਚ ਵੈਰਾਗ, ਵੈਰਾਗੀ ਰੂਪ ਧਰਾਈਆ । ਤੇਰੇ ਹੱਥ ਫੜਾਏ ਨਾਦ, ਕਾਲ ਨਗਾਰਾ ਇਕ ਵਜਾਈਆ । ਘੜਨਾ ਭੰਨਣਾ ਆਦਿ ਜੁਗਾਦਿ, ਆਪਣੀ ਖੇਲ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਤਿੰਨਾਂ ਏਕਾ ਘਰ ਬਹਾਈਆ । ਤਿੰਨਾਂ ਬਹਾਇਆ ਏਕਾ ਘਰ, ਆਦਿ ਪੁਰਖ ਕਰਤਾਰ । ਆਪਣਾ ਦੇਵੇ ਆਪੇ ਵਰ, ਸ਼ਾਹ ਪਾਤਸ਼ਾਹ ਸੱਚੀ ਸਰਕਾਰ । ਲੱਖ ਚੁਰਾਸੀ ਘਾੜਨ ਘੜ, ਨਿਰਗੁਣ ਸਰਗੁਣ ਪਾਵੇ ਸਾਰ । ਘਟ ਘਟ ਅੰਦਰ ਜਾਏ ਵੜ, ਘਰ ਘਰ ਸੋਹੇ ਬੰਕ ਦਵਾਰ । ਨਿਰਗੁਣ ਜੋਤੀ ਆਪੇ ਧਰ, ਗ੍ਰਿਹ ਗ੍ਰਿਹ ਕਰੇ ਉਜਿਆਰ । ਅੰਮ੍ਰਿਤ ਭਰਾਏ ਸਾਚਾ ਸਰ, ਨਿਝਰ ਝਿਰਨਾ ਝਿਰੇ ਅਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਏਕਾ ਹੁਕਮ ਵਰਤੇ ਵਰਤਾਰ । ਵਿਸ਼ਨ ਬ੍ਰਹਮਾ ਸ਼ਿਵ ਸੁਣ ਫ਼ਰਮਾਨਾ, ਪ੍ਰਭ ਅੱਗੇ ਸੀਸ ਝੁਕਾਈਆ । ਤੂੰ ਸ਼ਾਹ ਪਾਤਸ਼ਾਹ ਸਾਚਾ ਰਾਣਾ, ਹਉਂ ਸੇਵਕ ਸੇਵ ਕਮਾਈਆ । ਏਕਾ ਗੌਣਾ ਤੇਰਾ ਗਾਣਾ, ਤੁਧ ਬਿਨ ਅਵਰ ਨਾ ਕੋਇ ਜਣਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਤੂੰ ਵੇਖੇਂ ਮਾਰ ਧਿਆਨਾ, ਵਿਸਰ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਵੇਲਾ ਮੇਲੇਂ ਸਾਚੇ ਮਾਹੀਆ । ਕਵਣ ਵੇਲਾ ਆਏਂ ਘਰ, ਏਕਾ ਸੰਗ ਨਿਭਾਈਆ । ਵਿਸ਼ਨ ਚਰਨੀ ਗਿਆ ਪੜ, ਸੀਸ ਜਗਦੀਸ ਝੁਕਾਈਆ । ਬ੍ਰਹਮਾ ਅੱਗੇ ਰੋਵੇ ਖੜ੍ਹ, ਨੇਤਰ ਨੈਣਾਂ ਨੀਰ ਵਹਾਈਆ । ਸ਼ੰਕਰ ਮੂੰਹ ਦੇ ਭਾਰ ਡਿਗਾ ਦੜ, ਆਪਣਾ ਬਲ ਨਾ ਕੋਇ ਪਰਗਟਾਈਆ । ਬਿਨ ਤੁਧ ਦਿਸੇ ਨਾ ਕੋਇ ਦਰ, ਦਰਦੀ ਦਰਦ ਨਾ ਕੋਇ ਵੰਡਾਈਆ । ਲੱਖ ਚੁਰਾਸੀ ਤੇਰਾ ਖੇਲ ਸਾਚੇ ਨਰ, ਤੂੰ ਧੰਨ ਜਣੇਂਦੀ ਮਾਈਆ । ਦਾਈ ਦਾਇਆ ਬਣ ਬਣ ਸੇਵ ਕਰ, ਸਾਚੀ ਸੇਵਾ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਵੇਲਾ ਹੋਏਂ ਸਹਾਈਆ । ਕਵਣ ਵੇਲਾ ਹੋਏਂ ਸਹਾਈ, ਹਉਂ ਏਕਾ ਮੰਗ ਮੰਗਾਈਆ । ਬਾਲ ਅਵਾਨਿਆਂ ਪਕੜੇਂ ਬਾਂਹੀਂ, ਨਿਤ ਤੇਰਾ ਰਾਹ ਤਕਾਈਆ । ਸਿਰ ਦੇਵੇਂ ਠੰਡੀਆਂ ਛਾਈਂ, ਸਮਰਥ ਪੁਰਖ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਦਵਾਰੇ ਮਿਲੇਂ ਵੜ, ਰੂਪ ਅਨੂਪ ਆਪ ਵਟਾਈਆ । ਪੁਰਖ ਅਬਿਨਾਸ਼ੀ ਦਇਆ ਕਮਾ, ਆਦਿ ਆਦਿ ਸਮਝਾਇੰਦਾ । ਲੱਖ ਚੁਰਾਸੀ ਡੇਰਾ ਲਾ, ਘਰ ਘਰ ਸੋਭਾ ਪਾਇੰਦਾ । ਆਪਣਾ ਖੇਲ ਦਿਆਂ ਵਖਾ, ਨਿਰਗੁਣ ਸਰਗੁਣ ਮੇਲ ਮਿਲਾਇੰਦਾ । ਬ੍ਰਹਮ ਨਾਲ ਪਾਰਬ੍ਰਹਮ ਮਿਲਾ, ਗੁਰ ਗੁਰ ਰੂਪ ਵਖਾਇੰਦਾ । ਸ਼ਬਦ ਅਨਾਦੀ ਏਕਾ ਗਾ, ਸਾਚਾ ਢੋਲਾ ਆਪ

ਸੁਣਾਇੰਦਾ । ਬ੍ਰਹਮ ਬ੍ਰਹਿਮਾਦੀ ਖੋਜ ਖੁਜਾ, ਆਪਣਾ ਪਰਦਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਇੰਦਾ । ਭੇਵ ਜਣਾਏ ਹਰਿ ਕਰਤਾਰ, ਬੋਧ ਅਗਾਧ ਕਰੇ ਪੜ੍ਹਾਈਆ । ਨਿਤ ਨਵਿਤ ਆਵਾਂ ਵਿਚ ਸੰਸਾਰ, ਨਿਰਗੁਣ ਸਰਗੁਣ ਰੂਪ ਵਟਾਈਆ । ਗੁਰ ਗੁਰ ਰੂਪ ਲੈ ਅਵਤਾਰ, ਅਵਤਾਰ ਗੁਰ ਗੁਰ ਰੂਪ ਵਖਾਈਆ । ਭਗਤ ਭਗਵੰਤ ਕਰ ਉਜਿਆਰ, ਸਾਚੇ ਸੰਤ ਲਵਾਂ ਮਿਲਾਈਆ । ਗੁਰਮੁਖਾਂ ਦੇਵਾਂ ਇਕ ਆਧਾਰ, ਏਕਾ ਮੰਤਰ ਨਾਮ ਦ੍ਰਿੜ੍ਹਾਈਆ । ਗੁਰਸਿਖਾਂ ਕਰਾਂ ਸਚ ਪਿਆਰ, ਸਿਰ ਆਪਣਾ ਹੱਥ ਟਿਕਾਈਆ । ਮਨਮੁਖਾਂ ਕਰਾਂ ਖ਼ਵਾਰ, ਜੁਗ ਜੁਗ ਦੇਵਾਂ ਮਾਤ ਸਜ਼ਾਈਆ । ਵਿਸ਼ਨੂੰ ਵੇਖਾਂ ਤੇਰਾ ਭੰਡਾਰ, ਭੁਲ ਕਦੇ ਨਾ ਜਾਈਆ । ਬ੍ਰਹਮਾ ਤੇਰਾ ਕਰ ਪਸਾਰ, ਬ੍ਰਹਮ ਵੇਤਾ ਖੇਲ ਖਿਲਾਈਆ । ਸ਼ੰਕਰ ਤੇਰਾ ਵੇਖਾਂ ਹਥਿਆਰ, ਤੇਰੇ ਹੱਥ ਤ੍ਰਿਸੂਲ ਫੜਾਈਆ । ਕਰਾਂ ਖੇਲ ਆਪਣੀ ਵਾਰ, ਭੇਵ ਅਭੇਦ ਨਾ ਕੋਇ ਖੁਲ੍ਹਾਈਆ । ਆਪਣਾ ਨਾਉਂ ਬੋਲ ਜੈਕਾਰ, ਚਾਰੇ ਵੇਦਾਂ ਦਿਆਂ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਰਿਹਾ ਜਣਾਈਆ । ਆਪਣਾ ਲੇਖਾ ਹਰਿ ਜਣਾਇੰਦਾ, ਆਦਿ ਪੁਰਖ ਏਕੰਕਾਰ । ਵਿਸ਼ਨ ਬ੍ਰਹਮਾ ਸ਼ਿਵ ਤੇਰਾ ਦਰ ਵੇਖ ਵਖਾਇੰਦਾ, ਲੱਖ ਚੁਰਾਸੀ ਖੋਲ੍ਹ ਕਿਵਾੜ । ਘਰ ਘਰ ਹਾਟੀ ਫੋਲ ਫੋਲਾਇੰਦਾ, ਕਵਣ ਵਸਤ ਵਿਚ ਸੰਸਾਰ । ਆਪਣੀ ਤਾਕੀ ਪਰਦਾ ਲਾਹਿੰਦਾ, ਆਪੇ ਹੋਏ ਵੇਖਣਹਾਰ । ਬਾਕੀ ਅੰਤ ਸਰਬ ਮੁਕਾਇੰਦਾ, ਲਹਿਣਾ ਦਏ ਆਪ ਨਿਰੰਕਾਰ । ਸਾਚੀ ਖੇਲ ਆਪ ਕਰਾਇੰਦਾ, ਜੁਗ ਜੁਗ ਲਏ ਮਾਤ ਅਵਤਾਰ । ਸਤਿਜੁਗ ਸਾਚੀ ਵੰਡ ਵੰਡਾਇੰਦਾ, ਆਪੇ ਆਏ ਅਠਾਰਾਂ ਵਾਰ । ਤ੍ਰੇਤਾ ਆਪਣਾ ਬੰਧਨ ਪਾਇੰਦਾ, ਦੋਏ ਦੋਏ ਖੇਲ ਕਰੇ ਨਿਰੰਕਾਰ । ਦੁਆਪਰ ਸਾਚਾ ਹੁਕਮ ਜਣਾਇੰਦਾ, ਏਕਾ ਦੂਆ ਕਰ ਉਜਿਆਰ । ਕਲਜੁਗ ਅੰਤਮ ਰੂਪ ਵਟਾਇੰਦਾ, ਦੋਏ ਦੋਏ ਲੇਖਾ ਕਰ ਕਰ ਪਾਰ । ਸਾਚਾ ਮਾਰਗ ਆਪ ਚਲਾਇੰਦਾ, ਨੂਰ ਨੁਰਾਨਾ ਭੇਵ ਨਿਆਰ । ਆਪਣਾ ਕਲਮਾ ਆਪ ਪੜ੍ਹਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਪਰ ਅਪਾਰ । ਅਪਰ ਅਪਾਰਾ ਖੇਲ ਕਰੌਣਾ, ਆਪਣੀ ਮਹਿਮਾ ਆਪ ਜਣਾਈਆ । ਸਤਿਜੁਗ ਸੰਗ ਵਿਹਾਰ ਕਰੌਣਾ, ਕਲਜੁਗ ਵੇਸ ਵਟਾਈਆ । ਈਸਾ ਮੂਸਾ ਸੰਗ ਮੁਹੰਮਦ ਆਪਣਾ ਪੱਲੂ ਆਪ ਫੜੌਣਾ, ਏਕਾ ਰੰਗ ਵਖਾਈਆ । ਏਕਾ ਜੋਤੀ ਡਗਮਗੌਣਾ, ਦਸ ਦਸ ਮੇਲਾ ਸਹਿਜ ਸੁਭਾਈਆ । ਅਲਖ ਅਭੇਵ ਅਗੰਮ ਅਥਾਹ ਬੇਪਰਵਾਹ ਬੇਅੰਤ ਆਪਣਾ ਨਾਉਂ ਧਰੌਣਾ, ਰਸਨਾ ਜੇਹਵਾ ਸਕੇ ਨਾ ਕੋਇ ਗਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਸਾਚੀ ਸੇਵਾ ਲੌਣਾ, ਏਕਾ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮਾ ਸ਼ਿਵ ਦੇਵੇ ਵਰ, ਵਰ ਦਾਤਾ ਆਪ ਅਖਵਾਈਆ । ਏਕਾ ਵਰ ਦੇਵੇ ਦਾਨ, ਜੀਅ ਦਾਤਾ ਆਪ ਹੋ ਜਾਇੰਦਾ । ਜੁਗ ਜੁਗ ਖੇਲ ਕਰੇ ਭਗਵਾਨ, ਨਿਰਗੁਣ ਸਰਗੁਣ ਰੂਪ ਵਟਾਇੰਦਾ । ਲੱਖ ਚੁਰਾਸੀ ਵੇਖੇ ਆਣ, ਘਟ ਘਟ ਅੰਦਰ ਫੋਲ ਫੁਲਾਇੰਦਾ । ਗੁਰਮੁਖ ਵਿਰਲੇ ਚਤੁਰ ਸੁਜਾਨ, ਆਪ ਆਪਣਾ ਮੇਲ ਮਿਲਾਇੰਦਾ । ਅੰਤਰ ਦੇਵੇ ਬ੍ਰਹਮ ਗਿਆਨ, ਦੂਈ ਦਵੈਤੀ ਪਰਦਾ ਲਾਹਿੰਦਾ । ਦਿਵਸ ਰੈਣ ਇਕ ਧੁਨਕਾਨ, ਅਨਹਦ ਨਾਦੀ ਸ਼ਬਦ ਵਜਾਇੰਦਾ । ਨਿਰਗੁਣ ਜੋਤ ਜਗੇ ਮਹਾਨ, ਜੋਤ ਨਿਰੰਜਣ ਡਗਮਗਾਇੰਦਾ । ਆਤਮ ਸੇਜਾ ਕਰ ਪਰਵਾਨ, ਬ੍ਰਹਮ ਪਾਰਬ੍ਰਹਮ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਜੁਗ ਜੁਗ ਖੇਲ ਅਵਲੱੜਾ, ਲੋਕਮਾਤ ਕਰਾਈਆ । ਆਵੇ ਜਾਵੇ ਇਕ ਇਕੱਲੜਾ,

ਨਿਤ ਨਵਿਤ ਫੇਰਾ ਪਾਈਆ । ਸਚ ਸਿੰਘਾਸਣ ਏਕਾ ਮੱਲੜਾ, ਸਚਖੰਡ ਵਸੇ ਸਾਚਾ ਮਾਹੀਆ । ਸ਼ਬਦ ਸੰਦੇਸਾ ਏਕਾ ਘਲੜਾ, ਗੁਰ ਗੁਰ ਦਏ ਸਮਝਾਈਆ । ਜੋਤੀ ਜੋਤ ਆਪੇ ਰਲੜਾ, ਨੂਰ ਨੁਰਾਨਾ ਡਗਮਗਾਈਆ । ਜੀਵ ਜੰਤ ਫੜਾਏ ਪੱਲੜਾ, ਏਕਾ ਪੱਲੂ ਗੰਢ ਪੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮਾ ਸ਼ਿਵ ਦਏ ਸਮਝਾਈਆ । ਵਿਸ਼ਨ ਸੁਣਨਾ ਬਾਲ ਨਾਦਾਨ, ਹਰਿ ਸਾਚਾ ਸਚ ਜਣਾਇੰਦਾ । ਬ੍ਰਹਮੇ ਸੁਣਨਾ ਲਾ ਲਾ ਕਾਨ, ਪੁਰਖ ਅਬਿਨਾਸ਼ੀ ਹੁਕਮ ਸੁਣਾਇੰਦਾ । ਸ਼ੰਕਰ ਦੇਵੇ ਇਕ ਗਿਆਨ, ਤੱਤ ਗਿਆਨ ਇਕ ਦ੍ਰਿੜਾਇੰਦਾ । ਨੌਂ ਸੌ ਚੁਰਾਨਵੇ ਚੌਕੜੀ ਜੁਗ ਚਲੇ ਦੁਕਾਨ, ਲੱਖ ਚੁਰਾਸੀ ਹੱਟ ਵਿਕਾਇੰਦਾ । ਜੁਗ ਜੁਗ ਸੇਵਾ ਲਾਏ ਸ੍ਰੀ ਭਗਵਾਨ, ਗੁਰ ਅਵਤਾਰ ਮਾਤ ਪਰਗਟਾਇੰਦਾ । ਨਾਮ ਨਿਧਾਨਾ ਦੇਵੇ ਦਾਨ, ਵਸਤ ਅਮੋਲਕ ਝੋਲੀ ਪਾਇੰਦਾ । ਹਰਿਜਨ ਵਿਰਲਾ ਕਰੇ ਪਛਾਣ, ਜਿਸ ਜਨ ਆਪਣੀ ਬੂਝ ਬੁਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਇੰਦਾ । ਸਾਚਾ ਵਰਤੇ ਹੁਕਮ ਸੰਸਾਰ, ਹੁਕਮੀ ਹੁਕਮ ਸਰਬ ਭੁਆਈਆ । ਰਵ ਸਸ ਰਹੇ ਨੱਚ, ਮੰਡਲ ਮੰਡਪ ਰਿਹਾ ਭੁਆਈਆ । ਲੱਖ ਚੁਰਾਸੀ ਭਾਂਡਾ ਕੱਚ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਖੇਲ ਖਿਲਾਈਆ । ਨਿਰਗੁਣ ਜੋਤ ਲਟ ਲਟ, ਘਟ ਘਟ ਆਪ ਟਿਕਾਈਆ । ਕਰ ਖੇਲ ਪੁਰਖ ਸਮਰਥ ਆਪਣੀ ਰਾਸ ਆਪ ਰਚਾਈਆ । ਆਪ ਸੁਣਾਏ ਮਹਿਮਾ ਅਕਥ, ਨਿਰਗੁਣ ਸਰਗੁਣ ਕਰੇ ਪੜ੍ਹਾਈਆ । ਵਿਸ਼ਨ ਬ੍ਰਹਮਾ ਸ਼ਿਵ ਰਿਹਾ ਦੱਸ, ਭੇਵ ਅਭੇਦ ਆਪ ਖੁਲ੍ਹਾਈਆ । ਜੁਗ ਚੌਕੜੀ ਰਹੇ ਕਿਸੇ ਨਾ ਵਸ, ਪੁਰਖ ਅਬਿਨਾਸ਼ੀ ਆਪਣੇ ਹੱਥ ਰਖਾਈਆ । ਜੁਗ ਜੁਗ ਮੇਟੇ ਰੈਣ ਅੰਧੇਰੀ ਮਸ, ਸਾਚਾ ਚੰਦ ਨਾਮ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅੰਤ ਖੇਲ ਕਰਾਈਆ । ਆਦਿ ਅੰਤ ਖੇਲ ਕਰਤਾਰਾ, ਮਧ ਆਪਣੀ ਧਾਰ ਚਲਾਇੰਦਾ । ਮਧ ਰੂਪ ਗੁਰ ਅਵਤਾਰਾ, ਨਿਰਗੁਣ ਸਰਗੁਣ ਮੇਲ ਮਿਲਾਇੰਦਾ । ਮਧ ਨਾਉਂ ਨਾਮ ਜੈਕਾਰਾ, ਨਿਤ ਨਵਿਤ ਆਪ ਪਰਗਟਾਇੰਦਾ । ਮਧ ਖੇਲ ਮੰਦਰ ਠਾਕਰ ਗੁਰੂਦਵਾਰਾ, ਮਠ ਸ਼ਿਵਦਵਾਲਾ ਸੋਭਾ ਪਾਇੰਦਾ । ਮਧ ਲੇਖਾ ਤੀਰਥ ਤਟ ਕਿਨਾਰਾ, ਜਗਤ ਸਰੋਵਰ ਆਪ ਸੁਹਾਇੰਦਾ । ਮਧ ਖੇਲ ਭਗਤ ਭਗਵੰਤ ਕਰੇ ਨਿਆਰਾ, ਆਪ ਆਪਣੀ ਦਇਆ ਕਮਾਇੰਦਾ । ਮਧ ਸੰਤ ਬਣੇ ਦੁਲਾਰਾ, ਸਤਿ ਪੁਰਖ ਨਿਰੰਜਣ ਆਪਣੀ ਗੋਦ ਸੁਹਾਇੰਦਾ । ਮਧ ਗੁਰਮੁਖ ਪਾਵੇ ਸਾਰਾ, ਗੁਰ ਗੁਰ ਆਪਣੀ ਬੂਝ ਬੁਝਾਇੰਦਾ । ਮਧ ਗੁਰਸਿਖ ਕਰ ਉਜਿਆਰਾ, ਲੋਕਮਾਤ ਪਰਗਟਾਇੰਦਾ । ਮਧ ਸੇਵਾ ਲਾਏ ਸੂਰਜ ਚੰਨ ਰਵ ਸਸ ਸਤਾਰਾ, ਪ੍ਰਿਥਮੀ ਆਕਾਸ਼ ਮੰਡਲ ਮੰਡਪ ਡਗਮਗਾਇੰਦਾ । ਮਧ ਵਸੇ ਧਾਮ ਨਿਆਰਾ, ਨਿਹਚਲ ਧਾਮ ਆਪ ਸੁਹਾਇੰਦਾ । ਮਧ ਬੋਲ ਨਾਮ ਜੈਕਾਰਾ, ਚਾਰੇ ਵੇਦਾਂ ਆਪ ਸੁਣਾਇੰਦਾ । ਮਧ ਦੇ ਇਕ ਆਧਾਰਾ, ਅਠਾਰਾਂ ਪੁਰਾਨ ਬਣਤ ਬਣਾਇੰਦਾ । ਮਧ ਖੋਲ੍ਹ ਆਪ ਕਿਵਾੜਾ, ਸ਼ਾਸਤਰ ਸਿਮਰਤ ਹੱਟ ਵਿਕਾਇੰਦਾ । ਮਧ ਦੇ ਨਾਮ ਆਧਾਰਾ, ਗੀਤਾ ਗਿਆਨ ਇਕ ਦ੍ਰਿੜਾਇੰਦਾ । ਮਧ ਹੋ ਪਰਵਰਦਿਗਾਰਾ, ਨੂਰ ਨੁਰਾਨਾ ਆਪਣਾ ਨੂਰ ਵਖਾਇੰਦਾ । ਮਧ ਤੀਸ ਬਤੀਸਾ ਬੋਲ ਜੈਕਾਰਾ, ਸਚ ਹਦੀਸਾ ਇਕ ਪੜ੍ਹਾਇੰਦਾ । ਮਧ ਕਲਮਾ ਕਾਇਨਾਤ ਕਰ ਪਿਆਰਾ, ਨਬੀ ਰਸੂਲਾਂ ਆਪ ਜਗਾਇੰਦਾ । ਮਧ ਸਤਿ ਨਾਮ ਸੱਚਾ ਸਹਾਰਾ, ਨਿਰਗੁਣ ਧਾਰਾ ਆਪ ਪਰਗਟਾਇੰਦਾ । ਮਧ ਵਾਹਿਗੁਰੂ ਫ਼ਤਹਿ ਬੋਲ ਜੈਕਾਰਾ, ਏਕਾ ਡੰਕਾ ਅੰਤ ਵਜਾਇੰਦਾ । ਆਦਿ ਅੰਤ ਇਕ ਅਵਤਾਰਾ, ਏਕਾ ਗੁਰ ਸਮਝਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦਏ ਸਹਾਰਾ, ਸਿਰ ਆਪਣਾ ਹੱਥ ਟਿਕਾਇੰਦਾ । ਲੱਖ ਚੁਰਾਸੀ ਪਾਵੇ

ਸਾਰਾ, ਅਭੁਲ ਭੁਲ ਕਦੇ ਨਾ ਜਾਇੰਦਾ । ਜੁਗ ਜੁਗ ਆਪਣਾ ਕਰੇ ਆਪ ਵਿਹਾਰਾ, ਆਪਣੀ ਸੇਵਾ ਆਪ ਕਮਾਇੰਦਾ । ਆਪੇ ਪੁਰਖ ਆਪੇ ਨਾਰਾ, ਆਪੇ ਕੰਤ ਸੁਹਾਗ ਹੰਢਾਇੰਦਾ । ਆਪੇ ਲਿਖ ਲਿਖ ਲੇਖਾ ਲੇਖ ਬਣੇ ਸਹਾਰਾ, ਪਰਦਾ ਆਪ ਚੁਕਾਇੰਦਾ । ਆਪੇ ਕਾਗਦ ਕ਼ਲਮ ਵਸੇ ਬਾਹਰਾ, ਭੇਵ ਕੋਇ ਨਾ ਪਾਇੰਦਾ । ਆਪੇ ਧਾਮ ਸੁਹਾਏ ਸਚਖੰਡ ਦਵਾਰਾ, ਆਪੇ ਲੋਕਮਾਤ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅੰਤ ਸ੍ਰੀ ਭਗਵੰਤ ਜੁਗਾ ਜੁਗੰਤ ਆਪਣਾ ਖੇਲ ਖਿਲਾਇੰਦਾ । ਜੁਗ ਕਰਤਾ ਖੇਲ ਖਿਲਾਇੰਦਾ, ਆਦਿ ਜੁਗਾਦੀ ਸਾਚੀ ਕਾਰ । ਵਿਸ਼ਨ ਬ੍ਰਹਮਾ ਸ਼ਿਵ ਆਪ ਸਮਝਾਇੰਦਾ, ਏਕਾ ਗੁਣ ਦਏ ਵਿਚਾਰ । ਸਤਿਜੁਗ ਤ੍ਰੇਤਾ ਦੁਆਪਰ ਲੋਕਮਾਤ ਫੁਲ ਫੁਲਵਾੜੀ ਆਪ ਲਗਾਇੰਦਾ, ਆਪੇ ਹੋਏ ਵੇਖਣਹਾਰ । ਪੱਤ ਡਾਲ੍ਹੀ ਫੋਲ ਫੁਲਾਇੰਦਾ, ਜੰਗਲ ਜੂਹ ਉਜਾੜ ਪਹਾੜ ਉਚੇ ਟਿੱਲੇ ਪਰਬਤ ਪਾਵੇ ਸਾਰ । ਸਮੁੰਦ ਸਾਗਰ ਵਰੋਲ ਵਖਾਇੰਦਾ, ਨਾਮ ਮਧਾਣਾ ਏਕਾ ਡਾਰ । ਚੌਦਾਂ ਤਬਕ ਆਪ ਹਿਲਾਇੰਦਾ, ਪੁਰਖ ਅਬਿਨਾਸ਼ੀ ਪਰਵਰਦਿਗਾਰ । ਚੌਦਾਂ ਹੱਟਾਂ ਕੁੰਡਾ ਲਾਹਿੰਦਾ, ਪੁਰਖ ਅਬਿਨਾਸ਼ਾ ਸਾਚੀ ਕਾਰ । ਤੀਰਥ ਤੱਟਾਂ ਵੇਖ ਵਖਾਇੰਦਾ, ਗੰਗਾ ਗੋਦਾਵਰੀ ਜਮਨਾ ਸੁਰਸਤੀ ਰੋਵੇ ਜ਼ਾਰੋ ਜ਼ਾਰ । ਧੀਰਜ ਧੀਰ ਨਾ ਕੋਇ ਧਰਾਇੰਦਾ, ਕਲਜੁਗ ਅੰਤਮ ਆਈ ਹਾਰ । ਮੁੱਲਾਂ ਸ਼ੇਖ਼ ਮਸਾਇਕ ਪੀਰ ਦਸਤਗੀਰ ਸਰਬ ਕੁਰਲਾਇੰਦਾ, ਕੁਤਬ ਗੌਂਸ ਨਾ ਕਰੇ ਵਿਚਾਰ । ਪੰਡਤ ਪਾਂਧਾ ਥੱਕਾ ਮਾਂਦਾ ਆਪਣਾ ਭਾਰ ਨਾ ਕੋਇ ਉਠਾਇੰਦਾ, ਜਗਤ ਪਾਂਧੀ ਗਿਆ ਹਾਰ । ਗੁਰ ਕਾ ਸ਼ਬਦ ਨਾ ਕੋਇ ਸੀਸ ਟਿਕਾਇੰਦਾ, ਭਰਮੇ ਭੁੱਲਾ ਸਰਬ ਸੰਸਾਰ । ਚਾਰ ਵਰਨ ਏਕਾ ਰੂਪ ਨਾ ਕੋਇ ਵਖਾਇੰਦਾ, ਵਰਨ ਬਰਨ ਕਰਨ ਗਿਰਿਆਜ਼ਾਰ । ਵਿਸ਼ਨ ਤੇਰਾ ਵਿਸ਼ਵ ਰੂਪ ਨਜ਼ਰ ਕਿਤੇ ਨਾ ਆਇੰਦਾ, ਸਾਚਾ ਦਿਸੇ ਨਾ ਕੋਇ ਭੰਡਾਰ । ਬ੍ਰਹਮਾ ਬ੍ਰਹਮ ਰੂਪ ਨਾ ਕੋਇ ਪਰਗਟਾਇੰਦਾ, ਅੰਧ ਅੰਧੇਰ ਸਰਬ ਸੰਸਾਰ । ਸ਼ੰਕਰ ਸਾਂਗੋਂ ਸੇਜ ਤੇਰੇ ਦਰ ਨਾ ਕੋਇ ਵਛਾਇੰਦਾ, ਗਲ ਬਾਸ਼ਕ ਤਸ਼ਕਾ ਨਾ ਦਿਸੇ ਹਾਰ । ਤੇਰੀ ਤ੍ਰਿਸੂਲ ਅੰਤ ਸੁਟਾਇੰਦਾ, ਕਰੇ ਖੇਲ ਆਪ ਕਰਤਾਰ । ਕਲਜੁਗ ਵੇਲਾ ਅੰਤਮ ਆਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਕਰੇ ਕੌਲ ਇਕਰਾਰ । ਕੌਲ ਇਕਰਾਰਾ ਵੇਦ ਵਿਆਸ, ਲਿਖ ਲਿਖ ਪੁਰਾਨ ਗਿਆ ਕਰਾਈਆ । ਕਲਜੁਗ ਅੰਤਮ ਪੂਰੀ ਕਰੇ ਆਸ, ਨਵ ਨੌਂ ਚਾਰ ਪੰਧ ਮੁਕਾਈਆ । ਨਿਰਗੁਣ ਜੋਤ ਕਰ ਪਰਕਾਸ਼, ਨਿਰਵੈਰ ਰੂਪ ਧਰਾਈਆ । ਪਾਵੇ ਸਾਰ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਫੋਲ ਫੁਲਾਈਆ । ਕਰੇ ਖੇਲ ਪੁਰਖ ਸਮਰਾਥ, ਆਪਣੇ ਹੱਥ ਰੱਖੇ ਵਡਿਆਈਆ । ਨੌਂ ਖੰਡ ਪ੍ਰਿਥਮੀ ਚਲਾਏ ਸਾਚਾ ਰਥ, ਰਥ ਰਥਵਾਹੀ ਬਣ ਬਣ ਸੇਵ ਕਮਾਈਆ । ਆਪਣੀ ਮਹਿਮਾ ਗਣਾਏ ਅਕਥ, ਸੋਹੰ ਸੋ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਦ ਵਿਆਸਾ ਲਏ ਮਿਲਾਈਆ । ਪੂਰਾ ਕਰੇ ਕੌਲ ਇਕਰਾਰਾ, ਈਸਾ ਏਕਾ ਰਾਹ ਤਕਾਇੰਦਾ । ਮੇਰੇ ਪਿਛੇ ਆਏ ਮੇਰਾ ਪਰਵਰਦਿਗਾਰ, ਸਿਰ ਮੇਰੇ ਹੱਥ ਟਿਕਾਇੰਦਾ । ਸਰਬ ਜੀਆਂ ਦਾ ਸਾਂਝਾ ਯਾਰ, ਏਕਾ ਘਰ ਸੋਭਾ ਪਾਇੰਦਾ । ਬੀਸ ਬੀਸ ਕਰੇ ਪਿਆਰ, ਮੇਰੀ ਅਲਫ਼ੀ ਤਨ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੀਤਾ ਕੌਲ ਭੁਲ ਨਾ ਜਾਇੰਦਾ । ਨਾਨਕ ਨਿਰਗੁਣ ਸਚ ਵਿਚਾਰ, ਲੋਕਮਾਤ ਗਿਆ ਜਣਾਈਆ । ਮਹਾਂਬਲੀ ਉਤਰੇ ਆਪਣੀ ਵਾਰ, ਨਾ ਕੋਈ ਬਣੇ ਪਿਤਾ ਮਾਈਆ । ਨਿਹਕਲੰਕਾ ਰੱਖੇ ਨਾਉਂ ਵਿਚ ਸੰਸਾਰ, ਨਰ ਨਰਾਇਣ ਸੱਚਾ ਸ਼ਹਿਨਸ਼ਾਹੀਆ । ਡੰਕਾ ਵੱਜੇ ਅਗੰਮ ਅਪਾਰ, ਅਲਖ ਅਗੋਚਰ ਆਪ ਵਜਾਈਆ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਕੌਲ ਆਪ ਨਿਭਾਈਆ । ਕਰਿਆ ਕੌਲ ਗੁਰ ਗੋਬਿੰਦ, ਏਕਾ ਬੰਧਨ ਪਾਇਆ । ਪਰਗਟ ਹੋਏ ਗੁਣੀ ਗਹਿਰ ਗੰਭੀਰ ਵਿਚ ਹਿੰਦ, ਰੂਪ ਅਨੂਪ ਧਰਾਇਆ । ਚਾਰ ਜੁਗ ਦੀ ਮੇਟੇ ਚਿੰਦ, ਸਗਲਾ ਦੁੱਖ ਗਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਬਲ ਵਖਾਇਆ । ਪਰਗਟ ਹੋਏ ਕਲ ਕਲਕੀ ਅਵਤਾਰ, ਕਾਲਖ ਟਿੱਕਾ ਦਏ ਮਿਟਾਈਆ । ਆਪੇ ਵਸੇ ਧਾਮ ਨਿਆਰ, ਸੰਬਲ ਨਗਰ ਡੇਰਾ ਲਾਈਆ । ਨਿਰਗੁਣ ਜੋਤ ਕਰ ਉਜਿਆਰ, ਸਾਚਾ ਦੀਪਕ ਡਗਮਗਾਈਆ । ਆਪਣਾ ਨਾਦ ਵਜਾ ਸੱਚੀ ਧੁਨਕਾਰ, ਸ਼ਬਦੀ ਸ਼ਬਦ ਆਪ ਸੁਣਾਈਆ । ਮੇਲਾ ਕਰੇ ਵਿਚ ਦਰਬਾਰ, ਮੇਰਾ ਤੇਰਾ ਭੇਵ ਮਿਟਾਈਆ । ਚੇਲਾ ਗੁਰ ਸੋਹਣ ਇਕ ਦਵਾਰ, ਘਰ ਸਾਚੇ ਵੱਜੇ ਵਧਾਈਆ । ਕੂੜੀ ਕਿਰਿਆ ਦਏ ਨਿਵਾਰ, ਜੂਠ ਝੂਠ ਦਏ ਖਪਾਈਆ । ਵਰਨ ਬਰਨ ਕਰੇ ਖ਼ਵਾਰ, ਸਾਚੀ ਸਰਨ ਇਕ ਜਣਾਈਆ । ਏਕਾ ਨਾਮ ਬੋਲ ਜੈਕਾਰ, ਜੀਵ ਜੰਤ ਕਰੇ ਪੜ੍ਹਾਈਆ । ਸਚ ਸੁੱਚ ਵਰਤੇ ਵਰਤਾਰ, ਸਚ ਸਮਗਰੀ ਇਕ ਵਖਾਈਆ । ਨਾਮ ਖੰਡਾ ਤੇਜ਼ ਕਟਾਰ, ਬ੍ਰਹਿਮੰਡਾਂ ਆਪ ਚਮਕਾਈਆ । ਦੂਤਾਂ ਦੁਸ਼ਟਾਂ ਦੇਵੇ ਮਾਰ, ਜਗਤ ਗੜ੍ਹ ਹੰਕਾਰ ਤੁੜਾਈਆ । ਸ਼ਾਹ ਸੁਲਤਾਨਾਂ ਤਖ਼ਤੋਂ ਦਏ ਉਤਾਰ, ਸੀਸ ਤਾਜ ਨਾ ਕੋਇ ਟਿਕਾਈਆ । ਦਰ ਦਰ ਮੰਗਣ ਭਿਖਿਆ ਬਣ ਭਿਖਾਰ, ਭੀਖਿਆ ਝੋਲੀ ਕੋਇ ਨਾ ਪਾਈਆ । ਪਰਗਟ ਹੋਵੇ ਨਿਹਕਲੰਕ ਨਰਾਇਣ ਨਰ ਅਵਤਾਰ, ਰੂਪ ਅਨੂਪ ਮਾਤ ਧਰਾਈਆ । ਸਰਬ ਜੀਆਂ ਦਾ ਸਾਂਝਾ ਯਾਰ, ਹਰਿ ਸਾਚਾ ਆਪ ਅਖਵਾਈਆ । ਊਚ ਨੀਚ ਰਾਓ ਰੰਕ ਰਾਜ ਰਾਜਾਨ ਸ਼ਾਹ ਸੁਲਤਾਨ ਸੁਹਾਏ ਇਕ ਦਰਬਾਰ, ਦਰ ਦਰਵਾਜ਼ਾ ਇਕ ਖੁਲ੍ਹਾਈਆ । ਸਤਿਜੁਗ ਸਾਚੀ ਬੰਨ੍ਹੇ ਧਾਰ, ਧਰਤ ਧਵਲ ਦਏ ਵਡਿਆਈਆ । ਵਿਸ਼ਨ ਬ੍ਰਹਮਾ ਸ਼ਿਵ ਤਖ਼ਤੋਂ ਦਏ ਉਤਾਰ, ਅੰਤਮ ਆਪਣੀ ਜੋਤ ਮਿਲਾਈਆ । ਸੁਰਪਤ ਰਾਜਾ ਇੰਦ ਕਰ ਖ਼ਵਾਰ, ਏਕਾ ਬਖ਼ਸ਼ੇ ਸਰਨ ਸਰਨਾਈਆ । ਗੁਰਮੁਖ ਸੱਜਣ ਕਰ ਤਿਆਰ, ਸਚ ਧਾਮ ਦਏ ਬਹਾਈਆ । ਅਗਲਾ ਲੇਖਾ ਹਰਿ ਨਿਰੰਕਾਰ, ਆਪਣੇ ਹੱਥ ਰਖਾਈਆ । ਵੀਹ ਸੌ ਵੀਹ ਬਿਕ੍ਰਮੀ ਪਿਛਲਾ ਕ਼ਰਜ਼ਾ ਦਏ ਉਤਾਰ, ਲਹਿਣਾ ਕਿਸੇ ਨਜ਼ਰ ਨਾ ਆਈਆ । ਭਾਣਾ ਸਹਿਣਾ ਸਰਬ ਸੰਸਾਰ, ਆਪਣਾ ਭਾਣਾ ਆਪ ਵਰਤਾਈਆ । ਰਾਜਾ ਰਾਣਾ ਰੋਵੇ ਜ਼ਾਰੋ ਜ਼ਾਰ, ਧੀਰਜ ਧੀਰ ਨਾ ਕੋਇ ਧਰਾਈਆ । ਬੇਮੁਹਾਣਾ ਹੋਏ ਸੰਸਾਰ, ਬਿਨ ਸਤਿਗੁਰ ਪੂਰੇ ਪਾਰ ਨਾ ਕੋਇ ਲਗਾਈਆ । ਪੁਰਖ ਅਕਾਲ ਕਰਤਾ ਪੁਰਖ ਕਰੇ ਆਪਣੀ ਕਾਰ, ਕ਼ੁਦਰਤ ਕ਼ਾਦਰ ਵੇਖ ਵਖਾਈਆ । ਕਾਗਦ ਕ਼ਲਮ ਨਾ ਲਿਖਣਹਾਰ, ਰਸਨਾ ਜਿਹਵਾ ਨਾ ਸਕੇ ਕੋਇ ਗਾਈਆ । ਬੇਐਬ ਪਰਵਰਦਿਗਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅੰਤ ਸ੍ਰੀ ਭਗਵੰਤ ਜੁਗ ਜੁਗ ਗੇੜਾ ਆਪ ਚਲਾਈਆ । ਕਲਜੁਗ ਅੰਤਮ ਹਰਿ ਜੂ ਗੇੜਾ, ਲੋਕਮਾਤ ਦਿਵਾਇੰਦਾ । ਮਨਮਤ ਤੇਰਾ ਕਰੇ ਨਬੇੜਾ, ਗੁਰਮਤ ਆਪ ਪਰਗਟਾਇੰਦਾ । ਗੁਰਮੁਖ ਵਿਰਲੇ ਵਸੇ ਖੇੜਾ, ਲੱਖ ਚੁਰਾਸੀ ਖੇੜਾ ਢਾਹਿੰਦਾ । ਹੱਕ ਹਕ਼ੀਕ਼ਤ ਕਰੇ ਨਬੇੜਾ, ਚਾਰੋਂ ਕੁੰਟ ਫੇਰਾ ਪਾਇੰਦਾ । ਜਗਤ ਵਿਕਾਰਾ ਮਿਟੇ ਝੇੜਾ, ਮਮਤਾ ਮੋਹ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਅੰਤ ਏਕਾ ਹਰਿ, ਨਿਰਗੁਣ ਨਿਰਗੁਣ ਵੇਸ ਵਟਾਇੰਦਾ । ਨਿਰਗੁਣ ਵੇਸ ਕਲ, ਕਰਤਾ ਪੁਰਖ ਆਪ ਕਰਾਈਆ । ਲੱਖ ਚੁਰਾਸੀ ਕਰ ਕਰ ਵਲ ਛਲ, ਜੀਵ ਜੰਤ ਰਿਹਾ ਭੁਲਾਈਆ । ਗੁਰਮੁਖ ਵਿਰਲੇ ਅੰਤਰ ਆਤਮ ਜਾਏ ਰਲ, ਰਲ ਮਿਲ ਆਪਣਾ ਖੇਲ ਖਿਲਾਈਆ । ਇਕ ਵਖਾਏ ਨਿਹਚਲ ਧਾਮ ਅਟੱਲ, ਸਚ

ਮਹੱਲਾ ਸੋਭਾ ਪਾਈਆ । ਸਤਿ ਪੁਰਖ ਨਿਰੰਜਣ ਬੈਠਾ ਆਸਣ ਮਲ, ਨਿਰਗੁਣ ਜੋਤ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਕਲਜੁਗ ਅੰਤਮ ਲਹਿਣਾ ਦਏ ਮੁਕਾਈਆ ।

★ ੨੪ ਭਾਦਰੋਂ ੨੦੧੯ ਬਿਕ੍ਰਮੀ ਬਾਗ਼ੀਚਾ ਸਿੰਘ ਦੇ ਗ੍ਰਹਿ ਪਿੰਡ ਮੁੰਡੀ ਜੁਮਾਲ ਜ਼ਿਲਾ ਫ਼ਿਰੋਜ਼ਪੁਰ ★

ਗੁਰ ਸਤਿਗੁਰ ਹੋਏ ਮਿਹਰਵਾਨ, ਅੰਧ ਅੰਧੇਰਾ ਪੈਂਡਾ ਮੁੱਕਿਆ । ਹਰਿ ਹਰਿ ਦੇਵੇ ਨਾਮ ਦਾਨ, ਹਰਿਆ ਕਰੇ ਬੂਟਾ ਸੁੱਕਿਆ । ਅੰਤਰ ਆਤਮ ਇਕ ਗਿਆਨ, ਦਰਸ ਦਿਖਾਏ ਬੈਠਾ ਲੁਕਿਆ । ਜੋਤ ਜਗਾਏ ਸ੍ਰੀ ਭਗਵਾਨ, ਨਿਰਗੁਣ ਨਿਰਵੈਰ ਹੋ ਹੋ ਉਠਿਆ । ਗੁਰਮੁਖ ਸੱਜਣ ਮੇਲੇ ਆਣ, ਕਰੇ ਖੇਲ ਅਬਿਨਾਸ਼ੀ ਅਚੁਤਿਆ । ਏਕਾ ਰਾਗ ਸੁਣਾਏ ਕਾਨ, ਹਰਿਜਨ ਰਹੇ ਮਾਤ ਨਾ ਸੁਤਿਆ । ਕਰ ਪਰਕਾਸ਼ ਸਾਚੇ ਭਾਨ, ਆਪੇ ਸੁਹਾਏ ਸਾਚੀ ਰੁਤਿਆ । ਪਰਮ ਪੁਰਖ ਵਡ ਮਿਹਰਵਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਾਗ ਲਗਾਏ ਕਾਇਆ ਬੁਤਿਆ । ਜਗਤ ਅੰਧੇਰਾ ਮਿਟੇ ਪੰਧ, ਗੁਰ ਸਤਿਗੁਰ ਦਇਆ ਕਮਾਈਆ । ਨਿਸ਼ਅੱਖਰ ਸੁਣਾਏ ਆਪਣਾ ਛੰਦ, ਜਗ ਅੱਖਰ ਕਰੇ ਪੜ੍ਹਾਈਆ । ਗ੍ਰਹਿ ਦੇਵੇ ਪਰਮਾਨੰਦ, ਨਿਜ ਆਤਮ ਖ਼ੁਸ਼ੀ ਮਨਾਈਆ । ਜੋਤ ਨਿਰੰਜਣ ਚਾੜ੍ਹੇ ਚੰਦ, ਨਿਰਗੁਣ ਨੂਰ ਕਰ ਰੁਸ਼ਨਾਈਆ । ਅੱਠੇ ਪਹਿਰ ਇਕ ਅਨੰਦ, ਸਵੱਛ ਸਰੂਪੀ ਦਰਸ ਦਿਖਾਈਆ । ਬੰਦੀਖ਼ਾਨਾ ਤੋੜੇ ਬੰਦ, ਬੰਦ ਖ਼ੁਲਾਸੀ ਆਪ ਕਰਾਈਆ । ਨਾਮ ਜਪਾਏ ਬੱਤੀ ਦੰਦ, ਰਸਨਾ ਜਿਹਵਾ ਨਾਲ ਮਿਲਾਈਆ । ਨਾਤਾ ਤੋੜੇ ਝੂਠਾ ਗੰਦ, ਸਚ ਸੁੱਚ ਕਰੇ ਕੁੜਮਾਈਆ । ਪੰਚ ਵਿਕਾਰਾ ਕਰੇ ਖੰਡ ਖੰਡ, ਏਕਾ ਖੰਡਾ ਨਾਮ ਚਮਕਾਈਆ । ਹਰਿਜਨ ਹੋਏ ਸਦਾ ਬਖ਼ਸ਼ੰਦ, ਬਖ਼ਸ਼ਿਸ਼ ਆਪਣੇ ਹੱਥ ਰਖਾਈਆ । ਗਹਿਰ ਗੰਭੀਰ ਗੁਣੀ ਗਹਿੰਦ, ਵਡ ਸਾਗਰ ਬੇਪਰਵਾਹੀਆ । ਰਾਹ ਤੱਕਣ ਵਿਸ਼ਨ ਬ੍ਰਹਮਾ ਸ਼ਿਵ ਇੰਦ, ਨੇਤਰ ਨੈਣ ਨੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਪੈਂਡਾ ਆਪ ਮੁਕਾਈਆ । ਚੁੱਕੇ ਅੰਧੇਰ ਹੋਏ ਪਰਕਾਸ਼, ਅਨਭਵ ਪਰਕਾਸ਼ ਵਖਾਇੰਦਾ । ਜਿਸ ਜਨ ਸਤਿਗੁਰ ਪੂਰਾ ਹੋਏ ਦਾਸੀ ਦਾਸ, ਘਰ ਘਰ ਦਰ ਦਰ ਸਾਚੀ ਸੇਵ ਕਮਾਇੰਦਾ । ਪੂਰੀ ਕਰੇ ਆਸ, ਜੁਗ ਵਿਛੜੇ ਮੇਲ ਮਿਲਾਇੰਦਾ । ਲਹਿਣਾ ਦੇਣਾ ਚੁਕਾਏ ਪ੍ਰਿਥਮੀ ਆਕਾਸ਼, ਗਗਨ ਮੰਡਲ ਡੇਰਾ ਢਾਹਿੰਦਾ । ਲੇਖੇ ਲਾਏ ਰਸਨ ਸਵਾਸ, ਪਵਣ ਪਵਣਾਂ ਵਿਚ ਸਮਾਇੰਦਾ । ਕਰੇ ਕਰਾਏ ਬੰਦ ਖ਼ੁਲਾਸ, ਲੱਖ ਚੁਰਾਸੀ ਤੰਦ ਤੁੜਾਇੰਦਾ । ਸਦਾ ਸੁਹੇਲਾ ਵਸੇ ਪਾਸ, ਸਤਿਗੁਰ ਪੂਰਾ ਵਿਛੜ ਕਦੇ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਪਾਂਧੀ ਖੇਲ ਖਿਲਾਇੰਦਾ । ਜਗਤ ਅੰਧੇਰਾ ਹੋਏ ਦੂਰ, ਸਤਿਗੁਰ ਪੂਰਾ ਆਪ ਕਰਾਈਆ । ਦਰਸ ਦਿਖਾਏ ਹਾਜ਼ਰ ਹਜ਼ੂਰ, ਰੂਪ ਅਨੂਪ ਆਪ ਵਟਾਈਆ । ਏਕਾ ਬਖ਼ਸ਼ੇ ਸਾਚਾ ਨੂਰ, ਨਿਰਮਲ ਜੋਤ ਜੋਤ ਰੁਸ਼ਨਾਈਆ । ਨਾਤਾ ਤੋੜੇ ਕੂੜੋ ਕੂੜ, ਸਾਚੀ ਸਿਖਿਆ ਇਕ ਸਮਝਾਈਆ । ਮਸਤਕ ਲਹਿਣਾ ਚੁਕਾਏ ਚਰਨ ਧੂੜ, ਜੋਤ ਲਲਾਟੀ ਟਿੱਕਾ ਲਾਈਆ । ਕਾਇਆ ਚੋਲੀ ਚੜ੍ਹੇ ਰੰਗ ਗੂੜ੍ਹ, ਰੰਗ ਮਜੀਠੀ ਇਕ ਵਖਾਈਆ । ਸ਼ਬਦ ਅਨਾਦੀ ਵੱਜੇ ਤੂਰ, ਆਤਮ ਆਪ ਕਰੇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਅੰਧੇਰਾ ਦਏ ਮਿਟਾਈਆ । ਜਗਤ ਅੰਧੇਰਾ ਮਿਟੇ ਅੰਧ, ਅੰਧ ਅੰਧੇਰ ਰਹਿਣ ਨਾ

ਪਾਇਆ । ਹਰਿ ਕਾ ਨਾਉਂ ਗਾਏ ਏਕਾ ਛੰਦ, ਗੀਤ ਸੁਹਾਗੀ ਇਕ ਸੁਣਾਇਆ । ਜਨਮ ਜਨਮ ਦੀ ਟੁੱਟੀ ਲਏ ਗੰਢ, ਗੁਰ ਸਤਿਗੁਰ ਬੰਧਨ ਪਾਇਆ । ਮਾਇਆ ਮਮਤਾ ਮੋਹ ਵਿਕਾਰਾ ਕਰੇ ਖੰਡ ਖੰਡ, ਖੰਡਾ ਖੜਗ ਆਪ ਚਮਕਾਇਆ । ਆਤਮ ਰਸੀਆ ਦੇਵੇ ਇਕ ਅਨੰਦ, ਨਿਝਰ ਝਿਰਨਾ ਆਪ ਝਿਰਾਇਆ । ਕਰੇ ਪਰਕਾਸ਼ ਬਿਨ ਸੂਰਜ ਚੰਦ, ਜੋਤੀ ਜਾਤਾ ਡਗਮਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਅੰਧੇਰਾ ਰਿਹਾ ਚੁਕਾਇਆ । ਚੁੱਕੇ ਅੰਧੇਰਾ ਹੋਵੇ ਚਾਨਣ, ਚੰਦ ਚਾਂਦਨੀ ਮੁਖ ਸ਼ਰਮਾਈਆ । ਸਤਿਗੁਰ ਪੂਰਾ ਹੋਏ ਜ਼ਾਮਨ, ਜਗਤ ਜ਼ਾਮਨੀ ਆਪ ਨਿਭਾਈਆ । ਇਕ ਫੜਾਏ ਆਪਣਾ ਦਾਮਨ, ਦਾਮਨਗੀਰ ਸੱਚਾ ਸ਼ਹਿਨਸ਼ਾਹੀਆ । ਤ੍ਰੈਗੁਣ ਕੱਟ ਗਲੋਂ ਜ਼ੰਜੀਰ, ਸ਼ਰਅ ਸ਼ਰੀਅਤ ਦਏ ਮਿਟਾਈਆ । ਦਰਸ ਦਿਖਾਏ ਵਡ ਪੀਰਨ ਪੀਰ, ਸ਼ਾਹ ਹਕੀਰ ਵੇਖ ਵਖਾਈਆ । ਵਸਣਹਾਰਾ ਚੋਟੀ ਅਖ਼ੀਰ, ਜਗਤ ਤਾਰੀਕੀ ਦਏ ਮਿਟਾਈਆ । ਗੁਰਮੁਖਾਂ ਪਿਆਏ ਅੰਮ੍ਰਿਤ ਸੀਰ, ਮੁਰਸ਼ਦ ਮੁਰੀਦ ਮੇਲ ਮਿਲਾਈਆ । ਦੂਈ ਦਵੈਤੀ ਕੱਢੇ ਪੀੜ, ਏਕਾ ਰੰਗ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਅੰਧੇਰਾ ਦਏ ਮਿਟਾਈਆ । ਮਿਟਾਏ ਅੰਧੇਰਾ ਸਤਿਗੁਰ ਮੀਤ, ਦੂਸਰ ਅਵਰ ਨਾ ਕੋਇ ਵਡਿਆਈਆ । ਜੁਗ ਜੁਗ ਚਲਾਏ ਸਾਚੀ ਰੀਤ, ਆਪਣਾ ਮਾਰਗ ਆਪੇ ਲਾਈਆ । ਵੇਖਣਹਾਰਾ ਮੰਦਰ ਮਸਜਿਦ ਦੇਹੁਰਾ ਗੁਰੂਦਵਾਰ ਮਸੀਤ, ਅਠਸਠ ਫੇਰਾ ਪਾਈਆ । ਲੱਖ ਚੁਰਾਸੀ ਲੇਖਾ ਜਾਣੇ ਹਸਤ ਕੀਟ, ਗ੍ਰਿਹ ਗ੍ਰਿਹ ਬੈਠਾ ਆਸਣ ਲਾਈਆ । ਹਰਿਜਨ ਵਿਰਲਾ ਕਰੇ ਸਚ ਪ੍ਰੀਤ, ਭਰਮੇ ਭੁੱਲੀ ਸਰਬ ਲੋਕਾਈਆ । ਗੁਰਮੁਖ ਵਿਰਲੇ ਅੰਮ੍ਰਿਤ ਆਤਮ ਦੇਵੇ ਠੰਡਾ ਸੀਤ, ਨਿਝਰ ਝਿਰਨਾ ਆਪ ਝਿਰਾਈਆ । ਆਪੇ ਪਤਤ ਕਰੇ ਪੁਨੀਤ, ਪਤਿਤ ਪਾਵਨ ਆਪ ਤਰਾਈਆ । ਜਿਸ ਜਨ ਸੁਣਾਏ ਸੁਹਾਗੀ ਗੀਤ, ਸੋ ਪੁਰਖ ਨਿਰੰਜਨ ਕਰੇ ਸਚ ਪੜ੍ਹਾਈਆ । ਹੰ ਬ੍ਰਹਮ ਰਹੇ ਅਤੀਤ, ਤ੍ਰੈਗੁਣ ਅਤੀਤਾ ਆਪ ਕਰਾਈਆ । ਮਾਣਸ ਜਨਮ ਜਾਏ ਜਗ ਜੀਤ, ਜਿਸ ਜਨ ਅੰਧੇਰ ਮਿਟਾਈਆ । ਦਰਸ ਦਖਾਏ ਜੋ ਸੁੱਤਾ ਦੇ ਕਰ ਪੀਠ, ਆਪਣੀ ਕਰਵਟ ਲਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਅੰਧੇਰਾ ਦਏ ਗਵਾਈਆ । ਹਰਿਜਨ ਅੰਧੇਰਾ ਦਏ ਗਵਾ, ਇਕ ਇਕੱਲਾ ਏਕੰਕਾਰਿਆ । ਆਪਣਾ ਘਰ ਦਏ ਵਖਾ, ਮਹੱਲ ਅਟਲ ਉਚ ਮੁਨਾਰਿਆ । ਨਿਰਗੁਣ ਦੀਪਕ ਰਿਹਾ ਜਗਾ, ਅੱਠੇ ਪਹਿਰ ਉਜਿਆਰਿਆ । ਸਚ ਸਿੰਘਾਸਣ ਰਿਹਾ ਸੁਹਾ, ਪੁਰਖ ਅਬਿਨਾਸ਼ੀ ਆਸਣ ਲਾ ਰਿਹਾ । ਇਕ ਨਿਸ਼ਾਨਾ ਰਿਹਾ ਝੁਲਾ, ਦੋ ਜਹਾਨਾਂ ਆਪ ਵਖਾ ਰਿਹਾ । ਧੁਰ ਫ਼ਰਮਾਨਾ ਆਪ ਸੁਣਾ, ਲੋਕਮਾਤ ਆਪ ਧਰਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਅੰਧੇਰਾ ਆਪ ਮਿਟਾ ਲਿਆ । ਮਿਟੇ ਅੰਧੇਰਾ ਗੁਰਸਿਖ ਅੰਧ, ਸਤਿਗੁਰ ਪੂਰਾ ਆਪ ਮਿਟਾਈਆ । ਸੁਰਤ ਸੁਹਾਗਣ ਹੋਏ ਰੰਡ, ਜਗਤ ਵਿਛੋੜਾ ਦਏ ਮਿਟਾਈਆ । ਭਰਮਾਂ ਢਾਹੇ ਝੂਠੀ ਕੰਧ, ਸਾਚਾ ਖੇੜਾ ਦਏ ਵਸਾਈਆ । ਏਕਾ ਨਾਮ ਇਕ ਅਨੰਦ, ਏਕਾ ਮੰਦਰ ਦਏ ਵਖਾਈਆ । ਏਕਾ ਸਾਹਿਬ ਸਦਾ ਬਖ਼ਸ਼ੰਦ, ਸਤਿਗੁਰ ਆਪਣਾ ਨਾਉਂ ਧਰਾਈਆ । ਏਕਾ ਖੰਡਾ ਚੰਡ ਪਰਚੰਡ, ਤਨ ਗਾਤਰੇ ਇਕ ਹੰਢਾਈਆ । ਏਕਾ ਵੇਖਣਹਾਰ ਬ੍ਰਹਿਮੰਡ, ਆਪਣਾ ਪਰਦਾ ਆਪ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਅੰਧੇਰਾ ਦਏ ਗਵਾਈਆ । ਸਤਿਗੁਰ ਪੂਰਾ ਅੰਧੇਰ ਮਿਟਾਇੰਦਾ, ਦਿਵਸ ਰੈਣ ਨਾ ਕੋਇ ਵਿਚਾਰ । ਸਾਚਾ ਚੰਨ ਆਪ ਚੜ੍ਹਾਇੰਦਾ, ਆਪ ਆਪਣੀ ਕਿਰਪਾ ਧਾਰ । ਸਾਚੇ ਮੰਦਰ ਸੋਭਾ ਪਾਇੰਦਾ, ਕਾਇਆ ਬੰਕ ਖੋਲ੍ਹ ਕਿਵਾੜ ।

੧੨੪੬ ੧੦

ਸਾਚੇ ਤਖ਼ਤ ਆਸਣ ਲਾਇੰਦਾ, ਤਖ਼ਤ ਨਿਵਾਸੀ ਸੱਚਾ ਸ਼ਾਹਕਾਰ । ਆਪਣਾ ਹੁਕਮ ਆਪ ਵਰਤਾਇੰਦਾ, ਹੁਕਮੀ ਹੁਕਮ ਕਰਾਏ ਕਾਰ । ਹਰਿਜਨ ਹਰਿ ਜੂ ਮੇਲ ਮਿਲਾਇੰਦਾ, ਜੁਗਾ ਜੁਗੰਤਰ ਮੇਲਣਹਾਰ । ਕਲਜੁਗ ਅੰਤ ਖੇਲ ਖਿਲਾਇੰਦਾ, ਨਿਰਗੁਣ ਰੂਪ ਲੈ ਅਵਤਾਰ । ਸਾਚੇ ਸੰਤਾਂ ਆਪ ਉਠਾਇੰਦਾ, ਨਿਰਗੁਣ ਸਰਗੁਣ ਕਰ ਗੁਫ਼ਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਧ ਅੰਧੇਰੇ ਵਸੇ ਬਾਹਰ । ਅੰਧ ਅੰਧੇਰ ਵਸਿਆ ਬਾਹਰ, ਰੂਪ ਰੰਗ ਰੇਖ ਨਾ ਕੋਇ ਜਣਾਈਆ । ਕਰੇ ਖੇਲ ਅਗੰਮ ਅਪਾਰ, ਅਲਖ ਅਗੋਚਰ ਸੱਚਾ ਸ਼ਹਿਨਸ਼ਾਹੀਆ । ਰੂਪ ਧਰਾਏ ਗੁਪਤ ਜ਼ਾਹਰ, ਅਨਭਵ ਕਰੇ ਰੁਸ਼ਨਾਈਆ । ਸਾਚੇ ਭਗਤਾਂ ਕਰੇ ਪਿਆਰ, ਭਗਵਨ ਆਪਣੀ ਦਇਆ ਕਮਾਈਆ । ਲੱਖ ਚੁਰਾਸੀ ਵਿਚੋਂ ਲਏ ਉਭਾਰ, ਜੀਵ ਜੰਤ ਫੋਲ ਫੁਲਾਈਆ । ਕਾਇਆ ਤਾਕੀ ਖੋਲ੍ਹ ਕਿਵਾੜ, ਬੰਦ ਦਰਵਾਜ਼ਾ ਦਏ ਤੁੜਾਈਆ । ਜੂਠੀ ਝੂਠੀ ਮੇਟੇ ਪੰਚਮ ਧਾੜ, ਪੰਚਮ ਨਾਤਾ ਦਏ ਤੁੜਾਈਆ । ਅਗਨੀ ਤੱਤ ਬੁਝਾਏ ਹਾੜ, ਸਾਂਤਕ ਸਤਿ ਸਤਿ ਕਰਾਈਆ । ਆਪ ਸੁਹਾਏ ਸਚ ਦਰਬਾਰ, ਗੁਰਮੁਖ ਵਿਰਲੇ ਦਏ ਵਖਾਈਆ । ਸੋਭਾਵੰਤ ਬਣ ਨਿਰੰਕਾਰ, ਸਚਖੰਡ ਸਾਚੇ ਆਸਣ ਲਾਈਆ । ਗੁਰਮੁਖ ਸੱਜਣ ਕਰੇ ਪਿਆਰ, ਲੋਕਮਾਤ ਰਿਹਾ ਕੁਰਲਾਈਆ । ਆ ਮਿਲ ਮੈਂਡੇ ਮੀਤ ਮੁਰਾਰ, ਤੁਧ ਬਿਨ ਨੇਤਰ ਨੈਣਾਂ ਨੀਂਦ ਨਾ ਆਈਆ । ਹੋਇਆ ਵਿਛੋੜਾ ਜੁਗ ਚਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣੀ ਵਾਰ ਉਠ ਉਠ ਜਾਈਆ । ਤੁਧ ਬਿਨ ਦੇਵੇ ਨਾ ਕੋਈ ਸਹਾਰ, ਫੜ ਫੜ ਬਾਹੋਂ ਨਾ ਗਲੇ ਲਗਾਈਆ । ਲੱਖ ਚੁਰਾਸੀ ਹੋ ਹੋ ਖ਼ਵਾਰ, ਮਾਣਸ ਜਨਮ ਮਿਲਿਆ ਸੱਚੇ ਮਾਹੀਆ । ਏਕਾ ਦੇਣਾ ਦਰਸ ਦੀਦਾਰ, ਜਲ ਮੀਨ ਰਹੀ ਤੜਫਾਈਆ । ਕਾਗਦ ਕ਼ਲਮ ਨਾ ਲਿਖਣਹਾਰ, ਵੇਦ ਕਤੇਬ ਰਹੇ ਮੁਖ ਸ਼ਰਮਾਈਆ । ਸ਼ਾਸਤਰ ਸਿਮਰਤ ਕਰਨ ਪੁਕਾਰ, ਉਚੀ ਕੂਕ ਕੂਕ ਅਲਾਈਆ । ਅੰਜੀਲ ਕ਼ੁਰਾਨ ਰੋਵੇ ਜ਼ਾਰੋ ਜ਼ਾਰ, ਤੀਸ ਬਤੀਸਾ ਦਏ ਦੁਹਾਈਆ । ਸੋ ਜਨ ਉਧਰੇ ਪਾਰ, ਜਿਸ ਜਨ ਸਤਿਗੁਰ ਮਿਲੇ ਸੱਚਾ ਸਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਅੰਧ ਅੰਧੇਰਾ ਦਏ ਗਵਾਈਆ । ਅੰਧ ਅੰਧੇਰਾ ਦੀਨ ਦਿਆਲਾ, ਸਤਿਗੁਰ ਪੂਰਾ ਆਪ ਗਵਾਇੰਦਾ । ਹਰਿਜਨ ਮੇਟੇ ਰੈਣ ਅੰਧੇਰੀ ਕਾਲਾ, ਕਾਲੀ ਧਾਰ ਨਾ ਕੋਇ ਰਖਾਇੰਦਾ । ਏਕਾ ਦੱਸੇ ਰਾਹ ਸੁਖਾਲਾ, ਸੋਹੰ ਅੱਖਰ ਜਾਪ ਜਪਾਇੰਦਾ । ਘਟ ਅੰਤਰ ਪਾਈ ਮਾਲਾ, ਮਨ ਕਾ ਮਣਕਾ ਆਪ ਭਵਾਇੰਦਾ । ਆਪੇ ਤੋੜਨਹਾਰਾ ਤਾਲਾ, ਬਜਰ ਕਪਾਟੀ ਤੋੜ ਤੁੜਾਇੰਦਾ । ਆਪੇ ਘਾਲੇ ਆਪਣੀ ਘਾਲਾ, ਸਾਚੀ ਸੇਵਾ ਆਪ ਕਮਾਇੰਦਾ । ਆਪੇ ਚਲੇ ਅਵੱਲੜੀ ਚਾਲਾ, ਚਾਲ ਨਿਰਾਲੀ ਆਪ ਰਖਾਇੰਦਾ । ਭਾਗ ਲਗਾਏ ਕਾਇਆ ਸੱਚੀ ਧਰਮਸਾਲਾ, ਸਾਚਾ ਮੰਦਰ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਅੰਧੇਰਾ ਮੋਹ ਚੁਕਾਇੰਦਾ । ਜਗਤ ਅੰਧੇਰਾ ਮੋਹ ਜਾਏ ਤੁਟ, ਨਾਤਾ ਨਾਤਾ ਨਾ ਕੋਇ ਜੁੜਾਈਆ । ਰੈਣ ਅੰਧੇਰੀ ਜਾਏ ਉਠ, ਥਿਰ ਕੋਇ ਰਹਿਣ ਨਾ ਪਾਈਆ । ਜੂਠਾ ਝੂਠਾ ਦਰ ਜਾਏ ਰੁਠ, ਦਰ ਘਰ ਸਾਚੇ ਬਹਿਣ ਨਾ ਪਾਈਆ । ਕਲਜੁਗ ਅੰਤਮ ਪਏ ਲੁੱਟ, ਲੁੱਟੀ ਜਾਏ ਸਰਬ ਲੋਕਾਈਆ । ਲਾੜੀ ਮੌਤ ਗਾਨੇ ਬੰਨ੍ਹੇ ਗੁੱਟ, ਘਰ ਘਰ ਫੇਰਾ ਪਾਈਆ । ਮਨਮੁਖ ਜੀਵ ਉਠ, ਸੁੱਤਿਆਂ ਦਏ ਜਗਾਈਆ । ਬਿਨ ਸਤਿਗੁਰ ਪੂਰੇ ਕੋਇ ਨਾ ਸੁਹਾਏ ਸਾਚੀ ਰੁਤ, ਰੁਤੜੀ ਰੁਤ ਨਾ ਕੋਇ ਸੁਹਾਈਆ । ਬਿਨ ਹਰਿ ਨਾਮੇ ਖ਼ਾਲੀ ਦਿਸਣ ਬੁਤ, ਸਾਚੀ ਵਸਤ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਅੰਧੇਰਾ

੧੨੪੮ ੧੦

ਵੇਖੇ ਛਾਹੀਆ । ਜਗਤ ਅੰਧੇਰਾ ਝੂਠੀ ਸ਼ਾਹੀ, ਸ਼ਹਿਨਸ਼ਾਹ ਹਰਿ ਵੇਖ ਵਖਾਇੰਦਾ । ਗ਼ਰੀਬ ਨਿਮਾਣਿਆਂ ਕੋਇ ਨਾ ਪਕੜੇ ਬਾਹੀਂ, ਸੀਸ ਹੱਥ
ਨਾ ਕੋਇ ਟਿਕਾਇੰਦਾ । ਰਾਜ ਰਾਜਾਨ ਨਾ ਕਰੇ ਸਚ ਨਿਆਈਂ, ਜੀਵ ਜੰਤ ਸਰਬ ਕੁਰਲਾਇੰਦਾ । ਨਾਤਾ ਤੁਟਾ ਪੁੱਤਰਾਂ ਮਾਂਈ, ਪਿਤਾ ਪੂਤ ਨਾ
ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਅੰਧੇਰਾ ਵੇਖ ਵਖਾਇੰਦਾ । ਵੇਖੇ ਅੰਧੇਰਾ ਆਦਿ ਨਿਰੰਜਣ, ਆਦਿ
ਪੁਰਖ ਵਡੀ ਵਡਿਆਈਆ । ਕੋਈ ਨਾ ਦਿਸੇ ਸੱਚਾ ਸੱਜਣ, ਸਗਲਾ ਸੰਗ ਨਾ ਕੋਇ ਨਿਭਾਈਆ । ਕੋਈ ਨਾ ਪਰਦਾ ਕਿਸੇ ਕੱਜਣ, ਨੇਤਰ ਨੈਣ
ਸਰਬ ਸ਼ਰਮਾਈਆ । ਕੋਈ ਨਾ ਕਰੇ ਸਾਚਾ ਮਜਨ, ਅਠ ਸਠ ਤੀਰਥ ਰਹੇ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ
ਕਰ, ਜਗਤ ਅੰਧੇਰਾ ਫੋਲ ਫੁਲਾਈਆ । ਜਗਤ ਅੰਧੇਰਾ ਝੂਠੀ ਧਾੜ, ਹਰਿ ਪੰਚਮ ਗੜ੍ਹ ਬਣਾਇਆ । ਆਸਾ ਤ੍ਰਿਸਨਾ ਕਰ ਪਿਆਰ, ਮਮਤਾ
ਮੋਹ ਵਧਾਇਆ । ਕਿਸੇ ਨਜ਼ਰ ਨਾ ਆਏ ਗੁਰਦਵਾਰ, ਗੁਰ ਕਾ ਮੰਦਰ ਦਰਸ ਕਿਸੇ ਨਾ ਪਾਇਆ । ਕਿਸੇ ਨਾ ਸੁਣੀ ਸ਼ਬਦ ਧੁਨਕਾਰ, ਅਨਹਦ
ਨਾਦ ਨਾ ਕੋਇ ਵਜਾਇਆ । ਕਿਸੇ ਅੰਮ੍ਰਿਤ ਨਾ ਮਿਲਿਆ ਠੰਡਾ ਠਾਰ, ਨਿਝਰ ਝਿਰਨਾ ਨਾ ਕੋਇ ਝਿਰਾਇਆ । ਕਿਸੇ ਨਾ ਖੋਲ੍ਹਿਆ ਬਜਰ ਕਪਾਟ,
ਸਾਚਾ ਦਰ ਨਾ ਸੋਭਾ ਪਾਇਆ । ਕਿਸੇ ਨਾ ਮਿਲਿਆ ਪੁਰਖ ਕਰਤਾਰ, ਨਰ ਨਰਾਇਣ ਨਾ ਵੇਖ ਵਖਾਇਆ । ਜਗਤ ਦੁਹਾਗਣ ਹੋਈ ਨਾਰ, ਕੰਤ
ਸੁਹਾਗ ਨਾ ਕੋਇ ਹੰਢਾਇਆ । ਘਰ ਘਰ ਦਿਸੇ ਵਿਭਚਾਰ, ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਇਆ । ਚਾਰੋਂ ਕੁੰਟ ਅੰਧ ਅੰਧਿਆਰ, ਸਾਚਾ
ਰੂਪ ਨਾ ਕੋਇ ਦਸਾਇਆ । ਮਿੱਤਰ ਧਰੋਹੀ ਬਣ ਬਣ ਯਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ,
ਕਲਜੁਗ ਅੰਧੇਰਾ ਛਾਇਆ । ਵੇਖ ਵਖਾਇਆ ਕਲਜੁਗ ਅੰਧੇਰਾ ਚਾਰ ਯੁਗ, ਚੌਥੇ ਜੁਗ ਮੇਲ ਮਿਲਾਇਆ । ਅੰਤਮ ਔਧ ਗਈ ਪੁਗ, ਵੇਲਾ
ਨੇੜੇ ਆਇਆ । ਪੁਰਖ ਅਬਿਨਾਸ਼ੀ ਪਾਰਬ੍ਰਹਮ ਸਤਿਗੁਰ ਪੂਰਾ ਲੋਕਮਾਤ ਵਿਚੋਂ ਕੱਢੇ ਕੁੱਟ, ਏਕਾ ਖੰਡਾ ਹੱਥ ਚਮਕਾਇਆ । ਨਿਹਕਲੰਕ ਸੂਰਬੀਰ
ਬਲਵਾਨ ਜਾਏ ਉਠ, ਜੋਧਾ ਆਪਣਾ ਬਲ ਆਪ ਧਰਾਇਆ । ਆਪ ਸੁਹਾਏ ਆਪਣੀ ਰੁੱਤ, ਰੁੱਤ ਬਸੰਤੀ ਆਪ ਮਹਿਕਾਇਆ । ਗੁਰਮੁਖ ਬਣਾਏ
ਸਾਚੇ ਸੁਤ, ਪਿਤਾ ਪੂਤ ਖੇਲ ਖਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਧੇਰਾ ਵੇਖੇ ਥਾਉਂ ਥਾਂਇਆ ।
ਥਾਨ ਥਨੰਤਰ ਵੇਖਣਹਾਰਾ, ਨਿਰਗੁਣ ਸਰਗੁਣ ਖੇਲ ਖਿਲਾਇੰਦਾ । ਕਲਜੁਗ ਅੰਤਮ ਲੈ ਅਵਤਾਰਾ, ਜੋਤੀ ਜਾਤਾ ਡਗਮਗਾਇੰਦਾ । ਵਸਣਹਾਰਾ
ਧਾਮ ਨਿਆਰਾ, ਨਿਹਚਲ ਧਾਮ ਆਪ ਸੁਹਾਇੰਦਾ । ਸਚਖੰਡ ਦਵਾਰੇ ਖੋਲ੍ਹ ਕਿਵਾੜਾ, ਥਿਰ ਘਰ ਆਪਣਾ ਆਸਣ ਲਾਇੰਦਾ । ਪਾਵੇ ਸਾਰ ਧੂਆਂਧਾਰਾ,
ਸੁੰਨ ਅਗੰਮ ਵੇਖ ਵਖਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦਏ ਹੁਲਾਰਾ, ਏਕਾ ਧੱਕਾ ਆਪ ਲਗਾਇੰਦਾ । ਨੌਂ ਖੰਡ ਪ੍ਰਿਥਮੀ ਵੇਖੇ ਆਪ ਅਖਾੜਾ, ਬ੍ਰਹਿਮੰਡਾਂ
ਖੰਡਾਂ ਨਾਚ ਨਚਾਇੰਦਾ । ਲੱਖ ਚੁਰਾਸੀ ਕਰੇ ਖ਼ੁਵਾਰਾ, ਘਰ ਘਰ ਆਪਣਾ ਢੋਲਾ ਗਾਇੰਦਾ । ਕਲਜੁਗ ਮੇਟੇ ਅੰਧ ਅੰਧਿਆਰਾ, ਕੂੜੀ ਕਿਰਿਆ
ਆਪ ਗਵਾਇੰਦਾ । ਕਰੇ ਖੇਲ ਅਗੰਮ ਅਪਾਰਾ, ਅਗੰਮੜੀ ਧਾਰ ਚਲਾਇੰਦਾ । ਨਾਮ ਖੰਡਾ ਤੇਜ਼ ਕਟਾਰਾ, ਤ੍ਰੈਗੁਣ ਆਪਣਾ ਆਪ ਚਮਕਾਇੰਦਾ ।
ਕਲਜੁਗ ਰੋਵੇ ਜ਼ਾਰੋ ਜ਼ਾਰਾ, ਨੇਤਰ ਨੈਣਾਂ ਨੀਰ ਵਹਾਇੰਦਾ । ਨਾ ਕੋਈ ਦਿਸੇ ਮੀਤ ਮੁਰਾਰਾ, ਸਗਲਾ ਸੰਗ ਨਾ ਕੋਇ ਵਖਾਇੰਦਾ । ਚਾਰੋਂ ਕੁੰਟ
ਪਏ ਮਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਅੰਧੇਰਾ ਪੰਧ ਗਵਾਇੰਦਾ । ਜਗਤ ਅੰਧੇਰਾ ਦੁਸ਼ਟ ਦਮਨ, ਆਪਣੇ

ਦਾਮਨ ਨਾਲ ਬੰਧਾਈਆ । ਲੇਖਾ ਜਾਣੇ ਅਵਣ ਗਵਣ, ਬ੍ਰਹਿਮੰਡ ਖੇਲ ਖਿਲਾਈਆ । ਸ਼ਬਦ ਸੁਨੇਹੜਾ ਏਕਾ ਪਵਣ, ਗੋਬਿੰਦ ਦੇਵੇ ਸੱਚਾ ਮਾਹੀਆ । ਪੁਰਖ ਅਕਾਲ ਸੱਚਾ ਜ਼ਾਮਨ, ਆਦਿ ਜੁਗਾਦਿ ਪਕੜੇ ਬਾਂਹੀਆ । ਮੇਟ ਮਿਟਾਏ ਕਾਮਨੀ ਕਾਮਨ, ਆਪ ਆਪਣਾ ਬਲ ਵਖਾਈਆ । ਕਾਇਆ ਖੇੜਾ ਵਸੇ ਗਰਾਮਨ, ਜਿਸ ਗ੍ਰਿਹ ਆਪਣਾ ਆਸਣ ਲਾਈਆ । ਹਰਿ ਕਾ ਭੇਵ ਨਾ ਪਾਏ ਕੋਇ ਪੰਡਤ ਬ੍ਰਹਿਮਣ, ਮੁੱਲਾਂ ਸ਼ੇਖ਼ ਮੁਸਾਇਕ ਪਰਦਾ ਸਕੇ ਨਾ ਕੋਇ ਉਠਾਈਆ । ਪੀਰ ਦਸਤਗੀਰ ਸ਼ਾਹ ਹਕੀਰ ਪਕੜੇ ਦਾਮਨ, ਦਾਮਨਗੀਰ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਮੇਟੇ ਅੰਧੇਰਾ ਛਾਹੀਆ । ਮੇਟੇ ਅੰਧੇਰਾ ਸ੍ਰੀ ਭਗਵੰਤ, ਭਗਵਨ ਆਪਣੀ ਦਇਆ ਕਮਾਈਆ । ਕਲਜੁਗ ਕੱਲੂ ਕਰੇ ਅੰਤ, ਅੰਤ ਕਾਲੀ ਧਾਰ ਦਏ ਮਿਟਾਈਆ । ਗੁਰਮੁਖ ਪਰਗਟਾਏ ਸਾਚੇ ਸੰਤ, ਜਿਸ ਜਨ ਆਪਣੀ ਬੂਝ ਬੁਝਾਈਆ । ਨਾਮ ਜਣਾਏ ਮਣੀਆ ਮੰਤ, ਮਨ ਮਨਸਾ ਦਏ ਖਪਾਈਆ । ਮੇਲ ਮਿਲਾਏ ਨਾਰੀ ਕੰਤ, ਸੁਰਤੀ ਸ਼ਬਦ ਕਰ ਕੁੜਮਾਈਆ । ਗੜ੍ਹ ਤੋੜ ਹਉਮੇ ਹੰਗਤ, ਸਾਚੀ ਸੰਗਤ ਲਏ ਮਿਲਾਈਆ । ਇਕ ਵਖਾਏ ਸਾਚਾ ਜੰਨਤ, ਹਰਿ ਚਰਨ ਸੱਚੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਚਾਨਣਾ ਇਕ ਸਮਝਾਈਆ । ਸੱਚਾ ਚਾਨਣ ਸਤਿਗੁਰ ਚਰਨ, ਜਗਤ ਅੰਧੇਰ ਮਿਟਾਇੰਦਾ । ਨੇਤਰ ਖੋਲ੍ਹੇ ਹਰਨ ਫਰਨ, ਲੋਚਣ ਨੈਣ ਦਰਸ ਦਿਖਾਇੰਦਾ । ਨਾਤਾ ਤੋੜੇ ਮਰਨ ਡਰਨ, ਜੀਵਣ ਮੁਕਤ ਕਰਾਇੰਦਾ । ਕਿਰਪਾ ਕਰੇ ਹਰਿ ਤਰਨੀ ਤਰਨ, ਗੁਰਮੁਖ ਸਾਚੇ ਆਪ ਤਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਚੰਦ ਇਕ ਚਮਕਾਇੰਦਾ । ਸਾਚਾ ਚੰਦ ਤੇਜ ਭਾਨ, ਪਰਕਾਸ਼ ਪਰਕਾਸ਼ ਆਪ ਪਰਗਟਾਈਆ । ਜਿਸ ਜਨ ਦੇਵੇ ਨਾਮ ਗਿਆਨ, ਆਤਮ ਮੈਲ ਦਏ ਧਵਾਈਆ । ਜਿਸ ਜਨ ਦਰਸਨ ਦੇਵੇ ਆਣ, ਤਿਸ ਸੰਸਾ ਰਹੇ ਨਾ ਰਾਈਆ । ਭਗਤ ਮਿਲੇ ਸ੍ਰੀ ਭਗਵਾਨ ਭਗਵਨ, ਆਪਣੇ ਰੰਗ ਰੰਗਾਈਆ । ਏਕਾ ਮੰਦਰ ਸਚ ਮਕਾਨ, ਏਕਾ ਨੂਰ ਨੂਰ ਰੁਸ਼ਨਾਈਆ । ਅੰਧ ਅੰਧੇਰ ਨਾ ਕੋਇ ਨਿਸ਼ਾਨ, ਪੁਰਖ ਅਬਿਨਾਸ਼ੀ ਆਪਣਾ ਦੀਪਕ ਆਪ ਜਗਾਈਆ । ਗੁਰਮੁਖ ਵਿਰਲਾ ਵੇਖੇ ਆਣ, ਜਿਸ ਜਨ ਹਰਿ ਜੂ ਬੂਝ ਬੁਝਾਈਆ । ਜੀਵ ਜੰਤ ਬਣ ਨਾਦਾਨ, ਕਲਜੁਗ ਬੈਠੇ ਮੁਖ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਅੰਧੇਰਾ ਵੇਖੇ ਥਾਉਂ ਥਾਈਆ । ਜਗਤ ਅੰਧੇਰਾ ਨਵ ਨੌਂ ਖੰਡ, ਸੱਤ ਸੱਤ ਰਿਹਾ ਕੁਰਲਾਈਆ । ਜਗਤ ਅੰਧੇਰਾ ਜੇਰਜ ਅੰਡ, ਉਤਭੁਜ ਸੇਤਜ ਨਜ਼ਰ ਨਾ ਆਈਆ । ਜਗਤ ਅੰਧੇਰਾ ਸੂਰਜ ਚੰਦ, ਕਿਰਨ ਕਿਰਨ ਰਹੀ ਸ਼ਰਮਾਈਆ । ਜਗਤ ਅੰਧੇਰਾ ਜੂਠਾ ਗੰਢ, ਰਸਨਾ ਜਿਹਵਾ ਹੋਈ ਹਲਕਾਈਆ । ਜਗਤ ਅੰਧੇਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਵਿਰਲੇ ਜਗਤ ਅੰਧੇਰਾ ਦਏ ਚੁਕਾਈਆ । ਗੁਰ ਸਤਿਗੁਰ ਦਇਆ ਕਮਾਇੰਦਾ, ਗੁਰਮੁਖ ਨੇਤਰ ਨੈਣ ਖੋਲ੍ਹ । ਰੂਪ ਅਨੂਪ ਆਪ ਜਣਾਇੰਦਾ, ਸ਼ਬਦ ਅਨਾਦ ਅਨਾਦੀ ਬੋਲ । ਆਪਣਾ ਮੰਦਰ ਆਪ ਵਖਾਇੰਦਾ, ਬੰਦ ਕਿਵਾੜਾ ਤਾਕੀ ਖੋਲ੍ਹ । ਸਚ ਸਿੰਘਾਸਣ ਆਸਣ ਲਾਇੰਦਾ । ਆਤਮ ਸੇਜਾ ਵਸੇ ਕੋਲ । ਅੰਮ੍ਰਿਤ ਸਰੋਵਰ ਇਕ ਨੁਹਾਇੰਦਾ, ਉਲਟਾ ਕਰੇ ਨਾਭ ਕਉਲ । ਧਰਨੀ ਧਰਤ ਧਵਲ ਵਡਿਆਇੰਦਾ, ਮਾਣ ਰਖਾਏ ਉਪਰ ਧੌਲ । ਜਿਸ ਜਨ ਆਪਣੇ ਚਰਨ ਲਗਾਇੰਦਾ, ਸੁਰਤੀ ਸ਼ਬਦੀ ਜਾਏ ਮੌਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚੀ ਪਹੁਲ । ਸਾਚੀ ਪਹੁਲ ਅੰਮ੍ਰਿਤ ਰਸ, ਅੰਮ੍ਰਿਤ ਧਾਰ ਆਪ ਵਹਾਈਆ । ਗੁਰਮੁਖ ਵਿਰਲਾ ਪੀਵੇ ਹੱਸ ਹੱਸ, ਸਚ ਪਿਆਲਾ

੧੨੪੯
੧੦

ਨਜ਼ਰੀ ਆਈਆ । ਸਤਿਗੁਰ ਅੰਤਰ ਜਾਏ ਵਸ, ਜੋਤੀ ਜੋਤ ਜੋਤ ਮਿਲਾਈਆ । ਜਨਮ ਜਨਮ ਦੀ ਪੂਰੀ ਕਰੇ ਆਸ, ਜੋ ਜਨ ਬੈਠੇ ਧਿਆਨ ਲਗਾਈਆ । ਨਿਰਗੁਣ ਸਰਗੁਣ ਕਰ ਪਰਕਾਸ਼, ਜਗਤ ਅੰਧੇਰ ਗਵਾਈਆ । ਲੇਖੇ ਲਾਏ ਪਵਣ ਸਵਾਸ, ਰਸਨਾ ਜਿਹਵਾ ਜੋ ਹਰਿ ਗੁਣ ਰਹੀ ਗਾਈਆ । ਗੁਰਸਿਖਾਂ ਗੁਰ ਹੋਏ ਦਾਸ, ਜੁਗ ਜੁਗ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਨਿਰਗੁਣ ਨਿਰਗੁਣ ਨਿਰਾਕਾਰ ਨਿਰਾਕਾਰ ਨਿਰਾਕਾਰ ਨਿਰਵੈਰ ਰੂਪ ਸਮਾਈਆ ।

★ ੨੯ ਭਾਦਰੋਂ ੨੦੧੮ ਬਿਕ੍ਰਮੀ ਦਰਸ਼ਨ ਸਿੰਘ ਦੇ ਗ੍ਰਿਹ ਮਕਾਨ ਨੰ੦ ੯੭੮੯ ਸ਼ਬਦ ਸਿੰਘਾਸਣ ਦਿਲੀ ★

ਸਤਿਗੁਰ ਪੂਰਾ ਏਕੰਕਾਰ, ਆਦਿ ਜੁਗਾਦਿ ਸਮਾਇੰਦਾ । ਆਦਿ ਪੁਰਖ ਵਸੇ ਸਚਖੰਡ ਧਾਮ ਨਿਆਰ, ਨਿਰਗੁਣ ਨੂਰ ਡਗਮਗਾਇੰਦਾ । ਥਿਰ ਘਰ ਖੋਲ੍ਹ ਆਪ ਕਿਵਾੜ, ਰੂਪ ਅਨੂਪ ਆਪ ਪਰਗਟਾਇੰਦਾ । ਸ਼ਾਹੋ ਭੂਪ ਹੋਏ ਸਿਕਦਾਰ, ਤਖ਼ਤ ਨਿਵਾਸੀ ਤਖ਼ਤ ਸੋਭਾ ਪਾਇੰਦਾ । ਹੁਕਮੀ ਹੁਕਮ ਕਰ ਵਰਤਾਰ, ਧੁਰ ਫ਼ਰਮਾਨਾ ਆਪ ਜਣਾਇੰਦਾ । ਆਪਣੀ ਇਛਿਆ ਬਣ ਵਰਤਾਰ, ਸਾਚੀ ਭਿਛਿਆ ਝੋਲੀ ਪਾਇੰਦਾ । ਕਰੇ ਖੇਲ ਅਗੰਮ ਅਪਾਰ, ਅਲਖ ਅਗੋਚਰ ਭੇਵ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਗੁਰ ਪੂਰਾ ਇਕ ਅਖਵਾਇੰਦਾ । ਸਤਿਗੁਰ ਪੂਰਾ ਆਦਿ ਨਿਰੰਜਣ, ਆਦਿ ਪੁਰਖ ਵਡੀ ਵਡਿਆਈਆ । ਜੁਗਾ ਜੁਗੰਤਰ ਦਰਦ ਦੁੱਖ ਭੈ ਭੰਜਨ, ਭਵ ਸਾਗਰ ਵੇਖ ਵਖਾਈਆ । ਜਨ ਭਗਤਾਂ ਪਾਏ ਨੇਤਰ ਨਾਮ ਅੰਜਣ, ਅਗਿਆਨ ਅੰਧੇਰ ਮਿਟਾਈਆ । ਏਥੇ ਓਥੇ ਦੋ ਜਹਾਨਾਂ ਬਣੇ ਸਾਚਾ ਸੱਜਣ, ਸਗਲਾ ਸੰਗ ਆਪ ਨਿਭਾਈਆ । ਸਾਚਾ ਚਰਨ ਧੂੜ ਕਰਾਏ ਮਜਨ, ਦੁਰਮਤ ਮੈਲ ਧਵਾਈਆ । ਆਪੇ ਹੋਏ ਪਰਦੇ ਕੱਜਣ, ਨਾਮ ਦੁਸ਼ਾਲਾ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਗੁਰ ਸੱਚਾ ਬੇਪਰਵਾਹੀਆ । ਸਤਿਗੁਰ ਪੂਰਾ ਹਰਿ ਪੁਰਖ, ਏਕਾ ਰੰਗ ਸਮਾਇੰਦਾ । ਨਾ ਕੋਈ ਸੋਗ ਨਾ ਕੋਈ ਹਰਖ, ਚਿੰਤਾ ਰੋਗ ਨਾ ਕੋਈ ਰਖਾਇੰਦਾ । ਆਦਿ ਅੰਤ ਜੁਗਾ ਜੁਗੰਤ ਜਨ ਭਗਤਾਂ ਕਰੇ ਤਰਸ, ਆਪ ਆਪਣਾ ਮੇਲ ਮਿਲਾਇੰਦਾ । ਅੰਮ੍ਰਿਤ ਆਤਮ ਮੇਘ ਦੇਵੇ ਬਰਸ, ਨਿਝਰ ਝਿਰਨਾ ਆਪ ਝਿਰਾਇੰਦਾ । ਆਪ ਮਿਟਾਏ ਕਲਜੁਗ ਹਰਸ, ਲਹਿਣਾ ਦੇਣਾ ਚੁਕਾਏ ਅਰਸ਼ ਫ਼ਰਸ਼, ਕਾਇਆ ਕੁਰਾ ਫੋਲ ਫੁਲਾਇੰਦਾ । ਨਿਰਗੁਣ ਨਿਰਗੁਣ ਵਖਾਏ ਦਰਸ, ਜੋਤੀ ਜਾਮਾ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਏਕਾ ਰੰਗ ਜਣਾਇੰਦਾ । ਸਤਿਗੁਰ ਪੂਰਾ ਸ੍ਰੀ ਭਗਵਾਨ, ਇਕ ਅਕੱਲਾ ਵਡੀ ਵਡਿਆਈਆ । ਸਾਚੇ ਤਖ਼ਤ ਬੈਠ ਸ਼ਾਹ ਸੁਲਤਾਨ, ਆਪਣੀ ਦਇਆ ਆਪ ਕਮਾਈਆ । ਜੁਗ ਜੁਗ ਖੇਲ ਕਰੇ ਮਹਾਨ, ਜਗ ਕਰਤਾ ਬੇਪਰਵਾਹੀਆ । ਭਗਤ ਭਗਵੰਤ ਮਿਲੇ ਆਣ, ਆਪ ਆਪਣੇ ਪ੍ਰਭ ਦਏ ਉਠਾਈਆ । ਕਾਇਆ ਬੰਕ ਵੇਖੇ ਮਾਰ ਧਿਆਨ, ਡੂੰਘੀ ਕੰਦਰ ਫੋਲ ਫੁਲਾਈਆ । ਏਕਾ ਰਾਗ ਸੁਣਾਏ ਕਾਨ, ਅਨਹਦ ਨਾਦੀ ਨਾਦ ਸੁਣਾਈਆ । ਏਕਾ ਅੰਮ੍ਰਿਤ ਆਤਮ ਦੇਵੇ ਪੀਣ ਖਾਣ, ਸਾਚੀ ਵਸਤ ਅਮੋਲਕ ਆਪ ਵਰਤਾਈਆ । ਧਰਮ ਵਖਾਏ ਇਕ ਨਿਸ਼ਾਨ, ਗ੍ਰਿਹ ਮੰਦਰ ਆਪ ਝੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਇਕ ਸਮਝਾਈਆ । ਸਤਿਗੁਰ ਪੂਰਾ


੧੨੫੦

ਪੁਰਖ ਅਬਿਨਾਸ਼ੀ, ਏਕਾ ਘਰ ਸੋਭਾ ਪਾਇੰਦਾ । ਸਾਚੇ ਮੰਡਲ ਪਾਵੇ ਰਾਸੀ, ਗੋਪੀ ਕਾਹਨ ਖੇਲ ਖਿਲਾਇੰਦਾ । ਆਪੇ ਕਰੇ ਖੇਲ ਤਮਾਸ਼ੀ, ਆਪ ਆਪਣਾ ਵੇਸ ਵਟਾਇੰਦਾ । ਸੇਵਾ ਕਰੇ ਬਣ ਬਣ ਦਾਸ ਦਾਸੀ, ਰੂਪ ਅਨੂਪ ਸ਼ਾਹੋ ਭੂਪ ਆਪ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਏਕਾ ਘਰ ਵਸਾਇੰਦਾ । ਸਤਿਗੁਰ ਪੂਰਾ ਪਾਰਬ੍ਰਹਮ, ਏਕਾ ਏਕ ਅਖਵਾਏ । ਨਾ ਮਰੇ ਨਾ ਪਏ ਜੰਮ, ਜਨਮ ਮਰਨ ਵਿਚ ਕਦੇ ਨਾ ਆਏ । ਜੁਗ ਜੁਗ ਕਰੇ ਸਾਚਾ ਕੰਮ, ਨਿਹਕਰਮੀ ਕਰਮ ਕਮਾਏ । ਲੱਖ ਚੁਰਾਸੀ ਬੇੜਾ ਦੇਵੇ ਬੰਨ੍ਹ, ਭਾਰ ਆਪਣੇ ਸਿਰ ਉਠਾਏ । ਲੇਖਾ ਜਾਣੇ ਸੂਰਜ ਚੰਨ, ਜੋਤੀ ਜੋਤ ਡਗਮਗਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਏਕਾ ਏਕ ਅਖਵਾਏ । ਸਤਿਗੁਰ ਪੂਰਾ ਦੀਨ ਦਿਆਲਾ, ਦਇਆ ਨਿਧ ਵਡੀ ਵਡਿਆਈਆ । ਵਸਣਹਾਰਾ ਸਚਖੰਡ ਸੱਚੀ ਧਰਮਸਾਲਾ, ਥਿਰ ਘਰ ਆਪਣਾ ਚਰਨ ਟਿਕਾਈਆ । ਜੋਤੀ ਨੂਰ ਨੂਰ ਉਜਾਲਾ, ਨਿਰਗੁਣ ਨਿਰਵੈਰ ਡਗਮਗਾਈਆ । ਅਜੂਨੀ ਰਹਿਤ ਖੇਲ ਨਿਰਾਲਾ, ਅਨਭਵ ਪਰਕਾਸ਼ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸਾਚਾ ਆਪਣਾ ਪਰਦਾ ਆਪ ਖੁਲ੍ਹਾਈਆ । ਸਤਿਗੁਰ ਸਾਚਾ ਪਰਦਾ ਖੋਲ੍ਹ, ਭੇਵ ਅਭੇਦ ਖੁਲ੍ਹਾਇੰਦਾ । ਸਰਗੁਣ ਅੰਦਰ ਨਿਰਗੁਣ ਬੋਲ, ਸ਼ਬਦ ਅਨਾਦੀ ਨਾਦ ਵਜਾਇੰਦਾ । ਤ੍ਰੈਗੁਣ ਤੋਲੇ ਆਪਣੇ ਤੋਲ, ਏਕਾ ਕੰਡਾ ਹੱਥ ਉਠਾਇੰਦਾ । ਸਦਾ ਸਦਾ ਸਦ ਰਹੇ ਅਡੋਲ, ਅਤੁੱਲ ਆਪਣੀ ਧਾਰ ਚਲਾਇੰਦਾ । ਹਰ ਘਟ ਅੰਦਰ ਰਿਹਾ ਮੌਲ, ਸਤਿਗੁਰ ਪੂਰਾ ਆਸਣ ਲਾਇੰਦਾ । ਜੁਗਾ ਜੁਗੰਤਰ ਪੂਰਾ ਕਰੇ ਆਪਣਾ ਕੌਲ, ਕੀਤਾ ਕੌਲ ਭੁਲ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਗੁਰ ਪੂਰਾ ਏਕਾ ਹਰਿ, ਰੂਪ ਅਨੂਪ ਆਪ ਵਟਾਇੰਦਾ । ਸਤਿਗੁਰ ਪੂਰਾ ਸਦਾ ਸਮਰਥ, ਆਪਣੇ ਹੱਥ ਰੱਖੇ ਵਡਿਆਈਆ । ਜੁਗ ਜੁਗ ਚਲਾਏ ਆਪਣਾ ਰਥ, ਰਥ ਰਥਵਾਹੀ ਸੇਵ ਕਮਾਈਆ । ਆਪਣੀ ਮਹਿਮਾ ਗਾਏ ਅਕਥ, ਹਰਿ ਭਗਤਨ ਕਰੇ ਸਚ ਪੜ੍ਹਾਈਆ । ਜਗਤ ਵਿਕਾਰਾ ਦੇਵੇ ਮਥ, ਆਤਮ ਬ੍ਰਹਮ ਇਕ ਦਰਸਾਈਆ । ਪੰਚ ਵਿਕਾਰਾ ਪਾਏ ਨੱਥ, ਕਾਮ ਕਰੋਧ ਲੋਭ ਮੋਹ ਹੰਕਾਰ ਨੇੜ ਨਾ ਆਈਆ । ਸਾਚਾ ਮਾਰਗ ਦੇਵੇ ਦੱਸ, ਏਕਾ ਅੱਖਰ ਕਰੇ ਪੜ੍ਹਾਈਆ । ਤੀਰ ਨਿਰਾਲਾ ਮਾਰੇ ਕਸ, ਬਜਰ ਕਪਾਟੀ ਤੋੜ ਤੁੜਾਈਆ । ਮਨ ਮਨੂਆ ਹੋਏ ਵਸ, ਉਠ ਉਠ ਦਹਿ ਦਿਸ਼ ਨਾ ਧਾਈਆ । ਆਤਮ ਜਣਾਏ ਸਾਚਾ ਰਸ, ਨਿਝਰ ਝਿਰਨਾ ਆਪ ਝਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਬੇਪਰਵਾਹੀਆ । ਸਤਿਗੁਰ ਪੂਰਾ ਸੱਚਾ ਸ਼ਾਹ, ਏਕਾ ਘਰ ਸਮਝਾਇੰਦਾ । ਜੁਗਾ ਜੁਗੰਤਰ ਬਣ ਮਲਾਹ, ਲੋਕਮਾਤ ਖੇਲ ਖਿਲਾਇੰਦਾ । ਨਿਰਗੁਣ ਸਰਗੁਣ ਦੇਵੇ ਇਕ ਸਲਾਹ, ਸ਼ਬਦੀ ਢੋਲਾ ਆਪੇ ਗਾਇੰਦਾ । ਆਪ ਪਰਗਟਾਏ ਆਪਣਾ ਨਾਂ, ਨਾਉਂ ਨਿਰੰਕਾਰਾ ਆਪ ਦ੍ਰਿੜਾਇੰਦਾ । ਵਸਣਹਾਰਾ ਠਾਂਡੇ ਥਾਂ, ਥਾਨ ਥਨੰਤਰ ਸੋਭਾ ਪਾਇੰਦਾ । ਆਪੇ ਕਰੇ ਸਚ ਨਿਆਂ, ਅਭੁਲ ਭੁਲ ਕਦੇ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਇਕ, ਦੂਜਾ ਅਵਰ ਨਾ ਕੋਈ ਅਖਵਾਇੰਦਾ । ਸਤਿਗੁਰ ਪੂਰਾ ਏਕਾ ਏਕ, ਇਕ ਮਹੱਲਾ ਰਿਹਾ ਵਸਾਈਆ । ਆਦਿ ਜੁਗਾਦੀ ਏਕਾ ਸੰਗ ਰਖਾਏ ਕਰੇ ਬੁਧ ਬਿਬੇਕ, ਗੁਣ ਅਵਗੁਣ ਨਾ ਕੋਈ ਜਣਾਈਆ । ਤ੍ਰੈਗੁਣ ਮਾਇਆ ਨਾ ਲਾਏ ਸੇਕ, ਜਿਸ ਸਿਰ ਹੱਥ ਰੱਖੇ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਖ ਭੇਖੀ ਆਪੇ ਲਏ ਵਟਾਈਆ ।

ਜੁਗ ਜੁਗ ਭੇਖ ਅਵੱਲੜਾ, ਕਰਨਹਾਰ ਕਰਤਾਰ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ , ਨਿਰਗੁਣ ਸਰਗੁਣ ਲਏ ਅਵਤਾਰ । ਜਨ ਭਗਤਾਂ ਫੜਾਏ ਆਪਣਾ ਪੱਲੜਾ, ਲੱਖ ਚੁਰਾਸੀ ਵਿਚੋਂ ਕੱਢੇ ਬਾਹਰ । ਸਾਚਾ ਧਾਮ ਇਕ ਸੁਹੰਦੜਾ, ਕਾਇਆ ਮੰਦਰ ਖੋਲ੍ਹ ਕਿਵਾੜ । ਆਪਣਾ ਆਸਣ ਆਪ ਵਿਛੰਦੜਾ, ਨਿਰਗੁਣ ਸਰਗੁਣ ਖੇਲ ਅਪਾਰ । ਜੋਤੀ ਜੋਤ ਜੋਤ ਜਗੰਦੜਾ, ਮੇਟ ਮਿਟਾਏ ਅੰਧ ਅੰਧਿਆਰ । ਰੂਪ ਅਨੂਪ ਆਪ ਵਖੰਦੜਾ, ਖੇਲੇ ਖੇਲ ਅਪਰ ਅਪਾਰ । ਸਤਿਗੁਰ ਪੂਰਾ ਆਪਣਾ ਰਾਹ ਆਪ ਚਲੰਦੜਾ, ਆਪੇ ਜਾਣੇ ਆਪਣੀ ਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਸੱਚੀ ਸਰਕਾਰ । ਸਤਿਗੁਰ ਸੱਚਾ ਸ਼ਾਹ ਸੁਲਤਾਨ, ਜਿਸ ਹੱਥ ਵਡੀ ਵਡਿਆਈਆ । ਆਪੇ ਜਾਣੇ ਆਪਣੀ ਆਣ, ਆਪਣਾ ਹੁਕਮ ਆਪ ਵਰਤਾਈਆ । ਆਪੇ ਕਰੇ ਆਪਣੀ ਸਚ ਪਛਾਣ, ਪਹਿਚਾਨ ਵਿਚ ਕਦੇ ਨਾ ਆਈਆ । ਆਪੇ ਦੇਵੇ ਧੁਰ ਫ਼ਰਮਾਨ, ਸਚ ਸੰਦੇਸ਼ਾ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਸਾਚਾ ਹਰਿ, ਗੇੜਾ ਗੇੜੇ ਵਿਚ ਭੁਆਈਆ । ਸਤਿਗੁਰ ਪੂਰਾ ਹੁਕਮ ਵਰਤਾਰ, ਹੁਕਮੀ ਹੁਕਮ ਖੇਲ ਖਿਲਾਇੰਦਾ । ਹੁਕਮ ਅੰਦਰ ਵਿਸ਼ਨ ਬ੍ਰਹਮਾ ਸ਼ਿਵ ਕਰ ਤਿਆਰ, ਸੇਵਕ ਸਾਚੀ ਸੇਵ ਲਗਾਇੰਦਾ । ਹੁਕਮੇ ਅੰਦਰ ਤ੍ਰੈਗੁਣ ਮਾਇਆ ਭਰ ਭੰਡਾਰ, ਪੰਜ ਤੱਤ ਜੋੜ ਜੁੜਾਇੰਦਾ । ਮੰਡਲ ਮੰਡਪ ਦਏ ਸਹਾਰ, ਗਗਨ ਮੰਡਲ ਸੋਭਾ ਪਾਇੰਦਾ । ਹੁਕਮੇ ਅੰਦਰ ਲੱਖ ਚੁਰਾਸੀ ਕਰ ਤਿਆਰ, ਘੜ ਭਾਂਡੇ ਵੇਖ ਵਖਾਇੰਦਾ । ਹੁਕਮੇ ਅੰਦਰ ਨਿਰਗੁਣ ਸਰਗੁਣ ਕਰੇ ਖੇਲ ਅਪਾਰ, ਜੋਤੀ ਜਾਤਾ ਡਗਮਗਾਇੰਦਾ । ਹੁਕਮੇ ਅੰਦਰ ਬ੍ਰਹਮ ਪਾਰਬ੍ਰਹਮ ਕਰੇ ਪਿਆਰ, ਰੂਪ ਅਨੂਪ ਆਪ ਧਰਾਇੰਦਾ । ਹੁਕਮੇ ਅੰਦਰ ਸ਼ਬਦ ਧੁੰਨਕਾਰ, ਬੋਧ ਅਗਾਧੀ ਆਪੇ ਗਾਇੰਦਾ । ਹੁਕਮੇ ਅੰਦਰ ਵੇਦ ਚਾਰ, ਨਿਸ਼ਅੱਖਰ ਆਪ ਪੜ੍ਹਾਇੰਦਾ । ਹੁਕਮੇ ਅੰਦਰ ਚਾਰੇ ਖਾਣੀ ਪਾਵੇ ਸਾਰ, ਅੰਡਜ ਜੇਰਜ ਉਤਭੁਜ ਸੇਤਜ ਆਪ ਪਰਗਟਾਇੰਦਾ । ਹੁਕਮੇ ਅੰਦਰ ਚਾਰੇ ਬਾਣੀ ਕਰ ਤਿਆਰ, ਪਰਾ ਪਸੰਤੀ ਮਧਮ ਬੈਖਰੀ ਆਪੇ ਗਾਇੰਦਾ । ਹੁਕਮੇ ਅੰਦਰ ਚਾਰੇ ਵਰਨ ਕਰ ਸ਼ੰਗਾਰ, ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਰੰਗ ਰੰਗਾਇੰਦਾ । ਹੁਕਮੇ ਅੰਦਰ ਚਾਰ ਜੁਗ ਵੇਖ ਅਖਾੜ, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਵੰਡ ਵੰਡਾਇੰਦਾ । ਹੁਕਮੇ ਅੰਦਰ ਨਿਰਗੁਣ ਸਰਗੁਣ ਲਏ ਅਵਤਾਰ, ਜੁਗ ਜੁਗ ਵੇਸ ਵਟਾਇੰਦਾ । ਹੁਕਮੇ ਅੰਦਰ ਪਰਗਟ ਹੋ ਵਿਚ ਸੰਸਾਰ, ਆਪਣਾ ਰਾਹ ਚਲਾਇੰਦਾ । ਹੁਕਮੇ ਅੰਦਰ ਭਗਤ ਭਗਵੰਤ ਲਏ ਉਭਾਰ, ਆਪਣਾ ਭੇਵ ਆਪ ਖੁਲ੍ਹਾਇੰਦਾ । ਹੁਕਮੇ ਅੰਦਰ ਸੰਤ ਸਤਿ ਕਰ ਤਿਆਰ, ਦਰ ਘਰ ਸਾਚੇ ਆਪ ਬਹਾਇੰਦਾ । ਹੁਕਮੇ ਅੰਦਰ ਗੁਰਮੁਖਾਂ ਖੋਲ੍ਹ ਬੰਦ ਕਿਵਾੜ, ਆਪਣਾ ਪਰਦਾ ਆਪ ਉਠਾਇੰਦਾ । ਹੁਕਮੇ ਅੰਦਰ ਗੁਰਸਿਖ ਬਹਾਏ ਸਚ ਦਵਾਰ, ਦਰ ਦਰਵਾਜ਼ਾ ਆਪ ਖੁਲ੍ਹਾਇੰਦਾ । ਹੁਕਮੇ ਅੰਦਰ ਜੁਗ ਚੌਕੜੀ ਕਰੇ ਪਾਰ, ਥਿਰ ਕੋਇ ਰਹਿਣ ਨਾ ਪਾਇੰਦਾ । ਹੁਕਮੇ ਅੰਦਰ ਤ੍ਰੈਗੁਣ ਮਾਇਆ ਭਰ ਭੰਡਾਰ, ਲੱਖ ਚੁਰਾਸੀ ਬੰਧਨ ਪਾਇੰਦਾ । ਹੁਕਮੇ ਅੰਦਰ ਸਾਚੀ ਕਾਰ, ਏਕਾ ਮੰਤਰ ਨਾਮ ਦ੍ਰਿੜ੍ਹਾਇੰਦਾ । ਹੁਕਮੇ ਅੰਦਰ ਕਲਜੁਗ ਵੇਖੇ ਅੰਤਮ ਵਾਰ, ਨੇਰਨ ਨੇੜੇ ਨਜ਼ਰ ਆਇੰਦਾ । ਲੇਖਾ ਜਾਣੇ ਸ਼ਾਹ ਫ਼ਕੀਰ, ਹਕ਼ੀਕ਼ਤ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਇਕ ਹੋ ਆਇੰਦਾ । ਸਤਿਗੁਰ ਪੂਰਾ ਹਰਿ ਕਰਤਾਰ, ਕ਼ੁਦਰਤ ਕ਼ਾਦਰ ਵੇਖ ਵਖਾਈਆ । ਜੁਗਾ ਜੁਗੰਤਰ ਲੈ ਅਵਤਾਰ, ਲੋਕਮਾਤ ਕਰੇ ਰੁਸ਼ਨਾਈਆ । ਨਾਨਕ ਗੋਬਿੰਦ ਏਕਾ ਧਾਰ, ਜੋਤੀ ਜੋਤ ਡਗਮਗਾਈਆ । ਸ਼ਬਦੀ ਸ਼ਬਦ ਸ਼ਬਦ ਜੈਕਾਰ, ਅਗੰਮ ਅਗੰਮੜਾ ਵੇਖ ਵਖਾਈਆ ।

ਚਾਰੋਂ ਕੁੰਟ ਹੋਇਆ ਅੰਧ ਅੰਧਿਆਰ, ਰੈਣ ਅੰਧੇਰੀ ਛਾਈਆ । ਸ੍ਰਿਸ਼ਟ ਸਬਾਈ ਹੋਏ ਵਿਭਚਾਰ, ਸਤਿ ਸਤਿ ਨਾ ਕੋਈ ਵਡਿਆਈਆ । ਨਾਤਾ ਤੁਟੇ ਪੁਰਖ ਨਾਰ, ਨਾਰ ਕੰਤ ਨਾ ਕੋਈ ਅਖਵਾਈਆ । ਮਾਤ ਪਿਤ ਨਾ ਕੋਈ ਪਿਆਰ, ਪਿਤਾ ਪੂਤ ਨਾ ਕੋਈ ਵਡਿਆਈਆ । ਜੀਵ ਜੰਤ ਹੋਣ ਖ਼ਵਾਰ, ਧੀਰਜ ਧੀਰ ਨਾ ਕੋਈ ਧਰਾਈਆ । ਸ੍ਰਿਸ਼ਟ ਸਬਾਈ ਹਾਹਾਕਾਰ, ਨੇਤਰ ਨੈਣਾਂ ਨੀਰ ਵਹਾਈਆ । ਕਲਜੁਗ ਵੇਖੇ ਵੇਖਣਹਾਰ, ਆਪਣਾ ਨੇਤਰ ਨੈਣ ਖੁਲ੍ਹਾਈਆ । ਨਾਲ ਰਲਾਇਆ ਮੁਹੰਮਦੀ ਯਾਰ, ਚਾਰ ਯਾਰੀ ਮਤਾ ਪਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸਾਚਾ ਦਏ ਵਖਾਈਆ । ਸਤਿਗੁਰ ਸਾਚਾ ਇਕ ਅਕੱਲਾ, ਆਦਿ ਜੁਗਾਦਿ ਸਮਾਇਆ । ਵਸਣਹਾਰਾ ਸਚ ਮਹੱਲਾ, ਆਪਣਾ ਨਾਉਂ ਧਰਾਇਆ । ਪਾਵੇ ਸਾਰ ਜਲਾ ਥਲਾ, ਡੂੰਘੀ ਕੰਦਰ ਫੋਲ ਫੁਲਾਇਆ । ਜਨ ਭਗਤਾਂ ਫੜਾਏ ਆਪਣਾ ਪੱਲਾ, ਏਕਾ ਪੱਲੂ ਆਪ ਵਖਾਇਆ । ਇਕ ਵਖਾਏ ਸਾਚਾ ਭੱਲਾ, ਨਾਮ ਨਿਧਾਨਾ ਆਪ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪੇ ਵੇਖ ਵਖਾਇਆ । ਕਲਜੁਗ ਅੰਤਮ ਖੇਲ ਅਪਾਰ, ਪੁਰਖ ਅਬਿਨਾਸ਼ੀ ਵੇਖ ਵਖਾਈਆ । ਨੌ ਖੰਡ ਪ੍ਰਿਥਮੀ ਸੱਤਾਂ ਦੀਪਾਂ ਪਾਵੇ ਸਾਰ, ਬ੍ਰਹਿਮੰਡ ਖੰਡ ਫੋਲ ਫੋਲਾਈਆ । ਸਾਧ ਸੰਤ ਜੀਵ ਜੰਤ ਲਏ ਉਭਾਰ, ਨਿਰਭੌ ਭੈ ਨਾ ਕੋਈ ਜਣਾਈਆ । ਸਾਚਾ ਦਿਸੇ ਨਾ ਕਿਸੇ ਗੁਰੂਦਵਾਰਾ, ਹਰਿ ਕਾ ਮੰਦਰ ਨਜ਼ਰ ਨਾ ਆਈਆ । ਪੜ੍ਹ ਪੜ੍ਹ ਕੂਕ ਕੂਕ ਕਰਨ ਪੁਕਾਰਾ, ਰਸਨਾ ਜਿਹਵਾ ਜਗਤ ਹਿਲਾਈਆ । ਜੂਠ ਝੂਠ ਲਗਾਇਆ ਇਕ ਅਖਾੜਾ, ਮਾਇਆ ਮਮਤਾ ਨਾਚ ਨਚਾਈਆ । ਲੱਗੀ ਅੱਗ ਬਹੱਤਰ ਨਾੜਾ, ਤ੍ਰੈਗੁਣ ਤੱਤ ਰਹੀ ਜਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਕਲਜੁਗ ਅਗਨੀ ਅੱਗ, ਚਾਰ ਕੁੰਟ ਰਹੀ ਜਲਾਇਆ । ਹੰਸ ਹੋਏ ਕੱਗ, ਕਾਗ ਹੰਸ ਰੂਪ ਵਟਾਇਆ । ਅੰਤਮ ਜੋਤ ਨਾ ਗਈ ਜਗ, ਜਗਤ ਜੋਤ ਨਾ ਕੋਇ ਜਗਾਇਆ । ਦਰਸ ਨਾ ਪਾਇਆ ਉਪਰ ਸ਼ਾਹ ਰਗ, ਰਘੁਪਤ ਨਜ਼ਰ ਕਿਸੇ ਨਾ ਆਇਆ । ਪੀ ਪੀ ਥੱਕੇ ਝੂਠੀ ਮਦਿ, ਆਤਮ ਰਸ ਨਾ ਕਿਸੇ ਪਿਆਇਆ । ਢੋਲਕ ਛੈਣਾ ਵਜਾ ਵਜਾ ਥੱਕੇ ਸਾਜ, ਅਨਹਦ ਨਾਦ ਨਾ ਕਿਸੇ ਸੁਣਾਇਆ । ਬ੍ਰਹਮ ਨਾ ਕੀਤੀ ਪਾਰ ਹੱਦ, ਬ੍ਰਹਮ ਪਾਰਬ੍ਰਹਮ ਨਾ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਗੁਰੂ ਦਏ ਸਮਝਾਇਆ । ਜਗਤ ਗੁਰ ਜਗਤ ਨਾਤਾ, ਆਤਮ ਬ੍ਰਹਮ ਨਾ ਕੋਈ ਜਣਾਈਆ । ਪੜ੍ਹ ਪੜ੍ਹ ਸੁਣਾਵਨ ਜਗਤ ਗਾਥਾ, ਸਾਚਾ ਰੰਗ ਨਾ ਕੋਈ ਚੜ੍ਹਾਈਆ । ਨਾਮ ਨਾ ਦੇਵੇ ਕੋਈ ਦਾਤਾ, ਰਸਨਾ ਜਿਹਵਾ ਹੋਈ ਹਲਕਾਈਆ । ਕਾਇਆ ਮੰਦਰ ਨਾ ਮੇਟੇ ਕੋਈ ਅੰਧੇਰੀ ਰਾਤਾ, ਸਾਚਾ ਚੰਦ ਨਾ ਕੋਈ ਚੜ੍ਹਾਈਆ । ਦਰ ਵਖਾਏ ਨਾ ਕੋਈ ਕਮਲਾਪਾਤਾ, ਕਵਲ ਨੈਣ ਨਜ਼ਰ ਨਾ ਆਈਆ । ਬੰਦ ਨਾ ਖੋਲ੍ਹੇ ਕੋਈ ਤਾਕਾ, ਬੰਦ ਕਿਵਾੜ ਨਾ ਦਏ ਤੁੜਾਈਆ । ਵਸਤ ਸਚ ਨਾ ਵਖਾਏ ਕੋਈ ਹਾਟਾ, ਚੌਦਾਂ ਹੱਟ ਨਾ ਮੋਹ ਚੁਕਾਈਆ । ਕਲਜੁਗ ਖੇਲ ਬਾਜੀਗਰ ਨਾਟਾ, ਸਵਾਂਗੀ ਆਪਣਾ ਸਵਾਂਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸਾਚਾ ਏਕਾ ਏਕ ਅਖਵਾਈਆ । ਚਾਰ ਕੁੰਟ ਗੁਰ ਗੁਰਦੇਵ, ਇਸ਼ਟ ਇਸ਼ਟ ਆਪ ਅਖਵਾਈਆ । ਮਾਨਸ ਦੇਹ ਕਰਾਵਨ ਸੇਵ, ਪਾਰਬ੍ਰਹਮ ਨਾ ਕੋਈ ਵਡਿਆਈਆ । ਰਸਨਾ ਵਾਸਨਾ ਗਾਇਣ ਜਿਹਵ, ਜਪਤ ਜਪਤ ਨਾ ਸੁਖ ਪਾਈਆ । ਅੰਤਰ ਮਿਲੇ ਨਾ ਆਤਮ ਮੇਵ, ਅੰਮ੍ਰਿਤ ਫਲ ਨਾ ਕੋਈ ਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ

੧੨੫੩
੧੦

੧੨੫੪
੧੦

ਸੱਚਾ ਹਰਿ, ਸਤਿਗੁਰ ਸੱਚਾ ਰੂਪ ਵਟਾਈਆ । ਏਕਾ ਰੂਪ ਵਟਾਏ ਨਰ, ਨਰ ਨਰਾਇਣ ਵਡੀ ਵਡਿਆਈਆ । ਕਲਜੁਗ ਅੰਤਮ ਵੇਖੇ ਘਰ, ਘਰ ਨਵ ਨੌ ਫੇਰਾ ਪਾਈਆ । ਭੇਖੀ ਪਖੰਡੀ ਲਏ ਫੜ, ਬਿਨ ਹਰਿ ਨਾਮੇ ਗੁਰੂ ਕੋਈ ਰਹਿਣ ਨਾ ਪਾਈਆ । ਸੋ ਸਤਿਗੁਰ ਜੋ ਸਚ ਮਹੱਲੇ ਬੈਠਾ ਚੜ੍ਹ, ਤਖ਼ਤ ਨਿਵਾਸੀ ਤਖ਼ਤ ਰਿਹਾ ਸੁਹਾਈਆ । ਨਿਸ਼ਅੱਖਰ ਬਾਣੀ ਰਿਹਾ ਪੜ੍ਹ, ਪਿਛਲੀ ਕਰੇ ਨਾ ਕੋਈ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੂੜੀ ਕਿਰਿਆ ਦਏ ਮਿਟਾਈਆ । ਝੂਠਾ ਗੁਰੂ ਜਗਤ ਜੁਗ ਨਾਤਾ, ਜੀਵ ਜੀਵਾਂ ਨਾਲ ਬੰਧਾਇੰਦਾ । ਅੰਤਮ ਵੇਖੇ ਨਾਰ ਕਮਜ਼ਾਤਾ, ਦੁਹਾਗਣ ਰੂਪ ਮਾਤ ਵਟਾਈਆ । ਪ੍ਰਭ ਮਿਲੇ ਨਾ ਸੱਜਣ ਸਾਕਾ, ਦੇਵੇ ਦਰਸ ਨਾ ਹਰਿ ਰਘੁਰਾਇਆ । ਜਿਸ ਆਪਣੀ ਪੂਰੀ ਹੋਈ ਨਾ ਆਸਾ, ਦੂਸਰਾ ਬੇੜਾ ਪਾਰ ਕਿਵੇਂ ਕਰਾਇਆ । ਸਤਿਗੁਰ ਪੂਰਾ ਏਕਾ ਦੇਵੇ ਸਾਚਾ ਭਰਵਾਸਾ, ਦਰ ਦਵਾਰਾ ਇਕ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਸਾਚੇ ਹਰਿ, ਸਤਿਗੁਰੂ ਇਕ ਵਡਿਆਇਆ । ਸਤਿਗੁਰ ਵੱਡਾ ਆਦਿ ਜੁਗਾਦਿ, ਜੁਗ ਜੁਗ ਖੇਲ ਕਰਾਇੰਦਾ । ਵੇਖ ਵਖਾਏ ਬ੍ਰਹਮ ਬ੍ਰਹਿਮਾਦਿ, ਪਾਰਬ੍ਰਹਮ ਰੂਪ ਵਟਾਇੰਦਾ । ਗ੍ਰਹਿ ਗ੍ਰਹਿ ਘਰ ਘਰ ਮੰਦਰ ਅੰਦਰ ਵਜਾਏ ਨਾਦ, ਨਾਦ ਅਨਾਦੀ ਆਪ ਰਖਾਇੰਦਾ । ਮੇਲ ਮਿਲਾਏ ਮੋਹਣ ਮਾਧਵ ਮਾਧ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਏਕਾ ਰੰਗ ਵਖਾਇੰਦਾ । ਜਨ ਭਗਤਾਂ ਸੁਣੇ ਸਦਾ ਫ਼ਰਯਾਦ, ਦਿਵਸ ਰੈਣ ਧਿਆਨ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਆਪਣਾ ਖੇਲ ਖਿਲਾਇੰਦਾ । ਸਤਿਗੁਰ ਏਕਾ ਏਕ ਓਟ, ਏਕਾ ਆਸ ਰਖਾਈਆ । ਗੁਰਸਿਖਾਂ ਕੱਢੇ ਝੂਠਾ ਖੋਟ, ਦੂਈ ਦਵੈਤੀ ਰਹਿਣ ਨਾ ਪਾਈਆ । ਨਾਮ ਭੰਡਾਰਾ ਭਰੇ ਪੋਟ, ਅਤੁਟ ਭੰਡਾਰ ਵਰਤਾਈਆ । ਕਾਇਆ ਗੜ੍ਹ ਵੇਖੇ ਕੋਟ, ਗੜ੍ਹ ਬੰਕ ਫੋਲ ਫੁਲਾਈਆ । ਨਿਰਮਲ ਜਗਾਏ ਆਪਣੀ ਜੋਤ, ਜੋਤੀ ਜੋਤ ਜੋਤ ਰੁਸ਼ਨਾਈਆ । ਨਾਮ ਜਪਾਏ ਬਿਨ ਰਸਨਾ ਜਿਹਵ, ਅਜਪਾ ਜਾਪ ਇਕ ਸਮਝਾਈਆ । ਅੰਤ ਨੇੜ ਨਾ ਆਏ ਲਾੜੀ ਮੌਤ, ਰਾਏ ਧਰਮ ਨਾ ਦਏ ਸਜ਼ਾਈਆ । ਨਾਰ ਵਰੇ ਹਰਿ ਸਾਚਾ ਖੌਤ, ਨਰਾਇਣ ਏਕਾ ਘਰ ਸੋਭਾ ਪਾਈਆ । ਝੂਠੇ ਗੁਰੂ ਜਾਣੇ ਔਤ, ਓਤ ਪੋਤ ਨਾ ਕੋਈ ਬਣਾਈਆ । ਗੁਰਮੁਖ ਵਿਰਲੇ ਜਾਨਣ ਝੂਠੇ ਮੋਹਿਤ, ਕਵਣ ਵੇਲਾ ਸਤਿਗੁਰ ਪੂਰਾ ਲੈਣ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਆਪਣਾ ਨਾਉਂ ਲਏ ਪਰਗਟਾਈਆ । ਪਰਗਟ ਹੋ ਪੁਰਖ ਅਕਾਲਾ, ਸਤਿਗੁਰ ਆਪਣਾ ਭੇਵ ਖੁਲਾਈਆ । ਜੁਗ ਚਲੇ ਅਵੱਲੜੀ ਚਾਲਾ, ਨਿਰਗੁਣ ਜੋਤ ਜੋਤ ਰੁਸ਼ਨਾਈਆ । ਲੇਖਾ ਜਾਣੇ ਕਾਲ ਮਹਾਕਾਲਾ, ਮਹਾਂਬਲੀ ਵਡ ਵਡਿਆਈਆ । ਦੋ ਜਹਾਨ ਵਜਾਏ ਤਾਲਾ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਪ ਸੁਣਾਈਆ । ਚਾਰ ਵਰਨਾਂ ਦੱਸੇ ਰਾਹ ਸੁਖਾਲਾ, ਊਚ ਨੀਚ ਨਾ ਕੋਈ ਜਣਾਈਆ । ਅੰਤਰ ਆਤਮ ਪਾਏ ਸਾਚੀ ਮਾਲਾ, ਮਨਕਾ ਮਣਕਾ ਆਪ ਭਵਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲਾ, ਆਪਣੇ ਰੰਗ ਦਏ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਏਕਾ ਹਰਿ, ਹਰਿਜਨ ਸਾਚੇ ਲਏ ਮਿਲਾਈਆ । ਸਤਿਗੁਰ ਪੂਰਾ ਵਸੇ ਏਕਾ ਘਰ, ਘਰ ਸੁਹੰਜਣਾ ਸੋਭਾ ਪਾਇੰਦਾ । ਆਦਿ ਜੁਗਾਦਿ ਨਿਰਭੌ ਚੁਕਾਏ ਭੈ ਡਰ, ਭਿਆਨਕ ਰੂਪ ਨਾ ਕੋਈ ਰਖਾਇੰਦਾ । ਸੰਤ ਸੁਹੇਲੇ ਲਏ ਫੜ, ਗੁਰ ਚੇਲੇ ਮੇਲ ਮਿਲਾਇੰਦਾ । ਲੇਖਾ ਜਾਣੇ ਨਾਰੀ ਨਰ, ਪਰਦਾ ਆਪ ਚੁਕਾਇੰਦਾ । ਦਰਸ ਦਿਖਾਏ ਅਗੇ ਖੜ, ਜਿਸ ਜਨ ਆਪਣੀ ਦੱਯਾ ਕਮਾਇੰਦਾ । ਗੋਬਿੰਦ ਪੱਲੂ ਲਏ

੧੨੫੫ ੧੦

ਫੜ, ਨਾਨਕ ਨਾਲ ਮਿਲਾਇੰਦਾ । ਗੁਰਸਿਖ ਵੇਖੇ ਆਪਣੇ ਘਰ, ਘਰ ਘਰ ਵਿਚ ਸੋਭਾ ਪਾਇੰਦਾ । ਝੂਠੇ ਗੁਰੂਆਂ ਚੁੱਕੇ ਡਰ, ਜਿਸ ਸਤਿਗੁਰ ਸੱਚਾ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੂਠ ਝੂਠ ਪਖੰਡ ਕਲਜੁਗ ਅੰਤਮ ਕਰੇ ਰੰਡ, ਆਪਣਾ ਹੁਕਮ ਆਪ ਵਰਤਾਇੰਦਾ । ਜੂਠ ਝੂਠ ਕਰੇ ਦੂਰ, ਕਲਜੁਗ ਅੰਤਮ ਪੰਧ ਮੁਕਾਈਆ । ਨਾਤਾ ਤੋੜੇ ਕੂੜੇ ਕੂੜ, ਕੂੜ ਕਿਰਿਆ ਦਏ ਮਿਟਾਈਆ । ਪਰਗਟ ਹੋਇਆ ਹਾਜ਼ਰ ਹਜ਼ੂਰ, ਹਰਿ ਆਪਣਾ ਰੂਪ ਧਰਾਈਆ । ਨਿਰਗੁਣ ਦੇਵੇ ਸਾਚਾ ਨੂਰ, ਨੂਰ ਨੁਰਾਨਾ ਡਗਮਗਾਈਆ । ਆਤਮ ਧੁਨ ਸਾਚੀ ਤੂਰ, ਤੁਰੀਆ ਨਾਦ ਆਪ ਵਜਾਈਆ । ਸਤਿਗੁਰ ਪੂਰਾ ਆਸਾ ਮਨਸਾ ਪੂਰ, ਮਨ ਮਨਸਾ ਦਏ ਖਪਾਈਆ । ਜਗਤ ਵਿਕਾਰਾ ਕਰੇ ਚੂਰੋ ਚੂਰ, ਨਾਮ ਖੰਡਾ ਇਕ ਚਮਕਾਈਆ । ਜਿਸ ਜਨ ਬਖ਼ਸ਼ੇ ਚਰਨ ਧੂੜ, ਜੋਤ ਲਿਲਾਟੀ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਤਿਗੁਰ ਪੂਰਾ ਕਰੇ ਆਪ ਰੁਸ਼ਨਾਈਆ । ਸਤਿਗੁਰ ਪੂਰਾ ਕਰੇ ਚਾਨਨ, ਚੰਦ ਚਾਂਦਨੀ ਮੁਖ ਸ਼ਰਮਾਇੰਦਾ । ਤੀਰ ਨਿਰਾਲਾ ਮਾਰੇ ਬਾਨਣ, ਅਨਿਆਲਾ ਤੀਰ ਚਲਾਇੰਦਾ । ਏਕਾ ਰਾਗ ਸੁਣਾਏ ਕਾਨ, ਰਾਗ ਨਾਦਿ ਭੇਵ ਨਾ ਆਇੰਦਾ । ਗੁਰਮੁਖ ਗੁਰਸਿਖ ਦਰਸ ਦਿਖਾਏ ਆਪਣੇ ਆਮ੍ਹਣੋ ਸਾਮ੍ਹਣ, ਨੇਤਰ ਨੈਣਾਂ ਨਾਲ ਮਿਲਾਇੰਦਾ । ਏਥੇ ਉਥੇ ਹੋਏ ਜ਼ਾਮਨ, ਆਪਣਾ ਪੱਲੂ ਆਪ ਫੜਾਇੰਦਾ । ਆਪੇ ਕ੍ਰਿਸ਼ਨਾ ਆਪੇ ਰਾਮਨ, ਆਪੇ ਨਾਨਕ ਗੋਬਿੰਦ ਖੇਲ ਖਿਲਾਇੰਦਾ । ਆਪੇ ਈਸਾ ਮੂਸਾ ਸੰਗ ਮੁਹੰਮਦ ਦਏ ਪੈਗ਼ਾਮਨ, ਕਲਮਾ ਕਲਾਮ ਆਪ ਜਣਾਇੰਦਾ । ਆਪੇ ਸ਼ਤਰੀ ਸ਼ੂਦਰ ਵੈਸ਼ ਬ੍ਰਹਿਮਣ, ਜਾਤ ਪਾਤ ਨਾ ਕੋਈ ਰਖਾਇੰਦਾ, ਆਪੇ ਕਰੇ ਅੰਤਮ ਧਿਆਨਨ, ਧਿਆਨ ਧਿਆਨ ਵਿਚ ਮਿਲਾਇੰਦਾ । ਆਪੇ ਹੋਏ ਘਟ ਘਟ ਜਾਨਨ, ਅੰਤਰਜਾਮੀ ਨਾਉਂ ਧਰਾਇੰਦਾ । ਆਪੇ ਮੇਟੇ ਕਲਜੁਗ ਰੈਣ ਅੰਧੇਰੀ ਸ਼ਾਮਨ, ਸਤਿਜੁਗ ਸਾਚਾ ਚੰਦ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਆਪਣੀ ਖੇਲ ਖਿਲਾਇੰਦਾ । ਸਤਿਗੁਰ ਖੇਲ ਕਰੇ ਅਪਾਰ, ਆਪਣੀ ਖੇਲ ਖਿਲਾਈਆ । ਨਿਰਗੁਣ ਨਿਰਗੁਣ ਲਏ ਅਵਤਾਰਾ, ਜੋਤੀ ਜੋਤ ਦਏ ਰੁਸ਼ਨਾਈਆ । ਸੰਬਲ ਨਗਰ ਧਾਮ ਨਿਆਰਾ, ਸਤਿਗੁਰ ਸਾਚਾ ਆਸਣ ਲਾਈਆ । ਨਾਮ ਖੰਡਾ ਤੇਜ ਕਟਾਰਾ, ਚੰਡ ਪਰਚੰਡ ਰਿਹਾ ਚਮਕਾਈਆ । ਲੇਖਾ ਜਾਣੇ ਦੋ ਜਹਾਨ, ਦੋ ਜਹਾਨਾਂ ਵਾਲੀ ਵੇਸ ਵਟਾਈਆ । ਕਾਗਦ ਕਲਮ ਨਾ ਲਿਖਣਹਾਰ, ਸਮੁੰਦ ਸਾਗਰ ਮਸ ਰੋਵੇ ਨੇਤਰ ਨੈਣਾਂ ਨੀਰ ਵਹਾਈਆ । ਬੇਅੰਤ ਬੇਅੰਤ ਬੇਅੰਤ ਕਹਿ ਕਹਿ ਗਏ ਸਰਬ ਪੁਕਾਰ, ਸਤਿਗੁਰ ਭੇਵ ਕੋਈ ਨਾ ਪਾਈਆ । ਆਦਿ ਅੰਤ ਆਪੇ ਜਾਣੇ ਆਪਣੀ ਧਾਰ, ਜੁਗ ਜੁਗ ਧਾਰਾ ਧਾਰ ਵਿਚ ਵਖਾਈਆ । ਨਿਹਕਲੰਕ ਨਰਾਇਣ ਨਰ ਅਵਤਾਰ, ਕਲਜੁਗ ਅੰਤਮ ਵਾਰ, ਸਤਿਗੁਰ ਸੱਚਾ ਇਕ ਹੋ ਜਾਈਆ । ਰਾਜ ਰਾਜਾਨਾ ਸ਼ਾਹ ਸੁਲਤਾਨਾ ਕਰੇ ਪਿਆਰ, ਏਕਾ ਘਰ ਦਏ ਵਖਾਈਆ । ਲੇਖਾ ਜਾਣੇ ਮੰਦਰ ਮਸਜਿਦ ਮਠ ਸ਼ਿਵਦਵਾਲਾ ਗੁਰੂਦਵਾਰ, ਤੀਰਥ ਤਟ ਫੋਲ ਫੁਲਾਈਆ । ਚੌਦਾਂ ਹੱਟਾਂ ਪਾਵੇ ਸਾਰ, ਚੌਦਾਂ ਤਬਕਾਂ ਖੋਲ੍ਹ ਕਿਵਾੜ, ਭੇਵ ਅਭੇਦ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖਾਏ ਸਾਚਾ ਘਰ, ਸਤਿਗੁਰ ਬੈਠਾ ਆਸਣ ਲਾਈਆ । ਘਰ ਵਿਚ ਘਰ ਘਰ ਵਿਚ ਆਸਣ, ਸਤਿਗੁਰ ਸੋਭਾ ਪਾਇੰਦਾ । ਕਰੇ ਖੇਲ ਪੁਰਖ ਅਬਿਨਾਸ਼ਨ, ਦਰ ਦਰ ਆਪਣਾ ਰੂਪ ਵਟਾਇੰਦਾ । ਜੋ ਜਨ ਪ੍ਰਭ ਸਾਚੇ ਦੀ ਰੱਖੇ ਆਸਣ, ਤਿਸ ਜਨ ਆਪਣਾ ਮੇਲ ਮਿਲਾਇੰਦਾ । ਨਿਜ ਘਰ ਆਤਮ ਕਰ ਕਰ ਵਾਸਣ, ਆਪਣੀ ਆਸਾ ਵਿਚ ਮਿਲਾਇੰਦਾ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਵਖਾਏ ਸਾਚਾ ਘਰ, ਸਾਚਾ ਮੰਦਰ ਆਪ ਸੁਹਾਇੰਦਾ । ਸਾਚਾ ਮੰਦਰ ਉਚ ਅਟਾਰੀ, ਅਟਲ ਮਹੱਲ ਬਣਾਇਆ । ਏਕਾ ਵਸੇ ਜੋਤ ਨਿਰੰਕਾਰੀ, ਪੁਰਖ ਅਕਾਲ ਖੇਲ ਖਿਲਾਇਆ । ਕਲਜੁਗ ਆਈ ਅੰਤਮ ਵਾਰੀ, ਚਾਰੋਂ ਕੁੰਟ ਅੰਧੇਰਾ ਛਾਇਆ । ਭੇਖ ਪਖੰਡਾ ਹੋਈ ਸਿਕਦਾਰੀ, ਜੂਠਾ ਝੂਠਾ ਡੌਰੂ ਡੰਕਾ ਰਿਹਾ ਵਜਾਇਆ । ਪਰਗਟ ਹੋਏ ਨਰ ਨਿਰੰਕਾਰੀ, ਨਿਹਕਲੰਕ ਨਾਉਂ ਰਖਾਇਆ । ਕਲਜੁਗ ਅੰਤਮ ਹੱਥ ਫੜੇ ਸ਼ਬਦ ਕਟਾਰੀ, ਲੁਹਾਰ ਤਰਖਾਨ ਨਾ ਕੋਈ ਘੜਾਇਆ । ਨੌ ਖੰਡ ਪ੍ਰਿਥਮੀ ਮਾਰੇ ਏਕਾ ਵਾਰੀ, ਸਭ ਦਾ ਕਰੇ ਸਫ਼ਾਇਆ । ਸਦਾ ਸਦਾ ਸੱਚੇ ਸਤਿਗੁਰ ਸਦਾ ਬਲਹਾਰੀ, ਜਿਸ ਏਹ ਖੇਲ ਖਿਲਾਇਆ । ਆਦਿ ਜੁਗਾਦਿ ਜੁਗਾ ਜੁਗੰਤਰ ਇਕ ਅਕੱਲਾ ਏਕੰਕਾਰੀ, ਸਤਿਗੁਰ ਗੁਰ ਸਤਿਗੁਰ ਵੇਸ ਵਟਾਇਆ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਫੜ ਫੜ ਜਾਏ ਤਾਰੀ, ਤਾਰਨਹਾਰ ਦਇਆ ਕਮਾਇਆ । ਆਪਣੇ ਘਰ ਜਾਏ ਵਾੜੀ, ਰਾਹ ਵਿਚ ਨਾ ਕੋਈ ਅਟਕਾਇਆ । ਵਿਸ਼ਨ ਬ੍ਰਹਮਾ ਸ਼ਿਵ ਕਰਨ ਨਿਮਸਕਾਰੀ, ਰਸਨਾ ਜਿਹਵਾ ਰਹੇ ਜਸ ਗਾਇਆ । ਮਨਮੁਖ ਝੂਠੇ ਦਰ ਰਹੇ ਝਖ ਮਾਰੀ, ਗੁਰ ਮਤ ਬਿਨ ਸੱਚੇ ਸਤਿਗੁਰ ਦੂਸਰ ਅਵਰ ਨਾ ਕੋਈ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਵਖਾਏ ਏਕਾ ਘਰ, ਘਰ ਸੱਚਾ ਆਪ ਵਡਿਆਇਆ ।

. . . . . . . . . . . . . . . . . . . . . . . . .

## ★ ੧ ਅੱਸੂ ੨੦੧੮ ਬਿਕ੍ਰਮੀ ਜੇਠੂਵਾਲ ਦਰਬਾਰ ਵਿਚ ★

ਕਲਪ ਜੁਗ ਬੀਤੇ ਚਾਰ, ਚਾਰ ਚਾਰ ਪਈ ਦੁਹਾਈਆ । ਚਾਰੋਂ ਕੁੰਟ ਅੰਧ ਅੰਧਿਆਰ, ਸਾਚਾ ਚੰਦ ਨਾ ਕੋਇ ਰੁਸ਼ਨਾਈਆ । ਵਰਨ ਬਰਨ ਹੋਏ ਖ਼ਵਾਰ, ਜਨਮ ਕਰਮ ਪਈ ਲੜਾਈਆ । ਲੱਖ ਚੁਰਾਸੀ ਜੰਮੇ ਵਾਰੋ ਵਾਰ, ਜੁਗ ਜੁਗ ਗੇੜਾ ਗੇੜੇ ਵਿਚ ਰਖਾਈਆ । ਕਬ ਪੁਰਖ ਕਬ ਨਾਰ, ਕਬ ਕੰਤ ਸੇਜ ਸੁਹਾਈਆ । ਕਬ ਸੁਤ ਕਰ ਪਿਆਰ, ਕਬ ਮੇਲਾ ਬਾਲ ਸਖਾਈਆ । ਕਬ ਸਾਕ ਸੱਜਣ ਸੈਣ ਯਾਰ, ਕਬ ਸ਼ੱਤਰੂ ਰੂਪ ਵਟਾਈਆ । ਕਬ ਉਤਭੁਜ ਸੇਤਜ ਜੇਰਜ ਅੰਡਜ ਫਿਰੇ ਵਾਰੋ ਵਾਰ, ਲਿਖਿਆ ਲੇਖ ਨਾ ਕੋਇ ਜਣਾਈਆ । ਮਰੇ ਮਰ ਜੰਮੇ ਆਵੇ ਜਾਵੇ ਵਿਚ ਸੰਸਾਰ, ਜੂਨੀ ਜੂਨ ਜੂਨ ਭਵਾਈਆ । ਲੱਖ ਚੁਰਾਸੀ ਜਗਤ ਗੁਲਜ਼ਾਰ, ਪੁਰਖ ਅਬਿਨਾਸ਼ੀ ਵੇਖ ਵਖਾਈਆ । ਜੁਗਾ ਜੁਗੰਤਰ ਸਾਚੀ ਕਾਰ, ਵਾਹ ਵਾ ਆਪਣੀ ਆਪ ਕਰਾਈਆ । ਆਪੇ ਬੈਠ ਧਾਮ ਨਿਆਰ, ਸਚਖੰਡ ਸਾਚੇ ਆਸਣ ਲਾਈਆ । ਥਿਰ ਘਰ ਖੋਲ੍ਹ ਆਪ ਕਿਵਾੜ, ਆਪਣਾ ਨੂਰ ਦਏ ਦਰਸਾਈਆ । ਸੁੰਨ ਅਗੰਮੀ ਹੋ ਉਜਿਆਰ, ਰੂਪ ਅਨੂਪ ਜਣਾਈਆ । ਨਿਰਗੁਣ ਨਿਰਵੈਰ ਨਿਰਾਕਾਰ, ਨਿਰਧਨ ਸਰਧਨ ਖੇਲ ਖਿਲਾਈਆ । ਜੁਗ ਚੌਕੜੀ ਪਾਵੇ ਸਾਰ, ਨਵ ਨੌ ਆਪਣੀ ਧਾਰ ਚਲਾਈਆ । ਕਲਜੁਗ ਅੰਤਮ ਆਈ ਵਾਰ, ਕਰੇ ਖੇਲ ਬੇਪਰਵਾਹੀਆ । ਜੋਤੀ ਜਾਤਾ ਹੋ ਤਿਆਰ, ਪੁਰਖ ਬਿਧਾਤਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੋਟਨ ਜੁਗ ਵੇਖ ਵਖਾਈਆ । ਕਲਪ ਜੁਗ ਬੀਤੇ ਚਾਰ, ਚਾਰੋਂ ਕੁੰਟ ਖੇਲ ਖਿਲਾਇੰਦਾ । ਪਾਰਬ੍ਰਹਮ ਪ੍ਰਭ ਬੇਐਬ ਪਰਵਰਦਿਗਾਰ, ਨੂਰ ਨੁਰਾਨਾ ਡਗਮਗਾਇੰਦਾ । ਜਿਸ ਨੂੰ ਸਯਦਾ ਕਰਦੇ ਰਹੇ ਗੁਰ ਅਵਤਾਰ, ਨਿਉਂ ਨਿਉਂ ਸੀਸ ਸਰਬ ਝੁਕਾਇੰਦਾ । ਜਿਸ ਦਰ ਭਗਤ ਬਣਦੇ ਰਹੇ ਭਿਖਾਰ, ਖ਼ਾਲੀ ਝੋਲੀ ਸਰਬ ਭਰਾਇੰਦਾ । ਜਿਸ ਨੂੰ ਨਾਨਕ ਮੰਨਿਆ ਕੰਤ ਭਤਾਰ, ਸੋ ਪੁਰਖ ਨਿਰੰਜਣ ਵੇਸ ਵਟਾਇੰਦਾ । ਜਿਸ ਨੂੰ ਗੋਬਿੰਦ ਕਹੇ ਮੈਂ ਉਪਾਇਆ ਸੁਤ ਦੁਲਾਰ, ਪੁਰਖ ਅਕਾਲ ਖੇਲ ਖਿਲਾਇੰਦਾ । ਜਿਸ ਨੂੰ ਈਸਾ ਕਹੇ ਮੇਰਾ ਪਰਵਰਦਿਗਾਰ, ਮੁਕਾਮੇ ਹੱਕ ਡੇਰਾ ਲਾਇੰਦਾ । ਜਿਸ ਨੂੰ ਮੂਸਾ ਕਹੇ ਮੇਰਾ ਸਯਦਾ ਮੰਨੇ ਸਚ ਦਰਬਾਰ, ਸੋ ਸੀਸ ਜਗਦੀਸ ਵੇਖ ਵਖਾਇੰਦਾ । ਜਿਸ ਨੂੰ ਮੁਹੰਮਦ ਮੰਨੇ ਸੱਚਾ ਯਾਰ, ਸੋ ਯਾਰ ਵੇਸ ਵਟਾਇੰਦਾ । ਜਿਸ ਨੇ ਖੇਲ ਕਰਿਆ ਜੁਗ ਚਾਰ, ਜੁਗ ਚੌਕੜੀ ਰਾਹ ਚਲਾਇੰਦਾ । ਜਿਸ ਨੇ ਵਿਸ਼ਨ ਬ੍ਰਹਮਾ ਸ਼ਿਵ ਬਣਾਏ ਸੇਵਾਦਾਰ, ਸਾਚੀ ਸੇਵਾ ਇਕ ਸਮਝਾਇੰਦਾ । ਜਿਸ ਨੇ ਤੀਰਥ ਤਟ ਉਪਜਾਏ ਕਿਨਾਰ, ਜਲਧਾਰ ਖੇਲ ਖਿਲਾਇੰਦਾ । ਜਿਸ ਨੇ ਬ੍ਰਹਮ ਪੰਜ ਤੱਤ ਅੰਦਰ ਕਰ ਪਿਆਰ, ਆਪਣਾ ਬੰਧਨ ਪਾਇੰਦਾ । ਜਿਸ ਨੇ ਨਿਰਗੁਣ ਜੋਤ ਕਰ ਉਜਿਆਰ, ਜੋਤ ਨਿਰੰਜਣ ਦੀਪਕ ਇਕ ਜਗਾਇੰਦਾ । ਕਰੇ ਖੇਲ ਅਗੰਮ ਅਪਾਰ, ਅਲਖ ਅਗੋਚਰ ਭੇਵ ਅਭੇਦ ਆਪ ਖੁਲ੍ਹਾਇੰਦਾ । ਕਲਜੁਗ ਅੰਤਮ ਲੈ ਅਵਤਾਰ, ਨਿਰਗੁਣ ਆਪਣਾ ਖੇਲ ਖਿਲਾਇੰਦਾ । ਜੁਗ ਵਿਛੜੇ ਜਗ ਮੇਲੇ ਮੇਲਣਹਾਰ, ਮੇਲ ਮਿਲਾਵਾ ਆਪਣਾ ਆਪ ਕਰਾਇੰਦਾ । ਲੱਖ ਚੁਰਾਸੀ ਕਰੇ ਪਾਰ, ਜਨਮ ਮਰਨ ਫੰਦ ਕਟਾਇੰਦਾ । ਰਾਏ ਧਰਮ ਨਾ ਕਰੇ ਖ਼ਵਾਰ, ਚਿਤਰ ਗੁਪਤ ਹਿਸਾਬ ਨਾ ਕੋਇ ਵਖਾਇੰਦਾ । ਲਾੜੀ ਮੌਤ ਨਾ ਕਰੇ ਪਿਆਰ, ਮਾਤ ਗਰਭ ਨਾ ਫੇਰ ਵਸਾਇੰਦਾ । ਨਾਤਾ ਤੋੜ ਸਰਬ ਸੰਸਾਰ, ਆਤਮ ਪਰਮਾਤਮ ਮੇਲ ਮਿਲਾਇੰਦਾ । ਕਾਇਆ ਮੰਦਰ ਖੋਲ੍ਹ ਕਿਵਾੜ, ਦਸਮ ਦਵਾਰੀ ਕੁੰਡਾ ਲਾਹਿੰਦਾ । ਨਿਰਮਲ ਦੀਆ ਕਰ ਉਜਿਆਰ, ਦੀਪਕ ਜੋਤ ਡਗਮਗਾਇੰਦਾ । ਅੰਮ੍ਰਿਤ ਆਤਮ ਬਖ਼ਸ਼ੇ ਠੰਡਾ

੧੨੫੮
੧੦

ਠਾਰ, ਨਿਝਰ ਝਿਰਨਾ ਆਪ ਝਿਰਾਇੰਦਾ । ਪੰਚ ਵਿਕਾਰੇ ਕਰੇ ਖ਼ਵਾਰ, ਕਾਮ ਕਰੋਧ ਲੋਭ ਮੋਹ ਹੰਕਾਰ ਨੇੜ ਨਾ ਆਇੰਦਾ । ਆਸਾ ਤ੍ਰਿਸ਼ਨਾ ਦੇਵੇ ਮਾਰ, ਹਉਮੇ ਹੰਗਤਾ ਰੋਗ ਮਿਟਾਇੰਦਾ । ਦੁੱਖ ਭੁੱਖ ਨਾ ਕੋਇ ਉਧਾਰ, ਸਾਚਾ ਸੁਖ ਇਕ ਪਰਗਟਾਇੰਦਾ । ਜਿਸ ਜਨ ਕਿਰਪਾ ਕਰੇ ਆਪ ਨਿਰੰਕਾਰ, ਸੋ ਜਨ ਦੂਜੇ ਦਰ ਨਾ ਮੰਗਣ ਜਾਇੰਦਾ । ਫੜ ਫੜ ਬਾਹੋਂ ਲਾਏ ਪਾਰ, ਜਿਸ ਜਨ ਬੇੜੇ ਆਪ ਚੜ੍ਹਾਇੰਦਾ । ਮੰਝਧਾਰ ਨਾ ਰੁੜ੍ਹੇ ਅੰਤਮ ਵਾਰ, ਸ਼ੌਹ ਦਰਯਾ ਨਾ ਕੋਇ ਸੁਟਾਇੰਦਾ । ਮਾਣਸ ਜਨਮ ਨਾ ਆਏ ਹਾਰ, ਹਰਿ ਕੇ ਮੰਦਰ ਆਪ ਬਹਾਇੰਦਾ । ਦਰਸ ਦਿਖਾਏ ਅਗੰਮ ਅਪਾਰ, ਆਪਣਾ ਪਰਦਾ ਆਪ ਚੁਕਾਇੰਦਾ । ਸਨਿਆਸ ਵੈਰਾਗ ਜੋਗ ਜੁਗਤ ਕਰ ਖ਼ਵਾਰ, ਦਰਸ ਅਮੋਘ ਆਪ ਕਰਾਇੰਦਾ । ਹਰਿਜਨ ਭੋਗ ਭੋਗੇ ਏਕਾ ਵਾਰ, ਦੂਜੀ ਸੇਜ ਨਾ ਕੋਇ ਸੁਹਾਇੰਦਾ । ਜਿਸ ਸੇਜੇ ਚੜ੍ਹੇ ਆਪ ਨਿਰੰਕਾਰ, ਤਿਸ ਕਾਮਨੀ ਗਲੇ ਲਗਾਇੰਦਾ । ਪੀਆ ਪ੍ਰੀਤਮ ਕਰ ਪਿਆਰ, ਸਚ ਸਿੰਘਾਸਣ ਆਪ ਬਹਾਇੰਦਾ । ਨੇਤਰ ਨੈਣਾਂ ਕਰ ਦੀਦਾਰ, ਨੈਣ ਨੈਣ ਵਿਚ ਮਿਲਾਇੰਦਾ । ਗਲਵਕੜੀ ਪਾਏ ਏਕਾ ਵਾਰ, ਦੋ ਜਹਾਨ ਨਾ ਕੋਇ ਛੁਡਾਇੰਦਾ । ਏਕਾ ਸੇਜਾ ਸੋਇਣ ਪੈਰ ਪਸਾਰ, ਬੰਕ ਦਵਾਰ ਇਕ ਵਖਾਇੰਦਾ । ਰੂਪ ਬਣਾਏ ਪੁਰਖ ਨਾਰ, ਪੁਰਖ ਪੁਰਖੋਤਮ ਖੇਲ ਖਿਲਾਇੰਦਾ । ਭੁੱਲਾ ਭਟਕਾ ਜੋ ਆਏ ਚਲ ਦਵਾਰ, ਡੁਬਦਾ ਪਾਥਰ ਆਪ ਤਰਾਇੰਦਾ । ਸੋਹੰ ਸ਼ਬਦ ਜੋ ਬੋਲੇ ਰਸਨਾ ਜਿਹਵਾ ਜੈਕਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਗਲੇ ਲਗਾਇੰਦਾ । ਕਾਗਦ ਕ਼ਲਮ ਨਾ ਲਿਖਣਹਾਰ, ਲੇਖਾ ਲਿਖ ਨਾ ਕੋਇ ਵਖਾਇੰਦਾ । ਰਾਤੀਂ ਸੁਤਿਆਂ ਦਏ ਦੀਦਾਰ, ਗੁਰਸਿਖ ਸੋਏ ਆਪ ਜਗਾਇੰਦਾ । ਆਪੇ ਬਣੇ ਸੇਵਾਦਾਰ, ਸਾਚੀ ਸੇਵਾ ਹਰਿ ਕਮਾਇੰਦਾ । ਨਿਰਲਜ ਹੋ ਕੇ ਫਿਰੇ ਵਿਚ ਸੰਸਾਰ, ਲੋਕ ਲਾਜ ਆਪਣੀ ਝੋਲੀ ਪਾਇੰਦਾ । ਜਨ ਭਗਤਾਂ ਪਰਦਾ ਕਜ ਸਿਰ ਦੇਵੇ ਇਕ ਪਿਆਰ, ਪਿਆਰ ਪਿਆਰ ਨਾਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਨਾਮ ਵਰ, ਆਤਮ ਅੰਤਰ ਜਗਤ ਬੁਝਾਏ ਲੱਗੀ ਬਸੰਤਰ, ਆਤਮ ਮੇਘ ਇਕ ਬਰਸਾਇੰਦਾ । ਆਤਮ ਅੰਤਰ ਆਏ ਸਾਂਤ, ਜਨਮ ਜਨਮ ਦਾ ਸੰਸਾ ਦਏ ਗਵਾਈਆ । ਦਰਸ ਦਿਖਾਏ ਇਕ ਇਕਾਂਤ, ਇਕ ਇਕੱਲਾ ਸੱਚਾ ਮਾਹੀਆ । ਜਿਸ ਜਨ ਦੇਵੇ ਨਾਮ ਦਾਤ, ਤਨ ਖ਼ਜ਼ਾਨਾ ਦਏ ਭਰਾਈਆ । ਨਾ ਕੋਈ ਪੁਛੇ ਜ਼ਾਤ ਪਾਤ, ਸ਼ਾਹ ਕੰਗਾਲ ਨਾ ਕੋਇ ਵਡਿਆਈਆ । ਖੋਲਣਹਾਰਾ ਬੰਦ ਤਾਕ, ਜਗਤ ਕਿਵਾੜਾ ਦਏ ਤੁੜਾਈਆ । ਪੂਰਨ ਕਰੇ ਪੂਰੀ ਆਸ, ਪਾਰਬ੍ਰਹਮ ਬ੍ਰਹਮ ਮੇਲਾ ਸਹਿਜ ਸੁਭਾਈਆ । ਘਰ ਸਖ਼ੀਆਂ ਵਖਾਏ ਸਾਚੀ ਰਾਸ, ਗੋਪੀ ਕਾਹਨ ਰੂਪ ਵਟਾਈਆ । ਨਾਤਾ ਤੁੱਟੇ ਦਸ ਦਸ ਮਾਸ, ਦੂਜੀ ਵਾਰ ਮਾਤ ਕੁੱਖ ਨਾ ਕੋਇ ਉਠਾਈਆ । ਗਰਭ ਵਾਸ ਨਾ ਹੋਏ ਪਰਭਾਸ, ਨਾਤਾ ਬਣੇ ਨਾ ਭੈਣ ਭਾਈਆ । ਪਿਤਾ ਪੂਤ ਨਾ ਕੋਇ ਸਾਥ, ਸੱਜਣ ਸਾਕ ਨਾ ਕੋਇ ਬਣਾਈਆ । ਸਗਲ ਵਿਸੂਰੇ ਜਾਇਣ ਲਾਥ, ਜਿਸ ਜਨ ਆਪਣਾ ਦਰਸ ਦਿਖਾਈਆ । ਲਹਿਣਾ ਦੇਣਾ ਚੁੱਕੇ ਸਾਢੇ ਤਿੰਨ ਤਿੰਨ ਹੱਥ, ਹੱਥੋਂ ਮੰਗਣ ਵਾਲੀ ਖਪਰੀ ਦਏ ਸੁਟਾਈਆ । ਕਾਇਆ ਖਪਰੀ ਸਾਚਾ ਠੂਠਾ, ਹਰਿ ਸਾਚਾ ਆਪ ਬਣਾਇੰਦਾ । ਪਾਏ ਨਾ ਭਿਛਿਆ ਜਿਸ ਕੋਲੋਂ ਰੂਠਾ, ਲੱਖ ਚੁਰਾਸੀ ਖ਼ਾਲੀ ਹੱਥ ਫਿਰਾਇੰਦਾ । ਜਿਸ ਜਨ ਉਪਰ ਆਪ ਤੁਠਾ, ਅਨਮੰਗੀ ਦਾਤ ਹੱਥ ਫੜਾਇੰਦਾ । ਇਕ ਦੂਜੇ ਉਤੇ ਕਿਆ ਕੋਈ ਕਰੇ ਗ਼ੁੱਸਾ, ਕਰਮ ਧਰਮ ਜਨਮ ਜੁਗ ਜੁਗ ਪਾਰਬ੍ਰਹਮ ਪ੍ਰਭ ਆਪਣੇ ਹੱਥ ਰਖਾਇੰਦਾ । ਆਪੇ ਦੇਵਣਹਾਰਾ ਭਰ ਭਰ ਮੁੱਠਾਂ, ਆਪੇ ਆਪਣਾ ਮੁਖ ਭੁਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਜਿਸ ਜਨ ਦੇਵੇ ਆਪਣਾ ਨਾਮ ਵਰ, ਤਿਸ ਸੱਜਣ ਮੇਲ ਮਿਲਾਇੰਦਾ । ਤੇਰੇ ਅੰਤਰ ਹੋਏ ਪਰਕਾਸ਼, ਆਤਮ ਪਰਮਾਤਮ ਮੇਲ ਮਿਲਾਈਆ । ਤੇਰੀ ਪੂਰੀ ਹੋਵੇ ਆਸ, ਬ੍ਰਹਮ ਪਾਰਬ੍ਰਹਮ ਸਮਾਈਆ । ਤੇਰੇ ਮਨ ਕਾ ਭੌ ਹੋਏ ਨਾਸ, ਭੈ ਭਗਵਾਨ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਹੱਟ ਦਏ ਖੁਲ੍ਹਾਈਆ । ਤੇਰਾ ਹਟ ਖੁੱਲ੍ਹੇ ਕਪਾਟ, ਸੋਹੰ ਸੋ ਗਾਇਆ । ਦਰਸ ਦਿਖਾਏ ਸੁਤਿਆਂ ਰਾਤ, ਜੋ ਲੱਭਿਆਂ ਨਜ਼ਰ ਨਾ ਆਇਆ । ਜਿਸ ਪਿਛੇ ਜੰਗਲ ਜੂਹ ਉਜਾੜ ਪਹਾੜ ਕਰਦੇ ਫਿਰਦੇ ਆਤਮ ਘਾਤ, ਭੁੱਖੇ ਰਹਿ ਰਹਿ ਵਕਤ ਲੰਘਾਇਆ । ਦਰ ਆਵੇ ਖੋਲ੍ਹੇ ਤਾਕ, ਆਪਣਾ ਕੁੰਡਾ ਆਪੇ ਲਾਹਿਆ । ਤੇਰਾ ਅੰਮ੍ਰਿਤ ਤੇਰੇ ਵਿਚੋਂ ਕਾਢ, ਤੇਰੇ ਮੁਖ ਦਏ ਚੁਆਇਆ । ਵੇਖ ਸਰੂਪ ਕਰੇ ਲਾਡ, ਆਪਣੀ ਗੋਦ ਲਏ ਬਹਾਇਆ । ਪਹਿਲੀ ਅਸੂ ਰੱਖਣਾ ਯਾਦ, ਭੁਲ ਕਦੇ ਨਾ ਜਾਇਆ । ਜਿਸ ਕੋਲ ਸਾਧ ਸੰਗਤ ਵਿਚ ਕਰੀ ਫ਼ਰਯਾਦ, ਸੋ ਫ਼ਰਯਾਦੀ ਫ਼ਰਯਾਦ ਸੁਣਨ ਆਇਆ । ਜਿਸ ਦੀ ਚਾਰ ਕੁੰਟ ਨੌ ਖੰਡ ਪ੍ਰਿਥਮੀ ਬ੍ਰਹਿਮੰਡ ਰਵ ਸਸ ਸੂਰਜ ਚੰਨ ਗੁਰ ਅਵਤਾਰ ਪੀਰ ਪੈਗ਼ੰਬਰ ਮੁਲਾ ਸ਼ੇਖ਼ ਮਸਾਇਕ ਔਲਿਏ ਪਾ ਨਾ ਸਕੇ ਹਾਦ, ਹਦੂਦ ਅਰਬਾ ਤੇਰੀ ਕਾਇਆ ਮੰਦਰ ਅੰਦਰ ਦਏ ਵਖਾਇਆ । ਤੇਰੀ ਸਿੰਗੀ ਤੇਰਾ ਵੱਜੇ ਨਾਦ, ਤੇਰਾ ਨਾਥ ਆਪ ਵਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਨਾਮ ਵਰ, ਦਰਸ ਦਰਸ ਦਰਸ ਵਿਚੋਂ ਪਰਗਟਾਇਆ । ਨਿਰਗੁਣ ਦਰਸ ਸਰਗੁਣ ਅੰਦਰ, ਆਪਣਾ ਆਪ ਜਣਾਈਆ । ਸਰਗੁਣ ਦਰਸ ਆਪਣੇ ਅੰਦਰ, ਨਿਰਗੁਣ ਨਿਰਗੁਣ ਪਾਈਆ । ਨਿਰਗੁਣ ਸਰਗੁਣ ਉਪਰ ਕਰ ਤਰਸ, ਸਵਛ ਸਰੂਪ ਰੂਪ ਵਟਾਈਆ । ਗੁਰਸਿਖ ਗੁਰੂ ਗੁਰ ਆਪ ਆਪਣੇ ਲਏ ਪਰਖ, ਪਰੀਖਿਆ ਵਿਚ ਕਦੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ ।

ਪਾਟੇ ਚੀਥੜ ਆਇਆ ਚਮਿਆਰ, ਤਨ ਚਮੜੀ ਰਿਹਾ ਵਖਾਈਆ । ਨਿਤ ਨਵਿਤ ਬਣਿਆ ਰਹੇ ਯਾਰ, ਯਾਰੀ ਯਾਰਾਂ ਨਾਲ ਨਿਭਾਈਆ । ਭੁੱਖਿਆਂ ਦੇਵੇਂ ਮਾਰ, ਜਗਤ ਗਰੀਬੀ ਝੋਲੀ ਪਾਈਆ । ਆਪਣੀ ਲੱਜਿਆ ਵਿਚ ਗਏ ਹਾਰ, ਆਪਣਾ ਦੁੱਖ ਨਾ ਸਕੇ ਸੁਣਾਈਆ । ਤੇਰਾ ਦੁਖ ਨਾ ਝੱਲਿਆ ਜਾਏ ਨਿਰੰਕਾਰ, ਬਿਨ ਭਗਤਾਂ ਤੈਨੂੰ ਚੈਨ ਕਦੇ ਨਾ ਆਈਆ । ਸਚਖੰਡ ਖੇੜਾ ਭੱਠ ਦਿਸੇ ਮੇਰੇ ਮੀਤ ਮੁਰਾਰ, ਜਿਸ ਖੇੜੇ ਤੇਰਾ ਗੁਰਮੁਖ ਕਦੇ ਨਾ ਜਾਈਆ । ਅੱਗੇ ਕਿਉਂ ਸੁੱਤਾ ਪੈਰ ਪਸਾਰ, ਜੁਗ ਚੌਕੜੀ ਰਹੀ ਕੁਰਲਾਈਆ । ਤੇਰਾ ਰੂਪ ਨਿਰਾਕਾਰ, ਨਿਰਵੈਰ ਤੇਰੀ ਵਡਿਆਈਆ । ਤੂੰ ਸ਼ਾਹ ਪਾਤਸ਼ਾਹ ਸਚੀ ਸਰਕਾਰ, ਇਨਸਾਫ਼ ਤੇਰੀ ਸਿਫ਼ਤ ਸਾਲਾਹੀਆ । ਕ਼ਲਮ ਸ਼ਾਹੀ ਹੋਈ ਖ਼ਾਕਸਾਰ, ਤੇਰੀ ਸਾਰ ਕਿਸੇ ਨਾ ਪਾਈਆ । ਤੇਰਾ ਖੇਲ ਅਪਰ ਅਪਾਰ, ਤੇਰੀ ਖੇਲ ਵਿਚ ਖ਼ੁਸ਼ੀ ਮਨਾਈਆ । ਕਲਜੁਗ ਅੰਤਮ ਨਿਹਕਲੰਕ ਨਰ ਅਵਤਾਰ, ਸਰਗੁਣ ਸਰਗੁਣ ਵੇਸ ਵਟਾਈਆ । ਸੰਤ ਮਨੀ ਸਿੰਘ ਦਏ ਹੁਲਾਰ, ਹੱਦ ਹਦੂਦ ਪਾਰ ਕਰਾਈਆ । ਘਰ ਸਦ ਕਰੇ ਪਿਆਰ, ਵਸਤ ਅਮੋਲਕ ਝੋਲੀ ਪਾਈਆ । ਆਪਣਾ ਲੱਦ ਸਿਰ ਤੇ ਭਾਰ, ਜਗਤ ਗਠੜੀ ਸੀਸ ਟਿਕਾਈਆ । ਅੱਡ ਹੋ ਆਪ ਕਰਤਾਰ, ਸਰਗੁਣ ਮੰਦਰ ਬੈਠਾ ਮੁਖ ਛੁਪਾਈਆ । ਮਨੀ ਸਿੰਘ ਕਰੇ ਪੁਕਾਰ, ਉਚੀ ਕੂਕ ਕੂਕ ਸੁਣਾਈਆ । ਜਿਸ ਨੂੰ ਲੱਭਦੇ ਗੁਰ ਪੀਰ ਅਵਤਾਰ, ਸੋ ਆਇਆ ਸਚਾ ਮਾਹੀਆ । ਜਿਸ ਬੇੜਾ ਲੌਣਾ ਪਾਰ, ਗੁਰਮੁਖ ਸਾਚੇ

੧੨੫੯
੧੦

ਲਏ ਤਰਾਈਆ । ਗ਼ਰੀਬ ਨਿਮਾਨਿਆਂ ਦਏ ਸਹਾਰ, ਆਪ ਆਪਣੇ ਗਲੇ ਲਗਾਈਆ । ਕਲਜੁਗ ਨੀਹ ਦਏ ਉਖਾੜ, ਸਤਿਜੁਗ ਸਾਚੀ ਨੀਂਹ ਧਰਾਈਆ । ਸ਼ਾਹ ਸੁਲਤਾਨਾਂ ਕਰੇ ਖੁਆਰ, ਗ਼ਰੀਬ ਨਿਮਾਨਿਆਂ ਰਾਜ ਜੋਗ ਸਮਝਾਈਆ । ਗੁਰਸਿਖ ਸਾਚੇ ਕਰ ਤਿਆਰ, ਤ੍ਰੈਭਵਨ ਧਨੀ ਤ੍ਰੈਲੋਕੀ ਦਏ ਉਲਟਾਈਆ । ਵਿਸ਼ਨ ਬ੍ਰਹਮਾ ਸ਼ਿਵ ਤਖ਼ਤੋਂ ਦਏ ਉਤਾਰ, ਤਖ਼ਤ ਨਿਵਾਸੀ ਹੁਕਮ ਸੁਣਾਈਆ । ਸਾਚੀ ਬਣ ਆਪ ਸਰਕਾਰ, ਦੋ ਜਹਾਨਾਂ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਸੰਤ ਮਨੀ ਸਿੰਘ ਇਕ ਸਮਝਾਈਆ । ਮਨੀ ਸਿੰਘ ਸਮਝਿਆ ਹਰਿ ਸਮਝਾਇਆ, ਸਮਝ ਸਮਝ ਵਿਚ ਰਖਾਈਆ । ਆਪਣਾ ਧਨ ਝੋਲੀ ਪਾਇਆ, ਸਚ ਖਜਾਨਾ ਆਪ ਲੁਟਾਈਆ । ਆਪਣਾ ਰਾਗ ਕੰਨ ਸੁਣਾਇਆ, ਰਸਨਾ ਜੇਹਵਾ ਨਾ ਕੋਇ ਹਿਲਾਈਆ । ਸਾਚਾ ਬੇੜਾ ਬੰਨ੍ਹ ਵਖਾਇਆ, ਸਮਰਥ ਹੱਥ ਵਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਦਏ ਜਣਾਈਆ । ਸੰਤ ਮਨੀ ਸਿੰਘ ਕਰ ਕਰ ਧਿਆਨ, ਨਿਤ ਨਵਿਤ ਖ਼ੁਸ਼ੀ ਮਨਾਈਆ । ਬਿਨ ਅੱਖਰ ਹੋਇਆ ਗਿਆਨ, ਨਿਸ਼ਅੱਖਰ ਕਰੀ ਪੜ੍ਹਾਈਆ । ਘਰ ਮਿਲਿਆ ਸ੍ਰੀ ਭਗਵਾਨ, ਗਗਨ ਮੰਡਲ ਵੱਜੀ ਵਧਾਈਆ । ਤਨ ਕਰ ਵਿਟਹੁ ਕੁਰਬਾਨ, ਮਨ ਆਪਣਾ ਭੇਟ ਚੜ੍ਹਾਈਆ । ਤੂੰ ਸਾਹਿਬ ਸੱਚਾ ਸੁਲਤਾਨ, ਦੋ ਜਹਾਨ ਤੇਰੀ ਸਚੀ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਰਿਹਾ ਖੁਲ੍ਹਾਈਆ । ਖੁਲ੍ਹਿਆ ਭੇਵ ਪਾਇਆ ਅਭੇਵ, ਭੇਦ ਅਭੇਦ ਜਣਾਇੰਦਾ । ਤੂੰ ਪਾਰਬ੍ਰਹਮ ਅਬਿਨਾਸ਼ੀ ਠਾਕਰ ਹਉਂ ਮੰਗਾਂ ਸਾਚੀ ਸੇਵ, ਸੇਵਕ ਸੇਵਾ ਮੰਗ ਮੰਗਾਇੰਦਾ । ਕਰੋੜ ਤੇਤੀਸਾ ਬੰਨ੍ਹਾਂ ਦੇਵੀ ਦੇਵ, ਦਰ ਤੇਰੇ ਬੰਨ੍ਹ ਬਹਾਇੰਦਾ । ਜੋ ਭੁੱਲੇ ਰਸਨਾ ਨਾਉਂ ਤੇਰਾ ਜਿਹਵ, ਕਲਜੁਗ ਅੰਤਮ ਫੰਦ ਪਵਾਇੰਦਾ । ਤੇਰਾ ਧਾਮ ਅਟਲ ਸਦਾ ਨਿਹਕੇਵ, ਨਿਹਚਲ ਤੇਰਾ ਦਰ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਰਗੁਣ ਤੇਰੀ ਸਿਫ਼ਤ ਸਲਾਹ, ਸਰਗੁਣ ਰੂਪ ਆਪ ਸਾਲਾਹਿੰਦਾ । ਸਤਿਗੁਰ ਸਚਾ ਸ਼ਹਿਨਸ਼ਾਹ, ਸਰਗੁਣ ਸਰਗੁਣ ਰਿਹਾ ਸਮਝਾਈਆ । ਮਨੀ ਸਿੰਘ ਮੰਨ ਇਕ ਸਲਾਹ, ਮਨ ਮਨਸਾ ਪੂਰੀ ਦਏ ਕਰਾਈਆ । ਨਿਰਗੁਣ ਹੋ ਕੇ ਬਣਾਂ ਮਲਾਹ, ਤੇਰਾ ਬੇੜਾ ਦਿਆਂ ਚਲਾਈਆ । ਜੋ ਜਨ ਗਾਏ ਮੇਰਾ ਨਾਂ, ਦੋ ਜਹਾਨਾਂ ਪਾਰ ਕਰਾਈਆ । ਸਿਰ ਰੱਖਾਂ ਠੰਡੀ ਛਾਂ, ਏਥੇ ਉਥੇ ਹੋਵਾਂ ਸਹਾਈਆ । ਪਕੜ ਬਾਂਹ ਫਿਰ ਛੱਡਾਂ ਨਾ, ਰੀਤ ਅਵਲੜੀ ਇਕ ਰਖਾਈਆ । ਜੁਗ ਜੁਗ ਵਿਛੜੇ ਵੇਖਾਂ ਥਾਉਂ ਥਾਂ, ਲੱਖ ਚੁਰਾਸੀ ਅੰਦਰ ਦਰ ਦਰ ਘਰ ਘਰ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਰਗੁਣ ਨਿਰਗੁਣ ਭੇਵ ਖੁਲ੍ਹਾਈਆ । ਸੰਤ ਮਨੀ ਸਿੰਘ ਕਰੇ ਪੁਕਾਰ, ਪ੍ਰਭ ਅਗੇ ਸੀਸ ਝੁਕਾਇੰਦਾ । ਤੂੰ ਆਦਿ ਜੁਗਾਦਿ ਨਿਰਾਕਾਰ, ਨਿਰਵੈਰ ਖੇਲ ਖਿਲਾਇੰਦਾ । ਮੈਂ ਸਰਗੁਣ ਬਨਿਆ ਤੇਰਾ ਯਾਰ, ਆਪਣਾ ਪੱਲੂ ਤੇਰੇ ਹੱਥ ਫੜਾਇੰਦਾ । ਅੰਤਮ ਵੇਖਾਂ ਤੇਰਾ ਸਚ ਸੱਚਾ ਦਰਬਾਰ, ਕਵਣ ਰੂਪ ਮਾਤਲੋਕ ਲਗਾਇੰਦਾ । ਤੇਰੀ ਜੋਤ ਮੇਰਾ ਆਧਾਰ, ਮੇਰੀ ਜੋਤ ਤੇਰਾ ਘਰ ਸੁਹਾਇੰਦਾ । ਏਕਾ ਬਖ਼ਸ਼ਸ਼ ਕਰ ਮੇਰੇ ਨਿਰੰਕਾਰ, ਏਕਾ ਆਪਣੀ ਝੋਲੀ ਅਗੇ ਡਾਹਿੰਦਾ । ਤੂੰ ਜੋਧਾ ਸੂਰਬੀਰ ਬਲਕਾਰ, ਤੇਰਾ ਅੰਤ ਕੋਇ ਨਾ ਆਇੰਦਾ । ਮੈਂ ਹੋਕਾ ਦੇਵਾਂ ਵਾਰੋ ਵਾਰ, ਗਲੀ ਗਲੀ ਆਪ ਸੁਣਾਇੰਦਾ । ਮੈਂ ਜਾਵਾਂ ਤੇਰੇ ਦਰਬਾਰ, ਹਰਿ ਮੰਦਰ ਤੇਰਾ ਚਰਨ ਟਿਕਾਇੰਦਾ । ਮੈਂ ਅਨੰਦਪੁਰ ਵੇਖਾਂ ਤੇਰੀ ਗੁਲਜ਼ਾਰ, ਘਰ ਸਾਚਾ ਸੋਭਾ ਪਾਇੰਦਾ । ਤੂੰ ਦੇਣਾ ਦਰਸ ਦੀਦਾਰ, ਦਰ

੧੨੬੧ ੧੦

ਏਕਾ ਮੰਗ ਮੰਗਾਇੰਦਾ । ਅਗੋਂ ਬੋਲੇ ਸ਼ਬਦੀ ਧਾਰ, ਨਿਰਗੁਣ ਨਿਰਗੁਣ ਹੁਕਮ ਜਣਾਇੰਦਾ । ਸੰਤ ਮਨੀ ਸਿੰਘ ਤੇਰੀ ਸੁਣੇ ਨਾ ਕੋਇ ਪੁਕਾਰ, ਮੇਰਾ ਪੜਦਾ ਤੇਰੇ ਉਪਰ ਛਾਇੰਦਾ । ਅੰਤ ਫੇਰ ਆਏ ਦੂਜੀ ਵਾਰ, ਨਿਰਗੁਣ ਨਿਰਗੁਣ ਮੇਲ ਮਿਲਾਇੰਦਾ । ਦਿਵਸ ਦਿਹਾੜਾ ਕਰ ਵਿਚਾਰ, ਸਾਚਾ ਭੇਵ ਆਪ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਇੰਦਾ । ਸੰਤ ਮਨੀ ਸਿੰਘ ਸਚ ਸੰਦੇਸਾ, ਸਰਗੁਣ ਨਿਰਗੁਣ ਨਿਰਗੁਣ ਸਰਗੁਣ ਆਪ ਜਣਾਈਆ । ਨਿਰਾਕਾਰ ਨਿਰਵੈਰ ਪੁਰਖ ਅਕਾਲ ਵਟਾਏ ਵੇਸਾ, ਸਿੰਘ ਸ਼ੇਰ ਪੰਜ ਤੱਤ ਨਜ਼ਰ ਨਾ ਆਈਆ । ਮਨੀ ਸਿੰਘ ਨੇਤਰ ਏਕਾ ਪੇਖਾ, ਦੋਏ ਲੋਇਣ ਨਾ ਕੋਇ ਵਡਿਆਈਆ । ਪਰਗਟ ਹੋਏ ਮਾੜੇ ਦੇਸਾ, ਸੰਬਲ ਰੁਤ ਆਪ ਸੁਹਾਈਆ । ਪਕੜ ਉਠਾਏ ਨਰ ਨਰੇਸ਼ਾ, ਨਰ ਨਰਾਇਣ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਖਿਲੌਣਾ, ਹਰਿ ਸਾਚਾ ਸਚ ਜਣਾਇੰਦਾ । ਨਿਰਗੁਣ ਹੋ ਹੋ ਡੰਕ ਵਜੌਣਾ, ਸ਼ਬਦ ਅਨਾਦੀ ਨਾਦ ਸੁਣਾਇੰਦਾ । ਬ੍ਰਹਮੰਡ ਖੰਡ ਵੇਖ ਵਖੌਣਾ, ਲੋਆਂ ਪੁਰੀਆਂ ਪਰਦਾ ਲਾਹਿੰਦਾ । ਏਕਾ ਹੁਕਮ ਆਪ ਵਰਤੌਣਾ, ਹੁਕਮੀ ਹੁਕਮ ਸਰਬ ਭੁਆਇੰਦਾ । ਗੁਰਮੁਖ ਸੱਜਣ ਮਾਣ ਦਵੌਣਾ, ਸਿਰ ਆਪਣਾ ਹੱਥ ਟਿਕਾਇੰਦਾ । ਬ੍ਰਹਮੇ ਵੇਲਾ ਅੰਤ ਕਰੌਣਾ, ਥਿਰ ਕੋਇ ਰਹਿਣ ਨਾ ਪਾਇੰਦਾ । ਸ਼ੰਕਰ ਆਪਣੀ ਗੋਦ ਬਹੌਣਾ, ਲਹਿਣਾ ਦੇਣਾ ਮੂਲ ਮੁਕਾਇੰਦਾ । ਸੁਰਪਤ ਰਾਜਾ ਤਖ਼ਤੋਂ ਲੌਹਣਾ, ਸੀਸ ਤਾਜ ਨਾ ਕੋਇ ਟਿਕਾਇੰਦਾ । ਧਰੂ ਦਰਬਾਨ ਨਾ ਕੋਇ ਅਖਵੌਣਾ, ਆਪ ਆਪਣੀ ਖੇਲ ਖਿਲਾਇੰਦਾ । ਇਕ ਇਕੱਲਾ ਹੋ ਕੇ ਔਣਾ, ਦੂਜੀ ਧਾਰ ਵੇਖ ਵਖਾਇੰਦਾ । ਤੀਜੇ ਨੈਣ ਰੂਪ ਦਰਸੌਣਾ, ਚੌਥੇ ਪਦ ਸੋਭਾ ਪਾਇੰਦਾ । ਪੰਚਮ ਮੇਲਾ ਮੇਲ ਮਿਲੌਣਾ, ਛੇਵੇਂ ਦਰ ਆਸਣ ਲਾਇੰਦਾ । ਸਤਿ ਸਤਿਵਾਦੀ ਸੰਗ ਨਿਭੌਣਾ, ਅੱਠਾਂ ਤੱਤਾਂ ਬੰਧਨ ਪਾਇੰਦਾ । ਨੌਂ ਦਵਾਰੇ ਰਾਹ ਤਕੌਣਾ, ਦਸਵੇਂ ਸੋਭਾ ਪਾਇੰਦਾ । ਇਕ ਇਕ ਨਾਲ ਮਿਲੌਣਾ, ਦੋਏ ਦੋਏ ਵੇਖ ਵਖਾਇੰਦਾ । ਇਕ ਤਿੰਨ ਧਾਰ ਚਲੌਣਾ, ਇਕ ਚਾਰ ਹੱਟ ਵਿਕਾਇੰਦਾ । ਇਕ ਪੰਜ ਭੇਵ ਖੁਲੌਣਾ, ਇਕ ਛੇ ਜੋਗ ਕਮਾਇੰਦਾ । ਇਕ ਸਤ ਸਤਾਰ ਵਜੌਣਾ, ਸ਼ਾਹ ਸੁਲਤਾਨਾਂ ਆਪ ਉਠਾਇੰਦਾ । ਇਕ ਅੱਠ ਹੁਕਮ ਸੁਣੌਣਾ, ਗੁਰ ਅਵਤਾਰਾਂ ਦਰ ਮੰਗਾਇੰਦਾ । ਸੰਤ ਮਨੀ ਸਿੰਘ ਤੇਰਾ ਰੂਪ ਅਨੂਪ ਜੋਤ ਸਰੂਪ ਤੇਰੇ ਦਰ ਮੰਗੌਣਾ, ਰੂਪ ਰੰਗ ਰੇਖ ਨਾ ਕੋਇ ਵਖਾਇੰਦਾ । ਗੁਰਸਿਖਾਂ ਤੇਰੇ ਨਾਲ ਮਿਲੌਣਾ, ਆਪਣੀ ਹੱਥੀ ਗੰਢ ਦਿਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਸਾਚਾ ਖੇਲ ਕਰੇ ਕਰਤਾਰ, ਇਕ ਅੱਠ ਅੱਠ ਵਡਿਆਈਆ । ਨਿਰਗੁਣ ਨਿਰਗੁਣ ਹੋ ਉਜਿਆਰ, ਨਿਰਗੁਣ ਨਿਰਗੁਣ ਲਏ ਬੁਲਾਈਆ । ਪਹਿਲੀ ਅੱਸੂ ਸਚ ਵਿਹਾਰ, ਬਿਵਹਾਰੀ ਆਪ ਕਰਾਈਆ । ਸਚਖੰਡ ਬਣਾਏ ਸੱਚਾ ਦਰਬਾਰ, ਲੋਕਮਾਤ ਦਏ ਵਡਿਆਈਆ । ਨਿਰਗੁਣ ਜੋਤ ਕਰ ਉਜਿਆਰ, ਨਿਰਵੈਰ ਆਸਣ ਲਾਈਆ । ਸ਼ਾਹ ਪਾਤਸ਼ਾਹ ਬਣ ਸੱਚੀ ਸਰਕਾਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਬਦ ਪਰਵਾਨਾ ਦੇਵੇ ਏਕਾ ਵਾਰ, ਦੂਸਰ ਏਲਚੀ ਨਾਲ ਨਾ ਕੋਇ ਰਲਾਈਆ । ਸੁਣ ਸੰਦੇਸਾ ਔਣਾ ਚਲ ਦਰਬਾਰ, ਦਰ ਦਰਵਾਜ਼ਾ ਦਏ ਸਮਝਾਈਆ । ਸੰਬਲ ਨਗਰ ਧਾਮ ਨਿਆਰ, ਗੋਬਿੰਦ ਗਾ ਕੇ ਗਿਆ ਅੰਤਮ ਮਾਹੀਆ । ਔਣਾ ਪੁਛ ਕੇ ਸਾਚੇ ਯਾਰ, ਕਵਣ ਕੁਟੇ ਫੇਰਾ ਪਾਈਆ । ਅਗੋਂ ਬੋਲ ਕਹੇ ਆਪ ਕਰਤਾਰ, ਸ਼ਬਦੀ ਸ਼ਬਦ ਸ਼ਬਦ ਜਣਾਈਆ । ਜਿਸ ਦਰ ਚਾਰ ਜੁਗ ਦੇ ਵਿਛੜੇ ਗੁਰਸਿਖ ਬੈਠੇ ਹੋਣ ਮੀਤ ਮੁਰਾਰ, ਤਿਸ ਦਰ ਜਾਣਾ ਵਾਹੋ ਦਾਹੀਆ ।

ਅਗੇ ਮਿਲੇ ਆਪ ਨਿਰੰਕਾਰ, ਬੈਠਾ ਆਸ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਈਆ । ਸਚ ਸੰਦੇਸ਼ਾ ਹਰਿ ਨਿਰੰਕਾਰਾ, ਸ਼ਬਦੀ ਸ਼ਬਦ ਜਣਾਇੰਦਾ । ਸਚ ਸਿੰਘਾਸਣ ਸੋਹੇ ਸੱਚੀ ਸਰਕਾਰਾ, ਤਖ਼ਤ ਨਿਵਾਸੀ ਆਸਣ ਲਾਇੰਦਾ । ਮਨੀ ਸਿੰਘ ਔਣਾ ਚਲ ਦਵਾਰਾ, ਪੁਰਖ ਅਬਿਨਾਸ਼ੀ ਆਪ ਸੁਣਾਇੰਦਾ । ਅੰਤਮ ਕਰਨਾ ਸਚ ਵਿਹਾਰਾ, ਭੇਵ ਅਭੇਦ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਮਨੀ ਸਿੰਘ ਆਪ ਬੁਲਾਇੰਦਾ । ਸੰਤ ਮਨੀ ਸਿੰਘ ਨਿਰਗੁਣ ਧਾਰ, ਧਾਰ ਧਾਰ ਵਿਚ ਲਏ ਅੰਗੜਾਈਆ । ਨਿਉਂ ਨਿਉਂ ਨਿਰਗੁਣ ਕਰ ਨਿਮਸਕਾਰ, ਨਿਰਗੁਣ ਸੀਸ ਝੁਕਾਈਆ । ਮੈਂ ਕੱਲਾ ਕਿਸ ਤਰ੍ਹਾਂ ਆਵਾਂ ਤੇਰੇ ਦਰਬਾਰ, ਤੇਰੀ ਮਹਿਮਾ ਮੈਂ ਇਕ ਇਕੱਲਾ ਕਹਿਣ ਨਾ ਜਾਈਆ । ਏਕਾ ਵਰ ਦੇਣਾ ਸੱਚੀ ਸਰਕਾਰ, ਹਉਂ ਭਿਖਕ ਮੰਗ ਮੰਗਾਈਆ । ਸਚਖੰਡ ਬੈਠੇ ਤੇਰੇ ਗੁਰਸਿਖ ਦੁਲਾਰ, ਅੱਠੇ ਪਹਿਰ ਧਿਆਨ ਲਗਾਈਆ । ਮੇਰਾ ਬਣਿਆ ਸਚ ਪਿਆਰ, ਵਿਛੋੜਾ ਝਲ ਨਾ ਸਕਾਂ ਰਾਈਆ । ਰਲ ਮਿਲ ਆਈਏ ਤੇਰੇ ਦਵਾਰ, ਮੇਲ ਮਿਲਾਵਾ ਭੱਜਾ ਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਆਪਣਾ ਹੁਕਮ ਇਕ ਸੁਣਾਈਆ । ਸਾਚਾ ਹੁਕਮ ਇਕ ਜਣਾ, ਤੇਰੀ ਓਟ ਰਖਾਈਆ । ਸਚਖੰਡ ਬੈਠੇ ਤੇਰਾ ਰਾਹ ਰਹੇ ਰਾਹ ਤਕਾ, ਤੱਕ ਤੱਕ ਨੈਣ ਰਹੇ ਸ਼ਰਮਾਈਆ । ਧੰਨ ਭਾਗ ਤੂੰ ਬਣਿਆ ਅੰਤ ਮਲਾਹ, ਲੋਕਮਾਤ ਵੱਜੀ ਵਧਾਈਆ । ਗੁਰਸਿਖ ਤੇਰੇ ਚਰਨ ਲੈਣ ਪਨਾਹ, ਦੂਜੀ ਓਟ ਨਾ ਕੋਇ ਰਖਾਈਆ । ਤੇਰੀ ਵਡਿਆਈ ਤੂੰ ਬਖ਼ਸ਼ੇਂ ਸਦਾ ਗੁਨਾਹ, ਪਤਤ ਪਾਪੀ ਲਏ ਤਰਾਈਆ । ਕਰੇ ਪਿਆਰ ਜਿਉਂ ਪੁਤਰ ਮਾਂ, ਪਿਤਾ ਪੂਤ ਗੋਦ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਅਸੀਂ ਆਈਏ ਚਾਈਂ ਚਾਈਆ । ਪੁਰਖ ਅਬਿਨਾਸ਼ੀ ਸਚ ਸੰਦੇਸ਼ਾ, ਤ੍ਰੈਭਵਣ ਧਨੀ ਆਪ ਜਣਾਈਆ । ਤ੍ਰੈ ਦਿਨ ਪਹਿਲੇ ਲਿਖਿਆ ਲੇਖਾ, ਦਿਲੀ ਦਵਾਰੇ ਚਰਨ ਛੁਹਾਈਆ । ਮਨੀ ਸਿੰਘ ਤੇਰਾ ਲਿਖਿਆ ਲਿਖੇ ਲੇਖਾ, ਲਿਖ ਲਿਖ ਪੂਰਾ ਦਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਹੁਕਮ ਦਏ ਜਣਾਈਆ । ਹੁਕਮ ਜਣਾਏ ਸ੍ਰੀ ਭਗਵਾਨ, ਸ਼ਬਦੀ ਸ਼ਬਦ ਸੁਣਾਇਆ । ਚਲ ਕੇ ਔਣਾ ਬਣ ਨਾਦਾਨ, ਬਾਲੀ ਬੁਧ ਇਕ ਵਖਾਇਆ । ਸਰਨ ਸਰਨਾਈ ਮੰਗਣਾ ਦਾਨ, ਨਿਵਣ ਸੁ ਅੱਖਰ ਇਕ ਸਮਝਾਇਆ । ਪਾਰਬ੍ਰਹਮ ਪ੍ਰਭ ਦੇਵੇ ਮਾਣ, ਸਿਰ ਆਪਣਾ ਹੱਥ ਟਿਕਾਇਆ । ਗੁਰਮੁਖ ਪੰਜ ਨਾਲ ਲਿਔਣੇ ਨੌਜਵਾਨ, ਸਾਚਾ ਹੁਕਮ ਆਪ ਫ਼ਰਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਦਏ ਜਣਾਇਆ । ਸੰਤ ਮਨੀ ਸਿੰਘ ਹੋ ਤਿਆਰ, ਸ਼ਬਦੀ ਸ਼ਬਦ ਜਣਾਈਆ । ਪਾਲ ਸਿੰਘ ਨਾਲ ਸਚ ਪਿਆਰ, ਪਿਆਰ ਪਿਆਰ ਨਾਲ ਵਟਾਈਆ । ਮਨਜੀਤਾ ਮਨ ਦਏ ਆਧਾਰ, ਏਕਾ ਰੰਗ ਵਖਾਈਆ । ਜਗਤ ਜਗਦੀਸਾ ਹੋਏ ਖ਼ਬਰਦਾਰ, ਦਾਦੇ ਪੋਤਰੇ ਏਕਾ ਗੰਢ ਪਵਾਈਆ । ਤੇਗ਼ ਬਹਾਦਰ ਤਿਖੀ ਧਾਰ, ਜ਼ੁਲਮ ਕਟਾਰ ਸੀਸ ਟਿਕਾਈਆ । ਧਰਤੀ ਰੋਵੇ ਜ਼ਾਰੋ ਜ਼ਾਰ, ਛੋਟੇ ਬਾਲੇ ਜੋ ਬੈਠੇ ਸੀਸ ਝੁਕਾਈਆ । ਗੋਬਿੰਦ ਮੰਗ ਮੰਗੀ ਏਕਾ ਵਾਰ, ਤੇਰਾ ਲਹਿਣਾ ਤੇਰੀ ਝੋਲੀ ਪਾਈਆ । ਪੁਰਖ ਅਬਿਨਾਸ਼ੀ ਕਰਜ਼ਾ ਦਏ ਉਤਾਰ, ਕਲਜੁਗ ਅੰਤਮ ਵੇਸ ਵਟਾਈਆ । ਕਰੇ ਖੇਲ ਅਗੰਮ ਅਪਾਰ, ਅਗੰਮੜੀ ਧਾਰ ਚਲਾਈਆ । ਔਣਾ ਚਲ ਸਚੇ ਦਰਬਾਰ, ਸਾਚੀ ਸਿਖਿਆ ਇਕ ਸਮਝਾਈਆ । ਨਾਲ ਲਿਔਣਾ ਵਿਛੜਿਆ ਯਾਰ, ਬਾਲ ਬਾਲੇ ਦਏ ਵਡਿਆਈਆ । ਚੇਤ ਸਿੰਘ ਦਾ ਸੁਤ ਦੁਲਾਰ, ਸਵਰਨ ਮਿਲੇ ਵਡਿਆਈਆ ।

੧੨੬੨
੧੦

ਪੰਚਮ ਰਾਹ ਤੱਕੇ ਕਵਣ ਵੇਲਾ ਮਿਲੇ ਮੀਤ ਮੁਰਾਰ, ਜੁਗ ਚੌਕੜੀ ਬੈਠਾ ਰਾਹ ਤਕਾਈਆ । ਧਰਤੀ ਉਪਰ ਚੁੱਕਿਆ ਭਾਰ, ਪਾਤਾਲ ਪਾਤਾਲ ਸੋਭਾ ਪਾਈਆ । ਤ੍ਰੈਗੁਣ ਮਾਰੀ ਮਾਰ, ਮਾਇਆ ਮੋਹ ਨਾ ਸਕੇ ਰਾਈਆ । ਅੰਤਮ ਕੀਤਾ ਕੌਲ ਇਕਰਾਰ, ਬਲ ਬਾਵਨ ਭੁਲ ਨਾ ਜਾਈਆ । ਲਹਿਣਾ ਦਿਤਾ ਕਰਜ਼ ਉਤਾਰ, ਦੇਣਾ ਸਭ ਦੀ ਝੋਲੀ ਪਾਈਆ । ਅੰਤ ਖੜਿਆ ਸਚਖੰਡ ਸੱਚੇ ਦਰਬਾਰ, ਮੇਲ ਮਿਲਾਵਾ ਸੱਚੇ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਦਰ ਔਣਾ ਚਾਈਂ ਚਾਈਆ । ਸੰਤ ਮਨੀ ਸਿੰਘ ਚੜ੍ਹਿਆ ਚਾਅ, ਗੁਰਮੁਖਾਂ ਆਪ ਸੁਣਾਇੰਦਾ । ਉਠੋ ਸਿਖੋ ਪਇਏ ਰਾਹ, ਪੁਰਖ ਅਬਿਨਾਸ਼ੀ ਰਾਹ ਤਕਾਇੰਦਾ । ਦੋ ਜਹਾਨਾਂ ਬਣ ਮਲਾਹ, ਬੇੜਾ ਆਪਣੇ ਕੰਧ ਉਠਾਇੰਦਾ । ਚਲੋ ਰਲ ਕੇ ਦਰਸ਼ਨ ਆਈਏ ਪਾ, ਬਿਨ ਦਰਸ ਚੈਨ ਨਾ ਆਇੰਦਾ । ਪਿਛਲੀ ਹਰਸ ਆਈਏ ਮਿਟਾ, ਅੱਗੇ ਹਿਰਸ ਨਾ ਕੋਇ ਵਧਾਇੰਦਾ । ਜਿਸ ਫ਼ਰਸ਼ ਉਤੇ ਆਪਣਾ ਤਨ ਆਏ ਰੁਲਾ, ਤਿਸ ਫ਼ਰਸ਼ ਉਤੇ ਸਾਹਿਬ ਸੱਚਾ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਆਪ ਚੁਕਾਇੰਦਾ । ਸਿੰਘ ਪਾਲ ਕਰ ਤਿਆਰੀ, ਦਰ ਸਾਚੇ ਖ਼ੁਸ਼ੀ ਮਨਾਇੰਦਾ । ਬਾਲਾ ਉਂਗਲੀ ਨਾਲ ਲਾਏ ਵਾਰੋ ਵਾਰੀ, ਆਪ ਆਪਣਾ ਪੱਲੂ ਫੜਾਇੰਦਾ । ਸਿੰਘ ਸਵਰਨ ਕਰ ਨਿਮਸਕਾਰੀ, ਸਤਿਗੁਰ ਸਾਚਾ ਮਾਤ ਬੁਲਾਇੰਦਾ । ਕਰੇ ਖੇਲ ਅਗੰਮ ਅਪਾਰੀ, ਪੰਚਮ ਏਕਾ ਰੰਗ ਰੰਗਾਇੰਦਾ । ਸਾਚੇ ਲਾਲ ਹਰਿ ਦਇਆ ਧਾਰੀ, ਲਾਲ ਲਾਲਾਂ ਨਾਲ ਮਿਲਾਇੰਦਾ । ਸਿੰਘ ਗੁਰਦਿਆਲ ਅੰਤ ਆਈ ਵਾਰੀ, ਸਤਿਗੁਰ ਗੋਦ ਆਪ ਸੁਹਾਇੰਦਾ । ਚਾਰ ਜੁਗ ਦੀ ਲੱਗੀ ਯਾਰੀ, ਪਾਤਾਲ ਆਕਾਸ਼ ਆਪ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਦਰ ਆਪ ਸੁਹਾਇੰਦਾ । ਨਿਰਗੁਣ ਖ਼ੁਸ਼ੀ ਮਨੌਦਾ, ਉਠੇ ਸਿੱਖ ਬਲਕਾਰ । ਸਚਖੰਡ ਸੋਭਾ ਪੌਦਾ, ਜਿਥੇ ਵਸੇ ਭਗਤ ਕੁਮਾਰ । ਥਿਰ ਘਰ ਆਪਣਾ ਕੁੰਡਾ ਆਪੇ ਲੌਹਦਾ, ਖੁਲ੍ਹੇ ਰਹਿਣ ਕਿਵਾੜ । ਨਿਰਾਕਾਰ ਨਿਰਵੈਰ ਏਕਾ ਨਜ਼ਰੀ ਔਦਾ, ਚਾਰੋਂ ਕੁੰਟ ਉਜਿਆਰ । ਤੇਈ ਅਵਤਾਰ ਦਸ ਗੁਰੂ ਅਗੇ ਹੋ ਹੋ ਹੱਥ ਮਿਲੌਂਦਾ, ਮੇਲ ਮਿਲਾਵਾ ਸੱਜਣ ਯਾਰ । ਸੰਤ ਮਨੀ ਸਿੰਘ ਤੇਰਾ ਪੀਆ ਤੇਰਾ ਰਾਹ ਤਕੌਂਦਾ, ਲੋਕਮਾਤ ਲੈ ਅਵਤਾਰ । ਗੀਤ ਗੁਰਸਿਖਾਂ ਦੇ ਗੌਂਦਾ, ਦੂਸਰ ਹੋਰ ਨਾ ਕੋਇ ਵਿਹਾਰ । ਲੱਖ ਚੁਰਾਸੀ ਕੋਲੋਂ ਆਪ ਸ਼ਰਮੌਂਦਾ, ਆਪਣਾ ਮੁਖ ਨਾ ਸਕੇ ਵਖਾਲ । ਆਪਣਾ ਦੁੱਖ ਗੁਰਸਿਖਾਂ ਝੋਲੀ ਪੌਦਾ, ਵਿਛੋੜਾ ਝੱਲੇ ਨਾ ਸਾਂਝਾ ਯਾਰ । ਸਾਚਾ ਸੁਖ ਇਕ ਉਪਜੌਂਦਾ, ਜਿਸ ਦੇ ਚਲੇ ਨਾਲ ਨਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਆਪ ਨਿਰੰਕਾਰ । ਪੁਰਖ ਅਕਾਲ ਏਕਾ ਤੁਠੇ, ਸ੍ਰੀ ਭਗਵਾਨ ਦਇਆ ਕਮਾਈਆ । ਸੰਤ ਮਨੀ ਸਿੰਘ ਏਕਾ ਉਠੇ, ਪੰਚਮ ਮੇਲਾ ਸਹਿਜ ਸੁਭਾਈਆ । ਗੋਬਿੰਦ ਮਿਲੇ ਸਾਚਾ ਸੁਤੇ, ਮੇਲ ਮਿਲਾਵਾ ਚਾਈਂ ਚਾਈਆ । ਲੋਕਮਾਤ ਸੁਹੌਣੀ ਸਾਚੀ ਰੁੱਤੇ, ਰੁਤ ਰੁਤੜੀ ਵੇਖ ਵਖਾਈਆ । ਕਰੇ ਖੇਲ ਅਬਿਨਾਸ਼ੀ ਅਚੁਤੇ, ਪਾਰਬ੍ਰਹਮ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਨਿਰਗੁਣ ਧਾਰ ਚਲਾਈਆ । ਗੁਰ ਗੋਬਿੰਦ ਸਾਚਾ ਮੇਲਾ, ਦਰ ਸਾਚੇ ਆਪ ਕਰਾਇੰਦਾ । ਰੰਗੇ ਰੰਗ ਗੁਰੂ ਗੁਰ ਚੇਲਾ, ਸਾਚਾ ਰੰਗ ਇਕ ਵਖਾਇੰਦਾ । ਦੇਵੇ ਵਡਿਆਈ ਸੱਜਣ ਸੁਹੇਲਾ, ਸਗਲਾ ਸੰਗ ਰਖਾਇੰਦਾ । ਆਪੇ ਜਾਣੇ ਆਪਣਾ ਵਕਤ ਵੇਲਾ, ਥਿਤ ਵਾਰ ਨਾ ਕੋਇ ਲਿਖਾਇੰਦਾ । ਆਦਿ ਜੁਗਾਦਿ ਵਸੇ ਸਦਾ ਨਵੇਲਾ, ਭੇਵ ਅਭੇਦ ਆਪ ਛੁਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਲੋਕਮਾਤ ਵੇਸ ਵਟਾਇੰਦਾ । ਸੰਤ ਮਨੀ ਸਿੰਘ ਬਣਿਆ ਪਾਂਧੀ, ਆਪਣਾ ਪੰਧ ਮੁਕਾਈਆ । ਕਲਜੁਗ ਵੇਖੇ ਅੰਧੇਰੀ ਆਂਧੀ, ਚਾਰੋਂ ਕੁੰਟ ਅੰਧੇਰਾ ਛਾਈਆ । ਲੱਖ ਚੁਰਾਸੀ ਜੀਵ ਜੰਤ ਜਗਤ ਵਾਸਨਾ ਝੂਠੀ ਨਹਾਂਦੀ, ਦੁਰਮਤ ਮੈਲ ਨਾ ਕੋਇ ਧੁਆਈਆ । ਮਾਇਆ ਮਮਤਾ ਜਗਤ ਫਾਸ ਬਣਿਆ ਫਾਂਦੀ, ਕੋਈ ਫੰਦ ਨਾ ਸਕੇ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰਾਹ ਦਏ ਵਖਾਈਆ । ਸਾਚਾ ਰਾਹ ਹਰਿ ਵਖਾਇਆ, ਆਪ ਆਪਣੀ ਕਿਰਪਾ ਧਾਰ । ਸੰਤ ਮਨੀ ਸਿੰਘ ਚਲ ਕੇ ਆਇਆ, ਪੰਚਮ ਕਰ ਪਿਆਰ । ਦੂਰ ਖਲੋਤਾ ਰਿਹਾ ਸੀਸ ਝੁਕਾਇਆ, ਦੋਏ ਜੋੜ ਕਰੇ ਨਿਮਸਕਾਰ । ਧੰਨ ਸੋ ਵੇਲਾ ਤੇਰਾ ਦਰਸਨ ਪਾਇਆ, ਚੜ੍ਹਿਆ ਇਕ ਖ਼ੁਮਾਰ । ਗੁਰਮੁਖ ਤੇਰਾ ਨਜ਼ਰੀ ਆਇਆ, ਸੋਹਿਆ ਬੰਕ ਦਵਾਰ । ਹਰਿ ਸੰਗਤ ਸਾਚਾ ਮੇਲ ਮਿਲਾਇਆ, ਊਚ ਨੀਚ ਕਰ ਖ਼ਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਉਂ ਆਏ ਚਲ ਦਵਾਰ । ਪੁਰਖ ਅਬਿਨਾਸ਼ੀ ਦਇਆ ਕਮਾ, ਆਪਣੀਆਂ ਭੁਜਾਂ ਆਪ ਉਠਾਈਆ । ਆਪਣੀ ਗੋਦ ਲਏ ਬਹਾ, ਸਿਰ ਆਪਣਾ ਹੱਥ ਟਿਕਾਈਆ । ਆਪ ਜਣਾਏ ਆਪਣਾ ਨਾਂ, ਲੋਕਮਾਤ ਗੁਣ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੇ ਅੰਗ ਲਗਾਈਆ । ਲੱਗਿਆ ਅੰਗ ਵੱਜਾ ਮਰਦੰਗ, ਮਰਦੰਗਾ ਨਾਮ ਵਜਾਇਆ । ਮਿਲਿਆ ਮੇਲ ਸੂਰੇ ਸਰਬੰਗ, ਘਰ ਮੰਦਰ ਸੋਭਾ ਪਾਇਆ । ਗ੍ਰਿਹਿ ਉਪਜਿਆ ਏਕਾ ਅਨੰਦ, ਅਨੰਦ ਅਨੰਦ ਵਿਚ ਸਮਾਇਆ । ਦਰ ਚੜ੍ਹਿਆ ਸਾਚਾ ਚੰਦ, ਰਵ ਸਸ ਨਜ਼ਰ ਨਾ ਆਇਆ । ਕੰਨ ਸੁਣਿਆ ਏਕਾ ਛੰਦ, ਗੀਤ ਸੁਹਾਗੀ ਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਦਏ ਵਖਾਇਆ । ਪੁਰਖ ਅਬਿਨਾਸ਼ੀ ਖੇਲ ਵਖੌਣਾ, ਸੰਤ ਕੰਤ ਦਏ ਸਮਝਾਈਆ । ਬ੍ਰਹਿਮੰਡ ਖੰਡ ਆਪ ਉਠੌਣਾ, ਲੋਆਂ ਪੁਰੀਆਂ ਡੇਰਾ ਢਾਹੀਆ । ਵਿਸ਼ਨ ਬ੍ਰਹਮਾ ਸ਼ਿਵ ਪੰਧ ਮੁਕੌਣਾ, ਅੰਤਮ ਲਹਿਣਾ ਦਏ ਚੁਕਾਈਆ । ਨੌ ਸੌ ਚੁਰਾਨਵੇਂ ਚੌਕੜੀ ਜੁਗ ਲੇਖਾ ਪੂਰ ਕਰੌਣਾ, ਲੇਖਾ ਲੇਖ ਨਾ ਕੋਇ ਵਖਾਈਆ । ਗੋਬਿੰਦ ਵਿਚੋਲਾ ਇਕ ਬਣੌਣਾ, ਏਕਾ ਵਾਰ ਦਏ ਸਲਾਹੀਆ । ਜੋ ਘੜਿਆ ਭੰਨ ਵਖੌਣਾ, ਏਕਾ ਵਾਰ ਧੱਕਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਧੁਰ ਫ਼ਰਮਾਨਾ ਆਪ ਜਣਾਈਆ । ਮੰਗੋ ਵਰ ਆਏ ਦਰ, ਆਸ ਆਸਾ ਪੂਰ ਕਰਾਈਆ । ਨਿਰਭੈ ਹੋ ਚੁਕਾਓ ਡਰ, ਭੈ ਅਵਰ ਨਾ ਕੋਇ ਰਖਾਈਆ । ਏਕਾ ਓਟ ਸਾਚੇ ਹਰਿ, ਦੂਸਰ ਓਟ ਨਾ ਕੋਇ ਜਣਾਈਆ । ਏਕਾ ਕੋਟ ਸਾਚਾ ਘਰ, ਸਚਖੰਡ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਦਏ ਖੁਲ੍ਹਾਈਆ । ਆਪਣਾ ਭੇਵ ਅੰਤ ਖੁਲ੍ਹੌਣਾ, ਏਕਾ ਵਾਰ ਸਮਝਾਇੰਦਾ । ਕੂੜੀ ਕਿਰਿਆ ਮੇਟ ਮਿਟੌਣਾ, ਜੂਠਾ ਝੂਠਾ ਨਾਤਾ ਤੋੜ ਤੁੜਾਇੰਦਾ । ਸਚ ਸੁੱਚ ਮਾਰਗ ਲੌਣਾ, ਏਕਾ ਰਾਹ ਵਖਾਇੰਦਾ । ਗੁਰਮੁਖ ਸਾਚੇ ਮੇਲ ਮਿਲੌਣਾ, ਆਪ ਆਪਣਾ ਮੇਲ ਮਿਲਾਇੰਦਾ । ਪਹਿਲੀ ਚੇਤਰ ਦਿਵਸ ਸੁਹੌਣਾ, ਸਚ ਅਦਾਲਤ ਆਪ ਕਮਾਇੰਦਾ । ਗੋਬਿੰਦ ਸਾਲਸ ਇਕ ਬਣੌਣਾ, ਏਕਾ ਹੁਕਮ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਇੰਦਾ । ਸਾਚਾ ਹੁਕਮ ਸਿੰਘ ਪਾਲ, ਸੋ ਪੁਰਖ ਨਿਰੰਜਣ ਆਪ ਜਣਾਈਆ । ਛੋਟੇ ਬਾਲੇ ਬਣ ਦਲਾਲ, ਮਨਜੀਤੇ ਭੇਵ ਚੁਕਾਈਆ । ਜਗਦੀਸੇ ਚਲੇ ਨਾਲ ਨਾਲ, ਸਗਲਾ ਸੰਗ ਨਿਭਾਈਆ । ਸਵਰਨ ਸਾਚੇ ਢਾਂਚੇ ਲਿਆ ਢਾਲ, ਨਾਮ ਕਸਵਟੀ ਏਕਾ ਲਾਈਆ । ਗੁਰੂ ਬਣਾਇਆ



੧੨੬੪
੧੦

ਗੁਰਦਿਆਲ ਲਾਲ, ਗੁਰਮੁਖ ਮੁਖੜਾ ਮੁਖ ਸਾਲਾਹੀਆ । ਦਰ ਮੰਗਾਏ ਦੀਨ ਦਿਆਲ, ਕਲਜੁਗ ਆਪਣੀ ਰੁੱਤ ਸੁਹਾਈਆ । ਵੇਲਾ ਅੰਤ ਕੋਈ ਕਰ ਲਓ ਸਵਾਲ, ਵੇਲਾ ਗਿਆ ਹੱਥ ਨਾ ਆਈਆ । ਫਿਰ ਥਾਉਂ ਥਾਈ ਦਿਆਂ ਬਹਾਲ, ਸਿਰ ਆਪਣਾ ਹੱਥ ਟਿਕਾਈਆ । ਆਪਣੀ ਘਾਲਣ ਲਓ ਘਾਲ, ਸੇਵਕ ਸਾਚੀ ਸੇਵ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਹੁਕਮ ਆਪ ਸੁਣਾਈਆ । ਸਿੰਘ ਪਾਲ ਕਰ ਨਿਮਸਕਾਰ, ਏਕਾ ਮੰਗ ਮੰਗਾਇੰਦਾ । ਬ੍ਰਹਮ ਪੁਰੀ ਤੇਰਾ ਧਾਮ ਨਿਆਰ, ਬਿਨ ਪਾਰਬ੍ਰਹਮ ਨਾ ਸੋਭਾ ਪਾਇੰਦਾ । ਏਕਾ ਮੰਗਾਂ ਤੇਰੀ ਅੰਮ੍ਰਿਤ ਧਾਰ, ਅੱਠੇ ਪਹਿਰ ਮੁਖ ਰਖਾਇੰਦਾ । ਏਕਾ ਜਲਵਾ ਤੇਰਾ ਦੀਦਾਰ, ਨੂਰ ਨੂਰ ਵਿਚ ਟਿਕਾਇੰਦਾ । ਵਿਸ਼ਨੂੰ ਆਵੇ ਜਾਵੇ ਵਾਰੋ ਵਾਰ, ਨਿਤ ਨਵਿਤ ਮੇਲ ਮਿਲਾਇੰਦਾ । ਅਗੇ ਚਲੇ ਨਵੀਂ ਧਾਰ, ਪਿਛਲੀ ਕੀਤੀ ਤੇਰੀ ਉਲਟਾਇੰਦਾ । ਇਕ ਵਾਰ ਆਵਾਂ ਰੋਜ਼ ਤੇਰੇ ਦਰਬਾਰ, ਨਿਰਗੁਣ ਨਿਰਗੁਣ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੁਧ ਬਿਨ ਅਵਰ ਨਾ ਕੋਇ ਵੇਖ ਵਖਾਇੰਦਾ । ਪੁਰਖ ਅਬਿਨਾਸ਼ੀ ਦਇਆਨਿਧ, ਆਪਣੀ ਦਇਆ ਕਮਾਈਆ । ਗੁਰਮੁਖ ਕਾਰਜ ਕਰੇ ਸਿਧ, ਕਰਤਾ ਕ਼ੀਮਤ ਆਪੇ ਪਾਈਆ । ਤੇਰੇ ਮਿਲਣ ਦੀ ਸਾਚੀ ਬਿਧ, ਆਪਣੇ ਹੱਥ ਰਖਾਈਆ । ਗੁਰਸਿਖ ਬਣ ਕੇ ਕਰੀਂ ਨਾ ਜ਼ਿਦ, ਦਰ ਤੇਰੇ ਆਵਾਂ ਚਾਈਂ ਚਾਈਂਆ । ਤੂੰ ਚਾਦਰ ਬਣਿਆ ਹਿੰਦ, ਤੇਰਾ ਪਰਦਾ ਬਣੇ ਸੱਚਾ ਸ਼ਹਿਨਸ਼ਾਹੀਆ । ਤੇਰੀ ਗੋਬਿੰਦ ਬਣਿਆ ਬਿੰਦ, ਪੁਰਖ ਅਕਾਲ ਦਏ ਵਡਿਆਈਆ । ਤੇਰਾ ਝਿਰਨਾ ਝਿਰੇ ਮੇਰਾ ਅੰਮ੍ਰਿਤ ਸਾਗਰ ਸਿੰਧ, ਅੱਠੇ ਪਹਿਰ ਧਾਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੀ ਆਸਾ ਪੂਰ ਕਰਾਈਆ । ਸਿੰਘ ਮਨਜੀਤਾ ਛੋਟਾ ਬਾਲਾ, ਬਾਲੀ ਬੁਧ ਖ਼ੁਸ਼ੀ ਮਨਾਇੰਦਾ । ਧੰਨ ਭਾਗ ਦਿਤਾ ਰਾਹ ਸੁਖਾਲਾ, ਰਾਹ ਵਿਚ ਨਾ ਕੋਇ ਅਟਕਾਇੰਦਾ । ਮੇਰਾ ਤੁਟਾ ਜਗਤ ਜੰਜਾਲਾ, ਤੇਰਾ ਜੰਜਾਲ ਮੋਹੇ ਭਾਇੰਦਾ । ਮੈਂ ਔਂਦਾਂ ਜਗਾ ਕੇ ਆਇਆ ਬਟਵਾਰਾ ਸਿੰਘ ਪਾਲਾ, ਤੇਰੇ ਤੇਰੇ ਨਾਲ ਰਲਾਇੰਦਾ । ਮੇਰੀ ਪ੍ਰੀਤੀ ਨਿਭੇ ਤੇਰੇ ਨਾਲਾ, ਦੂਸਰ ਓਟ ਨਾ ਕੋਇ ਤਕਾਇੰਦਾ । ਤੂੰ ਚਲੀ ਅਵੱਲੜੀ ਚਾਲਾ, ਤੇਰਾ ਭੇਵ ਕੋਇ ਨਾ ਪਾਇੰਦਾ । ਮੈਂ ਤੇਰੀ ਪਾਈ ਮਾਲਾ, ਸੋਹੰ ਤੇਰਾ ਰੂਪ ਸਮਾਇੰਦਾ । ਮੈਂ ਵੇਖੀ ਤੇਰੀ ਸੱਚੀ ਧਰਮਸਾਲਾ, ਸਚਖੰਡ ਦਵਾਰੇ ਸੋਭਾ ਪਾਇੰਦਾ । ਮੇਰਾ ਇਕੋ ਇਕ ਸਵਾਲਾ, ਸਵਾਲ ਤੇਰੇ ਅੱਗੇ ਰਖਾਇੰਦਾ । ਤੇਰੇ ਸਿੱਖ ਨਾ ਖਾਏ ਕਾਲ ਮਹਾਕਾਲਾ, ਤੇਰੇ ਅੱਗੇ ਝੋਲੀ ਡਾਹਿੰਦਾ । ਸਾਢੇ ਤਿੰਨ ਹੱਥ ਕੁੱਲੀ ਵਖਾ ਕੇ ਆਇਆ ਜਗਤ ਜਹਾਨਾ, ਗੁਰਮੁਖ ਵਿਰਲਾ ਬੂਝ ਬੁਝਾਇੰਦਾ । ਜਿਸ ਨੇ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਗਾਇਆ ਸਚ ਤਰਾਨਾ, ਮਾਤ ਗਰਭ ਫੇਰ ਨਾ ਆਇੰਦਾ । ਜੇ ਤੁਠਾਂ ਦੇ ਦਾਤਾਂ, ਦੂਜੀ ਮੰਗ ਨਾ ਕੋਇ ਮੰਗਾਇੰਦਾ । ਤੇਰਾ ਝੁਲਦਾ ਰਹੇ ਨਿਸ਼ਾਨਾ, ਹਉਂ ਸੇਵਕ ਵੇਖ ਵਖਾਇੰਦਾ । ਗੁਰਸਿਖ ਬੰਨ੍ਹਣ ਤੇਰੇ ਨਾਮ ਦਾ ਗਾਨਾ, ਦੂਜਾ ਸਗਨ ਨਾ ਕੋਇ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਉਂ ਸਾਚੀ ਝੋਲੀ ਡਾਹਿੰਦਾ । ਪੁਰਖ ਅਬਿਨਾਸ਼ੀ ਦੀਨ ਦਿਆਲ, ਆਪਣੀ ਦਇਆ ਕਮਾਈਆ । ਮਨਜੀਤ ਤੇਰੀ ਸੁਰਤ ਸੰਭਾਲ, ਆਪ ਆਪਣਾ ਕਰੇ ਸਹਾਈਆ । ਤੂੰ ਦੱਸਿਆ ਰਾਹ ਸੁਖਾਲ, ਜਗ ਰੀਤੀ ਮਾਤ ਚਲਾਈਆ । ਗੁਰਸਿਖ ਵਿੰਗਾ ਹੋਏ ਨਾ ਵਾਲ, ਜਿਸ ਮਿਲਿਆ ਸੱਚਾ ਮਾਹੀਆ । ਲੱਖ ਚੁਰਾਸੀ ਤੋੜੇ ਜੰਜਾਲ, ਰਾਏ ਧਰਮ ਫੰਦ ਕਟਾਈਆ । ਸਚੰਖਡ ਦਵਾਰੇ ਦਏ ਬਹਾਲ, ਆਪ ਆਪਣਾ ਮੇਲ ਮਿਲਾਈਆ ।


੧੨੬੫ ੧੦

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਚੁਕਾਈਆ । ਸਿੰਘ ਜਗਦੀਸ਼ ਆ ਦਵਾਰੇ, ਹੱਸ ਹੱਸ ਖ਼ੁਸ਼ੀ ਮਨਾਇੰਦਾ । ਵਾਹ ਵਾ ਤੇਰੇ ਖੇਲ ਨਿਆਰੇ, ਭੇਵ ਕੋਈ ਨਾ ਪਾਇੰਦਾ । ਸ਼ੰਕਰ ਵਰਗੇ ਫੜ ਉਤਾਰੇ, ਸੀਸ ਖ਼ਾਕ ਨਾ ਕੋਇ ਰਖਾਇੰਦਾ । ਬਾਸ਼ਕ ਤਸ਼ਕ ਲੱਥੇ ਸ਼ੰਗਾਰੇ, ਕੰਠ ਮਾਲਾ ਨਾ ਸੋਭਾ ਪਾਇੰਦਾ । ਹੱਥੋਂ ਤ੍ਰਿਸ਼ੂਲ ਪਰਾਂ ਮਾਰੇ, ਡਿਗੀ ਫੇਰ ਨਾ ਕੋਇ ਉਠਾਇੰਦਾ । ਕਲਜੁਗ ਆਇਆ ਅੰਤ ਕਿਨਾਰੇ, ਤੇਰੀ ਖੇਲ ਵੇਖ ਵਖਾਇੰਦਾ । ਬ੍ਰਹਿਮੰਡ ਖੰਡ ਲੈਣ ਹੁਲਾਰੇ, ਧੀਰਜ ਧੀਰ ਨਾ ਕੋਇ ਧਰਾਇੰਦਾ । ਰਵ ਸਸ ਕਰਨ ਪੁਕਾਰੇ, ਧਰਤ ਧਵਲ ਸਰਬ ਕੁਰਲਾਇੰਦਾ । ਰਾਜ ਰਾਜਾਨ ਮਾਰਨ ਨਾਅਰੇ, ਸੀਸ ਤਾਜ ਨਾ ਕੋਇ ਟਿਕਾਇੰਦਾ । ਸ਼ਾਹ ਸੁਲਤਾਨਾਂ ਝੰਡੇ ਪਾੜੇ, ਸਚ ਨਿਸ਼ਾਨ ਨਾ ਕੋਇ ਝੁਲਾਇੰਦਾ । ਅੰਤਮ ਦਿਨ ਆਏ ਮਾੜੇ, ਸਾਚਾ ਰਾਹ ਨਾ ਕੋਇ ਵਖਾਇੰਦਾ । ਪਾਰਬ੍ਰਹਮ ਪਤਿਪਰਮੇਸ਼ਵਰ ਮੈਂ ਆਇਆ ਤੇਰੇ ਦਵਾਰੇ, ਏਕਾ ਮੰਗ ਮੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਖ਼ਾਲੀ ਝੋਲੀ ਅਗੇ ਡਾਹਿੰਦਾ । ਸਾਚੀ ਝੋਲੀ ਰਿਹਾ ਵਖਾ, ਆਪਣਾ ਪਰਦਾ ਆਪ ਚੁਕਾਈਆ । ਏਕਾ ਭਿਛਿਆ ਦੇਣੀ ਪਾ, ਵਸਤ ਅਮੋਲਕ ਦੇ ਜਣਾਈਆ । ਤੇਰਾ ਝੁਲਦਾ ਰਹੇ ਨਿਸ਼ਾਂ, ਚੱਵੀਂ ਹੱਥ ਵਡ ਵਡਿਆਈਆ । ਸਾਢੇ ਤਿੰਨ ਹੱਥ ਕਰਨੀ ਕਲਿਆਣ, ਜੋ ਆਏ ਤੇਰੀ ਸਰਨਾਈਆ । ਤੂੰ ਕਰਨਾ ਸਚ ਨਿਆਂ, ਸਾਚੇ ਤਖ਼ਤ ਬੈਠ ਸੱਚੇ ਸ਼ਹਿਨਸ਼ਾਹੀਆ । ਗੁਰ ਅਵਤਾਰਾਂ ਫੜਨੀ ਬਾਂਹ, ਜੁਗ ਜੁਗ ਤੇਰੀ ਸੇਵ ਕਮਾਈਆ । ਵੇਖੀਂ ਅਗੋਂ ਕਰ ਨਾ ਦੇਵੀਂ ਨਾ, ਬੇਪਰਵਾਹ ਮੇਰੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਨਿਸ਼ਾਨਾ ਹੱਥ ਉਠਾਈਆ । ਸਚ ਨਿਸ਼ਾਨਾ ਤੇਰਾ ਝੁੱਲੇ, ਲੋਕਮਾਤ ਵੱਜੇ ਵਧਾਈਆ । ਹਰਿ ਸੰਗਤ ਤੇਰੀ ਫਲੇ ਫੁਲੇ, ਪੱਤ ਡਾਲ੍ਹੀ ਆਪ ਮਹਿਕਾਈਆ । ਗੁਰਸਿਖ ਤੇਰਾ ਕਦੇ ਨਾ ਰੁਲੇ, ਰਾਏ ਧਰਮ ਨਾ ਦਏ ਸਜ਼ਾਈਆ । ਭਾਗ ਲਗੌਣਾ ਸਾਚੀ ਕੁਲੇ, ਜੋ ਜਨ ਤੇਰਾ ਦਰਸਨ ਪੇਖੇ ਚਾਈਂ ਚਾਈਂਆ । ਹਰਿ ਭਗਤੀ ਬੂਟਾ ਕਦੇ ਨਾ ਹੁੱਲੇ, ਸਿਮਲ ਰੁੱਖ ਨਾ ਰੂਪ ਵਟਾਈਆ । ਤੇਰਾ ਸਿੱਖ ਤੇਰੇ ਤੋਲ ਤੁਲੇ, ਦੂਸਰ ਹਟ ਨਾ ਕਦੇ ਵਿਕਾਈਆ । ਤੂੰ ਆਪਣੇ ਭੰਡਾਰੇ ਦੇਣੇ ਖੁੱਲ੍ਹੇ, ਅਤੁਟ ਤੇਰੀ ਵਡਿਆਈਆ । ਗੁਰਸਿਖ ਭੁੱਲੇ ਤੂੰ ਸਦਾ ਅਭੁੱਲੇ, ਅਭੁਲ ਦੇਣੀ ਨਾ ਕਦੇ ਸਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਚਵੀਂ ਹੱਥ ਝੁਲੇ ਨਿਸ਼ਾਨਾ, ਕਰੇ ਖੇਲ ਸ੍ਰੀ ਭਗਵਾਨਾ, ਕਲਜੁਗ ਅੰਤਮ ਵੰਡ ਵੰਡਾਈਆ । ਪੁਰਖ ਅਬਿਨਾਸ਼ੀ ਹੋ ਮਿਹਰਵਾਨ, ਆਪਣਾ ਹੁਕਮ ਜਣਾਇੰਦਾ । ਚਵੀਂ ਹੱਥ ਝੁਲਦਾ ਰਹੇ ਨਿਸ਼ਾਨ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਨੌ ਖੰਡ ਪ੍ਰਿਥਮੀ ਮੰਨੇ ਆਣ, ਸਾਚਾ ਹੁਕਮ ਮਨਾਇੰਦਾ । ਚਾਰ ਜੁਗ ਰਹੇ ਨਿਸ਼ਾਨ, ਜੁਗ ਚੌਕੜੀ ਬੰਧਨ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਹੁਕਮ ਵਰਤਾਇੰਦਾ । ਗੁਰੂ ਦਵਾਰੇ ਆਇਆ ਗੁਰਦਿਆਲ, ਦੋਏ ਦੋਏ ਕਰੇ ਨਿਮਸਕਾਰਾ । ਚੌਥੇ ਜੁਗ ਲਿਆ ਭਾਲ, ਵਿਛੜਿਆ ਮੀਤ ਮੁਰਾਰਾ । ਆਪ ਸੁਣਾਏ ਮੁਰੀਦਾਂ ਹਾਲ, ਆਪਣਾ ਬੋਲ ਬੋਲ ਕਰਾਰਾ । ਬਲ ਬਾਵਨ ਖੇਲ ਮਹਾਨ, ਖੇਲੇ ਖੇਲ ਅਗੰਮ ਅਪਾਰਾ । ਮੈਂ ਆਪਾ ਕੀਤਾ ਕੁਰਬਾਨ, ਤੂੰ ਖੋਲ੍ਹਿਆ ਹੱਟ ਕਿਵਾੜਾ । ਮੈਂ ਬਣਿਆ ਬਾਲ ਨਾਦਾਨ, ਤੂੰ ਹੁਕਮੀ ਹੁਕਮ ਕੀਤਾ ਇਕ ਵਰਤਾਰਾ । ਮੈਂ ਸਿਤਲ ਲੋਕ ਵੇਖਿਆ ਮਾਰ ਧਿਆਨ, ਕਵਣ ਦਵਾਰੇ ਤੇਰਾ ਮਹੱਲ ਮੁਨਾਰਾ । ਚੌਥੇ ਜੁਗ ਹੋਇਆ ਪਰਵਾਨ, ਮਾਣਸ ਜਨਮ ਦੀਆ ਆਧਾਰਾ । ਆਪਣੀ ਕਿਰਪਾ ਕਰ ਗੁਣ ਨਿਧਾਨ, ਕੀਤਾ ਸਚ ਪਿਆਰਾ ।

ਮੇਰਾ ਚੌਥੇ ਜੁਗ ਲੇਖੇ ਲਾਇਆ ਕੀਤਾ ਦਾਨ, ਲੰਗਰ ਚਲਾਇਆ ਅਪਰ ਅਪਾਰਾ । ਤੇਈ ਮੱਘਰ ਦਿਵਸ ਮਹਾਨ, ਪੁਰਖ ਅਬਿਨਾਸ਼ੀ ਕਰਿਆ ਖੇਲ ਨਿਆਰਾ । ਵੀਹ ਸੌ ਸੋਲਾਂ ਬਿਕ੍ਰਮੀ ਕਰ ਪਰਵਾਨ, ਲੋਹ ਚੁਰ ਪੁਟ ਲਾਇਆ ਮਿਟੀ ਗਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਪਾਵਣਹਾਰਾ ਸਾਰਾ । ਧੰਨ ਭਾਗ ਜੇ ਪਾਈ ਸਾਰ, ਆਪਣਾ ਬਿਰਦ ਕਮਾਇਆ । ਤੇਰਾ ਲਹਿਣਾ ਦੇਣਾ ਬੜਾ ਔਖਾ ਮੇਰੇ ਯਾਰ, ਜੁਗ ਜੁਗ ਵਿਛੋੜਾ ਸਹਿ ਨਾ ਸਕਾਂ ਰਾਇਆ । ਕਲਜੁਗ ਅੰਤਮ ਮਿਲਿਆ ਆਪਣੀ ਧਾਰ, ਧਾਰ ਧਾਰ ਵਿਚ ਮਿਲਾਇਆ । ਮੈਂ ਸੁਣਿਆ ਤੂੰ ਲੌਣਾ ਸਚ ਦਰਬਾਰ, ਪਹਿਲੀ ਚੇਤਰ ਦਿਵਸ ਸੁਹਾਇਆ । ਤੂੰ ਸ਼ਾਹ ਪਾਤਸ਼ਾਹ ਪਾਤਸ਼ਾਹਾਂ ਦਾ ਸ਼ਾਹ ਸਿਕਦਾਰ, ਸ਼ਹਿਨਸ਼ਾਹ ਤੇਰਾ ਨਾਉਂ ਵਡਿਆਇਆ । ਛੱਤੀ ਜੁਗ ਨਾਨਕ ਪਾਈ ਤੇਰੀ ਸਾਰ, ਚਵੀ ਹੱਥ ਨਿਸ਼ਾਨ ਫੇਰ ਚੜ੍ਹਾਇਆ । ਛੱਤੀ ਫੁੱਟ ਜਗਤ ਵਿਹਾਰ, ਫੁੱਟਾਂ ਨਾਲ ਜਗਤ ਨਾਪ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਉਂ ਨਿਉਂ ਨਿਉਂ ਸੀਸ ਝੁਕਾਇਆ । ਚਾਰ ਜੁਗ ਦਾ ਭੂਪਤ ਰਾਜਾ, ਤੇਰੇ ਅਗੇ ਮੰਗ ਮੰਗਾਇੰਦਾ । ਤੂੰ ਸ਼ਾਹ ਪਾਤਸ਼ਾਹ ਬਣ ਬਣ ਕਰੇ ਕਾਜਾ, ਦਰ ਸਾਚਾ ਇਕ ਸੁਹਾਇੰਦਾ । ਤੂੰ ਸ਼ਬਦ ਅਗੰਮੀ ਮਾਰੇ ਵਾਜਾਂ, ਅਨਾਦੀ ਨਾਦ ਸੁਣਾਇੰਦਾ । ਤੂੰ ਭਗਤਾਂ ਜੁਗ ਜੁਗ ਰੱਖੇ ਲਾਜਾ, ਸਿਰ ਆਪਣਾ ਹੱਥ ਟਿਕਾਇੰਦਾ । ਸੰਤ ਸੁਹੇਲਾ ਫਿਰੇ ਭਾਜਾ, ਆਪਣੀ ਸੇਵ ਕਮਾਇੰਦਾ । ਅੰਤਮ ਪਰਗਟ ਹੋਇਉਂ ਦੇਸ ਮਾਝਾ, ਸੰਬਲ ਆਪਣਾ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਏਕਾ ਮੰਗ ਮੰਗਾਇੰਦਾ । ਤੂੰ ਰਾਜਾ ਮੈਂ ਦਰਬਾਰੀ, ਤੇਰੀ ਸੇਵਾ ਸਚ ਕਮਾਈਆ । ਮੇਰੀ ਨਾਨਕ ਗੋਬਿੰਦ ਨਾਲ ਬੱਝੀ ਯਾਰੀ, ਨਾ ਕੋਈ ਤੋੜੇ ਤੋੜ ਤੁੜਾਈਆ । ਝੱਲੇ ਆਈ ਤੇਰੀ ਵਾਰੀ, ਡੱਲੇ ਦੇਣੀ ਇਕ ਸਲਾਹੀਆ । ਗੋਬਿੰਦ ਆਏ ਤੇਰੇ ਦਵਾਰੀ, ਦਰ ਸਾਚੇ ਮੇਰੇ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮੈਂ ਏਕਾ ਵਸਤ ਮੰਗ ਮੰਗਾਈਆ । ਪਹਿਲੀ ਚੇਤਰ ਗੋਬਿੰਦ ਔਣਾ, ਲੈ ਕੇ ਧੁਰ ਪਰਵਾਨਾ । ਕਵਣ ਦਵਾਰੇ ਦੱਸ ਬਹੌਣਾ, ਕਵਣ ਤੇਰਾ ਟਿਕਾਣਾ । ਛੱਤੀ ਫੁੱਟ ਨਿਸ਼ਾਨ ਝੁਲੌਣਾ, ਨਾਨਕ ਦੇਵੇ ਧੁਰ ਪਰਵਾਨਾ । ਛੱਤੀ ਜੁਗ ਭੇਵ ਖੁਲ੍ਹੌਣਾ, ਖੋਲ੍ਹੇ ਭੇਵ ਗੁਣ ਨਿਧਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਉਂ ਬਾਲਕ ਮੰਗ ਮੰਗਾਨਾ । ਮੰਗਾਂ ਮੰਗ ਦੇ ਕੇ ਜ਼ੋਰ, ਟਾਲਿਆਂ ਟਲ ਕਦੀ ਨਾ ਜਾਈਆ । ਦਰ ਆਇਆਂ ਜੇ ਦੇਵੇਂ ਹੋੜ, ਤੇਰੀ ਕਰੇ ਨਾ ਕੋਇ ਵਡਿਆਈਆ । ਟੁੱਟੀ ਜੇ ਨਾ ਦੇਵੇਂ ਜੋੜ, ਟੁੱਟੀ ਗੰਢਣਹਾਰ ਨਾ ਫੇਰ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਅੱਗੇ ਝੋਲੀ ਡਾਹੀਆ । ਪੁਰਖ ਅਬਿਨਾਸ਼ੀ ਕਹੇ ਦੱਸ, ਕੀ ਕੁਛ ਤੇਰੀ ਮੰਗ । ਤੇਰੇ ਅੰਤਰ ਜਾਵਾਂ ਵਸ, ਚਾੜ੍ਹਾਂ ਆਪਣਾ ਰੰਗ । ਤੇਰੇ ਕੋਲ ਆਵਾਂ ਨੱਸ, ਮਾਣਾਂ ਸੇਜ ਪਲੰਘ । ਆਪਣਾ ਮਾਰਗ ਦੇਵਾਂ ਦੱਸ, ਕੱਟਾਂ ਭੁੱਖ ਨੰਗ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਹੁਕਮ ਸੂਰਾ ਸਰਬੰਗ । ਆਪਣੀ ਖ਼ਾਤਰ ਨਾ ਕੋਈ ਮੰਗ, ਘਾਟਾ ਕੋਈ ਨਜ਼ਰ ਨਾ ਆਈਆ । ਤੂੰ ਸਾਹਿਬ ਸੂਰਾ ਸਰਬੰਗ, ਤੇਰੀ ਸੱਚੀ ਸ਼ਹਿਨਸ਼ਾਹੀਆ । ਛੱਤੀ ਜੁਗ ਤੇਰਾ ਮਰਦੰਗ, ਨੌਂ ਸੌ ਚੁਰਾਨਵੇ ਚੌਕੜੀ ਜੁਗ ਗਾਈਆ । ਤੇਰੇ ਗ੍ਰਿਹਿ ਇਕ ਅਨੰਦ, ਮੰਗਲ ਤੇਰੀ ਵਡਿਆਈਆ । ਤੇਰਾ ਨਾਮ ਸੁਹਾਗੀ ਛੰਦ, ਤੇਰਾ ਗੀਤ ਸਹਿਜ ਸੁਖਦਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰਾ ਦਵਾਰਾ ਤੋਹੇ ਸੋਭਾ ਪਾਈਆ । ਤੇਰਾ ਦਵਾਰਾ ਹੋਏ ਛੱਤੀ ਫੁੱਟ, ਛੱਤੀ ਛੱਤੀ ਨਾਲ ਮਿਲਾਈਆ । ਸੱਤਰ ਬਹੱਤਰ ਚੁਹੱਤਰ ਤੇਰੀ ਨੀਂਹ ਲੈਣ ਪੁੱਟ, ਚੌਦਾਂ ਚੌਦਾਂ ਸੇਵ ਕਮਾਈਆ । ਚਾਰ ਕੁੰਟ ਪਏ ਲੁੱਟ, ਮੱਚਦੀ ਜਾਏ ਦੁਹਾਈਆ । ਗੋਬਿੰਦ ਬੂਟਾ ਜਾਏ ਫੁੱਟ, ਜੋ ਨੀਹਾਂ ਵਿਚ ਗਿਆ ਦਬਾਈਆ । ਤੇਰਾ ਸਿੱਖ ਸੋਇਆ ਜਾਏ ਉਠ, ਜਗਤ ਨੀਂਦਰ ਦਏ ਮਿਟਾਈਆ । ਛੱਬੀ ਪੋਹ ਦੇਵੇ ਭੰਡਾਰਾ ਅੱਤੁਟ, ਆਪਣੇ ਹੱਥ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਛੱਤੀ ਛੱਤੀ ਤੇਰੀ ਲਕੀਰ, ਸਿੰਘ ਗੁਰਦਿਆਲ ਮੰਗ ਮੰਗਾਈਆ । ਤ੍ਰੇਤਾ ਦਵਾਪਰ ਕਲਜੁਗ ਬਣਿਆ ਰਹੇ ਫ਼ਕੀਰ, ਸਤਿਜੁਗ ਵੇਲਾ ਚੇਤੇ ਕਰਾਇੰਦਾ । ਤੇਰੇ ਨਾਮ ਦੀ ਮਾਰ ਜ਼ੰਜੀਰ, ਆਪਣੇ ਤਨ ਬੰਧਨ ਪਾਇੰਦਾ । ਏਕਾ ਰੱਖੀ ਆਸ ਅੰਤ ਚੋਟੀ ਚੜ੍ਹਨਾ ਅਖ਼ੀਰ, ਸਾਚਾ ਡੰਡਾ ਏਕਾ ਹੱਥ ਫੜਾਇੰਦਾ । ਤੂੰ ਪੀਰਨ ਵਡ ਪੀਰ, ਬੇਨਜ਼ੀਰ ਤੇਰੀ ਨਜ਼ਰ ਨਾ ਕੋਇ ਬਦਲਾਇੰਦਾ । ਤੇਰੇ ਹੱਥ ਤੇਰੀ ਸ਼ਮਸ਼ੀਰ, ਤੇਰੀ ਸ਼ਰਅ ਨਾ ਕੋਇ ਵਖਾਇੰਦਾ । ਛੱਤੀ ਰਾਗ ਵਹਾਵਣ ਨੀਰ, ਛੱਤੀ ਛੱਤੀ ਘੇਰਾ ਪਾਇੰਦਾ । ਫੇਰ ਵਖਾਈ ਆਪਣੀ ਤਸਵੀਰ, ਪੰਥ ਖ਼ਾਲਸਾ ਆਪ ਉਠਾਇੰਦਾ । ਪਹਿਲੀ ਚੇਤ ਬਦਲ ਤਕਦੀਰ, ਤਦਬੀਰ ਆਪਣੇ ਹੱਥ ਰਖਾਇੰਦਾ । ਜਿਸ ਨੂੰ ਕਹਿੰਦੇ ਉਚ ਦਾ ਪੀਰ, ਬਣ ਹਕੀਰ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਖੇਲ ਆਪਣੇ ਹੱਥ ਰਖਾਇੰਦਾ । ਸੱਤਰ ਸਿੱਖ ਰਹਿਣ ਤਿਆਰ, ਸਤਿਗੁਰ ਪੂਰਾ ਆਪ ਜਣਾਈਆ । ਇਕ ਇਕ ਇਟ ਦੇਣ ਉਖਾੜ, ਇਟ ਇਟ ਨਾਲ ਰਹਿਣ ਨਾ ਪਾਈਆ । ਛੱਤੀ ਛੱਤੀ ਕਰ ਪਿਆਰ, ਛੱਤੀ ਛੱਤੀ ਬੰਧਨ ਪਾਈਆ । ਬਹੱਤਰ ਬਹੱਤਰ ਦੇਵੇ ਧਾਰ, ਧਾਰ ਧਾਰ ਵਿਚ ਜਣਾਈਆ । ਚੁਹੱਤਰ ਚੁਹੱਤਰ ਲਏ ਉਠਾਲ, ਸਤਿ ਸਤਿ ਸਤਿ ਸਤਿ ਸੇਵ ਕਮਾਈਆ । ਚੌਦਾਂ ਚੌਦਾਂ ਕਰ ਬਹਾਲ, ਗਲੋਂ ਜ਼ੰਜੀਰ ਦਏ ਕਟਾਈਆ । ਸਚਖੰਡ ਬਣਾ ਸੱਚੀ ਧਰਮਸਾਲ, ਲੋਕਮਾਤ ਦਏ ਸੁਹਾਈਆ । ਉਪਰ ਬੈਠ ਦੀਨ ਦਿਆਲ, ਸਾਢੇ ਤਿੰਨ ਹੱਥ ਦਏ ਵਡਿਆਈਆ । ਗੋਬਿੰਦ ਆਏ ਚਲ ਕੇ ਲਾਲ, ਪਹਿਲੀ ਚੇਤ ਰੁਤ ਸੁਹਾਈਆ । ਔਂਦਾ ਜਾਂਦਾ ਕਿਸੇ ਨਾ ਦਿਸੇ ਕਰੇ ਖੇਲ ਕਮਾਲ, ਕਮਲੀ ਵਾਲਾ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਤਰ ਬਹੱਤਰ ਚੁਹੱਤਰ ਛੱਬੀ ਪੋਹ ਦਏ ਪਰਗਟਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਖੇਲ ਵਾਲੀ ਦੋ ਜਹਾਨ, ਛੱਤੀ ਦਿਵਸ ਸੇਵ ਕਮਾਈਆ ।

### ★ ੩ ਅਸੂ ੨੦੧੮ ਬਿਕ੍ਰਮੀ ਜੇਠੂਵਾਲ ਦਰਬਾਰ ਵਿਚ ★ [2]

ਸੱਚ ਨਿਸ਼ਾਨਾ ਸਾਚੀ ਧਾਰ, ਸੋ ਪੁਰਖ ਨਿਰੰਜਣ ਆਪ ਚਲਾਈਆ । ਨਿਰਗੁਣ ਲੈ ਚਵੀਆਂ ਅਵਤਾਰ, ਚਵੀ ਹੱਥ ਬਣਤ ਬਣਾਈਆ । ਚਾਰੋਂ ਕੁੰਟ ਬੋਲ ਜੈਕਾਰ, ਨਾਅਰਾ ਏਕਾ ਵਾਰ ਸੁਣਾਈਆ । ਧੁਆਂਧਾਰ ਵੇਖ ਸੰਸਾਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਵਰਨ ਬਰਨ ਵੇਖ ਵਪਾਰ, ਨਾਮ ਵਣਜ ਇਕ ਕਰਾਈਆ । ਮੰਦਰ ਮਸਜਿਦ ਹੱਟ ਵੇਖ ਗੁਰੂਦਵਾਰ, ਸਾਚਾ ਮੰਦਰ ਇਕ ਖੁਲ੍ਹਾਈਆ । ਤੀਰਥ ਤਟ ਵੇਖ ਕਿਨਾਰ, ਸਚ ਸਰੋਵਰ ਇਕ ਨੁਹਾਈਆ । ਇਸ਼ਟ ਦੇਵ ਘਰ ਘਰ ਹੋਏ ਨਿਮਸਕਾਰ, ਨਮੋ ਏਕਾ ਇਸ਼ਟ ਕਰਾਈਆ । ਗ੍ਰਿਹ ਗ੍ਰਿਹ ਭੂਪਤ ਭੂਪ ਦਿਸਣ

੧੨੬੮
੧੦

ਸਿਕਦਾਰ, ਇਕ ਸਿਕਦਾਰੀ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਨਿਸ਼ਾਨਾ ਇਕ ਝੁਲਾਈਆ । ਸਚ ਨਿਸ਼ਾਨਾ ਸਤ ਰੰਗ, ਸਤਿ ਸਤਿਵਾਦੀ ਆਪ ਝੁਲਾਇੰਦਾ । ਮਿਹਰਵਾਨ ਸੂਰਾ ਸਰਬੰਗ, ਮਹਿਬਾਨ ਖੇਲ ਖਿਲਾਇੰਦਾ । ਨਾਮ ਵਜਾਏ ਇਕ ਮਰਦੰਗ, ਬ੍ਰਹਿਮੰਡ ਖੰਡ ਸੁਣਾਇੰਦਾ । ਆਪੇ ਪਾਏ ਆਪਣੀ ਵੰਡ, ਹਰਿ ਕਾ ਭੇਵ ਕੋਇ ਨਾ ਪਾਇੰਦਾ । ਕਰੇ ਖੇਲ ਸੂਰਾ ਸਰਬੰਗ, ਸੋ ਪੁਰਖ ਨਿਰੰਜਣ ਵੇਸ ਵਟਾਇੰਦਾ । ਨਿਮਸਕਾਰ ਕਰਨ ਸੂਰਜ ਚੰਦ, ਨਿਉਂ ਨਿਉਂ ਸੀਸ ਸਰਬ ਝੁਕਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਗਾਏ ਛੰਦ, ਸ਼ਬਦ ਅਨਾਦੀ ਨਾਦ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਨਿਸ਼ਾਨਾ ਇਕ ਵਖਾਇੰਦਾ । ਸਚ ਨਿਸ਼ਾਨਾ ਏਕਾ ਭੇਖ, ਨਿਰਗੁਣ ਸਰਗੁਣ ਖੇਲ ਖਿਲਾਇੰਦਾ । ਚਾਰ ਜੁਗ ਦੀ ਮਿਟੇ ਰੇਖ, ਰੇਖਾ ਆਪਣੀ ਆਪ ਬਦਲਾਇੰਦਾ । ਕਰੇ ਖੇਲ ਆਪਣੇ ਦੇਸ, ਸਾਚੇ ਦੇਸ ਸੋਭਾ ਪਾਇੰਦਾ । ਨਰ ਨਰਾਇਣ ਬਣ ਨਰੇਸ਼, ਨਿਰੰਕਾਰ ਹੁਕਮ ਚਲਾਇੰਦਾ । ਭਾਗ ਲੱਗਾ ਮਾਝੇ ਦੇਸ, ਮਹਿਵ ਆਪਣੀ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਨਿਸ਼ਾਨਾ ਆਪ ਝੁਲਾਇੰਦਾ । ਸਚ ਨਿਸ਼ਾਨਾ ਜਾਏ ਝੁਲ, ਝੂਲਾ ਏਕਾ ਨਾਮ ਲਗਾਈਆ । ਕਰੇ ਖੇਲ ਸਾਹਿਬ ਅਭੁੱਲ, ਭੁਲ ਕਦੇ ਨਾ ਜਾਈਆ । ਜਿਸ ਉਪਜਾਈ ਆਪਣੀ ਕੁਲ, ਕੁਲਵੰਤਾ ਵੇਖ ਵਖਾਈਆ । ਪਾਵਣਹਾਰਾ ਆਪੇ ਮੁੱਲ, ਸਾਚੇ ਹੱਟ ਆਪ ਵਿਕਾਈਆ । ਸਾਚਾ ਹੱਟ ਜਾਏ ਖੁੱਲ, ਪੁਰਖ ਅਬਿਨਾਸ਼ੀ ਸੇਵ ਕਮਾਈਆ । ਗੁਰਮੁਖ ਸੱਜਣ ਨਾ ਜਾਏ ਰੁਲ, ਕ਼ੀਮਤ ਕਰਤਾ ਆਪੇ ਪਾਈਆ । ਆਦਿ ਜੁਗਾਦਿ ਰਹੇ ਅਡੁੱਲ, ਅਡੋਲ ਵਡੀ ਵਡਿਆਈਆ । ਸਚ ਦਵਾਰਾ ਆਪੇ ਖੋਲ੍ਹ, ਆਪੇ ਵੇਖੇ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਨਿਸ਼ਾਨੇ ਇਕ ਸਮਝਾਈਆ । ਸਚ ਨਿਸ਼ਾਨੇ ਤੇਰਾ ਰੰਗ ਸਤਿ, ਸਤਿਵਾਦੀ ਆਪ ਰੰਗਾਇਆ । ਤੇਰੇ ਅੰਦਰ ਕਮਲਾਪਤ, ਜੋਤੀ ਜੋਤ ਜੋਤ ਸਮਾਇਆ । ਤੇਰੇ ਅੰਤਰ ਖੇਲ ਸਮਰਥ, ਨਿਰਗੁਣ ਆਪਣਾ ਆਪ ਕਰਾਇਆ । ਤੇਰੀ ਵੰਡਣ ਚਵੀ ਹੱਥ, ਚਾਰ ਜੁਗ ਭੇਵ ਚੁਕਾਇਆ । ਚਵੀਆਂ ਅਵਤਾਰ ਹੋ ਪਰਗਟ, ਪਰਮ ਪਰਮਾਤਮ ਖੇਲ ਖਿਲਾਇਆ । ਆਪਣਾ ਮਾਰਗ ਆਪੇ ਦੱਸ, ਦਹਿ ਦਿਸ਼ਾ ਵੇਖ ਵਖਾਇਆ । ਨਿਰਗੁਣ ਸਰਗੁਣ ਅੰਦਰ ਆਪੇ ਵਸ, ਨਿਰਗੁਣ ਬੈਠਾ ਮੁਖ ਛੁਪਾਇਆ । ਆਪਣੀ ਕਰੇ ਪੂਰੀ ਆਸ, ਆਸਾ ਆਸਾ ਵਿਚ ਟਿਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਨਿਸ਼ਾਨਾ ਇਕ ਸਾਲਾਹਿਆ । ਸਚ ਨਿਸ਼ਾਨਾ ਕਰ ਤਿਆਰ, ਤ੍ਰੈਗੁਣ ਅਤੀਤਾ ਸੇਵ ਕਮਾਈਆ । ਮਿਤਰ ਮਿਲੇ ਮਿਤਰ ਪਿਆਰ, ਪਿਆਰ ਪਿਆਰ ਨਾਲ ਪਰਨਾਈਆ । ਸੱਥਰ ਵੇਖਿਆ ਤੇਰਾ ਯਾਰ, ਯਾਰੜਾ ਸੱਥਰ ਆਪ ਹੰਢਾਈਆ । ਰਾਹ ਤੱਕਾਂ ਏਕਾ ਵਾਰ, ਏਕਾ ਨੈਣ ਉਠਾਈਆ । ਕਵਣ ਮੇਲਾ ਹੋਏ ਸਚ ਦਰਬਾਰ, ਦਰ ਦਰਵਾਜ਼ਾ ਦਏ ਖੁਲ੍ਹਾਈਆ । ਤੇਰਾ ਜਲਵਾ ਵੇਖਾਂ ਅਪਰ ਅਪਾਰ, ਨੂਰੀ ਮੁਖੜਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਆਪ ਸਮਝਾਈਆ । ਧੁਰ ਫ਼ਰਮਾਨਾ ਸਚ ਨਿਸ਼ਾਨ, ਹਰਿ ਸੱਚਾ ਸਚ ਜਣਾਇੰਦਾ । ਤੁਧ ਬਿਨ ਸੋਹੇ ਨਾ ਕੋਇ ਰਾਜ ਰਾਜਾਨ, ਸ਼ਾਹ ਪਾਤਸ਼ਾਹ ਤੇਰਾ ਰਾਹ ਤਕਾਇੰਦਾ । ਤੁਧ ਬਿਨ ਮੰਨੇ ਨਾ ਕੋਇ ਆਣ, ਨਿਉਂ ਨਿਉਂ ਸੀਸ ਨਾ ਕੋਇ ਝੁਕਾਇੰਦਾ । ਤੁਧ ਬਿਨ ਹੁਕਮ ਨਾ ਕਰੇ ਕੋਇ ਪਰਵਾਨ, ਹੁਕਮ ਹਾਕਮ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਜਣਾਇੰਦਾ । ਸਾਚਾ ਭੇਵ ਹਰਿ ਨਿਰੰਕਾਰ, ਸਤਿ ਸਤਿਵਾਦੀ ਆਪ ਖੁਲ੍ਹਾਈਆ ।

੧੨੭੦ ੧੦

ਸ਼ਾਹ ਸੁਲਤਾਨਾ ਹੋ ਤਿਆਰ, ਮਿਹਰਵਾਨਾ ਵੇਸ ਵਟਾਈਆ । ਤੇਰਾ ਖੇਲ ਅਗੰਮ ਅਪਾਰ, ਆਦਿ ਜੁਗਾਦਿ ਭੇਵ ਨਾ ਰਾਈਆ । ਜੁਗ ਜੁਗ ਸੁਹਾਏ ਬੰਕ ਦਵਾਰ, ਜਿਸ ਦਵਾਰੇ ਫੇਰਾ ਪਾਈਆ । ਜਿਸ ਜਨ ਕਰੇਂ ਪਰਵਾਨ, ਤਿਸ ਦੇਵੇਂ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਗੁਣ ਦੇ ਵਖਾਈਆ । ਤੇਰਾ ਗੁਣ ਸਾਚੀ ਧਾਰ, ਹਰਿ ਸੱਜਣ ਆਪ ਜਣਾਇੰਦਾ । ਤੁਧ ਬਿਨ ਬਣੇ ਨਾ ਕੋਈ ਸਰਕਾਰ, ਸ਼ਾਹ ਪਾਤਸ਼ਾਹ ਨਾ ਕੋਇ ਅਖਵਾਇੰਦਾ । ਤੁਧ ਬਿਨ ਬਣੇ ਨਾ ਕੋਈ ਸੇਵਾਦਾਰ, ਚਾਕਰ ਰੂਪ ਨਾ ਕੋਇ ਵਟਾਇੰਦਾ । ਤੁਧ ਬਿਨ ਕੋਈ ਨਾ ਬਣੇ ਹੁਕਮਰਾਨ, ਹੁਕਮੀ ਹੁਕਮ ਨਾ ਕੋਇ ਸੁਣਾਇੰਦਾ । ਤੁਧ ਬਿਨ ਕੋਈ ਨਾ ਕਰੇ ਕਿਸੇ ਪਛਾਣ, ਸੀਸ ਸੀਸ ਨਾ ਕੋਇ ਝੁਕਾਇੰਦਾ । ਤੇਰਾ ਮੇਲਾ ਵਿਚ ਜਹਾਨ, ਪੁਰਖ ਅਬਿਨਾਸ਼ੀ ਆਪ ਜਣਾਇੰਦਾ । ਸਾਹਿਬ ਦਿਆਲ ਠਾਕਰ ਸਵਾਮੀ ਮਿਲੇ ਆਣ, ਠੋਕਰ ਫੇਰ ਨਾ ਕੋਇ ਲਗਾਇੰਦਾ । ਦਰ ਦਵਾਰੇ ਦੇਵੇ ਮਾਣ, ਅਭਿਮਾਨ ਨਜ਼ਰ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਨਿਸ਼ਾਨਾ ਆਪ ਸਮਝਾਇੰਦਾ । ਸਮਝਣਹਾਰੇ ਜਾਣਾ ਸਮਝ, ਸਮਝ ਸਮਝ ਵਿਚ ਟਿਕਾਈਆ । ਨਿਰਗੁਣ ਕਹਿਣਾ ਨਿਰਗੁਣ ਰਮਜ਼, ਨਿਰਗੁਣ ਇਸ਼ਾਰਾ ਰਿਹਾ ਜਣਾਈਆ । ਨਿਰਗੁਣ ਰੋਗ ਸੁਖ ਨਿਰਗੁਣ ਮਰਜ਼, ਨਿਰਗੁਣ ਮਰਮ ਪੱਟੀ ਆਪ ਲਗਾਈਆ । ਆਪਣਾ ਪੂਰਾ ਕਰਨ ਆਇਆ ਫ਼ਰਜ਼, ਫ਼ਰਦ ਜੁਰਮ ਆਪਣੇ ਉਪਰ ਆਪ ਲਗਾਈਆ । ਜਨ ਭਗਤਾਂ ਜੋ ਹੋਇਆ ਹਰਜ, ਕਲਜੁਗ ਆਪਣਾ ਧੱਕਾ ਲਾਈਆ । ਜਗਤ ਪਿਆਰ ਚੜ੍ਹਿਆ ਕਰਜ਼, ਮਕਰੂਜ਼ ਹੋਈ ਖ਼ੁਦਾਈਆ । ਕਾਲ ਨਗਾਰਾ ਰਿਹਾ ਗਰਜ, ਚਾਰ ਕੁੰਟ ਸ਼ਨਵਾਈਆ । ਧਰਤ ਧਵਲ ਰਹੀ ਲਰਜ਼, ਧੀਰ ਧੀਰ ਨਾ ਕੋਇ ਧਰਾਈਆ । ਅਵਤਾਰ ਗੁਰ ਭਗਤ ਸੰਤ ਜੀਵ ਜੰਤ ਗਏ ਵਰਜ, ਮਾਰਗ ਪੰਥ ਜਗਤ ਵਖਾਈਆ । ਗੋਬਿੰਦ ਸੂਰਾ ਅੰਤਮ ਕਲ ਏਕਾ ਵਾਰ ਔਣਾ ਚਲ ਕਰੇ ਅਰਜ਼, ਅਰਜ਼ੀ ਆਪਣੀ ਹੱਥੀਂ ਪਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਚਾਰ ਜੁਗ ਦੀ ਫੋਲ ਫ਼ਰਦ, ਅਗੇ ਦਏ ਟਿਕਾਈਆ । ਨੇਤਰ ਪੇਖ ਪੁਠੀ ਹੋਈ ਨਰਦ, ਸਾਰ ਪਾਸ਼ਾ ਖੇਲ ਖਿਲਾਈਆ । ਖੇਲਣਹਾਰਾ ਏਕਾ ਮਰਦ, ਮਰਦਾਨਗੀ ਆਪਣੇ ਹੱਥ ਰਖਾਈਆ । ਅੱਸੂ ਤਿੰਨ ਸਭ ਨੂੰ ਪੈਣੀ ਦਰਦ, ਨਿੰਮੀ ਨਿੰਮੀ ਆਪ ਲਗਾਈਆ । ਚਾਰ ਕੁੰਟ ਹੋਈ ਨਪੜਦ, ਪਰਦਾ ਉਤੇ ਨਾ ਕੋਈ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਨਿਸ਼ਾਨਾ ਲਏ ਵਖਾਈਆ । ਸਤ ਰੰਗ ਨਿਸ਼ਾਨਾ ਕਰੇ ਫ਼ਰਯਾਦ, ਪ੍ਰਭ ਅੱਗੇ ਸੀਸ ਝੁਕਾਇੰਦਾ । ਚਵੀ ਹੱਥ ਬਣੀ ਮੇਰੀ ਯਾਦ, ਛੱਤੀ ਫੁੱਟ ਰੂਪ ਵਟਾਇੰਦਾ । ਜਿਸ ਦਵਾਰੇ ਕਰਨਾ ਲਾਡ, ਸੋ ਦਵਾਰਾ ਮੋਹੇ ਭਾਇੰਦਾ । ਚਾਰੋਂ ਕੁੰਟ ਬਣੇ ਹਾਦ, ਛੱਤੀ ਜੁਗ ਰਾਹ ਤਕਾਇੰਦਾ । ਅੰਦਰ ਵੱਜੇ ਤੇਰਾ ਨਾਦ, ਭੇਵ ਕੋਇ ਨਾ ਪਾਇੰਦਾ । ਚਾਰ ਜੁਗ ਦੇ ਵਿਛੜੇ ਮੇਲੇ ਸਾਧ, ਸੰਤ ਰੂਪ ਜੋ ਤੈਨੂੰ ਧਿਆਇੰਦਾ । ਮੇਰਾ ਵਸੇ ਆਂਢ ਗਵਾਂਢ, ਉਚ ਨਿਸ਼ਾਨਾ ਏਕਾ ਮੰਗ ਮੰਗਾਇੰਦਾ । ਤੇਰੇ ਚਰਨਾਂ ਹੇਠ ਬ੍ਰਹਿਮਾਂਡ, ਤੂੰ ਸਵਾਂਗੀ ਵਰਤਿਆ ਸਾਂਗ, ਰੂਪ ਰੰਗ ਨਜ਼ਰ ਕੋਇ ਨਾ ਆਇੰਦਾ । ਨਾਨਕ ਗੋਬਿੰਦ ਰੱਖੀ ਤਾਂਘ, ਵੇਦ ਵਿਆਸਾ ਥੱਕਾ ਮਾਂਦ, ਜੁਗ ਚੌਕੜੀ ਬੀਤੀ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਦੇਵੀਂ ਮੇਰਾ ਸਾਥ, ਸਾਚੀ ਵਸਤ ਤੇਰੇ ਹਾਥ, ਖ਼ਾਲੀ ਝੋਲੀ ਅੱਗੇ ਡਾਹਿੰਦਾ । ਝੋਲੀ ਡਾਹੇ ਉਚ ਨਿਸ਼ਾਨਾ, ਨਿਉਂ ਨਿਉਂ ਕਰੇ ਨਿਮਸਕਾਰ । ਤੂੰ ਸਾਹਿਬ ਸੱਚਾ ਬਣਿਆ ਦਾਨਾ, ਅਟੁੱਟ ਤੇਰਾ ਭੰਡਾਰ । ਜੁਗ ਜੁਗ ਕਰੇਂ ਠਾਂਡਾ ਸੀਨਾ, ਨਿਰਗੁਣ ਸਰਗੁਣ ਲੈ ਅਵਤਾਰ । ਤੇਰਾ ਨਾਉਂ ਰੰਗ ਏਕਾ ਭੀਨਾ, ਉਤਰ

ਨਾ ਜਾਏ ਦੂਜੀ ਵਾਰ । ਤੇਰੇ ਦਵਾਰੇ ਮਰਨਾ ਜੀਣਾ, ਆਵਾਂ ਜਾਵਾਂ ਵਾਰੋ ਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਵਸਤ ਝੋਲੀ ਡਾਰ । ਸਾਚੀ ਵਸਤ ਝੋਲੀ ਪਾ, ਬਣਿਆ ਦਰ ਭਿਖਾਰੀ । ਤੂੰ ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹ, ਵਡ ਤੇਰੀ ਸਿਕਦਾਰੀ । ਨਿਰਗੁਣ ਨਿਰਗੁਣ ਕਰੇ ਨਿਆਂ, ਸਰਗੁਣ ਬਣਿਆ ਖੇਲ ਖਿਲਾੜੀ । ਕਲਜੁਗ ਅੰਤਮ ਨਿਹਕਲੰਕ ਰਖਾਏ ਨਾਂ, ਨਿਰਗੁਣ ਜੋਤ ਇਕ ਨਿਰੰਕਾਰੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਚਰਨ ਜਾਵਾਂ ਬਲਹਾਰੀ । ਵਰ ਦੇ ਦੇ ਮੇਰੀ ਦਾਤ, ਤੁਧ ਅੱਗੇ ਝੋਲੀ ਡਾਹੀਆ । ਤੇਰੇ ਭਗਤ ਮੇਰਾ ਸਾਥ, ਬਿਨ ਭਗਤਾਂ ਮੇਰਾ ਹੋਰ ਨਾ ਕੋਇ ਸਹਾਈਆ । ਨਾ ਕੋਈ ਮੇਰੀ ਜ਼ਾਤ ਨਾ ਕੋਈ ਪਾਤ, ਏਕਾ ਤੇਰੇ ਰੰਗ ਸਮਾਈਆ । ਨਾ ਕਿਨਾਰਾ ਨਾ ਕੋਈ ਘਾਟ, ਨਾ ਕੋਈ ਪੱਤਣ ਆਸਣ ਲਾਈਆ । ਨਾ ਕੋਈ ਮੰਦਰ ਮਸਜਿਦ ਗੁਰਦਵਾਰ, ਮਠ ਸ਼ਿਵਦਵਾਲਾ ਨਾ ਕੋਇ ਵਡਿਆਈਆ । ਚਾਰ ਦੀਵਾਰ ਨਾ ਕੋਇ ਹਾਟ, ਤੱਕੜ ਤੋਲ ਨਾ ਕੋਇ ਤੁਲਾਈਆ । ਏਕਾ ਮੰਗਾਂ ਆਪਣੀ ਦਾਤ, ਨਿਉਂ ਨਿਉਂ ਢੈ ਢੈ ਸਰਨਾਈਆ । ਕਲਜੁਗ ਮੇਟ ਅੰਧੇਰੀ ਰਾਤ, ਮੇਰਾ ਰੰਗ ਦੇ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮੇਰੀ ਪੂਰੀ ਆਸ ਕਰਾਈਆ । ਪੂਰੀ ਆਸ ਦੇਣੀ ਕਰ, ਦੀਨ ਦਿਆਲ ਗੁਸਾਂਈਆਂ । ਇਕ ਇਕੱਲਾ ਮੈਂ ਰਿਹਾ ਡਰ, ਕੂਕ ਕੂਕ ਦਿਆਂ ਦੁਹਾਈਆਂ । ਆਪਣੇ ਗੁਰਮੁਖ ਆਪਣੇ ਸਦ ਘਰ, ਮੈਂ ਉਠ ਉਠ ਔਸੀਆਂ ਪਾਈਆਂ । ਛੱਤੀ ਜੁਗ ਤੇਰਾ ਭਾਣਾ ਲਿਆ ਜਰ, ਹੁਣ ਝੱਲੀਆਂ ਨਾ ਜਾਣ ਜੁਦਾਈਆਂ । ਨਿਰਭੈ ਹੋ ਕੇ ਮੈਂ ਤੇਰੇ ਅੱਗੇ ਗਿਆ ਅੜ, ਆਪਣੀਆਂ ਦੋਵੇਂ ਭੁਜਾਂ ਉਠਾਈਆਂ । ਤੇਰੇ ਭਗਤਾਂ ਆਪਣੀ ਹੱਥੀਂ ਚਰਨ ਲਵਾਂ ਫੜ, ਮੇਰੀਆਂ ਜੁਗ ਜੁਗ ਦੀਆਂ ਮਿਟਣ ਲੱਗੀਆਂ ਸ਼ਾਹੀਆਂ । ਮੈਂ ਖ਼ਾਲੀ ਮੁੜ ਕੇ ਨਾ ਜਾਣਾ ਤੇਰੇ ਦਰ, ਦਰ ਤੇਰੇ ਏਕਾ ਆਸ ਤਕਾਈਆ । ਮੇਰਾ ਦੇ ਦੇ ਮੈਨੂੰ ਵਰ, ਅਭੁਲ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮੈਂ ਬੈਠਾ ਆਸ ਤਕਾਈਆ । ਪੁਰਖ ਅਬਿਨਾਸ਼ੀ ਹੋ ਮਿਹਰਵਾਨ, ਸਚ ਨਿਸ਼ਾਨੇ ਆਪ ਜਣਾਇੰਦਾ । ਕਰਾਂ ਖੇਲ ਖੇਲ ਮਹਾਨ, ਭੇਵ ਅਭੇਦ ਭੇਵ ਖੁਲ੍ਹਾਇੰਦਾ । ਏਕਾ ਵਾਰ ਦੇਵਾਂ ਏਕਾ ਦਾਨ, ਏਕਾ ਹੁਕਮ ਸੁਣਾਇੰਦਾ । ਕਰਾਂ ਖੇਲ ਦੋ ਜਹਾਨ, ਦੋਏ ਦੋਏ ਧਾਰ ਆਪ ਚਲਾਇੰਦਾ । ਪਹਿਲਾਂ ਦੇਵਾਂ ਗੋਬਿੰਦ ਮਾਣ, ਜਿਸ ਆਪਣੇ ਨਾਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣਾ ਪਰਦਾ ਆਪ ਉਠਾਇੰਦਾ । ਸਾਚਾ ਪਰਦਾ ਖੋਲ੍ਹ ਭਗਵਾਨ, ਹੁਕਮੀ ਹੁਕਮ ਜਣਾਈਆ । ਗੋਬਿੰਦ ਸੂਰਾ ਮਿਲੇ ਆਣ, ਅਸੂ ਤਿੰਨ ਵਡੀ ਵਡਿਆਈਆ । ਆਪਣੀ ਮੰਗ ਮੰਗੇ ਦਾਨ, ਏਕਾ ਵਾਰ ਝੋਲੀ ਦਿਆਂ ਭਰਾਈਆ । ਇਕ ਦੂਜੇ ਦੀ ਕਰਾਵਾਂ ਆਪ ਪਛਾਣ, ਮੇਲ ਮਿਲਾਵਾ ਸਹਿਜ ਸੁਭਾਈਆ । ਜਿਸ ਬਾਲੇ ਕੀਤੇ ਕੁਰਬਾਨ, ਤਿਸ ਲਵਾਂ ਫੇਰ ਉਠਾਈਆ । ਉਠ ਜੋਧੇ ਵੇਖੋ ਮਾਰ ਧਿਆਨ, ਪੁਰਖ ਅਬਿਨਾਸ਼ੀ ਲਈ ਅੰਗੜਾਈਆ । ਛੋਟੇ ਬਾਲੇ ਵੇਖ ਨਾਦਾਨ, ਸਚ ਨਿਸ਼ਾਨ ਰਹੇ ਝੁਲਾਈਆ । ਜਗਤ ਜਗਦੀਸ਼ ਕਰ ਪਰਵਾਨ, ਪਰਮ ਪੁਰਖ ਖੇਲ ਖਿਲਾਈਆ । ਮਨਜੀਤ ਜਿਤਿਆ ਦੋ ਜਹਾਨ, ਜਿਤ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਸਮਝਾਈਆ । ਗੋਬਿੰਦ ਆਵੇ ਚੜ੍ਹੇ ਚਾ, ਮਿਲੇ ਮੇਲ ਭਗਵਾਨਾ । ਏਕਾ ਵੇਖੇ ਸੱਚਾ ਥਾਂ, ਸਾਚਾ ਮੰਦਰ ਇਕ ਸੁਹਾਨਾ । ਏਕਾ ਬੈਠਾ ਸ਼ਹਿਨਸ਼ਾਹ, ਪਾਤਸ਼ਾਹ ਨੌਜਵਾਨਾ । ਏਕਾ

ਹੁਕਮ ਰਿਹਾ ਵਰਤਾ, ਧੁਰਦਰਗਾਹੀ ਧੁਰ ਫ਼ਰਮਾਨਾ । ਏਕਾ ਤਖ਼ਤ ਰਿਹਾ ਹੰਢਾ, ਭੂਪਤ ਭੂਪ ਰਾਜ ਰਾਜਾਨਾ । ਏਕਾ ਤਾਜ ਸੀਸ ਰਿਹਾ ਸੁਹਾ, ਪੰਚਮ ਪੰਚ ਪੰਚ ਪਰਧਾਨਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੇਵੇ ਸਚ ਸਲਾਹ, ਸੰਤਾਂ ਭਗਤਾਂ ਸੁਣਾਏ ਨਾਮ ਤਰਾਨਾ । ਕਲਜੁਗ ਕਰੇ ਸਚ ਨਿਆਂ, ਪੁਰਖ ਅਬਿਨਾਸ਼ੀ ਹੋ ਮਿਹਰਵਾਨਾ । ਸਭ ਦਾ ਲਹਿਣਾ ਦਏ ਮੁਕਾ, ਜਗਤ ਝੇੜਾ ਆਪ ਚੁਕਾਨਾ । ਗੋਬਿੰਦ ਦਰ ਲਏ ਬੁਲਾ, ਦੇਵੇ ਸ਼ਬਦ ਪਰਵਾਨਾ । ਸਤ ਰੰਗ ਨਿਸ਼ਾਨਾ ਦਏ ਝੁਲਾ, ਜੋਧਾ ਸੂਰਬੀਰ ਮਰਦ ਮਰਦਾਨਾ । ਤੀਰ ਤੁਫੰਗ ਤੁਰੰਗ ਲਏ ਦੌੜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਦੋ ਜਹਾਨਾਂ । ਗੋਬਿੰਦ ਆਏ ਦਰ ਦਰ ਪਰਵਾਨ, ਦਰਦੀ ਦਰਦ ਦਰਦ ਵੰਡਾਈਆ । ਪੂਰਬ ਵੇਖੇ ਮਾਰ ਧਿਆਨ, ਲਹਿਣਾ ਲੇਖਾ ਦਏ ਸਮਝਾਈਆ । ਪੂਤ ਸਪੂਤਾ ਚਤੁਰ ਸੁਜਾਨ, ਸੁਘੜ ਦਏ ਨਾਮ ਵਡਿਆਈਆ । ਭਾਣਾ ਮੰਨਿਆ ਸਾਚੀ ਆਣ, ਸੀਸ ਸੀਸ ਟਿਕਾਈਆ । ਅੰਤਮ ਮੰਗਿਆ ਏਕਾ ਦਾਨ, ਸੱਥਰ ਸੇਜ ਯਾਰ ਹੰਢਾਈਆ । ਪੁਰਖ ਅਬਿਨਾਸ਼ੀ ਹੋ ਮਿਹਰਵਾਨ, ਵਸਤ ਅਮੋਲਕ ਝੋਲੀ ਪਾਈਆ । ਤੇਰਾ ਸੱਥਰ ਕਰਾਂ ਪਰਵਾਨ, ਤੇਰੀ ਕਾਇਆ ਸੇਜ ਸੋਭਾ ਪਾਈਆ । ਤੇਰੇ ਅੰਦਰ ਵੜਾਂ ਆਣ, ਰੂਪ ਰੰਗ ਤੁਧ ਬਿਨ ਅਵਰ ਨਾ ਕਿਸੇ ਦਸਾਈਆ । ਨਿਰਗੁਣ ਰੂਪ ਬਣਿਆ ਹੁਕਮਰਾਨ, ਸਰਗੁਣ ਸਾਚਾ ਹੁਕਮ ਮਨਾਈਆ । ਅੰਦਰ ਵੜ ਕਰਾਂ ਪਛਾਣ, ਭੁਲ ਕਦੇ ਨਾ ਜਾਈਆ । ਏਕਾ ਦੇਵਾਂ ਸੱਚਾ ਦਾਨ, ਸਾਚੀ ਦਾਤ ਝੋਲੀ ਪਾਈਆ । ਏਕਾ ਡੰਕਾ ਵੱਜੇ ਦੋ ਜਹਾਨ, ਤੇਰੀ ਨੌਬਤ ਨਾਮ ਵਜਾਈਆ । ਹਿੰਦੂ ਮੁਸਲਿਮ ਸਿੱਖ ਈਸਾਈ ਸਾਰੇ ਗਾਨ, ਸ਼ਰਅ ਸ਼ਰੀਅਤ ਨਾ ਕੋਇ ਵਖਾਈਆ । ਕਲਜੁਗ ਝੂਠੀ ਮੇਟ ਦੁਕਾਨ, ਸਚ ਭੰਡਾਰ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਆਪ ਉਠਾਈਆ । ਗੋਬਿੰਦ ਅੰਤਰ ਤੇਰਾ ਮੇਲਾ, ਹਰਿ ਜੂ ਹਰਿ ਹਰਿ ਆਪ ਕਰੌਣਾ । ਲੇਖਾ ਜਾਣ ਗੁਰੂ ਗੁਰ ਚੇਲਾ, ਗੁਰ ਚੇਲਾ ਖੇਲ ਖਿਲੌਣਾ । ਆਪਣਾ ਧਾਮ ਦੱਸ ਨਵੇਲਾ, ਨਿਰਗੁਣ ਇਕ ਇਕੇਲਾ ਫੇਰਾ ਪੌਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਮਨੌਣਾ । ਗੋਬਿੰਦ ਸੂਰਾ ਸੀਸ ਝੁਕਾ, ਏਕਾ ਵਾਰ ਮੰਗ ਮੰਗਾਈਆ । ਆਪਣਾ ਲੇਖਾ ਦਏ ਸਮਝਾ, ਤੇਰਾ ਲੇਖਾ ਲਿਖਣ ਪੜ੍ਹਨ ਵਿਚ ਨਾ ਆਈਆ । ਆਪਣਾ ਵੇਸ ਦੇ ਵਖਾ, ਜਿਸ ਦਵਾਰੇ ਡੇਰਾ ਲਾਈਆ । ਆਪਣਾ ਭੇਖ ਦੇ ਜਣਾ, ਕਵਣ ਵੇਸ ਮਾਤ ਵਟਾਈਆ । ਕਵਣ ਸਨੇਹੜਾ ਦੇਵੇਂ ਆ, ਮੇਰੇ ਸਾਹਿਬ ਸੱਚੇ ਮਾਹੀਆ । ਕਵਣ ਖੇੜਾ ਦਏਂ ਵਸਾ, ਹੋਏ ਨੂਰ ਰੁਸ਼ਨਾਈਆ । ਕਵਣ ਝੇੜਾ ਦਏਂ ਮੁਕਾ, ਲੁੱਟੀ ਜਾਏ ਲੋਕਾਈਆ । ਕਵਣ ਗੇੜਾ ਦਏਂ ਦਵਾ, ਲੱਖ ਚੁਰਾਸੀ ਲੱਠ ਭੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਦੇ ਖੁਲ੍ਹਾਈਆ । ਪੁਰਖ ਅਬਿਨਾਸ਼ੀ ਖੋਲ੍ਹੇ ਭੇਵ, ਆਪਣੀ ਦਇਆ ਆਪ ਕਮਾਇੰਦਾ । ਤੇਰੀ ਲਗਾਵਾਂ ਆਪਣੀ ਸੇਵ, ਆਪਣੀ ਸੇਵਾ ਤੇਰੇ ਨਾਲ ਕਮਾਇੰਦਾ । ਤੇਰਾ ਗੁਣ ਰਸਨਾ ਜਿਹਵ, ਆਪਣੀ ਸ਼ਬਦੀ ਧਾਰ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਘਰ ਆਪ ਸਮਝਾਇੰਦਾ । ਆਪਣਾ ਘਰ ਆਪ ਬਣੌਣਾ, ਆਪਣੀ ਸੇਵਾ ਆਪ ਕਮਾਈਆ । ਆਪਣਾ ਦੀਪ ਆਪ ਜਗੌਣਾ, ਆਪੇ ਕਰੇ ਸਚ ਰੁਸ਼ਨਾਈਆ । ਆਪਣੇ ਮੰਦਰ ਆਪ ਟਿਕੌਣਾ, ਆਪੇ ਵੇਖ ਵਖਾਈਆ । ਆਪਣੇ ਘਰ ਆਪੇ ਗੌਣਾ, ਆਪੇ ਖ਼ੁਸ਼ੀ ਮਨਾਈਆ । ਆਪਣੀ ਸੇਜਾ ਆਪੇ ਸੌਣਾ, ਆਪੇ ਸੋਭਾ ਪਾਈਆ । ਆਪਣਾ ਦਰਸਨ ਆਪੇ ਪੌਣਾ, ਆਪ ਆਪਣਾ ਵੇਖ ਵਖਾਈਆ । ਆਪਣਾ ਖੇਲ ਆਪੇ ਕਰੇ

ਜੋ ਹਰਿ ਜੂ ਭੌਣਾ, ਦੂਸਰ ਸੰਗ ਨਾ ਕੋਇ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਈਆ । ਤੇਰਾ ਵਰਤੇ ਹੁਕਮ ਨਿਰੰਕਾਰ, ਨਿਰੰਕਾਰੀ ਖੇਲ ਕਰਾਇਆ । ਤੂੰ ਨਿਰਗੁਣ ਲੈ ਅਵਤਾਰ, ਸਰਗੁਣ ਆਸ ਪੂਰ ਕਰਾਇਆ । ਤੇਰਾ ਵਸੇ ਧਾਮ ਨਿਆਰ, ਸੰਬਲ ਨਾਉਂ ਰਖਾਇਆ । ਗੁਰਮੁਖਾਂ ਕਰੇਂ ਪਿਆਰ, ਗੁਰਸਿਖ ਗੋਦ ਬਹਾਇਆ । ਸੰਤ ਭਗਤ ਲਏਂ ਉਠਾਲ, ਆਪਣਾ ਮੇਲ ਮਿਲਾਇਆ । ਲੇਖਾ ਜਾਣੇਂ ਸ਼ਾਹ ਕੰਗਾਲ, ਦੀਨ ਦਿਆਲ ਦਇਆ ਕਮਾਇਆ । ਤੂੰ ਮੁਰੀਦਾਂ ਸੁਣੇਂ ਹਾਲ, ਮੁਰਸ਼ਦ ਬਣ ਬੇਪਰਵਾਹਿਆ । ਤੇਰਾ ਵੱਜੇ ਏਕਾ ਤਾਲ, ਸੁਣੇ ਸਰਬ ਖ਼ੁਦਾਇਆ । ਤੂੰ ਸਭ ਨੂੰ ਕਰੇਂ ਬੇਹਾਲ, ਤੇਰਾ ਅੰਤ ਕਿਸੇ ਨਾ ਪਾਇਆ । ਤੂੰ ਚਲੇਂ ਅਵੱਲੜੀ ਚਾਲ, ਚਾਲ ਨਿਰਾਲੀ ਇਕ ਰਖਾਇਆ । ਸਤ ਰੰਗ ਨਿਸ਼ਾਨਾ ਲਏਂ ਵਖਾਲ, ਕਲਜੁਗ ਵੇਲਾ ਅੰਤ ਜਣਾਇਆ । ਗੁਰਸਿਖ ਸੁਹੇਲੇ ਆਪੇ ਕਰੇ ਭਾਲ, ਲੱਖ ਚੁਰਾਸੀ ਵਿਚੋਂ ਲਏ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮੈਂ ਸਦਾ ਸਦ ਤੇਰੀ ਸੇਵ ਕਮਾਇਆ । ਤੇਰੀ ਸੇਵ ਸੁਤ ਦੁਲਾਰ, ਹਰਿ ਸਾਚਾ ਆਪ ਲਗਾਈਆ । ਨੀਂਹ ਰੱਖਾਂ ਤੇਰੀ ਅਪਰ ਅਪਾਰ, ਚਾਰ ਜੁਗ ਨਾ ਸਕੇ ਕੋਈ ਉਖੜਾਈਆ । ਮਾਣਸ ਦੇਹ ਨੌਂ ਦਵਾਰ, ਨਵ ਨੌਂ ਖੰਡ ਵੇਖ ਵਖਾਈਆ । ਸਾਢੇ ਤਿੰਨ ਹੱਥ ਮਹਲ ਮਨਾਰ, ਜਗਤ ਮਨਾਰਾ ਦਏ ਸਮਝਾਈਆ । ਤੇਰੀ ਸੇਵਾ ਲਾ ਚਾਰ, ਦੋ ਦੋ ਵੰਡ ਵੰਡਾਈਆ । ਦੋ ਧਰਨੀ ਪੈਜ ਦੇਣ ਸੁਆਰ, ਦੋ ਬ੍ਰਹਿਮੰਡ ਕਰਨ ਰੁਸ਼ਨਾਈਆ । ਦੋਹਾਂ ਵਿਚੋਲਾ ਬਣੇ ਆਪ ਨਿਰੰਕਾਰ, ਆਪਣੀ ਸੇਵਾ ਆਪ ਲਗਾਈਆ । ਸੇਵਾ ਕਰੇ ਸੱਚੀ ਸੰਸਾਰ, ਅਭੁਲ ਭੁਲ ਕਦੇ ਨਾ ਜਾਈਆ । ਧਾਮ ਬਣਾਏ ਇਕ ਨਿਆਰ, ਮੰਦਰ ਮਸਜਿਦ ਮਠ ਗੁਰੂਦਵਾਰ ਨਾ ਕੋਇ ਵਡਿਆਈਆ । ਜਿਸ ਘਰ ਬਹੇ ਨਿਰੰਕਾਰ, ਸੋ ਦਰ ਸੋਭਾ ਪਾਈਆ । ਜਿਸ ਦਰ ਗੁਰੂ ਮਿਲੇ ਕਰਤਾਰ, ਗੁਰ ਕਰਤਾਰ ਏਕਾ ਰੰਗ ਸਮਾਈਆ । ਸੋ ਧਰਨੀ ਰਹੇ ਜੁਗ ਚਾਰ, ਚਾਰ ਜੁਗ ਗੁਰ ਅਵਤਾਰ ਸਭ ਨਿਉਂ ਨਿਉਂ ਸੀਸ ਝੁਕਾਈਆ । ਜਿਸ ਘਰ ਆਏ ਤੇਈ ਅਵਤਾਰ, ਦੂਰ ਦੁਰਾਡਾ ਪੰਧ ਮੁਕਾਈਆ । ਜਿਸ ਘਰ ਆਏ ਭਗਤ ਕਰਨ ਨਿਮਸਕਾਰ, ਸੋ ਘਰ ਸੱਚਾ ਸੋਭਾ ਪਾਈਆ । ਜਿਸ ਗ੍ਰਿਹਿ ਪੀਰ ਪੈਗ਼ੰਬਰ ਕਰਨ ਸਲਾਮ, ਸਯਦਾ ਸੀਸ ਜਗਦੀਸ ਝੁਕਾਈਆ । ਜਿਸ ਘਰ ਦਰਸ ਪਾਇਣ ਦਸ ਗੁਰ ਜਾਇਣ ਬਲਹਾਰ, ਨਿਰਗੁਣ ਨਿਰਗੁਣ ਨਿਰਗੁਣ ਗੁਣ ਗਾਈਆ । ਜਿਸ ਗ੍ਰਿਹਿ ਲੱਗੇ ਸਚ ਦਰਬਾਰ, ਸੋ ਘਰ ਸਚਖੰਡ ਰੂਪ ਵਟਾਈਆ । ਜਿਸ ਤਖ਼ਤ ਬਹੇ ਆਪ ਨਿਰੰਕਾਰ, ਸੋ ਤਖ਼ਤ ਉਲਟ ਨਾ ਜਾਈਆ । ਅਸੂ ਤਿੰਨ ਵੀਹ ਸੌ ਤਿੰਨ ਬਿਕ੍ਰਮੀ ਪਹਿਲਾ ਕੀਤਾ ਵਿਹਾਰ, ਘਨਕਪੁਰ ਨੀਂਹ ਰਖਾਈਆ । ਆਰ ਪਾਰ ਦਿਤਾ ਉਜਾੜ, ਵਸਦਾ ਨਜ਼ਰ ਕੋਇ ਨਾ ਆਈਆ । ਫੜ ਫੜ ਬਾਹੋਂ ਦਏ ਉਠਾਲ, ਸੋਇਆ ਕੋਇ ਰਹਿਣ ਨਾ ਪਾਈਆ । ਸੰਮਤ ਅਠਾਰਵੇਂ ਹੋ ਹੁਸ਼ਿਆਰ, ਆਪਣੀ ਬਣਤ ਆਪ ਬਣਾਈਆ । ਕਰੇ ਖੇਲ ਅਗੰਮ ਅਪਾਰ, ਰੂਪ ਅਨੂਪ ਆਪ ਵਟਾਈਆ । ਚਵੀ ਹੱਥ ਨਿਸ਼ਾਨ ਸੁਣ ਪੁਕਾਰ, ਛੱਤੀ ਛੱਤੀ ਦਏ ਸਲਾਹੀਆ । ਛੱਤੀ ਚਾਰ ਬਣੇ ਮਨਾਰ, ਜਗਤ ਮਨਾਰਾ ਇਕ ਵਡਿਆਈਆ । ਭਗਤ ਭਗਵੰਤ ਲਏ ਉਠਾਲ, ਜੁਗ ਵਿਛੜੇ ਮੇਲ ਮਿਲਾਈਆ । ਸਤਿਜੁਗ ਦਇਆ ਕਮਾਏ ਦੀਨ ਦਿਆਲ, ਚਵੀਂ ਚਵੀਂ ਕਰ ਕੁੜਮਾਈਆ । ਤ੍ਰੇਤਾ ਲੇਖਾ ਜਾਣੇ ਸਦਾ ਕਿਰਪਾਲ, ਬੀਸ ਬੀਸ ਨਾਲ ਮਿਲਾਈਆ । ਦਵਾਪਰ ਵੇਖੇ ਆਪ ਧਰਮਸਾਲ, ਸੋਲਾਂ ਸੋਲਾਂ ਵੱਜੇ ਵਧਾਈਆ । ਕਲਜੁਗ ਖਾਏ ਨਾ ਅੰਤਮ ਕਾਲ, ਬਾਰਾਂ ਬਾਰਾਂ ਸੋਭਾ ਪਾਈਆ । ਚਵੀ ਵੀਹ ਰਲਾਏ ਨਾਲ, ਸੋਲਾਂ ਬਾਰਾਂ ਬੰਧਨ

ਪਾਈਆ । ਬਹੱਤਰ ਭਗਤ ਲਏ ਉਠਾਲ, ਲੋਕਮਾਤ ਕਰ ਰੁਸ਼ਨਾਈਆ । ਸਾਚੀ ਸੇਵਾ ਦਏ ਵਖਾਲ, ਸੇਵਕ ਸੇਵਾ ਇਕ ਸਮਝਾਈਆ । ਬਹੱਤਰ ਬਹੱਤਰ ਨਾਲ ਕਰੇ ਪਿਆਰ, ਸੱਤ ਦੋ ਪਰਦਾ ਲਾਹੀਆ । ਏਕਾ ਰੰਗ ਵੇਖੇ ਸ਼ਾਹ ਕੰਗਾਲ, ਮਾਇਆ ਮਮਤਾ ਨਾਲ ਰਖਾਈਆ । ਨਿਰਗੁਣ ਸਰਗੁਣ ਬਣ ਦਲਾਲ, ਜਗਤ ਦਲੀਲ ਦਏ ਬਦਲਾਈਆ । ਚਾਰ ਵਰਨ ਵਖਾਏ ਇਕ ਧਰਮਸਾਲ, ਧੁਰ ਧਰਮੀ ਬੈਠਾ ਆਸਣ ਲਾਈਆ । ਸੀਸ ਤਾਜ ਦਏ ਵਖਾਲ, ਚਾਰੇ ਮੁਖ ਨਾਲ ਰਲਾਈਆ । ਮਾਝਾ ਮਾਲਵਾ ਵੇਖੇ ਲਾਲ, ਦੁਆਬਾ ਆਪਣੀ ਗੰਢ ਪਵਾਈਆ । ਜੰਮੂ ਨਾਮ ਵਸਤ ਖ਼ੁਸ਼ਹਾਲ, ਜ਼ਮ ਜ਼ਮ ਦੇਵੇ ਸੱਚਾ ਮਾਹੀਆ । ਬਹੱਤਰ ਬਹੱਤਰ ਕਰ ਪ੍ਰਿਤਪਾਲ, ਬਹੱਤਰ ਸੇਵਾ ਇਕ ਲਗਾਈਆ । ਛੱਤੀ ਛੱਤੀ ਖੇਲ ਨਿਆਰ, ਜੁਗ ਛੱਤੀ ਖੇਡ ਮੁਕਾਈਆ । ਛੱਤੀ ਰਾਗ ਜਾਇਣ ਹਾਰ, ਬਹੱਤਰ ਭਗਤ ਮਿਲੇ ਵਡਿਆਈਆ । ਚੌਦਾਂ ਗੁਰੂ ਕਰੇ ਜ਼ਾਹਰ, ਆਪ ਆਪਣਾ ਪਰਦਾ ਲਾਹੀਆ । ਛੱਤੀ ਦਿਵਸ ਕਰੇ ਭਾਲ, ਤ੍ਰੈ ਤ੍ਰੈ ਆਪਣਾ ਰੂਪ ਵਖਾਈਆ । ਛੇ ਘਰ ਪਾਵੇ ਆਪੇ ਸਾਰ, ਸ਼ਾਸਤਰ ਸਿਮਰਤ ਭੇਵ ਨਾ ਰਾਈਆ । ਸਚ ਦਵਾਰ ਕਰ ਤਿਆਰ, ਤ੍ਰੈਗੁਣ ਅਤੀਤਾ ਗੋਬਿੰਦ ਮੀਤਾ ਸਚ ਸਿੰਘਾਸਣ ਸੋਭਾ ਪਾਈਆ । ਨੌ ਦਵਾਰ ਖੋਲ੍ਹ ਕਿਵਾੜ, ਸੱਤ ਸੱਤ ਵੇਖੇ ਏਕਾ ਵਾਰ, ਨੌ ਸੱਤ ਬੰਧਨ ਪਾਈਆ । ਪਹਿਲੀ ਚੇਤ ਲਾਏ ਸਚ ਦਰਬਾਰ । ਪੰਜ ਪਿਆਰੇ ਰਖੇ ਨਾਲ, ਬਹੱਤਰ ਸਿੱਖ ਲਏ ਉਠਾਲ, ਕਰੇ ਖੇਲ ਆਪ ਨਿਰਾਲ, ਸਤਿ ਸਤਿਵਾਦੀ ਸੀਸ ਜਗਦੀਸ ਪਗੜੀ ਦਏ ਬੰਧਾਈਆ । ਗੁਰਦਿਆਲ ਸਿੰਘ ਤੇਰਾ ਪੂਰਾ ਕਰੇ ਸਵਾਲ, ਤੇਰੀ ਰਾਜ ਬਣਤਰ ਦਏ ਵਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇ ਫ਼ਰਮਾਨ ਰਾਸ਼ਟਰ ਪਤ ਦਏ ਸਮਝਾਈਆ ।



★ ਰਾਸ਼ਟਰਪਤੀ ਅਤੇ ਪੰਡਤ ਨਹਿਰੂ ਨੂੰ ਸ਼ਬਦ ਭੇਜਿਆ ★

ਰਾਸ਼ਟਰਪਤ ਮਾਰ ਧਿਆਨ, ਤ੍ਰੈਗੁਣ ਅਤੀਤਾ ਕਰੇ ਜਣਾਈਆ । ਲੋਕਮਾਤ ਬਣਾਏ ਸਚ ਨਿਸ਼ਾਨ, ਸਚ ਨਿਸ਼ਾਨਾ ਇਕ ਸਮਝਾਈਆ । ਛੱਤੀ ਜੁਗ ਦੀ ਚੁੱਕੇ ਆਣ, ਛੱਤੀ ਛੱਤੀ ਬੰਧਨ ਪਾਈਆ । ਚਾਰ ਵਰਨ ਕਰੇ ਪਰਵਾਨ, ਜ਼ਾਤ ਪਾਤ ਭੇਵ ਮਿਟਾਈਆ । ਨੌ ਖੰਡ ਪ੍ਰਿਥਮੀ ਦੇਵੇ ਇਕ ਗਿਆਨ, ਸੋਹੰ ਸ਼ਬਦ ਕਰੇ ਪੜ੍ਹਾਈਆ । ਪਹਿਲੀ ਚੇਤ ਜਿਸ ਤਲਵਾਰ ਨਾ ਰੱਖੀ ਵਿਚ ਮਿਆਨ, ਸਚ ਵਸਤ ਗਿਆ ਹੱਥ ਫੜਾਈਆ । ਸੋ ਸਾਹਿਬ ਪਰਗਟ ਹੋਇਆ ਆਣ, ਵਿਸ਼ਨੂੰ ਭਗਵਾਨ ਨਾਉਂ ਧਰਾਈਆ । ਜਿਸ ਦੀ ਮੰਨਣੀ ਪਏ ਆਣ, ਲੁਕਿਆ ਕੋਇ ਰਹਿਣ ਨਾ ਪਾਈਆ । ਅੰਤਮ ਦੇਵੇ ਇਕ ਫ਼ਰਮਾਨ, ਹੁਕਮੀ ਹੁਕਮ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ ਰਿਹਾ ਪੁਚਾਈਆ । ਸਤਿਜੁਗ ਬਣੇ ਸਚ ਨਿਸ਼ਾਨਾ, ਸ੍ਰੀ ਭਗਵਾਨ ਆਪ ਬਣਾਇੰਦਾ । ਕਲਜੁਗ ਮਿਟੇ ਕੂੜ ਜਹਾਨਾ, ਕੂੜ ਪਰਜਾ ਕੂੜ ਰਾਜਾ ਸਤਿ ਨਜ਼ਰ ਕੋਇ ਨਾ ਆਇੰਦਾ । ਭਗਤ ਭਗਵੰਤ ਬੰਨ੍ਹੇ ਨਾਮ ਗਾਨਾ, ਸਾਚਾ ਤੰਦ ਇਕ ਵਖਾਇੰਦਾ । ਨਿਰਗੁਣ ਨਿਰਗੁਣ ਹੋ ਪਰਧਾਨਾ, ਸਰਗੁਣ ਸਰਗੁਣ ਵੇਖ ਵਖਾਇੰਦਾ । ਛੱਬੀ ਪੋਹ ਦਿਵਸ ਮਹਾਨਾ, ਜੋਤੀ ਜਾਤਾ ਆਪ ਸਮਝਾਇੰਦਾ । ਬਹੱਤਰ ਭਗਤ ਕਰੇ ਪਰਧਾਨਾ, ਚਾਰ ਜੁਗ ਦਾ ਲੇਖਾ ਪੂਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਜਣਾਇੰਦਾ । ਸਾਚਾ ਹੁਕਮ ਸ੍ਰੀ ਭਗਵੰਤ, ਨਿਰਭੈ ਹੋ ਜਣਾਈਆ । ਸਰਬ

ਜੀਆਂ ਦਾ ਏਕਾ ਕੰਤ, ਏਕਾ ਹੱਥ ਵਡਿਆਈਆ । ਕਲਜੁਗ ਆਇਆ ਅੰਤਮ ਅੰਤ, ਲੋਕਮਾਤ ਰਹਿਣ ਨਾ ਪਾਈਆ । ਜਗਤ ਖ਼ਵਾਰੀ ਝੂਠੀ ਬਣਤ, ਬਿਨ ਹਰਿ ਨਾਮ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਅੱਖਰ ਦਏ ਵਖਾਈਆ । ਏਕਾ ਅੱਖਰ ਜਗਤ ਮਲਾਹ, ਖੇਵਟ ਖੇਟਾ ਆਪ ਸਮਝਾਇੰਦਾ । ਪੰਡਤ ਨਹਿਰੂ ਨਾਲ ਕਰ ਸਲਾਹ, ਕਵਣ ਲਿਖ ਲਿਖ ਲੇਖ ਪੁਚਾਇੰਦਾ । ਕਵਣ ਬਣੇ ਅੰਤ ਮਲਾਹ, ਬੇੜਾ ਪਾਰ ਕਰਾਇੰਦਾ । ਕਵਣ ਨਦੀਆਂ ਥਲ ਵੇਖੇ ਅਸਗਾਹ, ਸਮੁੰਦ ਸਾਗਰ ਫੇਰਾ ਪਾਇੰਦਾ । ਕਵਣ ਚਾਰ ਵਰਨ ਪਕੜੇ ਬਾਂਹ, ਗ਼ਰੀਬ ਨਿਮਾਣੇ ਗਲੇ ਲਗਾਇੰਦਾ । ਕਵਣ ਜਪਾਏ ਸੱਚਾ ਨਾਂ, ਸੋਹੰ ਆਤਮ ਪਰਮਾਤਮ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੂਪ ਆਪ ਧਰਾਇੰਦਾ । ਰੂਪ ਧਰੇ ਹਰਿ ਨਿਰੰਕਾਰ, ਨਿਹਕਲੰਕ ਨਾਉਂ ਰਖਾਈਆ । ਪੰਡਤ ਪਾਂਧੇ ਕਰਨ ਵਿਚਾਰ, ਸ਼ਾਸਤਰ ਸਿਮਰਤ ਭੇਵ ਨਾ ਰਾਈਆ । ਸਤਿਜੁਗ ਨੀਂਹ ਰਿਹਾ ਉਸਾਰ, ਸਾਚੇ ਭਗਤਾਂ ਸੇਵਾ ਲਾਈਆ । ਸੰਬਲ ਬਣੇ ਧਾਮ ਨਿਆਰ, ਚਵ੍ਹੀ ਹੱਥ ਨਿਸ਼ਾਨ ਝੁਲਾਈਆ । ਛੱਤੀ ਫੁੱਟ ਬਣੇ ਮਨਾਰ, ਚਾਰ ਕੁੰਟ ਦੀਵਾਰ ਜਣਾਈਆ । ਅੰਦਰ ਬਹੇ ਸੱਚੀ ਸਰਕਾਰ, ਸਾਢੇ ਤਿੰਨ ਹੱਥ ਸੇਵ ਕਮਾਈਆ । ਸੇਵਾ ਕਰ ਲੈ ਅੰਤਮ ਵਾਰ, ਵੇਲਾ ਗਿਆ ਹੱਥ ਨਾ ਆਈਆ । ਭਗਤ ਭਗਵੰਤ ਜੁਗ ਜੁਗ ਕਰੇ ਖ਼ਬਰਦਾਰ, ਨਾਮ ਹਲੂਣਾ ਏਕਾ ਲਾਈਆ । ਦਰ ਆ ਕੇ ਦੇ ਗਿਆ ਤਲਵਾਰ, ਸੀਸ ਆਪਣੇ ਤਾਜ ਟਿਕਾਈਆ । ਚੁਰਾਸੀ ਕਲਿਆਂ ਕਰ ਸ਼ਿੰਗਾਰ, ਲੱਖ ਚੁਰਾਸੀ ਆਪਣੇ ਨਾਲ ਬੰਧਾਈਆ । ਛੱਬੀ ਪੋਹ ਕਲਜੁਗ ਜੜ੍ਹ ਦਏ ਉਖਾੜ, ਸਤਿਜੁਗ ਸਾਚਾ ਬੂਟਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਹੱਤਰ ਸਿੱਖਾਂ ਏਕਾ ਵਾਰ, ਏਕਾ ਸੇਵ ਇਕੋ ਇਕ ਸਮਝਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਖੇਲ ਜਗਤ ਮਹਾਨ, ਰਾਸ਼ਟਰਪਤ ਪੰਡਤ ਨਹਿਰੂ ਕਰ ਧਿਆਨ, ਇਕ ਦੂਜੇ ਨਾਲ ਮਿਲ ਮਿਲ ਸਚ ਸਲਾਹੀਆ ।

## ★ ੭ ਅਸੂ ੨੦੧੮ ਬਿਕ੍ਰਮੀ ਜੇਠੂਵਾਲ ਦਰਬਾਰ ਵਿਚ ★

ਸੋ ਪੁਰਖ ਨਿਰੰਜਣ ਖੇਲ ਅਪਾਰਾ, ਹਰਿ ਅਪਰੰਪਰ ਆਪ ਕਰਾਈਆ । ਨਿਰਗੁਣ ਖੇਲ ਸਰਗੁਣ ਧਾਰਾ, ਸਤਿ ਸਤਿਵਾਦੀ ਆਪ ਚਲਾਈਆ । ਜੋਤੀ ਜਾਤਾ ਹੋ ਉਜਿਆਰਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਜੁਗਾ ਜੁਗੰਤਰ ਪਾਵੇ ਸਾਰਾ, ਜੁਗ ਚੌਕੜੀ ਵੇਖ ਵਖਾਈਆ । ਨਾਮ ਸਤਿ ਬੋਲ ਜੈਕਾਰਾ, ਬ੍ਰਹਮ ਮਤ ਦਏ ਜਣਾਈਆ । ਕਮਲਾਪਤ ਹਰਿ ਗਿਰਧਾਰਾ, ਨਿਰਾਕਾਰ ਸਚਾ ਸ਼ਹਿਨਸ਼ਾਹੀਆ । ਸਾਚੇ ਤਖ਼ਤ ਬੈਠ ਸੱਚੀ ਸਰਕਾਰਾ, ਸ਼ਾਹ ਪਾਤਸ਼ਾਹ ਹੁਕਮ ਜਣਾਈਆ । ਆਦਿ ਅੰਤ ਰਹੇ ਨਿਆਰਾ, ਨਿਰਵੈਰ ਖੇਲ ਖਿਲਾਈਆ । ਸ਼ਬਦ ਅਨਾਦ ਏਕਾ ਨਾਅਰਾ, ਨਾਮ ਨਿਧਾਨਾ ਆਪੇ ਗਾਈਆ । ਧਰਨੀ ਧਵਲ ਦੇ ਸਹਾਰਾ, ਧਰਤ ਦਏ ਵਡਿਆਈਆ । ਜਲ ਜਲ ਰੂਪ ਠੰਡੀ ਠਾਰਾ, ਤੀਰਥ ਤਟ ਸੁਹਾਈਆ । ਗੁਰ ਅਵਤਾਰ ਦੇ ਸਹਾਰਾ, ਭੇਵ ਅਭੇਦ ਖੁਲ੍ਹਾਈਆ । ਕਰੇ ਕਰਾਏ ਆਪਣੀ ਕਾਰਾ, ਕਰਤਾ ਪੁਰਖ ਵਡ ਵਡਿਆਈਆ । ਸਤਿਜੁਗ ਤਰੇਤਾ ਵੇਖ ਅਖਾੜਾ, ਦਵਾਪਰ ਫੇਰਾ ਪਾਈਆ । ਕਲਜੁਗ ਸੁਣੇ ਆਪ ਪੁਕਾਰਾ, ਅਭੁਲ ਭੁੱਲ ਕਦੇ ਨਾ ਜਾਈਆ । ਜੀਵ ਜੰਤ ਹਾਹਾਕਾਰਾ, ਮਛ ਕਛ ਰਿਹਾ ਕੁਰਲਾਈਆ ।

੧੨੭੫
੧੦

ਗਗਨ ਮੰਡਲ ਧੁਆਂਧਾਰਾ, ਰਵ ਸਸ ਨਾ ਕੋਇ ਰੁਸ਼ਨਾਈਆ । ਨਵ ਨੌ ਡੂੰਘੀ ਗਾਰਾ, ਸਤਿ ਸਤਿਵਾਦੀ ਚੰਦ ਨਾ ਕੋਈ ਚੜ੍ਹਾਈਆ । ਪਾਰਬ੍ਰਹਮ ਨਾ ਕੋਇ ਪਿਆਰਾ, ਬ੍ਰਹਮ ਮੇਲ ਨਾ ਕੋਇ ਮਿਲਾਈਆ । ਸਚ ਮਹੱਲ ਨਾ ਕੋਇ ਮੁਨਾਰਾ, ਜਗਤ ਵਾਸਨਾ ਫਿਰੇ ਲੋਕਾਈਆ । ਮੰਦਰ ਮਸਜਦ ਗੁਰੂਦਵਾਰਾ, ਸ਼ਿਵਦਵਾਲਾ ਮਠ ਜਗਤ ਲੜਾਈਆ । ਪੁਰਖ ਅਬਿਨਾਸ਼ੀ ਵਸੇ ਬਾਹਰਾ, ਹੱਥ ਕਿਸੇ ਨਾ ਆਈਆ । ਕਰੇ ਖੇਲ ਅਗੰਮ ਅਪਾਰਾ, ਅਲਖ ਅਗੋਚਰ ਵਡ ਵਡਿਆਈਆ । ਨਿਹਕਲੰਕ ਲੈ ਅਵਤਾਰਾ, ਸੰਬਲ ਆਪਣਾ ਧਾਮ ਸੁਹਾਈਆ । ਗੋਬਿੰਦ ਮੇਲਾ ਮੀਤ ਮੁਰਾਰਾ, ਗੁਰ ਚੇਲਾ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਬੰਧਨ ਆਪੇ ਪਾਈਆ । ਬੰਧਨ ਪਾਏ ਹਰਿ ਨਿਰੰਕਾਰ, ਜੁਗ ਜੁਗ ਆਪਣਾ ਵੇਸ ਵਟਾਈਆ । ਜੁਗ ਚੌਕੜੀ ਖੇਲ ਅਪਾਰ, ਰੂਪ ਅਨੂਪ ਧਰਾਈਆ । ਨਿਰਗੁਣ ਸਰਗੁਣ ਹੋ ਉਜਿਆਰ, ਸਰਗੁਣ ਸਰਗੁਣ ਲਏ ਸਮਝਾਈਆ । ਸਰਗੁਣ ਮੀਤ ਬਣ ਮੁਰਾਰ, ਸਗਲਾ ਸੰਗ ਨਿਭਾਈਆ । ਸਰਗੁਣ ਇਸ਼ਟ ਵਿਚ ਸੰਸਾਰ, ਦ੍ਰਿਸ਼ਟ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਖਿਲਾਈਆ । ਸਾਚਾ ਖੇਲ ਹਰਿ ਕਰਤਾਰਾ, ਆਦਿ ਜੁਗਾਦਿ ਕਰਾਇੰਦਾ । ਜੁਗ ਜੁਗ ਵੇਖੇ ਵੇਖਣਹਾਰਾ, ਦਿਸ ਕਿਸੇ ਨਾ ਆਇੰਦਾ । ਗੁਰ ਅਵਤਾਰ ਦੇ ਸਹਾਰਾ, ਲੋਕਮਾਤ ਪਰਗਟਾਇੰਦਾ । ਆਪੇ ਜਾਣੇ ਅਗੰਮੀ ਧਾਰਾ, ਨਾਮ ਸਤਾਰਾ ਇਕ ਵਜਾਇੰਦਾ । ਸ਼ਬਦ ਅਨਾਦ ਅਨਾਦੀ ਧੁਨਕਾਰਾ, ਧੁਨ ਆਤਮਕ ਆਪ ਸੁਣਾਇੰਦਾ । ਨਿਰਗੁਣ ਦੀਆ ਕਰ ਉਜਿਆਰਾ, ਜੋਤੀ ਜਾਤਾ ਡਗਮਗਾਇੰਦਾ । ਕਾਇਆ ਮੰਦਰ ਸਚ ਮਨਾਰਾ, ਮਹੱਲ ਅਟਲ ਆਪ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਕਰਾਇੰਦਾ । ਸਾਚਾ ਖੇਲ ਕਰਨੇਯੋਗ, ਜੁਗਤ ਆਪਣੇ ਹੱਥ ਰਖਾਈਆ । ਲੇਖਾ ਜਾਣੇ ਲੋਕ ਪਰਲੋਕ, ਬ੍ਰਹਿਮੰਡ ਖੰਡ ਭੇਵ ਚੁਕਾਈਆ । ਨਾਮ ਜਣਾਏ ਸਚ ਸਲੋਕ, ਜੁਗਾ ਜੁਗੰਤਰ ਜਗਤ ਪੜ੍ਹਾਈਆ । ਭਾਗ ਲਗਾਏ ਸਾਚੇ ਕੋਟ, ਕਾਇਆ ਬੰਕ ਸੋਭਾ ਪਾਈਆ । ਨਾਮ ਭੰਡਾਰਾ ਦੇ ਅਤੋਟ, ਅਤੁਟ ਆਪ ਵਰਤਾਈਆ । ਕੱਢਣਹਾਰਾ ਵਾਸਨਾ ਖੋਟ, ਸਚ ਸੁਚ ਵਿਚ ਸਮਾਈਆ । ਇਕ ਜਣਾਏ ਸਾਚੀ ਓਟ, ਪੁਰਖ ਅਕਾਲ ਇਸ਼ਟ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਈਆ । ਸਾਚਾ ਖੇਲ ਸ੍ਰੀ ਭਗਵਾਨ, ਜੁਗ ਕਰਤਾ ਆਪ ਕਰਾਇੰਦਾ । ਕਲਜੁਗ ਅੰਤਮ ਹੋ ਪਰਧਾਨ, ਸਚ ਪਰਧਾਨਗੀ ਆਪ ਕਮਾਇੰਦਾ । ਸਾਚੇ ਤਖ਼ਤ ਬੈਠ ਸੁਲਤਾਨ, ਤਖ਼ਤ ਨਿਵਾਸੀ ਸੋਭਾ ਪਾਇੰਦਾ । ਸ਼ਾਹੋ ਭੂਪ ਬਣ ਰਾਜਾਨ, ਹੁਕਮੀ ਹੁਕਮ ਆਪ ਮਨਾਇੰਦਾ । ਦੇਵਣਹਾਰਾ ਦਾਨੀ ਦਾਨ, ਵਸਤ ਅਮੋਲਕ ਆਪ ਵਰਤਾਇੰਦਾ । ਸਰਬ ਘਟਾਂ ਘਟ ਜਾਣੀ ਜਾਣ, ਜਾਨਣਹਾਰ ਭੇਵ ਖੁਲ੍ਹਾਇੰਦਾ । ਪਰਗਟ ਹੋ ਵਿਚ ਜਹਾਨ, ਨਿਰਗੁਣ ਆਪਣਾ ਨਾਉਂ ਰਖਾਇੰਦਾ । ਸ਼ਬਦ ਉਡਾਏ ਇਕ ਬਬਾਣ, ਪੁਰੀਆਂ ਲੋਆਂ ਆਪ ਫਿਰਾਇੰਦਾ । ਆਪੇ ਵੇਖੇ ਮਾਰ ਧਿਆਨ, ਵੇਖਣਹਾਰਾ ਦਿਸ ਨਾ ਆਇੰਦਾ । ਸਤ ਰੰਗਾਏ ਇਕ ਨਿਸ਼ਾਨ, ਦੋ ਜਹਾਨਾ ਆਪ ਝੁਲਾਇੰਦਾ । ਪਰਮ ਪੁਰਖ ਹੋ ਮਿਹਰਵਾਨ, ਦੀਨ ਦਿਆਲ ਦਇਆ ਕਮਾਇੰਦਾ । ਗੁਰਮੁਖ ਸਾਚੇ ਚਤੁਰ ਸੁਜਾਨ, ਲੋਕਮਾਤ ਉਠਾਇੰਦਾ । ਆਤਮ ਅੰਤਰ ਇਕ ਗਿਆਨ, ਆਪਣਾ ਦਰਸ ਕਰਾਇੰਦਾ । ਨਾਤਾ ਤੋੜ ਜੀਵ ਜਹਾਨ, ਏਕਾ ਬੰਧਨ ਪਾਇੰਦਾ । ਏਕਾ ਰਾਗ ਸੁਣਾਏ ਕਾਨ, ਅੱਖਰ ਵੱਖਰ ਆਪ ਪੜ੍ਹਾਇੰਦਾ । ਏਕਾ ਮੰਦਰ ਇਕ ਮਕਾਨ, ਨੌ ਦਵਾਰ ਖੋਲ੍ਹ ਖੁਲ੍ਹਾਇੰਦਾ । ਏਕਾ ਘਰ ਮਿਲੇ ਭਗਵਾਨ, ਦੂਜੇ

ਦਰ ਨਾ ਮੰਗਣ ਜਾਇੰਦਾ । ਇਕ ਵਖਾਏ ਸਚ ਨਿਸ਼ਾਨ, ਸਤਿ ਸਤਿਵਾਦੀ ਆਪ ਝੁਲਾਇੰਦਾ । ਇਕ ਜਣਾਏ ਆਪਣੀ ਆਣ, ਦੂਸਰ ਓਟ ਨਾ ਕੋਇ ਵਖਾਇੰਦਾ । ਆਪੇ ਹੋਏ ਬੇਪਹਿਚਾਨ, ਦਿਸ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਖੇਲ ਕਰ ਪੁਰਖ ਸਮਰਥ, ਆਪਣੀ ਬਣਤ ਆਪ ਬਣਾਈਆ । ਆਪ ਚਲਾਏ ਆਪਣਾ ਰਥ, ਰਥ ਰਥਵਾਹੀ ਸੇਵ ਕਮਾਈਆ । ਆਪੇ ਜਾਣੇ ਮਹਿਮਾ ਅਕਥ, ਕਥਨੀ ਕਥ ਨਾ ਸਕੇ ਰਾਈਆ । ਆਪਣਾ ਮਾਰਗ ਆਪੇ ਦੱਸ, ਆਪੇ ਲਏ ਲਗਾਈਆ । ਆਪਣੇ ਮੰਦਰ ਆਪੇ ਵਸ, ਆਪੇ ਸੋਭਾ ਪਾਈਆ । ਆਪੇ ਜਾਣੇ ਆਪਣਾ ਰਸ, ਰਸ ਰਸੀਆ ਸਾਚਾ ਮਾਹੀਆ । ਆਪਣਾ ਆਪੇ ਹੋਏ ਆਪਣੇ ਵਸ, ਆਪਣੀ ਆਸ ਆਪ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਖਿਲੌਣਾ, ਖੇਲਣਹਾਰਾ ਇਕ ਅਖਵਾਇੰਦਾ । ਸਚਖੰਡ ਦਵਾਰੇ ਭਾਗ ਲਗੌਣਾ, ਸਚਖੰਡ ਦਵਾਰ ਸੋਭਾ ਪਾਇੰਦਾ । ਨਿਰਗੁਣ ਹੋ ਹੋ ਵੇਸ ਵਟੌਣਾ, ਰੂਪ ਅਨੂਪ ਧਰਾਇੰਦਾ । ਨਿਹਕਲੰਕਾ ਨਾਉਂ ਰਖੌਣਾ, ਜ਼ਾਤ ਪਾਤ ਨਾ ਕੋਇ ਜਣਾਇੰਦਾ । ਸਤਿ ਸਤਿਵਾਦੀ ਮਾਰਗ ਲੌਣਾ, ਵੇਦ ਕਤੇਬ ਭੇਵ ਨਾ ਆਇੰਦਾ । ਸਤਿਜੁਗ ਸਾਚਾ ਰਾਹ ਚਲੌਣਾ, ਸਾਚੀ ਸਿਖਿਆ ਇਕ ਸਮਝਾਇੰਦਾ । ਨੌ ਦਵਾਰੇ ਖੋਲ੍ਹ ਖੁਲ੍ਹੌਣਾ, ਦਰ ਆਪਣਾ ਬੰਦ ਵਖਾਇੰਦਾ । ਸਾਚਾ ਸਗਨ ਆਪ ਮਨੌਣਾ, ਆਪ ਆਪਣਾ ਦਿਨ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦੂਸਰ ਅਵਰ ਨਾ ਸੰਗ ਰਲਾਇੰਦਾ । ਨਾ ਕੋਈ ਸੰਗ ਨਾ ਕੋਈ ਸੰਗੀ, ਸਗਲਾ ਸੰਗ ਨਾ ਕੋਇ ਰਖਾਈਆ । ਜਨ ਭਗਤਾਂ ਦੇਵੇ ਦਾਤ ਅਨਮੰਗੀ, ਵਸਤ ਅਮੋਲਕ ਆਪਣੇ ਹੱਥ ਰਖਾਈਆ । ਜਨਮ ਜਨਮ ਦੀ ਕੱਟੇ ਤੰਗੀ, ਰੋਗ ਸੋਗ ਗਵਾਈਆ । ਵਿਚੋਂ ਕੱਢੇ ਵਾਸਨਾ ਗੰਦੀ, ਸੋਹੰ ਅੱਖਰ ਇਕ ਪੜ੍ਹਾਈਆ । ਰਾਏ ਧਰਮ ਨਾ ਪਾਏ ਫੰਦੀ, ਜਗਤ ਜੰਜਾਲਾ ਦਏ ਮਿਟਾਈਆ । ਸ੍ਰਿਸ਼ਟ ਸਬਾਈ ਹੋਈ ਅੰਧੀ, ਹਰਿ ਕਾ ਰੂਪ ਨਜ਼ਰ ਨਾ ਆਈਆ । ਲੱਖ ਚੁਰਾਸੀ ਖੜੀ ਕੰਧੀ, ਕਲਜੁਗ ਏਕਾ ਧੱਕਾ ਲਾਈਆ । ਸਚ ਸਿੰਘਾਸਣ ਬਹਿ ਬਹਿ ਪਾਏ ਵੰਡੀ, ਵੰਡਣਹਾਰਾ ਇਕ ਅਖਵਾਈਆ । ਗੋਬਿੰਦ ਲੈ ਕੇ ਆਏ ਗੰਢੀ, ਆਪਣੀ ਗੰਢ ਏਕਾ ਪਾਈਆ । ਜਨ ਭਗਤਾਂ ਦੇਵੇ ਪਵਣ ਠੰਡੀ, ਨਾਮ ਸੁਗੰਧੀ ਵਿਚ ਰਲਾਈਆ । ਬਿਨ ਰਸਨਾ ਜਿਹਵਾ ਚਲਾਏ ਤੰਦੀ, ਤਾਰ ਸਿਤਾਰ ਆਪ ਹਿਲਾਈਆ । ਲੱਖ ਚੁਰਾਸੀ ਵਹੇ ਵਹਿੰਦੀ ਨਦੀ, ਪਾਰ ਕਿਨਾਰਾ ਨਾ ਕੋਇ ਰਖਾਈਆ । ਲਹਿਣਾ ਮੁੱਕੇ ਚੌਧਵੀਂ ਸਦੀ, ਸਦ ਸਦ ਸਨੇਹੜਾ ਰਿਹਾ ਪੁਚਾਈਆ । ਆਪੇ ਵੰਡਣਹਾਰਾ ਹੱਦੀ, ਅੰਤ ਹਦੂਦ ਦਏ ਵਖਾਈਆ । ਚਾਰ ਜੁਗ ਦਾ ਪਿਛਲਾ ਲੇਖਾ ਹੋਇਆ ਰੱਦੀ, ਅੱਗੇ ਕ਼ੀਮਤ ਕੋਇ ਨਾ ਪਾਈਆ । ਨਾ ਕੋਈ ਸੁਦੀ ਨਾ ਕੋਈ ਵਦੀ, ਥਿਤ ਵਾਰ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮਾਰਗ ਆਪ ਜਣਾਈਆ । ਸਾਚਾ ਮਾਰਗ ਹਰਿ ਲਗੌਣਾ, ਸਤਿ ਸਤਿਵਾਦੀ ਦਇਆ ਕਮਾਇੰਦਾ । ਸਾਲ ਸਤਵੇਂ ਖੇਲ ਖਿਲੌਣਾ, ਸਤ ਸਤ ਆਪਣਾ ਬੰਧਨ ਪਾਇੰਦਾ । ਸਾਚੀ ਰਤ ਰੰਗ ਚੜ੍ਹੌਣਾ, ਰੰਗਿਆ ਰੰਗ ਉਤਰ ਨਾ ਜਾਇੰਦਾ । ਜਨ ਭਗਤਾਂ ਪਰਮਾਨੰਦ ਵਖੌਣਾ, ਅਨੰਦ ਅਨੰਦ ਆਪਣਾ ਰੂਪ ਵਟਾਇੰਦਾ । ਗ੍ਰਿਹ ਗ੍ਰਿਹ ਆਪਣਾ ਚੰਦ ਚੜ੍ਹੌਣਾ, ਨਿਰਗੁਣ ਜੋਤ ਡਗਮਗਾਇੰਦਾ । ਗੀਤ ਸੁਹਾਗੀ ਛੰਦ ਸੁਣੌਣਾ, ਗੋਬਿੰਦ ਆਪ ਅਲਾਇੰਦਾ । ਜਨਮ ਜਨਮ ਦਾ ਪੰਧ ਮੁਕੌਣਾ, ਜਗਤ ਖੇੜਾ ਆਪੇ ਢਾਹਿੰਦਾ । ਆਪਣੇ ਖੇੜੇ ਸਦ ਬਹੌਣਾ, ਸਾਚਾ ਖੇੜਾ

੧੨੭੭
੧੦

ਆਪ ਵਸਾਇੰਦਾ । ਨੇਰਨ ਨੇਰੇ ਹੋ ਹੋ ਦਰਸ ਦਿਖੌਣਾ, ਦੂਰ ਦੁਰਾਡਾ ਪੰਧ ਮੁਕਾਇੰਦਾ । ਜੁਗ ਜੁਗ ਟੁੱਟੀ ਗੰਢ ਪਵੌਣਾ, ਆਪ ਆਪਣੀ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਸਾਚਾ ਖੇਲ ਕਰੇ ਕਰਤਾਰ, ਕਲਜੁਗ ਤੇਰਾ ਵੇਖ ਵਖਾਈਆ । ਲੇਖਾ ਜਾਣੇ ਧੁਰ ਦਰਬਾਰ, ਦਰਗਹਿ ਸਾਚੀ ਸੋਭਾ ਪਾਈਆ । ਧਰਤ ਧਵਲ ਹੋ ਉਜਿਆਰ, ਰੂਪ ਅਨੂਪ ਵਟਾਈਆ । ਭਗਤ ਭਗਵੰਤ ਕਰ ਪਿਆਰ, ਦਰ ਸਾਚੇ ਮੇਲ ਮਿਲਾਈਆ । ਕਾਇਆ ਭਾਂਡੇ ਕਾਚੇ ਕਰੇ ਠੰਡੇ ਠਾਰ, ਸੀਤਲ ਧਾਰ ਅੰਮ੍ਰਿਤ ਮੁਖ ਚੁਆਈਆ । ਏਕਾ ਰੰਗ ਰੰਗਾਏ ਪੁਰਖ ਨਾਰ, ਜੋ ਜਨ ਚਰਨ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚੇ ਦਏ ਵਡਿਆਈਆ । ਦਰ ਘਰ ਸਾਚਾ ਸਚ ਸੁਹੌਣਾ, ਸੋਭਾਵੰਤ ਆਪ ਸੁਹਾਇੰਦਾ । ਪੁਰਖ ਅਬਿਨਾਸ਼ੀ ਆਪ ਉਪਜੌਣਾ, ਆਪਣਾ ਹੁਕਮ ਆਪ ਮਨਾਇੰਦਾ । ਸੰਮਤ ਪੰਦਰਾਂ ਚੇਤੇ ਕਰੌਣਾ, ਪਹਿਲੀ ਪੋਹ ਹੁਕਮ ਸੁਣਾਇੰਦਾ । ਨੌ ਸਿੱਖ ਨੌ ਦਰ ਬਹੌਣਾ, ਨੌ ਨੌ ਜੋੜੇ ਨਾਲ ਰਲਾਇੰਦਾ । ਨਵ ਨੌ ਬਸਤਰ ਇਕ ਵਖੌਣਾ, ਏਕਾ ਰੰਗ ਚੜ੍ਹਾਇੰਦਾ । ਸਾਚੀ ਇਕੀ ਏਕਾ ਘਰ ਪੌਣਾ, ਸਾਚੀ ਸਿਖੀ ਮੂਲ ਮੁਕਾਇੰਦਾ । ਧਾਰੋਂ ਤਿਖੀ ਆਪ ਜਣੌਣਾ, ਵਾਲੋਂ ਨਿੱਕੀ ਆਪਣੇ ਵਿਚ ਛੁਪਾਇੰਦਾ । ਅਨਡਿਠੀ ਖੇਲ ਆਪ ਕਰੌਣਾ, ਚਾਰ ਜੁਗ ਵੇਦ ਕਤੇਬ ਸ਼ਾਸਤਰ ਸਿਮਰਤ ਭੇਵ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਜਣਾਇੰਦਾ ।



੧੨੭੮ ੧੦

## ★ ੧੩ ਅਸੂ ੨੦੧੮ ਬਿਕ੍ਰਮੀ ਜੇਠੂਵਾਲ ਦਰਬਾਰ ਵਿਚ ★

ਹਰਿ ਭਗਤ ਦਵਾਰਾ ਭਗਤੀ ਰੰਗ, ਸ੍ਰੀ ਭਗਵਾਨ ਆਪ ਚੜ੍ਹਾਇੰਦਾ । ਮਿਹਰਵਾਨ ਮਿਹਰਵਾਨ ਮਿਹਰਵਾਨ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਦਇਆ ਕਮਾਇੰਦਾ । ਹਰਿਜਨ ਸੁਹਾਵਣੀ ਵੇਖ ਸੇਜ ਪਲੰਘ, ਪੁਰਖ ਅਬਿਨਾਸ਼ੀ ਆਸਣ ਲਾਇੰਦਾ । ਨਿਰਧਨ ਘਰ ਵਜਾਏ ਮਰਦੰਗ, ਸਾਚੀ ਸੇਵਾ ਸੇਵ ਕਮਾਇੰਦਾ । ਚਾਰ ਜੁਗ ਦੇ ਵਿਛੜੇ ਲਾਏ ਅੰਗ, ਅੰਗੀਕਾਰ ਆਪ ਅਖਵਾਇੰਦਾ । ਜਨਮ ਜਨਮ ਦੀ ਕੱਟੇ ਭੁੱਖ ਨੰਗ, ਨਾਮ ਵਸਤ ਅਮੋਲਕ ਆਪ ਵਰਤਾਇੰਦਾ । ਦੂਈ ਦਵੈਤੀ ਢਾਹੇ ਕੰਧ, ਭਾਂਡਾ ਭਰਮ ਭੌ ਭੰਨਾਇੰਦਾ । ਗ੍ਰਿਹਿ ਮੰਦਰ ਸੁਣਾਏ ਛੰਦ, ਗੀਤ ਗੋਬਿੰਦ ਆਪ ਅਲਾਇੰਦਾ । ਦੋ ਜਹਾਨ ਵਖਾਏ ਇਕ ਅਨੰਦ, ਅਨੰਦ ਅਨੰਦ ਵਿਚ ਜਣਾਇੰਦਾ । ਜੁਗ ਚੌਕੜੀ ਮੁਕਿਆ ਪੰਧ, ਪਾਂਧੀ ਆਪਣਾ ਪੰਧ ਮੁਕਾਇੰਦਾ । ਭਗਤਨ ਪਾਏ ਏਕਾ ਬੰਧ, ਏਕਾ ਡੋਰ ਹੱਥ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਦਵਾਰਾ ਵੇਖ ਵਖਾਇੰਦਾ । ਭਗਤ ਦਵਾਰਾ ਭਗਤਨ ਮੇਲ, ਸ੍ਰੀ ਭਗਵਾਨ ਖੇਲ ਖਿਲਾਇੰਦਾ । ਗ੍ਰਿਹਿ ਮੰਦਰ ਚੜ੍ਹੇ ਤੇਲ, ਘਰ ਸਾਚਾ ਸਗਨ ਮਨਾਇੰਦਾ । ਕਰੇ ਖੇਲ ਜਗਤ ਨਵੇਲ, ਭੇਵ ਕੋਇ ਨਾ ਪਾਇੰਦਾ । ਜੁਗਾ ਜੁਗੰਤਰ ਸੱਜਣ ਸੁਹੇਲ, ਸਗਲਾ ਸੰਗ ਰਖਾਇੰਦਾ । ਨੌ ਸੌ ਚੁਰਾਨਵੇ ਚੌਕੜੀ ਜੁਗ ਨਾ ਹੋਇਆ ਵੇਹਲ, ਨਿਹਕੇਵ ਆਪਣੀ ਧਾਰ ਨਾ ਕੋਇ ਚਲਾਇੰਦਾ । ਕਲਜੁਗ ਅੰਤਮ ਲੇਖਾ ਜਾਣ ਗੁਰੂ ਗੁਰ ਚੇਲ, ਗੋਬਿੰਦ ਸਾਚੀ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਉਪਾਇੰਦਾ । ਹਰਿਜਨ ਸੱਚਾ ਭਗਤ ਭਗਵਾਨ, ਨਿਰਭੌ ਆਪ ਉਠਾਈਆ । ਨਿਰਭੈ ਦੇਵੇ

ਦਾਨ, ਭਿਆਨਕ ਰੂਪ ਨਾ ਕੋਇ ਜਣਾਈਆ । ਧਰਮ ਰਖਾ ਇਕ ਨਿਸ਼ਾਨ, ਨਿਗਹਬਾਨ ਦਏ ਸਮਝਾਈਆ । ਆਪੇ ਬਖ਼ਸ਼ੇ ਆਪਣੀ ਸਚ ਪਹਿਚਾਨ, ਰਹਿਮਤ ਆਪਣੀ ਆਪ ਕਮਾਈਆ । ਸਾਚੇ ਤਖ਼ਤ ਬੈਠ ਸੁਲਤਾਨ, ਤਖ਼ਤ ਨਿਵਾਸੀ ਖੇਲ ਕਰਾਈਆ । ਹੁਕਮੀ ਹੁਕਮ ਬਣ ਹੁਕਮਰਾਨ, ਹਿਕਮਤ ਆਪਣੇ ਹੱਥ ਰਖਾਈਆ । ਸ਼ਰਅ ਸ਼ਰੀਅਤ ਇਕ ਈਮਾਨ, ਇਬਨੁਲ ਵਕਤ ਕਰੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਾ ਦਏ ਸੁਹਾਈਆ । ਸਚ ਦਵਾਰਾ ਭਗਤ ਗ੍ਰਿਹਿ, ਭਗਵਨ ਆਪ ਸੁਹਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ, ਨਿਰਗੁਣ ਸਰਗੁਣ ਅੰਦਰ ਬਹਿ, ਵੇਸ ਅਨੇਕ ਧਰਾਇੰਦਾ । ਆਪਣੀ ਨਿਸ਼ਅੱਖਰ ਬਾਣੀ ਆਪੇ ਕਹਿ, ਹਰਿਜਨ ਸਾਚੇ ਆਪ ਪੜ੍ਹਾਇੰਦਾ । ਜਨ ਭਗਤਾਂ ਭਾਣਾ ਆਪਣੇ ਸਿਰ ਤੇ ਸਹਿ, ਸੀਸ ਜਗਦੀਸ ਭਾਰ ਉਠਾਇੰਦਾ । ਜੋ ਜਨ ਭਾਣੇ ਅੰਦਰ ਰਹੇ, ਤਿਨ੍ਹ ਆਪਣਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਘਰ ਆਪ ਵਡਿਆਇੰਦਾ । ਭਗਤਨ ਘਰ ਸਚ ਦਵਾਰ, ਦਰਗਹਿ ਸਾਚੀ ਖੇਲ ਖਿਲਾਈਆ । ਨਿਰਗੁਣ ਖੇਲ ਨਾ ਜਾਣੇ ਕੋਇ ਸੰਸਾਰ, ਸਚਖੰਡ ਵੱਜੇ ਵਧਾਈਆ । ਲੋਕਮਾਤ ਲੈ ਅਵਤਾਰ, ਕਲਜੁਗ ਅੰਤਮ ਵੇਸ ਵਟਾਈਆ । ਹਰਿ ਸੱਜਣ ਸਾਚੇ ਲਏ ਉਠਾਲ, ਪਾਰਬ੍ਰਹਮ ਦਇਆ ਕਮਾਈਆ । ਇਕ ਵਖਾਏ ਸੱਚੀ ਧਰਮਸਾਲ, ਸਚ ਦਵਾਰਾ ਆਪ ਸੁਹਾਈਆ । ਜਿਸ ਦਰ ਆਏ ਨਾ ਕਾਲ ਮਹਾਕਾਲ, ਸੋ ਘਰ ਲਏ ਪਰਗਟਾਈਆ । ਜਿਸ ਦਰ ਸੁਣੇ ਹਾਲ, ਹਾਲ ਮੁਰੀਦਾਂ ਝੋਲੀ ਪਾਈਆ । ਜਿਸ ਗ੍ਰਿਹਿ ਤੋੜੇ ਜੰਜਾਲ, ਜੀਵਣ ਜੁਗਤ ਦਏ ਬਤਾਈਆ । ਜਿਸ ਮੰਦਰ ਦੇਵੇ ਧਨ ਮਾਲ, ਨਾਮ ਖ਼ਜ਼ਾਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗ੍ਰਿਹਿ ਮੰਦਰ ਇਕ ਵਡਿਆਈਆ । ਗ੍ਰਿਹਿ ਮੰਦਰ ਹਰਿ ਸਜਣਾ, ਸੋਭਾਵੰਤ ਕਰਤਾਰ । ਭਗਤ ਭਗਵੰਤ ਬਹਿ ਬਹਿ ਸਜਣਾ, ਕਲਜੁਗ ਤੇਰੀ ਅੰਤਮ ਵਾਰ । ਚਾਰ ਵਰਨ ਕਰਾਏ ਮਜਨਾ, ਦੁਰਮਤ ਮੈਲ ਉਤਾਰ । ਨਾਮ ਨਗਾਰਾ ਏਕਾ ਵਜਣਾ, ਆਪ ਵਜਾਏ ਏਕੰਕਾਰ । ਜਨ ਭਗਤਾਂ ਰੱਖੇ ਲੱਜਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਹੋਏ ਪਹਿਰੇਦਾਰ । ਪਹਿਰੇਦਾਰ ਚਾਰ ਦਵਾਰ, ਚਾਰੋਂ ਕੁੰਟ ਵੇਖ ਵਖਾਈਆ । ਜੋਧਾ ਸੂਰਬੀਰ ਬਲੀ ਬਲਕਾਰ, ਬਲ ਬਾਵਨ ਖੇਲ ਖਿਲਾਈਆ । ਧਨੁਸ਼ ਤੋੜੇ ਏਕਾ ਵਾਰ, ਚਿੱਲਾ ਆਪਣਾ ਆਪ ਉਠਾਈਆ । ਆਪੇ ਤੋਲੇ ਗੋਵਰਧਨ ਭਾਰ, ਕਰੇ ਖੇਲ ਬੇਪਰਵਾਹੀਆ । ਆਪੇ ਕੋਹਤੂਰ ਦਏ ਹੁਲਾਰ, ਜਲਵਾ ਨੂਰ ਨੂਰ ਪਰਗਟਾਈਆ । ਆਪੇ ਨਾਮ ਸਤਿ ਬੋਲ ਜੈਕਾਰ, ਸਚਖੰਡ ਦਵਾਰ ਵੇਖ ਵਖਾਈਆ । ਆਪ ਬਣਾਏ ਸੁਤ ਦੁਲਾਰ, ਪੂਤ ਸਪੂਤਾ ਸੋਭਾ ਪਾਈਆ । ਆਪੇ ਨਿਰਗੁਣ ਲੈ ਅਵਤਾਰ, ਨਿਰੰਕਾਰਾ ਵੇਸ ਵਟਾਈਆ । ਜੁਗ ਜੁਗ ਵਿਛੜੇ ਮੇਲੇ ਯਾਰ, ਯਾਰੀ ਯਾਰਾਂ ਨਾਲ ਨਿਭਾਈਆ । ਏਕਾ ਦੇਵੇ ਵਰ ਕਰਤਾਰ, ਪੁਰਖ ਅਬਿਨਾਸ਼ੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਦਵਾਰਾ ਵੇਖ ਵਖਾਈਆ । ਭਗਤ ਦਵਾਰਾ ਉਚ ਮਹੱਲਾ, ਸੋਭਾਵੰਤ ਆਪ ਸੁਹਾਇੰਦਾ । ਵੇਖਣਹਾਰਾ ਇਕ ਇਕੱਲਾ, ਏਕੰਕਾਰਾ ਖੇਲ ਖਿਲਾਇੰਦਾ । ਭਗਤਨ ਅੰਦਰ ਆਪੇ ਰਲਾ, ਰੂਪ ਰੰਗ ਰੇਖ ਨਾ ਕੋਇ ਜਣਾਇੰਦਾ । ਸ਼ਬਦੀ ਸ਼ਬਦ ਫੜਾਇਆ ਪੱਲਾ, ਏਕਾ ਗੰਢ ਪਵਾਇੰਦਾ । ਨਿਹਕਰਮੀ ਆਪਣੇ ਕਰਮ ਕਰਾਇਆ ਹੱਲਾ, ਸਾਚਾ ਕਰਮ ਇਕ ਵਖਾਇੰਦਾ । ਗੁਰਮੁਖ ਗੁਰ ਗੁਰ ਗੁਰ ਜੋਤ ਅੰਤਰ ਰਲਾ, ਜਗਤ ਵਿਛੋੜਾ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਭਗਤ ਦਵਾਰਾ ਵੇਖ ਵਖਾਇੰਦਾ ।


੧੨੭੯
੧੦

ਭਗਤ ਦਵਾਰਾ ਵੇਖਣ ਜੋਗ, ਵੇਖਣਹਾਰਾ ਵੇਖ ਵਖਾਈਆ । ਛੱਤੀ ਜੁਗ ਧੁਰ ਸੰਜੋਗ, ਸਚ ਸੰਜੋਗੀ ਮੇਲ ਮਿਲਾਈਆ । ਜਨਮ ਜਨਮ ਦਾ ਕੱਟ ਕੱਟ ਰੋਗ, ਔਖਧ ਏਕਾ ਦਾਰੂ ਨਾਮ ਪਿਆਈਆ । ਚਰਨ ਪ੍ਰੀਤੀ ਸਾਚਾ ਜੋਗ, ਜੀਵਣ ਜੁਗਤ ਇਕ ਸਮਝਾਈਆ । ਇਸ਼ਟ ਮਨੌਣਾ ਨਿਰਮਲ ਜੋਤ, ਨਿਰਗੁਣ ਰੂਪ ਇਕ ਦਰਸਾਈਆ । ਸਚ ਦਵਾਰਾ ਕਿਲਾ ਕੋਟ, ਪੁਰਖ ਅਬਿਨਾਸ਼ੀ ਆਪ ਉਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਨਿਸ਼ਾਨਾ ਦਏ ਬਣਾਈਆ । ਭਗਤ ਨਿਸ਼ਾਨਾ ਹਰਿ ਕੀ ਧਾਰ, ਹਰਿ ਸਾਚਾ ਆਪ ਜਣਾਇੰਦਾ । ਵੇਖੇ ਵਿਗਸੇ ਕਰੇ ਵਿਚਾਰ, ਵੇਖਣਹਾਰਾ ਦਿਸ ਨਾ ਆਇੰਦਾ । ਰਹਿਬਰ ਬਣ ਨਿਰਾਕਾਰ, ਦਰ ਦਰ ਸਾਚੀ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਾਂ ਵਸੇ ਆਪ ਘਰ, ਭਗਤ ਦਵਾਰਾ ਆਪਣਾ ਘਰ ਵਸਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਤ ਜੁਗਤ ਜੁਗ ਉਲਟੀ ਰੀਤੀ, ਕਰੇ ਖੇਲ ਅਗੰਮ ਅਨਡੀਠੀ, ਵੇਦ ਕਤੇਬ ਸ਼ਾਸਤਰ ਸਿਮਰਤ ਭੇਵ ਕੋਇ ਨਾ ਪਾਇੰਦਾ ।



੧੨੮੦
੧੦

### ★ ੧੭ ਅਸੂ ੨੦੧੮ ਬਿਕ੍ਰਮੀ ਠੇਕੇਦਾਰ ਠਾਕਰ ਸਿੰਘ ਦੇ ਗ੍ਰਿਹ ਜੇਠੂਵਾਲ ★

ਸੱਚ ਨਿਸ਼ਾਨਾ ਸ੍ਰੀ ਭਗਵਾਨ, ਤਖ਼ਤ ਨਿਵਾਸੀ ਸਤਿ ਰਖਾਇੰਦਾ । ਸਚਖੰਡ ਸੁਹਾਏ ਸਚ ਮਕਾਨ, ਸਚ ਸਿੰਘਾਸਣ ਸੋਭਾ ਪਾਇੰਦਾ । ਸ਼ਾਹੋ ਭੂਪ ਰਾਜ ਰਾਜਾਨ, ਭੂਪਤ ਆਪਣੀ ਖੇਲ ਖਿਲਾਇੰਦਾ । ਸ਼ਬਦ ਅਨਾਦੀ ਧੁਰ ਫ਼ਰਮਾਨ, ਬ੍ਰਹਿਮਾਦੀ ਬ੍ਰਹਮ ਜਣਾਇੰਦਾ । ਨਿਰਗੁਣ ਸਰਗੁਣ ਹੋ ਪਰਧਾਨ, ਲੋਕਮਾਤ ਖੇਲ ਖਿਲਾਇੰਦਾ । ਜੁਗਾ ਜੁਗੰਤਰ ਖੇਲ ਮਹਾਨ, ਵੇਸ ਅਨੇਕਾ ਆਪ ਵਟਾਇੰਦਾ । ਜੁਗ ਚੌਕੜੀ ਵੇਖੇ ਆਣ, ਗੇੜਾ ਗੇੜੇ ਵਿਚ ਭਵਾਇੰਦਾ । ਸਤਿ ਸਰੂਪੀ ਨਿਗਹਵਾਨ, ਨਿਰਵੈਰ ਵੇਖ ਵਖਾਇੰਦਾ । ਕਲਜੁਗ ਅੰਤਮ ਹੋ ਪਰਧਾਨ, ਪਰਮ ਪੁਰਖ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜਾਤਾ ਖੇਲ ਕਰਾਇੰਦਾ । ਜੋਤੀ ਜਾਤਾ ਖੇਲ ਅਪਾਰਾ, ਪੁਰਖ ਅਬਿਨਾਸ਼ੀ ਆਪ ਕਰਾਈਆ । ਨਿਰਗੁਣ ਨਿਰਗੁਣ ਲੈ ਅਵਤਾਰਾ, ਨਿਰਗੁਣ ਜੋਤ ਨੂਰ ਰੁਸ਼ਨਾਈਆ । ਨਿਰਗੁਣ ਉਪਾਏ ਸਚ ਦਵਾਰਾ, ਦਰ ਘਰ ਸਾਚਾ ਆਪ ਸੁਹਾਈਆ । ਨਿਰਗੁਣ ਬਣ ਸ਼ਾਹ ਸਿਕਦਾਰਾ, ਸ਼ਹਿਨਸ਼ਾਹ ਨਾਉਂ ਧਰਾਈਆ । ਨਿਰਗੁਣ ਹੁਕਮ ਵਰਤੇ ਵਰਤਾਰਾ, ਹੁਕਮੀ ਹੁਕਮ ਆਪ ਜਣਾਈਆ । ਨਿਰਗੁਣ ਖੇਲ ਕਰੇ ਸੰਸਾਰਾ, ਵੇਦ ਕਤੇਬ ਭੇਵ ਨਾ ਰਾਈਆ । ਪਰਗਟ ਹੋ ਨਿਹਕਲੰਕ ਨਰ ਅਵਤਾਰਾ, ਹਰਿਜਨ ਸਾਚੇ ਲਏ ਤਰਾਈਆ । ਬਾਲ ਬਾਲੀ ਕਰ ਪਿਆਰਾ, ਪ੍ਰੇਮ ਪਿਆਲਾ ਆਪ ਪਿਆਈਆ । ਆਪੇ ਬੰਨ੍ਹੇ ਸਾਚੀ ਧਾਰਾ, ਦਰਗਹਿ ਸਾਚੀ ਦਏ ਵਡਿਆਈਆ । ਕਾਗਦ ਕ਼ਲਮ ਨਾ ਲਿਖਣਹਾਰਾ, ਲਿਖ ਲਿਖ ਲੇਖ ਨਾ ਕੋਇ ਮੁਕਾਈਆ । ਗਾ ਗਾ ਥੱਕੇ ਪੀਰ ਪੈਗ਼ੰਬਰ ਗੁਰ ਅਵਤਾਰਾ, ਸਾਧ ਸੰਤ ਧਿਆਨ ਲਗਾਈਆ । ਹਰਿ ਕਾ ਅੰਤ ਨਾ ਪਾਰਾਵਾਰਾ, ਬੇਅੰਤ ਬੇਅੰਤ ਬੇਅੰਤ ਕਹੇ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਖਿਲੌਣਾ, ਖੇਲ ਆਪਣੇ ਹੱਥ ਰਖਾਇੰਦਾ । ਵੀਹ ਸੌ ਦਸ ਬਿਕ੍ਰਮੀ ਸਤਾਰਾਂ ਮੱਘਰ ਪਿਛਲਾ ਚੇਤਾ ਫੇਰ ਕਰੌਣਾ, ਅਭੁਲ ਭੁਲ ਕਦੇ ਨਾ ਜਾਇੰਦਾ । ਜਿਸ ਦਵਾਰੇ ਬਹਿ ਬਹਿ ਆਪਣਾ ਲੇਖ ਲਿਖੌਣਾ, ਸੋ ਲੇਖਾ ਆਪਣੇ ਹੱਥ ਰਖਾਇੰਦਾ । ਚਵ੍ਹੀ ਹੱਥ ਨਿਸ਼ਾਨ ਜਿਸ ਪਰਗਟੌਣਾ, ਪਰਗਟ ਹੋ ਹੋ ਆਪਣਾ

ਰੂਪ ਧਰਾਇੰਦਾ । ਛੱਤੀ ਛੁਟ ਰੰਗ ਰੰਗੌਣਾ, ਛੱਤੀ ਰਾਗ ਭੇਵ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਵੀਹ ਸੌ ਦਸ ਬਿਕ੍ਰਮੀ ਖੇਲ ਅਪਾਰਾ, ਪੁਰਖ ਅਬਿਨਾਸ਼ੀ ਆਪ ਕਰਾਈਆ । ਸੱਤ ਰੰਗ ਨਿਸ਼ਾਨਾ ਲੇਖ ਨਿਆਰਾ, ਨਿਰਗੁਣ ਨਿਰਵੈਰ ਆਪ ਲਿਖਾਈਆ । ਲੇਖਾ ਜਾਣੇ ਸਚ ਦਵਾਰਾ, ਬੰਕ ਦਵਾਰੀ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦੂਸਰ ਅਵਰ ਨਾ ਕੋਇ ਵਡਿਆਈਆ । ਦੂਸਰ ਕੋਇ ਨਾ ਜਗਤ ਵਡਿਆਈ, ਵਡ ਵਡਾ ਨਾ ਕੋਇ ਅਖਵਾਇੰਦਾ । ਕਰੇ ਖੇਲ ਬੇਪਰਵਾਹੀ, ਪਰਵਾਹ ਆਪਣੇ ਹੱਥ ਰਖਾਇੰਦਾ । ਜੁਗਾ ਜੁਗੰਤਰ ਬਣ ਮਲਾਹੀ, ਜਨ ਭਗਤਾਂ ਬੇੜਾ ਆਪ ਚਲਾਇੰਦਾ । ਏਕਾ ਦੇਵੇ ਨਾਮ ਸਲਾਹੀ, ਸਾਚੀ ਸਿਖਿਆ ਇਕ ਸਮਝਾਇੰਦਾ । ਪਕੜ ਉਠਾਏ ਫੜ ਫੜ ਬਾਹੀਂ, ਨਿਰਗੁਣ ਸਰਗੁਣ ਸੇਵ ਕਮਾਇੰਦਾ । ਕਰੇ ਪਿਆਰ ਜਿਉਂ ਬਾਲਕ ਮਾਈ, ਪਿਤਾ ਪੂਤ ਗੋਦ ਸੁਹਾਇੰਦਾ । ਕਰੇ ਖੇਲ ਸੱਚਾ ਸ਼ਹਿਨਸ਼ਾਹੀ, ਅਛਲ ਅਛੱਲ ਰੂਪ ਧਰਾਇੰਦਾ । ਬਲ ਬਾਵਨ ਵੇਖੇ ਚਾਈਂ ਚਾਈਂ, ਨੇਤਰ ਨੈਣ ਇਕ ਖੁਲ੍ਹਾਇੰਦਾ । ਸਰਬ ਜੀਆਂ ਦਾ ਹਰਿ ਗੋਸਾਈਂ, ਗੋਬਿੰਦ ਆਪਣਾ ਭੇਖ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵੇਸ ਆਪ ਧਰਾਇੰਦਾ । ਆਪਣਾ ਵੇਸ ਆਪੇ ਰਖ, ਆਪਣੀ ਖੇਲ ਖਿਲਾਈਆ । ਨਿਰਗੁਣ ਨਿਰਵੈਰ ਪੁਰਖ ਅਕਾਲ ਹੋ ਪਰਤੱਖ, ਪਰਮ ਪੁਰਖ ਖੇਲ ਖਿਲਾਈਆ । ਲੇਖਾ ਜਾਣੇ ਦੋ ਚਾਰ ਚਵੀ ਹੱਥ, ਤ੍ਰਿੰਨ ਛੇ ਬੰਧਨ ਪਾਈਆ । ਸਰਬ ਕਲ ਆਪੇ ਸਮਰਥ, ਸਮਰਥ ਪੁਰਖ ਵਡ ਵਡਿਆਈਆ । ਆਪਣੀ ਮਹਿਮਾ ਜਾਣੇ ਅਕਥ, ਕਥਨੀ ਕਥ ਨਾ ਸਕੇ ਰਾਈਆ । ਗੁਰ ਅਵਤਾਰਾਂ ਮਾਰਗ ਦੱਸ, ਜੁਗ ਜੁਗ ਆਪਣਾ ਪੰਥ ਵਖਾਈਆ । ਹਿਰਦੇ ਅੰਦਰ ਹਰਿ ਜੂ ਵਸ, ਹਰਿ ਕਾ ਪੌੜਾ ਆਪ ਚੜ੍ਹਾਈਆ । ਅੰਮ੍ਰਿਤ ਆਤਮ ਦੇਵੇ ਰਸ, ਨਿਝਰ ਝਿਰਨਾ ਇਕ ਝਿਰਾਈਆ । ਦਰਸਨ ਦੇਵੇ ਹੱਸ ਹੱਸ, ਹੰਸ ਮੁਖ ਸੱਚਾ ਸ਼ਹਿਨਸ਼ਾਹੀਆ । ਤੀਰ ਨਿਰਾਲਾ ਮਾਰੇ ਕਸ, ਸ਼ਬਦੀ ਬਾਣ ਚਲਾਈਆ । ਜਨ ਭਗਤਾਂ ਹੋਏ ਸਦਾ ਵਸ, ਪ੍ਰੇਮ ਬੰਧਨ ਏਕਾ ਪਾਈਆ । ਧੁਰ ਦਰਗਾਹੀ ਲੋਕਮਾਤ ਆਏ ਨੱਸ, ਰੂਪ ਅਨੂਪ ਆਪ ਵਟਾਈਆ । ਪੂਰੀ ਕਰੇ ਸਾਹਿਬ ਆਸ, ਨਿਰਾਸਾ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਲਹਿਣਾ, ਜਨ ਭਗਤਾਂ ਦਰਸ ਦਿਖਾਏ ਨੇਤਰ ਨੈਣਾਂ, ਤ੍ਰਿਸ਼ਨਾ ਭੁੱਖ ਗਵਾਈਆ । ਤ੍ਰਿਸ਼ਨਾ ਭੁੱਖ ਹੋਏ ਦੂਰ, ਦੂਰ ਦੁਰਾਡਾ ਪੰਧ ਮੁਕਾਇੰਦਾ । ਪਰਗਟ ਹੋਏ ਹਾਜ਼ਰ ਹਜ਼ੂਰ, ਹਰਿ ਜੂ ਆਪਣਾ ਰੂਪ ਧਰਾਇੰਦਾ । ਜੋਤੀ ਜਾਤਾ ਸਾਚਾ ਨੂਰ, ਨਿਰਾਕਾਰ ਆਪ ਵਖਾਇੰਦਾ । ਸ਼ਬਦ ਅਨਾਦੀ ਏਕਾ ਤੂਰ, ਅਨਹਦ ਰਾਗ ਸੁਣਾਇੰਦਾ । ਸਰਬ ਕਲ ਆਪੇ ਭਰਪੂਰ, ਪਰਮ ਪੁਰਖ ਨਾਉਂ ਧਰਾਇੰਦਾ । ਵਸਣਹਾਰਾ ਨੇੜੇ ਦੂਰ, ਜਨ ਭਗਤਾਂ ਆਪਣਾ ਮੇਲ ਮਿਲਾਇੰਦਾ । ਲਹਿਣਾ ਦੇਣਾ ਲੇਖੇ ਲਾਏ ਜ਼ਰੂਰ, ਆਪਣੀ ਜ਼ਰੂਰਤ ਪੂਰੀ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਬਣਤ ਆਪ ਬਣਾਇੰਦਾ । ਸਾਚੀ ਬਣਤ ਸ੍ਰੀ ਭਗਵੰਤ, ਆਦਿ ਅੰਤ ਬਣਾਈਆ । ਸਰਬ ਜੀਆਂ ਦਾ ਏਕਾ ਕੰਤ, ਨਿਰਵੈਰ ਪੁਰਖ ਸੱਚਾ ਸ਼ਹਿਨਸ਼ਾਹੀਆ । ਏਕਾ ਗੁਣ ਏਕਾ ਮੰਤ, ਏਕਾ ਸ਼ਬਦ ਕਰੇ ਪੜ੍ਹਾਈਆ । ਲੇਖਾ ਜਾਣੇ ਲੱਖ ਚੁਰਾਸੀ ਜੀਵ ਜੰਤ, ਘਟ ਘਟ ਅੰਦਰ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦਰ ਘਰ ਸਾਚਾ ਆਪ ਸੁਹਾਈਆ । ਦਰ ਘਰ ਸਾਚਾ ਹਰਿ ਸੁਹੌਣਾ,

ਸਚਖੰਡ ਵੱਜੇ ਵਧਾਈਆ । ਪੁਰਖ ਅਬਿਨਾਸ਼ੀ ਰੂਪ ਧਰੌਣਾ, ਲੋਕ ਪਰਲੋਕ ਖ਼ੁਸ਼ੀ ਮਨਾਈਆ । ਗੁਰ ਅਵਤਾਰਾਂ ਦਰਸਨ ਪੌਣਾ, ਨੇਤਰ ਨੈਣਾਂ ਰਾਹ ਤਕਾਈਆ । ਭਗਤ ਭਗਵਾਨ ਦਰ ਬਹੌਣਾ, ਵੇਲਾ ਵਕ਼ਤ ਦਏ ਸੁਹਾਈਆ । ਸਾਚੇ ਸੰਤਾਂ ਗਲੇ ਲਗੌਣਾ, ਆਪ ਆਪਣੇ ਅੰਗ ਲਗਾਈਆ । ਗੁਰਮੁਖਾਂ ਭੇਵ ਆਪ ਖੁਲ੍ਹੌਣਾ, ਅਨਬੋਲਤ ਕਰੇ ਪੜ੍ਹਾਈਆ । ਗੁਰਸਿਖਾਂ ਮਾਰਗ ਇਕ ਦਰਸੌਣਾ, ਨਿਵਣ ਸੁ ਅੱਖਰ ਇਕ ਸਮਝਾਈਆ । ਸਰਬ ਜੀਆਂ ਦਾ ਦਾਤਾ ਏਕਾ ਨਜ਼ਰੀ ਔਣਾ, ਦੂਸਰ ਇਸ਼ਟ ਨਾ ਕੋਇ ਮਨਾਈਆ । ਪੁਰਖ ਅਕਾਲ ਸਭ ਨੇ ਗੌਣਾ, ਨਵ ਖੰਡ ਵੱਜੇ ਵਧਾਈਆ । ਸਤਿ ਸਤਿਵਾਦੀ ਸਤ ਰੰਗ ਨਿਸ਼ਾਨਾ ਇਕ ਚੜ੍ਹੌਣਾ, ਲੋਆਂ ਪੁਰੀਆਂ ਆਣ ਉਠਾਈਆ । ਲੋਕਮਾਤ ਸਚਖੰਡ ਬਣੌਣਾ, ਬ੍ਰਹਿਮੰਡ ਵੇਖੇ ਚਾਈਂ ਚਾਈਆ । ਜੇਰਜ ਅੰਡ ਪੰਧ ਮੁਕੌਣਾ, ਉਤਭੁਜ ਸੇਤਜ ਲਹਿਣਾ ਦਏ ਮੁਕਾਈਆ । ਗੀਤ ਸੁਹਾਗੀ ਛੰਦ ਏਕਾ ਗੌਣਾ, ਸਤਿਜੁਗ ਕਰੇ ਸਚ ਪੜ੍ਹਾਈਆ । ਪਰਮਾਨੰਦ ਇਕ ਦਰਸੌਣਾ, ਨਿਜਾਨੰਦ ਕਰੇ ਰਸਾਈਆ । ਦਵੈਤੀ ਕੰਧ ਆਪੇ ਢੌਣਾ, ਭਰਮ ਗੜ੍ਹ ਦਏ ਤੁੜਾਈਆ । ਸਚ ਦਵਾਰਾ ਇਕ ਸੁਹੌਣਾ, ਭਗਤ ਭਗਵੰਤ ਮੇਲ ਮਿਲਾਈਆ । ਪਿਛਲਾ ਲੇਖਾ ਪੂਰ ਕਰੌਣਾ, ਗੁਰ ਅਵਤਾਰਾਂ ਗਿਆ ਸਮਝਾਈਆ । ਸਤਿ ਸਤਿਵਾਦੀ ਏਕਾ ਸਾਤਾ ਅੱਖਰ ਪੌਣਾ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਦੂਆ ਸਾਤੇ ਨਾਲ ਮਿਲਾਈਆ । ਬਹੱਤਰ ਰੂਪ ਮਾਤ ਪਰਗਟੌਣਾ, ਸਿਰ ਆਪਣਾ ਹੱਥ ਟਿਕਾਈਆ । ਸਚ ਦਵਾਰਾ ਇਕ ਸੁਹੌਣਾ, ਸੋਭਾਵੰਤ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਹਰਿ ਜੂ ਲਏ ਜਗਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਲੇਖਾ ਜਾਣੇ ਮਹਾਨ, ਭਗਤਾਂ ਅੰਦਰ ਵਸ ਭਗਵਾਨ, ਆਪਣਾ ਵਸ ਨਾ ਕੋਇ ਰਖਾਈਆ ।

★ ੨੧ ਅਸੂ ੨੦੧੮ ਬਿਕ੍ਰਮੀ ਜੇਠੂਵਾਲ ਦਰਬਾਰ ਵਿਚ ★

ਹਰਿ ਸਤਿਗੁਰ ਖੋਲ੍ਹੇ ਤਾਕ, ਤ੍ਰੈਗੁਣ ਅਤੀਤਾ ਦਇਆ ਕਮਾਈਆ । ਜੁਗ ਜੁਗ ਪੂਰਾ ਕਰੇ ਵਾਕ, ਭਵਿਖਤ ਲੇਖ ਲੇਖ ਸਮਝਾਈਆ । ਜਨ ਭਗਤਾਂ ਪੁਛੇ ਵਾਤ, ਵਾਤਾਵਰਨ ਆਪਣੇ ਹੱਥ ਰਖਾਈਆ । ਜਗ ਮੇਟ ਅੰਧੇਰੀ ਰਾਤ, ਸਾਚਾ ਨੂਰ ਕਰੇ ਰੁਸ਼ਨਾਈਆ । ਨਾਮ ਨਿਧਾਨ ਸੁਣਾਏ ਗਾਥ, ਆਤਮ ਪਰਮਾਤਮ ਮੇਲ ਮਿਲਾਈਆ । ਲਹਿਣਾ ਚੁੱਕੇ ਜ਼ਾਤ ਪਾਤ, ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਏਕਾ ਰੰਗ ਰੰਗਾਈਆ । ਨਵ ਨੌ ਜਣਾਏ ਘਾਟ, ਏਕਾ ਪਤਣ ਸੱਚਾ ਮਾਹੀਆ । ਬ੍ਰਹਿਮੰਡ ਖੰਡ ਵਖਾਏ ਹਾਟ, ਹਟ ਹਟਵਾਣਾ ਸ਼ਹਿਨਸ਼ਾਹੀਆ । ਨਿਰਗੁਣ ਸਰਗੁਣ ਦੇਵੇ ਸਾਥ, ਸਗਲਾ ਸੰਗ ਨਿਭਾਈਆ । ਪੂਰਬ ਲਹਿਣਾ ਵੇਖੇ ਮਾਥ, ਮਸਤਕ ਲੇਖਾ ਆਪ ਚੁਕਾਈਆ । ਕਿਨਾਰਾ ਵਖਾਏ ਏਕਾ ਘਾਟ, ਤਟ ਤੀਰਥ ਇਕ ਦਰਸਾਈਆ । ਹਰਿਜਨ ਪੁਛੇ ਆਪੇ ਵਾਤ, ਪੁਰਖ ਅਬਿਨਾਸ਼ੀ ਸੇਵ ਕਮਾਈਆ । ਕਰੇ ਖੇਲ ਬਹੁ ਬਿਧ ਭਾਂਤ, ਭੇਵ ਅਭੇਦ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਆਪ ਰਖਾਈਆ । ਖੋਲ੍ਹੇ ਤਾਕ ਹੋਏ ਪਰਕਾਸ਼, ਪਰਮ ਪੁਰਖ ਦਇਆ ਕਮਾਈਆ । ਰਾਹ ਤੱਕੇ ਪ੍ਰਿਥਮੀ ਆਕਾਸ਼, ਬ੍ਰਹਿਮੰਡ ਖੰਡ ਨੈਣ ਉਠਾਈਆ । ਸੰਤ ਸਾਜਣ ਲੱਗੀ ਆਸ, ਦਿਵਸ ਰੈਣ ਰਾਹ ਤਕਾਈਆ । ਜਨ ਭਗਤਾਂ ਪ੍ਰਭ

ਮਿਲਣ ਦੀ ਪਿਆਸ, ਤ੍ਰਿਖਾਵੰਤ ਏਕਾ ਓਟ ਤਕਾਈਆ । ਕਵਣ ਵੇਲਾ ਕਰੇ ਬੰਦ ਖ਼ੁਲਾਸ, ਬੰਦੀ ਆਪਣਾ ਨਾਮ ਪਾਈਆ । ਗ੍ਰਿਹ ਮੰਦਰ ਪਾਵੇ ਰਾਸ, ਮੰਡਲ ਸਾਚੀ ਰਾਸ ਰਚਾਈਆ । ਸਖਾ ਸਹੇਲਾ ਵਸੇ ਪਾਸ, ਸਦ ਮੇਲਾ ਚਾਈਂ ਚਾਈਆ । ਆਦਿ ਜੁਗਾਦਿ ਨਾ ਹੋਏ ਉਦਾਸ, ਏਕਾ ਰੰਗ ਸਮਾਈਆ । ਸ਼ਾਹੋ ਭੂਪ ਸ਼ਾਹ ਸ਼ਬਾਸ, ਸ਼ਹਿਨਸ਼ਾਹ ਬੇਪਰਵਾਹੀਆ । ਹਰਿਜਨ ਕਰੇ ਨਾ ਕਦੇ ਨਿਰਾਸ, ਸਿਰ ਆਪਣਾ ਹੱਥ ਟਿਕਾਈਆ । ਨਿਜ ਆਤਮ ਕਰ ਕਰ ਵਾਸ, ਘਰ ਘਰ ਲੇਖਾ ਦਏ ਚੁਕਾਈਆ । ਲਹਿਣਾ ਚੁਕਾਏ ਪਵਣ ਸਵਾਸ, ਸਵਾਸ ਪਵਣ ਨਾਲ ਸਮਾਈਆ । ਸੇਵਾ ਕਰੇ ਬਣ ਬਣ ਦਾਸ, ਦਾਸੀ ਦਾਸ ਆਪਣੇ ਹੱਥ ਰੱਖੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਤਾਕ ਆਪ ਖੁਲ੍ਹਾਈਆ । ਖੁਲ੍ਹੇ ਤਾਕ ਹੋਏ ਚਾਨਣ, ਨਿਰਗੁਣ ਨੂਰ ਨੂਰ ਧਰਾਇੰਦਾ । ਲਹਿਣਾ ਚੁੱਕੇ ਜ਼ਿਮੀਂ ਅਸਮਾਨਨ, ਇਸਮ ਆਪਣਾ ਇਕ ਵਖਾਇੰਦਾ । ਨਿਰਵੈਰ ਪੁਰਖ ਪਕੜਾਏ ਦਾਮਨ, ਦਾਮਨਗੀਰ ਆਪ ਹੋ ਜਾਇੰਦਾ । ਦੋ ਜਹਾਨਾਂ ਬਣੇ ਜ਼ਾਮਨ, ਸਾਚੀ ਜ਼ਾਮਨੀ ਆਪ ਕਮਾਇੰਦਾ । ਵੇਖ ਵਖਾਏ ਛੱਤ੍ਰੀ ਸ਼ੂਦਰ ਵੈਸ਼ ਬ੍ਰਾਹਮਣ, ਬ੍ਰਹਮ ਨਾਤਾ ਜੋੜ ਜੁੜਾਇੰਦਾ । ਨਿਰਗੁਣ ਨੂਰ ਕੋਟਨ ਭਾਨਣ, ਨੂਰ ਨੂਰਾਨਾ ਡਗਮਗਾਇੰਦਾ । ਸ਼ਬਦ ਨਿਸ਼ਾਨਾ ਮਾਰੇ ਏਕਾ ਕਾਨਨ, ਤੀਰ ਨਿਰਾਲਾ ਇਕ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੰਦ ਤਾਕੀ ਆਪ ਖੁਲ੍ਹਾਇੰਦਾ । ਬੰਦ ਤਾਕ ਦੇਵੇ ਖੋਲ੍ਹ, ਖੋਲ੍ਹਣਹਾਰਾ ਇਕ ਅਖਵਾਈਆ । ਸਾਚੇ ਮੰਦਰ ਆਪੇ ਬੋਲ, ਸਚ ਜੈਕਾਰਾ ਦਏ ਸੁਣਾਈਆ । ਸਾਚੇ ਘਰ ਵਜਾਏ ਢੋਲ, ਨਾਮ ਢੋਲਾ ਏਕਾ ਗਾਈਆ । ਸਾਚੇ ਗ੍ਰਿਹ ਜਾਏ ਮੌਲ, ਨਿਰਗੁਣ ਨਿਰਗੁਣ ਖੇਲ ਖਿਲਾਈਆ । ਆਪ ਚੁਕਾਏ ਆਪਣਾ ਪੜਦਾ ਓਹਲ, ਦੂਈ ਦਵੈਤ ਦਏ ਮਿਟਾਈਆ । ਹਰਿਜਨ ਉਠਾਏ ਆਪ ਅਨਭੋਲ, ਅਭੁਲ ਆਪਣੀ ਦਇਆ ਕਮਾਈਆ । ਸਚ ਵਸਤ ਵਖਾਵੇ ਕੋਲ, ਏਕਾ ਵਾਰ ਦਏ ਵਰਤਾਈਆ । ਏਕਾ ਕੰਡੇ ਤੋਲੇ ਤੋਲ, ਨਾਮ ਕੰਡਾ ਹੱਥ ਉਠਾਈਆ । ਲੱਖ ਚੁਰਾਸੀ ਲਏ ਵਰੋਲ, ਚਾਰ ਕੁੰਟ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੰਦ ਤਾਕ ਆਪ ਖੁਲ੍ਹਾਈਆ । ਖੋਲ੍ਹੇ ਤਾਕ ਮਿਹਰਵਾਨ, ਦੀਨਨ ਆਪਣੀ ਦਇਆ ਕਮਾਇੰਦਾ । ਪਰਗਟ ਹੋ ਸ੍ਰੀ ਭਗਵਾਨ, ਸਰਗੁਣ ਆਪਣੇ ਰੰਗ ਰੰਗਾਇੰਦਾ । ਇਕ ਵਖਾਏ ਸਚ ਨਿਸ਼ਾਨ, ਸਤਿ ਸਤਿਵਾਦੀ ਆਪ ਝੁਲਾਇੰਦਾ । ਲੇਖਾ ਜਾਣੇ ਦੋ ਜਹਾਨ, ਦੋਏ ਰੂਪ ਆਪ ਧਰਾਇੰਦਾ । ਸਰਬ ਜੀਆਂ ਦਾ ਸਾਚਾ ਕਾਹਨ, ਏਕਾ ਬੰਸਰੀ ਨਾਮ ਵਜਾਇੰਦਾ । ਏਕਾ ਰੂਪ ਰਮੱਯਾ ਰਾਮ, ਰਾਮ ਰਾਮਾ ਖੇਲ ਖਿਲਾਇੰਦਾ । ਏਕਾ ਨਿਉਂ ਨਿਉਂ ਕਰੇ ਸਲਾਮ, ਅਲੈਕਮ ਆਪਣੀ ਧਾਰ ਚਲਾਇੰਦਾ । ਏਕਾ ਜੈਕਾਰਾ ਬੋਲੇ ਸਤਿਨਾਮ, ਨਾਮ ਸਤਿ ਆਪਣਾ ਸੰਗ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਤਾਕ ਆਪ ਖੁਲ੍ਹਾਇੰਦਾ । ਸਾਚਾ ਤਾਕ ਸਚਖੰਡ, ਸਚਖੰਡ ਨਿਵਾਸੀ ਆਪ ਖੁਲ੍ਹਾਈਆ । ਨਿਰਾਕਾਰ ਪਾਵੇ ਵੰਡ, ਵੰਡਣਹਾਰ ਆਪ ਹੋ ਆਈਆ । ਲੇਖਾ ਜਾਣੇ ਜੇਰਜ ਅੰਡ, ਉਤਭੁਜ ਸੇਤਜ ਭੇਵ ਨਾ ਰਾਈਆ । ਦੀਨ ਦਿਆਲ ਸਾਹਿਬ ਬਖ਼ਸ਼ੰਦ, ਕਰੇ ਖੇਲ ਬੇਪਰਵਾਹੀਆ । ਹਰਿਜਨ ਵੇਖੇ ਸਾਚੇ ਚੰਦ, ਚੰਦ ਚਾਦਨੀ ਮੁਖ ਭਵਾਈਆ । ਇਕ ਜਣਾਏ ਪਰਮਾਨੰਦ, ਅਨੰਦ ਅਨੰਦ ਦਏ ਵਡਿਆਈਆ । ਇਕ ਸੁਣਾਏ ਸੁਹਾਗੀ ਛੰਦ, ਗੀਤ ਗੋਬਿੰਦ ਆਪ ਜਣਾਈਆ । ਜੁਗ ਚੌਕੜੀ ਮੁਕਾਏ ਪੰਧ, ਕਲਜੁਗ ਅੰਤਮ ਵੇਖ ਵਖਾਈਆ । ਜਨਮ ਜਨਮ ਦੀ ਟੁੱਟੀ ਦੇਵੇ ਗੰਢ, ਗੰਢਣਹਾਰ ਇਕ ਹੋ ਜਾਈਆ । ਜਨ ਭਗਤਾਂ ਪਾਏ ਠੰਡ, ਅੰਮ੍ਰਿਤ ਮੇਘ ਇਕ ਬਰਸਾਈਆ ।

ਖ਼ੁਸ਼ੀ ਕਰਾਏ ਬੰਦ ਬੰਦ, ਬੰਦੀ ਤੋੜ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਤਾਕ ਆਪੇ ਲਾਹੀਆ । ਸਾਚਾ ਤਾਕ ਜਾਏ ਲਥ, ਨਵ ਨੌ ਖੇਲ ਖਿਲਾਇੰਦਾ । ਕਰੇ ਖੇਲ ਪੁਰਖ ਸਮਰਥ, ਹਰਿ ਕਾ ਭੇਵ ਕੋਇ ਨਾ ਪਾਇੰਦਾ । ਜੁਗ ਚੌਕੜੀ ਆਪੇ ਮਥ, ਗੇੜਾ ਗੇੜੇ ਵਿਚ ਰਖਾਇੰਦਾ । ਕਲਜੁਗ ਗੇੜਨਹਾਰਾ ਲੱਠ, ਆਪ ਆਪਣਾ ਖੇਲ ਕਰਾਇੰਦਾ । ਹਰਿ ਸੱਜਣ ਸਾਚੇ ਲਏ ਰੱਖ, ਲੋਕਮਾਤ ਉਠਾਇੰਦਾ । ਲੇਖਾ ਜਾਣੇ ਕਾਇਆ ਰਤ, ਰਤੀ ਰਤ ਮੇਲ ਮਿਲਾਇੰਦਾ । ਨਾਤਾ ਜੋੜ ਕਮਲਾਪਤ, ਕਵਲ ਨੈਣ ਵੇਖ ਵਖਾਇੰਦਾ । ਏਕਾ ਦੇਵੇ ਬ੍ਰਹਮ ਮਤ, ਬ੍ਰਹਮ ਵਿਦਿਆ ਇਕ ਪੜ੍ਹਾਇੰਦਾ । ਸਤਿ ਸੰਤੋਖ ਧੀਰਜ ਜਤ, ਸਤਿ ਆਪਣਾ ਰੰਗ ਰੰਗਾਇੰਦਾ । ਮੇਲ ਮਿਲਾਵਾ ਨੱਸ ਨੱਸ, ਜੁਗ ਜੁਗ ਆਪਣਾ ਪੰਧ ਮੁਕਾਇੰਦਾ । ਗੁਰਮੁਖ਼ਾਂ ਕਰੇ ਪੂਰੀ ਆਸ, ਨਿਰਾਸਾ ਕੋਇ ਨਜ਼ਰ ਨਾ ਆਇੰਦਾ । ਏਕਾ ਵਾਰ ਕਰੇ ਬੰਦ ਖ਼ੁਲਾਸ, ਜਗਤ ਜ਼ੰਜੀਰ ਨਾ ਬੰਧਨ ਪਾਇੰਦਾ । ਮੇਲ ਮਿਲਾਵਾ ਸ਼ਾਹੋ ਸ਼ਾਬਾਸ, ਸ਼ਾਹ ਪਾਤਸ਼ਾਹ ਦਇਆ ਕਮਾਇੰਦਾ । ਹਰਿਜਨ ਪੂਰੀ ਕਰੇ ਆਸ, ਸਿਰ ਆਪਣਾ ਹੱਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਤਾਕ ਆਪ ਖੁਲ੍ਹਾਇੰਦਾ । ਖੁਲ੍ਹੇ ਤਾਕ ਸਚ ਮਹੱਲਾ, ਮਹੱਲਾ ਕੋਇ ਰਹਿਣ ਨਾ ਪਾਈਆ । ਕਰੇ ਖੇਲ ਇਕ ਇਕੱਲਾ, ਅਕਲ ਸਭ ਦੀ ਰਿਹਾ ਗਵਾਈਆ । ਏਕਾ ਫੜਿਆ ਨਾਮ ਪੱਲਾ, ਭਾਲ ਸਭ ਦੀ ਆਪ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਤਾਕ ਦਏ ਸਮਝਾਈਆ । ਸਾਚਾ ਤਾਕ ਨੌ ਦਵਾਰ, ਨਵ ਨੌ ਆਪ ਖੁਲ੍ਹਾਇਆ । ਪੁਰਖ ਅਬਿਨਾਸ਼ੀ ਹੋ ਤਿਆਰ, ਨਿਰਗੁਣ ਵੇਸ ਵਟਾਇਆ । ਜੁਗ ਚੌਕੜੀ ਲਾਏ ਪਾਰ, ਗੁਰ ਅਵਤਾਰਾਂ ਸੀਸ ਉਠਾਇਆ । ਭਗਤਾਂ ਕਰਜ਼ਾ ਦਏ ਉਤਾਰ, ਸਾਲਸ ਬਣਕੇ ਹਰਿ ਹਰਿ ਆਇਆ । ਸਾਚੀ ਵਸਤ ਝੋਲੀ ਦੇਵੇ ਡਾਰ, ਨਾਮ ਅਮੋਲਕ ਆਪ ਵਰਤਾਇਆ । ਏਥੇ ਉਥੇ ਨਾ ਆਏ ਹਾਰ, ਹਰਿ ਕੇ ਪੌੜੇ ਦਏ ਚੜ੍ਹਾਇਆ । ਮਾਣਸ ਜਨਮ ਪੈਜ ਸੁਆਰ, ਮਾਨੁਖ ਆਪਣੇ ਲੇਖੇ ਲਾਇਆ । ਏਕਾ ਕਰੇ ਸਚ ਵਿਹਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮੰਦਰ ਆਪ ਖੁਲ੍ਹਾਇਆ । ਸਾਚਾ ਮੰਦਰ ਜਾਏ ਖੁਲ੍ਹ, ਖੋਲ੍ਹਣਹਾਰ ਆਪ ਅਖਵਾਈਆ । ਚਾਰ ਜੁਗ ਜੋ ਬੈਠੇ ਭੁੱਲ, ਵੇਲੇ ਅੰਤਮ ਲਏ ਮਿਲਾਈਆ । ਆਪੇ ਹੋਏ ਸੁਲਹਕੁਲ, ਸਭ ਦੀ ਸੁਲਾਹ ਦਏ ਕਰਾਈਆ । ਗੁਰਮੁਖ ਸੱਜਣ ਲਏ ਵਰੋਲ, ਨਵ ਖੰਡ ਫੋਲ ਫੁਲਾਈਆ । ਆਪੇ ਤੋਲੇ ਆਪਣੇ ਤੋਲ, ਨਾਮ ਕੰਡਾ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵੰਤ ਲਏ ਮਿਲਾਈਆ । ਭਗਤਨ ਮੇਲਾ ਭਗਵੰਤ ਦਵਾਰ, ਦਰ ਦਰਬਾਰੀ ਆਪ ਕਰਾਇੰਦਾ । ਜੁਗ ਚੌਕੜੀ ਉਤਰੇ ਪਾਰ, ਕੋਟਨ ਕਾਲ ਖੇਲ ਖਿਲਾਇੰਦਾ । ਤ੍ਰੈਭਵਨ ਧਨੀ ਹੋ ਤਿਆਰ, ਮੂਰਤ ਅਕਾਲ ਰੂਪ ਵਟਾਇੰਦਾ । ਅਜੂਨੀ ਰਹਿਤ ਸ਼ਾਹ ਸਵਾਰ, ਸ਼ਾਹ ਸੁਲਤਾਨਾ ਫੇਰਾ ਪਾਇੰਦਾ । ਕਾਗਦ ਕ਼ਲਮ ਨਾ ਲਿਖਣਹਾਰ, ਵੇਦ ਕਤੇਬ ਭੇਵ ਨਾ ਆਇੰਦਾ । ਗੁਰ ਅਵਤਾਰ ਕਰਨ ਪੁਕਾਰ, ਉਚੀ ਕੂਕ ਕੂਕ ਸੁਣਾਇੰਦਾ । ਜੁਗ ਚੌਕੜੀ ਬੀਤੇ ਚਾਰ, ਚਾਰ ਨਵ ਨੌ ਮਿਲਾਇੰਦਾ । ਨਵ ਚਾਰ ਕਰ ਪਸਾਰ, ਆਪਣੀ ਧਾਰ ਆਪ ਵਖਾਇੰਦਾ । ਕਲਜੁਗ ਖੇਲ ਕਰੇ ਅਪਾਰ, ਲੇਖਾ ਆਪਣੇ ਹੱਥ ਰਖਾਇੰਦਾ । ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰ, ਜੋਤੀ ਜਾਤਾ ਵੇਸ ਵਟਾਇੰਦਾ । ਨਾਮ ਖੰਡਾ ਇਕ ਹਥਿਆਰ, ਸਾਚਾ ਸ਼ਸਤਰ ਹੱਥ ਵਖਾਇੰਦਾ । ਤ੍ਰੈਗੁਣ ਮਾਰਨਹਾਰਾ ਮਾਰ, ਪੰਜ ਤੱਤ ਸਰਬ ਕੁਰਲਾਇੰਦਾ । ਲੱਖ ਚੁਰਾਸੀ ਕਰੇ ਵਿਚਾਰ, ਲੁਕਿਆ ਕੋਇ ਰਹਿਣ

੧੨੮੪
੧੦

ਨਾ ਪਾਇੰਦਾ । ਹਰਿਜਨ ਸਾਚੇ ਲਏ ਉਠਾਲ, ਜੁਗ ਜੁਗ ਆਪਣਾ ਮੇਲ ਮਿਲਾਇੰਦਾ । ਦਿਵਸ ਰੈਣ ਕਰੇ ਪ੍ਰਿਤਪਾਲ, ਸਿਰ ਆਪਣਾ ਹੱਥ ਟਿਕਾਇੰਦਾ । ਲੇਖੇ ਲਾਏ ਘਾਲੀ ਘਾਲ, ਘਾਲੀ ਘਾਲ ਵੇਖ ਵਖਾਇੰਦਾ । ਆਪੇ ਕਰੇ ਹਲ ਸਵਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਤਾਕ ਆਪ ਵਖਾਇੰਦਾ । ਹਰਿ ਕਾ ਤਾਕ ਸਦਾ ਅਨਡਿਠ, ਦਿਸ ਕਿਸੇ ਨਾ ਆਇਆ । ਜੋ ਜਨ ਸਤਿਗੁਰ ਕਰੇ ਹੇਤ, ਤਿਸ ਸਤਿਗੁਰ ਲਏ ਮਿਲਾਇਆ । ਕਾਇਆ ਵੇਖੇ ਸਾਚਾ ਖੇਤ, ਆਪ ਆਪਣਾ ਫੇਰਾ ਪਾਇਆ । ਜਨ ਭਗਤਾਂ ਖੋਲ੍ਹੇ ਭੇਤ ਅਭੇਤ, ਦੂਈ ਪਰਦਾ ਆਪ ਚੁਕਾਇਆ । ਆਪਣੇ ਨੇਤਰ ਆਪੇ ਪੇਖ, ਨੈਣ ਨੈਣ ਨਾਲ ਮਿਲਾਇਆ । ਜੁਗ ਜੁਗ ਕਰੇ ਸਾਚਾ ਹੇਤ, ਨਿਤ ਨਵਿਤ ਵੇਸ ਵਟਾਇਆ । ਕਲਜੁਗ ਬਾਲੂ ਤਪੇ ਰੇਤ, ਚਾਰੋਂ ਕੁੰਟ ਰੰਗ ਰੰਗਾਇਆ । ਜਨ ਭਗਤ ਰਹੇ ਵੇਖ, ਕਵਣ ਵੇਲਾ ਹੋਏ ਸਹਾਇਆ । ਜਿਸ ਦਾ ਮੁੱਛ ਦਾੜ੍ਹੀ ਨਾ ਕੋਇ ਕੇਸ, ਸੋ ਪੁਰਖ ਨਿਰੰਜਣ ਹੋਏ ਅੰਤ ਸਹਾਇਆ । ਜਿਸ ਦਾ ਸੱਚਾ ਇਕੋ ਦੇਸ, ਸਚਖੰਡ ਬੈਠਾ ਆਸਣ ਲਾਇਆ । ਜਿਸ ਦਾ ਨੂਰ ਇਕ ਪਰਵੇਸ, ਘਟ ਘਟ ਜੋਤ ਕਰੇ ਰੁਸ਼ਨਾਇਆ । ਜਿਸ ਦਾ ਜੁਗ ਜੁਗ ਅਵੱਲੜਾ ਭੇਸ, ਗੁਰ ਅਵਤਾਰ ਰਹੇ ਜਸ ਗਾਇਆ । ਕਲਜੁਗ ਅੰਤਮ ਔਣਾ ਮਾਝਾ ਦੇਸ, ਗੋਬਿੰਦ ਸੰਬਲ ਨਗਰ ਨਾਉਂ ਵਡਿਆਇਆ । ਨਾਨਕ ਨਿਰਗੁਣ ਕਰੇ ਆਦੇਸ਼, ਨਿਉਂ ਨਿਉਂ ਸੀਸ ਝੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਤਾਕ ਦਏ ਵਡਿਆਇਆ । ਸਾਚਾ ਤਾਕ ਦਰ ਦਰਵਾਜ਼ਾ, ਦਰਦੀ ਦਰਦ ਆਪ ਸਮਝਾਇੰਦਾ । ਕਰੇ ਖੇਲ ਗ਼ਰੀਬ ਨਿਵਾਜ਼ਾ, ਗਿਰਹਾ ਆਪਣੀ ਖੋਲ੍ਹ ਖੁਲ੍ਹਾਇੰਦਾ । ਜਨ ਭਗਤਾਂ ਮਾਰੇ ਵਾਜਾਂ, ਦਿਵਸ ਰੈਣ ਸੇਵ ਕਮਾਇੰਦਾ । ਕਲਜੁਗ ਅੰਤਮ ਰੱਖੇ ਲਾਜਾ, ਸਿਰ ਆਪਣਾ ਹੱਥ ਟਿਕਾਇੰਦਾ । ਨਿਰਗੁਣ ਨਿਰਗੁਣ ਰਚਿਆ ਕਾਜਾ, ਸਰਗੁਣ ਸਰਗੁਣ ਬੰਧਨ ਪਾਇੰਦਾ । ਜਿਸ ਨੂੰ ਨਿਉਂ ਨਿਉਂ ਕਰਨ ਨਿਮਾਜ਼ਾਂ, ਸੋ ਨਿਮਾਜ਼ੀ ਵੇਖ ਵਖਾਇੰਦਾ । ਜਿਸ ਨੂੰ ਕੂਕ ਕੂਕ ਮਾਰਨ ਵਾਜਾਂ, ਸੋ ਵਾਜਾਂ ਮਾਰ ਆਪ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਮੰਦਰ ਸੋਭਾ ਪਾਇੰਦਾ । ਮੰਦਰ ਸਹੌਣਾ ਸਤਿ ਪੁਰਖ, ਸਤਿ ਸਤਿਵਾਦੀ ਮੀਤ ਬਣਾਈਆ । ਨਾ ਕੋਈ ਸੋਗ ਨਾ ਕੋਈ ਹਰਖ, ਹਰਖ ਸੋਗ ਨਾ ਕੋਇ ਜਣਾਈਆ । ਚਾਰ ਜੁਗ ਦੀ ਕਰੇ ਪਰਖ, ਪ੍ਰੀਖੀਆ ਆਪਣੇ ਹੱਥ ਜਣਾਈਆ । ਗੁਰਮੁਖ ਵਿਰਲੇ ਦੇਵੇ ਦਰਸ, ਜਿਸ ਜਨ ਆਪਣੀ ਬੂਝ ਬੁਝਾਈਆ । ਜਨਮ ਜਨਮ ਦੀ ਮੇਟੇ ਹਰਸ, ਹਵਸ ਹੋਰ ਨਾ ਕੋਇ ਵਧਾਈਆ । ਗ਼ਰੀਬ ਨਿਮਾਣਿਆਂ ਉਪਰ ਕਰ ਕਰ ਤਰਸ, ਜਗਤ ਜਲੰਦੇ ਲਏ ਤਰਾਈਆ । ਲਹਿਣਾ ਚੁਕਾਏ ਅਰਸ਼ ਫ਼ਰਸ਼, ਬਿਰਹੋਂ ਰੋਗ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਦਵਾਰਾ ਇਕ ਵਖਾਈਆ । ਹਰਿ ਦਵਾਰਾ ਸਚ ਮਨਾਰਾ, ਤਪੀ ਤਪੀਸ਼ਰ ਰਾਹ ਤਕਾਇੰਦਾ । ਕੋਟਨ ਕੋਟ ਕਰੇ ਨਿਮਸਕਾਰਾ, ਨਿਉਂ ਨਿਉਂ ਸੀਸ ਸਰਬ ਨਿਵਾਇੰਦਾ । ਚੜ੍ਹ ਚੜ੍ਹ ਥੱਕੇ ਜੀਵ ਸੰਸਾਰਾ, ਹਰਿ ਕਾ ਭੇਵ ਕੋਇ ਨਾ ਪਾਇੰਦਾ । ਉਚੀ ਕੂਕ ਕੂਕ ਕਰਨ ਪੁਕਾਰਾ, ਨਾਅਰਾ ਹਕ ਹਕ ਜਣਾਇੰਦਾ । ਵਸਣਹਾਰਾ ਧਾਮ ਨਿਆਰਾ, ਧਾਮ ਅਵੱਲੜੇ ਸੋਭਾ ਪਾਇੰਦਾ । ਨਿਰਗੁਣ ਨੂਰ ਕਰ ਉਜਿਆਰਾ, ਜੋਤੀ ਜਾਤਾ ਡਗਮਗਾਇੰਦਾ । ਨਾਉਂ ਰੱਖ ਆਪ ਨਿਰੰਕਾਰਾ, ਸਚਖੰਡ ਸਾਚੇ ਆਸਣ ਲਾਇੰਦਾ । ਸ਼ਾਹੋ ਭੂਪ ਬਣ ਸਿਕਦਾਰਾ, ਸਾਚਾ ਤਾਜ ਸੀਸ ਟਿਕਾਇੰਦਾ । ਹੁਕਮੀ ਹੁਕਮ ਬਣ ਵਰਤਾਰਾ, ਸਾਚਾ ਹੁਕਮ ਇਕ ਸੁਣਾਇੰਦਾ । ਜੁਗ ਜੁਗ ਲੋਕਮਾਤ ਲਏ ਅਵਤਾਰਾ, ਗੁਰ ਸਤਿਗੁਰ ਖੇਲ ਖਿਲਾਇੰਦਾ । ਕਲਜੁਗ ਅੰਤਮ

ਕਰ ਪਸਾਰਾ, ਨਿਰਾਧਾਰਾ ਕਾਰ ਕਮਾਇੰਦਾ । ਜੋਤੀ ਜੋਤ ਹੋ ਉਜਿਆਰਾ, ਨੂਰ ਨੁਰਾਨਾ ਡਗਮਗਾਇੰਦਾ । ਸ਼ਬਦੀ ਸ਼ਬਦ ਨਾਦ ਧੁੰਨਕਾਰਾ, ਅਨਾਦੀ ਨਾਦ ਨਾਦ ਵਜਾਇੰਦਾ । ਬ੍ਰਹਮ ਬ੍ਰਹਿਮਾਦਿ ਖੋਲ੍ਹ ਕਿਵਾੜਾ, ਵਿਸ਼ਨ ਬ੍ਰਹਮਾ ਸ਼ਿਵ ਆਪ ਸਮਝਾਇੰਦਾ । ਪਰਗਟ ਹੋਇਆ ਨਿਹਕਲੰਕ ਨਰਾਇਣ ਨਰ ਅਵਤਾਰਾ, ਜਨ ਭਗਤਾਂ ਮੇਲ ਮਿਲਾਇੰਦਾ । ਸਤ ਸਤ ਬਣੇ ਵਣਜਾਰਾ, ਬਹੱਤਰ ਆਪਣੀ ਗੰਢ ਪਵਾਇੰਦਾ । ਵਾਹ ਵਾ ਸੋਹੇ ਬੰਕ ਦਵਾਰਾ, ਜਿਸ ਦਵਾਰੇ ਬੰਕ ਹਰਿਜਨ ਸਾਚੇ ਆਪ ਬਹਾਇੰਦਾ । ਛੱਤੀ ਛੱਤੀ ਪਾਰ ਕਿਨਾਰਾ, ਛੱਤੀ ਛੱਤੀ ਆਪਣਾ ਬੰਧਨ ਪਾਇੰਦਾ । ਛੱਤੀ ਬਣੇ ਸਚ ਮਿਨਾਰਾ, ਸਾਢੇ ਤਿੰਨ ਹੱਥ ਰੰਗ ਰੰਗਾਇੰਦਾ । ਕਰੇ ਖੇਲ ਅਗੰਮ ਅਪਾਰਾ, ਗੋਬਿੰਦ ਹੁਕਮ ਇਕ ਜਣਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਕਰੇ ਖੇਲ ਆਪਣੀ ਵਾਰਾ, ਪਿਛਲਾ ਖੇਲ ਨਾ ਕੋਇ ਜਣਾਇੰਦਾ ।

## ★ ੨੨ ਅਸੂ ੨੦੧੮ ਬਿਕ੍ਰਮੀ ਜੇਠੂਵਾਲ ਦਰਬਾਰ ਵਿਚ ★

ਨਵ ਚਾਰ ਬੰਧਨ ਪੌਣਾ, ਸਮਰਥ ਪੁਰਖ ਹੁਕਮ ਜਣਾਇੰਦਾ । ਸਾਚਾ ਮਾਰਗ ਇਕ ਲਗੌਣਾ, ਬ੍ਰਹਿਮੰਡ ਖੰਡ ਰਾਹ ਤਕਾਇੰਦਾ । ਦੋ ਜਹਾਨ ਵੇਖ ਵਖੌਣਾ, ਲੋਆਂ ਪੁਰੀਆਂ ਪਰਦਾ ਲਾਹਿੰਦਾ । ਗੁਰ ਅਵਤਾਰਾਂ ਆਪ ਸਮਝੌਣਾ, ਏਕਾ ਅੱਖਰ ਨਿਸ਼ ਪੜ੍ਹਾਇੰਦਾ । ਚਾਰ ਜੁਗ ਦਾ ਖੇੜਾ ਢੌਣਾ, ਗੇੜਾ ਆਪਣੇ ਹੱਥ ਰਖਾਇੰਦਾ । ਅਗੰਮ ਰੂਪ ਘੇਰਾ ਪੌਣਾ, ਸ਼ਬਦੀ ਫੇਰਾ ਆਪਣੇ ਹੱਥ ਵਖਾਇੰਦਾ । ਹੋ ਦਲੇਰਾ ਖੇਲ ਕਰੌਣਾ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਇੰਦਾ । ਸਾਚਾ ਹੁਕਮ ਸ਼ਾਹ ਸੁਲਤਾਨ, ਸ਼ਹਿਨਸ਼ਾਹ ਆਪ ਵਰਤਾਈਆ । ਸਚਖੰਡ ਨਿਵਾਸੀ ਹੋ ਪਰਧਾਨ, ਸਚ ਦਵਾਰਾ ਦਏ ਸੁਹਾਈਆ । ਛੱਤੀ ਜੁਗ ਦੀ ਚੁੱਕੇ ਆਣ, ਜੁਗ ਚੌਕੜੀ ਵੇਖ ਵਖਾਈਆ । ਨਵ ਚਾਰ ਮਿਟੇ ਮਾਣ, ਅਭਿਮਾਣ ਨਾ ਕੋਇ ਵਖਾਈਆ । ਗੁਰ ਅਵਤਾਰ ਜੋ ਦੇ ਦੇ ਗਏ ਦਾਨ, ਦਾਤਾ ਦਾਨੀ ਆਪਣੀ ਵਸਤ ਆਪਣੇ ਵਿਚ ਫੇਰ ਮਿਲਾਈਆ । ਲਹਿਣਾ ਚੁਕਾਏ ਗੋਪੀ ਕਾਹਨ, ਰਾਮ ਰਾਮਾ ਝੋਲੀ ਡਾਹੀਆ । ਲੇਖਾ ਜਾਣੇ ਇਲਾਹੀ ਕਲਾਮ, ਕਲਮਾ ਆਪਣੇ ਵਿਚ ਸਮਾਈਆ । ਭੇਵ ਮੁੱਕੇ ਸਤਿਨਾਮ, ਨਾਮ ਸਤਿ ਆਪਣਾ ਬੰਦ ਰਖਾਈਆ । ਏਕਾ ਦੇਵੇ ਸਚ ਪੈਗ਼ਾਮ, ਪੀਰ ਪੈਗ਼ੰਬਰ ਰਹੇ ਸਾਲਾਹੀਆ । ਕਰੇ ਖੇਲ ਸ੍ਰੀ ਭਗਵਾਨ, ਭਗਵਨ ਆਪਣੀ ਦਇਆ ਕਮਾਈਆ । ਹਰਿਜਨ ਸਾਚੇ ਕਰ ਪਹਿਚਾਨ, ਭੇਵ ਅਭੇਦਾ ਦਏ ਖੁਲ੍ਹਾਈਆ । ਤੀਰ ਨਿਰਾਲਾ ਮਾਰੇ ਬਾਣ, ਮਾਰਨਹਾਰਾ ਦਿਸ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਸਮਝਾਈਆ । ਸਾਚਾ ਹੁਕਮ ਸ਼ਹਿਨਸ਼ਾਹ, ਸ਼ਾਹ ਪਾਤਸ਼ਾਹ ਆਪ ਜਣਾਇੰਦਾ । ਲੇਖਾ ਜਾਣੇ ਦੋ ਜਹਾਂ, ਦੋਏ ਦੋਏ ਰੂਪ ਆਪ ਧਰਾਇੰਦਾ । ਜੁਗ ਚੌਕੜੀ ਪੰਧ ਮੁਕਾ, ਪਾਂਧੀ ਆਪਣਾ ਪੰਧ ਆਪਣੇ ਹੱਥ ਰਖਾਇੰਦਾ । ਸ਼ਬਦ ਅਨਾਦੀ ਸਚ ਸੁਣਾ, ਆਪਣਾ ਗੀਤ ਆਪ ਅਲਾਇੰਦਾ । ਲੱਖ ਚੁਰਾਸੀ ਮਾਰਗ ਪਾ, ਏਕਾ ਰਾਹ ਵਖਾਇੰਦਾ । ਚਾਰ ਵਰਨ ਦਾ ਕੱਟੇ ਫਾਹ, ਬਰਨ ਵਰਨ ਨਾ ਕੋਇ ਵਖਾਇੰਦਾ । ਏਕਾ ਮੰਦਰ ਦਏ ਵਖਾ, ਸਾਚਾ ਮੰਦਰ ਆਪ ਸੁਹਾਇੰਦਾ । ਡੂੰਘੀ ਕੰਦਰ ਜੋਤ ਜਗਾ, ਜੋਤੀ ਜਾਤਾ ਡਗਮਗਾਇੰਦਾ । ਨੌ ਦਵਾਰੇ ਵੇਖ ਵਖਾ, ਨਵ ਨੌ ਆਪੇ ਡੇਰਾ ਢਾਹਿੰਦਾ । ਚੌਥੇ ਪਦ

ਰਿਹਾ ਸਮਾ, ਚੌਥੇ ਜੁਗ ਖੇਲ ਖਿਲਾਇੰਦਾ । ਚਾਰ ਵੇਦ ਵੇਖੇ ਥਾਉਂ ਥਾਂ, ਕਤੇਬ ਆਪਣੇ ਰੰਗ ਰੰਗਾਇੰਦਾ । ਭੇਵ ਅਭੇਦ ਆਪ ਖੁਲ੍ਹਾ, ਅਛਲ ਅਛੇਦ ਵੇਸ ਵਟਾਇੰਦਾ । ਏਕਾ ਹੁਕਮ ਦਏ ਸੁਣਾ, ਧੁਰ ਫ਼ਰਮਾਨਾ ਆਪ ਜਣਾਇੰਦਾ । ਆਪਣੀ ਕੀਤੀ ਆਪੇ ਲਏ ਉਲਟਾ, ਦੂਜਾ ਸੰਗ ਨਾ ਕੋਇ ਰਖਾਇੰਦਾ । ਗੋਬਿੰਦ ਲੇਖਾ ਪੂਰ ਕਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਇੰਦਾ । ਸਾਚਾ ਹੁਕਮ ਰਾਓ ਭੂਪ, ਸ਼ਾਹ ਸੁਲਤਾਨ ਆਪ ਜਣਾਈਆ । ਏਕਾ ਨਾਉਂ ਚਾਰੋਂ ਕੂਟ, ਦਹਿ ਦਿਸ਼ਾ ਦਏ ਵਡਿਆਈਆ । ਦੀਨ ਦਿਆਲ ਠਾਕਰ ਗਿਆ ਤੁਠ, ਅਤੁਟ ਬੇਪਰਵਾਹੀਆ । ਨਿਰਗੁਣ ਹੋ ਹੋ ਗਿਆ ਉਠ, ਨਿਰਵੈਰ ਨਜ਼ਰ ਕਿਸੇ ਨਾ ਆਈਆ । ਕਰੇ ਖੇਲ ਬਿਨ ਕਾਇਆ ਬੁਤ, ਪੰਜ ਤਤ ਨਾ ਕੋਇ ਵਡਿਆਈਆ । ਜਿਸ ਨੂੰ ਕਹਿੰਦੇ ਗੋਬਿੰਦ ਪੁਰਖ ਅਕਾਲ ਦਾ ਸੁਤ, ਸੋ ਸੁਤ ਲਿਆ ਜਗਾਈਆ । ਆਪ ਸੁਹਾਏ ਆਪਣੀ ਰੁੱਤ, ਸੰਬਲ ਦੇਵੇ ਮਾਣ ਵਡਿਆਈਆ । ਕਰੇ ਖੇਲ ਅਬਿਨਾਸ਼ੀ ਅਚੁਤ, ਠਗੌਰੀ ਜਗਤ ਨਾ ਕੋਇ ਰਖਾਈਆ । ਲੇਖਾ ਜਾਣੇ ਛੱਤੀ ਫੁਟ, ਆਪ ਆਪਣਾ ਬੰਧਨ ਪਾਈਆ । ਜਗਤ ਵਿਦਿਆ ਕੱਢੇ ਕੁੱਟ, ਨਾਮ ਖੰਡਾ ਇਕ ਚਮਕਾਈਆ । ਸਚ ਦਵਾਰਿਉਂ ਜੋ ਬੈਠੇ ਰੁਠ, ਵੇਲੇ ਅੰਤ ਦਏ ਖਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਈਆ । ਸਾਚਾ ਹੁਕਮ ਵਰਤੌਣਾ ਹਰਿ, ਹਰਿ ਜੂ ਸਾਚਾ ਸਚ ਜਣਾਇੰਦਾ । ਜਨ ਭਗਤ ਚੁਕਾਏ ਏਕਾ ਡਰ, ਨਿਰਭੌ ਭੈ ਨਾ ਕੋਇ ਰਖਾਇੰਦਾ । ਨਿਰਾਕਾਰ ਵਖਾਏ ਸਾਚਾ ਘਰ, ਦਰ ਦਰਵਾਜ਼ਾ ਆਪ ਖੁਲ੍ਹਾਇੰਦਾ । ਗ਼ਰੀਬ ਨਿਵਾਜ਼ਾ ਪੱਲੂ ਫੜ, ਹਰਿਜਨ ਸਾਚੇ ਮੇਲ ਮਿਲਾਇੰਦਾ । ਸਰਗੁਣ ਅੰਦਰ ਆਪੇ ਵੜ, ਆਪਣਾ ਪਰਦਾ ਆਪ ਚੁਕਾਇੰਦਾ । ਜਗਤ ਮਹੱਲੇ ਜਾਵੇ ਚੜ੍ਹ, ਬੰਕ ਦਵਾਰਾ ਸੋਭਾ ਪਾਇੰਦਾ । ਕਰੇ ਖੇਲ ਨਰਾਇਣ ਨਰ, ਨਰ ਹਰਿ ਆਪਣੀ ਧਾਰ ਬੰਧਾਇੰਦਾ । ਚਾਰ ਜੁਗ ਦਾ ਦਿਤਾ ਵਰ, ਕਲਜੁਗ ਅੰਤਮ ਪੂਰ ਕਰਾਇੰਦਾ । ਅੰਮ੍ਰਿਤ ਨੁਹਾਏ ਸਾਚੇ ਸਰ, ਸਰ ਸਰਵੋਰ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਾਹ ਪਾਤਸ਼ਾਹ ਆਪ ਹੋ ਆਇੰਦਾ । ਸ਼ਾਹ ਪਾਤਸ਼ਾਹ ਸ੍ਰੀ ਭਗਵਾਨਾ, ਦੂਸਰ ਅਵਰ ਨਾ ਕੋਇ ਜਣਾਈਆ । ਸਾਚੇ ਤਖ਼ਤ ਬੈਠ ਨੌਜਵਾਨਾ, ਨਿਰਗੁਣ ਆਪਣਾ ਖੇਲ ਕਰਾਈਆ । ਨਾਮ ਸਤਿ ਇਕ ਤਰਾਨਾ, ਤੁਰੀਆ ਰਾਗ ਆਪ ਅਲਾਈਆ । ਸ਼ਬਦ ਅਗੰਮੀ ਗਾਏ ਗਾਨਾ, ਅਨਹਦ ਤਾਲ ਵਜਾਈਆ । ਲੱਖ ਚੁਰਾਸੀ ਜਾਣੀ ਜਾਣਾ, ਵਿਸ਼ਨ ਬ੍ਰਹਮਾ ਸ਼ਿਵ ਭੇਵ ਖੁਲ੍ਹਾਈਆ । ਆਪੇ ਵਰਤੇ ਆਪਣਾ ਭਾਣਾ, ਸਦ ਭਾਣੇ ਵਿਚ ਸਮਾਈਆ । ਲੇਖਾ ਜਾਣੇ ਦੋ ਜਹਾਨਾਂ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਖੋਜ ਖੁਜਾਈਆ । ਜੇਰਜ ਅੰਡ ਦਏ ਪਰਵਾਨਾ, ਉਤਭੁਜ ਸੇਤਜ ਕਰੇ ਸ਼ਨਵਾਈਆ । ਜੋਧਾ ਸੂਰਬੀਰ ਬਲੀ ਬਲਵਾਨਾ, ਬਲ ਆਪਣਾ ਆਪ ਵਖਾਈਆ । ਨਿਰਗੁਣ ਨਿਰਵੈਰ ਪੁਰਖ ਅਕਾਲ ਹੋ ਪਰਧਾਨਾ, ਸਚ ਪਰਧਾਨਗੀ ਦਏ ਜਣਾਈਆ । ਨਵ ਨੌਂ ਪਾਏ ਆਣਾਂ, ਹੁਕਮੀ ਏਕਾ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਖਿਲੰਦੜਾ, ਇਕ ਇਕੱਲਾ ਏਕੰਕਾਰ । ਕਲਜੁਗ ਅੰਤਮ ਵੇਸ ਵਟੰਦੜਾ, ਨਿਹਕਲੰਕ ਨਰਾਇਣ ਨਰ ਅਵਤਾਰ । ਸ਼ਬਦ ਖੰਡਾ ਹੱਥ ਉਠੰਦੜਾ, ਆਪੇ ਤਿਖੀ ਰੱਖੇ ਧਾਰ । ਦੋ ਜਹਾਨਾਂ ਵੇਖ ਵਖੰਦੜਾ, ਜ਼ਿਮੀਂ ਅਸਮਾਨਾਂ ਪਾਵੇ ਸਾਰ । ਵਿਸ਼ਨ ਬ੍ਰਹਮਾ ਸ਼ਿਵ ਉਠੰਦੜਾ, ਕਰੋੜ ਤੇਤੀਸਾ ਕਰੇ ਖ਼ਵਾਰ । ਏਕਾ ਸਾਚਾ ਨਾਮ ਜਪੰਦੜਾ, ਆਤਮ ਪਰਮਾਤਮ ਮੇਲਾ ਨਾਰ ਕੰਤ ਭਤਾਰ । ਏਕਾ ਸਾਚਾ ਧਾਮ ਸੁਹੰਦੜਾ, ਆਪ ਸੁਹਾਏ

ਬੰਕ ਦਵਾਰ । ਜਿਸ ਦਵਾਰੇ ਚਰਨ ਛੁਹੰਦੜਾ, ਸੋ ਦਵਾਰਾ ਹੋਏ ਪਰਵਾਨ । ਗੁਰਮੁਖ ਸਾਚੇ ਮੇਲ ਮਿਲੰਦੜਾ, ਪੁਰਖ ਅਬਿਨਾਸ਼ੀ ਹੋ ਮਿਹਰਵਾਨ । ਸਚ ਨਿਸ਼ਾਨਾ ਇਕ ਝੁਲੰਦੜਾ, ਚਵ੍ਹੀ ਹੱਥ ਦੇਵੇ ਦਾਨ । ਦਾਤਾ ਦਾਨੀ ਆਪ ਅਖਵੰਦੜਾ, ਆਦਿ ਜੁਗਾਦੀ ਮਿਹਰਵਾਨ । ਵਿਸ਼ਨੂੰ ਵਿਸ਼ਵ ਵੇਖ ਵਖੰਦੜਾ, ਵੇਖਣਹਾਰਾ ਨੌਜਵਾਨ । ਬ੍ਰਹਮਾ ਅੰਤਮ ਪੰਧ ਮੁਕੰਦੜਾ, ਲੇਖਾ ਮੁੱਕੇ ਵਿਚ ਜਹਾਨ । ਸ਼ੰਕਰ ਨੇਤਰ ਰੋ ਰੋ ਨੀਰ ਵਹੰਦੜਾ, ਚੌਥੇ ਜੁਗ ਹੋਇਆ ਹੈਰਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਹੁਕਮਰਾਨ । ਹੁਕਮਰਾਨ ਰਾਜਨ ਰਾਜਾ, ਏਕੰਕਾਰ ਵਡੀ ਵਡਿਆਈਆ । ਆਦਿ ਜੁਗਾਦੀ ਰਚ ਰਚ ਕਾਜਾ, ਪੁਰਖ ਅਬਿਨਾਸ਼ੀ ਵੇਖ ਵਖਾਈਆ । ਜਨ ਭਗਤਾਂ ਰੱਖੇ ਜੁਗ ਜੁਗ ਲਾਜਾ, ਨਿਰਗੁਣ ਸਰਗੁਣ ਵੇਸ ਵਟਾਈਆ । ਸ਼ਬਦ ਅਗੰਮੀ ਮਾਰੇ ਵਾਜਾ, ਤਾਰ ਸਿਤਾਰ ਆਪ ਹਿਲਾਈਆ । ਦਰ ਦਰਵੇਸ਼ ਨਰ ਨਰੇਸ਼ ਹਰਿਜਨ ਦਵਾਰੇ ਆਵੇ ਭਾਜਾ, ਪਾਂਧੀ ਆਪਣਾ ਪੰਧ ਮੁਕਾਈਆ । ਅਨਹਦ ਸੁਣਾਏ ਸਾਚਾ ਵਾਜਾ, ਛੱਤੀ ਰਾਗ ਭੇਵ ਨਾ ਰਾਈਆ । ਜਿਸ ਜਨ ਦੇਵੇ ਆਪਣਾ ਤਾਜਾ, ਸ਼ਬਦ ਘੋੜੇ ਲਏ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਸ੍ਰੀ ਭਗਵੰਤ, ਆਪਣੀ ਖੇਲ ਕਰਾਇੰਦਾ । ਹਰਿਜਨ ਵੇਖੇ ਸਾਚੇ ਸੰਤ, ਲੋਕਮਾਤ ਆਪ ਜਗਾਇੰਦਾ । ਨਾਮ ਜਣਾਏ ਮਣੀਆ ਮੰਤ, ਨਿਜ ਆਤਮ ਮੇਲ ਮਿਲਾਇੰਦਾ । ਦੇਵੇ ਵਡਿਆਈ ਵਿਚ ਜੀਵ ਜੰਤ, ਜਾਗਰਤ ਜੋਤ ਖੇਲ ਖਿਲਾਇੰਦਾ । ਗੜ੍ਹ ਤੋੜੇ ਹਉਮੇ ਹੰਗਤ, ਸਾਚੀ ਸੰਗਤ ਸੰਗ ਨਿਭਾਇੰਦਾ । ਹਰਿਜਨ ਹੋਏ ਨਾ ਕਦੇ ਮੰਗਤ, ਜਿਸ ਜਨ ਆਪਣੀ ਭਿਛਿਆ ਪਾਇੰਦਾ । ਨਾਮ ਨਿਧਾਨਾ ਚਾੜ੍ਹੇ ਰੰਗਤ, ਰੰਗਿਆ ਰੰਗ ਉਤਰ ਨਾ ਜਾਇੰਦਾ । ਨਾਤਾ ਤੋੜੇ ਭੁੱਖ ਨੰਗਤ, ਮਾਇਆ ਮਮਤਾ ਮੋਹ ਮਿਟਾਇੰਦਾ । ਆਪ ਬਣਾਏ ਸਾਚੀ ਬਣਤ, ਘੜਨ ਭੰਨਣਹਾਰ ਆਪ ਅਖਵਾਇੰਦਾ । ਆਪੇ ਆਦਿ ਆਪੇ ਅੰਤ, ਮਧ ਆਪਣੀ ਧਾਰ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਨਰਾਇਣ ਨਰ, ਨਰ ਹਰਿ ਆਪਣਾ ਹੁਕਮ ਵਰਤਾਇੰਦਾ । ਸਾਚਾ ਹੁਕਮ ਧੁਰ ਫ਼ਰਮਾਨ, ਦੋ ਜਹਾਨਾਂ ਆਪ ਜਣਾਈਆ । ਜੁਗ ਚੌਕੜੀ ਹੋਏ ਹੈਰਾਨ, ਹਰਿ ਕਾ ਭੇਵ ਕੋਇ ਨਾ ਪਾਈਆ । ਬੇਅੰਤ ਬੇਅੰਤ ਬੇਅੰਤ ਗੁਰ ਅਵਤਾਰ ਸਰਬ ਗਾਣ, ਬੈਠੇ ਨਿਉਂ ਨਿਉਂ ਸੀਸ ਝੁਕਾਈਆ । ਸਚਖੰਡ ਵਸੇ ਸ੍ਰੀ ਭਗਵਾਨ, ਤਖ਼ਤ ਨਿਵਾਸੀ ਸੋਭਾ ਪਾਈਆ । ਥਿਰ ਘਰ ਵੇਖੇ ਮਾਰ ਧਿਆਨ, ਆਪ ਆਪਣੀ ਦਇਆ ਕਮਾਈਆ । ਸ਼ਬਦੀ ਸੁਤ ਕਰ ਪਰਵਾਨ, ਸੀਸ ਆਪਣਾ ਹੱਥ ਰਖਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇਵੇ ਦਾਨ, ਵਸਤ ਅਮੋਲਕ ਝੋਲੀ ਪਾਈਆ । ਗੁਰ ਅਵਤਾਰ ਕਰ ਪਰਧਾਨ, ਲੋਕਮਾਤ ਦਏ ਵਡਿਆਈਆ । ਅੰਤਮ ਆਪੇ ਵੇਖੇ ਆਣ, ਨਿਰਵੈਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਆਪ ਉਠਾਈਆ । ਪਰਦਾ ਚੁੱਕੇ ਹਰਿ ਭਗਵਾਨਾ, ਭਗਵਨ ਆਪਣੀ ਦਇਆ ਕਮਾਇੰਦਾ । ਕਲਜੁਗ ਕੂੜਾ ਮਿਟੇ ਨਿਸ਼ਾਨਾ, ਕੂੜੀ ਕਿਰਿਆ ਆਪ ਮਿਟਾਇੰਦਾ । ਸਤਿਜੁਗ ਖੇਲ ਕਰੇ ਮਹਾਨਾ, ਸਤਿ ਸਤਿਵਾਦੀ ਧਾਰ ਚਲਾਇੰਦਾ । ਸਰਬ ਜੀਆਂ ਦਾ ਏਕਾ ਕਾਹਨਾ, ਨੌ ਖੰਡ ਪ੍ਰਿਥਮੀ ਆਪ ਅਖਵਾਇੰਦਾ । ਲੱਖ ਚੁਰਾਸੀ ਬੰਨ੍ਹੇ ਗਾਨਾ, ਨਾਮ ਤੰਦ ਹੱਥ ਵਖਾਇੰਦਾ । ਅਨਹਦ ਰਾਗ ਸੁਣਾਏ ਗਾਣਾ, ਘਰ ਘਰ ਵਿਚ ਤਾਰ ਹਿਲਾਇੰਦਾ । ਅੰਮ੍ਰਿਤ ਆਤਮ ਦੇਵੇ ਪੀਣਾ ਖਾਣਾ, ਤ੍ਰਿਸ਼ਨਾ ਭੁੱਖ ਗਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਸਾਚਾ ਖੇਲ ਕਰੇ ਕਰਤਾਰ,

ਕਲਜੁਗ ਅੰਤਮ ਦਏ ਦੁਹਾਈਆ । ਨਿਰਗੁਣ ਪਰਗਟ ਹੋ ਵਿਚ ਸੰਸਾਰ, ਸਰਗੁਣ ਸੱਜਣ ਲਏ ਮਿਲਾਈਆ । ਭਗਤ ਭਗਵੰਤ ਕਰੇ ਪਿਆਰ,
ਨਿਤ ਨਵਿਤ ਵੇਸ ਵਟਾਈਆ । ਲੱਖ ਚੁਰਾਸੀ ਵਿਚੋਂ ਲਏ ਉਠਾਲ, ਆਪ ਆਪਣਾ ਦਰਸ ਦਿਖਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਏਕਾ
ਗੁਣ ਦਏ ਸਮਝਾਈਆ । ਹਰਿਜਨ ਨੇੜ ਨਾ ਆਏ ਕਾਲ, ਮਹਾਕਾਲ ਮੁਖ ਸ਼ਰਮਾਈਆ । ਲੋਕਮਾਤ ਵਖਾਏ ਸੱਚੀ ਧਰਮਸਾਲ, ਛੱਤੀ ਜੁਗ ਦਾ
ਪੰਧ ਮੁਕਾਈਆ । ਹਰਿਜਨ ਬਹਾਏ ਸਾਚੇ ਲਾਲ, ਸਿਰ ਆਪਣਾ ਹੱਥ ਰਖਾਈਆ । ਆਪੇ ਰਿਹਾ ਸੁਰਤ ਸਭਾਲ, ਸੁਰਤੀ ਸ਼ਬਦ ਬੰਧਨ ਪਾਈਆ ।
ਗੁਰ ਅਵਤਾਰਾਂ ਹਲ ਕਰੇ ਸਵਾਲ, ਬਣ ਬਣ ਸਵਾਲੀ ਜੋ ਅੱਗੇ ਗਏ ਟਿਕਾਈਆ । ਜਗਤ ਜੁਗ ਚਲੇ ਅਵੱਲੜੀ ਚਾਲ, ਚਾਲ ਨਿਰਾਲੀ ਇਕ
ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਹੱਥ ਰੱਖੇ ਵਡਿਆਈਆ । ਵੱਡੀ ਵਡਿਆਈ ਰੱਖੀ ਹੱਥ, ਹਰਿ ਕਾ
ਭੇਵ ਕਿਸੇ ਨਾ ਆਇਆ । ਜੁਗ ਜੁਗ ਚਲਾਏ ਆਪਣਾ ਰਥ, ਗੁਰ ਅਵਤਾਰ ਸੇਵ ਲਗਾਇਆ । ਨਾਮ ਡੋਰੀ ਪਾਵੇ ਨੱਥ, ਚਾਰੋਂ ਕੁੰਟ ਭਵਾਇਆ ।
ਜਿਸ ਜਨ ਦੇਵੇ ਆਪਣੀ ਵਥ, ਏਕਾ ਮੰਤਰ ਨਾਮ ਪੜ੍ਹਾਇਆ । ਸਾਹਿਬ ਸੁਲਤਾਨ ਸੁਣਾਏ ਗਾਥ, ਵਾਹ ਵਾ ਆਪਣਾ ਰਾਗ ਅਲਾਇਆ । ਆਪਣਾ
ਮਾਰਗ ਆਪੇ ਦੱਸ, ਸਾਚਾ ਧੰਦਾ ਇਕ ਜਣਾਇਆ । ਹਿਰਦੇ ਅੰਤਰ ਆਪੇ ਵਸ, ਸਾਚਾ ਮੰਤਰ ਇਕ ਪੜ੍ਹਾਇਆ । ਤੀਰ ਨਿਰਾਲਾ ਮਾਰੇ ਕਸ,
ਦੂਈ ਦਵੈਤੀ ਪਰਦਾ ਲਾਹਿਆ । ਜਨ ਭਗਤਾਂ ਆਪੇ ਹੋਏ ਵਸ, ਘਰ ਘਰ ਆਪਣਾ ਰੂਪ ਧਰਾਇਆ । ਮੇਲ ਮਿਲਾਵਾ ਨੱਸ ਨੱਸ, ਪਾਂਧੀ ਆਪਣਾ
ਪੰਧ ਮੁਕਾਇਆ । ਭਗਤ ਭਗਵਾਨ ਇਕ ਦੂਜੇ ਦਾ ਕਰਨ ਜਸ, ਗੁਰ ਗੁਰ ਲੇਖ ਇਕ ਸਮਝਾਇਆ । ਆਦਿ ਜੁਗਾਦਿ ਜੁਗਾ ਜੁਗੰਤਰ ਜੁਗ
ਕਰਤਾ ਪੂਰੀ ਕਰੇ ਆਸ, ਨਿਰਾਸਾ ਕੋਇ ਰਹਿਣ ਨਾ ਪਾਇਆ । ਗੁਰਮੁਖ ਜਨਮ ਜਨਮ ਦੀ ਬੁਝਾਏ ਪਿਆਸ, ਅੰਮ੍ਰਿਤ ਮੇਘ ਮੁਖ ਚੁਆਇਆ ।
ਨਾਤਾ ਤੋੜ ਪ੍ਰਿਥਮੀ ਆਕਾਸ਼, ਗਗਨ ਮੰਡਲ ਪੰਧ ਮੁਕਾਇਆ । ਆਪੇ ਕਰੇ ਬੰਦ ਖ਼ੁਲਾਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,
ਸਚ ਦਵਾਰੇ ਜਿਸ ਮਿਲਾਇਆ । ਸਚ ਦਵਾਰਾ ਸਾਚਾ ਮੇਲਾ, ਸਤਿਗੁਰ ਸੱਜਣ ਆਪ ਮਿਲਾਇੰਦਾ । ਏਕਾ ਘਰ ਵਸੇ ਗੁਰੂ ਗੁਰ ਚੇਲਾ, ਗੁਰ
ਚੇਲਾ ਖੇਲ ਖਿਲਾਇੰਦਾ । ਆਦਿ ਜੁਗਾਦੀ ਸੱਜਣ ਸਹੇਲਾ, ਸਦਾ ਸਦ ਸੰਗ ਨਿਭਾਇੰਦਾ । ਵਸਣਹਾਰਾ ਇਕ ਇਕੇਲਾ, ਲੋਕਮਾਤ ਵੇਸ ਵਟਾਇੰਦਾ ।
ਆਪੇ ਜਾਣੇ ਆਪਣਾ ਵੇਲਾ, ਵਾਰ ਥਿਤ ਨਾ ਕੋਇ ਰਖਾਇੰਦਾ । ਅਚਰਜ ਖੇਲ ਪਾਰਬ੍ਰਹਮ ਪ੍ਰਭ ਖੇਲਾ, ਵੇਦ ਕਤੇਬ ਭੇਵ ਨਾ ਆਇੰਦਾ । ਜੋਤੀ
ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰੇ ਸੋਭਾ ਪਾਇੰਦਾ । ਸਚ ਦਵਾਰਾ ਠਾਕਰ ਘਰ, ਹਰਿ ਠਾਕਰ ਆਪ ਬਣਾਈਆ ।
ਕਲਜੁਗ ਅੰਤਰ ਦੇਵੇ ਧਰ, ਵਸਤ ਅਮੋਲਕ ਆਪ ਵਰਤਾਈਆ । ਕਿਰਪਾਨਿਧ ਕਰਨੀ ਕਰ, ਕਰਤਾ ਪੁਰਖ ਖੇਲ ਖਿਲਾਈਆ । ਜੋ ਜਨ ਭਾਣਾ
ਰਹੇ ਜਰ, ਅਜਰ ਵਸਤ ਇਕ ਵਰਤਾਈਆ । ਭਗਤ ਭਗਵੰਤ ਲਏ ਫੜ, ਏਕਾ ਡੋਰ ਨਾਮ ਬੰਧਾਈਆ । ਦਰਸ ਦਿਖਾਏ ਅਗੇ ਖੜ, ਸਵਛ
ਸਰੂਪ ਰੂਪ ਧਰਾਈਆ । ਨਾ ਜਨਮੇ ਨਾ ਜਾਏ ਮਰ, ਸਤਿਗੁਰ ਪੂਰਾ ਸੋ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,
ਹਰਿਜਨ ਸਾਚੇ ਮੰਦਰ ਲਏ ਬਹਾਈਆ । ਸਾਚਾ ਮੰਦਰ ਸਚਖੰਡ, ਸਤਿ ਪੁਰਖ ਨਿਰੰਜਣ ਆਪ ਬਣਾਇੰਦਾ । ਆਪੇ ਜਾਣੇ ਆਪਣੀ ਕੰਧ, ਆਪਣਾ
ਪਰਦਾ ਆਪ ਵਖਾਇੰਦਾ । ਆਪੇ ਬਹੇ ਸੇਜ ਪਲੰਘ, ਸਚ ਸਿੰਘਾਸਣ ਆਪ ਸੁਹਾਇੰਦਾ । ਆਪੇ ਰੰਗੇ ਆਪਣਾ ਰੰਗ, ਰੰਗ ਰੰਗੀਲਾ ਆਪ ਹੋ

ਜਾਇੰਦਾ । ਆਪੇ ਚਾੜ੍ਹੇ ਆਪਣਾ ਚੰਦ, ਨਿਰਗੁਣ ਜੋਤ ਡਗਮਗਾਇੰਦਾ । ਆਪੇ ਗਾਏ ਆਪਣਾ ਛੰਦ, ਬੋਧ ਅਗਾਧੀ ਆਪ ਅਖਵਾਇੰਦਾ । ਆਪੇ ਪਾਵੇ ਆਪਣਾ ਬੰਧਨ ਬੰਧ, ਬੰਦੀਖਾਨਾ ਆਪ ਸੁਹਾਇੰਦਾ । ਆਪੇ ਹੋਏ ਸਾਹਿਬ ਬਖ਼ਸ਼ੰਦ, ਬਖ਼ਸ਼ਿਸ਼ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰਾ ਇਕ ਵਡਿਆਇੰਦਾ । ਸਚ ਦਵਾਰਾ ਭਗਤਨ ਦਾਤ, ਦਾਤਾ ਦਾਨੀ ਆਪ ਵਰਤਾਈਆ । ਬਹੱਤਰ ਸਿੱਖਾਂ ਜਣਾਏ ਪਿਛਲੀ ਗਾਥ, ਪੂਰਬ ਲਹਿਣਾ ਮੁਕਾਈਆ । ਲਹਿਣਾ ਮੁਕਾਏ ਤਤ ਆਠ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਬੰਧਨ ਰਹੇ ਨਾ ਰਾਈਆ । ਆਪ ਬੰਧਾਏ ਸਾਚਾ ਨਾਤ, ਸੁਰਤੀ ਸ਼ਬਦ ਮੇਲ ਮਿਲਾਈਆ । ਮੇਲ ਮਿਲਾਵਾ ਕਮਲਾਪਾਤ, ਘਰ ਸਾਚੇ ਵੱਜੇ ਵਧਾਈਆ । ਕਲਜੁਗ ਮਿਟੇ ਅੰਧੇਰੀ ਰਾਤ, ਸਤਿਜੁਗ ਸਾਚਾ ਚੰਦ ਚੜ੍ਹਾਈਆ । ਚਾਰ ਵਰਨ ਤੇਰੀ ਮੁਕੀ ਵਾਟ, ਬਾਕੀ ਨਜ਼ਰ ਕੋਈ ਨਾ ਆਈਆ । ਮੰਦਰ ਮਸਜਿਦ ਸ਼ਿਵਦਵਾਲਾ ਵਿਕੇ ਨਾ ਕੋਈ ਕਿਸੇ ਮਠ, ਬਿਨ ਹਰਿ ਇਸ਼ਟ ਨਾ ਕੋਇ ਜਣਾਈਆ । ਕਲਰ ਕੰਧ ਜਾਏ ਢੱਠ, ਥਿਰ ਕੋਇ ਰਹਿਣ ਨਾ ਪਾਈਆ । ਪੁਰਖ ਅਬਿਨਾਸ਼ੀ ਗੇੜੇ ਲਠ, ਜੁਗ ਗੇੜਾ ਆਪ ਦਿਵਾਈਆ । ਲਹਿਣਾ ਮੁਕੇ ਤੀਰਥ ਅਠਸਠ, ਜਗਤ ਸਰੋਵਰ ਨਾ ਕੋਇ ਵਖਾਈਆ । ਏਕਾ ਪੂਜਾ ਪੁਰਖ ਸਮਰਥ, ਸਤਿਜੁਗ ਆਪਣੀ ਆਪ ਜਣਾਈਆ । ਚਾਰ ਵਰਨ ਦਾ ਸਾਚਾ ਮੰਦਰ ਹੋਏ ਚਵ੍ਹੀ ਹੱਥ, ਚਾਰੋਂ ਕੁੰਟ ਵੰਡ ਵੰਡਾਈਆ । ਸਗਲ ਵਿਸੂਰੇ ਜਾਇਣ ਲਥ, ਜੋ ਜਨ ਅੰਦਰ ਵੜ ਦਰਸਨ ਪਾਈਆ । ਪੁਰਖ ਅਕਾਲ ਮਹਿਮਾ ਸੁਣਾਏ ਅਕਥਨਾ ਅਕਥ, ਕਥਨੀ ਕਥ ਨਾ ਸਕੇ ਰਾਈਆ । ਨਿਊਂ ਨਿਊਂ ਸੀਸ ਝੁਕਾਏ ਰਾਮ ਦੁਲਾਰਾ ਦਸਰਥ, ਨੇਤਰ ਨੈਣਾਂ ਨੀਰ ਵਹਾਈਆ । ਕਾਹਨਾ ਕ੍ਰਿਸ਼ਨਾ ਚਰਨੀ ਡਿਗੇ ਢੱਠ, ਕਵਲ ਨੈਣ ਨੈਣ ਮਟਕਾਈਆ । ਈਸਾ ਮੂਸਾ ਸੰਗ ਮੁਹੰਮਦ ਦੂਰ ਦੁਰਾਡੇ ਜਾਣੇ ਢੱਠ, ਗਲ ਵਿਚ ਪੱਲੂ ਏਕਾ ਪਾਈਆ । ਨਾਨਕ ਗੋਬਿੰਦ ਭਾਣਾ ਮੰਨੇ ਸਤਿ, ਸਤਿ ਪੁਰਖ ਅਬਿਨਾਸ਼ੀ ਅਗੇ ਸੀਸ ਝੁਕਾਈਆ । ਸਚ ਦਵਾਰਾ ਕਰ ਉਤਪਤ, ਪਿਛਲਾ ਲੇਖਾ ਪੂਰ ਵਖਾਈਆ । ਨੌ ਖੰਡ ਪ੍ਰਿਥਮੀ ਦੇਣੀ ਏਕਾ ਮਤ, ਬ੍ਰਹਮ ਮਤ ਇਕ ਸਮਝਾਈਆ । ਬੀਜ ਬੀਜਣਾ ਸਾਚੇ ਵਤ, ਕਾਇਆ ਖੇਤ ਹਲ ਚਲਾਈਆ । ਨਾੜ ਬਹੱਤਰ ਨਾ ਉਬਲੇ ਰਤ, ਬਹੱਤਰ ਸਿੱਖਾਂ ਦਏ ਸਮਝਾਈਆ । ਤੂੰ ਵਸਣਹਾਰਾ ਘਟ ਘਟ, ਬੇਅੰਤ ਤੇਰੀ ਵਡਿਆਈਆ । ਤੇਰਾ ਦਵਾਰਾ ਆਦਿ ਜੁਗਾਦਿ ਨਾ ਜਾਏ ਢੱਠ, ਸਚ ਨਿਸ਼ਾਨਾ ਇਕ ਝੁਲਾਈਆ । ਚਾਰ ਜੁਗ ਚਾਰ ਵਰਨ ਇਕ ਦੂਜੇ ਨਾਲੋਂ ਜੋ ਕੀਤੇ ਅੱਡ ਅੱਡ, ਅੰਤਮ ਆਪੇ ਲਏ ਮਿਲਾਈਆ । ਜਿਉਂ ਗੋਬਿੰਦ ਕਰਿਆ ਸਾਚਾ ਲਡ, ਪੂਤ ਸਪੂਤਾ ਗੋਦ ਸੁਹਾਈਆ । ਤੇਰੀ ਪਰਗਟ ਹੋਏ ਯਦ, ਤੇਰੇ ਨਾਮ ਵੱਜੇ ਵਧਾਈਆ । ਪਾਰਬ੍ਰਹਮ ਪ੍ਰਭ ਤੇਰੀ ਇਕੋ ਹੱਦ, ਅਧਵਿਚਕਾਰ ਨਾ ਕੋਇ ਅਟਕਾਈਆ । ਕੋਟਨ ਕੋਟ ਗੁਰ ਅਵਤਾਰ ਸਾਧ ਸੰਤ ਜੁਗ ਜੁਗ ਆਪਣਾ ਭਾਰ ਗਏ ਲਦ, ਥਿਰ ਕੋਇ ਰਹਿਣ ਨਾ ਪਾਈਆ । ਜਿਸ ਭੇਜੇਂ ਤਿਸ ਲਵੇਂ ਸਦ, ਬਚਿਆ ਕੋਈ ਰਹਿਣ ਨਾ ਪਾਈਆ । ਪੰਜ ਤਤ ਕਾਇਆ ਚੋਲਾ ਜਾਣ ਛਡ, ਛੱਤੀ ਛੱਤੀ ਮੁਖ ਭਵਾਈਆ । ਤੇਰਾ ਖੇਲ ਸਦਾ ਬ੍ਰਿਹਿਮਾਦਿ, ਬ੍ਰਹਮ ਤੇਰਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਘਰ ਦੇਣਾ ਵਸਾਈਆ । ਸਾਚਾ ਘਰ ਇਕ ਵਸੌਣਾ, ਪੁਰਖ ਅਕਾਲ ਆਪ ਜਣਾਇੰਦਾ । ਬਹੱਤਰ ਭਗਤਾਂ ਮਾਤ ਪਰਗਟੌਣਾ, ਆਪ ਆਪਣਾ ਹੁਕਮ ਮਨਾਇੰਦਾ । ਪਿਛਲਾ ਲਹਿਣਾ ਮੂਲ ਚੁਕੌਣਾ, ਅਗੇ ਕਰਜ਼ ਨਾ ਕੋਇ ਰਖਾਇੰਦਾ । ਸਾਚਾ ਮੰਦਰ ਇਕ ਸੁਹੌਣਾ, ਮੰਡਲ ਆਪਣਾ ਰੰਗ

ਰੰਗਾਇੰਦਾ । ਸਚ ਸਿੰਘਾਸਣ ਡੇਰਾ ਲੌਣਾ, ਆਸਣ ਸਾਚੇ ਸੋਭਾ ਪਾਇੰਦਾ । ਮੰਡਲ ਰਾਸਨ ਰਾਸ ਰਚੌਣਾ, ਗੋਪੀ ਕਾਹਨ ਆਪ ਨਚਾਇੰਦਾ । ਪ੍ਰਿਥਮੀ ਆਕਾਸ਼ ਫੇਰਾ ਪੌਣਾ, ਗਗਨ ਗਗਨੰਤਰ ਵੇਖ ਵਖਾਇੰਦਾ । ਕਾਗਦ ਕਲਮ ਮੁਖ ਸ਼ਰਮੌਣਾ, ਲਿਖ ਲਿਖ ਲੇਖ ਨਾ ਕੋਇ ਜਣਾਇੰਦਾ । ਗੋਬਿੰਦ ਲੇਖਾ ਆਪਣੇ ਲੇਖੇ ਲੌਣਾ, ਆਪ ਆਪਣੇ ਵਿਚ ਛੁਪਾਇੰਦਾ । ਛੱਤੀ ਛੱਤੀ ਧਾਰ ਰਖੌਣਾ, ਛੱਤੀ ਉਚ ਮੁਨਾਰ ਸੁਹੌਣਾ, ਬਹੱਤਰ ਫੜ ਦਰ ਬਹੌਣਾ, ਸੰਬਲ ਨਾਉਂ ਫੇਰ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਢੇ ਤਿੰਨ ਹੱਥ ਅੰਦਰ ਰਿਹਾ ਵੜ, ਦਿਸ ਕਿਸੇ ਨਾ ਆਇੰਦਾ । ਸੰਬਲ ਰੱਖਿਆ ਸਾਢੇ ਤਿੰਨ ਹੱਥ, ਘਰ ਘਰ ਵਿਚ ਆਪ ਪਰਗਟਾਈਆ । ਉਪਰ ਬਹੇ ਪੁਰਖ ਸਮਰਥ, ਬੇਪਰਵਾਹ ਸੱਚਾ ਸ਼ਹਿਨਸ਼ਾਹੀਆ । ਛੱਤੀ ਜੁਗ ਚਲਾਇਆ ਰਥ, ਬਹੱਤਰ ਭਗਤ ਲਏ ਪਰਗਟਾਈਆ । ਨਾਨਕ ਪੂਰੀ ਕਰੇ ਆਸ, ਜੋ ਆਸ ਗਿਆ ਰਖਾਈਆ । ਗ੍ਰਿਹ ਆਪਣੇ ਕਰ ਕਰ ਵਾਸ, ਸਾਚਾ ਮੰਦਰ ਸੋਭਾ ਪਾਈਆ । ਨਿਰਗੁਣ ਜੋਤ ਕਰੇ ਪਰਕਾਸ਼, ਦੀਵਾ ਬਾਤੀ ਨਾ ਕੋਇ ਰਖਾਈਆ । ਸਤਿਗੁਰ ਪੂਰਾ ਸ਼ਾਹ ਪਾਤਸ਼ਾਹ ਸ਼ਾਹੋ ਸ਼ਾਬਾਸ, ਸ਼ਹਿਨਸ਼ਾਹ ਸੱਚਾ ਸ਼ਹਿਨਸ਼ਾਹੀਆ । ਨਿਰਗੁਣ ਚੋਲਾ ਸਰਗੁਣ ਲਿਬਾਸ, ਨਿਰਗੁਣ ਢੋਲਾ ਸਰਗੁਣ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਬਲ ਦੇਵੇ ਮਾਣ ਵਡਿਆਈਆ । ਸੰਬਲ ਤੇਰਾ ਉਪਜੇ ਧਾਮ, ਸੋ ਪੁਰਖ ਨਿਰੰਜਣ ਆਪ ਉਪਾਇੰਦਾ । ਆਪਣਾ ਕਰੇ ਪੂਰਾ ਕਾਮ, ਕਰਤਾ ਪੁਰਖ ਦਇਆ ਕਮਾਇੰਦਾ । ਭਗਤਾਂ ਪਕੜੇ ਆਪੇ ਦਾਮ, ਦਾਮਨਗੀਰ ਆਪ ਅਖਵਾਇੰਦਾ । ਆਪੇ ਮੇਲੇ ਸਾਚੇ ਰਾਮ, ਰਾਮ ਰੂਪ ਆਪ ਵਟਾਇੰਦਾ । ਆਪ ਪਿਆਏ ਸਾਚਾ ਜਾਮ, ਨਾਮ ਪਿਆਲਾ ਹੱਥ ਰਖਾਇੰਦਾ । ਆਪੇ ਕਰੇ ਪਰਕਾਸ਼ ਕੋਟਨ ਭਾਨ, ਜੋਤੀ ਨੂਰ ਡਗਮਗਾਇੰਦਾ । ਆਪ ਸੁਹਾਏ ਸਚ ਮਕਾਨ, ਸਚਖੰਡ ਦਵਾਰੇ ਸੋਭਾ ਪਾਇੰਦਾ । ਆਪ ਉਠਾਏ ਸਚ ਨਿਸ਼ਾਨ, ਲੋਕਮਾਤ ਆਪ ਝੁਲਾਇੰਦਾ । ਆਪੇ ਸ਼ਾਹ ਪਾਤਸ਼ਾਹ ਬਣੇ ਹੁਕਮਰਾਨ, ਰਾਜ ਰਾਜਾਨਾ ਆਪਣਾ ਨਾਉਂ ਪਰਗਟਾਇੰਦਾ । ਆਪੇ ਜਨ ਭਗਤਾਂ ਦੇਵੇ ਮਾਣ, ਜਗਤ ਨਿਮਾਣੇ ਆਪਣੇ ਗਲੇ ਲਗਾਇੰਦਾ । ਲੱਖ ਚੁਰਾਸੀ ਵਿਚੋਂ ਕਰ ਪਹਿਚਾਨ, ਆਪ ਆਪਣਾ ਦਰਸ ਦਿਖਾਇੰਦਾ । ਮੇਲ ਮਿਲਾਵਾ ਹਾਣੀ ਹਾਣ, ਸ਼ਬਦੀ ਸੁਰਤੀ ਬੰਧਨ ਏਕਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਾ ਆਪ ਉਪਾਇੰਦਾ । ਸਚ ਦਵਾਰਾ ਉਪਮਾ ਯੋਗ, ਪੁਰਖ ਅਬਿਨਾਸ਼ੀ ਆਪ ਸੁਣਾਈਆ । ਜਿਸ ਦਾ ਰਾਹ ਤੱਕਣ ਚੌਦਾਂ ਲੋਕ, ਪਰਲੋਕ ਨੈਣ ਉਠਾਈਆ । ਜਿਸ ਦਵਾਰੇ ਗੁਰ ਅਵਤਾਰ ਚਲ ਆਇਣ ਸੁਣਨ ਸਲੋਕ, ਪਤਿਪਰਮੇਸ਼ਵਰ ਏਕਾ ਗਾਈਆ । ਜਿਸ ਦਾ ਭਾਣਾ ਸਕੇ ਨਾ ਕੋਈ ਰੋਕ, ਤਿਸ ਦਾ ਦਰਸ਼ਨ ਬ੍ਰਹਮਾ ਵਿਸ਼ਨ ਸ਼ਿਵ ਨੇਤਰ ਨੈਣਾਂ ਵੇਖ ਵਖਾਈਆ । ਜਿਸ ਦਾ ਕੋਈ ਰੋਮ ਨਾ ਦਿਸੇ ਸੋਤ, ਘਟ ਘਟ ਬੈਠਾ ਆਸਣ ਲਾਈਆ । ਸਚ ਦਵਾਰਾ ਇਕ ਬਣਾਏ ਕਿਲਾ ਕੋਟ, ਚਾਰ ਦੀਵਾਰ ਨਾ ਕੋਇ ਵਡਿਆਈਆ । ਜਿਸ ਦਾ ਜਸ ਨਾ ਗਾਇਣ ਰਸਨਾ ਹੋਂਟ, ਕ਼ਲਮ ਸ਼ਾਹੀ ਲਿਖ ਲਿਖ ਲੇਖ ਨਾ ਕੋਇ ਮੁਕਾਈਆ । ਸੋ ਸਾਹਿਬ ਆਪੇ ਜਾਣੇ ਆਪਣਾ ਓਤ ਪੋਤ, ਗੁਰ ਅਵਤਾਰ ਪੋਤਰੇ ਰੂਪ ਖਿਡਾਈਆ । ਆਦਿ ਜੁਗਾਦੀ ਨਿਰਮਲ ਜੋਤ, ਜੋਤੀ ਜਾਤਾ ਡਗਮਗਾਈਆ । ਜਨ ਭਗਤਾਂ ਬਖ਼ਸ਼ੇ ਏਕਾ ਓਟ, ਦੂਸਰ ਅਵਰ ਨਾ ਕੋਇ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਾ ਲਏ ਪਰਗਟਾਈਆ । ਪਰਗਟੌਣਾ ਦਵਾਰਾ ਲੋਕਮਾਤ, ਤ੍ਰੈ ਪੰਜ ਮੇਲਾ ਸਹਿਜ ਸੁਭਾਇਆ । ਪਾਰਬ੍ਰਹਮ ਪ੍ਰਭ ਖੋਲ੍ਹੇ ਤਾਕ, ਤ੍ਰੈਗੁਣ ਅਤੀਤਾ ਸੇਵ

ਕਮਾਇਆ । ਜੁਗ ਜੁਗ ਦਾ ਪੂਰਾ ਕਰੇ ਭਵਿਖਤ ਵਾਕ, ਗੁਰ ਅਵਤਾਰਾਂ ਜੋ ਜਸ ਗਾਇਆ । ਸੱਜਣ ਸੁਹੇਲੇ ਲਏ ਰਾਖ, ਭਗਤ ਭਗਵੰਤ ਮੇਲ ਮਿਲਾਇਆ । ਆਪੇ ਹੋਏ ਪਾਕੀ ਪਾਕ, ਪਤਿਤ ਪੁਨੀਤ ਬੇਪਰਵਾਹਿਆ । ਸੰਤਾਂ ਬਣੇ ਸੱਜਣ ਸਾਕ, ਸਗਲਾ ਸੰਗ ਆਪ ਨਿਭਾਇਆ । ਆਪੇ ਖੋਲ੍ਹੇ ਬੰਦ ਤਾਕ, ਬਜਰ ਕਪਾਟੀ ਤੋੜ ਤੁੜਾਇਆ । ਏਕਾ ਮੰਦਰ ਵਖਾਏ ਸਾਚਾ ਹਾਟ, ਸਤਿਗੁਰ ਬੈਠਾ ਆਸਣ ਲਾਇਆ । ਨਿਰਗੁਣ ਖੇਲ ਬਾਜ਼ੀਗਰ ਨਾਟ, ਸਵਾਂਗੀ ਆਪਣਾ ਸਵਾਂਗ ਵਰਤਾਇਆ । ਨਾ ਕੋਈ ਜ਼ਾਤ ਨਾ ਕੋਈ ਪਾਤ, ਰੂਪ ਰੰਗ ਰੇਖ ਨਾ ਕੋਇ ਵਖਾਇਆ । ਜਨ ਭਗਤਾਂ ਵਸੇ ਸਦਾ ਸਾਥ, ਵਿਛੜ ਕਦੇ ਨਾ ਜਾਇਆ । ਜੋਤ ਜਗਾਏ ਮਸਤਕ ਲਲਾਟ, ਨੂਰ ਨੁਰਾਨਾ ਡਗਮਗਾਇਆ । ਆਤਮ ਸੇਜਾ ਸੁਹਾਏ ਸਾਚੀ ਖਾਟ, ਸਚ ਸਿੰਘਾਸਣ ਸੋਭਾ ਪਾਇਆ । ਜੁਗਾ ਜੁਗੰਤਰ ਪੁਛੇ ਵਾਤ, ਜੁਗ ਵਿਛੜੇ ਲਏ ਮਿਲਾਇਆ । ਅੰਤਮ ਮੇਟੇ ਅੰਧੇਰੀ ਰਾਤ, ਨਿਰਗੁਣ ਜੋਤ ਕਰ ਰੁਸ਼ਨਾਇਆ । ਦਰਸ ਦਿਖਾਏ ਇਕ ਇਕਾਂਤ, ਇਕ ਇਕੱਲਾ ਰੂਪ ਧਰਾਇਆ । ਹਰਿਜਨ ਵੇਖੇ ਜਿਉਂ ਬਾਲਕ ਮਾਤ, ਪਿਤਾ ਪੂਤ ਗੋਦ ਸੁਹਾਇਆ । ਏਕਾ ਬੰਧੇ ਸਾਚਾ ਨਾਤ, ਨਾ ਕੋਈ ਤੋੜੇ ਤੋੜ ਤੁੜਾਇਆ । ਦਰਗਹਿ ਸਾਚੀ ਦੇਵੇ ਦਾਤ, ਨਾਮ ਵੰਡਣ ਵੰਡ ਵੰਡਾਇਆ । ਅੰਤਮ ਵਖਾਏ ਏਕਾ ਘਾਟ, ਜਿਸ ਦਾ ਕਿਨਾਰਾ ਨਜ਼ਰ ਕਿਸੇ ਨਾ ਆਇਆ । ਸਾਹਿਬ ਦਿਆਲ ਪੁਰਖ ਸਮਰਾਥ, ਅਬਿਨਾਸ਼ੀ ਆਪਣਾ ਰੂਪ ਵਟਾਇਆ । ਸੰਬਲ ਲੇਖਾ ਸਾਢੇ ਤਿੰਨ ਤਿੰਨ ਹਾਥ, ਰਵਦਾਸ ਚਮਿਆਰਾ ਗਿਆ ਸਮਝਾਇਆ । ਜਿਸ ਦਾ ਕਰਦੇ ਪੂਜਾ ਪਾਠ, ਸੋ ਪੁਰਖ ਨਿਰੰਜਣ ਮਾਤ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਜਗਾਇਆ । ਹਰਿਜਨ ਜਗੌਣਾ ਕਿਰਪਾ ਧਾਰ, ਹਰਿ ਆਪਣੀ ਬੂਝ ਬੁਝਾਈਆ । ਮਾਣਸ ਜਨਮ ਦੇਵੇ ਪੈਜ ਸੁਆਰ, ਮਾਨੁਖ ਆਪਣੇ ਲੇਖੇ ਲਾਈਆ । ਰਾਤੀਂ ਸੁਤਿਆਂ ਕਰੇ ਗੁਫ਼ਤਾਰ, ਗੁਫ਼ਤ ਸ਼ਨੀਦ ਖੇਲ ਖਿਲਾਈਆ । ਬੇਐਬ ਪਰਵਰਦਿਗਾਰ, ਨੂਰ ਨੁਰਾਨਾ ਸੱਚਾ ਸ਼ਹਿਨਸ਼ਾਹੀਆ । ਕ਼ਾਦਰ ਖੇਲ ਕਰੇ ਕਰਤਾਰ, ਕ਼ੁਦਰਤ ਵੇਖੇ ਚਾਈਂ ਚਾਈਆ । ਮੁਕਾਮੇ ਹਕ ਮੀਤ ਮੁਰਾਰ, ਸਾਂਝਾ ਯਾਰ ਲਏ ਮਿਲਾਈਆ । ਏਕਾ ਹਕ ਬੋਲ ਜੈਕਾਰ, ਲਾਸ਼ਰੀਕ ਦਏ ਵਡਿਆਈਆ । ਤਾਲਬ ਤਲਬ ਨਾ ਕੋਇ ਤਲਬਗਾਰ, ਤਾਲਬ ਤੁਲਬਾ ਆਪ ਪੜ੍ਹਾਈਆ । ਆਲਮ ਉਲਮਾ ਖੇਲ ਕਰੇ ਅਪਾਰ, ਆਲਮੀਨ ਵੇਸ ਵਟਾਈਆ । ਸੋਹਬਤ ਜਾਣੇ ਸਰਬ ਸੰਸਾਰ, ਅਭੁਲ ਭੁਲ ਕਦੇ ਨਾ ਜਾਈਆ । ਗ਼ਫ਼ਲਤ ਵੇਖੇ ਜੀਵ ਗਵਾਰ, ਆਲਸ ਨਿੰਦਰਾ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵਖਾਏ ਸਾਚਾ ਘਰ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਦਰ ਦਰਵਾਜ਼ਾ ਨਵ ਨੌਂ ਦਰ, ਦਰ ਦਰਵੇਸ਼ ਸੁਹਾਈਆ । ਸਾਢੇ ਤਿੰਨ ਤਿੰਨ ਦੇਵੇ ਵਰ, ਘਰ ਘਰ ਵੱਜੇ ਵਧਾਈਆ । ਸਤ ਸਤ ਵੇਖੇ ਆਪੇ ਖੜ, ਰੂਪ ਅਨੂਪ ਵਟਾਈਆ । ਨਿਰਗੁਣ ਅੰਦਰ ਸਰਗੁਣ ਵੜ, ਸਰਗੁਣ ਅੰਦਰ ਨਿਰਗੁਣ ਧਾਰ ਚਲਾਈਆ । ਆਪਣੀ ਕਰਨੀ ਆਪੇ ਕਰ, ਕਰਤਾ ਕ਼ੀਮਤ ਆਪ ਮੁਕਾਈਆ । ਏਕਾ ਘਾੜਨ ਲਏ ਘੜ, ਘੜਨ ਭੰਨਣਹਾਰ ਹੱਥ ਵਡਿਆਈਆ । ਲੇਖਾ ਜਾਣੇ ਚੋਟੀ ਜੜ੍ਹ, ਜਗਤ ਨੀਂਹ ਆਪ ਧਰਾਈਆ । ਵਿਸ਼ਨ ਬ੍ਰਹਮਾ ਸ਼ਿਵ ਲਏ ਫੜ, ਏਕਾ ਹੁਕਮ ਸੁਣਾਈਆ । ਸੇਵ ਕਮੌਣੀ ਔਣਾ ਦਰ, ਏਕਾ ਘਰ ਵਖਾਈਆ । ਛੱਤੀ ਜੁਗ ਜਿਸ ਦਾ ਰੱਖਦੇ ਰਹੇ ਡਰ, ਸੋ ਡਰ ਰਿਹਾ ਮਿਟਾਈਆ । ਮੇਰੇ ਭਗਤਾਂ ਸਰਨ ਸਰਨਾਈ ਜਾਓ ਪੜ, ਵੇਲੇ ਅੰਤ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਰਿਹਾ ਸੁਣਾਈਆ । ਸੁਣੋ ਸੰਦੇਸ਼ਾ ਏਕਾ ਕੰਨ, ਏਕਾ ਵਾਰ

ਜਣਾਇੰਦਾ । ਧੁਰ ਫ਼ਰਮਾਨਾ ਲੈਣਾ ਮੰਨ, ਧੁਰਦਰਗਾਹੀ ਆਪ ਸੁਣਾਇੰਦਾ । ਜੋ ਘੜਿਆ ਸੋ ਦੇਵੇ ਭੰਨ, ਥਿਰ ਕੋਇ ਰਹਿਣ ਨਾ ਪਾਇੰਦਾ । ਕੋਟਨ ਕੋਟ ਵੇਸ ਵਟਾਏ ਸੂਰਜ ਚੰਨ, ਕੋਟਨ ਕੋਟ ਵਿਸ਼ਨ ਬ੍ਰਹਮਾ ਸ਼ਿਵ ਸੇਵ ਕਮਾਇੰਦਾ । ਏਕਾ ਦਿਵਸ ਰਸਨਾ ਕਹਿਣਾ ਧੰਨ ਧੰਨ, ਵਡ ਧਨੀ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵ ਆਪਣੇ ਹੱਥ ਰਖਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰਨ ਸਲਾਹ, ਸੁਣਿਆ ਹਰਿ ਪਰਵਾਨਾ । ਕਲਜੁਗ ਅੰਤਮ ਪਰਗਟ ਹੋਇਆ, ਨਾਉਂ ਧਰਾ ਵਿਸ਼ਨੂੰ ਭਗਵਾਨਾ । ਵਿਸ਼ਨੂੰ ਪਹਿਲਾਂ ਡਿਗੀ ਚਰਨੀ ਆ, ਸੁਣਨਾ ਸਚ ਤਰਾਨਾ । ਬ੍ਰਹਮੇ ਦਰਸ਼ਨ ਲੈਣਾ ਪਾ, ਵੇਲਾ ਗਿਆ ਹੱਥ ਨਾ ਆਨਾ । ਸ਼ੰਕਰ ਧੂੜੀ ਟਿੱਕਾ ਮਸਤਕ ਲੈਣਾ ਲਾ, ਤੁੱਟੇ ਮਾਣ ਅਭਿਮਾਨਾ । ਪੁਰਖ ਅਬਿਨਾਸ਼ੀ ਖੇਲ ਰਿਹਾ ਕਰਾ, ਲੋਕਮਾਤ ਹੋ ਪਰਧਾਨਾ । ਸਚਖੰਡ ਦਵਾਰਾ ਦਏ ਬਣਾ, ਇਕ ਝੁਲਾਏ ਸਚ ਨਿਸ਼ਾਨਾ । ਸ਼ਾਹ ਸੁਲਤਾਨਾਂ ਦੇਵੇ ਖ਼ਾਕ ਮਿਲਾ, ਸੀਸ ਤਾਜ ਨਾ ਕੋਇ ਟਿਕਾਨਾ । ਏਕਾ ਹੁਕਮ ਦਏ ਵਰਤਾ, ਨੌਂ ਖੰਡ ਪ੍ਰਿਥਮੀ ਹੋ ਪਰਧਾਨਾ । ਚਾਰ ਵਰਨਾਂ ਦਏ ਖਪਾ, ਦੀਨ ਮਜ਼੍ਹਬ ਨਾ ਕੋਇ ਈਮਾਨਾ । ਸਾਚੀ ਸ਼ਰਅ ਦਏ ਵਖਾ, ਏਕਾ ਇਸ਼ਟ ਸ੍ਰੀ ਭਗਵਾਨਾ । ਸਾਚਾ ਮੰਦਰ ਦਏ ਬਣਾ, ਲੇਖਾ ਜਾਣੇ ਗੁਣ ਨਿਧਾਨਾ । ਚਲ ਕੇ ਦਰਸ਼ਨ ਆਈਏ ਪਾ, ਲੈ ਕੇ ਆਈਏ ਧੁਰ ਪਰਵਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਉਂ ਸੀਸ ਰਹੇ ਝੁਕਾ । ਝੁਕਿਆ ਸੀਸ ਅਗੇ ਜਗਦੀਸ, ਜਗਦੀਸਰ ਦਇਆ ਕਮਾਇੰਦਾ । ਨਵ ਨੌਂ ਚਾਰ ਪੀਸਣ ਲਿਆ ਪੀਸ, ਜੁਗ ਚੌਕੜੀ ਪੰਧ ਮੁਕਾਇੰਦਾ । ਜੁਗਾ ਜੁਗੰਤਰ ਆਪ ਜਣਾਵਾਂ ਸਚ ਹਦੀਸ, ਮੰਤਰ ਅੰਤਰ ਨਾਮ ਪੜ੍ਹਾਇੰਦਾ । ਕਲਜੁਗ ਲਹਿਣਾ ਦੇਣਾ ਚੁੱਕਣਾ ਬੀਸ ਇਕੀਸ, ਬੀਸ ਬੀਸਾ ਮੋਹ ਮਿਟਾਇੰਦਾ । ਕਿਸੇ ਤਾਜ ਨਾ ਰੱਖਣਾ ਸੀਸ, ਰਾਜ ਰਾਜਾਨ ਨਾ ਕੋਇ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰਾ ਆਪ ਸੁਹਾਇੰਦਾ । ਸਚ ਦੁਆਰਾ ਹਰਿ ਬਣੌਣਾ, ਹਰਿਜਨ ਸਾਚੀ ਸੇਵ ਜਣਾਈਆ । ਵਿਸ਼ਨ ਬ੍ਰਹਮਾ ਸ਼ਿਵ ਦਰ ਮੰਗੌਣਾ, ਏਕਾ ਹੁਕਮ ਸੁਣਾਈਆ । ਨਿਉਂ ਨਿਉਂ ਸਭ ਨੇ ਸੀਸ ਝੁਕੌਣਾ, ਨੇਤਰ ਨੈਣ ਸ਼ਰਮਾਈਆ । ਮਸਤਕ ਟਿੱਕਾ ਏਕਾ ਲੌਣਾ, ਚਰਨ ਧੂੜ ਵਡੀ ਵਡਿਆਈਆ । ਤੇਰਿਆਂ ਭਗਤਾਂ ਦਾ ਦਰਸ਼ਨ ਪੌਣਾ, ਚਲ ਕੇ ਆਏ ਪਾਂਧੀ ਰਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵਖੌਣੇ ਸਾਚੇ ਘਰ, ਤੇਰੇ ਹੱਥ ਤੇਰੀ ਵਡਿਆਈਆ । ਪੁਰਖ ਅਬਿਨਾਸ਼ੀ ਦਇਆ ਕਮਾ, ਏਕਾ ਵਾਰ ਸਮਝਾਇੰਦਾ । ਨੇਤਰ ਨੈਣ ਲਓ ਉਠਾ, ਨੈਣ ਨੈਣਾਂ ਨਾਲ ਮਿਲਾਇੰਦਾ । ਜੋ ਸੋਹੰ ਢੋਲਾ ਰਹੇ ਗਾ, ਸੋ ਭਗਤ ਭਗਵੰਤ ਬਣਾਇੰਦਾ । ਜਿਸ ਦਾ ਤੋਲਾ ਬਣਿਆ ਬੇਪਰਵਾਹ, ਸਾਚੇ ਕੰਡੇ ਤੋਲ ਤੁਲਾਇੰਦਾ । ਗੁਰਸਿਖਾਂ ਦਾ ਕਾਇਆ ਚੋਲਾ ਲਿਆ ਬਦਲਾ, ਆਪਣਾ ਚੋਲਾ ਆਪ ਛੁਡਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਤੇਰਾ ਪਰਦਾ ਉਹਲਾ ਲਿਆ ਉਠਾ, ਗੁਰਸਿਖਾਂ ਨਾਲ ਮਿਲਾਇੰਦਾ । ਚਰਨ ਧੂੜੀ ਲਵੋ ਲਾ, ਏਕਾ ਦਾਤ ਝੋਲੀ ਪਾਇੰਦਾ । ਸਾਚਾ ਮੰਗਲ ਲੈਣਾ ਗਾ, ਗੀਤ ਗੋਬਿੰਦ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਵਣ ਜਾਵਣ ਜਾਵਣ ਆਵਣ ਆਪਣਾ ਖੇਲ ਕਰਾਇੰਦਾ । ਜਗਤ ਸਿਆਸਤ ਝੂਠੀ ਧਾਰ, ਰਾਜ ਰਾਜਾਨ ਰੁੜ੍ਹਾਈਆ । ਆਤਮ ਬ੍ਰਹਮ ਨਾ ਕੋਇ ਗਿਆਨ, ਜਗਤ ਵਿਦਿਆ ਹੋਏ ਸ਼ੌਦਾਈਆ । ਇਕ ਦੂਜੇ ਦਾ ਕਰਨ ਮਾਣ, ਮਾਣ ਅਭਿਮਾਨ ਵਧਾਈਆ । ਵੀਹ ਸੌ ਵੀਹ ਬਿਕ੍ਰਮੀ ਸਰਬ ਪਛਤਾਨ, ਮੰਤਰੀ ਪਰਧਾਨ ਨਾ

੧੨੯੪
੧੦

ਕੋਈ ਅਖਵਾਈਆ । ਕਰੇ ਖੇਲ ਸ੍ਰੀ ਭਗਵਾਨ, ਜਿਸ ਦਾ ਕੀਤਾ ਨਾ ਕੋਇ ਉਲਟਾਈਆ । ਇਕੋ ਸਾਹਿਬ ਸੱਚਾ ਹੁਕਮਰਾਨ, ਕੋਟਨ ਕੋਟ ਰਾਜ ਭੂਪਤ ਰਿਹਾ ਚਲਾਈਆ । ਏਕਾ ਹੁਕਮ ਇਕ ਫ਼ਰਮਾਨ, ਇਕ ਸੰਦੇਸ਼ਾ ਰਿਹਾ ਜਣਾਈਆ । ਸਿਆਸਤ ਵਰਾਸਤ ਹੋਏ ਵੈਰਾਨ, ਸਿਆਸਤ ਸਿਆਸਤ ਨਾਲ ਟਕਰਾਈਆ । ਜਿਉਂ ਐਹਰਨ ਨਾਲ ਵੱਜੇ ਵਦਾਣ, ਸਾਰ ਸਾਰ ਨਾਲ ਮਿਲਾਈਆ । ਤਿਉਂ ਨਾਤਾ ਤੁੱਟੇ ਬੇਈਮਾਨ, ਬੇਵਾ ਦਿਸੇ ਸਰਬ ਲੋਕਾਈਆ । ਖ਼ਾਵੰਦ ਸਕੇ ਨਾ ਕੋਇ ਪਹਿਚਾਨ, ਖ਼ਲਕਤ ਰੋਵੇ ਮਾਰੇ ਧਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜਗਤ ਸਿਆਸਤ ਦਏ ਮਿਟਾਈਆ । ਜਗਤ ਸਿਆਸਤ ਜਾਏ ਖਪ, ਸੋ ਪੁਰਖ ਨਿਰੰਜਣ ਆਪ ਖਪਾਇੰਦਾ । ਅੱਠੇ ਪਹਿਰ ਜੋ ਤਨ ਅਗਨੀ ਰਹੇ ਤਪ, ਸੋਚ ਸਮਝ ਨਾ ਕੋਇ ਰਖਾਇੰਦਾ । ਅੰਤ ਕਿਸੇ ਨਾ ਔਣਾ ਕਿਛ ਹੱਥ, ਖ਼ਾਲੀ ਹੱਥ ਸਰਬ ਫਿਰਾਇੰਦਾ । ਜਗਤ ਸਿਆਸਤ ਜਗਤ ਪਾਏ ਨੱਥ, ਵਾਂਗ ਬੰਦਰ ਆਪ ਨਚਾਇੰਦਾ । ਅੰਤਮ ਵਿਕਣਾ ਝੂਠੇ ਹੱਟ, ਕੌਡੀ ਮੁੱਲ ਨਾ ਕੋਇ ਰਖਾਇੰਦਾ । ਜੋਧੇ ਸੂਰਬੀਰ ਸੁਲਤਾਨ ਬਿਨ ਮਾਰਿਆਂ ਜਾਣ ਢੱਠ, ਹਰਿ ਸ਼ਬਦੀ ਖੇਲ ਵਰਤਾਇੰਦਾ । ਕੋਈ ਨਾ ਰੱਖੇ ਕਿਸੇ ਦੀ ਪਤ, ਪੀਤੰਬਰ ਸੀਸ ਨਾ ਕੋਇ ਟਿਕਾਇੰਦਾ । ਸਭ ਦਾ ਖੇੜਾ ਹੋਣਾ ਭੱਠ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਸਿਆਸਤ ਵੇਖ ਵਖਾਇੰਦਾ । ਜਗਤ ਸਿਆਸਤ ਜਗਤ ਖੇੜਾ, ਚਾਰ ਕੁੰਟ ਪਰਧਾਨਿਆਂ । ਪਾਰਬ੍ਰਹਮ ਪ੍ਰਭ ਦੇਵੇ ਏਕਾ ਗੇੜਾ, ਨਵ ਨੌਂ ਕਰੇ ਵੈਰਾਨਿਆਂ । ਅੰਦਰ ਵੜ ਛੇੜਨਹਾਰਾ ਛੇੜਾਂ, ਕਰੇ ਖੇਲ ਸ੍ਰੀ ਭਗਵਾਨਿਆਂ । ਅੰਤਮ ਧਰਤ ਮਾਤ ਦਾ ਖੁਲ੍ਹਾ ਕਰੇ ਵੇਹੜਾ, ਏਕਾ ਮਾਰੇ ਨਾਮ ਤੀਰ ਨਿਸ਼ਾਨਿਆਂ । ਹਰਿ ਕੀ ਸਿਆਸਤ ਜਾਣੇ ਕਿਹੜਾ, ਜੁਗ ਜੁਗ ਚਲੇ ਚਲਾਵੇ ਆਪਣੇ ਭਾਣਿਆਂ । ਜਗਤ ਵਡਿਆਈ ਪਾਇਆ ਜੇੜਾ, ਜਗਤ ਸਿਆਸਤ ਬੰਨ੍ਹੇ ਗਾਨਿਆਂ । ਅੰਤਮ ਵੇਲਾ ਆਇਆ ਨੇੜਾ, ਮਿਟੇ ਸਰਬ ਨਿਸ਼ਾਨਿਆਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਜੋਧਾ ਸੂਰਬੀਰ ਬਲੀ ਬਲਵਾਨਿਆਂ । ਹਰਿ ਸਿਆਸਤ ਰੱਖੇ ਅਪਰ ਅਪਾਰ, ਜੁਗ ਜੁਗ ਖੇਲ ਖਿਲਾਈਆ । ਏਸ ਸਿਆਸਤ ਅੰਦਰ ਘੱਲੇ ਗੁਰ ਅਵਤਾਰ, ਗੁਰ ਅਵਤਾਰ ਸੇਵਾ ਲਾਈਆ । ਸਾਧ ਸੰਤ ਕਰ ਕਰ ਗਏ ਪੁਕਾਰ, ਉਚੀ ਕੂਕ ਕੂਕ ਸੁਣਾਈਆ । ਸਾਚੇ ਤਖ਼ਤ ਬਹੇ ਸੱਚੀ ਸਰਕਾਰ, ਸਚ ਸਿੰਘਾਸਣ ਸੋਭਾ ਪਾਈਆ । ਏਕਾ ਹੁਕਮ ਵਰਤੇ ਏਕਾ ਵਾਰ, ਏਕਾ ਵਾਰ ਕਰੇ ਜਣਾਈਆ । ਕੋਈ ਮੋੜ ਨਾ ਸਕੇ ਵਿਚ ਸੰਸਾਰ, ਕੋਟਨ ਕੋਟ ਬੈਠੇ ਸੀਸ ਝੁਕਾਈਆ । ਪ੍ਰਭ ਕੀ ਸਿਆਸਤ ਨਾ ਜਾਏ ਹਾਰ, ਜਗਤ ਸਿਆਸਤ ਖ਼ਾਕੀ ਖ਼ਾਕ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਿਆਸਤ ਸਿਆਸਤ ਨਾਲ ਟਕਰਾਈਆ । ਸਿਆਸਤ ਨਾਲ ਸਿਆਸਤ ਲਾਏ ਟੱਕਰ, ਜਗ ਟੋਟੇ ਆਪ ਕਰਾਇੰਦਾ । ਨਿਰਗੁਣ ਨਿਰਾਕਾਰ ਚਾਰੋਂ ਕੁੰਟ ਫਿਰੇ ਬਣ ਬਣ ਫੱਕਰ, ਫ਼ਿਕਰ ਹੋਰ ਨਾ ਕੋਇ ਰਖਾਇੰਦਾ । ਜਿਸ ਦਾ ਜੁਗ ਚੌਕੜੀ ਕਰ ਕੇ ਆਏ ਜ਼ਿਕਰ, ਜ਼ਰੇ ਜ਼ਰੇ ਵਿਚ ਸਮਾਇੰਦਾ । ਸੋ ਸਾਹਿਬ ਸਤਿਗੁਰ ਪੂਰਾ ਸੂਰਬੀਰ ਬਲਵਾਨ ਕਲਜੁਗ ਅੰਤਮ ਆਪਣੇ ਅਖਾੜੇ ਆਏ ਨਿਤਰ, ਤੀਰ ਤਲਵਾਰ ਹੱਥ ਨਾ ਕੋਇ ਰਖਾਇੰਦਾ । ਨਾਮ ਨਿਧਾਨਾ ਫੜੇ ਛਿਤਰ, ਸ਼ਰਅ ਸ਼ਰੀਅਤ ਸਰਬ ਮਿਟਾਇੰਦਾ । ਲੇਖਾ ਜਾਣੇ ਜਗਤ ਪਿਤਰ, ਪਿਤਾ ਪੂਤ ਖੇਲ ਖਿਲਾਇੰਦਾ । ਜਗਤ ਸਿਆਸੀ ਵੇਂਹਦੇ ਰਹਿ ਜਾਣ ਬਿਟਰ ਬਿਟਰ, ਬੀਤਿਆ ਹਾਲ ਨਾ ਕਿਸੇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਾਮ ਸਿਆਸਤ ਆਪ ਵਡਿਆਇੰਦਾ ।

ਜਿਸ ਸਿਆਸਤ ਦਾ ਰਖਣ ਮਾਣ, ਸੋ ਸਿਆਸਤ ਖਾਣ ਨੂੰ ਆਈਆ । ਬਹੱਤਰ ਸਿੱਖਾਂ ਲੌਹਣੀ ਏਕਾ ਵਾਰ ਮੁਕਾਣ, ਜਗਤ ਸੱਥਰ ਦਏ ਵਿਛਾਈਆ ।



## ★ ੨੩ ਅਸੂ ੨੦੧੮ ਬਿਕ੍ਰਮੀ ਜੇਠੂਵਾਲ ਦਰਬਾਰ ਵਿਚ ਦਇਆ ਹੋਈ ★

ਹੁਕਮੇ ਅੰਦਰ ਧੁਰ ਫ਼ਰਮਾਨਾ, ਧੁਰ ਧਾਮੀ ਹਰਿ ਜਣਾਇੰਦਾ । ਸਤਿ ਪੁਰਖ ਨਿਰੰਜਣ ਸਾਚਾ ਰਾਣਾ, ਸਤਿ ਸਤਿਵਾਦੀ ਆਪ ਸੁਣਾਇੰਦਾ । ਅਲਖ ਅਗੋਚਰ ਬੇਮੁਹਾਣਾ, ਅਗੰਮ ਅਥਾਹ ਭੇਵ ਨਾ ਆਇੰਦਾ । ਜੁਗਾ ਜੁਗੰਤਰ ਵਰਤੇ ਭਾਣਾ, ਸਦ ਭਾਣੇ ਖੇਲ ਖਿਲਾਇੰਦਾ । ਨਿਰਗੁਣ ਸਰਗੁਣ ਜਾਣੇ ਆਵਣ ਜਾਣਾ, ਆਵਣ ਜਾਵਣ, ਵੇਸ ਵਟਾਇੰਦਾ । ਸ਼ਬਦ ਅਗੰਮੀ ਏਕਾ ਗਾਣਾ, ਨਿਰਵੈਰ ਪੁਰਖ ਅਲਾਇੰਦਾ । ਭਗਤਾਂ ਦੇਵੇ ਸਾਚਾ ਦਾਨਾ, ਵਸਤ ਅਮੋਲਕ ਝੋਲੀ ਪਾਇੰਦਾ । ਸਤਿ ਸੰਤੋਖੀ ਬੰਨ੍ਹੇ ਗਾਨਾ, ਸਾਚਾ ਸਗਨ ਮਨਾਇੰਦਾ । ਅੰਤਰ ਆਤਮ ਦੇਵੇ ਬ੍ਰਹਮ ਗਿਆਨਾ, ਬ੍ਰਹਮ ਵਿਦਿਆ ਆਪ ਪੜ੍ਹਾਇੰਦਾ । ਸਾਚਾ ਦੇਵੇ ਪੀਣਾ ਖਾਣਾ, ਅੰਮ੍ਰਿਤ ਰਸ ਆਪ ਚਖਾਇੰਦਾ । ਲੇਖਾ ਜਾਣੇ ਮਰਨਾ ਜੀਣਾ, ਜੀਵਣ ਮਰਨ ਆਪਣੇ ਹੱਥ ਰਖਾਇੰਦਾ । ਜਿਸ ਜਨ ਬਖ਼ਸ਼ੇ ਸਾਚੀ ਸਰਨਾ, ਸਰਨਗਤ ਆਪ ਹੋ ਜਾਇੰਦਾ । ਨੇਤਰ ਖੋਲੇ ਹਰਨਾ ਫਰਨਾ, ਰੂਪ ਅਨੂਪ ਆਪ ਦਰਸਾਇੰਦਾ । ਆਪੇ ਹੋਏ ਕਰਨੀ ਕਰਨਾ, ਕੁਦਰਤ ਕ਼ਾਦਰ ਵੇਖ ਵਖਾਇੰਦਾ । ਆਪਣਾ ਅੱਖਰ ਆਪੇ ਪੜ੍ਹਨਾ, ਜਗਤ ਵਿਦਿਆ ਆਪ ਪੜ੍ਹਾਇੰਦਾ । ਨਿਰਭੌ ਚੁਕਾਏ ਦੂਜਾ ਡਰਨਾ, ਭੈ ਅਵਰ ਨਾ ਕੋਇ ਰਖਾਇੰਦਾ । ਸਾਚਾ ਘਾੜਨ ਆਪੇ ਘੜਨਾ, ਆਪੇ ਘੜ ਘੜ ਆਪੇ ਭੰਨ ਧਰਾਇੰਦਾ । ਜਿਸ ਦਵਾਰੇ ਹਰਿ ਜੂ ਵੜਨਾ, ਸੋ ਮੰਦਰ ਸੋਭਾ ਪਾਇੰਦਾ । ਸਾਚੇ ਪੌੜੇ ਏਕਾ ਚੜ੍ਹਨਾ, ਔਂਦਾ ਜਾਂਦਾ ਦਿਸ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਧੁਰ ਧਾਮੀ ਹਰਿ ਨਿਰੰਕਾਰਾ, ਏਕਾ ਏਕ ਅਖਵਾਇੰਦਾ । ਸਚਖੰਡ ਨਿਵਾਸੀ ਖੇਲ ਅਪਾਰਾ, ਖੇਲਣਹਾਰਾ ਆਪ ਖਿਲਾਇੰਦਾ । ਆਪੇ ਜਾਣੇ ਆਪਣੀ ਧਾਰਾ, ਆਦਿ ਜੁਗਾਦਿ ਚਲਾਇੰਦਾ । ਜੁਗਾ ਜੁਗੰਤਰ ਲੈ ਅਵਤਾਰਾ, ਗੁਰ ਪੀਰ ਆਪ ਪੜ੍ਹਾਇੰਦਾ । ਏਕਾ ਨਾਮ ਦਏ ਸਹਾਰਾ, ਸਾਚੀ ਸਿਖਿਆ ਸਿੱਖ ਸਮਝਾਇੰਦਾ । ਚਰਨ ਕਵਲ ਦੇ ਸਹਾਰਾ, ਲੋਕਮਾਤ ਪਰਗਟਾਇੰਦਾ । ਦੀਪਕ ਜੋਤੀ ਕਰ ਉਜਿਆਰਾ, ਜੋਤੀ ਜਾਤਾ ਵੇਖ ਵਖਾਇੰਦਾ । ਰਾਗੀ ਨਾਦੀ ਖੇਲ ਅਪਾਰਾ, ਅਨਹਦ ਨਾਦੀ ਨਾਦ ਵਜਾਇੰਦਾ । ਅਲਖ ਅਗੋਚਰ ਆਪੇ ਜਾਣੇ ਆਪਣੀ ਧਾਰਾ, ਦੂਜੀ ਧਾਰ ਨਾ ਕੋਇ ਬਣਾਇੰਦਾ । ਜਿਸ ਜਨ ਖੋਲ੍ਹੇ ਬੰਦ ਕਿਵਾੜਾ, ਸੋ ਜਨ ਸੋਝੀ ਪਾਇੰਦਾ । ਗੁਰ ਅਵਤਾਰ ਆਦਿ ਜੁਗਾਦਿ ਜੁਗਾ ਜੁਗੰਤਰ ਨਿਉਂ ਨਿਉਂ ਸੀਸ ਜਗਦੀਸ ਅਗੇ ਕਰਨ ਹਾੜ੍ਹਾ, ਨੇਤਰ ਨੈਣ ਨੀਰ ਸਰਬ ਵਹਾਇੰਦਾ । ਤੇਰੇ ਹੁਕਮੇ ਸਾਡੀ ਕਾਰਾ, ਸਾਡੀ ਕਾਰ ਤੇਰੀ ਸੇਵਾ ਵਿਚ ਰਖਾਇੰਦਾ । ਤੂੰ ਸਾਹਿਬ ਸੱਚਾ ਮੀਤ ਮੁਰਾਰਾ, ਤੁਧ ਬਿਨ ਧਾਮ ਨਾ ਕੋਇ ਸੁਹਾਇੰਦਾ । ਤੂੰ ਸ਼ਾਹ ਪਾਤਸ਼ਾਹ ਸੱਚੀ ਸਰਕਾਰਾ, ਸ਼ਹਿਨਸ਼ਾਹ ਇਕ ਅਖਵਾਇੰਦਾ । ਸਚਖੰਡ ਸੋਹੇ ਤੇਰਾ ਮਨਾਰਾ, ਉਚ ਅਟੱਲਾ ਆਪ ਵਡਿਆਇੰਦਾ । ਨਿਰਮਲ ਜੋਤ ਜਗੇ ਅਪਾਰਾ, ਜੋਤੀ ਜਾਤਾ ਡਗਮਗਾਇੰਦਾ । ਰੂਪ ਰੰਗ ਤੇ ਵਸੇ ਬਾਹਰਾ, ਜ਼ਾਤ ਪਾਤ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵੇਸ ਆਪ ਧਰਾਇੰਦਾ । ਵੇਸ ਅਵੱਲਾ ਏਕੰਕਾਰ, ਆਦਿ ਜੁਗਾਦਿ ਧਰਾਈਆ । ਜੁਗ ਚੌਕੜੀ ਪਾਵੇ ਸਾਰ, ਲੱਖ ਚੁਰਾਸੀ ਵੇਖ ਵਖਾਈਆ । ਭਗਤ

੧੨੯੫
੧੦

੧੨੯੬
੧੦

ਭਗਵੰਤ ਦਏ ਆਧਾਰ, ਸੰਤ ਸੁਹੇਲੇ ਗਲੇ ਲਗਾਈਆ । ਗੁਰਮੁਖਾਂ ਕਰੇ ਸਚ ਪਿਆਰ, ਗੁਰਸਿਖ ਸਾਚੇ ਸਦਾ ਸਾਲਾਹੀਆ । ਨਿਰਗੁਣ ਸਰਗੁਣ ਖੇਲ ਸੱਚੀ ਸਰਕਾਰ, ਸ਼ਾਹੋ ਭੂਪ ਆਪ ਕਰਾਈਆ । ਨਾਮ ਵਣਜ ਕਰਾਏ ਇਕ ਵਪਾਰ, ਲੋਕਮਾਤ ਹੱਟ ਖੁਲ੍ਹਾਈਆ । ਚੌਦਾਂ ਲੋਕ ਕਰਨ ਪੁਕਾਰ, ਨੇਤਰ ਨੈਣਾਂ ਨੀਰ ਵਹਾਈਆ । ਗਗਨ ਮੰਡਲ ਰੋਵੇ ਜ਼ਾਰੋ ਜ਼ਾਰ, ਧੀਰਜ ਧੀਰ ਨਾ ਕੋਇ ਧਰਾਈਆ । ਵਿਸ਼ਨ ਬ੍ਰਹਮਾ ਸ਼ਿਵ ਗਿਆ ਹਾਰ, ਹਰਿ ਕਾ ਭੇਵ ਕੋਇ ਨਾ ਪਾਈਆ । ਗੁਰ ਅਵਤਾਰ ਕਰਨ ਪੁਕਾਰ, ਅੰਤਰ ਏਕਾ ਓਟ ਰਖਾਈਆ । ਕਲਜੁਗ ਆਏ ਆਪਣੀ ਵਾਰ, ਨਿਹਕਲੰਕਾ ਨਾਉਂ ਰਖਾਈਆ । ਸ਼ਬਦ ਡੰਕਾ ਵਜਾਏ ਅਗੰਮ ਅਪਾਰ, ਨੌਬਤ ਆਪਣਾ ਨਾਉਂ ਵਜਾਈਆ । ਦੋ ਜਹਾਨਾਂ ਕਰੇ ਖ਼ਬਰਦਾਰ, ਪੁਰੀਆਂ ਲੋਆਂ ਆਪ ਹਿਲਾਈਆ । ਰਵ ਸਸ ਦਏ ਆਧਾਰ, ਸੂਰਜ ਚੰਨ ਵੇਖ ਵਖਾਈਆ । ਗੁਰਮੁਖ ਸੱਜਣ ਲਏ ਉਠਾਲ, ਜਿਸ ਜਨ ਆਪਣੀ ਬੂਝ ਬੁਝਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਏਕਾ ਤੱਤ ਦਏ ਸਮਝਾਈਆ । ਮਾਰਗ ਦੱਸੇ ਹਰਿ ਸੁਖਾਲ, ਨਿਸ਼ ਅੱਖਰ ਕਰ ਪੜ੍ਹਾਈਆ । ਹੰ ਬ੍ਰਹਮ ਕਰੇ ਪ੍ਰਿਤਪਾਲ, ਸੋ ਪੁਰਖ ਨਿਰੰਜਣ ਸੱਚਾ ਸ਼ਹਿਨਸ਼ਾਹੀਆ । ਇਕ ਬਣਾਏ ਸੱਚੀ ਧਰਮਸਾਲ, ਧਰਮ ਦਵਾਰਾ ਦਏ ਵਡਿਆਈਆ । ਏਕਾ ਘਰ ਬਹਾਏ ਸ਼ਾਹ ਕੰਗਾਲ, ਊਚ ਨੀਚ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਵੇਖ ਵਖਾਈਆ । ਧਰਮਸਾਲ ਹਰਿ ਧਰਮ ਦਵਾਰਾ, ਏਕਾ ਏਕ ਜਣਾਇੰਦਾ । ਵਰਨ ਬਰਨ ਨਾ ਕੋਇ ਅਖਾੜਾ, ਜ਼ਾਤ ਪਾਤ ਨਾ ਨਾਚ ਨਚਾਇੰਦਾ । ਦੀਨ ਮਜ਼੍ਹਬ ਨਾ ਕੋਇ ਜੈਕਾਰਾ, ਏਕਾ ਪੁਰਖ ਅਕਾਲ ਅਲਾਇੰਦਾ । ਚਾਰ ਜੁਗ ਦਾ ਹੋਏ ਛੁਟਕਾਰਾ, ਪਿਛਲਾ ਕੀਤਾ ਆਪਣੀ ਝੋਲੀ ਪਾਇੰਦਾ । ਗੁਰ ਅਵਤਾਰ ਜੋ ਦੇ ਦੇ ਗਏ ਲਾਰਾ, ਅੰਤਮ ਹਰਿ ਜੂ ਆਪ ਪੂਰ ਕਰਾਇੰਦਾ । ਗੁਰਮੁਖ ਕਦੇ ਨਾ ਰਹੇ ਕਵਾਰਾ, ਜਿਸ ਪਾਰਬ੍ਰਹਮ ਪਰਨਾਇੰਦਾ । ਸੋ ਸੁਹੰਜਣੀ ਹੋਏ ਨਾਰਾ, ਜਿਸ ਹਰਿ ਕੰਤ ਗਲੇ ਲਗਾਇੰਦਾ । ਆਪ ਬਹਾਏ ਸੱਚੇ ਦਰਬਾਰਾ, ਸਚਖੰਡ ਸਿੰਘਾਸਣ ਸੋਭਾ ਪਾਇੰਦਾ । ਅੱਠੇ ਪਹਿਰ ਵਜਾਏ ਪ੍ਰੇਮ ਸਤਾਰਾ, ਸੁਰ ਤਾਲ ਨਾ ਕੋਇ ਰਖਾਇੰਦਾ । ਸ਼ਬਦ ਅਗੰਮੀ ਸੁਣਾਏ ਸੱਚੀ ਧੁਨਕਾਰਾ, ਛੱਤੀ ਰਾਗ ਭੇਵ ਨਾ ਆਇੰਦਾ । ਇਕ ਵਖਾਏ ਠਾਕਰ ਦਵਾਰਾ, ਹਰਿ ਠਾਕਰ ਆਪ ਖੁਲ੍ਹਾਇੰਦਾ । ਭਗਤਾਂ ਦੇਵੇ ਸਤਿ ਭੰਡਾਰਾ, ਸਤਿ ਸਤਿਵਾਦੀ ਆਪ ਵਰਤਾਇੰਦਾ । ਮਾਣਸ ਜਨਮ ਨਾ ਆਏ ਹਾਰਾ, ਜਨਮ ਅਜਨਮ ਆਪਣੇ ਲੇਖੇ ਪਾਇੰਦਾ । ਪੂਰਾ ਕਰੇ ਕੌਲ ਇਕਰਾਰਾ, ਕੀਤਾ ਕੌਲ ਭੁਲ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੂਪ ਆਪ ਧਰਾਇੰਦਾ । ਰੂਪ ਧਰਾਏ ਧਰਨੀ ਧਰ, ਧਰਤ ਧਵਲ ਵਡਿਆਈਆ । ਸਾਚੇ ਮੰਦਰ ਬਹੇ ਵੜ, ਸੰਬਲ ਏਕਾ ਨਾਉਂ ਰਖਾਈਆ । ਗੋਬਿੰਦ ਸੂਰਾ ਲਏ ਫੜ, ਗੁਰ ਚੇਲਾ ਮੇਲ ਮਿਲਾਈਆ । ਨਾ ਕੋਈ ਸੀਸ ਨਾ ਕੋਈ ਧੜ, ਪੰਜ ਤੱਤ ਨਾ ਕੋਇ ਰਖਾਈਆ । ਜਗਤ ਵਿਦਿਆ ਨਾ ਲਏ ਪੜ੍ਹ, ਆਪਣੀ ਕਰੇ ਸਚ ਪੜ੍ਹਾਈਆ । ਚਾਰ ਜੁਗ ਦੇ ਵਿਛੜੇ ਲਾਏ ਆਪਣੇ ਲੜ, ਏਕਾ ਬੰਧਨ ਨਾਮ ਪਾਈਆ । ਦਰਸ ਦਿਖਾਏ ਅਗੇ ਖੜ, ਸਵਛ ਰੂਪ ਵਟਾਈਆ । ਪੁਰਖ ਅਬਿਨਾਸ਼ੀ ਦੇਵੇ ਵਰ, ਵਰ ਦਾਤਾ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਸੋਭਾ ਪਾਈਆ । ਸਚ ਦਵਾਰਾ ਸੋਭਾਵੰਤ, ਸੋ ਪੁਰਖ ਨਿਰੰਜਣ ਆਪ ਸੁਹਾਇੰਦਾ । ਹਰਿ ਪੁਰਖ ਨਿਰੰਜਣ ਬਣਾਏ ਬਣਤ, ਏਕੰਕਾਰਾ ਵੇਖ ਵਖਾਇੰਦਾ । ਆਦਿ ਨਿਰੰਜਣ ਮਹਿਮਾ ਅਗਣਤ, ਨੂਰ ਨੁਰਾਨਾ ਡਗਮਗਾਇੰਦਾ । ਸ੍ਰੀ ਭਗਵਾਨ ਸੋਭਾਵੰਤ,

ਅਬਿਨਾਸ਼ੀ ਕਰਤਾ ਖੇਲ ਖਿਲਾਇੰਦਾ । ਪਾਰਬ੍ਰਹਮ ਆਪ ਜਣਾਏ ਆਪਣਾ ਮਣੀਆ ਮੰਤ, ਏਕਾ ਮੰਤਰ ਨਾਮ ਦ੍ਰਿੜਾਇੰਦਾ । ਨਾਮ ਨਾਮਾ ਵੇਖੇ ਸਾਚੇ ਸੰਤ, ਭਗਤ ਭਗਵੰਤ ਆਪ ਉਠਾਇੰਦਾ । ਦੇਵੇ ਵਡਿਆਈ ਵਿਚੋਂ ਜੀਵ ਜੰਤ, ਜੀਵਣ ਜੁਗਤ ਆਪਣੇ ਹੱਥ ਰਖਾਇੰਦਾ । ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਹਰਿ ਕਾ ਰੰਗ ਉਤਰ ਕਦੇ ਨਾ ਜਾਇੰਦਾ । ਜਿਸ ਨੂੰ ਕਹਿੰਦੇ ਬੇਅੰਤ ਬੇਅੰਤ ਬੇਅੰਤ, ਸੋ ਸਾਹਿਬ ਵੇਖ ਵਖਾਇੰਦਾ । ਸਰਬ ਜੀਆਂ ਦਾ ਏਕਾ ਕੰਤ, ਲੱਖ ਚੁਰਾਸੀ ਆਪ ਪਰਨਾਇੰਦਾ । ਜਨ ਭਗਤ ਬਣਾਏ ਤੇਰੀ ਬਣਤ, ਬੰਧਨ ਆਪਣੇ ਹੱਥ ਰਖਾਇੰਦਾ । ਗੜ੍ਹ ਤੋੜ ਹਉਮੇ ਹੰਗਤ, ਹੰ ਬ੍ਰਹਮ ਆਪ ਸਮਝਾਇੰਦਾ । ਨਾਤਾ ਤੋੜ ਭੁੱਖ ਨੰਗਤ, ਨਾਮ ਭੰਡਾਰਾ ਇਕ ਵਰਤਾਇੰਦਾ । ਮੇਲ ਮਿਲਾਵਾ ਸਾਚੀ ਸੰਗਤ, ਸੰਗ ਆਪਣਾ ਆਪ ਰਖਾਇੰਦਾ । ਗੁਰਸਿਖ ਤੇਰਾ ਰਾਹ ਜੁਗ ਜੁਗ ਤੱਕਣ ਜੰਨਤ, ਸਵਰਗ ਤੇਰੇ ਚਰਨ ਧੂੜ ਰਮਾਇੰਦਾ । ਤੇਰਾ ਮੇਲਾ ਸ੍ਰੀ ਭਗਵੰਤ, ਜਿਥੇ ਵੇਖਣ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਾ ਇਕ ਸੁਹਾਇੰਦਾ । ਸਚ ਦਵਾਰਾ ਹਰਿ ਸੁਹੌਣਾ, ਨਿਰਗੁਣ ਸਰਗੁਣ ਬਣਤ ਬਣਾਈਆ । ਭਗਤ ਭਗਵੰਤ ਮੇਲ ਮਿਲੌਣਾ, ਭਗੌਤੀ ਸੇਵ ਕਮਾਈਆ । ਭਗਵਤੀ ਨਿਉਂ ਨਿਉਂ ਸੀਸ ਝੁਕੌਣਾ, ਵਾਹ ਵਾ ਵੱਜਦੀ ਰਹੇ ਵਧਾਈਆ । ਆਦਿ ਸ਼ਕਤ ਨਾਲ ਮਿਲੌਣਾ, ਮਿਲ ਸਖ਼ੀਆਂ ਮੰਗਲ ਗਾਈਆ । ਚਤੁਰਭੁਜ ਸੀਸ ਝੁਕੌਣਾ, ਨਿਉਂ ਨਿਉਂ ਪਏ ਸਰਨਾਈਆ । ਗੁਰ ਅਵਤਾਰਾਂ ਗਲ ਵਿਚ ਪੱਲੂ ਪੌਣਾ, ਨੇਤਰ ਨੈਣ ਨਾ ਸਕੇ ਕੋਇ ਉਠਾਈਆ । ਚਾਰ ਜੁਗ ਦਾ ਲੇਖਾ ਸਭ ਦੇ ਅਗੇ ਧਰੌਣਾ, ਅਭੁਲ ਭੁਲ ਕਦੇ ਨਾ ਜਾਈਆ । ਅਪਣਿਆਂ ਵੇਖ ਸਰਬ ਸ਼ਰਮੌਣਾ, ਆਪਾ ਕਿਸੇ ਕੋਲ ਨਜ਼ਰ ਨਾ ਆਈਆ । ਰਾਮ ਕ੍ਰਿਸ਼ਨ ਨਾ ਕਿਸੇ ਮਨੌਣਾ, ਈਸਾ ਮੂਸਾ ਨਾ ਕੋਇ ਵਡਿਆਈਆ । ਮੁਹੰਮਦ ਲੇਖ ਨਾ ਕਿਸੇ ਚੁਕੌਣਾ, ਰਾਣੀ ਅੱਲਾ ਮੁਖ ਭੁਆਈਆ । ਨਾਨਕ ਪੱਲੂ ਨਾ ਕਿਸੇ ਫੜੌਣਾ, ਦਰ ਦੇਵੇ ਧੱਕਾ ਲਾਈਆ । ਗੋਬਿੰਦ ਅੰਮ੍ਰਿਤ ਜਾਮ ਨਾ ਕਿਸੇ ਪਲੌਣਾ, ਕਲਜੁਗ ਜੀਵ ਭੁੱਲੇ ਪਾਂਧੀ ਰਾਹੀਆ । ਮੁਰਸ਼ਦ ਮੁਰੀਦਾਂ ਕੋਲੋਂ ਪੱਲੂ ਛਡੌਣਾ, ਗੁਰੂ ਸਿੱਖ ਕਿਸੇ ਨਾ ਹੋਏ ਸਹਾਈਆ । ਸਭ ਨੇ ਪਾਰਬ੍ਰਹਮ ਅੱਗੇ ਨਿਉਂ ਨਿਉਂ ਸੀਸ ਝੁਕੌਣਾ, ਤੇਰੀ ਮੰਨਦੇ ਰਹੇ ਸਰਨਾਈਆ । ਆਪੇ ਕਰ ਜੋ ਤੁਧ ਭੌਣਾ, ਤੇਰੇ ਹੱਥ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਈਆ । ਹੁਕਮ ਵਰਤਾਏ ਸ੍ਰੀ ਭਗਵਾਨਾ, ਭਗੌਤੀ ਆਪ ਜਣਾਇੰਦਾ । ਭਗਵਤੀ ਬੰਨ੍ਹੇ ਏਕਾ ਗਾਨਾ, ਏਕਾ ਸਗਨ ਮਨਾਇੰਦਾ । ਏਕਾ ਵਾਰ ਕਰੇ ਪਰਵਾਨਾ, ਸਿਰ ਆਪਣਾ ਹੱਥ ਰਖਾਇੰਦਾ । ਦਾਤਾ ਦਾਨੀ ਦੇਵੇ ਦਾਨਾ, ਦਇਆ ਨਿਧ ਆਪਣੀ ਦਇਆ ਕਮਾਇੰਦਾ । ਆਪੇ ਹੋਇਆ ਜਾਣੀ ਜਾਣਾ, ਭੇਵ ਅਭੇਦ ਖੁਲ੍ਹਾਇੰਦਾ । ਨਵ ਨੌਂ ਹੋਏ ਪਰਧਾਨਾ, ਰੂਪ ਅਨੂਪ ਜਣਾਇੰਦਾ । ਨਾਦ ਅਨਾਦੀ ਸਚ ਤਰਾਨਾ, ਏਕਾ ਵਾਰ ਸੁਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਹੋਏ ਹੈਰਾਨਾ, ਹਰਿ ਕਾ ਭੇਵ ਕੋਇ ਨਾ ਆਇੰਦਾ । ਲੋਕਮਾਤ ਕਰੇ ਖੇਲ ਮਹਾਨਾ, ਨਿਰਵੈਰ ਧਾਰ ਚਲਾਇੰਦਾ । ਚਾਰ ਜੁਗ ਦਾ ਮੰਦਰ ਮਸਜਿਦ ਮਠ ਸ਼ਿਵਦਵਾਲਾ ਵੇਖੇ ਮਕਾਨਾ, ਖ਼ਾਲੀ ਸਰਬ ਕਰਾਇੰਦਾ । ਦੀਨ ਮਜ਼੍ਹਬ ਹੋਇਆ ਦੀਵਾਨਾ, ਦਰ ਦਰ ਘਰ ਘਰ ਧੱਕਾ ਲਾਇੰਦਾ । ਸਤਿਗੁਰ ਸ਼ਬਦ ਬੈਠ ਮਸਤਾਨਾ, ਮੁਖ ਸੱਭ ਤੋਂ ਆਪ ਭੁਆਇੰਦਾ । ਜੇ ਕੋਈ ਦੂਰ ਦੁਰਾਡਾ ਕਰੇ ਸਲਾਮਾ, ਲੁਕ ਲੁਕ ਆਪਣਾ ਵਕਤ ਲੰਘਾਇੰਦਾ । ਜੇ ਕੋਈ ਕੂਕ ਕੂਕ ਗਾਏ ਰਾਮਾ, ਮੰਦਰ ਟਲ ਖੜਕਾਇੰਦਾ । ਜੇ ਕੋਈ ਸੀਸ ਤਾਜ ਰੱਖ ਬਣੇ ਕਾਹਨਾ, ਤਿਸ ਆਪਣਾ ਰੂਪ ਨਾ ਕਦੇ ਵਖਾਇੰਦਾ ।

ਜੋ ਨਾਮ ਸਤਿ ਝੂਠਾ ਗਾਇਣ ਗਾਨਾ, ਅੰਤਰ ਵਿਕਾਰ ਨਾ ਕੋਇ ਕਢਾਇੰਦਾ । ਨਾਨਕ ਕਰੇ ਨਾ ਦਰ ਪਰਵਾਨਾ, ਦੂਰ ਦੁਰਾਡਾ ਧੱਕਾ ਲਾਇੰਦਾ । ਜੇ ਕੋਈ ਫ਼ਤਿਹ ਡੰਕਾ ਕਹੇ ਵਜਾਨਾ, ਗੋਬਿੰਦ ਰੂਪ ਨਾ ਕੋਇ ਵਖਾਇੰਦਾ । ਕਲਜੁਗ ਕੂੜ ਹੋਇਆ ਬਲਵਾਨਾ, ਸਭ ਨੂੰ ਧੱਕਾ ਲਾਇੰਦਾ । ਏਕਾ ਭੁੱਲਿਆ ਸ੍ਰੀ ਭਗਵਾਨਾ, ਜੋ ਘਟ ਘਟ ਆਸਣ ਲਾਇੰਦਾ । ਜਿਸ ਦੀ ਗੁਰ ਅਵਤਾਰ ਮੰਨਦੇ ਰਹੇ ਆਣਾ, ਸੀਸ ਅਗੇ ਜਗਦੀਸ ਨਾ ਕੋਇ ਉਠਾਇੰਦਾ । ਸੋ ਕਲਜੁਗ ਅੰਤਮ ਲੈ ਕੇ ਆਏ ਧੁਰ ਫ਼ਰਮਾਨਾ, ਧੁਰ ਦੀ ਬਾਣੀ ਬਾਣ ਲਗਾਇੰਦਾ । ਗੁਰਮੁਖ ਵਿਰਲਾ ਚਤੁਰ ਸੁਘੜ ਸੁਜਾਨਾ, ਜਿਸ ਜਨ ਆਪਨਾ ਮੇਲ ਮਿਲਾਇੰਦਾ । ਦੇਵੇ ਦਰਸ ਸ੍ਰੀ ਭਗਵਾਨਾ, ਜਗਤ ਤ੍ਰਿਸ਼ਨਾ ਹਰਸ ਮਿਟਾਇੰਦਾ । ਏਕਾ ਰਾਗ ਸੁਣਾਏ ਕਾਨਾ, ਧੁਨ ਅਨਾਦੀ ਨਾਦ ਵਜਾਇੰਦਾ । ਆਤਮ ਸੇਜਾ ਸੋਭਾ ਪਾਣਾ, ਬ੍ਰਹਮ ਪਾਰਬ੍ਰਹਮ ਖੇਲ ਖਿਲਾਇੰਦਾ । ਭਾਗ ਲਗਾਏ ਸਾਚੇ ਮੰਦਰ ਸਚ ਮਕਾਨਾ, ਸਾਢੇ ਤਿੰਨ ਹੱਥ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਹਰਿਜਨ ਸਾਚੇ ਮੇਲ ਮਿਲਾਇੰਦਾ । ਹਰਿਜਨ ਮੇਲਾ ਰਵਦਾਸ ਚਮਿਆਰਾ, ਚਮੜੀ ਆਪਨੇ ਹੱਟ ਵਿਕਾਈਆ । ਨਿਰਗੁਣ ਸਰਗੁਣ ਕਰ ਪਿਆਰਾ, ਸਰਗੁਣ ਨਿਰਗੁਣ ਧਾਰ ਵਖਾਈਆ । ਕਾਗਦ ਕ਼ਲਮ ਦੇ ਸਹਾਰਾ, ਸਿਰ ਆਪਨਾ ਹੱਥ ਟਿਕਾਈਆ । ਜਗਤ ਜੁਗ ਦਾ ਪਾਰ ਕਿਨਾਰਾ, ਜੁਗਤ ਕਰੇ ਬੇਪਰਵਾਹੀਆ । ਏਕਾ ਬਣੇ ਸਚ ਮਨਾਰਾ, ਸਾਢੇ ਤਿੰਨ ਹੱਥ ਵੰਡ ਵੰਡਾਈਆ । ਨਵ ਚਾਰ ਲੱਗੇ ਅਖਾੜਾ, ਛੱਤੀ ਛੱਤੀ ਨਾਚ ਨਚਾਈਆ । ਨਾਨਕ ਨਿਰਗੁਣ ਸਰਗੁਣ ਕਰੇ ਪੁਕਾਰਾ, ਏਕਾ ਓਟ ਤਕਾਈਆ । ਤੇਰਾ ਰੂਪ ਅਗੰਮ ਅਪਾਰਾ, ਵਡ ਵੱਡੀ ਤੇਰੀ ਵਡਿਆਈਆ । ਤੇਰਾ ਧਾਮ ਸਚਖੰਡ ਨਿਆਰਾ, ਦਿਸ ਕਿਸੇ ਨਾ ਆਈਆ । ਆਦਿ ਜੁਗਾਦਿ ਇਕ ਇਕੱਲਾ ਸਚਖੰਡ ਬੈਠਾ ਰਹੇ ਕਵਾਰਾ, ਤੇਰਾ ਸੰਗ ਨਾ ਕੋਇ ਦਸਾਈਆ । ਤੇਰਾ ਏਕਾ ਵੇਖਾਂ ਜਗਤ ਵਿਹਾਰਾ, ਲੋਕਮਾਤ ਵੇਸ ਵਟਾਈਆ । ਭਗਵਨ ਦੇਣਾ ਨਾਮ ਆਧਾਰਾ, ਭਗਤਨ ਏਕਾ ਦਾਤ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪਨਾ ਗੁਣ ਦਏ ਸਮਝਾਈਆ । ਆਪਨਾ ਗੁਣ ਹਰਿ ਸਮਝਾਇਆ, ਨਿਸ਼ਅੱਖਰ ਹਰਿ ਹਰਿ ਬੋਲ । ਆਪਨਾ ਆਪ ਲਏ ਪਰਨਾਇਆ, ਆਦਿ ਜੁਗਾਦੀ ਆਪੇ ਰੱਖੇ ਕੋਲ । ਲੋਕਮਾਤ ਲਏ ਵੇਸ ਵਟਾਇਆ, ਪਾਰਬ੍ਰਹਮ ਅਤੁਲ ਅਤੋਲ । ਹਰਿਜਨ ਸਾਚੇ ਲਏ ਜਗਾਇਆ, ਘਰ ਘਰ ਵਿਚ ਕੁੰਡਾ ਖੋਲ੍ਹ । ਆਪਨਾ ਰੂਪ ਦਏ ਦਰਸਾਇਆ, ਨਿਜ ਆਤਮ ਜਾਏ ਮੌਲ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਲੇਖਾ ਜਾਣੇ ਧਰਨੀ ਧਰਤ ਧੌਲ । ਧੌਲ ਉਪਰ ਭਾਗ ਲਗੌਣਾ, ਹਰਿ ਸਾਚਾ ਸਚ ਜਣਾਇੰਦਾ । ਸਚਖੰਡ ਦਵਾਰਾ ਆਪ ਪਰਗਟੌਣਾ, ਸਚਖੰਡ ਨਿਵਾਸੀ ਸੋਭਾ ਪਾਇੰਦਾ । ਦੀਨ ਮਜ਼੍ਹਬ ਦਾ ਡੇਰਾ ਢੌਣਾ, ਜ਼ਾਤ ਪਾਤ ਪੰਧ ਮੁਕਾਇੰਦਾ । ਗੁਰ ਅਵਤਾਰਾਂ ਦਾ ਹਿੱਸਾ ਅੰਤਮ ਸਭ ਦਾ ਸਭ ਦੀ ਝੋਲੀ ਪੌਣਾ, ਬਾਕੀ ਅਵਰ ਨਾ ਕੋਇ ਰਖਾਇੰਦਾ । ਪੁਰਖ ਅਕਾਲ ਦੀਨ ਦਿਆਲ ਦੋ ਜਹਾਨ ਏਕਾ ਨਜ਼ਰੀ ਔਣਾ, ਦੂਜਾ ਇਸ਼ਟ ਨਾ ਕੋਇ ਮਨਾਇੰਦਾ । ਜਗਤ ਦਵਾਰਾ ਡੇਰਾ ਢੌਣਾ, ਖ਼ਾਕੀ ਖ਼ਾਕ ਖ਼ਾਕ ਮਿਲਾਇੰਦਾ । ਭਗਤ ਦਵਾਰਾ ਇਕ ਉਪਜੌਣਾ, ਹਰਿਜਨ ਸਾਚੇ ਵਿਚ ਬਹਾਇੰਦਾ । ਸੀਸ ਜਗਦੀਸ ਛਤਰ ਝੁਲੌਣਾ, ਛੱਤੀ ਰਾਗਾਂ ਆਸਾ ਪੂਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਆਪਨਾ ਲੇਖਾ ਆਪਨੇ ਹੱਥ ਰਖਾਇੰਦਾ । ਸਾਚਾ ਲੇਖਾ ਹਰਿ ਨਿਰੰਕਾਰ, ਨਿਰਗੁਣ ਆਪਨੇ ਹੱਥ ਰਖਾਈਆ । ਵੰਡੇ ਵੰਡ ਅਗੰਮ ਅਪਾਰ, ਹਿਸਾਬ ਕਿਤਾਬ ਨਾ ਕੋਇ ਰਖਾਈਆ । ਲਿਖਤ ਲੇਖ

ਨਾ ਸਕੇ ਵਿਚਾਰ, ਵਿਦਿਆ ਗੁਣ ਨਾ ਕੋਇ ਵਖਾਈਆ । ਵੇਦ ਪੁਰਾਨ ਸ਼ਾਸਤਰ ਸਿਮਰਤ ਅੰਜੀਲ ਕੁਰਾਨ ਖਾਣੀ ਬਾਣੀ ਕਰੇ ਪੁਕਾਰ, ਗੁਰ ਅਵਤਾਰ ਰਹੇ ਜਸ ਗਾਈਆ । ਸੋ ਸਾਹਿਬ ਆਪਣਾ ਕਰੇ ਆਪ ਵਿਹਾਰ, ਥਿਤ ਵਾਰ ਆਪਣੇ ਹੱਥ ਰਖਾਈਆ । ਸਚਖੰਡ ਨਿਵਾਸੀ ਵਸਣਹਾਰਾ ਸਚਖੰਡ ਦਵਾਰ, ਸਚਖੰਡ ਲੋਕਮਾਤ ਪਰਗਟਾਈਆ । ਜਿਸ ਗ੍ਰਿਹਿ ਨਿਰਗੁਣ ਜੋਤ ਕਰੇ ਉਜਿਆਰ, ਸੋ ਗ੍ਰਿਹਿ ਆਪਣੇ ਰੰਗ ਰੰਗਾਈਆ । ਜਿਸ ਦਰ ਬੋਲੇ ਨਾਮ ਜੈਕਾਰ, ਤਿਸ ਘਰ ਵੱਜੇ ਵਧਾਈਆ । ਹਰਿਜਨ ਹਰਿ ਭਗਤ ਗੁਰਮੁਖ ਗੁਰਸਿਖ ਲਏ ਉਭਾਰ, ਸਿਰ ਆਪਣਾ ਹੱਥ ਟਿਕਾਈਆ । ਸੋਹੰ ਸ਼ਬਦ ਸਚ ਪਿਆਰ, ਆਤਮ ਪਰਮਾਤਮ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਹਿਸਾ ਏਕਾ ਵੰਡ, ਪਾਵਣਹਾਰਾ ਉਤਭੁਜ ਸੇਤਜ ਜੇਰਜ ਅੰਡ, ਲਹਿਣਾ ਦੇਣਾ ਮੁਕਾਏ ਲੋਆਂ ਪੁਰੀਆਂ ਬ੍ਰਹਿਮੰਡ ਖੰਡ, ਗੁਰਮੁਖਾਂ ਵਖਾਏ ਇਕ ਅਨੰਦ, ਪਰਮਾਨੰਦ ਆਪਣਾ ਰੂਪ ਦਰਸਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਰਹੇ ਬੇਪਹਿਚਾਨ, ਪਹਿਚਾਨ ਵਿਚ ਕਦੇ ਨਾ ਆਈਆ ।

ਜਗਤ ਸਿਆਸਤ ਨਾਤਾ ਕੂੜ, ਕੂੜੇ ਤੰਦ ਨਾਲ ਬੰਧਾਈਆ । ਜਨ ਭਗਤਾਂ ਅੰਦਰ ਸੱਚਾ ਨੂਰ, ਨੂਰ ਨੁਰਾਨਾ ਆਪ ਧਰਾਈਆ । ਸਿਆਸਤ ਕਰੇ ਮੂਰਖ ਮੂੜ੍ਹ, ਚਤੁਰ ਸੁਘੜ ਦਏ ਭੁਲਾਈਆ । ਗੁਰਸਿਖਾਂ ਮਿਲੇ ਚਰਨ ਧੂੜ, ਦੁਰਮਤ ਮੈਲ ਧੁਆਈਆ । ਬਹੱਤਰ ਭਗਤ ਕੱਠੇ ਹੋਣ ਜ਼ਰੂਰ, ਕਲਜੁਗ ਤੇਰੀ ਜ਼ਰੂਰਤ ਪੂਰੀ ਦੇਣੀ ਕਰਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ, ਆਪ ਕਰਾਏ ਮਹੂਰਤ ਮਹੂਰ, ਥਿਤ ਵਾਰ ਆਪਣੇ ਹੱਥ ਰਖਾਈਆ । ਜਿਸ ਦਾ ਪੈਂਡਾ ਤੱਕਦੇ ਰਹੇ ਦੂਰ, ਸੋ ਨੇੜੇ ਗਿਆ ਆਈਆ । ਜਿਸ ਨੂੰ ਕਹਿੰਦੇ ਸੱਚਾ ਹਜ਼ੂਰ, ਹਾਜ਼ਰ ਹੋ ਹੋ ਦਰਸ ਦਿਖਾਈਆ । ਜਗਤ ਸਿਆਸਤ ਡੋਬੇ ਪੂਰ, ਧੱਕਾ ਏਕਾ ਵਾਰ ਲਗਾਈਆ । ਸ਼ਾਹ ਪਾਤਸ਼ਾਹ ਰਹੇ ਝੂਰ, ਰਾਤੀਂ ਸੁਤਿਆਂ ਨੀਂਦ ਨਾ ਆਈਆ । ਅੰਤਮ ਆਪਣਾ ਮੰਨਣ ਆਪ ਕਸੂਰ, ਏਕਾ ਭੁੱਲਿਆ ਬੇਪਰਵਾਹੀਆ । ਮਨ ਵਾਸਨਾ ਕਰਦੇ ਰਹੇ ਗ਼ਰੂਰ, ਗ਼ੁਰਬਤ ਕਾਇਆ ਵਿਚ ਟਿਕਾਈਆ । ਮਨ ਹੰਗਤਾ ਕਰਿਆ ਫ਼ਤੂਰ, ਫ਼ਤਵਾ ਇਕ ਦੂਜੇ ਤੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਦਏ ਵਡਿਆਈਆ । ਹਰਿਜਨ ਵੱਡਾ ਕੋਲ ਸਾਚੀ ਵਸਤ, ਹਰਿ ਏਕਾ ਏਕ ਫੜਾਇੰਦਾ । ਏਕਾ ਰੰਗ ਵਖਾਏ ਕੀਟ ਹਸਤ, ਊਚ ਨੀਚ ਨਾ ਕੋਇ ਜਣਾਇੰਦਾ । ਨਾਮ ਖ਼ੁਮਾਰੀ ਰੱਖੇ ਮਸਤ, ਧਨ ਦੌਲਤ ਪੱਲੇ ਨਾ ਕੋਇ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਆਪ ਸਾਲਾਹਿੰਦਾ । ਜਗਤ ਸਿਆਸਤ ਮੰਗੇ ਮੰਗ, ਦਿਵਸ ਰੈਣ ਕੁਰਲਾਈਆ । ਸ਼ਾਹ ਪਾਤਸ਼ਾਹ ਬਣੇ ਰਹਿਣ ਨੰਗ, ਸੀਸ ਪੱਲੂ ਨਾ ਕੋਇ ਟਿਕਾਈਆ । ਜਗਤ ਤ੍ਰਿਸ਼ਨਾ ਭਰਿਆ ਗੰਦ, ਝੂਠੀ ਵਾਸਨਾ ਨਾ ਕੋਇ ਮੁਕਾਈਆ । ਪਿਉ ਦਾਦਾ ਪੁਤ ਪੋਤਰੇ ਦੀ ਬੰਨ੍ਹਦੇ ਗਏ ਗੰਢ, ਅੰਤਮ ਖ਼ਾਲੀ ਹੱਥ ਵਖਾਈਆ । ਵੇਖੋ ਸਿਆਸਤ ਹੁੰਦੀ ਰੰਡ, ਰੰਡੀ ਦੁਹਾਗਣ ਚਾਰੋਂ ਕੁੰਟ ਦਏ ਦੁਹਾਈਆ । ਨਠ ਨਠ ਥੱਕੀ ਮੁਕਿਆ ਨਾ ਪੰਧ, ਜਗਤ ਭੁੱਲੀ ਰਹੀ ਕੁਰਲਾਈਆ । ਚਾਰ ਕੁੰਟ ਅੰਧੇਰਾ ਅੰਧ, ਸਾਚਾ ਚੰਦ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਭ ਦੀ ਏਕਾ ਵਾਰ ਲਾਹੇ ਡੰਡ, ਡੰਡ ਫੇਰ ਕੋਇ ਨਾ ਪਾਈਆ । ਸਿਆਸਤ ਰੋਵੇ ਜਗਤ ਕੁਰਲਾਵੇ, ਕੂਕ ਕੂਕ ਜਣਾਇਆ । ਇਕ ਦੂਜੇ ਦੇ

ਮਰਨ ਹਾਵੇ, ਹਾਹਾਕਾਰ ਮਚਾਇਆ । ਪਰਧਾਨ ਮੰਤਰੀ ਕੋਈ ਨਜ਼ਰ ਨਾ ਆਵੇ, ਹੁਕਮੀ ਹੁਕਮ ਨਾ ਕੋਇ ਸੁਣਾਇਆ । ਦਰ ਦਰਵੇਸ਼ ਹੋਣ ਨਿਥਾਵੇਂ, ਨਿਥਾਵਿਆਂ ਥਾਂਵ ਨਾ ਕੋਇ ਦਸਾਇਆ । ਕਰੇ ਕਰਾਏ ਜੋ ਪ੍ਰਭ ਭਾਵੇ, ਪ੍ਰਭ ਭਾਣਾ ਆਪ ਵਰਤਾਇਆ । ਗੁਰਮੁਖ ਆਪਣੇ ਤੋਲ ਤੁਲ ਰਹਿਣ ਸਾਂਵੇਂ, ਏਥੇ ਉਥੇ ਦੋ ਜਹਾਨਾਂ ਏਕਾ ਕੰਢਾ ਨਜ਼ਰੀ ਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਸ੍ਰੀ ਭਗਵੰਤ, ਸਭ ਦਾ ਕਰੇ ਸਫ਼ਾਇਆ ।

ਜ਼ੀਰੋ ਸਿਫ਼ਰਾ ਜਾਏ ਲਥ, ਏਕਾ ਕਦੇ ਨਾ ਮੁਖ ਛੁਪਾਈਆ । ਏਕੇ ਨਾਲ ਕਹਾਣੀ ਅਕਥ, ਕੋਟਨ ਕੋਟ ਇਕਾਈ ਨਾਲ ਮਿਲਾਈਆ । ਇਕਾਈ ਦਹਾਈ ਸੈਂਕੜਿਆਂ ਆਪਣਾ ਮਾਰਗ ਦੱਸ, ਆਪਣਾ ਰਾਹ ਦਏ ਵਖਾਈਆ । ਕਰ ਖੇਲ ਪੁਰਖ ਸਮਰਥ, ਅੰਤਮ ਸਭ ਦੀ ਕਰੇ ਸਫ਼ਾਈਆ । ਜਿਉਂ ਭਾਵੇ ਤਿਉਂ ਕਰੇ ਇਕੱਠ, ਮੁੜ ਮੁੜ ਫੇਰ ਮਿਲਾਈਆ । ਕੋਟਨ ਕੋਟ ਜੁਗ ਚੌਕੜੀ ਗਏ ਢੱਠ, ਢਾ ਢਾ ਆਪਣੀ ਢੇਰੀ ਫੇਰ ਬਣਾਈਆ । ਕੋਟਨ ਕੋਟ ਵਿਸ਼ਨ ਬ੍ਰਹਮਾ ਸ਼ਿਵ ਲੈ ਲੈ ਵਥ, ਤ੍ਰੈਗੁਣ ਆਪਣਾ ਰੰਗ ਰੰਗਾਈਆ । ਕੋਟਨ ਕੋਟ ਗੁਰ ਅਵਤਾਰ ਪੀਰ ਉਠਾ ਉਠਾ ਹੱਥ, ਲੋਕਮਾਤ ਗਏ ਤਾਲ ਵਜਾਈਆ । ਕੋਟਨ ਕੋਟ ਭਗਤ ਸੰਤ ਗਾ ਗਾ ਗਾਥ, ਉਚੀ ਕੂਕ ਕੂਕ ਗਏ ਸੁਣਾਈਆ । ਆਦਿ ਜੁਗਾਦਿ ਕਿਸੇ ਨਾ ਆਈ ਹਾਥ, ਡੂੰਘੇ ਸਾਗਰ ਸਾਚੀ ਭਵਰ ਅੰਦਰ ਗਏ ਤਾਰੀਆਂ ਲਾਈਆ । ਆਪ ਵੇਂਹਦਾ ਰਿਹਾ ਖੇਲ ਤਮਾਸ਼, ਸਚਖੰਡ ਸਾਚੇ ਆਸਣ ਲਾਈਆ । ਜਿਸ ਜਨ ਦੇਵੇ ਆਪਣਾ ਕਿਰਨ ਜੋਤ ਪਰਕਾਸ਼, ਸੋ ਗੁਰੂ ਰੂਪ ਮਾਤ ਅਖਵਾਈਆ । ਆਪਣੀ ਕਿਰਨ ਖਿਚੇ ਆਪਣੇ ਪਾਸ, ਪੰਜ ਤਤ ਖ਼ਾਕੀ ਖ਼ਾਕ ਮਿਲਾਈਆ । ਗਿਆਂ ਪਿਛੋਂ ਗੌਂਦੇ ਗਾਥ, ਨਾ ਏਥੇ ਨਾ ਉਥੇ ਹੋਏ ਕੋਇ ਸਹਾਈਆ । ਜੋ ਆਇਆ ਸੋ ਚੜ੍ਹ ਕੇ ਗਿਆ ਹਰਿ ਕੇ ਰਾਥ, ਹਰਿ ਆਪਣਾ ਆਪ ਰਥਵਾਹੀਆ । ਅੰਤਮ ਲੈ ਕੇ ਗਿਆ ਸਾਥ, ਪਿਛੇ ਛੱਡ ਕੋਈ ਨਾ ਜਾਈਆ । ਜਿਸ ਨੂੰ ਕਹਿੰਦੇ ਤ੍ਰੈਲੋਕੀ ਨਾਥ, ਕੋਟਨ ਕੋਟ ਤ੍ਰੈਲੋਕੀ ਨਾਥ ਚਰਨਾਂ ਵਿਚ ਸੇਵ ਕਮਾਈਆ । ਜਿਸ ਨੂੰ ਕਹਿੰਦੇ ਰਾਮ ਵਸੇ ਪਾਸ, ਸੋ ਰਾਮ ਸਾਚੇ ਰਾਮ ਰਾਹ ਤਕਾਈਆ । ਜਿਸ ਨੂੰ ਕਹਿੰਦੇ ਈਸਾ ਮੂਸਾ ਦਏ ਪੈਗ਼ਾਮ, ਸੋ ਪੈਗ਼ੰਬਰ ਇਕ ਮਨਾਈਆ । ਸਭ ਨੂੰ ਦੇਂਦਾ ਰਿਹਾ ਕਲਾਮ, ਆਪਣੀ ਕਲਾਮ ਨਾ ਕਿਸੇ ਜਣਾਈਆ । ਆਪਣਾ ਇਸ਼ਾਰਾ ਦਏ ਇਲਹਾਮ, ਆਪਣਾ ਭੇਵ ਨਾ ਕਿਸੇ ਖੁਲ੍ਹਾਈਆ । ਆਪਣੀ ਧੂੜ ਦੇਵੇ ਸਤਿਨਾਮ, ਚਰਨ ਚਰਨਾਂ ਉਪਰ ਰਗੜਾਈਆ । ਨਾਨਕ ਨਿਰਗੁਣ ਸਰਗੁਣ ਕਰ ਪਰਨਾਮ, ਘਰ ਸਾਚੇ ਖ਼ੁਸ਼ੀ ਮਨਾਈਆ । ਪੰਜ ਤੱਤ ਕਾਇਆ ਮਾਟੀ ਲੇਖੇ ਲੱਗੇ ਚਾਮ, ਜਿਸ ਮਿਲਿਆ ਸੱਚਾ ਮਾਹੀਆ । ਗੋਬਿੰਦ ਨਿਉਂ ਨਿਉਂ ਕਰੇ ਪਰਨਾਮ, ਪੁਰਖ ਅਕਾਲ ਇਕ ਮਨਾਈਆ । ਅੰਤਮ ਸਭ ਦਾ ਪਕੜੇ ਦਾਮ, ਦਾਮਨਗੀਰ ਫੇਰਾ ਪਾਈਆ । ਬਣ ਕੇ ਆਏ ਬੇਪਹਿਚਾਨ, ਰੂਪ ਰੰਗ ਰੇਖ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਘਰ ਆਪਣੀ ਸਿਆਸਤ ਆਪ ਚਲਾਈਆ । ਨੇਤਰ ਨੈਣ ਅਲਕ ਪਲਕ, ਕ਼ਦਮ ਕ਼ਦਮ ਕ਼ਦਮ ਨਾਲ ਮਿਲਾਈਆ । ਮਖ਼ਲੂਕ ਵੇਖੇ ਹਰਿ ਜੂ ਖ਼ਲਕ, ਖ਼ਾਲਕ ਖ਼ਲਕ ਬੇਪਰਵਾਹੀਆ । ਲੇਖਾ ਜਾਣੇ ਅਰਸ਼ ਫ਼ਰਸ਼, ਕੁਰਸ਼ ਕੁਰਾ ਫੋਲ ਫੁਲਾਈਆ । ਨੂਰ ਨੁਰਾਨਾ ਦੇਵੇ ਦਰਸ, ਬਾਤਨ ਆਪਣਾ ਖੇਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਪਲਕ ਏਕਾ ਕ਼ਦਮ ਨਾਲ ਮਿਲਾਈਆ ।

### ★ ੨੭ ਅਸੂ ੨੦੧੮ ਬਿਕ੍ਰਮੀ ਹਜ਼ਾਰਾ ਸਿੰਘ ਦੇ ਗ੍ਰਿਹਿ ਪਿੰਡ ਛੀਨੇ ਜਸਤਰ ਵਾਲ ਜ਼ਿਲਾ ਅੰਮ੍ਰਿਤਸਰ ★

ਸ਼ਾਹ ਪਾਤਸ਼ਾਹ ਹਰਿ ਨਿਰੰਕਾਰ, ਨਿਰਗੁਣ ਆਦਿ ਜੁਗਾਦਿ ਸਮਾਇੰਦਾ । ਭੂਪਤ ਭੂਪ ਬਣ ਸਿਕਦਾਰ, ਨਿਰਵੈਰ ਆਪਣਾ ਹੁਕਮ ਚਲਾਇੰਦਾ । ਖੇਲੇ ਖੇਲ ਅਗੰਮ ਅਪਾਰ, ਅਲਖ ਅਗੋਚਰ ਭੇਵ ਨਾ ਆਇੰਦਾ । ਆਦਿ ਪੁਰਖ ਹੋ ਤਿਆਰ, ਆਪਣੀ ਧਾਰਾ ਆਪ ਪਰਗਟਾਇੰਦਾ । ਸੋ ਪੁਰਖ ਨਿਰੰਜਣ ਖ਼ਬਰਦਾਰ, ਰੂਪ ਅਨੂਪ ਆਪ ਵਟਾਇੰਦਾ । ਹਰਿ ਪੁਰਖ ਨਿਰੰਜਣ ਪਾਵੇ ਸਾਰ, ਅਕਲ ਕਲ ਆਪਣੀ ਕਾਰ ਕਮਾਇੰਦਾ । ਏਕੰਕਾਰਾ ਵਸੇ ਧਾਮ ਨਿਆਰ, ਅਨਭਵ ਪਰਕਾਸ਼ ਕਰਾਇੰਦਾ । ਆਦਿ ਨਿਰੰਜਣ ਜੋਤੀ ਧਾਰ, ਨੂਰ ਨੁਰਾਨਾ ਡਗਮਗਾਇੰਦਾ । ਅਬਿਨਾਸ਼ੀ ਕਰਤਾ ਬੇਐਬ ਪਰਵਰਦਿਗਾਰ, ਰੂਪ ਰੰਗ ਰੇਖ ਨਾ ਕੋਇ ਰਖਾਇੰਦਾ । ਸ੍ਰੀ ਭਗਵਾਨ ਆਪੇ ਜਾਣੇ ਆਪਣੀ ਕਾਰ, ਕਰਨੀ ਕਰਤਾ ਆਪ ਕਮਾਇੰਦਾ । ਪਾਰਬ੍ਰਹਮ ਆਪ ਆਪਣਾ ਕਰ ਪਸਾਰ, ਹਰਿ ਆਪੇ ਵੇਖ ਵਖਾਇੰਦਾ । ਸਾਚੇ ਤਖ਼ਤ ਬੈਠ ਸੱਚੀ ਸਰਕਾਰ, ਸਚ ਸਿੰਘਾਸਣ ਸੋਭਾ ਪਾਇੰਦਾ । ਧੁਰ ਫ਼ਰਮਾਨਾ ਇਕ ਜੈਕਾਰ, ਨਾਦ ਅਨਾਦੀ ਨਾਦ ਵਜਾਇੰਦਾ । ਥਿਰ ਘਰ ਖੋਲ੍ਹੇ ਆਪ ਕਿਵਾੜ, ਚਰਨ ਕਵਲ ਆਪ ਟਿਕਾਇੰਦਾ । ਆਪੇ ਕਰੇ ਆਪਣਾ ਸਚ ਪਿਆਰ, ਪੀਆ ਪ੍ਰੀਤਮ ਆਪ ਹੋ ਜਾਇੰਦਾ । ਨਾਰੀ ਕੰਤ ਖੇਲ ਨਿਆਰ, ਅਪਰੰਪਰ ਆਪਣਾ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਏਕਾ ਹਰਿ, ਆਪਣਾ ਖੇਲ ਆਪ ਕਰਾਇੰਦਾ । ਖੇਲਣਹਾਰਾ ਇਕ ਇਕੱਲਾ, ਏਕਾ ਘਰ ਸੋਭਾ ਪਾਇੰਦਾ । ਵਸਣਹਾਰਾ ਸਚ ਮਹੱਲਾ, ਸਚਖੰਡ ਦਵਾਰੇ ਆਸਣ ਲਾਇੰਦਾ । ਆਪਣੀ ਜੋਤ ਆਪੇ ਰੱਲਾ, ਜੋਤੀ ਜਾਤਾ ਡਗਮਗਾਇੰਦਾ । ਆਪਣਾ ਫੜੇ ਆਪੇ ਪੱਲਾ, ਆਪਣਾ ਸੰਗ ਆਪ ਨਿਭਾਇੰਦਾ । ਆਪਣਾ ਆਸਣ ਆਪੇ ਮੱਲਾ, ਹਰਿ ਆਪੇ ਵੇਖ ਵਖਾਇੰਦਾ । ਆਪਣਾ ਸੰਦੇਸ਼ ਨਰ ਨਰੇਸ਼ ਆਪੇ ਘੱਲਾ, ਹੁਕਮੀ ਹੁਕਮ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਆਦਿ ਪੁਰਖ ਸੋਭਾ ਪਾਇੰਦਾ । ਆਦਿ ਪੁਰਖ ਪੁਰਖ ਅਪਾਰਾ, ਮਹਿਮਾ ਅਕਥ ਕਥੀ ਨਾ ਜਾਈਆ । ਆਪ ਸੁਹਾਏ ਸਚ ਦਵਾਰਾ, ਸਚਖੰਡ ਨਿਵਾਸੀ ਸੋਭਾ ਪਾਈਆ । ਮਹੱਲ ਅਟਲ ਉਚ ਮੁਨਾਰਾ, ਨਿਹਚਲ ਧਾਮ ਦਏ ਵਡਿਆਈਆ । ਜੋਤੀ ਜਾਤਾ ਹੋ ਉਜਿਆਰਾ, ਨੂਰ ਨੁਰਾਨਾ ਡਗਮਗਾਈਆ । ਕਮਲਾਪਾਤੀ ਖੇਲ ਨਿਆਰਾ, ਕਵਲ ਨੈਣ ਆਪ ਕਰਾਈਆ । ਹੁਕਮੀ ਹੁਕਮ ਸਚ ਵਰਤਾਰਾ, ਸ਼ਾਹ ਪਾਤਸ਼ਾਹ ਆਪ ਸੁਣਾਈਆ । ਸਾਚੇ ਤਖ਼ਤ ਬੈਠ ਸਾਚੀ ਸਰਕਾਰਾ, ਸੀਸ ਜਗਦੀਸ਼ ਤਾਜ ਸੁਹਾਈਆ । ਆਪੇ ਨਿਉਂ ਨਿਉਂ ਕਰੇ ਨਿਮਸਕਾਰਾ, ਦਰ ਦਰਵੇਸ਼ ਸੇਵ ਕਮਾਈਆ । ਸੋ ਪੁਰਖ ਨਿਰੰਜਣ ਵਸਣਹਾਰਾ ਠਾਂਡੇ ਦਰਬਾਰਾ, ਹਰਿ ਪੁਰਖ ਨਿਰੰਜਣ ਰੰਗ ਰੰਗਾਈਆ । ਏਕੰਕਾਰ ਕਰੇ ਸਚ ਵਿਹਾਰਾ, ਆਦਿ ਨਿਰੰਜਣ ਜੋਤੀ ਧਾਰਾ, ਰੂਪ ਅਨੂਪ ਆਪ ਵਖਾਈਆ । ਅਬਿਨਾਸ਼ੀ ਕਰਤਾ ਪਾਵੇ ਸਾਰਾ, ਸ੍ਰੀ ਭਗਵਾਨ ਕਰੇ ਖੇਲ ਨਿਆਰਾ, ਪਾਰਬ੍ਰਹਮ ਵਡੀ ਵਡਿਆਈਆ । ਸਚਖੰਡ ਵੇਖੇ ਆਪ ਅਖਾੜਾ, ਥਿਰ ਘਰ ਸੋਹੇ ਸਾਚਾ ਲਾੜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣਾ ਭੇਵ ਆਪਣੇ ਹੱਥ ਰਖਾਈਆ । ਆਪਣਾ ਭੇਵ ਹਰਿ ਨਿਰੰਕਾਰ, ਆਪਣੇ ਹੱਥ ਰਖਾਇੰਦਾ । ਆਦਿ ਜੁਗਾਦੀ ਖੇਲ ਅਪਾਰ, ਖੇਲਣਹਾਰਾ ਆਪ ਖਿਲਾਇੰਦਾ । ਦਾਈ ਦਾਇਆ ਬਣ ਅਗੰਮ ਅਪਾਰ, ਸਾਚੀ ਸੇਵਾ ਆਪ ਕਮਾਇੰਦਾ । ਜਨਨੀ ਜਨ ਜਣੇ ਸੁਤ ਦੁਲਾਰ, ਸ਼ਬਦੀ ਸ਼ਬਦ ਨਾਉਂ ਧਰਾਇੰਦਾ । ਥਿਰ ਘਰ ਸਾਚੇ ਦਏ ਬਹਾਲ,

ਸਿਰ ਆਪਣਾ ਹੱਥ ਟਿਕਾਇੰਦਾ । ਆਪੇ ਵਸੇ ਨਾਲ ਨਾਲ, ਵਿਛੜ ਕਦੇ ਨਾ ਜਾਇੰਦਾ । ਸਚਖੰਡ ਨਿਵਾਸੀ ਬਣ ਦਲਾਲ, ਸਾਚਾ ਰੰਗ ਆਪ ਰੰਗਾਇੰਦਾ । ਆਪਣੀ ਕਿਰਪਾ ਰੂਪ ਪਰਗਟਾਏ ਮਹਾਕਾਲ, ਭੇਵ ਅਭੇਦ ਆਪ ਖੁਲ੍ਹਾਇੰਦਾ । ਲੇਖਾ ਜਾਣੇ ਸਚ ਸੱਚੀ ਧਰਮਸਾਲ, ਛੱਪਰ ਛੰਨ ਨਾ ਕੋਇ ਛੁਹਾਇੰਦਾ । ਜੋਤੀ ਦੀਪਕ ਏਕਾ ਬਾਲ, ਨੂਰ ਨੁਰਾਨਾ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਏਕਾ ਹਰਿ, ਆਪਣਾ ਖੇਲ ਆਪ ਖਿਲਾਇੰਦਾ । ਖੇਲ ਕਰੇ ਪੁਰਖ ਸਮਰਥ, ਸਮਰਥ ਹੱਥ ਵਡੀ ਵਡਿਆਈਆ । ਥਿਰ ਘਰ ਦੇਵੇ ਸਾਚੀ ਵਥ, ਸ਼ਬਦ ਸ਼ਬਦੀ ਝੋਲੀ ਪਾਈਆ । ਨਿਰਵੈਰ ਚਲਾਏ ਆਪਣਾ ਰਥ, ਨਿਰਾਕਾਰ ਬੇਪਰਵਾਹੀਆ । ਅਗੰਮ ਅਗੰਮੜੀ ਸੁਣਾਏ ਗਾਥ, ਲਿਖਣ ਪੜ੍ਹਣ ਵਿਚ ਨਾ ਆਈਆ । ਨਿਰਾਕਾਰ ਨਿਰਾਕਾਰ ਨਿਰਾਕਾਰ ਨਿਭਾਏ ਸਾਥ, ਸਗਲਾ ਸੰਗ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਏਕਾ ਹਰਿ, ਆਦਿ ਪੁਰਖ ਬੇਪਰਵਾਹੀਆ । ਆਦਿ ਪੁਰਖ ਬੇਪਰਵਾਹ, ਆਪਣਾ ਖੇਲ ਆਪ ਕਰਾਇੰਦਾ । ਥਿਰ ਘਰ ਸਾਚਾ ਆਪ ਸੁਹਾ, ਸੁਤ ਦੁਲਾਰਾ ਆਪ ਬਹਾਇੰਦਾ । ਆਪੇ ਮਾਰਗ ਦੇਵੇ ਪਾ, ਸਾਚਾ ਰਾਹ ਆਪ ਜਣਾਇੰਦਾ । ਹੁਕਮੀ ਹੁਕਮ ਦਏ ਜਣਾ, ਧੁਰ ਫ਼ਰਮਾਨਾ ਆਪ ਸੁਣਾਇੰਦਾ । ਆਪਣਾ ਬੰਧਨ ਆਪੇ ਪਾ, ਏਕਾ ਗੰਢ ਦਿਵਾਇੰਦਾ । ਸਚਖੰਡ ਦਵਾਰਾ ਖੇਲ ਕਰਾ, ਥਿਰ ਘਰ ਆਪਣੇ ਵਿਚ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਵਸੇ ਏਕਾ ਨਰ, ਨਰ ਨਰਾਇਣ ਧਾਰ ਆਪ ਪਰਗਟਾਇੰਦਾ । ਥਿਰ ਘਰ ਵਾਸਾ ਸ਼ਬਦ ਦੁਲਾਰ, ਹਰਿ ਸਾਚਾ ਆਪ ਰਖਾਈਆ । ਸਚਖੰਡ ਵਸੇ ਆਪ ਨਿਰੰਕਾਰ, ਨਿਰਗੁਣ ਬੈਠਾ ਆਸਣ ਲਾਈਆ । ਇਕ ਜਣਾਏ ਸਾਚੀ ਕਾਰ, ਕਰਤਾ ਪੁਰਖ ਬੇਪਰਵਾਹੀਆ । ਪੂਤ ਸਪੂਤ ਬਣੇ ਦੁਲਾਰ, ਪਰਵਰਦਿਗਾਰ ਇਕ ਜਣਾਈਆ । ਤੇਰਾ ਰੰਗ ਮੇਰੀ ਧਾਰ, ਮੇਰੀ ਧਾਰ ਤੇਰੇ ਵਿਚ ਸਮਾਈਆ । ਮੇਰਾ ਹੁਕਮ ਸਚ ਫ਼ਰਮਾਨ, ਸਾਚੇ ਸੁਤ ਸੁਣਨਾ ਕਰ ਧਿਆਨ, ਸੁਣਾਵਨਹਾਰਾ ਆਪ ਜਣਾਈਆ । ਮੇਰਾ ਨਾਉਂ ਇਕ ਗਿਆਨ, ਆਦਿ ਜੁਗਾਦਿ ਬੇਪਹਿਚਾਨ, ਲੇਖਾ ਲਿਖਤ ਵਿਚ ਨਾ ਆਈਆ । ਤੇਰਾ ਵਸੇ ਥਿਰ ਘਰ ਮਕਾਨ, ਸਚਖੰਡ ਵਸੇ ਸ੍ਰੀ ਭਗਵਾਨ, ਸਚ ਸਿੰਘਾਸਣ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਦਿ ਪੁਰਖ ਨਿਸ਼ਅੱਖਰ ਕਰੇ ਪੜ੍ਹਾਈਆ । ਨਿਸ਼ਅੱਖਰ ਸ਼ਬਦੀ ਦਾਤ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਆਪੇ ਬੈਠਾ ਰਹੇ ਇਕਾਂਤ, ਇਕ ਇਕੱਲਾ ਖੇਲ ਖਿਲਾਇੰਦਾ । ਆਪੇ ਪਿਤਾ ਆਪੇ ਮਾਤ, ਸੁਤ ਦੁਲਾਰਾ ਗੋਦ ਸੁਹਾਇੰਦਾ । ਆਪੇ ਪੁੱਛਣਹਾਰਾ ਵਾਤ, ਸੀਸ ਜਗਦੀਸ ਹੱਥ ਰਖਾਇੰਦਾ । ਆਪੇ ਖੋਲ੍ਹੇ ਬੰਦ ਤਾਕ, ਬੰਦ ਕਿਵਾੜਾ ਆਪ ਖੁਲ੍ਹਾਇੰਦਾ । ਥਿਰ ਘਰ ਵਖਾਏ ਏਕਾ ਹਾਟ, ਥਿਰ ਘਰ ਸਾਚਾ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਇੰਦਾ । ਸਾਚਾ ਭੇਵ ਹਰਿ ਕਰਤਾਰਾ, ਆਪਣਾ ਆਪ ਜਣਾਈਆ । ਸਾਚੇ ਸੁਤ ਹੋ ਖ਼ਬਰਦਾਰਾ, ਪੁਰਖ ਅਬਿਨਾਸ਼ੀ ਰਿਹਾ ਉਠਾਈਆ । ਤੇਰੀ ਸੇਵਾ ਲਾਏ ਅਗੰਮ ਅਪਾਰਾ, ਅਲਖ ਅਗੋਚਰ ਬੇਪਰਵਾਹੀਆ । ਤੇਰਾ ਰੂਪ ਸਾਚੀ ਧਾਰਾ, ਧਾਰ ਧਾਰ ਵਿਚੋਂ ਪਰਗਟਾਈਆ । ਤੇਰੇ ਅੰਦਰ ਖੇਲ ਨਿਆਰਾ, ਨਿਰਾਕਾਰਾ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਦਿ ਪੁਰਖ ਆਪਣੇ ਹੱਥ ਰੱਖੇ ਵਡਿਆਈਆ । ਹੱਥ ਵਡਿਆਈ ਆਪਣੇ ਰੱਖ, ਸੋ ਪੁਰਖ ਨਿਰੰਜਣ ਦਇਆ ਕਮਾਇੰਦਾ ।

ਕਰੇ ਖੇਲ ਆਪ ਸਮਰਥ, ਆਪਣਾ ਰੰਗ ਆਪ ਰੰਗਾਇੰਦਾ । ਬੀਜ ਬੀਜੇ ਸਾਚੇ ਵਤ, ਆਪਣੀ ਸੇਵਾ ਆਪ ਕਮਾਇੰਦਾ । ਆਪ ਬੰਧਾਏ ਆਪਣਾ ਨਤ, ਨਿਰਗੁਣ ਨਿਰਗੁਣ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਸ਼ਬਦ ਸੁਤ ਹਰਿ ਪਰਗਟਾਇੰਦਾ । ਹਰਿ ਸ਼ਬਦ ਅੰਦਰ ਵਿਸ਼ਵ ਧਾਰ, ਸੋ ਪੁਰਖ ਨਿਰੰਜਣ ਆਪ ਜਣਾਈਆ । ਨਿਰਗੁਣ ਪਰਗਟ ਹੋ ਨਿਰਾਕਾਰ, ਆਪਣਾ ਖੇਲ ਖਿਲਾਈਆ । ਸਾਚਾ ਪਲੰਘ ਸੇਜਾ ਸਾਚੀ ਕਰ ਤਿਆਰ, ਸਚ ਸਿੰਘਾਸਣ ਆਪ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਬਦੀ ਸ਼ਬਦ ਆਪ ਸਲਾਹੀਆ । ਸਚ ਸਲਾਹ ਦੇਵਣਹਾਰਾ, ਏਕਾ ਹੁਕਮ ਸੁਣਾਇੰਦਾ । ਪਾਰਬ੍ਰਹਮ ਨਿਰਗੁਣ ਧਾਰਾ, ਨਿਰਵੈਰ ਵੇਖ ਵਖਾਇੰਦਾ । ਵਿਸ਼ਨ ਵਿਸ਼ਵ ਕਰ ਉਜਿਆਰਾ, ਆਪਣੇ ਰੰਗ ਰੰਗਾਇੰਦਾ । ਲੇਖਾ ਜਾਣੇ ਅੰਦਰ ਬਾਹਰ ਗੁਪਤ ਜ਼ਾਹਰਾ, ਆਪਣਾ ਦਰ ਦਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣਾ ਪਰਦਾ ਆਪ ਉਠਾਇੰਦਾ । ਆਪਣਾ ਪਰਦਾ ਹਰਿ ਹਰਿ ਖੋਲ੍ਹ, ਏਕਾ ਏਕ ਕਰੇ ਜਣਾਈਆ । ਨਾਉਂ ਨਿਰੰਕਾਰਾ ਆਪੇ ਬੋਲ, ਆਪਣਾ ਨਾਉਂ ਦਏ ਜਣਾਈਆ । ਸਤਿ ਸਤਿਵਾਦੀ ਤੋਲੇ ਤੋਲ, ਏਕਾ ਤੋਲ ਦਏ ਵਖਾਈਆ । ਵਸਤ ਅਗੰਮੀ ਦਏ ਅਡੋਲ, ਅਤੁਲ ਬੇਪਰਵਾਹੀਆ । ਸ਼ਬਦੀ ਸੁਤ ਕਰੇ ਚੋਲ੍ਹ, ਪਿਤਾ ਪੂਤ ਬਣ ਮਾਈਆ । ਅੰਤਰ ਅੰਤਰ ਜਾਏ ਮੌਲ, ਰੂਪ ਰੰਗ ਰੇਖ ਨਾ ਕੋਇ ਵਖਾਈਆ । ਵਿਸ਼ਨੂੰ ਅੰਦਰ ਧਰੇ ਕੌਲ, ਅੰਮ੍ਰਿਤ ਮੇਘ ਬਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਦਏ ਜਣਾਈਆ । ਲੇਖਾ ਜਣਾਏ ਹਰਿ ਕਰਤਾਰਾ, ਆਪਣੀ ਖੇਲ ਖਿਲਾਇੰਦਾ । ਵਿਸ਼ਨੂੰ ਨੂਰ ਨੂਰ ਉਜਿਆਰਾ, ਨੂਰ ਨੁਰਾਨਾ ਡਗਮਗਾਇੰਦਾ । ਸ਼ਬਦੀ ਸ਼ਬਦ ਸ਼ਬਦ ਪਸਾਰਾ, ਨੇਤਰ ਨੈਣ ਨਾ ਕੋਇ ਰਖਾਇੰਦਾ । ਅਲਖ ਅਗੰਮ ਹੋ ਤਿਆਰਾ, ਆਪਣੀ ਧਾਰਾ ਆਪ ਜਣਾਇੰਦਾ । ਵੇਖੇ ਵਿਗਸੇ ਵੇਖਣਹਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਇੰਦਾ । ਸਾਚਾ ਹੁਕਮ ਧੁਰ ਫ਼ਰਮਾਨਾ, ਏਕੰਕਾਰਾ ਆਪ ਜਣਾਈਆ । ਸ਼ਾਹ ਪਾਤਸ਼ਾਹ ਬਣ ਬਣ ਰਾਣਾ, ਸਾਚੇ ਤਖ਼ਤ ਸੋਭਾ ਪਾਈਆ । ਕਰੇ ਖੇਲ ਸ੍ਰੀ ਭਗਵਾਨਾ, ਭਗਵਨ ਆਪਣੀ ਧਾਰ ਬੰਧਾਈਆ । ਵਿਸ਼ਨੂੰ ਸੁਣ ਲੈ ਕਰ ਧਿਆਨਾ, ਏਕਾ ਵਾਰ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਆਪ ਚੁਕਾਈਆ । ਆਪਣਾ ਪਰਦਾ ਹਰਿ ਹਰਿ ਚੁਕਾ, ਆਪਣਾ ਭੇਵ ਖੁਲ੍ਹਾਇੰਦਾ । ਜਲਵਾ ਜਲਾਲ ਨੂਰ ਪਰਗਟਾ, ਨੂਰ ਨੁਰਾਨਾ ਡਗਮਗਾਇੰਦਾ । ਵਿਸ਼ਨੂੰ ਸੀਸ ਜਾਏ ਝੁਕ, ਸੀਸ ਜਗਦੀਸ ਅਗੇ ਟਿਕਾਇੰਦਾ । ਤੇਰੀ ਧਾਰ ਗਿਆ ਫੁਟ, ਮਾਤ ਪਿਤ ਨਾ ਕੋਇ ਰਖਾਇੰਦਾ । ਆਦਿ ਜੁਗਾਦਿ ਤੇਰੀ ਓਟ, ਏਕਾ ਰਾਹ ਤਕਾਇੰਦਾ । ਤੇਰਾ ਮੰਦਰ ਮੇਰਾ ਕੋਟ, ਚਰਨ ਦਵਾਰ ਸੋਭਾ ਪਾਇੰਦਾ । ਤੇਰਾ ਨੂਰ ਮੇਰੀ ਜੋਤ, ਜੋਤੀ ਜਾਤਾ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਆਪੇ ਲਾਹਿੰਦਾ । ਹਰਿ ਹਰਿ ਪਰਦਾ ਗਿਆ ਲਥ, ਪਾਰਬ੍ਰਹਮ ਆਪ ਲੁਹਾਈਆ । ਦਰਸ ਦਿਖਾਏ ਹੋ ਪਰਗਟ, ਨਿਰਗੁਣ ਨੂਰ ਡਗਮਗਾਈਆ । ਵਿਸ਼ਨੂੰ ਚਰਨ ਦਵਾਰੇ ਗਿਆ ਢੱਠ, ਨਿਉਂ ਨਿਉਂ ਸੀਸ ਝੁਕਾਈਆ । ਏਕਾ ਦੇਣੀ ਸਾਚੀ ਵਥ, ਮੰਗਾਂ ਸ਼ਰਨ ਸੱਚੀ ਸਰਨਾਈਆ । ਸਗਲ ਵਿਸੂਰੇ ਜਾਇਣ ਲਥ, ਪ੍ਰਭ ਤੇਰਾ ਦਰਸ਼ਨ ਪਾਈਆ । ਤੇਰੀ ਮਹਿਮਾ ਇਕ ਅਕਥ, ਆਦਿ ਜੁਗਾਦਿ ਸਦਾ ਜਸ ਗਾਈਆ । ਜੋਤੀ ਜੋਤ ਸਰੂਪ ਹਰਿ,

੧੩੦੩
੧੦

ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਢਹਿ ਪਿਆ ਸਰਨਾਈਆ । ਦੇਵਣਹਾਰਾ ਵਰ ਦਾਤਾਰਾ, ਦਇਆ ਆਪਣੀ ਆਪ ਕਮਾਇੰਦਾ । ਸਾਚੀ ਵਸਤ ਹਰਿ ਅਪਰ ਅਪਾਰਾ, ਪਾਰਬ੍ਰਹਮ ਆਪ ਵਰਤਾਇੰਦਾ । ਬ੍ਰਹਮਾ ਤੇਰਾ ਬ੍ਰਹਮ ਪਸਾਰਾ, ਤੇਰੀ ਕਵਲ ਧਰਾਇੰਦਾ । ਤੇਰਾ ਨੂਰ ਕਰ ਉਜਿਆਰਾ, ਨੂਰੋ ਨੂਰ ਨੂਰ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਇੰਦਾ । ਸਾਚਾ ਹੁਕਮ ਹਰਿ ਕਾ ਖੇਲ, ਭੇਵ ਅਭੇਦ ਆਪ ਜਣਾਈਆ । ਨਿਰਗੁਣ ਨਿਰਗੁਣ ਕਰਿਆ ਮੇਲ, ਨਾ ਕੋਈ ਪਿਤਾ ਨਾ ਕੋਈ ਮਾਈਆ । ਪੁਰਖ ਅਬਿਨਾਸ਼ੀ ਸੱਜਣ ਸੁਹੇਲ, ਆਪੇ ਬਣੇ ਦਾਇਆ ਦਾਈਆ । ਆਪੇ ਗੁਰੂ ਆਪੇ ਚੇਲ, ਆਪੇ ਭਿਛਿਆ ਇਛਿਆ ਸਮਝਾਈਆ । ਆਪੇ ਵਸੇ ਰੰਗ ਨਵੇਲ, ਨਿਰਾਕਾਰ ਸੱਚਾ ਸ਼ਹਿਨਸ਼ਾਹੀਆ । ਨਾ ਕੋਈ ਵਕ਼ਤ ਨਾ ਕੋਈ ਵੇਲ, ਥਿਤ ਵਾਰ ਨਾ ਕੋਇ ਗਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਿਸ਼ਨੂੰ ਏਕਾ ਗੁਣ ਜਣਾਈਆ । ਵਿਸ਼ਨੂੰ ਸੁਣ ਕਰ ਧਿਆਨ, ਹਰਿ ਸਾਚਾ ਸਚ ਸੁਣਾਇੰਦਾ । ਭੁਲ ਨਾ ਜਾਣਾ ਬਣ ਨਾਦਾਨ, ਪੁਰਖ ਅਬਿਨਾਸ਼ੀ ਏਕਾ ਵਾਰ ਜਣਾਇੰਦਾ । ਆਦਿ ਜੁਗਾਦੀ ਮੇਰਾ ਖੇਲ ਮਹਾਨ, ਭੇਵ ਕੋਇ ਨਾ ਪਾਇੰਦਾ । ਮੇਰਾ ਝੁਲਦਾ ਰਹੇ ਨਿਸ਼ਾਨ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਸਚਖੰਡ ਮੇਰਾ ਮਕਾਨ, ਛੱਪਰ ਛੰਨ ਨਾ ਕੋਇ ਛੁਹਾਇੰਦਾ । ਨਾ ਕੋਈ ਦਰ ਕਿਸੇ ਦਰਬਾਨ, ਦਰਵੇਸ਼ ਨਜ਼ਰ ਕੋਇ ਨਾ ਆਇੰਦਾ । ਆਦਿ ਜੁਗਾਦੀ ਏਕਾ ਕਾਹਨ, ਇਕ ਇਕੱਲਾ ਹਰਿ ਅਖਵਾਇੰਦਾ । ਦੇਂਦਾ ਰਹੇ ਧੁਰ ਫ਼ਰਮਾਨ, ਆਪ ਆਪਣਾ ਨਾਮ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਏਕਾ ਰਾਹ ਵਖਾਇੰਦਾ । ਸਾਚਾ ਰਾਹ ਸ੍ਰੀ ਭਗਵਾਨ, ਆਦਿ ਪੁਰਖ ਜਣਾਈਆ । ਵਿਸ਼ਨੂੰ ਤੇਰਾ ਏਕਾ ਦਾਨ, ਏਕਾ ਵਸਤ ਵਖਾਈਆ । ਬ੍ਰਹਮਾ ਬ੍ਰਹਮ ਕਰੇ ਪਰਵਾਨ, ਪਾਰਬ੍ਰਹਮ ਬੰਸ ਸੁਹਾਈਆ । ਸ਼ੰਕਰ ਮੇਲਾ ਕਰੇ ਆਣ, ਸੁੰਨ ਅਗੰਮ ਵਡਿਆਈਆ । ਤ੍ਰੈਗੁਣ ਮਾਇਆ ਕਰ ਪਰਧਾਨ, ਝੋਲੀ ਦਏ ਭਰਾਈਆ । ਪੰਚ ਤੱਤ ਕਰ ਕਲਿਆਣ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਸੁਣਾਈਆ । ਵਿਸ਼ਨੂੰ ਤੇਰਾ ਸਚ ਭੰਡਾਰਾ, ਵਿਸ਼ਨ ਬ੍ਰਹਮਾ ਸ਼ਿਵ ਨਾਲ ਰਲਾਇੰਦਾ । ਤ੍ਰੈਗੁਣ ਮਾਇਆ ਦੇ ਸਹਾਰਾ, ਪੰਜ ਤਤ ਖੇਲ ਖਿਲਾਇੰਦਾ । ਲੱਖ ਚੁਰਾਸੀ ਬਣ ਵਣਜਾਰਾ, ਘੜ ਘੜ ਭਾਂਡੇ ਆਪ ਘੜਾਇੰਦਾ । ਏਕਾ ਵਸਤ ਦਏ ਹਰਿ ਥਾਰਾ, ਅਤੋਟ ਅਤੁਟ ਰਖਾਇੰਦਾ । ਨਿਖੁਟ ਨਾ ਜਾਏ ਵਿਚ ਸੰਸਾਰਾ, ਲੋਕਮਾਤ ਰਾਹ ਚਲਾਇੰਦਾ । ਮੇਰਾ ਨਾਉਂ ਤੇਰਾ ਜੈਕਾਰਾ, ਸਾਚੀ ਬਾਣੀ ਆਪ ਸਮਝਾਇੰਦਾ । ਪਰਾ ਪਸੰਤੀ ਮਧਮ ਬੈਖਰੀ ਗਾਏ ਵਾਰੋ ਵਾਰਾ, ਚਾਰੇ ਬ੍ਰਹਮਾ ਮੁਖ ਸਾਲਾਹਿੰਦਾ । ਚਾਰੇ ਵੇਦਾਂ ਲਾਏ ਅਖਾੜਾ, ਤ੍ਰੈਗੁਣ ਅਤੀਤਾ ਆਪ ਨਚਾਇੰਦਾ । ਪੰਚਮ ਤੱਤ ਬਣਾਏ ਲਾੜਾ, ਸੀਸ ਜਗਦੀਸ ਆਪ ਗੁੰਦਾਇੰਦਾ । ਕਰੇ ਖੇਲ ਅਗੰਮ ਅਪਾਰਾ, ਨਿਰਗੁਣ ਸਰਗੁਣ ਧਾਰ ਬੰਧਾਇੰਦਾ । ਮਨ ਮਤ ਬੁਧ ਦਏ ਹੁਲਾਰਾ, ਨਟੂਆ ਆਪਣਾ ਸਾਂਗ ਵਰਤਾਇੰਦਾ । ਜੁਗ ਚੌਕੜੀ ਬਣ ਲਿਖਾਰਾ, ਜੁਗ ਜੁਗ ਆਪਣੀ ਖੇਲ ਵਖਾਇੰਦਾ । ਸੇਵ ਲਗਾਏ ਗੁਰ ਅਵਤਾਰਾ, ਨਿਰਗੁਣ ਸਰਗੁਣ ਰੂਪ ਵਟਾਇੰਦਾ । ਭਗਤ ਭਗਵੰਤ ਦਏ ਸਹਾਰਾ, ਅੰਤਰ ਆਤਮ ਬ੍ਰਹਮ ਗਿਆਨ ਦ੍ਰਿੜਾਇੰਦਾ । ਸੰਤਨ ਖੋਲ੍ਹੇ ਬੰਦ ਕਿਵਾੜਾ, ਬਜਰ ਕਪਾਟੀ ਤੋੜ ਤੁੜਾਇੰਦਾ । ਗੁਰਮੁਖਾਂ ਦੇ ਨਾਮ ਆਧਾਰਾ, ਨਿਰਧਨ ਸਰਧਨ ਏਕਾ ਵਸਤ ਝੋਲੀ ਪਾਇੰਦਾ । ਗੁਰਸਿਖਾਂ ਕਰੇ ਸਚ ਪਿਆਰਾ, ਆਪ

ਆਪਣਾ ਮੇਲ ਮਿਲਾਇੰਦਾ । ਨਿਰਗੁਣ ਜੋਤ ਕਰ ਉਜਿਆਰਾ, ਜੋਤੀ ਜਾਤਾ ਡਗਮਗਾਇੰਦਾ । ਸੂਰਜ ਚੰਨ ਨਾ ਕੋਇ ਸਤਾਰਾ, ਮੰਡਲ ਮੰਡਪ ਨਾ ਕੋਇ ਵਖਾਇੰਦਾ । ਏਕਾ ਸ਼ਬਦ ਨਾਦ ਧੁਨਕਾਰਾ, ਅਨਹਦ ਨਾਦੀ ਨਾਦ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਆਪ ਜਣਾਇੰਦਾ । ਵਿਸ਼ਨੂੰ ਸੁਣਿਆ ਧੁਰ ਫ਼ਰਮਾਨ, ਪ੍ਰਭ ਅਗੇ ਸੀਸ ਝੁਕਾਈਆ । ਤੂੰ ਆਦਿ ਜੁਗਾਦਿ ਸਦਾ ਮਿਹਰਵਾਨ, ਬੇਅੰਤ ਤੇਰੀ ਵਡਿਆਈਆ । ਹਉਂ ਸੇਵਕ ਬਾਲ ਨਾਦਾਨ, ਜੁਗ ਜੁਗ ਸੇਵ ਕਮਾਈਆ । ਲੱਖ ਚੁਰਾਸੀ ਕਰਾਂ ਪਰਵਾਨ, ਜੋ ਮੇਰੀ ਝੋਲੀ ਪਾਈਆ । ਦਰ ਦਰ ਸੇਵਾ ਕਰਾਂ ਆਣ, ਬਣ ਦਰਵੇਸ਼ ਸੇਵ ਕਮਾਈਆ । ਤੇਰੇ ਭਗਤਾਂ ਲਵਾਂ ਪਛਾਣ, ਜੋ ਤੇਰਾ ਨਾਉਂ ਧਿਆਈਆ । ਤੇਰੇ ਨਾਉਂ ਵਿਟਹੁ ਕੁਰਬਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਵੇਲਾ ਕਵਣ ਵਕਤ, ਕਵਣ ਵਾਰ ਕਵਣ ਥਿਤ, ਕਵਣ ਜੁਗ ਕਰੇ ਹਿਤ, ਆਪਣਾ ਮੇਲ ਲਏ ਮਿਲਾਈਆ । ਆਪਣਾ ਵੇਲਾ ਹਰਿ ਜੂ ਦੱਸ, ਕਵਣ ਵੇਲਾ ਮੇਲ ਹੱਸ ਹੱਸ, ਨੈਣ ਨੈਣਾਂ ਨਾਲ ਮਿਲਾਇੰਦਾ । ਕਵਣ ਅੰਮ੍ਰਿਤ ਦੇਵੇ ਰਸ, ਰਸ ਏਕਾ ਮੁਖ ਚੁਆਇੰਦਾ । ਹਉਂ ਹੋਵਾਂ ਤੇਰੇ ਵਸ, ਤੁਧ ਬਿਨ ਅਵਰ ਨਾ ਕੋਇ ਰਖਾਇੰਦਾ । ਮੇਰੀ ਪੂਰੀ ਕਰਨੀ ਆਸ, ਮੈਂ ਏਕਾ ਰਾਹ ਤਕਾਇੰਦਾ । ਕਦ ਵਸਾਂ ਤੇਰੇ ਪਾਸ, ਤੇਰਾ ਵਿਛੋੜਾ ਝੱਲਿਆ ਨਾ ਜਾਇੰਦਾ । ਤੇਰਾ ਖੇਲ ਵੇਖ ਤਮਾਸ਼, ਤੇਰੀ ਧਾਰ ਚਲਾਇੰਦਾ । ਤੇਰਾ ਰੰਗ ਵੇਖਾਂ ਲੱਖ ਚੁਰਾਸੀ ਜੋਤ ਪਰਕਾਸ਼, ਘਟ ਘਟ ਅੰਦਰ ਤੇਰਾ ਰੂਪ ਨਜ਼ਰੀ ਆਇੰਦਾ । ਕਵਣ ਵੇਲਾ ਕਰੇ ਬੰਦ ਖ਼ੁਲਾਸ, ਕੀਤੀ ਘਾਲ ਲੇਖੇ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਉਂ ਭਿਖਕ ਮੰਗ ਮੰਗਾਇੰਦਾ । ਪੁਰਖ ਅਬਿਨਾਸ਼ੀ ਦਇਆ ਕਮਾ, ਏਕਾ ਹੁਕਮ ਦਏ ਸੁਣਾਈਆ । ਵਿਸ਼ਨੂੰ ਸੇਵਾ ਦਿਤੀ ਲਾ, ਨੌਂ ਸੌ ਚੁਰਾਨਵੇਂ ਚੌਕੜੀ ਜੁਗ ਰਿਹਾ ਸਮਝਾਈਆ । ਇਸ ਵਿਚੋਂ ਘਟੇ ਨਾ ਰਾ, ਨਾ ਕੋਈ ਮੇਟੇ ਮੇਟ ਮਿਟਾਈਆ । ਕੋਟਨ ਕੋਟ ਜੁਗ ਚੌਕੜੀ ਜਾਣ ਵਿਹਾ, ਲੋਕਮਾਤ ਫੇਰਾ ਪਾਈਆ । ਕੋਟਨ ਕੋਟਨ ਗੁਰ ਅਵਤਾਰ ਜਾਵਣ ਸੇਵ ਕਮਾ, ਸਰਗੁਣ ਪੰਜ ਤੱਤ ਚੋਲਾ ਜਗਤ ਹੰਢਾਈਆ । ਕੋਟਨ ਕੋਟ ਭਗਤ ਭਗਵੰਤ ਗਾਵਣ ਜਾ, ਦਿਵਸ ਰੈਣ ਧਿਆਨ ਲਗਾਈਆ । ਕੋਟਨ ਕੋਟ ਸੰਤ ਮੰਗਣ ਸਾਚਾ ਥਾਂ, ਖ਼ਾਲੀ ਝੋਲੀ ਰਹੇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਏਕਾ ਵਸਤ ਰਿਹਾ ਵਰਤਾਈਆ । ਸਾਚੀ ਵਸਤ ਹਰਿ ਕਰਤਾਰਾ, ਕਰਤਾ ਪੁਰਖ ਆਪ ਵਰਤਾਇੰਦਾ । ਨੌਂ ਸੌ ਚੁਰਾਨਵੇ ਚੌਕੜੀ ਜੁਗ ਨਿਰਗੁਣ ਸਰਗੁਣ ਵਰਤੇ ਜਗਤ ਵਿਹਾਰਾ, ਪੁਰਖ ਅਬਿਨਾਸ਼ੀ ਆਪ ਵਰਤਾਇੰਦਾ । ਸੇਵਾ ਲਗਾਏ ਗੁਰੂ ਅਵਤਾਰਾ, ਜੁਗ ਜੁਗ ਹੁਕਮ ਜਣਾਇੰਦਾ । ਨਾਮ ਵਸਤ ਭਰ ਭੰਡਾਰਾ, ਲੋਕਮਾਤ ਘਲਾਇੰਦਾ । ਜੋ ਆਏ ਸੋ ਗਾਏ ਹਰਿ ਨਿਰੰਕਾਰਾ, ਪੁਰਖ ਅਕਾਲ ਓਟ ਤਕਾਇੰਦਾ । ਬੇਅੰਤ ਬੇਅੰਤ ਬੇਅੰਤ ਕਹਿ ਕਹਿ ਪੌਣ ਛੁਟਕਾਰਾ, ਅੰਤ ਹੱਥ ਕਿਸੇ ਨਾ ਆਇੰਦਾ । ਨੌਂ ਸੌ ਚੁਰਾਨਵੇ ਚੌਕੜੀ ਜੁਗ ਉਤਰੇ ਪਾਰ ਕਿਨਾਰਾ, ਥਿਰ ਕੋਏ ਰਹਿਣ ਨਾ ਪਾਇੰਦਾ । ਵਿਸ਼ਨੂੰ ਤੈਨੂੰ ਦਏ ਸਹਾਰਾ, ਪੁਰਖ ਅਬਿਨਾਸ਼ੀ ਵੇਸ ਵਟਾਇੰਦਾ । ਲੋਕਮਾਤ ਲਏ ਅਵਤਾਰਾ, ਨਿਰਗੁਣ ਆਪਣਾ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਵੇਲਾ ਵਕਤ ਆਪਣੇ ਹੱਥ ਰਖਾਇੰਦਾ । ਵਿਸ਼ਨੂੰ ਵੇਲਾ ਅੰਤਮ ਔਣਾ, ਹਰਿ ਸਾਚਾ ਸਚ ਜਣਾਇੰਦਾ । ਪਾਰਬ੍ਰਹਮ ਪਤਿਪਰਮੇਸ਼ਵਰ ਨਿਰਗੁਣ ਨਿਰਵੈਰ ਜੋਤੀ ਜਾਮਾ ਭੇਖ ਵਟੌਣਾ, ਰੂਪ ਰੰਗ ਰੇਖ ਨਾ ਕੋਇ ਵਖਾਇੰਦਾ । ਤੇਈ ਅਵਤਾਰਾਂ ਲਹਿਣਾ ਦੇਣਾ

ਚੁਕੌਣਾ, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਵੇਖ ਵਖਾਇੰਦਾ । ਭਗਤ ਭਗਵੰਤ ਲੇਖੇ ਪੌਣਾ, ਲਿਖਿਆ ਲੇਖ ਨਾ ਕੋਇ ਮਿਟਾਇੰਦਾ । ਸਾਚੇ ਸੰਤ ਦਰ ਬਹੌਣਾ, ਦਰ ਦਰਵਾਜ਼ਾ ਇਕ ਖੁਲ੍ਹਾਇੰਦਾ । ਪੀਰ ਪੈਗ਼ੰਬਰ ਔਲੀਆ ਮੁਲਾ ਸ਼ੇਖ਼ ਆਪਣੇ ਰੰਗ ਰੰਗੌਣਾ, ਦਸਤਗੀਰ ਆਪਣਾ ਬੰਧਨ ਪਾਇੰਦਾ । ਦਸ ਗੁਰ ਗੁਰ ਭੇਵ ਚੁਕੌਣਾ, ਸ਼ਬਦੀ ਸ਼ਬਦ ਸ਼ਬਦ ਅਲਾਇੰਦਾ । ਜੁਗ ਚੌਕੜੀ ਪੰਧ ਮੁਕੌਣਾ, ਵੇਦ ਕਤੇਬ ਸ਼ਾਸਤਰ ਸਿਮਰਤ ਆਪਣੇ ਹੱਥ ਰਖਾਇੰਦਾ । ਅੰਜੀਲ ਕ਼ੁਰਾਨਾ ਆਪੇ ਗੌਣਾ, ਗੀਤਾ ਗਿਆਨ ਆਪ ਦ੍ਰਿੜਾਇੰਦਾ । ਖਾਣੀ ਬਾਣੀ ਆਪ ਸੁਣੌਣਾ, ਆਪਣਾ ਨਾਦ ਆਪ ਅਲਾਇੰਦਾ । ਤੀਰਥ ਤਟ ਆਪ ਬਣੌਣਾ, ਸਰ ਸਰੋਵਰ ਆਪ ਸੁਹਾਇੰਦਾ । ਉਚੇ ਟਿੱਲੇ ਪਰਬਤ ਚੜ੍ਹ ਚੜ੍ਹ ਆਸਣ ਲੌਣਾ, ਸਮੁੰਦ ਸਾਗਰ ਵੇਖ ਵਖਾਇੰਦਾ । ਘਟ ਘਟ ਅੰਦਰ ਜੋਤ ਜਗੌਣਾ, ਨੂਰ ਨੁਰਾਨਾ ਡਗਮਗਾਇੰਦਾ । ਗ੍ਰਿਹ ਗ੍ਰਿਹ ਅੰਦਰ ਧਾਮ ਸੁਹੌਣਾ, ਸਾਚਾ ਮੰਦਰ ਆਪ ਬਣਾਇੰਦਾ । ਨਿਝਰ ਝਿਰਨਾ ਨਿਜ ਘਰ ਚਵੌਣਾ, ਅੰਮ੍ਰਿਤ ਰਸ ਚਖਾਇੰਦਾ । ਗੁਰਮੁਖ ਵਿਰਲੇ ਭੇਵ ਖੁਲ੍ਹੌਣਾ, ਜਿਸ ਆਪਣਾ ਦਰਸ ਕਰਾਇੰਦਾ । ਕਲਜੁਗ ਵੇਲਾ ਅੰਤਮ ਔਣਾ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਲਿਖਿਆ ਲੇਖ ਹਰਿ ਪੂਰ ਕਰੌਣਾ, ਵੇਦ ਵਿਆਸ ਭੁਲ ਨਾ ਜਾਇੰਦਾ । ਪੂਤ ਸਪੂਤਾ ਬ੍ਰਹਿਮਣ ਗੌੜਾ, ਆਪਣਾ ਨਾਉਂ ਧਰੌਣਾ, ਜ਼ਾਤ ਪਾਤ ਨਾ ਕੋਇ ਜਣਾਇੰਦਾ । ਈਸਾ ਆਸ ਝੋਲੀ ਪੌਣਾ, ਨੂਰ ਨੁਰਾਨਾ ਡਗਮਗਾਇੰਦਾ । ਮੁਹੰਮਦ ਪੰਧ ਆਪ ਮੁਕੌਣਾ, ਚੌਦਸ ਚੌਦਾਂ ਵੇਖ ਵਖਾਇੰਦਾ । ਨਾਨਕ ਗੋਬਿੰਦ ਆਸ ਪੂਰ ਕਰੌਣਾ, ਪੂਰੀ ਆਸ ਆਪਣੇ ਹੱਥ ਰਖਾਇੰਦਾ । ਨਿਹਕਲੰਕਾ ਨਾਉਂ ਰਖੌਣਾ, ਮਾਤ ਪਿਤ ਨਾ ਕੋਇ ਬਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਆਪ ਉਠੌਣਾ, ਵਿਸ਼ਨੂੰ ਪੱਲਾ ਤੇਰਾ ਆਪਣੇ ਨਾਲ ਬੰਧਾਇੰਦਾ । ਚਾਰ ਜੁਗ ਦਾ ਲਹਿਣਾ ਦੇਣਾ ਮੂਲ ਚੁਕੌਣਾ, ਛੱਤੀ ਛੱਤੀ ਖੇਲ ਖਿਲਾਇੰਦਾ । ਭਗਤ ਭਗਵੰਤ ਆਪ ਪਰਗਟੌਣਾ, ਭਗਤੀ ਆਪਣੀ ਆਪ ਦ੍ਰਿੜਾਇੰਦਾ । ਮੰਦਰ ਮਸਜਿਦ ਸ਼ਿਵਦਵਾਲਾ ਗੁਰਸਿਖ ਕਾਇਆ ਘਰ ਬਣੌਣਾ, ਚਾਰ ਦੀਵਾਰ ਨਾ ਕੋਇ ਜਣਾਇੰਦਾ । ਅਨਹਦ ਢੋਲਾ ਏਕਾ ਗੌਣਾ, ਨਾਦ ਅਨਾਦੀ ਆਪ ਸੁਣਾਇੰਦਾ । ਉਚੀ ਕੂਕ ਨਾ ਰੌਲਾ ਪੌਣਾ, ਅਜੱਪਾ ਜਾਪ ਆਪ ਕਰਾਇੰਦਾ । ਆਪਣਾ ਪਰਦਾ ਆਪੇ ਲੌਹਣਾ, ਦੂਈ ਦਵੈਤ ਨਾ ਕੋਇ ਰਖਾਇੰਦਾ । ਜਨ ਭਗਤਾਂ ਅੰਦਰ ਨਿਰਗੁਣ ਜੋਤ ਆਪ ਜਗੌਣਾ, ਤੇਲ ਬਾਤੀ ਨਾ ਕੋਇ ਪਾਇੰਦਾ । ਕਾਇਆ ਖੇੜਾ ਲੇਖੇ ਲੌਣਾ, ਆਪ ਆਪਣੇ ਰੰਗ ਰੰਗਾਇੰਦਾ । ਘਰ ਵਿਚ ਘਰ ਆਪ ਵਸੌਣਾ, ਅੰਦਰ ਮੰਦਰ ਸੋਭਾ ਪਾਇੰਦਾ । ਵਿਸ਼ਨੂੰ ਤੇਰੀ ਵਿਸ਼ਵ ਧਾਰ ਚਲੌਣਾ, ਚਾਰ ਵਰਨ ਨਾ ਕੋਇ ਰਖਾਇੰਦਾ । ਜ਼ਾਤ ਪਾਤ ਸਭ ਮੇਟ ਮਿਟੌਣਾ, ਮਜ਼੍ਹਬ ਦੀਨ ਨਾ ਕੋਇ ਬਣਾਇੰਦਾ । ਆਤਮ ਬ੍ਰਹਮ ਸਰਬ ਦਰਸੌਣਾ, ਆਤਮ ਪਰਮਾਤਮ ਮੇਲ ਮਿਲਾਇੰਦਾ । ਵੇਲਾ ਵਕ਼ਤ ਆਪਣੇ ਹੱਥ ਰਖੌਣਾ, ਸ਼ਾਸਤਰ ਸਿਮਰਤ ਭੇਵ ਨਾ ਆਇੰਦਾ । ਚਾਰ ਵੇਦਾਂ ਅੰਤ ਕਰੌਣਾ, ਅੰਜੀਲ ਕ਼ੁਰਾਨਾਂ ਮੂਲ ਚੁਕਾਇੰਦਾ । ਗੁਰ ਅਵਤਾਰਾਂ ਨਿਉਂ ਨਿਉਂ ਸੀਸ ਝੁਕਾਉਣਾ, ਸਚਖੰਡ ਪੁਰਖ ਅਬਿਨਾਸ਼ੀ ਆਪਣਾ ਆਪ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਇਕ ਇਕੱਲਾ ਵਸਣਹਾਰਾ ਸਚ ਮਹੱਲਾ, ਲੋਕਮਾਤ ਮਾਰ ਝਾਤ, ਲੱਖ ਚੁਰਾਸੀ ਆਪਣੀ ਧਾਰ ਬੰਧਾਇੰਦਾ । ਸਾਚੀ ਧਾਰ ਪੁਰਖ ਅਗੰਮ, ਆਪਣੀ ਆਪ ਬੰਧਾਈਆ । ਨਿਹਕਰਮੀ ਕਰੇ ਆਪਣਾ ਕੰਮ, ਕਰਮ ਗੁਣ ਨਾ ਕੋਇ ਵਡਿਆਈਆ । ਜੋ ਘੜਿਆ ਸੋ ਦੇਵੇ ਭੰਨ, ਤ੍ਰੈਗੁਣ ਬੈਠੀ ਨੀਰ ਵਹਾਈਆ । ਪੰਜ ਤਤ ਦੇਵਣਹਾਰਾ ਡੰਨ, ਨਾਮ ਖੰਡਾ ਇਕ ਚਮਕਾਈਆ । ਹਰਿਜਨ ਵੇਖੇ ਸਾਚੇ ਚੰਨ, ਲੱਖ ਚੁਰਾਸੀ ਵਿਚੋਂ ਲਏ

ਪਰਗਟਾਈਆ । ਏਕਾ ਦੇਵੇ ਨਾਮ ਧਨ, ਧਨ ਖ਼ਜ਼ਾਨਾ ਇਕ ਵਖਾਈਆ । ਏਕਾ ਰਾਗ ਸੁਣਾਏ ਕੰਨ, ਦੂਜੇ ਘਰ ਗੁਰਸਿਖ ਪੜ੍ਹਨ ਨਾ ਜਾਈਆ । ਮਨ ਮਨੂਆ ਦੇਵੇ ਬੰਨ੍ਹ, ਮਨ ਮਨਸਾ ਦਏ ਖਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਉਠਾਈਆ । ਵਿਸ਼ਨੂੰ ਤੇਰਾ ਮੇਲ ਮਿਲੌਣਾ, ਕਲਜੁਗ ਅੰਤਮ ਹਰਿ ਜਣਾਇੰਦਾ । ਨਿਹਕਲੰਕੀ ਜਾਮਾ ਪੌਣਾ, ਨਿਰਗੁਣ ਖੇਲ ਖਿਲਾਇੰਦਾ । ਗੋਬਿੰਦ ਸੂਰਾ ਇਕ ਉਠੌਣਾ, ਪੂਤ ਸਪੂਤਾ ਨਾਉਂ ਧਰਾਇੰਦਾ । ਰਾਮ ਰੂਪ ਹਰਿ ਨਜ਼ਰੀ ਔਣਾ, ਘਟ ਘਟ ਰਮਿਆ ਰਾਮ ਵਖਾਇੰਦਾ । ਕਾਹਨਾ ਕ੍ਰਿਸ਼ਨਾ ਖੇਲ ਖਿਲੌਣਾ, ਲੱਖ ਚੁਰਾਸੀ ਗੋਪੀ ਆਪ ਨਚਾਇੰਦਾ । ਈਸਾ ਮੂਸਾ ਰੰਗ ਚੜ੍ਹੌਣਾ, ਕਾਲਾ ਸੂਸਾ ਤਨ ਛੁਹਾਇੰਦਾ । ਮੁਕਾਮੇ ਹਕ ਡੇਰਾ ਲੌਣਾ, ਹਕ ਹਕੀਕਤ ਫੋਲ ਫੁਲਾਇੰਦਾ । ਲਾਸ਼ਰੀਕ ਇਕ ਅਖਵੌਣਾ, ਵਾਹਦ ਆਪਣੀ ਕਾਰ ਕਮਾਇੰਦਾ । ਆਲਮੀਨ ਫੇਰਾ ਪੌਣਾ, ਨੂਰ ਨੁਰਾਨਾ ਨੂਰ ਧਰਾਇੰਦਾ । ਬਿਸਮਲ ਹੋ ਹਰਿ ਘਟ ਅੰਦਰ ਡੇਰਾ ਲੌਣਾ, ਹੂ ਹੂ ਆਪਣਾ ਨਾਅਰਾ ਲਾਇੰਦਾ । ਏਕਾ ਕਲਮਾ ਨਬੀ ਪੜ੍ਹੌਣਾ, ਆਲਮ ਉਲਮਾ ਆਪ ਜਣਾਇੰਦਾ । ਤਾਲਬ ਤੁਲਬਾ ਆਪ ਸਿਖੌਣਾ, ਤਲਬ ਅਵਰ ਨਾ ਕੋਇ ਜਣਾਇੰਦਾ । ਸਚਖੰਡ ਦਵਾਰਾ ਇਕ ਸੁਹੌਣਾ, ਸਚਖੰਡ ਸਾਚੇ ਆਸਣ ਲਾਇੰਦਾ । ਨਿਰਗੁਣ ਸਰਗੁਣ ਰੂਪ ਵਟੌਣਾ, ਪੰਜ ਤੱਤ ਕਾਇਆ ਮੇਲ ਮਿਲਾਇੰਦਾ । ਨਾਨਕ ਨਾਨਕ ਨਾਨਕ ਨਾਮ ਰਖੌਣਾ, ਤ੍ਰੈਗੁਣ ਨਾਨਕ ਡੰਨ ਲਗਾਇੰਦਾ । ਗੋਬਿੰਦ ਗੋਬਿੰਦ ਗੜ੍ਹ ਸੁਹੌਣਾ, ਗੋਬਿੰਦ ਆਪਣਾ ਸੁਤ ਬਣਾਇੰਦਾ । ਚਾਰ ਵਰਨ ਦਾ ਡੇਰਾ ਢੌਣਾ, ਸ਼ੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਏਕਾ ਰੰਗ ਵਖਾਇੰਦਾ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਖ਼ਾਕ ਮਿਲੌਣਾ, ਸੀਸ ਤਾਜ ਨਾ ਕੋਇ ਟਿਕਾਇੰਦਾ । ਚੌਦਾਂ ਵਿਦਿਆ ਏਕਾ ਡੋਰ ਬੰਧੌਣਾ, ਚੌਦਾਂ ਲੋਕ ਫੋਲ ਫੁਲਾਇੰਦਾ । ਚੌਦਾਂ ਤਬਕਾਂ ਕੁੰਡਾ ਲੌਹਣਾ, ਆਪ ਆਪਣਾ ਹੁਕਮ ਸੁਣਾਇੰਦਾ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਲੱਖ ਚੁਰਾਸੀ ਏਕਾ ਇਸ਼ਟ ਨਜ਼ਰੀ ਔਣਾ, ਦੂਜਾ ਇਸ਼ਟ ਨਾ ਕੋਇ ਜਣਾਇੰਦਾ । ਚਤੁਰਭੁਜ ਰੂਪ ਧਰੌਣਾ, ਆਦਿ ਸ਼ਕਤ ਨਾਉਂ ਰਖੌਣਾ, ਸ਼ਕਤੀ ਆਪਣੇ ਰੰਗ ਰੰਗਾਇੰਦਾ । ਸਾਚੀ ਭਗਤੀ ਮਾਰਗ ਲੌਣਾ, ਏਕਾ ਮੰਤਰ ਨਾਮ ਦ੍ਰਿੜਾਇੰਦਾ । ਵਿਸ਼ਨੂੰ ਤੇਰੀ ਗੰਢ ਪਵੌਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਦਿ ਅੰਤ ਸ੍ਰੀ ਭਗਵੰਤ, ਆਪਣੇ ਹੱਥ ਰਖਾਇੰਦਾ । ਆਪਣੇ ਹੱਥ ਰੱਖੇ ਡੋਰ, ਗੁਰ ਅਵਤਾਰ ਭੇਵ ਨਾ ਆਇਆ । ਜੁਗ ਜੁਗ ਮਾਤਲੋਕ ਦੇਵੇ ਤੋਰ, ਧੁਰ ਫਰਮਾਨਾ ਹੁਕਮ ਸੁਣਾਇਆ । ਜੋ ਆਇਆ ਸੋ ਚਲਿਆ ਕਰ ਕਰ ਓਟ, ਏਕਾ ਓਟ ਪੁਰਖ ਅਕਾਲ ਤਕਾਇਆ । ਅੰਤਮ ਮਿਲਿਆ ਨਿਰਗੁਣ ਜੋਤ, ਜੋਤੀ ਜੋਤ ਜੋਤ ਸਮਾਇਆ । ਕਾਇਆ ਛਡਿਆ ਜਗਤ ਕੋਟ, ਥਿਰ ਘਰ ਸਾਚੇ ਡੇਰਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਕਲਜੁਗ ਅੰਤਮ ਵੇਖ ਵਖਾਇਆ । ਕਲਜੁਗ ਅੰਤਮ ਵੇਖੇ ਹਰਿ ਭਗਵੰਤ, ਵੇਖਣਹਾਰ ਵਡੀ ਵਡਿਆਈਆ । ਵੇਸ ਵਟਾਏ ਜੁਗਾ ਜੁਗੰਤ, ਜੁਗ ਕਰਤਾ ਸੱਚਾ ਸ਼ਹਿਨਸ਼ਾਹੀਆ । ਹਰਿਜਨ ਵੇਖੇ ਸਾਚੇ ਸੰਤ, ਬੇਪਰਵਾਹ ਬੇਪਰਵਾਹੀਆ । ਆਪੇ ਜਣਾਏ ਆਪਣਾ ਮੰਤ, ਆਤਮ ਪਰਮਾਤਮ ਇਕ ਪੜ੍ਹਾਈਆ । ਮੇਲ ਮਿਲਾਵਾ ਨਾਰੀ ਕੰਤ, ਸਚ ਸੁਹੰਜਣੀ ਸੇਜ ਸੁਹਾਈਆ । ਗੁਰਮੁਖ ਉਠਾਏ ਵਿਚੋਂ ਲੱਖ ਚੁਰਾਸੀ ਜੰਤ, ਜੀਵ ਜਾਣੇ ਨਾ ਕੋਇ ਵਡਿਆਈਆ । ਗੜ੍ਹ ਤੋੜੇ ਹਉਮੇ ਹੰਗਤ, ਨਿਵਣ ਸੁ ਅੱਖਰ ਇਕ ਸਮਝਾਈਆ । ਆਪ ਬਣਾਏ ਸਾਚੀ ਬਣਤ, ਅੰਤਮ ਬੇੜਾ ਬੰਨ੍ਹ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਹੋਏ ਸਹਾਈਆ । ਜਨ

ਭਗਤਾਂ ਸਦਾ ਹੋਏ ਸਹਾਏ, ਨਿਰਗੁਣ ਆਪਣੀ ਦਇਆ ਕਮਾਇੰਦਾ । ਕਲਜੁਗ ਅੰਤਮ ਲਹਿਣਾ ਦੇਣਾ ਦਏ ਚੁਕਾਏ, ਪੂਰਬ ਲੇਖਾ ਵੇਖ ਵਖਾਇੰਦਾ । ਸਤਿਜੁਗ ਤ੍ਰੇਤਾ ਦਵਾਪਰ ਵਿਛੜੇ ਲਏ ਮਿਲਾਏ, ਆਪਣਾ ਮੇਲਾ ਆਪ ਕਰਾਇੰਦਾ । ਗੁਰ ਚੇਲਾ ਏਕਾ ਧਾਮ ਬਹਾਏ, ਚੇਲਾ ਗੁਰ ਆਪ ਅਖਵਾਇੰਦਾ । ਸੱਜਣ ਸੁਹੇਲਾ ਸੇਵ ਕਮਾਏ, ਸੋ ਪੁਰਖ ਨਿਰੰਜਣ ਨਜ਼ਰ ਕਿਸੇ ਨਾ ਆਇੰਦਾ । ਆਪਣਾ ਵੇਲਾ ਆਪਣੇ ਹੱਥ ਰਖਾਏ, ਥਿਤ ਵਾਰ ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੇ ਆਪ ਜਗਾਇੰਦਾ । ਹਰਿਜਨ ਸਾਚੇ ਜਾਣਾ ਜਾਗ, ਹਰਿ ਸ਼ਬਦੀ ਆਪ ਜਣਾਈਆ । ਕਾਇਆ ਮੰਦਰ ਅੰਦਰ ਜਗੇ ਚਿਰਾਗ਼, ਬਿਨ ਤੇਲ ਬਾਤੀ ਆਪ ਜਗਾਈਆ । ਦੁਰਮਤ ਮੈਲ ਧੋਵੇ ਦਾਗ਼, ਅੰਮ੍ਰਿਤ ਮੇਘ ਇਕ ਬਰਸਾਈਆ । ਫੜ ਫੜ ਹੰਸ ਬਣਾਏ ਕਾਗ, ਸੋਹੰ ਹੰਸਾ ਚੋਗ ਚੁਗਾਈਆ । ਅੰਤਰ ਉਪਜੇ ਇਕ ਵੈਰਾਗ, ਬਾਹਰ ਨਜ਼ਰ ਕਿਸੇ ਨਾ ਆਈਆ । ਜਿਸ ਸਤਿਗੁਰ ਸੱਜਣ ਗਿਆ ਲਾਧ, ਸੋ ਸਗਲਾ ਸੰਗ ਤਜਾਈਆ । ਘਰ ਮੇਲ ਮਿਲਾਵਾ ਮੋਹਣ ਮਾਧਵ ਮਾਧ, ਲਖਮੀ ਨਰਾਇਣ ਦਰਸ ਦਿਖਾਈਆ । ਲੱਖ ਚੁਰਾਸੀ ਵਿਚੋਂ ਲਏ ਕਾਢ, ਤ੍ਰੈਗੁਣ ਮਾਇਆ ਲਹਿਣਾ ਦਏ ਚੁਕਾਈਆ । ਏਥੇ ਉਥੇ ਰੱਖੇ ਦੇ ਕਰ ਹਾਥ, ਸਮਰਥ ਹੱਥ ਵਡੀ ਵਡਿਆਈਆ । ਲਹਿਣਾ ਦੇਣਾ ਚੁੱਕੇ ਪੂਜਾ ਪਾਠ, ਜਿਸ ਮਿਲੇ ਸੱਚਾ ਮਾਹੀਆ । ਨਹਾਵਣ ਜਾਏ ਨਾ ਤੀਰਥ ਆਠ ਸਾਠ, ਜਿਸ ਜਨ ਅੰਤਰ ਆਤਮ ਅਸ਼ਨਾਨ ਕਰਾਈਆ । ਦੂਸਰ ਦਰ ਸੁਣਨ ਨਾ ਜਾਏ ਪਾਠ, ਜਿਸ ਜਨ ਅੰਦਰੇ ਅੰਦਰ ਰਿਹਾ ਸੁਣਾਈਆ । ਦੂਜੇ ਅਗੇ ਨਾ ਡਾਹੇ ਹਾਥ, ਜਿਸ ਸਤਿਗੁਰ ਪੂਰਾ ਝੋਲੀ ਨਾਮ ਭਰਾਈਆ । ਨਾ ਕੋਈ ਪੁਛੇ ਜਾਤ ਪਾਤ, ਊਚ ਨੀਚ ਵਰਨ ਗੋਤ ਨਾ ਕੋਇ ਰਖਾਈਆ । ਜਗਤ ਅੰਧੇਰੀ ਮੇਟੇ ਰਾਤ, ਘਰ ਜੋਤ ਕਰੇ ਰੁਸ਼ਨਾਈਆ । ਚਰਨ ਕਵਲ ਬੰਧਾਏ ਨਾਤ, ਸਤਿਗੁਰ ਪੂਰਾ ਸੋ ਅਖਵਾਈਆ । ਲਹਿਣਾ ਦੇਣਾ ਚੁਕਾਏ ਮਸਤਕ ਮਾਥ, ਪੂਰਬ ਲੇਖਾ ਵੇਖ ਵਖਾਈਆ । ਅੰਤ ਉਤਾਰੇ ਆਪਣੇ ਘਾਟ, ਸ਼ੌਹ ਦਰਯਾ ਨਾ ਕੋਇ ਰੁੜ੍ਹਾਈਆ । ਜਨਮ ਜਨਮ ਦੀ ਮੁੱਕੇ ਵਾਟ, ਜਿਸ ਜਨ ਆਪਣਾ ਦਰਸ ਦਿਖਾਈਆ । ਸਾਹਿਬ ਦਿਆਲ ਠਾਕਰ ਕਮਲਾਪਾਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਤਰਾਈਆ । ਤਾਰਨਹਾਰਾ ਇਕੋ ਗੁਰ, ਹਰਿ ਸ਼ਬਦੀ ਗੁਰ ਅਖਵਾਇੰਦਾ । ਆਦਿ ਜੁਗਾਦਿ ਆਵੇ ਜਾਵੇ ਧਾਮ ਧੁਰ, ਧੁਰ ਧਾਮ ਆਪਣਾ ਆਸਣ ਲਾਇੰਦਾ । ਏਕਾ ਰਾਗ ਏਕਾ ਤਾਲ ਏਕਾ ਸੁਰ, ਨਾਦ ਅਨਾਦੀ ਆਪ ਵਜਾਇੰਦਾ । ਏਕਾ ਅਸਵ ਏਕਾ ਘੁੜ, ਸ਼ਾਹ ਅਸਵਾਰ ਇਕ ਹੋ ਜਾਇੰਦਾ । ਜੁਗਾ ਜੁਗੰਤਰ ਏਕਾ ਜਾਏ ਬੌਹੜ, ਰੂਪ ਅਨੂਪ ਆਪ ਵਟਾਇੰਦਾ । ਦੋ ਜਹਾਨਾਂ ਲਾਏ ਪੌੜ, ਨਾਮ ਖੰਡਾ ਹੱਥ ਰਖਾਇੰਦਾ । ਜਨਮ ਜਨਮ ਦੀ ਬੁਝਾਏ ਲੱਗੀ ਔੜ, ਅੰਮ੍ਰਿਤ ਮੇਘ ਇਕ ਬਰਸਾਇੰਦਾ । ਰਸ ਵੇਖੇ ਮਿੱਠਾ ਕੌੜ, ਲੱਖ ਚੁਰਾਸੀ ਫੋਲ ਫੁਲਾਇੰਦਾ । ਵੇਖਣਹਾਰਾ ਕਰ ਕਰ ਗ਼ੌਰ, ਬੇਨਜ਼ੀਰ ਆਪਣੀ ਨਜ਼ਰ ਨਾ ਕਦੇ ਬਦਲਾਇੰਦਾ । ਜਿਸ ਜਨ ਸਤਿਗੁਰ ਸੱਜਣ ਜਾਏ ਬੌਹੜ, ਉਚੀ ਸ਼ੋਰ ਨਾ ਕਦੇ ਮਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵਿਰਲੇ ਆਪਣੇ ਸੰਗ ਲਏ ਜੋੜ, ਟੁੱਟੀ ਗੰਢ ਆਪ ਵਖਾਇੰਦਾ । ਟੁੱਟੀ ਗੰਢਣਹਾਰ ਗੋਪਾਲਾ, ਆਦਿ ਜੁਗਾਦਿ ਦਇਆ ਕਮਾਈਆ । ਭਗਤ ਭਗਵੰਤ ਵੇਖੇ ਸਾਚੇ ਲਾਲਾ, ਲਾਲ ਅਨਮੁਲੜੇ ਆਪ ਉਠਾਈਆ । ਪਾਵੇ ਸਾਰ ਕਾਇਆ ਮੰਦਰ ਸੱਚੀ ਧਰਮਸਾਲਾ, ਨੌ ਦਵਾਰੇ ਪਾਰ ਕਰਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਲਹਿਣਾ ਦੇਣਾ ਚੁੱਕੇ ਕਾਲ ਮਹਾਕਾਲਾ, ਕਾਲ ਗਰਾਸ ਨਾ ਅੰਤ ਖਾਈਆ ।

੧੩੦੮
੧੦

ਏਕਾ ਦੱਸੇ ਰਾਹ ਸੁਖਾਲਾ, ਸੁਖ ਸਾਗਰ ਆਪ ਸਮਾਈਆ । ਸਰਬ ਜੀਆਂ ਕਰੇ ਪ੍ਰਿਤਪਾਲਾ, ਸਤਿਗੁਰ ਸੱਚਾ ਸਦਾ ਸਹਾਈਆ । ਫਲ ਲਾਏ ਕਾਇਆ ਡਾਲ੍ਹਾ, ਪੱਤ ਡਾਲ੍ਹੀ ਆਪ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵੰਤ ਲਏ ਮਿਲਾਈਆ । ਭਗਤ ਭਗਵੰਤ ਆਪ ਮਿਲੌਣਾ, ਆਪਣੀ ਦਇਆ ਕਮਾਇੰਦਾ । ਸਵਛ ਸਰੂਪੀ ਦਰਸ ਦਿਖੌਣਾ, ਦੂਈ ਦਵੈਤੀ ਪਰਦਾ ਲਾਹਿੰਦਾ । ਜੋਤੀ ਨੂਰ ਡਗਮਗੌਣਾ, ਨੂਰ ਨੁਰਾਨਾ ਆਪ ਅਖਵਾਇੰਦਾ । ਹਰਿ ਕਾ ਮੰਦਰ ਇਕ ਵਖੌਣਾ, ਚਾਰ ਦੀਵਾਰ ਨਾ ਕੋਇ ਬਣਾਇੰਦਾ । ਸੂਰਜ ਚੰਦ ਨਾ ਕੋਇ ਚੜ੍ਹੌਣਾ, ਮੰਡਲ ਮੰਡਪ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਹਰਿਜਨ ਸਾਚੇ ਆਪ ਮਿਲਾਇੰਦਾ । ਮੇਲ ਮਿਲਾਵਾ ਹਰਿ ਹਰਿ ਧਾਰ, ਜੋਤੀ ਜੋਤ ਮੇਲ ਮਿਲਾਇੰਦਾ । ਲੱਖ ਚੁਰਾਸੀ ਕਰੇ ਖ਼ਬਰਦਾਰ, ਸੋਇਆ ਕੋਇ ਰਹਿਣ ਨਾ ਪਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਲਏ ਉਠਾਲ, ਹੁਕਮੀ ਹੁਕਮ ਆਪ ਵਰਤਾਇੰਦਾ । ਕਰੋੜ ਤੇਤੀਸਾ ਲਏ ਬਹਾਲ, ਸੁਰਪਤ ਰਾਜਾ ਇੰਦ ਨਾਲ ਮਿਲਾਇੰਦਾ । ਕਰੇ ਖੇਲ ਦੀਨ ਦਿਆਲ, ਦੀਨਨ ਆਪਣਾ ਰੂਪ ਵਟਾਇੰਦਾ । ਕਲਜੁਗ ਅੰਤਮ ਹੋਇਆ ਬੇਹਾਲ, ਨੇਤਰ ਨੈਣਾਂ ਨੀਰ ਵਹਾਇੰਦਾ । ਮੁਹੰਮਦ ਸੰਗ ਨਾ ਨਿਭਿਆ ਨਾਲ, ਅੱਲਾ ਰਾਣੀ ਮੁਖ ਸ਼ਰਮਾਇੰਦਾ । ਅੰਤਮ ਸਭ ਦੇ ਸਿਰ ਤੇ ਕੂਕੇ ਕਾਲ, ਸਿਰ ਹੱਥ ਨਾ ਕੋਇ ਰਖਾਇੰਦਾ । ਇਕ ਦੂਜੇ ਦੀ ਕਰਨ ਭਾਲ, ਸਗਲਾ ਸੰਗ ਨਾ ਕੋਇ ਨਿਭਾਇੰਦਾ । ਸਾਚੀ ਵਸਤ ਨਾ ਦਿਸੇ ਧਨ ਮਾਲ, ਨਾਮ ਧਨ ਨਾ ਕੋਇ ਰਖਾਇੰਦਾ । ਆਪਣਾ ਆਪ ਗਏ ਗਾਲ, ਕਰਤਾ ਕ਼ੀਮਤ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਵਿਸ਼ਨੂੰ ਪੱਲਾ ਲਏ ਫੜ, ਆਪਣਾ ਬੰਧਨ ਪਾਇੰਦਾ । ਹਰਿ ਵੇਖਣਹਾਰਾ ਨੌ ਖੰਡ ਮਹੱਲਾ, ਮੰਡਲ ਮੰਡਪ ਵੇਖ ਵਖਾਈਆ । ਵਸਣਹਾਰਾ ਨਿਹਚਲ ਧਾਮ ਅਟੱਲਾ, ਨਿਰਗੁਣ ਨੂਰ ਡਗਮਗਾਈਆ । ਏਕਾ ਵਾਰ ਬੋਲੇ ਹੱਲਾ, ਸਫ਼ਾ ਸਭ ਦੀ ਦਏ ਉਠਾਈਆ । ਗੁਰਮੁਖਾਂ ਅੰਦਰ ਆਪੇ ਰਲਾ, ਜੋਤੀ ਜੋਤ ਕਰ ਰੁਸ਼ਨਾਈਆ । ਲੇਖਾ ਜਾਣੇ ਰਾਣੀ ਅੱਲਾ, ਹੂ ਹੂ ਨਾਅਰਾ ਕੋਇ ਨਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਸਮਝਾਈਆ । ਸਮਝਣਹਾਰਾ ਜਾਏ ਸਮਝ, ਹਰਿ ਸਾਚਾ ਸ਼ਬਦ ਸਮਝਾਇੰਦਾ । ਹਰਿ ਕਾ ਨਾਉਂ ਸਾਚੀ ਰਮਜ਼, ਲੇਖਾ ਲਿਖਤ ਵਿਚ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਨਾ ਕੋਈ ਰਾਗ ਨਾ ਕੋਇ ਤਰਜ਼, ਆਪਣਾ ਗੀਤ ਆਪ ਅਲਾਇੰਦਾ । ਵਿਸ਼ਨੂੰ ਭੰਡਾਰਾ ਦੇਵੇ ਦਾਤ, ਹਰਿ ਸਾਚਾ ਆਪ ਵਰਤਾਇੰਦਾ । ਅੰਤਮ ਵੇਖ ਅੰਧੇਰੀ ਰਾਤ, ਸਾਚਾ ਚੰਦ ਨਾ ਕੋਇ ਚੜ੍ਹਾਇੰਦਾ । ਗ੍ਰੰਥੀ ਪੰਥੀ ਭੁੱਲੇ ਸਾਚੀ ਗਾਥ, ਅੰਤਮ ਨਿਭੇ ਨਾ ਕੋਇ ਸਾਥ, ਸਗਲਾ ਸੰਗ ਨਾ ਕੋਇ ਨਿਭਾਇੰਦਾ । ਕਿਸੇ ਨਜ਼ਰ ਨਾ ਆਏ ਤ੍ਰਿਲੋਕੀ ਨਾਥ, ਕੋਟਨ ਕੋਟ ਟੱਲ ਖੜਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਇੰਦਾ । ਵਿਸ਼ਨੂੰ ਤੇਰਾ ਨਿਭਾਏ ਸੰਗ, ਸੋ ਪੁਰਖ ਨਿਰੰਜਣ ਦਇਆ ਕਮਾਈਆ । ਕਲਜੁਗ ਨੱਚੇ ਬਣ ਮਲੰਗ, ਚਾਰੋਂ ਕੁੰਟ ਫੇਰਾ ਪਾਈਆ । ਲੱਖ ਚੁਰਾਸੀ ਨਾਰ ਦੁਹਾਗਣ ਹੋਈ ਰੰਡ, ਸਾਚਾ ਕੰਤ ਨਾ ਕੋਇ ਹੰਢਾਈਆ । ਘਰ ਘਰ ਅੰਦਰ ਗ੍ਰਿਹਿ ਗ੍ਰਿਹਿ ਹੋਇਆ ਘਮੰਡ, ਮਨ ਮਤ ਕਰੇ ਲੜਾਈਆ । ਗੁਰਮਤ ਨਾ ਗਾਏ ਕੋਇ ਸੁਹਾਗੀ ਛੰਦ, ਭਰਮੇ ਭੁੱਲੀ ਸਰਬ ਲੋਕਾਈਆ । ਕਿਸੇ ਨਾ ਆਏ ਪਰਮਾਨੰਦ,

ਨਿਜਾਨੰਦ ਗਏ ਗਵਾਈਆ । ਉਪਰ ਚੜ੍ਹਿਆ ਵੇਖਣ ਚੰਦ, ਘਰ ਚੰਦ ਨਾ ਕੋਇ ਚੜ੍ਹਾਈਆ । ਰਸਨਾ ਲਾਇਆ ਮਦਿਰਾ ਮਾਸ ਗੰਦ, ਹਰਿ ਕਾ ਨਾਉਂ ਨਾ ਸਚ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਤੇਰਾ ਲੇਖਾ ਦਏ ਮੁਕਾਈਆ । ਕਲਜੁਗ ਤੇਰਾ ਲੇਖਾ ਫੋਲੇ, ਹਰਿ ਸਾਚਾ ਵੇਖ ਵਖਾਈਆ । ਸਰਗੁਣ ਅੰਦਰ ਨਿਰਗੁਣ ਬੋਲੇ, ਨਿਰਾਕਾਰ ਧਾਰ ਚਲਾਈਆ । ਨਿਰਗੁਣ ਵਸੇ ਸਰਗੁਣ ਓਹਲੇ, ਬਿਨ ਨਿਜ ਨੇਤਰ ਨਜ਼ਰ ਨਾ ਆਈਆ । ਪਹਿਲਾਂ ਆਪਣਾ ਪਰਦਾ ਖੋਲੇ, ਫਿਰ ਸਤਿਗੁਰ ਵੇਖਣ ਪਾਈਆ । ਬੋਲਣਹਾਰਾ ਕਦੇ ਨਾ ਡੋਲੇ, ਅਡੁਲ ਸੱਚਾ ਸ਼ਹਿਨਸ਼ਾਹੀਆ । ਜਿਸ ਜਨ ਦਵਾਰਾ ਆਪਣਾ ਖੋਲ੍ਹੇ, ਸੋ ਜਨ ਵੇਖਣ ਪਾਈਆ । ਜਿਸ ਦੇ ਗੌਂਦੇ ਰਹੇ ਢੋਲੇ, ਸੋ ਚਲ ਕੇ ਆਇਆ ਮਾਹੀਆ । ਚਾਰ ਜੁਗ ਦਾ ਤੋਲ ਤੋਲੇ, ਨਾਮ ਖੰਡਾ ਹੱਥ ਉਠਾਈਆ । ਗੁਰਮੁਖ ਮਨਮੁਖ ਦੋਵੇਂ ਫੋਲੇ, ਲੁਕਿਆ ਕੋਇ ਰਹਿਣ ਨਾ ਪਾਈਆ । ਕਲਜੁਗ ਜੀਵ ਜਗਤ ਵਰੋਲੇ, ਨਾਮ ਮਧਾਣਾ ਏਕਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੋਲਣਹਾਰਾ ਰਿਹਾ ਸਮਝਾਈਆ । ਸਰਗੁਣ ਅੰਦਰ ਨਿਰਗੁਣ ਲੁਕ, ਲੁਕਵੀਂ ਖੇਲ ਖਿਲਾਈਆ । ਜਿਸ ਜਨ ਪਰਦਾ ਦਏ ਚੁੱਕ, ਤਿਸ ਜਨ ਨਜ਼ਰੀ ਆਈਆ । ਅੰਦਰੇ ਅੰਦਰ ਪਏ ਉਠ, ਆਪਣਾ ਦਰਸ ਦਿਖਾਈਆ । ਸਰਗੁਣ ਉਤੇ ਨਿਰਗੁਣ ਗਿਆ ਤੁਠ, ਨਿਰਗੁਣ ਸਰਗੁਣ ਰੰਗ ਰੰਗਾਈਆ । ਕਰੇ ਖੇਲ ਅਬਿਨਾਸ਼ੀ ਅਚੁਤ, ਨਜ਼ਰ ਕਿਸੇ ਨਾ ਆਈਆ । ਗੁਰਮੁਖ ਜਾਣੇ ਸਾਚਾ ਸੁਤ, ਜਿਸ ਜਨ ਆਪਣੀ ਬੂਝ ਬੁਝਾਈਆ । ਬਾਹਰੋਂ ਦਿਸੇ ਪੰਜ ਤਤ ਕਾਇਆ ਬੁੱਤ, ਅੰਦਰ ਪਾਰਬ੍ਰਹਮ ਪਤਿ ਪਰਮੇਸ਼ਵਰ ਆਪਣਾ ਆਸਣ ਲਾਈਆ । ਪਾਰਬ੍ਰਹਮ ਬ੍ਰਹਮ ਸੁਹਾਈ ਰੁੱਤ, ਫੁਲ ਫਲਵਾੜੀ ਆਪ ਮਹਿਕਾਈਆ । ਜਿਸ ਨੇ ਸਵਾਲ ਕੀਤਾ ਉਠ, ਤਿਸ ਜਨ ਆਪ ਸਮਝਾਈਆ । ਨਿਰਗੁਣ ਸਰਗੁਣ ਸਾਧ ਸੰਗਤ, ਗੁਰਮੁਖ ਮੇਲ ਮਿਲਾਈਆ । ਅੰਦਰ ਚੜ੍ਹੇ ਨਾਮ ਰੰਗਤ, ਬਾਹਰ ਕਾਇਆ ਮਾਟੀ ਖ਼ਾਕ ਦਸਾਈਆ । ਅੱਧੇ ਬੈਠੇ ਨਾਮ ਮੰਗਤ, ਅੱਧੇ ਬੈਠੇ ਖੇਲ ਖਿਲਾਈਆ । ਜਿਸ ਜਨ ਪ੍ਰਭ ਮਿਲਣ ਦੀ ਬਣੇ ਬਣਤ, ਤਿਸ ਮੇਲੇ ਸੱਚਾ ਸ਼ਹਿਨਸ਼ਾਹੀਆ । ਸਰਗੁਣ ਬੈਠੀ ਸਾਧ ਸੰਗਤ, ਨਿਰਗੁਣ ਅੰਦਰੇ ਅੰਦਰ ਖੇਲ ਖਿਲਾਈਆ । ਸਰਗੁਣ ਦਿਸੇ ਪੰਜ ਤੱਤ ਚੋਲਾ, ਜੋ ਜਨ ਦਵਾਰੇ ਨਜ਼ਰੀ ਆਇੰਦਾ । ਨਿਰਗੁਣ ਅੰਤਰ ਰੱਖਿਆ ਓਹਲਾ, ਰੂਪ ਰੰਗ ਰੇਖ ਨਾ ਕੋਇ ਵਖਾਇੰਦਾ । ਆਪਣਾ ਆਪ ਜੀਵ ਨਾ ਜਾਣੇ ਮੇਰੇ ਅੰਦਰ ਕਵਣ ਬੋਲਾ, ਕਵਣ ਕੂਟੇ ਆਸਣ ਲਾਇੰਦਾ । ਕਵਣ ਮਾਂ ਪਿਉ ਭੈਣ ਭਰਾ ਸਾਕ ਸੱਜਣ ਗਾਏ ਢੋਲਾ, ਰਸਨਾ ਜਿਹਵਾ ਕਵਣ ਹਿਲਾਇੰਦਾ । ਕਵਣ ਕਵਣ ਜੂਠ ਝੂਠ ਪਾਵਨ ਰੌਲਾ, ਕਵਣ ਸਚ ਸੁੱਚ ਜਣਾਇੰਦਾ । ਕਵਣ ਚਲਾਏ ਉਪਰ ਧੌਲਾ, ਕਵਣ ਕੂਟੋ ਕੂਟ ਫਿਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਖੇਲ ਕਰ, ਸੰਗਤ ਅੰਦਰ ਹਰਿ ਜੂ ਵੜ, ਆਸਣ ਸਿੰਘਾਸਣ ਸੋਭਾ ਪਾਇੰਦਾ । ਸਰਗੁਣ ਸੰਗਤ ਹਰਿ ਹਰਿ ਜੋਤ, ਨਿਰਵੈਰ ਨਿਰਵੈਰ ਨਿਰਵੈਰ ਆਪ ਅਖਵਾਈਆ । ਕਾਇਆ ਬਣਿਆ ਕਿਲਾ ਕੋਟ, ਅੰਦਰ ਲੁਕਿਆ ਬੇਪਰਵਾਹੀਆ । ਜਿਸ ਜਨ ਕੱਢੇ ਹਉਮੇ ਖੋਟ, ਤਿਸ ਆਪਣਾ ਆਪ ਬੁਝਾਈਆ । ਘਰ ਤਨ ਨਗਾਰੇ ਲਗਾਏ ਚੋਟ, ਏਕਾ ਡੰਕਾ ਨਾਮ ਵਜਾਈਆ । ਅੰਦਰ ਜਗਾਏ ਨਿਰਮਲ ਜੋਤ, ਅੰਦਰ ਵਸਣਹਾਰਾ ਫੇਰ ਨਜ਼ਰੀ ਆਈਆ । ਝਗੜਨ ਵਾਲੇ ਬਹੁਤ, ਨਾਮ ਪਕੜਨ ਵਾਲਾ ਵਿਰਲਾ ਗੁਰਮੁਖ ਗੁਰਸਿਖ ਮਿਲੇ ਸੱਚੇ ਮਾਹੀਆ । ਬਾਹਰੋਂ ਦਿਸਦੇ ਹਿਲਦੇ ਹੋਠ, ਅੰਦਰ ਹਲੌਣ ਵਾਲਾ ਦਿਸ ਕਿਸੇ ਨਾ ਆਈਆ । ਜੋਤੀ

੧੩੧੦
੧੦

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਧ ਸੰਗਤ ਦੇਵੇ ਮਾਣ ਵਡਿਆਈਆ । ਅੱਧੇ ਰੱਖਣ ਸਤਿਗੁਰ ਆਸ, ਦਿਵਸ ਰੈਣ ਧਿਆਈਆ । ਅੱਧੇ ਹੋਏ ਮਨ ਕੇ ਦਾਸ, ਮਨ ਵਾਸਨਾ ਫਿਰੇ ਭਜਾਈਆ । ਅੱਧੇ ਜਪਣ ਰਸਨ ਸਵਾਸ ਸਵਾਸ, ਅੱਧੇ ਗਾਲੀਆਂ ਰਹੇ ਕਢਾਈਆ । ਅੱਧਿਆਂ ਕਰਕੇ ਜਾਣੀ ਆਪਣੀ ਬੰਦ ਖ਼ੁਲਾਸ, ਅੱਧੇ ਖ਼ਾਲੀ ਹੱਥ ਭੁਆਈਆ । ਅੱਧਿਆਂ ਵਸੇ ਸਦਾ ਪਾਸ, ਅੱਧੇ ਨਿਰਾਸ ਰੋਵਣ ਮਾਰਨ ਧਾਹੀਆ । ਸਤਿਗੁਰ ਨਜ਼ਰ ਨਾ ਆਏ ਪ੍ਰਿਥਮੀ ਆਕਾਸ਼, ਜੋ ਜਨ ਬੈਠੇ ਮੁਖ ਭੁਆਈਆ । ਤਿਨ੍ਹਾਂ ਸਤਿਗੁਰ ਵਸੇ ਪਾਸ, ਜੋ ਹਰਿ ਸਤਿਗੁਰ ਨਿਉਂ ਨਿਉਂ ਸੀਸ ਝੁਕਾਈਆ । ਏਥੇ ਓਥੇ ਕਰੇ ਬੰਦ ਖ਼ੁਲਾਸ, ਬੰਦੀਖ਼ਾਨਾ ਦਏ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਇਕੋ ਵਰ, ਮੰਗਣਹਾਰੀ ਸਰਬ ਲੋਕਾਈਆ । ਅੱਧੇ ਮੰਗਣ ਸ਼ਬਦ ਘਨਘੋਰ, ਪ੍ਰਭ ਅੱਗੇ ਝੋਲੀ ਡਾਹੀਆ । ਅੱਧੇ ਰਾਤੀਂ ਉਠ ਉਠ ਫਿਰਦੇ ਚੋਰ, ਲੁੱਟ ਲੁੱਟ ਜੀਵਾਂ ਰਹੇ ਸਤਾਈਆ । ਅੱਧੇ ਚੜ੍ਹਦੇ ਨਾਮ ਘੋੜ, ਸੋਲਾਂ ਕਲੀਆਂ ਆਸਣ ਪਾਈਆ । ਅੱਧੇ ਆਪਣਾ ਆਪ ਰਹੇ ਰੋੜ੍ਹ, ਵਿਸ਼ੇ ਵਿਕਾਰਾ ਵਕਤ ਗਵਾਈਆ । ਸਤਿਗੁਰ ਪੂਰੇ ਦੀ ਸਦਾ ਲੋੜ, ਬਿਨ ਸਤਿਗੁਰ ਪਾਰ ਨਾ ਕੋਇ ਕਰਾਈਆ । ਨਿਰਗੁਣ ਸਰਗੁਣ ਤੇਰੀ ਆਪਣੇ ਹੱਥ ਰੱਖੀ ਡੋਰ, ਜਿਧਰ ਚਾਹੇ ਰਿਹਾ ਭੁਆਈਆ । ਗੁਰ ਅਵਤਾਰਾਂ ਆਪਣੇ ਹੁਕਮੇ ਦੇਵੇ ਤੋਰ, ਅੰਤਮ ਆਪਣੇ ਵਿਚ ਲਏ ਮਿਲਾਈਆ । ਬਿਨ ਬੂਝੇ ਜੀਵ ਪਾਵੇ ਸ਼ੋਰ, ਸਮਝ ਸਮਝ ਵਿਚ ਨਾ ਆਈਆ । ਅੱਧੇ ਮੰਗਦੇ ਕੁਛ ਹੋਰ, ਅਧੇ ਮੰਗਦੇ ਕੁਛ ਹੋਰ, ਦੇਵਣਹਾਰੇ ਘਰ ਕੋਈ ਨਾ ਥੋੜ, ਜੋ ਮੰਗੇ ਸੋ ਵਸਤ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗੰਤਰ ਗੁਰਮੁਖ ਮਨਮੁਖ ਮਨਮੁਖ ਗੁਰਮੁਖ ਦੋਵੇਂ ਰਾਹ ਚਲਾਈਆ । ਨਿਰਗੁਣ ਸੁਣੇ ਨਿਰਗੁਣ ਸੁਣਾਏ, ਸਰਗੁਣ ਨਿਰਗੁਣ ਆਪਣੀ ਧਾਰ ਰਖਾਇੰਦਾ । ਨਿਰਗੁਣ ਬੋਲੇ ਨਿਰਗੁਣ ਗਾਏ, ਨਿਰਗੁਣ ਆਪਣੀ ਝੋਲੀ ਪਾਇੰਦਾ । ਨਿਰਗੁਣ ਬਹਿ ਬਹਿ ਖ਼ੁਸ਼ੀ ਮਨਾਏ, ਨਿਰਗੁਣ ਆਪਣੇ ਰੰਗ ਸਮਾਇੰਦਾ । ਸਰਗੁਣ ਚੋਲਾ ਪਰਦਾ ਪਾਏ, ਕਾਇਆ ਮਾਟੀ ਹੱਟ ਵਖਾਇੰਦਾ । ਬਿਨ ਨਿਰਗੁਣ ਸਰਗੁਣ ਰਹਿਣ ਨਾ ਪਾਏ, ਖ਼ਾਕੀ ਖ਼ਾਕ ਖ਼ਾਕ ਵਖਾਇੰਦਾ । ਸਰਗੁਣ ਅੰਦਰੋਂ ਨਿਰਗੁਣ ਆਪਣਾ ਬਾਹਰ ਕਢਾਏ, ਪਵਣ ਸਵਾਸ ਨਾ ਕੋਇ ਚਲਾਇੰਦਾ । ਮਾਤ ਪਿਤ ਭਾਈ ਭੈਣ ਸਾਕ ਸੱਜਣ ਸੈਣ ਸਭ ਕਰੇ ਹਾਏ ਹਾਏ, ਸਰਗੁਣ ਅੰਦਰ ਨਿਰਗੁਣ ਨਜ਼ਰ ਨਾ ਆਇੰਦਾ । ਬਿਨ ਨਿਰਗੁਣ ਸਰਗੁਣ ਕਿਸੇ ਨਾ ਥਾਏ, ਸਰਗੁਣ ਨਿਰਗੁਣ ਬਿਨਾ ਨਾ ਸੋਭਾ ਪਾਇੰਦਾ । ਜਿਸ ਸਰਗੁਣ ਅੰਦਰ ਨਿਰਗੁਣ ਡੇਰਾ ਲਾਏ, ਸੋ ਸਰਗੁਣ ਲੋਕਮਾਤ ਬੂਝ ਬੁਝਾਇੰਦਾ । ਗੁਰੂ ਗਰੰਥ ਅੰਦਰ ਸ਼ਬਦੀ ਧਾਰ, ਨਾਨਕ ਨਾਮ ਸਾਲਾਹੀਆ । ਨਿਸ਼ਅੱਖਰ ਅੱਖਰ ਕਰ ਪਿਆਰ, ਅਗੰਮੜਾ ਰੂਪ ਵਟਾਈਆ । ਤ੍ਰੈਗੁਣ ਮਾਇਆ ਕਰ ਆਧਾਰ, ਪੰਚਮ ਹੋਏ ਸਹਾਈਆ । ਪੈਂਤੀਸ ਅੱਖਰ ਖੋਲ੍ਹ ਕਿਵਾੜ, ਤਿੰਨ ਪੰਜ ਕਰੇ ਕੁੜਮਾਈਆ । ਨਿਰਗੁਣ ਸਰਗੁਣ ਖੋਲ ਕਿਵਾੜ, ਆਪਣਾ ਗੁਣ ਜਣਾਈਆ । ਭਗਤ ਭਗਵੰਤ ਦਏ ਆਧਾਰ, ਭਗਵੰਤ ਰਹੇ ਜਸ ਗਾਈਆ । ਜਿਸ ਮਿਲਿਆ ਗੁਰ ਕਰਤਾਰ, ਸੋ ਹਰਿ ਜਸ ਰਿਹਾ ਸੁਣਾਈਆ । ਨਾਨਕ ਅੰਗਦ ਕਰ ਪਿਆਰ, ਸ਼ਬਦ ਗੁਰ ਵਡਿਆਈਆ । ਜੋਤ ਨੂਰ ਦੇ ਆਧਾਰ, ਅਗਿਆਨ ਅੰਧੇਰ ਚੁਕਾਈਆ । ਅੰਗਦ ਆਪਣਾ ਖੋਲ੍ਹ ਕਿਵਾੜ, ਏਕਾ ਨੈਣ ਉਠਾਈਆ । ਅਮਰ ਦਾਸ ਕਰ ਪਿਆਰ, ਅੰਮ੍ਰਿਤ ਸਰੋਵਰ ਨਹਾਈਆ । ਅੰਮ੍ਰਿਤ ਸਰੋਵਰ ਅਪਰ ਅਪਾਰ, ਕਾਇਆ ਮੰਦਰ ਅੰਦਰ ਆਪ ਨੁਹਾਈਆ । ਤਨ ਮਨ ਕਰਿਆ ਠੰਡਾ ਠਾਰ, ਅਗਨੀ ਅੱਗ ਬੁਝਾਈਆ । ਬੂੰਦ ਸਵਾਂਤੀ ਅਪਰ ਅਪਾਰ,

੧੩੧੧
੧੦

ਨਿਝਰ ਝਿਰਨਾ ਇਕ ਝਿਰਾਈਆ । ਪਾਇਆ ਗੁਰ ਏਕਾ ਵਾਰ, ਗੁਰ ਕ਼ੀਮਤ ਕਹਿਣ ਨਾ ਜਾਈਆ । ਗੁਰ ਮਿਲਾਇਆ ਏਕੰਕਾਰ, ਨਿਰਾਕਾਰ ਸਹਿਜ ਸੁਖਦਾਈਆ । ਅਮਰ ਦਾਸ ਦੇ ਆਧਾਰ, ਰਾਮ ਦਾਸ ਦਏ ਵਡਿਆਈਆ । ਰਾਮ ਦਾਸ ਕਾਇਆ ਮੰਦਰ ਅੰਦਰ ਹਰਿ ਮੰਦਰ ਦਏ ਵਖਾਲ, ਉੱਤਰ ਪੂਰਬ ਪੱਛਮ ਦੱਖਣ ਆਪ ਫਿਰਾਈਆ । ਨਿਰਗੁਣ ਜੋਤੀ ਜੋਤੀ ਜੁਮਾਲ, ਘਰ ਘਰ ਵਿਚ ਕਰੀ ਰੁਸ਼ਨਾਈਆ । ਅੰਦਰੇ ਅੰਦਰ ਵੱਜੇ ਤਾਲ, ਨਾਦ ਅਨਾਦ ਧੁਨ ਅਲਾਈਆ । ਨਾਮ ਨਿਧਾਨਾ ਗਾਏ ਬੇਮਿਸਾਲ, ਲਿਖਣ ਪੜ੍ਹਨ ਵਿਚ ਨਾ ਆਈਆ । ਸਚ ਦਵਾਰਾ ਲਿਆ ਭਾਲ, ਸਤਿਗੁਰ ਪੂਰੇ ਦਇਆ ਕਮਾਈਆ । ਰਾਮਦਾਸ ਦਾ ਹੱਲ ਹੋਇਆ ਸਵਾਲ, ਅੰਕੜਾ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਚੁਕਾਈਆ । ਕਾਇਆ ਮੰਦਰ ਸ਼ਬਦ ਨਾਦ, ਰਾਮ ਦਾਸ ਵੱਜੀ ਵਧਾਈਆ । ਘਰ ਘਰ ਵਿਚ ਵੇਖਿਆ ਬ੍ਰਹਮ ਬ੍ਰਹਿਮਾਦਿ, ਪਾਰਬ੍ਰਹਮ ਪ੍ਰਭ ਨਜ਼ਰੀ ਆਈਆ । ਬਿਨ ਰਸਨਾ ਜਿਹਵਾ ਖਾਧਾ ਸਵਾਦ, ਰਸਨਾ ਰਸ ਨਾ ਕੋਇ ਚਖਾਈਆ । ਹਰਿ ਕਾ ਨਾਉਂ ਬੋਧ ਅਗਾਧ, ਗੁਰ ਕਿਰਪਾ ਆਪ ਕਮਾਈਆ । ਅਰਜਨ ਏਕਾ ਲਿਆ ਲਾਧ, ਸੁਤ ਦੁਲਾਰੇ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੋਤ ਸ਼ਬਦ ਦੇਹ ਤ੍ਰੈ ਮੇਲਾ ਸਹਿਜ ਮਿਲਾਈਆ । ਪੰਜ ਤੱਤ ਕਾਇਆ ਦੇਹ, ਅਰਜਨ ਗੁਰ ਹੰਢਾਇੰਦਾ । ਸ਼ਬਦੀ ਲੱਗਾ ਸਾਚਾ ਨੇਹ, ਗੁਰੂ ਰਾਮ ਦਾਸ ਲਗਾਇੰਦਾ । ਜੋਤੀ ਜਾਤਾ ਬਰਖੇ ਮੇਂਹ, ਅੰਮ੍ਰਿਤ ਮੇਘ ਬਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸ਼ਬਦ ਧਾਰ ਚਲਾਇੰਦਾ । ਗੁਰ ਅਰਜਣ ਸ਼ਬਦ ਬਾਣ, ਹਰਿ ਸ਼ਬਦੀ ਸ਼ਬਦ ਲਗਾਇਆ । ਲੇਖਾ ਜਾਣੇ ਧੁਰ ਫ਼ਰਮਾਨ, ਅਗੰਮ ਅਗੰਮੜਾ ਗਾਇਆ । ਨਾਨਕ ਅੰਗਦ ਅਮਰ ਰਾਮਦਾਸ ਮਿਲਿਆ ਆਣ, ਏਕਾ ਘਰ ਵਸਾਇਆ । ਚੌਥੇ ਪਦ ਹੋਇਆ ਪਰਵਾਨ, ਘਰ ਚੌਥਾ ਏਕਾ ਪਾਇਆ । ਪੰਚਮ ਮੇਲ ਸ੍ਰੀ ਭਗਵਾਨ, ਵਿਛੜ ਕਦੇ ਨਾ ਜਾਇਆ । ਭਗਤ ਭਗਵੰਤ ਵੇਖੇ ਆਣ, ਦਰ ਦਰਵਾਜ਼ਾ ਆਪ ਖੁਲ੍ਹਾਇਆ । ਦੇਵੇ ਸਚ ਸੰਦੇਸ਼ਾ ਵਾਲੀ ਦੋ ਜਹਾਨ, ਲੋਕਮਾਤ ਆਪ ਸੁਣਾਇਆ । ਚਾਰ ਵਰਨਾਂ ਇਕ ਗਿਆਨ, ਗੁਰ ਮੰਤਰ ਨਾਮ ਦ੍ਰਿੜਾਇਆ । ਹਿੰਦੂ ਮੁਸਲਿਮ ਨਾ ਕੋਇ ਈਮਾਨ, ਸ਼ਰਅ ਸ਼ਰੀਅਤ ਨਾ ਕੋਇ ਬਣਾਇਆ । ਕਾਇਆ ਮੰਦਰ ਵਖਾਇਆ ਸਚ ਮਕਾਨ, ਜਨ ਭਗਤਾਂ ਨਾਲ ਮਿਲਾਇਆ । ਇਕ ਇਕੱਲਾ ਜਗਤ ਬਬਾਣ, ਪੁਰਖ ਅਬਿਨਾਸ਼ੀ ਰਿਹਾ ਉਡਾਇਆ । ਆਓ ਭਗਤੋਂ ਚੜ੍ਹੋ ਆਣ, ਉਚੀ ਕੂਕ ਕੂਕ ਸੁਣਾਇਆ । ਭੂਲ ਨਾ ਜਾਏ ਕੋਈ ਬਣ ਨਾਦਾਨ, ਬਿਨ ਸਤਿਗੁਰ ਪੂਰੇ ਪਾਰ ਨਾ ਕੋਇ ਕਰਾਇਆ । ਸਤਿਗੁਰ ਪੂਰਾ ਹਰਿ ਕਾ ਸ਼ਬਦ ਸਦਾ ਮਿਹਰਵਾਨ, ਪੰਜ ਤੱਤ ਖੇੜਾ ਦਏ ਵਸਾਇਆ । ਆਪੇ ਵਸੇ ਨਾਲ ਭਗਵਾਨ, ਸਾਚੇ ਮੰਦਰ ਸੋਭਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਆਪਣੀ ਵੰਡ ਵੰਡਾਇਆ । ਦੇਹ ਜੋਤ ਕੀਤੀ ਅੱਡ, ਪਾਰਬ੍ਰਹਮ ਦਇਆ ਕਮਾਈਆ । ਪੰਜ ਤੱਤ ਅੰਦਰੋਂ ਸ਼ਬਦ ਕੱਢ, ਕ਼ਾਗ਼ਜ ਕ਼ਲਮ ਲਿਖੀ ਸ਼ਾਹੀਆ । ਭਗਤਾਂ ਦਿਤੀ ਏਕਾ ਮਤ, ਬ੍ਰਹਮ ਮਤ ਗਿਆ ਸਮਝਾਈਆ । ਉਤਮ ਰੱਖਿਆ ਹਰਿ ਕਾ ਤੱਤ, ਰੂਪ ਰੰਗ ਨਾ ਕੋਇ ਰਖਾਈਆ । ਗਾ ਗਾ ਸੁਣਾਇਆ ਹਰਿ ਜੂ ਜਸ, ਰਸਨਾ ਜਿਹਵਾ ਏਕਾ ਗੁਣ ਸੁਣਾਈਆ । ਪੂਰੀ ਕਰੇ ਸਭ ਦੀ ਆਸ, ਜੋ ਚਲੇ ਪ੍ਰਭ ਰਜ਼ਾਈਆ । ਸ਼ਤਰੀ ਬ੍ਰਹਿਮਣ ਸ਼ੂਦਰ ਵੈਸ਼ ਗੁਰ ਕਾ ਸ਼ਬਦ ਦਾਸੀ ਦਾਸ, ਸੇਵਕ ਸੇਵਾ ਸੇਵ ਕਮਾਈਆ । ਨਾਨਕ ਅਰਜਨ ਹਰਿ ਗੁਣ ਗਾਇਆ । ਕੋਈ ਨਾ ਜਾਏ ਨਿਰਾਸ, ਜੋ ਜਨ ਅੱਗੇ ਝੋਲੀ

ਡਾਹਿਆ । ਸਤਿਗੁਰ ਸਦਾ ਵਸੇ ਪਾਸ, ਨਾ ਮਰੇ ਨਾ ਜਾਇਆ । ਪੰਚਮ ਸ਼ਬਦ ਕਰ ਪਰਕਾਸ਼, ਗੁਰ ਅਰਜਨ ਅੰਕ ਮੁਕਾਇਆ । ਨੌ ਦਵਾਰੇ ਕਰ ਤਮਾਸ਼, ਨਾਵਾਂ ਗੁਰ ਖੇਲ ਕਰਾਇਆ । ਅੰਤਮ ਸਭ ਦਾ ਲੇਖੇ ਵੇਖੇ ਸਵਾਸ, ਬਿਨ ਹਰਿ ਲੇਖਾ ਕੋਇ ਨਾ ਪਾਇਆ । ਦਸਵੇਂ ਘਰ ਕਰ ਪਰਕਾਸ਼, ਗੋਬਿੰਦ ਸੂਰਾ ਹਰਿ ਉਠਾਇਆ । ਅੰਤਮ ਕਰਿਆ ਖੇਲ ਤਮਾਸ਼, ਜਗਤ ਨਦੇੜ ਦਏ ਵਸਾਇਆ । ਗੋਦਾਵਰੀ ਪੂਰੀ ਕੀਤੀ ਆਸ, ਚਰਨ ਕਵਲ ਛੁਹਾਇਆ । ਏਕਾ ਸਾਤਾ ਛੀਕਾ ਪਾਂਜਾ ਕਰ ਪਰਕਾਸ਼, ਪਰਮ ਪੁਰਖ ਰਾਹ ਤਕਾਇਆ । ਗੁਰ ਕਾ ਸ਼ਬਦ ਨਾ ਹੋਏ ਵਿਨਾਸ, ਏਕਾ ਵਾਕ ਮੁਖ ਅਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦੀ ਸ਼ਬਦ ਗੁਰ ਪਰਗਟਾਇਆ । ਗੁਰੂ ਗ੍ਰੰਥ ਗੋਬਿੰਦ ਸੰਦੇਸ਼, ਗੁਰਮੁਖਾਂ ਕਰੇ ਪੜ੍ਹਾਈਆ । ਤਿਸ ਸਾਹਿਬ ਕੋ ਕਰੋ ਆਦੇਸ, ਜੋ ਘਟ ਘਟ ਰਿਹਾ ਸਮਾਈਆ । ਸੋ ਸਾਹਿਬ ਨਾਨਕ ਲਿਆ ਵੇਖ, ਅੰਗਦ ਅਮਰਦਾਸ ਗਿਆ ਵਖਾਈਆ । ਤਿਸ ਦਾ ਮੁੱਛ ਦਾੜ੍ਹੀ ਨਾ ਕੋਈ ਕੇਸ, ਰਾਮ ਦਾਸ ਰਿਹਾ ਸਾਲਾਹੀਆ । ਗੁਰ ਅਰਜਣ ਲਿਖਿਆ ਲੇਖ, ਗੁਰ ਬਾਣੀ ਰੂਪ ਪਰਗਟਾਈਆ । ਜਿਸ ਦਾ ਨਾ ਕੋਈ ਰੂਪ ਨਾ ਕੋਈ ਭੇਖ, ਸਿਫ਼ਤੀ ਸਿਫ਼ਤ ਸਿਫ਼ਤ ਸਾਲਾਹੀਆ । ਆਦਿ ਜੁਗਾਦਿ ਨੇਤਨ ਨੇਤ, ਨੇਰਨ ਨੇਰ ਨੇਰ ਅਖਵਾਈਆ । ਗੁਰ ਸ਼ਬਦ ਖੋਜੇ ਕਾਇਆ ਖੇਤ, ਅੱਠੇ ਪਹਿਰ ਕਰੇ ਸ਼ਨਵਾਈਆ । ਅਰਜਨ ਸੀਸ ਪਵਾਈ ਤੱਤੀ ਰੇਤ, ਗੁਰਸਿਖਾਂ ਸਾਂਤਕ ਸਤਿ ਗਿਆ ਵਰਤਾਈਆ । ਜੋ ਜਨ ਸਤਿਗੁਰ ਕਰੇ ਹੇਤ, ਤਿਸ ਗੁਰੂ ਗ੍ਰੰਥ ਰਿਹਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਬਾਣੀ ਦਿਤਾ ਸ਼ਬਦ ਗਿਆਨ, ਗੁਰੂ ਗ੍ਰੰਥ ਵੇਖਣਾ ਮਾਰ ਧਿਆਨ, ਤ੍ਰੈਗੁਣ ਪੰਜ ਤੱਤ ਕਰੇ ਪਰਵਾਨ, ਦੇਹ ਰੂਪ ਦਏ ਵਡਿਆਈਆ । ਬਿਨ ਦੇਹ ਨਾ ਗੁਰ ਕੀ ਧਾਰ, ਗੁਰ ਸਤਿਗੁਰ ਆਪ ਜਣਾਇੰਦਾ । ਬਿਨ ਦੇਹ ਨਾ ਗੁਰ ਕਾ ਸ਼ੰਗਾਰ, ਗੁਰ ਰੰਗ ਨਾ ਕੋਇ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰੂ ਗ੍ਰੰਥ ਗੁਰ ਗਿਆਨ ਜਣਾਇੰਦਾ । ਸਾਚਾ ਘਰ ਨਿਰਭੌ ਚੁਕਾਏ ਭੈ ਡਰ, ਭਿਆਨਕ ਰੂਪ ਨਾ ਕੋਇ ਰਖਾਇਆ । ਗੁਰੂ ਗ੍ਰੰਥ ਮੰਨਣਾ ਗੁਰਦੇਵ, ਗੁਰ ਮਹਿਮਾ ਲੇਖ ਲਿਖਾਇਆ । ਸਤਿਗੁਰ ਸਾਚੇ ਦੀ ਸਾਚੀ ਸੇਵ, ਧੁਰ ਫ਼ਰਮਾਨਾ ਰਿਹਾ ਜਣਾਇਆ । ਆਤਮ ਪਰਮਾਤਮ ਮਿਲੇ ਮੇਵ, ਸਾਚਾ ਰਸ ਇਕ ਖੁਆਇਆ । ਹੋਏ ਸਹਾਈ ਅਲਖ ਅਭੇਵ, ਅਲਖ ਅਗੋਚਰ ਬੇਪਰਵਾਹਿਆ । ਆਦਿ ਜੁਗਾਦਿ ਸਦਾ ਨਿਹਕੇਵ, ਨਿਹਚਲ ਧਾਮ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਧੁਰ ਫ਼ਰਮਾਨਾ, ਪੁਰਖ ਅਬਿਨਾਸ਼ੀ ਦੇਵੇ ਰਾਣਾ, ਗੁਰ ਗੁਰ ਗਾਇਆ ਸਾਚਾ ਗਾਣਾ, ਲੱਖ ਚੁਰਾਸੀ ਜੀਵ ਸਮਝਾਇਆ । ਗੁਣ ਗਾਇਆ ਪੁਰਖ ਸਮਰਥ, ਗੁਰੂ ਗ੍ਰੰਥ ਜਗਤ ਵਡਿਆਈਆ । ਜਗਤ ਵਿਕਾਰੇ ਪਾਵੇ ਨੱਥ, ਕਾਮ ਕਰੋਧ ਲੋਭ ਮੋਹ ਹੰਕਾਰ ਦਏ ਮਿਟਾਈਆ । ਆਸਾ ਤ੍ਰਿਸ਼ਨਾ ਦਏ ਮਥ, ਮਾਇਆ ਮਮਤਾ ਨਾਲ ਰਲਾਈਆ । ਨਾਮ ਚੜ੍ਹਾਏ ਸਾਚੇ ਰਥ, ਜੋ ਜਨ ਚੜ੍ਹੇ ਚਾਈਂ ਚਾਈਆ । ਸਾਚਾ ਮਾਰਗ ਦੇਵੇ ਦੱਸ, ਫੜ ਮਾਰਗ ਦੇਵੇ ਪਾਈਆ । ਮੁਖ ਮੋੜ ਜੋ ਜਾਏ ਨੱਸ, ਤਿਸ ਧੱਕਾ ਦੇਵੇ ਲਾਈਆ । ਬਿਰਹੋਂ ਤੀਰ ਨਿਰਾਲਾ ਮਾਰੇ ਕਸ, ਅਨਿਆਲਾ ਆਪ ਚਲਾਈਆ । ਗੁਰ ਕਾ ਸ਼ਬਦ ਜਨ ਹਿਰਦੇ ਜਾਏ ਵਸ, ਸੋ ਖੋਜਤ ਖੋਜਤ ਪਾਈਆ । ਭਾਈ ਖੋਜੋ ਕਰੋ ਨਾ ਬਸ, ਪ੍ਰਭ ਆਵੇ ਵਾਹੋ ਦਾਹੀਆ । ਜੁਗ ਜੁਗ ਭਗਤ ਦਵਾਰੇ ਰਿਹਾ ਨੱਸ, ਗੁਰੂ ਗ੍ਰੰਥ ਰਿਹਾ ਸਮਝਾਈਆ । ਧਰੂ ਪ੍ਰਹਿਲਾਦ ਪੂਰੀ ਕਰੀ ਆਸ, ਨਿਰਾਸਾ ਕੋਈ ਨਜ਼ਰ ਨਾ ਆਈਆ । ਆਦਿ ਜੁਗਾਦਿ ਜੁਗਾ ਜੁਗੰਤਰ

ਬੰਦ ਖੁਲਾਸ, ਬੰਦੀ ਛੋੜ ਬੇਪਰਵਾਹੀਆ । ਅਮਰੀਕ ਬੱਧਕ ਗਨਕਾ ਤਾਰੀ ਬਿਦਰ ਸੁਦਾਮੇ ਵਸਿਆ ਪਾਸ, ਕਬੀਰ ਜੁਲਾਹੇ ਦਏ ਵਡਿਆਈਆ । ਲਹਿਣਾ ਦੇਣਾ ਚੁਕਾਏ ਪ੍ਰਿਥਮੀ ਆਕਾਸ਼, ਕੋਟਨ ਕੋਟ ਬ੍ਰਹਿਮੰਡ ਪਾਰ ਕਰਾਈਆ । ਰਵਦਾਸ ਚੁਮਿਆਰਾ ਨਾ ਹੋਇਆ ਨਾਸ, ਕਸੀਰਾ ਕੰਗਣ ਆਪ ਬਣਾਈਆ । ਸੈਣ ਹੋਇਆ ਦਾਸੀ ਦਾਸ, ਬਣ ਬਣ ਸੇਵਕ ਸੇਵ ਕਮਾਈਆ । ਜਨਕ ਦਿਤੀ ਸਾਚੀ ਰਾਸ, ਨਾਮ ਅਨਮੁਲ ਇਕ ਵਰਤਾਈਆ । ਪੂਤਨਾ ਕਰ ਇਕ ਪਰਕਾਸ਼, ਅੰਤਮ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਕਾਇਆ ਅੰਦਰ ਵੇਖੇ ਵੜ, ਗੁਰ ਕਾ ਸ਼ਬਦ ਰਿਹਾ ਜਗਾਈਆ । ਕਾਇਆ ਅੰਦਰ ਗੁਰਮੁਖ ਵੜ, ਗੁਰੂ ਗ੍ਰੰਥ ਸਮਝਾਇਆ । ਸੁਰਤ ਸ਼ਬਦ ਲਏ ਫੜ, ਸ਼ਬਦ ਸੁਰਤੀ ਮੇਲ ਮਿਲਾਇਆ । ਬਜਰ ਕਪਾਟੀ ਤੁਟੇ ਗੜ੍ਹ, ਅਗਿਆਨ ਅੰਧੇਰ ਚੁਕਾਇਆ । ਅੰਮ੍ਰਿਤ ਝਿਰਨਾ ਝਿਰੇ ਝਰ, ਨਿਝਰ ਮੁਖ ਖੁਲ੍ਹਾਇਆ । ਆਤਮ ਬ੍ਰਹਮ ਮਿਲੇ ਵਰ, ਪਾਰਬ੍ਰਹਮ ਮਿਲਾਇਆ । ਸਾਚੀ ਸੇਜਾ ਬਹਿਣਾ ਚੜ੍ਹ, ਸਚ ਸਿੰਘਾਸਣ ਸੋਭਾ ਪਾਇਆ । ਸਤਿਗੁਰ ਪੂਰਾ ਦਰਸ ਦਿਖਾਏ ਅੱਗੇ ਖੜ, ਨਿਰਗੁਣ ਨਿਰਗੁਣ ਮੇਲ ਮਿਲਾਇਆ । ਨਾਨਕ ਅੱਖਰ ਜੋ ਜਨ ਜਾਏ ਪੜ੍ਹ, ਤਿਸ ਗੁਰੂ ਗ੍ਰੰਥ ਹੋਏ ਸਹਾਇਆ । ਜੋ ਜਨ ਜਗਤ ਅਗਨ ਰਹੇ ਸੜ, ਤਿਸ ਗੁਰ ਨਾ ਕਰੇ ਪਿਆਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਆਪੇ ਜਾਣੇ ਸਾਚੀ ਧਾਰਾ ।


੧੩੧੪ ੧੦

## ★ ੨੮ ਅਸੂ ੨੦੧੮ ਬਿਕ੍ਰਮੀ ਗੁਰਦਿਤ ਸਿੰਘ ਦੇ ਗ੍ਰਿਹ ਪਿੰਡ ਮਾਨਾਂ ਵਾਲਾ ਜ਼ਿਲਾ ਅੰਮ੍ਰਿਤਸਰ ★

ਸ਼ਬਦ ਨਿਸ਼ਾਨਾ ਕਰੇ ਪੁਕਾਰ, ਪ੍ਰਭ ਅਗੇ ਸੀਸ ਝੁਕਾਈਆ । ਕਰ ਕਿਰਪਾ ਮੇਰੇ ਸ਼ਾਹ ਸਿਕਦਾਰ, ਤੇਰੇ ਹੱਥ ਵਡਿਆਈਆ । ਜੁਗ ਚੌਕੜੀ ਤੇਰਾ ਖੇਲ ਅਪਾਰ, ਵੇਦ ਪੁਰਾਨ ਰਹੇ ਜਸ ਗਾਈਆ । ਤੂੰ ਸ਼ਾਹ ਪਾਤਸ਼ਾਹ ਸੱਚੀ ਸਰਕਾਰ, ਤਖ਼ਤ ਨਿਵਾਸੀ ਸੱਚਾ ਸ਼ਹਿਨਸ਼ਾਹੀਆ । ਹੁਕਮੀ ਹੁਕਮ ਤੇਰਾ ਵਰਤਾਰ, ਹੁਕਮੇ ਅੰਦਰ ਖੇਲ ਖਿਲਾਈਆ । ਹੁਕਮੇ ਅੰਦਰ ਗੁਰ ਅਵਤਾਰ, ਹੁਕਮੇ ਅੰਦਰ ਬੂਝ ਬੁਝਾਈਆ । ਹੁਕਮੇ ਅੰਦਰ ਜੁਗ ਜੁਗ ਹੋ ਉਜਿਆਰ, ਜੋਤੀ ਨੂਰ ਕਰੇ ਰੁਸ਼ਨਾਈਆ । ਹੁਕਮੇ ਅੰਦਰ ਵੇਖੇ ਅੰਤ ਕਿਨਾਰ, ਸਤਿਜੁਗ ਤ੍ਰੇਤਾ ਦਵਾਪਰ ਪੰਧ ਮੁਕਾਈਆ । ਹੁਕਮੇ ਅੰਦਰ ਨਾਦ ਸ਼ਬਦ ਧੁੰਨਕਾਰ, ਹੁਕਮੇ ਅੰਦਰ ਰਾਗ ਅਲਾਈਆ । ਹੁਕਮੇ ਅੰਦਰ ਬ੍ਰਹਿਮੰਡ ਖੰਡ ਪਸਾਰ, ਹੁਕਮੇ ਅੰਦਰ ਜੇਰਜ ਅੰਡ ਵੱਜੇ ਵਧਾਈਆ । ਹੁਕਮੇ ਅੰਦਰ ਮੇਲ ਮਿਲਾਵਾ ਪੁਰਖ ਨਾਰ, ਹੁਕਮੇ ਅੰਦਰ ਲੱਖ ਚੁਰਾਸੀ ਆਪੇ ਜਾਈਆ । ਹੁਕਮੇ ਅੰਦਰ ਤੀਰਥ ਤਟ ਕਿਨਾਰ, ਹੁਕਮੇ ਅੰਦਰ ਜਲਧਾਰਾ ਸੇਵ ਕਮਾਈਆ । ਹੁਕਮੇ ਅੰਦਰ ਮੰਦਰ ਮਸਜਿਦ ਮਠ ਗੁਰੂਦਵਾਰ, ਹੁਕਮੇ ਅੰਦਰ ਰੰਗ ਰੰਗਾਈਆ । ਹੁਕਮੇ ਅੰਦਰ ਭਰੇ ਸਰਬ ਭੰਡਾਰ, ਬਣ ਦਾਤਾ ਬੇਪਰਵਾਹੀਆ । ਹੁਕਮੇ ਅੰਦਰ ਵਰਤੇ ਸਚ ਵਰਤਾਰ, ਨਾ ਕੋਈ ਮੇਟੇ ਮੇਟ ਮਿਟਾਈਆ । ਹੁਕਮੇ ਅੰਦਰ ਆਈ ਅੰਤਮ ਵਾਰ, ਕਲਜੁਗ ਕੂਕ ਕੂਕ ਕੁਰਲਾਈਆ । ਹੁਕਮੇ ਅੰਦਰ ਰਾਹ ਤੱਕੇ ਮੁਰਾਰ, ਦਿਵਸ ਰੈਣ ਨੈਣ ਉਠਾਈਆ । ਹੁਕਮੇ ਅੰਦਰ ਮਦੀਨੇ ਮੱਕੇ ਫਿਰੇ ਪਰਵਰਦਿਗਾਰ, ਹੁਕਮੇ ਅੰਦਰ ਕਾਇਆ ਕਾਅਬਾ ਸਾਚਾ ਹੁਜਰਾ ਦਏ ਸੁਹਾਈਆ । ਹੁਕਮੇ ਅੰਦਰ ਨਾਮ ਸਤਿ ਬੋਲ ਜੈਕਾਰ, ਹੁਕਮੇ ਅੰਦਰ ਵਾਹਿਗੁਰੂ ਫ਼ਤਿਹ ਗਜਾਈਆ ।

੧੩੧੫
੧੦

ਹੁਕਮੇ ਅੰਦਰ ਵਰਨ ਬਰਨ ਕਰ ਪਿਆਰ, ਹੁਕਮੇ ਅੰਦਰ ਜ਼ਾਤ ਪਾਤ ਵੰਡ ਵੰਡਾਈਆ । ਹੁਕਮੇ ਅੰਦਰ ਨਿਰਗੁਣ ਸਰਗੁਣ ਲੈ ਅਵਤਾਰ, ਭਗਤ ਭਗਵੰਤ ਲਏ ਤਰਾਈਆ । ਹੁਕਮੇ ਅੰਦਰ ਸਚ ਪ੍ਰੀਤੀ ਨਿਭਾਏ ਨਾਲ, ਲੱਗੀ ਪ੍ਰੀਤ ਤੁਟ ਨਾ ਜਾਈਆ । ਹੁਕਮੇ ਅੰਦਰ ਕਰੇ ਪ੍ਰਿਤਪਾਲ, ਸੇਵਕ ਸਾਚੀ ਸੇਵ ਕਮਾਈਆ । ਹੁਕਮੇ ਅੰਦਰ ਗਗਨ ਮੰਡਲ ਦੀਪਕ ਵੇਖੇ ਬਾਲ, ਸਾਚੇ ਮੰਦਰ ਆਪ ਸੁਹਾਈਆ । ਹੁਕਮੇ ਅੰਦਰ ਸ਼ਾਹ ਕੰਗਾਲ, ਹੁਕਮੇ ਅੰਦਰ ਦਰ ਦਰ ਘਰ ਘਰ ਫੇਰਾ ਪਾਈਆ । ਹੁਕਮੇ ਅੰਦਰ ਕਰੇ ਸਵਾਲ, ਬਣ ਸਵਾਲੀ ਅਲਖ ਜਗਾਈਆ । ਹੁਕਮੇ ਅੰਦਰ ਕਾਲ ਮਹਾਕਾਲ, ਲੱਖ ਚੁਰਾਸੀ ਫੜ ਫੜ ਖਾਈਆ । ਹੁਕਮੇ ਅੰਦਰ ਰਾਏ ਧਰਮ ਆਪਣੇ ਦਰ ਲਿਆ ਬਹਾਲ, ਚਿਤਰ ਗੁਪਤ ਲਿਖ ਲਿਖ ਲੇਖ ਵਖਾਈਆ । ਹੁਕਮੇ ਅੰਦਰ ਪੱਤ ਰਹਿਣ ਨਾ ਦੇਵੇ ਕਿਸੇ ਡਾਲ੍ਹ, ਹੁਕਮੇ ਅੰਦਰ ਫੁਲ ਫਲਵਾੜੀ ਆਪ ਮਹਿਕਾਈਆ । ਹੁਕਮੇ ਅੰਦਰ ਕਲਜੁਗ ਕਰੇ ਖੇਲ ਨਿਆਰ, ਤੇਰੇ ਹੱਥ ਵਡੀ ਵਡਿਆਈਆ । ਹੁਕਮੇ ਅੰਦਰ ਮੇਲ ਮਿਲਾਵਾ ਸਿੰਘ ਪਾਲ, ਦਰ ਘਰ ਸਾਚੇ ਸੋਭਾ ਪਾਈਆ । ਹੁਕਮੇ ਅੰਦਰ ਮਾਣ ਦਵਾਏ ਛੋਟੇ ਬਾਲ, ਸਿਰ ਆਪਣਾ ਹੱਥ ਟਿਕਾਈਆ । ਹੁਕਮੇ ਅੰਦਰ ਨੌਂ ਦਵਾਰੇ ਖੋਲ੍ਹ ਕਿਵਾੜ, ਜਗਤ ਸੰਦੇਸ਼ਾ ਰਿਹਾ ਸੁਣਾਈਆ । ਹੁਕਮੇ ਅੰਦਰ ਸਾਢੇ ਤਿੰਨ ਹੱਥ ਮੁਨਾਰ, ਜਗਤ ਮੁਨਾਰਾ ਦੇਵੇ ਡਾਹੀਆ । ਹੁਕਮੇ ਅੰਦਰ ਭਗਤ ਭਗਵੰਤ ਕਰ ਤਿਆਰ, ਭਗਤਨ ਸਾਚੀ ਬੂਝ ਬੁਝਾਈਆ । ਹੁਕਮੇ ਅੰਦਰ ਸਚ ਨਿਸ਼ਾਨਾ ਉਚੀ ਕੂਕ ਕੂਕ ਕਰੇ ਪੁਕਾਰ, ਨੇਤਰ ਨੈਣਾਂ ਰੋ ਰੋ ਨੀਰ ਵਹਾਈਆ । ਮੇਰਾ ਬਣ ਮਦਦਗਾਰ, ਏਕਾ ਮੰਗ ਮੰਗਾਈਆ । ਹੁਕਮੇ ਅੰਦਰ ਕਰ ਆਪਣਾ ਖੇਲ ਨਿਆਰ, ਤੇਰਾ ਹੁਕਮ ਮੇਰੇ ਸ਼ਹਿਨਸ਼ਾਹੀਆ । ਹੁਕਮੇ ਅੰਦਰ ਤੇਰਾ ਰੰਗ ਅਪਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਵਖਾਈਆ । ਹੁਕਮੇ ਅੰਦਰ ਤੇਰਾ ਰੰਗ, ਹੁਕਮੇ ਆਪ ਚੜ੍ਹਾਇੰਦਾ । ਹੁਕਮੇ ਅੰਦਰ ਤੇਰਾ ਸੰਗ, ਸਗਲਾ ਸੰਗ ਆਪ ਵਖਾਇੰਦਾ । ਹੁਕਮੇ ਅੰਦਰ ਤੇਰਾ ਅਨੰਦ, ਅਨੰਦ ਅਨੰਦ ਵਿਚ ਪਰਗਟਾਇੰਦਾ । ਹੁਕਮੇ ਅੰਦਰ ਸੂਰਜ ਚੰਦ, ਕੋਹ ਕਰੋੜੀ ਆਪ ਭਵਾਇੰਦਾ । ਹੁਕਮੇ ਅੰਦਰ ਜੁਗ ਚੌਕੜੀ ਮੇਟੇ ਪੰਧ, ਗੇੜਾ ਗੇੜੇ ਵਿਚ ਭਵਾਇੰਦਾ । ਹੁਕਮ ਅੰਦਰ ਗੀਤ ਸੁਹਾਗੀ ਗਾਏ ਛੰਦ, ਨਾਉਂ ਨਿਰੰਕਾਰਾ ਆਪ ਪਰਗਟਾਇੰਦਾ । ਹੁਕਮੇ ਅੰਦਰ ਟੁੱਟੀ ਦੇਵੇ ਗੰਢ, ਗੰਢਣਹਾਰ ਗੋਪਾਲ ਆਪਣੀ ਗੰਢ ਪਵਾਇੰਦਾ । ਹੁਕਮੇ ਅੰਦਰ ਪਾਵੇ ਠੰਡ, ਸੀਤਲ ਧਾਰਾ ਇਕ ਚੁਆਇੰਦਾ । ਹੁਕਮੇ ਅੰਦਰ ਨਾਤਾ ਤੋੜ ਰੰਡ, ਆਤਮ ਪਰਮਾਤਮ ਏਕਾ ਘਰ ਬਹਾਇੰਦਾ । ਹੁਕਮੇ ਅੰਦਰ ਢਾਵੇ ਝੂਠੀ ਕੰਧ, ਦੂਈ ਦਵੈਤੀ ਨਾ ਕੋਈ ਰਖਾਇੰਦਾ । ਹੁਕਮੇ ਅੰਦਰ ਰੱਖਿਆ ਬੰਦ, ਬੰਦ ਦਵਾਰਾ ਨਾ ਕੋਇ ਖੁਲਾਇੰਦਾ । ਹੁਕਮੇ ਅੰਦਰ ਭਗਤ ਭਗਵੰਤ ਜਨ ਗਾ ਗਾ ਗਏ ਬੱਤੀ ਦੰਦ, ਰਸਨਾ ਜਿਹਵਾ ਸਰਬ ਹਿਲਾਇੰਦਾ । ਤੂੰ ਕਿਉਂ ਸੁਤਾ ਦੇ ਕਰ ਕੰਡ, ਆਪਣੀ ਕਰਵਟ ਨਾ ਆਪ ਬਦਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਵਸੌਣਾ ਆਪਣਾ ਘਰ, ਸਚ ਦਵਾਰ ਜਗ ਜਣਾਇੰਦਾ । ਹੁਕਮੇ ਅੰਦਰ ਸਚ ਦਵਾਰ, ਪੁਰਖ ਅਬਿਨਾਸ਼ੀ ਖੇਲ ਕਰਾਇੰਦਾ । ਭਗਤ ਭਗਵੰਤ ਦਏ ਸਹਾਰ, ਭੇਵ ਅਭੇਵ ਜਣਾਇੰਦਾ । ਹੁਕਮੇ ਅੰਦਰ ਬਣ ਬਣ ਮੀਤ ਮੁਰਾਰ, ਸਗਲਾ ਸੰਗ ਨਿਭਾਇੰਦਾ । ਹੁਕਮੇ ਅੰਦਰ ਸਾਚੀ ਸੇਜਾ ਆਤਮ ਖਾਟ ਪਾਵੇ ਸਾਰ, ਸਚ ਸਿੰਘਾਸਣ ਆਸਣ ਲਾਇੰਦਾ । ਹੁਕਮੇ ਅੰਦਰ ਹੁਕਮ ਵਰਤਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਨਿਸ਼ਾਨੇ ਇਹ ਸਮਝਾਇੰਦਾ । ਸਚ ਨਿਸ਼ਾਨੇ ਮੇਰੇ ਸੰਗੀ, ਪ੍ਰਭ ਸੱਜਣ ਦਇਆ ਕਮਾਈਆ । ਦੇਵਾਂ

ਵਸਤ ਇਕ ਅਣਮੰਗੀ, ਅਮੋਲਕ ਝੋਲੀ ਪਾਈਆ । ਤੇਰੀ ਕੰਡ ਨਾ ਹੋਵੇ ਨੰਗੀ, ਹਰਿਜਨ ਤੇਰੇ ਨਾਲ ਮਿਲਾਈਆ । ਵਰਭੰਡ ਨਾ ਪਾਏ ਕੋਈ ਭੰਡੀ, ਭੰਡੀ ਸਭ ਦੀ ਦਿਆਂ ਕਰਾਈਆ । ਇਕ ਚਲਾਵਾਂ ਸਾਚੀ ਡੰਡੀ, ਰਹਿਬਰ ਬਣਾਂ ਬੇਪਰਵਾਹੀਆ । ਭੇਵ ਖੁਲ੍ਹਾਵਾਂ ਜੇਰਜ ਅੰਡੀ, ਉਤਭੁਜ ਸੇਤਜ ਸੋਭਾ ਪਾਈਆ । ਜਗਤ ਵਾਸਨਾ ਕੱਢਾਂ ਗੰਦੀ, ਕੂੜੀ ਕਿਰਿਆ ਕਰ ਸਫ਼ਾਈਆ । ਕਲਜੁਗ ਔਧ ਅੰਤਮ ਹੰਢੀ, ਲਹਿਣਾ ਦੇਣਾ ਦਿਆਂ ਚੁਕਾਈਆ । ਏਕਾ ਪਾਠ ਏਕਾ ਛੰਦੀ, ਗੀਤ ਗੋਬਿੰਦ ਰਿਹਾ ਅਲਾਈਆ । ਨਾ ਕੋਈ ਪੁਜਾਵੇ ਪਿੰਡੀ, ਦੇਵਤ ਮੰਗ ਨਾ ਕੋਇ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਨਿਸ਼ਾਨੇ ਰਿਹਾ ਸਮਝਾਈਆ । ਸਚ ਨਿਸ਼ਾਨਾ ਸੁਣ ਫ਼ਰਯਾਦ, ਸਚਖੰਡ ਨਿਵਾਸੀ ਦਇਆ ਕਮਾਇੰਦਾ । ਤੇਰਾ ਮੇਲਾ ਆਦਿ ਜੁਗਾਦਿ, ਜੁਗ ਜੁਗ ਸੰਗ ਨਿਭਾਇੰਦਾ । ਭਗਤਾਂ ਦੇਵਾਂ ਭਗਤੀ ਦਾਦ, ਨਾਮ ਭੰਡਾਰਾ ਆਪ ਵਰਤਾਇੰਦਾ । ਲੱਖ ਚੁਰਾਸੀ ਵਿਚੋਂ ਕਾਢ, ਤੇਰਾ ਮੇਲ ਮਿਲਾਇੰਦਾ । ਪਿਤਾ ਪੂਤ ਲਡਾਏ ਲਾਡ, ਸਾਚੀ ਗੋਦ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਇੰਦਾ । ਸਿਰ ਰੱਖੇ ਹੱਥ ਨਿਰੰਕਾਰਾ, ਹਰਿਜਨ ਸਾਚੇ ਸਚ ਪਰਗਟਾਈਆ । ਤੇਰਾ ਦਰ ਸੁਹਾਏ ਸੱਚਾ ਦਵਾਰਾ, ਧੁਰ ਦਰਬਾਰਾ ਨਾਉਂ ਰਖਾਈਆ । ਭਗਤ ਭਗਵੰਤ ਕਰ ਉਜਿਆਰਾ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਇਕ ਵਖਾਏ ਠਾਕਰ ਦਵਾਰਾ, ਹਰਿ ਠਾਕਰ ਠੋਕਰ ਲਾਈਆ । ਕਾਗਦ ਕ਼ਲਮ ਨਾ ਲਿਖਣਹਾਰਾ, ਲਿਖ ਲਿਖ ਲੇਖ ਨਾ ਕੋਈ ਮੁਕਾਈਆ । ਆਪਣੀ ਕਿਰਪਾ ਕਰੇ ਅਗੰਮ ਅਪਾਰਾ, ਕਿਰਪਾ ਨਿਧ ਸੱਚਾ ਸ਼ਹਿਨਸ਼ਾਹੀਆ । ਜਨਮ ਕਰਮ ਧਰਮ ਆਪੇ ਜਾਣੇ ਜਾਨਣਹਾਰਾ, ਪੂਰਬ ਪੂਰਬ ਲੇਖਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਸੰਗ ਇਕ ਵਖਾਈਆ । ਤੇਰਾ ਸੰਗ ਵਿਚ ਸੰਸਾਰ, ਵਡ ਸੰਸਾਰੀ ਆਪ ਕਰਾਇੰਦਾ । ਤੇਰਾ ਮਰਦੰਗ ਨਾਮ ਨਗਾਰ, ਨਿਰਾਕਾਰ ਆਪ ਵਜਾਇੰਦਾ । ਤੇਰਾ ਹੁਕਮ ਸਚ ਵਰਤਾਰ, ਚਾਰ ਕੁੰਟ ਸੁਣਾਇੰਦਾ । ਤੇਰਾ ਭਗਤ ਨਾਮ ਭੰਡਾਰ, ਭਗਤੀ ਦਾਨ ਝੋਲੀ ਪਾਇੰਦਾ । ਦਰ ਕਰੇ ਅਕੱਠੇ ਏਕਾ ਵਾਰ, ਗੁਣ ਅਵਗੁਣ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਮੇਲਾ ਮੇਲ ਮਿਲਾਇੰਦਾ । ਤੇਰਾ ਮੇਲਾ ਹਰਿ ਮਿਲੌਣਾ, ਸ਼ਬਦ ਵਿਚੋਲਾ ਦਏ ਸਲਾਹੀਆ । ਭਗਤ ਦਵਾਰਾ ਇਕ ਖਲੌਣਾ, ਬਹੱਤਰ ਨਾੜ ਖ਼ੁਸ਼ੀ ਮਨਾਈਆ । ਸਾਤਾ ਦੂਆ ਦੂਆ ਸਾਤਾ, ਕਵਲ ਕਵਲਾ ਅੰਮ੍ਰਿਤ ਝਿਰਨਾ ਆਪ ਝਿਰੌਣਾ, ਨਿਝਰ ਝਿਰਨਾ ਆਪ ਝਿਰਾਈਆ । ਅਵਲ ਅੱਲਾ ਨੂਰ ਦਿਸੌਣਾ, ਕੁਦਰਤ ਵੇਖੇ ਚਾਈਂ ਚਾਈਆ । ਸਚ ਮਹਿਰਾਬੇ ਆਪੇ ਆਸਣ ਲੌਣਾ, ਬਾਂਗ ਹਦੀਸ ਇਕ ਅਲਾਈਆ । ਪੀਰ ਪੈਗ਼ੰਬਰ ਦਸਤਗੀਰ ਦਰ ਮੰਗੌਣਾ, ਏਕਾ ਕਲਮਾ ਕਰੇ ਪੜ੍ਹਾਈਆ । ਜੁਗ ਚੌਕੜੀ ਲੇਖਾ ਲਿਖ ਲਿਖ ਹੱਥ ਫੜੌਣਾ, ਹੱਥ ਰੱਖੇ ਕ਼ਲਮ ਸ਼ਾਹੀਆ । ਹਰਿਜਨ ਸਾਚੇ ਤੇਰੇ ਸੰਗ ਰਲੌਣਾ, ਸਖ਼ੀ ਸਰਵਰ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤ ਦਵਾਰਾ ਕਰ ਪਰਵਾਨ, ਸਤਿਜੁਗ ਵਖਾਏ ਇਕ ਨਿਸ਼ਾਨ, ਜਗਤ ਨਿਸ਼ਾਨਾ ਨਜ਼ਰ ਕੋਇ ਨਾ ਆਈਆ ।

★ ੨੮ ਅੱਸੂ ੨੦੧੮ ਬਿਕ੍ਰਮੀ ਚਰਨ ਸਿੰਘ ਦੇ ਘਰ ★



ਸੇਵਾ ਕਰੇ ਸ੍ਰੀ ਭਗਵਾਨ, ਭਗਤਨ ਚਾਕਰ ਚਾਕ ਅਖਵਾਇੰਦਾ । ਭਗਤ ਝੁਲਾਏ ਸਚ ਨਿਸ਼ਾਨ, ਨਿਸ਼ਾਨਾ ਆਪ ਉਠਾਇੰਦਾ । ਦਰ ਘਰ ਕਰ ਪਰਵਾਨ, ਨਾਮ ਪਰਵਾਨਾ ਇਕ ਵਖਾਇੰਦਾ । ਗ੍ਰਿਹਿ ਗ੍ਰਿਹਿ ਹੋਏ ਜਾਣੀ ਜਾਣ, ਜਾਨਣਹਾਰਾ ਭੇਵ ਖੁਲ੍ਹਾਇੰਦਾ । ਕਲਜੁਗ ਅੰਤਮ ਦੇਵੇ ਮਾਣ, ਸਿਰ ਆਪਣਾ ਹੱਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਮੰਦਰ ਸੋਭਾ ਪਾਇੰਦਾ । ਸਾਚਾ ਮੰਦਰ ਹਰਿ ਕਾ ਦਵਾਰ, ਹਰੀ ਹਰਿ ਆਪ ਉਪਜਾਈਆ । ਭਗਤਨ ਮੇਲੇ ਹਰਿ ਜੂ ਆਣ, ਭਗਤੀ ਦੇਵੇ ਮਾਣ ਵਡਿਆਈਆ । ਨਾਤਾ ਤੋੜ ਜਗਤ ਜਹਾਨ, ਸਾਚੀ ਸ਼ਰਅ ਦਏ ਸਮਝਾਈਆ । ਚਾਰ ਵਰਨਾਂ ਇਕ ਗਿਆਨ, ਏਕਾ ਅੱਖਰ ਕਰੇ ਪੜ੍ਹਾਈਆ । ਅਲਿਫ਼ ਯੇ ਕਰ ਕਰ ਬੱਕੀ ਬਿਆਨ, ਪੈਂਤੀਸ ਅੱਖਰ ਦੇਣ ਗਵਾਹੀਆ । ਬਾਵਨ ਖੇਲ ਕਰੇ ਮਿਹਰਵਾਨ, ਅਛਲ ਅਛੱਲ ਵਡੀ ਵਡਿਆਈਆ । ਕਲਜੁਗ ਅੰਤਮ ਵੇਖੇ ਮਾਰ ਧਿਆਨ, ਆਪਣੀ ਦਇਆ ਆਪ ਕਮਾਈਆ । ਦਇਆਵਾਨ ਹੋਏ ਮਿਹਰਵਾਨ, ਮਹਿਬਾਨ ਨੂਰ ਅਲਾਹੀਆ । ਹਰਿਜਨ ਸਾਚੇ ਕਰੇ ਸਵਾਧਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਾ ਇਕ ਸੁਹਾਈਆ । ਸਚ ਦਵਾਰਾ ਹਰਿ ਸੁਹੌਣਾ, ਸੋਭਾਵੰਤਾ ਆਪ ਸੁਹਾਇੰਦਾ । ਸਚਖੰਡ ਲੋਕਮਾਤ ਬਣੌਣਾ, ਤ੍ਰੈਗੁਣ ਨਾਤਾ ਤੋੜ ਤੁੜਾਇੰਦਾ । ਪੰਚਮ ਰੰਗ ਇਕ ਚੜ੍ਹੌਣਾ, ਨਾੜ ਬਹੱਤਰ ਵੇਖ ਵਖਾਇੰਦਾ । ਸਚ ਸਿੰਘਾਸਣ ਸੋਭਾ ਪੌਣਾ, ਤਖ਼ਤ ਨਿਵਾਸੀ ਆਸਣ ਲਾਇੰਦਾ । ਨਾਮ ਨਿਧਾਨਾ ਏਕਾ ਗੌਣਾ, ਦੂਸਰ ਰਾਗ ਨਾ ਕੋਇ ਅਲਾਇੰਦਾ । ਹਰਿਜਨ ਸੱਜਣ ਆਪ ਮਿਲੌਣਾ, ਮੇਲ ਮਿਲਾਵਾ ਆਪਣੇ ਹੱਥ ਰਖਾਇੰਦਾ । ਲੋਕਮਾਤ ਪੁਰਖ ਅਬਿਨਾਸ਼ੀ ਸਚ ਨਿਸ਼ਾਨ ਝੁਲੌਣਾ, ਸਚ ਨਿਸ਼ਾਨਾ ਆਪ ਉਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਦਰ ਦਰਬਾਰਾ ਆਪ ਸੁਹਾਇੰਦਾ । ਦਰ ਦਰਬਾਰ ਸੋਭਾਵੰਤ, ਸੋ ਪੁਰਖ ਨਿਰੰਜਣ ਆਪ ਸੁਹਾਈਆ । ਕਰੇ ਖੇਲ ਸ੍ਰੀ ਭਗਵੰਤ, ਭਗਵਨ ਆਪਣੀ ਧਾਰ ਚਲਾਈਆ । ਹਰਿਜਨ ਉਠਾਏ ਸਾਚੇ ਸੰਤ, ਸਤਿਗੁਰ ਸੱਚਾ ਬੇਪਰਵਾਹੀਆ । ਇਕ ਜਪਾਏ ਨਾਮ ਮੰਤ, ਮਨ ਕਾ ਮਣਕਾ ਆਪ ਭੁਆਈਆ । ਗੜ੍ਹ ਤੋੜੇ ਹਉਮੇ ਹੰਗਤ, ਹੰ ਬ੍ਰਹਮ ਦਏ ਦਰਸਾਈਆ । ਜਿਉਂ ਨਾਨਕ ਅੰਗ ਲਗਾਇਆ ਅੰਗਦ, ਅੰਗੀਕਾਰ ਆਪ ਹੋ ਜਾਈਆ । ਮੇਲ ਮਿਲਾਵਾ ਸਾਚੀ ਸੰਗਤ, ਘਰ ਸਾਚੇ ਵੱਜੇ ਵਧਾਈਆ । ਕਾਇਆ ਚੋਲੀ ਚਾੜ੍ਹੇ ਰੰਗਤ, ਰੰਗ ਚਿੱਟਾ ਇਕ ਵਖਾਈਆ । ਨਾਤਾ ਤੋੜੇ ਭੁੱਖ ਨੰਗਤ, ਜਗਤ ਤ੍ਰਿਸ਼ਨਾ ਦਏ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰੇ ਦਏ ਵਡਿਆਈਆ । ਸਚ ਦਵਾਰੇ ਸੇਵਕ ਬਣ, ਹਰਿ ਜੂ ਹਰਿ ਹਰਿ ਸੇਵ ਕਮਾਇੰਦਾ । ਆਪ ਉਠਾਏ ਆਪਣੇ ਜਨ, ਜਨ ਜਨਨੀ ਵੇਖ ਵਖਾਇੰਦਾ । ਰਾਗੀ ਰਾਗ ਸੁਣਾਏ ਕੰਨ, ਤਾਰ ਸਤਾਰ ਨਾ ਕੋਈ ਹਿਲਾਇੰਦਾ । ਭਾਂਡਾ ਭਰਮ ਦੇਵੇ ਭੰਨ, ਮਨ ਕਾ ਭਰਮ ਚੁਕਾਇੰਦਾ । ਭਾਗ ਲਗਾਏ ਸਾਚੇ ਤਨ, ਪੰਜ ਤਤ ਕਾਇਆ ਚੋਲਾ ਆਪ ਹੰਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਾ ਆਪ ਪਰਗਟਾਇੰਦਾ । ਭਗਤ ਦਵਾਰਾ ਕਰੇ ਪਰਗਟ, ਪਰਗਟ ਹੋਏ ਆਪ ਨਿਰੰਕਾਰਾ । ਲਹਿਣਾ ਚੁੱਕੇ ਚੌਦਾਂ ਲੋਕ ਚੌਦਾਂ ਹੱਟ, ਚੌਦਾਂ ਤਬਕ ਕਰੇ ਨਿਮਸਕਾਰਾ । ਨਾਤਾ ਤੁੱਟੇ ਅਠਸਠ, ਪੰਧ ਮੁੱਕੇ ਤਟ ਕਿਨਾਰਾ । ਲਹਿਣਾ ਚੁੱਕੇ ਮੰਦਰ ਮਸਜਿਦ ਮਠ, ਕਰੇ ਖੇਲ ਅਪਰ ਅਪਾਰਾ । ਹਰਿਜਨ

ਸਾਚੇ ਲਏ ਰੱਖ, ਨਿਹਕਲੰਕ ਨਰਾਇਣ ਨਰ ਅਵਤਾਰਾ । ਲੋਕਮਾਤ ਕਰੇ ਪ੍ਰਤੱਖ, ਕਰੇ ਸਚ ਵਿਹਾਰਾ । ਲੱਖ ਚੁਰਾਸੀ ਨਾਰੀ ਕਰੇ ਵੱਖ, ਇਕ ਬਣਾਏ ਨਾਮ ਵਣਜਾਰਾ । ਸਤਿਜੁਗ ਸਾਚਾ ਮਾਰਗ ਦੱਸ, ਦੇਵੇ ਨਾਮ ਸਹਾਰਾ । ਮੇਲ ਮਿਲਾਏ ਹੱਸ ਹੱਸ, ਇਕ ਅਕੱਲਾ ਏਕੰਕਾਰਾ । ਜੁਗ ਚੌਕੜੀ ਪੂਰੀ ਕਰੇ ਆਸ, ਖੋਲ੍ਹੇ ਸਚ ਕਿਵਾੜਾ । ਲਹਿਣਾ ਦੇਣਾ ਚੁੱਕੇ ਜਗਤ ਪ੍ਰਭਾਸ, ਮੰਦਰ ਸੋਹੇ ਅਪਰ ਅਪਾਰਾ । ਜਨ ਭਗਤਾਂ ਮਿਲ ਮਿਲ ਪਾਏ ਰਾਸ, ਗੋਪੀ ਕਾਹਨ ਖੇਲ ਨਿਆਰਾ । ਸੇਵਾ ਕਰੇ ਬਣ ਬਣ ਦਾਸ, ਸੇਵਕ ਰੂਪ ਆਪ ਨਿਰੰਕਾਰਾ । ਲਹਿਣਾ ਵੇਖੇ ਪ੍ਰਿਥਮੀ ਅਕਾਸ਼, ਭੇਵ ਚੁਕਾਏ ਰਵ ਸਸ ਸਤਾਰਾ । ਜਨ ਭਗਤਾਂ ਕਰੇ ਬੰਦ ਖ਼ਲਾਸ, ਲੱਖ ਚੁਰਾਸੀ ਪਾਰ ਕਿਨਾਰਾ । ਅੱਠੇ ਪਹਿਰ ਰਹੇ ਪ੍ਰਭਾਤ, ਵੇਲਾ ਵਕ਼ਤ ਨਾ ਕੋਈ ਵਿਚਾਰਾ । ਨਿਰਗੁਣ ਸਰਗੁਣ ਦੇਵੇ ਸਾਥ, ਹਰਿ ਸੱਜਣ ਮੀਤ ਮੁਰਾਰਾ । ਨਾਮ ਨਿਧਾਨ ਸੁਣਾਏ ਗਾਥ, ਲਿਖਣ ਪੜ੍ਹਣ ਤੇ ਵਸੇ ਬਾਹਰਾ । ਲੇਖਾ ਜਾਣੇ ਤੱਤ ਅੱਠ ਅਪ ਤੇਜ ਵਾਏ ਪ੍ਰਿਥਮੀ ਆਕਾਸ, ਮਨ ਮਤ ਬੁਧ ਦਏ ਸਹਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਬਣਾਏ ਸਚ ਮੁਨਾਰਾ । ਸਚ ਮੁਨਾਰਾ ਸਾਢੇ ਤਿੰਨ ਹੱਥ, ਤ੍ਰੈਗੁਣ ਅਤੀਤਾ ਆਪ ਬਣਾਈਆ । ਕਰੇ ਖੇਲ ਪੁਰਖ ਸਮਰਥ, ਸਮਰਥ ਹੱਥ ਵਡਿਆਈਆ । ਸੰਤ ਸੁਹੇਲੇ ਕਰ ਇਕੱਠ, ਭਗਤ ਭਗਵੰਤ ਲਏ ਜਗਾਈਆ । ਸਗਲ ਵਿਸੂਰੇ ਜਾਇਣ ਲਥ, ਜਿਸ ਜਨ ਆਪਣਾ ਦਰਸ ਦਿਖਾਈਆ । ਲੇਖੇ ਲਾਏ ਰਤੀ ਰਤ, ਪੰਜ ਪਿਆਰੇ ਸੇਵ ਕਮਾਈਆ । ਬੀਜ ਬੀਜਿਆ ਆਪਣੇ ਵਤ, ਫਲ ਆਪੇ ਵੇਖ ਵਖਾਈਆ । ਗੋਬਿੰਦ ਨੀਆਂ ਗਿਆ ਰੱਖ, ਬਾਲੇ ਨੀਆਂ ਹੇਠ ਚਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਸੇਵਾ ਦਏ ਜਣਾਈਆ । ਭੇਵ ਜਣੌਣਾ ਗੋਬਿੰਦ ਧਾਰ, ਧਾਰ ਧਾਰ ਨਾਲ ਮਿਲਾਈਆ । ਸੱਥਰ ਹੰਢਾਇਆ ਸਾਚੇ ਯਾਰ, ਸੂਲਾਂ ਸੇਜ ਇਕ ਵਿਛਾਈਆ । ਮੇਲ ਮਿਲਾਵਾ ਅੰਤਮ ਵਾਰ, ਏਕਾ ਘਰ ਵੱਜੇ ਵਧਾਈਆ । ਪਹਿਲਾ ਕਰਜ਼ਾ ਦਏ ਉਤਾਰ, ਅਗੇ ਲਹਿਣਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਰਬਾਰਾ ਦਏ ਸੁਹਾਈਆ । ਸਚ ਦਰਬਾਰਾ ਡੂੰਘੀ ਗਾਰ, ਸਾਢੇ ਤਿੰਨ ਤਿੰਨ ਆਪ ਜਣਾਇੰਦਾ । ਆਪੇ ਜਾਣੇ ਆਪਣੀ ਕਾਰ, ਕਰਨੀ ਕਰਤਾ ਕਾਰ ਕਮਾਇੰਦਾ । ਨਗਰ ਖੇੜਾ ਵੇਖੇ ਵਿਚ ਸੰਸਾਰ, ਜਗ ਆਪਣਾ ਰੂਪ ਵਟਾਇੰਦਾ । ਗੁਰਮੁਖਾਂ ਮਹੱਲ ਅਪਰ ਅਪਾਰ, ਨਿਰਗੁਣ ਦੀਪ ਇਕ ਜਗਾਇੰਦਾ । ਕਮਲਾਪਾਤੀ ਮੀਤ ਮੁਰਾਰ, ਘਰ ਘਰ ਵਿਚ ਖ਼ੁਸ਼ੀ ਮਨਾਇੰਦਾ । ਗਾਵੇ ਗੀਤ ਸੁਹਾਗੀ ਆਪਣੀ ਵਾਰ, ਛੱਤੀ ਰਾਗ ਭੇਵ ਨਾ ਆਇੰਦਾ । ਭਗਤਨ ਸਾਚੇ ਲਏ ਉਠਾਲ, ਭਗਵਨ ਦਇਆ ਕਮਾਇੰਦਾ । ਛੱਤੀ ਜੁਗ ਦੀ ਨਿਭੇ ਨਾਲ, ਨੌ ਨੌ ਚਾਰ ਬੰਧਨ ਪਾਇੰਦਾ । ਨੌ ਨੌ ਚਾਰ ਖਾ ਖਾ ਗਿਆ ਕਾਲ, ਹੱਡ ਮਾਸ ਨਾੜੀ ਰਤ ਨਜ਼ਰ ਕਿਸੇ ਨਾ ਆਇੰਦਾ । ਅੰਤਮ ਖੇਲ ਕਰੇ ਹੋ ਮਿਹਰਵਾਨ, ਆਪਣੀ ਦਇਆ ਕਮਾਇੰਦਾ । ਮਾਨਸ ਮਾਨਸ ਕਰ ਪਰਵਾਨ, ਮਾਨਸ ਜਨਮ ਦਵਾਇੰਦਾ । ਆਪਣਾ ਮੇਲਾ ਮੇਲੇ ਆਣ, ਮਿਲਿਆ ਮੇਲ ਨਾ ਕੋਈ ਤੁੜਾਇੰਦਾ । ਆਪਣੀ ਬਖ਼ਸ਼ੇ ਆਪ ਪਹਿਚਾਨ, ਬੇਪਹਿਚਾਨ ਪਹਿਚਾਨ ਵਿਚ ਕਦੇ ਨਾ ਆਇੰਦਾ । ਇਕ ਵਖਾਏ ਸਚ ਮਕਾਨ, ਭਗਤ ਦਵਾਰਾ ਸੋਭਾ ਪਾਇੰਦਾ । ਸ੍ਰਿਸ਼ਟ ਸਬਾਈ ਹੋਏ ਹੈਰਾਨ, ਹਰਿ ਕਵਣ ਖੇਲ ਕਰਾਇੰਦਾ । ਜਿਸ ਸਿਰ ਹੱਥ ਧਰੇ ਹੋ ਮਿਹਰਵਾਨ, ਸੋ ਜਨ ਭਗਤ ਭਗਵੰਤ ਅਖਵਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਿਨ ਪੜ੍ਹਿਆਂ ਦੇਵੇ ਇਕ ਗਿਆਨ, ਜਗਤ ਵਿਦਿਆ ਲੇਖੇ ਕਿਸੇ ਨਾ ਲਾਇੰਦਾ ।

★ ੨੮ ਅਸੂ ੨੦੧੮ ਬਿਕ੍ਰਮੀ ਸਰਿੰਦਰ ਸਿੰਘ ਦੇ ਗ੍ਰਹਿ ਪਿੰਡ ਭੁੱਲਰ ਜ਼ਿਲਾ ਅੰਮ੍ਰਿਤਸਰ ਤਹਿਸੀਲ ਅਜਨਾਲਾ ★

ਤਖ਼ਤ ਨਿਵਾਸੀ ਸਾਚੇ ਤਖ਼ਤ ਬਹਿਣਾ, ਸਚਖੰਡ ਵੱਜੇ ਵਧਾਈਆ । ਥਿਰ ਘਰ ਵਾਸੀ ਮੰਨਿਆ ਕਹਿਣਾ, ਨਿਉਂ ਨਿਉਂ ਸੀਸ ਝੁਕਾਈਆ । ਵਿਸ਼ਨ ਬ੍ਰਹਮਾ ਸ਼ਿਵ ਭਾਣਾ ਸਹਿਣਾ, ਸਦ ਭਾਣਾ ਇਕ ਵਖਾਈਆ । ਲੱਖ ਚੁਰਾਸੀ ਵੇਖੇ ਨੈਣਾਂ, ਨਿਰਗੁਣ ਸਰਗੁਣ ਫੋਲ ਫੋਲਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਚੁੱਕੇ ਲਹਿਣਾ ਦੇਣਾ, ਅੰਤਮ ਅੰਤ ਝੋਲੀ ਪਾਈਆ । ਜੂਠ ਝੂਠ ਝੂਠੇ ਵਹਿਣ ਵਹਿਣਾ, ਥਿਰ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਈਆ । ਸਾਚੇ ਤਖ਼ਤ ਸੋਹੇ ਭਗਵਾਨਾ, ਨੂਰ ਨੁਰਾਨਾ ਡਗਮਗਾਇੰਦਾ । ਥਿਰ ਘਰ ਬੋਲੇ ਨਾਦ ਤਰਾਨਾ, ਸ਼ਬਦੀ ਸ਼ਬਦ ਅਲਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰੇ ਪਰਵਾਨਾ, ਨਿਉਂ ਨਿਉਂ ਸੀਸ ਜਗਦੀਸ ਝੁਕਾਇੰਦਾ । ਲੱਖ ਚੁਰਾਸੀ ਦੇਵੇ ਦਾਨਾ, ਏਕਾ ਵਸਤ ਵਰਤਾਇੰਦਾ । ਨਾਦ ਅਨਾਦੀ ਧੁਰ ਫ਼ਰਮਾਨਾ, ਧੁਰ ਦੀ ਬਾਣੀ ਆਪ ਸੁਣਾਇੰਦਾ । ਆਤਮ ਪਰਮਾਤਮ ਮੇਲ ਮਹਾਨਾ, ਪਾਰਬ੍ਰਹਮ ਬ੍ਰਹਮ ਪਰਗਟਾਇੰਦਾ । ਈਸ਼ ਜੀਵ ਬੰਨ੍ਹੇ ਗਾਨਾ, ਜਗਦੀਸ ਸੇਵ ਕਮਾਇੰਦਾ । ਇਕ ਵਖਾਏ ਹਰਿ ਮਕਾਨਾ, ਸਾਚਾ ਮੰਦਰ ਆਪ ਸੁਹਾਇੰਦਾ । ਜੋਧਾ ਸੂਰਬੀਰ ਬਲੀ ਬਲਵਾਨਾ, ਬਲ ਆਪਣਾ ਆਪ ਰਖਾਇੰਦਾ । ਪਾਵੇ ਸਾਰ ਦੋ ਜਹਾਨਾਂ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਵੇਖ ਵਖਾਇੰਦਾ । ਸ਼ਾਹ ਪਾਤਸ਼ਾਹ ਰਾਜ ਰਾਜਾਨਾ, ਭੂਪਤ ਭੂਪ ਆਪ ਹੋ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਲ ਆਪ ਧਰਾਇੰਦਾ । ਸਾਚੇ ਤਖ਼ਤ ਬਹੇ ਸ੍ਰੀ ਭਗਵਾਨ, ਭਗਵਨ ਆਪਣੀ ਦਇਆ ਕਮਾਈਆ । ਸਚਖੰਡ ਝੁਲਾਏ ਸਚ ਨਿਸ਼ਾਨ, ਸ਼ਾਹ ਪਾਤਸ਼ਾਹ ਵਡੀ ਵਡਿਆਈਆ । ਦਰ ਦਰਵੇਸ਼ ਬਣ ਦਰਬਾਨ, ਨਿਉਂ ਨਿਉਂ ਆਪਣਾ ਸੀਸ ਝੁਕਾਈਆ । ਹੁਕਮੀ ਹੁਕਮ ਧੁਰ ਫ਼ਰਮਾਨ, ਸਚ ਸੰਦੇਸ਼ਾ ਦਏ ਜਣਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰੇ ਧਿਆਨ, ਨੇਤਰ ਨੈਣ ਨੈਣ ਉਠਾਈਆ । ਲੱਖ ਚੁਰਾਸੀ ਕਰ ਪਰਵਾਨ, ਲੋਕਮਾਤ ਖੇਲ ਖਿਲਾਈਆ । ਮਨ ਮਤ ਬੁਧ ਕਰ ਪਰਧਾਨ, ਤਤਵ ਤਤ ਇਕ ਸਮਝਾਈਆ । ਕਾਇਆ ਮੰਦਰ ਵੇਖ ਮਕਾਨ, ਸਚ ਸਿੰਘਾਸਣ ਦਏ ਵਡਿਆਈਆ । ਕਰੇ ਖੇਲ ਨੌਜਵਾਨ, ਬਿਰਧ ਬਾਲ ਨਾ ਰੂਪ ਧਰਾਈਆ । ਆਦਿ ਜੁਗਾਦੀ ਏਕਾ ਕਾਹਨ, ਸਾਚੇ ਮੰਡਲ ਰਾਸ ਰਚਾਈਆ । ਘਟ ਘਟ ਜੋਤੀ ਜਗੇ ਆਣ, ਦੀਪਕ ਦੀਆ ਨਾ ਕੋਈ ਵਖਾਈਆ । ਰਾਗ ਅਨਾਦ ਸ਼ਬਦ ਧੁੰਨਕਾਨ, ਗ੍ਰਹਿ ਮੰਦਰ ਆਪ ਵਜਾਈਆ । ਕਰੇ ਖੇਲ ਹੋ ਮਿਹਰਵਾਨ, ਦਇਆਵਾਨ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਤਖ਼ਤ ਬਹਿ ਹਰਿ ਰਾਜਨ ਰਾਜਾ, ਰਾਜ ਜੋਗ ਆਪ ਕਮਾਇੰਦਾ । ਆਪੇ ਆਪਣਾ ਰਚ ਰਚ ਕਾਜਾ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਸ਼ਬਦ ਅਗੰਮੀ ਰੱਖੇ ਤਾਜਾ, ਅਸਵ ਘੋੜਾ ਆਪ ਦੁੜਾਇੰਦਾ । ਦੋ ਜਹਾਨਾਂ ਫਿਰੇ ਭਾਜਾ, ਲੋਕਮਾਤ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਤਖ਼ਤ ਆਪ ਸੁਹਾਇੰਦਾ । ਸਾਚੇ ਤਖ਼ਤ ਆਪੇ ਚੜ੍ਹ, ਘਰ ਸਾਚਾ ਆਪ ਸੁਹਾਇੰਦਾ । ਕਰੇ ਖੇਲ ਨਰਾਇਣ ਨਰ, ਨਰ ਨਰਾਇਣ ਧਾਰ ਬੰਧਾਇੰਦਾ । ਜੋਤੀ ਜਾਤਾ ਦੇਵੇ ਵਰ, ਪੁਰਖ ਬਿਧਾਤਾ ਝੋਲੀ ਪਾਇੰਦਾ । ਦਰ ਦਵਾਰੇ ਆਪੇ ਖੜ, ਸਚ ਮਹੱਲਾ ਆਪ ਸੁਹਾਇੰਦਾ । ਸਚਖੰਡ ਬਣਾਏ ਏਕਾ ਗੜ੍ਹ, ਚਾਰ ਦੀਵਾਰ ਨਾ ਕੋਈ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਇੰਦਾ । ਆਪਣਾ

ਭੇਵ ਖੋਲ੍ਹੇ ਨਿਰੰਕਾਰ, ਆਦਿ ਪੁਰਖ ਵਡੀ ਵਡਿਆਈਆ । ਸਚਖੰਡ ਵਸੇ ਧਾਮ ਨਿਆਰ, ਥਿਰ ਘਰ ਸਾਚੇ ਬਣਤ ਬਣਾਈਆ । ਸੁੰਨ ਅਗੰਮੀ ਖੇਲ ਨਿਆਰ, ਨਿਰਾਕਾਰ ਆਪ ਵਖਾਈਆ । ਸ਼ਬਦੀ ਸ਼ਬਦ ਕਰ ਪਿਆਰ, ਸੁਤ ਦੁਲਾਰਾ ਲਏ ਸਮਝਾਈਆ । ਵਿਸ਼ਵ ਵਿਸ਼ਨੂੰ ਲਏ ਉਠਾਲ, ਆਪ ਆਪਣਾ ਰੰਗ ਰੰਗਾਈਆ । ਅੰਮ੍ਰਿਤ ਆਤਮ ਇਕ ਪਿਆਲ, ਕਵਲ ਨਾਭੀ ਖੇਲ ਖਿਲਾਈਆ । ਬ੍ਰਹਮੇ ਕਰ ਸਦਾ ਪ੍ਰਿਤਪਾਲ, ਪਾਰਬ੍ਰਹਮ ਵਡੀ ਵਡਿਆਈਆ । ਸ਼ੰਕਰ ਵੇਖੇ ਆਪਣਾ ਲਾਲ, ਆਪ ਆਪਣੀ ਗੋਦ ਸੁਹਾਈਆ । ਤਿੰਨਾਂ ਵਿਚੋਲਾ ਬਣ ਦਲਾਲ, ਆਪ ਆਪਣੀ ਬੂਝ ਬੁਝਾਈਆ । ਚਰਨ ਕਵਲ ਵਖਾਏ ਸੱਚੀ ਧਰਮਸਾਲ, ਸਚ ਦਵਾਰਾ ਲਏ ਪਰਗਟਾਈਆ । ਏਕਾ ਅੱਗੇ ਰੱਖੇ ਸਵਾਲ, ਆਪਣਾ ਨਾਉਂ ਨਾਉਂ ਸਮਝਾਈਆ । ਏਕਾ ਵਸਤ ਦਏ ਧਨ ਮਾਲ, ਸਚ ਖ਼ਜ਼ਾਨਾ ਆਪ ਵਰਤਾਈਆ । ਏਕਾ ਪ੍ਰੀਤ ਨਿਭਾਏ ਨਾਲ, ਮਹਾਕਾਲ ਵਡੀ ਵਡਿਆਈਆ । ਏਕਾ ਫਲ ਲਗਾਏ ਡਾਲ੍ਹ, ਪੱਤ ਡਾਲ੍ਹੀ ਆਪ ਮਹਿਕਾਈਆ । ਆਦਿ ਪੁਰਖ ਆਪਣੀ ਘਾਲ ਆਪੇ ਘਾਲ, ਆਪਣਾ ਰੂਪ ਅਨੂਪ ਸਮਝਾਈਆ । ਤ੍ਰੈਗੁਣ ਦੇਵੇ ਇਕ ਦਾਨ, ਪੰਚਮ ਮੇਲਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮੀ ਹੁਕਮ ਆਪ ਵਰਤਾਈਆ । ਸਚਖੰਡ ਬਹੇ ਸਾਚੇ ਤਖ਼ਤ ਸੱਚਾ ਸ਼ਹਿਨਸ਼ਾਹ, ਸ਼ਾਹ ਪਾਤਸ਼ਾਹ ਨਾਉਂ ਧਰਾਇੰਦਾ । ਆਦਿ ਜੁਗਾਦੀ ਇਕ ਮਲਾਹ, ਜੁਗ ਜੁਗ ਵੇਸ ਵਟਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦੇਵੇ ਸਚ ਸਲਾਹ, ਸਾਚੀ ਸਿਖਿਆ ਇਕ ਰਖਾਇੰਦਾ । ਨਿਸ਼ਅੱਖਰ ਨਾਉਂ ਦਏ ਪੜ੍ਹਾ, ਲੇਖਾ ਲਿਖਤ ਵਿਚ ਨਾ ਆਇੰਦਾ । ਨਿਰਗੁਣ ਨਿਰਗੁਣ ਪਕੜੇ ਬਾਂਹ, ਆਪਣਾ ਮੇਲਾ ਆਪ ਮਿਲਾਇੰਦਾ । ਸਦਾ ਸੁਹੇਲਾ ਸਿਰ ਰੱਖੇ ਠੰਡੀ ਛਾਂ, ਸਮਰਥ ਆਪਣਾ ਹੱਥ ਆਪ ਉਠਾਇੰਦਾ । ਇਕ ਵਖਾਏ ਸਾਚਾ ਥਾਂ, ਥਿਰ ਦਰਬਾਰਾ ਸੋਭਾ ਪਾਇੰਦਾ । ਆਪੇ ਬਣੇ ਪਿਤਾ ਮਾਂ, ਦਾਈ ਦਾਇਆ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਵਿਸ਼ਨ ਬ੍ਰਹਮਾ ਸ਼ਿਵ ਦੇਵੇ ਵਰ, ਵਸਤ ਅਮੋਲਕ ਆਪ ਵਰਤਾਇੰਦਾ । ਵਸਤ ਅਮੋਲਕ ਸਾਚੀ ਦਾਤ, ਪੁਰਖ ਅਬਿਨਾਸ਼ੀ ਆਪ ਵਰਤਾਈਆ । ਕਰੇ ਖੇਲ ਬਹੁ ਬਿਧ ਭਾਂਤ, ਭੇਵ ਅਭੇਦਾ ਭੇਵ ਖੁਲ੍ਹਾਈਆ । ਚਰਨ ਕਵਲ ਵਿਖਾਏ ਨਾਤ, ਨਾਤਾ ਬਿਧਾਤਾ ਜੋੜ ਜੁੜਾਈਆ । ਬੈਠਾ ਰਹੇ ਆਪ ਇਕਾਂਤ, ਇਕ ਅਕੱਲਾ ਸਾਚਾ ਮਾਹੀਆ । ਆਪੇ ਖੋਲ੍ਹੇ ਬੰਦ ਤਾਕ, ਆਪਣਾ ਪਰਦਾ ਆਪ ਚੁਕਾਈਆ । ਆਪ ਵਖਾਏ ਸਾਚਾ ਹਾਟ, ਹੱਟ ਹਟਵਾਨਾ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਤਖ਼ਤ ਨਿਵਾਸੀ ਸਾਚੇ ਤਖ਼ਤ ਸੋਭਾ ਪਾਈਆ । ਸਾਚੇ ਤਖ਼ਤ ਹਰਿ ਜੂ ਚੜ੍ਹਿਆ, ਸਚਖੰਡ ਵੱਜੇ ਵਧਾਈਆ । ਆਪਣੇ ਮੰਦਰ ਆਪੇ ਵੜਿਆ, ਨਜ਼ਰ ਕਿਸੇ ਨਾ ਆਈਆ । ਆਪਣਾ ਪੱਲੂ ਆਪੇ ਫੜਿਆ, ਆਪਣਾ ਸੰਗ ਨਿਭਾਈਆ । ਨਿਰਭੈ ਹੋਏ ਕਦੇ ਨਾ ਡਰਿਆ, ਭੈ ਅਵਰ ਨਾ ਕੋਈ ਜਣਾਈਆ । ਆਪਣਾ ਕਾਰਜ ਆਪੇ ਕਰਿਆ, ਆਪੇ ਵੇਖੇ ਚਾਈਂ ਚਾਈਆ । ਆਪਣਾ ਆਪ ਆਪੇ ਵਰਿਆ, ਨਾਰੀ ਕੰਤ ਰੂਪ ਵਟਾਈਆ । ਆਪਣੇ ਦਵਾਰੇ ਆਪ ਖੜ੍ਹਿਆ, ਦਰ ਦਰਵੇਸ਼ ਵੇਸ ਵਟਾਈਆ । ਆਪਣਾ ਘਾੜਨ ਆਪੇ ਘੜਿਆ, ਨਾ ਮਰੇ ਨਾ ਜਾਈਆ । ਆਪਣੀ ਵਿਦਿਆ ਆਪੇ ਪੜ੍ਹਿਆ, ਲਿਖ ਲਿਖ ਲੇਖ ਨਾ ਕੋਇ ਸਮਝਾਈਆ । ਅਗਨੀ ਹਵਨ ਕਦੇ ਨਾ ਸੜਿਆ, ਮੜ੍ਹੀ ਗੋਰ ਨਾ ਕੋਇ ਦਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪਣੇ ਹੱਥ ਵਖਾਈਆ । ਸਾਚੇ ਤਖ਼ਤ ਬੈਠਾ ਆਦਿ ਨਿਰੰਜਣ, ਆਪਣੀ ਦਇਆ ਆਪ ਕਮਾਇੰਦਾ । ਜੁਗਾ

੧੩੨੦
੧੦

੧੩੨੧
੧੦

ਜੁਗੰਤਰ ਦੀਨਾਂ ਨਾਥ ਬਣੇ ਦਰਦ ਦੁੱਖ ਭੈ ਭੰਜਨ, ਭਵ ਸਾਗਰ ਪਾਰ ਕਰਾਇੰਦਾ । ਜਨ ਭਗਤਾਂ ਦੇਵੇ ਨਾਮ ਅੰਜਨ, ਅਗਿਆਨ ਅੰਧੇਰ ਮਿਟਾਇੰਦਾ । ਏਥੇ ਓਥੇ ਬਣੇ ਸੱਜਣ, ਸਗਲਾ ਸੰਗ ਆਪ ਨਿਭਾਇੰਦਾ । ਚਰਨ ਧੂੜ ਕਰਾਏ ਸਾਚਾ ਮਜਨ, ਦੁਰਮਤ ਮੈਲ ਧੁਆਇੰਦਾ । ਆਪੇ ਹੋਏ ਪਰਦੇ ਕਜਨ, ਨਾਮ ਦੋਸ਼ਾਲਾ ਹੱਥ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਤਖ਼ਤ ਆਪ ਸੁਹਾਇੰਦਾ । ਸਾਚੇ ਤਖ਼ਤ ਵਡ ਸਿਕਦਾਰਾ, ਹੁਕਮੀ ਹੁਕਮ ਆਪ ਜਣਾਇੰਦਾ । ਜੁਗਾ ਜੁਗੰਤਰ ਖੇਲ ਅਪਾਰਾ, ਅਪਰੰਪਰ ਆਪ ਕਰਾਇੰਦਾ । ਲੱਖ ਚੁਰਾਸੀ ਕਰ ਉਜਿਆਰਾ, ਅੰਡਜ ਜੇਰਜ ਉਤਭੁਜ ਸੇਤਜ ਖੇਲ ਖਿਲਾਇੰਦਾ । ਚਾਰੇ ਬਾਣੀ ਬੋਲ ਜੈਕਾਰਾ, ਪਰਾ ਬਸੰਤੀ ਮਧਮ ਬੈਖਰੀ ਆਪੇ ਗਾਇੰਦਾ । ਚਾਰੇ ਵੇਦਾਂ ਬਣ ਲਿਖਾਰਾ, ਬ੍ਰਹਮ ਮਤ ਆਪ ਪੜ੍ਹਾਇੰਦਾ । ਅਬਿਨਾਸ਼ੀ ਅਚੁਤ ਜਾਣੇ ਆਪਣੀ ਕਾਰਾ, ਕਰਨੀ ਕਰਤਾ ਆਪ ਕਮਾਇੰਦਾ । ਜੁਗ ਚੌਕੜੀ ਵੇਖੇ ਵਾਰੋ ਵਾਰਾ, ਨਿਰਗੁਣ ਸਰਗੁਣ ਰੂਪ ਵਟਾਇੰਦਾ । ਸੇਵਾ ਲਾਏ ਗੁਰ ਅਵਤਾਰਾ, ਹੁਕਮੀ ਹੁਕਮ ਸਮਝਾਇੰਦਾ । ਆਪੇ ਖੇਲ ਕਰੇ ਕਰਤਾਰਾ, ਕ਼ੁਦਰਤ ਕ਼ਾਦਰ ਵੇਖ ਵਖਾਇੰਦਾ । ਮੁਕਾਮੇ ਹੱਕ ਇਕ ਜੈਕਾਰਾ, ਸਾਚਾ ਨਾਅਰਾ ਆਪ ਲਗਾਇੰਦਾ । ਲਾਸ਼ਰੀਕ ਪਰਵਰਦਿਗਾਰਾ, ਨੂਰ ਨੁਰਾਨਾ ਡਗਮਗਾਇੰਦਾ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਆਪਣਾ ਕਰਦਾ ਰਿਹਾ ਵਿਹਾਰਾ, ਜਗਤ ਵਿਹਾਰੀ ਆਪ ਅਖਵਾਇੰਦਾ । ਲੇਖਾ ਜਾਣੇ ਗੁਰ ਅਵਤਾਰਾ, ਭਗਤ ਅਠਾਰਾਂ ਮੇਲ ਮਿਲਾਇੰਦਾ । ਦਸ ਗੁਰੂ ਦਏ ਸਹਾਰਾ, ਘਰ ਘਰ ਵਿਚ ਸੋਭਾ ਪਾਇੰਦਾ । ਏਕਾ ਮੰਤਰ ਨਾਮ ਕਰ ਪਿਆਰਾ, ਚਾਰ ਵਰਨ ਆਪ ਪੜ੍ਹਾਇੰਦਾ । ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਦਏ ਆਧਾਰਾ, ਜ਼ਾਤ ਪਾਤ ਨਾ ਕੋਈ ਰਖਾਇੰਦਾ । ਊਚ ਨੀਚ ਨਾ ਕੋਈ ਵਿਚਾਰਾ, ਰਾਓ ਰੰਕ ਨਾ ਕੋਈ ਵਡਿਆਇੰਦਾ । ਦੋ ਜਹਾਨਾਂ ਲਗਾਏ ਨਾਮ ਅਖਾੜਾ, ਲੋਆਂ ਪੁਰੀਆਂ ਨਾਚ ਨਚਾਇੰਦਾ । ਪੰਚਮ ਨਾਦ ਸ਼ਬਦ ਧੁੰਨਕਾਰਾ, ਤ੍ਰੈਗੁਣ ਆਪਣਾ ਨਾਮ ਸੁਣਾਇੰਦਾ । ਮੰਦਰ ਮਸੀਤ ਸਾਚਾ ਗੁਰਦਵਾਰਾ, ਬ੍ਰਹਮ ਕਾਇਆ ਅੰਦਰ ਆਪ ਵਖਾਇੰਦਾ । ਅੰਮ੍ਰਿਤ ਭਰਿਆ ਠੰਡਾ ਠਾਰਾ, ਨਿਝਰ ਝਿਰਨਾ ਆਪ ਝਿਰਾਇੰਦਾ । ਦੀਵਾ ਬਾਤੀ ਕਰ ਉਜਿਆਰਾ, ਜੋਤ ਨਿਰੰਜਣ ਡਗਮਗਾਇੰਦਾ । ਆਤਮ ਬ੍ਰਹਮ ਕਰ ਪਿਆਰਾ, ਪਾਰਬ੍ਰਹਮ ਮੇਲ ਮਿਲਾਇੰਦਾ । ਹਰਿਜਨ ਸਾਚੇ ਲਏ ਉਭਾਰਾ, ਆਪ ਆਪਣੀ ਬੂਝ ਬੁਝਾਇੰਦਾ । ਲੇਖਾ ਜਾਣੇ ਲਿਖਣਹਾਰਾ, ਲਿਖ ਲਿਖ ਲੇਖ ਆਪ ਮੁਕਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦਰ ਮੰਗਦੇ ਰਹਿਣ ਭਿਖਾਰਾ, ਜੁਗ ਜੁਗ ਵਸਤ ਅਮੋਲਕ ਝੋਲੀ ਪਾਇੰਦਾ । ਗੁਰ ਅਵਤਾਰ ਕੱਟ ਕੱਟ ਜਾਣ ਵਗਾਰਾ, ਹੁਕਮੀ ਹੁਕਮ ਆਪ ਫਿਰਾਇੰਦਾ । ਭਗਤਾਂ ਦੇਵੇ ਇਕ ਪਿਆਰਾ, ਸਿਰ ਆਪਣਾ ਹੱਥ ਟਿਕਾਇੰਦਾ । ਸੰਤਾਂ ਦੇਵੇ ਨਾਮ ਪਿਆਰਾ, ਨਾਮ ਨਾਮਾ ਝੋਲੀ ਪਾਇੰਦਾ । ਗੁਰਮੁਖਾਂ ਵੇਖੇ ਇਕੋ ਵਾਰਾ, ਗੁਰਮੁਖ ਆਪਣੀ ਗੋਦ ਬਹਾਇੰਦਾ । ਗੁਰਸਿਖਾਂ ਕਰੇ ਪਾਰ ਕਿਨਾਰਾ, ਅਧਵਿਚਕਾਰ ਨਾ ਕੋਈ ਰੁੜ੍ਹਾਇੰਦਾ । ਚਾਰ ਜੁਗ ਜੁਗ ਕਰਤਾ ਕਰਦਾ ਆਇਆ ਆਪਣੀ ਕਾਰਾ, ਕਰਨੀ ਕਰਤਾ ਆਪ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਵੇਸ ਆਪ ਵਟਾਇੰਦਾ । ਵੇਸ ਵਟਾਏ ਇਕ ਅਕੱਲਾ, ਅਗੰਮ ਅਥਾਹ ਵਡੀ ਵਡਿਆਈਆ । ਸਚਖੰਡ ਵਸਾਏ ਸਚ ਮਹੱਲਾ, ਸਚ ਸਿੰਘਾਸਣ ਸੋਭਾ ਪਾਈਆ । ਕਲਜੁਗ ਅੰਤਮ ਸਚ ਸੰਦੇਸ਼ ਏਕਾ ਘੱਲਾ, ਨਾਨਕ ਗੋਬਿੰਦ ਗਿਆ ਸੁਣਾਈਆ । ਪੁਰਖ ਅਕਾਲ ਫੜਿਆ ਪੱਲਾ, ਛੁੱਟ ਕਦੇ ਨਾ ਜਾਈਆ । ਜੋਤੀ ਸ਼ਬਦੀ ਆਪੇ ਰਲਾ, ਰੂਪ ਰੰਗ ਨਾ ਕੋਇ ਵਖਾਈਆ । ਆਪਣੇ ਦੀਪਕ ਆਪੇ ਬਲਾ, ਆਦਿ ਜੁਗਾਦਿ ਕਰੇ ਰੁਸ਼ਨਾਈਆ । ਲੱਖ ਚੁਰਾਸੀ ਭੁਲਾਇਆ

ਕਰ ਕਰ ਵਲ ਛਲਾ, ਗਿਆਨ ਧਿਆਨ ਨਾ ਕੋਈ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਦਵਾਰੇ ਆਪੇ ਚੜ੍ਹ, ਸਚ ਦਰਬਾਰਾ ਇਕ ਲਗਾਈਆ । ਸਚ ਦਰਬਾਰ ਹਰਿ ਲਗੌਣਾ, ਕਲਜੁਗ ਅੰਤਮ ਦਏ ਦੁਹਾਈਆ । ਪੰਜ ਤੱਤ ਕਾਇਆ ਖੇੜਾ ਵੇਖ ਵਖੌਣਾ, ਲੱਖ ਚੁਰਾਸੀ ਫੋਲ ਫੁਲਾਈਆ । ਮਨਮਤ ਤੇਰਾ ਪਰਦਾ ਲੌਹਣਾ, ਦੂਈ ਦਵੈਤ ਮੇਟ ਮਿਟਾਈਆ । ਜੂਠ ਝੂਠ ਤੇਰਾ ਡੇਰਾ ਢੌਹਣਾ, ਖ਼ਾਕੀ ਖ਼ਾਕ ਮਿਲਾਈਆ । ਹਉਮੇ ਹੰਗਤਾ ਗੜ੍ਹ ਤੁੜੌਣਾ, ਮਾਇਆ ਮਮਤਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਦਵਾਰਾ ਵੇਖੇ ਚਾਈਂ ਚਾਈਂਆ । ਸਚਖੰਡ ਦਵਾਰੇ ਚੜ੍ਹਿਆ ਚਾ, ਪ੍ਰਭ ਸਾਚਾ ਖ਼ੁਸ਼ੀ ਮਨਾਇੰਦਾ । ਸਚ ਦਰਬਾਰ ਲਏ ਲਗਾ, ਪਹਿਲੀ ਚੇਤਰ ਰਾਹ ਤਕਾਇੰਦਾ । ਗੁਰ ਅਵਤਾਰ ਲਏ ਦਰ ਬਹਾ, ਗੋਬਿੰਦ ਸੂਰਾ ਆਪ ਉਠਾਇੰਦਾ । ਸ਼ਬਦੀ ਸ਼ਬਦ ਦੇਣੀ ਸਚ ਸਲਾਹ, ਸਲਾਹਕਾਰ ਆਪ ਹੋ ਜਾਇੰਦਾ । ਉਠੋ ਵੇਖੋ ਮਾਰ ਧਿਆਨ, ਚਾਰ ਕੁੰਟਾਂ ਰਾਹ ਵਖਾਇੰਦਾ । ਰਾਮ ਕ੍ਰਿਸ਼ਨ ਈਸਾ ਮੂਸਾ ਜਲਵਾ ਨੂਰ ਗਏ ਭੁਲਾ, ਨੂਰ ਨੁਰਾਨਾ ਰੰਗ ਨਾ ਕੋਇ ਚੜ੍ਹਾਇੰਦਾ । ਨਾਮ ਸਤਿ ਮਿਲੇ ਨਾ ਕੋਈ ਥਾਂ, ਚਾਰੋਂ ਕੁੰਟ ਫੇਰਾ ਪਾਇੰਦਾ । ਫ਼ਤਿਹ ਡੰਕਾ ਨਾ ਸਕੇ ਕੋਈ ਵਜਾ, ਵਾਹ ਵਾ ਗੁਰੂ ਨਾ ਕੋਈ ਮਿਲਾਇੰਦਾ । ਵਰਨਾਂ ਬਰਨਾਂ ਪਿਆ ਫਾਹ, ਲੋਕਮਾਤ ਨਾ ਕੋਈ ਤੁੜਾਇੰਦਾ । ਪੁਰਖ ਅਕਾਲ ਭੁੱਲਿਆ ਨਾਂ, ਪਤ ਪਰਮੇਸ਼ਵਰ ਨਾ ਕੋਈ ਗਾਇੰਦਾ । ਜਗਤ ਜੁਗ ਆਪਣਾ ਰਾਹ ਗਿਆ ਭੁਲਾ, ਜਾਗਰਤ ਜੋਤ ਨਾ ਕੋਈ ਜਗਾਇੰਦਾ । ਵਿਭਚਾਰ ਕਰਨ ਗੁਨਾਹ, ਪਿਤਾ ਪੂਤ ਨਾ ਸੋਭਾ ਪਾਇੰਦਾ । ਤੀਰਥ ਤਟ ਨਾਰੀ ਪੁਰਸ਼ ਨੰਗੇ ਰਹੇ ਨਹਾ, ਦੁਰਮਤ ਮੈਲ ਨਾ ਕੋਈ ਧੁਆਇੰਦਾ । ਉਚੀ ਕੂਕ ਪੰਡਤ ਪਾਂਧੇ ਰਹੇ ਸੁਣਾ,

ੴ੩੨੨ ਆਤਮ ਗਿਆਨ ਨਾ ਕੋਇ ਦ੍ਰਿੜਾਇੰਦਾ । ਵਾਹਦ ਲਾਸ਼ਰੀਕ ਕਹਿਣ ਖ਼ੁਦਾ, ਖ਼ੁਦੀ ਮਾਣ ਨਾ ਕੋਇ ਮਿਟਾਇੰਦਾ । ਸ਼ਰੀਯਤ ਨਾਮ ਰਹੇ ਪੜ੍ਹਾ, ਨਾਮ ੧੩੨੨

ਸਤਿ ਨਜ਼ਰ ਕਿਸੇ ਨਾ ਆਇੰਦਾ । ਬ੍ਰਹਮ ਮਤ ਨਾ ਮਿਲਿਆ ਰਾਹ, ਗੁਰਮਤ ਨਾ ਕੋਈ ਵਖਾਇੰਦਾ । ਕਲਜੁਗ ਜੀਵ ਹੰਸ ਹੋਏ ਕਾਂ, ਕਾਗ ਹੰਸ ਨਾ ਰੂਪ ਵਟਾਇੰਦਾ । ਵੇਖਣਹਾਰਾ, ਵੇਖੇ ਸੱਚਾ ਸ਼ਹਿਨਸ਼ਾਹ, ਸਚਖੰਡ ਵਾਸੀ ਭੁਲ ਨਾ ਜਾਇੰਦਾ । ਗੁਰ ਅਵਤਾਰ ਬਖ਼ਸ਼ੇ ਜਿਸ ਗੁਨਾਹ, ਤਿਸ ਬੇੜਾ ਪਾਰ ਕਰਾਇੰਦਾ । ਕਲਜੁਗ ਅੰਤਮ ਪਕੜੇ ਬਾਂਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਦਵਾਰੇ ਆਪੇ ਚੜ੍ਹ, ਤਖ਼ਤ ਨਿਵਾਸੀ ਸਾਚਾ ਤਖ਼ਤ ਸੁਹਾਇੰਦਾ । ਤਖ਼ਤ ਸੁਹਾਏ ਆਦਿ ਅੰਤ, ਆਦਿ ਪੁਰਖ ਅਬਿਨਾਸ਼ਾ । ਨਾਮ ਜਪਾਏ ਸਾਚਾ ਮੰਤ, ਲੋਕਮਾਤ ਦਏ ਭਰਵਾਸਾ । ਹਰਿਜਨ ਮੇਲਾ ਨਾਰੀ ਕੰਤ, ਸੇਵਕ ਸੇਵਾ ਕਰੇ ਬਣ ਬਣ ਦਾਸੀ ਦਾਸਾ । ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਕਿਸੇ ਹੱਟ ਨਾ ਵਿਕਾਏ ਤੋਲਾ ਮਾਸਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਖੇ ਖੇਲ ਤਮਾਸ਼ਾ । ਖੇਲ ਤਮਾਸ਼ਾ ਵੇਖੇ ਕਾਹਨ, ਨਿਰਗੁਣ ਹੱਥ ਵਡੀ ਵਡਿਆਈਆ । ਲੇਖਾ ਜਾਣੇ ਦੋ ਜਹਾਨ, ਦੋ ਜਹਾਨਾਂ ਰੂਪ ਧਰਾਈਆ । ਕਲਜੁਗ ਅੰਤਮ ਹੋ ਪਰਧਾਨ, ਜਗਤ ਪਰਧਾਨਗੀ ਰਿਹਾ ਵਖਾਈਆ । ਸਚ ਉਠਾਏ ਇਕ ਨਿਸ਼ਾਨ, ਨੌ ਖੰਡ ਪ੍ਰਿਥਮੀ ਨਿਸ਼ਾਨਾ ਦਏ ਲਗਾਈਆ । ਦੋ ਜਹਾਨਾਂ ਪਾਏ ਏਕਾ ਆਣ, ਦੂਸਰ ਆਣ ਨਾ ਕੋਇ ਰਖਾਈਆ । ਵਰਨ ਬਰਨ ਏਕਾ ਗਾਣ, ਏਕਾ ਕਰੇ ਸਚ ਪੜ੍ਹਾਈਆ । ਏਕਾ ਨਰ ਨਰਾਇਣ ਪਰਗਟ ਹੋਵੇ ਆਣ, ਨਿਹਕਲੰਕ ਨਾਉਂ ਰਖਾਈਆ । ਏਕਾ ਰਾਗ ਇਕ ਤਰਾਨ, ਤੁਰੀਆ ਨਾਦ ਆਪ ਵਜਾਈਆ । ਏਕਾ ਤੀਰ ਏਕਾ ਬਾਣ, ਏਕਾ ਚਿਲੇ ਲਏ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਬੰਧਨ ਆਪੇ ਪਾਈਆ । ਕਲਜੁਗ ਅੰਤਮ ਬੰਧਨ ਪੌਣਾ, ਹਰਿ ਸਾਚਾ ਸਚ ਸਮਝਾਇੰਦਾ । ਜੂਠਾ ਝੂਠਾ ਮੋਹ ਚੁਕੌਣਾ, ਮਾਇਆ ਮਮਤਾ ਪਰਦਾ ਲਾਹਿੰਦਾ । ਸਾਚਾ ਮਾਰਗ ਏਕਾ ਲੌਣਾ, ਚਾਰ ਵਰਨ ਰੰਗ ਰੰਗਾਇੰਦਾ । ਜ਼ਾਤਾਂ ਪਾਤਾਂ ਡੇਰਾ ਢੌਹਣਾ, ਦੀਨ ਮਜ਼ਬ ਨਾ ਕੋਈ ਰਖਾਇੰਦਾ । ਆਤਮ ਪਰਦਾ ਆਪੇ ਲੌਹਣਾ, ਪਰਮਾਤਮ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕ ਸਮਝਾਇੰਦਾ । ਸਾਚਾ ਮਾਰਗ ਹਰਿ ਜੂ ਦੱਸ, ਜਨ ਭਗਤਾਂ ਕਰੇ ਪੜ੍ਹਾਈਆ । ਹਿਰਦੇ ਅੰਦਰ ਆਪੇ ਵਸ, ਆਪ ਆਪਣਾ ਮੇਲ ਮਿਲਾਈਆ । ਨਿਝਰ ਝਿਰਨਾ ਦੇਵੇ ਰਸ, ਅੰਮ੍ਰਿਤ ਰਸ ਛੁਹਾਈਆ । ਦਰਸ ਦਿਖਾਏ ਹੱਸ ਹੱਸ, ਸਵਛ ਸਰੂਪੀ ਰੂਪ ਵਟਾਈਆ । ਲੋਕਮਾਤ ਆਏ ਨੱਸ ਨੱਸ, ਆਪ ਆਪਣਾ ਪੰਧ ਮੁਕਾਈਆ । ਜਨ ਭਗਤਾਂ ਦਵਾਰੇ ਜਾਏ ਢੱਠ, ਮਾਣ ਤਾਣ ਨਾ ਕੋਈ ਵਡਿਆਈਆ । ਸਰਬ ਕਲਾ ਆਪੇ ਸਮਰਥ, ਸਮਰਥ ਪੁਰਖ ਸੱਚਾ ਸ਼ਹਿਨਸ਼ਾਹੀਆ । ਜੁਗਾ ਜੁਗੰਤਰ ਚਲਾਏ ਰਥ, ਰਥ ਰਥਵਾਹੀ ਸੇਵ ਕਮਾਈਆ । ਕਲਜੁਗ ਅੰਤਮ ਹੋ ਪਰਗਟ, ਨਿਹਕਲੰਕਾ ਨਾਉਂ ਰਖਾਈਆ । ਲਹਿਣਾ ਦੇਣਾ ਚੁਕਾਏ ਚੌਦਾਂ ਲੋਕ ਚੌਦਾਂ ਹੱਟ, ਚੌਦਾਂ ਤਬਕਾਂ ਪੰਧ ਮੁਕਾਈਆ । ਕਰੇ ਖੇਲ ਬਾਜੀਗਰ ਨਟ, ਸਵਾਂਗੀ ਆਪਣਾ ਸਾਂਗ ਰਚਾਈਆ । ਪੰਧ ਮੁਕਾਏ ਤੀਰਥ ਅਠਸਠ, ਲੇਖਾ ਆਪਣੀ ਝੋਲੀ ਪਾਈਆ । ਲੱਖ ਚੁਰਾਸੀ ਪਾਏ ਨੱਥ, ਚਾਰੋਂ ਕੁੰਟ ਭਵਾਈਆ । ਲਹਿਣਾ ਦੇਣਾ ਦੇਵੇ ਹੱਥੋ ਹੱਥ, ਸ਼ਾਹ ਸੁਲਤਾਨਾਂ ਖ਼ਾਕ ਮਿਲਾਈਆ । ਜਨ ਭਗਤਾਂ ਕਰੇ ਇਕ ਇਕੱਠ, ਸਤਿ ਦਵਾਰਾ ਆਪ ਸਹਾਈਆ । ਆਪੇ ਦੇਵੇ ਸਾਚਾ ਹਠ, ਸਤਿ ਸੰਤੋਖ ਧੀਰ ਬੰਧਾਈਆ । ਮੇਲ ਮਿਲਾਏ ਕਮਲਾਪਤ, ਕਵਲ ਨੈਣ ਵਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਲਏ ਉਠਾਈਆ । ਹਰਿਜਨ ਸਾਚਾ ਆਪ ਪਰਗਟੌਣਾ, ਸ਼ਬਦੀ ਸ਼ਬਦ ਆਪ ਪਰਗਟਾਇੰਦਾ । ਪੂਰਬ ਲਹਿਣਾ ਦੇਣਾ ਝੋਲੀ ਪੌਣਾ, ਲਿਖਿਆ ਲੇਖ ਨਾ ਕੋਈ ਮਿਟਾਇੰਦਾ । ਕਲਜੁਗ ਭੇਖ ਪਖੰਡਾ ਦੂਰ ਕਰੌਣਾ, ਅੰਧ ਅੰਧੇਰ ਆਪ ਗਵਾਇੰਦਾ । ਸੋਹੰ ਸੁਹਾਗੀ ਛੰਦ ਆਪੇ ਗੌਣਾ, ਵਿਸ਼ਨ ਬ੍ਰਹਮਾ ਸ਼ਿਵ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਆਪ ਸਲਾਹਿੰਦਾ । ਹਰਿਜਨ ਵਡਿਆਈ ਵੱਡੀ ਵਡ, ਵੱਡਾ ਆਪ ਸਲਾਹਿੰਦਾ । ਜਿਸ ਜਨ ਲਡਾਏ ਆਪਣਾ ਲਡ, ਤਿਸ ਆਪਣਾ ਬੰਧਨ ਪਾਇੰਦਾ । ਲੱਖ ਚੁਰਾਸੀ ਵਿਚੋਂ ਕੱਢ, ਮਾਤ ਗਰਭ ਫੰਦ ਤੁੜਾਇੰਦਾ । ਸਚ ਦਵਾਰੇ ਸਦ, ਜਿਸ ਸਿਰ ਆਪਣਾ ਹੱਥ ਟਿਕਾਇੰਦਾ । ਜਨ ਭਗਤਾਂ ਪੂਰੀ ਕਰੇ ਆਸ, ਨਿਤ ਨਵਿਤ ਖੇਲ ਕਰਾਇੰਦਾ । ਹੋਏ ਸਹਾਈ ਜੰਗਲ ਜੂਹ ਉਜਾੜ ਪਹਾੜ ਵਿਚ ਪਰਭਾਸ, ਸਮੁੰਦ ਸਾਗਰ ਡੂੰਘੀ ਕੰਦਰ ਫੋਲ ਫੁਲਾਇੰਦਾ । ਨਿਰਗੁਣ ਜੋਤ ਕਰੇ ਪਰਕਾਸ਼, ਅੰਧ ਅੰਧੇਰ ਗਵਾਇੰਦਾ । ਲੇਖੇ ਲਾਏ ਪਵਣ ਸਵਾਸ, ਜਿਹਵਾ ਆਪਣਾ ਗੁਣ ਸਮਝਾਇੰਦਾ । ਹਰਿਜਨ ਹੋਏ ਨਾ ਅੰਤ ਨਿਰਾਸ, ਕੀਤੀ ਘਾਲ ਲੇਖੇ ਪਾਇੰਦਾ । ਤੋੜਨਹਾਰਾ ਜਮ ਕਾ ਫਾਸ, ਜਮ ਦੰਡ ਨਾ ਕੋਇ ਲਗਾਇੰਦਾ । ਭਗਤ ਭਗਵੰਤ ਸਦ ਰੱਖੇ ਪਾਸ, ਆਪਣਾ ਘਰ ਆਪ ਸੁਹਾਇੰਦਾ । ਕਰੇ ਖੇਲ ਸ਼ਾਹੋ ਸ਼ਾਬਾਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਆਪ ਪਰਗਟਾਇੰਦਾ । ਹਰਿਜਨ ਪਰਗਟੇ ਹਰਿ ਹਰਿ ਧਾਰ, ਸੋ ਪੁਰਖ ਨਿਰੰਜਣ ਆਪ ਪਰਗਟਾਈਆ । ਹਰਿ ਪੁਰਖ ਨਿਰੰਜਣ ਕਰੇ ਪਿਆਰ, ਏਕੰਕਾਰਾ ਗੋਦ ਸੁਹਾਈਆ । ਆਦਿ ਨਿਰੰਜਣ ਕਰ

ਉਜਿਆਰ, ਜੋਤ ਨਿਰੰਜਣ ਦਏ ਜਗਾਈਆ । ਅਬਿਨਾਸ਼ੀ ਕਰਤਾ ਧਾਮ ਵਖਾਏ ਠਾਂਡਾ ਦਰਬਾਰਾ, ਅਗਨੀ ਤਤ ਨਾ ਕੋਈ ਜਲਾਈਆ । ਸ੍ਰੀ ਭਗਵਾਨ ਕਰੇ ਸੰਭਾਲ, ਦਿਵਸ ਰੈਣ ਸੇਵ ਕਮਾਈਆ । ਪਾਰਬ੍ਰਹਮ ਬ੍ਰਹਮ ਆਪੇ ਭਾਲ, ਆਪੇ ਮੇਲਾ ਲਏ ਮਿਲਾਈਆ । ਅੰਤਮ ਨਾਤਾ ਤੁੱਟੇ ਕਾਲ ਮਹਾਕਾਲ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਲਏ ਮਿਲਾਈਆ । ਹਰਿਜਨ ਸੱਜਣ ਹਰਿ ਮਿਲੌਣਾ, ਮਿਲ ਸਖ਼ੀਆਂ ਮੰਗਲ ਗਾਇਆ । ਦਵਾਰ ਬੰਕ ਆਪ ਸੁਹੌਣਾ, ਘਰ ਵੱਜਦੀ ਰਹੇ ਵਧਾਇਆ । ਕੰਤ ਭਗਵੰਤ ਏਕਾ ਪੌਣਾ, ਪਰਮ ਪੁਰਖ ਵਡ ਵਡਿਆਇਆ । ਸੰਤ ਸਤਿਗੁਰ ਸੰਗ ਨਿਭੌਣਾ, ਵਿਛੜ ਕਦੇ ਨਾ ਜਾਇਆ । ਸਤਿਜੁਗ ਦਵਾਰਾ ਇਕ ਬਹੌਣਾ, ਕਲਜੁਗ ਅੰਤਮ ਵੰਡ ਵੰਡਾਇਆ । ਛੱਤੀ ਜੁਗ ਦੇ ਸਲਾਹਿਆ ਸਾਢੇ ਤਿੰਨ ਤਿੰਨ ਹੱਥ ਏਕਾ ਆਸਣ ਲੌਣਾ, ਰਵਦਾਸ ਚਮਿਆਰਾ ਗਿਆ ਲਿਖਾਇਆ । ਕਲਜੁਗ ਮੁਨਾਰ ਇਕ ਬਣੌਣਾ, ਚਵੀ ਹੱਥ ਪੁਰਖ ਸਮਰਥ ਲਏ ਪਰਗਟਾਇਆ । ਪੂਜਾ ਪਾਠ ਇਕ ਕਰੌਣਾ, ਇਸ਼ਟ ਦੇਵ ਇਕ ਸਮਝਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਗੁਰ ਅਵਤਾਰਾਂ ਆਪਣੇ ਦਰ ਬਹਾਇਆ । ਗੁਰ ਅਵਤਾਰ ਸੱਦੇ ਦਰ, ਸੰਮਤ ਸੰਮਤੀ ਖੇਲ ਖਿਲਾਇੰਦਾ । ਲੋਕਮਾਤ ਜੋ ਦਿਤਾ ਵਰ, ਕਵਣ ਪੂਰ ਕਰਾਇੰਦਾ । ਉਠੋ ਵੇਖੋ ਆਪਣਾ ਘਰ, ਨੇਤਰ ਨੈਣਾਂ ਆਪ ਜਣਾਇੰਦਾ । ਪੱਲੂ ਕੋਈ ਨਾ ਰਿਹਾ ਫੜ, ਖ਼ਾਲੀ ਹੱਥ ਸਰਬ ਫਿਰਾਇੰਦਾ । ਸਾਚੇ ਮੰਦਰ ਨਾ ਕੋਈ ਜਾਏ ਚੜ੍ਹ, ਆਪਣਾ ਕੁੰਡਾ ਨਾ ਕੋਈ ਲਾਹਿੰਦਾ । ਸਾਧ ਸੰਤ ਅਧਵਿਚਕਾਰ ਬੈਠੇ ਅੜ, ਪਾਰ ਕਿਨਾਰਾ ਨਾ ਕੋਈ ਕਰਾਇੰਦਾ । ਮਾਤ ਅਗਨੀ ਰਹੇ ਸੜ, ਕਾਮ ਕ੍ਰੋਧ ਲੋਭ ਮੋਹ ਹੰਕਾਰ ਸਰਬ ਸਤਾਇੰਦਾ । ਜਿਸ ਦੀ ਲਾਈ ਲੋਕਮਾਤ ਜੜ੍ਹ, ਬੂਟਾ ਸਭ ਨੂੰ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਏਕਾ ਹੁਕਮ ਸੁਣਾਇੰਦਾ । ਗੁਰ ਅਵਤਾਰ ਮਾਰੋ ਧਿਆਨ, ਜਨ ਭਗਤਾਂ ਨਾਲ ਰਲਾਈਆ । ਲੋਕਮਾਤ ਜੋ ਦੇ ਕੇ ਆਏ ਗਿਆਨ, ਅੰਤਮ ਭੁੱਲੀ ਸਰਬ ਲੋਕਾਈਆ । ਕਲਜੁਗ ਕੂੜ ਹੋਇਆ ਪਰਧਾਨ, ਚਾਰੋਂ ਕੁੰਟ ਡੰਕਾ ਲਾਈਆ । ਨਾਲ ਰਲਿਆ ਪੰਜ ਸ਼ੈਤਾਨ, ਘਰ ਘਰ ਵਿਚ ਫੇਰਾ ਪਾਈਆ । ਜ਼ਾਤ ਅਜ਼ਾਤੀ ਹੋਏ ਬੇਈਮਾਨ, ਸ਼ਰਅ ਸ਼ਰੀਅਤ ਨਾ ਕੋਈ ਵਡਿਆਈਆ । ਸਿਦਕ ਸਬੂਰੀ ਨਾ ਕੋਈ ਈਮਾਨ, ਇਬਨੁਲ ਵਕ਼ਤ ਨਾ ਕੋਈ ਸਹਾਈਆ । ਨੌ ਖੰਡ ਪ੍ਰਿਥਮੀ ਕੋਟਨ ਕੋਟ ਗੁਰੂ ਬਣ ਬਣ ਖੋਲ੍ਹੀ ਬੈਠੇ ਦੁਕਾਨ, ਹਰਿ ਕਾ ਨਾਮ ਹੱਥ ਨਾ ਕਿਸੇ ਵਖਾਈਆ । ਪੁਰਖ ਅਬਿਨਾਸ਼ੀ ਏਕਾ ਵਾਰ ਵੇਖੇ ਮਾਰ ਧਿਆਨ, ਅਭੁਲ ਭੁਲ ਕਦੇ ਨਾ ਜਾਈਆ । ਆਪਣੇ ਆਪਣੇ ਲਓ ਪਛਾਣ, ਵੇਲਾ ਗਿਆ ਹੱਥ ਨਾ ਆਈਆ । ਸੰਮਤ ਵੀਹ ਸੌ ਉਨੀ ਚੜ੍ਹੇ ਵਿਚ ਜਹਾਨ, ਪ੍ਰਭ ਲੇਖਾ ਦਏ ਚੁਕਾਈਆ । ਏਕਾ ਸਭ ਨੂੰ ਮੰਨਣੀ ਪਏ ਆਣ, ਏਕਾ ਇਸ਼ਟ ਦੇਵ ਮਨਾਈਆ । ਵਿਸ਼ਨੂੰ ਬ੍ਰਹਮਾ ਸ਼ਿਵ ਕਰ ਪਰਵਾਨ, ਨਿਉਂ ਨਿਉਂ ਸੀਸ ਜਗਦੀਸ ਝੁਕਾਈਆ । ਤੇਰਾ ਹੁਕਮ ਸ਼ਾਹ ਸੁਲਤਾਨ, ਅਟਲ ਅਟਲ ਅਟਲ ਤੇਰੀ ਵਡਿਆਈਆ । ਭੁੱਲ ਨਾ ਜਾਈਏ ਬਣ ਨਾਦਾਨ, ਤੇਰੀ ਏਕ ਓਟ ਤਕਾਈਆ । ਚਰਨ ਦਵਾਰੇ ਦੇਣਾ ਮਾਣ, ਚਰਨ ਸਰਨ ਸੱਚੀ ਸਰਨਾਈਆ । ਹਉਂ ਭਿਖਕ ਮੰਗਾਂ ਦਾਨ, ਇਛਿਆ ਭਿਛਿਆ ਝੋਲੀ ਦੇ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਗੁਣ ਦੇਣਾ ਸਮਝਾਈਆ । ਸਾਚੀ ਭਿਛਿਆ ਭਗਤਨ ਹੱਥ, ਵਿਸ਼ਨ ਬ੍ਰਹਮੇ ਸ਼ਿਵ ਹਰਿ ਜਣਾਇੰਦਾ । ਛੱਬੀ ਪੋਹ

੧੩੨੪ ੧੦

ਦਵਾਏ ਹੱਥੋ ਹੱਥ, ਹੱਥ ਨਾਲ ਹੱਥ ਮਿਲਾਇੰਦਾ । ਸ਼ਬਦ ਸਰੂਪੀ ਕਰੇ ਅਕੱਠ, ਘਰ ਸਾਚੇ ਆਪ ਸਦਾਇੰਦਾ । ਇਕ ਦੂਜੇ ਦਾ ਨਾਮ ਆਪੇ ਦੇਵੇ ਦੱਸ, ਬਣ ਵਿਚੋਲਾ ਮੁਲਾਕਾਤ ਆਪ ਕਰਾਇੰਦਾ । ਨੌ ਸੌ ਚੁਰਾਨਵੇ ਚੌਕੜੀ ਜੁਗ ਦੀ ਪੂਰੀ ਆਸ, ਛੱਤੀ ਜੁਗ ਮੂਲ ਚੁਕਾਇੰਦਾ । ਆਪੇ ਭਰੇ ਆਪਣਾ ਖਾਤ, ਖਾਤਾ ਆਪਣਾ ਫੇਰ ਖੁਲਾਇੰਦਾ । ਚਾਰ ਜੁਗ ਦੀ ਮੁੱਕੇ ਗਾਥ, ਪਿਛਲਾ ਲੇਖਾ ਬੰਦ ਕਰਾਇੰਦਾ । ਅੱਗੇ ਦੇਵੇ ਆਪਣਾ ਸਾਥ, ਸਾਚਾ ਮਾਰਗ ਆਪੇ ਲਾਇੰਦਾ । ਬਹੱਤਰ ਭਗਤ ਉਤਾਰੇ ਆਪਣੇ ਘਾਟ, ਬਹੱਤਰ ਦੇਸਾਂ ਆਪ ਸਮਝਾਇੰਦਾ । ਕਲਜੁਗ ਮੁੱਕੇ ਅੰਤਮ ਵਾਟ, ਪਾਂਧੀ ਆਪਣਾ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਆਪੇ ਖੜ, ਨੂਰ ਨੁਰਾਨਾ ਦਰਸ ਕਰਾਇੰਦਾ । ਨੂਰ ਨੁਰਾਨਾ ਦੇਵੇ ਦਰਸ, ਜੋਤੀ ਜੋਤ ਜੋਤ ਰੁਸ਼ਨਾਈਆ । ਜਨ ਭਗਤਾਂ ਮੇਟੇ ਝੂਠੀ ਹਰਸ, ਹਉਮੇ ਹੋਰ ਨਾ ਕੋਈ ਵਧਾਈਆ । ਅੰਮ੍ਰਿਤ ਮੇਘ ਏਕਾ ਬਰਸ, ਸਾਂਤਕ ਸਤਿ ਸਤਿ ਦਏ ਕਰਾਈਆ । ਲੇਖਾ ਚੁਕਾਏ ਅਰਸ਼ ਫ਼ਰਸ਼, ਕਾਇਆ ਕੁਰਾ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਭਗਤ ਭਗਵੰਤ ਦਏ ਵਡਿਆਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੀਵਣ ਜੁਗਤ ਜਗ ਦੇਵੇ ਦਾਨ, ਜੋਤੀ ਜਾਤਾ ਪੁਰਖ ਬਿਧਾਤਾ ਇਕ ਇਕੱਲਾ ਇਕ ਇਕਾਂਤਾ ਅਕਲ ਕਲ ਅਛਲ ਛਲ ਆਪਣਾ ਖੇਲ ਕਰਾਈਆ ।

ਕਲਜੁਗ ਅੰਤਮ ਥੱਕਾ ਮਾਂਦਾ, ਨੇਤਰ ਨੈਣਾਂ ਨੀਰ ਵਹਾਇੰਦਾ । ਉਠ ਉਠ ਬਹਿ ਬਹਿ ਰਾਹ ਤਕਾਂਦਾ, ਕਵਣ ਦਵਾਰੇ ਹਰਿ ਜੂ ਆਇੰਦਾ । ਰਸਨਾ ਜਿਹਵਾ ਏਕਾ ਗੌਂਦਾ, ਆਪਣੀ ਭੁਲ ਬਖ਼ਸ਼ਾਇੰਦਾ । ਜਨ ਭਗਤਾਂ ਬੋਲ ਬੋਲ ਸੁਣਾਂਦਾ, ਗੀਤ ਗੋਬਿੰਦ ਇਕ ਅਲਾਇੰਦਾ । ਮੇਰਾ ਅੰਤਮ ਤੁਟਾ ਨਾਤਾ, ਬਿਧਾਤਾ ਜੋੜ ਨਾ ਕੋਈ ਜੁੜਾਇੰਦਾ । ਵੇਖੇ ਮੇਰਾ ਖ਼ਾਲੀ ਖਾਤਾ, ਹਿਸਾਬ ਨਜ਼ਰ ਕੋਈ ਨਾ ਆਇੰਦਾ । ਨਾ ਕੋਈ ਦਿਸੇ ਪਿਤਾ ਮਾਤਾ, ਸੀਸ ਹੱਥ ਨਾ ਕੋਈ ਰਖਾਇੰਦਾ । ਨਾ ਕੋਈ ਗਾਏ ਪੂਜਾ ਪਾਠਾ, ਗਿਆਨ ਧਿਆਨ ਨਾ ਕੋਈ ਦਰਸਾਇੰਦਾ । ਨਾ ਕੋਈ ਸਰੋਵਰ ਤੀਰਥ ਤਾਟਾ, ਸਰ ਅੰਮ੍ਰਿਤ ਨਾ ਕੋਈ ਨੁਹਾਇੰਦਾ । ਖ਼ਾਲੀ ਦਿਸੇ ਭਰਿਆ ਬਾਟਾ, ਗੋਬਿੰਦ ਜਾਮ ਨਾ ਕੋਇ ਪਿਆਇੰਦਾ । ਧਰਤ ਧਵਲ ਖੁੱਲ੍ਹਾ ਝਾਟਾ, ਮੇਂਢੀ ਸੀਸ ਨਾ ਕੋਈ ਗੁੰਦਾਇੰਦਾ । ਨਾ ਕੋਈ ਮੇਟੇ ਝਗੜਾ ਜ਼ਾਤਾ ਪਾਤਾ, ਵਰਨ ਬਰਨ ਨਾ ਕੋਈ ਸਮਝਾਇੰਦਾ । ਨਜ਼ਰ ਨਾ ਆਏ ਪੁਰਖ ਸਮਰਾਥਾ, ਚਾਰੋਂ ਕੂਟ ਵੇਖ ਵਖਾਇੰਦਾ । ਜੁਗ ਜੁਗ ਲੇਖਾ ਤ੍ਰਿਲੋਕੀ ਨਾਥਾ, ਮੁਕੰਦ ਮਨੋਹਰ ਲਖ਼ਮੀ ਨਰਾਇਣ ਮੁਕਟ ਬੈਣ ਨਾ ਨਜ਼ਰੀ ਆਇੰਦਾ । ਹੋਇਆ ਅੰਧੇਰਾ ਦੀਪ ਸਾਤਾ, ਨੌ ਖੰਡ ਦੀਪ ਨਾ ਕੋਈ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਉਂ ਭਿਖਕ ਮੰਗ ਮੰਗਾਇੰਦਾ । ਨੇਤਰ ਰੋਵੇ ਮਾਰੇ ਧਾਹ, ਆਪਣੀ ਕੂਕ ਸੁਣਾਈਆ । ਮੇਰਾ ਵੇਲਾ ਅੰਤਮ ਗਿਆ ਆ, ਨਾ ਸਕੇ ਕੋਈ ਬਚਾਈਆ । ਜਿਸ ਬੂਟਾ ਦਿਤਾ ਲਾ, ਸੋ ਜੜ੍ਹ ਰਿਹਾ ਉਖੜਾਈਆ । ਜਿਸ ਵਸਤ ਝੋਲੀ ਦਿਤੀ ਪਾ, ਸੋ ਆਪਣੀ ਹੱਥੀਂ ਬਾਹਰ ਕਢਾਈਆ । ਜਿਸ ਰੱਖਿਆ ਮੇਰਾ ਨਾਂ, ਸੋ ਮੇਰਾ ਨਾਉਂ ਦਏ ਕਟਾਈਆ । ਮੈਂ ਜਾਂਵਾ ਕੇਹੜੇ ਥਾਂ, ਅੰਤਰ ਨਜ਼ਰ ਨਾ ਕੋਈ ਰਖਾਈਆ । ਬਿਨ ਹਰਿ ਨਾਮੇ ਹੋਇਆ ਕਾਂ, ਬੁਧੀ ਕਾਗ ਵਾਂਗ ਕੁਰਲਾਈਆ । ਸਿਰ ਦੇਵੇ ਕੋਈ ਨਾ ਠੰਡੀ ਛਾਂ, ਸਮਰਥ ਪੁਰਖ ਬੈਠਾ ਮੁਖ ਭਵਾਈਆ । ਨਾ ਕੋਈ ਮਿਲੇ ਭੈਣ ਭਰਾ, ਸਾਕ ਸੈਣ ਸੈਣ ਨਾ ਕੋਈ ਸਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਧ ਸੰਤ ਕਰ ਗਏ ਨਾਂਹ, ਦਸਤਗੀਰ ਦਾਮਨ ਨਾ ਕੋਈ ਫੜਾਈਆ । ਅਜ਼ਮਤ

ਦੇਵੇ ਇਕ ਸਲਾਹ, ਗ਼ਫ਼ਲਤ ਮੇਰੀ ਕੰਮ ਕਿਸੇ ਨਾ ਆਈਆ । ਕਰਿਆ ਖੇਲ ਬੇਪਰਵਾਹ, ਬੇਪਰਵਾਹ ਧਾਰ ਚਲਾਈਆ । ਸ਼ਬਦ ਸ਼ਬਦੀ ਡੰਕ ਵਜਾ, ਮੇਰਾ ਡੰਕਾ ਬੰਦ ਕਰਾਈਆ । ਤਖ਼ਤ ਤਾਜ ਦਏ ਮਿਟਾ, ਤਖ਼ਤ ਨਿਵਾਸੀ ਹੁਕਮ ਸੁਣਾਈਆ । ਵਸਦੇ ਖੇੜੇ ਦੇਵੇ ਢਾਹ, ਕੱਲਰ ਕੰਧ ਰਹਿਣ ਨਾ ਪਾਈਆ । ਜਲ ਥਲ ਵੇਖੇ ਅਸਗਾਹ, ਡੂੰਘੀ ਕੰਦਰ ਫੋਲ ਫੁਲਾਈਆ । ਜੰਗਲ ਜੂਹ ਉਜਾੜ ਪਹਾੜ ਫੇਰਾ ਪਾ, ਉਚੇ ਟਿੱਲੇ ਪਰਬਤ ਫਿਰੇ ਚਾਈਂ ਚਾਈਆ । ਲੱਖ ਚੁਰਾਸੀ ਆਤਮ ਪਰਦਾ ਆਪੇ ਲਾਹ, ਲਿਖ ਲਿਖ ਲੇਖਾ ਦਏ ਮੁਕਾਈਆ । ਚਿਤਰ ਗੁਪਤ ਦਰ ਬਹਾ, ਹੁਕਮੀ ਹੁਕਮ ਮਨਾਈਆ । ਰਾਏ ਧਰਮ ਲਏ ਉਠਾ, ਏਕਾ ਡੰਡਾ ਲਾਈਆ । ਲਾੜੀ ਮੌਤ ਦਏ ਸੁਣਾ, ਲੱਖ ਚੁਰਾਸੀ ਤੇਰੀ ਝੋਲੀ ਪਾਈਆ । ਜੋ ਘੜਿਆ ਭੰਨ ਦਏ ਵਖਾ, ਥਿਰ ਕੋਇ ਰਹਿਣ ਨਾ ਪਾਈਆ । ਕਲਜੁਗ ਤੇਰਾ ਸੱਥਰ ਦਏ ਵਿਛਾ, ਸਗਲਾ ਸੰਗ ਨਾ ਕੋਈ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦੂਸਰ ਅਵਰ ਨਾ ਕੋਈ ਵਡਿਆਈਆ । ਕਲਜੁਗ ਕੂੜ ਕੁੜਿਆਰਾ ਰਿਹਾ ਕੂਕ, ਚਾਰ ਕੁੰਟ ਹਲਕਾਇਆ । ਮੇਰੀ ਅੰਤਮ ਚੁੱਕੇ ਚੂਕ, ਵੇਲੇ ਅੰਤ ਨਾ ਕੋਈ ਸਹਾਇਆ । ਤ੍ਰੈਗੁਣ ਮਾਇਆ ਰਹੀ ਫੂਕ, ਪੰਜ ਤਤ ਜਲਾਇਆ । ਮੇਰੀ ਮਿਟੇ ਨਾ ਤ੍ਰਿਸ਼ਨਾ ਭੁਖ, ਆਸਾ ਤ੍ਰਿਸ਼ਨਾ ਨਾ ਪੂਰ ਕਰਾਇਆ । ਮੈਂ ਦਰ ਦਰ ਘਰ ਘਰ ਮੰਦਰ ਮਸਜਿਦ ਮਠ ਸ਼ਿਵਦਵਾਲੇ ਧੁਖਾਇਆ ਧੂਪ, ਜਗਤ ਸੁਗੰਧੀ ਏਕਾ ਪਾਇਆ । ਕੂੜ ਕੁੜਿਆਰਾ ਘਰ ਘਰ ਵਖਾਇਆ ਰੂਪ, ਅਨੂਪ ਦਰਸ ਨਾ ਕਿਸੇ ਪਾਇਆ । ਮੈਂ ਸਤਿਗੁਰ ਸਾਹਿਬ ਦਾ ਲਾਡਲਾ ਪੂਤ, ਛੋਟਾ ਬਾਲਾ ਨਾਉਂ ਰਖਾਇਆ । ਮੇਰਾ ਡੰਕਾ ਵੱਜਿਆ ਚਾਰ ਕੂਟ, ਸ਼ਾਹ ਸੁਲਤਾਨ ਬਚਿਆ ਕੋਈ ਰਹਿਣ ਨਾ ਪਾਇਆ । ਮੈਂ ਏਕਾ ਵੇਖਿਆ ਤਾਣਾ ਪੇਟਾ ਸੂਤ, ਆਪਣੀ ਹੱਥੀਂ ਗੰਢ ਦਵਾਇਆ । ਕਲਜੁਗ ਅੰਤਮ ਸਾਧ ਸੰਤ ਮੈਂ ਕੀਤੇ ਪੂਤ ਕਪੂਤ, ਪਿਤਾ ਪੂਤ ਨਾ ਕੋਈ ਮਿਲਾਇਆ । ਝੂਠੀ ਖ਼ਾਕ ਰਮਾ ਹੋਏ ਅਵਧੂਤ, ਅਵਗਤ ਆਵਣ ਜਾਵਣ ਗੇੜ ਬਣਾਇਆ । ਵੇਲੇ ਅੰਤਮ ਰਾਏ ਧਰਮ ਮਾਰੇ ਜੂਤ, ਜਿਨ ਹਰਿ ਹਰਿ ਨਾਮ ਭੁਲਾਇਆ । ਲੱਖ ਚੁਰਾਸੀ ਜਾਮਾ ਪ੍ਰੇਤ ਭੂਤ, ਭਵ ਸਾਗਰ ਪਾਰ ਨਾ ਕੋਈ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹਿਆ । ਕਲਜੁਗ ਉਠ ਉਠ ਤੱਕੇ ਰਾਹ, ਨੇਤਰ ਨੈਣ ਨੈਣ ਉਠਾਈਆ । ਵੇਲੇ ਅੰਤਮ ਬਣੇ ਹਰਿ ਮਲਾਹ, ਬੇੜਾ ਪਾਰ ਕਰਾਈਆ । ਗੁਰ ਗੋਬਿੰਦ ਦੇਵੇ ਸਚ ਸਲਾਹ, ਸਲਾਹਗੀਰ ਇਕ ਹੋ ਜਾਈਆ । ਜਗਤ ਵਿਛੋੜਾ ਦਏ ਕਟਾ, ਮੇਲ ਮਿਲਾਏ ਸਹਿਜ ਸੁਭਾਈਆ । ਮੇਰਾ ਖੇੜਾ ਰਿਹਾ ਢਾਹ, ਬਾਲੇ ਨੀਹਾਂ ਹੇਠ ਦਬਾਈਆ । ਮੇਰੀ ਜੜ੍ਹ ਰਿਹਾ ਉਖੜਾ, ਅੰਤ ਸ਼ਬਦ ਹਲੂਣਾ ਲਾਈਆ । ਮੈਂ ਗਲ ਵਿਚ ਪੱਲੂ ਪਾ, ਦੋਵੇਂ ਜੋੜ ਪਵਾਂ ਸਰਨਾਈਆ । ਮੇਰਾ ਕਰ ਅੰਤ ਬਚਾ, ਨਿਥਾਵਿਆਂ ਥਾਂਵ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮੇਰਾ ਫੰਦ ਦਏ ਕਟਾਈਆ । ਕਲਜੁਗ ਉਠ ਉਠ ਬਲ ਧਾਰੇ, ਬਲ ਆਪਣਾ ਆਪ ਜਣਾਈਆ । ਮੇਰਾ ਤੁੱਟਾ ਮਾਣ ਹੰਕਾਰੇ, ਹੰਗਤਾ ਗੜ੍ਹ ਨਜ਼ਰ ਨਾ ਆਈਆ । ਮੈਂ ਭੁੱਲਿਆ ਭੁਲਾਇਆ ਸਰਬ ਸੰਸਾਰੇ, ਅਭੁਲ ਤੇਰੀ ਵਡਿਆਈਆ । ਮੈਂ ਸ਼ਾਹ ਸੁਲਤਾਨਾ ਦਰ ਦਰ ਘਰ ਘਰ ਸਰਬ ਉਜਾੜੇ, ਸੀਸ ਤਾਜ ਨਾ ਕੋਈ ਟਿਕਾਈਆ । ਧਰਨੀ ਧਰਤ ਧਵਲ ਮੇਰੇ ਅੱਗੇ ਕੱਢੇ ਹਾੜੇ, ਨੇਤਰ ਨੈਣਾਂ ਨੀਰ ਵਹਾਈਆ । ਚੋਰ ਯਾਰ ਮੇਰੀ ਛਾਤੀ ਰਹੇ ਲਤਾੜੇ, ਸਾਚਾ ਸੀਰ ਮੁਖ ਨਾ ਕੋਈ ਰਖਾਈਆ । ਆ ਮਿਲ ਗੋਬਿੰਦ ਮੇਰੇ ਪਿਆਰੇ, ਰਾਹ ਤੱਕੇ ਤੇਰਾ ਰਾਹੀਆ । ਤੇਰਾ ਰੂਪ ਪੰਜ ਪਿਆਰੇ,

੧੩੨੭
੧੦

ਪੰਚਮ ਤੇਰਾ ਰੰਗ ਸਮਾਈਆ । ਚਾਰ ਜੁਗ ਗੁਰ ਅਵਤਾਰ ਦੇ ਦੇ ਗਏ ਲਾਰੇ, ਅੰਤ ਏਕਾ ਓਟ ਤਕਾਈਆ । ਤੇਰੇ ਭਗਤ ਰਹੇ ਕੁਆਰੇ, ਤੁਧ ਬਿਨ ਅੰਤ ਨਾ ਕੋਈ ਪਰਨਾਈਆ । ਆ ਵੇਖ ਮਿਤਰ ਪਿਆਰੇ, ਤੇਰਾ ਸੱਬਰ ਰਹੇ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਗੁਣ ਅਵਗੁਣ ਨਾ ਕੋਈ ਜਣਾਈਆ । ਕਲਜੁਗ ਉਠ ਕਰੇ ਨਿਮਸਕਾਰ, ਦੋਏ ਦੋਏ ਨਿਮਸਕਾਰਿਆ । ਤੂੰ ਸਾਹਿਬ ਬੇਐਬ ਪਰਵਰਦਿਗਾਰ, ਵਸਣਹਾਰਾ ਧਾਮ ਨਿਆਰਿਆ । ਤੂੰ ਮੇਲ ਮਿਲਾਇਆ ਚਾਰ ਯਾਰ, ਲੋਕਮਾਤ ਕਰ ਸ਼ੰਗਾਰਿਆ । ਕਰਿਆ ਮੁਹੰਮਦ ਇਕ ਪਿਆਰ, ਦਰ ਦਰ ਘਰ ਘਰ ਆਪਣਾ ਖੇਲ ਨਿਆਰਿਆ । ਏਕਾ ਮੰਗੀ ਮੰਗ ਭਿਖਾਰ, ਚੌਦਾਂ ਤਬਕਾਂ ਦਏ ਹੁਲਾਰਿਆ । ਸਦੀ ਚੌਧਵੀਂ ਤੇਰੀ ਧਾਰ, ਤੇਰੀ ਧਾਰਾ ਨਾਲ ਮਿਲਾ ਰਿਹਾ । ਕਲ ਆਈ ਅੰਤਮ ਵਾਰ, ਕਲ ਲੇਖਾ ਸਰਬ ਚੁਕਾ ਲਿਆ । ਲਹਿਣਾ ਦੇਣਾ ਦੇਣਾ ਲਹਿਣਾ ਕ਼ਰਜ਼ ਉਤਾਰ, ਹੌਲਾ ਭਾਰ ਇਕ ਉਠਾ ਲਿਆ । ਦਰ ਮੰਗ ਸਚ ਦਰਬਾਰ, ਦਰ ਦਰਵੇਸ਼ ਸੀਸ ਝੁਕਾ ਲਿਆ । ਤੇਰੇ ਭਗਤ ਕਰਨ ਪੁਕਾਰ, ਭੇਵ ਕਿਸੇ ਨਾ ਆ ਰਿਹਾ । ਪਰਗਟ ਹੋ ਵਿਚ ਸੰਸਾਰ, ਗੁਰ ਅਵਤਾਰ ਰਾਹ ਤਕਾ ਰਿਹਾ । ਵਰਨ ਬਰਨ ਰੋਵਣ ਜ਼ਾਰੋ ਜ਼ਾਰ, ਜ਼ਾਤ ਪਾਤ ਮੁਖ ਸ਼ਰਮਾ ਰਿਹਾ । ਮੰਦਰ ਮਸਜਿਦ ਮਠ ਸ਼ਿਵਦਵਾਲਾ ਹਾਹਾਕਾਰ, ਗੁਰੂਦਵਾਰੇ ਗੁਰੂ ਨਜ਼ਰ ਕੋਈ ਨਾ ਆ ਰਿਹਾ । ਪੁਰਖ ਅਕਾਲ ਕਰ ਵਿਚਾਰ, ਤੇਰਾ ਨੈਣ ਨੈਣਾਂ ਵਿਚ ਸਮਾ ਰਿਹਾ । ਜਾਮਾ ਲੈ ਅੰਤਮ ਵਾਰ, ਦੋਏ ਜੋੜ ਵਾਸਤਾ ਪਾ ਰਿਹਾ । ਪੁਰਖ ਅਬਿਨਾਸ਼ੀ ਹੋ ਮਿਹਰਵਾਨ, ਆਪਣਾ ਹੁਕਮ ਆਪ ਜਣਾ ਰਿਹਾ । ਮੈਂ ਆਵਾਂ ਆਪਣੀ ਧਾਰ, ਪਿਤਾ ਪੂਤ ਨਾ ਕੋਈ ਵਖਾ ਲਿਆ । ਸ਼ਬਦੀ ਸ਼ਬਦ ਬੋਲ ਜੈਕਾਰ, ਸਾਚਾ ਸੋਹਲਾ ਆਪੇ ਗਾ ਲਿਆ । ਜੋਤੀ ਜੋਤ ਜੋਤ ਉਜਿਆਰ, ਜੋਤੀ ਜਾਤਾ ਵਖਾ ਲਿਆ । ਨਾਉਂ ਰੱਖ ਨਿਹਕਲੰਕ ਨਰਾਇਣ ਨਰ ਅਵਤਾਰ, ਕਲਜੁਗ ਦਵਾਰਾ ਇਕ ਸੁਹਾ ਲਿਆ । ਗੁਰ ਚੇਲਾ ਸੋਹੇ ਇਕ ਦਵਾਰ, ਗੁਰ ਗੋਬਿੰਦ ਮੇਲ ਮਿਲਾ ਲਿਆ । ਕਲਜੁਗ ਤੇਰਾ ਤੋੜੇ ਬੰਧਨ ਵਿਚ ਸੰਸਾਰ, ਜਗਤ ਜੰਜਾਲਾ ਆਪ ਮਿਟਾ ਰਿਹਾ । ਸਾਚੀ ਰੀਤੀ ਕਰੇ ਅਪਾਰ, ਪਾਰਬ੍ਰਹਮ ਬ੍ਰਹਮ ਵੇਖ ਵਖਾ ਰਿਹਾ । ਏਕਾ ਨਾਮ ਸ਼ਬਦ ਧੁਨਕਾਰ, ਧੁਨ ਆਤਮਕ ਆਪ ਸੁਣਾ ਰਿਹਾ । ਨੌ ਖੰਡ ਪ੍ਰਿਥਮੀ ਸਤ ਦੀਪ ਬ੍ਰਹਿਮੰਡ ਖੰਡ ਜੇਰਜ ਅੰਡ ਸੁਣੇ ਆਪ ਪੁਕਾਰ, ਘਟ ਘਟ ਆਪਣਾ ਆਸਣ ਲਾ ਰਿਹਾ । ਭਗਤ ਭਗਵੰਤ ਲਏ ਉਠਾਲ, ਕਰਿਆ ਖੇਲ ਦੀਨ ਦਿਆਲ, ਦੀਨਨ ਆਪਣੇ ਗਲੇ ਲਗਾ ਰਿਹਾ । ਇਕ ਵਖਾਏ ਸੱਚੀ ਧਰਮਸਾਲ, ਜਿਸ ਦੇ ਨੇੜ ਨਾ ਆਏ ਕਾਲ, ਮਹਾਕਾਲ ਸੀਸ ਝੁਕਾ ਲਿਆ । ਪਹਿਰੇਦਾਰ ਬਣੇ ਆਪ ਪ੍ਰਿਤਪਾਲ, ਗੁਰਮੁਖ ਲਏ ਵਿਚ ਬਹਾਈਆ । ਸਾਚੀ ਸੇਵਾ ਕਰੇ ਸੇਵਕ ਬਣ ਗੋਪਾਲ, ਆਪਣੀ ਸੇਵ ਕਮਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਜੁਗ ਜੁਗ ਹੁਕਮੀ ਹੁਕਮੀਯਤ ਆਪ ਜਣਾ ਰਿਹਾ । ਸਾਚਾ ਹੁਕਮ ਧੁਰ ਫ਼ਰਮਾਨਾ, ਸ਼ਬਦ ਸੰਦੇਸ਼ਾ ਇਕ ਜਣਾਈਆ । ਪਰਗਟ ਹੋਏ ਸ੍ਰੀ ਭਗਵਾਨਾ, ਨਿਰਵੈਰ ਪੁਰਖ ਵਡੀ ਵਡਿਆਈਆ । ਜਨ ਭਗਤ ਬੰਨ੍ਹੇ ਹੱਥੀਂ ਗਾਨਾ, ਨਾਮ ਤੰਦ ਹੱਥ ਉਠਾਈਆ । ਆਤਮ ਅੰਤਰ ਦੇਵੇ ਬ੍ਰਹਮ ਗਿਆਨਾ, ਬ੍ਰਹਮ ਵਿਦਿਆ ਕਰੇ ਪੜ੍ਹਾਈਆ । ਚਰਨ ਕਵਲ ਕਵਲ ਚਰਨ ਬਖ਼ਸ਼ੇ ਇਕ ਟਿਕਾਨਾ, ਸਰਨਗਤ ਇਕ ਸਮਝਾਈਆ । ਗ਼ਰੀਬ ਨਿਮਾਣਿਆਂ ਦੇਵੇ ਮਾਣਾ, ਸਿਰ ਆਪਣਾ ਹੱਥ ਟਿਕਾਈਆ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਖ਼ਾਕ ਮਿਲੌਣਾ, ਖ਼ਾਕੀ ਖ਼ਾਕ ਖ਼ਾਕ ਵਖਾਈਆ । ਚਾਰ ਖਾਣੀ ਦੱਸੇ ਇਕੋ

ਗਾਣਾ, ਸੋਹੰ ਕਰੇ ਸਚ ਪੜ੍ਹਾਈਆ । ਘਰ ਬੈਠਿਆਂ ਸਤਿਗੁਰ ਪਾਣਾ, ਦੂਜਾ ਦਰ ਨਾ ਵੇਖਣ ਪਾਈਆ । ਬਿਨ ਸੰਤਾਂ ਨਜ਼ਰ ਨਾ ਆਏ ਕਿਸੇ ਟਿਕਾਣਾ, ਭੁੱਲੀ ਭਰਮ ਸਰਬ ਲੋਕਾਈਆ । ਗੁਰਮਖ ਵਿਰਲ ਾ ਚਤੁਰ ਸੁਘੜ ਸਿਆਨਾ, ਜਿਸ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਮਿਲੇ ਚਾਈਂ ਚਾਈਆ ।

## ★ ੨੯ ਅਸੂ ੨੦੨੮ ਬਿਕ੍ਰਮੀ ਪੂਰਨ ਸਿੰਘ ਦੇ ਗ੍ਰਿਹ ਪਿੰਡ ਲੇਲੀਆਂ ਜ਼ਿਲਾ ਅੰਮ੍ਰਿਤਸਰ ★

ਆਪਣੀ ਬਾਜ਼ੀ ਗਿਆ ਹਾਰ, ਜਿਤ ਨਜ਼ਰ ਕੋਇ ਨਾ ਆਈਆ । ਕਲਜੁਗ ਕਰਮ ਕਰੇ ਵਿਚਾਰ, ਧਰਮ ਧੀਰ ਨਾ ਕੋਈ ਵਖਾਈਆ । ਜਨਮ ਲਿਆ ਵਿਚ ਸੰਸਾਰ, ਚੌਥਾ ਜੁਗ ਨਾਉਂ ਧਰਾਈਆ । ਕੂੜ ਕੁੜਿਆਰਾ ਵਡ ਭੰਡਾਰ, ਵਿਚ ਸੰਸਾਰ ਲਿਆ ਵਰਤਾਈਆ । ਜੂਠ ਝੂਠ ਕਰ ਪਸਾਰ, ਏਕਾ ਡੰਕਾ ਲਿਆ ਸੁਣਾਈਆ । ਠਗ ਚੋਰ ਯਾਰ ਕਰ ਕਰ ਖ਼ਬਰਦਾਰ, ਤੇਰਾ ਨਾਉਂ ਭੁਲਾਈਆ । ਨਾਰੀ ਕੰਤ ਵਖਾਏ ਵਿਭਚਾਰ, ਵਿਭਚਾਰੀ ਰੰਗ ਵਖਾਈਆ । ਤੇਰੇ ਨਾਉਂ ਨਾ ਕਰਿਆ ਕੋਈ ਪਿਆਰ, ਗੀਤ ਸੁਹਾਗ ਨਾ ਕੋਈ ਗਾਈਆ । ਨਾਲ ਰਲਾਇਆ ਮੁਹੰਮਦ ਯਾਰ, ਯਾਰੀ ਯਾਰਾਂ ਨਾਲ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਲਾ ਅੰਤ ਹੋਇਆ ਦੁਖਦਾਈਆ । ਵੇਲਾ ਅੰਤ ਲੱਗਾ ਦੁੱਖ, ਦੁਖੀਆਂ ਦੁੱਖ ਨਾ ਕੋਈ ਮਿਟਾਇੰਦਾ । ਮੈਂ ਏਕਾ ਸੁੱਖਣਾ ਰਿਹਾ ਸੁੱਖ, ਤੇਰੀ ਅੰਤਮ ਓਟ ਤਕਾਇੰਦਾ । ਨਾ ਮਾਨਸ ਨਾ ਮੈਂ ਮਨੁੱਖ, ਮੇਰਾ ਰੂਪ ਨਜ਼ਰ ਕਿਸੇ ਨਾ ਆਇੰਦਾ । ਧਰਤ ਮਾਤ ਦੀ ਬੈਠਾ ਕੁੱਖ, ਗੋਦੀ ਅਵਰ ਨਾ ਕੋਈ ਸੁਹਾਇੰਦਾ । ਸਭ ਦੇ ਅੰਦਰ ਬੈਠਾ ਲੁਕ, ਅਨਡਿਠੀ ਖੇਲ ਕਰਾਇੰਦਾ । ਸ਼ੇਰ ਵਾਂਗ ਰਿਹਾ ਬੁਕ, ਏਕਾ ਭਬਕ ਜਣਾਇੰਦਾ । ਅੰਤਮ ਵੇਲਾ ਗਿਆ ਢੁਕ, ਪਹਿਲਾ ਲੇਖ ਨਾ ਕੋਈ ਸਮਝਾਇੰਦਾ । ਮੇਰਾ ਬੂਟਾ ਰਿਹਾ ਸੁੱਕ, ਫਲ ਨਜ਼ਰ ਕੋਈ ਨਾ ਆਇੰਦਾ । ਆਪਣੀ ਗੋਦੀ ਅੰਤਮ ਚੁੱਕ, ਦੋਏ ਜੋੜ ਸੀਸ ਝੁਕਾਇੰਦਾ । ਚਾਰੋਂ ਕੁੰਟ ਪੈਂਦਾਂ ਥੁੱਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੈਂ ਤੇਰਾ ਰਾਹ ਤਕਾਇੰਦਾ । ਅੰਤਮ ਵੇਲਾ ਗਿਆ ਹਰ, ਹਰਿ ਪੂਰਾ ਨਜ਼ਰ ਕੋਈ ਨਾ ਆਈਆ । ਲੋਕਮਾਤ ਬੈਠਾ ਰਿਹਾ ਡਰ, ਭੈ ਭਿਆਨਕ ਹੋਵੇ ਕੌਣ ਸਹਾਈਆ । ਜਿਸ ਘਾੜਨ ਮੇਰਾ ਲਿਆ ਘੜ, ਸੋ ਅੰਤਮ ਭੰਨ ਵਖਾਈਆ । ਵੇਲੇ ਅੰਤਮ ਫੜਾਂ ਕਿਸ ਦਾ ਲੜ, ਸਾਰੇ ਪੱਲੂ ਰਹੇ ਛੁਡਾਈਆ । ਗੁਰ ਅਵਤਾਰ ਕਹਿਣ ਅਸੀਂ ਭਾਣਾ ਰਹੇ ਜਰ, ਸਦ ਭਾਣੇ ਵਿਚ ਸਮਾਈਆ । ਪੁਰਖ ਅਬਿਨਾਸ਼ੀ ਏਕਾ ਭਗਤਾਂ ਦੇਵੇ ਵਰ, ਵਰ ਦਾਤਾ ਬੇਪਰਵਾਹੀਆ । ਅੰਤਮ ਬੰਨ੍ਹੇ ਆਪਣੇ ਲੜ, ਨਾਮ ਬੰਧਨ ਏਕਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਗੁਰ ਅਵਤਾਰ ਦੇਣ ਗਵਾਹੀਆ । ਗੁਰ ਅਵਤਾਰ ਦੱਸਣ ਰਾਹ, ਕਲਜੁਗ ਸੁਣ ਨਾਦਾਨ । ਤੇਰਾ ਅੰਤ ਨਾ ਕੋਈ ਮਲਾਹ, ਮਿਟੇ ਝੂਠ ਨਿਸ਼ਾਨ । ਪਾਰਬ੍ਰਹਮ ਪੁਰਖ ਅਬਨਾਸ਼ੀ ਅਗੇ ਵਾਸਤੇ ਪਾ ਪਾ ਪਾ, ਹੋਵੇ ਮਿਹਰਵਾਨ । ਨਿਥਾਵਿਆਂ ਦੇਵਣਹਾਰਾ ਥਾਂ, ਆਦਿ ਜੁਗਾਦਿ ਖੇਲ ਮਹਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਦੋ ਜਹਾਨ । ਦੋ ਜਹਾਨਾਂ ਹਰਿ ਹਰਿ ਵਾਲੀ, ਨਿਰਭੈ ਆਪਣੀ ਧਾਰ ਚਲਾਈਆ । ਕਲਜੁਗ ਫਿਰੇ ਹੱਥਾਂ ਖ਼ਾਲੀ, ਵਿਚ ਖ਼ਲਕ ਵਾਹੋ ਦਾਹੀਆ । ਕਵਣ ਦਵਾਰ ਬਣਾਂ ਸਵਾਲੀ,

ਪ੍ਰਭ ਅਗੇ ਸੀਸ ਝੁਕਾਈਆ । ਅੰਤਮ ਚਲੇ ਅਵੱਲੜੀ ਚਾਲੀ, ਭੇਵ ਅਭੇਦ ਆਪ ਰਖਾਈਆ । ਨੌਂ ਖੰਡ ਪ੍ਰਿਥਮੀ ਰੈਣ ਕਾਲੀ, ਸਾਚਾ ਨੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਆਪਣਾ ਵਰ, ਏਕਾ ਆਸ ਰਖਾਈਆ, ਖ਼ਾਲੀ ਹੱਥ ਫਿਰੇ ਭਿਖਾਰੀ, ਦਰ ਦਰ ਅਲਖ ਜਗਾਇੰਦਾ । ਕਵਣ ਕੂਟੇ ਮਿਲੇ ਜੋਤ ਨਿਰੰਕਾਰੀ, ਨਿਰਗੁਣ ਆਪਣੀ ਦਇਆ ਕਮਾਇੰਦਾ । ਮੇਰੀ ਪੈਜ ਦੇਵੇ ਸਵਾਰੀ, ਭੁਲ ਆਪਣੀ ਆਪ ਬਖ਼ਸ਼ਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਰੂਪ ਆਪ ਵਟਾਇੰਦਾ । ਸਾਚਾ ਰੂਪ ਹਰਿ ਹਰਿ ਧਰ, ਧਰਨੀ ਧਰਤ ਧਵਲ ਦਏ ਵਡਿਆਈਆ । ਆਪਣੀ ਕਰਨੀ ਆਪੇ ਕਰ, ਕਰਤਾ ਪੁਰਖ ਖੇਲ ਖਿਲਾਈਆ । ਆਪੇ ਜਾਣੇ ਗੁਰ ਅਵਤਾਰ, ਭਗਤ ਭਗਵੰਤ ਵੇਖ ਵਖਾਈਆ । ਗੋਬਿੰਦ ਸੂਰਾ ਅੱਗੇ ਖੜ, ਏਕਾ ਗੁਣ ਰਿਹਾ ਸਮਝਾਈਆ । ਏਕਾ ਫਲ ਜਾਣਾ ਝੜ, ਪੱਤ ਡਾਲ੍ਹੀ ਰਹਿਣ ਨਾ ਪਾਈਆ । ਅੰਤ ਪਾਸਾ ਜਾਣਾ ਹਰ, ਜਿਤ ਹੱਥ ਨਾ ਕੋਈ ਵਖਾਈਆ । ਏਕਾ ਔਣ ਹਰਿ ਕੇ ਦਰ, ਦਰ ਦਰ ਦਿਆਂ ਸਮਝਾਈਆ । ਕ੍ਰਿਪਾ ਤੇਰੇ ਉਪਰ ਦੇਵੇ ਕਰ, ਕਿਰਪਾਨਿਧ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਗੋਬਿੰਦ ਦੱਸੇ ਏਕਾ ਰਾਹ, ਏਕਾ ਸ਼ਬਦ ਜਣਾਈਆ । ਪੁਰਖ ਅਬਿਨਾਸੀ ਬੇਪਰਵਾਹ, ਸਚ ਸਿੰਘਾਸਣ ਸੋਭਾ ਪਾਈਆ । ਜੁਗ ਜੁਗ ਫੇਰਾ ਪਾਏ ਰੂਪ ਵਟਾ, ਰੰਗ ਰੇਖ ਨਾ ਕੋਈ ਵਖਾਈਆ । ਸਚ ਸਿੰਘਾਸਣ ਸੋਭਾ ਪਾ, ਤਖ਼ਤ ਨਿਵਾਸੀ ਸਾਚੇ ਤਖ਼ਤ ਦਏ ਵਡਿਆਈਆ । ਅੰਤਮ ਤੇਰੇ ਆਵੇ ਨਿਰਗੁਣ ਨਿਹਕਲੰਕ ਨਾਉਂ ਰਖਾ, ਨਾ ਕੋਈ ਪਿਤਾ ਨਾ ਕੋਈ ਮਾਈਆ । ਨਾਮ ਡੰਕਾ ਦਏ ਵਜਾ, ਚਾਰ ਕੁੰਟ ਦਏ ਸੁਣਾਈਆ । ਸਾਚੇ ਸੰਤਾਂ ਲਏ ਉਠਾ, ਭਗਤਨ ਮੇਲਾ ਸਹਿਜ ਸਭਾਈਆ । ਨਿਰਗੁਣ ਆਪਣਾ ਮੰਗਲ ਆਪੇ ਗਾ, ਆਪਣੀ ਬੂਝ ਬੁਝਾਈਆ । ਤ੍ਰੈ ਤ੍ਰੈ ਸੰਗਲ ਦਏ ਕਟਾ, ਪੰਚਮ ਪਰਦਾ ਦਏ ਉਠਾਈਆ । ਨਿਜਾਨੰਦ ਅਨੰਦ ਦਰਸਾ, ਨਿਜ ਆਤਮ ਕਰੇ ਰਸਾਈਆ । ਪਰਮਾਨੰਦ ਖੇਲ ਕਰਾ, ਪਰਮ ਪੁਰਖ ਦਏ ਵਡਿਆਈਆ । ਜੂਠਾ ਝੂਠਾ ਡੇਰਾ ਢਾਹ, ਕੂੜੀ ਕਿਰਿਆ ਮੇਟ ਮਿਟਾਈਆ । ਮਾਇਆ ਮਮਤਾ ਮੋਹ ਚੁਕਾ, ਆਸਾ ਤ੍ਰਿਸ਼ਨਾ ਦਏ ਖਪਾਈਆ । ਏਕਾ ਹੁਕਮ ਸਚ ਵਰਤਾ, ਧੁਰ ਫ਼ਰਮਾਨਾ ਕਰੇ ਜਣਾਈਆ । ਰਾਜਾ ਰਾਣਾ ਤਖ਼ਤੋਂ ਲਾਹ, ਦਰ ਦਰਵੇਸ਼ ਦਏ ਬਣਾਈਆ । ਵਰਨਾਂ ਬਰਨਾਂ ਮੇਟ ਮਿਟਾ, ਏਕਾ ਰੰਗ ਦਏ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕ ਵਖਾਈਆ । ਸਾਚਾ ਮਾਰਗ ਤੇਰੇ ਅੰਦਰ, ਸੋ ਪੁਰਖ ਨਿਰੰਜਣ ਆਪ ਲਗਾਈਆ । ਕਲਜੁਗ ਤੇਰਾ ਢਹਿਣਾ ਮੰਦਰ, ਵੇਲਾ ਅੰਤ ਦਏ ਸਮਝਾਈਆ । ਗੜ੍ਹ ਹੰਕਾਰੀ ਤੁੱਟੇ ਜੰਦਰ, ਨਾਮ ਖੰਡਾ ਇਕ ਚਮਕਾਈਆ । ਮਨ ਵਾਸਨਾ ਤੇਰੀ ਮੇਟੇ ਬੰਦਰ, ਉਠ ਉਠ ਦਹਿ ਦਿਸ਼ ਨਾ ਧਾਈਆ । ਲੇਖਾ ਜਾਣੇ ਡੂੰਘੀ ਕੰਦਰ, ਘਟ ਘਟ ਖੇਲੇ ਖੇਲ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਚਲੇ ਆਪਣੀ ਸਚ ਰਜ਼ਾਈਆ । ਆਪਣੀ ਰਜ਼ਾ ਆਪੇ ਚਲਾ, ਚਲਣਹਾਰ ਨਿਰੰਕਾਰਾ । ਸਚ ਸਿੰਘਾਸਣ ਅੰਤਮ ਮੱਲਾ, ਵਸੇ ਧਾਮ ਨਿਆਰਾ । ਭਗਤ ਭਗਵੰਤ ਸਚ ਸੰਦੇਸ਼ ਏਕਾ ਘੱਲਾ, ਜੋਤੀ ਸ਼ਬਦ ਕਰ ਉਜਿਆਰਾ । ਨਿਰਗੁਣ ਸਰਗੁਣ ਫੜੇ ਪੱਲਾ, ਸਰਗੁਣ ਨਿਰਗੁਣ ਖੇਲ ਨਿਆਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਕਰਾਏ ਸਾਚੀ ਕਾਰਾ । ਸਾਚੀ ਕਾਰ ਕਰੇ ਕਰਤਾਰ, ਕਲਜੁਗ ਅੰਤਮ ਵੇਖ ਵਖਾਈਆ । ਹਰਿਜਨ ਸਾਚੇ ਕਰ ਪਿਆਰ,

ਪ੍ਰੀਤਮ ਆਪਣੇ ਨਾਲ ਮਿਲਾਈਆ । ਰੋਗ ਸੋਗ ਦਏ ਨਿਵਾਰ, ਜਨਮ ਅਜਨਮ ਲੇਖੇ ਪਾਈਆ । ਦੁਰਮਤ ਮੈਲ ਦਏ ਉਤਾਰ, ਨਿਰਮਲ ਨੀਰ ਸੀਰ ਪਿਆਈਆ । ਲੇਖਾ ਜਾਣੇ ਅਗੰਮ ਅਪਾਰ, ਅਗੰਮੜੀ ਕਾਰ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਾਹ ਪਾਤਸ਼ਾਹ ਖੇਲ ਖਿਲੌਣਾ, ਰੂਪ ਅਨੂਪ ਧਰਾਇਆ । ਤੇਰਾ ਬੁਰਜ ਅੰਤਮ ਢੌਹਣਾ, ਉਚਾ ਟਿੱਲਾ ਨਾ ਕੋਈ ਵਖਾਇੰਦਾ । ਸਾਚਾ ਮਾਰਗ ਏਕਾ ਲੈਣਾ, ਚਾਰ ਵਰਨ ਸਮਝਾਇੰਦਾ । ਰਾਓ ਰੰਕ ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਏਕਾ ਧਾਮ ਬਹੌਣਾ, ਏਕਾ ਮੰਦਰ ਸੋਭਾ ਪਾਇੰਦਾ । ਏਕਾ ਰਾਮ ਨਜ਼ਰੀ ਔਣਾ, ਏਕਾ ਕ੍ਰਿਸ਼ਨ ਰੂਪ ਵਟਾਇੰਦਾ । ਏਕਾ ਨਾਨਕ ਗੋਬਿੰਦ ਜੋਤ ਜਗੌਣਾ, ਏਕਾ ਨੂਰ ਨੁਰਾਨਾ ਨੂਰ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਕਲਜੁਗ ਸੁਣਿਆ ਹਰਿ ਕਾ ਖੇਲ, ਗੋਬਿੰਦ ਕਰੇ ਜਣਾਈਆ । ਕਵਣ ਦਵਾਰੇ ਹੋਵੇ ਮੇਲ, ਮਿਲਿਆ ਮੇਲਾ ਪਾਂਧੀ ਰਾਹੀਆ । ਪ੍ਰਭ ਮਿਲੇ ਸੱਜਣ ਸਹੇਲ, ਮੇਰਾ ਬੰਧਨ ਦਏ ਤੁੜਾਈਆ । ਆਪਣਾ ਦੱਸੇ ਵਕ਼ਤ ਵੇਲ, ਥਿਤ ਵਾਰ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦੂਸਰ ਅਵਰ ਨਾ ਕੋਈ ਵਡਿਆਈਆ । ਗੋਬਿੰਦ ਮਾਰਗ ਸਾਚਾ ਦੱਸ, ਕਲਜੁਗ ਨੈਣਾਂ ਨੀਰ ਵਹਾਇੰਦਾ । ਮੈਂ ਹਰਿ ਚਰਨ ਦਵਾਰੇ ਜਾਵਾਂ ਨੱਸ, ਕਵਣ ਕੂਟੇ ਫੇਰਾ ਪਾਇੰਦਾ । ਮੇਰਾ ਮਿਟੇ ਅੰਧੇਰਾ ਮਸ, ਚਾਂਦ ਚਾਂਦਨਾ ਕਵਣ ਚਮਕਾਇੰਦਾ । ਮੇਰੀ ਪੂਰੀ ਕਰੇ ਆਸ, ਹੋ ਨਿਰਾਸਾ ਜਗਤ ਕੁਰਲਾਇੰਦਾ । ਕਵਣ ਦੇਹ ਵਸੇ ਪਾਸ, ਵਿਛੜ ਕਦੇ ਨਾ ਜਾਇੰਦਾ । ਏਕਾ ਦੇਵੇ ਸਚ ਧਰਵਾਸ, ਮੇਰੀ ਤਦਬੀਰ ਤਕਦੀਰ ਆਪ ਬਦਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਵਣ ਦਵਾਰੇ ਵਸੇ ਘਰ, ਕਵਣ ਕੂਟ ਸੋਭਾ ਪਾਇੰਦਾ । ਗੋਬਿੰਦ ਵਸੇ ਸਚ ਟਿਕਾਨਾ, ਏਕਾ ਵਾਰ ਜਣਾਈਆ । ਪਾਰਬ੍ਰਹਮ ਸ੍ਰੀ ਭਗਵਾਨਾ, ਨਿਰਗੁਣ ਆਪਣਾ ਨੂਰ ਧਰਾਈਆ । ਸ਼ਬਦ ਅਗੰਮੀ ਇਕ ਬਿਬਾਨਾ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਵੱਜੇ ਵਧਾਈਆ । ਗੋਬਿੰਦ ਸੂਰਾ ਕਰੇ ਪਰਵਾਨਾ, ਲੋਕਮਾਤ ਵੇਖ ਵਖਾਈਆ । ਸੰਬਲ ਨਗਰ ਸਚ ਟਿਕਾਨਾ, ਹਰਿ ਬੈਠਾ ਸੱਚਾ ਮਾਹੀਆ । ਲੇਖਾ ਜਾਣੇ ਦੋ ਜਹਾਨਾਂ, ਚੌਦਾਂ ਲੋਕ ਰਿਹਾ ਸੁਣਾਈਆ । ਚੌਦਾਂ ਤਬਕਾਂ ਦਏ ਗਿਆਨਾ, ਏਕਾ ਅੱਖਰ ਕਰੇ ਪੜ੍ਹਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਆਪੇ ਰੱਖੇ ਆਪਣੇ ਭਾਣਾ, ਸਦ ਭਾਣੇ ਆਪ ਸੁਹਾਈਆ । ਜੋ ਦਰ ਆਏ ਬਣ ਨਿਮਾਣਾ, ਤਿਸ ਆਪਣੇ ਗਲੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸੇਵ ਆਪ ਕਰਾਈਆ । ਬਣ ਨਿਮਾਣਾ ਜਾਵਾਂ ਦਰ, ਕਲਜੁਗ ਕੂਕ ਕੂਕ ਸੁਣਾਇਆ । ਸਰਨ ਸਰਨਾਈ ਜਾਵਾਂ ਪੜ, ਨੇਤਰ ਨੈਣਾਂ ਨੀਰ ਵਹਾਇਆ । ਅੰਤਮ ਮੇਰਾ ਰੂਪ ਦੇਵੇ ਮੈਨੂੰ ਡਰ, ਭੈ ਭੌ ਇਕ ਰਖਾਇਆ । ਮੈਂ ਆਪਣੀ ਕਰਨੀ ਆਪੇ ਰਿਹਾ ਭਰ, ਦੂਜੀ ਕਿਰਤ ਨਾ ਨਾਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸੱਚਾ ਵਰ, ਮੇਰੀ ਭੁਲ ਲਏ ਬਖ਼ਸ਼ਾਇਆ । ਮੈਂ ਭੁੱਲਾ ਬਣ ਵੈਰਾਗੀ, ਬਿਰਹੋਂ ਅਗਨੀ ਅੱਗ ਜਲਾਈਆ । ਮੈਂ ਹੋਇਆ ਅੰਤ ਤਿਆਗੀ, ਲੱਖ ਚੁਰਾਸੀ ਰਿਹਾ ਤਜਾਈਆ । ਮੈਂ ਹੰਸ ਬਣਿਆ ਕਾਗੀ, ਸੋਹੰ ਹੰਸਾ ਚੋਗ ਨਜ਼ਰ ਕਿਸੇ ਨਾ ਆਈਆ । ਮੈਂ ਦੁਰਮਤ ਮੈਲ ਭਰਿਆ ਦਾਗ਼ੀ, ਮੇਰੀ ਮੈਲ ਨਾ ਕੋਈ ਧੁਆਈਆ । ਸਾਚੀ ਵਸਤ ਨਾ ਮੇਰੀ ਹਾਂਡੀ, ਸਾਚੀ ਕੁੰਨੀ ਰਿਹਾ ਵਖਾਈਆ । ਅੰਤਮ ਬਣਿਆ ਏਕਾ ਗਾਡੀ, ਚਾਰ ਵਰਨ ਰਿਹਾ

ਚਲਾਈਆ । ਲਾੜੀ ਮੌਤ ਮੰਗੇ ਵਰ, ਲੱਖ ਚੁਰਾਸੀ ਕਰਨੀ ਸ਼ਾਦੀ, ਬਚਿਆ ਕੋਇ ਰਹਿਣ ਨਾ ਪਾਈਆ । ਮੈਂ ਡਰਦਾ ਉਠ ਕੇ ਬਣਿਆ ਪਾਂਧੀ, ਪ੍ਰਭ ਸੱਚੇ ਦਾ ਸੱਚਾ ਰਾਹ ਤਕਾਈਆ । ਮੇਰੀ ਕਾਇਆ ਥੱਕੀ ਮਾਂਦੀ, ਅਗੇ ਸੰਗ ਨਾ ਕੋਈ ਰਖਾਈਆ । ਜਿਧਰ ਵੇਖਿਆ ਚਲੇ ਆਂਧੀ, ਨੂਰ ਨੁਰਾਨਾ ਬੈਠਾ ਮੁਖ ਛੁਪਾਈਆ । ਮੇਰੀ ਕਰਨੀ ਮੇਰੀ ਬਣੀ ਫਾਂਦੀ, ਨਾ ਕੋਈ ਸਕੇ ਜ਼ੰਜੀਰ ਤੁੜਾਈਆ । ਕਿਸੇ ਕੰਮ ਨਾ ਔਣਾ ਸੋਨਾ ਚਾਂਦੀ, ਖ਼ਾਲੀ ਹੱਥ ਦਏ ਦੁਹਾਈਆ । ਤ੍ਰੈਗੁਣ ਮਾਇਆ ਬਣੀ ਬਾਂਦੀ, ਨਿਉਂ ਨਿਉਂ ਬੈਠੀ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਹੋਏ ਅੰਤ ਸਹਾਈਆ । ਥੱਕਾ ਮਾਂਦਾ ਆਪੇ ਨੱਠ, ਪ੍ਰਭ ਤੱਕਾਂ ਇਕ ਦਵਾਰਾ । ਮੇਰਾ ਖੇੜਾ ਰਿਹਾ ਢੱਠ, ਨਾ ਚਲੇ ਕੋਈ ਚਾਰਾ । ਆਪਣਾ ਜਤ ਹਰ ਗਿਆ ਤੀਰਥ ਤਟ, ਅਠਸਠ ਖ਼ਾਲੀ ਦਿਸੇ ਕਿਨਾਰਾ । ਮੰਦਰ ਮਸਜਿਦ ਸ਼ਿਵਦਵਾਲਾ ਰੋਵੇ ਮਠ, ਨਜ਼ਰ ਆਏ ਨਾ ਹਰਿ ਨਿਰੰਕਾਰਾ । ਸਾਧ ਸੰਤ ਜਗਤ ਮਾਲਾ ਰਹੇ ਰਟ, ਆਤਮ ਅੰਤਰ ਨਾ ਕੋਈ ਪਿਆਰਾ । ਚਾਰ ਵਰਨ ਖੱਟੀ ਕੋਇ ਨਾ ਸਕੇ ਖੱਟ, ਘਰ ਘਰ ਵੜਿਆ ਲੋਭ ਮੋਹ ਹੰਕਾਰਾ । ਕ੍ਰੋਧ ਮਾਰੇ ਆਪਣੀ ਸਟ, ਠੋਕਰ ਮਾਰੇ ਵਿਚ ਸੰਸਾਰਾ । ਮਨਮਤ ਚੁੱਕੀ ਅੱਤ, ਬ੍ਰਹਮ ਮਤ ਨਾ ਕੋਈ ਪਿਆਰਾ । ਮੈਂ ਆਪਣਾ ਸੱਥਰ ਬੈਠਾ ਘਤ, ਦੱਸੇ ਨਾ ਕੋਈ ਕਿਨਾਰਾ । ਨੇਤਰ ਅੱਥਰ ਵਗਾਵਾਂ ਆਪਣੇ ਵਤ, ਮਿਲੇ ਮੇਲ ਪਰਵਰਦਿਗਾਰਾ । ਮੇਰਾ ਤੁਟਾ ਧੀਰਜ ਜਤ । ਸਤਿ ਸੰਤੋਖ ਨਾ ਕੋਈ ਸਹਾਰਾ । ਮੇਰੀ ਉਬਲੇ ਚਾਰੋਂ ਕੁੰਟ ਰਤ, ਨੌਂ ਨੌਂ ਲੱਗਾ ਇਕ ਅਖਾੜਾ । ਪਾਰਬ੍ਰਹਮ ਸਿਰ ਤੇ ਰੱਖ ਹੱਥ, ਮੇਰਾ ਹੋਏ ਪਾਰ ਕਿਨਾਰਾ । ਗੋਬਿੰਦ ਮਾਰਗ ਸਾਚਾ ਦੱਸ, ਮੰਗ ਮੰਗੀ ਬਣ ਭਿਖਾਰਾ । ਮੈਂ ਅੰਤਮ ਵਸਾਂ ਕੁੱਲੀ ਕੱਖ, ਨਾ ਮੰਗਾਂ ਕੋਈ ਚੁਬਾਰਾ । ਸਦ ਗਾਵਾਂ ਸਾਹਿਬ ਦਾ ਜਸ, ਜਿਸ ਕਰਿਆ ਪਾਰ ਉਤਾਰਾ । ਨਿਤ ਦਰਸਨ ਪਾਂਵਾ ਹੱਸ ਹੱਸ, ਨੇਤਰ ਨੈਣ ਨੈਣ ਉਘਾੜਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਚ ਸਹਾਰਾ । ਗੋਬਿੰਦ ਸੁਣਾਏ ਸਾਚੀ ਗਾਥ, ਸੁਣ ਸੱਜਣ ਮੀਤ ਮੁਰਾਰੇ । ਪੁਰਖ ਅਬਿਨਾਸ਼ੀ ਖੇਲ ਤਮਾਸ਼, ਕਰੇ ਵਿਚ ਸੰਸਾਰੇ । ਲੱਖ ਚੁਰਾਸੀ ਭੋਗ ਬਿਲਾਸ, ਲੁਟਿਆ ਦਿਨ ਦਿਹਾੜੇ । ਸਚ ਵਸਤ ਨਾ ਕਿਸੇ ਪਾਸ, ਮਾਨਸ ਮਾਨਸ ਜਨਮ ਹਾਰੇ । ਅੰਤਮ ਵੇਲੇ ਹੋਏ ਨਿਰਾਸ, ਦਿਨ ਥੋੜੇ ਰਹਿ ਗਏ ਚਾਰੇ । ਲੇਖੇ ਲੱਗੇ ਨਾ ਕਿਸੇ ਸਵਾਸ, ਪਵਣ ਪਵਣੀ ਨਾ ਕੋਈ ਪਿਆਰੇ । ਬਿਨ ਭਗਤਾਂ ਹਰਿ ਪੂਰੀ ਕਰੇ ਨਾ ਕਿਸੇ ਆਸ, ਲੱਖ ਚੁਰਾਸੀ ਹੋਏ ਖ਼ਵਾਰੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਉਭਾਰੇ । ਪੁਰਖ ਅਬਿਨਾਸ਼ੀ ਖੇਲ ਖਿਲੌਣਾ, ਕਲਜੁਗ ਅੰਤਮ ਗੋਬਿੰਦ ਇਕ ਸਮਝਾਇੰਦਾ । ਸਾਚੇ ਭਗਤਾਂ ਮਾਤ ਪ੍ਰਗਟੌਣਾ, ਸਿਰ ਆਪਣਾ ਹੱਥ ਰਖਾਇੰਦਾ । ਅਗਲਾ ਮਾਰਗ ਇਕ ਸਮਝੌਣਾ, ਦੇ ਮਤ ਆਪ ਜਣਾਇੰਦਾ । ਚਾਰ ਜੁਗ ਦਾ ਲਹਿਣਾ ਮੂਲ ਚੁਕੌਣਾ, ਸਤਿਜੁਗ ਸਾਚਾ ਰਾਹ ਵਖਾਇੰਦਾ । ਸਾਚਾ ਮੰਦਰ ਇਕ ਬਣੌਣਾ, ਅੰਦਰੇ ਅੰਦਰ ਵੇਖ ਵਖਾਇੰਦਾ । ਛੱਤੀ ਜੁਗ ਦਾ ਕਰਜਾ ਲੌਹਣਾ, ਪਿਛਲਾ ਲਹਿਣਾ ਝੋਲੀ ਪਾਇੰਦਾ । ਛੱਤੀ ਫੁਟ ਨਿਸ਼ਾਨ ਝੁਲੌਣਾ, ਚਵ੍ਹੀ ਹੱਥ ਬੰਧਨ ਪਾਇੰਦਾ । ਚਾਰ ਵਰਨਾਂ ਵਿਚ ਬਹੌਣਾ, ਜਾਤ ਪਾਤ ਦੀਨ ਮਜ਼੍ਹਬ ਨਾ ਕੋਈ ਵਡਿਆਇੰਦਾ । ਉਚਾਂ ਨੀਚਾਂ ਗਲੇ ਲਗੌਣਾ, ਏਕਾ ਗੋਦ ਸੁਹਾਇੰਦਾ । ਸਾਢੇ ਤਿੰਨ ਹੱਥ ਸਿੰਘਾਸਣ ਮਾਤ ਸੁਹੌਣਾ, ਸਚ ਸਿੰਘਾਸਣ ਸੋਭਾ ਪਾਇੰਦਾ । ਜੋ ਦਰ ਆਏ ਤਿਸ ਪਾਰ ਕਰੌਣਾ, ਪੋਹ ਛੱਬੀ ਦਿਵਸ ਮਨਾਇੰਦਾ । ਆਪਣਾ ਹਾਲ ਆਪ ਜਣੌਣਾ, ਜਗਤ ਰਾਹ ਇਕ ਵਖਾਇੰਦਾ । ਜਿਸ ਢੌਣਾ ਤਿਸ ਫੇਰ

ਬਣੌਣਾ, ਘੜਨ ਭੰਨਣ ਆਪਣੀ ਖੇਲ ਕਰਾਇੰਦਾ । ਜਨ ਭਗਤਾਂ ਪੁਰਖ ਅਬਿਨਾਸ਼ੀ ਮਨੌਣਾ, ਮਿਲ ਮਿਲ ਆਪਣਾ ਹਾਲ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਜੁਗ ਜੁਗ ਚੌਕੜ ਚੌਕੜੀ ਸਾਰ ਪਾਸ਼ ਆਪਣੀ ਖੇਲ ਕਰਾਇੰਦਾ ।

★ ੨੯ ਅੱਸੂ ੨੦੧੮ ਬਿਕਰਮੀ ਮੰਗਲ ਸਿੰਘ ਦੇ ਗ੍ਰਿਹ ਪਿੰਡ ਸਾਰੰਗੜਾ ★

ਗੋਬਿੰਦ ਦੇਵੇ ਇਕ ਸੰਦੇਸ਼ਾ, ਸਹਿਜ ਸਹਿਜ ਸਮਝਾਈਆ । ਕਲਜੁਗ ਤੇਰੀ ਮਿਟੇ ਰੇਖਾ, ਰੇਖਾ ਵਿਚ ਮਿਲਾਈਆ । ਪਰਗਟ ਹੋਏ ਸਾਹਿਬ ਏਕਾ, ਏਕਾ ਗੁਣ ਵਡੀ ਵਡਿਆਈਆ । ਲਾਏ ਭਾਗ ਮਾਝੇ ਦੇਸ਼ਾ, ਸੰਬਲ ਰੁੱਤ ਸੁਹਾਈਆ । ਚਾਰ ਵਰਨ ਦਾ ਵੇਖੇ ਪੇਸ਼ਾ, ਪੇਸ਼ਵਾ ਬੇਪਰਵਾਹੀਆ । ਸ਼ਾਹੋ ਭੂਪ ਨਰ ਨਰੇਸ਼ਾ, ਸਾਚੇ ਤਖ਼ਤ ਸੋਭਾ ਪਾਈਆ । ਮੁੱਛ ਦਾੜ੍ਹੀ ਨਾ ਕੋਈ ਕੇਸਾ, ਸੀਸ ਜਗਦੀਸ ਮੂੰਡ ਮੁੰਡਾਈਆ । ਨੌ ਨੌ ਚਾਰ ਦਰ ਵੇਖੇ ਲੇਖਾ, ਲੁਕਿਆ ਲੇਖਾ ਲਏ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨੂਰ ਆਪ ਦਰਸਾਈਆ । ਸਚ ਸੰਦੇਸ਼ਾ ਸੁਣ ਲੈ ਕੰਨ, ਗੁਰ ਸਤਿਗੁਰ ਆਪ ਜਣਾਇੰਦਾ । ਏਕਾ ਨੂਰ ਚੜ੍ਹੇ ਚੰਨ, ਨੂਰ ਨੁਰਾਨਾ ਡਗਮਗਾਇੰਦਾ । ਸਭ ਦਾ ਬੇੜਾ ਦੇਵੇ ਬੰਨ੍ਹ, ਜੋ ਜਨ ਸੀਸ ਝੁਕਾਇੰਦਾ । ਮਨ ਮਨਕਾ ਦੇਵਣਹਾਰਾ ਡੰਨ, ਨਾਮ ਖੰਡਾ ਹੱਥ ਰਖਾਇੰਦਾ । ਜੂਠਾ ਠੀਕਰ ਦੇਵੇ ਭੰਨ, ਭੰਨਣਹਾਰ ਆਪ ਹੋ ਜਾਇੰਦਾ । ਜਨ ਭਗਤਾਂ ਅਗੇ ਆਪਣਾ ਕੀਤਾ ਆਪੇ ਜਾਏ ਮੰਨ, ਮਮਤਾ ਹੋਰ ਨਾ ਕੋਈ ਵਖਾਇੰਦਾ । ਨਾ ਕੋਈ ਧੜ ਨਾ ਕੋਈ ਤਨ, ਤੱਤਵ ਤਤ ਨਾ ਕੋਈ ਰਖਾਇੰਦਾ । ਨਾ ਕੋਈ ਜਨਨੀ ਨਾ ਕੋਈ ਜਨ, ਗੋਦੀ ਗੋਦ ਨਾ ਕੋਈ ਸੁਹਾਇੰਦਾ । ਨਾ ਕੋਈ ਨੇਤਰ ਦਿਸੇ ਅਨ੍ਹ, ਆਦਿ ਜੁਗਾਦੀ ਵੇਖ ਵਖਾਇੰਦਾ । ਨਾ ਛੱਪਰ ਨਾ ਕੋਈ ਛੰਨ, ਸਾਚੇ ਮੰਦਰ ਸੋਭਾ ਪਾਇੰਦਾ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਗੁਰ ਅਵਤਾਰ ਕਰ ਕਰ ਗਏ ਧੰਨ ਧੰਨ, ਰਸਨਾ ਜਿਹਵਾ ਸਰਬ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਖੇਲ ਆਪ ਪਰਗਟਾਇੰਦਾ । ਸਚ ਸੰਦੇਸ਼ਾ ਸੁਣਾਏ ਮੀਤ, ਮੀਤ ਮੁਰਾਰਾ ਆਪ ਜਣਾਈਆ । ਤੇਰੀ ਵੇਖਣ ਆਏ ਰੀਤ, ਨਿਰਗੁਣ ਸਰਗੁਣ ਵੇਸ ਵਟਾਈਆ । ਸਰਗੁਣ ਹੋਏ ਪਤਿਤ ਪੁਨੀਤ, ਨਿਰਗੁਣ ਆਪਣੇ ਨਾਲ ਮਿਲਾਈਆ । ਲਹਿਣਾ ਦੇਣਾ ਚੁਕਾਏ ਮੰਦਰ ਮਸੀਤ, ਮਠ ਵੇਖੇ ਥਾਉਂ ਥਾਈਆ । ਨਾਮ ਪਰਗਟਾਏ ਇਕ ਅਨਡੀਠ, ਅਨਡਿਠੜਾ ਗੀਤ ਸੁਣਾਈਆ । ਲੱਖ ਚੁਰਾਸੀ ਲਏ ਜੀਤ, ਏਕਾ ਡੰਕਾ ਨਾਮ ਵਜਾਈਆ । ਖ਼ਾਲੀ ਕਰੇ ਸਭ ਦੇ ਖੀਸ, ਤ੍ਰੈਗੁਣ ਮਾਇਆ ਲਏ ਛੁਪਾਈਆ । ਤੇਰੇ ਯਾਰ ਦੀ ਚੌਧਵੀਂ ਸਦੀ ਰਹੀ ਬੀਤ, ਅੰਤਮ ਲੈਣਾ ਹੱਥ ਮਿਲਾਈਆ । ਪ੍ਰਭ ਨੰਗੀ ਕਰਨਹਾਰਾ ਪੀਠ, ਆਪਣਾ ਪਰਦਾ ਲਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸਚ ਸੁਨੇਹੜਾ ਦੇਵੇ ਦੱਸ, ਏਕਾ ਵਾਰ ਸਮਝਾਇਆ । ਪੁਰਖ ਅਬਿਨਾਸ਼ੀ ਕਰੇ ਖੇਲ ਸਮਰਥ, ਸਮਰਥ ਰੂਪ ਧਰਾਇਆ । ਨੌ ਨੌ ਖੇੜਾ ਵਖਾਏ ਸੱਥਰ ਸਥ, ਆਪਣਾ ਯਾਰ ਹੰਢਾਇਆ । ਜੋ ਦਿਸੇ ਸੋ ਜਾਏ ਢੱਠ, ਢਹਿ ਢਹਿ ਢੇਰੀ ਖ਼ਾਕ ਮਿਲਾਇਆ । ਤੇਰਾ ਵੇਖੇ ਚਲਦਾ ਰਥ, ਚਾਰੋਂ ਕੁੰਟ ਫੇਰਾ ਪਾਇਆ । ਕਵਣ ਵਸਤ ਵਿਚ ਬੈਠਾ ਰੱਖ, ਝੋਲੀ ਆਪਣੀ ਆਪ ਭਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਦਏ ਚੁਕਾਇਆ । ਕਲਜੁਗ ਸੁਣ ਲੈ ਅੰਤਮ

ਬਾਤ, ਗੁਰ ਬਾਤਨ ਕਰੇ ਪੜ੍ਹਾਈਆ । ਤੇਰਾ ਰੂਪ ਅੰਧੇਰੀ ਰਾਤ, ਚਾਰੋਂ ਕੁੰਟ ਅੰਧੇਰਾ ਛਾਈਆ । ਸਚ ਸੁੱਚ ਨਾ ਦਿਸੇ ਕੋਈ ਪ੍ਰਭਾਤ, ਪ੍ਰਭ ਮਿਲਣ ਦੀ ਆਸ ਨਾ ਕੋਈ ਤਕਾਈਆ । ਮਾਇਆ ਮਮਤਾ ਡੂੰਘਾ ਖਾਤ, ਜਗ ਖ਼ਾਤਾ ਰਿਹਾ ਵਖਾਈਆ । ਕਿਸੇ ਨਾ ਮਿਲੇ ਅਨਾਥਾ ਨਾਥ, ਨਾਥਾ ਨਾ ਕੋਈ ਵਡਿਆਈਆ । ਅੰਤ ਨਿਭਾਏ ਨਾ ਕੋਈ ਸਾਥ, ਸਭ ਪੱਲੂ ਰਹੇ ਛੁਡਾਈਆ । ਝੂਠਾ ਚੋਲਾ ਜਾਣਾ ਪਾਟ, ਤਨ ਅਲਫ਼ੀ ਇਕ ਵਖਾਈਆ । ਅੰਤਮ ਮੁੱਲ ਨਾ ਪੈਣਾ ਕਿਸੇ ਹਾਟ, ਕਰਤਾ ਕ਼ੀਮਤ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਕਰਾਈਆ । ਸੁਣਿਆ ਸੁਨੇਹੜਾ ਗੋਬਿੰਦ ਮੁਖ, ਕਲਜੁਗ ਲਏ ਅੰਗੜਾਈਆ । ਮੈਂ ਬਣ ਨਿਮਾਣਾ ਜਾਵਾਂ ਉਠ, ਰਾਹ ਤੱਕਾਂ ਸਾਚੇ ਮਾਹੀਆ । ਕਰਾਂ ਨਿਮਸਕਾਰ ਨੇੜੇ ਢੁਕ, ਨਿਉਂ ਨਿਉਂ ਸੀਸ ਝੁਕਾਈਆ । ਪਾਰਬ੍ਰਹਮ ਮੈਂ ਤੇਰਾ ਛੋਟਾ ਪੁਤ, ਤੂੰ ਬੂਟਾ ਲਿਆ ਲਗਾਈਆ । ਤੇਰੇ ਹੁਕਮੇ ਅੰਦਰ ਮੈਂ ਕੂੜ ਸੁਹਾਈ ਰੁੱਤ, ਕੂੜੀ ਕਿਰਿਆ ਫਲ ਲਗਾਈਆ । ਅਵਗੁਣ ਕਰ ਜੇ ਭੁੱਲ ਜਾਏ ਪੁਤ, ਪਿਤਾ ਪੂਤ ਲਏ ਬਖ਼ਸ਼ਾਈਆ । ਤੇਰਾ ਲੜ ਨਾ ਜਾਵੇ ਮੈਥੋਂ ਛੁੱਟ, ਮੈਂ ਏਕਾ ਮੰਗ ਮੰਗਾਈਆ । ਕਰ ਕਿਰਪਾ ਮੇਰੇ ਉਪਰ ਤੁਠ, ਆਪਣੀ ਬਖ਼ਸ਼ਿਸ਼ ਕਰ ਬਖ਼ਸ਼ਣਹਾਰ ਬੇਪਰਵਾਹੀਆ । ਮੇਰਾ ਤਨ ਨਾ ਕੋਈ ਬੁਤ, ਮੇਰਾ ਰੂਪ ਨਜ਼ਰ ਕਿਸੇ ਨਾ ਆਈਆ । ਮੈਂ ਸਭ ਨੂੰ ਫੜ ਫੜ ਲਿਆ ਕੁੱਟ, ਸ਼ਾਹ ਸੁਲਤਾਨ ਬਚਿਆ ਕੋਈ ਰਹਿਣ ਨਾ ਪਾਈਆ । ਮੈਂ ਘਰ ਘਰ ਪਾਈ ਫੁਟ, ਤੇਰਾ ਹੁਕਮ ਸੀਸ ਟਿਕਾਈਆ । ਮੈਂ ਦਰ ਦਰ ਲਿਆ ਲੁੱਟ, ਵਰਭੰਡੀ ਦਏ ਦੁਹਾਈਆ । ਮੈਂ ਸਾਧਾ ਸੰਤਾਂ ਮੂੰਹ ਦੇ ਭਾਰ ਲਿਆ ਸੁੱਟ, ਨਾ ਸਕੇ ਕੋਈ ਸੀਸ ਉਠਾਈਆ । ਅੰਤਮ ਅਕੱਠੇ ਕਰਨੇ ਏਕਾ ਗੁੱਠ, ਦੱਖਣ ਦਿਸ਼ਾ ਦਏ ਵਡਿਆਈਆ । ਵਾਂਗ ਬੰਦਰ ਬਣ ਕਲੰਦਰ, ਦਰ ਦਰ ਨਚਾਵਾਂ ਅੰਤਮ ਕਹਾਂ ਹੁਛ, ਹੋਛੀ ਮਤ ਸਰਬ ਵਖਾਈਆ । ਅਗਲਾ ਹੁਕਮ ਕਰਾਂ ਤੈਥੋਂ ਪੁਛ, ਮੇਰੀ ਚਲੇ ਨਾ ਕੋਈ ਚਤੁਰਾਈਆ । ਮੇਰਾ ਕੀਤਾ ਆਪਣੀ ਹੱਥੀਂ ਨਾ ਲੁੱਟ, ਤੇਰੀ ਲੁੱਟ ਮੈਨੂੰ ਨਾ ਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦਿਤਾ ਸਾਚਾ ਵਰ, ਹਉ ਮੰਗਾਂ ਸਰਨ ਸਰਨਾਈਆ । ਪੁਰਖ ਅਬਿਨਾਸ਼ੀ ਦੀਨ ਦਿਆਲਾ, ਏਕਾ ਹੁਕਮ ਜਣਾਇੰਦਾ । ਕਲਜੁਗ ਤੇਰਾ ਮੁਖੜਾ ਕਾਲਾ, ਕਾਲੇ ਰੰਗ ਸਮਾਇੰਦਾ । ਧੰਨ ਭਾਗ ਤੂੰ ਕੱਢਿਆ ਦਿਵਾਲਾ, ਖ਼ਾਲੀ ਹੱਥ ਵਖਾਇੰਦਾ । ਦਰ ਦਰ ਘਰ ਘਰ ਫਿਰੇ ਬੇਹਾਲਾ, ਤੇਰੀ ਸਾਰ ਕੋਇ ਨਾ ਪਾਇੰਦਾ । ਬਣ ਦਰਵੇਸ਼ ਕਰੇ ਸਵਾਲਾ, ਅੱਗੇ ਝੋਲੀ ਡਾਹਿੰਦਾ । ਪੁਰਖ ਅਬਿਨਾਸ਼ੀ ਕਰੇ ਪ੍ਰਿਤਪਾਲਾ, ਸਿਰ ਸਭ ਦੇ ਹੱਥ ਰਖਾਇੰਦਾ । ਆਪਣਾ ਖੇਲ ਕਰੇ ਨਿਰਾਲਾ, ਏਕਾ ਗੁਣ ਜਣਾਇੰਦਾ । ਚਲੇ ਚਲਾਏ ਅਵੱਲੜੀ ਚਾਲਾ, ਭੇਵ ਕੋਇ ਨਾ ਪਾਇੰਦਾ । ਏਕਾ ਦੱਸੇ ਰਾਹ ਸੁਖ਼ਾਲਾ, ਸਾਚਾ ਮਾਰਗ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਸਾਚਾ ਖੇਲ ਹਰਿ ਨਿਰੰਕਾਰ, ਆਪਣਾ ਆਪ ਕਰਾਈਆ । ਕਲਜੁਗ ਉਠੇ ਆਏ ਦਵਾਰ, ਲੁੱਟੀ ਲੁੱਟ ਤੇਰੇ ਕੋਲ ਰਖਾਈਆ । ਆਪਣੀ ਖੇਲ ਕਰੇ ਅੰਤਮ ਵਾਰ, ਸੀਸ ਜਗਦੀਸ ਆਪਣਾ ਹੱਥ ਟਿਕਾਈਆ । ਚਾਰ ਜੁਗ ਦੇ ਵਿਛੜੇ ਮੇਲੇ ਯਾਰ, ਭਗਤ ਭਗਵੰਤ ਲਏ ਪਰਗਟਾਈਆ । ਦੋਹਾਂ ਦੱਸੇ ਸਚ ਵਿਹਾਰ, ਏਕਾ ਹੁਕਮ ਆਪ ਸੁਣਾਈਆ । ਕਲਜੁਗ ਲੁੱਟਣਾ ਵਿਚ ਸੰਸਾਰ, ਲੁੱਟੀ ਲੁੱਟ ਦੇਣੀ ਮੁਕਾਈਆ । ਆਪੇ ਵੇਖੇ ਵੇਖਣਹਾਰ, ਸਚਖੰਡ ਦਵਾਰੇ ਆਸਣ ਲਾਈਆ । ਸਚਖੰਡ ਬਣੇ ਧਾਮ ਨਿਆਰ, ਲੋਕਮਾਤ ਦਏ ਵਡਿਆਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਨਾ ਸਕਿਆ ਕੋਈ ਉਸਾਰ,

੧੩੩੩
੧੦

ਨਾ ਕੋਈ ਗਿਆ ਬਣਤ ਬਣਾਈਆ । ਨਾ ਕੋਈ ਕਹੇ ਕਰੇ ਖੇਲ ਕਰਤਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਹੁਕਮ ਆਪ ਜਣਾਈਆ । ਬਹੱਤਰ ਭਗਤ ਕਰੇ ਭਗਵੰਤ, ਭਗਵਨ ਦਇਆ ਕਮਾਈਆ । ਤੇਰਾ ਕਰਨਾ ਅੰਤਮ ਅੰਤ, ਤੇਰੀ ਖ਼ਾਕ ਖ਼ਾਕ ਉਡਾਈਆ । ਤੇਰਾ ਵੇਖਣਾ ਜੀਵ ਜੰਤ, ਜੰਤ ਜੀਵ ਫੋਲ ਫੁਲਾਈਆ । ਤੇਰਾ ਮੇਲਾ ਅੰਤ ਹੋਣਾ ਸਾਚੇ ਕੰਤ, ਫੜ ਪੱਲੂ ਗੰਢ ਦਵਾਈਆ । ਛੱਬੀ ਪੋਹ ਮਿਲਨਾ ਸਾਚੀ ਸੰਗਤ, ਖ਼ਾਲੀ ਝੋਲੀ ਦੇਣ ਭਰਾਈਆ । ਤੇਰੀ ਮਿਟੇ ਭੁੱਖ ਨੰਗਤ, ਭੁੱਖਿਆਂ ਭੁੱਖ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਕਰਤਾ ਵਡ ਵਡਿਆਈਆ । ਜੁਗ ਕਰਤਾ ਹਰਿ ਸਦ ਮਿਹਰਵਾਨ, ਆਪਣੀ ਦਇਆ ਕਮਾਇੰਦਾ । ਭਗਤਨ ਦੇਵੇ ਏਕਾ ਦਾਨ, ਨਾਮ ਨਿਧਾਨਾ ਝੋਲੀ ਪਾਇੰਦਾ । ਸਤਿ ਸਤਿਵਾਦੀ ਸਚ ਨਿਸ਼ਾਨ, ਸਤਿ ਸਤਿ ਆਪ ਝੁਲਾਇੰਦਾ । ਮਾਤ ਲਹਿਣਾ ਚੁੱਕੇ ਆਣ, ਲੇਖਾ ਸਭ ਦਾ ਪੂਰ ਕਰਾਇੰਦਾ । ਚੜ੍ਹਕੇ ਵੇਖੇ ਨਾ ਮਾਰ ਧਿਆਨ, ਪਿਛੇ ਰਾਹ ਨਾ ਕੋਈ ਤਕਾਇੰਦਾ । ਕਰੇ ਖੇਲ ਸ੍ਰੀ ਭਗਵਾਨ, ਹਰਿ ਕਾ ਭੇਵ ਕੋਈ ਨਾ ਪਾਇੰਦਾ । ਅੰਤਮ ਭਗਤ ਦਵਾਰੇ ਲੈ ਕੇ ਜਾਏ ਨਾਮ, ਸੋਹੰ ਢੋਲਾ ਏਕਾ ਗਾਇੰਦਾ । ਮਿਲੇ ਮੇਲ ਸਾਚੇ ਰਾਮ, ਰਾਮ ਰਾਮਾ ਮੇਲ ਮਿਲਾਇੰਦਾ । ਪੂਰਨ ਹੋਏ ਅੰਤਮ ਕਾਮ, ਕੀਤੀ ਘਾਲ ਲੇਖੇ ਪਾਇੰਦਾ । ਮਿਟੇ ਰੈਣ ਅੰਧੇਰੀ ਸ਼ਾਮ, ਸਾਚਾ ਚੰਦ ਆਪ ਚੜ੍ਹਾਇੰਦਾ । ਪੀਰ ਪੈਗ਼ਬਰ ਜੋ ਦੇਂਦੇ ਰਹੇ ਪੈਗ਼ਾਮ, ਸਚ ਸੰਦੇਸ਼ਾ ਆਪ ਸੁਣਾਇੰਦਾ । ਆਪੇ ਜਾਣੇ ਸਚ ਕਲਾਮ, ਕਾਇਨਾਤ ਆਪ ਪੜ੍ਹਾਇੰਦਾ । ਆਪੇ ਫੜ ਫੜ ਵੇਖੇ ਸਰਬ ਗ਼ੁਲਾਮ, ਦਰ ਦਰਵੇਸ਼ ਆਪ ਬਹਾਇੰਦਾ । ਨਿਉਂ ਨਿਉਂ ਕਰੇ ਚਰਨ ਸਲਾਮ, ਅਲੈਕਮ ਆਪਣੀ ਧਾਰ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਦਵਾਰੇ ਵਸੇ ਚੜ੍ਹ, ਸਚ ਨਿਸ਼ਾਨਾ ਸੋਭਾ ਪਾਇੰਦਾ । ਭਗਤਾਂ ਹੱਥ ਭਗਤੀ ਦਾਤ, ਹਰਿ ਭਗਵਾਨ ਆਪ ਰਖਾਈਆ । ਚਾਰ ਵਰਨ ਦੀ ਇਕ ਜਮਾਤ, ਹਰਿ ਚਾਕਰ ਆਪ ਬਣਾਈਆ । ਆਪੇ ਅੰਦਰ ਰੱਖੇ ਵਾਸ, ਘਰ ਘਰ ਜੋਤੀ ਜੋਤ ਡਗਮਗਾਈਆ । ਕਲਜੁਗ ਤੇਰੀ ਪੂਰੀ ਕਰੇ ਆਸ, ਨਿਰਾਸਾ ਕੋਈ ਰਹਿਣ ਨਾ ਪਾਈਆ । ਅੰਤਮ ਕਰੇ ਬੰਦ ਖ਼ੁਲਾਸ, ਬੰਦੀਖ਼ਾਨਾ ਦਏ ਤੁੜਾਈਆ । ਨੌ ਖੰਡ ਪ੍ਰਿਥਮੀ ਵੇਖ ਪਰਭਾਸ, ਪ੍ਰਭ ਸਾਚਾ ਆਪ ਤਰਾਈਆ । ਜਨ ਭਗਤਾਂ ਹੋਏ ਦਾਸੀ ਦਾਸ, ਦਾਸ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਲੇਖਾ ਦਏ ਸਮਝਾਈਆ । ਭਗਵਨ ਲੇਖਾ ਅਪਰ ਅਪਾਰਾ, ਹਰਿਜਨ ਸਾਚੇ ਆਪ ਸਮਝਾਇੰਦਾ । ਲਿਖਣ ਪੜ੍ਹਨ ਤੋਂ ਵਸੇ ਬਾਹਰਾ, ਦਿਸ ਕਿਸੇ ਨਾ ਆਇੰਦਾ । ਨਿਰਗੁਣ ਸਰਗੁਣ ਲੈ ਅਵਤਾਰਾ, ਸਰਗੁਣ ਨਿਰਗੁਣ ਨਾਲ ਮਿਲਾਇੰਦਾ । ਭਗਵਾਨ ਲੇਖਾ ਅਪਰ ਅਪਾਰਾ, ਹਰਿਜਨ ਸਾਚੇ ਆਪ ਸਮਝਾਇੰਦਾ । ਨਿਰਗੁਣ ਸਰਗੁਣ ਹੋ ਉਜਿਆਰਾ, ਸ਼ਬਦੀ ਡੰਕ ਸੁਣਾਇੰਦਾ । ਅਗੇ ਮੇਟੇ ਕੂੜ ਪਸਾਰਾ, ਕੂੜੀ ਕਿਰਿਆ ਆਪਣੇ ਖਾਤੇ ਪਾਇੰਦਾ । ਸਤਿਜੁਗ ਸਾਚਾ ਸਚ ਵਿਹਾਰਾ, ਸਤਿ ਸਤਿਵਾਦੀ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਹਰਿ ਭਗਤ ਦਵਾਰੇ ਆਪੇ ਵੜ, ਸੰਤ ਸਹੇਲੇ ਲਏ ਫੜ, ਆਪਣਾ ਬੰਧਨ ਪਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਦੇਵੇ ਆਪਣਾ ਨਾਮ ਵਰ, ਸੋ ਜਨ ਜਨਮ ਮਰਨ ਵਿਚ ਨਾ ਆਇੰਦਾ ।

### ★ ੩੦ ਅਸੂ ੨੦੧੮ ਬਿਕ੍ਰਮੀ ਅਵਤਾਰ ਸਿੰਘ ਦੇ ਘਰ ਪਿੰਡ ਕਾਉਕੇ ਜ਼ਿਲਾ ਅੰਮ੍ਰਿਤਸਰ ★

ਕਲਜੁਗ ਖ਼ੁਸ਼ੀ ਰਿਹਾ ਮਨਾ, ਅੰਤਰ ਅੰਤਰ ਵੱਜੇ ਵਧਾਈਆ । ਗੋਬਿੰਦ ਦੱਸਿਆ ਏਕਾ ਰਾਹ, ਮਾਰਗ ਇਕ ਸਮਝਾਈਆ । ਪੁਰਖ ਅਬਿਨਾਸ਼ੀ ਚਰਨੀ ਡਿਗਾਂ ਆਂ, ਨਿਉਂ ਨਿਉਂ ਸੀਸ ਝੁਕਾਈਆ । ਖ਼ਾਲੀ ਝੋਲੀ ਦਿਆਂ ਵਖਾ, ਵਸਤ ਅਵਰ ਨਾ ਕੋਈ ਵਖਾਈਆ । ਮੈਂ ਨਿਥਾਵਾਂ ਫਿਰਾਂ ਥਾਉਂ ਥਾਂ, ਥਾਨ ਥਨੰਤਰ ਨਾ ਕੋਈ ਸਹਾਈਆ । ਮੇਰੀ ਅੰਤ ਨਾ ਪਕੜੇ ਕੋਈ ਬਾਂਹ, ਚਾਰ ਕੁੰਟ ਬੈਠੀ ਮੁਖ ਭਵਾਈਆ । ਸਿਰ ਰੱਖੇ ਨਾ ਕੋਈ ਠੰਡੀ ਛਾਂ, ਗੁਰ ਪੀਰ ਅਵਤਾਰ ਸਗਲਾ ਸੰਗ ਨਾ ਕੋਈ ਰਖਾਈਆ । ਜਿਸ ਦਰ ਜਾਵਾਂ ਅਗੋਂ ਕਰਨ ਨਾ, ਬੈਠੇ ਮੁਖ ਭਵਾਈਆ । ਮੈਂ ਅੰਤ ਹੰਸ ਬਣਿਆ ਕਾਂ, ਮੇਰੀ ਬੁਧ ਕਾਗ ਵਾਂਗ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖੌਣਾ ਸਾਚਾ ਘਰ, ਤੁਧ ਬਿਨ ਅਵਰ ਨਾ ਕੋਈ ਸੁਹਾਈਆ । ਤੁਧ ਬਿਨ ਅਵਰ ਨਾ ਖੇੜਾ, ਦਰ ਨਜ਼ਰ ਕੋਈ ਨਾ ਆਇੰਦਾ । ਮੇਰਾ ਬੰਨ੍ਹੇ ਨਾ ਕੋਈ ਬੇੜਾ, ਚਪੂ ਨਾਮ ਨਾ ਕੋਈ ਲਗਾਇੰਦਾ । ਅੰਤਮ ਲੱਗਾ ਇਕ ਉਖੇੜਾ, ਚਾਰ ਵਰਨ ਜੜ੍ਹ ਉਖੜਾਇੰਦਾ । ਮੈਂ ਜਾਣਾ ਤੂੰ ਵਸੇਂ ਨੇਰਨ ਨੇਰਾ, ਦੂਰ ਦੁਰਾਡਾ ਪੰਧ ਮੁਕਾਇੰਦਾ । ਨੌਂ ਸਤ ਪਿਆ ਗੇੜਾ, ਮੇਰਾ ਬੰਧਨ ਨਾ ਕੋਈ ਤੁੜਾਇੰਦਾ । ਨਾ ਕੋਈ ਸੰਝ ਨਾ ਕੋਈ ਸਵੇਰਾ, ਸਾਚਾ ਰੰਗ ਨਾ ਕੋਈ ਵਖਾਇੰਦਾ । ਤੁਧ ਬਿਨ ਬੰਨ੍ਹੇ ਨਾ ਕੋਈ ਮੇਰਾ ਬੇੜਾ, ਪੱਲੂ ਹੱਥ ਨਾ ਕੋਈ ਫੜਾਇੰਦਾ । ਅੰਤਮ ਢਹਿਣਾ ਝੂਠਾ ਡੇਰਾ, ਥਿਰ ਕੋਈ ਰਹਿਣ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਉਂ ਸਾਚੀ ਮੰਗ ਮੰਗਾਇੰਦਾ । ਮੰਗਾਂ ਮੰਗ ਬਣ ਦਰਵੇਸ਼, ਨੇਤਰ ਨੈਣਾਂ ਨੀਰ ਵਹਾਈਆ । ਰਾਹ ਦੱਸਿਆ ਗੁਰ ਦਸਮੇਸ, ਸਾਚੇ ਮਾਰਗ ਗਿਆ ਪਾਈਆ । ਕਵਣ ਦਵਾਰ ਹਰਿ ਜੂ ਲਵਾਂ ਵੇਖ, ਨੇਤਰ ਨੈਣ ਨੈਣ ਉਠਾਈਆ । ਤੇਰੇ ਅਗੇ ਮੇਰੀ ਚਲੇ ਨਾ ਕੋਈ ਪੇਸ਼, ਤੇਰਾ ਹੁਕਮ ਵਰਤੇ ਹਰ ਘਟ ਥਾਈਆਂ । ਸ਼ਾਹ ਪਾਤਸ਼ਾਹ ਨਰ ਨਰੇਸ਼, ਸ਼ਹਿਨਸ਼ਾਹ ਵਡੀ ਵਡਿਆਈਆ । ਆਦਿ ਜੁਗਾਦਿ ਨਿਰਗੁਣ ਸਰਗੁਣ ਧਰੇ ਭੇਖ, ਰੂਪ ਅਨੂਪ ਆਪ ਵਟਾਈਆ । ਮੇਰਾ ਰੱਖੇ ਨਾ ਸੰਗ ਕੋਈ ਮੁੱਲਾ ਸ਼ੇਖ਼, ਪੀਰ ਪੈਗ਼ੰਬਰ ਔਲੀਏ ਬੈਠੇ ਮੁਖ ਸ਼ਰਮਾਈਆ । ਮੈਂ ਜਾਵਾਂ ਕਿਹੜੇ ਦੇਸ, ਅੰਡਜ ਜੇਰਜ ਉਤਭੁਜ ਸੇਤਜ ਲੋਆਂ ਪੁਰੀਆਂ ਚਾਰੋਂ ਕੁੰਟ ਏਕਾ ਰਾਹ ਜਣਾਈਆ । ਵਿਸ਼ਨੂੰ ਰੋਵੇ ਉਤੇ ਬਾਸ਼ਕ ਸੇਜ, ਨੇਤਰ ਨੈਣਾਂ ਨੀਰ ਵਹਾਈਆ । ਬ੍ਰਹਮਾ ਦਿਸੇ ਖੁਲੜੇ ਕੇਸ, ਧੀਰਜ ਧੀਰ ਨਾ ਕੋਈ ਧਰਾਈਆ । ਸ਼ੰਕਰ ਮਿਟਦੀ ਜਾਏ ਰੇਖ, ਵੇਲਾ ਅੰਤ ਨਾ ਕੋਈ ਸੁਹਾਈਆ । ਲੱਖ ਚੁਰਾਸੀ ਉਜੜਿਆ ਖੇਤ, ਹਰਿਆਵਲ ਨਜ਼ਰ ਕੋਈ ਨਾ ਆਈਆ । ਜੂਠ ਝੂਠ ਬਾਲੂ ਰੇਤ, ਤਨ ਰਹੀ ਤਪਾਈਆ । ਮਾਇਆ ਮਮਤਾ ਹਉਮੇ ਹੰਗਤਾ ਬਣ ਬਣ ਪ੍ਰੇਤ, ਜਿੰਨ ਮੇਰੀ ਜਾਨ ਰਹੇ ਕਢਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਤੁਧ ਬਿਨ ਕੋਈ ਨਾ ਕਰੇ ਸੱਚਾ ਹੇਤ, ਨਾ ਕੋਈ ਬਖ਼ਸ਼ੇ ਚਰਨ ਸੱਚੀ ਸਰਨਾਈਆ । ਤੂੰ ਸਾਹਿਬ ਸੁਲਤਾਨ ਸਦ ਰੱਖੀਂ ਸਾਇਆ ਹੇਠ, ਇਕ ਤੇਰੀ ਓਟ ਤਕਾਈਆ । ਵਰਨ ਬਰਨ ਜ਼ਾਤ ਪਾਤ ਅਗਨੀ ਮੇਟੇ ਮਹੀਨਾ ਜੇਠ, ਸਾਂਤਕ ਸਤਿ ਨਾ ਕੋਈ ਵਰਤਾਈਆ । ਮੈਂ ਭੁੱਲਾ ਦਸ ਆਪਣਾ ਭੇਤ, ਅਭੇਵ ਤੇਰੇ ਹੱਥ ਵਡਿਆਈਆ । ਮੈਂ ਸੁਣਿਆ ਗੋਬਿੰਦ ਔਣਾ ਤੇਰੇ ਦਵਾਰੇ ਪਹਿਲੀ ਚੇਤ, ਆਪ ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਉਂ ਜਾਚਕ ਸੀਸ ਝੁਕਾਈਆ । ਯਾਚਕ ਮੰਗੇ ਦਾਨ, ਕਲਜੁਗ ਹੋ ਨਿਮਾਣਾ, ਕਿਰਪਾ ਕਰ

੧੩੩੫ ੧੦

ਸ੍ਰੀ ਭਗਵਾਨ, ਸ਼ਾਹ ਪਾਤਸ਼ਾਹ ਸਚ ਸੁਲਤਾਨਾ । ਮੈਂ ਹੋਇਆ ਅੰਤ ਵੈਰਾਨ, ਨਾ ਦੀਸੇ ਕੋਈ ਟਿਕਾਨਾ । ਸ਼ਾਹ ਸੁਲਤਾਨ ਬੇਈਮਾਨ, ਧਰਮੀ ਧਰਮ ਨਾ ਕੋਈ ਟਿਕਾਨਾ । ਨਾ ਕੋਈ ਦੀਨ ਨਾ ਈਮਾਨ, ਨਾ ਕੋਈ ਪੜ੍ਹੇ ਸਚ ਕਲਾਮਾ । ਘਰ ਘਰ ਵੜਿਆ ਇਕ ਸ਼ੈਤਾਨ, ਭੁੱਲਿਆ ਹਰਿ ਜੂ ਤੇਰਾ ਨਾਮਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਦੇਣਾ ਸਾਚਾ ਵਰ, ਅੰਤਰ ਅੰਤਰ ਧੁਰ ਫ਼ਰਮਾਨਾ । ਧੁਰ ਫਰਮਾਨਾ ਦੱਸੇ ਨਿਰੰਕਾਰ, ਹਉਂ ਅਗੇ ਝੋਲੀ ਡਾਹੀਆ । ਛੋਟਾ ਤੇਰਾ ਸੁਤ ਦੁਲਾਰ, ਕਲਜੁਗ ਕੂਕ ਕੂਕ ਸੁਣਾਈਆ । ਮੇਰਾ ਆਇਆ ਪਾਸਾ ਹਾਰ, ਜਿਤ ਨਜ਼ਰ ਕਿਸੇ ਨਾ ਆਈਆ । ਮੈਂ ਦਰ ਦਰ ਮੰਦਰ ਮਸਜਿਦ ਗੁਰਦਵਾਰ ਸ਼ਿਵਦਵਾਲੇ ਮਠ ਫਿਰਿਆ ਵਾਰੋ ਵਾਰ, ਤੇਰਾ ਰੂਪ ਨਜ਼ਰ ਕਿਤੇ ਨਾ ਆਈਆ । ਤੂੰ ਲੁਕਿਆ ਰਹੇਂ ਨਾ ਵਿਚ ਸੰਸਾਰ, ਚਾਰ ਦਿਵਾਰ ਤੇਰਾ ਖੇੜਾ ਤੋਹੇ ਸੋਭਾ ਪਾਈਆ । ਨਿਰਗੁਣ ਜੋਤ ਸਦਾ ਨਿਰਾਕਾਰ, ਬੇਅੰਤ ਤੇਰੀ ਵਡਿਆਈਆ । ਖ਼ਾਲਕ ਖ਼ਲਕ ਕਰੇ ਪਸਾਰ, ਮਖ਼ਲੂਕ ਤੇਰੀ ਸ਼ਹਿਨਸ਼ਾਹੀਆ । ਬੇਐਬ ਪਰਵਰਦਿਗਾਰ, ਮੁਕਾਮੇ ਹੱਕ ਇਕ ਸਲਾਹੀਆ । ਕਰੇ ਖੇਲ ਅਗੰਮ ਅਪਾਰ, ਅਗੰਮੜੀ ਕਾਰ ਕਮਾਈਆ । ਸਚਖੰਡ ਵਸੇ ਧਾਮ ਨਿਆਰ, ਥਿਰ ਘਰ ਆਪਣੀ ਰਚਨ ਰਚਾਈਆ । ਸੋ ਪੁਰਖ ਨਿਰੰਜਣ ਮੀਤ ਮੁਰਾਰ, ਹਰਿ ਪੁਰਖ ਨਿਰੰਜਣ ਸਿਰ ਮੇਰੇ ਹੱਥ ਰਖਾਈਆ । ਏਕੰਕਾਰਾ ਤੇਰਾ ਸੋਹਣਾ ਦਰਬਾਰ, ਆਦਿ ਨਿਰੰਜਣ ਜੋਤ ਜੋਤ ਰੁਸ਼ਨਾਈਆ । ਅਬਿਨਾਸ਼ੀ ਕਰਤਾ ਦਏ ਸਹਾਰ, ਚਰਨ ਸਰਨ ਸੱਚੀ ਸਰਨਾਈਆ । ਸ੍ਰੀ ਭਗਵਾਨ ਤੇਰਾ ਸਤਿ ਹੁਲਾਰਾ ਦੋ ਜਹਾਨਾਂ ਪਾਵੇ ਸਾਰਾ, ਬ੍ਰਹਿਮੰਡਾਂ ਖੰਡਾਂ ਵੇਖੇ ਅਖਾੜਾ, ਲੋਕਮਾਤ ਵੇਖ ਵਖਾਈਆ । ਪਾਰਬ੍ਰਹਮ ਤੇਰਾ ਬ੍ਰਹਮ ਪਸਾਰਾ, ਤ੍ਰੈਗੁਣ ਮਾਇਆ ਨਾਲ ਭੰਡਾਰਾ, ਪੰਚਮ ਤਤ ਹੋਇਆ ਹਲਕਾਰਾ, ਏਕਾ ਲੇਖਾ ਹਰਿ ਨਿਰੰਕਾਰਾ, ਸ਼ਬਦ ਨਾਦ ਨਾ ਕੋਈ ਧੁਨਕਾਰਾ, ਰਸਨਾ ਜਿਹਵਾ ਗਾ ਗਾ ਥੱਕੇ ਜੀਵ ਗਵਾਰਾ, ਅੰਦਰ ਮੰਦਰ ਸਾਚੇ ਪੌੜੇ ਚੜ੍ਹ ਦਰਸ ਕੋਈ ਨਾ ਪਾਈਆ । ਚਾਰੋਂ ਤਰਫ਼ ਨਾਰ ਵਿਭਚਾਰਾ, ਮਿਲੇ ਹਰਿ ਕੰਤ ਭਤਾਰ, ਸੋਹੇ ਮੰਦਰ ਨਾ ਸਚ ਮੁਨਾਰਾ, ਮਹੱਲ ਅਟਲ ਨਾ ਕੋਈ ਰੁਸ਼ਨਾਈਆ । ਵਰਨਾਂ ਬਰਨਾਂ ਲੱਗਾ ਅਖਾੜਾ, ਕਾਮ ਕ੍ਰੋਧ ਲੋਭ ਮੋਹ ਹੰਕਾਰ ਮਾਰਨ ਧਾੜਾ, ਠਗ ਚੋਰ ਯਾਰ ਚਾਰੋਂ ਕੁੰਟ ਦੇਣ ਦੁਹਾਈਆ । ਮੈਂ ਇਕ ਅਕੱਲਾ ਕੀ ਕਰਾਂ ਵਿਚਾਰਾ, ਤੇਰੇ ਹੁਕਮ ਵਰਤੇ ਸਭ ਵਰਤਾਰਾ, ਹੁਕਮੀ ਹੁਕਮ ਖੇਲ ਖਿਲਾਈਆ । ਧਰਨੀ ਰੋਵੇ ਜ਼ਾਰੋ ਜ਼ਾਰਾ, ਦਰ ਦਰ ਕਰੇ ਇਕ ਪੁਕਾਰਾ, ਨੇਤਰ ਨੈਣ ਨੈਣ ਨੀਰ ਨੀਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਅਭੁਲ ਭੁਲ ਕਦੇ ਨਾ ਜਾਈਆ । ਦੀਨ ਦਿਆਲ ਸ਼ਾਹ ਪਾਤਸ਼ਾਹ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਸ਼ਬਦ ਅਗੰਮੀ ਇਕ ਸਲਾਹ, ਅਨਾਦੀ ਨਾਦ ਵਜਾਇੰਦਾ । ਪਾਰਬ੍ਰਹਮ ਪ੍ਰਭ ਬੇਪਰਵਾਹ, ਭੇਵ ਕੋਈ ਨਾ ਪਾਇੰਦਾ । ਜੁਗ ਜੁਗ ਚਲਾਏ ਆਪਣਾ ਰਾਹ, ਲੋਕਮਾਤ ਖੇਲ ਕਰਾਇੰਦਾ । ਸਤਿਜੁਗ ਤ੍ਰੇਤਾ ਦਵਾਪਰ ਪਾਰ ਕਰਾ, ਕਲਜੁਗ ਤੇਰਾ ਰੰਗ ਰੰਗਾਇੰਦਾ । ਤੇਰਾ ਰੂਪ ਲਿਆ ਵਟਾ, ਨੌ ਖੰਡ ਪ੍ਰਿਥਮੀ ਆਪ ਧਰਾਇੰਦਾ । ਲੱਖ ਚੁਰਾਸੀ ਵਿਚ ਸਮਾ, ਘਰ ਘਰ ਨਾਚ ਨਚਾਇੰਦਾ । ਮਨ ਮਤ ਤੇਰੀ ਝੋਲੀ ਪਾ, ਗੁਰਮਤ ਮੁਖ ਭਵਾਇੰਦਾ । ਅੰਤਮ ਲੇਖਾ ਦਏ ਮੁਕਾ, ਲਹਿਣਾ ਆਪਣੇ ਹੱਥ ਰਖਾਇੰਦਾ । ਚਾਰੇ ਵਰਨਾਂ ਦਏ ਮੁਕਾ, ਚਾਰੇ ਬਾਣੀ ਆਪਣੇ ਵਿਚ ਸਮਾਇੰਦਾ । ਚਾਰੇ ਖਾਣੀ ਦਏ ਸਮਝਾ, ਏਕਾ ਹੁਕਮ ਵਰਤਾਇੰਦਾ । ਚੌਥੇ ਜੁਗ ਡੇਰਾ ਦੇਵੇ ਢਾ, ਕੱਲਰ ਕੰਧ ਆਪ ਰੁੜ੍ਹਾਇੰਦਾ । ਤੇਰੇ ਨੈਣਾਂ ਦਏ ਵਖਾ, ਤੇਰੀ ਕੀਤੀ ਤੇਰੇ ਅੱਗੇ ਟਿਕਾਇੰਦਾ । ਗੁਰ ਅਵਤਾਰ ਲਏ

ਬੁਲਾ, ਦਰ ਸਾਚੇ ਸਦ ਬਹਾਇੰਦਾ । ਈਸਾ ਮੂਸਾ ਸੰਗ ਮੁਹੰਮਦ ਲਏ ਰਲਾ, ਏਕਾ ਹੁਕਮ ਵਰਤਾਇੰਦਾ । ਭਗਤ ਭਗਵੰਤ ਦਏ ਜਣਾ, ਆਪਣੀ ਬੂਝ ਬੁਝਾਇੰਦਾ । ਸਾਚੇ ਸੰਤਾਂ ਦਏ ਉਠਾ, ਸਚ ਸੰਦੇਸ਼ ਸੁਣਾਇੰਦਾ । ਗੁਰਮੁਖ ਨਾਲ ਲਏ ਰਲਾ, ਆਪਣਾ ਮੇਲਾ ਆਪ ਕਰਾਇੰਦਾ । ਗੁਰਸਿਖ ਗੋਦ ਲਏ ਬਹਾ, ਕਾਇਆ ਕਵਰੀ ਫੋਲ ਫੁਲਾਇੰਦਾ । ਧੁਰ ਫ਼ਰਮਾਨਾ ਦਏ ਜਣਾ, ਧੁਰ ਦੀ ਬਾਣੀ ਬਾਣ ਲਗਾਇੰਦਾ । ਸ਼ਾਹੋ ਭੂਪ ਰਾਜ ਰਾਜਾਨਾ ਸ਼ਾਹ ਬਣ ਸੱਚਾ ਸ਼ਹਿਨਸ਼ਾਹ, ਆਪਣੀ ਖੇਲ ਆਪ ਕਰਾਇੰਦਾ । ਏਕਾ ਦਰ ਦਏ ਸਮਝਾ, ਦਰ ਸਾਚਾ ਇਕ ਰਖਾਇੰਦਾ । ਜੋ ਜਨ ਦਰ ਦਰਵੇਸ਼ ਨਰ ਨਰੇਸ਼ ਚਰਨੀ ਡਿਗੇ ਆ, ਨਿਰਵੈਰ ਆਪਣੀ ਗੋਦ ਬਹਾਇੰਦਾ । ਕਾਲਖ ਟਿੱਕਾ ਦਏ ਧਵਾ, ਦੁਰਮਤ ਦਾਗ਼ ਮਿਟਾਇੰਦਾ । ਆਪਣੇ ਮਾਰਗ ਆਪੇ ਪਾ, ਏਕਾ ਰਾਹ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਕਲਜੁਗ ਹਰੀ ਹਰਿ ਆਪ ਆਪ ਸਮਝਾਇੰਦਾ । ਕਲਜੁਗ ਔਣਾ ਸਾਚੇ ਦਰ, ਹਰਿ ਸਾਚਾ ਸਚ ਜਣਾਈਆ । ਪੁਰਖ ਅਬਿਨਾਸ਼ੀ ਕਿਰਪਾ ਦੇਵੇ ਕਰ, ਦਰ ਦਵਾਰਾ ਵੇਖ ਵਖਾਈਆ । ਆਪਣਾ ਘਾੜਨ ਲਿਆ ਘੜ, ਘੜਨਹਾਰ ਬੇਪਰਵਾਹੀਆ । ਤੇਰੀ ਕਰਨੀ ਰਹੀ ਲੜ, ਤੇਰੀ ਕਿਰਤ ਵੇਖ ਵਖਾਈਆ । ਤੂੰ ਆਪਣੀ ਅਗਨੀ ਜਾਣਾ ਸੜ, ਤੇਰਾ ਹਵਨ ਦਏ ਵਖਾਈਆ । ਤੇਰਾ ਤੁਟੇ ਹੰਕਾਰੀ ਗੜ੍ਹ, ਹਉਮੇ ਰੋਗ ਦਏ ਮਿਟਾਈਆ । ਅੰਤਮ ਅੰਤ ਪਾਰਬ੍ਰਹਮ ਲਏ ਫੜ, ਨਾ ਸਕੇ ਕੋਈ ਛੁਡਾਈਆ । ਜਿਸ ਲਗਾਈ ਤੇਰੀ ਜੜ੍ਹ, ਸੋ ਅੰਤ ਦਏ ਉਖੜਾਈਆ । ਲੱਖ ਚੁਰਾਸੀ ਇਕ ਦੂਜੇ ਦੇ ਨਾਲ ਪਏ ਲੜ, ਘਰ ਘਰ ਪਏ ਦੁਹਾਈਆ । ਜੋ ਜਨਮੇ ਸੋ ਜਾਏ ਮਰ, ਥਿਰ ਕੋਇ ਰਹਿਣ ਨਾ ਪਾਈਆ । ਅਬਿਨਾਸ਼ੀ ਕਰਤਾ ਖੇਲ ਕਰੇ ਖੜ, ਨਗਰ ਖੇੜਾ ਡੇਰਾ ਢਾਹੀਆ । ਨਿਰਭੌ ਹੋ ਚੁਕਾਏ ਡਰ, ਭੈ ਭਿਆਨਕ ਵੇਖ ਵਖਾਈਆ । ਸੰਤ ਸੁਹੇਲੇ ਲਾਏ ਆਪਣੇ ਲੜ, ਗੁਰ ਚੇਲੇ ਲਏ ਤਰਾਈਆ । ਕਿਰਪਾ ਕਰ ਨਰਾਇਣ ਨਰ, ਨਰ ਆਪਣੇ ਲੇਖੇ ਪਾਈਆ । ਆਦਿ ਪੁਰਖ ਦਿਤਾ ਵਰ, ਅੰਤਮ ਪੂਰ ਕਰਾਈਆ । ਭਗਤ ਭਗਵੰਤ ਨੁਹਾਏ ਸਾਚੇ ਸਰ, ਅੰਮ੍ਰਿਤ ਏਕਾ ਵੇਖ ਵਖਾਈਆ । ਦੁਰਮਤ ਮੈਲ ਜਾਵੇ ਹਰ, ਅਗਿਯਾਨ ਅੰਧੇਰ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਗੁਣ ਸਮਝਾਈਆ । ਏਕਾ ਗੁਣ ਹਰਿ ਗੁਣਵਾਨਾ, ਗੁਣਵੰਤਾ ਆਪ ਜਣਾਇੰਦਾ । ਜੁਗ ਜੁਗ ਵੇਸ ਧਰੇ ਸ੍ਰੀ ਭਗਵਾਨਾ, ਨਿਰਗੁਣ ਸਰਗੁਣ ਖੇਲ ਖਿਲਾਇੰਦਾ । ਕਲਜੁਗ ਅੰਤਮ ਹੋ ਮਿਹਰਵਾਨਾ, ਰੂਪ ਅਨੂਪ ਆਪ ਵਟਾਇੰਦਾ । ਨਾਉਂ ਰੱਖ ਨਿਹਕਲੰਕ ਬਲੀ ਬਲਵਾਨਾ, ਬਲ ਆਪਣਾ ਆਪ ਜਣਾਇੰਦਾ । ਚਾਰ ਜੁਗ ਦਾ ਲੇਖਾ ਚੁਕਾਏ ਆਣਾ, ਨੌ ਸੌ ਚੁਰਾਨਵੇਂ ਚੌਕੜੀ ਜੁਗ ਪੰਧ ਮੁਕਾਇੰਦਾ । ਛੱਤੀ ਛੱਤੀ ਵੇਖੇ ਮਾਰ ਧਿਆਨਾ, ਤ੍ਰੈ ਤ੍ਰੈ ਵਿਚ ਮਿਲਾਇੰਦਾ । ਲਹਿਣਾ ਦੇਣਾ ਮੁੱਕੇ ਸ਼ਾਸਤਰ ਸਿਮਰਤ ਵੇਦ ਪੁਰਾਨਾ, ਅੰਜੀਲ ਕੁਰਾਨ ਗੀਤਾ ਗਿਆਨ ਆਪਣੀ ਝੋਲੀ ਪਾਇੰਦਾ । ਅਠਸਠ ਨਾ ਕੋਈ ਅਸ਼ਨਾਨ, ਤੀਰਥ ਤਟ ਹੋਏ ਵੈਰਾਨ, ਨੀਰ ਸੀਰ ਸੀਰ ਨੀਰ ਰੂਪ ਨਾ ਕੋਈ ਧਰਾਇੰਦਾ । ਖਾਣੀ ਬਾਣੀ ਤੁਟਾ ਮਾਣ, ਘਰ ਘਰ ਵੜਿਆ ਪੰਜ ਸ਼ੈਤਾਨ, ਗੁਰ ਕਾ ਸ਼ਬਦ ਨਾ ਕੋਈ ਗਿਆਨ, ਏਕਾ ਭੁੱਲਿਆ ਸ੍ਰੀ ਭਗਵਾਨ, ਅੰਤਮ ਦੇਵੇ ਸਰਬ ਸਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਆਪਣਾ ਭੇਵ ਆਪ ਜਣਾਈਆ । ਸਾਚਾ ਭੇਵ ਜਾਣੇ ਕੁਲ, ਹਰਿ ਸਾਚਾ ਸਚ ਜਣਾਇੰਦਾ । ਕਰਤਾ ਕ਼ੀਮਤ ਪਾਏ ਮੁੱਲ, ਲਹਿਣਾ ਸਭ ਦਾ ਆਪ ਮੁਕਾਇੰਦਾ । ਚਰਨ ਪ੍ਰੀਤੀ ਜੋ ਜਨ ਜਾਏ ਘੁਲ, ਆਪਣਾ ਲੇਖਾ ਆਪਣੇ ਲੇਖੇ ਵਿਚ ਰਖਾਇੰਦਾ ।

੧੩੩੭ ੧੦

ਨਾਮ ਕੰਡੇ ਜੋ ਜਨ ਜਾਏ ਤੁਲ, ਤੋਲਾ ਆਪਣੇ ਰੰਗ ਰੰਗਾਇੰਦਾ । ਗੁਰ ਕਾ ਬਚਨ ਜੋ ਗਏ ਭੁੱਲ, ਦੋ ਜਹਾਨਾਂ ਧੱਕਾ ਲਾਇੰਦਾ । ਕਰੇ ਖੇਲ ਹਰਿ ਅਨਮੁਲ, ਅਨਮੁਲੜੀ ਧਾਰ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਸਮਝਾਇੰਦਾ । ਸਾਚਾ ਹੁਕਮ ਧੁਰ ਫ਼ਰਮਾਨਾ, ਧੁਰ ਦਰਗਾਹੀ ਆਪ ਜਣਾਈਆ । ਕਲਜੁਗ ਵਰਤੇ ਅੰਤਮ ਭਾਣਾ, ਨਾ ਕੋਈ ਮੇਟੇ ਮੇਟ ਮਿਟਾਈਆ । ਤਖ਼ਤੋਂ ਲਾਹੇ ਰਾਣਾ ਰਾਜਾ, ਸੀਸ ਤਾਜ ਨਾ ਕੋਈ ਟਿਕਾਈਆ । ਬਰਨਾਂ ਵਰਨਾਂ ਤੁਟੇ ਮਾਣਾ, ਜ਼ਾਤ ਪਾਤ ਨਾ ਕੋਈ ਰਖਾਈਆ । ਕਰੇ ਖੇਲ ਸ੍ਰੀ ਭਗਵਾਨਾ, ਭਗਵਨ ਆਪਣੀ ਦਇਆ ਕਮਾਈਆ । ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਗਾਇਣ ਇਕੋ ਗਾਨਾ, ਏਕਾ ਅੱਖਰ ਕਰੇ ਪੜ੍ਹਾਈਆ । ਏਕਾ ਮੰਦਰ ਇਕ ਮਕਾਨਾ, ਏਕਾ ਬੈਠਾ ਆਸਣ ਲਾਈਆ । ਇਸ਼ਟ ਦੇਵ ਗੁਰ ਇਕ ਮਨਾਨਾ, ਦੂਸਰ ਸੀਸ ਨਾ ਕੋਈ ਝੁਕਾਈਆ । ਏਕਾ ਮਰਦ ਇਕ ਮਰਦਾਨਾ, ਸਚ ਮਰਦਾਨਗੀ ਦਏ ਸਮਝਾਈਆ । ਏਕਾ ਰਾਗ ਇਕ ਤਰਾਨਾ, ਏਕਾ ਅਨਹਦ ਤਾਲ ਵਜਾਈਆ । ਏਕਾ ਅੰਮ੍ਰਿਤ ਪੀਣਾ ਖਾਣਾ, ਨਿਝਰ ਝਿਰਨਾ ਦਏ ਝਿਰਾਈਆ । ਏਕਾ ਦੇਵੇ ਸਾਚਾ ਨਾਮਾ, ਨਾਮ ਅਮੋਲਕ ਝੋਲੀ ਪਾਈਆ । ਏਕਾ ਬੰਨ੍ਹੇ ਸਤਿ ਸੰਤੋਖੀ ਗਾਨਾ, ਤੰਦ ਆਪਣੇ ਹੱਥ ਉਠਾਈਆ । ਕਰੇ ਖੇਲ ਹੋ ਮਿਹਰਵਾਨਾ, ਹਰਿਜਨ ਸਾਚੇ ਆਪ ਜਗਾਈਆ । ਸ਼ਬਦ ਅਗੰਮੀ ਦੇ ਪਰਵਾਨਾ, ਸਚ ਸੰਦੇਸ਼ਾ ਦਏ ਸੁਣਾਈਆ । ਆਦਿ ਪੁਰਖ ਹਰਿ ਖੇਲ ਮਹਾਨਾ, ਭੇਵ ਅਭੇਦ ਨਾ ਕੋਈ ਜਣਾਈਆ । ਸਾਚੇ ਭਗਤ ਕਰੇ ਪਰਵਾਨਾ, ਲੋਕਮਾਤ ਮਾਤ ਵਡਿਆਈਆ । ਨਾਤਾ ਤੋੜੇ ਪੰਜ ਸ਼ੈਤਾਨਾਂ, ਪੰਚਮ ਨਾਦਿ ਧੁਨ ਸ਼ਨਵਾਈਆ । ਚਰਨ ਕਵਲ ਕਵਲ ਚਰਨ ਦੇਵੇ ਸਾਚਾ ਮਾਣਾ, ਸਿਰ ਆਪਣਾ ਹੱਥ ਟਿਕਾਈਆ । ਆਪੇ ਹੋਏ ਜਾਣੀ ਜਾਣਾ, ਜਾਨਣਹਾਰ ਇਕ ਅਖਵਾਈਆ । ਕਲਜੁਗ ਤੇਰਾ ਲਹਿਣਾ ਦੇਣਾ ਚੁੱਕੇ ਵਿਚ ਜਹਾਨਾ, ਬਾਕੀ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਖਿਲੌਣਾ, ਏਕਾ ਹੁਕਮ ਜਣਾਇਆ । ਬਹੱਤਰ ਭਗਤ ਹਰਿ ਪਰਗਟੌਣਾ, ਆਪਣਾ ਰੰਗ ਵਖਾਇਆ । ਏਕਾ ਨਾਦ ਮਰਦੰਗ ਵਜੌਣਾ, ਘਟ ਘਟ ਨਾਦ ਅਲਾਇਆ । ਏਕਾ ਜੋਤੀ ਦੀਪ ਜਗੌਣਾ, ਦਿਵਸ ਰੈਣ ਡਗਮਗਾਇਆ । ਏਕਾ ਅੰਮ੍ਰਿਤ ਜਾਮ ਪਿਐਣਾ, ਤ੍ਰਿਸ਼ਨਾ ਭੁੱਖ ਗਵਾਇਆ । ਏਕਾ ਮੰਦਰ ਘਰ ਘਰ ਵਿਚ ਆਪ ਵਖੌਣਾ, ਛੱਪਰ ਛੰਨ ਨਾ ਕੋਈ ਛੁਹਾਇਆ । ਏਕਾ ਸੇਜਾ ਆਪ ਬਹੌਣਾ, ਸਚ ਸਿੰਘਾਸਣ ਸੋਭਾ ਪਾਇਆ । ਕੰਤ ਕੰਤੂਹਲ ਇਕ ਮਨੌਣਾ, ਵਿਛੜ ਕਦੇ ਨਾ ਜਾਇਆ । ਸਮਰਥ ਹੱਥ ਸਿਰ ਆਪ ਟਿਕੌਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਹੋਏ ਸਦਾ ਸਹਾਇਆ । ਬਹੱਤਰ ਭਗਤ ਕਰੇ ਪਰਗਟ, ਪਰਗਟ ਹੋਇਆ ਆਪ ਨਿਰੰਕਾਰਾ । ਚੌਦਾਂ ਲੋਕ ਵੇਖੇ ਹੱਟ, ਚੌਦਾਂ ਤਬਕਾਂ ਖੋਲ ਕਿਵਾੜਾ । ਆਪ ਵਰੋਲੇ ਤੀਰਥ ਤਟ, ਅਠਸਠ ਖੇਲੇ ਖੇਲ ਨਿਆਰਾ । ਮੰਦਰ ਮਸਜਿਦ ਸ਼ਿਵਦਵਾਲਾ ਵੇਖੇ ਮਠ, ਵੇਖਣਹਾਰ ਗੁਰ ਅਵਤਾਰਾ । ਵਸਣਹਾਰਾ ਘਟ ਘਟ, ਲੱਖ ਚੁਰਾਸੀ ਖੋਲ੍ਹੇ ਬੰਦ ਕਿਵਾੜਾ । ਗੁਰਮੁਖ ਸੱਜਣ ਵਿਚੋਂ ਲਏ ਰਖ, ਜਿਸ ਲਹਿਣਾ ਦੇਵੇ ਨਾਮ ਅਧਾਰਾ । ਆਦਿ ਜੁਗਾਦਿ ਜੁਗਾ ਜੁਗੰਤਰ ਹਰਿ ਭਗਤਾਂ ਰੱਖਦਾ ਆਇਆ ਪਤ, ਹਰਿ ਬਣ ਬਣ ਸੇਵਾਦਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਗੰਮ ਅਪਾਰਾ । ਅਗੰਮ ਅਪਾਰ ਖੇਲ ਅਵੱਲਾ, ਅਲਾਹੀ ਨੂਰ ਆਪ ਕਰਾਈਆ । ਆਪਣਾ ਆਪ ਕਰ ਬਿਸਮਿਲਾ, ਬਿਸਮਿਲ ਧਾਰ ਦਏ ਚਲਾਈਆ । ਆਪੇ ਪਹਿਨੇ ਬਸਤਰ ਨੀਲਾ, ਨੀਲ ਬਸਤਰ ਤਨ

ਛੁਹਾਈਆ । ਆਪੇ ਵੇਖੇ ਲੱਖ ਚੁਰਾਸੀ ਜਗਤ ਕਬੀਲਾ, ਵਿਸ਼ਨ ਬ੍ਰਹਮਾ ਸ਼ਿਵ ਨਾਲ ਰਲਾਈਆ । ਆਪੇ ਵੇਸ ਵਟਾਏ ਲਾਲ ਸੂਹਾ ਪੀਲਾ, ਨੀਲੀ ਧਾਰ ਆਪ ਸਮਾਈਆ । ਆਪੇ ਕਾਲਾ ਸੂਸਾ ਤਨ ਛੁਹਾਏ ਛੈਲ ਛਬੀਲਾ, ਜੋਬਨ ਆਪਣਾ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਹਰਿ ਹਰਿ ਸਵਾਮੀ, ਆਦਿ ਜੁਗਾਦਿ ਸਦਾ ਨਿਹਕਾਮੀ, ਜੁਗ ਜੁਗ ਆਪਣਾ ਰੂਪ ਧਰਾਈਆ । ਜੁਗ ਜੁਗ ਰੂਪ ਅਵੱਲੜਾ, ਨਿਰਗੁਣ ਸਰਗੁਣ ਖੇਲ ਖਿਲਾਏ । ਕਰੇ ਖੇਲ ਇਕ ਅਕੱਲੜਾ, ਅਗੰਮ ਅਗੋਚਰ ਬੇਪਰਵਾਹੇ । ਸਚ ਸਿੰਘਾਸਣ ਏਕਾ ਮਲੜਾ, ਸਚਖੰਡ ਬੈਠਾ ਆਸਣ ਲਾਏ । ਜਨ ਭਗਤਾਂ ਫੜਾਏ ਨਾਮ ਪੱਲੜਾ, ਸਾਚਾ ਪੱਲੂ ਇਕ ਵਖਾਏ । ਜੋਤੀ ਧਾਰ ਸ਼ਬਦੀ ਰਲੜਾ, ਸ਼ਬਦ ਅਨਾਦੀ ਨਾਦ ਸੁਣਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਜਗਾਏ । ਹਰਿਜਨ ਮੇਲਾ ਧਾਰ ਏਕਾ ਦਰ, ਦਰ ਦਰਵਾਜ਼ਾ ਆਪ ਸੁਹਾਈਆ । ਪੁਰਖ ਅਬਿਨਾਸ਼ੀ ਕਿਰਪਾ ਕਰ, ਭਗਤ ਭਗਵੰਤ ਲਏ ਮਿਲਾਈਆ । ਇਕ ਨੁਹਾਏ ਸਾਚੇ ਸਰ, ਕਾਗ ਹੰਸ ਬਣਾਈਆ । ਸੋਹੰ ਹੰਸਾ ਚੋਗ ਅੱਗੇ ਧਰ, ਮਾਣਕ ਮੋਤੀ ਦਏ ਵਖਾਈਆ । ਦਰਸ ਦਿਖਾਏ ਅਗੇ ਖੜ, ਸਵਛ ਸਰੂਪੀ ਰੂਪ ਵਟਾਈਆ । ਆਪਣਾ ਅੱਖਰ ਆਪ ਪੜ੍ਹ, ਜਨ ਭਗਤਾਂ ਦਏ ਸਮਝਾਈਆ । ਚੌਦਾਂ ਵਿਦਿਆ ਜਾਇਣ ਹਰ, ਹਰਿ ਕਾ ਭੇਵ ਕੋਈ ਨਾ ਪਾਈਆ । ਵਿਸ਼ਨ ਬ੍ਰਹਮਾ ਸ਼ਿਵ ਕੰਬਨ ਥਰ ਥਰ, ਦਰ ਬੈਠੇ ਸੀਸ ਝੁਕਾਈਆ । ਪਾਰਬ੍ਰਹਮ ਪਤਿ ਪਰਮੇਸ਼ਵਰ ਆਪਣਾ ਘਾੜਨ ਆਪੇ ਘੜ, ਨਿਰਗੁਣ ਨਿਰਗੁਣ ਨਿਰਗੁਣ ਜੋਤ ਜਗਾਈਆ । ਸਰਗੁਣ ਅੰਦਰ ਬੈਠਾ ਵੜ, ਦਿਸ ਕਿਸੇ ਨਾ ਆਈਆ । ਆਪਣੀ ਕਰਨੀ ਰਿਹਾ ਕਰ, ਪਿਛਲੀ ਕੀਤੀ ਆਪ ਉਲਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਦੇਵੇ ਇਕੋ ਵਰ, ਏਕਾ ਏਕ ਸਮਝਾਈਆ । ਏਕਾ ਏਕ ਇਕੋ ਧਾਰ, ਤ੍ਰੈਗੁਣ ਬਾਹਰ ਰਖਾਇੰਦਾ । ਤ੍ਰੈਗੁਣ ਅਤੀਤਾ ਕਰ ਪਸਾਰ, ਜੁਗ ਜੁਗ ਵੇਖ ਵਖਾਇੰਦਾ । ਠਾਂਡਾ ਸੀਤਾ ਏਕੰਕਾਰ, ਏਕਾ ਰਾਹ ਚਲਾਇੰਦਾ । ਸਾਚਾ ਮਾਰਗ ਅਪਰ ਅਪਾਰ, ਬ੍ਰਹਮਾ ਵਿਸ਼ਨ ਸ਼ਿਵ ਜਣਾਇੰਦਾ । ਲੱਖ ਚੁਰਾਸੀ ਕਰ ਤਿਆਰ, ਘੜ ਘੜ ਭਾਂਡੇ ਸੋਭਾ ਪਾਇੰਦਾ । ਮਨ ਮਤ ਬੁਧ ਦਏ ਅਧਾਰ, ਆਪਣੇ ਰੰਗ ਰੰਗਾਇੰਦਾ । ਸ਼ਬਦ ਅਨਾਦਿ ਸੱਚੀ ਧੁਨਕਾਰ, ਅਨਹਦ ਨਾਦੀ ਨਾਦ ਵਜਾਇੰਦਾ । ਸਰ ਸਰੋਵਰ ਠੰਡਾ ਠਾਰ, ਕਵਲ ਅੰਮ੍ਰਿਤ ਆਪ ਭਰਾਇੰਦਾ । ਜੋਤੀ ਜਾਤਾ ਹੋ ਉਜਿਆਰ, ਜੋਤ ਨਿਰੰਜਣ ਡਗਮਗਾਇੰਦਾ । ਆਤਮ ਬ੍ਰਹਮ ਕਰ ਪਸਾਰ, ਈਸ਼ ਜੀਵ ਖੇਲ ਖਿਲਾਇੰਦਾ । ਸਾਚੀ ਸੇਜਾ ਕਰ ਤਿਆਰ, ਸੋਭਾਵੰਤ ਸੋਭਾ ਪਾਇੰਦਾ । ਕੋਟਨ ਕੋਟ ਰਵ ਸਸ ਹੋਏ ਉਜਿਆਰ, ਸੂਰਜ ਚੰਨ ਮੁਖ ਸ਼ਰਮਾਇੰਦਾ । ਕਰੇ ਖੇਲ ਅਪਰ ਅਪਾਰ, ਹਰਿਜਨ ਸਾਚੇ ਮੇਲ ਮਿਲਾਇੰਦਾ । ਭਗਵਨ ਭਗਤੀ ਭਗਵਾਨ ਦੇਵੇ ਦਾਨ, ਦਾਤਾ ਦਾਨੀ ਆਪ ਹੋ ਆਇੰਦਾ । ਕਰੇ ਖੇਲ ਬਣ ਬਣ ਕਾਹਨ, ਲੱਖ ਚੁਰਾਸੀ ਨਾਚ ਨਚਾਇੰਦਾ । ਸਾਚੀ ਸਖ਼ੀਆਂ ਕਰ ਪਿਆਰ, ਨਿਰਗੁਣ ਆਪਣੀ ਗੋਦ ਬਹਾਇੰਦਾ । ਕਰੇ ਖੇਲ ਸ੍ਰੀ ਭਗਵਾਨ, ਭਗਵਨ ਆਪਣਾ ਰੂਪ ਵਟਾਇੰਦਾ । ਕਲਜੁਗ ਤੇਰਾ ਲਹਿਣਾ ਚੁਕਾਏ ਵਿਚ ਜਹਾਨ, ਦੇਣਾ ਆਪਣੇ ਹੱਥ ਰਖਾਇੰਦਾ । ਏਕਾ ਹੁਕਮ ਕਰੇ ਹੁਕਮਰਾਨ, ਹਾਕਮ ਆਪਣਾ ਹੁਕਮ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਜੁਗ ਲੇਖਾ ਜੁਗ ਲਹਿਣਾ ਜਗਤ ਆਪਣਾ ਆਪ ਮੁਕਾਇੰਦਾ ।

ਸੁਣ ਸੁਣ ਹੋਏ ਨਿਹਾਲ, ਜਿਸ ਅੰਦਰ ਨਾਮ ਵਡਿਆਈਆ । ਜਿਸ ਮਿਲਿਆ ਹੋਏ ਦਿਆਲ, ਤਿਸ ਕਲ ਨੇੜ ਨਾ ਆਈਆ । ਜੋ ਵਸੇ ਕਾਇਆ ਸੱਚੀ ਧਰਮਸਾਲ, ਤਿਨ੍ਹ ਸੁਣੇ ਸੱਚੀ ਸ਼ਨਵਾਈਆ । ਸਤਿਗੁਰ ਪੂਰਾ ਕਰੇ ਸਦਾ ਪ੍ਰਿਤਪਾਲ, ਸਿਰ ਆਪਣਾ ਹੱਥ ਟਿਕਾਈਆ । ਹੋ ਮਿਹਰਵਾਨ ਫਿਰੇ ਨਾਲ ਨਾਲ, ਵਿਛੜ ਕਦੇ ਨਾ ਜਾਈਆ । ਜਗਤ ਜ਼ੰਜੀਰ ਤੁਟੇ ਜੰਜਾਲ, ਜਗਤ ਜੁਗਤ ਸਤਿਗੁਰ ਆਪਣੇ ਹੱਥ ਰਖਾਈਆ । ਗੁਰਸਿਖ ਵਿੰਗਾ ਨਾ ਹੋਏ ਵਾਲ, ਰਾਏ ਧਰਮ ਨਾ ਦਏ ਸਜ਼ਾਈਆ । ਲੱਗੀ ਪ੍ਰੀਤੀ ਨਿਭੇ ਨਾਲ, ਜੋ ਜਨ ਬੈਠੇ ਧਿਆਨ ਲਗਾਈਆ । ਕਾਇਆ ਮਾਟੀ ਝੂਠੀ ਹਾਟੀ ਪੰਜ ਤੱਤ ਕਿਸੇ ਕੰਮ ਨਾ ਔਣੀ ਖਾਲ, ਚਮੜੀ ਕ਼ੀਮਤ ਕੋਇ ਨਾ ਪਾਈਆ । ਗੁਰਸਿਖ ਤੇਰੇ ਅੰਦਰ ਇਕੋ ਲਾਲ, ਹਰਿ ਆਪਣਾ ਨਾਉਂ ਦਿਤਾ ਟਿਕਾਈਆ । ਮਿਲ ਸਤਿਗੁਰ ਲੈਣਾ ਭਾਲ, ਦੂਜੇ ਹੱਥ ਨਾ ਕਿਸੇ ਵਖਾਈਆ । ਬਣ ਜਾਣਾ ਸ਼ਾਹ ਨਾ ਰਹਿਣਾ ਕੰਗਾਲ, ਦਰ ਦਵਾਰਿਉਂ ਦੇਣਾ ਵਖਾਈਆ । ਦਿਵਸ ਰੈਣ ਰੱਖੇ ਖ਼ੁਸ਼ਹਾਲ, ਸਾਚਾ ਵਣਜ ਜਿਸ ਕਰਾਈਆ । ਆਪੇ ਪੁਛੇ ਮੁਰੀਦਾਂ ਹਾਲ, ਮੁਰਸ਼ਦ ਆਵੇ ਚਾਈਂ ਚਾਈਆ । ਸੋ ਗੁਰਮੁਖ ਹੋਇਆ ਨਿਹਾਲ, ਜਿਸ ਸਤਿਗੁਰ ਮਿਲਿਆ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਰਬ ਜੀਵਾਂ ਏਕਾ ਗੁਣ ਜਣਾਈਆ ।



## ★ ੩੦ ਅਸੂ ੨੦੧੮ ਬਿਕ੍ਰਮੀ ਨਰਾਇਣ ਸਿੰਘ ਦੇ ਗ੍ਰਿਹਿ ਪਿੰਡ ਗੁਮਾਨ ਪੁਰ ਜ਼ਿਲਾ ਅੰਮ੍ਰਿਤਸਰ ★

੧੩੪੦
੧੦

ਆਦਿ ਪੁਰਖ ਅਗੰਮ ਅਪਾਰਾ, ਅਗੰਮ ਅਗੰਮੜੀ ਧਾਰ ਚਲਾਇੰਦਾ । ਸਚਖੰਡ ਵਸੇ ਧਾਮ ਨਾਮ ਨਿਆਰਾ, ਇਕ ਅਕੱਲਾ ਆਸਣ ਲਾਇੰਦਾ । ਸੋ ਪੁਰਖ ਨਿਰੰਜਣ ਆਪੇ ਜਾਣੇ ਆਪਣੀ ਕਾਰਾ, ਹਰਿ ਪੁਰਖ ਨਿਰੰਜਣ ਖੇਲ ਖਿਲਾਇੰਦਾ । ਏਕੰਕਾਰਾ ਕਰ ਪਸਾਰਾ, ਆਦਿ ਨਿਰੰਜਣ ਜੋਤੀ ਜੋਤ ਡਗਮਗਾਇੰਦਾ । ਅਬਿਨਾਸ਼ੀ ਕਰਤਾ ਦਏ ਸਹਾਰਾ, ਸ੍ਰੀ ਭਗਵਾਨ ਦਇਆ ਕਮਾਇੰਦਾ । ਪਾਰਬ੍ਰਹਮ ਪ੍ਰਭ ਵੇਖਣਹਾਰਾ, ਰੂਪ ਅਨੂਪ ਆਪ ਵਟਾਇੰਦਾ । ਥਿਰ ਘਰ ਸਾਚਾ ਖੋਲ੍ਹ ਕਿਵਾੜਾ, ਆਪਣਾ ਬੰਧਨ ਆਪੇ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਰੰਗ ਆਪ ਸਮਾਇੰਦਾ । ਆਪਣੇ ਰੰਗ ਵਸੇ ਨਿਰੰਕਾਰਾ, ਆਦਿ ਜੁਗਾਦਿ ਵਡੀ ਵਡਿਆਈਆ । ਅਲਖ ਅਗੋਚਰ ਅਗੰਮ ਅਪਾਰਾ, ਬੈਐਬ ਬੇਪਰਵਾਹੀਆ । ਆਪੇ ਬਣੇ ਨਿਰਗੁਣ ਧਾਰਾ, ਨਿਰਗੁਣ ਨਿਰਗੁਣ ਮੇਲ ਮਿਲਾਈਆ । ਨਿਰਗੁਣ ਕੰਤ ਨਿਰਗੁਣ ਨਾਰਾ, ਨਿਰਗੁਣ ਸਾਚਾ ਸੰਗ ਨਿਭਾਈਆ । ਨਿਰਗੁਣ ਪਿਤਾ ਪੂਤ ਬਣ ਸੁਤ ਦੁਲਾਰਾ, ਦਾਈ ਦਾਇਆ ਨਿਰਗੁਣ ਸੇਵ ਕਮਾਈਆ । ਸਚਖੰਡ ਸੁਹਾਏ ਇਕ ਦਰਬਾਰਾ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਸ਼ਾਹੋ ਭੂਪ ਬਣ ਸਿਕਦਾਰਾ, ਸ਼ਹਿਨਸ਼ਾਹ ਵਡੀ ਵਡਿਆਈਆ । ਸ਼ਬਦ ਅਨਾਦਿ ਧੁਰ ਫ਼ਰਮਾਨਾ, ਅਨਾਦੀ ਨਾਦ ਆਪ ਜਣਾਈਆ । ਨਿਰਗੁਣ ਨਿਰਗੁਣ ਕਰ ਪਸਾਰਾ, ਨਿਰਗੁਣ ਵੇਖੇ ਚਾਈਂ ਚਾਈਂਆ । ਸੁਤ ਦੁਲਾਰਾ ਕਰ ਤਿਆਰਾ, ਸ਼ਬਦੀ ਸ਼ਬਦ ਨਾਉਂ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚਾ ਆਪ ਸੁਹਾਈਆ । ਸੁਤ ਦੁਲਾਰਾ ਥਿਰ ਘਰ ਵਾਸਾ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਹਰਿ ਪੁਰਖ ਨਿਰੰਜਣ ਪੂਰੀ ਕਰੇ ਆਸਾ, ਵਸਤ ਅਮੋਲਕ ਝੋਲੀ ਪਾਇੰਦਾ । ਏਕੰਕਾਰਾ ਦਏ ਭਰਵਾਸਾ, ਸਿਰ ਆਪਣਾ ਹੱਥ ਰਖਾਇੰਦਾ । ਆਦਿ

ਨਿਰੰਜਣ ਕਰ ਪਰਕਾਸ਼ਾ, ਨੂਰ ਨੁਰਾਨਾ ਡਗਮਗਾਇੰਦਾ । ਅਬਿਨਾਸ਼ੀ ਕਰਤਾ ਨਿਜ ਘਰ ਕਰ ਕਰ ਵਾਸਾ, ਮੇਲ ਮਿਲਾਵਾ ਆਪਣੇ ਹੱਥ ਰਖਾਇੰਦਾ । ਸ੍ਰੀ ਭਗਵਾਨ ਸ਼ਾਹੋ ਸ਼ਬਾਸ਼ਾ, ਸ਼ਾਹ ਪਾਤਸ਼ਾਹ ਰਾਜ ਰਾਜਾਨਾ ਹੁਕਮ ਚਲਾਇੰਦਾ । ਪਾਰਬ੍ਰਹਮ ਪ੍ਰਭ ਵੇਖਣਹਾਰ ਤਮਾਸ਼ਾ, ਆਪਣੇ ਮੰਡਲ ਆਪਣੀ ਰਾਸ ਆਪ ਰਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਸਾਚਾ ਵੇਖੇ ਵੜ, ਸੁਤ ਦੁਲਾਰਾ ਦਏ ਹੁਲਾਰਾ ਖੇਲ ਤਮਾਸ਼ਾ ਆਪਣੀ ਖੇਲ ਖਲਾਇੰਦਾ । ਏਕੰਕਾਰਾ ਪੁਰਖ ਸਮਰਥ, ਆਪਣੀ ਦਇਆ ਆਪ ਕਮਾਈਆ । ਆਪਣਾ ਸੁਤ ਕਰ ਪਰਗਟ, ਥਿਰ ਘਰ ਸਾਚੇ ਦਏ ਬਹਾਈਆ । ਨਾ ਕੋਈ ਛੱਪਰ ਛੰਨ ਵਸੇ ਛੱਤ, ਚਾਰ ਦਿਵਾਰ ਨਾ ਕੋਈ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਦਾਤ ਸੋ ਪੁਰਖ ਨਿਰੰਜਣ ਝੋਲੀ ਪਾਈਆ । ਸੁਤ ਦੁਲਾਰਾ ਤੇਰਾ ਪਿਤਾ ਮਾਤ, ਪੁਰਖ ਅਕਾਲ ਇਕ ਜਣਾਇੰਦਾ । ਆਦਿ ਜੁਗਾਦਿ ਪੁਛੇ ਤੇਰੀ ਵਾਤ, ਤੇਰਾ ਸੰਗ ਨਿਭਾਇੰਦਾ । ਤੇਰੇ ਅੰਦਰ ਵੇਖੇ ਮਾਰ ਝਾਤ, ਆਪਣਾ ਪਰਦਾ ਆਪ ਉਠਾਇੰਦਾ । ਵਸਣਹਾਰਾ ਇਕ ਇਕਾਂਤ, ਮਹੱਲ ਅਟਲ ਆਪ ਸੁਹਾਇੰਦਾ । ਸਾਚੀ ਬਖਸ਼ੀ ਇਕੋ ਦਾਤ, ਵਸਤ ਅਮੋਲਕ ਝੋਲੀ ਪਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਬਣਾਏ ਤੇਰਾ ਨਾਤ, ਨਾਤਾ ਬਿਧਾਤਾ ਜੋੜ ਜੁੜਾਇੰਦਾ । ਤ੍ਰੈਗੁਣ ਮਾਇਆ ਸਾਥ, ਸਗਲਾ ਸੰਗ ਨਿਭਾਇੰਦਾ । ਪੰਜ ਤਤ ਕਰ ਪ੍ਰਕਾਸ਼, ਨਿਰਗੁਣ ਸਰਗੁਣ ਖੇਲ ਕਰਾਇੰਦਾ । ਬ੍ਰਹਿਮੰਡ ਖੰਡ ਵੇਖੇ ਖੇਲ ਤਮਾਸ਼, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਪਣਾ ਨਾਮ ਸਮਝਾਇੰਦਾ । ਰਵ ਸਸ ਕਰ ਦਾਸ, ਹੁਕਮੀ ਹੁਕਮ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਰਚਨਾ ਆਪ ਰਚਾਇੰਦਾ । ਸਾਚੀ ਰਚਨਾ ਰਚਨਹਾਰਾ, ਇਕੋ ਇਕ ਅਖਵਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰ ਪਸਾਰਾ, ਸ਼ਬਦੀ ਬੰਧਨ ਪਾਇੰਦਾ । ਸ਼ਬਦੀ ਗੁਰ ਸ਼ਬਦੀ ਅਵਤਾਰਾ, ਸ਼ਬਦੀ ਢੋਲਾ ਗਾਇੰਦਾ । ਸ਼ਬਦੀ ਮੰਦਰ ਸ਼ਬਦ ਮੁਨਾਰਾ, ਸ਼ਬਦ ਆਪਣਾ ਆਸਣ ਲਾਇੰਦਾ । ਸ਼ਬਦ ਨਾਦਿ ਸ਼ਬਦ ਧੁਨਕਾਰਾ, ਸ਼ਬਦ ਜੈ ਜੈਕਾਰ ਕਰਾਇੰਦਾ । ਸ਼ਬਦ ਸੁਣੇ ਸ਼ਬਦ ਸੁਣਨੇਹਾਰਾ, ਸ਼ਬਦ ਸ਼ਬਦੀ ਆਪਣਾ ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਏਕਾ ਸੁਤ ਆਪ ਪਰਗਟਾਇੰਦਾ । ਸਾਚਾ ਸੁਤ ਸ਼ਬਦ ਬਲਵਾਨ, ਹਰਿ ਸਾਚੇ ਸਚ ਸਮਝਾਇਆ । ਆਪ ਵਸਾਇਆ ਸਚ ਮਕਾਨ, ਥਿਰ ਘਰ ਸਾਚਾ ਨਾਉਂ ਧਰਾਇਆ । ਸਚਖੰਡ ਵਸਿਆ ਸ੍ਰੀ ਭਗਵਾਨ, ਏਕਾ ਹੁਕਮ ਸੁਣਾਇਆ । ਵਿਸ਼ਨ ਬ੍ਰਹਮਾ ਸ਼ਿਵ ਦੇਵੇ ਦਾਨ, ਏਕਾ ਵਸਤ ਝੋਲੀ ਪਾਇਆ । ਸਚ ਸੰਦੇਸ਼ਾ ਧੁਰ ਫ਼ਰਮਾਨ, ਏਕਾ ਹੁਕਮ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭੇਵ ਅਭੇਦ ਅਛੱਲ ਅਛੇਦ ਰੂਪ ਰੰਗ ਨਾ ਕੋਈ ਰਖਾਇਆ । ਰੂਪ ਰੰਗ ਨਾ ਕੋਇ ਰੇਖ, ਪਾਰਬ੍ਰਹਮ ਵਡੀ ਵਡਿਆਈਆ । ਸਚਖੰਡ ਨਿਵਾਸੀ ਆਪੇ ਰਿਹਾ ਵੇਖ, ਆਪ ਆਪਣਾ ਪਰਦਾ ਲਾਹਿਆ । ਆਪੇ ਵਸੇ ਆਪਣੇ ਦੇਸ, ਦੇਸ ਦਸੰਤਰ ਸੋਭਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਆਪਣੀ ਸਾਚੀ ਭਿਛਿਆ ਆਪਣੀ ਝੋਲੀ ਆਪ ਭਰਾਇਆ । ਸਾਚੀ ਭਿਛਿਆ ਹਰਿ ਵਰਤਾ, ਪਾਰਬ੍ਰਹਮ ਖ਼ੁਸ਼ੀ ਮਨਾਇੰਦਾ । ਸੁਤ ਦੁਲਾਰਾ ਵੇਖੇ ਰਾਹ, ਏਕਾ ਵਸਤ ਵਖਾਇੰਦਾ । ਏਕਾ ਰੰਗ ਲਏ ਰੰਗਾ, ਵਾਹ ਵਾਹ ਰੰਗ ਚੜ੍ਹਾਇੰਦਾ । ਨਿਰਗੁਣ ਸਰਗੁਣ ਬਣ ਮਲਾਹ, ਸਾਚਾ ਮਾਰਗ ਇਕ ਵਖਾਇੰਦਾ । ਸ਼ਬਦੀ ਸ਼ਬਦ ਸ਼ਬਦ ਸਲਾਹ, ਸਿਫ਼ਤ ਸਲਾਹੀ ਆਪਣੀ ਸਲਾਹ

੧੩੪੧
੧੦

੧੩੪੨ ੧੦

ਆਪ ਜਣਾਇੰਦਾ । ਇਕ ਜਪਾਏ ਆਪਣਾ ਨਾਂ, ਨਿਸ਼ਅੱਖਰ ਆਪ ਪੜ੍ਹਾਇੰਦਾ । ਸਿਰ ਰੱਖੇ ਠੰਡੀ ਛਾਂ, ਸਦਾ ਸੁਹੇਲਾ ਦਇਆ ਕਮਾਇੰਦਾ । ਆਪੇ ਪਿਤਾ ਆਪੇ ਮਾਂ, ਪੂਤ ਸਪੂਤਾ ਗੋਦ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਵੇਖੇ ਸਾਚਾ ਹਰਿ, ਦਰ ਸਾਚਾ ਆਪ ਖੁਲਾਇੰਦਾ । ਦਰ ਘਰ ਸਾਚਾ ਜਾਏ ਖੁਲ੍ਹ, ਸੋ ਪੁਰਖ ਨਿਰੰਜਣ ਆਪ ਖੁਲ੍ਹਾਈਆ । ਸੁਤ ਦੁਲਾਰਾ ਉਪਜਾਏ ਆਪਣੀ ਕੁਲ, ਕੁਲਵੰਤ ਬੇਪਰਵਾਹੀਆ । ਸ਼ਬਦ ਭੰਡਾਰ ਵਡ ਅਨਮੁਲ, ਕਰਤਾ ਕ਼ੀਮਤ ਕੋਈ ਨਾ ਲਾਈਆ । ਆਪੇ ਫੁਲ ਫੁਲਵਾੜੀ ਲਾਏ ਫੁੱਲ, ਬ੍ਰਹਮਾ ਵਿਸ਼ਨ ਸ਼ਿਵ ਲਏ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਮਾਰਗ ਇਕ ਸਮਝਾਈਆ । ਸਾਚਾ ਮਾਰਗ ਹਰਿ ਜੂ ਦੱਸ, ਆਪਣਾ ਭੇਵ ਖੁਲ੍ਹਾਇੰਦਾ । ਵਿਸ਼ਨੂੰ ਅੰਦਰ ਆਪੇ ਵਸ, ਆਪਣਾ ਨੂਰ ਧਰਾਇੰਦਾ । ਆਪਣੀ ਜੋਤ ਕਰ ਪਰਕਾਸ਼, ਨੂਰ ਨੁਰਾਨਾ ਡਗਮਗਾਇੰਦਾ । ਆਪੇ ਕਰੇ ਪੂਰੀ ਆਸ, ਏਕਾ ਅੰਮ੍ਰਿਤ ਮੁਖ ਚੁਆਇੰਦਾ । ਆਪੇ ਹੋਏ ਦਾਸੀ ਦਾਸ, ਬ੍ਰਹਮ ਪਾਰਬ੍ਰਹਮ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਸ਼ਬਦੀ ਸ਼ਬਦ ਸੇਵਾ ਇਕ ਲਗਾਇੰਦਾ । ਸਾਚੀ ਸੇਵਾ ਸ੍ਰੀ ਭਗਵਾਨ, ਸੁਤ ਦੁਲਾਰੇ ਆਪ ਜਣਾਈਆ । ਵਿਸ਼ਨ ਬ੍ਰਹਮਾ ਸ਼ਿਵ ਬਾਲ ਨਾਦਾਨ, ਬਾਲੀ ਬੁਧ ਵਖਾਈਆ । ਏਕਾ ਦੇਵੇ ਧੁਰ ਫ਼ਰਮਾਨ, ਨਾਉਂ ਨਿਰੰਕਾਰਾ ਕਰੇ ਪੜ੍ਹਾਈਆ । ਏਕਾ ਬਖ਼ਸ਼ੇ ਚਰਨ ਧਿਆਨ, ਚਰਨ ਸਰਨ ਸੱਚੀ ਸਰਨਾਈਆ । ਭੁਲ ਨਾ ਜਾਣਾ ਬਣ ਨਾਦਾਨ, ਏਕਾ ਗੁਣ ਰਿਹਾ ਵਖਾਈਆ । ਮੇਰਾ ਹੁਕਮ ਤੇਰਾ ਫ਼ਰਮਾਨ, ਸੀਸ ਜਗਦੀਸ ਰਿਹਾ ਝੁਕਾਈਆ । ਕਰਾਂ ਖੇਲ ਦੋ ਜਹਾਨ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਤੇਰੀ ਵਸਤ ਤੇਰੀ ਝੋਲੀ ਪਾਈਆ । ਏਕਾ ਅੰਮ੍ਰਿਤ ਦੇਵਾਂ ਪੀਣ ਖਾਣ, ਤ੍ਰਿਸ਼ਨਾ ਭੁੱਖ ਨਾ ਕੋਈ ਰਖਾਈਆ । ਏਕਾ ਨਾਦ ਸ਼ਬਦ ਧੁੰਨਕਾਨ, ਅਨਾਦੀ ਨਾਦ ਵਜਾਈਆ । ਏਕਾ ਘਰ ਮੇਰਾ ਮਕਾਨ, ਸਚਖੰਡ ਦਵਾਰਾ ਸੋਭਾ ਪਾਈਆ । ਦਰ ਦਵਾਰੇ ਕਰ ਪਰਵਾਨ, ਤੇਰੀ ਇਛਿਆ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੇ ਸੁਤ ਰਿਹਾ ਸਮਝਾਈਆ । ਸੁਤ ਦੁਲਾਰੇ ਉਠ ਬਲ ਧਾਰ, ਹਰਿ ਸਾਚਾ ਸਚ ਜਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰ ਪਿਆਰ, ਪੁਰਖ ਅਬਿਨਾਸ਼ੀ ਮੇਲ ਮਿਲਾਇੰਦਾ । ਏਕਾ ਦੇਣਾ ਸਚ ਭੰਡਾਰ, ਵਿਸ਼ਨੂੰ ਅੱਗੇ ਝੋਲੀ ਡਾਹਿੰਦਾ । ਬ੍ਰਹਮਾ ਢਹਿ ਢਹਿ ਕਰੇ ਪੁਕਾਰ, ਪ੍ਰਭ ਅਗੇ ਸੀਸ ਝੁਕਾਇੰਦਾ । ਸ਼ੰਕਰ ਖੁਲੜੇ ਕੇਸ ਰਿਹਾ ਵਖਾਲ, ਤਨ ਭਿਬੂਤੀ ਖ਼ਾਕ ਰਮਾਇੰਦਾ । ਕਰ ਕਿਰਪਾ ਗੁਣ ਨਿਧਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਉ ਭਿਖਕ ਮੰਗ ਮੰਗਾਇੰਦਾ । ਭਿਖਕ ਮੰਗੇ ਮੰਗ, ਆਦਿ ਪੁਰਖ ਅੱਗੇ ਆਪਣੀ ਝੋਲੀ ਡਾਹੀਆ । ਏਕਾ ਚਾੜ੍ਹਨਾ ਸਾਚਾ ਰੰਗ, ਉਤਰ ਕਦੇ ਨਾ ਜਾਈਆ । ਸਦਾ ਵਸਣਾ ਸਾਡੇ ਸੰਗ, ਵਿਛੜ ਕਦੇ ਨਾ ਜਾਈਆ । ਇਕ ਵਜੌਣਾ ਨਾਮ ਮਰਦੰਗ, ਆਦਿ ਜੁਗਾਦਿ ਸ਼ਨਵਾਈਆ । ਏਕਾ ਦੇਣਾ ਪਰਮਾਨੰਦ, ਅਨੰਦ ਤੇਰੀ ਵਡਿਆਈਆ । ਸਾਡੀ ਨੰਗੀ ਨਾ ਹੋਵੇ ਕੰਡ, ਸਿਰ ਸਮਰਥ ਹੱਥ ਟਿਕਾਈਆ । ਤੇਰਾ ਹੁਕਮ ਸਾਡਾ ਪੰਧ, ਹਉਂ ਪਾਂਧੀ ਬਣੇ ਰਾਹੀਆ । ਤੂੰ ਦੱਸਣਾ ਸਾਚਾ ਧੰਦ, ਕਵਣ ਧੰਦੇ ਦੇਣਾ ਲਗਾਈਆ । ਅੰਤਮ ਵਸਣਾ ਸਾਡੀ ਹੱਦ, ਪਾਰ ਕਿਨਾਰਾ ਨਾ ਕੋਈ ਰਖਾਈਆ । ਤੇਰੀ ਖੇਲ ਹੋਏ ਵਿਚ ਬ੍ਰਹਿਮੰਡ, ਬ੍ਰਹਿਮਾਦਿ ਤੇਰੀ ਵਡਿਆਈਆ । ਤੂੰ ਪਰਗਟ ਹੋਇਆ ਆਦਿ, ਜੁਗਾਦਿ ਤੇਰੀ ਸ਼ਹਿਨਸ਼ਾਹੀਆ । ਤੂੰ ਸੱਜਣ ਸੱਚਾ ਸਾਕ, ਤੂੰ ਬਣਿਆ ਸੱਚਾ ਮਾਹੀਆ ।

ਏਕਾ ਦੇਣੀ ਸਾਚੀ ਦਾਤ, ਅਭੁਲ ਭੁਲ ਕਦੇ ਨਾ ਜਾਈਆ । ਹਉ ਗਾਵਾਂ ਤੇਰੀ ਗਾਥ, ਗੁਣ ਇਕੋ ਇਕ ਵਖਾਈਆ । ਅੰਤ ਨਿਭੌਣਾ ਸਗਲਾ ਸਾਥ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਖ਼ਾਲੀ ਝੋਲੀ ਦਏ ਭਰਾਈਆ । ਪੁਰਖ ਅਬਿਨਾਸ਼ੀ ਦਇਆ ਕਮਾ, ਵਿਸ਼ਨੂੰ ਬ੍ਰਹਮਾ ਸ਼ਿਵ ਸਮਝਾਇੰਦਾ । ਆਦਿ ਜੁਗਾਦਿ ਹੋਵਾਂ ਸਹਾ, ਸਿਰ ਆਪਣਾ ਹੱਥ ਰਖਾਇੰਦਾ । ਸਾਚਾ ਮਾਰਗ ਦਿਆਂ ਜਣਾ, ਪਰਦਾ ਆਪ ਉਠਾਇੰਦਾ । ਆਪਣਾ ਸੁਤ ਦੇਵਾਂ ਨਾਲ ਮਿਲਾ, ਮੇਲ ਮਿਲਾਵਾ ਆਪ ਕਰਾਇੰਦਾ । ਸ਼ਬਦੀ ਸ਼ਬਦ ਲਿਆ ਪਰਗਟਾ, ਦੋ ਜਹਾਨਾਂ ਹੁਕਮ ਚਲਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਤੇਰੀ ਪਕੜੀ ਬਾਂਹ, ਤੇਰਾ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਫ਼ਰਮਾਨਾ ਆਪ ਸੁਣਾਇੰਦਾ । ਧੁਰ ਫ਼ਰਮਾਨਾ ਸ੍ਰੀ ਭਗਵਾਨਾ, ਏਕਾ ਏਕ ਜਣਾਈਆ । ਸ਼ਾਹੋ ਭੂਪ ਬਣ ਸਾਚਾ ਰਾਣਾ, ਸ਼ਾਹ ਪਾਤਸ਼ਾਹ ਕਰੇ ਸੱਚੀ ਸ਼ਹਿਨਸ਼ਾਹੀਆ । ਵਿਸ਼ਨ ਬ੍ਰਹਮਾ ਸ਼ਿਵ ਮਨਾਏ ਭਾਣਾ, ਸਦ ਭਾਣੇ ਹਰਿ ਰਖਾਈਆ । ਸ਼ਬਦੀ ਸ਼ਬਦ ਅਨਾਦ ਗੌਣਾ ਗਾਣਾ, ਤਾਰ ਸਤਾਰ ਨਾ ਕੋਈ ਹਿਲਾਈਆ । ਪੂਤ ਸਪੂਤ ਹੋਏ ਪਰਧਾਨਾ, ਸਾਚਾ ਮਾਰਗ ਦਏ ਵਖਾਈਆ । ਵਿਸ਼ਨੂੰ ਦੇਵੇ ਆਪਣਾ ਦਾਨਾ, ਵਸਤ ਅਮੋਲਕ ਝੋਲੀ ਪਾਈਆ । ਬ੍ਰਹਮਾ ਤੇਰਾ ਬ੍ਰਹਮ ਵਖਾਨਾ, ਪਾਰਬ੍ਰਹਮ ਵਡੀ ਵਡਿਆਈਆ । ਸ਼ੰਕਰ ਤੇਰਾ ਸਤਿ ਨਿਸ਼ਾਨਾ, ਏਕਾ ਵਾਰ ਵਖਾਈਆ । ਬਣ ਵਿਚੋਲਾ ਸ੍ਰੀ ਭਗਵਾਨਾ, ਸ਼ਬਦੀ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਸਮਝਾਈਆ । ਸਾਚਾ ਹੁਕਮ ਸ੍ਰੀ ਭਗਵਾਨਾ, ਭੇਵ ਅਭੇਦ ਜਣਾਇੰਦਾ । ਤਿੰਨਾਂ ਦੇਵੇ ਇਕ ਗਿਆਨਾ, ਲੋਆਂ ਪੁਰੀਆਂ ਵੰਡ ਵੰਡਾਇੰਦਾ । ਤ੍ਰੈਗੁਣ ਮਾਇਆ ਨਾਲ ਮਿਲੌਣਾ, ਪੰਚਮ ਖੇਲ ਖਿਲਾਇੰਦਾ । ਲੱਖ ਚੁਰਾਸੀ ਘਾੜਨ ਆਪ ਘੜੌਨਾ, ਸਾਚੀ ਸੇਵਾ ਸੇਵ ਕਮਾਇੰਦਾ । ਏਕਾ ਰਾਗ ਆਪ ਉਪਜੌਣਾ, ਬ੍ਰਹਿਮੰਡ ਖੰਡ ਆਪ ਸੁਣਾਇੰਦਾ । ਚਾਰੇ ਕੁੰਟ ਵੇਖ ਵਖੌਣਾ, ਆਪ ਆਪਣਾ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਹੁਕਮ ਆਪ ਸਮਝਾਇੰਦਾ । ਸਾਚਾ ਸ਼ਬਦ ਸਾਚੀ ਧਾਰ, ਬ੍ਰਹਮੇ ਵਿਸ਼ਨ ਸ਼ਿਵ ਕਰੇ ਪੜ੍ਹਾਈਆ । ਲੱਖ ਚੁਰਾਸੀ ਕਰ ਪਰਧਾਨ, ਘਾੜਤ ਘੜਤ ਲਏ ਘੜਾਈਆ । ਕਰੇ ਖੇਲ ਹੋ ਮਿਹਰਵਾਨ, ਆਪ ਆਪਣੀ ਦਇਆ ਕਮਾਈਆ । ਨਿਰਗੁਣ ਸਰਗੁਣ ਖੇਲੇ ਖੇਲ ਜੀਵ ਜਹਾਨ, ਆਤਮ ਬ੍ਰਹਮ ਕਰ ਕੁੜਮਾਈਆ । ਨੌ ਦਵਾਰੇ ਖੋਲ੍ਹ ਦੁਕਾਨ ਹੱਟੋ ਹੱਟ ਵਖਾਈਆ । ਮਨ ਮਤ ਬੁਧ ਕਰ ਪਰਵਾਨ, ਨਿਰਗੁਣ ਵੰਡ ਵੰਡਾਈਆ । ਘਰ ਵਿਚ ਘਰ ਸੋਹੇ ਮਕਾਨ, ਸਚ ਦਵਾਰਾ ਸੋਭਾ ਪਾਈਆ । ਘਰ ਵਿਚ ਨਾਦ ਸ਼ਬਦ ਧੁੰਨਕਾਨ, ਗ੍ਰਿਹਿ ਗ੍ਰਿਹਿ ਆਪਣਾ ਰਾਗ ਸੁਣਾਈਆ । ਘਰ ਘਰ ਅੰਮ੍ਰਿਤ ਪੀਣ ਖਾਣ, ਨਿਝਰ ਝਿਰਨਾ ਆਪ ਝਿਰਾਈਆ । ਘਰ ਘਰ ਦੀਪਕ ਜੋਤ ਜਗੇ ਮਹਾਨ, ਜੋਤ ਨਿਰੰਜਣ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਪੁਰਖ ਅਬਿਨਾਸ਼ੀ ਆਪ ਸੁਣਾਈਆ । ਸਾਚੀ ਖੇਲ ਜੋਤੀ ਸ਼ਬਦੀ ਧਾਰ, ਹਰਿ ਸਾਚਾ ਸਚ ਕਰਾਇੰਦਾ । ਲੱਖ ਚੁਰਾਸੀ ਕਰ ਤਿਆਰ, ਨਿਰਗੁਣ ਸਰਗੁਣ ਮੇਲ ਮਿਲਾਇੰਦਾ । ਆਤਮ ਬ੍ਰਹਮ ਕਰ ਪਸਾਰ, ਪਾਰਬ੍ਰਹਮ ਰੰਗ ਰੰਗਾਇੰਦਾ । ਈਸ਼ ਜੀਵ ਦਏ ਅਧਾਰ, ਜਗਦੀਸ਼ ਦਇਆ ਕਮਾਇੰਦਾ । ਨੌ ਦਵਾਰੇ ਖੋਲ ਕਿਵਾੜ, ਜਗਤ ਤ੍ਰਿਸ਼ਨਾ ਮੇਲ ਮਿਲਾਇੰਦਾ । ਮਾਇਆ ਮਮਤਾ ਹਉਮੇ ਹੰਗਤਾ ਕਰਾਏ ਪਿਆਰ, ਕਾਮ ਕ੍ਰੋਧ ਲੋਭ ਮੋਹ ਹੰਕਾਰ ਨਾਲ ਬੰਧਨ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਆਪਣਾ ਖੇਲ ਆਪਣੇ ਹੱਥ ਰਖਾਇੰਦਾ । ਘਟ ਘਟ ਅੰਦਰ ਸ਼ਬਦ ਧਾਰ, ਸਤਿ ਪੁਰਖ ਨਿਰੰਜਣ ਆਪ ਟਿਕਾਈਆ । ਸਰ ਸਰੋਵਰ ਅੰਦਰ ਅੰਮ੍ਰਿਤ ਭੰਡਾਰ, ਨਿਰਵੈਰ ਪੁਰਖ ਆਪ ਰਖਾਈਆ । ਘਰ ਘਰ ਅੰਦਰ ਜੋਤ ਉਜਿਆਰ, ਨਿਰਗੁਣ ਬੈਠਾ ਮੁਖ ਛੁਪਾਈਆ । ਘਰ ਘਰ ਅੰਦਰ ਮੰਦਰ ਮੁਨਾਰ, ਸਚ ਦਵਾਰਾ ਰਿਹਾ ਬਣਾਈਆ । ਘਰ ਘਰ ਵਸੇ ਮੀਤ ਮੁਰਾਰ, ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣੇ ਮਿਲਣ ਦੀ ਆਪੇ ਬਿਧ ਲੋਕਮਾਤ ਸਮਝਾਈਆ । ਲੋਕਮਾਤ ਹਰਿ ਖੇਲ ਅਪਾਰਾ, ਆਦਿ ਪੁਰਖ ਅਖਵਾਇੰਦਾ । ਸਾਚੇ ਤਖ਼ਤ ਬੈਠ ਸੱਚੀ ਸਰਕਾਰਾ, ਸਾਚਾ ਹੁਕਮ ਜਣਾਇੰਦਾ । ਨਿਰਗੁਣ ਸਰਗੁਣ ਲੈ ਅਵਤਾਰਾ, ਰੂਪ ਅਨੂਪ ਵਟਾਇੰਦਾ । ਘਰ ਘਰ ਅੰਦਰ ਦਏ ਸਹਾਰਾ, ਏਕਾ ਰੰਗ ਰੰਗਾਇੰਦਾ । ਸ਼ਬਦ ਅਨਾਦ ਸੱਚੀ ਧੁਨਕਾਰਾ, ਘਟ ਮੰਦਰ ਆਪ ਵਜਾਇੰਦਾ । ਦੀਵਾ ਬਾਤੀ ਕਰ ਉਜਿਆਰਾ, ਨੂਰ ਨੁਰਾਨਾ ਡਗਮਗਾਇੰਦਾ । ਅੰਮ੍ਰਿਤ ਸਿੰਚ ਠੰਡਾ ਠਾਰਾ, ਸਚ ਪਿਆਲਾ ਜਾਮ ਪਿਆਇੰਦਾ । ਆਪਣਾ ਨਾਉਂ ਰੱਖ ਗੁਰ ਅਵਤਾਰਾ, ਨਿਰਗੁਣ ਸਰਗੁਣ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮਾਰਗ ਆਪੇ ਲਾਇੰਦਾ । ਸਾਚਾ ਮਾਰਗ ਹਰਿ ਕਰਤਾਰ, ਕ਼ੁਦਰਤ ਕ਼ਾਦਰ ਆਪ ਲਗਾਈਆ । ਨਿਰਗੁਣ ਸਰਗੁਣ ਲਏ ਅਵਤਾਰ, ਜੀਵ ਜੰਤ ਲਏ ਪੜ੍ਹਾਈਆ । ਲੱਖ ਚੁਰਾਸੀ ਪਾਵੇ ਸਾਰ, ਅੰਡਜ ਜੇਰਜ ਉਤਭੁਜ ਸੇਤਜ ਚਾਰੇ ਖਾਣੀ ਫੋਲ ਫੁਲਾਈਆ । ਚਾਰੇ ਬਾਣੀ ਕਰੇ ਪੁਕਾਰ, ਪਰਾ ਪਸੰਤੀ ਮਧਮ ਬੈਖਰੀ ਆਪੇ ਗਾਈਆ । ਚਾਰੇ ਵੇਦਾਂ ਦਏ ਅਧਾਰ, ਬ੍ਰਹਮ ਵੇਤਾ ਆਪ ਜਣਾਈਆ । ਆਪੇ ਵਸੇ ਸਭ ਤੋਂ ਬਾਹਰ, ਲੇਖਾ ਲਿਖ ਨਾ ਸਕੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਈਆ । ਨਿਰਗੁਣ ਸਰਗੁਣ ਜਾਮਾ ਪਾ, ਵਰਭੰਡੀ ਖੇਲ ਕਰਾਇੰਦਾ । ਭਗਤ ਭਗਵੰਤ ਲਏ ਉਠਾ, ਆਪ ਆਪਣੀ ਬੂਝ ਬੁਝਾਇੰਦਾ । ਨਿਜ ਘਰ ਆਤਮ ਦਰਸ ਦਏ ਵਖਾ, ਪਰਮਾਤਮ ਮੇਲ ਮਿਲਾਇੰਦਾ । ਝੂਠ ਵਿਕਾਰਾ ਦਏ ਰੁੜ੍ਹਾ, ਸਾਚਾ ਮਾਰਗ ਇਕ ਵਖਾਇੰਦਾ । ਮਮਤਾ ਮੋਹ ਦਏ ਚੁਕਾ, ਹਉਮੇ ਹੰਗਤਾ ਗੜ੍ਹ ਤੁੜਾਇੰਦਾ । ਆਪਣੇ ਅੰਗ ਲਏ ਲਗਾ, ਸਾਚੀ ਗੋਦ ਆਪ ਬਹਾਇੰਦਾ । ਨੌਂ ਦਵਾਰੇ ਨਾਤਾ ਦਏ ਤੁੜਾ, ਆਪਣਾ ਮੇਲ ਮਿਲਾਇੰਦਾ । ਸੁਖਮਨ ਟੇਡੀ ਬੰਕ ਪਾਰ ਕਰਾ, ਈੜਾ ਪਿੰਗਲ ਡੇਰਾ ਡਾਹਿੰਦਾ । ਅੱਗੋਂ ਮਿਲੇ ਬਣ ਮਲਾਹ, ਸਤਿਗੁਰ ਪੂਰਾ ਨਾਉਂ ਰਖਾਇੰਦਾ । ਸ਼ਬਦੀ ਪੱਲੂ ਦਏ ਫੜਾ, ਦਿਸ ਕਿਸੇ ਨਾ ਆਇੰਦਾ । ਗੁਰਮੁਖ ਸੁਰਤੀ ਸਾਚੇ ਘੋੜੇ ਲਏ ਚੜ੍ਹਾ, ਨਾਮ ਘੋੜਾ ਇਕ ਦੁੜਾਇੰਦਾ । ਬਜਰ ਕਪਾਟੀ ਕੁੰਡਾ ਲਾਹ, ਸਾਚੇ ਮੰਦਰ ਰਾਹ ਵਖਾਇੰਦਾ । ਅਨਹਦ ਢੋਲਾ ਆਪੇ ਗਾ, ਪਿਛਲਾ ਮੋਹ ਮਿਟਾਇੰਦਾ । ਅੰਮ੍ਰਿਤ ਜਾਮ ਇਕ ਪਿਆ, ਕਾਗ ਹੰਸ ਬਣਾਇੰਦਾ । ਆਪਣਾ ਦਰਸਨ ਆਪੇ ਦਏ ਕਰਾ, ਤੀਜਾ ਨੇਤਰ ਆਪ ਖੁਲ੍ਹਾਇੰਦਾ । ਆਤਮ ਸੇਜਾ ਦਏ ਵਿਛਾ, ਸਚ ਸੁਹੰਜਣੀ ਸੇਜ ਹੰਢਾਇੰਦਾ । ਬ੍ਰਹਮ ਪਾਰਬ੍ਰਹਮ ਲਏ ਮਿਲਾ, ਮੇਲ ਮਿਲਾਵਾ ਆਪ ਕਰਾਇੰਦਾ । ਨਾਰੀ ਕੰਤ ਰੂਪ ਵਟਾ, ਨਰ ਨਰਾਇਣ ਖ਼ੁਸ਼ੀ ਮਨਾਇੰਦਾ । ਸਾਚਾ ਮਾਰਗ ਆਪੇ ਲਾ, ਸ਼ਬਦੀ ਸ਼ਬਦ ਆਪ ਸਮਝਾਇੰਦਾ । ਆਪੇ ਵੇਖੇ ਥਾਉਂ ਥਾਂ, ਘਰ ਘਰ ਫੇਰਾ ਪਾਇੰਦਾ । ਸੱਜਣ ਸਹੇਲਾ ਬਣ ਬਣ ਪਕੜੇ ਬਾਂਹ, ਸਾਚਾ ਸੰਗ ਨਿਭਾਇੰਦਾ । ਏਥੇ ਓਥੇ ਦੋ ਜਹਾਨਾਂ ਸਿਰ ਰੱਖੇ ਠੰਡੀ ਛਾਂ, ਅਗਨੀ ਤਤ ਨਾ ਕੋਈ ਜਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੁਰਤੀ ਸ਼ਬਦੀ

੧੩੪੪
੧੦

ਮੇਲ ਮਿਲਾਇੰਦਾ । ਸੁਰਤੀ ਸ਼ਬਦੀ ਸਾਚਾ ਮੇਲਾ, ਸਤਿਗੁਰ ਪੂਰਾ ਆਪ ਕਰਾਈਆ । ਏਕਾ ਘਰ ਵਸਾਏ ਗੁਰੂ ਗੁਰ ਚੇਲਾ, ਗੁਰ ਚੇਲਾ ਰੂਪ ਵਟਾਈਆ । ਭਗਤ ਭਗਵੰਤ ਸੱਜਣ ਸਹੇਲਾ, ਘਰ ਘਰ ਵਿਚ ਲਏ ਕਰਾਈਆ । ਰਾਏ ਧਰਮ ਦੀ ਕੱਟੇ ਜੇਲਾ, ਵੇਲੇ ਅੰਤ ਨਾ ਦਏ ਸਜ਼ਾਈਆ । ਹਰਿਜਨ ਵਸਾਏ ਧਾਮ ਨਵੇਲਾ, ਸਚਖੰਡ ਵੱਜੀ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਏਕਾ ਤੱਤ ਜਣਾਈਆ । ਸਾਚਾ ਤੱਤ ਬ੍ਰਹਮ ਮਤ, ਪਾਰਬ੍ਰਹਮ ਜਣਾਇੰਦਾ । ਬ੍ਰਹਮੇ ਤੇਰਾ ਬ੍ਰਹਮ ਤੇਰੇ ਵਸ, ਤੇਰੇ ਮਾਰਗ ਲਾਇੰਦਾ । ਵਿਸ਼ਨੂੰ ਸਭ ਦੀ ਪੂਰੀ ਕਰਨੀ ਆਸ, ਘਰ ਘਰ ਰਿਜ਼ਕ ਪੁਚਾਇੰਦਾ । ਸ਼ੰਕਰ ਅੰਤ ਕਰੇ ਵਿਨਾਸ, ਜੋ ਘੜਿਆ ਭੰਨ ਵਖਾਇੰਦਾ । ਪੁਰਖ ਅਬਿਨਾਸ਼ੀ ਵੇਖੇ ਖੇਲ ਤਮਾਸ਼, ਸਚਖੰਡ ਦਵਾਰੇ ਸੋਭਾ ਪਾਇੰਦਾ । ਧਰਤ ਧਵਲ ਪ੍ਰਿਥਮੀ ਅਕਾਸ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਧਾਰਾ ਆਪ ਸਮਝਾਇੰਦਾ । ਸਾਚੀ ਧਾਰਾ ਹਰਿ ਜੂ ਬੰਨ੍ਹ, ਹਰਿ ਸਾਚਾ ਮਾਰਗ ਲਾਇਆ । ਕਰੇ ਖੇਲ ਸ੍ਰੀ ਭਗਵਾਨ, ਭਗਵਨ ਆਪਣੇ ਹੁਕਮ ਚਲਾਇਆ । ਹੁਕਮੇ ਅੰਦਰ ਸੂਰਜ ਚੰਨ, ਆਦਿ ਜੁਗਾਦਿ ਭਵਾਇਆ । ਹੁਕਮੇ ਅੰਦਰ ਵਿਸ਼ਨ ਬ੍ਰਹਮਾ ਸ਼ਿਵ ਭਾਣਾ ਰਹੇ ਮੰਨ, ਦਰ ਦਰ ਬੈਠੇ ਸੀਸ ਝੁਕਾਇਆ । ਗੁਰ ਅਵਤਾਰ ਬੇੜਾ ਬੰਨ੍ਹ, ਖੇਵਟ ਖੇਟਾ ਲੋਕਮਾਤ ਰਾਹ ਚਲਾਇਆ । ਜਨਨੀ ਜਣੇ ਸਾਚਾ ਜਨ, ਧੰਨ ਧੰਨ ਜਣੇਂਦੀ ਮਾਇਆ, ਸਾਚਾ ਰਾਗ ਸੁਣਾਏ ਕੰਨ, ਅਨਹਦ ਨਾਦੀ ਨਾਦ ਵਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਸਾਚੇ ਹਰਿ, ਲੋਕਮਾਤ ਰਾਹ ਚਲਾਇਆ । ਲੋਕਮਾਤ ਹਰਿਜਨ ਧਾਰ, ਵਿਸ਼ਨ ਬ੍ਰਹਮਾ ਸ਼ਿਵ ਸੀਸ ਝੁਕਾਇੰਦਾ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਸੇਵਕ ਸਾਚੀ ਸੇਵ ਕਮਾਇੰਦਾ । ਕਵਣ ਵੇਲਾ ਕਰੇ ਪਿਆਰ, ਵਿਛੜੇ ਮੇਲ ਮਿਲਾਇੰਦਾ । ਕਵਣ ਵੇਲਾ ਦਏ ਅਧਾਰ, ਆਪਣੇ ਘਰ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰਾ ਵਿਛੋੜਾ ਮੋਹੇ ਨਾ ਭਾਇੰਦਾ । ਪੁਰਖ ਅਬਿਨਾਸ਼ੀ ਹੋ ਮਿਹਰਵਾਨ, ਤਿੰਨਾਂ ਕਰੇ ਜਣਾਈਆ । ਨੌ ਸੌ ਚੁਰਾਨਵੇਂ ਚੌਕੜੀ ਜੁਗ ਕੀਤੀ ਖੇਲ ਮਹਾਨ, ਲੱਖ ਚੁਰਾਸੀ ਮੇਲ ਮਿਲਾਈਆ । ਗੁਰ ਅਵਤਾਰ ਜੁਗ ਜੁਗ ਖੇਲ ਵੇਖਣ ਆਣ, ਰੂਪ ਅਨੂਪ ਵਟਾਈਆ । ਭਗਤ ਭਗਵੰਤ ਕਰੇ ਪਰਧਾਨ, ਲੋਕਮਾਤ ਮਾਤ ਮਾਤ ਰੁਸ਼ਨਾਈਆ । ਸੰਤ ਉਠਾਏ ਚਤੁਰ ਸੁਜਾਨ, ਆਤਮ ਪਰਮਾਤਮ ਵੇਖ ਵਖਾਈਆ । ਗੁਰਮੁਖਾਂ ਵਖਾਏ ਇਕ ਨਿਸ਼ਾਨ, ਸਚ ਨਿਸ਼ਾਨਾ ਆਪ ਝੁਲਾਈਆ । ਗੁਰਸਿਖਾਂ ਦੇਵੇ ਚਰਨ ਧਿਆਨ, ਹਰਿ ਚਰਨ ਸੱਚੀ ਸਰਨਾਈਆ । ਜੁਗ ਚੌਕੜੀ ਖੇਲ ਮਹਾਨ, ਕੋਟਨ ਕੋਟ ਕਾਲ ਬਿਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਸੰਦੇਸ਼ਾ ਆਪ ਸੁਣਾਈਆ । ਧੁਰ ਸੰਦੇਸ਼ਾ ਸ੍ਰੀ ਭਗਵੰਤ, ਆਦਿ ਪੁਰਖ ਜਣਾਇਆ । ਜੁਗ ਜੁਗ ਮੇਰੀ ਮਹਿਮਾ ਅਗਣਤ, ਜਸ ਵੇਦ ਪੁਰਾਨੀ ਗਾਇਆ । ਕੋਟਨ ਕੋਟ ਸੇਵਾ ਲੱਗਣ ਸਾਧ ਸੰਤ, ਪਾਰਬ੍ਰਹਮ ਪ੍ਰਭ ਦਏ ਲਗਾਇਆ । ਗੁਰ ਅਵਤਾਰ ਕਹਿਣ ਬੇਅੰਤ ਬੇਅੰਤ ਬੇਅੰਤ, ਮੇਰਾ ਭੇਵ ਕਿਸੇ ਨਾ ਆਇਆ । ਮੈਂ ਵਸਾਂ ਲੱਖ ਚੁਰਾਸੀ ਜੀਵ ਜੰਤ, ਨਿਰਗੁਣ ਸਰਗੁਣ ਆਪਣਾ ਰੂਪ ਵਟਾਇਆ । ਆਦਿ ਜੁਗਾਦਿ ਮੇਰਾ ਇਕੋ ਮੰਤ, ਮੰਤਰ ਸੱਚਾ ਨਾਮ ਦ੍ਰਿੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਏਕਾ ਗੁਣ ਰਿਹਾ ਸਮਝਾਇਆ । ਹਰਿ ਕਾ ਗੁਣ ਵੱਡਾ ਵਡ, ਭੇਵ ਕੋਇ ਨਾ ਪਾਇੰਦਾ । ਪਾਰਬ੍ਰਹਮ ਅਬਿਨਾਸ਼ੀ ਕਰਤੇ ਕਰ ਕਿਰਪਾ ਦਵਾਰੇ ਲੈਣਾ ਸਦ, ਵਿਸ਼ਨ

੧੩੪੫ ੧੦

ਬ੍ਰਹਮਾ ਸ਼ਿਵ ਸੀਸ ਝੁਕਾਇੰਦਾ । ਜੁਗ ਚੌਕੜੀ ਆਪਣਾ ਭਾਰ ਜਾਇਣ ਲਦ, ਥਿਰ ਕੋਈ ਰਹਿਣ ਨਾ ਪਾਇੰਦਾ । ਤੇਰੀ ਕੋਈ ਨਾ ਜਾਣੇ ਹਦ, ਤੇਰਾ ਕਿਨਾਰਾ ਨਜ਼ਰ ਕਿਸੇ ਨਾ ਆਇੰਦਾ । ਨੌ ਸੌ ਚੁਰਾਨਵੇ ਚੌਕੜੀ ਤੈਥੋਂ ਰੱਖੇ ਅੱਡ, ਸਿਰ ਤੇਰਾ ਹੱਥ ਰਖਾਇੰਦਾ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਜੁਗ ਚੌਕੜੀ ਜੁਗ ਜੁਗ ਮੁੱਕੇ ਪੰਧ, ਪਾਂਧੀ ਆਪਣਾ ਪੰਧ ਮੁਕਾਇੰਦਾ । ਤੇਰੇ ਹਿਰਦੇ ਤੇਰਾ ਬੋਲਨ ਛੰਦ, ਗੁਰ ਅਵਤਾਰ ਸੇਵ ਲਗਾਇੰਦਾ । ਤੇਰਾ ਨਾਉਂ ਵੱਜੇ ਨਦ, ਹਰਿ ਪੁਰਖ ਨਿਰੰਜਣ ਆਪ ਸੁਣਾਇੰਦਾ । ਤੂੰ ਸਚਖੰਡ ਦਵਾਰੇ ਰਹਿਣਾ ਸਜ, ਥਿਰ ਘਰ ਤੇਰਾ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦਏ ਸਾਚਾ ਵਰ, ਕਵਣ ਵੇਲਾ ਪੰਧ ਮੁਕਾਇੰਦਾ । ਕਵਣ ਵੇਲਾ ਮੁੱਕਾ ਪੰਧ, ਸੋ ਪੁਰਖ ਨਿਰੰਜਣ ਆਪ ਜਣਾਇਆ । ਨੌ ਨੌ ਚਾਰ ਟੁੱਟੀ ਗੰਢ, ਏਕਾ ਪੱਲੂ ਹੱਥ ਫੜਾਇਆ । ਗੁਰ ਅਵਤਾਰ ਵੰਡਨ ਵੰਡ, ਲੋਕਮਾਤ ਰਾਹ ਚਲਾਇਆ । ਧਰਨੀ ਹੋਏ ਖੰਡ ਖੰਡ, ਲੱਖ ਚੁਰਾਸੀ ਬਚੇ ਰਹੇ ਨਾ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪਣਾ ਗੁਣ ਲਏ ਵਖਾਇਆ । ਸਾਚਾ ਗੁਣ ਸ੍ਰੀ ਭਗਵਾਨ, ਆਪਣਾ ਆਪ ਜਣਾਈਆ । ਨੌ ਸੌ ਚੁਰਾਨਵੇਂ ਚੌਕੜੀ ਜੁਗ ਖੇਲ ਵਿਚ ਜਹਾਨ, ਕੋਟਨ ਕੋਟ ਰੂਪ ਵਟਾਈਆ । ਸਤਿਜੁਗ ਤ੍ਰੇਤਾ ਦਵਾਪਰ ਖੁਲ੍ਹਦੀ ਰਹੇ ਦੁਕਾਨ, ਜਗਤ ਵਣਜਾਰਾ ਇਕ ਬਣਾਈਆ । ਚੌਦਾਂ ਲੋਕ ਹੋਣ ਪਰਧਾਨ, ਚੌਦਾਂ ਹੱਟ ਵੱਜੇ ਵਧਾਈਆ । ਕਲਜੁਗ ਅੰਤਮ ਖੇਲ ਮਹਾਨ, ਮਿਹਰਵਾਨ ਆਪਣੀ ਦਇਆ ਕਮਾਈਆ । ਈਸਾ ਮੂਸਾ ਦੇਵੇ ਦਾਨ, ਨੂਰ ਨੁਰਾਨਾ ਝੋਲੀ ਪਾਈਆ । ਇਕ ਵਖਾਏ ਹਕ ਮਕਾਨ, ਲਾਸ਼ਰੀਕ ਆਪ ਜਣਾਈਆ । ਮਹਿਬਾਨ ਬੀਦੋ ਬੀ ਖੈਰ ਯਾ ਅੱਲਾ ਹੋਏ ਸਦਾ ਮਿਹਰਵਾਨ, ਰਹਿਮਤ ਰਹੀਮ ਆਪ ਕਮਾਈਆ । ਆਪੇ ਜਾਣੇ ਆਪਣਾ ਸਚ ਕਲਾਮ, ਕਲਮਾ ਕਾਇਨਾਤ ਪੜ੍ਹਾਈਆ । ਆਪੇ ਜਾਣੇ ਇਸ਼ਟ ਈਮਾਨ, ਆਪੇ ਦ੍ਰਿਸ਼ਟ ਵਿਚ ਸਮਾਈਆ । ਆਪੇ ਪੜ੍ਹੇ ਅੰਜੀਲ ਕੁਰਾਨ, ਹਦੀਸ ਜਗਦੀਸ ਆਪ ਸੁਣਾਈਆ । ਆਪੇ ਲੇਖਾ ਜਾਣੇ ਸ਼ਾਹ ਸੁਲਤਾਨ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਆਪੇ ਦੇਵੇ ਸ਼ਬਦ ਦਾਨ, ਚਾਰ ਯਾਰੀ ਨਾਲ ਮਿਲਾਈਆ । ਆਪੇ ਅੱਲਾ ਰਾਣੀ ਕਰੇ ਪਰਵਾਨ, ਕੁਆਰ ਕੰਨਿਆ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪਣਾ ਪਰਦਾ ਆਪ ਚੁਕਾਈਆ । ਆਪਣਾ ਪਰਦਾ ਦੇਵੇ ਚੁੱਕ, ਹਰਿ ਸਾਚਾ ਸਚ ਜਣਾਇੰਦਾ । ਆਦਿ ਜੁਗਾਦਿ ਜੋ ਰਹੇ ਲੁਕ, ਆਪਣਾ ਪਰਦਾ ਆਪ ਉਠਾਇੰਦਾ । ਨਿਰਗੁਣ ਸਰਗੁਣ ਕਰੇ ਉਜਲ ਮੁਖ, ਲੋਕਮਾਤ ਸਾਲਾਹਿੰਦਾ । ਧਰਤ ਮਾਤ ਦੀ ਸੁਫਲ ਕਰੇ ਕੁੱਖ, ਜਨ ਜਨਨੀ ਆਪ ਸੁਹਾਇੰਦਾ । ਨਾ ਕੋਈ ਕਾਇਆ ਨਾ ਕੋਈ ਬੁਤ, ਪੰਜ ਤੱਤ ਨਾ ਕੋਈ ਰਖਾਇੰਦਾ । ਕਰੇ ਖੇਲ ਅਬਿਨਾਸ਼ੀ ਅਚੁਤ, ਚਿਤ ਵਿਤ ਠਗੋਰੀ ਕੋਈ ਨਾ ਪਾਇੰਦਾ । ਮਾਤ ਸੁਹਾਏ ਆਪਣੀ ਰੁੱਤ, ਪੱਤ ਡਾਲ੍ਹੀ ਆਪ ਮਹਿਕਾਇੰਦਾ । ਸੂਰਬੀਰ ਬਲਵਾਨ ਉਠਾਏ ਸ਼ਬਦੀ ਸੁਤ, ਦੋ ਜਹਾਨਾਂ ਆਪ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਵੇਲਾ ਆਪਣਾ ਹੱਥ ਰਖਾਇੰਦਾ । ਸਾਚਾ ਵੇਲਾ ਰੱਖੇ ਹੱਥ, ਚਾਰ ਜੁਗ ਭੇਵ ਨਾ ਆਇਆ । ਬੇਅੰਤ ਬੇਅੰਤ ਕਹਿ ਕਹਿ ਗਏ ਦੱਸ, ਉਚੀ ਕੂਕ ਕੂਕ ਸੁਣਾਇਆ । ਗੁਰ ਅਵਤਾਰ ਜੋੜ ਜੋੜ ਹੱਥ, ਨਿਉਂ ਨਿਉਂ ਗਏ ਸੀਸ ਝੁਕਾਇਆ । ਪੁਰਖ ਅਬਿਨਾਸ਼ੀ ਸਭ ਦਾ ਚਲੌਣਾ ਏਕਾ ਰਥ, ਬਣ ਰਥਵਾਹੀ ਸੇਵ ਕਮਾਇਆ । ਦੇਵਣਹਾਰਾ ਨਾਮ ਵੱਥ, ਵਸਤ ਅਮੋਲਕ ਆਪ ਵਰਤਾਇਆ । ਕੋਈ ਕਹੇ ਮੌਲਾ ਕੋਏ ਰਾਮ ਰਿਹਾ ਦੱਸ,

੧੩੪੬ ੧੦

ਕੋਈ ਕ੍ਰਿਸ਼ਨ ਇਸ਼ਟ ਜਣਾਇਆ । ਕੋਈ ਕਹੇ ਵਸੇ ਉਪਰ ਅਸਮਾਨਾਂ ਸੱਤ, ਕੋਈ ਪਾਤਾਲਾਂ ਹੇਠ ਰਿਹਾ ਦਬਾਇਆ । ਨਾਨਕ ਕਹੇ ਵਸੇ ਘਟ ਘਟ, ਸੋ ਪੁਰਖ ਨਿਰੰਜਣ ਹਰਿ ਰਘੁਰਾਇਆ । ਗੋਬਿੰਦ ਆਖੇ ਰੱਖੇ ਮੇਰੀ ਪਤ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹਿਆ । ਮੈਂ ਏਕਾ ਓਟ ਰਿਹਾ ਤੱਕ, ਪੁਰਖ ਅਕਾਲ ਮਨਾਇਆ । ਜੁਗ ਚੌਕੜੀ ਗਏ ਥੱਕ, ਗੁਰ ਗੁਰ ਆਪਣੀ ਸੇਵ ਕਮਾਇਆ । ਅੰਤ ਨਿਬੇੜਾ ਨਾ ਹੋਇਆ ਹੱਕ, ਹਕ ਅੰਤ ਨਾ ਕੋਈ ਜਣਾਇਆ । ਦਵੈਤੀ ਮੇਟੇ ਨਾ ਕੋਈ ਫਟ, ਏਕਾ ਰੰਗ ਨਾ ਕੋਈ ਰੰਗਾਇਆ । ਚਾਰ ਵਰਨ ਲੇਖਾ ਹਟ, ਬਰਨ ਅਠਾਰਾਂ ਵੰਡ ਵੰਡਾਇਆ । ਫਿਰ ਫਿਰ ਥੱਕੇ ਤੀਰਥ ਅਠਸਠ, ਦੁਰਮਤ ਮੈਲ ਨਾ ਕੋਈ ਧੁਆਇਆ । ਬਿਨ ਸਥਰ ਯਾਰ ਖੇੜਾ ਦਿਸੇ ਭੱਠ, ਗੋਬਿੰਦ ਗੀਤ ਏਕਾ ਗਾਇਆ । ਜੁਗਾ ਜੁਗੰਤਰ ਵੇਖੇ ਨੱਠ ਨੱਠ, ਵੇਸ ਅਨੇਕ ਰੂਪ ਵਟਾਇਆ । ਕਲਜੁਗ ਅੰਤਮ ਸਾਚਾ ਮਾਰਗ ਰਿਹਾ ਦੱਸ, ਜੀਵ ਜੰਤ ਜੰਤ ਸਮਝਾਇਆ । ਨਿਹਕਲੰਕ ਹੋਏ ਪਰਗਟ, ਜੋਤੀ ਜਾਮਾ ਭੇਖ ਵਟਾਇਆ । ਵੇਦ ਵਿਆਸਾ ਗਿਆ ਰਟ, ਇਕ ਧਿਆਨ ਲਗਾਇਆ । ਨਾਨਕ ਨਿਰਗੁਣ ਮੇਲੇ ਫਟ, ਏਕਾ ਪੱਟੀ ਨਾਮ ਬੰਧਾਇਆ । ਗੋਬਿੰਦ ਅੰਮ੍ਰਿਤ ਰਸ ਲਿਆ ਚਟ, ਰਸ ਰਸੀਆ ਮੁਖ ਸੁਹਾਇਆ । ਕਲਜੁਗ ਅੰਤਮ ਆਏ ਪੁਰਖ ਸਮਰਥ, ਸਭ ਦਾ ਲਹਿਣਾ ਦਏ ਚੁਕਾਇਆ । ਚਾਰ ਕੁੰਟ ਨਾਮ ਪਾਏ ਨੱਥ, ਸ਼ਬਦ ਡੋਰੀ ਇਕ ਉਠਾਇਆ । ਭਗਤ ਭਗਵੰਤ ਕਰੇ ਅਕੱਠ, ਆਪ ਆਪਣਾ ਮੇਲ ਮਿਲਾਇਆ । ਲੱਖ ਚੁਰਾਸੀ ਦਰ ਦਵਾਰਿਉਂ ਦੇਵੇ ਧੱਕ, ਏਕਾ ਧੱਕਾ ਲਾਇਆ । ਨੌ ਖੰਡ ਪ੍ਰਿਥਮੀ ਕਰੇ ਢਕ, ਸਾਚਾ ਖੰਡਾ ਨਾਮ ਚਮਕਾਇਆ । ਸ਼ਾਹ ਸੁਲਤਾਨਾ ਲੱਥੇ ਪਤ, ਸੀਸ ਤਾਜ ਨਾ ਕੋਈ ਟਿਕਾਇਆ । ਨੌ ਨੌ ਦੇਵੇ ਮਥ, ਸਤਿ ਸਤਿ ਕਰੇ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਗੁਣ ਆਪ ਜਣਾਇਆ । ਸਾਚਾ ਗੁਣ ਹਰਿ ਜਣਾਏ, ਭੇਵ ਅਭੇਦ ਖੁਲ੍ਹਾਈਆ । ਕਲਜੁਗ ਵੇਲਾ ਅੰਤਮ ਆਏ, ਨੌ ਨੌ ਚਾਰ ਰਹਿਣ ਨਾ ਪਾਈਆ । ਪੁਰਖ ਅਬਿਨਾਸ਼ੀ ਵੇਸ ਵਟਾਏ, ਜੋਤੀ ਜੋਤ ਡਗਮਗਾਈਆ । ਨਿਹਕਲੰਕ ਨਾਉਂ ਰਖਾਏ, ਨਾ ਕੋਈ ਪਿਤਾ ਨਾ ਕੋਈ ਮਾਈਆ । ਨਾਮ ਡੰਕਾ ਇਕ ਵਜਾਏ, ਦੋ ਜਹਾਨਾਂ ਆਪ ਸੁਣਾਈਆ । ਵਿਸ਼ਨ ਬ੍ਰਹਮਾ ਸ਼ਿਵ ਲਏ ਜਗਾਏ, ਸੋਇਆ ਕੋਇ ਰਹਿਣ ਨਾ ਪਾਈਆ । ਵਿਸ਼ਨੂੰ ਤੇਰੀ ਧਾਰ ਆਪਣੇ ਵਿਚ ਲੁਕਾਏ, ਲੋਕਮਾਤ ਵੱਜੇ ਵਧਾਈਆ । ਬ੍ਰਹਮੇ ਤੇਰਾ ਪੰਧ ਮੁਕਾਏ, ਜੋਤੀ ਜੋਤ ਜੋਤ ਸਮਾਈਆ । ਸ਼ੰਕਰ ਤੇਰਾ ਲਹਿਣਾ ਦੇਣਾ ਦਏ ਚੁਕਾਏ, ਬਾਸ਼ਕ ਤਸ਼ਕਾ ਗਲੋਂ ਲਾਹੀਆ । ਕ੍ਰੋੜ ਤੇਤੀਸਾ ਡੇਰਾ ਢਾਹੇ, ਸੁਰਪਤ ਰਾਜਾ ਇੰਦ ਨੇਤਰ ਨੈਣਾਂ ਨੀਰ ਵਹਾਈਆ । ਗਣ ਗੰਧਰਬ ਸਰਬ ਕੁਰਲਾਏ, ਵੇਲਾ ਗਿਆ ਹੱਥ ਨਾ ਆਈਆ । ਲੱਖ ਚੁਰਾਸੀ ਕਰੇ ਹਾਏ ਹਾਏ, ਧੀਰਜ ਧੀਰ ਨਾ ਕੋਈ ਧਰਾਈਆ । ਗੁਰ ਪੀਰ ਅਵਤਾਰ ਨਾ ਕੋਈ ਸਹਾਏ, ਅੰਤ ਪੱਲੂ ਗਏ ਛੁਡਾਈਆ । ਪਤਿ ਪਰਮੇਸ਼ਵਰ ਸਚ ਦਰਬਾਰਾ ਇਕ ਲਗਾਏ, ਸਚਖੰਡ ਸੋਭਾ ਪਾਈਆ । ਸਾਚੇ ਸੰਤ ਭਗਤ ਲਏ ਜਗਾਏ, ਸਚ ਹਲੂਣਾ ਏਕਾ ਲਾਈਆ । ਏਕਾ ਹੁਕਮ ਇਕ ਵਰਤਾਏ, ਏਕਾ ਏਕ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭਾਣਾ ਆਪ ਜਣਾਈਆ । ਸਾਚਾ ਭਾਣਾ ਹੱਥ ਕਰਤਾਰ, ਵਿਸ਼ਨ ਬ੍ਰਹਮਾ ਸ਼ਿਵ ਜਣਾਇਆ । ਕਲਜੁਗ ਅੰਤਮ ਕਰੇ ਖੇਲ ਅਪਾਰ, ਨਿਰਗੁਣ ਨਿਰਗੁਣ ਵੇਸ ਵਟਾਇਆ । ਸੰਬਲ ਨਗਰੀ ਧਾਮ ਨਿਆਰ, ਗੋਬਿੰਦ ਰੰਗ ਰੰਗਾਇਆ । ਗੋਬਿੰਦ ਚੇਲਾ ਕਰ ਪਰਵਾਨ, ਸੱਜਣ ਸਹੇਲਾ ਦਏ ਸਲਾਹਿਆ । ਇਕ ਅਕੇਲਾ ਨੌਜਵਾਨ, ਬਿਰਧ ਬਾਲ ਨਾ ਰੂਪ ਵਟਾਇਆ । ਕਰੇ ਖੇਲ ਸ੍ਰੀ ਭਗਵਾਨ, ਖ਼ਾਲਕ

ਖ਼ਲਕ ਵੇਖ ਵਖਾਇਆ । ਚੰਡ ਪਰਚੰਡ ਖਿਚ ਮਹਾਨ, ਦੋ ਜਹਾਨਾਂ ਦਏ ਜਣਾਇਆ । ਅੰਤਮ ਸਭ ਦਾ ਲਹਿਣਾ ਚੁੱਕੇ ਵਿਚ ਜਹਾਨ, ਦੇਣਾ ਕੋਈ ਰਹੇ ਨਾ ਰਾਇਆ । ਪੀਰ ਮੁਲਾ ਸ਼ੇਖ਼ ਸਰਬ ਕੁਰਲਾਣ, ਉਚੀ ਕੂਕ ਕੂਕ ਦੇਣ ਦੁਹਾਇਆ । ਨਾਤਾ ਤੁਟੇ ਜ਼ਿਮੀਂ ਅਸਮਾਨ, ਲੋਕ ਪਰਲੋਕ ਦਏ ਦੁਹਾਇਆ । ਨਾਤਾ ਤੁਟਾ ਅੰਜੀਲ ਕ਼ੁਰਾਨ, ਕਾਇਆ ਕੁਰਾ ਫੋਲ ਫੁਲਾਇਆ । ਮੁਕਾਮੇ ਹੱਕ ਵਸੇ ਸ੍ਰੀ ਭਗਵਾਨ, ਆਦਿ ਜੁਗਾਦੀ ਵਡ ਵਡਿਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣਾ ਖੇਲ ਆਪ ਵਖਾਇਆ । ਸਾਚਾ ਖੇਲ ਕਰੇ ਖ਼ਲਕ, ਖ਼ਾਲਕ ਖ਼ਲਕ ਆਪਣਾ ਰੂਪ ਵਟਾਈਆ । ਨਾਤਾ ਤੋੜੇ ਜ਼ਿਮੀਂ ਫ਼ਲਕ, ਅਰਸ਼ ਕੁਰਸ਼ ਆਪੇ ਵੇਖ ਵਖਾਈਆ । ਆਪੇ ਦੇਵੇ ਆਪਣੀ ਝਲਕ, ਜੋਤੀ ਜਾਤਾ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਖਿਲੌਣਾ, ਆਪ ਆਪਣਾ ਰੂਪ ਧਰਾਇੰਦਾ । ਅਮਾਮ ਅਮਾਮਾ ਸਿਰ ਆਪ ਅਖਵੌਣਾ, ਸ਼ਾਹ ਨਵਾਬ ਆਪ ਹੋ ਜਾਇੰਦਾ । ਸਚ ਦਮਾਮਾ ਇਕ ਵਜੌਣਾ, ਸਾਚੀ ਧਾਰ ਆਪ ਸੁਣਾਇੰਦਾ । ਸਚ ਈਮਾਨ ਇਕ ਵਖੌਣਾ, ਸ਼ਰਅ ਸ਼ਰੀਯਤ ਡੇਰਾ ਢਾਹਿੰਦਾ । ਕਾਇਆ ਖੇੜਾ ਪਰਦਾ ਲੌਹਣਾ, ਮੱਕਾ ਆਪਣਾ ਹੱਜ ਕਰਾਇੰਦਾ । ਦੋ ਦੋ ਆਬਾ ਮੇਲ ਮਿਲੌਣਾ, ਆਬ ਹਯਾਤ ਆਪ ਪਿਆਇੰਦਾ । ਚੌਦਾਂ ਤਬਕਾਂ ਵੇਖ ਵਖੌਣਾ, ਚੌਧਵੀਂ ਸਦੀ ਚੰਦ ਚੜ੍ਹਾਇੰਦਾ । ਸਦ ਆਪਣੇ ਦਰ ਬਹੌਣਾ, ਚਾਰ ਯਾਰੀ ਦਰ ਦੁਰਕਾਇੰਦਾ । ਅੰਤਮ ਆਪਣਾ ਪਰਦਾ ਲੌਹਣਾ, ਮੁਖ ਨਕ਼ਾਬ ਨਾ ਕੋਈ ਰਖਾਇੰਦਾ । ਧੁਰ ਫ਼ਰਮਾਨਾ ਇਕ ਸੁਣੌਣਾ, ਅਭੁਲ ਭੁਲ ਕਦੇ ਨਾ ਜਾਇੰਦਾ । ਕਲਜੁਗ ਤੇਰਾ ਕੂੜ ਕੁੜਿਆਰਾ ਪੰਧ ਮੁਕੌਣਾ, ਅੰਤਮ ਡੇਰਾ ਢਾਹਿੰਦਾ । ਵਿਸ਼ਨੂੰ ਤੇਰਾ ਵਕਤ ਸੁਹੌਣਾ,


੧੩੪੮

ਬ੍ਰਹਮੇ ਤੇਰਾ ਬ੍ਰਹਮ ਫੇਰ ਪਰਗਟਾਇੰਦਾ । ਸਾਚੀ ਬਣਤ ਆਪ ਬਣੌਣਾ, ਸਰਬੰਸ ਆਪਣੇ ਰੰਗ ਵਖਾਇੰਦਾ । ਪਿਛਲਾ ਲੇਖਾ ਆਪ ਚੁਕੌਣਾ, ਅੱਗੇ ਆਪਣਾ ਰਾਹ ਜਣਾਇੰਦਾ । ਚਾਰ ਵੇਦ ਨਜ਼ਰ ਨਾ ਔਣਾ, ਪੁਰਾਨ ਅਠਾਰਾਂ ਨਾ ਕੋਈ ਸੁਣਾਇੰਦਾ । ਗੀਤਾ ਗਿਆਨ ਨਾ ਕਿਸੇ ਸਮਝੌਣਾ, ਸ਼ਾਸਤਰ ਸਿਮਰਤ ਮੁਖ ਛੁਪਾਇੰਦਾ । ਅੰਜੀਲ ਕ਼ੁਰਾਨਾਂ ਡੇਰਾ ਢੌਹਣਾ, ਮਸਲਾ ਹਲ ਆਪ ਕਰਾਇੰਦਾ । ਖਾਣੀ ਬਾਣੀ ਪੰਧ ਮੁਕੌਣਾ, ਦੋ ਜਹਾਨਾਂ ਪਾਰ ਕਰਾਇੰਦਾ । ਧਰਮ ਰਾਏ ਦਾ ਦਰ ਖੁਲ੍ਹੌਣਾ, ਏਕਾ ਹੁਕਮ ਸੁਣਾਇੰਦਾ । ਚਿਤਰ ਗੁਪਤ ਹਿਸਾਬ ਵਖੌਣਾ, ਲਿਖ ਲਿਖ ਲੇਖਾ ਸਰਬ ਮੁਕਾਇੰਦਾ । ਨੇਤਰ ਨੈਣਾਂ ਕਜਲਾ ਪੌਣਾ, ਸਵਾਂਗੀ ਸਾਚਾ ਸਾਂਗ ਵਰਤਾਇੰਦਾ । ਨੌ ਖੰਡ ਪ੍ਰਿਥਮੀ ਏਕਾ ਵਾਰ ਏਕਾ ਰਾਹ ਵਖੌਣਾ, ਲੱਖ ਚੁਰਾਸੀ ਨਾਲ ਪਰਨਾਇੰਦਾ । ਸਾਚੇ ਸੰਤਾਂ ਆਪ ਜਗੌਣਾ, ਏਕਾ ਮੰਤਰ ਨਾਮ ਦ੍ਰਿੜਾਇੰਦਾ । ਰਾਤੀਂ ਸੁਤਿਆਂ ਆਪ ਉਠੌਣਾ, ਦਰ ਦਰ ਘਰ ਘਰ ਸੇਵ ਕਮਾਇੰਦਾ । ਸਵਛ ਸਰੂਪੀ ਰੂਪ ਵਟੌਣਾ, ਆਪ ਆਪਣਾ ਮੇਲ ਮਿਲਾਇੰਦਾ । ਗੁਰਮੁਖ ਬਾਲ ਅੰਵਾਣੇ ਗੋਦ ਬਹੌਣਾ, ਪਿਤਾ ਪੂਤ ਲਾਡ ਲਡਾਇੰਦਾ । ਨਾਮ ਮਰਦੰਗ ਸੂਰੇ ਸਰਬੰਗ ਇਕ ਵਜੌਣਾ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਲੱਖ ਚੁਰਾਸੀ ਵੰਡ ਵੰਡੌਣਾ, ਅਨਹਦ ਨਾਦੀ ਨਾਦ ਵਜਾਇੰਦਾ । ਸ਼ਾਹ ਸੁਲਤਾਨਾਂ ਖ਼ਾਕ ਮਿਲੌਣਾ, ਖ਼ਾਕੀ ਖ਼ਾਕ ਆਪ ਮਿਲਾਇੰਦਾ । ਏਕਾ ਹੁਕਮ ਇਕ ਫ਼ਰਮਾਨਾ, ਸ੍ਰੀ ਭਗਵਾਨਾ ਆਪ ਜਣੌਣਾ, ਦੂਸਰ ਸੰਗ ਨਾ ਕੋਈ ਰਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਿਸ਼ਨ ਬ੍ਰਹਮਾ ਸ਼ਿਵ ਤੇਰਾ ਪੰਧ ਮੁਕਾਇੰਦਾ । ਵਿਸ਼ਨੂੰ ਤੇਰਾ ਪੰਧ ਮੁਕਾਉਣਾ, ਅੰਤ ਰਹਿਣ ਨਾ ਪਾਈਆ । ਬ੍ਰਹਮੇ ਤੇਰਾ ਬ੍ਰਹਮ ਜਪਾਉਣਾ, ਪਾਰਬ੍ਰਹਮ ਬੇਪਰਵਾਹੀਆ । ਸ਼ੰਕਰ ਤੇਰਾ ਸ਼ੰਕਾ ਲਾਹੁਣਾ, ਅੰਤ ਕਲਜੁਗ

ਨਾ ਕੋਇ ਰਖਾਈਆ । ਸਤਿਜੁਗ ਸਾਚਾ ਮਾਰਗ ਲਾਉਣਾ, ਸਚ ਸੁੱਚ ਕਰੇ ਜਣਾਈਆ । ਬ੍ਰਹਮੇ ਤੇਰਾ ਧਾਮ ਸੁਹਾਉਣਾ, ਗੁਰਮੁਖ ਸਾਚੇ ਦਏ ਵਡਿਆਈਆ । ਸ਼ੰਕਰ ਤੇਰਾ ਨਾਤਾ ਤੋੜ ਤੁੜਾਉਣਾ, ਗੁਰਸਿਖ ਸੱਜਨ ਦਏ ਬਣਾਈਆ । ਇੰਦਰ ਇੰਦਰਾਸਨ ਆਪ ਤਜਾਉਣਾ, ਛੋਟਾ ਬਾਲਾ ਦਏ ਸੁਣਾਈਆ । ਪੁਰਖ ਅਬਿਨਾਸ਼ੀ ਖੇਲ ਖਿਲਾਉਣਾ, ਮਾਤ ਆਪਣਾ ਸੁਤ ਜਣਾਈਆ । ਕਲਜੁਗ ਅੰਤਮ ਵੇਲਾ ਆਉਣਾ, ਨਿਹਕਲੰਕ ਗੋਬਿੰਦ ਗਿਆ ਲਿਖਾਈਆ । ਉਚੀ ਕੂਕ ਕੂਕ ਸੁਨਾਉਣਾ, ਮੇਰੀ ਅਜ਼ਮਤ ਮੇਰਾ ਬੇੜਾ ਰੁੜ੍ਹਾਈਆ । ਈਸਾ ਰਾਹ ਤੱਕੇ ਸ੍ਰੀ ਭਗਵਾਨਾ, ਮੇਰਾ ਖ਼ੁਦਾਵੰਦ ਆਏ ਵਾਲੀ ਦੋ ਜਹਾਨਾਂ, ਮੇਰੇ ਪਿਛੇ ਰਹਿਬਰ ਬਣੇ ਸੱਚਾ ਮਾਹੀਆ । ਵੇਦ ਵਿਆਸ ਦੇ ਗਿਆ ਪਰਵਾਨਾ, ਪਰਗਟ ਹੋਏ ਬ੍ਰਾਹਮਣ ਗੌੜਾ ਉਚੇ ਟਿੱਲੇ ਪਰਬਤ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਦਾਤਾ ਪੁਰਖ ਬਿਧਾਤਾ, ਬੇਐਬ ਨਾਮ ਖ਼ੁਦਾਈਆ । ਕਲਜੁਗ ਅੰਤਮ ਆਇਆ ਜਗ, ਹਰਿ ਜਾਗਰਤ ਜੋਤ ਜਗਾਇਆ । ਗੋਬਿੰਦ ਮੇਲ ਸੂਰਾ ਸਰਬੱਗ, ਸਮਰਥ ਰੰਗ ਰੰਗਾਇਆ । ਕਰੇ ਕਰਾਏ ਪਾਰ ਹੱਦ, ਹੱਦ ਹਦੂਦ ਵੇਖ ਵਖਾਇਆ । ਭਗਤ ਭਗਵੰਤ ਜਣਾਏ ਯਦ, ਸਾਚਾ ਬੰਸ ਲਏ ਪਰਗਟਾਇਆ । ਲੱਖ ਚੁਰਾਸੀ ਵਿਚੋਂ ਕਰੇ ਅੱਡ, ਆਪ ਆਪਣਾ ਬੰਧਨ ਪਾਇਆ । ਬਾਲੀ ਬਾਲਾ ਲਡਾਏ ਲੱਡ, ਸਿਰ ਆਪਣਾ ਹੱਥ ਟਿਕਾਇਆ । ਪੰਚ ਵਿਕਾਰਾ ਦੇਵੇ ਕੱਢ, ਮਾਇਆ ਮਮਤਾ ਮੋਹ ਮਿਟਾਇਆ । ਦਰ ਦਵਾਰੇ ਲਏ ਸੱਦ, ਸ਼ਬਦੀ ਹੁਕਮ ਸੁਣਾਇਆ । ਨਾਮ ਪਿਆਏ ਸਾਚੀ ਮਦਿ, ਏਕਾ ਰਸ ਚਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਭੇਵ ਦਏ ਖੁਲ੍ਹਾਇਆ । ਭੇਵ ਖੁਲ੍ਹਾਏ ਸਦਾ ਗੁਰਸਿਖ, ਗੁਰ ਪੂਰੇ ਵਡ ਵਡਿਆਈਆ । ਆਪਣਾ ਲੇਖਾ ਆਪਣੀ ਹੱਥੀਂ ਦੇਵੇ ਲਿਖ, ਨਾ ਕੋਈ ਮੇਟੇ ਮੇਟ ਮਿਟਾਈਆ । ਸਾਚੀ ਪਾਏ ਨਾਮ ਭਿੱਖ, ਭਿਛਿਆ ਮੰਗਨ ਦਰ ਕਿਸੇ ਨਾ ਜਾਈਆ । ਜਨਮ ਜਨਮ ਦੀ ਲਾਹੇ ਵਿਖ, ਜਿਸ ਸਿਰ ਆਪਣਾ ਹੱਥ ਟਿਕਾਈਆ । ਆਸਾ ਤ੍ਰਿਸ਼ਨਾ ਮਿਟੇ ਤ੍ਰਿਖ, ਤ੍ਰੈਗੁਣ ਬੰਧਨ ਦਏ ਕਟਾਈਆ । ਨਿਜ ਨੇਤਰ ਲਏ ਪੇਖ, ਦੋਏ ਲੋਚਨ ਮੂੰਧ ਵਖਾਈਆ । ਮੇਰਾ ਰੂਪ ਨਾ ਮੁਛ ਦਾੜ੍ਹੀ ਨਾ ਦਿਸੇ ਕੇਸ ਨਾ ਕੋਇ ਮੂੰਡ ਮੁੰਡਾਈਆ । ਮੇਲ ਮਿਲਾਵਾ ਸ੍ਰੀ ਦਸਮੇਸ, ਗੋਬਿੰਦ ਵੱਜੇ ਨਾਮ ਵਧਾਈਆ । ਲਹਿਣਾ ਦੇਣਾ ਚੁੱਕੇ ਰਿਖੀ ਕੇਸ਼, ਗੋਵਰਧਨ ਧਾਰੀ ਖੇਲ ਖਿਲਾਈਆ । ਰਾਮ ਰਾਮਾ ਰਹੇ ਹਮੇਸ਼, ਨਾ ਮਰੇ ਨਾ ਜਾਈਆ । ਆਦਿ ਗੁਰ ਅਵਤਾਰ ਕਰਨ ਆਦੇਸ, ਨਿਉਂ ਨਿਉਂ ਸੀਸ ਝੁਕਾਈਆ । ਤਿਸ ਅੱਗੇ ਚਲੇ ਨਾ ਕੋਈ ਪੇਸ਼, ਪੁਰਖ ਅਬਿਨਾਸ਼ੀ ਆਇਆ ਚਲ ਸੱਚਾ ਮਾਹੀਆ । ਭਾਗ ਲਗਾਇਆ ਮਾਝੇ ਦੇਸ, ਸੰਬਲ ਨਗਰ ਦਏ ਵਡਿਆਈਆ । ਵਿਸ਼ਨੂੰ ਬਹਿੰਦੇ ਬਾਸ਼ਕ ਸੇਜ, ਸਾਂਗੋ ਪਾਂਗ ਨਾ ਕੋਇ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਭੇਵ ਆਪਣਾ ਦਏ ਮੁਕਾਇਆ । ਸਭ ਦਾ ਲਹਿਣਾ ਜਾਣਾ ਮੁੱਕ, ਸਤਿਗੁਰ ਪੂਰਾ ਆਪ ਮੁਕਾਇੰਦਾ । ਹਰਿਆ ਬੂਟਾ ਜਾਣਾ ਸੁੱਕ, ਅੰਮ੍ਰਿਤ ਸਿੰਚ ਹਰਾ ਨਾ ਕੋਇ ਕਰਾਇੰਦਾ । ਗੁਰ ਅਵਤਾਰ ਬੈਠੇ ਲੁਕ, ਦਰਸ ਕੋਇ ਨਾ ਪਾਇੰਦਾ । ਵਰਣ ਬਰਨ ਨਾ ਲੱਥੀ ਭੁੱਖ, ਤ੍ਰਿਸ਼ਨਾ ਜਗਤ ਨਾ ਕੋਈ ਬੁਝਾਇੰਦਾ । ਸਫਲ ਨਾ ਹੋਏ ਮਾਤ ਕੁੱਖ, ਹਰਿ ਕਾ ਦਰਸ ਕੋਇ ਨਾ ਪਾਇੰਦਾ । ਮਰ ਮਰ ਜੰਮੇ ਮੁੜ ਮੁੜ ਆਵੇ ਮਾਤ ਕੁੱਖ, ਗਰਭ ਦਿਵਸ ਰੈਣ ਨਾ ਕੋਇ ਕਟਾਇੰਦਾ । ਅਜੂਨੀ ਜੂਨ ਉਲਟਾ ਰੁਖ, ਅਜੂਨੀ ਰਹਿਤ ਨਾ ਦਯਾ ਕਮਾਇੰਦਾ । ਦੇਵੇ ਸੁਨੇਹੜਾ ਅਬਿਨਾਸ਼ੀ ਅਚੁਤ, ਲੱਖ ਚੁਰਾਸੀ ਆਪ ਭਵਾਇੰਦਾ ।

੧੩੫੦

ਗੁਰਮੁਖ ਵਿਰਲੇ ਸੋਹੇ ਰੁੱਤ, ਜਿਸ ਜਨ ਆਪਣਾ ਦਰਸ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਾਚਾ ਮਾਰਗ ਆਪ ਸਮਝਾਇੰਦਾ । ਸਾਚਾ ਮਾਰਗ ਸਤਿਗੁਰ ਚਰਨ, ਸਤਿ ਪੁਰਖ ਨਿਰੰਜਣ ਦਏ ਵਡਿਆਈਆ । ਗੁਰਸਿਖ ਖੁਲ੍ਹੇ ਹਰਨ ਫਰਨ, ਸੁਰਤ ਸ਼ਬਦ ਮੇਲ ਮਿਲਾਈਆ । ਕਿਰਪਾ ਕਰੇ ਹਰਿ ਕਰਨੀ ਕਰਨ, ਕਰਤਾ ਪੁਰਖ ਸੱਚਾ ਸ਼ਹਿਨਸ਼ਾਹੀਆ । ਭੈ ਚੁਕਾਏ ਮਰਨੀ ਮਰਨ, ਭਿਆਨਕ ਅਵਰ ਨਾ ਕੋਇ ਵਖਾਈਆ । ਇਕ ਜਣਾਏ ਸਾਚੀ ਸਰਨ, ਪਾਰਬ੍ਰਹਮ ਸੱਚੀ ਸਰਨਾਈਆ । ਗੁਰਮੁਖ ਵਿਰਲੇ ਅੰਤਮ ਤਰਨ, ਭਰਮੇ ਭੁੱਲੀ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸੁਰਤ ਸ਼ਬਦ ਸਾਚਾ ਮੇਲਾ, ਆਪ ਜਣਾਏ ਸੱਜਣ ਸੁਹੇਲਾ, ਡੋਰੀ ਬੰਧਨ ਏਕਾ ਪਾਈਆ । ਸੁਰਤੀ ਚੜ੍ਹੇ ਆਪਣੇ ਘਾਟ, ਸਤਿਗੁਰ ਪੂਰਾ ਆਪ ਚੜ੍ਹਾਇੰਦਾ । ਡੂੰਘੀ ਕੰਦਰ ਮੁੱਕੇ ਵਾਟ, ਝੂਠਾ ਪੰਧ ਮੁਕਾਇੰਦਾ । ਤਨ ਅੰਧੇਰੀ ਮੇਟੇ ਰਾਤ, ਜੋਤੀ ਚੰਨ ਚੜ੍ਹਾਇੰਦਾ । ਗੀਤ ਸੁਣਾਏ ਸਾਚੀ ਗਾਥ, ਛੱਤੀ ਰਾਗ ਭੇਵ ਨਾ ਆਇੰਦਾ । ਮੇਲ ਮਿਲਾਏ ਕਮਲਾਪਾਤ, ਨਾਰੀ ਕੰਤ ਰੂਪ ਸੁਹਾਇੰਦਾ । ਅੱਠੇ ਪਹਿਰ ਰੱਖੇ ਪਰਭਾਤ, ਦਿਵਸ ਰੈਣ ਨਾ ਵੰਡ ਵੰਡਾਇੰਦਾ । ਚਰਨ ਕਵਲ ਬੰਧਾਏ ਨਾਤ, ਨਾ ਕੋਇ ਤੋੜੇ ਤੋੜ ਤੁੜਾਇੰਦਾ । ਗੁਰਮੁਖ ਤੇਰੀ ਉਤਮ ਜ਼ਾਤ, ਜ਼ਾਤ ਅਜ਼ਾਤੀ ਮੇਟ ਮਿਟਾਇੰਦਾ । ਸਾਹਿਬ ਸਤਿਗੁਰ ਵਸੇ ਸਾਥ, ਵਿਛੜ ਕਦੇ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਰਤੀ ਸ਼ਬਦੀ ਸਾਚਾ ਮੇਲ, ਦੀਪ ਜਗਾਏ ਬਿਨ ਬਾਤੀ ਤੇਲ, ਨੂਰ ਨੁਰਾਨਾ ਡਗਮਗਾਇੰਦਾ । ਸੁਰਤ ਦਵਾਰੇ ਜਾਏ ਚੜ੍ਹ, ਸਤਿਗੁਰ ਪੂਰਾ ਆਪ ਚੜ੍ਹਾਈਆ । ਆਪਣੇ ਘਰ ਜਾਏ ਵੜ, ਪੁਰਖ ਅਬਿਨਾਸ਼ੀ ਵੇਖ ਵਖਾਈਆ । ਸ਼ਬਦੀ ਪੱਲੂ ਲਏ ਫੜ, ਢਹਿ ਢਹਿ ਪਏ ਸਰਨਾਈਆ ।

ਤੂੰ ਸਾਹਿਬ ਦਾਤਾ ਦਾਤਾਰ, ਬਣ ਤੇਰੀ ਨਾਰ, ਬਣ ਦੁਹਾਗਣ ਤੇਰਾ ਅਧਵਿਚਕਾਰ, ਮੇਰੀ ਸਾਰ ਕਿਸੇ ਨਾ ਪਾਈਆ । ਹੋਈ ਦੁਹਾਗਣ ਦੁਰਮਤ ਮੈਲ ਨਾ ਧੋਇਆ ਦਾਗ਼ਨ, ਖੁਲੜੇ ਕੇਸ ਫਿਰਾਈ ਹਰਿ ਦੇਸ ਤੇਰਾ ਰਾਹ ਨਾ ਕੋਇ ਜਣਾਈਆ । ਧੰਨ ਭਾਗ ਮੈਂ ਹੋਈ ਸੁਹਾਗਨ, ਮਿਲਿਆ ਮੇਲ ਪੁਰਖ ਅਬਿਨਾਸ਼ਨ, ਘਰ ਸਾਚੇ ਵੱਜੀ ਵਧਾਈਆ । ਮੇਰੀ ਪੂਰੀ ਹੋਈ ਆਸਨ, ਮੇਰੇ ਲੇਖੇ ਲੱਗੇ ਪਵਣ ਸਵਾਸਨ, ਪਵਣ ਉਨੰਜਾ ਰਹੀ ਸ਼ਰਮਾਈਆ । ਮੇਰਾ ਲਹਿਣਾ ਦੇਣਾ ਚੁੱਕਿਆ ਪ੍ਰਿਥਮੀ ਅਕਾਸ਼ਨ, ਮਿਲੀ ਸਚ ਸੱਚੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਜਨ ਭਗਤਾਂ ਏਕਾ ਰਾਹ ਵਖਾਈਆ । ਹਰਿਜਨ ਸਾਚੇ ਜਾਣਾ ਜਾਗ, ਸੋ ਪੁਰਖ ਨਿਰੰਜਣ ਆਪ ਜਣਾਈਆ । ਨਿਰਗੁਣ ਨਿਰਵੈਰ ਪੁਰਖ ਅਕਾਲ ਲਾਇਆ ਭਾਗ, ਅਜੂਨੀ ਰਹਿਤ ਡਗਮਗਾਇੰਦਾ । ਤ੍ਰੈਗੁਣ ਅਤੀਤਾ ਠਾਂਡਾ ਸੀਤਾ ਵਸਣਹਾਰਾ ਬਿਨ ਮੰਦਰ ਮਸੀਤਾ ਇਕ ਉਪਜਾਏ ਆਪਣਾ ਵੈਰਾਗ, ਵੈਰਾਗੀ ਆਪਣਾ ਨਾਉਂ ਧਰਾਈਆ । ਕੰਤ ਕੰਤੂਹਲ ਦਰ ਘਰ ਸਾਚੇ ਲੈਣਾ ਲਾਧ, ਵਡ ਭਾਗ ਖ਼ੁਸ਼ੀ ਮਨਾਈਆ । ਘਰ ਦੀਪਕ ਜੋਤ ਜਗਾਏ ਚਰਾਗ਼, ਨਾਮ ਦੇਵੇ ਸਾਚੀ ਦਾਤ, ਦਾਤਾ ਦਾਨੀ ਝੋਲੀ ਪਾਈਆ । ਸੁਰਤੀ ਮਿਲੇ ਕੰਤ ਸੁਹਾਗ, ਦੁਰਮਤ ਮੈਲ ਧੋਵੇ ਦਾਗ਼, ਜਨਮ ਜਨਮ ਦੀ ਲਾਹੇ ਲੱਗੀ ਸ਼ਾਹੀਆ । ਰਾਤੀਂ ਸੁਤਿਆਂ ਮਾਰੇ ਆਵਾਜ਼, ਕਿਰਪਾ ਕਰੇ ਗ਼ਰੀਬ ਨਿਵਾਜ਼, ਗਰੀਬ ਨਿਮਾਣੇ ਗਲੇ ਲਗਾਈਆ । ਸਤਿਜੁਗ ਚਲਾਉਣਾ ਅੰਤ ਜਹਾਜ, ਸਤਿ ਪੁਰਖ ਨਿਰੰਜਣ ਰਚਿਆ ਕਾਜ, ਭਾਗ ਲੱਗਾ ਦੇਸ ਮਾਝ, ਗੋਬਿੰਦ ਵੇਖੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਰਤ ਸ਼ਬਦ ਲਏ ਮਿਲਾਈਆ ।

ਸ਼ਬਦ ਆਇਆ ਸੁਰਤ ਦਵਾਰ, ਆਪਣੀ ਲਏ ਅੰਗੜਾਈਆ । ਫੜ ਬਾਹੋਂ ਸੁੱਤੀ ਲਏ ਉਠਾਲ, ਆਲਸ ਨਿੰਦਰਾ ਦਏ ਮੁਕਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਏਕਾ ਡੋਰੀ ਬੰਧਨ ਪਾਈਆ । ਜਿਸ ਦੀ ਆਦਿ ਜੁਗਾਦਿ ਜੁਗਾ ਜੁਗੰਤਰ ਕਰਦੀ ਰਹੀ ਭਾਲ, ਸੋ ਚਲ ਕੇ ਆਇਆ ਮਾਹੀਆ । ਜਿਸ ਨੂੰ ਗੁਰ ਅਵਤਾਰ ਬਣਾਉਂਦੇ ਰਹੇ ਦਲਾਲ, ਸੋ ਸਚ ਦਲਾਲੀ ਰਿਹਾ ਕਮਾਈਆ । ਸਦਾ ਸਦਾ ਸਦ ਕਰੇ ਪ੍ਰਿਤਪਾਲ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਸੁਣੇ ਮਰੀਦਾਂ ਹਾਲ, ਮੁਰਸ਼ਦ ਆਪਣਾ ਫੇਰਾ ਪਾਈਆ । ਗੁਰਸਿਖ ਨੇੜ ਨਾ ਆਏ ਕਾਲ, ਰਾਏ ਧਰਮ ਨਾ ਦਏ ਸਜ਼ਾਈਆ । ਚਿਤਰ ਗੁਪਤ ਲੇਖ ਨਾ ਸਕੇ ਵਖਾਲ, ਲਾੜੀ ਮੌਤ ਨਾ ਲਏ ਪਰਨਾਈਆ । ਮਹਾਕਾਲ ਅੱਗੇ ਕਰੇ ਸਵਾਲ, ਬਣ ਸਵਾਲੀ ਝੋਲੀ ਡਾਹੀਆ । ਗੁਰਸਿਖ ਗੁਰਮੁਖ ਹਰਿਜਨ ਹਰਿ ਭਗਤ ਜਿਸ ਵਸੇ ਧਰਮਸਾਲ, ਸੋ ਦਵਾਰਾ ਦੇਣਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖ ਸੁਰਤੀ ਸ਼ਬਦ ਬੰਨ੍ਹੇ ਡੋਰ, ਪਾਰਬ੍ਰਹਮ ਪਤਿਪਰਮੇਸ਼ਵਰ ਚੜ੍ਹ ਕੇ ਆਇਆ ਆਪਣੇ ਘੋੜ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਰਿਹਾ ਦੌੜ, ਲੱਖ ਚੁਰਾਸੀ ਵੇਖੇ ਪਰਖੇ ਰੀਠਾ ਮਿਠਾ ਕੌੜ, ਗੁਰਮੁਖ ਮਨਮੁਖ ਮਨਮੁਖ ਗੁਰਮੁਖ ਦੋਵੇਂ ਰਾਹ ਚਲਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਹੋ ਮਿਹਰਵਾਨ, ਭਗਤਾਂ ਦੇਵੇ ਭਗਤੀ ਦਾਨਾ, ਭਗਤਨ ਅੰਤਰ ਸਤਿ ਨਿਸ਼ਾਨਾ, ਗੁਰਮੁਖਾਂ ਅੰਦਰ ਬੋਧ ਗਿਆਨਾ, ਗੁਰਸਿਖਾਂ ਬਖ਼ਸ਼ੇ ਚਰਨ ਧੂੜ ਅਸ਼ਨਾਨਾ, ਸਰ ਸਰੋਵਰ ਤੀਰਥ ਤਟ ਜਗਤ ਕਿਨਾਰਾ ਨਾ ਕੋਇ ਵਖਾਈਆ ।



੧੩੫੧ ੧੦

## ★ ੩੧ ਅਸੂ ੨੦੧੮ ਬਿਕ੍ਰਮੀ ਹਰਬੰਸ ਸਿੰਘ ਬਲਵੰਤ ਸਿੰਘ ਦੇ ਗ੍ਰਿਹ ਪਿੰਡ ਮਾਹਲ ਜ਼ਿਲਾ ਅੰਮ੍ਰਿਤਸਰ ★

ਆਦਿ ਜੁਗਾਦਿ ਖੇਲ ਨਿਆਰਾ, ਜਗ ਕਰਤਾ ਹਰਿ ਕਰਾਇੰਦਾ । ਕਰੇ ਖੇਲ ਅਗੰਮ ਅਪਾਰਾ, ਰੂਪ ਅਨੂਪ ਵੇਸ ਵਟਾਇੰਦਾ । ਜੋਤੀ ਜਾਤਾ ਹੋ ਉਜਿਆਰਾ, ਨੂਰ ਨੁਰਾਨਾ ਡਗਮਗਾਇੰਦਾ । ਧੁਨ ਅਨਾਦ ਸੱਚੀ ਧੁਨਕਾਰਾ, ਅਨਾਦੀ ਨਾਦ ਸੁਣਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਦਏ ਸਹਾਰਾ, ਗਗਨ ਮੰਡਲ ਸੋਭਾ ਪਾਇੰਦਾ । ਕਰ ਪਰਕਾਸ਼ ਰਵ ਸਸ ਸਤਾਰਾ, ਚੰਦ ਚਾਂਦਨਾ ਆਪ ਚਮਕਾਇੰਦਾ । ਜਲ ਥਲ ਮਹੀਅਲ ਦਏ ਅਧਾਰਾ, ਧਰਤ ਧਵਲ ਵੇਖ ਵਖਾਇੰਦਾ । ਬੰਸ ਸਰਬੰਸ ਕਰ ਤਿਆਰਾ, ਆਪਣਾ ਮਾਰਗ ਆਪੇ ਲਾਇੰਦਾ । ਵਿਸ਼ਨੂੰ ਵਿਸ਼ਵ ਕਰ ਤਿਆਰਾ, ਸਾਚਾ ਮੇਲਾ ਮੇਲ ਮਿਲਾਇੰਦਾ । ਪਾਰਬ੍ਰਹਮ ਬ੍ਰਹਮ ਕਰ ਪਸਾਰਾ, ਆਪਣਾ ਬੰਸ ਆਪ ਸੁਹਾਇੰਦਾ । ਕਵਲ ਕਵਲਾ ਸਾਚੀ ਧਾਰਾ, ਨਿਰਮਲ ਨਿਰਮਲ ਕਰ ਉਜਿਆਰਾ, ਨੂਰ ਨੁਰਾਨਾ ਆਪ ਅਖਵਾਇੰਦਾ । ਆਦਿ ਜੁਗਾਦਿ ਏਕਾ ਹਰਿ, ਸਾਚੀ ਧਾਰਾ ਆਪ ਚਲਾਇੰਦਾ । ਆਦਿ ਜੁਗਾਦਿ ਪੁਰਖ ਸਮਰਥ, ਸੋ ਪੁਰਖ ਨਿਰੰਜਣ ਵਡੀ ਵਡਿਆਈਆ । ਹਰਿ ਪੁਰਖ ਨਿਰੰਜਣ ਮਹਿਮਾ ਅਕਥ, ਏਕੰਕਾਰਾ ਸਿਫ਼ਤ ਸਲਾਹੀਆ । ਆਦਿ ਨਿਰੰਜਣ ਨਿਰਮਲ ਜੋਤ, ਜੋਤੀ ਜੋਤ ਜੋਤ ਰੁਸ਼ਨਾਈਆ । ਅਬਿਨਾਸ਼ੀ ਕਰਤਾ ਵਸਣਹਾਰਾ ਸਾਚੇ ਕੋਟ, ਸਚਖੰਡ ਬੈਠਾ ਆਸਨ ਲਾਈਆ । ਸ੍ਰੀ ਭਗਵਾਨ ਆਦਿ ਜੁਗਾਦਿ ਏਕਾ ਬਖ਼ਸ਼ੇ ਓਟ, ਦੂਸਰ ਓਟ ਨਾ ਕੋਇ ਤਕਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਨਿਰਗੁਣ ਨਿਰਵੈਰ ਜਾਏ ਮਿਲ ਆਪਣਾ ਓਤ, ਵਿਸ਼ਵ ਸੋਹੰ ਸੋ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਵਿਸ਼ਵ ਧਾਰ ਆਪ ਪੜ੍ਹਾਈਆ । ਵਿਸ਼ਵ ਧਾਰ ਹਰਿ ਕਾ ਰੰਗ,

ਨਿਰਗੁਣ ਆਪਣਾ ਆਪ ਜਣਾਇੰਦਾ । ਪਾਰਬ੍ਰਹਮ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਖੇਲ ਖਿਲਾਇੰਦਾ । ਨਾਦ ਅਨਾਦੀ ਇਕ ਮਰਦੰਗ, ਬ੍ਰਹਿਮਾਦਿ ਆਪ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪਣਾ ਭੇਵ ਆਪਣੇ ਹੱਥ ਰਖਾਇੰਦਾ । ਸਾਚਾ ਭੇਵ ਹਰਿ ਨਿਰੰਕਾਰ, ਆਦਿ ਪੁਰਖ ਆਦਿ ਆਦਿ ਆਦਿ ਆਪਣੇ ਹੱਥ ਰਖਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰ ਤਿਆਰ, ਨਿਰਗੁਣ ਨਿਰਗੁਣ ਨਿਰਗੁਣ ਮੇਲਾ ਮੇਲ ਮਿਲਾਈਆ । ਹੁਕਮੀ ਹੁਕਮ ਹੁਕਮ ਵਰਤਾਰ, ਸਚ ਸੰਦੇਸਾ ਇਕ ਸੁਣਾਈਆ । ਤ੍ਰੈਗੁਣ ਮਾਇਆ ਭਰ ਭੰਡਾਰ, ਰਾਜਸ ਤਾਮਸ ਸਾਤਕ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਵਸਤ ਅਪਾਰ, ਪੰਚਮ ਨਾਤਾ ਜੋੜ ਜੁੜਾਈਆ । ਲੱਖ ਚੁਰਾਸੀ ਕਰ ਤਿਆਰ, ਸਾਚਾ ਘਾੜਨ ਦਏ ਘੜਾਈਆ । ਪਾਰਬ੍ਰਹਮ ਬ੍ਰਹਮ ਕਰ ਪਸਾਰ, ਬ੍ਰਹਮ ਵੇਖੇ ਚਾਈਂ ਚਾਈਆ । ਘਰ ਵਿਚ ਘਰ ਕਰ ਤਿਆਰ, ਮਹੱਲ ਅਟਲ ਸੋਭਾ ਪਾਈਆ । ਈਸ਼ ਜੀਵ ਨਿਰਾਕਾਰ, ਜਗਦੀਸਾ ਖੇਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਮਾਰਗ ਆਪੇ ਲਾਈਆ । ਸਾਚਾ ਮਾਰਗ ਪੁਰਖ ਅਬਿਨਾਸ਼ਾ, ਆਦਿ ਜੁਗਾਦਿ ਲਗਾਇੰਦਾ । ਆਪਣੇ ਮੰਡਲ ਪਾਵੇ ਰਾਸਾ, ਗੋਪੀ ਕਾਹਨ ਆਪ ਹੋ ਜਾਇੰਦਾ । ਆਪੇ ਜਾਣੇ ਖੇਲ ਤਮਾਸ਼ਾ, ਪ੍ਰਿਥਮੀ ਆਕਾਸ਼ ਖੇਲ ਕਰਾਇੰਦਾ । ਆਪੇ ਵਿਸ਼ਨੂੰ ਅੰਦਰ ਕਰ ਕਰ ਵਾਸਾ, ਅੰਮ੍ਰਿਤ ਆਪਣਾ ਆਪ ਪਰਗਟਾਇੰਦਾ । ਆਪੇ ਨਾਭੀ ਕਵਲ ਦੇ ਭਰਵਾਸਾ, ਫੁਲ ਫੁਲਵਾੜੀ ਆਪ ਮਹਿਕਾਇੰਦਾ । ਆਪੇ ਪਾਰਬ੍ਰਹਮ ਬ੍ਰਹਮ ਕਰੇ ਭੋਗ ਬਿਲਾਸਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣੀ ਧਾਰਾ ਆਪ ਚਲਾਇੰਦਾ । ਸਾਚੀ ਧਾਰ ਪੁਰਖ ਅਗੰਮ, ਇਕ ਇਕੱਲਾ ਆਪ ਚਲਾਈਆ । ਆਪਣਾ ਬੇੜਾ ਆਪੇ ਬੰਨ੍ਹ, ਆਪੇ ਬਣੇ ਮਲਾਹੀਆ । ਕਰੇ ਖੇਲ ਸ੍ਰੀ ਭਗਵਨ, ਭਗਵਨ ਆਪਣੀ ਦਇਆ ਕਮਾਈਆ । ਆਪੇ ਜਨਣੀ ਆਪੇ ਜਨ, ਦਾਈ ਦਾਇਆ ਆਪ ਅਖਵਾਈਆ । ਆਪੇ ਘੜੇ ਆਪੇ ਲਏ ਭੰਨ, ਘੜਨ ਭੰਨਣਹਾਰ ਪੁਰਖ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਤ੍ਰੈਗੁਣ ਅਤੀਤਾ ਠਾਂਡਾ ਸੀਤਾ, ਵਸਤ ਅਮੋਲਕ ਆਪਣੇ ਹੱਥ ਰਖਾਈਆ । ਸਾਚੀ ਵਸਤ ਹਰਿ ਗੁਣਵੰਤ, ਆਪਣੇ ਹੱਥ ਰਖਾਇੰਦਾ । ਆਦਿ ਜੁਗਾਦਿ ਮਹਿਮਾ ਅਗਣਤ, ਭੇਵ ਕੋਇ ਨਾ ਪਾਇੰਦਾ । ਆਪੇ ਵਿਸ਼ਵ ਆਪੇ ਮਣੀਆ ਮੰਤ, ਨਾਉਂ ਨਿਰੰਕਾਰਾ ਆਪ ਅਖਵਾਇੰਦਾ ।



ਸੋਹੰ ਸਾਚੀ ਧਾਰ, ਗੁਰ ਚੇਲਾ ਰੂਪ ਜਣਾਈਆ । ਜੁਗ ਜੁਗ ਕਰਨ ਪਿਆਰ, ਪ੍ਰਭ ਸਾਚਾ ਮੇਲ ਮਿਲਾਈਆ । ਵਿਛੜ ਹੋ ਹੋ ਹੋਣ ਖ਼ਵਾਰ, ਅਭੁਲ ਭੁੱਲੇ ਸਾਚਾ ਮਾਹੀਆ । ਜਗ ਰੋਵਨ ਜ਼ਾਰੋ ਜ਼ਾਰ, ਦੋਵੇਂ ਨੈਣ ਵਹਾਈਆ । ਸੋਹੇ ਆਪ ਦਵਾਰ, ਬੰਸ ਮਿਲੇ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਕਰਾਈਆ । ਸੋਹੰ ਧਾਰ ਪਾਰਬ੍ਰਹਮ, ਬ੍ਰਹਮ ਹਰਿ ਸਾਚੇ ਖੇਲ ਖਿਲਾਇਆ । ਜੁਗਾ ਜੁਗੰਤਰ ਬੇੜਾ ਬੰਨ੍ਹ, ਸਾਚਾ ਮਾਰਗ ਲਾਇਆ । ਏਕਾ ਵਸਣ ਏਕਾ ਤਨ, ਦੋਹਾਂ ਮੇਲਾ ਸਹਿਜ ਸੁਭਾਇਆ । ਸਾਚੀ ਛਪਰੀ ਸੋਹੇ ਛੰਨ, ਜਿਸ ਗ੍ਰਿਹਿ ਅੰਦਰ ਸੋਭਾ ਪਾਇਆ । ਇਕ ਦੂਜੇ ਦਾ ਕਹਿਣਾ ਲੈਣ ਮੰਨ, ਮਤ ਸੁਮਤ ਨਾ ਕੋਇ ਵਡਿਆਇਆ । ਮਿਲ ਮੰਗਲ ਕਹਿਣ ਧੰਨ ਧੰਨ,

ਘਰ ਸੱਜਣ ਸੱਚਾ ਪਾਇਆ । ਝੂਠਾ ਭਰਮ ਨਿਕਲੇ ਜਨ, ਗੜ੍ਹ ਹੰਕਾਰ ਤੁੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹੰ ਸਾਚਾ ਬੰਧਨ ਪਾਇਆ । ਸੋਹੰ ਬੰਧਨ ਦੂਆ ਏਕ, ਇਕ ਅਕਾਲਾ ਆਪ ਪਰਗਟਾਈਆ । ਬ੍ਰਹਮ ਪਾਰਬ੍ਰਹਮ ਸਾਚੀ ਟੇਕ, ਏਕਾ ਓਟ ਰਖਾਈਆ । ਜੀਵ ਈਸ਼ ਲਏ ਵੇਖ, ਦਰਸ਼ਨ ਚਾਈਂ ਚਾਈਆ । ਜਗਤ ਅਵੱਲੜਾ ਚਲੇ ਭੇਖ, ਰੂਪ ਰੰਗ ਨਾ ਕੋਇ ਵਖਾਈਆ । ਘਰ ਵਸੇ ਸਾਚਾ ਦੇਸ, ਮਿਲ ਸਾਚੀ ਖ਼ੁਸ਼ੀ ਮਨਾਈਆ । ਹੰ ਬ੍ਰਹਮ ਕਰ ਪਰਵੇਸ਼, ਸੋ ਆਪਣੇ ਵਿਚ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਸੰਗ ਆਪ ਰਖਾਈਆ । ਆਤਮ ਪਰਮਾਤਮ ਸਾਚਾ ਸੰਗ, ਸਦਾ ਸਦ ਰਖਾਇੰਦਾ । ਜੁਗਾ ਜੁਗੰਤਰ ਕਾਰਜ ਅਨੰਦ, ਅਨੰਦ ਅਨੰਦ ਵਖਾਇੰਦਾ । ਗੀਤ ਗੋਬਿੰਦ ਸਾਚਾ ਛੰਦ, ਹੰ ਬ੍ਰਹਮ ਸੁਣਾਇੰਦਾ । ਸੋ ਪੁਰਖ ਨਿਰੰਜਣ ਮੇਟੇ ਪੰਧ, ਪਾਂਧੀ ਰਾਹ ਨਾ ਕੋਇ ਵਖਾਇੰਦਾ । ਪੱਲੂ ਪੱਲੂ ਦੇਵੇ ਗੰਢ, ਸਾਚੀ ਗੰਢ, ਪਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦਰ ਆਪ ਸੁਹਾਇੰਦਾ । ਸਾਚਾ ਦਰ ਸੋਭਾਵੰਤ, ਸੋ ਪੁਰਖ ਨਿਰੰਜਣ ਆਪ ਸੁਹਾਈਆ । ਹੰ ਬ੍ਰਹਮ ਬਣਾ ਬਣਤ, ਘਾੜਨ ਘੜਤ ਲਏ ਘੜਾਈਆ । ਲੇਖਾ ਜਾਣੇ ਜੀਵ ਜੰਤ, ਜੀਵ ਜੀਵ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਗੁਰਮੁਖ ਵਿਰਲੇ ਕਰੇ ਜਣਾਈਆ । ਗੁਰਮੁਖ ਵਿਰਲਾ ਸੋਹੰ ਰੰਗ, ਕਾਇਆ ਤਨ ਚੜ੍ਹਾਇੰਦਾ । ਗੁਰ ਚੇਲਾ ਨੱਚਨ ਬਣ ਮਲੰਗ, ਲੋਕ ਲਾਜ ਨਾ ਕੋਇ ਵਖਾਇੰਦਾ । ਬਿਨ ਸਤਾਰੋਂ ਵੱਜੇ ਤੰਦ, ਤੰਦੀ ਰਾਗ ਨਾ ਕੋਇ ਅਲਾਇੰਦਾ । ਗੁਣ ਨਾ ਜਾਣੇ ਕੋਇ ਬੱਤੀ ਦੰਦ, ਬਿਨ ਰਸਨਾ ਆਪ ਸੁਣਾਇੰਦਾ । ਗੀਤ ਗੋਬਿੰਦ ਸੁਹਾਗੀ ਛੰਦ, ਘਰ ਮੰਗਲ ਆਪ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਬੂਝ ਬੁਝਾਇੰਦਾ । ਸੋਹੰ ਬੁਝੇ ਆਪਣਾ ਰੂਪ, ਅਨੂਪ ਮਿਲੇ ਵਡਿਆਈਆ । ਘਟ ਪਰਕਾਸ਼ ਚਾਰੇ ਕੂਟ, ਗ੍ਰਿਹਿ ਮੰਦਰ ਵੱਜੇ ਵਧਾਈਆ । ਨਾਤਾ ਤੁੱਟੇ ਜੂਠ ਝੂਠ, ਕੂੜੀ ਕਿਰਿਆ ਰਹਿਣ ਨਾ ਪਾਈਆ । ਗੋਦੀ ਸੋਹੇ ਪੂਤ ਸਪੂਤ, ਪਿਤਾ ਵੇਖੇ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਤਰਾਈਆ । ਹਰਿਜਨ ਤਰਿਆ ਸੋਹੰ ਬੇੜਾ, ਸੁਰਤ ਸ਼ਬਦ ਮੇਲ ਮਿਲਾਇਆ । ਕਾਇਆ ਵਸਿਆ ਸਾਚਾ ਖੇੜਾ, ਨਿਰਗੁਣ ਸਾਚਾ ਚੰਦ ਚੜ੍ਹਾਇਆ । ਹੱਕ ਹਕ਼ੀਕ਼ਤ ਕਰ ਨਬੇੜਾ, ਪਿਛਲਾ ਪੰਧ ਮੁਕਾਇਆ । ਏਕਾ ਰੰਗ ਵਖਾਏ ਸੰਞ ਸਵੇਰਾ, ਦਿਵਸ ਰੈਣ ਨਾ ਕੋਇ ਵਡਿਆਇਆ । ਗੁਰਸਿਖਾਂ ਮਨ ਚਾਓ ਘਨੇਰਾ, ਸਤਿਗੁਰ ਪੂਰਾ ਪਾਇਆ । ਨਾਤਾ ਤੁਟਾ ਮੇਰਾ ਤੇਰਾ, ਤੇਰਾ ਮੇਰਾ ਸੋਹੰ ਰੂਪ ਅਖਵਾਇਆ । ਆਵਣ ਜਾਵਣ ਚੁੱਕਾ ਗੇੜਾ, ਪਾਂਧੀ ਝੂਠਾ ਪੰਧ ਮੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਚੇਲਾ ਖੇਲ ਖਿਲਾਇਆ । ਗੁਰ ਚੇਲਾ ਖੇਲੇ ਖੇਲ, ਖ਼ਾਲਕ ਖ਼ਲਕ ਰੂਪ ਵਟਾਈਆ । ਸਾਚਾ ਮੇਲਾ ਲਏ ਮੇਲ, ਗੁਰਮੁਖ ਸੱਜਣ ਮਾਤ ਉਠਾਈਆ । ਬਣੇ ਸਾਜਨ ਸਖਾ ਸੁਹੇਲ, ਸਾਚੀ ਪ੍ਰੀਤ ਇਕ ਨਿਭਾਈਆ । ਨਿਰਗੁਣ ਦੀਵਾ ਨਿਰਗੁਣ ਬਾਤੀ ਨਿਰਗੁਣ ਜਗਾਏ ਬਿਨ ਤੇਲ, ਹਵਣ ਹਵਣੀ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਚੇਲਾ ਮਿਲੇ ਏਕਾ ਘਰ, ਬੰਕ ਦਵਾਰਾ ਇਕ ਸੁਹਾਈਆ । ਘਰ ਦਵਾਰਾ ਸੋਹੇ ਬੰਕ, ਗ੍ਰਿਹਿ ਮੇਲਾ ਹਰਿ ਕਰਤਾਰ । ਗੁਰਮੁਖ ਵਡਿਆਈ ਜਿਉਂ ਜਨ ਜਨਕ, ਭਗਤ ਭਗਵੰਤ ਲਏ ਅਧਾਰ । ਨਾਮ ਹਲੂਣਾ ਲਾਏ ਤਨਕ, ਨਿਰਗੁਣ ਖਿਚੇ ਸਚ ਸਤਾਰ, ਕਰਿਆ ਖੇਲ ਬਾਰ ਅਨਕ, ਜੁਗ ਜੁਗ ਲੈ ਮਾਤ

੧੩੫੩
੧੦

ਅਵਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਕਰੇ ਸਚ ਪਿਆਰ । ਕਰ ਪਿਆਰ ਦਿਤੀ ਦਾਤ, ਹਰਿ ਸਤਿਗੁਰ ਦਇਆ ਕਮਾਈਆ । ਸੋਹੰ ਨਾਮ ਸਚ ਸੌਗਾਤ, ਰੋਗ ਸੋਗ ਦਏ ਗਵਾਈਆ । ਮੇਟੇ ਰੈਣ ਅੰਧੇਰੀ ਰਾਤ, ਗੁਰ ਚੇਲਾ ਚੰਦ ਚੜ੍ਹਾਈਆ । ਆਤਮ ਪਰਮਾਤਮ ਇਕੋ ਗਾਥ, ਏਕਾ ਅੱਖਰ ਕਰੇ ਪੜ੍ਹਾਈਆ । ਈਸ਼ ਜੀਵ ਨਿਭੇ ਸਾਥ, ਜਗਦੀਸ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਇਕੋ ਵਰ, ਸੋਹੰ ਸ਼ਬਦ ਵਡ ਕਰਾਮਾਤ, ਆਦਿ ਜੁਗਾਦਿ ਜੁਗਾ ਜੁਗੰਤਰ ਗੁਰਮੁਖ ਵਿਰਲੇ ਚੜ੍ਹਨ ਇਸ ਜਮਾਤ, ਦੂਜੀ ਹੋਰ ਨਾ ਕੋਇ ਪੜ੍ਹਾਈਆ ।

★ ੧ ਕੱਤਕ ੨੦੧੮ ਬਿਕ੍ਰਮੀ ਜੇਠੂਵਾਲ ਦਰਬਾਰ ਵਿਚ ਦਇਆ ਹੋਈ ★

ਆਦਿ ਪੁਰਖ ਹਰਿ ਸ਼ਾਹ ਸੁਲਤਾਨਾ, ਸ਼ਾਹ ਪਾਤਸ਼ਾਹ ਵਡੀ ਵਡਿਆਈਆ । ਭੂਪਤ ਭੂਪ ਵਡ ਰਾਜ ਰਾਜਾਨਾ, ਨੂਰ ਨੁਰਾਨਾ ਨੂਰ ਧਰਾਈਆ । ਸੋ ਪੁਰਖ ਨਿਰੰਜਣ ਹੋ ਪਰਧਾਨਾ, ਆਪਣਾ ਖੇਲ ਆਪ ਕਰਾਈਆ । ਹਰਿ ਪੁਰਖ ਨਿਰੰਜਣ ਮਰਦ ਮਰਦਾਨਾ, ਇਕ ਇਕੱਲਾ ਭੇਵ ਨਾ ਰਾਈਆ । ਏਕੰਕਾਰਾ ਜੋਧਾ ਸੂਰਬੀਰ ਬਲੀ ਬਲਵਾਨਾ, ਬਲ ਆਪਣਾ ਆਪ ਵਖਾਈਆ । ਅਬਿਨਾਸ਼ੀ ਕਰਤਾ ਕਰੇ ਖੇਲ ਦੋ ਜਹਾਨਾ, ਨਿਰਗੁਣ ਨਿਰਵੈਰ ਨਾਉਂ
੧੩੫੪ ਧਰਾਈਆ । ਸ੍ਰੀ ਭਗਵਾਨ ਝੁਲਾਏ ਸਚ ਨਿਸ਼ਾਨਾ, ਸਤਿ ਸਤਿਵਾਦੀ ਆਪ ਰਖਾਈਆ । ਪਾਰਬ੍ਰਹਮ ਪ੍ਰਭ ਬਣ ਨਿਮਾਣਾ, ਦਰ ਬੈਠੇ ਸੀਸ ਝੁਕਾਈਆ । ੧੩੫੪
ਦਰ ਦਰਵੇਸ਼ ਕਰੇ ਖੇਲ ਮਹਾਨਾ, ਅਗੰਮ ਅਗੰਮੜੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪੇ ਜਾਣੇ ਆਪਣੀ ਸ਼ਹਿਨਸ਼ਾਹੀਆ । ਸ਼ਾਹ ਪਾਤਸ਼ਾਹ ਹਰਿ ਭਗਵਾਨਾ, ਆਦਿ ਜੁਗਾਦਿ ਆਪ ਅਖਵਾਇੰਦਾ । ਕਰੇ ਖੇਲ ਵਡ ਬਲਵਾਨਾ, ਭੇਵ ਕੋਇ ਨਾ ਪਾਇੰਦਾ । ਭੂਪਤ ਭੂਪ ਰਾਜ ਰਾਜਾਨਾ, ਆਪਣਾ ਬਲ ਧਰਾਇੰਦਾ । ਹੁਕਮੀ ਹੁਕਮ ਹੁਕਮ ਮਹਾਨਾ, ਪੁਰਖ ਅਕਾਲ ਆਪ ਜਣਾਇੰਦਾ । ਜੋਤੀ ਨੂਰ ਨੂਰ ਡਗਮਗਾਨਾ, ਜੋਤੀ ਜੋਤ ਖੇਲ ਖਿਲਾਇੰਦਾ । ਆਪਣੀ ਇਛਿਆ ਆਪੇ ਕਰ ਪਰਵਾਨਾ, ਆਪਣੀ ਬਣਤ ਆਪ ਬਣਾਇੰਦਾ । ਸਚਖੰਡ ਸੁਹਾਏ ਸਚ ਮਕਾਨਾ, ਛੱਪਰ ਛੰਨ ਨਾ ਕੋਈ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਸਾਚੇ ਮੰਦਰ ਸੋਭਾ ਪਾਇੰਦਾ । ਸਾਚਾ ਮੰਦਰ ਸਚ ਮਹੱਲਾ, ਸੋ ਪੁਰਖ ਨਿਰੰਜਣ ਆਪ ਪਰਗਟਾਈਆ । ਹਰਿ ਪੁਰਖ ਨਿਰੰਜਣ ਇਕ ਇਕੱਲਾ, ਏਕੰਕਾਰਾ ਸੋਭਾ ਪਾਈਆ । ਆਦਿ ਨਿਰੰਜਣ ਆਪਣੇ ਦੀਪਕ ਆਪੇ ਬਲਾ, ਨੂਰ ਨੁਰਾਨਾ ਡਗਮਗਾਈਆ । ਅਬਿਨਾਸ਼ੀ ਕਰਤਾ ਪਕੜੇ ਪੱਲਾ, ਸਾਚਾ ਸੰਗ ਆਪ ਅਖਵਾਈਆ । ਸ੍ਰੀ ਭਗਵਾਨ ਵਸਣਹਾਰਾ ਨਿਹਚਲ ਧਾਮ ਅਟੱਲਾ, ਦਰ ਘਰ ਸਾਚਾ ਆਪ ਸੁਹਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਆਪਣੀ ਜੋਤ ਆਪੇ ਰਲਾ, ਜੋਤੀ ਜਾਤਾ ਖੇਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣੇ ਹੱਥ ਰੱਖੇ ਵਡਿਆਈਆ । ਰੱਖੇ ਵਡਿਆਈ ਆਪਣੇ ਹੱਥ, ਬੇਐਬ ਪਰਵਰਦਿਗਾਰਾ । ਕਰੇ ਖੇਲ ਪੁਰਖ ਸਮਰਥ, ਵਸਣਹਾਰਾ ਧਾਮ ਨਿਆਰਾ । ਸਚ ਦਵਾਰੇ ਹੋ ਪਰਗਟ, ਸੇਵਕ ਸੇਵਾ ਕਰੇ ਅਗੰਮ ਅਪਾਰਾ, ਆਪਣਾ ਮਾਰਗ ਆਪੇ ਦੱਸ, ਆਪੇ ਦੇਵਣਹਾਰ ਸਹਾਰਾ । ਆਪਣੇ

ਅੰਦਰ ਆਪੇ ਵਸ, ਆਪੇ ਖੋਲ੍ਹੇ ਬੰਦ ਕਿਵਾੜਾ । ਆਪਣਾ ਨੂਰ ਕਰ ਪਰਕਾਸ਼, ਆਪੇ ਹੋਏ ਜੋਤ ਉਜਿਆਰਾ । ਏਕਾ ਮੰਡਲ ਪਾਵੇ ਰਾਸ, ਕਰੇ ਖੇਲ ਸੱਚੀ ਸਰਕਾਰਾ । ਆਪਣੇ ਦਰ ਹੋਏ ਦਾਸੀ ਦਾਸ, ਸੇਵਕ ਸੇਵਾ ਕਰੇ ਬਣ ਭਿਖਾਰਾ । ਆਪਣੀ ਪੂਰੀ ਕਰੇ ਆਸ, ਆਪੇ ਬਣੇ ਸਚ ਵਰਤਾਰਾ । ਆਦਿ ਜੁਗਾਦਿ ਆਪੇ ਰੱਖੇ ਆਪਣੇ ਸਾਥ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਕਰੇ ਖੇਲ ਆਪ ਨਿਆਰਾ । ਖੇਲ ਨਿਆਰਾ ਹਰਿ ਕਰਤਾਰ, ਆਦਿ ਪੁਰਖ ਆਪ ਕਰਾਈਆ । ਨਿਰਵੈਰ ਨਿਰਾਕਾਰ ਅਜੂਨੀ ਰਹਿਤ ਹੋ ਤਿਆਰ, ਭੇਵ ਅਭੇਦਾ ਆਪ ਖੁਲ੍ਹਾਈਆ । ਸਾਚੇ ਤਖ਼ਤ ਬੈਠ ਸੱਚੀ ਸਰਕਾਰ, ਭੂਪਤ ਭੂਪ ਦਏ ਵਡਿਆਈਆ । ਸੀਸ ਜਗਦੀਸ ਸੁਹਾਏ ਆਪ ਸੱਚੀ ਦਸਤਾਰ, ਰੂਪ ਰੰਗ ਨਾ ਕੋਇ ਵਖਾਈਆ । ਹੁਕਮੀ ਹੁਕਮ ਵਰਤੇ ਵਰਤਾਰ, ਧੁਰ ਫ਼ਰਮਾਨਾ ਆਪ ਜਣਾਈਆ । ਆਪਣੇ ਗ੍ਰਿਹ ਆਪੇ ਹੋਏ ਖ਼ਬਰਦਾਰ, ਏਕਾ ਹੁਕਮ ਆਪ ਜਣਾਈਆ । ਆਪੇ ਨਿਉਂ ਨਿਉਂ ਕਰੇ ਨਿਮਸਕਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣੇ ਰੰਗ ਆਪ ਸਮਾਈਆ । ਆਪਣੇ ਰੰਗ ਆਪੇ ਰਾਤਾ, ਇਕ ਇਕੱਲਾ ਬੇਪਰਵਾਹੀਆ । ਖੇਲੇ ਖੇਲ ਪੁਰਖ ਬਿਧਾਤਾ, ਬੇਅੰਤ ਵਡੀ ਵਡਿਆਈਆ । ਆਪੇ ਪਿਤਾ ਆਪੇ ਮਾਤਾ, ਬਾਲ ਸਖ਼ਾਈ ਆਪਣਾ ਨਾਉਂ ਧਰਾਈਆ । ਆਪੇ ਖੇਲੇ ਖੇਲ ਤਮਾਸ਼ਾ, ਆਪੇ ਆਪਣਾ ਦਰ ਸੁਹਾਈਆ । ਆਪੇ ਰੱਖੇ ਆਪਣੀ ਉਤਮ ਜਾਤਾ, ਨੂਰੋ ਨੂਰ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਅਲਖ ਅਗੋਚਰ ਅਗੰਮ ਅਪਾਰ, ਕਰੇ ਖੇਲ ਪਰਵਰਦਿਗਾਰ, ਬੇਪਰਵਾਹ ਆਪ ਆਪਣੀ ਧਾਰ ਚਲਾਇੰਦਾ । ਸਾਚੀ ਧਾਰ ਬੇਪਰਵਾਹ, ਆਦਿ ਪੁਰਖ ਆਪ ਚਲਾਈਆ । ਇਕ ਇਕੱਲਾ ਦੇਵੇ ਸਚ ਸਲਾਹ, ਸਲਾਹਗੀਰ ਭੇਵ ਨਾ ਰਾਈਆ । ਆਪ ਸੁਹਾਏ ਆਪਣਾ ਥਾਂ, ਥਾਨ ਥਨੰਤਰ ਦਏ ਵਡਿਆਈਆ । ਆਪ ਪਰਗਟਾਏ ਆਪਣਾ ਨਾਂ, ਨਾਉਂ ਨਿਰੰਕਾਰਾ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੂਪ ਆਪ ਵਖਾਈਆ । ਆਪਣਾ ਰੂਪ ਆਪੇ ਧਰ, ਸਚਖੰਡ ਦਵਾਰ ਸੁਹਾਇੰਦਾ । ਨਿਰਾਕਾਰ ਨਰਾਇਣ ਨਰ, ਆਪਣੀ ਕਲ ਆਪ ਵਰਤਾਇੰਦਾ । ਆਪਣੇ ਮੰਦਰ ਆਪੇ ਵੜ, ਦਰ ਸਾਚਾ ਆਪ ਸੁਹਾਇੰਦਾ । ਸਚ ਸਿੰਘਾਸਣ ਆਪੇ ਚੜ੍ਹ, ਸਤਿ ਸਤਿਵਾਦੀ ਸੋਭਾ ਪਾਇੰਦਾ । ਆਪਣਾ ਪੱਲੂ ਆਪੇ ਫੜ, ਆਪਣਾ ਮੇਲ ਮਿਲਾਇੰਦਾ । ਆਪੇ ਪੁਰਖ ਆਪੇ ਨਰ, ਨਾਰ ਕੰਤ ਆਪ ਹੋ ਜਾਇੰਦਾ । ਆਪੇ ਵਸੇ ਸਚਖੰਡ ਸਾਚੇ ਘਰ, ਦੀਵਾ ਬਾਤੀ ਨਾ ਕੋਈ ਰਖਾਇੰਦਾ । ਆਪਣਾ ਘਾੜਨ ਆਪੇ ਘੜ, ਨਿਰਗੁਣ ਨਿਰਵੈਰ ਵੇਖ ਵਖਾਇੰਦਾ । ਆਪਣੀ ਕਰਨੀ ਆਪੇ ਕਰ, ਕਰਤਾ ਪੁਰਖ ਕਿਰਤ ਕਮਾਇੰਦਾ । ਏਕਾ ਦੇਵੇ ਆਪੇ ਡਰ, ਨਿਰਭੌ ਆਪਣਾ ਨਾਉਂ ਜਣਾਇੰਦਾ । ਆਪ ਨੁਹਾਏ ਆਪਣੇ ਸਰ, ਸਰ ਸਰੋਵਰ ਆਪ ਸੁਹਾਇੰਦਾ । ਨਾ ਜਨਮੇ ਨਾ ਜਾਏ ਮਰ, ਪੁਰਖ ਅਕਾਲ ਖੇਲ ਕਰਾਇੰਦਾ । ਸਾਚੇ ਤਖ਼ਤ ਆਪੇ ਚੜ੍ਹ, ਆਪਣਾ ਗੀਤ ਆਪੇ ਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੰਗਲ ਆਪਣਾ ਆਪ ਸੁਣਾਇੰਦਾ । ਸਾਚੇ ਤਖ਼ਤ ਆਪੇ ਚੜ੍ਹ ਚੜ੍ਹ, ਤਖ਼ਤ ਨਿਵਾਸੀ ਸੋਭਾ ਪਾਈਆ । ਸਚਖੰਡ ਦਵਾਰੇ ਆਪੇ ਵੜ ਵੜ, ਆਪਣੇ ਬੰਕ ਦਏ ਵਡਿਆਈਆ । ਆਪਣੀ ਜੋਤ ਆਪੇ ਧਰ ਧਰ, ਜੋਤੀ ਨੂਰ ਕਰੇ ਰੁਸ਼ਨਾਈਆ । ਆਪਣਾ ਪੱਲੂ ਆਪੇ ਫੜ ਫੜ, ਆਪੇ ਖ਼ੁਸ਼ੀ ਮਨਾਈਆ । ਆਪਣੀ ਨਾਰੀ ਆਪੇ ਵਰ ਵਰ, ਆਪਣੀ ਸੇਜ ਸੁਹਾਈਆ । ਜਨਨੀ ਜਨ ਆਪੇ ਬਣ ਬਣ, ਧੰਨ ਧੰਨ ਜਣੇਂਦੀ ਮਾਈਆ ।

ਨਿਰਗੁਣ ਅੰਦਰ ਨਿਰਗੁਣ ਵੜ ਵੜ, ਨਿਰਗੁਣ ਆਪਣਾ ਰੂਪ ਵਖਾਈਆ । ਪੂਤ ਸਪੂਤਾ ਘਾੜਨ ਘੜ ਘੜ, ਸ਼ਬਦੀ ਨਾਉਂ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਦਰਸ ਆਪੇ ਦੇਵੇ ਘਰ ਘਰ, ਸਵੱਛ ਸਰੂਪੀ ਸੱਚਾ ਸ਼ਹਿਨਸ਼ਾਹੀਆ । ਸਵੱਛ ਸਰੂਪ ਏਕੰਕਾਰਾ, ਏਕਾ ਘਰ ਸੁਹਾਇੰਦਾ । ਅਲਖ ਅਗੋਚਰ ਅਗੰਮ ਅਪਾਰਾ, ਬੇਪਰਵਾਹ ਆਪ ਹੋ ਜਾਇੰਦਾ । ਆਪੇ ਜਾਣੇ ਆਪਣੀ ਕਾਰਾ, ਕਰਤਾ ਆਪਣੀ ਖੇਲ ਖਿਲਾਇੰਦਾ । ਵਸਣਹਾਰਾ ਧਾਮ ਨਿਆਰਾ, ਦਰ ਘਰ ਸਾਚੇ ਸੋਭਾ ਪਾਇੰਦਾ । ਸ਼ਾਹੋ ਭੂਪ ਬਣ ਸਿਕਦਾਰਾ, ਤਖ਼ਤ ਨਿਵਾਸੀ ਤਖ਼ਤ ਸੁਹਾਇੰਦਾ । ਹੁਕਮੀ ਹੁਕਮ ਹੁਕਮ ਵਰਤਾਰਾ, ਧੁਰ ਫਰਮਾਨਾ ਆਪ ਜਣਾਇੰਦਾ । ਸ਼ਬਦੀ ਸ਼ਬਦ ਸੁਤ ਦੁਲਾਰਾ, ਬਾਲ ਨਿਧਾਨਾ ਆਪ ਉਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰ ਆਪ ਚਲਾਇੰਦਾ । ਸੁਤ ਦੁਲਾਰਾ ਜਣਿਆ ਸੁਤ, ਪਾਰਬ੍ਰਹਮ ਵਡਿਆਈਆ । ਕਰੇ ਖੇਲ ਅਬਿਨਾਸ਼ੀ ਅਚੁੱਤ, ਕਹਿਣਾ ਅਕਥ ਕਥਿਆ ਨਾ ਜਾਈਆ । ਆਪ ਸੁਹਾਏ ਆਪਣੀ ਰੁੱਤ, ਥਿਤ ਵਾਰ ਨਾ ਕੋਈ ਰਖਾਈਆ । ਆਪ ਸੁਹਾਏ ਆਪਣਾ ਕੋਟ, ਚਾਰ ਦੀਵਾਰ ਨਾ ਕੋਈ ਬਣਾਈਆ । ਆਪ ਪਰਗਟਾਏ ਆਪਣੀ ਜੋਤ, ਜੋਤੀ ਜੋਤ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸ਼ਬਦ ਸ਼ਬਦ ਉਪਜਾਈਆ । ਸ਼ਬਦ ਸੁਤ ਦੁਲਾਰਾ, ਸੋ ਪੁਰਖ ਨਿਰੰਜਣ ਆਪ ਉਪਜਾਇੰਦਾ । ਹਰਿ ਪੁਰਖ ਨਿਰੰਜਣ ਕਰੇ ਪਿਆਰਾ, ਏਕੰਕਾਰਾ ਗੋਦ ਸੁਹਾਇੰਦਾ । ਆਦਿ ਨਿਰੰਜਣ ਕਰ ਉਜਿਆਰਾ, ਜੋਤੀ ਨੂਰ ਨੂਰ ਵਖਾਇੰਦਾ । ਅਬਿਨਾਸ਼ੀ ਕਰਤਾ ਦਏ ਸਹਾਰਾ, ਸ੍ਰੀ ਭਗਵਾਨ ਸੰਗ ਨਿਭਾਇੰਦਾ । ਪਾਰਬ੍ਰਹਮ ਪ੍ਰਭ ਬਣ ਵਣਜਾਰਾ, ਸਾਚਾ ਵਣਜ ਕਰਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਖੋਲ ਕਿਵਾੜਾ, ਏਕਾ ਹੁਕਮ ਸੁਣਾਇੰਦਾ । ਤੇਰਾ ਰੂਪ ਅਗੰਮ ਅਪਾਰਾ, ਦਿਸ ਕਿਸੇ ਨਾ ਆਇੰਦਾ । ਤੇਰਾ ਧਾਮ ਬਣਾਏ ਹਰਿ ਕਰਤਾਰਾ, ਥਿਰ ਘਰ ਸਾਚਾ ਆਪ ਵਡਿਆਇੰਦਾ । ਥਿਰ ਘਰ ਰੱਖੇ ਤੇਰੀ ਧਾਰਾ, ਰੂਪ ਰੰਗ ਨਾ ਕੋਈ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮਾਰਗ ਆਪੇ ਲਾਇੰਦਾ । ਥਿਰ ਘਰ ਵਸਿਆ ਸ਼ਬਦੀ ਧਾਰ, ਨੂਰ ਨੁਰਾਨਾ ਨੂਰ ਨਜ਼ਰੀ ਨਾ ਆਈਆ । ਆਪਣੀ ਕਿਰਪਾ ਆਪੇ ਧਾਰ, ਆਪੇ ਵੇਖੇ ਸੱਚਾ ਸ਼ਹਿਨਸ਼ਾਹੀਆ । ਆਪੇ ਵਣਜ ਆਪ ਵਣਜਾਰ, ਆਪੇ ਵਸਤ ਹੱਟ ਵਿਕਾਈਆ । ਆਪੇ ਦਰ ਦਰਵੇਸ਼ ਬਣੇ ਭਿਖਾਰ, ਨਿਉਂ ਨਿਉਂ ਆਪਣਾ ਸੀਸ ਝੁਕਾਈਆ । ਆਪੇ ਹੋਏ ਦੇਵਣਹਾਰ, ਅਨਮੁਲ ਬੇਪਰਵਾਹੀਆ । ਥਿਰ ਘਰ ਸਾਚੇ ਪਾਵੇ ਸਾਰ, ਹਰਿ ਸ਼ਬਦੀ ਮੇਲ ਮਿਲਾਈਆ । ਸ਼ਬਦੀ ਗੁਣ ਦਏ ਵਿਚਾਰ, ਏਕਾ ਗੁਣ ਸਮਝਾਈਆ । ਹਰਿ ਕਾ ਨੂਰ ਤੇਰਾ ਪਿਆਰ, ਪਿਆਰ ਪਿਆਰ ਵਿਚ ਸਮਾਈਆ । ਹਰਿ ਹਰਿ ਦੇਵੇ ਇਕ ਸਹਾਰ, ਸੀਸ ਜਗਦੀਸ ਹੱਥ ਟਿਕਾਈਆ । ਤੇਰੇ ਅੰਦਰ ਰੱਖੇ ਕੁਦਰਤ ਧਾਰ, ਕ਼ਾਦਰ ਕਰਤਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਬਦੀ ਸੁਤ ਦਏ ਵਡਿਆਈਆ । ਸ਼ਬਦੀ ਸੁਤ ਕਰ ਧਿਆਨ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਥਿਰ ਘਰ ਬਣਾਇਆ ਤੇਰਾ ਮਕਾਨ, ਦਿਸ ਕਿਸੇ ਨਾ ਆਇੰਦਾ । ਸਤਿ ਸਤਿਵਾਦੀ ਸ੍ਰੀ ਭਗਵਾਨ, ਸਾਚੀ ਧਾਰ ਚਲਾਇੰਦਾ । ਏਕਾ ਜੋਤ ਖੇਲ ਮਹਾਨ, ਖੇਲਣਹਾਰਾ ਭੇਵ ਨਾ ਆਇੰਦਾ । ਜੋਧਾ ਸੂਰਬੀਰ ਬਲੀ ਬਲਵਾਨ, ਤੇਰੀ ਬਣਤ ਬਣਾਇੰਦਾ । ਤੂੰ ਬਾਲੇ ਉਠ ਕਰ ਧਿਆਨ, ਧਿਆਨ ਧਿਆਨ ਵਿਚ ਜਣਾਇੰਦਾ । ਤੇਰਾ ਖੇਲ ਕਰਾਂ ਮਹਾਨ, ਆਪਣੀ ਵਸਤ ਤੇਰੇ ਵਿਚ ਟਿਕਾਇੰਦਾ । ਤੇਰੀ ਇਛਿਆ ਬ੍ਰਹਿਮੰਡ ਖੰਡ ਲੋਆਂ

ਪੁਰੀਆਂ ਖੇਲ ਮਹਾਨ, ਘਾੜਨ ਘੜਤ ਤੇਰੇ ਹੱਥ ਰਖਾਇੰਦਾ । ਇਕ ਵਖਾਵਾਂ ਸਚ ਨਿਸ਼ਾਨ, ਆਦਿ ਜੁਗਾਦਿ ਨਾ ਕੋਈ ਮਿਟਾਇੰਦਾ । ਏਥੇ ਉਥੇ ਦੇਵਾਂ ਮਾਣ, ਦਰ ਦਰ ਤੇਰਾ ਰਾਹ ਤਕਾਇੰਦਾ । ਏਕਾ ਹੁਕਮ ਕਰ ਮਿਹਰਵਾਨ, ਧੁਰ ਫ਼ਰਮਾਨਾ ਆਪ ਸੁਣਾਇੰਦਾ । ਕਰੇ ਖੇਲ ਇਕ ਮਹਾਨ, ਸ੍ਰੀ ਭਗਵਾਨ ਆਪ ਜਣਾਇੰਦਾ । ਪਹਿਲਾਂ ਦੇਵਾਂ ਵਿਸ਼ਨੂੰ ਦਾਨ, ਤੇਰੀ ਗੋਦ ਸੁਹਾਇੰਦਾ । ਦੂਜਾ ਬ੍ਰਹਮ ਕਰ ਪਰਧਾਨ, ਬ੍ਰਹਮਾ ਵੰਡ ਵੰਡਾਇੰਦਾ । ਤੀਜਾ ਸ਼ੰਕਰ ਮੇਲ ਮਹਾਨ, ਹਰਿ ਸਾਚਾ ਸਚ ਜਣਾਇੰਦਾ । ਤਿੰਨਾਂ ਵਿਚੋਲਾ ਸ੍ਰੀ ਭਗਵਾਨ, ਸ਼ਬਦੀ ਬੰਧਨ ਪਾਇੰਦਾ । ਥਿਰ ਘਰ ਵਸੇ ਹੋ ਮਿਹਰਵਾਨ, ਰੂਪ ਰੰਗ ਨਾ ਕੋਈ ਵਖਾਇੰਦਾ । ਸਚਖੰਡ ਸਾਚੇ ਤਖ਼ਤ ਬਹੇ ਰਾਜ ਰਾਜਾਨ, ਸੀਸ ਜਗਦੀਸ ਤਾਜ ਸੁਹਾਇੰਦਾ । ਸਤ ਰੰਗ ਨਿਸ਼ਾਨਾ ਦੋ ਜਹਾਨ, ਦੋ ਜਹਾਨਾਂ ਵਾਲੀ ਆਪ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਦਿ ਪੁਰਖ ਆਪਣੀ ਰਚਨਾ ਆਪ ਰਚਾਇੰਦਾ । ਆਪਣੀ ਰਚਨਾ ਦੇਵਾਂ ਦੱਸ, ਸੋ ਪੁਰਖ ਨਿਰੰਜਣ ਭੇਵ ਖੁਲ੍ਹਾਇੰਦਾ । ਸੁਤ ਦੁਲਾਰੇ ਅੰਦਰ ਤੇਰੇ ਜਾਵਾਂ ਵਸ, ਰੂਪ ਰੰਗ ਨਾ ਕੋਈ ਵਖਾਇੰਦਾ । ਮੇਰਾ ਪਰਕਾਸ਼ ਮੇਰਾ ਰਸ, ਦੂਸਰ ਹੱਥ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਆਪ ਉਠਾਇੰਦਾ । ਆਪਣਾ ਪਰਦਾ ਆਪੇ ਚੁੱਕ, ਨੂਰ ਨੂਰ ਦਰਸ ਕਰਾਈਆ । ਸਚਖੰਡ ਦਵਾਰੇ ਜੋ ਬੈਠਾ ਲੁਕ, ਥਿਰ ਘਰ ਰਿਹਾ ਮੁਖ ਵਖਾਈਆ । ਸ਼ਬਦ ਸਾਚੇ ਸੁਤ ਤੇਰਾ ਬੂਟਾ ਨਾ ਜਾਏ ਸੁੱਕ, ਪੁਰਖ ਅਕਾਲ ਹਰਿਆ ਆਪ ਕਰਾਈਆ । ਬਿਨ ਮੇਰੇ ਤੇਰੀ ਜੜ੍ਹ ਸਕੇ ਨਾ ਕੋਈ ਪੁੱਟ, ਆਦਿ ਜੁਗਾਦਿ ਨਾ ਕੋਈ ਉਖੜਾਈਆ । ਜੁਗਾ ਜੁਗੰਤਰ ਰਖਾਵਾਂ ਤੇਰੀ ਓਟ, ਤੁਧ ਬਿਨ ਜੀਵਨ ਕੋਈ ਨਾ ਪਾਈਆ । ਤੇਰਾ ਬੰਸ ਬਣਾਵਾਂ ਓਤ ਪੋਤ, ਵਿਸ਼ਨ ਬ੍ਰਹਮਾ ਸ਼ਿਵ ਤੇਰੀ ਗੋਦ ਬਹਾਈਆ । ਤੇਰਾ ਨਾ ਕੋਈ ਵਰਨ ਨਾ ਕੋਈ ਗੋਤ, ਨਾ ਕੋਈ ਪਿਤਾ ਨਾ ਕੋਈ ਮਾਈਆ । ਤੇਰਾ ਪਿਤਾ ਨਿਰਮਲ ਜੋਤ, ਪੁਰਖ ਅਕਾਲ ਆਪ ਅਖਵਾਈਆ । ਤੇਰਾ ਦਵਾਰਾ ਕਿਲਾ ਕੋਟ, ਥਿਰ ਘਰ ਸਾਚੇ ਵੱਜੇ ਵਧਾਈਆ । ਤੇਰਾ ਨੂਰ ਤੇਰੇ ਉਤੇ ਹੋਏ ਮੋਹਤ, ਨਾਰੀ ਕੰਤ ਸੇਜ ਹੰਢਾਈਆ । ਤੇਰਾ ਪਿਆਰ ਤੇਰਾ ਸੂਤ, ਦੂਸਰ ਪਲੰਘ ਨਾ ਕੋਈ ਵਖਾਈਆ । ਤੇਰੀ ਆਸ ਤੇਰਾ ਹੋਂਟ, ਤੇਰੀ ਪਿਆਸ ਰਸਨਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਥਿਰ ਘਰ ਸਾਚੇ ਆਪ ਬਹਾਈਆ । ਥਿਰ ਘਰ ਬਹਾਏ ਹਰਿ ਕਰਤਾਰਾ, ਆਪਣੀ ਮਹਿਮਾ ਆਪ ਜਣਾਇੰਦਾ । ਮੇਰਾ ਨੂਰ ਅਗੰਮ ਅਪਾਰਾ, ਤੇਰੇ ਦਰ ਸੁਹਾਇੰਦਾ । ਤੇਰਾ ਦਰ ਉਚ ਮੁਨਾਰਾ, ਪੁਰਖ ਅਬਿਨਾਸ਼ੀ ਆਪ ਬਣਾਇੰਦਾ । ਸੇਵਕ ਬਣੇ ਪਰਵਰਦਿਗਾਰਾ, ਸਾਚੀ ਸੇਵਾ ਆਪਣੇ ਹੱਥ ਰਖਾਇੰਦਾ । ਵਸਤ ਅਮੋਲਕ ਭਰੇ ਭੰਡਾਰਾ, ਆਪੇ ਤੇਰੀ ਝੋਲੀ ਪਾਇੰਦਾ । ਤੇਰਾ ਰੰਗ ਰੰਗੇ ਨਿਰੰਕਾਰਾ, ਰੰਗਣਹਾਰਾ ਖੇਲ ਖਿਲਾਇੰਦਾ । ਅਲਖ ਅਗੋਚਰ ਵੇਖੇ ਤੇਰਾ ਪਸਾਰਾ, ਤੇਰੀ ਧਾਰ ਚਲਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਤੇਰਾ ਸਹਾਰਾ, ਤੇਰੀ ਓਟ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪਣਾ ਗੁਣ ਏਕਾ ਵਾਰ ਸਮਝਾਇੰਦਾ । ਗੁਣ ਸਮਝਾਏ ਵਾਰ ਏਕ, ਇਕ ਇਕੱਲਾ ਦਇਆ ਕਮਾਈਆ । ਸ਼ਬਦ ਸੁਤ ਹਰਿ ਲੈਣਾ ਵੇਖ, ਪ੍ਰਭ ਤੇਰਾ ਤੇਰਾ ਹੋਏ ਸਹਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇਵੇ ਟੇਕ, ਏਕਾ ਇਸ਼ਟ ਜਣਾਈਆ । ਆਪ ਬਣਾਏ ਆਪਣਾ ਲੇਖ, ਲੇਖਾ ਆਪਣੇ ਹੱਥ ਰਖਾਈਆ । ਕਰੇ ਖੇਲ ਅਲਖ ਅਭੇਵ, ਆਪੇ ਜਾਣੇ ਆਪਣਾ ਭੇਖ, ਭੇਵ ਅਵੱਲਾ ਭੇਤ ਨਾ ਰਾਈਆ ।



੧੩੫੭ ੧੦

ਵਸਣਹਾਰਾ ਸਚਖੰਡ ਸਾਚੇ ਦੇਸ, ਥਿਰ ਘਰ ਆਪੇ ਬੰਕ ਸੁਹਾਈਆ । ਸ਼ਾਹ ਸੁਲਤਾਨਾ ਨਰ ਨਰੇਸ਼, ਸ਼ਹਿਨਸ਼ਾਹ ਵਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਦਏ ਸਮਝਾਈਆ । ਵਿਸ਼ਨ ਬ੍ਰਹਮਾ ਸ਼ਿਵ ਚਾੜ੍ਹੇ ਰੰਗ, ਰੰਗ ਰੰਗੀਲਾ ਇਕ ਚੜ੍ਹਾਇੰਦਾ । ਆਪ ਸੁਹਾਏ ਸਾਚੀ ਸੇਜ ਪਲੰਘ, ਸਚ ਸਿੰਘਾਸਣ ਸੋਭਾ ਪਾਇੰਦਾ । ਇਕ ਜੋਤ ਜਗਾਏ ਅਖੰਡ, ਖੰਡ ਖੰਡ ਨਾ ਕੋਇ ਕਰਾਇੰਦਾ । ਤਿੰਨਾਂ ਪਾਵੇ ਵੰਡਣ ਵੰਡ, ਏਕਾ ਹੁਕਮ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਇੰਦਾ । ਵਡ ਦਾਤਾ ਹਰਿ ਮਿਹਰਵਾਨਾ, ਅਨਭਵ ਪਰਕਾਸ਼ ਕਰਾਈਆ । ਦਾਨੀ ਦੇਵੇ ਏਕਾ ਦਾਨਾ, ਦਇਆਵਾਨ ਸੱਚਾ ਸ਼ਹਿਨਸ਼ਾਹੀਆ । ਵਿਸ਼ਨ ਵਿਸ਼ਵ ਕਰ ਪਰਵਾਨਾ, ਸਚ ਭੰਡਾਰਾ ਝੋਲੀ ਪਾਈਆ । ਬ੍ਰਹਮੇ ਤੇਰਾ ਬ੍ਰਹਮ ਪਰਧਾਨਾ, ਪਾਰਬ੍ਰਹਮ ਖੇਲ ਖਿਲਾਈਆ । ਸ਼ੰਕਰ ਤੇਰਾ ਅੰਤ ਨਿਸ਼ਾਨਾ, ਸੋ ਪੁਰਖ ਨਿਰੰਜਣ ਦਏ ਜਣਾਈਆ । ਜੋ ਘੜਿਆ ਸੋ ਭੰਨ ਵਖਾਣਾ, ਥਿਰ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪਣਾ ਹੁਕਮ ਆਪ ਵਰਤਾਈਆ । ਸਾਚਾ ਸ਼ਬਦ ਧੁਰ ਫ਼ਰਮਾਨਾ, ਵਿਸ਼ਨ ਬ੍ਰਹਮਾ ਸ਼ਿਵ ਲਏ ਅੰਗੜਾਈਆ । ਤੂੰ ਸ਼ਾਹ ਪਾਤਸ਼ਾਹ ਸੱਚਾ ਸੁਲਤਾਨਾ, ਤੇਰੀ ਮਹਿਮਾ ਕਥੀ ਨਾ ਜਾਈਆ । ਹਉਂ ਬਾਲਕ ਬਾਲੀ ਬਾਲ ਨਾਦਾਨਾ, ਤੁਧ ਚਲਾਂ ਸਦ ਰਜ਼ਾਈਆ । ਏਕਾ ਦੇ ਦੇ ਵਸਤ ਮਹਾਨਾ, ਤੇਰੇ ਅਗੇ ਝੋਲੀ ਡਾਹੀਆ । ਕਵਣ ਬਿਧ ਖੇਲ ਕਰਾਂ ਵਿਚ ਜਹਾਨਾ, ਵਿਸ਼ਨੂੰ ਮੰਗ ਮੰਗਾਈਆ । ਕਵਣ ਧਾਰ ਬੰਨ੍ਹਾ ਗਾਨਾ, ਬ੍ਰਹਮ ਆਪਣਾ ਬੂਟਾ ਲਾਈਆ । ਕਵਣ ਖੰਡਾ ਤੇਜ ਚਮਕਾਨਾ, ਬ੍ਰਹਿਮੰਡਾਂ ਖੰਡਾਂ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਵਿਸ਼ਨ ਬ੍ਰਹਮਾ ਸ਼ਿਵ ਬੈਠੇ ਸੀਸ ਝੁਕਾਈਆ । ਪੁਰਖ ਅਬਿਨਾਸ਼ੀ ਸੂਰਬੀਰ, ਆਦਿ ਆਦੀ ਦਇਆ ਕਮਾਇੰਦਾ । ਸਤਿ ਸੰਤੋਖੀ ਦੇਵੇ ਧੀਰ, ਸਾਚਾ ਮਾਰਗ ਇਕ ਜਣਾਇੰਦਾ । ਮੇਰੀ ਮਾਇਆ ਸਾਚਾ ਸੀਰ, ਸਾਚਾ ਰੂਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਇਛਿਆ ਵਿਸ਼ਨ ਬ੍ਰਹਮਾ ਸ਼ਿਵ ਝੋਲੀ ਪਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਇਛਿਆ, ਆਪਣੀ ਆਪ ਪਰਗਟਾਈਆ । ਪੁਰਖ ਅਬਿਨਾਸ਼ੀ ਪਾਵੇ ਭਿਛਿਆ, ਸਾਚੀ ਵਸਤ ਆਪਣੇ ਤੋਲ ਤੁਲਾਈਆ । ਆਪਣੀ ਹੱਥੀਂ ਲੇਖਾ ਲਿਖਿਆ, ਨਾ ਕੋਈ ਮੇਟੇ ਮੇਟ ਮਿਟਾਈਆ । ਤ੍ਰੈਗੁਣ ਮਾਇਆ ਤੇਰੀ ਕਰੇ ਪ੍ਰੀਖਿਆ, ਤੇਰਾ ਬੰਧਨ ਪਾਈਆ । ਤਿੰਨਾਂ ਪਾਈ ਏਕਾ ਭਿਖਿਆ, ਰਜੋ ਤਮੋ ਸਤੋ ਰੁੱਤ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਰਾਹ ਦਏ ਵਖਾਈਆ । ਵਸਤ ਅਮੋਲਕ ਝੋਲੀ ਪਾ, ਏਕਾ ਰਾਹ ਵਖਾਇੰਦਾ । ਲੱਖ ਚੁਰਾਸੀ ਘਾੜਨ ਲਿਆ ਘੜਾ, ਘਾੜਤ ਘੜਤ ਆਪ ਜਣਾਇੰਦਾ । ਰੂਪ ਅਨੂਪ ਲੈਣਾ ਵਟਾ, ਆਪਣੀ ਖੇਲ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪਣਾ ਹੁਕਮ ਆਪ ਵਰਤਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਸੁਣਿਆ ਸੰਦੇਸ਼ਾ, ਹਰਿ ਜੂ ਹਰਿ ਸੁਣਾਇਆ । ਉਠ ਉਠ ਨੇਤਰ ਹਰਿ ਜੂ ਪੇਖਾ, ਏਕਾ ਵਾਰ ਦਰਸਨ ਪਾਇਆ । ਪਾਰਬ੍ਰਹਮ ਤੋਹੇ ਸਦਾ ਅਦੇਸਾ, ਹਉਂ ਅਭੁਲ ਰਹੇ ਸ਼ਰਮਾਇਆ । ਸਾਨੂੰ ਦੱਸ ਦੇ ਸਾਡਾ ਪੇਸ਼ਾ, ਕਵਣ ਸੇਵਾ ਕਮਾਇਆ । ਕਵਣ ਵਸੇ ਤੇਰੇ ਦੇਸਾ, ਤੇਰੇ ਧਾਮ ਮਿਲੇ ਵਡਿਆਇਆ । ਕਵਣ ਹੋਵੇ ਨਰ ਨਰੇਸ਼ਾ, ਸਾਚਾ ਹੁਕਮ ਸੁਣਾਇਆ । ਕਵਣ ਕੂਟੇ ਤੇਰਾ ਭੇਤਾ, ਪਰਦਾ ਦਏ ਚੁਕਾਇਆ । ਕਵਣ ਹੋਏ ਘਰ ਘਰ ਲੇਟਾ, ਲੱਖ ਚੁਰਾਸੀ ਦਏ ਵਡਿਆਇਆ । ਕਵਣ

ਹੋਏ ਖੇਵਟ ਖੇਟਾ, ਬੇੜਾ ਲਏ ਤਰਾਇਆ । ਕਵਣ ਹੋਏ ਬੇਟੀ ਬੇਟਾ, ਕਵਣ ਮਾਤ ਪਿਤ ਅਖਵਾਇਆ । ਕਵਣ ਕਰੇ ਸਾਚਾ ਹੇਤਾ, ਨਿਤ ਨਵਿਤ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਬੈਠੇ ਸੀਸ ਝੁਕਾਇਆ । ਦਇਆਵਾਨ ਹਰਿ ਦੀਨ ਦਿਆਲਾ, ਆਪਣੀ ਦਇਆ ਕਮਾਈਆ । ਵਿਸ਼ਨ ਬ੍ਰਹਮਾ ਸ਼ਿਵ ਤੇਰਾ ਹੋਏ ਸਦਾ ਰਖਵਾਲਾ, ਸ਼ਬਦੀ ਸ਼ਬਦ ਦਏ ਵਡਿਆਈਆ । ਮਾਰਗ ਦੱਸੇ ਇਕ ਸੁਖਾਲਾ, ਲੱਖ ਚੁਰਾਸੀ ਮੇਲ ਮਿਲਾਈਆ । ਤ੍ਰੈਗੁਣ ਮਾਇਆ ਬਣ ਦਲਾਲਾ, ਸਾਚੀ ਵੰਡ ਦਏ ਸਮਝਾਈਆ । ਆਪਣਾ ਰੂਪ ਪਰਗਟਾਏ ਪੰਜ ਤਤ ਸ਼ਬਦੀ ਖੇਲ ਕਰੇ ਕਮਾਲਾ, ਤੇਰੀ ਗੋਦ ਸੁਹਾਈਆ । ਨਿਰਗੁਣ ਚਲੇ ਅਵੱਲੜੀ ਚਾਲਾ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਬੰਧਨ ਪਾਈਆ । ਤੇਰਾ ਹੱਲ ਕਰੇ ਸਵਾਲਾ, ਸਵਾਲੀ ਖ਼ਾਲੀ ਮੁੜ ਨਾ ਕੋਈ ਜਾਈਆ । ਤਖ਼ਤ ਸੋਹੇ ਸ੍ਰੀ ਭਗਵਾਨਾ, ਭਗਵਨ ਆਪਣਾ ਬਲ ਵਖਾਈਆ । ਦੀਨਨ ਦੇਵੇ ਏਕਾ ਦਾਨਾ, ਵਸਤ ਏਕਾ ਵਾਰ ਵਰਤਾਈਆ । ਲੱਖ ਚੁਰਾਸੀ ਬੰਨ੍ਹਣਾ ਗਾਨਾ, ਆਪਣੀ ਵੰਡ ਵੰਡਾਈਆ । ਮਤ ਬੁਧ ਕਰੇ ਪਰਧਾਨਾ, ਘਟ ਘਟ ਆਪ ਸਮਾਈਆ । ਨਿਰਗੁਣ ਜੋਤ ਨੂਰ ਨਿਸ਼ਾਨਾ, ਜੋਤ ਨਿਰੰਜਣ ਕਰੇ ਰੁਸ਼ਨਾਈਆ । ਸ਼ਬਦ ਅਨਾਦ ਸੱਚੀ ਧੁਨਕਾਨਾ, ਅਨਹਦ ਨਾਦ ਵਜਾਈਆ । ਪੰਚਮ ਪੰਚ ਕਰੇ ਪਰਵਾਨਾ, ਮੇਲ ਮਿਲਾਵਾ ਸਹਿਜ ਸਭਾਈਆ । ਆਸਾ ਤ੍ਰਿਸ਼ਨਾ ਖੇਲ ਮਹਾਨਾ, ਹਉਮੇ ਹੰਗਤਾ ਦਏ ਵਡਿਆਈਆ । ਕਾਮ ਕ੍ਰੋਧ ਲੋਭ ਮੋਹ ਹੰਕਾਰ ਹਲਕਾਨਾ, ਇਛਿਆ ਇਛਿਆ ਦਏ ਵਧਾਈਆ । ਮਾਤਲੋਕ ਵੇਖੇ ਖੇਲ ਸ੍ਰੀ ਭਗਵਾਨਾ, ਬ੍ਰਹਮ ਪਾਰਬ੍ਰਹਮ ਵੰਡ ਵੰਡਾਈਆ । ਸ਼ੰਕਰ ਤੇਰਾ ਧਰੇ ਧਿਆਨਾ, ਧੀਰਜ ਧੀਰ ਇਕ ਸਮਝਾਈਆ । ਆਪਣਾ ਖੰਡਾ ਖਿਚ ਮਿਆਨਾ, ਆਪਣੇ ਵਿਚੋਂ ਆਪਾ ਲਏ ਪਰਗਟਾਈਆ । ਵਸਣਹਾਰਾ ਸਚ ਮਕਾਨਾ, ਕਰੇ ਖੇਲ ਬੇਪਰਵਾਹੀਆ । ਆਪਣੇ ਹੱਥ ਰਖਾਏ ਆਵਣ ਜਾਣਾ, ਭੇਵ ਅਭੇਦ ਨਾ ਕੋਈ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਿਸ਼ਨ ਬ੍ਰਹਮਾ ਸ਼ਿਵ ਸ਼ਬਦ ਸ਼ਬਦੀ ਕਰੇ ਕੁੜਮਾਈਆ । ਬਣ ਵਿਚੋਲਾ, ਪੁਰਖ ਅਕਾਲ ਦਇਆ ਕਮਾਇੰਦਾ । ਸ਼ਬਦੀ ਗਾਏ ਸਾਚਾ ਸੋਹਲਾ, ਵਿਸ਼ਨ ਬ੍ਰਹਮਾ ਸ਼ਿਵ ਆਪ ਪੜ੍ਹਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਆਪੇ ਤੋਲ ਤੋਲਾ, ਸ਼ਬਦੀ ਕੰਡਾ ਹੱਥ ਉਠਾਇੰਦਾ । ਆਪ ਚੁਕਾਏ ਪਰਦਾ ਓਹਲਾ, ਜਲਵਾ ਨੂਰ ਆਪ ਦਰਸਾਇੰਦਾ । ਆਪੇ ਵਸਣਹਾਰਾ ਸਦਾ ਕੋਲਾ, ਸਦ ਆਪਣਾ ਰੰਗ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਸ਼ਅੱਖਰ ਆਪ ਪੜ੍ਹਾਇੰਦਾ । ਨਿਸ਼ਅੱਖਰ ਹਰਿ ਹਰਿ ਬੋਲ ਜੈਕਾਰਾ, ਤਿੰਨਾਂ ਕਰਾਂ ਪੜ੍ਹਾਈਆ । ਮੇਰਾ ਨਾਉਂ ਸਦਾ ਨਿਰੰਕਾਰਾ, ਨਾ ਮਰਾਂ ਨਾ ਜਾਈਆ । ਸਦ ਵਸਾਂ ਧਾਮ ਨਿਆਰਾ, ਸਚਖੰਡ ਸੋਭਾ ਪਾਈਆ । ਏਕਾ ਕਰਾਂ ਹੁਕਮ ਵਰਤਾਰਾ, ਮੇਰਾ ਹੁਕਮ ਨਾ ਕੋਈ ਮੇਟੇ ਮੇਟ ਮਿਟਾਈਆ । ਬਣ ਸ਼ਾਹੋ ਭੂਪ ਵਡ ਸਿਕਦਾਰਾ, ਮੇਰੀ ਸਚ ਸੱਚੀ ਸ਼ਹਿਨਸ਼ਾਹੀਆ । ਰੂਪ ਰੰਗ ਤੋਂ ਵਸਾਂ ਬਾਹਰਾ, ਅਜੂਨੀ ਰਹਿਤ ਵਡੀ ਵਡਿਆਈਆ । ਮੇਰਾ ਨੂਰ ਮੇਰੀ ਧਾਰਾ, ਮੇਰੀ ਧਾਰਾ ਸ਼ਬਦੀ ਸ਼ਬਦ ਲਏ ਪਰਗਟਾਈਆ । ਸ਼ਬਦੀ ਸ਼ਬਦ ਤੇਰਾ ਪਸਾਰਾ, ਵਿਸ਼ਨ ਬ੍ਰਹਮਾ ਸ਼ਿਵ ਹਰਿ ਸਮਝਾਈਆ । ਬਿਨ ਹਰਿ ਸ਼ਬਦ ਨਾ ਕੋਈ ਸਹਾਰਾ, ਗੁਣ ਅਵਰ ਨਾ ਕੋਈ ਵਡਿਆਈਆ । ਆਦਿ ਅੰਤ ਪ੍ਰਭ ਆਪਣੇ ਹੱਥ ਰਖਾਏ ਕਿਨਾਰਾ, ਭੇਤ ਨਾ ਕਿਸੇ ਜਣਾਈਆ । ਸਚਖੰਡ ਥਿਰ ਘਰ ਕਰੇ ਸਚ ਵਿਹਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਦਿ ਆਦਿ ਆਪਣਾ ਖੇਲ ਆਪ ਪਰਗਟਾਈਆ ।

ਆਪਣਾ ਖੇਲ ਕਰੇ ਭਗਵਾਨਾ, ਭਗਵਨ ਆਪਣੀ ਦਇਆ ਕਮਾਈਆ । ਸ਼ਬਦੀ ਸ਼ਬਦ ਕਰ ਪਰਵਾਨਾ, ਸਚ ਪਰਵਾਨਾ ਦਏ ਸੁਣਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇਵੇ ਮਾਣਾ, ਤ੍ਰੈਗੁਣ ਮਾਇਆ ਝੋਲੀ ਪਾਈਆ । ਪੰਜ ਤਤ ਹੋਏ ਪਰਧਾਨਾ, ਲੱਖ ਚੁਰਾਸੀ ਵੰਡ ਵੰਡਾਈਆ । ਨਿਰਗੁਣ ਸਰਗੁਣ ਕਰੇ ਖੇਲ ਮਹਾਨਾ, ਰੂਪ ਅਨੂਪ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੀਸ ਆਪਣਾ ਹੱਥ ਟਿਕਾਈਆ । ਸੁਣ ਅਸੀਸ ਚੜ੍ਹਿਆ ਚਾ, ਵਿਸ਼ਨੂੰ ਖ਼ੁਸ਼ੀ ਮਨਾਇੰਦਾ । ਧੰਨ ਭਾਗ ਪ੍ਰਭ ਬਣਿਆ ਮਲਾਹ, ਬੇੜਾ ਆਪ ਚਲਾਇੰਦਾ । ਬ੍ਰਹਮਾ ਨੈਣ ਰਿਹਾ ਉਠਾ, ਨੇਤਰ ਰਾਹ ਤਕਾਇੰਦਾ । ਚਰਨ ਸਰਨ ਸਰਨ ਚਰਨ ਬਲ ਬਖ਼ਸ਼ੇ ਸ਼ਹਿਨਸ਼ਾਹ, ਸਿਰ ਮੇਰੇ ਹੱਥ ਰਖਾਇੰਦਾ । ਮੇਰੀ ਗੰਢ ਆਪਣੇ ਨਾਲ ਬੰਧਾ, ਸਾਚਾ ਪੱਲੂ ਇਕ ਫੜਾਇੰਦਾ । ਮੇਰੀ ਬ੍ਰਹਮ ਵੰਡ ਵੰਡਾ, ਲੱਖ ਚੁਰਾਸੀ ਵਿਚ ਟਿਕਾਇੰਦਾ । ਆਪਣਾ ਰੰਗ ਦਏ ਚੜ੍ਹਾ, ਮਿਹਰਵਾਨ ਦਇਆ ਕਮਾਇੰਦਾ । ਉਪਰ ਪਰਦਾ ਦੇਵੇ ਪਾ, ਬੰਧਨ ਆਪ ਰਖਾਇੰਦਾ । ਆਪਣਾ ਭੇਤ ਲਏ ਛੁਪਾ, ਮੇਰੇ ਭੇਤ ਆਪਣੇ ਹੱਥ ਰਖਾਇੰਦਾ । ਆਪਣਾ ਢੋਲਾ ਦਏ ਸੁਣਾ, ਮੇਰਾ ਢੋਲਾ ਕੰਮ ਨਾ ਕੋਈ ਜਣਾਇੰਦਾ । ਤੋਲਾ ਬਣੇ ਬੇਪਰਵਾਹ, ਆਪਣਾ ਖੰਡਾ ਹੱਥ ਉਠਾਇੰਦਾ । ਲੱਖ ਚੁਰਾਸੀ ਤੋਲੇ ਆਪਣਾ ਨਾਂ, ਵੱਟਾ ਧੜੀ ਨਾ ਕੋਈ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਖੇਲ ਆਪ ਵਰਤਾਇੰਦਾ । ਸ਼ੰਕਰ ਦੋਏ ਜੋੜ ਕਰੇ ਨਿਮਸਕਾਰ, ਨਿਉਂ ਨਿਉਂ ਸੀਸ ਝੁਕਾਈਆ । ਤੂੰ ਸਾਹਿਬ ਸੱਚਾ ਦਾਤਾਰ, ਹਉਂ ਸੇਵਕ ਸੇਵ ਕਮਾਈਆ । ਮੈਂ ਸੁਣਿਆ ਤੂੰ ਸਦਾ ਮੀਤ ਮੁਰਾਰ, ਮੀਤ ਮੁਰਾਰਾ ਨਾਉਂ ਰਖਾਈਆ । ਸੇਵਾ ਬਖ਼ਸ਼ੇ ਏਕਾ ਧਾਰ, ਧਾਰ ਧਾਰ ਵਿਚ ਪਰਗਟਾਈਆ । ਖੰਡਾ ਫੜੇ ਏਕਾ ਵਾਰ, ਟੁੱਟ ਕਦੇ ਨਾ ਜਾਈਆ । ਮੈਂ ਮਾਰਾਂ ਵਾਰੋ ਵਾਰ, ਇਕ ਤੇਰੀ ਓਟ ਤਕਾਈਆ । ਤੂੰ ਕਰਤਾ ਸਦਾ ਕਰੇ ਪਿਆਰ, ਪ੍ਰਭ ਭੁਲ ਕਦੀ ਨਾ ਜਾਈਆ । ਆਦਿ ਅੰਤ ਅੰਤ ਆਦਿ ਤੇਰੀ ਕਾਰ, ਤੂੰ ਕਰਤਾ ਕਾਰ ਕਮਾਈਆ । ਹਉਂ ਕੱਟਣ ਆਏ ਵਿਗਾਰ, ਜਿਉਂ ਭਾਵੇਂ ਤਿਉਂ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਆਦਿ ਆਦਿ ਤੇਰੀ ਵਡਿਆਈਆ । ਆਦਿ ਪੁਰਖ ਤੇਰਾ ਮੰਨਿਆ ਕਹਿਣਾ, ਸ਼ਬਦੀ ਸੁਤ ਜਣਾਇਆ । ਵਿਸ਼ਨੂੰ ਭਾਣੇ ਅੰਦਰ ਰਹਿਣਾ, ਸੋ ਭਾਣਾ ਇਕ ਮਨਾਇਆ । ਬ੍ਰਹਮੇ ਬ੍ਰਹਮ ਪਾਇਆ ਗਹਿਣਾ, ਵੇਖੇ ਥਾਉਂ ਥਾਂਇਆ । ਸ਼ੰਕਰ ਚੁਕਾਏ ਲਹਿਣਾ ਦੇਣਾ, ਦੇਣਾ ਕੋਇ ਰਹੇ ਨਾ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਵੇਲਾ ਹੋਏ ਅੰਤ, ਕਿਰਪਾ ਕਰੇ ਸ੍ਰੀ ਭਗਵੰਤ, ਆਪਣਾ ਮੇਲ ਲਏ ਮਿਲਾਇਆ । ਤੇਰੇ ਮਿਲਣ ਦਾ ਚਾਓ ਘਨੇਰਾ, ਚਾਰੇ ਬੈਠੇ ਸੀਸ ਝੁਕਾਈਆ । ਤੂੰ ਸਾਹਿਬ ਮੇਰਾ ਮੈਂ ਤੇਰਾ, ਵਿਸ਼ਨ ਬ੍ਰਹਮਾ ਸ਼ਿਵ ਸ਼ਬਦੀ ਮੇਲੇ ਮੇਲ ਏਕਾ ਗਾਈਆ । ਤੂੰ ਮੰਦਰ ਮੇਰਾ ਮਕਾਨ ਤੂੰ ਮੇਰਾ ਡੇਰਾ, ਤੇਰੇ ਅੰਦਰ ਆਸਣ ਲਾਈਆ । ਤੂੰ ਹੱਕ ਹੱਕ ਕਰੇਂ ਨਿਬੇੜਾ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਤੂੰ ਚਲੌਣਾ ਸਾਡਾ ਬੇੜਾ, ਇਕ ਤੇਰੀ ਓਟ ਤਕਾਈਆ । ਤੂੰ ਵਸੌਣਾ ਸਾਚਾ ਖੇੜਾ, ਤੇਰੇ ਦਰ ਵੱਜੇ ਵਧਾਈਆ । ਅੰਤ ਦੱਸਦੇ ਵਕਤ ਨੇੜਾ, ਤੇਰਾ ਵਿਛੋੜਾ ਝੱਲਿਆ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਏਕਾ ਹੁਕਮ ਦਏ ਸਮਝਾਈਆ । ਹੁਕਮ ਜਣਾਏ ਸ੍ਰੀ ਭਗਵੰਤ, ਆਦਿ ਪੁਰਖ ਆਪਣਾ ਆਪ ਜਣਾਇਆ । ਸ਼ਬਦੀ ਤੇਰੀ ਬਣੀ ਬਣਤ, ਹਰਿ ਘਾੜਨ ਆਪ ਘੜਾਇਆ । ਵਿਸ਼ਨ

੧੩੯੦
੧੦

ਬ੍ਰਹਮਾ ਸ਼ਿਵ ਦਿਤਾ ਮੰਤ, ਨਿਸ਼ਅੱਖਰ ਆਪ ਪੜ੍ਹਾਇਆ । ਆਪੇ ਬਣ ਬਣ ਹਰਿ ਜੂ ਨਾਰੀ ਕੰਤ, ਆਪਣਾ ਬੰਸ ਆਪ ਸੁਹਾਇਆ । ਆਦਿ ਰਚਨਾ ਲਈ ਰਚ ਵੇਖਣਹਾਰਾ ਅੰਤ, ਅੰਤ ਆਪਣੇ ਹੱਥ ਰਖਾਇਆ । ਆਪਣੀ ਰੁਤ ਸੁਹਾਏ ਬਸੰਤ, ਫੁਲ ਫੁਲਵਾੜੀ ਆਪ ਮਹਿਕਾਇਆ । ਆਪਣੀ ਮਹਿਮਾ ਜਾਣੇ ਅਗਣਤ, ਲੇਖਾ ਲੇਖ ਨਾ ਕਿਸੇ ਸਮਝਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਏਕਾ ਧਰਵਾਸ ਰਿਹਾ ਧਰਾਇਆ । ਸੱਚਾ ਦੇਵੇ ਧਰਵਾਸ, ਸ੍ਰੀ ਭਗਵਾਨ ਦਏ ਵਡਿਆਈਆ । ਸ਼ਬਦ ਸੁਤ ਵਿਸ਼ਨ ਬ੍ਰਹਮਾ ਸ਼ਿਵ ਤੇਰੀ ਪੂਰੀ ਕਰੇ ਆਸ, ਨਿਰਾਸਾ ਅੰਤ ਨਾ ਕੋਈ ਰਖਾਈਆ । ਲੇਖਾ ਜਾਣੇ ਪ੍ਰਿਥਮੀ ਅਕਾਸ਼, ਖੰਡ ਬ੍ਰਹਿਮੰਡ ਪਾਵੇ ਰਾਸ, ਮੰਡਲ ਮੰਡਪ ਖੇਲ ਰਚਾਈਆ । ਲੱਖ ਚੁਰਾਸੀ ਕਰ ਕਰ ਵਾਸ, ਨਿਰਗੁਣ ਜੋਤ ਕਰੇ ਪਰਕਾਸ਼, ਅਨਹਦ ਸਾਚਾ ਨਾਦ ਵਜਾਈਆ । ਸਾਚੇ ਮੰਡਲ ਪਾਵੇ ਰਾਸ, ਵੇਖੇ ਆਪ ਖੇਲ ਤਮਾਸ਼, ਕਰੇ ਖੇਲ ਬੇਪਰਵਾਹੀਆ । ਸੇਵਕ ਬਣੇ ਦਾਸੀ ਦਾਸ, ਅੰਤਮ ਕਰੇ ਬੰਦ ਖ਼ੁਲਾਸ, ਲਹਿਣਾ ਦੇਣਾ ਦਏ ਚੁਕਾਈਆ । ਸਭ ਨੂੰ ਮੇਲੇ ਆਪਣੇ ਘਾਟ, ਅੰਤਮ ਨੇੜੇ ਰੱਖੇ ਵਾਟ, ਪਾਂਧੀ ਆਪਣਾ ਪੰਧ ਮੁਕਾਈਆ । ਆਪ ਵਖਾਏ ਆਪਣਾ ਹਾਟ, ਮੇਲ ਮਿਲਾਏ ਕਮਲਾਪਾਤ, ਬੇਪਰਵਾਹ ਬੇਪਰਵਾਹੀਆ । ਜਿਸ ਨੇ ਰਚਨਾ ਰਚੀ ਆਦਿ, ਖੇਲੇ ਖੇਲ ਵਿਚ ਬ੍ਰਹਿਮਾਦਿ, ਲੇਖਾ ਜਾਣੇ ਜਗਤ ਜੁਗਾਦਿ, ਅੰਤ ਭਗਵੰਤ ਆਪਣੇ ਵਿਚ ਛੁਪਾਈਆ । ਸਾਚਾ ਭੇਵ ਹਰਿ ਨਰਾਇਣ, ਏਕਾ ਗੁਣ ਜਣਾਇੰਦਾ । ਚਾਰੇ ਮਿਲ ਮਿਲ ਅਕੱਠੇ ਕਹਿਣ, ਏਕਾ ਘਰ ਸੋਭਾ ਪਾਇੰਦਾ । ਏਕਾ ਦੇਵੇ ਲਹਿਣ ਦੇਣ, ਵਸਤ ਅਮੋਲਕ ਇਕ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਇੰਦਾ । ਸਾਚਾ ਭੇਵ ਹਰਿ ਜਣਾਏ, ਜੀਵਣ ਦਾਤਾ ਬੇਪਰਵਾਹੀਆ । ਵਿਸ਼ਨ ਬ੍ਰਹਮਾ ਸ਼ਿਵ ਤੇਰੀ ਸੇਵ ਲਗਾਏ, ਸ਼ਬਦੀ ਸ਼ਬਦ ਦਏ ਵਡਿਆਈਆ । ਰਵ ਸਸ ਲਏ ਚਮਕਾਏ, ਨੂਰ ਨੁਰਾਨਾ ਨੂਰ ਧਰਾਈਆ । ਧਰਤ ਧਵਲ ਦਏ ਸੁਹਾਏ, ਆਕਾਸ਼ ਅਕਾਸ਼ ਬੇਪਰਵਾਹੀਆ । ਲੱਖ ਚੁਰਾਸੀ ਰਥ ਚਲਾਏ, ਬਣ ਰਥਵਾਹੀ ਸੇਵ ਕਮਾਈਆ । ਸਾਚੀ ਵੰਡਨ ਵੰਡ ਵੰਡਾਏ, ਆਪਣਾ ਨਾਉਂ ਲਏ ਪਰਗਟਾਈਆ । ਬ੍ਰਹਮਾ ਵੇਤਾ ਏਕਾ ਗੁਣ ਜਣਾਏ, ਚਾਰੇ ਵੇਦ ਕਰੇ ਸ਼ਨਵਾਈਆ । ਚਾਰੋਂ ਕੁੰਟ ਸੋਭਾ ਪਾਏ, ਸੋਭਾਵੰਤ ਆਪ ਸਹਾਈਆ । ਸਾਚਾ ਮਾਰਗ ਆਪ ਲਗਾਏ, ਆਪਣੀ ਹੱਥੀਂ ਆਪਣੀ ਸੇਵ ਕਮਾਈਆ । ਸਾਚਾ ਤੋਲਾ ਬਣ ਰਘੁਰਾਏ, ਤੋਲ ਤੋਲੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਦਏ ਉਠਾਈਆ । ਪਰਦਾ ਚੁਕਾਏ ਹਰਿ ਨਿਰੰਕਾਰਾ, ਸ਼ਬਦੀ ਭੇਵ ਜਣਾਇੰਦਾ । ਵਰਤੇ ਖੇਲ ਵਿਚ ਸੰਸਾਰਾ, ਹਰਿ ਜੀਉ ਆਪਣੀ ਵੰਡ ਵੰਡਾਇੰਦਾ । ਚਾਰੇ ਵੇਦ ਦਏ ਸਹਾਰਾ, ਸਿਰ ਆਪਣਾ ਹੱਥ ਟਿਕਾਇੰਦਾ । ਚਾਰੇ ਜੁਗ ਖੇਲ ਨਿਆਰਾ, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਵੇਖ ਵਖਾਇੰਦਾ । ਚਾਰ ਵਰਨ ਲੱਗੇ ਅਖਾੜਾ, ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਨਾਚ ਨਚਾਇੰਦਾ । ਚਾਰ ਬਾਣੀ ਬੋਲ ਜੈਕਾਰਾ, ਪਰਾ ਪਸੰਤੀ ਮਧਮ ਬੈਖਰੀ ਆਪੇ ਗਾਇੰਦਾ । ਚਾਰੋਂ ਕੁੰਟ ਖੇਲ ਨਿਆਰਾ, ਚੌਥੇ ਪਦ ਸੋਭਾ ਪਾਇੰਦਾ । ਚੌਥੇ ਘਰ ਬਣ ਵਣਜਾਰਾ, ਨਾਮ ਹੱਟ ਇਕ ਖੁਲ੍ਹਾਇੰਦਾ । ਆਪੇ ਵੇਖੇ ਵੇਖਣਹਾਰਾ, ਰੂਪ ਰੰਗ ਨਾ ਕੋਈ ਵਖਾਇੰਦਾ । ਨਿਰਗੁਣ ਸਰਗੁਣ ਪਾਵੇ ਸਾਰਾ, ਸਰਗੁਣ ਆਪਣਾ ਰੂਪ ਵਟਾਇੰਦਾ । ਗੁਰ ਅਵਤਾਰ ਖੇਲ ਨਿਆਰਾ, ਜੋਤੀ ਜਾਤਾ ਡਗਮਗਾਇੰਦਾ । ਬ੍ਰਹਮ ਮੇਲਾ ਪਾਰਬ੍ਰਹਮ ਵਿਚ ਸੰਸਾਰਾ, ਆਪਣਾ ਰੰਗ ਆਪ ਰੰਗਾਇੰਦਾ । ਅਗੰਮੀ ਨਾਦਿ ਬੋਲ ਜੈਕਾਰਾ, ਧੁਨ ਆਤਮਕ ਆਪ ਸੁਣਾਇੰਦਾ । ਆਪੇ ਖੋਲ੍ਹ ਬੰਦ

ਕਿਵਾੜਾ, ਭੇਵ ਅਭੇਦ ਪਰਦਾ ਲਾਹਿੰਦਾ । ਲੱਖ ਚੁਰਾਸੀ ਵਿਚੋਂ ਪਾਵੇ ਸਾਰਾ, ਹਰਿਜਨ ਆਪਣੇ ਆਪ ਉਠਾਇੰਦਾ । ਅੰਮ੍ਰਿਤ ਦੇਵੇ ਠੰਡਾ ਠਾਰਾ, ਨਿਝਰ ਝਿਰਨਾ ਆਪ ਝਿਰਾਇੰਦਾ । ਮੇਲ ਮਿਲਾਏ ਏਕੰਕਾਰਾ, ਏਕਾ ਘਰ ਬਹਾਇੰਦਾ । ਆਵਣ ਜਾਵਣ ਵਾਰੋ ਵਾਰਾ, ਆਪਣਾ ਪਰਦਾ ਆਪ ਉਠਾਇੰਦਾ । ਕਰਤਾ ਪੁਰਖ ਕਰੇ ਸਾਚੀ ਕਾਰਾ, ਕ਼ੁਦਰਤ ਆਪਣੇ ਰੰਗ ਰੰਗਾਇੰਦਾ । ਰਹੀਮ ਕਰੀਮ ਬੇਐਬ ਪਰਵਰਦਿਗਾਰਾ, ਮੁਕਾਮੇ ਹੱਕ ਸੋਭਾ ਪਾਇੰਦਾ । ਅਜ਼ਮਤੋ ਕਸਮਤੋ ਕਰੇ ਖੇਲ ਨਿਆਰਾ, ਰੂਪ ਰੰਗ ਨਾ ਕੋਇ ਜਣਾਇੰਦਾ । ਮਹਿਬਾਨ ਬੀਦੋ ਸਾਚਾ ਯਾਰਾ, ਜਲਵਾ ਨੂਰ ਡਗਮਗਾਇੰਦਾ । ਕਰੇ ਖੇਲ ਵਿਚ ਸੰਸਾਰਾ, ਜੁਗ ਚੌਕੜੀ ਨਾਚ ਨਚਾਇੰਦਾ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਆਵਣ ਵਾਰੋ ਵਾਰਾ, ਗੇੜਾ ਆਪਣਾ ਆਪ ਭਵਾਇੰਦਾ । ਸੇਵਾ ਲਾਏ ਗੁਰ ਅਵਤਾਰਾ, ਸਾਚਾ ਹੁਕਮ ਸੁਣਾਇੰਦਾ । ਵਰਨ ਬਰਨ ਦੇ ਸਹਾਰਾ, ਏਕਾ ਨਾਮ ਸਮਝਾਇੰਦਾ । ਤਟ ਤੀਰਥ ਵੇਖ ਕਿਨਾਰਾ, ਸਚ ਸਰੋਵਰ ਇਕ ਨੁਹਾਇੰਦਾ । ਉਚੇ ਟਿੱਲੇ ਪਰਬਤ ਲੇਖਾ ਜਾਣੇ ਡੂੰਘੀ ਗਾਰਾ, ਸਮੁੰਦ ਸਾਗਰ ਫੋਲ ਫੁਲਾਇੰਦਾ । ਖੜਗ ਖੰਡਾ ਤੇਜ਼ ਕਟਾਰਾ, ਚੰਡ ਪਰਚੰਡ ਨਾਮ ਚਮਕਾਇੰਦਾ । ਤੀਰ ਤੁਫ਼ੰਗ ਫੜੇ ਨਿਰੰਕਾਰਾ, ਸਚ ਨਿਸ਼ਾਨਾ ਇਕ ਲਗਾਇੰਦਾ । ਜੁਗ ਚੌਕੜੀ ਕਰੇ ਪਾਰ ਕਿਨਾਰਾ, ਜੋ ਘੜਿਆ ਭੰਨ ਵਖਾਇੰਦਾ । ਨੌ ਸੌ ਚੁਰਾਨਵੇ ਚੌਕੜੀ ਨੌ ਨੌ ਚਾਰ ਉਤਰੇ ਪਾਰਾ, ਅੰਤਮ ਆਪਣੇ ਹੱਟ ਵਿਕਾਇੰਦਾ । ਚੌਦਾਂ ਲੋਕਾਂ ਬੰਨ੍ਹੇ ਧਾਰਾ, ਏਕਾ ਬੰਧਨ ਆਪੇ ਪਾਇੰਦਾ । ਚੌਦਾਂ ਤਬਕਾਂ ਵੇਖ ਅਖਾੜਾ, ਨਿਰਗੁਣ ਨੂਰ ਡਗਮਗਾਇੰਦਾ । ਕੋਟਨ ਕੋਟ ਜੁਗ ਬੀਤਣ ਆਪਣੀ ਵਾਰਾ, ਕੋਟਨ ਕੋਟ ਗੁਰ ਅਵਤਾਰ ਸੇਵ ਕਮਾਇੰਦਾ । ਕੋਟਨ ਕੋਟ ਭਗਤ ਰਹਿਣ ਦਵਾਰਾ, ਦੋਏ ਜੋੜ ਸੀਸ ਝੁਕਾਇੰਦਾ । ਕੋਟਨ ਕੋਟ ਸੰਤ ਕਰਨ ਨਿਮਸਕਾਰਾ, ਪ੍ਰਭ ਚਰਨ ਧਿਆਨ ਲਗਾਇੰਦਾ । ਗੁਰਮੁਖ ਚਰਨ ਧੂੜ ਮੰਗਣ ਛਾਰਾ, ਨੇਤਰ ਨੈਣ ਸਰਬ ਤਕਾਇੰਦਾ । ਮਨਮੁਖ ਰੋਵਣ ਜ਼ਾਰੋ ਜ਼ਾਰਾ, ਬਿਨ ਸਤਿਗੁਰ ਪਾਰ ਨਾ ਕੋਇ ਕਰਾਇੰਦਾ । ਤ੍ਰੈਗੁਣ ਮਾਇਆ ਅਗਨੀ ਤਪੇ ਤੱਤੀ ਹਾੜਾ, ਸਾਂਤਕ ਸਤਿ ਨਾ ਕੋਈ ਵਰਤਾਇੰਦਾ । ਪੰਚ ਤਤ ਲੱਗਾ ਅਖਾੜਾ, ਜੀਵ ਜੰਤ ਨਾਚ ਨਚਾਇੰਦਾ । ਕਿਸੇ ਨਜ਼ਰ ਨਾ ਆਏ ਧੁਰ ਦਰਗਾਹੀ ਸਾਚਾ ਲਾੜਾ, ਨੇਤਰ ਦਰਸ ਕੋਇ ਨਾ ਪਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਔਲੀਏ ਮੁੱਲਾ ਸ਼ੇਖ਼ ਦਸਤਗੀਰ ਅੱਗੇ ਕਢਦੇ ਗਏ ਹਾੜਾ, ਬੇਨਜ਼ੀਰ ਨਜ਼ਰ ਨਾ ਆਪਣੀ ਪਾਇੰਦਾ । ਕਿਸੇ ਮਿਲੇ ਨਾ ਸੱਚਾ ਯਾਰਾ, ਉਚੀ ਕੂਕ ਕੂਕ ਸਰਬ ਸੁਣਾਇੰਦਾ । ਮੁਹੰਮਦ ਰੋਵੇ ਅਧਵਿਚਕਾਰਾ, ਅੱਲਾ ਰਾਣੀ ਆਪਣੀ ਖ਼ਾਹਿਸ਼ ਨਾਲ ਰਲਾਇੰਦਾ । ਰਾਹ ਤੱਕਾਂ ਤੇਰਾ ਪਰਵਰਦਿਗਾਰਾ, ਤੇਰਾ ਹੱਕ ਕਿਨਾਰਾ ਨਜ਼ਰ ਕੋਇ ਨਾ ਆਇੰਦਾ । ਨੌ ਨੌ ਚਾਰ ਵਾਰੋ ਵਾਰ ਆਏ ਨਾਨਕ ਅਵਤਾਰਾ, ਨਾਮ ਮੰਤਰ ਸਤਿ ਏਕਾ ਗਾਇੰਦਾ । ਕਮਲਾਪਤ ਖੇਲ ਕਰਤਾਰਾ, ਬਣ ਨਾਰੀ ਸੇਵ ਕਮਾਇੰਦਾ । ਦਰ ਦਵਾਰ ਦਰ ਪਾਇਆ ਸੱਚਾ ਦਰਬਾਰਾ, ਸਚਖੰਡ ਸਾਚੇ ਸੋਭਾ ਪਾਇੰਦਾ । ਦੀਪਕ ਜੋਤ ਜਗੇ ਅਪਾਰਾ, ਤੇਲ ਬਾਤੀ ਨਾ ਕੋਈ ਰਖਾਇੰਦਾ । ਹਵਨੀ ਹਵਨ ਵਸੇ ਬਾਹਰਾ, ਸੋ ਨਾਨਕ ਮਿਲਿਆ ਮੀਤ ਮੁਰਾਰਾ, ਵਿਛੜ ਕਦੇ ਨਾ ਜਾਇੰਦਾ । ਦੋਏ ਜੋੜ ਕਰੇ ਨਿਮਸਕਾਰਾ, ਤੇਰਾ ਅੰਤ ਨਾ ਪਾਰਾ ਵਾਰਾ, ਬੇਅੰਤ ਤੇਰੀ ਸਿਫ਼ਤ ਸਲਾਹ ਨਾ ਕੋਈ ਜਣਾਇੰਦਾ । ਚਰਨ ਲਗ ਗੁਣ ਗਾਇਆ ਏਕੰਕਾਰਾ, ਮਿਲਿਆ ਸਤਿਨਾਮ ਭੰਡਾਰਾ, ਕਰਤਾ ਪੁਰਖ ਬਣਿਆ ਵਣਜਾਰਾ, ਆਪੇ ਦਏ ਸਹਾਰਾ, ਅਜੂਨੀ ਰਹਿਤ ਕਰੇ ਪਿਆਰਾ, ਅਕਾਲ ਮੂਰਤ ਰੱਖੇ ਇਕ ਅਧਾਰਾ, ਆਪਣਾ ਗੁਣ ਦਏ ਸਮਝਾਈਆ । ਮੇਰਾ ਨਾਉਂ ਪਰਗਟ ਹੋਵੇ ਵਿਚ ਸੰਸਾਰਾ, ਨਾਨਕ ਕੂਕ ਕੂਕ ਪੁਕਾਰਾ, ਚਾਰੋਂ ਕੁੰਟ ਵੇਖ

ਕਰੇ ਵਿਚਾਰਾ, ਧੁਰ ਫ਼ਰਮਾਨਾ ਹਰਿ ਜਣਾਈਆ । ਭਰਿਆ ਇਕ ਸਚ ਭੰਡਾਰਾ, ਦਾਤਾ ਦੇਵੇ ਦੇਵਣਹਾਰਾ, ਅਤੋਟ ਅਤੁਟ ਆਪ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਗੁਣ ਏਕਾ ਏਕ ਛੁਪਾਈਆ । ਏਕਾ ਗੁਣ ਹਰਿ ਛੁਪਾਇਆ, ਨਾਨਕ ਨਿਰਗੁਣ ਅੰਦਰ ਰੱਖ । ਆਪਣਾ ਨਾਮ ਪਰਗਟਾਇਆ, ਸਰਗੁਣ ਨਿਰਗੁਣ ਅੰਦਰ ਹੋ ਪਰਤੱਖ । ਆਪਣਾ ਮੰਦਰ ਆਪ ਵਖਾਇਆ, ਦਰਸ ਕਰਾਇਆ ਅਲਖਣਾ ਅਲਖ । ਜੋਤੀ ਜੋਤ ਡਗਮਗਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਪੁਰਖ ਸਮਰਥ । ਸਮਰਥ ਪੁਰਖ ਖੇਲ ਅਵੱਲਾ, ਨਾਨਕ ਨਿਰਗੁਣ ਕਰੇ ਜਣਾਈਆ । ਇਕ ਫੜਾਇਆ ਆਪਣਾ ਪੱਲਾ, ਪੱਲੂ ਆਪਣੀ ਗੰਢ ਬੰਧਾਈਆ । ਧਾਮ ਰਖਾਇਆ ਇਕ ਅਟੱਲਾ, ਨਿਹਚਲ ਦਏ ਵਡਿਆਈਆ । ਨਜ਼ਰੀ ਆਇਆ ਰਵਿਆ ਜਲਾਂ ਥਲਾਂ, ਘਟ ਘਟ ਰਿਹਾ ਸਮਾਈਆ । ਜੋਤੀ ਸ਼ਬਦੀ ਆਪੇ ਰਲਾ, ਸ਼ਬਦੀ ਧਾਰ ਮਾਤ ਪਰਗਟਾਈਆ । ਸਚ ਸੰਦੇਸ਼ ਏਕਾ ਘੱਲਾ, ਚਾਰ ਵਰਨ ਕਰੇ ਪੜ੍ਹਾਈਆ । ਕੋਈ ਕਹੇ ਨਾਨਕ ਝੱਲਾ, ਝਲਕ ਝੱਲੇ ਦੀ ਝੱਲੀ ਨਾ ਜਾਈਆ । ਜਿਸ ਨੂੰ ਗੌਂਦੇ ਏਕੋ ਅੱਲਾ, ਸੋ ਅੱਲਾ ਨਾਨਕ ਅੰਦਰ ਮੁਖ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਗੁਣ ਦਏ ਵਡਿਆਈਆ । ਨਾਨਕ ਗੁਣ ਹਰਿ ਹਰਿ ਦੀਆ, ਦੇਵਣਹਾਰਾ ਦਾਤਾਰਾ । ਆਪਣੇ ਮਿਲਣ ਦਾ ਆਪੇ ਕੀਆ ਹੀਆ, ਮਿਲਿਆ ਮੇਲ ਸਚਖੰਡ ਸੋਹੇ ਦਵਾਰਾ । ਨਾਰੀ ਪਾਇਆ ਸਾਚਾ ਪੀਆ, ਘਰ ਵਸਿਆ ਮੀਤ ਮੁਰਾਰਾ । ਨਾਮ ਨਿਧਾਨਾ ਏਕਾ ਪੀਆ, ਨਾਮ ਸਤਿ ਸਤਿ ਖ਼ੁਮਾਰਾ । ਗੁਰਮੁਖ ਵਿਰਲਾ ਨਿਰਮਲ ਕਰੇ ਜੀਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਏਕਾ ਦਏ ਸਚ ਸਹਾਰਾ । ਸਚ ਸਹਾਰਾ ਦੀਆ ਗੋਪਾਲ, ਆਪਣੀ ਦਇਆ ਕਮਾਈਆ । ਪੁਰਖ ਪੁਰਖੋਤਮ ਹੋ ਕਿਰਪਾਲ, ਕਿਰਪਾ ਨਿਧ ਆਪਣੀ ਕਿਰਪਾ ਦਏ ਸਮਝਾਈਆ । ਪ੍ਰਭ ਮਿਲਨ ਦੀ ਸਾਚੀ ਬਿਧ, ਨਿਰਗੁਣ ਸਰਗੁਣ ਕਰੇ ਪੜ੍ਹਾਈਆ । ਨਾਮ ਨਿਧਾਨਾ ਬੋਧ ਅਗਾਧ, ਸ਼ਬਦੀ ਸ਼ਬਦ ਦਏ ਪਰਗਟਾਈਆ । ਭਗਤ ਭਗਵੰਤ ਵੇਖੇ ਸੱਜਣ ਸਾਧ, ਸੰਤ ਸਤਿਗੁਰ ਲਏ ਮਿਲਾਈਆ । ਗੁਰਮੁਖਾਂ ਲਡਾਏ ਆਪਣਾ ਲਾਡ, ਆਤਮ ਪਰਮਾਤਮ ਕਰੇ ਕੁੜਮਾਈਆ । ਗੁਰਸਿਖ ਸਾਚੇ ਲਏ ਰਾਖ, ਸਿਰ ਆਪਣਾ ਹੱਥ ਟਿਕਾਈਆ । ਲਹਿਣਾ ਦੇਣਾ ਚੁਕਾਏ ਮਸਤਕ ਮਾਥ, ਪੂਰਬ ਲੇਖਾ ਦਏ ਮੁਕਾਈਆ । ਨਾਨਕ ਗਾਨਾ ਸੋਹੰ ਗਾਥ, ਸ਼ਬਦੀ ਸ਼ਬਦ ਕਰੇ ਪੜ੍ਹਾਈਆ । ਏਕਾ ਮੰਦਰ ਬਹਿ ਬਹਿ ਕਰਿਆ ਪਾਠ, ਦੂਜੀ ਵਾਰ ਨਾ ਰਸਨ ਚਲਾਈਆ । ਇਕ ਸਰੋਵਰ ਮਾਰੀ ਠਾਠ, ਨਿਰਮਲ ਨੀਰ ਨੀਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਅੱਖਰ ਗਿਆ ਲੁਕਾਈਆ । ਏਕਾ ਅੱਖਰ ਹਰਿ ਲੁਕਾਇਆ, ਨਾਨਕ ਰਸਨਾ ਕਹੇ ਨਾ ਰਾਈਆ । ਪੁਰਖ ਅਬਿਨਾਸ਼ੀ ਬੇਪਰਵਾਹਿਆ, ਜਿਸ ਮੇਰੀ ਬਣਤ ਬਣਾਈਆ । ਆਦਿ ਅੰਤ ਹੋਏ ਸਹਾਇਆ, ਵਸੇ ਹਰ ਘਟ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਪਕੜਨਹਾਰਾ ਆਪੇ ਬਾਂਹੀਆ । ਪਕੜੇ ਬਾਂਹ ਆਪਣੇ ਜਨ, ਜਨ ਜਣੇਂਦੀ ਵੇਖ ਵਖਾਇੰਦਾ । ਸਤਿਗੁਰ ਪੂਰਾ ਕਹੇ ਧੰਨ, ਫੜ ਬੇੜਾ ਪਾਰ ਕਰਾਇੰਦਾ । ਜਗਤ ਵਿਕਾਰਾ ਦੇਵੇ ਡੰਨ, ਮਮਤਾ ਮੋਹ ਮਿਟਾਇੰਦਾ । ਏਕਾ ਰਾਗ ਸੁਣਾਏ ਕੰਨ, ਛੱਤੀ ਰਾਗ ਭੇਵ ਨਾ ਪਾਇੰਦਾ । ਕਰੇ ਪਰਕਾਸ਼ ਬਿਨ ਸੂਰਜ ਚੰਨ ਸਤਿਗੁਰ ਪੂਰਾ ਸੋ ਅਖਵਾਇੰਦਾ । ਜੁਗਾ ਜੁਗੰਤਰ ਬੇੜਾ ਦੇਵੇ ਬੰਨ੍ਹ, ਪੁਰਖ ਅਕਾਲ ਰੂਪ ਧਰਾਇੰਦਾ । ਨਾਨਕ ਨਿਰਗੁਣ ਗਿਆ ਮੰਨ, ਸਰਗੁਣ

੧੩੬੩ ੧੦

ਜੀਵ ਸਰਬ ਸਮਝਾਇੰਦਾ । ਹੰ ਬ੍ਰਹਮ ਵਸੇ ਤਨ, ਪਾਰਬ੍ਰਹਮ ਆਪਣੇ ਘਰ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਿਸ਼ਨ ਬ੍ਰਹਮਾ ਸ਼ਿਵ ਆਪ ਸਮਝਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਉਠ ਜਾਗ, ਹਰਿ ਸਾਚਾ ਸਚ ਜਗਾਇੰਦਾ । ਨੌ ਨੌ ਚਾਰ ਚੌਕੜੀ ਜੁਗ ਲੋਕਮਾਤ ਜਗੇ ਚਰਾਗ਼, ਲੱਖ ਚੁਰਾਸੀ ਦੀਪਕ ਆਪ ਪਰਗਟਾਇੰਦਾ । ਸਭ ਦੀ ਅੰਤਮ ਰੱਖੇ ਹਾਦ, ਆਪਣੀ ਵੰਡ ਹਰਿ ਵੰਡਾਇੰਦਾ । ਅੰਤ ਕੂੜ ਨਗਾਰਾ ਵਜਾਏ ਨਾਦ, ਸਭ ਦੀ ਸਫ਼ਾ ਆਪ ਉਠਾਇੰਦਾ । ਹੁਕਮੇ ਵਿਚੋਂ ਜੁਗ ਚੌਕੜੀ ਆਪੇ ਕਾਡ, ਹੁਕਮੀ ਹੁਕਮ ਰਾਹ ਦਸਾਇੰਦਾ । ਹੁਕਮੀ ਦੇਵੇ ਸਾਚੀ ਦਾਤ, ਹਰਿ ਆਪਣਾ ਨਾਉਂ ਵਰਤਾਇੰਦਾ । ਹੁਕਮੇ ਅੰਦਰ ਰੱਖੇ ਯਾਦ, ਧੁਰ ਫ਼ਰਮਾਨਾ ਆਪ ਸੁਣਾਇੰਦਾ । ਪੁਰਖ ਅਬਿਨਾਸ਼ੀ ਖੇਲ ਤਮਾਸ਼, ਜੁਗ ਚੌਕੜੀ ਆਪ ਕਰਾਇੰਦਾ । ਲੇਖਾ ਜਾਣੇ ਭੋਗ ਬਿਲਾਸ, ਭਸਮੜ ਆਪਣਾ ਰੂਪ ਵਟਾਇੰਦਾ । ਆਦਿ ਜੁਗਾਦਿ ਨਾ ਜਾਏ ਵਿਨਾਸ, ਅਬਿਨਾਸ਼ੀ ਆਪਣੀ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਵੇਖ ਵਖਾਇੰਦਾ । ਜੁਗ ਚੌਕੜੀ ਵੇਖੇ ਅੰਤ, ਨੌ ਨੌ ਚਾਰ ਰਹਿਣ ਨਾ ਪਾਈਆ । ਕਰੇ ਖੇਲ ਸ੍ਰੀ ਭਗਵੰਤ, ਸੁਤ ਦੁਲਾਰਾ ਲਏ ਉਠਾਈਆ । ਆਪ ਬਣਾਏ ਆਪਣੀ ਬਣਤ, ਪੁਰਖ ਅਕਾਲ ਸੱਚਾ ਸ਼ਹਿਨਸ਼ਾਹੀਆ । ਮਾਣ ਦਵਾਏ ਲੱਖ ਚੁਰਾਸੀ ਜੀਵ ਜੰਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਸਮਝਾਈਆ । ਕਲਜੁਗ ਅੰਤਮ ਖੇਲ ਖਿਲੌਣਾ, ਵਿਸ਼ਨ ਬ੍ਰਹਮਾ ਸ਼ਿਵ ਹਰਿ ਸਮਝਾਈਆ । ਗੋਬਿੰਦ ਸੁਤ ਇਕ ਉਪਜੌਣਾ, ਪੁਰਖ ਅਕਾਲ ਨਾਉਂ ਵਟਾਈਆ । ਸਾਚਾ ਮਾਰਗ ਜਗਤ ਲਗੌਣਾ, ਵਰਨ ਬਰਨ ਨਾ ਕੋਈ ਰਖਾਈਆ । ਜ਼ਾਤ ਪਾਤ ਡੇਰਾ ਢੌਹਣਾ, ਊਚ ਨੀਚ ਭੇਵ ਚੁਕਾਈਆ । ਏਕਾ ਡੰਕਾ ਨਾਮ ਵਜੌਣਾ, ਚਾਰ ਕੁੰਟ ਆਖ ਸੁਣੌਣਾ, ਹੁਕਮੀ ਹੁਕਮ ਆਪ ਜਣਾਈਆ । ਸਾਚੀ ਸੇਵਾ ਇਕ ਲਗੌਣਾ, ਸਰਗੁਣ ਨਾਤਾ ਮੋਹ ਚੁਕੌਣਾ, ਬੰਸ ਸਰਬੰਸ ਅੰਤ ਮੁਕੌਣਾ, ਸਾਕ ਸੱਜਣ ਸੈਣ ਨਾ ਕੋਈ ਅਖਵਾਈਆ । ਗੁਰਮੁਖਾਂ ਸਾਚਾ ਮੇਲ ਮਿਲੌਣਾ, ਆਪਣਾ ਬੰਧਨ ਆਪੇ ਪੌਣਾ, ਗੁਰਮੁਖਾਂ ਦੇ ਹੱਟ ਵਿਕੌਣਾ, ਕਰਤਾ ਕ਼ੀਮਤ ਆਪੇ ਪਾਈਆ । ਚੇਲਾ ਗੁਰੂ ਨਾਉਂ ਧਰੌਣਾ, ਲੋਕਮਾਤ ਨਜ਼ਰ ਕਿਸੇ ਨਾ ਔਣਾ, ਲੋਕ ਪਰਲੋਕ ਖੇਲ ਖਿਲੌਣਾ, ਬ੍ਰਹਿਮੰਡ ਖੰਡ ਨਾਚ ਨਚੌਣਾ, ਜੇਰਜ ਅੰਡ ਆਪ ਉਠੌਣਾ, ਉਤਭੁਜ ਸੇਤਜ ਭੇਵ ਚੁਕਾਈਆ । ਨਾਮ ਖੰਡਾ ਇਕ ਉਠੌਣਾ, ਲੁਹਾਰ ਤਰਖਾਣ ਨਾ ਕਿਸੇ ਘੜੌਣਾ, ਮਿਆਨ ਵਿਚ ਨਾ ਕਿਸੇ ਕਰੌਣਾ, ਆਪਣੇ ਅੰਤਰ ਲਏ ਛੁਪਾਈਆ । ਸੱਬਰ ਯਾਰੜੇ ਦਾ ਇਕ ਹੰਢੌਣਾ, ਨੇਤਰ ਨੈਣਾਂ ਰਾਹ ਤਕੌਣਾ, ਮਿਲੇ ਮੇਲ ਸਾਚੇ ਮਾਹੀਆ । ਪੁਰਖ ਅਬਿਨਾਸ਼ੀ ਚਲ ਕੇ ਔਣਾ, ਸੁਤ ਦੁਲਾਰਾ ਗੋਦ ਬਹੌਣਾ, ਸਿਰ ਆਪਣਾ ਹੱਥ ਟਿਕੌਣਾ, ਦੋ ਜਹਾਨਾਂ ਰਾਹ ਵਖਾਈਆ । ਧੁਰ ਫ਼ਰਮਾਨਾ ਇਕ ਸੁਣੌਣਾ, ਤੇਰੀ ਕੀਤੀ ਘਾਲ ਆਪਣੇ ਲੇਖੇ ਲੌਣਾ, ਕੀਤਾ ਕੌਲ ਭੁਲ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਦੇਵਣਹਾਰਾ ਵਰ, ਆਦਿ ਜੁਗਾਦਿ ਜੁਗਾ ਜੁਗੰਤਰ ਜੁਗ ਕਰਤਾ ਬੇਪਰਵਾਹੀਆ । ਕਲਜੁਗ ਬਣੇ ਅੰਤ ਮਲਾਹ, ਨਰ ਨਰ ਦੇਵੇ ਇਕ ਸਲਾਹ, ਸਾਚਾ ਮਾਰਗ ਇਕ ਸਮਝਾਈਆ । ਸਚ ਸਲਾਹ ਦੇਵੇ ਨਿਤ, ਮੇਰੇ ਸਾਹਿਬ ਵਡੀ ਵਡਿਆਈਆ । ਜਿਸ ਸੁਹਾਈ ਮੇਰੀ ਰੁੱਤ, ਅੰਤ ਫੁਲਵਾੜੀ ਦਏ ਮਹਿਕਾਈਆ । ਮੈਂ ਰੱਖੀ ਏਕਾ ਓਟ, ਦੂਜਾ ਇਸ਼ਟ ਨਾ ਕੋਈ ਜਣਾਈਆ । ਮੇਰੇ ਪ੍ਰਭ ਦੀ ਨਿਰਮਲ ਜੋਤ, ਰੂਪ ਰੰਗ ਚੱਕਰ ਚਿਹਨ ਨਜ਼ਰ ਨਾ ਆਈਆ । ਜਿਸ ਦੀ ਆਦਿ ਜੁਗਾਦਿ ਵਾਸਨਾ ਹੋਵੇ ਨਾ ਖੋਟ, ਸੁਗੰਧੀ ਨਾਮ ਰਿਹਾ ਮਹਿਕਾਈਆ ।

ਮੈਂ ਉਸ ਦਾ ਓਤ ਪੋਤ, ਜਿਸ ਨੂੰ ਨਾਨਕ ਗਿਆ ਧਿਆਈਆ । ਮੇਰੀ ਸ਼ਬਦੀ ਬਣ ਗਈ ਗੋਤ, ਦੂਸਰ ਵੰਡ ਨਾ ਕੋਈ ਵੰਡਾਈਆ । ਮੇਰਾ ਬਣਿਆ ਸਚਖੰਡ ਕਿਲਾ ਕੋਟ, ਅਨੰਦਪੁਰ ਝੂਠੀ ਖ਼ੁਸ਼ੀ ਮਨਾਈਆ । ਜਿਸ ਨੂੰ ਗਾ ਗਾ ਥੱਕੇ ਹੋਂਟ, ਸੋ ਮਿਲਿਆ ਸੱਚਾ ਮਾਹੀਆ । ਅੰਤ ਆਲਣਿਓਂ ਡਿਗੇ ਚੁੱਕੇ ਬੋਟ, ਆਪਣੀ ਗੋਦ ਬਹਾਈਆ । ਮੈਂ ਅੰਮ੍ਰਿਤ ਪਿਆਇਆ ਗੁਰਸਿਖਾਂ ਖੋਲ੍ਹੇ ਸੋਤ, ਆਪਣਾ ਨੂਰ ਵਿਚ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਸਾਚੇ ਖੇਲ ਖਿਲੌਣਾ, ਗੁਰ ਗੋਬਿੰਦ ਆਪ ਜਣਾਇੰਦਾ । ਨੌਂ ਸੌ ਚੁਰਾਨਵੇ ਚੌਕੜੀ ਜੁਗ ਦਾ ਜਿਸ ਕਰਜਾ ਲੌਹਣਾ, ਪੁਰਖ ਅਭੁਲ ਭੁਲ ਕਦੇ ਨਾ ਜਾਇੰਦਾ । ਵਿਸ਼ਨੂੰ ਜਿਸ ਨੇ ਤੇਰਾ ਪੰਧ ਮੁਕੌਣਾ, ਲਹਿਣਾ ਆਪਣੇ ਹੱਥ ਰਖਾਇੰਦਾ । ਬ੍ਰਹਮੇ ਤੇਰਾ ਬ੍ਰਹਮ ਜਿਸ ਆਪਣੇ ਵਿਚ ਸਮੌਣਾ, ਸੋ ਆਪਣੀ ਨਜ਼ਰ ਨਾ ਕਦੇ ਛੁਪਾਇੰਦਾ । ਸ਼ੰਕਰ ਤੇਰਾ ਤ੍ਰਿਸ਼ੂਲ ਜਿਸ ਹੱਥੋਂ ਸਟੌਣਾ, ਸੋ ਹੁਕਮ ਭੁਲ ਕਦੇ ਨਾ ਜਾਇੰਦਾ । ਜਿਸ ਮੇਰਾ ਬੇੜਾ ਬੰਨ੍ਹ ਚਲੌਣਾ, ਸੋ ਮਲਾਹ ਬਣ ਖੇਵਟ ਖੇਟਾ ਲੋਕਮਾਤ ਨਾ ਕਦੇ ਸ਼ਰਮਾਇੰਦਾ । ਵਰਨਾਂ ਬਰਨਾਂ ਜਿਸ ਡੇਰਾ ਢੌਹਣਾ, ਚਾਰ ਵੇਦ ਦਾ ਪੰਧ ਮੁਕਾਇੰਦਾ । ਅਠਾਰਾਂ ਬਰਨ ਜਿਸ ਝੋਲੀ ਪੌਣਾ, ਸ਼ਾਸਤਰ ਸਿਮਰਤ ਆਪਣੀ ਗੋਦ ਸੁਹਾਇੰਦਾ । ਅੰਜੀਲ ਕੁਰਾਨਾ ਮੁਖ ਸ਼ਰਮੌਣਾ, ਖਾਣੀ ਬਾਣੀ ਆਪਣੇ ਰੰਗ ਵਖਾਇੰਦਾ । ਸੋ ਸਾਹਿਬ ਸਤਿਗੁਰ ਮੇਰਾ ਔਣਾ, ਜਿਸ ਦੀ ਏਕਾ ਓਟ ਤਕਾਇੰਦਾ । ਏਕਾ ਵਾਰ ਲੋਕਮਾਤ ਸਮਝੌਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਵਡਿਆਈ ਸਾਚਾ ਹਰਿ, ਅਬਿਨਾਸ਼ੀ ਅਚੁਤ ਭੇਵ ਖੁਲਾਇੰਦਾ । ਸੁਤ ਦੁਲਾਰਾ ਬੋਲ ਜੈਕਾਰਾ, ਫ਼ਤਿਹ ਡੰਕਾ ਇਕ ਵਜਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਘੱਲਦਾ ਰਿਹਾ ਜੋ ਗੁਰ ਅਵਤਾਰਾ, ਭਗਤਾਂ ਦੇਂਦਾ ਰਿਹਾ ਸਹਾਰਾ, ਨਿਰਗੁਣ ਨਿਰਵੈਰ ਸੱਚਾ ਸ਼ਹਿਨਸ਼ਾਹੀਆ । ਕਲਜੁਗ ਵਰੋਲੇ ਅੰਤਮ ਵਾਰਾ, ਸਾਚੇ ਸੰਤਾਂ ਕਰੇ ਪਿਆਰਾ, ਲੱਖ ਚੁਰਾਸੀ ਵਿਚੋਂ ਮਾਤ ਪਰਗਟਾਈਆ । ਜਿਸ ਨੂੰ ਮੰਨਦੇ ਰਹੇ ਪਰਵਰਦਿਗਾਰਾ, ਮੁਕਾਮੇ ਹੱਕ ਵਸੇ ਸਾਂਝਾ ਯਾਰਾ, ਸੋ ਜਲਵਾ ਨੂਰ ਧਰਾਈਆ । ਜਿਸ ਨੂੰ ਗਾਇਆ ਸਚਖੰਡ ਵਸੇ ਨਿਰੰਕਾਰਾ, ਕਰੇ ਖੇਲ ਅਗੰਮ ਅਪਾਰਾ, ਜੋਤੀ ਜੋਤ ਜੋਤ ਰੁਸ਼ਨਾਈਆ । ਦੇਵੇ ਸੰਦੇਸ਼ਾ ਆਪਣੀ ਧਾਰਾ, ਗੋਬਿੰਦ ਲਿਖੇ ਬਣ ਲਿਖਾਰਾ, ਲਿਖ ਲਿਖ ਲੇਖਾ ਗਿਆ ਸਮਝਾਈਆ । ਨਿਹਕਲੰਕ ਲਏ ਅਵਤਾਰਾ, ਲੱਖ ਚੁਰਾਸੀ ਪਾਵੇ ਸਾਰਾ, ਹਰਿ ਸ਼ਬਦੀ ਦਏ ਸਹਾਰਾ, ਵਿਸ਼ਨੂੰ ਬ੍ਰਹਮਾ ਸ਼ਿਵ ਲਏ ਜਗਾਈਆ । ਜੂਠ ਝੂਠ ਮੇਟੇ ਪਸਾਰਾ, ਮਾਇਆ ਮਮਤਾ ਮਾਰੇ ਮਾਰਾ, ਕੂੜੀ ਕਿਰਿਆ ਕਰੇ ਖਵਾਰਾ, ਠਗ ਚੋਰ ਯਾਰ ਰਹਿਣ ਨਾ ਪਾਈਆ । ਤਟ ਤੀਰਥ ਵੇਖੇ ਕਿਨਾਰਾ, ਮੰਦਰ ਮਸਜਿਦ ਮਠ ਸ਼ਿਵਦਵਾਲੇ ਫੋਲੇ ਗੁਰੂਦਵਾਰਾ, ਨਿਰਗੁਣ ਆਪਣਾ ਫੇਰਾ ਪਾਈਆ । ਵੇਦ ਕਤੇਬ ਸ਼ਾਸਤਰ ਸਿਮਰਤ ਕਰੇ ਵਿਚਾਰਾ, ਅੰਜੀਲ ਕੁਰਾਨਾ ਪਾਰ ਕਿਨਾਰਾ, ਖਾਣੀ ਬਾਣੀ ਆਪਣੀ ਆਪਣੇ ਵਿਚ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਦਿਤਾ ਘਰ, ਹਉਂ ਸੰਦੇਸ਼ਾ ਰਿਹਾ ਜਣਾਈਆ । ਗੋਬਿੰਦ ਸੁਣਾਇਆ ਸਚ ਸੰਦੇਸ਼ਾ, ਹਰਿ ਵਡ ਬਲੀ ਬਲਵਾਨਾ । ਆਦਿ ਜੁਗਾਦੀ ਨਰ ਨਰੇਸ਼ਾ, ਜੁਗਾ ਜੁਗੰਤਰ ਖੇਲ ਮਹਾਨਾ । ਆਪਣਾ ਭਾਣਾ ਆਪੇ ਵੇਖਾ, ਹਰਿ ਭਾਣੇ ਸਦ ਸਮਾਣਾ । ਜੁਗ ਜੁਗ ਮੇਟਦਾ ਆਇਆ ਰੇਖਾ, ਦੇਵਣਹਾਰਾ ਧੁਰ ਫ਼ਰਮਾਨਾ । ਕਲਜੁਗ ਅੰਤ ਵਟਾਏ ਵੇਸਾ, ਨਿਹਕਲੰਕ ਗੁਣ ਨਿਧਾਨਾ । ਮੁਛ ਦਾੜ੍ਹੀ ਨਾ ਕੋਈ ਕੇਸਾ, ਨਾ ਕੋਈ ਮੁੰਡ ਮੁੰਡਾਨਾ । ਸੰਬਲ ਵਸੇ ਆਪਣੇ ਦੇਸਾ, ਗੋਬਿੰਦ ਮੇਲਾ ਵਿਚ ਜਹਾਨਾ । ਗੋਬਿੰਦ

ਅੰਦਰ ਕਰੇ ਪਰਵੇਸਾ, ਪਾਰਬ੍ਰਹਮ ਸ੍ਰੀ ਭਗਵਾਨਾ । ਬਿਨ ਕਿਰਪਾ ਨੇਤਰ ਕੋਈ ਨਾ ਪੇਖੇ, ਭੁੱਲੇ ਭਰਮ ਜਹਾਨਾ । ਭਰਮ ਭੁਲਾਏ ਔਲੀਏ ਪੀਰ ਸ਼ੇਖ਼ੇ, ਸਾਰ ਨਾ ਪਾਏ ਇਲਮ ਉਲਮਾਨਾ । ਪੰਡਤ ਪਾਂਧਾ ਕੋਈ ਨਾ ਜਾਣੇ ਰੇਖੇ, ਪੂਤ ਸਪੂਤਾ ਬ੍ਰਹਿਮਣ ਗੌੜਾ ਕਰੇ ਖੇਲ ਮਹਾਨਾ । ਕੋਹਤੂਰ ਨਾ ਦਿਸਦਾ ਨੂਰੀ ਵੇਸੇ, ਨਿਰਗੁਣ ਨੂਰ ਨਿਗਹਬਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਮਰਦ ਮਰਦਾਨਾ । ਮਰਦ ਮਰਦਾਨਾ ਹੋਏ ਭਗਵਾਨ, ਗੋਬਿੰਦ ਗਿਆ ਸਮਝਾਈਆ । ਨਾਨਕ ਵਖਾਇਆ ਇਕ ਨਿਸ਼ਾਨ, ਜੋ ਵੇਖਿਆ ਸੋ ਰਿਹਾ ਸੁਣਾਈਆ । ਸਚਖੰਡ ਵਸੇ ਆਪ ਭਗਵਾਨ, ਸੱਤ ਰੰਗ ਨਿਸ਼ਾਨਾ ਆਪ ਝੁਲਾਈਆ । ਸੀਸ ਤਾਜ ਰੱਖੇ ਨੌਜਵਾਨ, ਪੰਚਮ ਮੁਖ ਮੁਖ ਵਡਿਆਈਆ । ਪਹਿਲਾ ਮੁਖ ਆਪਣਾ ਰੱਖੇ ਨਾਉਂ ਗਿਆਨ, ਚਾਰ ਮੁਖ ਚਾਰ ਵੇਦ ਚਾਰ ਵਰਨ ਚਾਰ ਜੁਗ ਚਾਰ ਕੁੰਟ ਚਾਰ ਯਾਰੀ ਦਏ ਸਮਝਾਈਆ । ਜਿਸ ਦੀ ਮੰਨਣੀ ਪਏ ਆਣ, ਲੇਖਾ ਕੋਈ ਰਹਿਣ ਨਾ ਪਾਈਆ । ਬਣ ਕੇ ਆਏ ਬੇਪਹਿਚਾਨ, ਅਛਲ ਅਛੱਲ ਮਾਤ ਕਰਾਈਆ । ਗਿਆਨੀ ਧਿਆਨੀ ਵਿਦਵਾਨੀ ਭੇਤ ਨਾ ਪਾਣ, ਜਗਤ ਵਿਦਿਆ ਹੋਏ ਹਲਕਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਸਤਿਗੁਰ ਪੂਰਾ ਵਿਕੇ ਨਾ ਕਿਸੇ ਦੁਕਾਨ, ਕ਼ੀਮਤ ਸਕੇ ਨਾ ਕੋਈ ਚੁਕਾਈਆ । ਗੁਰੂ ਗੋਬਿੰਦ ਸਿੰਘ ਦਿਤਾ ਇਕ ਫ਼ਰਮਾਨ, ਉਚੀ ਕੂਕ ਕੂਕ ਸੁਣਾਈਆ । ਜੋ ਮੈਨੂੰ ਮਿਲੇ ਆਣ, ਮੈਂ ਅੱਗੇ ਦਿਆਂ ਮਿਲਾਈਆ । ਓਹ ਮੇਰਾ ਪਿਤਾ ਬਲਵਾਨ, ਜਿਸ ਦੀ ਆਦਿ ਜੁਗਾਦਿ ਸੱਚੀ ਸ਼ਹਿਨਸ਼ਾਹੀਆ । ਜਿਸ ਨੂੰ ਈਸਾ ਮੂਸਾ ਪੀਰ ਪੈਗ਼ੰਬਰ ਕਰਦੇ ਰਹੇ ਸਲਾਮ, ਸਲਾਮਾ ਅਲੈਕਮ ਏਕਾ ਵਾਰ ਬੁਲਾਈਆ । ਦੇਂਦਾ ਰਿਹਾ ਆਪਣਾ ਪੈਗ਼ਾਮ, ਪੀਰ ਪੈਗ਼ੰਬਰ ਕਰਦਾ ਰਿਹਾ ਪੜ੍ਹਾਈਆ । ਮੈਂ ਪਕੜਿਆ ਉਸ ਦਾ ਦਾਮ, ਦਾਮਨ ਛੁੱਟ ਕਦੇ ਨਾ ਜਾਈਆ । ਜਿਸ ਨੂੰ ਕਹਿੰਦੇ ਰਮਿਆ ਰਾਮ, ਸੋ ਮੇਰੇ ਅੰਦਰ ਡੇਰਾ ਲਾਈਆ । ਜਿਸ ਨੇ ਕਾਹਨ ਕ੍ਰਿਸ਼ਨ ਦੀ ਕੀਤੀ ਅੰਤ ਕਲਿਆਨ, ਤ੍ਰਿਲੋਕੀ ਬਾਹਰ ਕਢਾਈਆ । ਜਿਸ ਨੂੰ ਤੇਈ ਅਵਤਾਰ ਨਾ ਸਕੇ ਪਛਾਣ, ਸੋ ਮੇਰਾ ਸੱਚਾ ਮਾਹੀਆ । ਮੈਂ ਗੋਦੀ ਬੈਠਾ ਆਣ, ਨਾ ਸਕੇ ਕੋਈ ਬਾਹਰ ਕਢਾਈਆ । ਅੰਤਮ ਚਲ ਕੇ ਵੇਖੇ ਮੇਰਾ ਮਕਾਨ, ਨੌਂ ਸੌ ਚੁਰਾਨਵੇ ਚੌਕੜੀ ਜੁਗ ਮੈਂ ਹੂੰਝ ਹੂੰਝ ਸਾਫ਼ ਕਰਾਈਆ । ਮੇਰੀ ਦੀਦ ਮੇਰੀ ਈਦ ਮੇਰਾ ਚੰਦ ਮੇਰਾ ਭਗਵਾਨ ਚੜ੍ਹੇ ਆਣ, ਦੂਸਰ ਚੰਦ ਨਜ਼ਰ ਕੋਈ ਨਾ ਆਈਆ । ਆਪਣਾ ਵਖਾਏ ਸਚ ਨਿਸ਼ਾਨ, ਸਚਖੰਡ ਦਵਾਰ ਜੋ ਰਿਹਾ ਝੁਲਾਈਆ । ਮੈਂ ਖ਼ੁਸ਼ੀ ਖ਼ੁਸ਼ੀ ਕਰਾਂ ਪਰਵਾਨ, ਸੀਸ ਜਗਦੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਅੰਤਮ ਔਣਾ, ਅੰਤ ਕਿਸੇ ਨਾ ਪਾਇਆ । ਵਿਸ਼ਨ ਬ੍ਰਹਮੇ ਸ਼ਿਵ ਤੇਰਾ ਪੰਧ ਮੁਕੌਣਾ, ਲੇਖਾ ਮੂਲ ਦਏ ਚੁਕਾਇਆ । ਸਾਚਾ ਮਾਰਗ ਫੇਰ ਲਗੌਣਾ, ਬ੍ਰਹਿਮੰਡ ਖੰਡ ਦਏ ਉਲਟਾਇਆ । ਚਾਰ ਜੁਗ ਦੇ ਗੁਰ ਅਵਤਾਰਾਂ ਦਰ ਬਹੌਣਾ, ਪਿਛਲਾ ਹਿਸਾਬ ਲਏ ਬਕਾਇਆ । ਉਠੋ ਵੇਖੋ ਦਰਸ ਨੇਤਰ ਪਾਓ ਹਰਿ ਜੂ ਦਿਸ ਕਿਸੇ ਨਾ ਔਣਾ, ਨੇਤਰ ਨੈਣ ਸਰਬ ਸ਼ਰਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅੰਤ ਆਪਣਾ ਖੇਲ ਆਪ ਕਰਾਇਆ । ਅੰਤ ਖੇਲ ਹਰਿ ਜੂ ਕਰਨਾ, ਆਪਣੇ ਹੱਥ ਰੱਖੇ ਵਡਿਆਈਆ । ਜੋਤੀ ਜਾਤਾ ਜਾਮਾ ਧਰਨਾ, ਧਰਤ ਧਵਲ ਦਏ ਸੁਹਾਈਆ । ਸਰਗੁਣ ਅੰਦਰ ਨਿਰਗੁਣ ਵੜਨਾ, ਨਿਰਗੁਣ ਸਰਗੁਣ ਅੰਦਰੋਂ ਬਾਹਰ ਕਢਾਈਆ । ਨਿਰਗੁਣ ਹੋਏ ਆਪਣੇ ਪੌੜੇ ਚੜ੍ਹਨਾ, ਕਰਿਆ ਖੇਲ ਬੇਪਰਵਾਹੀਆ । ਪੌੜੇ ਚੜ੍ਹਕੇ ਘਾੜਨ ਘੜਨਾ, ਗੋਬਿੰਦ ਬਣਤ ਬਣਾਈਆ । ਗੋਬਿੰਦ ਚੁੱਕੇ ਮਰਨਾ ਡਰਨਾ, ਜਨਮ ਮਰਨ ਵਿਚ ਨਾ ਆਈਆ ।



੧੩੬੬
੧੦

ਇਕ ਰਖਾਏ ਆਪਣੀ ਸਰਨਾ, ਸਰਨਗਤ ਦਏ ਸਮਝਾਈਆ । ਸਾਚੇ ਘੋੜੇ ਸੁਤ ਦੁਲਾਰੇ ਚੜ੍ਹਨਾ, ਸਾਚਾ ਘੋੜਾ ਆਪ ਵਖਾਈਆ । ਪੁਰਖ ਅਬਿਨਾਸ਼ੀ ਤੇਰੀਆਂ ਵਾਗਾਂ ਫੜਨਾ, ਸੇਵਕ ਹੋ ਹੋ ਸੇਵ ਕਮਾਈਆ । ਨਿਰਭੌ ਹੋਏ ਕਦੇ ਨਾ ਡਰਨਾ, ਭੈ ਅਵਰ ਨਾ ਕੋਈ ਜਣਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਜੇਰਜ ਅੰਡਾਂ ਅੰਦਰ ਵੜਨਾ, ਆਪਣਾ ਕੁੰਡਾ ਆਪੇ ਲਾਹੀਆ । ਮੇਰਾ ਅੱਖਰ ਏਕੋ ਪੜ੍ਹਨਾ, ਦੂਜੀ ਹੋਰ ਨਾ ਕੋਈ ਪੜ੍ਹਾਈਆ । ਤੇਰੀ ਸਰਨਗਤ ਤੇਰਾ ਬ੍ਰਹਮ ਤਰਨਾ, ਪਾਰਬ੍ਰਹਮ ਮੇਲ ਮਿਲਾਈਆ । ਚਾਰ ਕੁੰਟ ਦਹਿ ਦਿਸ਼ਾ ਨੌਂ ਖੰਡ ਪ੍ਰਿਥਮੀ ਸੱਤ ਦੀਪ ਚੌਦਾਂ ਲੋਕ ਤ੍ਰੈਭਵਨ ਤੇਰੇ ਅੱਗੇ ਕੋਈ ਨਾ ਅੜਨਾ, ਵਿਸ਼ਨ ਬ੍ਰਹਮਾ ਸ਼ਿਵ ਬੈਠੇ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦਿਤਾ ਇਕੋ ਵਰ, ਨਾ ਕੋਈ ਮੇਟੇ ਮੇਟ ਮਿਟਾਈਆ । ਮਿਲਿਆ ਵਰ ਹਰਿ ਗੋਬਿੰਦ, ਏਕਾ ਹੁਕਮ ਸੁਣਾਇਆ । ਅੰਤਮ ਮੇਟੇ ਤੇਰੀ ਚਿੰਦ, ਪੁਰਖ ਅਬਿਨਾਸ਼ੀ ਦਏ ਮਿਟਾਇਆ । ਕਰਿਆ ਖੇਲ ਗਹਿਰ ਗੰਭੀਰ ਗੁਣੀ ਗਹਿੰਦ, ਅੰਮ੍ਰਿਤ ਤੇਰੇ ਮੁਖ ਚੁਆਇਆ । ਤੇਰੀ ਉਪਜਾਏ ਗੁਰਸਿਖ ਬਿੰਦ, ਆਪਣੀ ਗੋਦ ਉਪਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕ ਵਖਾਇਆ । ਸਾਚਾ ਮਾਰਗ ਧੁਰ ਫ਼ਰਮਾਨ, ਨਿਰਗੁਣ ਆਪ ਸੁਣਾਈਆ । ਸ਼ਾਹੋ ਭੂਪ ਹਰਿ ਨਿਰੰਕਾਰ, ਨਿਰਗੁਣ ਆਪਣਾ ਖੇਲ ਵਖਾਈਆ । ਦਰ ਦਰ ਸੱਦ ਗੁਰ ਅਵਤਾਰ, ਪਿਛਲਾ ਲੇਖਾ ਰਿਹਾ ਚੁਕਾਈਆ । ਭਗਤ ਭਗਵੰਤ ਦੱਸੇ ਬੋਲ ਜੈਕਾਰ, ਘਰ ਘਰ ਕਰੇ ਪੜ੍ਹਾਈਆ । ਸੰਤਨ ਵਖਾਏ ਮੀਤ ਮੁਰਾਰ, ਕਵਣ ਸੱਜਣ ਮਾਤ ਸੰਗ ਨਿਭਾਈਆ । ਕਲਜੁਗ ਆਈ ਅੰਤਮ ਵਾਰ, ਰੈਣ ਅੰਧੇਰਾ ਇਕੋ ਛਾਈਆ । ਵਰਨ ਬਰਨ ਹੋਣ ਖ਼ਵਾਰ, ਸਾਚੀ ਸਰਨ ਨਾ ਕੋਈ ਤਕਾਈਆ । ਤੀਰਥ ਤਟ ਹਾਹਾਕਾਰ, ਵਿਭਚਾਰ ਪਈ ਲੜਾਈਆ । ਮੰਦਰ ਮਸਜਿਦ ਗੁਰੂਦਵਾਰ, ਵੇਸਵਾ ਘਰ ਰਹੇ ਬਣਾਈਆ । ਏਕਾ ਬੈਠਾ ਗੁਰ ਅਵਤਾਰ, ਜੋ ਦੇਵਣਹਾਰ ਸਜ਼ਾਈਆ । ਲਹਿਣਾ ਦੇਵੇ ਅੰਤਮ ਵਾਰ, ਪੰਡਤ ਪਾਂਧੇ ਮੁਲਾ ਸ਼ੇਖ਼ ਮੁਸਾਇਕ ਪੀਰ ਗ੍ਰੰਥੀ ਪੰਥੀ ਪਕੜੇ ਥਾਉਂ ਥਾਂਈਆ । ਅੰਤਰ ਨੇਤਰ ਰੋਵਣ ਵਹਾਵਣ ਨੀਰ, ਰਾਏ ਧਰਮ ਦਏ ਸਜ਼ਾਈਆ । ਨਾ ਕੋਈ ਸਹਾਈ ਪੀਰ ਫ਼ਕੀਰ, ਦਸਤਗੀਰ ਨਾ ਕੋਈ ਬਚਾਈਆ । ਲੱਖ ਚੁਰਾਸੀ ਵੱਜਾ ਜੰਜੀਰ, ਨਾ ਕੋਈ ਸਕੇ ਤੋੜ ਤੁੜਾਈਆ । ਗੁਰਸਿਖ ਵਿਰਲਾ ਚੋਟੀ ਚੜ੍ਹੇ ਅਖ਼ੀਰ, ਜਿਸ ਗੋਬਿੰਦ ਲਏ ਮਿਲਾਈਆ । ਤੀਰ ਨਿਰਾਲਾ ਮਾਰੇ ਬਿਰਹੋਂ ਜਾਏ ਚੀਰ, ਅੰਮ੍ਰਿਤ ਸੀਰ ਇਕ ਚੁਆਈਆ । ਕੱਟਣਹਾਰਾ ਭੀੜ, ਦੁੱਖ ਦਰਦ ਲਏ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਹਰਿ ਖੇਲ ਖਿਲੌਣਾ, ਕਲਜੁਗ ਅੰਤਮ ਵਾਰ । ਚਾਰ ਵਰਨਾਂ ਪ੍ਰਭ ਆਪ ਪਰਗਟੌਣਾ, ਏਕਾ ਦਰ ਸੋਹੇ ਦਵਾਰ । ਏਕਾ ਅੰਮ੍ਰਿਤ ਨਾਮ ਦ੍ਰਿੜੌਣਾ, ਆਤਮ ਪਰਮਾਤਮ ਕਰ ਪਿਆਰ । ਏਕਾ ਮੰਦਰ ਹਰਿ ਸੁਹੌਣਾ, ਘਰ ਘਰ ਵਿਚ ਕਰ ਉਜਿਆਰ । ਏਕਾ ਰਾਗ ਆਪ ਅਲਾਉਣਾ, ਕੋਈ ਤੰਦ ਨਾ ਕੋਈ ਸਤਾਰ । ਏਕਾ ਦੀਪਕ ਆਪ ਜਗੌਣਾ, ਨੂਰੋ ਨੂਰ ਕਰ ਪਸਾਰ । ਹਸਤ ਕੀਟ ਏਕਾ ਰੰਗ ਰੰਗੌਣਾ, ਰੰਗ ਚਾੜ੍ਹੇ ਅਪਰ ਅਪਾਰ । ਅਨਡਿਠ ਪ੍ਰਭ ਖੇਲ ਖਿਲੌਣਾ, ਵੇਦ ਕਤੇਬ ਨਾ ਪਾਇਣ ਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਏਕਾ ਜਾਣੇ ਧੁਰ ਦਰਬਾਰ, ਸਾਚਾ ਲੇਖਾ ਧੁਰ ਦਰਬਾਰਾ । ਧੁਰਦਰਗਾਹੀ ਆਪ ਜਣਾਇੰਦਾ । ਗੋਬਿੰਦ ਮੇਲਾ ਮੀਤ ਮੁਰਾਰਾ, ਚੇਲਾ ਗੁਰ ਸੋਭਾ ਪਾਇੰਦਾ । ਅੰਤ ਵਿਚੋਲਾ ਬਣੇ ਵਿਚ ਸੰਸਾਰਾ, ਚਾਰ ਜੁਗ ਦਾ ਓਹਲਾ ਆਪ ਚੁਕਾਇੰਦਾ । ਗੁਰ


੧੩੬੭
੧੦

ਅਵਤਾਰ ਕਰਨ ਵਿਚਾਰਾ, ਵਿਚਾਰ ਵਿਚ ਕਦੇ ਨਾ ਆਇੰਦਾ । ਜਿਸ ਨੇ ਦਿਤਾ ਮਾਤ ਸਹਾਰਾ, ਸੋ ਅੰਤਮ ਦਰ ਬਹਾਇੰਦਾ । ਸਭ ਨੂੰ ਪੁਛੇ ਵਾਰੋ ਵਾਰਾ, ਆਪਣੀ ਕਿਰਤ ਸਰਬ ਵਖਾਇੰਦਾ । ਕੋਈ ਕਹੇ ਆਇਆ ਰਾਮ ਅਵਤਾਰਾ, ਕਵਣ ਕ੍ਰਿਸ਼ਨ ਨਾਚ ਨਚਾਇੰਦਾ । ਕਵਣ ਕਛ ਮਛ ਖੇਲ ਕਰੇ ਅਪਾਰਾ, ਕੋਈ ਧਰਨੀ ਧਵਲ ਡੇਰਾ ਲਾਇੰਦਾ । ਕਵਣ ਬਣੇ ਵਡ ਭਿਖਾਰਾ, ਕਵਣ ਗਾ ਗਾ ਗੀਤ ਸੁਣਾਇੰਦਾ । ਕਵਣ ਕਹੇ ਮੈਂ ਸਾਚਾ ਦੁਲਾਰਾ, ਕਵਣ ਮੇਰੀ ਜਾਤ ਬਣਾਇੰਦਾ । ਕਵਣ ਕਹੇ ਚੌਦਾਂ ਤਬਕ ਮੇਰਾ ਹੁਲਾਰਾ, ਹੁਕਮੀ ਹੁਕਮ ਆਪ ਜਣਾਇੰਦਾ । ਨਾਨਕ ਕਹੇ ਮੈਂ ਗ਼ਰੀਬ ਬੇਚਾਰਾ, ਏਕਾ ਓਟ ਅਕਾਲ ਰਖਾਇੰਦਾ । ਗੋਬਿੰਦ ਬਣਿਆ ਸੁਤ ਦੁਲਾਰਾ, ਬਹਿ ਗੋਦੀ ਖ਼ੁਸ਼ੀ ਮਨਾਇੰਦਾ । ਪੁਰਖ ਅਬਿਨਾਸ਼ੀ ਕਰ ਪਿਆਰਾ, ਸਚ ਸੰਦੇਸ਼ਾ ਇਕ ਸੁਣਾਇੰਦਾ । ਕਲਜੁਗ ਆਏ ਅੰਤਮ ਵਾਰਾ, ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰਾ, ਸਭ ਦਾ ਲੇਖਾ ਆਪ ਮੁਕਾਇੰਦਾ । ਅੱਗੇ ਜਾਣੇ ਆਪਣੀ ਕਾਰਾ, ਨਾ ਕੋਈ ਜਾਣੇ ਹਰਿ ਵਿਹਾਰਾ, ਬੇਅੰਤ ਬੇਅੰਤ ਕਹਿ ਕਹਿ ਪੱਲੂ ਸਰਬ ਛੁਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਆਪਣਾ ਵੇਸ ਆਪ ਵਟਾਇੰਦਾ । ਗੋਬਿੰਦ ਗੁਰ ਨੈਣ ਉਠਾ, ਪ੍ਰਭ ਅਗੇ ਸੀਸ ਝੁਕਾਈਆ । ਕਵਣ ਰੂਪ ਬਣਿਆ ਮਲਾਹ, ਲੋਕਮਾਤ ਵੇਸ ਵਟਾਈਆ । ਏਕਾ ਦੇਣ ਸਚ ਸਲਾਹ, ਲਿਖਣ ਪੜ੍ਹਨ ਵਿਚ ਨਾ ਆਈਆ । ਤੇਰਾ ਢੋਲਾ ਕੋਈ ਨਾ ਸਕੇ ਗਾ, ਤੇਰਾ ਓਹਲਾ ਸਕੇ ਨਾ ਕੋਈ ਚੁਕਾਈਆ । ਤੂੰ ਮੌਲਾ ਸਭ ਮੇਂ ਰਿਹਾ ਸਮਾ, ਬਿਸਮਿਲ ਤੇਰੀ ਵਡਿਆਈਆ । ਇਲਲਿੱਲਾ ਪਕੜੇ ਤੇਰੀ ਬਾਂਹ, ਅੱਲਾ ਹੂ ਹੂ ਕੂਕ ਕੂਕ ਸੁਣਾਈਆ । ਤੂੰ ਪਾਕੀ ਪਾਕ ਪਰਵਰਦਿਗਾਰ ਪੀਰ ਪੈਗ਼ੰਬਰਾਂ ਬਖ਼ਸ਼ਣਹਾਰ ਰੂਹ, ਅਸਲੀਅਤ ਆਪਣੀ ਆਪ ਕਮਾਈਆ । ਬਿਨ ਰਸਨਾ ਬਿਨ ਜਿਹਵਾ ਗਾਵਾਂ ਤੂੰ ਹੀ ਤੂੰ, ਏਕ ਤੂੰਹੀ ਏਕ ਤੂੰਹੀ ਏਕ ਤੂੰਹੀ ਨਾਮ ਧਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕੋਟਨ ਕੋਟ ਸਾਧ ਸੰਤ ਤੇਰੀ ਆਪਣੇ ਅੰਦਰ ਵੜ ਵੜ ਕੱਢਦੇ ਗਏ ਸੂ, ਤੇਰਾ ਅੰਤ ਕੋਈ ਨਾ ਪਾਈਆ । ਜਿਧਰ ਵੇਖਣ ਨਜ਼ਰੀ ਆਵੇਂ ਤੂੰ, ਤੇਰੇ ਅਗੇ ਸੀਸ ਝੁਕਾਈਆ । ਮੈਂ ਨਾ ਜਾਣਾ ਤੇਰਾ ਵੱਡਾ ਖਾਤਾ ਖੂਹ, ਜਿਸ ਵਿਚ ਕੋਟਨ ਕੋਟ ਗੁਰ ਅਵਤਾਰ ਰਿਹਾ ਛੁਪਾਈਆ । ਤੇਰੀ ਨਾਨਕ ਚੜ੍ਹਕੇ ਵੇਖੀ ਜੂਹ, ਜਿਥੇ ਬੈਠਾ ਆਸਣ ਲਾਈਆ । ਮੁੜ ਕੇ ਲੋਕਮਾਤ ਨਾ ਵਖਾਇਆ ਮੂੰਹ, ਤੇਰੀ ਬੈਠਾ ਗੋਦ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਦੇ ਸਾਚਾ ਵਰ, ਗੋਬਿੰਦ ਅੱਗੇ ਝੋਲੀ ਡਾਹੀਆ । ਗੋਬਿੰਦ ਝੋਲੀ ਦਿਤੀ ਡਾਹ, ਪੁਰਖ ਅਕਾਲ ਦਇਆ ਕਮਾਇੰਦਾ । ਨਿਰਗੁਣ ਹੋ ਕੇ ਬਣਾਂ ਮਲਾਹ, ਤੇਰਾ ਬੇੜਾ ਮਾਤ ਚਲਾਇੰਦਾ । ਜੇ ਪੁੱਛੇ ਦੇਵਾਂ ਸਲਾਹ, ਲੇਖਾ ਲੇਖ ਨਾ ਕੋਈ ਲਿਖਾਇੰਦਾ । ਆਪਣੇ ਚਰਨਾਂ ਦੇਵਾਂ ਤੈਨੂੰ ਪਨਾਹ, ਦੂਜੇ ਦਰ ਨਾ ਕੋਈ ਬਹਾਇੰਦਾ । ਲੋਕਮਾਤ ਲਵਾਂ ਪਰਗਟਾ, ਮਾਤ ਗੁਜਰੀ ਸੀਰ ਨਾ ਕੋਈ ਪਿਆਇੰਦਾ । ਆਪਣੀ ਜੋਤ ਜੋਤ ਨਾਲ ਲਵਾਂ ਮਿਲਾ, ਸ਼ਬਦੀ ਤੇਰਾ ਰੰਗ ਵਟਾਇੰਦਾ । ਤੂੰ ਵਸੀਂ ਹਰ ਘਟ ਥਾਂ, ਤੇਰੇ ਮੰਦਰ ਸੋਭਾ ਪਾਇੰਦਾ । ਮੈਂ ਕਰਾਂ ਸਚ ਨਿਆਂ, ਦੇਣਾ ਕਦੇ ਮੋਹੇ ਨਾ ਭਾਇੰਦਾ । ਅੰਤ ਪਕੜਾਂ ਤੇਰੀ ਬਾਂਹ, ਦੋ ਜਹਾਨਾਂ ਪੰਧ ਮੁਕਾਇੰਦਾ । ਤੇਰੇ ਘਰ ਬਹਿ ਕੇ ਨਾ ਕੁਛ ਪੀਆਂ ਨਾ ਕੁਛ ਖਾਂ, ਨਾ ਕੋਈ ਓਡਨ ਤਨ ਹੰਢਾਇੰਦਾ । ਨਾ ਜਪਾਂ ਕਿਸੇ ਦਾ ਨਾਂ, ਨਾ ਓਟ ਕੋਈ ਰਖਾਇੰਦਾ । ਨਾ ਕਿਸੇ ਨੂੰ ਕਹਿਣਾ ਮਾਂ, ਨਾ ਪਿਤਾ ਕੋਈ ਬਣਾਇੰਦਾ । ਜਿਧਰ ਵੇਖੇਂ ਨਜ਼ਰੀ ਜਾਵਾਂ ਆ, ਤੇਰੀ ਨਜ਼ਰ ਨਜ਼ਰ ਵਿਚ ਮਿਲਾਇੰਦਾ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਅੱਖੀਂ

੧੩੬੮
੧੦

ਘੱਟਾਂ ਦੇਵਾਂ ਪਾ, ਮੇਰਾ ਭੇਵ ਕੋਈ ਨਾ ਪਾਇੰਦਾ । ਕਿਸੇ ਦੇ ਮੂੰਹ ਵਿਚ ਦੇਵਾਂ ਸੂਰ ਕਿਸੇ ਦੇ ਮੂੰਹ ਵਿਚ ਦੇਵਾਂ ਗਾਂ, ਮਾਨਸ ਜਨਮ ਸਰਬ ਰੁੜ੍ਹਾਇੰਦਾ । ਇਕੋ ਇਕ ਆਪਣਾ ਸਚ ਜਪਾਵਾਂ ਨਾਂ, ਜਿਸ ਜਪਿਆ ਤਿਸ ਪਾਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਆਪਣਾ ਵੇਲਾ ਅੰਤ ਸਮਝਾਇੰਦਾ । ਵੇਲਾ ਅੰਤਮ ਜਾਣਾ ਆ, ਆਪਣਾ ਪੰਧ ਮੁਕਾਈਆ । ਗੋਬਿੰਦ ਚੜ੍ਹੇ ਇਕੋ ਚਾਅ, ਚਾਅ ਕਰੇ ਸੱਚਾ ਸ਼ਹਿਨਸ਼ਾਹੀਆ । ਲੱਭਣ ਗਿਆਂ ਲੱਭੇ ਨਾ ਕਿਸੇ ਰਾਹ, ਲੱਭ ਲੱਭ ਥੱਕੀ ਸਰਬ ਲੋਕਾਈਆ । ਮੰਦਰ ਮਸਜਿਦ ਕੂਕ ਕੂਕ ਟੱਲ ਰਹੇ ਖੜਕਾ, ਆਤਮ ਨਾਦ ਨਾ ਕੋਈ ਵਜਾਈਆ । ਬੱਤੀ ਦੰਦ ਪੜ੍ਹ ਪੜ੍ਹ ਰਹੇ ਗਾ, ਆਤਮ ਅੰਤਰ ਹੱਥ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਕਲਜੁਗ ਅੰਤਮ ਸਭ ਦਾ ਲਹਿਣਾ ਦਏ ਚੁਕਾਈਆ । ਸਭ ਦਾ ਲਹਿਣਾ ਮੁਕਾਏ ਕਰਤਾ ਪੁਰਖ, ਕਰਨਹਾਰ ਕਰਤਾਰਾ । ਆਦਿ ਅੰਤ ਜੁਗਾ ਜੁਗੰਤ ਨਾ ਕੋਈ ਸੋਗ ਨ ਕੋਈ ਹਰਖ, ਕਰੇ ਖੇਲ ਅਗੰਮ ਅਪਾਰਾ । ਨਿਰਗੁਣ ਸਰਗੁਣ ਕਰੇ ਪਰਖ, ਅਲਖ ਅਗੋਚਰ ਅਗੰਮ ਅਪਾਰਾ । ਗੁਰਮੁਖ ਵਿਰਲੇ ਉਪਰ ਕਰੇ ਤਰਸ, ਬਖ਼ਸ਼ੇ ਦਰਸ ਦੀਦਾਰਾ । ਜਗਤ ਤ੍ਰਿਸ਼ਨਾ ਮੇਟੇ ਹਰਸ, ਮਮਤਾ ਮੋਹ ਪਾਰ ਕਿਨਾਰਾ । ਅੰਮ੍ਰਿਤ ਮੇਘ ਦੇਵੇ ਬਰਸ, ਤਨ ਕਰੇ ਠੰਡਾ ਠਾਰਾ । ਜੂਨ ਅਜੂਨੀ ਜਾਏ ਨਾ ਭਟਕ, ਜਿਸ ਮਿਲਿਆ ਗੁਰ ਕਰਤਾਰਾ । ਅਧਵਿਚਕਾਰ ਨਾ ਜਾਏ ਅਟਕ, ਸਤਿਗੁਰ ਕਰੇ ਪਾਰ ਕਿਨਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਲਿਖਤ ਪੜ੍ਹਤ, ਆਪੇ ਹੁਕਮੀ ਹੁਕਮ ਕਰੇ ਵਰਤਾਰਾ । ਹੁਕਮੀ ਹੁਕਮ ਸਚ ਵਰਤਾਰ, ਅੰਤਮ ਆਪ ਕਰਾਈਆ । ਗੁਰ ਅਵਤਾਰ ਕਰਨ ਨਿਮਸਕਾਰ, ਭਗਤ ਭਗਵਾਨ ਸੀਸ ਝੁਕਾਈਆ । ਸੰਤਨ ਮੰਗਣ ਏਕਾ ਦਾਨ, ਖ਼ਾਲੀ ਝੋਲੀ ਰਹੇ ਵਖਾਈਆ । ਗੁਰਮੁਖ ਚਰਨ ਕਵਲ ਕਰਨ ਧਿਆਨ, ਨੇਤਰ ਨੈਣ ਨੈਣ ਸਰਨਾਈਆ । ਗੁਰਮੁਖ ਚਰਨ ਧੂੜ ਕਰਨ ਪਰਵਾਨ, ਮਸਤਕ ਟਿੱਕਾ ਏਕਾ ਲਾਈਆ । ਗੋਬਿੰਦ ਸੂਰਾ ਮਿਲਿਆ ਆਣ, ਜਿਸ ਹਰਿ ਜੂ ਲਿਆ ਮਿਲਾਈਆ । ਹਰਿ ਜੂ ਵਿਕਿਆ ਇਕ ਦੁਕਾਨ, ਗੋਬਿੰਦ ਹੱਟ ਚਲਾਈਆ । ਗੋਬਿੰਦ ਹੱਟ ਜਗਤ ਮਹਾਨ, ਦਿਸ ਕਿਸੇ ਨਾ ਆਈਆ । ਗੁਰਮੁਖ ਵਿਰਲਾ ਲਾਹਾ ਲਏ ਖੱਟ, ਜਿਸ ਸਿਰ ਆਪਣਾ ਹੱਥ ਟਿਕਾਈਆ । ਡੂੰਘੇ ਖਾਤੇ ਪਾਏ ਹੱਥ, ਨਾਮ ਖ਼ਜ਼ਾਨਾ ਲੁੱਟੇ ਚਾਈਂ ਚਾਈਂਆ । ਅੰਦਰ ਵੜ ਕੇ ਗਾਏ ਪ੍ਰਭ ਆਪਣੇ ਦਾ ਜਸ, ਰਸਨਾ ਜੇਹਵਾ ਨਾ ਕਿਸੇ ਸੁਣਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਪੂਰੀ ਕਰੇ ਆਸ, ਨਿਰਾਸਾ ਨਜ਼ਰ ਕੋਇ ਨਾ ਆਈਆ । ਸਦਾ ਸੁਹੇਲਾ ਇਕ ਅਕੇਲਾ ਵਸੇ ਪਾਸ, ਘਰ ਮੰਦਰ ਸਚ ਸੁਹਾਈਆ । ਨਿਰਗੁਣ ਜੋਤ ਕਰ ਪ੍ਰਕਾਸ਼, ਅੰਧ ਅੰਧੇਰ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਗੁਣ ਦਏ ਜਣਾਈਆ । ਏਕਾ ਗੁਣ ਹਰਿ ਜਣਾਇਆ, ਕਲਜੁਗ ਅੰਤ ਅੰਤ ਸਮਝਾਈਆ । ਚਾਰ ਵਰਨ ਕੋਈ ਰਹਿਣ ਨਾ ਪਾਇਆ, ਜਾਤ ਪਾਤ ਨਾ ਕੋਈ ਵਡਿਆਈਆ । ਮੰਦਰ ਮਸਜਿਦ ਮਠ ਸ਼ਿਵਦਵਾਲਾ ਨਾ ਕੋਈ ਪਿਆਰ, ਗੁਰੂਦਵਾਰ ਨਾ ਕੋਈ ਸਹਾਈਆ । ਅੰਤਮ ਲਹਿਣਾ ਦੇਣਾ ਚੁਕਣਾ ਤਟ ਕਿਨਾਰ, ਅਠਸਠ ਤੀਰਥ ਨਹਾਵਨ ਕੋਈ ਨਾ ਜਾਈਆ । ਗੰਗਾ ਗੋਦਾਵਰੀ ਜਮਨਾ ਸੁਰਸਤੀ ਰੋਵਣ ਜ਼ਾਰੋ ਜ਼ਾਰ, ਭੋਲਾ ਨਾਥ ਨਾ ਕੋਈ ਸਹਾਈਆ । ਜਿਸ ਆਦਿ ਦਿਤੀ ਧਾਰ, ਸੋ ਅੰਤਮ ਲਏ ਮਿਟਾਈਆ । ਸਚਖੰਡ ਖੇਲ ਕਰਤਾਰ, ਆਪਣਾ ਆਪ ਸਮਝਾਈਆ । ਗੁਰ ਪੀਰ ਕਰੋ ਵਿਚਾਰ, ਲੋਕਮਾਤ ਧਿਆਨ ਲਗਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਗੁਣ ਦਏ ਸਮਝਾਈਆ । ਗੁਰ ਅਵਤਾਰ ਨੈਣ ਸ਼ਰਮਾ, ਪ੍ਰਭ ਚਰਨ ਧਿਆਨ ਲਗਾਇਆ । ਤੇਰਾ ਹੁਕਮ ਆਏ ਸੁਣਾ, ਸਚ ਸੰਦੇਸਾ ਮਾਤ ਅਲਾਇਆ । ਤੇਰਾ ਮਾਰਗ ਆਏ ਵਖਾ, ਮਾਰਗ ਏਕਾ ਏਕ ਜਣਾਇਆ । ਤੂੰ ਸਭ ਨੂੰ ਦਏਂ ਭੁਲਾ, ਤੇਰੇ ਅਗੇ ਨਾ ਕੋਈ ਚਤੁਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਰਗੁਣ ਨਿਰਗੁਣ ਲਏ ਮਿਲਾਇਆ । ਨਿਰਗੁਣ ਬੋਲ ਬੋਲੇ ਜੈਕਾਰਾ ਨਾਨਕ ਨਾਨਕ ਨਾਨਕ ਏਕਾ ਏਕ ਕਰੇ ਵਡਿਆਈਆ । ਏਕਾ ਨਾਨਕ ਨਾਨਕ ਇਕ ਦਾਦਕ, ਇਕ ਨਾਨਕ ਹਰਿ ਕੀ ਗੋਦ ਰਿਹਾ ਸੁਹਾਈਆ । ਤਿੰਨੇ ਨਾਨਕ ਪ੍ਰਭ ਰੱਖੀ ਰੱਖੀ ਇਕੋ ਆਦਤ, ਆਦਤ ਵਿਗੜ ਕਦੇ ਨਾ ਜਾਈਆ । ਜਿਸ ਸੱਚੀ ਦੱਸੀ ਇਕ ਅਬਾਦਤ, ਹਿੰਦੂ ਮੁਸਲਿਮ ਕਰ ਪੜ੍ਹਾਈਆ । ਸੋ ਨਾਨਕ ਸਦਾ ਸਲਾਮਤ, ਨਿਰੰਕਾਰ ਰਿਹਾ ਸਮਾਈਆ । ਨਾ ਲੱਗੇ ਕੋਈ ਅਲਾਮਤ, ਅਲੈਹਿਦਾ ਰੂਪ ਨਾ ਕੋਈ ਵਟਾਈਆ । ਗੁਰਮੁਖਾਂ ਦੀ ਇਕੋ ਵਾਰ ਦੇ ਕੇ ਗਿਆ ਜ਼ਮਾਨਤ, ਦੂਜੀ ਵਾਰ ਜ਼ਿਮਨੀ ਹੋਰ ਨਾ ਕੋਈ ਲਿਖਾਈਆ । ਜਿਸ ਮਿਲਿਆ ਸਤਿਗੁਰ ਨਾਨਕ, ਸੋ ਨਾਨਕ ਆਪਣੇ ਸਤਿਗੁਰ ਲਏ ਮਿਲਾਈਆ । ਪਾਰਬ੍ਰਹਮ ਬੇਅੰਤ ਸਵਾਮੀ ਕਰੇ ਖੇਲ ਅੰਤ ਅਚਾਨਕ, ਨਿਹਕਲੰਕ ਨਾਉਂ ਰਖਾਈਆ । ਜਿਸ ਦੀ ਕਰੇ ਨਾ ਕੋਈ ਪਛਾਨਤ, ਪੇਸ਼ਵਾ ਕਰੇ ਨਾ ਕੋਈ ਪੜ੍ਹਾਈਆ । ਚਾਰ ਵਰਨ ਕਰਕੇ ਗਿਆ ਮੁਮਾਨਤ, ਜ਼ਾਤ ਪਾਤ ਕਰੇ ਨਾ ਕੋਈ ਪੜ੍ਹਾਈਆ । ਇਕ ਨਾਮ ਸਦਾ ਅਮਾਨਤ, ਘਰ ਘਰ ਗਿਆ ਟਿਕਾਈਆ । ਪੁਰਖ ਅਬਿਨਾਸ਼ੀ ਹੋਏ ਜਾਨਤ, ਜਾਨਣਹਾਰ ਭੁੱਲ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਜੀਵ ਜੰਤ ਗਿਆ ਸਮਝਾਈਆ । ਜੀਵ ਜੰਤ ਸਮਝਾਇਆ ਹਰਿ ਕਾ ਖੇਲ, ਏਕਾ ਗੁਣ ਵਿਚਾਰ । ਪੁਰਖ ਅਬਿਨਾਸ਼ੀ ਵਸੇ ਆਪਣੇ ਦੇਸ, ਨਿਰਗੁਣ ਜਾਮਾ ਧਾਰ । ਨਾ ਮੁੱਛ ਦਾੜ੍ਹੀ ਰੱਖੇ ਕੇਸ, ਮੂੰਡ ਮੁੰਡਾਏ ਨਾ ਸੱਚੀ ਸਰਕਾਰ । ਲੱਖ ਚੁਰਾਸੀ ਲਏ ਵੇਖ, ਭੁੱਲੇ ਕਦੇ ਨਾ ਭੁੱਲਣਹਾਰ । ਤਿਸ ਅਗੇ ਚਲੇ ਨਾ ਕੋਈ ਪੇਸ਼, ਸਭ ਹੋਏ ਗੁਨਾਹਗਾਰ । ਮੇਰਾ ਸਾਹਿਬ ਰਹੇ ਹਮੇਸ਼, ਜਿਸ ਦੀ ਸੱਚੀ ਕਾਰ । ਮੈਂ ਸੇਵਾ ਕਰਾਂ ਹੱਥ ਫੜ ਖੁੰਡੀ ਮੋਡੇ ਧਰ ਧਰ ਖੇਸ, ਆਪ ਆਪਾ ਆਪੇ ਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਕਰੇ ਸਚ ਵਿਹਾਰ । ਸਚ ਵਿਹਾਰ ਹਰਿ ਕਰੌਣਾ, ਗੁਰ ਸਤਿਗੁਰ ਆਪ ਜਣਾਇੰਦਾ । ਨਿਹਕਲੰਕ ਜਾਮਾ ਪੌਣਾ, ਡੰਕਾ ਏਕਾ ਸ਼ਬਦ ਵਜਾਇੰਦਾ । ਪਿਛਲਾ ਲਹਿਣਾ ਸਭ ਦਾ ਆਪਣੇ ਖਾਤੇ ਪੌਣਾ, ਆਪਣਾ ਖਾਤਾ ਫੇਰ ਬਣਾਇੰਦਾ । ਗੁਰਮੁਖ ਸਾਚੇ ਆਪ ਪਰਗਟੌਣਾ, ਲੋਕਮਾਤ ਮਾਣ ਦਵਾਇੰਦਾ । ਸਰਗੁਣ ਹੋਏ ਨਿਰਗੁਣ ਆਪਣਾ ਖੇਲ ਖਿਲੌਣਾ, ਨਿਰਗੁਣ ਹੋਏ ਆਪਣਾ ਢੋਲਾ ਆਪ ਜਣਾਇੰਦਾ । ਸਰਗੁਣ ਫੇਰ ਰੰਗ ਰੰਗੌਣਾ, ਨਿਰਗੁਣ ਧਾਰ ਚਲਾਇੰਦਾ । ਸਿੰਘ ਪਾਲ ਪਾਲ ਵਡਿਔਣਾ, ਬ੍ਰਹਮੇ ਬ੍ਰਹਮ ਜੋਤ ਜਗਾਇੰਦਾ । ਗੁਰਮੁਖ ਸਾਚਾ ਸਾਚੇ ਧਾਮ ਰਖੌਣਾ, ਸਾਚਾ ਮਾਰਗ ਆਪੇ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਆਪਣਾ ਰਾਹ ਆਪ ਜਣਾਇੰਦਾ । ਸ਼ੰਕਰ ਅੰਤਮ ਕਰੇ ਪਾਰ, ਸੋ ਪੁਰਖ ਨਿਰੰਜਣ ਪਾਰ ਕਰਾਈਆ । ਗੁਰਮੁਖ ਸਾਚੇ ਲਏ ਉਭਾਰ, ਲੋਕਮਾਤ ਜਨਮ ਦਵਾਈਆ । ਫੜ ਫੜ ਬਾਹੋਂ ਲਏ ਉਠਾਲ, ਸੇਵਕ ਬਣ ਬਣ ਸੇਵ ਕਮਾਈਆ । ਸਾਚਾ ਮਾਰਗ ਦਏ ਵਖਾਲ, ਅਨਡਿਠੜਾ ਰਾਹ ਚਲਾਈਆ । ਚਲੇ ਚਲਾਏ ਅਵੱਲੜੀ ਚਾਲ, ਚਾਲ ਨਿਰਾਲੀ ਇਕ ਰਖਾਈਆ । ਸਾਚੇ ਸੁਤ ਸਾਚੇ ਤਖ਼ਤ ਦਏ ਬਹਾਲ, ਜਗਦੀਸ ਸੀਸ ਛਤਰ ਝੁਲਾਈਆ । ਮੇਲ ਮਿਲਾਵਾ ਦੀਨ ਦਿਆਲ, ਦਇਆਨਿਧ

੧੩੭੦
੧੦

ਸਦਾ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਮਾਰਗ ਆਪ ਵਖਾਈਆ । ਅਗਲਾ ਮਾਰਗ ਹਰਿ ਜੂ ਲੌਣਾ, ਲਹਿਣਾ ਸਭ ਦਾ ਆਪ ਮੁਕਾਇੰਦਾ । ਇੰਦ ਇੰਦਾਰਸਨ ਆਪ ਤਜੌਣਾ, ਕ੍ਰੋੜ ਤੇਤੀਸਾ ਪੰਧ ਮੁਕਾਇੰਦਾ । ਛੋਟੇ ਬਾਲੇ ਮਾਣ ਦਵੌਣਾ, ਮਨਜੀਤਾ ਜਿਤਿਆ ਕਦੇ ਨਾ ਜਾਇੰਦਾ । ਪੁਰਖ ਅਬਿਨਾਸ਼ੀ ਏਕਾ ਢੋਲਾ ਗੌਣਾ, ਏਕਾ ਹੁਕਮ ਸੁਣਾਇੰਦਾ । ਦਰ ਦਵਾਰ ਆਪ ਪਰਗਟੌਣਾ, ਭਗਤ ਭਗਵੰਤ ਖੇਲ ਖਿਲਾਇੰਦਾ । ਧਰੂ ਆਪਣੇ ਲੇਖੇ ਲੌਣਾ, ਲੇਖਾ ਪਿਛਲਾ ਝੋਲੀ ਪਾਇੰਦਾ । ਗੁਰਮੁਖ ਸਾਚੇ ਬਣਤ ਬਣੌਣਾ, ਸਿੰਘ ਸਵਰਨ ਮਾਣ ਵਡਿਆਇੰਦਾ । ਸਾਚਾ ਮਾਰਗ ਰਾਹ ਵਖੌਣਾ, ਲੋਕਮਾਤ ਵੰਡ ਵੰਡਾਇੰਦਾ । ਸਚ ਦਵਾਰਾ ਇਕ ਸੁਹੌਣਾ, ਰਾਜ ਜੋਗ ਇਕ ਕਮਾਇੰਦਾ । ਬਲ ਬਾਵਨ ਵੇਖ ਵਖੌਣਾ, ਹੁਕਮੀ ਹੁਕਮ ਆਪ ਫਿਰਾਇੰਦਾ । ਚੌਥੇ ਜੁਗ ਕ਼ਰਜ਼ਾ ਲੌਹਣਾ, ਕੀਤਾ ਕੌਲ ਪੂਰ ਕਰਾਇੰਦਾ । ਸੰਬਲ ਦੇਸ ਡੇਰਾ ਲੌਣਾ, ਸਾਂਤਕ ਸਤਿ ਕਰਾਇੰਦਾ । ਆਪਣਾ ਮੇਲ ਆਪ ਮਿਲੌਣਾ, ਮੇਲ ਮਿਲਾਵਾ ਆਪਣੇ ਹੱਥ ਰਖਾਇੰਦਾ । ਤ੍ਰੈਗੁਣ ਮਾਇਆ ਝੋਲੀ ਪੌਣਾ, ਏਕਾ ਇਕੀ ਵੰਡ ਵੰਡਾਇੰਦਾ । ਜੇਠ ਅਗਨੀ ਠੰਡੀ ਠਾਰ ਕਰੌਣਾ, ਵਾਹ ਵਾਹ ਸਾਚੀ ਰੁਤ ਸੁਹਾਇੰਦਾ । ਬਣ ਦਾਨੀ ਸਾਚਾ ਦਾਨ ਕਰੌਣਾ, ਸੰਮਤ ਸੋਲਾਂ ਰਾਹ ਚਲਾਇੰਦਾ । ਸੌ ਪਕਵਾਨ ਇਕ ਪਕੌਣਾ, ਪੁਰਖ ਅਬਿਨਾਸ਼ੀ ਸੇਵ ਕਮਾਇੰਦਾ । ਇਕ ਇਕ ਫੁਲਕਾ ਇਕ ਇਕ ਸਿੱਖ ਆਪ ਵਰਤੌਣਾ, ਵਰਤਾਵਣਹਾਰ ਆਪਣਾ ਭੇਵ ਨਾ ਕਿਸੇ ਜਣਾਇੰਦਾ । ਅੰਤਮ ਲੇਖਾ ਆਪਣੇ ਲੇਖੇ ਪੌਣਾ, ਤਨ ਮੰਦਰ ਆਪ ਸੁਹਾਇੰਦਾ । ਹੱਡੀਆਂ ਬਾਲਣ ਆਪ ਬਣੌਣਾ, ਜੋਤੀ ਅਗਨੀ ਲੰਬੂ ਲਾਇੰਦਾ । ਅੰਤਮ ਮੇਲਾ ਮੇਲ ਮਿਲੌਣਾ, ਮਿਲਿਆ ਮੇਲ ਵਿਛੜ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪਣਾ ਰੰਗ ਆਪ ਰੰਗਾਇੰਦਾ । ਰੰਗਣ ਰੰਗ ਚਲੂਲ, ਰੰਗਣਹਾਰਾ ਇਕ ਅਖਵਾਈਆ । ਸਤਿਜੁਗ ਕੌਲ ਨਾ ਗਿਆ ਭੂਲ, ਕਲਜੁਗ ਅੰਤਮ ਪੂਰ ਕਰਾਈਆ । ਲਹਿਣਾ ਚੁੱਕਿਆ ਲੈਣਾ ਮੂਲ, ਦੇਣਾ ਦੇਣਾ ਝੋਲੀ ਭਰਾਈਆ । ਆਪਣਾ ਦਰ ਕਰਿਆ ਕ਼ਬੂਲ, ਮਹਿਬੂਬ ਵਡੀ ਵਡਿਆਈਆ । ਦਰ ਪੰਘੂੜਾ ਰਿਹਾ ਝੂਲ, ਚਰਨ ਸਰਨ ਮਿਲੀ ਸੱਚੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਦਰਸ ਆਪ ਕਰਾਈਆ । ਪਾਇਆ ਦਰਸ ਸ੍ਰੀ ਭਗਵੰਤ, ਵੱਜੀ ਸਚ ਵਧਾਈਆ । ਦੋਏ ਜੋੜ ਕਰੇ ਬੇਨੰਤ, ਵਾਹ ਵਾਹ ਤੇਰੀ ਵਡੀ ਵਡਿਆਈਆ । ਮੈਂ ਮੰਗਾਂ ਮੰਗ ਬਣਕੇ ਮੰਗਤ, ਅੱਗੇ ਝੋਲੀ ਡਾਹੀਆ । ਚੌਥਾ ਜੁਗ ਦਿਸੇ ਭੁੱਖ ਨੰਗਤ, ਨਾਮ ਵਸਤ ਨਾ ਕੋਇ ਰਖਾਈਆ । ਇਕ ਨਾਨਕ ਲਾਇਆ ਅੰਗ ਅੰਗਦ, ਅੰਗੀਕਾਰ ਕਰ ਗਇਆ ਸਮਝਾਈਆ । ਅਮਰ ਦਾਸ ਮੰਗੀ ਸਾਚੀ ਮੰਗਤ, ਰਾਮ ਦਾਸ ਭੁੱਖ ਨੰਗਤ ਦਏ ਮਿਟਾਈਆ । ਗੁਰ ਅਰਜਨ ਤੋੜੇ ਹਉਮੇ ਹੰਗਤ, ਬਾਣੀ ਬਾਣ ਨਿਰਾਲਾ ਤੀਰ ਚਲਾਈਆ । ਹਰਿ ਗੋਬਿੰਦ ਦੇਵੇ ਜਨਤ, ਹਿੰਦੂ ਮੁਸਲਿਮ ਨਾ ਕੋਈ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਰਿਹਾ ਸਮਝਾਈਆ । ਸਾਚਾ ਭੇਵ ਖੋਲ੍ਹੇ ਬੋਲ, ਬੋਲ ਬੋਲ ਸੁਣਾਇਆ । ਹਰਿ ਰਾਏ ਹਰਿ ਗਿਆ ਮੌਲ, ਹਰਿ ਹਰਿ ਰੂਪ ਵਟਾਇਆ । ਕ੍ਰਿਸ਼ਨਾ ਹਰਿ ਹਰਿ ਕਰਿਆ ਖੇਲ ਉਪਰ ਧਵਲ, ਬਾਲੀ ਬਾਲਾ ਰੂਪ ਜਣਾਇਆ । ਤੇਗ਼ ਬਹਾਦਰ ਸਾਚਾ ਹਰਿ ਘਟ ਘਟ ਗਿਆ ਮੌਲ, ਰੂਪ ਰੰਗ ਰੰਗ ਰੂਪ ਨਾ ਕੋਈ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਦਰ ਇਕ ਵਡਿਆਇਆ । ਤੇਰਾ ਦਰ ਵੱਡਾ ਦਰਬਾਰਾ, ਵਡ ਵੱਡੀ ਤੇਰੀ ਵਡਿਆਈਆ । ਤੇਰੇ ਘਰ ਵੱਡਾ ਭੰਡਾਰਾ, ਅਤੋਟ ਅਤੁਟ

੧੩੭੧
੧੦

ਵਰਤਾਈਆ । ਤੇਰਾ ਨਾਮ ਵੱਡਾ ਵਣਜਾਰਾ, ਸਾਚਾ ਵਣਜ ਇਕ ਵਖਾਈਆ । ਤੇਰਾ ਹਦ ਪਾਰ ਕਿਨਾਰਾ, ਬੇਹੱਦ ਤੇਰੀ ਸ਼ਹਿਨਸ਼ਾਹੀਆ । ਤੇਰਾ ਗੋਬਿੰਦ ਸੁਤ ਦੁਲਾਰਾ, ਤੇਰੇ ਘਰ ਵਸੇ ਚਾਈਂ ਚਾਈਆ । ਤੇਰੀਆਂ ਸੰਗਤਾਂ ਕਰੇ ਪਿਆਰਾ, ਤੇਰੇ ਗੁਰਸਿਖ ਨਾਲ ਮਿਲਾਈਆ । ਨਾਨਕ ਲਿਖ ਕੇ ਗਿਆ ਲੇਖ ਅਪਾਰਾ, ਤੇਰੀ ਮਹਿਮਾ ਮਾਤ ਜਣਾਈਆ । ਤੂੰ ਭਗਤਾਂ ਦਏਂ ਸਹਾਰਾ, ਨਿਰਧਨ ਸਰਧਨ ਧੀਰ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮੈਂ ਬੈਠਾ ਸੀਸ ਝੁਕਾਈਆ । ਕਬ ਰਾਜਾ ਮੈਂ ਕਬ ਭਿਖਾਰੀ, ਕਬ ਤਾਜ ਸੀਸ ਟਿਕਾਇੰਦਾ । ਕਦ ਦਰਵੇਸ਼ ਕਦ ਦਰਬਾਰੀ, ਕਦ ਹੁਕਮੀ ਹੁਕਮ ਸੁਣਾਇੰਦਾ । ਕਦ ਵੇਲਾ ਤੇਰੇ ਚਰਨ ਕਰਾਂ ਨਿਮਸਕਾਰੀ, ਆਪਣਾ ਦੁਖ ਸੁਣਾਇੰਦਾ । ਸਤਿਜੁਗ ਤ੍ਰੇਤਾ ਦਵਾਪਰ ਅਡੀਕ ਰੱਖੀ ਤੇਰੀ ਔਣ ਦੀ ਵਾਰੀ, ਤੂੰ ਕਲਜੁਗ ਅੰਤਮ ਆਈਆ । ਮੈਂ ਆਪਾ ਤੇਰੇ ਉਤੋਂ ਦਿਤਾ ਵਾਰੀ, ਬੰਸ ਭੇਟ ਚੜ੍ਹਾਈਆ । ਜੇ ਕੋਈ ਹੈ ਦਰਦ ਨਿਭਾ ਲੇ ਯਾਰੀ, ਬੇਦਰਦ ਤੇਰੀ ਬੇਦਰਦੀ ਮੇਰੀ ਸ਼ਹਿਨਸ਼ਾਹੀਆ । ਆਪਣਾ ਨਾਮ ਕਰਦ ਫੇਰ ਮੇਰੇ ਸੀਸ ਇਕ ਵਾਰੀ, ਮੇਰੀ ਰਗ ਰਗ ਖ਼ੁਸ਼ੀ ਮਨਾਈਆ । ਮੇਰਾ ਖ਼ੂਨ ਬਣ ਪਰਚੂਨ ਤੇਰੀ ਖਿਲਤ ਨੀਂਹ ਗਿਆ ਉਸਾਰੀ, ਮਖ਼ਲੂਕ ਤੇਰੀ ਜਣਾਈਆ । ਪੀਰ ਪੈਗ਼ੰਬਰ ਜਿਸ ਦੁਖੜੇ ਨੂੰ ਰੋਵਣ ਜ਼ਾਰੋ ਜ਼ਾਰੀ, ਗੋਬਿੰਦ ਝਲ ਝਲ ਖ਼ੁਸ਼ੀ ਮਨਾਈਆ । ਆ ਵੇਖ ਮੇਰੀ ਫੁਲਵਾੜੀ, ਮੈਂ ਤੇਰੇ ਪਿਛੇ ਬਗੀਚਾ ਰਿਹਾ ਲਗਾਈਆ । ਤੇਰੀ ਸੌਣੀ ਤੇਰੀ ਹਾੜੀ, ਮੈਂ ਕਰਨ ਆਇਆ ਦਿਹਾੜੀ, ਜੇ ਹੁਕਮ ਦੇਵੇਂ ਤੇਰੀ ਢੇਰੀ ਵਢ ਵਢ ਤੇਰੇ ਅਗੇ ਢੇਰੀ ਲਾਈਆ । ਤੂੰ ਫਿਰੇ ਜੰਗਲ ਜੂਹ ਉਜਾੜ ਪਹਾੜੀ, ਤੇਰੀ ਮਹਿਮਾ ਸਮੁੰਦ ਸਾਗਰ ਡੂੰਘੀ ਖਾੜੀ, ਮੈਂ ਅਵਗੁਣ ਭਰੀ ਤੇਰੀ ਪਨਹਾਰੀ, ਆਦਿ ਜੁਗਾਦਿ ਬਿਨ ਤੇਰੇ ਰਹਾਂ ਕੁਆਰੀ, ਦੂਜਾ ਕੰਤ ਨਾ ਕੋਈ ਮਨਾਈਆ । ਆ ਕਰ ਨੈਣ ਮੇਰੇ ਸੰਗਾਰੀ, ਮੈਂ ਘੋਲੀ ਤੈਥੋਂ ਵਾਰੀ, ਤੇਰੇ ਵਾਸਤੇ ਸੇਜ ਸਵਾਰੀ, ਗਲ ਪੱਲੂ ਪਾ ਪਾ ਮਾਹੀਆ । ਤੂੰ ਕੰਤ ਮੈਂ ਤੇਰੀ ਨਾਰੀ, ਤੂੰ ਜਿਤਿਆ ਮੈਂ ਹਾਰੀ, ਮੈਂ ਵੇਖਾਂ ਤੇਰੀ ਇਕ ਅਟਾਰੀ, ਮੇਰੀ ਪੂਰੀ ਆਸ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਏਕਾ ਵਸਤ ਝੋਲੀ ਪਾਈਆ । ਵਾਹ ਵਾਹ ਮੰਗੀ ਮੰਗ ਅਪਾਰ, ਮੰਗਤ ਆਪਣੀ ਝੋਲੀ ਡਾਹਿਆ । ਦੇਵਣਹਾਰ ਏਕ ਦਾਤਾਰ, ਜੁਗ ਜੁਗ ਦੇਂਦਾ ਆਇਆ । ਜਿਸ ਦਾ ਰਾਹ ਤੱਕਦੇ ਰਹੇ ਜੁਗ ਚਾਰ, ਨੇਤਰ ਨੈਣ ਧਿਆਨ ਲਗਾਇਆ । ਜਿਸ ਦੀ ਕਬੀਰ ਕਰੇ ਪੁਕਾਰ, ਉਚੀ ਕੂਕ ਕੂਕ ਸੁਣਾਇਆ । ਜਿਸ ਨੂੰ ਮੰਨਦੇ ਸੱਚਾ ਯਾਰ, ਸੋ ਪਰਵਰਦਿਗਾਰ ਫੇਰਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦਰ ਦਏ ਵਖਾਇਆ । ਆ ਦਵਾਰਾ ਵੇਖ ਲੈ ਮੀਤ, ਮਿਤਰ ਮਿਤਰਾਂ ਨਾਲ ਮਿਲਾਈਆ । ਆ ਵੇਖ ਵੇਖ ਸਾਚੀ ਰੀਤ, ਜਿਸ ਦਾ ਲੇਖ ਨਾ ਕੋਈ ਜਣਾਈਆ । ਆ ਵੇਖ ਜਿਸ ਦਾ ਗੁਰੂਦਵਾਰਾ ਦੇਹੁਰਾ ਮੰਦਰ ਮਸਜਿਦ ਸ਼ਿਵਦਵਾਲਾ ਮਠ ਨਾ ਕੋਈ ਮਸੀਤ, ਬਿਨ ਚਾਰ ਦਵਾਰੀ ਡੇਰਾ ਲਾਈਆ । ਜਿਹੜਾ ਵਸਿਆ ਹਸਤ ਕੀਟ, ਆਦਿ ਜੁਗਾਦਿ ਜਾਣੇ ਸਾਚੀ ਪ੍ਰੀਤ, ਲੱਗੀ ਪ੍ਰੀਤ ਤੋੜ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਗੁਣ ਆਪ ਵਖਾਈਆ । ਸਾਚਾ ਗੁਣ ਸ੍ਰੀ ਭਗਵਾਨਾ, ਆਪਣਾ ਆਪ ਜਣਾਇੰਦਾ । ਆਦਿ ਜੁਗਾਦਿ ਸਦਾ ਮਿਹਰਵਾਨਾ, ਸਿਰ ਆਪਣਾ ਹੱਥ ਰਖਾਇੰਦਾ । ਆ ਬਲ ਬਾਵਨ ਦੇਵੇ ਦਾਨਾ, ਰੂਪ ਅਨੂਪ ਵਟਾਇੰਦਾ । ਗੁਰਦਿਆਲ ਸਿੰਘ ਸਿੰਘ ਬਣ ਸਾਚਾ ਲਾਲਾ, ਲਾਲ ਆਪਣੀ ਗੋਦ ਬਹਾਇੰਦਾ । ਮੇਰਾ ਘਰ ਤੇਰੀ ਧਰਮਸਾਲਾ, ਸਚ ਦਵਾਰੇ ਸੋਭਾ ਪਾਇੰਦਾ ।

ਤੇਰਾ ਰਾਹ ਤੱਕੇ ਸਿੰਘ ਪਾਲਾ, ਏਕਾ ਨੈਣ ਉਠਾਇੰਦਾ । ਜਗਦੀਸ ਪੁਛੇ ਹਾਲਾ, ਮਨਜੀਤ ਖ਼ੁਸ਼ੀ ਮਨਾਇੰਦਾ । ਸਵਰਨ ਕਰੇ ਸਵਾਲਾ, ਆਪਣਾ ਹਾਲ ਜਣਾਇੰਦਾ । ਪਾਰਬ੍ਰਹਮ ਪਤਿਪਰਮੇਸ਼ਵਰ ਨਿਹਕਲੰਕ ਨਰਾਇਣ ਨਰ ਕਲਜੁਗ ਅੰਤਮ ਕਰੇ ਕੀ ਖ਼ਿਆਲਾ, ਕਵਣ ਆਪਣੀ ਬਿਧ ਬਣਾਇੰਦਾ । ਬਿਨ ਭਗਤਾਂ ਨਾ ਮਿਲੇ ਪੁਰਖ ਅਕਾਲਾ, ਭਗਤ ਭਗਤ ਭਗਤਾਂ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਵੇਖਿਆ ਸਾਚਾ ਘਰ, ਮੇਰੀ ਇਛਿਆ ਪੂਰ ਕਰਾਇੰਦਾ । ਸਾਚੀ ਇਛਿਆ ਮੇਰੀ ਪੂਰ, ਅੰਤਮ ਆਸ ਤਕਾਈਆ । ਜਨ ਭਗਤਾਂ ਬੇੜਾ ਭਰ ਪੂਰ, ਲੋਕਮਾਤ ਦਇਆ ਕਮਾਈਆ । ਬਣ ਪੂਤ ਕਪੂਤ ਜੇ ਕੀਤਾ ਕ਼ਸੂਰ, ਸਾਡੇ ਕ਼ਸੂਰ ਮੁਆਫ ਦਏ ਕਰਾਈਆ । ਅਸੀਂ ਆਪਣੀ ਭੁਲ ਮੰਨੀਏ ਜ਼ਰੂਰ, ਦਰ ਤੇਰੇ ਸੀਸ ਝੁਕਾਈਆ । ਤੂੰ ਸਤਿਗੁਰ ਕਰੀਂ ਮਨਜ਼ੂਰ, ਦੂਸਰ ਓਟ ਨਾ ਕੋਈ ਤਕਾਈਆ । ਤੇਰਾ ਸੱਚਾ ਇਕੋ ਨੂਰ, ਨੂਰ ਨੁਰਾਨਾ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੇ ਸੱਜਣ ਮੇਰੇ ਨਾਲ ਮਿਲਾਈਆ । ਮੇਰੇ ਸੱਜਣ ਦੇ ਮਿਲਾ, ਮੇਰੇ ਸਾਹਿਬ ਸੱਜਣ ਸੁਲਤਾਨਾ । ਗੋਬਿੰਦ ਰਲਿਆ ਨਾਲ ਮਲਾਹ, ਦੇਵੇ ਧੁਰ ਫ਼ਰਮਾਨਾ । ਸਤਿਜੁਗ ਮਾਰਗ ਦਏ ਵਖਾ, ਤੇਰਾ ਝੁੱਲੇ ਸਚ ਨਿਸ਼ਾਨਾ । ਨਾਨਕ ਨਿਰਗੁਣ ਉਠ ਕੇ ਦਏ ਸਲਾਹ, ਮੇਰੇ ਛੱਤੀ ਜੁਗ ਕਰ ਪਰਵਾਨਾ । ਤੂੰ ਸਭ ਦਾ ਪਿਤਾ ਮਾਂ, ਆਦਿ ਜੁਗਾਦੀ ਬੀਨਾ ਦਾਨਾ । ਤੇਰੇ ਲੇਖੇ ਅੰਦਰ ਸਭ ਦਾ ਨਾਂ, ਅਭੁਲ ਭੁਲ ਕਦੇ ਨਾ ਜਾਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਭਗਤਾਂ ਮਿਲੇ ਸਚ ਟਿਕਾਣਾ । ਸਚ ਟਿਕਾਣਾ ਜਗਤ ਬਣੌਣਾ, ਪਾਰਬ੍ਰਹਮ ਦਇਆ ਕਮਾਈਆ । ਭਗਤ ਸੰਗ ਭਗਤ ਮਿਲੌਣਾ, ਭਗਤੀ ਭਗਤ ਕਰੇ ਕੁੜਮਾਈਆ । ਜੋਗ ਅਭਿਆਸ ਨਾ ਕੋਈ ਕਰੌਣਾ, ਪੂਜਾ ਪਾਠ ਨਾ ਕੋਈ ਰਖਾਈਆ । ਤੀਰਥ ਤਟ ਨਾ ਕਿਸੇ ਨਹੌਣਾ, ਕਰ ਕਿਰਪਾ ਦੁਰਮਤ ਮੈਲ ਧਵਾਈਆ । ਰਾਤੀ ਸੁਤਿਆਂ ਆਪਣਾ ਦਰਸ ਕਰੌਣਾ, ਕੋਟ ਜਨਮ ਦੀ ਭਗਤੀ ਮੁਖ ਸ਼ਰਮਾਈਆ । ਜਿਸ ਜਨ ਆਪਣੇ ਚਰਨ ਬਹੌਣਾ, ਤਿਸ ਬ੍ਰਹਮਾ ਵਿਸ਼ਨ ਸ਼ਿਵ ਸੀਸ ਝੁਕਾਈਆ । ਜਿਸ ਜਨ ਆਪਣਾ ਨਾਮ ਜਪੌਣਾ, ਤਿਸ ਰਾਹ ਵਿਚਕਾਰ ਨਾ ਕੋਇ ਉਠਾਈਆ । ਜਿਸ ਸਿਰ ਆਪਣਾ ਹੱਥ ਟਿਕੌਣਾ, ਸੋ ਗੁਰਮੁਖ ਮਰੇ ਨਾ ਜਾਈਆ । ਸਤਿਜੁਗ ਸਾਚਾ ਰਾਹ ਚਲੌਣਾ, ਚਾਰ ਕੁੰਟ ਵੱਜੇ ਵਧਾਈਆ । ਚਾਰ ਵਰਨ ਦਾ ਚੰਦ ਚੜ੍ਹੌਣਾ, ਜਗਤ ਅੰਧੇਰਾ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਂਆ । ਚਾਰ ਵਰਨ ਦਾ ਸਚ ਦਵਾਰਾ, ਸੋ ਪੁਰਖ ਨਿਰੰਜਣ ਆਪ ਪਰਗਟਾਈਆ । ਛੱਤੀ ਜੁਗ ਦਾ ਸਤਿ ਵਿਹਾਰਾ, ਸਤਿ ਸਤਿਵਾਦੀ ਆਪ ਕਰਾਈਆ । ਮੰਦਰ ਮਸਜਿਦ ਮਠ ਸ਼ਿਵਦਵਾਲਾ ਕਰੇ ਪਾਰ ਕਿਨਾਰਾ, ਆਪਣਾ ਹੁਕਮ ਵਰਤਾਈਆ । ਏਕਾ ਬ੍ਰਹਮ ਪਾਰਬ੍ਰਹਮ ਕਰੇ ਉਜਿਆਰਾ, ਏਕਾ ਅੱਖਰ ਕਰੇ ਪੜ੍ਹਾਈਆ । ਏਕਾ ਨਾਮ ਸਚ ਜੈਕਾਰਾ, ਨੌਂ ਖੰਡ ਪ੍ਰਿਥਮੀ ਦਏ ਸੁਣਾਈਆ । ਏਕਾ ਹੁਕਮ ਇਕ ਵਰਤਾਰਾ, ਸ਼ਹਿਨਸ਼ਾਹ ਇਕ ਅਖਵਾਈਆ । ਏਕਾ ਚਲੇ ਸਚ ਵਿਹਾਰਾ, ਸਾਚੀ ਸਿਖਿਆ ਦਏ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਛੱਤੀ ਛੱਤੀ ਧਾਰ ਬੰਧਾਈਆ । ਛੱਤੀ ਛੱਤੀ ਹਰਿ ਜੂ ਧਾਰ, ਰਾਗ ਛਤੀਸ ਮੰਗ ਮੰਗਾਇੰਦਾ । ਮੈਂ ਭਗਤਾਂ ਦੇ ਗੁਣ ਗਾ ਗਾ ਗਿਆ ਹਾਰ, ਮੇਰਾ ਬਲ ਮੇਰਾ ਸਾਥ ਨਾ ਅੰਤ ਨਿਭਾਇੰਦਾ । ਮੈਨੂੰ ਪੜ੍ਹਨ ਵਾਲੇ ਜੀਵ ਵਿਭਚਾਰ, ਆਤਮ ਅੰਤਰ ਭੇਵ ਕੋਈ ਨਾ ਪਾਇੰਦਾ । ਮੇਰਾ ਰਾਗ ਗੌਣ ਮੇਰੀ ਵਾਰ, ਮੇਰਾ ਪੁਰਖ ਅਟਲ ਨਾ ਕੋਈ ਮਨਾਇੰਦਾ । ਗੁਰਦਵਾਰੇ ਮੰਦਰ ਬੈਠੇ ਤੱਕਣ ਨਾਰ ਮੁਟਿਆਰ, ਨੇਤਰ ਮੂੰਧ ਹਰਿ

ਕਾ ਦਰਸ ਕੋਈ ਨਾ ਪਾਇੰਦਾ । ਆਪਣਾ ਆਪ ਗਏ ਹਾਰ, ਮੈਂ ਹਉਂ ਸ਼ਰਮਿੰਦਾ ਮੁਖ ਨਾ ਕਿਸੇ ਵਖਾਇੰਦਾ । ਗੁਰ ਨਾਨਕ ਕਰਿਆ ਇਕ ਪਿਆਰ, ਹਉਂ ਦਿਤਾ ਸਚ ਅਧਾਰ, ਜਿਸ ਦੇ ਆਸਰੇ ਮੈਂ ਤੇਰਾ ਰਾਹ ਤਕਾਇੰਦਾ । ਧੰਨ ਭਾਗ ਤੂੰ ਆਇਆ ਵਿਚ ਸੰਸਾਰ, ਮੇਰੇ ਸਿਰ ਤੋਂ ਲੱਥਾ ਭਾਰ, ਤੇਰੇ ਅਗੇ ਕਰਾਂ ਨਿਮਸਕਾਰ, ਨਿਉਂ ਨਿਉਂ ਆਪਣਾ ਸੀਸ ਝੁਕਾਇੰਦਾ । ਤੈਨੂੰ ਭਾਵੇ ਤੇਰੀ ਕਾਰ, ਤੇਰਾ ਜੁਗ ਤੇਰਾ ਵਿਹਾਰ, ਤੇਰਾ ਅੰਤ ਕੋਈ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਚੁੱਕਾ ਅੰਤਮ ਡਰ, ਨਿਰਭੌ ਤੇਰੀ ਓਟ ਤਕਾਇੰਦਾ । ਦਰ ਚੁੱਕੇ ਤੇਰਾ ਛਤੀਸਾ, ਛੱਤੀ ਛੱਤੀ ਬੰਧਨ ਪਾਈਆ । ਚਾਰ ਵਰਨ ਇਕ ਹਦੀਸਾ, ਹਿੰਦੂ ਮੁਸਲਿਮ ਸਿੱਖ ਕਰੇ ਪੜ੍ਹਾਈਆ । ਸਭ ਦਾ ਲਹਿਣਾ ਚੱਕੇ ਬੀਸਾ, ਪੀਸਣ ਪੀਸ ਸੇਵ ਨਾ ਕੋਈ ਕਮਾਈਆ । ਕਿਸੇ ਛਤਰ ਨਾ ਰਹੇ ਸੀਸਾ, ਰਾਜ ਰਾਜਨਾ ਖ਼ਾਕ ਮਿਲਾਈਆ । ਤ੍ਰੈਗੁਣ ਮਾਇਆ ਖ਼ਾਲੀ ਖ਼ੀਸਾ, ਚਾਰ ਕੁੰਟ ਫਿਰੇ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਤੇਰਾ ਸਚ ਦਵਾਰਾ, ਭਗਤਨ ਵੰਡ ਵੰਡਾਈਆ । ਛੱਤੀ ਜੁਗ ਭਗਤਨ ਵੰਡ, ਹਰਿ ਜੂ ਕਰਦਾ ਆਇਆ । ਆਤਮ ਹੋਏ ਨਾ ਕਦੇ ਰੰਡ, ਜਿਸ ਹਰਿ ਕੰਤ ਕੰਤੂਹਲ ਮਨਾਇਆ । ਨਿਰਗੁਣ ਸੁਣਾਏ ਸੁਹਾਗੀ ਛੰਦ, ਸਰਗੁਣ ਢੋਲਾ ਗਾਇਆ । ਕਲਜੁਗ ਅੰਤਮ ਖੇਲ ਕਰੇ ਭਗਵੰਤ, ਭਗਤ ਸਾਚੇ ਲਏ ਵਡਿਆਇਆ । ਲੋਕਮਾਤ ਬਣਾਏ ਬਣਤ, ਚਾਰੋਂ ਕੁੰਟ ਲਕੀਰ ਖਿਚਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਦਵਾਰਾ ਲਏ ਸੁਹਾਇਆ । ਭਗਤ ਦਵਾਰਾ ਛੱਤੀ ਫੁਟ, ਛੱਤੀ ਛੱਤੀ ਫੁਟ ਚਾਰ ਦੀਵਾਰ ਖਿਚਾਈਆ । ਸਾਚਾ ਗਾਨਾ ਬੰਨ੍ਹੇ ਗੁੱਟ, ਆਪਣਾ ਸਗਨ ਮਨਾਈਆ । ਜਿਉਂ ਪੁਰਖ ਅਕਾਲ ਗੋਬਿੰਦ ਬਣਾਇਆ ਸੁਤ, ਗੋਬਿੰਦ ਗੁਰਸਿਖ ਸੁਤ ਲਏ ਬਣਾਈਆ । ਭਗਤ ਸੁਹੌਣੀ ਸਾਚੀ ਰੁਤ, ਪੱਤ ਡਾਲ੍ਹੀ ਮਾਤ ਮਹਿਕਾਈਆ । ਅੰਤਮ ਸੋਮਾ ਪਏ ਫੁਟ, ਅੰਮ੍ਰਿਤ ਧਾਰ ਵਹਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਆਪਣੀ ਧਾਰ ਵਿਚੋਂ ਪਏ ਫੁਟ, ਵਿਸ਼ਨ ਬ੍ਰਹਮਾ ਸ਼ਿਵ ਤੇਰਾ ਕ਼ਰਜ਼ਾ ਦੇਵੇ ਲਾਹੀਆ । ਜਗਤ ਜੀਵ ਜਹਾਨ ਭਾਗ ਗਏ ਨਿਖੁਟ, ਭਾਗਾਂ ਮੰਦ ਰਹੇ ਕੁਰਲਾਈਆ । ਬਿਨ ਹਰਿ ਨਾਮੇ ਖ਼ਾਲੀ ਬੁਤ, ਜਗਤ ਸਿਆਸਤ ਕਰੀ ਕੁੜਮਾਈਆ । ਅੰਤਮ ਘਰ ਘਰ ਪਾਵੇ ਫੁੱਟ, ਦਹਿ ਦਿਸ਼ਾ ਦਏ ਦੁਹਾਈਆ । ਸ਼ਾਹ ਸੁਲਤਾਨਾ ਕੱਢੇ ਕੁੱਟ, ਜਗਤ ਰਾਜ ਨਾ ਕੋਈ ਵਡਿਆਈਆ । ਪ੍ਰਭ ਮਾਰਿਆ ਨਾ ਸਕੇ ਕੋਈ ਉਠ, ਮੂੰਹ ਦੇ ਭਾਰ ਸਰਬ ਸੁਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਦਵਾਰਾ ਦਏ ਬਣਾਈਆ । ਭਗਤ ਦਵਾਰਾ ਬਣੇ ਮਾਤ, ਚਾਰ ਜੁਗ ਵਡਿਆਇੰਦਾ । ਸਤਿਜੁਗ ਸਾਚੀ ਦਿਤੀ ਦਾਤ, ਵਸਤ ਅਮੋਲਕ ਝੋਲੀ ਪਾਇੰਦਾ । ਆਪੇ ਵੇਖੇ ਮਾਰ ਝਾਤ, ਨੇਤਰ ਨੈਣ ਨੈਣ ਮਟਕਾਇੰਦਾ । ਬੈਠਾ ਰਹੇ ਇਕ ਇਕਾਂਤ, ਅਕਲ ਕਲ ਖੇਲ ਕਰਾਇੰਦਾ । ਜਨ ਭਗਤਾਂ ਬਖ਼ਸ਼ੇ ਆਪੇ ਦਾਤ, ਦੁਖ ਸੁਖ ਨਾਲ ਮਿਲਾਇੰਦਾ । ਨੌ ਖੰਡ ਪ੍ਰਿਥਮੀ ਬਣੇ ਇਕ ਪ੍ਰਾਂਤ, ਦੂਜੀ ਹਦ ਨਾ ਕੋਈ ਬਣਾਇੰਦਾ । ਲੱਖ ਚੁਰਾਸੀ ਬੰਨ੍ਹੇ ਨਾਤ, ਨਾਤਾ ਬਿਧਾਤਾ ਇਕ ਜੁੜਾਇੰਦਾ । ਸੋਹੰ ਸ਼ਬਦ ਸੁਣਾਏ ਗਾਥ, ਮੰਤਰ ਅੰਤਰ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਾ ਸੋਭਾ ਪਾਇੰਦਾ । ਛੱਤੀ ਛੱਤੀ ਫੁਟ ਚਾਰ ਦੀਵਾਰ, ਨੌ ਨੌ ਵੰਡ ਵੰਡਾਈਆ । ਤ੍ਰੈ ਤ੍ਰੈ ਦਿਸ਼ਾ ਬੰਨ੍ਹੇ ਧਾਰ, ਚੌਥੇ ਰਿਹਾ ਸਮਾਈਆ । ਪੰਜ ਚਾਰ ਖੇਲ ਅਪਾਰ, ਸਤ ਚਾਰ ਸੋਭਾਵੰਤ ਸੋਭਾ ਜਣਾਈਆ । ਡੇੜ ਡੇੜ ਵੇਖ ਅਖਾੜ, ਇਕ ਅੱਧਾ ਨਾਮ ਬੱਧਾ, ਜਨ ਭਗਤਾਂ ਦੇਵੇ ਸੱਦਾ, ਹੁਕਮੀ ਹੁਕਮ ਆਪ ਸੁਣਾਈਆ । ਜਗਤ

੧੩੭੪
੧੦

ਦਵਾਰੇ ਆਏ ਭੱਜਾ, ਨਾ ਕੋਈ ਰਖੇ ਲੋਕ ਲਜਾ, ਲਜਿਆ ਵਿਚ ਕਦੇ ਨਾ ਆਈਆ । ਜੁਗਾ ਜੁਗੰਤਰ ਜਿਸ ਨੇ ਪਰਦਾ ਕੱਜਾ, ਅੰਤਮ ਸੰਗਤ ਬਹਿ ਬਹਿ ਸਜਾ, ਬੇਪਰਵਾਹ ਸੱਚਾ ਸ਼ਹਿਨਸ਼ਾਹੀਆ । ਨਾ ਘੜਿਆ ਨਾ ਭੱਜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਵੰਡ ਆਪ ਵੰਡਾਈਆ । ਭਗਤਨ ਵੰਡ ਸਚ ਦਵਾਰ, ਹਰਿ ਦੁਆਰੀ ਆਪ ਕਰਾਇੰਦਾ । ਪੰਜ ਸਤ ਏਕਾ ਧਾਰ, ਚਾਰ ਚਾਰ ਨਾਲ ਮਿਲਾਇੰਦਾ । ਛੱਤੀ ਛੱਤੀ ਜਗਤ ਵਿਹਾਰ, ਛੱਤੀ ਪੁਰਖ ਅਕਾਲ ਵੰਡਾਇੰਦਾ । ਸੋਲਾਂ ਸੋਲਾਂ ਮਹੱਲ ਉਸਾਰ, ਮਹੱਲ ਆਪਣਾ ਨਾਉਂ ਵਡਿਆਇੰਦਾ । ਸਾਡੇ ਤਿੰਨ ਤਿੰਨ ਕਰ ਉਜਿਆਰ, ਅਗਲਾ ਮੁਖ ਆਪ ਸੁਹਾਇੰਦਾ । ਦੁੱਖ ਮੇਟੇ ਹਰਿ ਕਰਤਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਰੰਗ ਆਪ ਰੰਗਾਇੰਦਾ । ਤਿੰਨ ਹੱਥ ਅੱਧੀ ਵੰਡ, ਸਾਡੇ ਤਿੰਨ ਹੱਥ ਮੇਲ ਮਿਲਾਇਆ । ਛੱਤੀ ਜੁਗ ਦੇ ਕੋਟ ਬ੍ਰਹਿਮੰਡ, ਆਪਣੇ ਚਰਨਾਂ ਹੇਠ ਦਬਾਇਆ । ਚਾਰ ਜੁਗ ਦਾ ਖਿਚਿਆ ਪਰਮਾਨੰਦ, ਫਿਰ ਆਪਣਾ ਅਨੰਦ ਜਣਾਇਆ । ਚਾਰ ਖਾਣੀ ਦਰ ਕੀਤਾ ਬੰਦ, ਆਪਣਾ ਛੰਦ ਫੇਰ ਸਮਝਾਇਆ । ਆਪ ਗਾਇਆ ਬਿਨ ਬੱਤੀ ਦੰਦ, ਬਿਨ ਦੰਦਾਂ ਗੁਰਸਿਖਾਂ ਅੰਦਰ ਦਏ ਸਮਾਇਆ । ਜਿਸ ਨੂੰ ਕਹਿੰਦੇ ਸਾਹਿਬ ਬਖ਼ਸ਼ੰਦ, ਅਨਮੁਲ ਦਾਤ ਦਏ ਝੋਲੀ ਪਾਇਆ । ਗੁਰਮੁਖ ਨੰਗੀ ਨਾ ਹੋਵੇ ਕੰਡ, ਸਿਰ ਆਪਣਾ ਹੱਥ ਟਿਕਾਇਆ । ਨਾਤਾ ਤੋੜ ਜੇਰਜ ਅੰਡ, ਲੱਖ ਚੁਰਾਸੀ ਪਾਰ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰਾ ਆਪ ਬੰਧਾਇਆ । ਧਾਰ ਧਾਰ, ਨੌਂ ਨੌਂ ਚਾਰ ਚਾਰ ਵਡਿਆਈਆ । ਤ੍ਰੈ ਤ੍ਰੈ ਦਏ ਸਹਾਰ, ਖੇਲੇ ਖੇਲ ਬੇਪਰਵਾਹੀਆ । ਸੋਲਾਂ ਸੋਲਾਂ ਕਰ ਪਿਆਰ, ਸਾਚਾ ਸੋਹਲਾ ਆਪ ਜਣਾਈਆ । ਹੌਲਾ ਕਰੇ ਗੁਰਸਿਖਾਂ ਭਾਰ, ਸਿਰ ਆਪਣੇ ਭਾਰ ਉਠਾਈਆ । ਸਿੰਘ ਜਗਦੀਸ਼ ਕਰੇ ਪੁਕਾਰ, ਉਚੀ ਕੂਕ ਕੂਕ ਸੁਣਾਈਆ । ਮਨਜੀਤਾ ਵਾਜਾਂ ਰਿਹਾ ਮਾਰ, ਮਨ ਜਿਤੋ ਮੇਰੇ ਭਾਈਆ । ਸਵਰਨ ਸਿੰਘ ਰਿਹਾ ਸ਼ਿੰਗਾਰ, ਨੇਤਰ ਰਾਹ ਤਕਾਈਆ । ਗੁਰ ਦਿਆਲ ਲਾਲ ਕਰੇ ਪਿਆਰ, ਗੁਰਸਿਖਾਂ ਰਿਹਾ ਸਮਝਾਈਆ । ਪੁਰਖ ਅਬਿਨਾਸ਼ੀ ਕਰੇ ਸਚ ਪਿਆਰ, ਸਾਚਾ ਮਾਰਗ ਲਿਆ ਲਾਈਆ । ਮੈਂ ਢਾਈ ਕਰਮ ਧਰਤੀ ਦਿਤੀ ਆਪਣੀ ਵਾਰ, ਅੰਤਮ ਢਾਈ ਮੁੱਠੀ ਰਾਖ ਮੇਰੀ ਲੇਖੇ ਪਾਈਆ । ਜਗਦੀਸ਼ ਮਨਜੀਤ ਨਾਲ ਰਲ ਕੇ ਕਰੇ ਵਿਹਾਰ, ਨੀਹਾਂ ਥੱਲੇ ਦਏ ਦਬਾਈਆ । ਉਤੇ ਉਸਰੇ ਇਕ ਦਵਾਰ, ਗ਼ਰੀਬ ਨਿਮਾਣਿਆਂ ਗਲੇ ਲਗਾਈਆ । ਜੋ ਇਕ ਵੇਰ ਆ ਕੇ ਕਰੇ ਨਿਮਸਕਾਰ, ਮਾਤ ਗਰਭ ਫੇਰ ਨਾ ਆਈਆ । ਜੋ ਪੰਜ ਵਾਰ ਬੋਲੇ ਜੈਕਾਰ, ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ, ਤਿਸ ਜਮ ਨਾ ਸਕੇ ਮਾਰ, ਲਾੜੀ ਮੌਤ ਨਾ ਕਰੇ ਕੁੜਮਾਈਆ । ਜਿਸ ਦਰਸ਼ਨ ਦਏ ਦਿਖਾਲ, ਨੈਣਾਂ ਨਾਲ ਮਿਲਾਈਆ । ਸੋ ਸ਼ਾਹ ਬਣੇ ਕੰਗਾਲ, ਆਪਣਾ ਖ਼ਜ਼ਾਨਾ ਆਪਣੀ ਹੱਥੀਂ ਰਿਹਾ ਲੁਟਾਈਆ । ਵੇਖੋ ਲੋਕਾਈ ਹੋਈ ਬੇਹਾਲ, ਚਾਰੋਂ ਕੁੰਟ ਪਏ ਦੁਹਾਈਆ । ਸਭ ਦੇ ਸਿਰ ਤੇ ਕੂਕੇ ਕਾਲ, ਮਾਤ ਨਗਾਰਾ ਰਿਹਾ ਵਜਾਈਆ । ਗੋਬਿੰਦ ਸੁਣੇ ਮੁਰੀਦਾਂ ਹਾਲ, ਹਾਲ ਮਰੀਦਾਂ ਆਪ ਸੁਣਾਈਆ । ਆਓ ਸੱਥਰ ਵੇਖੋ ਯਾਰ, ਬੈਠਾ ਆਪਣੀ ਸੇਜ ਵਿਛਾਈਆ । ਜਿਸ ਦੀ ਕਰਦੇ ਰਹੇ ਭਾਲ, ਚਾਰੋਂ ਕੁੰਟ ਫੇਰਾ ਪਾਈਆ । ਜਿਸ ਅੰਮ੍ਰਿਤ ਦਿਤਾ ਪਿਆਲ, ਸੋ ਚਲ ਕੇ ਆਇਆ ਮਾਹੀਆ । ਜਿਸ ਦੀ ਲੱਗੀ ਨਿਭੇ ਨਾਲ, ਤੋੜ ਨਾ ਸਕੇ ਕੋਈ ਰਾਈਆ । ਕਿਸੇ ਦੇ ਅੱਗੇ ਜਾ ਕੇ ਕਿਉਂ ਕਰਦਾ ਕੋਈ ਸਵਾਲ, ਦੇਵਣਹਾਰ ਇਕ ਅਖਵਾਈਆ । ਲੇਖਾ ਜਾਣੇ ਸ਼ਾਹ ਕੰਗਾਲ, ਸਭ ਦੀ ਸਫਾ ਰਿਹਾ ਉਠਾਈਆ । ਦਿਨ ਦਿਹਾੜੇ ਲੁੱਟੀ ਜਾਏ ਮਾਲ, ਪਹਿਰੇਦਾਰ ਨਾ ਕੋਈ


੧੩੭੫
੧੦

ਬਹਾਈਆ । ਫਿਰ ਮੇਰੀ ਕਰਨੀ ਸਭ ਨੇ ਭਾਲ, ਮੈਂ ਬਹਿਣਾ ਮੁਖ ਛੁਪਾਈਆ । ਜਿਉਂ ਗੁਰ ਗੁਰਸਿਖ ਲੈ ਲੈ ਨਾਲ, ਤਿਸ ਗੋਦੀ ਲਵਾਂ ਉਠਾਈਆ । ਏਕਾ ਦੱਸਾਂ ਰਾਹ ਸੁਖਾਲ, ਬਹੱਤਰ ਨਾੜੀ ਮੇਟੇ ਸ਼ਾਹੀਆ । ਸਚ ਮਹੱਲ ਉਤੇ ਬੈਠੇ ਆਪ ਕਰਤਾਰ, ਦੂਰ ਦੁਰਾਡੇ ਗੁਰਸਿਖ ਵੇਖੇ ਚਾਈਂ ਚਾਈਆ । ਛੱਤੀ ਜੁਗ ਦੇ ਵਿਛੜਿਆਂ ਨੂੰ ਗਲ ਵਿਚ ਪਾਵੇ ਹਾਰ, ਗੁਰ ਨਾਨਕ ਨਾਲ ਮਿਲਾਈਆ । ਗੋਬਿੰਦ ਅਗੇ ਹੋ ਹੋ ਕਰੇ ਪਿਆਰ, ਗਲਵਕੜੀ ਸਾਚੀ ਪਾਈਆ । ਗੁਰਸਿਖਾਂ ਦੀ ਧੂੜੀ ਆਪਣੇ ਮਸਤਕ ਲਾਏ ਛਾਰ, ਵਿਸ਼ਨ ਬ੍ਰਹਮਾ ਸ਼ਿਵ ਖ਼ਾਕ ਮਿਲਾਈਆ । ਸਤਿਜੁਗ ਕਰੇ ਸਚ ਵਿਹਾਰ, ਬ੍ਰਹਿਮੰਡ ਖੰਡ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਰਾਹ ਤਕਾਈਆ । ਭਗਤਾਂ ਆਇਆ ਰਾਹ ਤੱਕਣ, ਤਕਦੀਰ ਭਗਤਾਂ ਹੱਥ ਫੜਾਈਆ । ਭਗਤਾਂ ਆਇਆ ਅੱਗੋਂ ਡੱਕਣ, ਤਦਬੀਰ ਭਗਤਾਂ ਹੱਥ ਜਣਾਈਆ । ਭਗਤਾਂ ਹੱਥੋਂ ਆਇਆ ਆਪਣਾ ਨਾਮ ਚੱਖਣ, ਨਾਮ ਭਗਤਾਂ ਰਿਹਾ ਜਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਭਗਤ ਲਏ ਤਰਾਈਆ । ਭਗਤ ਤਰਾਏ ਹਰਿ ਭਗਵਾਨ, ਭੈ ਭੌ ਨਾ ਕੋਈ ਜਣਾਇਆ । ਲੇਖਾ ਜਾਣੇ ਦੋ ਜਹਾਨ, ਸਤਿ ਸਤਿਵਾਦੀ ਵੇਸ ਧਰਾਇਆ । ਸਾਤਾ ਦੂਆ ਕਰ ਪਰਵਾਨ, ਅੰਕ ਅੰਕ ਨਾਲ ਮਿਲਾਇਆ । ਦੂਆ ਸਾਤਾ ਰਿਹਾ ਬੇਪਹਿਚਾਨ, ਰੂਪ ਰੰਗ ਨਾ ਕੋਈ ਵਖਾਇਆ । ਸਾਤਾ ਦੂਆ ਖੇਲ ਕਰੇ ਮਹਾਨ, ਸਾਚੀ ਵੰਡਨ ਵੰਡ ਵੰਡਾਇਆ । ਬਹੱਤਰ ਜਨ ਕਰੇ ਪਰਵਾਨ, ਭਗਤੀ ਭਗਤ ਭਗਤ ਸਮਝਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇਆ । ਭਗਤਾਂ ਅੰਦਰ ਭਗਤੀ ਧਾਰ, ਹਰਿ ਸਾਚਾ ਸਚ ਜਣਾਇੰਦਾ । ਆਤਮਾ ਸਿੰਘ ਸਿੰਘ ਕਰ ਪਿਆਰ, ਸਿੰਘ ਫੌਜਾ ਨਾਲ ਮਿਲਾਇੰਦਾ । ਦਰਸ਼ਨ ਸਿੰਘ ਦੇਵੇ ਦਰਸ ਦੀਦਾਰ, ਨੇਤਰ ਨੈਣ ਖੁਲ੍ਹਾਇੰਦਾ । ਸਿੰਘ ਠਾਕਰ ਮੇਲੇ ਠਾਕਰ ਦਵਾਰ, ਠੋਕਰ ਨਾਮ ਲਗਾਇੰਦਾ । ਅਮਰਜੀਤ ਸਿੰਘ ਅਮਰਾਪਦ ਧਾਰ, ਅਮਰ ਅਮਰ ਕਰਾਇੰਦਾ । ਸਰਜੀਤ ਸਿੰਘ ਹਰਿ ਸਿਰਜਣ ਹਾਰ, ਸਿੰਘ ਆਪਣੀ ਖੇਲ ਖਿਲਾਇੰਦਾ । ਬਖ਼ਸ਼ੀਸ਼ ਹਰਿ ਬਖ਼ਸ਼ਣਹਾਰ, ਬਖ਼ਸ਼ਸ਼ ਆਪਣੀ ਝੋਲੀ ਪਾਇੰਦਾ । ਦਲੀਪ ਸਿੰਘ ਦੇਵੇ ਤਾਰ, ਸਿੰਘ ਪਾਲ ਨਾਲ ਰਲਾਇੰਦਾ । ਫੌਜਾ ਸਿੰਘ ਭਰ ਭੰਡਾਰ, ਸਿੰਘ ਸੋਹਣ ਸਮਝਾਇੰਦਾ । ਸਿੰਘ ਕੁੰਦਨ ਤਾਰੇ ਆਪਣੀ ਵਾਰ, ਸੁਖਦੇਵ ਸੁਖ ਸਮਝਾਇੰਦਾ । ਮੱਸਾ ਸਿੰਘ ਮਸਤ ਮਸਤ ਮੁਨਾਰ, ਏਕਾ ਰੰਗ ਚੜ੍ਹਾਇੰਦਾ । ਸੁਰਜਣ ਸਿੰਘ ਕਰੇ ਸ਼ੰਗਾਰ, ਨਰਾਇਣ ਸਿੰਘ ਨੈਣ ਚਮਕਾਇੰਦਾ । ਅਵਤਾਰ ਸਿੰਘ ਕਰ ਪਿਆਰ, ਸਵਿੰਦਰ ਸਿੰਘ ਸੰਗ ਨਿਭਾਇੰਦਾ । ਕਾਸ਼ੀ ਰਾਮ ਕ੍ਰਿਸ਼ਮਾ ਅੰਮ੍ਰਿਤ ਧਾਰ, ਸਿੰਘ ਬੰਤਾ ਝੋਲੀ ਪਾਇੰਦਾ । ਜਸਬੀਰ ਦੇਵੇ ਧੀਰ, ਚਰਨ ਘਤੇ ਇਕ ਵਹੀਰ, ਸਿੰਘ ਸੰਤਾ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪਣਾ ਖੇਲ ਆਪ ਕਰਾਇੰਦਾ । ਸਾਚਾ ਖੇਲ ਕਰੇ ਕਰਤਾਰ, ਕ਼ੁਦਰਤ ਕ਼ਾਦਰ ਵੇਖ ਵਖਾਈਆ । ਸਿੰਘ ਕੇਹਰ ਕਰੇ ਪਿਆਰ, ਮਲ ਸਿੰਘ ਨਾਲ ਮਿਲਾਈਆ । ਗੁਰਦਾਸ ਸਿੰਘ ਦਏ ਅਧਾਰ, ਜਰਨੈਲ ਸਿੰਘ ਸੋਭਾ ਪਾਈਆ । ਸਿੰਘ ਸਰਦਾਰਾ ਦੇਵੇ ਤਾਰ, ਗੁਰਬਚਨ ਸਿੰਘ ਕਰੇ ਕੁੜਮਾਈਆ । ਰਾਮ ਸਿੰਘ ਖੋਲ੍ਹ ਕਿਵਾੜ, ਨੇਤਰ ਨੈਣ ਨੈਣ ਸਮਝਾਈਆ । ਸਿੰਘ ਸੌਦਾਗਰ ਮੰਦਰ ਆਪਣੇ ਵਾੜ, ਕਾਇਆ ਗਾਗਰ ਬੂਝ ਬੁਝਾਈਆ । ਬੂੜ ਸਿੰਘ ਜੋਤ ਨਿਰਾਕਾਰ, ਨੂਰ ਨੁਰਾਨਾ ਆਪ ਦਰਸਾਈਆ । ਅਮਰ ਸਿੰਘ ਅਮਰਾਪਦ ਚਾੜ੍ਹ, ਗੁਰਦਿਆਲ ਗੁਰ ਗੁਰ ਰੂਪ ਸਮਾਈਆ । ਸਿੰਘ ਨਾਜ਼ਰ ਦਏ ਅਧਾਰ, ਨਿਰੰਜਣ ਸਿੰਘ

ਏਕਾ ਨੈਣ ਖੁਲ੍ਹਾਈਆ । ਸਿੰਘ ਸਰਦਾਰਾ ਕਰੇ ਵਿਚਾਰ, ਗੱਜਣ ਸਿੰਘ ਸੋਭਾ ਪਾਈਆ । ਹਰਬੰਸ ਸਿੰਘ ਉਤਰਿਆ ਪਾਰ, ਭਾਗ ਸਿੰਘ ਭਾਗ ਵਡਿਆਈਆ । ਸਿੰਘ ਜਾਗੀਰ ਕਰੇ ਸ਼ੰਗਾਰ, ਤਨ ਬਸਤਰ ਇਕ ਛੁਹਾਈਆ । ਹਰਚੰਦ ਸਿੰਘ ਹੋਵੇ ਪਾਰ, ਖ਼ੁਸ਼ੀ ਬੰਦ ਬੰਦ ਆਪਣਾ ਆਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਪ੍ਰੀਤਮ ਸਿੰਘ ਪ੍ਰੇਮ ਪਿਆਰ, ਸਿੰਘ ਪਰਗਟ ਨਾਲ ਮਿਲਾਈਆ । ਰਤਨ ਸਿੰਘ ਅਮੋਲਕ ਲਾਲ, ਸਰੂਪ ਅਨੂਪ ਦਰਸਾਈਆ । ਸਿੰਘ ਸਰੂਪ ਕਰੇ ਪ੍ਰਿਤਪਾਲ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਗੁਰਮੁਖ ਸੱਚਾ ਵੇਖੇ ਲਾਲ, ਲਾਲ ਸਿੰਘ ਦਏ ਵਡਿਆਈਆ । ਨਸੀਬ ਸਿੰਘ ਕਰੇ ਬਹਾਲ, ਸਿੰਘ ਰੇਸ਼ਮ ਨਾਲ ਮਿਲਾਈਆ । ਜਸਵੰਤ ਸਿੰਘ ਨਾ ਖਾਏ ਕਾਲ, ਗੁਰਮੀਤ ਸਿੰਘ ਮਿਲੇ ਵਡਿਆਈਆ । ਗੱਜਨ ਸਿੰਘ ਨਾ ਹੋਏ ਕਦੇ ਬੇਹਾਲ, ਗੁਰਮੇਜ ਰੰਗ ਵਟਾਈਆ । ਕੇਸਰ ਸਿੰਘ ਆਪਣਾ ਲਾਲ, ਗੁਰਦੇਵ ਸਿੰਘ ਖ਼ੁਸ਼ੀ ਮਨਾਈਆ । ਤਾਰੂ ਸਿੰਘ ਹੋਏ ਦਿਆਲ, ਸਿੰਘ ਵਤਨ ਵੱਜੇ ਵਧਾਈਆ । ਅਰਜਣ ਸਿੰਘ ਸੁਰਤ ਸੰਭਾਲ, ਸੁਰਤ ਸ਼ਬਦ ਕਰੇ ਕੁੜਮਾਈਆ । ਬਲਵੰਤ ਕੌਰ ਦੇਵੇ ਤਾਰ, ਧਰਮ ਸਪਤਨੀ ਸਿੰਘ ਬਿਸ਼ਨ ਵਡਿਆਈਆ । ਸੁਦਰਸਨ ਦੇਵੇ ਇਕ ਅਧਾਰ, ਨਾਰੀ ਰੂਪ ਵਟਾਈਆ । ਭਾਗਨ ਸੋਹੇ ਸਚ ਦਵਾਰ, ਨੇਤਰ ਜਾਗਣ ਖ਼ੁਸ਼ੀ ਮਨਾਈਆ । ਰਣਜੀਤ ਕੌਰ ਮਿਲਿਆ ਸਚ ਘਰ ਬਾਰ, ਸ਼ਾਹ ਪਾਤਸ਼ਾਹ ਹੋਏ ਸਹਾਈਆ । ਕੁਛ ਸਿੱਖ ਰੱਖ ਲਏ ਤੀਜੇ ਦਿਨ ਫਿਰ ਕਰੇ ਵਿਹਾਰ, ਆਪਣਾ ਪਰਦਾ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਈਆ । ਬਹੱਤਰ ਭਗਤ ਅਕੱਠ, ਏਕਾ ਦਰ ਸੁਹਾਇੰਦਾ । ਚੇਲਾ ਸਿੰਘ ਨਾਮ ਲਿਆ ਰਟ, ਤੇਜ ਭਾਨ ਹਰਿ ਗੁਣ ਗਾਇੰਦਾ । ਗੁਰਦਿਤ ਸਿੰਘ ਲੇਖੇ ਲਾਈ ਰਤ, ਸਿੰਘ ਲਛਮਣ ਪਾਰ ਕਰਾਇੰਦਾ । ਦੇਵਾ ਸਿੰਘ ਖੇੜਾ ਨਾ ਹੋਏ ਭੱਠ, ਧਰਮ ਚੰਦ ਜੋੜ ਜੁੜਾਇੰਦਾ । ਦੇਵੀ ਸਿੰਘ ਗੇੜੇ ਲੱਠ, ਆਪਣਾ ਗੇੜਾ ਆਪ ਭਵਾਇੰਦਾ । ਭਗਤ ਸਿੰਘ ਮਾਰਗ ਦੱਸ, ਸਿੰਘ ਜਸਵੰਤ ਰਾਹ ਚਲਾਇੰਦਾ । ਸਰਿੰਦਰ ਸਿੰਘ ਮੇਲਾ ਹੱਸ ਹੱਸ, ਟੋਪਨ ਸਾਚੇ ਘੋੜ ਚੜ੍ਹਾਇੰਦਾ । ਬਹੱਤਰ ਤਾਰ ਨਾ ਕਰੇ ਬਸ, ਜੋ ਆਇਆ ਪਾਰ ਕਰਾਇੰਦਾ । ਚੁਹੱਤਰਾਂ ਪਹਿਲੋਂ ਪੂਰੀ ਕਰੇ ਆਸ, ਸੱਤਰ ਆਪਣੇ ਅਗੇ ਲਾਇੰਦਾ । ਸੱਤਰ ਬਹੱਤਰ ਚੁਹੱਤਰ ਇਕ ਇਕ ਨਾਲ ਇਕੀਆਂ ਕਰੇ ਬੰਦ ਖ਼ਲਾਸ, ਇਕੀਆਂ ਅਗੇ ਇਕੀ ਇਕੀ ਹੋਰ ਤਰਾਇੰਦਾ । ਕੋਈ ਹੋ ਕੇ ਨਾ ਜਾਏ ਨਿਰਾਸ, ਸਭ ਦਾ ਲੇਖਾ ਆਪਣੀ ਝੋਲੀ ਪਾਇੰਦਾ । ਸਦਾ ਸਹੇਲਾ ਵਸੇ ਪਾਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਤਰ ਬਹੱਤਰ ਚੁਹੱਤਰ ਤਿੰਨਾਂ ਅੰਕ ਕਰ ਅਕੱਤਰ, ਤਿੰਨਾਂ ਵਿਚੋਲਾ ਬਣੇ ਬਹੱਤਰ, ਸਿਫ਼ਰਾ ਉਡਾਏ ਸੱਤਰ, ਸਾਤਾ ਰਹਿ ਜਾਏ ਸਭ ਦਾ ਮਿਤਰ, ਚੌਕਾ ਚੌਥਾ ਜੁਗ ਬਣਿਆ ਚਤਰ, ਸਾਤਾ ਸਤਿ ਸਤਿਵਾਦੀ ਮਾਰੇ ਛਿਤਰ, ਸਭ ਨੂੰ ਮੂੰਹ ਦੇ ਭਾਰ ਸੁਟਾਇੰਦਾ । ਬਹੱਤਰ ਭਗਤ ਜੀਵ ਜੰਤ ਦੇਂਦੇ ਰਹਿ ਜਾਣ ਪਤਰ, ਪੂਰਬ ਲਹਿਣਾ ਝੋਲੀ ਪਾਈਆ । ਅੱਗੋਂ ਸਭਨਾ ਪੰਜ ਵਿਕਾਰਾ ਦੇਵੇ ਲਿਤੜ, ਆਪਣਾ ਭਾਰ ਉਠਾਈਆ । ਗਲ ਲਗਾਵੇ ਭਰਿਆਂ ਚਿੱਕੜ, ਦੁਰਮਤ ਮੈਲ ਧੁਆਈਆ । ਛੱਤੀ ਜੁਗ ਗੁਰਸਿਖੋ ਤੁਹਾਡਾ ਕਰਦਾ ਆਇਆ ਫ਼ਿਕਰ, ਫ਼ਿਕਰਾ ਆਪਣਾ ਮਾਤ ਚਲਾਈਆ । ਜਿਸ ਦੇ ਪਿਛੇ ਜਿਕਰੀਏ ਚਿਰਾਇਆ ਜ਼ਿਕਰ, ਸੋ ਤੁਹਾਡਾ ਜ਼ਿਕਰ ਕਰ ਆਪਣੀ ਖ਼ੁਸ਼ੀ ਮਨਾਈਆ । ਜਿਸ ਨੂੰ ਕਹਿੰਦੇ ਗਏ ਆਦਿ ਜੁਗਾਦਿ ਲੇਖਾ ਦੇਂਦਾ ਸੋ ਕਲਜੁਗ ਅੰਤਮ ਆਇਆ ਨਿੱਤਰ, ਨਿਰਵੈਰ ਪੁਰਖ ਬੇਪਰਵਾਹੀਆ । ਜਿਸ ਨੂੰ ਗੋਬਿੰਦ ਬਣਾਇਆ ਮਿਤਰ, ਸੋ ਮਿਤਰ ਬਣ ਬਣ ਸੇਵ


੧੩੭੭
੧੦

੧੩੭੮
੧੦

ਕਮਾਈਆ । ਜੋ ਬਣ ਹੰਕਾਰੀ ਬੈਠੇ ਵਿਟਰ, ਅੰਤ ਸਭ ਨੂੰ ਖ਼ਾਕ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਬਹੱਤਰ ਸਿਖ ਬਹੱਤਰ ਨਾੜੀ, ਨਾੜ ਨਾੜ ਨਾੜ ਸਮਾਇੰਦਾ । ਨਿਰਗੁਣ ਫਿਰੇ ਪਿਛੇ ਅਗਾੜੀ, ਸਰਗੁਣ ਤੇਰੀ ਸੇਵ ਕਮਾਇੰਦਾ । ਰੱਖੇ ਲਾਜ ਚਰਨ ਛੁਹਾਈ ਦਾੜ੍ਹੀ, ਲਾਜਾਵੰਤ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਇਕ ਸਮਝਾਇੰਦਾ । ਸਾਚੀ ਸੇਵਾ ਬਹੱਤਰ ਜਨ, ਹਰਿ ਸਾਚਾ ਸਚ ਜਣਾਇੰਦਾ । ਰਾਜ ਇੰਦਰ ਪ੍ਰਸਾਦਿ ਜੇ ਜਾਇਣ ਮੰਨ, ਅਗਲਾ ਲੇਖਾ ਪੂਰ ਕਰਾਇੰਦਾ । ਕਾਇਆ ਠੀਕਰ ਦੇਵੇ ਭੰਨ, ਜੋ ਘੜਿਆ ਭੰਨ ਵਖਾਇੰਦਾ । ਪਹਿਲੀ ਚੇਤਰ ਜਿਸ ਰਾਜ ਦਰਬਾਰੀਆਂ ਅੰਦਰ ਲੌਣੀ ਸੰਨ੍ਹ, ਔਂਦਾਂ ਜਾਂਦਾ ਦਿਸ ਨਾ ਆਇੰਦਾ । ਸੁਣ ਸਨੇਹੜਾ ਲਾ ਕੇ ਕੰਨ, ਗੁਰ ਗੋਬਿੰਦ ਆਪ ਸੁਣਾਇੰਦਾ । ਭਗਤ ਦਵਾਰਾ ਬੇੜਾ ਦੇਣਾ ਬੰਨ੍ਹ, ਬਹੱਤਰ ਬਹੱਤਰ ਸਾਚੀ ਸੇਵ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚੁਹੱਤਰ ਦੇਵੇ ਇਕੋ ਵਰ, ਸੱਤਰ ਆਪਣਾ ਸੰਗ ਨਿਭਾਇੰਦਾ । ਸਾਚਾ ਸੰਗ ਨਿਭਾਏ ਸਰਬ ਗੁਣਵੰਤ, ਬੇਪਰਵਾਹ ਵਡੀ ਵਡਿਆਈਆ । ਆਦਿ ਜੁਗਾਦਿ ਮਹਿਮਾ ਅਗਣਤ, ਗੁਣ ਕਹੇ ਨਾ ਕੋਈ ਰਾਈਆ । ਮੇਲ ਮਿਲਾਏ ਭਗਤ ਭਗਵੰਤ, ਭਗਵਨ ਦਇਆ ਕਮਾਈਆ । ਲੇਖਾ ਜਾਣੇ ਆਦਿ ਅੰਤ, ਮਧ ਆਪਣੀ ਧਾਰ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਭਗਤਾਂ ਦਰ ਬਹਾਈਆ । ਸਾਚੇ ਭਗਤ ਆਓ ਦਰ, ਦਰ ਦਵਾਰ ਖੁਲ੍ਹਾਇਆ । ਜਨਮ ਜਨਮ ਦਾ ਚੁੱਕੇ ਡਰ, ਡਰ ਆਪਣਾ ਰਹੇ ਨਾ ਰਾਇਆ । ਮੁੜ ਕੇ ਜਾਣਾ ਆਪਣੇ ਘਰ, ਜੋ ਘਰ ਮਾਤ ਤਜਾਇਆ । ਜਿਸ ਵਿਛੜਿਆਂ ਜਾਈਏ ਮਰ, ਸੋ ਮੇਲਣਹਾਰਾ ਫੇਰਾ ਪਾਇਆ । ਜਿਸ ਦਾ ਨਾਮ ਬਾਣੀ ਰਹੇ ਪੜ੍ਹ, ਸੋ ਦਰ ਦਰ ਆ ਆ ਦਰਸ ਵਖਾਇਆ । ਜਿਸ ਅਗੇ ਅਰਦਾਸੇ ਰਹੇ ਕਰ, ਸੋ ਸ਼ਰਧਾ ਪੂਰ ਸਰਬ ਸੁਖਦਾਇਆ । ਜਿਸ ਦਾ ਭਾਣਾ ਰਹੇ ਜਰ, ਸੋ ਭਾਣਾ ਰਿਹਾ ਵਰਤਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਦਰ ਘਰ ਸਾਚਾ ਆਪ ਸੁਹਾਇਆ । ਸੁਹਾਏ ਦਰ ਸੋਭਾਵੰਤ, ਸਿੰਘ ਗੁਰਚਰਨ ਮਿਲੇ ਵਡਿਆਈਆ । ਬਿਨ ਇਛਿਆ ਬਣਾਏ ਬਣਤ, ਬਣਤ ਬਣਾਏ ਸੱਚਾ ਸ਼ਹਿਨਸ਼ਾਹੀਆ । ਸੱਤਰਾਂ ਮਿਲੇ ਇਕੋ ਕੰਤ, ਨਾਰੀ ਕੰਤ ਲਏ ਪਰਨਾਈਆ । ਰੰਗ ਚਾੜ੍ਹੇ ਇਕ ਬਸੰਤ, ਉਤਰ ਕਦੇ ਨਾ ਜਾਈਆ । ਲੋਕਮਾਤ ਬਣਾਏ ਬਣਤ, ਦੇਵੇ ਮਾਣ ਵਡਿਆਈਆ । ਉਨੀ ਕਤਕ ਦਿਵਸ ਸੋਭਾਵੰਤ, ਹਰਿ ਜੂ ਹਰਿਜਨ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੱਤਰ ਦੇਵੇ ਸਤਿ ਕਾ ਦਾਨ, ਬ੍ਰਹਮ ਮਤ ਇਕ ਨਿਸ਼ਾਨ, ਤੱਤਵ ਤਤ ਇਕ ਜਣਾਈਆ । ਬਣਤ ਬਣਾਏ ਪੁਰਖ ਅਗੰਮ, ਅਗੰਮੜੀ ਕਾਰ ਕਮਾਇਆ । ਸਾਢੇ ਤਿੰਨ ਤਿੰਨ ਹੱਥ ਚਾਰ ਕੁੰਟ ਥੰਮ, ਜਗਤ ਸਹਾਰਾ ਦਏ ਜਣਾਇਆ । ਸੋਲਾਂ ਫੁੱਟ ਚੜ੍ਹੇ ਚੰਨ, ਦਸ ਦਸ ਨਾਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹਿਆ । ਨੌਂ ਦਵਾਰੇ ਜਗਤ ਧਾਰ, ਸੋ ਪੁਰਖ ਨਿਰੰਜਣ ਆਪ ਜਣਾਈਆ । ਨੌਂ ਦਵਾਰੇ ਨੌਂ ਖੰਡ ਵਿਚਾਰ, ਏਕਾ ਅੱਖਰ ਕਰੇ ਪੜ੍ਹਾਈਆ । ਨੌਂ ਦਵਾਰੇ ਨੌਂ ਨਿਧ ਮਾਰੇ ਮਾਰ, ਗੁਰਮੁਖ ਨੇੜ ਕਦੇ ਨਾ ਆਈਆ । ਨੌਂ ਦਵਾਰੇ ਹਰਿਜਨ ਕਰੇ ਪਾਰ, ਪ੍ਰਭ ਮਿਲੇ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਸਾਚਾ ਲੇਖਾ ਆਪ ਜਣਾਈਆ । ਨੌ ਦਵਾਰੇ ਨੌ ਬਾਰੀ, ਬਾਰਨ ਬਾਰ ਬਾਰ ਕਰਾਇੰਦਾ । ਏਕਾ ਰੰਗ ਰੰਗੇ ਪੁਰਖ ਨਾਰੀ, ਨਾਰੀ ਪੁਰਖ ਖੇਲ ਖਿਲਾਇੰਦਾ । ਧਰਮ ਬੰਨ੍ਹ ਇਕ ਮਾਰੀ, ਤੇਰਾ ਤੇਰਾਂ ਤੇਰਾ ਵੰਡ ਵੰਡਾਇੰਦਾ । ਇੰਚ ਸਿੰਚ ਹਰੀ ਕਿਆਰੀ, ਅੱਧੀ ਆਪਣੇ ਵਿਚ ਸਮਾਇੰਦਾ । ਏਕਾ ਅੱਧਾ ਡੇਉੜਾ ਜਾ ਬਲਹਾਰੀ, ਚਾਰ ਕੁੰਟ ਬੰਧਨ ਪਾਇੰਦਾ । ਦਹਿ ਦਿਸ਼ਾ ਖੇਲ ਖਿਲਾਰੀ, ਏਕਾ ਵਾਰ ਵਖਾਇੰਦਾ । ਸਾਢੇ ਤਿੰਨ ਪਿਛੇ ਵਿਹਾਰੀ, ਪਿਛਾ ਅੱਗਾ ਆਪਣੇ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਇੰਦਾ । ਸਾਢੇ ਤਿੰਨ ਹੱਥ ਪਿਛੇ ਸਿੰਘਾਸਣ, ਹਰਿ ਜੂ ਆਪਣੀ ਵੰਡ ਵੰਡਾਇੰਦਾ । ਲੇਖਾ ਰਹੇ ਪੁਰਖ ਅਬਿਨਾਸ਼ਨ, ਦਿਸ ਕਿਸੇ ਨਾ ਆਇੰਦਾ । ਜਿਸ ਜਨ ਦੇਵੇ ਧੁਰ ਭਰਵਾਸਨ, ਦਰ ਸਾਚਾ ਆਪ ਜਣਾਇੰਦਾ । ਲਹਿਣਾ ਤੋੜ ਪ੍ਰਿਥਮੀ ਅਕਾਸ਼ਨ, ਗਗਨ ਮੰਡਲ ਪਾਰ ਕਰਾਇੰਦਾ । ਪੂਰ ਕਰਾਏ ਹਰਿ ਜੂ ਆਸਨ, ਨੌ ਦਵਾਰੇ ਪੰਧ ਮੁਕਾਇੰਦਾ । ਲੁਕ ਲੁਕ ਮਾਰੇ ਸਦਾ ਅਵਾਜ਼ਨ, ਲੁਕਵੀਂ ਆਪਣੀ ਖੇਲ ਕਰਾਇੰਦਾ । ਆਪੇ ਹਾਲ ਜਾਣੇ ਬਾਤਨ, ਜ਼ਾਹਿਰਾ ਆਪਣਾ ਰੂਪ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੌ ਨੌ ਚਾਰ ਚਾਰ ਆਪਣੇ ਰੰਗ ਰੰਗਾਇੰਦਾ । ਰੰਗ ਰੰਗੇ ਸਚ ਮਹੱਲਾ, ਸਹਿਜ ਸਹਿਜ ਸੁਖਦਾਇਆ । ਵਸਣਹਾਰਾ ਸਾਢੇ ਤਿੰਨ ਹੱਥ ਜਗਤ ਉਚ ਅਟੱਲਾ, ਅਟਲ ਆਪਣਾ ਨਾਉਂ ਧਰਾਇਆ । ਜੀਵ ਭੁਲਾਏ ਕਰ ਕਰ ਵਲ ਛਲਾ, ਅਛਲ ਅਛੱਲ ਭੇਵ ਨਾ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਮਾਰਗ ਰਾਹ ਵਖਾਇਆ । ਸਤਿਜੁਗ ਨੀਂਹ ਰੱਖੇ ਕਰਤਾਰ, ਜਗਤ ਜਗਦੀਸ਼ ਗਿਆ ਸਮਝਾਈਆ । ਜਿਸ ਵੇਲੇ ਹੋਇਆ ਸਸਕਾਰ, ਸੋ ਵੇਲਾ ਲਿਆ ਸੁਹਾਈਆ । ਭਗਤਾਂ ਬਣੇ ਇਕ ਦਵਾਰ, ਅਨਮੁਲੀ ਭਗਤੀ ਝੋਲੀ ਪਾਈਆ । ਚਵ੍ਹੀ ਹੱਥ ਹੱਥ ਨਿਸ਼ਾਨ, ਸਮਰਥ ਦਏ ਝੁਲਾਈਆ । ਬਿਨ ਪੜ੍ਹਿਆਂ ਦੇਣਾ ਗਿਆਨ, ਆਪਣਾ ਦਰਸ ਕਰਾਈਆ । ਨਿਥਾਵਿਆਂ ਦੇਣਾ ਥਾਨ, ਨਿਆਸਰਿਆਂ ਆਸ ਪੁਜਾਈਆ । ਏਕਾ ਰਾਗ ਸੁਹੌਣਾ ਕਾਨ, ਏਕਾ ਨਾਦ ਵਜਾਈਆ । ਏਕਾ ਮੰਦਰ ਦਸੌਣਾ ਮਕਾਨ, ਮਸਤ ਰਹੇ ਲੋਕਾਈਆ । ਏਕਾ ਪਰਕਾਸ਼ ਕਰਨਾ ਕੋਟਨ ਭਾਨ, ਜੋਤੀ ਜੋਤ ਰੁਸ਼ਨਾਈਆ । ਦਰ ਆਇਆਂ ਬਿਨ ਮੰਗਿਆਂ ਦੇਣਾ ਦਾਨ, ਜਗਦੀਸ਼ ਏਕਾ ਮੰਗ ਮੰਗਾਈਆ । ਨੌ ਸੌ ਚੁਰਾਨਵੇਂ ਚੌਕੜੀ ਜੁਗ ਪਿਛੋਂ ਆਇਓ ਮਾਤ ਭਗਵਾਨ, ਆਪਣਾ ਬਲ ਰਖਾਈਆ । ਤੇਰੀ ਰੱਖ ਕੇ ਓਟ ਨਾ ਆਵੇ ਹਾਣ, ਨੇਤਰ ਦਰਗਾਹਿ ਨਾ ਫੇਰ ਸ਼ਰਮਾਈਆ । ਆਦਿ ਜੁਗਾਦੀ ਤੇਰੀ ਬਾਣ, ਗ਼ਰੀਬਾਂ ਗਲ ਲਗਾਈਆ । ਬਿਨ ਤੇਰੇ ਨਾਮ ਸ਼ਾਹ ਪਾਤਸ਼ਾਹ ਖ਼ਾਲੀ ਖ਼ਾਕ ਰਹੇ ਛਾਨ, ਅੰਤ ਸੀਸ ਖੇਹ ਪਵਾਈਆ । ਤੂੰ ਹਾਣੀਆਂ ਮਿਲਿਆ ਹਾਣ, ਤੂੰ ਕਰੀ ਆਪ ਪਛਾਣ, ਹਉਂ ਬਾਲਕ ਜੀਵ ਅਵਾਣ, ਗਤ ਮਿਤ ਤੇਰੇ ਹੱਥ ਤੇਰੀ ਵਡਿਆਈਆ । ਆਪਣਾ ਦਿਵਸ ਦੱਸ ਮਹਾਨ, ਤੇਰੀ ਸੇਵਾ ਕਰੀਏ ਆਣ, ਦਰ ਦਰ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਰਿਹਾ ਸਮਝਾਈਆ । ਸਚ ਸੰਦੇਸ਼ਾ ਹਰਿ ਸੁਣਾਇੰਦਾ, ਪੁਰਖ ਅਗੰਮਾ ਏਕਾ ਬੋਲ । ਕਲਜੁਗ ਵੇਲਾ ਅੰਤਮ ਆਇੰਦਾ, ਗੁਰਮੁਖ ਰਹਿਣਾ ਸਦਾ ਅਡੋਲ । ਸਤਿਗੁਰ ਸਾਚੀ ਸੇਵ ਕਮਾਇੰਦਾ, ਸਦ ਵਸਣਹਾਰਾ ਕੋਲ । ਭਗਤਾਂ ਮਾਰਗ ਏਕਾ ਲਾਇੰਦਾ, ਦੇਵੇ ਵਸਤ ਅਨਮੋਲ । ਸਾਚਾ ਮੰਦਰ ਇਕ ਬਣਾਇੰਦਾ, ਛੱਤੀ ਜੁਗ ਦਾ ਤੋਲਿਆ ਤੋਲ । ਨਿਰਗੁਣ ਆਪਣਾ ਅੰਦਰ ਆਸਣ ਲਾਇੰਦਾ, ਬਾਹਰ ਬੈਠਾ ਰਹੇ ਅਡੋਲ । ਆਪਾ ਭੁੱਲੇ ਆਪ ਜਗਾਇੰਦਾ, ਅੰਦਰ ਵੜ ਵੜ ਪਰਦਾ

ਖੋਲ੍ਹ, । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਪੂਰਾ ਕੀਤਾ ਕੌਲ । ਕੀਤਾ ਪੂਰਾ ਕਰੇ ਕੌਲ ਇਕ਼ਰਾਰ, ਅਕਿਰਤਘਨ ਨਾ ਕਦੇ ਅਖਵਾਈਆ । ਸਤਿਜੁਗ ਬਣੇ ਸੱਚਾ ਦਰਬਾਰ, ਨੌਂ ਦਵਾਰੇ ਦਏ ਖੁਲ੍ਹਾਈਆ । ਨੌਂ ਖਿੜਕੀ ਕਰੇ ਪਿਆਰ, ਏਕਾ ਦੂਜਾ ਬੰਧਨ ਪਾਈਆ । ਪੰਜ ਚਾਰ ਸਚ ਵਿਹਾਰ, ਦੋਹਾਂ ਮੇਲਾ ਸਹਿਜ ਸੁਭਾਈਆ । ਕਰੇ ਖੇਲ ਅਗੰਮ ਅਪਾਰ, ਅਗੋਚਰ ਆਪਣਾ ਰੂਪ ਵਟਾਈਆ । ਸਾਚੀ ਨੀਂਹ ਦਏ ਉਸਾਰ, ਜਗਤ ਨੀਂਹ ਦਏ ਉਖੜਾਈਆ । ਵਾਹ ਵਾ ਕ਼ੁਦਰਤ ਤੇਰੀ ਯਾਰ, ਤੂੰ ਕ਼ੁਦਰਤ ਕ਼ਾਦਰ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖ਼ਿਆ ਇਕ ਸਮਝਾਈਆ । ਸਾਚੀ ਸਿਖਿਆ ਸਤਿਗੁਰ ਰੀਤ, ਸਤਿਜੁਗ ਰਾਹ ਚਲਾਇੰਦਾ । ਅੰਤਮ ਨਾਤਾ ਤੁਟਣਾ ਮੰਦਰ ਮਸੀਤ, ਥਿਰ ਕੋਇ ਰਹਿਣ ਨਾ ਪਾਇੰਦਾ । ਪੁਰਖ ਅਕਾਲ ਸਭ ਨੇ ਗੌਣਾ ਗੀਤ, ਦੂਜਾ ਇਸ਼ਟ ਨਾ ਕੋਈ ਮਨਾਇੰਦਾ । ਇਕ ਦਵਾਰੇ ਲੱਗੇ ਸਚ ਪ੍ਰੀਤ, ਦੂਜਾ ਬੰਧਨ ਨਾ ਕੋਈ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਗਲ ਸਮਗਰੀ ਆਪ ਬਣਾਇੰਦਾ । ਸਗਲ ਸਮਗਰੀ ਕਰ ਤਿਆਰ, ਹਰਿ ਸਾਚਾ ਦਏ ਸਮਝਾਈਆ । ਹਰਿ ਕੀ ਸਮਗਰੀ ਹਰਿ ਸੰਗਤ ਪਿਆਰ, ਦੂਜੀ ਵਸਤ ਨਾ ਕੋਈ ਰਖਾਈਆ । ਆਪੇ ਬਣ ਜਾਏ ਸੇਵਾਦਾਰ, ਸੇਵਕ ਬਣ ਬਣ ਸੇਵ ਕਮਾਈਆ । ਗੁਰਸਿਖ ਮਹੱਲ ਲਏ ਉਸਾਰ, ਲੋਕਮਾਤ ਕਰੇ ਰੁਸ਼ਨਾਈਆ । ਮਾਨਸ ਜਨਮ ਨਾ ਆਵੇ ਹਾਰ, ਕੀਤੀ ਘਾਲ ਲੇਖੇ ਪਾਈਆ । ਜੋ ਕਰਕੇ ਜਾਏ ਦੀਦਾਰ, ਦੀਦ ਈਦ ਚੰਦ ਸ਼ਰਮਾਈਆ । ਲੇਖਾ ਸਭ ਦਾ ਇਕੋ ਜੇਹਾ ਪੁਰਖ ਨਾਰ, ਛੋਟਾ ਵੱਡਾ ਨਾ ਕੋਈ ਵਡਿਆਈਆ । ਬਿਰਧ ਬਾਲ ਨਾ ਕੋਈ ਧਾਰ, ਜਵਾਨ ਬਲ ਨਾ ਕੋਈ ਜਣਾਈਆ । ਅੰਦਰੇ ਅੰਦਰ ਵੇਖੇ ਲੱਗਾ ਸਚ ਪਿਆਰ, ਕਵਣ ਪ੍ਰੀਤੀ ਰਿਹਾ ਨਿਭਾਈਆ । ਗੁਰਸਿਖ ਸੰਸਾਰ ਕੋਲੋਂ ਡਰ ਨਾ ਜਾਣਾ ਹਾਰ, ਜਿਤ ਹਾਰ ਹਰਿ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਨੀਂਹ ਨੀਹਾਂ ਹੇਠ ਦਬਾਈਆ । ਸਾਚੀ ਨੀਂਹ ਰੱਖੇ ਭਗਵਾਨਾ, ਦਰ ਰਾਖੀ ਆਪ ਕਰਾਇੰਦਾ । ਉਨੀ ਕੱਤਕ ਦਿਵਸ ਮਹਾਨਾ, ਸਾਢੇ ਦਸ ਵਕ਼ਤ ਸੁਹਾਇੰਦਾ । ਦਰ ਦਰ ਰੋਵੇ ਰਾਜਾ ਰਾਣਾ, ਹਰਿ ਭਾਣਾ ਕੀ ਵਰਤਾਇੰਦਾ । ਛੱਤੀ ਦਿਵਸ ਵਿਹਾਰ ਕਰਾਨਾ, ਹੁਕਮੀ ਹੁਕਮ ਆਪ ਜਣਾਇੰਦਾ । ਗੁਰਮੁਖ ਮਿਲ ਮਿਲ ਸੇਵ ਕਰਾਨਾ, ਸੇਵਕ ਸੇਵਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਿੰਨ ਦਿਨ ਵੇਖੇ ਅੰਦਰ ਵੜ, ਗੁਰਮੁਖ ਸੋਇਆ ਕੋਈ ਰਹਿਣ ਨਾ ਪਾਇੰਦਾ । ਸਵਾ ਪਹਿਰ ਇਕ ਲਹਿਰ, ਜਨ ਭਗਤਾਂ ਅੰਦਰ ਆਪਣੇ ਪੌੜੇ ਜਾਏ ਚੜ੍ਹ, ਚੜ੍ਹ ਚੜ੍ਹ ਆਪਣਾ ਦਰਸ ਦਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਾ ਆਪ ਬਣਾਇੰਦਾ । ਜਨ ਭਗਤ ਦਵਾਰਾ ਹਰਿ ਬਣਤ ਬਣੌਣਾ, ਹਰਿ ਸਾਚੀ ਸੇਵ ਸਮਝਾਈਆ । ਪਹਿਲੀ ਚੇਤਰ ਗੁਰੂ ਗੋਬਿੰਦ ਸਿੰਘ ਚਲ ਕੇ ਔਣਾ, ਧੁਰ ਫ਼ਰਮਾਨਾ ਦਏ ਸੁਣਾਈਆ । ਮਿਲ ਮਿਲ ਹਰਿ ਹਰਿ ਸਾਚਾ ਮੰਗਲ ਗੌਣਾ, ਵਾਹ ਵਾਹ ਵੱਜੇ ਸਚ ਵਧਾਈਆ । ਕਲਜੁਗ ਲੇਖਾ ਜਿਸ ਮਕੌਣਾ, ਲੇਖਾ ਲਿਖੇ ਬਣ ਕ਼ਲਮ ਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਲੋਕਮਾਤ ਦਏ ਵਡਿਆਈਆ । ਲੋਕਮਾਤ ਸੋਹੇ ਸਚਖੰਡ, ਹਰਿ ਸਾਚਾ ਸਚ ਸੁਹਾਇੰਦਾ । ਲੇਖਾ ਜਾਣੇ ਪੁਰੀ ਅਨੰਦ, ਅਨੰਦ ਮੰਗਲ ਏਕਾ ਗਾਇੰਦਾ । ਮੁਕਾ ਕੇ ਆਵੇ ਦੂਰ ਦੁਰਾਡਾ ਪੰਧ, ਦਰ ਘਰ ਸਾਚੇ ਸੋਭਾ ਪਾਇੰਦਾ । ਏਕਾ ਕੂਕ ਸੁਣਾਏ ਛੰਦ, ਸ਼ਾਸਤਰ ਸਿਮਰਤ ਭੇਵ ਨਾ ਆਇੰਦਾ ।

੧੩੮੦ ੧੦

੧੩੮੧ ੧੦

ਕਵਣ ਰੂਪ ਦੇਵੇ ਵੰਡ, ਲੋਕਮਾਤ ਹੁਕਮ ਸੁਣਾਇੰਦਾ । ਕਵਣ ਫੜੇ ਚੰਡ ਪਰਚੰਡ, ਤਿਖੀ ਧਾਰ ਵੇਸ ਵਟਾਇੰਦਾ । ਕਵਣ ਮਾਰੇ ਜੇਰਜ ਅੰਡ, ਉਤਭੁਜ ਸੇਤਜ ਭੰਨ ਵਖਾਇੰਦਾ । ਕਵਣ ਟੁੱਟੀ ਦੇਵੇ ਗੰਢ, ਹਰਿਜਨ ਸਾਚੇ ਦਰ ਬਹਾਇੰਦਾ । ਪਹਿਲੀ ਚੇਤਰ ਸਚ ਸੰਦੇਸ਼ਾ ਪੁਰੀ ਅਨੰਦ ਦੇਵੇ ਘੱਲ, ਲਿਖ ਲਿਖ ਨੌਂ ਨੌਂ ਸਫੇ ਭਰਾਇੰਦਾ । ਜਿਸ ਦਾ ਚਿਲਾ ਸਭ ਨੂੰ ਕਰਦਾ ਖੰਡ ਖੰਡ, ਤੀਰ ਬੇਨਜ਼ੀਰ ਸ਼ਾਹ ਹਕੀਰ ਪਾਰ ਕਰਾਇੰਦਾ । ਸੋ ਵੰਡਣ ਆਇਆ ਵੰਡ, ਆਪਣਾ ਪਰਦਾ ਨਾ ਕੋਈ ਰਖਾਇੰਦਾ । ਆਓ ਟੁੱਟੀ ਫੇਰ ਦੇਵੇ ਗੰਢ, ਵੇਲਾ ਗਿਆ ਹੱਥ ਨਾ ਆਇੰਦਾ । ਬਿਨ ਮੰਗਿਆਂ ਦੇਵੇ ਮੰਗ, ਆਪਣੇ ਗਲੇ ਲਗਾਇੰਦਾ । ਜਿਸ ਨੂੰ ਗਾਉਦੇਂ ਗੁਜਰੀ ਚੰਦ, ਸੋ ਸ਼ਬਦੀ ਖੇਲ ਕਰਾਇੰਦਾ । ਜਿਸ ਨੂੰ ਕਹਿੰਦੇ ਤੇਗ ਬਹਾਦਰ ਬਿੰਦ, ਸੋ ਬਿਨਾ ਬਿੰਦ ਏਕਾ ਰੂਪ ਵਟਾਇੰਦਾ । ਜਿਸ ਨੂੰ ਕਹਿੰਦੇ ਚਾਦਰ ਹਿੰਦ, ਸੋ ਪਰਦਾ ਏਕਾ ਹੱਥ ਉਠਾਇੰਦਾ । ਜਿਸ ਪੰਧ ਚੁਕੌਣਾ ਜੀਓ ਪਿੰਡ, ਇੰਡ ਬ੍ਰਹਿਮੰਡ ਪਾਰ ਕਰਾਇੰਦਾ । ਜੇ ਨਹੀਂ ਔਣਾ ਰੱਜ ਕੇ ਕਰੋ ਨਿੰਦ, ਨਿੰਦਕ ਨਿੰਦਿਆ ਮੁਖ ਭਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਆਪਣਾ ਹੁਕਮ ਆਪ ਵਰਤਾਇੰਦਾ ।

ਜਗਤ ਗਾਥਾ ਚੌਦਾਂ ਗੁਰ, ਗੁਰ ਗੁਰ ਗੁਰ ਓਟ ਤਕਾਈਆ । ਇਕ ਗੁਰ ਨਾ ਜਾਏ ਬੁੜ, ਮੁੱਕ ਕਦੇ ਨਾ ਜਾਈਆ । ਜਿਸ ਗੁਰ ਦੀ ਪਈ ਲੋੜ, ਸੋ ਸਤਿਗੁਰ ਦਏ ਸਮਝਾਈਆ । ਆਦਿ ਅੰਤ ਜੋ ਜਾਏ ਬੌਹੜ, ਨਾਨਕ ਨਿਰਗੁਣ ਗਿਆ ਸਮਝਾਈਆ । ਜੁਗਾ ਜੁਗੰਤਰ ਬੁਝਾਏ ਔੜ, ਏਕਾ ਮੇਘ ਬਰਸਾਈਆ । ਮਿੱਠਾ ਕਰੇ ਰੀਠਾ ਕੌੜ, ਫਲ ਅੰਮ੍ਰਿਤ ਰੂਪ ਵਟਾਈਆ । ਪ੍ਰਭ ਆਪਣੀ ਬਿਧ ਧਾਰੀ ਅਵਰ ਕੀ ਔਰ, ਭੇਵ ਕੋਈ ਨਾ ਪਾਈਆ । ਪੰਜ ਤਤ ਉਤੇ ਕਰਦੇ ਫਿਰਦੇ ਚੌਰ, ਸਤਿਗੁਰ ਸੱਚਾ ਨਜ਼ਰ ਕਿਸੇ ਨਾ ਆਈਆ । ਜਿਸ ਮਿਲਿਆਂ ਕੰਮ ਜਾਵਣ ਸੌਰ, ਸੌਹਰੇ ਪੇਈਏ ਮਿਲੇ ਵਡਿਆਈਆ । ਜੋ ਦੋ ਜਹਾਨਾਂ ਅਗੇ ਮਿਲੇ ਦੌੜ, ਆਪਣਾ ਪੰਧ ਮੁਕਾਈਆ । ਜਿਸ ਸੱਚਾ ਲਾਇਆ ਪੌੜ, ਗੁਰਮੁਖ ਵਿਰਲਾ ਚੜ੍ਹ ਕੇ ਵੇਖੇ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚੌਦਾਂ ਗੁਰੂ ਦਏ ਸਮਝਾਈਆ । ਚੌਦਾਂ ਗੁਰ ਹਰਿ ਸਮਝਾਏ, ਸਮਝ ਸਮਝ ਵਿਚ ਮਿਲਾਈਆ । ਕਲਜੁਗ ਅੰਤਮ ਕੂਕ ਕੁਰਲਾਏ, ਨੇਤਰ ਨੈਣਾਂ ਨੀਰ ਵਹਾਈਆ । ਚੌਦਾਂ ਤਬਕ ਕਰਨ ਹਾਏ ਹਾਏ, ਸਾਚਾ ਸਬਕ ਨਾ ਕੋਈ ਪੜ੍ਹਾਈਆ । ਅੱਲਾ ਰਾਣੀ ਜਗਤ ਬੀਵੀ ਵਾਸਤਾ ਪਾਏ, ਬਿਨ ਖ਼ਾਵੰਦ ਬਿਨ ਨੈਣਾਂ ਨੀਰ ਵਹਾਈਆ । ਮਿਲੇ ਮੀਆਂ ਸੱਚਾ ਮਾਹੀ ਘਰ ਆਏ, ਤੋਬਾ ਤੋਬਾ ਰਹੀ ਸੁਣਾਈਆ । ਮੇਰੀ ਘਾਲ ਲੇਖੇ ਨਾ ਪਾਏ, ਕੋਝੀ ਕਮਲੀ ਹਾਲ ਸੁਣਾਈਆ । ਆਬ ਹਯਾਤ ਨਾ ਕੋਈ ਪਿਆਏ, ਅਹਿਬਾਬ ਰਬਾਬ ਨਾ ਕੋਈ ਵਜਾਏ, ਭੁਲ ਸਵਾਬ ਨਾ ਕੋਈ ਵਡਿਆਈਆ । ਪਿਸਰ ਪਿਦਰ ਨਾ ਕੋਈ ਮਨਾਏ, ਰਾਗ ਵਾਰ ਨਾ ਕੋਈ ਸੁਣਾਏ, ਕਰ ਆਦਰ ਨਾ ਚਰਨ ਬਹਾਏ, ਮਿਲੇ ਦਰ ਨਾ ਸੀਸ ਸ਼ਰਨਾਈਆ । ਤੇਗ਼ ਬਹਾਦਰ ਤੈਨੂੰ ਅਗਨੀ ਅੱਗ ਗਿਆ ਲਗਾਏ, ਬਿਨ ਗੋਬਿੰਦ ਅੰਤ ਨਾ ਕੋਈ ਬਚਾਈਆ । ਮੁਹੰਮਦ ਰੋ ਰੋ ਵਾਸਤਾ ਪਾਏ, ਵੇਲਾ ਅੰਤਮ ਗਿਆ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਗੁਰ ਦਏ ਸਮਝਾਈਆ । ਬਹੱਤਰ ਭਗਤ ਦਵਾਰਾ ਹੋਏ ਤਿਆਰ, ਚੌਦਾਂ ਗੁਰ ਆਪ ਪਰਗਟਾਈਆ । ਚੌਥਾ ਸਿਰ ਹੱਥ ਰਖੇ ਨਿਰੰਕਾਰ,

ਆਪ ਆਪਣੀ ਦਇਆ ਕਮਾਈਆ । ਏਕਾ ਹੁਕਮ ਦੇਵੇ ਏਕਾ ਵਾਰ, ਏਕਾ ਗੁਣ ਸਮਝਾਈਆ । ਏਕਾ ਗੁਰ ਕਰੇ ਅਸਵਾਰ, ਸ਼ਾਹ ਅਸਵਾਰਾ ਰਾਹ ਤਕਾਈਆ । ਏਕਾ ਨਾਮ ਸਚ ਜੈਕਾਰ, ਏਕਾ ਨਾਅਰਾ ਦਏ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਨਕ ਲੇਖਾ ਪੂਰ ਕਰਾਈਆ । ਨਾਨਕ ਲੇਖਾ ਚੌਦਾਂ ਗੁਰ, ਗੁਰ ਗੁਰ ਨਾਮ ਧਿਆਇਆ । ਸਾਹਿਬ ਸੱਚੇ ਦੀ ਇਕੋ ਲੋੜ, ਇਕੋ ਤਾਲ ਵਜਾਇਆ । ਆਪਣੇ ਆਪ ਨਾਲ ਜਾਏ ਜੋੜ, ਆਪੇ ਜੋਤ ਸ਼ਬਦ ਨਾਦ ਸੁਣਾਇਆ । ਆਪੇ ਕਰੇ ਆਪਣੀ ਪੂਰੀ ਲੋੜ, ਮੰਗਣ ਕਿਸੇ ਦਰ ਨਾ ਜਾਇਆ । ਕਲਜੁਗ ਅੰਤਮ ਜਾਏ ਬੌਹੜ, ਚੌਦਾਂ ਗੁਰੂ ਵੇਸ ਵਟਾਇਆ । ਚੌਦਾਂ ਗੁਰੂ ਚੌਦਾਂ ਲੋਕ, ਏਕਾ ਵਾਰ ਪਰਗਟਾਈਆ । ਏਕਾ ਨਾਮ ਇਕ ਸਲੋਕ, ਏਕਾ ਰਾਗ ਸੁਣਾਈਆ । ਏਕਾ ਪੁਰਖ ਏਕਾ ਓਟ, ਚਰਨ ਧਿਆਨ ਇਕ ਲਗਾਈਆ । ਇਕ ਵਖਾਏ ਨਿਰਮਲ ਜੋਤ, ਜੋਤੀ ਜਾਤਾ ਡਗਮਗਾਈਆ । ਕਲਜੁਗ ਅੰਤਮ ਗੁਰੂ ਹੋਏ ਬਹੁਤ, ਲੇਖਾ ਲੇਖ ਨਾ ਲਿਖਿਆ ਜਾਈਆ । ਜਿਸ ਦਾ ਅਜੇ ਨਾ ਖੁਲ੍ਹਿਆ ਸੋਤ, ਦੂਸਰਿਆਂ ਸੋਤ ਰਿਹਾ ਖੁਲ੍ਹਾਈਆ । ਆਪ ਡਿਗੇ ਆਲਣਿਓਂ ਬੋਟ, ਦੂਜੀ ਵਾਰ ਵਿਚ ਨਾ ਕੋਈ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚੌਦਾਂ ਗੁਰੂ ਦਏ ਵਡਿਆਈਆ । ਚੌਦਾਂ ਗੁਰੂ ਗੁਰ ਬੰਨ੍ਹੇ ਧਾਰ, ਕਲਜੁਗ ਖੇਲ ਅਪਾਰਾ । ਘਰ ਘਰ ਬੈਠੇ ਗੁਰੂ ਪੈਰ ਪਸਾਰ, ਤਨ ਝੂਠਾ ਖੇਲ ਨਿਆਰਾ । ਅੰਦਰ ਆਏ ਨਾ ਸ਼ਬਦੀ ਨਿਰਗੁਣ ਧਾਰ, ਸ਼ਬਦੀ ਸ਼ਬਦ ਨਾ ਕੋਈ ਵਿਹਾਰਾ । ਬਾਹਰੋਂ ਦਿਸੇ ਪੰਜ ਤਤ ਅਕਾਰ, ਤਨ ਬਸਤਰ ਨਾਲ ਸ਼ੰਗਾਰਾ । ਝੱਲੇ ਕਹਿੰਦੇ ਗੁਰੂ ਅੰਦਰ ਵੜਿਆ ਕਿਸੇ ਨਾਲ ਨਾ ਕਰੇ ਗੁਫ਼ਤਾਰ, ਆਪਣਾ ਖੋਲ੍ਹੇ ਨਾ ਬੰਦ ਕਿਵਾੜਾ । ਅੰਦਰ ਵੜ ਵੜ ਰੋਵੇ ਜ਼ਾਰੋ ਜ਼ਾਰ, ਅੱਗੇ ਦਿਸੇ ਨਾ ਹਰਿ ਕਰਤਾਰਾ । ਬਾਹਰ ਮੈਂ ਕਿਸੇ ਦਾ ਕੀ ਸਕਾਂ ਸਵਾਰ, ਮੈਂ ਆਪ ਨਾ ਉਤਰਿਆ ਕਿਸੇ ਕਿਨਾਰਾ । ਵਾਹ ਵਾਹ ਪਾਰਬ੍ਰਹਮ ਨੇ ਦਿਤੀ ਦਾਤ, ਲੋਕੀ ਕਰਦੇ ਨਿਮਸਕਾਰਾ । ਅੰਤਮ ਭਾਂਵੇ ਸੁੱਟੇ ਡੂੰਘੇ ਖਾਤ, ਰਾਏ ਧਰਮ ਮਾਰੇ ਮਾਰਾ । ਵਾਹ ਵਾ ਨੀਂਦ ਔਦੀ ਸੁਤਿਆਂ ਜਾਗਣ ਵੇਲਾ ਬਾਹਰ ਦੱਸਣ ਪ੍ਰਭਾਤ, ਅੰਦਰ ਨੈਣ ਨਾ ਕੋਈ ਉਘਾੜਾ । ਸੱਚੇ ਸਤਿਗੁਰ ਦੀ ਇਕੋ ਜ਼ਾਤ, ਆਦਿ ਜੁਗਾਦੀ ਇਕ ਵਿਹਾਰਾ । ਜਨ ਭਗਤਾਂ ਦੇਵੇ ਨਾਮ ਦਾਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਧੁਰ ਦਰਬਾਰਾ । ਧੁਰ ਦਰਬਾਰੀ ਹਰਿ ਹਰਿ ਲੇਖਾ, ਲਿਖ ਲਿਖ ਅੰਤ ਸਮਝਾਈਆ । ਕਲਜੁਗ ਤੇਰਾ ਜਗਤ ਭੇਖਾ, ਲੋਕਮਾਤ ਪਈ ਦੁਹਾਈਆ । ਚੌਦਾਂ ਲੋਕਾਂ ਕੋਈ ਨਾ ਰੱਖੇ ਸਾਇਆ ਹੇਠਾ, ਸਿਰ ਹੱਥ ਨਾ ਕੋਈ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚੌਦਾਂ ਲੋਕ ਚੌਦਾਂ ਗੁਰ ਆਪ ਜਣਾਈਆ । ਚੌਦਾਂ ਤਬਕ ਚੌਦਾਂ ਗੁਰ ਚੌਦਾਂ ਲੋਕ, ਏਕਾ ਸ਼ਬਦ ਗੁਰ ਅਖਵਾਇੰਦਾ । ਸ਼ਬਦ ਅੰਤਮ ਦੇਵੇ ਸਚ ਸਲੋਕ, ਦਰ ਦਰ ਆਪ ਸੁਣਾਇੰਦਾ । ਉਠੋ ਜਾਗੋ ਹਰਿ ਦਰ ਭਾਗੋ ਹਰਿ ਕਾ ਭਾਣਾ ਸਕੇ ਨਾ ਕੋਈ ਰੋਕ, ਨੇਤਰ ਨੀਰ ਸਰਬ ਵਹਾਇੰਦਾ । ਲੱਖ ਚੁਰਾਸੀ ਅੰਤਮ ਦੇਵੇ ਝੋਕ, ਆਪਣਾ ਹੁਕਮ ਆਪ ਵਰਤਾਇੰਦਾ । ਜਿਸ ਦਾ ਖੇਲ ਲੋਕ ਪਰਲੋਕ, ਸੋ ਸਤਿਗੁਰ ਆਪ ਅਖਵਾਇੰਦਾ । ਚੌਦਾਂ ਲੋਕ ਇਕੋ ਓਟ, ਪੁਰਖ ਅਬਿਨਾਸ਼ੀ ਆਪ ਜਣਾਇੰਦਾ । ਸਚਾ ਸਤਿਗੁਰ ਇਕੋ ਬਹੁਤ, ਕੋਟਨ ਕੋਟ ਪੀਰ ਪੈਗ਼ੰਬਰ ਆਪਣਾ ਹੁਕਮ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚੌਦਾਂ ਗੁਰ ਸ਼ਬਦ ਧਾਰ ਨਾ ਕੋਈ ਵਰਨ ਨਾ ਕੋਈ ਗੋਤ, ਕਿਲਾ ਕੋਟ ਨਾ ਕੋਈ ਰਖਾਇੰਦਾ ।

੧੩੮੨
੧੦

## ★ ੩ ਕਤਕ ੨੦੧੮ ਬਿਕ੍ਰਮੀ ਜੇਠੂਵਾਲ ਦਰਬਾਰ ਵਿਚ ★

ਆਦਿ ਪੁਰਖ ਅਗੰਮ ਅਥਾਹ, ਆਦਿ ਆਦਿ ਖੇਲ ਕਰਾਇੰਦਾ । ਅਲਖ ਅਗੋਚਰ ਬੇਪਰਵਾਹ, ਬੇਐਬ ਨਾਉਂ ਧਰਾਇੰਦਾ । ਵਸਣਹਾਰਾ ਸਚ ਮਕਾਂ, ਮੁਕਾਮੇ ਹੱਕ ਸੋਭਾ ਪਾਇੰਦਾ । ਆਪ ਆਪਣਾ ਨਾਉਂ ਧਰਾ, ਨਰ ਨਿਰੰਕਾਰਾ ਆਪ ਅਖਵਾਇੰਦਾ । ਸਚ ਸਿੰਘਾਸਣ ਸੋਭਾ ਪਾ, ਤਖ਼ਤ ਨਿਵਾਸੀ ਤਖ਼ਤ ਸੁਹਾਇੰਦਾ । ਧੁਰ ਫ਼ਰਮਾਨਾ ਹੁਕਮ ਜਣਾ, ਸ਼ਬਦ ਅਨਾਦੀ ਨਾਦ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚਾ ਆਪ ਸੁਹਾਇੰਦਾ । ਦਰ ਘਰ ਸਾਚਾ ਸੋਭਾਵੰਤ, ਸੋ ਪੁਰਖ ਨਿਰੰਜਣ ਆਪ ਸੁਹਾਈਆ । ਹਰਿ ਪੁਰਖ ਨਿਰੰਜਣ ਮਹਿਮਾ ਅਗਣਤ, ਲੇਖਾ ਲਿਖਤ ਵਿਚ ਨਾ ਆਈਆ । ਏਕੰਕਾਰਾ ਆਪ ਬਣਾਏ ਆਪਣੀ ਬਣਤ, ਘੜਣ ਭੰਨਣਹਾਰ ਆਪ ਅਖਵਾਈਆ । ਆਦਿ ਨਿਰੰਜਣ ਆਦਿ ਅੰਤ, ਨਿਰਗੁਣ ਨਿਰਵੈਰ ਵੇਸ ਧਰਾਈਆ । ਅਬਿਨਾਸ਼ੀ ਕਰਤਾ ਜੁਗਾ ਜੁਗੰਤ, ਜੁਗ ਕਰਤਾ ਖੇਲ ਖਿਲਾਈਆ । ਸ੍ਰੀ ਭਗਵਾਨ ਸਾਚਾ ਧਾਮ ਇਕ ਸੁਹੰਤ, ਸਚਖੰਡ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨੂਰ ਆਪ ਧਰਾਈਆ । ਸਾਚਾ ਨੂਰ ਨੂਰ ਨੁਰਾਨਾ, ਨਿਰਗੁਣ ਨਿਰਵੈਰ ਆਪ ਉਪਜਾਇੰਦਾ । ਸ਼ਾਹੋ ਭੂਪ ਬਣ ਸੁਲਤਾਨਾ, ਸਾਚੇ ਤਖ਼ਤ ਸੋਭਾ ਪਾਇੰਦਾ । ਹੁਕਮੀ ਹੁਕਮ ਧੁਰ ਫ਼ਰਮਾਨਾ, ਧੁਰ ਦਰਬਾਰੀ ਆਪ ਸੁਣਾਇੰਦਾ । ਦਰ ਦਰਵੇਸ਼ ਬਣ ਦਰ ਦਰਬਾਨਾ, ਦਰ ਆਪਣੇ ਸੇਵ ਕਮਾਇੰਦਾ । ਸੋ ਪੁਰਖ ਨਿਰੰਜਨ ਹੋ ਪ੍ਰਧਾਨਾ, ਹਰਿ ਪੁਰਖ ਨਿਰੰਜਨ ਧੀਰ ਧਰਾਇੰਦਾ । ਏਕਾ ਏਕ ਜੋਧਾ ਸੂਰਬੀਰ ਵਡ ਬਲਵਾਨਾ, ਬਲ ਆਪਣੇ ਵਿਚ ਸਮਾਇੰਦਾ । ਆਦਿ ਨਿਰੰਜਣ ਡਗਮਗਾਨਾ, ਜੋਤੀ ਜੋਤ ਜੋਤ ਰੁਸ਼ਨਾਇੰਦਾ । ਅਬਿਨਾਸ਼ੀ ਕਰਤਾ ਵਾਲੀ ਦੋ ਜਹਾਨਾ, ਅਨਭਵ ਪਰਕਾਸ਼ ਕਰਾਇੰਦਾ । ਸ੍ਰੀ ਭਗਵਾਨ ਝੁਲਾਏ ਸਚ ਨਿਸ਼ਾਨਾ, ਦਰਗਹਿ ਸਾਚੀ ਹੱਥ ਉਠਾਇੰਦਾ । ਪਾਰਬ੍ਰਹਮ ਆਪ ਆਪਣਾ ਮੰਗੇ ਦਾਨਾ, ਨਿਰਗੁਣ ਨਿਰਗੁਣ ਅੱਗੇ ਝੋਲੀ ਡਾਹਿੰਦਾ । ਪੁਰਖ ਅਕਾਲ ਬਣ ਬਣ ਮਰਦ ਮਰਦਾਨਾ, ਵਸਤ ਅਮੋਲਕ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚੇ ਆਪੇ ਵੜ, ਆਪਣਾ ਘਰ ਆਪ ਸੁਹਾਇੰਦਾ । ਸਾਚਾ ਘਰ ਸੋਭਾਵੰਤ, ਆਦਿ ਪੁਰਖ ਆਪ ਸੁਹਾਈਆ । ਇਕ ਅਕੱਲਾ ਸ੍ਰੀ ਭਗਵੰਤ, ਸ਼ਾਹ ਪਾਤਸ਼ਾਹ ਆਸਣ ਲਾਈਆ । ਆਪੇ ਜਾਣੇ ਆਪਣੀ ਬਣਤ, ਆਪੇ ਜਾਣੇ ਸਚ ਪੜ੍ਹਾਈਆ । ਕਰੇ ਖੇਲ ਨਾਰੀ ਕੰਤ, ਨਰ ਨਰਾਇਣ ਵਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦਰ ਘਰ ਸਾਚੇ ਵੱਜੇ ਵਧਾਈਆ । ਦਰ ਘਰ ਸਚ ਸੁਹੰਜਨਾ, ਸੋਭਾਵੰਤ ਕਰਤਾਰ । ਜੋਤ ਜਗਾਏ ਆਦਿ ਨਿਰੰਜਣਾ, ਇਕ ਅਕੱਲਾ ਏਕੰਕਾਰ । ਦੀਨ ਦਿਆਲ ਠਾਕਰ ਦਰਦ ਦੁਖ ਭੈ ਭੰਜਨਾ, ਕਰੇ ਖੇਲ ਅਗੰਮ ਅਪਾਰ । ਆਪਣੇ ਦਵਾਰ ਅਗੇ ਆਪੇ ਸਜਨਾ, ਨਾ ਕੋਈ ਮੀਤ ਨਾ ਮੁਰਾਰ । ਨਾ ਘੜਿਆ ਨਾ ਭੱਜਣਾ, ਆਦਿ ਜੁਗਾਦੀ ਏਕਾ ਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਧੁਰ ਦਰਬਾਰ । ਧੁਰ ਦਰਬਾਰ ਸਚਖੰਡ, ਹਰਿ ਸਾਚੀ ਜੋਤ ਜਗਾਈਆ । ਆਦਿ ਜੁਗਾਦਿ ਰਹੇ ਅਖੰਡ, ਨਾ ਕੋਈ ਵੰਡਨ ਵੰਡ ਵੰਡਾਈਆ । ਨਿਰਗੁਣ ਨਿਰਵੈਰ ਪੁਰਖ ਅਕਾਲਾ ਦੀਨ ਦਿਆਲਾ ਹੋਏ ਕਦੇ ਨਾ ਰੰਡ, ਨਾਰੀ ਕੰਤ ਰੂਪ ਸਮਾਈਆ । ਇਕ ਗਾਏ ਆਪਣਾ ਛੰਦ, ਆਪੇ ਬਹਿ ਬਹਿ ਮੰਗਲ ਗਾਈਆ । ਆਪੇ ਵਸਿਆ ਆਪਣੇ ਅਨੰਦ, ਅਨੰਦ ਅਨੰਦ ਵਿਚ ਸਮਾਈਆ । ਆਪੇ ਬਣਿਆ


੧੩੮੩
੧੦

ਆਪਣਾ ਬਖ਼ਸ਼ੰਦ, ਬਖ਼ਸ਼ਿਸ਼ ਸਾਚੀ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਾ ਇਕ ਜਣਾਈਆ । ਸਚ ਦਵਾਰਾ ਸ੍ਰੀ ਭਗਵਾਨਾ, ਦਰਗਹਿ ਸਾਚੀ ਆਪ ਸੁਹਾਇੰਦਾ । ਪਰਮ ਪੁਰਖ ਪੁਰਖ ਸੁਲਤਾਨਾ, ਸ਼ਾਹੋ ਭੂਪ ਆਸਣ ਲਾਇੰਦਾ । ਰਾਜ ਰਾਜਾਨਾ ਸ੍ਰੀ ਭਗਵਾਨਾ, ਗੁਣ ਅਵਗੁਣ ਨਾ ਕੋਈ ਰਖਾਇੰਦਾ । ਹੁਕਮੀ ਹੁਕਮ ਧੁਰ ਫ਼ਰਮਾਨਾ, ਧੁਰ ਦੀ ਬਾਣੀ ਬਾਣ ਲਗਾਇੰਦਾ । ਨਿਰਗੁਣ ਦਾਤਾ ਨਿਰਗੁਣ ਦਾਨਾ, ਨਿਰਗੁਣ ਭੇਖੀ ਨਿਰਗੁਣ ਭਿਛਿਆ ਮੰਗ ਮੰਗ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਦਵਾਰੇ ਆਸਣ ਲਾਇੰਦਾ । ਸਚਖੰਡ ਦਵਾਰਾ ਹਰਿ ਜੂ ਆਸਣ, ਇਕ ਅਕੱਲਾ ਆਪ ਲਗਾਈਆ । ਕਰੇ ਖੇਲ ਪ੍ਰਿਥਮੀ ਅਕਾਸ਼ਨ, ਬੇਪਰਵਾਹ ਵਡੀ ਵਡਿਆਈਆ । ਆਪੇ ਵੇਖੇ ਆਪਣਾ ਖੇਲ ਤਮਾਸ਼ਨ, ਆਪੇ ਮੰਡਲ ਰਾਸ ਰਚਾਈਆ । ਆਪੇ ਕਰੇ ਆਪਣੀ ਪੂਰੀ ਆਸਣ, ਆਸਾ ਤ੍ਰਿਸ਼ਨਾ ਦਏ ਮਿਟਾਈਆ । ਆਪੇ ਭੋਗ ਆਪ ਬਲਾਸਨ, ਆਪੇ ਸੇਜ ਹੰਢਾਈਆ । ਆਪੇ ਦਾਸ ਆਪੇ ਦਾਸੀ ਦਾਸਨ, ਆਪੇ ਦਰ ਬਹਿ ਆਪਣਾ ਰੂਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਦਏ ਵਡਿਆਈਆ । ਸਚਖੰਡ ਦਵਾਰਾ ਵੱਡਾ ਵਡ, ਸੋ ਪੁਰਖ ਨਿਰੰਜਣ ਆਪ ਉਪਾਇੰਦਾ । ਆਪਣੇ ਵਿਚੋਂ ਆਪਾ ਕੱਢ, ਆਪੇ ਵੇਖ ਵਖਾਇੰਦਾ । ਆਪੇ ਜਾਣੇ ਆਪਣੀ ਹੱਦ, ਪਾਰ ਕਿਨਾਰਾ ਨਾ ਕੋਈ ਵਖਾਇੰਦਾ । ਆਪਣਾ ਆਪ ਆਪੇ ਸਦ, ਆਪ ਆਪਣਾ ਹੁਕਮ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਆਪੇ ਵੜ, ਦਰ ਦਰਵਾਜ਼ਾ ਆਪ ਖੁਲ੍ਹਾਇੰਦਾ । ਦਰ ਦਰਵਾਜ਼ਾ ਆਪੇ ਖੋਲ੍ਹ, ਨਿਰਗੁਣ ਨਿਰਗੁਣ ਆਪਣੇ ਹੱਥ ਰੱਖੇ ਵਡਿਆਈਆ । ਨਿਸ਼ਅੱਖਰ ਅੱਖਰ ਆਪੇ ਬੋਲ, ਬਿਨ ਅੱਖਰ ਕਰੇ ਪੜ੍ਹਾਈਆ । ਆਪੇ ਤੋਲੇ ਸਾਚਾ ਤੋਲ, ਤੋਲਣਹਾਰਾ ਇਕ ਅਖਵਾਈਆ । ਆਦਿ ਜੁਗਾਦਿ ਰਹੇ ਅਡੋਲ, ਅਡੁਲ ਕਦੇ ਨਾ ਜਾਈਆ । ਆਪਣੇ ਅੰਦਰ ਆਪੇ ਮੌਲ, ਮੌਲਾ ਆਪਣੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਿੰਘਾਸਣ ਆਪੇ ਚੜ੍ਹ, ਸਚਖੰਡ ਦਵਾਰੇ ਕਰੇ ਖੇਲ ਅਗੰਮ ਅਪਾਰਾ, ਭੇਵ ਅਭੇਦਾ ਆਪ ਜਣਾਈਆ । ਸਚਖੰਡ ਦਵਾਰੇ ਭੇਵ ਅਵੱਲਾ, ਹਰਿ ਆਪਣਾ ਆਪ ਜਣਾਇੰਦਾ । ਅਜੂਨੀ ਰਹਿਤ ਦਿਸੇ ਇਕ ਅਕੱਲਾ, ਦੂਸਰ ਸੰਗ ਨਾ ਕੋਈ ਰਖਾਇੰਦਾ । ਇਕ ਸਹਾਏ ਨਿਹਚਲ ਧਾਮ ਅਟੱਲਾ, ਅਟਲ ਮਹੱਲ ਆਪ ਵਡਿਆਇੰਦਾ । ਆਪਣੀ ਜੋਤ ਆਪੇ ਰਲਾ, ਜੋਤੀ ਜਾਤਾ ਨਾਉਂ ਧਰਾਇੰਦਾ । ਆਪੇ ਫੜੇ ਆਪਣਾ ਪੱਲਾ, ਨਾਰੀ ਕੰਤ ਖੇਲ ਖਿਲਾਇੰਦਾ । ਆਪਣਾ ਦਰ ਆਪੇ ਮੱਲਾ, ਦਰ ਘਰ ਸਾਚਾ ਆਪ ਸੁਹਾਇੰਦਾ । ਆਪਣਾ ਸੰਦੇਸ਼ ਆਪੇ ਘਲਾ, ਆਪੇ ਮਿਲ ਮਿਲ ਮੰਗਲ ਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਸੱਚਾ ਘੜ, ਘੜਣਹਾਰ ਹੱਥ ਵਡਿਆਈਆ । ਨਾ ਕੋਈ ਦੀਸੇ ਚਾਰ ਦਿਵਾਰ, ਛੱਪਰ ਛੰਨ ਨਾ ਕੋਈ ਛੁਹਾਈਆ । ਨਾ ਕੋਈ ਦੀਸੇ ਰਵ ਸਸ ਸੂਰਜ ਚੰਨ ਉਜਿਆਰ, ਨੂਰ ਜ਼ਹੂਰ ਨਾ ਕੋਈ ਕਰਾਈਆ । ਨਾ ਕੋਈ ਸੱਜਣ ਮੀਤ ਮੁਰਾਰ, ਸਗਲਾ ਸੰਗ ਨਾ ਕੋਈ ਵਖਾਈਆ । ਨਾ ਕੋਈ ਦਿਸੇ ਸੁਤ ਦੁਲਾਰ, ਮਾਤ ਪਿਤਾ ਸਾਕ ਸੱਜਣ ਨਾ ਕੋਈ ਭੈਣ ਭਾਈਆ । ਨਾ ਕੋਈ ਜੰਗਲ ਜੂਹ ਦਿਸੇ ਉਜਾੜ ਪਹਾੜ, ਡੂੰਘੀ ਕੰਦਰ ਭੇਵ ਨਾ ਰਾਈਆ । ਨਾ ਕੋਈ ਦਿਸੇ ਲੱਖ ਚੁਰਾਸੀ ਧਾਰ, ਪੰਜ ਤਤ ਨਾ ਕੋਈ ਵਡਿਆਈਆ । ਤ੍ਰੈਗੁਣ ਦਿਸੇ ਨਾ ਕੋਈ ਅਖਾੜ, ਵਿਸ਼ਨ ਬ੍ਰਹਮਾ ਸ਼ਿਵ

੧੩੮੪ ੧੦

ਨਾ ਕੋਇ ਸਮਝਾਈਆ । ਨਾ ਕੋਈ ਸ਼ਬਦ ਨਾਦ ਧੁੰਨਕਾਰ, ਨਾਦੀ ਨਾਦ ਨਾ ਕੋਈ ਸੁਣਾਈਆ । ਨਾ ਕੋਈ ਗੁਰ ਪੀਰ ਅਵਤਾਰ, ਮੁਲਾ ਸ਼ੇਖ਼ ਮਸਾਇਕ ਨਜ਼ਰ ਕੋਈ ਨਾ ਆਈਆ । ਸਰਬ ਜੀਆਂ ਦਾ ਇਕੋ ਨਾਇਕ, ਇਕੋ ਦਾਤਾ ਪੁਰਖ ਬਿਧਾਤਾ, ਨਰ ਨਿਰੰਕਾਰ ਖੇਲ ਖਿਲਾਈਆ । ਆਪੇ ਪਿਤਾ ਆਪੇ ਮਾਤਾ, ਆਪੇ ਬਾਲਕ ਰੂਪ ਵਟਾਈਆ । ਆਪੇ ਬੰਨ੍ਹੇ ਆਪਣਾ ਨਾਤਾ, ਤੁਟ ਕਦੇ ਨਾ ਜਾਈਆ । ਆਪੇ ਹੋਏ ਜੋਤੀ ਜਾਤਾ, ਜੋਤੀ ਜੋਤ ਕਰੇ ਰੁਸ਼ਨਾਈਆ । ਆਪੇ ਦਿਵਸ ਆਪੇ ਰਾਤਾ, ਘੜੀ ਪਲ ਆਪਣੀ ਵੰਡ ਵੰਡਾਈਆ । ਆਪੇ ਬ੍ਰਹਿਮੰਡ ਖੰਡ ਦੇਵੇ ਧਰਵਾਸਾ, ਅੰਡਜ ਜੇਰਜ ਉਤਭੁਜ ਸੇਤਜ ਆਪਣੇ ਰੰਗ ਟਿਕਾਈਆ । ਆਪੇ ਲੁਕਿਆ ਰਹੇ ਕਮਲਾਪਾਤਾ, ਦਿਸ ਕਿਸੇ ਨਾ ਆਈਆ । ਸਚਖੰਡ ਵਸੇ ਇਕ ਅਕਾਂਤਾ, ਅਕਲ ਕਲ ਖੇਲ ਖਿਲਾਈਆ । ਕਰੇ ਖੇਲ ਬਹੁ ਬਿਧ ਭਾਂਤਾ, ਬੇਅੰਤ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਆਪਣਾ ਘਾੜਨ ਲਏ ਘੜਾਈਆ । ਸਚਖੰਡ ਹਰਿ ਜੂ ਘਾੜਨ ਘੜਿਆ, ਘੜਨਹਾਰ ਨਿਰੰਕਾਰਾ । ਨਿਰਗੁਣ ਆਪੇ ਬਾਡੀ ਬਣਿਆ, ਨਾ ਕੋਈ ਦੀਸੇ ਜ਼ਾਤ ਤ੍ਰਖਾਨਾ । ਆਪਣੀ ਸੇਵਾ ਆਪੇ ਕਰਿਆ, ਆਪੇ ਸ਼ਾਹ ਆਪ ਨਿਮਾਣਾ । ਆਪਣਾ ਭਾਣਾ ਆਪੇ ਜਰਿਆ, ਆਪਣੇ ਹੁਕਮ ਆਪ ਸਮਾਨਾ । ਆਪਣੇ ਮੰਦਰ ਆਪੇ ਖੜ੍ਹਿਆ, ਆਪੇ ਵੇਖੇ ਮਾਰ ਧਿਆਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸ੍ਰੀ ਭਗਵਾਨਾ । ਸ੍ਰੀ ਭਗਵਾਨ ਖੇਲ ਅਪਾਰਾ, ਨਿਰਗੁਣ ਨਿਰਾਕਾਰ ਆਪ ਕਰਾਈਆ । ਸਚਖੰਡ ਸਾਚਾ ਖੋਲ੍ਹ ਦਵਾਰਾ, ਇਕ ਅਕੱਲਾ ਸੋਭਾ ਪਾਈਆ । ਦਰ ਦਰਵੇਸ਼ ਬਣੇ ਭਿਖਾਰਾ, ਨਿਉਂ ਨਿਉਂ ਆਪਣਾ ਸੀਸ ਝੁਕਾਈਆ । ਭੂਪਤ ਭੂਪ ਬਣ ਵਣਜਾਰਾ, ਸਾਚਾ ਵਣਜ ਇਕ ਵਖਾਈਆ । ਏਕਾ ਵਸਤ ਅਮੋਲਕ ਰੱਖੇ ਬਾਰਾ, ਥਿਰ ਆਪਣੀ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਇਛਿਆ ਆਪਣੇ ਨਾਲ ਮਿਲਾਈਆ । ਆਪਣੀ ਇਛਿਆ ਆਪਣੇ ਅੱਗੇ ਰੱਖ, ਪੁਰਖ ਅਕਾਲ ਖੇਲ ਖਿਲਾਇੰਦਾ । ਆਦਿ ਪੁਰਖ ਪ੍ਰਭ ਹੋ ਪਰਤਖ, ਸਚਖੰਡ ਦਵਾਰੇ ਸੋਭਾ ਪਾਇੰਦਾ । ਨਾਉਂ ਧਰਾਏ ਇਕ ਸਮਰਥ, ਸਮਰਥ ਆਪਣੀ ਧਾਰ ਜਣਾਇੰਦਾ । ਆਪਣੇ ਗ੍ਰਿਹ ਹੋ ਉਤਪਤ, ਆਪਣਾ ਮਾਰਗ ਆਪੇ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਦਿ ਆਦਿ ਆਪਣੀ ਧਾਰ ਆਪ ਚਲਾਇੰਦਾ । ਆਦਿ ਪੁਰਖ ਸਾਚੀ ਧਾਰ, ਸਚਖੰਡ ਦਵਾਰ ਚਲਾਈਆ । ਨਿਰਗੁਣ ਰੂਪ ਨਿਰਾਕਾਰ, ਨਿਰਵੈਰ ਵੇਸ ਵਟਾਈਆ । ਅਜੂਨੀ ਰਹਿਤ ਹੋਇਆ ਖ਼ਬਰਦਾਰ, ਰੂਪ ਰੰਗ ਨਾ ਕੋਈ ਵਡਿਆਈਆ । ਵਸਣਹਾਰਾ ਧਾਮ ਨਿਆਰ, ਦਰ ਸਾਚੇ ਸੋਭਾ ਪਾਈਆ । ਆਪਾ ਕਰ ਆਪ ਵਿਚਾਰ, ਆਪੇ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਦਏ ਵਡਿਆਈਆ । ਆਦਿ ਆਪਣੀ ਰਚਨਾ ਰਚ, ਹਰਿ ਹਰਿ ਖੇਲ ਖਿਲਾਇਆ । ਆਪਣਾ ਨਾਉਂ ਨਾਉਂ ਧਰ ਧਰ, ਸਚ ਸਾਚਾ ਮਾਰਗ ਲਾਇਆ । ਆਪਣੇ ਅੰਤਰ ਆਪੇ ਰਚ, ਆਪਣਾ ਰੰਗ ਰੰਗਾਇਆ । ਆਪਣੇ ਦਵਾਰ ਆਪੇ ਨੱਚ, ਆਪਣਾ ਸਵਾਂਗ ਵਖਾਇਆ । ਆਪਣੇ ਗ੍ਰਿਹ ਆਪੇ ਹਸ, ਆਪੇ ਮੰਗਲ ਗਾਇਆ । ਆਪਣੇ ਮੰਦਰ ਆਪੇ ਹੋਇਆ ਵਸ, ਆਪ ਆਪਣਾ ਬੰਧਨ ਪਾਈਆ । ਕਰੇ ਖੇਲ ਅਲਖਨਾ ਅਲਖ, ਅਲਖ ਅਲਖ ਬੇਪਰਵਾਹਿਆ । ਆਪੇ ਜਾਣੇ ਆਪਣਾ ਰਸ, ਰਸ ਰਸੀਆ ਸੱਚਾ ਸ਼ਹਿਨਸ਼ਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੂਪ ਆਪ ਸਮਝਾਇਆ । ਸਾਚਾ ਮਾਰਗ ਪੁਰਖ ਅਗੰਮ, ਅਗੰਮੜਾ ਆਪ ਜਣਾਇੰਦਾ । ਸਾਚਾ

੧੩੮੫
੧੦

ਰੂਪ ਪੁਰਖ ਅਗੰਮ, ਅਗੰਮੜਾ ਆਪ ਜਣਾਇੰਦਾ । ਨਾ ਮਰੇ ਨਾ ਪਏ ਜੰਮ, ਰੂਪ ਅਨੂਪ ਨਾ ਕੋਇ ਰਖਾਇੰਦਾ । ਨਾ ਕੋਈ ਤਤਵ ਨਾ ਕੋਈ ਤਨ, ਨਾ ਕੋਈ ਤਾਰ ਸਤਾਰ ਹਿਲਾਇੰਦਾ । ਨਾ ਕੋਈ ਜਨਨੀ ਨਾ ਕੋਈ ਜਨ, ਮਾਤ ਪਿਤ ਨਾ ਕੋਈ ਵਡਿਆਇੰਦਾ । ਨਾ ਕੋਈ ਰਾਗ ਨਾ ਕੋਈ ਕੰਨ, ਨਾ ਕੋਈ ਵਾਜ ਸੁਣਾਇੰਦਾ । ਨਾ ਕੋਈ ਛੱਪਰ ਨਾ ਕੋਈ ਛੰਨ, ਨਾ ਕੋਈ ਡੇਰਾ ਬਣਾਇੰਦਾ । ਆਦਿ ਪੁਰਖ ਇਕ ਭਗਵਾਨ, ਆਪਣੀ ਜੋਤ ਆਪ ਪਰਗਟਾਇੰਦਾ । ਸਚ ਦਵਾਰਾ ਚੜ੍ਹਿਆ ਚੰਨ, ਸਚਖੰਡ ਦਵਾਰਾ ਆਪ ਰੁਸ਼ਨਾਇੰਦਾ । ਆਪਣਾ ਹੁਕਮ ਆਪੇ ਮੰਨ, ਸਦ ਭਾਣੇ ਵਿਚ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਆਪੇ ਬਹਿ, ਆਪਣਾ ਹੁਕਮ ਮਨਾਇੰਦਾ । ਸਾਚਾ ਹੁਕਮ ਸ੍ਰੀ ਭਗਵਾਨ, ਆਪਣਾ ਆਪ ਜਣਾਈਆ । ਸੋ ਪੁਰਖ ਨਿਰੰਜਣ ਹੋ ਮਿਹਰਵਾਨ, ਪਾਰਬ੍ਰਹਮ ਦਰ ਬੁਲਾਈਆ । ਹਰਿ ਪੁਰਖ ਨਿਰੰਜਣ ਦੇਵੇ ਦਾਨ, ਸ੍ਰੀ ਭਗਵਾਨ ਝੋਲੀ ਡਾਹੀਆ । ਏਕੰਕਾਰਾ ਵਖਾਏ ਸਚ ਮਕਾਨ, ਅਬਿਨਾਸ਼ੀ ਕਰਤਾ ਵੇਖ ਵਖਾਈਆ । ਆਦਿ ਨਿਰੰਜਣ ਨੂਰ ਮਹਾਨ, ਇਕ ਅਕੱਲਾ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰ ਆਪ ਸੁਹਾਈਆ । ਸਚਖੰਡ ਦਵਾਰ ਸੁਹਾਇਆ, ਹਰਿ ਵੱਡਾ ਵਡ ਵਡਿਆਈਆ । ਆਪਣਾ ਖੇਲ ਆਪੇ ਦਰ ਦਰ, ਸਾਚਾ ਆਪ ਸੁਹਾਈਆ । ਪੁਰਖ ਅਕਾਲ ਆਪੇ ਬਣ ਬਣ, ਆਪਣਾ ਰੰਗ ਰੰਗਾਈਆ । ਸਾਚੇ ਪੌੜੇ ਆਪੇ ਚੜ੍ਹ ਚੜ੍ਹ, ਸਚ ਸਿੰਘਾਸਣ ਸੋਭਾ ਪਾਈਆ । ਆਪਣਾ ਪੱਲੂ ਆਪੇ ਫੜ ਫੜ, ਆਪਾ ਲਏ ਪਰਨਾਈਆ । ਨਾਰੀ ਕੰਤ ਆਪੇ ਬਣ ਬਣ, ਹਰਿ ਸਾਚੀ ਸੇਜ ਸੁਹਾਈਆ । ਨਿਰਗੁਣ ਅੰਦਰ ਨਿਰਗੁਣ ਧਰ ਧਰ, ਸਾਚੀ ਧਾਰ ਚਲਾਈਆ । ਆਪਣੀ ਕਿਰਪਾ ਆਪੇ ਕਰ ਕਰ, ਕਰਤਾ ਪੁਰਖ ਖੇਲ ਵਖਾਈਆ । ਨਿਰਭੌ ਚੁਕਾ ਆਪਣਾ ਡਰ ਡਰ, ਭੈ ਅਵਰ ਨਾ ਕੋਈ ਵਖਾਈਆ । ਸਚਖੰਡ ਦਵਾਰਾ ਦੇ ਵਰ ਵਰ, ਦਾਤਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਈਆ । ਪੁਰਖ ਅਬਿਨਾਸ਼ੀ ਭੇਵ ਖੁਲ੍ਹੌਣਾ, ਆਪਣਾ ਪਰਦਾ ਹਰਿ ਜੂ ਚੁੱਕ । ਸਚਖੰਡ ਦਵਾਰਾ ਇਕ ਸੁਹੌਣਾ, ਜਿਸ ਅੰਦਰ ਬੈਠਾ ਲੁਕ । ਸਚ ਨਿਸ਼ਾਨਾ ਇਕ ਝੁਲੌਣਾ, ਸਚ ਦਵਾਰੇ ਕਿਲੇ ਕੋਟ । ਸਚ ਨਗਾਰਾ ਇਕ ਵਜੌਣਾ, ਹਰਿ ਨਾਮੇ ਲੱਗੇ ਚੋਟ । ਬੰਕ ਦਵਾਰਾ ਇਕ ਸੁਹੌਣਾ, ਪੁਰਖ ਅਕਾਲਾ ਇਕੋ ਓਟ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਨਿਰਗੁਣ ਜੋਤ । ਨਿਰਗੁਣ ਜੋਤ ਜੋਤੀ ਧਾਰਾ, ਸੋ ਪੁਰਖ ਨਿਰੰਜਣ ਆਪ ਪਰਗਟਾਈਆ । ਹਰਿ ਪੁਰਖ ਨਿਰੰਜਣ ਕਰੇ ਪਿਆਰਾ, ਏਕੰਕਾਰ ਨਾਲ ਮਿਲਾਈਆ । ਆਦਿ ਨਿਰੰਜਣ ਕਰ ਉਜਿਆਰਾ, ਅਬਿਨਾਸ਼ੀ ਕਰਤਾ ਵੇਖੇ ਚਾਈਂ ਚਾਈਆ । ਸ੍ਰੀ ਭਗਵਾਨ ਦਏ ਹੁਲਾਰਾ, ਸਚ ਨਿਸ਼ਾਨਾ ਇਕ ਉਠਾਈਆ । ਪਾਰਬ੍ਰਹਮ ਦਰ ਬਣ ਭਿਖਾਰਾ, ਦਰਵੇਸ਼ ਆਪਣੀ ਝੋਲੀ ਅਗੇ ਡਾਹੀਆ । ਦੇਵਣਹਾਰ ਆਪ ਵਰਤਾਰਾ, ਇਕੋ ਇਕ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪਸਾਰਾ ਕਰਿਆ ਇਕ, ਹਰਿ ਹਰਿ ਆਪਣਾ ਆਪ ਲੇਖ ਲਿਖ, ਲੇਖਾ ਲਿਖਤ ਵਿਚ ਨਾ ਆਈਆ । ਸਾਚਾ ਲੇਖਾ ਧੁਰਦਰਗਾਹ, ਧੁਰਦਰਗਾਹੀ ਆਪ ਜਣਾਇੰਦਾ । ਸਚਖੰਡ ਦਵਾਰੇ ਸਚ ਮਲਾਹ, ਸਾਚਾ ਮਤਾ ਪਕਾਇੰਦਾ । ਸਾਚੇ ਤਖ਼ਤ ਬੈਠ ਸੱਚਾ ਸ਼ਹਿਨਸ਼ਾਹ, ਸਾਚਾ ਹੁਕਮ ਜਣਾਇੰਦਾ । ਥਿਰ ਘਰ ਸੱਚਾ ਲਵਾਂ ਵਸਾ, ਸਚ ਆਪਣੀ ਬਣਤ ਬਣਾਇੰਦਾ । ਸੁਤ ਦੁਲਾਰਾ ਦਿਆਂ ਟਿਕਾ, ਸ਼ਬਦੀ ਨਾਉਂ ਧਰਾਇੰਦਾ । ਸ਼ਬਦੀ ਹੁਕਮ ਆਪ ਸਮਝਾ, ਆਪਣਾ ਭੇਵ ਚੁਕਾਇੰਦਾ ।

ਵਿਸ਼ਨ ਬ੍ਰਹਮਾ ਸ਼ਿਵ ਤੇਰੀ ਝੋਲੀ ਪਾ, ਤੇਰਾ ਰਾਹ ਵਖਾਇੰਦਾ । ਤ੍ਰੈ ਤ੍ਰੈ ਲੇਖਾ ਏਕਾ ਥਾਂ, ਪੰਚਮ ਜੋੜ ਜੁੜਾਇੰਦਾ । ਚਾਰ ਚਾਰ ਹਰਿ ਪਕੜੇ ਬਾਂਹ, ਪੰਚਮ ਆਪਣਾ ਰੂਪ ਪਰਗਟਾਇੰਦਾ । ਛੇ ਛੇ ਘਰ ਡੇਰਾ ਲਾ, ਸਤਵੇਂ ਸਤਿ ਸਤਿਵਾਦੀ ਡੰਕ ਵਜਾਇੰਦਾ । ਅੱਠਾਂ ਤਤਾਂ ਰੰਗ ਰੰਗਾ, ਨੌ ਦਵਾਰ ਖੋਜ ਖੁਜਾਇੰਦਾ । ਦਸਵੇਂ ਭੇਵ ਆਪ ਮੁਕਾ, ਲੁਕ ਲੁਕ ਵੇਖ ਵਖਾਇੰਦਾ । ਸ਼ਬਦੀ ਮਾਰਗ ਏਕਾ ਲਾ, ਸਚ ਮਹੱਲ ਅਟਲ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੁਤ ਸ਼ਬਦ ਸਮਝਾਇੰਦਾ । ਸੁਤ ਸ਼ਬਦ ਮਾਰ ਧਿਆਨ, ਪ੍ਰਭ ਅੱਗੇ ਸੀਸ ਝੁਕਾਈਆ । ਥਿਰ ਘਰ ਮਿਲਿਆ ਤੇਰਾ ਦਾਨ, ਤੇਰੀ ਵਡ ਵਡੀ ਵਡਿਆਈਆ । ਆਦਿ ਜੁਗਾਦਿ ਸਦਾ ਮਿਹਰਵਾਨ, ਦੇਵਣਹਾਰ ਇਕ ਅਖਵਾਈਆ । ਰਵ ਸਸ ਕਰ ਪਰਧਾਨ, ਕਿਰਨ ਕਿਰਨ ਕਰੀ ਰੁਸ਼ਨਾਈਆ । ਲੋਆਂ ਪੁਰੀਆਂ ਖੇਲ ਮਹਾਨ, ਮੰਡਲ ਆਪਣੀ ਰਾਸ ਰਚਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰ ਪਰਵਾਨ, ਪਰਾ ਪਸੰਤੀ ਮਧਮ ਬੈਖਰੀ ਤੇਰੀ ਧਾਰ ਸੁਣਾਈਆ । ਪਾਰਬ੍ਰਹਮ ਬ੍ਰਹਮ ਇਕ ਗਿਆਨ, ਬ੍ਰਹਮ ਵੇਤਾ ਕਰੇ ਪੜ੍ਹਾਈਆ । ਜੁਗ ਜੁਗ ਖੇਲ ਖੇਲ ਮਹਾਨ, ਲੋਕਮਾਤ ਦਿਆਂ ਕਰਾਈਆ । ਨਿਰਗੁਣ ਸਰਗੁਣ ਇਕ ਨਿਸ਼ਾਨ, ਗੁਰ ਗੁਰ ਵੇਸ ਅਨੇਕ ਵਟਾਈਆ । ਭਗਤ ਭਗਵੰਤ ਦੇਦੇ ਮਾਣ, ਤੇਰੀ ਮਹਿਮਾ ਅਕਥ ਸੁਣਾਈਆ । ਸੰਤ ਸਾਜਨ ਇਕ ਮਕਾਨ, ਸਚ ਦਵਾਰਾ ਦਿਆਂ ਵਖਾਈਆ । ਗੁਰਮੁਖਾਂ ਰਾਗ ਸੁਣਾਵਾਂ ਕਾਨ, ਧੁਨ ਆਤਮਕ ਆਪ ਜਣਾਈਆ । ਗੁਰਸਿਖਾਂ ਚਰਨ ਧਿਆਨ, ਸਾਚਾ ਮਾਰਗ ਇਕ ਸਮਝਾਈਆ । ਕਰਾਂ ਖੇਲ ਵਿਚ ਜਹਾਨ, ਲੱਖ ਚੁਰਾਸੀ ਨਾਚ ਨਚਾਈਆ । ਪੀਰ ਪੈਗ਼ੰਬਰ ਪਾਵਾਂ ਆਣ, ਹੁਕਮੀ ਹੁਕਮ ਭਵਾਈਆ । ਜੁਗ ਚੌਕੜੀ ਕਰ ਕਲਿਆਣ, ਅੰਤਮ ਆਪਣੇ ਵਿਚ ਛੁਪਾਈਆ । ਏਕਾ ਸਦਾ ਰੱਖਾਂ ਆਪਣਾ ਨਾਮ, ਨਾਮ ਨਾਮ ਵਿਚ ਸਾਲਾਹੀਆ । ਤੇਰਾ ਅੰਮ੍ਰਿਤ ਸੱਚਾ ਜਾਮ, ਸਚ ਦਵਾਰੇ ਦਿਆਂ ਵਖਾਈਆ । ਤੇਰਾ ਸਚ ਸੰਦੇਸ਼ਾ ਧੁਰ ਪੈਗ਼ਾਮ, ਪੀਰ ਪੀਰਾਂ ਕਰਾਂ ਪੜ੍ਹਾਈਆ । ਤੇਰਾ ਪਕੜੌਣਾ ਏਕਾ ਦਾਮ, ਦਾਮਨਗੀਰ ਸਰਬ ਲੋਕਾਈਆ । ਤੂੰ ਹਰਿ ਘਟ ਰਮਿਆ ਰਾਮ, ਤੂੰ ਮੇਰਾ ਪਿਤਾ ਮਾਈਆ । ਸੁਤ ਦੁਲਾਰਾ ਸ਼ਬਦ ਨਿਉਂ ਨਿਉਂ ਕਰੇ ਸਲਾਮ, ਅਲੈਕਮ ਤੇਰੀ ਸ਼ਹਿਨਸ਼ਾਹੀਆ । ਮੁਕਾਮੇ ਹੱਕ ਤੇਰੀ ਕਲਾਮ, ਬੇਐਬ ਮੇਰੇ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸ਼ਬਦ ਸੁਤ ਅੱਗੇ ਅਬਿਨਾਸ਼ੀ ਅਚੁਤ ਬੈਠਾ ਸੀਸ ਝੁਕਾਈਆ । ਸੁਤ ਦੁਲਾਰਾ ਗਿਆ ਝੁਕ, ਪ੍ਰਭ ਅਗੇ ਸੀਸ ਝੁਕਾਇੰਦਾ । ਤੂੰ ਨਿਰਗੁਣ ਬੈਠਾ ਲੁਕ, ਦਿਸ ਕਿਸੇ ਨਾ ਆਇੰਦਾ । ਮੈਂ ਬਣਿਆ ਤੇਰਾ ਸੁਤ, ਤੇਰੇ ਅਗੇ ਝੋਲੀ ਡਾਹਿੰਦਾ । ਤੂੰ ਸੁਹੌਣੀ ਮੇਰੀ ਰੁੱਤ, ਮੈਂ ਤੇਰੀ ਫੁਲਵਾੜੀ ਆਪ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਉਂ ਭਿਖਕ ਝੋਲੀ ਡਾਹਿੰਦਾ । ਭਿਖਕ ਮੰਗੇ ਯਾਚਕ ਦਾਨ, ਪ੍ਰਭ ਅਗੇ ਸੀਸ ਝੁਕਾਈਆ । ਤੂੰ ਸਾਹਿਬ ਸੱਚਾ ਸੁਲਤਾਨ, ਬੇਅੰਤ ਤੇਰੀ ਵਡਿਆਈਆ । ਮੈਂ ਬਾਲਾ ਸੁਤ ਅੰਞਾਣ, ਤੇਰੇ ਅਗੇ ਨਾ ਕੋਈ ਚਤੁਰਾਈਆ । ਤੂੰ ਰੱਖਣਾ ਆਦਿ ਜੁਗਾਦਿ ਧਿਆਨ, ਤੇਰੀ ਨਿਗਹ ਬਦਲ ਨਾ ਜਾਈਆ । ਤੂੰ ਮਹਿਬਾਨ ਬੀਦੋ ਮਿਹਰਵਾਨ ਬੀ ਖੈਰ ਯਾ ਅੱਲਾ, ਸਿਫ਼ਤ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਅਤੋਟ ਅਤੁਟ ਰਖਾਈਆ । ਸਾਚਾ ਸੁਤ ਸ਼ਬਦ ਦੁਲਾਰਾ, ਏਕਾ ਮੰਗ ਮੰਗਾਇੰਦਾ । ਥਿਰ ਘਰ ਤੇਰਾ ਰਹੇ ਹੁਲਾਰਾ, ਦੂਜਾ ਦਰ ਨਾ ਕੋਈ ਪਾਇੰਦਾ । ਸਚਖੰਡ ਤੇਰਾ ਹੁੰਦਾ ਹੈ ਦੀਦਾਰਾ, ਮੇਰਾ ਰੰਗ ਰੰਗਾਇੰਦਾ । ਤੇਰੀ ਕਿਰਪਾ

੧੩੮੭
੧੦

ਤੇਰੀ ਦ੍ਰਿਸ਼ਟ ਮੇਰੀ ਇਸ਼ਟ ਕਰੇ ਗੁਜਾਰਾ, ਬਿਨ ਤੁਧ ਇਸ਼ਟ ਨਾ ਕੋਈ ਮਨਾਇੰਦਾ । ਤੂੰ ਸਾਹਿਬ ਬੇਐਬ ਪਰਵਰਦਿਗਾਰਾ, ਤੇਰਾ ਜਲਵਾ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਚ ਸਹਾਰਾ, ਤੇਰੀ ਓਟ ਤਕਾਇੰਦਾ । ਤੇਰੀ ਓਟ ਲਈ ਤੱਕ, ਬੇਐਬ ਮੇਰੇ ਖ਼ੁਦਾਇਆ । ਆਦਿ ਜੁਗਾਦਿ ਨਾ ਜਾਵਾਂ ਥੱਕ, ਸਦ ਰੱਖੀਂ ਸੀਸ ਮੇਰੇ ਤੇ ਛਾਇਆ । ਤੇਰਾ ਹੁਕਮ ਉਪਜੌਣਾ ਹੱਕ, ਭੁਲ ਕਦੇ ਨਾ ਜਾਇਆ । ਤੂੰ ਥਿਰ ਘਰ ਲੈਣਾ ਰੱਖ, ਬਣ ਬਣ ਜਣੇਂਦੀ ਮਾਇਆ । ਮੈਂ ਤੇਰੇ ਕੋਲੋਂ ਹੋਵਾਂ ਨਾ ਵੱਖ, ਸੁਤ ਸ਼ਬਦ ਰਿਹਾ ਕੁਰਲਾਇਆ । ਤੂੰ ਆਦਿ ਜੁਗਾਦਿ ਕਰਨਾ ਮੇਰਾ ਪੱਖ, ਤੇਰੇ ਚਰਨਾਂ ਸੀਸ ਨਿਵਾਇਆ । ਵਿਸ਼ਨ ਬ੍ਰਹਮਾ ਸ਼ਿਵ ਕਰਾਂ ਪਰਤੱਖ, ਤੇਰਾ ਮਾਰਗ ਦਿਆਂ ਵਖਾਇਆ । ਤ੍ਰੈਗੁਣ ਮਾਇਆ ਪੰਜ ਤਤ ਕਰਾਂ ਖੇਲ ਅਲਖ ਅਲਖ, ਘਟ ਘਟ ਆਪਣੀ ਅਲਖ ਜਗਾਇਆ । ਪਾਰਬ੍ਰਹਮ ਪ੍ਰਭ ਗੁਣ ਨਿਧਾਨ, ਦਇਆਵਾਨ ਦਇਆ ਕਮਾਈਆ । ਸੁਤ ਬਾਲ ਨਿਧਾਨ, ਤੇਰੀ ਬਾਲੀ ਬੁਧ ਦਿਆਂ ਵਡਿਆਈਆ । ਆਦਿ ਜੁਗਾਦਿ ਰੱਖਾਂ ਤੇਰੀ ਪਹਿਚਾਨ, ਭੁਲ ਕਦੇ ਨਾ ਜਾਈਆ । ਥਿਰ ਘਰ ਤੇਰਾ ਵਸਦਾ ਰਹੇ ਮਕਾਨ, ਢੇਰੀ ਢਾਹ ਨਾ ਕੋਈ ਬਣਾਈਆ । ਲੱਖ ਚੁਰਾਸੀ ਇਕੋ ਦਾਨ, ਏਕਾ ਵਾਰ ਝੋਲੀ ਪਾਈਆ । ਨਿਰਗੁਣ ਸਰਗੁਣ ਲੈ ਲੈ ਜਾਏ ਪੈਗ਼ਾਮ, ਸਚ ਸੰਦੇਸ਼ਾ ਮਾਤ ਸੁਣਾਈਆ । ਖੇਲਾਂ ਖੇਲ ਦੋ ਜਹਾਨ, ਬ੍ਰਹਿਮੰਡ ਖੰਡ ਵਡੀ ਵਡਿਆਈਆ । ਲੋਕ ਪਰਲੋਕ ਜਸ ਤੇਰਾ ਗਾਣ, ਤੇਰੇ ਨਾਉਂ ਸੱਚੀ ਸ਼ਨਵਾਈਆ । ਤੇਰੀ ਵੰਡਾਂ ਵੰਡ ਮਹਾਨ, ਵੰਡ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੁਤ ਸ਼ਬਦ ਆਪ ਸਮਝਾਈਆ । ਸੁਤ ਸ਼ਬਦ ਉਠ ਕਰ ਧਿਆਨ, ਪਿਤਾ ਪੂਤ ਸਮਝਾਇਆ । ਮੇਰਾ ਨਾਉਂ ਤੇਰਾ ਗਿਆਨ, ਭੇਵ ਕਿਸੇ ਨਾ ਆਇਆ । ਮੇਰਾ ਚਰਨ ਤੇਰਾ ਧਿਆਨ, ਧਿਆਨ ਕਿਸੇ ਨਾ ਪਾਇਆ । ਮੇਰਾ ਮੰਦਰ ਤੇਰਾ ਮਕਾਨ, ਮਕਾਨ ਹੱਥ ਕਿਸੇ ਨਾ ਆਇਆ । ਮੇਰਾ ਨਾਦ ਤੇਰਾ ਧੁਨਕਾਨ, ਤੇਰਾ ਨਾਦ ਨਾ ਕੋਈ ਸੁਣਾਇਆ । ਮੇਰਾ ਰਸ ਤੇਰਾ ਪੀਣ ਖਾਣ, ਤੇਰਾ ਰਸ ਤੇਰੇ ਵਿਚ ਲੁਕਾਇਆ । ਮੇਰਾ ਨਾਉਂ ਸ੍ਰੀ ਭਗਵਾਨ, ਤੇਰਾ ਸ਼ਬਦੀ ਨਾਉਂ ਧਰਾਇਆ । ਤੂੰ ਪੁੱਤ ਮੇਰਾ ਬਲਵਾਨ, ਨਾ ਮਰੇ ਨਾ ਜਾਇਆ । ਜੁਗ ਜੁਗ ਤੇਰੇ ਹੱਥ ਵਖਾਵਾਂ ਸਚ ਨਿਸ਼ਾਨ, ਲੋਕਮਾਤ ਦਏਂ ਝੁਲਾਇਆ । ਲੱਖ ਚੁਰਾਸੀ ਦਈਂ ਗਿਆਨ, ਏਕਾ ਅੱਖਰ ਆਪ ਪੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਵਸਤ ਆਪ ਵਰਤਾਇਆ । ਸਾਚੀ ਵਸਤ ਵਸਤ ਅਪਾਰ, ਹਰਿ ਆਪਣੀ ਇਛਿਆ ਝੋਲੀ ਪਾਈਆ । ਜੁਗ ਜੁਗ ਖੇਲ ਕਰੇ ਕਰਤਾਰ, ਕੁਦਰਤ ਤੇਰੀ ਧਾਰ ਬੰਧਾਈਆ । ਗੁਰ ਅਵਤਾਰ ਹੋ ਤਿਆਰ, ਪੰਜ ਤੱਤ ਦਏ ਵਡਿਆਈਆ । ਜੁਗ ਚੌਕੜੀ ਵਿਚ ਸੰਸਾਰ, ਨੌਂ ਨੌਂ ਚਾਰ ਪੰਧ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੂਪ ਆਪ ਵਰਤਾਈਆ । ਮਿਲਿਆ ਵਰ ਦੀਆ ਭਗਵੰਤ, ਦੇਵਣਹਾਰਾ ਦਾਤਾਰਾ । ਤੇਰੀ ਵਡਿਆਈ ਤੂਹੇ ਜਾਣੇ ਬੇਅੰਤ, ਬੇਅੰਤ ਤੇਰਾ ਘਰ ਬਾਰਾ । ਤੇਰਾ ਨਾਉਂ ਤੇਰਾ ਅਤੀਤ, ਤੇਰੇ ਦਰ ਜੈਕਾਰਾ । ਤੂੰਹੀਂ ਆਦਿ ਤੂੰਹੀਂ ਅੰਤ, ਤੁਧ ਤੇਰਾ ਪਸਾਰਾ । ਦੋਏ ਜੋੜ ਕਰਾਂ ਬੇਨੰਤ, ਕਰ ਸੱਚਾ ਕੌਲ ਇਕਰਾਰਾ । ਕਵਣ ਵੇਲਾ ਮੇਲਾ ਅੰਤ, ਬਣ ਸੱਜਣ ਮੀਤ ਮੁਰਾਰਾ । ਜੁਗ ਚੌਕੜੀ ਤੇਰੀ ਮਹਿਮਾ ਗਾਇਨ ਭਗਤ ਸੰਤ, ਗੁਰਮੁਖ ਕੋਟਨ ਵਾਰੋ ਵਾਰਾ । ਗੁਰਸਿਖ ਕਰਨ ਤੇਰੀ ਮਿੰਨਤ, ਨਿਉਂ ਨਿਉਂ ਚਰਨ ਸਰਨ ਨਿਮਸਕਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ

ਦੇ ਦੇ ਸਾਚਾ ਵਰ, ਮੇਰਾ ਅੰਤ ਅੰਤ ਸਹਾਰਾ । ਅੰਤ ਸਹਾਰਾ ਦੇ ਦੇ ਠਾਕਰ, ਸ਼ਬਦੀ ਮੰਗ ਮੰਗਾਇਆ । ਜੁਗ ਚੌਕੜੀ ਤੇਰੇ ਦਰ ਬਣਿਆ ਰਹਾਂ ਸੁਦਾਗਰ, ਏਕਾ ਵਣਜ ਕਰਾਇਆ । ਤੂੰ ਸਾਹਿਬ ਦੇਣਾ ਆਦਰ, ਸੀਸ ਮੇਰੇ ਹੱਥ ਟਿਕਾਇਆ । ਤੂੰ ਕਰੀਮ ਕਰਤਾ ਕ਼ਾਦਰ, ਕ਼ੁਦਰਤ ਤੇਰੀ ਵੇਖ ਵਖਾਇਆ । ਤੂੰ ਮੇਰਾ ਬਣਨਾ ਸਾਦਰ, ਏਕਾ ਸਬਕ ਪੜ੍ਹਾਇਆ । ਤੂੰ ਪਿਸਰ ਪਿਦਰ ਮਾਦਰ, ਹਉਂ ਬਾਲੀ ਬੁੱਧ ਅਖਵਾਇਆ । ਤੂੰ ਸੂਰਬੀਰ ਬਹਾਦਰ, ਬਲਵਾਨ ਤੇਰੀ ਵੱਡੀ ਸ਼ਾਹਿਆ । ਤੂੰ ਮੇਰਾ ਰੂਪ ਕਰਨਾ ਉਜਾਗਰ, ਤੁਧ ਬਿਨ ਨਜ਼ਰ ਕੋਇ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸੰਦੇਸ਼ਾ ਆਪ ਸੁਣਾਇਆ । ਸਚ ਸੰਦੇਸ਼ਾ ਸ੍ਰੀ ਭਗਵਾਨਾ, ਆਦਿ ਆਦਿ ਸੁਣਾਈਆ । ਸੁਤ ਦੁਲਾਰੇ ਕਰ ਧਿਆਨਾ, ਹਰਿ ਸਾਚਾ ਆਪ ਸਮਝਾਈਆ । ਕਰੇ ਖੇਲ ਸ੍ਰੀ ਭਗਵਾਨਾ, ਜੁਗ ਜੁਗ ਵੇਖ ਵਖਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਬੰਨ੍ਹੇ ਗਾਨਾ, ਲੱਖ ਚੁਰਾਸੀ ਤੰਦ ਵਖਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਵੇਖੇ ਮਾਰ ਧਿਆਨਾ, ਦੋ ਜਹਾਨਾਂ ਹੁਕਮ ਮਨਾਈਆ । ਨੌ ਨੌ ਚਾਰ ਪੰਧ ਮੁਕਾਨਾ, ਚੌਕੜੀ ਜੁਗ ਗੇੜ ਦਵਾਈਆ । ਕਰੇ ਖੇਲ ਵਡ ਮਰਦਾਨਾ, ਗੁਰ ਅਵਤਾਰ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪ ਲਿਖਾਈਆ । ਆਪਣਾ ਲੇਖਾ ਲਿਆ ਲਿਖ, ਲਿਖਣਹਾਰ ਕਰਤਾਰਾ । ਆਪੇ ਜਾਣੇ ਆਪਣਾ ਭੇਖ, ਭੇਖ ਅਵੱਲੜਾ ਅਗੰਮ ਅਪਾਰਾ । ਆਪੇ ਜਾਣੇ ਆਪਣੀ ਰੇਖ, ਰੇਖ ਰੰਗ ਰੂਪ ਤੇ ਵਸੇ ਬਾਹਰਾ । ਆਪਣਾ ਨੈਣ ਆਪੇ ਪੇਖ, ਆਪੇ ਨੇਤਰ ਕਰੇ ਉਜਿਆਰਾ । ਆਪੇ ਜਾਣੇ ਆਪਣਾ ਭੇਤ, ਆਪੇ ਖੋਲਣਹਾਰਾ ਕਿਵਾੜਾ । ਆਪੇ ਜਾਣੇ ਆਪਣੀ ਵੇਂਤ, ਜਿਸ ਬਿਧ ਬਣਾਇਆ ਸਚਖੰਡ ਸੱਚਾ ਦਰਬਾਰਾ । ਲੱਭ ਲੱਭ ਥੱਕੇ ਕੇਤੀ ਕੇਤ, ਕਿਸੇ ਅੰਤ ਨਾ ਪਾਰਾਵਾਰਾ । ਜਿਸ ਆਪਣੇ ਚਰਨਾ ਕਰਾਇਆ ਹੇਤ, ਤਿਸ ਦਿਤਾ ਦਰਸ ਦੀਦਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਵੇਲਾ ਕਰੇ ਪਾਰ ਕਿਨਾਰਾ । ਕਵਣ ਵੇਲਾ ਮੁੱਕੇ ਹੱਦ, ਹਦੂਦ ਦਏ ਸਮਝਾਈਆ । ਆਪਣੇ ਦਵਾਰੇ ਆਪੇ ਲਏ ਸਦ, ਲੋਕਮਾਤ ਪੰਧ ਮੁਕਾਈਆ । ਵਿਸ਼ਨ ਬ੍ਰਹਮਾ ਸ਼ਿਵ ਬਣਾਈ ਤੇਰੀ ਯਦ, ਲੱਖ ਚੁਰਾਸੀ ਤੇਰਾ ਬੰਸ ਸੁਹਾਈਆ । ਤੂੰ ਨਿਰਗੁਣ ਸਰਗੁਣ ਕਰਿਆ ਅੱਡ, ਸਰਗੁਣ ਨਿਰਗੁਣ ਤੇਰਾ ਭੇਵ ਨਾ ਜਾਣੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤ ਮੇਲਾ ਲਏ ਮਿਲਾਈਆ । ਅੰਤਮ ਮੇਲਾ ਲੈਣ ਕਰ, ਕਰ ਕਿਰਪਾ ਗੁਣ ਨਿਧਾਨ । ਮੈਂ ਵਸਾਂ ਤੇਰੇ ਦਰ, ਪਾਰਬ੍ਰਹਮ ਸ੍ਰੀ ਭਗਵਾਨ । ਮੈਂ ਲੱਖ ਚੁਰਾਸੀ ਫਿਰਾਂ ਦਰ ਦਰ, ਅੱਠੇ ਪਹਿਰ ਹੋ ਨਿਗਹਬਾਨ । ਗੁਰ ਅਵਤਾਰ ਸੇਵਾ ਲਾਵਾਂ ਫੜ ਫੜ, ਲੋਕਮਾਤ ਕਰ ਪਰਧਾਨ । ਤੇਰਾ ਨਾਉਂ ਅੱਖਰ ਪੜ੍ਹ ਪੜ੍ਹ, ਲੱਖ ਚੁਰਾਸੀ ਕਰਨ ਗਿਆਨ । ਅੰਤਮ ਜਾਇਣ ਹਰ ਹਰ, ਪੁਰਖ ਅਬਿਨਾਸ਼ੀ ਕਰਨ ਧਿਆਨ । ਕਾਇਆ ਉਪਜੇ ਕਾਇਆ ਜਾਏ ਮਰ, ਨਿਰਗੁਣ ਵਸਤ ਨਿਰਗੁਣ ਕਰੇ ਪਰਵਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰਾ ਦਰ ਨਾ ਸਕੇ ਕੋਈ ਪਛਾਨ । ਸਾਚਾ ਵਰ ਹਰਿ ਜੂ ਦੇਣਾ, ਦਇਆਨਿਧ ਦਇਆ ਕਮਾਈਆ । ਸੁਤ ਸ਼ਬਦ ਤੇਰਾ ਠਾਂਡਾ ਸੀਨਾ, ਆਦਿ ਜੁਗਾਦਿ ਰੱਖਾਂ ਅੰਮ੍ਰਿਤ ਰਸ ਇਕੋ ਭੀਨਾਂ, ਸਾਂਤਕ ਸਤਿ ਸਤਿ ਵਰਤਾਈਆ । ਤ੍ਰੈ ਤ੍ਰੈ ਖੇਲ ਆਪੇ ਕੀਨਾ, ਪੰਚਮ ਪੰਚ ਵਜੇ ਵਧਾਈਆ । ਆਪੇ ਜਾਣੇ ਮਰਨਾ ਜੀਨਾ, ਲੱਖ ਚੁਰਾਸੀ ਬੰਧਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਤੇਰਾ ਅੰਤ ਦਏ ਸਮਝਾਈਆ । ਸੁਤ ਸ਼ਬਦ ਤੇਰਾ ਅੰਤ ਮਿਲਾਵਾ, ਪ੍ਰਭ ਆਪਣੇ ਹੱਥ ਰਖਾਇੰਦਾ । ਪ੍ਰਭ ਮਿਲਣ ਦਾ ਕਰੇ ਦਾਅਵਾ, ਕੀਤਾ ਕੌਲ ਭੁਲ ਨਾ ਜਾਇੰਦਾ । ਨੌ ਸੌ ਚੁਰਾਨਵੇ ਚੌਕੜੀ ਜੁਗ ਲੱਖ ਚੁਰਾਸੀ ਆਵਾ, ਸੂਰਬੀਰ ਆਪ ਬਣਾਇੰਦਾ । ਅੰਤਮ ਸਭ ਦਾ ਮੇਟੇ ਨਾਵਾਂ, ਨਾਵਾਂ ਨਜ਼ਰ ਕੋਈ ਨਾ ਆਇੰਦਾ । ਗੁਰ ਅਵਤਾਰ ਜਿਸ ਦਾ ਤੱਕਦਾ ਰਹੇ ਪ੍ਰਛਾਂਵਾ, ਸੋ ਆਪਣਾ ਰੂਪ ਵਟਾਇੰਦਾ । ਬਲ ਧਾਰੇ ਬਿਨਾ ਭੁਜਾਂ ਬਾਹਵਾਂ, ਚਤੁਰਭੁਜ ਨਾ ਖੇਲ ਖਿਲਾਇੰਦਾ । ਬਿਨ ਜੰਮੇ ਪੁਤ ਮਾਵਾਂ, ਪਿਤਾ ਆਪਣਾ ਨਾ ਕੋਈ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਸੋ ਤੇਰਾ ਮੇਲ ਮਿਲਾਇੰਦਾ । ਸ਼ਬਦ ਸੁਤ ਜਿਸ ਤੇਰਾ ਮੇਲ ਮਿਲੌਣਾ, ਸਰਗੁਣ ਨਿਰਗੁਣ ਨਾਉਂ ਰਖਾਇੰਦਾ । ਜਿਸ ਨੇ ਪੱਲੂ ਅੰਤ ਫੜੌਣਾ, ਨਿਰਵੈਰ ਨਾਉਂ ਧਰਾਇੰਦਾ । ਜਿਸ ਨੇ ਮੰਦਰ ਭਾਗ ਲਗੌਣਾ, ਅਜੂਨੀ ਰਹਿਤ ਵੇਖ ਵਖਾਇੰਦਾ । ਜਿਸ ਨੇ ਸੋਹਲਾ ਸਾਚਾ ਗੌਣਾ, ਨਾਉਂ ਨਿਰੰਕਾਰਾ ਆਪ ਸੁਣਾਇੰਦਾ । ਜਿਸ ਨੇ ਪਰਦਾ ਓਹਲਾ ਚੁਕੌਣਾ, ਜੋਤੀ ਜੋਤ ਡਗਮਗਾਇੰਦਾ । ਲੱਖ ਚੁਰਾਸੀ ਨਾਤਾ ਜਿਸ ਤੁੜੌਣਾ, ਸੋ ਦਿਸ ਕਿਸੇ ਨਾ ਆਇੰਦਾ । ਲੋਕਮਾਤ ਜਿਸ ਫੇਰਾ ਪੌਣਾ, ਗੁਰ ਅਵਤਾਰ ਰਾਹ ਸਮਝਾਇੰਦਾ । ਭਗਤ ਭਗਵਨ ਘਰ ਇਕ ਵਖੌਣਾ, ਸਾਚੇ ਮੰਦਰ ਕੁੰਡਾ ਲਾਹਿੰਦਾ । ਸਾਚੇ ਸੰਤਾਂ ਜਿਸ ਪਰਦਾ ਲਹੌਣਾ, ਆਪਣਾ ਪੱਲੂ ਨਾਮ ਵਧਾਇੰਦਾ । ਗੁਰਮੁਖਾਂ ਜਿਸ ਰੰਗ ਰੰਗੌਣਾ, ਰੰਗ ਆਪਣਾ ਆਪ ਰੰਗਾਇੰਦਾ । ਗੁਰਮੁਖਾਂ ਜਿਸ ਸੁਖ ਉਪਜੌਣਾ, ਸੁਖ ਆਪਣੀ ਵਸਤ ਵਰਤਾਇੰਦਾ । ਵਸਦਾ ਖੇੜਾ ਜਿਸ ਅੰਤਮ ਢੌਹਣਾ, ਉਸ ਦਾ ਭੇਵ ਕੋਈ ਨਾ ਪਾਇੰਦਾ । ਸ਼ਬਦ ਸੁਤ ਤੇਰੀ ਲਾਜ ਰਖੌਣਾ, ਸੋ ਤੈਨੂੰ ਆਦਿ ਸਮਝਾਇੰਦਾ । ਅੰਤ ਤੇਰਾ ਜਿਸ ਮੇਲ ਮਿਲੌਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੂਪ ਆਪ ਸਮਝਾਇੰਦਾ । ਮੇਰਾ ਰੂਪ ਅੰਤਮ ਵਾਰ, ਚਾਰੋਂ ਕੁੰਟ ਅੰਧੇਰਾ ਛਾਈਆ । ਨਾ ਕੋਈ ਸੱਜਣ ਮੀਤ ਮੁਰਾਰ, ਸਾਕ ਸੈਣ ਨਾ ਕੋਈ ਵਡਿਆਈਆ । ਤੇਰਾ ਖੇਲ ਅਗੰਮ ਅਪਾਰ, ਨਿਰਗੁਣ ਨਿਰਗੁਣ ਰੂਪ ਵਖਾਈਆ । ਜੋਤੀ ਜਾਮਾ ਲੈ ਅਵਤਾਰ, ਨਿਹਕਲੰਕ ਨਾਉਂ ਰਖਾਈਆ । ਡੰਕਾ ਵੱਜੇ ਸਰਬ ਸੰਸਾਰ, ਨਾ ਕੋਈ ਮੇਟੇ ਮੇਟ ਮਿਟਾਈਆ । ਆਪਣੀ ਜੋਤ ਕਰ ਉਜਿਆਰ, ਨਿਰਾਕਾਰ ਰੂਪ ਆਪਣਾ ਆਪ ਆਪਣੇ ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪਣਾ ਗੁਣ ਰਿਹਾ ਸਮਝਾਈਆ । ਕਲਜੁਗ ਆਵਾਂ ਅੰਤਮ ਵਾਰ, ਨਿਰਗੁਣ ਜੋਤ ਜਗਾ । ਸਚਖੰਡ ਬਣਾਵਾਂ ਪਹਿਲੋਂ ਦਵਾਰ, ਦਸਮ ਦਵਾਰੀ ਪੰਧ ਮੁਕਾ । ਸਾਚਾ ਕਰਾਂ ਫੇਰ ਵਿਹਾਰ, ਗੁਰਮੁਖ ਸੱਜਣ ਮਾਤ ਜਗਾ । ਦੇਵਾਂ ਵਰ ਕਰ ਪਿਆਰ, ਸਿਰ ਆਪਣਾ ਹੱਥ ਟਿਕਾ । ਬ੍ਰਹਮਾ ਸ਼ਿਵ ਤਖ਼ਤੋਂ ਦਿਆਂ ਉਤਾਰ, ਸੁਰਪਤ ਰਾਜਾ ਇੰਦ ਮਾਰੇ ਧਾਹ । ਬ੍ਰਹਿਮੰਡ ਖੰਡ ਦਿਆਂ ਉਲਟਾ, ਲੋਆਂ ਪੁਰੀਆਂ ਕੋਈ ਨਾ ਲੱਭੇ ਰਾਹ । ਧਰਤ ਧਵਲ ਦਿਆਂ ਖਪਾ, ਸਮੁੰਦ ਸਾਗਰ ਦਿਆਂ ਸੁਕਾ, ਜੋਤੀ ਲੰਬੂ ਅਗਨੀ ਏਕਾ ਲਾ । ਬਿਨ ਚੱਪੂ ਬਣਾਂ ਮਲਾਹ, ਆਪਣੇ ਭਗਤਾਂ ਨਾਲ ਰਲਾ । ਏਕਾ ਦੇਵਾਂ ਨਾਮ ਸਲਾਹ, ਸਾਚਾ ਅੱਖਰ ਇਕ ਪੜ੍ਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੋਕਮਾਤ ਸਚਖੰਡ ਦਵਾਰਾ ਆਪ ਬਣਾ । ਸਚਖੰਡ ਦਵਾਰਾ ਏਕਾ ਦੂਆ ਧਾਰ, ਦੂਆ ਸਿਫ਼ਰਾ ਨਾਲ ਮਿਲਾਈਆ । ਵੀਹ ਸੌ ਬਾਰਾਂ ਕਰ ਪਿਆਰ, ਬਿਕ੍ਰਮੀ ਲੇਖਾ ਰਿਹਾ ਮੁਕਾਈਆ । ਛੇ ਘਰ ਕਰ ਉਜਿਆਰ, ਛੇ ਸਾਲ ਸੇਵ ਕਮਾਈਆ । ਤੇਰਾਂ ਤੇਰਾ ਜਗਤ ਵਿਹਾਰ, ਸ਼ਾਹ ਸੁਲਤਾਨਾਂ ਆਪਣੇ ਕੰਡੇ ਤੋਲ ਤੁਲਾਈਆ । ਚੌਦਾਂ ਚੌਦਾਂ ਬਣ ਵਣਜਾਰ, ਚੌਦਾਂ

੧੩੯੦
੧੦

ਲੋਕ ਚੌਦਾਂ ਤਬਕਾਂ ਮਾਰੀ ਮਾਰ, ਗੁਰਮੁਖ ਸਾਚੇ ਲਏ ਜਗਾਈਆ । ਏਕਾ ਇਕੀ ਸਚ ਵਿਹਾਰ, ਸਾਚੀ ਸਿਖਿਆ ਸਿੱਖ ਸਮਝਾਈਆ । ਪੰਦਰਾਂ ਪੰਦਰਾਂ ਖੇਲ ਪਾਰ ਤੀਰਥ ਤਟ ਵੇਖ ਮੁਨਾਰ, ਮੰਦਰ ਮਸਜਿਦ ਮਠ ਸ਼ਿਵਦਿਆਲ ਗੁਰਦਵਾਰਾ ਘਰ ਘਰ ਆਪਣਾ ਫੇਰਾ ਪਾਈਆ । ਆਪਣੀ ਵਸਤ ਲੈ ਕੇ ਆਇਆ ਆਪਣੇ ਨਾਲ, ਖ਼ਾਲੀ ਭੰਡਾਰੇ ਸਰਬ ਕਰਾਈਆ । ਬੇਸਮਝ ਹੋਏ ਬੇਹਾਲ, ਰਮਜ਼ ਰਮਜ਼ ਵਿਚ ਨਾ ਕੋਈ ਰਲਾਈਆ । ਕਮਚ ਖੇਲ ਕਰੇ ਕਰਤਾਰ, ਅਲਨੇਕ ਵਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸੋਲਾਂ ਸੋਲਾਂ ਸਚ ਵਿਹਾਰਾ, ਹਰਿ ਸਾਚਾ ਸਚ ਕਰਾਇੰਦਾ । ਭਗਵਨ ਭਗਤਨ ਇਕ ਭੰਡਾਰਾ, ਏਕਾ ਵਾਰ ਵਰਤਾਇੰਦਾ । ਚਾਰ ਵਰਨ ਵਰਨ ਪਾਰ ਕਿਨਾਰਾ, ਬਰਨ ਅਠਾਰਾਂ ਡੇਰਾ ਢਾਹਿੰਦਾ । ਸਾਚਾ ਦਿਵਸ ਇਕ ਵਿਚਾਰਾ, ਪੰਦਰਾਂ ਕੱਤਕ ਮੇਲ ਮਿਲਾਇੰਦਾ । ਸੰਮਤ ਸੱਤਰ੍ਹਾਂ ਸਚ ਦਿਹਾੜਾ, ਖ਼ੁਸ਼ੀਆਂ ਨਾਲ ਮਿਲਾਇੰਦਾ । ਪਰਗਟ ਹੋ ਅਗੰਮੀ ਲਾੜਾ, ਰੂਪ ਅਨੂਪ ਆਪ ਸਮਝਾਇੰਦਾ । ਸ਼ਾਹੋ ਭੂਪ ਬਣ ਸਿਕਦਾਰਾ, ਲੋਕਮਾਤ ਹੁਕਮ ਜਣਾਇੰਦਾ । ਚਲ ਕੇ ਆਇਆ ਇਕ ਇਕੱਲਾ ਪਰਵਰਦਿਗਾਰਾ, ਰੂਪ ਰੰਗ ਨਾ ਕੋਈ ਰਖਾਇੰਦਾ । ਜਿਸ ਰਾਮ ਪਸਰਿਆ ਪਸਾਰਾ, ਸੋ ਰਾਮ ਵੇਖ ਵਖਾਇੰਦਾ । ਜਿਸ ਬੱਧੀ ਸਾਚੀ ਧਾਰਾ, ਸੋ ਧਾਰ ਪਾਰ ਕਰਾਇੰਦਾ । ਜਾਨਣਹਾਰਾ ਪਾਰ ਕਿਨਾਰਾ, ਆਪਣੇ ਤਟ ਡੇਰਾ ਲਾਇੰਦਾ । ਸੀਸ ਜਗਦੀਸ ਸੋਹੇ ਤਾਜ ਅਪਾਰਾ, ਪੰਚਮ ਆਪਣਾ ਗੰਢ ਪਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਵਿਚ ਸੰਸਾਰਾ, ਨਿਰਗੁਣ ਆਪਣਾ ਆਪ ਪਰਗਟਾਇੰਦਾ । ਸੰਮਤ ਸਤਾਰਾਂ ਗਿਆ ਲੰਘ, ਥਿਰ ਕੋਈ ਰਹਿਣ ਨਾ ਪਾਇਆ । ਪਾਰਬ੍ਰਹਮ ਪਤਿਪਰਮੇਸ਼ਵਰ ਇਕ ਫੜਿਆ ਨਾਮ ਮਰਦੰਗ, ਸ਼ਾਹ ਸੁਲਤਾਨਾ ਰਿਹਾ ਸੁਣਾਇਆ । ਜਿਸ ਦੀ ਪੂਜਾ ਕਰ ਕਰ ਭਿਖਿਆ ਰਹੇ ਮੰਗ, ਸੋ ਦੇਵਣਹਾਰ ਵੇਸ ਵਟਾਇਆ । ਜਿਸ ਸ਼ਾਹ ਸੁਲਤਾਨਾ ਨੰਗੀ ਕਰਨੀ ਕੰਡ, ਆਪਣਾ ਖੰਡਾ ਰਿਹਾ ਚਮਕਾਇਆ । ਜਿਸ ਲੱਖ ਚੁਰਾਸੀ ਕਰਨੀ ਰੰਡ, ਸਰਗੁਣ ਰੂਪ ਨਾ ਕੋਈ ਦਰਸਾਇਆ । ਜਿਸ ਭਗਤਾਂ ਕਰਨੀ ਅੰਤਮ ਵੰਡ, ਸੋ ਭਗਵਨ ਫੇਰੀ ਪਾਇਆ । ਨਾ ਕੋਈ ਚਿਲਾ ਨਾ ਕਮੰਦ, ਤੀਰ ਨਿਸ਼ਾਨ ਨਾ ਕੋਈ ਵਖਾਇਆ । ਏਕਾ ਹੁਕਮ ਦੇਵੇ ਆਪਣੇ ਛੋਟੇ ਬਾਲੇ ਫ਼ਰਜ਼ੰਦ, ਸਭ ਦਾ ਕਰੇ ਅੰਤ ਸਫਾਇਆ । ਜਨ ਭਗਤਾਂ ਖ਼ੁਸ਼ੀ ਕਰੇ ਬੰਦ ਬੰਦ, ਲੱਖ ਚੁਰਾਸੀ ਬੰਧਨ ਦਏ ਤੁੜਾਇਆ । ਮੇਲ ਮਿਲਾਏ ਸਹਿਜ ਅਨੰਦ, ਅਨੰਦ ਪੁਰ ਵਾਸੀ ਏਕਾ ਘਰ ਨਜ਼ਰੀ ਆਇਆ । ਕਰੇ ਪਰਕਾਸ਼ ਬਿਨ ਸੂਰਜ ਚੰਦ, ਬਿਨ ਤੇਲ ਬਾਤੀ ਦੀਪਕ ਦਏ ਜਗਾਇਆ । ਸਾਹਿਬ ਦਿਆਲ ਸਦਾ ਬਖ਼ਸ਼ੰਦ, ਹਰਿ ਭਗਤ ਲਏ ਵਡਿਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਅਠ ਦਸ ਵੱਜੇ ਵਧਾਇਆ । ਅਠ ਦਸ ਵੱਜੇ ਵਧਾਈ, ਹਰਿ ਸਤਿਗੁਰ ਆਪ ਵਜਾਇੰਦਾ । ਭਗਤ ਭਗਵੰਤ ਹੋਏ ਕੁੜਮਾਈ, ਸਾਚਾ ਸਗਨ ਮਨਾਇੰਦਾ । ਆਪੇ ਧੀ ਆਪ ਜਵਾਈ, ਸੌਹਰਾ ਪਿਤਾ ਆਪ ਅਖਵਾਇੰਦਾ । ਆਪੇ ਨੈਣ ਆਪੇ ਨਾਈ, ਆਪੇ ਬਣ ਬਣ ਸੇਵ ਕਮਾਇੰਦਾ । ਆਪੇ ਡੋਲੇ ਚੜ੍ਹ ਚੜ੍ਹ ਮਾਰੇ ਉਚੀਆਂ ਧਾਈਂ, ਆਪੇ ਹੱਸ ਹੱਸ ਖ਼ੁਸ਼ੀ ਮਨਾਇੰਦਾ । ਆਪੇ ਭਗਤਾਂ ਪਕੜੇ ਬਾਂਹੀ, ਆਪਣੇ ਗਲੇ ਲਗਾਇੰਦਾ । ਆਪੇ ਚੁਕੇ ਚਾਈਂ ਚਾਈਂ, ਸਾਚੀ ਗੋਦ ਸੁਹਾਇੰਦਾ । ਆਪੇ ਦੇਵੇ ਸਚ ਸਲਾਹੀ, ਸਲਾਹਕਾਰ ਆਪ ਹੋ ਆਇੰਦਾ । ਉਠੋ ਮਿਲੋ ਭਾਈਆਂ ਭਾਈ, ਵੇਲਾ ਗਇਆ ਹੱਥ ਨਾ ਆਇੰਦਾ । ਨਾਨਕ ਨਾਮ ਇਕ ਧਿਆਈ, ਧਿਆਨ ਧਿਆਨ ਵਿਚ ਵਖਾਇੰਦਾ । ਗੋਬਿੰਦ ਬੂਟਾ ਪੁਟਿਆ ਕਾਹੀ, ਲੱਖ ਚੁਰਾਸੀ

ਜੜ੍ਹ ਉਖੜਾਇੰਦਾ । ਬਿਨ ਹਰਿ ਭਗਤ ਨਾ ਕੋਈ ਵਡਿਆਈ, ਲੱਖ ਚੁਰਾਸੀ ਕੰਮ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਮਤ ਅਠਾਰਾਂ ਸਚ ਵਿਹਾਰਾ, ਕਰੇ ਕਰਾਏ ਕਰਨੇਹਾਰਾ, ਆਪਣੀ ਕਲ ਆਪ ਧਰਾਇੰਦਾ । ਆਪਣੀ ਕਲ ਧਰੇ ਕਰਤਾਰ, ਜਨ ਭਗਤਾਂ ਆਪ ਜਣਾਈਆ । ਆਦਿ ਜੁਗਾਦੀ ਸਚ ਪਿਆਰ, ਨਾ ਕੋਈ ਤੋੜੇ ਤੋੜ ਤੁੜਾਈਆ । ਜੁਗ ਜੁਗ ਜਨ ਭਗਤ ਦਵਾਰੇ ਗਿਆ ਸਜ, ਨਿਰਗੁਣ ਸਰਗੁਣ ਰੂਪ ਵਟਾਈਆ । ਦਰ ਆਇਆ ਪੂਰੀ ਕਰਕੇ ਗਿਆ ਆਸ, ਨਿਰਾਸਾ ਕੋਇ ਰਹਿਣ ਨਾ ਪਾਈਆ । ਨਿਰਗੁਣ ਜੋਤ ਕਰ ਪਰਕਾਸ਼, ਸਰਗੁਣ ਸਾਚੀ ਦਏ ਵਡਿਆਈਆ । ਪੁਰਖ ਅਕਾਲਾ ਦੀਨ ਦਿਆਲਾ ਵਸੇ ਸਦਾ ਪਾਸ, ਵਿਛੜ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਸੰਗ ਆਪ ਰਖਾਈਆ । ਸਗਲਾ ਸੰਗ ਛੇਵੇਂ ਘਰ, ਘਰ ਵਿਚ ਘਰ ਆਪ ਮਿਲਾਇਆ । ਭਗਤ ਭਗਵੰਤ ਕੋਲੋਂ ਨਾ ਜਾਇਣ ਡਰ, ਭਗਵਨ ਝੂਠਾ ਭੈ ਚੁਕਾਇਆ । ਆਪਣੀ ਕਿਰਪਾ ਆਪੇ ਕਰ, ਛੇ ਘਰ ਲੋਕਮਾਤ ਸਮਝਾਇਆ । ਧਰਨੀ ਉਪਰ ਵੰਡੇ ਵੰਡ, ਉਪਰ ਏਕਾ ਵੰਡ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਦਏ ਜਣਾਇਆ । ਛੇ ਘਰ ਦਾ ਜਗਤ ਪੰਧ, ਪ੍ਰਭ ਨੇਰਨ ਨੇਰ ਮੁਕਾਈਆ । ਛੇ ਫੂਟ ਵੰਡੇ ਵੰਡ, ਵੰਡਣਹਾਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਵਨ ਮੇਲਾ ਸਹਿਜ ਸੁਭਾਈਆ । ਭਗਤਨ ਮੇਲਾ ਰਿਹਾ ਦੱਸ, ਹਰਿ ਸੱਜਣ ਮੀਤ ਮੁਰਾਰਾ । ਖੱਬੇ ਪਾਸੇ ਜਾਣਾ ਵਸ, ਸੱਜੇ ਰਹੇ ਆਪ ਨਿਰੰਕਾਰਾ । ਅਗੇ ਸਾਚੀ ਸੰਗਤ ਰੱਖ, ਹਰਿ ਜੂ ਹਰਿ ਭਗਤਾਂ ਕਰੇ ਨਿਮਸਕਾਰਾ । ਆਦਿ ਜੁਗਾਦਿ ਸਦਾ ਹੋਇਆ ਵਸ, ਨੱਸ ਨਾ ਜਾਏ ਸਿਰਜਣਹਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੋਕਮਾਤ ਪਰਗਟਾਏ ਜਗਤ ਦਵਾਰਾ । ਖੱਬਾ ਪਾਸਾ, ਛੇ ਫੂਟ ਫੂਟ ਦੂਰ ਕਰਾਈਆ । ਨਿਤ ਨਵਿਤ ਕਰਦੇ ਰਹਿਣ ਹਾਸਾ, ਭਗਤ ਭਗਵੰਤ ਵਡੀ ਵਡਿਆਈਆ । ਇਕ ਦੂਜੇ ਦੀ ਪੂਰੀ ਕਰਦੇ ਰਹਿਣ ਆਸਾ, ਆਸਾ ਆਸਾ ਵਿਚ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਭਰਵਾਸਾ ਦਏ ਸਮਝਾਈਆ । ਸਚ ਭਰਵਾਸਾ ਹਰਿ ਕਰਤਾਰਾ, ਹਰਿ ਹਰਿ ਆਪ ਜਣਾਇੰਦਾ । ਸਾਚਾ ਮੰਦਰ ਸਚ ਦਵਾਰਾ, ਭਗਤ ਉਜਿਆਰਾ ਆਪ ਕਰਾਇੰਦਾ । ਸਤਿ ਸਤਿਵਾਦੀ ਸਾਚੀ ਧਾਰਾ, ਵਿਚ ਸੰਸਾਰਾ ਸਤਿਜੁਗ ਸਾਚਾ ਰਾਹ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣੀ ਖੇਲ ਆਪ ਖਿਲਾਇੰਦਾ । ਕਲਜੁਗ ਅੰਤਮ ਜਾਣਾ ਬੀਤ, ਥਿਰ ਕੋਇ ਰਹਿਣ ਨਾ ਪਾਈਆ । ਸਤਿਜੁਗ ਸਾਚੀ ਚਲਣੀ ਰੀਤ, ਹਰਿ ਸਤਿਗੁਰ ਆਪ ਚਲਾਈਆ । ਵੇਖਣਹਾਰਾ ਇਕ ਅਤੀਤ, ਬੇਅੰਤ ਵਡੀ ਵਡਿਆਈਆ । ਇਕ ਸੁਣਾਏ ਸੁਹਾਗੀ ਗੀਤ, ਆਤਮ ਪਰਮਾਤਮ ਵੱਜੇ ਵਧਾਈਆ । ਪ੍ਰਭ ਦਵਾਰਾ ਏਕਾ ਰੰਗ ਰੰਗਾਏ ਹਸਤ ਕੀਟ, ਊਚ ਨੀਚ ਨਾ ਵੰਡ ਵੰਡਾਈਆ । ਮਾਨਸ ਜਨਮ ਜਨ ਲਏ ਜੀਤ, ਜੋ ਦਰ ਦਵਾਰ ਦਰਸ਼ਨ ਪਾਈਆ । ਕਾਇਆ ਹੋਏ ਪਤਿਤ ਪੁਨੀਤ, ਪਤਿਤ ਪਾਪੀ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭਗਤ ਦਵਾਰਾ ਦਏ ਸਮਝਾਈਆ । ਭਗਤ ਦਵਾਰਾ ਹਰਿ ਕਰਤਾਰਾ, ਏਕਾ ਏਕਾ ਏਕ ਮਿਲਾਇੰਦਾ । ਪਿਛਲੀ ਭੁਲ ਬਖ਼ਸ਼ੇ ਅੰਤਮ ਵਾਰਾ, ਅਭੁਲ ਆਪਣੀ ਦਇਆ ਕਮਾਇੰਦਾ । ਵਿਸ਼ਕਰਮਾ ਬਣੇ ਫਿਰ ਭਿਖਾਰਾ, ਆਪਣਾ ਹੁਕਮ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਿੰਨ ਕੱਤਕ

ਸਚ ਸੰਦੇਸ਼ਾ ਜਣਾਇੰਦਾ । ਸੁਣ ਸੰਦੇਸ਼ ਗਿਆ ਜਾਗ, ਆਪਣੀ ਲਏ ਅੰਗੜਾਈਆ । ਵਡ ਵਡ ਹੋਏ ਧੰਨ ਭਾਗ, ਪ੍ਰਭ ਸਾਚੇ ਲਿਆ ਮੰਗਾਈਆ । ਕਲਜੁਗ ਮਿਟੀ ਅੰਧੇਰੀ ਰਾਤ, ਸਤਿਜੁਗ ਸਾਚੀ ਹੋਏ ਰੁਸ਼ਨਾਈਆ । ਕਵਣ ਖੇਲ ਕਰੇ ਹਰਿ ਜੂ ਵਿਚ ਮਾਤ, ਭੇਵ ਅਭੇਦ ਇਕ ਜਣਾਈਆ । ਕਵਣ ਦਵਾਰੇ ਦੇਵੇ ਦਾਤ, ਦਾਤ ਆਪਣੀ ਝੋਲੀ ਪਾਈਆ । ਮੈਂ ਭੁੱਲਾ ਅਗੇ ਕਰਾਂ ਨਾ ਹਾਥ, ਮੇਰੇ ਨੈਣ ਰਹੇ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਉਂ ਬੈਠਾ ਸੀਸ ਝੁਕਾਈਆ । ਵਿਸ਼ਕਰਮਾ ਸੀਸ ਬੈਠਾ ਸੁੱਟ, ਨੇਤਰ ਨੈਣ ਨਾ ਸਕੇ ਉਠਾਈਆ । ਤੇਰੀ ਵਸਤ ਮੇਰੇ ਕੋਲੋਂ ਲਈ ਲੁੱਟ, ਖ਼ਾਲੀ ਹੱਥ ਰਿਹਾ ਵਖਾਈਆ । ਕਲਜੁਗ ਅੰਤਮ ਜੇ ਗਿਆ ਤੁਠ, ਆਪਣੀ ਵਸਤ ਆਪੇ ਦਏ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਿਸ਼ਕਰਮਾ ਰਿਹਾ ਸਮਝਾਈਆ । ਵਿਸ਼ਕਰਮਾ ਤੂੰ ਗਿਆ ਭੁੱਲ, ਮੇਰਾ ਨਾਉਂ ਭੁਲਾਇਆ । ਮੇਰਾ ਸਿਖ ਸਦਾ ਅਡੋਲ, ਨਾ ਡੋਲੇ ਡੋਲ ਡੁਲਾਇਆ । ਮੇਰਾ ਭਗਤ ਸਦਾ ਅਤੁਲ, ਨਾ ਕੋਈ ਤੋਲੇ ਤੋਲ ਤੁਲਾਇਆ । ਮੇਰਾ ਗੁਰਮੁਖ ਨਾ ਜਾਏ ਰੁਲ, ਨਾ ਕੋਈ ਰੋਲੇ ਰੋਲ ਰੁਲਾਇਆ । ਆਦਿ ਜੁਗਾਦਿ ਜੁਗਾ ਜੁਗੰਤਰ ਮੈਂ ਗ਼ਰੀਬਾਂ ਪੌਂਦਾ ਮੁੱਲ, ਕ਼ੀਮਤ ਕਰਤਾ ਆਪਣੇ ਹੱਥ ਰਖਾਇਆ । ਆਪਣੇ ਭਗਤ ਦੋ ਜਹਾਨ ਦੀ ਸੁਗੰਧੀ ਬਣਾਵਾ ਫੁੱਲ, ਬ੍ਰਹਿਮੰਡ ਖੰਡ ਆਪ ਮਹਿਕਾਇਆ । ਮੇਰਾ ਭਗਤ ਸਦਾ ਸੁਲਹਕੁਲ, ਕੁੱਲ ਆਲਮ ਦਏ ਪੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਵਿਸ਼ਕਰਮਾ ਰਿਹਾ ਜਣਾਇਆ । ਵਿਸ਼ਕਰਮਾ ਵੇਖੇ ਭੈ ਨਿਰੰਕਾਰਾ, ਨੇਤਰ ਨੈਣਾ ਨੀਰ ਵਹਾਇੰਦਾ । ਤੇਰਾ ਅੰਤ ਨਾ ਪਾਰਾਵਾਰਾ, ਤੂੰ ਬੇਅੰਤ ਸਦਾ ਅਖਵਾਇੰਦਾ । ਮੈਂ ਭੁਲਿਆ ਬਣ ਗਵਾਰਾ, ਮੇਰਾ ਬੰਸ ਨਾ ਕੋਈ ਸੁਹਾਇੰਦਾ । ਮੈਂ ਬਾਢੀ ਤੇਰਾ ਯਾਰਾ, ਤੂੰ ਯਾਰੀ ਕਿਉਂ ਤੁੜਾਇੰਦਾ । ਤੂੰ ਆਇਆ ਘਰ ਤਰਖਾਨਾ, ਤੇਸਾ ਰੰਦਾ ਹੱਥ ਰਖਾਇੰਦਾ । ਤੇਰੀ ਆਰੀ ਤਿਖੀ ਧਾਰਾ, ਦੋ ਜਹਾਨ ਚੀਰ ਪਵਾਇੰਦਾ । ਤੇਰਾ ਹਥੌੜਾ ਮਾਰੇ ਮਾਰਾ, ਅੱਗੇ ਸਿਰ ਨਾ ਕੋਈ ਉਠਾਇੰਦਾ । ਤੇਰਾ ਵਰਮਾ ਰਿਹਾ ਪਾੜਾ, ਆਰ ਪਾਰ ਖੇਲ ਖਿਲਾਇੰਦਾ । ਤੇਰਾ ਰੰਦਾ ਰੰਦੇ ਸਰਬ ਸੰਸਾਰਾ, ਏਕਾ ਆਪਣਾ ਹੱਥ ਵਖਾਇੰਦਾ । ਤੂੰ ਗੰਦਾ ਬੰਦਾ ਦਏਂ ਸਵਾਰਾ, ਮੈਂ ਤੇਰੇ ਅਗੇ ਝੋਲੀ ਡਾਹਿੰਦਾ । ਕੀ ਹੋਇਆ ਜੇ ਭੁਲ ਗਿਆ ਗਵਾਰਾ, ਤੂੰ ਭੁਲ ਕਿਉਂ ਨਹੀਂ ਬਖ਼ਸ਼ਾਇੰਦਾ । ਮੇਰਾ ਵਧੇ ਫੁਲੇ ਪਰਵਾਰਾ, ਮੈਂ ਸੁਣਿਆ ਤੂੰ ਇਕ ਤੋਂ ਪੰਜ ਬਣਾਇੰਦਾ । ਤੂੰ ਪੰਜਾਂ ਮੀਤ ਮੁਰਾਰਾ, ਸਗਲਾ ਸੰਗ ਨਿਭਾਇੰਦਾ । ਤੇਰੀ ਬਿਧ ਤੇਰਾ ਨਾਮ ਤੇਰੇ ਕਾਰਜ ਕਰੇ ਵਿਚਾਰਾ, ਮੈਂ ਮੂਰਖ ਭੇਤ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਦੇ ਸਾਚਾ ਵਰ, ਤੇਰੇ ਅਗੇ ਝੋਲੀ ਡਾਹਿੰਦਾ । ਮੰਗੀ ਮੰਗ ਇਕੋ ਵਾਰ, ਏਕਾ ਆਸ ਰਖਾਈਆ । ਕਰ ਕਿਰਪਾ ਸੱਚੀ ਸਰਕਾਰ, ਤੇਰੇ ਘਰ ਤੋਟ ਨਾ ਰਾਈਆ । ਅਤੁਟ ਤੇਰਾ ਭੰਡਾਰ, ਬੇਅੰਤ ਤੇਰੀ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਬਣ ਬਾਢੀ ਮੰਗ ਮੰਗਾਈਆ । ਤੂੰ ਬਾਢੀ ਲੱਖ ਚੁਰਾਸੀ ਘੜਦਾ, ਸੇਵਾ ਸੇਵ ਕਮਾਇੰਦਾ । ਮੈਂ ਬਾਢੀ ਤੇਸਾ ਕੁਹਾੜਾ ਹੱਥ ਵਿਚ ਫੜਦਾ, ਸਭ ਦੀ ਆਸ ਪੁਚਾਇੰਦਾ । ਤੂੰ ਬਾਢੀ ਕਰੇਂ ਖੇਲ ਨਰ ਹਰਿ ਦਾ, ਆਤਮ ਸੇਜਾ ਇਕ ਬਣਾਇੰਦਾ । ਮੈਂ ਬਾਢੀ ਘਰ ਘਰ ਦਾ, ਪਾਵਾ ਚੂਲ ਠੋਕ ਸੇਜ ਬਣਾਇੰਦਾ । ਤੂੰ ਬਾਢੀ ਕਿਸੇ ਕੋਲੋਂ ਨਾ ਡਰਦਾ, ਮੈਂ ਬਾਢੀ ਲੋਕਮਾਤ ਡਰ ਡਰ ਵਕ਼ਤ ਲੰਘਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੀ ਕੁਲ ਤੇਰੇ ਅੱਗੇ

ਇਕ ਰਖਾਇੰਦਾ । ਤੂੰ ਬਾਢੀ ਸੱਚਾ ਤਰਖਾਨ, ਲੱਖ ਚੁਰਾਸੀ ਵੇਖ ਵਖਾਈਆ । ਮੈਂ ਕਾਮਾਂ ਬਣਿਆ ਰਿਹਾ ਜੱਟ ਕਿਸਾਨ, ਬਿਨ ਮੇਰੇ ਤੇਰੀ ਲੱਖ ਚੁਰਾਸੀ ਖੇਤੀ ਫੁਲ ਨਾ ਸਕੇ ਰਾਈਆ । ਏਕਾ ਦੇ ਦੇ ਹਰਿ ਜੂ ਦਾਨ, ਤੇਰੇ ਅਗੇ ਮੰਗ ਮੰਗਾਈਆ । ਆਪਣੀ ਜ਼ਾਤ ਲੈ ਪਛਾਣ, ਤੇਰੀ ਜ਼ਾਤ ਮੇਰੀ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਮੇਰੇ ਹੱਥ ਟਿਕਾਈਆ । ਮਿਹਰਵਾਨ ਹੋਇਆ ਮਿਹਰਵਾਨਾ, ਆਪਣੀ ਦਇਆ ਕਮਾਇੰਦਾ । ਦੀਨਨ ਦੇਵੇ ਸਾਚਾ ਦਾਨਾ, ਦਇਆ ਭਿਛਿਆ ਪਾਇੰਦਾ । ਪੰਚਮ ਪੰਚ ਕਰੇ ਪਰਧਾਨਾ, ਪੰਚਮ ਮੇਲ ਮਿਲਾਇੰਦਾ । ਬਾਢੀਆਂ ਘਰ ਬਾਢੀ ਵੇਖੇ ਮਾਰ ਧਿਆਨਾ, ਤਰਖਾਨ ਤਰਖਾਨਾਂ ਨਾਲ ਨਾਤਾ ਜੋੜ ਜੁੜਾਇੰਦਾ । ਪੰਜਾਂ ਦੇਵੇ ਇਕ ਨਿਸ਼ਾਨਾ, ਏਕਾ ਰਾਹ ਚਲਾਇੰਦਾ । ਉਨੀ ਕਤਕ ਬੰਨ੍ਹੇ ਗਾਨਾ, ਮੌਲੀ ਤੰਦ ਹੱਥ ਉਠਾਇੰਦਾ । ਸਾਚਾ ਸਗਨ ਇਕ ਮਨਾਨਾ, ਭਗਤ ਦਵਾਰਾ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਪੰਚਮ ਮੁਖ ਸਾਲਾਹਿੰਦਾ । ਪੰਚਮ ਦੇਵੇ ਮਾਣ, ਪੰਚ ਵਡਿਆਈਆ । ਪੰਚਮ ਪੰਚ ਕਰੇ ਪਹਿਚਾਨ, ਪੰਚਮ ਸੱਚਾ ਸ਼ਹਿਨਸ਼ਾਹੀਆ । ਪੰਚਮ ਦੇਵੇ ਇਕ ਗਿਆਨ, ਏਕਾ ਕਰੇ ਪੜ੍ਹਾਈਆ । ਪੰਚਾਂ ਸਤਿਜੁਗ ਬਣੇ ਵਿਧਾਨ, ਧਾਰਾ ਅਵਰ ਨਾ ਕੋਈ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਪੰਚਮ ਨਾਮ ਜਗਤ ਅਪਾਰਾ, ਅਪਰੰਪਰ ਆਪ ਜਣਾਇੰਦਾ । ਸਿੰਘ ਬਿਸ਼ਨ ਕਰ ਪਿਆਰਾ, ਸਿੰਘ ਲਛਮਣ ਨਾਲ ਮਿਲਾਇੰਦਾ । ਸਿੰਘ ਮੱਲ ਦਏ ਹੁਲਾਰਾ, ਸਿੰਘ ਸੋਹਣ ਰੰਗ ਚੜ੍ਹਾਇੰਦਾ । ਸਿੰਘ ਸੰਤਾ ਸਤਿ ਵਣਜਾਰਾ, ਸਤਿ ਸਤਿਵਾਦੀ ਵੇਖ ਵਖਾਇੰਦਾ । ਪੰਚਮ ਦੱਸਾਂ ਪੰਚ ਵਿਹਾਰਾ, ਪੰਚਮ ਰਾਹ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਸਲਾਹਕਾਰ ਨਾਲ ਰਲਾਇੰਦਾ ।



ਹਰਿ ਕਾ ਮੰਦਰ ਨਾ ਕੋਈ ਤਾਕੀ ਨਾ ਕੋਈ ਦਰ, ਦਰਵਾਜ਼ਾ ਨਜ਼ਰ ਕੋਈ ਨਾ ਆਈਆ । ਨਾ ਕੋਈ ਕੁੰਡਾ ਨਾ ਕੋਈ ਤਾਲਾ ਨਾ ਕੋਈ ਤਖ਼ਤਾ ਜਾਏ ਅੜ, ਅੰਦਰ ਬਾਹਰ ਨਾ ਕੋਈ ਵਖਾਈਆ । ਚੋਰ ਯਾਰ ਨਾ ਕੋਈ ਡਰ, ਠਗ ਲੁੱਟ ਨਾ ਜਾਈਆ । ਪੌੜੇ ਚੜ੍ਹ ਸਕੇ ਨਾ ਕੋਈ ਫੜ, ਡੰਡਾ ਹੱਥ ਨਾ ਕੋਈ ਰਖਾਈਆ । ਬਿਨ ਇਟਾਂ ਗਾਰਾਂ ਘਾੜਨ ਲਿਆ ਘੜ, ਕਾਂਡੀ ਤੇਸੀ ਨਾ ਕੋਈ ਖੜਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮੰਦਰ ਦਏ ਸਮਝਾਈਆ । ਨਾ ਕੋਈ ਸੂਤਰ ਬੰਨ੍ਹੇ ਧਾਰ, ਗੁਣਾਂ ਵੰਡ ਨਾ ਕੋਈ ਵੰਡਾਇੰਦਾ । ਨਾ ਕੋਈ ਗਜ਼ ਨਾ ਕੋਈ ਸਾਹਲ ਕਰੇ ਵਿਚਾਰ, ਦੂਰ ਨੇੜ ਨਾ ਕੋਈ ਵਖਾਇੰਦਾ । ਨਾ ਕੋਈ ਠੋਕਰ ਸਕੇ ਮਾਰ, ਠੋਕ ਠੋਕ ਇਟ ਨਾ ਕੋਈ ਲਗਾਇੰਦਾ । ਜਿਸ ਦਾ ਮਹੱਲ ਤਿਸ ਲਿਆ ਉਸਾਰ, ਅਟਲ ਆਪਣਾ ਨਾਉਂ ਰਖਾਇੰਦਾ । ਨੌ ਸੱਤ ਚਾਰ ਚਾਰ ਚੌਦਸ ਧਾਰ, ਤੇਰਾਂ ਅੱਧਾ ਡੇਉਡਾ, ਗੁਰ ਨਾਨਕ ਵੰਡ ਵੰਡਾਇੰਦਾ । ਨਾਨਕ ਪਾਇਆ ਹਰਿ ਕਾ ਦਵਾਰ, ਰਸਨਾ ਗਾਇਆ ਏਕੰਕਾਰ, ਕੁਦਰਤ ਕ਼ਾਦਰ ਖੇਲ ਖਿਲਾਇੰਦਾ । ਭਗਤਾਂ ਅੰਦਰ ਭਗਤ ਉਜਿਆਰ, ਭਗਤੀ ਰੂਪ ਆਪ ਕਰਤਾਰ, ਭਗਵਾਨ ਆਪਣੀ ਦਇਆ ਕਮਾਈਆ । ਨੌ ਦਵਾਰੇ ਜਗਤ ਵਿਹਾਰ, ਏਕੋ ਵਾਰ ਸਮਝਾਈਆ । ਨੌ ਖਿੜਕੀ ਖੋਲ੍ਹ ਕਿਵਾੜ, ਕੂੜੀ ਕਿਰਿਆ ਦਏ ਮਿਟਾਈਆ । ਪੰਜੇ ਬਣੇ ਸਲਾਹਕਾਰ, ਮਿਲ ਮਿਲ ਕਰੋ ਸਲਾਹੀਆ । ਭਗਤਾਂ ਭਗਤ ਕਰਨ ਵਿਹਾਰ,

ਭਗਵਨ ਵੇਖੇ ਚਾਈਂ ਚਾਈਆ । ਤਿੰਨ ਕਤਕ ਵਿਸ਼ਕਰਮਾ ਲਿਆ ਅਧਾਰ, ਅਭੁਲ ਭੁਲ ਆਪ ਸਮਝਾਈਆ । ਸਤਿਜੁਗ ਸਾਚੀ ਬੱਝੇ ਧਾਰ, ਪੰਜਾਂ ਮਿਲੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਤਾਂ ਨਾਲ ਮਿਲਾਈਆ ।

ਪਹਿਲਾ ਘਰ ਗੁਰ ਕਾ ਚਰਨ, ਏਕਾ ਏਕ ਸਮਝਾਈਆ । ਦੂਜਾ ਘਰ ਨਾਮ ਵਰਨ, ਹਰਿ ਨਾਮੇ ਬੂਝ ਬੁਝਾਈਆ । ਤੀਜਾ ਘਰ ਖੁਲੇ ਹਰਨ ਫਰਨ, ਨੇਤਰ ਨੈਣ ਨੈਣ ਰੁਸ਼ਨਾਈਆ । ਚੌਥੇ ਘਰ ਗੁਰਸਿਖ ਵੜਨ, ਚੌਥੇ ਪਦ ਸੋਭਾ ਪਾਈਆ । ਪੰਚਮ ਦਰਸ ਨਿਰਗੁਣ ਕਰਨ, ਸਰਗੁਣ ਖ਼ੁਸ਼ੀ ਮਨਾਈਆ । ਛੇਵੇਂ ਘਰ ਅੰਤਮ ਵੜਨ, ਆਵਣ ਜਾਵਣ ਪੰਧ ਮੁਕਾਈਆ । ਬਿਨ ਉਪਦੇਸ਼ੋਂ ਤਰਨ, ਜਿਸ ਮਿਲਿਆ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਰੰਗ ਰੰਗਾਈਆ ।

ਪਹਿਲਾ ਗੁਰ ਜਗਤ ਗਿਆਨ, ਜਗਤ ਨਾਲ ਮਿਲਾਇੰਦਾ । ਦੂਜਾ ਗੁਰ ਵਿਦਿਆ ਵਿਦਾਨ, ਵਿਦਤ ਰੂਪ ਵਖਾਇੰਦਾ । ਤੀਜਾ ਗੁਰ ਮਾਰੇ ਪੰਜ ਸ਼ੈਤਾਨ, ਆਪਣੀ ਸ਼ਰਅ ਚਲਾਇੰਦਾ । ਚੌਥਾ ਗੁਰ ਹੋ ਮਿਹਰਵਾਨ, ਸੰਤ ਸੱਜਣ ਰੂਪ ਵਟਾਇੰਦਾ । ਪੰਚਮ ਗੁਰ ਮਾਰੇ ਬਾਨ, ਤੀਰ ਨਿਰਾਲਾ ਨਾਮ ਲਗਾਇੰਦਾ । ਛੇਵਾਂ ਗੁਰ ਗੁਰਮੁਖ ਸੱਜਣ ਆਪ ਪਛਾਣ, ਆਪਣੇ ਗਲੇ ਲਗਾਇੰਦਾ । ਛੇ ਗੁਰ ਜਗਤ ਬਲਵਾਨ, ਜਗਤ ਵਿਚ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਅੰਤ ਕਰੇ ਪਰਵਾਨ, ਤਿਸ ਗੁਰ ਲੇਖੇ ਲਾਇੰਦਾ ।

ਪਹਿਲਾ ਉਪਦੇਸ਼ ਮਾਤ ਗਰਭ, ਬਿਨ ਮਾਤ ਪਿਤਾ ਪੜ੍ਹਾਈਆ । ਦੂਜਾ ਉਪਦੇਸ਼ ਜਣਾਏ ਅਰਬ ਖਰਬ, ਗਣਤ ਗਿਣ ਨਾ ਸਕੇ ਕੋਈ ਰਾਈਆ । ਤੀਜਾ ਉਪਦੇਸ਼ ਬਾਲੀ ਬੁਧ ਮਾਰੇ ਰਮਜ਼, ਆਪਣੀ ਰਮਜ਼ ਨਾਲ ਮਿਲਾਈਆ । ਚੌਥਾ ਉਪਦੇਸ਼ ਆਵੇ ਸਮਝ, ਵਿਚ ਸੰਸਾਰ ਲਏ ਸਮਝਾਈਆ । ਪੰਜਵੇਂ ਉਪਦੇਸ਼ ਮਿਲ ਸਤਿਗੁਰ ਲੱਭੇ ਆਪਣੇ ਮਰਜ਼, ਸਚ ਦਵਾਰ ਵੇਖ ਵਖਾਈਆ । ਸਾਚਾ ਉਪਦੇਸ਼ ਗੁਰ ਦਾ ਕਹਿਣਾ ਮੰਨੇ ਫ਼ਰਜ਼, ਆਵਣ ਜਾਵਣ ਵਿਚ ਨਾ ਆਈਆ । ਛੇਵੇਂ ਕੁਛ ਨਾ ਹੋਵੇ ਹਰਜ, ਅਨਮੁਲੜੀ ਦਾਤ ਝੋਲੀ ਪਾਈਆ । ਜਿਸ ਮਾਰਗ ਸਤਿਗੁਰ ਦੇਵੇ ਵਰਜ, ਗੁਰਸਿਖ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਉਪਦੇਸ਼ ਉਪਦੇਸ਼ ਨਾਲ ਮਿਲਾਈਆ ।

ਤੇਰਾਂ ਡੇਓਡ ਪੌਣੀ ਛੱਤ, ਇੰਚ ਫੁੱਟ ਰੂਪ ਬਦਲਾਈਆ । ਅੰਦਰੇ ਅੰਦਰ ਕਰਨਾ ਪੱਖ, ਵਾਧ ਘਾਟ ਨਾ ਕੋਈ ਜਣਾਈਆ । ਜਿਸ ਦਰ ਹਰਿਜਨ ਚਰਨ ਦਏ ਰੱਖ, ਸੋ ਸਤਹ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਪ ਗੁਰਮੁਖਾਂ ਹੱਥ ਫੜਾਈਆ । ਪ੍ਰੇਮ ਅੰਤਰ ਪ੍ਰੇਮ ਪਿਆਰ, ਹਰਿ ਪ੍ਰੀਤਮ ਆਪ ਰਖਾਇੰਦਾ । ਸੁਰਤੀ ਖਿਚੇ ਸ਼ਬਦੀ ਧਾਰ, ਸ਼ਬਦੀ ਧਾਰ ਬੰਧਨ ਪਾਇੰਦਾ । ਦਿਸ

ਨਾ ਆਏ ਵਿਚ ਸੰਸਾਰ, ਰੂਪ ਰੰਗ ਨਾ ਕੋਈ ਵਖਾਇੰਦਾ । ਡੂੰਘੀ ਕੰਦਰ ਪਾਵੇ ਸਾਰ, ਕਾਇਆ ਬੰਕ ਵੇਖ ਵਖਾਇੰਦਾ । ਪੂਰਬ ਜਨਮ ਲਹਿਣਾ ਕਰਜ਼ ਦਏ ਉਤਾਰ, ਮਾਨਸ ਜਨਮ ਲੇਖੇ ਲਾਇੰਦਾ । ਬਿਨ ਬੋਲਿਆਂ ਕਰੇ ਗੁਫ਼ਤਾਰ, ਰਸਨਾ ਜਿਹਵਾ ਨਾ ਕੋਈ ਹਿਲਾਇੰਦਾ । ਰਾਤੀ ਸੁਤਿਆਂ ਵਾਜਾਂ ਮਾਰ, ਆਲਸ ਨਿੰਦਰਾ ਵਿਚ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਆਪਣੀ ਦਇਆ ਕਮਾਇੰਦਾ । ਅੰਦਰੇ ਅੰਦਰ ਨਾਮ ਸਤਾਰ, ਬਿਨ ਤੰਦੀ ਤੰਦ ਵਜਾਈਆ । ਜਿਸ ਨੂੰ ਲੱਭਦੇ ਫਿਰਦੇ ਬਾਹਰ, ਸੋ ਅੰਦਰ ਡੇਰਾ ਲਾਈਆ । ਆਦਿ ਜੁਗਾਦਿ ਜਨ ਭਗਤਾਂ ਕਰਦਾ ਸਦਾ ਪਿਆਰ, ਥਾਉਂ ਥਾਈਂ ਲਏ ਉਠਾਈਆ । ਲੁਕਿਆ ਰਹੇ ਨਾ ਕੋਈ ਹਰਿਦਵਾਰ, ਰਿਖੀ ਕੇਸ਼ ਨਾ ਮੁਖ ਛੁਪਾਈਆ । ਜਿਸ ਵੜਿਆ ਅੰਦਰ ਆਪ ਨਿਰੰਕਾਰ, ਤਿਸ ਸੱਜਨ ਲਏ ਮਿਲਾਈਆ । ਆਪੇ ਜਾਣੇ ਆਪਣਾ ਸਚ ਪਿਆਰ, ਪਿਆਰ ਪਿਆਰ ਵਿਚ ਰਖਾਈਆ । ਸਿਫ਼ਤ ਸਾਲਾਹੀ ਵਸਿਆ ਬਾਹਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਵਿਹਾਰਾ ਇਕ ਵਖਾਈਆ । ਸਚ ਵਿਹਾਰਾ ਏਕਾ ਹੱਦ, ਹਰਿਜਨ ਭਗਤਾਂ ਆਪ ਜਣਾਈਆ । ਇਕ ਦਵਾਰਾ ਇਕ ਪਦ, ਏਕਾ ਘਰ ਵਸਾਈਆ । ਏਕਾ ਨਾਮ ਏਕਾ ਨਦ, ਏਕਾ ਰਿਹਾ ਵਜਾਈਆ । ਏਕਾ ਲੱਖ ਚੁਰਾਸੀ ਵਿਚੋਂ ਕੱਢ, ਆਪਣੇ ਨਾਲ ਮਿਲਾਈਆ । ਇਕ ਸੁਣਾਏ ਸੁਹਾਗੀ ਛੰਦ, ਏਕਾ ਕਰੇ ਪੜ੍ਹਾਈਆ । ਇਕ ਜਣਾਏ ਪਰਮਾਨੰਦ, ਨਿਜਾਨੰਦ ਰਸਾਈਆ । ਏਕਾ ਜਾਣੇ ਲੇਖਾ ਬੱਤੀ ਦੰਦ, ਰਸਨਾ ਜਿਹਵਾ ਨਾਲ ਮਿਲਾਈਆ । ਏਕਾ ਤੋੜੇ ਫੰਦੀ ਫੰਦ, ਫਾਂਦਕ ਕੋਈ ਰਹਿਣ ਨਾ ਪਾਈਆ । ਏਕਾ ਮੇਟੇ ਅੰਧੇਰਾ ਅੰਧ, ਅੰਧ ਅੰਧੇਰ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਿਆਰ ਪਿਆਰ ਨਾਲ ਮਿਲਾਈਆ । ਪਿਆਰ ਅੰਦਰ ਛੱਡਿਆ ਘਰ, ਮਿਲਿਆ ਬਾਹਰ ਟਿਕਾਣਾ । ਜਿਸ ਨੂੰ ਯਾਦ ਰਹੇ ਕਰ, ਸੋ ਮਿਲੇ ਸ੍ਰੀ ਭਗਵਾਨਾ । ਜਿਸ ਦੇ ਕੋਲੋਂ ਰਹੇ ਡਰ, ਸੋ ਦੇਵਣਹਾਰਾ ਦਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖਾਏ ਸਚ ਨਿਸ਼ਾਨਾ । ਸਚ ਨਿਸ਼ਾਨਾ ਕਾਇਆ ਅੰਦਰ, ਹਰਿ ਜੂ ਹਰਿਜਨ ਆਪ ਜਣਾਇੰਦਾ । ਪਹਿਲਾਂ ਬਣੇ ਸਰਗੁਣ ਮੰਦਰ, ਘਰ ਘਰ ਵਿਚ ਵੇਖ ਵਖਾਇੰਦਾ । ਬਜਰ ਕਪਾਟੀ ਤੋੜੇ ਜੰਦਰ, ਦੂਈ ਦਵੈਤੀ ਪਰਦਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਿਆਰ ਪਿਆਰ ਇਕ ਵਖਾਇੰਦਾ । ਪਿਆਰ ਅੰਦਰ ਪ੍ਰੇਮ ਪਿਆਰਾ, ਹਰਿ ਪ੍ਰੀਤਮ ਨਾਉਂ ਰਖਾਈਆ । ਪਿਆਰ ਅੰਦਰ ਪੁਰਖ ਨਾਰਾ, ਜੁਗ ਜੁਗ ਸੰਗ ਨਿਭਾਈਆ । ਪਿਆਰ ਅੰਦਰ ਸੁਤ ਦੁਲਾਰਾ, ਪਿਆਰ ਅੰਦਰ ਪਿਤਾ ਮਾਈਆ । ਪਿਆਰ ਅੰਦਰ ਭਗਤ ਵਣਜਾਰਾ, ਜਗ ਹੱਟੀ ਇਕ ਵਖਾਈਆ । ਪਿਆਰ ਅੰਦਰ ਰਵ ਸਸ ਸਤਾਰਾ, ਮੰਡਲ ਮੰਡਪ ਬੈਠੇ ਆਸਣ ਲਾਈਆ । ਪਿਆਰ ਅੰਦਰ ਭਗਤ ਭਗਵੰਤ ਬਣੇ ਭਿਖਾਰਾ, ਜੁਗ ਜੁਗ ਆਵੇ ਜਾਵੇ ਵਾਹੋ ਦਾਹੀਆ । ਪਿਆਰ ਅੰਦਰ ਵੇਖਿਆ ਹਰੀ ਦਵਾਰਾ, ਬਨ ਖੰਡ ਫੇਰਾ ਪਾਈਆ । ਬਿਨ ਪਿਆਰ ਕਾਇਆ ਵਸੇ ਜੰਗਲ ਜੂਹ ਪਹਾੜ ਡੂੰਘੀ ਗਾਰਾ, ਨਿਰਭੈ ਭਿਆਨਕ ਰੂਪ ਵਟਾਈਆ । ਕਰ ਕਿਰਪਾ ਜਿਸ ਜਨ ਦੇਵੇ ਸਹਾਰਾ, ਆਪਣਾ ਪਿਆਰ ਇਕ ਸਮਝਾਈਆ । ਦੇ ਦਰਸ ਕਰੇ ਕਾਇਆ ਠੰਡੀ ਠਾਰਾ, ਸਾਂਤਕ ਸਤਿ ਸਤਿ ਵਰਤਾਈਆ । ਜਿਸ ਦਾ ਮਰਨ ਦੇ ਪਿਛੋਂ ਲੱਭਣਾ ਦਵਾਰਾ, ਸੋ ਬਿਨ ਮਰਿਆਂ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਪਿਆਰ ਗੰਢ ਦਵਾਈਆ । ਪਿਆਰ ਅੰਦਰ ਪਿਆਰ ਗੰਢ, ਪੀਆ ਪ੍ਰੀਤਮ ਆਪ ਰਖਾਇੰਦਾ । ਏਕਾ ਪਾਏ ਸਾਚੀ ਠੰਡ, ਸਤਿ ਸਤਿ ਵਰਤਾਇੰਦਾ ।

ਗੁਰਮੁਖ ਸੁਰਤ ਨਾ ਹੋਏ ਰੰਡ, ਗੁਰ ਸ਼ਬਦੀ ਆਪ ਪਰਨਾਇੰਦਾ । ਪੰਚ ਵਿਕਾਰਾ ਕਰੇ ਖੰਡ ਖੰਡ, ਕਾਮ ਕਰੋਧ ਲੋਭ ਮੋਹ ਹੰਕਾਰ ਨੇੜ ਨਾ ਆਇੰਦਾ । ਜੋ ਜਨ ਗਾਏ ਸੁਹਾਗੀ ਛੰਦ, ਸੋਹੰ ਸੋ ਆਪ ਦ੍ਰਿੜਾਇੰਦਾ । ਏਕਾ ਦੇਵੇ ਪਰਮਾਨੰਦ, ਨਿਜਾਨੰਦ ਰਸ ਚਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਿਆਰ ਬੰਧਨ ਪਿਆਰ ਨਾਤਾ ਪੁਰਖ ਬਿਧਾਤਾ ਆਪ ਚੜ੍ਹਾਇੰਦਾ ।

ਪੰਜ ਬਣਨ ਸਲਾਹਕਾਰ, ਪੰਜਾਂ ਨਾਲ ਮਿਲਾਈਆ । ਪਸੌਰਾ ਸਿੰਘ ਦਏ ਅਧਾਰ, ਸਿੰਘ ਦਿਦਾਰ ਨਾਲ ਮਿਲਾਈਆ । ਮਹਿੰਦਰ ਸਿੰਘ ਪ੍ਰੇਮ ਵਿਚਾਰ, ਸਿੰਘ ਗੁਰਨਾਮ ਦੱਸੇ ਚਾਈਂ ਚਾਈਆ । ਗੁਰਨਾਮ ਸਿੰਘ ਮਿਲ ਸੇਵਾ ਕਰੇ ਅਪਾਰ, ਸਾਚੀ ਖ਼ੁਸ਼ੀ ਮਨਾਈਆ । ਪੰਚਾਂ ਨਾਲ ਪੰਚ ਪਿਆਰ, ਪੰਚਮ ਗੰਢ ਪੁਆਈਆ । ਪੰਜ ਪੰਝੀ ਸੇਵਾਦਾਰ, ਸੇਵਕ ਸੇਵ ਵਖਾਈਆ । ਦਰ ਆਏ ਦਰਵੇਸ਼ ਨਿਰੰਕਾਰ, ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਣ ਗੁਣ ਵਿਚ ਦਏ ਵਖਾਈਆ ।

### ★ ੧੧ ਕਤਕ ੨੦੧੮ ਬਿਕ੍ਰਮੀ ਜੇਠੂਵਾਲ ਦਰਬਾਰ ਵਿਚ ★



ਸਚਖੰਡ ਹਰੀ ਹਰਿ ਮਾਲਕ, ਅਮੁਲ ਬੇਪਰਵਾਹਿਆ । ਨਿਰਗੁਣ ਸਰਗੁਣ ਸਦਾ ਪ੍ਰਿਤਪਾਲਕ, ਪਾਲਣਹਾਰ ਆਪ ਅਖਵਾਇਆ । ਜੁਗਾ ਜੁਗੰਤਰ ਵੇਖੇ ਖ਼ਲਕ ਖ਼ਾਲਕ, ਨੂਰ ਨੁਰਾਨਾ ਨੂਰ ਧਰਾਇਆ । ਨਿਰਾਕਾਰ ਸਾਕਾਰ ਬਣੇ ਸਾਲਸ, ਆਪ ਆਪਣਾ ਖੇਲ ਖਿਲਾਇਆ । ਨਿਰਵੈਰ ਨਾ ਆਏ ਕਦੇ ਵਿਚ ਆਲਸ, ਨਿੰਦਰਾ ਰੂਪ ਨਾ ਕੋਇ ਪਰਗਟਾਇਆ । ਅਜੂਨੀ ਰਹਿਤ ਏਕੰਕਾਰਾ ਇਕੋ ਖ਼ਾਲਸ, ਪਰਮ ਪੁਰਖ ਬੇਪਰਵਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧਰਮ ਖੰਡ ਦਵਾਰ ਆਪ ਵਡਿਆਈਆ । ਸਚਖੰਡ ਵਸੇ ਏਕੰਕਾਰਾ, ਅਕਲ ਕਲ ਵਡਿਆਈਆ । ਅਲਖ ਅਗੋਚਰ ਅਗੰਮ ਅਪਾਰਾ, ਬੇਅੰਤ ਸੱਚਾ ਸ਼ਹਿਨਸ਼ਾਹੀਆ । ਸ਼ਾਹੋ ਭੂਪ ਬਿਨ ਰੰਗ ਰੂਪ ਇਕ ਸਿਕਦਾਰਾ, ਰਾਜਨ ਰਾਜ ਵਡ ਵਡਿਆਈਆ । ਹੁਕਮੀ ਹੁਕਮ ਸਚ ਵਰਤਾਰਾ, ਧੁਰ ਫ਼ਰਮਾਨਾ ਇਕ ਜਣਾਈਆ । ਲੇਖਾ ਜਾਣੇ ਧੁਰ ਦਰਬਾਰਾ, ਦਰਗਹਿ ਸਾਚੀ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਸ੍ਰੀ ਭਗਵਾਨਾ, ਸਚਖੰਡ ਦਵਾਰ ਸੁਹਾਇੰਦਾ । ਭੂਪਤ ਭੂਪ ਰਾਜ ਰਾਜਾਨਾ, ਜਗਦੀਸਰ ਸੋਭਾ ਪਾਇੰਦਾ । ਅਲਖ ਅਗੰਮ ਹੁਕਮ ਫ਼ਰਮਾਨਾ, ਨਿਰਵੈਰ ਪੁਰਖ ਜਣਾਇੰਦਾ । ਦਰ ਦਰਬਾਰ ਇਕ ਸੁਹਾਨਾ, ਸਚਖੰਡ ਦਵਾਰ ਵਡਿਆਇੰਦਾ । ਦੀਪਕ ਜੋਤ ਇਕ ਜਗਾਨਾ, ਨਿਰਗੁਣ ਨਿਰਵੈਰ ਡਗਮਗਾਇੰਦਾ । ਦੂਸਰ ਸੰਗ ਨਾ ਕੋਈ ਰਖਾਨਾ, ਇਕ ਅਕੱਲਾ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਨਭਵ ਆਪਣਾ ਰੂਪ ਵਟਾਇੰਦਾ । ਅਨਭਵ ਰੂਪ ਹਰਿ ਕਰਤਾਰ, ਨੇਤਰ ਨੈਣ ਨਾ ਕੋਈ ਜਣਾਈਆ । ਅਲਖ ਅਗੋਚਰ ਅਗੰਮ ਅਪਾਰ, ਬੇਅੰਤ ਵਡੀ ਵਡਿਆਈਆ । ਵਸਣਹਾਰਾ ਧਾਮ ਨਿਆਰ, ਸਾਚਾ ਧਾਮ ਰਿਹਾ ਸੁਹਾਈਆ । ਕਰੇ ਕਰਾਏ ਸਾਚੀ ਕਾਰ, ਕਰਤਾ ਪੁਰਖ ਨਾਉਂ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ

੧੩੯੭ ੧੦

ਰੰਗ ਆਪ ਵਟਾਈਆ । ਆਪਣਾ ਰੰਗ ਹਰਿ ਕਰਤਾਰਾ, ਆਦਿ ਜੁਗਾਦਿ ਪਰਗਟਾਇੰਦਾ । ਵਸਣਹਾਰਾ ਧਾਮ ਨਿਆਰਾ, ਸਚਖੰਡ ਦਵਾਰਾ ਸੋਭਾ ਪਾਇੰਦਾ । ਮਹੱਲ ਅਟਲ ਉਚ ਮੁਨਾਰਾ, ਛੱਪਰ ਛੰਨ ਨਾ ਕੋਈ ਵਖਾਇੰਦਾ । ਸਾਚਾ ਮੰਦਰ ਇਕ ਦਵਾਰਾ, ਦਰਗਹਿ ਸਾਚੀ ਧਾਮ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਇਕ ਅਕੱਲਾ ਇਕ ਵਖਾਏ ਸਚ ਮਹੱਲਾ, ਸਚਖੰਡ ਦਵਾਰਾ ਆਪ ਸੁਹਾਇੰਦਾ । ਸਚਖੰਡ ਦਵਾਰਾ ਗਿਆ ਵਸ, ਸੋ ਪੁਰਖ ਨਿਰੰਜਣ ਆਪ ਵਸਾਈਆ । ਹਰਿ ਪੁਰਖ ਨਿਰੰਜਣ ਆਪੇ ਜਾਣੇ ਆਪਣਾ ਰਸ, ਰਸ ਰਸ ਆਪਣਾ ਵੇਖ ਵਖਾਈਆ । ਏਕੰਕਾਰਾ ਖੇਲ ਕਰੇ ਅਲਖਣਾ ਅਲਖ, ਅਲਖ ਅਲਖ ਸੱਚਾ ਸ਼ਹਿਨਸ਼ਾਹੀਆ । ਆਦਿ ਨਿਰੰਜਣ ਹੋ ਪਰਤਖ, ਨੂਰੀ ਜੋਤ ਕਰੇ ਰੁਸ਼ਨਾਈਆ । ਅਬਿਨਾਸ਼ੀ ਕਰਤਾ ਆਪਣਾ ਮਾਰਗ ਆਪੇ ਦੱਸ, ਆਪੇ ਬਣੇ ਪਾਂਧੀ ਰਾਹੀਆ । ਸ੍ਰੀ ਭਗਵਾਨ ਪੰਧ ਮੁਕਾਏ ਨੱਸ ਨੱਸ, ਚਾਲ ਅਵਲੜੀ ਇਕ ਰਖਾਈਆ । ਪਾਰਬ੍ਰਹਮ ਖੇਲ ਪੁਰਖ ਸਮਰਥ, ਸਮਰਥ ਆਪਣੀ ਧਾਰ ਚਲਾਈਆ । ਆਪੇ ਚਲਾਏ ਆਪਣਾ ਰਥ, ਬਣ ਰਥਵਾਹੀ ਸੇਵ ਕਮਾਈਆ । ਆਪਣਾ ਭੇਵ ਆਪੇ ਜਾਣੇ ਅਕਥਨਾ ਅਕਥ, ਲੇਖਾ ਲਿਖਤ ਨਾ ਕੋਈ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਲੇਖਾ ਜਾਣੇ ਸਚਖੰਡ ਸਚ ਮਹੱਲਾ, ਸਾਚੀ ਧਾਰ ਪਰਗਟਾਈਆ । ਸਚਖੰਡ ਮਹੱਲਾ ਸਾਚੀ ਧਾਰ, ਹਰਿ ਹਰਿ ਆਪ ਪਰਗਟਾਇੰਦਾ । ਨਿਹਚਲ ਧਾਮ ਉਚ ਅਟੱਲਾ, ਏਕਾ ਏਕ ਸੋਭਾ ਪਾਇੰਦਾ । ਆਪੇ ਫੜ ਫੜ ਆਪਣਾ ਪੱਲਾ, ਸਗਲਾ ਸੰਗ ਨਿਭਾਇੰਦਾ । ਜੋਤੀ ਸ਼ਬਦ ਆਪੇ ਰਲਾ, ਪੂਤ ਸਪੂਤਾ ਵੇਸ ਵਟਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਆਪੇ ਘੱਲਾ, ਬੰਸ ਸਰਬੰਸ ਆਪ ਬਣਾਇੰਦਾ । ਤ੍ਰੈਗੁਣ ਅਤੀਤਾ ਹਰ ਘਟ ਆਪੇ ਰਲਾ, ਪੰਚਮ ਆਪਣਾ ਜੋੜ ਜੁੜਾਇੰਦਾ । ਆਦਿ ਜੁਗਾਦਿ ਅਛੱਲ ਅਛੱਲਾ, ਵਲ ਛਲ ਆਪਣੀ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਆਪ ਬਹਾਇੰਦਾ । ਸਚਖੰਡ ਦਵਾਰ ਸੁਹਾਵਣਾ, ਸੋਭਾਵੰਤ ਕਰਤਾਰ । ਆਪਣਾ ਖੇਲ ਆਪ ਕਰਾਵਣਾ, ਆਦਿ ਜੁਗਾਦੀ ਸਾਚੀ ਕਾਰ । ਸ਼ਬਦੀ ਨਾਅਰਾ ਇਕ ਸੁਣਾਵਣਾ, ਸੁਣੇ ਸੁਣਾਏ ਸੁਣਨੇਹਾਰ । ਵਿਸ਼ਨ ਬ੍ਰਹਮਾ ਸ਼ਿਵ ਉਠਾਵਣਾ, ਹੁਕਮੀ ਹੁਕਮ ਵਰਤੇ ਵਰਤਾਰ । ਦੋ ਜਹਾਨਾਂ ਵੇਖ ਵਖਾਵਣਾ, ਬ੍ਰਹਿਮੰਡ ਖੰਡ ਪਾਏ ਸਾਰ । ਅਵਣ ਗਵਣ ਡੇਰਾ ਢਾਵਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਕਰਾਏ ਸਾਚੀ ਕਾਰ । ਸਾਚੀ ਕਾਰ ਕਰਤਾਰਾ, ਕੁਦਰਤ ਆਪਣਾ ਖੇਲ ਖਿਲਾਈਆ । ਨਿਰਗੁਣ ਸਰਗੁਣ ਹੋ ਉਜਿਆਰਾ, ਲੱਖ ਚੁਰਾਸੀ ਘਾੜਨ ਘੜਤ ਘੜਾਈਆ । ਘਟ ਘਟ ਅੰਤਰ ਕਰ ਪਸਾਰਾ, ਸਚ ਸਿੰਘਾਸਣ ਸੋਭਾ ਪਾਈਆ । ਜੁਗਾ ਜੁਗੰਤਰ ਵੇਖੇ ਵਿਗਸੇ ਵੇਖਣਹਾਰਾ, ਆਪਣਾ ਨੇਤਰ ਨੈਣ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਬੰਧਨ ਪਾਈਆ । ਜੁਗ ਚੌਕੜੀ ਪਾਏ ਬੰਧਨ, ਹਰਿ ਸੱਚਾ ਸ਼ਹਿਨਸ਼ਾਹ । ਲੇਖਾ ਜਾਣੇ ਤ੍ਰਿਲੋਕੀ ਨੰਦਨ, ਦੋ ਜਹਾਨ ਬਣ ਮਲਾਹ । ਸਦਾ ਸਹੇਲਾ ਇਕ ਅਕੇਲਾ ਆਪ ਸੁਣਾਏ ਸਾਚਾ ਛੰਦਨ, ਨਾਉਂ ਨਿਰੰਕਾਰ ਨਾਮ ਪਰਗਟਾ । ਆਪੇ ਜਾਣੇ ਆਪਣਾ ਪਰਮਾਨੰਦਨ, ਘਰ ਘਰ ਵਿਚ ਰਿਹਾ ਸਮਾ । ਸਾਹਿਬ ਦਿਆਲ ਸਦਾ ਬਖ਼ਸ਼ੰਦਨ, ਬੇਪਰਵਾਹ ਨਾਉਂ ਅਖਵਾ । ਆਪ ਚੜ੍ਹਾਏ ਸਾਚਾ ਚੰਦਨ, ਜੋਤੀ ਨੂਰ ਕਰ ਰੁਸ਼ਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਖੇਲ ਕਰਾ । ਜੁਗ ਜੁਗ ਖੇਲ ਕਰਾਇੰਦਾ, ਕਰਤਾ ਪੁਰਖ ਦਿਆਲ । ਨਿਰਗੁਣ ਸਰਗੁਣ ਵੇਖ ਵਖਾਇੰਦਾ, ਭਗਤ ਭਗਵੰਤ ਲਾਲ ਨਿਰਾਲ ।

ਸੰਤ ਸਾਜਨ ਆਪ ਉਠਾਇੰਦਾ, ਨਿਰਗੁਣ ਸਰਗੁਣ ਬਣ ਦਲਾਲ । ਆਪਣੇ ਰੰਗ ਗੁਰਮੁਖ ਆਪ ਰੰਗਾਇੰਦਾ, ਆਦਿ ਜੁਗਾਦਿ ਅਵੱਲੜੀ ਚਾਲ । ਗੁਰਸਿਖ ਸਾਚੀ ਗੋਦ ਬਹਾਇੰਦਾ, ਸਚਖੰਡ ਦਵਾਰਾ ਸੱਚੀ ਧਰਮਸਾਲ । ਦੂਜਾ ਰਾਹ ਨਾ ਕੋਈ ਵਖਾਇੰਦਾ, ਵੇਲੇ ਅੰਤ ਨਾ ਖਾਏ ਕਾਲ । ਦਰ ਦਰ ਨਾ ਕੋਈ ਫਿਰਾਇੰਦਾ, ਜਿਸ ਜਨ ਕਰੇ ਸਦਾ ਪ੍ਰਿਤਪਾਲ । ਲੋਚਣ ਤੀਜੇ ਸੋਭਾ ਪਾਇੰਦਾ, ਜੋਤ ਨੂਰਾਨਾ ਬੇਮਿਸਾਲ । ਘਰ ਚੌਥੇ ਸਦ ਬਹਾਇੰਦਾ, ਇਕ ਅਕੱਲਾ ਚਲੇ ਨਾਲ ਨਾਲ । ਪੰਚਮ ਮੇਲਾ ਮੇਲ ਮਿਲਾਇੰਦਾ, ਆਪੇ ਸੁਣੇ ਮੁਰੀਦਾਂ ਹਾਲ । ਛੇਵੇਂ ਛੱਪਰ ਛੰਨ ਛੁਹਾਇੰਦਾ, ਦੀਨਾ ਬੰਧਪ ਦੀਨ ਦਿਆਲ । ਸਤਵੇਂ ਸਤਿ ਸਤਿਵਾਦੀ ਰੰਗ ਚੜ੍ਹਾਇੰਦਾ, ਗੁਰਮੁਖ ਵੇਖੇ ਸਾਚੇ ਲਾਲ । ਅੱਠਾਂ ਤੱਤਾਂ ਬੰਧਨ ਆਪ ਤੁੜਾਇੰਦਾ, ਲੇਖਾ ਜਾਣੇ ਸ਼ਾਹ ਕੰਗਾਲ । ਨੌਵੇ ਦਰ ਦਰ ਠੁਕਰਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਸਵੇਂ ਵਸੇ ਏਕਾ ਹਰਿ, ਇਕ ਇਕੱਲਾ ਸਚ ਮਹੱਲਾ ਵਸਾਏ ਆਪ ਮਿਹਰਵਾਨ । ਮਿਹਰਵਾਨ ਮਿਹਰਵਾਨ ਹਰਿ ਮਿਹਰਵਾਨਾ, ਮਿਹਰ ਮਿਹਰ ਸਮਾਈਆ । ਆਦਿ ਜੁਗਾਦੀ ਧੁਰ ਤਰਾਨਾ, ਅਨਰਾਗੀ ਰਾਗ ਸੁਣਾਈਆ । ਗੁਰ ਅਵਤਾਰ ਦੇ ਪਰਵਾਨਾ, ਲੋਕਮਾਤ ਸਮਝਾਈਆ । ਅੰਤਰ ਗਾਇਣ ਇਕੋ ਗਾਨਾ, ਏਕਾ ਅੱਖਰ ਦਏ ਸਮਝਾਈਆ । ਏਕਾ ਓਟ ਏਕਾ ਮਾਣਾ, ਏਕਾ ਸੀਸ ਜਗਦੀਸ ਝੁਕਾਈਆ । ਏਕਾ ਮੰਦਰ ਇਕ ਮਕਾਨਾ, ਗੁਰੂਦਵਾਰਾ ਇਕ ਵਖਾਈਆ । ਏਕਾ ਹੁਕਮ ਇਕ ਫ਼ਰਮਾਨਾ, ਏਕਾ ਸ਼ਹਿਨਸ਼ਾਹ ਸੱਚਾ ਪਾਤਸ਼ਾਹੀਆ । ਏਕਾ ਜਾਣੇ ਆਪਣਾ ਭਾਣਾ, ਸਦ ਭਾਣੇ ਰਿਹਾ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਰੰਗ ਆਪ ਵਖਾਈਆ । ਜੁਗ ਜੁਗ ਰੰਗ ਪੁਰਖ ਸਮਰਥ, ਹਰਿਜਨ ਸਾਚੇ ਆਪ ਵਖਾਇੰਦਾ । ਬਿਨ ਰੰਗਨ ਰੰਗੇ ਨਾਮ ਹੱਥ, ਹੱਥੋ ਹੱਥ ਲੇਖਾ ਆਪ ਚੁਕਾਇੰਦਾ । ਬਿਨ ਕਰਨੀ ਕ਼ੀਮਤ ਪਾਏ ਕੱਖੋਂ ਲੱਖ ਲੱਖ, ਲੱਖ ਕ੍ਰੋੜੀ ਆਪ ਹੋ ਜਾਇੰਦਾ । ਆਪਣਾ ਮਾਰਗ ਆਪੇ ਦੱਸ, ਹਰਿਜਨ ਸਾਚੇ ਆਪ ਚਲਾਇੰਦਾ । ਜੁਗ ਚੌਕੜੀ ਪੰਧ ਪੰਧ ਮੁਕਾਏ ਨੱਸ ਨੱਸ, ਪਾਂਧੀ ਆਪਣਾ ਰਾਹ ਆਪਣੇ ਚਰਨਾਂ ਹੇਠ ਦਬਾਇੰਦਾ । ਜਨ ਭਗਤਾਂ ਪੂਰੀ ਕਰੇ ਆਸ, ਵੇਸ ਅਨੇਕ ਆਪ ਵਟਾਇੰਦਾ । ਕਾਇਆ ਮੰਡਲ ਪਾਵੇ ਰਾਸ, ਗੋਪੀ ਕਾਹਨ ਆਪ ਨਚਾਇੰਦਾ । ਸਾਹਿਬ ਸੁਲਤਾਨ ਸਦਾ ਵਸੇ ਪਾਸ, ਵਿਛੜ ਕਦੇ ਨਾ ਜਾਇੰਦਾ । ਲੇਖਾ ਜਾਣੇ ਦਾਸੀ ਦਾਸ, ਬਣ ਸੇਵਕ ਸੇਵ ਕਮਾਇੰਦਾ । ਅੰਤਮ ਕਰੇ ਬੰਦ ਖ਼ੁਲਾਸ, ਫਾਂਦੀ ਫੰਦ ਨਾ ਕੋਈ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਹਰਿਜਨ ਮੇਲ ਮਿਲਾਇੰਦਾ । ਮੇਲ ਮਿਲਾਵਾ ਜੁਗੋ ਜੁਗ, ਜੁਗ ਕਰਤਾ ਆਪ ਕਰਾਈਆ । ਜਨ ਭਗਤਾਂ ਕੱਟੇ ਹਉਮੇ ਰੋਗ, ਸੋਗ ਦੁੱਖ ਨਾ ਕੋਈ ਵਖਾਈਆ । ਨਾਮ ਨਿਧਾਨ ਚੁਗਾਏ ਚੋਗ, ਤ੍ਰਿਸ਼ਨਾ ਭੁੱਖ ਮਿਟਾਈਆ । ਬਿਨ ਤੇਲ ਬਾਤੀ ਜਗਾਏ ਜੋਤ, ਅੰਧ ਅੰਧੇਰ ਗਵਾਈਆ । ਨਾਮ ਜਪਾਏ ਬਿਨ ਰਸਨਾ ਹੋਂਟ, ਬੱਤੀ ਦੰਦ ਨਾ ਕੋਈ ਸਲਾਹੀਆ । ਕਰ ਕਿਰਪਾ ਕੱਢੇ ਵਾਸਨਾ ਖੋਟ, ਜੋਗ ਅਭਿਆਸ ਨਾ ਕੋਈ ਵਡਿਆਈਆ । ਆਪਣੀ ਹੱਥੀਂ ਫੜ ਫੜ ਚੜ੍ਹਾਏ ਸਾਚੀ ਚੋਟ, ਚੋਟੀ ਏਕਾ ਏਕ ਵਖਾਈਆ । ਹਰਿਜਨ ਹਰਿ ਹਰਿ ਰੱਖੇ ਏਕਾ ਓਟ, ਸਾਚੀ ਸਿਖਿਆ ਸਿੱਖ ਸਮਝਾਈਆ । ਨਾਤਾ ਜੋੜੇ ਓਤ ਪੋਤ, ਪੂਤ ਪਿਤਾ ਗੋਦ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਸਹਿਜ ਸੁਭਾਈਆ । ਸਹਿਜ ਸੁਭਾਓ ਹਰਿਜਨ ਪਾਇਆ, ਹਰਿ ਹਰਿ ਮੀਤ ਮੁਰਾਰ । ਗ੍ਰਿਹਿ ਬਹਿ ਬਹਿ ਮੰਗਲ ਗਾਇਆ, ਘਰ ਮਿਲਿਆ ਸਾਂਝਾ ਯਾਰ । ਮਨ ਮਨਕਾ ਜਿਸ ਭਵਾਇਆ, ਮਾਇਆ

ਮਮਤਾ ਕਰ ਖ਼ਵਾਰ । ਹਉਮੇ ਹੰਗਤਾ ਗੜ੍ਹ ਤੁੜਾਇਆ, ਅੰਮ੍ਰਿਤ ਬਖ਼ਸ਼ੇ ਠੰਡੀ ਠਾਰ । ਭਗਤਾਂ ਹਰਿ ਗਲੇ ਲਗਾਇਆ, ਜਗਤ ਦਲਿਦ੍ਰ ਰੋਗ ਨਿਵਾਰ । ਸਾਚਾ ਸੁਖ ਇਕ ਉਪਜਾਇਆ, ਅੰਤਰ ਮੰਤਰ ਸੋਹੰ ਜੈ ਜੈਕਾਰ । ਸਚ ਸੰਦੇਸ਼ਾ ਇਕ ਸੁਣਾਇਆ, ਪੁਰਖ ਅਗੰਮ ਹੋ ਤਿਆਰ । ਜੁਗ ਜੁਗ ਭਗਤਾਂ ਰੱਖਦਾ ਆਇਆ, ਰੱਖਣਹਾਰਾ ਵਿਚ ਸੰਸਾਰ । ਮਾਰਗ ਆਪਣਾ ਦੱਸਦਾ ਆਇਆ, ਨਿਰਗੁਣ ਸਰਗੁਣ ਲੈ ਅਵਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਉਭਾਰ । ਹਰਿਜਨ ਉਭਾਰੇ ਆਪ ਦਿਆਲਾ, ਦੀਨਨ ਦਏ ਵਡਿਆਈਆ । ਇਕ ਵਖਾਏ ਸੱਚੀ ਧਰਮਸਾਲਾ, ਲੋਕਮਾਤ ਵੱਜੇ ਵਧਾਈਆ । ਨਾਤਾ ਤੋੜ ਸ਼ਾਹ ਕੰਗਾਲਾ, ਹਰਿਜਨ ਸਾਚੇ ਲਏ ਮਿਲਾਈਆ । ਪੂਰਬ ਜਨਮ ਲੇਖਾ ਚੁਕਾਏ ਵਿਚ ਜਹਾਨਾ, ਲਹਿਣਾ ਕੋਈ ਰਹਿਣ ਨਾ ਪਾਈਆ । ਜਿਸ ਜਨ ਬਖ਼ਸ਼ੇ ਚਰਨ ਧਿਆਨਾ, ਸਰਨ ਸਰਨਾਈ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਸਦਾ ਸੁਹੇਲਾ ਸਿਰ ਰੱਖੇ ਹੱਥ, ਭਗਵਨ ਭਗਤਨ ਦਇਆ ਕਮਾਇੰਦਾ । ਅੰਤਮ ਮਾਰਗ ਇਕੋ ਦੱਸ, ਏਕਾ ਰਾਹ ਚਲਾਇੰਦਾ । ਨਿਰਗੁਣ ਜੋਤ ਕਰ ਪਰਕਾਸ਼, ਨੂਰੋ ਨੂਰ ਡਗਮਗਾਇੰਦਾ । ਸ਼ਬਦ ਸਨੇਹੜਾ ਦੇਵੇ ਬਿਨ ਪਵਣ ਸਵਾਸ, ਹੁਕਮੀ ਹੁਕਮ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਸਾਚਾ ਖੇਲ ਹਰਿ ਨਿਰੰਕਾਰ, ਨਿਰਗੁਣ ਆਪ ਕਰਾਈਆ । ਜੁਗ ਚੌਕੜੀ ਜਗਤ ਵਿਹਾਰ, ਜੁਗ ਕਰਤਾ ਵੇਖ ਵਖਾਈਆ । ਸਤਿਜੁਗ ਤ੍ਰੇਤਾ ਦਵਾਪਰ ਉਤਰਿਆ ਪਾਰ, ਕਲਜੁਗ ਅੰਤਮ ਬੈਠਾ ਰਾਹ ਤਕਾਈਆ । ਰਾਹ ਤੱਕੇ ਪਰਵਰਦਿਗਾਰ, ਨੇਤਰ ਨੈਣ ਨੈਣ ਉਠਾਈਆ । ਕਵਣ ਵੇਲਾ ਆਏ ਸਾਂਝਾ ਯਾਰ, ਪੀਰ ਪੈਗ਼ੰਬਰ ਦੇਣ ਗਵਾਹੀਆ । ਮੇਰੀ ਹਿਰਸ ਮਿਟੇ ਅੰਤਮ ਵਾਰ, ਹਵਸ ਹੋਰ ਨਾ ਕੋਇ ਵਧਾਈਆ । ਧਰਨੀ ਫ਼ਰਸ਼ ਦਿਸੇ ਗੋਰ, ਪੰਖੀ ਢੋਰ ਰਹੇ ਕੁਰਲਾਈਆ । ਨਾ ਕੋਈ ਜ਼ਰ ਨਾ ਜ਼ੋਰੁ ਜ਼ੋਰ, ਜ਼ੇਰ ਜ਼ਬਰ ਹੋਈ ਹਲਕਾਈਆ । ਪ੍ਰਭ ਕੀ ਬਿਧ ਅਵਰ ਕੀ ਔਰ, ਗਤ ਮਿਤ ਨਾ ਕੋਇ ਜਣਾਈਆ । ਗੁਰ ਪੀਰ ਅਵਤਾਰ ਪਾ ਨਾ ਸਕੇ ਠੌਰ, ਲੋਕਮਾਤ ਠਹਿਰ ਨਾ ਸਕੇ ਅੰਤ ਗਏ ਸਫ਼ਾ ਉਠਾਈਆ । ਨਿਉਂ ਨਿਉਂ ਨਿਮਸਕਾਰ ਕਰਦੇ ਰਹੇ ਦੋਏ ਜੋੜ, ਸੀਸ ਜਗਦੀਸ ਝੁਕਾਈਆ । ਸੋ ਸਾਹਿਬ ਕਲਜੁਗ ਅੰਤਮ ਆਏ ਦੌੜ, ਜਿਸ ਦੀ ਈਦ ਰਹੇ ਮਨਾਈਆ । ਲੱਖ ਚੁਰਾਸੀ ਵੇਖੇ ਮਿਠਾ ਕੌੜ, ਜਗਤ ਸ਼ਹੀਦੀ ਨਾ ਕੋਇ ਪਾਈਆ । ਜਿਸ ਨੂੰ ਲੱਭਦੇ ਰਹੇ ਬ੍ਰਹਿਮਣ ਗੌੜ, ਸੋ ਬ੍ਰਹਿਮਣ ਆਇਆ ਬਿਨ ਪਿਤਾ ਮਾਈਆ । ਜਿਸ ਨੂੰ ਕਹਿੰਦੇ ਬੁਝੌਂਦਾ ਔੜ, ਗੋਬਿੰਦ ਅੰਮ੍ਰਿਤ ਮੇਘ ਬਰਖਾਈਆ । ਤਿਸ ਸਾਹਿਬ ਲਗਾਇਆ ਪੌੜ, ਗੁਰਮੁਖ ਵਿਰਲੇ ਰਿਹਾ ਚੜ੍ਹਾਈਆ । ਲੱਖ ਚੁਰਾਸੀ ਆਪਣਾ ਬੇੜਾ ਆਪੇ ਰਹੀ ਰੋੜ੍ਹ, ਖੇਵਟ ਖੇਟ ਨਾ ਕੋਇ ਮਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਸੰਗ ਰਖਾਈਆ । ਸਗਲਾ ਸੰਗ ਹਰਿਜਨ ਤੇਰਾ, ਤੇਰਾ ਤੇਰੀ ਧਾਰ ਵਖਾਇੰਦਾ । ਤੇਰਾ ਪੰਧ ਦੁਰਾਡਾ ਆਇਆ ਨੇਰਾ, ਨੇਰਨ ਨੇਰਾ ਰੂਪ ਵਖਾਇੰਦਾ । ਤੇਰਾ ਚੁੱਕਿਆ ਝੂਠਾ ਗੇੜਾ, ਗੇੜਾ ਗੇੜੇ ਆਪ ਭਵਾਇੰਦਾ । ਤੇਰਾ ਵਸਿਆ ਇਕੋ ਖੇੜਾ, ਪੁਰਖ ਅਬਿਨਾਸ਼ੀ ਆਪ ਵਸਾਇੰਦਾ । ਕਲਜੁਗ ਅੰਤਮ ਬੰਨ੍ਹੇ ਬੇੜਾ, ਆਪਣੇ ਕੰਧ ਉਠਾਇੰਦਾ । ਹੱਕੋ ਹੱਕ ਕਰੇ ਨਬੇੜਾ, ਹਕ ਹਕੀਕਤ ਵੇਖ ਵਖਾਇੰਦਾ । ਹਰਿਜਨ ਤੇਰਾ ਖੁਲ੍ਹਾ ਵੇਹੜਾ, ਜੁਗ ਛੱਤੀ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲ ਅੰਤਮ ਵੇਖ ਵਖਾਇੰਦਾ । ਛੱਤੀ ਛੱਤੀ ਖੁਲ੍ਹਾ ਦਰ,

ਖੇਲ੍ਹਣਹਾਰ ਨਿਰੰਕਾਰਾ । ਭਗਤ ਭਗਵੰਤ ਲਏ ਫੜ, ਕਰੇ ਖੇਲ ਅਪਾਰਾ । ਆਪਣੀ ਕਰਨੀ ਅੰਦਰ ਵੜ, ਆਪੇ ਪਾਏ ਸਾਰਾ । ਆਪਣੀ ਵਿਦਿਆ ਆਪੇ ਪੜ੍ਹ, ਆਪੇ ਦੇਵੇ ਸਚ ਹੁਲਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖਾਏ ਸਚ ਦਵਾਰਾ । ਸਚ ਦਵਾਰਾ ਏਕਾ ਬਣਨਾ, ਹਰਿ ਸਾਚਾ ਸਚ ਬਣਾਈਆ । ਬਿਨਾਂ ਜਨਨੀ ਹਰਿ ਭਗਤ ਆਪੇ ਜਨਨਾ, ਆਪੇ ਬਣੇ ਪਿਤਾ ਮਾਈਆ । ਸਚਾ ਬੇੜਾ ਆਪੇ ਬੰਨ੍ਹਣਾ, ਬਣ ਮਲਾਹ ਸੇਵ ਕਮਾਈਆ । ਆਪਣੇ ਮਾਰਗ ਆਪੇ ਚਲਣਾ, ਦੂਸਰ ਭੇਵ ਨਾ ਕੋਇ ਜਣਾਈਆ । ਆਪਣਾ ਆਸਣ ਆਪੇ ਮਲਣਾ, ਆਪੇ ਸਾਚੀ ਸੇਜ ਸੁਹਾਈਆ । ਆਪਣੀ ਜੋਤ ਆਪੇ ਰਲਣਾ, ਘਰ ਸਾਚੇ ਵੱਜੇ ਵਧਾਈਆ । ਆਪਣੀ ਗੋਤ ਆਪੇ ਫਲਣਾ ਫੁਲਣਾ, ਹਰਿਜਨ ਸਾਚੇ ਨਾਲ ਮਿਲਾਈਆ । ਆਪਣੇ ਕੋਟ ਆਪੇ ਚੜ੍ਹ ਚੜ੍ਹ ਆਦਿ ਜੁਗਾਦਿ ਕਦੇ ਨਾ ਭੁਲਣਾ, ਅਭੁਲ ਨਾਉਂ ਧਰਾਈਆ । ਸੰਤ ਸੁਹੇਲੇ ਆਪੇ ਫੜ ਫੜ ਆਪਣਾ ਲੇਖਾ ਆਪੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਦਏ ਆਪ ਵਡਿਆਈਆ । ਭਗਤਨ ਵਡਿਆਈ ਭਗਤੀ ਦਾਤ, ਭਗਵਨ ਮੂਲ ਰਖਾਇਆ । ਸਚ ਜਣਾਈ ਇਕੋ ਜ਼ਾਤ, ਦੂਸਰ ਵੰਡ ਨਾ ਕੋਇ ਵੰਡਾਇਆ । ਗੁਰ ਗੁਰ ਬੱਧਾ ਸਾਚਾ ਨਾਤ, ਨਾ ਕੋਈ ਤੋੜੇ ਤੋੜ ਤੁੜਾਇਆ । ਕਰ ਕਿਰਪਾ ਖੋਲ੍ਹਿਆ ਤਾਕ, ਆਪਣਾ ਮੰਤਰ ਨਾਮ ਜਪਾਇਆ । ਨਿਰਗੁਣ ਸਰਗੁਣ ਬਣਿਆ ਸੱਜਣ ਸਾਕ, ਸਾਚਾ ਬੰਧਨ ਇਕ ਰਖਾਇਆ । ਪਤਿਤ ਪਾਪੀ ਕਰੇ ਪਾਕੀ ਪਾਕ, ਸਿਰ ਆਪਣਾ ਹੱਥ ਟਿਕਾਇਆ । ਹਰਿਜਨ ਵਿਕੇ ਨਾ ਕਿਸੇ ਹਾਟ, ਕਰਤਾ ਕ਼ੀਮਤ ਆਪੇ ਪਾਇਆ । ਲੋਕਮਾਤ ਜਗਤ ਵਿਛੌਣਾ ਝੂਠੀ ਖਾਟ, ਥਿਰ ਕੋਇ ਰਹਿਣ ਨਾ ਪਾਇਆ । ਨਾਤਾ ਤੁਟੇ ਮਾਈ ਬਾਪ, ਭਾਈ ਭੈਣ ਨਾ ਸੰਗ ਨਿਭਾਇਆ । ਹਰਿਜਨ ਮਿਲੇ ਜਿਸ ਦਾ ਵੱਡਾ ਪਰਤਾਪ, ਨਾ ਮਰੇ ਨਾ ਜਾਇਆ । ਜਿਸ ਦਰ ਕੋਇ ਭੁਲ ਨਾ ਕੋਇ ਪਾਪ, ਏਕਾ ਰੰਗ ਸਮਾਇਆ । ਲਹਿਣਾ ਦੇਣਾ ਚੁਕਾਏ ਹੱਥੋ ਹਾਥ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਰੰਗ ਆਪ ਰੰਗਾਇਆ । ਆਪਣਾ ਰੰਗ ਹਰਿ ਕਰਤਾਰ, ਗੁਰਮੁਖ ਆਪ ਰੰਗਾਈਆ । ਜੁਗ ਚੌਕੜੀ ਸਚ ਵਿਹਾਰ, ਬਿਵਹਾਰੀ ਆਪ ਵਖਾਈਆ । ਕਲਜੁਗ ਅੰਤਮ ਹੋ ਤਿਆਰ, ਤ੍ਰੈਗੁਣ ਅਤੀਤਾ ਵੇਸ ਵਟਾਈਆ । ਠਾਂਢਾ ਸੀਤਾ ਵਸੇ ਸਚ ਦਰਬਾਰ, ਸਚਖੰਡ ਵੱਜੇ ਵਧਾਈਆ । ਭਗਤਨ ਮੀਤਾ ਹੋ ਉਜਿਆਰ, ਲੋਕਮਾਤ ਵੇਸ ਵਟਾਈਆ । ਹਰਿਜਨ ਮੇਲੇ ਆਪਣੀ ਵਾਰ, ਮੇਲ ਮਿਲਾਵਾ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਭਗਵਨ ਭਗਤੀ ਦਏ ਸਾਲਾਹੀਆ । ਸਚ ਸਲਾਹੀ ਸਚ ਸਲਾਹ, ਹਰਿ ਸਾਚਾ ਸਚ ਜਣਾਇੰਦਾ । ਨੇਤਰ ਪੇਖੇ ਬੇਪਰਵਾਹ, ਬੇਅੰਤ ਖੇਲ ਕਰਾਇੰਦਾ । ਸਭ ਦਾ ਨੂਰੀ ਇਕ ਖ਼ੁਦਾ, ਨੂਰ ਨੁਰਾਨਾ ਡਗਮਗਾਇੰਦਾ । ਆਦਿ ਜੁਗਾਦਿ ਨਾ ਹੋਏ ਜੁਦਾ, ਦੂਸਰ ਦਰ ਨਾ ਸੋਭਾ ਪਾਇੰਦਾ । ਚਰਨ ਕਵਲ ਜੋ ਹੋਏ ਫ਼ਿਦਾ, ਫ਼ਿਤਰਤ ਆਪਣੀ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਹਿਰਸ ਆਪ ਮਿਟਾਇੰਦਾ । ਹਰਿਜਨ ਮਿਟੇ ਝੂਠੀ ਹਿਰਸ, ਹਰੀ ਹਰਿ ਆਪ ਮਿਟਾਈਆ । ਨਿਹਕਰਮੀ ਕਰੇ ਤਰਸ, ਕਰਮ ਕਾਂਡ ਨਾ ਕੋਇ ਵਡਿਆਈਆ । ਲੇਖਾ ਜਾਣੇ ਅਰਸ਼ ਫ਼ਰਸ਼, ਹਰਿਜਨ ਸਾਚੇ ਲਏ ਤਰਾਈਆ । ਬਿਨ ਕਰਨੀ ਦੇਵੇ ਦਰਸ, ਕਰਨਹਾਰ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਕਰਿਆ ਆਪਣਾ ਤਰਸ, ਆਪਣੀ ਰਹਿਮਤ ਨਾਲ ਮਿਲਾਈਆ । ਤਰਸ ਨਾਲ ਮਿਲੀ ਰਹਿਮਤ, ਰਹਿਮਾਨ

ਦਇਆ ਕਮਾਇੰਦਾ । ਹਰਿਜਨ ਰਹੇ ਸਦਾ ਸਲਾਮਤ, ਸਲਲ ਆਪਣੇ ਰੰਗ ਰੰਗਾਇੰਦਾ । ਧਰਤ ਮਾਤ ਦੀ ਗੋਦ ਬਹਾਏ ਕਰ ਅਮਾਨਤ, ਅੰਤਮ ਆਪਣੇ ਲੇਖੇ ਲਾਇੰਦਾ । ਗੁਰ ਗੋਬਿੰਦ ਦੇ ਕੇ ਗਿਆ ਜ਼ਮਾਨਤ, ਪੁਰਖ ਅਬਿਨਾਸ਼ੀ ਵੇਖ ਵਖਾਇੰਦਾ । ਮਨਮੁਖਾਂ ਵਸਤ ਮਿਲੀ ਏਕਾ ਲਾਅਨਤ, ਲਹਿਣਾ ਸਭ ਦਾ ਆਪ ਚੁਕਾਇੰਦਾ । ਬਿਨ ਜਾਣਿਆਂ ਕਰੇ ਪਛਾਨਤ, ਪਹਿਚਾਨ ਆਪਣੀ ਆਪ ਛੁਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਉਠਾਇੰਦਾ । ਹਰਿਜਨ ਉਠੇ ਹਰਿ ਬਲ ਧਾਰ, ਬਲ ਬਾਵਨ ਆਪ ਸਮਝਾਈਆ । ਜੁਗ ਜੁਗ ਦਾ ਜਗਤ ਪਿਆਰ, ਜੁਗ ਕਰਤਾ ਭੁਲ ਨਾ ਜਾਈਆ । ਕਲਜੁਗ ਅੰਤ ਅੰਤ ਵਿਹਾਰ, ਸਤਿਜੁਗ ਸਾਚਾ ਰਾਹ ਚਲਾਈਆ । ਪੂਰਨ ਭਗਵੰਤ ਖੇਲ ਅਪਾਰ, ਬੇਅੰਤ ਵੇਖ ਵਖਾਈਆ । ਭਗਤ ਭਗਵੰਤ ਸਾਧ ਸੰਤ ਰਹਿਣ ਇਕ ਦਵਾਰ, ਗੁਰਮੁਖ ਗੁਰਸਿਖ ਨਾਲ ਮਿਲਾਈਆ । ਵਰਨ ਬਰਨ ਕਰੇ ਖ਼ਵਾਰ, ਸਾਚੀ ਸਰਨ ਇਕ ਨਿਰੰਕਾਰ, ਦੂਜਾ ਇਸ਼ਟ ਨਾ ਕੋਇ ਮਨਾਈਆ । ਪਿਛਲਾ ਲੇਖਾ ਮੁੱਕੇ ਵਿਚ ਸੰਸਾਰ, ਅਗਲੀ ਬੰਨ੍ਹੇ ਆਪੇ ਧਾਰ, ਪਾਰਬ੍ਰਹਮ ਬ੍ਰਹਮ ਦਏ ਸਮਝਾਈਆ । ਛੱਤੀ ਛੱਤੀ ਪਾਰ ਕਿਨਾਰ, ਛੱਤੀ ਛੱਤੀ ਹਰਿ ਵਿਹਾਰ, ਛੱਤੀ ਛੱਤੀ ਹੋਏ ਤਿਆਰ, ਸਾਵੇ ਤਿੰਨ ਹੱਥ ਤੇਰੀ ਧਾਰ, ਰਵਦਾਸ ਚਮਿਆਰ ਕਰੇ ਪਿਆਰ, ਲੇਖਾ ਲਿਖ ਲਿਖ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਆਪਣਾ ਸੰਗ ਆਪ ਨਿਭਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗਾ ਜੁਗੰਤਰ ਏਕਾ ਰੰਗ ਸਮਾਈਆ ।

੧੪੦੨ ੧੦ ੧੪੦੨ ੧੦

ਥੱਲੇ ਬੈਠਿਆਂ ਜਿਥੇ ਆਵੇ ਤੇਰਾ ਮੁਖ, ਬੱਤੀ ਦੰਦ ਕਰਨ ਸਾਲਾਹੀਆ । ਓਥੇ ਰੱਖਣਾ ਭਗਤਾਂ ਰੁਖ, ਰੁਕ ਕਦੇ ਨਾ ਜਾਈਆ । ਦਰ ਦਵਾਰ ਉਪਜੇ ਸੁਖ, ਸੁਖ ਵਿਚ ਖ਼ੁਸ਼ੀ ਮਨਾਈਆ । ਹਰਿਜਨ ਬੂਟਾ ਜਾਏ ਫੁਟ, ਫੁਲ ਫੁਲਵਾੜੀ ਮਾਤ ਮਹਿਕਾਈਆ । ਜਗਤ ਜਹਾਨ ਜੀਵ ਜੜ੍ਹ ਦੇਵੇ ਪੁੱਟ, ਜੁਗਤੀ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਵਿਹਾਰ ਦਏ ਸਮਝਾਈਆ ।

## ★ ੧੮ ਕਤਕ ੨੦੧੮ ਬਿਕ੍ਰਮੀ ਜੇਠੂਵਾਲ ਦਰਬਾਰ ਵਿਚ ★

ਇਕ ਪਨਾਹ ਏਕਾ ਓਟ, ਏਕਾ ਘਰ ਸਮਝਾਇੰਦਾ । ਏਕਾ ਨੂਰ ਏਕਾ ਜੋਤ, ਏਕਾ ਡਗਮਗਾਇੰਦਾ । ਏਕਾ ਕਿਲਾ ਏਕਾ ਕੋਟ, ਏਕਾ ਮੰਦਰ ਸੁਹਾਇੰਦਾ । ਏਕਾ ਓਤ ਏਕਾ ਪੋਤ, ਏਕਾ ਬੰਸ ਸਰਬੰਸ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰ ਆਪ ਬੰਧਾਇੰਦਾ । ਏਕਾ ਓਟ ਇਕ ਪਨਾਹ, ਏਕਾ ਘਰ ਸਮਝਾਈਆ । ਨਿਰਗੁਣ ਸਰਗੁਣ ਦਏ ਸਲਾਹ, ਸਾਖ਼ਯਾਤ ਰੂਪ ਧਰਾਈਆ । ਨਿਰਵੈਰ ਨਿਰਾਕਾਰ ਮਲਾਹ, ਅਜੂਨੀ ਰਹਿਤ ਸੇਵ ਕਮਾਈਆ । ਅਗੰਮ ਅਗੰਮੜਾ ਪੱਲੂ ਆਪਣਾ ਫੜਾ, ਦਿਸ ਕਿਸੇ ਨਾ ਆਈਆ । ਭੇਵ ਅਭੇਦ ਦਏ ਖੁਲ੍ਹਾ, ਬੇਐਬ ਨਾਮ ਖ਼ੁਦਾਈਆ । ਇਕ ਵਖਾਏ ਸਾਚਾ ਰਾਹ, ਰਹਿਬਰ ਬਣ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਏਕਾ ਲੇਖ ਦਏ ਜਣਾਈਆ । ਏਕਾ ਲੇਖ ਲੇਖ ਕਰਤਾਰਾ, ਹਰਿ ਸੱਜਣ ਸਚ ਜਣਾਇੰਦਾ । ਕਰੇ ਖੇਲ ਅਪਰ ਅਪਾਰਾ, ਭੇਵ ਕੋਇ ਨਾ ਪਾਇੰਦਾ । ਨਿਰਗੁਣ ਸਰਗੁਣ ਖੇਲ ਨਿਆਰਾ, ਰੂਪ ਰੰਗ ਰੇਖ ਨਾ ਕੋਇ ਜਣਾਇੰਦਾ । ਆਪਣੀ ਕਲ ਆਪੇ ਕਰ ਪਸਾਰਾ, ਹਰਿ ਜੂ ਆਪੇ ਵੇਖ ਵਖਾਇੰਦਾ । ਆਪਣੇ ਮੰਦਰ ਕਰ ਉਜਿਆਰਾ, ਬੰਕ ਦਵਾਰੀ ਸੋਭਾ ਪਾਇੰਦਾ । ਸ਼ਾਹੋ ਭੂਪ ਬਣ ਸਿਕਦਾਰਾ, ਸ਼ਾਹ ਸੁਲਤਾਨ ਹੁਕਮ ਜਣਾਇੰਦਾ । ਹੁਕਮੀ ਹੁਕਮ ਸਾਚੀ ਕਾਰਾ, ਕਰਤਾ ਪੁਰਖ ਕਾਰ ਕਮਾਇੰਦਾ । ਦਰ ਦਰਵੇਸ਼ ਬਣ ਭਿਖਾਰਾ, ਘਰ ਘਰ ਆਪਣੀ ਅਲਖ ਜਗਾਇੰਦਾ । ਅਲਖ ਅਗੋਚਰ ਬੇਪਰਵਾਹ ਇਕ ਇਕੱਲਾ ਬੋਲ ਨਾਅਰਾ, ਨਰਾਇਣ ਆਪਣਾ ਨਾਉਂ ਪਰਗਟਾਇੰਦਾ । ਸਤਿ ਸਤਿਵਾਦੀ ਸਚ ਵਿਹਾਰਾ, ਦੋਏ ਦੋਏ ਆਪਣਾ ਰੰਗ ਵਖਾਇੰਦਾ । ਨਿਰਗੁਣ ਸਰਗੁਣ ਕਰ ਪਿਆਰਾ, ਪ੍ਰੇਮ ਬੰਧਨ ਏਕਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਆਪ ਉਠਾਇੰਦਾ । ਆਪਣਾ ਪਰਦਾ ਆਪੇ ਖੋਲ੍ਹ, ਨਿਰਗੁਣ ਨਿਰਵੈਰ ਦਇਆ ਕਮਾਈਆ । ਬਿਨ ਰਸਨਾ ਜਿਹਵਾ ਆਪੇ ਬੋਲ, ਆਪਣਾ ਗੁਣ ਆਪ ਸਮਝਾਈਆ । ਬਿਨ ਕੰਡੇ ਤੋਲੇ ਸਾਚਾ ਤੋਲ, ਤੋਲਣਹਾਰ ਸੱਚਾ ਸ਼ਹਿਨਸ਼ਾਹੀਆ । ਬਿਨ ਮਰਦੰਗੇ ਵਜਾਏ ਢੋਲ, ਨਾਮ ਨਗਾਰਾ ਇਕ ਸੁਣਾਈਆ । ਬਿਨ ਮੰਗਿਆਂ ਦੇਵੇ ਵਸਤ ਅਨਮੋਲ, ਬਖ਼ਸ਼ਿਸ਼ ਆਪਣੇ ਹੱਥ ਰਖਾਈਆ । ਬਿਨ ਰੁਤੜੀ ਹਰ ਘਟ ਅੰਦਰ ਜਾਏ ਮੌਲ, ਮੌਲਾ ਆਪਣੀ ਖੇਲ ਖਿਲਾਈਆ । ਬਿਨ ਅਮਰ ਅੰਮ੍ਰਿਤ ਮੇਘ ਬਰਸੇ ਕੌਲ, ਕਵਲ ਨੈਣ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪਨਾਹ ਇਕ ਸਮਝਾਈਆ । ਸਚ ਪਨਾਹ ਓਟ ਇਕ, ਏਕਾ ਇਕ ਜਣਾਇੰਦਾ । ਜਿਸ ਦਾ ਲੇਖਾ ਕੋਈ ਸਕੇ ਨਾ ਲਿਖ, ਸੋ ਲਿਖ ਲਿਖ ਲੇਖ ਸਮਝਾਇੰਦਾ । ਜਿਸ ਦਾ ਕੋਈ ਨਾ ਜਾਣੇ ਦੇਸ, ਸੋ ਆਪਣਾ ਦੇਸ ਆਪ ਬਣਾਇੰਦਾ । ਜਿਸ ਦਾ ਕੋਇ ਨਾ ਜਾਣੇ ਵੇਸ, ਸੋ ਆਪਣਾ ਵੇਸ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਪਨਾਹ ਇਕ ਰਖਾਇੰਦਾ । ਸਾਚੀ ਪਨਾਹ ਪੁਰਖ ਅਕਾਲ, ਪੁਨਹ ਪੁਨਹ ਨਿਮਸਕਾਰਿਆ । ਆਦਿ ਜੁਗਾਦਿ ਦੀਨ ਦਿਆਲ, ਸ਼ਾਹ ਪਾਤਸ਼ਾਹ ਸੱਚੀ ਸਰਕਾਰਿਆ । ਵਸਣਹਾਰਾ ਸਚਖੰਡ ਸੱਚੀ ਧਰਮਸਾਲ, ਉਚ ਮਹੱਲ ਅਟਲ ਮੁਨਾਰਿਆ । ਕਰੇ ਖੇਲ ਖੇਲ ਨਿਰਾਲ, ਲੇਖਾ ਲਿਖਤ ਵਿਚ ਨਾ ਆ ਰਿਹਾ । ਆਪਣਾ ਆਪੇ ਕਰੇ ਹੱਲ ਸਵਾਲ, ਦੂਜਾ ਅੰਕ ਨਾ ਕੋਇ ਬਣਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਖਿਲਾ ਲਿਆ । ਖੇਲੇ ਖੇਲ ਪੁਰਖ ਅਪਾਰਾ, ਅਪਰੰਪਰ ਵਡ ਵਡਿਆਈਆ । ਨਿਰਗੁਣ ਨਿਰਾਕਾਰ ਹੋ ਉਜਿਆਰਾ, ਨਿਰਵੈਰ ਧਾਰ ਚਲਾਈਆ । ਜੁਗ ਚੌਕੜੀ ਦੇ ਸਹਾਰਾ, ਏਕਾ ਨਾਮ ਓਟ ਵਖਾਈਆ । ਅੰਤ ਵਜਾਏ ਊਚ ਨਗਾਰਾ, ਥਿਰ ਕੋਇ ਰਹਿਣ ਨਾ ਪਾਈਆ । ਲੱਖ ਚੁਰਾਸੀ ਕਰ ਪਸਾਰਾ, ਘੜਨ ਭੰਨਣਹਾਰ ਵੇਖ ਵਖਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇ ਹੁਲਾਰਾ, ਗੇੜਾ ਗੇੜੇ ਵਿਚ ਭਵਾਈਆ । ਹੁਕਮੀ ਹੁਕਮ ਕਰ ਵਰਤਾਰਾ, ਗੁਰ ਅਵਤਾਰ ਸੇਵਾ ਲਾਈਆ । ਸਾਧ ਸੰਤ ਦੇ ਦੀਦਾਰਾ, ਨਿਰਗੁਣ ਜੋਤ ਜੋਤ ਰੁਸ਼ਨਾਈਆ । ਜੁਗ ਚੌਕੜੀ ਪਾਰ ਕਿਨਾਰਾ, ਨਵ ਨੌ ਚਾਰ ਰਹਿਣ ਨਾ ਪਾਈਆ । ਕਲਜੁਗ ਅੰਤਮ ਹੋਇਆ ਬੇਮੁਹਾਰਾ, ਵਾਗ ਹੱਥ ਨਾ ਕਿਸੇ ਫੜਾਈਆ । ਆਦਿ ਮਧ ਜੋ ਦੇਂਦਾ ਰਿਹਾ ਲਾਰਾ, ਗੁਰ ਅਵਤਾਰ ਓਟ ਤਕਾਈਆ । ਲੁਕਿਆ ਰਿਹਾ ਸਚਖੰਡ ਸੱਚੇ ਦਰਬਾਰਾ, ਜਿਸ ਮੰਦਰ ਚੜ੍ਹਨ ਕੋਇ ਨਾ ਪਾਈਆ । ਉਚੀ ਕੂਕ ਕੂਕ ਗੌਂਦੇ ਰਹੇ ਵਾਰਾ, ਨਾਉਂ ਨਾਮ ਨਾਮ ਸਾਲਾਹੀਆ । ਦੋਏ

ਜੋੜ ਜੋੜ ਕਰਦੇ ਰਹੇ ਨਿਮਸਕਾਰਾ, ਪੰਜ ਤੱਤ ਕਾਇਆ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪਣੇ ਹੱਥ ਰਖਾਈਆ । ਸਾਚੀ ਖੇਲ ਰੱਖੀ ਹੱਥ, ਪੁਰਖ ਅਗੰਮ ਵਡੀ ਵਡਿਆਈਆ । ਜੁਗ ਚੌਕੜੀ ਚਲਾਇਆ ਰਥ, ਲੋਕਮਾਤ ਵੇਸ ਵਟਾਈਆ । ਨਾਮ ਜਣਾਈ ਮਹਿਮਾ ਅਕਥ, ਸ਼ਬਦੀ ਸ਼ਬਦ ਪੜ੍ਹਾਈਆ । ਅੰਮ੍ਰਿਤ ਭੰਡਾਰ ਅਮੋਲਕ ਵਥ, ਨਿਝਰ ਝਿਰਨਾ ਇਕ ਵਖਾਈਆ । ਨੇਤਰ ਲੋਚਣ ਖੋਲ੍ਹ ਅੱਖ, ਪਰਤਖ ਰੂਪ ਦਰਸਾਈਆ । ਆਪੇ ਸਭ ਤੋਂ ਹੋਇਆ ਰਿਹਾ ਵੱਖ, ਆਪੇ ਘਟ ਘਟ ਰਿਹਾ ਸਮਾਈਆ । ਆਪਣੀ ਵਸਤ ਆਪਣੇ ਅੰਦਰ ਰਖੀ ਢਕ, ਜਿਉਂ ਭਾਵੇ ਤਿਉਂ ਗੁਰ ਪੀਰਾਂ ਰਿਹਾ ਵਰਤਾਈਆ । ਜੋ ਆਇਆ ਸੋ ਕਹਿ ਕਹਿ ਗਿਆ ਅਲਖਨਾ ਅਲਖ, ਅਲਖ ਅਗੋਚਰ ਬੇਪਰਵਾਹੀਆ । ਨੇਤਰ ਨੈਣ ਮੂੰਦ ਕਹਿਣ ਨਥ ਖ਼ਸਮ ਹੱਥ, ਚਾਰੋਂ ਕੁੰਟ ਕੁੰਟ ਭਵਾਈਆ । ਅੰਤਮ ਕਾਇਆ ਖੇੜਾ ਕਰਿਆ ਸਭ ਦਾ ਭੱਠ, ਪੰਜ ਤਤ ਤਤ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣਾ ਭੇਵ ਛੁਪਾਈਆ । ਨਿਰਗੁਣ ਆਪਣਾ ਭੇਵ ਛੁਪਾ, ਆਦਿ ਮਧ ਖੇਲ ਖਿਲਾਇਆ । ਗੁਰ ਅਵਤਾਰ ਮਾਤ ਪਰਗਟਾ, ਨਾਮ ਸੰਦੇਸ਼ਾ ਇਕ ਸੁਣਾਇਆ । ਪਲਕ ਝਲਕ ਦਰਸ ਦਿਖਾ, ਦਰਦੀ ਦਰਦ ਮਿਟਾਇਆ । ਅਰਸ਼ ਫ਼ਰਸ਼ ਕਾਇਆ ਕੁਰਾ ਪਰਦਾ ਲਾਹ, ਨੂਰੋ ਨੂਰ ਡਗਮਗਾਇਆ । ਸਤਿ ਸੰਦੇਸ਼ਾ ਦੇ ਸਲਾਹ, ਸਾਚਾ ਮਾਰਗ ਇਕ ਜਣਾਇਆ । ਆਪੇ ਫੜ ਫੜ ਰਾਹੇ ਪਾ, ਆਪੇ ਲਏ ਭੁਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਨਾ ਕਿਸੇ ਜਣਾਇਆ । ਆਪਣਾ ਭੇਵ ਨਾ ਦਿਤਾ ਦੱਸ, ਅਨਭਵ ਆਪਣੀ ਧਾਰ ਚਲਾਈਆ । ਜਿਸ ਨੂੰ ਬਖ਼ਸ਼ਿਆ ਚਰਨ ਧੂੜ ਸਾਚਾ ਰਸ, ਸੋ ਚਰਨ ਕਵਲ ਬਿਗਸਾਈਆ । ਗੁਰ ਅਵਤਾਰਾਂ ਪੂਰੀ ਕਰੀ ਆਸ, ਧੂੜੀ ਟਿੱਕਾ ਮਸਤਕ ਲਾਈਆ । ਬਿਨ ਦੀਪਕ ਬਾਤੀ ਜੋਤ ਕਰ ਪਰਕਾਸ਼, ਜੋਤੀ ਜੋਤ ਜੋਤ ਜਗਾਈਆ । ਬਿਨ ਮੰਦਰ ਘਰ ਵਿਚ ਘਰ ਕਰ ਕਰ ਵਾਸ, ਆਪਣਾ ਘਰ ਸਮਝਾਈਆ । ਬਿਨ ਮੰਡਲ ਪਾਏ ਰਾਸ, ਗੋਪੀ ਕਾਹਨ ਨਚਾਈਆ । ਬਿਨ ਜਿਹਵੇ ਰਸਨ ਸਵਾਸ, ਬੱਤੀ ਦੰਦ ਨਾ ਕੋਇ ਹਿਲਾਈਆ । ਬਿਨ ਨੇਤਰ ਦਿਸੇ ਪਾਸ, ਰੂਪ ਰੰਗ ਰੇਖ ਨਾ ਕੋਇ ਵਡਿਆਈਆ । ਹਰਿ ਕਾ ਨਕਸ਼ਾ ਕੋਈ ਨਾ ਸਕੇ ਤਰਾਸ਼, ਤ੍ਰੈਗੁਣ ਬੱਧੀ ਸਰਬ ਲੋਕਾਈਆ । ਜਿਸ ਭਾਵੇ ਤਿਸ ਦੇਵੇ ਪਰਕਾਸ਼, ਆਪਣੀ ਬੂਝ ਬੁਝਾਈਆ । ਅੰਤ ਲਹਿਣਾ ਰੱਖੇ ਆਪਣੇ ਹਾਥ, ਸਮਰਥ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਕੌਲ ਭੁਲ ਨਾ ਜਾਈਆ । ਆਦਿ ਕੌਲ ਕੀਆ ਇਕਰਾਰਾ, ਅਕਲ ਕਲ ਵਡਿਆਇਆ । ਵਿਸ਼ਨ ਬ੍ਰਹਮਾ ਸ਼ਿਵ ਦੇ ਸਹਾਰਾ, ਸਾਚੀ ਸੇਵਾ ਇਕ ਸਮਝਾਇਆ । ਸੁਤ ਦੁਲਾਰਾ ਕਰ ਵਣਜਾਰਾ, ਸਾਚਾ ਵਣਜ ਇਕ ਵਖਾਇਆ । ਤ੍ਰੈਗੁਣ ਮਾਇਆ ਭਰ ਭੰਡਾਰਾ, ਤ੍ਰੈ ਤ੍ਰੈ ਮੇਲਾ ਸਹਿਜ ਸੁਭਾਇਆ । ਪੰਜ ਤਤ ਤਤ ਸ਼ੰਗਾਰਾ, ਨਿਰਗੁਣ ਸਰਗੁਣ ਬੰਧਨ ਪਾਇਆ । ਲੱਖ ਚੁਰਾਸੀ ਕਰ ਵਿਹਾਰਾ, ਘਰ ਘਰ ਰੂਪ ਵਟਾਇਆ । ਨਾਦ ਵੇਦ ਸ਼ਬਦ ਧੁੰਨਕਾਰਾ, ਹੁਕਮੀ ਹੁਕਮ ਸੁਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇਆ । ਖੇਲ ਕਰਾਇਆ ਹਰਿ ਨਿਰੰਕਾਰ, ਆਪਣੀ ਕਿਰਤ ਵਖਾਈਆ । ਲੱਖ ਚੁਰਾਸੀ ਕਰ ਤਿਆਰ, ਘਟ ਘਟ ਜੋਤ ਰੁਸ਼ਨਾਈਆ । ਗ੍ਰਿਹ ਗ੍ਰਿਹ ਸ਼ਬਦ ਨਾਦ ਧੁੰਨਕਾਰ, ਸਾਚੇ ਮੰਦਰ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਚਲੇ ਸਚ ਰਜ਼ਾਈਆ । ਆਪੇ ਚਲੇ ਆਪਣੇ ਰਾਹ, ਆਪਣੀ ਦਇਆ ਕਮਾਇੰਦਾ । ਆਪਣੀ

ਵਸਤ ਆਪਣੀ ਝੋਲੀ ਪਾ, ਆਪੇ ਸ਼ੁਕਰ ਮਨਾਇੰਦਾ । ਆਪਣਾ ਹੁਕਮ ਆਪ ਸੁਣਾ, ਆਪੇ ਹੁਕਮੇ ਕਾਰ ਕਰਾਇੰਦਾ । ਜੁਗ ਚੌਕੜੀ ਆਪੇ ਬੰਧਨ ਪਾ, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਵੰਡ ਵੰਡਾਇੰਦਾ । ਨੌ ਸੌ ਚੁਰਾਨਵੇਂ ਚੌਕੜੀ ਆਪੇ ਪੰਧ ਮੁਕਾ, ਗੁਰ ਅਵਤਾਰ ਸੇਵ ਕਮਾਇੰਦਾ । ਅੰਤਮ ਲੇਖਾ ਸਭ ਦਾ ਦਏ ਮੁਕਾ, ਦੇਣਾ ਕੋਇ ਨਜ਼ਰ ਨਾ ਆਇੰਦਾ । ਭਾਣਾ ਸਹਿਣਾ ਇਕ ਸਮਝਾ, ਅੰਤ ਸੰਦੇਸ਼ਾ ਆਪ ਪੁਚਾਇੰਦਾ । ਏਕਾ ਬ੍ਰਹਮ ਦਏ ਦ੍ਰਿੜਾ, ਪਾਰਬ੍ਰਹਮ ਵੰਡ ਵੰਡਾਇੰਦਾ । ਏਕਾ ਘਰ ਦਏ ਵਖਾ, ਘਰ ਸਾਚਾ ਆਪ ਸੁਹਾਇੰਦਾ । ਜਿਸ ਘਰ ਵਸੇ ਬੇਪਰਵਾਹ, ਸੋ ਮੰਦਰ ਸੋਭਾ ਪਾਇੰਦਾ । ਸਾਚੇ ਮੰਦਰ ਸਾਚੇ ਭਗਤ ਲਏ ਬੁਲਾ, ਦੂਸਰ ਨੇੜ ਕੋਇ ਨਾ ਆਇੰਦਾ । ਨਵ ਨੌ ਚਾਰ ਸ਼ਬਦੀ ਪੱਲੂ ਰਿਹਾ ਫੜਾ, ਆਪਣਾ ਮੁਖ ਛੁਪਾਇੰਦਾ । ਕਲਜੁਗ ਅੰਤਮ ਚੜ੍ਹਿਆ ਚਾ, ਪਾਰਬ੍ਰਹਮ ਖ਼ੁਸ਼ੀ ਮਨਾਇੰਦਾ । ਆਪਣਾ ਵੇਲਾ ਵਕ਼ਤ ਸੁਹਾ, ਥਿਤ ਵਾਰ ਨਾ ਕੋਇ ਵਡਿਆਇੰਦਾ । ਹਰਿਜਨ ਸਾਚੇ ਲਏ ਉਠਾ, ਆਪਣੀ ਗੋਦ ਸੁਹਾਇੰਦਾ । ਬਿਨ ਭਗਤਾਂ ਕਿਸੇ ਦਾ ਬਣੇ ਨਾ ਪਿਤਾ ਮਾਂ, ਸਿਰ ਹੱਥ ਨਾ ਕਿਸੇ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੌ ਸੌ ਚੁਰਾਨਵੇਂ ਚੌਕੜੀ ਜੁਗ ਗੁਰ ਅਵਤਾਰ ਦੇ ਸਹਾਰ, ਲੋਕਮਾਤ ਸੇਵ ਲਗਾਇੰਦਾ । ਲੋਕਮਾਤ ਜੋ ਦੇ ਦੇ ਲਾਰਾ, ਗੁਰ ਅਵਤਾਰ ਸੇਵ ਲਗਾਈਆ । ਆਦਿ ਜੁਗਾਦਿ ਬਣਿਆ ਰਿਹਾ ਕਵਾਰਾ, ਕੰਤ ਕੰਤੂਹਲ ਬੇਪਰਵਾਹੀਆ । ਨਾਨਕ ਵਰ ਪਾਇਆ ਏਕਾ ਵਾਰਾ, ਲੱਖ ਚੁਰਾਸੀ ਗਿਆ ਸਮਝਾਈਆ । ਪੁਰਖ ਅਗੰਮਾ ਵਸੇ ਸਚ ਦਵਾਰਾ, ਸਚ ਸਿੰਘਾਸਣ ਸੋਭਾ ਪਾਈਆ । ਬਿਨ ਤੇਲ ਬਾਤੀ ਦੀਪਕ ਕਰ ਉਜਿਆਰਾ, ਆਦਿ ਜੁਗਾਦਿ ਰੁਸ਼ਨਾਈਆ । ਬਿਨ ਪਵਣ ਠੰਡਾ ਦਰਬਾਰਾ, ਸੀਤਲ ਧਾਰ ਵਹਾਈਆ । ਬਿਨ ਨਾਰੀ ਕਰੇ ਖੇਲ ਪੁਰਖ ਨਾਰਾ, ਬਿਨ ਕੁੱਖੋਂ ਸੁਤ ਦੁਲਾਰਾ ਸ਼ਬਦੀ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਹਰਿ ਖੇਲ ਕਰਾਇਆ, ਕਲਜੁਗ ਅੰਤਮ ਵਾਰ । ਚਾਰ ਜੁਗ ਦਾ ਲਹਿਣਾ ਵੇਖ ਵਖਾਇਆ, ਆਪੇ ਵੇਖੇ ਵੇਖਣਹਾਰ । ਹਰਿਜਨ ਸਾਚੇ ਲਏ ਉਠਾਇਆ, ਆਪ ਆਪਣੀ ਕਿਰਪਾ ਧਾਰ । ਸਤਿਜੁਗ ਸਾਚਾ ਰਾਹ ਚਲਾਇਆ, ਨਿਹਕਰਮੀ ਕਰਮ ਵਿਚਾਰ । ਭਗਤ ਭਗਵੰਤ ਲਏ ਮਿਲਾਇਆ, ਏਕਾ ਮੇਲਾ ਹਰਿ ਦਵਾਰ । ਨਿਰਗੁਣ ਹੋ ਹੋ ਫੇਰਾ ਮਾਤ ਪਾਇਆ, ਕਰਿਆ ਖੇਲ ਅਗੰਮ ਅਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਆਪਣੀ ਸਾਰ । ਆਪਣੀ ਜਾਣੇ ਸਾਰ ਦੇਵੇ ਪਨਾਹ, ਸਿਰ ਆਪਣਾ ਹੱਥ ਟਿਕਾਈਆ । ਇਕ ਜਪਾਏ ਨਿਰਗੁਣ ਨਾਂ, ਸਰਗੁਣ ਨਿਰਗੁਣ ਰੂਪ ਸਮਾਈਆ । ਬਿਨ ਹੱਥਾਂ ਪਕੜੇ ਬਾਂਹ, ਏਕਾ ਬੰਧਨ ਰਿਹਾ ਵਖਾਈਆ । ਬਿਨ ਜਨਨੀ ਜਨ ਬਣੇ ਪਿਤਾ ਮਾਂ, ਬਾਲਕ ਆਪਣੀ ਗੋਦ ਉਠਾਈਆ । ਬਿਨ ਥਾਉਂ ਦੇਵੇ ਥਾਂ, ਥਾਨ ਥਨੰਤਰ ਆਪ ਸੁਹਾਈਆ । ਬਿਨ ਬਿਰਖ ਦੇਵੇ ਠੰਡੀ ਛਾਂ, ਮਿਹਰ ਨਜ਼ਰ ਇਕ ਟਿਕਾਈਆ । ਜਨ ਭਗਤਾਂ ਦੇਵੇ ਸਲਾਹ, ਸਲਾਹਗੀਰ ਨਾਲ ਮਿਲਾਈਆ । ਪੰਚਮ ਮੇਲਾ ਮੇਲ ਮਿਲਾ, ਆਪਣਾ ਬੰਧਨ ਪਾਈਆ । ਗੁਰੂ ਚੇਲਾ ਬਣ ਕੇ ਸੇਵ ਰਿਹਾ ਕਮਾ, ਦਿਸ ਕਿਸੇ ਨਾ ਆਈਆ । ਜਿਸ ਦਾ ਵੇਲਾ ਸੋ ਲਏ ਸੁਹਾ, ਭੁੱਲੇ ਅਭੁਲ ਰਿਹਾ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖਾਂ ਏਕਾ ਹੁਕਮ ਜਣਾਈਆ । ਉਠੋ ਸਿੰਘੋ ਕਸੋ ਲੰਗੋਟੇ, ਹਰਿ ਮਾਤਲੋਕ ਵਿਚ ਆਇਆ । ਮਛ ਕਛ ਜੋ ਦੇਂਦਾ ਰਿਹਾ ਗੋਤੇ, ਆਪਣਾ ਬੰਧਨ ਪਾਇਆ । ਬਾਲੇ ਜਿਸ ਨੀਹਾਂ ਹੇਠ ਦਬਾਏ ਕਰ ਕਰ ਟੋਟੇ, ਭੇਖੀ ਆਪਣਾ ਭੇਖ ਵਟਾਇਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਏਕਾ ਹੁਕਮ ਦਏ ਸੁਣਾਇਆ । ਉਠੋ ਸਿਖੋ ਫੜੋ ਡਾਂਗ, ਹਰਿ ਆਇਆ ਨਿਕਲ ਨਾ ਜਾਈਆ । ਜਿਸ ਨੂੰ ਕਹਿੰਦੇ ਸਵਾਂਗੀ ਰਚਦਾ ਰਿਹਾ ਸਵਾਂਗ, ਸੋ ਆਪਣਾ ਵੇਸ ਵਟਾਈਆ । ਜਿਸ ਦੀ ਗੁਰ ਪੀਰ ਤਕਦੇ ਰਹੇ ਤਾਂਘ, ਬਿਨ ਤਾਂਘੋ ਦਇਆ ਕਮਾਈਆ । ਆਪਣੇ ਨਾਮ ਦੀ ਆਪਣੇ ਨਾਲ ਲੈ ਕੇ ਆਇਆ ਕਾਂਗ, ਬਿਨ ਹੜ੍ਹ ਤੋਂ ਦਏ ਰੁੜ੍ਹਾਈਆ । ਬਿਨ ਡੋਰੀ ਪਕੜੇ ਵਾਗ, ਬੇਪਰਵਾਹ ਸੱਚਾ ਸ਼ਹਿਨਸ਼ਾਹੀਆ । ਨੇਤਰ ਖੋਲ੍ਹ ਜਾਣਾ ਜਾਗ, ਵੇਲਾ ਗਿਆ ਹੱਥ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਦਏ ਖੁਲ੍ਹਾਈਆ । ਉਠੋ ਸਿਖੋ ਹਰਿ ਜੂ ਲੈਣਾ ਘੇਰ, ਹਰਿ ਸਾਚਾ ਸਚ ਜਣਾਇੰਦਾ । ਜਿਸ ਨੂੰ ਕਹਿੰਦੇ ਸਿੰਘ ਸ਼ੇਰ, ਸੋ ਸ਼ੇਰ ਨਜ਼ਰ ਕਿਸੇ ਨਾ ਆਇੰਦਾ । ਜਿਸ ਨੇ ਆਪਣਾ ਤਨ ਢਾਹ ਕੇ ਕੀਤਾ ਢੇਰ, ਲੱਖ ਚੁਰਾਸੀ ਖ਼ਾਕ ਮਿਲਾਇੰਦਾ । ਜੁਗਾ ਜੁਗੰਤਰ ਆਦਿ ਮਧ ਕਰਦਾ ਰਿਹਾ ਹੇਰ ਫੇਰ, ਆਪਣਾ ਭੇਵ ਨਾ ਕਿਸੇ ਜਣਾਇੰਦਾ । ਬਿਨ ਨੇਤਰ ਆਇਆ ਨੇੜ, ਨੈਣ ਆਪਣਾ ਆਪ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰਾਹ ਆਪ ਜਣਾਇੰਦਾ । ਉਠੋ ਸਿਖੋ ਲੈਣਾ ਫੜ, ਹਰਿ ਜੂ ਨੱਠ ਕਿਤੇ ਨਾ ਜਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਸਚਖੰਡ ਵਿਚ ਵੜ ਕੇ ਜੋ ਮਾਰਦਾ ਰਿਹਾ ਤੜ, ਕਲਜੁਗ ਅੰਤਮ ਫਸਿਆ ਸੱਚਾ ਮਾਹੀਆ । ਕਰ ਪ੍ਰੀਤੀ ਫੜਨਾ ਲੜ, ਲੜ ਛੁੱਟ ਕਦੇ ਨਾ ਜਾਈਆ । ਗੁਰਸਿਖ ਮਾਣਕ ਮੋਤੀ ਆਪਣੇ ਸੀਸ ਜਗਦੀਸ ਲਏ ਜੜ, ਸਾਚਾ ਤਾਜ ਆਪ ਸੁਹਾਈਆ । ਹਰਿ ਸੰਗਤ ਬਣੇ ਕਿਲਾ ਗੜ੍ਹ, ਚਾਰ ਕੁੰਟ ਦੀਵਾਰ ਇਕ ਵਖਾਈਆ । ਬਿਨ ਤਰਕਸ਼ ਤੀਰ ਕਮਾਨ, ਗੁਰਸਿਖ ਸੂਰਾ ਰਿਹਾ ਲੜ, ਗੁਰ ਅਗੇ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਵਿਹਾਰਾ ਦਏ ਸਮਝਾਈਆ । ਸਚ ਵਿਹਾਰ ਹਰਿ ਕਰਤਾਰ, ਕੁਦਰਤ ਕ਼ਾਦਰ ਨਾਲ ਰਲਾਇੰਦਾ । ਇਕ ਇਕੱਲਾ ਬਣਿਆ ਰਹੇ ਗਵਾਰ, ਬਿਨ ਹਰਿ ਭਗਤਾਂ ਹਰਿ ਜੂ ਸੋਭਾ ਕਦੇ ਨਾ ਪਾਇੰਦਾ । ਇਕ ਇਕੱਲਾ ਬਣਿਆ ਰਹੇ ਕੰਡਾ ਖ਼ਾਰ, ਬਿਨ ਗੁਰਮੁਖ ਪੱਤ ਡਾਲ੍ਹੀ ਫੁਲ ਨਾ ਕੋਇ ਮਹਿਕਾਇੰਦਾ । ਇਕ ਇਕੱਲਾ ਵਸੇ ਧਾਮ ਨਿਆਰ, ਬਿਨ ਹਰਿ ਭਗਤਾਂ ਸਾਚਾ ਧਾਮ ਨਾ ਕੋਇ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਲੋਕਮਾਤ ਜੋਤ ਧਰ, ਭਗਤ ਭਗਵੰਤ ਲਏ ਫੜ, ਸਾਚਾ ਬਣਾਏ ਕਿਲਾ ਕੋਟ ਗੜ੍ਹ, ਆਪੇ ਵੇਖੇ ਉਪਰ ਚੜ੍ਹ, ਤ੍ਰਿਲੋਕੀ ਨਿਉਂ ਨਿਉਂ ਸੀਸ ਰਹੀ ਚਰਨ ਧਰ, ਧਰਨੀ ਧਵਲ ਨਾ ਕੋਇ ਵਡਿਆਈਆ । ਸਚ ਵਿਹਾਰਾ ਹਰਿ ਨਿਰੰਕਾਰਾ, ਸਤਿਜੁਗ ਧਾਰਾ ਸਤਿ ਪੁਰਖ ਨਿਰੰਜਣ ਆਪ ਚਲਾਈਆ । ਮਹਾਰਾਜ ਸ਼ੇਰ ਸਿੰਘ ਪੰਜ ਤੱਤ ਕੱਟਣ ਆਇਆ ਵਗਾਰਾ, ਤਨ ਛੱਡ ਗਿਆ ਵਿਚ ਸੰਸਾਰਾ, ਜੋਤ ਜਗੀ ਅਗੰਮ ਅਪਾਰਾ, ਸ਼ਬਦੀ ਸ਼ਬਦ ਲਗਾਇਆ ਨਾਅਰਾ, ਨਿਰਗੁਣ ਆਪਣਾ ਨਾਉਂ ਰਖਾਈਆ । ਮਰਨ ਜੰਮਣ ਤੋਂ ਵਸੇ ਬਾਹਰਾ, ਜਨ ਭਗਤਾਂ ਕਰੇ ਸਦਾ ਪਿਆਰਾ, ਬਣਿਆ ਰਹੇ ਦਰ ਭਿਖਾਰਾ, ਦਰ ਦਰਵੇਸ਼ ਅਲਖ ਜਗਾਈਆ । ਸੱਤਰਾਂ ਦੇਵੇ ਇਕ ਸਹਾਰਾ, ਉਂਨੀ ਕਤਕ ਸੋਹੇ ਦਿਹਾੜਾ, ਗੁਰਮੁਖ ਵੇਖੇ ਸਾਚਾ ਲਾੜਾ, ਆਪਣੇ ਦਰ ਖ਼ੁਸ਼ੀ ਮਨਾਈਆ । ਜਨਮ ਜਨਮ ਜਨਮ ਲਹਿਣਾ ਦੇਣ ਕ਼ਰਜ਼ ਉਤਾਰਾ, ਮਕ਼ਰੂਜ਼ ਕਰੇ ਖੇਲ ਨਿਆਰਾ, ਸਬੂਤ ਦੇਵੇ ਵਿਚ ਸੰਸਾਰਾ, ਛੱਤੀ ਜੁਗ ਦਾ ਇਕ ਮਨਾਰਾ, ਛੱਤੀ ਛੱਤੀ ਬੰਧਨ ਪਾਈਆ । ਤਿੰਨਾਂ ਲੋਕਾਂ ਦਏ ਹੁਲਾਰਾ, ਸੋਲਾਂ ਦਸ ਬਣ ਵਣਜਾਰਾ, ਦਸ ਆਪਣੀ ਗੰਢ ਪਵਾਈਆ । ਹੱਸੇ ਰੋਵੇ ਖੇਲ ਨਿਆਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਹਰਿਜਨ ਦੇਵੇ ਸਾਚਾ ਵਰ, ਸੱਤਰ ਸਤਿਗੁਰ ਅਗੇ ਧਰ, ਧਰਨੀ ਧਵਲ ਦਏ ਵਡਿਆਇਆ । ਨਿਰਭੌ ਚੁਕਾਏ ਭੈ ਡਰ, ਭਵ ਸਾਗਰ ਪਾਰ ਕਰਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਿਨ ਕੀਤੀ ਦੇਵੇ ਆਪਣਾ ਦਾਨ, ਦਾਨੀ ਬਣ ਕੇ ਮਾਤ ਆਇਆ ।

ਬਿਨ ਯਾਦ ਰੱਖਿਆ ਯਾਦ, ਸੋ ਵਿਸਰ ਕਦੇ ਨਾ ਜਾਈਆ । ਬਿਨ ਫ਼ਰਯਾਦ ਸੁਣੇ ਫ਼ਰਯਾਦ, ਅਭੁਲ ਭੁਲ ਕਦੇ ਨਾ ਜਾਈਆ । ਬਿਨ ਸੰਤ ਬਣਾਏ ਸਾਧ, ਆਪਣੀ ਸਾਧਨਾ ਦਏ ਸਮਝਾਈਆ । ਬਿਨ ਪਿਤ ਲਡਾਏ ਲਾਡ, ਬਾਲਕ ਗੋਦ ਬਹਾਈਆ । ਬਿਨ ਭਗਤੀ ਨਿਹਕਰਮੀ ਕਰਮ ਕਾਂਡ ਚੋਂ ਲਏ ਕਾਢ, ਸਿਰ ਆਪਣਾ ਹੱਥ ਟਿਕਾਈਆ । ਕਰ ਕਿਰਪਾ ਤਾਰੇ ਆਂਢ ਗਵਾਂਢ, ਜਿਸ ਆਪਣਾ ਦਰਸ ਦਿਖਾਈਆ । ਕੋਟਨ ਕੋਟ ਸਾਧ ਸੰਤ ਦਰ ਦਰ ਘਰ ਘਰ ਆਪਣੇ ਕਾਇਆ ਭਾਂਡੇ ਰਹੇ ਮਾਂਜ, ਦਿਵਸ ਰੈਣ ਘਾਲਣ ਘਾਲ ਘਾਲ, ਅਗਨੀ ਤਨ ਤਪਾਈਆ । ਪੁਰਖ ਅਕਾਲ ਦੀਨ ਦਿਆਲ ਕਲਜੁਗ ਅੰਤਮ ਝੂਠੀ ਰੱਖੇ ਨਾ ਕਿਸੇ ਨਾਲ ਸਾਂਝ, ਹਿਸਾ ਘਰ ਨਾ ਦੂਜੇ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਮੇਲਿਆ ਤਿਸ ਵਿਛੜ ਕਦੇ ਨਾ ਜਾਈਆ ।



## ★ ਸ੍ਰੀ ਗੁਰ ਨਾਨਕ ਦੇਵ ਜੀ ਨੂੰ ਸੱਟਾਂ ਕਿਸ ਤਰਾਂ ਲੱਗੀਆਂ ★

ਕਲਜੁਗ ਅੰਤਮ ਗੁਰ ਨਾਨਕ ਲੱਗੀ ਸੱਟ, ਗੁਰਮੁਖ ਕੋਇ ਨਜ਼ਰ ਨਾ ਆਈਆ । ਜਿਨ੍ਹਾਂ ਦੇ ਕੇ ਆਇਆ ਨਾਮ ਸਤਿ, ਨਾਮ ਸਤਿ ਗਏ ਭੁਲਾਈਆ । ਜਿਨ੍ਹਾਂ ਜਣਾਈ ਬ੍ਰਹਮ ਮਤ, ਬ੍ਰਹਮ ਵਿਦਿਆ ਕਰ ਪੜ੍ਹਾਈਆ । ਜਿਨ੍ਹਾਂ ਅੰਦਰ ਰਖਾਇਆ ਧੀਰਜ ਸਤਿ, ਸਤਿਵਾਦ ਨੀਂਹ ਰਖਾਈਆ । ਤਿਨ੍ਹਾਂ ਭੁਲਿਆ ਕਮਲਾਪਤ, ਬੈਠੇ ਮੁਖ ਛੁਪਾਈਆ । ਮੈਂ ਕਹਿ ਕੇ ਆਇਆ ਕਲਜੁਗ ਔਣਾ ਪੁਰਖ ਸਮਰਥ, ਨਿਹਕਲੰਕਾ ਨਾਉਂ ਰਖਾਈਆ । ਜੋ ਸਰਨੀ ਜਾਏ ਢੱਠ, ਵੇਲੇ ਅੰਤ ਲਏ ਬਚਾਈਆ । ਜੋ ਦਰ ਤੋਂ ਜਾਏ ਨੱਠ, ਗੁਰ ਨਾਨਕ ਨਾ ਦਏ ਗਵਾਹੀਆ । ਗੋਬਿੰਦ ਆਪਣੀ ਲਾਈ ਲੇਖੇ ਰਤ, ਗੁਰਸਿਖ ਰਤੀ ਮੁੱਲ ਨਾ ਪਾਈਆ । ਘਰ ਘਰ ਆਈ ਮਨਮਤ, ਗੁਰਮਤ ਗਏ ਭੁਲਾਈਆ । ਆਪਣਾ ਬੈਠੇ ਸੱਥਰ ਘਤ, ਯਾਰੜਾ ਸਥਰ ਗਏ ਭੁਲਾਈਆ । ਅੰਤਮ ਖੇੜਾ ਹੋਣਾ ਭੱਠ, ਨਾ ਸਕੇ ਕੋਇ ਬਚਾਈਆ । ਮੈਂ ਦੂਈ ਦਵੈਤ ਮੇਟ ਕੇ ਆਇਆ ਫਟ, ਮੇਰਿਆਂ ਸਿੱਖਾਂ ਮੇਰਾ ਫਟ ਦਿਤਾ ਚਰਾਈਆ । ਮੈਂ ਖੋਲ੍ਹ ਕੇ ਆਇਆ ਸਾਚਾ ਹੱਟ, ਰਾਮ ਦਾਸ ਸੇਵਾ ਲਾਈਆ । ਓਥੇ ਨਫ਼ਾ ਸਕੇ ਨਾ ਕੋਈ ਖਟ, ਜੋ ਆਏ ਜਾਏ ਪਤ ਗਵਾਈਆ । ਮੇਰੇ ਪ੍ਰੇਮ ਪਿਆਰ ਜ਼ਖ਼ਮ ਉਤੇ ਵਿਕਾਰ ਲੂਣ ਰਹੇ ਘਤ, ਕੁਕਰਮੀ ਆਪਣਾ ਕਰਮ ਕਮਾਈਆ । ਜੇ ਕੋਈ ਸੱਚੀ ਦੇਵੇ ਦੱਸ, ਅਗੋਂ ਬੈਠੇ ਮੁਖ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਨਕ ਨਿਰਗੁਣ ਮਿਲਿਆ ਹਰਿ, ਹਰਿ ਨਾਨਕ ਰੂਪ ਵਟਾਈਆ । ਨਾਨਕ ਫੱਟ ਲਗਾ ਘਾ, ਘਾਓ ਸਕੇ ਨਾ ਕੋਇ ਮਿਟਾਈਆ । ਲੋਕਮਾਤ ਆਇਆ ਬੇਪਰਵਾਹ, ਪਰਵਾਹ ਨਾ ਕੋਇ ਰਖਾਈਆ । ਜਿਸ ਚਲਾਏ ਆਪਣੇ ਰਾਹ, ਸੋ ਰਾਹ ਗਏ ਭੁਲਾਈਆ । ਅੰਤ ਕੌਣ ਪਕੜੇ ਬਾਂਹ, ਬਿਨ ਹਰਿ ਨਾ ਕੋਇ ਛੁਡਾਈਆ । ਜੋ ਹਰਿ ਗਏ ਭੁੱਲਾ, ਨਾਨਕ ਗੁਰ

ਨਾ ਦਏ ਸਫ਼ਾਈਆ । ਕਲਜੁਗ ਅੰਤ ਫੱਟ ਲਗਾ ਆ, ਮਨਮੁਖਤਾ ਆਪਣਾ ਵਾਰ ਰਹੀ ਚਲਾਈਆ । ਗੁਰਮੁਖ ਵੇਖ ਚੜ੍ਹਿਆ ਚਾ, ਸਤਿਗੁਰ ਨਾਨਕ ਖ਼ੁਸ਼ੀ ਮਨਾਈਆ । ਸਿੰਘ ਗਿਰਧਾਰ ਸੇਵ ਰਿਹਾ ਕਮਾ, ਜਿਸ ਦੀ ਸਾਰ ਕਿਸੇ ਨਾ ਪਾਈਆ । ਅੰਤ ਕੰਤ ਭਗਵੰਤ ਸੀਸ ਆਪਣੇ ਲਏ ਉਠਾ, ਬਿਨ ਹੱਥਾਂ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਸੰਦੇਸ਼ਾ ਆਪ ਜਣਾਈਆ ।

੧੪੦੮
੧੦

### ★ ੧੯ ਕਤਕ ੨੦੧੮ ਬਿਕ੍ਰਮੀ ਜੇਠੂਵਾਲ ਦਰਬਾਰ ਵਿਚ ★

ਸਚਖੰਡ ਵੱਜੀ ਵਧਾਈ, ਹਰਿ ਹਰਿ ਖੇਲ ਖਿਲਾਇੰਦਾ । ਜੁਲਾਹਾ ਉਠੇ ਚਾਈਂ ਚਾਈਂ, ਕਬੀਰ ਖ਼ੁਸ਼ੀ ਮਨਾਇੰਦਾ । ਉਠੋ ਭਗਤੋ ਲਓ ਅੰਗੜਾਈ, ਏਕਾ ਹੁਕਮ ਸੁਣਾਇੰਦਾ । ਜਿਸ ਨੇ ਅੰਤ ਕਰੀ ਮੇਰੀ ਕੁੜਮਾਈ, ਸੋ ਸਾਹਿਬ ਵੇਸ ਵਟਾਇੰਦਾ । ਜਿਸ ਨੂੰ ਕਹਿ ਕਹਿ ਆਏ ਬੇਅੰਤ ਗੋਸਾਈਂ, ਸੋ ਆਪਣੀ ਖੇਲ ਖਿਲਾਇੰਦਾ । ਜਿਸ ਨੇ ਲਾਜ ਰਖਾਈ ਸੈਣ ਨਾਈ, ਸ਼ਾਹ ਪਾਤਸ਼ਾਹ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਦਇਆ ਆਪ ਕਮਾਇੰਦਾ । ਕਬੀਰ ਜੁਲਾਹੇ ਚੜ੍ਹਿਆ ਚਾ, ਨੇਤਰ ਨੈਣ ਉਠਾਇਆ । ਗੰਗਾ ਸਾਗਰ ਜੋ ਮੇਰਾ ਬਣਿਆ ਮਲਾਹ, ਬੇੜਾ ਮਾਤ ਤਰਾਇਆ । ਜਿਸ ਜਪਾਇਆ ਆਪਣਾ ਨਾਂ, ਅੱਖਰ ਹੋਰ ਨਾ ਕੋਇ ਪੜ੍ਹਾਇਆ । ਅੰਤ ਕੰਤ ਜਿਸ ਪਕੜੀ ਬਾਂਹ, ਸੋ ਭਗਵਨ ਵੇਸ ਵਟਾਇਆ । ਜਿਸ ਦੀ ਮੰਗਾਂ ਛਤਰ ਛਾਂ, ਸੋ ਸੀਸ ਜਗਦੀਸ ਰਿਹਾ ਹੱਥ ਟਿਕਾਇਆ । ਜਿਸ ਦਾ ਗੌਂਦਾ ਆਇਆ ਨਾਂ, ਸੋ ਆਪਣਾ ਨਾਉਂ ਰਿਹਾ ਸਮਝਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵੇਸ ਵਖਾਇਆ । ਕਬੀਰ ਜੁਲਾਹਿਆ ਰਿਹਾ ਹਸ, ਆਪਣੀ ਖ਼ੁਸ਼ੀ ਮਨਾਈਆ । ਧਰੂ ਪ੍ਰਹਿਲਾਦ ਰਿਹਾ ਦੱਸ, ਬਾਵਨ ਨਾਲ ਮਿਲਾਈਆ । ਬਾਵਨ ਤੇਰੇ ਹੋਇਆ ਵਸ, ਤੇਰਾ ਸਾਹਿਬ ਸੱਚਾ ਮਾਹੀਆ । ਜੁਗ ਜੁਗ ਦੀ ਪੂਰੀ ਕਰੇ ਆਸ, ਨਿਰਾਸ ਕੋਇ ਨਜ਼ਰ ਨਾ ਆਈਆ । ਜਿਸ ਨੂੰ ਜਪਦੇ ਰਹੇ ਸਵਾਸ ਸਵਾਸ, ਲਿਵ ਅੰਤਰ ਏਕਾ ਲਾਈਆ । ਸੋ ਨਿਰਗੁਣ ਹੋ ਪਰਕਾਸ਼, ਆਪਣੀ ਖੇਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਸੁਨੇਹੜਾ ਰਿਹਾ ਸਮਝਾਈਆ । ਕਬੀਰ ਜੁਲਾਹਾ ਰਿਹਾ ਬੋਲ, ਅਮਰੀਕ ਆਪ ਜਣਾਇੰਦਾ । ਜਿਸ ਦੇ ਪਿਛੇ ਜਨਕ ਰਿਹਾ ਅਡੋਲ, ਸੋ ਜਾਨਣਹਾਰਾ ਵੇਸ ਵਟਾਇੰਦਾ । ਜਿਸ ਕਾਰਨ ਹਰੀ ਚੰਦ ਕਰਾਏ ਮਖੌਲ, ਬਿਦਰ ਆਪਣਾ ਰੰਗ ਰੰਗਾਇੰਦਾ । ਸੋ ਬੀਰ ਤੇਰਾ ਤੋਲਣਹਾਰਾ ਤੋਲ, ਜਗਤ ਦਲਿਦ੍ਰੀ ਗਲੇ ਲਗਾਇੰਦਾ । ਜਿਸ ਜੈ ਦੇਵ ਦਿਤੀ ਵਸਤ ਅਨਮੋਲ, ਸਚ ਭੰਡਾਰਾ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਕਬੀਰ ਜੁਲਾਹਾ ਕਹੇ ਪੁਕਾਰ, ਉਠ ਨਾਮੇ ਵੱਜੀ ਵਧਾਈਆ । ਜਿਸ ਗਾਏ ਦਿਤੀ ਜਵਾਲ, ਸੋ ਗੁਸਾਈਂ ਫੇਰਾ ਪਾਈਆ । ਉਠ ਧੰਨੇ ਸੁਰਤ ਸੰਭਾਲ, ਜੱਟ ਜੱਟਾਂ ਵਿਚ ਫੇਰਾ ਪਾਈਆ । ਜਿਨ ਸ਼ਾਹੋਂ ਕਰਿਆ ਕੰਗਾਲ, ਸੋ ਸ਼ਹਿਨਸ਼ਾਹ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵੇਸ ਆਪ ਵਖਾਈਆ । ਕਬੀਰ ਜੁਲਾਹਾ ਪਾ ਪਾ ਫੇਰੇ, ਆਪਣੀ ਸੇਵਾ ਆਪ ਲਗਾਈਆ । ਆਓ ਰਵਦਾਸ ਦੇ ਵਸੋ ਨੇੜੇ, ਜੋ ਪਾਨਹਾ ਗੰਢ ਵਕਤ ਲੰਘਾਈਆ । ਜਿਨ ਗੰਗਾ ਚੁਕਾਏ ਝੇੜੇ, ਠਗ ਬ੍ਰਹਿਮਣ ਬੇੜਾ ਪਾਰ ਕਰਾਈਆ । ਜੋਤੀ ਜੋਤ ਸਰੂਪ

੧੪੦੮
੧੦

੧੪੦੯
੧੦

ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਖਿਲਾਈਆ । ਕਬੀਰ ਜੁਲਾਹਾ ਦੇਵੇ ਸੱਦਾ, ਏਕਾ ਹੁਕਮ ਜਣਾਇੰਦਾ । ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਇਕੋ ਲੱਧਾ, ਦੂਸਰ ਓਟ ਨਾ ਕੋਇ ਤਕਾਇੰਦਾ । ਜਿਸ ਨੇ ਪਾਰ ਕਰਾਈ ਹੱਦਾ, ਸਚ ਦਵਾਰਾ ਇਕ ਵਖਾਇੰਦਾ । ਜਿਸ ਦੇ ਹੁਕਮੇ ਅੰਦਰ ਬੱਧਾ, ਨਿਉਂ ਨਿਉਂ ਸੀਸ ਝੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਸਮਝਾਇੰਦਾ । ਸਾਚਾ ਭੇਵ ਹਰਿ ਜਣਾ, ਏਕਾ ਨਾਦ ਸੁਣਾਈਆ । ਕਬੀਰ ਜੁਲਾਹੇ ਲੈਣਾ ਗਾ, ਗਾਵਨ ਏਕਾ ਏਕ ਵਖਾਈਆ । ਪਤਿਤ ਪਾਪੀ ਦੇ ਸਮਝਾ, ਅਜਾਮਲ ਵਡਿਆਈਆ । ਗਨਕਾ ਨਾਲ ਦੇ ਰਲਾ, ਪੂਤਨਾ ਮੇਲ ਵਖਾਈਆ । ਬੱਧਕ ਲੜ ਦਏ ਫੜਾ, ਫੜਿਆ ਲੜ ਛੁੱਟ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰ ਆਪ ਪਰਗਟਾਈਆ । ਕਬੀਰ ਜੁਲਾਹਾ ਸੁਣ ਸੰਦੇਸਾ, ਏਕਾ ਵਾਰ ਜਣਾਈਆ । ਜਿਸ ਨੂੰ ਕਰਦੇ ਰਹੇ ਆਦੇਸਾ, ਸੋ ਸਾਹਿਬ ਹੁਕਮ ਸਮਝਾਈਆ । ਜਿਸ ਨੂੰ ਮੰਨਿਆ ਨਰ ਨਰੇਸ਼ਾ, ਨਿਰਗੁਣ ਆਪਣਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਸਮਝਾਈਆ । ਸਾਚਾ ਹੁਕਮ ਸਾਚੀ ਧਾਰ, ਹਰਿ ਸਾਚਾ ਸਚ ਜਣਾਇੰਦਾ । ਆਪਣੀ ਦਿਸ਼ਾ ਆਪੇ ਪਾਵੇ ਸਾਰ, ਦੂਸਰ ਭੇਵ ਨਾ ਕੋਇ ਰਖਾਇੰਦਾ । ਇਕ ਇਕੱਲਾ ਏਕੰਕਾਰ, ਅਕਲ ਕਲ ਆਪਣੇ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਸਾਂਗ ਆਪ ਵਰਤਾਇੰਦਾ । ਸਚਖੰਡ ਸੋਭਾਵੰਤ, ਹਰਿ ਸਾਚੇ ਸਚ ਸੁਹਾਇਆ । ਕਰੇ ਖੇਲ ਸ੍ਰੀ ਭਗਵੰਤ, ਭਗਵਨ ਆਪਣਾ ਰੂਪ ਵਟਾਇਆ । ਲੇਖਾ ਜਾਣੇ ਆਦਿ ਅੰਤ, ਭੇਵ ਕਿਸੇ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਭਗਤ ਲਏ ਸਮਝਾਇਆ । ਸਾਚਾ ਭਗਤ ਕਰੇ ਅਰਦਾਸ, ਦੋਏ ਜੋੜ ਸੀਸ ਝੁਕਾਈਆ । ਤੇਰੀ ਵਸਤ ਤੇਰੇ ਪਾਸ, ਦੂਸਰ ਅਵਰ ਨਾ ਕੋਇ ਰਖਾਈਆ । ਆਦਿ ਜੁਗਾਦਿ ਕਰੇਂ ਪੂਰੀ ਆਸ, ਆਸਾ ਆਸਾ ਵਿਚ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਉਂ ਸੇਵਕ ਮੰਗ ਮੰਗਾਈਆ । ਏਕਾ ਮੰਗ ਦੇ ਦਾਤਾਰ, ਕਬੀਰਾ ਸੀਸ ਝੁਕਾਇੰਦਾ । ਕਲਜੁਗ ਅੰਤਮ ਬਣ ਭਿਖਾਰ, ਅਗੇ ਝੋਲੀ ਡਾਹਿੰਦਾ । ਜੇ ਤੇਰਾ ਨਾਉਂ ਲਈਏ ਦੁੱਖ ਦੇਵੇ ਸੰਸਾਰ, ਸੁਖ ਕੋਇ ਨਜ਼ਰ ਨਾ ਆਇੰਦਾ । ਮੈਂ ਦੱਸ ਕੇ ਆਇਆ ਕਿਰਪਾ ਕਰੇ ਸਿਰਜਣਹਾਰ, ਜੋ ਜਨ ਓਟ ਤਕਾਇੰਦਾ । ਭੁਲ ਨਾ ਜਾਣਾ ਬਣ ਗਵਾਰ, ਅਭੁਲ ਤੇਰੇ ਅੱਗੇ ਵਾਸਤਾ ਪਾਇੰਦਾ । ਕਲਜੁਗ ਤੇਰਿਆਂ ਭਗਤਾਂ ਨਾਲ ਕਰੇ ਖਾਰ, ਆਪਣਾ ਹੁਕਮ ਮਾਤ ਵਰਤਾਇੰਦਾ । ਤੇਰੇ ਰੋਵਣ ਜ਼ਾਰੋ ਜ਼ਾਰ, ਨੇਤਰ ਨੀਰ ਨਜ਼ਰ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਉਂ ਸਾਚੀ ਮੰਗ ਮੰਗਾਇੰਦਾ । ਵਰ ਦੇ ਦੇ ਮੇਰੇ ਭਗਵਾਨ, ਭਗਤ ਦਇਆ ਕਮਾਈਆ । ਮੈਂ ਮੰਗਾਂ ਸੇਵਕ ਦਾਨ, ਝੋਲੀ ਅੱਗੇ ਡਾਹੀਆ । ਹਉ ਪੂਤ ਕਪੂਤ ਬਾਲ ਅੰਞਾਣ, ਨਾ ਕੋਈ ਚਲੇ ਚਤੁਰਾਈਆ । ਤੂੰ ਦਾਤਾ ਸੁਘੜ ਸੁਜਾਨ, ਤੇਰੇ ਹੱਥ ਵਡਿਆਈਆ । ਏਕਾ ਬਖ਼ਸ਼ ਚਰਨ ਧਿਆਨ, ਦੂਸਰ ਨੈਣ ਨਾ ਕੋਇ ਮਿਲਾਈਆ । ਆਪਣਿਆਂ ਭਗਤਾਂ ਆਪ ਕਰੀਂ ਪਛਾਣ, ਕਲਜੁਗ ਭਗਤੀ ਕਰ ਕਰ ਥਹੁ ਤੇਰਾ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਗੁਣ ਦਏ ਸਮਝਾਈਆ । ਸਾਚਾ ਗੁਣ ਹਰਿ ਨਿਰੰਕਾਰ, ਨਿਰਗੁਣ ਨਿਰਗੁਣ ਆਪਣਾ ਆਪ ਜਣਾਇਆ । ਜਾ ਕੇ ਪੁਛ ਸਾਚੇ ਮੀਤ ਮੁਰਾਰ, ਜੋ ਸੱਜਣ ਇਕ

ਮਨਾਇਆ । ਸਦ ਮੰਗੇ ਚਰਨ ਧੂੜੀ ਛਾਰ, ਬਲੇ ਮਸਤਕ ਆਪ ਟਿਕਾਇਆ । ਏਕਾ ਗਾਏ ਸਤਿ ਕਰਤਾਰ, ਆਪਣੀ ਤਾਰ ਸਤਾਰ ਹਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਬੀਰ ਜੁਲਾਹਾ ਮਾਰਗ ਪਾਇਆ । ਕਬੀਰ ਜੁਲਾਹੇ ਮਾਰਗ ਲਾ, ਹਰਿ ਹਰਿ ਹੁਕਮ ਜਣਾਇੰਦਾ । ਨਾਨਕ ਨਿਰਗੁਣ ਕੋਲੋਂ ਪੁਛ ਸਲਾਹ, ਸਾਚਾ ਸੰਗ ਵਖਾਇੰਦਾ । ਜਿਸ ਨੂੰ ਪੱਲੂ ਆਇਆ ਫੜਾ, ਸੋ ਪੱਲੂ ਨਾ ਮਾਤ ਤੁੜਾਇੰਦਾ । ਸ਼ਬਦ ਵਿਚੋਲਾ ਨਾਮ ਭਿਖਾਰੀ ਬਣ ਕੇ ਆਇਆ ਮਲਾਹ, ਸਾਚਾ ਬੇੜਾ ਇਕ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਸਚ ਵਿਹਾਰਾ ਆਪਣਾ ਆਪ ਕਰਾਇੰਦਾ । ਕਬੀਰ ਜੁਲਾਹਾ ਨਿਰਗੁਣ ਨਾਨਕ ਪਾਸ, ਉਠ ਉਠ ਆਪੇ ਜਾਈਆ । ਦੂਰੋਂ ਕਰ ਡੰਡੌਤ ਅਰਦਾਸ, ਕਰ ਪਰਨਾਮ ਸੀਸ ਝੁਕਾਈਆ । ਹਉਂ ਸੇਵਕ ਹਉਂ ਦਾਸੀ ਦਾਸ, ਹਉਂ ਚਾਕਰ ਚਾਕਰੀ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਘਰ ਆਪਣੀ ਖ਼ੁਸ਼ੀ ਜਣਾਈਆ । ਨਿਰਗੁਣ ਨਾਨਕ ਕਰ ਪਿਆਰ, ਕਬੀਰ ਕਬੀਰ ਗਲੇ ਚੁੱਕ ਲਾਇਆ । ਆਪਣਾ ਦੱਸ ਸਚ ਵਿਹਾਰ, ਕਵਣ ਇਛਿਆ ਇਛਿਆ ਲਏ ਪਰਗਟਾਇਆ । ਮੇਰਾ ਮਿਤਰ ਇਕ ਪਿਆਰ, ਸਾਚਾ ਯਾਰ ਰਿਹਾ ਸਮਝਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇਆ । ਕਬੀਰ ਜੁਲਾਹਾ ਰਿਹਾ ਦੱਸ, ਆਪਣੀ ਆਸ ਆਸ ਪਰਗਟਾਈਆ । ਮੈਂ ਤੇਰੇ ਦਵਾਰੇ ਆਇਆ ਨੱਸ, ਦੇ ਮਤ ਇਕ ਸਮਝਾਈਆ । ਪੁਰਖ ਅਬਿਨਾਸ਼ੀ ਏਕਾ ਗੁਣ ਕਹਿ ਕੇ ਗਿਆ ਹੱਸ ਹੱਸ, ਭੇਵ ਅਭੇਦ ਛੁਪਾਈਆ । ਬਿਨ ਭਗਤਾਂ ਕਦੇ ਨਾ ਹੋਇਆ ਵਸ, ਆਪਣੀ ਬਣਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਗੁਣ ਦਏ ਵਖਾਈਆ । ਸਾਚਾ ਗੁਣ ਨਿਰਗੁਣ ਨਾਨਕ, ਨਾਨਾ ਰੂਪ ਸਮਝਾਇਆ । ਏਕੋ ਓਟ ਏਕਾ ਆਨਿਤ, ਏਕਾ ਹੁਕਮ ਸੀਸ ਰਖਾਇਆ । ਏਕਾ ਜਾਣੇ ਇਕ ਪਹਿਚਾਨਤ, ਏਕਾ ਮੇਲਾ ਮੇਲ ਮਿਲਾਇਆ । ਏਕਾ ਨਾਮ ਦੇਵੇ ਜ਼ਮਾਨਤ, ਵੇਲੇ ਅੰਤ ਛੁਡਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਦਏ ਚੁਕਾਇਆ । ਏਕਾ ਨਾਮ ਸਾਚੀ ਦਾਤ, ਨਿਰਗੁਣ ਨਾਨਕ ਆਪ ਜਣਾਈਆ । ਲੇਖਾ ਚੁਕਾਏ ਲੋਕਮਾਤ, ਆਦਿ ਅੰਤ ਵਡਿਆਈਆ । ਨਾ ਕੋਈ ਜ਼ਾਤ ਨਾ ਕੋਈ ਪਾਤ, ਦੀਨ ਮਜ਼੍ਹਬ ਨਾ ਕੋਇ ਰਖਾਈਆ । ਨਾ ਕੋਈ ਸੱਜਣ ਨਾ ਕੋਈ ਸਾਕ, ਨਾ ਕੋਈ ਸਗਲਾ ਸੰਗ ਵਖਾਈਆ । ਨਾ ਕੋਈ ਤੀਰਥ ਨਾ ਕੋਈ ਤਾਟ, ਨਾ ਸਰੋਵਰ ਕੋਇ ਵਡਿਆਈਆ । ਨਾ ਕੋਈ ਵਣਜਾਰਾ ਨਾ ਦਿਸੇ ਹਾਟ, ਵਸਤ ਅਮੋਲਕ ਨਾ ਕੋਇ ਰਖਾਈਆ । ਬਿਨ ਹਰਿ ਨਾਮੇ ਕੋਇ ਨਾ ਉਤਰੇ ਆਪਣੇ ਘਾਟ, ਪਾਰ ਕਿਨਾਰਾ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਸਮਝਾਈਆ । ਕਬੀਰ ਜੁਲਾਹਾ ਪਿਆ ਰੋ, ਨੇਤਰ ਨੀਰ ਵਹਾਇਆ । ਲੋਕਮਾਤ ਤੇਰਾ ਨਾਉਂ ਕਲਜੁਗ ਲਿਆ ਖੋਹ, ਹੱਥ ਕਿਸੇ ਰਹਿਣ ਨਾ ਪਾਇਆ । ਤੇਰੇ ਭਗਤਾਂ ਤੇਰੇ ਨਾਮ ਪਿਛੇ ਦੇਣ ਕੋਹ, ਵਾਂਗ ਬਕਰੇ ਸੀਸ ਕਟਾਇਆ । ਜੇਹੜਾ ਸੁਣਾਵੇ ਤੇਰਾ ਢੋਆ ਢੋ, ਤਿਸ ਧੱਕਾ ਦੇਣ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਖਿਲਾਇਆ । ਕਬੀਰ ਜੁਲਾਹਾ ਮਾਰੇ ਧਾਹ, ਨਿਰਗੁਣ ਨਾਨਕ ਆਪ ਸੁਣਾਈਆ । ਜੋ ਜਨ ਚਲੇ ਸਾਚੇ ਰਾਹ, ਤਿਸ ਕਲਜੁਗ ਦਏ ਸਜ਼ਾਈਆ । ਮੈਂ ਕੱਟ ਕੇ ਆਇਆ ਪੰਜ ਤਤ ਜਗਤ ਚੁਰਾਸੀ ਫਾਹ, ਆਪਣਾ ਮੂਲ ਮੁਕਾਈਆ । ਧੰਨ ਭਾਗ ਮੇਰਾ ਪੱਲਾ ਲਿਆ ਛੁਡਾ, ਨਾਤਾ ਤੁਟਾ ਜਗਤ ਲੋਕਾਈਆ ।

ਭੁਲ ਕੇ ਲੋਕਮਾਤ ਕਦੀ ਨਾ ਜਾਂ, ਦੋਏ ਜੋੜ ਸੀਸ ਝੁਕਾਈਆ । ਜੇ ਹੁਕਮ ਦੇ ਭੇਜੇਂ ਆਪਣੇ ਥਾਂ, ਫਿਰ ਭੀ ਬੈਠਾਂ ਮੁਖ ਛੁਪਾਈਆ । ਰਸਨਾ ਨਾਲ ਤੇਰਾ ਕਦੇ ਨਾ ਲਵਾਂ ਨਾਂ, ਅੰਤਰ ਅੰਤਰ ਆਪ ਧਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਨਾਨਕ ਕਬੀਰ ਦੇਵੇ ਧੀਰ, ਏਕਾ ਗੁਣ ਸਮਝਾਇਆ । ਆ ਮਿਲ ਮੇਰੇ ਛੋਟੇ ਵੀਰ, ਪੀਰਨ ਪੀਰ ਗਲੇ ਲਗਾਇਆ । ਮੁਖ ਪਿਆਲਾ ਦੇਵੇ ਸੀਰ, ਅੰਮ੍ਰਿਤ ਰਸ ਚਖਾਇਆ । ਡੋਰੀ ਨਾਲ ਬੰਧ ਜ਼ੰਜੀਰ, ਆਪਣਾ ਬੰਧਨ ਇਕ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਵਕ਼ਤ ਲਏ ਸੁਹਾਇਆ । ਆ ਕਬੀਰ ਤੇਰਾ ਦੇਵਾਂ ਸਾਥ, ਨਾਨਕ ਨਿਰਗੁਣ ਆਪ ਸਮਝਾਇਆ । ਛੱਤੀ ਜੁਗ ਜਿਸ ਦੀ ਗਾ ਗਾ ਆਏ ਗਾਥ, ਸੋ ਸਾਹਿਬ ਆਪਣੇ ਦਰ ਰਿਹਾ ਬਹਾਇਆ । ਜਿਸ ਲੋਕਮਾਤ ਚਲਾਇਆ ਰਾਥ, ਰਥ ਰਥਵਾਹੀ ਖੇਲ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਦਏ ਮਿਟਾਇਆ । ਨਾਨਕ ਕਬੀਰ ਹੋ ਇਕੱਠੇ, ਪ੍ਰਭ ਅਗੇ ਸੀਸ ਝੁਕਾਇਆ । ਲੋਕਮਾਤ ਵੇਖੇ ਤੇਰੇ ਮਾਰਗ ਦੱਸੇ, ਜੂਨ ਅਜੂਨ ਭਵਾਇਆ । ਤੂੰ ਨਿਰਗੁਣ ਸਚਖੰਡ ਬਹਿ ਬਹਿ ਹੱਸੇਂ, ਤੇਰਾ ਅੰਤ ਕਿਸੇ ਨਾ ਪਾਇਆ । ਤੇਰੇ ਭਗਤ ਤੇਰਾ ਨਾਉਂ ਲੈ ਲੈ ਲੋਕਮਾਤ ਫਸੇ, ਰਾਜ ਰਾਜਾਨ ਦੇਣ ਸਜ਼ਾਇਆ । ਤੇਰੇ ਪਿਛੇ ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਫਿਰਦੇ ਨੱਠੇ, ਤੂੰ ਆਪਣਾ ਮੁਖ ਛੁਪਾਇਆ । ਤੇਰੇ ਜੀਵ ਕਰਨ ਠੱਠੇ, ਡੌਰੂ ਡੰਕਾ ਮਗਰ ਲਗਾਇਆ । ਅਸੀਂ ਕਲਜੁਗ ਅੰਤਮ ਵੇਖ ਕੇ ਆਏ, ਕੋਈ ਨਾ ਉਤਰੇ ਪਾਰ ਬਿਨ ਤੇਰੇ ਚਰਨ ਢੱਠੇ, ਏਕਾ ਤੇਰੀ ਓਟ ਤਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਵਰ ਏਕਾ ਏਕ ਵਖਾਇਆ । ਪੁਰਖ ਅਬਿਨਾਸ਼ੀ ਦਇਆਵਾਨ, ਆਪਣੀ ਦਇਆ ਕਮਾਈਆ । ਨਾਨਕ ਨਿਰਗੁਣ ਕਰ ਪਰਵਾਨ, ਸਚ ਪਰਵਾਨਾ ਦਏ ਫੜਾਈਆ । ਤੇਰਾ ਮੇਰਾ ਇਕ ਨਿਸ਼ਾਨ, ਏਕਾ ਘਰ ਝੁਲਾਈਆ । ਆ ਆ ਭਗਤ ਮਿਲੇ ਭਗਵਾਨ, ਰੂਪ ਅਨੂਪ ਆਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਬੰਧਨ ਆਪੇ ਪਾਈਆ । ਆਪਣਾ ਬੰਧਨ ਪਾਏ ਭਗਵੰਤ, ਆਪਣੀ ਦਇਆ ਕਮਾਈਆ । ਕਲਜੁਗ ਆਏ ਅੰਤਮ ਅੰਤ, ਕਰੇ ਖੇਲ ਬੇਪਰਵਾਹੀਆ । ਨਿਰਗੁਣ ਬਣਾਏ ਆਪਣੀ ਬਣਤ, ਨਿਰਵੈਰ ਕਲ ਧਰਾਈਆ । ਲੱਖ ਚੁਰਾਸੀ ਵੇਖੇ ਜੰਤ, ਘਟ ਘਟ ਫੋਲ ਫੁਲਾਈਆ । ਆਪਣਾ ਨਾਉਂ ਆਪਣੇ ਕੋਲ ਰੱਖੇ ਆਪੇ ਮੰਤ, ਦੂਸਰ ਹੱਥ ਨਾ ਕਿਸੇ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਗੁਣ ਆਪ ਵਖਾਈਆ । ਆਪਣਾ ਗੁਣ ਆਪੇ ਜਾਣ, ਹਰਿ ਨਿਰਗੁਣ ਨਿਰਗੁਣ ਆਪ ਜਣਾਇੰਦਾ । ਕਬੀਰ ਜੁਲਾਹੇ ਕਰ ਧਿਆਨ, ਤੇਰੀ ਕੀਤੀ ਨਾ ਹਰਿ ਉਲਟਾਇੰਦਾ । ਨਾਨਕ ਨਿਰਗੁਣ ਕਰ ਪਰਵਾਨ, ਸਾਚੇ ਦਰ ਸੁਹਾਇੰਦਾ । ਅੰਤਮ ਸੇਵਾ ਕਰੇ ਸ੍ਰੀ ਭਗਵਾਨ, ਲੋਕਮਾਤ ਵੇਸ ਵਟਾਇੰਦਾ । ਬਿਨ ਨਾਮ ਜਪਿਆਂ ਆਪਣੇ ਕਰੇ ਪਹਿਚਾਨ, ਪੂਰਬ ਲੇਖਾ ਲੇਖ ਵਖਾਇੰਦਾ । ਬਿਨ ਭਗਤੀ ਦੇਵੇ ਦਾਨ, ਦਾਤਾ ਦਾਨੀ ਆਪ ਵਰਤਾਇੰਦਾ । ਭੁਲਿਆਂ ਕਰੇ ਆਪ ਪਹਿਚਾਨ, ਅਭੁਲ ਭੁਲ ਕਦੇ ਨਾ ਜਾਇੰਦਾ । ਆਪਣਾ ਨਾਉਂ ਰੱਖ ਸ੍ਰੀ ਭਗਵਾਨ, ਵਿਸ਼ਨੂੰ ਆਪਣੀ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਵੇਸ ਵਟਾਇੰਦਾ । ਨਾਨਕ ਕਬੀਰ ਯਾਦ ਰੱਖ, ਸਚਖੰਡ ਦਵਾਰੇ ਹਰਿ ਹਰਿ ਆਪ ਜਣਾਈਆ । ਕਲਜੁਗ ਅੰਤ ਹੋਣਾ ਪਰਤੱਖ, ਨਿਰਗੁਣ ਰੂਪ ਅਨੂਪ ਧਰਾਈਆ । ਜਨ ਭਗਤਾਂ ਕਰਨਾ ਆਪੇ

੧੪੧੧
੧੦

ਪੱਖ, ਦੂਸਰ ਦੇਵੇ ਨਾ ਕੋਇ ਸਜ਼ਾਈਆ । ਹਰਿਜਨ ਰੁਲੇ ਨਾ ਕੁੱਲੀ ਕੱਖ, ਦੁੱਖ ਭੁੱਖ ਨਾ ਕੋਇ ਵਖਾਈਆ । ਬਿਨ ਭਗਤੀ ਖੋਲ੍ਹੇ ਅੱਖ, ਆਪ ਆਪਣਾ ਦਰਸ ਦਿਖਾਈਆ । ਘਰ ਜਾ ਜਾ ਮਾਰਗ ਦੇਵੇ ਦੱਸ, ਆਪਣਾ ਨਾਮ ਨਾਮ ਜਣਾਈਆ । ਪੁਰਖ ਅਬਿਨਾਸ਼ੀ ਆਦਿ ਜੁਗਾਦਿ ਆਪਣਾ ਕਦੇ ਨਾ ਛੱਡੇ ਹਠ, ਔਦਾਂ ਜਾਂਦਾ ਡੇਰ ਨਾ ਲਾਈਆ । ਜੁਗ ਜੁਗ ਵਿਛੋੜੇ ਆਪਣੀ ਕਿਰਪਾ ਜੋੜੇ ਲੋਕਮਾਤ ਕਰੇ ਇਕੱਠ, ਏਕਾ ਦਰ ਵਖਾਈਆ । ਜਨਮ ਜਨਮ ਦੀ ਰੱਖੇ ਪਤ, ਗੁਰ ਗਿਆਨ ਦੇਵੇ ਮਤ, ਤਤ ਤਤ ਨਾਲ ਮਿਲਾਈਆ । ਆਪਣੀ ਲੇਖੇ ਲਾਏ ਰਤ, ਫੇਰ ਉਪਜਾਏ ਡਾਲ੍ਹੀ ਪੱਤ, ਫੁਲ ਫਲਵਾੜੀ ਆਪ ਮਹਿਕਾਈਆ । ਨਾਨਕ ਕਬੀਰ ਦੋਵੇਂ ਪਏ ਹੱਸ, ਸ਼ਾਹ ਪਾਤਸ਼ਾਹ ਤੇਰੀ ਵਡੀ ਵਡਿਆਈਆ । ਏਥੇ ਓਥੇ ਅਸੀਂ ਗਾਈਏ ਤੇਰਾ ਜਸ, ਦੋ ਜਹਾਨ ਤੇਰੀ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਵਰਤਾਈਆ । ਨਾਨਕ ਕਬੀਰ ਕਰ ਨਿਮਸਕਾਰ, ਆਪਣਾ ਸ਼ੁਕਰ ਮਨਾਇਆ । ਵਾਹ ਵਾ ਤੇਰੀ ਕੁਦਰਤ ਮੇਰੇ ਯਾਰ, ਤੂੰ ਕੁਦਰਤ ਵਿਚ ਸਮਾਇਆ । ਤੇਰਾ ਨਾਉਂ ਸਾਡਾ ਮਦਦਗਾਰ, ਏਕਾ ਬੈਠੇ ਮੰਗ ਮੰਗਾਇਆ । ਤੇਰਾ ਖੇਲ ਕੌਣ ਜਾਣੇ ਕਰਤਾਰ, ਤੇਰਾ ਅੰਤ ਕਿਸੇ ਨਾ ਪਾਇਆ । ਅਸੀਂ ਸੁਤੇ ਠਾਂਡੇ ਦਰਬਾਰ, ਫੇਰ ਸਕੇ ਨਾ ਕੋਇ ਜਗਾਇਆ । ਜਿਉਂ ਭਾਵੇ ਤਿਉਂ ਕਰ ਵਿਹਾਰ, ਤੂੰ ਸਾਹਿਬ ਸਦਾ ਦਿਆਲ ਠਾਕਰ ਬੇਪਰਵਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖ਼ੁਸ਼ੀ ਆਪ ਪਰਗਟਾਇਆ । ਆਪਣੀ ਖ਼ੁਸ਼ੀ ਆਪ ਪਰਗਟਾ, ਆਪਣੇ ਘਰ ਸੋਭਾ ਪਾਇੰਦਾ । ਆਪਣਾ ਬੰਸ ਆਪੇ ਵੇਖਾਂ ਜਾ, ਆਪ ਆਪਣਾ ਹੁਕਮ ਸੁਣਾਇੰਦਾ । ਪਹਿਲੋਂ ਛੋਟਾ ਪੁੱਤ ਲਵਾਂ ਮਨਾ, ਸਿਰ ਆਪਣਾ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਫੇਰਾ ਆਪੇ ਪਾਇੰਦਾ । ਥਿਰ ਘਰ ਸਾਚੇ ਹਰਿ ਜੂ ਆਇਆ, ਆਪਣੀ ਕਿਰਪਾ ਧਾਰ । ਆਪਣਾ ਮੰਦਰ ਆਪ ਖੁਲ੍ਹਾਇਆ, ਆਪੇ ਵੇਖੇ ਵੇਖਣਹਾਰ । ਸਾਚਾ ਸੂਰਾ ਏਕਾ ਨਜ਼ਰੀ ਆਇਆ, ਜੋਧਾ ਸੂਰਬੀਰ ਬਲਕਾਰ । ਕਲਗੀ ਤੋੜਾ ਜਿਸ ਸੀਸ ਟਿਕਾਇਆ, ਮਹਿਮਾ ਅਪਰ ਅਪਾਰ । ਧੁਰ ਫ਼ਰਮਾਨਾ ਜਿਸ ਸੁਣਾਇਆ, ਉਚੀ ਕੂਕ ਕੂਕ ਪੁਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਕਰੇ ਸਚ ਪਿਆਰ । ਥਿਰ ਘਰ ਵੇਖਿਆ ਸੁਤ ਦੁਲਾਰਾ, ਪੁਰਖ ਅਬਿਨਾਸ਼ੀ ਖ਼ੁਸ਼ੀ ਮਨਾਈਆ । ਗੋਬਿੰਦ ਲੱਗਾ ਇਕ ਪਿਆਰਾ, ਆਪਣਾ ਆਪ ਗਿਆ ਭੁਲਾਈਆ । ਪੁਰਖ ਅਬਿਨਾਸ਼ੀ ਦੇ ਸਹਾਰਾ, ਆਪਣੀ ਗੋਦ ਉਠਾਈਆ । ਉਠਿਆ ਜੋਧਾ ਵਡ ਬਲਕਾਰਾ, ਏਕਾ ਫ਼ਤਹਿ ਰਿਹਾ ਗਜਾਈਆ । ਤੇਰਾ ਡੰਕਾ ਫੜਿਆ ਮੈਂ ਪਰਵਰਦਿਗਾਰਾ, ਭੁੱਲ ਕਦੇ ਨਾ ਜਾਈਆ । ਤੂੰ ਪਿਤਾ ਤੂੰ ਮਾਤ ਹਮਾਰਾ, ਹਉਂ ਬਾਲਕ ਰੂਪ ਸਖਾਈਆ । ਮੈਂ ਇਕੋ ਜਾਣਾਂ ਸਚ ਵਿਹਾਰਾ, ਦੂਸਰ ਧਾਰ ਨਾ ਕੋਇ ਬੰਧਾਈਆ । ਤੇਰਿਆਂ ਭਗਤਾਂ ਸਦਾ ਪਿਆਰਾ, ਆਪ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਵੱਜੇ ਵਧਾਈਆ । ਪੁਰਖ ਅਬਿਨਾਸ਼ੀ ਗੋਬਿੰਦ ਧਾਰ, ਥਿਰ ਘਰ ਖੇਲ ਖਿਲਾਇਆ । ਪੂਤ ਸਪੂਤ ਸੁਤ ਦੁਲਾਰ, ਹਉਂ ਤੋਹੇ ਵੇਖਣ ਆਇਆ । ਤੂੰ ਗਹਿਰ ਗੰਭੀਰ ਵੱਡਾ ਸਰਦਾਰ, ਸਿਦਕ ਸਬੂਰੀ ਨਾਲ ਭਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਲ ਦਵਾਰੇ ਤੇਰੇ ਆਇਆ । ਗੁਰੂ ਗੋਬਿੰਦ ਕਹੇ ਬੋਲ, ਏਕਾ ਬੇਨੰਤੀ ਰਿਹਾ ਸੁਣਾਈਆ । ਪਿਤਾ ਪੁਤਰ ਸੰਗ ਵਸੇ ਕੋਲ, ਤੇਰੀ ਵੱਡੀ ਨਾ ਕੋਇ ਵਡਿਆਈਆ । ਮੈਂ ਕਲਜੁਗ ਅੰਤਮ ਵਜਾ ਕੇ ਆਇਆ ਢੋਲ, ਮੇਰਾ

ਔਣਾ ਸੱਚਾ ਮਾਹੀਆ । ਜਿਸ ਤੋਲਣਾ ਪੂਰਾ ਤੋਲ, ਨਾਨਕ ਕੰਡਾ ਹੱਥ ਉਠਾਈਆ । ਆਦਿ ਜੁਗਾਦਿ ਰਹੇ ਅਡੋਲ, ਡੁਲ ਕਦੇ ਨਾ ਜਾਈਆ । ਜੋ ਨੀਹਾਂ ਥੱਲੇ ਰੱਖ ਕੇ ਆਇਆ ਲਾਲ ਅਨਮੋਲ, ਆਪਣੀ ਸੇਵ ਕਮਾਈਆ । ਜਿਸ ਦੇ ਪਿਛੇ ਅਸੀਂ ਕਰਦੇ ਫਿਰਦੇ ਘੋਲ, ਦੀਨ ਮਜ਼੍ਹਬ ਪਈ ਲੜਾਈਆ । ਉਹ ਮੇਰਾ ਸਾਹਿਬ ਸਦਾ ਅਨਭੋਲ, ਅਨਭੁਲੜੀ ਧਾਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਮੰਗੇ ਏਕਾ ਵਰ, ਮੇਰਾ ਪਿਆਰ ਨਾ ਤੇਰੀ ਕੋਈ ਚਤੁਰਾਈਆ । ਮੇਰੇ ਨਾਲ ਜੇ ਕਰਨਾ ਪਿਆਰ, ਲੋਕਮਾਤ ਵੇਖ ਵਖਾ । ਤੇਰੇ ਭਗਤ ਕਰਨ ਪੁਕਾਰ, ਘਰ ਘਰ ਬੈਠੇ ਰੋਵਣ ਮਾਰਨ ਧਾਹ । ਕਲਜੁਗ ਕੂੜ ਹੋਇਆ ਸਿਕਦਾਰ, ਅੰਤਮ ਪਕੜੇ ਕੋਇ ਨਾ ਬਾਂਹ । ਮੈਂ ਦੁਖੀਆਂ ਦਾ ਦੁਖਿਆਰ, ਸੁਖ ਆਪਣਾ ਜਾਣਾਂ ਕੋਈ ਨਾ । ਜਿਨ੍ਹਾਂ ਉਤੋਂ ਪੂਤ ਸਪੂਤ ਆਇਆ ਵਾਰ, ਬਣ ਕੇ ਓਨਾਂ ਦਾ ਪਿਤਾ ਮਾਂ । ਕਰ ਕਿਰਪਾ ਪੈਜ ਸੁਆਰ, ਤੇਰੇ ਅਗੇ ਮੇਰੀ ਨਿਮਸਕਾਰ, ਮੈਂ ਪੱਲੂ ਤੇਰਾ ਆਇਆ ਫੜਾ । ਅੰਤ ਨਿਹਕਲੰਕ ਆਏ ਅਵਤਾਰ, ਜੋਧਾ ਸੂਰਬੀਰ ਬਲੀ ਬਲਕਾਰ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਆਪਣੀ ਸਚ ਸਲਾਹ । ਸਚ ਸਲਾਹ ਦੇਵੇ ਕਰਤਾਰਾ, ਸਾਚੀ ਬਣਤ ਬਣਾਇੰਦਾ । ਗੋਬਿੰਦ ਤੇਰਾ ਖੇਲ ਅਪਾਰਾ, ਨਿਰਾਕਾਰਾ ਆਪ ਕਰਾਇੰਦਾ । ਸਚਖੰਡ ਅੰਦਰ ਬਣਾਇਆ ਥਿਰ ਘਰ ਦਵਾਰਾ, ਤੇਰਾ ਮਹੱਲ ਅਟਲ ਸੁਹਾਇੰਦਾ । ਲੋਕਮਾਤ ਹੋਏ ਉਜਿਆਰਾ, ਕਰੇ ਖੇਲ ਅਗੰਮ ਅਪਾਰਾ, ਰੂਪ ਰੰਗ ਰੇਖ ਨਾ ਕੋਇ ਵਖਾਇੰਦਾ । ਘਰ ਵਿਚ ਘਰ ਕਰ ਤਿਆਰਾ, ਸੰਬਲ ਨਾਉਂ ਖੇਲ ਨਿਆਰਾ, ਪੁਰਖ ਅਬਿਨਾਸ਼ੀ ਪਾਵੇ ਸਾਰਾ, ਆਪ ਆਪਣਾ ਰੰਗ ਰੰਗਾਇੰਦਾ । ਤੇਰੇ ਭਗਤਾਂ ਦਏ ਸਹਾਰਾ, ਤੇਰੇ ਸਿੱਖਾਂ ਕਰੇ ਪਿਆਰਾ, ਸਾਚੀ ਸੇਵਾ ਆਪ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਸੰਦੇਸ਼ ਆਪ ਸੁਣਾਇੰਦਾ । ਗੋਬਿੰਦ ਬੋਲ ਜੈਕਾਰਾ, ਪ੍ਰਭ ਅਗੇ ਇਕ ਜਣਾਇੰਦਾ । ਚਾਰ ਵਰਨ ਮੇਰਾ ਸਿੱਖ ਪਿਆਰਾ, ਜ਼ਾਤ ਪਾਤ ਨਾ ਕੋਇ ਰਖਾਇੰਦਾ । ਹਿੰਦੂ ਮੁਸਲਿਮ ਨਾ ਕੋਇ ਕਿਨਾਰਾ, ਸ਼ਰਅ ਸ਼ਰੀਅਤ ਨਾ ਵੰਡ ਵੰਡਾਇੰਦਾ । ਘਟ ਘਟ ਅੰਦਰ ਮੇਰੀ ਧਾਰਾ, ਤੇਰਾ ਰੂਪ ਘਟ ਘਟ ਨਜ਼ਰੀ ਆਇੰਦਾ । ਲੱਖ ਚੁਰਾਸੀ ਤੇਰਾ ਪਸਾਰਾ, ਗੋਬਿੰਦ ਖੇਲ ਕਰਾਇੰਦਾ । ਜੁਗਾ ਜੁਗੰਤਰ ਤੇਰਾ ਵਰਤਾਰਾ, ਗੁਰ ਅਵਤਾਰ ਸੇਵ ਵਖਾਇੰਦਾ । ਜੋ ਤੇਰਾ ਰਾਹ ਤੱਕੇ ਪਰਵਰਦਿਗਾਰਾ, ਤਿਸ ਗੋਬਿੰਦ ਮੇਲ ਮਿਲਾਇੰਦਾ । ਗੋਬਿੰਦ ਨੌ ਖੰਡ ਪ੍ਰਿਥਮੀ ਲੱਖ ਚੁਰਾਸੀ ਵੇਖਣਹਾਰਾ, ਆਪਣੀ ਵੰਡ ਨਾ ਕੋਇ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਜਣਾਇੰਦਾ । ਪੁਰਖ ਅਬਿਨਾਸ਼ੀ ਖੇਲ ਅਪਾਰ, ਗੋਬਿੰਦ ਧਾਰ ਪਰਗਟਾਈਆ । ਲੇਖਾ ਜਾਣੇ ਅਗੰਮ ਅਪਾਰ, ਅਗੋਚਰ ਵੇਖੇ ਸੱਚੀ ਸ਼ਹਿਨਸ਼ਾਹੀਆ । ਨਵ ਨੌ ਖੋਲ੍ਹੇ ਆਪ ਕਿਵਾੜ, ਚਾਰ ਚਾਰ ਪਰਦਾ ਲਾਹੀਆ । ਜਨਮ ਜਨਮ ਕਰੇ ਵਿਚਾਰ, ਪੂਰਬ ਲੇਖਾ ਭੁਲ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਖਿਲੌਣਾ, ਹਰਿ ਗੋਬਿੰਦ ਆਪ ਜਣਾਇੰਦਾ । ਤੇਰਾ ਲੇਖਾ ਆਪ ਮੁਕੌਣਾ, ਲੇਖਾ ਆਪਣੇ ਵਿਚ ਸਮਾਇੰਦਾ । ਕਲਜੁਗ ਭੇਖ ਅੰਤ ਮਿਟੌਣਾ, ਕੂੜੀ ਕਿਰਿਆ ਆਪ ਖਪਾਇੰਦਾ । ਸਾਚਾ ਮੰਦਰ ਇਕ ਜਣੌਣਾ, ਸਾਚਾ ਰਾਹ ਚਲਾਇੰਦਾ । ਸਾਚਾ ਇਸ਼ਟ ਇਕ ਪਰਗਟੌਣਾ, ਪੁਰਖ ਅਕਾਲ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਸੇਵਾ ਆਪੇ ਲਾਇੰਦਾ । ਗੋਬਿੰਦ ਸੇਵਾ ਨੌ ਖੰਡ, ਪੁਰਖ ਅਬਿਨਾਸ਼ੀ


੧੪੧੩ ੧੦

ਆਪ ਜਣਾਈਆ । ਨਾਨਕ ਨਿਰਗੁਣ ਮੰਗੀ ਮੰਗ, ਚਾਰ ਵਰਨ ਇਕ ਸਰਨਾਈਆ । ਕਬੀਰ ਜੁਲਾਹੇ ਗਾਇਆ ਛੰਦ, ਏਕਾ ਓਟ ਤਕਾਈਆ । ਰਵਦਾਸ ਪਾਇਆ ਪਰਮਾਨੰਦ, ਨਿਜ ਆਤਮ ਕਰ ਰਸਾਈਆ । ਬਲ ਬਾਵਨ ਟੁੱਟੀ ਦੇਵੇ ਗੰਢ, ਆਪਣੀ ਗੰਢ ਆਪ ਬੰਧਾਈਆ । ਤਿੰਨ ਜੁਗ ਕੱਟਿਆ ਰੰਡੇਪਾ ਰੰਡ, ਹਰਿ ਕੰਤ ਨਜ਼ਰ ਨਾ ਆਈਆ । ਚੌਥੇ ਜੁਗ ਮੁੱਕਿਆ ਪੰਧ, ਲੋਕਮਾਤ ਵੱਜੀ ਵਧਾਈਆ । ਦੀਨ ਦਿਆਲ ਹੋਇਆ ਬਖ਼ਸ਼ੰਦ, ਆਪਣੇ ਗਲੇ ਲਗਾਈਆ । ਸਿੰਘ ਗੁਰਦਿਆਲ ਚੜ੍ਹਿਆ ਚੰਦ, ਦੋ ਜਹਾਨ ਕਰੇ ਰੁਸ਼ਨਾਈਆ । ਲਹਿਣਾ ਚੁਕਾਏ ਗੁਜਰੀ ਚੰਦ, ਸ਼ਬਦੀ ਆਪਣਾ ਰੂਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਵੇਖ ਵਖਾਈਆ । ਸਚਖੰਡ ਖੇਲ ਅਪਾਰਾ, ਉਨੀ ਕੱਤਕ ਦਿਵਸ ਸੁਹਾਇੰਦਾ । ਪਹਿਲੋਂ ਲਗਾ ਓਥੇ ਦਰਬਾਰਾ, ਭਗਤ ਭਗਵੰਤ ਦਰ ਬਹਾਇੰਦਾ । ਨਾਲ ਮਿਲਾ ਗੁਰ ਅਵਤਾਰਾ, ਸਾਚਾ ਸੰਗ ਰਖਾਇੰਦਾ । ਮੰਗਣ ਮੰਗ ਬਣ ਭਿਖਾਰਾ, ਸਭ ਅਗੇ ਝੋਲੀ ਡਾਹਿੰਦਾ । ਤੇਰਾ ਖੇਲ ਆਦਿ ਅੰਤ ਨਿਆਰਾ, ਭੇਵ ਕੋਇ ਨਾ ਪਾਇੰਦਾ । ਨੌ ਸੌ ਚੁਰਾਨਵੇਂ ਚੌਕੜੀ ਜੁਗ ਪਿਛੋਂ ਨਿਰਗੁਣ ਲਿਆ ਅਵਤਾਰਾ, ਸਰਗੁਣ ਬਹਿ ਬਹਿ ਖ਼ੁਸ਼ੀ ਮਨਾਇੰਦਾ । ਗੋਬਿੰਦ ਮਿਲਿਆ ਸੁਤ ਦੁਲਾਰਾ, ਸੰਬਲ ਆਸਣ ਇਕ ਸੁਹਾਇੰਦਾ । ਸਾਚੇ ਭਗਤਾਂ ਲਾਇਆ ਅਖਾੜਾ, ਪੁਰਖ ਅਬਿਨਾਸ਼ੀ ਨਾਚ ਨਚਾਇੰਦਾ । ਸਾਚੀ ਸੇਵਾ ਸਚ ਦਵਾਰਾ, ਸਚਖੰਡ ਵਾਸੀ ਲੇਖੇ ਲਾਇੰਦਾ । ਜਿਸ ਦਾ ਬਣਿਆ ਪ੍ਰਸਾਦ ਪ੍ਰਸਾਦੀ ਭੋਗ ਲਗਾਏ ਵਿਚ ਸੰਸਾਰਾ, ਸੋ ਪ੍ਰਸਾਦਿ ਸਚਖੰਡ ਗੁਰ ਅਵਤਾਰ ਮੰਗ ਮੰਗਾਇੰਦਾ । ਉਂਨੀ ਕਤਕ ਪਹਿਲੋਂ ਕੀਆ ਇਹ ਵਿਹਾਰਾ, ਭੇਵ ਕੋਇ ਨਾ ਪਾਇੰਦਾ । ਏਥੇ ਓਥੇ ਦੋ ਜਹਾਨਾਂ ਇਕ ਵਰਤਾਰਾ, ਹਰਿ ਸੰਗਤ ਤੇਰੀ ਰਸਦ ਸਚਖੰਡ ਆਪ ਪੁਚਾਇੰਦਾ । ਅੱਗੇ ਨਾਨਕ ਤੋਲਾ ਬੈਠਾ ਬਣ ਵਣਜਾਰਾ, ਆਪਣਾ ਛਾਬਾ ਅੱਗੇ ਡਾਹਿੰਦਾ । ਪਹਿਲੀ ਵਾਰ ਭਰਿਆ ਭੰਡਾਰਾ, ਫਿਰ ਮੁਕ ਕਦੇ ਨਾ ਜਾਇੰਦਾ । ਗੁਰ ਅਵਤਾਰ ਕਰਨ ਨਿਮਸਕਾਰਾ, ਲੋਕਮਾਤ ਨੈਣ ਉਠਾਇੰਦਾ । ਪਰਗਟ ਹੋਇਆ ਹਰਿ ਕਰਤਾਰਾ, ਆਪਣਾ ਰੰਗ ਆਪ ਵਖਾਇੰਦਾ । ਸਤਿਜੁਗ ਸਾਚੀ ਬੰਨ੍ਹੇ ਧਾਰਾ, ਸਾਚੇ ਭਗਤਾਂ ਆਪ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਲਾਹੀ ਸਲਾਹ ਰਖਾਇੰਦਾ । ਆਓ ਭਗਤੋ ਸਚਖੰਡ ਵਾਸੀਓ, ਹਰਿ ਸਾਚਾ ਸਚ ਬੁਲਾਇੰਦਾ । ਆਓ ਕੱਟੋ ਜਮ ਕੀ ਫਾਸੀਓ, ਫਾਂਦੀ ਫੰਦ ਆਪ ਮਿਟਾਇੰਦਾ । ਆਓ ਮੰਡਲ ਬਹਿ ਬਹਿ ਪਾਓ ਰਾਸੀਓ, ਹਰਿ ਸਾਚੀ ਰਾਸ ਆਪ ਰਚਾਇੰਦਾ । ਆਓ ਧੱਕਾ ਦੇਵੋ ਪੰਡਤ ਕਾਂਸੀਓ, ਜਗਤ ਵਿਦਿਆ ਮੂਲ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਭਗਤ ਆਪ ਬੁਲਾਇੰਦਾ । ਆਪਣੀ ਕਿਰਪਾ ਕਲਜੁਗ ਧਾਰ, ਅੰਤ ਅੰਤ ਵਖਾਈਆ । ਸਤਿ ਸਤਿਵਾਦੀ ਕਰ ਪਿਆਰ, ਸਤਿ ਪੁਰਖਾਂ ਲਏ ਬੁਲਾਈਆ । ਸਚਖੰਡ ਵੇਖੇ ਆਪ ਨਿਰੰਕਾਰ, ਲੋਕਮਾਤ ਖ਼ੁਸ਼ੀ ਮਨਾਈਆ । ਪਹਿਲਾਂ ਸਨੇਹੜਾ ਦੇਵੇ ਆਪਣੀ ਵਾਰ, ਤਾਰ ਸਤਾਰ ਨਾ ਕੋਇ ਹਿਲਾਈਆ । ਸਿੰਘ ਪਾਲ ਆਏ ਦਵਾਰ, ਏਕਾ ਧਾਮ ਮਿਲੇ ਵਡਿਆਈਆ । ਸਵਰਨ ਸਰਨੀ ਢਹਿ ਕਰੇ ਨਿਮਸਕਾਰ, ਪ੍ਰਭ ਤੇਰੀ ਸਚ ਸਰਨਾਈਆ । ਮਨਜੀਤਾ ਨੈਣ ਖੋਲ੍ਹ ਕਿਵਾੜ, ਨੈਣ ਨੈਣਾਂ ਨਾਲ ਮਿਲਾਈਆ । ਛੋਟੇ ਬਾਲਿਆਂ ਨਾਲ ਕਰੇਂ ਪਿਆਰ, ਤੇਰੀ ਵਡ ਵਡਿਆਈਆ । ਤੇਰਾ ਨੀਹਾਂ ਦਾ ਚੁੱਕਿਆ ਆਪਣੇ ਉਤੇ ਭਾਰ, ਤੇਰੀ ਸੇਵ ਕਮਾਈਆ । ਜਗਤ ਜਗਦੀਸ਼ ਲਿਆ ਉਠਾਲ, ਆਪਣਾ ਹੁਕਮ ਵਰਤਾਈਆ । ਜਿਨ ਸ਼ਾਹੋਂ ਕਰੇ ਕੰਗਾਲ, ਕੰਗਾਲੋਂ ਸ਼ਾਹ ਬਣਾਈਆ । ਜਿਸ ਨੇ ਸੁਣਿਆ ਮੁਰੀਦਾਂ ਹਾਲ, ਸੋ ਮੁਰਸ਼ਦ ਵੇਖੇ ਚਾਈਂ ਚਾਈਆ ।

੧੪੧੪
੧੦

ਨਾਲ ਰਲਾਇਆ ਗੁਰਦਿਆਲ ਲਾਲ, ਆਪ ਆਪਣਾ ਰੰਗ ਵਖਾਈਆ । ਪੰਜਾਂ ਹੱਲ ਕਰੇ ਸਵਾਲ, ਪੰਚਮ ਅਪਣਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਸਮਝਾਈਆ । ਆਓ ਪੰਜ ਦਿਓ ਸਲਾਹ, ਹਰਿ ਜੂ ਆਖ ਸੁਣਾਇਆ । ਪਹਿਲਾਂ ਤੁਹਾਨੂੰ ਲਿਆ ਬੁਲਾ, ਆਪਣਾ ਘਰ ਵਸਾਇਆ । ਪੰਜਾਂ ਆਪਣੀ ਡੋਰ ਫੜਾ, ਆਪਣਾ ਰੰਗ ਚੜ੍ਹਾਇਆ । ਚਾਰੇ ਕੁੰਟਾਂ ਦਵਾਂ ਬਹਾ, ਚਾਰੇ ਜੁਗ ਵੇਖ ਵਖਾਇਆ । ਪੰਜਵਾਂ ਆਪਣੀ ਸੇਵਾ ਲਾ, ਸਾਚਾ ਛਤਰ ਝੁਲਾਇਆ । ਪਿਛਲਾ ਲੇਖਾ ਦਿਆਂ ਮੁਕਾ, ਵੇਦ ਪੁਰਾਨ ਸ਼ਾਸਤਰ ਸਿਮਰਤ ਕੰਮ ਕਿਸੇ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਚਮ ਭੇਵ ਰਿਹਾ ਖੁਲ੍ਹਾਇਆ । ਨਾਨਕ ਗਾਇਆ ਪੰਚ ਪਰਵਾਨ, ਪੰਚ ਮਿਲੇ ਵਡਿਆਈਆ । ਪੰਚਮ ਦਰਗਹਿ ਬੈਠੇ ਆਣ, ਪੰਚਮ ਪਾਇਆ ਸੱਚਾ ਸ਼ਹਿਨਸ਼ਾਹੀਆ । ਪੰਚਮ ਮਿਲਿਆ ਰਾਜ ਰਾਜਾਨ, ਸ਼ਾਹੋ ਭੂਪ ਵਡੀ ਵਡਿਆਈਆ । ਪੰਚਮ ਦੇਵੇ ਇਕ ਫ਼ਰਮਾਨ, ਧੁਰ ਸੰਦੇਸ਼ਾ ਆਪ ਸੁਣਾਈਆ । ਪੰਚਮ ਲਿਆ ਕਰ ਪਰਵਾਨ, ਪ੍ਰਭ ਅਗੇ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਈਆ । ਪੰਚ ਪਰਵਾਨਾ ਕਰ ਪਰਵਾਨ, ਨਿਉਂ ਨਿਉਂ ਸੀਸ ਝੁਕਾਇਆ । ਤੂੰ ਸ਼ਾਹ ਪਤਸ਼ਾਹ ਸ੍ਰੀ ਭਗਵਾਨ, ਸਾਚੇ ਤਖ਼ਤ ਸੋਭਾ ਪਾਇਆ । ਹਉਂ ਬਾਲੇ ਮੰਗੀਏ ਦਾਨ, ਦਾਤਾ ਦਾਨ ਦੇਣਾ ਵਰਤਾਇਆ । ਲੋਕਮਾਤ ਵੇਖ ਮਾਰ ਧਿਆਨ, ਗੁਰਮੁਖ ਤੇਰਾ ਰਾਹ ਰਹੇ ਤਕਾਇਆ । ਤੁਧ ਬਿਨ ਕਰੇ ਨਾ ਕੋਇ ਪਛਾਣ, ਜਗਤ ਰੰਡੇਪਾ ਰਿਹਾ ਸਤਾਇਆ । ਲੱਖ ਚੁਰਾਸੀ ਨਾ ਛੁਟੇ ਕਾਣ, ਜੂਨੀ ਜੂਨ ਨਾ ਕੋਇ ਤੁੜਾਇਆ । ਕਰ ਕਿਰਪਾ ਦੇਣਾ ਮਾਣ, ਗੁਰਸਿਖ ਨਿਮਾਣੇ ਗਲੇ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪਣੀ ਕਿਰਪਾ ਦੇਣੀ ਕਰ, ਹਉਂ ਏਕਾ ਮੰਗ ਮੰਗਾਇਆ । ਕਿਰਪਾ ਕਰਨੀ ਆਪਣੀ ਠਾਕਰ, ਠੱਗੀ ਠਗ ਨਾ ਕੋਇ ਰਖਾਈਆ । ਕਲਜੁਗ ਵੇਖਣਾ ਡੂੰਘਾ ਸਾਗਰ, ਕੂੜੀ ਕਿਰਿਆ ਭਵਰ ਰੂਪ ਵਟਾਈਆ । ਚਾਰ ਵਰਨ ਚਾਰ ਕੂਟ ਕੋਈ ਨਾ ਦੇਵੇ ਆਦਰ, ਦਰ ਦਰ ਘਰ ਘਰ ਪਈ ਲੜਾਈਆ । ਤੇਰੇ ਪਿਛੇ ਸੀਸ ਕਟਾਇਆ ਤੇਗ਼ ਬਹਾਦਰ, ਆਪ ਆਪਣਾ ਭੇਟ ਚੜ੍ਹਾਈਆ । ਤੈਨੂੰ ਮੰਨਿਆ ਕਰੀਮ ਕ਼ਾਦਰ, ਕ਼ੁਦਰਤ ਭੁੱਲੀ ਤੇਰਾ ਰਾਹ ਮੇਰੇ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿਜਨ ਸਾਚੇ ਆਪ ਤਰਾਈਆ । ਪੁਰਖ ਅਬਿਨਾਸ਼ੀ ਹੋ ਮਿਹਰਵਾਨ, ਆਪਣੀ ਦਇਆ ਕਮਾਇੰਦਾ । ਲੋਕਮਾਤ ਖੇਲ ਕਰਾਂ ਮਹਾਨ, ਭੇਵ ਕੋਇ ਨਾ ਪਾਇੰਦਾ । ਸਤਿ ਸਤਿਵਾਦੀ ਇਕ ਨਿਸ਼ਾਨ, ਨਿਰਗੁਣ ਆਪਣਾ ਆਪ ਪਰਗਟਾਇੰਦਾ । ਸਤਿਜੁਗ ਸਾਚਾ ਬਣੇ ਵਿਧਾਨ, ਸਾਚੀ ਧਾਰਾ ਆਪ ਰਖਾਇੰਦਾ । ਏਕਾ ਹੁਕਮ ਰਾਜ ਰਾਜਾਨ, ਸ਼ਾਹ ਪਾਤਸ਼ਾਹ ਇਕ ਸੁਣਾਇੰਦਾ । ਲੱਖ ਚੁਰਾਸੀ ਮੰਨੇ ਆਣ, ਲੋਕਮਾਤ ਨਾ ਕੋਈ ਅਟਕਾਇੰਦਾ । ਏਕਾ ਮੰਦਰ ਇਕ ਮਕਾਨ, ਏਕਾ ਘਰ ਵਸਾਇੰਦਾ । ਏਕਾ ਭੂਮਕਾ ਇਕ ਅਸਥਾਨ, ਏਕਾ ਗੀਤ ਗੋਬਿੰਦ ਗਾਇੰਦਾ । ਇਕ ਸਰੋਵਰ ਇਕ ਅਸ਼ਨਾਨ, ਏਕਾ ਦੁਰਮਤ ਮੈਲ ਧੁਆਇੰਦਾ । ਏਕਾ ਨੂਰ ਕੋਟਨ ਭਾਨ, ਜੋਤੀ ਜੋਤ ਡਗਮਗਾਇੰਦਾ । ਏਕਾ ਨਾਦ ਸ਼ਬਦ ਧੁਨਕਾਨ, ਏਕਾ ਰਾਗੀ ਰਾਗ ਅਲਾਇੰਦਾ । ਏਕਾ ਇਸ਼ਟ ਦੇਵ ਭਗਵਾਨ, ਦੂਸਰ ਨਜ਼ਰ ਕੋਈ ਨਾ ਆਇੰਦਾ । ਜਿਸ ਦੇ ਚਰਨਾ ਹੇਠ ਕੋਟਨ ਕੋਟ ਰਾਮ ਕਰਨ ਪਰਨਾਮ, ਕੋਟਨ ਕੋਟ ਕ੍ਰਿਸ਼ਨ ਸੀਸ ਝੁਕਾਇੰਦਾ । ਜਿਸ ਦਾ ਕੋਟਨ ਕੋਟ ਪੀਰ ਪੈਗ਼ੰਬਰ ਸੁਣਨ ਕਲਾਮ, ਸੋ ਕਲਮਾ ਆਪ ਪੜ੍ਹਾਇੰਦਾ । ਜਿਸ ਨੂੰ ਕੋਟਨ ਕੋਟ ਕਰਨ ਸਲਾਮ, ਸੋ ਸਹੀ ਸਲਾਮਤ ਰੂਪ ਵਟਾਇੰਦਾ ।

ਜਿਸ ਨੂੰ ਆਦਿ ਜੁਗਾਦਿ ਮਨਮੁਖ ਲਗੌਂਦੇ ਰਹੇ ਅਲਜ਼ਾਮ, ਸੋ ਆਪਣੀ ਅਜ਼ਮਤ ਆਪ ਵਖਾਇੰਦਾ । ਜੋ ਜੁਗ ਜੁਗ ਜਨ ਭਗਤਾਂ ਬਣਿਆ ਰਿਹਾ ਗ਼ੁਲਾਮ, ਬਣ ਬਰਦਾ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰ ਆਪ ਜਣਾਇੰਦਾ । ਸਾਚੀ ਧਾਰਾ ਹਰਿ ਕਰਤਾਰਾ, ਲੋਕਮਾਤ ਟਿਕਾਈਆ । ਆਪਣਾ ਗੁਣ ਆਪ ਵਿਚਾਰਾ, ਜਗਤ ਵਿਦਿਆ ਨਾ ਕੋਈ ਪੜ੍ਹਾਈਆ । ਸਚਖੰਡ ਬਣੇ ਇਕ ਦਵਾਰਾ, ਨੌ ਖੰਡ ਪ੍ਰਿਥਮੀ ਰੁਸ਼ਨਾਈਆ । ਮੰਦਰ ਮਸੀਤ ਪਾਰ ਕਿਨਾਰਾ, ਗੁਰੂਦਵਾਰ ਨਾ ਕੋਈ ਵਡਿਆਈਆ । ਅਠਸਠ ਤੀਰਥ ਨਾ ਕੋਈ ਸਹਾਰਾ, ਸਾਚਾ ਨੀਰ ਨਾ ਕੋਈ ਪਿਆਈਆ । ਬਿਨ ਹਰਿ ਨਾਮੇ ਹੋਇਆ ਖਾਰਾ, ਅੰਮ੍ਰਿਤ ਰਸ ਨਾ ਕੋਈ ਵਖਾਈਆ । ਹਰਿ ਕਾ ਮੰਦਰ ਬਣਿਆ ਬਿਨ ਇੱਟਾਂ ਗਾਰਾ, ਬਾਢੀ ਕੋਇ ਨਾ ਜੜਤ ਜੜਾਈਆ । ਲੋਕਮਾਤ ਸਚ ਵਿਹਾਰਾ, ਪੁਰਖ ਅਬਿਨਾਸ਼ੀ ਵੇਸ ਵਟਾਈਆ । ਜਨ ਭਗਤਾਂ ਬਣਾਏ ਆਪ ਦਵਾਰਾ, ਨਿਰਗੁਣ ਹੋ ਹੋ ਸੇਵ ਕਮਾਈਆ । ਪੰਚਾਂ ਮੇਲ ਇਕ ਦਵਾਰਾ, ਪੂਰੀ ਇਛਿਆ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਪੈਜ ਰੱਖ ਰੱਖੇ ਯਾਦ, ਹਰਿ ਸਾਚਾ ਸਚ ਸੁਣਾਇੰਦਾ । ਤੁਹਾਡੇ ਪਿਛੇ ਲੋਕਮਾਤ ਸੁਣ ਫ਼ਰਯਾਦ, ਜਨ ਭਗਤਾਂ ਗਲੇ ਲਗਾਇੰਦਾ । ਬਿਨ ਨਾਮੇ ਦੇਵੇ ਆਪਣੀ ਦਾਦ, ਆਪਣਾ ਨਾਉਂ ਆਪ ਵਰਤਾਇੰਦਾ । ਮਿਹਰਵਾਨ ਮਿਹਰਵਾਨ ਮਿਹਰਵਾਨ ਕਰੇ ਸਾਚਾ ਲਾਡ, ਆਪਣੀ ਗੋਦ ਸੁਹਾਇੰਦਾ । ਲੱਖ ਚੁਰਾਸੀ ਵਿਚੋਂ ਕਾਢ, ਆਪਣੇ ਅੰਗ ਲਗਾਇੰਦਾ । ਮੇਲ ਮਿਲਾਵਾ ਮੋਹਣ ਮਾਧਵ ਮਾਧ, ਸਾਚੀ ਸਾਂਝ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਵਿਚੋਂ ਲਾਧ, ਹਰਿਜਨ ਆਪਣਾ ਆਪ ਪਰਗਟਾਇੰਦਾ । ਸਾਚਾ ਖੇਲ ਹਰਿ ਕਰੌਣਾ, ਉਂਨੀ ਕੱਤਕ ਵਡ ਵਡਿਆਈਆ । ਬੀਸ ਅਠਾਰਾਂ ਰੰਗ ਰੰਗੌਣਾ, ਸਚਖੰਡ ਵੱਜੀ ਵਧਾਈਆ । ਲੋਕਮਾਤ ਸੋਭਾ ਪੌਣਾ, ਸਚ ਸੰਦੇਸ਼ਾ ਰਿਹਾ ਜਣਾਈਆ । ਗੁਰ ਅਵਤਾਰਾਂ ਚਲ ਕੇ ਔਣਾ, ਬਣ ਬਣ ਪਾਂਧੀ ਰਾਹੀਆ । ਕਬੀਰ ਆਪਣਾ ਸੰਗ ਵਖੌਣਾ, ਭਗਤਾਂ ਨਾਲ ਮਿਲਾਈਆ । ਚਾਰ ਵਰਨ ਦਰ ਡੇਰਾ ਢਾਉਣਾ, ਝੂਠੀ ਕਿਰਪਾ ਦਏ ਖਪਾਈਆ । ਸਾਚਾ ਮੰਦਰ ਇਕ ਬਣੌਣਾ, ਨਾ ਕੋਈ ਵੰਡ ਵੰਡਾਈਆ । ਹਿੰਦੂ ਸਿੱਖ ਈਸਾਈ ਫੜ ਫੜ ਗਲੇ ਲਗੌਣਾ, ਬਖ਼ਸ਼ੇ ਚਰਨ ਸਰਨ ਰਘੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਨਕ ਲੇਖਾ ਪੂਰ ਕਰ, ਬਹੱਤਰ ਭਗਤ ਦਏ ਵਡਿਆਈਆ । ਬਹੱਤਰਾਂ ਦੇਵੇ ਏਕਾ ਮਾਣ, ਹਰਿ ਸੰਗਤ ਨਾਲ ਮਿਲਾਇਆ । ਬਲ ਤੇਰਾ ਇਕ ਮਕਾਨ, ਲੋਕਮਾਤ ਆਪ ਸੁਹਾਇਆ । ਸਤਰਾਂ ਕਰੇ ਆਪ ਪਹਿਚਾਨ, ਸਤਿ ਸਤਿਵਾਦੀ ਪਰਦਾ ਲਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਆਪ ਰੰਗਾਇਆ । ਸੱਤਰਾਂ ਅੰਦਰ ਸਤਿ ਧਾਰ, ਸਤਿ ਸਤਿਵਾਦੀ ਆਪ ਚਲਾਈਆ । ਸੱਤਰ ਸੱਤਰ ਜਨਮ ਦਾ ਗੇੜ ਨਿਵਾਰ, ਆਪਣੀ ਗੰਢ ਪੁਆਈਆ । ਸੱਤਰ ਸੱਤਰ ਕੁਲਾਂ ਕਰੇ ਪਾਰ, ਨੌ ਸੌ ਚੁਰਾਨਵੇਂ ਚੌਕੜੀ ਜੁਗ ਵੇਖ ਵਖਾਈਆ । ਸੱਤਰ ਸੱਤਰ ਦਏ ਅਧਾਰ, ਸਤਿ ਸੰਤੋਖ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਰਾਹ ਚਲਾਈਆ । ਸੱਤਰ ਸਾਤਾ ਸਿਫ਼ਰਾ ਮੂਲ, ਹਰਿ ਆਪਣਾ ਆਪ ਬਣਾਇਆ । ਸੱਤਰਾਂ ਅੰਦਰ ਸੁੱਤਾ ਬਿਨ ਪਾਵਾ ਚੂਲ, ਪਲੰਘ ਨਜ਼ਰ ਕੋਇ ਨਾ ਆਇਆ । ਬਿਨ ਬਰਖਾ ਬਰਖੇ ਫੂਲ, ਆਪ ਆਪਣੀ ਸੇਵ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲਹਿਣਾ ਆਪ ਚੁਕਾਇਆ । ਸਾਚੀ ਸੇਵਾ

ਕਰੇ ਗੋਬਿੰਦ, ਪੂਰਾ ਕਰੇ ਕੀਤਾ ਕੌਲ ਇਕ਼ਰਾਰਾ । ਭੁੱਲ ਨਾ ਜਾਏ ਗੁਣੀ ਗਹਿੰਦ, ਸਰਸੇ ਤੇਰਾ ਅੰਤ ਕਿਨਾਰਾ । ਸੱਤਰਾਂ ਮੰਗੀ ਇਕੋ ਓਟ ਹਉਂ ਗੋਬਿੰਦ ਤੇਰੀ ਬਿੰਦ, ਦੂਜਾ ਅਵਰ ਨਾ ਕੋਈ ਸਹਾਰਾ । ਮੰਗਦੇ ਸੇਵਾ ਵਿਚ ਸਾਗਰ ਸਿੰਧ, ਜਿਥੇ ਤੇਰਾ ਭੇਖ ਨਿਆਰਾ । ਸਾਨੂੰ ਵੇਖ ਨਾ ਸਕੇ ਰਾਜਾ ਇੰਦ, ਸ਼ਿਵ ਆਏ ਨਾ ਚਲ ਦਵਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਖੇਲ ਅਗੰਮ ਅਪਾਰਾ । ਗੋਬਿੰਦ ਅੰਤ ਸੁਣਾਇੰਦਾ, ਨਿਸ਼ਅੱਖਰ ਆਪੇ ਬੋਲ । ਪੁਰਖ ਅਕਾਲ ਦੀ ਝੋਲੀ ਪਾਇੰਦਾ, ਕੀਤਾ ਸੱਚਾ ਕੌਲ । ਸਰਸਾ ਭੇਟ ਚੜ੍ਹਾਇੰਦਾ, ਰਹਿਣਾ ਇਕ ਅਡੋਲ । ਅੰਤਮ ਮੇਲਾ ਮੇਲ ਮਿਲਾਇੰਦਾ, ਤੋਲਾਂ ਪੂਰਾ ਤੋਲ । ਪੁਰਖ ਅਬਿਨਾਸ਼ੀ ਨਾਲ ਲਿਆਇੰਦਾ, ਨਾ ਮਾਰੇ ਕਦੇ ਰੋਲ । ਚਰਨ ਪ੍ਰੀਤੀ ਜੋ ਘੋਲ ਘੁਮਾਇੰਦਾ, ਅੰਤਮ ਪਰਦਾ ਦੇਵੇ ਖੋਲ੍ਹ । ਸਚ ਦਵਾਰੇ ਸੋਲਾਂ ਕਲਾ ਕ੍ਰਿਸ਼ਨ ਨੈਣ ਸ਼ਰਮਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਨਮੋਲ । ਖੇਲ ਅਵੱਲਾ ਗੁਰ ਗੁਰ ਧਾਰ, ਆਪਣਾ ਆਪ ਜਣਾਇੰਦਾ । ਪਹਿਲਾਂ ਸਿੱਖ ਕਰ ਅਰਦਾਸ, ਗੁਰ ਅਗੇ ਸੀਸ ਝੁਕਾਇੰਦਾ । ਕਵਣ ਵੇਲਾ ਕਰੇ ਬੰਦ ਖ਼ੁਲਾਸ, ਨਿਤ ਨਿਤ ਤੇਰਾ ਅਰਦਾਸਾ ਕਰਿਆ ਨਾ ਜਾਇੰਦਾ । ਮੈਂ ਵਸਾਂ ਤੇਰੇ ਪਾਸ, ਦੂਜਾ ਘਰ ਨਾ ਮੋਹੇ ਭਾਇੰਦਾ । ਵੇਲੇ ਅੰਤ ਨਾ ਕਰੀਂ ਨਿਰਾਸ, ਏਕਾ ਮੰਗ ਮੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਮਿਹਰ ਮਿਹਰ ਨਜ਼ਰ ਆਪ ਟਿਕਾਇੰਦਾ । ਪੁਰਖ ਅਬਿਨਾਸ਼ੀ ਮਿਹਰਵਾਨ, ਗੁਰ ਗੋਬਿੰਦ ਵਿਚ ਸਮਾਈਆ । ਗੋਬਿੰਦ ਬਣ ਬਣ ਦੇਵੇ ਦਾਨ, ਭੇਵ ਕੋਇ ਨਾ ਪਾਈਆ । ਆਪੇ ਪਿਤਾ ਆਪੇ ਪੁਤ ਕਰੇ ਖੇਲ ਸ੍ਰੀ ਭਗਵਾਨ, ਵਲ ਛਲ ਖੇਲ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਏਕਾ ਹੁਕਮ ਸੁਣਾਈਆ । ਸਚ ਸੰਦੇਸ਼ਾ ਗੋਬਿੰਦ ਪੂਰਾ, ਗੁਰ ਸਤਿਗੁਰ ਆਪ ਸੁਣਾਇੰਦਾ । ਤੇਰਾ ਅਰਦਾਸਾ ਹੋਏ ਪੂਰਾ, ਵੇਲਾ ਵਕ਼ਤ ਸਮਝਾਇੰਦਾ । ਤੇਰੇ ਅੰਦਰ ਆਏ ਜੋਤੀ ਨੂਰਾ, ਭੇਵ ਕੋਈ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਬਚਨ ਆਪ ਜਣਾਇੰਦਾ । ਸਾਚਾ ਬਚਨ ਅੰਤਮ ਕੌਲ, ਗੁਰ ਗੋਬਿੰਦ ਆਪ ਜਣਾਈਆ । ਦੇਵਾਂ ਵਡਿਆਈ ਉਪਰ ਧੌਲ, ਧਰਨੀ ਭਾਗ ਲਗਾਈਆ । ਪੰਜ ਤੱਤ ਤੇਰੇ ਅੰਦਰ ਜਾਏ ਮੌਲ, ਆਪਣੀ ਖੇਲ ਖਿਲਾਈਆ । ਪੁਰਖ ਅਬਿਨਾਸ਼ੀ ਆਪਣਾ ਅੰਮ੍ਰਿਤ ਦੇਵੇ ਸਾਚੀ ਪਾਹੁਲ, ਪਿਆਵਣਹਾਰ ਨਜ਼ਰ ਨਾ ਆਈਆ । ਅਠਾਈ ਸਾਲ ਰਹਿਣਾ ਅਨਭੋਲ, ਅਠਾਈ ਕੁੰਡਾ ਨਾਲ ਮਿਲਾਈਆ । ਪੁਰਖ ਅਬਿਨਾਸ਼ੀ ਆਪਣਾ ਤੋਲੇ ਫੇਰ ਤੋਲ, ਸਾਚਾ ਕੰਡਾ ਹੱਥ ਉਠਾਈਆ । ਨਿਰਗੁਣ ਸਰਗੁਣ ਅੰਦਰ ਵਜਾਏ ਢੋਲ, ਮਾਤ ਪੂਤ ਕਰੇ ਰੁਸ਼ਨਾਈਆ । ਤੇਰਾ ਪੂਤ ਅਰਦਾਸਾ ਕਰੇ ਨਾ ਕਿਸੇ ਕੋਲ, ਘਰ ਬੈਠਾ ਰਹੇ ਸੱਚਾ ਸ਼ਹਿਨਸ਼ਾਹੀਆ । ਸੱਤਰਾਂ ਰੱਖੇ ਤੇਰਾ ਮੂਲ, ਸਤਿ ਸਤਿਵਾਦੀ ਹੋਏ ਸਹਾਈਆ । ਏਕਾ ਬੰਨ ਕੇ ਚਲਿਆ ਅਸੂਲ, ਅਸਲ ਆਪਣਾ ਵਿਚ ਛੁਪਾਈਆ । ਕਲਜੁਗ ਅੰਤਮ ਮਿਲੇ ਮਾਸੂਲ, ਚੁੰਗੀਖ਼ਾਨਾ ਤੇਰਾ ਗੜ੍ਹ ਬਣਾਈਆ । ਜੋ ਤੇਰੇ ਸੁਤ ਕਰੇ ਕ਼ਬੂਲ, ਤਿਸ ਸ਼ਾਹ ਪਾਤਸ਼ਾਹ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਰਸਾ ਕਿਨਾਰੇ ਦਿਤਾ ਵਰ, ਸਿੰਘ ਵੀਰ ਨਾ ਜਾਣਾ ਡਰ, ਲੋਕਮਾਤ ਤੇਰਾ ਉਪਜੇ ਪੰਜ ਤੱਤ ਕਾਇਆ ਗੜ੍ਹ, ਗੜ੍ਹ ਸਾਚਾ ਆਪ ਬਣਾਈਆ । ਨਾਰੀ ਰੂਪ ਹੋਏ ਮਿਲੇ ਵਰ, ਗੁਣ ਅਵਗੁਣ ਨਾ ਕੋਈ ਜਣਾਈਆ । ਬਿਸ਼ਨ ਕੌਰ ਨਾਮ ਧਰ, ਸਿੰਘ ਪੂਰਨ ਕੁੱਖ ਸੁਹਾਈਆ । ਸੱਤਰਾਂ ਫੜਾਏ ਏਕਾ ਲੜ, ਬਸੰਤ ਕੌਰ ਨਾਲ ਵਡਿਆਈਆ ।

੧੪੧੭
੧੦

ਜੀਵਣ ਸਿੰਘ ਭੁੱਲਾ ਜਾਏ ਤਰ, ਭੁੱਲਿਆਂ ਮਾਰਗ ਪਾਈਆ । ਸਿੰਘ ਜਸਬੀਰ ਛੋਟਾ ਬਾਲਾ ਲਏ ਫੜ, ਟੁਟੀ ਗੰਢ ਵਖਾਈਆ । ਭਗਵਾਨ ਸਿੰਘ ਦੇਵੇ ਵਰ, ਜ਼ਾਤ ਪਾਤ ਨਾ ਕੋਈ ਰਖਾਈਆ । ਸਿੰਘ ਹਰਭਜਨ ਬੰਨ੍ਹੇ ਲੜ, ਬਚਨ ਸਿੰਘ ਮੇਲ ਮਿਲਾਈਆ । ਸਿੰਘ ਅਮਰੀਕ ਜਾਏ ਤਰ, ਸਿੰਘ ਮੱਸਾ ਖ਼ੁਸ਼ੀ ਮਨਾਈਆ । ਸਿੰਘ ਸਰੈਣ ਮਿਲਿਆ ਨਰ, ਇੰਦਰ ਸਿੰਘ ਰੰਗ ਚੜ੍ਹਾਈਆ । ਸਿੰਘ ਮੋਹਣ ਚੁੱਕੇ ਡਰ, ਊਧਮ ਸਿੰਘ ਸਿੰਘ ਰੁਸ਼ਨਾਈਆ । ਸਿੰਘ ਗੁਰਬਚਨ ਤਰਨੀ ਜਾਏ ਤਰ, ਤੇਜਾ ਸਿੰਘ ਖ਼ੁਸ਼ੀ ਮਨਾਈਆ । ਹੀਰਾ ਨੰਦ ਮਰਨੀ ਨਾ ਜਾਏ ਮਰ, ਸਿੰਘ ਈਸ਼ਰ ਗੀਤ ਗੋਬਿੰਦ ਅਲਾਈਆ । ਸਮੁੰਦ ਸਿੰਘ ਮਿਲੇ ਵਰ, ਮਨੀ ਰਾਮ ਰੰਗ ਚੜ੍ਹਾਈਆ । ਹਰਬੰਸ ਕੌਰ ਏਕਾ ਅੱਖਰ ਲਿਆ ਪੜ੍ਹ, ਅੱਠੇ ਪਹਿਰ ਖ਼ੁਸ਼ੀ ਮਨਾਈਆ । ਸਿੰਘ ਦਲੀਪ ਲਗਾਈ ਜੜ੍ਹ, ਸਿੰਘ ਦਲੀਪ ਹੋਏ ਰੁਸ਼ਨਾਈਆ । ਸਿੰਘ ਕਰਤਾਰ ਕਿਰਪਾ ਕਰ, ਮੰਗਲ ਸਿੰਘ ਗੋਦ ਬਹਾਈਆ । ਸਿੰਘ ਹਰਬੰਸ ਨੁਹਾਏ ਸਾਚੇ ਸਰ, ਸਿੰਘ ਬਲਵੰਤ ਨਾਲ ਮਿਲਾਈਆ । ਸਿੰਘ ਸਵਰਨ ਚੁੱਕੇ ਡਰ, ਮਹਿੰਦਰ ਸਿੰਘ ਭੇਵ ਨਾ ਕੋਈ ਰਖਾਈਆ । ਚਰਨ ਸਿੰਘ ਚਰਨ ਸੀਸ ਲਏ ਧਰ, ਬਚਨ ਸਿੰਘ ਬਚਨ ਅਮੋਲਕ ਏਕਾ ਗਾਈਆ । ਮੇਲਾ ਸਿੰਘ ਨਾ ਜਾਏ ਮਰ, ਦਿਦਾਰ ਸਿੰਘ ਦਰਸ ਚਾਈਂ ਚਾਈਂਆ । ਦਲੀਪ ਸਿੰਘ ਲੱਗੀ ਜੜ੍ਹ, ਪਿਆਰਾ ਸਿੰਘ ਹੋਈ ਕੁੜਮਾਈਆ । ਮਾਝੇ ਤੇਰੀ ਟੁੱਟੀ ਗੰਢੀ, ਅੱਧੀ ਵੰਡ ਤੇਰੀ ਝੋਲੀ ਪਾਈਆ । ਉਂਨੀ ਕਤਕ ਜਿਸ ਦਾ ਫੜਿਆ ਲੜ, ਛੁੱਟ ਕਦੇ ਨਾ ਜਾਈਆ । ਪਾਰ ਕਿਨਾਰਾ ਦੇਵੇ ਕਰ, ਪਾਰਬ੍ਰਹਮ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਮਿਲਾਈਆ । ਹਰਿਜਨ ਸਾਚਾ ਮੇਲਿਆ, ਸਿੰਘ ਸੀਤਲ ਸੀਤਲ ਧਾਰ । ਅਰਜਨ ਸਿੰਘ ਆਵਣ ਜਾਵਣ ਚੁਕਿਆ ਗੇੜਿਆ, ਕਰਮ ਸਿੰਘ ਕਰ ਪਿਆਰ । ਮੁਕੰਦ ਸਿੰਘ ਚਾਓ ਘਨੇਰਿਆ, ਸਿੰਘ ਦਰਬਾਰਾ ਨਾ ਆਏ ਹਾਰ । ਭਾਗ ਸਿੰਘ ਵਸੇ ਖੇੜਿਆ, ਸਿੰਘ ਮੁਖਤਿਆਰ ਕਰੇ ਪਿਆਰ । ਸਿੰਘ ਮਾਧੋ ਗੇੜਾ ਗੇੜਿਆ, ਸਿੰਘ ਨਿਰੰਜਣ ਕਰੇ ਉਜਿਆਰ । ਸਿੰਘ ਧੰਨਾ ਨਾ ਢਾਏ ਢੇਰਿਆ, ਹਰਬੰਸ ਸਿੰਘ ਦੇਵੇ ਇਕ ਸਹਾਰ । ਹਰਬੰਸ ਸਿੰਘ ਚੁਕੇ ਮੇਰਾ ਤੇਰਿਆ, ਮਿਹਰ ਸਿੰਘ ਕਰ ਵਿਚਾਰ । ਸਰਵਣ ਸਿੰਘ ਲੱਖ ਚੁਰਾਸੀ ਵਿਚੋਂ ਆਪ ਨਿਖੇੜਿਆ, ਆਪ ਆਪਣੀ ਕਿਰਪਾ ਧਾਰ । ਪੁਰਖ ਅਬਿਨਾਸ਼ੀ ਬੱਧਾ ਬੇੜਿਆ, ਕਲਜੁਗ ਤੇਰੀ ਅੰਤਮ ਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਪਰ ਅਪਾਰਾ । ਸਚ ਖੇਲ ਹਰਿ ਕਰਤਾਰ, ਆਪਣੀ ਆਪ ਕਰਾਇੰਦਾ । ਕੁਲਦੀਪ ਕੌਰ ਕਰ ਤਿਆਰ, ਸਚ ਸਪੁਤ੍ਰੀ ਨਾਲ ਮਿਲਾਇੰਦਾ । ਸਿੰਘ ਸੇਵਾ ਦਏ ਅਧਾਰ, ਆਪ ਆਪਣੀ ਬੂਝ ਬੁਝਾਇੰਦਾ । ਹਰਚਰਨ ਸਿੰਘ ਇਕ ਪਿਆਰ, ਹਰਿ ਚਰਨ ਸਿੰਘ ਰੰਗ ਰੰਗਾਇੰਦਾ । ਸਤਵੰਤ ਕੌਰ ਉਤਰੇ ਪਾਰ, ਸਿੰਘ ਪਾਲ ਗੰਢ ਰਖਾਇੰਦਾ । ਪ੍ਰੀਤਮ ਸਿੰਘ ਵਣਜ ਵਪਾਰ, ਲਾਲ ਸਿੰਘ ਹੱਟ ਵਿਕਾਇੰਦਾ । ਮੱਸਾ ਸਿੰਘ ਕਰ ਸ਼ਿੰਗਾਰ, ਖਿਆਲ ਸਿੰਘ ਜੋਬਨ ਆਪ ਹੰਢਾਇੰਦਾ । ਕਰੇ ਖੇਲ ਸੱਚੀ ਸਰਕਾਰ, ਸਾਕੀ ਬਣ ਬਣ ਜਾਮ ਪਿਆਇੰਦਾ । ਸਾਚਾ ਮੰਦਰ ਕਰ ਤਿਆਰ, ਸਾਚੇ ਸੱਜਣ ਸੇਵ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੇ ਮੇਲ ਮਿਲਾਇੰਦਾ । ਮੇਲ ਮਿਲਾਵਾ ਹਰਿ ਨਿਰੰਕਾਰ, ਪਰਕਾਸ਼ ਚੰਦ ਦਏ ਵਡਿਆਈਆ । ਰਾਮ ਚੰਦ ਦਏ ਅਧਾਰ, ਪ੍ਰੇਮ ਚੰਦ ਨਾਲ ਮਿਲਾਈਆ । ਸਿੰਘ ਸ਼ਿਵ ਉਤਰੇ ਪਾਰ, ਗੂੜਾ ਰਾਮ ਰੰਗ ਵਖਾਈਆ । ਸਿੰਘ ਬੇਲਾ ਬੇਲੀ ਬਣਿਆ ਆਪ ਕਰਤਾਰ, ਅੰਗਰੇਜ ਸਿੰਘ ਆਪਣੇ ਰੰਗ ਵਖਾਈਆ । ਗਿਆਨ ਚੰਦ ਡੁੱਬਦਾ ਬੇੜਾ ਲਾਏ ਪਾਰ, ਸਿੰਘ ਸਰਦਾਰਾ

੧੪੧੮

ਹੋਏ ਸਹਾਈਆ । ਅਵਤਾਰ ਸਿੰਘ ਸਚ ਵਿਹਾਰ, ਹਰਿ ਸਾਚਾ ਸਚ ਸਮਝਾਈਆ । ਹਰਦਿਤ ਸਿੰਘ ਮਿਲੇ ਆਪ ਨਿਰੰਕਾਰ, ਬਿਨ ਨੇਤਰ ਦਰਸਨ ਪਾਈਆ । ਸਤਰਾਂ ਨਾਲ ਇਕ ਪਿਆਰ, ਸਤਿ ਸਤਿਵਾਦੀ ਆਪ ਰਖਾਈਆ । ਸੱਤਰਾਂ ਸੱਤਰ ਸਚ ਵਿਹਾਰ, ਸਾਚੀ ਸੇਵਾ ਬੂਝ ਬੁਝਾਈਆ । ਛੱਬੀ ਪੋਹ ਉਚੇ ਮੰਦਰ ਚੜ੍ਹ ਮਿਨਾਰ, ਚੁਹੱਤਰਾਂ ਲਏ ਮਾਤ ਪਰਗਟਾਈਆ । ਪੰਜਾਂ ਪਿਆਰਿਆਂ ਰਹਿਣਾ ਖ਼ਬਰਦਾਰ, ਸ਼ਬਦ ਸੰਦੇਸ਼ਾ ਰਿਹਾ ਸੁਣਾਈਆ । ਨਾਲ ਰਲੌਣਾ ਸਿੰਘ ਗਿਰਧਾਰਾ ਯਾਰ, ਤਾਰਾ ਸਿੰਘ ਮੇਲ ਮਿਲਾਈਆ । ਕਿਸ਼ਨ ਸਿੰਘ ਕਰ ਵਿਚਾਰ, ਪੱਲੂ ਸਿੰਘ ਨਾਜ਼ਰ ਹੱਥ ਫੜਾਈਆ । ਪੰਚਾਂ ਬਾੜੀਆਂ ਦੇਵੇ ਪਿਆਰ, ਸਿਰ ਆਪਣਾ ਹੱਥ ਟਿਕਾਈਆ । ਪੰਜੇ ਰਖਾਏ ਸਲਾਹਕਾਰ, ਲੋਕਮਾਤ ਗੁਣ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਦਇਆ ਆਪ ਕਮਾਈਆ ।

## ★★ ਜੇਠੂਵਾਲ ਦਰਵਾਰ ★★

### ★ ੧੯ ਕਤਕ ੨੦੧੮ ਬਿਕ੍ਰਮੀ ਭਗਤ ਦਵਾਰ ਦੀ ਨੀਹ ਦੀ ਇੱਟ ਰੱਖਣ ਸਮੇਂ ਸ਼ਬਦ ★

ਪਾਲ ਸਿੰਘ ਲੱਲੀਆਂ ਵਾਲੇ ਨੂੰ ਸੱਤ ਸਾਲ ਪਹਿਲਾਂ ਇਕ ਰੁਪਿਆ ਦਿਤਾ ਸੀ । ਉਸ ਨੂੰ ਥੱਲੇ ਨੀਂਹ ਵਿਚ ਪੂਰਨ ਸਿੰਘ ਦੇ ਮਸਤਕ ਵਿਚੋਂ ਲਹੂ
ਕੱਢ ਕੇ ਦੱਬਿਆ ਅਤੇ ਬਹੱਤਰ ਭਗਤਾਂ ਦੀ ਯਾਦ ਵਿਚ ਸਚਖੰਡ ਨਿਵਾਸੀ ਸ੍ਰੀ ਪਾਲ ਸਿੰਘ ਜੀ, ਕਾਕਾ ਮਨਜੀਤ ਸਿੰਘ,
ਕਾਕਾ ਜਗਦੀਸ਼ ਸਿੰਘ, ਕਾਕਾ ਸਵਰਨ ਸਿੰਘ, ਸ੍ਰੀ ਗੁਰਦਿਆਲ ਸਿੰਘ ਜੀ ਦਾ ਜੀਵਨ ਦਾਨ ਦਿਤਾ ।

ਧਰਨੀ ਧਵਲ ਸੁਣ ਪੁਕਾਰ, ਹਰਿ ਸਤਿਗੁਰ ਦਇਆ ਕਮਾਈਆ । ਮੜੀ ਗੋਰ ਪਾਵੇ ਸਾਰ, ਵੇਖੇ ਥਾਉਂ ਥਾਈਆ । ਜ਼ੋਰ ਜ਼ਰ ਕਰੇ ਖ਼ਵਾਰ, ਲੋਕਮਾਤ ਜਗਤ ਲੜਾਈਆ । ਸ਼ਾਹ ਪਾਤਸ਼ਾਹ ਦੇਵੇ ਹਾਰ, ਖ਼ਾਕੀ ਖ਼ਾਕ ਮਿਲਾਈਆ । ਅੰਤ ਰੋਵਣ ਨਾਰੀ ਨਾਰ, ਨੇਤਰ ਨੈਣਾਂ ਨੀਰ ਵਹਾਈਆ । ਧੀਰਜ ਦੇਵੇ ਨਾ ਕੋਈ ਵਿਚ ਸੰਸਾਰ, ਭੁੱਲੀ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਰਿਹਾ ਸਮਝਾਈਆ । ਸਾਚਾ ਹੁਕਮ ਸ਼ਾਹ ਸੁਲਤਾਨ, ਆਪਣਾ ਆਪ ਜਣਾਇੰਦਾ । ਹਰਿ ਸੰਗਤ ਸਤਿ ਕਰ ਧਿਆਨ, ਸਾਚਾ ਰਾਹ ਆਪ ਵਖਾਇੰਦਾ । ਇਕੋ ਸ਼ਬਦ ਇਕ ਗਿਆਨ, ਦੂਜਾ ਅੱਖਰ ਨਾ ਕੋਈ ਪੜ੍ਹਾਇੰਦਾ । ਏਕਾ ਮੰਦਰ ਇਕ ਮਕਾਨ, ਏਕਾ ਘਰ ਵਖਾਇੰਦਾ । ਏਕਾ ਗੁਰੂ ਕਰੇ ਕਲਿਆਣ, ਗੁਰ ਸ਼ਬਦੀ ਨਾਉਂ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰ ਆਪ ਚਲਾਇੰਦਾ । ਸਾਚੀ ਧਾਰ ਸਾਚੀ ਨਈਆ, ਸੋ ਪੁਰਖ ਨਿਰੰਜਣ ਆਪ ਚਲਾਈਆ । ਸਤਿ ਸਾਲ ਪਿਛੋਂ ਮੰਗਿਆ ਇਕ ਰੁਪਿਆ, ਜੋ ਸਿੰਘ ਪਾਲ ਹੱਥ ਫੜਾਈਆ । ਕਲਜੁਗ ਨਾਤਾ ਭੈਣਾਂ ਭਈਆ, ਪੁਰਖ ਅਬਿਨਾਸ਼ੀ ਨਾ ਕੋਈ ਧਿਆਈਆ । ਨਾਰੀ ਪੁਰਖ ਇਕ ਦੂਜੇ ਦੀਆਂ ਫੜ ਫੜ ਬਹੀਆਂ, ਜਗਤ ਖ਼ੁਸ਼ੀ ਰਹੇ ਮਨਾਈਆ । ਅੰਤ ਸਾਰ ਕੋਇ ਨਾ ਲਈਆ, ਜੂਨੀ ਜੂਨ ਭਵਾਈਆ । ਚਿਤਰ ਗੁਪਤ ਕੱਢੇ ਵਹੀਆ, ਰਾਏ ਧਰਮ ਦਏ ਸਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਦਏ ਸਮਝਾਈਆ । ਏਹ ਧਨ ਮਾਇਆ ਝੂਠੀ ਛਾਇਆ, ਲੋਕਮਾਤ ਨਾ ਕੋਈ

ਵਡਿਆਇੰਦਾ । ਰਾਜ ਰਾਜਾਨ ਜਿਸ ਨੇ ਖਾਇਆ, ਖਾ ਖਾ ਸ਼ੁਕਰ ਫੇਰ ਮਨਾਇੰਦਾ । ਸੂਰਬੀਰਾਂ ਜਿਸ ਸਿਰ ਕਟਾਇਆ, ਸੋ ਰੁਪਿਆ ਹੱਥ ਨਾ ਕਿਸੇ ਆਇੰਦਾ । ਜਿਸ ਦੇ ਪਿਛੇ ਉਚੀ ਕੂਕ ਕੂਕ ਪ੍ਰਭ ਅਬਿਨਾਸ਼ੀ ਗਾਇਆ, ਸੋ ਅੰਤਮ ਖੇਹ ਮਿਲਾਇੰਦਾ । ਜਿਸ ਦੇ ਪਿਛੇ ਸਾਧ ਸੰਤ ਗੁਰ ਪੀਰ ਅਵਤਾਰ ਮਨਾਇਆ, ਵੇਲੇ ਅੰਤ ਨਾ ਕੋਈ ਛੁਡਾਇੰਦਾ । ਪੁਰਖ ਅਬਿਨਾਸ਼ੀ ਕਲਜੁਗ ਅੰਤਮ ਆਪਣੀ ਦਇਆ ਆਪ ਕਮਾਇਆ, ਜਗਤ ਮਾਇਆ ਗੁਰਮੁਖਾਂ ਚਰਨਾਂ ਹੇਠ ਰਖਾਇੰਦਾ । ਭਗਤ ਦਵਾਰੇ ਥੱਲੇ ਦਏ ਚਿਣਾਇਆ, ਉਪਰ ਆਪਣੀ ਹੱਥੀਂ ਨਿਸ਼ਾਨ ਲਗਾਇਆ ਨਾ ਕੋਈ ਫੇਰ ਬਾਹਰ ਕਢਾਇੰਦਾ । ਸਿੰਘ ਗੁਰਦਿਆਲ ਦੀ ਝੋਲੀ ਪਾਈ ਤ੍ਰੈਗੁਣ ਮਾਇਆ, ਜਗਤ ਮਾਇਆ ਨਾਲ ਵਖਾਇੰਦਾ । ਪ੍ਰਭ ਦੀ ਇਕੋ ਇਕ ਸਾਇਆ, ਜਿਸ ਦਾ ਦਿਤਾ ਸਭ ਕੋਈ ਪੀਂਦਾ ਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਰਾਹ ਚਲਾਇੰਦਾ । ਜਗਤ ਰੋਵੇ ਪੁਤ ਪਿਆਰ, ਉਚੀ ਕੂਕ ਕੂਕ ਕੁਰਲਾਈਆ । ਮਾਂ ਰੋਵੇ ਕਰੇ ਵਿਚਾਰ, ਮੇਰਾ ਬਾਲਾ ਨਜ਼ਰ ਨਾ ਆਈਆ । ਪਿਤਾ ਕਹੇ ਮੇਰਾ ਸਰਦਾਰ, ਮੁੜ ਘਰ ਨਾ ਫੇਰਾ ਪਾਈਆ । ਸੱਜਣ ਕਹਿਣ ਸਾਡਾ ਵਿਛੜਿਆ ਯਾਰ, ਕਵਣ ਬਹਿ ਬਹਿ ਮਜਲਸਾਂ ਲਾਈਆ । ਨਾਰੀ ਰੋਵੇ ਨੇਤਰ ਨੈਣਾਂ ਧਾਰ, ਛਹਿਬਰ ਇਕ ਵਖਾਈਆ । ਮੇਰੀ ਸੇਜਾ ਸੁੰਞੀ ਹੋਈ ਵਿਚ ਸੰਸਾਰ, ਅੰਗੀ ਅੰਗ ਨਾ ਕੋਈ ਰਖਾਈਆ । ਭੈਣ ਭਰਾਵਾਂ ਕਰੇ ਪਿਆਰ, ਸਿਰ ਦੇ ਖੋਵੇ ਕੇਸ, ਦਰ ਦਰਵੇਸ਼ ਬਣ ਬਣ ਆਪਣੀ ਜਾਨ ਰੁਲਾਈਆ । ਅੰਤਮ ਸਾਰੇ ਕਹਿਣ ਪ੍ਰਭ ਅਗੇ ਨਾ ਚਲੇ ਕੋਈ ਪੇਸ਼, ਆਪਣੀ ਹੱਥੀਂ ਅਗਨੀ ਦੇਣ ਲਗਾਈਆ । ਕੋਈ ਗਣਪਤ ਮਨਾਏ ਗਣੇਸ਼, ਕੋਈ ਬ੍ਰਹਮਾ ਵਿਸ਼ਨ ਧਿਆਏ ਨਾ ਸਕੇ ਕੋਈ ਛੁਡਾਈਆ । ਕੋਈ ਗੁਰ ਅਵਤਾਰਾਂ ਕਰੇ ਆਦੇਸ, ਕੋਈ ਪੜ੍ਹ ਪੜ੍ਹ ਥੱਕੇ ਵੇਦ, ਪੁਰਾਨ ਅਠਾਰਾਂ ਕੋਈ ਗਾਈਆ । ਕੋਈ ਕਹੇ ਪਾਂਧੇ ਮੇਰੀ ਪੱਤਰੀ ਵੇਖ, ਮੇਰੀ ਮਿਟਦੀ ਜਾਏ ਰੇਖ, ਮੇਰਾ ਲੇਖਾ ਕਵਣ ਮੁਕਾਈਆ । ਕੋਈ ਕਹੇ ਮੇਰਾ ਹੋਏ ਸਹਾਈ, ਵਿਸ਼ਨੂੰ ਬਾਸ਼ਕ ਸੁਤਾ ਸ਼ੇਸ਼, ਅਸ਼ਟਭੁਜ ਜਗਤ ਭਵਾਨੀ ਮੇਰੀ ਵਾਗ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪਣੇ ਹੱਥ ਰਖਾਈਆ । ਕੋਈ ਕਹੇ ਤਾਰੇ ਭਗਤ, ਸੰਤ ਅਗੇ ਸੀਸ ਝੁਕਾਇੰਦਾ । ਕੋਈ ਕਹੇ ਗੁਰੂ ਤਾਰਨ ਆਇਆ ਜਗਤ, ਫੜ ਚਰਨਾਂ ਓਟ ਤਕਾਇੰਦਾ । ਕੋਇ ਕਹੇ ਵੇਦ ਦੱਸੇ ਸਾਚਾ ਮੰਤ, ਮਨਵੰਤਰ ਭੇਵ ਖੁਲ੍ਹਾਇੰਦਾ । ਹਰਿ ਕਾ ਭੇਵ ਸਦਾ ਬੇਅੰਤ, ਆਦਿ ਅੰਤ ਨਾ ਕੋਈ ਜਣਾਇੰਦਾ । ਬਿਨ ਨਾਰੀ ਰੋਵੇ ਕੰਤ, ਕੰਤ ਨਾਰ ਬਿਨਾਂ ਕੁਰਲਾਇੰਦਾ । ਸਦਾ ਸਹੇਲਾ ਇਕੋ ਸੰਤ, ਸਗਲਾ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਮਾਰਗ ਆਪ ਸਮਝਾਇੰਦਾ । ਪੁੱਤਰ ਪਿਛੇ ਰੋਵੇ ਜਗ, ਆਪਣੀ ਜਾਗ ਖੁਲ੍ਹਾਈਆ । ਪੁੱਤਰ ਪਿਛੇ ਸੜਨ ਕਾਇਆ ਅੱਗ, ਅਗਨੀ ਅੱਗ ਵਧਾਈਆ । ਪੁੱਤਰ ਪਿਛੇ ਕਹਿਣ ਤੁੱਟਾ ਤਗ, ਨਾਤਾ ਜਗਤ ਨਜ਼ਰ ਨਾ ਆਈਆ । ਪੁੱਤ ਦਾ ਮੁਖ ਨਾ ਵੇਖਿਆ ਰੱਜ ਰੱਜ, ਅੰਤ ਰੋਵੇ ਬੁਢੀ ਮਾਈਆ । ਆਪਣੀ ਹੱਥੀ ਉਤੇ ਪਰਦਾ ਦੇਣ ਕਜ, ਮਿਲ ਭਾਈਆ ਦੇਣ ਨੁਹਾਈਆ । ਜੇਹੜੀ ਨਾਰ ਰਖੌਂਦੀ ਰਹੀ ਉਸਦੀ ਲਜ, ਸੋ ਜਹਾਂ ਨਾ ਸੰਗ ਨਿਭਾਈਆ । ਆਪਣਾ ਕੰਤ ਹਰਿ ਜੂ ਛੱਡ, ਜਗਤ ਵੇਸਵਾ ਰੂਪ ਵਟਾਈਆ । ਜਨ ਭਗਤਾਂ ਵਿਚੋਂ ਹੋਏ ਅੱਡ, ਨਾ ਸਕੇ ਫੇਰ ਮਿਲਾਈਆ । ਕਾਮ ਕ੍ਰੋਧ ਦੀ ਡਿਗੀ ਡੂੰਘੀ ਖੱਡ, ਅੰਧੇਰਾ ਸਕੇ ਨਾ ਕੋਈ ਮਿਟਾਈਆ । ਬਾਲਣ ਹੋਇਆ ਹੱਡੀਆਂ ਹੱਡ, ਚਿਖਾ ਤ੍ਰਿਸ਼ਨਾ ਰੂਪ ਜਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

੧੪੨੦
੧੦

ਸਾਚੀ ਸਿਖਿਆ ਇਕ ਸਮਝਾਈਆ ਜਿਸ ਪੁਤਰ ਦਾ ਕਰੋ ਪਿਆਰ, ਸੋ ਕੰਮ ਕਿਸੇ ਨਾ ਆਇਆ । ਜਿਸ ਸੱਜਣ ਦੀ ਕਰੋ ਵਿਚਾਰ, ਸੋ ਸੱਜਣ ਪੱਲੂ ਲਏ ਛੁਡਾਇਆ । ਜਿਸ ਕੰਤ ਦਾ ਕਹੋ ਸਹਾਰ, ਸੋ ਕੰਤ ਦੇਵੇ ਧੱਕਾ ਲਾਇਆ । ਅੰਤ ਬੇੜਾ ਨਾ ਪਾਰ ਨਾ ਉਰਾਰ, ਮੰਝਧਾਰ ਵੇਖ ਵਖਾਇਆ । ਚਾਰ ਜੁਗ ਡੁੱਬਦਾ ਰਿਹਾ ਸੰਸਾਰ, ਗੁਰਮੁਖ ਵਿਰਲਾ ਪਾਰ ਕਰਾਇਆ । ਕਲਜੁਗ ਆਈ ਅੰਤਮ ਵਾਰ, ਪੁਰਖ ਅਬਿਨਾਸ਼ੀ ਹੋਏ ਸਹਾਇਆ । ਕਬੀਰ ਜੁਲਾਹੇ ਸੁਣ ਪੁਕਾਰ, ਲੋਕਮਾਤ ਫੇਰਾ ਪਾਇਆ । ਨਾਨਕ ਗੋਬਿੰਦ ਪੈਜ ਸੁਆਰ, ਹਰਿਜਨ ਸਾਚੇ ਲਏ ਉਠਾਇਆ । ਅਠ ਦਸ ਕਰ ਖ਼ਵਾਰ, ਅਠਾਰਾਂ ਸਿਧਾਂ ਮੇਟ ਮਿਟਾਇਆ । ਨੌਂ ਨੌਂ ਦਏ ਪਾਰ ਉਤਾਰ, ਆਪ ਆਪਣੀ ਨਈਆ ਇਕ ਚਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਝੂਠਾ ਸੰਸਾ ਦਏ ਚੁਕਾਇਆ । ਵੀਹ ਸੌ ਦਸ ਬਿਕ੍ਰਮੀ ਸੋਲਾਂ ਮੱਘਰ, ਹਰਿ ਖ਼ਾਕ ਵੰਡ ਵੰਡਾਈਆ । ਉਂਨੀ ਕਤਕ ਆਪਣੀ ਪੂਰੀ ਕਰਕੇ ਸਧਰ, ਆਪਣੀ ਖ਼ੁਸ਼ੀ ਮਨਾਈਆ । ਲੇਖਾ ਜਾਣੇ ਨੌਂ ਖੰਡ ਖੰਡ ਭਦਰ, ਬੇਪਰਵਾਹ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖ਼ਾਕ ਆਪਣੇ ਹੱਥ ਰਖਾਈਆ । ਸਿੰਘ ਮਨਜੀਤ ਤੇਰੀ ਖ਼ਾਕ, ਅਠ ਸਾਲ ਗੰਢ ਰਖਾਈਆ । ਸਿੰਘ ਜਗਦੀਸ਼ ਤੇਰੀ ਰਾਖ, ਸੱਤ ਸਾਲ ਵੰਡ ਵੰਡਾਈਆ । ਧਰਤ ਮਾਤ ਤੇਰੀ ਇਛਿਆ ਭਾਖ, ਜਗਤ ਮਾਇਆ ਗੁਰਸਿਖ ਝੋਲੀ ਪਾਈਆ । ਆਪਣਾ ਵੇਲਾ ਰੱਖਿਆ ਆਪਣੇ ਹਾਥ, ਨਾ ਭੇਵ ਕਿਸੇ ਸਮਝਾਈਆ । ਸਿੰਘ ਗੁਰਦਿਆਲ ਵਿਕਿਆ ਸਾਚੇ ਹਾਟ, ਕਰਤਾ ਕ਼ੀਮਤ ਆਪੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲਹਿਣਾ ਦਏ ਮੁਕਾਈਆ । ਪੂਰਬ ਲਹਿਣਾ ਢਾਈ ਕਰਮਾਂ ਵੰਡ, ਬਲ ਬਾਵਨ ਖੇਲ ਖਿਲਾਇਆ । ਕਲਜੁਗ ਅੰਤਮ ਚੜ੍ਹਿਆ ਚੰਦ, ਬਿਨ ਚੰਦ ਹੋਏ ਰੁਸ਼ਨਾਇਆ । ਪੁਰਖ ਅਬਿਨਾਸ਼ੀ ਸਦਾ ਬਖ਼ਸ਼ੰਦ, ਆਪਣੀ ਬਖ਼ਸ਼ਿਸ਼ ਦਏ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਿਹਾੜਾ ਰਿਹਾ ਸੁਹਾਇਆ । ਸਚ ਦਿਹਾੜਾ ਢਾਈ ਮੁਠੀ ਖ਼ਾਕ, ਧਰਨੀ ਖ਼ਾਕ ਵਿਚ ਦਬਾਈਆ । ਛੱਤੀ ਜੁਗ ਦਾ ਟੁਟਾ ਨਾਤ, ਫਿਰ ਨਾਤਾ ਦਏ ਜੁੜਾਈਆ । ਜਨ ਭਗਤਾਂ ਬਣਿਆ ਸੱਜਣ ਸਾਕ, ਸਗਲਾ ਸੰਗ ਤਜਾਈਆ । ਜਿਸ ਦਾ ਕਰਦੇ ਰਹੇ ਪੂਜਾ ਪਾਠ, ਸੋ ਬਣ ਕੇ ਪਾਠੀ ਗੁਰਸਿਖ ਤੇਰੀ ਬਾਣੀ ਆਪ ਅਲਾਈਆ । ਤੇਰੇ ਪਿਛੇ ਆਪਣਾ ਪੂਰਾ ਕਰੇ ਘਾਟ, ਹਰਿ ਸੰਗਤ ਅੱਗੇ ਝੋਲੀ ਡਾਹੀਆ । ਸੱਤਰਾਂ ਦੇਵੇ ਸਾਚਾ ਸਾਥ, ਗੋਬਿੰਦ ਸੱਥਰ ਨਾਲ ਮਿਲਾਈਆ । ਕਰਨਹਾਰਾ ਕਰਕੇ ਜਾਏ ਪੂਰੀ ਆਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਸਾਚੀ ਖ਼ਾਕ ਨੀਹਾਂ ਹੇਠ ਦਬਾਈਆ । ਸਾਚੀ ਖ਼ਾਕ ਸਾਚੀ ਧੂੜ, ਧੂਆਂਧਾਰ ਮਿਟਾਇੰਦਾ । ਲੱਖ ਚੁਰਾਸੀ ਕੱਟਿਆ ਜੂੜ, ਝੂਠਾ ਬੰਧਨ ਮਾਤ ਤੁੜਾਇੰਦਾ । ਚਤੁਰ ਸੁਘੜ ਬਣਾਇਆ ਮੂਰਖ ਮੂੜ, ਸਿਰ ਆਪਣਾ ਹੱਥ ਟਿਕਾਇੰਦਾ । ਕਰ ਕਿਰਪਾ ਦੇਵੇ ਜੋਤੀ ਨੂਰ, ਨੂਰ ਨੂਰ ਨਾਲ ਮਿਲਾਇੰਦਾ । ਜਿਸ ਘਰ ਜਾਏ ਸਾਹਿਬ ਗ਼ਫ਼ੂਰ, ਸਾਚਾ ਜ਼ਹੂਰ ਆਪ ਵਖਾਇੰਦਾ । ਮੂਸੇ ਤੱਕਿਆ ਜਲਵਾ ਉਤੇ ਕੋਹਤੂਰ, ਨੂਰੀ ਜਲਵਾ ਏਕਾ ਵਾਰ ਵਖਾਇੰਦਾ । ਗੁਰਸਿਖਾਂ ਆਤਮ ਕਰਕੇ ਜਾਏ ਭਰਪੂਰ, ਭਰਿਆ ਭੰਡਾਰਾ ਆਪ ਵਰਤਾਇੰਦਾ । ਜਿਸ ਨੂੰ ਕਹਿੰਦੇ ਰਹੇ ਨੇੜੇ ਦੂਰ, ਸੋ ਜ਼ਰੂਰ ਫੇਰਾ ਪਾਇੰਦਾ । ਜੁਗ ਚੌਕੜੀ ਬਣਿਆ ਰਿਹਾ ਮਫ਼ਰੂਰ, ਹੱਥ ਕਿਸੇ ਨਾ ਆਇੰਦਾ । ਸਾਧ ਸੰਤ ਲੋਕਮਾਤ ਸਫ਼ਰ ਕਟਦੇ ਗਏ ਜ਼ਰੂਰ, ਪਾਂਧੀ ਪੰਧ ਨਾ ਕੋਇ ਮੁਕਾਇੰਦਾ । ਕਲਜੁਗ ਅੰਤਮ ਮਨ ਵਾਸਨਾ ਮਚਾਇਆ ਫ਼ਤੂਰ, ਫ਼ਤਵਾ

੧੪੨੨
੧੦

ਕੋਇ ਨਾ ਮੇਟ ਮਿਟਾਇੰਦਾ । ਗੁਰਦਰ ਮੰਦਰ ਮਸਜਿਦ ਅੰਦਰ ਵੜਿਆ ਗ਼ਰੂਰ, ਗ਼ੁਰਬਤ ਕੋਈ ਨਾ ਅਵਰ ਜਣਾਇੰਦਾ । ਕਿਸੇ ਨਾ ਆਇਆ ਸਚ ਸ਼ਊਰ, ਸਾਚੀ ਸਿਖਿਆ ਨਾ ਕੋਇ ਸਮਝਾਇੰਦਾ । ਮੁਲਾ ਕਾਜ਼ੀ ਸ਼ੇਖ਼ ਮਸਾਇਕ ਰਸਨਾ ਕਹਿਣ ਅਗੇ ਮਿਲੇ ਹੂਰ, ਹੂਰਾਂ ਵਿਚ ਸਰਬ ਰੁਲਾਇੰਦਾ । ਮੁਹੰਮਦ ਅੰਤ ਬਖ਼ਸ਼ਾਵੇ ਆਪਣਾ ਕਸੂਰ, ਦਿਵਸ ਰੈਣ ਸੀਸ ਝੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰਾ ਆਪਣੇ ਹੱਥ ਰਖਾਇੰਦਾ । ਸਾਚੀ ਧਾਰ ਪੁਰਖ ਅਬਿਨਾਸ, ਆਪਣੇ ਹੱਥ ਰਖਾਈਆ । ਨਿਰਗੁਣ ਜੋਤ ਕਰ ਪਰਕਾਸ਼, ਸਤਿਜੁਗ ਰਾਹ ਚਲਾਈਆ । ਉਂਨੀ ਕਤਕ ਪਿਛੋਂ ਗੁਰ ਅਵਤਾਰ ਨਾ ਸੁਣੇ ਕੋਈ ਅਰਦਾਸ, ਕੀਤੀ ਅਰਦਾਸ ਸਭ ਦੀ ਬਿਰਥਾ ਜਾਈਆ । ਮੰਦਰ ਮਸਜਿਦ ਮਠ ਸ਼ਿਵਦਵਾਲੇ ਹੋਣ ਨਿਰਾਸ, ਬੈਠਣ ਢੇਰੀ ਢਾਹੀਆ । ਪ੍ਰਭ ਇਕੋ ਵਾਰ ਸੱਦ ਲਏ ਪਾਸ, ਪਿਛੇ ਫੇਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਿਛਲਾ ਲੇਖਾ ਦਏ ਮੁਕਾਈਆ । ਜਿਸ ਮੁਕਾਇਆ ਪਿਛਲਾ ਲੇਖਾ, ਸੋ ਸਾਹਿਬ ਨਜ਼ਰ ਨਾ ਆਇੰਦਾ । ਭੁੱਲੇ ਫਿਰਦੇ ਧਾਰੀ ਕੇਸਾ, ਮੂੰਡ ਮੁੰਡਾਇਆ ਮੁਖ ਭਵਾਇੰਦਾ । ਸਭ ਦਾ ਹੋਇਆ ਖ਼ਾਲੀ ਖ਼ੀਸਾ, ਰਾਜ ਰਾਜਾਨ ਸਰਬ ਕੁਰਲਾਇੰਦਾ । ਕਲਜੁਗ ਵੇਸਵਾ ਬਣ ਬਣ ਕਰਾਇਆ ਪੇਸ਼ਾ, ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਘਰ ਘਰ ਵਿਭਚਾਰ ਵਖਾਇੰਦਾ । ਜਿਸ ਮੰਦਰ ਅੰਦਰ ਰੱਖਿਆ ਗਣਪਤ ਗਣੇਸ਼ਾ, ਤਿਸ ਅੰਦਰ ਨਾਰੀ ਪੁਰਖ ਸੰਗ ਵਖਾਇੰਦਾ । ਜਿਸ ਗੁਰੂਦਵਾਰ ਅੰਦਰ ਰੱਖਿਆ ਭਰਵਾਸਾ, ਤਿਸ ਘਰ ਗ੍ਰੰਥੀ ਬੱਚੀਆਂ ਸੰਗ ਕਰਨ ਹਾਸਾ, ਹਾਸਾ ਹਰਿ ਕਦੇ ਨਾ ਭਾਇੰਦਾ । ਜਿਸ ਅੰਦਰ ਰਾਮ ਕਹਿਣ ਪਰਕਾਸਾ, ਤਿਸ ਮੰਦਰ ਹੋਏ ਭੋਗ ਬਲਾਸਾ, ਪੁਰਖ ਅਬਿਨਾਸ਼ੀ ਵੇਖ ਵਖਾਇੰਦਾ । ਜਿਸ ਮਸਜਿਦ ਮੁਹੰਮਦ ਕਹਿਣ ਦੇਵੇ ਦਿਲਾਸਾ, ਤਿਸ ਮਸਜਿਦ ਅੰਦਰ ਮੁਲਾ ਮੇਲ ਨਾ ਕੋਈ ਕਰਾਇੰਦਾ । ਵੇਖਣ ਆਏ ਸਾਹਿਬ ਗੁਣਤਾਸਾ, ਸੋ ਆਲਮਗੀਰ ਫੇਰਾ ਪਾਇੰਦਾ । ਚਾਰ ਜੁਗ ਚੌਕੜੀ ਗੁਰ ਅਵਤਾਰਾਂ ਭਗਤ ਭਗਵੰਤ ਵੇਖਦਾ ਰਿਹਾ ਤਮਾਸ਼ਾ, ਹੁਕਮੀ ਹੁਕਮ ਹੁਕਮ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਸਚ ਦਵਾਰਾ ਆਪ ਬਣਾਇੰਦਾ । ਸਚ ਦਵਾਰਾ ਜਾਏ ਬਣ, ਹਰਿ ਆਪਣੀ ਬਣਤ ਬਣਾਈਆ । ਸੇਵਾ ਕਰਨ ਗੰਧਰਬ ਗਣ, ਦਰ ਦਰ ਫੇਰੀ ਪਾਈਆ । ਧੰਨ ਵਡਿਆਈ ਜਨਨੀ ਜਿਸ ਭਗਤ ਜਨ ਜਣੇ ਜਨ, ਲੋਕਮਾਤ ਮਿਲੀ ਵਡਿਆਈਆ । ਹਰਿ ਸੰਦੇਸ਼ਾ ਸੁਣਿਆ ਕੰਨ, ਰਾਗੀ ਰਾਗ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਾ ਦਏ ਵਸਾਈਆ । ਸਚ ਦਵਾਰਾ ਨੀਹ ਰੱਖ, ਆਪਣਾ ਖੇਲ ਕਰਾਇੰਦਾ । ਨਿਰਗੁਣ ਨਿਰਗੁਣ ਹੋ ਪਰਤੱਖ, ਸਰਗੁਣ ਆਪ ਸਮਝਾਇੰਦਾ । ਸਚਖੰਡ ਦਵਾਰੇ ਜਿਸ ਜਾਣਾ ਵਸ, ਸੋ ਨਾਤਾ ਮੋਹ ਚੁਕਾਇੰਦਾ । ਪਿਤਾ ਪੁਤ ਮਾਤ ਸੁਤ ਚਿਖਾ ਉਪਰ ਰੱਖ, ਖ਼ੁਸ਼ੀ ਖ਼ੁਸ਼ੀ ਫੁੱਲ ਚੜ੍ਹਾਇੰਦਾ । ਤੇਰੀ ਵਸਤ ਤੇਰੇ ਹੱਥ, ਸਾਚਾ ਸ਼ੁਕਰ ਮਨਾਇੰਦਾ । ਜੇ ਕੋਈ ਨੇਤਰ ਰੋਵੇ ਅੱਥ, ਦਰਗਹਿ ਸਾਚੀ ਧਾਮ ਨਾ ਪਾਇੰਦਾ । ਤਿੰਨਾਂ ਲੋਕਾਂ ਛੱਤੀ ਜੁਗ ਮਨਾਰਾ ਬਣਾ ਕੇ ਕਰੇ ਚਠ, ਉਪਰ ਆਪਣਾ ਆਸਣ ਲਾਇੰਦਾ । ਹਰਿ ਕਾ ਮੰਦਰ ਨਾ ਜਾਏ ਢੱਠ, ਸਭ ਦੀ ਜੜ੍ਹ ਆਪ ਉਖੜਾਇੰਦਾ । ਸੱਤਰ ਜਨ ਕਰਨਾ ਇਕੱਠ, ਦਰ ਸਾਚੇ ਆਪੇ ਮੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਲੇਖੇ ਪਾਇੰਦਾ । ਸੱਤਰ ਸਿੱਖ ਸੇਵਾ ਜਾਣ ਲੱਗ, ਹਰਿ ਸਾਚਾ ਆਪ ਲਗਾਈਆ । ਕਰੇ ਖੇਲ ਸੂਰਾ ਸਰਬੱਗ, ਬੇਅੰਤ ਬੇਪਰਵਾਹੀਆ । ਸਤਿਜੁਗ ਸਾਚਾ ਬੰਨ੍ਹੇ ਤਗ, ਸਾਚਾ

ਸਗਨ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਹੁਕਮ ਸੁਣਾਈਆ । ਸੱਤਰ ਸਿੱਖ ਸੱਤਰ ਇੱਟ ਦੇਣ ਉਖੇੜ, ਚਾਰ ਕੁੰਟ ਜੋ ਆਪ ਬਣਾਇਆ । ਚਾਰ ਕੁੰਟ ਭਿੜੇ ਭੇੜ, ਵਾਹ ਵਾ ਖੇਲ ਵਖਾਇਆ । ਗੁਰਮੁਖਾਂ ਹੱਥੀਂ ਛੇੜਾਂ ਛੇੜ, ਆਪਣਾ ਮੁਖ ਛੁਪਾਇਆ । ਪਹਿਲੋਂ ਆਪਣਾ ਤਨ ਕੀਤਾ ਢੇਰ, ਫੇਰ ਗੁਰਸਿਖਾਂ ਨਾਲ ਮਿਲਾਇਆ । ਸਿੰਘ ਹੋ ਕੇ ਪਰਗਟਿਆ ਸ਼ੇਰ, ਡੰਕਾ ਸ਼ਬਦ ਸੁਣਾਇਆ । ਜੁਗ ਜਨਮ ਦੇ ਲਿਆਂਦੇ ਘੇਰ, ਆਪਣਾ ਮੇਲ ਮਿਲਾਇਆ । ਮਿਲਿਆ ਮੇਲ ਨਾ ਸਕੇ ਕੋਈ ਨਖੇੜ, ਏਕਾ ਬੰਧਨ ਪਾਇਆ । ਛੱਤੀ ਜੁਗ ਦਾ ਚੁਕਿਆ ਫੇਰ, ਛੱਤੀ ਛੱਤੀ ਰੰਗ ਵਖਾਇਆ । ਬਿਨ ਹੱਥਾਂ ਬਾਂਹਵਾਂ ਹੋਇਆ ਦਲੇਰ, ਆਪਣਾ ਕਾਜ ਰਿਹਾ ਰਚਾਇਆ । ਜਨ ਭਗਤਾਂ ਬਹੱਤਰਾਂ ਮਿਲਿਆ ਪਹਿਲੀ ਵੇਰ, ਪਹਿਲਾ ਸਗਨ ਮਨਾਇਆ । ਪੁਰਖ ਅਬਿਨਾਸ਼ੀ ਹੋ ਦਲੇਰ, ਆਪਣਾ ਪੱਲਾ ਭਾਰਾ ਆਪ ਕਰਾਇਆ । ਬਿਨ ਭਗਤੀ ਕੀਤੀ ਮਿਹਰ, ਬਿਨ ਨਾਮੇ ਨਾਮ ਝੋਲੀ ਪਾਇਆ । ਨਾ ਕੋਈ ਕਰਿਆ ਹੇਰ ਫੇਰ, ਗੋਬਿੰਦ ਵਿਚੋਲਾ ਨਾਲ ਰਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਭਗਤ ਦਵਾਰਾ ਵਿਚ ਸੰਸਾਰ, ਸਾਚੀ ਨੀਂਹ ਦਏ ਧਰਾਇਆ ।

ਹਰਿ ਭਗਤ ਤੇਰਾ ਚਿਟਾ ਰੰਗ, ਆਦਿ ਜੁਗਾਦਿ ਰਖਾਇਆ । ਏਹ ਕਾਗ਼ਜ਼ ਹੋਇਆ ਬਰੰਗ, ਲੋਕਮਾਤ ਨਾ ਕੰਮ ਕਿਸੇ ਆਇਆ । ਏਹ ਮਾਇਆ ਤੁਟਾ ਸੰਗ, ਝੂਠਾ ਮੋਹ ਚੁਕਾਇਆ । ਜਿਸ ਦੇ ਪਿਛੇ ਕੱਟਦੇ ਰਹੇ ਪੰਧ, ਸੋ ਪਾਂਧੀ ਬਣ ਕੇ ਫੇਰਾ ਪਾਇਆ । ਜਿਸ ਦੇ ਗੌਂਦੇ ਰਹੇ ਛੰਦ, ਅਜ ਭਗਤਾਂ ਢੋਲਾ ਰਿਹਾ ਸੁਣਾਇਆ । ਜਿਸ ਨੂੰ ਕਹਿੰਦੇ ਵਸੇ ਪੁਰੀ ਅਨੰਦ, ਅਨੰਦ ਗੁਰਮੁਖ ਹਿਰਦਾ ਰਿਹਾ ਬਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਮ ਲੇਖਾ ਰਿਹਾ ਚੁਕਾਇਆ । ਪਹਿਲਾ ਲੇਖ ਚੁਕਾਇਆ, ਕਰ ਕਿਰਪਾ ਹੋ ਮਿਹਰਵਾਨ । ਗੋਬਿੰਦ ਸੇਵਾ ਲਾਇਆ, ਦਿਤੇ ਬਾਲੀ ਬਲੀਦਾਨ । ਆਪਣਾ ਤਨ ਗਿਆ ਛੁਪਾਇਆ, ਮਿਲਿਆ ਜਾ ਭਗਵਾਨ । ਪੁਰਖ ਅਬਿਨਾਸ਼ੀ ਖੇਲ ਰਚਾਇਆ, ਕਲਜੁਗ ਮੇਲੇ ਅੰਤਮ ਆਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਵਾਲੀ ਦੋ ਜਹਾਨ । ਬਾਲਿਆਂ ਰਤ ਕੱਢੀ ਬਾਹਰ, ਸਚਖੰਡ ਦਵਾਰ ਬਣਾਇਆ । ਸ਼ਿਵ ਜੀ ਤਖ਼ਤੋਂ ਦਿਤਾ ਉਤਾਰ, ਇੰਦਰ ਧੱਕਾ ਲਾਇਆ । ਬ੍ਰਹਮਾ ਰੋਵੇ ਜ਼ਾਰੋ ਜ਼ਾਰ, ਨੈਣਾਂ ਨੀਰ ਵਹਾਇਆ । ਵਿਸ਼ਨੂੰ ਆਇਆ ਬਣ ਭਿਖਾਰ, ਹਰਿ ਦਵਾਰੇ ਫੇਰਾ ਪਾਇਆ । ਜੁਗ ਚੌਕੜੀ ਕਰਨ ਪੁਕਾਰ, ਬੈਠੇ ਸੀਸ ਝੁਕਾਇਆ । ਭਗਤ ਭਗਵੰਤ ਬਣ ਭਿਖਾਰ, ਖ਼ਾਲੀ ਝੋਲੀ ਰਹੇ ਜਣਾਇਆ । ਧੰਨ ਭਾਗ ਕਲਜੁਗ ਅੰਤ ਨਿਹਕਲੰਕ ਵੇਸ ਵਟਾਇਆ ਕਰਿਆ ਖੇਲ ਅਗੰਮ ਅਪਾਰ, ਗੋਬਿੰਦ ਲੇਖਾ ਰਿਹਾ ਚੁਕਾਇਆ । ਆਪ ਆਪਣਾ ਦੱਸ ਵਿਹਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਆਪ ਰੰਗਾਇਆ । ਭਗਤ ਫ਼ਕੀਰ ਸੂਫ਼ੀ ਸੰਤ, ਲੋਕਮਾਤ ਕਸ਼ਟ ਗਏ ਉਠਾਈਆ । ਖੱਲ ਲੁਹਾਈ ਬਣ ਜੰਤ, ਜੀਵ ਵੇਖੇ ਲੋਕਾਈਆ । ਅੰਤ ਕਹਿ ਗਏ ਹਰਿ ਜੂ ਤੇਰੀ ਮਹਿਮਾ ਅਗਣਤ, ਭੇਵ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਦਏ ਮੁਕਾਈਆ । ਗੁਰ ਅਵਤਾਰਾਂ ਦਿਤਾ ਕਾਇਆ ਦਾਨ, ਲੋਕਮਾਤ ਸੇਵ ਕਮਾਈਆ । ਗੁਰੂ ਗੋਬਿੰਦ ਸਿੰਘ ਦੇ ਕੇ ਗਿਆ ਬਾਲ ਨਾਧਾਨ, ਆਪਣਾ ਤਨ ਆਪ ਉਠਾਈਆ । ਅੰਤਮ ਸਭ ਦੀ ਆਣ

ਕਰੇ ਕਲਿਯਾਣ, ਚਾਰ ਜੁਗ ਦੇ ਵਿਛੜੇ ਮੇਲ ਮਿਲਾਈਆ । ਆਪਣੀ ਰਤ ਦੇਵੇ ਬਲੀਦਾਨ, ਬ੍ਰਹਮ ਮਤ ਇਕ ਸਮਝਾਈਆ । ਜਿਸ ਮਾਇਆ ਕੀਤਾ ਬੇਪਛਾਣ, ਸੋ ਮਾਇਆ ਆਪਣੇ ਰੰਗ ਵਖਾਈਆ । ਖੇਲੇ ਖੇਲ ਨੌਜਵਾਨ, ਬਿਰਧ ਬਾਲ ਨਾ ਰੂਪ ਵਟਾਈਆ । ਸਤਿਜੁਗ ਬੰਨ੍ਹੇ ਇਕ ਨਿਸ਼ਾਨ, ਪੁਰਖ ਅਕਾਲ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਵਿਧਾਨ ਲਏ ਬਣਾਈਆ । ਸਚ ਵਿਧਾਨ ਪੰਚਮ ਬਾਡੀ, ਏਕਾ ਹੁਕਮ ਜਣਾਇਆ । ਭਗਤਾਂ ਪਿਛੇ ਤਨ ਖ਼ਾਕ ਰੁਲਾਇਆ ਹਾਡੀ, ਭਸਮੀ ਭਸਮ ਸਮਾਇਆ । ਪੋਤਰਾ ਅੱਖੀਂ ਨਾ ਵੇਖੇ ਦਾਦੀ, ਪਿਤਾ ਪੂਤ ਨਾ ਰੰਗ ਰੰਗਾਇਆ । ਹਰਿਜਨ ਤੇਰੀ ਸੁਣੀ ਫ਼ਰਯਾਦੀ, ਫ਼ਰਯਾਦੀ ਬਣ ਕੇ ਹਰਿ ਜੂ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਦਰ ਦਏ ਬਣਾਇਆ । ਸਾਚੇ ਮੰਦਰ ਲਾਈ ਰਤ, ਰਤੀ ਰਤ ਰੰਗਾਇੰਦਾ । ਭਗਤਾਂ ਦੇਵੇ ਇਕੋ ਮਤ, ਏਕਾ ਗੁਣ ਸਮਝਾਇੰਦਾ । ਜਿਸ ਨੂੰ ਕਹਿੰਦੇ ਗਏ ਭਗਵਾਨ ਹੁੰਦਾ ਵਸ, ਸੋ ਹੋ ਕੇ ਵਸ ਵਖਾਇੰਦਾ । ਜਿਸ ਨੂੰ ਕਹਿੰਦੇ ਜੁਗ ਜੁਗ ਭਗਤਾਂ ਮਾਰਗ ਦੇਵੇ ਦੱਸ, ਸੋ ਸਾਚਾ ਰਾਹ ਚਲਾਇੰਦਾ । ਜਿਸ ਨੂੰ ਕਹਿੰਦੇ ਪੈਂਡਾ ਮੁਕੌਂਦਾ ਨੱਸ ਨੱਸ, ਸੋ ਪਾਂਧੀ ਦਰ ਦਰ ਫੇਰਾ ਪਾਇੰਦਾ । ਜਿਸ ਨੂੰ ਕਹਿੰਦੇ ਪੂਰੀ ਕਰੇ ਆਸ, ਕਲਜੁਗ ਅੰਤਮ ਆਸਾ ਪੂਰ ਕਰਾਇੰਦਾ । ਜਿਸ ਨੂੰ ਕਹਿੰਦੇ ਕਰੇ ਬੰਦ ਖ਼ੁਲਾਸ, ਬੰਦੀਖ਼ਾਨਾ ਤੋੜ ਤੁੜਾਇੰਦਾ । ਜਿਸ ਨੂੰ ਕਹਿੰਦੇ ਨਿਰਗੁਣ ਜੋਤ ਪਰਕਾਸ਼, ਸੋ ਨਿਰਗੁਣ ਨੂਰ ਡਗਮਗਾਇੰਦਾ । ਜਿਸ ਨੂੰ ਕਹਿੰਦੇ ਸਦ ਵਸੇ ਪਾਸ, ਸੋ ਆਪਣਾ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਬਣ ਸੇਵਕ ਸੇਵ ਕਮਾਇੰਦਾ । ਸੇਵਾ ਕਰੇ ਜੋਤ ਨਿਰੰਕਾਰੀ, ਨਿਰਗੁਣ ਵੇਸ ਵਟਾਇਆ । ਗੁਰਸਿਖ ਤੇਰੇ ਪ੍ਰੇਮ ਦੀ ਚੁੱਕੇ ਤਗਾਰੀ, ਸਿਰ ਆਪਣੇ ਭਾਰ ਉਠਾਇਆ । ਤੇਰੇ ਕਰਮ ਦੀ ਕਾਂਡੀ ਫੇਰੇ ਆਪਣੀ ਵਾਰੀ, ਵਾਰ ਹੱਥ ਨਾ ਕਿਸੇ ਫੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਚਾੜ੍ਹੇ ਏਕਾ ਰੰਗ, ਰੰਗ ਰੰਗ ਨਾਲ ਮਿਲਾਇਆ । ਗੋਬਿੰਦ ਰੰਗ ਭਗਤਨ ਧਾਰ, ਸੋ ਪੁਰਖ ਨਿਰੰਜਣ ਆਪ ਬਣਾਈਆ । ਆਪਣੀ ਦਿਸ਼ਾ ਆਪ ਵਿਚਾਰ, ਆਪੇ ਨੀਂਹ ਰਖਾਈਆ । ਧਰਤ ਮਾਤਾ ਮੁਰਦਿਆਂ ਕੋਲ ਜੋ ਰੱਖਦੀ ਰਹੀ ਉਧਾਰ, ਸੋ ਰੁਪੱਯਾ ਏਕਾ ਵਾਰ ਝੋਲੀ ਪਾਈਆ । ਮੁੜਕੇ ਫੇਰ ਨਾ ਕਰੇ ਕੋਈ ਖ਼ਵਾਰ, ਖਵਾਰੀ ਸਭ ਦੀ ਦਏ ਮਿਟਾਈਆ । ਸਚ ਮਹੱਲਾ ਇਕ ਉਸਾਰ, ਸ਼ਬਦ ਅਟਾਰੀ ਲਏ ਬਣਾਈਆ । ਜੋ ਜਨ ਕਰਕੇ ਜਾਏ ਦਰਸ ਦੀਦਾਰ, ਜਨਮ ਮਰਨ ਦੁੱਖ ਰਹਿ ਨਾ ਜਾਈਆ । ਅੰਦਰ ਵੜ ਦੂਜੀ ਕਰੇ ਨਾ ਕੋਈ ਗੁਫ਼ਤਾਰ, ਏਕਾ ਚਰਨ ਧਿਆਨ ਲਗਾਈਆ । ਛੱਬੀ ਪੋਹ ਦੱਸੇ ਸਚ ਵਿਹਾਰ, ਜਿਸ ਕਾਰਨ ਦਵਾਰਾ ਲਿਆ ਬਣਾਈਆ । ਸੇਵਾ ਕਰੇ ਪੁਰਖ ਨਾਰ, ਨਾਰ ਪੁਰਖ ਆਪਣਾ ਰੂਪ ਵਟਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਾਂ ਮਿਸਤਰੀਆਂ ਦੇਵੇ ਦਾਨ, ਨੀਂਹ ਉਤੇ ਰੱਖੇ ਨਿਸ਼ਾਨ, ਬਿਨ ਨੇਤਰਾਂ ਵੇਖੇ ਭਗਵਾਨ ।



੧੪੨੪ ੧੦

ਪਹਿਲੀ ਇਟ ਦਿਓ ਠੋਕ, ਹਰਿ ਠੋਕਰ ਜਗਤ ਲਗਾਇੰਦਾ । ਦੂਜਾ ਭਾਣਾ ਨਾ ਸਕੇ ਕੋਈ ਰੋਕ, ਦੋ ਜਹਾਨਾਂ ਵੇਖ ਵਖਾਇੰਦਾ । ਤੀਜੇ ਤਿੰਨਾਂ ਲੋਕਾਂ ਸੁਣਾਏ ਸਲੋਕ, ਸੋਹੰ ਢੋਲਾ ਏਕਾ ਗਾਇੰਦਾ । ਚੌਥੇ ਚਾਰੇ ਕੁੰਟਾਂ ਦੇਵੇ ਮੋਖ, ਜੋ ਜਨ ਸਰਨਾਈ ਆਇੰਦਾ । ਪੰਚਮ ਬਖ਼ਸ਼ੇ ਏਕਾ

ਓਟ, ਸਿਰ ਆਪਣਾ ਹੱਥ ਟਿਕਾਇੰਦਾ । ਕਰ ਪ੍ਰੇਮ ਕੱਢਣਾ ਖੋਟ, ਖੋਟੀ ਕਿਰਿਆ ਸਰਬ ਮਿਟਾਇੰਦਾ । ਹਰਿ ਭੰਡਾਰਾ ਦਏ ਅਤੋਟ, ਅਤੁੱਟ ਆਪ ਵਰਤਾਇੰਦਾ । ਆਲਣਿਉਂ ਡਿਗੇ ਉਠਾਏ ਬੋਟ, ਆਪਣੀ ਗੋਦ ਬਹਾਇੰਦਾ । ਭਗਤਾਂ ਦਵਾਰੇ ਹਰਿ ਭਗਤ ਜਗੀ ਜੋਤ, ਜਗੀ ਜੋਤ ਨਾ ਕੋਇ ਬੁਝਾਇੰਦਾ । ਛੱਤੀ ਜੁਗ ਦਾ ਪਹਿਲਾ ਕੋਟ, ਕਿਲਾ ਕੋਟ ਸਰਬ ਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੱਤਰ ਬਹੱਤਰ ਕਰ ਇਕੱਤਰ, ਸ਼ੱਤਰੂ ਮਿਤਰ ਏਕਾ ਰੰਗ ਵਖਾਇੰਦਾ ।

ਸ਼ੱਤਰੂ ਮਿਤਰ ਹੋਏ ਇਕੱਠੇ, ਵਾਹ ਵਾ ਰੰਗ ਰੰਗਾਇਆ । ਮਨ ਵਾਸਨਾ ਅਗੇ ਮਨ ਢੱਠੇ, ਗੁਰ ਚਰਨੀ ਸੀਸ ਨਿਵਾਇਆ । ਇੰਦਰ ਸਿੰਘ ਪਹਿਲਵਾਨ ਗੁਰਸਿਖ ਤੇਰੇ ਪੱਠੇ, ਗੁਰਜ ਤੇਰੇ ਹੱਥ ਰਖਾਇਆ । ਘਰ ਕੂਕ ਕਰ ਇਕੱਠੇ, ਏਕਾ ਹੁਕਮ ਸੁਣਾਇਆ । ਹਰਿ ਕੇ ਖੇਲ ਮੱਠੇ ਮੱਠੇ, ਜੁਗ ਚੌਕੜੀ ਛਿਨ ਭੰਗਰ ਪਾਰ ਕਰਾਇਆ । ਸਤਿਗੁਰ ਸਰਨਾਈ ਜੋ ਜਨ ਢੱਠੇ, ਢੇਰੀ ਖ਼ਾਕ ਨਾ ਕੋਇ ਬਣਾਇਆ । ਕੋਈ ਲੋੜ ਨਾ ਰੱਖੇ ਕਫ਼ਨ ਲੱਠੇ, ਆਪਣਾ ਦੋਸ਼ਾਲਾ ਉਪਰ ਪਾਇਆ । ਕਾਹਨੀ ਬਣ ਨਾ ਕੋਈ ਚੁੱਕੇ, ਸਤਿਗੁਰ ਆਪਣੀ ਸੇਵ ਕਮਾਇਆ । ਮਰਨ ਤੋਂ ਪਹਿਲੋਂ ਗੁਰਸਿਖ ਮੁੱਕੇ, ਮਰਨ ਸਤਿਗੁਰ ਝੋਲੀ ਪਾਇਆ । ਅੰਤ ਨਿਸ਼ਾਨਿਉਂ ਜੋ ਜਨ ਉਕੇ, ਦਰਗਹਿ ਮਿਲੇ ਨਾ ਕੋਈ ਥਾਂਇਆ । ਗੋਬਿੰਦ ਬੂਟੇ ਬਿਨ ਗੋਬਿੰਦ ਸੁੱਕੇ, ਨਜ਼ਰ ਆਏ ਨਾ ਕੋਈ ਛਾਇਆ । ਮੁਹੰਮਦ ਖ਼ਾਲੀ ਦਿਸਣ ਹੁੱਕੇ, ਨੜੀ ਹੱਥ ਨਾ ਕੋਇ ਫੜਾਇਆ । ਪੰਡਤ ਪੱਤਰੀ ਆਪਣੀ ਸੁੱਟੇ,
੧੪੨੫ ੧੦ ਸਾਚਾ ਸਗਨ ਨਾ ਕੋਇ ਮਨਾਇਆ । ਪਾਰਬ੍ਰਹਮ ਪੁਰਖ ਅਬਿਨਾਸ਼ੀ ਏਕਾ ਉਠੇ, ਸਭ ਦਾ ਮਾਣ ਗਵਾਇਆ । ਗ਼ਰੀਬ ਨਿਮਾਣਿਆਂ ਉਪਰ ਤੁੱਠੇ, ੧੪੨੫ ੧੦
ਕਰ ਕਿਰਪਾ ਮੇਲ ਮਿਲਾਇਆ । ਆਪ ਜਗਾਏ ਕਲਜੁਗ ਸੁਤੇ, ਰਾਤੀਂ ਸੁਤਿਆਂ ਲਏ ਉਠਾਇਆ । ਨੰਗੀ ਪੈਰੀਂ ਜਾਏ ਅੱਗੋਂ ਪੈਣ ਕੁੱਤੇ, ਹੌਲੀ ਹੌਲੀ ਕੁੱਤਿਆਂ ਕੋਲੋਂ ਮੁਖ ਛੁਪਾਇਆ । ਔਂਦਾਂ ਜਾਂਦਾ ਗਵਾਂਢੀ ਕੋਈ ਨਾ ਤੱਕੇ, ਹਰਿ ਜੂ ਕਵਣ ਕੂਟੇ ਫੇਰਾ ਪਾਇਆ । ਗੁਰਸਿਖ ਉਠਾਏ ਆਪਣੇ ਬੱਚੇ, ਆਪ ਆਪਣੇ ਗਲ ਲਗਾਇਆ । ਦਰ ਆਇਆਂ ਰੰਗ ਨਾ ਵਖਾਏ ਕੱਚੇ, ਰੰਗ ਏਕਾ ਨਾਮ ਰੰਗਾਇਆ । ਏਥੇ ਉਥੇ ਦੋ ਜਹਾਨ ਸੱਚੇ, ਜਿਨ ਹਰਿ ਜੂ ਦਰਸ਼ਨ ਪਾਇਆ । ਮੰਦਰ ਮਕਾਨ ਢਹਿ ਜਾਣ ਕੱਚੇ ਪੱਕੇ, ਥਿਰ ਕੋਇ ਰਹਿਣ ਨਾ ਪਾਇਆ । ਪੀਰ ਪੈਗ਼ੰਬਰ ਛੱਡ ਗਏ ਮਦੀਨੇ ਮੱਕੇ, ਸਾਚਾ ਹੁਜਰਾ ਨਾ ਕਿਸੇ ਸਜਾਇਆ । ਰਾਮ ਰਾਮ ਪੈਂਡੇ ਸਭ ਦੇ ਮੁੱਕੇ, ਪਾਂਧੀ ਆਪਣੇ ਪੰਧ ਰਖਾਇਆ । ਕੋਟਨ ਕੋਟ ਕ੍ਰਿਸ਼ਨ ਕਾਹਨ ਬਣ ਬਣ ਮੁੱਕੇ, ਹਰਿ ਕਾ ਅੰਤ ਕਿਸੇ ਨਾ ਪਾਇਆ । ਨਾਨਕ ਨਿਰਗੁਣ ਓਟ ਏਕਾ ਉਤੇ ਸੁੱਟੇ, ਘਰ ਆਪਣੇ ਖ਼ੁਸ਼ੀ ਮਨਾਇਆ । ਕਬੀਰ ਕਹੇ ਅਬਿਨਾਸ਼ੀ ਅਚੁਤੇ, ਨਾ ਮਰੇ ਨਾ ਜਾਇਆ । ਗੋਬਿੰਦ ਕਹੇ ਸੁਹਾਏ ਮੇਰੀ ਰੁੱਤੇ, ਮੇਰਾ ਬੂਟਾ ਮਾਤ ਮਹਿਕਾਇਆ । ਕੂੜ ਵਿਕਾਰਾ ਜੜ੍ਹ ਆਪੇ ਪੁੱਟੇ, ਆਪਣਾ ਧੱਕਾ ਲਾਇਆ । ਮੇਰਾ ਤਨ ਮੇਰਾ ਧਨ ਮੇਰਾ ਜਨ ਆਪਣੇ ਭਗਤਾਂ ਦੀ ਨੀਂਹ ਹੇਠਾਂ ਸੁੱਟੇ, ਉਤੇ ਸਚ ਮਹੱਲ ਵਸਾਇਆ । ਗੋਬਿੰਦ ਗੁਰਸਿਖਾਂ ਹੇਠਾਂ ਸਦਾ ਰਹੇ ਸੁੱਤੇ, ਆਲਸ ਨਿੰਦਰਾ ਨਾ ਕੋਇ ਜਣਾਇਆ । ਵੇਖੇ ਖੇਲ ਅਬਿਨਾਸ਼ੀ ਅਚੁਤੇ, ਆਪਣਾ ਖੇਲ ਰਚਾਇਆ । ਏਧਰ ਲਾਵੇ ਤੇ ਏਧਰ ਪੁੱਟੇ, ਮਾਲੀ ਆਪਣੀ ਵੰਡ ਵੰਡਾਇਆ । ਕੋਈ ਸੁੱਕੇ ਤੇ ਕੋਈ ਫੁਟੇ, ਜਿਸ ਆਪਣੀ ਸੇਵ ਕਮਾਇਆ । ਕਲਜੁਗ ਅੰਤਮ ਸਭ ਦੇ ਭਾਗ

ਨਿਖੁਟੇ, ਹਰਿ ਜੂ ਹਰਿ ਭੁਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਨੀਹ ਦਏ ਧਰਾਇਆ ।

ਬਿਨ ਨਬੀ ਰਸੂਲ ਮਿਲਾਇੰਦਾ, ਬਿਨ ਕਲਮੇ ਕਰ ਪਿਆਰ । ਬਿਨ ਸ਼ਰਅ ਰੰਗ ਰੰਗਾਇੰਦਾ, ਬਿਨ ਸ਼ਰੀਅਤ ਦਏ ਆਧਾਰ । ਬਿਨ ਹੁਜਰੇ ਅਵਾਜ਼ ਲਗਾਇੰਦਾ, ਬਿਨ ਕਾਅਬੇ ਖੋਲ੍ਹ ਕਿਵਾੜ । ਬਿਨ ਨਾਦ ਸਾਜ ਵਜਾਇੰਦਾ, ਸਦਾ ਲਗਾਏ ਅਗੰਮ ਅਪਾਰ । ਬਿਨ ਰਸਨਾ ਜਿਹਵਾ ਬਾਂਗ ਅਲਾਇੰਦਾ, ਕੂਕ ਕੂਕ ਕਰੇ ਪੁਕਾਰ । ਮੁਰਸ਼ਦ ਮੁਰੀਦ ਵੇਖ ਵਖਾਇੰਦਾ, ਮੁਰੀਦਾਂ ਮੁਰਸ਼ਦ ਕਰ ਦੀਦਾਰ । ਆਪਣੀ ਸਿਫ਼ਤ ਆਪ ਸੁਣਾਇੰਦਾ, ਸਾਲਾਹੀ ਸਿਫ਼ਤ ਬੇਐਬ ਪਰਵਰਦਿਗਾਰ । ਪਰਦਾਨਸ਼ੀਂ ਆਪਣਾ ਪਰਦਾ ਆਪ ਉਠਾਇੰਦਾ, ਆਪ ਆਪਣੀ ਕਿਰਪਾ ਧਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਦਰਸ ਸਚ ਦੀਦਾਰ । ਸਚ ਦੀਦਾਰ ਇਕ ਖ਼ੁਦਾ, ਖ਼ੁਦ ਆਪਣਾ ਆਪ ਜਣਾਈਆ । ਮੁਰਸ਼ਦ ਮੁਰੀਦਾਂ ਉਤੋਂ ਹੋਏ ਫ਼ਿਦਾ, ਆਪਣੀ ਫ਼ਿਤਰਤ ਮਾਤ ਮਿਟਾਈਆ । ਦਰ ਦਵਾਰੇ ਆਏ ਸਿਧਾ, ਰਾਹ ਵਿਚ ਨਾ ਕੋਈ ਅਟਕਾਈਆ । ਕੋਟਨ ਕੋਟ ਰਸੂਲ ਦਰ ਦਵਾਰੇ ਪਾਇਨ ਗਿਧਾ, ਹੱਥ ਨਾਲ ਹੱਥ ਮਿਲਾਈਆ । ਨੂਰ ਅਲਾਹੀ ਕਿਸੇ ਨਾ ਬੱਧਾ, ਬੰਕ ਦਵਾਰ ਨਾ ਕੋਈ ਬਹਾਈਆ । ਆਪਣਾ ਦੇਵੇ ਆਪੇ ਸੱਦਾ, ਆਪਣੀ ਸੇਵ ਕਮਾਈਆ । ਕਰਕੇ ਆਇਆ ਪਾਰ ਹੱਦਾ, ਸ਼ਰਅ ਹੱਦ ਨਾ ਕੋਈ ਵਖਾਈਆ । ਬਿਨ ਲੱਤਾਂ ਬਾਂਹਵਾਂ ਫਿਰੇ ਭੱਜਾ, ਬਿਨ



ਘੋੜੇ ਹੋਇਆ ਅਸਵਾਰ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਜਲਵਾ ਆਪ ਵਖਾਈਆ । ਆਪਣਾ ਜਲਵਾ ਦੇਵੇ ਨੂਰ, ਜਲਾਲ ਆਪਣਾ ਖੇਲ ਖਿਲਾਇੰਦਾ । ਆਪੇ ਕਲਾਮ ਕਲਮਾ ਵਜਾਏ ਤੂਰ, ਨਾਦ ਅਨਾਦੀ ਨਾਦ ਸੁਣਾਇੰਦਾ । ਆਪੇ ਹਜ਼ਰਤ ਹਾਜ਼ਰ ਹਜ਼ੂਰ, ਆਪੇ ਆਪਣਾ ਵੇਸ ਵਟਾਇੰਦਾ । ਆਪੇ ਫ਼ਤਵਾ ਦੇਵੇ ਜ਼ਰੂਰ, ਅੰਤ ਫਾਤਿਆ ਸਰਬ ਪੜ੍ਹਾਇੰਦਾ । ਆਪੇ ਬਖ਼ਸ਼ੇ ਸਰਬ ਕ਼ਸੂਰ, ਆਪਣੀ ਰਹਿਮਤ ਆਪ ਕਮਾਇੰਦਾ । ਆਪੇ ਮੁਰਸ਼ਦ ਮੁਰੀਦਾਂ ਅੰਦਰ ਵੜ ਵੜ ਬਹੇ ਜ਼ਰੂਰ, ਜਗਤ ਜ਼ਰੂਰਤ ਪੂਰ ਕਰਾਇੰਦਾ । ਕੋਈ ਲੱਭੇ ਉਤੇ ਕੋਹਤੂਰ, ਕ਼ੁਦਰਤ ਹਰਿ ਹਰਿ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਹਿਬਾਬ ਰਬਾਬ ਆਪ ਵਜਾਇੰਦਾ । ਸਚ ਰਬਾਬ ਵਜਾਏ ਬਾਤਨ, ਆਪਣੀ ਬਾਤ ਸੁਣਾਈਆ । ਕਰਿਆ ਖੇਲ ਇਕ ਇਕਾਂਤਨ, ਅਕਲ ਕਲਾ ਵਡਿਆਈਆ । ਜਿਸ ਦਾ ਸੰਗ ਅੱਲਾ ਰਾਣੀ ਲੱਭੇ ਬਣ ਬਣ ਸਾਥਨ, ਨੱਕ ਨੱਥ ਸੁਹਾਗ ਵਖਾਈਆ । ਨੇਤਰ ਸੁਰਮਾ ਦੰਦ ਦੰਦਾਸਨ, ਰੂਪ ਅਨੂਪ ਚੜ੍ਹਾਈਆ । ਦਰ ਦਰ ਘਰ ਘਰ ਵੇਖੇ ਮੇਰੀ ਪੂਰੀ ਕਰੇ ਆਸਣ, ਬੇਐਬ ਮੇਰਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਜਰਾ ਦਏ ਸਮਝਾਈਆ । ਸਾਚਾ ਹੁਜਰਾ ਖ਼ੁਦਾਵੰਦ ਕਰੀਮ, ਆਪਣਾ ਆਪ ਸੁਹਾਇੰਦਾ । ਆਪੇ ਹੋਏ ਅਜ਼ੀਮੁਲ ਅਜ਼ੀਮ, ਆਪ ਆਪਣੇ ਰੰਗ ਸਮਾਇੰਦਾ । ਆਪੇ ਤਾਲਬ ਤੁਲਬਾ ਦਏ ਤਾਲੀਮ, ਤਲਬਗਾਰ ਨਾ ਕੋਈ ਅਖਵਾਇੰਦਾ । ਆਪੇ ਨਬੀ ਰਸੂਲਾਂ ਕਰੇ ਤਕ਼ਸੀਮ, ਮੁਤਫ਼ੱਰਕ ਆਪਣਾ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੇ ਰੰਗ ਸਮਾਇੰਦਾ । ਸਚ ਖ਼ੁਦਾਵੰਦ ਬੇਐਬ, ਇਕ ਮਹੱਲ ਸੁਹਾਇਆ । ਨੂਰ

ਨੁਰਾਨਾ ਸੱਚਾ ਸਾਹਿਬ, ਸੁਲਤਾਨ ਵਡ ਵਡਿਆਇਆ । ਜੁਗਾ ਜੁਗੰਤਰ ਹੋਇਆ ਰਹੇ ਗੈਬ, ਰੂਪ ਰੰਗ ਨਾ ਕੋਈ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੂਰੀ ਨੂਰ ਲਏ ਮਿਲਾਇਆ । ਹੋਇਆ ਗ਼ਾਇਬ ਗ਼ਫ਼ਲਤ ਕਰ, ਗ਼ਫ਼ਲਤ ਆਪਣੀ ਆਪਣੇ ਵਿਚ ਟਿਕਾਈਆ । ਉਲਫ਼ਤ ਫਿਰਾਈ ਦਰ ਦਰ, ਆਰਫ਼ ਕਰ ਪੜ੍ਹਾਈਆ । ਆਪੇ ਬੈਠਾ ਰਿਹਾ ਦੜ, ਮੁਖੜਾ ਮੁਖ ਭਵਾਈਆ । ਨਬੀ ਰਸੂਲਾਂ ਘਾੜਨ ਘੜ ਘੜ, ਲੋਕਮਾਤ ਦਏ ਵਡਿਆਈਆ । ਕਲਮਾ ਕਲਾਮ ਆਪਣੀ ਆਪ ਪੜ੍ਹ ਪੜ੍ਹ, ਕਾਇਨਾਤ ਕਰੇ ਪੜ੍ਹਾਈਆ । ਸਾਚੇ ਹੁਜਰੇ ਆਪੇ ਚੜ੍ਹ ਚੜ੍ਹ, ਖ਼ਾਲਕ ਵੇਖੇ ਖ਼ਲਕ ਲੋਕਾਈਆ । ਮਰੀਦ ਮੁਰਸ਼ਦ ਆਪੇ ਫੜ ਫੜ, ਆਪ ਆਪਣਾ ਮੇਲ ਮਿਲਾਈਆ । ਲੇਖਾ ਜਾਣੇ ਦਰ ਬਦਰ, ਦਰ ਦਰਵੇਸ਼ ਵੇਸ ਵਟਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਖੇਲ ਅਨੇਕ, ਅਨਕ ਕਲ ਆਪ ਅਖਵਾਈਆ ।

ਅੰਤਰ ਬਾਹਰ ਇਕੋ ਰੰਗ, ਏਕਾ ਘਰ ਵਸਾਈਆ । ਏਕਾ ਸੇਜ ਇਕ ਪਲੰਘ, ਏਕਾ ਗੁਰ ਹੰਢਾਈਆ । ਏਕਾ ਨਾਮ ਇਕ ਮਰਦੰਗ, ਏਕਾ ਨਾਦ ਸੁਣਾਈਆ । ਏਕਾ ਤੀਰ ਇਕ ਕਮੰਦ, ਏਕਾ ਚਿੱਲਾ ਦਏ ਚੜ੍ਹਾਈਆ । ਏਕਾ ਗੀਤ ਏਕਾ ਛੰਦ, ਏਕਾ ਢੋਲਾ ਦਏ ਜਣਾਈਆ । ਏਕਾ ਨੂਰ ਏਕਾ ਚੰਦ, ਏਕਾ ਏਕ ਕਰੇ ਰੁਸ਼ਨਾਈਆ । ਏਕਾ ਤੋੜੇ ਬੰਧਨ ਬੰਦ, ਬੰਦੀਛੋੜ ਇਕ ਅਖਵਾਈਆ । ਇਕ ਵਖਾਏ ਪਰਮਾਨੰਦ, ਏਕਾ ਨਿਜਾਨੰਦ ਕਰੇ ਰਸਾਈਆ । ਏਕਾ ਟੁੱਟੀ ਦੇਵੇ ਗੰਢ, ਏਕਾ ਆਪਣੀ ਗੰਢ ਪੁਆਈਆ । ਏਕਾ ਨਾਤਾ ਤੋੜੇ ਨਾਰ ਦੁਹਾਗਨ ਰੰਡ, ਏਕਾ ਕੰਤ ਬਣੇ ਸੱਚਾ ਗੋਸਾਂਈਆ । ਏਕਾ ਲੇਖਾ ਚੁਕਾਏ ਇੰਡ ਪਿੰਡ ਜੀਓ ਬ੍ਰਹਿਮੰਡ, ਏਕਾ ਆਪਣਾ ਘਰ ਵਖਾਈਆ । ਏਕਾ ਅੰਮ੍ਰਿਤ ਧਾਰ ਵਗਾਏ ਸਾਗਰ ਸਿੰਧ, ਏਕਾ ਝਿਰਨਾ ਦਏ ਝਿਰਾਈਆ । ਏਕਾ ਅੰਤਮ ਕੱਢੇ ਜਿੰਦ, ਜਿਸ ਘੜਿਆ ਭੰਨ ਵਖਾਈਆ । ਏਕਾ ਬਣਾਏ ਸਾਚੀ ਬਿੰਦ, ਸੁਤ ਅਨਾਦੀ ਲਏ ਪਰਗਟਾਈਆ । ਏਕਾ ਦਾਤਾ ਗੁਣੀ ਗਹਿੰਦ, ਗਹਿਰ ਗੰਭੀਰ ਵਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਦਰ ਬਾਹਰ ਆਪਣਾ ਰੰਗ ਵਖਾਈਆ । ਅੰਦਰ ਬਾਹਰ ਸਤਿਗੁਰ ਧਾਰ, ਸ਼ਬਦੀ ਸ਼ਬਦ ਵਖਾਇੰਦਾ । ਅੰਦਰ ਬਾਹਰ ਸਤਿਗੁਰ ਧਾਰ, ਗੁਰ ਰਸਨਾ ਗੁਰ ਆਪ ਜਣਾਇੰਦਾ । ਅੰਦਰ ਬਾਹਰ ਸਤਿਗੁਰ ਧਾਰ ਅਗੰਮੀ ਧੁੰਨਕਾਰ, ਧੁਨ ਅਨਾਦੀ ਰਾਗ ਅਲਾਇੰਦਾ । ਅੰਦਰ ਬਾਹਰ ਜੋਤ ਉਜਿਆਰ, ਨੂਰ ਨੁਰਾਨਾ ਡਗਮਗਾਇੰਦਾ । ਅੰਦਰ ਬਾਹਰ ਇਕੋ ਯਾਰ, ਸਗਲਾ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਖਿਲਾਇੰਦਾ । ਅੰਦਰ ਬਾਹਰ ਮਾਰੇ ਝਾਤ, ਪਰਦਾ ਆਪਣਾ ਆਪ ਉਠਾਈਆ । ਅੰਦਰ ਬਾਹਰ ਖੋਲ੍ਹੇ ਤਾਕ, ਬੰਦ ਕਿਵਾੜਾ ਕੁੰਡਾ ਲਾਹੀਆ । ਅੰਦਰ ਬਾਹਰ ਵਖਾਏ ਹਾਟ, ਸਾਚਾ ਵਣਜ ਕਰਾਈਆ । ਅੰਦਰ ਬਾਹਰ ਤੀਰਥ ਤਾਟ, ਘਰ ਸਰੋਵਰ ਦਏ ਪਰਗਟਾਈਆ । ਅੰਦਰ ਬਾਹਰ ਬੰਨ੍ਹੇ ਨਾਤ, ਆਪਣਾ ਬੰਧਨ ਪਾਈਆ । ਅੰਦਰ ਬਾਹਰ ਦੇਵੇ ਦਾਤ, ਦੇਵਣਹਾਰ ਬੇਪਰਵਾਹੀਆ । ਅੰਦਰ ਬਾਹਰ ਪਿਤਾ ਮਾਤ, ਨਿਰਗੁਣ ਸਰਗੁਣ ਸੰਗ ਸਮਾਈਆ । ਅੰਦਰ ਬਾਹਰ ਜਣਾਏ ਗਾਥ, ਆਪਣੀ ਕਰ ਆਪ ਪੜ੍ਹਾਈਆ । ਅੰਦਰ ਬਾਹਰ ਲਹਿਣਾ ਦੇਣਾ ਚੁਕਾਏ ਮਸਤਕ ਮਾਥ, ਸੀਸ ਜਗਦੀਸ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਦਰ ਬਾਹਰ ਖੇਲ ਕਰ, ਆਪਣੇ ਰੰਗ ਸਮਾਈਆ ।

ਪੰਜ ਸ਼ਬਦ ਜਗਤ ਜੈਕਾਰਾ, ਰਸਨਾ ਜਿਹਵਾ ਵਡਿਆਈਆ । ਹਰਿ ਕਾ ਸ਼ਬਦ ਸਭ ਤੋਂ ਵਸੇ ਬਾਹਰਾ, ਗਣਤ ਵਿਚ ਕਦੇ ਨਾ ਆਈਆ । ਨਾ ਕੋਈ ਅੰਕੜਾ ਨਾ ਕੋਈ ਅੰਕ ਨਾ ਕੋਈ ਲਿਖਾਰਾ, ਲਿਖ ਲਿਖ ਲੇਖ ਨਾ ਕੋਈ ਵਖਾਈਆ । ਲੋਕਮਾਤ ਗੁਰੂਆਂ ਪੀਰਾਂ ਦਏ ਸਹਾਰਾ, ਲੱਖ ਚੁਰਾਸੀ ਨਾਲ ਪਰਨਾਈਆ । ਕੋਈ ਕਹੇ ਸਤਿਨਾਮ ਅਧਾਰਾ, ਕੋਈ ਕਹੇ ਸੋਹੰ ਜੈਕਾਰਾ, ਕੋਈ ਰਾਰੰਕਾਰ ਵਖਾਈਆ । ਕੋਈ ਕਹੇ ਜੋਤ ਨਿਰੰਜਣ ਉਜਿਆਰਾ, ਕੋਈ ਕਹੇ ਜੋਤੀ ਜੋਤ ਡਗਮਗਾਈਆ । ਕੋਈ ਕਹੇ ਓਅੰਕਾਰ ਪਸਾਰਾ, ਨਿਰਾਕਾਰ ਨਜ਼ਰ ਨਾ ਆਈਆ । ਦੋਏ ਦੋਏ ਜੋੜ ਕਰਦੇ ਗਏ ਨਿਮਸਕਾਰਾ, ਲੋਕਮਾਤ ਰਾਹ ਤਕਾਈਆ । ਤੇਰਾ ਵਸਦਾ ਰਹੇ ਦਵਾਰਾ, ਸ਼ਾਹ ਪਾਤਸ਼ਾਹ ਸੱਚੇ ਸ਼ਹਿਨਸ਼ਾਹੀਆ । ਅਲਖ ਅਗੰਮ ਤੇਰਾ ਖੇਲ ਨਿਆਰਾ, ਸਤਿ ਪੁਰਖ ਤੇਰੀ ਵਡਿਆਈਆ । ਤੇਰੇ ਨਾਮ ਦੀ ਸੱਚੀ ਧਾਰਾ, ਤੇਰੀ ਮਹਿਮਾ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਚਮ ਸ਼ਬਦ ਜਗਤ ਨਾਤਾ ਬੰਧਨ ਪਾਈਆ । ਅੱਲਾ ਅਲਾਹੀ ਨੂਰ, ਆਲਮੀਨ ਅਖਵਾਇੰਦਾ । ਕਰੇ ਖੇਲ ਜ਼ਾਹਿਰ ਜ਼ਹੂਰ, ਭੇਵ ਕੋਇ ਨਾ ਪਾਇੰਦਾ । ਬੱਧਾ ਰਹੇ ਸਚ ਦਸਤੂਰ, ਹੁਕਮੀ ਹੁਕਮ ਨਾ ਕੋਈ ਉਲਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਖਿਲਾਇੰਦਾ । ਆਪੇ ਆਪਣਾ ਨਾਉਂ ਰੱਖ, ਤੱਤਾ ਤਖ਼ਤ ਇਕ ਰਚਾਈਆ । ਰਾਮ ਪੁਰਖ ਸਮਰਥ, ਰਹੀਮ ਵੇਸ ਵਟਾਈਆ । ਅਬੂਤਰ ਖੇਲ ਅਕਥ, ਲੋਕਮਾਤ ਸਮਝਾਈਆ । ਪੰਜ ਤਤ ਮਾਰਗ ਆਪਣਾ ਦੱਸ, ਪਰਦਾ ਦਏ ਚੁਕਾਈਆ । ਜੋਤ ਉਜਾਲਾ ਨੂਰ ਪਰਕਾਸ਼ ਸੱਚ, ਸਦਾ ਬਾਂਗ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨੂਰ ਆਪਣੇ ਨਾਲ ਮਿਲਾਈਆ । ਅੱਲਾ ਐਲੀ ਇਕ ਖ਼ੁਦਾ, ਖ਼ੁਦੀ ਨਾ ਕੋਈ ਰਖਾਇੰਦਾ । ਅਬੂਤਰ ਦਿਤਾ ਬਣਾ, ਵਿਚ ਆਪਣਾ ਨੂਰ ਟਿਕਾਇੰਦਾ । ਸ਼ਰਅ ਨਾਲ ਸ਼ਰਅ ਟਕਰਾ, ਸ਼ਰੀਯਤ ਵੰਡ ਵੰਡਾਇੰਦਾ । ਬੇਨਿਕਾਹੀਆਂ ਕਰੇ ਨਿਕਾਹ, ਆਪਣਾ ਖੇਲ ਆਪ ਵਰਤਾਇੰਦਾ । ਬਜਰਤਰ ਵੇਸ ਵਟਾ, ਸੀਸ ਨਾਰ ਕੋਲੋਂ ਕਟਾਇੰਦਾ । ਅੱਲਾ ਐਬ ਨਾ ਕਰੇ ਖ਼ੁਦਾ, ਤੀਰ ਤਲਵਾਰ ਧਾਰ ਪਾਰ ਨਾ ਕੋਈ ਵਖਾਇੰਦਾ । ਬਿਸਮਿਲ ਹੋ ਹੋਏ ਫ਼ਿਦਾ, ਬਿਸਤਰੇ ਮਰਗ ਨਾ ਕੋਈ ਵਿਛਾਇੰਦਾ । ਐਲੀ ਸ਼ਾਹ ਨਾ ਰੂਪ ਵਟਾ, ਦੁਲਦਲ ਜ਼ੀਨ ਨਾ ਕੋਈ ਕਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਬੂਤਰ ਆਪਣਾ ਰੂਪ ਸਮਝਾਇੰਦਾ ।

ਨਕਾਬ ਪੋਸ਼ ਹੋਇਆ ਰੂਪੋਸ਼, ਨਜ਼ਰ ਕਿਸੇ ਨਾ ਆਇੰਦਾ । ਸਦਾ ਬਣਿਆ ਰਹੇ ਖਾਮੋਸ਼, ਆਪਣੀ ਅਵਾਜ਼ ਨਾ ਕਿਸੇ ਸੁਣਾਇੰਦਾ । ਮੁਕਾਮੇ ਹੱਕ ਬੈਠਾ ਵੇਖੇ ਸਭ ਦਾ ਦੋਸ਼, ਨਿਰਦੋਸ਼ ਨਜ਼ਰ ਕੋਇ ਨਾ ਆਇੰਦਾ । ਜਿਸ ਦੇਵੇ ਪਿਆਲਾ ਜਾਮ ਕਰੇ ਮਧਹੋਸ਼, ਹੋਸ਼ ਸਭ ਦੀ ਆਪ ਭੁਲਾਇੰਦਾ । ਆਪੇ ਬਣਿਆ ਨਕ਼ਾਬਪੋਸ਼, ਆਪਣਾ ਪਰਦਾ ਆਪ ਚੁਕਾਇੰਦਾ । ਕਿਆ ਕੋਈ ਸੋਚਾਂ ਸਕੇ ਸੋਚ, ਸੋਚ ਵਿਚ ਕਦੇ ਨਾ ਆਇੰਦਾ । ਸਾਂਡਨੀ ਅਸਵਾਰ ਬਣਿਆ ਆਪ ਬਲੋਚ, ਆਪ ਆਪਣੇ ਸੰਗ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵੇਸ ਆਪ ਵਟਾਇੰਦਾ । ਦੇਵੇ ਤਾਕ਼ਤ ਤਾਕ਼ਤਵਰ, ਤਖ਼ਤਾ ਸਭ ਦਾ ਦਏ ਉਲਟਾਈਆ । ਨਿਰਭੌ ਰਖਾਏ ਆਪਣਾ ਡਰ, ਸਭ ਦਾ ਭੈ ਮੁਕਾਈਆ । ਜੋ ਜਨ ਭਾਣਾ ਲਏ

ਜਰ, ਤਿਸ ਭਾਣੇ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਕਰਾਈਆ ।

## ★ ੨੦ ਕਤਕ ੨੦੧੮ ਬਿਕ੍ਰਮੀ ਜੇਠੂਵਾਲ ਦਰਬਾਰ ਵਿਚ ★

ਵੇਖੋ ਖੇਲ ਹਰੀ ਹਰਿ ਦਾ, ਬਿਨ ਰਸਨਾ ਕਬੀਰ ਰਿਹਾ ਅਲਾਈਆ । ਜਨ ਭਗਤਾਂ ਕੋਲੋਂ ਡਰਦਾ, ਲੋਕਮਾਤ ਸੇਵ ਕਮਾਈਆ । ਅਛਲ ਅਛੱਲ ਜੋ ਰਿਹਾ ਕਰਦਾ, ਆਦਿ ਜੁਗਾਦਿ ਸਭ ਨੂੰ ਆਪ ਭੁਲਾਈਆ । ਆਪਣਾ ਨਾਉਂ ਲੋਕਮਾਤ ਭਗਤਾਂ ਅੱਗੇ ਜੋ ਰਿਹਾ ਧਰਦਾ, ਵਸਤ ਅਨਮੋਲ ਵਰਤਾਈਆ । ਅੱਖਰ ਬਿਨਾ ਜੋ ਰਿਹਾ ਪੜ੍ਹਦਾ, ਪੜ੍ਹ ਪੜ੍ਹ ਖੇਲ ਖਿਲਾਈਆ । ਵਡ ਬਲਵਾਨ ਜੁਗ ਜੁਗ ਜੋ ਰਿਹਾ ਲੜਦਾ, ਨਿਤ ਨਵਿਤ ਵੇਸ ਵਟਾਈਆ । ਥੰਮਾਂ ਨਾਲ ਜੋ ਰਿਹਾ ਸੜਦਾ, ਆਪਣਾ ਰੂਪ ਵਟਾਈਆ । ਆਦਿ ਜੁਗਾਦਿ ਜੁਗ ਜੁਗ ਲੁਕਿਆ ਰਿਹਾ ਵਿਚ ਪਰਦਾ, ਭਗਤਾਂ ਸਨੇਹੜਾ ਰਿਹਾ ਘਲਾਈਆ । ਕਲਜੁਗ ਅੰਤਮ ਧਰੇ ਰੂਪ ਨਰ ਹਰਿ ਦਾ, ਨਰ ਨਰਾਇਣ ਵਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਾਰ ਆਪ ਕਰਾਈਆ । ਉਠੋ ਵੇਖੋ ਮਾਰ ਧਿਆਨ, ਕਬੀਰ ਬਿਨ ਸਰੀਰ ਕਰੇ ਜਣਾਈਆ । ਨਿਰਗੁਣ ਰੂਪ ਸ੍ਰੀ ਭਗਵਾਨ, ਭਗਵਾਨ ਆਪਣਾ ਵੇਸ ਵਟਾਈਆ । ਛੱਤੀ ਜੁਗ ਗੁਰ ਅਵਤਾਰਾਂ ਦੇ ਪਰਵਾਨ, ਪਰਵਾਨਾ ਮਾਤ ਘਲਾਈਆ । ਨਾਮ ਨਿਧਾਨਾ ਅੰਦਰ ਦੇ ਦੇ ਦਾਨ, ਬਿਨ ਰਸਨਾ ਜਿਹਵਾ ਸੁਣਾਈਆ । ਇਕ ਵਖਾ ਸਚ ਨਿਸ਼ਾਨ, ਆਪਣੇ ਰੰਗ ਰੰਗਾਈਆ । ਆਪੇ ਹੋ ਬੇਪਹਿਚਾਨ, ਬੈਠਾ
੧੪੨੯ ਰਹੇ ਮੁਖ ਛੁਪਾਈਆ । ਗੁਰ ਅਵਤਾਰ ਲਗਾਏ ਧਿਆਨ, ਆਪਣਾ ਧਿਆਨ ਸਮਝਾਈਆ । ਆਪਣਾ ਪ੍ਰੇਮ ਇਕ ਗਿਆਨ, ਪਿਆਰ ਪਿਆਰ ਨਾਲ ਪਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਛੁਪਾਈਆ । ਉਠੋ ਵੇਖੋ ਹਰਿ ਕਾ ਰੰਗ, ਰੰਗ ਰੰਗੀਲਾ ਆਪ ਰੰਗਾਇੰਦਾ । ਬਿਨ ਅਸਵ ਕਸਿਆ ਤੰਗ, ਸ਼ਾਹ ਸਵਾਰ ਫੇਰਾ ਪਾਇੰਦਾ । ਬਿਨ ਮਰਦੰਗੇ ਵਜਾਏ ਮਰਦੰਗ, ਸਾਚਾ ਢੋਲਾ ਆਪੇ ਗਾਇੰਦਾ । ਬਿਨ ਪਰਕਾਸ਼ ਵੇਖੇ ਅੰਧੇਰਾ ਅੰਧ, ਪਾਂਧੀ ਆਪਣਾ ਪੰਧ ਮੁਕਾਇੰਦਾ । ਬਿਨ ਰਾਗ ਗਾਏ ਛੰਦ, ਰਾਗ ਰਾਗਨੀ ਮੋਹ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰਾ ਆਪ ਵਖਾਇੰਦਾ । ਸਾਚੀ ਧਾਰਾ ਵੇਖੋ ਸੰਤ, ਸਤਿ ਸਤਿਵਾਦੀ ਆਪ ਚਲਾਈਆ । ਹੁਕਮ ਦੇਂਦਾ ਰਿਹਾ ਜੋ ਜੁਗਾ ਜੁਗੰਤ, ਹੁਕਮੀ ਹੁਕਮ ਭਵਾਈਆ । ਜਿਸ ਨੂੰ ਕਹਿੰਦੇ ਰਹੇ ਬੇਅੰਤ, ਬੇਨਜ਼ੀਰ ਨਜ਼ਰ ਕਦੇ ਨਾ ਆਈਆ । ਜਿਸ ਨੂੰ ਮੰਨਦੇ ਰਹੇ ਕੰਤ, ਬਣ ਬਣ ਨਾਰ ਸੇਵ ਕਮਾਈਆ । ਜਿਸ ਨੂੰ ਕਹਿੰਦੇ ਦਾਤਾ ਜੀਵ ਜੰਤ, ਜੋਤੀ ਨੂਰ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰਾਹ ਆਪ ਚਲਾਈਆ । ਉਠੋ ਵੇਖੋ ਤੱਕੋ ਰਾਹ, ਹਰਿ ਤਦਬੀਰ ਆਪ ਬਣਾਇੰਦਾ । ਬਿਨ ਬੇੜੇ ਬਣਿਆ ਮਲਾਹ, ਚੱਪੂ ਹੱਥ ਨਾ ਕੋਈ ਵਖਾਇੰਦਾ । ਜਿਸ ਦੀ ਮੰਨ ਕੇ ਆਏ ਰਜ਼ਾ, ਹੁਕਮੀ ਹੁਕਮ ਹੁਕਮ ਭਵਾਇੰਦਾ । ਜਿਹੜਾ ਭੁੱਲਿਆਂ ਦੇਵੇ ਸਜ਼ਾ, ਸੋ ਅਭੁਲ ਖੇਲ ਖਿਲਾਇੰਦਾ । ਜੋ ਰੁਲਿਆਂ ਲਏ ਉਠਾ, ਆਪਣੀ ਗੋਦ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵੇਸ ਆਪ ਵਟਾਇੰਦਾ । ਉਠੋ ਚਲੋ ਹਰਿ ਹਰਿ ਦਰ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਜੁਗ ਜੁਗ ਜਿਸ ਦਾ ਮੰਨਦੇ ਰਹੇ ੧੪੨੯

ਡਰ, ਸੋ ਡਰ ਰਿਹਾ ਚੁਕਾਈਆ । ਨੇਤਰ ਮੀਟ ਮੀਟ ਜਿਸ ਦਾ ਲੱਭਦੇ ਰਹੇ ਘਰ, ਬਿਨ ਨੇਤਰ ਘਰ ਵਖਾਈਆ । ਜਿਸ ਦੀ ਬਿਰਹੋਂ ਅੰਦਰ ਆਏ ਸੜ, ਸੋ ਅਗਨੀ ਤਤ ਬੁਝਾਈਆ । ਜਿਸ ਦਾ ਭਾਣਾ ਆਏ ਜਰ, ਸੋ ਭਾਣੇ ਰਿਹਾ ਵਖਾਈਆ । ਜਿਸ ਦਾ ਨਾਉਂ ਕੋਟਨ ਕੋਟ ਅੱਖਰ ਆਏ ਪੜ੍ਹ, ਦਰ ਆ ਵੇਖਿਆ ਅੱਖਰ ਨਜ਼ਰ ਕੋਇ ਨਾ ਆਈਆ । ਜਿਸ ਦੀ ਪੂਜਾ ਕਰਦਾ ਰਿਹਾ ਸੀਸ ਧੜ, ਨਿਉਂ ਨਿਉਂ ਸੀਸ ਝੁਕਾਈਆ । ਤਿਸ ਦੀ ਨਾ ਚੋਟੀ ਨਾ ਕੋਈ ਜੜ੍ਹ, ਰੂਪ ਰੰਗ ਨਾ ਕੋਈ ਪਰਗਟਾਈਆ । ਜਿਸ ਦੇ ਪਿਛੇ ਮਰਨੀ ਗਏ ਮਰ, ਸੋ ਮਰਨ ਜਨਮ ਵਿਚ ਕਦੇ ਨਾ ਆਈਆ । ਜਿਸ ਨੂੰ ਕਹਿੰਦੇ ਰਹੇ ਹਰੀ ਹਰਿ, ਸੋ ਹਰਿ ਜੂ ਰੂਪ ਧਰਾਈਆ । ਆਓ ਚਲ ਕੇ ਵੇਖੀਏ ਨਰਾਇਣ ਨਰ, ਜੋ ਸੱਦਾ ਰਿਹਾ ਘਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਵਖਾਈਆ । ਉਠੇ ਭਗਤ ਹੋਏ ਤਿਆਰ, ਥਿਤ ਵਾਰ ਨਾ ਕੋਈ ਰਖਾਇਆ । ਵਾਹ ਵਾਹ ਖੇਲ ਤੇਰਾ ਕਰਤਾਰ, ਭੇਵ ਕਿਸੇ ਨਾ ਪਾਇਆ । ਅਸੀ ਰੁਲਦੇ ਰਹੇ ਵਿਚ ਸੰਸਾਰ, ਤੇਰਾ ਨਾਮ ਲੈ ਲੈ ਧੱਕਾ ਖਾਇਆ । ਲੁਕਦੇ ਰਹੇ ਵਿਚ ਡੂੰਘੀ ਗਾਰ, ਆਪਣਾ ਮੁਖ ਛੁਪਾਇਆ । ਤੇਰੇ ਪਿਛੇ ਖਾਂਦੇ ਰਹੇ ਮਾਰ, ਆਪਣੀ ਖੱਲ ਲੁਹਾਇਆ । ਮਾਨਸ ਜਨਮ ਆਏ ਹਾਰ, ਕਾਇਆ ਚੋਲਾ ਨਾ ਸੰਗ ਰਖਾਇਆ । ਛੱਡਕੇ ਆਏ ਜਗਤ ਘਰ ਬਾਰ, ਨਾਰ ਪਿਆਰ ਨਾ ਕੋਇ ਵਖਾਇਆ । ਪੁਤਰ ਧੀ ਨਾ ਕੋਈ ਅਧਾਰ, ਵੇਲੇ ਅੰਤ ਦੇਵਣ ਧੱਕਾ ਲਾਇਆ । ਤੁਧ ਬਿਨ ਦੇਵੇ ਨਾ ਕੋਈ ਸਹਾਰ, ਵੇਖਿਆ ਜਗਤ ਸਬਾਇਆ । ਤੂੰ ਕਿਰਪਾ ਕਰੀਂ ਆਪ ਨਿਰੰਕਾਰ, ਆਪ ਆਪਣਾ ਮੇਲ ਮਿਲਾਇਆ । ਡੂੰਘੀ ਭਗਤੀ ਵਿਚ ਵਾੜ, ਆਪਣਾ ਸਾਗਰ ਨਾ ਫੇਰ ਵਖਾਇਆ । ਕਾਇਆ ਗਾਗਰ ਬਣਾਕੇ ਰੱਖੀ ਗਾਰ, ਦਿਵਸ ਰੈਣ ਭਵਰ ਵਿਚ ਭਵਾਇਆ । ਕਦੀ ਲੱਭਦੇ ਰਹੇ ਸੁਖਮਨ ਟੇਡੀ ਨਾੜ, ਈੜਾ ਪਿੰਗਲ ਵੇਖ ਵਖਾਇਆ । ਕਦੀ ਮੰਗਦੇ ਰਹੇ ਅੰਮ੍ਰਿਤ ਧਾਰ, ਕਵਣ ਵੇਲਾ ਝਿਰਨਾ ਦਏ ਝਿਰਾਇਆ । ਕਦੇ ਮੰਗਦੇ ਰਹੇ ਜੋਤ ਉਜਿਆਰ, ਜੋਤ ਨਿਰੰਜਣ ਦਏ ਟਿਕਾਇਆ । ਕਦੀ ਮੰਗਦੇ ਰਹੇ ਦਰਸ ਦੀਦਾਰ, ਆਤਮ ਸੇਜਾ ਦਏ ਸਹਾਇਆ । ਕਦੇ ਮੰਗਦੇ ਰਹੇ ਤੇਰਾ ਪਿਆਰ, ਦੋਏ ਜੋੜ ਜੋੜ ਸੀਸ ਝੁਕਾਇਆ । ਤੈਨੂੰ ਰਹਿਮ ਨਾ ਆਇਆ ਮੇਰੀ ਸਰਕਾਰ, ਮਿਹਰ ਨਜ਼ਰ ਨਾ ਕਦੇ ਉਠਾਇਆ । ਤੇਰੀ ਕੂਕ ਕਰੀ ਪੁਕਾਰ, ਐਨਲਹਕ ਤੇਰਾ ਨਾਅਰਾ ਲਾਇਆ । ਤੇਰੇ ਨਾਅਰੇ ਉਤੋਂ ਪਈ ਮਾਰ, ਆਪਣੀ ਖੱਲ ਲੁਹਾਇਆ । ਸ਼ੱਕ ਵਿਚ ਪਿਆ ਸੰਸਾਰ, ਸ਼ਕਵਾ ਤੇਰਾ ਨਾ ਕੋਇ ਸਮਝਾਇਆ । ਫ਼ਤਵਾ ਲੱਗਾ ਪਹਿਲੀ ਵਾਰ, ਦੂਜੀ ਵਾਰ ਨਾ ਦਈਂ ਸਜ਼ਾਇਆ । ਮੈਂ ਨਿਉਂ ਨਿਉਂ ਕਰਾਂ ਨਿਮਸਕਾਰ, ਸਲਾਮ ਅਲੈਕਮ ਨਾਲ ਮਿਲਾਇਆ । ਵਾਹ ਤੇਰੀ ਕ਼ੁਦਰਤ ਮੇਰੇ ਯਾਰ, ਤੂੰ ਕ਼ੁਦਰਤ ਖੇਲ ਖਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਸੰਗ ਆਪ ਜਣਾਇਆ । ਉਠੋ ਵੇਖੋ ਪੀਰ ਪੈਗ਼ੰਬਰ, ਸੱਚਾ ਪਰਾਹ ਆਪ ਬਣਾਈਆ । ਆਦਿ ਜੁਗਾਦਿ ਜੋ ਰਚਦਾ ਰਿਹਾ ਅਡੰਬਰ, ਅੱਡ ਬੈਠਾ ਸੱਚਾ ਮਾਹੀਆ । ਕਲਜੁਗ ਅੰਤਮ ਰਚਿਆ ਸਵੰਬਰ, ਸਾਚੀ ਰੁੱਤ ਸੁਹਾਈਆ । ਆਪਣੇ ਸਿਰ ਓਢਿਆ ਇਕ ਪੀਤ ਪਤੰਬਰ, ਢਾਕਨ ਕੋ ਪਤ ਹਰਿ ਘਟ ਥਾਈਂਆ । ਆਪਣੇ ਘਰ ਬਣਿਆ ਇਕੋ ਮਿੰਮਬਰ, ਦੂਜਾ ਸੰਗ ਨਾ ਕੋਈ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਕਰਾਈਆ । ਉਠੋ ਵੇਖੋ ਕਰਤਾ ਧਾਰ, ਕਰਨਹਾਰ ਕਰਾਇੰਦਾ । ਜਿਸ ਦਾ ਮੰਗਦੇ ਰਹੇ ਦੀਦਾਰ, ਸੋ ਦਿਆਲ ਦਇਆ ਕਮਾਇੰਦਾ । ਜਿਸ ਦੇ ਪਿਛੇ ਕਰਦੇ ਰਹੇ ਸ਼ੰਗਾਰ, ਸੋਲਾਂ ਸ਼ੰਗਾਰ ਵੇਸ ਵਟਾਇੰਦਾ । ਜਿਸ ਦੇ

ਪਿਛੇ ਸੇਵਾ ਕਰਦੇ ਰਹੇ ਬਣ ਬਣ ਨਾਰ, ਸੋ ਕੰਤ ਵੇਸ ਵਟਾਇੰਦਾ । ਜਿਸ ਦਾ ਲੱਭਦੇ ਰਹੇ ਮਹੱਲ ਮੁਨਾਰ, ਅਟਲ ਮੁਨਾਰਾ ਨਜ਼ਰ ਕਿਸੇ ਨਾ ਆਇੰਦਾ । ਜਿਸ ਦੀ ਕੱਟ ਕੇ ਆਏ ਵਗਾਰ, ਸੋ ਬਣ ਵਗਾਰੀ ਸੇਵ ਕਮਾਇੰਦਾ । ਜਿਸ ਨੂੰ ਕਹਿੰਦੇ ਰਹੇ ਕਰੀਮ ਕ਼ਾਦਰ ਯਾਰ, ਸੋ ਆਪਣਾ ਨੂਰ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਆਪ ਉਠਾਇੰਦਾ । ਉਠੋ ਵੇਖੋ ਹਰਿ ਜੂ ਮੇਲਾ, ਲੋਕਮਾਤ ਆਪ ਮਿਲਾਇਆ । ਇਕੋ ਘਰ ਵਸੇ ਗੁਰੂ ਚੇਲਾ, ਚੇਲਾ ਗੁਰ ਰੂਪ ਵਟਾਇਆ । ਇਕੋ ਸਤਿਗੁਰ ਸੱਜਣ ਸੁਹੇਲਾ, ਇਕੋ ਗੁਰਮੁਖ ਲਏ ਬਣਾਇਆ । ਇਕੋ ਜਾਣੇ ਆਪਣਾ ਵੇਲਾ, ਥਿਤ ਵਾਰ ਨਾ ਕੋਇ ਵਡਿਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵੇਲਾ ਆਪ ਸੁਹਾਇਆ । ਸਾਚਾ ਵੇਲਾ ਲੋਕਮਾਤ, ਹਰਿ ਜੂ ਆਪ ਸੁਹਾਇੰਦਾ । ਉਠੋ ਵੇਖੋ ਮਾਰ ਝਾਤ, ਕੀ ਸਾਂਗ ਵਰਤਾਇੰਦਾ । ਜਿਸ ਨੂੰ ਲੱਭਦੇ ਰਹੇ ਇਕ ਇਕਾਂਤ, ਜੁਗ ਜੁਗ ਲੁਕ ਲੁਕ ਭਗਤਾਂ ਦਰਸ ਦਿਖਾਇੰਦਾ । ਕਲਜੁਗ ਅੰਤਮ ਹਰਿਜਨ ਬਣਾਏ ਇਕ ਜਮਾਤ, ਇਕੋ ਪੱਟੀ ਨਾਮ ਪੜ੍ਹਾਇੰਦਾ । ਏਕਾ ਵਾਰ ਦੇਵੇ ਦਾਤ, ਏਕਾ ਵਸਤ ਝੋਲੀ ਪਾਇੰਦਾ । ਏਕਾ ਗੌਣੀ ਸਾਚੀ ਗਾਥ, ਏਕਾ ਰਾਹ ਚਲਾਇੰਦਾ । ਇਕੋ ਦੱਸੇ ਸਾਚੀ ਜ਼ਾਤ, ਦੂਜੀ ਜ਼ਾਤ ਨਾ ਕੋਇ ਬਣਾਇੰਦਾ । ਇਕ ਬੰਧਾਏ ਸੱਚਾ ਨਾਤ, ਨਾਤਾ ਬੱਧਾ ਨਾ ਕੋਇ ਤੁੜਾਇੰਦਾ । ਇਕੋ ਪਿਤਾ ਇਕੋ ਮਾਤ, ਏਕਾ ਬਾਲਕ ਰੂਪ ਵਖਾਇੰਦਾ । ਏਕੋ ਪੂਰੀ ਕਰੇ ਆਸ, ਏਕਾ ਸੰਗ ਨਿਭਾਇੰਦਾ । ਇਕੋ ਵਸੇ ਸਦਾ ਪਾਸ, ਵਿਛੜ ਕਦੇ ਨਾ ਜਾਇੰਦਾ । ਚਾਰ ਜੁਗ ਇਕ ਇਕ ਕਰਕੇ ਸਾਡੀ ਕੀਤੀ ਬੰਦ ਖ਼ੁਲਾਸ, ਫੜ ਫੜ ਆਪਣੇ ਚਰਨ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਦਇਆ ਆਪ ਕਮਾਇੰਦਾ । ਕਲਜੁਗ ਅੰਤ ਕੀ ਕਰੇ ਕਾਰਾ, ਹਰਿ ਪੁਰਖ ਨਿਰੰਜਣ ਵੇਸ ਵਟਾਈਆ । ਜਨ ਭਗਤਾਂ ਦੇਵੇ ਜਗਤ ਸਹਾਰਾ, ਜੁਗਤ ਆਪਣੇ ਹੱਥ ਰਖਾਈਆ । ਜਿਸ ਭਾਂਡਾ ਘੜਿਆ ਬਣ ਠਠਿਆਰਾ, ਆਪਣੀ ਵਸਤ ਵਿਚ ਟਿਕਾਈਆ । ਸੋ ਵੇਖੇ ਵਿਗਸੇ ਵੇਖਣਹਾਰਾ, ਵੇਖ ਵੇਖ ਖ਼ੁਸ਼ੀ ਮਨਾਈਆ । ਬਿਨ ਪੈਸੇ ਧੇਲੇ ਬਣਿਆ ਵਣਜਾਰਾ, ਆਪਣਾ ਵਣਜ ਕਰਾਈਆ । ਛੱਤੀ ਜੁਗ ਜੋ ਕਰਦਾ ਰਿਹਾ ਉਧਾਰਾ, ਅੰਤਮ ਲਹਿਣਾ ਦਏ ਮੁਕਾਈਆ । ਧਰੂ ਕਹੇ ਸੁਣ ਪ੍ਰਹਿਲਾਦ ਯਾਰਾ, ਪ੍ਰਭ ਕੀ ਸਾਂਗ ਵਰਤਾਈਆ । ਸਾਡੇ ਨਾਲ ਕੀ ਕਰਿਆ ਵਿਹਾਰਾ, ਜੰਗਲ ਜੂਹਾਂ ਵਿਚ ਫਿਰਾਈਆ । ਕਲਜੁਗ ਅੰਤਮ ਗ਼ਰੀਬ ਨਿਮਾਣਿਆਂ ਦਏ ਸਹਾਰਾ, ਫੜ ਬਾਹੋਂ ਗਲੇ ਲਗਾਈਆ । ਇਕੋ ਦਸਿਆ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਨਾਮ ਜੈਕਾਰਾ, ਬਿਨ ਭਗਤੀ ਬੇੜੇ ਦਏ ਚੜ੍ਹਾਈਆ । ਬਿਨ ਜੰਞੋਂ ਆਏ ਇਕੋ ਲਾੜਾ, ਹਰਿਜਨ ਨਾਰੀ ਲਏ ਪਰਨਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਕਰੇ ਪਿਆਰਾ, ਪਿਆਰ ਪਿਆਰ ਵਿਚ ਮਿਲਾਈਆ । ਨੇਤਰ ਨੈਣ ਨੈਣ ਸ਼ੰਗਾਰਾ, ਗੁਰਮੁਖ ਨੈਣ ਨੈਣ ਨੈਣ ਨਾਲ ਮਿਲਾਈਆ । ਆਏ ਚਲ ਗਿਰਵਰ ਗਿਰਧਾਰਾ, ਗ੍ਰਿਹਿ ਗ੍ਰਿਹਿ ਆਪਣਾ ਪੰਧ ਮੁਕਾਈਆ । ਜਨ ਭਗਤਾਂ ਕਰ ਦਰਸ ਦੀਦਾਰਾ, ਆਪਣੀ ਖ਼ੁਸ਼ੀ ਮਨਾਈਆ । ਕਰਿਆ ਖੇਲ ਅਪਰ ਅਪਾਰਾ, ਸਾਚੀ ਰੀਤ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਪ੍ਰਹਿਲਾਦ ਕਹੇ ਸੁਣ ਧਰੂ ਮੀਤ, ਕੀ ਕੀ ਹਾਲ ਸੁਣਾਵਾਂ । ਵੇਖੋ ਪ੍ਰਭ ਦੀ ਉਲਟੀ ਰੀਤ, ਰਾਤੀਂ ਸੁਤਿਆਂ ਪਕੜੇ ਬਾਂਹਵਾਂ । ਕਲਜੁਗ ਅੰਤ ਠੁਕਰਾਈ ਮੰਦਰ ਮਸੀਤ, ਜਿਸ ਦਾ ਕਰਦੇ ਝੂਠਾ ਦਾਅਵਾ । ਅੰਦਰੇ ਅੰਦਰ ਪਰਖੇ ਨੀਤ, ਕਰੇ ਪਿਆਰ ਜਿਉਂ ਪੁੱਤਰਾਂ ਮਾਵਾਂ । ਜਨ ਭਗਤਾਂ ਹਿਰਦਾ ਕਰੇ ਠੰਡਾ

੧੪੩੧
੧੦

ਸੀਤ, ਉਪਰ ਰੱਖੇ ਠੰਡੀ ਛਾਵਾਂ । ਸਾਹਿਬ ਸਤਿਗੁਰ ਪਤਿਤ ਪੁਨੀਤ, ਹੰਸ ਬਣਾਏ ਫੜ ਫੜ ਕਾਵਾਂ । ਬਿਨ ਚੇਤਿਉਂ ਵਸਿਆ ਚੀਤ, ਬਿਨ ਚੇਤਨ ਨਿਰਗੁਣ ਸਰਗੁਣ ਆਪਣੇ ਘਰ ਲਾਇਆ ਨਾਵਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਉਧਾਰਨ ਆਪਣਾ ਬੱਧਾ ਦਾਅਵਾ । ਧਰੂ ਕਹੇ ਸੁਣ ਪ੍ਰਹਿਲਾਦ, ਪ੍ਰਭ ਕੀ ਕੀ ਸਾਂਗ ਵਰਤਾਇੰਦਾ । ਬਾਲੀ ਬੁਧ ਜਿਸ ਲਾਈ ਜਾਗ, ਸੋ ਸਾਹਿਬ ਵੇਖਣ ਆਵਾਂ । ਬਿਨ ਧੁਨ ਵਜਾਏ ਨਾਦ, ਬਿਨ ਰਸਨਾ ਗੀਤ ਗਾਵਾਂ । ਬਿਨ ਜਿਹਵਾ ਆਏ ਸਵਾਦ, ਨਾਮ ਨਿਧਾਨਾ ਏਕਾ ਖਾਵਾਂ । ਸੋ ਸੱਜਣ ਲੈਣਾ ਲਾਧ, ਆਦਿ ਜੁਗਾਦਿ ਕਰੇ ਖੇਲ ਬਿਨ ਲੱਤਾਂ ਬਾਂਹਵਾਂ । ਜਨ ਭਗਤਾਂ ਰੱਖੇ ਯਾਦ, ਨਿਥਾਵਿਆਂ ਦੇਵੇ ਸੱਚਾ ਥਾਵਾਂ । ਕਲਜੁਗ ਅੰਤ ਸੁਣੇ ਫ਼ਰਯਾਦ, ਸਾਨੂੰ ਵਿਛੜਿਆਂ ਮੇਲੇ ਨਾਲ ਭਰਾਵਾਂ । ਲੱਖ ਚੁਰਾਸੀ ਵਿਚੋਂ ਕਾਢ, ਸਾਡੇ ਨਾਲ ਕਰੇ ਸਾਵਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਆਪਣਾ ਭਾਣਾ । ਕੀ ਧਰੂ ਤੂੰ ਕਿਹਾ ਸੱਚ, ਪ੍ਰਹਿਲਾਦ ਅੱਗੋਂ ਸੁਣਾਈਆ । ਹਾਂ ਜੋ ਵੇਖਿਆ ਸੋ ਰਿਹਾ ਦੱਸ, ਪੁਰਖ ਅਬਿਨਾਸ਼ੀ ਵੇਸ ਵਟਾਈਆ । ਲੋਕਮਾਤ ਗਿਆ ਨੱਸ, ਆਪਣਾ ਪੰਧ ਮੁਕਾਈਆ । ਏਥੇ ਅਸੀਂ ਉਹਦੇ ਵਸ, ਓਥੇ ਚਲੇ ਭਗਤ ਰਜ਼ਾਈਆ । ਜਾਂਦਾ ਜਾਂਦਾ ਸ਼ਬਦ ਸਨੇਹੜਾ ਗਿਆ ਦੱਸ, ਉਠੋ ਭਗਤੋ ਲੋਕਮਾਤ ਰਾਹ ਵੇਖੋ ਚਾਈਂ ਚਾਈਂਆ । ਬਿਨ ਭਗਤੀ ਮੈਂ ਹੋਇਆ ਵਸ, ਬਿਨ ਸ਼ਕਤੀ ਮੈਂ ਦੇਵਾਂ ਰਸ, ਬਿਨ ਵਿਅਕਤੀ ਪੂਰੀ ਕਰਾਂ ਆਸ, ਰੂਪ ਰੰਗ ਰੇਖ ਨਾ ਕੋਇ ਰਖਾਈਆ । ਬਿਨ ਦੀਵਾ ਬਾਤੀ ਮੇਰਾ ਪਰਕਾਸ਼, ਬਿਨ ਮੰਦਰ ਤਾਕੀ ਮੇਰਾ ਨਿਵਾਸ, ਸਚ ਸਿੰਘਾਸਣ ਸੋਭਾ ਪਾਈਆ । ਮੈਂ ਗੁਰਮੁਖਾਂ ਲੋਕਮਾਤ ਜਾ ਕੇ ਕਹਾਂ ਸ਼ਾਬਾਸ, ਛੱਤੀ ਜੁਗ ਜੋ ਰਾਹ ਤਕਾਈਆ । ਤੁਹਾਡੇ ਮੰਡਲ ਪਾਵਾਂ ਰਾਸ, ਬਿਨ ਗੋਪੀ ਕਾਹਨ ਨਾਚ ਨਚਾਈਆ । ਬਿਨ ਖ਼ਾਹਸ਼ੋਂ ਪੂਰੀ ਕਰੇ ਖ਼ਾਹਸ਼, ਆਪ ਆਪਣੀ ਦਇਆ ਕਮਾਈਆ । ਸੁਫ਼ਨੇ ਵਿਚ ਜੋ ਕਦੀ ਨਾ ਗਿਆ ਭਾਸ, ਸੋ ਆਪਣਾ ਦਰਸ ਦਿਖਾਈਆ । ਜਿਸ ਦੀ ਕਦੀ ਨਾ ਆਈ ਯਾਦ, ਸੋ ਆਪਣੀ ਯਾਦ ਤਾਜ਼ਾ ਦਏ ਕਰਾਈਆ । ਤੁਹਾਡੇ ਕੋਲ ਕਰੇ ਆਪਣੀ ਫ਼ਰਯਾਦ, ਤੁਹਾਡੇ ਬਿਨਾਂ ਮੇਰਾ ਦਵਾਰਾ ਕੰਮ ਕਿਸੇ ਨਾ ਆਈਆ । ਕੋਈ ਕਹੇ ਵਾਹਿਦੋ ਲਾਸ਼ਰੀਕ ਗਾਡ, ਕੋਈ ਕਹੇ ਸਦਾ ਬੇਸਵਾਦ, ਕੋਈ ਕਹੇ ਅਨਾਦੀ ਅਨਾਦ, ਕੋਈ ਕਹੇ ਬੋਧ ਅਗਾਧ, ਕੋਈ ਕਹੇ ਮਾਧਵ ਮਾਧ, ਮੋਹਣੀ ਆਪਣਾ ਰੂਪ ਵਟਾਈਆ । ਕੋਈ ਕਹੇ ਲੱਖ ਚੁਰਾਸੀ ਵਿਚੋਂ ਲਏ ਕਾਢ, ਕੋਈ ਕਹੇ ਵਸਿਆ ਪੰਜ ਤਤ ਮਾਸ ਨਾੜੀ ਹਾਡ, ਕੋਈ ਕਹੇ ਜਲ ਥਲ ਰਿਹਾ ਸਮਾਈਆ । ਗੋਬਿੰਦ ਕਹੇ ਵਾਂਗ ਪੁਤਰਾਂ ਕਰੇ ਲਾਡ, ਪ੍ਰੇਮ ਗੋਦ ਵਿਚ ਬਹਾਈਆ । ਗੁਰਮੁਖ ਵਿਰਲਾ ਜਾਣੇ ਸਾਧ, ਜਿਨ ਆਪਣੀ ਸਾਧਨਾ ਸਾਧ ਸਤਿਗੁਰ ਅੱਗੇ ਰਖਾਈਆ । ਕੋਈ ਕਹੇ ਵਸੇ ਪਾਰ ਹੱਦ, ਹਦੂਦ ਅਰਬਾ ਨਾ ਕੋਇ ਬਣਾਈਆ । ਕੋਈ ਕਹੇ ਆਪੇ ਜਾਣੇ ਆਪਣੀ ਯਦ, ਬੰਸ ਸਰਬੰਸ ਬੇਪਰਵਾਹੀਆ । ਕੋਈ ਕਹੇ ਹੋ ਕੇ ਬੈਠਾ ਅੱਡ, ਨਿਰਗੁਣ ਰੂਪ ਵਟਾਈਆ । ਕਬੀਰ ਕਹੇ ਭਗਤਾਂ ਨਾ ਜਾਏ ਕਦੀ ਛੱਡ, ਜਨ ਭਗਤਾਂ ਸਦਾ ਸੇਵ ਕਮਾਈਆ । ਜਿਸ ਵੇਲੇ ਚਾਹੋ ਲਓ ਸੱਦ, ਬਿਨ ਤਾਰੋਂ ਤਾਰ ਹਿਲਾਈਆ । ਸਦਾ ਬੈਠਾ ਰਹੇ ਵਿਚ ਅਧ, ਗੁਰਮੁਖ ਤੇਰਾ ਪੰਧ ਮੁਕਾਈਆ । ਜੇ ਕੋਈ ਕਹੇ ਪ੍ਰਭ ਦਾ ਕੇਡਾ ਕੱਦ, ਨਜ਼ਰ ਕਿਸੇ ਨਾ ਆਈਆ । ਬਿਨ ਕੱਦੋਂ ਡੂੰਘੀ ਕੰਦਰ ਬਹੇ ਵੜ, ਆਪਣਾ ਮੰਦਰ ਆਪ ਸੁਹਾਈਆ । ਜਿਉਂ ਪੂਰਨ ਅੰਦਰ ਪੂਰਨ ਵਿਦਿਆ ਰਿਹਾ ਪੜ੍ਹ, ਪੂਰੀ ਸਭ ਦੀ ਆਸ ਕਰਾਈਆ । ਕਰਕੇ ਹਿੰਮਤ ਲਓ ਫੜ, ਆਇਆ ਨੱਠ ਕਿਤੇ ਨਾ ਜਾਈਆ । ਲੋਕਾਈ ਵਿਚ ਨਾ ਜਾਣਾ ਅੜ, ਸ੍ਰਿਸ਼ਟ

ਸਬਾਈ ਧੁਆਂਧਾਰ ਵਖਾਈਆ । ਕਬੀਰ ਕਹੇ ਚੜ੍ਹ ਕੇ ਵੇਖੋ ਆਪਣਾ ਗੜ੍ਹ, ਜਿਥੇ ਬੈਠਾ ਤਖ਼ਤ ਸੁਹਾਈਆ । ਨਾ ਉਹ ਪੁਰਖ ਨਾ ਉਹ ਨਾਰ, ਨਰ ਨਰਾਇਣ ਬੇਪਰਵਾਹੀਆ । ਜਨ ਭਗਤਾਂ ਪੈਜ ਰਿਹਾ ਸੁਆਰ, ਆਪਣਾ ਸੁਆਰਥ ਨਾ ਕੋਇ ਵਖਾਈਆ । ਦੇਵਣਹਾਰਾ ਚਾਰ ਪਦਾਰਥ, ਨਾਨਕ ਮੰਗ ਮੰਗਾਈਆ । ਜਿਉਂ ਲੋਹਾ ਕੰਚਨ ਕਰੇ ਪਾਰਸ, ਕਬੀਰ ਰਾਮਾਨੰਦ ਵਡਿਆਈਆ । ਦਰ ਮੰਨੇ ਨਾ ਕੋਇ ਸਫ਼ਾਰਸ਼, ਸਿਫ਼ਰਾ ਸਰਬ ਰੂਪ ਵਖਾਈਆ । ਚਰਨ ਕਵਲ ਜੋ ਰੱਖੇ ਢਾਰਸ, ਆਪਣੀ ਢਾਕ ਲਏ ਉਠਾਈਆ । ਲੇਖਾ ਜਾਣੇ ਰੋਮ ਫ਼ਾਰਸ, ਫ਼ਲਕ ਆਪਣਾ ਖੇਲ ਖਿਲਾਈਆ । ਬਿਨ ਭਗਤਾਂ ਬਣੇ ਨਾ ਕਿਸੇ ਦਾ ਵਾਰਸ, ਆਪਣੀ ਵਸੀਅਤ ਭਗਤਾਂ ਹੱਥ ਫੜਾਈਆ । ਕੋਟਨ ਕੋਟ ਪੜ੍ਹ ਪੜ੍ਹ ਥੱਕੇ ਆਰਫ਼, ਉਲਫ਼ਤ ਵਿਚ ਲੱਗੀ ਲੋਕਾਈਆ । ਕੋਟਨ ਕੋਟ ਕਰ ਕਰ ਥੱਕੇ ਤੁਆਰਫ਼, ਅੰਤ ਤਾਮੀਲ ਨਾ ਕਿਸੇ ਕਰਾਈਆ । ਕੋਟਨ ਕੋਟ ਲਿਖ ਲਿਖ ਥੱਕੇ ਇਬਾਰਤ, ਕਲਮ ਸ਼ਾਹੀ ਨਾਲ ਮਿਲਾਈਆ । ਕੋਟਨ ਕੋਟ ਬਣਾ ਬਣਾ ਥੱਕੇ ਮੰਦਰ ਮਸਜਿਦ ਗੁਰੂਦਵਾਰ ਇਮਾਰਤ, ਅਮਰਾਪਦ ਨਾ ਕੋਇ ਵਖਾਈਆ । ਕੋਟਨ ਕੋਟ ਵੜ ਵੜ ਥੱਕੇ ਗ਼ਾਰਤ, ਡੂੰਘੀ ਭਵਰ ਨਾ ਕੋਇ ਲੰਘਾਈਆ । ਕੋਟਨ ਕੋਟ ਕਰ ਕਰ ਥੱਕੇ ਆੜ੍ਹਤ, ਬਣ ਬਣ ਗੁਰੂ ਹੱਟ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪਣੇ ਵਿਚ ਛੁਪਾਈਆ । ਧਰੂ ਸੁਣ ਸੱਜਣ, ਸਹਿਜ ਸਹਿਜ ਸੁਣਾਵਾਂ । ਜਿਸ ਨੂੰ ਕਹਿੰਦੇ ਪਰਦੇ ਕੱਜਣ, ਸੋ ਬਣਿਆ ਫਿਰੇ ਨਿਥਾਵਾਂ । ਸਾਨੂੰ ਲੈਂਦਾਂ ਰਿਹਾ ਅਜਣ ਪਜਣ, ਬਿਨ ਭਗਤੀਉਂ ਕਲਜੁਗ ਅੰਤਮ ਪਕੜੇ ਬਾਂਹਵਾਂ । ਦਰ ਦਰ ਘਰ ਘਰ ਕਰਾਏ ਸਾਚਾ ਮਜਨ, ਕਹੇ ਬਿਨ ਤੀਰਥ ਗੁਰਮੁਖ ਆਪ ਨੁਹਾਵਾਂ । ਕਰ ਦਰਸ ਹਰਿਜਨ ਰੱਜਣ, ਮੈਂ ਹਰਿਜਨ ਦਰਸਨ ਪਾਵਾਂ । ਇਕ ਦਵਾਰੇ ਬਹਿ ਬਹਿ ਸਜਣ, ਲੱਖ ਲੱਖ ਸ਼ੁਕਰ ਮਨਾਵਾਂ । ਇਕ ਦੂਜੇ ਨੂੰ ਆਪਣਾ ਹਾਲ ਦੱਸਣ, ਗਲ ਵਿਚ ਪਾ ਪਾ ਬਾਂਹਵਾਂ । ਇਕ ਦੂਜੇ ਦੇ ਅੰਦਰ ਵਸਣ, ਇਕੋ ਰੰਗ ਵਖਾਵਾਂ । ਜੋ ਕੁਛ ਵੇਖਣ ਕੀ ਲੋਕਾਂ ਦੱਸਣ, ਕਿਹਨੂੰ ਕਿਹਨੂੰ ਸਮਝਾਵਾਂ । ਭਗਤ ਭਗਵੰਤ ਘਰ ਬਹਿ ਬਹਿ ਹੱਸਣ, ਨਿਤ ਨਿਤ ਵੇਖਣ ਜਾਵਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਗੰਮ ਅਥਾਵਾਂ । ਸੁਣ ਪ੍ਰਹਿਲਾਦ ਮੇਰੇ ਭਾਈ, ਮੈਂ ਅੱਜ ਦੀ ਦੱਸਾਂ ਗੱਲ । ਪੁਰਖ ਅਬਿਨਾਸ਼ੀ ਬਣਿਆ ਰਾਹੀ, ਕਰ ਗਿਆ ਵਲ ਛਲ । ਜਿਹਨੂੰ ਨਾਮਾ ਧੰਨਾ ਕਹੇ ਗੁਸਾਈਂ, ਵਸਣਹਾਰ ਮਹੱਲ ਅਟਲ । ਲੋਕਮਾਤ ਨਿਥਾਵਿਆਂ ਪਕੜੇ ਬਾਂਹੀਂ, ਗ਼ਰੀਬਾਂ ਅੰਦਰ ਗਿਆ ਰਲ । ਸ਼ਾਹ ਪਾਤਸ਼ਾਹ ਮਾਰਨ ਧਾਹੀਂ, ਕਲਜੁਗ ਸੰਤਾਂ ਮਿਲਿਆ ਨਾ ਕੋਈ ਫਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਬਚਲ । ਧਰੂ ਛੱਡ ਪ੍ਰਭ ਦਾ ਖਹਿੜਾ, ਅੰਤ ਕਿਸੇ ਨਾ ਪਾਇਆ । ਕੋਈ ਕਹੇ ਚੰਗਾ ਕੋਈ ਕਹੇ ਭੈੜਾ, ਭੈੜਿਆਂ ਅੰਦਰ ਆਪ ਸਮਾਈਆ । ਸਾਧ ਸੰਤ ਕਲਜੁਗ ਅੰਤ ਜੰਗਲ ਜੂਹ ਪਹਾੜਾਂ ਪਰਬਤਾਂ ਉਤੇ ਲੱਭਣ ਪ੍ਰਭ ਦੀਆਂ ਪੈੜਾਂ, ਖੁਰਾ ਖੋਜ ਨਜ਼ਰ ਕਿਸੇ ਨਾ ਆਇਆ । ਮੰਦਰ ਮਠ ਬਹਿ ਬਹਿ ਕਰ ਗਵੇੜ ਗੇੜਿਆ ਗੇੜਾ, ਮਨ ਮਨ ਨਾਲ ਮਤਾ ਪਕਾਇਆ । ਲੋਕਾਂ ਕਹਿਣ ਪ੍ਰਭ ਵਸਿਆ ਮੇਰੇ ਵੇਹੜਾ, ਕਾਇਆ ਮੰਦਰ ਵਿਚ ਬਹਾਇਆ । ਮਨ ਮਤੀਆ ਮਨ ਮਮਤਾ ਨਾਲ ਲੇੜ੍ਹਾ, ਕਾਮ ਕ੍ਰੋਧ ਲੋਭ ਖ਼ਜ਼ਾਨਾ ਅੰਦਰ ਭਰਾਇਆ । ਸਤਿਗੁਰ ਪੂਰਾ ਮਾਰੇ ਇਕ ਲਫੇੜਾ, ਦੇਵੇ ਮੁਖ ਭਵਾਇਆ । ਕਿਉਂ, ਨਾਂ ਜੁ ਰੱਖਿਆ ਸਿੰਘ ਸ਼ੇਰਾ, ਸ਼ੇਰ ਹੋ ਕਿਉਂ ਭੈ ਰਖਾਇਆ । ਲੱਖ ਚੁਰਾਸੀ ਪਾਏ ਘੇਰਾ, ਆਪ ਆਪਣਾ ਹੁਕਮ ਸੁਣਾਇਆ । ਬਿਨ ਭਗਤੀ ਬੰਨ੍ਹੇਂ ਭਗਤਾਂ ਬੇੜਾ, ਆਪ ਆਪਣੇ

ਕੰਧ ਉਠਾਇਆ । ਲੋਕਮਾਤ ਕਰਕੇ ਵੱਡਾ ਜੇਰਾ, ਆਪਣਾ ਪਰਦਾ ਆਪ ਚੁਕਾਇਆ । ਨੌ ਸੌ ਚੁਰਾਨਵੇ ਚੌਕੜੀ ਜੁਗ ਕਰਦਾ ਰਿਹਾ ਹੇਰਾ ਫੇਰਾ, ਆਪਣਾ ਰਾਗ ਨਾ ਕਿਸੇ ਸੁਣਾਇਆ । ਗੁਰ ਅਵਤਾਰਾਂ ਕਰ ਕਰ ਮਿਹਰਾਂ, ਆਪਣਾ ਰਾਹ ਚਲਾਇਆ । ਪੀਰ ਪੈਗ਼ੰਬਰ ਕਹਿ ਕਹਿ ਗਏ ਮੈਂ ਤੇਰਾ, ਤੇਰੀ ਕ਼ੁਦਰਤ ਮੇਰੇ ਖ਼ੁਦਾਇਆ । ਕਲਜੁਗ ਅੰਤਮ ਪੁਰਖ ਅਬਿਨਾਸ਼ੀ ਵਸਾਇਆ ਖੇੜਾ, ਖੇੜੇ ਆਪਣਾ ਭਾਗ ਲਗਾਇਆ । ਜਿਸ ਨੂੰ ਗੋਬਿੰਦ ਕਹੇ ਨੇੜਾ, ਸੋ ਗੋਬਿੰਦ ਸੰਗ ਰਖਾਇਆ । ਗੋਬਿੰਦ ਮਨ ਚਾਓ ਘਨੇਰਾ, ਘਰ ਪੁਰਖ ਅਕਾਲ ਸੁਹਾਇਆ । ਤੂੰ ਮੇਰਾ ਮੈਂ ਤੇਰਾ, ਤੇਰਾ ਮੇਰਾ ਰੰਗ ਨਜ਼ਰ ਕਿਸੇ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਆਪਣੇ ਘਰ, ਘਰ ਮੰਦਰ ਸੋਭਾ ਪਾਇਆ । ਪ੍ਰਹਿਲਾਦ ਵੇਖ ਸਚਖੰਡ, ਸਚਖੰਡ ਵਸੇ ਨਿਰੰਕਾਰਾ । ਧਰੂ ਕਹੇ ਮੇਰੇ ਵੰਡੇ ਆਈ ਵੰਡ, ਰਹਿਣਾ ਚਰਨ ਦਵਾਰਾ । ਮੇਰੇ ਨੈਣ ਨਾ ਤੱਕਣ ਕੋਟਨ ਬ੍ਰਹਿਮੰਡ, ਦੋਏ ਜੋੜ ਕਰਾਂ ਨਿਮਸਕਾਰਾ । ਮੈਂ ਨਾਤਾ ਛੱਡਿਆ ਜੇਰਜ ਅੰਡ, ਜਗਤ ਜਹਾਨੋਂ ਕੀਆ ਕਿਨਾਰਾ । ਮੇਰਾ ਮੁਕਿਆ ਰੰਡੇਪਾ ਰੰਡ, ਮਿਲਿਆ ਪੁਰਖ ਭਤਾਰਾ । ਮੇਰੇ ਸੀਨੇ ਪਈ ਠੰਡ, ਠੰਡਾ ਹੋਇਆ ਮੇਰਾ ਅੰਗਿਆਰਾ । ਮੇਰੀ ਨੰਗੀ ਨਾ ਹੋਵੇ ਕੰਡ, ਸਿਰ ਮੇਰੇ ਪਰਵਰਦਿਗਾਰਾ । ਚਰਨ ਕਵਲ ਪਰਮਾਨੰਦ, ਆਦਿ ਜੁਗਾਦਿ ਰਹੇ ਖ਼ੁਮਾਰਾ । ਮੈਂ ਗਾਵਾਂ ਸੋਹੰ ਛੰਦ, ਦੂਜਾ ਹੋਰ ਨਾ ਕੋਈ ਵਿਹਾਰਾ । ਹੇ ਭਗਵਾਨ ਮੇਰੇ ਵਿਚ ਨਾ ਰੱਖੀਂ ਕੰਧ, ਮੈਂ ਕਰਦਾ ਰਹਾਂ ਦੀਦਾਰਾ । ਵੇਖੀਂ ਲੋਕਮਾਤ ਕਿਸੇ ਖ਼ਾਨੇ ਨਾ ਕਰੀਂ ਬੰਦ, ਨਾ ਜਾਵਾਂ ਮਸਜਿਦ ਗੁਰੂਦਵਾਰਾ । ਮੁੜ ਕੇ ਨਾ ਨਾਂ ਜਪਾਂ ਬੱਤੀ ਦੰਦ, ਰਸਨਾ ਜਿਹਵਾ ਨਾ ਕੋਇ ਜੈਕਾਰਾ । ਇਕ ਵਾਰ ਜੇ ਮੁਕਿਆ ਪੰਧ, ਪਾਇਆ ਤੇਰਾ ਦਵਾਰਾ । ਮੇਰੀ ਮੇਰੇ ਲੈਣੀ ਗੰਢ, ਮੈਂ ਤੇਰਾ ਤੂੰ ਮੇਰਾ ਤੂੰ ਹੀ ਢੋਲਾ ਤੂੰ ਹੀ ਵਿਚੋਲਾ ਤੂੰ ਹੀ ਮੇਲਣਹਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਣਾ ਇਕ ਸਹਾਰਾ । ਧਰੂ ਸਹਾਰਾ ਦੇਵਾਂ ਜ਼ਰੂਰ, ਹਰਿ ਜੂ ਆਖ ਸੁਣਾਈਆ । ਲੋਕਮਾਤ ਵੇਖ ਕੀ ਮਚਿਆ ਫ਼ਤੂਰ, ਭਰਮੇ ਭੁੱਲੀ ਸਰਬ ਲੋਕਾਈਆ । ਤ੍ਰੈਗੁਣ ਤਪਿਆ ਇਕ ਤੰਦੂਰ, ਪੰਜ ਤਤ ਰਿਹਾ ਜਲਾਈਆ । ਕਾਇਆ ਗੜ੍ਹ ਬਣਿਆ ਗ਼ਰੂਰ, ਗ਼ੁਰਬਤ ਭਰੀ ਸਰਬ ਲੋਕਾਈਆ । ਪੀਰ ਪੈਗ਼ੰਬਰ ਮੰਗਣ ਹੂਰਾਂ ਹੂਰ, ਆਪਣੀ ਹਿਰਸ ਵਧਾਈਆ । ਮੂਸਾ ਤੱਕ ਕੇ ਮੇਰਾ ਨੂਰ, ਮੁਖ ਆਪਣਾ ਗਿਆ ਭੰਨਾਈਆ । ਮੁੜ ਕੇ ਮੰਗਿਆ ਨਾ ਫੇਰ ਸਰੂਰ, ਸ਼ਰਅ ਵਿਚ ਲਈ ਵਡਿਆਈਆ । ਸੁਫ਼ਨ ਵਿਚ ਕੀਤਾ ਕਸੂਰ, ਕਵਾਰ ਕੰਨਿਆ ਇਕ ਪਰਨਾਈਆ । ਵੇਖਣਹਾਰਾ ਹਾਜ਼ਰ ਹਜ਼ੂਰ, ਹਜ਼ਰਤ ਇਕੋ ਸ਼ਹਿਨਸ਼ਾਹੀਆ । ਜਿਸ ਦਾ ਪੜ੍ਹਦੇ ਹਜ਼ਾਰਾ ਦਰੂਦ, ਇਸਮੇ ਆਜ਼ਮ ਰਹੇ ਮਨਾਈਆ । ਜਿਸ ਦਾ ਮੰਨਦੇ ਰਹੇ ਦਸਤੂਰ, ਦਸਤਯਾਬ ਇਕ ਖ਼ੁਦਾਈਆ । ਸੋ ਸਾਹਿਬ ਸਰਬ ਗੁਣਾਂ ਭਰਪੂਰ, ਜਲਵਾ ਨੂਰ ਨੂਰ ਡਗਮਗਾਈਆ । ਅੰਤਮ ਲਹਿਣਾ ਦੇਣਾ ਦਏ ਜ਼ਰੂਰ, ਜ਼ਰੂਰਤ ਸਭ ਦੀ ਪੂਰ ਕਰਾਈਆ । ਮੁਰੀਦ ਮੁਰਸ਼ਦਾਂ ਰਹੇ ਘੂਰ, ਵੇਲਾ ਵਕ਼ਤ ਦਏ ਗਵਾਹੀਆ । ਮੁਰਸ਼ਦ ਵਖਾਏ ਨਾ ਕੋਇ ਜ਼ਹੂਰ, ਜ਼ੱਰਾ ਨੂਰ ਨਾ ਕੋਇ ਰੁਸ਼ਨਾਈਆ । ਮੁਰੀਦ ਮੁਰਸ਼ਦ ਦੋਵੇਂ ਪਏ ਹਦੂਦ, ਆਪਣੀ ਹੱਦ ਗਏ ਭੁਲਾਈਆ । ਕੋਈ ਨਾ ਪਹੁੰਚੇ ਮੰਜ਼ਲੇ ਮਕਸੂਦ, ਆਪਣਾ ਪੰਧ ਮੁਕਾਈਆ । ਨਜ਼ਰ ਨਾ ਆਏ ਸੱਚਾ ਮਹਿਬੂਬ, ਮਿਲ ਮਿਲ ਖ਼ੁਸ਼ੀ ਨਾ ਕੋਈ ਮਨਾਈਆ । ਜਿਸ ਨੂੰ ਕਹਿ ਕਹਿ ਗਏ ਯਕ਼ੂਬ, ਜਾਬਰ ਜਬਰ ਬੇਪਰਵਾਹੀਆ । ਕਿਸੇ ਹੱਦ ਅੰਦਰ ਨਾ ਹੋਇਆ ਮਹਿਦੂਦ, ਬੰਦੀਖ਼ਾਨਾ ਨਾ ਕੋਈ ਰਖਾਈਆ । ਆਦਿ ਜੁਗਾਦਿ ਨਾ ਹੋਏ ਨੇਸਤੋ ਨਾਬੂਦ, ਬੇਪਰਵਾਹ ਬੇਪਰਵਾਹੀਆ । ਆਪਣੇ ਘਰ ਸਦਾ ਮੌਜੂਦ,

ਮੁਜਰਾ ਅੱਠੇ ਪਹਿਰ ਲਗਾਈਆ । ਕਰੇ ਖੇਲ ਆਪ ਬਹੁ ਰੂਪ, ਕੋਟਨ ਕੋਟ ਰੂਪ ਵਟਾਈਆ । ਆਪੇ ਹੋਏ ਸਤਿ ਸਰੂਪ, ਸਹੀ ਸਲਾਮਤ ਆਪਣਾ ਨਾਉਂ ਰਖਾਈਆ । ਆਪੇ ਹੋਏ ਸ਼ਾਹੋ ਭੂਪ, ਰਾਜ ਰਾਜਾਨ ਵਡੀ ਵਡਿਆਈਆ । ਆਪੇ ਵਸੇ ਆਪਣੇ ਕੋਟ, ਆਪਣਾ ਹੁਜਰਾ ਆਪ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਲ ਆਪ ਧਰਾਈਆ । ਉਠੋ ਪੀਰੋ ਵੇਖੋ ਮਲਕ, ਮਾਲਕ ਮਖ਼ਲੂਕ ਅਖਵਾਇੰਦਾ । ਜਿਸ ਨਾਲ ਰੱਖਦੇ ਆਏ ਤੁਅਲਕ, ਸੋ ਤਲਾਕ ਹੱਥ ਫੜਾਇੰਦਾ । ਜਿਸ ਦਾ ਸਹਾਰਾ ਤੱਕਿਆ ਉਪਰ ਫ਼ਲਕ, ਫ਼ਰਸ਼ ਸੀਸ ਨਿਵਾਇੰਦਾ । ਸੋ ਸਾਹਿਬ ਕਲਜੁਗ ਅੰਤਮ ਲੋਕਮਾਤ ਦੇਵੇ ਝਲਕ, ਝਾਕੀ ਆਪਣੀ ਆਪ ਵਖਾਇੰਦਾ । ਜਿਸ ਨੂੰ ਕਹਿੰਦੇ ਧਾਮ ਬੈਤੁਲਮੁਕੱਦਸ, ਸੋ ਆਪਣਾ ਧਾਮ ਸੁਹਾਇੰਦਾ । ਜਿਸ ਨੂੰ ਕਹਿੰਦੇ ਰਹੇ ਸਈਦੁਲਵਕਤ, ਸੋ ਸਾਹਿਬ ਆਪਣਾ ਵਕਤ ਵੇਖ ਵਖਾਇੰਦਾ । ਜਿਸ ਨੂੰ ਕਹਿੰਦੇ ਰਹੇ ਬਿਨ ਬੂੰਦ ਰਕਤ, ਆਲਮੀਨ ਨੂਰ ਰਖਾਇੰਦਾ । ਜਿਸ ਨੂੰ ਕਹਿੰਦੇ ਰਹੇ ਉਹਦੀ ਨਜ਼ਰ ਨਾ ਆਏ ਹਰਕਤ, ਐਂਦਾਂ ਜਾਂਦਾ ਨਾ ਕੋਈ ਵੇਖ ਵਖਾਇੰਦਾ । ਜਿਸ ਨੂੰ ਕਹਿੰਦੇ ਸਭ ਓਹਦੀ ਬਰਕਤ, ਸੋ ਬੁਰਕਾ ਆਪਣਾ ਲਾਹਿੰਦਾ । ਜਿਸ ਦੀ ਕਿਸੇ ਨਾਲ ਨਾ ਸ਼ਰਕਤ, ਲਾਸ਼ਰੀਕ ਖੇਲ ਖਿਲਾਇੰਦਾ । ਜਿਸ ਦੀ ਕੋਈ ਨਾ ਮੇਟੇ ਫ਼ਿਤਰਤ, ਫ਼ਿਕਰਾ ਪੜ੍ਹ ਨਾ ਕੋਈ ਮਾਤ ਮਿਟਾਇੰਦਾ । ਜਿਸ ਦੀ ਕੋਈ ਨਾ ਮੇਟੇ ਹਸਰਤ, ਸੋ ਸਾਹਿਬ ਖੇਲ ਖਿਲਾਇੰਦਾ । ਜੋ ਪੀਰ ਪੈਗ਼ੰਬਰ ਕਰੌਂਦਾ ਰਿਹਾ ਕਸਰਤ, ਇਕ ਦੂਜੇ ਨਾਲ ਘੁਲਾਇੰਦਾ । ਸੋ ਸਭ ਦੀ ਵੇਖੇ ਹਸਰਤ, ਆਪਣੇ ਹੁਜਰੇ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਰੰਗ ਸਮਾਇੰਦਾ । ਪੀਰ ਪੀਰੋ ਕਰੋ ਕਾਨ, ਅਨਾਦੀ ਧੁਨ ਸੁਣਾਈਆ । ਜਿਸ ਦੀ ਪੜ੍ਹਦੇ ਆਏ ਕਲਾਮ, ਸੋ ਕਲਮਾ ਰਿਹਾ ਸੁਣਾਈਆ । ਜਿਸ ਦਾ ਸੁਣਦੇ ਰਹੇ ਪੈਗ਼ਾਮ, ਸੋ ਪੈਗ਼ਾਮ ਦੇਵੇ ਸੱਚਾ ਮਾਹੀਆ । ਜਿਸ ਦਾ ਮੰਨਦੇ ਰਹੇ ਈਮਾਨ, ਸੋ ਆਪਣਾ ਈਮਾਨ ਆਪ ਧਰਾਈਆ । ਜਿਸ ਦੀ ਸਿਫ਼ਤ ਕਰੇ ਜ਼ਬਾਨ, ਸੋ ਸਿਫ਼ਤੀ ਸਿਫ਼ਤ ਸਲਾਹੀਆ । ਜਿਸ ਨੂੰ ਕੂਕ ਕੂਕ ਸੁਣੌਂਦੇ ਵਿਚ ਮਸਜਿਦ ਮਕਾਨ, ਸੋ ਮਸਲਾ ਹਲ ਕਰਾਈਆ । ਜਿਸ ਦਾ ਵਿਛਾ ਮਸੱਲਾ ਕਰਦੇ ਰਹੇ ਧਿਆਨ, ਸੋ ਆਪਣਾ ਧਿਆਨ ਲਗਾਈਆ । ਜਿਸ ਨੂੰ ਨਿਉਂ ਨਿਉਂ ਕਰਦੇ ਰਹੇ ਸਲਾਮ, ਸੋ ਸਹੀ ਸਲਾਮਤ ਫੇਰਾ ਪਾਈਆ । ਜਿਸ ਨੂੰ ਕਹਿੰਦੇ ਰਹੇ ਬਾਗ਼ਬਾਨ, ਚੌਦਾਂ ਤਬਕਾਂ ਬੂਟਾ ਲਾਈਆ । ਜਿਸ ਨੂੰ ਕਹਿੰਦੇ ਮਿਹਰਬਾਨ, ਰਹਿਮਤ ਆਪਣੀ ਆਪ ਕਮਾਈਆ । ਆਪਣੀ ਕਿਰਪਾ ਲਾਇਆ ਇਕ ਸਾਇਬਾਨ, ਰੱਸਾ ਵੰਝ ਨਾ ਕੋਈ ਰਖਾਈਆ । ਵੇਖੋ ਬਿਨ ਕਲਮੇ ਦੇਵੇ ਗਿਆਨ, ਸ਼ਰਅ ਸ਼ਰੀਯਤ ਨਾ ਕੋਈ ਬੰਧਾਈਆ । ਭਗਤਾਂ ਦੇਵੇ ਦਾਨ, ਬਣ ਦਾਨੀ ਸੱਚਾ ਮਾਹੀਆ । ਬਿਨ ਨਬੀਉਂ ਕਰੇ ਪਛਾਣ, ਕੋਈ ਰਸੂਲ ਨਾ ਨਾਲ ਰਲਾਈਆ । ਮੁਲਾ ਮੁਸਾਇਕ ਸ਼ੇਖ਼ ਨਾ ਕੋਈ ਕਲਾਮ, ਅਫਲ ਯੇ ਨਾ ਕੋਈ ਪੜ੍ਹਾਈਆ । ਨੁਕਤਾ ਨੂਨ ਨਾ ਕੋਈ ਨਿਸ਼ਾਨ, ਗੁੰਨਾ ਰੂਪ ਨਾ ਕੋਈ ਵਟਾਈਆ । ਹਮਜ਼ਾ ਰੂਪ ਆਪ ਮਿਹਰਵਾਨ, ਅੰਗ ਨਾਲ ਅੰਗ ਨਾ ਕੋਈ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਖਿਲਾਈਆ । ਉਠੋ ਪੀਰੋ ਵੇਖੋ ਦਸਤਗੀਰ, ਦਸਤ ਬਦਸਤ ਖੇਲ ਖਿਲਾਇੰਦਾ । ਨਾ ਕੋਈ ਅਲਫੀ ਨਾ ਕੋਈ ਚੀਰ, ਖ਼ਾਕੀ ਤਨ ਨਾ ਕੋਈ ਰਖਾਇੰਦਾ । ਨਾ ਕੋਈ ਸ਼ਰਅ ਨਾ ਜ਼ੰਜੀਰ, ਨਾ ਕੋਈ ਕਾਤਬ ਕ਼ਲਮ ਚਲਾਇੰਦਾ । ਨਾ ਕੋਈ ਆਇਤ ਕੁਰਾਨ ਅੰਜੀਲ, ਲੇਖਾ ਲੇਖ ਨਾ ਕੋਇ ਵਖਾਇੰਦਾ । ਬਿਨ ਪੜ੍ਹਿਆਂ ਦੇਵੇ ਦਲੀਲ, ਦਿਲਬਰ ਆਪਣੇ ਰੰਗ ਰੰਗਾਇੰਦਾ । ਨਾ ਕੋਈ ਕਿਲਾ ਕੋਟ ਫ਼ਸੀਲ, ਚਾਰ

੧੪੩੫
੧੦

ਦੀਵਾਰ ਨਾ ਕੋਇ ਵਖਾਇੰਦਾ । ਨਾ ਕੋਈ ਦਰਵਾਜ਼ਾ ਕਰੇ ਸੀਲ, ਉਪਰ ਮੁਹਰ ਨਾ ਕੋਇ ਲਗਾਇੰਦਾ । ਨਾ ਕੋਈ ਬਸਤਰ ਪਹਿਰੇ ਨੀਲ, ਰੰਗ ਬਰੰਗ ਨਾ ਕੋਇ ਕਰਾਇੰਦਾ । ਉਮਤ ਵੇਖੇ ਇਕ ਕੁਚੀਲ, ਚਾਰ ਕੁੰਟ ਫੇਰਾ ਪਾਇੰਦਾ । ਵੇਖਣਹਾਰਾ ਖ਼ਲਕ ਖ਼ਲੀਲ, ਖ਼ਲਲ ਆਪਣਾ ਆਪ ਮਚਾਇੰਦਾ । ਉਫ਼ ਹਾਏ ਮੁਹੰਮਦ ਕਹੇ ਮੇਰੀ ਮੰਨੇ ਨਾ ਕੋਇ ਅਪੀਲ, ਮੇਰੀ ਕੀਤੀ ਸਭ ਉਲਟਾਇੰਦਾ । ਮੇਰੀ ਨੱਯਾ ਡੁੱਬੀ ਮੇਰੀ ਝੀਲ, ਕਿਨਾਰਾ ਪਾਰ ਨਾ ਕੋਇ ਵਖਾਇੰਦਾ । ਜਿਉਂ ਅਰਜਨ ਫੜਿਆ ਭੀਲ, ਬਿਨ ਕ੍ਰਿਸ਼ਨਾ ਨਾ ਕੋਇ ਛੁਡਾਇੰਦਾ । ਮੇਰੀ ਕੋਈ ਨਾ ਚਲੇ ਦਲੀਲ, ਮੇਰਾ ਦਿਲ ਨਾ ਧੀਰ ਧਰਾਇੰਦਾ । ਮੇਰੀ ਇਕੋ ਅਰਜ਼ ਅਖ਼ੀਰ, ਗੁਫ਼ਤ ਸ਼ੁਨੀਦ ਆਪ ਕਰਾਇੰਦਾ । ਮੈਂ ਮੰਗਾਂ ਤੇਰੀ ਦੀਦ, ਦੂਜਾ ਚੰਦ ਨਾ ਮੋਹੇ ਸੁਖਾਇੰਦਾ । ਮੈਂ ਤੇਰੀ ਕਰਾਂ ਬਕਰੀਦ, ਆਪਣਾ ਸੀਸ ਕਟਾਇੰਦਾ । ਇਕ ਲਿਖ ਕੇ ਦੇ ਦੇ ਰਸੀਦ, ਮੈਂ ਤੇਰਾ ਤੂੰ ਮੇਰਾ ਤੇਰਾ ਰਸੀਦਾ ਮੋਹੇ ਭਾਇੰਦਾ । ਤੂੰ ਸਾਹਿਬ ਸੱਚਾ ਬਈਦ, ਮੈਂ ਬੇਈਮਾਨ ਤੇਰੇ ਦਰ ਸ਼ਰਮਾਇੰਦਾ । ਪੁੱਠੇ ਕੰਨ ਪਕੜ ਪਕੜੀ ਨਸੀਹਤ, ਮਸੀਤ ਫੇਰਾ ਕਦੇ ਨਾ ਪਾਇੰਦਾ । ਮੈਂ ਗਾਵਾਂ ਤੇਰੇ ਗੀਤ, ਮੇਰੇ ਖ਼ੁਦਾਵੰਦ ਤੇਰਾ ਦਰ ਮੋਹੇ ਭਾਇੰਦਾ । ਮੈਂ ਤੱਕ ਕੇ ਆਇਆ ਆਪਣੀ ਉਮਤ ਨੀਤ, ਨੀਤੀਵਾਨ ਨਜ਼ਰ ਕੋਇ ਨਾ ਆਇੰਦਾ । ਮੈਂ ਹਾਰਿਆ ਤੂੰ ਗਿਆ ਜੀਤ, ਆਪਣੀ ਭੁਲ ਬਖ਼ਸ਼ਾਇੰਦਾ । ਮੈਂ ਕੀ ਜਾਣਾਂ ਤੂੰ ਸਦਾ ਅਨਡੀਠ, ਬਿਨ ਕਿਰਪਾ ਨਜ਼ਰ ਨਾ ਆਇੰਦਾ । ਕਰਵਟ ਲੈ ਨਾ ਬਦਲੀ ਪੀਠ, ਪਿਛਾ ਤੇਰਾ ਨਾ ਮੋਹੇ ਸੁਖਾਇੰਦਾ । ਮੈਂ ਬਣ ਕੇ ਆਇਆ ਢੀਠ, ਤੇਰੇ ਅੱਗੇ ਝੋਲੀ ਡਾਹਿੰਦਾ । ਮੈਂ ਹੋਇਆ ਕੌੜਾ ਰੀਠ, ਬਿਨ ਤੇਰੇ ਰਸ ਨਾ ਕੋਇ ਭਰਾਇੰਦਾ । ਮੈਂ ਸੁਣਿਆ ਤੂੰ ਠੱਗਾਂ ਬਣੇਂ ਮੀਤ, ਚੋਰਾਂ ਗਲੇ ਲਗਾਇੰਦਾ । ਕੀ ਹੋਇਆ ਤੇਰੇ ਭੁਲਿਆਂ ਭੁੱਲੀ ਮੇਰੀ ਨੀਤ, ਤੂੰ ਅਭੁਲ ਮੇਰੀ ਭੁਲ ਨਹੀਂ ਕਿਉਂ ਬਖ਼ਸ਼ਾਇੰਦਾ । ਤੇਰਾ ਕਰ ਦਰਸ ਜੇ ਨਾ ਹੋਵਾਂ ਠੰਡਾ ਸੀਤ, ਮੇਰੀ ਅਗਨ ਨਾ ਕੋਇ ਬੁਝਾਇੰਦਾ । ਮੇਰਾ ਕਾਅਬਾ ਤੇਰੇ ਬਿਨਾਂ ਪਲੀਤ, ਪਾਕੀ ਪਾਕ ਨਾ ਕੋਇ ਅਖਵਾਇੰਦਾ । ਵੇਖ ਮੇਰਾ ਵੇਲਾ ਰਿਹਾ ਬੀਤ, ਵੇਲਾ ਗਿਆ ਹੱਥ ਨਹੀਂ ਆਇੰਦਾ । ਮੇਰੀ ਤੋੜ ਨਾ ਦਰ ਪ੍ਰੀਤ, ਪ੍ਰੀਤੀਵਾਨ ਤੂੰ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਦੇਣਾ ਸੱਚਾ ਵਰ, ਝੋਲੀ ਅਗੇ ਡਾਹਿੰਦਾ । ਸੁਣ ਮੁਹੰਮਦ ਮੇਰੇ ਠੱਗ, ਤੇਰੀ ਠੱਗੀ ਮੇਰੀ ਵਡਿਆਈਆ । ਤੂੰ ਫਿਰ ਕੇ ਆਇਆ ਜਗ, ਤੇਰੀ ਜੁਗਤ ਮੇਰੀ ਚਤੁਰਾਈਆ । ਤੂੰ ਲਾ ਕੇ ਆਇਆ ਅੱਗ, ਤੇਰੀ ਅੱਗ ਮੇਰੀ ਰੁਸ਼ਨਾਈਆ । ਤੂੰ ਬਣਾ ਕੇ ਆਇਆ ਜੀਵ ਕਗ, ਮੈਂ ਡਾਰ ਰਿਹਾ ਉਡਾਈਆ । ਤੂੰ ਲਾ ਕੇ ਆਇਆ ਧੱਕ, ਮੈਂ ਧੱਕਾ ਦਿਆਂ ਲਗਾਈਆ । ਤੂੰ ਲਾਹ ਕੇ ਆਇਆ ਸੱਕ, ਮੈਂ ਜੜ੍ਹ ਦਿਆਂ ਕਟਾਈਆ । ਤੂੰ ਨਕੇਲ ਪਾ ਕੇ ਆਇਆ ਨੱਕ, ਮੈਂ ਚਾਰੋਂ ਕੁੰਟ ਦਿਆਂ ਨਚਾਈਆ । ਤੂੰ ਪਾ ਕੇ ਆਇਆ ਸ਼ੱਕ, ਉਮਤ ਵਿਚ ਲੁਕਿਆ ਸੱਚਾ ਮਾਹੀਆ । ਮੈਂ ਸਦਾ ਰਿਹਾ ਤੱਕ, ਆਪਣਾ ਨੈਣ ਨਾ ਬੰਦ ਕਰਾਈਆ । ਕਰਾਂ ਨਬੇੜਾ ਹੱਕੋ ਹੱਕ, ਹਕ਼ੀਕ਼ਤ ਮੇਰੇ ਹੱਥ ਹੱਥ ਵਿਚ ਡੋਰ ਬੰਧਾਈਆ । ਜਿਸ ਭਾਵਾਂ ਤਿਸ ਲਵਾਂ ਰੱਖ, ਰਹਿਮਤ ਆਪਣੀ ਆਪ ਕਮਾਈਆ । ਲੋਕ ਪਰਲੋਕ ਕਰਾਂ ਲਖੋਂ ਕੱਖ, ਕ਼ੀਮਤ ਕੋਇ ਨਾ ਪਾਈਆ । ਕੋਟਨ ਕੋਟ ਮੁਹੰਮਦ ਚਰਨਾਂ ਹੇਠਾਂ ਝੱਸ, ਚਰਨ ਚਰਨ ਨਾਲ ਰਗੜਾਈਆ । ਕੋਟਨ ਕੋਟ ਵਾਰ ਲੱਖ ਚੁਰਾਸੀ ਬਣਾਈ ਰਾਖ, ਮਿਟੀ ਖੇਹ ਨਾਲ ਮਿਲਾਈਆ । ਫਿਰ ਭੀ ਵੇਖਾਂ ਹੱਸ ਹੱਸ, ਗ਼ਮੀ ਖ਼ੁਸ਼ੀ ਨਾ ਕੋਇ ਜਣਾਈਆ । ਇਕ ਮਾਰਗ ਤੈਨੂੰ ਦੇਵਾਂ ਦੱਸ, ਹੋਰ ਸੁਣੇ ਨਾ ਕੋਇ ਲੋਕਾਈਆ । ਛੱਬੀ ਪੋਹ ਲੋਕਮਾਤ ਜਾਣਾ ਨੱਸ, ਰਾਹ ਵਿਚ ਨਾ ਕੋਇ ਅਟਕਾਈਆ । ਅਗੇ

ਮਿਲੇ ਪੁਰਖ ਸਮਰਥ, ਆਪਣਾ ਆਸਣ ਲਾਈਆ । ਦੂਰ ਦੁਰਾਡਾ ਜੋੜੀਂ ਦੋਵੇਂ ਹੱਥ, ਨਿਉਂ ਨਿਉਂ ਸੀਸ ਝੁਕਾਈਆ । ਓਥੇ ਮੇਰੇ ਭਗਤਾਂ ਦਾ ਹੋਇਆ ਇਕੱਠ, ਮੇਰੇ ਸੰਗ ਖ਼ੁਸ਼ੀ ਮਨਾਈਆ । ਉਨ੍ਹਾਂ ਦੇ ਚਰਨੀਂ ਜਾਈਂ ਢੱਠ, ਜੋ ਤੇਰੀ ਦੇਣ ਗਵਾਹੀਆ । ਓਥੇ ਛੱਤੀ ਜੁਗ ਦਾ ਝੁੱਲੇ ਨਿਸ਼ਾਨ ਚਵ੍ਹੀ ਹੱਥ, ਭੇਵ ਕੋਇ ਨਾ ਪਾਈਆ । ਭਗਤ ਭਗਵੰਤ ਦੀ ਨੀਂਹ ਦਿਤੀ ਰਖ, ਨਾ ਸਕੇ ਕੋਇ ਉਖੜਾਈਆ । ਓਥੇ ਕਿਸੇ ਨਾ ਚਲੇ ਕੋਈ ਵਸ, ਬੇਵਸ ਸਰਬ ਲੋਕਾਈਆ । ਜੇ ਬਚਣਾ ਭਗਤਾਂ ਵਿਚ ਜਾਈਂ ਫਸ, ਜੇ ਕੋਈ ਕੱਢੇ ਬਾਹਰ ਨਿਕਲ ਕਦੇ ਨਾ ਜਾਈਆ । ਤੇਰੀ ਪੂਰੀ ਕਰਨ ਆਸ, ਸਾਹਿਬ ਤੁਠਾ ਸੱਚਾ ਮਾਹੀਆ । ਜੋ ਮੇਰੇ ਭਗਤਾਂ ਹੋਵੇ ਦਾਸ, ਤਿਸ ਆਪੇ ਲਏ ਬਚਾਈਆ । ਭਗਤ ਦਵਾਰਾ ਨਾ ਕੋਈ ਆਮ ਖ਼ਾਸ, ਖ਼ਾਸ ਏਸੇ ਲਈ ਬਣਾਈਆ । ਤੇਰਾ ਕੰਮ ਜੇ ਆਵੇ ਰਾਸ, ਮੇਰਾ ਵਿਗੜ ਕੁਝ ਨਾ ਜਾਈਆ । ਮੈਂ ਭਗਤਾਂ ਦਾ ਦਾਸ, ਤੂੰ ਭਗਤਾਂ ਸੇਵ ਕਮਾਈਆ । ਭਗਤਾਂ ਮੇਰੀ ਪੂਰੀ ਕਰੀ ਆਸ, ਲੋਕਮਾਤ ਵੱਜੀ ਵਧਾਈਆ । ਜੇ ਦੇ ਦੇਣ ਤੇਰਾ ਸਾਥ, ਤੇਰਾ ਹੌਲਾ ਭਾਰ ਕਰਾਈਆ । ਲੈਣਾ ਟਿੱਕਾ ਮਸਤਕ ਮਾਥ, ਪਿਛਲੀ ਧੋਣੀ ਲੱਗੀ ਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਸਚ ਸਲਾਹੀਆ । ਐ ਖ਼ੁਦਾ ਤੇਰੀ ਓਟ, ਮੇਰੇ ਪਰਵਰਦਿਗਾਰ । ਬਿਨ ਤੇਰੇ ਆਲ੍ਹਣਿਉਂ ਡਿਗਾ ਬੋਟ, ਨਾ ਕੋਈ ਮੇਰਾ ਯਾਰ । ਜਿਧਰ ਜਾਵਾਂ ਲੱਗੇ ਚੋਟ, ਹੋਇਆ ਬਹੁਤ ਖਵਾਰ । ਮੁਲਾ ਸ਼ੇਖ਼ ਮਸਾਇਕ ਕਸ ਖਲੋਤੇ ਲੰਗੋਟ, ਨਾਲ ਰਲਾਇਆ ਵਿਭਚਾਰ । ਵੁਜ਼ੂ ਕਰ ਨਾ ਨਿਕਲਿਆ ਖੋਟ, ਆਬ ਹਯਾਤ ਨਾ ਕੋਇ ਰਖਾਇਆ । ਜਗਤ ਪਿਆਲੇ ਪੀਤੇ ਘੋਟ, ਮਸਤੀ ਨਾਮ ਨਾ ਕੋਇ ਜਣਾਇਆ । ਹੋਟਾਂ ਨਾਲ ਲੱਗਣ ਹੋਂਟ, ਨਾਰੀ ਪੁਰਸ਼ ਰੰਗ ਚੜ੍ਹਾਇਆ । ਤੇਰੀ ਨਜ਼ਰ ਨਾ ਆਏ ਨੂਰੀ ਜੋਤ, ਨੂਰੀ ਬੈਠਾ ਮੁਖ ਛੁਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਬਿਧ ਤੇਰਾ ਦਰਸਨ ਪਾਇਆ । ਦਇਆ ਕਰ ਦਇਆ ਕਮਾ, ਰਹਿਮਤ ਰਹੀਮ ਰਹਿਮਾਨਾ । ਕਵਣ ਵੇਲਾ ਜਾਵਾਂ ਆ, ਕਰਾਂ ਆਣ ਸਲਾਮਾ । ਕਵਣ ਵੇਲਾ ਪਕੜੇਂ ਬਾਂਹ, ਭੁਜਾਂ ਨਾਲ ਮਿਲਾਵਣ ਬਾਂਹਵਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮੈਂ ਹੋਇਆ ਅੰਤ ਨਿਥਾਵਾਂ । ਨਿਥਾਵਿਆਂ ਦੇਵਾਂ ਥਾਂ, ਆਦਿ ਜੁਗਾਦਿ ਮੇਰੀ ਵਡਿਆਈਆ । ਤੂੰ ਰੱਖਣਾ ਇਕ ਚਾਅ, ਚਾਓ ਘਨੇਰਾ ਇਕ ਸਮਝਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਲੈਣਾ ਗਾ, ਸਾਚਾ ਸੋਹਲਾ ਇਕ ਸੁਣਾਈਆ । ਹੌਲੀ ਹੌਲੀ ਆਪਣਾ ਪੈਂਡਾ ਲੈਣਾ ਮੁਕਾ, ਚੌਦਾਂ ਤਬਕਾਂ ਪਿਆਰ ਨਾ ਕੋਇ ਵਖਾਈਆ । ਏਕਾ ਓਟ ਲੈਣੀ ਤਕਾ, ਰਹਿਮਤ ਕਰ ਬੇਪਰਵਾਹੀਆ । ਏਕਾ ਸਦਾ ਲੈਣੀ ਲਗਾ, ਨਾਅਰਾ ਹਕ ਜਣਾਈਆ । ਤੇਰੇ ਚਰਨ ਹੋਇਆ ਫ਼ਿਦਾ, ਤੇਰੇ ਭਗਤਾਂ ਸੰਗ ਮਿਲਾਈਆ । ਮੈਂ ਹੋਵਾਂ ਨਾ ਕਦੇ ਜੁਦਾ, ਜਿਧਰ ਵੇਖਾਂ ਤੂੰ ਹੀ ਤੂੰ ਨਜ਼ਰੀ ਆਈਆ । ਗਲ ਵਿਚ ਪੱਲੂ ਲੈਣਾ ਪਾ, ਏਸੇ ਵਾਸਤੇ ਨਿਉਂ ਨਿਉਂ ਸਯਦਾ ਕਰਨਾ ਗਿਆ ਸਮਝਾਈਆ । ਕੰਨਾਂ ਵਿਚ ਉਂਗਲੀਆਂ ਲੈਣੀਆਂ ਟਿਕਾ, ਦੂਜੀ ਗੱਲ ਸੁਣਨ ਕੋਇ ਨਾ ਪਾਈਆ । ਛਾਤੀ ਉਤੇ ਹੱਥ ਲੈਣੇ ਟਿਕਾ, ਠੰਡ ਪਾਵੇ ਸਾਚਾ ਮਾਹੀਆ । ਦੋਵੇਂ ਗੋਡੇ ਲੈਣੇ ਝੁਕਾ, ਧਰਤੀ ਨਾਲ ਰਗੜਾਈਆ । ਸਯਦਾ ਕਰ ਕਰ ਲੈਣਾ ਮਨਾ, ਸਯਦ ਬਣ ਨਾ ਕੋਇ ਵਡਿਆਈਆ । ਬੇਖ਼ਬਰ ਨਾ ਹੋਏ ਖ਼ੁਦਾ, ਖ਼ਬਰ ਲਏ ਥਾਉਂ ਥਾਈਆ । ਬੇਸਬਰ ਪਿਆਲਾ ਦਏ ਰੁੜ੍ਹਾ, ਸਬਰ ਜਾਮ ਇਕ ਵਖਾਈਆ । ਇਜ਼ਤ ਆਬਰੂ ਜੋ ਆਇਆ ਗਵਾ, ਫੇਰ ਵੇਖੇ ਬੇਪਰਵਾਹੀਆ । ਬਣੇ ਨਵਾਬ ਸੱਚਾ ਸ਼ਹਿਨਸ਼ਾਹ, ਬਾਦੇ ਸਿਹਰ ਸੈਰ

ਕਰਾਈਆ । ਦੋਏ ਜੋੜ ਮੰਗਣੀ ਪਨਾਹ, ਪਰਵਰਦਿਗਾਰ ਤੇਰੀ ਸਰਨਾਈਆ । ਭੁਲ ਕੇ ਦੇਣੀ ਨਾ ਕੋਈ ਸਲਾਹ, ਸਲਾਹ ਵਿਚ ਕਦੇ ਨਾ ਆਈਆ । ਜਿਨ੍ਹਾਂ ਦਾ ਬਣ ਕੇ ਆਇਉਂ ਮਲਾਹ, ਉਨ੍ਹਾਂ ਦਾ ਬੇੜਾ ਕੌਣ ਤਰਾਈਆ । ਅੰਤਮ ਕੰਢੀ ਬੈਠੇ ਆ, ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਵਰਤਾਈਆ । ਮੈਂ ਨਾ ਬਣਿਆ ਅੰਤ ਮਲਾਹ, ਮੁਹੰਮਦ ਬੋਲ ਸੁਣਾਇਆ । ਮੈਂ ਦੇ ਕੇ ਆਇਆ ਇਕ ਸਲਾਹ, ਸੁਣੇ ਲੋਕ ਸਬਾਇਆ । ਮੇਰੇ ਪਿਛੇ ਮੇਰਾ ਅਮਾਮ ਜਾਏ ਆ, ਮਹਿੰਦੀ ਆਪਣਾ ਰੰਗ ਰੰਗਾਇਆ । ਦਿਸ਼ਾ ਲਹਿੰਦੀ ਫੇਰਾ ਲਏ ਪਾ, ਮੁਖ ਨਕਾਬ ਪਰਦਾ ਆਪ ਚੁਕਾਇਆ । ਮੇਰੀ ਖ਼ਾਹਸ਼ ਅੱਲਾ ਰਾਣੀ ਭੁੱਲੀ ਲਏ ਮਨਾ, ਅਭੁਲ ਬੇਪਰਵਾਹਿਆ । ਆਪਣੀ ਕੁੱਲੀ ਦਏ ਵਖਾ, ਇਲਾਬੁਤ ਡੇਰਾ ਲਾਇਆ । ਸਿਰ ਚੁੰਨੀ ਦਏ ਟਿਕਾ, ਸਾਲੂ ਏਕਾ ਰੰਗ ਚੜ੍ਹਾਇਆ । ਜਗਤ ਰੁੱਲੀ ਲਏ ਉਠਾ, ਆਪ ਆਪਣੀ ਦਇਆ ਕਮਾਇਆ । ਕੋਈ ਰਸੂਲ ਨਾ ਬਣੇ ਗਵਾਹ, ਅਸੂਲ ਸਕੇ ਨਾ ਕੋਇ ਸਮਝਾਇਆ । ਮਕਤੂਲ ਕ਼ਾਤਲ ਫਸੇ ਆ, ਦੇਵੇ ਕੌਣ ਸਫ਼ਾਇਆ । ਬਾਤਨ ਜਮਾਲ ਇਕ ਖ਼ੁਦਾ, ਜ਼ਾਬਤਾ ਜ਼ਬਤ ਦਏ ਕਰਾਇਆ । ਫ਼ਾਤਹਾ ਪੜ੍ਹੇ ਦੋ ਜਹਾਂ, ਫ਼ਤਵਾ ਇਕੋ ਵਾਰ ਲਗਾਇਆ । ਚੌਦਾਂ ਤਬਕ ਨਾ ਸਕੇ ਸਿਰ ਉਠਾ, ਸਬਕ ਸਾਦਰ ਨਾ ਕੋਇ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਇਆ । ਮੇਰੀ ਦਲੀਲ ਵੇਖ ਖ਼ਾਹਸ਼, ਅੱਲਾ ਰਾਣੀ ਰਹੀ ਕੁਰਲਾਈਆ । ਅੰਤ ਹੋਈ ਪਾਸ਼ ਪਾਸ਼, ਜੋੜੀ ਜੋੜ ਨਾ ਕੋਇ ਵਖਾਈਆ । ਬਣ ਤਰਖਾਨ ਤੂੰ ਦਿਤੀ ਤਰਾਸ਼, ਸੱਥਾ ਤੇਸਾ ਹੱਥ ਉਠਾਈਆ । ਜਿਸ ਨੂੰ ਕਿਹਾ ਮੈਂ ਬੂਟਾ ਲਾਇਆ ਖ਼ਾਸ, ਤੂੰ ਜੜ੍ਹੋਂ ਕੱਟ ਵਖਾਈਆ । ਮੇਰੀ ਆਸਾ ਹੋਈ ਨਿਰਾਸ,

੧੪੩੮ ਨਿਰਦੋਸ਼ ਦਏ ਦੁਹਾਈਆ । ਮੈਂ ਕਿਸ ਦੇ ਵਸਾਂ ਪਾਸ, ਘਰ ਬਾਰ ਨਜ਼ਰ ਕੋਇ ਨਾ ਆਈਆ । ਨਾ ਕੋਈ ਸੌਹਰਾ ਨਾ ਕੋਈ ਸਾਸ, ਨਾ ਕੋਈ ਧੀ ਨਾ ਕੋਈ ਜਵਾਈਆ । ਨਾ ਕੋਈ ਮੀਆਂ ਬੀਵੀ ਰੱਖੇ ਪਾਸ, ਬੈਵਾ ਦਰ ਦਰ ਧੱਕੇ ਖਾਈਆ । ਜੇ ਸਾਹਿਬ ਚਾਹੇ ਸਿੰਘ ਗਰਧਾਰੇ ਨਾਲ ਮਿਲਾਏ ਰਾਸ, ਜੁਗ ਨਾਲ ਜੁਗ ਦਏ ਭਵਾਈਆ । ਜਿਸ ਦਾ ਭਗਤ ਨਾ ਹੋਵੇ ਨਾਸ, ਨਾਸ ਹੋਏ ਸਰਬ ਲੋਕਾਈਆ । ਸੋ ਮੇਰੀ ਪੂਰੀ ਕਰੇ ਖ਼ਾਹਸ਼, ਆਪਣੀ ਖ਼ਾਹਸ਼ ਨਾ ਕੋਇ ਰਖਾਈਆ । ਕਲਜੁਗ ਅੰਤ ਭਗਵੰਤ ਬਣ ਕੰਤ ਭਗਤਾਂ ਵਸਿਆ ਪਾਸ, ਮੇਰੀ ਸਾਰ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਘਰ ਸੋਭਾ ਪਾਈਆ । ਸਲਾਹ ਸਲਾਹ ਨਾਲ ਕਰੇ ਸਲਾਹ, ਸਲਾਹਗੀਰ ਨਾ ਕੋਇ ਰਖਾਇਆ । ਕੀ ਜਿਹੜਾ ਭਗਤਾਂ ਲਿਆ ਪਰਨਾ, ਮੈਨੂੰ ਦੇਵੇ ਦਰ ਦੁਰਕਾਇਆ । ਮੈਂ ਸੁਣਿਆ ਛੱਬੀ ਪੋਹ ਸੁਧਾਇਆ ਸਾਹ, ਲੋਕਮਾਤ ਖੇਲ ਰਚਾਇਆ । ਮੈਂ ਜਾ ਕੇ ਮੰਗਾਂ ਇਕ ਪਨਾਹ, ਚਰਨਾਂ ਵਿਚ ਸੀਸ ਟਿਕਾਇਆ । ਤੂੰ ਮੇਰਾ ਸੱਚਾ ਸ਼ਹਿਨਸ਼ਾਹ, ਮੈਂ ਤੇਰੀ ਬਰਦੀ ਥਾਉਂ ਕੋਇ ਨਜ਼ਰ ਨਾ ਆਇਆ । ਕਰ ਕਿਰਪਾ ਜੇ ਪਕੜੇ ਬਾਂਹ, ਮੇਰਾ ਪਿਛਲਾ ਦੁੱਖ ਦਏ ਭੁਲਾਇਆ । ਬੌਹੜੀ ਜੇ ਕਰ ਜਾਏ ਨਾ, ਚਾਰੇ ਕੂਟਾਂ ਥਾਂ ਕੋਇ ਨਜ਼ਰ ਨਾ ਆਇਆ । ਬਿਨ ਮਰਨੋਂ ਪਹਿਲਾਂ ਮਰ ਜਾਂ, ਆਪਣਾ ਤਨ ਮਨ ਭੇਟ ਚੜ੍ਹਾਇਆ । ਜੇ ਕੋਈ ਬਾਹਰ ਕਢੇ ਨਿਕਲਾਂ ਨਾ, ਜੋ ਮੇਰੇ ਸਾਹਿਬ ਮੰਦਰ ਬਣਾਇਆ । ਪੰਜਾਂ ਨਾਲ ਕਰੀ ਸਲਾਹ, ਜਿਸ ਦਾ ਨਾਨਕ ਲੇਖ ਲਿਖਾਇਆ । ਜਿਸ ਨੂੰ ਕਹਿੰਦੇ ਵਸੇ ਥਲਾਂ ਵਿਚ ਅਸਗਾਹ, ਸੋ ਸਾਚੇ ਘਰ ਸੋਭਾ ਪਾਇਆ । ਸਾਚਾ ਘਰ ਲਿਆ ਬਣਾ, ਆਪਣਿਆਂ ਭਗਤਾਂ ਨਾਲ ਰਲਾਇਆ । ਉਧਰ ਗੋਬਿੰਦ ਚੜ੍ਹਿਆ ਚਾ, ਪਹਿਲੀ ਚੇਤਰ ਰਾਹ ਤਕਾਇਆ । ਜੇ ਮਨੇ

੧੪੩੮

ਤੇ ਲਵਾਂ ਮਨਾ, ਇਕੋ ਮਾਣ ਰਖਾਇਆ । ਜੇ ਕਹੇ ਤੇ ਦੇਵਾਂ ਜੁਗ ਉਲਟਾ ਜੇ ਕਹੇ ਤਾਂ ਆਪਣੇ ਸੰਗ ਰਖਾਇਆ । ਮੈਂ ਭਾਣਾ ਮੰਨਾਂ ਸਦਾ ਰਜ਼ਾ, ਰਾਜ਼ੀ ਆਪਣਾ ਪੀਰ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਡ ਆਪ ਖਡਾਇਆ । ਕੀ ਖੇਡ ਤੈਨੂੰ ਲਗੇ ਚੰਗੀ, ਵਿਸ਼ਨ ਬ੍ਰਹਮਾ ਸ਼ਿਵ ਰਹੇ ਕੁਰਲਾਈਆ । ਤੂੰ ਵੇਖ ਸਾਡੀ ਇਕੋ ਤੰਗੀ, ਬਿਨ ਤੇਰੇ ਪਈ ਦੁਹਾਈਆ । ਤੇਰੀ ਆਤਮਾ ਪਰਮਾਤਮਾ ਹੋਈ ਭਾਗਾਂ ਮੰਦੀ, ਮੇਰੇ ਬ੍ਰਹਮ ਨਾ ਕੋਇ ਵਡਿਆਈਆ । ਤੇਰੀ ਸੁਆਣੀ ਹੋਈ ਰੰਡੀ, ਲੋਕਮਾਤ ਰਹੀ ਕੁਰਲਾਈਆ । ਕਿਸੇ ਨੱਕ ਨੱਥ ਕੰਨ ਨਾ ਦਿਸੇ ਡੰਡੀ, ਖੁੱਲੀ ਗੁੱਤ ਰਹੀ ਵਖਾਈਆ । ਨੈਣ ਸ਼ਰਮੌਣ ਸੂਰਜ ਚੰਦੀ, ਬੈਠੇ ਮੁਖ ਭੁਆਈਆ । ਰੈਣ ਅੰਧੇਰੀ ਹੋਈ ਅੰਧੀ, ਆਪਣਾ ਰੰਗ ਵਖਾਈਆ । ਤੇਰੇ ਜੀਵਾਂ ਵਾਸਨਾ ਹੋਈ ਗੰਦੀ, ਸੁਗੰਧੀ ਰੂਪ ਨਾ ਕੋਇ ਪਰਗਟਾਈਆ । ਕਾਮ ਕ੍ਰੋਧ ਪਾਈ ਫੰਦੀ, ਸਾਧ ਸੰਤ ਪੱਲੂ ਸਕੇ ਨਾ ਕੋਇ ਛੁਡਾਈਆ । ਸ਼ਾਹ ਸੁਲਤਾਨ ਹੋਏ ਘੁਮੰਡੀ, ਨਿਵਣ ਸੁ ਅੱਖਰ ਨਾ ਕੋਇ ਪੜ੍ਹਾਈਆ । ਸ੍ਰਿਸ਼ਟ ਸਬਾਈ ਬਾਢੀ ਤੇਰੇ ਬਿਨਾਂ ਉਚੀ ਨੀਵੀਂ ਨਾ ਜਾਏ ਰੰਦੀ, ਨਾ ਕਰੇ ਕੋਇ ਸਫ਼ਾਈਆ । ਤੇਰੇ ਹੱਥ ਸੂਤਰ ਤੰਦੀ, ਸਭ ਦਾ ਦੇਣਾ ਸੱਕ ਲਾਹੀਆ । ਤੇਰੇ ਹੱਥ ਤੇਸੀ ਕਾਂਡੀ, ਜਿਸ ਚਾਹੇਂ ਦੇਵੇਂ ਢਾਹ, ਜਿਸ ਚਾਹੇਂ ਲਏ ਬਣਾਈਆ । ਤੇਰੀ ਠੋਕਰ ਤੇਰੀ ਲੋਕਾਈ ਖਾਂਦੀ, ਠੋਕ ਠੋਕ ਵੇਖ ਸੱਚੇ ਮਾਹੀਆ । ਗੁਰਮੁਖ ਆਤਮਾ ਤੇਰੀ ਬਾਂਦੀ, ਦੋਏ ਨੈਣ ਰਹੀ ਸ਼ਰਮਾਈਆ । ਲੋਕਮਾਤ ਵਿਚੋਂ ਥੱਕੀ ਮਾਂਦੀ, ਚਰਨੀਂ ਸੀਸ ਰਹੀ ਟਿਕਾਈਆ । ਪ੍ਰਭ ਮੇਰੇ ਤੁਧ ਬਿਨ ਪਤ ਮੇਰੀ ਜਾਂਦੀ, ਨਾ ਹੋਏ ਕੋਇ ਸਹਾਈਆ । ਦੇਣਾ ਦਰਸ ਬਣ ਕੇ ਪਾਂਧੀ, ਪੰਧ ਆਪਣਾ ਆਪ ਮੁਕਾਈਆ । ਮੈਂ ਗੀਤ ਗੋਬਿੰਦ ਤੇਰੇ ਗਾਂਦੀ, ਇਕੋ ਗੁਣ ਜਣਾਈਆ । ਜੇ ਬਣ ਕੇ ਆਵੇਂ ਢਾਡੀ, ਤੇਰੀ ਵਾਰ ਸੁਣਾਂ ਚਾਈਂ ਚਾਈਆ । ਜੇ ਆਖੇਂ ਤੇ ਦੱਸਾਂ ਆਂਢੀ ਗਵਾਂਢੀ, ਨਹੀਂ ਤੇ ਉਂਗਲਾਂ ਕੰਨਾਂ ਵਿਚ ਪਾਈਆ । ਤੇਰੀ ਤੇਰੇ ਚਰਨਾਂ ਉਤੋਂ ਬਲਹਾਰ ਜਾਂਦੀ, ਬਲਹਾਰੀ ਗੁਰ ਗੁਰ ਸਤਿਗੁਰ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਵਰਤਾਈਆ । ਹਾਏ ਖੇਲ ਵਰਤੇ ਭਾਣਾ, ਲੋਕਮਾਤ ਕਵਣ ਵਰਤਾਈਆ । ਦੁਹਾਈ ਪੀਰ ਦਸਤਗੀਰ ਤਖ਼ਤੋਂ ਲਾਹੇ ਰਾਜਾ ਰਾਣਾ, ਰੁਲੇ ਸਰਬ ਲੋਕਾਈਆ । ਅਲਨੇਕ ਕਮਚਖੇਲ ਖੇਲ ਜਿਸ ਕਰਾਨਾ, ਬੇਐਬ ਨਾਮ ਖ਼ੁਦਾਈਆ । ਮਹਿਬਾਨ ਬੀਦੋ ਬੀ ਖ਼ੈਰ ਯਾ ਅੱਲਾ ਜਿਸ ਰੂਪ ਵਟਾਨਾ, ਸੋ ਵੇਸ ਕਵਣ ਕਰਾਈਆ । ਪੀਰ ਦਸਤਗੀਰ ਜਿਸ ਵੇਖ ਵਖਾਨਾ, ਵੇਖੇ ਸਰਬ ਲੋਕਾਈਆ । ਨਕ਼ਾਬ ਪੋਸ਼ ਪਰਦਾ ਜਿਸ ਉਠਾਨਾ, ਨੂਰ ਜ਼ਹੂਰ ਕਰੇ ਰੁਸ਼ਨਾਈਆ । ਆਬੇ ਹਯਾਤ ਬੇਆਬਾ ਜਿਸ ਪਿਆਨਾ, ਪੁੰਨ ਸਵਾਬ ਨਾ ਕੋਇ ਵਡਿਆਈਆ । ਅਹਿਬਾਬ ਰਬਾਬ ਜਿਸ ਵਜਾਨਾ, ਤਾਰ ਸਤਾਰ ਨਾ ਕੋਇ ਹਿਲਾਈਆ । ਪਿਸਰ ਪਿਦਰ ਜਿਸ ਖੇਲ ਖਿਲਾਨਾ, ਸੋ ਆਪਣਾ ਰੰਗ ਵਖਾਈਆ । ਇਧਰ ਉਧਰ ਜਿਸ ਰੰਗ ਚੜ੍ਹਾਨਾ, ਰੰਗ ਰੰਗੀਲਾ ਸੱਚਾ ਮਾਹੀਆ । ਫ਼ਿਕਰ ਵਿਚ ਜਿਸ ਫ਼ਿਕਰਾ ਗਾਣਾ, ਗੁਰਮੁਖਾਂ ਨਾਉਂ ਸਾਲਾਹੀਆ । ਸੋ ਸਾਹਿਬ ਆਪਣਾ ਵਰਤੇ ਭਾਣਾ, ਹਰਿਜਨ ਸਾਚੇ ਨਾਲ ਮਿਲਾਈਆ । ਚੌਦਾਂ ਤਬਕਾਂ ਦੇਵੇ ਫ਼ਰਮਾਨਾ, ਏਕਾ ਹੁਕਮ ਸੁਣਾਈਆ । ਉਠੋ ਚਲੋ ਜਿਸ ਦਰਸਨ ਪਾਨਾ, ਆਇਆ ਨੂਰ ਖ਼ੁਦਾਈਆ । ਜਿਸ ਨੂੰ ਈਸਾ ਮੂਸਾ ਕਰੇ ਸਲਾਮਾਂ, ਮੁਹੰਮਦ ਸੀਸ ਝੁਕਾਈਆ । ਸੋ ਸਾਹਿਬ ਦੇਵੇ ਪੈਗ਼ਾਮਾ, ਪੈਗ਼ੰਬਰ ਭੁੱਲ ਕੋਇ ਨਾ ਜਾਈਆ । ਜਿਸ ਦਾ ਵੱਜਣਾ ਨਾਮ ਦਮਾਮਾ, ਦਾਮਨਗੀਰ ਇਕ ਅਖਵਾਈਆ । ਜਿਸ ਹੋਣਾ ਅੰਤਰਜਾਮਾ, ਨੌਂ ਸੌ ਚੁਰਾਨਵੇ ਚੌਕੜੀ ਜੁਗ ਯਾਦ ਨਾ ਜਿਸ ਭੁਲਾਈਆ । ਜੋ

ਘਲਦਾ ਰਿਹਾ ਕ੍ਰਿਸ਼ਨਾ ਰਾਮਾ, ਈਸਾ ਮੂਸਾ ਖੇਲ ਖਿਲਾਈਆ । ਜੋ ਨਾਨਕ ਜਪੌਂਦਾ ਰਿਹਾ ਸਤਿ ਨਾਮਾ, ਗੋਬਿੰਦ ਪੂਤ ਸਪੂਤ ਬਣਾਈਆ । ਸੋ ਆਇਆ ਪਹਿਰ ਕੇ ਜਾਮਾ, ਜਿਸ ਦੀ ਪਿਤਾ ਨਾ ਕੋਈ ਮਾਈਆ । ਆਪੇ ਜਾਣੇ ਆਪਣਾ ਆਵਣ ਜਾਣਾ, ਲਿਖ ਲਿਖ ਲੇਖ ਨਾ ਕੋਇ ਸਮਝਾਈਆ । ਤ੍ਰਿਲੋਕੀ ਅੰਦਰ ਫਿਰ ਫਿਰ ਗਿਆ ਕ੍ਰਿਸ਼ਨਾ ਕਾਹਨਾ, ਤਿੰਨਾਂ ਲੋਕਾਂ ਡੰਕ ਵਜਾਈਆ । ਸਚਖੰਡ ਵਸੇ ਆਪ ਭਗਵਾਨਾ, ਸਚ ਸਿੰਘਾਸਣ ਸੋਭਾ ਪਾਈਆ । ਗੋਬਿੰਦ ਕਹੇ ਮਰਦ ਮਰਦਾਨਾ, ਆਪਣੀ ਮਰਦਾਨਗੀ ਨਾ ਕਿਸੇ ਜਣਾਈਆ । ਜਿਉਂ ਭਾਵੇ ਤਿਉਂ ਦਏ ਪਰਵਾਨਾ, ਗੁਰ ਅਵਤਾਰ ਲੋਕਮਾਤ ਸੇਵ ਲਗਾਈਆ । ਜਿਉਂ ਚਾਹੇ ਤਿਉਂ ਵਰਤੇ ਭਾਣਾ, ਨਾ ਕੋਈ ਮੇਟ ਮਿਟਾਈਆ । ਕਲਜੁਗ ਅੰਤਮ ਜੇ ਕੋਈ ਕਹੇ ਮੈਂ ਪਛਾਣਾ, ਨਜ਼ਰ ਕਿਸੇ ਨਾ ਆਈਆ । ਪੂਰਨ ਅੰਦਰ ਇਕ ਟਿਕਾਣਾ, ਪੂਰ ਰਿਹਾ ਸਭ ਠਾਈਆ । ਉਡਦਾ ਫਿਰੇ ਬਿਨ ਬਬਾਣਾ, ਲੋਆਂ ਪੁਰੀਆਂ ਆਪਣਾ ਚਰਨ ਟਿਕਾਈਆ । ਬਿਨ ਕਰਨੀ ਜਿਸ ਕੀਆ ਪਰਵਾਨਾ, ਸਚ ਪਰਵਾਨਗੀ ਦਏ ਵਖਾਈਆ । ਜੁਗ ਜਨਮ ਦੇ ਵਿਛੜੇ ਮੇਲੇ ਵਿਚ ਜਹਾਨਾ, ਆਪ ਆਪਣੀ ਦਇਆ ਕਮਾਈਆ । ਗੁਰਸਿਖਾਂ ਘਰ ਆਏ ਨਾ ਕੁਛ ਪੀਣਾ ਨਾ ਕੁਛ ਖਾਣਾ, ਨਿਰਗੁਣ ਰੂਪ ਵਟਾਈਆ । ਬਣਾ ਕੇ ਜਾਵੇ ਸਚ ਮਕਾਨਾ, ਚਾਰ ਜੁਗ ਵੱਜੇ ਵਧਾਈਆ । ਉਪਰ ਬਹੇ ਸ੍ਰੀ ਭਗਵਾਨਾ, ਅੱਠੇ ਪਹਿਰ ਸਹਾਈਆ । ਆਪੇ ਬੀਨਾ ਆਪੇ ਦਾਨਾ, ਆਪੇ ਰਿਜ਼ਕ ਸਬਾਈਆ । ਹਰਿਜਨ ਲੇਖਾ ਜਿਉਂ ਜਲ ਮੀਨਾ, ਜਲ ਮੀਨ ਰੂਪ ਵਟਾਈਆ । ਗੁਰਸਿਖ ਧੱਕਾ ਮਾਰੇ ਲੋਕ ਤੀਨਾਂ, ਤਿੰਨ ਲੋਕ ਚਰਨਾਂ ਹੇਠ ਦਬਾਈਆ । ਉਪਰ ਮਿਲੇ ਸਾਹਿਬ ਪਰਬੀਨਾ, ਪਰਬਤ ਚੋਟੀ ਨਜ਼ਰ ਕੋਇ ਨਾ ਆਈਆ । ਆਪਣਾ ਭਗਤ ਬਣਾਇਆ ਸਚ ਨਗੀਨਾ, ਆਪਣੇ ਸੀਸ ਤਾਜ ਵਿਚ ਟਿਕਾਈਆ । ਆਪਣਾ ਕੱਢ ਕੱਢ ਪਸੀਨਾ, ਗੁਰਸਿਖਾਂ ਸੇਵ ਕਮਾਈਆ । ਜੇ ਲੱਗੀ ਸੇਵ ਆਏ ਨਾ ਹੀਨਾ, ਛੱਡ ਮੈਦਾਨ ਭੱਜ ਨਾ ਜਾਈਆ । ਨਾ ਕੋਈ ਮਰਨਾ ਨਾ ਕੋਈ ਜੀਣਾ, ਆਪਣੀ ਖੇਡ ਖਡਾਈਆ । ਨਾ ਕੋਈ ਪਾਟਾ ਨਾ ਕੋਈ ਸੀਣਾ, ਨਾ ਕੋਈ ਤੰਦ ਪਵਾਈਆ । ਗੁਰਸਿਖਾਂ ਪਿਆਰ ਸਿਖਿਆ ਇਕੋ ਖੀਣਾ, ਦੂਜੀ ਆਦਤ ਨਾ ਕੋਇ ਰਖਾਈਆ । ਜਿਹਨੂੰ ਕਹਿੰਦੇ ਰਹੇ ਪਾਰਬ੍ਰਹਮ ਬਣਿਆ ਰਹੇ ਬਣ ਕੇ ਮੀਣਾ, ਬ੍ਰਹਮ ਆਪਣੇ ਗੇੜ ਭੁਆਈਆ । ਜਿਸ ਨੂੰ ਕਹਿੰਦੇ ਰਹੇ ਉਸ ਸਾਡਾ ਸਭ ਕੁਛ ਛੀਨਾ, ਖ਼ਾਲੀ ਹੱਥ ਦਿਤਾ ਕਰਾਈਆ । ਸੋ ਸਾਹਿਬ ਸਦਾ ਪਰਬੀਨਾ, ਪਰਮ ਪੁਰਖ ਵਡੀ ਵਡਿਆਈਆ । ਜਨ ਭਗਤਾਂ ਦੇ ਹੋਇਆ ਅਧੀਨਾ, ਅਦਨਾ ਹੋ ਹੋ ਸੇਵ ਕਮਾਈਆ । ਰੁਸ ਰੁਸ ਬੈਠਾ ਮੱਕਾ ਮਦੀਨਾ, ਨਨਕਾਣੇ ਵਾਲਾ ਨਾਨਕ ਬੈਠਾ ਮੁਖ ਭਵਾਈਆ । ਜਿਸ ਨੂੰ ਸਤਿਗੁਰ ਦਿਤਾ ਧੱਕਾ, ਤਿਸ ਸਕੇ ਕਵਣ ਬਚਾਈਆ । ਬਿਨ ਗੋਬਿੰਦ ਲਾਏ ਨਾ ਕੋਈ ਡੱਕਾ, ਰੁੜ੍ਹਦਾ ਬੇੜਾ ਨਾ ਕੋਇ ਤਰਾਈਆ । ਜਿਸ ਨੂੰ ਕਹਿੰਦੇ ਰਹੇ ਹਿੰਦੂ ਮੁਸਲਿਮ ਭਾਈ ਸਕਾ, ਤਿਸ ਨੂੰ ਆਪਣਾ ਰੰਗ ਵਖਾਈਆ । ਵੇਖੋ ਕਿਧਰ ਗਿਆ ਬੂਰਾ ਕੱਕਾ, ਮਨੀ ਸਿੰਘ ਦੀ ਸੁੱਕੀ ਨਾ ਅਜੇ ਸ਼ਾਹੀਆ । ਹਰਿ ਭਗਤ ਦਵਾਰਾ ਇਕੋ ਰੱਖਾ, ਅੰਤ ਸਭ ਦੀ ਕਰੇ ਸਫ਼ਾਈਆ । ਜਿਸ ਦਵਾਰੇ ਹਰਿ ਜੂ ਬਹਿ ਬਹਿ ਹੱਸਾ, ਸੋ ਦਵਾਰਾ ਸੋਭਾ ਪਾਈਆ । ਜਿਸ ਘਰ ਡਰਦਾ ਆਏ ਨੱਠਾ, ਡਰ ਭਗਤਾਂ ਰਿਹਾ ਸਤਾਈਆ । ਬਿਨ ਹੱਥਾਂ ਬਾਂਹਵਾਂ ਢੱਠਾ, ਬਲ ਆਪਣਾ ਆਪ ਮੁਕਾਈਆ । ਪ੍ਰੇਮੀ ਅੰਦਰ ਪ੍ਰੇਮ ਬੱਧਾ, ਬਿਨ ਪ੍ਰੇਮ ਕੋਈ ਨਾ ਫਾਹੀਆ, ਅਠਾਰਾਂ ਸਾਲ ਦੇਂਦਾ ਰਿਹਾ ਸਦਾ, ਬਣ ਮਰਾਸੀ ਨਾਈ ਡੂਮ ਢੋਲਕ ਜਗਤ ਵਜਾਈਆ । ਮੰਦਰ ਮਸਜਿਦ ਗੁਰੂਦਵਾਰ ਵੇਂਹਦਾ ਰਿਹਾ ਹੱਦਾਂ, ਅਠਸਠ ਫੇਰਾ ਪਾਈਆ । ਸਾਧਾਂ ਸੰਤਾਂ ਵੇਂਹਦਾ ਰਿਹਾ ਯੱਦਾਂ, ਕਵਣ ਯਦ ਮਿਲੇ ਵਡਿਆਈਆ ।

ਸਤਾਰਾਂ ਸਾਲ ਆਪਣਾ ਖੇਲ ਕੀਤਾ ਅੱਧਾ, ਅੱਧੀ ਧਾਰ ਆਪ ਲੁਕਾਈਆ । ਸਾਲ ਅਠਾਰਵੇਂ ਹੋਇਆ ਵੱਡਾ, ਵੱਡੇ ਦੀ ਵਡ ਵਡਿਆਈਆ । ਜੇ ਕੋਈ ਕਹੇ ਮੁੰਡਾ ਨੱਢਾ, ਨੱਢਾ ਮੁੰਡਾ ਛੇੜਾਂ ਛੇੜੇ ਆਪਣੀ ਖੇਡ ਵਖਾਈਆ । ਜੇ ਕੋਈ ਕਹੇ ਘਰੋਂ ਕੱਢਾ, ਬੇਘਰ ਹੋਇਆ ਫਿਰੇ ਬੇਪਰਵਾਹੀਆ । ਜੇ ਕੋਈ ਕਹੇ ਮੰਦਰ ਮਸਜਿਦ ਗੁਰੂਦਵਾਰ ਅੰਦਰ ਬੱਧਾ, ਕਾਗਦ ਕ਼ਲਮ ਸ਼ਾਹੀ ਨਾਲ ਕਰੀ ਕੁੜਮਾਈਆ । ਸੋ ਮੂਰਖ ਡਿਗੇ ਡੂੰਘੀ ਖੱਡਾ, ਮੂੰਹ ਦੇ ਭਾਰ ਸੁਟਾਈਆ । ਆਦਿ ਜੁਗਾਦਿ ਮਧ ਜੁਗ ਜੁਗ ਗੁਰਮੁਖ ਵਿਰਲੇ ਲੱਧਾ, ਜਿਸ ਲੱਧਾ ਸੋ ਕੂਕ ਕੂਕ ਸੁਣਾਈਆ । ਬਿਨ ਨਗਾਰਿਉਂ ਆਪਣੇ ਨਾਦ ਆਪੇ ਵੱਜਾ, ਨਾਦੀ ਨਾਦ ਸੁਣਾਈਆ । ਬਿਨ ਕਪੜ ਜਿਸ ਪਰਦਾ ਕੱਜਾ, ਨਾਮ ਦੋਸ਼ਾਲਾ ਹੱਥ ਉਠਾਈਆ । ਸੋ ਸਾਹਿਬ ਹਰਿ ਸੰਗਤ ਵਿਚ ਸਜਾ, ਸੱਜੀ ਬਾਂਹ ਸੰਗਤ ਨਾਲ ਮਿਲਾਈਆ । ਆਪੇ ਹੋ ਕੇ ਆਇਆ ਨਲੱਜਾ, ਲੋਕਲਾਜ ਨਾ ਕੋਇ ਰਖਾਈਆ । ਜਿਸ ਨੂੰ ਕਰਦੇ ਰਹੇ ਸਯਦਾ, ਸੋ ਸਯਾਹ ਪੋਸ਼ ਰੂਪ ਵਟਾਈਆ । ਜਿਸ ਦਾ ਬਣਦੇ ਰਹੇ ਬਰਦਾ, ਸੋ ਬਰੀਖ਼ਾਨਾ ਇਕ ਖੁਲ੍ਹਾਈਆ । ਜਿਸ ਕੋਲੋਂ ਹਰ ਕੋਈ ਰਿਹਾ ਡਰਦਾ, ਸੋ ਡਰ ਰਿਹਾ ਚੁਕਾਈਆ । ਜਿਸ ਨੂੰ ਕਹਿੰਦੇ ਖੇਲ ਕਰੇ ਨਰ ਹਰਿ ਦਾ, ਸੋ ਨਰ ਆਪਣੀ ਨਾਰੀ ਲਏ ਪਰਨਾਈਆ । ਜਿਸ ਨੂੰ ਕਹਿੰਦੇ ਭਗਤਾਂ ਪਿਛੇ ਪਾਣੀ ਭਰਦਾ, ਪੀਸਣ ਪੀਸ ਸੇਵ ਕਮਾਈਆ । ਜਿਸ ਨੂੰ ਕਹਿੰਦੇ ਨਿਰਭੌ ਕਦੇ ਨਾ ਡਰਦਾ, ਭੈ ਅਵਰ ਨਾ ਕੋਇ ਵਖਾਈਆ । ਜਿਸ ਨੂੰ ਨਾਨਕ ਕਹਿੰਦਾ ਘਰ ਘਰ ਵੜਦਾ, ਸੋ ਘਰ ਘਰ ਫੋਲ ਫੁਲਾਈਆ । ਬਿਨ ਪੌੜੀਉਂ ਆਪੇ ਚੜ੍ਹਦਾ, ਆਪਣਾ ਡੰਡਾ ਹੱਥ ਉਠਾਈਆ । ਬਿਨ ਹੱਥਾਂ ਆਪੇ ਫੜਦਾ, ਆਪਣਾ ਬੰਧਨ ਪਾਈਆ । ਬਿਨ ਹਥਿਆਰੋਂ ਆਪੇ ਲੜਦਾ, ਤੀਰ ਤਲਵਾਰ ਨਾ ਕੋਇ ਉਠਾਈਆ । ਬਿਨ ਘਾੜਤ ਆਪੇ
ਘੜਦਾ, ਆਪੇ ਭੰਨ ਵਖਾਈਆ । ਵੇਖੇ ਖੇਲ ਸੱਚੇ ਨਰ ਹਰਿ ਦਾ, ਨਰ ਨਾਰੀ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰ ਚਲਾਈਆ । ਆਪਣੀ ਧਾਰ ਜੇ ਨਾ ਚਲਾਏ, ਅਚਲ ਨਾ ਕਦੇ ਅਖਵਾਈਆ । ਆਪਣਾ ਵਿਹਾਰ ਜੇ ਨਾ ਕਰਾਏ, ਬਿਵਹਾਰੀ ਨਾ ਰੂਪ ਵਟਾਈਆ । ਆਪਣਾ ਨਾਦ ਜੇ ਨਾ ਸੁਣਾਏ, ਅਨਾਦੀ ਨਾ ਕੋਏ ਗਾਈਆ । ਆਪਣਾ ਬ੍ਰਹਮ ਜੇ ਨਾ ਪਰਨਾਏ, ਪਾਰਬ੍ਰਹਮ ਨਾ ਕੋਇ ਸਾਲਾਹੀਆ । ਆਪਣਾ ਕਰਮ ਜੇ ਨਾ ਕਮਾਏ, ਨਿਹਕਰਮੀ ਨਾ ਨਾਉਂ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੱਗਾ ਪਿੱਛਾ ਪਿੱਛਾ ਅੱਗਾ ਆਪਣਾ ਸੰਗ ਰਖਾਈਆ । ਅਗੇ ਪਿਛੇ ਸਾਚਾ ਸੰਗ, ਹਰਿ ਹਰਿ ਆਪ ਰਖਾਇੰਦਾ । ਪਿਛੇ ਡਠੇ ਸਾਢੇ ਤਿੰਨ ਹੱਥ ਪਲੰਘ, ਅੰਦਰ ਵੜਦਿਆਂ ਨਜ਼ਰੀ ਆਇੰਦਾ । ਬਾਹਰ ਨਿਕਲ ਨੰਗੀ ਹੋਵੇ ਨਾ ਕੰਡ, ਉਤੇ ਬੈਠਾ ਧਿਆਨ ਲਗਾਇੰਦਾ । ਸਾਢੇ ਤਿੰਨ ਹੱਥ ਵੰਡੀ ਵੰਡ, ਕੋਟਨ ਬ੍ਰਹਿਮੰਡ ਪੰਧ ਚੁਕਾਇੰਦਾ । ਗੁਰਸਿਖ ਮੇਰਾ ਚਮਕੇ ਚੰਦ, ਬਿਨ ਗੁਰਸਿਖ ਮੇਰਾ ਨੂਰ ਕੰਮ ਕਿਸੇ ਨਾ ਆਇੰਦਾ । ਮੈਂ ਭਗਤਾਂ ਗਾਵਾਂ ਛੰਦ, ਗੁਣ ਆਪਣਾ ਆਪ ਸਮਝਾਇੰਦਾ । ਮੈਂ ਫਸਿਆ ਵਿਚ ਫੰਦ, ਰਸਤਾ ਕੋਇ ਨਜ਼ਰ ਨਾ ਆਇੰਦਾ । ਜਿਧਰ ਵੇਖਾਂ ਦਿਸੇ ਗੰਦ, ਸੂਖਮ ਰਾਹ ਨਾ ਕੋਇ ਚਲਾਇੰਦਾ । ਜੇ ਮਾਰਾਂ ਝਾਤ ਪੁਰੀ ਅਨੰਦ, ਅਗੋਂ ਮੇਰਾ ਸਿੱਖ ਮੈਨੂੰ ਡਰਾਇੰਦਾ । ਜੇ ਕਰਕੇ ਗ਼ੁੱਸਾ ਵੰਡਣ ਜਾਵਾਂ ਵੰਡ, ਥਾਏਂ ਕਿਸੇ ਕੋਇ ਨਜ਼ਰ ਨਾ ਆਇੰਦਾ । ਮੇਰਾ ਨਾਉਂ ਸਦਾ ਬਖ਼ਸ਼ੰਦ, ਗੁਣ ਅਵਗੁਣ ਨਾ ਕੋਇ ਜਣਾਇੰਦਾ । ਜੇ ਕੋਈ ਗਾਲਾਂ ਕੱਢੇ ਬੱਤੀ ਦੰਦ, ਧੰਨ ਭਾਗ ਕਹਿ ਸ਼ੁਕਰ ਮਨਾਇੰਦਾ । ਜੇ ਕੋਈ ਕਹੇ ਗੁਜਰੀ ਚੰਦ, ਖ਼ੁਸ਼ੀ ਹੋਰ ਨਾ ਕੋਇ ਬਣਾਇੰਦਾ । ਜੇ ਕੋਈ ਕਹੇ ਟੁੱਟੀ ਗੰਢ, ਆਪਣੀ ਗੰਢ

੧੪੪੨
੧੦

ਪਵਾਇੰਦਾ । ਜਿਨ੍ਹਾਂ ਪਿਛੇ ਕੱਟਿਆ ਪੰਧ, ਸੋ ਆਪਣਾ ਮੇਲ ਮਿਲਾਇੰਦਾ । ਜੁਗ ਚੌਕੜੀ ਗਈ ਹੰਢ, ਪਾਰ ਕਿਨਾਰਾ ਇਕ ਵਖਾਇੰਦਾ । ਪਿਆਰ ਕਹੇ ਮੈਂ ਭਗਤਾਂ ਗੌਂਦਾਂ ਰਹਾਂ ਛੰਦ, ਦੂਜਾ ਢੋਲਾ ਨਾ ਕੋਇ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੱਗੇ ਪਿਛੇ ਪਿਛੇ ਅਗੇ ਗੁਰਸਿਖਾਂ ਸੇਵ ਕਮਾਇੰਦਾ । ਅਗੇ ਪਿਛੇ ਦੋਵੇਂ ਆਸਣ, ਆਸਾਵਾਨ ਆਪ ਲਗਾਈਆ । ਆਪੇ ਪੁਰਖ ਆਪ ਅਬਿਨਾਸ਼ਨ, ਅਬਿਨਾਸ਼ੀ ਆਪਣਾ ਨਾਉਂ ਧਰਾਈਆ । ਆਪੇ ਦਾਸੀ ਆਪੇ ਦਾਸਨ, ਬਣ ਸੇਵਕ ਸੇਵ ਕਮਾਈਆ । ਆਪੇ ਖੇਲ ਆਪ ਤਮਾਸ਼ਨ, ਜਨ ਭਗਤਾਂ ਖੇਲ ਵਖਾਈਆ । ਆਪੇ ਮੰਡਲ ਆਪੇ ਰਾਸਨ, ਆਪੇ ਨਟੂਆ ਸਾਂਗ ਵਰਤਾਈਆ । ਆਪੇ ਪ੍ਰਿਥਮੀ ਆਪੇ ਆਕਾਸਨ, ਆਪੇ ਗਗਨ ਮੰਡਲ ਸੋਭਾ ਪਾਈਆ । ਆਪੇ ਫਸਿਆ ਆਪਣੀ ਫਾਸਨ, ਕਰ ਪ੍ਰੇਮ ਪਿਆਰ ਪੱਲੂ ਲਿਆ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਆਪਣੇ ਵਿਚ ਰਖਾਈਆ । ਤੇਰਾ ਸੰਸਾ ਤੇਰਾ ਤਨ, ਸਤਿਗੁਰ ਸੰਸੇ ਵਿਚ ਨਾ ਆਈਆ । ਤੇਰਾ ਸੰਸਾ ਤੇਰਾ ਮਨ, ਸਤਿਗੁਰ ਮਨ ਨਾ ਕੋਇ ਰਖਾਈਆ । ਤੇਰਾ ਸੰਸਾ ਤੇਰਾ ਧਨ, ਸਤਿਗੁਰ ਸੰਸੇ ਅੱਗੇ ਨਾ ਝੋਲੀ ਡਾਹੀਆ । ਤੇਰਾ ਸੰਸਾ ਸੁਣੇ ਤੇਰਾ ਕੰਨ, ਸਤਿਗੁਰ ਸੰਸਾ ਸੁਣਨ ਕਦੇ ਨਾ ਆਈਆ । ਜਿਸ ਦਾ ਇਕ ਵਾਰ ਮਨ ਗਿਆ ਮੰਨ, ਫਿਰ ਹੋਰ ਨਾ ਕੋਇ ਢਾਹੀਆ । ਜਿਸ ਨੂੰ ਇਕ ਵਾਰ ਬਣਾਇਆ ਆਪਣਾ ਚੰਨ, ਆਪਣੀ ਗੋਦ ਬਹਾਈਆ । ਤਿਸ ਕੋਇ ਨਾ ਕਰੇ ਖੰਨ ਖੰਨ, ਵੰਡਣ ਵੰਡ ਨਾ ਕੋਇ ਵੰਡਾਈਆ । ਜਿਸ ਆਪਾ ਭੇਟਿਆ ਮਨ ਤਨ, ਤਿਸ ਪਿਛੇ ਕੀ ਰਹਿ ਜਾਈਆ । ਸਿੰਘ ਮਾਹਣਾ ਗਿਆ ਮੰਨ, ਮੰਨੀ ਇਕ ਰਜ਼ਾਈਆ । ਤੇਜਾ ਸਿੰਘ ਕਿਉਂ ਸਹੇ ਡੰਨ, ਜੋ ਡੰਕਾ ਰਿਹਾ ਵਜਾਈਆ । ਜੇ ਪੁੱਛੇ ਕੀ ਦੱਸਾਂ ਆਪਣਾ ਢੰਗ, ਜਿਸ ਢੰਗ ਨਾਲ ਗੁਰਮੁਖ ਰਿਹਾ ਮਨਾਈਆ । ਬਿਨ ਰੰਗਣ ਚਾੜ੍ਹਾਂ ਰੰਗ, ਏਕਾ ਰੰਗ ਵਖਾਈਆ । ਨੰਗਿਆਂ ਨਾਲ ਕੱਟਾਂ ਨੰਗ, ਗਲੋਂ ਚੀਥੜੇ ਤਨ ਲੁਹਾਈਆ । ਭਿਖਾਰੀਆਂ ਨਾਲ ਮੰਗਾਂ ਮੰਗ, ਅੱਗੇ ਆਪਣੀ ਝੋਲੀ ਡਾਹੀਆ । ਪਹਿਲੋਂ ਵਾਰਿਆ ਆਪਣਾ ਤਨ, ਫੇਰ ਗੁਰਮੁਖਾਂ ਤਨ ਲੇਖੇ ਲਾਈਆ । ਆਪਣਾ ਵਾਸ ਕੀਤਾ ਬਿਨ ਛੱਪਰੀ ਛੰਨ, ਗੁਰਮੁਖਾਂ ਦਵਾਰਾ ਰਿਹਾ ਬਣਾਈਆ । ਜਨ ਭਗਤਾਂ ਕਹੇ ਧੰਨ ਧੰਨ, ਆਪਣੀ ਕਰੇ ਨਾ ਕੋਇ ਵਡਿਆਈਆ । ਜਿਸ ਘੜਿਆ ਤਿਸ ਲਿਆ ਭੰਨ, ਆਪਣੀ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਸਾ ਰੋਗ ਨਾ ਕੋਇ ਰਖਾਈਆ । ਜਗਤ ਸੰਸਾ ਜਗਤ ਦਵੈਖ, ਜਗਤ ਰਿਹਾ ਕੁਰਲਾਇਆ । ਜੋ ਗੁਰਮੁਖ ਵਸਿਆ ਸਤਿਗੁਰ ਦੇਸ, ਤਿਸ ਸੰਸਾ ਨਜ਼ਰ ਨਾ ਆਇਆ । ਜੇ ਕੋਈ ਜਾਣੇ ਮੇਰਾ ਸਾਹਿਬ ਵਸੇ ਪਰਦੇਸ, ਪੈਂਡਾ ਪੰਧ ਨਾ ਕੋਇ ਮੁਕਾਇਆ । ਨਾਨਕ ਕਿਹਾ ਜੈਹ ਵੇਖਾਂ ਤੈਹ ਪੇਖ, ਘਟ ਘਟ ਨਜ਼ਰੀ ਆਇਆ । ਗੋਬਿੰਦ ਲਿਖ ਕੇ ਗਿਆ ਲੇਖ, ਲਿਖਿਆ ਲੇਖ ਨਾ ਕੋਇ ਮਿਟਾਇਆ । ਜਿਸ ਨੂੰ ਮੰਨਦੇ ਦਸ ਦਸਮੇਸ਼, ਸੋ ਪੂਤ ਸਪੂਤਾ ਨਾਉਂ ਧਰਾਇਆ । ਤਿਸ ਦਰਸ਼ਨ ਲੈਣਾ ਪੇਖ, ਘਰ ਸੱਜਣ ਸੱਚਾ ਆਇਆ । ਕਲ ਕੀਆ ਅਵੱਲੜਾ ਵੇਸ, ਵਾਹ ਵਾ ਆਪਣੀ ਪਾਈ ਮਾਇਆ । ਜਿਸ ਦੇ ਪਿਛੇ ਨਾਨਕ ਖੂੰਡੀ ਭੂਰੀ ਚੁਕਿਆ ਖੇਸ, ਬਨ ਬਨ ਫੇਰਾ ਪਾਇਆ । ਸੋ ਸਾਹਿਬ ਜਨ ਭਗਤਾਂ ਕਰੇ ਆਦੇਸ, ਆਦੇਸ ਆਦੇਸ ਆਪ ਅਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਗੁਣ ਨਾ ਕੋਇ ਰਖਾਇਆ । ਅਵਗੁਣ ਫਿਰੇ ਆਪ ਭਗਵਾਨ, ਗੁਣ ਨਾ ਕੋਇ ਰਖਾਇੰਦਾ । ਪਹਿਲੋਂ ਭਗਤਾਂ ਦੇਵੇ ਦਾਨ, ਫੇਰ

ਆਪਣੀ ਸਿਫ਼ਤ ਕਰਾਇੰਦਾ । ਪਹਿਲਾਂ ਗੁਰੂਆਂ ਸੁਣਾਏ ਕਲਾਮ, ਕਲਮਾ ਨਬੀਆਂ ਆਪ ਪੜ੍ਹਾਇੰਦਾ । ਫੇਰ ਸ਼ਰਅ ਬਣਾਏ ਤਮਾਮ, ਸ਼ਰੀਅਤ ਆਪਣੀ ਵੰਡ ਵੰਡਾਇੰਦਾ । ਕਰੇ ਖੇਲ ਹੋ ਮਿਹਰਵਾਨ, ਦਇਆਵਾਨ ਧਾਰ ਚਲਾਇੰਦਾ । ਜਿਸ ਕਰੇ ਆਪ ਪਹਿਚਾਨ, ਆਪਣੀ ਪਹਿਚਾਨ ਆਪ ਵਖਾਇੰਦਾ ।

## ★ ੨੨ ਕੱਤਕ ੨੦੧੮ ਬਿਕ੍ਰਮੀ ਜੇਠੂਵਾਲ ਦਰਬਾਰ ਵਿਚ ★

ਨਿਰਗੁਣ ਜੋਤ ਜੋਤ ਅਕਾਲੀ, ਅਕਲ ਕਲਾ ਅਖਵਾਈਆ । ਆਦਿ ਜੁਗਾਦਿ ਖੇਲ ਨਿਰਾਲੀ, ਜੁਗ ਜੁਗ ਵੇਸ ਵਟਾਈਆ । ਗਗਨ ਮੰਡਲ ਵੇਖੇ ਦੀਪਕ ਥਾਲੀ, ਤ੍ਰੈਭਵਨ ਬੇਪਰਵਾਹੀਆ । ਬ੍ਰਹਿਮੰਡ ਖੰਡ ਜੋਤ ਉਜਾਲੀ, ਨੂਰ ਨੂਰਾਨਾ ਡਗਮਗਾਈਆ । ਸਚਖੰਡ ਵਸੇ ਸ਼ਾਹ ਸੁਲਤਾਨੀ, ਸ਼ਾਹ ਪਾਤਸ਼ਾਹ ਬੇਪਰਵਾਹੀਆ । ਨਾਮ ਨਿਧਾਨਾ ਇਕ ਨਿਸ਼ਾਨੀ, ਨਿਰਵੈਰ ਆਪ ਜਣਾਈਆ । ਆਪੇ ਜਾਣੇ ਆਪਣੀ ਅਕਥ ਕਹਾਨੀ, ਕਥ ਕਥ ਰਸਨਾ ਲੇਖ ਨਾ ਕੋਇ ਮੁਕਾਈਆ । ਆਪੇ ਹੁਕਮ ਆਪੇ ਹੁਕਮਰਾਨੀ, ਹੁਕਮ ਹਾਕਮ ਆਪ ਅਖਵਾਈਆ । ਆਪੇ ਦਾਤਾ ਆਪੇ ਦਾਨੀ, ਦੀਨ ਦਿਆਲ ਦਇਆ ਕਮਾਈਆ । ਆਪੇ ਅੱਖਰ ਆਪੇ ਬਾਣੀ, ਨਿਸ਼ਅੱਖਰ ਆਪਣੀ ਧਾਰ ਸਮਾਈਆ । ਆਪੇ ਜੋਧਾ ਸੂਰਬੀਰ ਬਲੀ ਬਲਵਾਨੀ, ਬਲ ਆਪਣਾ ਆਪ ਪਰਗਟਾਈਆ । ਆਪੇ ਹੋਏ ਗੁਣ ਨਿਧਾਨੀ, ਅਵਗੁਣ ਆਪਣੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰਾ ਆਪਣੇ ਹੱਥ ਰਖਾਈਆ । ਸਾਚੀ ਧਾਰਾ ਖੇਲ ਅਪਾਰਾ, ਹਰਿ ਸਤਿਗੁਰ ਆਪ ਕਰਾਇੰਦਾ । ਆਦਿ ਜੁਗਾਦੀ ਹੋ ਉਜਿਆਰਾ, ਨੂਰ ਨੂਰਾਨਾ ਡਗਮਗਾਇੰਦਾ । ਸਤਿ ਸਤਿਵਾਦੀ ਸਚ ਸਹਾਰਾ, ਸਾਚਾ ਆਪ ਜਣਾਇੰਦਾ । ਕਰੇ ਖੇਲ ਅਗੰਮ ਅਪਾਰਾ, ਅਲਖ ਅਗੋਚਰ ਭੇਵ ਨਾ ਆਇੰਦਾ । ਜਗਤ ਜੁਗ ਖੇਲ ਨਿਆਰਾ, ਨਿਰਗੁਣ ਆਪਣਾ ਆਪ ਵਖਾਇੰਦਾ । ਕਾਗਦ ਕ਼ਲਮ ਨਾ ਲਿਖਣਹਾਰਾ, ਪੜ੍ਹ ਪੜ੍ਹ ਪੰਧ ਨਾ ਕੋਇ ਮੁਕਾਇੰਦਾ । ਵਸਣਹਾਰਾ ਸਾਚੇ ਦਰਬਾਰਾ, ਥਿਰ ਘਰ ਆਪਣਾ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਰੰਗ ਆਪ ਸਮਾਇੰਦਾ । ਆਪਣੇ ਰੰਗ ਵਸੇ ਨਿਰੰਕਾਰ, ਤ੍ਰੈਗੁਣ ਅਤੀਤਾ ਦਿਸ ਨਾ ਆਈਆ । ਸਚਖੰਡ ਦਵਾਰਾ ਖੋਲ੍ਹ ਕਿਵਾੜ, ਸਚ ਸਿੰਘਾਸਣ ਸੋਭਾ ਪਾਈਆ । ਜੋਤੀ ਜਾਤਾ ਹੋ ਉਜਿਆਰ, ਪੁਰਖ ਬਿਧਾਤਾ ਡਗਮਗਾਈਆ । ਇਕ ਇਕਾਂਤਾ ਸ਼ਾਹ ਸਿਕਦਾਰ, ਸ਼ਹਿਨਸ਼ਾਹ ਆਪਣਾ ਨਾਉਂ ਧਰਾਈਆ । ਰੂਪ ਰੰਗ ਰੇਖ ਤੇ ਵਸਿਆ ਬਾਹਰ, ਅਨਭਵ ਪਰਕਾਸ਼ ਧਰਾਈਆ । ਆਪੇ ਜਾਣੇ ਆਪਣੀ ਕਾਰ, ਕਰਤਾ ਪੁਰਖ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗੰਤਰ ਆਪਣਾ ਖੇਲ ਆਪ ਕਰਾਈਆ । ਜੁਗਾ ਜੁਗੰਤਰ ਖੇਲ ਅਪਾਰਾ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਹਰਿ ਪੁਰਖ ਨਿਰੰਜਣ ਹੋ ਉਜਿਆਰਾ, ਨੂਰ ਨੁਰਾਨਾ ਡਗਮਗਾਇੰਦਾ । ਏਕੰਕਾਰਾ ਕਰ ਪਸਾਰਾ, ਆਪ ਆਪਣੀ ਖੇਲ ਖਿਲਾਇੰਦਾ । ਆਦਿ ਨਿਰੰਜਣ ਹੋ ਉਜਿਆਰਾ, ਜੋਤ ਨਿਰੰਜਣ ਦੀਪਕ ਆਪ ਜਗਾਇੰਦਾ । ਅਬਿਨਾਸ਼ੀ ਕਰਤਾ ਪਾਵੇ ਸਾਰਾ, ਲੱਖ ਚੁਰਾਸੀ ਘਟ ਘਟ ਵੇਖ ਵਖਾਇੰਦਾ । ਸ੍ਰੀ ਭਗਵਾਨ ਦਏ ਹੁਲਾਰਾ, ਸ਼ਬਦ ਅਨਾਦੀ ਨਾਦ ਵਜਾਇੰਦਾ । ਪਾਰਬ੍ਰਹਮ ਬ੍ਰਹਮ ਕਰੇ ਪਿਆਰਾ,

ਆਪਣਾ ਮੇਲਾ ਆਪ ਮਿਲਾਇੰਦਾ । ਸੋਹੇ ਘਰ ਸੱਚਾ ਦਰਬਾਰਾ, ਜਿਸ ਘਰ ਹਰਿ ਜੂ ਆਸਣ ਲਾਇੰਦਾ । ਬਿਨ ਤੇਲ ਬਾਤੀ ਦੀਪਕ ਹੋਏ ਉਜਿਆਰਾ, ਆਪਣਾ ਨੂਰ ਆਪ ਪਰਗਟਾਇੰਦਾ । ਸਚ ਮਹੱਲ ਖੇਲ ਅਪਾਰਾ, ਅਪਰੰਪਰ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਸਾਚੇ ਸੋਭਾ ਪਾਇੰਦਾ । ਸਚਖੰਡ ਬੈਠ ਸ੍ਰੀ ਭਗਵਾਨ, ਆਪਣੀ ਦਇਆ ਕਮਾਈਆ । ਏਕਾ ਦੇਵੇ ਧੁਰ ਫ਼ਰਮਾਨ, ਸਚ ਸੰਦੇਸ਼ ਸੁਣਾਈਆ । ਉਠ ਗਵਾਰ ਬਾਲ ਨਾਦਾਨ, ਧੰਨੇ ਰਾਹ ਵਖਾਈਆ । ਦਰਸ ਕਰ ਸ੍ਰੀ ਭਗਵਾਨ, ਪੁਰਖ ਅਬਿਨਾਸ਼ੀ ਦਇਆ ਕਮਾਈਆ । ਲੋਕਮਾਤ ਕਰ ਧਿਆਨ, ਧਿਆਨ ਧਿਆਨ ਵਿਚ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੰਦੇਸ਼ਾ ਆਪ ਸੁਣਾਈਆ । ਸ਼ਬਦ ਸੰਦੇਸ਼ਾ ਸੁਣਿਆ ਧੰਨੇ, ਧੰਨ ਧੰਨ ਕਹੇ ਲੋਕਾਈਆ । ਬਿਨ ਨੇਤਰ ਪੇਖ ਕਦੇ ਨਾ ਮੰਨੇ, ਨੇਤਰ ਨੈਣ ਨਾ ਕਦੇ ਮਿਲਾਈਆ । ਮੈਂ ਜਾਣਿਆਂ ਤੂੰ ਭੋਗ ਲਗਾਏ ਨਾਮੇ ਛੰਨੇ, ਛੱਪਰ ਛੰਨ ਛੁਹਾਈਆ । ਜਬ ਤਕ ਨਾ ਮੇਰਾ ਬੇੜਾ ਬੰਨ੍ਹੇ, ਮੇਰੀ ਆਸ ਨਾ ਪੂਰੀ ਕਰਾਈਆ । ਰੋਟੀ ਖਾਏ ਨਾ ਫੜਕੇ ਖੰਨੇ, ਮੇਰਾ ਸੰਗ ਨਿਭਾਈਆ । ਤੈਨੂੰ ਪੂਜਨ ਝੂਠੇ ਅੰਨ੍ਹੇ, ਨਿਊਂ ਨਿਊਂ ਸੀਸ ਝੁਕਾਈਆ । ਹੈਜਬ ਤਕ ਮੇਰਾ ਸਾਹਿਬ ਨਾ ਮੰਨੇ, ਮੇਰੇ ਮਨ ਸਾਂਤ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਦਇਆ ਕਮਾਈਆ । ਦਇਆ ਕਮਾਏ ਹਰਿ ਜੂ ਠਾਕਰ, ਠਗੌਰੀ ਕੋਇ ਨਾ ਰਖਾਈਆ । ਮੇਰੇ ਨਾਮ ਬਣਿਆ ਸੁਦਾਗਰ, ਸਾਚਾ ਵਣਜ ਦਏ ਕਰਾਈਆ । ਲੋਕਮਾਤ ਦੇਵੇ ਆਦਰ, ਚਰਨ ਕਵਲ ਸੱਚੀ ਸਰਨਾਈਆ । ਨਿਰਮਲ ਕਰਮ ਕਰੇ ਉਜਾਗਰ, ਨਿਰਵੈਰ ਮੇਲ ਮਿਲਾਈਆ । ਦਰ ਆ ਕੇ ਦੇਵੇ ਆਦਰ, ਘਰ ਬਹਿ ਬਹਿ ਸੇਵ ਕਮਾਈਆ । ਕਰੇ ਖੇਲ ਕਰੀਮ ਕ਼ਾਦਰ, ਕ਼ੁਦਰਤ ਵੇਖੇ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਦਇਆ ਆਪ ਕਮਾਈਆ । ਦਇਆ ਕਮਾ ਸ੍ਰੀ ਭਗਵੰਤ, ਆਪਣਾ ਦਰਸ ਦਿਖਾਇੰਦਾ । ਦੇਵੇ ਵਡਿਆਈ ਵਿਚ ਜੀਵ ਜੰਤ, ਸਿਰ ਆਪਣਾ ਹੱਥ ਟਿਕਾਇੰਦਾ । ਮੇਲ ਮਿਲਾਵਾ ਅੰਤਮ ਅੰਤ, ਏਕਾ ਗੁਣ ਜਣਾਇੰਦਾ । ਧਾਮ ਵਖਾਏ ਸੋਭਾਵੰਤ, ਘਰ ਸਾਚਾ ਆਪ ਸੁਹਾਇੰਦਾ । ਇਕੋ ਵਾਰ ਬਣੇ ਬਣਤ, ਦੂਜੀ ਵਾਰ ਨਾ ਕੋਈ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇ ਦਰਸ ਆਪ ਮਨਾਇੰਦਾ । ਕਰ ਦਰਸ ਧੰਨਾ ਹੋਇਆ ਨਾ ਖ਼ੁਸ਼, ਅਗੋਂ ਆਪਣਾ ਮੁਖ ਭਵਾਈਆ । ਪੁਰਖ ਅਬਿਨਾਸ਼ੀ ਰਿਹਾ ਪੁਛ, ਕਿਉਂ ਨੈਣ ਨੈਣ ਸ਼ਰਮਾਈਆ । ਧੰਨਾ ਕਹੇ ਕੀ ਤੇਰੇ ਕੋਲ ਹੈ ਕੁਛ, ਜੋ ਮੰਗ ਮੈਂ ਮੰਗਾਈਆ । ਮੈਂ ਰੁੱਸਾ ਤੂੰ ਬੈਠਾ ਰੁੱਸ, ਰੁੱਸਿਆਂ ਕੋਲੋਂ ਮੁਖ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਵਖਾਈਆ । ਮੈਂ ਨਹੀਂ ਰੁੱਸਾ ਦਰ ਦਵਾਰ, ਆਇਆ ਬਣ ਭਿਖਾਰੀ । ਧੰਨੇ ਕਰ ਇਕ ਪਿਆਰ, ਮੈਂ ਜਾਵਾਂ ਤੈਥੋਂ ਬਲਹਾਰੀ । ਤੇਰੀ ਸੇਵਾ ਕਰਾਂ ਅਪਰ ਅਪਾਰ, ਨਿਰਗੁਣ ਧਾਰ ਜੋਤ ਨਿਰੰਕਾਰੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਪਰ ਅਪਾਰੀ । ਧੰਨਾ ਜੱਟ ਰਿਹਾ ਦੱਸ, ਗਵਾਰ ਬੁੱਧ ਵਡਿਆਈਆ । ਬਚਨ ਦੇਣਾ ਮੈਨੂੰ ਹੱਸ, ਏਕਾ ਮੰਗ ਮੰਗਾਈਆ । ਇਕ ਇਕੱਲਾ ਜੇ ਮਨਾਵੇਂ ਨੱਸ, ਤੇਰੀ ਵੱਡੀ ਨਾ ਕੋਈ ਵਡਿਆਈਆ । ਜੇ ਤੇਰੇ ਕੋਲ ਕੁਝ ਨਹੀਂ ਕਹਿ ਦੇ ਬਸ, ਧੰਨਾ ਤੇਰੇ ਦਰ ਨਾ ਮੰਗਣ ਜਾਈਆ । ਜੇ ਤੂੰ ਹੋਇਆ ਭਗਤਾਂ ਵਸ, ਘਰ ਮੇਰੇ ਫੇਰਾ ਪਾਈਆ । ਮੇਰੀ ਪੂਰੀ ਕਰਨੀ ਆਸ, ਤੇਰੇ ਅੱਗੇ ਝੋਲੀ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਨਿਰਗੁਣ ਸ਼ਬਦ ਰਿਹਾ ਜਣਾਈਆ । ਪੂਰੀ ਕਰਾਂ ਤੇਰੀ ਆਸਾ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਧੰਨੇ ਮੇਰਾ ਤੇਰੇ ਉਤੇ ਭਰਵਾਸਾ, ਤੇਰਾ ਭਰਵਾਸਾ ਮੇਰੇ ਉਤੇ ਨਾ ਆਇੰਦਾ । ਮੈਂ ਤੇਰੇ ਦਰ ਚਲ ਕੇ ਆਇਆ ਤੂੰ ਕਰਦਾ ਹਾਸਾ, ਜੱਟ ਗਵਾਰ ਨਾ ਕੋਇ ਸਮਝਾਇੰਦਾ । ਜਿਧਰ ਵੇਖੇਂ ਉਧਰ ਮੇਰਾ ਪਾਸਾ, ਦੂਜਾ ਰਾਹ ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਆਪਣਾ ਬਚਨ ਆਪ ਪਰਨਾਇੰਦਾ । ਹਰਿ ਜੂ ਬਚਨ ਲਿਆ ਮੰਨ, ਧੰਨਾ ਲਏ ਅੰਗੜਾਈਆ । ਪੁਰਖ ਅਬਿਨਾਸ਼ੀ ਸੁਣ ਲੈ ਕੰਨ, ਤੇਰਾ ਤੈਨੂੰ ਰਿਹਾ ਸੁਣਾਈਆ । ਧੰਨਾ ਖ਼ੁਸ਼ ਨਾ ਹੋਵੇ ਬਣ ਕੇ ਤੇਰਾ ਜਨ, ਇਕ ਇਕੱਲਾ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਉਂ ਸੇਵਕ ਮੰਗ ਮੰਗਾਈਆ । ਧੰਨਾ ਮੰਗੇ ਦਾਨ, ਪ੍ਰਭ ਅਗੇ ਸੀਸ ਝੁਕਾਇੰਦਾ । ਕਰ ਕਿਰਪਾ ਸ੍ਰੀ ਭਗਵਾਨ, ਹਉਂ ਭਿਖਕ ਝੋਲੀ ਡਾਹਿੰਦਾ । ਤੇਰੇ ਚਰਨ ਧੂੜ ਇਕ ਅਸ਼ਨਾਨ, ਦੁਰਮਤ ਮੈਲ ਧਵਾਇੰਦਾ । ਤੂੰ ਆਦਿ ਜੁਗਾਦੀ ਸੱਚਾ ਕਾਹਨ, ਹਉਂ ਬਣ ਬਣ ਗੋਪੀ ਸੇਵ ਕਮਾਇੰਦਾ । ਤੂੰ ਏਥੇ ਉਥੇ ਦੇਵੇਂ ਮਾਣ, ਨਿਮਾਣਿਆਂ ਗਲੇ ਲਗਾਇੰਦਾ । ਮੈਂ ਬਾਲਕ ਭੁੱਲਿਆ ਵਿਚ ਜਹਾਨ, ਤੁਧ ਬਿਨ ਬੁਧ ਨਾ ਕੋਇ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕੀਤਾ ਕੌਲ ਭੁਲ ਨਾ ਜਾਇੰਦਾ । ਸਾਚਾ ਵਰ ਦੇ ਸੱਜਣ ਮੀਤ, ਧੰਨੇ ਆਖ ਸੁਣਾਇਆ । ਆਪਣੀ ਦੱਸਾਂ ਸਾਚੀ ਰੀਤ, ਆਪਣਾ ਪਰਦਾ ਲਾਹਿਆ । ਕੱਲਾ ਜੱਟ ਨਾ ਗਾਏ ਤੇਰਾ ਗੀਤ, ਤੇਰਾ ਗੀਤ ਮੋਹੇ ਨਾ ਭਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਸੰਗ ਦੇ ਨਿਭਾਇਆ ।

੧੪੪੫ ੧੦

ਇਕ ਇਕੱਲਾ ਨਾ ਰਹਿਵਾਂ ਸੰਗ, ਧੰਨਾ ਆਖ ਸੁਣਾਈਆ । ਮੇਰੀ ਚੋਲੀ ਜੇ ਚਾੜ੍ਹਿਆ ਰੰਗ, ਰੰਗ ਰੰਗੀਲਾ ਇਕ ਵਖਾਈਆ । ਮੇਰੇ ਗ੍ਰਹਿ ਜੇ ਵਜਾਇਆ ਮਰਦੰਗ, ਨਾਮ ਧੁਨ ਸ਼ਨਵਾਈਆ । ਇਕ ਇਕੱਲਾ ਜੇ ਲਾਇਆ ਅੰਗ, ਅੰਗੀਕਾਰ ਆਪ ਕਰਾਈਆ । ਮੇਰੀ ਕੱਟੀ ਜੇ ਭੁੱਖ ਨੰਗ, ਮੇਰੀ ਕੁਲ ਪਾਰ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਅਭੁਲ ਭੁਲ ਕਦੇ ਨਾ ਜਾਈਆ । ਆਪਣੀ ਕੁਲ ਮੰਗਾਂ ਦਾਤ, ਪ੍ਰਭ ਵੱਡੇ ਬੇਪਰਵਾਹਿਆ । ਮੇਰੇ ਨਾਲ ਮੇਲ ਮਿਲੇ ਭਰਾਤ, ਭਾਈ ਭਾਈਆਂ ਸੰਗ ਰਖਾਇਆ । ਅਸੀ ਅਨਪੜ੍ਹ ਚੜ੍ਹੀਏ ਇਕ ਜਮਾਤ, ਅੱਗਾ ਪਿੱਛਾ ਨਾ ਕੋਇ ਰਖਾਇਆ । ਸਾਡੇ ਕੋਲ ਨਾ ਕੋਈ ਸ਼ਾਹੀ ਕਲਮ ਦਵਾਤ, ਪਾਂਧਾ ਪੜ੍ਹੌਣ ਕੋਇ ਨਾ ਆਇਆ । ਸਾਡੀ ਗਵਾਰਾਂ ਦੀ ਇਕੋ ਜ਼ਾਤ, ਨਾ ਕੋਈ ਵੰਡ ਵੰਡਾਇਆ । ਜੇ ਤੁਠਾਂ ਬਖ਼ਸ਼ ਆਪਣਾ ਨਾਤ, ਨਾ ਕੋਈ ਤੋੜ ਤੁੜਾਇਆ । ਜਿਉਂ ਮੈਨੂੰ ਵੇਖਿਆ ਮਾਰ ਝਾਤ, ਤਿਉਂ ਬੰਸ ਲੈ ਗਲ ਲਾਇਆ । ਪਿਛੇ ਰਹੇ ਨਾ ਮੇਰਾ ਪਿਤਾ ਮਾਤ, ਜਿਸ ਦੇ ਜਨਮ ਤੇਰਾ ਦਰਸ ਕਰਾਇਆ । ਮੇਰਾ ਤੁੱਟ ਨਾ ਜਾਏ ਨਾਰੀ ਸਾਕ, ਤੇਰਾ ਸੰਗ ਨਿਭਾਇਆ । ਮੇਰਾ ਪੂਰਾ ਕਰ ਦੇ ਸਾਥ, ਤੇਰੇ ਅੱਗੇ ਝੋਲੀ ਡਾਹਿਆ । ਰਲ ਮਿਲ ਗਾਈਏ ਤੇਰੀ ਗਾਥ, ਤੇਰਾ ਢੋਲਾ ਮੋਹੇ ਭਾਇਆ । ਜੇ ਨਾ ਪੁਛੇਂ ਸਾਡੀ ਵਾਤ, ਧੰਨਾ ਨਾਂ ਨਾ ਤੇਰਾ ਧਿਆਇਆ । ਮੈਂ ਤੈਨੂੰ ਕਹਾਂ ਤੂੰ ਨਾਰ ਕਮਜ਼ਾਤ, ਭਗਤ ਕੰਤ ਨਾ ਸੰਗ ਨਿਭਾਇਆ । ਜੇ ਕੋਈ ਪੁਛੇ ਤੇਰੀ ਜ਼ਾਤ, ਮੈਂ ਬੈਠਾਂ ਮੁਖ ਭਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਦਇਆ ਆਪ ਕਮਾਇਆ । ਪੁਰਖ ਅਬਿਨਾਸ਼ੀ ਰਿਹਾ ਹੱਸ, ਦਰ ਧੰਨੇ ਖ਼ੁਸ਼ੀ ਮਨਾਈਆ । ਘਰ ਆ ਕੇ ਮੈਂ ਗਿਆ ਫਸ, ਨਾ ਕੋਈ

੧੪੪੬ ੧੦

ਸਮਝੇ ਨਾ ਸਮਝਾਈਆ । ਨਿਰਗੁਣ ਹੋ ਜੇ ਜਾਵਾਂ ਨਸ, ਭਗਤ ਲਾਜ ਨਾ ਕੋਇ ਰਖਾਈਆ । ਜਿਸ ਨੇ ਕੀਤਾ ਮੈਨੂੰ ਵਸ, ਵਸ ਪ੍ਰੇਮ ਭੁਲ ਨਾ ਜਾਈਆ । ਜਿੰਨਾਂ ਚਿਰ ਧੰਨਾ ਕਹੇ ਨਾ ਬਸ ਬਸ, ਮੁੜ ਕੇ ਫੇਰ ਘਰ ਨਾ ਜਾਈਆ । ਅਗਲਾ ਮਾਰਗ ਜਾਵਾਂ ਦੱਸ, ਇਕੋ ਗੱਲ ਸਮਝਾਈਆ । ਧੰਨੇ ਤੇਰਾ ਕਾਇਆ ਖੇੜਾ ਜਾਣਾ ਢੱਠ, ਥਿਰ ਕੋਇ ਰਹਿਣ ਨਾ ਪਾਈਆ । ਕਰੇ ਖੇਲ ਪੁਰਖ ਸਮਰਥ, ਬੇਪਰਵਾਹ ਵਡੀ ਵਡਿਆਈਆ । ਬਿਨ ਡੋਰੀ ਪਾਏ ਨੱਥ, ਸਵਾਂਗੀ ਆਪਣਾ ਸਾਂਗ ਰਚਾਈਆ । ਬਿਨ ਅੱਖਰ ਗਾਏ ਗਾਥ, ਲਿਖਣ ਪੜ੍ਹਨ ਵਿਚ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿ ਸੰਤੋਖ ਨਾਲ ਸਮਝਾਈਆ । ਸਤਿ ਸੰਤੋਖ ਦੇਵੇ ਦਾਨ, ਆਪਣੀ ਦਇਆ ਕਮਾਈਆ । ਧੰਨੇ ਤੇਰਾ ਤੇਰਾ ਕਰੇ ਪਰਵਾਨ, ਸਚ ਪਰਵਾਨਾ ਹੱਥ ਫੜਾਈਆ । ਕਲਜੁਗ ਅੰਤਮ ਖੇਲ ਮਹਾਨ, ਖੇਲ ਖਿਲਾਰੀ ਆਪ ਕਰਾਈਆ । ਪਰਗਟ ਹੋਏ ਸ੍ਰੀ ਭਗਵਾਨ, ਨਿਰਗੁਣ ਆਪਣਾ ਰੂਪ ਧਰਾਈਆ । ਤੇਰੀ ਕੁਲ ਕਰੇ ਪਰਵਾਨ, ਆਪਣੀ ਗੋਦ ਬਹਾਈਆ । ਆਪੇ ਵੇਖੇ ਮਾਰ ਧਿਆਨ, ਨਿਤ ਨਿਤ ਆਪਣਾ ਨੈਣ ਉਠਾਈਆ । ਬਿਨ ਪੜ੍ਹਿਆਂ ਦੇਵੇ ਗਿਆਨ, ਆਤਮ ਅੰਤਰ ਇਕ ਬੁਝਾਈਆ । ਘਰ ਘਰ ਦਰਸ ਦੇਵੇ ਆਣ, ਦਰ ਦਰ ਆਪਣੀ ਸੇਵ ਕਮਾਈਆ । ਕਰੇ ਖੇਲ ਹੋ ਮਿਹਰਵਾਨ, ਪੁਰਖ ਅਬਿਨਾਸ਼ੀ ਵਡ ਵਡਿਆਈਆ । ਬਿਨ ਮੰਗਿਆਂ ਦੇਵੇ ਦਾਨ, ਦਾਤਾ ਦਾਨ ਝੋਲੀ ਪਾਈਆ । ਬਿਨ ਮਜਨ ਕਰਾਏ ਅਸ਼ਨਾਨ, ਚਰਨ ਧੂੜ ਆਪ ਨੁਹਾਈਆ । ਬਿਨ ਕੰਨ ਸੁਣਾਏ ਧੁਨਕਾਨ, ਧੁਨ ਆਤਮਕ ਆਪ ਸ਼ਨਵਾਈਆ । ਆਪੇ ਹੋਏ ਬੇਪਹਿਚਾਨ, ਨਜ਼ਰ ਕਿਸੇ ਨਾ ਆਈਆ । ਹਰਿਜਨ ਵੇਖੇ ਚਤੁਰ ਸੁਘੜ ਸੁਜਾਨ, ਲੱਖ ਚੁਰਾਸੀ ਫੋਲ ਫੁਲਾਈਆ । ਆਪੇ ਮੇਲੇ ਵਿਚ ਜਹਾਨ, ਜੀਵਣ ਜੁਗਤ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਏਕਾ ਗੁਣ ਸਮਝਾਈਆ । ਸੁਣਿਆ ਹਾਲ ਧੁਰ ਫ਼ਰਮਾਨਾ, ਧੰਨੇ ਨੈਣ ਉਠਾਇਆ । ਮੈਨੂੰ ਲਿਖ ਕੇ ਦੇ ਪਰਵਾਨਾ, ਬਿਨ ਲਿਖੇ ਲੇਖ ਤੇਰਾ ਇਤਬਾਰ ਕਦੇ ਨਾ ਆਇਆ । ਵਲ ਛਲ ਤੇਰਾ ਖੇਲ ਮਹਾਨਾ, ਜੁਗ ਜੁਗ ਅਛਲ ਅਛੱਲ ਕਰਾਈਆ । ਤਖ਼ਤੋਂ ਲਾਹੇ ਰਾਜਾ ਰਾਣਾ, ਸ਼ਾਹ ਸੁਲਤਾਨਾਂ ਖ਼ਾਕ ਮਿਲਾਇਆ । ਕੋਟਨ ਕੋਟ ਤੇਰਾ ਮੰਨ ਕੇ ਗਏ ਭਾਣਾ, ਤੇਰੇ ਅਗੇ ਸੀਸ ਝੁਕਾਇਆ । ਮੈਂ ਅਨਪੜ੍ਹ ਬਾਲ ਅਵਾਣਾ, ਤੇਰੇ ਧੋਖੇ ਵਿਚ ਕਦੇ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਉਂ ਸਾਚੀ ਮੰਗ ਮੰਗਾਇਆ । ਪੁਰਖ ਅਬਿਨਾਸ਼ੀ ਅੰਤਰ ਧਾਰ, ਆਪਣੀ ਆਪ ਜਣਾਈਆ । ਕਰੇ ਖੇਲ ਕੀ ਕਰਤਾਰ, ਰਾਹ ਨਜ਼ਰ ਕੋਇ ਨਾ ਆਈਆ । ਭਗਤ ਭਗਵਨ ਅੱਗੇ ਬੈਠਾ ਪੈਰ ਪਸਾਰ, ਨਾ ਸਕੇ ਕੋਇ ਉਠਾਈਆ । ਅੰਤ ਆਪ ਗਿਆ ਹਾਰ, ਭਗਤ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖ ਆਪ ਜਣਾਈਆ । ਆਪਣੇ ਮਸਤਕ ਕੱਢੀ ਇਕ ਰਤ, ਸਾਚਾ ਲੇਖ ਲਿਖਾਇਆ । ਧੰਨੇ ਤੇਰੀ ਰੱਖੇ ਪਤ, ਕਲਜੁਗ ਅੰਤ ਹੋਏ ਸਹਾਇਆ । ਤੇਰਾ ਬੀਜ ਬੀਜੇ ਬਿਨ ਵਤ, ਆਪ ਆਪਣਾ ਹਲ ਚਲਾਇਆ । ਕਰੇ ਖੇਲ ਪੁਰਖ ਸਮਰਥ, ਮਹਿਮਾ ਅਕਥ ਆਪੇ ਗਾਇਆ । ਤੇਰੀ ਕੁਲ ਅੰਦਰ ਜਾਏ ਵਸ, ਨਿਰਗੁਣ ਆਪਣਾ ਰੂਪ ਵਟਾਇਆ । ਅੰਦਰ ਬਹਿ ਕੇ ਜਾਏ ਹੱਸ, ਦਿਸ ਕਿਸੇ ਨਾ ਜਾਇਆ । ਜਿੰਨਾਂ ਚਿਰ ਨਾ ਕਹੇ ਬੱਸ ਬੱਸ, ਜੱਟ ਗਵਾਰਾ ਤੇਰੇ ਨਾਲ ਦਿਆਂ ਮਿਲਾਇਆ । ਭਰਾਵਾਂ ਨਾਲ ਮਿਲੌਣਾ ਉਠ ਕੇ ਹੱਥ, ਹੱਥ ਹੱਥ ਨਾਲ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਆਪਣਾ ਪਰਦਾ ਆਪ ਚੁਕਾਇਆ । ਧੰਨੇ ਸੁਣਿਆ ਹਰਿ ਫ਼ਰਮਾਨਾ, ਨੇਤਰ ਨੈਣਾਂ ਨੀਰ ਵਹਾਈਆ । ਕਲਜੁਗ ਅੰਤ ਮੇਰਾ ਨਾਉਂ ਸਰਬ ਭੁਲ ਜਾਣ, ਮੇਰੀ ਰਹੇ ਨਾ ਕੋਇ ਵਡਿਆਈਆ । ਜਿਸ ਦੇ ਪਿਛੇ ਮੈਂ ਛੱਡਿਆ ਪੀਣ ਖਾਣ, ਏਕਾ ਮੰਗ ਮੰਗਾਈਆ । ਓਹਨੂੰ ਮੰਨੇ ਨਾ ਕੋਇ ਭਗਵਾਨ, ਭੁੱਲੇ ਸਰਬ ਲੋਕਾਈਆ । ਜੱਟ ਜੱਟ ਨਾ ਸਕਣ ਪਛਾਣ, ਲੁਕਵੀਂ ਆਪਣੀ ਖੇਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸੀਸ ਮੇਰੇ ਹੱਥ ਟਿਕਾਈਆ । ਪੁਰਖ ਅਬਿਨਾਸ਼ੀ ਸ਼ਾਹ ਪਾਤਸ਼ਾਹ, ਆਪਣੀ ਦਇਆ ਕਮਾਇੰਦਾ । ਕੀਤਾ ਕੌਲ ਤੋੜ ਦਏ ਨਿਭਾ, ਅਧਵਿਚਕਾਰ ਨਾ ਕੋਇ ਤੁੜਾਇੰਦਾ । ਤੇਰਾ ਮੇਲਾ ਲਏ ਮਿਲਾ, ਆਪਣਾ ਮੇਲ ਆਪ ਕਰਾਇੰਦਾ । ਤੇਰਾ ਲੇਖਾ ਦਏ ਚੁਕਾ, ਲਿਖ ਪਰਵਾਨਾ ਹੱਥ ਫੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਆਪ ਚੁਕਾਇੰਦਾ । ਪੁਰਖ ਅਬਿਨਾਸ਼ੀ ਤੇਰਾ ਇਕਰਾਰ, ਧੰਨਾ ਭੁਲ ਕਦੇ ਨਾ ਜਾਈਆ । ਜਗਤ ਮਾਇਆ ਤੇਰਾ ਵਿਹਾਰ, ਲੱਖ ਚੁਰਾਸੀ ਵਿਚ ਫਸਾਈਆ । ਕੋਟਨ ਕੋਟੀ ਗਏ ਹਾਰ, ਤੇਰੀ ਹਾਥ ਕਿਸੇ ਨਾ ਪਾਈਆ । ਕੋਟਨ ਕੋਟ ਰੋਵਣ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਈਆ । ਤੂੰ ਕਿਸੇ ਦਾ ਨਾ ਬਣਿਆ ਯਾਰ, ਬੈਠਾ ਆਪਣਾ ਮੁਖ ਛੁਪਾਈਆ । ਤੇਰੇ ਪਿਛੇ ਜੀਵ ਜੰਤ ਹੋਏ ਖ਼ਵਾਰ, ਚਾਰੋਂ ਕੁੰਟ ਫੇਰਾ ਪਾਈਆ । ਤ੍ਰੈਗੁਣ ਤੇਰੀ ਮਾਰੇ ਮਾਰ, ਦੇਵੇ ਮੁਖ ਭਵਾਈਆ । ਤੇਰਾ ਨਾਉਂ ਨਾ ਸਕੇ ਕੋਇ ਉਚਾਰ, ਤੇਰਾ ਰਾਹ ਨਾ ਕੋਇ ਵਖਾਈਆ । ਕਲਜੁਗ ਰੈਣ ਹੋਏ ਅੰਧਿਆਰ, ਸਾਚਾ ਚੰਦ ਨਾ ਕੋਇ ਚੜ੍ਹਾਈਆ । ਮਾਇਆ ਮਮਤਾ ਮੋਹ ਹੋਏ ਵਿਭਚਾਰ, ਸਾਚਾ ਰੰਗ ਨਾ ਕੋਇ ਰੰਗਾਈਆ । ਤੇਰੇ ਭਗਤਾਂ ਦਿਸੇ ਨਾ ਤੇਰਾ ਦਵਾਰ । ਤੇਰਾ ਨੈਣ ਨਾ ਕੋਇ ਖੁਲ੍ਹਾਈਆ । ਕਰ ਕਿਰਪਾ ਦਰਸ ਦੇਣਾ ਆਪ ਨਿਰੰਕਾਰ, ਤ੍ਰੈਗੁਣ ਮਾਇਆ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਵਰ ਦਾਤਾ ਆਪ ਹੋ ਜਾਈਆ । ਸੁਣ ਧੰਨੇ ਮੰਨ ਲੈ ਕਹਿਣਾ, ਹਰਿ ਸਾਚਾ ਸਚ ਜਣਾਇੰਦਾ । ਕਲਜੁਗ ਅੰਤ ਚੁਕਾਵਾਂ ਲਹਿਣਾ, ਦੇਣਾ ਹੋਰ ਨਾ ਕੋਇ ਵਖਾਇੰਦਾ । ਤੇਰੀ ਕੁਲ ਵਖਾਵਾਂ ਨੈਣਾਂ, ਜੱਟ ਗਵਾਰਾਂ ਬੰਧਨ ਪਾਇੰਦਾ । ਘਰ ਘਰ ਅੰਦਰ ਆਪੇ ਬਹਿਣਾ, ਘਟ ਘਟ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਜਣਾਇੰਦਾ । ਹੁਕਮ ਜਣਾਏ ਹਰਿ ਕਰਤਾਰ, ਆਪਣੀ ਦਇਆ ਕਮਾਈਆ । ਕਲਜੁਗ ਆਵੇ ਅੰਤਮ ਵਾਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਅਲਖ ਅਗੋਚਰ ਅਗੰਮ ਅਪਾਰ, ਬੇਪਰਵਾਹ ਵਡੀ ਵਡਿਆਈਆ । ਹਰਿਜਨ ਸਾਚੇ ਲਵਾਂ ਉਭਾਰ, ਆਪ ਆਪਣਾ ਦਰਸ ਦਿਖਾਈਆ । ਲੋਕਮਾਤ ਕਰ ਪਿਆਰ, ਏਕਾ ਘਰ ਬਹਾਈਆ । ਇਕ ਅੱਠ ਅਠਾਰਾਂ ਮੇਟੇ ਧਾੜ, ਧਾੜਵੀ ਬਣੇ ਸੱਚਾ ਸ਼ਹਿਨਸ਼ਾਹੀਆ । ਤ੍ਰੈਗੁਣ ਮਾਇਆ ਮਾਰੇ ਮਾਰ, ਨਾਮ ਖੰਡਾ ਇਕ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰਾ ਆਪ ਚਲਾਈਆ । ਤ੍ਰੈਗੁਣ ਮੁਕੌਣਾ ਪੰਧ, ਹਰਿ ਸੱਜਣ ਆਪ ਜਣਾਇੰਦਾ । ਧੰਨੇ ਗੌਣਾ ਇਕ ਛੰਦ, ਸੋ ਪੁਰਖ ਨਿਰੰਜਣ ਆਪ ਸੁਣਾਇੰਦਾ । ਕਲਜੁਗ ਅੰਤਮ ਮੁੱਕੇ ਪੰਧ, ਦੂਰ ਦੁਰਾਡਾ ਪੰਧ ਮੁਕਾਇੰਦਾ । ਹਰਿਜਨ ਆਪਣੇ ਨਾਲ ਗੰਢ, ਆਪਣੀ ਗੰਢ ਪਵਾਇੰਦਾ । ਜਗਤ ਮਾਇਆ ਦੇਵੇ ਦੰਡ, ਦੰਡਣਹਾਰਾ ਇਕ ਅਖਵਾਇੰਦਾ । ਹਰਿਜਨ ਉਪਜਾਏ ਸਾਚੇ ਚੰਦ, ਗੁਰਮੁਖ ਮੁਖ ਆਪ ਸਾਲਾਹਿੰਦਾ । ਭਗਤਾਂ ਦੇਵੇ ਨਿਜਾਨੰਦ, ਨਿਜ ਆਤਮ ਰਸ ਚਖਾਇੰਦਾ । ਸੰਤਾਂ ਦੇਵੇ ਪਰਮਾਨੰਦ, ਪਰਮ ਪੁਰਖ ਸੇਵ ਕਮਾਇੰਦਾ ।

੧੪੪੭
੧੦

ਕਰੇ ਖੇਲ ਸੂਰਾ ਸਰਬੰਗ, ਸੂਰਬੀਰ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਪੂਰ ਕਰਾਇੰਦਾ । ਮਸਤਕ ਰਤ ਜੋ ਖਿਚੀ ਲਕੀਰ, ਆਪਣਾ ਪਰਵਾਨਾ ਆਪ ਜਣਾਈਆ । ਕਲਜੁਗ ਅੰਤ ਵੇਖ ਅਖ਼ੀਰ, ਪੁਰਖ ਅਬਿਨਾਸ਼ੀ ਵੇਸ ਵਟਾਈਆ । ਸਾਚੇ ਭਗਤਾਂ ਦੇ ਦੇ ਧੀਰ, ਆਪਣਾ ਬੰਧਨ ਪਾਈਆ । ਲੱਖ ਚੁਰਾਸੀ ਕੱਟ ਜ਼ੰਜੀਰ, ਆਵਣ ਜਾਵਣ ਗੇੜ ਮਿਟਾਈਆ । ਅੰਮ੍ਰਿਤ ਆਤਮ ਠੰਡਾ ਸੀਰ, ਨਿਝਰ ਝਿਰਨਾ ਆਪ ਝਿਰਾਈਆ । ਹਉਮੇ ਕੱਢੇ ਮਮਤਾ ਪੀੜ, ਮਾਇਆ ਮੋਹ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਰਤ ਆਪਣੇ ਲੇਖੇ ਆਪੇ ਪਾਈਆ । ਰਤ ਨਾਲ ਲਿਖਿਆ ਲੇਖ, ਲਿਖ ਧੰਨੇ ਹੱਥ ਫੜਾਇਆ । ਕਲਜੁਗ ਅੰਤਮ ਲੈਣਾ ਵੇਖ, ਲਹਿਣਾ ਝੋਲੀ ਦੇਵੇ ਪਾਇਆ । ਪੁਰਖ ਅਬਿਨਾਸ਼ੀ ਨਰ ਨਰੇਸ਼, ਆਦਿ ਜੁਗਾਦੀ ਖੇਲ ਕਰਾਇਆ । ਅਗੰਮ ਅਗੰਮੜਾ ਵਸੇ ਆਪਣੇ ਦੇਸ, ਦੇਸ ਨਿਰਾਲਾ ਇਕ ਸੁਹਾਇਆ । ਆਪੇ ਸੁਤਾ ਬਾਸ਼ਕ ਸੇਜ, ਸਾਂਗੋ ਪਾਂਗ ਆਪ ਹੰਢਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਇਆ । ਸਾਚਾ ਭੇਵ ਕਰਤਾ ਪੁਰਖ, ਏਕਾ ਵਾਰ ਜਣਾਈਆ । ਨਾ ਕੋਈ ਸੋਗ ਨਾ ਕੋਈ ਹਰਖ, ਖ਼ੁਸ਼ੀ ਗ਼ਮ ਨਾ ਕੋਇ ਵਡਿਆਈਆ । ਜਿਸ ਕਰ ਕਿਰਪਾ ਦੇਵੇ ਦਰਸ, ਦੀਨਨ ਆਪਣੀ ਗੋਦ ਸੁਹਾਈਆ । ਕਲਜੁਗ ਅੰਤਮ ਕਰੇ ਤਰਸ, ਤ੍ਰੈਗੁਣ ਡੇਰਾ ਆਪੇ ਢਾਹੀਆ । ਅੰਮ੍ਰਿਤ ਮੇਘ ਆਪੇ ਬਰਖ, ਹਰਿਜਨ ਸਾਚੇ ਲਏ ਜਗਾਈਆ । ਲੇਖਾ ਜਾਣੇ ਅਰਸ਼ ਫ਼ਰਸ਼, ਕਾਇਆ ਕੁਰਾ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੰਨੇ ਤੇਰਾ ਚੁਕਾਏ ਲਹਿਣਾ, ਤਨ ਬਸਤਰ ਪਾਏ ਏਕਾ ਗਹਿਣਾ, ਸਚ ਸ਼ੰਗਾਰ ਦਏ ਵਖਾਈਆ । ਲਿਖਿਆ ਲੇਖ ਆਪਣੀ ਰਤ, ਪਾਰਬ੍ਰਹਮ ਵਡੀ ਵਡਿਆਈਆ । ਅੰਤਮ ਖਾਤੇ ਲਏ ਘਤ, ਹਿਸਾਬ ਕਤਾਬ ਮੁਕਾਈਆ । ਉਂਨੀ ਕਤਕ ਬੀਸ ਅਠਾਰਾਂ ਬੀਜ ਬੀਜਿਆ ਸਾਚੇ ਵਤ, ਪੱਤ ਡਾਲ੍ਹੀ ਆਪ ਮਹਿਕਾਈਆ । ਆਪੇ ਪਰਗਟ ਕਰੇ ਬਹੱਤਰ ਭਗਤ, ਸੱਤਰਾਂ ਏਕਾ ਰੰਗ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਆਪ ਚੁਕਾਈਆ । ਆਪਣੀ ਰਤ ਤ੍ਰੈਗੁਣ ਮਾਇਆ, ਇਕੋ ਰੰਗ ਚੜ੍ਹਾਈਆ । ਜਿਸ ਦੀ ਸਭ ਦੇ ਉਪਰ ਛਾਇਆ, ਸੋ ਸਾਹਿਬ ਖੇਲ ਕਰਾਈਆ । ਜਿਸ ਨੂੰ ਧੰਨੇ ਜੱਟ ਧਿਆਇਆ, ਸੋ ਭਗਤਾਂ ਰਿਹਾ ਧਿਆਈਆ । ਜਿਸ ਦਾ ਗੁਣ ਸਭ ਨੇ ਗਾਇਆ, ਸੋ ਗੁਰਮੁਖਾਂ ਗੁਣ ਰਿਹਾ ਸੁਣਾਈਆ । ਜਿਸ ਦਾ ਭੇਵ ਕਿਸੇ ਨਾ ਪਾਇਆ, ਸੋ ਆਪਣਾ ਪਰਦਾ ਰਿਹਾ ਚੁਕਾਈਆ । ਜਿਸ ਨੂੰ ਕਹਿੰਦੇ ਗਏ ਦਾਈ ਦਇਆ, ਸੋ ਦਾਈ ਦਾਇਆ ਬਣ ਬਣ ਸੇਵ ਕਮਾਈਆ । ਜਿਸ ਨੂੰ ਕਹਿੰਦੇ ਆਦਿ ਜੁਗਾਦੀ ਪਿਤ ਮਾਇਆ, ਸੋ ਪਿਤਾ ਪੂਤ ਗੋਦ ਬਹਾਈਆ । ਜਿਸ ਨੂੰ ਕਹਿੰਦੇ ਬੇਅੰਤ ਬੇਪਰਵਾਹਿਆ, ਬੇਐਬ ਨਾਮ ਖ਼ੁਦਾਈਆ । ਸੋ ਮੁਰਸ਼ਦ ਮੁਰੀਦਾਂ ਪਿਛੇ ਫਿਰ ਫਿਰ ਆਪਣਾ ਹਾਲ ਸੁਣਾਇਆ, ਹਾਲ ਮੁਰੀਦਾਂ ਆਪਣੀ ਝੋਲੀ ਪਾਈਆ । ਜਿਸ ਨੂੰ ਨਾਨਕ ਗੋਬਿੰਦ ਗਾਇਆ, ਦੋਏ ਜੋੜ ਕਰੀ ਸਰਨਾਈਆ । ਸੋ ਸਾਹਿਬ ਬਿਨ ਰੰਗ ਰੂਪ ਲੋਕਮਾਤ ਵੇਸ ਵਟਾਇਆ, ਜੱਟਾਂ ਨਾਲ ਕਰੇ ਕੁੜਮਾਈਆ । ਦੂਜਾ ਸਾਕ ਨਾ ਕੋਇ ਬਣਾਇਆ, ਆਪਣਾ ਕੀਤਾ ਭੁਲ ਨਾ ਜਾਈਆ । ਭੁੱਲਾ ਕੁਟੰਬ ਲਏ ਤਰਾਇਆ, ਦੂਰ ਦੁਰਾਡੇ ਮੇਲ ਮਿਲਾਈਆ । ਵਰਨ ਬਰਨ ਨਾ ਕੋਇ ਰਖਾਇਆ, ਜ਼ਾਤ ਪਾਤ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਕਰਿਆ ਖੇਲ ਸਾਚੇ ਹਰਿ, ਹਰਿ ਆਪਣਾ ਖੇਲ ਵਖਾਇਆ । ਤ੍ਰੈਗੁਣ

੧੪੪੯ ੧੦

ਮਾਇਆ ਦਿਤੀ ਦੱਬ, ਆਪਣੀ ਰਤ ਰੰਗਾਈਆ । ਭਗਤ ਦਵਾਰੇ ਕੱਠੀ ਹੋਈ ਸਭ, ਨੇਤਰ ਨੈਣਾਂ ਨੀਰ ਵਹਾਈਆ । ਕਲਜੁਗ ਖ਼ੁਮਾਰੀ ਲੱਥੀ ਮਦਿ, ਮਦਹੋਸ਼ ਫਿਰੇ ਸਾਰ ਕੋਇ ਨਾ ਪਾਈਆ । ਪੀਰ ਪੈਗ਼ੰਬਰਾਂ ਗੁਰ ਅਵਤਾਰਾਂ ਸਾਧਾਂ ਸੰਤਾਂ ਰਹੀ ਸੱਦ, ਕੋਈ ਆਓ ਲਓ ਛੁਡਾਈਆ । ਅੱਗੋਂ ਸਾਰੇ ਕਹਿਣ ਅਸੀਂ ਆਪਣੀ ਆਪਣੀ ਵਾਰ ਭਾਰ ਗਏ ਲਦ, ਪਿਛੇ ਮੁੜ ਫੇਰਾ ਕੋਇ ਨਾ ਪਾਈਆ । ਤੈਨੂੰ ਲੋਕਮਾਤ ਗਏ ਛੱਡ, ਤੇਰਾ ਸੰਗ ਨਾ ਕੋਇ ਰਖਾਈਆ । ਤੂੰ ਭਗਤਾਂ ਮਾਰ ਮਾਰ ਥੋਥੇ ਕੀਤੇ ਹੱਡ, ਤੈਥੋਂ ਬੈਠੇ ਮੁਖ ਸ਼ਰਮਾਈਆ । ਤੂੰ ਆਈ ਸਾਡੇ ਨਾ ਵਸ, ਕੂਕ ਕੂਕ ਗਏ ਸੁਣਾਈਆ । ਤੈਨੂੰ ਫੜਿਆ ਪੁਰਖ ਸਮਰਥ, ਨਾ ਸਕੇ ਕੋਇ ਛੁਡਾਈਆ । ਤੇਰੇ ਨੱਕ ਪਾਈ ਨੱਥ, ਨੱਥ ਸੁਹਾਗ ਦਏ ਤੁੜਾਈਆ । ਤੇਰਾ ਕੋਈ ਨਾ ਰਿਹਾ ਮਿਤ, ਤੇਰੀ ਪ੍ਰੀਤ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਕਰਾਈਆ । ਆਪਣਾ ਖੇਲ ਕਰ ਨਿਰੰਕਾਰ, ਧੰਨਾ ਜੱਟ ਉਠਾਇਆ । ਉਠ ਵੇਖ ਵਿਚ ਸੰਸਾਰ, ਹਰਿ ਜੂ ਆਪਣਾ ਵੇਸ ਵਟਾਇਆ । ਤੇਰੇ ਸੰਗ ਤਾਰੇ ਕਈ ਹਜ਼ਾਰ, ਕੋਟਨ ਕੋਟਾਂ ਵਿਚ ਮਾਣ ਦਿਵਾਇਆ । ਤੂੰ ਮੇਰਾ ਮੰਗਿਆ ਇਕ ਦੀਦਾਰ, ਆਪਣਾ ਹਠ ਨਿਭਾਇਆ । ਮੈਂ ਕਲਜੁਗ ਅੰਤਮ ਬਿਨ ਮੰਗਿਆਂ ਦਿਤਾ ਤਾਰ, ਰਾਤੀਂ ਸੁਤਿਆਂ ਦਰਸ ਦਿਖਾਇਆ । ਬਿਨ ਹੱਥਾਂ ਲਿਆ ਉਠਾਲ, ਆਪ ਆਪਣੀ ਗੋਦ ਬਹਾਇਆ । ਬਿਨ ਲਿਖਿਆਂ ਕੀਤਾ ਹੱਲ ਸਵਾਲ, ਅਲਜਬਰਾ ਮਾਤ ਨਾ ਕੋਇ ਸਿਖਾਇਆ । ਬਿਨ ਦਲਾਲੀਉਂ ਬਣਿਆ ਦਲਾਲ, ਸਚ ਦਲਾਲੀ ਆਪ ਕਮਾਇਆ । ਬਿਨ ਛੁਰੀਉਂ ਹੋਇਆ ਹਲਾਲ, ਗੁਰਸਿਖਾਂ ਨੀਂਹ ਥੱਲੇ ਆਪਣੀ ਰਤ ਰਖਾਇਆ । ਸ਼ਾਹੋਂ ਕਰੇ ਕੰਗਾਲ, ਕੰਗਾਲੋਂ ਸ਼ਾਹ ਆਪ ਬਣਾਇਆ । ਤ੍ਰੈਗੁਣ ਮਾਇਆ ਕਰ ਬੇਹਾਲ, ਭਗਤਾਂ ਚਰਨਾਂ ਹੇਠ ਦਬਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੰਨੇ ਨੈਣਾਂ ਨਾਲ ਵਖਾਇਆ । ਧੰਨਾ ਵੇਖ ਖ਼ੁਸ਼ੀ ਮਨੌਂਦਾ, ਕਲਜੁਗ ਅੰਤਮ ਵਾਰ । ਪੁਰਖ ਅਬਿਨਾਸ਼ੀ ਢੋਲਾ ਗੌਂਦਾ, ਗੀਤ ਗੋਬਿੰਦ ਏਕੰਕਾਰ । ਸੈਣ ਨਾਈ ਉਠ ਉਠ ਕੰਨ ਲੌਂਦਾ, ਕੌਣ ਕਰੇ ਸੱਚੀ ਗੁਫ਼ਤਾਰ । ਕੌਣ ਵਿਛੜੇ ਮੇਲ ਮਿਲੌਂਦਾ, ਆਪ ਆਪਣਾ ਕਰ ਪਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚੀ ਸਰਕਾਰ । ਸੁਣਿਆ ਰਾਗ ਉਠਿਆ ਸੈਣ, ਸਾਈਂ ਧਿਆਨ ਲਗਾਇਆ । ਹਰਿ ਜੂ ਤੇਰਾ ਨਾਉਂ ਕਵਣ ਲੈਣ, ਤੇਰੇ ਰੰਗ ਸਮਾਇਆ । ਕਲਜੁਗ ਮਾਇਆ ਸਭ ਨੂੰ ਖਾਏ ਡੈਣ, ਬਚਿਆ ਕੋਇ ਰਹਿਣ ਨਾ ਪਾਇਆ । ਨਾਤਾ ਤੁਟਾ ਭਾਈ ਭੈਣ, ਪਿਤਾ ਪੂਤ ਨਾ ਕੋਇ ਮਨਾਇਆ । ਰਾਏ ਧਰਮ ਅੰਤ ਸਭ ਦਾ ਚੁਕਾਏ ਲਹਿਣ ਦੇਣ, ਵੇਲੇ ਅੰਤ ਨਾ ਕੋਇ ਛੁਡਾਇਆ । ਲਾੜੀ ਮੌਤ ਖਾਏ ਡੈਣ, ਚਾਰੋਂ ਕੁੰਟ ਫੇਰਾ ਪਾਇਆ । ਧੰਨ ਭਾਗ ਜੋ ਜਨ ਤੇਰਾ ਭਾਣਾ ਸਹਿਣ, ਸੈਣ ਨਿਉਂ ਨਿਉਂ ਸੀਸ ਝੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇਆ । ਧੰਨੇ ਸੁਣੀ ਸੈਣ ਆਵਾਜ, ਆਪਣੀ ਕਰਵਟ ਲਏ ਬਦਲਾਈਆ । ਆ ਯਾਰ ਮੈਂ ਦੱਸਾਂ ਰਾਜ਼, ਭੇਵ ਅਭੇਦ ਖੁਲ੍ਹਾਈਆ । ਜਿਸ ਨੂੰ ਕਹਿੰਦੇ ਰਹੇ ਗ਼ਰੀਬ ਨਿਵਾਜ਼, ਸੋ ਗ਼ਰੀਬ ਨਿਮਾਣਿਆਂ ਸੇਵ ਕਮਾਈਆ । ਜਿਹੜਾ ਤੇਰੇ ਪਿਛੇ ਗਿਆ ਦਵਾਰੇ ਰਾਜ, ਬਣ ਸੇਵਕ ਸੇਵ ਕਮਾਈਆ । ਸੋ ਲੋਕਮਾਤ ਰਚਾਏ ਕਾਜ, ਆਪਣੇ ਭਗਤਾਂ ਨਾਲ ਰਲਾਈਆ । ਬਿਨ ਭਗਤੀ ਦੇਵੇ ਦਾਜ, ਵੇਖ ਪੂਤ ਪਿਤਾ ਖ਼ੁਸ਼ੀ ਮਨਾਈਆ । ਆਪਣੇ ਬੇੜੇ ਚਾੜ੍ਹੇ ਸਚ ਜਹਾਜ਼, ਚੱਪੂ ਆਪਣਾ ਨਾਮ ਲਗਾਈਆ । ਮੈਨੂੰ ਪਹਿਲੋਂ ਮਾਰ ਕੇ ਗਿਆ ਆਵਾਜ਼, ਫਿਰ ਲੋਕਮਾਤ ਆਪਣੇ ਗੁਰਮੁਖ ਲਏ ਉਠਾਈਆ । ਧੰਨ ਭਾਗ ਜੋ

ਤੂੰ ਸੁਣਿਆ ਆਜ, ਸਾਚੇ ਘਰ ਵੱਜੀ ਵਧਾਈਆ । ਜਿਸ ਮੇਰੀ ਰੱਖੀ ਲਾਜ, ਸੋ ਦਾਤਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਕਰਾਈਆ । ਸੈਣ ਅੱਗੋਂ ਕਹੇ ਪੁਕਾਰ, ਨਿਮੀ ਨਿਮੀ ਧਾਰ ਜਣਾਇੰਦਾ । ਕਵਣ ਕੂਟੇ ਵੇਖਾਂ ਮੈਂ ਸੱਚਾ ਯਾਰ, ਪਰਵਰਦਿਗਾਰ ਰੂਪ ਵਟਾਇੰਦਾ । ਧੰਨਾ ਕਹੇ ਵੇਖ ਖੋਲ੍ਹ ਕਿਵਾੜ, ਲੋਕਮਾਤ ਰਾਹ ਜਣਾਇੰਦਾ । ਜਿਥੇ ਕਰੇ ਸਚ ਵਿਹਾਰ, ਹਰਿਜਨ ਸਾਚੇ ਰਿਹਾ ਤਾਰ, ਜੋਤੀ ਜੋਤ ਡਗਮਗਾਇੰਦਾ । ਨੌਂ ਦਵਾਰੇ ਖੋਲ੍ਹ ਕਿਵਾੜ, ਬਹੱਤਰ ਭਗਤਾਂ ਅੰਦਰ ਦੇਵੇ ਵਾੜ, ਸੱਤਰਾਂ ਸਾਚੀ ਸੇਵ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜੋਤ ਜੋਤ ਡਗਮਗਾਇੰਦਾ । ਧੰਨਾ ਕਹੇ ਹਰਿ ਕਾ ਨੂਰ, ਨਿਰਗੁਣ ਨਿਰਗੁਣ ਨਿਰਗੁਣ ਰੁਸ਼ਨਾਈਆ । ਸੈਣ ਕਹੇ ਸ਼ਬਦ ਸਾਚੀ ਤੂਰ, ਨਾਦ ਨਾਦ ਨਾਦ ਵਜਾਈਆ । ਪੁਰਖ ਅਬਿਨਾਸ਼ੀ ਕਹੇ ਮੈਂ ਸਭ ਤੋਂ ਦੂਰ, ਮੇਰਾ ਭੇਵ ਕੋਇ ਨਾ ਪਾਈਆ । ਬਹੱਤਰ ਭਗਤ ਕਹਿਣ ਹਾਜ਼ਰ ਹਜ਼ੂਰ, ਘਰ ਸਾਡੇ ਡੇਰਾ ਲਾਈਆ । ਸੱਤਰ ਕਹਿਣ ਸਰਧਾ ਪੂਰ, ਸਾਡੀ ਆਸਾ ਪੂਰ ਕਰਾਈਆ । ਹਰਿ ਸੰਗਤ ਕਹੇ ਸਾਨੂੰ ਮਿਲੇ ਜ਼ਰੂਰ, ਰਾਤੀਂ ਸੁਤਿਆਂ ਦਰਸ ਦਿਖਾਈਆ । ਧੰਨੇ ਸੈਣ ਟੁੱਟਾ ਗ਼ਰੂਰ, ਪ੍ਰਭ ਦਰ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਧੰਨਾ ਕਹੇ ਸੈਣ ਚਲ ਵੇਖੀਏ ਜੋਤ ਅਕਾਲੀ, ਨਿਰਗੁਣ ਆਪਣੀ ਧਾਰ ਜਣਾਇੰਦਾ । ਸੈਣ ਕਹੇ ਧੰਨੇ ਅੱਜ ਦੀਵਾਲੀ, ਹਰਿ ਸਾਚਾ ਖ਼ੁਸ਼ੀ ਮਨਾਇੰਦਾ । ਧੰਨਾ ਕਹੇ ਕਲਜੁਗ ਰੈਣ ਅੰਧੇਰੀ ਕਾਲੀ, ਦੀਪਕ ਕੋਇ ਨਜ਼ਰ ਨਾ ਆਇੰਦਾ । ਸੈਣ ਕਹੇ ਹਰਿ ਭਗਤ ਪ੍ਰਭ ਅੱਗੇ ਸਵਾਲੀ, ਸਭ ਦੀ ਆਸਾ ਪੂਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਕਰਾਇੰਦਾ । ਸੈਣ ਕਹੇ ਦੀਵਾਲੀ ਰਾਤ, ਰਾਤੀਂ ਸੁਤਿਆਂ ਬੀਤ ਨਾ ਜਾਈਆ । ਧੰਨਾ ਕਹੇ ਨਾਰ ਕਮਜ਼ਾਤ, ਠੱਗਾਂ ਚੋਰਾਂ ਨਾਲ ਰਲਾਈਆ । ਗੁਰਮੁਖ ਕਹਿਣ ਮਿਲਿਆ ਪੁਰਖ ਅਬਿਨਾਸ਼, ਘਰ ਸਾਚੇ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਵਖਾਈਆ । ਧੰਨਾ ਕਹੇ ਜਗਤ ਵਿਹਾਰਾ, ਘਰ ਘਰ ਲੱਛਮੀ ਰਾਹ ਤਕਾਇਆ । ਸੈਣ ਕਹੇ ਸਭ ਹੋਣ ਖ਼ਵਾਰਾ, ਬਿਨ ਹਰਿ ਜੂ ਦਇਆ ਨਾ ਕੋਇ ਕਮਾਇਆ । ਭਗਤ ਕਹਿਣ ਮਿਲਿਆ ਹਰਿ ਨਾਮ ਭੰਡਾਰਾ, ਨਿਖੁਟ ਕਦੇ ਨਾ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਬੰਧਨ ਪਾਇਆ । ਧੰਨਾ ਕਹੇ ਸੁਣੋ ਰਾਗ, ਦੀਪਕ ਰਾਗ ਜਗਤ ਗੁਣ ਗਾਈਆ । ਸੈਣ ਕਹੇ ਨਾਤਾ ਤੁਟਿਆ ਕੰਤ ਸੁਹਾਗ, ਸੁੰਞੀ ਸੇਜ ਵੇਖ ਵੇਖ ਨੇਤਰ ਨੈਣ ਨੀਰ ਵਹਾਈਆ । ਭਗਤ ਕਹਿਣ ਹੋਏ ਵਡ ਵਡ ਭਾਗ, ਪ੍ਰਭ ਮਿਲਿਆ ਸੱਚਾ ਮਾਹੀਆ । ਬਿਨ ਦੀਪਕ ਜਗਿਆ ਚਿਰਾਗ਼, ਘਰ ਮੰਦਰ ਹੋਈ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਕਰਾਈਆ । ਧੰਨਾ ਕਹੇ ਸੁਣ ਸੈਣ ਪਿਆਰੇ, ਕੰਨ ਨਾਲ ਕੰਨ ਮਿਲਾਈਆ । ਲੋਕਮਾਤ ਖੇਲ ਨਿਆਰੇ, ਪੁਰਖ ਅਬਿਨਾਸ਼ੀ ਆਪ ਕਰਾਈਆ । ਭਗਤਾਂ ਬੈਠਾ ਜਾ ਦਵਾਰੇ, ਨਿਰਗੁਣ ਰੂਪ ਵਟਾਈਆ । ਚਲ ਚਲੀਏ ਕਰ ਕੇ ਆਈਏ ਨਿਮਸਕਾਰੇ, ਚਰਨ ਧੂੜ ਮਸਤਕ ਟਿੱਕਾ ਲਾਈਆ । ਕਰ ਕਿਰਪਾ ਜੇ ਘਰ ਆਏ ਹਮਾਰੇ, ਰੱਜ ਰੱਜ ਦਰਸ਼ਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਕਰਾਈਆ । ਦੋਵੇਂ ਉਠ ਪਏ ਰਾਹ, ਆਪਣਾ ਪੰਧ ਮੁਕਾਇਆ । ਇਕ ਦੂਜੇ ਨਾਲ ਕਰਨ ਸਲਾਹ, ਪੁਰਖ ਅਬਿਨਾਸ਼ੀ ਖੇਲ ਰਚਾਇਆ । ਜਨ ਭਗਤਾਂ ਬਣਿਆ ਆਪ

ਮਲਾਹ, ਬੇੜਾ ਲੋਕਮਾਤ ਚਲਾਇਆ । ਆਪਣਾ ਜਪਾਇਆ ਇਕੋ ਨਾਂ, ਦੂਜਾ ਨਾਉਂ ਨਾ ਕੋਇ ਵਖਾਇਆ । ਆਪੇ ਪਕੜੀ ਅੰਤਮ ਬਾਂਹ, ਆਪ ਆਪਣੇ ਗਲੇ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚੇ ਖੇਲ ਕਰਾਇਆ । ਦੋਏ ਦਵਾਰੇ ਗਏ ਆ, ਨੇਤਰ ਨੈਣ ਬਿਗਸਾਈਆ । ਚਰਨ ਕਵਲ ਸੀਸ ਟਿਕਾ, ਸਰਨ ਲਈ ਸਰਨਾਈਆ । ਕਿਰਪਾ ਕਰ ਸੱਚੇ ਸ਼ਹਿਨਸ਼ਾਹ, ਏਕਾ ਮੰਗ ਮੰਗਾਈਆ । ਆਪਣਿਆਂ ਭਗਤਾਂ ਦਵਾਰਾ ਦੇ ਵਖਾ, ਜਿਸ ਥੱਲੇ ਆਪਣੀ ਰਤ ਦਬਾਈਆ । ਮੇਰਾ ਲੇਖਾ ਪੂਰ ਦਿਤਾ ਕਰਾ, ਮੇਰਾ ਲਹਿਣਾ ਰਿਹਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਚਾ ਪਰਦਾ ਆਪ ਉਠਾਈਆ । ਪੁਰਖ ਅਬਿਨਾਸ਼ੀ ਦੀਨ ਦਿਆਲਾ, ਏਕਾ ਹੁਕਮ ਸੁਣਾਇੰਦਾ । ਮੇਰੇ ਭਗਤਾਂ ਰਾਹ ਸੁਖਾਲਾ, ਹੱਥ ਕਿਸੇ ਨਾ ਆਇੰਦਾ । ਕਰ ਕਿਰਪਾ ਤੋੜਿਆ ਜਗਤ ਜੰਜਾਲਾ, ਜਾਗਰਤ ਜੋਤ ਜਗਾਇੰਦਾ । ਮਾਣਸ ਜਨਮ ਨਾ ਮੰਗਿਆ ਹਾਲਾ, ਕਾਇਆ ਖੇਤੀ ਬਣ ਕਿਰਸਾਣ ਸਾਚੀ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਕਰਾਇੰਦਾ । ਭਗਤ ਦਵਾਰ ਜੇ ਦਰਸਣ ਪੌਣਾ, ਹਰਿ ਸਾਚਾ ਸਚ ਜਣਾਈਆ । ਕਬੀਰ ਜੁਲਾਹਾ ਨਾਲ ਰਲੌਣਾ, ਏਕਾ ਸੰਗ ਵਖਾਈਆ । ਛੱਬੀ ਪੋਹ ਚਲ ਕੇ ਔਣਾ, ਏਕਾ ਥਿਤ ਵਡਿਆਈਆ । ਅੱਗੇ ਭਗਤਾਂ ਵਿਚ ਹਰਿ ਜੂ ਬਣ ਕੇ ਬਹੇ ਪਰਾਹੁਣਾ, ਘਰ ਘਰ ਵਿਚ ਖ਼ੁਸ਼ੀ ਮਨਾਈਆ । ਰਾਤ ਮਿਲੇ ਨਾ ਕਿਸੇ ਨੂੰ ਸੌਣਾ, ਅੱਖ ਨੀਂਦ ਕਰੇ ਕੁੜਮਾਈਆ । ਸਵਾ ਸਵਾ ਸਵਾ ਪਹਿਰ ਸਭ ਨੇ ਗੌਣਾ, ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਤੇਰੀ ਵਡਿਆਈਆ । ਪੁਰਖ ਅਬਿਨਾਸ਼ੀ ਆਪਣੇ ਦਰ ਬਹੌਣਾ, ਦਰ ਬਹਿ ਬਹਿ ਰੰਗ ਰੰਗਾਈਆ । ਭਗਤਾਂ ਕੋਲੋਂ ਭਗਤ ਦਵਾਰ ਖੁਲ੍ਹੌਣਾ, ਸਾਚਾ ਸਗਨ ਮਨਾਈਆ । ਫੜ ਕਬੀਰ ਅੱਗੇ ਲੌਣਾ, ਨੌਂ ਦਵਾਰੇ ਪੰਧ ਮੁਕਾਈਆ । ਜਗਤ ਖੇੜਾ ਸਭ ਢੌਣਾ, ਕੂੜੀ ਸਫ਼ਾ ਦਏ ਉਠਾਈਆ । ਡੌਰੂ ਡੰਕਾ ਇਕ ਵਜੌਣਾ, ਨੌਬਤ ਵੱਜੇ ਸਾਚੇ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਖੇਲ ਮਹਾਨ, ਆਪਣਾ ਖੇਲ ਆਪਣੇ ਹੱਥ ਰਖਾਈਆ ।

ਸਾਚਾ ਨਾਮ ਹਰਿ ਕੀ ਮਿਹਰ, ਮਿਹਰਵਾਨ ਦਇਆ ਕਮਾਈਆ । ਜਨਮ ਜਨਮ ਦੇ ਵਿਛੜੇ ਜੋ ਲਏ ਘੇਰ, ਆਪ ਆਪਣੇ ਅੰਗ ਲਗਾਈਆ । ਦੇਵੇ ਦਰਸ ਨਾ ਕਰੇ ਦੇਰ, ਦੀਦ ਈਦ ਚੰਦ ਚੜ੍ਹਾਈਆ । ਸਦ ਵਸੇ ਨੇਰਨ ਨੇਰ, ਦੂਰ ਦੁਰਾਡਾ ਪੰਧ ਮੁਕਾਈਆ । ਪੂਰਬ ਲਹਿਣਾ ਦਏ ਨਬੇੜ, ਅਗਲਾ ਆਪਣੇ ਲੇਖੇ ਪਾਈਆ । ਆਵਣ ਜਾਵਣ ਚੁੱਕੇ ਗੇੜ, ਲੱਖ ਚੁਰਾਸੀ ਫੰਦ ਕਟਾਈਆ । ਤਨ ਖ਼ਾਕੀ ਮਾਟੀ ਨਾ ਹੋਏ ਢੇਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਮ ਇਕ ਰਖਾਈਆ । ਹਰਿ ਕਾ ਨਾਮ ਸੱਚਾ ਰੰਗ, ਗੁਰ ਸਤਿਗੁਰ ਆਪ ਚੜ੍ਹਾਇੰਦਾ । ਜਿਸ ਜਨ ਦੇਵੇ ਆਪਣੀ ਮੰਗ, ਦੂਜੇ ਦਰ ਨਾ ਮੰਗਣ ਜਾਇੰਦਾ । ਜਿਸ ਸੁਣਾਏ ਆਪਣਾ ਛੰਦ, ਰਾਗ ਰਾਗਨੀ ਮੁਖ ਸ਼ਰਮਾਇੰਦਾ । ਦੂਈ ਦਵੈਤ ਭਰਮਾਂ ਢਾਵੇ ਕੰਧ, ਭਾਂਡਾ ਭਰਮ ਭੌ ਭਨਾਇੰਦਾ । ਇਕ ਉਪਜਾਏ ਪਰਮਾਨੰਦ, ਆਪਣਾ ਦਰਸ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੰ ਬ੍ਰਹਮ ਏਕਾ ਘਰ ਵਖਾਇੰਦਾ । ਹੰ ਬ੍ਰਹਮ ਸਾਚੀ ਧਾਰ, ਪਾਰਬ੍ਰਹਮ ਪਰਗਟਾਈਆ । ਸੋ ਪੁਰਖ ਨਿਰੰਜਣ ਆਪ ਨਿਰੰਕਾਰ,

ਹੰ ਜੀਵ ਰੂਪ ਸਮਾਈਆ । ਸੋਹੰ ਅੱਖਰ ਭਗਤ ਵਿਚਾਰ, ਜਗਤ ਵਿਦਿਆ ਭੇਵ ਨਾ ਰਾਈਆ । ਮਹਾਰਾਜ ਖੇਲ ਕਰੇ ਅਪਾਰ, ਸਿੰਘ ਸ਼ੇਰ ਰੂਪ ਵਟਾਈਆ । ਸ਼ੇਰ ਸਿੰਘ ਇਕ ਭਬਕਾਰ, ਲੋਕ ਪਰਲੋਕ ਰਿਹਾ ਸੁਣਾਈਆ । ਵਿਸ਼ਨੂੰ ਬਣ ਸੇਵਾਦਾਰ, ਜਨ ਭਗਤਾਂ ਸੇਵ ਕਮਾਈਆ । ਭਗਵਨ ਵਸੇ ਸਚਖੰਡ ਦਵਾਰ, ਲੋਕਮਾਤ ਜੈ ਜੈਕਾਰ ਆਪ ਸੁਣਾਈਆ । ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜੋ ਜਨ ਗਾਏ ਪੰਜ ਜੈਕਾਰ, ਜਨਮ ਮਰਨ ਵਿਚ ਕਦੇ ਨਾ ਆਈਆ ।

ਕੋਟਨ ਕੋਟ ਚਲਾਏ ਨਾਂ, ਅਨਕ ਬਿਧੀ ਸਮਝਾਈਆ । ਕੰਨੋਂ ਫੜ ਫੜ ਲਾਏ ਰਾਹ, ਰਹਿਬਰ ਨਾਉਂ ਧਰਾਈਆ । ਲੈ ਨਾ ਸਕਣ ਸਾਹ, ਗੇੜਾ ਗੇੜੇ ਵਿਚ ਰਖਾਈਆ । ਅੱਗੋਂ ਕਰ ਨਾ ਸਕੇ ਕੋਈ ਨਾ, ਪਿਛੇ ਬੈਠਾ ਸੱਚਾ ਮਾਹੀਆ । ਉਚੀ ਕੂਕ ਕੂਕ ਰਹੇ ਸੁਣਾ, ਢੋਲਾ ਏਕਾ ਗਾਈਆ । ਆਓ ਵਿਛੜੇ ਲਈਏ ਮਿਲਾ, ਮਿਲ ਮਿਲ ਮੰਗਲ ਗਾਈਆ । ਜਿਨ ਸਾਨੂੰ ਦਿਤਾ ਘਲਾ, ਸੋ ਆਪਣਾ ਹੁਕਮ ਸੁਣਾਈਆ । ਭੁੱਲੇ ਨਾ ਬੇਪਰਵਾਹ, ਮੰਗੀ ਇਕ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਆਪੇ ਆਪ ਵਖਾਈਆ । ਕੋਈ ਕਹੇ ਵਿਸ਼ਨੂੰ ਦਾਤਾ, ਕੋਇ ਬ੍ਰਹਮਾ ਸੀਸ ਝੁਕਾਈਆ । ਕੋਈ ਕਹੇ ਸ਼ੰਕਰ ਨਾਥਾ, ਉਚੇ ਟਿਲੇ ਆਸਣ ਲਾਈਆ । ਕੋਈ ਕਹੇ ਚਤੁਰਭੁਜ ਦੇਵੇ ਸਾਥਾ, ਆਪਣਾ ਸੰਗ ਨਿਭਾਈਆ । ਕੋਈ ਕਹੇ ਅਸ਼ਟਭੁਜ ਮਾਤਾ, ਦੁਰਗਾ ਇਸ਼ਟ ਰਹੇ ਮਨਾਈਆ । ਕੋਈ ਕਹੇ ਗਣੇਸ਼ ਮੇਟੇ ਅੰਧੇਰੀ ਰਾਤਾ, ਗਣਪਤ ਸੀਸ ਝੁਕਾਈਆ । ਕੋਈ ਕਹੇ ਆਦਿ ਸ਼ਕਤ ਮੇਟੇ ਅੰਧੇਰੀ ਰਾਤਾ, ਆਪਣੀ ਦਇਆ ਕਮਾਈਆ । ਹਰਿ ਭਗਤ ਇਕੋ ਕਹੇ ਪੁਰਖ ਬਿਧਾਤਾ, ਜੋ ਸਭ ਦਾ ਪਿਤਾ ਮਾਈਆ । ਕੋਈ ਕਹੇ ਵੇਦ ਭਗਵਾਨ, ਪੜ੍ਹ ਪੜ੍ਹ ਵਕ਼ਤ ਲੰਘਾਈਆ । ਕੋਈ ਕਹੇ ਸੂਰਯਾ ਮਹਾਨ, ਨਿਉਂ ਨਿਉਂ ਸੀਸ ਝੁਕਾਈਆ । ਕੋਈ ਕਹੇ ਚੰਦਰ ਦੇਵਤਾ ਬਲਵਾਨ, ਸੀਤਲ ਧਾਰ ਵਹਾਈਆ । ਕੋਈ ਕਹੇ ਕਰੋੜ ਤੇਤੀਸਾ ਦੇਵੇ ਪੀਣ ਖਾਣ, ਸੁਰਪਤ ਇੰਦ ਮਾਣ ਵਡਿਆਈਆ । ਕੋਈ ਕਹੇ ਧਰਤੀ ਮਾਤ ਦੇਵੇ ਪਕਵਾਨ, ਆਪਣਾ ਰਿਜ਼ਕ ਵਖਾਈਆ । ਭਗਤ ਕਹੇ ਬਿਨ ਹਰਿ ਨਾ ਕੋਇ ਨਿਸ਼ਾਨ, ਜੋ ਦੀਸੇ ਸੋ ਰਹਿਣ ਨਾ ਪਾਈਆ । ਕੋਈ ਕਹੇ ਜਲ ਗੁਰਦੇਵ, ਧੰਨ ਧੰਨ ਲੋਕਾਈਆ । ਕੋਈ ਕਹੇ ਅਗਨੀ ਸੇਵ, ਅਗਨ ਹਵਨ ਵਖਾਈਆ । ਕੋਈ ਕਹੇ ਵਾਯੂ ਅਹੰਮੇਵ, ਸਾਚਾ ਫਲ ਲਗਾਈਆ । ਭਗਤ ਕਹੇ ਪਾਰਬ੍ਰਹਮ ਅਲਖ ਅਭੇਵ, ਬੇਅੰਤ ਵਡੀ ਵਡਿਆਈਆ । ਕੋਈ ਕਹੇ ਤਾਰੇ ਅਵਤਾਰ, ਕੋਇ ਗੁਰ ਗੁਰ ਸੀਸ ਝੁਕਾਇੰਦਾ । ਕੋਈ ਕਹੇ ਪੁਰਾਨ ਆਧਾਰ, ਕੋਈ ਸ਼ਾਸਤਰ ਸਿਮਰਤ ਗਾਇੰਦਾ । ਕੋਈ ਕਹੇ ਬਾਰਾਂ ਅਕਸ਼ਰ ਕਰੇ ਨਿਸਤਾਰ, ਨਾਰਦ ਮੁਨ ਸਮਝਾਇੰਦਾ । ਕੋਈ ਕਹੇ ਕ੍ਰਿਸ਼ਨ ਮੁਰਾਰ, ਕੋਈ ਰਾਮਾ ਸੀਸ ਝੁਕਾਇੰਦਾ । ਭਗਤ ਕਹੇ ਇਕ ਕਰਤਾਰ, ਜੋ ਗੁਰ ਅਵਤਾਰ ਉਪਜਾਇੰਦਾ । ਕੋਈ ਕਹੇ ਪੀਰ ਪੈਗ਼ੰਬਰ, ਕੋਈ ਸਯਦਾ ਸੀਸ ਝੁਕਾਇਆ । ਕੋਈ ਕਹੇ ਕਲਮਾ ਕਲਾਮ ਰਚਾਏ ਸਵੰਬਰ, ਸਚ ਅਮਾਮ ਮੇਲ ਮਿਲਾਈਆ । ਕੋਈ ਕਹੇ ਸੀਸ ਰੱਖੇ ਪੀਤੰਬਰ, ਰੂਪ ਅਨੂਪ ਵਟਾਈਆ । ਭਗਤ ਕਹੇ ਸਰਬ ਭਰਤੰਬਰ, ਘਟ ਘਟ ਰਿਹਾ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਖਿਲਾਈਆ । ਕੋਈ ਕਹੇ ਭਗਤ ਭਗਵਾਨ, ਭਗਤਾਂ ਸੀਸ ਝੁਕਾਇੰਦਾ । ਕੋਈ ਕਹੇ ਸੰਤ ਦੇਵਣ ਦਾਨ, ਨਾਮ

ਦਾਨ ਇਕ ਵਰਤਾਇੰਦਾ । ਕੋਈ ਕਹੇ ਗੁਰਮੁਖ ਦੇਵੇ ਗਿਆਨ, ਗਿਆਨ ਗੋਝ ਸਮਝਾਇੰਦਾ । ਕੋਈ ਕਹੇ ਗੁਰਸਿਖ ਚਤੁਰ ਸੁਜਾਨ, ਸਾਚੀ ਸੋਝੀ ਪਾਇੰਦਾ । ਹਰਿ ਭਗਤ ਕਹੇ ਇਕ ਭਗਵਾਨ, ਭਗਤਾਂ ਉਪਰ ਜੋ ਦਇਆ ਕਮਾਇੰਦਾ । ਕੋਈ ਕਹੇ ਨਾਨਕ ਨਿਰੰਕਾਰ, ਕੋਈ ਅੰਗਦ ਗੁਰੂ ਮਨਾਈਆ । ਕੋਈ ਕਹੇ ਅਮਰਦਾਸ ਆਧਾਰ, ਕੋਈ ਕਹੇ ਰਾਮ ਦਾਸ ਸਰਨਾਈਆ । ਕੋਈ ਕਹੇ ਅਰਜਨ ਪਿਆਰ, ਕੋਈ ਕਹੇ ਹਰਿ ਗੋਬਿੰਦ ਵਡੀ ਵਡਿਆਈਆ । ਕੋਈ ਕਹੇ ਹਰਿਰਾਏ ਪੈਜ ਦਏ ਸੁਆਰ, ਕੋਈ ਕਹੇ ਹਰਿਕ੍ਰਿਸ਼ਨ ਸਦਾ ਧਿਆਈਆ । ਕੋਈ ਕਹੇ ਤੇਗ਼ ਬਹਾਦਰ ਆਪਾ ਵਾਰ, ਲੋਕਮਾਤ ਲਈ ਵਡਿਆਈਆ । ਕੋਈ ਕਹੇ ਗੋਬਿੰਦ ਮੀਤ ਮੁਰਾਰ, ਪੁਰਖ ਅਕਾਲ ਰੂਪ ਵਟਾਈਆ । ਨਾਨਕ ਗੋਬਿੰਦ ਦੋਵੇਂ ਕਰਨ ਨਿਮਸਕਾਰ, ਪਾਰਬ੍ਰਹਮ ਸੱਚੀ ਸਰਨਾਈਆ । ਕੋਈ ਕਹੇ ਵੱਡਾ ਪੰਥ, ਮਾਰਗ ਪੰਥ ਚਲਾਇਆ । ਕੋਈ ਕਹੇ ਵੱਡਾ ਬੰਸ, ਗੁਰਸਿਖ ਰੂਪ ਵਟਾਇਆ । ਕੋਈ ਕਹੇ ਹਰਿ ਕਾ ਖੇਲ ਸਹੰਸ, ਸਹੰਸਰ ਆਪਣਾ ਨਾਉਂ ਧਰਾਇਆ । ਕੋਈ ਕਹੇ ਗੁਰੂ ਗ੍ਰੰਥ, ਗੁਰੂ ਗ੍ਰੰਥ ਓਟ ਰਖਾਇਆ । ਭਗਵਾਨ ਕਹੇ ਮੇਰਾ ਕਿਸੇ ਨਾ ਪਾਇਆ ਅੰਤ, ਸਭ ਮੇਰੀ ਸਿਫ਼ਤ ਸਾਲਾਹਿਆ । ਮੇਰਾ ਗਾ ਗਾ ਥੱਕੇ ਮੰਤ, ਲੋਕਮਾਤ ਸਰਬ ਕੁਰਲਾਇਆ । ਜਿਸ ਬਣਾਈ ਆਪ ਬਣਤ, ਤਿਸ ਲਹਿਣਾ ਮੂਲ ਚੁਕਾਇਆ । ਕਲਜੁਗ ਅੰਤ ਵਡਿਆਈ ਸਾਚੀ ਸੰਗਤ, ਜਿਸ ਹਰਿ ਜੂ ਸੰਗ ਨਿਭਾਇਆ । ਏਥੇ ਓਥੇ ਕਿਸੇ ਦਰ ਨਾ ਹੋਵੇ ਮੰਗਤ, ਖ਼ਾਲੀ ਝੋਲੀ ਨਾ ਕੋਇ ਰਖਾਇਆ । ਮਾਣਸ ਜਨਮ ਨਾ ਹੋਵੇ ਭੰਗਤ, ਆਵਣ ਜਾਵਣ ਲੇਖੇ ਲਾਇਆ । ਕਬੀਰ ਜੁਲਾਹਾ ਰਾਹ ਤੱਕੇ ਕਦੋਂ ਬਹਾਂ ਵਿਚ ਮਿਲ ਕੇ ਪੰਗਤ, ਜੋ ਲੋਕਮਾਤ ਵਿਹਾਰ ਚਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਧ ਆਪਣਾ ਖੇਲ ਆਪ ਕਰਾਇਆ । ਦਸਮ ਦਵਾਰੀ ਛੋਟੀ ਗੁੱਠ, ਹਰਿ ਲੋਕਮਾਤ ਬਣਾਈਆ । ਰੁਸ ਕੇ ਏਹਦੇ ਵਿਚ ਬਹੇ ਲੁਕ, ਆਪਣਾ ਆਪ ਛੁਪਾਈਆ । ਅੰਦਰ ਬਹਿ ਬਹਿ ਰਿਹਾ ਕੁੱਟ, ਦਿਸ ਕਿਸੇ ਨਾ ਆਈਆ । ਕਰ ਕਿਰਪਾ ਜਿਸ ਦੇ ਅੰਦਰੋਂ ਪਏ ਫੁੱਟ, ਆਪਣਾ ਪਰਦਾ ਦੇਵੇ ਲਾਹੀਆ । ਮਾਂ ਕੁੱਖ ਅੰਦਰ ਬਣੇ ਪੁਤ, ਬਾਹਰ ਬਾਲਾ ਰੂਪ ਅਖਵਾਈਆ । ਕੋਈ ਨਾ ਜਾਣੇ ਅੰਦਰ ਰਹੇ ਅਬਿਨਾਸ਼ੀ ਅਚੁਤ, ਰੂਪ ਰੰਗ ਰੇਖ ਨਾ ਕੋਇ ਰਖਾਈਆ । ਜਿਸ ਸੁਹਾਏ ਆਪਣੀ ਰੁਤ, ਆਪਣੀ ਮਹਿਕ ਦਏ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਸਮ ਦਵਾਰੀ ਜਗਤ ਗੁਠ, ਲੁਕਵੀਂ ਖੇਲ ਖਿਲਾਈਆ । ਦਸਮ ਦਵਾਰੀ ਛੋਟੀ ਨੁਕਰ, ਨਿਕਾ ਹੋ ਹੋ ਰੂਪ ਵਖਾਇੰਦਾ । ਜੇ ਕੋਈ ਸਚ ਪੁਛੇ ਤੇ ਜਾਏ ਮੁਕਰ, ਆਪਣਾ ਭੇਵ ਨਾ ਕਿਸੇ ਖੁਲ੍ਹਾਇੰਦਾ । ਜੇ ਕੋਈ ਅੱਗੋਂ ਮੰਗੇ ਉੱਤਰ, ਅਣਭੁੱਲਾ ਹੁਕਮ ਸੁਣਾਇੰਦਾ । ਜੇ ਕੋਈ ਕਹੇ ਮੈਂ ਤੇਰਾ ਪੁਤਰ, ਫੜ ਫੜ ਗੋਦ ਬਹਾਇੰਦਾ । ਗੁਰਮੁਖਾਂ ਵੇਖ ਮਨਾਏ ਸ਼ੁਕਰ, ਆਪਣੀ ਖ਼ੁਸ਼ੀ ਮਨਾਇੰਦਾ । ਸਚ ਪੁਛੇ ਬਣਿਆ ਰਹੇ ਬੁੱਚੜ, ਆਪਣੀ ਹੱਥੀਂ ਆਪਣੇ ਜੀਵ ਕੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਸਮ ਦਵਾਰੀ ਗੁੱਠ ਇਕ ਵਖਾਇੰਦਾ । ਦਸਮ ਦਵਾਰੀ ਡੂੰਘਾ ਖੋਲਾ, ਆਪਣੀ ਖੁੱਡ ਪੁਟਾਈਆ । ਆਪੇ ਵਸਿਆ ਰਹੇ ਉਹਲਾ, ਦਿਸ ਕਿਸੇ ਨਾ ਆਈਆ । ਜੇ ਕੋਈ ਕਹੇ ਭਾਲਾ ਭੋਲਾ, ਭੋਲੇ ਰੂਪ ਵੇਸ ਵਟਾਈਆ । ਜੇ ਕੋਈ ਕਹੇ ਕਲਾ ਸੋਲਾਂ, ਸੋਲਾਂ ਕਲਾ ਦਏ ਸਮਝਾਈਆ । ਜੇ ਕੋਈ ਕਹੇ ਰੂਪ ਮੌਲਾ, ਮੌਲਾ ਆਪਣੀ ਧਾਰ ਜਣਾਈਆ । ਜੇ ਕੋਈ ਕਹੇ ਝੂਠਾ ਪੌਂਦਾ ਰੌਲਾ, ਝੂਠਿਆਂ ਨਾਲ ਝੂਠਾ ਰੰਗ ਚੜ੍ਹਾਈਆ । ਜੇ ਕੋਈ ਕਹੇ ਮੇਰਾ ਸਤਿਗੁਰ ਚੁੱਕੇ ਮੇਰਾ ਡੋਲਾ, ਤਿਸ ਆਪਣੇ ਕੰਧ ਉਠਾਈਆ । ਲੋਕਮਾਤ ਭਾਰ ਕਰੇ ਹੌਲਾ, ਅਗਲਾ

੧੪੫੩ ੧੦

੧੪੫੪
੧੦

ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਹਰ ਅੰਦਰ ਦਸਮ ਦਵਾਰ, ਦਸਮ ਦਵਾਰ ਨਿਉਂ ਨਿਉਂ ਸੀਸ ਝੁਕਾਈਆ । ਜਿਸ ਅੰਦਰ ਲੱਭਦੇ ਗਏ ਯਾਰ, ਯਾਰ ਹੱਥ ਨਾ ਆਈਆ । ਜਿਸ ਦੇ ਪਿਛੇ ਹੁੰਦੇ ਰਹੇ ਖ਼ਵਾਰ, ਜੰਗਲ ਜੂਹ ਉਜਾੜ ਪਹਾੜ ਫੇਰਾ ਪਾਈਆ । ਜਿਸ ਦੇ ਪਿਛੇ ਤਪਦੇ ਰਹੇ ਅੰਗਿਆਰ, ਜਗਤ ਧੂਣੀਆਂ ਤਾਈਆ । ਜਿਸ ਦੇ ਪਿਛੇ ਕਾਇਆ ਰਹੇ ਠਾਰ, ਜਲ ਧਾਰਾ ਸੀਸ ਕਰਾਈਆ । ਜਿਸ ਦੇ ਪਿਛੇ ਛੱਡਦੇ ਰਹੇ ਘਰ ਬਾਰ, ਨਾਰ ਕੰਤ ਹੋਈ ਜੁਦਾਈਆ । ਜਿਸ ਦੇ ਪਿਛੇ ਲੁਕ ਲੁਕ ਬੈਠੇ ਡੂੰਘੀ ਗਾਰ, ਆਪਣਾ ਮੁਖ ਛੁਪਾਈਆ । ਜਿਸ ਦੇ ਪਿਛੇ ਪੜ੍ਹ ਪੜ੍ਹ ਪੱਤਰੇ ਛੱਡੇ ਪਾੜ, ਪਤਣ ਮਿਲਿਆ ਨਾ ਸੱਚਾ ਮਾਹੀਆ । ਜਿਸ ਦੇ ਪਿਛੇ ਨੱਠ ਨੱਠ ਥੱਕੇ ਤੀਰਥ ਤਟ ਕਿਨਾਰ, ਕਿਨਾਰਾ ਨਜ਼ਰ ਕੋਇ ਨਾ ਆਈਆ । ਜਿਸ ਦੇ ਪਿਛੇ ਫਿਰ ਫਿਰ ਥੱਕੇ ਮੰਦਰ ਮਸਜਿਦ ਗੁਰੂਦਵਾਰ, ਨਿਉਂ ਨਿਉਂ ਸੀਸ ਝੁਕਾਈਆ । ਪੰਡਤ ਕਹਿਣ ਵਸੇ ਹਰੀ ਦਵਾਰ, ਹਰਿਦਵਾਰ ਆਸਣ ਲਾਈਆ । ਛੱਤ੍ਰੀ ਕਹਿਣ ਠਾਕਰ ਸਾਡਾ ਯਾਰ, ਠਾਕਰ ਦਵਾਰੇ ਸੋਭਾ ਪਾਈਆ । ਮੁਲਾ ਕਹਿਣ ਮਸੀਤ ਰਹੇ ਸਦਾ ਬੇਦਾਰ, ਗ਼ਫ਼ਲਤ ਵਿਚ ਕਦੇ ਨਾ ਆਈਆ । ਗ੍ਰੰਥੀ ਕਹਿਣ ਵਸੇ ਗੁਰੂਦਵਾਰ, ਗੁਰੂ ਗ੍ਰੰਥ ਰਿਹਾ ਸਮਝਾਈਆ । ਪੁਰਖ ਅਬਿਨਾਸ਼ੀ ਕਹੇ ਮੈਂ ਵਸਾਂ ਸਭ ਤੋਂ ਬਾਹਰ, ਹਰ ਘਟ ਆਪਣੀ ਖੇਲ ਕਰਾਈਆ । ਬਿਨ ਭਗਤਾਂ ਨਾ ਕਰਾਂ ਕਿਸੇ ਪਿਆਰ, ਕੋਟਨ ਕੋਟ ਜੀਵ ਜੰਤ ਆਏ ਗਏ ਫੇਰਾ ਪਾਈਆ । ਕਲਜੁਗ ਅੰਤ ਜੋ ਦਰ ਕਰੇ ਨਿਮਸਕਾਰ, ਦਰ ਦਰਵਾਜ਼ਾ ਪਾਰ ਲੰਘਾਈਆ । ਡੁਬਦੇ ਪਾਹਨ ਦੇਵੇ ਤਾਰ, ਪਾਥਰ ਆਪਣਾ ਚਰਨ ਛੁਹਾਈਆ । ਹਰਿ ਸੰਗਤ ਵੇਖ ਜਾਏ ਬਲਹਾਰ, ਬਲਹਾਰੀ ਬਲਹਾਰ ਗੁਰਸਿਖ ਰਿਹਾ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਆਪਣੇ ਹੱਥ ਰਖਾਈਆ । ਜਿਸ ਮਿਹਰ ਮਿਲੀ ਵਸਤ, ਵਸਤੂ ਹੋਰ ਨਾ ਕੋਇ ਰਖਾਇੰਦਾ । ਨਾਮ ਸਤਿ ਮਿਲੀ ਹਸਤ, ਘਾਟਾ ਕੋਇ ਨਜ਼ਰ ਨਾ ਆਇੰਦਾ । ਤਿਸ ਨਾਲ ਕਿਆ ਕੋਈ ਕਰੇ ਹਸਦ, ਜਿਸ ਪ੍ਰਭ ਦਇਆ ਕਮਾਇੰਦਾ । ਅੱਠੇ ਪਹਿਰ ਰੱਖੇ ਮਸਤ, ਨਾਮ ਮਸਤੀ ਇਕ ਚੜ੍ਹਾਇੰਦਾ । ਹੱਥ ਮਿਲਾਏ ਨਾਲ ਦਸਤ, ਬਦਸਤ ਆਪਣਾ ਰੰਗ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਮਿਹਰ ਆਪ ਵਰਤਾਇੰਦਾ । ਸਤਿਜੁਗ ਕਰੇ ਪੁਕਾਰ, ਨੇਤਰ ਨੈਣਾਂ ਨੀਰ ਵਹਾਈਆ । ਤ੍ਰੇਤਾ ਰੋਵੇ ਜ਼ਾਰੋ ਜ਼ਾਰ, ਕੂਕ ਕੂਕ ਸੁਣਾਈਆ । ਦਵਾਪਰ ਡਿਗਾ ਮੂੰਹ ਦੇ ਭਾਰ, ਖੁਲੜੇ ਕੇਸ ਰਿਹਾ ਵਖਾਈਆ । ਕਲਜੁਗ ਕਰੀ ਅੰਤ ਪੁਕਾਰ, ਚਾਰੋਂ ਕੁੰਟ ਅੰਧੇਰਾ ਛਾਈਆ । ਚਾਰੇ ਕੱਠੇ ਹੋਏ ਯਾਰ, ਯਾਰ ਯਾਰਾਂ ਨਾਲ ਮਿਲਾਈਆ । ਇਕ ਦੂਜੇ ਨਾਲ ਕਰਨ ਵਿਚਾਰ, ਬਹਿ ਬਹਿ ਮਤਾ ਪਕਾਈਆ । ਆਪਣਾ ਆਪ ਗਏ ਹਾਰ, ਸਗਲਾ ਸੰਗ ਨਾ ਕੋਇ ਰਖਾਈਆ । ਕਰਿਆ ਖੇਲ ਹਰਿ ਨਿਰੰਕਾਰ, ਲੋਕਮਾਤ ਜੋਤ ਜਗਾਈਆ । ਚਾਰ ਜੁਗ ਦੀ ਵੇਖੇ ਕਾਰ, ਜਗਤ ਵਿਹਾਰਾ ਫੋਲ ਫੁਲਾਈਆ । ਦਰ ਸੱਦੇ ਗੁਰ ਅਵਤਾਰ, ਭਗਤਾਂ ਨਾਲ ਮਿਲਾਈਆ । ਆਪਣੇ ਗੁਣ ਅਵਗੁਣ ਲਓ ਵਿਚਾਰ, ਜੀਵ ਜੰਤ ਜੋ ਰਹੇ ਕਮਾਈਆ । ਸਾਰੇ ਅੰਤਮ ਗਏ ਹਾਰ, ਜਿਤ ਕਿਸੇ ਹੱਥ ਨਾ ਆਈਆ । ਜਿਉਂ ਭਾਵੇ ਤਿਉਂ ਲੈਣਾ ਤਾਰ, ਪ੍ਰਭ ਤੇਰੀ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਹੁਕਮ ਸੁਣਾਈਆ । ਸਾਚਾ ਹੁਕਮ ਹਰਿ ਕਰਤਾਰ, ਆਪਣਾ ਆਪ ਜਣਾਇੰਦਾ । ਸਤਾਰਾਂ ਹਾੜ ਦਿਵਸ ਵਿਚਾਰ, ਏਕਾ ਰਾਹ ਵਖਾਇੰਦਾ । ਕੱਠੇ ਹੋਏ ਗੁਰ ਅਵਤਾਰ, ਪਿਛਲਾ ਲੇਖਾ ਆਪ ਜਣਾਇੰਦਾ । ਚਾਰੇ ਜੁਗ ਵੇਖੇ ਪਾਓ

ਸਾਰ, ਧੁਰ ਫ਼ਰਮਾਨਾ ਆਪ ਸੁਣਾਇੰਦਾ। ਆਪਣੇ ਆਪਣੇ ਲਓ ਉਠਾਲ, ਸਗਲਾ ਸੰਗ ਨਿਭਾਇੰਦਾ। ਸਾਰੇ ਕਹਿਣ ਹੋਏ ਕੰਗਾਲ, ਜਗਤ ਖ਼ਜ਼ਾਨਾ ਸਰਬ ਲੁਟਾਇੰਦਾ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦਿਤਾ ਸਾਚਾ ਵਰ, ਏਕਾ ਰੰਗ ਵਖਾਇੰਦਾ। ਸਾਚਾ ਵਰ ਦੇ ਨਿਰੰਕਾਰ, ਏਕਾ ਵਾਰ ਸਮਝਾਈਆ। ਆਪਣੀ ਆਪਣੀ ਕਰੋ ਵਿਚਾਰ, ਵੇਲਾ ਗਿਆ ਹੱਥ ਨਾ ਆਈਆ। ਗੁਰ ਅਵਤਾਰ ਕਰਨ ਪੁਕਾਰ, ਪ੍ਰਭ ਅੱਗੇ ਸੀਸ ਝੁਕਾਈਆ। ਚਾਰ ਜੁਗ ਦੇ ਦਿਨ ਚਾਰ ਚਾਰ, ਸਾਰਿਆਂ ਮੰਗ ਮੰਗਾਈਆ। ਚਾਰੇ ਜੁਗ ਹੋਏ ਖ਼ਬਰਦਾਰ, ਪ੍ਰਭ ਅੱਗੇ ਝੋਲੀ ਡਾਹੀਆ। ਤੇਰਾ ਹੁਕਮ ਮੰਨਿਆ ਸੱਚੀ ਸਰਕਾਰ, ਜੋ ਸੇਵਾ ਸਾਡੀ ਲਾਈਆ। ਅੰਤ ਤੂੰ ਕੀਤਾ ਪਾਰ ਕਿਨਾਰ, ਨਿਰਗੁਣ ਸਰਗੁਣ ਰੂਪ ਵਟਾਈਆ। ਆਪਣੀ ਹੱਥੀ ਸਾਨੂੰ ਮਾਰ, ਕਿਉਂ ਦੇਵੇਂ ਧੱਕਾ ਲਾਈਆ। ਤੂੰ ਸਭ ਦਾ ਸਿਰਜਣਹਾਰ, ਵੱਡਾ ਬੇਪਰਵਾਹੀਆ। ਅਸੀਂ ਡਿਗੇ ਤੇਰੇ ਦਵਾਰ, ਸਾਡੀ ਭੁਲ ਬਖ਼ਸ਼ਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਦਇਆ ਕਮਾਈਆ। ਦਇਆ ਕਮਾਏ ਸ੍ਰੀ ਭਗਵੰਤ, ਏਕਾ ਹੁਕਮ ਜਣਾਇੰਦਾ। ਮੇਰਾ ਖੇਲ ਆਦਿ ਅੰਤ, ਜੁਗ ਜੁਗ ਵੇਸ ਵਟਾਇੰਦਾ। ਜੁਗ ਜੁਗ ਬਣਾਈ ਸਾਚੀ ਬਣਤ, ਲੋਕਮਾਤ ਰਾਹ ਚਲਾਇੰਦਾ। ਬਿਨ ਭਗਤਾਂ ਨਾ ਮਿਲੇ ਕਿਸੇ ਭਗਵੰਤ, ਬਿਨ ਭਗਤ ਭਗਵੰਤ ਨਾ ਕੋਇ ਮਿਲਾਇੰਦਾ। ਕਲਜੁਗ ਆਇਆ ਅੰਤਮ ਅੰਤ, ਸਭ ਦਾ ਲੇਖਾ ਪੂਰ ਕਰਾਇੰਦਾ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਵਰਤਾਇੰਦਾ। ਦੀਨ ਦਿਆਲ ਸਚ ਤੇਰਾ ਕਹਿਣਾ, ਚਾਰ ਜੁਗ ਪਏ ਸਰਨਾਈਆ। ਆਦਿ ਜੁਗਾਦਿ ਤੂੰ ਭਗਤ ਦਵਾਰੇ ਰਹਿਣਾ, ਤੇਰੀ ਵਡ ਵਡਿਆਈਆ। ਅਸਾਂ ਮੰਨਿਆ ਤੇਰਾ ਕਹਿਣਾ, ਤੇਰੀ ਓਟ ਤਕਾਈਆ। ਤੂੰ ਦਰਸ ਕਰਾ ਅਪਣਿਆਂ ਭਗਤਾਂ ਨੈਣਾਂ, ਬੈਠੇ ਰਾਹ ਤਕਾਈਆ। ਅਸਾਂ ਤੇਰਾ ਭਾਣਾ ਸਹਿਣਾ, ਤੇਰੇ ਸੰਤਾਂ ਓਟ ਜਣਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ। ਪੁਰਖ ਅਬਿਨਾਸ਼ੀ ਕਰ ਪਿਆਰ, ਚਾਰ ਜੁਗ ਉਠਾਇੰਦਾ। ਆਓ ਵੇਖੋ ਸਚ ਵਿਹਾਰ, ਹਰਿ ਸਤਿਗੁਰ ਆਪ ਕਰਾਇੰਦਾ। ਭਗਤਾਂ ਬਣੇ ਇਕ ਦਵਾਰ, ਬਣ ਦਵਾਰੀ ਸੇਵ ਕਮਾਇੰਦਾ। ਚਾਰ ਜੁਗ ਦਾ ਚੁੱਕਣਾ ਭਾਰ, ਤੁਹਾਡੇ ਸਿਰ ਉਪਰ ਟਿਕਾਇੰਦਾ। ਤੇਰਾਂ ਡੇਡ੍ਹ ਕਰ ਵਿਹਾਰ, ਅੱਧੀ ਬਖ਼ਸ਼ਿਸ਼ ਨਾਲ ਮਿਲਾਇੰਦਾ। ਕਰੇ ਖੇਲ ਅਪਰ ਅਪਾਰ, ਚਾਰ ਜੁਗ ਦੇ ਗੁਰ ਅਵਤਾਰ ਆਪਣੇ ਦਰ ਮੰਗਾਇੰਦਾ। ਪਹਿਲੀ ਚੇਤਰ ਹੋ ਉਜਿਆਰ, ਸਾਚਾ ਖੇਲ ਖਿਲਾਇੰਦਾ। ਗੋਬਿੰਦ ਕਰੇ ਆ ਨਿਮਸਕਾਰ, ਨਿਉਂ ਨਿਉਂ ਸੀਸ ਝੁਕਾਇੰਦਾ। ਬਣੇ ਵਿਚੋਲਾ ਪਹਿਲੀ ਵਾਰ, ਚਾਰੇ ਜੁਗ ਚਾਰੋਂ ਕੁੰਟ ਬਹਾਇੰਦਾ। ਸਭ ਦੀ ਸੁਣੇ ਫੇਰ ਫ਼ਰਯਾਦ, ਲੁਕਿਆ ਕੋਇ ਰਹਿਣ ਨਾ ਪਾਇੰਦਾ। ਸਚ ਦਵਾਰਿਉਂ ਚਾਰ ਜੁਗ ਬਿਨ ਹਰਿ ਕੋਈ ਨਾ ਸਕੇ ਕਾਢ, ਜਗਤ ਲੇਖਾ ਨਾ ਕੋਇ ਰਖਾਇੰਦਾ। ਚਾਰ ਜੁਗ ਜਿਨ੍ਹਾਂ ਨਾਲ ਕਰਿਆ ਲਾਡ, ਭਗਤ ਭਗਵੰਤ ਰੂਪ ਵਟਾਇੰਦਾ। ਨਿਰਗੁਣ ਸਰਗੁਣ ਹੋ ਹੋ ਤਾਰੇ ਸੰਤ ਸਾਧ, ਆਪਣੀ ਖੇਲ ਵਖਾਇੰਦਾ। ਸੋ ਕੱਠੇ ਕੀਤੇ ਅੰਤ ਆਦਿ, ਆਪਣਾ ਹੁਕਮ ਵਰਤਾਇੰਦਾ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪਣੇ ਹੱਥ ਰਖਾਇੰਦਾ।


੧੪੫੫
੧੦

★ ੨੩ ਕਤਕ ੨੦੧੮ ਬਿਕ੍ਰਮੀ ਜੇਠੂਵਾਲ ਦਰਬਾਰ ਵਿਚ ★

ਨਿਰਾਕਾਰ ਨਿਰੰਕਾਰ ਉਠੇ, ਸਚਖੰਡ ਵੱਜੀ ਵਧਾਈਆ । ਆਪਣੇ ਕੋਲੋਂ ਆਪਾ ਪੁਛੇ, ਆਪਣਾ ਭੇਵ ਖੁਲ੍ਹਾਈਆ । ਕਵਣ ਹੀਰੇ ਮੂੰਗੇ ਸੁੱਚੇ, ਮਾਣਕ ਮੋਤੀ ਰੂਪ ਵਟਾਈਆ । ਕਵਣ ਹੋਣ ਸਭ ਤੋਂ ਉਚੇ, ਅਗੰਮ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਖਿਲਾਈਆ । ਨਿਰੰਕਾਰ ਨਿਰਾਕਾਰ ਦਏ ਸਲਾਹ, ਆਪਾ ਆਪ ਜਣਾਈਆ । ਮੇਰਾ ਖੇਲ ਬੇਪਰਵਾਹ, ਮੇਰੇ ਵਿਚ ਸਮਾਈਆ । ਸਚ ਸਿੰਘਾਸਣ ਲਿਆ ਸੁਹਾ, ਸਾਚਾ ਤਖ਼ਤ ਰੂਪ ਵਟਾਈਆ । ਸ਼ਾਹੋ ਭੂਪ ਬਣ ਸ਼ਹਿਨਸ਼ਾਹ, ਆਪਣਾ ਵੇਸ ਵਖਾਈਆ । ਹੁਕਮੀ ਹੁਕਮ ਆਪ ਜਣਾ, ਧੁਰ ਫ਼ਰਮਾਨਾ ਇਕ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਆਪ ਚੁਕਾਈਆ । ਨਿਰਾਕਾਰ ਨਿਰੰਕਾਰ ਆਪਣਾ ਆਪ ਜਣਾਇੰਦਾ । ਆਪਣਾ ਪਰਦਾ ਆਪੇ ਖੋਲ੍ਹ, ਆਪੇ ਵੇਖ ਵਖਾਇੰਦਾ । ਕਵਣ ਵਸਤ ਮੇਰੇ ਰਹੇ ਕੋਲ, ਕਵਣ ਰੰਗ ਰੰਗਾਇੰਦਾ । ਕਵਣ ਨਾਦ ਵੱਜੇ ਢੋਲ, ਕਵਣ ਰਾਗ ਸੁਣਾਇੰਦਾ । ਕਵਣ ਨੂਰ ਜਾਏ ਮੌਲ, ਰੂਪ ਰੰਗ ਨਾ ਕੋਈ ਰਖਾਇੰਦਾ । ਕਵਣ ਕਰੇ ਸੱਚਾ ਕੌਲ, ਇਕਰਾਰ ਕਵਣ ਤੋੜ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵੇਸ ਆਪ ਵਖਾਇੰਦਾ । ਨਿਰਾਕਾਰ ਨਿਰੰਕਾਰ ਕਹੇ, ਕਹਿ ਕਹਿ ਖ਼ੁਸ਼ੀ ਮਨਾਈਆ । ਤੇਰਾ ਦਵਾਰਾ ਸਦਾ ਰਹੇ, ਸਦ ਵਜਦੀ ਰਹੇ ਵਧਾਈਆ । ਸ਼ਾਹ ਪਾਤਸ਼ਾਹ ਤੂੰ ਉਤੇ ਬਹੇਂ, ਬੇਅੰਤ ਤੇਰੀ ਵਡਿਆਈਆ । ਆਦਿ ਜੁਗਾਦਿ ਤੇਰਾ ਰੂਪ ਨਾ ਹੋਵੇ ਲੈ, ਤੇਰੀ ਰੇਖ ਨਾ ਕੋਈ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵਰ ਆਪੇ ਰਿਹਾ ਵਰਤਾਈਆ । ਨਿਰਾਕਾਰ ਨਿਰੰਕਾਰ ਵਰ, ਵਰ ਝੋਲੀ ਰਖਾਇੰਦਾ । ਤੇਰਾ ਖੁੱਲ੍ਹਾ ਰਹੇ ਸਦਾ ਦਰ, ਦਰਵਾਜ਼ਾ ਬੰਦ ਨਾ ਕੋਈ ਰਖਾਇੰਦਾ । ਨਿਰੰਕਾਰ ਆਪਣਾ ਨਾਉਂ ਧਰ, ਏਕਾ ਡੰਕ ਸੁਣਾਇੰਦਾ । ਏਕਾ ਬੰਕ ਸੋਹੇ ਗੜ੍ਹ, ਏਕਾ ਗ੍ਰਿਹ ਵਡਿਆਇੰਦਾ । ਇਕ ਸੁਹੇਲਾ ਬਹੇ ਚੜ੍ਹ, ਇਕ ਅਕੇਲਾ ਸੋਭਾ ਪਾਇੰਦਾ । ਮੂਰਤ ਅਕਾਲ ਆਪੇ ਕਰ, ਆਪਣੀ ਕਲ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਵਸਤ ਆਪਣੇ ਹੱਥ ਰਖਾਇੰਦਾ । ਨਿਰਾਕਾਰ ਨਿਰੰਕਾਰ ਦੇਵੇ ਸਲਾਹ, ਸਲਾਹਗੀਰ ਨਾ ਕੋਈ ਰਖਾਈਆ । ਤੇਰਾ ਬੇੜਾ ਤੂੰ ਮਲਾਹ, ਤੇਰਾ ਭੇਵ ਕੋਈ ਨਾ ਪਾਈਆ । ਤੇਰਾ ਘਰ ਤੂੰ ਲੈਣਾ ਵਸਾ, ਤੇਰੇ ਦਰ ਵੱਜੇ ਵਧਾਈਆ । ਤੇਰਾ ਨਾਉਂ ਤੂੰ ਲੈਣਾ ਪਰਗਟਾ, ਨਾਉਂ ਨਿਰੰਕਾਰਾ ਪਰਗਟਾਈਆ । ਤੇਰਾ ਹੁਕਮ ਤੂੰ ਲੈਣਾ ਵਰਤਾ, ਤੇਰਾ ਹੁਕਮ ਸੱਚੀ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਰੰਗ ਰੰਗਾਈਆ । ਰੰਗਿਆ ਰੰਗ ਹਰਿ ਨਿਰੰਕਾਰ, ਆਪਣਾ ਰੰਗ ਵਖਾਇਆ । ਨਿਰਾਕਾਰ ਕਰ ਪਿਆਰ, ਨਿਰਵੈਰ ਮੇਲ ਮਿਲਾਇਆ । ਸਚ ਸਿੰਘਾਸਣ ਪਾਵੇ ਸਾਰ, ਸਾਚੀ ਸੇਜਾ ਆਪ ਸੁਹਾਇਆ । ਕਰੇ ਖੇਲ ਪੁਰਖ ਨਾਰ, ਪਰਮ ਪੁਰਖ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰਾਹ ਆਪ ਚਲਾਇਆ । ਸਾਚਾ ਰਾਹ ਹਰਿ ਕਰਤਾਰ, ਕਰਤਾ ਪੁਰਖ ਆਪ ਚਲਾਈਆ । ਸਚਖੰਡ ਨਿਵਾਸੀ ਹੋ ਉਜਿਆਰ, ਦਰ ਘਰ ਸਾਚੇ ਸੋਭਾ ਪਾਈਆ । ਆਪਣੀ ਘਾੜਤ ਘੜੇ ਬਣ ਠਠਿਆਰ, ਸਮਰਥ ਪੁਰਖ ਵਡੀ ਵਡਿਆਈਆ । ਆਪਣਾ ਮੰਦਰ ਸੁਹਾਏ ਸਚ ਦਵਾਰ, ਮਹੱਲ ਅਟਲ ਉਚ ਰੁਸ਼ਨਾਈਆ । ਸ਼ਾਹੋ ਭੂਪ ਬਣ ਸਿਕਦਾਰ, ਧੁਰ ਫ਼ਰਮਾਨਾ

ਆਪ ਜਣਾਈਆ । ਹੁਕਮੀ ਹੁਕਮ ਵਰਤੇ ਵਰਤਾਰ, ਸਾਚਾ ਹੁਕਮ ਆਪ ਵਰਤਾਈਆ । ਆਪੇ ਹੋਏ ਮੰਗਣਹਾਰ, ਆਪੇ ਨਿਉਂ ਨਿਉਂ ਸੀਸ ਝੁਕਾਈਆ । ਕਰੇ ਖੇਲ ਅਗੰਮ ਅਪਾਰ, ਬੇਅੰਤ ਤੇਰੀ ਸ਼ਹਿਨਸ਼ਾਹੀਆ । ਆਪਣੀ ਕਿਰਪਾ ਆਪੇ ਧਾਰ, ਆਪਣਾ ਸੰਗ ਆਪ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣੇ ਹੱਥ ਰੱਖੇ ਵਡਿਆਈਆ । ਆਪਣੇ ਹੱਥ ਰੱਖ ਵਡਿਆਈ, ਹਰਿ ਵੱਡਾ ਵਡ ਅਖਵਾਇੰਦਾ । ਆਪਣੇ ਨਾਲ ਆਪਣੀ ਕਰ ਕੁੜਮਾਈ, ਆਪਣਾ ਬੰਧਨ ਪਾਇੰਦਾ । ਆਪੇ ਧੀ ਆਪ ਜਵਾਈ, ਸੌਹਰੇ ਪੇਈਏ ਆਪੇ ਸੋਭਾ ਪਾਇੰਦਾ । ਆਪੇ ਖੇਲ ਕਰੇ ਰਘਰਾਈ, ਆਪਣਾ ਰੂਪ ਅਨੂਪ ਆਪ ਪਰਗਟਾਇੰਦਾ । ਆਪੇ ਸਚ ਸੁਹੰਜਣੀ ਸੇਜ ਸੁਹਾਈ, ਸੋਭਾਵੰਤ ਸ੍ਰੀ ਭਗਵੰਤ ਆਪਣਾ ਰੰਗ ਆਪ ਰੰਗਾਇੰਦਾ । ਆਪੇ ਖੇਲ ਕਰੇ ਨਰ ਨਰਾਇਣ ਨਾਰੀ ਕੰਤ, ਕੰਤ ਕੰਤੂਹਲ ਆਪਣਾ ਵੇਸ ਵਟਾਇੰਦਾ । ਆਪੇ ਬਣਾਏ ਸਾਚੀ ਬਣਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਇੰਦਾ । ਬਣਾਏ ਬਣਤ ਹਰਿ ਭਗਵਾਨ, ਆਪਣੀ ਦਇਆ ਕਮਾਈਆ । ਆਪਣਾ ਦਰ ਕਰ ਪਰਵਾਨ, ਸਚ ਦਵਾਰਾ ਇਕ ਸੁਹਾਈਆ । ਸ਼ਾਹ ਭੂਪ ਬਣ ਰਾਜਾਨ, ਸ਼ਾਹ ਸੁਲਤਾਨ ਹੁਕਮ ਪਰਗਟਾਈਆ । ਸਚ ਨਿਸ਼ਾਨਾ ਇਕ ਮਿਹਰਵਾਨ, ਮਹਿਬਾਨ ਆਪ ਝੁਲਾਈਆ । ਆਪਣਾ ਨਾਉਂ ਕਰ ਪਰਧਾਨ, ਬੇ ਜ਼ਬਾਨ ਕਰੇ ਪੜ੍ਹਾਈਆ । ਆਪਣਾ ਖੇਲ ਕਰ ਮਹਾਨ, ਆਪਣੀ ਉਲਫ਼ਤ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰ ਆਪ ਜਣਾਈਆ । ਆਪਣੀ ਧਾਰ ਆਪੇ ਜਾਣ, ਆਪਣਾ ਖੇਲ ਖਿਲਾਇਆ । ਆਪਣਾ ਰੰਗ ਆਪੇ ਮਾਣ, ਆਪੇ ਵੇਖ ਵਖਾਇਆ । ਆਪਣੇ ਮੰਦਰ ਹਰਿ ਭਗਵਾਨ, ਆਪਣਾ ਹੁਕਮ ਵਰਤਾਇਆ । ਆਪਾ ਕਰੇ ਆਪ ਪਹਿਚਾਨ, ਆਪਣਾ ਪਰਦਾ ਆਪ ਉਠਾਇਆ । ਆਪੇ ਵੇਖੇ ਸਚ ਮਕਾਨ, ਸਚਖੰਡ ਦਵਾਰਾ ਡੇਰਾ ਲਾਇਆ । ਆਪੇ ਵੇਖੇ ਚਰਨ ਸਰਨ ਨਿਗਹਬਾਨ, ਕਵਲ ਆਪਣਾ ਰੂਪ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਰਨ ਬੰਧਨ ਦਏ ਸਮਝਾਇਆ । ਆਪੇ ਚਰਨ ਆਪ ਕਵਲ, ਚਰਨ ਕਵਲ ਆਪ ਸਮਝਾਈਆ । ਆਪੇ ਦਾਤਾ ਦਾਨੀ ਆਪੇ ਪਏ ਸਰਨ, ਆਪੇ ਜਾਣੇ ਸਚ ਸਰਨਾਈਆ । ਆਪੇ ਕਰਤਾ ਪੁਰਖ ਕਰਨੀ ਕਰਨ, ਆਪੇ ਕਿਰਤੀ ਕਿਰਤ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਚਰਨ ਕਵਲ ਦਏ ਸਮਝਾਈਆ । ਹਰਿ ਕਾ ਚਰਨ ਉਚ ਅਪਾਰਾ, ਰੂਪ ਅਵਰ ਨਾ ਕੋਈ ਰਖਾਇੰਦਾ । ਹਰਿ ਕਾ ਨੈਣ ਸਦਾ ਉਜਿਆਰਾ, ਰੂਪ ਰੰਗ ਨਾ ਕੋਈ ਵਟਾਇੰਦਾ । ਹਰਿ ਕਾ ਘਰ ਸੱਚਾ ਦਰਬਾਰਾ, ਆਦਿ ਅੰਤ ਸੋਭਾ ਪਾਇੰਦਾ । ਹਰਿ ਕਾ ਦਰ ਖੁਲ੍ਹਾ ਕਿਵਾੜਾ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਜਣਾਇੰਦਾ । ਨਿਰਗੁਣ ਚਰਨ ਨਿਰਗੁਣ ਰਾਜਾ, ਨਿਰਗੁਣ ਭੂਪਤ ਭੂਪ ਅਖਵਾਈਆ । ਨਿਰਗੁਣ ਸਰਨ ਨਿਰਗੁਣ ਮਹਾਰਾਜਾ, ਸੇਵਕ ਸੇਵ ਕਮਾਈਆ । ਨਿਰਗੁਣ ਪਰਨ ਨਿਰਗੁਣ ਰੱਖੇ ਲਾਜਾ, ਨਿਰਗੁਣ ਨਿਰਗੁਣ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਹੱਥ ਰੱਖੇ ਵਡਿਆਈਆ । ਆਪੇ ਚਰਨ ਆਪੇ ਸੀਸ, ਹਰਿ ਆਪਣੀ ਖੇਲ ਖਿਲਾਇੰਦਾ । ਆਪੇ ਨੂਰ ਆਪੇ ਜਗਦੀਸ, ਆਪੇ ਜਗਦੀਸਰ ਵੇਸ ਵਟਾਇੰਦਾ । ਆਪੇ ਨਾਮ ਆਪ ਹਦੀਸ, ਆਪੇ ਹੁਕਮੀ ਹੁਕਮ ਫਿਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਸਮਝਾਇੰਦਾ । ਆਪਣਾ ਚਰਨ

ਦੇਵੇ ਦੱਸ, ਹਰਿ ਭੇਦ ਅਭੇਦ ਖੁਲ੍ਹਾਈਆ । ਜਿਸ ਦਵਾਰੇ ਜਾਏ ਵਸ, ਸੋ ਦਵਾਰਾ ਚਰਨ ਰੂਪ ਵਟਾਈਆ । ਜਿਸ ਗ੍ਰਿਹ ਜਾਏ ਵਸ, ਸੋ ਘਰ ਹੋਏ ਰੁਸ਼ਨਾਈਆ । ਜਿਸ ਮੰਦਰ ਆਏ ਨੱਸ, ਸੋ ਮੰਦਰ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਚਰਨ ਇਕ ਸਮਝਾਈਆ । ਸਚਖੰਡ ਹਰਿ ਸਚ ਸਿੰਘਾਸਣ, ਏਕਾ ਏਕ ਸੋਭਾ ਪਾਇੰਦਾ । ਚਰਨ ਕਵਲ ਹਰਿ ਖੇਲ ਤਮਾਸ਼ਨ, ਆਪਣਾ ਰੰਗ ਵਖਾਇੰਦਾ । ਥਿਰ ਘਰ ਨੂਰ ਕਰ ਪਰਕਾਸ਼ਨ, ਏਕਾ ਮਾਣ ਦਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਆਪ ਖੁਲ੍ਹਾਇੰਦਾ । ਚਰਨ ਕਵਲ ਘਰ ਸਾਚੇ ਰੱਖ, ਆਪਣੀ ਦਇਆ ਕਮਾਈਆ । ਥਿਰ ਘਰ ਦਵਾਰਾ ਕਰ ਪਰਤਖ, ਏਕਾ ਬੰਕ ਵਡਿਆਈਆ । ਆਪਣਾ ਨੂਰ ਅੰਦਰ ਰੱਖ, ਕਰੇ ਖੇਲ ਪਿਤਾ ਮਾਈਆ । ਆਪ ਵਖਾਇਆ ਆਪਣਾ ਰਸ, ਬਿਨ ਭੋਗ ਬਲਾਸ ਕਰੀ ਕੁੜਮਾਈਆ । ਆਪਣੀ ਕਰੀ ਆਪੇ ਪੂਰੀ ਆਸ, ਆਪ ਆਪਾ ਲਏ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਈਆ । ਚਰਨ ਕਵਲ ਥਿਰ ਦਰਬਾਰਾ, ਸੋ ਪੁਰਖ ਨਿਰੰਜਣ ਆਪ ਪਰਗਟਾਇਆ । ਕਰਿਆ ਖੇਲ ਅਪਰ ਅਪਾਰਾ, ਅਪੰਰਪਰ ਰੂਪ ਧਰਾਇਆ । ਏਕਾ ਜਾਇਆ ਸੁਤ ਦੁਲਾਰਾ, ਸ਼ਬਦੀ ਨਾਉਂ ਪਰਗਟਾਇਆ । ਸਾਚੇ ਘਰ ਹੋਇਆ ਜੈਕਾਰਾ, ਵਾਹ ਵਾ ਨਾਦ ਅਨਾਦ ਵਜਾਇਆ । ਏਕਾ ਵੇਖੇ ਵੇਖਣਹਾਰਾ, ਦੂਜਾ ਸੰਗ ਨਾ ਕੋਇ ਰਖਾਇਆ । ਪੁਰਖ ਅਬਿਨਾਸ਼ੀ ਕਰੇ ਪਿਆਰਾ, ਆਪਣੀ ਗੋਦ ਬਹਾਇਆ । ਘਰ ਵਿਚ ਘਰ ਤੇਰਾ ਸਹਾਰਾ, ਥਿਰ ਦਰ ਦਏ ਵਡਿਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਇਕ ਵਸਾਇਆ । ਸੁਤ ਦੁਲਾਰਾ ਹੋ ਤਿਆਰ, ਢਹਿ ਪਿਆ ਸਰਨਾਈਆ । ਧੰਨ ਭਾਗ ਤੂੰ ਕੀਆ ਪਿਆਰ, ਸ਼ਾਹ ਪਾਤਸ਼ਾਹ ਸੱਚੇ ਸ਼ਹਿਨਸ਼ਾਹੀਆ । ਏਕਾ ਮਿਲਿਆ ਚਰਨ ਸਹਾਰ, ਕਵਲ ਮਿਲੀ ਸਰਨਾਈਆ । ਦਰ ਬਰਦਾ ਖੜਾ ਸੇਵਾਦਾਰ, ਬੇਪਰਦ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਆਸ ਰਖਾਈਆ । ਏਕਾ ਆਸ ਲਈ ਰੱਖ, ਸ਼ਬਦੀ ਸ਼ਬਦ ਜਣਾਇੰਦਾ । ਆਪਣੇ ਘਰ ਕੀਆ ਪਰਤੱਖ, ਦਰ ਸਾਚਾ ਮੋਹੇ ਭਾਇੰਦਾ । ਆਪਣੇ ਨਾਲੋਂ ਕਰੀਂ ਨਾ ਵਖ, ਤੇਰਾ ਵਿਛੋੜਾ ਨਾ ਮੋਹੇ ਸੁਖਾਇੰਦਾ । ਮੈਂ ਤੇਰਾ ਉਪਜਿਆ ਤੇਰੀ ਰਤ, ਹੋਰ ਪਿਤਾ ਨਾ ਕੋਇ ਬਣਾਇੰਦਾ । ਤੇਰੇ ਚਰਨ ਕਵਲਾਂ ਵਿਚ ਰਿਹਾ ਵਸ, ਥਿਰ ਘਰ ਆਪਣਾ ਆਸਣ ਲਾਇੰਦਾ । ਕਰ ਕਰ ਦਰਸ਼ਨ ਰਿਹਾ ਹੱਸ, ਤੇਰੇ ਨਾਲ ਖ਼ੁਸ਼ੀ ਮਨਾਇੰਦਾ । ਮੈਂ ਤੇਰੇ ਹੋਇਆ ਵਸ, ਦੂਜਾ ਰਾਹ ਨਾ ਕੋਇ ਤਕਾਇੰਦਾ । ਏਕਾ ਸੇਵਾ ਆਪਣੀ ਦੱਸ, ਹਉਂ ਬਾਲਕ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਇਕ ਸੁਣਾਇੰਦਾ । ਸਚ ਸੰਦੇਸ਼ਾ ਸੁਣ ਲੈ ਸੁਤ, ਸੋ ਪੁਰਖ ਅਬਿਨਾਸ਼ੀ ਆਪ ਜਣਾਈਆ । ਤੇਰੀ ਨਾ ਕਾਇਆ ਨਾ ਕੋਈ ਬੁੱਤ, ਤੇਰਾ ਰੰਗ ਨਾ ਕੋਇ ਵਖਾਈਆ । ਤੇਰਾ ਨਾਤਾ ਅਬਿਨਾਸ਼ੀ ਅਚੁਤ, ਨਾ ਮਰੇ ਨਾ ਜਾਈਆ । ਤੂੰ ਮੇਰੇ ਵਿਚੋਂ ਪਿਆ ਫੁਟ, ਮੇਰੀ ਗੋਦ ਸੁਹਾਈਆ । ਥਿਰ ਘਰ ਸੋਹੇ ਤੇਰੀ ਰੁਤ, ਸਾਚੀ ਰੁਤੜੀ ਸੋਭਾ ਪਾਈਆ । ਮੇਰਾ ਨੂਰ ਤੇਰੀ ਜੋਤ, ਤੇਰੀ ਜੋਤ ਮੇਰੀ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਗੁਣ ਜਣਾਈਆ । ਸੁਣ ਸੁਤ ਮੈਂ ਕਰਾਂ ਪਿਆਰ, ਪਿਆਰ ਪਿਆਰ ਨਾਲ ਮਿਲਾਇਆ । ਆਦਿ ਜੁਗਾਦਿ ਮੇਰਾ ਵਿਹਾਰ, ਇਕ ਇਕੱਲਾ ਕਰਦਾ ਆਇਆ । ਤੈਨੂੰ ਕਰਿਆ ਖ਼ਬਰਦਾਰ, ਏਕਾ ਵਾਰ ਉਠਾਇਆ । ਤੇਰੀ ਸੇਵਾ ਲਾਵਾਂ ਅਪਰ

ਅਪਾਰ, ਭੁਲ ਕਦੇ ਨਾ ਜਾਇਆ । ਨਿਰਗੁਣ ਹੋ ਹੋ ਕਰਾਂ ਪਸਾਰ, ਸਰਗੁਣ ਤੇਰਾ ਅੰਗ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਸੁਣਾਇਆ । ਸੁਣਿਆ ਭੇਵ ਧੁਰ ਫ਼ਰਮਾਨਾ, ਪੁਰਖ ਅਬਿਨਾਸ਼ੀ ਰਿਹਾ ਜਣਾਈਆ । ਚਰਨੀ ਡਿਗਾ ਹੋ ਨਿਮਾਣਾ, ਨੇਤਰ ਨੈਣਾਂ ਨੀਰ ਵਹਾਈਆ । ਤੂੰ ਸ਼ਾਹ ਪਾਤਸ਼ਾਹ ਸੱਚਾ ਰਾਣਾ, ਸੱਚੀ ਤੇਰੀ ਸ਼ਹਿਨਸ਼ਾਹੀਆ । ਤੇਰਾ ਹੁਕਮ ਇਕ ਫ਼ਰਮਾਨਾ, ਨਾ ਕੋਈ ਮੇਟੇ ਮੇਟ ਮਿਟਾਈਆ । ਤੇਰਾ ਦਰ ਨਾ ਛੱਡ ਕੇ ਜਾਣਾ, ਦੂਜੇ ਘਰ ਨਾ ਕੋਇ ਵਡਿਆਈਆ । ਚਰਨ ਕਵਲ ਦੇ ਟਿਕਾਣਾ, ਵਿਛੜ ਜਾਏ ਨਾ ਮੇਰਾ ਮਾਹੀਆ । ਮੇਰਾ ਬਣਿਆ ਰਹੇ ਤੇਰਾ ਘਰ ਔਣਾ ਜਾਣਾ, ਦਰਸ ਨੇਤਰ ਨੈਣ ਵਖਾਈਆ । ਸਦਾ ਸਦ ਮੰਨਾਂ ਤੇਰਾ ਭਾਣਾ, ਚਲਾਂ ਤੇਰੇ ਹੁਕਮ ਰਜ਼ਾਈਆ । ਜੇ ਕਰ ਮੇਰਾ ਭਾਣਾ ਮੰਨੇਂ, ਤੇਰੇ ਹੱਥ ਦਿਆਂ ਵਡਿਆਈਆ । ਤੇਰਾ ਨੂਰ ਪਰਗਟਾਵਾਂ ਸੂਰਜ ਚੰਨੇ, ਬ੍ਰਹਿਮੰਡ ਖੰਡ ਵੇਸ ਵਟਾਈਆ । ਤੇਰੇ ਘਰ ਤੇਰਾ ਰੂਪ ਬਣੇ ਜਨਨੀ ਜਣੇ, ਵਿਸ਼ਨ ਬ੍ਰਹਮਾ ਸ਼ਿਵ ਗੋਦ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਵਰ ਝੋਲੀ ਪਾਈਆ । ਏਕਾ ਵਰ ਦੇਵੇ ਦਾਤ, ਆਪਣੀ ਦਇਆ ਕਮਾਈਆ । ਤੇਰੇ ਅੰਤਰ ਵੇਖੇ ਮਾਰ ਝਾਤ, ਆਪਣਾ ਪਰਦਾ ਦਏ ਉਠਾਈਆ । ਵਿਸ਼ਨ ਬ੍ਰਹਮਾ ਸ਼ਿਵ ਬਣਾਏ ਤੇਰਾ ਸਾਕ, ਨਾਤਾ ਬਿਧਾਤਾ ਜੋੜ ਜੁੜਾਈਆ । ਲੱਖ ਚੁਰਾਸੀ ਫਲ ਲਗਾਏ ਡਾਲ੍ਹੀ ਪਾਤ, ਫੁਲ ਪੰਖੜੀਆਂ ਆਪ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਵਸਤ ਆਪ ਵਰਤਾਈਆ । ਸ਼ਬਦ ਸੁਤ ਚਰਨ ਗਿਆ ਢੱਠ, ਦੋਏ ਜੋੜ ਕਰੇ ਪੁਕਾਰਾ । ਤੂੰ ਆਪਣਾ ਮਾਰਗ ਦਿਤਾ ਦੱਸ, ਤੇਰਾ ਖੇਲ ਅਪਰ ਅਪਾਰਾ । ਸੀਸ ਮੱਥੇ ਰਖਿਆ ਹੱਸ ਹੱਸ, ਕਰਾਂ ਸਚ ਵਿਹਾਰਾ । ਜੋਤੀ ਜੋਤ ਸਰੂਪ ਹਰਿ,


੧੪੫੯
੧੦

ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਅੰਤ ਸਹਾਰਾ । ਅੰਤ ਸਹਾਰਾ ਮੰਗੀ ਮੰਗ, ਪ੍ਰਭ ਅਗੇ ਸੀਸ ਝੁਕਾਇਆ । ਤੇਰਾ ਵਜਾਵਾਂ ਇਕ ਮਰਦੰਗ, ਲੱਖ ਚੁਰਾਸੀ ਖੇਲ ਖਿਲਾਇਆ । ਲੇਖਾ ਜਾਣਾਂ ਜੇਰਜ ਅੰਡ, ਉਤਭੁਜ ਸੇਤਜ ਲਏ ਪਰਗਟਾਇਆ । ਆਵਾਂ ਜਾਵਾਂ ਤੇਰਾ ਦਵਾਰਾ ਲੰਘ, ਸਚਖੰਡ ਸਾਚਾ ਸੋਭਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਮੇਰੇ ਹੱਥ ਟਿਕਾਇਆ । ਸਿਰ ਮੇਰੇ ਹੱਥ ਦੇਣਾ ਰੱਖ, ਏਕਾ ਦਵਾਰ ਵੰਡ ਵੰਡਾਈਆ । ਆਪਣੇ ਨਾਲੋਂ ਨਾ ਕਰੀਂ ਵੱਖ, ਤਾਰ ਸਤਾਰ ਨਾਲ ਬੰਧਾਈਆ । ਜੁਗ ਜੁਗ ਕਰਨਾ ਮੇਰਾ ਪੱਖ, ਸਿਰ ਮੇਰੇ ਹੱਥ ਟਿਕਾਈਆ । ਅੰਤਮ ਪੂਰੀ ਕਰਨੀ ਆਸ, ਨਿਰਾਸ ਕੋਇ ਨਜ਼ਰ ਨਾ ਆਈਆ । ਤੇਰੇ ਘਰ ਕਰਾਂ ਵਾਸ, ਦੂਜੇ ਦਰ ਨਾ ਫੇਰਾ ਪਾਈਆ । ਸਾਹਿਬ ਸਦਾ ਵਸਾਂ ਪਾਸ, ਵਿਛੋੜਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਚੀ ਵਸਤ ਝੋਲੀ ਪਾਈਆ । ਦੇਵੇ ਵਸਤ ਸ੍ਰੀ ਭਗਵਾਨ, ਏਕਾ ਵਾਰ ਜਣਾਈਆ । ਅੰਤਮ ਮੇਲਾ ਕਰਾਂ ਮਹਾਨ, ਮਿਲ ਮਿਲ ਆਪਣਾ ਰੰਗ ਚੜ੍ਹਾਈਆ । ਜੁਗ ਚੌਕੜੀ ਖੇਲ ਮਹਾਨ, ਲੋਕਮਾਤ ਕਰਾਈਆ । ਨਵ ਨੌਂ ਚਾਰ ਮਿਟੇ ਨਿਸ਼ਾਨ, ਜਗਤ ਨਿਸ਼ਾਨਾ ਦਏ ਗਵਾਈਆ । ਪਰਗਟ ਹੋਏ ਸ੍ਰੀ ਭਗਵਾਨ, ਨਿਰਗੁਣ ਆਪਣਾ ਰੂਪ ਵਟਾਈਆ । ਲੇਖਾ ਜਾਣੇ ਦੋ ਜਹਾਨ, ਲੋਕਮਾਤ ਕਰੇ ਰੁਸ਼ਨਾਈਆ । ਤੇਰਾ ਲਹਿਣਾ ਚੁਕਾਵੇ ਆਣ, ਦੇਣਾ ਕੋਇ ਰਹਿਣ ਨਾ ਪਾਈਆ । ਤੇਰਾ ਮੰਦਰ ਵੇਖੇ ਮਕਾਨ, ਘਰ ਘਰ ਵਿਚ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਸੰਗ ਆਪ ਨਿਭਾਈਆ । ਜੇ ਕਰ ਮੇਲ ਲੋਕਮਾਤ ਮਿਲੌਣਾ, ਸ਼ਬਦੀ ਸੁਤ ਮੰਗ ਮੰਗਾਇੰਦਾ । ਇਕ ਇਕੱਲਾ ਬਣ ਕੇ ਤੇਰੇ ਦਰ ਨਾ ਔਣਾ, ਤੇਰਾ ਦਰ ਨਾ

ਸੋਭਾ ਪਾਇੰਦਾ । ਜਿਨ੍ਹਾਂ ਤੇਰਾ ਨਾਮ ਧਿਔਣਾ, ਤਿਨ੍ਹਾਂ ਆਪਣਾ ਅੰਗ ਫੜਾਇੰਦਾ । ਲੋਕਮਾਤ ਮੈਂ ਕਰਾਂ ਜੋ ਮੇਰੇ ਅੰਦਰ ਭੌਣਾ, ਮੈਂ ਆਪਣੀ ਖੇਲ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਘਰ ਤੇਰੇ ਪੁਛ ਪੁਛਾਇੰਦਾ । ਪੁਰਖ ਅਬਿਨਾਸ਼ੀ ਦੀਨ ਦਿਆਲ, ਆਦਿ ਦਇਆ ਕਮਾਈਆ । ਜੋ ਉਪਜੇ ਸੋ ਖਾਏ ਕਾਲ, ਥਿਰ ਕੋਇ ਰਹਿਣ ਨਾ ਪਾਈਆ । ਜੁਗ ਚੌਕੜੀ ਹੱਲ ਕਰੇ ਆਪ ਸਵਾਲ, ਆਪਣਾ ਅੰਕੜਾ ਨਾ ਕਿਸੇ ਜਣਾਈਆ । ਤੇਰਾ ਰੂਪ ਬਣਾਏ ਦਲਾਲ, ਸ਼ਬਦੀ ਸ਼ਬਦ ਦਏ ਵਡਿਆਈਆ । ਛੋਟੇ ਬੱਚੇ ਤੈਨੂੰ ਉਂਗਲੀ ਲਾਈ ਰੱਖੇ ਕਰੇ ਖੇਲ ਕਮਾਲ, ਮੇਰਾ ਭੇਵ ਕੋਇ ਨਾ ਪਾਈਆ । ਗੁਰ ਅਵਤਾਰ ਕਰੇ ਖੇਲ ਨਿਰਾਲ, ਤੇਰਾ ਰੰਗ ਚੜ੍ਹਾਈਆ । ਜੁਗ ਚੌਕੜੀ ਅੰਤ ਸਭ ਨੂੰ ਕਰੇ ਬਹਾਲ, ਲੇਖਾ ਸਭ ਦਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰਾ ਆਪ ਸਮਝਾਈਆ । ਤੇਰੀ ਧਾਰਾ ਲਈ ਜਾਣ, ਤੂੰ ਜਾਣੀ ਜਾਣ ਜਣਾਇਆ । ਜੁਗ ਚੌਕੜੀ ਤੇਰਾ ਨਾਉਂ ਪਰਧਾਨ, ਲੋਕਮਾਤ ਢੋਲਾ ਗਾਇਆ । ਗੁਰ ਅਵਤਾਰ ਕਰਨ ਕਲਿਆਣ, ਲੱਖ ਚੁਰਾਸੀ ਤੰਦ ਬੰਧਾਇਆ । ਬਿਨ ਤੇਰੇ ਤੇਰਾ ਵਖਾਵੇ ਨਾ ਕੋਇ ਮਕਾਨ, ਤੇਰੇ ਦਰ ਨਾ ਕੋਇ ਬਹਾਇਆ । ਜੋ ਆਇਣ ਸੋ ਤੈਨੂੰ ਗਾਣ, ਗਾ ਗਾ ਤੇਰਾ ਸ਼ੁਕਰ ਮਨਾਇਆ । ਮੈਂ ਵੇਖਾਂ ਮਾਰ ਧਿਆਨ, ਵਾਹ ਵਾ ਤੇਰੀ ਕ਼ੁਦਰਤ ਵਾਹ ਵਾ ਤੇਰੀ ਮਾਇਆ । ਤੂੰ ਆਪਣਾ ਅੱਖਰ ਇਕ ਇਕ ਦੇ ਗਿਆਨ, ਲੋਕਮਾਤ ਦਏਂ ਵਡਿਆਇਆ । ਅੰਤਮ ਆਪੇ ਮੇਟੇ ਨਿਸ਼ਾਨ, ਸਭ ਦਾ ਕਰੇ ਸਫ਼ਾਇਆ । ਮੇਰੇ ਨਾਲ ਕਰ ਜ਼ਬਾਨ, ਕੀਤਾ ਕੌਲ ਭੁਲ ਨਾ ਜਾਇਆ । ਮੈਂ ਤੇਰਾ ਬਾਲ ਨਾਦਾਨ, ਤੇਰੇ ਅੱਗੇ ਸੀਸ ਝੁਕਾਇਆ । ਦਰ ਦੇਣਾ ਦਾਨੀ ਦਾਨ, ਦੇਵਣਹਾਰ ਬੇਪਰਵਾਹਿਆ । ਮੇਰਾ ਤੁਟ ਨਾ ਜਾਏ ਮਾਣ, ਢਹਿ ਪਿਆ ਸਰਨਾਇਆ । ਲੋਕਮਾਤ ਨਾ ਆਏ ਹਾਣ, ਮੈਂ ਤੇਰੀ ਓਟ ਤਕਾਇਆ । ਜੁਗ ਚੌਕੜੀ ਰਹਾਂ ਬੇਪਛਾਣ, ਰੂਪ ਰੰਗ ਰੇਖ ਨਾ ਕੋਇ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਦਇਆ ਆਪ ਕਮਾਇਆ । ਦੀਨ ਦਿਆਲ ਦਇਆ ਕਰ, ਆਦਿ ਦਏ ਵਡਿਆਈਆ । ਅੰਤਮ ਤੇਰਾ ਪੱਲੂ ਲਵਾਂ ਫੜ, ਆਪਣੇ ਨਾਲ ਬੰਧਾਈਆ । ਆਪਣੇ ਬਹਾਵਾਂ ਆਪੇ ਘਰ, ਘਰ ਘਰ ਵਿਚ ਸੋਭਾ ਪਾਈਆ । ਤੇਰਾ ਚੁਕਾਵਾਂ ਸੰਸਾ ਰੋਗ ਡਰ, ਸੋਗ ਨੇੜ ਕੋਇ ਨਾ ਆਈਆ । ਨਿਰਗੁਣ ਹੋ ਹੋ ਲਵਾਂ ਫੜ, ਸਾਚੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਕੌਲ ਰਿਹਾ ਕਰਾਈਆ । ਸਚ ਸਚ ਮੈਂ ਦਿਤਾ ਦੱਸ, ਨਾ ਪਰਦਾ ਕੋਇ ਰਖਾਇਆ । ਇਕ ਇਕੱਲਾ ਨਾ ਆਵਾਂ ਨੱਸ, ਤੇਰੇ ਦਰ ਨਾ ਫੇਰਾ ਪਾਇਆ । ਕਲਜੁਗ ਅੰਤਮ ਮੇਰਾ ਚਲਣਾ ਨਾ ਕੋਇ ਵਸ, ਮੈਂ ਪਹਿਲੋਂ ਰਿਹਾ ਸੁਣਾਇਆ । ਤੂੰ ਆਪਣਿਆਂ ਭਗਤਾਂ ਅੰਦਰ ਜਾਣਾ ਵਸ, ਤੇਰਾ ਭੇਵ ਕਿਸੇ ਨਾ ਆਇਆ । ਗੁਰ ਅਵਤਾਰ ਗਾ ਗਾ ਆਇਣ ਤੇਰਾ ਜਸ, ਜਸ ਵੇਦ ਪੁਰਾਨ ਸੁਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਭਗਤਾਂ ਰੰਗ ਰੰਗਾਇਆ । ਤੇਰੇ ਭਗਤ ਮੇਰਾ ਸਾਥ, ਮੇਰੀ ਬਣਤ ਬਣਾਈਆ । ਤੂੰ ਸਾਹਿਬ ਪੁਰਖ ਸਮਰਾਥ, ਬੇਅੰਤ ਤੇਰੀ ਵਡਿਆਈਆ । ਤੂੰ ਅਨਾਥਾਂ ਨਾਥ, ਅਨਾਥਾਂ ਹੋਏਂ ਸਹਾਈਆ । ਤੂੰ ਅਣਮੰਗੀ ਦੇਵੇਂ ਦਾਤ, ਸਚ ਵਸਤ ਆਪ ਵਰਤਾਈਆ । ਤੂੰ ਬਿਨ ਅੱਖਰ ਵਖਾਏ ਪੜ੍ਹਾਏਂ ਗਾਥ, ਆਪਣਾ ਨਾਉਂ ਸਾਲਾਹੀਆ । ਅਸੀਂ ਰਲ ਕੇ ਆਈਏ ਇਕ ਜਮਾਤ, ਏਕਾ ਪਟੀ ਲੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਆਪਣਾ ਸੰਗ ਆਪ ਰਖਾਈਆ । ਪੁਰਖ ਅਬਿਨਾਸ਼ੀ ਹੋ ਮਿਹਰਵਾਨ, ਏਕਾ ਹੁਕਮ ਜਣਾਇੰਦਾ । ਕਲਜੁਗ ਅੰਤ ਕਰਾਂ ਪਰਵਾਨ, ਨਵ ਨੌ ਚਾਰ ਪੰਧ ਮੁਕਾਇੰਦਾ । ਪਰਗਟ ਹੋਵਾਂ ਵਿਚ ਜਹਾਨ, ਨਿਰਗੁਣ ਰੂਪ ਵਟਾਇੰਦਾ । ਸਾਚੇ ਭਗਤ ਕਰਾਂ ਪਰਵਾਨ, ਆਪਣੇ ਰੰਗ ਰੰਗਾਇੰਦਾ । ਬਿਨ ਮੰਗਿਆਂ ਦੇਵਾਂ ਦਾਨ, ਨਾਮ ਅਮੋਲਕ ਵਸਤ ਆਪ ਵਰਤਾਇੰਦਾ । ਬਿਨ ਪੁਛਿਆਂ ਕਰਾਂ ਪਛਾਣ, ਆਪਣੀ ਪਛਾਣ ਭੁਲ ਕਦੇ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਚੁਕਾਇੰਦਾ । ਆਪਣਾ ਭੇਵ ਚੁਕਾਏ ਭਗਵਾਨ, ਆਪਣੀ ਦਇਆ ਕਮਾਈਆ । ਸਾਚੇ ਸੁਤ ਕਰ ਧਿਆਨ, ਹਰਿ ਸਤਿਗੁਰ ਆਪ ਸਮਝਾਈਆ । ਕਲਜੁਗ ਅੰਤਮ ਵੇਖੇ ਆਣ, ਨਿਰਾਕਾਰ ਬੇਪਰਵਾਹੀਆ । ਭਗਤ ਭਗਵੰਤ ਖੇਲ ਮਹਾਨ, ਲੋਕਮਾਤ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਦਇਆ ਆਪ ਕਮਾਈਆ । ਤੇਰੀ ਦਇਆ ਕਵਣ ਰੂਪ, ਲੋਕਮਾਤ ਨਜ਼ਰ ਨਾ ਆਈਆ । ਸਾਰੇ ਕਹਿ ਕਹਿ ਆਏ ਸਤਿ ਸਰੂਪ, ਤੇਰੀ ਰੇਖ ਨਾ ਕੋਇ ਵਖਾਈਆ । ਤੇਰਾ ਡੰਕਾ ਵੱਜੇ ਚਾਰੇ ਕੂਟ, ਦਰੋਹੀ ਤੇਰੇ ਨਾਮ ਖ਼ੁਦਾਈਆ । ਤੈਨੂੰ ਕਹਿੰਦੇ ਵਸਿਆ ਕਾਇਆ ਪੰਜ ਤਤ ਕਲਬੂਤ, ਨਜ਼ਰ ਕਿਸੇ ਨਾ ਆਈਆ । ਤੂੰ ਆਦਿ ਜੁਗਾਦਿ ਨਾ ਆਇਆ ਕਿਸੇ ਦੇ ਸੂਤ, ਸਭ ਦਾ ਡੇਰਾ ਰਿਹਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਲਜੁਗ ਤੇਰੀ ਅੰਤ ਨਿਸ਼ਾਨੀ, ਕਵਣ ਦਏ ਸਮਝਾਈਆ । ਬਿਨ ਨਿਸ਼ਾਨ ਨਾ ਕੋਇ ਧਾਰ, ਪਹਿਚਾਨ ਕੋਇ ਨਜ਼ਰ ਨਾ ਆਈਆ । ਬਿਨ ਡਿਠਿਆਂ ਕਹਿਣ ਸਾਰੇ ਭਗਵਾਨ, ਨੈਣਾਂ ਦਰਸ ਕੋਇ ਨਾ ਪਾਈਆ । ਨਿਉਂ ਨਿਉਂ ਸੀਸ ਸਰਬ ਝੁਕਾਣ, ਜਗਦੀਸ ਸੀਸ ਹੱਥ ਨਾ ਕੋਇ ਟਿਕਾਈਆ । ਬਿਨ ਧੰਨੇ ਨਾ ਖਾਧਾ ਕਿਸੇ ਦਾ ਪਕਵਾਨ, ਕੋਟਨ ਕੋਟ ਬੈਠੇ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਲਜੁਗ ਅੰਤਮ ਤੇਰੀ ਦੇਵੇ ਕਵਣ ਗਵਾਹੀਆ । ਪੁਰਖ ਅਬਿਨਾਸ਼ੀ ਹੋ ਨਿਰਾਸਾ, ਅੱਗੋਂ ਏਹ ਸਮਝਾਇੰਦਾ । ਤੂੰ ਕਿਹਾ ਸਚ ਬਿਨ ਵੇਖਿਆਂ ਮੇਰੇ ਉਤੇ ਕਰਨ ਭਰਵਾਸਾ, ਮੇਰਾ ਭੇਵ ਕੋਇ ਨਾ ਪਾਇੰਦਾ । ਜੇ ਕੋਈ ਕਹੇ ਵਖਾਲੇ ਅੱਗੋਂ ਕਰਦੇ ਹਾਸਾ, ਨੇਤਰ ਨੈਣ ਆਪ ਸ਼ਰਮਾਇੰਦਾ । ਆਦਿ ਜੁਗਾਦਿ ਮੇਰਾ ਖੇਲ ਤਮਾਸ਼ਾ, ਲੁਕਵੀਂ ਖੇਲ ਆਪ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਸਮਝਾਇੰਦਾ । ਮੇਰਾ ਭੇਵ ਜੇ ਅੰਤਮ ਪੌਣਾ, ਹਰਿ ਜੂ ਰਿਹਾ ਜਣਾਈਆ । ਮੇਰੀ ਓਟ ਇਕ ਰਖੌਣਾ, ਵੇਲੇ ਅੰਤ ਲਏ ਜਗਾਈਆ । ਆਪਣਾ ਪਰਦਾ ਆਪੇ ਲੌਹਣਾ, ਨਿਰਗੁਣ ਨੂਰ ਕਰ ਰੁਸ਼ਨਾਈਆ । ਜਨ ਭਗਤ ਦਵਾਰੇ ਆਪੇ ਭੌਣਾ, ਫਿਰ ਫਿਰ ਸੇਵ ਕਮਾਈਆ । ਬਿਨ ਹਰਿ ਜੀ ਡਿਠਿਆਂ ਚੈਨ ਨਾ ਔਣਾ, ਧੀਰਜ ਧੀਰ ਨਾ ਕੋਇ ਧਰਾਈਆ । ਬਣ ਬਣ ਸੇਵਕ ਸੇਵ ਕਮੌਣਾ, ਸਾਚੀ ਸੇਵਾ ਇਕ ਵਖਾਈਆ । ਸਚਖੰਡ ਦਵਾਰਾ ਮਾਤ ਪਰਗਟੌਣਾ, ਸਾਚੇ ਭਗਤਾਂ ਦਏ ਵਡਿਆਈਆ । ਜੀਂਵਦਿਆਂ ਹੀ ਵਿਚ ਬਹੌਣਾ, ਆਪ ਆਪਣੇ ਨਾਲ ਮਿਲਾਈਆ । ਪਹਿਲੀ ਵਾਰ ਪਹਿਲਾ ਵਿਹਾਰ ਆਪ ਕਰੌਣਾ, ਆਪ ਆਪਣੀ ਦਇਆ ਕਮਾਈਆ । ਆਪਣਾ ਨਿਸ਼ਾਨਾ ਆਪ ਝੁਲੌਣਾ, ਲੋਕਮਾਤ ਕਰੇ ਰੁਸ਼ਨਾਈਆ । ਪਿਛਲਾ ਕੀਤਾ ਅੰਤ ਮਿਟੌਣਾ, ਆਪਣਾ ਲੇਖਾ ਆਪਣੇ ਵਿਚ ਛੁਪਾਈਆ । ਏਕਾ ਨਾਉਂ ਸਭ ਨੇ ਗੌਣਾ, ਏਕਾ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਤਰਾਈਆ । ਹਰਿਜਨ ਤਾਰੇ ਆਪ ਕਰਤਾਰਾ, ਕਲਜੁਗ ਆਪਣਾ ਵੇਸ ਵਟਾਇੰਦਾ । ਦਰ ਸੋਹੇ ਸਚ

੧੪੬੧ ੧੦

੧੪੬੨
੧੦

ਦਰਬਾਰਾ, ਦਰ ਦਰਵਾਜ਼ਾ ਆਪ ਖੁਲ੍ਹਾਇੰਦਾ। ਲੇਖਾ ਜਾਣੇ ਪੁਰਖ ਨਾਰਾ, ਪੁਰਖ ਪੁਰਖੋਤਮ ਵੇਖ ਵਖਾਇੰਦਾ। ਏਕਾ ਦੇਵੇ ਨਾਮ ਸਹਾਰਾ, ਸਿਰ ਆਪਣਾ ਹੱਥ ਟਿਕਾਇੰਦਾ। ਆਪ ਉਪਜਾਏ ਭਗਤ ਦਵਾਰਾ, ਜਨ ਭਗਤਾਂ ਵਿਚ ਬਹਾਇੰਦਾ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਵੇਲਾ ਅੰਤ ਆਪਣਾ ਆਪ ਆਪ ਪਰਗਟਾਇੰਦਾ। ਆਪਣਾ ਆਪ ਲਏ ਪਰਗਟਾ, ਸ਼ਹਿਨਸ਼ਾਹ ਵਡੀ ਵਡਿਆਈਆ। ਚਾਰ ਜੁਗ ਦੇ ਗੁਰ ਅਵਤਾਰ ਦਰ ਲਏ ਬੁਲਾ, ਏਕਾ ਹੁਕਮ ਸੁਣਾਈਆ। ਭਗਤ ਸੰਦੇਸ਼ਾ ਇਕ ਜਣਾ, ਏਕਾ ਨੈਣ ਖੁਲ੍ਹਾਈਆ। ਆਪਣਾ ਵੇਸਾ ਆਪ ਵਟਾ, ਕਰੇ ਖੇਲ ਬੇਪਰਵਾਹੀਆ। ਸਾਚਾ ਮੰਦਰ ਆਪ ਬਣਾ, ਸਾਚਾ ਘਰ ਆਪ ਵਸਾਈਆ। ਆਪਣੀ ਰਤ ਨੀਹਾਂ ਹੇਠ ਦਬਾ, ਗੋਬਿੰਦ ਰਤ ਲੇਖੇ ਪਾਈਆ। ਬ੍ਰਹਮ ਮਤ ਇਕ ਵਖਾ, ਕਮਲਾਪਤ ਦਏ ਸਰਨਾਈਆ। ਧੀਰਜ ਜਤ ਇਕ ਸਮਝਾ, ਸਤਿ ਸੰਤੋਖ ਦਏ ਵਡਿਆਈਆ। ਦੀਪਕ ਜੋਤ ਇਕ ਜਗਾ, ਨਿਰਗੁਣ ਨੂਰ ਕਰੇ ਰੁਸ਼ਨਾਈਆ। ਕੋਟ ਜਨਮ ਦੇ ਪਾਪ ਗਵਾ, ਹਰਿ ਸੰਗਤ ਲਏ ਤਰਾਈਆ। ਆਪਣਾ ਦਰਸ ਆਪ ਕਰਾ, ਪੂਜਾ ਪਾਠ ਨਾ ਕੋਇ ਕਰਾਈਆ। ਫੜ ਫੜ ਬਾਹੋਂ ਪਾਰ ਦਏ ਕਰਾ, ਅਧਵਿਚਕਾਰ ਨਾ ਕੋਇ ਰੁੜ੍ਹਾਈਆ। ਸਾਚਾ ਮਾਰਗ ਦਏ ਲਗਾ, ਸਾਚਾ ਪੰਥ ਇਕ ਵਖਾਈਆ। ਅਸੰਖ ਅਸੰਖ ਜਿਸ ਨੂੰ ਰਹੇ ਗਾ, ਸੋ ਆਪਣੀ ਖੇਲ ਕਰਾਈਆ। ਜਿਸ ਨੂੰ ਵਿਸ਼ਨੂੰ ਰਿਹਾ ਧਿਆ, ਬ੍ਰਹਮਾ ਸੀਸ ਝੁਕਾਈਆ। ਜਿਸ ਨੂੰ ਸ਼ੰਕਰ ਕੰਠ ਰਿਹਾ ਲਗਾ, ਸੋ ਮਿਲੇ ਸੱਚਾ ਮਾਹੀਆ। ਜਿਸ ਨੂੰ ਗੁਰ ਅਵਤਾਰ ਰਹੇ ਧਿਆ, ਸਚਖੰਡ ਸਾਚੇ ਸੋਭਾ ਪਾਈਆ। ਜਿਸ ਦੀ ਪੀਰ ਪੈਗੰਬਰ ਮੰਗਦੇ ਰਹੇ ਦੁਆ, ਦੋਏ ਜੋੜ ਸੀਸ ਝੁਕਾਈਆ। ਜਿਸ ਨੂੰ ਐਨਲਹਕ ਕਿਹਾ ਖ਼ੁਦਾ, ਨੂਰ ਜ਼ਹੂਰ ਆਪ ਧਰਾਈਆ। ਜਿਸ ਨੂੰ ਕਹਿੰਦੇ ਮੁਕਾਮੇ ਹਕ ਬੈਠਾ ਹੋ ਜੁਦਾ, ਆਪਣਾ ਆਪ ਛੁਪਾਈਆ। ਸੋ ਕਲਜੁਗ ਅੰਤਮ ਆਪਣੇ ਭਗਤਾਂ ਉਤੋਂ ਹੋ ਫ਼ਿਦਾ, ਆਪਣਾ ਨਾਮ ਨਿਸ਼ਾਨ ਮਿਟਾਈਆ। ਗੁਰਮੁਖਾਂ ਰਾਹ ਵਖਾ ਸਿਧਾ, ਸਾਚੇ ਮਾਰਗ ਦਏ ਲਗਾਈਆ। ਨੀਹਾਂ ਹੇਠ ਦਬਾਏ ਅਠਾਰਾਂ ਸਿਧਾਂ, ਨੌ ਨਿਧਾਂ ਨਰਦ ਆਪਣੀ ਇਕ ਭਵਾਈਆ। ਬਿਨ ਤੀਰੋਂ ਗੁਰਮੁਖ ਹਿਰਦਾ ਵਿਧਾ, ਅਣਯਾਲਾ ਤੀਰ ਚਲਾਈਆ। ਜੇ ਕੋਈ ਗੁਰਮੁਖਾਂ ਕੋਲੋਂ ਪੁਛੇ ਹਰਿ ਜੂ ਕਿਡਾ, ਕੋਈ ਦੱਸ ਨਾ ਸਕੇ ਰਾਈਆ। ਜੇ ਕੋਈ ਹਰਿ ਜੂ ਕੋਲੋਂ ਪੁਛੇ ਗੁਰਸਿਖ ਕੇਡਾ, ਹਰਿ ਸਤਿਗੁਰ ਦਏ ਸਮਝਾਈਆ। ਮੇਰੇ ਨਾਲੋਂ ਬੜਾ ਵੱਡਾ, ਜਿਸ ਦੀ ਸੇਵਾ ਰਿਹਾ ਕਮਾਈਆ। ਮੈਂ ਆਦਿ ਜੁਗਾਦਿ ਬਾਲਾ ਨੱਢਾ, ਮੇਰੀ ਉਮਰ ਨਾ ਕੋਇ ਵਿਹਾਈਆ। ਮੈਂ ਮਿਲ ਕੇ ਭਗਤਾਂ ਆਪਣੀ ਖ਼ੁਸ਼ੀ ਦਾ ਪਾਇਆ ਗਿੱਧਾ, ਹੱਥ ਨਾਲ ਹੱਥ ਮਿਲਾਈਆ। ਮੈਂ ਨੀਹਾਂ ਹੇਠ ਰਖਾਇਆ ਆਪਣਾ ਪਿੰਡਾ, ਉਪਰ ਆਪਣੇ ਭਾਰ ਉਠਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਆਪਣਾ ਆਪ ਲਏ ਪਰਗਟਾਈਆ। ਆਪ ਪਰਗਟੇ ਭਗਤਾਂ ਸੰਗ, ਬਿਨ ਭਗਤਾਂ ਕੰਮ ਕਿਸੇ ਨਾ ਆਇਆ। ਹਰਿਜਨ ਚਾੜ੍ਹੇ ਆਪਣਾ ਰੰਗ, ਰੰਗ ਦਏ ਵਖਾਇਆ। ਗੁਰਮੁਖਾਂ ਕੋਲੋਂ ਮੰਗੇ ਮੰਗ, ਪ੍ਰਭ ਆਪਣੀ ਝੋਲੀ ਅੱਗੇ ਡਾਹਿਆ। ਆ ਦਵਾਰ ਨਾ ਜਾਣਾ ਸੰਗ, ਹਰਿ ਜੂ ਮੰਦਰ ਰਿਹਾ ਸੁਹਾਇਆ। ਜਨਮ ਜਨਮ ਦੀ ਕੱਟੋ ਭੁੱਖ ਨੰਗ, ਵੇਲਾ ਅੰਤਮ ਆਇਆ। ਜਿਸ ਮਿਲਿਆਂ ਪਏ ਠੰਡ, ਸੋ ਸਾਹਿਬ ਕਿਉਂ ਮਨੋਂ ਭੁਲਾਇਆ। ਜਿਸ ਵਿਛੜਿਆਂ ਹੋਏ ਰੰਡੇਪਾ ਰੰਡ, ਸੋ ਕੰਤ ਕਿਉਂ ਦਰ ਦੁਰਕਾਇਆ। ਜਿਨ੍ਹ ਤਾਰਨਾ ਜੀਓ ਪਿੰਡ, ਬ੍ਰਹਿਮੰਡ ਹੋਏ ਸਹਾਇਆ। ਸਦਾ ਦਿਆਲ ਸਦਾ ਬਖ਼ਸ਼ੰਦ, ਬਖ਼ਸ਼ਣਹਾਰ ਬੇਪਰਵਾਹਿਆ। ਜਿਸ ਨਾਲ ਰਲਾਇਆ ਗੁਜਰੀ ਚੰਦ, ਪੂਤ

ਸਪੂਤਾ ਸੰਗ ਵਖਾਇਆ । ਇਕੋ ਵਾਰ ਮੰਗੋ ਮੰਗ, ਸਾਚੀ ਝੋਲੀ ਦਏ ਭਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਾ ਆਪ ਸੁਹਾਇਆ । ਸਚ ਦਵਾਰਾ ਬਣੇ ਰਮਨੀਕ, ਹਰਿ ਰਾਮਾ ਆਪ ਬਣਾਈਆ । ਤਿਸ ਦਾ ਬਣੇ ਨਾ ਕੋਇ ਸ਼ਰੀਕ, ਲਾਸ਼ਰੀਕ ਇਕ ਖ਼ੁਦਾਈਆ । ਨਿਸ਼ਾਨ ਲਗਾਇਆ ਲਿਖ ਤਰੀਖ਼, ਉਂਨੀ ਕਤਕ ਮਾਣ ਵਡਿਆਈਆ । ਹਰਿ ਕਾ ਮਾਰਗ ਇਕ ਬਰੀਕ, ਕੋਈ ਚਲ ਨਾ ਸਕੇ ਰਾਈਆ । ਕੋਟਨ ਕੋਟ ਕਹਿੰਦੇ ਅਸੀਂ ਪਹੁੰਚੇ ਨਜ਼ੀਕ, ਪਾਂਧੀ ਪੰਧ ਸਕੇ ਨਾ ਕੋਇ ਮੁਕਾਈਆ । ਬਿਨ ਕਬੀਰ ਕਿਹਾ ਨਾ ਕਿਸੇ ਠੀਕ, ਬਿਨ ਨਾਨਕ ਮਿਲੀ ਨਾ ਕਿਸੇ ਸ਼ਰਨਾਈਆ । ਸਾਰੇ ਮੰਗਦੇ ਗਏ ਭੀਖ, ਅਗੇ ਆਪਣੀ ਝੋਲੀ ਡਾਹੀਆ । ਲੋਕਮਾਤ ਨਿਤ ਨਵਿਤ ਕਰਦੇ ਰਹੇ ਉਡੀਕ, ਕਵਣ ਵੇਲਾ ਦਰਸ਼ਨ ਦੇਵੇ ਸੱਚਾ ਮਾਹੀਆ । ਗੁਰ ਅਵਤਾਰ ਮੰਗਦੇ ਗਏ ਚਰਨ ਪ੍ਰੀਤ, ਅੱਠੇ ਪਹਿਰ ਧਿਆਨ ਲਗਾਈਆ । ਨੌ ਸੌ ਚੁਰਾਨਵੇਂ ਚੌਕੜੀ ਗਈ ਬੀਤ, ਗੇੜਾ ਗੇੜੇ ਨਾਲ ਭਵਾਈਆ । ਕਿਸੇ ਨੂੰ ਕਹਿ ਕੇ ਗਿਆ ਵੜਿਆ ਮੰਦਰ ਮਸੀਤ, ਮਠ ਸ਼ਿਵਦਵਾਲੇ ਕਿਸੇ ਨੂੰ ਰਿਹਾ ਫਿਰਾਈਆ । ਕਿਸੇ ਨੂੰ ਕਿਹਾ ਤੀਰਥ ਤਟ ਅੰਦਰ ਹੋਇਆ ਪੁਨੀਤ, ਪਤਿਤ ਆਪਣਾ ਰੂਪ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪਣੇ ਹੱਥ ਰਖਾਈਆ । ਕੋਈ ਕਹੇ ਮੇਰਾ ਠਾਕਰ, ਸਿਲ ਪੂਜਸ ਵਕਤ ਲੰਘਾਇਆ । ਕੋਈ ਕਹੇ ਮੇਰਾ ਕ਼ਾਦਰ, ਸਯਦਾ ਸੀਸ ਝੁਕਾਇਆ । ਕੋਈ ਕਹੇ ਮੈਨੂੰ ਦੇਵੇ ਆਦਰ, ਸਿਰ ਮੇਰੇ ਹੱਥ ਟਿਕਾਇਆ । ਕੋਈ ਕਹੇ ਧੰਨ ਧੰਨ ਗੁਰ ਤੇਗ਼ ਬਹਾਦਰ, ਜਿਸ ਆਪਣਾ ਸੀਸ ਭੇਟ ਚੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਭੇਵ ਦਏ ਖੁਲ੍ਹਾਇਆ । ਵਾਰ ਸੀਸ ਮੰਗੀ ਮੰਗ, ਆਪਣੇ ਅੱਗੇ ਝੋਲੀ ਡਾਹੀਆ । ਤੇਰਾ ਪਿਆਰ ਤੇਰਾ ਰੰਗ, ਮੇਰੀ ਧਾਰ ਤੇਰੀ ਸਰਨਾਈਆ । ਤੇਰਾ ਗੀਤ ਮੇਰਾ ਛੰਦ, ਮੇਰਾ ਛੰਦ ਤੇਰੀ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਆਪਾ ਤੇਰੀ ਝੋਲੀ ਪਾਈਆ । ਆਪਾ ਤੇਰੀ ਝੋਲੀ ਪਾਇਆ, ਮਾਪਾ ਜਗਤ ਤਜਾਇਆ । ਥਾਪਨ ਥਾਪਾ ਤੇਰੀ ਆਇਆ, ਸਾਚੀ ਸੇਵਾ ਇਕ ਰਖਾਇਆ । ਜੋਤੀ ਜਾਤਾ ਤੇਰਾ ਭੇਵ ਨਾ ਆਇਆ, ਨੂਰ ਨੁਰਾਨਾ ਡਗਮਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਿਰ ਰਹੇ ਤੇਰੀ ਛਾਇਆ । ਸਿਰ ਸਾਇਆ ਰਹੇ ਜਗਦੀਸ, ਏਕਾ ਮੰਗ ਮੰਗਾਈਆ । ਪੰਜ ਤਤ ਕਾਇਆ ਪੀਸਣ ਲਿਆ ਪੀਸ, ਆਪਣੀ ਸੇਵ ਕਮਾਈਆ । ਅੰਤਮ ਲੇਖੇ ਲੱਗਾ ਤੇਰੇ ਸੀਸ, ਤੇਰੀ ਝੋਲੀ ਪਾਈਆ । ਮੇਰਾ ਖ਼ਾਲੀ ਵੇਖ ਖੀਸ, ਨਾਲ ਵਸਤ ਨਾ ਕੋਇ ਰਖਾਈਆ । ਗੋਬਿੰਦ ਦੇ ਕੇ ਆਇਆ ਹਦੀਸ, ਏਕਾ ਕਰ ਪੜ੍ਹਾਈਆ । ਤੇਰੇ ਸਿਰ ਸੋਹੇ ਤਾਜ ਸੀਸ, ਜਗਦੀਸ਼ ਹੋਏ ਸਹਾਈਆ । ਤੇਰੀ ਕੋਈ ਨਾ ਕਰੇ ਰੀਸ, ਪ੍ਰਭ ਦੇਵੇ ਮਾਣ ਵਡਿਆਈਆ । ਤੇਰਾ ਲੇਖੇ ਲੱਗੇ ਜੀਤ, ਜੋ ਜਨ ਤੇਰੀ ਰੀਤ ਚਲਾਈਆ । ਤੇਰਾ ਫ਼ਤਹਿ ਡੰਕਾ ਵੱਜੇ ਮੰਦਰ ਮਸੀਤ, ਜੋਰਾਵਰ ਤੇਰਾ ਜ਼ੋਰ ਵਖਾਈਆ । ਤੇਰੀ ਰਤ ਬ੍ਰਹਮ ਮਤ ਕਰੇ ਠੰਡਾ ਸੀਤ, ਕਲਜੁਗ ਨੀਹਾਂ ਹੇਠ ਦਬਾਈਆ । ਸੁਤ ਦੁਲਾਰੇ ਰਹਿਣਾ ਅਤੀਤ, ਮੈਂ ਸੰਦੇਸ਼ਾ ਦੇਵਾਂ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਪੂਰੀ ਆਸ ਕਰਾਈਆ । ਤੇਗ਼ ਬਹਾਦਰ ਸਚ ਸੁਣਾਇਆ ਹਰਿ ਸੰਦੇਸ਼ਾ, ਏਕਾ ਵਾਰ ਵੱਜੀ ਵਧਾਈਆ । ਪੁਰਖ ਅਬਿਨਾਸ਼ੀ ਨਰ ਨਰੇਸ਼ਾ, ਆਪਣੀ ਦਇਆ ਕਮਾਈਆ । ਤੇਰਾ ਖੇਲ ਆਪੇ ਵੇਖਾ, ਆਪਣਾ ਖੇਲ ਕਰਾਈਆ । ਆਪੇ ਵਸਾਂ ਸਾਚੇ ਦੇਸਾ, ਪਰਦੇਸ

ਮੇਰੀ ਵਡਿਆਈਆ । ਆਦਿ ਜੁਗਾਦਿ ਮੇਰਾ ਪੇਸ਼ਾ, ਜੋ ਘੜਿਆ ਭੰਨ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਈਆ । ਆਪਣਾ ਭੇਵ ਖੋਲ੍ਹੇ ਕਰਤਾਰ, ਭਾਵੀ ਆਪਣੇ ਰੰਗ ਰੰਗਾਇੰਦਾ । ਕਲਜੁਗ ਆਏ ਅੰਤਮ ਵਾਰ, ਤੇਰਾ ਲਹਿਣਾ ਮੂਲ ਚੁਕਾਇੰਦਾ । ਡੰਕ ਵਜਾਏ ਵਿਚ ਸੰਸਾਰ, ਸਾਚਾ ਡੰਕਾ ਹੱਥ ਉਠਾਇੰਦਾ । ਕਰੇ ਖੇਲ ਅਪਰ ਅਪਾਰ, ਭੇਵ ਕਿਸੇ ਨਾ ਆਇੰਦਾ । ਬਲ ਦੇਵੇ ਆਪ ਬਲਧਾਰ, ਬਲ ਆਪਣਾ ਆਪ ਪਰਗਟਾਇੰਦਾ । ਵਲ ਛਲ ਖੇਲ ਕਰੇ ਨਿਰੰਕਾਰ, ਅਛਲ ਛਲ ਆਪਣੀ ਧਾਰ ਰਖਾਇੰਦਾ । ਜੋਧਾ ਸੂਰਬੀਰ ਬਲਕਾਰ, ਆਪਣਾ ਮਾਰਗ ਆਪ ਚਲਾਇੰਦਾ । ਤੇਰੀ ਰਤ ਕਰੇ ਪਿਆਰ, ਰਤ ਰਤ ਨਾਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਲਹਿਣਾ ਝੋਲੀ ਪਾਇੰਦਾ । ਤੇਰਾ ਲਹਿਣਾ ਅੰਤਮ ਦੇਣਾ, ਦੇਵਣਹਾਰਾ ਨਿਰੰਕਾਰਾ । ਤੂੰ ਹੀ ਮੰਨਿਆ ਮੇਰਾ ਕਹਿਣਾ, ਹੁਕਮੀ ਹੁਕਮ ਸਚ ਵਰਤਾਰਾ । ਅੰਤਮ ਵੇਖੀਂ ਆਪਣੇ ਨੈਣਾਂ, ਵਖਾਏ ਸਚ ਦਵਾਰਾ । ਲੱਖ ਚੁਰਾਸੀ ਤੇਰੇ ਮੰਦਰ ਬਹਿਣਾ, ਤੇਰਾ ਮੰਦਰ ਧਾਮ ਨਿਆਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਪਾਰਾ । ਖੇਲ ਅਪਾਰ ਹਰਿ ਕਰੌਣਾ, ਦੇਵੇ ਵਡ ਵਡਿਆਈਆ । ਸਚਖੰਡ ਦਵਾਰੇ ਤੇਰਾ ਸੰਗ ਨਿਭੌਣਾ, ਮਿਲ ਬਹਿ ਬਹਿ ਖ਼ੁਸ਼ੀ ਮਨਾਈਆ । ਛੋਟੇ ਬਾਲੇ ਨਾਲ ਰਖੌਣਾ, ਪਿਛਲਾ ਭੇਵ ਚੁਕਾਈਆ । ਪੰਜਾਂ ਏਕਾ ਹੁਕਮ ਸੁਣੌਣਾ, ਏਕਾ ਵਾਰ ਸਮਝਾਈਆ । ਮੰਗੋ ਮੰਗ ਜੋ ਘਰ ਭਉਣਾ, ਪੁਰਖ ਅਬਿਨਾਸ਼ੀ ਪੂਰ ਕਰਾਈਆ । ਮਿਲ ਮਿਲ ਸਭ ਨੇ ਸੀਸ ਝੁਕੌਣਾ, ਪ੍ਰਭ ਅਗੇ ਝੋਲੀ ਡਾਹੀਆ । ਆਪਣਿਆਂ ਭਗਤਾਂ ਦਰਸ ਕਰੌਣਾ, ਜਿਸ ਮਿਲਿਆਂ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਮ ਪੂਰੀ ਆਸ ਕਰਾਈਆ । ਕਲਜੁਗ ਅੰਤਮ ਪੂਰੀ ਕਰੇ ਆਸ, ਦੀਨ ਦਿਆਲ ਦਇਆ ਕਮਾਈਆ । ਭਗਤ ਦਵਾਰ ਕਰੇ ਪਰਕਾਸ਼, ਲੋਕਮਾਤ ਵੇਖ ਵਖਾਈਆ । ਨਿਰਗੁਣ ਬਣੇ ਦਾਸੀ ਦਾਸ, ਸਰਗੁਣ ਸਾਚੀ ਸੇਵ ਕਮਾਈਆ । ਸਾਚੇ ਗ੍ਰਿਹਿ ਕਰ ਕਰ ਵਾਸ, ਆਪਣਾ ਭੇਵ ਦਏ ਖੁਲ੍ਹਾਈਆ । ਪੂਰਬ ਲੇਖਾ ਰੱਖੇ ਯਾਦ, ਭੁਲ ਕਦੇ ਨਾ ਜਾਈਆ । ਲੇਖੇ ਲਾਏ ਕੀਤੀ ਫ਼ਰਯਾਦ, ਫ਼ਰਮਾਬਰਦਾਰ ਬਣੇ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰ ਦਏ ਵਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਨਾਉਂ ਰਖਾਈਆ । ਕਲਜੁਗ ਕਾਇਆ ਕਰਨੀ ਪਧਰ, ਗੁਰਮੁਖਾਂ ਦਏ ਵਡਿਆਈਆ । ਤੇਰੀ ਪੂਰੀ ਕਰਨੀ ਪਿਛਲੀ ਸਧਰ, ਪੂਰਬ ਜਨਮ ਜੋ ਮੰਗ ਮੰਗਾਈਆ । ਬਿਨ ਡਿਠਿਆਂ ਵੜਿਆ ਅੰਦਰ, ਆਪਣੀ ਖੇਲ ਵਖਾਈਆ । ਸ੍ਰਿਸ਼ਟੀ ਵੇਖੇ ਹੋਈ ਖੰਡਰ, ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰ ਚਲਾਈਆ । ਚਾਰ ਬਲਦ ਚਾਰ ਜੁਗ, ਨਾਮ ਪੰਜਾਲੀ ਉਤੇ ਟਿਕਾਈਆ । ਜਗਤ ਕੁਕਰਮ ਕਰਾਹਾ ਪਿਛੇ ਰਖਿਆ ਚੁੱਕ, ਤੰਦ ਤੰਦ ਨਾਲ ਬੰਧਾਈਆ । ਅੱਗੇ ਪਿਛੇ ਰਖਿਆ ਰੁਖ਼, ਫਿਰੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਇਕ ਲਗਾਈਆ । ਥੱਲੇ ਜੁਤਾ ਹਰਿ ਜੀ ਕਲਜੁਗ, ਗੁਰਸਿਖ ਉਤੋਂ ਆਪ ਦਬਾਇੰਦਾ । ਸੱਜੇ ਪਾਸੇ ਲੱਗਾ ਸਤਿਜੁਗ, ਬਣ ਸੁਆਣੀ ਸੇਵ ਕਮਾਇੰਦਾ । ਸਭ ਦੀ ਔਧ ਵਾਰੋ ਵਾਰੀ ਗਈ ਮੁੱਕ, ਚਾਰੇ ਕਰਕੇ ਕੱਠੇ ਗੁਰਸਿਖਾਂ ਮੰਦਰ ਹੇਠ ਡਾਹਿੰਦਾ । ਗੁਰਸਿਖ ਭਾਰ ਲੈਣ ਚੁੱਕ, ਸਾਚੀ ਸੇਵਾ ਇਕ ਸਮਝਾਇੰਦਾ । ਬਿਨ ਰੂਪ ਜੋ ਰਹੇ ਲੁਕ, ਇਟਾਂ ਗਾਰੇ ਨਾਲ ਪਰਗਟਾਇੰਦਾ । ਕਰ ਕੁਕਰਮ ਜੋ ਗਏ ਸੁਕ, ਹਰੇ

ਬੂਟੇ ਫੇਰ ਕਰਾਇੰਦਾ । ਚਾਰ ਜੁਗ ਗੁਰਮੁਖਾਂ ਦਾ ਔਂਦਿਆਂ ਵੇਖਣ ਮੁਖ, ਜੋ ਮੁਖ ਹਰਿ ਜੂ ਦਰਸ਼ਨ ਪਾਇੰਦਾ । ਧੰਨ ਭਾਗ ਸਫ਼ਲ ਹੋਏ ਧਰਤ ਮਾਤ ਦੀ ਕੁੱਖ, ਪੁਰਖ ਅਬਿਨਾਸ਼ੀ ਜਨ ਭਗਤਾਂ ਮਹੱਲ ਆਪ ਬਣਾਇੰਦਾ । ਗੋਬਿੰਦ ਸੁਖਣਾ ਗਿਆ ਸੁਖ, ਅੰਤਮ ਏਕਾ ਮੰਗ ਮੰਗਾਇੰਦਾ । ਕਵਣ ਵੇਲਾ ਆਏ ਮਾਤ ਹਰਿ ਜੂ ਭਗਤਾਂ ਕਰੇ ਪੁਛ, ਆਪ ਆਪਣੇ ਗਲੇ ਲਗਾਇੰਦਾ । ਮੇਰਾ ਬੂਟਾ ਨਾ ਜਾਏ ਸੁੱਕ, ਹਰੀ ਸਿੰਚ ਕਿਆਰੀ ਆਪ ਕਰਾਇੰਦਾ । ਮੈਂ ਵੀ ਨਾਲ ਚਲ ਕੇ ਆਵਾਂ ਛੋਟਾ ਪੁੱਤ, ਸਦਾ ਛੋਟਿਆਂ ਉਂਗਲੀ ਨਾਲ ਲਗਾਇੰਦਾ । ਸਿੰਘ ਆਤਮਾ ਕਲਜੁਗ ਨੂੰ ਰੱਜ ਰੱਜ ਕੁੱਟ, ਤੇਰੇ ਹੱਥ ਨਾਮ ਡੰਡਾ ਇਕ ਫੜਾਇੰਦਾ । ਪੌਣਾ ਭਾਰ ਨਾ ਸਕੇ ਉਠ, ਦੋਹਾਂ ਹੱਥਾਂ ਨਾਲ ਦਬਾਇੰਦਾ । ਖੜੋਤਿਆਂ ਜ਼ੋਰ ਨਾ ਲੱਗੇ ਤੇ ਉਤੇ ਜਾਣਾ ਝੁਕ, ਸਤਿਗੁਰ ਸਾਚਾ ਰਾਹ ਬਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਕਰਾਹ ਬੇਪਰਵਾਹ ਬੇਵਸਾਹ ਆਪ ਫਿਰਾਇੰਦਾ ।

### ★ ੨੭ ਕੱਤਕ ੨੦੧੮ ਬਿਕ੍ਰਮੀ ਜੇਠੂਵਾਲ ਦਰਬਾਰ ਵਿਚ ★

ਹਰਿਜਨ ਸਦਾ ਇਕ ਆਸ਼ੀਰ, ਆਸਰਾ ਨਾਮ ਜਣਾਈਆ । ਭਗਤ ਭਗਵੰਤ ਬਦਲ ਤਕਦੀਰ, ਤਦਬੀਰ ਇਕ ਸਮਝਾਈਆ । ਤ੍ਰੈਗੁਣ ਮਾਇਆ ਕੱਟ ਜ਼ੰਜੀਰ, ਅੰਮ੍ਰਿਤ ਜਾਮ ਪਿਆਈਆ । ਜਗਤ ਵਿਛੋੜਾ ਕੱਟ ਭੀੜ, ਸਾਚੇ ਰਾਹ ਚਲਾਈਆ । ਚੋਟੀ ਚਾੜ੍ਹੇ ਫੜ ਅਖ਼ੀਰ, ਆਖ਼ਰ ਆਪਣਾ ਮੇਲ ਮਿਲਾਈਆ । ਦਰਸ ਦਿਖਾਏ ਬੇਨਜ਼ੀਰ, ਨਜ਼ਰ ਨਜ਼ਰ ਨਾਲ ਮਿਲਾਈਆ । ਜਿਸ ਜਨ ਦੇਵੇ ਆਪ ਆਸ਼ੀਰ, ਵਾਦ ਵਿਵਾਦ ਰਹੇ ਨਾ ਰਾਈਆ । ਮਿਹਰਵਾਨ ਵਡ ਪੀਰਨ ਪੀਰ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਏਕੰਕਾਰਾ ਕਿਆ ਜਾਣੇ ਜਗਤ ਹਕੀਰ, ਜੁਗ ਜੁਗ ਵੇਸ ਵਟਾਈਆ । ਭਗਤ ਭਗਵੰਤ ਦੇਵੇ ਧੀਰ, ਸਤਿ ਸੰਤੋਖ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਅਸ਼ੀਰ ਇਕ ਵਖਾਈਆ । ਮਿਲੇ ਆਸ਼ੀਰ ਹਰਿ ਹਰਿ ਰੰਗ, ਰੰਗ ਰੰਗੀਲਾ ਆਪ ਚੜ੍ਹਾਇੰਦਾ । ਹਰਿਜਨ ਮੰਗੇ ਇਕੋ ਮੰਗ, ਆਤਮ ਪਰਮਾਤਮ ਖੇਲ ਖਿਲਾਇੰਦਾ । ਕਾਇਆ ਅੰਦਰ ਸਚ ਪਲੰਘ, ਸਚ ਮਹੱਲ ਆਪ ਸੁਹਾਇੰਦਾ । ਅਨਹਦ ਅਨਾਦੀ ਇਕ ਮਰਦੰਗ, ਬਿਨ ਤਾਰ ਸਤਾਰ ਵਜਾਇੰਦਾ । ਲੇਖਾ ਜਾਣੇ ਜੀਉ ਪਿੰਡ ਬ੍ਰਹਿਮੰਡ, ਇੰਡ ਆਪਣੀ ਖੇਲ ਖਿਲਾਇੰਦਾ । ਅੰਮ੍ਰਿਤ ਧਾਰ ਵਹਾਏ ਸਾਗਰ ਸਿੰਧ, ਰਸ ਰਸੀਆ ਇਕ ਚਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਆਸ਼ੀਰ ਇਕ ਵਖਾਇੰਦਾ । ਇਕ ਆਸ਼ੀਰ ਏਕਾ ਘਰ, ਆਦਿ ਜੁਗਾਦਿ ਸਮਾਈਆ । ਇਕੋ ਦੇਵਣਹਾਰਾ ਵਰ, ਵਰ ਦਾਤਾ ਬੇਪਰਵਾਹੀਆ । ਜਨ ਭਗਤਾਂ ਰੱਖੇ ਖੁਲ੍ਹਾ ਦਰ, ਦਰ ਦਰਵਾਜ਼ਾ ਇਕ ਖੁਲ੍ਹਾਈਆ । ਜਗਤ ਵਿਕਾਰ ਚੁੱਕੇ ਡਰ, ਲੋਭ ਹੰਕਾਰ ਨਾ ਕੋਇ ਜਣਾਈਆ । ਇਕ ਜਣਾਏ ਸਚ ਪਿਆਰ, ਪ੍ਰੇਮ ਪਿਆਰ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਅਸ਼ੀਰ ਇਕ ਰਖਾਈਆ । ਸਚ ਅਸ਼ੀਰ ਅਸ਼ੀਰਵਾਦ, ਵਾਦ ਵਿਵਾਦ ਮੇਟ ਮਿਟਾਇੰਦਾ । ਜਗਤ ਵਾਸਨਾ ਲੇਵੇ ਕਾਢ, ਸਾਚਾ ਸੰਗ ਨਿਭਾਇੰਦਾ । ਸਦਾ ਸੁਹੇਲਾ ਕਰੇ ਲਾਡ, ਗੋਦ ਗੋਦੀ ਆਪ ਬਹਾਇੰਦਾ । ਜਨ ਜਨ ਜਨ ਸੁਣੇ ਫ਼ਰਯਾਦ, ਭੇਵ ਅਭੇਦ ਆਪ ਖੁਲ੍ਹਾਇੰਦਾ ।

ਦੇਵਣਹਾਰਾ ਇਕੋ ਦਾਦ, ਅਤੁਟ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਅਸ਼ੀਰ ਇਕ ਜਣਾਇੰਦਾ । ਅਸ਼ੀਰਵਾਦ ਮਿਲੇ ਹਰਿ ਨਾਉਂ, ਹਰਿ ਨਾਮਾ ਘਰ ਘਰ ਪਾਇਆ । ਸਾਚਾ ਵਸੇ ਨਗਰ ਖੇੜਾ ਗਰਾਉਂ, ਗ੍ਰਿਹ ਮੰਦਰ ਇਕ ਸੁਹਾਇਆ । ਹਰਿਜਨ ਕਰੇ ਸਚ ਨਿਆਉਂ, ਜੂਠ ਝੂਠ ਮੋਹ ਚੁਕਾਇਆ । ਸਦਾ ਸੁਹੇਲਾ ਸਿਰ ਰਖੇ ਠੰਡੀ ਛਾਉਂ, ਸਮਰਥ ਆਪਣੀ ਦਇਆ ਕਮਾਇਆ । ਆਪ ਉਠਾਏ ਫੜ ਫੜ ਬਾਂਹੋ, ਲੋਕਮਾਤ ਦਏ ਵਡਿਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੇ ਰੰਗ ਰੰਗਾਇਆ । ਰੰਗ ਰੰਗਾਏ ਹਰਿ ਨਿਰੰਕਾਰ, ਨਿਰਗੁਣ ਆਪਣੀ ਦਇਆ ਕਮਾਈਆ । ਵਸਤ ਅਮੋਲਕ ਝੋਲੀ ਦੇਵੇ ਡਾਰ, ਅਤੋਟ ਅਤੁਟ ਰਖਾਈਆ । ਲੱਖ ਚੁਰਾਸੀ ਵੇਖ ਵਿਚਾਰ, ਗੁਰਮੁਖ ਸੱਜਣ ਲਏ ਮਿਲਾਈਆ । ਬਿਨ ਡਿਠਿਆਂ ਕਰੇ ਪਿਆਰ, ਅਨਡਿਠ ਆਪਣਾ ਰੰਗ ਵਖਾਈਆ । ਆਤਮ ਸੇਜਾ ਸੁਹਾਏ ਬੰਕ ਦਵਾਰ, ਬੰਕ ਦਵਾਰੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਆਸ਼ੀਰ ਏਕਾ ਵਾਰ ਝੋਲੀ ਪਾਈਆ । ਪ੍ਰਿੰਸੀਪਲ ਦਾ ਇਕੋ ਪਰਿਨਸੀਪਲ, ਪੁਰਖ ਅਬਿਨਾਸ਼ੀ ਆਪ ਜਣਾਇੰਦਾ । ਕਾਇਆ ਮੰਦਰ ਅੰਦਰ ਰੱਖਣਾ ਆਤਮ ਬਲ, ਮਨ ਮਨਸਾ ਸਰਬ ਮਿਟਾਇੰਦਾ । ਆਦਿ ਜੁਗਾਦਿ ਅਬਿਨਾਸ਼ੀ ਕਰਤਾ ਅਛਲ ਅਛੱਲ, ਵਲ ਛਲ ਆਪਣੀ ਖੇਲ ਖਿਲਾਇੰਦਾ । ਜੋਤੀ ਜਾਤਾ ਜੋਤੀ ਬਹੇ ਰਲ, ਦਿਸ ਕਿਸੇ ਨਾ ਆਇੰਦਾ । ਬਿਨ ਅਗਨੀ ਦੀਪਕ ਜਾਏ ਬਲ, ਅਗਿਆਨ ਅੰਧੇਰ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਿਨਸੀਪਲ ਇਕ ਵਖਾਇੰਦਾ । ਪ੍ਰਿੰਸੀਪਲ ਹਰਿ ਕਾ ਦਵਾਰਾ, ਏਕਾ ਘਰ ਵਖਾਈਆ । ਰਾਜ ਮਹੱਲ ਉਚ ਮੁਨਾਰਾ, ਰਾਜ ਜੋਗ ਵਡਿਆਈਆ । ਜਗਤ ਵਿਦਿਆ ਖੇਲ ਨਿਆਰਾ, ਭਗਤ ਵਿਦਿਆ ਬਿਨ ਅੱਖਰ ਕਰੇ ਪੜ੍ਹਾਈਆ । ਲਿਖਣ ਪੜ੍ਹਨ ਤੋਂ ਵਸੇ ਬਾਹਰਾ, ਰੂਪ ਰੰਗ ਰੇਖ ਨਾ ਕੋਇ ਜਣਾਈਆ । ਜਿਸ ਜਨ ਖੋਲੇ ਬੰਦ ਕਿਵਾੜਾ, ਆਪਣਾ ਰਾਹ ਵਖਾਈਆ । ਵਾ ਨਾ ਲੱਗੇ ਤੱਤੀ ਹਾੜਾ, ਅਗਨੀ ਰੂਪ ਨਾ ਕੋਇ ਵਟਾਈਆ । ਅੰਮ੍ਰਿਤ ਬਰਸੇ ਠੰਡੀ ਠਾਰਾ, ਸੀਤਲ ਧਾਰ ਵਹਾਈਆ । ਪੜ੍ਹ ਪੜ੍ਹ ਜਗਤ ਨਾ ਮਿਲਿਆ ਕੋਇ ਕਿਨਾਰਾ, ਪੜ੍ਹ ਪੜ੍ਹ ਥੱਕੀ ਸਰਬ ਲੋਕਾਈਆ । ਜਿਸ ਜਨ ਕਿਰਪਾ ਕਰੇ ਆਪ ਗਿਰਧਾਰਾ, ਗਿਰਵਰ ਆਪਣੀ ਦਇਆ ਕਮਾਈਆ । ਨੇਤਰ ਲੋਚਣ ਨੈਣ ਖੋਲ੍ਹੇ ਆਪਣੀ ਧਾਰਾ, ਅਗਿਆਨ ਅੰਧੇਰ ਮਿਟਾਈਆ । ਹਰਿ ਕਾ ਅੱਖਰ ਜਿਸ ਵਿਚਾਰਾ, ਮਿਲ ਹਰਿ ਹਰਿ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਰ ਭੇਵ ਦਏ ਜਣਾਈਆ । ਅੰਤਰ ਭੇਵ ਮਨ ਉਮੰਗ, ਮਨ ਮਮਤਾ ਰਹੀ ਕੁਰਲਾਈਆ । ਜਗਤ ਵਾਸਨਾ ਲੱਗਾ ਜੰਗ, ਅੱਠੇ ਪਹਿਰ ਲੜਾਈਆ । ਬਿਨ ਨੌਬਤ ਵੱਜੇ ਮਰਦੰਗ, ਮਨ ਮਨੂਆ ਰਿਹਾ ਵਜਾਈਆ । ਸੁਰਤੀ ਹੋਈ ਭੰਗ, ਹਰਿ ਕਾ ਰਾਹ ਨਾ ਕੋਇ ਵਖਾਈਆ । ਬਿਨ ਹਰਿ ਦਰਸ ਨਾ ਆਏ ਪਰਮਾਨੰਦ, ਨਿਜਾਨੰਦ ਨਾ ਕੋਇ ਰਸਾਈਆ । ਪੜ੍ਹ ਪੜ੍ਹ ਥੱਕੇ ਬੱਤੀ ਦੰਦ, ਰਸਨਾ ਜਿਹਵਾ ਨਾਲ ਮਿਲਾਈਆ । ਵੇਖ ਵੇਖ ਤੱਕੇ ਸੂਰਜ ਚੰਦ, ਕਾਇਆ ਮੰਦਰ ਅੰਦਰ ਹੋਏ ਨਾ ਕਿਸੇ ਰੁਸ਼ਨਾਈਆ । ਜਿਸ ਜਨ ਸਾਹਿਬ ਸਤਿਗੁਰ ਸੁਣਾਏ ਏਕਾ ਛੰਦ, ਗੀਤ ਸੁਹਾਗੀ ਆਪ ਜਣਾਈਆ । ਖ਼ੁਸ਼ੀ ਕਰਾਏ ਬੰਦ ਬੰਦ, ਬੰਦੀਖ਼ਾਨਾ ਤੋੜ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਤਮ ਵਾਸਨਾ ਦਏ ਬੁਝਾਈਆ । ਮਨ ਵਾਸਨਾ ਮਨ ਮਨ ਰੰਗ, ਮਨ ਮਤੀ ਜਗਤ ਰੰਗਾਇਆ । ਬੁਧੀ ਹੋਈ ਅੰਤਮ ਨੰਗ, ਪਰਦਾ ਸੀਸ ਨਾ ਕੋਇ ਟਿਕਾਇਆ । ਬਿਨ ਸਤਿਗੁਰ ਪੂਰੇ ਕੋਇ ਨਾ ਦੇਵੇ

ਸੱਚਾ ਅਨੰਦ, ਨਿਝਰ ਝਿਰਨਾ ਨਾ ਕੋਇ ਝਿਰਾਇਆ । ਘਰ ਵਿਚ ਮੰਦਰ ਘਰ ਵਿਚ ਧਾਰ ਘਰ ਵਿਚ ਵਹੇ ਸਾਚੀ ਗੰਗ, ਹਰੀ ਦਵਾਰ ਘਰ ਬਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਵਖਾਏ ਸਾਚਾ ਦਰ, ਦਰ ਦਰਵਾਜ਼ਾ ਦਏ ਖੁਲ੍ਹਾਇਆ । ਦਰ ਦਰਵਾਜ਼ਾ ਕਾਇਆ ਅੰਦਰ, ਅੰਦਰੇ ਅੰਦਰ ਆਪ ਲਗਾਇਆ । ਹਰਿ ਕਾ ਨਾਉਂ ਪੜ੍ਹ ਵੇਖਣਾ ਮੰਦਰ, ਹਰਿ ਮੰਦਰ ਰਿਹਾ ਸੁਹਾਇਆ । ਆਪੇ ਤੋੜੇ ਲੱਗਾ ਜੰਦਰ, ਨਾਮ ਹਥੌੜਾ ਇਕ ਲਗਾਇਆ । ਮਨ ਮਨੂਆ ਦਹਿ ਦਿਸ਼ ਨਾ ਉਠ ਉਠ ਧਾਏ ਬੰਦਰ, ਜਗਤ ਵਾਸਨਾ ਬੰਦ ਕਰਾਇਆ । ਭਾਗ ਲਗਾਏ ਡੂੰਘੀ ਕੰਦਰ, ਜੋਤੀ ਜੋਤ ਕਰ ਰੁਸ਼ਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਤਮ ਵਾਸਨਾ ਪੂਰ ਕਰਾਇਆ । ਮਨ ਵਾਸਨਾ ਬਹੁ ਬਿਧ ਭਾਂਤ, ਛਿਨ ਛਿਨ ਰੂਪ ਵਟਾਈਆ । ਹਰਿਜਨ ਬਹੇ ਇਕ ਇਕਾਂਤ, ਏਕਾ ਹਰਿ ਲਿਵ ਲਾਈਆ । ਹਰਿ ਜੂ ਵਸੇ ਇਕ ਪਰਾਂਤ, ਏਕਾ ਰਾਸ਼ਟਰ ਰਿਹਾ ਸਮਝਾਈਆ । ਜੋ ਜਨ ਵੇਖੇ ਮਾਰ ਝਾਤ, ਤਿਸ ਆਪਣੀ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਹਰਿਜਨ ਦਏ ਚੜ੍ਹਾਈਆ । ਜਗਤ ਅਸ਼ਾਨਤੀ ਹੋਏ ਦੂਰ, ਮਨ ਚਿੰਤਾ ਰਹਿਣ ਨਾ ਪਾਈਆ । ਕਰਿਆ ਦਰਸ ਹਾਜ਼ਰ ਹਜ਼ੂਰ, ਹਰਿ ਦੁਖੜਾ ਦਏ ਮਿਟਾਈਆ । ਆਸਾ ਮਨਸਾ ਪੂਰੀ ਹੋਏ ਜ਼ਰੂਰ, ਜ਼ਰੂਰਤ ਕੋਇ ਰਹਿਣ ਨਾ ਪਾਈਆ । ਘਰ ਭੰਡਾਰ ਕਰੇ ਭਰਪੂਰ, ਏਕਾ ਭਿਛਿਆ ਦਏ ਵਰਤਾਈਆ । ਬਿਨ ਗਵਾਹਾਂ ਮੁਆਫ਼ ਕਰੇ ਕ਼ਸੂਰ, ਜਿਸ ਜਨ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਜਗਤ ਅਸ਼ਾਨਤੀ ਜਾਏ ਨੱਸ, ਆਪਣਾ ਪੰਧ ਮੁਕਾਈਆ । ਘਰ ਵਿਚ ਮਿਲੇ ਸਾਚਾ ਰਸ, ਸੁਖ ਸਹਿਜ ਸਹਿਜ ਵਖਾਈਆ । ਨਾਮ ਨਿਧਾਨਾ ਤੀਰ ਮਾਰੇ ਕਸ, ਜਗਤ ਔਖਦ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ੰਕਟ ਗ੍ਰਿਹਿ ਲੇਖਾ ਦਏ ਚੁਕਾਈਆ । ਆਗਿਆ ਵਿਚ ਆਗਿਆਕਾਰ, ਡੋਰ ਭਗਤਾਂ ਹੱਥ ਫੜਾਈਆ । ਭਗਤਾਂ ਦੀ ਪ੍ਰਭ ਕੱਢਣ ਆਏ ਵਗਾਰ, ਲੋਕਮਾਤ ਵੇਸ ਵਟਾਈਆ । ਆਪਣਾ ਕਾਰਜ ਜਾਏ ਵਿਗਾੜ, ਜਨ ਭਗਤਾਂ ਵਿਗੜੇ ਕਾਰਜ ਠੀਕ ਕਰਾਈਆ । ਆਪੇ ਫਿਰੇ ਪਿਛੇ ਅਗਾੜ, ਨਿਰਗੁਣ ਸਰਗੁਣ ਰੂਪ ਵਟਾਈਆ । ਜਿਉਂ ਹਰਨਾਕਸ਼ ਚਬਾਇਆ ਆਪਣੀ ਦਾੜ੍ਹ, ਪ੍ਰਹਿਲਾਦ ਹੋਇਆ ਸਹਾਈਆ । ਹਰਿਜਨ ਕਦੇ ਨਾ ਆਵੇ ਹਾਰ, ਜਿਸ ਏਕਾ ਓਟ ਰਖਾਈਆ । ਫੜ ਬਾਹੋਂ ਕਰੇ ਪਾਰ, ਵੇਖੇ ਖੇਲ ਯੁਧ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਖ਼ੁਸ਼ੀ ਮਨਾਈਆ । ਦੁਖ ਦਰਦ ਜਾਏ ਲਥ, ਇਕੋ ਸੋਹੰ ਨਾਮ ਧਿਆਇਆ । ਕਾਇਆ ਚਲੇ ਸਾਚਾ ਰਥ, ਰਥ ਰਥਵਾਹੀ ਸੇਵ ਕਮਾਇਆ । ਸਗਲ ਵਿਸੂਰੇ ਜਾਇਣ ਲਥ, ਚਿੰਤਾ ਰੋਗ ਦਏ ਮਿਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਾਲੀ ਬਾਲਾ ਲਏ ਤਰਾਇਆ । ਸਾਚੀ ਸਰਧਾ ਭਗਤ ਵਸਤ, ਭਗਵਾਨ ਆਪਣੀ ਝੋਲੀ ਪਾਈਆ । ਜੁਗ ਜੁਗ ਜਨ ਭਗਤਾਂ ਅਗੇ ਫਿਰੇ ਦਸਤ ਬਦਸਤ, ਆਪਣੀ ਸੇਵ ਕਮਾਈਆ । ਲੇਖਾ ਜਾਣੇ ਕੀਟ ਹਸਤ, ਜ਼ਾਤ ਪਾਤ ਊਚ ਨੀਚ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸ਼ਰਧਾ ਇਕ ਰਖਾਈਆ । ਸਾਚੀ ਸ਼ਰਧਾ ਹਰਿਜਨ ਪਿਆਰਾ, ਪ੍ਰੇਮ ਪ੍ਰੇਮ ਨਾਲ ਬੰਧਾਈਆ । ਪਾਰਬ੍ਰਹਮ ਪ੍ਰਭ ਬਣਿਆ ਰਹੇ ਵਣਜਾਰਾ, ਜਨ ਭਗਤ ਦਵਾਰੇ ਫੇਰਾ ਪਾਈਆ । ਆਵੇ ਜਾਵੇ ਵਿਚ ਸੰਸਾਰਾ, ਜੁਗ ਜੁਗ ਵੇਸ ਵਟਾਈਆ । ਗੁਰਮੁਖ ਵਿਰਲਾ

੧੪੬੭
੧੦

ਮਿਲੇ ਆਪਣੀ ਵਾਰਾ, ਲੱਖ ਚੁਰਾਸੀ ਦਿਸ ਕਿਸੇ ਨਾ ਆਈਆ । ਸਾਚੀ ਸ਼ਰਧਾ ਹਰਿ ਕਾ ਭਰੇ ਭੰਡਾਰਾ, ਹਰਿ ਇਕੋ ਆਸ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਵਸਤ ਆਪਣੀ ਝੋਲੀ ਪਾਈਆ ।

ਪਠਾਨਕੋਟ ਵਸਣ ਕਈ ਹਜ਼ਾਰ, ਗਿਣਤੀ ਗਣਤ ਵਿਚ ਨਾ ਆਈਆ । ਅਮੀਰ ਗ਼ਰੀਬ ਰੋਵਣ ਜ਼ਾਰੋ ਜ਼ਾਰ, ਧੀਰਜ ਧੀਰ ਨਾ ਕੋਇ ਧਰਾਈਆ । ਮੰਦਰ ਗੁਰਦਵਾਰੇ ਵੇਖ ਵੇਖ ਕਰਨ ਵਿਚਾਰ, ਹਰਿ ਜੂ ਨਜ਼ਰ ਕਿਸੇ ਨਾ ਆਈਆ । ਪੂਜਾ ਪਾਠ ਕਰ ਕਰ ਕਰਨ ਨਿਮਸਕਾਰ, ਨਿਉਂ ਨਿਉਂ ਆਪਣਾ ਸੀਸ ਝੁਕਾਈਆ । ਤਿਲਕ ਲਲਾਟੀ ਕਰ ਸ਼ੰਗਾਰ, ਮਸਤਕ ਰੇਖਾ ਰਹੇ ਬਦਲਾਈਆ । ਗਲ ਪਾ ਪਾ ਫੂਲਨ ਹਾਰ, ਤਨ ਸੁਗੰਧੀ ਰਹੇ ਚੜ੍ਹਾਈਆ । ਹਰਿ ਭਗਤ ਇਕੋ ਮੰਗੇ ਹਰਿ ਕਾ ਦਰਸ ਦੀਦਾਰ, ਬਿਨ ਡਿਠਿਆਂ ਚੈਨ ਨਾ ਆਈਆ । ਹਰਿ ਜੂ ਆਏ ਚਲ ਦਵਾਰ, ਨਿਰਗੁਣ ਸਰਗੁਣ ਰੂਪ ਵਟਾਈਆ । ਪਠਾਨਕੋਟ ਕੋਟ ਵੇਖੇ ਸੰਸਾਰ, ਹਰਿਜਨ ਕਾਇਆ ਕੋਟ ਨਜ਼ਰ ਕਿਸੇ ਨਾ ਆਈਆ । ਜਿਸ ਜਨ ਅੰਦਰ ਵੜਿਆ ਆਪ ਮੁਰਾਰ, ਮੁਰਲੀ ਆਪਣਾ ਨਾਮ ਵਜਾਈਆ । ਮੁੰਕਦ ਮਨੋਹਰ ਲਖ਼ਮੀ ਨਰਾਇਣ ਕਰ ਸ਼ੰਗਾਰ, ਮੁਕਟ ਸੀਸ ਜਗਦੀਸ ਟਿਕਾਈਆ । ਜਿਉਂ ਬਿਪਰ ਸੁਦਾਮੇ ਕਰਿਆ ਪਿਆਰ, ਆਪ ਆਪਣੇ ਗਲੇ ਲਗਾਈਆ । ਤਿਉਂ ਕਾਇਆ ਕੋਟ ਕਰ ਵਿਚਾਰ, ਵਿਭਚਾਰ ਦਏ ਮਿਟਾਈਆ । ਰਾਤੀਂ ਸੁਤਿਆਂ ਦਏ ਦੀਦਾਰ, ਨੂਰ ਬਾਤਨ ਰੂਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣਾ ਖੇਲ ਵਖਾਈਆ । ਅੱਠ ਗ੍ਰਹਿ ਅੱਠ ਤਤ ਸੰਗ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਨਾਲ ਰਲਾਈਆ । ਕਰੇ ਖੇਲ ਸੂਰਾ ਸਰਬੰਗ, ਬੇਅੰਤ ਬੇਪਰਵਾਹੀਆ । ਆਪੇ ਜਾਣੇ ਆਪਣਾ ਰੰਗ, ਦੋ ਜਹਾਨ ਵੇਖ ਵਖਾਈਆ । ਜੁਗ ਜੁਗ ਮਨਮੁਖਤਾ ਦੇਂਦਾ ਆਇਆ ਦੰਡ, ਆਪ ਆਪਣੀ ਬਿਧ ਬਣਾਈਆ । ਲੱਖ ਚੁਰਾਸੀ ਕੁਰਲਾਏ ਵਿਚ ਨਵਖੰਡ, ਸੱਤ ਦੀਪ ਰਿਹਾ ਕੁਰਲਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਛੱਬੀ ਪੋਹ ਵੰਡੇ ਸਾਚੀ ਵੰਡ, ਚਾਰ ਜੁਗ ਦੇ ਤੇਈ ਅਵਤਾਰ ਭਗਤ ਅਠਾਰਾਂ ਨਾਲ ਆਧਾਰ, ਦਰ ਮੰਗਾਏ ਗੁਰੂ ਦਸ ਹੁਕਮੀ ਹੁਕਮ ਵਰਤਾਰ, ਈਸਾ ਮੂਸਾ ਸੰਗ ਮੁਹੰਮਦ ਕਰੇ ਖ਼ਬਰਦਾਰ, ਸ਼ਬਦ ਸੰਦੇਸ਼ਾ ਇਕ ਜਣਾਈਆ । ਅਠ ਗ੍ਰਹਿ ਪਾਵੇ ਸਾਰ, ਭਾਣਾ ਸਹੇ ਸਰਬ ਨਿਰੰਕਾਰ, ਬਿਨ ਭਾਣੇ ਬਚਿਆ ਕੋਇ ਰਹਿਣ ਨਾ ਪਾਈਆ । ਸੂਰਜ ਚੰਨ ਕਰਨ ਵਿਚਾਰ, ਮੰਗਲ ਬੁਧ ਰਹੇ ਧਾਹਾਂ ਮਾਰ, ਬ੍ਰਹਿਸਪਤ ਆਪਣੀ ਮੰਨੇ ਹਾਰ, ਸ਼ੁਕਰ ਉਠੇ ਬਲਧਾਰ, ਸ਼ਨੀ ਵੇਖੇ ਸਚ ਅਖਾੜ, ਵਾਹ ਵਾ ਹਰਿ ਜੂ ਖੇਲ ਖਿਲਾਈਆ । ਜਿਉਂ ਭਾਵੇ ਤਿਉਂ ਕਰੇ ਕਰਤਾਰ, ਡੋਰ ਭਗਤਾਂ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਈਆ । ਭਗਤ ਦਵਾਰਾ ਰਿਹਾ ਬਣ, ਪੁਰਖ ਅਬਿਨਾਸ਼ੀ ਆਪ ਬਣਾਇੰਦਾ । ਸੇਵਾ ਲਾਏ ਗੰਧਰਬ ਗਣ, ਕਰੋੜ ਤੇਤੀਸਾ ਸੰਗ ਰਲਾਇੰਦਾ । ਸੁਰਪਤ ਰਾਜਾ ਇੰਦ ਰਿਹਾ ਮੰਨ, ਪ੍ਰਭ ਅੱਗੇ ਨਿਉਂ ਨਿਉਂ ਸੀਸ ਝੁਕਾਇੰਦਾ । ਸ਼ਿਵ ਸ਼ੰਕਰ ਸੁਣੇ ਲਾ ਲਾ ਕੰਨ, ਸਚ ਸੰਦੇਸ਼ਾ ਕਵਣ ਅਲਾਇੰਦਾ । ਬ੍ਰਹਮਾ ਵੇਤਾ ਕਹੇ ਧੰਨ ਧੰਨ ਧੰਨ, ਪਾਰਬ੍ਰਹਮ ਕਵਣ ਖੇਲ ਖਿਲਾਇੰਦਾ । ਵਿਸ਼ਨੂੰ ਨਿਰਗੁਣ ਚੜ੍ਹਿਆ ਚੰਨ, ਵਿਸ਼ਵ ਆਪਣਾ ਰੰਗ ਵਖਾਇੰਦਾ । ਭਗਵਨ ਜੋ ਘੜਿਆ ਸੋ ਦੇਵੇ ਭੰਨ, ਘੜਨ ਭੰਨਣਹਾਰ ਆਪ ਹੋ ਜਾਇੰਦਾ । ਜਨ ਭਗਤਾਂ ਕਹਿਣਾ ਲਏ ਮੰਨ, ਜੁਗ ਜੁਗ ਆਪਣੇ ਭਗਤ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੱਠ ਗ੍ਰਹਿ ਨੌ ਖੰਡ ਨੌ ਨੌ ਕਰੇ ਇਕ

੧੪੬੮
੧੦

੧੪੮੯
੧੦

ਵੰਡ, ਇਕ ਅਠ ਅਠ ਨਾਲ ਪਰਨਾਇੰਦਾ । ਗੁਰਮੁਖ ਸੱਜਣ ਸਾਚਾ ਰੰਗ, ਗੁਰ ਸਤਿਗੁਰ ਆਪ ਚੜ੍ਹਾਈਆ । ਨਾਮ ਨਿਧਾਨ ਵੱਜੇ ਮਰਦੰਗ, ਨੌਬਤ ਏਕਾ ਹੱਥ ਉਠਾਈਆ । ਲੇਖਾ ਜਾਣੇ ਪੁਰੀ ਅਨੰਦ, ਪੁਰ ਅਨੰਦ ਸੋਭਾ ਪਾਈਆ । ਜਿਸ ਜਨ ਦੇਵੇ ਆਤਮ ਪਰਮਾਨੰਦ, ਆਪਣੀ ਬੂਝ ਬੁਝਾਈਆ । ਦੂਈ ਦਵੈਤੀ ਢਾਹੇ ਕੰਧ, ਭਾਂਡਾ ਭਰਮ ਭੌ ਭੰਨਾਈਆ । ਇਕ ਸੁਣਾਏ ਸੁਹਾਗੀ ਛੰਦ, ਅਨਹਦ ਨਾਦ ਵਜਾਈਆ । ਆਤਮ ਸੇਜਾ ਸਚ ਪਲੰਘ, ਗੁਰ ਗੋਬਿੰਦ ਆਸਣ ਲਾਈਆ । ਜਿਸ ਟੁੱਟੀ ਲਈ ਗੰਢ, ਸੋ ਸਾਹਿਬ ਸਦਾ ਸੁਖਾਈਆ । ਤਿਸ ਸਾਹਿਬ ਕੋਲੋਂ ਮੰਗੀਏ ਮੰਗ, ਦੇਵਣਹਾਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖੇ ਥਾਉਂ ਥਾਈਆ । ਹਰਿਜਨ ਸੱਜਣ ਹਰਿ ਹਰਿ ਮੀਤ, ਜੁਗ ਜੁਗ ਖੇਲ ਖਿਲਾਇਆ । ਘਰ ਮੰਦਰ ਗਾਓ ਹਰਿ ਹਰਿ ਗੀਤ, ਗੋਬਿੰਦ ਮੇਲਾ ਸਹਿਜ ਸੁਭਾਇਆ । ਕਰੇ ਕਰਾਏ ਪਤਿਤ ਪੁਨੀਤ, ਪਤਿਤ ਪਾਵਣ ਦਇਆ ਕਮਾਇਆ । ਨਾਤਾ ਤੋੜ ਮੰਦਰ ਮਸੀਤ, ਗੁਰੂਦਵਾਰਾ ਵਿਚ ਘਰ ਵਖਾਇਆ । ਸਾਹਿਬ ਸੁਹੇਲਾ ਵਸੇ ਚੀਤ, ਚਿਤਵਿਤ ਠਗੌਰੀ ਕੋਇ ਨਾ ਪਾਇਆ । ਚਾਰ ਵਰਨ ਚਲਾਈ ਸਾਚੀ ਰੀਤ, ਏਕਾ ਪੰਥ ਸਜਾਇਆ । ਪੁਰਖ ਅਕਾਲ ਨਿਭੌਣੀ ਪ੍ਰੀਤ, ਦੂਜਾ ਇਸ਼ਟ ਨਾ ਕੋਇ ਮਨਾਇਆ । ਗੁਰ ਕਾ ਸ਼ਬਦ ਠਾਂਡਾ ਸੀਤ, ਗੁਰੂ ਗ੍ਰੰਥ ਗੁਰ ਵਡਿਆਇਆ । ਹਰਿਜਨ ਸਦਾ ਰਹੇ ਅਤੀਤ, ਤ੍ਰੈਗੁਣ ਪੋਹ ਨਾ ਸਕੇ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਆਪਣੇ ਅੰਗ ਲਗਾਇਆ । ਗੁਰਮੁਖ ਲਗਾਏ ਆਪਣੇ ਅੰਗ, ਪੁਰਖ ਅਕਾਲ ਵਡੀ ਵਡਿਆਈਆ । ਗੁਰ ਗੋਬਿੰਦ ਸੂਰਾ ਸਰਬੰਗ, ਦੀਨਾਂ ਨਾਥਾਂ ਹੋਏ ਸਹਾਈਆ । ਕਲਜੁਗ ਕੂੜ ਕੁੜਿਆਰਾ ਮੁਕਾਏ ਪੰਧ, ਸਤਿਜੁਗ ਸਾਚਾ ਮਾਰਗ ਲਾਈਆ । ਨੌ ਖੰਡ ਪ੍ਰਿਥਮੀ ਕਰੇ ਖੰਡ ਖੰਡ, ਬ੍ਰਹਿਮੰਡ ਦੇਣ ਦੁਹਾਈਆ । ਚੌਦਾਂ ਲੋਕ ਵੇਖਣ ਗੁਜਰੀ ਚੰਦ, ਕਵਣ ਕੂਟ ਕਰੇ ਰੁਸ਼ਨਾਈਆ । ਨਿਰਗੁਣ ਨੂਰ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਸਿੰਘ ਨਿਹੰਗ ਵਜੌਣ ਨਾਮ ਮਰਦੰਗ, ਨਾਮ ਮਰਦੰਗਾ ਹੱਥ ਫੜਾਈਆ । ਮਨਮੁਖਾਂ ਵੱਢੇ ਕੰਢ, ਮੂੰਹ ਦੇ ਭਾਰ ਸੁਟਾਈਆ । ਏਕਾ ਹੱਥ ਫੜਾਏ ਚੰਡ ਪਰਚੰਡ, ਚਾਰ ਕੁੰਟ ਪਏ ਦੁਹਾਈਆ । ਜਿਸ ਗੋਬਿੰਦ ਗਾਇਆ ਬੱਤੀ ਦੰਦ, ਧੰਨ ਧੰਨ ਜਣੇਂਦੀ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਸਦਾ ਤਰਾਈਆ । ਗੁਰਮੁਖ ਤਾਰੇ ਪੁਰਖ ਅਕਾਲ, ਅਗੰਮ ਬੇਪਰਵਾਹਿਆ । ਸਦਾ ਸਦਾ ਸਦ ਦੀਨ ਦਿਆਲ, ਦੀਨਾਂ ਨਾਥਾਂ ਹੋਏ ਸਹਾਇਆ । ਆਪਣੇ ਹੱਥ ਰਖਾਏ ਕਾਲ ਮਹਾਕਾਲ, ਮਹਾਕਾਲ ਭੇਵ ਚੁਕਾਇਆ । ਗੁਰਸਿਖ ਤੋੜ ਜਗਤ ਜੰਜਾਲ, ਆਪ ਆਪਣੇ ਰੰਗ ਰੰਗਾਇਆ । ਗੋਬਿੰਦ ਲੇਖਾ ਚੁਕਾਏ ਸ਼ਾਹ ਕੰਗਾਲ, ਸਿਰ ਆਪਣਾ ਹੱਥ ਟਿਕਾਇਆ । ਆਪੇ ਬਣਿਆ ਗੁਜਰੀ ਲਾਲ, ਆਪਣੇ ਲਾਲ ਨੀਹਾਂ ਹੇਠ ਦਬਾਇਆ । ਕਲਜੁਗ ਅੰਤਮ ਕਰੇ ਫੇਰ ਸੰਭਾਲ, ਨਿਰਗੁਣ ਨੂਰ ਕਰ ਰੁਸ਼ਨਾਇਆ । ਸੰਤ ਸੁਹੇਲੇ ਲਏ ਭਾਲ, ਅੰਦਰ ਵੜ ਵੜ ਪਰਦਾ ਦਏ ਚੁਕਾਇਆ । ਆਪਣਾ ਫਲ ਲਗਾਏ ਆਪਣੇ ਡਾਲ੍ਹ, ਪੱਤ ਡਾਲ੍ਹੀ ਆਪ ਮਹਿਕਾਇਆ । ਆਪਣਾ ਕਰੇ ਹਲ ਆਪ ਸਵਾਲ, ਦੂਸਰ ਭੇਵ ਕਿਸੇ ਨਾ ਆਇਆ । ਅੰਤਮ ਕਲ ਸੰਬਲ ਲਏ ਸੁਰਤ ਸੰਭਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਦਾ ਸਾਲਾਹਿਆ । ਗੁਰਮੁਖ ਮੰਗੇ ਗੋਬਿੰਦ ਦਰਸ, ਗੁਰ ਗੋਬਿੰਦ ਦਇਆ ਕਮਾਈਆ । ਸਿੰਘ ਮਿਟਾਏ ਸਾਚੀ ਹਰਸ, ਸਿੰਘ ਸੂਰਬੀਰ ਸ਼ਹਿਨਸ਼ਾਹੀਆ । ਲੇਖਾ ਜਾਣੇ ਅਰਸ਼ ਫ਼ਰਸ਼, ਜਗਤ ਕੁਰਾ ਵੇਖ ਵਖਾਈਆ । ਅੰਮ੍ਰਿਤ ਆਤਮ

ਮੇਘ ਦੇਵੇ ਬਰਸ, ਨਿਝਰ ਝਿਰਨਾ ਇਕ ਝਿਰਾਈਆ । ਗੁਰਮੁਖਾਂ ਲਾਹੇ ਪਿਛਲਾ ਕਰਜ਼, ਮਕ਼ਰੂਜ਼ ਆਪਣਾ ਆਪ ਵਖਾਈਆ । ਕਲਜੁਗ ਅੰਤਮ ਪੂਰਾ ਕਰੇ ਫ਼ਰਜ਼, ਕੀਤਾ ਕੌਲ ਨਾ ਕਦੇ ਭੁਲਾਈਆ । ਜਿਸ ਨੂੰ ਆਪਣੀ ਹੱਥੀਂ ਆਪਣੇ ਘਰ ਕੀਤਾ ਦਰਜ, ਤਿਸ ਦਾ ਨਾਮ ਨਾ ਕੋਇ ਮਿਟਾਈਆ । ਸਿੰਘ ਰੂਪ ਹੋ ਪਏ ਗਰਜ, ਏਕਾ ਫ਼ਤਹਿ ਡੰਕ ਵਜਾਈਆ । ਪਹਿਲੀ ਵਾਰ ਪੁਰਖ ਅਕਾਲ ਗਿਆ ਵਰਜ, ਆਪ ਆਪਣਾ ਭੇਵ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਸਾਚੇ ਥਾਈਂਆ । ਹਰਿਜਨ ਮੇਲਾ ਸਚ ਦਵਾਰ, ਗੁਰ ਗੋਬਿੰਦ ਦਰ ਸੁਹਾਇੰਦਾ । ਕਲਜੁਗ ਅੰਤਮ ਖੇਲ ਨਿਆਰ, ਨਿਰਾਕਾਰ ਆਪ ਕਰਾਇੰਦਾ । ਜੋਤੀ ਜਾਮਾ ਵੇਸ ਅਪਾਰ, ਰੂਪ ਰੰਗ ਰੇਖ ਨਾ ਕੋਇ ਰਖਾਇੰਦਾ । ਸੰਬਲ ਨਗਰ ਧਾਮ ਨਿਆਰ, ਸਚ ਸਿੰਘਾਸਣ ਸੋਭਾ ਪਾਇੰਦਾ । ਨਿਰਗੁਣ ਜੋਤ ਜਗੇ ਅਗੰਮ ਅਪਾਰ, ਜੋਤੀ ਜਾਤਾ ਡਗਮਗਾਇੰਦਾ । ਅਨਹਦ ਸ਼ਬਦ ਨਾਦ ਧੁਨਕਾਰ, ਧੁਨੀ ਧੁਨ ਨਾਦ ਵਜਾਇੰਦਾ । ਕਰੇ ਖੇਲ ਆਪ ਕਰਤਾਰ, ਕੁਦਰਤ ਕ਼ਾਦਰ ਵੇਖ ਵਖਾਇੰਦਾ । ਬੇਐਬ ਖ਼ੁਦਾਈ ਪਰਵਰਦਿਗਾਰ, ਨੂਰ ਨੁਰਾਨਾ ਡਗਮਗਾਇੰਦਾ । ਮੁਕਾਮੇ ਹਕ ਸਾਂਝਾ ਯਾਰ, ਸਚ ਸਿੰਘਾਸਣ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਏਕਾ ਘਰ, ਗੁਰਮੁਖ ਘਰ ਵਿਚ ਘਰ ਸੁਹਾਇੰਦਾ । ਘਰ ਵਿਚ ਘਰ ਸੋਭਾਵੰਤ, ਹਰਿਜਨ ਮਿਲੇ ਵਡਿਆਈਆ । ਪਾਰਬ੍ਰਹਮ ਅਬਿਨਾਸ਼ੀ ਕਰਤਾ ਸੱਚਾ ਕੰਤ, ਹਰਿਜਨ ਸਾਚੇ ਲਏ ਪਰਨਾਈਆ । ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਉਤਰ ਕਦੇ ਨਾ ਜਾਈਆ । ਰਸਨਾ ਜਿਹਵਾ ਮਣੀਆ ਮੰਤ, ਏਕਾ ਨਾਮ ਕਰੇ ਪੜ੍ਹਾਈਆ । ਗੜ੍ਹ ਤੋੜੇ ਹਉਮੇ ਹੰਗਤ, ਮਾਇਆ ਮਮਤਾ ਦਏ ਮਿਟਾਈਆ । ਗੁਰ ਗੋਬਿੰਦ ਵਡਿਆਈ ਇਕੋ ਸੰਗਤ, ਗੁਰ ਸੰਗਤ ਗੁਰ ਗੁਰ ਰੂਪ ਸਮਾਈਆ । ਕਿਸੇ ਕੋਲ ਨਾ ਹੋਏ ਮੰਗਤ, ਜਿਸ ਮਿਲਿਆ ਗੋਬਿੰਦ ਸੱਚਾ ਮਾਹੀਆ । ਇਕ ਨਾਨਕ ਲਾਇਆ ਅੰਗ ਅੰਗਦ, ਗੋਬਿੰਦ ਗੁਰਸਿਖ ਸਾਰੇ ਗੋਦ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਚੁਕਾਏ ਜਗਤ ਡਰ, ਭੈ ਅਵਰ ਨਾ ਕੋਇ ਰਖਾਈਆ । ਗੋਬਿੰਦ ਮੇਲਾ ਸਚ ਦਰਗਾਹ, ਗੁਰ ਨਾਨਕ ਨਾਲ ਮਿਲਾਇੰਦਾ । ਪੁਰਖ ਅਕਾਲ ਪਕੜੇ ਬਾਂਹ, ਸਿਰ ਆਪਣਾ ਹੱਥ ਟਿਕਾਇੰਦਾ । ਜਿਸ ਜਨ ਜਪਾਇਆ ਆਪਣਾ ਨਾਂ, ਆਪ ਆਪਣੇ ਸੰਗ ਰਖਾਇੰਦਾ । ਆਪੇ ਬਣੇ ਪਿਤਾ ਮਾਂ, ਭਾਈ ਭੈਣ ਸਾਕ ਸੱਜਣ ਆਪ ਅਖਵਾਇੰਦਾ । ਏਥੇ ਓਥੇ ਦੋ ਜਹਾਨਾਂ ਦੇਵੇ ਠੰਡੀ ਛਾਂ, ਅਗਨੀ ਤਤ ਨਾ ਕੋਇ ਰਖਾਇੰਦਾ । ਫੜ ਫੜ ਹੰਸ ਬਣਾਏ ਕਾਂ, ਜਿਸ ਜਨ ਆਪਣਾ ਨਾਮ ਜਪਾਇੰਦਾ । ਨਿਥਾਵਿਆਂ ਦੇਵੇ ਥਾਂ, ਦਰਗਹਿ ਸਾਚੀ ਆਪ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਖੇਲ ਖਿਲਾਇੰਦਾ । ਦਰਗਹਿ ਸਾਚੀ ਸਚ ਟਿਕਾਣਾ, ਪੁਰਖ ਅਕਾਲ ਆਪਣੇ ਹੱਥ ਰਖਾਈਆ । ਓਥੇ ਕੋਈ ਨਾ ਪੁਜੇ ਰਾਜਾ ਰਾਣਾ, ਕੋਟਨ ਕੋਟ ਬੈਠੇ ਰਾਹ ਤਕਾਈਆ । ਜਿਸ ਜਨ ਬਖ਼ਸ਼ੇ ਚਰਨ ਧਿਆਨ, ਤਿਸ ਆਪਣੇ ਮਾਰਗ ਲਾਈਆ । ਗੋਬਿੰਦ ਗੁਰ ਸ਼ਬਦ ਅਗੰਮੀ ਲੈ ਕੇ ਆਏ ਬਬਾਣਾ, ਗੁਰਮੁਖ ਸਾਚੇ ਲਏ ਚੜ੍ਹਾਈਆ । ਸਚਖੰਡ ਦਵਾਰੇ ਦੇਵੇ ਮਾਣਾ, ਆਪ ਆਪਣੀ ਗੋਦ ਬਹਾਈਆ । ਜਿਸ ਜਨ ਮੰਨਿਆ ਸਤਿਗੁਰ ਭਾਣਾ, ਤਿਸ ਜਨ ਹੋਏ ਅੰਤ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੋ ਜਹਾਨਾਂ ਦੇਵੇ ਵਡ ਵਡਿਆਈਆ । ਦੋ ਜਹਾਨਾਂ ਸਤਿਗੁਰ ਮਾਲਕ, ਮਲਕੁਲਮੌਤ ਦਰ ਦੁਰਕਾਇੰਦਾ । ਲੇਖਾ ਜਾਣੇ ਖ਼ਲਕ ਖ਼ਾਲਕ, ਮਖ਼ਲੂਕ ਆਪਣੀ ਧਾਰ ਵਖਾਇੰਦਾ । ਗੁਰਮੁਖਾਂ ਬਣੇ

ਸਦਾ ਪ੍ਰਿਤਪਾਲਕ, ਬਣ ਸੇਵਕ ਸੇਵ ਕਮਾਇੰਦਾ । ਜਿਸ ਜਨ ਗੋਬਿੰਦ ਚਰਨ ਘਾਲੀ ਘਾਲਕ, ਤਿਸ ਪੂਰੀ ਘਾਲ ਕਰਾਇੰਦਾ । ਦਰਗਹਿ ਸਾਚੀ ਬਣੇ ਸਾਲਸ, ਰਾਏ ਧਰਮ ਨੇੜ ਨਾ ਆਇੰਦਾ । ਕਲਜੁਗ ਅੰਤਮ ਚਾਰ ਵਰਨ ਪੰਥ ਖ਼ਾਲਸਾ ਬਣਾਏ ਖ਼ਾਲਸ, ਖ਼ਾਲਸ ਆਪਣਾ ਰੂਪ ਵਖਾਇੰਦਾ । ਜਗਤ ਮਾਇਆ ਵਿਚ ਕਦੇ ਨਾ ਆਏ ਆਲਸ, ਨਿੰਦਰਾ ਸੰਗ ਨਾ ਕੋਇ ਜਣਾਇੰਦਾ । ਗੁਰਮੁਖ ਉਠਾਏ ਬਾਲਕ, ਅੰਮ੍ਰਿਤ ਸੀਰ ਮੁਖ ਚੁਆਇੰਦਾ । ਆਪੇ ਹੋਏ ਸਭ ਦਾ ਜਾਣਤ, ਅਣਜਾਣਤ ਮੇਲ ਮਿਲਾਇੰਦਾ । ਬਿਨ ਡਿਠਿਆਂ ਕਰੇ ਪਛਾਣਤ, ਜਗਤ ਨੇਤਰ ਨਜ਼ਰ ਨਾ ਆਇੰਦਾ । ਅੰਤਮ ਦੇ ਕੇ ਗਿਆ ਜ਼ਮਾਨਤ, ਗੁਰਮੁਖ ਸਾਚੇ ਪਾਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਗਹਿ ਸਾਚੀ ਧਾਮ ਸੁਹਾਇੰਦਾ । ਦਰਗਹਿ ਸਾਚੀ ਸਚ ਮਹੱਲਾ, ਸਤਿਗੁਰ ਪੂਰਾ ਆਪ ਸਮਾਈਆ । ਪੁਰਖ ਅਕਾਲ ਇਕ ਇਕੱਲਾ, ਨਿਰਗੁਣ ਬੈਠਾ ਆਸਣ ਲਾਈਆ । ਆਪੇ ਰਵਿਆ ਜਲਾਂ ਥਲਾਂ, ਜਲ ਥਲ ਮਹੀਅਲ ਆਪ ਸਮਾਈਆ । ਆਪੇ ਦੀਪਕ ਜੋਤੀ ਬਲਾ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਆਪੇ ਸਚ ਸੰਦੇਸ਼ ਸ਼ਬਦੀ ਘੱਲਾ, ਨਾਮ ਮਰਦੰਗ ਇਕ ਵਜਾਈਆ । ਆਪੇ ਗੋਬਿੰਦ ਗੁਰਸਿਖ ਫੜਾਇਆ ਪੱਲਾ, ਫੜਿਆ ਪੱਲੂ ਛੁਟ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਗਹਿ ਸਾਚੀ ਹੋਏ ਸਹਾਈਆ । ਦਰਗਹਿ ਸਾਚੀ ਗੁਰਮੁਖ ਘਰ, ਗੁਰ ਸਤਿਗੁਰ ਆਪ ਬਣਾਇਆ । ਲੱਖ ਚੁਰਾਸੀ ਜੰਮੇ ਪਏ ਮਰ, ਮਰਨ ਜੰਮਣ ਖੇਲ ਖਿਲਾਇਆ । ਹਰਿਜਨ ਵਿਰਲਾ ਨਾ ਰੱਖੇ ਕੋਈ ਡਰ, ਨਿਰਭੌ ਏਕਾ ਏਕ ਧਿਆਇਆ । ਏਕਾ ਪੁਰਖ ਅਕਾਲ ਲਏ ਵਰ, ਦੋ ਜਹਾਨਾਂ ਹੋਏ ਸਹਾਇਆ । ਨਿਰਗੁਣ ਸਰਗੁਣ ਲਏ ਫੜ, ਆਤਮ ਪਰਮਾਤਮ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਗਹਿ ਸਾਚੀ ਦੇਵੇ ਵਡਿਆਇਆ । ਦਰਸ ਅੰਦਰ ਸਰਬ ਦਾਤ, ਲੱਖ ਚੁਰਾਸੀ ਬੰਧਨ ਪਾਈਆ । ਦਰਸ ਅੰਦਰ ਪਿਤਾ ਮਾਤ, ਪੂਤ ਸਪੂਤ ਦਏ ਵਡਿਆਈਆ । ਦਰਸ ਅੰਦਰ ਉਤਮ ਜ਼ਾਤ, ਜ਼ਾਤ ਪਾਤ ਰਹਿਣ ਨਾ ਪਾਈਆ । ਦਰਸ ਅੰਦਰ ਸੱਚਾ ਨਾਤ, ਗੁਰ ਚਰਨ ਸਰਨ ਸਰਨਾਈਆ । ਦਰਸ ਅੰਦਰ ਉਤਰੇ ਘਾਟ, ਪਾਰ ਕਿਨਾਰ ਵਖਾਈਆ । ਦਰਸ ਅੰਦਰ ਮਿਟੇ ਅੰਧੇਰੀ ਰਾਤ, ਸਾਚਾ ਨੂਰ ਕਰੇ ਰੁਸ਼ਨਾਈਆ । ਦਰਸ ਅੰਦਰ ਪੁਛੇ ਵਾਤ, ਗੁਰਸਿਖਾਂ ਮੇਲ ਮਿਲਾਈਆ । ਦਰਸ ਅੰਦਰ ਮਿਟੇ ਨਾਤਾ ਮਨਮਤ ਕਮਜ਼ਾਤ, ਗੁਰ ਸਤਿਗੁਰ ਕਰੇ ਪੜ੍ਹਾਈਆ । ਦਰਸ ਅੰਦਰ ਦੇਵੇ ਨਾਮ ਖਾਤ, ਸਚ ਭੰਡਾਰਾ ਆਪ ਭਰਾਈਆ । ਦਰਸ ਅੰਦਰ ਵੇਖੇ ਮਾਰ ਝਾਤ, ਬੰਦ ਤਾਕੀ ਆਪ ਖੁਲ੍ਹਾਈਆ । ਦਰਸ ਅੰਦਰ ਦੇਵੇ ਅੰਮ੍ਰਿਤ ਬੂੰਦ ਸਵਾਂਤ, ਨਿਝਰ ਝਿਰਨਾ ਇਕ ਝਿਰਾਈਆ । ਦਰਸ ਅੰਦਰ ਗੁਰਸਿਖ ਮੇਲਾ ਇਕ ਇਕਾਂਤ, ਰੂਪ ਅਨੂਪ ਆਪ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਦਰਸ ਆਪੇ ਦੀਦ, ਦੇਵਣਹਾਰ ਆਪ ਹੋ ਜਾਈਆ । ਦਰਸ ਅੰਦਰ ਗੋਬਿੰਦ ਮੇਲਾ, ਗੁਰ ਗੋਬਿੰਦ ਆਪ ਮਿਲਾਈਆ । ਦਰਸ ਅੰਦਰ ਗੁਰੂ ਗੁਰ ਚੇਲਾ, ਗੁਰ ਚੇਲਾ ਰੂਪ ਵਟਾਈਆ । ਦਰਸ ਅੰਦਰ ਸੱਜਣ ਸੁਹੇਲਾ, ਸਗਲਾ ਸੰਗ ਨਿਭਾਈਆ । ਦਰਸ ਅੰਦਰ ਮਿਲੇ ਇਕ ਇਕੇਲਾ, ਨਿਰਗੁਣ ਆਪਣਾ ਭੇਵ ਚੁਕਾਈਆ । ਦਰਸ ਅੰਦਰ ਕੱਟ ਦਏ ਰਾਏ ਧਰਮ ਦੀ ਜੇਲਾ, ਲੱਖ ਚੁਰਾਸੀ ਫੰਦ ਕਟਾਈਆ । ਦਰਸ ਅੰਦਰ ਆਪ ਜਣਾਏ ਆਪਣਾ ਵੇਲਾ, ਥਿਤ ਵਾਰ ਨਾ ਕੋਇ ਜਣਾਈਆ । ਦਰਸ ਅੰਦਰ ਗੁਰ ਸਤਿਗੁਰ ਅਚਰਜ ਖੇਲ ਖੇਲਾ, ਗੁਰਮੁਖ ਸਾਚੇ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ

ਦਰਸ ਦਏ ਵਡਿਆਈਆ । ਦਰਸ ਅੰਦਰ ਮਿਲੇ ਗੁਰਮੀਤ, ਮਿਤਰ ਪਿਆਰਾ ਦਇਆ ਕਮਾਇੰਦਾ । ਦਰਸ ਅੰਦਰ ਕਾਇਆ ਕਰੇ ਠੰਡੀ ਸੀਤ, ਅਗਨੀ ਤੱਤ ਬੁਝਾਇੰਦਾ । ਦਰਸ ਅੰਦਰ ਸੁਣਾਏ ਸੁਹਾਗੀ ਗੀਤ, ਆਪਣਾ ਢੋਲਾ ਆਪੇ ਗਾਇੰਦਾ । ਦਰਸ ਅੰਦਰ ਕਰੇ ਕਾਇਆ ਪਤਿਤ ਪੁਨੀਤ, ਦੁਰਮਤ ਮੈਲ ਧਵਾਇੰਦਾ । ਸਦੀ ਚੌਧਵੀਂ ਰਹੀ ਬੀਤ, ਚਾਰੋਂ ਕੁੰਟ ਜਗਤ ਸਮਝਾਇੰਦਾ । ਅੰਤਮ ਨਾਤਾ ਤੁਟਣਾ ਮੰਦਰ ਮਸੀਤ, ਥਿਰ ਕੋਇ ਰਹਿਣ ਨਾ ਪਾਇੰਦਾ । ਪੁਰਖ ਅਕਾਲ ਦੀਨ ਦਿਆਲ ਏਕਾ ਰੰਗ ਰੰਗੌਣਾ ਹਸਤ ਕੀਟ, ਊਚ ਨੀਚ ਨਾ ਕੋਇ ਵਖਾਇੰਦਾ । ਪੁਰਖ ਅਕਾਲ ਗੌਣਾ ਸਭ ਨੇ ਗੀਤ, ਸ਼ਰਅ ਸ਼ਰੀਅਤ ਮੇਟ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਸ ਅੰਦਰ ਦੇਵੇ ਦੀਦਾਰ, ਗੁਰਸਿਖਾਂ ਕਰੇ ਸਚ ਪਿਆਰ, ਪਿਆਰ ਪਿਆਰ ਨਾਲ ਪਰਨਾਇੰਦਾ । ਪਿਆਰ ਅੰਦਰ ਗੁਰੂ ਗੋਬਿੰਦ ਵਸੇ, ਅੰਤ ਗਿਆ ਸਮਝਾਈਆ । ਘਟ ਮੰਦਰ ਬਹਿ ਬਹਿ ਆਪੇ ਹੱਸੇ, ਆਪਣੀ ਖ਼ੁਸ਼ੀ ਮਨਾਈਆ । ਕਰੇ ਪਰਕਾਸ਼ ਬਿਨ ਰਵ ਸਸੇ, ਸੂਰਜ ਚੰਨ ਮੁਖ ਸ਼ਰਮਾਈਆ । ਜਿਸ ਗੁਰਸਿਖ ਆਪਣਾ ਮਾਰਗ ਦੱਸੇ, ਆਤਮ ਅੰਤਰ ਬੂਝ ਬੁਝਾਈਆ । ਸੋ ਗੁਰਸਿਖ ਗੋਬਿੰਦ ਤੇਰੇ ਚਰਨ ਢੱਠੇ, ਢਹਿ ਢਹਿ ਪਏ ਸਰਨਾਈਆ । ਨਾਤਾ ਤੋੜੇ ਤੀਰਥ ਅਠਸਠੇ, ਜਮਨਾ ਸੁਰਸਤੀ ਗੰਗਾ ਗੋਦਾਵਰੀ ਨਾ ਨਹਾਵਣ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦਰਸ ਦਏ ਸਮਝਾਈਆ । ਏਕਾ ਦਰਸ ਕਾਇਆ ਗੜ੍ਹ, ਗੋਬਿੰਦ ਆਪ ਜਣਾਈਆ । ਆਪਣੇ ਪੌੜੇ ਜਾਏ ਚੜ੍ਹ, ਰੂਪ ਰੰਗ ਰੇਖ ਨਾ ਕੋਇ ਵਖਾਈਆ । ਬਿਨ ਵਿਦਿਆ ਅੱਖਰ

ਜਾਏ ਪੜ੍ਹ, ਏਕਾ ਅੱਖਰ ਆਪ ਸੁਣਾਈਆ । ਆਪਣੀ ਕਰਨੀ ਆਪੇ ਕਰ, ਕਰਤਾ ਪੁਰਖ ਵੇਸ ਵਟਾਈਆ । ਸੰਤ ਸੁਹੇਲੇ ਗੁਰਮੁਖ ਗੁਰਸਿਖ ਲਏ ਫੜ, ਸੋਇਆ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਏਕਾ ਦਰਸ ਦਿਖਾਈਆ । ਏਕਾ ਦਰਸ ਦੇਵੇ ਕਰਤਾਰ, ਹਰਿਜਨ ਸਾਚੇ ਆਪ ਜਗਾਇਆ । ਏਕਾ ਵਸਤ ਦੇਵੇ ਨਾਮ ਭੰਡਾਰ, ਅਨਮੁਲੜੀ ਦਾਤ ਵਰਤਾਇਆ । ਏਕਾ ਖੋਲ੍ਹੇ ਬੰਦ ਕਿਵਾੜ, ਬਜਰ ਕਪਾਟੀ ਤੋੜ ਤੁੜਾਇਆ । ਏਕਾ ਜੋਤ ਕਰੇ ਉਜਿਆਰ, ਜੋਤ ਨਿਰੰਜਣ ਡਗਮਗਾਇਆ । ਏਕਾ ਅੰਮ੍ਰਿਤ ਦੇਵੇ ਠੰਡਾ ਠਾਰ, ਬੂੰਦ ਸਵਾਂਤੀ ਮੁਖ ਚੁਆਇਆ । ਏਕਾ ਸਾਚੀ ਸੇਜਾ ਕਰੇ ਪਿਆਰ, ਆਤਮ ਸੇਜਾ ਸੋਭਾ ਪਾਇਆ । ਜਿਸ ਗੁਰਸਿਖ ਦੇਵੇ ਆਪ ਦੀਦਾਰ, ਤਿਸ ਲੋਚਣ ਆਪ ਖੁਲ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਸ ਤਰਸ ਆਪ ਕਮਾਇਆ । ਵਿਚਾਰ ਅੰਦਰ ਨਾ ਆਏ ਵਿਚਾਰ, ਬੁਧ ਮਤ ਨਾ ਕੋਇ ਵਡਿਆਈਆ । ਗੁਰ ਗੋਬਿੰਦ ਵਸੇ ਸਭ ਤੋਂ ਬਾਹਰ, ਕਹਿਣਾ ਕਥਨ ਨਾ ਜਾਈਆ । ਜਿਸ ਕਿਰਪਾ ਕਰੇ ਅਪਰ ਅਪਾਰ, ਅਪਰੰਪਰ ਬੂਝ ਬੁਝਾਈਆ । ਆਪੇ ਦੇਵੇ ਦਰਸ ਦੀਦਾਰ, ਨੇਤਰ ਨੈਣ ਨੈਣ ਬਿਗਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਚਾਰ ਵਿਚਾਰ ਨਾਲ ਮਿਲਾਈਆ । ਭਿੰਨੜੀ ਰੈਣ ਚੜ੍ਹਿਆ ਚਾ, ਗੁਰਸਿਖਾਂ ਦਰਸਨ ਪਾਇਆ । ਗੁਰਸਿਖ ਮੇਰਾ ਬਣੇ ਮਲਾਹ, ਗੋਬਿੰਦ ਲਏ ਮਿਲਾਇਆ । ਗ਼ਰੀਬ ਨਿਮਾਣਿਆਂ ਜੋ ਪਕੜੇ ਬਾਂਹ, ਨਿਥਾਵਿਆਂ ਲਏ ਉਠਾਇਆ । ਅੰਮ੍ਰਿਤ ਜਾਮ ਦਏ ਪਿਆ, ਏਕਾ ਰੰਗ ਵਖਾਇਆ । ਹੰਸ ਕਾਗ ਦਏ ਬਣਾ, ਕਾਗੋਂ ਹੰਸ ਉਡਾਇਆ । ਮੇਰੀ ਰੈਣ ਅੰਧੇਰੀ ਮਿਟੇ ਨਾ, ਮੇਰਾ ਅੰਧ ਨਾ ਕੋਇ ਗਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਕਰਾਇਆ । ਭਿਨੜੀ ਰੈਣ ਕਰੇ ਪੁਕਾਰ, ਗੁਰਸਿਖ ਅਗੇ ਸੀਸ ਝੁਕਾਈਆ । ਮੈਂ ਸੁਣਿਆ ਤੇਰਾ

ਗੋਬਿੰਦ ਮੀਤ ਮੁਰਾਰ, ਤੇਰੇ ਸੰਗ ਵਸੇ ਤੇਰਾ ਮਾਹੀਆ । ਮੈਂ ਕਲਜੁਗ ਅੰਤਮ ਆਈ ਵਿਚ ਸੰਸਾਰ, ਚਾਰੋਂ ਕੁੰਟ ਅੰਧੇਰਾ ਛਾਈਆ । ਘਰ ਘਰ ਹੋਏ ਅੰਤ ਵਿਭਚਾਰ, ਹਰਿ ਕਾ ਨਾਮ ਨਾ ਕੋਇ ਧਿਆਈਆ । ਨੇਤਰ ਰੋ ਰੋ ਧਾਹਾਂ ਰਹੀ ਮਾਰ, ਖੁਲੜੇ ਕੇਸ ਰਹੀ ਵਖਾਈਆ । ਬਿਨ ਗੋਬਿੰਦ ਕਰੇ ਨਾ ਕੋਇ ਪਿਆਰ, ਭੁੱਲੀ ਸਰਬ ਲੋਕਾਈਆ । ਜਿਸ ਆਪਾ ਦਿਤਾ ਵਾਰ, ਗ਼ਰੀਬ ਨਿਮਾਣੇ ਗਲੇ ਲਗਾਈਆ । ਅੰਤਮ ਦੇ ਕੇ ਗਿਆ ਸਹਾਰ, ਏਕਾ ਨਾਅਰਾ ਲਾਈਆ । ਪਰਗਟ ਹੋਏ ਆਪ ਨਿਰੰਕਾਰ, ਨਿਹਕਲੰਕਾ ਨਾਉਂ ਰਖਾਈਆ । ਗੋਬਿੰਦ ਡੰਕਾ ਵੱਜੇ ਵਿਚ ਸੰਸਾਰ, ਨੌਂ ਖੰਡ ਪ੍ਰਿਥਮੀ ਆਪ ਸੁਣਾਈਆ । ਪਰਗਟ ਹੋਵੇ ਜੋਧਾ ਸੂਰਬੀਰ ਬਲੀ ਬਲਕਾਰ, ਬਲ ਆਪਣਾ ਆਪ ਧਰਾਈਆ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਕਰੇ ਖ਼ਵਾਰ, ਸੀਸ ਤਾਜ ਨਾ ਕੋਇ ਟਿਕਾਈਆ । ਸਾਚੇ ਤਖ਼ਤ ਬਹੇ ਆਪ ਕਰਤਾਰ, ਕਰੇ ਕਰਾਏ ਸੱਚੀ ਸ਼ਹਿਨਸ਼ਾਹੀਆ । ਵੀਹ ਸੌ ਵੀਹ ਬਿਕ੍ਰਮੀ ਖੇਲ ਅਪਾਰ, ਲੋਕਮਾਤ ਵੱਜੇ ਵਧਾਈਆ । ਭਿੰਨੜੀ ਰੈਣ ਗੁਰਮੁਖਾਂ ਆਈ ਦਵਾਰ, ਆਪਣੀ ਝੋਲੀ ਅਗੇ ਡਾਹੀਆ । ਧੰਨ ਧੰਨ ਧੰਨ ਗੁਰਸਿਖ, ਜਿਸ ਗੋਬਿੰਦ ਓਟ ਰਖਾਈਆ । ਗੁਰ ਗੋਬਿੰਦ ਓਟ ਜਿਸ ਲਈ ਰੱਖ, ਏਕਾ ਆਸ ਤਕਾਈਆ । ਲੱਖ ਚੁਰਾਸੀ ਵਿਚੋਂ ਹੋਇਆ ਵੱਖ, ਆਪਣਾ ਪੰਧ ਮੁਕਾਈਆ । ਏਕਾ ਚੜ੍ਹਿਆ ਸਾਚੇ ਰਥ, ਸਚ ਦਵਾਰ ਮਿਲੇ ਵਡਿਆਈਆ । ਲਹਿਣਾ ਦੇਣਾ ਚੁੱਕੇ ਸੀਆਂ ਸਾਢੇ ਤਿੰਨ ਤਿੰਨ ਹੱਥ, ਰਵਦਾਸ ਚਮਿਆਰ ਦਏ ਗਵਾਹੀਆ । ਸਤਿਗੁਰ ਗੁਰੂ ਗੁਰ ਜਿਸ ਵਸੇ ਪਾਸ, ਗੁਰ ਗੋਬਿੰਦ ਇਕ ਮਲਾਹੀਆ । ਸੋ ਗੁਰਸਿਖ ਕਿਉਂ ਹੋਏ ਨਿਰਾਸ, ਆਸਾ ਆਸਾ ਪੂਰ ਕਰਾਈਆ । ਨਿਜ ਆਤਮ ਕਰੇ ਵਾਸ, ਪਰਮਾਤਮ ਮੇਲ ਮਿਲਾਈਆ । ਗੁਰਸਿਖ ਸਦਾ ਸ਼ਾਬਾਸ, ਜਿਸ ਤਜੀ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਆਦਿ ਜੁਗਾਦਿ ਦਏ ਵਡਿਆਈਆ ।

ਸਿੰਘ ਨਿਹੰਗ ਸੋਹਣਾ ਬਸਤਰ, ਕਾਇਆ ਬਸਤੀ ਆਪ ਵਸਾਈਆ । ਗੁਰ ਗੋਬਿੰਦ ਪਹਿਨਾਇਆ ਆਪਣਾ ਸ਼ਸਤਰ, ਛਤਰੂ ਰਿਹਾ ਘਾਈਆ । ਇਕ ਚੜ੍ਹਾਇਆ ਸਾਚੇ ਅਸਤਰ, ਨਾਮ ਘੋੜਾ ਰਿਹਾ ਦੌੜਾਈਆ । ਅੱਠੇ ਪਹਿਰ ਵਾਹਿਗੁਰੂ ਜਾਪ ਕਰੀ ਕਸਰਤ, ਆਪਣਾ ਬਲ ਵਧਾਈਆ । ਅੰਤ ਗੋਬਿੰਦ ਪੂਰੀ ਕਰੇ ਹਸਰਤ, ਦੇਵੇ ਦਰਸ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਬਾਣਾ ਆਪ ਸੁਹਾਈਆ । ਕਾਲੇ ਪੀਲੇ ਸੋਹਣੇ ਚੀਰੇ, ਚੀਰੇ ਵਾਲਾ ਵੇਖ ਵਖਾਈਆ । ਗੁਰਮੁਖ ਲਾਲ ਸਾਚੇ ਹੀਰੇ, ਮਾਣਕ ਮੋਤੀ ਆਪ ਉਠਾਈਆ । ਮੇਲ ਮਿਲਾਏ ਵਡ ਪੀਰਨ ਪੀਰੇ, ਉਚ ਪੀਰ ਹੋਏ ਸਹਾਈਆ । ਕਲਜੁਗ ਆਇਆ ਅੰਤ ਅਖ਼ੀਰੇ, ਸਭ ਦੀ ਕਰੇ ਸਫ਼ਾਈਆ । ਆਪਣਾ ਖੇਲ ਜਾਣੇ ਧੀਰੇ ਧੀਰੇ, ਧੀਰਜ ਆਪਣੇ ਵਿਚ ਸਮਾਈਆ । ਜੀਵ ਜੰਤ ਬੰਨ੍ਹੇ ਨਾਮ ਜ਼ੰਜੀਰੇ, ਹਰਿ ਕਾ ਨਾਉਂ ਸੰਗਲ ਇਕ ਉਠਾਈਆ । ਲਹਿਣਾ ਦੇਣਾ ਚੁਕਾਏ ਹਸਤ ਕੀੜੇ, ਕੀਟ ਹਸਤ ਵੇਖੇ ਥਾਉਂ ਥਾਈਂਆ । ਸਮੁੰਦ ਸਾਗਰ ਵਰੋਲੇ ਨੀਰੇ, ਨਾਮ ਮਧਾਣਾ ਏਕਾ ਪਾਈਆ । ਦੀਨ ਮਜ਼੍ਹਬ ਵਰਨ ਬਰਨ ਜੋ ਹੋਏ ਲੀਰੋ ਲੀਰੇ, ਅੰਤਮ ਏਕਾ ਗੰਢ ਬੰਧਾਈਆ । ਜਿਉਂ ਰਵਦਾਸ ਪਾਇਆ ਮੁੱਲ ਕਸੀਰੇ, ਕੰਗਣ ਦਏ ਵਡਿਆਈਆ । ਤਿਉਂ ਗੁਰਮੁਖਾਂ ਅੰਮ੍ਰਿਤ ਪਿਆਏ ਸਾਚਾ ਸੀਰੇ, ਰਸ ਅੰਮ੍ਰਿਤ ਮੁਖ ਚੁਆਈਆ । ਅੰਤਮ ਆਪੇ ਕੱਟੇ ਭੀੜੇ, ਸਿਰ ਆਪਣੇ ਭਾਰ ਉਠਾਈਆ । ਨਿਹੰਗ ਸਿੰਘ ਉਠੌਣਾ ਬੀੜੇ, ਗੁਰ ਗੋਬਿੰਦ

ਨਾਲ ਮਿਲਾਈਆ । ਧੰਨ ਭਾਗ ਗੁਰ ਮਿਲਿਆ ਜੀਉੜੇ, ਜੀਵਣ ਮੁਕਤ ਕਰਾਈਆ । ਮਨਮੁਖ ਅੰਤ ਸ਼ਬਦ ਵੇਲਣੇ ਪੀੜੇ, ਨਾ ਸਕੇ ਕੋਇ ਬਚਾਈਆ । ਸੋਹਣ ਬਸਤਰ ਨੀਲੇ ਲੀੜੇ, ਪਗੜੀ ਦਸਤਾਰ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪ੍ਰੇਮ ਪ੍ਰੇਮ ਰੰਗ ਰੰਗਾਈਆ । ਲੋਹਾ ਪਾਰਸ ਜਾਏ ਬਣ, ਮਣਕਾ ਮਾਲਾ ਮਨ ਨਾਲ ਮਿਲਾਈਆ । ਸਤਿਗੁਰ ਸੁਣੇ ਆਪਣੇ ਕੰਨ, ਸੋ ਗੁਰਮੁਖ ਹਿਰਦੇ ਅੰਦਰ ਧਿਆਈਆ । ਮਿਲੇ ਵਡਿਆਈ ਸਾਚੇ ਤਨ, ਜਿਸ ਰਸਨਾ ਗੋਬਿੰਦ ਨਾਮ ਸਮਾਈਆ । ਗੁਰ ਗੋਬਿੰਦ ਨਜ਼ਰ ਨਾ ਆਏ ਜੀਵ ਅੰਨ੍ਹ, ਗੁਰਮੁਖ ਵੇਖਣ ਚਾਈਂ ਚਾਈਆ । ਆਦਿ ਜੁਗਾਦਿ ਜੁਗ ਜੁਗ ਚੜ੍ਹਿਆ ਰਹੇ ਗੁਜਰੀ ਚੰਨ, ਜਿਸ ਦਾ ਇਕੋ ਪੁਰਖ ਅਕਾਲ ਪਿਤਾ ਮਾਈਆ । ਤਿਸ ਗੋਬਿੰਦ ਕਹੋ ਧੰਨ ਧੰਨ ਧੰਨ, ਜੋ ਗੁਰਮੁਖਾਂ ਅੰਮ੍ਰਿਤ ਗਿਆ ਪਿਆਈਆ । ਜੂਠਾ ਝੂਠਾ ਠੂਠਾ ਭੰਨ, ਏਕਾ ਰੰਗ ਚੜ੍ਹਾਈਆ । ਆਪਣੀ ਹੱਥੀਂ ਲਾ ਕੇ ਗਿਆ ਡੰਨ, ਆਪਣਾ ਹੁਕਮ ਸਮਝਾਈਆ । ਪੁਰਖ ਅਕਾਲ ਸਭ ਨੇ ਲੈਣਾ ਮੰਨ, ਹਿੰਦੂ ਮੁਸਲਿਮ ਸਿੱਖ ਈਸਾਈ ਏਕਾ ਇਸ਼ਟ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਘਰ ਮਿਲਾਈਆ । ਸਾਚਾ ਖੰਡਾ ਸਚ ਕਿਰਪਾਨ, ਕਿਰਪਾਨਿਧ ਆਪ ਪਹਿਨਾਈਆ । ਬਿਨ ਗੁਰ ਘੜੇ ਨਾ ਕੋਇ ਵਿਚ ਜਹਾਨ, ਲੋਹਾਰ ਤਰਖਾਨ ਨਾ ਕੋਇ ਵਡਿਆਈਆ । ਕਾਇਆ ਅੰਦਰ ਰੱਖੇ ਆਪ ਗਿਆਨ, ਮਾਟੀ ਚੰਮ ਪੋਚ ਪੋਚਾਈਆ । ਤਿਸ ਖੰਡੇ ਮੰਨਣੀ ਸਭ ਨੇ ਆਣ, ਜੋ ਖੰਡਾ ਗੋਬਿੰਦ ਗਿਆ ਵਖਾਈਆ । ਪਰਗਟ ਕਰੇ ਆਪ ਭਗਵਾਨ, ਆਪਣੀ ਸੇਵ ਕਮਾਈਆ । ਗੁਰਸਿਖਾਂ ਮਿਲਿਆ ਧੁਰ ਦਾ ਦਾਨ, ਲੋਕਮਾਤ ਖ਼ੁਸ਼ੀ ਮਨਾਈਆ । ਕਲਜੁਗ ਅੰਤ ਰਹੇ ਨਾ ਕੋਇ ਅੰਜਾਣ, ਭੁਲ ਵਿਚ ਨਾ ਕੋਇ ਭੁਲਾਈਆ । ਗੋਬਿੰਦ ਸੂਰਾ ਪਰਗਟ ਹੋਵੇ ਵਿਚ ਜਹਾਨ, ਲੋਕਮਾਤ ਕਰੇ ਰੁਸ਼ਨਾਈਆ । ਸਤਿਜੁਗ ਸਾਚਾ ਲਾਏ ਆਣ, ਕਲਜੁਗ ਕੂੜੀ ਕਿਰਿਆ ਦਏ ਖਪਾਈਆ । ਵੀਹ ਸੌ ਵੀਹ ਬਿਕ੍ਰਮੀ ਹੋਏ ਪਰਧਾਨ, ਨੌਂ ਖੰਡ ਪ੍ਰਿਥਮੀ ਏਕਾ ਹੁਕਮ ਜਣਾਈਆ । ਲਹਿਣਾ ਦੇਣ ਚੁਕਾਏ ਕ੍ਰਿਸ਼ਨਾ ਕਾਹਨ, ਰਾਮ ਨਾਮ ਨਾ ਕੋਇ ਵਡਿਆਈਆ । ਈਸਾ ਮੂਸਾ ਨਾ ਕੋਇ ਸਲਾਮ, ਮੁਹੰਮਦ ਸ਼ਰੀਅਤ ਨਾ ਕੋਇ ਰਖਾਈਆ । ਅੰਜੀਲ ਕ਼ੁਰਾਨ ਨਾ ਕੋਇ ਕਲਾਮ, ਮੱਕਾ ਕਾਅਬਾ ਨਾ ਫੇਰਾ ਪਾਈਆ । ਪੀਰ ਪੈਗ਼ੰਬਰ ਨਾ ਦੇਵੇ ਕੋਈ ਪੈਗ਼ਾਮ, ਹੁਕਮੀ ਹੁਕਮ ਨਾ ਕੋਇ ਜਣਾਈਆ । ਏਕਾ ਹੁਕਮ ਵਰਤੇ ਸ੍ਰੀ ਭਗਵਾਨ, ਬ੍ਰਹਿਮੰਡ ਖੰਡ ਬੰਧਨ ਪਾਈਆ । ਗੋਬਿੰਦ ਝੁੱਲੇ ਇਕ ਨਿਸ਼ਾਨ, ਸ੍ਰਿਸ਼ਟ ਸਬਾਈ ਦਏ ਵਖਾਈਆ । ਕਰੇ ਖੇਲ ਆਪ ਮਿਹਰਵਾਨ, ਆਪਣੀ ਦਇਆ ਆਪ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਤਨ ਆਪ ਸਜਾਈਆ । ਸਿਰ ਸੋਹੇ ਚੱਕਰ ਦੁਮਾਲਾ, ਚਕਰਵਰਤੀ ਚੱਕਰ ਚਲਾਇੰਦਾ । ਏਕਾ ਦੱਸਿਆ ਰਾਹ ਸੁਖਾਲਾ, ਗੋਬਿੰਦ ਆਪਣਾ ਪੰਧ ਮੁਕਾਇੰਦਾ । ਮੇਰਾ ਸਿੱਖ ਸਭ ਤੋਂ ਨਿਰਾਲਾ, ਆਪ ਆਪਣੀ ਵੰਡ ਵੰਡਾਇੰਦਾ । ਹੱਥ ਫੜਾਈ ਸਾਚੀ ਮਾਲਾ, ਮਨ ਕਾ ਮਣਕਾ ਆਪ ਭਵਾਇੰਦਾ । ਨਾ ਕੋਈ ਸੰਧਿਆ ਨਾ ਤਰਕਾਲਾ, ਅੰਮ੍ਰਿਤ ਵੇਲਾ ਇਕ ਵਖਾਇੰਦਾ । ਗੁਰਮੁਖਾਂ ਮੁਖ ਪੂੰਝੇ ਆਪ ਨਾਲ ਰੁਮਾਲਾ, ਬਣ ਸੇਵਕ ਸੇਵ ਕਮਾਇੰਦਾ । ਅੰਤ ਹੋਏ ਆਪ ਦਲਾਲਾ, ਸਚ ਦਲਾਲੀ ਆਪ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਦਰ ਸੁਹਾਇੰਦਾ ।

★ ★ ★ ★ ★


੧੪੭੪
੧੦

੧੪੭੫
੧੦